ਸਿਧਾਂਤਕ - ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਚੌਥੀ ਸੈਂਚੀ

ਟੀਕਾਕਾਰ

ਸਿੰਘ ਸਾਹਿਬ ਗਿ: ਮਨੀ ਸਿੰਘ

ਸਾਬਕਾ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ॥

ਸਿਧਾਂਤਕ-ਸਟੀਕ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪ੍ਰਸ਼ਨ-ਉੱਤਰ ਵਿਕਾਸ

ਚੌਥੀ ਸੈਂਚੀ

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੪੭੫ ਤੋਂ ੬੫੯ ਤਕ]

ਟੀਕਾਕਾਰ :

ਸਿੰਘ ਸਾਹਿਬ ਗਿਆਨੀ ਮਨੀ ਸਿੰਘ

ਸਾਬਕਾ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

ਪ੍ਰਕਾਸ਼ਕ :

ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ

ਸ੍ਰੀ ਅੰਮ੍ਰਿਤਸਰ

SIDHANTAK-STEEK SRI GURU GRANTH SAHIB JI Vol. IV

[An annotation of the Sikh Scripture]

by

SINGH SAHIB GIANI MANI SINGH

ਪਹਿਲੀ ਵਾਰ ੧੯੯੧
ਦੂਜੀ ਵਾਰ ਸਤੰਬਰ ੨੦੦੫

ਭੇਟਾ ੩੫੦-੦੦ ਰੁਪਏ

ਮਿਲਣ ਦਾ ਪਤਾ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਪ੍ਰਕਾਸ਼ਕ :

ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ

ਮੁੱਖ ਦਫ਼ਤਰ: S.C.O. 98, ਸਿਟੀ ਸੈਂਟਰ, ਅੰਮ੍ਰਿਤਸਰ

ਪ੍ਰਿੰਟਰ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਿਧਾਂਤਕ-ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਸੈਂਚੀ ਚੌਥੀ)

ਸ਼ਬਦਾਂ ਦਾ ਤਤਕਰਾ

ੴ ਸਤਿਗੁਰ ਪ੍ਰਸਾਦਿ ॥

ਸਿਧਾਂਤਕ ਸਟੀਕ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੀ
ਚੌਥੀ ਸੈਂਚੀ

ਅੱਗੇ ਹੁਣ ਗੁਰੂ ਅਰਜਨ ਦੇਵ ਜੀ ਮਹਾਰਾਜ ਭਗਤਾਂ ਦੀ ਬਾਣੀ ਲਿਖ ਰਹੇ ਹਨ। ਪਹਿਲਾਂ ਭਗਤ ਕਬੀਰ ਜੀ ਦੀ ਬਾਣੀ ਦਰਜ ਕਰ ਰਹੇ ਹਨ, ਜੋ ਬਨਾਰਸ ਵਿਚ ਰਹਿਣ ਵਾਲੇ ਇੱਕ ਉੱਘੇ ਭਗਤ ਸਨ, ਜੋ ਸੰਨ ੧੩੯੮ ਤੋਂ ੧੫੧੮ ਤਕ ਜੀਵੇ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਰਾਗੁ ਆਸਾ ਬਾਣੀ ਭਗਤਾ ਕੀ ॥
ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥

ਆਸਾ ਸ੍ਰੀ ਕਬੀਰ ਜੀਉ ॥

੧. ਗੁਰ ਚਰਣ ਲਾਗਿ ਹਮ ਬਿਨਵਤਾ
ਪੂਛਤ ਕਹ ਜੀਉ ਪਾਇਆ ॥
੨. ਕਵਨ ਕਾਜਿ ਜਗੁ ਉਪਜੈ ਬਿਨਸੈ
ਕਹਹੁ ਮੋਹਿ ਸਮਝਾਇਆ ॥੧॥
੩. ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ
ਜਿਤੁ ਭੈ ਬੰਧਨ ਤੂਟੈ ॥
੪. ਜਨਮ ਮਰਨ ਦੁਖ ਫੇੜ ਕਰਮ ਸੁਖ
ਜੀਅ ਜਨਮ ਤੇ ਛੂਟੈ ॥੧॥ ਰਹਾਉ ॥
੫. ਮਾਇਆ ਫਾਸ ਬੰਧ ਨਹੀ ਫਾਰੈ
ਅਰੁ ਮਨ ਸੁੰਨਿ ਨ ਲੂਕੇ ॥
੬. ਆਪਾ ਪਦੁ ਨਿਰਬਾਣੁ ਨ ਚੀਨ੍ਹਿਆ
ਇਨ ਬਿਧਿ ਅਭਿਉ ਨ ਚੂਕੇ ॥੨॥
੭. ਕਹੀ ਨ ਉਪਜੈ ਉਪਜੀ ਜਾਣੈ
ਭਾਵ ਅਭਾਵ ਬਿਹੂਣਾ ॥
੮. ਉਦੈ ਅਸਤ ਕੀ ਮਨ ਬੁਧਿ ਨਾਸੀ
ਤਉ ਸਦਾ ਸਹਜਿ ਲਿਵ ਲੀਣਾ ॥੩॥
੯. ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ
ਉਦਕ ਕੁੰਭੁ ਬਿਗਰਾਨਾ ॥
੧੦. ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ
ਤਉ ਮਨੁ ਸੁੰਨਿ ਸਮਾਨਾਂ ॥੪॥੧॥

***ਪਦ ਅਰਥ*:** ਗੁਰ ਚਰਣ ਲਾਗਿ—ਆਪਣੇ ਸਤਿਗੁਰੂ ਦੀ ਚਰਣੀ ਪੈ ਕੇ। ਬਿਨਵਤਾ—ਬੇਨਤੀ ਕਰਦਾ ਹਾਂ। ਕਹ—ਕਾਹਦੇ ਲਈ ? ਜੀ—ਜੀਵ। ਉਪਾਇਆ—ਪੈਦਾ ਕੀਤਾ ਗਿਆ ਹੈ। ਕਵਨ ਕਾਜਿ—ਕਿਸ ਕੰਮ ਕਰਕੇ ? ਉਪਜੈ—ਪੈਦਾ ਹੁੰਦਾ ਹੈ। ਮੋਹਿ—ਮੈਨੂੰ।੧। ਦੇਵ—ਹੇ ਗੁਰਦੇਵ; ਹੇ ਸਤਿਗੁਰੋ। ਮਾਰਗਿ—ਸਿਧੇ ਰਸਤੇ ਉੱਤੇ। ਜਿਤੁ—ਜਿਸ ਰਾਹ ਉੱਤੇ ਤੁਰਿਆਂ। ਭੈ—ਜਗਤ ਦੇ ਡਰ। ਬੰਧਨ—ਮਾਇਆ ਦੇ ਜਕੜ। ਤੂਟੈ—ਟੁੱਟ ਜਾਣ। ਜੀਅ—ਜੀਵ ਦੇ। ਫੇੜ ਕਰਮ—ਕੀਤੇ ਕਰਮਾਂ ਅਨੁਸਾਰ। ਜੀਅ ਫੇੜ ਕਰਮ—ਜੀਵ ਦੇ ਕੀਤੇ ਕਰਮਾਂ ਅਨੁਸਾਰ। ਜਨਮ ਮਰਨ ਦੁਖ ਸੁਖ—ਜਨਮ ਤੋਂ ਲੈ ਕੇ ਮਰਨ ਤਕ ਦੇ ਸਾਰੇ ਸੁੱਖ ਦੁੱਖ, ਸਾਰੀ ਉਮਰ ਦੇ ਜੰਜਾਲ। ਜਨਮ ਤੇ—ਜਨਮ ਤੋਂ ਹੀ, ਉਕੇ ਹੀ। ਛੂਟੈ—ਮੁੱਕ ਜਾਣ।੧।ਰਹਾਉ। ਫਾਸ—ਫਾਹੀਆਂ। ਬੰਧ—ਬੰਧਨ। ਫਾਰੈ—ਫਾੜਦਾ, ਮੁਕਾਉਂਦਾ। ਅਰੁ—ਅਤੇ। ਸੁੰਨ—ਸੁੰਨ ਵਿਚ, ਅਫੁਰ ਅਵਸਥਾ ਵਿਚ, ਉਸ ਅਵਸਥਾ ਵਿਚ ਜਿਥੇ ਮਾਇਆ ਦੇ ਫੁਰਨੇ ਪੈਦਾ ਨ ਹੋਣ। ਨ ਲੂਕੈ—ਲੁਕਦਾ ਨਹੀਂ, ਟਿਕਦਾ ਨਹੀਂ, ਆਸਰਾ ਨਹੀਂ ਲੈਂਦਾ। ਆਪਾ ਪਦੁ—ਆਪਣਾ ਅਸਲਾ। ਨਿਰਬਾਣ—ਵਾਸ਼ਨਾ ਰਹਿਤ। ਚੀਨ੍ਹਿਆ—ਜਾਣਿਆ। ਇਨ ਬਿਧਿ—ਇਹਨੀਂ ਕਰਨੀਂ। ਅਭਿਉ—ਨ ਭਿੱਜਣ ਵਾਲੀ ਅਵਸਥਾ, ਕੋਰਾਪਨ।੨। ਕਹੀ ਨ—ਕਿਤੇ ਭੀ ਨਹੀਂ, ਕਹੀਂ ਨ, ਪ੍ਰਭੂ ਤੋਂ ਵਖਰੀ ਕਿਤੇ ਭੀ ਨਹੀਂ। ਉਪਜੀ ਜਾਣੈ—(ਪ੍ਰਭੂ ਤੋਂ ਵਖਰੀ) ਪੈਦਾ ਹੋਈ ਸਮਝਦਾ ਹੈ, ਪ੍ਰਭੂ ਤੋਂ ਵਖਰੀ ਹਸਤੀ ਵਾਲਾ ਸਮਝਦਾ ਹੈ। ਬਿਹੂਣਾ—ਸਖਣਾ, ਸੁੰਞਾ। ਭਾਵ ਅਭਾਵ ਬਿਹੂਣਾ—ਚੰਗੇ ਮੰਦੇ ਖ਼ਿਆਲਾਂ ਦੀ ਪਰਖ ਕਰਨ ਤੋਂ ਸਖਣਾ। ਉਦੈ—ਜੰਮਣਾ, ਜਨਮ। ਅਸਤ—ਡੁਬ ਜਾਣਾ, ਮੌਤ। ਮਨ ਬੁਧਿ—ਮਨ ਦੀ ਮੱਤ। ਉਦੈ ਬੁਧਿ—ਮਨ ਦੀ ਉਦੇ ਅਸਤ ਵਾਲੀ ਮੱਤ, ਮਨ ਦੀ ਉਹ ਮਤ ਜੋ ਜਨਮ ਮਰਨ ਦੇ ਗੇੜ ਵਿਚ ਪਾਉਂਦੀ ਹੈ। ਨਾਸੀ—ਜਦੋਂ ਨਾਸ ਹੁੰਦੀ ਹੈ। ਸਹਜਿ—ਸਹਿਜ ਵਿਚ, ਅਡੋਲ ਅਵਸਥਾ ਵਿਚ।੩। ਪ੍ਰਤੀਬਿੰਬੁ—ਅਕਸ, ਛਾਯਾ। ਸ਼ੀਸ਼ੇ ਪਾਣੀ ਆਦਿ ਪਦਾਰਥਾਂ ਵਿਚ ਕਿਸੇ ਮੂਰਤੀ ਦਾ ਹੂਬਹੂ ਨਜ਼ਰ ਆਉਣਾ। ਬਿੰਬ—ਮੂਲ ਸ਼ੈ ਜਿਸ ਤੋਂ ਪ੍ਰਤੀਬਿੰਬ ਪੈਂਦਾ ਹੈ। ਉਦਕ ਕੁੰਭੁ—ਪਾਣੀ ਦਾ ਭਰਿਆ ਹੋਇਆ ਘੜਾ। ਬਿਗਰਾਨਾ—ਟੁੱਟਦਾ ਹੈ। ਗੁਣ—ਰਸੀ। ਗੁਣ ਭ੍ਰਮੁ—ਰਸੀ ਦਾ ਭੁਲੇਖਾ, ਰਸੀ ਦੇ ਸਰਪ ਦਿੱਸਣ ਦਾ ਭੁਲੇਖਾ (ਇਹ ਭੁਲੇਖਾ ਕਿ ਇਹ ਦਿੱਸਦਾ ਜਗਤ

ਪਰਮਾਤਮਾ ਨਾਲੋਂ ਕੋਈ ਵਖਰੀ ਹਸਤੀ ਹੈ)। ਤਉ—ਤਦੋਂ। ਸੁੰਨਿ—ਅਫੁਰ ਪ੍ਰਭੂ ਵਿਚ।੪।੧।

ਅਰਥ :

ਪ੍ਰ: ਪਹਿਲੋਂ ਕਬੀਰ ਜੀ ਆਪਣੇ ਗੁਰੂ ਪਾਸ ਬੇਨਤੀ ਰੂਪ ਵਿਚ ਪ੍ਰਸ਼ਨ ਕਰਦੇ ਹਨ ਕਿ ਹੇ ਗੁਰੋ! ਤੁਸੀਂ ਮੇਰੇ ਅਪਣੇ ਗੁਰੂ ਹੋ, ਇਸ ਲਈ ਮੈਂ ਉਹਾਡੇ ਚਰਨੀਂ ਲਗ ਕੇ ਬੇਨਤੀ ਕਰਦਾ ਹਾਂ। ਹੇ ਕਬੀਰ! ਤੂੰ ਪੁੱਛਣਾ ਕੀ ਚਾਹੁੰਦਾ ਹੈਂ।

ਪ੍ਰ: ਹਜ਼ੂਰ, ਮੈਂ ਪਹਿਲੀ ਗੱਲ ਤਾਂ ਇਹ ਪੁੱਛਦਾ ਹਾਂ ਕਿ ਇਹ ਜੀਵ ਕਿਉਂ ਪੈਦਾ ਕੀਤਾ ਗਿਆ?

ਪ੍ਰ: ਦੂਜਾ ਪ੍ਰਸ਼ਨ ਇਹ ਹੈ ਕਿ (ਇਕ ਦਿਸ ਰਿਹਾ) ਜਗਤ ਕਿਸ ਕਾਰਜ ਲਈ ਜੰਮਦਾ ਤੇ ਮਰਦਾ ਹੈ? ਇਹ ਗੱਲ ਮੈਨੂੰ ਚੰਗੀ ਤਰ੍ਹਾਂ ਸਮਝਾ ਕੇ ਦਸ ਦਿਓ।੧। (ਇਸ ਦਾ ਭਾਵਾਰਥ ਇਹੋ ਹੈ ਕਿ ਜੀਵ ਨੂੰ ਮਨੁੱਖਾ-ਜਨਮ ਦੇ ਸਹੀ ਮਨੋਰਥ ਦੀ ਸੋਝੀ ਕੇਵਲ ਗੁਰੂ ਦੁਆਰਾ ਪੈ ਸਕਦੀ ਹੈ)।

ਪ੍ਰ: ਤੀਜਾ—ਹੇ ਮੇਰੇ ਗੁਰਦੇਵ ਜੀਉ, ਹੇ ਮੇਰੇ ਪ੍ਰਕਾਸ਼ ਰੂਪ ਹਰੀ, ਮਿਹਰ ਕਰੋ, ਮੈਨੂੰ ਰਸਤੇ ਪਾਓ ਜੀ, ਜਿਸ ਨਾਲ ਕਿ ਮੇਰੇ ਭੈ ਵਾਲੇ ਬੰਧਨ ਟੁੱਟ ਜਾਣ। (ਅਗੋਂ ਅਗੰਮੀ ਅਵਾਜ਼ ਆਈ ਕਿ ਹੇ ਕਬੀਰ! ਉਹ ਤੈਨੂੰ ਕਿਹੜੇ ਬੰਧਨ ਹਨ ਕਿ ਜਿਸਨੂੰ ਤੋੜਨ ਲਈ ਤੂੰ ਪੁਕਾਰ ਕਰਦਾ ਹੈਂ? ਤਾਂ ਅਗਲੀ ਪੰਗਤੀ ਵਿਚ ਉਨ੍ਹਾਂ ਬੰਧਨਾਂ ਦਾ ਜ਼ਿਕਰ ਕਰਦੇ ਹਨ)।

ਪ੍ਰ: ਹੇ ਗੁਰਦੇਵ ਜੀਉ! ਇਹੋ ਹੀ ਬੰਧਨ ਹਨ, ਮੇਰੇ ਕੀਤੇ ਕਰਮਾਂ ਦਾ ਜਨਮ ਮਰਣ ਰੂਪ ਦੁੱਖ ਅਤੇ ਕੀਤੇ ਕਰਮਾਂ ਦਾ ਸੁੱਖ (ਜੋ) ਜੀਵ ਜਨਮ ਤੋਂ ਲੈ ਕੇ ਭੋਗਦਾ ਹੈ, ਇਨ੍ਹਾਂ ਦੋਹਾਂ ਤੋਂ ਹੀ ਜੀਵ ਛੁੱਟ ਜਾਵੇ, ਭਾਵ ਮੇਰੇ ਪਿਛਲੇ ਕੀਤੇ ਕਰਮਾਂ ਦੇ ਅਨੁਸਾਰ ਮੇਰੀ ਜਿੰਦ ਦੇ ਸਾਰੀ ਉਮਰ ਦੇ ਮਾਇਕੀ ਜੱਕੜ ਜੰਜਾਲ ਉੱਕਾ ਹੀ ਮੁੱਕ ਜਾਣ।੧।ਰਹਾਉ।

ੳ: ੫. ਹੇ ਕਬੀਰ! ਕੀ ਤੈਨੂੰ ਇਹ ਪਤਾ ਹੈ ਕਿ ਇਸ ਜੀਵ ਦੇ ਗਲੇ ਵਿਚ ਪਈ ਬੰਧਨਾਂ ਦੀ ਫਾਹੀ ਕਿਉਂ ਨਹੀਂ ਫਟਦੀ? (ਹਜ਼ੂਰ ਨਹੀਂ, ਕਿਰਪਾ ਕਰਕੇ ਸਮਝਾ ਦਿਓ) ਐ ਕਬੀਰ! ਕਿਉਂਕਿ ਇਸ ਜੀਵ ਦੇ ਗਲੇ ਵਿਚ ਮਾਇਆ ਦੀ ਫਾਹੀ ਪਈ ਹੋਈ ਹੈ। ਇਹ ਭੈ ਦੇ ਬੰਧਨਾਂ ਨੂੰ ਨਹੀਂ ਫਟਣ ਦੇਂਦੀ ਅਤੇ ਮਨ ਨੂੰ ਅਫੁਰ ਅਵਸਥਾ ਵਿਚ ਲੁੱਕਣ ਨਹੀਂ ਦੇਂਦੀ, ਭਾਵ ਹੈ, ਪਹੁੰਚਣ ਨਹੀਂ ਦੇਂਦੀ, ਫੁਰਨਿਆਂ ਵਿਚ ਹੀ ਰਖਦੀ ਹੈ, (ਇਸ ਕਰਕੇ ਜੀਵ ਨੇ)

੬. ਨਿਰਬਾਂਣ ਪਦਵੀ ਸ੍ਵੈ-ਸਰੂਪ ਦੀ ਇਸਥਿਤੀ ਵਾਲੀ ਅਵਸਥਾ ਨੂੰ ਅਨੁਭਵ ਨਹੀਂ ਕੀਤਾ। ਇਹੋ ਇਕ ਕਾਰਣ ਹੈ, ਇਸੇ ਕਰਕੇ ਇਹ ਜਨਮ ਮਰਣ ਆਦਿਕ ਦੁੱਖਾਂ ਦਾ ਸਾਰਾ ਝਗੜਾ ਨਹੀਂ ਮੁਕਦਾ, ਸੰਸਾ ਨਹੀਂ ਦੂਰ ਹੁੰਦਾ। ਇਸਦਾ ਕੋਰਾਪਨ, ਤੇ ਭ੍ਰਮ ਬਣਿਆ ਹੀ ਰਹਿੰਦਾ ਹੈ (ਅਭਿਉ= ਸੰ. ਸੰਸਾ, ਭਰਮ)।੨।

ਪ੍ਰ: ਕਿਉਂ ਜੀ! ਮਨ ਨੂੰ ਅਫੁਰ ਅਵਸਥਾ ਕਿਉਂ ਨਹੀਂ ਪ੍ਰਾਪਤ ਹੋਈ?

ੳ: ਉਹ ਇਸ ਲਈ ਕਿ ਜੀਵ ਨੇ ਅਪਣੇ ਨਿਰਬਾਨ ਪਦ ਨੂੰ ਨਹੀਂ ਜਾਣਿਆ, ਭਾਵ ਜੀਵ ਨੇ ਇਹ ਨਹੀਂ ਜਾਣਿਆ ਜੋ ਕਿ ਮੈਂ ਰਾਮ ਦੀ ਅੰਸ ਹਾਂ, ਇਸ ਤਰ੍ਹਾਂ ਦੀ (ਚੁਕੇ) ਭੁੱਲ ਹੋ ਜਾਣ ਕਰਕੇ ਜੀਵ (ਅਭਿਉ) ਡਰ ਤੋਂ ਰਹਿਤ ਨਹੀਂ ਹੋਇਆ।

ਪ੍ਰ: ਕਿਉਂ ਜੀ! ਇਸ ਜੀਵ ਨੇ ਨਿਰਬਾਣ ਪਦ ਨੂੰ ਕਿਉਂ ਨਹੀਂ ਜਾਣਿਆ?

ੳ: ੭. ਉਹ ਇਸ ਲਈ ਕਿ ਗੁਰਾਂ ਦੀ ਦੱਸੀ ਹੋਈ ਸਿਖਿਆ ਇਸਦੇ ਹਿਰਦੇ ਵਿਚ ਪੈਦਾ ਨਹੀਂ ਹੁੰਦੀ ਅਤੇ ਮਨ ਵਿਚ ਪੈਦਾ ਹੋਏ ਫੁਰਨੇ ਨੂੰ ਸਤਿ ਜਾਣਦਾ ਹੈ, ਕਿਉਂਕਿ ਇਹ ਭਾਵ ਤੇ ਅਭਾਵ ਦੇ ਗਿਆਨ ਤੋਂ ਹੀਣਾ ਹੈ; ਅਰਥਾਤ ਭਾਵ (ਹੋਂਦ) ਨੂੰ ਅਭਾਵ (ਨਾਸਵੰਤ) ਨਹੀਂ ਜਾਣਦਾ, ਅਤੇ ਅਭਾਵ (ਮੌਤ) ਨੂੰ ਸੱਚ ਕਰ ਕੇ ਨਹੀਂ ਮੰਨਿਆ, ਇਸੀ ਕਰਕੇ ਇਹ ਨਿਰਬਾਣ ਪਦ ਨੂੰ ਨਹੀਂ ਜਾਣ ਸਕਿਆ।

ਪ੍ਰ: ਕਿਉਂ ਜੀ! ਉਪਜੀ ਤੇ ਨ ਉਪਜਦੀ ਤੋਂ ਆਪ ਦਾ ਅਸਲ ਭਾਵ ਕੀ ਹੈ?

ੳ: ਐ ਪਿਆਰੇ! ਜੇ ਕਦੀ ਇਹ ਜਿਸ ਆਤਮ ਵਸਤੂ ਨੂੰ, ਉਪਜੀ ਜਾਣਦਾ ਹੈ, ਇਸ ਨੂੰ ਕਦੀ ਜਾਣ ਲਵੇ ਕਿ ਉਹ ਕਦੇ ਉਪਜਦੀ ਹੀ ਨਹੀਂ ਅਤੇ ਜਿਸਨੂੰ ਇਹ ਕਦੇ ਨਹੀਂ ਹੁੰਦੀ ਜਾਣਦਾ ਹੈ ਜੇ ਉਸਨੂੰ ਭਾਵ ਅਭਾਵ ਹੋਣ ਤੇ ਨ ਹੋਣ ਤੋਂ ਖ਼ਾਲੀ ਭਾਵ ਇਕ ਰਸ ਜਾਣ ਲਵੇ, ਤਾਂ ਇਸਨੂੰ ਨਿਰਬਾਣ ਪਦ ਦੀ ਸੋਝੀ ਆ ਸਕਦੀ ਹੈ।

ਪ੍ਰ: ਹੇ ਗੁਰੋ! ਦੱਸੋ ਕਿ ਹੁਣ ਇਸਨੂੰ ਉਹ ਨਿਰਬਾਨ ਪਦਵੀ ਕਿਵੇਂ ਮਿਲ ਸਕਦੀ ਹੈ?

ੳ: ੮. ਹਾਂ ਜ਼ਰੂਰ! ਹੇ ਭਾਈ ਜਦੋਂ ਚੜ੍ਹਦੇ ਤੇ ਲਹਿੰਦੇ ਤਕ ਦੀ ਸਾਰੀ ਮਾਯਾ ਮਨ ਅਤੇ ਬੁਧੀ ਵਿੱਚੋਂ ਨਾਸ ਹੋ ਜਾਵੇ ਤਦ ਇਹ ਹਮੇਸ਼ਾਂ ਹੀ ਸਹਜ ਪਦ ਵਿਚ ਲਿਵਲੀਣ ਹੋ ਰਹੇਗਾ, ਅਰਥਾਤ ਪੂਰਨ ਵੈਰਾਗ ਹੋ ਜਾਏ ਤਾਂ ਹੀ ਸਹਿਜ ਪਦ ਮਿਲੇਗਾ।੩।

ਪ੍ਰ: ਹੇ ਗੁਰੋ! ਸਹਿਜ ਪਦ ਨੂੰ ਆਪ ਕਿਸ ਰੂਪ ਵਿਚ ਮੰਨਦੇ ਹੋ?

ੳ: ਹੇ ਭਾਈ! ਸਹਿਜ ਅਵਸਥਾ ਆਤਮਾ ਦੀ ਇਕ ਉਹ ਹਾਲਤ ਹੈ, ਜੋ ਤਿੰਨਾਂ ਗੁਣਾਂ ਤੋਂ ਉੱਚੀ ਅਸਲੀ ਗਿਆਨ ਵਾਲੀ ਹੁੰਦੀ ਹੈ, ਜਿਸ ਵਿਚ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲ ਰੂਪ ਵਿਚ ਟਿਕ ਜਾਂਦਾ ਹੈ। ਉਸ ਅਵਸਥਾ ਵਿਚ ਮਨੁੱਖ ਦਾ ਜੀਵਨ ਇਕ ਕੁਦਰਤੀ ਜੀਵਨ ਹੁੰਦਾ ਹੈ। ਨੇਕੀ ਤੇ ਪਿਆਰ ਉਸਦੇ ਅੰਦਰੋਂ ਸੁਭਾਵਕ ਹੀ ਫੁੱਟ-ਫੁੱਟ ਨਿਕਲਦਾ ਹੈ। ਉਸਦਾ ਸਾਰਾ ਜੀਵਨ ਦਿਖਾਵੇ ਤੋਂ ਰਹਿਤ ਹੁੰਦਾ ਹੈ। ਨੇਕੀ ਵਲ ਝੁਕਾਉ ਕਿਸੇ ਹੱਠ, ਲਾਲਚ ਜਾਂ ਦਬਾਉ ਕਰਕੇ ਨਹੀਂ, ਸੁਤੇ ਹੀ ਹੋਇਆ ਕਰਦਾ ਹੈ।

ਪ੍ਰ: ਹੇ ਗੁਰੋ! ਜਦੋਂ ਮਨ ਵਿੱਚੋਂ ਮਾਇਆ ਨਾਸ ਹੋ ਜਾਏ ਤਾਂ ਫਿਰ ਦੱਸੋ ਇਹ ਸਹਿਜ ਪਦ ਵਿਚ ਕਿਵੇਂ ਸਮਾਏਗਾ?

ੳ: ੯. ਹੇ ਸੱਜਨੋ! ਜਿਵੇਂ ਘੜੇ ਵਿਚੋਂ (ਉਦਕ) ਪਾਣੀ (ਬਿਗਰਾਨਾ) ਡੋਹਲ ਦੇਈਏ, ਤਾਂ ਉਸ ਘੜੇ ਦੇ ਪਾਣੀ ਵਿਚਲੇ ਚੰਦ੍ਰਮਾਂ

ਦਾ (ਪ੍ਰਤੀਬਿੰਬ) ਅਕਸ (ਪ੍ਰਛਾਵਾਂ) ਆਪਣੇ (ਬਿੰਬ) ਅਕਸੀ ਰੂਪ (ਚੰਦ੍ਰਮਾ) ਵਿਚ ਜਾ ਮਿਲਦਾ ਹੈ, (ਇਵੇਂ ਹੀ ਮਨ ਵਿਚੋਂ ਮਾਇਆ ਦੀ ਵਾਸ਼ਨਾ ਮਿਟ ਜਾਣ ਤੋਂ ਮਨ ਆਪਣੇ ਜੋਤੀ ਰੂਪ ਵਿਚ ਸਮਾ ਜਾਏਗਾ)।

ਪ੍ਰ: ਹੇ ਗੁਰੋ! ਹੁਣ ਇਹ ਦੱਸੋ ਕਿ ਮਨ ਵਿਚੋਂ ਮਾਇਆ ਦੀ ਮਮਤਾ ਕਿਵੇਂ ਮਿਟੇਗੀ?

ਉ: ੧੦. ਹੁਣ ਕਬੀਰ ਜੀ ਗੁਰੂ ਦਾ ਦੱਸਿਆ ਉੱਤਰ ਵਰਣਨ ਕਰਦੇ ਹਨ ਕਿ ਹੇ ਭਾਈਓ! ਜਿਵੇਂ ਜਦੋਂ (ਗੁਣ) ਰਸੀ ਦਾ ਗਿਆਨ ਹੋ ਜਾਏ, ਤਾਂ ਸੱਪ ਦਾ ਭਰਮ ਭੱਜ ਜਾਂਦਾ ਹੈ, ਇਸੇ ਤਰ੍ਹਾਂ ਜਦੋਂ ਮਨ ਨੂੰ ਨਿਜਰੂਪ ਦਾ ਗਿਆਨ ਹੋ ਜਾਏ, ਤਦ ਮਨ ਵਿਚੋਂ ਸਾਰੀ ਮਾਇਆ ਦੀ ਮਮਤਾ ਮਿਟ ਜਾਵੇਗੀ ਅਤੇ ਇਹ ਸੁੰਨ ਸਰੂਪ ਵਿਚ, ਭਾਵ ਅਫੁਰ ਸਰੂਪ ਵਿਚ ਸਮਾ ਜਾਏਗਾ।੪।੧।

ਉਥਾਨਕਾ : ਕਬੀਰ ਸਾਹਿਬ ਦੇ ਇਕ ਨਵੇਂ ਸਿੱਖ ਸ਼ਰਧਾਲੂ ਨੇ ਭਗਤ ਜੀ ਪਾਸ ਆ ਕੇ ਰੋਣਾ ਰੋਇਆ ਕਿ ਭਗਤ ਜੀ, ਮੈਂ ਆਪ ਜੀ ਪਾਸ ਦਸਵੰਧ ਲਈ ਆ ਰਿਹਾ ਸੀ, ਰਸਤੇ ਵਿਚ ਮੈਨੂੰ ਚੌਂਹਾਂ ਮਹਾਂਪੁਰਸ਼ਾਂ ਦੇ ਦਰਸ਼ਨ ਹੋਏ, ਜਿਨ੍ਹਾਂ ਵਿਚੋਂ ਇਕ ਨੇ ਮੈਨੂੰ ਪਹਿਲੋਂ ਤਕ ਕੇ ਕਿਹਾ—(ਨਾਰਾਇਣ) ਇਹ ਨਾਮ ਤਾਂ ਭਾਵੇਂ ਈਸ਼੍ਵਰ ਸਬੰਧੀ ਹੈ, ਪਰ ਠੱਗਾਂ ਦੀ ਬੋਲੀ ਵਿਚ ਇਨ੍ਹਾਂ ਨੇ ਇਸ ਪਦ ਦਾ ਅਰਥ ਇਉਂ ਮਿਥਿਆ ਹੋਇਆ ਸੀ ਕਿ ੧. ਨਰ-ਆਇਣ, ਭਾਵ ਕਿ ਮਨੁੱਖ ਆਇਆ ਹੈ। ੨. ਇਹ ਨਾਮ ਸੁਣਦਿਆਂ ਹੀ ਦੂਜੇ ਨੇ ਮੇਰੇ ਵਲ ਨੀਝ ਲਾ ਕੇ ਤਕਿਆ ਤੇ ਉਚਾਰਨ ਕੀਤਾ :—'ਦਾਮੋਦਰ', ੩. ਫਿਰ ਤੀਜੇ ਨੇ ਕੋਲੋਂ ਅਵਾਜ਼ ਦਿੱਤੀ, ਹਰੇ ਕ੍ਰਿਸ਼ਨ, ੪. ਚੌਥੇ ਨੇ ਕਿਹਾ 'ਬਿੰਦ੍ਰਾ ਬਨ'। ਇਨ੍ਹਾਂ ਚੌਂਹਾਂ ਰੱਬ ਦੇ ਨਾਮਾਂ ਦੇ ਇਨ੍ਹਾਂ ਨੇ ਆਪਣੀ ਖ਼ੁਦਗ਼ਰਜ਼ੀ ਲਈ ਗ਼ਲਤ ਭਾਵ ਮਿਥੇ ਹੋਏ ਸਨ, ਜੋ ਪਹਿਲੇ ਜੰਗਲ ਵਿਚ ਖਲੋਤਾ 'ਨਾਰਾਇਣ' ਦਾ ਜਾਪ ਜਪਦਾ ਸੀ, ਉਹ ਕਿਸੇ ਨਰ ਦੇ ਆਉਣ ਤੋਂ ਅਗਲੇ ਸਾਥੀਆਂ ਨੂੰ ਇਹ ਦੱਸ ਰਿਹਾ ਸੀ ਕਿ ਕੋਈ ਨਰ ਆਇਆ ਹੈ, ਦੂਜਾ ਨੇੜੇ ਹੋ ਕੇ ਜਦੋਂ ਤੱਕਦਾ ਸੀ, ਤਾਂ ਉਹ 'ਦਾਮੋਦਰ' ਉਚਾਰਨ ਕਰਦਾ ਸੀ, ਜਿਸਦਾ ਭਾਵ ਸੀ ਕਿ ਇਸਦੇ 'ਉਦਰ' ਲੱਕ ਨਾਲ ਮਾਇਆ ਬੱਧੀ ਹੋਈ ਹੈ। ਤੀਸਰਾ ਕਹਿ ਰਿਹਾ ਸੀ ਹਰੇ ਕ੍ਰਿਸ਼ਨ ਕਿ ਇਸ ਦੀ ਮਾਇਆ ਅੰਧੇਰਾ ਹੋਣ ਤੋਂ ਖੋਹਾਂਗੇ। ਚੌਥਾ 'ਬਿੰਦ੍ਰਾਬਨ' ਦਾ ਜਾਪ ਕਰਕੇ ਬਾਕੀ ਦੇ ਸਾਥੀਆਂ ਨੂੰ ਇਹ ਇਸ਼ਾਰਾ ਕਰ ਰਿਹਾ ਹੁੰਦਾ ਸੀ ਕਿ ਇਸਨੂੰ ਸੰਘਣੇ ਜੰਗਲ ਵਿਚ ਜਾਕੇ ਠੱਗਾਂਗੇ। ਪਰ ਮੈਂ ਮਹਾਰਾਜ ਇਨ੍ਹਾਂ ਦੀ ਰਸਨਾ ਤੋਂ ਇਹ ਜਾਪ ਨਾਮ ਸੁਣ ਕੇ ਨਮਸਕਾਰ ਕੀਤੀ ਅਤੇ ਮੈਂ ਇਨ੍ਹਾਂ ਨੂੰ ਸੰਤ ਜਾਣ ਕੇ ਬਹੁਤ ਸਤਕਾਰਿਆ ਅਤੇ ਮੈਨੂੰ ਇਨ੍ਹਾਂ ਨੇ ਬੜੇ ਪ੍ਰੇਮ ਨਾਲ ਪੁੱਛਿਆ ਕਿ ਭਗਤਾ, ਕਿਥੇ ਜਾਂਦਾ ਹੈਂ? ਮੈਂ ਅਰਜ਼ ਕੀਤੀ ਜੀ ਮੈਂ ਭਗਤ ਕਬੀਰ ਜੀ ਦੇ ਦਰਸ਼ਨਾਂ ਨੂੰ ਚਲਿਆ ਹਾਂ। ਇਹ ਸੁਣ ਕੇ ਇਨ੍ਹਾਂ ਨੇ ਆਪ ਜੀ ਦੀ ਬੜੀ ਉਪਮਾ ਕੀਤੀ ਅਤੇ ਕਹਿਣ ਲੱਗੇ—"ਚਲੋ ਅਸੀਂ ਭੀ ਮਹਾਤਮਾ ਦੇ ਦਰਸ਼ਨ ਕਰ ਆਵਾਂਗੇ"। ਇਹ ਕਹਿਕੇ ਮੇਰੇ ਨਾਲ ਟੁਰ ਪਏ, ਪਰ ਰਸਤੇ ਵਿਚ ਮੈਨੂੰ ਉਨ੍ਹਾਂ ਅਜਿਹਾ ਔਝੜ ਪਾਇਆ ਅਤੇ ਇਕ ਬੜੀ ਭਾਰੀ ਉਜਾੜ ਵਿਚ ਲੈ ਜਾ ਕੇ ਮੈਥੋਂ ਸਾਰਾ ਧਨ ਪਦਾਰਥ ਖੋਹ ਲਿਆ, ਮੇਰੇ ਤਨ ਦੇ ਕਪੜੇ ਭੀ ਲਾਹ ਲਏ ਹਨ। ਮਹਾਰਾਜ, ਉਨ੍ਹਾਂ ਦੇ ਰੂਪ ਤਾਂ ਪੂਰਨ ਮਹਾਤਮਾ ਵਰਗੇ ਸਨ, ਪਰ ਕਰਮ ਉਨ੍ਹਾਂ ਨੇ ਇਹ ਕੀਤਾ ਹੈ। ਸੁਆਮੀ ਜੀ, ਮੈਨੂੰ ਇਹ ਦੱਸੋ ਉਹ ਕੌਣ ਸਨ? ਸਿੱਖ ਦੇ ਇਸ ਪ੍ਰਸ਼ਨ ਦੇ ਉੱਤਰ ਵਿਚ ਕਬੀਰ ਜੀ ਇਹ ਸ਼ਬਦ ਉਚਾਰਨ ਕਰਦੇ ਹਨ :

ਆਸਾ ॥

੧. ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥

੨. ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥

੩. ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ ॥੧॥

੪. ਐਸੇ ਸੰਤ ਨ ਮੋ ਕਉ ਭਾਵਹਿ ॥

੫. ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥

੬. ਬਾਸਨ ਮਾਂਜਿ ਚਰਾਵਹਿ ਊਪਰਿ
ਕਾਠੀ ਧੋਇ ਜਲਾਵਹਿ ॥

੭. ਬਸੁਧਾ ਖੋਦਿ ਕਰਹਿ ਦੁਇ ਚੂਲੇ੍
ਸਾਰੇ ਮਾਣਸ ਖਾਵਹਿ ॥੨॥

੮. ਓਇ ਪਾਪੀ ਸਦਾ ਫਿਰਹਿ ਅਪਰਾਧੀ
ਮੁਖਹੁ ਅਪਰਸ ਕਹਾਵਹਿ ॥

੯. ਸਦਾ ਸਦਾ ਫਿਰਹਿ ਅਭਿਮਾਨੀ
ਸਗਲ ਕੁਟੰਬ ਡੁਬਾਵਹਿ ॥੩॥

੧੦. ਜਿਤੁ ਕੋ ਲਾਇਆ ਤਿਤ ਹੀ ਲਾਗਾ
ਤੈਸੇ ਕਰਮ ਕਮਾਵੈ ॥

੧੧. ਕਹੁ ਕਬੀਰ ਜਿਸੁ ਸਤਿਗੁਰੁ ਭੇਟੈ
ਪੁਨਰਪਿ ਜਨਮਿ ਨ ਆਵੈ ॥੪॥੨॥

ਪਦ ਅਰਥ : ਸਾਢੇ ਤੈ ਤੈ—ਸਾਢੇ ਤਿੰਨ-ਤਿੰਨ ਗਜ਼ ਲੰਮੀਆਂ ਦੋ ਧੋਤੀਆਂ। ਤਿਹਰੇ ਤਗ—ਧਾਗੇ, ਜਨੇਊ, ਤਿੰਨ ਅਗ੍ਹਾਂ ਵਾਲਾ ਜਨੇਊ, ਤ੍ਰੈ ਤੰਦਾਂ ਦਾ ਇਕ ਡੋਰਾ, ਤ੍ਰੈ ਡੋਰਾਂ ਦਾ ਇਕ ਅਗਰ। ਆਮ ਜੰਞੂ ਦੋ ਅਗ੍ਹਾਂ ਦਾ ਹੁੰਦਾ ਹੈ ਤੇ ਕਈ ਤਿੰਨ ਅਗ੍ਹਾਂ ਦਾ ਪਹਿਰਦੇ ਹਨ, ਜੇ ਦੋ ਟੁੱਟਣ ਤਾਂ ਤੀਜਾ ਕਾਇਮ ਰਹੇ ਤੇ ਨਵਾਂ ਲੈਂਦੇ ਤਕ ਬੇ-ਜਨੇਊ ਨ ਰਹਿਣਾ ਪਵੇ। ਜਪਮਾਲੀਆ—ਮਾਲਾ ਜੋ ਜਪਣ ਲਈ ਹੋਣ। ਹਥਿ—ਹਥ ਵਿਚ। ਨਿਬਗ—ਬਹੁਤ ਹੀ ਚਿੱਟੇ, ਚਮਕਾਏ ਹੋਏ, ਲਿਸ਼ਕਾਏ ਹੋਏ। ਓਇ—ਉਹ ਮਨੁੱਖ। ਆਖੀਅਹਿ—ਕਹੇ ਜਾਂਦੇ ਹਨ।੧। ਮੋ ਕਉ—ਮੈਨੂੰ। ਡਾਲਾ—ਟਾਹਣੀਆਂ। ਪੇਡਾ—ਪੇਡ, ਬੂਟਾ। ਸਿਉ—ਸਮੇਤ, ਸਣੇ। ਗਟਕਾਵਹਿ—ਖਾ ਜਾਂਦੇ ਹਨ, ਪਾਣੀ ਵਾਂਙੂ ਗਟ ਗਟ ਕਰਕੇ ਪੀ ਜਾਣ, ਭਾਵ ਨਿਗਲ ਜਾਣ, ਲੋਕਾਂ ਦੇ ਮਾਲ ਧਨ ਹੜੱਪ ਕਰ ਜਾਣ।੧।ਰਹਾਉ। ਬਾਸਨ—ਭਾਂਡੇ, ਪਾਤ੍ਰ। ਕਾਠੀ—ਲਕੜੀਆਂ, ਬਾਲਣ। ਬਸੁਧਾ—ਧਰਤੀ, ਜ਼ਮੀਨ। ਖੋਦਿ—ਪੁੱਟ ਕੇ। ਸਾਰੇ ਮਾਣਸ—ਸਾਰੇ ਮਨੁੱਖਾਂ ਨੂੰ ਭਾਵ ਆਪਣੇ ਮਗਰ ਲਗੇ ਦਾ ਸਰਬੰਸ ਖਾ ਜਾਂਦੇ ਹਨ।੨। ਮੁਖਹੁ—ਮੂੰਹੋਂ। ਅਪਰਸ—ਅ-ਪਰਸ, ਨਾ ਛੋਹਣ ਵਾਲੇ, ਉਹ ਸਾਧ ਜੋ ਕਿਸੇ ਮਾਇਕ ਪਦਾਰਥ ਨੂੰ ਛੋਂਹਦੇ ਨਹੀਂ ਹਨ, ਵਿਰਕਤ। ਕੁਟੰਬ—ਪਰਵਾਰ।੩। ਭੇਟੈ—ਮਿਲੇ। ਪੁਨਰਪਿ—ਪੁਨਹ ਅਪਿ, ਫਿਰ ਭੀ, ਫਿਰ ਕਦੇ, ਮੁੜ ਕੇ, ਦੂਜੀ ਵਾਰ। ਜਨਮਿ—ਜਨਮ ਮਰਣ ਦੇ ਗੇੜ ਵਿਚ।੪।

ਅਰਥ :

੧. ਹੇ ਸੱਜਣਾ! ਤੂੰ ਤਾਂ ਭੁਲੇਖੇ ਵਿਚ ਹੀ ਠੱਗਿਆ ਗਿਆ ਹੈਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਲੋਕ ਸਾਢੇ ਤਿੰਨ-ਤਿੰਨ ਗਜ਼ ਦੀਆਂ ਲੰਮੀਆਂ ਧੋਤੀਆਂ ਬੰਨ੍ਹਦੇ ਹਨ ਅਤੇ ਜਨੇਊ ਵੀ ਤਿਹਰਿਆਂ ਤੰਦਾਂ ਵਾਲੇ ਪਾਉਂਦੇ ਹਨ।

੨. ਉਨ੍ਹਾਂ ਦੇ ਗਲੇ ਵਿਚ ਜਪਮਾਲਾ ਵੀ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਹੱਥਾਂ ਵਿਚ ਮਾਂਜ ਕੇ ਚਿਲਕਾਏ ਹੋਏ ਲੋਟੇ ਫੜੇ ਹੁੰਦੇ ਹਨ।

ਪ੍ਰ: ਕਿਉਂ ਜੀ! ਇਹ ਤਾਂ ਲਿਬਾਸ ਸੰਤਾਂ ਦਾ ਹੀ ਹੋਇਆ ਕਰਦਾ ਹੈ। ਕੀ ਉਨ੍ਹਾਂ ਨੂੰ ਸੰਤ ਨਾ ਆਖੀਏ, ਤਾਂ ਦੱਸੋ ਹੋਰ ਆਖੀਏ ਕੀ?

ਉ: ੩. ਹੇ ਪਿਆਰਿਆ! ਨਿਰੇ ਇਨ੍ਹਾਂ ਲੱਛਣਾਂ ਕਰਕੇ ਉਹ ਮਨੁੱਖ ਪਰਮੇਸ਼ਰ ਦੇ ਭਗਤ ਨਹੀਂ ਆਖੇ ਜਾਣੇ ਚਾਹੀਦੇ। ਐ ਸੱਜਣੋ! ਉਹ ਤਾਂ ਅਸਲ ਵਿਚ ਬਨਾਰਸ ਦੇ ਠੱਗ ਹਨ।੧।

ਪ੍ਰ: ਕਿਉਂ ਜੀ! ਜੋ ਸੰਤਾਂ ਦੇ ਲਿਬਾਸ ਵਿਚ ਅਜਿਹੇ ਠੱਗ ਲੋਕ ਹਨ, ਉਨ੍ਹਾਂ ਬਾਰੇ ਤੁਸੀਂ ਕੀ ਖ਼ਿਆਲ ਰੱਖਦੇ ਹੋ?

ਉ: ੪. ਹੇ ਭਾਈ! ਐਸੇ ਸੰਤ ਤਾਂ ਮੈਨੂੰ ਭਾਉਂਦੇ ਹੀ ਨਹੀਂ, ਮੈਂ ਉਨ੍ਹਾਂ ਨੂੰ ਚੰਗੇ ਹੀ ਨਹੀਂ ਸਮਝਦਾ।

ਪ੍ਰ: ਕਿਉਂ ਜੀ! ਤੁਸੀਂ ਉਨ੍ਹਾਂ ਨੂੰ ਚੰਗੇ ਕਿਉਂ ਨਹੀਂ ਸਮਝਦੇ?

ਉ: ੫. ਉਹ ਇਸ ਲਈ ਕਿ ਉਹ ਤਾਂ ਡਾਲੀਆਂ ਸਮੇਤ ਸਾਰਾ ਪੇੜ ਹੀ ਨਿਗਲ ਜਾਂਦੇ ਹਨ। ਭਾਵ ਇਹ ਹੈ ਕਿ ਉਹ ਮਾਇਆ ਦੀ ਖ਼ਾਤਰ ਮਨੁੱਖਾਂ ਨੂੰ ਜਾਨੋਂ ਮਾਰਨੋਂ ਭੀ ਸੰਕੋਚ ਨਹੀਂ ਕਰਦੇ।੧।ਰਹਾਉ।

ਪ੍ਰ: ਕਬੀਰ ਜੀ, ਉਹ ਵੇਖਣ ਵਿਚ ਆਉਂਦੇ ਹਨ ਕਿ ਸੁੱਚਮ ਬੜੀ ਰੱਖਦੇ ਹਨ।

ਉ: ੬. ਹੇ ਸੱਜਣੋ! ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਭਾਂਡੇ ਖ਼ੂਬ ਮਾਂਜ ਕੇ ਚੁੱਲ੍ਹੇ ਉਪਰ ਚਾੜ੍ਹਦੇ ਹਨ, (ਇਥੇ ਹੀ ਬੱਸ ਨਹੀਂ) ਉਹ ਤਾਂ ਲੱਕੜਾਂ ਭੀ ਹੇਠਾਂ ਧੋ ਕੇ ਹੀ ਬਾਲਦੇ ਹਨ।

੭. ਧਰਤੀ ਨੂੰ (ਇਕ ਗਿੱਠ ਡੂੰਘਾ) ਪੁੱਟ ਕੇ ਉਥੇ ਦੋ ਚੁੱਲ੍ਹੇ ਬਣਾਉਂਦੇ ਹਨ, ਭਾਵ ਇਨ੍ਹਾਂ ਦੀ ਸੁੱਚ ਤਾਂ ਇਹੋ ਜਿਹੀ ਹੈ, ਪਰ ਕਰਤੂਤ ਇਹ ਹੈ ਕਿ ਜੇ ਇਨ੍ਹਾਂ ਦਾ ਦਾਉ ਲੱਗ ਜਾਵੇ ਤਾਂ ਸਾਰੇ ਮਨੁੱਖ ਨੂੰ ਹੀ ਖਾ ਜਾਂਦੇ ਹਨ।੨।

੮. ਹੇ ਸੱਜਣੋ! ਉਹ ਪਾਪੀ ਪੁਰਸ਼ ਹਨ, ਜੋ ਸਦਾ ਵਿਕਾਰਾਂ ਦੀ ਲਗਨ ਵਿਚ ਹੀ ਖਚਤ ਫਿਰਦੇ ਹਨ। ਉਂਜ ਮੂੰਹੋਂ ਅਖਵਾਂਦੇ ਹਨ ਕਿ ਅਸੀਂ ਮਾਇਆ ਦੇ ਨੇੜੇ ਨਹੀਂ ਛੋਂਹਦੇ।

੯. ਉਹ ਹਮੇਸ਼ਾ ਸਦਾ ਹੀ ਹੰਕਾਰ ਵਿਚ ਅੱਟੇ ਫਿਰਦੇ ਹਨ। ਹੇ ਪਿਆਰੇ! (ਉਹ ਆਪ ਤਾਂ ਡੁੱਬੇ ਹੀ ਸਨ), ਪਰ ਉਹ ਸਾਰੇ ਸਾਥੀਆਂ ਨੂੰ ਭੀ ਮੰਦ ਕਰਮਾਂ ਵਿਚ ਡੋਬਦੇ ਹਨ, ਭਾਵ ਅਭਿਮਾਨ ਨਾਲ ਪੱਟ ਸੁੱਟਦੇ ਹਨ।੩।

ਪ੍ਰ: ਕਬੀਰ ਜੀ! ਕੀ ਲੋਕਾਂ ਨੂੰ ਇਹ ਪਤਾ ਨਹੀਂ ਕਿ ਪਾਪ ਕਰਮ ਮਨੁੱਖ ਨੂੰ ਸਾਰੇ ਕੁਟੰਬ ਸਮੇਤ ਹੀ ਡੋਬ ਲੈਂਦੇ ਹਨ?

ਉ: ਹੇ ਭਾਈ! ਜ਼ਰੂਰ ਪਤਾ ਹੈ, ਕਿਉਂਕਿ (ਮਨ ਜਾਨਤ ਸਭ ਬਾਤ) ਪਾਪ ਦਾ ਸਾਰਿਆਂ ਨੂੰ ਹੀ ਮਨ ਕਰਕੇ ਗਿਆਨ ਹੈ ਕਿ ਪਾਪ ਬੁਰਾ ਹੈ।

ਪ੍ਰ: ਕਿਉਂ ਜੀ! ਫਿਰ ਉਹ ਪਾਪ ਕਰਮ ਦਾ ਤਿਆਗ ਕਰਕੇ ਭਲੇ ਪਾਸੇ ਕਿਉਂ ਨਹੀਂ ਲੱਗ ਜਾਂਦੇ?

ਉ: ੧੦. ਐ ਪਿਆਰਿਓ! ਇਸ ਜੀਵ ਦੇ ਕੀ ਵਸ ਹੈ, ਜਿਧਰ ਪਰਮਾਤਮਾ ਨੇ ਕਿਸੇ ਨੂੰ ਲਾਇਆ ਹੈ, ਉਧਰ ਲਗ ਰਿਹਾ ਹੈ, ਉਹੋ ਜਿਹੇ ਹੀ ਉਹ ਕਰਮ ਕਮਾਉਂਦਾ ਹੈ।

ਪ੍ਰ: ਕਿਉਂ ਜੀ! ਇਹ ਦੱਸ ਦਿਓ ਕਿ ਜੰਮਣ ਮਰਣ ਦੇ ਗੇੜ ਵਿਚ ਕੌਣ ਨਹੀਂ ਆਵੇਗਾ?

ਉ: ੧੧. ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਹੇ ਭਾਈਓ। ਸੱਚ ਤਾਂ ਇਹ ਹੈ ਕਿ ਜਿਸਨੂੰ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ, ਉਹ ਫਿਰ ਕਦੇ ਜਨਮ ਮਰਣ ਦੇ ਗੇੜ ਵਿਚ ਨਹੀਂ ਆਉਂਦਾ।੪।੨।

ਭਾਵਾਰਥ : ਇਹ ਸ਼ਬਦ ਕਬੀਰ ਸਾਹਿਬ ਜੀ ਨੇ ਉਨ੍ਹਾਂ ਸੰਤਾਂ ਪ੍ਰਥਾਇ ਉਚਾਰਿਆ ਹੈ ਜੋ ਬਾਹਰੋਂ ਸੰਤਤਾਈ ਦੇ ਚਿੰਨ੍ਹ ਧਾਰਨ ਕਰਦੇ ਹਨ, ਪਰ ਅੰਦਰੋਂ ਪਾਪ ਬ੍ਰਿਤੀ ਵਾਲੇ ਹੁੰਦੇ ਹਨ। ਠੱਗ ਵੀ ਸੰਤਾਂ ਵਾਲੇ ਰੂਪ ਧਾਰ ਕੇ ਠੱਗੀਆਂ ਕਰਦੇ ਹਨ। ਇਥੇ ਉਨ੍ਹਾਂ ਸੰਤਾਂ ਦਾ ਜ਼ਿਕਰ ਹੈ ਜੋ ਸਹੀ ਰੂਪ ਵਿਚ ਸੰਤ ਨਹੀਂ, ਪਰ ਬਨਾਵਟੀ ਸੰਤ ਬਣੇ ਹੋਏ ਹਨ, ਜੋ ਬਾਹਰਲੇ ਸਾਮਾਨ ਸੰਤਤਾਈ ਦੇ ਕਰਦੇ ਹਨ। ਇਸ ਵਿਚ ਇਹ ਇਸ਼ਾਰਾ ਕੀਤਾ ਗਿਆ ਹੈ ਕਿ ਜਗਿਆਸੂਆਂ ਨੂੰ ਵਸਤ ਪਛਾਣ ਕੇ ਵਪਾਰ ਕਰਨਾ ਚਾਹੀਦਾ ਹੈ।

ਆਸਾ ॥

੧. ਬਾਪਿ ਦਿਲਾਸਾ ਮੇਰੋ ਕੀਨ੍ਾ ॥
੨. ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਾ ॥
੩. ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥
੪. ਆਗੈ ਗਇਆ ਨ ਬਾਜੀ ਹਾਰੀ ॥੧॥
੫. ਮੁਈ ਮੇਰੀ ਮਾਈ ਹਉ ਖਰਾ ਸੁਖਾਲਾ ॥
੬. ਪਹਿਰਉ ਨਹੀ ਦਗਲੀ ਲਗੈ ਨ ਪਾਲਾ ॥੧॥ ਰਹਾਉ ॥
੭. ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥
੮. ਪੰਚਾ ਤੇ ਮੇਰਾ ਸੰਗੁ ਚੁਕਾਇਆ ॥
੯. ਪੰਚ ਮਾਰਿ ਪਾਵਾ ਤਲਿ ਦੀਨੇ ॥
੧੦. ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥੨॥
੧੧. ਪਿਤਾ ਹਮਾਰੋ ਵਡ ਗੋਸਾਈ ॥
੧੨. ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥
੧੩. ਸਤਿਗੁਰ ਮਿਲੇ ਤ ਮਾਰਗੁ ਦਿਖਾਇਆ ॥
੧੪. ਜਗਤ ਪਿਤਾ ਮੇਰੈ ਮਨਿ ਭਾਇਆ ॥੩॥
੧੫. ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥
੧੬. ਏਕੈ ਠਾਹਰ ਦੁਹਾ ਬਸੇਰਾ ॥
੧੭. ਕਹੁ ਕਬੀਰ ਜਨਿ ਏਕੋ ਬੂਝਿਆ ॥
੧੮. ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥੪॥੩॥

ਪਦ ਅਰਥ : ਬਾਪਿ—ਬਾਪ ਨੇ, ਪਿਉ ਨੇ, ਪ੍ਰਭੂ ਪਿਤਾ ਨੇ, ਪਰਮਾਤਮਾ ਦੇਵ ਨੇ। ਦਿਲਾਸਾ—ਧਰਵਾਸ, ਧੀਰਜ, ਢਾਰਸ, ਆਸਰਾ, ਤਸੱਲੀ, ਦਿਲ ਨੂੰ ਤਾਕਤ ਪਕੜਾਉਣੀ। ਕੀਨ੍ਹਾ—ਕੀਤਾ ਹੈ। ਸੇਜ—ਹਿਰਦਾ ਰੂਪੀ ਸੇਜ। ਮੁਖਿ—ਮੂੰਹ ਵਿਚ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਨਾਮ ਅੰਮ੍ਰਿਤ। ਮਨਹੁ—ਮਨ ਤੋਂ। ਵਿਸਾਰੀ—ਮੈਂ ਵਿਸਾਰਾਂ। ਆਗੈ—ਪ੍ਰਲੋਕ ਵਿਚ। ਨ ਹਾਰੀ—ਮੈਂ ਨਹੀਂ ਹਾਰਾਂਗਾ।੧। ਮਾਈ—ਮਾਂ, ਮਾਇਆ, ਮਮਤਾ। ਮੁਈ ਮਾਈ—ਮੇਰੀ ਮਾਂ ਮਰ ਗਈ ਹੈ, ਮਾਇਆ ਮਮਤਾ ਦਾ ਦਬਾਉ ਮੇਰੇ ਉਤੋਂ ਹੱਟ ਗਿਆ ਹੈ। ਹਉ—ਮੈਂ। ਖਰਾ—ਬਹੁਤਾ। ਪਹਿਰਉ—ਮੈਂ ਪਹਿਰਦਾ ਹਾਂ। ਦਗਲੀ—ਰੂੰਦਾਰ ਕੁੜਤੀ, ਰੂੰਦਾਰ ਅੰਗ ਰੱਖੀ, (ਭਾਵ ਸਰੀਰ)।੧।ਰਹਾਉ। ਬਲਿ—ਸਦਕੇ, ਕੁਰਬਾਨ, ਬਲਿਹਾਰ ਹਾਂ। ਜਿਨਿ—ਜਿਸ ਪਿਉ ਨੇ। ਜਾਇਆ—ਇਹ ਨਵਾਂ ਜਨਮ ਦਿੱਤਾ ਹੈ। ਭੀਨੇ—ਭਿੱਜ ਗਏ ਹਨ। ਸਿਮਰਨਿ—ਸਿਮਰਨ ਵਿਚ।੨। ਗੋਸਾਈ—ਮਾਲਕ। ਪਹਿ—ਕੋਲ, ਪਾਸ। ਕਿਉ ਕਰਿ—ਕਿਸ ਤਰ੍ਹਾਂ ? ਕਿਸ ਵਸੀਲੇ ਨਾਲ ? ਜਾਈ—ਮੈਂ ਜਾਵਾਂ। ਮਨਿ—ਮਨ ਵਿਚ। ਤ—ਤਦੋਂ। ਭਾਇਆ—ਪਿਆਰਾ ਲੱਗਣ ਲੱਗ ਪਿਆ।੩। ਹਉ—ਮੈਂ। ਬਸੇਰਾ—ਵਾਸਾ। ਜਨਿ—ਜਨ ਨੇ, ਦਾਸ ਨੇ। ਕਹੁ—ਆਖ। ਮਾਰਗੁ—ਰਸਤਾ। ਠਾਹਰ—ਜਗ੍ਹਾ।੪।

ਅਰਥ :

ਪ੍ਰ: ਕਬੀਰ ਜੀ ! ਇਹ ਦੱਸੋ ਕਿ ਜਿਸ ਪ੍ਰਭੂ ਦੀ ਯਾਦ ਵਿਚ ਤੁਸੀਂ ਹਰ ਵਕਤ ਹੀ ਲੱਗੇ ਰਹਿੰਦੇ ਹੋ, ਉਸ ਯਾਦ ਨੇ ਤੁਹਾਨੂੰ ਕੀ ਲਾਭ ਪਹੁੰਚਾਇਆ ਹੈ ?

ਉ: ੧. ਹੇ ਸੱਜਨੋ ! ਮੇਰੇ ਵਾਹਿਗੁਰੂ ਪਿਤਾ ਨੇ, ਮੈਨੂੰ ਤਸੱਲੀ ਕਰ ਦਿੱਤੀ ਹੈ। ਦਿਲਾਸਾ ਦੇ ਦਿੱਤਾ ਹੈ, ਭਾਵ ਮੈਨੂੰ ਸਹਾਰਾ ਦੇ ਦਿੱਤਾ ਹੈ।

ਪ੍ਰ: ਕਬੀਰ ਜੀ ! ਉਸ ਸਹਾਰੇ ਦਾ ਕੋਈ ਰੂਪ ਦੱਸੋ ਕੀ ਹੈ ?

ਉ: ੨. ਹੇ ਮਿੱਤਰੋ ! ਉਸਦਾ ਅਕਾਰ ਤਾਂ ਨਹੀਂ ਕਹਿਆ ਜਾ ਸਕਦਾ, ਪਰ ਇਉਂ ਹੀ ਸਮਝ ਲਓ ਕਿ (ਅੱਠੇ ਪਹਿਰ) ਜਪਣ ਲਈ ਉਸ ਮੇਰੇ ਪ੍ਰਭੂ ਪਿਤਾ ਨੇ ਮੇਰੇ ਮੂੰਹ ਵਿਚ ਆਪਣਾ ਨਾਮ ਅੰਮ੍ਰਿਤ ਦੇ ਦਿੱਤਾ ਹੈ।

ਪ੍ਰ: ਇਸ ਨਾਮ ਅੰਮ੍ਰਿਤ ਜਪਣ ਦਾ ਤੁਹਾਨੂੰ ਫਲ ਕੀ ਮਿਲਿਆ ?

ਉ: ਮੈਨੂੰ ਹੁਣ ਇਹ ਉੱਤਮ ਫਲ ਹਾਸਲ ਹੋ ਗਿਆ ਹੈ ਕਿ ਮੇਰੀ ਹਿਰਦਾ-ਰੂਪ ਸੇਜਾ ਸੁਖਦਾਈ ਹੋ ਗਈ ਹੈ (ਭਾਵ ਹੈ ਕਿ ਮੈਨੂੰ ਸਹਿਜ ਅਵਸਥਾ ਰੂਪ ਸੁਖਦਾਈ ਸੇਜਾ ਮਿਲ ਗਈ ਹੈ, ਜਿਸ ਦਾ ਸਦਕਾ ਹੁਣ ਮੈਂ ਮਨ ਕਰਕੇ ਸਦਾ ਹੀਂ ਸ਼ਾਂਤ ਹਾਂ)।

ਪ੍ਰ: ਕਬੀਰ ਜੀਉ ! ਕੀ ਇਸ ਸੰਸਾਰ ਦੇ ਕਾਰੋਬਾਰ ਕਰਦਿਆਂ ਉਹ ਪ੍ਰਭੂ ਪਿਤਾ ਤੁਹਾਨੂੰ ਕਦੇ ਵਿਸਰ ਭੀ ਜਾਂਦਾ ਹੈ ?

ਉ: ੩. ਉੱਕਾ ਹੀ ਨਹੀਂ ! ਕਿਉਂਕਿ ਹੇ ਭਾਈਓ ! (ਇਹ ਦੱਸੋ ਕਿ ਜਿਸ ਪਿਤਾ ਪ੍ਰਭੂ ਜੀ ਨੇ ਮੈਨੂੰ ਇਤਨਾ (ਅਥਾਹ) ਸੁੱਖ ਦਿੱਤਾ ਹੈ, ਉਸਨੂੰ ਮੈਂ ਮਨ ਵਿਚੋਂ ਕਿਵੇਂ ਵਿਸਾਰਾਂ, ਭਾਵ ਉਸ ਨੂੰ ਤਾਂ ਮੈਂ ਮਨ ਤੋਂ ਕਦੀ ਭੁਲਾਵਾਂਗਾ ਹੀ ਨਹੀਂ।

ਪ੍ਰ: ਕਬੀਰ ਜੀ ! ਉਹ ਕਿਉਂ ?

ਉ: ੪. ਉਹ ਇਸ ਲਈ ਕਿ ਜਿਵੇਂ ਮੈਂ ਏਥੇ ਉਸਦੀ ਯਾਦ ਵਿਚ ਰਹਿੰਦਿਆਂ ਸੁਖੀ ਹੋ ਗਿਆ ਹਾਂ, ਉਸੇ ਤਰ੍ਹਾਂ (ਮੈਨੂੰ ਯਕੀਨ ਹੈ ਕਿ) ਅੱਗੇ ਪ੍ਰਲੋਕ ਵਿਚ ਜਾ ਕੇ ਭੀ ਇਹ ਮਨੁੱਖਾ ਜਨਮ ਦੀ ਖੇਡ ਨਹੀਂ ਹਾਰੀ ਜਾਏਗੀ, ਭਾਵ ਜਨਮ ਸਫਲ ਹੋ ਜਾਂਦਾ ਹੈ, ਅੱਗੇ ਸੁਰਖ਼ਰੂ ਹੋ ਜਾਵਾਂਗਾ।੧।

ਪ੍ਰ: ਕਿਉਂ ਕਬੀਰ ਜੀਉ ! ਤੁਹਾਨੂੰ ਇਸ ਏਡੇ ਵੱਡੇ ਸੁੱਖ ਦੀ ਪ੍ਰਾਪਤੀ ਦਾ ਅਸਲ ਕਾਰਣ ਕੀ ਹੈ ?

ਉ: ੫. ਹੇ ਮਿੱਤਰੋ ! ਮੇਰੀ ਮਾਂ (ਮਾਇਆ ਜੋ ਮੈਨੂੰ ਪਾਲ ਰਹੀ ਸੀ) ਉਹ ਮਰ ਗਈ, ਭਾਵ ਉਸਦਾ ਪ੍ਰਭਾਵ ਮੇਰੇ ਮਨ ਉਤੋਂ ਮਿਟ ਗਿਆ ਹੈ। ਇਸ ਦੀ ਬਰਕਤ ਨਾਲ ਮੈਂ ਹੁਣ ਬਹੁਤ ਸੁਖੀਆ ਹੋ ਗਿਆ ਹਾਂ।

੬. ਹੇ ਭਰਾਵੋ ! ਹੁਣ ਮੈਂ ਰੂੰਦਾਰ ਅੰਗਰਖੀ, ਭਾਵ ਸਰੀਰ ਰੂਪੀ ਗੋਦੜੀ ਮੁੜ-ਮੁੜ ਨਹੀਂ ਪਹਿਰਾਂਗਾ ਅਰਥਾਤ ਬਾਰ-ਬਾਰ ਸਰੀਰ ਨਹੀਂ ਧਾਰਨ ਕਰਾਂਗਾ, ਕਿਉਂਕਿ ਹੁਣ ਮੈਨੂੰ ਮਾਇਆ ਦੇ ਮੋਹ ਦਾ ਪਾਲਾ ਨਹੀਂ ਲੱਗਦਾ, ਭਾਵ ਮੈਨੂੰ ਹੁਣ ਮਾਇਆ ਦਾ ਮੋਹ ਸਤਾਉਂਦਾ ਹੀ ਨਹੀਂ।੧।ਰਹਾਉ।

ਪ੍ਰ: ਕਬੀਰ ਜੀ ! ਹੁਣ ਤੁਹਾਡੇ ਮਨ ਵਿਚ ਉਸ ਪ੍ਰਭੂ ਪਿਤਾ ਲਈ ਕਿਤਨਾ ਕੁ ਸਤਿਕਾਰ ਹੈ ?

ਉ: ੭. ਹੇ ਸੱਜਨੋ ! ਮੈਂ ਤਾਂ ਮਨ ਕਰਕੇ ਉਸ ਪ੍ਰਭੂ ਪਿਤਾ ਦੇ (ਬਾਰ ਬਾਰ) ਬਲਿਹਾਰ, ਸਦਕੇ ਜਾਂਦਾ ਹਾਂ, ਜਿਸ ਪਿਤਾ ਨੇ ਕਿ ਮੈਨੂੰ ਹੁਣ ਨਵਾਂ ਜਨਮ ਦਿੱਤਾ ਹੈ।

ਪ੍ਰ: ਕਬੀਰ ਜੀ ! ਨਵੇਂ ਜਨਮ ਤੋਂ ਆਪ ਜੀ ਦਾ ਕੀ ਭਾਵ ਹੈ ?

ਉ: ੮. ਹੇ ਜਗਿਆਸੂ ਜਨੋ ! ਪਹਿਲੋਂ ਇਹ ਪੰਜੇ ਕਾਮਾਦਿਕ ਮੈਨੂੰ ਹਰ ਵਕਤ ਹੀ ਦਬਾਈ ਰੱਖਦੇ ਸਨ, ਪਰ ਹੁਣ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਮੇਰਾ ਖਹਿੜਾ ਹੀ ਛੁਡਾ ਦਿੱਤਾ ਹੈ, (ਭਾਵ ਇਹ ਮੈਨੂੰ ਹੁਣ ਦਬਾਉ ਨਹੀਂ ਪਾਉਂਦੇ)।

ਪ੍ਰ: ਕਿਉਂ ਜੀ ! ਉਹ ਵਿਕਾਰ ਹੁਣ ਤੁਹਾਡੇ 'ਤੇ ਦਬਾਉ ਕਿਉਂ ਨਹੀਂ ਪਾ ਸਕਦੇ ?

ਉ: ੯. ਹੇ ਭਾਈਓ ! (ਉਹ ਇਸ ਲਈ ਕਿ) ਉਨ੍ਹਾਂ ਪੰਜਾਂ ਨੂੰ ਮਾਰ ਕੇ ਮੈਂ ਹੁਣ ਆਪਣੇ ਪੈਰਾਂ ਹੇਠ ਦਬਾ ਲਿਆ ਹੈ।

ਪ੍ਰ: ਕਬੀਰ ਜੀ ! ਇਨ੍ਹਾਂ ਬਲੀ ਕਾਮਾਦਿਕ ਸੂਰਮਿਆਂ ਨੂੰ ਦਬਾਉਣਾ ਤਾਂ ਬਹੁਤ ਔਖਾ ਹੈ, ਤੁਸਾਂ ਇਨ੍ਹਾਂ 'ਤੇ ਕਿਵੇਂ ਕਾਬੂ ਪਾ ਲਿਆ ? ਕੀ ਸਾਧਨ ਕੀਤਾ ਹੈ ?

ਉ: ੧੦. ਹੇ ਪਿਆਰਿਓ ! (ਮੈ ਸਾਧਨ ਕੇਵਲ ਇਕੋ ਹੀ ਕੀਤਾ ਹੈ ਕਿ) ਮੇਰਾ ਮਨ ਭੀ ਅਤੇ ਤਨ ਭੀ ਉਸ ਹਰੀ ਪਿਤਾ ਦੇ ਸਿਮਰਨ ਵਿਚ ਸਦਾ ਹੀ ਭਿੱਜਾ ਰਹਿੰਦਾ ਹੈ, ਮਸਤ ਰਹਿੰਦਾ ਹੈ, ਤਰ ਰਹਿੰਦਾ ਹੈ, ਇਹੋ ਇਕ ਮੇਰੇ ਸਦਾ ਸੁਖੀ ਰਹਿਣ ਦਾ ਸਾਧਨ ਹੈ।੨।

ਪ੍ਰ: ਕਬੀਰ ਜੀਉ ! ਉਹ ਪ੍ਰਭੂ ਪਿਤਾ ਤਾਂ ਬਹੁਤ ਵੱਡਾ, ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਪਰ ਇਹ ਦੱਸੋ ਕਿ ਉਸ ਤਕ ਤੁਹਾਡੀ ਪਹੁੰਚ ਕਿਵੇਂ ਹੋ ਗਈ ?

ਉ: ੧੧. ਹੇ ਭਰਾਵੋ ! ਇਹ ਪਹਿਲੋਂ ਮੈਨੂੰ ਭੀ ਸਦਾ ਹੀ ਸੋਚ ਬਣੀ ਰਹਿੰਦੀ ਸੀ ਕਿ ਉਹ ਸਾਡਾ ਪਿਤਾ ਬਹੁਤ ਵੱਡਾ ਮਾਲਕ ਹੈ।

ੳ: ੧੨. ਮੈਂ ਕੰਗਾਲ ਕਬੀਰ ਉਸ ਪਿਤਾ ਪਾਸ ਕਿਵੇਂ ਅੱਪੜ ਸਕਾਂਗਾ?

ਪ੍ਰ: ਆਖ਼ਰ ਕਬੀਰ ਜੀ! ਫਿਰ ਤੁਸੀਂ ਕਿਵੇਂ ਅੱਪੜ ਗਏ, ਕੋਈ ਸਾਧਨ ਕੀਤਾ?

ੳ: ੧੩. ਹੇ ਸੱਜਨੋ! ਮੇਰੇ ਵਿਚ ਕੋਈ ਸਾਧਨ ਕਰਨ ਦੀ ਤਾਂ ਹਿੰਮਤ ਹੀ ਨਹੀਂ ਸੀ, ਪਰ ਮੈਨੂੰ ਸਤਿਗੁਰੂ ਜੀ ਮਿਲ ਪਏ ਤਾਂ ਉਨ੍ਹਾਂ ਨੇ (ਕਿਰਪਾ ਕਰਕੇ) ਮੈਨੂੰ ਪਿਤਾ ਪ੍ਰਭੂ ਦੇ ਦੇਸ਼ (ਜਾਣ) ਦਾ ਰਾਹ ਵਿਖਾ ਦਿੱਤਾ

੧੪. ਮਾਰਗ ਭੀ ਅਜਿਹਾ ਵਿਖਾਇਆ ਕਿ ਉਹ ਜਗਤ ਦਾ ਪਿਉ ਪ੍ਰਭੂ ਮੇਰੇ ਮਨ ਨੂੰ ਭਾ ਗਿਆ, ਮੇਰੇ ਮਨ ਵਿਚ ਪਿਆਰਾ ਲੱਗ ਪਿਆ।੩।

ਪ੍ਰ: ਕਿਉਂ ਕਬੀਰ ਜੀ! ਹੁਣ ਤੁਹਾਡੇ ਮਨ ਦੀ ਮਾਨਸਕ ਦਸ਼ਾ ਕੀ ਹੈ?

ੳ: ੧੫. ਹੇ ਪਿਆਰਿਓ! ਹੁਣ ਤਾਂ ਮੇਰੇ ਮਨ ਵਿਚੋਂ ਸੰਸਾ ਹੀ ਮਿਟ ਗਿਆ ਹੈ। ਹੁਣ ਤਾਂ ਮੈਂ ਨਿਸ਼ੰਗ ਹੋ ਕੇ ਉਸਨੂੰ ਇਉਂ ਆਖਦਾ ਹਾਂ ਕਿ ਹੇ ਜਗਤ ਪਿਤਾ, ਹੇ ਪ੍ਰਭੂ! ਮੈਂ ਤੇਰਾ ਬੱਚਾ ਹਾਂ, ਤੂੰ ਮੇਰਾ ਪਿਉ ਹੈਂ।

੧੬. ਹੇ ਸੱਜਨੋ! ਮੈਨੂੰ ਤਾਂ ਹੁਣ ਅਸਲੀਅਤ ਦਾ ਪਤਾ ਲੱਗ ਗਿਆ ਹੈ ਕਿ ਸਾਡਾ ਦੋਹਾਂ ਦਾ ਇਕੋ ਹਿਰਦੇ ਰੂਪੀ ਥਾਂ ਵਿਚ ਨਿਵਾਸ ਹੈ, ਭਾਵ ਇਕੋ ਹੀ ਅੰਤਹਕਰਣ ਵਿਚ ਜੀਵ ਤੇ ਈਸ਼ਵਰ ਦਾ ਵਾਸਾ ਹੈ।

੧੭. ਕਬੀਰ ਜੀ ਕਹਿੰਦੇ ਹਨ ਕਿ ਹੇ ਸੱਜਨੋ! ਮੈਂ ਦਾਸ ਨੇ ਉਸ ਇਕ ਪ੍ਰਭੂ ਨੂੰ ਪਛਾਣ ਲਿਆ ਹੈ, ਭਾਵ ਜੀਵ-ਈਸ਼ਵਰ ਦੀ ਇਕੋ ਥਾਂ ਵਸੇਬੇ ਵਾਲੀ ਗੱਲ ਨੂੰ ਬੁੱਝ ਲਿਆ ਹੈ।

੧੮. ਪਰ, ਇਹ ਗੱਲ ਮੈਨੂੰ ਆਪੇ ਹੀ ਨਹੀਂ ਸੁੱਝ ਪਈ, ਇਕ ਗੁਰੂ ਦੀ ਕਿਰਪਾ ਨਾਲ ਹੀ ਮੈਨੂੰ ਜੀਵਨ ਦੇ ਮਾਰਗ ਦੀ ਸਾਰੀ ਸੂਝ ਪੈ ਗਈ ਹੈ।੪।੩।

ਆਸਾ ॥

੧. ਇਕਤੁ ਪਤਰਿ ਭਰਿ ਉਰਕਟ ਕੁਰਕਟ
ਇਕਤੁ ਪਤਰਿ ਭਰਿ ਪਾਨੀ ॥
੨. ਆਸਿ ਪਾਸਿ ਪੰਚ ਜੋਗੀਆ ਬੈਠੇ
ਬੀਚਿ ਨਕਟ ਦੇ ਰਾਨੀ ॥੧॥
੩. ਨਕਟੀ ਕੋ ਠਨਗਨੁ ਬਾਡਾ ਡੂੰ ॥
੪. ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥
੫. ਸਗਲ ਮਾਹਿ ਨਕਟੀ ਕਾ ਵਾਸਾ
ਸਗਲ ਮਾਰਿ ਅਉਹੇਰੀ ॥
੬. ਸਗਲਿਆ ਕੀ ਹਉ ਬਹਿਨ ਭਾਨਜੀ
ਜਿਨਹਿ ਬਰੀ ਤਿਸੁ ਚੇਰੀ ॥੨॥
੭. ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥
੮. ਓਹੁ ਹਮਾਰੈ ਮਾਥੈ ਕਾਇਮੁ
ਅਉਰੁ ਹਮਰੈ ਨਿਕਟਿ ਨ ਆਵੈ ॥੩॥
੯. ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥
੧੦. ਕਹੁ ਕਬੀਰ ਸੰਤਨ ਕੀ ਬੈਰਨਿ
ਤੀਨਿ ਲੋਕ ਕੀ ਪਿਆਰੀ ॥੪॥੪॥

ਪਦ ਅਰਥ : ਇਕਤੁ ਪਤਰਿ—ਇਕ ਭਾਂਡੇ ਵਿਚ। ਉਰਕਟ—ਛਾਤੀ ਦਾ ਮਾਸ, ਸੀਨਾ ਕੱਟਿਆ ਹੋਇਆ। ਕੁਰਕਟ—ਕੁੱਕੜ, ਮੁਰਗ਼ਾ, ਮੁਰਗੇ (ਦਾ ਮਾਸ)। ਭਰਿ—ਭਰ ਕੇ, ਪਾ ਕੇ। ਪਾਨੀ—(ਭਾਵ) ਸ਼ਰਾਬ। ਆਸਿ ਪਾਸਿ—ਇਸ ਮਾਸ ਅਤੇ ਸ਼ਰਾਬ ਦੇ ਦੁਆਲੇ, ਆਸੇ ਪਾਸੇ। ਪੰਚ—ਕਾਮਾਦਿਕ ਵਿਕਾਰ। ਪੰਚ ਜੋਗੀਆ—ਪੰਜ ਕਾਮਾਦਿਕਾਂ ਨਾਲ ਮੇਲ-ਜੋਲ ਰੱਖਣ ਵਾਲੇ। ਬੀਚਿ—ਇਨ੍ਹਾਂ ਵਿਸ਼ਈ ਬੰਦਿਆਂ ਦੇ ਅੰਦਰ, ਇਨ੍ਹਾਂ ਵਿਸ਼ਈ ਬੰਦਿਆਂ ਦੇ ਮਨ ਵਿਚ। ਨਕਟ—ਨੱਕ ਕੱਟੀ, ਨਿਲੱਜ। ਦੇ ਰਾਨੀ—ਦੇਵ ਰਾਣੀ, ਮਾਇਆ।੧। ਨਕਟੀ—ਨਿਲੱਜ ਮਾਇਆ। ਕੋ—ਦਾ। ਬਾਡਾ—ਬਾਜਾ। ਡੂੰ—ਡਹੂੰ ਡਹੂੰ ਕਰਦਾ ਹੈ, ਵਜਦਾ ਹੈ। ਠਨਗਨੁ—ਠਨ-ਠਨ ਦੀ ਅਵਾਜ਼ ਕਰਕੇ। ਕਿਨਹਿ—ਕਿਸੇ ਵਿਰਲੇ ਨੇ। ਕਿਨਹਿ ਬਿਬੇਕੀ—ਕਿਸੇ ਵਿਰਲੇ ਵਿਚਾਰਵਾਨ ਨੇ। ਤੂੰ—ਤੈਨੂੰ। ਕਾਟੀ—ਕੱਟਿਆ ਹੈ, ਦਬਾਉ ਦੂਰ ਕੀਤਾ ਹੈ।੧।ਰਹਾਉ। ਸਗਲ ਮਾਹਿ—ਸਭ ਜੀਵਾਂ ਵਿਚ। ਨਕਟੀ ਕਾ ਵਾਸਾ—ਨਿਲੱਜ ਮਾਇਆ ਦਾ ਪ੍ਰਭਾਵ। ਮਾਰਿ—ਮਾਰ ਕੇ। ਅਉਹੇਰੀ—ਤੱਕਦੀ ਹੈ, ਨੀਝ ਲਾ ਕੇ ਵੇਖਦੀ ਹੈ, (ਕਿ ਕੋਈ ਮੇਰੀ ਮਾਰ ਤੋਂ ਬਚ ਤਾਂ ਨਹੀਂ ਗਿਆ)। ਹਉ—ਮੈਂ। ਬਹਨਿ—ਭੈਣ। ਭਾਨਜੀ—ਭਣੇਵੀਂ। ਬਰੀ—ਵਿਆਹ ਲਿਆ, ਵਰਤਿਆ। ਚੇਰੀ—ਦਾਸੀ।੨। ਹਮਰੋ—ਮੇਰਾ। ਬਿਬੇਕੀ—ਵਿਚਾਰਵਾਨ ਪੁਰਖ। ਮਾਥੈ—ਮੱਥੇ ਉੱਤੇ। ਕਾਇਮੁ—ਟਿਕਿਆ ਹੋਇਆ। ਮਾਥੈ ਕਾਇਮੁ—ਮੇਰੇ ਮੱਥੇ ਉੱਤੇ ਟਿਕਿਆ ਹੋਇਆ, ਮੇਰੇ ਉੱਤੇ ਕਾਬੂ ਰੱਖਣ ਵਾਲਾ। ਅਉਰੁ—ਕੋਈ ਹੋਰ। ਨਿਕਟਿ—ਨੇੜੇ।੩। ਨਾਕਹੁ—ਨੱਕ ਤੋਂ। ਕਾਟੀ—ਵੱਢ ਦਿੱਤਾ। ਕਾਨਹੁ—ਕੰਨ ਤੋਂ। ਕਾਟਿ ਕੂਟਿ ਕੈ—ਚੰਗੀ ਤਰ੍ਹਾਂ ਕੱਟ ਕੇ। ਡਾਰੀ—ਪਰੇ ਸੁੱਟ ਦਿੱਤਾ ਹੈ। ਬੈਰਨਿ—ਵੈਰ ਕਰਨ ਵਾਲੀ। ਤੀਨਿ ਲੋਕ—ਸਾਰਾ ਹੀ ਜਗਤ।੪।

ਅਰਥ :

ਪ੍ਰ: ਕਬੀਰ ਜੀਓ! ਤੁਸੀਂ ਅਠੇ ਪਹਿਰ ਭਗਤੀ ਵਿਚ ਜੁੜੇ ਰਹਿੰਦੇ ਹੋ, ਪਰ ਇਹ ਦੱਸੋ ਕਿ ਭਗਤੀ ਦੇ ਸਦਕੇ ਤੁਸਾਂ ਇਸ ਜਗਤ ਨੂੰ ਕਿਸ ਰੂਪ ਵਿਚ ਤਕਿਆ ਹੈ?

ੳ: ਹੇ ਮਿੱਤਰੋ! ਮੈਂ ਵੇਖਦਾ ਹਾਂ ਕਿ ਇਸ ਜਗਤ ਦਾ ਹਰ ਬੰਦਾ ਹੀ ਮਾਇਆ ਦਾ ਪੁਜਾਰੀ ਹੋ ਰਿਹਾ ਹੈ ਭਾਵ ਹਰ ਇਕ ਜੀਵ ਦੇ ਮਨ ਉੱਤੇ ਮਾਇਆ ਦਾ ਪ੍ਰਭਾਵ ਵਰਤ ਰਿਹਾ ਹੈ।

ਪ੍ਰ: ਕਿਉਂ ਜੀ! ਕਿਰਪਾ ਕਰਕੇ ਇਹ ਭੀ ਦਸ ਦਿਓ ਕਿ ਤੁਸਾਂ ਇਸ ਸੰਸਾਰ ਦੇ ਜੀਵਾਂ ਉੱਤੇ ਮਾਇਆ ਦਾ ਪ੍ਰਭਾਵ ਕਿਸ ਰੂਪ ਵਿਚ ਵਰਤਦਾ ਤਕਿਆ ਹੈ?

ੳ: ੧. ਹੇ ਭਾਈਓ! ਮੈਂ ਤੱਕ ਰਿਹਾ ਹਾਂ ਕਿ ਕਈ ਮਨੁੱਖ ਇਕ ਭਾਂਡੇ ਵਿਚ ਤਾਂ ਕੁੱਕੜ ਦਾ ਮਾਸ ਰਿੰਨ੍ਹਿਆ ਹੋਇਆ ਭਰ ਲੈਂਦੇ ਹਨ ਅਤੇ ਦੂਜੇ ਭਾਂਡੇ ਵਿਚ ਸ਼ਰਾਬ ਪਾ ਲੈਂਦੇ ਹਨ।

੨. ਹੇ ਮਿੱਤਰੋ! ਮਾਇਆ ਦੇ ਬਲਵਾਨ ਪੰਜ ਕਾਮਾਦਿਕਾਂ ਨਾਲ ਮੇਲ ਜੋਲ ਰੱਖਣ ਵਾਲੇ ਮਨੁੱਖ ਇਸ ਮਾਸ ਸ਼ਰਾਬ ਦੇ ਆਲੇ

ਦੁਆਲੇ, ਆਸੇ ਪਾਸੇ ਬੈਠ ਜਾਂਦੇ ਹਨ, ਪਰ ਇਨ੍ਹਾਂ ਵਿਸ਼ਈ ਬੰਦਿਆਂ ਦੇ ਮਨ ਅੰਦਰ ਨੱਕ ਕਟੀ ਰਾਣੀ ਭਾਵ ਨਿਲੱਜ ਮਾਇਆ ਬੈਠੀ ਹੁੰਦੀ ਹੈ, ਭਾਵ ਇਨ੍ਹਾਂ ਵਿਸ਼ਈ ਬੰਦਿਆਂ ਦੇ ਅੰਦਰ ਮਾਇਆ ਦਾ ਹੀ ਪ੍ਰਭਾਵ ਹੁੰਦਾ ਹੈ।੧।

ਪ੍ਰ: ਕਿਉਂ ਜੀ! ਇਸ ਜਗਤ ਦਾ ਕੋਈ ਹਿੱਸਾ ਮਾਇਆ ਦੇ ਪ੍ਰਭਾਵ ਤੋਂ ਬਚਿਆ ਭੀ ਹੈ ਕਿ ਨਹੀਂ ?

ਉ: ੩. ਹੇ ਭਾਈਓ! ਮੈਂ ਤਾਂ ਤੱਕ ਰਿਹਾ ਹਾਂ ਕਿ ਇਸ ਨੱਕ ਕੱਟੀ, ਭਾਵ ਨਿਲੱਜ ਮਾਇਆ ਦਾ ਵਾਜਾ, ਟੱਲ, ਘੰਟਾ, ਸਾਰੇ ਹੀ ਜਗਤ ਵਿਚ ਠਨ-ਠਨ ਕਰਕੇ ਵੱਜ ਰਿਹਾ ਹੈ। ਜਾਂ ਵਾਜਾ ਦੋਹਾਂ ਲੋਕਾਂ ਵਿਚ ਵਜ ਰਿਹਾ ਹੈ। [ਮਰਾਠੀ 'ਵਾਟਾ ਡੋ'] ਰਾਹ ਦਿਖਾਣ ਵਾਲਾ। ਮਾਇਆ ਦਾ ਘੰਟਾ ਉਸ ਵਲ ਜਾਣ ਦਾ ਰਸਤਾ ਦੱਸਦਾ ਹੈ, ਭਾਵ ਮਾਇਆ ਰਾਹ ਜਾਂਦਿਆਂ ਨੂੰ ਆਪਣਾ ਚਮਤਕਾਰ ਦੱਸ ਕੇ ਭਰਮਾਉਂਦੀ ਹੈ। (ਭਾਵ ਹੈ ਕਿ ਮਾਇਆ ਸਾਰੇ ਪ੍ਰਧਾਨ ਹੋ ਰਹੀ ਹੈ))।

ਪ੍ਰ: ਕਬੀਰ ਜੀ! ਕੀ ਇਸ ਆਪਦੇ ਕਹਿਣ ਮੁਤਾਬਕ ਇਹ ਸਮਝ ਲਿਆ ਜਾਵੇ ਕਿ ਇਸ ਮਾਇਆ ਦੇ ਪ੍ਰਭਾਵ ਤੋਂ ਕੋਈ ਭੀ ਨਹੀਂ ਬਚ ਸਕਿਆ ?

ਉ: ੪. (ਹੁਣ ਕਬੀਰ ਜੀ ਮਾਇਆ ਨੂੰ ਸੰਬੋਧਨ ਕਰਦੇ ਹੋਏ ਇਉਂ ਕਹਿ ਰਹੇ ਹਨ ਕਿ) ਹੇ ਨਿਲੱਜ ਮਾਇਆ! ਇਹ ਗੱਲ ਨਹੀਂ ਕਿ ਤੇਰੇ ਪਾਸੋਂ ਕੋਈ ਬਚ ਹੀ ਨਹੀਂ ਸਕਿਆ, ਪਰ ਇਹ ਭੀ ਮੈਂ ਤੱਕ ਰਿਹਾ ਹਾਂ ਕਿ ਕਿਸੇ ਵਿਰਲੇ ਗਿਆਨਵਾਨ ਨੇ (ਹੇ ਨਕਟੀ) ਤੈਨੂੰ ਕੱਟ ਭੀ ਸੁੱਟਿਆ ਹੈ, ਭਾਵ ਕਿਸੇ ਵਿਚਾਰਵਾਨ ਨੇ ਤੇਰਾ ਬਲ, ਤੇਰਾ ਪ੍ਰਭਾਵ ਆਪਣੇ ਉੱਤੇ ਪੈਣ ਹੀ ਨਹੀਂ ਦਿੱਤਾ।੧।ਰਹਾਉ।

੫. ਹੇ ਸੱਜਣੋ! (ਜਿਧਰ ਭੀ ਤਕੋ) ਸਾਰੇ ਜੀਵਾਂ ਦੇ ਮਨਾਂ ਵਿਚ ਮਾਇਆ ਦਾ ਹੀ ਵਾਸਾ ਹੋ ਰਿਹਾ ਹੈ, ਭਾਵ ਇਸ ਨਿਲੱਜ ਮਾਇਆ ਦਾ ਹੀ ਪ੍ਰਭਾਵ ਜ਼ੋਰ ਪਾ ਰਿਹਾ ਹੈ। ਇਹ ਮਾਇਆ ਸਭਨਾਂ ਦੇ ਆਤਮਿਕ ਜੀਵਨ ਨੂੰ ਮਾਰ ਕੇ, ਫਿਰ ਚੰਗੀ ਤਰ੍ਹਾਂ ਗਹੁ ਨਾਲ ਤਕਦੀ ਹੈ ਕਿ ਕੋਈ ਬੰਦਾ ਮੇਰੇ ਪ੍ਰਭਾਵ ਤੋਂ ਬਚ ਤਾਂ ਨਹੀਂ ਰਿਹਾ।

ਪ੍ਰ: ਹੇ ਕਬੀਰ ਜੀ! ਇਹ ਭੀ ਦੱਸ ਦਿਓ ਕਿ ਮਾਇਆ ਕੀ ਆਖਦੀ ਹੈ? ਸੋ, ਉਸਦਾ ਆਪਣਾ ਇਰਾਦਾ ਕੀ ਹੈ ?

ਉ: ੬. ਐ ਲੋਕੋ! ਮਾਇਆ ਮਾਨੋ ਇਉਂ ਆਖਦੀ ਹੈ ਕਿ ਮੈਂ ਸਭ ਜੀਵਾਂ ਦੀ ਭੈਣ ਤੇ ਭਣੇਵੀਂ ਹਾਂ, ਭਾਵ ਸਾਰੇ ਹੀ ਲੋਕ ਮੈਨੂੰ ਆਪਣੇ ਨਾਲ ਦਾ ਸੰਬੰਧੀ ਜਾਣਦੇ ਹਨ। ਪਿਆਰ ਨਾਲ ਵਰਤਦੇ ਹਨ, ਜਾਂ ਸਾਰੇ ਹੀ ਜੀਵ ਮੈਨੂੰ ਤਰਲੇ ਲੈ ਕੇ ਇਕੱਠੀ ਕਰਦੇ ਹਨ। ਪਰ ਹਾਂ, ਜਿਸ ਮਨੁੱਖ ਨੇ ਮੈਨੂੰ ਵਿਆਹ ਲਿਆ ਹੈ ਭਾਵ ਜਿਸ ਮਨੁੱਖ ਨੇ ਆਪਣੇ ਉੱਤੇ ਮੇਰਾ ਜ਼ੋਰ ਨਹੀਂ ਪੈਣ ਦਿੱਤਾ, ਬੱਸ ਮੈਂ ਫਿਰ ਉਸਦੀ ਦਾਸੀ ਹੋ ਜਾਂਦੀ ਹਾਂ।੨।

ਪ੍ਰ: ਕਬੀਰ ਜੀ! ਇਹ ਦੱਸੋ ਕਿ ਤੁਸੀਂ ਇਸ ਬਲਵਾਨ ਮਾਇਆ ਤੋਂ ਕਿਵੇਂ ਬਚ ਰਹੇ ਹੋ ?

ਉ: ੭. ਹੇ ਮਿੱਤਰੋ! ਅਸਲ ਵਿਚ ਸੱਚੀ ਗੱਲ ਤਾਂ ਇੱਕ ਏਹੋ ਹੀ ਹੈ ਕਿ ਸਾਡਾ ਜੋ ਸੁਆਮੀ ਹੈ ਉਹ ਬਹੁਤ ਵੱਡਾ ਗਿਆਨਵਾਨ ਹੈ। ਉਹ ਆਪਣੇ ਆਪ ਨੂੰ ਸੰਤ ਕਹਾਉਂਦਾ ਹੈ, ਭਾਵ ਹੈ, ਓਹੀ ਇਕ ਸੰਤ ਕਹਾਉਣ ਦਾ ਹੱਕਦਾਰ ਹੈ, ਕਿਉਂਕਿ ਉਹ ਸ-ਅੰਤ, ਅੰਤ ਸਮੇਂ ਸਾਰਿਆਂ ਦੀ ਸਹਾਇਤਾ ਕਰਦਾ ਹੈ।

੮. ਸੋ ਉਹ ਜਦੋਂ ਤੱਕ ਸਾਡੇ ਸਿਰ 'ਤੇ ਸਲਾਮਤ ਹੈ, ਭਾਵ ਮੌਜੂਦ ਹੈ, ਤਦ ਤਕ ਕੋਈ ਹੋਰ ਸਾਡੇ ਨੇੜੇ ਹੀ ਨਹੀਂ ਆ ਸਕਦਾ।੩।

੯. ਹੁਣ ਕਬੀਰ ਜੀ! ਜਗਤ ਦੇ ਸਮੂੰਹ ਲੋਕਾਂ ਨੂੰ ਇਉਂ ਉਪਦੇਸ਼ ਕਰਦੇ ਹਨ ਕਿ ਐ ਲੋਕੋ! ਅਸਾਂ ਮਾਇਆ ਨੂੰ ਨੱਕ ਤੋਂ ਕੱਟ ਦਿੱਤਾ ਹੈ, ਕੰਨਾਂ ਤੋਂ ਭੀ ਕੱਟ ਦਿੱਤਾ ਹੈ, ਕੱਟ ਕੁੱਟ ਕੇ ਪਰੇ ਵਗਾਹ ਮਾਰੀ ਹੈ।

ਪ੍ਰ: ਕਬੀਰ ਜੀਉ! ਮਾਇਆ ਦਾ ਨੱਕ ਕੰਨ ਕੱਟਣ ਤੋਂ ਆਪ ਜੀ ਦਾ ਅਸਲ ਭਾਵ ਕੀ ਹੈ ?

ਉ: ਹੇ ਭਾਈਓ! ਜਦੋਂ ਅਸੀਂ ਇਸਦੇ ਸਹੀ ਭਾਵ ਵਲ ਨਜ਼ਰ ਮਾਰੀਏ ਤਾਂ ਸਾਨੂੰ ਇਉਂ ਪ੍ਰਤੀਤ ਹੋਵੇਗਾ ਕਿ ਇਸ ਜਗਤ ਦੇ ਲੋਕ ਜੋ ਵੀ ਕੰਮ ਕਰਦੇ ਹਨ, ਉਹ ਇਸ ਖ਼ਿਆਲ ਨੂੰ ਹੀ ਮੁਖ ਰੱਖ ਕੇ ਕਰਦੇ ਹਨ ਕਿ ਸਾਡਾ ਨੱਕ ਰਹਿ ਜਾਏ, ਸਾਡੀ ਇਜ਼ਤ ਬਣੀ ਰਹੇ। ਫਿਰ ਇਸ ਤੋਂ ਬਾਅਦ ਕੰਨ ਲਾਕੇ ਸੁਣਦੇ ਹਨ ਕਿ ਸਾਡੀ ਫਲਾਣੀ ਕਰਤੂਤ ਬਾਰੇ ਲੋਕ ਕੀ ਆਖਦੇ ਹਨ।

ਪਰ ਜੋ ਵਿਵੇਕੀ ਪੁਰਸ਼ ਹਨ, ਉਹ ਨਾ ਕਿਸੇ ਲੋਕ ਲਾਜ ਦੀ ਖ਼ਾਤਰ ਕੋਈ ਕੰਮ ਕਰਦੇ ਹਨ ਅਤੇ ਨਾ ਹੀ ਇਸ ਗੱਲ ਦੀ ਪ੍ਰਵਾਹ ਕਰਦੇ ਹਨ ਕਿ ਲੋਕ ਸਾਡੇ ਬਾਰੇ ਕੀ ਆਖਦੇ ਹਨ। ਸੋ, ਇਸ ਤਰ੍ਹਾਂ ਉਨ੍ਹਾਂ ਭਗਤਾਂ ਨੇ ਮਾਇਆ ਦਾ ਨੱਕ ਤੇ ਕੰਨ ਦੋਵੇਂ ਹੀ ਕੱਟ ਦਿੱਤੇ ਹਨ।

ਪ੍ਰ: ਕਬੀਰ ਜੀ! ਜਦੋਂ ਮਾਇਆ ਨਾਲ ਤਿੰਨਾਂ ਹੀ ਲੋਕਾਂ ਦੇ ਜੀਵ ਪਿਆਰ ਕਰਦੇ ਹਨ, ਤਾਂ ਸੰਤ ਲੋਕ ਉਸ ਤੋਂ ਕਿਉਂ ਨਫ਼ਰਤ ਕਰਦੇ ਹਨ ?

ਉ: ੧੦. ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਮਾਇਆ ਭਾਵੇਂ ਤਿੰਨਾਂ ਹੀ ਲੋਕਾਂ ਨੂੰ ਪਿਆਰੀ ਹੈ, ਪਰ ਉਹ ਸੰਤਾਂ ਦੀ ਵੈਰਨ ਹੈ, ਕਿਉਂਕਿ ਉਹ ਉਨ੍ਹਾਂ ਸੰਤਾਂ ਦੇ ਆਤਮਿਕ ਜੀਵਨ ਉੱਤੇ ਹਮਲਾ ਕਰਦੀ ਹੈ, ਉਨ੍ਹਾਂ ਦੇ ਪਵਿੱਤ੍ਰ ਜੀਵਨ ਉੱਤੇ ਸਦਾ ਹੀ ਚੋਟ ਮਾਰਨ ਦਾ ਜਤਨ ਕਰਦੀ ਹੈ। ਇਸੀ ਕਰਕੇ ਉਹ ਸੰਤ ਜਨ ਮਾਇਆ ਨੂੰ ਸਦਾ ਹੀ ਦੁਰਕਾਰੀ ਰੱਖਦੇ ਹਨ, ਭਾਵ ਮਾਇਆ ਦੇ ਮੋਹ ਤੋਂ ਸਦਾ ਹੀ ਬਚ ਕੇ ਜੀਵਨ ਗੁਜ਼ਾਰਦੇ ਹਨ।੪।੪।

ਆਸਾ ॥

੧. ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥
੨. ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥੧॥
੩. ਤਾ ਤੇ ਸੇਵੀਅਲੇ ਰਾਮਨਾ ॥
੪. ਰਸਨਾ ਰਾਮ ਨਾਮ ਹਿਤੁ ਜਾ ਕੈ
ਕਹਾ ਕਰੈ ਜਮਨਾ ॥੧॥ ਰਹਾਉ ॥
੫. ਆਗਮ ਨਿਰਗਮ ਜੋਤਿਕ ਜਾਨਹਿ
ਬਹੁ ਬਹੁ ਬਿਆਕਰਨਾ ॥

੬. ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਉ ਮਰਨਾ ॥੨॥
੭. ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥
੮. ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਉ ਮਰਨਾ ॥੩॥
੯. ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥
੧੦. ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥੪॥੫॥

ਪਦ ਅਰਥ : ਜਤੀ—ਜਿਸਨੇ ਕਾਮ ਵਾਸ਼ਨਾ ਨੂੰ ਰੋਕ ਲਿਆ ਹੈ, ਸਾਰੀ ਉਮਰ ਤ੍ਰਿਯਾ ਭੋਗ ਤੋਂ ਬਚਣੇ ਵਾਲਾ। ਜੋਗੀ—ਯੋਗ ਸਾਧਨਾ ਕਰਨ ਵਾਲਾ। ਤਪੀ—ਤਪੱਸਿਆ ਕਰਨ ਵਾਲਾ। ਸੰਨਿਆਸੀ—ਘਰ ਬਾਰ ਸਭੋ ਕੁਝ ਦਾ ਤਿਆਗ ਕਰਨ ਵਾਲਾ, ਪੂਰਨ ਅਤੀਤ। ਤੀਰਥ ਭ੍ਰਮਨਾ—ਤੀਰਥਾਂ 'ਤੇ ਭਉਣ ਵਾਲਾ, ਤੀਰਥਾਟਨੀ। ਲੁੰਜਿਤ—ਸਿਰ ਦੇ ਵਾਲ ਪੁਟਾਉਣ ਵਾਲਾ, ਸ੍ਰੇਵੜੇ ਜੋ ਸਿਰ ਦੇ ਵਾਲ ਮੋਚਨੇ ਆਦਿਕ ਨਾਲ ਪੁੱਟ ਦੇਂਦੇ ਹਨ। ਮੁੰਜਿਤ—ਮੁੰਜ ਦੀ ਤੜਾਗੀ ਪਾਉਣ ਵਾਲੇ ਵੈਰਾਗੀ। ਜਟਾਧਰ—ਜਟਾਧਾਰੀ ਸਾਧੂ। ਅੰਤਿ ਤਉ—ਆਖ਼ਰ ਨੂੰ ਤਾਂ ਭੀ, ਫਿਰ ਭੀ। ਮਰਨਾ—ਮੌਤ, ਜਨਮ ਦਾ ਗੇੜ।੧। ਤਾ ਤੇ—ਤਾਂ ਫਿਰ, ਤਾਂ ਫਿਰ ਚੰਗੀ ਗੱਲ ਇਹ ਹੈ ਕਿ। ਸੇਵੀਅਲੇ—ਸਿਮਰਿਆ ਜਾਏ। ਹਿਤੁ ਜਾ ਕੈ—ਜਿਸਦੇ ਹਿਰਦੇ ਵਿਚ ਪਿਆਰ ਹੈ। ਕਹਾ ਕਰੈ—ਕੀ ਕਰ ਸਕਦਾ ਹੈ ? ਕੁਝ ਵਿਗਾੜ ਨਹੀਂ ਸਕਦਾ। ਜਮਨਾ—ਜਮ। ਆਗਮ—ਸ਼ਾਸਤ੍ਰ। ਨਿਰਗਮ—ਨਿਗਮ, ਵੇਦ। ਜਾਨਹਿ—ਜੋ ਲੋਕ ਜਾਣਦੇ ਹਨ। ਤੰਤ੍ਰ—ਟੂਣੇ ਜਾਦੂ। ਅਉਖਦ—ਦਵਾਈਆਂ।੨। ਭੋਗ—ਮੌਜਾਂ। ਸਿੰਘਾਸਨ—ਤਖ਼ਤ। ਸੁੰਦਰਿ ਰਮਨਾ—ਸੋਹਣੀਆਂ ਇਸਤ੍ਰੀਆਂ। ਸੁਬਾਸਕ ਚੰਦਨ—ਸੋਹਣੀ ਸੁਗੰਧ ਦੇਣ ਵਾਲਾ ਚੰਦਨ।੩। ਕਹੂ—ਕਿਤੇ ਭੀ। ਊਬਰਨਾ—(ਜਨਮ ਮਰਨ ਦੇ ਗੇੜ ਤੋਂ) ਬਚਾਉ। ਇਉ— ਇਸ ਵਾਸਤੇ। ਜੰਪਉ—ਮੈਂ ਜਪਦਾ ਹਾਂ, ਮੈਂ ਸਿਮਰਦਾ ਹਾਂ। ਮੇਟਿ—ਮੇਟੈ, ਮਿਟਾਉਂਦਾ ਹੈ।੪।

ਅਰਥ :

ਪ੍ਰ: ਕਬੀਰ ਜੀਉ ! ਜਗਤ ਵਿਚ ਅਨੇਕਾਂ ਹੀ ਭੇਖਧਾਰੀ ਲੋਕ ਵੇਖਣ ਵਿਚ ਆਉਂਦੇ ਹਨ, ਪਰ ਇਹ ਦੱਸੋ ਇਨ੍ਹਾਂ ਵਿਚੋਂ ਜੰਮਣ ਮਰਣ ਦਾ ਗੇੜ ਕਿਸਦਾ ਮੁੱਕਦਾ ਹੈ ?

ਉ: ੧. ਪਹਿਲੋਂ ਕਬੀਰ ਜੀ ਪਰਵਿਰਤ ਪਰਮਾਰਥ ਦੇ ਲੋਕਾਂ ਦਾ ਜ਼ਿਕਰ ਕਰਦੇ ਹਨ ਕਿ ਹੇ ਭਾਈਓ ! ਭਾਵੇਂ ਕੋਈ ਜੋਗੀ ਹੋਵੇ, ਚਾਹੇ ਜਤੀ ਹੋਵੇ ਜਾਂ ਤਪੀਆ ਹੋਵੇ, ਚਾਹੇ ਸੰਨਿਆਸੀ ਹੋਵੇ, ਭਾਵੇਂ ਕੋਈ ਬਹੁਤੇ ਤੀਰਥਾਂ 'ਤੇ ਰਟਨ ਕਰਨ ਵਾਲਾ ਹੋਵੇ।

੨. ਕਈ ਸਰੇਵੜੇ ਹਨ, ਬੈਰਾਗੀ ਹਨ, ਕਈ ਮੋਨਧਾਰੀ ਹਨ, ਜਟਾਧਾਰੀ ਹਨ, ਪਰ ਯਕੀਨ ਕਰੋ ਇਹ ਸਾਰੇ ਹੀ ਸਾਧਨ ਕਰਦਿਆਂ ਹੋਇਆਂ ਭੀ ਆਖ਼ਰ ਜਨਮ ਮਰਣ ਦਾ ਗੇੜ ਬਣਿਆ ਹੀ ਰਹਿੰਦਾ ਹੈ।੧।

ਪ੍ਰ: ਕਬੀਰ ਜੀਉ ! ਤਾਂ ਦੱਸੋ, ਇਸ ਜੰਮਣ ਮਰਣ ਦੇ ਚੱਕ੍ਰ ਤੋਂ ਛੁੱਟਣ ਲਈ ਕਰਨਾ ਕੀ ਚਾਹੀਦਾ ਹੈ ?

ਉ: ੩. ਹੇ ਭਾਈਓ ! ਸੁਣੋ, ਇਸ ਚੱਕ੍ਰ ਤੋਂ ਨਿਕਲਣ ਲਈ ਸਭ ਤੋਂ ਚੰਗੀ ਗੱਲ ਤਾਂ ਇਹੋ ਹੈ ਕਿ ਰਸਨਾ ਦੁਆਰਾ ਪ੍ਰਭੂ ਦਾ ਨਾਮ ਸਿਮਰਿਆ ਜਾਏ, ਭਾਵ ਰਸਨਾ ਰਾਹੀਂ ਪ੍ਰਭੂ ਦਾ ਰਾਮ ਨਾਮ ਜਪਨਾ ਕਰੋ।

ਪ੍ਰ: ਇਸ ਨਾਮ ਜਪਣ ਦਾ ਆਖ਼ਰ ਫਲ ਕੀ ਹਾਸਲ ਹੋਵੇਗਾ ?

ਉ: ੪. ਹੇ ਮਿੱਤਰੋ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮੇਸ਼ਰ ਦੇ ਨਾਮ ਦਾ ਪਿਆਰ ਹੈ ਅਤੇ ਜੋ ਮਨੁੱਖ ਰਸਨਾ ਦੁਆਰਾ ਨਾਮ ਸਿਮਰਦਾ ਹੈ, (ਬਸ ਫਿਰ ਯਕੀਨ ਰੱਖੋ) ਜਮ ਉਸਦਾ ਕੁਝ ਨਹੀਂ ਵਿਗਾੜ ਸਕਦਾ, ਕਿਉਂਕਿ ਉਸਦਾ ਜੰਮਣ ਮਰਣ ਦਾ ਗੇੜ ਮੁੱਕ ਜਾਂਦਾ ਹੈ।੧।ਰਹਾਉ।

ਪ੍ਰ: ਕਬੀਰ ਜੀ ! ਕਈ ਵਿਦਵਾਨ ਅਤੇ ਗੁਣੀਏ ਲੋਕ ਹਨ, ਉਨ੍ਹਾਂ ਬਾਰੇ ਆਪ ਦਾ ਕੀ ਵਿਚਾਰ ਹੈ ?

ਉ: ੫. ਹੇ ਸੱਜਨੋ, ਸੁਣੋ ! ਭਾਵੇਂ ਕੋਈ ਸ਼ਾਸਤ੍ਰਾਂ ਨੂੰ, ਵੇਦਾਂ ਨੂੰ, ਜੋਤਸ਼ ਨੂੰ ਅਤੇ ਬਹੁਤੇ-ਬਹੁਤੇ ਵਿਆਕਰਣਾਂ ਨੂੰ ਜਾਣਦਾ ਹੋਵੇ।

੬. ਭਾਵੇਂ ਕੋਈ ਤੰਤ੍ਰ, ਮੰਤ੍ਰ ਤੇ ਸਾਰੀਆਂ ਦਵਾਈਆਂ ਨੂੰ ਜਾਣਦਾ ਹੋਵੇ, ਫਿਰ ਭੀ ਯਕੀਨ ਕਰੋ, ਉਨ੍ਹਾਂ ਦਾ ਜੰਮਣ ਮਰਣ ਦਾ ਚੱਕ੍ਰ ਨਹੀਂ ਮੁਕਦਾ।੨।

ਪ੍ਰ: ਭਗਤ ਜੀ ! ਕਈ ਜਗਤ ਵਿਚ ਐਸ਼੍ਵਰਜ ਪ੍ਰਤਾਪ ਵਾਲੇ ਵੇਖੀਦੇ ਹਨ, ਜੋ ਸੰਸਾਰ ਭਰ ਦੀਆਂ ਸਾਰੀਆਂ ਹੀ ਮੌਜਾਂ ਮਾਣਦੇ ਹਨ, ਕੀ ਉਨ੍ਹਾਂ ਦੀ ਇਸ ਚੌਰਾਸੀ ਦੇ ਚੱਕ੍ਰ ਵੱਲੋਂ ਕੁੱਝ ਰਿਆਇਤ ਕੀਤੀ ਜਾਵੇਗੀ ?

ਉ: ੭. ਹੇ ਪਿਆਰਿਓ ! ਭਾਵੇਂ ਕਿਸੇ ਪਾਸ ਰਾਜ ਦੇ ਸਾਰੇ ਭੋਗ ਹੋਣ, ਉਹ ਰਾਜ ਦੀਆਂ ਮੌਜਾਂ ਭੀ ਮਾਣਦੇ ਹੋਣ, ਤਖ਼ਤ ਉੱਤੇ ਬੈਠੇ ਹਨ, ਜਿਨ੍ਹਾਂ ਦੇ ਸਿਰ ਉੱਤੇ ਛਤ੍ਰ ਝੁਲਦਾ ਹੈ, ਮਹੱਲਾਂ ਵਿਚ ਸੁੰਦਰ ਨਾਰਾਂ ਹਨ।

੮. ਜੋ ਪਾਨ, ਕਪੂਰ, ਸੁਗੰਧੀ ਦੇਣ ਵਾਲੇ ਚੰਦਨ ਵਰਤਦੇ ਹਨ, ਮੌਤ ਦਾ ਗੇੜ ਆਖ਼ਰ ਉਨ੍ਹਾਂ ਦੇ ਸਿਰ 'ਤੇ ਭੀ ਮੌਜੂਦ ਹੈ।੩।

ਪ੍ਰ: ਕਬੀਰ ਜੀ ! ਇਹ ਜੋ ਤੁਸੀਂ ਉਪਰ ਕਥਨ ਕਰਦੇ ਆ ਰਹੇ ਹੋ, ਇਹ ਤਾਂ ਤੁਸਾਂ ਨੂੰ ਜੋ ਸਾਹਮਣੇ ਨਜ਼ਰ ਆਉਂਦਾ ਹੈ, ਜਾਂ ਸੁਣਿਆ ਹੈ, ਉਹੋ ਹੀ ਕਥਨ ਕੀਤਾ ਹੈ, ਪਰ ਤੁਹਾਡੀ ਆਪਣੀ ਖੋਜ ਕੀ ਕਹਿੰਦੀ ਹੈ ?

ਉ: ੯. ਹੇ ਮਿੱਤਰੋ ! ਮੈਂ ਚਾਰੇ ਵੇਦ, ਅਠਾਰਾਂ ਪੁਰਾਣ, ਸਤਾਈ ਸਿਮ੍ਰਿਤੀਆਂ ਇਨ੍ਹਾਂ ਸਾਰਿਆਂ ਨੂੰ ਖੋਜਿਆ ਹੈ ਅਤੇ ਨਿਸਚੇ ਕੀਤਾ ਹੈ ਕਿ ਨਾਮ ਦੀ ਓਟ ਤੋਂ ਬਿਨਾਂ ਹੋਰ ਕਿਸੇ ਤਰੀਕੇ ਨਾਲ ਵੀ ਜਨਮ ਮਰਣ ਦੇ ਗੇੜ ਤੋਂ ਬਚਾਉ ਨਹੀਂ ਮਿਲਦਾ।

ਪ੍ਰ: ਕਬੀਰ ਜੀਉ ! ਆਖ਼ਰ ਤੁਸਾਂ ਆਪਣਾ ਜੰਮਣ ਮਰਣਾ ਕਿਵੇਂ ਮੇਟਿਆ ਹੈ ?

ਉ: ੧੦. ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਹੇ ਭਰਾਵੋ ! ਮੈਂ ਤਾਂ ਕੇਵਲ ਉਸ ਪਰਮੇਸ਼ਰ ਦਾ ਨਾਮ ਹੀ ਸਿਮਰਦਾ ਹਾਂ, ਕਿਉਂਕਿ ਮੈਨੂੰ ਵਿਸ਼ਵਾਸ ਹੈ ਕਿ ਉਸ ਪਰਮਾਤਮਾ ਦਾ ਨਾਮ ਹੀ ਜੰਮਣ ਮਰਨ ਦੇ ਗੇੜ ਤੋਂ ਬਚਾਉਂਦਾ ਹੈ, ਇਸ ਤਰ੍ਹਾਂ ਹੀ ਮੈਂ ਆਪਣੇ ਜਨਮ ਮਰਣ ਨੂੰ ਮੇਟ ਲਿਆ ਹੈ।੪।੫।

ਉਥਾਨਕਾ : ਇਕ ਵਾਰ ਭਗਤ ਕਬੀਰ ਜੀ ਦੇ ਪਾਸ ਦੋ ਸਾਧੂਆਂ ਨੇ ਆ ਕੇ ਪ੍ਰਸ਼ਨ ਕੀਤਾ—ਕਿਉਂ ਜੀ, ਇਹ ਜਗਤ ਸਤਿ ਹੈ ਜਾਂ ਕਿ ਅਸਤਿ ਹੈ ? ਉਨ੍ਹਾਂ ਦੋਹਾਂ ਸਾਧੂਆਂ ਨੂੰ ਉੱਤ੍ਰ ਦੇਣ ਵਾਸਤੇ ਆਪ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

ਆਸਾ ॥

**੧. ਫੀਲੁ ਰਬਾਬੀ ਬਲਦੁ ਪਖਾਵਜ
ਕਊਆ ਤਾਲ ਬਜਾਵੈ ॥
੨. ਪਹਿਰਿ ਚੋਲਨਾ ਗਦਹਾ ਨਾਚੈ
ਭੈਸਾ ਭਗਤਿ ਕਰਾਵੈ ॥੧॥
੩. ਰਾਜਾ ਰਾਮ ਕਕਰੀਆ ਬਰੇ ਪਕਾਏ ॥
੪. ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥
੫. ਬੈਠਿ ਸਿੰਘੁ ਘਰਿ ਪਾਨ ਲਗਾਵੈ
ਘੀਸ ਗਲਉਰੇ ਲਿਆਵੈ ॥
੬. ਘਰਿ ਘਰਿ ਮੁਸਰੀ ਮੰਗਲੁ ਗਾਵਹਿ
ਕਛੂਆ ਸੰਖੁ ਬਜਾਵੈ ॥੨॥
੭. ਬੰਸ ਕੋ ਪੂਤੁ ਬੀਆਹਨ ਚਲਿਆ
ਸੁਇਨੇ ਮੰਡਪ ਛਾਏ ॥
੮. ਰੂਪ ਕੰਨਿਆ ਸੁੰਦਰਿ ਬੇਧੀ
ਸਸੈ ਸਿੰਘ ਗੁਨ ਗਾਏ ॥੩॥
੯. ਕਹਤ ਕਬੀਰ ਸੁਨਹੁ ਰੇ ਸੰਤਹੁ
ਕੀਟੀ ਪਰਬਤੁ ਖਾਇਆ ॥
੧੦. ਕਛੂਆ ਕਹੈ ਅੰਗਾਰ ਭਿ ਲੋਰਉ
ਲੂਕੀ ਸਬਦੁ ਸੁਨਾਇਆ ॥੪॥੬॥**

ਨੋਟ ੧ : ਅਰਥ ਕਰਨ ਵੇਲੇ (ਬੰਸ ਕੋ ਪੂਤ) ਇਸ ਪੰਗਤੀ ਤੋਂ ਅਰਥ ਅਰੰਭ ਕਰਨਾ ਹੈ ਕਿ (ਬੰਸ) ਬੰਝਿਆ ਦਾ ਪੁੱਤ੍ਰ ਵਿਆਹੁਣ ਚਲਿਆ (ਤਾਂ ਉਸਦੇ ਨਾਲ) :

੧. ਹਾਥੀ ਰਬਾਬੀ ਹੈ, ਬਲਦ ਪਖ਼ਾਵਜੀ ਹੈ ਅਤੇ ਕਾਂ ਕੈਂਸੀਆਂ ਵਜਾਉਂਦਾ ਹੈ।

੨. ਚੋਲਾ ਪਾ ਕੇ ਖੋਤਾ ਅੱਗੇ-ਅੱਗੇ ਨਾਚ ਕਰਦਾ ਜਾਂਦਾ ਹੈ ਅਤੇ ਸੰਢਾ ਪਿਛੇ ਭਗਤੀ ਕਰਦਾ (ਸੁਰ ਭਰਦਾ ਹੈ)।੧।

੩-੪. (ਜੰਞ ਦੇ ਖਾਣ ਲਈ) ਰਾਜਾ ਰਾਮ (ਹਲਵਾਈ ਨੇ) ਕੱਕਰ ਦੇ ਵੜੇ ਪਕਾਏ ਹਨ, ਜਿਨ੍ਹਾਂ ਨੂੰ ਕਿਸੇ ਸਮਝ ਵਾਲੇ ਪੁਰਖ ਨੇ ਹੀ ਖਾਧਾ ਹੈ।੧।ਰਹਾਉ।

੫. ਆਪਣੇ ਘਰ ਵਿਚ ਬੈਠ ਕੇ ਸ਼ੇਰ ਪਾਨ ਲਗਾਂਦਾ ਹੈ ਅਤੇ (ਘੀਸ) ਛਛੂੰਦਰ (ਉਸ ਪਾਸੋਂ) (ਗਲਾਉਰੇ) ਪਾਨਾਂ ਦੇ ਬੀੜੇ (ਖ਼ਰੀਦ ਕੇ) ਲਿਆਉਂਦੀ ਹੈ।

੬. ਘਰ-ਘਰ ਦੀਆਂ (ਮੁਸਰੀਆਂ) ਚੂਹੀਆਂ ('ਕਠੀਆਂ ਹੋਕੇ) ਮੰਗਲ ਦੇ ਗੀਤ ਗੌਂਦੀਆਂ ਹਨ ਅਤੇ ਕਛੂ ਨੇ ਸੰਖ ਵਜਾਇਆ ਹੈ।੨।

੭. ਜੋ ਬੰਝਿਆ ਦਾ ਪੁੱਤ੍ਰ ਵਿਆਹੁਣ ਗਿਆ ਹੈ, ਉਸ ਦੀ ਜੰਞ ਨੂੰ (ਸੁੰਨ) ਅਕਾਸ਼ ਰੂਪ ਮੰਡਲ ਜੰਞ ਘਰ ਵਿਚ (ਛਾਏ) ਉਤਾਰਾ ਮਿਲਿਆ ਹੈ।

੮. ਰੂਪ ਹੀ ਇਕ ਲੜਕੀ ਹੈ, ਇਸ ਸੁੰਦਰੀ ਨੂੰ ਉਸਨੇ (ਬੇਧੀ) ਵਿਆਹਿਆ ਹੈ ਅਤੇ ਸਹੇ ਤੇ ਸ਼ੇਰ ਨੇ ਮਿਲਕੇ (ਗੁਣ ਗਾਏ) ਗੋਤਰਾਚਾਰ ਪੜ੍ਹਿਆ ਹੈ।੩।

੯. ਕਬੀਰ ਜੀ ਕਹਿੰਦੇ ਹਨ ਹੇ ਸੰਤੋ ਸੁਣੋ, ਇਹ ਜੰਞ ਜਦ ਡੋਲੀ ਲੈਕੇ ਪਿਛੇ ਨੂੰ ਮੁੜੀ ਤਾਂ ਰਸਤੇ ਵਿਚ ਇਕ ਪਹਾੜ ਆ ਗਿਆ, ਉਸਨੂੰ ਕੀੜੀ ਨੇ ਖਾ ਲਿਆ (ਅੱਗੇ ਗਏ ਤਾਂ ਜੰਗਲ ਨੂੰ ਅੱਗ ਲਗੀ ਹੋਈ ਵੇਖਕੇ ਜੰਞ ਖਲੋ ਗਈ) ਤਾਂ :

੧੦. ਕਛੂ ਕਹਿਣ ਲੱਗਾ ਕਿ ਹੇ ਭਾਈਓ ! ਮੈਂ ਭੀ ਅੰਗਾਰੇ ਲੋੜਦਾ ਸੀ, ਕਿਉਂਕਿ ਮੈਨੂੰ ਬਹੁਤ ਹੀ ਭੁੱਖ ਲਗੀ ਹੋਈ ਹੈ, ਇਹ ਕਹਿ ਕੇ ਉਸਨੇ ਸਾਰੀ ਅੱਗ ਖਾ ਲਈ, ਤਾਂ ਲੂਕੀ (ਨਿੱਕੇ ਮੱਛਰ) ਗੁਤੀ ਨੇ ਸਭਨਾਂ ਨੂੰ ਉੱਚੀ ਅਵਾਜ਼ ਨਾਲ ਸੁਣਾ ਦਿੱਤਾ ਕਿ ਚਲੋ ਹੁਣ ਰਸਤਾ ਸਾਫ਼ ਹੋ ਗਿਆ ਹੈ।੪।੬।

ਭਾਵਾਰਥ : ਇਸਦਾ ਇਹ ਹੈ ਕਿ ਜਿਵੇਂ ਜੰਞ ਦੇ ਨਾਲ ਰਬਾਬੀ, ਪਖ਼ਾਵਜੀ, ਤਾਲ ਵਾਲਾ ਤੇ ਨੱਚਣ ਵਾਲੇ ਆਦਿਕਾਂ ਦਾ ਹੋਣਾ ਤਾਂ ਸੱਚ ਹੈ, ਪਰ ਹਾਥੀ ਦਾ ਰਬਾਬੀ ਹੋਣਾ, ਬਲਦ ਦਾ ਪਖ਼ਾਉਜੀ ਹੋਣਾ, ਸੰਢੇ ਦੇ ਪੁੱਤ੍ਰ ਦਾ ਵਿਆਹ ਹੋਣਾ, ਅਕਾਸ਼ ਵਿਚ ਜਾਕੇ ਜੰਞ ਦਾ ਉਤਾਰਾ ਹੋਣਾ, ਇਤਿਆਦਕ ਬਚਨ ਅਸੰਭਵੰ ਹਨ, ਇਵੇਂ ਜਗਤ ਦਾ ਭਾਸਣਾ ਤਾਂ ਸੱਚ ਹੈ, ਪਰ ਇਸਦਾ ਸਥਿਰ ਹੋਣਾ ਅਸੰਭਵ ਹੈ, ਇਸ ਲਈ ਹੇ ਸੰਤੋ ! ਅਸੀਂ ਜਗਤ ਨੂੰ ਨਾ ਸਤਿ ਕਹਿ ਸਕਦੇ ਹਾਂ ਅਤੇ ਨਾ ਹੀ ਅਸਤਿ, ਇਸ ਲਈ ਇਹ ਸਤਿ ਤੇ ਅਸਤਿ ਦੋਵੇਂ ਰੂਪ ਹੈ।

ਦੂਜਾ ਅਰਥ :

ਇਸ ਸਾਰੇ ਸ਼ਬਦ ਦੇ ਮੁਖ ਭਾਵ ਨੂੰ ਸਮਝਣ ਲਈ ਰਹਾਉ ਦੀ ਤੁੱਕ ਹੈ, ਜਿਸ ਵਿਚ ਕਬੀਰ ਜੀ ਆਪਣੇ ਪਿਆਰੇ ਪ੍ਰਭੂ ਦੇ ਸ਼ੁਕਰਾਨੇ ਵਿਚ ਆ ਕੇ ਆਪਣੇ ਮਨ ਦੀ ਅਵਸਥਾ ਇਕ ਦ੍ਰਿਸ਼ਟਾਂਤ ਦੀ ਸ਼ਕਲ ਵਿਚ ਪੇਸ਼ ਕਰਦੇ ਹਨ। ਉਹ ਦ੍ਰਿਸ਼ਟਾਂਤ ਅੱਕਾਂ ਦੀਆਂ ਖੱਖੜੀਆਂ ਦਾ ਹੈ।

ਨੋਟ ੨ : ਰਹਾਉ ਵਾਲੀ ਪੰਗਤੀ ਵਿਚ ਜੋ ਮੁਖ ਭਾਵ ਹੈ ਉਸੇ ਨੂੰ ਬਾਕੀ ਦੇ ਸ਼ਬਦ ਵਿਚ ਖੋਲ੍ਹ ਕੇ ਪਰਗਟ ਕੀਤਾ ਗਿਆ ਹੈ। ਇਨ੍ਹਾਂ ਪਦਾਂ ਵਿਚ ਇਕ ਹੋਰ ਵਿਆਹ ਦਾ ਦ੍ਰਿਸ਼ਟਾਂਤ ਭੀ ਲਿਆ ਗਿਆ ਹੈ।

ਨੋਟ ੩ : ਰਹਾਉ ਦੀ ਤੁੱਕ ਵਿਚ ਕਬੀਰ ਜੀ ਕਹਿ ਰਹੇ ਹਨ ਕਿ ਇਹ ਮਨ ਜੋ ਅੱਕ ਦੀ ਖੱਖੜੀ ਵਰਗਾ ਸੀ, ਉਹ ਹੁਣ ਪੱਕੇ ਹੋਏ ਅੰਬ ਦੀ ਤਰ੍ਹਾਂ ਬਣ ਗਿਆ ਹੈ।

ਪਰ ਇਹ ਸੁਆਦ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਮਿਲਦਾ ਹੈ। ਸ਼ਬਦ ਦੇ ਬਾਕੀ ਪਦਾਂ ਵਿਚ ਇਸੇ ਭਾਵ ਨੂੰ ਬਿਆਨ ਕਰਦੇ ਹਨ। ਮਨ ਦੀਆਂ ਪਹਿਲੀਆਂ ਭੈੜੀਆਂ ਵਾਦੀਆਂ ਨੂੰ ਫੀਲ, ਬਲਦ ਆਦਿਕ ਪਸ਼ੂਆਂ ਦੇ ਪ੍ਰਸਿੱਧ ਸੁਭਾਵਾਂ ਰਾਹੀਂ ਦਰਸਾਇਆ ਹੈ ਤੇ ਨਾਲੋ-ਨਾਲ ਇਹ ਭੀ ਦੱਸਿਆ ਹੈ ਕਿ ਇਹ ਮਨ ਹੁਣ ਪਸ਼ੂ ਬਿਰਤੀ ਵਲੋਂ ਉਲਟ ਕੇ ਕੀ ਕਰਨ ਲੱਗ ਪਿਆ ਹੈ।

(ਹੁਣ ਅੱਗੇ ਸ਼ਬਦ ਦੇ ਅਰੰਭ ਤੋਂ ਅਰਥ ਅਰੰਭ ਕਰਦੇ ਹਾਂ)

ਆਸਾ ॥

੧. ਫੀਲੁ ਰਬਾਬੀ ਬਲਦੁ ਪਖਾਵਜ
ਕਊਆ ਤਾਲ ਬਜਾਵੈ ॥
੨. ਪਹਿਰਿ ਚੋਲਨਾ ਗਦਹਾ ਨਾਚੈ
ਭੈਸਾ ਭਗਤਿ ਕਰਾਵੈ ॥੧॥

ਪਦ ਅਰਥ : ਫੀਲ—[ਫਾ:, ਪੀਲ। ਅਰਬੀ, ਫੀਲ] ਹਾਥੀ। ਰਬਾਬੀ—[ਅ:, ਰਬਾਬ] ਇਕ ਵਜਾਉਣ ਵਾਲੇ ਸਾਜ਼ ਦਾ ਨਾਮ ਹੈ ਰਬਾਬ, ਜੋ ਰਬਾਬ ਵਜਾਏ ਸੋ ਰਬਾਬੀ। ਪਖਾਵਜ—[ਹਿੰਦੀ] ਮ੍ਰਿਦੰਗ ਦੀ ਛੋਟੀ ਕਿਸਮ, ਤਬਲੇ, ਜੋੜੀ, ਜੋ ਪਖ਼ਾਵਜ ਵਜਾਏ ਪਖ਼ਾਵਜੀ, ਭਾਵ ਜੋੜੀ ਵਜਾਉਣ ਵਾਲਾ। ਕਊਆ—ਕਾਂ। ਤਾਲ—ਛੈਣੇ।

ਅਰਥ :

ਪ੍ਰ: ਕਬੀਰ ਜੀਉ ! ਇਹ ਦੱਸੋ ਕਿ ਜਦੋਂ ਤੁਹਾਡਾ ਮਨ ਪਰਮੇਸ਼ਰ ਦੇ ਸ਼ੁਕਰਾਨੇ ਵਿਚ ਜੁੜ ਗਿਆ, ਤਾਂ ਉਸ ਵਕਤ ਤੁਹਾਡੇ ਮਨ ਵਿਚ ਕੀ ਬਦਲ ਆ ਗਈ ?

ਉ: ੧. ਹੇ ਪਿਆਰਿਓ ! ਪਹਿਲੋਂ ਮੇਰੇ ਮਨ ਦਾ ਸੁਭਾਉ ਹਾਥੀ ਦੇ ਸਮਾਨ ਸੀ।

ਪ੍ਰ: ਕਿਉਂ ਜੀ ! ਹਾਥੀ ਦੀ ਮਨ ਨੂੰ ਸਮਾਨਤਾ ਦੇਣ ਤੋਂ ਆਪ ਜੀ ਦਾ ਕੀ ਭਾਵ ਹੈ ?

ਉ: ਹੇ ਭਾਈਓ ! ਸਾਡਾ ਭਾਵ ਹੈ ਕਿ :
"ਹਰਿ ਹੈ ਖਾਂਡ ਰੇਤੁ ਮਹਿ ਬਿਖਰਿਓ, ਹਾਥੀ ਚੁਨੀ ਨ ਜਾਇ"
ਭਾਵ ਇਸ ਮਨ ਦਾ ਸੁਭਾਉ ਪਹਿਲੋਂ ਹਾਥੀ ਦੇ ਸਮਾਨ ਹੰਕਾਰੀ ਹੋ ਰਿਹਾ ਸੀ, ਹੁਣ ਉਹ ਰਬਾਬੀ ਬਣ ਗਿਆ ਹੈ, ਭਾਵ ਰਬ+ਆਬੀ—ਰੱਬ ਦੀ ਆਬ ਵਾਲਾ ਹੋ ਗਿਆ ਹੈ, ਤਰਾਵਤ ਵਾਲਾ ਹੋ ਗਿਆ ਹੈ, ਅਰਥਾਤ ਰੱਬ ਦਾ ਪ੍ਰੇਮੀ ਬਣ ਗਿਆ ਹੈ।

ਪ੍ਰ: ਹੋਰ ਕੀ ਹੋਇਆ ?

ਉ: ਬਲਦ ਪਖਾਵਜ—ਇਸ ਮਨ ਦਾ ਬਲਦ ਵਾਲਾ ਸੁਭਾਉ, ਜੋੜੀ ਵਜਾਉਣ ਵਾਲਾ ਹੋ ਗਿਆ ਹੈ, ਭਾਵ ਬੈਲ ਦੀ ਨਿਆਈਂ ਜੋ ਮਨ ਆਲਸੀ ਸੀ, ਉਹ ਹੁਣ ਪਰਮੇਸ਼ਰ ਦੇ ਪੱਖ ਵਿਚ ਆ ਗਿਆ ਹੈ, ਪਰਮੇਸ਼ਰ ਦੇ ਪੱਖ ਵਿਚ ਆ ਵਜਿਆ ਹੈ।

ਪ੍ਰ: ਕੋਈ ਹੋਰ ਭੀ ਬਦਲ ਪ੍ਰਤੀਤ ਹੋਈ ਹੈ ?

ਉ: ਹਾਂ ਜ਼ਰੂਰ ! ਕਊਆ ਤਾਲ ਬਜਾਵੈ। ਮਨ ਦਾ ਕਾਂ ਵਰਗਾ ਕਪਟੀ ਜਾਂ ਕ੍ਰੋਧੀ ਸੁਭਾਉ, ਭਾਵ ਪਾਪਾਂ ਨਾਲ ਕਾਂ ਵਾਂਗ ਕਾਲਾ ਹੋਇਆ ਮਨ, ਹੁਣ ਉਹ ਖਿਮਾਂ ਸਹਿਤ ਹੋਇਆ ਪਰਮੇਸ਼ਰ ਦਾ ਨਾਮ ਉਚਾਰਨ ਰੂਪ ਤਾਲ ਵਜਾਉਂਦਾ ਹੈ।

ਪ੍ਰ: ਕਬੀਰ ਜੀ ! ਤੁਹਾਡਾ ਮਨ ਪਹਿਲੋਂ ਹੋਰ ਕੀ ਸੁਭਾਉ ਧਾਰਨ ਕਰੀ ਰੱਖਦਾ ਸੀ ?

ਉ: ੨. ਹੇ ਮਿੱਤਰੋ ! ਪਹਿਲਾਂ ਮੇਰੇ ਮਨ ਦਾ ਸੁਭਾਉ ਖੋਤੇ, ਗਧੇ ਵਾਂਗੂ ਸੀ, ਭਾਵ ਮੇਰਾ ਮਨ ਰੂਪੀ ਖੋਤਾ ਕਾਮਨਾ ਰੂਪ ਚੋਲਾ ਪਾਕੇ ਸਦਾ ਹੀ ਨਾਚ ਕਰਦਾ ਰਹਿੰਦਾ ਸੀ, ਪਰ ਹੁਣ ਉਹ ਲਜਾ ਰੂਪ ਚੋਲਾ ਪਹਿਰ ਕੇ ਪਰਮੇਸ਼ਰ ਦਾ ਨਿਰਨਾ ਕਰਨ ਰੂਪ ਨਿਰਤਕਾਰੀ ਕਰਦਾ ਹੈ। ਅੱਗੇ ਜੋ ਮਨ ਦਾ ਭੈਂਸੇ ਵਾਲਾ ਸੁਭਾਉ ਸੀ, ਉਹ ਭੀ ਬਦਲ ਗਿਆ ਹੈ, ਭਾਵ ਹੁਣ ਮਨ ਰੱਬ ਦੇ ਭੈਅ ਸਹਿਤ ਹੋਇਆ ਭਗਤੀ ਕਰਦਾ ਰਹਿੰਦਾ ਹੈ ਅਤੇ ਹੋਰਨਾ ਤੋਂ ਭੀ ਭਗਤੀ ਕਰਵਾਉਂਦਾ ਹੈ।

ਨੋਟ : ਉਪਰ ਆਈਆਂ ਤ੍ਰਿਗਦ ਜੂਨੀਆਂ ਦੇ ਸੁਭਾਵਾਂ ਬਾਰੇ ਬਾਣੀ ਵਿਚ ਇਉਂ ਇਸ਼ਾਰੇ ਆਏ ਹਨ :

ਕਊਆ : (੧) "ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ, ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥"

ਗਧਾ : (੨) "ਹਰੀ ਅੰਗੂਰੀ ਗਦਹਾ ਚਰੈ"

ਭੈਂਸਾ : (੩) "ਮਾਤਾ ਭੈਸਾ ਅਮੁਹਾ ਜਾਹਿ ॥ ਕੁਦਿ ਕੁਦਿ ਚਰੈ ਰਸਾਤਲ ਪਾਇ ॥"

ਹਾਥੀ : (੪) "ਹਰਿ ਹੈ ਖਾਂਡ ਰੇਤ ਮਹਿ ਬਿਖਰਿਓ ਹਾਥੀ ਚੁਨੀ ਨ ਜਾਇ ॥"

ਇਨ੍ਹਾਂ ਬਾਣੀ ਵਿਚ ਆਏ ਪ੍ਰਮਾਣਾਂ ਦੀ ਸਹਾਇਤਾ ਨਾਲ ਉਪਰ ਆਈਆਂ ਤ੍ਰਿਗਦ ਜੂਨੀਆਂ ਤੋਂ ਮਨ ਦੇ "ਹੰਕਾਰ" ਅਤੇ "ਚਤਰਾਈ", "ਕਾਮ" ਅਤੇ "ਅਮੋੜਪੁਣਾ"—ਇਹ ਚਾਰੇ ਸੁਭਾਉ ਗ੍ਰਹਿਣ ਕਰਨੇ ਹਨ।

ਭਾਵ : ਸੁਭਾਉ ਬਦਲਣ ਤੋਂ ਪਹਿਲਾਂ ਮਨ ਅਹੰਕਾਰ, ਆਲਸ, ਚਤਰਾਈ, ਕਾਮ ਅਤੇ ਅਮੋੜਪੁਣਾ—ਇਨ੍ਹਾਂ ਵਿਕਾਰਾਂ ਦੇ ਅਧੀਨ ਰਹਿੰਦਾ ਸੀ, ਪਰ ਜਦੋਂ ਅੰਦਰ ਨਾਮ ਰਸ ਆਇਆ ਹੈ, ਤਾਂ ਪ੍ਰੇਮ ਵਿਚ ਭਿੱਜ ਕੇ ਮਨ ਨਵੇਂ ਵਿਆਹ ਵਿਚ ਉੱਦਮ ਕਰਕੇ ਸਹਾਈ ਬਣਦਾ ਹੈ ।੧।

੩. ਰਾਜਾ ਰਾਮ ਕਕਰੀਆ ਬਰੇ ਪਕਾਏ ॥
੪. ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥

ਪਦ ਅਰਥ : ਰਾਜਾ ਰਾਮ—ਰਾਮ ਰੂਪੀ ਰਾਜਾ ਪਰਮੇਸ਼ਰ, ਵਾਹਿਗੁਰੂ। ਕਕਰੀਆ—ਕੱਕਰ ਦੇ, ਜਾਂ ਬਰਫ਼ ਦੇ। ਕਈ ਦਾਨੇ ਇਸਨੂੰ ਕਕਰੀ ਸਮਝਕੇ ਅੱਕ ਦੀ ਕੱਕੜੀ ਅਰਥ ਵੀ ਕਰ ਲੈਂਦੇ ਹਨ। ਬਰੇ—ਵੜੇ, ਕਿਸੇ ਦਾਲ ਦੀ ਪੀਠੀ ਬਣਾਕੇ ਉਸਦੇ ਤਲੇ ਹੋਏ ਟਿਕੀਆਂ ਦੇ ਅਕਾਰ ਦੇ ਪਕੌੜੇ।

ਅਰਥ :

ਪ੍ਰ: ਕਬੀਰ ਜੀਉ ! ਜਦੋਂ ਤੁਹਾਡਾ ਮਨ ਆਪਣੇ ਪਿਆਰੇ ਕਰਤਾਰ ਦੀ ਸ਼ੁਕਰਗੁਜ਼ਾਰੀ ਵਿਚ ਮਸਤ ਹੋ ਗਿਆ, ਤਾਂ ਫਿਰ ਤੁਹਾਡੇ ਮਨ ਵਿਚ ਹੋਰ ਕੀ ਬਦਲ ਆ ਗਈ ?

ਉ: ੩. ਹੇ ਭਾਈਓ ! ਇਹ ਜੋ ਸਾਡਾ ਮਨ ਪਹਿਲੋਂ ਅੱਕ ਦੀ ਖੱਖੜੀ ਵਰਗਾ ਸੀ, ਉਹ ਹੁਣ ਪੱਕਾ ਹੋਇਆ ਅੰਬ ਬਣ ਗਿਆ ਹੈ, ਜਾਂ ਇਉਂ ਸਮਝੋ ਜੋ ਕਾਮਾਦਿਕ ਵਿਕਾਰ ਅੱਕ ਦੀਆਂ ਕੱਕੜੀਆਂ ਦੇ ਸਮਾਨ ਦੁੱਖ ਰੂਪ ਸਨ, ਉਹ ਹੁਣ ਗੁਰੂ ਦੀ ਕਿਰਪਾ ਨਾਲ ਰਾਜਾ ਰਾਮ ਦੇ ਉਪਦੇਸ਼ ਲੈਣ ਕਰਕੇ ਅੰਬਾਂ ਦੀ ਤਰ੍ਹਾਂ ਸੁੱਖ ਰੂਪ ਹੋ ਗਏ ਹਨ।

ਪ੍ਰ: ਕਿਉਂ ਜੀ ! ਇਹ ਅੰਬ ਖਾਣੇ ਸਾਰਿਆਂ ਨੂੰ ਹੀ ਕਿਉਂ ਨਹੀਂ ਨਸੀਬ ਹੁੰਦੇ ?

ਉ: ੪. ਹੇ ਭਾਈਓ ! ਇਹ ਅੰਬ ਕਿਸੇ ਬੂਝਨਹਾਰੇ ਵਿਰਲੇ ਭਾਗਾਂ

ਵਾਲੇ ਨੂੰ ਮਿਲਦਾ ਹੈ, ਭਾਵ ਕੋਈ ਉੱਤਮ ਅਧਿਕਾਰੀ ਹੀ ਇਨ੍ਹਾਂ ਗੁਣਾਂ ਦਾ ਧਾਰਨੀ ਹੁੰਦਾ ਹੈ।੧।ਰਹਾਉ।

੫. ਬੈਠਿ ਸਿੰਘੁ ਘਰਿ ਪਾਨ ਲਗਾਵੈ
ਘੀਸ ਗਲਉਰੇ ਲਿਆਵੈ ॥
੬. ਘਰਿ ਘਰਿ ਮੁਸਰੀ ਮੰਗਲੁ ਗਾਵਹਿ
ਕਛੂਆ ਸੰਖੁ ਬਜਾਵੈ ॥੨॥

ਪਦ ਅਰਥ : ਬੈਠਿ ਘਰਿ—ਅੰਦਰ ਟਿੱਕ ਕੇ। ਸਿੰਘੁ—ਹਿੰਸਾ ਵਾਲਾ ਸੁਭਾਉ, ਨਿਰਦਇਤਾ। ਪਾਨ ਲਗਾਵੈ—ਜਾਂਞੀਆਂ ਲਈ ਪਾਨ ਤਿਆਰ ਕਰਦਾ ਹੈ, ਭਾਵ ਸਭ ਦੀ ਸੇਵਾ ਕਰਨ ਦਾ ਉੱਦਮ ਕਰਦਾ ਹੈ। ਘੀਸ—ਛਛੂੰਦਰ, ਮਨ ਦਾ ਘੀਸ ਵਾਲਾ ਸੁਭਾਉ, ਤ੍ਰਿਸ਼ਨਾ। ਗਲਉਰੇ—ਪਾਨਾਂ ਦੇ ਬੀੜੇ। ਘੀਸ...ਲਿਆਵੈ—ਭਾਵ, ਪਹਿਲਾਂ ਮਨ ਇਤਨਾ ਤ੍ਰਿਸ਼ਨਾ ਦੇ ਅਧੀਨ ਸੀ ਕਿ ਆਪ ਹੀ ਨਹੀਂ ਸੀ ਰਜਦਾ, ਪਰ ਹੁਣ ਹੋਰਨਾਂ ਦੀ ਸੇਵਾ ਕਰਦਾ ਹੈ। ਘਰਿ ਘਰਿ—ਹਰੇਕ ਘਰ ਵਿਚ, ਹਰੇਕ ਗੋਲਕ ਅਸਥਾਨ ਵਿਚ। ਮੁਸਰੀ—ਚੂਹੀਆਂ, ਇੰਦ੍ਰੀਆਂ। ਕਛੂਆ—ਮਨ ਦਾ ਕਛੂ ਵਾਲਾ ਸੁਭਾਉ, ਮਨੁੱਖਾਂ ਤੋਂ ਸੰਕੋਚ, ਕਾਇਰਤਾ, ਮਨ ਦਾ ਸਤਸੰਗ ਤੋਂ ਡਰਨਾ। ਸੰਖੁ ਬਜਾਵੈ—ਭਾਵ ਉਹ ਮਨ ਜੋ ਪਹਿਲੋਂ ਆਪ ਸਤਸੰਗ ਤੋਂ ਡਰਦਾ ਸੀ, ਹੁਣ ਉਹ ਹੋਰਨਾਂ ਨੂੰ ਉਪਦੇਸ਼ ਕਰਦਾ ਹੈ।੨।

ਅਰਥ :

ਪ੍ਰ: ਕਿਉਂ ਜੀ! ਤੁਹਾਡੇ ਮਨ ਵਿਚ ਹੁਣ ਹੋਰ ਕੀ ਫ਼ਰਕ ਆ ਗਿਆ ਹੈ?

ਉ: ੫. ਹੇ ਮਿੱਤਰੋ! (ਮਨ) ਸਿੰਘ ਆਪਣੇ ਸ੍ਵੈ-ਸਰੂਪ ਵਿਚ ਟਿਕ ਕੇ ਭਾਵ ਮਨ ਦਾ ਨਿਰਦਇਆ ਵਾਲਾ ਸੁਭਾਉ ਹਟ ਕੇ ਹੁਣ ਇਹ ਸੇਵਾ ਦਾ ਆਹਰ ਕਰਦਾ ਹੈ, (ਮਨ) ਘੀਸ ਪਾਨਾਂ ਦੇ ਬੀੜੇ ਵੰਡ ਰਹੀ ਹੈ (ਭਾਵ ਮਨ ਹੁਣ ਤ੍ਰਿਸ਼ਨਾ ਛੱਡ ਕੇ ਹੋਰਨਾਂ ਦੀ ਸੇਵਾ ਕਰਦਾ ਹੈ)।

੬. ਹੇ ਸੱਜਨੋ! ਏਥੇ ਹੀ ਬਸ ਨਹੀਂ! ਸਾਰੀਆਂ ਇੰਦ੍ਰੀਆਂ ਆਪੋ ਆਪਣੇ ਗੋਲਕ ਅਸਥਾਨ ਵਿਚ ਰਹਿਕੇ ਹਰੀ ਜਸ ਰੂਪ ਮੰਗਲ ਗਾ ਰਹੀਆਂ ਹਨ ਅਤੇ ਓਹੀ ਮਨ ਜੋ ਪਹਿਲੇ ਕਛੂ ਕੁੰਮਾਂ ਸੀ, ਭਾਵ ਜੋ ਪਹਿਲੋਂ ਸਤਸੰਗ ਤੋਂ ਦੂਰ ਭਜਦਾ ਸੀ, ਹੁਣ ਉਹ ਹੋਰਨਾਂ ਨੂੰ ਉਪਦੇਸ਼ ਕਰ ਰਿਹਾ ਹੈ ਜਾਂ ਚਿੱਤ ਸੰਖ ਵਜਾਉਂਦਾ ਹੈ, ਭਾਵ ਪਰਮੇਸ਼ਰ ਦਾ ਚਿੰਤਨ ਕਰਦਾ ਹੈ।

੭. ਬੰਸ ਕੋ ਪੂਤੁ ਬੀਆਹਨ ਚਲਿਆ
ਸੁਇਨੇ ਮੰਡਪ ਛਾਏ ॥
੮. ਰੂਪ ਕੰਨਿਆ ਸੁੰਦਰਿ ਬੇਧੀ
ਸਸੈ ਸਿੰਘ ਗੁਨ ਗਾਏ ॥੩॥

ਪਦ ਅਰਥ : ਬੰਸ ਕੋ ਪੂਤੁ—ਬਾਂਝ ਇਸਤ੍ਰੀ ਦਾ ਪੁੱਤਰ, ਮਾਇਆ ਦਾ ਪੁੱਤ੍ਰ, ਮਾਇਆ ਵੇੜ੍ਹਿਆ ਮਨ।

(ਮਾਇਆ ਨੂੰ ਬਾਂਝ ਇਸਤ੍ਰੀ ਇਸ ਵਾਸਤੇ ਖ਼ਿਆਲ ਕੀਤਾ ਗਿਆ ਹੈ ਕਿ ਕੁਦਰਤ ਦੇ ਨਿਯਮ ਅਨਸਾਰ ਮਾਇਆ ਪੁੱਤਰ ਨਹੀਂ ਜੰਮਦੀ, ਜੁਗਤੀ ਨਾਲ ਜੰਮਦੀ ਹੈ) ਜਿਵੇਂ ਕਿ ਬਾਣੀ ਵਿਚ ਜ਼ਿਕਰ ਆਇਆ ਹੈ ਕਿ:

ਪੰਜ ਪੂਤ ਜਣੇ ਇਕ ਮਾਇ॥ ਉਤਭੁਜ ਖੇਲੁ ਕਰਿ ਜਗਤ ਵਿਆਇ॥ ਤੀਨਿ ਗੁਣਾਂ ਕੈ ਸੰਗਿ ਰਚਿ ਰਸੇ॥ ਇਨ ਕਉ ਛੋਡਿ ਊਪਰਿ ਜਨ ਬਸੇ॥੯॥੧੨॥ (ਗੋਂਡ ਮ: ੫) ਬੀਆਹਨ ਚਲਿਆ—ਵਿਆਹੁਣ ਟੁਰ ਪਿਆ।

ਨੋਟ : ਗੁਰਬਾਣੀ ਵਿਚ ਕਈ ਥਾਂਵਾਂ 'ਤੇ ਜੀਵ ਨੂੰ ਇਸਤ੍ਰੀ ਭਾਵ ਵਿਚ ਬਿਆਨਿਆ ਗਿਆ ਹੈ, ਪਰ ਇਸ ਪੰਗਤੀ ਵਿਚ 'ਮਨ' ਨੂੰ ਵਿਆਹੁਣ ਤੁਰਿਆ ਦੱਸਿਆ ਹੈ। ਪ੍ਰਸ਼ਨ ਹੋ ਸਕਦਾ ਹੈ ਕਿ ਕਿਸਨੂੰ ਵਿਆਹੁਣ ਚਲਿਆ? ਇਸਦੇ ਅਰਥ ਭਾਵ ਨੂੰ ਸਮਝਣ ਲਈ ਕਬੀਰ ਸਾਹਿਬ ਦੇ ਆਪਣੇ ਬਚਨ ਹੀ ਸਹਾਇਕ ਹੁੰਦੇ ਹਨ; ਜਿਵੇਂ ਕਿ:

> ਪਹਿਲੀ ਕਰੂਪਿ ਕੁਜਾਤਿ ਕੁਲਖਨੀ, ਸਾਹੁਰੈ ਪੇਈਐ ਬੁਰੀ॥
> ਅਬ ਕੀ ਸਰੂਪਿ ਸੁਜਾਨਿ ਸੁਲਖਨੀ, ਸਹਜੇ ਉਦਰਿ ਧਰੀ॥੧॥
> ਭਲੀ ਸਰੀ, ਮੁਈ ਮੇਰੀ ਪਹਲੀ ਬਰੀ॥
> ਜੁਗ ਜੁਗ ਜੀਵਉ ਮੇਰੀ ਅਬ ਕੀ ਧਰੀ॥੧॥ ਰਹਾਉ॥
> ਕਹੁ ਕਬੀਰ ਜਬ ਲਹੁਰੀ ਆਈ, ਬਡੀ ਕਾ ਸੁਹਾਗੁ ਟਰਿਓ॥
> ਲਹੁਰੀ ਸੰਗਿ ਭਈ ਅਬ ਮੇਰੈ, ਜੇਠੀ ਅਉਰੁ ਧਰਿਓ॥੨॥੨॥੩੨॥
> *(ਆਸਾ ਕਬੀਰ ਜੀ)*

ਸੁਇਨੇ ਮੰਡਪ ਛਾਏ—ਸੋਨੇ ਦੇ ਸ਼ਮੀਆਨੇ ਤਾਣੇ ਗਏ, ਦਸਮ ਦੁਆਰ ਵਿਚ ਚਾਨਣ ਹੀ ਚਾਨਣ ਹੋ ਗਿਆ, ਅੰਦਰ ਖਿੜਾਉ ਹੀ ਖਿੜਾਉ ਹੋ ਗਿਆ। ਰੂਪ ਕੰਨਿਆ ਸੁੰਦਰਿ—ਉਹ ਸੁੰਦਰੀ ਜੋ ਕੰਨਿਆ ਰੂਪ ਹੈ ਜੋ ਕੁਆਰੀ ਹੈ, ਵਿਕਾਰਾਂ ਦੇ ਸੰਗ ਤੋਂ ਬਚੀ ਹੋਈ ਹੈ, ਵਿਕਾਰ ਰਹਿਤ ਬ੍ਰਿਤੀ। ਬੇਧੀ—ਵਿੰਨ੍ਹ ਲਈ, ਵਸ ਵਿਚ ਕਰ ਲਈ, ਵਿਆਹ ਲਈ। ਸਸੈ—ਸਹੇ ਨੇ, ਵਿਕਾਰਾਂ ਵਿਚ ਪੈ ਕੇ ਪਹਿਲਾਂ ਕਮਜ਼ੋਰ ਹੋ ਗਏ ਹੋਏ ਮਨ ਨੇ। ਸਿੰਘ ਗੁਨ—ਹਰੀ ਦੇ ਗੁਣ।੩।

ਅਰਥ :

ਪ੍ਰ: ਕਬੀਰ ਜੀਉ! ਜੋ ਆਪ ਜੀ ਨੇ 'ਵਿਆਹੁਣ ਚਲਿਆ' ਸ਼ਬਦ ਵਰਤਿਆ ਹੈ, ਇਸ ਦਾ ਅਸਲ ਭਾਵ ਕੀ ਹੈ, ਅਰਥਾਤ ਕੌਣ ਕਿਸ ਨੂੰ ਵਿਆਹੁਣ ਚਲਿਆ ਹੈ?

ਉ: ੭. ਹੇ ਭਾਈਓ! ਸੁਣੋ, ਜੋ ਸੰਢ ਦਾ ਪੁੱਤ੍ਰ 'ਮਨ' ਭਾਵ ਜੋ ਮਨ ਪਹਿਲੇ ਮਾਇਆ ਵਿਚ ਵੇੜ੍ਹਿਆ ਹੋਇਆ ਸੀ, ਉਹ ਹੁਣ ਸ੍ਵਛ ਬ੍ਰਿਤੀ ਨੂੰ, ਭਾਵ ਮਨ ਆਪਣੇ ਮਾੜੇ ਸੁਭਾਵਾਂ ਨੂੰ ਚੰਗੇ ਬਣਾ ਕੇ ਵਿਆਹ ਕਰਨ ਚਲਿਆ। ਅੱਗੇ ਕਾਕੀ ਦੇ ਘਰ ਉਸਦੇ ਸਨਮਾਨ ਲਈ ਸੋਨੇ ਦੇ ਮੰਡਪ ਤਾਣੇ ਗਏ, ਭਾਵ ਪਰਮ ਪਵਿੱਤ੍ਰਤਾ ਰੂਪੀ ਮੰਡਪ ਵਿਚ ਵਿਆਹ ਦੀ ਤਿਆਰੀ ਸੀ, ਭਾਵ ਹੁਣ ਅੰਦਰ ਖਿੜਾਉ ਹੀ ਖਿੜਾਉ ਬਣ ਗਿਆ ਹੈ। ਉਸ ਮਨ ਨੇ ਹਰੀ ਨਾਲ ਜੁੜੀ ਉਹ ਆਤਮ ਵਸ਼ੈਣੀ ਬੁਧੀ ਰੂਪ ਸੁੰਦਰ ਇਸਤ੍ਰੀ ਵਿਆਹ ਲਈ ਹੈ, ਜੋ ਕਿ ਵਿਕਾਰਾਂ ਵਲੋਂ ਕੁਆਰੀ ਹੈ।

ਪ੍ਰ: ਕਬੀਰ ਜੀ! ਮਨ ਦੇ ਇਸ ਰੂਪ ਵਿਚ ਵਿਆਹ ਹੋਣ ਨਾਲ ਹੁਣ ਦੱਸੋ ਇਸ ਵਿਚ ਕੀ ਬਦਲ ਆ ਗਈ?

ਉ: ਹੇ ਭਾਈਓ! ਹੁਣ ਉਹ ਮਨ ਜੋ ਪਹਿਲੋਂ ਵਿਕਾਰਾਂ ਵਿਚ ਗਰੱਸਿਆ ਹੋਣ ਦੇ ਕਾਰਣ ਸਹਿਆ ਹੋ ਰਿਹਾ ਸੀ ਭਾਵ

ਹਰ ਵਕਤ ਸਹਿਮਿਆ ਰਹਿੰਦਾ ਸੀ, ਉਹ ਹੁਣ ਨਿਰਭਉ ਹਰੀ ਦੇ ਗੁਣ ਗਾਉਂਦਾ ਹੈ, ਜਾਂ ਇਉਂ ਕਹੋ ਕਿ ਨਿਰਭਉ ਹਰੀ ਦੇ ਗੁਣ ਗਾ ਕੇ ਇਹ 'ਸਸੇ' ਜੀਵ ਤੋਂ (ਸਿੰਘ) ਹੋ ਗਿਆ ਹੈ, ਭਾਵ ਬ੍ਰਹਮ ਸਰੂਪ ਹੀ ਬਣ ਗਿਆ ਹੈ, ਇਸਨੂੰ ਹੁਣ ਸਾਮਯ ਅਵਸਥਾ ਪ੍ਰਾਪਤ ਹੋ ਗਈ ਹੈ।

੯. ਕਹਤ ਕਬੀਰ ਸੁਨਹੁ ਰੇ ਸੰਤਹੁ
ਕੀਟੀ ਪਰਬਤੁ ਖਾਇਆ ॥
੧੦. ਕਛੂਆ ਕਹੈ ਅੰਗਾਰ ਭਿ ਲੋਰਉ
ਲੂਕੀ ਸਬਦੁ ਸੁਨਾਇਆ ॥੪॥੬॥

ਪਦ ਅਰਥ : ਕੀਟੀ—ਕੀੜੀ, ਨਿੰਮ੍ਰਤਾ। ਪਰਬਤੁ—(ਮਨ ਦਾ) ਅਹੰਕਾਰ। ਕੀਟੀ ਪਰਬਤੁ ਖਾਇਆ—ਕੀੜੀ ਰੇਤ ਵਿਚ ਰਲੀ ਹੋਈ ਖੰਡ ਚੁਣ ਕੇ ਖਾ ਜਾਂਦੀ ਹੈ, ਇਸ ਵਿਵੇਕ ਬੁਧੀ ਦਾ ਕਬੀਰ ਸਾਹਿਬ ਜੀ ਨੇ ਆਪ ਹੀ ਕਥਨ ਕੀਤਾ ਹੈ, ਜੈਸਾ ਕਿ :

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ, ਕੀਟੀ ਹੋਇ ਕੈ ਖਾਇ ॥੨੩੮॥
(ਸਲੋਕ ਕਬੀਰ ਜੀ)

ਜਿਸਦਾ ਮਤਲਬ ਹੈ ਕਿ ਕੀਟੀ ਵਿਵੇਕ ਬੁਧੀ ਦੀ ਲਖਾਇਕ ਹੈ, ਫਿਰ ਇਹ ਕੀੜੀ ਤੁੱਛਤਾ ਦੀ ਲਖਾਇਕ ਭੀ ਪ੍ਰਸਿੱਧ ਹੈ, ਉਸ ਤੋਂ ਵੱਡਾ ਕੰਮ ਹੋ ਆਉਣਾ ਇਹ ਇਕ ਅਸਚਰਜਤਾ ਦੀ ਲਖਾਇਕ ਗੱਲ ਹੈ, ਜਿਸਦਾ ਭਾਵ ਇਹ ਹੋਇਆ ਕਿ 'ਕੀੜੀ' ਵਿਵੇਕ ਬੁਧੀ ਅਹੰਕਾਰ ਵਰਗੇ ਭਾਰੀ ਪਰਬਤ ਨੂੰ ਖਾ ਗਈ, ਜਾਂ ਵਿਵੇਕ ਬੁਧੀ ਭਰਮ ਦਾ ਪਰਬਤ ਖਾ ਗਈ ਹੈ। ਜਾਂ ਬ੍ਰਹਮਾਕਾਰ ਬ੍ਰਿਤੀ ਨੇ ਅਗਿਆਨ ਰੂਪੀ ਪਰਬਤ ਨੂੰ ਖਾ ਲਿਆ ਹੈ।

ਕਛੂਆ—ਕਛੂ ਕੁੰਮਾ, ਕੱਛੂ ਦੇ ਆਮ ਤੌਰ ਤੇ ਦੋ ਸੁਭਾਉ ਪ੍ਰਤੱਖ ਦਿੱਸਣ ਵਿਚ ਆਉਂਦੇ ਹਨ : ੧. ਇਕ ਮਨੁੱਖ ਤੋਂ ਡਰਨਾ। ੨. ਦੂਜਾ ਵਧੀਕ ਤੌਰ ਤੇ ਪਾਣੀ ਵਿਚ ਰਹਿਣਾ। ਅੰਗਾਰ—ਸੇਕ, ਨਿੱਘ, ਪਿਆਰ, ਹਮਦਰਦੀ। ਲੋਰਉ—ਚਾਹੁੰਦਾ ਹਾਂ, ਲੋੜਦਾ ਹਾਂ। ਲੂਕੀ—ਗੁਤੀ, ਜੋ ਹਨੇਰੇ ਵਿਚ ਰਹਿੰਦੀ ਹੈ ਤੇ ਡੰਗ ਮਾਰਦੀ ਹੈ, ਭਾਵ ਮਨ ਦੀ ਅਗਿਆਨਤਾ ਜੋ ਜੀਵ ਨੂੰ ਹਨੇਰੇ ਵਿਚ ਰੱਖਦੀ ਹੈ ਤੇ ਦੁਖੀ ਕਰਦੀ ਹੈ। ਲੂਕੀ ਸਬਦੁ ਸੁਨਾਇਆ—ਅਗਿਆਨ ਉਲਟ ਕੇ ਗਿਆਨ ਹੋ ਗਿਆ ਤੇ ਮਨ ਹੁਣ ਹੋਰਨਾਂ ਨੂੰ ਭੀ ਉਪਦੇਸ਼ ਦੇਣ ਲੱਗ ਪਿਆ ਹੈ।

ਅਰਥ :

ਪ੍ਰ: ਕਬੀਰ ਜੀ! ਇਸ ਆਪ ਜੀ ਦੇ ਉਪ੍ਰੋਕਤ ਕਥਨ ਦਾ ਆਖ਼ਰੀ ਸਮੁੱਚਾ ਭਾਵ ਕੀ ਹੋਇਆ ?

ਉ:੯-੧੦. ਕਬੀਰ ਜੀ ਕਹਿੰਦੇ ਹਨ ਕਿ ਹੇ ਭਰਾਵੋ, ਹੇ ਸੰਤ ਜਨੋ! ਸੁਣੋ, ਹੁਣ ਮਨ ਦੀ ਨਿੰਮ੍ਰਤਾ ਨੇ ਅਹੰਕਾਰ ਨੂੰ ਮੁਕਾ ਦਿੱਤਾ ਹੈ, ਮਨ ਦਾ ਕੋਰਾਪਨ ਹਟ ਗਿਆ ਹੈ ਅਤੇ ਹੁਣ ਮਨ ਕਹਿੰਦਾ ਹੈ ਕਿ ਮੈਨੂੰ ਨਿੱਘ ਚਾਹੀਦਾ ਹੈ ਭਾਵ ਮਨ ਹੁਣ ਮਨੁੱਖੀ ਹਮਦਰਦੀ ਦੇ ਗੁਣਾਂ ਦਾ ਚਾਹਵਾਨ ਹੈ, ਮਨ ਦਾ ਅਗਿਆਨ ਉਲਟ ਕੇ ਗਿਆਨ ਬਣ ਗਿਆ ਹੈ ਅਤੇ ਹੁਣ ਇਹ ਮਨ ਹੋਰਨਾਂ ਨੂੰ ਵੀ ਗੁਰੂ ਦਾ ਸ਼ਬਦ ਸੁਣਾ ਰਿਹਾ ਹੈ।੪।੬।

ਭਾਵਾਰਥ : ਇਸ ਉਪ੍ਰੋਕਤ ਸ਼ਬਦ ਵਿਚ ਕਬੀਰ ਜੀ ਨੇ ਦੱਸਿਆ ਹੈ ਕਿ ਮਨ ਦੀਆਂ ਵਹਿਬਤਾਂ ਤੇ ਅਸੁਰੀ ਰੁਚੀਆਂ ਨੂੰ ਇਸ ਤਰ੍ਹਾਂ ਬਦਲਿਆ ਤਾਂ ਮਨ ਦਾ ਆਤਮ ਵਸ਼ੈਣੀ ਬੁੱਧੀ ਜਾਂ ਬ੍ਰਹਮ ਵਿੱਦਿਆ ਨਾਲ ਵਿਆਹ ਹੋਇਆ। ਉਸ ਵਿਆਹ ਦਾ ਫਲ ਕੀ ਹੋਇਆ ਕਿ ਉਸ ਕੀਟੀ ਨੇ ਭਰਮ ਦਾ ਪਰਬਤ ਖਾ ਲਿਆ, ਭਰਮ ਗਿਆ ਤਾਂ ਸਤਯ ਗਿਆਨ ਹੋ ਆਇਆ। ਸਤਯ ਗਿਆਨ ਨਾਲ ਹੀ ਪਰਮੇਸ਼ਰ ਦਾ ਅਨੁਭਵ ਹੁੰਦਾ ਹੈ। ਬਸ ਇਹੋ ਪ੍ਰਭੂ ਦਾ ਮਿਲਾਪ, ਇਕ ਭਗਵਾਨ ਪੁਰਖ ਨਾਲ ਹੋਇਆ ਹੈ।

ਇਸੇ ਅਭੇਦਤਾ ਵਾਲੀ ਅਵਸਥਾ ਵਿਚ ਪੁੱਜ ਕੇ ਹੀ ਕਬੀਰ ਜੀ ਇਸ ਪ੍ਰਕਾਰ ਦੇ ਬਚਨ ਬੋਲ ਉਠੇ ਹਨ ਕਿ :

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥
ਰਾਮ ਬਡੇ ਮੈ ਤਨਕ ਲਹੁਰੀਆ ॥੩੦॥
(ਆਸਾ ਕਬੀਰ ਜੀ)

ਉਥਾਨਕਾ : ਇਕ ਜੋਗੀ ਨੇ ਕਬੀਰ ਜੀ ਪਾਸ ਆ ਕੇ ਆਪਣੇ ਹਠ ਜੋਗ ਤੇ ਜੋਗ ਦੀ ਬਾਹਰਲੀ ਪ੍ਰਕ੍ਰਿਆ ਦੀ ਪ੍ਰਸੰਸਾ ਕੀਤੀ ਕਿ ਕਬੀਰ ਜੀ, ਇਸ ਸਮੇਂ ਵਿਚ ਤਾਂ ਕੇਵਲ ਜੋਗ ਹੀ ਮੁਕਤੀ ਦੇਣ ਵਾਲਾ ਹੈ, ਇਸ ਲਈ ਤੁਸੀਂ ਵੀ ਸਾਡੇ ਮਤ ਵਿਚ ਆ ਕੇ ਜੋਗ ਧਾਰਨ ਕਰੋ, ਤਦ ਤੁਸੀਂ ਸਹਿਜੇ ਹੀ ਮੁਕਤ ਹੋ ਜਾਓਗੇ। ਇਸਦੇ ਉੱਤਰ ਵਿਚ ਭਗਤ ਜੀ ਨੇ ਕਿਹਾ ਕਿ ਹੇ ਜੋਗੀ! ਮੈਂ ਤਾਂ ਜੋਗ ਧਾਰਿਆ ਹੋਇਆ ਹੈ। ਜੋਗੀ ਨੇ ਕਿਹਾ, ਕਬੀਰ ਜੀ! ਤੁਹਾਡੇ ਪਾਸ ਜੋਗ ਦਾ ਚਿੰਨ੍ਹ ਤਾਂ ਕੋਈ ਵੀ ਨਜ਼ਰ ਨਹੀਂ ਆਉਂਦਾ, ਤੁਸਾਂ ਜੋਗ ਕਿਵੇਂ ਧਾਰਿਆ ਹੈ ? ਕਿਉਂਕਿ ਨਾ ਤੁਹਾਡੇ ਪਾਸ ਬਟੂਆ ਹੈ, ਨਾ ਹੀ ਖਿੰਥਾ ਪੈਹਨੀ ਹੋਈ ਨਜ਼ਰ ਆਉਂਦੀ ਹੈ ਅਤੇ ਨਾ ਤੁਹਾਡੇ ਪਾਸ ਫਉੜੀ ਆਦਿ ਕੋਈ ਸਮੱਗਰੀ ਹੀ ਦਿਸਦੀ ਹੈ, ਤਾਂ ਦੱਸੋ ਤੁਸਾਂ ਨੂੰ ਜੋਗੀ ਕਿਵੇਂ ਮੰਨਿਆ ਜਾਵੇ ? ਤਾਂ ਆਪ ਜੀ ਨੇ ਆਪਣੇ ਅੰਤ੍ਰੀਵ ਅਸਲੀ ਜੋਗ ਦੇ ਧਾਰਨ ਕੀਤੇ ਚਿੰਨ੍ਹਾਂ ਦਾ ਇਸ ਸ਼ਬਦ ਵਿਚ ਨਿਰਣਾ ਕੀਤਾ ਹੈ।

ਆਸਾ ॥

੧. ਬਟੂਆ ਏਕੁ ਬਹਤਰਿ ਆਧਾਰੀ
ਏਕੋ ਜਿਸਹਿ ਦੁਆਰਾ ॥
੨. ਨਵੈ ਖੰਡ ਕੀ ਪ੍ਰਿਥਮੀ ਮਾਗੈ
ਸੋ ਜੋਗੀ ਜਗਿ ਸਾਰਾ ॥੧॥
੩. ਐਸਾ ਜੋਗੀ ਨਉ ਨਿਧਿ ਪਾਵੈ ॥
੪. ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ ਰਹਾਉ ॥
੫. ਖਿੰਥਾ ਗਿਆਨ ਧਿਆਨ ਕਰਿ ਸੂਈ
ਸਬਦੁ ਤਾਗਾ ਮਥਿ ਘਾਲੈ ॥
੬. ਪੰਚ ਤਤੁ ਕੀ ਕਰਿ ਮਿਰਗਾਣੀ
ਗੁਰ ਕੈ ਮਾਰਗਿ ਚਾਲੈ ॥੨॥
੭. ਦਇਆ ਫਾਹੁਰੀ ਕਾਇਆ ਕਰਿ ਧੂਈ
ਦ੍ਰਿਸਟਿ ਕੀ ਅਗਨਿ ਜਲਾਵੈ ॥

੮. ਤਿਸ ਕਾ ਭਾਉ ਲਏ ਰਿਦ ਅੰਤਰਿ
ਚਹੁ ਜੁਗ ਤਾੜੀ ਲਾਵੈ ॥੩॥
੯. ਸਭ ਜੋਗਤਣ ਰਾਮ ਨਾਮੁ ਹੈ
ਜਿਸ ਕਾ ਪਿੰਡੁ ਪਰਾਨਾ ॥
੧੦. ਕਹੁ ਕਬੀਰ ਜੇ ਕਿਰਪਾ ਧਾਰੈ ਦੇਇ
ਸਚਾ ਨੀਸਾਨਾ ॥੪॥੭॥

ਪਦ ਅਰਥ : ਬਟੂਆ—ਥੈਲਾ, ਜਿਸ ਵਿਚ ਜੋਗੀ ਲੋਕ ਸੁਆਹ ਆਦਿ ਰੱਖਦੇ ਹਨ। ਇਸ ਤੋਂ ਭਾਵ ਹੈ ਬਹੱਤਰ ਨਾੜੀਆਂ ਵਾਲਾ ਸਰੀਰ, ਜੋ ਕਿ ਬਟੂਏ ਵਾਂਗੂ ਹੈ। ਏਕੁ—ਇਕ ਪ੍ਰਭੂ ਨਾਮ। ਬਹਤਰਿ—ਬਹੱਤਰ ਵੱਡੀਆਂ ਨਾੜੀਆਂ ਵਾਲਾ ਸਰੀਰ। ਆਧਾਰੀ—ਝੋਲੀ। ਜਿਸਹਿ—ਜਿਸ ਸਰੀਰ ਰੂਪ ਝੋਲੀ ਨੂੰ। ਏਕੋ ਦੁਆਰਾ—(ਪ੍ਰਭੂ ਨਾਲ ਮਿਲਣ ਲਈ) ਇਕੋ ਦਸਮ ਦੁਆਰ ਰੂਪ ਬੂਹਾ ਹੈ। ਨਵੈ ਖੰਡ ਕੀ—ਨੌਂ ਖੰਡਾਂ ਵਾਲੀ, ਨੌਂ ਗੋਲਕਾਂ ਵਾਲੀ (ਦੇਹੀ)। ਪ੍ਰਿਥਮੀ—ਸਰੀਰ ਰੂਪੀ ਧਰਤੀ। ਜਗਿ—ਜਗਤ ਵਿਚ। ਸਾਰਾ—ਸਰੇਸ਼ਟ।੧।

ਨਉ ਨਿਧਿ—ਨੌਂ ਖ਼ਜ਼ਾਨੇ। ਬ੍ਰਹਮੁ—ਪਰਮਾਤਮਾ। ਤਲ ਕਾ ਬ੍ਰਹਮੁ—ਪਰਮੇਸ਼ਰ ਦੀ ਉਹ ਅੰਸ ਜੋ ਹੇਠਾਂ ਹੀ ਟਿਕੀ ਰਹਿੰਦੀ ਹੈ, ਮਾਇਆ ਵਿਚ ਫਸਿਆ ਆਤਮਾ। ਗਗਨਿ—ਅਕਾਸ਼ ਵਿਚ, ਉਤਾਹਾਂ ਮਾਇਆ ਦੇ ਪ੍ਰਭਾਵ ਤੋਂ ਉੱਚਾ।੧।ਰਹਾਉ।

ਖਿੰਥਾ—ਗੋਦੜੀ। ਮਥਿ—ਵੱਟ ਕੇ। ਘਾਲੈ—ਪਾਂਦਾ ਹੈ। ਪੰਚ ਤਤੁ—ਸਰੀਰ ਜੋ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਮਿਰਗਾਣੀ—ਮ੍ਰਿਗਛਾਲਾ, ਮ੍ਰਿਗ ਦੀ ਖੱਲ, ਹਿਰਨ ਦੀ ਖੱਲ ਜੋ ਜੋਗੀ ਥੱਲੇ ਵਿਛਾਉਂਦੇ ਹਨ। ਪੰਚ...ਮਿਰਗਾਣੀ—ਸਰੀਰ ਨੂੰ ਆਸਣ ਬਣਾ ਕੇ, ਸਰੀਰ ਦੇ ਮੋਹ ਨੂੰ ਪੈਰਾਂ ਹੇਠ ਰੱਖ ਕੇ, ਦੇਹ ਦੇ ਅਧਿਆਸ ਨੂੰ ਮੁਕਾ ਕੇ। ਮਾਰਗਿ—ਰਸਤੇ ਉੱਤੇ। ਚਾਲੈ—ਤੁਰਦਾ ਹੈ।੨।

ਫਾਹੁਰੀ—ਧੂੰਏ ਦੀ ਸੁਆਹ ਇਕੱਠੀ ਕਰਨ ਵਾਲੀ ਪਹੌੜੀ, ਫਉੜਾ। ਧੂਈ—ਧੂੰਆ, ਧੂਣੀ। ਦ੍ਰਿਸਟਿ—(ਹਰ ਥਾਂ ਪ੍ਰਭੂ ਨੂੰ ਦੇਖਣ ਵਾਲੀ) ਨਜ਼ਰ। ਤਿਸ ਕਾ—ਉਸ ਪ੍ਰਭੂ ਦਾ। ਭਾਉ—ਪਿਆਰ। ਚਹੁ ਜੁਗ—ਸਦਾ ਹੀ, ਅਟੱਲ। ਤਾੜੀ ਲਾਵੈ—ਸੁਰਤਿ ਜੋੜੀ ਰੱਖਦਾ ਹੈ।੩।

ਜੋਗਤਣ—ਜੋਗ ਕਮਾਉਣ ਦਾ ਉੱਦਮ। ਪਿੰਡੁ—ਸਰੀਰ। ਦੇਇ—ਦੇਂਦਾ ਹੈ। ਸਚਾ—ਸਦਾ ਟਿਕਿਆ ਰਹਿਣ ਵਾਲਾ। ਨੀਸਾਨਾ—ਨਿਸ਼ਾਨ, ਮੱਥੇ ਉੱਤੇ ਨੂਰ।੪।

ਅਰਥ :

ਪ੍ਰ: ਕਬੀਰ ਜੀ! ਦੱਸੋ ਤੁਹਾਡੇ ਪਾਸ ਸੁਆਹ ਆਦਿ ਸਮੱਗਰੀ ਰੱਖਣ ਲਈ ਬਟੂਆ ਥੈਲਾ ਕਿਹੜਾ ਹੈ ?

੧. (ਆਪ ਜੀ ਨੇ ਕਿਹਾ ਕਿ ਐ ਜੋਗੀ! ਜੈਸਾ ਸਾਡਾ ਅੰਤ੍ਰੀਵ ਸੂਖਮ ਜੋਗ ਹੈ ਤਾਂ ਉਸੇ ਹੀ ਪ੍ਰਕਾਰ ਦੇ ਉਸਦੇ ਸੂਖਮ ਅੰਤ੍ਰੀਵ ਚਿੰਨ੍ਹ ਹਨ। ਅਸੀਂ ਉਸੇ ਨੂੰ ਸਰੇਸ਼ਟ ਜੋਗੀ ਮੰਨਦੇ ਹਾਂ ਕਿ) ਜਿਸ ਨੇ ਬਹੱਤਰ (ਹਜ਼ਾਰ) ਨਾੜੀਆਂ ਵਾਲੀ ਇਸ ਦੇਹ ਨੂੰ (ਜੋਗੀ ਦੇ ਸੁਆਹ ਵਾਲੇ ਬਟੂਏ ਦੀ ਥਾਂ) ਇਕ ਥੈਲਾ ਸਮਝ ਲਿਆ ਹੈ, ਭਾਵ ਹੈ ਕਿ ਜਿਸਨੇ ਸੁਆਹ ਨਾਲ ਭਰੇ ਬਟੂਏ ਨੂੰ ਚੁੱਕੀ ਫਿਰਨ ਦੀ ਥਾਂ ਸਰੀਰ ਨੂੰ ਹੀ ਇਕ ਸੁਆਹ ਦਾ ਨਾਸਵੰਤ ਥੈਲਾ ਸਮਝ ਰਖਿਆ ਹੈ, ਜਿਸ ਸਰੀਰ ਵਿਚ ਪ੍ਰਭੂ ਨੂੰ ਮਿਲਣ ਲਈ ਇਕੋ (ਦਿਮਾਗ਼ ਰੂਪ) ਬੂਹਾ ਹੈ।

ਪ੍ਰ: ਕਬੀਰ ਜੀ! ਸਾਡੇ ਮਤ ਵਿਚ ਆਇਆ ਜੋਗੀ ਤਾਂ ਸਦਾ ਇਕ ਥਾਂ ਨਹੀਂ ਟਿਕਦਾ, ਉਹ ਤਾਂ ਹਮੇਸ਼ਾ ਹੀ ਜਗਤ ਦਾ ਚੱਕਰ ਲਾਕੇ ਭਿਛਿਆ ਮੰਗਦਾ ਰਹਿੰਦਾ ਹੈ, ਪਰ ਤੁਹਾਡਾ ਅੰਤ੍ਰੀਵ ਜੋਗ ਧਾਰਨ ਵਾਲਾ ਜੋਗੀ ਕੀ ਮੰਗਦਾ ਹੈ ?

ਉ: ੨. ਹੇ ਜੋਗੀ! ਗੁਰਮਤਿ ਦਾ ਧਾਰਨੀ ਜੋਗੀ ਤਾਂ ਜਗਤ ਵਿਚ ਦਰ-ਦਰ ਭਿੱਛਿਆ ਮੰਗਦਾ ਹੀ ਨਹੀਂ ਫਿਰਦਾ, ਉਹ ਤਾਂ ਇਸ ਨੌਂ ਜੋੜਾਂ ਵਾਲੇ ਸਰੀਰ ਰੂਪੀ ਧਰਤੀ ਦੇ ਅੰਦਰ ਹੀ ਭਿਖਿਆ ਮੰਗਦਾ ਹੈ, ਭਾਵ ਹੈ ਪ੍ਰਭੂ ਦੇ ਦਰ ਤੋਂ ਰਾਮ ਨਾਮ ਦੀ ਭਿਖਿਆ ਇਸ ਸਰੀਰ ਦੇ ਅੰਦਰੋਂ ਹੀ ਮੰਗਦਾ ਹੈ, (ਜੋ ਇਹ ਗੁਣ ਧਾਰਨ ਕਰਦਾ ਹੈ, ਸਾਡੀਆਂ ਨਜ਼ਰਾਂ ਵਿਚ ਤਾਂ) ਉਹੋ ਜੋਗੀ ਜਗਤ ਵਿਚ ਸਾਰਿਆਂ ਤੋਂ ਸਰੇਸ਼ਟ ਜੋਗੀ ਹੈ।੧।

ਪ੍ਰ: ਕਬੀਰ ਜੀਉ! ਸਾਡੇ ਮਤ ਵਿਚ ਆਇਆ ਜੋਗੀ ਜਦੋਂ ਭਿਖਿਆ ਮੰਗਦਾ ਹੈ, ਤਾਂ ਉਸਨੂੰ ਆਟਾ, ਦਾਲ, ਚੌਲ, ਬਸਤ੍ਰ ਆਦਿ ਹਰ ਸ਼ੈ ਮਿਲਦੀ ਹੈ, ਪਰ ਉਸ ਤੁਹਾਡੇ ਗੁਰਮਤਿ ਦੇ ਜੋਗੀ ਨੂੰ ਭੀ ਕੋਈ ਪਦਾਰਥ ਮਿਲਦਾ ਹੈ ?

ਉ: ੩. ਹੇ ਜੋਗੀ! ਐਸੀ ਗੁਰਮਤਿ ਦੇ ਧਾਰਨ ਕਰਨ ਵਾਲਾ ਜੋਗੀ (ਆਟਾ, ਦਾਲ, ਚੌਲ ਤੇ ਬਸਤ੍ਰ ਆਦਿਕ ਤੁੱਛ ਪਦਾਰਥਾਂ ਦੀ ਮੰਗ ਨਹੀਂ ਕਰਦਾ, ਕਿਉਂਕਿ ਉਹ ਤਾਂ) ਨੌਂ ਹੀ ਖ਼ਜ਼ਾਨਿਆਂ ਨੂੰ ਪ੍ਰਾਪਤ ਕਰ ਲੈਂਦਾ ਹੈ, (ਇਸ ਲਈ ਉਸ ਨੂੰ ਇਨ੍ਹਾਂ ਤੁੱਛ ਪਦਾਰਥਾਂ ਦੇ ਪ੍ਰਾਪਤ ਕਰਨ ਦੀ ਇੱਛਾ ਹੀ ਨਹੀਂ ਰਹਿ ਜਾਂਦੀ)।

ਪ੍ਰ: ਕਬੀਰ ਜੀ! ਦੱਸੋ, ਉਹ ਤੁਹਾਡਾ ਜੋਗੀ, ਇਤਨਾ ਨਿਰਇੱਛਤ ਕਿਵੇਂ ਹੋ ਜਾਂਦਾ ਹੈ ?

ਉ: ੪. ਹੇ ਜੋਗੀ ਸੁਣ! ਅਸਲ ਵਿਚ ਜਿਸ ਗੁਰਮਤਿ ਨੂੰ ਧਾਰਨ ਕਰਨ ਵਾਲੇ ਨੇ ਨਾਮ-ਭਿਖਿਆ ਪ੍ਰਾਪਤ ਕਰ ਲਈ ਹੈ, ਉਹ ਫਿਰ ਹੇਠਲੇ ਬ੍ਰਹਮ ਨੂੰ ਲੈ ਕੇ ਅਕਾਸ਼ ਚੜ੍ਹਾ ਲਏਗਾ (ਭਾਵ ਹੈ ਕਿ ਉਹ ਮਨੁੱਖ ਮਾਇਆ ਗ੍ਰਸੇ ਆਤਮਾ ਨੂੰ ਚੁੱਕ ਕੇ ਮਾਇਆ ਦੇ ਪ੍ਰਭਾਵ ਤੋਂ ਉੱਚਾ ਲੈ ਜਾਂਦਾ ਹੈ, ਜਿਥੇ ਕਿ ਉਸਨੂੰ ਕੋਈ ਪਦਾਰਥਕ ਇੱਛਾ ਹੀ ਨਹੀਂ ਰਹਿ ਜਾਂਦੀ)।੧।ਰਹਾਉ।

ਪ੍ਰ: ਕਬੀਰ ਜੀਉ! ਅਸੀਂ ਜੋਗੀ ਲੋਕ ਤਾਂ ਠੰਢ ਰੋਕਣ ਲਈ ਗੋਦੜੀ ਪਹਿਰਦੇ ਹਾਂ, ਜਿਸਨੂੰ ਸੂਈ ਵਿਚ ਧਾਗਾ ਪਾ ਕੇ ਸਿਉਂਇਆਂ ਜਾਂਦਾ ਹੈ, ਪਰ ਦੱਸੋ ਤੁਹਾਡੇ ਜੋਗੀ ਪਾਸ ਕਿਹੜੀ ਗੋਦੜੀ, ਸੂਈ ਅਤੇ ਧਾਗਾ ਹੈ ?

ਉ: ੫. ਐ ਜੋਗੀ! ਜੋ ਗੁਰਮਤਿ ਨੂੰ ਧਾਰਨ ਵਾਲਾ ਹੈ, ਉਹ ਜੰਮਣ ਮਰਨ ਰੂਪ ਠੰਢ ਮੇਟਣ ਲਈ ਗਿਆਨ ਪ੍ਰਾਪਤੀ ਦੀ ਸੱਚੀ ਗੋਦੜੀ ਬਣਾਉਂਦਾ ਹੈ, ਉਸ ਗਿਆਨ ਦੀ ਗੋਦੜੀ ਨੂੰ ਸਿਉਣ ਲਈ ਧਿਆਨ ਦੀ ਸੂਈ ਬਣਾਉਂਦਾ ਹੈ, ਭਾਵ ਹੈ ਕਿ ਉਹ ਪ੍ਰਭੂ ਦੇ ਚਰਨਾਂ ਵਿਚ ਧਿਆਨ ਜੋੜਨ ਰੂਪ ਸੂਈ ਤਿਆਰ ਕਰਦਾ ਹੈ ਅਤੇ ਗੁਰੂ ਦੇ ਸ਼ਬਦ ਨੂੰ ਮਥਨ ਕਰਦੇ ਰਹਿਣਾ (ਭਾਵ ਹੈ ਕਿ ਬਾਰ-ਬਾਰ ਗੁਰੂ ਦੇ ਸ਼ਬਦ ਦੀ

ਕਮਾਈ, ਅਭਿਆਸ ਕਰਦੇ ਰਹਿਣਾ) ਇਹੋ ਸੂਈ ਵਿਚ ਉਹ ਧਾਗਾ ਪਾਉਂਦਾ ਹੈ।

ਪ੍ਰ: ਕਬੀਰ ਜੀਓ ! ਅਸੀਂ ਜੋਗੀ ਲੋਕ ਤਾਂ ਧਿਆਨ ਵਿਚ ਬੈਠਣ ਸਮੇਂ ਹੇਠ ਮ੍ਰਿਗਛਾਲਾ ਵਿਛਾਉਂਦੇ ਹਾਂ, ਤੁਹਾਡੇ ਜੋਗੀ ਦੀ ਕਿਹੜੀ ਮ੍ਰਿਗਛਾਲਾ ਹੈ ?

ਉ: ੬. ਹੇ ਜੋਗੀ ! ਉਹ ਸਾਡਾ ਗੁਰਮਤਿ ਦਾ ਜੋਗੀ ਤਾਂ ਪੰਜਾਂ ਤੱਤਾਂ ਦੀ (ਰਹਿਣੀ ਰਹਿਤ ਨੂੰ ਆਪਣੀ) ਮ੍ਰਿਗ ਛਾਲਾ ਬਣਾਉਂਦਾ ਹੈ, (ਫਿਰ ਉਹ ਤੁਹਾਡੇ ਜੋਗੀ ਦੀ ਤਰ੍ਹਾਂ ਦੇਸ਼ਾਂ-ਦੇਸ਼ਾਂ ਵਿਚ ਰਟਨ ਨਹੀਂ ਕਰਦਾ) ਸਗੋਂ ਉਹ ਗੁਰੂ ਦੇ ਦੱਸੇ ਹੋਏ ਮਾਰਗ 'ਤੇ ਚਲਦਾ ਹੈ, ਭਾਵ ਉਸ ਦਾ ਜੀਵਨ ਗੁਰਮਤਿ ਅਨੁਸਾਰ ਗੁਜ਼ਰਦਾ ਹੈ।੨।

ਪ੍ਰ: ਭਗਤ ਜੀਉ ਸੁਣੋ ! ਸਾਡਾ ਜੋਗੀ ਤਾਂ ਧੂੰਈ ਲਾ ਕੇ ਅੱਗ ਜਲਾਉਂਦਾ ਹੈ ਅਤੇ ਉਸ ਧੂੰਣੇ ਦੇ ਆਲੇ ਦੁਆਲੇ ਖਿਲਰਨ ਵਾਲੀ ਸੁਆਹ ਨੂੰ ਇਕੱਠੀ ਕਰਨ ਲਈ ਅਪਣੇ ਪਾਸ ਇਕ ਫਉੜੀ ਰੱਖਦਾ ਹੈ, ਪਰ ਦੱਸੋ ਤੁਹਾਡੇ ਗੁਰਮਤਿ ਦੇ ਜੋਗੀ ਕੋਲ ਇਹ ਵਸਤੂਆਂ ਕਿਹੜੀਆਂ ਹਨ ?

ਉ: ੭. ਹੇ ਜੋਗੀ ਸੁਣ ! ਜੋ ਸਾਡਾ ਗੁਰਮਤਿ ਦਾ ਧਾਰਨੀ ਜੋਗੀ ਹੈ, ਉਹ ਹਰ ਇਕ ਜੀਵ ਉੱਤੇ ਦਇਆ ਕਰਨ ਰੂਪ ਆਪਣੇ ਪਾਸ ਹਮੇਸ਼ਾਂ ਹੀ ਫਉੜੀ ਧਾਰਨ ਕਰੀ ਰੱਖਦਾ ਹੈ, ਇਸ ਨਾਲ ਉਹ ਹਿੰਸਾ ਆਦਿਕ ਖੋਟੇ ਸੁਭਾਵਾਂ ਨੂੰ ਹੂੰਜਾ ਫੇਰ ਦੇਂਦਾ ਹੈ ਅਤੇ ਫਿਰ ਉਹ ਦੇਹ ਅਧਯਾਸ ਦੀ ਧੂਣੀ ਲਾਉਂਦਾ ਹੈ (ਭਾਵ ਬ੍ਰਹਮ ਦ੍ਰਿਸ਼ਟੀ ਨਾਲ ਦੇਹ ਦਾ ਅਧਯਾਸ ਸਾੜ ਦੇਂਦਾ ਭਾਵ ਤਿਆਗ ਦੇਂਦਾ ਹੈ) ਫਿਰ ਉਸ ਧੂੰਣੀ ਨੂੰ ਦ੍ਰਿਸ਼ਟੀ ਦੀ ਅਗਨੀ ਨਾਲ ਜਲਾਉਂਦਾ ਹੈ, ਭਾਵ ਹੈ ਕਿ ਉਹ ਉਸ ਪ੍ਰਭੂ ਨੂੰ ਹਰ ਥਾਂ ਵੇਖਣ ਵਾਲੀ ਨਜ਼ਰ ਦੀ ਅੱਗ ਬਾਲਦਾ ਹੈ।

੮. ਫਿਰ ਉਸ ਦ੍ਰਿਸ਼ਟੀ ਦਾ ਭਾਵ ਰਿਦੇ ਵਿਚ ਲੈਂਦਾ ਹੈ, ਭਾਵ ਅੰਤਰਮੁਖ ਦ੍ਰਿਸ਼ਟੀ ਨੂੰ ਪ੍ਰਪੱਕ ਕਰ ਲੈਂਦਾ ਹੈ, ਅਰਥਾਤ ਉਸ ਪਰਮੇਸ਼ਰ ਦਾ ਪਿਆਰ ਆਪਣੇ ਹਿਰਦੇ ਅੰਦਰ ਵਸਾਉਂਦਾ ਹੈ, ਉਸ ਅੰਤਰਮੁਖ ਦ੍ਰਿਸ਼ਟੀ ਦੀ ਚਹੁੰਜੁਗੀ ਤਾੜੀ ਲਾਉਂਦਾ ਹੈ, ਭਾਵ ਉਸਦੀ ਇਹ ਤਾੜੀ ਸਦੀਵੀ ਹੋ ਜਾਂਦੀ ਹੈ, ਉਹ ਸਦਾ ਲਈ ਆਪਣੀ ਸੁਰਤਿ ਨੂੰ ਪ੍ਰਭੂ ਦੇ ਚਰਨਾਂ ਵਿਚ ਜੋੜੀ ਰੱਖਦਾ ਹੈ।੩।

ਪ੍ਰ: ਕਬੀਰ ਜੀ ! ਦੱਸੋ, ਇਸ ਸਾਰੀ ਜੋਗ-ਪ੍ਰਕ੍ਰਿਆ ਦਾ ਮੂਲ ਕਾਰਣ ਕੀ ਹੈ ?

ਉ: ੯. ਹੇ ਜੋਗੀ ਮਿਤ੍ਰਾ ! ਸੁਣ, ਅਸਲ ਵਿਚ ਇਸ ਸਾਰੀ ਜੋਗ-ਪ੍ਰਕ੍ਰਿਆ ਦਾ ਮੂਲ ਤਾਂ ਰਮੇ ਹੋਏ ਪਰਮੇਸ਼ਰ ਦਾ ਨਾਮ ਹੈ, ਜਿਸ ਰਾਮ ਦੀ ਕਿ ਇਹ ਦੇਹ ਤੇ ਪ੍ਰਾਣ ਹਨ।

ਪ੍ਰ: ਕਬੀਰ ਜੀ, ਫਿਰ ਇਹ ਦੱਸੋ ਕਿ ਇਹ ਰਾਮ ਦਾ ਨਾਮ ਹਰ ਮਨੁੱਖ ਨੂੰ ਕਿਉਂ ਨਹੀਂ ਪ੍ਰਾਪਤ ਹੋ ਜਾਂਦਾ ?

ਉ: ੧੦. ਕਬੀਰ ਜੀ ਕਹਿੰਦੇ ਹਨ ਕਿ ਹੇ ਜੋਗੀ ! ਇਹ ਰਾਮ ਰੂਪੀ ਸੱਚਾ ਨੀਸਾਣ ਪ੍ਰਾਪਤ ਉਸੇ ਨੂੰ ਹੁੰਦਾ ਹੈ ਜਦ ਕਿ ਉਹ ਰਾਮ ਆਪ ਹੀ ਕਿਰਪਾ ਧਾਰਨ ਕਰੇ, ਭਾਵ ਹੈ ਰਾਮ ਨਾਮ ਰੂਪੀ ਹੀ ਸੱਚਾ ਨੀਸਾਣ ਹੈ, ਜਿਸ ਨੀਸਾਣ ਕਰਕੇ ਜਮ ਉਸ ਤੋਂ ਡਰਦੇ ਹਨ, ਤੇ ਉਸ ਸੱਚੇ ਨੀਸਾਣ ਕਰਕੇ ਉਸਨੂੰ ਉਸ ਸੱਚੇ ਦੇ ਲੋਕ ਵਿਚ ਕੋਈ ਭੀ ਰੋਕ ਨਹੀਂ ਪੈਂਦੀ।੪।੭।

ਉਥਾਨਕਾ : ਅਜਿਹੇ ਹੋਰ ਵੀ ਕਈ ਸ਼ਬਦ ਬਾਣੀ ਵਿਚੋਂ ਮਿਲਦੇ ਹਨ, ਜਿਨ੍ਹਾਂ ਤੋਂ ਜਾਪਦਾ ਹੈ ਕਿ ਕਬੀਰ ਜੀ ਦੇ ਮੁਸਲਮਾਨ ਹੁੰਦਿਆਂ ਭਗਤੀ ਮਾਰਗ ਵਿਚ ਟੁਰਦਿਆਂ ਤੇ ਹਿੰਦੂ ਸੰਤ ਦੇ ਮਗਰ ਲਗ ਕੇ ਨਾਮ ਜਪਦਿਆਂ ਦੇਖਕੇ ਆਮ ਮੁਸਲਮਾਨ ਤੇ ਖ਼ਾਸ ਕਰਕੇ ਕਾਜ਼ੀ ਬਹੁਤ ਖੁਣਸਾਂ ਖਾਂਦੇ ਸਨ ਤੇ ਉਨ੍ਹਾਂ ਨਾਲ ਬਹਿਸਾਂ ਕਰਦੇ, ਤੁਰਕ ਤਰੀਕਿਆਂ 'ਤੇ ਚਲਣ ਲਈ ਪ੍ਰੇਰਣਾ ਕਰਦੇ ਸਨ, ਪਰ ਕਾਮਯਾਬ ਨਹੀਂ ਸਨ ਹੁੰਦੇ। ਇਸ ਸ਼ਬਦ ਵਿਚ ਭੀ ਕਾਜ਼ੀ ਵਲੋਂ ਕਬੀਰ ਸਾਹਿਬ ਜੀ ਨੂੰ ਮੁਸਲਮਾਨਾਂ ਦੀ ਸ਼ਰ੍ਹਾ ਵਿਚ ਚਲਣ ਲਈ ਪ੍ਰੇਰਣਾ ਹੈ, ਕਿਉਂਕਿ ਇਸ ਕਾਜ਼ੀ ਦੇ ਕਹਿਣ ਤੋਂ ਭਾਵ ਹੈ ਕਿ ਮੁਸਲਮਾਨ ਬਹਿਸ਼ਤਾਂ ਨੂੰ ਤੇ ਹਿੰਦੂ ਦੋਜ਼ਕਾਂ ਨੂੰ ਜਾਣਗੇ, ਪਰ ਕਬੀਰ ਜੀ ਇਸ ਕਾਜ਼ੀ ਦੇ ਇਨ੍ਹਾਂ ਤਅੱਸਬੀ ਗ਼ਲਤ ਖ਼ਿਆਲਾਂ ਨੂੰ ਖ਼ੁਦਾ ਦੇ ਮਾਰਗ ਵਿਚ ਨਾ ਚਲਣ ਦੇਣ ਵਾਲੇ ਸਿਧ ਕਰਦੇ ਹਨ।

ਆਸਾ ॥

੧. ਹਿੰਦੂ ਤੁਰਕ ਕਹਾ ਤੇ ਆਏ
ਕਿਨਿ ਏਹ ਰਾਹ ਚਲਾਈ ॥
੨. ਦਿਲ ਮਹਿ ਸੋਚਿ ਬਿਚਾਰਿ ਕਵਾਦੇ
ਭਿਸਤ ਦੋਜਕ ਕਿਨਿ ਪਾਈ ॥੧॥
੩. ਕਾਜੀ ਤੈ ਕਵਨ ਕਤੇਬ ਬਖਾਨੀ ॥
੪. ਪੜ੍ਹਤ ਗੁਨਤ ਐਸੇ ਸਭ ਮਾਰੇ
ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥
੫. ਸਕਤਿ ਸਨੇਹੁ ਕਰਿ ਸੁੰਨਤਿ ਕਰੀਐ
ਮੈ ਨ ਬਦਉਗਾ ਭਾਈ ॥
੬. ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ
ਆਪਨ ਹੀ ਕਟਿ ਜਾਈ ॥੨॥
੭. ਸੁੰਨਤਿ ਕੀਏ ਤੁਰਕੁ ਜੇ ਹੋਇਗਾ
ਅਉਰਤ ਕਾ ਕਿਆ ਕਰੀਐ ॥
੮. ਅਰਧ ਸਰੀਰੀ ਨਾਰਿ ਨ ਛੋਡੈ
ਤਾ ਤੇ ਹਿੰਦੂ ਹੀ ਰਹੀਐ ॥੩॥
੯. ਛਾਡਿ ਕਤੇਬ ਰਾਮੁ ਭਜੁ ਬਉਰੇ
ਜੁਲਮ ਕਰਤ ਹੈ ਭਾਰੀ ॥
੧੦. ਕਬੀਰੈ ਪਕਰੀ ਟੇਕ ਰਾਮ ਕੀ
ਤੁਰਕ ਰਹੇ ਪਚਿਹਾਰੀ ॥੪॥੮॥

ਪਦ ਅਰਥ : ਕਹਾ ਤੇ—ਕਿਥੋਂ ? ਕਿਨਿ—ਕਿਸਨੇ ? ਏਹ ਰਾਹ—ਹਿੰਦੂ ਤੇ ਮੁਸਲਮਾਨਾਂ ਦੀ ਮਰਯਾਦਾ ਦੇ ਦੋਵੇਂ ਇਹ ਰਸਤੇ। ਕਵਾਦੇ—ਬਚਨ ਕਰ, [ਕੁ+ਵਾਦ=ਭੈੜੇ ਝਗੜੇ, ਬਿਰਥਾ ਝਗੜੇ ਕਰਨ ਵਾਲੇ] ਹੇ ਕੋਝੇ ਝਗੜਾਲੂ।੧। ਤੈ—ਤੂੰ। ਬਖਾਨੀ—ਦਸ ਰਿਹਾ ਹੈਂ। ਗੁਨਤ—ਵੀਚਾਰਦੇ।੧।ਰਹਾਉ। ਭਿਸਤ—[ਬਹਿਸ਼ਤ] ਸਵਰਗ,

ਜੰਨਤ। ਦੋਜਕ–ਦੋਜ਼ਕ, ਨਰਕ, ਜਹੰਨਮ। ਸਕਤਿ–ਸ਼ਕਤੀ, ਮੁਰਾਦ ਹੈ ਇਸਤ੍ਰੀ। ਸਨੇਹੁ–ਪਿਆਰ। ਸੁੰਨਤਿ–ਮੁਸਲਮਾਨਾਂ ਦੀ ਮਜ਼ਹਬੀ ਰਸਮ, ਛੋਟੀ ਉਮਰੇ ਮੁੰਡੇ ਦੀ ਇੰਦ੍ਰੀ ਦੇ ਸਿਰੇ ਦਾ ਮਾਸ ਕੱਟ ਦੇਂਦੇ ਹਨ। ਬਦਉਗਾ–ਮੰਨਾਂਗਾ। ਭਾਈ–ਹੇ ਭਾਈ। ਜਉ–ਜੇ। ਰੇ–ਹੇ ਭਾਈ। ਮੋਹਿ–ਮੈਨੂੰ।੨। ਕੀਏ–ਕੀਤਿਆਂ। ਕਿਆ ਕਰੀਐ–ਕੀ ਕੀਤਾ ਜਾਏ ? ਅਉਰਤ–ਪਰਦੇ ਦੇ ਲਾਇਕ, ਛਪੌਣ ਲਾਇਕ, ਮੁਰਾਦ ਹੈ ਇਸਤ੍ਰੀ, ਤੀਵੀਂ, ਜ਼ਨ, ਨਾਰੀ। ਅਰਧ ਸਰੀਰੀ–ਅਧੇ ਸਰੀਰ ਵਾਲੀ, ਅਧੇ ਸਰੀਰ ਦੀ ਮਾਲਕ, ਮਨੁੱਖ ਦੀ ਅੱਧ ਦੀ ਮਾਲਕ, ਸਦਾ ਦੀ ਸਾਥਣ। ਨਾਰਿ–ਵਹੁਟੀ। ਤਾ ਤੇ–ਇਸ ਵਾਸਤੇ।੩। ਬਉਰੇ–ਹੇ ਕਮਲੇ। ਪਚਿਹਾਰੀ–ਖਪਦੇ ਰਹੇ, ਖ਼ੁਆਰ ਹੋਏ।੪।

ਅਰਥ :

ਪ੍ਰ: ਹੇ ਕਬੀਰ ! ਕੇਵਲ ਮੁਸਲਮਾਨ ਹੀ ਬਹਿਸ਼ਤਾਂ ਨੂੰ ਜਾਣਗੇ, ਹਿੰਦੂ ਤਾਂ ਸਾਰੇ ਹੀ ਦੋਜ਼ਕ ਦੇ ਭਾਗੀ ਹਨ, ਇਸ ਲਈ ਤੈਨੂੰ ਇਸਲਾਮੀ ਸ਼ਰ੍ਹਾ ਵਿਚ ਰਹਿਣਾ ਚਾਹੀਦਾ ਹੈ।

ਉ: ੧. ਹੇ ਕਾਜ਼ੀ ! ਤੂੰ ਇਹ ਦੱਸ ਕਿ ਹਿੰਦੂ ਤੇ ਮੁਸਲਮਾਨ ਇਹ ਦੋਵੇਂ ਕਿਥੋਂ ਆਏ ਹਨ ? ਭਾਵ ਹੈ ਕਿ ਇਕ ਪਰਮੇਸ਼ਰ ਤੋਂ ਬਿਨਾਂ ਹੋਰ ਕਿਥੋਂ ਪੈਦਾ ਹੋਏ ਹਨ ਅਤੇ ਇਹ (ਅੱਡ-ਅੱਡ ਮਜ਼ਹਬੀ) ਰੀਤੀ ਕਿਸ ਨੇ ਟੋਰੀ ਹੈ, ਭਾਵ ਪ੍ਰਭੂ ਤੋਂ ਬਿਨਾਂ ਇਹ ਦੋਵੇਂ ਰਸਤੇ ਹੋਰ ਕਿਸ ਨੇ ਤੋਰੇ ਹਨ, ਜਦੋਂ ਕਿ ਦੋਹਾਂ ਮਤਾਂ ਦੇ ਬੰਦੇ ਇਕੋ ਰੱਬ ਨੇ ਹੀ ਪੈਦਾ ਕੀਤੇ ਹਨ, ਤਾਂ ਦੱਸ ਉਹ ਕਿਸ ਨਾਲ ਵਿਤਕਰਾ ਕਰ ਸਕਦਾ ਹੈ ? ਭਾਵ ਹੈ ਉਸ ਖ਼ੁਦਾ ਵਿਚ ਵਿਤਕਰਾ ਨਹੀਂ, ਵਿਤਕਰਾ ਤਾਂ ਇਨ੍ਹਾਂ ਬੰਦਿਆਂ ਵਿਚ ਹੀ ਹੈ।

੨. ਹੇ ਕਾਜ਼ੀ ! ਤੂੰ ਦਿਲ ਵਿਚ ਸੋਚ ਤੇ ਵੀਚਾਰ ਕਰਕੇ ਗੱਲ ਕਰ, ਭਾਵ ਹੇ ਕੋਝੇ ਝਗੜਾਲੂ ਕਾਜ਼ੀ ! ਤੂੰ ਆਪਣੇ ਮਤ ਨੂੰ ਸਿੱਧ ਕਰਨ ਲਈ ਬਹਿਸਾਂ ਕਰਨ ਦੀ ਥਾਂ ਅਸਲੀਅਤ ਨੂੰ ਲੱਭਣ ਲਈ ਆਪਣੇ ਦਿਲ ਵਿਚ ਸੋਚ ਤੇ ਵੀਚਾਰ ਕਰ। ਭਾਵ ਇਹ ਕਿ ਕੇਵਲ ਮੁਸਲਮਾਨ ਜਾਂ ਹਿੰਦੂ ਹੋਣ ਕਰਕੇ ਹੀ, ਕਿਸ ਨੇ ਬਹਿਸ਼ਤ ਲੱਭਾ ਹੈ, ਤੇ ਕਿਸਨੇ ਦੋਜ਼ਖ਼ ? (ਭਾਵ ਹੈ ਸਿਰਫ਼ ਮੁਸਲਮਾਨ ਅਖਵਾਉਣ ਨਾਲ ਬਹਿਸ਼ਤ ਨਹੀਂ ਮਿਲ ਜਾਂਦਾ ਤੇ ਹਿੰਦੂ ਰਿਹਾਂ ਦੋਜ਼ਖ਼ ਵਿਚ ਨਹੀਂ ਪਈਦਾ)।੧।

ਪ੍ਰ: ਕਬੀਰ ਜੀਉ ! ਮੈਂ ਆਪਣੀ ਸ਼ਰ੍ਹਾ ਇਸਲਾਮ ਮਤ ਦੀਆਂ ਕਈ ਕਿਤਾਬਾਂ ਪੜ੍ਹੀਆਂ ਹਨ ਕਿ ਸਿਰਫ਼ ਮੁਸਲਮਾਨ ਹੀ ਬਹਿਸ਼ਤਾਂ ਨੂੰ ਜਾਣ ਦੇ ਹਕਦਾਰ ਹਨ, ਹਿੰਦੂ ਨਹੀਂ।

ਉ: ੩. ਹੇ ਕਾਜ਼ੀ ! ਤੂੰ ਦੱਸ, ਅਜਿਹੀ ਵਿਤਕਰੇ ਸਿਖਾਲਣ ਵਾਲੀ ਤੂੰ ਕਿਹੜੀ ਕਿਤਾਬ ਵਿਚੋਂ ਵਿਖਿਆਨ ਕਰਕੇ ਦੱਸ ਰਿਹਾ ਹੈਂ (ਕਿ ਮੁਸਲਮਾਨ ਨੂੰ ਬਹਿਸ਼ਤ ਤੇ ਹਿੰਦੂ ਨੂੰ ਦੋਜ਼ਖ਼ ਮਿਲੇਗਾ) ?

ਪ੍ਰ: ਹੇ ਕਬੀਰ ! ਮੈਂ ਇਕੱਲੇ ਨੇ ਹੀ ਨਹੀਂ, ਸਗੋਂ ਬਹੁਤ ਸਾਰੇ ਮੇਰੇ ਨਾਲ ਦੇ ਸਾਥੀ ਕਿਤਾਬਾਂ ਪੜ੍ਹ ਕੇ ਇਹੋ ਕੁਝ ਸ਼ਰ੍ਹਾ ਦਾ ਵਿਖਿਆਨ ਕਰਦੇ ਹਨ।

ਉ: ੪. ਹੇ ਕਾਜ਼ੀ ! ਤੇਰੇ ਵਰਗੇ ਹੋਰ ਵੀ ਪੜ੍ਹਨ ਤੇ ਵੀਚਾਰਨ ਵਾਲੇ, ਭਾਵ ਇਹ ਹੈ ਕਿ ਜੋ ਮਨੁੱਖ ਤੇਰੇ ਵਾਂਗੂ ਤਅੱਸਬ ਦੀ ਪੱਟੀ ਅੱਖਾਂ ਅੱਗੇ ਬੰਨ੍ਹ ਕੇ ਮਜ਼ਹਬੀ ਕਿਤਾਬਾਂ ਪੜ੍ਹਦੇ ਹਨ, (ਸੱਚ ਜਾਣ) ਉਹ ਸਭੇ ਹੀ ਖ਼ੁਆਰ ਹੁੰਦੇ ਹਨ ਅਤੇ ਕਿਸੇ ਨੂੰ ਵੀ ਅਸਲੀਅਤ ਦੀ ਸਮਝ ਨਹੀਂ ਪਈ।੧।ਰਹਾਉ।

ਪ੍ਰ: ਹੇ ਕਬੀਰ ! ਮੈਂ ਤਾਂ ਇਹੋ ਚਾਹੁੰਦਾ ਹਾਂ ਕਿ ਜੇ ਤੂੰ ਬਹਿਸ਼ਤ ਨੂੰ ਜਾਣਾ ਚਾਹੁੰਦਾ ਹੈਂ, ਤਾਂ ਤੇਰੇ ਲਈ ਚੰਗੀ ਗੱਲ ਤਾਂ ਇਹੋ ਹੈ ਕਿ ਤੂੰ ਮੁਸਲਮਾਨੀ ਸ਼ਰ੍ਹਾ ਵਿਚ ਆ ਤੇ ਸੁੰਨਤ ਕਰਵਾ ਲੈ, ਨਹੀਂ ਤਾਂ ਦੋਜ਼ਖ਼ਾਂ ਨੂੰ ਜਾਣਾ ਪਏਗਾ।

ਉ: ੫. ਹੇ ਕਾਜ਼ੀ ! ਸੁਣ, ਕੀ ਤੈਨੂੰ ਪਤਾ ਹੈ ਕਿ ਇਸਤ੍ਰੀ ਦੇ ਮੋਹ ਕਰਕੇ, ਔਰਤ ਦੇ ਪਿਆਰ ਦੀ ਖ਼ਾਤਰ ਸੁੰਨਤ ਦਾ ਰਿਵਾਜ ਪਿਆ ਹੈ, (ਇਸਦਾ ਤਅੱਲਕ ਖ਼ੁਦਾ ਨਾਲ ਕੋਈ ਨਹੀਂ) ਇਹ ਕਹਿਣ ਤੋਂ ਕਬੀਰ ਜੀ ਦਾ ਇਕ ਪਰੰਪਰਾ ਤੋਂ ਚਲੀ ਆ ਰਹੀ ਕਹਾਣੀ ਵੱਲ ਇਸ਼ਾਰਾ ਹੈ ਕਿ ਹਜ਼ਰਤ ਇਬਰਾਹੀਮ ਨੇ ਅਪਣੀ ਵਹੁਟੀ ਸਾਰਾ ਨੂੰ ਖ਼ੁਸ਼ ਕਰਨ ਲਈ ਆਪਣੀ ਸੁੰਨਤ ਕਰਵਾਈ ਸੀ[੧] ਕਿਉਂਕਿ ਉਹ ਹਾਜਿਰਾ ਨਾਲ ਸੰਗ ਕਰ ਬੈਠਾ ਸੀ, (ਇਸ ਲਈ ਹੇ ਭਾਈ ਇਹ ਗੱਲ ਮੈਂ ਨਹੀਂ ਮੰਨ ਸਕਦਾ ਕਿ ਇਸ ਦਾ ਵੀ ਕੋਈ ਰੱਬ ਦੇ ਮਿਲਣ ਨਾਲ ਸੰਬੰਧ ਹੈ)

ਪ੍ਰ: ਕਬੀਰ ! ਇਸਦਾ ਮਤਲਬ ਇਹ ਹੋਇਆ ਕਿ ਤੂੰ ਮੁਸਲਮਾਨ ਬਣ ਕੇ ਬਹਿਸ਼ਤਾਂ ਨੂੰ ਜਾਣਾ ਹੀ ਨਹੀਂ ਚਾਹੁੰਦਾ ?

ਉ: ੬. ਹੇ ਕਾਜ਼ੀ ! ਤੂੰ ਮੈਨੂੰ ਇਹ ਦੱਸ ਕਿ ਖ਼ੁਦਾ ਨੇ ਜੇ ਮੈਨੂੰ ਮੁਸਲਮਾਨ ਬਣਾ ਕੇ ਹੀ ਬਹਿਸ਼ਤਾਂ ਨੂੰ ਲੈ ਜਾਣਾ ਹੋਇਆ, (ਤਾਂ ਖ਼ੁਦਾ ਦੀ ਮਰਜ਼ੀ ਨਾਲ) ਮੇਰੀ ਸੁੰਨਤ ਆਪਣੇ ਆਪ ਹੀ ਹੋ ਜਾਏਗੀ, ਭਾਵ ਮੇਰੀ ਇੰਦ੍ਰੀ ਆਪੇ ਹੀ ਕੱਟੀ ਜਾਏਗੀ।੨।

ਪ੍ਰ: (ਹੇ ਕਾਜ਼ੀ ਤੂੰ ਇਹ ਦੱਸ ਕੀ ਸੁੰਨਤ ਕੀਤੇ ਤੋਂ ਬਿਨਾਂ ਮੁਸਲਮਾਨ ਨਹੀਂ ਬਣ ਸਕੀਦਾ ? ਜੇ ਨਹੀਂ ਬਣ ਸਕੀਦਾ ਤਾਂ ਮੈਂ ਇਹ ਪੁੱਛਦਾ ਹਾਂ ਕਿ :)

੭. ਜੇ ਕੋਈ ਸੁੰਨਤ ਕਰਨ ਨਾਲ ਹੀ ਮੁਸਲਮਾਨ ਬਣ ਸਕਦਾ ਹੈ, ਤਾਂ ਫਿਰ ਦੱਸੋ ਤ੍ਰੀਮਤ ਦਾ ਕੀ ਕਰੋਗੇ ? ਭਾਵ ਉਸਦੀ ਸੁੰਨਤ ਹੋ ਹੀ ਨਹੀਂ ਸਕਦੀ। ਸੁੰਨਤ ਤੋਂ ਬਿਨਾਂ ਉਹ ਹਿੰਦੂ ਹੈ ਅਤੇ ਤੇਰੇ ਕਹਿਣ ਮੁਤਾਬਕ ਹਿੰਦੂ ਕਾਫ਼ਰ ਦੀ ਸੰਗਤ ਕਰਨ ਦੀ ਤੁਹਾਡੀ ਕਿਤਾਬ ਤੁਹਾਨੂੰ ਆਗਿਆ ਨਹੀਂ ਦੇਂਦੀ।

---

੧. **ਸੁੰਨਤ**–ਮੁਸਲਮਾਨਾਂ ਵਿਚ ਇਕ ਰਸਮ ਹੈ ਖਤਨੇ ਦੀ, ਜਿਸ ਵਿਚ ਬਚਪਨ ਵਿਚ ਹੀ ਇੰਦ੍ਰੀ ਦੇ ਕੁੱਛ ਮਾਸ ਨੂੰ ਥੋੜ੍ਹਾ ਕਟ ਦੇਂਦੇ ਹਨ, ਇਸਨੂੰ ਆਮ ਮੁਸਲਮਾਨ ਸੁੰਨਤ ਆਖਦੇ ਹਨ। ਇਹ ਰਸਮ ਮੁਹੰਮਦ ਸਾਹਿਬ ਨੇ ਜਾਰੀ ਕੀਤੀ ਸੀ, ਪਰ ਅਸਲ ਵਿਚ ਇਹ ਜਾਰੀ ਹੋਈ ਸੀ ਪੁਰਾਣੇ ਪੈਗ਼ੰਬਰ ਇਬਰਾਹੀਮ ਤੋਂ। 'ਸਕਤਿ ਸਨੇਹ' ਦਾ ਭਾਵ ਲੈਂਦੇ ਹਨ ਕਿ ਇਬਰਾਹੀਮ ਦੀ ਵਹੁਟੀ ਸੀ 'ਸਾਰਾਹ' ਤੇ ਗੋਲੀ ਵਿਆਹੀ ਸੀ 'ਹਾਜਰਾ'। ਹਾਜਰਾ ਦੇ ਇਸਮਾਈਲ ਪੁੱਤ੍ਰ ਜੰਮਿਆ ਤੇ 'ਸਾਰਾਹ' ਦੇ ਇਸਹਾਕ। 'ਸਾਰਾਹ' ਇਸਤ੍ਰੀ ਦੇ ਕਹਿਣ 'ਤੇ ਇਬਰਾਹੀਮ ਨੇ 'ਹਾਜਰਾ' ਤੇ ਇਸਮਾਈਲ ਨੂੰ ਘਰੋਂ ਕੱਢ ਦਿੱਤਾ ਸੀ, ਇਬਰਾਹੀਮ ਨੇ ਸੁੰਨਤ 'ਸਾਰਾਹ' ਦੇ ਕਹਿਣ 'ਤੇ ਇਹ ਹਲਕੇ ਦੰਡ ਵਜੋਂ ਕੀਤੀ ਸੀ।

੮. ਅਤੇ ਔਰਤ ਮਨੁੱਖ ਦੀ ਜੋ ਆਪਣਾ ਅੱਧਾ ਸਰੀਰ ਹੈ, ਉਸਨੂੰ ਛੱਡ ਨਹੀਂ ਸਕਦੇ ਭਾਵ ਮਨੁੱਖ ਦੇ ਜੀਵਨ ਦੀ ਹਰ ਵੇਲੇ ਦੀ ਸਾਂਝੀਵਾਲ ਹੈ, ਇਹ ਤਾਂ ਕਿਸੇ ਵੇਲੇ ਸਾਥ ਛੱਡਦੀ ਨਹੀਂ, ਤਾਂ ਤੇ ਹਰ ਮੁਸਲਮਾਨ ਦੀ ਔਰਤ ਹਿੰਦੂ ਹੀ ਰਹਿ ਰਹੀ ਹੈ, (ਅਤੇ ਤੂੰ ਸੁੰਨਤ ਕਰਾ ਕੇ ਮੁਸਲਮਾਨ ਬਣ ਗਿਆ ਹੈਂ, ਸੋ ਤੂੰ ਵੀਚਾਰ ਕੇ ਵੇਖ ਕਿ ਇਹ ਤਾਂ ਮੇਲ ਨਹੀਂ ਮਿਲਿਆ, ਕਿਉਂਕਿ ਤੂੰ ਦੀਨ ਦਾ ਵੱਡਾ ਹੋਕੇ ਭੀ ਆਪਣੇ ਘਰ ਵਿਚ ਕਾਫ਼ਰ ਨੂੰ ਵਸਾਈ ਬੈਠਾ ਹੈਂ ਤੇ ਉਸੇ ਦੇ ਹੱਥੋਂ ਖਾਂਦਾ, ਪੀਂਦਾ ਹੈਂ, ਤੂੰ ਚੰਗਾ ਮੁਸਲਮਾਨ ਹੈਂ ?)।੩।

ਪ੍ਰ: ਹੁਣ ਉਪ੍ਰੋਕਤ ਸਚਾਈ ਭਰੇ ਬਚਨ ਸੁਣ ਕੇ ਕਾਜ਼ੀ ਨੂੰ ਕੁਝ ਸੁਝ ਪਈ ਤੇ ਕਹਿਣ ਲੱਗਾ, ਅੱਛਾ ਕਬੀਰ ਜੀ, ਫਿਰ ਮੈਨੂੰ ਦੱਸ ਦਿਓ ਕਿ ਹੁਣ ਮੈਂ ਕੀ ਕਰਾਂ ?

ਉ: ੯. ਹੇ ਬਉਰੇ ਕਾਜ਼ੀ (ਜੇ ਤੂੰ ਆਪਣੀ ਭਲਾਈ ਲੋੜਦਾ ਹੈਂ ਤਾਂ ਤੂੰ) ਉਸ ਮਜ਼ਹਬੀ ਕਿਤਾਬ ਨੂੰ ਛੱਡ ਦੇ, ਜਿਸ ਵਿਚੋਂ ਤੈਨੂੰ ਅਜਿਹਾ ਪੁੱਠਾ ਸਬਕ ਮਿਲਦਾ ਹੈ ਅਤੇ ਰਾਮ ਦਾ ਭਜਨ ਕਰ, (ਹੇ ਕਾਜ਼ੀ ਕਮਲਿਆ ! ਤੂੰ ਇਨ੍ਹਾਂ ਸ਼ਰੇਈ ਕਿਤਾਬਾਂ ਨੂੰ ਪੜ੍ਹ ਕੇ) ਆਪਣੇ ਆਪ ਉੱਤੇ ਬੜਾ ਹੀ ਜ਼ੁਲਮ ਕਰਦਾ ਹੈਂ।

ਪ੍ਰ: ਕਬੀਰ ! ਫਿਰ ਤੂੰ ਆਪਣਾ ਨਿਸ਼ਚਾ ਭੀ ਦੱਸ ਛੱਡ ਕਿ ਤੇਰਾ ਯਕੀਨ ਕੀ ਹੈ ?

ਉ: ੧੦. ਕਬੀਰ ਜੀ ਕਹਿੰਦੇ ਹਨ ਕਿ ਹੇ ਕਾਜ਼ੀ, ਕਬੀਰ ਨੇ ਤਾਂ ਕੇਵਲ ਇਕ ਰਾਮ ਨਾਮ ਦੇ (ਸਿਮਰਨ) ਦੀ ਓਟ ਫੜੀ ਹੈ, ਸਿਮਰਨ ਦਾ ਆਸਰਾ ਲਿਆ ਹੈ। ਮੈਂ ਤਾਂ ਵੇਖ ਰਿਹਾ ਹਾਂ ਕਿ ਜਿਤਨੇ ਭੀ (ਝਗੜਾਲੂ) ਮੁਸਲਮਾਨ ਬਹਿਸਾਂ ਵਿਚ ਪੈ ਰਹੇ ਹਨ, ਉਹ ਆਖ਼ਰ ਖੱਪ-ਖੱਪ ਕੇ ਹਾਰ ਗਏ ਹਨ ਅਤੇ ਖ਼ੁਆਰ ਹੀ ਹੋ ਰਹੇ ਹਨ।੪।੮।

ਆਸਾ ॥

੧. ਜਬ ਲਗੁ ਤੇਲੁ ਦੀਵੇ ਮੁਖਿ ਬਾਤੀ
ਤਬ ਸੂਝੈ ਸਭੁ ਕੋਈ ॥
੨. ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥੧॥
੩. ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥
੪. ਤੂੰ ਰਾਮ ਨਾਮੁ ਜਪਿ ਸੋਈ ॥੧॥ ਰਹਾਉ ॥
੫. ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ
ਪੁਰਖ ਕੀ ਜੋਈ ॥
੬. ਘਟ ਫੂਟੇ ਕੋਊ ਬਾਤ ਨ ਪੂਛੈ
ਕਾਢਹੁ ਕਾਢਹੁ ਹੋਈ ॥੨॥
੭. ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥
੮. ਲਟ ਛਿਟਕਾਏ ਤਿਰੀਆ ਰੋਵੈ
ਹੰਸੁ ਇਕੇਲਾ ਜਾਈ ॥੩॥
੯. ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥
੧੦. ਇਸੁ ਬੰਦੇ ਸਿਰਿ ਜੁਲਮੁ ਹੋਤ ਹੈ
ਜਮੁ ਨਹੀ ਹਟੈ ਗੁਸਾਈ ॥੪॥੯॥ਦੁਤੁਕੇ

ਪਦ ਅਰਥ : ਮੁਖਿ—ਮੂੰਹ ਵਿਚ। ਬਾਤੀ—ਵੱਟੀ। ਸੂਝੈ—ਨਜ਼ਰੀ ਆਉਂਦਾ ਹੈ। ਸਭੁ ਕੋਈ—ਹਰੇਕ ਚੀਜ਼। ਠਹਰਾਨੀ—ਖਲੋ ਗਈ, ਸੁਕ ਗਈ। ਸੂੰਨਾ—ਸੁੰਵਾ, ਖ਼ਾਲੀ। ਮੰਦਰੁ—ਘਰ।੧।

ਕਾ ਕੀ—ਕਿਸਦੀ ? ਜੋਈ—ਜੋਰੂ, ਇਸਤ੍ਰੀ, ਵਹੁਟੀ। ਘਟ—ਸਰੀਰ। ਫੂਟੇ—ਛੁੱਟ ਜਾਣ ਤੇ।੨। ਦੇਹੁਰੀ—ਦਲੀਜ਼। ਖਟੀਆ—ਮੰਜੀ। ਲਟ ਛਿਟਕਾਏ—ਕੇਸ ਖੋਲ੍ਹ ਕੇ। ਤਿਰੀਆ—ਵਹੁਟੀ। ਹੰਸੁ—ਜੀਵਾਤਮਾ।੩।

ਭੈ ਸਾਗਰ—ਤੌਖਲਿਆਂ ਦਾ ਸਮੁੰਦਰ। ਕੈ ਤਾਈ—ਦੀ ਬਾਬਤ, ਦੇ ਬਾਰੇ। ਗੁਸਾਈ—ਹੇ ਸੰਤ ਜਨੋਂ।੪।

ਅਰਥ :

ਪ੍ਰ: ਕਬੀਰ ਜੀ ! ਇਹ ਦੱਸੋ ਕਿ ਇਸ ਸਰੀਰ ਦੇ ਅੰਦਰ ਉਹ ਕਿਹੜੀ ਸ਼ੈਅ ਹੈ ਜਿਸਦੇ ਆਸਰੇ ਇਸ ਨੂੰ ਇਹ ਸਭੋ ਕੁੱਝ ਆਪਣਾ ਹੀ ਆਪਣਾ ਪ੍ਰਤੀਤ ਹੋ ਰਿਹਾ ਹੈ ਅਤੇ ਉਹ ਸ਼ੈਅ ਨਿਕਲਣ ਨਾਲ ਫਿਰ ਇਸ ਨੂੰ ਕੋਈ ਵੀ ਆਪਣਾ ਨਹੀਂ ਸੁੱਝਦਾ, ਭਾਵ ਇਸਦੀ ਅਪਣੱਤ ਹੀ ਮੁੱਕ ਜਾਂਦੀ ਹੈ ?

ਉ: ੧. (ਕਬੀਰ ਜੀ ਇਕ ਆਮ ਵਰਤੋਂ ਵਿਚ ਆ ਰਹੀ ਮਿਸਾਲ ਦੇ ਕੇ ਸਮਝਾ ਰਹੇ ਹਨ ਕਿ) ਹੇ ਭਾਈ ! ਜਿਵੇਂ ਜਦੋਂ ਤੱਕ ਦੀਵੇ ਵਿਚ ਤੇਲ ਹੈ ਅਤੇ ਦੀਵੇ ਦੇ ਮੂੰਹ ਵਿਚ ਵੱਟੀ ਹੈ, ਤਦ ਤੱਕ ਹੀ ਘਰ ਵਿਚ ਪਿਆ ਹਰ ਪਦਾਰਥ ਆਪਣਾ ਹੀ ਨਜ਼ਰ ਆਉਂਦਾ ਹੈ, ਹਰਿਕ ਚੀਜ਼ ਨਜ਼ਰ ਆਉਂਦੀ ਹੈ।

੨. ਪਰ ਜਦੋਂ ਤੇਲ ਸੜ ਜਾਏ ਤੇ ਵੱਟੀ ਬਲਣੋਂ ਠਹਿਰ ਜਾਏ ਭਾਵ ਬੁੱਝ ਜਾਵੇ ਤਾਂ ਘਰ ਸੁੰਵਾ ਹੋ ਜਾਂਦਾ ਹੈ; ਤਿਵੇਂ, ਹੇ ਭਾਈਓ ! ਜਿਤਨਾ ਚਿਰ ਸਰੀਰ ਵਿਚ ਸੁਆਸ ਹਨ ਤੇ ਜ਼ਿੰਦਗੀ ਕਾਇਮ ਹੈ ਤਦ ਤੱਕ ਇਸਨੂੰ ਹਰ ਇਕ ਚੀਜ਼ ਆਪਣੀ ਜਾਪਦੀ ਹੈ, ਪਰ ਜਦੋਂ ਸੁਆਸ ਮੁੱਕ ਜਾਣ ਅਤੇ ਜ਼ਿੰਦਗੀ ਦੀ ਜੋਤ ਬੁੱਝ ਜਾਏ ਤਾਂ ਇਹ ਸਰੀਰ ਇਕੱਲਾ ਹੀ ਰਹਿ ਜਾਂਦਾ ਹੈ, ਭਾਵ ਫਿਰ ਕੋਈ ਆਪਣਾ ਨਹੀਂ ਸੁੱਝਦਾ। ਮਰ ਗਿਆਂ ਸਭਨਾਂ ਨਾਲੋਂ ਪਕੜ ਛੁੱਟ ਜਾਂਦੀ ਹੈ ਤੇ ਸਭਨਾਂ ਵਲੋਂ ਇਸਦਾ ਸਰੀਰ ਸੁੰਵਾ ਛੱਡ ਦਿੱਤਾ ਜਾਂਦਾ ਹੈ।੧।

ਪ੍ਰ: ਕਬੀਰ ਜੀ ! ਜਿਸ ਘਰ ਨੂੰ ਮੈਂ ਜ਼ਿੰਦਗੀ ਭਰ ਕਸ਼ਟਾਂ ਨਾਲ ਮਾਇਆ ਕਮਾ ਕੇ ਬਣਾਇਆ ਹੈ, ਉਸਨੂੰ ਕਿਵੇਂ ਛੱਡਿਆ ਜਾਵੇ, ਭਾਵ ਇਸਨੂੰ ਤਾਂ ਛੱਡਣਾ ਬੜਾ ਹੀ ਕਠਨ ਹੈ ?

ਉ: ੩. ਹੇ ਕਮਲਿਆ ! ਸੋਚ, ਜਦੋਂ ਤੇਰੀ ਪਰਾਰਬਧ ਮੁੱਕ ਗਈ ਤੇ ਸੁਾਸ ਖ਼ਤਮ ਹੋ ਗਏ ਤਾਂ ਉਸ ਵੇਲੇ ਤਾਂ ਤੈਨੂੰ ਇਸ ਘਰ ਕੋਈ ਇਕ ਘੜੀ ਵੀ ਨਹੀਂ ਰਖੇਗਾ।

ਪ੍ਰ: ਅਛਾ ਕਬੀਰ ਜੀਉ ! ਦੱਸੋ ਮੈਂ ਫਿਰ ਕੀ ਕਰਾਂ ?

ਉ: ੪. ਹੇ ਕਮਲਿਆ ! ਤੂੰ ਰਾਮ ਦਾ ਨਾਮ ਜਪ, (ਅੰਤ ਨੂੰ) ਇਕ ਓਹੀ ਸਾਥ ਨਿਭਾਉਣ ਵਾਲਾ ਹੈ।੧।ਰਹਾਉ।

੫. ਇਥੇ ਦੱਸੋ, ਕਿਸ ਦੀ ਕੋਈ ਮਾਂ ਹੈ, ਕੌਣ ਕਿਸ ਦਾ ਪਿਤਾ ਹੈ, ਕੌਣ ਕਿਸ ਪੁਰਖ ਦੀ ਇਸਤ੍ਰੀ ਹੈ ?

੬. ਹੇ ਸੱਜਨਾ, ਜਦੋਂ ਸਰੀਰ ਰੂਪੀ ਘੜਾ ਟੁੱਟ ਜਾਂਦਾ ਹੈ, ਭਾਵ ਮਨੁੱਖ ਮਰ ਜਾਂਦਾ ਹੈ, ਕੋਈ ਇਸਦੀ ਬਾਤ ਨਹੀਂ ਪੁੱਛਦਾ, ਉਸ ਵੇਲੇ ਤਾਂ ਬਸ ਕੱਢੋ-ਕੱਢੋ ਹੀ ਹੁੰਦੀ ਹੈ, (ਭਾਵ ਹਰ ਪਾਸਿਓਂ ਇਹੋ ਹੀ ਆਵਾਜ਼ ਆਉਂਦੀ ਹੈ ਕਿ ਇਸਨੂੰ ਛੇਤੀ ਬਾਹਰ ਕੱਢੋ)।੨।

੭. ਉਸ ਵੇਲੇ ਘਰ ਦੀ ਦਹਿਲੀਜ਼ 'ਤੇ ਬੈਠੀ ਮਾਂ ਰੋਂਦੀ ਹੈ, ਭਰਾ ਮੰਜੀ ਚੁੱਕ ਕੇ ਮਸਾਣਾਂ ਨੂੰ ਲੈ ਜਾਂਦੇ ਹਨ, ਭਾਵ ਨਾਲ ਉਹ ਵੀ ਨਹੀਂ ਜਾਂਦੇ।

੮. ਕੇਸ ਖਿਲਾਰ ਕੇ ਇਸਤ੍ਰੀ ਵੀ ਪਈ ਰੋਂਦੀ ਹੈ, ਪਰ ਪਤੀ ਨਾਲ ਸਰੀਰਕ ਸੰਬੰਧ ਟੁੱਟ ਗਏ ਹਨ, ਇਉਂ ਛਾਇਆ ਵਾਂਗੂ ਸਦਾ ਹੀ ਨਾਲ ਰਹਿਣ ਵਾਲੀ ਇਸਤ੍ਰੀ ਵੀ ਸਾਥ ਨਹੀਂ ਦੇਂਦੀ। ਦੇਖ ਲਓ, ਅੰਤ ਨੂੰ ਜੀਵਾਤਮਾ ਇਕੱਲਾ ਹੀ ਜਾਂਦਾ ਹੈ।੩।

ਪ੍ਰ: ਕਿਉਂ ਕਬੀਰ ਜੀ, ਆਖ਼ਰ ਸਿੱਟਾ ਕੀ ਨਿਕਲਿਆ ?

ਉ: ੯. ਕਬੀਰ ਜੀ ਕਹਿੰਦੇ ਹਨ, ਹੇ ਸੰਤ ਜਨੋ! ਇਸ ਸੰਸਾਰ ਰੂਪੀ ਡਰਾਉਣੇ ਸਮੁੰਦਰ ਦੀ ਬਾਬਤ ਸੁਣੋ, (ਭਾਵ ਆਖ਼ਰ ਸਿੱਟਾ ਇਹੋ ਹੀ ਨਿਕਲਦਾ ਹੈ ਕਿ ਇਸ ਸੰਸਾਰ ਵਿਚ ਫਸੇ ਰਹਿਣ ਕਰਕੇ, ਇਹ ਜਿਨ੍ਹਾਂ-ਜਿਨ੍ਹਾਂ ਨੂੰ ਆਪਣੇ ਸਮਝਦਾ ਰਿਹਾ, ਉਨ੍ਹਾਂ ਨਾਲੋਂ ਸਾਥ ਟੁੱਟ ਜਾਣ 'ਤੇ ਇਕੱਲੇ ਹੀ)

੧੦. ਇਸ ਜੀਵ ਉੱਤੇ ਇਸਦੇ ਕੀਤੇ ਕੁਕਰਮਾਂ ਅਨੁਸਾਰ ਮੁਸੀਬਤ ਆਉਂਦੀ ਹੈ, ਜਮ ਦਾ ਡਰ ਇਸਦੇ ਸਿਰ ਤੋਂ ਟਲਦਾ ਹੀ ਨਹੀਂ, ਜਮ ਦਾ ਜ਼ੁਲਮ ਬਾਰ-ਬਾਰ ਹੁੰਦਾ ਹੀ ਰਹਿੰਦਾ ਹੈ। ਹੇ ਗੁਸਾਈਂ (ਮਾਲਕ), ਜਮ ਮਗਰੋਂ ਹੀ ਨਹੀਂ ਲਹਿੰਦਾ।੪।੯।

ਭਾਵਾਰਥ : ਇਸ ਸ਼ਬਦ ਵਿਚ ਰਾਮ ਨਾਮ ਜਪਣ ਦਾ ਉਪਦੇਸ਼ ਹੈ, ਪਰ ਇਸ ਜੀਵ ਦੀ ਮੌਤ ਤੇ ਉਸਦੇ ਜੀਵਾਤਮਾ ਦੇ ਇਕੱਲੇ ਹੀ ਟੁਰ ਜਾਣ ਦਾ ਨਕਸ਼ਾ ਖਿਚ ਕੇ ਦਰਸਾਇਆ ਹੈ। ਰਾਮ ਨਾਮ ਵਲੋਂ ਗ਼ਫ਼ਲਤ ਕਰਨ ਦਾ ਫਲ, ਜਮ ਦਾ ਜ਼ੁਲਮ ਬਾਰ-ਬਾਰ ਵਿਆਪਦਾਂ ਰਹਿੰਦਾ ਦੱਸਿਆ ਹੈ।

ਨੋਟ : ਦੋ-ਦੋ ਤੁੱਕਾਂ ਦੇ 'ਬੰਦ' ਵਾਲੇ ਇਹ ੯ ਸ਼ਬਦ ਹਨ।

ੴ ਸਤਿਗੁਰ ਪ੍ਰਸਾਦਿ ॥

ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕਤੁਕੇ ॥

੧. ਸਨਕ ਸਨੰਦ ਅੰਤੁ ਨਹੀ ਪਾਇਆ ॥
੨. ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥
੩. ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
੪. ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥
੫. ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥
੬. ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥
੭. ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥
੮. ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥
੯. ਕਹੁ ਕਬੀਰ ਨਦਰਿ ਕਰੇ ਜੇ ਮੀਂਰਾ ॥
੧੦. ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥

ਪਦ ਅਰਥ : ਸਨਕ ਸਨੰਦ—ਬ੍ਰਹਮਾ ਦੇ ਪੁੱਤ੍ਰਾਂ ਦੇ ਨਾਮ ਹਨ। ਬ੍ਰਹਮੇ ਬੇਦ—ਬ੍ਰਹਮਾ ਦੇ ਰਚੇ ਹੋਏ ਵੇਦ। ਪੜੇ ਪੜਿ—ਪੜ੍ਹ ਪੜ੍ਹ ਕੇ।੧।

ਬਿਲੋਵਨਾ—ਰਿੜਕਨਾ। ਹਰਿ ਕਾ ਬਿਲੋਵਨਾ—ਜਿਵੇਂ ਦੁੱਧ ਨੂੰ ਮੁੜ-ਮੁੜ ਚੋਖਾ ਚਿਰ ਰਿੜਕੀਦਾ ਹੈ, ਇਸੇ ਤਰ੍ਹਾਂ ਪਰਮੇਸ਼ਰ ਦੀ ਮੁੜ-ਮੁੜ ਯਾਦ। ਸਹਜਿ—ਸਹਿਜ ਅਵਸਥਾ ਵਿਚ (ਟਿਕ ਕੇ) ਜਿਵੇਂ ਦੁੱਧ ਨੂੰ ਸਹਿਜੇ-ਸਹਿਜੇ ਰਿੜਕੀਦਾ ਹੈ, ਕਾਹਲੀ ਵਿਚ ਰਿੜਕਿਆਂ ਮੱਖਣ ਵਿਚੇ ਹੀ ਘੁਲ ਜਾਂਦਾ ਹੈ, ਤਿਵੇਂ ਮਨ ਨੂੰ ਸਹਿਜ ਅਵਸਥਾ ਵਿਚ ਰੱਖ ਕੇ ਪ੍ਰਭੂ ਦਾ ਸਿਮਰਨ ਕਰਨਾ ਹੈ। ਤਤੁ—ਦੁੱਧ ਦਾ ਤੱਤ ਮੱਖਣ, ਸਿਮਰਨ ਦਾ ਤੱਤ, ਪਰਮੇਸ਼ਰ ਦਾ ਮਿਲਾਪ।੧।ਰਹਾਉ।

ਮਟਕੀ—ਚਾਟੀ। ਬਿਲੋਈ—ਮਧਾਣੀ। ਮਨ ਮਾਹਿ—ਮਨ ਦੇ ਅੰਦਰ ਹੀ, ਭਾਵ ਮਨ ਨੂੰ ਅੰਦਰ ਹੀ ਰੱਖਣਾ, ਮਨ ਨੂੰ ਭਟਕਣਾ ਤੋਂ ਬਚਾਈ ਰੱਖਣਾ—ਏਹੋ ਮਧਾਣੀ ਹੋਵੇ। ਸੰਜੋਈ—ਜਾਗ, ਜੋ ਦੁੱਧ ਨੂੰ ਦਹੀਂ ਬਨਾਉਣ ਵਾਸਤੇ ਲਾਈਦੀ ਹੈ।੨।

ਅੰਮ੍ਰਿਤ ਧਾਰਾ—ਅੰਮ੍ਰਿਤ ਦਾ ਸੋਮਾ।੩। ਮੀਰਾ—ਪਾਤਸ਼ਾਹ। ਲਗਿ—ਲੱਗ ਕੇ, ਜੁੜ ਕੇ। ਤੀਰਾ—ਕੰਢਾ।੪।

ਅਰਥ :

ਪ੍ਰ: ਕਬੀਰ ਜੀ! ਜਿਸ ਪਰਮੇਸ਼ਰ ਦੀ ਪ੍ਰਾਪਤੀ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਉਸਦੀ ਰੂਪ ਰੇਖਾ ਦਾ ਨਿਰਣਾ ਕਰਕੇ ਸਾਨੂੰ ਭੀ ਸਮਝਾ ਦਿਓ।

ਉ: ੧. ਹੇ ਭਾਈਓ ਸੁਣੋ! ਜਿਸ ਪਰਮੇਸ਼ਰ ਦਾ ਬ੍ਰਹਮਾ ਦੇ ਚਾਰੇ ਪੁੱਤਰਾਂ (ਸਨਕ, ਸਨੰਦਨ, ਸਨਤਕੁਮਾਰ ਤੇ ਸਨਾਤਨ, ਜੋ ਕਿ ਜਨਮ ਤੋਂ ਹੀ ਵੈਰਾਗਵਾਨ ਹੋ ਰਹੇ ਮੰਨੇ ਜਾਂਦੇ ਹਨ) ਉਨ੍ਹਾਂ ਨੇ ਭੀ ਅੰਤ ਨਹੀਂ ਪਾਇਆ, ਭਾਵ ਉਸ ਪਰਮੇਸ਼ਰ ਦੇ ਗੁਣ ਬੇਅੰਤ ਹੀ ਹਨ।

੨. ਅਤੇ ਉਸ ਬ੍ਰਹਮਾ ਨੇ ਵੀ ਬੇਦ ਪੜ੍ਹ-ਪੜ੍ਹ ਕੇ ਪਰਮੇਸ਼ਰ ਦਾ ਅੰਤ ਲੈਣ ਲਈ ਜਤਨ ਕੀਤਾ, ਪਰ ਆਖ਼ਰ ਉਸਨੇ ਭੀ ਆਪਣਾ ਜਨਮ, ਭਾਵ ਸਾਰੀ ਉਮਰ ਬੇਅਰਥ ਹੀ ਗਵਾ ਲਈ, ਅੰਤ ਨਾ ਲੈ ਸਕਿਆ।੧।

ਪ੍ਰ: ਕਬੀਰ ਜੀ! ਅਸੀਂ ਵੀ ਚਾਹੁੰਦੇ ਹਾਂ ਕਿ ਜਿਸ ਤੱਤ ਸਰੂਪ ਹਰੀ ਦੀ ਤੁਸਾਂ ਨੂੰ ਪ੍ਰਾਪਤੀ ਹੋਈ ਹੈ, ਉਹ ਸਾਨੂੰ ਭੀ ਹੋਵੇ, ਪਰ ਤਾਂ ਭੀ ਸਾਨੂੰ ਕੋਈ ਢੰਗ ਤਾਂ ਦੱਸ ਦਿਓ।

ਉ: ੩. ਹੇ ਮੇਰੇ ਭਾਈਓ! ਜੇਕਰ ਤੁਹਾਨੂੰ ਉਸ ਤੱਤ ਸਰੂਪ ਹਰੀ ਦੇ ਪ੍ਰਾਪਤ ਕਰਨ ਦੀ ਇੱਛਾ ਹੈ ਤਾਂ ਉਸਦੇ ਅੰਤ ਲੈਣ ਦੀ ਇੱਛਾ ਨੂੰ ਛੱਡ ਕੇ, ਉਸ ਹਰੀ ਦਾ ਰਿੜਕਣਾ ਰਿੜਕੋ, ਭਾਵ ਬਾਰ-ਬਾਰ ਉਸ ਪਰਮਾਤਮਾ ਦਾ ਸਿਮਰਨ ਕਰੋ।

ਪ੍ਰ: ਕਬੀਰ ਜੀ! ਰਿੜਕਣ ਦਾ ਸਹੀ ਭਾਵ ਸਮਝਾਓ।

ਉ: ੪. ਹੇ ਭਾਈ! ਸਹਿਜ ਅਵਸਥਾ ਵਿਚ ਟਿਕ ਕੇ ਸਿਮਰਨ ਕਰੋ, ਜਿਸ ਤਰ੍ਹਾਂ ਕਿ ਤੱਤ ਰੂਪੀ ਮੱਖਣ ਹਥੋਂ ਜਾਂਦਾ ਨ ਰਹੇ, ਭਾਵ ਪਰਮੇਸ਼ਰ ਨਾਲ ਮਿਲਾਪ ਬਣ ਸਕੇ, ਭਾਵ ਹੈ ਛੇਤੀ-ਛੇਤੀ

ਰਿੜਕਣ ਨਾਲ ਮੱਖਣ ਪੰਘਰ ਕੇ ਲੱਸੀ ਨਾਲ ਰਲ ਜਾਂਦਾ ਹੈ, ਇਸ ਲਈ ਭਾਵ ਹੈ ਕਿ ਹੌਲੀ-ਹੌਲੀ ਨਾਮ ਜਪੋ, ਤਾਂਕਿ ਮਤਲਬ ਸਮਝ ਵਿਚ ਆਉਂਦਾ ਰਹੇ।੧।ਰਹਾਉ।

ਪ੍ਰ: ਭਗਤ ਜੀ! ਤੁਸਾਂ ਦੁੱਧ ਰਿੜਕਣ ਦਾ ਉਦਾਹਰਨ ਦਿੱਤਾ ਹੈ, ਪਰ ਰਿੜਕਣ ਲਈ ਤਾਂ ਚਾਟੀ ਹੁੰਦੀ ਹੈ, ਮਧਾਣੀ ਹੋਇਆ ਕਰਦੀ ਹੈ, ਪਰ ਹਰੀ ਨੂੰ ਬਿਲੋਵਣ ਲਈ ਇਹ ਸਾਰੀ ਸਮੱਗਰੀ ਤੁਸੀਂ ਕਿਹੜੀ ਮੰਨਦੇ ਹੋ, ਇਹ ਭੀ ਸਮਝਾ ਦਿਓ।

ਉ: ੫. ਹੇ ਭਾਈਓ ਸੁਣੋ! ਇਸ ਆਪਣੇ ਸਰੀਰ ਨੂੰ ਤਾਂ ਚਾਟੀ ਬਣਾ ਲਓ (ਭਾਵ ਹੈ ਜੋਤ ਇਸ ਸਰੀਰ ਵਿਚੋਂ ਹੀ ਲੱਭਣੀ ਹੈ)। ਉਸ ਵਿਚ ਮਨ ਨੂੰ ਮਧਾਣੀ ਬਣਾ ਕੇ ਪਾਓ (ਭਾਵ ਹੈ ਮਨ ਨੂੰ ਭਟਕਣ ਤੋਂ ਬਚਾਈ ਰੱਖੋ।)

੬. ਫਿਰ ਇਸ ਮਟਕੀ ਵਿਚ ਹਰੀ ਦਾ ਨਾਮ ਰੂਪੀ ਦਹੀਂ ਸਿੰਜਣਾ ਕਰੋ, ਭਾਵ ਪਾ ਦਿਓ (ਤਾਂ ਕਿ ਜੋ ਸਿਮਰਨ ਰੂਪ ਦੁੱਧ ਵਿਚੋਂ ਪ੍ਰਭੂ ਮਿਲਾਪ ਦਾ ਤੱਤ ਕੱਢਣ ਵਿਚ ਸਹਾਇਤਾ ਕਰ ਸਕੇ)।੨।

ਪ੍ਰ: ਕਬੀਰ ਜੀ! ਦੁੱਧ ਰਿੜਕਣ ਨਾਲ ਮੱਖਣ ਮਿਲਦਾ ਹੈ, ਪਰ ਇਸ ਆਪ ਦੇ ਦੱਸਣ ਅਨੁਸਾਰ ਕੀ ਹਾਸਲ ਹੋ ਸਕੇਗਾ?

ਉ: ੭. ਹੇ ਭਾਈਓ! ਜੋ ਮਨੁੱਖ ਆਪਣੇ ਮਨ ਵਿਚ ਪਰਮੇਸ਼ਰ ਦੇ ਚਿੰਤਨ ਕਰਨ ਰੂਪ ਰਿੜਕਣ ਦਾ ਆਹਰ ਕਰਦਾ ਹੈ, ਤਾਂ ਫਿਰ ਇਹ ਮਨ ਦੇ ਵੀਚਾਰ ਵਾਲਾ ਬਿਲੋਵਨਾ ਉਸਨੂੰ

੮. ਸਤਿਗੁਰੂ ਦੀ ਮਿਹਰ ਦੁਆਰਾ ਅੰਮ੍ਰਿਤ ਧਾਰਾ, ਭਾਵ ਹਰੀ ਨਾਮ ਰੂਪੀ ਅੰਮ੍ਰਿਤ ਦਾ ਸੋਮਾ ਪ੍ਰਾਪਤ ਕਰਾਉਂਦਾ ਹੈ।੩।

ਪ੍ਰ: ਕਬੀਰ ਜੀ! ਤਾਂ ਫਿਰ ਇਹ ਪ੍ਰਾਪਤੀ ਸਭ ਨੂੰ ਕਿਉਂ ਨਹੀਂ ਹੋ ਜਾਂਦੀ?

ਉ: ੯. ਕਬੀਰ ਜੀ ਕਹਿੰਦੇ ਹਨ ਕਿ (ਹੇ ਪਿਆਰਿਓ! ਇਹ ਪ੍ਰਾਪਤੀ ਕਿਸੇ ਦੇ ਆਪਣੇ ਵੱਸ ਦੀ ਗੱਲ ਨਹੀਂ) ਇਹ ਤਾਂ ਜੇਕਰ ਉਹ ਵਾਹਿਗੁਰੂ ਪਾਤਸ਼ਾਹ ਕਿਸੇ ਮਨੁੱਖ ਉੱਤੇ ਮਿਹਰ ਦੀ ਦ੍ਰਿਸ਼ਟੀ ਪਾ ਦੇਵੇ,

੧੦. ਤਾਂ ਫਿਰ ਉਹ ਜੀਵ ਪਰਮੇਸ਼ਰ ਦਾ ਰਾਮ ਨਾਮ ਸਿਮਰ ਕੇ, ਇਸ ਭਵ ਸਾਗਰ ਦੇ ਪਾਰਲੇ ਕੰਢੇ ਜਾ ਉਤਰਦਾ ਹੈ (ਭਾਵ ਮੁਕਤ ਹੋ ਜਾਂਦਾ ਹੈ)।੪।੧।੧੦।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਪਰਮੇਸ਼ਰ-ਪ੍ਰਾਪਤੀ ਦਾ ਸਾਧਨ ਦੱਸਦੇ ਹਨ, ਉਹ ਸਾਧਨ ਹੈ ਨਾਮ ਸਿਮਰਨਾ, ਪਰ ਉਹ ਨਾਮ ਸਿਮਰਨਾ ਸਹਿਜ ਨਾਲ ਕਰਨਾ ਦੱਸ ਰਹੇ ਹਨ। ਇਸ ਭਾਵ ਨੂੰ ਇਕ ਸੁਆਣੀ ਦੇ ਦੁੱਧ ਰਿੜਕਣ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਉਹ ਸੁਆਣੀ ਜੇ ਦਹੀਂ ਨੂੰ ਜ਼ੋਰ ਨਾਲ ਰਿੜਕੇ ਤਾਂ ਮੱਖਣ ਆ-ਆ ਕੇ ਫਿਰ ਵਿਚੇ ਰਲ ਜਾਂਦਾ ਹੈ, ਪਰ ਜੇ ਸਹਿਜ ਨਾਲ ਰਿੜਕੇ ਤਾਂ ਮੱਖਣ ਨਿਕਲ ਆਉਂਦਾ ਹੈ, ਤਾਂ ਉਸਦਾ ਪੇੜਾ ਵੱਟ ਕੇ ਜੇ ਫਿਰ ਲੱਸੀ ਵਿਚ ਭੀ ਧਰ ਦਿਓ, ਉਹ ਮੁੜ ਕੇ ਲੱਸੀ ਵਿਚ ਨਹੀਂ ਰਲਦਾ; ਇਹੋ ਤਰੀਕਾ ਹਰੀ ਦੇ ਨਾਮ ਸਿਮਰਨ ਦਾ ਸਹਿਜੇ-ਸਹਿਜੇ ਅਭਿਆਸ ਦਾ ਦੱਸ ਰਹੇ ਹਨ। ਭਾਵ ਨਾ ਬਹੁਤਾ ਕਾਹਲਪਨ ਅਤੇ ਨਾ ਹੀ ਵਧੇਰੇ ਸੁਸਤੀਪਨਾ ਹੋਵੇ।

ਆਸਾ ॥

੧. ਬਾਤੀ ਸੂਕੀ ਤੇਲੁ ਨਿਖੂਟਾ ॥
੨. ਮੰਦਲੁ ਨ ਬਾਜੈ ਨਟੁ ਪੈ ਸੂਤਾ ॥੧॥
੩. ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥
੪. ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥
੫. ਟੂਟੀ ਤੰਤੁ ਨ ਬਜੈ ਰਬਾਬੁ ॥
੬. ਭੂਲਿ ਬਿਗਾਰਿਓ ਅਪਨਾ ਕਾਜੁ ॥੨॥
੭. ਕਥਨੀ ਬਦਨੀ ਕਹਨੁ ਕਹਾਵਨੁ ॥
੮. ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥
੯. ਕਹਤ ਕਬੀਰ ਪੰਚ ਜੋ ਚੂਰੇ ॥
੧੦. ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥

ਪਦ ਅਰਥ : ਮੰਦਲੁ—ਮ੍ਰਿਦੰਗ, ਢੋਲ, ਇਕ ਪ੍ਰਕਾਰ ਦਾ ਛੋਟਾ ਤੇ ਲੰਮੇਰਾ ਢੋਲ, ਮਾਇਆ ਦਾ ਢੋਲ, ਮਾਇਆ ਦਾ ਪ੍ਰਭਾਵ ਰੂਪੀ ਢੋਲ। ਨਟੁ—ਜੀਵ, ਜੋ ਮਾਇਆ ਦਾ ਨਚਾਇਆ ਨੱਚ ਰਿਹਾ ਸੀ। ਪੈ—ਬੇਪ੍ਰਵਾਹ ਹੋ ਕੇ, ਮਾਇਆ ਵਲੋਂ ਬੇਫ਼ਿਕਰ ਹੋ ਕੇ। ਸੂਤਾ—ਸੌਂ ਗਿਆ, ਪੈ ਕੇ ਸੌਂ ਗਿਆ। ਅਗਨਿ—ਤ੍ਰਿਸ਼ਨਾ ਦੀ ਅਗਨ। ਨ ਧੂੰਆ—ਉਸ ਅੱਗ ਦਾ ਧੂੰ ਭੀ ਮੁੱਕ ਗਿਆ, ਉਸ ਤ੍ਰਿਸ਼ਨਾ ਵਿਚੋਂ ਉਠਣ ਵਾਲੀਆਂ ਵਾਸ਼ਨਾਵਾਂ ਖ਼ਤਮ ਹੋ ਗਈਆਂ। ਰਵਿ ਰਹਿਆ ਏਕੁ—ਹਰ ਥਾਂ ਇਕ ਪ੍ਰਭੂ ਹੀ ਦਿਸ ਰਿਹਾ ਹੈ।੧।ਰਹਾਉ। ਤੇਲੁ—ਮਾਇਆ ਦਾ ਮੋਹ ਰੂਪ ਤੇਲ। ਬਾਤੀ—ਵਟੀ, ਜਿਸਦੇ ਆਸਰੇ ਤੇਲ ਬਲਦਾ ਹੈ ਤੇ ਦੀਵਾ ਜਗਦਾ ਰਹਿੰਦਾ ਹੈ, ਮਨ ਦੀ ਸੁਰਤਿ ਜੋ ਮੋਹ ਵਿਚ ਫਸਾਈ ਰੱਖਦੀ ਹੈ।੧। ਨ ਬਜੈ ਰਬਾਬੁ—ਰਬਾਬ ਵਜਣੋਂ ਹਟ ਗਿਆ ਹੈ, ਸਰੀਰ ਨਾਲ ਪਿਆਰ ਮੁੱਕ ਗਿਆ ਹੈ, ਦੇਹ ਦਾ ਅਧਿਆਸ ਖ਼ਤਮ ਹੋ ਗਿਆ ਹੈ। ਤੰਤੁ—ਤਾਰ, ਜਿਸ ਨਾਲ ਰਬਾਬ ਵੱਜਦਾ ਹੈ, ਮਾਇਆ ਦੀ ਲਗਨ। ਚੂਰੇ—ਨਾਸ ਕਰੇ। ਪੰਚ—ਭਾਵ ਹੈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਪਰਮ ਪਦੁ—ਸਭ ਤੋਂ ਉੱਚੀ ਆਤਮਿਕ ਅਵਸਥਾ, ਵਾਹਿਗੁਰੂ ਪ੍ਰਾਪਤੀ ਦਾ ਦਰਜਾ।੪।

ਅਰਥ :

ਪ੍ਰ: ਕਬੀਰ ਜੀ! ਨਾਮ ਸਿਮਰਨ ਤੋਂ ਪਹਿਲੋਂ ਤੁਹਾਡੇ ਮਨ ਦੀ ਦਸ਼ਾ ਕੀ ਹੋਇਆ ਕਰਦੀ ਸੀ ਅਤੇ ਹੁਣ ਉਸ ਵਿਚ ਕਿਹੜੀ ਬਦਲ ਆ ਗਈ ਹੈ? ਕੋਈ ਉਦਾਹਰਣ ਦੇ ਕੇ ਸਮਝਾਉਣ ਦੀ ਕਿਰਪਾ ਕਰੋ।

ਉ: ੧. (ਤਾਂ ਆਪ ਜੀ ਇਕ ਉਸ ਨੱਚ ਟੱਪ ਕੇ ਰਾਸ ਪਾਉਣ ਵਾਲੇ ਰਾਸਧਾਰੀਏ ਦੀ ਮਿਸਾਲ ਦੇ ਕੇ ਆਪਣੀ ਮਾਨਸਕ ਬਦਲੀ ਹੋਈ ਦਸ਼ਾ ਦਾ ਵੀਚਾਰ ਅੰਕਤ ਕਰਦੇ ਹਨ ਕਿ) ਹੇ ਭਾਈ, ਜਿਵੇਂ ਵੱਟੀ ਸੁੱਕ ਗਈ ਹੈ ਅਤੇ

੨. ਤੇਲ ਮੁੱਕ ਚੁੱਕਾ ਹੋਵੇ ਅਤੇ ਨਾ ਹੀ ਢੋਲ ਹੀ ਵੱਜਦਾ ਹੋਵੇ, ਇਸ ਤਰ੍ਹਾਂ ਦੀ ਦਸ਼ਾ ਵਿਚ ਸ੍ਵਾਂਗੀ ਲੰਮਾ ਪੈ ਕੇ ਸੌਂ ਗਿਆ ਹੈ।੧।

ਇਸੇ ਤਰ੍ਹਾਂ ਹੇ ਭਾਈਓ! ਨਾਮ ਸਿਮਰਨ ਦੀ ਬਰਕਤ ਨਾਲ ਹੁਣ ਸਾਡੇ ਅੰਦਰੋਂ ਬ੍ਰਿਤੀਆਂ ਰੂਪ ਬਤੀ ਦਾ ਵਾਸ਼ਨਾ ਰੂਪੀ

ਫੈਲਾਉ ਮੁੱਕ ਗਿਆ ਹੈ ਭਾਵ ਉਹ ਜੀਵ ਨੱਟ ਜੋ ਕਿ ਪਹਿਲੋਂ ਮਾਇਆ ਦਾ ਨਚਾਇਆ ਨਚਦਾ ਸੀ, ਹੁਣ ਉਹ ਮਾਇਆ ਵਲੋਂ ਬੇ-ਪ੍ਰਵਾਹ ਹੋ ਕੇ ਭਟਕਣੋਂ ਰਹਿ ਗਿਆ ਹੈ; ਅਤੇ ਇਨ੍ਹਾਂ ਬ੍ਰਿਤੀਆਂ ਦੇ ਵਾਸ਼ਨਾ ਰੂਪੀ ਫੈਲਾਉ ਦਾ ਜੋ ਸਹਾਇਕ ਮੋਹ ਰੂਪੀ ਤੇਲ ਸੀ, ਉਹ ਵੀ ਹੁਣ ਮੁਕ ਗਿਆ ਹੈ, ਭਾਵ ਹੈ ਹੁਣ ਇਸਦੀ ਸੁਰਤਿ ਮਾਇਆ ਵਾਲੇ ਪਾਸੇ ਤੋਂ ਹਟ ਜਾਂਦੀ ਹੈ।

ਹੁਣ ਉਸਦੇ ਅੰਦਰ ਰਾਗ ਦ੍ਵੈਖ ਦਾ ਦੋਪੁੜਾ ਢੋਲ ਨਹੀਂ ਵਜਦਾ, ਕਿਉਂਕਿ ਵਜਾਉਣ ਵਾਲਾ ਮਨ ਰੂਪੀ ਨੱਟ ਪੈ ਕੇ ਸੌਂ ਗਿਆ ਹੈ, (ਭਾਵ ਹੈ ਕਿ ਹੁਣ ਮਨ ਰਾਗ ਦ੍ਵੈਖ ਵਲੋਂ ਬੇਖ਼ਬਰ ਹੋ ਗਿਆ ਹੈ)।

ਪ੍ਰ: ਕਬੀਰ ਜੀ! ਹੋਰ ਕੀ ਲਾਭ ਹੋਇਆ ?

ਉ: ੩. ਹੇ ਭਾਈ! ਹੁਣ ਤ੍ਰਿਸ਼ਨਾ ਦੀ ਅੱਗ ਭੀ ਬੁੱਝ ਗਈ ਹੈ, ਉਹ ਐਸੀ ਚੁਪ ਚਾਪ ਬੁਝੀ ਹੈ ਕਿ ਹੁਣ ਕੋਈ ਫੁਰਨੇ ਰੂਪੀ ਧੂੰਆਂ ਉਠਦਾ ਹੀ ਨਹੀਂ। ਭਾਵ ਮਨ ਅਫੁਰ ਅਵਸਥਾ ਵਿਚ ਜਾ ਟਿਕਿਆ ਹੈ।

੪. ਹੁਣ ਇਸ ਤਰ੍ਹਾਂ ਦੀ ਨਫ਼ਰਤ ਜਦੋਂ ਹੋ ਗਈ, ਤਾਂ ਇਉਂ ਅਨੁਭਵ ਹੋ ਆਇਆ ਕਿ ਸਾਰਿਆਂ ਵਿਚ ਇਕੋ ਪਰਮਾਤਮਾ ਦੇਵ ਰਵ ਰਿਹਾ ਹੈ, ਹੋਰ ਕੋਈ ਦੂਸਰਾ ਹੈ ਹੀ ਨਹੀਂ, ਸਭ ਹੁਣ ਤਾਂ (ਸਰਬ ਭੂਤ ਏਕੈ ਕਰ ਜਾਨਿਆ) ਵਾਲੀ ਅਵਸਥਾ ਹੋ ਆਈ ਹੈ।੧।ਰਹਾਉ।

ਪ੍ਰ: ਕਿਉਂ ਜੀ! ਕੀ ਹੁਣ ਇਸ ਅਵਸਥਾ ਵਿਚ ਪੁੱਜ ਕੇ ਵਿਕਾਰ ਨਹੀਂ ਸਤਾਉਂਦੇ ?

ਉ: ੫. ਹੇ ਮਿੱਤਰੋ! ਜਦੋਂ ਤਾਰ ਹੀ ਟੁੱਟ ਜਾਏ ਤਾਂ ਰਬਾਬ ਕਿਥੋਂ ਵੱਜਣਾ ਹੈ, ਭਾਵ ਹੈ ਕਿ ਜਦੋਂ ਵਾਸ਼ਨਾ ਰੂਪੀ ਤਾਰ ਹੀ ਟੁੱਟ ਗਈ ਹੈ, ਤਾਂ ਫਿਰ ਵਿਕਾਰਾਂ ਰੂਪੀ ਰਬਾਬ ਵੱਜ ਹੀ ਨਹੀਂ ਸਕਦਾ।

੬. ਹੇ ਭਾਈ! ਜੋ ਮਨੁੱਖ ਉਪਰ ਦੱਸੀ ਪ੍ਰਕ੍ਰਿਆ ਤੋਂ ਖੁੰਝ ਗਏ ਹਨ, ਉਨ੍ਹਾਂ ਨੇ ਆਪਣਾ ਮੁਕਤ ਹੋਣ ਰੂਪ ਕਾਰਜ ਵਿਗਾੜ ਲਿਆ ਹੈ। ਭਾਵ ਹੈ ਕਿ ਹੁਣ ਤੱਕ ਜੋ ਪਰਮ ਪਦ ਦੀ ਪ੍ਰਾਪਤੀ ਦਾ ਆਪਣਾ ਕੰਮ ਜੀਵ ਨੇ ਵਿਗਾੜਿਆ ਸੀ, ਉਹ ਸਾਰਾ ਭੁੱਲ ਵਿਚ ਪੈ ਕੇ ਹੀ ਵਿਗਾੜਿਆ ਸੀ।੨।

ਪ੍ਰ: ਕਬੀਰ ਜੀ! ਕੀ ਇਸ ਅਵਸਥਾ ਵਿਚ ਪੁੱਜ ਕੇ ਕਥਾ ਕਰਨੀਆਂ, ਕਹਿਣਾ ਕਹਾਉਣਾ ਅਤੇ ਗਾਉਣਾ ਆਦਿ ਬਣਿਆ ਰਹਿੰਦਾ ਹੈ ?

ਉ: ੭. ਹੇ ਪਿਆਰਿਓ! ਮੂੰਹੋਂ ਕਥਾ ਕਰਨੀਆਂ, ਕਹਿਣਾ ਕਹਾਉਣਾ ਤੇ ਗਾਉਣਾ (ਤਦੋਂ ਤੱਕ ਹੀ ਹੈ ਜਦੋਂ ਤੱਕ ਜੀਵਨ ਦੀ ਸਹੀ ਸਮਝ ਨ ਪੈ ਸਕੀ ਹੋਵੇ)।

੮. ਪਰ ਜਦੋਂ ਜੀਵਨ ਦੀ ਸਹੀ ਜਾਚ ਆ ਗਈ, ਤਾਂ ਫਿਰ ਉਹ ਸਰੀਰ ਦੀ ਖ਼ਾਤਰ (ਮਾਇਕ ਵਾਸ਼ਨਾ ਵਾਲਾ) ਗਾਉਣਾ ਵਜਾਉਣਾ, ਗੱਪਾਂ ਮਾਰਨੀਆਂ, ਤਰਲੇ ਤੇ ਉਹ ਕੀਰਨੇ ਪਾਉਣੇ ਸਭੇ ਹੀ ਭੁੱਲ ਜਾਂਦੇ ਹਨ।੩।

ਪ੍ਰ: ਕਬੀਰ ਜੀ! ਇਸ ਅਵਸਥਾ ਵਿਚ ਜੋ ਮਨੁੱਖ ਪਹੁੰਚ ਜਾਂਦੇ ਹਨ ਤਾਂ ਦੱਸੋ ਉਨ੍ਹਾਂ ਤੋਂ ਪਰਮ ਪਦ ਕਿਤਨੀ ਕੁ ਦੂਰੀ 'ਤੇ ਰਹਿ ਜਾਂਦਾ ਹੈ ?

ਉ: ੯. ਕਬੀਰ ਜੀ ਕਹਿੰਦੇ ਹਨ ਕਿ ਹੇ ਮਿੱਤਰੋ, ਜੋ ਲੋਕ ਪੰਜ ਕਾਮਾਦਿਕਾਂ ਨੂੰ ਮਾਰ ਲੈਂਦੇ ਹਨ, ਦਲ ਸੁੱਟਦੇ ਹਨ ਤੇ ਚੂਰਾ-ਚੂਰਾ ਕਰ ਦੇਂਦੇ ਹਨ। (ਨਿਸ਼ਚਾ ਕਰੋ ਕਿ)

ਉ: ੧੦. ਉਨ੍ਹਾਂ ਤੋਂ ਤਾਂ ਪਰਮ ਪਦ ਦੂਰ ਹੀ ਨਹੀਂ ਰਹਿ ਜਾਂਦਾ, ਭਾਵ ਉਹ ਤਾਂ ਸਦੀਵੀ ਜੀਵਨ ਮੁਕਤਿ ਹਨ।੪।੨।੧੧।

ਆਸਾ ॥

੧. ਸੁਤੁ ਅਪਰਾਧ ਕਰਤ ਹੈ ਜੇਤੇ ॥
੨. ਜਨਨੀ ਚੀਤਿ ਨ ਰਾਖਸਿ ਤੇਤੇ ॥੧॥
੩. ਰਾਮਈਆ ਹਉ ਬਾਰਿਕੁ ਤੇਰਾ ॥
੪. ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥
੫. ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥
੬. ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥
੭. ਚਿੰਤ ਭਵਨਿ ਮਨੁ ਪਰਿਓ ਹਮਾਰਾ ॥
੮. ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥
੯. ਦੇਹਿ ਬਿਮਲ ਮਤਿ ਸਦਾ ਸਰੀਰਾ ॥
੧੦. ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥

ਪਦ ਅਰਥ : ਸੁਤੁ—ਪੁੱਤ੍ਰ। ਅਪਰਾਧ—ਭੁੱਲਾਂ, ਗ਼ਲਤੀਆਂ। ਜੇਤੇ—ਜਿਤਨੇ ਭੀ, ਭਾਵ ਕਿਤਨੇ ਹੀ। ਜਨਨੀ—ਮਾਂ, ਮਾਤਾ। ਚੀਤਿ—ਚਿੱਤ ਵਿਚ। ਤੇਤੇ—ਉਹ ਸਾਰੇ ਹੀ।੧। ਰਾਮਈਆ—ਹੇ ਸੋਹਣੇ ਰਾਮ। ਹਉ—ਮੈਂ। ਬਾਰਿਕੁ—ਬਾਲਕ, ਅੰਞਾਣ ਬੱਚਾ। ਨ ਖੰਡਸਿ—ਤੂੰ ਨਹੀਂ ਨਾਸ ਕਰਦਾ।੧।ਰਹਾਉ। ਅਤਿ—ਬਹੁਤ। ਕ੍ਰੋਪ—ਕ੍ਰੋਧ, ਗ਼ੁੱਸਾ। ਕਰੇ ਕਰਿ—ਕਰਿ ਕਰਿ, ਮੁੜ ਮੁੜ ਕਰਕੇ। ਧਾਇਆ—ਦੌੜੇ। ਮਾਇਆ—ਮਾਂ।੨। ਚਿੰਤ ਭਵਨਿ—ਚਿੰਤਾ ਦੇ ਭਵਨ ਵਿਚ, ਚਿੰਤਾ ਦੀ ਘੁੰਮਣ ਘੇਰੀ ਵਿਚ।੩। ਬਿਮਲ ਮਤਿ—ਨਿਰਮਲ ਬੁੱਧ, ਸੋਹਣੀ ਅਕਲ। ਸਹਜਿ—ਸਹਿਜ ਅਵਸਥਾ ਵਿਚ ਟਿਕ ਕੇ। ਰਵੈ—ਚੇਤੇ ਕਰੇ।੪।

ਅਰਥ :

ਪ੍ਰ: ਹੇ ਕਬੀਰ ਜੀ! ਜਦੋਂ ਤੁਸੀਂ ਉਸ ਆਪਣੇ ਮਾਲਕ ਅੱਗੇ ਅਰਦਾਸ ਕਰਦੇ ਹੋ, ਉਹ ਕਿਵੇਂ ਕਰਿਆ ਕਰਦੇ ਹੋ, ਤਾਂ ਕਿ ਅਸੀਂ ਭੀ ਜਾਚ ਸਿਖ ਲਈਏ ?

ਉ: ੧. ਹੇ ਸੱਜਨੋ! ਮੈਂ ਤਾਂ ਉਸ ਆਪਣੇ ਸੱਚੇ ਸਾਈਂ ਜੀ ਪਾਸ ਸਦਾ ਇਉਂ ਹੀ ਜੋਦੜੀਆਂ ਕਰਦਾ ਰਹਿੰਦਾ ਹਾਂ ਕਿ ਹੇ ਮੇਰੇ ਰਾਮਈਆ ਜੀਉ! ਦੇਖੋ, ਪੁੱਤ੍ਰ ਜਿਤਨੇ ਭੀ ਪਾਪ ਕਰਦਾ ਹੈ,

੨. ਮਾਤਾ ਬੱਚੇ ਦੇ ਉਨ੍ਹਾਂ ਸਾਰੇ ਹੀ ਅਪਰਾਧਾਂ ਨੂੰ ਚਿੱਤ ਵਿਚ ਨਹੀਂ ਰੱਖਦੀ, ਭਾਵ ਹੈ ਕਿ ਉਹ ਸਾਰੇ ਦੇ ਸਾਰੇ ਹੀ ਭੁਲਾ ਛੱਡਦੀ ਹੈ। ਜੇ ਕਦੀ ਮੂਰਖ ਬੱਚਾ ਬਹੁਤ ਕ੍ਰੋਧ ਕਰਕੇ ਮਾਂ ਨੂੰ ਮਾਰਨ ਵੀ ਪਵੇ, ਤਾਂ ਭੀ ਮਾਂ ਉਸਦੇ ਉਸ ਮੂਰਖ-ਪਣੇ ਨੂੰ ਚੇਤੇ ਨਹੀਂ ਰੱਖਦੀ।੧।

੩. ਇਸੀ ਤਰ੍ਹਾਂ ਹੇ ਰਾਮ! ਮੈਂ ਭੀ ਤੇਰਾ ਅੰਞਾਣ ਬੱਚਾ ਹਾਂ।

੪. ਮੇਰੇ ਅਉਗਣ ਤੂੰ ਕਿਉਂ ਦੂਰ ਨਹੀਂ ਕਰ ਦੇਂਦਾ।੧।ਰਹਾਉ।

੫-੬. ਹੇ ਮੇਰੇ ਮਨਮੋਹਣੇ ਰਾਮ ਜੀ! ਵੇਖੋ, ਜੇ ਕਦੀ ਬੱਚਾ ਬਹੁਤਾ ਗੁੱਸੇ ਹੋ ਕੇ ਜਾਂ ਰੁਸ ਕੇ ਭੀ ਮਾਤਾ ਪਾਸੋਂ ਦੂਰ ਨੱਸ ਜਾਵੇ, ਤਾਂ ਭੀ ਇਹ ਅਪਰਾਧ ਮਾਂ ਕਦੀ ਚੇਤੇ ਹੀ ਨਹੀਂ ਰੱਖਦੀ।੨।

ਪ੍ਰ: ਅਗੰਮੀ ਆਵਾਜ਼ ਆਈ, ਕਬੀਰ, ਤੂੰ ਕੀ ਮੰਗਦਾ ਹੈਂ?

ਉ: ੭. ਹੇ ਮੇਰੇ ਰਾਮ! ਮੇਰਾ ਮਨ ਇਸ ਚਿੰਤਾ ਦੀ ਘੁੰਮਣ-ਘੇਰੀ, ਚਿੰਤਾ ਦੇ ਖੂਹ ਵਿਚ ਪਿਆ ਹੋਇਆ ਹੈ ਕਿ ਮੈਂ ਸਦਾ ਭੁੱਲਾਂ ਹੀ ਕਰਦਾ ਰਿਹਾ ਹਾਂ, ਪਰ ਹੁਣ

੮. ਤੇਰਾ ਨਾਮ ਸਿਮਰਨ ਤੋਂ ਬਿਨਾ ਮੇਰਾ ਮਨ ਇਸ ਚਿੰਤਾ ਵਿਚੋਂ ਕਿਵੇਂ ਪਾਰ ਲੰਘੇਗਾ, ਨਾਮ ਤੋਂ ਸਖਣਾ ਮੈਂ ਇਸ ਸੰਸਾਰ ਸਾਗਰ ਤੋਂ ਪਾਰ ਕਿਵੇਂ ਉਤਰਾਂਗਾ।੩।

ਪ੍ਰ: ਫਿਰ ਗੁਪਤ ਆਵਾਜ਼ ਆਈ, ਕਬੀਰ, ਮੰਗ ਕੀ ਮੰਗਦਾ ਹੈਂ?

ਉ: ੯-੧੦. ਹੇ ਮੇਰੇ ਪ੍ਰਭੂ! ਤੂੰ ਇਸ ਮੇਰੇ ਸਰੀਰ ਨੂੰ, ਭਾਵ ਮੈਨੂੰ ਤੂੰ ਉਜਲ ਬੁਧੀ ਦਾ ਦਾਨ ਸਦਾ ਹੀ ਕਰੀ ਰੱਖ, ਤਾਂਕਿ ਤੇਰਾ ਬੱਚਾ ਕਬੀਰ, ਸਹਿਜੇ-ਸਹਿਜੇ ਤੇਰੇ ਹੀ ਗੁਣ ਗਉਂਦਾ ਰਵੇ।੪।੩।੧੨।

ਉਥਾਨਕਾ : ਇਕ ਵਾਰ ਕਬੀਰ ਜੀ ਦੇ ਕੋਲ ਮੁਸਲਮਾਨ ਅਤੇ ਹਿੰਦੂ ਦੋਵੇਂ ਆ ਜੁੜੇ। ਮੁਸਲਮਾਨ ਨੇ ਕਬੀਰ ਜੀ ਨੂੰ ਮੱਕੇ ਦਾ ਹੱਜ ਕਰਨ ਲਈ ਕਿਹਾ ਤੇ ਹਿੰਦੂ ਨੇ ਤੀਰਥ ਯਾਤ੍ਰਾ ਕਰਨ ਦੀ ਪ੍ਰੇਰਣਾ ਕੀਤੀ, ਪਰ ਕਬੀਰ ਜੀ ਦੋਹਾਂ ਨੂੰ ਇਸ ਸ਼ਬਦ ਦੁਆਰਾ ਸੱਚਾ ਹੱਜ ਤੇ ਸੱਚੀ ਤੀਰਥ ਯਾਤਰਾ ਕਰਨ ਲਈ ਆਪਣਾ ਦ੍ਰਿੜ੍ਹ ਵਿਸ਼ਵਾਸ ਅੰਕਤ ਕਰਦੇ ਹਨ। ਜਦੋਂ ਅਸੀਂ ਇਸੇ ਸ਼ਬਦ ਦੀ ਆਖ਼ਰੀ ਪੰਗਤੀ ਨੂੰ ਦ੍ਰਿਸ਼ਟੀ ਗੋਚਰ ਕਰਦੇ ਹਾਂ, ਤਾਂ ਸਾਨੂੰ ਇਸ ਤੁੱਕ ਤੋਂ ਸਾਫ਼ ਦਿੱਸਦਾ ਹੈ ਕਿ ਕਬੀਰ ਜੀ ਨਿਰਾ ਮੁਸਲਮਾਨਾਂ ਦੇ ਹੱਜ ਦਾ ਹੀ ਜ਼ਿਕਰ ਨਹੀਂ ਕਰ ਰਹੇ, ਹਿੰਦੂਆਂ ਦੇ ਤੀਰਥਾਂ ਵਲ ਭੀ ਇਸ਼ਾਰਾ ਕਰਦੇ ਹਨ, ਕਿਉਂਕਿ ਕੇਵਲ ਹੱਜ ਦਾ ਜ਼ਿਕਰ ਕੀਤਿਆਂ (ਹਿੰਦੂ ਤੁਰਕ ਦੋਊ) ਨੂੰ ਉਪਦੇਸ਼ ਨਹੀਂ ਹੋ ਸਕਦਾ।

ਗੋਮਤੀ ਨਦੀ ਹਿੰਦੂਆਂ ਦਾ ਤੀਰਥ ਹੈ। ਭਾਈ ਗੁਰਦਾਸ ਜੀ ਜਿਥੇ ਗੁਰ-ਚਰਨ-ਰਜ ਨੂੰ ਸਾਰੇ ਤੀਰਥਾਂ ਨਾਲੋਂ ਸਰੇਸ਼ਟ ਦੱਸਦੇ ਹਨ, ਉਥੇ ਹੋਰ ਤੀਰਥਾਂ ਦੇ ਨਾਲ 'ਗੋਮਤੀ' ਦਾ ਭੀ ਜ਼ਿਕਰ ਕਰਦੇ ਹਨ। ਰਾਮਕਲੀ ਰਾਗ ਵਿਚ ਭੀ ਨਾਮਦੇਵ ਜੀ 'ਗੋਮਤੀ' ਨੂੰ ਹਿੰਦੂ ਤੀਰਥ ਦੱਸਦੇ ਹਨ।

ਗੰਗਾ ਜਉ ਗੋਦਾਵਰਿ ਜਾਈਐ, ਕੁੰਭਿ ਜਉ ਕੇਦਾਰ ਨ੍ਹਾਈਐ, ਗੋਮਤੀ ਸਹਸ ਗਊ ਦਾਨ ਕੀਜੈ॥ ਕੋਟਿ ਜਉ ਤੀਰਥ ਕਰੈ, ਤਨੁ ਜਉ ਹਿਵਾਲੇ ਗਾਰੈ, ਰਾਮ ਨਾਮ ਸਰਿ ਤਊ ਨ ਪੂਜੈ॥੨॥੪॥ (ਰਾਮਕਲੀ ਨਾਮਦੇਵ ਜੀ)

ਤਾਂ ਤੇ ਕਬੀਰ ਜੀ ਭੀ ਇਸ ਸ਼ਬਦ ਵਿਚ 'ਹੱਜ' ਦੇ ਟਾਕਰੇ 'ਤੇ ('ਗੋਮਤੀ' ਤੀਰ) ਨੂੰ ਪ੍ਰਵਾਨਗੀ ਨਹੀਂ ਦੇ ਰਹੇ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹਰੇਕ ਸ਼ਬਦ (ਭਾਵੇਂ ਉਹ ਕਿਸੇ ਭਗਤ ਜੀ ਦਾ ਉਚਾਰਿਆ ਹੋਇਆ ਹੈ, ਭਾਵੇਂ ਸਤਿਗੁਰੂ ਜੀ ਦਾ ਆਪਣਾ) ਇਕੋ ਹੀ ਗੁਰਮਤਿ ਦੀ ਲੜੀ ਵਿਚ ਪ੍ਰੋਤੇ ਹੋਏ ਵੇਖੇ ਜਾਂਦੇ ਹਨ।

ਇਸ ਸ਼ਬਦ ਦੇ ਅਰਥ ਅਰੰਭ ਕਰਨ ਤੋਂ ਪਹਿਲੋਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਇਕ ਹੋਰ ਸ਼ਬਦ ਕੀਤਾ ਜਾਂਦਾ ਹੈ, ਜੋ ਕਿ ਕਬੀਰ ਜੀ ਦੇ ਸ਼ਬਦ ਦੇ ਭਾਵਾਰਥ ਨੂੰ ਸਮਝਣ ਲਈ ਸਹਾਇਕ ਹੁੰਦਾ ਹੈ :

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾ ਨੇਬੇਰਾ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥
ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥੫॥੩॥

ਸੋ ਇਸ ਸ਼ਬਦ ਤੋਂ ਉਪਰੋਕਤ ਸ਼ਬਦ ਦੇ ਅਰਥ ਸਾਫ਼ ਪ੍ਰਗਟ ਹੋ ਜਾਂਦੇ ਹਨ ਕਿ ਹੱਜ ਅਤੇ ਤੀਰਥ ਦੋਹਾਂ ਦਾ ਜ਼ਿਕਰ ਕਰਕੇ ਮੁਸਲਮਾਨਾਂ ਤੇ ਹਿੰਦੂਆਂ ਦੋਹਾਂ ਨੂੰ ਉਪਦੇਸ਼ ਕੀਤਾ ਹੈ।

ਪੀਰ (ਗੋਮਤੀ)

ਸੁਭਾਵਕ ਤੌਰ 'ਤੇ ਜਦੋਂ ਅਸੀਂ ਇਸ ਸ਼ਬਦ ਵਿਚ ਆਏ 'ਪੀਰ' ਸ਼ਬਦ ਨੂੰ ਪੜ੍ਹਦੇ ਹਾਂ, ਤਾਂ ਸਾਨੂੰ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਕਬੀਰ ਜੀ ਆਪਣੇ ਮੁਰਸ਼ਦ ਸ੍ਰੀ ਰਾਮਾਨੰਦ ਜੀ ਵੱਲ ਇਸ਼ਾਰਾ ਕਰਦੇ ਹਨ ਕਿ ਜਿਥੇ ਉਹ ਵਸਦੇ ਹਨ, ਮੇਰੇ ਹੱਜ ਕਰਨ ਦੀ ਜਗ੍ਹਾ ਉਹ ਹੈ, ਪਰ ਗਹੁ ਨਾਲ ਵੀਚਾਰਨ ਤੋਂ ਇਹ ਸਿੱਧ ਹੁੰਦਾ ਹੈ ਕਿ ਕਬੀਰ ਜੀ ਦੇ ਮੁਰਸ਼ਿਦ ਸ੍ਰੀ ਰਾਮਾਨੰਦ ਜੀ ਗੰਗਾ ਦੇ ਕਿਨਾਰੇ ਕਾਂਸ਼ੀ ਵਿਚ ਪੰਚਾਂਗ ਘਾਟ 'ਤੇ ਰਿਹਾ ਕਰਦੇ ਸਨ, ਉਹ ਗੋਮਤੀ ਨਦੀ ਦੇ ਕਿਨਾਰੇ ਨਹੀਂ ਸਨ ਵੱਸਦੇ।

'ਗੋਮਤੀ' ਪੀਲੀ ਭੀਤ ਦੇ ਜ਼ਿਲ੍ਹੇ ਤੋਂ ਨਿਕਲ ਕੇ ਲਖਨਊ ਆਦਿ ਥਾਈਂ ਹੁੰਦੀ ਹੋਈ ਜ਼ਿਲ੍ਹਾ ਗ਼ਾਜ਼ੀਪੁਰ ਵਿਚ ਸੈਦਪੁਰ ਕੋਲ ਗੰਗਾ ਵਿਚ ਮਿਲ ਜਾਂਦੀ ਹੈ, ਸੋ ਇਸ ਲਈ ਇਹ ਅਰਥ ਭਾਵ ਨਹੀਂ ਢੁੱਕ ਸਕਦੇ।

'ਪੀਤੰਬਰ'—ਅੱਗੇ ਕਬੀਰ ਜੀ 'ਪੀਤੰਬਰ' ਸ਼ਬਦ ਦੀ ਵਰਤੋਂ ਕਰਦੇ ਹਨ, ਜੋ ਕਿ ਰਾਮਾਨੰਦ ਜੀ 'ਤੇ ਢੁਕਦਾ ਪ੍ਰਤੀਤ ਹੁੰਦਾ ਹੈ, ਉਹ ਇਸ ਲਈ ਕਿ ਕਈ ਬੈਰਾਗੀ ਪੀਲੇ ਰੇਸ਼ਮ ਦੇ ਕਪੜੇ ਪਹਿਰਦੇ ਹਨ, ਪਰ 'ਗੋਮਤੀ' ਦੇ ਕਿਨਾਰੇ ਰਹਿਣ ਦਾ ਖ਼ਿਆਲ ਇਸ ਭਾਵਨਾ ਨੂੰ ਰੱਦ ਕਰ ਦੇਂਦਾ ਹੈ।

ਇਹ 'ਪੀਤੰਬਰ' ਸ਼ਬਦ ਆਮ ਤੌਰ 'ਤੇ ਸ੍ਰੀ ਕ੍ਰਿਸ਼ਨ ਜੀ 'ਤੇ ਵਰਤਿਆ ਜਾਂਦਾ ਹੈ, ਪਰ ਵਿਸ਼ੇਸ਼ ਵੀਚਾਰ ਕਰਨ ਤੋਂ ਇਥੇ ਇਹ ਭਾਵ ਭੀ ਨਿਕਲਦਾ ਨਹੀਂ ਢੁੱਕਦਾ, ਕਿਉਂਕਿ ਜੇ ਪੀਤੰਬਰ ਭਾਵ ਸ੍ਰੀ ਕ੍ਰਿਸ਼ਨ ਜੀ ਦਾ ਲਈਏ ਤੇ ਉਨ੍ਹਾਂ ਦੀ ਰਾਜਧਾਨੀ ਦੁਆਰਕਾ ਸਮਝੀ ਜਾਵੇ, ਤਾਂ ਉਹ ਦ੍ਵਾਰਾਵਤੀ ਤਾਂ ਹੇਠਾਂ ਹੈ, ਇਸਨੂੰ ਬੇਟ ਦ੍ਵਾਰਕਾ ਤੇ ਗੋਮਤੀ ਦ੍ਵਾਰਕਾ ਵੀ ਕਹਿ ਲੈਂਦੇ ਹਨ। ਵੈਸ਼ਨਵਾਂ ਦਾ ਪ੍ਰਸਿੱਧ ਯਾਤ੍ਰਾ ਸਥਾਨ ਦ੍ਵਾਰਕਾ ਹੈ, ਸੋ ਹੱਜ ਦਾ ਥਾਂ ਕਿਹਾ ਜਾ ਸਕਦਾ ਹੈ।

ਪਰ ਇਸ ਭਾਵ ਨੂੰ ਲੈਣ ਤੋਂ ਇਹ ਸੰਦੇਹ ਉੱਠ ਖਲੋਂਦਾ ਹੈ ਕਿ ਜਦੋਂ ਸ੍ਰੀ ਕਬੀਰ ਜੀ ਨੇ ਆਦਮ ਤੇ ਇਬਰਾਹੀਮ ਦੇ ਉਸਾਰੇ, ਤੇ ਮੁਹੰਮਦ ਸਾਹਿਬ ਦੇ ਜਨਮ ਅਸਥਾਨ ਹੋਣ ਵਾਲੇ ਮੱਕੇ ਵਿਚਕਾਰ ਦੇ ਕਾਅਬੇ ਦਾ ਹੱਜ ਰੱਦ ਕੀਤਾ ਹੈ ਤਾਂ 'ਪੰਡਿਤ ਮੁਲਾਂ ਛਾਡੇ ਦੋਊ' ਕਹਿਣ ਵਾਲੇ ਕਬੀਰ ਜੀ, ਸ੍ਰੀ ਕ੍ਰਿਸ਼ਨ ਜੀ ਦੀ ਯਾਦ ਨਾਲ ਸਬੰਧਿਤ ਦ੍ਵਾਰਕਾ ਨੂੰ ਕਦੋਂ ਹੱਜ ਦਾ ਟਿਕਾਣਾ ਅੰਗੀਕਾਰ ਕਰ ਸਕਦੇ ਹਨ ? ਕਿਉਂਕਿ ਆਪ ਜੀ ਤਾਂ ਭੈਰਉ ਰਾਗ ਵਿਚ ਇਸੇ ਭਾਵ ਨੂੰ ਇਉਂ ਪਰਗਟ ਕਰਦੇ ਹਨ (ਹੱਜ ਕਾਬੈ ਜਾਉ ਨ ਤੀਰਥ ਪੂਜਾ) 'ਪੀਤੰਬਰ ਪੀਰ' ਇਹ ਪਦ ਕ੍ਰਿਸ਼ਨ ਜੀ ਦਾ ਲਖਾਇਕ ਹੈ, ਪਰ ਜੇ ਇਹ ਮੰਨ ਲਿਆ ਜਾਏ, ਖੋਜ ਕਰਨ ਤੋਂ ਇਹ ਸਿੱਧ ਹੁੰਦਾ ਹੈ ਕਿ ਰਾਮਾਨੰਦ ਜੀ ਤੇ ਕਬੀਰ ਜੀ ਰਾਮ ਉਪਾਸ਼ਕ ਸਨ, ਸੋ ਇਹ ਵੀਚਾਰ ਭੀ ਅਧੂਰੀ ਰਹਿ ਜਾਂਦੀ ਹੈ, ਸੋ ਇਥੇ ਕਬੀਰ ਜੀ ਪੀਤੰਬਰ ਦਾ ਭਾਵ ਪਰਮਾਤਮਾ ਦੇਵ ਲੈਂਦੇ ਹਨ, ਉਹ ਇਸ ਕਰਕੇ ਕਿ ਕਬੀਰ ਜੀ ਨੇ ਹੋਰ ਥਾਂ ਆਪ ਹੀ ਦਰਸਾਇਆ ਹੈ। ਆਪ ਕਹਿੰਦੇ ਹਨ ਕਿ (ਏਕ ਗੁਸਾਈ ਅਲਹੁ ਮੇਰਾ) ਇਥੇ ਆਪ ਜੀ ਆਪਣੇ ਆਪ ਨੂੰ ਅੱਲਾ ਦੇ ਉਪਾਸ਼ਕ ਹੋਣਾ ਸਿੱਧ ਕਰ ਰਹੇ ਹਨ, ਜੋ ਕਿ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਤੋਂ ਉੱਪਰ ਹੈ। ਫਿਰ ਉਸੇ ਨੂੰ 'ਗੁਸਾਈ' ਕਹਿ ਰਹੇ ਹਨ। ਸੋ ਜਦ ਕਬੀਰ ਜੀ ਇਹ ਕਹਿ ਰਹੇ ਹਨ ਕਿ 'ਏਕੁ ਗੁਸਾਈ ਅਲਹੁ ਮੇਰਾ' ਤਾਂ ਇਸਦਾ ਭਾਵ ਹੈ ਕਿ ਆਪ ਅੱਲਾ ਨੂੰ ਪੀਰ ਕਹਿੰਦੇ ਹਨ। ਸੋ ਇਨ੍ਹਾਂ ਪ੍ਰਮਾਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ 'ਪੀਤੰਬਰ ਪੀਰ' ਦਾ ਭਾਵ ਉਹੋ ਹੈ, ਜੋ ਕਿ 'ਏਕੁ ਗੁਸਾਈ ਅਲਹੁ ਮੇਰਾ' ਤੋਂ ਹੈ। ਇਸੇ ਸ਼ਬਦ ਦੇ ਅਖ਼ੀਰ ਵਿਚ "ਰਾਮ ਗੁਨ ਗਾਵਉ" ਕਹਿ ਕੇ ਵੀ ਇਸੇ ਭਾਵ ਨੂੰ ਖੋਲ੍ਹ ਕੇ ਦੱਸ ਦਿੱਤਾ ਹੈ ਕਿ ਪੀਤੰਬਰ ਤੋਂ ਭਾਵ ਰਾਮ ਦਾ ਲੈਣਾ ਹੈ। ਉਹ ਰਾਮ ਕਿਹੜਾ ਹੈ ? ਇਸ ਰਾਮ ਸ਼ਬਦ ਦੇ ਭਾਵ ਨੂੰ ਭੀ ਚੰਗੀ ਤਰ੍ਹਾਂ ਖੋਲ੍ਹ ਕੇ ਦਰਸਾ ਦਿੱਤਾ ਹੈ ਕਿ (ਕਬੀਰ ਰਾਮ ਕਹਨ ਮਹਿ ਭੇਦ ਹੈ ਤਾ ਮਹਿ ਏਕੁ ਬੀਚਾਰੁ ॥ ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ਸਲੋਕ ਕਬੀਰ ਜੀ, ੧੯੦)

(ਸੋ ਇਸ ਤੋਂ ਕਉਤਕਹਾਰ ਉਹ 'ਅਲਹੁ ਗੁਸਾਈ' ਸਿਧ ਹੋਇਆ)

ਜੇ ਅਸੀਂ ਕਦੀ ਪੀਤੰਬਰ ਤੋਂ ਸ੍ਰੀ ਕ੍ਰਿਸ਼ਨ ਜੀ ਅਵਤਾਰ ਦਾ ਅਰਥ ਭਾਵ ਲਈਏ, ਤਾਂ ਕਬੀਰ ਜੀ ਇਸ ਅਰਥ ਭਾਵ ਨੂੰ ਆਪ ਮਨ੍ਹਾ ਕਰਦੇ ਹਨ:

ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ
ਨੰਦ ਸੁ ਨੰਦਨੁ ਕਾ ਕੋ ਰੇ ॥
ਧਰਨਿ ਅਕਾਸੁ ਦਸੋ ਦਿਸ ਨਾਹੀ
ਤਬ ਇਹੁ ਨੰਦੁ ਕਹਾ ਥੋ ਰੇ ॥੧॥ਰਹਾਉ॥
ਸੰਕਟਿ ਨਹੀ ਪਰੈ ਜੋਨਿ ਨਹੀ ਆਵੈ
ਨਾਮੁ ਨਿਰੰਜਨ ਜਾ ਕੋ ਰੇ ॥
ਕਬੀਰ ਕੋ ਸੁਆਮੀ ਐਸੋ ਠਾਕੁਰੁ
ਜਾ ਕੈ ਮਾਈ ਨ ਬਾਪੋ ਰੇ ॥੨॥੨੯॥੭੦॥

(ਗਉੜੀ ਕਬੀਰ ਜੀ)

ਸੋ, 'ਜਹਾ ਬਸਹਿ ਪੀਤੰਬਰ ਪੀਰ' ਦਾ ਭਾਵ ਇਹੋ ਹੋਇਆ ਕਿ ਜਿਥੇ ('ਏਕ ਗੁਸਾਈ ਅਲਹੁ') ਵਸਦਾ ਹੈ, ਸੋ ਉਹ ਹਰ ਘਟ-ਘਟ ਵਿਚ ਹੀ ਵਸਣ ਵਾਲਾ ਹੈ। ਸੋ ਇਸ ਵੀਚਾਰ ਤੋਂ ਇਹੋ ਭਾਵ ਸਿੱਧ ਹੁੰਦਾ ਹੈ ਕਿ 'ਪੀਤੰਬਰ ਪੀਰ' ਸ਼ਬਦ ਕ੍ਰਿਸ਼ਨ ਜੀ ਵਾਸਤੇ ਨਹੀਂ ਹੈ, ਕਿਉਂਕਿ ਕ੍ਰਿਸ਼ਨ ਜੀ ਦਾ ਗੋਮਤੀ ਨਦੀ ਨਾਲ ਕੋਈ ਸੰਬੰਧ ਨਹੀਂ ਹੈ।

ਆਸਾ ॥

੧. ਹਜ ਹਮਾਰੀ ਗੋਮਤੀ ਤੀਰ ॥
੨. ਜਹਾ ਬਸਹਿ ਪੀਤੰਬਰ ਪੀਰ ॥੧॥
੩. ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥
੪. ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥੧॥ ਰਹਾਉ ॥
੫. ਨਾਰਦ ਸਾਰਦ ਕਰਹਿ ਖਵਾਸੀ ॥
੬. ਪਾਸਿ ਬੈਠੀ ਬੀਬੀ ਕਵਲਾ ਦਾਸੀ ॥੨॥
੭. ਕੰਠੇ ਮਾਲਾ ਜਿਹਵਾ ਰਾਮੁ ॥
੮. ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥੩॥
੯. ਕਹਤ ਕਬੀਰ ਰਾਮ ਗੁਨ ਗਾਵਉ ॥
੧੦. ਹਿੰਦੂ ਤੁਰਕ ਦੋਊ ਸਮਝਾਵਉ ॥੪॥੪॥੧੩॥

ਪਦ ਅਰਥ : ਹਜ—ਇਰਾਦਾ ਕਰਨਾ, ਨੀਯਤ ਸਮੇਂ ਕਾਅਬੇ ਦੀ ਪ੍ਰਕਰਮਾ ਕਰਨਾ। ਗੋਮਤੀ ਤੀਰ—ਗੋਮਤੀ ਦੇ ਕੰਢੇ, ਇਕ ਨਦੀ ਜੋ ਸ਼ਾਹ ਜਹਾਨ ਪੁਰ ਤੋਂ ਇਕ ਮੀਲ ਤੋਂ ਨਿਕਲ ਕੇ ਸੈਦਪੁਰ ਪਾਸ ਗੰਗਾ ਵਿਚ ਆ ਮਿਲਦੀ ਹੈ ਤੇ ਜਿਸਨੂੰ ਪਾਵਨ ਮੰਨਿਆ ਜਾਂਦਾ ਹੈ। ਜਹਾ—ਜਿਥੇ। ਬਸਹਿ—ਵਸਦੇ ਹਨ। ਪੀਤੰਬਰ ਪੀਰ—ਪ੍ਰਭੂ ਜੀ। ਅਕਾਲ ਪੁਰਖ ਵਾਸਤੇ ਸ਼ਬਦ 'ਪੀਤੰਬਰ ਪੀਰ' ਵਰਤਿਆ ਹੈ। 'ਹਜ ਹਮਾਰੀ ਗੋਮਤੀ ਤੀਰ' ਜਿਸਦਾ ਭਾਵ ਹੈ ਕਿ ਹਮਾਰੇ ਹਜ ਤੇ ਹਮਾਰੀ ਗੋਮਤੀ ਤੀਰ, (ਇਹ ਇਕ ਮਨ ਹੀ ਹੈ), ਜਹ ਪੀਤੰਬਰ ਪੀਰ ਵਸਹ। ਨਾਰਦ—ਇਕ ਪ੍ਰਸਿੱਧ ਦੇਵ ਰਿਖੀ ਜੋ ਬ੍ਰਹਮਾ ਦੇ ਪੁੱਤ੍ਰ ਸਨ ਤੇ ਬੜੇ ਹੀ ਭਗਤ ਸਨ, ਪਰ ਕਲਹ ਦੇ ਪ੍ਰੇਮੀ ਸਨ, ਉਂਵ ਨਾਰਦ ਕਈ ਹੋਰ ਵੀ ਹੋਏ ਮੰਨੇ ਜਾਂਦੇ ਹਨ। ਸਾਰਦ—(ਸਾਰਦਾ) ਸਰਸ੍ਵਤੀ। ਖਵਾਸੀ—ਟਹਲ, ਚੋਬਦਾਰੀ, ਮਾਣ ਪ੍ਰਾਪਤ ਦਾਸੀ, ਸੇਵਕਾ। ਬੀਬੀ ਕਵਲਾ—ਲਖਮੀ। ਦਾਸੀ—ਸੇਵਕਾ, ਟਹਲਣ।੨। ਕੰਠੇ—ਗਲ ਵਿਚ। ਸਹੰਸ—ਹਜ਼ਾਰ, ਹਜ਼ਾਰਾਂ।

ਅਰਥ :

ਪ੍ਰ: ਮੁਸਲਮਾਨ ਤੇ ਹਿੰਦੂ ਦੋਹਾਂ ਨੇ ਸੁਆਲ ਕੀਤਾ—ਕਬੀਰ ਜੀ, ਤੁਸੀਂ ਦੱਸੋ, ਮੱਕੇ ਦੇ ਹੱਜ ਕਰਨ 'ਤੇ ਵਿਸ਼ਵਾਸ ਰੱਖਦੇ ਹੋ ਕਿ ਤੀਰਥ ਯਾਤ੍ਰਾ ਨੂੰ ਮੁੱਖ ਜਾਣਦੇ ਹੋ ?

ਉ: ੧. ਹੇ ਭਾਈਓ ! ਸੁਣੋ, (ਹਮਾਰੀ) ਹੱਜ ਤੇ ਹਮਾਰੀ ਗੋਮਤੀ ਤੀਰ, (ਇਕ ਇਹ ਮਨ ਹੀ ਹੈ)

੨. ਜਹਾ ਪੀਤੰਬਰ ਪੀਰ ਬਸਹਿ, ਭਾਵ ਹੈ ਸਾਡਾ ਹੱਜ ਤੇ ਸਾਡਾ ਗੋਮਤੀ ਦਾ ਕੰਢਾ ਇਹ ਮਨ ਹੀ ਹੈ, ਜਿਥੇ ਸ੍ਰੀ ਪ੍ਰਭੂ ਜੀ ਵੱਸ ਰਹੇ ਹਨ।੧।

ਪ੍ਰ: ਕਬੀਰ ਜੀ ! ਫਿਰ ਦੱਸੋ, ਹੁਣ ਤੁਹਾਡੀ ਮਾਨਸਕ ਅਵਸਥਾ ਕੀ ਹੈ ?

ਉ: ੩. ਹੇ ਪਿਆਰਿਓ ! (ਹੁਣ ਮੇਰਾ ਮਨ) ਕਿਆ ਸੋਹਣੀ ਖ਼ੂਬ (ਪ੍ਰਭੂ ਦੀ) ਸਿਫ਼ਤਿ ਕਰ ਰਿਹਾ ਹੈ।

੪. (ਬਸ ਹੁਣ ਤਾਂ ਕੇਵਲ ਇਕ ਹਰੀ ਦਾ ਨਾਮ ਹੀ ਮੇਰੇ ਮਨ ਵਿਚ ਪਿਆਰਾ ਲੱਗ ਰਿਹਾ ਹੈ (ਇਸ ਲਈ ਏਹੀ ਮਨ ਮੇਰਾ ਤੀਰਥ ਹੈ ਤੇ ਇਹੀ ਮੇਰਾ ਹੱਜ ਹੈ)।੧।ਰਹਾਉ।

ਪ੍ਰ: ਕਬੀਰ ਜੀ ! ਬਹੁਤ ਲੋਕ ਨਾਰਦ ਭਗਤ ਤੇ ਸਰਸ੍ਵਤੀ ਦੇ ਪੁਜਾਰੀ ਹਨ, ਕੀ ਉਨ੍ਹਾਂ ਬਾਰੇ ਤੁਸੀਂ ਵਿਸ਼ਵਾਸ ਨਹੀਂ ਰੱਖਦੇ ?

ਉ: ੫-੬. ਹੇ ਭਰਾਵੋ ! ਨਾਰਦ ਭਗਤ ਤੇ ਸਾਰਦਾ ਦੇਵੀ ਵੀ ਤਾਂ ਉਸੇ ਸ੍ਰੀ ਪ੍ਰਭੂ ਜੀ ਦੀ ਟਹਲ ਕਰ ਰਹੇ ਹਨ (ਜੋ ਕਿ ਮੇਰੇ ਮਨ ਰੂਪ ਤੀਰਥ 'ਤੇ ਵਸ ਰਿਹਾ ਹੈ) ਅਤੇ ਲਛਮੀ ਭੀ ਉਸੇ ਦੇ ਕੋਲ ਟਹਿਲਣ ਹੋ ਕੇ ਬੈਠੀ ਹੋਈ ਹੈ।੨।

ਪ੍ਰ: ਕਬੀਰ ਜੀ ! ਦੱਸੋ, ਤੁਸੀਂ ਭਗਤੀ ਕਿਵੇਂ ਕਰਦੇ ਹੋ, ਜਦ ਕਿ ਤੁਹਾਡੇ ਗਲੇ ਵਿਚ ਕੋਈ ਮਾਲਾ ਪਾਈ ਨਜ਼ਰ ਨਹੀਂ ਆਉਂਦੀ ?

ਉ: ੭. ਹੇ ਮਿੱਤਰੋ ਸੁਣੋ ! ਮੈਂ ਤਾਂ ਬਾਹਰਲੀਆਂ ਉੱਨ, ਰੁਦਰਾਖ, ਲੋਹੇ ਤੇ ਸੂਤੀ ਆਦਿ ਮਾਲਾ ਤੇ ਵਿਸ਼ਵਾਸ ਹੀ ਨਹੀਂ ਰੱਖਦਾ, ਇਸ ਲਈ ਜੋ ਮੇਰੀ ਜੀਭ ਉੱਤੇ ਰਾਮ ਦਾ ਸਿਮਰਨ ਹੈ, ਇਹੋ ਹੀ ਮੇਰੇ ਗਲ ਵਿਚ ਮਾਲਾ (ਪਾਈ ਹੋਈ) ਹੈ।

੮. ਉਸ ਰਾਮ ਨੂੰ (ਜੋ ਮੇਰੇ ਮਨ ਤੀਰਥ ਅਤੇ ਜੀਭ ਉੱਤੇ ਵਸ ਰਿਹਾ ਹੈ) ਮੈਂ ਹਜ਼ਾਰ ਨਾਮ ਲੈ-ਲੈ ਕੇ ਉਸ ਨੂੰ ਪ੍ਰਣਾਮ ਕਰਦਾ ਹਾਂ।੩।

ਪ੍ਰ: ਕਬੀਰ ਜੀ ! ਜਦੋਂ ਵੀ ਕਦੀ ਤੁਸੀਂ ਉਪਦੇਸ਼ ਕਰਦੇ ਹੋ, ਕੀ ਹਿੰਦੂਆਂ ਨੂੰ ਜਾਂ ਕਿ ਮੁਸਲਮਾਨਾਂ ਨੂੰ ਵਧੇਰੇ ਉਪਦੇਸ਼ ਕਰਨ ਦੀ ਰੁੱਚੀ ਰੱਖਦੇ ਹੋ ?

ਉ: ੯. ਕਬੀਰ ਆਖਦਾ ਹੈ—ਹੇ ਸੱਜਨੋ ! ਮੇਰਾ ਮੁਖ ਪ੍ਰਯੋਜਨ ਤਾਂ ਹਰੀ ਪਰਮੇਸ਼ਰ ਦੇ ਗੁਣ ਗਉਣਾ ਹੈ, ਉਹ ਗਉਂਦਾ ਹਾਂ। (ਮੇਰੇ ਅੰਦਰ ਫ਼ਿਰਕਾ ਪ੍ਰਸਤੀ ਨਹੀਂ, ਇਸ ਲਈ)

੧੦. ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਸਮਝਾਉਂਦਾ ਹਾਂ ਕਿ ਮਨ ਹੀ ਤੀਰਥ ਹੈ, ਮਨ ਹੀ ਹੱਜ ਹੈ, ਜਿਥੇ ਰੱਬ ਵਸਦਾ ਹੈ, ਉਸਦੇ ਅਨੇਕਾਂ ਹੀ ਨਾਮ ਹਨ, (ਇਸ ਲਈ ਸਾਰੇ ਰਾਮ ਦਾ ਨਾਮ ਸਿਮਰੋ)।੪।੪।੧੩।

ਭਾਵਾਰਥ : ਇਸ ਸ਼ਬਦ ਵਿਚ ਹੱਜ ਕਾਅਬੇ ਦੀ ਬਾਹਰਮੁਖੀ ਯਾਤ੍ਰਾ ਦੀ ਥਾਂ ਨਾਮ ਸਿਮਰਨ ਦੀ ਅੰਤ੍ਰੀਵ ਉਪਾਸ਼ਨਾ ਦੱਸ ਕੇ ਮੁਸਲਮਾਨਾਂ ਨੂੰ ਖ਼ਾਸ ਕਰਕੇ ਸਮਝਾਇਆ ਗਿਆ ਹੈ ਅਤੇ ਹਿੰਦੂਆਂ ਨੂੰ ਸੱਚੀ ਤੀਰਥ ਯਾਤ੍ਰਾ ਕਰਨ ਲਈ ਪ੍ਰੇਰਣਾ ਕੀਤੀ ਗਈ ਹੈ।

ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫

ੴ ਸਤਿਗੁਰ ਪ੍ਰਸਾਦਿ ॥

੧. ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
੨. ਜਿਸੁ ਪਾਹਨ ਕਉ ਪਾਤੀ ਤੋਰੈ
ਸੋ ਪਾਹਨ ਨਿਰਜੀਉ ॥੧॥
੩. ਭੂਲੀ ਮਾਲਨੀ ਹੈ ਏਉ ॥
੪. ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥
੫. ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥
੬. ਤੀਨਿ ਦੇਵ ਪ੍ਰਤਖਿ ਤੋਰਹਿ
ਕਰਹਿ ਕਿਸ ਕੀ ਸੇਉ ॥੨॥
੭. ਪਾਖਾਨ ਗਢਿ ਕੈ ਮੂਰਤਿ ਕੀਨੀ੍
ਦੇ ਕੈ ਛਾਤੀ ਪਾਉ ॥
੮. ਜੇ ਏਹ ਮੂਰਤਿ ਸਾਚੀ
ਹੈ ਤਉ ਗੜ੍ਹਣਹਾਰੇ ਖਾਉ ॥੩॥
੯. ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
੧੦. ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥
੧੧. ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
੧੨. ਕਹੁ ਕਬੀਰ ਹਮ ਰਾਮ ਰਾਖੇ
ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥

ਪਦ ਅਰਥ : ਪਾਤੀ—ਪੱਤਰ, ਪੱਤਾ, ਪੱਤੀਆਂ, ਤੁਲਸੀ ਬਿਲ ਆਦਿ ਦੇ ਪੱਤੇ ਜੋ ਪੂਜਾ ਵਿਚ ਵਰਤਦੇ ਹਨ। ਪਾਤੀ ਪਾਤੀ—ਹਰੇਕ ਪੱਤ੍ਰ ਵਿਚ। ਜੀਉ—ਜਿੰਦ। ਪਾਹਨ—ਪੱਥਰ। ਨਿਰਜੀਉ—ਨਿਰਜਿੰਦ।੧। ਏਉ—ਇਉਂ, ਇਸ ਤਰ੍ਹਾਂ।੧।ਰਹਾਉ। ਬ੍ਰਹਮੁ—ਬ੍ਰਹਮਾ। ਬਿਸਨੁ—ਵਿਸ਼ਨੂੰ। ਡਾਲੀ—ਡਾਲੀ, ਟਾਹਣੀ। ਸੰਕਰ—ਸ਼ਿਵ। ਪ੍ਰਤਖਿ—ਸਾਹਮਣੇ। ਤੋਰਹਿ—ਤੋੜ ਰਹੀ ਹੈ। ਸੇਉ—ਸੇਵਾ।੨। ਪਾਖਾਨ—ਪਥਰ। ਗਢਿ ਕੈ—ਘੜ ਕੇ। ਪਾਉ—ਪਾਂਉ, ਪੈਰ।੩। ਭਾਤੁ—ਭੱਤ, ਚੌਲ। ਪਹਿਤਿ—ਦਾਲ। ਲਾਪਸੀ—ਲੱਪੀ, ਪਤਲਾ ਕੜਾਹ, ਸੀਰਾ। ਕਰਕਰਾ ਕਾਸਾਰੁ—ਕਰਾਰਾ, ਭੁਰਭੁਰਾ, ਖਸਤਾ ਪੰਜੀਰੀ। ਛਾਰੁ—ਸੁਆਹ। ਮੁਖਿ ਛਾਰੁ—ਮੂੰਹ ਵਿਚ ਸੁਆਹ, ਭਾਵ ਕੁਝ ਨਾ ਮਿਲਿਆ।੪। ਜਗੁ—ਜਗਤ, ਇਸ ਤੋਂ ਭਾਵ ਹੈ ਮਾਲਣ ਪੁਜਾਰੀ ਤੋਂ ਛੁੱਟ ਮੱਥੇ ਟੇਕਣ ਵਾਲੇ, ਪੂਜਣ ਵਾਲੇ, ਭੋਗ ਪਦਾਰਥ ਤਿਆਰ ਕਰਨ ਵਾਲੇ ਤੇ ਸਾਰੇ ਹੀ ਮੂਰਤੀ ਪੂਜਕ। ਕ੍ਰਿਪਾ ਕਰਿ—ਕਿਰਪਾ ਕਰਕੇ। ਰਾਖੇ—ਰੱਖ ਲਿਆ ਹੈ, ਭੁਲੇਖੇ ਤੋਂ ਬਚਾ ਲਿਆ ਹੈ।੫।

ਅਰਥ :

ਇਕ ਮਾਲਨ ਪੱਥਰ ਦੀ ਮੂਰਤੀ ਦੀ ਪੂਜਾ ਕਰਨ ਲਈ (ਤੁਲਸੀ ਆਦਿ ਦੀਆਂ) ਪੱਤੀਆਂ ਤੋੜੀ ਜਾ ਰਹੀ ਹੈ, ਤਾਂ ਕਬੀਰ ਸਾਹਿਬ ਜੀ ਨੇ ਤਕਿਆ ਤੇ ਪੁੱਛਿਆ—ਐ ਮਾਲਨ, ਤੂੰ ਇਹ ਕੀ ਕਰ ਰਹੀ ਹੈਂ ? ਜੀ ਇਹ ਮੈਂ ਮੂਰਤੀ ਪੂਜਾ ਕਰਨ ਲਈ ਤੁਲਸੀ ਦੇ ਪੱਤ੍ਰ ਤੋੜਦੀ ਹਾਂ, ਤਾਂ ਕਬੀਰ ਜੀ ਇਸ ਸ਼ਬਦ ਵਿਚ ਮੂਰਤੀ ਪੂਜਾ ਦੇ ਵਿਰੁੱਧ ਦਲੀਲਾਂ ਦੇਂਦੇ ਹਨ ਅਤੇ ਉਸ ਮਾਲਨ ਨੂੰ ਸਨਮੁਖ ਹੋ ਸ਼ਬਦ ਉਚਾਰਦੇ ਹੋਏ ਸਾਰੇ ਜਗਤ ਦੇ ਜੀਵਾਂ ਲਈ ਉਪਦੇਸ਼ ਕਰਦੇ ਹਨ ;

੧. ਹੇ ਮਾਲਨ ! ਤੂੰ ਸੋਚ, (ਤੁਲਸੀ ਆਦਿ ਦੀਆਂ ਪੱਤੀਆਂ ਮੂਰਤੀ ਪੂਜਾ ਲਈ) ਤੋੜੀ ਜਾ ਰਹੀ ਹੈਂ, ਪਰ ਐ ਭੋਲੀਏ ! ਤੂੰ ਇਹ ਨਹੀਂ ਜਾਣਦੀ ਕਿ ਹਰ ਇਕ ਪੱਤੇ-ਪੱਤੇ ਵਿਚ ਜਿੰਦ ਹੈ।

੨. ਐ ਭੋਲੀਏ ! ਜਿਨ੍ਹਾਂ ਪੱਥਰਾਂ ਦੀ ਪੂਜਾ ਕਰਨ ਲਈ ਤੂੰ ਪੱਤੀਆਂ ਤੋੜ ਰਹੀ ਹੈਂ, (ਕੀ ਤੈਨੂੰ ਇਹ ਪਤਾ ਨਹੀਂ ਕਿ) ਉਹ ਪੱਥਰ ਤਾਂ ਨਿਰਜਿੰਦ ਹਨ।੧।

੩. ਇਸ ਲਈ! ਐ ਲੋਕੋ, ਇਕ ਨਿਰਜਿੰਦ ਮੂਰਤੀ ਦੀ ਸੇਵਾ ਕਰਕੇ ਇਹ (ਭੋਲੀ) ਮਾਲਣ ਭੁੱਲ ਰਹੀ ਹੈ। (ਕਿਉਂ ਜੀ, ਤਾਂ ਫਿਰ ਇਹ ਦੱਸੋ ਕਿ)

ਪ੍ਰ: ਇਹ ਮੂਰਤੀ ਦੇਵਤਾ ਨਹੀਂ ?

ਉ: ੪. ਪਰ ਅਸਲ (ਸੱਚੀ ਗੱਲ ਤਾਂ) ਇਉਂ ਹੈ ਕਿ ਜੀਉਂਦਾ ਜਾਗਦਾ ਦੇਵਤਾ ਸਤਿਗੁਰੂ ਹੈ (ਜਿਸ ਵਲੋਂ ਇਹ ਭੋਲੀ ਮਾਲਣ ਭੁਲੀ ਹੋਈ ਹੈ)।੧।ਰਹਾਉ।

ਪ੍ਰ: ਕਿਉਂ ਕਬੀਰ ਜੀ ! ਕੀ ਮੇਰੀ ਇਹ ਮੂਰਤੀ ਪੂਜਾ ਦੀ ਸੇਵਾ ਨਿਸਫਲ ਜਾਏਗੀ ?

ਉ: ੫. ਹੇ ਮਾਲਣ ! ਤੂੰ ਭੁੱਲ ਵਿਚ ਹੈਂ। ਜ਼ਰਾ ਹੋਰ ਵੀਚਾਰ ਕਰ ਕਿ ਜਿਨ੍ਹਾਂ ਬੂਟਿਆਂ ਤੋਂ ਤੂੰ ਫੁੱਲ ਤੇ ਪੱਤੀਆਂ ਤੋੜਦੀ ਹੈਂ, ਉਨ੍ਹਾਂ ਦੀਆਂ ਡਾਲੀਆਂ ਵਿਸ਼ਨੂੰ ਰੂਪ ਹਨ, ਉਨ੍ਹਾਂ ਦੇ ਪੱਤੇ ਬ੍ਰਹਮਾ ਰੂਪ ਹਨ ਤੇ ਫੁੱਲ ਉਨ੍ਹਾਂ ਦੇ ਸ਼ਿਵ ਰੂਪ ਹਨ।

੬. ਸੋ ਐ ਭੋਲੀਏ ! ਜਦ ਤੂੰ ਪੱਤੀਆਂ, ਫੁੱਲ ਤੇ ਡਾਲੀਆਂ ਗੰਦਲਾਂ ਸਣੇ ਫੁੱਲ ਤੋੜਦੀ ਹੈਂ, ਦੱਸ ਕਿ ਤਿੰਨੇ ਦੇਵਤੇ ਤਾਂ ਤੂੰ ਪ੍ਰਤੱਖ ਹੀ ਤੋੜ ਰਹੀ ਹੈਂ, ਨਾਸ਼ ਕਰ ਰਹੀ ਹੁੰਦੀ ਹੈਂ, (ਫਿਰ ਤੂੰ ਦੱਸ) ਸੇਵਾ ਕਿਸਦੀ ਕਰਦੀ ਹੈਂ ? ਕਿਉਂਕਿ :

"ਬ੍ਰਹਮ ਪਤ੍ਰੰ, ਹਰੀ ਸਾਖਾ, ਸੰਕਰਹ ਕੁਸੁਮਾਨਿ ਵੇ" (ਵ੍ਰਿਹਤ ਸਤੋਤ੍ਰ ਰਤਨਾਕਰ) ਇਸ ਤੋਂ ਡਾਲੀਆਂ, ਪੱਤੇ ਅਤੇ ਫੁੱਲ, ਤਿੰਨੇ ਮੁਖ ਦੇਵਤੇ ਸਿੱਧ ਹੁੰਦੇ ਹਨ।

ਕਿਉਂਕਿ ਸਾਰੀ ਸ੍ਰਿਸ਼ਟੀ ਈਸ਼੍ਵਰ ਨੇ ਰਚੀ ਹੈ ਤੇ ਈਸ਼੍ਵਰ ਦੇ ਵੈਰਾਟ ਰੂਪ ਵਿਚ ਤਿੰਨ ਮੂਰਤੀਆਂ—ਬ੍ਰਹਮਾ, ਵਿਸ਼ਨੂੰ ਤੇ ਸ਼ਿਵ—ਪ੍ਰਸਿੱਧ ਹਨ ਕਿ ਵਿਸ਼ਨੂੰ ਜੀ ਤੋਂ ਬ੍ਰਹਮਾ ਰਚੇ ਗਏ, ਫਿਰ ਬ੍ਰਹਮਾ ਤੋਂ ਸ਼ਿਵਜੀ, ਸੋ ਪਹਿਲੋਂ ਵਿਸ਼ਨੂੰ ਜੀ ਹਨ, ਇਸ ਲਈ ਸਾਰੇ ਕਾਰਜਾਂ ਵਿਚ ਇਹੋ ਹੀ ਰੀਤੀ ਸਮਝ ਲੈਣੀ ਕਿ ਪਹਿਲੀ ਮੂਲ ਵਸਤੂ ਡਾਲੀਆਂ ਹਨ, ਸੋ ਵਿਸ਼ਨੂੰ ਜੀ ਡਾਲੀ ਰੂਪ ਹੈ, ਡਾਲੀ ਨੂੰ ਪੱਤਰ ਲੱਗਦੇ ਹਨ, ਸੋ ਪੱਤਰ ਬ੍ਰਹਮਾ ਰੂਪ ਹਨ। ਅੰਤ ਵਿਚ ਜਾ ਕੇ ਫੁੱਲ ਪੈਂਦੇ ਹਨ, ਅੰਤ ਦਾ ਦੇਵਤਾ ਮਹਾਂਦੇਵ ਹੈ, ਉਹ ਬ੍ਰਹਮਾ ਤੋਂ ਮਹਾਂਦੇਵ ਬਣਦਾ ਹੈ, ਇਸਦਾ ਭਾਵ ਇਹ ਹੋਇਆ ਕਿ ਜਾਨਦਾਰ ਬੂਟੇ ਪੱਤ੍ਰ ਤੇ ਫੁੱਲ ਇਸ ਚੇਤਨ ਸਤਾ ਵਿੱਚ, ਜੜ੍ਹ ਪੱਥਰਾਂ ਨਾਲੋਂ ਉੱਚੇ ਹਨ।੨।

ਪ੍ਰ: ਕਬੀਰ ਜੀ ! ਮੈਨੂੰ ਤਾਂ ਇਸ ਪੱਥਰ ਦੀ ਮੂਰਤੀ ਵਿਚ ਸੱਚ ਮੁੱਚ ਪ੍ਰਤੱਖ ਦੇਵਤਾ ਨਜ਼ਰ ਆਉਂਦਾ ਹੈ, ਕਿਉਂਕਿ ਮੇਰੀ ਇਹ ਪੱਕੀ ਭਾਵਨਾ ਬਣ ਚੁੱਕੀ ਹੈ, ਹਾਂ ਜੇ ਤੁਸੀਂ ਮੇਰੇ ਨਿਸ਼ਚੇ ਨੂੰ ਗ਼ਲਤ ਸਮਝਦੇ ਹੋ, ਤਾਂ ਕੋਈ ਉਦਾਹਰਣ ਦੇ ਕੇ ਮੈਨੂੰ ਸਮਝਾਉ।

ਉ: ੭. ਹੇ ਭੋਲੀ, ਭੁੱਲੀ ਹੋਈ ਮਾਲਣੇ ! ਤੂੰ ਜ਼ਰਾ ਸੋਚ ਕਰ ਕਿ ਇਹ (ਪੱਥਰ ਘਾੜੇ ਨੇ) ਪੱਥਰ ਨੂੰ ਘੜ ਕੇ ਹੀ ਮੂਰਤੀ ਬਣਾਈ ਸੀ (ਜਿਸਦੀ ਤੂੰ ਪੂਜਾ ਕਰਦੀ ਹੈਂ) ਕੀ ਇਹ ਠੀਕ ਹੈ ? (ਜੀ ਹਾਂ, ਇਹ ਸੱਚ ਹੈ)। ਫਿਰ ਇਸ ਮੂਰਤੀ ਨੂੰ ਘੜਨ ਵੇਲੇ ਉਸ ਨੇ ਇਸਦੀ ਛਾਤੀ 'ਤੇ ਪੈਰ ਰਖਿਆ ਸੀ ? ਜੀ ਹਾਂ, ਇਹ ਭੀ ਸੱਚ ਹੈ।

੮. ਤਾਂ ਫਿਰ ਤੂੰ ਇਹ ਦੱਸ ਕਿ ਜੇ ਇਹ ਮੂਰਤ ਸੱਚੀ ਜੀਉਂਦੀ ਜਾਗਦੀ ਦੇਵਤਾ ਹੈ, ਤਾਂ ਉਹ ਆਪਣੇ ਘੜਨ ਵਾਲੇ ਨੂੰ ਹੀ ਖਾ ਜਾਂਦੀ, (ਕਿਉਂਕਿ ਉਸਨੇ ਉਸ ਦੀ ਛਾਤੀ 'ਤੇ ਪੈਰ ਰੱਖ ਕੇ ਉਸਦੀ ਘੋਰ ਬੇਅਦਬੀ ਕੀਤੀ ਹੈ) ਜੇ ਉਹ ਮੂਰਤੀ ਸਜਿੰਦ ਹੈ ਤਾਂ ਉਸ ਬੇਅਦਬੀ ਕਰਨ ਵਾਲੇ ਘਾੜੇ ਨੂੰ ਸਜ਼ਾ ਦੇਵੇ, ਪਰ ਉਸਨੇ ਦਿੱਤੀ ਨਹੀਂ, ਕਿਉਂਕਿ ਉਹ ਸੱਚ ਮੁੱਚ ਦੇਵ ਨਹੀਂ ਸੀ, ਕੇਵਲ ਪੱਥਰ ਹੀ ਸੀ।੩।

ਪ੍ਰ: ਕਬੀਰ ਜੀ ! ਮੈਂ ਤਾਂ ਇਹੋ ਨਿਸ਼ਚਾ ਕਰ ਰਖਿਆ ਹੈ ਕਿ ਪੂਜਾ ਕਰਨ ਤੋਂ ਬਾਅਦ ਜੋ ਪੁਜਾਰੀ ਤਰ੍ਹਾਂ-ਤਰ੍ਹਾਂ ਦੇ ਪਦਾਰਥਾਂ ਦੇ ਭੋਗ ਲਗਵਾਂਦਾ ਹੈ, ਉਹ ਮੂਰਤੀ ਦੇ ਰੂਪ ਵਿਚ ਸੱਚ ਮੁੱਚ ਹੀ ਦੇਵਤਾ ਲਾਉਂਦਾ ਹੈ।

ਉ:੯-੧੦. ਐ ਭੋਲੀਏ, ਜ਼ਰਾ ਸੋਚ ਕਿ ਜੋ ਪੁਜਾਰੀ ਲੋਕ ਮੂਰਤੀਆਂ ਨੂੰ (ਰਿਧੇ) ਚਾਵਲ, ਦਾਲ, ਲਾਪਸੀ ਤੇ ਭੁਰਪੁਰਾ ਚੂਰਮਾ ਜਾਂ ਪੰਜੀਰੀ ਆਦਿ ਦਾ ਭੋਗ ਲੁਆਉਂਦੇ ਹਨ, ਉਹ ਤਾਂ ਛਕਣ ਵਾਲਾ ਪੁਜਾਰੀ ਹੀ ਛਕ ਜਾਂਦਾ ਹੈ ਜਾਂ ਹੋਰ ਜਿਸਨੂੰ ਉਹ ਪੁਜਾਰੀ ਦੇਵੇ। ਦੱਸ ਇਸ ਮੂਰਤੀ ਦੇ ਮੂੰਹ ਵਿਚ ਕੀ ਪਿਆ ? ਸੁਆਹ।

(ਪੰਜਾਬ ਦਾ ਮੁਹਾਵਰਾ ਹੈ ਕਿ ਕਿਉਂ ਬਈ ਐਤਕਾਂ ਕਣਕ ਦਾ ਵਿਹਾਰ ਕਰਕੇ ਕੀਹ ਪਲੇ ਪਿਆ ? ਅਗੋਂ ਉੱਤਰ ਮਿਲਦਾ ਹੈ 'ਸੁਆਹ' ਜਿਸਦਾ ਭਾਵ ਹੁੰਦਾ ਹੈ ਕਿ ਕੁੱਝ ਵੀ ਨਹੀਂ ਮਿਲਿਆ। ਸੋ ਉਹ ਮੂਰਤੀ ਤਾਂ ਨਿਰਜਿੰਦ ਹੈ, ਕਿਵੇਂ ਖਾਵੇ ?)।੪।

ਪ੍ਰ: ਕਿਉਂ ਕਬੀਰ ਜੀ ! ਕੀ ਇਹ ਇਕੱਲੀ ਮਾਲਣ ਭੁੱਲੀ ਹੋਈ ਹੈ ਕਿ ਇਸਦੇ ਨਾਲ ਕਿਸੇ ਹੋਰ ਨੂੰ ਵੀ ਭੁਲੇਖੇ ਵਿਚ ਪਿਆ ਦੇਖ ਰਹੇ ਹੋ ?

ਉ:੧੧. ਹੇ ਭਾਈਓ ! ਸਿਧਾਂਤਕ ਗੱਲ ਤਾਂ ਇਹੋ ਹੀ ਹੈ ਕਿ ਇਹ ਮਾਲਣ ਭੁੱਲ ਵਿਚ ਪਈ ਹੋਈ ਹੈ ਜੋ ਕਿ ਜਿੰਦ ਵਾਲੇ ਫੁੱਲਾਂ ਨੂੰ ਤੋੜ ਕੇ ਨਿਰਜਿੰਦ ਪੱਥਰਾਂ ਨੂੰ ਚਾੜ੍ਹਦੀ ਹੈ (ਅਤੇ ਪੁਜਾਰੀ ਭੁੱਲੇ ਹਨ ਜੋ ਕਿ ਨਿਰਜਿੰਦ ਪੱਥਰ ਨੂੰ ਖੁਆਉਣ ਦੇ ਬਹਾਨੇ ਆਪ ਹੀ ਖਾ ਜਾਂਦੇ ਹਨ। ਇਸੇ ਤਰ੍ਹਾਂ ਸਮਝ ਲਓ ਕਿ ਮੂਰਤਾਂ ਦਾ ਪੁਜਾਰੀ) ਸਾਰਾ ਸੰਸਾਰ ਹੀ ਭੁੱਲ ਵਿਚ ਪਿਆ ਹੋਇਆ ਹੈ, ਭਾਵ ਸੱਭੇ ਇਹੋ ਟਪਲਾ ਖਾ ਰਹੇ ਹਨ।

ਪ੍ਰ: ਕਬੀਰ ਜੀ ! ਇਸ ਤਰ੍ਹਾਂ ਤਾਂ ਸਾਰੇ ਸੰਸਾਰ ਦੇ ਭੁੱਲਣ ਦੀ ਗਿਣਤੀ ਵਿਚ ਫਿਰ ਤੁਸੀਂ ਆਪ ਵੀ ਆ ਜਾਂਦੇ ਹੋ, ਕੀ ਤੁਹਾਨੂੰ ਵੀ ਇਸ ਭੁੱਲ ਵਿਚ ਸਮਝਿਆ ਜਾਏ ?

ਉ: ਹੇ ਪਿਆਰਿਓ ! ਸੱਚ ਸਮਝੋ ਅਸੀਂ ਇਸ ਭੁੱਲ ਵਿਚ ਨਹੀਂ ਪਏ।

ਪ੍ਰ: ਕਿਉਂ ਜੀ ! ਇਸ ਟਪਲੇ ਤੋਂ ਬਚੇ ਰਹਿਣ ਲਈ ਤੁਸਾਂ ਸੰਸਾਰ ਤੋਂ ਵੱਖਰਾ ਕੀ ਸਾਧਨ ਕੀਤਾ ਹੈ ?

ਉ:੧੨. ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈਓ, ਮੈਂ ਸਾਧਨ ਕਰਨ ਦੀ ਤਾਂ ਕੋਈ ਸਮਰੱਥਾ ਨਹੀਂ ਰੱਖਦਾ, ਪਰ ਇਸ ਤਰ੍ਹਾਂ ਦੀਆਂ ਭੁੱਲਾਂ ਤੋਂ ਅਸੀਂ ਰਾਮ ਦੇ ਬਚਾਏ ਹੋਏ ਹੀ ਬਚ ਰਹੇ ਹਾਂ। ਉਸ ਪ੍ਰਕਾਸ਼ ਰੂਪ ਹਰੀ ਨੇ ਆਪਣੀ ਕਿਰਪਾ ਕਰਕੇ ਹੀ ਸਾਨੂੰ ਬਚਾ ਲਿਆ ਹੈ, ਭਾਵ ਸਾਡੀ ਇਹ ਅਭੁੱਲਤਾਈ ਸਾਡੀ

ਆਪਣੀ ਨਹੀਂ, ਪਰਮੇਸ਼ਰ ਨੇ ਅਪਣੀ ਮਿਹਰ ਕਰਕੇ ਸਾਨੂੰ ਸੱਚਾ ਗਿਆਨ ਦਾਨ ਕੀਤਾ ਹੈ, ਜਿਸ ਗਿਆਨ ਦਾ ਸਦਕਾ ਸਾਨੂੰ ਇਸ ਭੁਲੇਖੇ ਤੋਂ ਬਚਾ ਲਿਆ ਹੈ।੫।੧।੧੪।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਮੂਰਤੀ ਪੂਜਾ ਦੇ ਵਿਰੁੱਧ ਕਈ ਦਲੀਲਾਂ ਦੇ ਕੇ ਮੂਰਤਾਂ ਦੇ ਪੂਜਕਾਂ ਨੂੰ ਭੁੱਲ ਵਿਚ ਪਿਆ ਤੱਕਦੇ ਹੋਏ, ਉਸ ਸੱਚੇ ਜੀਉਂਦੇ ਜਾਗਦੇ ਸਤਿਗੁਰੂ ਪਰਮਾਤਮਾ ਦੇਵ ਦੀ ਪੂਜਾ ਕਰਨ ਦਾ ਸਾਂਝਾ ਉਪਦੇਸ਼ ਸਾਰੇ ਸੰਸਾਰ ਨੂੰ ਕਰਦੇ ਹਨ। ਜਗੁ—ਜਗਤ, ਇਸ ਪਦ ਦੀ ਵਰਤੋਂ ਕਰਕੇ ਕਬੀਰ ਜੀ ਨੇ, ਮਾਲਣ ਤੇ ਪੁਜਾਰੀ ਤੋਂ ਛੁੱਟ, ਮੱਥੇ ਟੇਕਣ ਵਾਲੇ, ਭੋਗ ਪਦਾਰਥ ਤਿਆਰ ਕਰਨ ਵਾਲੇ ਤੇ ਸਾਰੇ ਮੂਰਤੀ ਪੂਜਕਾਂ ਨੂੰ ਹੀ ਸੰਬੋਧਨ ਕਰ ਦਿੱਤਾ ਹੈ ਕਿ ਤੁਸੀਂ ਸਭੇ ਹੀ ਭੁਲੇਖੇ ਵਿਚ ਹੋ।

ਆਸਾ ॥

੧. ਬਾਰਹ ਬਰਸ ਬਾਲਪਨ ਬੀਤੇ
ਬੀਸ ਬਰਸ ਕਛੁ ਤਪੁ ਨ ਕੀਓ ॥
੨. ਤੀਸ ਬਰਸ ਕਛੁ ਦੇਵ ਨ ਪੂਜਾ
ਫਿਰਿ ਪਛੁਤਾਨਾ ਬਿਰਧਿ ਭਇਓ ॥੧॥
੩. ਮੇਰੀ ਮੇਰੀ ਕਰਤੇ ਜਨਮੁ ਗਇਓ ॥
੪. ਸਾਇਰੁ ਸੋਖਿ ਭੁਜੰ ਬਲਇਓ ॥੧॥ ਰਹਾਉ ॥
੫. ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ
ਖੇਤਿ ਹਥ ਵਾਰਿ ਕਰੈ ॥
੬. ਆਇਓ ਚੋਰੁ ਤੁਰੰਤਹ ਲੇ ਗਇਓ
ਮੇਰੀ ਰਾਖਤ ਮੁਗਧੁ ਫਿਰੈ ॥੨॥
੭. ਚਰਨ ਸੀਸੁ ਕਰ ਕੰਪਨ ਲਾਗੇ
ਨੈਨੀ ਨੀਰੁ ਅਸਾਰ ਬਹੈ ॥
੮. ਜਿਹਵਾ ਬਚਨੁ ਸੁਧੁ ਨਹੀ ਨਿਕਸੈ
ਤਬ ਰੇ ਧਰਮ ਕੀ ਆਸ ਕਰੈ ॥੩॥
੯. ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ
ਲਾਹਾ ਹਰਿ ਹਰਿ ਨਾਮੁ ਲੀਓ ॥
੧੦. ਗੁਰ ਪਰਸਾਦੀ ਹਰਿ ਧਨੁ ਪਾਇਓ
ਅੰਤੇ ਚਲਦਿਆ ਨਾਲਿ ਚਲਿਓ ॥੪॥
੧੧. ਕਹਤ ਕਬੀਰ ਸੁਨਹੁ ਰੇ ਸੰਤਹੁ
ਅਨੁ ਧਨੁ ਕਛੂਐ ਲੈ ਨ ਗਇਓ ॥
੧੨. ਆਈ ਤਲਬ ਗੋਪਾਲ ਰਾਇ ਕੀ
ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥

ਪਦ ਅਰਥ : ਬਾਲਪਨ—ਅੰਞਾਣ ਪੁਣਾ, ਬਾਲਪੁਣੇ ਦੀਆਂ ਖੇਡਾਂ। ਮੇਰੀ ਮੇਰੀ ਕਰਤੇ—ਇਹ ਚੀਜ਼ ਮੇਰੀ ਹੈ, ਇਹ ਧਨ ਮੇਰਾ ਹੈ, ਮਮਤਾ ਵਿਚ ਹੀ। ਦੇਵ ਨ ਪੂਜਾ—ਦੇਵ ਦੀ ਪੂਜਾ ਨਹੀਂ ਕੀਤੀ, ਪ੍ਰਭੂ ਦੀ ਪੂਜਾ ਨਹੀਂ ਕੀਤੀ। ਸਾਇਰੁ—ਸਮੁੰਦਰ, ਸਾਗਰ। ਸੋਖਿ—ਸੁੱਕ ਕੇ, ਸੁੱਕ ਜਾਣ ਤੋਂ। ਭੁਜੰ ਬਲਇਓ—ਭੁਜਾਂ ਦਾ ਬਲ, ਬਾਂਹਾਂ ਦੀ ਤਾਕਤ।੧। ਸਰਵਰਿ—ਤਲਾ ਵਿਚ। ਪਾਲਿ—ਕੰਧ। ਲੂਣੈ ਖੇਤਿ—ਕਟੇ ਹੋਏ ਖੇਤ ਵਿਚ। ਹਥ—ਹੱਥਾਂ ਨਾਲ। ਵਾਰਿ—ਵਾੜ। ਮੁਗਧੁ—ਮੂਰਖ।੨। ਕਰ—ਹੱਥ। ਕੰਪਨ—ਕੰਬਣ। ਅਸਾਰ—ਆਪ ਮੁਹਾਰਾ, ਬਿਨਾਂ ਰੁਕਣ ਦੇ। ਰੇ—ਹੇ ਭਾਈ।੩। ਲਾਹਾ—ਲਾਭ। ਪਰਸਾਦੀ—ਕਿਰਪਾ ਨਾਲ। ਤਲਬ—ਸੱਦਾ, ਬੁਲਾਵਾ। ਮੰਦਰ—ਘਰੁ। ਅਨੁ ਧਨੁ—ਕੋਈ ਹੋਰ ਧਨ।੫।

ਅਰਥ :

ਪ੍ਰ: ਕਬੀਰ ਜੀ! ਇਹ ਦੱਸੋ ਕਿ ਮਨੁੱਖ ਨੂੰ ਜੀਵਨ ਵਿਚ ਕਦੋਂ ਪਸਚਾਤਾਪ ਕਰਨਾ ਪੈਂਦਾ ਹੈ?

ਉ: ੧. ਹੇ ਭਾਈਓ! ਇਸ ਬੰਦੇ ਦੇ ਜਦੋਂ ਬਾਰਾਂ ਵਰ੍ਹੇ ਤਾਂ ਬਚਪਨ ਦੀਆਂ ਖੇਡਾਂ ਵਿਚ ਹੀ ਬੀਤ ਗਏ, ਭਾਵ ਅੰਞਾਣਪੁਣੇ ਵਿਚ ਹੀ ਲੰਘ ਗਏ, ਵੀਹ ਵਰ੍ਹੇ (ਹੋਰ) ਲੰਘ ਗਏ, ਭਾਵ ੩੨ ਸਾਲ ਗੁਜ਼ਰ ਗਏ ਤਾਂ ਵੀ, (ਗੁਰ ਸੇਵਾ ਤਪਾਂ ਸਿਰ ਤਪ ਸਾਰ) ਗੁਰੂ ਦੀ ਸੇਵਾ ਕਰਨ ਰੂਪ ਕੁੱਝ ਤਪ ਨਾ ਕੀਤਾ।

੨. ਹੁਣ ਤੀਹ ਸਾਲ ਹੋਰ ਗੁਜ਼ਰ ਗਏ, ਉਮਰ ਸੱਠ ਤੋਂ ਟੱਪ ਗਈ, ਤਾਂ ਭੀ ਉਸ ਦੇਵ ਪਰਮੇਸ਼ਰ ਦੀ ਭਜਨ ਬੰਦਗੀ ਕਰਨ ਰੂਪ ਪੂਜਾ ਨ ਕੀਤੀ, ਹੁਣ ਹੱਥ ਮਲਣ ਲੱਗਾ, ਕਿਉਂਕਿ ਜਪ, ਤਪ, ਪੂਜਾ ਕਰਨ ਵਾਲੀ ਉਮਰ ਗੁਜ਼ਰ ਗਈ ਤੇ ਬੁੱਢਾ ਹੋ ਗਿਆ। ਭਾਵ ਹੈ ੧੨ ਵਰ੍ਹੇ ਤਾਂ ਬੀਤ ਗਏ ਖੇਡਾਂ ਵਿਚ, ਅੱਗੋਂ ੨੦ ਵਰ੍ਹੇ ਹੋਰ ਗਵਾਏ ਤਾਂ ਇਹ ੩੨ ਹੋ ਗਏ, ਫਿਰ ਤੀਹ ਵਰ੍ਹੇ ਅਗਲੇ ਵੀ ਧਰਮ ਨ ਕਮਾਇਆ ੧੨+੨੦+੩੦ ਹੋ ਗਏ ੬੨। ਸੋ ੬੨ ਵਰ੍ਹਿਆਂ ਵਿਚ ਬੁਢੇਪਾ ਆ ਜਾਂਦਾ ਹੈ, ਪੰਜਾਬ ਵਿਚ ਬੁੱਢੇ ਨੂੰ ਸੱਤਰਿਆ ਬਹੱਤਰਿਆ ਕਹੀਦਾ ਹੈ, ਯੂ. ਪੀ. ਵਿਚ ਕਹਿੰਦੇ ਹਨ ਸੱਠੇ ਬਾਠੇ ਗਿਆ, ਅਰਥਾਤ ਪੂਰਾ ਬੁੱਢਾ ਹੋ ਗਿਆ ਹੈ, ਸੋ ਉਹ ਸਾਠੇ ਬਾਠੇ ਦਾ ਮੁਹਾਵਰਾ ਇਸ ਬਾਹਠ ਬਰਸ ਨਾਲ ਢੁੱਕ ਗਿਆ ਹੈ।੧।

ਪ੍ਰ: ਕਿਉਂ ਕਬੀਰ ਜੀ! ਇਹ ੬੨ ਬਰਸਾਂ ਦਾ ਇਤਨਾ ਲੰਮਾ ਸਮਾਂ ਇਸਦਾ ਕਿਸ ਸ਼ਕਲ ਵਿਚ ਬੀਤ ਗਿਆ?

ਉ: ੩. ਹੇ ਭਾਈਓ! ਇਸ ਬੰਦੇ ਦਾ ਇਹ ਸਾਰਾ ਹੀ ਸੁੰਦਰ ਮਨੁੱਖਾ ਜਨਮ ਮੇਰੀ-ਮੇਰੀ ਕਰਦਿਆਂ ਬ੍ਰਿਥਾ ਹੀ ਬੀਤ ਗਿਆ, ਭਾਵ ਹੈ ਕਿ ਮੋਹ ਮਾਇਆ ਵਿਚ ਗ਼ਲਤਾਨ ਰਹਿੰਦਿਆਂ ਹੀ ਉਮਰ ਬੀਤ ਗਈ।

੪. ਹੁਣ ਇਸਨੂੰ ਬੁਢੇਪੇ ਨੇ ਆਣ ਫੜਿਆ ਜਦੋਂ ਕਿ ਮੇਰੀ-ਮੇਰੀ ਪੁਗਾਉਣ ਵਾਲੇ ਭੁਜਾਂ (ਰੂਪ) ਸਮੁੰਦਰ ਦੇ ਬਲ ਰੂਪ ਜਲ ਨੂੰ ਬੁਢੇਪੇ ਰੂਪ ਅਗਸਤ ਮੁਨੀ ਨੇ ਸੁਕਾ ਲਿਆ ਹੈ (ਸਮੁੰਦਰ ਸੁਕਾ ਦੇਣ ਪਦਾਂ ਤੋਂ ਦਾਨੇ ਸੱਜਣ ਅਗਸਤ ਮੁਨੀ ਦੀ ਚਲੀ ਆ ਰਹੀ ਰਵਾਇਤ ਵਲ ਇਸ਼ਾਰਾ ਸਮਝਦੇ ਆਏ ਹਨ, ਜਿਨ੍ਹਾਂ ਨੇ ਸਮੁੰਦਰ ਸੁਕਾ ਦਿੱਤਾ ਸੀ। ਇਥੇ ਜਿਸ ਬੁਢੇਪੇ ਦਾ ਜ਼ਿਕਰ ਚਲ ਰਿਹਾ ਹੈ, ਇਹ ਅਗਸਤ ਮੁਨੀ ਹੈ, ਬੁਢੇਪੇ ਵਿਚ ਹਿਰ ਗਿਆ ਸਰੀਰਕ ਬਲ ਸਮੁੰਦਰ ਹੈ, ਜਿਸ ਨੂੰ ਕਿ ਜੀਵ ਜੁਆਨੀ ਦੇ ਮਦ ਵਿਚ ਅਮੁੱਕ ਸਮਝਦਾ ਰਹਿੰਦਾ ਹੈ ਅਤੇ ਇਹ ਹਰ ਵਕਤ ਮੈਂ ਮੇਰੀ ਵਿਚ ਹੀ ਮਸਤ ਰਹਿੰਦਾ ਹੈ)।੧।ਰਹਾਉ।

ਪ੍ਰ: ਕਿਉਂ ਕਬੀਰ ਜੀ! ਇਹ ਬੁਢਾਪਾ ਤਾਂ ਇਸ ਬੰਦੇ ਦੇ ਸਮਝ ਜਾਣ ਦੀ ਅਵਸਥਾ ਹੈ, ਪਰ ਇਹ ਹੁਣ ਵੀ ਕਿਉਂ ਨਹੀਂ ਸਮਝਦਾ ?

ਉ: ੫. ਹੇ ਸੱਜਨੋ! ਸਮਝਣਾ ਤਾਂ ਇਕ ਪਾਸੇ ਰਿਹਾ, ਸੁਣੋ, ਸਗੋਂ ਹੋਰ ਮੂਰਖਤਾ ਕਰਦਾ ਹੈ ਕਿ ਮੇਰਾ ਸਰੀਰਕ ਬਲ ਜੁਆਨੀ ਵਾਂਗੂ ਹੀ ਬਣਿਆ ਰਹੇ, ਉਸ ਲਈ ਕਈ ਤਰ੍ਹਾਂ ਦੇ ਉਪਾਉ ਕਰਦਾ ਹੈ, ਭਾਵ ਉਹ ਬਲ ਤਾਂ ਹੁਣ ਰਿਹਾ ਨਹੀਂ ਹੈ, ਪਰ ਇਹ ਕਈ ਤਰ੍ਹਾਂ ਦੀਆਂ ਧਾਤਾਂ ਦਵਾਈਆਂ ਖਾ-ਖਾ ਕੇ ਬਲ ਨੂੰ ਕਾਇਮ ਰੱਖਣ ਦੀਆਂ ਕੋਸ਼ਸ਼ਾਂ ਕਰਦਾ ਹੈ, ਪਰ ਉਹ ਹੁਣ ਇਉਂ ਨਿਸਫਲ ਹਨ ਜਿਵੇਂ ਕਿ ਕੋਈ ਸੁੱਕੇ ਹੋਏ ਤਲਾ ਦੇ ਅੱਗੇ ਬੰਨ੍ਹ ਮਾਰੇ ਤਾਂ ਕਿ ਪਾਣੀ ਤਲਾ ਵਿਚੋਂ ਬਾਹਰ ਨ ਨਿਕਲ ਜਾਵੇ। ਜਾਂ ਜਿਵੇਂ ਕੋਈ ਕੱਟੇ ਹੋਏ ਖੇਤ ਦੇ ਦੁਆਲੇ ਹੱਥਾਂ ਨਾਲ ਵਾੜ ਦੇ ਰਿਹਾ ਹੋਵੇ। ਸੋ ਮੂਰਖ ਮਨੁੱਖ ਜਿਸ ਸਰੀਰ ਨੂੰ ਆਪਣਾ ਬਣਾਈ ਰੱਖਣ ਦੇ ਜਤਨ ਕਰਦਾ ਫਿਰਦਾ ਹੈ, ਹੁਣ ਜਦ ਇਸਦੀ ਜੀਵਨ-ਸਤਾ ਮੁੱਕ ਗਈ, ਤਾਂ ਗੰਢ ਤੁਪ ਕਰਨਾ ਵਿਅਰਥ ਹੈ।

੬. ਪਰ ਜਦੋਂ ਬੁਢਾਪੇ ਰੂਪੀ ਚੋਰ (ਭਾਵ ਚੁਪ ਕੀਤੇ ਹੀ ਬੁਢਾਪਾ) ਆਉਂਦਾ ਹੈ, ਤਾਂ ਬੁਢਾਪਾ ਰੂਪ ਚੋਰ ਜੁਆਨੀ ਨੂੰ ਤੁਰਤ ਹੀ ਲੈ ਜਾਂਦਾ ਹੈ। (ਮੇਰੀ ਰਾਖਤ) ਤੋਂ ਮੁਰਾਦ ਹੈ ਜੁਆਨੀ ਦਾ ਬਲ ਤੇ ਇਸ ਨਾਲ 'ਕੱਠੀ ਕੀਤੀ ਸੰਪਦਾ, ਜਿਨ੍ਹਾਂ ਦੋਹਾਂ ਨੂੰ ਆਪਣੀ ਸਮਝਦਾ ਸੀ। ਬੁਢਾਪੇ ਨੂੰ ਚੋਰ ਤਾਂ ਕਿਹਾ ਹੈ ਕਿ ਉਹ ਬੇ-ਮਲੂਮ ਸਰੀਰ ਵਿਚ ਪ੍ਰਵੇਸ਼ ਕਰਦਾ ਹੈ। ਤੁਰਤ ਇਸ ਲਈ ਕਿਹਾ ਗਿਆ ਹੈ ਕਿ ਜੀਵ ਨੂੰ ਜਦੋਂ ਬੁਢੇਪਾ ਵਾਪਰਦਾ ਹੈ ਤਾਂ ਜੁਆਨੀ ਦੇ ਦਿਨ ਸੁਪਨਾ ਦਿੱਸਦੇ ਹਨ ਤੇ ਬੁਢੇਪਾ ਆ ਗਿਆ ਪ੍ਰਤੀਤ ਹੁੰਦਾ ਹੈ।੨।

ਪ੍ਰ: ਕਬੀਰ ਜੀ! ਫਿਰ ਤੁਸੀਂ ਅਜਿਹੇ ਬੁਢਾਪੇ ਦੇ ਮਰੀਜ਼ਾਂ ਨੂੰ ਸਮਝਾਉਣ ਦਾ ਕਿਉਂ ਜਤਨ ਨਹੀਂ ਕਰਦੇ ? ਹੇ ਸੱਜਨੋ! ਬੜਾ ਜਤਨ ਕਰਦਾ ਹਾਂ। ਸੁਣੋ, ਮੈਂ ਆਪਣੇ ਇਕ ਗੁਆਂਢੀ ਬਾਬੇ ਨੂੰ ਕਿਹਾ—ਬਾਬਾ ਹੁਣ ਤੂੰ ਰੱਬ ਦੀ ਬੰਦਗੀ ਕਰ ਅਤੇ ਆਪਣੀ ਹਰ ਰੁਚੀ ਧਰਮ ਦੇ ਕਰਮ ਕਰਨ ਵਲ ਲਾ, ਤਾਂ ਉਸ ਵਲੋਂ ਮੈਨੂੰ ਇਹੋ ਲਾ-ਪ੍ਰਵਾਹੀ ਵਿਚ ਉੱਤਰ ਮਿਲਿਆ ਕਿ ਕਬੀਰ ਤੂੰ ਹੈਂ ਵਿਹਲਾ, ਤੂੰ ਧਰਮ ਕਮਾਉਣ ਵਲ ਟੁਰਿਆ ਰਹੁ, ਮੈਂ ਤਾਂ ਅੰਤ ਸਮੇਂ ਧਰਮ ਦੇ ਕਰਮ ਕਰਨੇ ਅਰੰਭ ਕਰ ਲਵਾਂਗਾ। ਮੈਂ ਕਿਹਾ—ਓਇ ਭੋਲਿਆ ਬਾਬਾ ਤੂੰ ਦੱਸ ਜਦ ਹੁਣ ਤੇਰੇ :

ਉ: ੭. ਪੈਰ, ਸਿਰ, ਹੱਥ ਕੰਬਣ ਲੱਗ ਜਾਣਗੇ, ਅੱਖਾਂ 'ਚੋਂ ਆਪ ਮੁਹਾਰਾ ਪਾਣੀ ਵਗੀ ਜਾਂਦਾ ਹੋਵੇਗਾ।

੮. ਜ਼ਬਾਨ ਵਿਚੋਂ (ਕੋਈ ਵੀ) ਬਚਨ ਸ਼ੁੱਧ ਸਪੱਸ਼ਟ ਨਹੀਂ ਨਿਕਲੇਗਾ, ਥਿੜਕ-ਥਿੜਕ ਕੇ ਗੱਲਾਂ ਕਰਦਾ ਹੋਵੇਂਗਾ, ਹੇ ਮੂਰਖਾ (ਤੂੰ ਦੱਸ) ਤਦੋਂ ਧਰਮ ਦੇ ਕਰਮ ਕਮਾਉਣ ਦੀ ਆਸਾ ਰੱਖਦਾ ਹੈਂ ? ਭਾਵ ਹੈ ਕਿ ਸੱਜਨਾ ਉਸ ਵੇਲੇ ਤਾਂ ਤੇਰੀ ਇਹ ਆਸਾ ਬ੍ਰਿਥਾ ਹੋਵੇਗੀ।੩।

ਪ੍ਰ: ਕਬੀਰ ਜੀ! ਇਹ ਆਪ ਜੀ ਦਾ ਉਪਦੇਸ਼ ਤਾਂ ਸੱਚਾ ਸੁੱਚਾ ਹੈ, ਪਰ ਇਸਨੂੰ ਸਾਰੇ ਲੋਕ ਅਪਨਾਉਂਦੇ ਕਿਉਂ ਨਹੀਂ ?

ਉ: ੯. ਹੇ ਮਿੱਤਰੋ! (ਸੱਚੀ ਗੱਲ ਤਾਂ ਇਹੋ ਹੈ ਕਿ) ਕਿਸੇ ਬੰਦੇ ਦੇ ਵੱਸ ਵਿਚ ਕੁੱਝ ਭੀ ਨਹੀਂ, ਪਰ ਜਿਸ ਮਨੁੱਖ ਉੱਤੇ ਪ੍ਰਮਾਤਮਾ ਬਖ਼ਸ਼ਸ਼ ਕਰਦਾ ਹੈ, ਉਸ ਦੀ ਸੁਰਤਿ ਆਪਣੇ ਚਰਨਾਂ ਵਿਚ ਜੋੜਦਾ ਹੈ, ਜਾਣ ਲਓ ਕਿ ਉਸੇ ਨੇ ਹੀ ਹਰੀ ਹਰਿ ਨਾਮ ਦਾ ਲਾਹਾ (ਮਨੁੱਖਾ ਜਨਮ ਦੀ ਸਫਲਤਾ) ਪ੍ਰਾਪਤ ਕਰ ਲਿਆ ਹੈ, ਸੱਚੀ ਖੱਟੀ ਖੱਟ ਲਈ ਹੈ।

੧੦. ਪਰ ਇਹ ਹਰੀ ਦਾ ਨਾਮ ਧਨ ਮਿਲਦਾ ਹੈ ਸਤਿਗੁਰੂ ਦੀ ਕਿਰਪਾ ਨਾਲ, ਸੋ ਇਹੋ ਸੱਚਾ ਨਾਮ ਧਨ ਇਸ ਜਗਤ ਤੋਂ ਤੁਰਨ ਸਮੇਂ ਭੀ ਮਨੁੱਖ ਦੇ ਨਾਲ ਜਾਂਦਾ ਹੈ।੪।

ਪ੍ਰ: ਕਬੀਰ ਜੀ! ਇਹ ਜੋ ਲੋਕ ਧਨ ਪਦਾਰਥ ਇਕੱਠਾ ਕਰੀ ਜਾਂਦੇ ਹਨ, ਕੀ ਇਹ ਕਿਸੇ ਨਾਲ ਨਹੀਂ ਜਾਵੇਗਾ ?

ਉ: ੧੧. ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ ਸੰਤੋ ਸੁਣੋ, ਕੋਈ ਵੀ ਜੀਵ ਮਰਨ ਸਮੇਂ ਕੋਈ ਹੋਰ ਧਨ ਪਦਾਰਥ ਆਪਣੇ ਨਾਲ ਨਹੀਂ ਲੈ ਜਾਂਦਾ।

੧੨. ਹੇ ਭਾਈਓ! ਜਦੋਂ ਵੀ ਕਿਸੇ ਪਰਮੇਸ਼ਰ ਵਲੋਂ ਸੱਦਾ ਆਉਂਦਾ ਹੈ ਤਾਂ ਇਹ ਮਨੁੱਖ ਦੌਲਤ ਤੇ ਘਰ (ਸਭੋ ਕੁੱਝ ਏਥੇ ਹੀ) ਛੱਡ ਕੇ ਤੁਰ ਪੈਂਦਾ ਹੈ।੫।੨।੧੫।

ਭਾਵਾਰਥ : ਕਬੀਰ ਜੀ ਇਸ ਸ਼ਬਦ ਵਿਚ ਕਿਸੇ ਇਕ ਅਜਿਹੇ ਮੂਰਖ ਨੂੰ ਜੋ ਕਿ ਬੁਢਾਪੇ ਵਿਚ ਧਰਮ ਕਰਨ ਵਿਚ ਨਾ-ਕਾਮਯਾਬ ਰਹਿੰਦਾ ਹੀ ਮਰ ਗਿਆ, ਉਸ ਪ੍ਰਥਾਇ ਆਪ ਨੇ ਹਰ ਮਨੁੱਖ ਦਾ ਨਕਸ਼ਾ ਖਿੱਚ ਕੇ ਸਾਰਿਆਂ ਮੂਰਖਾਂ ਦੀ ਮੂਰਖਤਾ ਦਰਸਾਈ ਹੈ, ਜੋ ਕਿ ਆਪਣਾ ਸਾਰਾ ਹੀ ਬਾਹੂ ਬਲ ਧਨ ਕਮਾਈ ਵਿਚ ਖ਼ਰਚਦੇ ਹੋਏ ਧਰਮ ਦੀ ਪ੍ਰਾਪਤੀ ਵਲੋਂ ਬੇ-ਪ੍ਰਵਾਹ ਰਹਿੰਦੇ ਹਨ, ਤਦ ਬੁਢੇਪੇ ਦੇ ਆਇਆਂ ਸਰੀਰ ਦੇ ਸਾਰੇ ਇੰਦਰੇ ਕਮਜ਼ੋਰ ਹੋ ਜਾਂਦੇ ਹਨ, ਉਸ ਵੇਲੇ ਧਰਮ ਕਰਮ ਕਰਨ ਦੀ ਆਸਾ ਰੱਖਣ ਵਾਲਿਆਂ ਨੂੰ ਸਿਧਾਂਤਕ ਉਪਦੇਸ਼ ਆਪ ਜੀ ਨੇ ਅੰਕਤ ਕੀਤਾ ਹੈ।

ਆਸਾ ॥

੧. ਕਾਹੂ ਦੀਨੇ੍ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥
੨. ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥੧॥
੩. ਅਹਿਰਖ ਵਾਦੁ ਨ ਕੀਜੈ ਰੇ ਮਨ ॥
੪. ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ ਰਹਾਉ ॥
੫. ਕੁਮ੍ਹਾਰੈ ਏਕ ਜੁ ਮਾਟੀ ਗੂੰਧੀ
ਬਹੁ ਬਿਧਿ ਬਾਨੀ ਲਾਈ ॥
੬. ਕਾਹੂ ਮਹਿ ਮੋਤੀ ਮੁਕਤਾਹਲ
ਕਾਹੂ ਬਿਆਧਿ ਲਗਾਈ ॥੨॥
੭. ਸੂਮਹਿ ਧਨੁ ਰਾਖਨ ਕਉ ਦੀਆ
ਮੁਗਧੁ ਕਹੈ ਧਨੁ ਮੇਰਾ ॥
੮. ਜਮ ਕਾ ਡੰਡੁ ਮੂੰਡ ਮਹਿ ਲਾਗੈ
ਖਿਨ ਮਹਿ ਕਰੈ ਨਿਬੇਰਾ ॥੩॥
੯. ਹਰਿ ਜਨੁ ਊਤਮੁ ਭਗਤੁ ਸਦਾਵੈ
ਆਗਿਆ ਮਨਿ ਸੁਖੁ ਪਾਈ ॥

੧੦. ਜੋ ਤਿਸੁ ਭਾਵੈ ਸਤਿ ਕਰਿ ਮਾਨੈ
ਭਾਣਾ ਮੰਨਿ ਵਸਾਈ ॥੪॥
੧੧. ਕਹੈ ਕਬੀਰੁ ਸੁਨਹੁ ਰੇ
ਸੰਤਹੁ ਮੇਰੀ ਮੇਰੀ ਝੂਠੀ ॥
੧੨. ਚਿਰਗਟ ਫਾਰਿ ਚਟਾਰਾ ਲੈ ਗਇਓ
ਤਾਰੀ ਤਾਗਰੀ ਛੂਟੀ ॥੫॥੩॥੧੬॥

ਪਦ ਅਰਥ : ਪਾਟ—ਸੂਤੀ ਕੱਪੜੇ। ਪਟੰਬਰ—ਪੱਟ ਦੇ ਅੰਬਰ, ਪੱਟ ਦੇ ਕੱਪੜੇ। ਗਰੀ ਗੋਦਰੀ—ਗਲੀ ਹੋਈ ਗੋਦੜੀ, ਜੁੱਲੀ। ਪਲਘ ਨਿਵਾਰਾ—ਨਿਵਾਰੀ ਪਲੰਘ। ਪਰਾਰਾ—ਪਰਾਲੀ। ਖਾਨ—ਘਰਾਂ ਵਿਚ।੧। ਅਹਿਰਖ—ਹਿਰਖ, ਗਿਲਾ, ਅਪ੍ਰਸੰਨਤਾ, ਉਦਾਸੀ, ਈਰਖਾ। ਵਾਦੁ—ਝਗੜਾ, ਮੁਰਾਦ ਹੈ, ਸਾਈਂ ਨਾਲ ਸ਼ਿਕਵੇ ਸ਼ਿਕਾਇਤਾਂ ਦੇ ਵਾਕ ਕਰਨੇ। ਸੁਕ੍ਰਿਤੁ—ਨੇਕ ਕਮਾਈ, ਭਲੀ ਕਰਨੀ, ਪੁੰਨ ਕਰਮ,।੧।ਰਹਾਉ। ਕੁਮ੍ਹਾਰੈ—ਘੁਮਿਆਰ ਨੇ। ਬਹੁ ਬਿਧਿ—ਕਈ ਕਿਸਮਾਂ ਦੀ। ਬਾਨੀ—ਵੰਨੀ, ਰੰਗਤ, ਬਨਾਵਟ, ਕਿਸਮ। ਮੁਕਤਾਹਲ—ਮੋਤੀਆਂ ਦੀਆਂ ਮਾਲਾਂ। ਬਿਆਧਿ—ਰੋਗ, ਦੁੱਖ, ਦੋਖ, ਐਬ, ਕਸਰ ਵਾਲੀ ਗੱਲ, ਮਦ, ਸ਼ਰਾਬ, ਆਦਿਕ ਚੀਜ਼ਾਂ ਰੋਗ ਲਾਣ ਵਾਲੀਆਂ।੨। ਮੂੰਡ-ਸਿਰ।੩। ਮਨਿ—ਮੰਨ ਕੇ। ਸਤਿ—ਅਟੱਲ। ਮੰਨਿ—ਮਨਿ, ਮਨ ਵਿਚ।੪। ਚਿਰਗਟ—ਪਿੰਜਰਾ, ਚਿੜੀ ਦਾ ਘਰ, ਬਟੇਰੇ ਰੱਖਣ ਵਾਲੇ ਅਕਸਰ ਧਾਗੇ ਦੀ ਜਾਲੀ ਦੇ ਪਿੰਜਰੇ ਵਿਚ ਬਟੇਰੇ ਰੱਖਦੇ ਹਨ, ਉਸ ਤੋਂ ਮੁਰਾਦ ਹੈ ਸਰੀਰ। ਜੇ ਕਬੀਰ ਜੀ ਦਾ ਚਿਰਗਟ ਲੋਹੇ ਦੀਆਂ ਤਾਰਾਂ ਜਾਂ ਸੀਖਾਂ ਪੱਤੀਆਂ ਦਾ ਹੁੰਦਾ ਤਾਂ ਪਦ 'ਫਾਰਿ' ਨ ਵਰਤਦੇ, ਕਿਉਂਕਿ ਕੋਈ ਬਿੱਲਾ ਲੋਹੇ ਦੇ ਪਿੰਜਰੇ ਨੂੰ ਫਾੜ ਨਹੀਂ ਸਕਦਾ। ਮੁਰਾਦ ਧਾਗੇ ਦੀ ਜਾਲੀ ਦੀ ਪਿੰਜਰੀ ਤੋਂ ਹੈ। ਹਿੰਦੀ ਵਿਚ (ਚਿਰਕੁ) ਪੁਰਾਣਾ ਕਪੜਾ, ਭਾਵ ਹੈ ਹੰਢਿਆ ਸਰੀਰ, ਬਿਰਧ ਦੇਹ। ਚਟਾਰਾ—[ਚਟਕ] ਚਿੜਾ, ਜੀਵ ਜਾਂ ਲਿੰਗ ਸਰੀਰ ਰੂਪੀ ਚਿੜੀ। ਤਰੀ ਤਾਗਰੀ—ਤਾਰਾਂ ਦੀ ਜਾਲੀ, ਨਿੱਕੀਆਂ ਮੋਟੀਆਂ ਤਾਰਾਂ ਜਾਂ ਧਾਗਿਆਂ ਤੋਂ ਬਣੀ ਪਿੰਜਰੀ, ਡੋਰੀ, ਕੁਜੀ ਤੇ ਠੂਠੀ ਆਦਿ। ਛੂਟੀ—ਛੁੱਟ ਜਾਂਦੀ ਹੈ, ਧਰੀ ਹੀ ਰਹਿ ਜਾਂਦੀ ਹੈ, ਭਾਵ ਹੈ ਜੀਵ ਦੀ ਧਨ ਮਾਲ ਘਰ ਆਦਿ ਮੇਰੀ ਕਹੀ ਜਾਣ ਵਾਲੀ ਸਾਰੀ ਸਮੱਗਰੀ ਛੁੱਟ ਜਾਂਦੀ ਹੈ ਤੇ ਨਾਲ ਨਹੀਂ ਜਾਂਦੀ।

ਅਰਥ :

ਪ੍ਰ: ਕਬੀਰ ਜੀ! ਇਹ ਸੰਸਾਰੀ ਜੀਵ ਤਾਂ ਆਪ ਤੋਂ ਵੱਧ ਵਿਭੂਤੀ ਵਾਲੇ ਨੂੰ ਤੱਕ ਕੇ ਸਦਾ ਈਰਖਾ ਵਿਚ ਸੜਦਾ ਹੈ, ਪਰ ਦੱਸੋ ਤੁਹਾਡੇ ਆਪਣੇ ਮਨ ਦੀ ਕੀ ਦਸ਼ਾ ਹੈ?

ਉ: ੧. ਹੇ ਸੱਜਨੋ! (ਮੈਂ ਤਾਂ ਜਦੋਂ ਵੀ ਸੰਸਾਰਕ ਜੀਵਾਂ ਵੱਲ ਨਜ਼ਰ ਮਾਰਦਾ ਹਾਂ, ਤਾਂ ਮੈਂ ਉਸ ਸਾਈਂ ਜੀ ਦੇ ਸ਼ੁਕਰਾਨੇ ਵਿਚ ਜੁੜ ਜਾਂਦਾ ਹਾਂ ਅਤੇ ਮੇਰੇ ਅੰਦਰੋਂ ਆਪ ਮੁਹਾਰੀ ਇਹ ਸੱਦ ਉੱਠ ਆਉਂਦੀ ਹੈ ਕਿ) ਹੇ ਮੇਰੇ ਸਾਈਂ, ਤੂੰ ਕਿਸੇ ਨੂੰ ਦਿੱਤੇ ਹਨ (ਪਹਿਨਣ ਲਈ) ਸੂਤੀ ਕੱਪੜੇ ਅਤੇ ਕਿਸੇ ਨੂੰ ਤੂੰ ਰੇਸ਼ਮੀ ਕੱਪੜੇ ਦਿੱਤੇ ਹੋਏ ਹਨ ਤੇ ਕਿਸੇ ਨੂੰ ਤੂੰ (ਸੌਣ ਲਈ) ਨਿਵਾਰੀ ਪਲੰਘ ਦਿੱਤੇ ਹੋਏ ਹਨ।

੨. ਹੇ ਸਾਈਂ ਜੀ! ਤੂੰ ਕਿਸੇ ਵਿਚਾਰੀ ਨੂੰ ਤਨ ਕੱਜਣ ਲਈ ਪੁਰਾਣੀ ਪਾਟੀ, ਗਲੀ ਹੋਈ ਗੋਦੜੀ, ਜੁਲੀ ਭੀ ਨਹੀਂ ਦਿੱਤੀ ਅਤੇ ਕਿਸੇ ਦੇ ਘਰ ਵਿਚ (ਬਿਸਤਰੇ ਦੇ ਥਾਂ) ਹੇਠਾਂ ਵਿਛਾ ਕੇ ਸੌਣ ਲਈ ਪਰਾਲੀ ਹੀ ਹੈ।੧।

੩. ਇਸ ਲਈ ਹੇ ਮੇਰੇ ਮਨ! ਤੂੰ ਇਹ ਕੁਝ ਤੱਕ ਕੇ ਉਸ ਦੇਣਹਾਰ ਦਾਤੇ ਨਾਲ ਅਪ੍ਰਸੰਨ ਹੋ ਈਰਖਾ ਤੇ ਝਗੜਾ ਕਿਉਂ ਕਰਦਾ ਹੈਂ?

੪. ਸਗੋਂ ਭਲਿਆਈ ਕਰਕੇ ਹੇ ਮਨ, ਤੂੰ ਭੀ ਲੈ ਲੈ, ਅਰਥਾਤ ਸ਼ੁਭ ਕਰਮ ਕਰ, ਪੁੰਨ ਕਰ। ਐਸੇ ਸੁਕ੍ਰਿਤ ਕਰਨ ਨਾਲ ਤੈਨੂੰ ਵੀ ਮਿਲੇਗਾ (ਭਾਵ ਹੈ ਕਿ ਉਨ੍ਹਾਂ ਨੇ ਵੀ ਸ਼ੁਭ ਕਰਮ ਕਰਕੇ ਹੀ ਇਹ ਕੁਝ ਲਿਆ ਹੈ)।੧।ਰਹਾਉ।

ਪ੍ਰ: ਕਬੀਰ ਜੀ! ਜਦੋਂ ਇਕੋ ਹੀ ਰੱਬ ਨੇ ਸਾਰੇ ਜੀਵ ਪੈਦਾ ਕੀਤੇ ਹਨ ਤਾਂ ਇਨ੍ਹਾਂ ਵਿਚ ਭਿੰਨ ਭੇਦ ਕਿਉਂ ਪਾਇਆ ਜਾਂਦਾ ਹੈ?

ਉ: ੫. ਹੇ ਭਾਈਓ! ਕੁਮ੍ਹਿਆਰ ਇਕੋ ਹੀ ਮਿੱਟੀ ਗੁੰਨ੍ਹਦਾ ਹੈ, ਪਰ ਉਸ ਤੋਂ ਜਦ ਭਾਂਡੇ ਸਾਜਦਾ ਹੈ ਤਾਂ ਬਹੁਤ ਵਿਧੀਆਂ, ਕਿਸਮਾਂ ਦੇ ਰੰਗ ਲਾ ਦੇਂਦਾ ਹੈ, ਭਾਵ ਕਈ ਵੰਨਗੀਆਂ ਦੇ ਭਾਂਡੇ ਬਣਾ ਦੇਂਦਾ ਹੈ।

੬. ਵੇਖੋ, ਕਿਸੇ ਭਾਂਡੇ ਵਿਚ ਮੋਤੀ ਤੇ ਮੋਤੀਆਂ ਦੀਆਂ ਮਾਲਾਂ ਮਨੁੱਖ ਨੇ ਪਾ ਦਿੱਤੀਆਂ, ਤੇ ਕਿਸੇ ਵਿਚ ਸ਼ਰਾਬ ਆਦਿਕ ਰੋਗ ਲਾਉਣ ਵਾਲੀਆਂ ਚੀਜ਼ਾਂ ਗੰਦ-ਮੰਦ ਭਰ ਦਿੱਤੇ।

ਇਸੇ ਤਰ੍ਹਾਂ ਹੀ ਇਕ ਰੱਬ ਨੇ ਜੀਵਾਂ ਨੂੰ ਪੰਜਾਂ ਤੱਤਾਂ ਦੀ ਇਕੋ ਹੀ ਮਿੱਟੀ ਨਾਲ ਤਿਆਰ ਕੀਤਾ ਹੈ—ਕਈ ਕਾਲੇ, ਕਈ ਗੋਰੇ, ਪਰ ਕਿਸੇ ਜੀਵ ਰੂਪ ਭਾਂਡੇ ਵਿਚ ਮਨੁੱਖ ਨੇ ਸ਼ੁਭ ਗੁਣਾਂ ਰੂਪ ਮੋਤੀਆਂ ਦੀਆਂ ਮਾਲਾਂ ਪਾ ਰੱਖੀਆਂ ਹਨ ਅਤੇ ਕਿਸੇ ਵਿਚ ਗੁਨਾਹਾਂ ਦਾ ਗੰਦ-ਮੰਦ ਭਰ ਰਖਿਆ ਹੈ। ਦੋਸ਼ ਨੁਕਸ, ਕਿਸੇ ਵਿਚ ਕੋਈ ਨੁਕਸ ਪਾ ਦਿੱਤਾ ਹੈ।੨।

ਪ੍ਰ: ਕਬੀਰ ਜੀ! ਵੇਖਦੇ ਹਾਂ ਕਿ ਕਈਆਂ ਬੰਦਿਆਂ ਕੋਲ ਧਨ ਬਹੁਤ ਹੈ, ਪਰ ਉਹ ਖ਼ਰਚ ਕਿਉਂ ਨਹੀਂ ਕਰਦੇ?

ਉ: ੭. ਹੇ ਸੱਜਨੋ! ਅਸਲ ਗੱਲ ਇਹ ਹੈ ਕਿ ਉਸ ਸੂਮ ਬੰਦੇ ਨੂੰ ਧਨ ਰਾਖੀ ਕਰਨ ਜਾਂ ਸਾਂਭ ਕੇ ਰੱਖਣ ਲਈ ਦਿੱਤਾ ਗਿਆ ਹੈ, ਪਰ ਉਹ ਸੂਮ ਮੂਰਖ ਆਖਦਾ ਹੈ ਕਿ ਇਹ ਧਨ ਮੇਰਾ ਹੈ।

੮. ਪਰ ਜਦੋਂ ਜਮਾਂ ਦਾ ਡੰਡਾ ਸਿਰ 'ਤੇ ਅਚਨਚੇਤ ਹੀ ਆ ਵਜਦਾ ਹੈ, ਉਹ ਇਕ ਪਲ ਵਿਚ ਫ਼ੈਸਲਾ ਕਰ ਦੇਂਦਾ ਹੈ ਕਿ ਇਹ ਧਨ ਤੇਰਾ ਸੀ ਜਾਂ ਕਿ ਕਿਸੇ ਹੋਰ ਦਾ? (ਸੱਚ ਤਾਂ ਇਹੋ ਹੈ ਕਿ ਇਹ ਧਨ ਕਿਸੇ ਦਾ ਭੀ ਨਹੀਂ)।੩।

ਪ੍ਰ: ਪਰ ਕਬੀਰ ਜੀ! ਐਸੇ ਸੂਮ ਤੇ ਸੇਵਕਾਂ ਵਿਚ ਤੁਸੀਂ ਕੀ ਫ਼ਰਕ ਜਾਣਦੇ ਹੋ?

ਉ: ੯. ਹੇ ਪਿਆਰਿਓ! ਇਨ੍ਹਾਂ ਸੂਮਾਂ ਨਾਲੋਂ ਤਾਂ (ਉਹ ਹਰੀ ਸੇਵਕ) ਕਈ ਦਰਜੇ ਉਤਮਤਾ ਰੱਖਦਾ ਹੈ, ਕਿਉਂਕਿ ਉਹ ਆਗਿਆ ਮੰਨ ਕੇ ਸੁਖ ਪਾਉਂਦਾ ਹੈ, ਉਸ ਨੂੰ ਹਰੀ ਦਾ ਭਗਤ ਕਹਿਆ ਜਾਂਦਾ ਹੈ। ਭਾਵ ਉਹੀ ਸੋਭਾ ਪਾਉਂਦਾ ਹੈ।

੧੦. ਉਹ ਉਸ ਸੱਚੇ ਸਾਈਂ ਜੀ ਦੀ ਰਜ਼ਾ ਆਪਣੇ ਮਨ ਵਿਚ ਵਸਾਈ ਰੱਖਦਾ ਹੈ। ਜੋ ਕੁਝ ਉਸ ਹਰੀ ਨੂੰ ਭਾਉਂਦਾ ਹੈ, ਉਹ ਉਸੇ ਨੂੰ ਠੀਕ ਸਮਝਦਾ ਹੈ, ਸਤਿ ਕਰਕੇ ਮੰਨਦਾ ਹੈ।੪।

ਪ੍ਰ: ਕਬੀਰ ਜੀ ! ਤੁਹਾਡਾ ਆਪਣਾ ਨਿਸਚਾ ਕੀ ਹੈ, ਇਹ ਦੱਸ ਦਿਉ।

ਉ:੧੧. ਕਬੀਰ ਜੀ ਕਹਿੰਦੇ ਹਨ ਕਿ ਹੇ ਸੰਤੋ ! ਸੁਣੋ, ਇਹ ਧਨ ਪਦਾਰਥ ਮੇਰਾ ਹੈ, ਇਹ ਸਰੀਰ ਮੇਰਾ ਹੈ, ਇਹ ਖ਼ਿਆਲ ਕੂੜਾ ਹੈ, ਭਾਵ ਦੁਨੀਆਂ ਦੇ ਪਦਾਰਥਾਂ ਦੀ ਅਪਣੱਤ ਸਦਾ ਨਹੀਂ ਰਹਿ ਸਕਦੀ।

ਪ੍ਰ: ਕਿਉਂ ਜੀ ! ਇਸ ਤੁਹਾਡੀ ਸੱਚਾਈ ਨੂੰ ਹਰ ਮਨੁੱਖ ਕਿਉਂ ਨਹੀਂ ਸਮਝ ਸਕਦਾ ?

੧੨. ਹੇ ਭਾਈਓ ! (ਇਹ ਸਮਝ ਜੀਵਾਂ ਨੂੰ ਪਹਿਲੋਂ ਨਹੀਂ ਪੈਂਦੀ ਇਹ ਤਾਂ) ਜਿਵੇਂ ਕੋਈ ਬਿੱਲਾ ਪਿੰਜਰੇ ਨੂੰ ਪਾੜ ਕੇ ਚਿੜੇ ਨੂੰ ਫੜ ਕੇ ਲੈ ਜਾਵੇ, ਤਾਂ (ਉਸ ਪਿੰਜਰੇ ਵਿਚ ਪਏ ਪੰਛੀ ਦੀ) ਕੁੱਜੀ ਠੂਠੀ ਉਥੇ ਹੀ ਧਰੀ ਰਹਿ ਜਾਂਦੀ ਹੈ, ਤਿਵੇਂ ਹੀ ਜਦੋਂ ਜਮ ਰੂਪੀ ਬਿੱਲਾ ਜੀਵ ਰੂਪੀ ਚਿੜੇ ਨੂੰ ਇਸ ਸਰੀਰ ਰੂਪੀ ਪਿੰਜਰੇ ਵਿਚੋਂ ਕੱਢ ਕੇ ਲੈ ਗਿਆ, ਤਾਂ ਜਾਲੀ ਦੇ ਤਾਗੇ, 'ਕੱਠੇ ਕੀਤੇ ਖਾਣ ਪੀਣ ਵਾਲੇ ਪਦਾਰਥ ਇਥੇ ਹੀ ਰਹਿ ਗਏ, ਨਾਲ ਨਾ ਗਏ।੫।੩।੧੬।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਆਪਣੇ ਮਨ ਨੂੰ ਸੰਬੋਧਨ ਕਰਦੇ ਹੋਏ, ਦੁਨੀਆ ਦੇ ਹਰ ਪ੍ਰਾਣੀ ਮਾਤ੍ਰ ਨੂੰ ਸਿਖਿਆ ਦੇਂਦੇ ਹਨ, ਪਰ ਖ਼ਾਸ ਕਰਕੇ ਜੋ ਭਗਤੀ ਮਾਰਗ 'ਤੇ ਚੱਲਣ, ਉਨ੍ਹਾਂ ਨੂੰ ਸੰਬੋਧਨ ਕਰਦੇ ਹਨ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਕਿਸੇ ਦੀ ਅਮੀਰੀ, ਖ਼ੁਸ਼ਹਾਲੀ ਦੇਖ ਕੇ ਕਦੀ ਭੀ ਅਪ੍ਰਸੰਨ ਨਾ ਹੋਣ, ਈਰਖਾ ਨਾ ਕਰਨ, ਜਲਣ ਧੁੱਖਣ ਨਾ, ਸਾੜਾ, ਸ਼ਿਕਵਾ ਸ਼ਿਕਾਇਤ ਤਿਆਗ ਕੇ ਕੇਵਲ ਉਸ ਰਾਜ਼ਕ ਦੀ ਰਜ਼ਾ ਵਿਚ ਸਦਾ ਹੀ ਪ੍ਰਸੰਨ ਚਿੱਤ ਰਹਿਣ।

ਆਸਾ ॥

੧. ਹਮ ਮਸਕੀਨ ਖੁਦਾਈ ਬੰਦੇ
ਤੁਮ ਰਾਜਸੁ ਮਨਿ ਭਾਵੈ ॥
੨. ਅਲਹ ਅਵਲਿ ਦੀਨ ਕੋ ਸਾਹਿਬੁ
ਜੋਰੁ ਨਹੀ ਫੁਰਮਾਵੈ ॥੧॥
੩. ਕਾਜੀ ਬੋਲਿਆ ਬਨਿ ਨਹੀ ਆਵੈ ॥੧॥ ਰਹਾਉ ॥
੪. ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥
੫. ਸਤਰਿ ਕਾਬਾ ਘਟ ਹੀ ਭੀਤਰਿ
ਜੇ ਕਰਿ ਜਾਨੈ ਕੋਈ ॥੨॥
੬. ਨਿਵਾਜ ਸੋਈ ਜੋ ਨਿਆਉ ਬਿਚਾਰੈ
ਕਲਮਾ ਅਕਲਹਿ ਜਾਨੈ ॥
੭. ਪਾਚਹੁ ਮੁਸਿ ਮੁਸਲਾ ਬਿਛਾਵੈ
ਤਬ ਤਉ ਦੀਨੁ ਪਛਾਨੈ ॥੩॥
੮. ਖਸਮੁ ਪਛਾਨਿ ਤਰਸ ਕਰਿ ਜੀਅ ਮਹਿ
ਮਾਰਿ ਮਣੀ ਕਰਿ ਫੀਕੀ ॥
੯. ਆਪੁ ਜਨਾਇ ਅਵਰ ਕਉ ਜਾਨੈ
ਤਬ ਹੋਇ ਭਿਸਤ ਸਰੀਕੀ ॥੪॥
੧੦. ਮਾਟੀ ਏਕ ਭੇਖ ਧਰਿ ਨਾਨਾ
ਤਾ ਮਹਿ ਬ੍ਰਹਮੁ ਪਛਾਨਾ ॥
੧੧. ਕਹੈ ਕਬੀਰਾ ਭਿਸਤ ਛੋਡਿ
ਕਰਿ ਦੋਜਕ ਸਿਉ ਮਨੁ ਮਾਨਾ ॥੫॥੪॥੧੭॥

ਪਦ ਅਰਥ : ਮਸਕੀਨ—ਗ਼ਰੀਬ, ਆਜਜ਼, ਦਿਲ ਦੇ ਨਰਮ, ਨਿਮਾਣੇ। ਖੁਦਾਈ ਬੰਦੇ—ਰੱਬ ਦੇ ਪੈਦਾ ਕੀਤੇ ਬੰਦੇ, ਰੱਬ ਦੇ ਦਾਸ। ਰਾਜਸੁ—ਹਕੂਮਤ। ਤੁਮ—ਤੁਹਾਨੂੰ। ਅਲਹ—ਰੱਬ, ਅੱਲਾ, ਖ਼ੁਦਾ। ਅਵਲਿ—ਪਹਿਲਾ, ਭਾਵ ਸਭ ਤੋਂ ਵੱਡਾ। ਦੀਨ—ਧਰਮ, ਮਜ਼ਹਬ। ਜੋਰੁ—ਧੱਕਾ।੧। ਕਾਜੀ—ਹੇ ਕਾਜ਼ੀ ! ੧।ਰਹਾਉ। ਰੋਜਾ ਧਰੈ—ਰੋਜ਼ਾ ਰੱਖਦਾ ਹੈਂ ; ਮੁਸਲਮਾਨਾਂ ਦਾ ਬ੍ਰਤ। ਸਤਰਿ—ਗੁਪਤ। ਕਾਬਾ—ਰੱਬ ਦਾ ਘਰ। ਘਟ ਹੀ ਭੀਤਰਿ—ਦਿਲ ਦੇ ਅੰਦਰ ਹੀ।੨। ਅਕਲਹਿ—ਅਕਲ ਨਾਲ। ਮੁਸਿ—ਠੱਗ ਕੇ, ਵਸ ਵਿਚ ਕਰ ਕੇ, ਚੁਰਾ ਕੇ, ਲੁਟ ਕੇ, ਭਾਵ ਹੈ ਜ਼ੋਰ ਕਰਕੇ, ਤਾਬੇ ਕਰਕੇ। ਪਾਚਹੁ—ਪੰਜਾਂ ਕਾਮਾਦਿਕਾਂ ਨੂੰ।੩। ਜੀਅ ਮਹਿ—ਆਪਣੇ ਹਿਰਦੇ ਵਿਚ। ਮਣੀ—ਮੈਂ ਪਣਾ, ਅਹੰਕਾਰ। ਆਪੁ—ਆਪਣੇ ਆਪ ਨੂੰ। ਜਨਾਇ—ਸਮਝਾ ਕੇ। ਭਿਸਤ ਸਰੀਕੀ—ਬਹਿਸ਼ਤ ਦਾ ਹਿੱਸੇਦਾਰ, ਭਾਈਵਾਲ, ਸਾਂਝੀਵਾਲ, ਸੁਰਗ ਵਿਚ ਜਾਣੇ ਦਾ ਹੱਕਦਾਰ।੪। ਪਛਾਨਾ—ਪਛਾਣਦਾ ਹਾਂ। ਨਾਨਾ—ਅਨੇਕ, ਕਈ, ਬਹੁਤੇ। ਤਾ ਮਹਿ—ਇਨ੍ਹਾਂ ਵੇਸਾਂ ਵਿਚ। ਦੋਜਕ ਸਿਉ ਮਨੁ ਮਾਨਾ—ਦੋਜ਼ਕ ਵੱਲ ਮਨ ਝੁਕ ਰਿਹਾ ਹੈ।੫।

ਅਰਥ :

ਕਬੀਰ ਸਾਹਿਬ ਜੀ ਇਕ ਦੀਨੀ ਤਅੱਸਬ ਦੇ ਭਰੇ ਹੋਏ ਕਾਜ਼ੀ ਨਾਲ ਵੀਚਾਰ-ਵਟਾਂਦਰਾ ਕਰਦੇ ਹਨ ਜੋ ਕਾਜ਼ੀ ਜ਼ੋਰ ਜ਼ੁਲਮ ਨੂੰ ਵਿਹਿਤ ਦੱਸ ਰਿਹਾ ਹੈ। ਉਸ ਪ੍ਰਤੀ ਕਬੀਰ ਜੀ ਦੀਨ ਦੇ ਸਭ ਤੋਂ ਵੱਡੇ ਤੇ ਪਹਿਲੇ ਮਾਲਕ ਖ਼ੁਦਾ ਨੂੰ ਰਹੀਮ ਸਹੀ ਕਰ ਕੇ ਦੱਸ ਰਹੇ ਹਨ ਤੇ ਉਸ ਕਾਜ਼ੀ ਨੂੰ ਵੀ ਸੱਚੇ ਧਰਮ ਵੱਲ ਪ੍ਰੇਰ ਰਹੇ ਹਨ।

ਪ੍ਰ: ਕਬੀਰ ! ਸਾਡੇ ਪੈਗ਼ੰਬਰ ਦਾ ਤਾਂ ਇਹੋ ਹੁਕਮ ਹੈ ਕਿ ਕੇਵਲ ਮੁਸਲਮਾਨ ਹੀ ਬਹਿਸ਼ਤਾਂ ਨੂੰ ਜਾ ਸਕਦੇ ਹਨ, ਗ਼ੈਰ-ਮੁਸਲਮਾਨ ਦੋਜ਼ਕਾਂ ਦੇ ਭਾਗੀ ਹਨ, ਇਸੇ ਲਈ ਅਸੀਂ ਗ਼ੈਰ-ਮੁਸਲਮਾਨਾਂ ਨੂੰ ਲੁੱਟਣਾ ਤੇ ਗ਼ੁਲਾਮ ਬਣਾਉਣਾ ਭੀ ਆਪਣਾ ਹੱਕ ਜਾਣਦੇ ਹਾਂ। ਜੇ ਕੋਈ ਸਾਡੀ ਇਸਲਾਮ ਦੀ ਸ਼ਰ੍ਹਾ ਨੂੰ ਨਹੀਂ ਕਬੂਲ ਕਰਦਾ ਤਾਂ ਸਾਡੀ ਸ਼ਰ੍ਹਾ ਉਸ ਨੂੰ ਕਤਲ ਕਰ ਦੇਣ ਦੀ ਭੀ ਆਗਿਆ ਕਰਦੀ ਹੈ। ਇਸ ਤਰ੍ਹਾਂ ਸ਼ਰ੍ਹਾ ਦੇ ਪੱਜ ਜਾਂ ਪੈਗ਼ੰਬਰ ਦਾ ਹੁਕਮ ਦੱਸ ਕੇ ਮੁਸਲਮਾਨਾਂ ਵਲੋਂ ਜੋ ਗ਼ੈਰ-ਮੁਸਲਮਾਨਾਂ ਉਪਰ ਜ਼ੋਰ ਜ਼ੁਲਮ ਕੀਤਾ ਜਾ ਰਿਹਾ ਹੈ, ਇਸ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੇ ਹੋਏ ਕਬੀਰ ਜੀ ਇਸ ਸ਼ਬਦ ਦੁਆਰਾ ਕਾਜ਼ੀ ਨੂੰ ਸਹੀ ਗੁਰਮਤਿ ਦ੍ਰਿੜ੍ਹ ਕਰਵਾ ਰਹੇ ਹਨ :

ਉ: ੧. ਹੇ ਕਾਜ਼ੀ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਅਸੀਂ ਤਾਂ ਉਸ ਰੱਬ ਜੀ ਦੇ ਆਜਜ਼ ਲੋਕ ਹਾਂ, ਗ਼ਰੀਬ ਦਾਸ ਹਾਂ, (ਪਰ ਇਹ ਵੀ ਗੱਲ ਨ ਭੁੱਲਣ ਵਾਲੀ ਹੈ ਕਿ) ਅਸੀਂ ਭੀ ਉਸੇ ਰੱਬ

ਦੇ ਪੈਦਾ ਕੀਤੇ ਹੋਏ ਬੰਦੇ ਹਾਂ, ਪਰ ਹਾਂ, ਤੁਸਾਂ ਨੂੰ ਆਪਣੇ ਮਨ ਵਿਚ (ਰਾਜਸ) ਰਜੋਗਣੁ, ਹਕੂਮਤ ਚੰਗੀ ਲੱਗਦੀ ਹੈ (ਭਾਵ ਤੁਹਾਨੂੰ ਹਕੂਮਤ ਦਾ ਮਾਣ ਹੈ)। ਜੇ ਤੁਸੀਂ ਕਹੋ ਕਿ ਰਾਜ ਮਦ ਕਰਨਾ ਸਾਨੂੰ ਕੁਰਾਨ ਜਾਂ ਮੁਹੰਮਦ ਨੇ ਸਿਖਾਇਆ ਹੈ ਤਾਂ ਦੇਖੋ।

੨. ਜੋ ਮਜ਼ਹਬ ਦਾ ਸਭ ਤੋਂ ਵੱਡਾ ਮਾਲਕ ਤਾਂ ਰੱਬ ਹੈ। ਉਹ ਕਿਸੇ ਉੱਤੇ ਜ਼ੋਰ ਜ਼ੁਲਮ ਕਰਨਾ ਨਹੀਂ ਫ਼ੁਰਮਾਉਂਦਾ, ਭਾਵ ਉਹ ਤਾਂ ਕਿਸੇ 'ਤੇ ਧੱਕਾ ਕਰਨ ਦੀ ਆਗਿਆ ਹੀ ਨਹੀਂ ਦੇਂਦਾ।੧। ਹੁਣ ਇਸ ਕਾਜ਼ੀ ਨੂੰ ਤੁਅੱਸਬ ਦੀਆਂ ਵਧੇਰੇ ਗੱਲਾਂ ਕਰਦਾ ਤੱਕ ਕੇ ਕਹਿ ਰਹੇ ਹਨ:

੩. ਹੇ ਕਾਜ਼ੀ! ਇਹ ਤੇਰੀਆਂ ਜ਼ਬਾਨੀ ਗੱਲਾਂ ਕਰਨੀਆਂ ਫਬਦੀਆਂ ਨਹੀਂ, ਭਾਵ ਤੇਰਾ ਬੋਲਿਆ ਠੀਕ ਨਹੀਂ ਬੈਠਦਾ।੧।ਰਹਾਉ।

ਪ੍ਰ: ਕਬੀਰ! ਇਹ ਜੋ ਮੈਂ ਗੱਲਾਂ ਕਰਦਾ ਹਾਂ, ਇਹ ਕੋਈ ਬਨਾਉਟੀ ਨਹੀਂ, ਮੈਂ ਸੱਚ ਕਹਿ ਰਿਹਾ ਹਾਂ ਕਿ ਮੈਂ ੩੦ ਰੋਜ਼ੇ ਰੱਖਦਾ ਹਾਂ, ਨਿਮਾਜ਼ ਪੰਜੇ ਵਕਤ ਪੜ੍ਹਦਾ ਹਾਂ, ਇਸ ਤੋਂ ਆਦਿ ਸਾਰੀ ਸ਼ਰ੍ਹਾ ਨੂੰ ਮੈਂ ਕਬੂਲ ਕੀਤਾ ਹੋਇਆ ਹੈ, ਇਸ ਲਈ ਮੈਨੂੰ ਪੂਰਨ ਯਕੀਨ ਹੈ ਕਿ ਮੈਂ ਬਹਿਸ਼ਤਾਂ ਨੂੰ ਜਾਵਾਂਗਾ।

ਉ: ੪. ਹੇ ਕਾਜ਼ੀ! ਇਸ ਵਿਚ ਕੋਈ ਸ਼ੱਕ ਨਹੀਂ ਕਿ ਤੂੰ (ਜ਼ੋਰ ਜ਼ੁਲਮ ਦੇ ਨਾਲ) ਰੋਜ਼ਾ ਵੀ ਰੱਖਦਾ ਹੈਂ, ਨਿਮਾਜ਼ ਵੀ ਪੜ੍ਹਦਾ ਹੈਂ, ਹੱਜ ਵੀ ਕਰਦਾ ਹੈਂ, ਕਲਮਾ ਵੀ ਆਖਦਾ ਹੈਂ, ਪਰ ਯਾਦ ਰੱਖ ਇਸ ਤਰ੍ਹਾਂ ਕਰਨ ਨਾਲ ਤੈਨੂੰ ਭਿਸ਼ਤ ਨਸੀਬ ਨਹੀਂ ਹੋ ਸਕੇਗਾ।

ਪ੍ਰ: ਹੇ ਕਬੀਰ! ਉਹ ਕਿਉਂ?

ਉ: ਹੇ ਕਾਜ਼ੀ! ਉਹ ਇਸ ਲਈ ਕਿ ਤੇਰੇ ਕਰਤੱਬ ਬਾਹਰਮੁਖੀ ਤੇ ਉਪਰੋਂ-ਉਪਰੋਂ ਹੀ ਹਨ। (ਬਾਹਰਮੁਖੀ ਕੱਚੇ ਕਰਮ ਹਿਰਦੇ ਦੀ ਸੁਧੀ ਦਾ ਕਾਰਨ ਨਹੀਂ ਬਣਦੇ।)

ਪ੍ਰ: ਕਬੀਰ! ਤੂੰ ਸਹੀ ਗੱਲ ਦੱਸ ਕਹਿਣਾ ਕੀ ਚਾਹੁੰਦਾ ਹੈਂ?

ਉ: ੫. ਹੇ ਕਾਜ਼ੀ! ਸੱਚੀ ਗੱਲ ਤਾਂ ਇਹੋ ਹੈ ਕਿ ਉਸ ਰੱਬ ਦਾ ਗੁਪਤ ਘਰ ਤਾਂ ਇਸ ਮਨੁੱਖ ਦੇ ਦਿਲ ਵਿਚ ਹੀ ਹੈ) (ਪਰ ਉਹ ਲੱਭਦਾ ਤਾਂ ਹੀ ਹੈ) ਜੇ ਕੋਈ ਬੰਦਾ ਅਸਲੀਅਤ ਨੂੰ ਜਾਣ ਲਵੇ। ਜਾਂ ਇਉਂ ਜਾਣੋ ਕਿ ਜੇ ਕੋਈ ਇਉਂ ਸਮਝੇ ਤਾਂ ਸੱਤਰ ਕਾਬ੍ਹੇ ਦਿਲ ਅੰਦਰ ਹੀ ਹਨ; ਭਾਵ ਸੱਤਰ ਵਾਰ ਹੱਜ ਕਰਨਾ ਦਿਲ ਦੇ ਅੰਦਰ ਹੀ ਹੋ ਸਕਦਾ ਹੈ।੨।

ਪ੍ਰ: ਕਬੀਰ! ਇਸ ਦਾ ਭਾਵ ਇਹੋ ਹੋਇਆ ਕਿ ਤੂੰ ਮੇਰੀ ਪੜ੍ਹੀ ਹੋਈ ਨਿਮਾਜ਼ ਨੂੰ ਸੱਚੀ ਨਿਮਾਜ਼ ਨਹੀਂ ਜਾਣਦਾ, ਤਾਂ ਫਿਰ ਤੂੰ ਹੀ ਦੱਸ ਕਿ ਤੇਰੇ ਮੱਤ ਵਿਚ ਸੱਚੀ ਨਿਮਾਜ਼ ਕਿਹੜੀ ਹੈ?

ਉ: ੬. ਹੇ ਕਾਜ਼ੀ! ਸੁਣ, ਸੱਚ ਤਾਂ ਇਹ ਹੈ ਕਿ ਜੋ ਮਨੁੱਖ ਨਿਆਉਂ ਦੀ ਵੀਚਾਰ ਕਰੇ (ਸਮਝ ਲਓ ਕਿ) ਉਹ ਸਹੀ ਰੂਪ ਵਿਚ ਸੱਚੀ ਨਿਮਾਜ਼ ਪੜ੍ਹ ਰਿਹਾ ਹੈ ਅਤੇ ਜੋ ਮਨੁੱਖ ਕਲਪਣਾ ਰਹਿਤ ਰੱਬ ਨੂੰ ਅਕਲ ਨਾਲ ਪਛਾਣਦਾ ਹੈ, ਇਸੇ ਨੂੰ ਜਾਣੋ ਕਿ ਉਹ ਕਲਮਾ ਆਖ ਰਿਹਾ ਹੈ।

੭. ਹੇ ਕਾਜ਼ੀ! (ਮੁਸੱਲਾ) ਨਿਮਾਜ਼ ਪੜ੍ਹਨ ਦਾ ਆਸਣ ਅਸਲ ਰੂਪ ਵਿਚ ਇਹੋ ਹੈ, ਜੋ ਕਾਮਾਦਿਕ ਪੰਜ (ਬਲੀ ਵਿਕਾਰਾਂ) ਨੂੰ ਆਪਣੇ ਵਸ ਵਿਚ ਕਰਦਾ ਹੈ, ਭਾਵ ਜੇ ਤੂੰ ਪੰਜਾਂ ਵਿਕਾਰਾਂ ਨੂੰ ਆਪਣੇ ਹੇਠ ਲਾ ਲਵੇਂ, ਤਾਂ ਇਹ ਤੇਰਾ ਅਸਲੀ ਮੁਸੱਲਾ ਹੈ। ਤਾਂ ਇਸ ਤਰ੍ਹਾਂ ਤੂੰ ਸਹੀ ਮਜ਼ਹਬ ਨੂੰ ਪਛਾਣ ਲਵੇਂਗਾ।੩।

੮. ਹੇ ਕਾਜ਼ੀ! ਇਸ ਤਰ੍ਹਾਂ ਤੂੰ ਆਪਣੇ ਮਾਲਕ ਰੱਬ ਨੂੰ ਪਛਾਣ ਤੇ ਉਸ ਨੂੰ ਸਭਨਾਂ ਵਿਚ ਵਿਆਪਕ ਪਛਾਣ ਕੇ ਆਪਣੇ ਜੀਅ ਵਿਚ ਸਾਰਿਆਂ 'ਤੇ ਤਰਸ ਕਰ, ਭਾਵ ਜ਼ੋਰ ਜ਼ੁਲਮ ਨੂੰ ਬੁਰਾ ਸਮਝ ਲੈ, ਮਣੀ ਨੂੰ ਫਿਕੀ ਜਾਣ ਕੇ ਮਾਰ ਦੇਹ, ਹੰਕਾਰ ਨੂੰ ਮਾੜਾ ਜਾਣ ਕੇ ਦੂਰ ਕਰ ਦੇ, ਭਾਵ ਇਸ ਨੂੰ ਕਮਜ਼ੋਰ ਕਰ ਦੇ, ਨਿਰਹੰਕਾਰ ਹੋ ਰਹੁ।

੯. ਹੇ ਕਾਜ਼ੀ! ਜਦੋਂ ਇਸ ਤਰ੍ਹਾਂ ਮਨੁੱਖ ਆਪਣੇ ਆਪ ਨੂੰ ਸਮਝਾ ਕੇ ਦੂਜਿਆਂ ਨੂੰ ਆਪਣੇ ਵਰਗਾ ਸਮਝਦਾ ਹੈ, ਤਦ ਉਹ ਭਿਸ਼ਤ ਦਾ ਭਾਈਵਾਲ ਬਣਦਾ ਹੈ, ਭਾਵ, ਤਾਂ ਤੂੰ ਭਿਸ਼ਤ ਦਾ ਹਿੱਸਾ ਲੈਣ ਵਾਲਾ ਹੋਵੇਂਗਾ; ਸਵਰਗ ਤਾਂ ਹੀ ਤੈਨੂੰ ਮਿਲ ਸਕੇਗਾ।੪।

ਪ੍ਰ: ਕਬੀਰ ਜੀ! ਤਾਂ ਫਿਰ ਤੁਸੀਂ ਮੈਨੂੰ ਸੋਝੀ ਦਿਓ ਕਿ ਮੈਂ ਭਿਸ਼ਤ ਨੂੰ ਕਿਵੇਂ ਜਾ ਸਕਦਾ ਹਾਂ?

ਉ: ੧੦. ਹੇ ਕਾਜ਼ੀ! ਤੂੰ ਆਪਣੀ ਸੁਰਤਿ ਉੱਚੀ ਚੁੱਕ ਕੇ ਇਉਂ ਸਮਝ ਕਿ ਜਿਵੇਂ ਮਿੱਟੀ ਤਾਂ ਇਕ ਹੈ, ਪਰ ਉਸ ਨੇ ਅਨੇਕਾਂ ਛੋਟੇ-ਵੱਡੇ ਰੂਪ ਧਾਰੇ ਹੋਏ ਹਨ, ਭਾਵ ਕਿ ਪੰਜ ਤੱਤਾਂ ਦੀ ਸਾਰਾ ਹੀ ਸੰਸਾਰ ਰਚਨਾ ਹੈ, ਪਰ ਇਨ੍ਹਾਂ ਸਾਰਿਆਂ ਵਿਚ ਇਕੋ ਬ੍ਰਹਮ ਵੱਸ ਰਿਹਾ ਹੈ (ਭਾਵ ਹੈ ਜਿਸ ਨੇ ਇਨ੍ਹਾਂ ਸਾਰਿਆਂ ਗੋਰੇ ਕਾਲੇ ਭੇਸਾਂ ਵਿਚ ਇਕੋ ਰੱਬ ਨੂੰ ਵਿਆਪਕ ਪਛਾਣ ਲਿਆ ਹੈ, ਅਸਲ ਮੋਮਨ ਉਹੋ ਹੀ ਹੈ) ਤੇ ਸੱਚ ਜਾਣ ਭਿਸ਼ਤ ਨੂੰ ਜਾਣ ਦਾ ਭੀ ਇਹੋ ਸਹੀ ਰਸਤਾ ਹੈ।

ਪ੍ਰ: ਹੇ ਕਬੀਰ! ਕੀ ਜਿਸ ਰਾਹ 'ਤੇ ਮੈਂ ਟੁਰੀ ਜਾ ਰਿਹਾ ਹਾਂ, ਇਹ ਰਾਹ ਮੈਨੂੰ ਬਹਿਸ਼ਤਾਂ ਵਿਚ ਨਹੀਂ ਪੁਚਾ ਸਕੇਗਾ?

ਉ: ੧੧. ਕਬੀਰ ਜੀ ਆਖਦੇ ਹਨ ਕਿ ਹੇ ਕਾਜ਼ੀ ਜੀਉ! ਤੇਰਾ ਮਨ ਤਾਂ ਭਿਸ਼ਤ ਨੂੰ ਛੱਡ ਕੇ ਦੋਜ਼ਕ ਨਾਲ ਮੰਨ ਰਿਹਾ ਹੈ, ਭਾਵ ਤੇਰਾ ਮਨ ਤਾਂ ਜ਼ੋਰ, ਜ਼ੁਲਮ, ਧੱਕਾ ਕਰਨ ਵਿਚ ਰੁੱਚੀ ਰੱਖਦਾ ਹੈ। ਇਹ ਭਿਸ਼ਤ ਜਾਣ ਦਾ ਰਾਹ ਨਹੀਂ, ਇਹ ਤਾਂ ਦੋਜ਼ਕ ਨੂੰ ਜਾਣ ਦਾ ਮਾਰਗ ਹੈ।੫।੪।੧੭।

ਭਾਵਾਰਥ: ਇਸ ਸ਼ਬਦ ਵਿਚ ਕਬੀਰ ਜੀ ਉਨ੍ਹਾਂ ਹੰਕਾਰੀ ਤੇ ਜ਼ੋਰ ਜ਼ੁਲਮ ਕਰਨ ਵਾਲੇ ਮੁਸਲਮਾਨਾਂ ਨੂੰ ਦੱਸ ਰਹੇ ਹਨ ਕਿ ਹੇ ਭਾਈਓ! ਬਾਹਰਮੁਖੀ ਰਸਮੀ ਬੰਦਗੀ ਰੱਬ ਨਾਲ ਜੋੜਦੀ ਨਹੀਂ; ਸਗੋਂ ਵਿਛੋੜਦੀ ਹੈ।

ਉਥਾਨਕਾ: ਕਬੀਰ ਜੀ! ਆਪਣੇ ਮਿਤ੍ਰ ਪਰਮ ਹੰਸ ਜੋਗੀ ਨੂੰ ਮਿਲਣ ਗਏ, ਅੱਗੇ ਉਸ ਨੂੰ ਕਾਲ ਵੱਸ ਹੋਇਆ ਵੇਖ ਕੇ ਇਹ ਸ਼ਬਦ ਉਚਾਰਿਆ। ਪਿਛੇ ਗਉੜੀ ਰਾਗ ਵਿਚ ਭੀ ਸ਼ਬਦ ਨੰ: ੫੨ ਇਸੇ ਜੋਗੀ ਪ੍ਰਤੀ ਉਚਾਰਨ ਕੀਤਾ ਗਿਆ ਟਕਸਾਲੀ ਵਿਦਵਾਨਾਂ ਦਾ ਵਿਚਾਰ ਹੈ।

ਇਸ ਸ਼ਬਦ ਦੀ ਸਮੁੱਚੀ ਵੀਚਾਰ ਵੱਲ ਨਜ਼ਰ ਮਾਰਿਆਂ ਵੀ ਇਉਂ ਹੀ ਭਾਵਾਰਥ ਵੇਖਿਆ ਜਾਂਦਾ ਹੈ ਕਿ ਇਹ ਕਿਸੇ ਹੱਠ ਯੋਗੀ ਦੇ ਦਿਹਾਂਤ ਹੋਣ 'ਤੇ ਉਸ ਨੂੰ ਕਿਰਿਆ ਰਹਿਤ ਪਿਆ ਤੱਕ ਕੇ ਵੈਰਾਗ ਤੇ ਤਰਸ ਵਿਚ ਆਏ ਵਿਸਮਯ ਹੋ ਕੇ ਇਹ ਵਾਕ ਕਰ ਰਹੇ ਹਨ, ਇਨ੍ਹਾਂ ਵਾਕਾਂ ਵਿਚ ਦਰਦ ਵੀ ਹੈ ਅਤੇ ਸਿਖਿਆ ਵੀ।

ਆਸਾ ॥

੧. ਗਗਨ ਨਗਰਿ ਇਕ ਬੂੰਦ ਨ ਬਰਖੈ
ਨਾਦੁ ਕਹਾ ਜੁ ਸਮਾਨਾ ॥
੨. ਪਾਰਬ੍ਰਹਮ ਪਰਮੇਸੁਰ ਮਾਧੋ
ਪਰਮ ਹੰਸੁ ਲੇ ਸਿਧਾਨਾ ॥੧॥
੩. ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥
੪. ਸੁਰਤਿ ਮਾਹਿ ਜੋ ਨਿਰਤੇ ਕਰਤੇ
ਕਥਾ ਬਾਰਤਾ ਕਹਤੇ ॥੧॥ ਰਹਾਉ ॥
੫. ਬਜਾਵਨਹਾਰੋ ਕਹਾ ਗਇਓ
ਜਿਨਿ ਇਹੁ ਮੰਦਰੁ ਕੀਨ੍ਾ ॥
੬. ਸਾਖੀ ਸਬਦੁ ਸੁਰਤਿ ਨਹੀ ਉਪਜੈ
ਖਿੰਚਿ ਤੇਜੁ ਸਭੁ ਲੀਨ੍ਾ ॥੨॥
੭. ਸ੍ਵਨਨ ਬਿਕਲ ਭਏ ਸੰਗਿ ਤੇਰੇ
ਇੰਦ੍ਰੀ ਕਾ ਬਲੁ ਥਾਕਾ ॥
੮. ਚਰਨ ਰਹੇ ਕਰ ਢਰਕਿ ਪਰੇ ਹੈ
ਮੁਖਹੁ ਨ ਨਿਕਸੈ ਬਾਤਾ ॥੩॥
੯. ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥
੧੦. ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥
੧੧. ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ ਭਾਈ ਸਭ ਛੋਰੇ ॥
੧੨. ਕਹਤ ਕਬੀਰਾ ਜੋ ਹਰਿ
ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥

ਪਦ ਅਰਥ : ਗਗਨ ਨਗਰਿ—ਅਸਮਾਨੀ ਨਗਰੀ ਵਿਚ, ਭਾਵ ਹੈ ਦਸਮ ਦੁਆਰ ਵਿਚ। ਯੋਗ ਮਤ ਅਨੁਸਾਰ ਇਕ ਖ਼ਾਸ ਮੁੱਦ੍ਰਾ ਨਾਲ ਦਸਮ ਦੁਆਰ ਵਿਚੋਂ ਬੂੰਦਾਂ ਝਰਦੀਆਂ ਹਨ, ਜਿਨ੍ਹਾਂ ਨੂੰ ਅੰਮ੍ਰਿਤ ਆਖਦੇ ਹਨ। ਨਾਦੁ—ਸ਼ਬਦ, ਧੁਨਿ, ਆਵਾਜ਼। ਅਨਾਹਤ ਨਾਦ ਤੋਂ ਮਤਲਬ ਹੈ ਜੋ ਜੋਗ ਮਤ ਅਨੁਸਾਰ ਪ੍ਰਾਣਾਯਾਮ ਕਰਦਿਆਂ ਅਨਾਹਤ ਚੱਕ੍ਰ ਲੰਘ ਕੇ ਬ੍ਰਹਮ ਗ੍ਰੰਥੀ ਚੀਰ ਕੇ ਇਕ ਸ਼ਬਦ ਸੁਣਾਈ ਦੇਂਦਾ ਹੈ। ਪਰਮ ਹੰਸੁ—ਵਡਾ ਹੰਸ, ਮੁਕੰਮਲ ਹੋ ਚੁੱਕਾ ਸਾਧੂ ਜਾਂ ਗਿਆਨੀ, ਏਥੇ ਭਾਵ ਜੋਗੀ ਤੋਂ ਹੈ। ਪਾਰਬ੍ਰਹਮ—ਰੂਪ ਰੇਖ ਤੋਂ ਨਿਆਰਾ, ਨਿਰਗੁਣ ਪਰਮਾਤਮਾ। ਪਰਮੇਸੁਰ—ਪਰਮ+ਈਸ਼੍ਵਰ, ਵਿਆਪਕ ਪੂਰਨ ਈਸ਼੍ਵਰ। ਮਾਧੋ—ਮਾਇਆ ਦਾ ਪਤੀ, ਈਸ਼੍ਵਰ, ਨਿਰਗੁਣ, ਵਿਆਪਕ ਸਰਗੁਣ ਤ੍ਰੈਏ ਸਰੂਪ ਪਰਮਾਤਮਾ ਦੇ ਲੈ ਕੇ ਅਕਾਲ ਪੁਰਖ ਨੂੰ ਜਣਾਇਆ ਹੈ। ਸੁਰਤਿ ਮਾਹਿ ਜੋ ਨਿਰਤੇ ਕਰਤੇ—ਸੁਰਤਿ ਵਿਚ ਜੋ ਨਾਚ ਕਰਦੇ ਸਨ, ਸੁਰਤਿ ਵਿਚ ਹੀ ਅਨੰਦ ਲੈਂਦੇ ਹੁੰਦੇ ਸਨ। ਮੰਦਰੁ—ਢੋਲ, ਵਾਜਾ, ਮ੍ਰਿਦੰਗ। ਸਾਖੀ ਸਬਦੁ ਸੁਰਤਿ—ਸ਼ਬਦ, ਸੁਰਤਿ ਦੀ ਗਵਾਹੀ ਦੇਣ ਵਾਲੀ ਸ਼ਕਤੀ। ਖਿਚਿ ਲੀਨ੍ਾ—ਖਿੱਚ ਲਿਆ ਕਿਸ ਨੇ ? ਕਾਲ ਦਾ ਅਧਯਾਹਾਰ ਕਰਦੇ ਹਨ ਕਿ ਕਾਲ ਨੇ ਤੇਜ਼ ਖਿੱਚ ਲਿਆ। ਬਿਕਲ—ਬੇਕਲ—ਸਤਾ ਹੀਨ। ਇੰਦ੍ਰੀ—ਇੰਦ੍ਰੈ, ਸਰੀਰ ਦੇ ਅੰਗ। ਢਰਕਿ—ਢਿੱਲੇ ਪੈ ਗਏ, ਸਿਥਲ ਹੋ ਗਏ, ਕੰਮ ਦੇਣ ਜੋਗੇ ਨਾ ਰਹੇ। ਤਸਕਰ—ਚੋਰ। ਭ੍ਰਮਤੇ—ਫਿਰਦੇ, ਭਟਕਦੇ, ਚਲਦੇ, ਦੌੜਦੇ। ਕੁੰਚਰ—ਹਾਥੀ, ਹਾਥੀ ਤੋਂ ਮੁਰਾਦ ਮਦ ਮੱਤੇ ਹੋਣ ਦੀ ਹੈ। ਮਨ ਨੂੰ ਬਾਣੀ ਵਿਚ 'ਮੈਗਲ ਮਤਵਾਰਾ' ਕਿਹਾ ਗਿਆ ਹੈ। ਮਨੁ—ਅੰਦਰਲਾ ਗਿਆਨ ਵਾਲਾ ਅੰਗ। ਉਰ—ਹਿਰਦੇ ਦਾ ਉਹ ਹਿੱਸਾ ਜੋ ਮਹਿਸੂਸ ਕਰਦਾ ਹੈ। ਬੰਦ—ਰੋਕ, ਦਸਾਂ ਪ੍ਰਾਣਾਂ ਦੇ ਬੰਧ ਛੁੱਟ ਗਏ, ਭਾਵ ਪ੍ਰਾਣਾਂ ਦੀ ਗੰਢ ਖੁਲ੍ਹ ਗਈ।

ਅਰਥ :

ਪ੍ਰ: ਕਿਉਂ ਕਬੀਰ ਜੀ ! ਜਦੋਂ ਤੁਸਾਂ ਉਸ ਆਪਣੇ ਪਿਆਰੇ ਪਰਮ ਹੰਸ ਮਿੱਤ੍ਰ ਦੀ ਮੜ੍ਹੋਲੀ ਨੂੰ ਨਿਸ ਕ੍ਰਿਆ ਪਈ ਨੂੰ ਤੱਕਿਆ, ਤਦ ਤੁਹਾਡੇ ਮਨ ਵਿਚ ਕਿਸ ਪ੍ਰਕਾਰ ਦੇ ਖ਼ਿਆਲ ਉਤਪੰਨ ਹੋਏ ਅਤੇ ਤੁਸਾਂ ਉਨ੍ਹਾਂ ਮਨ ਦੇ ਵਲਵਲਿਆਂ ਨੂੰ ਕਿਸ ਰੂਪ ਵਿਚ ਉਕਰਿਆ ?

ਉ: ੧. ਹੇ ਸੱਜਨੋਂ ! ਜਦ ਮੈਂ ਉਸ ਆਪਣੇ ਪਿਆਰੇ ਹੱਠ ਜੋਗੀ ਪਰਮ ਹੰਸ ਮਿੱਤ੍ਰ ਦੀ ਮ੍ਰਿਤਕ ਲਾਸ਼ ਨੂੰ ਪਿਆ ਤੱਕਿਆ ਤਾਂ ਮੇਰੇ ਸਾਹਮਣੇ ਉਸ ਨਿਰੰਕਾਰ ਦਾ ਇਕ ਅਟੱਲ ਨਿਯਮ ਕਿ ਹਰ ਸਰੀਰਾ-ਧਾਰੀ ਨੇ ਇਕ ਦਿਨ ਇਸ ਸੰਸਾਰ ਤੋਂ ਆਖ਼ਰ ਚਲੇ ਜਾਣਾ ਹੈ, ਇਹ ਪ੍ਰਬਲ ਖ਼ਿਆਲ ਸਾਹਮਣੇ ਆਇਆ ਤੇ ਵੈਰਾਗ ਭਰੇ ਦਿਲ ਵਿਚੋਂ ਇਸ ਪਿਆਰੇ ਜੋਗੀ ਦੇ ਸਦੀਵੀ ਵਿਯੋਗ ਨੂੰ ਅਨੁਭਵ ਕਰਦਿਆਂ ਮੈਂ ਇਉਂ ਪੁੱਛ ਕੀਤੀ : ਹੇ ਜੋਗੀ ! ਹੁਣ ਤੂੰ ਮੈਨੂੰ ਇਕ ਇਹ ਗੱਲ ਦੱਸ ਕਿ 'ਗਗਨ ਨਗਰ' ਅਕਾਸ਼ ਵਿਚ ਜੋ ਨਗਰ ਹੈ, ਭਾਵ ਦਸਮਾਂ ਦੁਆਰ ਰੂਪ ਜੋ ਨਗਰ ਹੈ, ਉਸ ਵਿਚੋਂ (ਅੰਮ੍ਰਿਤ ਦੀ) ਇਕ ਬੂੰਦ ਵੀ ਹੁਣ ਨਹੀਂ ਡਿੱਗਦੀ। ਬੂੰਦ : ਟੇਪਾ, ਕਤਰਾ ਭਾਵ ਹੈ ਜਿਵੇਂ ਭੱਠੀ 'ਤੇ ਚੜ੍ਹੀ ਹੋਈ ਦੇਗ ਵਿਚੋਂ ਦਵਾਈਆਂ ਦਾ ਅਰਕ ਟੇਪਾ-ਟੇਪਾ ਨਿਕਲ ਕੇ ਬੋਤਲ ਵਿਚ ਪੈਂਦਾ ਹੈ, ਇਵੇਂ ਹੀ ਖਾਧੇ ਹੋਏ ਅੰਨ ਦਾ ਸਾਰ ਜਠਰਾਗਨੀ ਨਾਲ ਨਿਕਲ ਕੇ ਮੂਰਧ ਵਿਚ ਚੜ੍ਹਦਾ ਹੈ, ਉਥੋਂ ਉੱਤਰ ਕੇ ਸਾਰੀਆਂ ਨਾੜੀਆਂ ਵਿਚ ਪ੍ਰਵੇਸ਼ ਕਰ ਕੇ ਸਰੀਰ ਦੀ ਪੁਸ਼ਟੀ ਤੇ ਬ੍ਰਿਧੀ ਕਰਦਾ ਹੈ। ਸੁਆਦ ਉਸ ਦਾ ਮਿੱਠਾ ਹੁੰਦਾ ਹੈ। ਉਹ ਇਕ ਤਰ੍ਹਾਂ ਦੀ ਕਫ਼ ਹੁੰਦੀ ਹੈ। ਵੈਦਕ ਗ੍ਰੰਥਾਂ ਵਿਚ ਇਸ ਨੂੰ ਕਫ਼ ਦਾ ਪੰਜਵਾਂ ਭੇਦ ਲਿਖਿਆ ਹੈ, ਇਸੇ ਕਫ਼ ਨੂੰ ਜੋਗੀ ਅੰਮ੍ਰਿਤ ਕਹਿੰਦੇ ਹਨ, ਜੋ ਸਮਾਧੀ ਵੇਲੇ ਖੇਚਰੀ ਮੁੱਦ੍ਰਾ ਕਰਕੇ (ਜੀਭ ਨੂੰ ਉਲਟਾ ਕੇ ਤਾਲੂ ਵਿਚਲੇ ਛੇਕ ਦੇ ਹੇਠਾਂ ਲਾ ਕੇ) ਦਸਮ ਦੁਆਰ ਵਿਚੋਂ ਡਿੱਗਦੀ ਹੋਈ ਨੂੰ ਗ੍ਰਹਿਣ ਕਰਦੇ ਹਨ (ਇਸੇ ਨੂੰ ਹੀ 'ਨਿਝਰ ਧਾਰ ਚੁਐ ਅਤਿ ਨਿਰਮਲ' ਕਿਹਾ ਹੈ)। ਕਬੀਰ ਜੀ ਦਾ ਭਾਵ ਹੈ ਕਿ ਹੇ ਜੋਗੀ, ਹੁਣ ਉਹ ਅੰਮ੍ਰਿਤ ਦੀ ਬੂੰਦ

ਡਿਗਣੋਂ ਵੀ ਬੰਦ ਹੋ ਗਈ ਹੈ ਅਤੇ ਉਹ ਨਾਦ ਜੋ ਤੂੰ ਹਰ ਰੋਜ਼ ਸੁਣਦਾ ਸੀ, ਅੱਜ ਦੱਸ ਉਹ ਕਿਥੇ ਸਮਾ ਗਿਆ ?

ਨਾਦ : ਅਨਹਦ ਸ਼ਬਦ, ਜਦੋਂ ਪ੍ਰਾਣਾਯਾਮ ਦੁਆਰਾ ਜੋਗੀ ਪ੍ਰਾਣ ਰੋਕ ਕੇ ਅਨਾਹਦ ਚੱਕ੍ਰ ਤੱਕ ਪੁੱਜ ਜਾਂਦੇ ਹਨ ਅਤੇ ਉਥੋਂ ਹੁੰਦੇ ਹੋਏ ਬ੍ਰਹਮ ਗ੍ਰੰਥੀ ਨੂੰ ਚੀਰ ਕੇ ਅਗਾਂਹ ਤੁਰਦੇ ਹਨ, ਤਦ ਨਾਦ ਦਾ ਅਰੰਭ ਹੁੰਦਾ ਹੈ। ਇਹ ਪਹਿਲਾ ਦਰਜਾ ਹੈ, ਇਥੇ ਗਹਿਣਿਆਂ ਦੀ ਮਿੱਠੀ-ਮਿੱਠੀ ਛਣਕਾਰ ਸੁਣੀਦੀ ਹੈ। ਜਦੋਂ ਜੋਗੀ ਵਿਸ਼ੁੱਧ ਚੱਕ੍ਰ ਵਿਚ ਪੁੱਜ ਕੇ ਵਿਸ਼ਨ ਗ੍ਰੰਥੀ ਨੂੰ ਚੀਰਕੇ ਅਤੀ ਸੂਨ [ਸੰਘ ਵਿਚਲੇ ਪੁਲਾੜ] ਵਿਚ ਜਾਂਦਾ ਹੈ ਤਾਂ ਦੂਜਾ ਦਰਜਾ ਹਾਸਲ ਹੁੰਦਾ ਹੈ, ਇਹ ਸਥਾਨ ਮਾਇਆ ਰਹਿਤ ਹੈ, ਇਥੇ ਪੁੱਜ ਕੇ ਆਤਮਾ ਮਾਯਾਤੀਤ ਹੋ ਜਾਂਦਾ ਹੈ ਅਤੇ ਇਥੇ ਭੇਰੀ ਦੀ ਆਵਾਜ਼ ਸੁਣਾਈ ਦੇਂਦੀ ਹੈ। ਜਦੋਂ ਜੋਗੀ ਭਰਵੱਟਿਆਂ ਦੇ ਵਿਚਕਾਰ ਪੁੱਜਦਾ ਹੈ, ਤਾਂ ਤੀਜਾ ਦਰਜਾ ਪ੍ਰਾਪਤ ਹੁੰਦਾ ਹੈ, ਇਥੇ ਢੋਲ ਦੀ ਆਵਾਜ਼ ਸੁਣੀਦੀ ਹੈ। ਜਦੋਂ ਪ੍ਰਾਣ ਆਗਿਆ ਚੱਕਰ ਵਿਚ ਦੀ ਰੁਦਰ ਗ੍ਰੰਥੀ ਨੂੰ ਚੀਰ ਕੇ ਅਗਾਂਹ ਦੇਵ ਸਥਾਨ ਵਿਚ ਪੁੱਜਦਾ ਹੈ ਤਾਂ ਚੌਥਾ ਦਰਜਾ ਆ ਜਾਂਦਾ ਹੈ, ਇਥੇ ਵੀਣਾ ਦੀ ਆਵਾਜ਼ ਸੁਣੀਦੀ ਹੈ।

ਨਾਦ ਕੇਵਲ ਮਨ ਰੂਪ ਹਰਨ ਨੂੰ ਪਕੜਨ ਵਾਸਤੇ ਹੈ, ਨਹੀਂ ਤਾਂ ਜੋ ਕੁਝ ਭੀ ਆਵਾਜ਼ ਦੀ ਸ਼ਕਲ ਵਿਚ ਸੁਣਾਈ ਦੇਂਦਾ ਹੈ ਉਹ ਸਭ ਮਾਇਆ ਦਾ ਹੀ ਸਰੂਪ ਹੈ।

੨. ਹੇ ਜੋਗੀ ! ਕੀ ਤੇਰਾ, ਅਤੀ ਨਿਰਮਲ ਜੀਵਾਤਮਾ ਆਪਣੇ ਨਾਲ ਪਾਰਬ੍ਰਹਮ-ਪਰਮੇਸ਼ਰ ਮਾਧੋ ਨੂੰ ਲੈ ਕੇ ਚੜ੍ਹਾਈ ਕਰ ਗਿਆ ਹੈ ? ਜਾਂ ਹੇ ਪਰਮ ਹੰਸ ! ਜੋ ਤੂੰ ਪਾਰਬ੍ਰਹਮ ਪਰਮੇਸ਼ਰ ਮਾਧੋ ਦੀ ਮੂਰਤੀ ਨੂੰ ਤੂੰ ਦਸਮ ਦੁਆਰ ਵਿਚ ਵਸਦੀ ਮੰਨਦਾ ਸੀ, ਅੱਜ ਤੂੰ ਉਸ ਨੂੰ ਲੈ ਕੇ ਕਿਥੇ ਚਲਾ ਗਿਆ ਹੈਂ ?

੩. ਬਾਬਾ, ਹੇ ਜੋਗੀ (ਜੋ ਇੰਦ੍ਰੇ ਦੇਹ ਵਿਚ ਬੋਲਦੇ ਹੁੰਦੇ ਸਨ) ਉਹ ਕਿਥੇ ਚਲੇ ਗਏ ? ਅਤੇ ਜੋ ਸਦਾ ਦੇਹੀ ਨਾਲ ਹੀ ਰਹਿੰਦੇ ਸਨ।

੪. ਅਤੇ ਜੋ (ਸੁਰਤਿ) ਵੇਦਾਂ ਵਿਚੋਂ (ਨਿਰਤੇ) ਨਿਰਣੇ ਕਰਦੇ ਸਨ ਅਤੇ ਕਥਾ ਵਾਰਤਾ ਕਹਿੰਦੇ ਸਨ (ਤੇ) ਉਹ ਵੀ ਕਿਥੇ ਚਲੇ ਗਏ ਹਨ।੧।ਰਹਾਉ।

੫. ਹੇ ਜੋਗੀ ! ਵਜਾਵਣ ਵਾਲਾ ਜੋ ਤੇਰਾ ਮਨ ਸੀ, ਉਹ ਕਿਥੇ ਚਲਾ ਗਿਆ ? ਜਿਸ ਨੇ ਇਸ ਦੇਹੀ ਨੂੰ ਵਾਜਾ ਬਣਾ ਰਖਿਆ ਸੀ, ਭਾਵ ਜਿਵੇਂ ਚਾਹੇ ਉਵੇਂ ਹੀ ਵਰਤਦਾ ਸੀ।

੬. ਐ ਭਾਈਓ ! ਹੁਣ ਦੇਖੋ, ਅੱਜ ਇਸ ਦੇਹ ਵਿਚੋਂ ਕੋਈ ਵੀ ਸਾਖੀ, ਉਪਦੇਸ਼ ਤੇ ਸੁਰਤੀ ਬਚਨ ਪ੍ਰਗਟ ਨਹੀਂ ਹੁੰਦਾ, ਕਿਉਂਕਿ ਸਾਰਾ ਤੇਜ ਜੋ (ਮਨ ਵਿਚ ਸੀ) ਉਹ ਕਾਲ ਨੇ ਖਿੱਚ ਲਿਆ ਹੈ।੨।

੭. ਹੇ ਜੋਗੀ ! (ਸ਼ਬਦ ਸਰਵਨ ਕਰਨ ਵਾਲੇ) ਤੇਰੇ ਸੰਗੀ ਕੰਨ ਵੀ ਸੁਣਨ ਸ਼ਕਤੀ ਤੋਂ ਬਿਨਾਂ ਹੋ ਗਏ ਹਨ, ਇਸੇ ਤਰ੍ਹਾਂ ਹੋਰ ਸਭ ਇੰਦ੍ਰੀਆਂ ਦਾ ਬਲ ਵੀ ਥੱਕ ਗਿਆ ਹੈ, (ਭਾਵ ਰਹਿ ਚੁੱਕਾ ਹੈ)।

੮. ਹੇ ਜੋਗੀ ! ਹੁਣ ਤੇਰੇ ਪੈਰ ਤੁਰਨੋਂ ਰਹਿ ਗਏ ਹਨ, ਹੱਥ ਭੀ ਲਮਕ ਪਏ ਹਨ ਅਤੇ ਮੂੰਹੋਂ ਭੀ ਹੁਣ ਕੋਈ ਗੱਲ ਨਹੀਂ ਨਿਕਲਦੀ।੩।

੯. ਹੇ ਜੋਗੀ ! ਅੱਜ ਉਹ ਪੰਜੇ ਕਾਮਾਦਿਕ ਵੈਰੀ ਵੀ (ਜੋ) ਸਾਰੇ ਹੀ ਸ਼ੁਭ ਗੁਣਾਂ ਦੇ ਚੁਰਾਵਣ ਵਾਲੇ ਚੋਰ ਸਨ, ਥੱਕ ਗਏ ਹਨ, ਜੋ ਆਪਣੇ ਸੁਆਰਥ ਲਈ, ਵਿਸ਼ਿਆਂ ਲਈ ਭਜੇ ਫਿਰਦੇ ਸਨ, ਭਾਵ ਇਹ ਸਭੇ ਹੀ ਅੱਜ ਸਤਾ ਰਹਿਤ ਹੋਏ ਪਏ ਹਨ।

੧੦. ਹੁਣ ਸਭ ਦਾ ਪ੍ਰੇਰਕ ਮਨ ਰੂਪੀ ਹਾਥੀ ਵੀ ਥੱਕ ਗਿਆ ਹੈ, ਜੋ ਕਿ ਹਿਰਦੇ ਥਾਂ ਦਾ ਵਾਸੀ ਸੀ ਅਤੇ ਜਿਸ (ਸੂਤ੍ਰ ਧਾਰ) ਨਟ, ਪ੍ਰਬੰਧਕ, ਆਤਮਾ ਦੇ ਤੇਜ ਨਾਲ ਇੰਦ੍ਰੇ (ਰਮਤੇ) ਭਜੇ ਫਿਰਦੇ ਸਨ। (ਸੂਤਰ-ਧਾਰ) ਪੁਤਲੀਆਂ ਦੀ ਡੋਰ ਹੈ ਜਿਸ ਦੇ ਹੱਥ, ਨਾਟਕ ਪਾਤਰਾਂ ਨੂੰ ਏਧਰ ਉਧਰ ਚਲਾਉਣ ਵਾਲਾ, ਜਦ ਸਤਾ ਜੋ ਇੰਦ੍ਰਿਆਂ ਨੂੰ ਚਲਾਉਣ ਵਾਲੀ, ਚਲਦੀ ਬਣੀ।੪।

੧੧. ਅੱਜ ਜੋਗੀ ਜੀ ਮੁਰਦਾ ਹੋ ਗਏ ਹਨ। ਹੁਣ ਇਨ੍ਹਾਂ ਦੇ ਪੌਣਾਂ ਦੇ ਬੰਧਨ ਖੁੱਲ ਗਏ ਹਨ, ਇਨ੍ਹਾਂ ਨੇ ਸਾਰੇ ਮਿੱਤ੍ਰ ਤੇ ਭਰਾ ਇਥੇ ਹੀ ਛੱਡ ਦਿੱਤੇ ਹਨ।

ਦਸੇ ਪੌਣਾਂ :—ਪ੍ਰਾਣ, ਅਪਾਨ, ਵਿਆਨ, ਉਦਾਨ, ਨਾਗ, ਕੂਰਮ, ਕਿਰਕਲ, ਦੇਵਦੱਤ ਤੇ ਧਨੰਜੈ, ਇਹ ਦੱਸ ਪ੍ਰਾਣ ਹਨ, ਜੋ ਸਰੀਰ ਦੇ ਭਿੰਨ-ਭਿੰਨ ਸਥਾਨਾਂ ਵਿਚ ਰਹਿ ਕੇ ਵੱਖੋ-ਵੱਖਰੇ ਕੰਮ ਕਰਦੇ ਹਨ, ਜੈਸਾ ਕਿ ਬਿਆਧ ਬਿਨਾਸ ਵਿਚ ਲਿਖਿਆ ਹੈ :

ਕਬਿਤ

ਰਿਦੇ ਮਾਹਿ 'ਪ੍ਰਾਨ', ਗੁਦਾ ਮੰਡਲ 'ਅਪਾਨ' ਜਾਨ,
ਨਾਭਿ ਮੈਂ 'ਸਮਾਨ' ਕੰਠ ਸਮਝੋ 'ਉਦਾਨ' ਕੋ।
ਸੀਤਲ ਬਖਾਨੈ 'ਬਿਯਾਨ' ਬਸੀ ਸਭ ਅੰਗ ਮਾਝ,
'ਨਾਗ' ਉਦਗਾਰ 'ਕੱਵ' ਖੋਲੈ ਪਲਕਾਨ ਕੋ।
'ਕ੍ਰਿਕਲ' ਛੁਦਾਨ ਕਰੈ ਯਾਹੀ ਕਰ ਹੀਯਾ ਜਰੈ,
'ਦੇਵਦੱਤ' ਜੋਊ ਸੋਊ ਲੇਤ ਹੈ ਜੰਭਾਨ ਕੋ।
ਮੂਏ ਮੂਏ ਪਾਛੈ ਜੋਤ ਹੋਤ ਹੈ 'ਧਨੰਜੈ' ਆਛੈ,
ਆਤਮਾ ਸਭੂ ਤੇ ਪਰੈ ਜਾਨੈ ਬੁਧਵਾਨ ਕੋ।੧੮੯।

(ਮਿੱਤ੍ਰ ਭਾਈ ਸਭ ਛੋਰੇ) : ਪਤਾ ਚਲਦਾ ਹੈ ਕਿ 'ਜੋਗੀ' ਅਤੀਤ ਨਹੀਂ, ਪਰ ਗ੍ਰਹਿਸਤ ਵਿਚ ਰਹਿ ਕੇ ਹੱਠ ਯੋਗ ਦੇ ਸਾਧਨ ਕਰਦਾ ਸੀ। ਹੱਠ ਯੋਗ ਪ੍ਰਦੀਪਕਾ ਵਿਚ ਗ੍ਰਹਿਸਤੀ ਲਈ ਵੀ ਯੋਗ ਸਾਧਨਾ ਦੇ ਰਾਹ ਦੱਸੇ ਹਨ।

ਪ੍ਰ: ਕਬੀਰ ਜੀ, ਆਖ਼ਰ ਤੁਸੀਂ ਆਪਣਾ ਨਿਸਚਾ ਦੱਸੋ ਕਿ ਇਹ ਜੀਵ ਜੀਵਨ ਮੁਕਤ ਕਿਵੇਂ ਹੋ ਸਕਦਾ ਹੈ ?

ਉ: ੧੨. ਕਬੀਰ ਜੀ ਕਹਿੰਦੇ ਹਨ ਕਿ ਜੋ ਪੁਰਖ ਹਰੀ ਨੂੰ ਧਿਆਵੇਗਾ ਉਹ ਜੀਉਂਦਿਆਂ ਹੀ ਸਾਰੇ ਬੰਧਨ ਤੋੜ ਲਏਗਾ। (ਭਾਵ ਹੈ ਕਿ ਉਸ ਨੂੰ ਮਰਨ ਸਮੇਂ ਮੌਤ ਦਾ ਭੈ ਤੇ ਮਿੱਤ੍ਰ ਭਾਈਆਂ ਦਾ ਵਿਯੋਗ ਦੁੱਖ ਨਹੀਂ ਦੇਵੇਗਾ)।੫।੫।੧੮।

ਭਾਵਾਰਥ : ਇਸ ਸ਼ਬਦ ਦੀ ਅੰਤਲੀ ਪੰਗਤੀ ਵਿਚ ਕਬੀਰ ਜੀ ਦਾ ਆਪਣਾ ਨਿਸਚਾ ਤੇ ਕਰਤੱਵ, ਯੋਗੀ ਦਾ ਉਸ ਉਪਰ ਚਲੇ

ਬਿਨਾ ਮਰ ਜਾਣਾ ਆਪ ਨੇ ਕੈਸੇ ਸੰਖੇਪ ਪਦਾਂ ਵਿਚ ਅੰਕਤ ਕੀਤਾ ਹੈ ਤੇ ਉਸ ਵਿਚ ਸਾਰੇ ਜਗਤ ਨੂੰ ਉਪਦੇਸ਼ ਵੀ ਦੇ ਗਏ ਹਨ ਕਿ ਹੇ ਭਾਈਓ! ਮੋਹ ਮਾਇਆ ਦੇ ਬੰਧਨ ਜੀਉਂਦੇ ਜੀ ਕਟੋ। ਜੋ ਮਿੱਤ੍ਰ ਭਾਈ ਮਰ ਕੇ ਛੁਟਣੇ ਹਨ, ਉਹ ਜੀਉਂਦਿਆਂ ਹੀ ਛੱਡੋ, ਪਰ ਛੱਡ ਕੇ ਸੁਨ ਨ ਹੋ ਜਾਓ, ਹਰੀ ਨਾਲ ਜੁੜੋ। ਉਸ ਦੀ ਅਰਾਧਨਾ ਕਰਕੇ ਫਿਰ ਤੁਸੀਂ ਨਿਸਚਤ ਹਰੀ ਪਾਸ ਜਾਓਗੇ। ਜਿਨ੍ਹਾਂ ਇੰਦ੍ਰਿਆਂ ਦੇ ਰਸ ਨੇ ਹਰੀ ਤੋਂ ਵਿਛੋੜ ਰਖਿਆ ਹੈ, ਉਹ ਅੰਤ ਨੂੰ ਸਾਥ ਛੱਡ ਜਾਣਗੇ। ਇਸ ਲਈ ਮੁੱਢ ਤੋਂ ਹੀ ਉਨ੍ਹਾਂ ਦੇ ਬੰਧਨਾਂ ਵਿਚ ਨ ਪਓ, ਸਗੋਂ ਉਨ੍ਹਾਂ ਨੂੰ ਕਾਬੂ ਕਰ ਰੱਖੋ।

ਆਸਾ ਇਕਤੁਕੇ ੪ ॥

੧. ਸਰਪਨੀ ਤੇ ਊਪਰਿ ਨਹੀ ਬਲੀਆ ॥
੨. ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥
੩ ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥
੪. ਜਿਨਿ ਤ੍ਰਿਭਵਣੁ ਡਸੀਅਲੇ
ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥
੫. ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥
੬. ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥
੭. ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥
੮. ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥
੯. ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥
੧੦. ਬਲੁ ਅਬਲੁ ਕਿਆ ਇਸ ਤੇ ਹੋਈ ॥੪॥
੧੧. ਇਹ ਬਸਤੀ ਤਾ ਬਸਤ ਸਰੀਰਾ ॥
੧੨. ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥

ਪਦ ਅਰਥ : ਸਰਪਨੀ—ਸੱਪਣੀ, ਮੋਹ ਦਾ ਡੰਗ ਮਾਰਨ ਵਾਲੀ ਮਾਇਆ। ਤੇ ਊਪਰਿ—ਤੋਂ ਵਧੀਕ। ਜਿਨਿ—ਜਿਸ (ਮਾਇਆ) ਸੱਪਣੀ ਨੇ। ਮਹਾਦੇਉ—ਸ਼ਿਵ।੧। ਮਾਰੁ—ਮਾਰੋ ਮਾਰ ਕਰਦੀ, ਬੜੇ ਜ਼ੋਰਾਂ ਵਿਚ ਆਈ ਹੋਈ। ਬਲੀਆ—ਬਲਵਾਨ। ਜਲਿ—ਜਲ ਵਿਚ। ਨਿਰਮਲ ਜਲਿ—ਸਾਫ਼, ਪਵਿੱਤ੍ਰ ਪਾਣੀ ਵਿਚ, ਸ਼ਾਂਤ ਸਰ ਵਿਚ, ਮੁਰਾਦ ਹੈ ਨਿਰਮਲ ਹਿਰਦੇ ਵਾਲੇ ਸਾਧੂਆਂ, ਸ਼ਾਸਤ੍ਰਗ ਵਿਦਵਾਨਾਂ, ਸਤਿ ਸੰਗਾਂ ਤੇ ਪ੍ਰਮਾਰਥੀ ਮੰਡਲਾਂ ਵਿਚ। ਪੈਠੀ—ਪ੍ਰਵੇਸ਼ ਕਰ ਗਈ ਹੈ, ਆ ਟਿਕਦੀ ਹੈ। ਤ੍ਰਿਭਵਣੁ—ਤਿੰਨ ਲੋਕ। ਡੀਠੀ—ਦਿੱਸ ਪਈ ਹੈ।੧।ਰਹਾਉ। ਸ੍ਰਪਨੀ...ਭਾਈ—ਹੇ ਭਾਈ! ਸੱਪਣੀ ਤੋਂ ਇਤਨਾ ਕਿਉਂ ਡਰਦੇ ਹੋ? ਤਿਨਿ—ਉਸ ਮਨੁੱਖ ਨੇ। ਖਾਈ—ਖਾ ਲਈ, ਵਸ ਵਿਚ ਕਰ ਲਈ।੨। ਆਨ ਅਵਰਾ—ਕੋਈ ਹੋਰ, ਸੱਚ ਪਛਾਨਣ ਵਾਲੇ ਤੋਂ ਬਿਨਾਂ ਕੋਈ ਹੋਰ। ਛੂਛ—ਖ਼ਾਲੀ, ਤੁੱਛ, ਸੱਖਣਾ, ਬਚਿਆ ਹੋਇਆ। ਸ੍ਰਪਨੀ ਤੇ ਛੂਛ—ਸਰਪਨੀ ਦੇ ਅਸਰ ਤੋਂ ਬੱਚਿਆ ਹੋਇਆ। ਜਮਰਾ—ਵਿਚਾਰਾ ਜਮ। ਕਹਾ ਕਰੈ—ਕੁਝ ਵਿਗਾੜ ਨਹੀਂ ਸਕਦਾ।੩। ਤਾ ਕੀ—ਉਸ (ਪਰਮੇਸ਼ਰ) ਦੀ, ਭਾਵ ਹੈ ਰਚਨਹਾਰ ਕਰਤਾਰ ਦੀ। ਬਲੁ—ਜ਼ੋਰ, ਜਿੱਤ। ਅਬਲੁ—ਕਮਜ਼ੋਰੀ, ਹਾਰ।੪। ਇਹ ਬਸਤੀ—(ਜਿਤਨਾ ਚਿਰ) ਇਹ ਸੱਪਣੀ ਮਨੁੱਖ ਦੇ ਮਨ ਵਿਚ ਵਸਦੀ ਹੈ। ਸਰੀਰਾ—ਸਰੀਰਾਂ ਵਿਚ। ਸਹਜਿ—ਸਹਿਜ ਵਿਚ, ਸੱਪਣੀ ਦੇ ਭਾਵ ਤੋਂ ਅਡੋਲ ਰਹਿ ਕੇ।੫।

ਅਰਥ :

ਪ੍ਰ: ਕਿਉਂ ਕਬੀਰ ਜੀਉ! ਤੁਹਾਡੀ ਵੀਚਾਰ ਵਿਚ ਇਸ ਜਗਤ ਅੰਦਰ ਸਭ ਤੋਂ ਬਲਵਾਨ ਕੌਣ ਸ਼ੈਅ ਹੈ?

ਉ: ੧. ਐ ਸੱਜਨੋ! ਅਸੀਂ ਤਾਂ ਇਹੋ ਵਿਚਾਰਿਆ ਹੈ ਕਿ ਸੰਸਾਰ ਵਿਚ ਇਸ (ਸਰਪਨੀ) ਮਾਇਆ ਤੋਂ ਉੱਪਰ ਹੋਰ ਕੋਈ ਬਲੀ ਨਹੀਂ ਹੈ।

ਪ੍ਰ: ਕਿਉਂ ਜੀ! ਉਹ ਕਿਸ ਤਰ੍ਹਾਂ?

ਉ: ੨. ਮਿੱਤਰੋ! ਵੇਖੋ ਜਿਸ ਮਾਇਆ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ, (ਵਰਗੇ ਵੱਡੇ-ਵੱਡੇ ਦੇਵਤੇ) ਵੀ ਛਲ ਲਏ ਹਨ।੧।

੩. ਹੇ ਭਾਈ! ਇਹ ਮਾਇਆ ਸੱਪਣੀ ਮਾਰੋ-ਮਾਰ ਕਰਦੀ ਨਿਰਮਲ ਜਲ ਵਿਚ ਵੀ ਆ ਬੈਠੀ ਹੈ, ਭਾਵ ਹੈ ਵਿਦਵਾਨਾਂ, ਸ਼ਾਸਤ੍ਰ ਕਰਤਾ ਤੇ ਵੇਤਾ ਸਾਧੂਆਂ ਦੇ ਨਿਰਮਲ ਹਿਰਦਿਆਂ ਵਿਚ ਵੀ ਪ੍ਰਵੇਸ਼ ਕਰ ਗਈ ਹੈ।

ਪ੍ਰ: ਕਬੀਰ ਜੀ! ਤੁਸਾਂ ਨੂੰ ਇਹ ਸੋਝੀ ਕਿਵੇਂ ਆਈ ਹੈ?

ਉ: ੪. ਹੇ ਭਾਈਓ! (ਐਸੀ ਪ੍ਰਬਲ ਮਾਇਆ) ਜਿਸ ਨੇ ਕਿ ਤਿੰਨਾਂ ਹੀ ਲੋਕਾਂ ਨੂੰ ਡਸ ਛੱਡਿਆ ਹੈ, ਮੈਂ ਉਸ ਨੂੰ ਗੁਰੂ ਦੀ ਕਿਰਪਾ ਨਾਲ ਵੇਖ ਲਿਆ ਹੈ, ਭਾਵ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਹੈ।੧।ਰਹਾਉ।

ਪ੍ਰ: ਕਬੀਰ ਜੀ! ਅਸੀਂ ਤਾਂ ਇਉਂ ਹੀ ਸਮਝ ਬੈਠੇ ਹਾਂ ਕਿ ਇਹ ਮਾਇਆ ਅਤੀ ਬਲਵਾਨ ਤੇ ਅਜਿੱਤ ਹੈ, ਭਾਵ ਇਸ ਦਾ ਜਿੱਤਣਾ ਅਸੰਭਵ ਹੈ; ਪਰ ਹਾਂ, ਜੇ ਕੋਈ ਇਸ ਨੂੰ ਜਿੱਤਣ ਦਾ ਢੰਗ ਹੈ ਤਾਂ ਦੱਸ ਦਿਓ।

ਉ: ੫. ਹੇ ਭਾਈ! ਤੁਸੀਂ ਇਸ ਸੱਪਣੀ ਨੂੰ ਇਹ ਜਾਣ ਕੇ ਕਿ ਇਹ ਸੱਪਣੀ ਮਾਇਆ ਜਿੱਤਣੀ ਅਸੰਭਵ ਹੈ, ਕਿਉਂ ਡਰਦੇ ਹੋ, ਇਸ ਨੂੰ ਅਜਿੱਤ ਜਾਣ ਕੇ ਨਿਰਾਸ ਨ ਹੋ ਬੈਠੋ। ਇਹ ਅਸੰਭਵ ਨਹੀਂ, ਜਿੱਤੀ ਜਾ ਸਕਦੀ ਹੈ।'

੬. ਕਿਉਂਕਿ ਜਿਸ ਨੇ ਸੱਚ ਨੂੰ ਪਛਾਣ ਲਿਆ, ਉਸ ਨੇ ਇਸ ਸਰਪਣੀ ਨੂੰ ਖਾ ਲਿਆ ਹੈ, (ਭਾਵ ਜਿੱਤ ਲਿਆ ਹੈ, ਇਸ ਮਾਇਆ ਤੋਂ ਇਤਨਾ ਡਰਨ ਦੀ ਲੋੜ ਨਹੀਂ)।੨।

ਪ੍ਰ: ਕਬੀਰ ਜੀ! ਇਹ ਦੱਸੋ ਕਿ ਸੱਚ ਨੂੰ ਪਛਾਨਣ ਵਾਲਿਆਂ ਦੀਆਂ ਨਜ਼ਰਾਂ ਵਿਚ ਇਹ ਮਾਇਆ ਕਿਵੇਂ ਪ੍ਰਤੀਤ ਹੋ ਰਹੀ ਹੈ?

ਉ: ੭. ਹੇ ਭਾਈਓ! (ਇਹ ਮਾਇਆ ਜਿਤਨੀ ਵੀ ਪ੍ਰਬਲ ਹੈ) ਸੱਚ ਨੂੰ ਪਛਾਨਣ ਵਾਲਿਆਂ ਦੀਆਂ ਨਜ਼ਰਾਂ ਵਿਚ ਉਹ ਉਤਨੀ ਹੀ ਤੁੱਛ, ਨਿਰਬਲ, ਨਿਕੰਮੀ ਭੀ ਹੈ। ਉਹ ਸਮਝ ਲੈਂਦੇ ਹਨ ਕਿ ਇਸ ਜਿਹਾ ਕੋਈ ਭੀ ਨਿਰਬਲ ਨਹੀਂ।

੮. ਇਸ ਲਈ ਜਿਸ ਨੇ ਸੱਚ ਨੂੰ ਪਛਾਣ ਕੇ ਇਸ ਮਾਇਆ ਨੂੰ ਜਿੱਤ ਲਿਆ ਹੈ, ਉਸ ਨੂੰ ਜਮ ਕੀ ਕਰ ਸਕਦਾ ਹੈ, (ਭਾਵ ਜਮ ਉਸ ਦਾ ਕੁਝ ਵਿਗਾੜ ਹੀ ਨਹੀਂ ਸਕਦਾ), ਸੋ ਇਸ ਲਈ ਮਾਇਆ ਜਿੱਤਣੀ ਜਮ ਨੂੰ ਭੀ ਜਿੱਤ ਲੈਣਾ ਹੈ।੩।

ਪ੍ਰ: ਕਬੀਰ ਜੀ! ਤੁਸੀਂ ਇਸ ਏਡੀ ਬਲਵਾਨ ਮਾਇਆ ਨੂੰ ਤੁੱਛ ਰੂਪ ਕਿਵੇਂ ਕਹਿੰਦੇ ਹੋ ?

ਉ: ੯. ਐ ਭਾਈਓ! ਉਹ ਇਸ ਲਈ ਕਿ ਇਹ ਮਾਇਆ ਸੁਤੰਤਰ ਵਸਤੂ ਨਹੀਂ, ਇਹ ਤਾਂ ਉਸ ਪਰਮੇਸ਼ਰ ਦੇਵ ਦੀ ਰੱਚੀ ਹੋਈ ਹੈ, ਜਿਸ ਨੇ ਇਸ ਸਾਰੇ ਜਗਤ ਨੂੰ ਰਚਿਆ ਹੈ।

੧੦. ਸੋ ਦੱਸੋ, ਇਸ ਅਬਲ ਤੋਂ ਕੀ ਬਲ ਹੋ ਸਕਦਾ ਹੈ, ਕਿਸੇ ਉੱਤੇ ਜ਼ੋਰ ਜਾਂ ਨ ਜ਼ੋਰ ਕੀ ਹੋ ਸਕਦਾ ਹੈ, (ਭਾਵ ਹੈ ਕਿ ਉਸ ਪ੍ਰਭੂ ਦੇ ਹੁਕਮ ਤੋਂ ਬਿਨਾ ਇਸ ਮਾਇਆ ਦੇ ਆਪਣੇ ਵੱਸ ਦੀ ਕਿਸੇ 'ਤੇ ਜ਼ੋਰ ਪਾਉਣ ਦੀ ਜਾਂ ਨ ਜ਼ੋਰ ਪਾਉਣ ਦੀ ਕੋਈ ਗੱਲ ਹੀ ਨਹੀਂ)।੪।

ਪ੍ਰ: ਕਬੀਰ ਜੀ! ਆਖ਼ਰ ਤੁਸੀਂ ਇਸ ਮਾਇਆ ਬਾਰੇ ਕੀ ਸਮਝਦੇ ਹੋ ?

ਉ: ੧੧. ਹੇ ਭਾਈਓ! ਮੈਂ ਤਾਂ ਇਹੋ ਸੋਚਿਆ ਹੈ ਕਿ ਜਿਤਨਾ ਚਿਰ ਇਹ ਮਾਇਆ ਮਨੁੱਖ ਦੇ ਮਨ ਵਿਚ ਵੱਸਦੀ ਹੈ, ਉਤਨਾ ਚਿਰ ਇਹ ਆਤਮਾ ਸਰੀਰਾਂ ਵਿਚ ਬਾਰ-ਬਾਰ ਵਸਦਾ ਹੈ, ਭਾਵ ਬਾਰ-ਬਾਰ ਜੰਮਣ-ਮਰਨ ਦੇ ਚੱਕ੍ਰ ਵਿਚ ਪਿਆ ਰਹਿੰਦਾ ਹੈ।

ਪ੍ਰ: ਕਬੀਰ ਜੀ! ਕੀ ਇਸ ਜੰਮਣ ਮਰਨ ਦੀ ਘੁੰਮਣ ਘੇਰੀ ਵਿਚ ਆਪ ਵੀ ਪਏ ਰਹੋਗੇ ?

ਉ: ੧੨. ਕਬੀਰ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਗੁਰੂ ਦੀ ਕਿਰਪਾ ਦੁਆਰਾ ਮੈਂ ਸੁਭਾਵਕ ਹੀ ਜਨਮ ਮਰਣ ਦੀ ਘੁੰਮਣਘੇਰੀ ਵਿਚੋਂ ਪਾਰ ਲੰਘ ਗਿਆ ਹਾਂ।੫।੬।੧੯।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਇਹ ਸਿਧਾਂਤ ਬਿਆਨ ਕਰਦੇ ਹਨ ਕਿ ਇਸ ਮਾਇਆ ਤੋਂ ਵੱਡਾ ਬਲਵਾਨ ਤਾਂ ਭਾਵੇਂ ਹੋਰ ਕੋਈ ਨਹੀਂ, ਕਿਉਂਕਿ ਇਸ ਨੇ ਵੱਡੇ-ਵੱਡੇ ਬ੍ਰਹਮਾ ਆਦਿ ਦੇਵਤਿਆਂ ਨੂੰ ਆਪਣੇ ਅਸਰ ਹੇਠ ਦਬਾ ਲਿਆ ਹੈ, ਪਰ ਤਾਂ ਵੀ ਇਸ ਨੂੰ ਕਾਬੂ ਕਰਨ ਵਲੋਂ ਨਿਰਾਸ਼ ਨਹੀਂ ਹੋ ਜਾਣਾ ਚਾਹੀਦਾ, ਕਿਉਂਕਿ ਇਹ ਮਾਇਆ ਸੁਤੰਤ੍ਰ ਨਹੀਂ, ਇਹ ਭੀ ਜਗਤ ਦੇ ਕਰਤਾ ਕਰਤਾਰ ਦੇ ਅਧੀਨ ਹੈ, ਇਸੇ ਲਈ ਅਸੀਂ ਇਸ ਪਰਤੰਤ੍ਰ ਮਾਇਆ ਨੂੰ ਗੁਰੂ ਕਿਰਪਾ ਨਾਲ ਵਸੀਕਾਰ ਕਰ ਲਿਆ ਹੈ, ਜਿਸ ਦੀ ਬਰਕਤ ਨਾਲ ਅਸੀਂ ਇਸ ਸੰਸਾਰ ਦੇ ਜੰਮਣ-ਮਰਨ ਦੇ ਗੇੜ ਤੋਂ ਬਾਹਰ ਹੋ ਗਏ ਹਾਂ।

ਆਸਾ ॥

੧. ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥
੨. ਕਹਾ ਸਾਕਤ ਪਹਿ ਹਰਿ ਗੁਨ ਗਾਏ ॥੧॥
੩. ਰਾਮ ਰਾਮ ਰਾਮ ਰਮੇ ਰਮਿ ਰਹੀਐ ॥
੪. ਸਾਕਤ ਸਿਉ ਭੂਲਿ ਨਹੀ ਕਹੀਐ ॥੧॥ ਰਹਾਉ ॥
੫. ਕਊਆ ਕਹਾ ਕਪੂਰ ਚਰਾਏ ॥
੬. ਕਹ ਬਿਸੀਅਰ ਕਉ ਦੂਧੁ ਪੀਆਏ ॥੨॥
੭. ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥
੮. ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥
੯. ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥
੧੦. ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥
੧੧. ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥
੧੨. ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥੫॥੭॥੨੦॥

ਪਦ ਅਰਥ : ਕਹਾ—ਕੀ ਲਾਭ ? ਕੋਈ ਲਾਭ ਨਹੀਂ ਹੁੰਦਾ। ਸੁਆਨ—ਕੁੱਤਾ। ਸਾਕਤ—ਰੱਬ ਤੋਂ ਟੁੱਟਾ ਹੋਇਆ ਜੀਵ। ਪਹਿ—ਪਾਸ, ਕੋਲ।੧। ਰਮੇ ਰਮਿ ਰਹੀਐ—ਸਦਾ ਸਿਮਰਦੇ ਰਹੀਏ। ਭੂਲਿ—ਭੁੱਲ ਕੇ, ਕਦੇ ਭੀ। ਕਹੀਐ—ਸਿਮਰਨ ਦਾ ਉਪਦੇਸ਼ ਕਰੀਏ।੧।ਰਹਾਉ। ਕਪੂਰ—ਮੁਸ਼ਕ-ਕਫੂਰ। ਚਰਾਏ—ਖੁਵਾਇਆਂ। ਕਹ—ਕੀ ਲਾਭ ? ਬਿਸੀਅਰ—ਸੱਪ।੨। ਬਿਬੇਕ ਬੁਧਿ—ਚੰਗਾ ਮੰਦਾ ਪਰਖਣ ਦੀ ਅਕਲ। ਪਰਸਿ—ਛੋਹ ਕੇ। ਕੰਚਨੁ—ਸੋਨਾ। ਸੋਈ—ਓਹੀ ਲੋਹਾ।੩। ਧੁਰਿ—ਧੁਰ ਤੋਂ, ਮੁੱਢ ਤੋਂ, ਜੀਵ ਦੇ ਕੀਤੇ ਕਰਮਾਂ ਅਨੁਸਾਰ।੪। ਨੀਮੁ—ਨਿੰਮ ਦਾ ਬੂਟਾ। ਸਿੰਚਾਈ—ਪਾਣੀ ਦੇਈਏ। ਉਆ ਕੋ—ਉਸ ਨਿੰਮ ਦੇ ਬੂਟੇ ਦਾ। ਸਹਜੁ—ਜਮਾਂਦਰੂ ਸੁਭਾਉ।੫।

ਅਰਥ :

ਪ੍ਰ: ਕਬੀਰ ਜੀਉ! ਜਿਥੇ ਤੁਸੀਂ ਸਾਨੂੰ ਪਰਮੇਸ਼ਰ ਦੇ ਗੁਣ ਗਾਉਣ ਦੀ ਪ੍ਰੇਰਣਾ ਕਰਦੇ ਹੋ, ਉਥੇ ਅਨੇਕਾਂ ਹੀ ਰੱਬ ਤੋਂ ਟੁੱਟੇ ਹੋਏ ਬੰਦੇ ਹਨ, ਉਨ੍ਹਾਂ ਕੋਲ ਵੀ ਪੁੱਜ ਕੇ ਹਰੀ ਗੁਣ ਗਾ, ਉਨ੍ਹਾਂ ਦਾ ਉਧਾਰ ਕਰਨ ਲਈ ਵੀ ਉਪਕਾਰ ਕਰਿਆ ਕਰੋ।

ਉ: ੧. ਹੇ ਭਾਈਓ! ਜਿਵੇ ਕੁੱਤੇ ਨੂੰ ਸਿੰਮ੍ਰਿਤੀਆਂ (ਦੇ ਪਾਠ) ਸੁਣਾਉਣ ਦਾ ਕੋਈ ਲਾਭ ਨਹੀਂ ਹੁੰਦਾ।

੨. ਤਿਵੇਂ ਸਾਕਤ ਦੇ ਕੋਲ ਪਰਮਾਤਮਾ ਦੇ ਗੁਣ ਗਾਂਵਿਆਂ ਸਾਕਤ ਉੱਤੇ ਕੋਈ ਅਸਰ ਨਹੀਂ ਹੁੰਦਾ, ਇਸ ਲਈ ਦੱਸੋ ਕੀ ਲਾਭ ਹੈ ? ਭਾਵ ਕੋਈ ਵੀ ਲਾਭ ਨਹੀਂ ਹੁੰਦਾ।੧।

੩. ਇਸ ਲਈ ਬਿਰਥਾ ਜਤਨ ਛੱਡ ਕੇ ਆਪ ਹੀ ਰਾਮ ਦਾ ਸਿਮਰਨ ਕਰਨਾ ਚਾਹੀਦਾ ਹੈ, ਉਹ ਰਾਮ ਹੀ ਇਕ ਵਿਆਪਕ ਹੈ, ਉਸੇ ਦਾ (ਨਾਮ) ਰਾਮ-ਰਾਮ ਉਚਾਰਦੇ ਰਹੀਏ।

੪. ਕਿਸੇ ਸਾਕਤ ਨੂੰ ਭੁੱਲ ਕੇ ਵੀ ਸਿਮਰਨ ਕਰਨ ਦੀ ਸਿਖਿਆ ਨਹੀਂ ਦੇਣੀ ਚਾਹੀਦੀ।੧।ਰਹਾਉ।

ਪ੍ਰ: ਕਿਉਂ ਜੀ! ਕੁਝ ਲਾਭ ਤਾਂ ਜ਼ਰੂਰ ਹੋਵੇਗਾ ?

ਉ: ੫. ਹੇ ਭਾਈਓ! ਕਾਂ ਨੂੰ ਮੁਸ਼ਕ ਕਾਫੂਰ ਖੁਆਉਣ ਦਾ ਕੋਈ ਗੁਣ ਨਹੀਂ ਹੁੰਦਾ, (ਕਿਉਂਕਿ ਕਾਂ ਗੰਦ ਖਾਣ ਦੀ ਆਦਤ ਨਹੀਂ ਛੱਡਦਾ)।

੬. ਅਤੇ ਸੱਪ ਨੂੰ ਦੁੱਧ ਪਿਲਾਉਣ ਦਾ ਕੀ ਲਾਭ ਹੈ, ਭਾਵ ਕੁੱਝ ਵੀ ਨਹੀਂ। (ਕਿਉਂਕਿ ਉਹ ਡੰਗ ਮਾਰਨੋਂ ਫਿਰ ਵੀ ਨਹੀਂ ਟਲੇਗਾ)।੨।

ਪ੍ਰ: ਕਬੀਰ ਜੀ! ਤਾਂ ਫਿਰ ਦੱਸੋ, ਕਿਵੇਂ ਸਾਕਤ ਨੂੰ ਭੀ ਚੰਗੇ ਮੰਦੇ ਕੰਮ ਦੀ ਵੀਚਾਰ ਪ੍ਰਾਪਤ ਹੋ ਸਕਦੀ ਹੈ ?

ਉ: ੭. ਹਾਂ ਜ਼ਰੂਰ! ਹੇ ਭਾਈ, ਜੇਕਰ ਸਾਕਤ ਸਾਕਤਾਂ ਦੀ ਸੰਗਤ ਛੱਡ ਕੇ ਸਤ ਸੰਗਤ ਵਿਚ ਆਪ ਆ ਕੇ ਮਿਲ ਜਾਵੇ ਤਾਂ ਉਸ ਨੂੰ ਗਿਆਨ ਬੁੱਧੀ ਪ੍ਰਾਪਤ ਹੋ ਸਕਦੀ ਹੈ।

ਪ੍ਰ: ਕਿਉਂ ਜੀ! ਉਹ ਕਿਵੇਂ ?

ਉ: ੮. ਹੇ ਭਾਈਓ ! ਜਿਵੇਂ ਲੋਹਾ ਪਾਰਸ ਨੂੰ ਛੋਹ ਕੇ ਸੋਨਾ ਹੋ ਜਾਂਦਾ ਹੈ।੩।

ਪ੍ਰ: ਕਿਉਂ ਜੀ ! ਇਹ ਸਾਕਤ, ਇਸ ਸੁਭਾਅ ਦਾ ਤਿਆਗ ਕਿਉਂ ਨਹੀਂ ਕਰਦਾ ?

ਉ: ੯. ਤਾਂ ਆਪ ਜੀ ਤਰਸ ਦੇ ਘਰ ਵਿਚ ਆ ਕੇ ਬੋਲੇ ਕਿ ਹੇ ਸੱਜਨੋ ! ਸਾਕਤ ਕੀ ਤੇ ਕੁੱਤਾ ਕੀ, ਸਭ ਉਸੇ ਦੇ ਕਰਾਏ ਕਰਦੇ ਹਨ।

੧੦. ਜੋ ਧੁਰੋਂ ਲਿਖਿਆ ਹੁੰਦਾ ਹੈ ਸੋਈ ਕਰਮ ਸਭ ਕੋਈ ਕਰਦਾ ਹੈ।੪।

ਪ੍ਰ: ਕਬੀਰ ਜੀ! ਸਾਕਤ ਨੂੰ ਉਪਦੇਸ਼ ਤਾਂ ਜ਼ਰੂਰੀ ਕਰਨਾ ਚਾਹੀਦਾ ਹੈ, ਕਿਉਂਕਿ ਉਹ ਸਾਧ ਸੰਗਤ ਨਾਲ ਮਿਲ ਕੇ ਆਪੇ ਹੀ ਸਮਝ ਜਾਵੇਗਾ।

ਉ:੧੧. ਹੇ ਭਾਈਓ ! ਜੇ ਤੁਸੀਂ ਨਿੰਮ ਨੂੰ ਅੰਮ੍ਰਿਤ ਪਾ-ਪਾ ਕੇ ਸਿੰਜਦੇ ਰਹੋਗੇ।

੧੨. ਤਾਂ ਉਸ ਦਾ ਜੋ ਕੌੜਾ ਸਹਿਜ ਸੁਭਾਅ ਹੈ, ਉਹ ਦੂਰ ਨਹੀਂ ਹੁੰਦਾ। ਇਸੇ ਤਰ੍ਹਾਂ ਕਬੀਰ ਜੀ ਕਹਿੰਦੇ ਹਨ ਕਿ ਸਾਕਤ ਨੂੰ ਭਾਵੇਂ ਇਤਨਾ ਭੀ ਉਪਦੇਸ਼ ਕਰੀਏ ਪਰ ਤਾਂ ਵੀ ਉਸ ਦਾ ਸੁਭਾਅ ਬਦਲਦਾ ਨਹੀਂ।੫।੭।੨੦।

ਆਸਾ ॥

੧. ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥
੨. ਤਿਹ ਰਾਵਨ ਘਰ ਖਬਰਿ ਨ ਪਾਈ ॥੧॥
੩. ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥
੪. ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥
੫. ਇਕੁ ਲਖੁ ਪੂਤ ਸਵਾ ਲਖੁ ਨਾਤੀ ॥
੬. ਤਿਹ ਰਾਵਨ ਘਰ ਦੀਆ ਨ ਬਾਤੀ ॥੨॥
੭. ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥
੮. ਬੈਸੰਤਰੁ ਜਾ ਕੇ ਕਪਰੇ ਧੋਈ ॥੩॥
੯. ਗੁਰਮਤਿ ਰਾਮੈ ਨਾਮਿ ਬਸਾਈ ॥
੧੦. ਅਸਥਿਰੁ ਰਹੈ ਨ ਕਤਹੂੰ ਜਾਈ ॥੪॥
੧੧. ਕਹਤ ਕਬੀਰ ਸੁਨਹੁ ਰੇ ਲੋਈ ॥
੧੨. ਰਾਮ ਨਾਮ ਬਿਨੁ ਮੁਕਤਿ ਨ ਹੋਈ ॥੫॥੮॥੨੧॥

ਪਦ ਅਰਥ : ਲੰਕਾ—ਲੰਕਾ ਤੋਂ ਮੁਰਾਦ ਹਿੰਦ ਦੇ ਧੁਰ ਦੱਖਣ ਸੀਲੋਨ ਜਾਂ ਸੰਗਲਾਂ ਦੀਪ ਨਾਮੇ ਟਾਪੂ ਦੀ ਲਈ ਜਾਂਦੀ ਹੈ। ਸਾ—ਵਰਗਾ। ਸੀ—ਵਰਗੀ। ਕੋਟੁ—ਕਿਲਾ। ਖਾਈ—ਖਾਈ ਜੋ ਚੌੜੀ ਤੇ ਡੂੰਘੀ ਪੁੱਟ ਕੇ ਕਿਲ੍ਹਿਆਂ ਦੇ ਦੁਆਲੇ ਬਣਾਈ ਜਾਂਦੀ ਹੈ ਤੇ ਕਿਲ੍ਹੇ ਦੀ ਹਿਫ਼ਾਜ਼ਤ ਲਈ ਪਾਣੀ ਨਾਲ ਭਰੀ ਰੱਖੀਦੀ ਹੈ। ਘਰ ਖਬਰਿ—ਘਰ ਦੀ ਸਾਰ, ਖ਼ਬਰ, ਘਰ ਦਾ ਨਾਮੋ ਨਿਸ਼ਾਨ, ਕੋਈ ਪਤਾ ਨਹੀਂ ਚਲਦਾ। ਨ ਪਾਈ—ਨਹੀਂ ਲੱਭਦਾ।੧। ਮਾਗਉ—ਮੈਂ ਮੰਗਾਂ। ਦੇਖਤ ਨੈਨ—ਅਖੀਂ ਵੇਖਦਿਆਂ, ਸਾਡੇ ਸਾਹਮਣੇ। ਜਾਈ—ਜਾ ਰਿਹਾ ਹੈ, ਨਾਸ ਹੋ ਰਿਹਾ ਹੈ।੧।ਰਹਾਉ। ਨਾਤੀ—ਪੋਤਰੇ। ਲੱਖ ਸਵਾ ਲੱਖ ਤੋਂ ਮੁਰਾਦ ਬਹੁਤ-ਬਹੁਤ ਦੀ ਵੀ ਲਾਈ ਜਾਂਦੀ ਹੈ। ਦੀਆ—ਦੀਵਾ। ਬਾਤੀ—ਵੱਟੀ, ਬੇਚਰਾਗ਼, ਐਨਾ ਨਹੀਂ ਕੋਈ ਰਿਹਾ ਕਿ ਦੀਵਾ ਹੀ ਬਾਲੇ, ਮੂਲੋਂ ਹੀ ਬੇ-ਨਿਸ਼ਾਨ ਹੋ ਜਾਣ ਦੀ ਮੁਰਾਦ ਹੈ। ਜਾ ਕੇ—ਜਿਸ ਦੇ ਘਰ। ਤਪਤ ਰਸੋਈ—ਰਸੋਈ ਤਪਾਉਂਦੇ ਹਨ, ਰੋਟੀ ਤਿਆਰ ਕਰਦੇ ਹਨ। ਬੈਸੰਤਰੁ—ਅੱਗ। ਬਸਾਈ—ਵਸਾਉਣੀ, ਵਸਣਾ, ਵਸੇਬਾ, ਭਾਵ ਟਿਕਾਉ। ਧੋਈ—ਧੋਂਦਾ ਹੈ।੩। ਨਾਮਿ—ਨਾਮ ਵਿਚ। ਨ ਕਤਹੂੰ—ਕਿਤੇ ਹੋਰਥੈ ਨਹੀਂ।੪। ਅਸਥਿਰੁ—ਸਥਿਰ, ਜੋ ਥਿਰ ਰਹੇ। ਰੇ ਲੋਈ—ਹੇ ਲੋਕ, ਹੇ ਜਗਤ, ਹੇ ਲੋਕੋ।੫।

ਅਰਥ :

ਪ੍ਰ: ਕਬੀਰ ਜੀ ! ਆਪ ਜੀ ਦੇ ਘਰ ਹਮੇਸ਼ਾਂ ਹੀ ਲੋੜਵੰਦ ਸਾਧੂ ਮਹਾਤਮਾ ਆਏ ਹੀ ਰਹਿੰਦੇ ਹਨ, ਪਰ ਤੁਸੀਂ ਜਿਸ ਸਾਈਂ ਜੀ ਦੀ ਬੰਦਗੀ ਕਰਦੇ ਹੋ, ਉਸ ਪਾਸੋਂ ਸੰਸਾਰਕ ਪਦਾਰਥ ਕਿਉਂ ਨਹੀਂ ਮੰਗ ਲੈਂਦੇ, ਜਿਸ ਕਰਕੇ ਤੁਸੀਂ ਅਚਿੰਤ ਹੋਏ ਰਹੋ ਅਤੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ ?

ਉ: ੧. ਤਾਂ ਕਬੀਰ ਜੀ ਇਸ ਪ੍ਰਤੀ ਉਤਰ ਦੇਂਦੇ ਹੋਏ ਇਸ ਨੂੰ ਉਪਦੇਸ਼ ਕਰਦੇ ਹਨ ਕਿ ਹੇ ਸੱਜਣਾ, ਸੁਣ, ਜਿਨ੍ਹਾਂ ਕੂੜੇ ਪਦਾਰਥਾਂ ਦੀ ਮੰਗ ਵਾਸਤੇ ਤੂੰ ਪ੍ਰੇਰ ਰਿਹਾ ਹੈਂ, ਉਨ੍ਹਾਂ ਬਾਰੇ ਜ਼ਰਾ ਪਿੱਛੇ ਨਜ਼ਰ ਮਾਰ ਕੇ ਵੇਖ। ਜਿਸ ਰਾਵਣ ਦਾ ਲੰਕਾ ਵਰਗਾ ਕਿਲ੍ਹਾ ਸੀ, ਜਿਸ ਦੀ ਖਾਈ ਸਮੁੰਦਰ ਸਰੀਖੀ ਸੀ, (ਉਸ ਕਿਲ੍ਹੇ ਦੀ ਰਾਖੀ ਲਈ)।

੨. ਪਰ ਸੱਜਣਾ ! ਉਸ ਰਾਵਣ ਦੇ ਘਰ ਦੀ ਅੱਜ ਕੋਈ ਖ਼ਬਰ ਸਾਰ ਨਹੀਂ ਮਿਲਦੀ, ਭਾਵ ਲਭੋ ਤਾਂ ਅੱਜ ਨਿਸ਼ਾਨ ਵੀ ਨਹੀਂ ਮਿਲਦਾ।੧।

ਪ੍ਰ: ਕਬੀਰ ਜੀ ! ਲੋੜ ਅਨੁਸਾਰ ਕੋਈ ਸ਼ੈਅ ਤਾਂ ਜ਼ਰੂਰ ਹੀ ਮੰਗ ਲਓ।

ਉ: ੩. ਹੇ ਸੱਜਣਾ ! ਜੇ ਮੈਂ ਮੰਗਾਂ ਤਾਂ ਤੂੰ ਹੀ ਦੱਸ ਕਿ ਉਸ (ਪਰਮੇਸ਼ਰ ਪਾਸੋਂ ਦੁਨੀਆ ਦੀ) ਕਿਹੜੀ ਸ਼ੈਅ ਮੰਗਾਂ ? ਕਿਉਂਕਿ ਮੈਨੂੰ ਤਾਂ ਕੋਈ ਵੀ ਪਦਾਰਥ ਟਿਕੇ ਰਹਿਣ ਵਾਲਾ ਨਜ਼ਰ ਨਹੀਂ ਪੈਂਦਾ।

੪. (ਕਿਉਂਕਿ) ਮੇਰੇ ਨੇਤਰਾਂ ਦੇ ਵੇਖਦਿਆਂ-ਵੇਖਦਿਆਂ ਸਾਰਾ ਜਗਤ ਟੁਰਿਆ ਜਾ ਰਿਹਾ ਹੈ।੧।ਰਹਾਉ।

ਪ੍ਰ: ਕਬੀਰ ਜੀ ! ਬ੍ਰਿਧ ਅਵਸਥਾ ਵਿਚ ਜਾ ਕੇ ਸੇਵਾ ਕਰਨ ਲਈ ਪੁੱਤ੍ਰ-ਪੋਤਰਿਆਂ ਦੀ ਤਾਂ ਅਵੱਸ਼ ਹੀ ਲੋੜ ਪੈਂਦੀ ਹੈ। ਜੇ ਹੋਰ ਕੁਝ ਵੀ ਨਹੀਂ ਮੰਗਣਾ ਤਾਂ ਇਹ ਤਾਂ ਜ਼ਰੂਰ ਮੰਗ ਲਓ।

ਉ: ੫. ਹੇ ਮਿੱਤਰੋ ! ਜਿਸ ਰਾਵਣ ਦੇ ਬਾਰੇ ਇਹ ਆਮ ਰਵਾਇਤ ਤੁਸੀਂ ਲੋਕਾਂ ਪਾਸੋਂ ਸੁਣਦੇ ਆ ਰਹੇ ਹੋ ਕਿ ਰਾਵਣ ਦੇ ਇਕ ਲੱਖ ਪੁੱਤ੍ਰ ਤੇ ਸਵਾ ਲੱਖ ਉਸ ਦਾ ਪੋਤ੍ਰਾ ਸੀ।

੬. ਪਰ ਅੱਜ ਰਾਵਣ ਦੇ ਘਰ ਨ ਦੀਵਾ ਹੈ ਨ ਵੱਟੀ, ਉਸ ਦਾ ਘਰ ਅੱਜ ਬੇ-ਚਰਾਗ਼ ਹੈ (ਭਾਵ ਕੋਈ ਬਤੀ ਜਗਾਉਣ ਵਾਲਾ ਭੀ ਨਹੀਂ ਰਿਹਾ) ਕਬੀਰ ਜੀ, ਜੋ ਉਸ ਸਮੇਂ ਲੋਕਾਂ ਦੇ ਖ਼ਿਆਲ ਰਾਵਣ ਦੇ ਵੱਡਾ ਹੋਣ ਬਾਰੇ ਟੁਰੇ ਆ ਰਹੇ ਸਨ, ਉਨ੍ਹਾਂ ਦਾ ਹਵਾਲਾ ਦੇ ਕੇ ਲਿਖ ਰਹੇ ਹਨ ਕਿ ਇਤਨਾ ਬਲੀ, ਧਨੀ ਤੇ ਪ੍ਰਵਾਰ ਵਾਲਾ ਸੀ, ਉਸ ਦਾ ਵੀ ਜਗਤ ਵਿਚ

ਨਿਸ਼ਾਨ ਨਹੀਂ ਰਿਹਾ, ਪਰ ਰਾਵਣ ਦੇ ਇਕ ਲੱਖ ਪੁੱਤ੍ਰ ਅਤੇ ਸਵਾ ਲੱਖ ਪੋਤਰੇ ਸੱਚ-ਮੁੱਚ ਹੈ ਸਨ ਜਾਂ ਨਹੀਂ, ਕਬੀਰ ਜੀ ਦਾ ਇਸ ਗੱਲ ਨਾਲ ਕੋਈ ਵਾਸਤਾ ਹੀ ਨਹੀਂ (ਇਸ ਦਾ ਭਾਵ ਕਈ ਦਾਨੇ ਇਸ ਤਰ੍ਹਾਂ ਵੀ ਲੈਂਦੇ ਹਨ ਕਿ ਬਹੁਤ ਸਾਰੇ ਪੁੱਤ੍ਰ ਤੇ ਉਸ ਤੋਂ ਭੀ ਵਧੇਰੇ ਪੋਤਰੇ)।੨।

੭. ਹੇ ਭਾਈਓ! (ਇਹ ਉਸ ਰਾਵਣ ਦਾ ਲੋਕਾਂ ਵਿਚ ਜ਼ਿਕਰ ਚਲਿਆ ਆ ਰਿਹਾ ਹੈ ਕਿ) ਜਿਸ ਦੇ ਘਰ ਦੀ ਰਸੋਈ ਚੰਦਰਮਾਂ ਤੇ ਸੂਰਜ ਤਿਆਰ ਕਰਦੇ ਸਨ।

੮. ਬਸੰਤਰ ਦੇਵਤਾ ਜਿਸ ਦੇ ਕੱਪੜੇ ਧੋਂਦਾ ਸੀ, ਭਾਵ ਹੈ ਜਿਸ ਰਾਵਣ ਦੇ ਪੁੱਤ੍ਰ ਪੋਤ੍ਰਿਆਂ ਦੀ ਰੋਟੀ ਤਿਆਰ ਕਰਨ ਲਈ ਦਿਨੇ ਰਾਤ ਰਸੋਈ ਤਪਦੀ ਰਹਿੰਦੀ ਸੀ ਤੇ ਉਨ੍ਹਾਂ ਦੇ ਕੱਪੜੇ ਸਾਫ਼ ਕਰਨ ਲਈ ਹਰ ਵਕਤ ਅੱਗ ਦੀਆਂ ਭੱਠੀਆਂ ਚੜ੍ਹੀਆਂ ਰਹਿੰਦੀਆਂ ਸਨ, (ਅੱਜ ਕੱਲ੍ਹ ਦੇ ਸਿਆਣੇ ਸਾਇੰਸਦਾਨੀ ਲੋਕ ਇਸ ਦਾ ਭਾਵ ਇਉਂ ਲੈਂਦੇ ਹਨ ਕਿ ਉਸ ਰਾਵਣ ਨੇ ਉਸ ਵਕਤ ਕੋਈ ਮਸ਼ੀਨ ਜਾਂ ਯੰਤਰ ਬਣਾ ਲਏ ਸਨ, ਜਿਨ੍ਹਾਂ ਵਿਚ ਸੂਰਜ ਦੀ ਤਪਸ਼ ਤੇ ਚੰਦ ਦਾ ਚਾਨਣਾ ਪੈ ਕੇ ਕੰਮ ਦੇਂਦੇ ਸਨ ਤੇ ਇਹੋ ਪ੍ਰਕ੍ਰਿਤੀ ਅਗਨੀ ਅੱਜ ਕੱਲ੍ਹ ਵਾਂਙੂ ਜਾਂ ਕਿਸੇ ਹੋਰ ਤਰ੍ਹਾਂ ਉਸ ਦੇ ਕੱਪੜੇ ਧੋਣ ਆਦਿ ਦੇ ਕਾਰਖ਼ਾਨੇ ਚਲਾਉਂਦੀ ਸੀ)। ਕਈ ਦਾਨਿਆਂ ਦਾ ਇਉਂ ਵੀ ਵੀਚਾਰ ਹੈ ਕਿ ਉਹ ਰਾਵਣ ਕਰਾਮਾਤੀ ਹੋਣ ਕਰਕੇ ਚੰਦ ਸੂਰਜ ਉਸ ਦੀ ਰਸੋਈ ਤੇ ਅੱਗ ਕਪੜੇ ਧੋਂਦੀ ਸੀ।੩।

ਪ੍ਰ: ਕਬੀਰ ਜੀ! ਕੀ ਉਸ ਰਾਵਣ ਨੂੰ ਇਤਨੀ ਵਿਭੂਤੀ ਹੁੰਦਿਆਂ ਮਾਨਸਕ ਸ਼ਾਂਤੀ ਪ੍ਰਾਪਤ ਹੋ ਗਈ ਹੋਵੇਗੀ?

ਉ: ਉੱਕਾ ਹੀ ਨਹੀਂ।

ਪ੍ਰ: ਤਾਂ ਫਿਰ ਤੁਸਾਂ ਇਸ ਭਟਕ ਰਹੇ ਮਨ ਨੂੰ ਸਥਿਰ ਰੱਖਣ ਦਾ ਕੀ ਸਾਧਨ ਸੋਚਿਆ ਹੈ?

ਉ: ੯. ਹੇ ਸੱਜਨੋ! ਮੈਂ ਤਾਂ ਇਸੇ ਵਿਚਾਰ ਵਿਚ ਵਿਸ਼ਵਾਸ ਰੱਖਦਾ ਹਾਂ ਕਿ ਜੋ ਮਨੁੱਖ ਆਪਣੇ ਮਨ ਨੂੰ ਇਸ ਨਾਸਵੰਤ ਜਗਤ ਵਲੋਂ ਹਟਾ ਕੇ ਗੁਰਾਂ ਦੀ ਮਤਿ ਦੁਆਰਾ ਪ੍ਰਭੂ ਦੇ ਨਾਮ ਵਿਚ ਟਿਕਾਉਂਦਾ ਹੈ, ਭਾਵ ਨਾਮ ਨੂੰ ਹਿਰਦੇ ਵਿਚ ਵਸਾਉਂਦਾ ਹੈ।

੧੦. ਉਹ ਮਨ ਸਦਾ ਹੀ ਅਡੋਲ ਰਹਿੰਦਾ ਹੈ ਤੇ ਉਹ ਫਿਰ ਉਸ ਅਬਿਚਲ ਟਿਕਾਉ ਤੋਂ ਉਖੜ ਕੇ ਇਸ ਜਗਤ ਦੀ ਮਾਇਆ ਵਾਸਤੇ ਕਦੀ ਭੀ ਭਟਕਦਾ ਨਹੀਂ, ਭਾਵ ਉਹ ਸਦਾ ਹੀ ਸ਼ਾਂਤ ਚਿੱਤ ਰਹਿੰਦਾ ਹੈ।੪।

ਪ੍ਰ: ਕਬੀਰ ਜੀ! ਆਖ਼ਰ ਇਹ ਦੱਸੋ ਕਿ ਤੁਹਾਡਾ ਇਸ ਜਗਤ ਦੇ ਬੰਧਨਾਂ ਵਲੋਂ ਆਜ਼ਾਦ ਹੋ, ਮੁਕਤੀ ਪ੍ਰਾਪਤ ਕਰਨ ਲਈ ਕੀ ਵਿਸ਼ਵਾਸ ਹੈ?

ਉ: ੧੧. ਕਬੀਰ ਜੀ ਕਹਿੰਦੇ ਹਨ ਕਿ ਹੇ ਜਗਤ ਦੇ ਲੋਕੋ! ਸੁਣੋ, ਸੱਚ ਤਾਂ ਇਹ ਹੈ

੧੨. ਕਿ ਉਸ ਪਰਮੇਸ਼ਰ ਦੇ ਨਾਮ ਸਿਮਰਨ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ (ਭਾਵ ਕਿਤਨੇ ਵੀ ਸਾਧਨ ਕਰੋ ਉਹ ਨਿਸਫਲ ਹਨ)।੫।੮।੨੧।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਨੇ ਇਹ ਉਪਦੇਸ਼ ਦਿੱਤਾ ਹੈ ਕਿ ਉਸ ਪ੍ਰਭੂ ਜੀ ਤੋਂ ਰਾਮ ਨਾਮ ਬਿਨਾ ਹੋਰ ਕੁਝ ਵੀ ਨਾ ਮੰਗੋ, ਕਿਉਂਕਿ ਇਹੋ ਇਕ ਥਿਰ ਰਹਿਣ ਵਾਲੀ ਵਸਤੂ ਹੈ ਤੇ ਹੋਰ ਸਭੋ ਕੁਝ ਬਿਨਸਨਹਾਰ ਹੈ। ਅੰਤ ਵਿਚ ਇਹ ਭੀ ਸਿਧਾਂਤ ਅੰਕਤ ਕੀਤਾ ਹੈ ਕਿ ਨਾਮ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਹੋਵੇਗੀ, ਇਸ ਲਈ ਇਕ ਨਾਮ ਹੀ ਮੁਕਤੀ ਦਾਤਾ ਹੈ।

ਉਥਾਨਕਾ : ਕਿਸੇ ਨੇ ਕਬੀਰ ਜੀ ਨੂੰ ਪੁੱਛਿਆ, ਕਿਉਂ ਜੀ, ਦੱਸੋ ਇਹ ਜਗਤ ਸਤਿ ਹੈ ਜਾਂ ਕਿ ਅਸਤਿ ਹੈ? ਇਸ ਦੇ ਉੱਤਰ ਵਿਚ ਕਬੀਰ ਜੀ ਇਹ ਸ਼ਬਦ ਉਚਾਰਦੇ ਹਨ ਕਿ:

ਆਸਾ ॥

੧. ਪਹਿਲਾ ਪੂਤੁ ਪਿਛੈਰੀ ਮਾਈ ॥
੨. ਗੁਰੁ ਲਾਗੋ ਚੇਲੇ ਕੀ ਪਾਈ ॥੧॥
੩ ਏਕੁ ਅਚੰਭਉ ਸੁਨਹੁ ਤੁਮ੍ ਭਾਈ ॥
੪. ਦੇਖਤ ਸਿੰਘੁ ਚਰਾਵਤ ਗਾਈ ॥੧॥ ਰਹਾਉ ॥
੫. ਜਲ ਕੀ ਮਛੁਲੀ ਤਰਵਰਿ ਬਿਆਈ ॥
੬. ਦੇਖਤ ਕੁਤਰਾ ਲੈ ਗਈ ਬਿਲਾਈ ॥੨॥
੭. ਤਲੈ ਰੇ ਬੈਸਾ ਊਪਰਿ ਸੂਲਾ ॥
੮. ਤਿਸ ਕੈ ਪੇਡਿ ਲਗੇ ਫਲ ਫੂਲਾ ॥੩॥
੯. ਘੋਰੈ ਚਰਿ ਭੈਸ ਚਰਾਵਨ ਜਾਈ ॥
੧੦. ਬਾਹਰਿ ਬੈਲੁ ਗੋਨਿ ਘਰਿ ਆਈ ॥੪॥
੧੧. ਕਹਤ ਕਬੀਰ ਜੁ ਇਸ ਪਦ ਬੂਝੈ ॥
੧੨. ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥੫॥੯॥੨੨॥

(ਬਾਈਸ ਚਉਪਦੇ ਤਥਾ ਪੰਚਪਦੇ)

ਅਰਥ :

ਉ: ੧. ਹੇ ਭਾਈ! ਇਹ ਤਾਂ ਕੁਝ ਅਜਿਹੀ ਗੱਲ ਜਾਪਦੀ ਹੈ, ਜਿਵੇਂ ਕੋਈ ਕਹੇ ਕਿ ਪਹਿਲੋਂ ਪੁੱਤ੍ਰ ਸੀ ਤੇ ਪਿੱਛੋਂ ਮਾਂ ਜੰਮੀ।

੨. ਅਤੇ ਉਪਦੇਸ਼ ਲੈਣ ਵਾਸਤੇ ਗੁਰੂ ਚੇਲੇ ਦੀ ਪੈਰੀਂ ਲੱਗ ਗਿਆ।੧।

੩. ਹੇ ਭਾਈ! ਤੁਸੀਂ ਇਕ ਹੋਰ ਅਚੰਭੇ ਦੀ ਗੱਲ ਸੁਣੋ।

੪. ਜਿਵੇਂ ਕੋਈ ਆਖੇ ਕਿ ਮੈਂ ਸ਼ੇਰ ਨੂੰ ਗਊਆਂ ਚਰਾਂਦਾ ਵੇਖਿਆ ਹੈ।੧।ਰਹਾਉ।

੫. ਜਿਵੇਂ ਕੋਈ ਕਹੇ ਕਿ ਪਾਣੀ ਦੀ ਮੱਛੀ ਬ੍ਰਿਛ 'ਤੇ ਚੜ੍ਹ ਕੇ ਸੂਈ, ਬੱਚੇ ਦਿੱਤੇ ਹਨ।

੬. ਜਾਂ ਮੇਰੇ ਦੇਖਦਿਆਂ ਇਕ ਬਿੱਲੀ ਕੁੱਤੇ ਨੂੰ ਚੁੱਕ ਕੇ ਲੈ ਗਈ।੨।

੭. ਜਾਂ ਜਿਵੇਂ ਕੋਈ ਕਹੇ ਕਿ ਮੈਂ ਡਿੱਠਾ ਹੈ ਬ੍ਰਿਛ ਦੀਆਂ ਸ਼ਾਖਾਂ, ਟਾਹਣੀਆਂ ਤਾਂ ਹੇਠਾਂ ਹਨ ਤੇ ਜੜ੍ਹਾਂ ਉਪਰ ਨੂੰ ਹਨ।

੮. ਉਸ ਦਰੱਖ਼ਤ ਨਾਲ ਫਲ ਤੇ ਫੁੱਲ ਲਗੇ ਹੋਏ ਹਨ।੩।

੯. ਫਿਰ ਹੋਰ ਅਸਚਰਜ ਦੇਖੋ ਕਿ ਕੋਈ ਕਹੇ ਇਕ ਮੱਝ ਘੋੜੇ ਉੱਤੇ ਚੜ੍ਹ ਕੇ ਗਊਆਂ ਨੂੰ ਚਰਾਣ ਜਾਂਦੀ ਹੈ।

੧੦. ਜਾਂ ਇਕ ਵਣਜਾਰੇ ਦਾ ਬੈਲ ਤਾਂ ਬਾਹਰ ਫਿਰਦਾ ਹੈ, ਪਰ ਉਸ ਦੇ ਉਪਰਲੀ ਗੂਣ (ਛੱਟ) ਪਹਿਲੋਂ ਹੀ ਘਰ ਆ ਗਈ ਹੈ।੪।

੧੧. ਕਬੀਰ ਜੀ ਕਹਿੰਦੇ ਹਨ ਕਿ ਜੋ ਇਸ (ਮੇਰੇ ਰਚੇ ਕਾਵਯ ਦੇ) ਪਦ ਨੂੰ ਬੁੱਝ ਲਵੇ।

੧੨. ਉਸ ਨੂੰ ਰਾਮ ਜਪਦਿਆਂ ਸਭੋ ਕੁਝ ਸੁੱਝ ਪਏਗਾ।੫।੯।੨੨।

ਚਾਰ-ਚਾਰ ਤੇ ਪੰਜ-ਪੰਜ ਪਦਿਆਂ ਵਾਲੇ ਕਬੀਰ ਜੀ ਦੇ ਬਾਈ ਸ਼ਬਦ ਇਥੇ ਮੁੱਕੇ। ਸਮੁੱਚੇ ਸ਼ਬਦ ਦਾ ਭਾਵ ਹੈ ਕਿ ਜਿਵੇਂ ਇਸ ਮਹਾਂ ਵਾਕ ਅੰਦਰ ਕਹੀਆਂ ਗੱਲਾਂ ਦਾ ਹੋਣਾ ਅਸੰਭਵ ਹੈ, ਤਿਵੇਂ ਹੀ ਇਹ ਸੰਸਾਰ ਅਣਹੋਇਆ ਹੈ, ਮਿਥਿਆ ਹੈ।

ਦੂਜਾ ਅਰਥ :

ਇਸ ਕਬੀਰ ਸਾਹਿਬ ਜੀ ਦੇ ਸ਼ਬਦ ਤੋਂ ਕਈ ਟਕਸਾਲੀ ਵਿਦਵਾਨ ਹੇਠ ਅੰਕਤ ਕੀਤਾ ਭਾਵਾਰਥ ਲੈਂਦੇ ਹਨ :

ਪਦ ਅਰਥ : ਪਹਿਲਾ—ਪਹਿਲਾਂ। ਪੂਤੁ—ਪਵਿੱਤ (ਪ੍ਰਭੂ ਦੀ ਅੰਸ) ਸੀ। ਮਾਈ—ਮਾਇਆਵੀ, ਮਾਇਆ ਦੇ ਅਸਰ ਵਾਲਾ। ਗੁਰੁ—ਜੀਵ, (ਜੋ ਵੱਡੇ ਅਸਲੇ ਵਾਲਾ ਸੀ)। ਚੇਲੇ ਕੀ ਪਾਈ—ਮਨ ਰੂਪ ਚੇਲੇ ਦੀ ਪੈਰੀਂ।੧। ਸਿੰਘੁ—ਸ਼ੇਰ, ਨਿਡਰ ਅਸਲੇ ਵਾਲਾ ਜੀਵ। ਗਈ—ਗਾਈਆਂ, ਇੰਦ੍ਰੀਆਂ। ਚਰਾਵਤ—ਚਾਰ ਰਿਹਾ ਹੈ, ਸੰਤੁਸ਼ਟ ਕਰ ਰਿਹਾ ਹੈ।੧।ਰਹਾਉ। ਜਲ ਕੀ ਮਛੁਲੀ—ਪਾਣੀ ਦੇ ਆਸਰੇ ਜੀਉਣ ਵਾਲੀ ਮੱਛੀ, ਸਤ ਸੰਗ ਦੇ ਆਸਰੇ ਜੀਉਣ ਵਾਲੀ ਜਿੰਦ। ਤਰਵਰਿ—ਰੁੱਖ ਉੱਤੇ, ਇਸ ਸੰਸਾਰ ਵਿਚ ਜਿੱਥੇ ਵਸੇਬਾ ਇਉਂ ਹੀ ਹੈ, ਜਿਵੇਂ ਪੰਛੀਆਂ ਦਾ ਰੁੱਖ ਉੱਤੇ। ਬਿਆਈ—ਸੂ ਪਈ, ਰੁੱਝ ਗਈ। ਕੁਤਰਾ—ਕਤੂਰੇ ਨੂੰ, ਸੰਤੋਖ ਨੂੰ (ਨੋਟ—ਕੁੱਤੇ ਦਾ ਸੰਤੋਖ ਵਾਲਾ ਸੁਭਾਵ ਪ੍ਰਸਿੱਧ ਹੈ)। ਬਿਲਾਈ—ਬਿੱਲੀ, ਤ੍ਰਿਸ਼ਨਾ।੨। ਰੇ—ਹੇ ਭਾਈ। ਤਲੈ—ਹੇਠਲੇ ਪਾਸੇ। ਬੈਸਾ—ਟਾਹਣੀਆਂ, ਸ਼ਾਖ਼ਾਂ, (ਰਾਜਪੁਰੇ ਅੰਬਾਲੇ ਵੱਲ ਦੀ ਬੋਲੀ)। ਬੈਸਾ ਤਲੈ—ਟਾਹਣੀਆਂ (ਆਪਣੇ ਪੈਰਾਂ ਦੇ) ਹੇਠਾਂ ਕਰ ਲਈਆਂ, ਸੰਸਾਰਕ ਪਸਾਰੇ ਨੂੰ ਆਸਰਾ ਬਣਾ ਲਿਆ। ਸੂਲਾ—ਸੂਲ, ਮੁੱਢ, ਅਸਲੀ ਮੂਲ ਪ੍ਰਭੂ। ਊਪਰਿ—ਉਤਾਹਾਂ, ਬਾਹਰ ਕੱਢ ਦਿੱਤਾ। ਪੇਡਿ—ਤਨ ਉੱਤੇ।੩। ਚਰਿ—ਚੜ੍ਹ ਕੇ। ਘੋਰੈ—ਮਨ ਘੋੜੇ ਉੱਤੇ। ਭੈਸ—ਮਝਾਂ, ਵਾਸ਼ਨਾ। ਬੈਲੁ—ਬਲਦ (ਦਾ ਧੀਰਜ ਵਾਲਾ ਸੁਭਾਉ)। ਗੋਨਿ—(ਤ੍ਰਿਸ਼ਨਾ ਦੀ ਛੱਟ)। ਘਰਿ—ਹਿਰਦੇ ਘਰ ਵਿਚ।੪। ਪਦ—ਅਵਸਥਾ। ਬੂਝੈ—ਸਮਝ ਲਏ।੫।

ਅਰਥ :

ਪ੍ਰ: ਕਬੀਰ ਜੀ! ਦੱਸੋ ਕਿ ਨਾਮ ਸਿਮਰਨ ਦੀ ਬਰਕਤ ਨਾਲ ਤੁਹਾਨੂੰ ਕੋਈ ਨਵੀਂ ਰੌਸ਼ਨੀ ਹੋਈ ਹੈ, ਜਿਸ ਦੁਆਰਾ ਕਿ ਤੁਹਾਨੂੰ ਕੋਈ ਨਵੀਨਤਾ ਨਜ਼ਰ ਆਈ ਹੋਵੇ ?

ਉ: ੧. (ਹਾਂ ਜ਼ਰੂਰ ਆਈ ਹੈ) ਹੇ ਭਾਈਓ ! ਮੈਂ ਤੱਕ ਰਿਹਾ ਹਾਂ ਕਿ ਇਹ ਜੀਵਾਤਮਾ (ਪਵਿੱਤ੍ਰ) ਪਰਮਾਤਮਾ ਦੀ ਅੰਸ ਸੀ। ਇਸ ਉੱਤੇ ਮਾਇਆ ਦਾ ਪ੍ਰਭਾਵ ਪੈ ਗਿਆ।

੨. ਅਤੇ ਵੱਡੇ ਅਸਲੇ ਵਾਲਾ ਜੀਵ (ਆਪਣੇ ਹੀ ਬਣਾਏ ਹੋਏ) ਮਨ ਚੇਲੇ ਦੀ ਪੈਰੀਂ ਲੱਗਣ ਲੱਗ ਪਿਆ, (ਭਾਵ ਹੈ ਕਿ ਮਨ ਦੇ ਪਿੱਛੇ ਟੁਰਨ ਲਗ ਪਿਆ)।੧।

੩. ਹੇ ਭਾਈ ! ਸੁਣੋ ਇਕ ਅਸਚਰਜ ਖੇਡ (ਜੋ ਜਗਤ ਵਿਚ ਵਰਤ ਰਹੀ ਹੈ)।

੪. ਸਾਡੇ ਵੇਖਦਿਆਂ ਇਹ ਨਿਡਰ ਅਸਲੇ ਵਾਲਾ ਜੀਵ ਇੰਦ੍ਰੀਆਂ ਨੂੰ ਪ੍ਰਸੰਨ ਕਰਦਾ ਹੈ, ਮਾਨੋ ਇਹ ਸ਼ੇਰ ਗਾਈਆਂ ਚਾਰਦਾ ਫਿਰਦਾ ਹੈ।੧।ਰਹਾਉ।

ਪ੍ਰ: ਕਿਉਂ ਜੀ ! ਹੋਰ ਕੁਝ ਤਕਿਆ ?

੫. ਹੇ ਭਰਾਵੋ ! ਹੋਰ ਤਕਿਆ ਕਿ ਸਤਿਸੰਗ ਦੇ ਆਸਰੇ ਜੀਉਣ ਵਾਲੀ ਜਿੰਦ ਸੰਸਾਰਕ ਕੰਮਾਂ ਵਿਚ ਰੁੱਝ ਗਈ ਹੈ।

੬. ਤ੍ਰਿਸ਼ਨਾ ਰੂਪ ਬਿੱਲੀ ਇਸ ਦੇ ਸੰਤੋਖ ਨੂੰ ਸਾਡੇ ਵੇਖਦਿਆਂ ਹੀ ਫੜ ਕੇ ਲੈ ਗਈ ਹੈ।੨।

ਪ੍ਰ: ਕਿਉਂ ਜੀ ! ਕੁਝ ਹੋਰ ਵੀ ਵੇਖਿਆ ਹੈ ?

ਉ: ੭. ਹੇ ਸੱਜਨੋ ! ਹੋਰ ਇਹ ਤਕਿਆ ਕਿ ਇਸ ਜੀਵ ਨੇ ਸੰਸਾਰਕ ਪਸਾਰੇ ਨੂੰ ਆਪਣਾ ਆਸਰਾ ਬਣਾ ਲਿਆ ਹੈ ਤੇ ਅਸਲੀ ਮੂਲ ਪ੍ਰਭੂ ਨੂੰ ਆਪਣੇ ਅੰਦਰੋਂ ਬਾਹਰ ਕੱਢ ਦਿੱਤਾ ਹੈ।

੮. ਹੁਣ ਇਹੋ ਜਿਹੇ (ਜੀਵ ਰੁੱਖ) ਦੇ ਪੇਡ ਨੂੰ ਫਲ ਫੁੱਲ ਭੀ ਅਜੇਹੇ ਹੀ ਵਾਸ਼ਨਾ ਦੇ ਲਗ ਰਹੇ ਹਨ।੩।

ਪ੍ਰ: ਕਬੀਰ ਜੀ ! ਆਪਣੀ ਉਸ ਗਿਆਨ-ਰੌਸ਼ਨੀ ਵਿਚ ਹੋਰ ਕੀ ਕੁਝ ਵੇਖਿਆ ਹੈ ?

੯. ਹੇ ਭਾਈਓ ! ਹੋਰ ਇਹ ਵੀ ਮੈਂ ਤਕਿਆ ਹੈ ਕਿ ਜੀਵਾਤਮਾ ਦੇ ਕਮਜ਼ੋਰ ਪੈਣ ਕਰਕੇ ਵਾਸ਼ਨਾ ਭੈਂਸ, ਮਨ ਘੋੜੇ ਉੱਤੇ ਅਸਵਾਰ ਹੋ ਕੇ ਇਸ ਨੂੰ ਵਿਸ਼ੇ ਭੋਗਣ ਲਈ ਭਜਾਈ ਫਿਰਦੀ ਹੈ। (ਹੁਣ ਹਾਲਤ ਇਹ ਬਣ ਗਈ ਹੈ ਕਿ)

੧੦. ਧੀਰਜ ਰੂਪ ਬਦਲ ਬਾਹਰ ਨਿਕਲ ਗਿਆ ਹੈ (ਭਾਵ ਧੀਰਜ ਨਹੀਂ ਰਹਿ ਗਈ) ਤੇ ਤ੍ਰਿਸ਼ਨਾ ਦੀ ਛੱਟ ਜੀਵ ਉੱਤੇ ਆ ਪਈ ਹੈ।੪।

ਪ੍ਰ: ਕਬੀਰ ਜੀ, ਆਖ਼ਰ ਤੁਸੀਂ ਕਹਿਣਾ ਕੀ ਚਾਹੁੰਦੇ ਹੋ ? ਆਪਣਾ ਮਨੋਭਾਵ ਕਹੋ ਕੀ ਹੈ ?

੧੧. ਕਬੀਰ ਜੀ ਆਖਦੇ ਹਨ ਕਿ ਹੇ ਭਰਾਵੋ, ਜੋ ਮਨੁੱਖ ਇਸ (ਵਾਪਰਨ ਵਾਲੀ) ਹਾਲਤ ਨੂੰ ਸਮਝ ਲੈਂਦਾ ਹੈ।

੧੨. ਰਾਮ ਨਾਮ ਦਾ ਸਿਮਰਨ ਕਰਕੇ ਉਸ ਨੂੰ ਜੀਵਨ ਦੇ ਸਹੀ ਰਸਤੇ ਦੀ ਸਾਰੀ ਸੋਝੀ ਪੈ ਜਾਂਦੀ ਜੈ (ਉਹ ਫਿਰ ਇਸ ਤ੍ਰਿਸ਼ਨਾ ਜਾਲ ਵਿਚ ਨਹੀਂ ਫਸਦਾ)।੫।੯।੨੨।

ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧

੧ੴ ਸਤਿਗੁਰ ਪ੍ਰਸਾਦਿ ॥

੧. ਬਿੰਦੁ ਤੇ ਜਿਨਿ ਪਿੰਡੁ ਕੀਆ
ਅਗਨਿ ਕੁੰਡ ਰਹਾਇਆ ॥

੨. ਦਸ ਮਾਸ ਮਾਤਾ ਉਦਰਿ ਰਾਖਿਆ
ਬਹੁਰਿ ਲਾਗੀ ਮਾਇਆ ॥੧॥

੩. ਪ੍ਰਾਨੀ ਕਾਹੇ ਕਉ ਲੋਭਿ ਲਾਗੇ
ਰਤਨ ਜਨਮੁ ਖੋਇਆ ॥

੪. ਪੂਰਬ ਜਨਮਿ ਕਰਮ ਭੂਮਿ
ਬੀਜੁ ਨਾਹੀ ਬੋਇਆ ॥੧॥ ਰਹਾਉ ॥
੫. ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ॥
੬. ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥੨॥
੭. ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥
੮. ਬਾਜੀਗਰੀ ਸੰਸਾਰੁ ਕਬੀਰਾ
ਚੇਤਿ ਢਾਲਿ ਪਾਸਾ ॥੩॥੧॥੨੩॥

ਪਦ ਅਰਥ : ਬਿੰਦੁ ਤੇ—ਬਿੰਦ ਤੋਂ, ਇਕ ਕਤਰੇ ਤੋਂ, ਭਾਵ ਹੈ ਇਕ ਵੀਰਜ ਦੀ ਬੂੰਦ ਤੋਂ। ਜਿਨਿ—ਜਿਸ (ਪ੍ਰਭੂ ਨੇ)। ਪਿੰਡ—ਸਰੀਰ। ਅਗਨਿ ਕੁੰਡ—ਅੱਗ ਦਾ ਕੁੰਡ। ਰਹਾਇਆ—ਰਖਿਆ, ਬਚਾਅ ਰਖਿਆ। ਉਦਰਿ—ਪੇਟ ਵਿਚ। ਮਾਸ—ਮਹੀਨੇ। ਬਹੁਰਿ—ਮੁੜ, ਉਸ ਤੋਂ ਪਿਛੋਂ (ਭਾਵ ਜਨਮ ਲੈਣ 'ਤੇ)। ਲਾਗੀ—ਆ ਦਬਾਇਆ।੧। ਕਾਹੇ ਕਉ—ਕਿਸ ਵਾਸਤੇ ? ਕਿਉਂ ? ਲੋਭਿ—ਲੋਭ ਵਿਚ। ਖੋਇਆ—ਗਵਾ ਲਿਆ ਹੈ। ਪੂਰਬ—ਪਿਛਲਾ। ਭੂਮਿ—ਧਰਤੀ (ਸਰੀਰ ਰੂਪ)। ਜਨਮਿ—ਜਨਮ ਵਿਚ।੧।ਰਹਾਉ। ਬਿਰਧਿ—ਬੁੱਢਾ। ਬੀਜੁ—ਬੀਉ, ਨਾਮ ਰੂਪੀ ਬੀਜ। ਹੋਨਾ ਸੋ ਹੋਇਆ—ਬੀਤਿਆ ਸਮਾਂ ਮੁੜ ਹੱਥ ਨਹੀਂ ਆਉਂਦਾ। ਝੋਟ—ਜੂੜਾ, ਕੇਸ। ਤਬਹਿ—ਤਦੋਂ।੨। ਨਿਹਾਰੈ—ਤਕਦਾ ਹੈ, ਭਾਵ ਸਾਹ ਗਿਣਦਾ ਹੈ ਕਿ ਕਦ ਪੂਰੇ ਹੋਣ। ਸਾਸਾ—ਸਾਹ। ਬਾਜੀਗਰੀ—ਨਟ ਦੀ ਖੇਡ। ਚੇਤਿ—ਯਾਦ ਕਰ, ਪ੍ਰਭੂ ਦੀ ਬੰਦਗੀ ਕਰ। ਢਾਲਿ ਪਾਸਾ—ਪਾਸਾ ਸੁੱਟ, ਭਾਵ ਏਥੇ ਚੌਪੜ ਦੀ ਖੇਡ ਵਲ ਇਸ਼ਾਰਾ ਕਰਦੇ ਹਨ ਤੇ ਪਾਸਾ ਢਾਲਣ ਨੂੰ ਆਖਦੇ ਹਨ। (ਚੇਤਿ) ਸ਼ਬਦ ਵਰਤ ਕੇ ਵਾਹਿਗੁਰੂ ਦਾ ਸਿਮਰਨ ਰੂਪ ਪਾਸਾ ਢਾਲਣ ਦਾ ਉਪਦੇਸ਼ ਕਰਦੇ ਹਨ, ਜੋ ਕਿ ਨਿਸਚੇ ਜਿੱਤ ਦਾ ਪਾਸਾ ਢਾਲਣਾ ਹੈ।

ਅਰਥ :

ਪ੍ਰ: ਕਬੀਰ ਜੀ ਪਾਸ ਇਕ ਬ੍ਰਿਧ ਆਇਆ, ਜਿਸ ਨੇ ਆਪਣੀ ਮਾਨਸਿਕ ਡਾਂਵਾਂ ਡੋਲ ਅਵਸਥਾ ਕਬੀਰ ਸਾਹਿਬ ਦੇ ਅੱਗੇ ਕਹਿ ਸੁਣਾਈ ਅਤੇ ਵਿਲਕਦੇ ਮਨ ਨੂੰ ਸ਼ਾਂਤੀ ਪ੍ਰਾਪਤ ਕਰਨ ਲਈ ਉਪਦੇਸ਼ ਦੀ ਜਾਚਨਾ ਕੀਤੀ ਕਿ ਦੱਸੋ ਜੀ, ਹੁਣ ਮੈਂ ਕੀ ਕਰਾਂ ਜਿਸ ਤੋਂ ਮੈਂ ਮਨ ਕਰਕੇ ਸ਼ਾਂਤ ਹੋ ਸਕਾਂ ?

ਉ: ੧. ਤਾਂ ਕਬੀਰ ਜੀ ਫ਼ਰਮਾ ਰਹੇ ਹਨ ਕਿ ਐ ਬਾਬਾ, ਉਸ ਪ੍ਰਭੂ ਦਾ ਸਿਮਰਨ ਕਰ।

ਪ੍ਰ: ਕਬੀਰ ਜੀਉ ! ਜਿਸ ਪ੍ਰਭੂ ਦਾ ਆਪ ਸਿਮਰਨ ਕਰਨ ਲਈ ਮੈਨੂੰ ਪ੍ਰੇਰ ਰਹੇ ਹੋ ਉਸ ਦੀ ਰੂਪ ਰੇਖਾ ਤਾਂ ਕੁਝ ਬਿਆਨ ਕਰੋ।

ਉ: ਬਾਬਾ ਉਸ ਦਾ ਚੱਕ੍ਰ, ਚੇਹਨ, ਰੂਪ, ਰੇਖ ਕੋਈ ਨਹੀਂ, ਉਸ ਨੂੰ ਅਨੁਭਵ ਹੀ ਕਰ ਸਕੀਦਾ ਹੈ।

ਪ੍ਰ: ਕਿਉਂ ਜੀ, ਉਹ ਕਿਵੇਂ ?

ਉ: ਬਾਬਾ ਜੀ, ਉਹ ਇਸ ਪ੍ਰਕਾਰ ਹੈ : ਦੇਖ :

ਹੇ ਬਾਬਾ ! ਜਿਸ ਪ੍ਰਭੂ ਨੇ (ਪਿਤਾ ਦੀ ਇਕ ਵੀਰਜ ਦੀ ਬੂੰਦ ਤੋਂ) ਤੇਰਾ ਇਹ ਕੈਸਾ ਸੁੰਦਰ ਸਰੀਰ ਬਣਾ ਦਿੱਤਾ ਹੈ, ਫਿਰ ਤੈਨੂੰ ਮਾਂ ਦੇ ਪੇਟ ਦੀ ਜਠਰ ਅਗਨੀ ਦੇ ਕੁੰਡ ਵਿਚ ਬਚਾਈ ਰਖਿਆ, ਸਾਂਭ ਕੇ ਟਿਕਾਈ ਰਖਿਆ ਹੈ।

੨. (ਇਹ ਕੋਈ ਇਕ ਜਾਂ ਦੋ ਦਿਨਾਂ ਵਾਸਤੇ ਨਹੀਂ, ਸਗੋਂ ਲਗਾਤਾਰ) ਦੱਸ ਮਹੀਨੇ ਮਾਤਾ ਦੇ ਪੇਟ ਵਿਚ ਰਖਿਆ, ਫੇਰ (ਤੂੰ ਜੰਮਿਆ ਤਾਂ ਤੈਨੂੰ) ਜਨਮ ਸਾਰ ਹੀ ਮਾਇਆ ਵਾਪਰ ਗਈ, ਭਾਵ ਜਗਤ ਵਿਚ ਜਨਮ ਲੈਣ ਸਾਰ ਹੀ ਤੈਨੂੰ ਮਾਇਆ ਨੇ ਆ ਦਬਾਇਆ ਹੈ।੧।

੩. ਹੇ ਪ੍ਰਾਣੀ 'ਹੇ ਬਾਬਾ', ਤੂੰ ਦੱਸ ਕਿਸ ਲਈ ਲੋਭ ਵਿਚ ਲੱਗ ਕੇ (ਹੁਣ ਤਾਈਂ) ਇਹ ਰਤਨ (ਵਰਗਾ ਅਮੋਲਕ ਮਨੁੱਖਾ) ਜਨਮ ਬਿਰਥਾ ਹੀ ਗਵਾ ਲਿਆ ਹੈ ?

ਪ੍ਰ: ਕਬੀਰ ਜੀ ! ਮੈਨੂੰ ਤਾਂ ਇਹ ਸੋਝੀ ਹੀ ਨਹੀਂ ਕਿ ਮੇਰਾ ਇਹ ਜਨਮ ਬਿਰਥਾ ਹੀ ਗੁਜ਼ਰ ਰਿਹਾ ਹੈ, ਪਰ ਕਿਰਪਾ ਕਰਕੇ ਆਪ ਹੀ ਦੱਸ ਦਿਓ ਕਿ ਮੇਰੀ ਇਹ ਦਸ਼ਾ ਕਿਉਂ ਹੋ ਰਹੀ ਹੈ ?

ਉ: ੪. ਹੇ ਬਾਬਾ, ਮੈਨੂੰ ਤਾਂ ਇਉਂ ਹੀ ਜਾਪਦਾ ਹੈ ਕਿ ਪਿਛਲੇ ਜਨਮ ਵਿਚ (ਤੂੰ) ਕਰਮ ਭੂਮੀ ਰੂਪ ਮਨੁੱਖਾ ਸਰੀਰ ਪਾ ਕੇ ਇਸ ਨਾਮ ਦਾ ਬੀਜ ਨਹੀਂ ਸੀ ਬੀਜਿਆ, (ਇਸੇ ਲਈ ਤੂੰ ਇਸ ਜਨਮ ਨੂੰ ਬਿਰਥਾ ਗਵਾ ਲਿਆ ਹੈ)।੧।ਰਹਾਉ।

ਪ੍ਰ: ਫਿਰ ਕਬੀਰ ਜੀ ! ਦੱਸੋ ਹੁਣ ਮੈਂ ਕਰਾਂ ਕੀ ?

ਉ: ੫. ਹੇ ਬਾਬਾ ! ਵੇਖ, ਤੂੰ ਪਹਿਲੋਂ ਬਾਲ ਅਵਸਥਾ ਵਿਚ ਸੀ, ਬਾਲਕ ਤੋਂ ਜੁਆਨ ਹੋ ਗਿਆ, ਆਖ਼ਰ ਹੁਣ ਬੁੱਢਾ ਹੋ ਗਿਆ ਹੈਂ (ਪਿਛਲੇ ਜਨਮ ਵਿਚ ਨਾਮ ਨਾ ਬੀਜਣ ਕਰਕੇ ਇਸ ਜਨਮ ਵਿਚ) ਜੋ ਹੋਣਾ ਸੀ ਸੋ ਹੋ ਗਿਆ, ਭਾਵ ਜੁਆਨੀ ਗ਼ਫ਼ਲਤ ਵਿਚ ਬੀਤ ਗਈ। ਹੇ ਭਲੇ ਲੋਕਾ ! ਹੁਣ ਬ੍ਰਿਧ ਅਵਸਥਾ ਵਿਚ ਹੀ ਕੁਝ ਕਰ ਲੈ, ਕਿਉਂਕਿ ਪਿਛਲਾ ਬੀਤਿਆ ਸਮਾਂ ਤਾਂ ਹੁਣ ਹੱਥ ਨਹੀਂ ਆਉਣਾ, ਪਰ ਇਹ ਦੱਸ।

੬. (ਅੰਤ ਸਮੇਂ) ਜਦੋਂ ਜਮ ਨੇ ਤੈਨੂੰ ਚੋਟੀ, ਬੋਦੀ ਤੋਂ ਆਕੇ ਫੜਿਆ, ਉਸ ਵੇਲੇ ਕਾਹਨੂੰ ਰੋਵੇਂਗਾ, ਭਾਵ ਉਸ ਵੇਲੇ ਰੋਣਾ ਨਿਸਫਲ ਹੋਏਗਾ (ਇਸ ਲਈ ਚੰਗਾ ਤਾਂ ਇਹੋ ਹੈ ਕਿ ਜੇ ਰੋਣਾ ਹੈ ਤਾਂ ਹੁਣ ਰੋ, ਜੋ ਪਿਛਲੀ ਉਮਰ ਬਿਰਥਾ ਗੁਜ਼ਰ ਗਈ ਹੈ ਅਤੇ ਨਾਮ ਦਾ ਬੀਜ ਬੀਜ, ਅਜੇ ਭੀ ਕੁਝ ਵੇਲਾ ਹੈ)।੨।

ਪ੍ਰ: ਕਬੀਰ ਜੀਉ ! ਅਜੇ ਤਾਂ ਮੈਨੂੰ ਆਸ ਹੈ ਕਿ ਮੈਂ ਕਈ ਸਾਲ ਹੋਰ ਜੀਉਂਦਾ ਰਵਾਂਗਾ।

ਉ: ੭. ਹੇ ਬਾਬਾ ! ਮੈਂ ਤਾਂ ਇਹ ਸੋਚ ਰਿਹਾ ਹਾਂ ਕਿ ਵੇਖੋ ਕਿਤਨੀ ਅਸਚਰਜਤਾ ਹੈ ਕਿ ਤੂੰ ਇਸ ਬਿਰਧ ਅਵਸਥਾ ਵਿਚ ਪਹੁੰਚ ਕੇ ਭੀ, (ਹੋਰ-ਹੋਰ) ਜੀਉਂਦੇ ਰਹਿਣ ਦੀ ਆਸਾ ਕਰਦਾ ਹੈਂ (ਪਰ ਵੇਖੀਦਾ ਹੈ ਕਿ ਇਹ ਇਕ ਤੇਰੀ ਹੀ ਦਸ਼ਾ ਨਹੀਂ; ਸਗੋਂ ਹਰ ਮਨੁੱਖ ਹੀ ਇਸੇ ਆਸਾ ਵਿਚ ਲਗਾ ਹੋਇਆ ਹੈ)। (ਤੇ ਉੱਧਰ) ਹੇ ਬਾਬਾ, ਜਮ ਤੇਰੇ ਸਾਹਾਂ ਨੂੰ ਤੱਕ ਰਿਹਾ ਹੈ (ਭਾਵ ਗਿਣ ਰਿਹਾ ਹੈ ਕਿ ਕਦੋਂ ਮੁੱਕਣ ਤੇ ਮੈਂ ਝਪਟ ਮਾਰਾਂ, ਪਰ ਤੈਨੂੰ ਸੁਰਤ ਹੀ ਕੋਈ ਨਹੀਂ)।

ਪ੍ਰ: ਕਬੀਰ ਜੀਉ ! ਆਖ਼ਰ ਤੁਸੀਂ ਮੈਨੂੰ ਸਿਧਾਂਤਕ ਗੱਲ ਦੱਸੋ ਕਿ ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ ?

੮. ਕਬੀਰ ਜੀ ਕਹਿੰਦੇ ਹਨ ਕਿ ਹੇ ਬਾਬਾ, ਵੇਖ ਇਹ ਸੰਸਾਰ ਇਕ ਨੱਟ ਦੀ ਖੇਡ ਹੀ ਹੈ। ਇਸ ਖੇਡ ਵਿਚ ਜਿੱਤਣ ਲਈ, ਪ੍ਰਭੂ ਦੀ ਯਾਦ ਦਾ ਪਾਸਾ ਸੁੱਟ (ਪ੍ਰਭੂ ਦੀ ਯਾਦ ਦੀ ਖੇਡ

ਖੇਡ) ਜਾਂ ਸੋਚ ਕੇ ਚੌਪੜ ਦਾ ਪਾਸਾ ਸਿਟ, ਚਾਲ ਚਲ, ਕੰਮ ਕਰ।

ਭਾਵਾਰਥ : ਇਹੋ ਹੈ ਕਿ ਹੇ ਪ੍ਰਾਣੀ! ਵਿਛੋੜੇ ਵਾਲੀਆਂ ਗੱਲਾਂ ਛੱਡ ਤੇ ਹਰੀ ਦੀ ਸ਼ਰਨ ਪ੍ਰਾਪਤ ਕਰ ਲੈ।੩।੧।੨੩।

ਆਸਾ ॥

੧. ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ
ਪਾਚਉ ਤਤ ਬਰਾਤੀ ॥
੨. ਰਾਮ ਰਾਇ ਸਿਉ ਭਾਵਰਿ ਲੈਹਉ
ਆਤਮ ਤਿਹ ਰੰਗਿ ਰਾਤੀ ॥੧॥
੩. ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥
੪. ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥
੫. ਨਾਭਿ ਕਮਲ ਮਹਿ ਬੇਦੀ ਰਚਿ ਲੇ
ਬ੍ਰਹਮ ਗਿਆਨ ਉਚਾਰਾ ॥
੬. ਰਾਮ ਰਾਇ ਸੋ ਦੂਲਹੁ ਪਾਇਓ
ਅਸ ਬਡਭਾਗ ਹਮਾਰਾ ॥੨॥
੭. ਸੁਰਿ ਨਰ ਮੁਨਿ ਜਨ ਕਉਤਕ ਆਏ
ਕੋਟਿ ਤੇਤੀਸ ਉਜਾਨਾਂ ॥
੮. ਕਹਿ ਕਬੀਰ ਮੋਹਿ ਬਿਆਹਿ ਚਲੇ ਹੈ
ਪੁਰਖ ਏਕ ਭਗਵਾਨਾ ॥੩॥੨॥੨੪॥

ਪਦ ਅਰਥ : ਤਨੁ—ਸਰੀਰ, ਭਾਵ ਸਰੀਰ ਵਿਚ ਦੀ ਰਸਨਾ ਨਾਲ ਨਾਮ ਜਪ। ਰੈਨੀ—ਰੰਗਰੇਜ਼ ਦੀ ਮਟਕੀ, ਕਪੜੇ ਰੰਗਣ ਵਾਲੀ ਮੱਟੀ, ਜਿਸ ਵਿਚ ਉਹ ਰੰਗ ਘੋਲਦਾ ਹੈ। ਪੁਨਰਪਿ—ਮੁੜ ਕੇ, ਫੇਰ। ਕਰਿ ਹਉ—ਬਣਾਵਾਂ, ਸਰੀਰ ਦੀ ਮੱਟੀ ਵਿਚ ਮਨ ਨੂੰ ਮੁੜ ਕੇ ਸਿਟਾਂ, ਨਾਮ ਜਪ ਕੇ ਸਿਮਰਨ ਨਾਲ ਪ੍ਰੇਮ ਬਣਾ ਲਵਾਂ। ਪਾਚਉ ਤਤ—ਪੰਜਾਂ ਤਤਾਂ ਦੇ ਦੈਵੀ ਗੁਣ, (ਸਤ, ਸੰਤੋਖ, ਦਇਆ, ਧਰਮ)। ਬਰਾਤੀ—ਮੇਲੀ, ਲਾੜੇ ਨਾਲ ਆਉਣ ਵਾਲਿਆਂ ਨੂੰ ਬਰਾਤੀ ਆਖਦੇ ਹਨ। ਸਿਉ—ਨਾਲ। ਭਾਵਰਿ—ਫੇਰੇ, ਲਾਵਾਂ। ਲੈਹਉ—ਮੈਂ ਲਵਾਂਗੀ। ਤਿਹ ਰੰਗਿ ਰਾਤੀ—ਉਸ ਪਤੀ ਦੇ ਪਿਆਰ ਨਾਲ ਰੰਗੀ ਹੋਈ।੧। ਦੁਲਹਨੀ—ਹੇ ਨਵੀਓਂ ਵਹੁਟੀਓ, ਸਜ ਵਿਆਹੀ ਸਖੀਓ। ਮੰਗਲਚਾਰਾ—ਸ਼ਗਨਾਂ ਦੇ ਗੀਤ, ਮੰਗਲਚਾਰ ਦੇ ਗੀਤ, ਖ਼ੁਸ਼ੀ ਦੇ ਗੀਤ। ਭਤਾਰਾ—ਪਤੀ। ਰੀ—ਹੇ।੧।ਰਹਾਉ। ਨਾਭਿ—ਧੁੰਨੀ, ਜਿਥੋਂ ਤੱਕ ਸਾਹ ਲੈਣ ਲਗਿਆਂ ਪ੍ਰਾਣ (ਹਵਾ) ਅਪੜਦੇ ਮੰਨੇ ਗਏ ਹਨ। ਬੇਦੀ—ਵੇਦੀ, ਚਾਰ ਡੰਡੇ ਚੌਰਸ ਥਾਂ ਦੀਆਂ ਨੁਕਰਾਂ ਵਿਚ ਗੱਡ ਕੇ ਇਸ ਵਿਚ ਦੋ ਟੋਕਰ (ਖਾਰੇ) ਮੂਧੇ ਰੱਖ ਕੇ ਉਨ੍ਹਾਂ ਉੱਤੇ ਵਿਆਹ ਵੇਲੇ ਕੁੜੀ ਮੁੰਡੇ ਨੂੰ ਬਿਠਾਉਂਦੇ ਹਨ। ਨਾਭਿ.....ਲੇ—ਮੈਂ ਆਪਣੇ ਹਿਰਦੇ ਕਮਲ ਵਿਚ ਵਿਆਹ ਦੀ ਵੇਦੀ ਗੱਡ ਕੇ ਈਸ਼੍ਵਰ ਗਿਆਨ ਦਾ ਮੰਤਰ ਪੜ੍ਹਿਆ ਹੈ। ਉਚਾਰਾ—(ਇਹ ਵਿਆਹ ਦਾ ਮੰਤ੍ਰ) ਉਚਾਰਿਆ ਜਾ ਰਿਹਾ ਹੈ। ਸੋ—ਵਰਗਾ। ਦੂਲਹੁ—ਲਾੜਾ। ਅਸ ਬਡ—ਅਜੇਹੇ ਵੱਡੇ। ਭਾਗ—ਕਿਸਮਤ।੨। ਕੋਟ ਤੇਤੀਸ—ਤੇਤੀ ਕਰੋੜ। ਉਜਾਨਾਂ—ਉਚ+ਯਾਨ, ਅਕਾਸ਼ ਵਿਚ ਜਾਣ ਵਾਲੀ ਸਵਾਰੀ, ਬਿਬਾਨ ਉੱਤੇ ਚੜ੍ਹਨ ਵਾਲੇ, ਦੇਵਤੇ। ਬਿਬਾਨਾਂ ਵਿਚ ਚੜ੍ਹ ਕੇ ਆਏ ਹਨ, ਉੱਚੀਆਂ ਉਡਾਰੀਆਂ ਲਾਉਣ ਵਾਲੇ ਆਏ ਹਨ, ਪ੍ਰਭੂ ਚਰਨਾਂ ਵਿਚ ਜੁੜਨ ਵਾਲੇ ਆਏ ਹਨ। ਸੁਰਿ ਨਰ, ਮੁਨਿ ਜਨ, ਕੋਟਿ ਤੇਤੀਸ—ਸਤਿ ਸੰਗੀ। ਪੁਰਖ—ਖਸਮ। ਕਉਤਕ—ਕਾਰਜ, ਵਿਆਹ ਦੀ ਰਸਮ।੩।

ਅਰਥ :

ਪ੍ਰ: ਕਬੀਰ ਜੀ! ਚਲੋ ਅੱਜ ਤੁਹਾਨੂੰ ਇਸ ਸ਼ਹਿਰ ਵਿਚ ਵੱਡੀ ਧੂੰਮ ਧਾਮ ਨਾਲ ਹੋ ਰਿਹਾ ਵਿਵਾਹ ਵਿਖਾ ਕੇ ਲਿਆਈਏ, ਜਿਸ ਵਿਵਾਹ ਦੀ ਜੰਞ ਬਹੁਤ ਸੱਜ ਧੱਜ ਅਤੇ ਗੱਜ ਵੱਜ ਕੇ ਆ ਰਹੀ ਹੈ। ਤਾਂ ਕਬੀਰ ਜੀ ਨੇ ਕਿਹਾ ਕਿ ਹੇ ਭਾਈਓ! ਮੇਰਾ ਤਾਂ ਵੇਹਲ ਹੀ ਨਹੀਂ, ਕਿਉਂਕਿ ਮੇਰਾ ਆਪਣਾ ਵਿਵਾਹ ਹੋ ਰਿਹਾ ਹੈ, ਸੋ ਮੈਂ ਤਾਂ ਆਪਣੇ ਵਿਵਾਹ ਦੇ ਰੁਝੇਵੇਂ ਵਿਚ ਹਾਂ। ਕਬੀਰ ਜੀ! ਉਹ ਤੁਹਾਡਾ ਕਿਹੜਾ ਵਿਵਾਹ ਹੋ ਰਿਹਾ ਹੈ ਜਿਸਦਾ ਤੁਸੀਂ ਜ਼ਿਕਰ ਕਰਦੇ ਹੋ ਅਤੇ ਨਾ ਹੀਂ ਤੁਹਾਡੇ ਹੋ ਰਹੇ ਵਿਵਾਹ ਦਾ ਕੋਈ ਸਾਜ਼ੋ-ਸਾਮਾਨ ਹੀ ਨਜ਼ਰ ਆ ਰਿਹਾ ਹੈ? ਤਾਂ ਕਬੀਰ ਜੀ ਨੇ ਕਿਹਾ ਕਿ ਐ ਭਾਈਓ! ਮੈਂ ਕਿਸੇ ਦੁਨਿਆਵੀ ਵਿਵਾਹ ਦਾ ਜ਼ਿਕਰ ਨਹੀਂ ਕਰਦਾ, ਮੇਰਾ ਵਿਵਾਹ ਪ੍ਰਮਾਰਥ ਵਿਵਾਹ ਹੋ ਰਿਹਾ ਹੈ ਅਤੇ ਉਸ ਪ੍ਰਮਾਰਥ ਵਿਵਾਹ ਦੀ ਸਮੱਗਰੀ ਭੀ ਵਿਲੱਖਣ ਅਤੇ ਤੁਹਾਨੂੰ ਨ ਦਿੱਸਣ ਵਾਲੀ ਹੈ। ਪਰ ਕਬੀਰ ਜੀ, ਸਾਨੂੰ ਸਮਝਾਉਣ ਲਈ ਉਸ ਆਪਣੇ ਹੋ ਰਹੇ ਵਿਵਾਹ ਦਾ ਖ਼ੁਲਾਸਾ ਕਰਕੇ ਤਾਂ ਸਮਝਾਓ। ਕਿਉਂਕਿ ਸੰਸਾਰਕ ਵਿਵਾਹ ਹੋਣ ਸਮੇਂ ਤਾਂ ਪਹਿਲੋਂ ਰੰਗਰੇਜ਼ ਤੋਂ ਕਪੜੇ ਰੰਗਾਉਣ ਆਦਿ ਦੀ ਤਿਆਰੀ ਕੀਤੀ ਜਾਂਦੀ ਹੈ, ਪਰ ਤੁਸੀਂ ਉਹ ਕਿਹੜਾ ਭਾਂਡਾ ਹੈ ਜਿਸ ਵਿਚ ਆਪਣੇ ਕੱਪੜੇ ਰੰਗਣੇ ਅਰੰਭ ਕੀਤੇ ਹਨ?

ਉ: ੧. (ਐ ਲੋਕੋ! ਮੈਂ ਭੀ ਇਕ ਲੜਕੀ ਹਾਂ, ਮੇਰੇ ਹੋ ਰਹੇ ਆਤਮ-ਪਰਮਾਤਮਾ ਦੇ ਮਿਲਾਪ ਰੂਪ ਸੂਖਮ ਵਿਵਾਹ ਦੀ ਸਮੱਗਰੀ ਭੀ ਅਤਿ ਸੂਖਮ ਹੈ, ਇਸਨੂੰ ਧਿਆਨ ਨਾਲ ਸੁਣੋਂਗੇ ਤਾਹੀਓਂ ਤੁਹਾਡੀ ਸਮਝ ਵਿਚ ਆ ਸਕੇਗਾ, ਕਿਉਂਕਿ ਇਸ ਸੂਖਮ ਵਿਵਾਹ ਦੀ ਸੋਝੀ ਬਾਹਰਮੁਖ ਬ੍ਰਿਤੀ ਨਾਲ ਨਹੀਂ ਪੈ ਸਕੇਗੀ)।

ਐ ਸੱਜਨੋ! ਸੁਣੋ ਮੈਂ ਲੜਕੀ ਨੇ ਇਸ ਆਪਣੇ ਸਰੀਰ ਨੂੰ ਇਕ ਰੰਗਰੇਜ਼ ਦੀ ਮੱਟੀ ਵਾਂਙੂ ਮੱਟੀ ਬਣਾ ਲਿਆ ਹੈ, (ਭਾਵ ਹੈ, ਨਾਮ ਸਰੀਰ ਨਾਲ ਹੀ ਜਪਿਆ ਜਾਂਦਾ ਹੈ, ਇਸ ਕਰਕੇ ਇਸ ਨੂੰ ਮੱਟੀ, ਭਾਵ ਰੰਗਣ ਵਾਲਾ ਭਾਂਡਾ ਕਿਹਾ ਹੈ)।

ਪ੍ਰ: ਕਿਉਂ ਕਬੀਰ ਜੀ! ਇਸ ਸਰੀਰ ਨੂੰ ਜੋ ਤੁਸਾਂ ਰੰਗਣ ਵਾਲਾ ਭਾਂਡਾ ਬਣਾਇਆ ਹੈ, ਆਖ਼ਰ ਇਸ ਵਿਚ ਬਸਤਰ ਕਿਹੜਾ ਰੰਗੋਗੇ?

ਉ: ਹੇ ਭਾਈਓ! ਮੈਂ ਇਸ ਸਰੀਰ-ਮੱਟੀ ਵਿਚ ਆਪਣੇ ਮਨ ਰੂਪ ਕਪੜੇ ਨੂੰ ਰੰਗ ਰਹੀ ਹਾਂ। ਭਾਵ ਹੈ ਮੈਂ ਆਪਣੇ ਮਨ ਨੂੰ ਬਾਹਰ ਭਟਕਣ ਵਲੋਂ ਵਰਜ ਕੇ ਸਰੀਰ ਦੇ ਅੰਦਰ ਹੀ ਟਿਕਾ ਕੇ ਰੱਖ ਰਹੀ ਹਾਂ, ਜਿਸ ਵਿਚ ਹੁਣ ਹੋਰ ਰੁਚੀਆਂ ਦੀ ਥਾਂ ਕੇਵਲ ਨਾਮ ਦਾ ਰੰਗ ਹੀ ਘੁੱਲ ਰਿਹਾ ਹੈ, (ਇਸੇ ਨਾਮ ਰੰਗ ਵਿਚ) ਮੈਂ ਮਨ ਨੂੰ ਮੁੜ-ਮੁੜ ਡੋਬੇ ਦੇ ਰਹੀ ਹਾਂ।

ਪ੍ਰ: ਕਬੀਰ ਜੀ! ਸਾਡੇ ਸੰਸਾਰਕ ਵਿਵਾਹ ਵਿਚ ਤਾਂ ਮੇਲੀ (ਜਾਂਞੀ) ਹੋਇਆ ਕਰਦੇ ਹਨ, ਪਰ ਤੁਹਾਡੇ ਇਸ ਪ੍ਰਮਾਰਥਕ ਵਿਵਾਹ ਵਿਚ ਬਰਾਤੀ ਕਿਹੜੇ ਹਨ?

ਉ: ਹੇ ਭਾਈਓ! ਸਾਡੇ ਇਸ ਹੋ ਰਹੇ ਪ੍ਰਮਾਰਥਕ ਵਿਵਾਹ ਵਿਚ ਸਹਾਇਤਾ ਕਰਨ ਵਾਲੇ ਦਇਆ, ਧਰਮ, ਸਤ, ਸੰਤੋਖ, ਵੀਚਾਰ ਆਦਿ ਦੈਵੀ ਗੁਣਾਂ ਨੂੰ ਮੈਂ ਮੇਲੀ (ਜਾਂਞੀ) ਬਣਾਇਆ ਹੈ।

ਪ੍ਰ: ਕਬੀਰ ਜੀ! ਸਾਡੇ ਸੰਸਾਰੀ ਲੋਕਾਂ ਦੇ ਵਿਵਾਹਾਂ ਵਿਚ ਤਾਂ ਲਾੜਾ ਤੇ ਲਾੜੀ, ਇਨ੍ਹਾਂ ਦੋਹਾਂ ਦੇ ਫੇਰੇ, ਲਾਵਾਂ ਹੋ ਰਹੀਆਂ ਦਿਸਿਆ ਕਰਦੀਆਂ ਹਨ, ਪਰ ਇਸ ਤੁਹਾਡੇ ਵਿਵਾਹ ਵਿਚ ਲਾੜਾ ਲਾੜੀ ਤੇ ਲਾਵਾਂ ਕਿਹੜੀਆਂ ਮੰਨੀਆਂ ਜਾਣ, ਇਹ ਭੀ ਸਮਝਾ ਦਿਉ?

ਉ: ੨. ਹੇ ਭਾਈਓ! ਮੈਨੂੰ ਤਾਂ ਸਮਝ ਲਓ ਲਾੜੀ ਤੇ ਜਗਤ ਪਤੀ ਪਰਮੇਸ਼ਰ ਲਾੜਾ ਹੈ, ਜਿਸ ਪਰਮਾਤਮਾ ਪਤੀ ਨਾਲ ਮੈਂ ਲਾਵਾਂ ਲੈ ਰਹੀ ਹਾਂ, ਅਤੇ ਲਾਵਾਂ ਲੈ ਰਹੀ ਮੈਂ ਆਤਮਾ ਕਰਕੇ ਉਸ ਪਤੀ ਦੇ ਪਿਆਰ ਵਿਚ ਰਤੀ ਹੋਈ ਹਾਂ।੧।

ਪ੍ਰ: ਕਬੀਰ ਜੀ! ਜਦੋਂ ਕਿਸੇ ਸੰਸਾਰਕ ਲੜਕੀ ਦਾ ਹੋ ਰਿਹਾ ਵਿਵਾਹ ਦੇਖਣ ਲਈ ਸਜ-ਵਿਆਹੀਆਂ ਸਖੀਆਂ ਆਉਂਦੀਆਂ ਹਨ, ਤਾਂ ਵਿਵਾਹ ਹੋਣ ਵਾਲੀ ਲੜਕੀ ਵਲੋਂ ਆਈਆਂ ਦੁਲਹਨੀਆਂ ਨੂੰ ਕਿਹਾ ਜਾਂਦਾ ਹੈ ਕਿ ਹੇ ਸਖੀਓ, ਤੁਸੀਂ ਖੁਸ਼ੀਆਂ ਦੇ ਗੀਤ ਗਾਓ, ਗੀਤ ਗਾਓ। ਕੀ ਇਸ ਤੁਹਾਡੇ ਪ੍ਰਮਾਰਥਕ ਵਿਵਾਹ ਵਿਚ ਭੀ ਇਸੀ ਤਰ੍ਹਾਂ ਹੋਇਆ ਕਰਦਾ ਹੈ?

ਉ: ੩. (ਹਾਂ ਜ਼ਰੂਰ) ਹੇ ਪਿਆਰਿਓ! ਮੈਂ ਭੀ ਆਪਣੇ ਪ੍ਰਮਾਰਥਕ ਵਿਵਾਹ ਵਿਚ ਨਵੀਆਂ ਵਹੁਟੀਆਂ ਨੂੰ, ਭਾਵ ਉਸ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗੇ ਹੋਏ ਗਿਆਨ-ਇੰਦ੍ਰਿਆਂ ਨੂੰ ਇਸੀ ਤਰ੍ਹਾਂ ਕਹਿੰਦੀ ਹਾਂ ਕਿ ਹੇ ਮੇਰੀਓ ਗਿਆਨ ਇੰਦ੍ਰੀਓ! ਤੁਸੀਂ ਮੁੜ-ਮੁੜ, ਬਾਰ-ਬਾਰ ਸੁਹਾਗ ਦੇ ਗੀਤ ਗਾਓ।

ਉ: ੪. ਕਿਉਂਕਿ ਮੈਨੂੰ ਪਰਨਾਉਂਣ ਲਈ ਮੇਰੇ ਹਿਰਦੇ ਘਰ ਵਿਚ ਮੇਰੇ ਪਤੀ ਜੀ ਜਗਤ ਦਾ ਮਾਲਕ ਪਰਮਾਤਮਾ ਆਇਆ ਹੈ।੧।ਰਹਾਉ।

ਪ੍ਰ: ਕਬੀਰ ਜੀ! ਜਦੋਂ ਜੰਞ ਪਹੁੰਚ ਗਈ, ਉਨ੍ਹਾਂ ਦਾ ਸੁਆਗਤ ਵੀ ਕੀਤਾ ਗਿਆ, ਹੁਣ ਲਾਵਾਂ ਦਾ ਵਕਤ ਆ ਜਾਂਦਾ ਹੈ, ਇਸ ਲਈ ਬੇਦੀ ਗੱਡਣੀ ਜ਼ਰੂਰੀ ਹੁੰਦੀ ਹੈ, ਕੀ ਤੁਹਾਡੇ ਪ੍ਰਮਾਰਥਕ ਵਿਵਾਹ ਵਿਚ ਭੀ ਇਸੀ ਤਰ੍ਹਾਂ ਹੋਇਆ ਕਰਦਾ ਹੈ?

ਉ: ੫. (ਹਾਂ ਜ਼ਰੂਰ, ਇਸੇ ਤਰ੍ਹਾਂ ਹੁੰਦਾ ਹੈ) ਹੇ ਪਿਆਰਿਓ! ਮੇਰੇ ਇਸ ਪ੍ਰਮਾਰਥਕ ਵਿਵਾਹ ਦੀ ਮੈਂ ਹਿਰਦੇ ਕਮਲ ਵਿਚ ਹੀ ਬੇਦੀ ਗੱਡ ਲਈ ਹੈ, ਭਾਵ ਹੈ ਕਿ ਸੁਆਸ-ਸੁਆਸ ਉਸੇ ਪ੍ਰਭੂ ਦੀ ਯਾਦ ਵਿਚ ਗੁਜ਼ਾਰਨ ਨੂੰ ਮੈਂ ਬੇਦੀ ਬਣਾ ਲਿਆ ਹੈ, ਜਿਵੇਂ ਵਿਵਾਹ-ਪੱਧਤੀ ਦੇ ਸਲੋਕ ਪੜ੍ਹੇ ਜਾਂਦੇ ਹਨ, ਉਸ ਦੇ ਥਾਂ ਮੇਰਾ ਵਿਵਾਹ ਕਰਨ ਵਾਲੇ ਪਾਂਧੇ ਨੇ, ਭਾਵ ਗੁਰੂ ਨੇ, ਜੋ ਸ਼ਬਦ ਉਚਾਰਿਆ, (ਜੋ ਕਿ ਸ਼ਬਦ, ਪ੍ਰਭੂ ਪਰਮੇਸ਼ਰ ਪਤੀ ਨਾਲ ਜਾਣ ਪਛਾਣ ਕਰਾਉਂਦਾ ਹੈ) ਇਹੋ ਇਕ ਮੇਰੇ ਪ੍ਰਮਾਰਥਕ ਵਿਵਾਹ ਦਾ ਮੰਤ੍ਰ ਉਚਾਰਿਆ ਜਾ ਰਿਹਾ ਹੈ।

੬. ਹੇ ਮਿੱਤਰੋ! ਇਸ ਤਰ੍ਹਾਂ ਦੇ ਵਿਵਾਹ ਦੁਆਰਾ, ਮੇਰੇ ਅਜੇਹੇ ਵੱਡੇ ਭਾਗ ਜਾਗੇ ਹਨ ਕਿ ਮੈਨੂੰ ਜਗਤ ਦੇ ਮਾਲਕ ਪਰਮਾਤਮਾ ਵਰਗਾ ਲਾੜਾ ਮਿਲ ਗਿਆ ਹੈ।੨।

ਪ੍ਰ: ਕਬੀਰ ਜੀ! ਸੰਸਾਰਕ ਵਿਵਾਹ ਹੋਣ ਸਮੇਂ ਤਾਂ ਇਸ ਖ਼ੁਸ਼ੀ ਭਰੇ ਸਮਾਗਮ ਨੂੰ ਬਹੁਤ ਲੋਕ ਦੇਖਣ ਨੂੰ ਆਇਆ ਕਰਦੇ ਹਨ, ਕੀ ਤੁਹਾਡੇ ਇਸ ਪ੍ਰਮਾਰਥਕ ਵਿਵਾਹ ਨੂੰ ਦੇਖਣ ਲਈ ਕੋਈ ਹੋਰ ਵੀ ਆਇਆ ਹੈ? ਭਾਵ ਤੁਹਾਡੀ ਇਸ ਖ਼ੁਸ਼ੀ ਵਿਚ ਕੋਈ ਹੋਰ ਵੀ ਭਾਈਵਾਲ ਹੋਇਆ ਹੈ?

੭. (ਹਾਂ ਜ਼ਰੂਰ) ਹੇ ਭਾਈਓ! ਇਸ ਮੇਰੇ ਪ੍ਰਮਾਰਥਕ ਵਿਵਾਹ ਦਾ ਕੌਤਕ ਦੇਖਣ ਲਈ ਉਹ ਸਰੇਸ਼ਟ ਪੁਰਸ਼ ਆਏ ਜੋ ਕਿ ਪ੍ਰਭੂ ਦੇ ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਣ ਵਾਲੇ ਮੇਰੇ ਸਤਿਸੰਗੀ ਸਨ, (ਇਥੇ ਹੀ ਬੱਸ ਨਹੀਂ), ਮੁਨੀ ਜਨ ਆਏ ਅਤੇ ਤੇਤੀ ਕਰੋੜ ਦੇਵਤੇ ਭੀ ਆਏ।

੮. ਕਬੀਰ ਸਾਹਿਬ ਕਹਿੰਦੇ ਹਨ ਕਿ ਹੇ ਭਾਈਓ! (ਹੁਣ ਦੇਖੋ) ਮੈਨੂੰ ਉਹ ਪਰਮੇਸ਼ਰ ਜੋ ਕਿ ਇਕੋ ਪਤੀ ਹੈ ਤੇ ਬਾਕੀ ਸਭੇ ਉਸ ਦੀਆਂ ਇਸਤ੍ਰੀਆਂ ਹਨ, ਉਹ ਮੈਨੂੰ ਵਿਵਾਹ ਕੇ ਲੈ ਚਲੇ ਹਨ।੩।੨।੨੪।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਨੇ, ਹਰੀ ਦੇ ਮਿਲਾਪ ਨੂੰ ਇਕ ਵਿਵਾਹ ਦਾ ਅਲੰਕਾਰ ਦੇ ਕੇ ਸਮਝਾਇਆ ਹੈ ਕਿ ਹੇ ਮਿੱਤਰੋ! ਗੁਰੂ ਰੂਪ ਪਾਂਧੇ ਨੇ ਮੇਰੇ ਅੰਤਹਕਰਣ ਵਿਚ ਬ੍ਰਹਮ ਗਿਆਨ ਦਾ ਉਪਦੇਸ਼ ਦ੍ਰਿੜ ਕਰਵਾ ਦਿੱਤਾ, ਜਿਸਦਾ ਫਲ ਇਹ ਹੋਇਆ ਕਿ ਮੇਰੀ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਗਿਆ। ਇਹ ਮੇਰਾ ਮੇਲ ਗੁਪਤ ਹੀ ਨਹੀਂ ਰਿਹਾ; ਸਗੋਂ ਜਗਤ ਵਿਚ ਪ੍ਰਸਿੱਧ ਹੋ ਗਿਆ ਹੈ, ਭਾਵ ਭਲੇ ਭਗਤ ਪੁਰਖ, ਗ੍ਰਹਿਸਤ ਵਿਚ ਰਹਿਣ ਵਾਲੇ, ਸਾਧੂ ਜਨ ਵਿਰਕਤ ਰਹਿਣ ਵਾਲੇ ਤੇ ਦੇਵਤਿਆਂ ਆਦਿ ਸਭਨਾਂ ਵਿਚ ਹੀ ਪ੍ਰਸਿੱਧ ਹੋ ਗਿਆ ਕਿ ਕਬੀਰ ਹੁਣ ਅਕਾਲ ਪੁਰਖ ਨੂੰ ਪ੍ਰਾਪਤ ਕਰਕੇ ਉਸੇ ਵਿਚ ਅਭੇਦ ਹੋ ਗਿਆ ਹੈ। ਭਾਵ ਹੈ ਕਿ ਹੁਣ :

"ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ" ਵਾਲੀ ਅਵਸਥਾ ਪ੍ਰਾਪਤ ਹੋ ਗਈ ਹੈ।

ਆਸਾ ॥

੧. ਸਾਸੁ ਕੀ ਦੁਖੀ ਸਸੁਰ ਕੀ ਪਿਆਰੀ
ਜੇਠ ਕੇ ਨਾਮਿ ਡਰਉ ਰੇ ॥
੨. ਸਖੀ ਸਹੇਲੀ ਨਨਦ ਗਹੇਲੀ
ਦੇਵਰ ਕੈ ਬਿਰਹਿ ਜਰਉ ਰੇ ॥੧॥
੩. ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ॥
੪. ਕਿਨ ਬਿਧਿ ਰਹਨਿ ਰਹਉ ਰੇ ॥
੫. ਸੇਜੈ ਰਮਤੁ ਨੈਨ ਨਹੀ ਪੇਖਉ
ਇਹੁ ਦੁਖੁ ਕਾ ਸਉ ਕਹਉ ਰੇ ॥੧॥ ਰਹਾਉ ॥
੬. ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ ॥

੭. ਬਡੇ ਭਾਈ ਕੈ ਜਬ ਸੰਗਿ ਹੋਤੀ
ਤਬ ਹਉ ਨਾਹ ਪਿਆਰੀ ॥੨॥
੮. ਕਹਤ ਕਬੀਰ ਪੰਚ ਕੋ ਝਗਰਾ
ਝਗਰਤ ਜਨਮੁ ਗਵਾਇਆ ॥
੯. ਝੂਠੀ ਮਾਇਆ ਸਭੁ ਜਗੁ ਬਾਧਿਆ
ਮੈ ਰਾਮ ਰਮਤ ਸੁਖੁ ਪਾਇਆ ॥੩॥੩॥੨੫॥

ਪਦ ਅਰਥ : ਸਾਸੁ—ਸੱਸ, ਅਵਿੱਦਿਆ, ਮਾਇਆ। ਸਸੁਰ—ਸਹੁਰਾ, ਦੇਹ ਅਧਿਆਸ, ਸਰੀਰ ਦਾ ਮੋਹ। ਜੇਠ—ਭਾਵ ਮੌਤ, ਕਾਲ। ਰੇ—ਹੇ ਵੀਰ। ਡਰਉ—ਡਰਉਂ, ਮੈਂ ਡਰਦੀ ਹਾਂ। ਨਨਦ—ਪਤੀ ਦੀ ਭੈਣ, ਨਨਾਣਾਂ ਨੇ, ਇੰਦ੍ਰੀਆਂ ਨੇ। ਸਖੀ ਸਹੇਲੀ—ਹੇ ਸਖੀ ਸਹੇਲੀਓ, ਹੇ ਸੰਤੋ, ਹੇ ਸਤ ਸੰਗੀਓ। ਗਹੇਲੀ—ਗਹਿ ਲਈ ਹਾਂ, ਮੈਨੂੰ ਫੜ ਲਿਆ ਹੈ, ਪਕੜ ਲਿਆ ਹੈ। ਬਿਰਹਿ—ਵਿਛੋੜੇ ਵਿਚ। ਜਰਉ—ਜਰਉਂ, ਮੈਂ ਸੜ ਰਹੀ ਹਾਂ, ਦੁਖੀ ਹਾਂ।੧। ਬਉਰੀ—ਕਮਲੀ, ਸ਼ੁਦਾਇਣ। ਕਿਨ ਬਿਧਿ ਰਹਨਿ ਰਹਉ—ਕਿਵੇਂ ਰਹਾਂ ਭਾਵ ਕਿਵੇਂ ਜੀਵਨ ਬਸਰ ਕਰਾਂ, ਕਿਵੇਂ ਜ਼ਿੰਦਗੀ ਗੁਜ਼ਾਰਾਂ, ਕਿਸ ਤਰ੍ਹਾਂ ਦੇ ਸਾਧਨ ਸੁਖੀ ਰਹਿਣ ਦੇ ਕਰਾਂ। ਰਮਤੁ—ਖੇਡਦਾ ਹੈ, ਵਸਦਾ ਹੈ, ਰਮ ਰਿਹਾ ਹੈ, ਵਿਦਮਾਨ ਹੈ। ਨੈਨ—ਅੱਖਾਂ ਨਾਲ। ਨਹੀ ਪੇਖਉ—ਮੈਂ ਨਹੀਂ ਵੇਖ ਸਕਦੀ। ਕਾ ਸਉ—ਕਿਸਨੂੰ।੧।ਰਹਾਉ। ਬਾਪੁ—ਪਿਤਾ, ਸਰੀਰ। ਸਾਵਕਾ—ਨਾਲ ਜੰਮਿਆਂ ਹੋਇਆ, ਮਤਰੇਆ, (ਪਹਿਲਾ)। ਮਤਵਾਰੀ—ਮਤਵਾਲੀ, ਝੱਲੀ, ਬੌਰੀ ਜੇਹੀ। ਸਦ—ਸਦਾ। ਸੰਗਿ—ਨਾਲ। ਬਡੇ ਭਾਈ ਕੈ ਸੰਗਿ—ਵੱਡੇ ਭਰਾ (ਗਿਆਨ) ਨਾਲ। ਜਬ ਹੋਤੀ—ਜਦੋਂ ਮੈਂ ਹੁੰਦੀ ਸਾਂ, ਮਾਂ ਦੇ ਪੇਟ ਵਿਚ ਜਦੋਂ ਮੈਂ ਵੱਡੇ ਭਰਾ ਨਾਲ ਸਾਂ। ਤਬ—ਤਦੋਂ। ਹਉ—ਮੈਂ। ਨਾਹ—ਖ਼ਸਮ।੨। ਪੰਚ ਕੋ—ਪੰਜ ਕਾਮਾਦਿਕਾਂ ਦਾ। ਬਾਧਿਆ—ਬੱਝਾ ਹੋਇਆ।੩।

ਅਰਥ :

ਪ੍ਰ: ਕਬੀਰ ਜੀ! ਤੁਸੀਂ ਆਪਣੇ ਆਪ ਨੂੰ ਲੜਕੀ ਦੇ ਰੂਪ ਵਿਚ ਬਿਆਨ ਕੀਤਾ ਹੈ ਅਤੇ ਲਾੜ੍ਹੀ ਦੇ ਵਿਵਾਹ ਦਾ ਸਾਰਾ ਅਲੰਕਾਰ ਅੰਕਤ ਕਰਦਿਆਂ ਉਸ ਸ਼ਾਦੀ ਦੇ ਸਮੇਂ ਜੋ ਭੀ ਕਿਸੇ ਸਾਜ਼ੋ-ਸਾਮਾਨ ਦੀ ਵਰਤੋਂ ਕੀਤੀ ਜਾਂਦੀ ਹੈ, ਉਸਨੂੰ ਅੰਤ੍ਰੀਵ ਰੂਪ ਵਿਚ ਘਟਾ ਕੇ ਦਰਸਾਇਆ ਹੈ, ਪਰ ਅਸੀਂ ਤਾਂ ਤੱਕਦੇ ਹਾਂ ਕਿ ਕਿਸੇ ਲੜਕੀ ਦੇ ਵਿਵਾਹ ਹੋ ਜਾਣ ਤੋਂ ਬਾਅਦ ਜਦ ਉਹ ਨਵੇਂ ਬਣੇ ਸੱਸ, ਸਹੁਰਾ, ਜੇਠ, ਦੇਵਰ, ਨਨਾਣਾਂ ਆਦਿ ਵਿਚ ਜਾ ਪ੍ਰਵੇਸ਼ ਹੁੰਦੀ ਹੈ, ਤਾਂ ਉਸਨੂੰ ਸੱਸ ਆਦਿਕ ਵਲੋਂ ਕਈ ਤਰ੍ਹਾਂ ਦੇ ਦੁੱਖ ਵਾਪਰਦੇ ਹਨ, ਕੀ ਤੁਸੀਂ ਭੀ ਗ੍ਰਿਹਸਤੀਆਂ ਦੇ ਵਾਚਕ ਸੱਸ ਆਦਿ ਪਦਾਂ ਨੂੰ ਪਰਮਾਰਥੀ ਭਾਵਾਂ ਵਿਚ ਵਰਤਦੇ ਹੋ? ਤਾਂ ਕਬੀਰ ਜੀ ਸਾਰੇ ਹੀ ਗ੍ਰਿਹਸਤੀਆਂ ਦੇ ਘਰੋਗੀ ਵਾਪਰਦੇ ਦੁੱਖਾਂ ਨੂੰ ਅਨੁਭਵ ਕਰਦੇ ਹੋਏ, ਇਸ ਸ਼ਬਦ ਵਿਚ ਸੱਸ, ਸਹੁਰਾ, ਆਦਿ ਪਦਾਂ ਨੂੰ ਪ੍ਰਮਾਰਥੀ ਭਾਵਾਂ ਵਿਚ ਵਰਤਦੇ ਹਨ ਅਤੇ ਇਸ ਮਹਾਂਵਾਕ ਦੁਆਰਾ ਸਾਰਿਆਂ ਲਈ ਸਾਂਝਾ ਉਪਦੇਸ਼ ਆਪਣੇ 'ਤੇ ਘਟਾਉਂਦੇ ਹਨ ਅਤੇ ਅੰਤ ਵਿਚ ਜਿਵੇਂ ਆਪ ਨੂੰ ਸੁੱਖ ਪ੍ਰਾਪਤ ਹੋਇਆ ਹੈ, ਉਹ ਭੀ ਆਪਣਾ ਨਿਸਚਾ ਦਰਸਾਉਣਗੇ :

(ਹੁਣ ਪਹਿਲੋਂ ਆਪਣੀ ਪੂਰਬਲੀ ਅਵਸਥਾ ਦਾ ਜ਼ਿਕਰ ਕਰਦੇ ਹਨ)

ਪ੍ਰ: ਕਬੀਰ ਜੀ! ਜਿਵੇਂ ਇਕ ਨਵੀਂ ਵਿਆਹੀ ਸਹੁਰੇ ਘਰ ਗਈ ਲੜਕੀ ਆਪਣੀ ਸੱਸ ਵਲੋਂ ਬਹੁਤ ਦੁਖੀ ਹੁੰਦੀ ਹੈ, ਇਵੇਂ ਕੀ ਤੁਹਾਨੂੰ ਵੀ ਕੋਈ ਦੁੱਖ ਹੈ?

ਉ: ੧. (ਹਾਂ ਜ਼ਰੂਰ ਹੈ) ਹੇ ਵੀਰ! ਇਹ ਜੋ ਮੈਂ ਤੈਨੂੰ ਸੁਣਾਉਣ ਲੱਗਾ ਹਾਂ, ਇਹ ਇਕ ਮੇਰੀ ਪਹਿਲੋਂ ਦੀ ਕਹਾਣੀ ਹੈ, ਸੋ ਤੂੰ ਸੁਣ। ਮੈਂ ਅਵਿੱਦਿਆ, ਜਾਂ ਮਾਇਆ ਰੂਪ ਸੱਸ ਦੀ (ਬਹੁਤ ਹੀ) ਦੁਖੀ ਕੀਤੀ ਹੋਈ ਸਾਂ।

ਪ੍ਰ: ਉਹ ਕਿਉਂ?

ਉ: ਉਹ ਇਸ ਲਈ (ਕਿਉਂਕਿ) ਮੈਂ (ਸਹੁਰੇ) ਦੇਹ ਅਧਿਆਸ ਦੀ ਪਿਆਰੀ ਹਾਂ, ਭਾਵ ਹੈ ਕਿ ਮੈਂ ਆਪਣਾ ਆਪ, ਸਭੋ ਕੁੱਝ ਇਸ ਦੇਹ ਨੂੰ ਹੀ ਸਮਝਦੀ ਹਾਂ, ਇਹੋ ਇਕ ਅਵਿੱਦਿਆ ਹੈ, ਇਸੇ ਕਰਕੇ ਮੈਂ ਦੁਖੀ ਹਾਂ।

ਪ੍ਰ: ਕੀ ਦੁਖੀ ਹੋਣ ਦਾ ਕੋਈ ਹੋਰ ਵੀ ਕਾਰਣ ਹੈ?

ਉ: ਹਾਂ ਹੋਰ ਵੀ ਹੈ। ਉਹ ਇਹ ਹੈ ਕਿ ਮੈਂ ਇਉਂ ਵੀ ਸਮਝੀ ਬੈਠੀ ਹਾਂ ਕਿ ਇਹ ਭੋਗ ਰਸਾਂ ਦੀ ਦਾਤੀ ਦੇਹ ਆਖ਼ਰ ਮਰ ਹੀ ਜਾਣੀ ਹੈ, ਇਸ ਖ਼ਿਆਲ ਦੀ ਦਬਾਈ ਹੋਈ, ਮੈਂ ਹਰ ਵਕਤ ਜੇਠ ਧਰਮ ਰਾਜ ਜਾਂ ਕਾਲ ਦੇ ਨਾਮ ਸੁਣਨ ਨਾਲ ਹੀ ਡਰਦੀ ਹਾਂ, (ਭਾਵ ਹੈ ਕਿ ਮੇਰਾ ਮਰਣ ਨੂੰ ਚਿੱਤ ਨਹੀਂ ਕਰਦਾ, ਇਹੋ ਇਕ ਹਰ ਵਕਤ ਦਾ ਭੈ ਦੁੱਖ ਹੈ)।

ਪ੍ਰ: ਕਿਉਂ ਕਬੀਰ ਜੀਉ! ਕੀ ਤੁਸਾਂ ਇਸ ਭੈਦਾਇਕ ਦੁੱਖ ਤੋਂ ਛੁੱਟਣ ਲਈ ਕੋਈ ਵੀ ਚਾਰਾ ਨਹੀਂ ਕੀਤਾ?

ਉ: ੨. (ਹਾਂ ਕੀਤਾ ਹੈ) ਹੇ ਵੀਰ ਜੀ! ਜੋ ਮੇਰੀਆਂ ਸਖੀਆਂ ਸਹੇਲੀਆਂ ਹਨ, ਉਨ੍ਹਾਂ ਪਾਸ ਮੈਂ ਜਾ ਕੇ ਇਉਂ ਕਿਹਾ ਕਿ ਹੇ ਸੰਤੋ! ਹੇ ਸਤਿਸੰਗੀਓ! ਮੇਰੀਆਂ ਨਨਾਣਾਂ (ਇੰਦ੍ਰੀਆਂ ਨੇ ਮੈਨੂੰ) ਗਾਫ਼ਲ ਜਾਂ ਬਾਵਰੇ ਕਰ ਛੱਡਿਆ ਹੈ, ਭਾਵ ਵੱਸ ਵਿੱਚ ਕਰ ਰਖਿਆ ਹੈ, ਇਨ੍ਹਾਂ ਇੰਦ੍ਰੀਆਂ ਤੋਂ (ਕਿਵੇਂ ਵੀ) ਛੁਟਕਾਰਾ ਨਹੀਂ ਹੁੰਦਾ।

ਪ੍ਰ: ਆਖ਼ਰ ਇਸਦਾ ਵੀ ਕੋਈ ਕਾਰਣ ਜ਼ਰੂਰ ਹੋਵੇਗਾ?

ਉ: ਹਾਂ! ਇਕੋ ਹੀ ਕਾਰਨ ਹੈ ਕਿਉਂਕਿ ਮੈਨੂੰ ਦੇਉਰ (ਵੈਰਾਗ ਦਾ, ਵਿਵੇਕ ਦਾ) ਵਿਛੋੜਾ ਹੈ। ਇਸ ਵਿਛੋੜੇ ਕਰਕੇ ਵੀ ਮੈਂ ਅੰਦਰੇ-ਅੰਦਰ ਸੜਦੀ ਰਹਿੰਦੀ ਹਾਂ, ਭਾਵ ਅਤਿ ਹੀ ਦੁਖੀ ਹਾਂ।੧।

ਪ੍ਰ: ਕਬੀਰ ਜੀ! ਕੀ ਇਨ੍ਹਾਂ ਤੋਂ ਇਲਾਵਾ ਕੋਈ ਹੋਰ ਖ਼ਾਸ ਵੱਡਾ ਕਾਰਣ ਵੀ ਹੈ?

ਉ: ੩. (ਹਾਂ ਉਹ ਹੋਰ ਵੀ ਹੈ) ਕਿ ਮੇਰੀ ਅਕਲ ਮਾਰੀ ਗਈ ਹੈ, ਕਿਉਂਕਿ ਮੈਂ (ਉੱਕਾ ਹੀ) ਰਾਮ, ਪਰਮੇਸ਼ਰ ਪਤੀ ਨੂੰ ਵਿਸਾਰ ਬੈਠੀ ਹਾਂ।

੪. ਹੁਣ ਮੈਂ ਸੋਚ ਰਹੀ ਹਾਂ ਕਿ ਇਸ ਆਪਣੇ ਜੀਵਨ ਨੂੰ ਕਿਵੇਂ

ਗੁਜ਼ਾਰਾਂ (ਕਿਉਂਕਿ ਜੇ ਉਹ ਪਰਮੇਸ਼ਰ ਮੇਰੇ ਚਿੱਤ ਰਹਿੰਦਾ ਤਦ ਤਾਂ ਉਸਦੇ ਪ੍ਰੇਮ ਵਿਚ ਉਸਨੂੰ ਅਨੁਭਵ ਕਰਦੀ ਅਤੇ ਦੇਹ ਅਧਯਾਸ ਤੋਂ ਛੁੱਟ ਜਾਂਦੀ, ਇਸ ਤਰ੍ਹਾਂ ਨਾਲ ਅਵਿੱਦਿਆ ਭੀ ਦੂਰ ਹੋ ਜਾਂਦੀ ਅਤੇ ਜਮਕਾਲ ਦਾ ਭੈ ਸੁਤੇ ਹੀ ਦੂਰ ਹੋ ਜਾਣਾ ਸੀ)। (ਇਹ ਸਾਰਾ ਹੀ ਕਾਰਣ ਮੇਰੇ ਮਤ ਦਾ ਉਸ ਸਾਈਂ ਜੀ ਵੱਲੋਂ ਬਾਵਰੀ ਹੋ ਜਾਣਾ ਹੈ)।

ਪ੍ਰ: ਕਬੀਰ ਜੀ! ਸਾਰਿਆਂ ਤੋਂ ਵੱਡਾ ਦੁੱਖ ਤੁਸੀਂ ਕਿਹੜਾ ਅਨੁਭਵ ਕਰਦੇ ਹੋ?

ਉ: ੫. (ਹੇ ਸਤਿਸੰਗੀ ਰੂਪ ਵੀਰ ਜੀ ਸੁਣੋ) ਸਭ ਤੋਂ ਵੱਡਾ ਦੁੱਖ ਤਾਂ ਮੈਨੂੰ ਇਹੋ ਹੈ ਕਿ ਇਹ ਤਾਂ ਮੈਂ ਸਾਧਾਰਣ ਤੌਰ 'ਤੇ ਸੁਣਿਆ, ਜਾਂ ਪੜ੍ਹਿਆ ਹੋਇਆ ਵੀ ਹੈ, ਭਾਵ ਇਹ ਪਤਾ ਲੱਗ ਚੁੱਕਾ ਹੈ ਕਿ ਉਹ ਮੇਰਾ ਪ੍ਰਭੂ ਪਤੀ ਮੇਰੀ ਹਿਰਦੇ ਰੂਪ ਸੇਜਾ ਉੱਤੇ ਵਿਰਾਜਮਾਨ ਹੈ, ਪਰ ਕਾਸ਼! ਮੈਂ ਉਸਨੂੰ ਅੱਖਾਂ ਨਾਲ ਦੇਖ ਨਹੀਂ ਰਹੀ, (ਭਾਵ ਅਨੁਭਵ ਨਹੀਂ ਕਰ ਰਹੀ) ਪਰ ਇਹ ਦੁੱਖ ਮੈਂ ਕਿਸ ਅੱਗੇ ਫਰੋਲਾਂ, ਕਿਸ ਨੂੰ ਆਖ ਸੁਣਾਵਾਂ।੧।ਰਹਾਉ।

੬. (ਇਥੇ ਹੀ ਬੱਸ ਨਹੀਂ) ਮੇਰਾ ਸਰੀਰ ਜੋ ਮੇਰੇ ਨਾਲ ਜੰਮਿਆ ਹੈ, ਇਹ ਮਤ੍ਰੇਆ ਪਿਉ ਬਣ ਕੇ ਸਦਾ ਹੀ ਮੇਰੇ ਨਾਲ ਲੜਾਈ ਕਰਦਾ ਹੈ, ਭਾਵ ਸਦਾ ਹੀ ਖਾਣ, ਪਾਣ, ਪਹਿਰਣ ਆਦਿ ਸਭੋ ਕੁੱਝ ਦੇਂਦਿਆਂ ਦਿਵਾਂਦਿਆਂ ਹੋਰ-ਹੋਰ ਮੰਗਦਾ ਹੀ ਮੰਗਦਾ ਹੈ, ਇਹ ਕਦੇ ਵੀ ਬੱਸ ਨਹੀਂ ਕਰਦਾ। ਇਸ ਸਰੀਰ ਦੀ ਪਾਲਨਾ ਪੋਸਨਾ ਕਰਨ ਹਿਤ ਮਾਇਆ ਦੀ ਲੋੜ ਪੈਂਦੀ ਹੈ, ਉਸ ਮਾਇਆ ਦੀ ਕਮਾਈ ਵਿਚ ਮੈਂ ਸਦਾ ਹੀ ਮਤਵਾਲੀ ਹੋਈ ਰਹਿੰਦੀ ਹਾਂ, ਭਾਵ ਮਾਇਆ ਨੇ ਮੈਨੂੰ ਝੱਲੀ ਕਰ ਰੱਖਿਆ ਹੈ।

ਪ੍ਰ: ਕਬੀਰ ਜੀ! ਇਹ ਤਾਂ ਤੁਸੀਂ ਆਪਣਾ ਸਾਰਾ ਹੀ ਜੀਵਨ ਦੁੱਖਾਂ ਵਿਚ ਗੁਜ਼ਰ ਰਿਹਾ ਸੁਣਾਇਆ ਹੈ, ਪਰ ਕਦੀ ਸੁੱਖ ਪ੍ਰਾਪਤੀ ਦਾ ਸਮਾਂ ਆਇਆ ਵੀ ਚੇਤੇ ਹੈ?

ਉ: ੭. ਹਾਂ ਹੈ, (ਹੇ ਸਤਿਸੰਗੀ ਰੂਪ ਸਹੇਲੀਓ!) ਮੈਨੂੰ ਯਾਦ ਹੈ ਕਿ ਜਦੋਂ ਮੈਂ ਮਾਤਾ ਦੇ ਗਰਭ ਵਿਚ ਸਾਂ, ਤਾਂ ਮੈਂ ਸਦਾ ਸਿਮਰਨ ਵਿਚ ਜੁੜੀ ਰਹਿੰਦੀ ਸਾਂ ਅਤੇ ਖਾਣ ਪੀਣ ਪਹਿਰਣ ਆਦਿ ਦੇ ਫ਼ਿਕਰਾਂ ਵਲੋਂ ਮੈਂ ਰਹਿਤ ਸਾਂ, ਉਸ ਵੇਲੇ ਜਦ ਕਿ ਮੈਂ ਵੱਡੇ ਭਿਰਾਉ (ਪ੍ਰੋਖ ਗਿਆਨ) ਦੇ ਨਾਲ ਰਹਿੰਦੀ ਸਾਂ, ਉਸ ਵੇਲੇ ਮੈਂ ਪਤੀ ਨੂੰ ਪਿਆਰੀ ਸਾਂ।੨।

ਪ੍ਰ: ਕਬੀਰ ਜੀ! ਇਹ ਦੱਸੋ ਕਿ ਇਸ ਉਪਰ ਦੱਸੇ ਆਪ ਦੇ ਦੁੱਖ ਰੂਪ ਝਗੜੇ ਦਾ ਅਸਲ ਕਾਰਣ ਕੀ ਹੈ?

ਉ: ੮. ਕਬੀਰ ਜੀ ਕਹਿੰਦੇ ਹਨ ਕਿ ਹੇ ਮੇਰੀਓ ਸਖੀਓ ਸਹੇਲੀਓ, ਇਹ ਜੋ ਮੈਂ ਉਪਰ ਸਾਰਾ ਝਗੜਾ ਤੁਹਾਨੂੰ ਕਹਿ ਸੁਣਾਇਆ ਹੈ, (ਅਸਲ ਵਿਚ ਇਸ ਦਾ ਮੂਲ ਕਾਰਣ) ਪੰਜ ਕਾਮ, ਕ੍ਰੋਧ ਆਦਿਕ ਹੀ ਹਨ, ਇਨ੍ਹਾਂ ਦੇ ਝਗੜੇ ਝੇੜਿਆਂ ਵਿਚ ਹੀ (ਇਕ ਜਾਂ ਦੋ ਨਹੀਂ) ਸਾਰੇ ਸੰਸਾਰ ਨੇ ਹੀ (ਆਪਣੇ ਇਸ ਅਮੋਲਕ) ਜਨਮ ਨੂੰ ਵਿਅਰਥ ਗਵਾ ਲਿਆ ਹੈ।

ਪ੍ਰ: ਕਬੀਰ ਜੀ! ਜੇ ਸਾਰਾ ਸੰਸਾਰ ਹੀ ਇਨ੍ਹਾਂ ਪੰਜਾਂ ਦੇ ਕਾਬੂ ਆਇਆ ਜਨਮ ਗਵਾ ਰਿਹਾ ਹੈ, ਫਿਰ ਸੰਸਾਰ ਵਿਚ ਤਾਂ ਆਪ ਵੀ ਆ ਜਾਂਦੇ ਹੋ, ਕੀ ਤੁਸਾਂ ਦਾ ਭੀ ਜਨਮ ਇਨ੍ਹਾਂ ਦੁੱਖਾਂ ਵਿਚ ਹੀ ਵਿਅਰਥ ਗੁਜ਼ਰ ਰਿਹਾ ਹੈ?

ਉ: ੯. ਹੇ ਭਾਈਓ! ਮੈਂ ਵੇਖ ਰਿਹਾ ਹਾਂ ਕਿ ਇਸ ਠਗਣੀ ਮਾਇਆ ਨਾਲ ਸਾਰਾ ਜਗਤ ਹੀ ਬੱਝਾ ਪਿਆ ਹੈ (ਤੇ ਦੁਖੀ ਹੋ ਰਿਹਾ ਹੈ) ਪਰ ਮੈਂ (ਉਸ ਸੁੱਖਾਂ ਦੇ ਦਾਤੇ) ਪ੍ਰਭੂ ਦਾ ਸਿਮਰਨ ਕਰ ਕੇ ਇਸ ਜੀਵਨ ਵਿਚ ਸੁੱਖ ਪ੍ਰਾਪਤ ਕਰ ਲਿਆ ਹੈ।੩।੩।੨੫।

ਭਾਵਾਰਥ: ਇਹ ਮਹਾਂਵਾਕ ਵਿਚ ਕਬੀਰ ਸਾਹਿਬ ਜੀ ਨੇ ਸਾਰੇ ਜਗਤ ਦਾ ਮਾਇਆ ਵਿਚ ਬੰਧਾਏਮਾਨ ਹੋ ਕੇ ਦੁਖੀ ਹੋਣਾ ਨਿਰੂਪਨ ਕੀਤਾ ਹੈ, ਪਰ ਆਖ਼ਰੀ ਪੰਗਤੀ ਵਿਚ ਆਪਣਾ ਨਿੱਜੀ ਤਜਰਬਾ ਅੰਕਤ ਕੀਤਾ ਹੈ ਕਿ ਮੈਂ (ਰਾਮ ਰਮਤ ਸੁਖ ਪਾਇਆ), ਮੈਂ ਉਸ ਪ੍ਰਭੂ ਦਾ ਸਿਮਰਨ ਕਰਨ ਦਾ ਸਦਕਾ ਸਦਾ ਸੁੱਖ ਪ੍ਰਾਪਤ ਕਰ ਲਿਆ ਹੈ।

ਉਥਾਨਕਾ: ਇਕ ਵਾਰ ਕਬੀਰ ਜੀ ਗੰਗਾ ਤੋਂ ਆ ਰਹੇ ਸਨ, ਅਗੋਂ ਇਕ ਮੁਕੰਦਾ ਨਾਮੇ ਪੰਡਤ ਮਿਲਿਆ, ਉਸ ਨੇ ਕਿਹਾ—ਓ ਕਬੀਰ! ਤੂੰ ਜੁਲਾਹਾ ਹੋ ਕੇ ਮੈਨੂੰ ਪ੍ਰਛਾਵਾਂ ਦੇਂਦਾ ਹੈਂ। ਕੀ ਤੂੰ ਨਹੀਂ ਦੇਖ ਰਿਹਾ ਕਿ ਮੈਂ ਸੂਤਰ ਦਾ ਜਨੇਊਧਾਰੀ (ਮਨੂੰ ਸਿੰਮ੍ਰਿਤੀ ਵਿਚ ਲਿਖਿਆ ਹੈ ਕਿ ਬ੍ਰਾਹਮਣਾਂ ਲਈ ਸੂਤ੍ਰ ਦਾ, ਖੱਤ੍ਰੀ ਲਈ ਉੱਨ ਦਾ, ਵੈਸ਼ ਲਈ ਸਣ ਦਾ ਅਤੇ ਸ਼ੂਦ੍ਰ ਲਈ ਮੁੰਞ ਦਾ ਜਨੇਊ ਹੋਣਾ ਚਾਹੀਦਾ ਹੈ), ਵੇਦ ਪਾਠੀ ਅਤੇ ਗਾਇਤ੍ਰੀ ਜਪਣ ਵਾਲਾ ਹਾਂ। ਅਸੀਂ ਬ੍ਰਾਹਮਣ ਉੱਤਮ ਕੁਲ ਵਿਚ ਇਉਂ ਹਾਂ, ਜਿਵੇਂ ਗਊਆਂ ਦੇ ਚਰਾਵੇ ਗੁਆਲੇ ਹੁੰਦੇ ਹਨ, ਇਹ ਸਾਰਾ ਜਗਤ ਗਊਆਂ ਰੂਪ ਹੈ, ਅਸੀਂ ਸਭਨਾਂ ਨੂੰ ਸ਼ੁਭ ਰਸਤੇ ਟੋਰਨ ਵਾਲੇ ਗੁਆਲੇ ਹਾਂ। ਉਸ ਦੇ ਇਸ ਤਰ੍ਹਾਂ ਦੇ ਹੰਕਾਰ ਭਰੇ ਬਚਨ ਸੁਣ ਕੇ ਕਬੀਰ ਜੀ ਨੇ ਇਹ ਸ਼ਬਦ ਉਚਾਰਨ ਕੀਤਾ:

ਆਸਾ ॥

੧. ਹਮ ਘਰਿ ਸੂਤੁ ਤਨਹਿ ਨਿਤ ਤਾਨਾ
ਕੰਠਿ ਜਨੇਊ ਤੁਮਾਰੇ ॥
੨. ਤੁਮ੍ ਤਉ ਬੇਦ ਪੜਹੁ ਗਾਇਤ੍ਰੀ
ਗੋਬਿੰਦੁ ਰਿਦੈ ਹਮਾਰੇ ॥੧॥
੩. ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ
ਹਿਰਦੈ ਬਸਹਿ ਗੋਬਿੰਦਾ ॥
੪. ਜਮ ਦੁਆਰ ਜਬ ਪੂਛਸਿ ਬਵਰੇ
ਤਬ ਕਿਆ ਕਹਸਿ ਮੁਕੰਦਾ ॥੧॥ ਰਹਾਉ ॥
੫. ਹਮ ਗੋਰੂ ਤੁਮ ਗੁਆਰ ਗੁਸਾਈ
ਜਨਮ ਜਨਮ ਰਖਵਾਰੇ ॥
੬. ਕਬਹੂੰ ਨ ਪਾਰਿ ਉਤਾਰਿ ਚਰਾਇਹੁ
ਕੈਸੇ ਖਸਮ ਹਮਾਰੇ ॥੨॥
੭. ਤੂੰ ਬਾਮਨੁ ਮੈ ਕਾਸੀਕ ਜੁਲਹਾ
ਬੂਝਹੁ ਮੋਰ ਗਿਆਨਾ ॥
੮. ਤੁਮ੍ ਤਉ ਜਾਚੇ ਭੂਪਤਿ ਰਾਜੇ
ਹਰਿ ਸਉ ਮੋਰ ਧਿਆਨਾ ॥੩॥੪॥੨੬॥

ਪਦ ਅਰਥ : ਹਮ ਘਰਿ—ਅਸਾਡੇ ਘਰ ਵਿਚ। ਸੂਤੁ—ਸੂਤ੍, ਸੂਤ। ਤਨਹਿ—ਅਸੀਂ ਤਣਦੇ ਹਾਂ। ਤਾਨਾ—ਸੂਤਰ ਦੀ ਤਾਣੀ। ਕੰਠਿ—ਗਲ ਵਿਚ। ਤਉ—ਤਾਂ। ਪੜਹੁ—(ਜੀਭ ਨਾਲ ਹੀ) ਉਚਾਰਦੇ ਹੋ। ਗਾਇਤ੍ਰੀ—ਇਹ ਇਕ ਵੇਦ ਦਾ ਮੰਤਰ ਹੈ, ਵਿਸ਼ਵਾਮਿੱਤਰ ਦਾ ਉਚਾਰਿਤ ਹੈ, ਜਿਸਦਾ ਮਤਲਬ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ : ਜੋ ਸੂਰਜ ਦੇਵਤਾ ਸਭ ਨੂੰ ਜਿਵਾਲਦਾ ਹੈ ਅਤੇ ਦੁੱਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਬੇਨਤੀ ਕਰਨ ਜੋਗ ਹੈ, ਪਾਪ ਨਾਸਕ ਹੈ, ਜੋ ਬੁਧੀਆਂ ਨੂੰ ਪ੍ਰੇਰਦਾ ਹੈ, ਉਸਦਾ ਅਸੀਂ ਧਿਆਨ ਧਰਦੇ ਹਾਂ। ਰਿਦੈ—ਹਿਰਦੇ ਵਿਚ।੧। ਗੋਬਿੰਦੁ—ਗੋ—ਬਾਣੀ। ਬਿੰਦੁ—ਜਾਨਣ ਵਾਲਾ। ਬਿਸਨੁ ਨਾਰਾਇਨ—ਵੱਸ ਰਹੇ ਹਨ। ਜਮ ਦੁਆਰ—ਜਮਾਂ ਦੇ ਦਰ 'ਤੇ, ਧਰਮ ਰਾਜ ਦੇ ਬੂਹੇ 'ਤੇ, ਪ੍ਰਭੂ ਦੀ ਹਜ਼ੂਰੀ ਵਿਚ। ਮੁਕੰਦਾ—ਮੁਕਤੀ ਦਾਤਾ, ਈਸ਼ੁਰ। ਪੂਛਸਿ—ਜਦੋਂ ਪ੍ਰਭੂ ਪੁੱਛੇਗਾ। ਬਾਵਰੇ—ਹੇ ਕਮਲੇ ! ਕਹਸਿ—ਕਹਿਸੇਂ, ਉਤਰ ਦੇਵੇਂਗਾ।੧।ਰਹਾਉ। ਗੋਰੂ—ਗਊਆਂ। ਗੁਆਰ—ਗੁਪਾਲ, ਗੁਜਰ, ਗਾਈਆਂ ਦੇ ਰਾਖੇ। ਗੁਸਾਈ—ਗੋ ਸੁਆਮੀ, ਗਊਆਂ ਦਾ ਮਾਲਕ, ਸਤਿਕਾਰ ਯੋਗ ਹਸਤੀ। ਜਨਮ ਜਨਮ—ਕਈ ਜਨਮਾਂ ਤੋਂ। ਪਾਰਿ ਉਤਾਰਿ—ਪਾਰ ਲੰਘਾ ਕੇ। ਚਰਾਇਹੁ—ਤੁਸਾਂ ਸਾਨੂੰ ਚਾਰਿਆ, ਤੁਸਾਂ ਸਾਨੂੰ ਆਤਮਿਕ ਖ਼ੁਰਾਕ ਦਿੱਤੀ। ਕੈਸੇ—ਕਿਹੋ ਜਿਹੇ ? ਨਿਕਾਰੇ ਹੀ।੨। ਕਾਸੀਕ—ਕਾਂਸ਼ੀ ਦਾ। ਜੁਲਹਾ—ਜੁਲਾਹਾ। ਮੋਰ—ਮੇਰੀ। ਗਿਆਨਾ—ਵੀਚਾਰ ਦੀ ਗੱਲ। ਜਾਚੇ—ਮੰਗਦੇ ਹੋ। ਭੂਪਤਿ—ਰਾਜੇ, ਪ੍ਰਿਥਵੀ ਦੇ ਮਾਲਕ।੩।

ਅਰਥ :

ਪ੍ਰ: ਓ ਕਬੀਰ ! ਤੂੰ ਮੈਥੋਂ ਪਰੇ ਰਹੁ ਕਿਉਂਕਿ ਤੇਰੇ ਸ਼ੂਦਰ ਦਾ ਪ੍ਰਛਾਵਾਂ ਮੇਰੇ ਜਨੇਊ ਧਾਰਨ ਵਾਲੇ ਪੰਡਤ 'ਤੇ ਨ ਆ ਪਵੇ ?

ਉ: ੧. ਹੇ ਝੱਲੇ ਮੁਕੰਦੇ ਬ੍ਰਾਹਮਣ ! ਸੁਣ, ਜੇ ਤੈਨੂੰ ਇਸ ਕਰਕੇ ਆਪਣੀ ਉੱਚੀ ਜਾਤੀ ਦਾ ਮਾਣ ਹੈ ਕਿ ਮੈਂ (ਮਾਸੇ ਚਾਰ ਮਾਸੇ) ਸੂਤ੍ਰ ਦਾ ਜਨੇਊ ਆਪਣੇ ਗਲ ਵਿਚ ਪਾਇਆ ਹੋਇਆ ਹੈ, ਜੋ ਕਿ ਮੇਰੇ ਗਲੇ ਵਿਚ ਨਹੀਂ, ਤਾਂ ਵੇਖ ਇਹੋ ਜਿਹਾ ਹੀ ਸੂਤ ਸਾਡੇ ਘਰ (ਬਥੇਰਾ ਹੈ ਜਿਸ ਨਾਲ) ਅਸੀਂ ਨਿੱਤ ਹੀ ਤਾਣਾ ਤਣਦੇ ਹਾਂ। (ਭਾਵ ਜੇਕਰ ਤੂੰ ਸੂਤ੍ਰ ਦੀਆਂ ਚਾਰ ਤੰਦਾਂ ਕਰਕੇ ਉੱਤਮ ਹੈਂ ਤਾਂ ਇਸ ਤਰ੍ਹਾਂ ਤਾਂ ਮੈਂ ਤੇਰੇ ਨਾਲੋਂ ਭੀ ਉੱਤਮ ਹਾਂ, ਕਿਉਂਕਿ ਮੇਰਾ ਅੱਠੇ ਪਹਿਰ ਸੂਤ੍ਰ ਨਾਲ ਹੀ ਵਿਵਹਾਰ ਹੈ)।

ਪ੍ਰ: ਕਬੀਰ ! ਕੇਵਲ ਇਕ ਜਨੇਊ ਦੀ ਹੀ ਮੇਰੇ ਵਿਚ ਵਿਸ਼ੇਸ਼ਤਾ ਨਹੀਂ, ਮੈਂ ਤਾਂ ਵੇਦ ਤੇ ਗਾਇਤ੍ਰੀ ਮੰਤ੍ਰ ਦਾ ਭੀ ਹਰ ਰੋਜ਼ ਪਾਠ ਕਰਦਾ ਹਾਂ।

ਉ: ੨. ਹੇ ਪੰਡਤ ! ਤੇਰਾ ਵੇਦ ਆਦਿਕ ਪੜ੍ਹਨ ਦਾ ਮਾਣ ਭੀ ਕੂੜਾ ਹੈ, ਕਿਉਂਕਿ ਤੁਸੀਂ ਤਾਂ ਵੇਦ ਤੇ ਗਾਇਤ੍ਰੀ ਦੇ ਮੰਤ੍ਰ ਕੇਵਲ (ਜ਼ਬਾਨੀ) ਜੀਭ ਨਾਲ ਹੀ ਉਚਾਰਨ ਕਰਦੇ ਹੋ, ਉਸ ਨੂੰ ਹਿਰਦੇ ਅੰਦਰ ਧਾਰਨ ਨਹੀਂ ਕਰਦੇ, ਪਰ ਮੇਰੇ ਹਿਰਦੇ ਵਿਚ ਪਰਮੇਸ਼ਰ ਵਸਦਾ ਹੈ।੧।

੩. ਹੇ ਕਮਲਿਆ ! ਜ਼ਰਾ ਧਿਆਨ ਨਾਲ ਤੱਕ ਕਿ ਮੇਰੀ ਜੀਭ ਉੱਤੇ ਵਸਦਾ ਹੈ ਵਿਸ਼ਨ, ਮੇਰੇ ਨੈਣਾਂ ਵਿਚ ਵਸਦਾ ਹੈ ਨਾਰਾਇਣ ਤੇ ਹਿਰਦੇ ਵਿਚ ਵਸਦਾ ਹੈ ਗੋਬਿੰਦ, ਭਾਵ ਹੈ ਮੈਂ ਅੱਖਾਂ ਨਾਲ ਸਭ ਨੂੰ ਨਾਰਾਇਣ ਰੂਪ ਵੇਖਦਾ ਹਾਂ ਅਤੇ ਮੇਰੇ ਹਿਰਦੇ ਵਿਚ ਉਸੇ ਗੋਬਿੰਦ ਦਾ ਧਿਆਨ ਵਸਦਾ ਹੈ, ਪਰ ਮੈਂ ਵੇਖ ਰਿਹਾ ਹਾਂ ਕਿ ਤੂੰ ਇਸ ਪ੍ਰਕਾਰ ਈਸ਼ੁਰ ਲਖਤਾ ਤੋਂ ਸਖਣਾ ਹੈਂ।

੪. ਪਰ ਹੇ ਬਾਵਰਿਆ ! ਇਕ ਗੱਲ ਯਾਦ ਰੱਖੀਂ ਕਿ ਜਦੋਂ ਤੂੰ ਧਰਮ ਰਾਜ ਦੀ ਹਜ਼ੂਰੀ ਵਿਚ ਗਿਆ, ਤਾਂ ਉਸ ਵੇਲੇ ਮੁਕਤੀ ਦਾਤਾ ਵਲੋਂ ਪੁੱਛ ਹੋਈ ਕਿ ਤੂੰ ਅੰਤ੍ਰ ਮੁੱਖ ਪ੍ਰਭੂ ਦੀ ਲਖਤਾ ਵਲੋਂ ਖ਼ਾਲੀ ਹੈਂ, ਤਾਂ ਫਿਰ ਹੇ ਬਾਵਰੇ ! ਦੱਸ ਤੂੰ ਕੀ ਜੁਆਬ ਦੇਵੇਂਗਾ ਕਿ (ਸਾਰੀ ਉਮਰ ਏਥੇ ਕੀ ਕਰਦਾ ਰਿਹਾ)।੧।ਰਹਾਉ।

ਪ੍ਰ: ਹੇ ਕਬੀਰ ! ਤੈਨੂੰ ਸਾਡੇ ਪੰਡਤ ਲੋਕਾਂ ਦੀ ਸ਼ਾਨ ਤੋਂ ਵਿਰੁੱਧ ਬਾਵਰੇ ਆਦਿ ਅਪ ਸ਼ਬਦ ਨਹੀਂ ਕਹਿਣੇ ਚਾਹੀਦੇ, ਕਿਉਂਕਿ ਤੁਸੀਂ ਸਾਡੀਆਂ ਗਊਆਂ ਹੋ ਤੇ ਅਸੀਂ ਤੁਹਾਡੇ ਰਾਖੇ ਬਣੇ ਆ ਰਹੇ ਹਾਂ।

ਉ: ੫. ਹੇ ਪੰਡਤ ! ਸੁਣ, ਤੁਸੀਂ ਸਾਡੇ ਗੁਰੂ ਬਣ-ਬਣ ਬਹਿੰਦੇ ਹੋ, ਪਰ ਭਲਾ ਜੇ ਇਹ ਮੰਨ ਵੀ ਲਈਏ ਕਿ ਤੁਸੀਂ ਸਾਡੇ ਗੁਆਲੇ ਮਾਲਕ ਹੋ ਤੇ ਅਸੀਂ ਤੁਹਾਡੀਆਂ ਗਊਆਂ ਹਾਂ, ਇਉਂ ਤੁਸੀਂ ਸਾਡੇ ਜਨਮ-ਜਨਮ ਰਖਵਾਲੇ ਰਹੇ, ਪਰ ਮੈਂ ਤਾਂ ਇਹ ਸੋਚਦਾ ਹਾਂ ਕਿ ਤੁਸੀਂ ਸਾਡੇ ਲਈ ਹੁਣ ਤੱਕ ਨਿਕਾਰੇ ਹੀ ਸਾਬਤ ਹੋਏ।

੬. (ਕਿਉਂਕਿ) ਤੁਸੀਂ ਸਾਨੂੰ ਕਦੀ ਵੀ ਅਵਿੱਦਿਆ ਰੂਪ ਨਦੀ ਤੋਂ ਪਾਰ ਲਿਜਾ ਕੇ ਬ੍ਰਹਮਾ ਨੰਦ ਰੂਪੀ ਘਾਹ ਨਹੀਂ ਚਰਾਇਆ, ਭਾਵ ਕਿ ਤੁਸੀਂ ਸਾਨੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਵਾਲੀ ਕਦੇ ਭੀ ਕੋਈ ਮਤਿ ਨਹੀਂ ਦਿੱਤੀ, ਇਸ ਲਈ ਦੱਸੋ ਤੁਸੀਂ ਸਾਡੇ ਮਾਲਕ ਕੈਸੇ ਹੋ ? ਕਿਸ ਤਰ੍ਹਾਂ ਦੇ ਮਾਲਕ ਬਣੇ ਹੋਏ ਹੋ ? ਹੇ ਪੰਡਤ ਜੀ ! ਤੁਸੀਂ ਆਪ ਹੀ ਸੋਚ ਕੇ ਵੇਖੋ ਕਿ ਜੋ ਵਾਗੀ ਗਊਆਂ ਨੂੰ ਘਾਹ ਨਹੀਂ ਚਰਨ ਦੇਂਦਾ, ਸਗੋਂ ਘਾਹ ਦੇ ਖੇਤ ਕੋਲ ਹੀ ਡੱਕ ਛੱਡਦਾ ਹੈ, ਗਊਆਂ ਉਸਨੂੰ ਆਪਣਾ (ਰਾਖਾ ਨਹੀਂ) ਸਗੋਂ ਦੁਸ਼ਮਣ ਸਮਝਦੀਆਂ ਹਨ, ਇਸੇ ਤਰ੍ਹਾਂ ਤੁਸੀਂ ਸਾਡੇ ਖ਼ਸਮ ਨਹੀਂ ਸਾਬਤ ਹੁੰਦੇ, ਸਗੋਂ ਸਾਡੇ ਵਿਰੋਧੀ ਵੇਖਣ ਵਿਚ ਆਉਂਦੇ ਹੋ।੨।

ਪ੍ਰ: ਹੇ ਕਬੀਰ ! ਤੂੰ ਭਾਵੇਂ ਕਿਤਨੀਆਂ ਵੀ ਚਾਤ੍ਰਤਾ ਭਰੀਆਂ ਗੱਲਾਂ ਕਰਦਾ ਹੈਂ, ਪਰ ਆਖ਼ਰ ਮੈਂ ਬ੍ਰਾਹਮਣ ਹਾਂ ਤੇ ਤੂੰ ਕਾਂਸ਼ੀ ਦਾ ਜੁਲਾਹਾ ਹੈਂ, ਮੇਰੇ ਨਾਲ ਤੇਰੀ ਬਰਾਬਰੀ ਕਰਨੀ ਕਿਸੇ ਤਰ੍ਹਾਂ ਭੀ ਨਹੀਂ ਬਣਦੀ।

ਉ: ੭. ਹੇ ਪੰਡਤ ਜੀ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਤੂੰ ਕਾਂਸ਼ੀ ਦਾ ਬ੍ਰਾਹਮਣ ਹੈਂ ਭਾਵ ਤੈਨੂੰ ਆਪਣੇ ਵਿਦਵਾਨ ਹੋਣ ਦਾ ਮਾਣ ਹੈ, ਜੋ ਤੂੰ ਵਿੱਦਿਆ ਕਾਂਸ਼ੀ ਵਿਚ ਪ੍ਰਾਪਤ ਕੀਤੀ ਹੈ ਅਤੇ ਮੈਂ ਕਾਂਸ਼ੀ ਦਾ ਜੁਲਾਹਾ ਹਾਂ (ਜਿਸ ਨੂੰ ਕਿ ਤੁਹਾਡੀ ਵਿੱਦਿਆ ਪੜ੍ਹਨ ਦਾ ਹੱਕ ਨਹੀਂ) ਪਰ ਮੇਰੇ ਜੁਲਾਹੇ ਦੀ ਤੂੰ ਇਕ ਵੀਚਾਰ ਦੀ ਗੱਲ ਸੋਚ ਕਿ ਤੁਸੀਂ ਲੋਕ ਵਿੱਦਿਆ ਪੜ੍ਹ ਕੇ ਆਖ਼ਰ ਕਰਦੇ ਕੀ ਕੁਝ ਹੋ ?

੮. (ਤੁਸੀਂ ਤਾਂ ਸਾਰੀ ਉਮਰ) ਰਾਜੇ ਰਾਣਿਆਂ ਦੇ ਦਰਾਂ 'ਤੇ ਮੰਗਦੇ ਫਿਰਦੇ ਹੋ, ਪਰ ਮੇਰਾ ਧਿਆਨ ਉਸ (ਰਾਜਿਆਂ ਦੇ ਰਾਜੇ) ਪ੍ਰਭੂ ਵਿਚ ਲੱਗ ਰਿਹਾ ਹੈ।੩।੪।੨੬।

ਭਾਵਾਰਥ : ਇਸ ਸ਼ਬਦ ਵਿਚ ਅਸਲ ਸਿਧਾਂਤ ਇਹੋ ਉਚਾਰਨ ਕਰਦੇ ਹਨ ਕਿ ਹੇ ਪੰਡਤ! ਜੇ ਤੇਰਾ ਦੋ ਚਾਰ ਮਾਸੇ ਸੂਤ ਤੇਰੀ ਕਲਿਆਣ ਕਰ ਸਕਦਾ ਹੈ ਤਾਂ ਸਾਡੀ ਕਲਿਆਣ ਤਾਂ ਅਵੱਸ਼ ਹੀ ਹੋਵੇਗੀ, ਕਿਉਂਕਿ ਉਸ ਸੂਤਰ ਦੇ ਤਾਣੇ ਸਾਡੇ ਘਰ ਹਮੇਸ਼ਾ ਹੀ ਤਣੇ ਜਾਂਦੇ ਹਨ, ਇਸ ਲਈ ਹਰੀ ਦੇ ਮਿਲਾਪ ਵਾਸਤੇ ਆਪਣੇ ਕਾਰ ਵਿਹਾਰ ਛੱਡ ਕੇ ਕਿਸੇ ਰਸਮੀ ਵਿਚੋਲੇ (ਬ੍ਰਾਹਮਣ) ਆਦਿ ਦੀ ਲੋੜ ਨਹੀਂ ਅਤੇ ਨਾ ਹੀ ਵਿਖਾਵੇ ਦੇ ਕਰਮਾਂ ਦੀ ਹੀ ਜ਼ਰੂਰਤ ਹੈ। ਕੇਵਲ ਸ਼ੁੱਧ ਹਿਰਦੇ ਦਾ ਪਿਆਰ ਹੀ ਕਾਫ਼ੀ ਹੈ।

ਆਸਾ ॥

੧. ਜਗਿ ਜੀਵਨੁ ਐਸਾ ਸੁਪਨੇ ਜੈਸਾ
ਜੀਵਨੁ ਸੁਪਨ ਸਮਾਨੰ ॥
੨. ਸਾਚੁ ਕਰਿ ਹਮ ਗਾਠਿ ਦੀਨੀ
ਛੋਡਿ ਪਰਮ ਨਿਧਾਨੰ ॥੧॥
੩. ਬਾਬਾ ਮਾਇਆ ਮੋਹ ਹਿਤੁ ਕੀਨੁ ॥
੪. ਜਿਨਿ ਗਿਆਨੁ ਰਤਨੁ ਹਿਰਿ ਲੀਨੁ ॥੧॥ ਰਹਾਉ ॥
੫. ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥
੬. ਕਾਲ ਫਾਸ ਨ ਮੁਗਧੁ ਚੇਤੈ
ਕਨਿਕ ਕਾਮਿਨਿ ਲਾਗਿ ॥੨॥
੭. ਕਰਿ ਬਿਚਾਰੁ ਬਿਕਾਰ ਪਰਹਰਿ
ਤਰਨ ਤਾਰਨ ਸੋਇ ॥
੮. ਕਹਿ ਕਬੀਰ ਜਗਜੀਵਨੁ ਐਸਾ
ਦੁਤੀਅ ਨਾਹੀ ਕੋਇ ॥੩॥੫॥੨੭॥

ਪਦ ਅਰਥ : ਜਗਿ—ਜਗਤ ਵਿਚ। ਜੀਵਨੁ—ਜ਼ਿੰਦਗੀ, ਉਮਰ। ਸਮਾਨੰ—ਵਰਗਾ, ਬਰਾਬਰ। ਸਾਚੁ—ਸਦਾ ਥਿਰ ਰਹਿਣ ਵਾਲਾ। ਗਾਠਿ—ਗੰਢ। ਦੀਨੀ—ਦਿੱਤੀ, ਦ੍ਰਿੜ੍ਹ ਨਿਸਚਾ ਕਰ ਲਿਆ। ਨਿਧਾਨੰ—ਖ਼ਜ਼ਾਨਾ, ਭਾਵ ਪ੍ਰਭੂ।੧। ਹਿਤੁ—ਪਿਆਰ। ਜਿਨਿ—ਜਿਸ (ਮੋਹ ਪਿਆਰ) ਨੇ। ਹਿਰਿ ਲੀਨੁ—ਚੁਰਾ ਲਿਆ ਹੈ।੧।ਰਹਾਉ। ਨੈਨ—ਅੱਖਾਂ ਨਾਲ। ਉਰਝੈ—ਫਸਦਾ ਹੈ। ਪਸੁ—ਮੂਰਖ। ਕਾਲ ਫਾਸ—ਮੌਤ ਦੀ ਫਾਹੀ। ਨ ਚੇਤੈ—ਚੇਤੇ ਨਹੀਂ ਰੱਖਦਾ। ਕਨਿਕ—ਸੋਨਾ। ਕਾਮਿਨਿ—ਇਸਤ੍ਰੀ।੨। ਪਰਹਰਿ—ਛੱਡ। ਤਰਨ—ਬੇੜੀ, ਜਹਾਜ਼। ਸੋਇ—ਉਹ ਪ੍ਰਭੂ। ਜਗਜੀਵਨੁ—ਜਗਤ ਦਾ ਜੀਵਨ, ਜਗਤ ਦਾ ਆਸਰਾ ਪ੍ਰਭੂ। ਦੁਤੀਅ—ਦੂਜਾ, ਬਰਾਬਰ ਦਾ।੩।

ਅਰਥ :

ਪ੍ਰ: ਕਬੀਰ ਜੀ! ਤੁਸੀਂ ਅਗਿਆਨ ਕਿਸਨੂੰ ਸਮਝਦੇ ਹੋ?

ਉ: ੧. ਹੇ ਭਾਈਓ! ਇਹੋ ਹੀ ਇਕ ਅਗਿਆਨ ਦਾ ਸਰੂਪ ਹੈ ਕਿ ਜਗਤ ਵਿਚ ਜੋ ਜੀਵਨ ਗੁਜ਼ਰ ਰਿਹਾ ਹੈ, ਇਹ ਹੈ ਤਾਂ ਐਸਾ, ਜੈਸਾ ਕਿ ਸੁਪਨਾ ਹੁੰਦਾ ਹੈ, (ਭਾਵ ਛਿਨ ਭੰਗਰ ਹੈ) ਸੱਚ ਮੁੱਚ ਹੀ ਇਹ ਜੀਵਨ ਸੁਪਨੇ ਸਮਾਨ ਹੈ।

੨. (ਪਰ) ਅਸਾਂ ਇਸ ਸੁਪਨੇ ਸਮਾਨ ਜੀਵਨ ਨੂੰ ਸੱਚਾ ਕਰਕੇ ਮਨ ਵਿਚ ਗੰਢ ਦੇ ਰੱਖੀ ਹੈ, (ਭਾਵ ਹੈ ਅਸੀਂ ਇਸਨੂੰ ਦ੍ਰਿੜ੍ਹ ਕਰਕੇ ਸੱਚਾ ਮੰਨ ਰਖਿਆ ਹੈ) ਅਤੇ ਸਭ ਤੋਂ ਉੱਚੇ ਸੁੱਖਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਤਿਆਗ ਛੱਡਿਆ ਹੈ।੧।

ਪ੍ਰ: ਕਬੀਰ ਜੀ! ਸਾਡੇ ਅੰਦਰੋਂ ਸਾਡਾ ਅਸਲ ਗਿਆਨ ਰਤਨ ਚੁਰਾਏ ਜਾਣ ਦਾ ਕਾਰਨ ਕੀ ਹੈ?

ਉ: ੩. ਹੇ ਬਾਬਾ! ਅਸਲ ਕਾਰਨ ਹੈ ਕਿ ਅਸਾਂ ਮਾਇਆ ਮੋਹ ਨਾਲ ਪਿਆਰ ਪਾਇਆ ਹੋਇਆ ਹੈ।

੪. ਜਿਸ ਮਾਇਆ ਮੋਹ ਪਿਆਰ ਨੇ ਸਾਡਾ ਅੰਦਰੋਂ ਗਿਆਨ ਰੂਪ ਰਤਨ ਚੁਰਾ ਲਿਆ ਹੈ।੧।ਰਹਾਉ।

ਪ੍ਰ: ਕਬੀਰ ਜੀ! ਜਦ ਕਿ ਹਰ ਪ੍ਰਾਣੀ ਮਾਤ੍ਰ ਨੇ ਆਖ਼ਰ ਕਾਲ ਦੀ ਫਾਹੀ ਵਿਚ ਬੰਧਾਏਮਾਨ ਹੋਣਾ ਹੈ ਤਾਂ ਉਸਨੂੰ ਇਹ ਚੇਤੇ ਕਿਉਂ ਨਹੀਂ ਰਹਿੰਦਾ, ਇਸਦਾ ਕਾਰਣ ਕੀ ਹੈ?

ਉ: ੫. ਹੇ ਬਾਬਾ! ਦੇਖ, ਜਿਵੇਂ ਪਤੰਗਾ ਅੱਖਾਂ ਨਾਲ ਦੀਵੇ ਦੀ ਲਾਟ ਦਾ ਰੂਪ ਦੇਖਣ ਮਾਤ੍ਰ ਵਿਚ ਹੀ ਫਸ ਜਾਂਦਾ ਹੈ, ਭਾਵ ਭੁੱਲ ਜਾਂਦਾ ਹੈ, ਉਹ ਪਸ਼ੂ ਅੱਗ ਨੂੰ ਨਹੀਂ ਦੇਖਦਾ (ਭਾਵ ਨਹੀਂ ਸਮਝਦਾ ਕਿ ਇਹ ਸਾੜ ਦੇਣ ਵਾਲੀ ਹੈ)।

੬. (ਤਿਵੇਂ ਹੀ) ਇਹ ਮੂਰਖ ਆਦਮੀ ਸੋਨੇ ਤੇ ਇਸਤ੍ਰੀ (ਦੇ ਮੋਹ) ਵਿਚ ਫਸ ਕੇ ਮੌਤ ਦੀ ਫਾਹੀ ਨੂੰ (ਚੇਤਦਾ) ਯਾਦ ਨਹੀਂ ਕਰਦਾ।੨।

ਪ੍ਰ: ਕਬੀਰ ਜੀ! ਦੱਸੋ ਫਿਰ ਹੁਣ ਮੈਂ ਕਰਾਂ ਕੀ?

ਉ: ੭. ਹੇ ਬਾਬਾ! ਤੂੰ ਵਿਕਾਰਾਂ ਨੂੰ ਛੱਡ ਦੇ ਅਤੇ ਵੀਚਾਰ ਕਰ (ਕਿ ਇਹ ਸਭੇ ਖਿਨ ਭੰਗਰ ਹਨ) ਤੇ ਉਹ ਪ੍ਰਭੂ ਸੰਸਾਰ ਸਾਗਰ ਤੋਂ ਤਾਰਨ ਵਾਸਤੇ (ਤਰਨ) ਜਹਾਜ਼ ਹੈ।

੮. ਕਬੀਰ ਜੀ ਕਹਿੰਦੇ ਹਨ ਕਿ ਉਹ ਸਾਡੇ ਜੀਵਨ ਦਾ ਆਸਰਾ ਪ੍ਰਭੂ ਐਸਾ ਹੈ ਕਿ ਉਸ ਜੈਸਾ ਕੋਈ ਹੋਰ ਦੂਸਰਾ ਨਹੀਂ ਹੈ।੩।੫।੨੭।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਨੇ ਇਸ ਸੰਸਾਰਕ ਜੀਵਨ ਨੂੰ ਛਿਨ ਭੰਗਰ ਦੱਸ ਕੇ ਉਸ ਸੱਚੇ ਜਗ ਜੀਵਨ ਰੂਪ ਪ੍ਰਭੂ ਦੀ ਅਰਾਧਨਾ ਕਰਨ ਲਈ ਪ੍ਰੇਰਣਾ ਕੀਤੀ ਹੈ। ਅਖ਼ੀਰ ਵਿਚ ਭੀ ਵਿਕਾਰਾਂ ਦਾ ਤਿਆਗ ਕਰਨ ਦਾ ਉਪਦੇਸ਼ ਦੇਂਦਿਆਂ ਹੋਇਆਂ ਪਰਮੇਸ਼ਰ ਦੀ ਚਰਨ ਸ਼ਰਨ ਪ੍ਰਾਪਤ ਕਰਨ ਲਈ ਪ੍ਰੇਰਿਆ ਹੈ ਜੋ ਕਿ ਇਸ ਸੰਸਾਰ ਸਾਗਰ ਤੋਂ ਤਾਰਨ ਲਈ ਜਹਾਜ਼ ਰੂਪ ਹੈ।

ਆਸਾ ॥

੧. ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ ॥
੨. ਤਾਗਾ ਤੰਤੁ ਸਾਜੁ ਸਭੁ ਥਾਕਾ
ਰਾਮ ਨਾਮ ਬਸਿ ਹੋਈ ॥੧॥
੩. ਅਬ ਮੋਹਿ ਨਾਚਨੋ ਨ ਆਵੈ ॥
੪. ਮੇਰਾ ਮਨੁ ਮੰਦਰੀਆ ਨ ਬਜਾਵੈ ॥੧॥ ਰਹਾਉ ॥

੫. ਕਾਮੁ ਕ੍ਰੋਧੁ ਮਾਇਆ ਲੈ ਜਾਰੀ
ਤ੍ਰਿਸਨਾ ਗਾਗਰਿ ਫੂਟੀ ॥
੬. ਕਾਮ ਚੋਲਨਾ ਭਇਆ ਹੈ ਪੁਰਾਨਾ
ਗਇਆ ਭਰਮੁ ਸਭੁ ਛੂਟੀ ॥੨॥
੭. ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥
੮. ਕਹਿ ਕਬੀਰ ਮੈ ਪੂਰਾ ਪਾਇਆ
ਭਏ ਰਾਮ ਪਰਸਾਦਾ ॥੩॥੬॥੨੮॥

ਪਦ ਅਰਥ : ਬਹੁਤੇਰੇ—ਕਈ ਜੂਨਾਂ। ਤਾਗਾ—ਮੋਹ ਦਾ ਧਾਗਾ। ਤੰਤੁ—ਮੋਹ ਦੀ ਤਾਰ। ਸਾਜੁ—(ਮੋਹ ਦਾ ਸਾਰਾ) ਅਡੰਬਰ। ਬਸਿ—ਵਸ ਵਿਚ।੧। ਮੋਹਿ—ਮੈਨੂੰ। ਨਾਚਨੋ—ਮਾਇਆ ਦੇ ਹੱਥਾਂ ਉੱਤੇ ਨੱਚਣਾ। ਮੰਦਰੀਆ—ਢੋਲਕੀ।੧।ਰਹਾਉ। ਫੂਟੀ—ਟੁੱਟ ਗਈ ਹੈ।੨। ਸਰਬ ਭੂਤ—ਸਾਰੇ ਜੀਵਾਂ ਵਿਚ। ਬਾਦ ਬਿਬਾਦਾ—ਝਗੜੇ, ਵੈਰ ਵਿਰੋਧ। ਪਰਸਾਦਾ—ਕਿਰਪਾ, ਦਇਆ।੩।

ਅਰਥ :

ਪ੍ਰ: ਕਬੀਰ ਜੀ! ਪਿਛੇ ਤੁਸਾਂ ਅਗਿਆਨਤਾ ਦੀ ਪ੍ਰਬਲਤਾ ਦਰਸਾਈ ਹੈ, ਜਿਸ ਨੇ ਮਨੁੱਖ ਦੇ ਅੰਦਰੋਂ ਗਿਆਨ ਰੂਪ ਰਤਨ ਨੂੰ ਚੁਰਾ ਲਿਆ ਹੈ, ਪਰ ਹੁਣ ਦੱਸੋ, ਤੁਹਾਨੂੰ ਨਾਮ ਦਾ ਸਿਮਰਨ ਕਰਦਿਆਂ ਕੀ ਪ੍ਰਤੀਤ ਹੋ ਰਿਹਾ ਹੈ, ਤੁਸੀਂ ਹੋਰ ਮਾਇਆ ਦੇ ਮੋਹ ਵਿਚ ਫਸ ਕੇ ਕਿਤਨੇ-ਕੁ ਜਨਮ ਧਾਰੋਗੇ ?

ਉ: ੧. ਹੇ ਸੱਜਨੋ! ਸੁਣੋ, ਜੇ ਮੈਂ ਮਾਇਆ ਦੇ ਮੋਹ ਵਿਚ ਫਸ ਕੇ, ਅਗਿਆਨ ਵਸ ਹੋ ਪਹਿਲੋਂ ਕਈ ਰੂਪ ਧਾਰਨ ਕੀਤੇ ਸਨ, ਭਾਵ ਕਈ ਜਨਮਾਂ ਵਿਚ ਫਿਰਦਾ ਰਿਹਾਂ, ਮੈਥੋਂ ਹੁਣ ਮੁੜ ਕੇ ਹੋਰ ਰੂਪ ਧਾਰਨ ਨਹੀਂ ਕੀਤਾ ਜਾਣਾ, (ਭਾਵ ਹੈ ਕਿ ਮੇਰਾ ਹੁਣ ਜਨਮ-ਮਰਨ ਦਾ ਗੇੜ ਮੁੱਕ ਗਿਆ ਹੈ)।

ਪ੍ਰ: ਕਬੀਰ ਜੀ! ਜੰਮਣ-ਮਰਨ ਦਾ ਗੇੜ ਤਾਂ ਬਹੁਤ ਪ੍ਰਬਲ ਹੈ, ਇਹ ਤੁਹਾਡਾ ਕਿਵੇਂ ਮੁੱਕ ਗਿਆ ?

ਉ: ੨. ਹੇ ਮਿੱਤਰੋ! ਜੰਮਣ-ਮਰਨ ਦਾ ਚੱਕ੍ਰ ਕੇਵਲ ਮੋਹ ਦੀ ਪ੍ਰਬਲਤਾ ਨਾਲ ਹੀ ਹੁੰਦਾ ਹੈ, ਪਰ ਹੁਣ ਉਹ ਮੇਰੇ ਮਨ ਵਿਚੋਂ ਮੋਹ ਦਾ ਧਾਗਾ, ਮੋਹ ਦੀ ਤਾਰ ਅਤੇ ਮੋਹ ਦੇ ਸਾਰੇ ਹੀ ਅਡੰਬਰ ਮੁੱਕ ਗਏ ਹਨ, (ਕਿਉਂਕਿ) ਮੇਰੀ ਸੁਰਤਿ ਹੁਣ ਰਾਮ ਨਾਮ ਦੇ ਵੱਸ ਵਿਚ ਹੋ ਗਈ ਹੈ।੧।

੩. ਇਸ ਲਈ ਹੁਣ ਪਰਮੇਸ਼ਰ ਦੀ ਕਿਰਪਾ ਨਾਲ ਮੈਂ ਮਾਇਆ ਦੇ ਹੱਥਾਂ 'ਤੇ ਨੱਚਣੋਂ ਹੱਟ ਗਿਆ ਹਾਂ।

੪. (ਕਿਉਂਕਿ) ਢੋਲਕ ਦੀਆਂ ਗਤਾਂ ਨਾਲ ਹੀ ਨੱਚਣਾ ਹੋ ਸਕਦਾ ਹੈ, ਪਰ ਮੇਰਾ ਮਨ ਤਾਂ ਹੁਣ ਇਹ ਮਾਇਆ ਦੇ ਮੋਹ ਦੀ ਜਾਂ ਹੰਕਾਰ ਭਰੇ ਬਚਨਾਂ ਦੀ ਢੋਲਕ ਹੀ ਨਹੀਂ ਵਜਾਉਂਦਾ।੧।ਰਹਾਉ।

ਪ੍ਰ: ਕਬੀਰ ਜੀ! ਇਹ ਮਾਇਆ ਦੀ ਖੇਡ ਤਾਂ ਬਹੁਤ ਪ੍ਰਬਲ ਹੈ, ਪਰ ਇਹ ਮੁੱਕੀ ਕਿਵੇਂ ?

ਉ: ੫. ਐ ਭਾਈਓ! ਹੁਣ ਮੈਂ ਕਾਮ ਕ੍ਰੋਧ ਤੇ ਮਾਇਆ ਦੇ ਪ੍ਰਭਾਵ ਨੂੰ ਅੰਦਰੋਂ ਸਾੜ ਦਿੱਤਾ ਹੈ ਅਤੇ ਮੇਰੇ ਮਨ ਵਿਚੋਂ ਤ੍ਰਿਸ਼ਨਾ ਦੀ ਮਟਕੀ ਟੁੱਟ ਗਈ ਹੈ।

੬. ਹੇ ਭਾਈ! ਜਿਵੇਂ ਨੱਟ ਅਨੇਕਾਂ ਪੁਸ਼ਾਕਾਂ ਪਹਿਨ ਕੇ ਅਨੇਕਾਂ ਹੀ ਰੂਪ ਵਟਾਉਂਦੇ ਹਨ, ਇਸੇ ਤਰ੍ਹਾਂ ਹੁਣ ਮੇਰਾ ਕਾਮਨਾ ਰੂਪ ਚੋਲਾ ਪੁਰਾਣਾ ਹੋ ਗਿਆ ਹੈ ਅਤੇ ਭਰਮ ਵੀ ਸਾਰਾ ਹੀ ਛੁੱਟ ਗਿਆ ਹੈ, ਅਰਥਾਤ ਭਰਮ ਵਿਚ ਫਸਿਆ ਜੀਵ ਅਨੇਕਾਂ ਤਰ੍ਹਾਂ ਦੀ ਕਾਮਨਾ ਕਰਦਾ ਸੀ। ਜਦ ਹੁਣ ਭਰਮ ਹੀ ਨਾ ਰਿਹਾ, ਤਾਂ ਦੱਸੋ ਕਾਮਨਾ ਕੌਣ ਕਰੇ ? ਜਿਵੇਂ ਪੁਰਾਣੇ ਕੁੜਤੇ ਨੂੰ ਪਾਉਣ ਲਈ ਦਿਲ ਨਹੀਂ ਕਰਦਾ, ਇਵੇਂ ਹੁਣ ਕਾਮਨਾ ਨਹੀਂ ਫੁਰਦੀ। ਮੁਕਦੀ ਗੱਲ ਹੈ ਕਿ ਮਾਇਆ ਦੀ ਸਾਰੀ ਖੇਡ ਹੀ ਖ਼ਤਮ ਹੋ ਗਈ ਹੈ।੨।

ਪ੍ਰ: ਕਬੀਰ ਜੀ! ਇਹ ਦੱਸੋ, ਹੁਣ ਤੁਹਾਡੀ ਮਾਨਸਕ ਦਸ਼ਾ ਕਿਹੋ ਜਿਹੀ ਹੋ ਗਈ ਹੈ ?

ਉ: ੭. ਹੇ ਪਿਆਰਿਓ! ਹੁਣ ਮੈਂ ਸਾਰੇ ਜੀਵਾਂ ਨੂੰ ਇਕੋ ਹੀ ਕਰਕੇ ਜਾਣ ਲਿਆ ਹੈ, ਭਾਵ ਹੈ ਮੈਂ ਸਾਰੇ ਜੀਵਾਂ ਵਿਚ ਇਕੋ ਪ੍ਰਭੂ ਨੂੰ ਵਿਆਪਕ ਸਰੂਪ ਜਾਣ ਲਿਆ ਹੈ, ਇਸ ਲਈ ਹੁਣ ਮੇਰੇ ਅੰਦਰੋਂ ਸਾਰੇ ਵੈਰ ਵਿਰੋਧ ਮੁੱਕ ਗਏ ਹਨ, ਝਗੜੇ ਤੇ ਵਿਅਰਥ ਬਹਿਸਾਂ ਸਭੋ ਹੀ ਛੁੱਟ ਗਈਆਂ ਹਨ।

ਪ੍ਰ: ਕਬੀਰ ਜੀ! ਪਰ ਤੁਹਾਨੂੰ ਇਹ ਦਾਤ ਕਿਥੋਂ ਪ੍ਰਾਪਤ ਹੋਈ ਹੈ ?

ਉ: ੮. ਕਬੀਰ ਜੀ ਕਹਿੰਦੇ ਹਨ ਕਿ ਭਾਈਓ! ਮੈਂ ਪੂਰਾ ਪ੍ਰਭੂ ਪਾ ਲਿਆ ਹੈ, ਪਰ ਪਾਇਆ ਹੈ ਉਸੇ ਪ੍ਰਭੂ ਦੀ ਕਿਰਪਾ ਦੁਆਰਾ।੩।੬।੨੮।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ, ਸਾਰਿਆਂ ਵਲੋਂ ਥੱਕ ਟੁੱਟ ਕੇ ਹਰੀ ਦੀ ਸ਼ਰਣ ਵਿਚ ਪੈਣ ਦਾ ਜ਼ਿਕਰ ਕਰਦੇ ਹਨ ਅਤੇ ਇਹੋ ਪ੍ਰੇਰਣਾ ਸਾਰਿਆਂ ਨੂੰ ਕਰਦੇ ਹਨ।

ਉਥਾਨਕਾ : ਕਬੀਰ ਜੀ ਪਾਸ ਇਕ ਕਾਜ਼ੀ ਆਇਆ, ਜਿਸਨੇ ਕੁਝ ਕਰੜੇ ਵਾਕਾਂ ਵਿਚ ਆਪਣੇ ਦੀਨ ਦੀ ਹੈਂਕੜ ਵਿਚ ਵਾਕ ਕਹੇ ਤੇ ਕਬੀਰ ਜੀ ਭੀ ਉਸਨੂੰ ਜਵਾਬ ਵਿਚ ਬਾਵਰਾ ਕਹਿ ਕੇ ਸੰਬੋਧਨ ਕਰਦੇ ਹਨ। ਬਾਵਰੇ ਤੋਂ ਭਾਵ ਹੈ ਜੋ ਕਿ ਆਪਣੀ ਗੱਲ ਨੂੰ ਆਪਣੇ ਅਮਲ ਜਾਂ ਵਰਤਾਉ ਨਾਲ ਰੱਦ ਕਰੇ ਅਤੇ ਵੀਚਾਰ ਕੇ ਨਾ ਵੇਖੇ ਕਿ ਮੈਂ ਕਿਥੇ ਉਕਾਈ ਕਰਦਾ ਹਾਂ।

ਆਸਾ ॥

੧. ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥
੨. ਆਪਾ ਦੇਖਿ ਅਵਰ ਨਹੀ ਦੇਖੈ
ਕਾਹੇ ਕਉ ਝਖ ਮਾਰੈ ॥੧॥
੩. ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ
ਸੋਚਿ ਬਿਚਾਰਿ ਨ ਦੇਖੈ ॥
੪. ਖਬਰਿ ਨ ਕਰਹਿ ਦੀਨ ਕੇ ਬਉਰੇ
ਤਾ ਤੇ ਜਨਮੁ ਅਲੇਖੈ ॥੧॥ ਰਹਾਉ ॥
੫. ਸਾਚੁ ਕਤੇਬ ਬਖਾਨੈ ਅਲਹੁ
ਨਾਰਿ ਪੁਰਖੁ ਨਹੀ ਕੋਈ ॥

੬. ਪਢੇ ਗੁਨੇ ਨਾਹੀ ਕਛੁ ਬਉਰੇ
ਜਉ ਦਿਲ ਮਹਿ ਖਬਰਿ ਨ ਹੋਈ ॥੨॥
੭. ਅਲਹੁ ਗੈਬੁ ਸਗਲ ਘਟ ਭੀਤਰਿ
ਹਿਰਦੈ ਲੇਹੁ ਬਿਚਾਰੀ ॥
੮. ਹਿੰਦੂ ਤੁਰਕ ਦੂਹੂੰ ਮਹਿ ਏਕੈ
ਕਹੈ ਕਬੀਰ ਪੁਕਾਰੀ ॥੩॥੭॥੨੯॥

ਪਦ ਅਰਥ : ਧਰੈ—ਰੱਖਦਾ ਹੈਂ। ਮਨਾਵੈ—ਮੰਨਤ ਮੰਨਦਾ ਹੈਂ, ਪੂਜਦਾ ਹੈਂ, ਖ਼ੁਸ਼ ਕਰਦਾ ਹੈਂ। ਅਲਹੁ—ਅੱਲਾ, ਰੱਬ ਨੂੰ, ਖ਼ੁਦਾ, ਪਰਮੇਸ਼ਰ ਨੂੰ। ਮਨਾਵੈ ਅਲਹੁ—ਅੱਲਾ ਦੇ ਨਾਮ 'ਤੇ ਕੁਰਬਾਨੀ ਦੇਂਦਾ ਹੈਂ। ਸੁਆਦਤਿ—ਸੁਆਦ ਦੇ ਮਗਰ ਲਗਾ ਹੋਇਆ, ਸੁਆਦ ਦੀ ਖ਼ਾਤਰ। ਸੰਘਾਰੈ—ਮਾਰਦਾ ਹੈਂ, ਕੋਹਦਾ ਹੈਂ। ਆਪਾ ਦੇਖਿ—ਆਪਣੇ ਸੁਆਦ ਨੂੰ ਅੱਖਾਂ ਅੱਗੇ ਰੱਖ ਕੇ। ਅਵਰ ਨਹੀ ਦੇਖੈ—ਹੋਰਨਾਂ ਦੇ ਸੁਆਰਥ ਨੂੰ ਨਹੀਂ ਦੇਖਦਾ।੧। ਕਾਜੀ—ਹੇ ਕਾਜ਼ੀ! ਤੋਹੀ ਮਹਿ—ਤੇਰੇ ਵਿਚ ਭੀ। ਤੇਰਾ—ਤੇਰਾ ਸਾਹਿਬ। ਖਬਰਿ ਨ ਕਰਹਿ—ਤੂੰ ਸਮਝਦਾ ਨਹੀਂ। ਦੀਨ ਕੇ ਬਉਰੇ—ਮਜ਼ਹਬ ਦੀ (ਸ਼ਰਾਹ) ਵਿਚ ਕਮਲੇ ਹੋਏ, ਹੇ ਕਾਜ਼ੀ! ਅਲੇਖੈ—ਕਿਸੇ ਲੇਖੇ ਵਿਚ ਨਹੀਂ, ਵਿਅਰਥ ਹੈ, ਕੋਈ ਲਾਭ ਨਹੀਂ ਹੋਇਆ।੧।ਰਹਾਉ। ਝਖ ਮਾਰੈ—ਖੇਹ ਖਾਂਦਾ ਹੈਂ, ਮਾੜਾ ਕਰਮ ਕਰਦਾ ਹੈਂ। ਕਤੇਬ—ਪੱਛਮੀ ਮੱਤਾਂ ਦੀਆ ਕਿਤਾਬਾਂ (ਕੁਰਾਨ, ਤੁਰੇਤ, ਅੰਜੀਲ, ਜੰਬੂਰ)। ਨਹੀ ਕੋਈ—ਉਸ ਪ੍ਰਭੂ ਦੀ ਜੋਤ ਬਿਨਾ ਕੋਈ ਨਹੀਂ ਜੀਅ ਸਕਦਾ। ਨਾਹੀ ਕਛੁ—ਭਾਵ ਕੋਈ (ਆਤਮਕ) ਲਾਭ ਨਹੀਂ। ਖਬਰਿ—ਸੂਝ, ਗਿਆਨ।੨। ਗੈਬੁ—ਲੁਕਿਆ ਹੋਇਆ, ਗੁਪਤ। ਪੁਕਾਰੀ—ਪੁਕਾਰਿ, ਉੱਚੀ ਕੂਕ ਕੇ।੩।

ਅਰਥ :

ਪ੍ਰ: ਹੇ ਕਬੀਰ! ਸਾਡੀ ਸ਼ਰਹ ਤਾਂ ਕਹਿੰਦੀ ਹੈ ਕਿ ਜੋ ਰੋਜ਼ੇ ਰੱਖਦਾ ਹੈ ਤੇ ਪੰਜ ਨਿਮਾਜ਼ਾਂ ਪੜ੍ਹਦਾ ਹੈ, ਉਹੀ ਮੁਸਲਮਾਨ ਬਹਿਸ਼ਤਾਂ ਨੂੰ ਜਾਣ ਦਾ ਹੱਕਦਾਰ ਹੈ।

ਉ: ੧. ਹੇ ਕਾਜ਼ੀ! ਮੈਂ ਤਾਂ ਤੈਨੂੰ ਵੇਖਦਾ ਹਾਂ ਕਿ ਤੂੰ ਰੋਜ਼ਾ ਰੱਖਦਾ ਹੈਂ ਅਤੇ ਪੰਜ ਨਿਮਾਜ਼ਾਂ ਪੜ੍ਹ ਕੇ ਤੂੰ ਅੱਲਾ ਨੂੰ ਪ੍ਰਸੰਨ ਕਰਦਾ ਹੈਂ, ਭਾਵ ਸਮਝ ਲੈਂਦਾ ਹੈਂ ਕਿ ਮੇਰੇ 'ਤੇ ਅੱਲਾ ਪ੍ਰਸੰਨ ਹੋ ਗਿਆ, (ਰੋਜ਼ਿਆਂ ਦੇ ਅਖ਼ੀਰ 'ਤੇ ਈਦ ਵਾਲੇ ਦਿਨ) ਅੱਲਾ ਦੇ ਨਾਮ 'ਤੇ ਕੁਰਬਾਨੀ ਦੇਂਦਾ ਹੈਂ, ਭਾਵ ਹੈ ਕਿ ਤੂੰ ਆਪਣੀ ਜੀਭ ਦੇ ਸੁਆਦ ਮਗਰ ਲੱਗਾ ਹੋਇਆ, ਉਸ ਅੱਲਾ ਦੇ ਸਾਜੇ ਜੀਉਂਦੇ ਜੀਆਂ ਨੂੰ ਕੋਂਹਦਾ ਹੈਂ।

੨. ਹੇ ਕਾਜ਼ੀ! ਦੇਖ ਜਿਸ ਤਰ੍ਹਾਂ ਤੂੰ ਆਪਣੇ ਆਪ ਨੂੰ (ਪਿਆਰਾ) ਵੇਖਦਾ ਹੈਂ, ਇਸ ਤਰ੍ਹਾਂ ਦਾ ਤੂੰ ਹੋਰਨਾਂ ਨੂੰ ਨਹੀਂ ਵੇਖਦਾ। ਤੂੰ ਕੇਵਲ ਆਪਣੇ ਹੀ ਸੁਆਰਥ ਨੂੰ ਅੱਖਾਂ ਅਗੇ ਰਖਿਆ ਹੈ, ਪਰ ਹੋਰਨਾਂ ਦੀ ਪ੍ਰਵਾਹ ਨਹੀਂ ਕਰਦਾ, ਭਾਵ ਤੈਨੂੰ ਆਪਣੀ ਜਿੰਦ ਪਿਆਰੀ ਲੱਗਦੀ ਹੈ, ਦੂਸਰੇ ਦੀ ਨਹੀਂ, ਕਿਉਂਕਿ ਜੇ ਦੂਜੇ ਦੀ ਜਿੰਦ ਭੀ ਇਸੇ ਤਰ੍ਹਾਂ ਪਿਆਰੀ ਲੱਗਦੀ, ਤਾਂ ਤੂੰ ਇਸ ਤਰ੍ਹਾਂ ਦੀਆਂ ਬਿਅਰਥ ਝਖਾਂ ਕਿਉਂ ਮਾਰਦਾ, ਭਾਵ ਹੈ ਕਿ ਤੇਰਾ ਉਪ੍ਰੋਕਤ ਕੀਤਾ ਉੱਦਮ ਬਿਅਰਥ ਝਖਾਂ ਮਾਰਨ ਵਾਲੀ ਗੱਲ ਹੈ।੧।

੩. ਹੇ ਕਾਜ਼ੀ! ਉਹ ਸਾਰੇ ਹੀ ਜਗਤ ਦਾ ਮਾਲਕ ਇਕੋ ਹੀ ਰੱਬ ਹੈ, ਉਹੋ ਰੱਬ ਤੇਰਾ ਵੀ ਹੈ ਅਤੇ ਉਹੀ ਤੇਰੇ ਅੰਦਰ ਮੌਜੂਦ ਹੈ, ਪਰ ਤੂੰ ਉਸ ਨੂੰ ਸੋਚ ਵਿਚਾਰ ਕੇ ਤੱਕਦਾ ਹੀ ਨਹੀਂ।

੪. ਹੇ ਸ਼ਰਹ ਵਿਚ ਕਮਲੇ ਹੋਏ ਕਾਜ਼ੀ! ਤੂੰ ਇਸ ਅਸਲੀਅਤ ਤੇ ਸਮ ਦ੍ਰਿਸ਼ਟੀ ਦੀ ਸੋਝੀ ਨਹੀਂ ਕਰਦਾ, ਭਾਵ ਤੂੰ ਇਸ ਭੇਤ ਨੂੰ ਸਮਝਦਾ ਹੀ ਨਹੀਂ, ਇਸ ਵਾਸਤੇ (ਮੈਂ ਤਾਂ ਸਮਝਦਾ ਹਾਂ ਕਿ ਤੇਰਾ ਇਹ ਜਨਮ ਹੀ ਵਿਅਰਥ ਜਾ ਰਿਹਾ ਹੈ) ਅਰਥਾਤ ਜੇ ਖ਼ੁਦਾ ਸਾਰਿਆਂ ਵਿਚ ਹੈ ਤਾਂ ਤੂੰ ਵਿਚਾਰੇ ਹਿੰਦੂਆਂ ਦੇ ਘਰ ਬਾਰ ਲੁਟਾਣ ਦਾ ਹੁਕਮ ਕਿਉਂ ਦੇਂਦਾ ਹੈਂ? ਅਤੇ ਉਨ੍ਹਾਂ 'ਤੇ ਜ਼ੁਲਮ ਕਿਉਂ ਕਰਾਂਦਾ ਹੈਂ? ਕਿਉਂਕਿ ਖ਼ੁਦਾ ਦਾ ਗਿਆਨ ਦੱਸਣਾ ਤੇਰਾ ਕੰਮ ਸੀ, ਲੋਕਾਂ ਨੂੰ ਤੂੰ ਖ਼ੁਦਾ ਦਾ ਗਿਆਨ ਭੀ ਨਹੀਂ ਦੱਸਦਾ, ਇਸ ਲਈ ਇਹ ਸੱਚ ਹੈ ਕਿ ਖ਼ੁਦਾ ਦੀ ਦਰਗਾਹ ਵਿਚ ਤੇਰਾ ਜੀਵਨ ਕਬੂਲ ਨਹੀਂ ਪੈਣਾ।੧।ਰਹਾਉ।

੫. ਹੇ ਕਾਜ਼ੀ! ਵੇਖ, ਤੇਰੀਆਂ ਧਰਮ ਪੁਸਤਕਾਂ, ਭਾਵ ਮਜ਼ਹਬੀ ਕਿਤਾਬਾਂ ਭੀ ਇਹੋ ਆਖਦੀਆਂ ਹਨ ਕਿ ਅੱਲਾ ਸੱਚ ਹੈ, ਸਾਰੀ ਦੁਨੀਆ ਅੱਲਾ ਦੀ ਪੈਦਾ ਕੀਤੀ ਹੋਈ ਹੈ, ਉਹ ਅੱਲਾ ਨਾ ਇਸਤ੍ਰੀ ਹੈ, ਨਾ ਹੀ ਪੁਰਖ ਹੈ।

੬. ਪਰ ਹੇ ਕਮਲੇ ਕਾਜ਼ੀ! ਤੇਰੇ ਦਿਲ ਵਿਚ ਇਹ ਸੋਝੀ ਨਹੀਂ ਪਈ, ਤਾਂ ਨਿਰਾ ਮਜ਼ਹਬੀ ਕਿਤਾਬਾਂ ਨੂੰ ਪੜ੍ਹਨ ਤੇ ਵੀਚਾਰਨ ਦਾ ਕੋਈ ਲਾਭ ਨਹੀਂ।੨।

੭. ਹੇ ਕਾਜ਼ੀ! ਉਹ ਅੱਲਾ ਸਾਰਿਆਂ ਦੇ ਦਿਲ ਵਿਚ ਵਸਦਾ ਹੈ, ਪਰ ਵਰਤਦਾ ਹੈ ਗੁਪਤ ਰੂਪ ਵਿਚ। ਇਹ ਗੱਲ ਤੂੰ ਵੀ ਦਿਲ ਵਿਚ ਵਿਚਾਰ ਲੈ ਕਿ ਇਹ ਠੀਕ ਹੈ ਜਾਂ ਨਹੀਂ?

ਪ੍ਰ: ਹੇ ਕਬੀਰ! ਆਖ਼ਰ ਤੇਰਾ ਨਿਸਚਾ ਕੀ ਹੈ, ਉਹ ਕਹੁ?

ਉ: ੮. ਹੇ ਕਾਜ਼ੀ! ਮੈਂ ਕਬੀਰ ਤਾਂ (ਇਹ ਗੱਲ) ਪੁਕਾਰ-ਪੁਕਾਰ ਕੇ ਕਹਿੰਦਾ ਹਾਂ ਕਿ ਹਿੰਦੂ ਤੁਰਕ ਦੋਹਾਂ ਵਿਚ ਇਕੋ ਹੀ ਅੱਲਾ ਵਰਤ ਰਿਹਾ ਹੈ।੩।੭।੨੯।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਇਸ ਬਾਵਰੇ ਕਾਜ਼ੀ ਨੂੰ ਕਹਿ ਰਹੇ ਹਨ ਕਿ ਐ ਕਾਜ਼ੀ! ਹੁਣ ਭੀ ਸੋਝੀ ਕਰ, ਪੜ੍ਹੇ ਸੁਣੇ ਹੋਏ ਪਰ ਦਿਲ ਅੰਦਰ ਵੀਚਾਰ ਕਰ ਕੇ ਦੇਖ ਕਿ ਅੱਲਾ ਸਾਰਿਆਂ ਹੀ ਦਿਲਾਂ ਵਿਚ ਵਸਦਾ ਹੈ, ਉਹ ਕਿਸੇ ਵੀ ਦਿਲ ਵਿਚ ਵੱਧ ਘੱਟ ਨਹੀਂ ਵਰਤਦਾ, ਇਹ ਗੱਲ ਸਮਝ ਕੇ ਇਸ 'ਤੇ ਅਮਲ ਕਰ, ਇਹੀ ਤਰੀਕਾ ਖ਼ੁਦਾ ਦੇ ਦਰ ਵਿਚ ਕਬੂਲ ਹੋਣ ਦਾ ਹੈ।

ਆਸਾ ॥ ਤਿਪਦਾ ॥ ਇਕਤੁਕਾ ॥

੧. ਕੀਓ ਸਿੰਗਾਰੁ ਮਿਲਨ ਕੇ ਤਾਈ ॥
੨. ਹਰਿ ਨ ਮਿਲੇ ਜਗਜੀਵਨ ਗੁਸਾਈ ॥੧॥
੩. ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥
੪. ਰਾਮ ਬਡੇ ਮੈ ਤਨਕ ਲਹੁਰੀਆ ॥੧॥ ਰਹਾਉ ॥
੫. ਧਨ ਪਿਰ ਏਕੈ ਸੰਗਿ ਬਸੇਰਾ ॥
੬. ਸੇਜ ਏਕ ਪੈ ਮਿਲਨੁ ਦੁਹੇਰਾ ॥੨॥

੭. ਧੰਨਿ ਸੁਹਾਗਨਿ ਜੋ ਪੀਅ ਭਾਵੈ ॥
੮. ਕਹਿ ਕਬੀਰ ਫਿਰਿ ਜਨਮਿ ਨ ਆਵੈ ॥੩॥੮॥੩੦॥

ਪਦ ਅਰਥ : ਸਿੰਗਾਰੁ—ਸਜਾਵਟ ਦਾ ਸਾਧਨ, ਜੋ ਇਸਤ੍ਰੀਆਂ ਪਤੀ ਨੂੰ ਰੀਝਾਵਣ ਲਈ ਕਰਦੀਆਂ ਹਨ, ਏਥੇ ਪਰਮੇਸ਼ਰ ਦੀ ਪ੍ਰਾਪਤੀ ਲਈ ਕੀਤੇ ਸਾਧਨਾਂ ਦੀ ਮੁਰਾਦ ਹੈ। ਕੇ ਤਾਈ—ਦੀ ਖ਼ਾਤਰ। ਗੁਸਾਈ—ਪ੍ਰਿਥਵੀ ਦਾ ਮਾਲਕ।੧। ਮੇਰੋ—ਮੇਰਾ। ਪਿਰੁ—ਪਤੀ। ਹਉ—ਮੈਂ। ਬਹੁਰੀਆ—ਬਹੁਟੀ, ਬਹੂ ਦਾ ਨਿੰਮੀਂ ਵਾਚਕ ਬਹੁਰੀਆ ਹੈ, ਅੰਞਾਣ ਜਿਹੀ ਵਹੁਟੀ। ਤਨਕ—ਥੋੜ੍ਹੀ ਜਿਹੀ, ਛੋਟੀ ਜਿਹੀ। ਲਹੁਰੀਆ—ਅੰਞਾਣ ਬਾਲੜੀ।੧।ਰਹਾਉ। ਧਨ—ਇਸਤ੍ਰੀ। ਪਿਰ—ਖਸਮ ਦਾ। ਰਾਮ ਬਡੇ—ਰਾਮ ਵੱਡੇ ਹਨ। ਬਸੇਰਾ—ਵਸੇਬਾ। ਸੇਜ—ਹਿਰਦਾ ਰੂਪ ਸੇਜ। ਦੁਹੇਰਾ—ਮੁਸ਼ਕਲ, ਔਖਾ। ਪੈ—ਪ੍ਰੰਤੂ।੨। ਧੰਨਿ—ਭਾਗਾਂ ਵਾਲੀ। ਸੁਹਾਗਨਿ—ਸੁਹਾਗ ਵਾਲੀ, ਚੰਗੇ ਭਾਗਾਂ ਵਾਲੀ। ਪੀਅ—ਖ਼ਸਮ ਨੂੰ। ਕਹਿ—ਕਹੇ, ਆਖਦਾ ਹੈ।੩।

ਅਰਥ :

ਪ੍ਰ: ਕਿਉਂ ਕਬੀਰ ਜੀ! ਪਰਮੇਸ਼ਰ ਪਤੀ ਦੀ ਪ੍ਰਾਪਤੀ ਲਈ ਤੁਹਾਨੂੰ ਵੀ ਕੋਈ ਹੋਰ ਸਾਧਨ ਕਰਨੇ ਪਏ ਹਨ?

ਉ: ੧. ਹੇ ਭਾਈਓ! ਹਰੀ ਰੂਪ ਪਤੀ ਨੂੰ ਮਿਲਣ ਲਈ ਮੈਂ ਹਾਰ ਸ਼ਿੰਗਾਰ ਕੀਤੇ (ਭਾਵ ਹੈ ਕਿ ਜੋਗ ਆਦਿ ਸਾਧਨ ਕਮਾਏ)।
੨. ਪਰ ਉਹ ਹਰੀ ਜੋ ਸਾਰੇ ਜਗਤ ਦਾ ਜੀਵਨ ਰੂਪ ਪ੍ਰਭੂ ਪਤੀ ਹੈ, ਉਹ ਮੈਨੂੰ ਨਹੀਂ ਮਿਲੇ।੧।
੩. ਭਾਵੇਂ ਉਹ ਹਰੀ ਜੀ ਮੇਰੇ ਪਤੀ ਹਨ, ਮੈਂ ਹਰੀ ਜੀ ਦੀ ਅੰਞਾਣ ਜਿਹੀ ਵਹੁਟੀ ਹਾਂ, ਪਰ ਮੇਰਾ ਉਸ ਨਾਲ ਮਿਲਾਪ ਨਹੀਂ ਹੁੰਦਾ (ਕਿਉਂਕਿ)
੪. ਉਹ ਮੇਰਾ ਖਸਮ ਪ੍ਰਭੂ ਬਹੁਤ ਵੱਡਾ ਹੈ ਤੇ ਮੈਂ ਨਿੱਕੀ ਜਿਹੀ, ਛੋਟੀ ਬਾਲੜੀ ਹਾਂ।੧।ਰਹਾਉ।

ਪ੍ਰ: ਕਿਉਂ ਕਬੀਰ ਜੀ! ਕੀ ਉਹ ਤੇਰਾ ਪਤੀ ਤੈਥੋਂ ਕਿਤੇ ਬਹੁਤ ਦੂਰ ਵਸਦਾ ਹੈ?

ਉ: ੫. ਨਹੀਂ, ਦੂਰ ਤਾਂ ਕੋਈ ਨਹੀਂ ਵਸਦਾ, ਸਗੋਂ (ਮੈਂ ਜੀਵ) ਵਹੁਟੀ ਤੇ ਖਸਮ (ਪ੍ਰਭੂ) ਦਾ ਵਸੇਬਾ ਇਕੋ ਹੀ ਥਾਂ ਹੈ।
੬. ਪਰ ਫਿਰ ਵੀ ਉਸ ਨੂੰ ਮਿਲਣਾ ਬਹੁਤ ਕਠਨ ਹੋ ਰਿਹਾ ਹੈ।੨।
੭. ਤਾਂ ਤੇ ਹੇ ਭਾਈਓ! ਉਹ ਸੁਹਾਗਨ ਧੰਨਤਾ ਯੋਗ ਹੈ, ਜੋ ਕਿ ਉਸ ਪਤੀ ਪਰਮੇਸ਼ਰ ਨੂੰ ਪਿਆਰੀ ਲੱਗ ਜਾਂਦੀ ਹੈ।
੮. ਕਬੀਰ ਜੀ ਆਖਦੇ ਹਨ ਕਿ ਹੇ ਭਾਈ! ਉਹ ਜੀਵ-ਇਸਤ੍ਰੀ ਧੰਨਤਾ ਜੋਗ ਇਸ ਲਈ ਹੈ ਕਿ ਉਹ ਮੁੜ ਕੇ ਜਨਮ ਮਰਨ ਵਿਚ ਨਹੀਂ ਆਉਂਦੀ, (ਭਾਵ ਹੈ ਕਿ ਉਹ ਆਪਣੇ ਪਿਆਰੇ ਪਰਮੇਸ਼ਰ ਪਤੀ ਦੇ ਅੰਕ ਵਿਚ ਸਮਾਈ ਰਹਿੰਦੀ ਹੈ)।੩।੮।੩੦।

ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ

੧ੴ ਸਤਿਗੁਰ ਪ੍ਰਸਾਦਿ ॥

੧. ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥
੨. ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥੧॥
੩. ਹਰਿ ਕੀ ਕਥਾ ਅਨਾਹਦ ਬਾਨੀ ॥
੪. ਹੰਸੁ ਹੁਇ ਹੀਰਾ ਲੇਇ ਪਛਾਨੀ ॥੧॥ ਰਹਾਉ ॥
੫. ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ ॥
੬. ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥੨॥੧॥੩੧॥

ਪਦ ਅਰਥ : ਹੀਰੈ—ਹਰੀ ਰੂਪ ਹੀਰੇ ਨੇ। ਹੀਰਾ—ਮਨ ਰੂਪ ਹੀਰੇ ਨੂੰ। ਬੇਧਿ—ਵਿੰਨ੍ਹ ਕੇ। ਪਵਨ ਮਨੁ—ਪਵਨ ਵਰਗਾ ਚੰਚਲ ਮਨ। ਸਹਜੇ—ਸਹਿਜ ਅਵਸਥਾ ਵਿਚ ਜਿਥੇ ਮਨ ਡੋਲਦਾ ਨਹੀਂ। ਸਗਲ ਜੋਤਿ—ਸਾਰੀਆਂ ਜੋਤਾਂ, ਸਾਰੇ ਜੀਅ ਜੰਤ। ਇਨਿ ਹੀਰੈ—ਇਸ ਪ੍ਰਭੂ ਲਾਲ ਨੇ। ਮੈ ਪਾਈ—ਇਹ ਗੱਲ ਮੈਂ ਲੱਭੀ ਹੈ। ਬੇਧੀ—ਵਿੰਨ੍ਹ ਲਈਆਂ ਹਨ।੧। ਹੰਸੁ ਹੁਇ—ਜੋ ਹੰਸ ਬਣ ਜਾਂਦਾ ਹੈ। ਲੇਇ ਪਛਾਨੀ—ਪਛਾਣ ਲੈਂਦਾ ਹੈ। ਅਨਾਹਦ—ਇਕ ਰਸ, ਸਦਾ।੧।ਰਹਾਉ। ਅਸ—ਐਸਾ, ਉਹ। ਗੁਰ ਗਮ— ਪਹੁੰਚ ਵਾਲੇ ਗੁਰੂ ਨੇ।੨।

ਅਰਥ :

ਪ੍ਰ: ਕਬੀਰ ਜੀਉ! ਇਹ ਮਨ ਤਾਂ ਬਹੁਤ ਚੰਚਲ ਹੈ, ਪਰ ਤੁਸਾਂ ਇਸ ਮਨ ਨੂੰ ਕਿਵੇਂ ਸਹਿਜ ਅਵਸਥਾ ਵਿਚ ਟਿਕਾਅ ਲਿਆ ਹੈ?

ਉ: ੧. ਹੇ ਭਾਈ! ਜਦੋਂ ਹਰੀ ਰੂਪ ਹੀਰੇ ਨੇ ਮਨ ਰੂਪ ਹੀਰੇ ਨੂੰ ਵਿੰਨ੍ਹ ਦਿੱਤਾ, ਤਾਂ ਸਮਝੋ ਪਉਣ ਵਾਂਗ ਚੰਚਲ ਮਨ ਸਹਿਜ ਵਿਚ ਅਡੋਲ ਹੋ ਕੇ ਟਿੱਕ ਗਿਆ, ਭਾਵ ਹੁਣ ਸਹਿਜ ਅਵਸਥਾ ਵਿਚ ਸਮਾ ਰਿਹਾ ਹੈ।

ਪ੍ਰ: ਕਬੀਰ ਜੀ! ਜਿਸ ਹਰੀ ਰੂਪ ਹੀਰੇ ਦਾ ਤੁਸੀਂ ਜ਼ਿਕਰ ਕਰਦੇ ਹੋ, ਉਹ ਕਿਤਨੀ-ਕੁ ਤਾਕਤ ਰੱਖਦਾ ਹੈ?

ਉ: ੨. ਹੇ ਪਿਆਰਿਓ! ਇਸ ਹਰੀ ਰੂਪ ਹੀਰੇ ਨੇ ਇਹ ਸਾਰੀ ਜੋਤ ਵਾਲੀ ਸ੍ਰਿਸ਼ਟੀ ਆਪਣੇ ਅੰਦਰ ਪ੍ਰੋ ਰਖੀ ਹੈ, ਪਰ ਇਹ ਸੋਝੀ ਮੈਂ ਗੁਰੂ ਦੇ ਉਪਦੇਸ਼ ਤੋਂ ਪਾਈ ਹੈ।੧।

ਪ੍ਰ: ਕਬੀਰ ਜੀ! ਉਸ ਹੀਰੇ ਦੀ ਪਰਖ ਕਿਵੇਂ ਹੋ ਸਕਦੀ ਹੈ?
੩. ਹੇ ਭਾਈ! ਉਸ ਹੀਰਾ ਰੂਪ ਹਰੀ ਦੀ ਕਥਾ ਹੀ ਅਨਾਹਦ ਬਾਣੀ ਹੈ

ਉ: ੪. ਜਿਥੇ ਓਹ ਕਥਾ ਹੋ ਰਹੀ ਹੈ, ਉਹ ਸਤਿ ਸੰਗ ਹੈ (ਉਸ ਸਤਿ ਸੰਗ ਰੂਪੀ ਸਰੋਵਰ ਦਾ) ਜੋ ਹੰਸ ਬਣ ਜਾਏ ਉਹ ਉਸ ਹਰੀ ਰੂਪ ਹੀਰੇ ਨੂੰ ਪਛਾਣ ਲੈਂਦਾ ਹੈ।੧।ਰਹਾਉ।

ਪ੍ਰ: ਕਬੀਰ ਜੀ! ਤੁਸੀਂ ਉਸ ਹਰੀ ਨੂੰ ਹੀਰਾ ਰੂਪ ਕਿਉਂ ਕਿਹਾ ਹੈ?

ਉ: ੫. ਕਬੀਰ ਜੀ ਕਹਿੰਦੇ ਹਨ ਕਿ ਐ ਭਾਈਓ! ਇਕ ਹੀਰਾ (ਜੋ ਕਿ ਇਕ ਪ੍ਰਕਾਰ ਦਾ ਪੱਥਰ ਹੈ) ਅਸੀਂ ਉਸ ਹੀਰੇ ਦੀ ਕੇਵਲ ਸ਼ੁੱਧਤਾ, ਉਸ ਹੀਰੇ ਦੀ ਸੁੰਦਰਤਾ, ਉਸਦੀ ਅਮੋਲਕਤਾ ਅਤੇ ਉਸਦੀ ਅਣਵਿਧਤਾ ਆਦਿ ਲੱਛਣ ਲੈ ਕੇ ਉਸਨੂੰ ਹੀਰੇ

ਦੀ ਉਪਮਾ ਦਾ ਰੂਪਕ ਦਿੱਤਾ ਹੈ, ਪਰ ਇਹ ਦੁਨਿਆਵੀ ਹੀਰਾ ਉਸ ਹਰੀ ਰੂਪ ਹੀਰੇ ਦੀ ਸਦਰਸ਼ਤਾ ਪ੍ਰਾਪਤ ਨਹੀਂ ਕਰ ਸਕਦਾ, ਇਸੀ ਵਾਸਤੇ ਅਸੀਂ ਕਹਿੰਦੇ ਹਾਂ ਕਿ ਹਰੀ ਰੂਪ ਇਕ ਐਸਾ ਹੀਰਾ ਦੇਖਿਆ ਹੈ ਕਿ ਉਹ ਸਾਰੇ ਹੀ ਜਗਤ ਵਿਚ ਸਮਾ ਰਿਹਾ ਹੈ।

ਪ੍ਰ: ਕਬੀਰ ਜੀ ! ਇਹ ਬਹਿਰੂਨੀ ਹੀਰਾ ਤਾਂ ਸਨਮੁਖ ਦੇਖਣ ਵਿਚ ਆਉਂਦਾ ਹੈ, ਪਰ ਤੁਸੀਂ ਜਿਸ ਹਰੀ ਰੂਪ ਹੀਰੇ ਦਾ ਜ਼ਿਕਰ ਕਰਦੇ ਹੋ, ਉਸਨੂੰ ਕਿਵੇਂ ਵੇਖਿਆ ਜਾਏ ?

ਉ: ੬. ਹੇ ਪਿਆਰਿਓ ! ਇਹ ਹਰੀ ਰੂਪ ਹੀਰਾ ਸਾਰਿਆਂ ਵਿਚ ਗੁਪਤ ਰੂਪ ਹੋ ਕੇ ਵ੍ਰਤਦਾ ਹੈ, ਪਰ ਉਹ ਗੁਪਤ ਹਰੀ ਰੂਪ ਹੀਰਾ ਮੈਨੂੰ ਪਰਗਟ ਰੂਪ ਵਿਚ ਦਿੱਸ ਪਿਆ ਹੈ, ਜਦ ਕਿ ਗੁਰੂ ਦੀ ਗੰਮਤਾ ਨੇ ਮੈਨੂੰ (ਪ੍ਰਗਟ ਰੂਪ ਵਿਚ) ਦਿਖਾ ਦਿੱਤਾ।੨।੧।੩੧।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਆਪਣੇ ਅਸਲੀ ਹੀਰੇ ਦਾ ਕਥਨ ਕਰਦੇ ਹਨ ਕਿ ਸਾਡਾ ਹਰੀ ਰੂਪ ਹੀਰਾ ਸਾਰੇ ਹੀਂ ਜਗਤ ਵਿਚ ਸਮਾ ਰਿਹਾ ਹੈ, ਜਿਸ ਨੂੰ ਕਿ ਅਸਾਂ ਪ੍ਰਗਟ ਰੂਪ ਵਿਚ ਡਿੱਠਾ ਹੈ, ਪਰ ਉਹ ਹਰੀ ਰੂਪ ਹੀਰਾ ਉਸ ਹੀਰੇ ਤੋਂ ਵਖਰਾ ਹੈ ਜੋ ਕਿ ਖਾਣਾਂ ਵਿਚ ਜਾਂ ਜੌਹਰੀਆਂ ਦੀਆਂ ਦੁਕਾਨਾਂ ਜਾਂ ਰਾਜਿਆਂ ਦਿਆਂ ਖ਼ਜ਼ਾਨਿਆਂ ਵਿਚ ਹੁੰਦਾ ਹੈ। ਕਿਉਂਕਿ ਇਹ ਹੀਰਾ ਜੋ ਕਿ ਸੁੰਦਰੀਆਂ ਦੀਆਂ ਮੁੰਦਰੀਆਂ ਵਿਚ ਹੁੰਦਾ ਹੈ, ਉਹ ਇਕ ਦੇਸੀ ਸ਼ੈਅ ਹੈ, ਇਹ ਜਗਤ ਵਿਚ ਵਿਆਪਕ ਵਸਤੂ ਨਹੀਂ, ਜਗਤ ਵਿਚ ਵਿਆਪਕ ਵਸਤੂ ਕੇਵਲ ਇਕੋ ਹੀ ਹਰੀ ਰੂਪ ਹੀਰਾ ਹੈ।

ਉਥਾਨਕਾ : ਕਬੀਰ ਜੀ ਦੇ ਇਕ ਗੁਆਂਢੀ ਸੰਗੀ ਨੇ ਆ ਕੇ ਕਿਹਾ ਕਿ ਕਬੀਰ ਜੀਉ, ਤੁਸੀਂ ਵੇਖਦੇ ਹੀ ਸਉ ਕਿ ਮੇਰੇ ਪਹਿਲੇ ਵਿਆਹ ਦੀ ਔਰਤ ਕਿਤਨੀ-ਕੁ ਕਰੂਪ ਤੇ ਭੈੜੇ ਸੁਭਾਉ ਵਾਲੀ ਸੀ। ਉਹ ਹਰ ਵਕਤ ਹੀ ਮੇਰੇ ਨਾਲ ਕਲ੍ਹਾ ਰੱਖਦੀ ਸੀ। ਉਹ ਪੇਕੇ ਤੇ ਸੁਹਰੇ ਦੋਹੀਂ ਥਾਈਂ ਬੁਰੀ-ਬੁਰੀ ਕਹੀ ਜਾਂਦੀ ਸੀ, ਪਰ ਕਬੀਰ ਜੀਉ ! ਉਹ ਤਾਂ ਮਰ ਗਈ ਹੈ, ਜਿਸ ਦੇ ਮਰ ਜਾਣ ਤੋਂ ਮੈਨੂੰ ਬਹੁਤ ਖ਼ੁਸ਼ੀ ਹੋਈ ਹੈ।

ਪਰ ਉਸ ਦੇ ਮਰ ਜਾਣ ਤੋਂ ਮੈਂ ਦੂਸਰੀ ਇਸਤ੍ਰੀ ਵਿਆਹ ਲਈ ਹੈ। ਹੁਣ ਉਹ ਨਵੀਂ ਵਿਆਹੀ ਵਹੁਟੀ ਸੋਹਣੇ ਰੂਪ ਵਾਲੀ ਅਤੇ ਸਿਆਣੀ ਹੈ। ਕਬੀਰ ਜੀ ਮੈਂ ਹੁਣ ਬਹੁਤ ਖ਼ੁਸ਼ ਹਾਂ ਅਤੇ ਰੱਬ ਤੋਂ ਇਹੋ ਹੀ ਮੰਗ ਕਰਦਾ ਹਾਂ ਕਿ ਇਹ ਨਵੀਂ ਵਿਆਹੁਤਾ ਮੇਰੀ ਇਸਤ੍ਰੀ ਜੁਗੋ ਜੁਗ ਜੀਉਂਦੀ ਰਵੇ। ਇਸ ਦੀ ਇਹ ਇਕ ਵਿਵਹਾਰਕ ਕਹਾਣੀ ਸੁਣ ਕੇ ਕਬੀਰ ਜੀ ਨੇ ਕਿਹਾ ਕਿ ਐ ਸੱਜਣਾ, ਮੇਰੀ ਵੀ ਇਹੋ ਹੀ ਦਸ਼ਾ ਹੋਈ ਹੈ।

ਪ੍ਰ: ਕਬੀਰ ਜੀ ਤੁਹਾਡੀ ਦਸ਼ਾ ਕਿਵੇਂ ਇਸ ਤਰ੍ਹਾਂ ਦੀ ਹੋਈ ਹੈ ? ਅਸੀਂ ਤਾਂ ਤੁਹਾਡੇ ਬਾਰੇ ਕਦੀ ਇਸ ਤਰ੍ਹਾਂ ਦੀ ਕੋਈ ਗੱਲ ਸੁਣੀ ਹੀ ਨਹੀਂ, ਤਾਂ ਕਬੀਰ ਜੀ ਇਸ ਕਹੀ ਵਾਰਤਾ ਨੂੰ ਅੰਤ੍ਰੀਵ ਰੂਪ ਵਿਚ ਘਟਾਉਂਦੇ ਹਨ। ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਨੇ ਦੋ ਬੁਧੀਆਂ ਨੂੰ ਦੋ ਇਸਤ੍ਰੀਆਂ ਦੇ ਰੂਪਕ ਵਿਚ ਵਰਣਨ ਕੀਤਾ ਹੈ। ਕਬੀਰ ਜੀ ਵਲੋਂ ਪਹਿਲੀ ਬ੍ਰਿਤੀ ਕੁਮੱਤੀ ਦੇ ਮਰ ਜਾਣ ਦੀ ਖ਼ੁਸ਼ੀ ਅਤੇ ਸੁਮੱਤੀ ਦੇ ਸਦੀਵੀ ਨਾਲ ਰਹਿਣ ਦੀ ਪ੍ਰਭੂ ਪਾਸੋਂ ਮੰਗ ਮੰਗੀ ਗਈ ਹੈ।

ਆਸਾ ॥

੧. ਪਹਿਲੀ ਕਰੂਪਿ ਕੁਜਾਤਿ ਕੁਲਖਨੀ
ਸਾਹੁਰੈ ਪੇਈਐ ਬੁਰੀ ॥
੨. ਅਬ ਕੀ ਸਰੂਪਿ ਸੁਜਾਨਿ ਸੁਲਖਨੀ
ਸਹਜੇ ਉਦਰਿ ਧਰੀ ॥੧॥
੩. ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥
੪. ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ ॥੧॥ ਰਹਾਉ ॥
੫. ਕਹੁ ਕਬੀਰ ਜਬ ਲਹੁਰੀ ਆਈ
ਬਡੀ ਕਾ ਸੁਹਾਗੁ ਟਰਿਓ ॥
੬. ਲਹੁਰੀ ਸੰਗਿ ਭਈ ਅਬ ਮੇਰੈ
ਜੇਠੀ ਅਉਰੁ ਧਰਿਓ ॥੨॥੨॥੩੨॥

ਪਦ ਅਰਥ : ਪਹਿਲੀ—ਮੇਰੇ ਮਨ ਦੀ ਪਹਿਲੀ ਬਿਰਤੀ। ਕਰੂਪਿ—ਭੈੜੇ ਰੂਪ ਵਾਲੀ, ਕੋਝੀ (ਗਿਆਨ ਪ੍ਰਾਪਤੀ ਸਮੇਂ ਇਹ ਕੁਮੱਤੀ ਕੋਝੀ ਨਜ਼ਰ ਪੈਂਦੀ ਹੈ)। ਕੁਜਾਤਿ—ਨੀਵੀਂ ਜਾਤ ਵਾਲੀ, ਭੈੜੇ ਅਸਲੇ ਵਾਲੀ, ਚੰਦਰੇ ਘਰ ਦੀ ਜੰਮੀ ਹੋਈ। ਕੁਲਖਨੀ—ਭੈੜੇ ਲੱਛਣਾਂ ਵਾਲੀ, ਅਸੁਰੀ ਅਵਗੁਣਾਂ ਵਾਲੀ। ਪੇਈਐ—ਪੇਕੇ ਘਰ ਵਿਚ, ਇਸ ਲੋਕ ਵਿਚ। ਬੁਰੀ—ਭੈੜੀ, ਭੈੜੀਆਂ ਵਾਦੀਆਂ ਵਾਲੀ। ਅਬ ਕੀ—ਹੁਣ ਵਾਲੀ ਬਿਰਤੀ। ਸਰੂਪਿ—ਸੋਹਣੇ ਰੂਪ ਵਾਲੀ। ਸੁਜਾਨਿ—ਸੋਹਣੀ ਅਕਲ ਵਾਲੀ, ਸਿਆਣੀ, ਸੁਜਾਨਣ, ਭਲੀ ਤਰ੍ਹਾਂ ਜਾਨਣ ਵਾਲੀ। ਸੁਲਖਨੀ—ਸੋਹਣੇ ਲੱਛਣਾਂ ਵਾਲੀ। ਉਦਰਿ ਧਰੀ—ਉਦਰਿ ਵਿਚ, ਪੇਟ ਵਿਚ, ਆਪਣੇ ਅੰਦਰ। ਧਰੀ—ਮੈਂ ਟਿਕਾਅ ਲਈ ਹੈ।੧। ਭਲੀ ਸਰੀ—ਭਲਾ ਹੋਇਆ, ਚੰਗਾ ਹੋਇਆ, ਚੰਗੀ ਗੱਲ ਹੋਈ। ਬਰੀ—ਵਰੀ ਹੋਈ, ਵਿਆਹੀ ਹੋਈ, ਸਵੀਕਾਰ ਕੀਤੀ ਹੋਈ, ਚੁਣੀ ਹੋਈ, ਪਸੰਦ ਕੀਤੀ ਹੋਈ। ਜੁਗੁ ਜੁਗੁ—ਸਦਾ ਹੀ। ਜੀਵਉ—ਜੀਉਂਦੀ ਰਹੇ, ਰੱਬ ਕਰਕੇ ਜੀਉਂਦੀ ਰਹੇ। ਧਰੀ—ਸਾਂਭੀ ਹੋਈ।੧।ਰਹਾਉ। ਲਹੁਰੀ—ਛੋਟੀ, (ਭਾਵ ਦੂਜੀ ਵਹੁਟੀ ਸੁਮੱਤੀ) ਗ਼ਰੀਬਣੀ, ਗ਼ਰੀਬੜੇ ਸੁਭਾਉ ਵਾਲੀ ਬਿਰਤੀ। ਬਡੀ—ਅਹੰਕਾਰ ਵਾਲੀ ਬ੍ਰਿਤੀ, ਭਾਵ ਪਹਿਲੀ ਕੁਮੱਤੀ। ਸੁਹਾਗੁ—ਚੰਗੀ ਕਿਸਮਤ, ਜ਼ੋਰ, ਦਬਾਉ। ਟਰਿਓ—ਟਲ ਗਿਆ ਹੈ, ਪਰੇ ਹੋ ਗਿਆ, ਭਾਵ (ਪਹਿਲੀ ਵਹੁਟੀ ਨੂੰ) ਛੱਡ ਬੈਠਾ। ਜੇਠੀ—ਵੱਡੀ, ਅਹੰਕਾਰਨ ਬਿਰਤੀ, ਭਾਵ ਪਹਿਲੇ ਕੁਮੱਤੀ ਨੇ। ਅਉਰੁ ਧਰਿਓ—ਕੋਈ ਹੋਰ ਲੱਭ ਲਿਆ।੨।

ਅਰਥ :

ਪ੍ਰ: ਕਬੀਰ ਜੀ ! ਤੁਹਾਡੀ ਪਹਿਲੀ ਇਸਤ੍ਰੀ ਕਿਹੋ ਜਿਹੀ ਸੀ ਜਿਸ ਬਾਰੇ ਤੁਸੀਂ ਇਸ਼ਾਰਾ ਕਰਦੇ ਹੋ ?

ਉ: ੧. ਹੇ ਭਾਈਓ ! ਸੁਣੋ, ਮੇਰੀ ਪਹਿਲੀ, (ਭਾਵ ਗਿਆਨ ਅਵਸਥਾ ਤੋਂ ਪਹਿਲੀ ਬੁਧੀ) ਮੇਰੇ ਮਨ ਦੀ ਕੁਮੱਤੀ ਰੂਪ ਇਸਤ੍ਰੀ ਭੈੜੇ ਰੂਪ ਵਾਲੀ, (ਭਾਵ ਅਨਾਤਮ ਪਦਾਰਥਾਂ ਨੂੰ ਅਨੁਭਵ ਕਰਨ ਵਾਲੀ) ਚੰਦਰੇ ਘਰ ਦੀ ਜੰਮੀ ਹੋਈ ਤੇ ਚੰਦਰੇ ਲੱਛਣਾਂ ਵਾਲੀ, (ਭਾਵ ਵਿਕਾਰਾਂ ਨੂੰ ਪੈਦਾ ਕਰਨ ਵਾਲੀ) ਸੀ ਤੇ ਲੋਕ-ਪ੍ਰਲੋਕ ਵਿਚ ਬੁਰਾਈ ਦੁਆਣ ਵਾਲੀ ਸੀ, ਭਾਵ ਉਸਨੇ ਮੇਰੇ ਇਸ ਜੀਵਨ ਵਿਚ ਭੀ ਚੰਦਰੀ ਹੀ

ਰਹਿਣਾ ਸੀ ਤੇ ਮੇਰੇ ਪ੍ਰਲੋਕ ਵਿਚ ਗਿਆਂ ਭੀ ਭੈੜੀ ਹੀ ਰਹਿਣਾ ਸੀ।

ਪ੍ਰ: ਪਰ ਕਬੀਰ ਜੀ! ਜਿਹੜੀ ਤੁਸਾਂ ਹੁਣ ਇਸਤ੍ਰੀ ਵਿਆਹੀ ਹੈ, ਉਹ ਕਿਸ ਤਰ੍ਹਾਂ ਦੀ ਹੈ?

ਉ: ੨. ਹੇ ਪਿਆਰਿਓ! ਹੁਣ ਭਾਵ ਹੈ ਕਿ ਗਿਆਨ ਅਵਸਥਾ ਵਾਲੀ ਬੁਧੀ ਜੋ ਵਿਆਹੀ ਹੋਈ ਹੈ, ਅਰਥਾਤ ਜੋ ਸੁਮੱਤੀ ਰੂਪ ਇਸਤ੍ਰੀ ਮੈਂ ਆਤਮਿਕ ਅਡੋਲਤਾ ਦੇ ਰਾਹੀਂ ਆਪਣੇ ਅੰਦਰ ਵਸਾਈ ਹੈ, ਇਹ ਸੋਹਣੇ ਰੂਪ ਵਾਲੀ, ਬੜੀ ਸਿਆਣੀ ਸੁਜਾਨ ਹੈ, ਭਾਵ ਆਤਮਿਕ ਗਿਆਨ ਵਾਲੀ ਤੇ ਸੁੰਦਰ ਲੱਛਣਾਂ ਵਾਲੀ ਹੈ, (ਇਸੇ ਲਈ ਮੈਂ ਇਸ ਨੂੰ) ਸਹਿਜੇ ਹੀ (ਉਦਰ ਧਰੀ) ਗਲੇ ਲਗਾ ਰਖਿਆ ਹੈ, ਭਾਵ ਧਾਰਨ ਕਰ ਰਖਿਆ ਹੈ।

ਪ੍ਰ: ਕਬੀਰ ਜੀ! ਕੀ ਤੁਹਾਨੂੰ ਪਹਿਲੀ ਬੁਰੀ ਇਸਤ੍ਰੀ ਦੇ ਮਰ ਜਾਣ ਦਾ ਕੋਈ ਸੋਗ ਨਹੀਂ?

ਉ: ੩. ਹੇ ਭਾਈਓ! ਮੈਨੂੰ ਸੋਗ ਕੀ ਹੋਣਾ ਸੀ, ਮੈਂ ਤਾਂ ਸਗੋਂ ਬਹੁਤ ਖ਼ੁਸ਼ ਹਾਂ ਕਿ ਚੰਗਾ ਹੀ ਹੋਇਆ ਹੈ ਜੋ ਮੇਰੀ ਪਹਿਲੀ ਵਿਆਹੀ ਹੋਈ ਕੁਮੱਤੀ ਰੂਪ ਇਸਤ੍ਰੀ ਮਰ ਗਈ, ਖ਼ਤਮ ਹੋ ਗਈ ਹੈ ਜੋ ਕਿ ਮੈਨੂੰ ਪਹਿਲੋਂ ਅਗਿਆਨ ਕਾਲ ਵਿਚ ਚੰਗੀ ਲਗਿਆ ਕਰਦੀ ਸੀ।

ਪ੍ਰ: ਕਬੀਰ ਜੀਉ! ਪਰ ਹੁਣ ਦੀ ਵਿਆਹੀ ਇਸਤ੍ਰੀ ਬਾਰੇ ਤੁਹਾਡਾ ਕੀ ਵੀਚਾਰ ਹੈ?

ਉ: ੪. ਹੇ ਭਰਾਵੋ! ਮੈਂ ਤਾਂ ਇਹੋ ਹੀ ਕਹਿੰਦਾ ਹਾਂ ਕਿ ਜਿਹੜੀ ਮੈਨੂੰ ਹੁਣ ਸੁਮੱਤੀ ਰੂਪ ਇਸਤਰੀ ਮਿਲੀ ਹੈ, ਭਾਵ ਜਿਸ ਸੁਮੱਤੀ ਨੂੰ ਮੈਂ ਹੁਣ ਧਾਰਨ ਕੀਤਾ ਹੈ, ਰੱਬ ਕਰੇ ਉਹ ਜੁਗੋ-ਜੁਗ ਜੀਵੇ।੧।ਰਹਾਉ।

ਪ੍ਰ: ਕਬੀਰ ਜੀ! ਇਹ ਦੱਸੋ ਕਿ ਤੁਹਾਨੂੰ ਪਹਿਲੀ ਤੇ ਹੁਣ ਵਾਲੀ ਇਸਤ੍ਰੀ ਵਿਚ ਕੀ ਫ਼ਰਕ ਨਜ਼ਰ ਆਇਆ ਹੈ?

ਉ: ੫. ਕਬੀਰ ਜੀ ਕਹਿੰਦੇ ਹਨ ਕਿ ਐ ਸੱਜਨੋ! ਜਦੋਂ ਦੀ ਗਰੀਬੜੇ ਸੁਭਾਉ ਵਾਲੀ (ਸੁਮੱਤੀ ਰੂਪ ਮੇਰੀ) ਛੋਟੀ ਇਸਤ੍ਰੀ ਮੇਰੇ ਹਿਰਦੇ ਘਰ ਵਿਚ ਆਈ ਹੈ, (ਤਦ ਤੋਂ ਕੁਮੱਤੀ ਰੂਪ) ਵੱਡੀ ਇਸਤ੍ਰੀ ਦਾ (ਸੁਹਾਗ) ਅਨੰਦ ਜਾਂਦਾ ਰਿਹਾ ਹੈ। ਭਾਵ ਅਹੰਕਾਰਣ ਬ੍ਰਿਤੀ ਦਾ ਜ਼ੋਰ ਮੇਰੇ ਉਤੋਂ ਪਰ੍ਹੇ ਹੋ ਗਿਆ ਹੈ, ਅਰਥਾਤ ਅਗਿਆਨ ਕਾਲ ਵਿਚ ਮੈਂ ਇਸੇ ਕੁਮੱਤੀ ਦੇ ਪ੍ਰਭਾਵ ਹੇਠ ਸਦਾ ਹੀ ਦਬਿਆ ਰਹਿੰਦਾ ਸਾਂ।

ਪ੍ਰ: ਕਬੀਰ ਜੀ! ਕੀ ਹੁਣ ਤੁਹਾਨੂੰ ਪੂਰਨ ਭਰੋਸਾ ਹੈ ਕਿ ਛੋਟੀ ਇਸਤ੍ਰੀ ਤੁਹਾਡੇ ਸਦਾ ਹੀ ਨਾਲ ਰਵੇਗੀ?

ਉ: ੬. ਹੇ ਮਿੱਤਰੋ! ਮੈਨੂੰ ਹੁਣ ਮੇਰੀ ਸਮੁੱਤੀ ਰੂਪ ਛੋਟੀ ਇਸਤ੍ਰੀ 'ਤੇ ਪੂਰਨ ਵਿਸ਼ਵਾਸ ਹੋ ਗਿਆ ਹੈ ਕਿ ਉਹ ਮੇਰੀ ਪੱਕੀ ਜੀਵਨ ਸਾਥੀ ਬਣ ਗਈ ਹੈ, ਭਾਵ ਮੈਨੂੰ ਉਹ ਹੁਣ ਤਿਆਗ ਕੇ ਨਹੀਂ ਜਾਵੇਗੀ।

ਪ੍ਰ: ਕਬੀਰ ਜੀ! ਪਰ ਹੁਣ ਉਹ ਤੁਹਾਡੀ ਵੱਡੀ ਵਿਆਹੀ ਹੋਈ ਇਸਤ੍ਰੀ ਕਿਥੇ ਚਲੀ ਗਈ ਹੈ?

ਉ: ਹੇ ਪਿਆਰਿਓ! ਜੋ (ਜੇਠੀ) ਵੱਡੀ ਇਸਤ੍ਰੀ ਕੁਮੱਤੀ ਸੀ, ਉਸ ਨੇ ਕੋਈ ਹੋਰ ਜਾ ਖ਼ਸਮ ਕਰ ਲਿਆ ਹੈ, ਅਰਥਾਤ ਜੋ ਪਹਿਲੀ ਕੁਮੱਤੀ ਵੱਡੀ ਇਸਤ੍ਰੀ ਸੀ, ਉਹ ਕਿਸੇ ਹੋਰ ਮਨਮੁਖ ਦੇ ਲੜ ਜਾ ਲੱਗੀ ਹੈ।੨।੨।੩੨।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਦਾ ਭਾਵ ਮਨਮਤ, ਦੁਰਮਤ, ਅਨਾਤਮ ਪਰਾਇਣ ਬੁਧੀ ਤੋਂ ਹੈ, ਜਿਸ ਨੂੰ ਆਪ ਜੀ ਨੇ ਤਿਆਗ ਦਿੱਤਾ ਹੈ। ਉਸ ਨੂੰ ਕਬੀਰ ਜੀ ਕਰੂਪ, ਕੁਜਾਤਿ ਤੇ ਕੁਲੱਖਣੀ ਦੇ ਨਾਮ ਨਾਲ ਪੁਕਾਰਦੇ ਹਨ। ਇਹ ਕੋਝਾ ਰੂਪ ਉਸ ਦਾ ਕਬੀਰ ਜੀ ਨੂੰ ਹੁਣ ਗਿਆਨ ਅਵਸਥਾ ਵਿਚ ਪੁਜਿਆਂ ਨਜ਼ਰ ਆਇਆ ਹੈ, ਪਰ ਜੇ ਕਦੀ ਇਸ ਦਾ ਇਹ ਭੈੜਾ ਰੂਪ ਪਹਿਲੋਂ ਹੀ ਦਿੱਸ ਪੈਂਦਾ ਤਾਂ ਉਸਨੂੰ ਕਦੇ ਵਿਆਹੁੰਦੇ ਹੀ ਨਾ।

ਪਰ ਹੁਣ ਜੋ ਸਤਿਸੰਗ ਜਾਂ ਭਜਨ ਸਿਮਰਨ, ਗੁਰੂ ਦੇ ਉਪਦੇਸ਼ ਦੁਆਰਾ ਸੁਮੱਤੀ ਪੈਦਾ ਹੋਈ ਹੈ, ਉਹ ਗੁਰਮਤਿ ਹੈ, ਉਹ ਆਤਮਕ ਵਸ਼ੈਣੀ ਬੁਧੀ ਹੈ, ਉਹ ਸੋਹਣੀ ਹੈ, ਗਿਆਨ ਮਈ ਹੈ ਤੇ ਦੈਵੀ ਸੰਪਦਾ ਦੇ ਸਾਰੇ ਸ਼ੁਭ ਲੱਛਣਾਂ ਵਾਲੀ ਹੈ, ਇਸੇ ਲਈ ਕਬੀਰ ਜੀ ਕਹਿੰਦੇ ਹਨ ਕਿ ਮੈਂ ਉਸਨੂੰ ਆਪਣੇ ਅੰਤਹਕਰਣ ਅੰਦਰ ਵਸਾ ਲਿਆ ਹੈ।

ਉਥਾਨਕਾ : ਕਬੀਰ ਜੀ ਦੀ ਮਾਂ (ਨੀਮਾ) ਆਪਣੀਆਂ ਗੁਆਂਢਣਾਂ ਦੇ ਪਾਸ ਆਪਣੇ ਘਰ ਦੇ ਝੋਰੇ ਕਰ ਰਹੀ ਸੀ, ਤਾਂ ਭਗਤ ਜੀ ਨੇ ਮਾਂ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ, ਤਾਂ ਪਹਿਲੀਆਂ ਚਾਰ ਤੁੱਕਾਂ ਵਿਚ ਉਨ੍ਹਾਂ ਦਾ ਹੀ ਅਨੁਵਾਦ ਕੀਤਾ ਹੈ ਅਤੇ ਅੰਤਲੀਆਂ ਦੋਹਾਂ ਤੁੱਕਾਂ ਵਿਚ ਮਾਂ ਨੂੰ ਉਪਦੇਸ਼ ਕੀਤਾ ਹੈ।

ਆਸਾ ॥

੧. ਮੇਰੀ ਬਹੁਰੀਆ ਕੋ ਧਨੀਆ ਨਾਉ ॥
੨. ਲੇ ਰਾਖਿਓ ਰਾਮ ਜਨੀਆ ਨਾਉ ॥੧॥
੩. ਇਨ੍ ਮੁੰਡੀਅਨ ਮੇਰਾ ਘਰੁ ਧੁੰਧਰਾਵਾ ॥
੪. ਬਿਟਵਹਿ ਰਾਮ ਰਮਊਆ ਲਾਵਾ ॥੧॥ ਰਹਾਉ ॥
੫. ਕਹਤੁ ਕਬੀਰ ਸੁਨਹੁ ਮੇਰੀ ਮਾਈ ॥
੬. ਇਨ੍ ਮੁੰਡੀਅਨ ਮੇਰੀ ਜਾਤਿ ਗਵਾਈ ॥੨॥੩॥੩੩॥

ਪਦ ਅਰਥ : ਬਹੁਰੀਆ—ਬੱਧੂ, ਬਹੂ, ਨੋਂਹ। ਧਨੀਆ—ਧਨਵੰਤੀ, ਕੁੜੀਆਂ ਦੇ ਨਾਮ ਰਖੇ ਜਾਂਦੇ ਸਨ। ਰਾਮ ਜਨੀਆ—ਰਾਮ ਦੀ ਦਾਸੀ। ਮੁੰਡੀਅਨ—ਸਾਧੂ। ਧੁੰਧਰਾਵਾ—ਉਲਟ ਪੁਲਟ ਕਰ ਦਿੱਤਾ, ਘਰ ਦੀ ਮਿੱਟੀ ਉਡਾ ਦਿੱਤੀ। ਰਾਮ ਰਮਊਆ—ਰਾਮ ਦਾ ਰਟਨ।

ਅਰਥ :

ਪ੍ਰ: ਕਬੀਰ ਜੀ ਨੂੰ ਆਪ ਜੀ ਦੇ ਸੰਗੀਆਂ ਨੇ ਪੁੱਛਿਆ ਕਿ ਭਗਤ ਜੀ ਸੁਣਿਆ ਹੈ ਕਿ ਆਪ ਜੀ ਦੇ ਮਾਤਾ ਜੀ ਗੁਆਂਢਣਾਂ ਪਾਸ ਕਈ ਘਰੋਗੀ ਇਤਰਾਜ਼ ਕਰਦੇ ਹੋਏ ਆਪ ਜੀ ਦੇ ਪਾਸ ਆਉਣ ਵਾਲੇ ਸਾਧੂਆਂ 'ਤੇ ਭੀ ਕਈ ਪ੍ਰਕਾਰ ਦੇ ਗਿਲੇ ਕਰਦੇ ਸਨ, ਕੀ ਇਸ ਬਾਰੇ ਤੁਸਾਂ ਨੂੰ ਭੀ ਕੁਝ ਪਤਾ ਲਗਿਆ ਹੈ?

ਉ: ਹਾਂ ਸੁਣਿਆ ਹੈ।

ਪ੍ਰ: ਕਬੀਰ ਜੀ! ਤੁਸੀਂ ਸਾਨੂੰ ਭੀ ਜਾਣੂ ਕਰਾਓ ਕਿ ਸੁਣਿਆ ਕੀ ਹੈ? ਤਾਂ ਉੱਤਰ ਵਿਚ ਆਪ ਜੀ ਇਹ ਸ਼ਬਦ ਉਚਾਰਨ ਕਰਦੇ ਹਨ:

ਉ: ੧. ਹੇ ਮਿੱਤਰੋ! ਮੈਂ ਭੀ ਇਹੋ ਕੁਝ ਸੁਣਿਆ ਹੈ ਕਿ ਮਾਂ ਇਉਂ ਕਹਿੰਦੀ ਹੈ ਕਿ ਜੋ ਮੇਰੇ ਪਾਸ ਸੰਤ ਜਨ ਆਉਂਦੇ ਹਨ, ਮੇਰੀ ਨੂੰਹ ਦਾ ਨਾਉਂ ਤਾਂ ਧਨੀਆਂ (ਧਨਵੰਤ) ਸੀ, ਪਰ ਇਨ੍ਹਾਂ ਸਾਧਾਂ ਨੇ ਉਸ ਦਾ ਨਾਉਂ

੨. ਰਾਮ ਜਨੀਆਂ ਰਖ ਦਿੱਤਾ ਹੈ।੧।

ਪ੍ਰ: ਕਬੀਰ ਜੀ! ਕੀ ਮਾਂ ਨੇ ਇਸ ਤੋਂ ਇਲਾਵਾ ਕੁਝ ਹੋਰ ਵੀ ਆਖਿਆ ਹੈ?

ਉ: ੩. (ਹਾਂ ਹੋਰ ਭੀ ਆਖਿਆ ਹੈ) ਕਿ ਇਨ੍ਹਾਂ ਮੇਰੇ ਘਰ ਵਿਚ ਆਉਣ ਵਾਲੇ ਸਿਰ ਮੁੰਨੇ ਸਾਧਾਂ ਨੇ, ਮੇਰਾ ਘਰ ਉਜਾੜ ਦਿੱਤਾ, ਭਾਵ ਮੇਰੇ ਘਰ ਦੀ ਮਿੱਟੀ ਉਡਾ ਦਿੱਤੀ ਹੈ।

ਪ੍ਰ: ਕਬੀਰ ਜੀ! ਮਾਂ ਦੇ ਘਰ ਉਜਾੜੇ ਜਾਣ ਦਾ ਕੀ ਭਾਵ ਹੈ?

ਉ: ੪. ਹੇ ਸੰਗੀਓ! ਘਰ ਉਜਾੜ ਹੋ ਜਾਣ ਦਾ ਮਾਂ ਦਾ ਭਾਵ ਇਹੋ ਹੈ ਕਿ ਸੰਤਾਂ ਨੇ ਮੇਰੇ ਪੁੱਤਰ ਨੂੰ ਰਾਮ-ਰਾਮ ਰਟਦੇ ਰਹਿਣ ਵਿਚ ਲਾ ਦਿੱਤਾ ਹੈ।੧।ਰਹਾਉ।

ਪ੍ਰ: ਕਬੀਰ ਜੀ! ਇਹ ਕੁਝ ਮਾਂ ਦੇ ਕਹੇ ਬਚਨਾਂ ਨੂੰ ਸੁਣ ਕੇ ਕੀ ਤੁਸਾਂ ਭੀ ਕੋਈ ਜੁਆਬ ਦਿੱਤਾ?

ਉ: ੫. ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਤਾਂ ਮਾਂ ਨੂੰ (ਸਨਿਮਰ) ਇਹੋ ਕੁਝ ਕਿਹਾ ਕਿ ਹੇ ਮੇਰੀ ਮਾਂ, ਸੁਣ (ਜਿਨ੍ਹਾਂ ਸਾਧੂਆਂ 'ਤੇ ਤੂੰ ਤਰਕ ਕਰਦੀ ਹੈਂ, ਕੀ ਤੈਨੂੰ ਪਤਾ ਹੈ ਕਿ)

ਉ: ੬. ਇਨ੍ਹਾਂ ਸਿਰ-ਮੁੰਨਿਆਂ ਸਾਧਾਂ ਨੇ ਤਾਂ ਮੇਰੀ (ਜੁਲਾਹੇ ਵਾਲੀ ਨੀਚ) ਜਾਤ ਹੀ ਗਵਾ ਦਿੱਤੀ ਹੈ, ਭਾਵ ਮੇਰੀ ਜਾਤ ਨੂੰ ਭੁਲਾ ਕੇ ਮੈਨੂੰ ਸਾਰੇ ਹੀ ਭਗਤ-ਭਗਤ ਕਹਿੰਦੇ ਹਨ।

ਦੂਜਾ ਅੰਤ੍ਰੀਵ ਅਰਥ

ਉਥਾਨਕਾ: ਇਸ ਤੋਂ ਪਹਿਲੇ ਸ਼ਬਦ ਵਿਚ 'ਕੁਮੱਤੀ' ਤੇ 'ਸੁਮੱਤੀ' ਨਾਮ ਦੀਆਂ ਦੋ ਬੁੱਧੀਆਂ ਕਹੀਆਂ ਹਨ, ਪਰ ਜੇ ਵਾਸਤਵ ਵੀਚਾਰ ਕਰੀਏ ਤਾਂ ਇਕੋ ਹੀ ਬੁਧੀ ਦੇ ਦੋ ਨਾਮ ਪੈ ਗਏ ਹਨ। 'ਕੁ' ਬੁਰਾਈ ਨੂੰ ਛੱਡ ਕੇ ਜਦੋਂ 'ਸੁ' ਭਲਾਈ ਨੂੰ ਗ੍ਰਹਿਣ ਕਰ ਲੈਂਦੀ ਹੈ ਤਾਂ 'ਕੁਮੱਤੀ ਹੀ 'ਸੁਮੱਤੀ' ਹੋ ਜਾਂਦੀ ਹੈ, ਇਸ ਭਾਵ ਨੂੰ ਮੁਖ ਰੱਖਦਿਆਂ ਕਬੀਰ ਸਾਹਿਬ ਜੀ ਇਸ ਸ਼ਬਦ ਵਿਚ ਜੋ ਅੰਤ੍ਰੀਵ ਭਾਵ ਨੂੰ ਅੰਕਤ ਕਰਦੇ ਹਨ, ਦਾਨਿਆਂ ਸੱਜਣਾਂ ਨੇ ਉਸ ਦਾ ਖੁਲਾਸਾ ਇਸ ਪ੍ਰਕਾਰ ਕੀਤਾ ਹੈ:

ਪਦ ਅਰਥ: ਬਹੁਰੀਆ—ਅੰਞਾਣ ਵਹੁਟੀ, ਮੇਰੀ ਅੰਞਾਣ ਜਿੰਦ-ਰੂਪ ਵਹੁਟੀ। ਕੋ—ਦਾ। ਧਨੀਆ—ਧਨ ਵਾਲੀ, ਧਨ ਨਾਲ ਪਿਆਰ ਕਰਨ ਵਾਲੀ, ਮਾਇਆ ਨਾਲ ਮੋਹ ਕਰਨ ਵਾਲੀ। ਲੇ—ਲੈ ਕੇ, ਆਪਣੇ ਅਸਰ ਹੇਠ ਲਿਆ ਕੇ। ਰਾਮ ਜਨੀਆ—ਰਾਮ ਦੀ ਦਾਸੀ ਭਗਤਣੀ।੧। ਮੁੰਡੀਅਨ—ਸਾਧੂਆਂ ਨੇ, ਸਤਿ ਸੰਗੀਆਂ ਨੇ। ਮੇਰਾ ਘਰੁ—ਉਹ ਘਰ ਜਿਸ ਵਿਚ ਮੇਰੀ ਧਨੀਆ ਰਹਿੰਦੀ ਸੀ, ਉਹ ਹਿਰਦਾ ਰੂਪ ਘਰ ਜਿਸ ਵਿਚ ਮਾਇਆ ਨਾਲ ਮੋਹ ਕਰਨ ਵਾਲੀ ਜਿੰਦ ਰਹਿੰਦੀ ਸੀ। ਧੁੰਧਰਾਵਾ—ਧੁੰਧ ਵਾਲਾ ਕਰ ਦਿੱਤਾ ਹੈ, ਉਜਾੜ ਦਿੱਤਾ ਹੈ, ਮਿੱਟੀ ਵਿਚ ਮਿਲਾ ਦਿੱਤਾ ਹੈ, ਨਾਸ ਕਰ ਦਿੱਤਾ ਹੈ। ਬਿਟਵਹਿ—ਮੇਰੇ ਅੰਞਾਣ ਬੇਟੇ ਨੂੰ, ਮੇਰੇ ਅੰਞਾਣ ਬਾਲ ਨੂੰ, ਮੇਰੇ ਅੰਞਾਣ ਮਨ ਨੂੰ। ਰਮਊਆ—ਰਾਮ ਸਿਮਰਨ ਦੀ ਬਾਣ। ਲਾਵਾ—ਲਾਇਆ, ਲਾ ਦਿੱਤਾ।੧।ਰਹਾਉ। ਜਾਤਿ—ਨੀਵੀਂ ਜਾਤ। ਗਵਾਈ—ਮੁਕਾ ਦਿੱਤੀ ਹੈ।੨।

ਅਰਥ:

ਪ੍ਰ: ਕਬੀਰ ਜੀ! ਕੀ ਤੁਸੀ ਦੱਸੋਗੇ ਕਿ ਅਗਿਆਨ ਕਾਲ ਵਿਚ ਤੁਹਾਡੀ ਮਾਨਸਕ ਦਸ਼ਾ ਕਿਸ ਪ੍ਰਕਾਰ ਦੀ ਹੋਇਆ ਕਰਦੀ ਸੀ?

ਉ: ੧. ਹੇ ਸੰਗੀਓ ਸੁਣੋ! ਪਹਿਲੋਂ ਅਗਿਆਨ ਕਾਲ ਵਿਚ ਮੇਰੀ ਜਿੰਦੜੀ ਰੂਪ ਵਹੁਟੀ ਧਨ ਦੀ ਪਿਆਰੀ ਹੁੰਦੀ ਸੀ, (ਭਾਵ ਮੇਰੀ ਜਿੰਦ ਪਹਿਲਾਂ ਮਾਇਆ ਨਾਲ ਪਿਆਰ ਕਰਿਆ ਕਰਦੀ ਸੀ)।

੨. (ਹੁਣ ਮੇਰੇ ਸਤਸੰਗੀਆਂ ਨੇ ਇਸ ਜਿੰਦ ਨੂੰ) ਆਪਣੇ ਅਸਰ ਹੇਠ ਲਿਆ ਕੇ, ਇਸਦਾ ਨਾਮ ਰਾਮ ਦਾਸੀ ਰੱਖ ਦਿੱਤਾ, ਭਾਵ ਇਸ ਜਿੰਦ ਨੂੰ ਪਰਮਾਤਮਾ ਦੀ ਦਾਸੀ ਅਖਵਾਉਣ ਜੋਗ ਬਣਾ ਦਿੱਤਾ।

੩. (ਅਤੇ) ਉਨ੍ਹਾਂ ਸੰਗੀਆਂ ਨੇ ਮੇਰਾ ਹੁਣ ਉਹ ਘਰ ਉਜਾੜ ਦਿੱਤਾ ਹੈ, ਜਿਸ ਵਿਚ ਮਾਇਆ ਨਾਲ ਮੋਹ ਕਰਨ ਵਾਲੀ ਜਿੰਦ ਰਹਿੰਦੀ ਸੀ।

੪. ਕਿਉਂਕਿ ਹੁਣ ਇਨ੍ਹਾਂ ਨੇ ਅੰਞਾਣੇ ਮਨ ਨੂੰ ਪ੍ਰਮਾਤਮਾਂ ਦੇ ਸਿਮਰਨ ਦੀ ਚੇਟਕ ਲਾ ਦਿੱਤੀ ਹੈ।੧।ਰਹਾਉ।

੫. ਕਬੀਰ ਜੀ ਆਖਦੇ ਹਨ ਕਿ ਹੇ ਮੇਰੀ ਮਾਂ! ਸੁਣ, ਇਨ੍ਹਾਂ ਸਤ-ਸੰਗੀਆਂ ਨੇ ਮੇਰੀ (ਨੀਵੀਂ) ਜਾਤ (ਭੀ) ਮੁਕਾ ਦਿੱਤੀ ਹੈ,

੬. ਕਿਉਂਕਿ ਹੁਣ ਲੋਕ ਮੈਨੂੰ ਸ਼ੂਦਰ ਜਾਣ ਕੇ ਉਹ ਸ਼ੂਦਰਾਂ ਵਾਲਾ ਸਲੂਕ ਨਹੀਂ ਕਰਦੇ।੨।੩।੩੩।

ਉਥਾਨਕਾ: ਇਸ ਸ਼ਬਦ ਬਾਰੇ, ਸੰਪ੍ਰਦਾਈ ਵਿਦਵਾਨਾਂ ਦਾ ਇਹ ਪਰੰਪਰਾ ਤੋਂ ਵੀਚਾਰ ਚਲਿਆ ਆ ਰਿਹਾ ਹੈ ਕਿ ਕਬੀਰ ਜੀ ਨੇ ਆਪਣੀ ਨੂੰਹ ਪ੍ਰਤੀ ਉਚਾਰਨ ਕੀਤਾ ਹੈ, ਜਦ ਕਿ ਉਨ੍ਹਾਂ ਦੀ ਪਹਿਲੀ ਨੂੰਹ ਗੁਜ਼ਰ ਗਈ ਸੀ, ਦੂਜੀ ਵਿਆਹੀ ਆਈ ਤਾਂ ਉਹ ਬਹੁਤ ਲਾਜ ਵਾਲੀ ਸੀ। ਲੰਮਾ ਘੁੰਡ ਕੱਢਦੀ ਸੀ, ਜੋ ਕਿ ਸਾਧ ਸੰਗਤ ਦੀ ਸੇਵਾ ਵਿਚ ਉਸ ਨੂੰ ਖੁੱਲ੍ਹ ਕੇ ਚੰਗੀ ਤਰ੍ਹਾਂ ਸੇਵਾ ਨਹੀਂ ਸੀ ਕਰਨ ਦੇਂਦਾ, ਫਿਰ ਸੰਤ ਜਨਾਂ ਤੋਂ ਘੁੰਡ ਕੱਢਣਾ ਵੀ ਕਬੀਰ ਜੀ ਨੂੰ ਨਹੀਂ ਸੀ ਭਾਉਂਦਾ, ਜਿਨ੍ਹਾਂ ਦੇ ਦਰਸ਼ਨਾਂ ਤੋਂ ਲਾਭ ਲੈਣਾ ਸੀ। ਇਸੇ ਸ਼ਬਦ ਦੀ ਅੰਤਲੀ ਪੰਗਤੀ ਤੋਂ ਇਹ ਕਬੀਰ ਜੀ ਦਾ ਭਾਵ ਪ੍ਰਗਟ ਹੋ ਜਾਂਦਾ ਹੈ ਕਿ ਨੋਂਹ ਹਰੀ ਗੁਣ ਗਾਉਣ ਵਾਲੀ ਪਰਮਾਤਮਾ ਦੇਵ ਦੀ ਪ੍ਰੇਮਣ ਹੋਵੇ, ਸੋ ਕਬੀਰ ਜੀ ਨੋਂਹ ਨੂੰ ਸਨਮੁਖ ਹੋ ਇਉਂ ਉਚਾਰਨ ਕਰਦੇ ਹਨ:

ਆਸਾ ॥

੧. ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥

੨. ਅੰਤ ਕੀ ਬਾਰ ਲਹੈਗੀ ਨ ਆਢੈ ॥੧॥ ਰਹਾਉ ॥

੩. ਘੂੰਘਟੁ ਕਾਢਿ ਗਈ ਤੇਰੀ ਆਗੈ ॥
ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥੧॥
੪. ਘੂੰਘਟ ਕਾਢੇ ਕੀ ਇਹੈ ਬਡਾਈ ॥
੫. ਦਿਨ ਦਸ ਪਾਂਚ ਬਹੂ ਭਲੇ ਆਈ ॥੨॥
੬. ਘੂੰਘਟੁ ਤੇਰੋ ਤਉ ਪਰਿ ਸਾਚੈ ॥
੭. ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥੩॥
੮. ਕਹਤ ਕਬੀਰ ਬਹੂ ਤਬ ਜੀਤੈ ॥
੧੦. ਹਰਿ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪॥

ਪਦ ਅਰਥ : ਰਹੁ—ਬੱਸ ਕਰ, ਠਹਿਰ ਜਾ। ਰੀ ਬਹੁਰੀਆ—ਹੇ ਮੇਰੀ ਜਿੰਦ ਰੂਪ ਵਹੁਟੀ। ਜਿਨਿ—ਮਤਾਂ, ਨਾਂਹ। ਜਿਨਿ ਕਾਢੈ—ਮਤਾਂ ਕੱਢੇਂ, ਨਾਂਹ ਕੱਢ। ਘੂੰਘਟੁ—ਘੁੰਡ, ਖਸਮ ਕੋਲੋਂ ਘੁੰਡ, ਖਸਮ ਪ੍ਰਭੂ ਵਲੋਂ ਪਰਦਾ। ਅੰਤ ਕੀ ਬਾਰ—ਅੰਤ ਵੇਲੇ, ਇਹ ਜੀਵਨ ਖ਼ਤਮ ਹੋਇਆਂ। ਲਹੈਗੀ ਨ ਆਢੈ—ਅੱਧੀ ਦਮੜੀ ਭੀ ਤੈਨੂੰ ਨਹੀਂ ਮਿਲਣੀ, ਤੇਰਾ ਮੁੱਲ ਅੱਧੀ ਦਮੜੀ ਭੀ ਨਹੀਂ ਪੈਣਾ, ਤੇਰਾ ਸਾਰਾ ਜੀਵਨ ਅਜਾਈਂ ਚਲਿਆ ਜਾਏਗਾ।੧।ਰਹਾਉ। ਉਨ ਕੀ—ਉਨ੍ਹਾਂ ਦੀ। ਗੈਲਿ—ਪਿਛਲਗਤਾ, ਮਗਰ ਹੋ ਟੁਰਨਾ, ਵਾਦੀ, ਆਦਤ। ਤੋਹਿ—ਤੈਨੂੰ। ਜਿਨਿ ਲਾਗੈ—ਮਤਾਂ ਲੱਗ ਜਾਏ, ਕਿਤੇ ਪੈ ਨ ਜਾਏ। ਆਗੈ—ਤੈਥੋਂ ਪਹਿਲਾਂ। ਤੇਰੀ—ਤੇਰੀ ਮੱਤ ਵਾਲੀਆਂ ਕਈ ਜਿੰਦਾਂ। ਘੂੰਘਟੁ ਕਾਢਿ—ਖਸਮ ਪ੍ਰਭੂ ਵਲੋਂ ਘੁੰਡ ਕੱਢ-ਕੱਢ ਕੇ, ਖਸਮ ਪ੍ਰਭੂ ਨੂੰ ਵਿਸਾਰ-ਵਿਸਾਰ ਕੇ।੧। ਬਡਾਈ—ਵਡਿਆਈ, ਮਾਣ, ਫ਼ਖ਼ਰ, ਇੱਜ਼ਤ, ਲੋਕਾਂ ਵਿਚ ਇੱਜ਼ਤ। ਦਿਨ ਦਸ ਪਾਂਚ—ਪੰਜ ਦਸ ਦਿਨਾਂ ਲਈ ਹੀ। ਬਹੂ—ਇਹ ਜਿੰਦ ਵਹੁਟੀ, ਇਹ ਜੀਵ-ਇਸਤ੍ਰੀ, ਇਹ ਜੀਵ।੨। ਤਉ ਪਰਿ—ਤਦੋਂ ਹੀ। ਕੂਦਹਿ ਨਾਚੈ—(ਹੇ ਜਿੰਦੇ) ਜੇ ਤੂੰ ਕੁੱਦੇਂ ਤੇ ਨੱਚੇਂ, ਜੇ ਤੇਰੇ ਅੰਦਰ ਉਤਸ਼ਾਹ ਪੈਦਾ ਹੋਵੇ, ਜੇ ਤੇਰੇ ਅੰਦਰ ਖਿੜਾਉ ਪੈਦਾ ਹੋਵੇ।੩। ਬਹੂ—ਜਿੰਦ ਵਹੁਟੀ।੪।

ਅਰਥ :

੧. ਹੇ ਬਹੂ, ਠਹਿਰੋ, ਠਹਿਰੋ ਘੁੰਡ ਨ ਕੱਢੋ, ਭਾਵ ਇਸ ਘੁੰਡ ਕੱਢਣ ਵਲੋਂ ਟਲ ਜਾ, ਟਲ ਜਾ।

੨. ਕਿਉਂਕਿ ਇਸ ਘੁੰਡ ਕੱਢਣ ਦਾ ਮੁੱਲ ਅੰਤ ਸਮੇਂ ਕੌਡੀ ਭਰ ਭੀ ਨਹੀਂ ਮਿਲਣਾ।੧।ਰਹਾਉ।

੩. ਹੇ ਪੁੱਤ੍ਰੀ! ਤੇਰੇ ਤੋਂ ਜੋ ਪਹਿਲੀ (ਸਾਡੀ ਬਹੂ ਸੀ ਉਹ) ਘੁੰਡ ਕੱਢਦੀ ਮਰ ਗਈ ਹੈ।

੪. (ਸੋ ਇਸ ਲਈ ਦੇਖ) ਉਸ ਦੀ ਪਿਛਲੱਗਣੀ ਕਿਤੇ ਤੈਨੂੰ ਨ ਲਗ ਜਾਏ, ਭਾਵ ਤੂੰ ਉਸ ਦੀ ਰੀਸ ਨ ਕਰ, ਗੈਲ—ਉਸ ਦੀ ਵਲ, ਉਸ ਦੇ ਤਰਫ਼ ਨ ਲੱਗ।੧।

ਪ੍ਰ: ਕਿਉਂ ਜੀ! ਤੁਹਾਡੇ ਖ਼ਿਆਲ ਵਿਚ ਘੁੰਡ ਕੱਢਣ ਦਾ ਕੋਈ ਲਾਭ ਨਹੀਂ ?

ਉ: ੫. ਹੇ ਪੁੱਤ੍ਰੀ! ਦੇਖ, ਇਸ ਘੁੰਡ ਕੱਢਣ ਦੀ ਕੇਵਲ ਕਿਤਨੀ-ਕੁ ਹੀ ਵਡਿਆਈ ਮਿਲਦੀ ਹੈ,

੬. ਕਿ ਲੋਕ ਪੰਜ ਦੱਸ ਦਿਨ ਇਹ ਗੱਲ ਆਖਦੇ ਹਨ ਕਿ ਇਹ ਬਹੂ ਭਲੇ ਘਰ ਦੀ ਆਈ ਹੈ (ਇਸ ਤੋਂ ਬਿਨਾਂ ਹੋਰ ਕੋਈ ਲਾਭ ਨਹੀਂ)।੨।

ਪ੍ਰ: ਕਿਉਂ ਪਿਤਾ ਜੀ! ਦੱਸੋ ਫਿਰ ਤੁਸੀਂ ਉਹ ਕਿਹੜਾ ਘੁੰਡ ਹੈ ਜਿਸ ਨੂੰ ਸੱਚਾ ਮੰਨਦੇ ਹੋ ?

ਉ: ੭. ਹੇ ਪੁੱਤ੍ਰੀ! ਅਸਲ ਵਿਚ ਸਾਡੇ ਖ਼ਿਆਲ ਅੰਦਰ ਤੇਰਾ ਘੁੰਡ ਤਾਂ ਸੱਚਾ ਹੈ।

੮. ਜੇ ਤੂੰ ਹਰੀ ਦੇ ਗੁਣ ਗਾਉਂਦੀ ਹੋਈ ਨੱਚੇਂ ਟੱਪੇਂ, ਭਾਵ ਹੈ ਕਿ ਪਰਮਾਤਮਾ ਦੇ ਗੁਣ ਗਾਵੇਂ ਤੇ ਇਸ ਤਰ੍ਹਾਂ ਕਰਨ ਵਿਚ ਲੋਕ ਲਾਜ ਦੀ ਪ੍ਰਵਾਹ ਨ ਕਰੇਂ, (ਭਾਵ ਜ਼ਬਾਨ ਨਾਲ ਸਿਮਰਨ ਤੇ ਸਰੀਰ ਕਰਕੇ ਸੇਵਾ ਕਰੇਂ)।੩।

ਪ੍ਰ: ਪਿਤਾ ਜੀਉ! ਤਾਂ ਫਿਰ ਦੱਸੋ, ਇਸ ਜਨਮ ਵਿਚ ਮੈਂ ਕਿਵੇਂ ਜਿੱਤ ਪ੍ਰਾਪਤ ਕਰ ਸਕਾਂਗੀ ?

ਉ: ੯. ਕਬੀਰ ਜੀ ਕਹਿੰਦੇ ਹਨ ਕਿ ਹੇ ਬਹੂ! ਤੂੰ ਇਹ ਤਾਂ ਹੀ ਆਪਣਾ ਜਨਮ ਜਿੱਤ ਸਕੇਂਗੀ।

੧੦. ਜਦੋਂ ਕਿ ਪਰਮੇਸ਼ਰ ਦੇ ਗੁਣ ਗਾਉਂਦਿਆਂ ਇਹ ਜਨਮ ਬਤੀਤ ਕਰੇਂਗੀ।੪।੧।੩੪।

ਦੂਜਾ ਅੰਤ੍ਰੀਵ ਅਰਥ

ਇਸ ਸ਼ਬਦ ਨੂੰ ਵੀ ਵਿਦਵਾਨ ਸੱਜਣ ਪਿਛੇ ਆ ਚੁੱਕੇ ੩੨ਵੇਂ ਸ਼ਬਦ ਦੇ ਭਾਵ ਨੂੰ ਮੁੱਖ ਰੱਖਦਿਆਂ ਇਸ ਦਾ ਅੰਤ੍ਰੀਵ ਅਰਥ ਇਉਂ ਅੰਕਤ ਕਰਦੇ ਹਨ :

ਪਿਛੇ ੩੦ਵੇਂ ਸ਼ਬਦ ਵਿਚ ਕਬੀਰ ਜੀ ਪਰਮੇਸ਼ਰ ਨੂੰ ਆਪਣਾ ਪਤੀ ਤੇ ਆਪਣੇ ਆਪ ਨੂੰ ਉਸ ਦੀ ਵਹੁਟੀ ਕਹਿ ਆਏ ਹਨ (ਹਰਿ ਮੇਰੋ ਪਿਰ ਹਉ ਹਰਿ ਕੀ ਬਹੁਰੀਆ) ਸੋ ਇਸ ਸ਼ਬਦ ਅੰਦਰ ਭੀ ਕਬੀਰ ਜੀ ਆਪਣੀ ਇਸ ਜਿੰਦ ਨੂੰ ਵਹੁਟੀ ਦੇ ਰੂਪ ਵਿਚ ਸਨਮੁਖ ਹੋ ਉਪਦੇਸ਼ ਕਰਦੇ ਹਨ।

ਜਦ ਕਬੀਰ ਜੀ ਇਸ ਜਿੰਦ ਨੂੰ ਪਰਮੇਸ਼ਰ ਪਤੀ ਵੱਲ ਜੋੜਨ ਦੇ ਬਾਰ-ਬਾਰ ਜਤਨ ਕਰਨ ਤੋਂ ਭੀ ਸੰਸਾਰਕ ਮਾਇਕੀ ਪਦਾਰਥਾਂ ਵਲੋਂ ਇਸ ਦੀ ਰੁਚੀ ਨਹੀਂ ਘਟ ਰਹੀ ਦੇਖਦੇ ਤਾਂ ਇਸ ਜਿੰਦ ਦੇ ਅਜਿਹੇ ਅਨਜਾਣਪੁਣੇ ਵੱਲ ਤੱਕ ਇਸ ਨੂੰ ਸਨਮੁਖ ਹੋ ਸੰਬੋਧਨ ਕਰਦੇ ਹੋਏ ਇਸ ਸ਼ਬਦ ਦੁਆਰਾ ਉਪਦੇਸ਼ ਕਰਦੇ ਹਨ :

ਅਰਥ :

੧. ਹੇ ਮੇਰੀ ਅੰਞਾਣ ਜਿੰਦੇ! ਹੁਣ ਤੂੰ ਰੁੱਕ ਜਾਹ, ਬੱਸ ਕਰ ਜਾ, ਉਸ ਪਰਮੇਸ਼ਰ ਪਤੀ ਵਲੋਂ ਘੁੰਡ ਕੱਢਣਾ ਛੱਡ ਦੇ। ਯਾਦ ਰੱਖ ਜੇ ਤੇਰੀ ਸਾਰੀ ਉਮਰ ਉਸ ਸਾਈਂ ਜੀ ਵਲੋਂ ਵਿੱਥ ਹੀ ਰਹੀ ਤਾਂ,

੨. (ਤੇਰਾ ਸਾਰਾ ਜੀਵਨ ਅਜਾਈਂ ਹੀ ਚਲਿਆ ਜਾਵੇਗਾ) ਇਸ ਜੀਵਨ ਦਾ ਆਖ਼ਰ ਅੱਧੀ ਦਮੜੀ ਵੀ ਮੁੱਲ ਨਹੀਂ ਪੈਣਾ।੧।ਰਹਾਉ।

੩. (ਬੇਸ਼ੱਕ ਤੱਕ ਲੈ) ਤੈਥੋਂ ਪਹਿਲਾਂ ਇਸ ਜਗਤ ਵਿਚ ਕਈ ਜਿੰਦਾਂ-ਵਹੁਟੀਆਂ ਉਸ ਸਾਈਂ ਜੀ ਵਲੋਂ ਘੁੰਡ ਕੱਢ ਕੇ ਤੁਰ ਗਈਆਂ (ਅੱਜ ਉਨ੍ਹਾਂ ਦਾ ਕੋਈ ਨਾਮ ਭੀ ਨਹੀਂ ਲੈਂਦਾ)

੪. ਇਸ ਲਈ (ਵੇਖੀਂ) ਕਿਤੇ ਉਨ੍ਹਾਂ ਵਾਲੀ ਵਾਦੀ ਤੈਨੂੰ ਨਾ ਪੈ ਜਾਏ। ਭਾਵ ਹੈ ਜਿਵੇਂ ਕਿ ਅਨੇਕਾਂ ਜਿੰਦਾਂ ਪ੍ਰਭੂ ਪਤੀ ਤੋਂ ਬੇ-ਮੁਖ ਹੋ ਕੇ ਮਰ ਗਈਆਂ ਹਨ, ਤੂੰ ਭੀ ਆਪਣਾ ਜੀਵਨ ਕਿਤੇ ਬੇ-ਮੁਖਤਾ ਵਿਚ ਹੀ ਨ ਗੁਜ਼ਾਰ ਜਾਈਂ।੧।

ਪ੍ਰ: ਕਬੀਰ ਜੀ! ਵੇਖੀਦਾ ਹੈ ਕਿ ਪ੍ਰਭੂ ਪਤੀ ਵਲੋਂ ਬੇ-ਮੁਖ ਹੋ ਜੋ ਲੋਕ ਮਾਇਆ ਇਕੱਠੀ ਕਰਨ ਦੇ ਜਤਨਾਂ ਵਿਚ ਜੁੜੇ ਰਹਿੰਦੇ ਹਨ, ਉਨ੍ਹਾਂ ਦੀ ਲੋਕਾਂ ਵਿਚ ਬਹੁਤ ਸ਼ੋਭਾ ਹੁੰਦੀ ਹੈ ?

ਉ: ੫. ਹੇ ਮੇਰੀ ਅੰਞਾਣ ਜਿੰਦੇ! ਇਸ ਵਿਚ ਕੋਈ ਸ਼ੱਕ ਨਹੀਂ (ਪਰਮੇਸ਼ਰ ਪਤੀ ਵਲੋਂ) ਘੁੰਡ ਕੱਢਿਆਂ ਤੇ ਮਾਇਆ ਨਾਲ ਪ੍ਰੀਤ ਜੋੜਿਆਂ, ਭਾਵ ਮਾਇਆ ਵਧੇਰੇ ਇਕੱਤ੍ਰ ਕੀਤਿਆਂ ਜਗਤ ਦੇ ਅੰਞਾਣ ਲੋਕਾਂ ਵਲੋਂ ਵਡਿਆਈ ਮਿਲਦੀ ਹੈ।

੬. (ਪਰ ਯਾਦ ਰਹੇ) ਉਹ ਵਡਿਆਈ ਪੰਜ ਦੱਸ ਦਿਨਾਂ ਲਈ ਇਤਨੀ-ਕੁ ਹੀ ਸੋਭਾ ਮਿਲਦੀ ਹੈ ਕਿ ਇਹ ਜਿੰਦ ਵਹੁਟੀ ਚੰਗੀ ਆਈ ਹੈ (ਭਾਵ ਕੁਝ ਕੁ ਦਿਨ ਇਤਨਾ ਹੀ ਆਖਦੇ ਹਨ ਕਿ ਇਹ ਬੰਦਾ ਚੰਗਾ ਕਮਾਊ ਜੰਮਿਆ ਹੈ। ਬੱਸ! ਮਰ ਗਿਆ ਤੇ ਗੱਲ ਭੁੱਲ ਗਈ)।੨।

੭-੮. (ਪਰ ਹੇ ਜਿੰਦੇ! ਇਹ ਤਾਂ ਝੂਠਾਂ ਹੀ ਘੁੰਡ ਸੀ ਜੋ ਤੈਂ ਪਤੀ ਪਰਮੇਸ਼ਰ ਵਲੋ ਕੱਢੀ ਰਖਿਆ ਹੈ ਤੇ ਚਾਰ ਦਿਨ ਸੰਸਾਰ ਵਿਚ ਮਾਇਆ ਕਮਾਉਣ ਦੀ ਸੋਭਾ ਖੱਟੀ, ਅਸਲ ਵਿਚ ਤੇਰਾ ਸੱਚਾ ਘੁੰਡ ਤਦੋਂ ਹੀ ਹੋ ਸਕਦਾ ਹੈ, ਜੇ (ਮਾਇਆ ਦੇ ਮੋਹ ਵਲੋਂ ਮੂੰਹ ਲੁਕਾ ਕੇ) ਪ੍ਰਭੂ ਦੇ ਗੁਣ ਗਾਵੇਂ, ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਿਆਂ ਤੇਰੇ ਅੰਤਰ ਆਤਮਾ ਅੰਦਰ ਹੁਲਾਰਾ ਉੱਠੇ।੩।

੯. ਕਬੀਰ ਜੀ ਆਖਦੇ ਹਨ ਕਿ ਹੇ ਵਹੁਟੀ! ਤੂੰ ਤਦੋਂ ਹੀ ਇਸ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਸਕਦੀ ਹੈਂ।

੧੦. ਜੇ ਕਦੀ ਤੇਰਾ ਇਹ ਜਨਮ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਿਆਂ ਗੁਜ਼ਰੇ।੪।੧।੩੪।

ਉਥਾਨਕਾ : ਪੁਰਾਤਨ ਸੰਪਰਦਾਈ ਵਿਦਵਾਨ ਇਸ ਸ਼ਬਦ ਦੀ ਉਥਾਨਕਾ ਪਰੰਪਰਾ ਤੋਂ ਇਸ ਪ੍ਰਕਾਰ ਸੁਣਾਉਂਦੇ ਚਲੇ ਆ ਰਹੇ ਹਨ, ਜੋ ਕਿ ਇਸ ਸ਼ਬਦ ਦੇ ਪਹਿਲੇ ਅਰਥ ਵਿਚ ਇਸ ਤਰ੍ਹਾਂ ਘਟਾਏ ਜਾਂਦੇ ਹਨ :

ਸ੍ਰੀ ਕਬੀਰ ਜੀ, ਇਕ ਦਿਨ ਕਿਸੇ ਦੇ ਨੜੋਏ ਗਏ ਹੋਏ ਸਨ। ਇਕ ਰੋਗੀ ਉਨ੍ਹਾਂ ਦੇ ਘਰ ਆ ਗਿਆ। ਲੋਈ ਜੀ ਘਰ ਸਨ। ਉਨ੍ਹਾਂ ਨੇ ਕਿਹਾ : ਹੇ ਭਲੇ ਲੋਕਾ! ਦੱਸ ਤੂੰ ਕਿਵੇਂ ਆਇਆ ਹੈਂ ? ਤਾਂ ਉਸ ਨੇ ਕਿਹਾ, ਮੈਂ ਰੋਗ ਨਵਿਰਤੀ ਲਈ ਆਇਆ ਹਾਂ। ਲੋਈ ਬੋਲੀ, ਹੇ ਭਾਈ, ਕਬੀਰ ਜੀ ਤਾਂ ਨੜੋਏ ਗਏ ਹੋਏ ਹਨ, ਆ ਤੈਨੂੰ ਮੈਂ ਰਾਜ਼ੀ ਕਰ ਦੇਂਦੀ ਹਾਂ। ਸੋ ਲੋਈ ਨੇ ਤ੍ਰੈ ਵਾਰ ਉਸ ਤੋਂ ਰਾਮ ਦਾ ਨਾਮ ਉਚਾਰਨ ਕਰਵਾਇਆ, ਤਾਂ ਉਸ ਦਾ ਰੋਗ ਨਵਿਰਤ ਹੋ ਗਿਆ। ਉਹ ਸ਼ੁਕਰ ਗੁਜ਼ਾਰੀ ਨਾਲ ਪੈਰੀਂ ਢੱਠਾ ਤੇ ਫਿਰ ਬੋਲਿਆ : ਹੇ ਮਾਤਾ ਜੀ, ਮੈਨੂੰ ਪਤਾ ਦੱਸੋ ਜੋ ਮੈਂ ਵਾਪਸ ਜਾਂਦਾ ਹੋਇਆ ਸ੍ਰੀ ਕਬੀਰ ਜੀ ਦੇ ਵੀ ਦਰਸ਼ਨ ਕਰੀ ਜਾਵਾਂ, ਕਿਉਂਕਿ ਜਿਨ੍ਹਾਂ ਦੀ ਇਸਤ੍ਰੀ ਵਿਚ ਇਤਨੀ ਸ਼ਕਤੀ ਹੈ, ਉਨ੍ਹਾਂ ਦੇ ਆਪਣੇ ਦਰਸ਼ਨ ਤਾਂ ਪਤਾ ਨਹੀਂ ਕੀ ਕੁਝ ਪ੍ਰਾਪਤ ਕਰਵਾ ਦੇਣ।

ਲੋਈ ਨੇ ਸ਼ਮਸ਼ਾਨਾਂ ਦਾ ਰਾਹ ਦਸ ਦਿੱਤਾ। ਉਸ ਨੇ ਕਬੀਰ ਜੀ ਦੀ ਨਿਸ਼ਾਨੀ ਪੁੱਛੀ ਤਾਂ ਲੋਈ ਨੇ ਕਿਹਾ ਕਿ ਹੇ ਭਾਈ, ਉਨ੍ਹਾਂ ਦੀ ਨਿਸ਼ਾਨੀ ਇਹੋ ਹੀ ਹੋਵੇਗੀ ਕਿ ਨੜੋਏ ਜਾਂਦਿਆਂ ਤਾਂ ਸਾਰਿਆਂ ਦੇ ਮੂੰਹ ਵਿਚ ਰਾਮ ਸਤਿ ਹੋਵੇਗਾ, ਪਰ ਮੁੜੇ ਆਉਂਦਿਆਂ ਕਿਸੇ ਦੇ ਵੀ ਮੂੰਹ ਵਿਚ ਰਾਮ ਸਤਿ ਨਹੀਂ ਹੋਵੇਗਾ, ਸੋ ਤੂੰ ਉਸ ਵੇਲੇ ਜਿਸ ਦੇ ਮੁੱਖ ਵਿਚ 'ਰਾਮ ਸਤਿ ਹੈ' ਨਿਕਲ ਰਿਹਾ ਹੋਵੇਗਾ, ਉਹ ਹੀ ਸ੍ਰੀ ਕਬੀਰ ਜੀ ਹੋਵਣਗੇ।

ਸੋ ਉਸ ਨੇ ਇਸੀ ਤਰ੍ਹਾਂ ਕੀਤਾ। ਨੜੋਏ ਤੋਂ ਵਾਪਸ ਆਉਂਦਿਆਂ ਕਬੀਰ ਜੀ ਨੂੰ ਪਛਾਣ ਕੇ ਪੈਰੀਂ ਪੈ ਗਿਆ, ਤਾਂ ਸ੍ਰੀ ਕਬੀਰ ਜੀ ਨੇ ਪੁੱਛਿਆ ਤਾਂ ਉਸ ਨੇ ਲੋਈ ਦੀ ਵਾਰਤਾ ਕਹਿ ਸੁਣਾਈ। ਕਬੀਰ ਜੀ ਚੁੱਪ ਹੋ ਗਏ ਤੇ ਘਰ ਆ ਕੇ ਲੋਈ ਨਾਲ ਰੁੱਸ ਬੈਠੇ। ਲੋਈ ਨੇ ਬਹੁਤ ਮਿੰਨਤਾਂ ਕੀਤੀਆਂ ਤੇ ਰੁੱਸ ਬੈਠਣ ਦਾ ਕਾਰਣ ਪੁੱਛਿਆ, ਤਾਂ ਕਬੀਰ ਜੀ ਨੇ ਕਿਹਾ ਕਿ ਹੇ ਲੋਈ! ਤੈਨੂੰ ਅਜੇ ਰਾਮ ਨਾਮ 'ਤੇ ਸਿਦਕ ਨਹੀਂ। ਤਾਂ ਲੋਈ ਨੇ ਕਿਹਾ ਕਿ ਹੇ ਸੁਆਮੀ ਜੀ, ਮੈਨੂੰ ਰਾਮ ਨਾਮ 'ਤੇ ਪੂਰਨ ਵਿਸ਼ਵਾਸ ਹੈ। ਕਬੀਰ ਜੀ ਨੇ ਕਿਹਾ ਕਿ ਹੇ ਲੋਈ, ਜੇ ਤੈਨੂੰ ਪੂਰਨ ਭਰੋਸਾ ਹੈ, ਤਾਂ ਤੂੰ ਤ੍ਰੈ ਵੇਰ ਕਿਉਂ 'ਰਾਮ' ਨੂੰ ਔਖਿਆਂ ਕੀਤਾ, ਕਿਉਂਕਿ ਤੈਨੂੰ ਪਤਾ ਨਹੀਂ ਕਿ 'ਰਾ' ਅੱਖਰ ਅਜੇ ਮੂੰਹ ਵਿਚ ਹੁੰਦਾ ਹੈ ਤਾਂ ਪਾਪ ਨਸ ਜਾਂਦੇ ਹਨ ਕਿ ਜੇ ਇਸ ਨੇ 'ਮ' ਅੱਖਰ ਕਿਹਾ ਤਾਂ ਮੂੰਹ ਮੀਟਿਆ ਜਾਏਗਾ ਤੇ ਅਸੀਂ (ਪਾਪ) ਅੰਦਰੇ ਦਗਧ ਹੋ ਜਾਵਾਂਗੇ। ਇਸ ਲਈ ਹੇ ਲੋਈ! ਇਕੋ ਵਾਰੀ ਰਾਮ ਕਹਿਣਾ ਕਾਫ਼ੀ ਸੀ, ਤੈਂ ਤ੍ਰੈ ਵਾਰ ਕਿਉਂ ਕਿਹਾ ? ਇਸ ਲਈ ਕਬੀਰ ਜੀ ਗੁੱਸੇ ਹੋ ਗਏ ਸਨ, ਜਿਸ ਦੇ ਬਾਰੇ ਇਸ ਸ਼ਬਦ ਵਿਚ ਖੁਲਾਸਾ ਕੀਤਾ ਗਿਆ ਹੈ।

ਤਦੋਂ ਲੋਈ ਜੀ ਨੇ ਹੱਥ ਬੰਨ੍ਹ ਕੇ ਕਿਹਾ : ਸੁਆਮੀ ਜੀਉ, ਖਿਮਾ ਕਰਨਾ, ਮੇਰੇ ਤਿੰਨ ਵੇਰੀ ਰਾਮ ਕਹਾਉਣ ਦਾ ਅਸਲ ਕਾਰਣ ਇਹ ਸੀ ਕਿ ਮੈ ਇਕ ਵੇਰੀ ਰਾਮ ਕਿਹਾ ਤਾਂ ਉਸ ਦੇ ਜਨਮ-ਜਨਮ ਦੇ ਪਾਪ ਖੰਡਨ ਵਾਸਤੇ ਸੀ। ਪਾਪਾਂ ਦੇ ਨਸ਼ਟ ਹੋਇਆਂ ਰੋਗ ਨੇ ਦੂਰ ਹੋ ਜਾਣਾ ਸੀ, ਕਿਉਂਕਿ ਸਾਰੇ ਦੁੱਖ ਪਾਪਾਂ ਦਾ ਫਲ ਹੁੰਦੇ ਹਨ, ਦੂਜੀ ਵੇਰ ਤਦ ਕਿਹਾ ਕਿ ਰਾਜ਼ੀ ਹੋ ਕੇ ਫਿਰ ਪਾਪ ਕਰੇਗਾ, ਜੀਵਾਂ ਦਾ ਸੁਭਾਉ ਹੈ ਜਦ ਸੁਖੀ ਹੋਣ ਤਾਂ ਫਿਰ ਪਾਪ ਕਰਮਾਂ ਵਲ ਰੁੱਖ ਕਰਦੇ ਹਨ। ਸੋ ਮੈਂ ਰਾਮ ਦਾ ਨਾਮ ਦੂਜੀ ਵੇਰੀ ਲੈ ਕੇ ਉਸ ਦੇ ਹਿਰਦੇ ਵਿਚ ਟਿਕਾਅ ਦਿੱਤਾ, ਜੋ ਕਿ ਇਸ ਦਾ ਜਨਮ ਸਫਲ ਹੋ ਜਾਵੇ। ਤੀਜੀ ਵੇਰੀ ਰਾਮ ਕਿਹਾ ਕਿ ਇਸ 'ਤੇ ਰਾਮ ਦੀ ਨਜ਼ਰ ਹੋਵੇ ਤੇ ਅਗੋਂ ਇਸ ਦਾ ਜਨਮ ਮਰਨ ਕਟਿਆ ਜਾਵੇ। ਕਬੀਰ ਜੀ ਸੁਣ ਕੇ ਹੱਸ ਪਏ, ਖ਼ੁਸ਼ ਹੋ ਗਏ, ਬਖ਼ਸ਼ ਕੇ ਲੋਈ ਨੂੰ ਅਸ਼ੀਰਵਾਦ ਦਿੱਤੀ।

ਇਸ ਪਰੰਪਰਾ ਤੋਂ ਚਲੀ ਆ ਰਹੀ ਸਾਖੀ ਤੋਂ ਵੀ ਸਿੱਟਾ ਇਹੋ ਨਿਕਲਦਾ ਹੈ ਕਿ ਕਬੀਰ ਜੀ ਦੇ ਰੁਝੇਵੇਂ ਦਾ ਕਾਰਣ ਕੋਈ ਪ੍ਰਮਾਰਥ ਉਕਾਈ ਸੀ, ਉਹ ਉਕਾਈ ਲੋਈ ਵਿਚ ਹੋਣੀ ਕਬੀਰ ਜੀ ਨੂੰ ਪਸੰਦ ਨਹੀਂ ਸੀ। ਇਹ ਪ੍ਰਸੰਗ ਵੀ ਇਹੋ ਦੱਸਦਾ ਹੈ ਕਿ ਪ੍ਰਯੋਜਨ ਕੇਵਲ ਲੋਈ ਦੇ ਸੁਧਾਰ ਦਾ ਹੈ। ਸੋ ਇਸੇ ਸੁਧਾਰਕ ਵਾਰਤਾਲਾਪ ਬਾਰੇ ਕਬੀਰ ਦੇ ਸਤਿਸੰਗੀਆਂ ਨੇ ਪੁੱਛ ਕੀਤੀ ਕਿ ਕਬੀਰ ਜੀ! ਸੁਣਿਆ ਹੈ ਕਿ ਆਪ ਜੀ ਦੀ ਗ਼ੈਰ ਹਾਜ਼ਰੀ ਵਿਚ ਮਾਤਾ ਲੋਈ ਜੀ ਨੇ ਕਿਸੇ ਰੋਗੀ ਨੂੰ ਤਿੰਨ ਵਾਰ ਰਾਮ, ਰਾਮ, ਰਾਮ, ਕਹਿ ਕੇ ਅਰੋਗ ਕਰ ਦਿੱਤਾ ਹੈ ਅਤੇ ਇਹ ਵੀ ਸੁਣਨ ਵਿਚ ਆਇਆ ਹੈ ਕਿ ਤੁਸਾਂ ਇਸ ਤਿੰਨ ਵਾਰ ਰਾਮ ਕਹਿ ਕੇ ਉਸ ਨੂੰ ਅਰੋਗ ਕਰਨਾ ਪਸੰਦ ਨਹੀਂ ਕੀਤਾ, ਇਸ ਦਾ ਕਾਰਣ ਕੀ ਸੀ ?

ਇਸ ਸਬੰਧ ਵਿਚ ਜੋ ਮਾਤਾ ਲੋਈ ਨਾਲ ਆਪ ਜੀ ਦੀ

ਵਾਰਤਾਲਾਪ ਹੋਈ, ਉਸ ਸਾਰੀ ਤੋਂ ਸਾਨੂੰ ਜਾਣੂ ਕਰਵਾਉ। ਹੇ ਸੰਗੀਓ! ਮੇਰੇ ਰੁਸੇਵੇਂ ਦਾ ਕਾਰਣ ਕੇਵਲ ਤਿੰਨ ਵੇਰ ਰਾਮ ਕਹਿ ਕੇ ਰੋਗੀ ਨੂੰ ਅਰੋਗ ਕਰਨਾ ਸੀ ਜੋ ਕਿ ਇਕੋ ਵਾਰ ਰਾਮ ਕਹਿਣ ਨਾਲ ਰੋਗੀ ਅਰੋਗ ਹੋ ਸਕਦਾ ਸੀ, ਹੋਰ ਕੋਈ ਸਾਡਾ ਘਰੇਲੂ ਝਗੜਾ ਨਹੀਂ, ਸੋ ਇਸਨੂੰ ਮੈਂ ਪਸੰਦ ਨਹੀਂ ਕੀਤਾ, ਕਿਉਂਕਿ ਇਸ ਵਿਚ ਰਾਮ ਨਾਮ ਦੀ ਸ਼ਕਤੀ ਨੂੰ ਨਿਊਨ ਦਰਸਾਇਆ ਗਿਆ ਹੈ, ਪਰ ਹੇ ਸੰਗੀਓ! ਲੋਈ ਨੇ ਭੀ ਇਸ ਪ੍ਰਮਾਰਥਕ ਉਕਾਈ ਨੂੰ ਅਨੁਭਵ ਕੀਤਾ ਤੇ ਇਨ੍ਹਾਂ ਸ਼ਬਦਾਂ ਵਿਚ ਉਸਨੇ ਖਿਮਾ ਚਾਹੀ, ਜਿਸ ਵਾਰਤਾਲਾਪ ਨੂੰ ਕਬੀਰ ਜੀ ਇਸ ਸ਼ਬਦ ਦੁਆਰਾ ਅੰਕਤ ਕਰਦੇ ਹਨ:

ਆਸਾ ॥

੧. ਕਰਵਤੁ ਭਲਾ ਨ ਕਰਵਟ ਤੇਰੀ ॥
੨. ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥
੩. ਹਉ ਵਾਰੀ ਮੁਖੁ ਫੇਰਿ ਪਿਆਰੇ ॥
੪. ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ ਰਹਾਉ ॥
੫. ਜਉ ਤਨੁ ਚੀਰਹਿ ਅੰਗੁ ਨ ਮੋਰਉ ॥
੬. ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥
੭. ਹਮ ਤੁਮ ਬੀਚੁ ਭਇਓ ਨਹੀ ਕੋਈ ॥
੮. ਤੁਮਹਿ ਸੁ ਕੰਤ ਨਾਰਿ ਹਮ ਸੋਈ ॥੩॥
੯. ਕਹਤੁ ਕਬੀਰੁ ਸੁਨਹੁ ਰੇ ਲੋਈ ॥
੧੦. ਅਬ ਤੁਮਰੀ ਪਰਤੀਤਿ ਨ ਹੋਈ ॥੪॥੨॥੩੫॥

ਪਦ ਅਰਥ : ਕਰਵਤੁ—ਕਾਂਸ਼ੀ ਤੇ ਪ੍ਰਯਾਗ ਵਿਚ ਇਕ ਆਰਾ ਹੁੰਦਾ ਸੀ, ਜਿਸ ਹੇਠ ਕਰਮਾਂ ਤੋਂ ਨਿਰਾਸ਼ ਮੁਕਤੀ ਦੇ ਚਾਹਵਾਨ ਆਪਣਾ ਆਪ ਦੋ ਫਾਂਕ ਕਟਵਾ ਸੁੱਟਦੇ ਸਨ। ਕਰਵਟ—ਪਾਸਾ, ਪਾਸਾ ਪਰਤਣ ਨੂੰ ਕਰਵਟ ਲੈਣਾ ਆਖਦੇ ਹਨ। ਪਿੰਡੁ ਪਰੈ—ਸਰੀਰ ਡਿੱਗ ਪਏ, ਭਾਵ ਸਰੀਰ ਮਰ ਮਿਟ ਜਾਏ। ਬੀਚੁ ਭਇਓ—ਵਿਚਾਲੇ ਨਹੀਂ ਆਇਆ, ਭਾਵ ਸਤੀ ਬ੍ਰਤ ਤੇ ਪਤੀ ਬ੍ਰਤ ਧਰਮ ਵਿਚ ਦੋਵੇਂ ਕਾਇਮ ਹਾਂ। ਲੋਈ—ਸ੍ਰੀ ਕਬੀਰ ਜੀ ਦੀ ਪਤੀਬ੍ਰਤਾ ਇਸਤ੍ਰੀ ਦਾ ਨਾਮ।

ਅਰਥ :

ਪ੍ਰ: ਕਬੀਰ ਜੀ! ਮਾਤਾ ਲੋਈ ਨੇ ਆਪਣੀ ਪ੍ਰਮਾਰਥਕ ਭੁੱਲ ਨੂੰ ਬਖਸ਼ੌਣ ਲਈ ਕਿਸ ਪ੍ਰਕਾਰ ਦੀ ਜਾਚਨਾ ਕੀਤੀ?

ਨੋਟ: ਪਹਿਲੋਂ ਲੋਈ ਦੇ ਕਹੇ ਹੋਏ ਬਚਨਾਂ ਦਾ ਅਨੁਵਾਦ ਕਬੀਰ ਜੀ ਅਗਲੇ ਸ਼ਬਦ ਵਿਚ ਕਰਦੇ ਹਨ:

ਉ: ੧. (ਹੇ ਸੰਗੀਓ! ਲੋਈ ਨੇ ਆਪਣੀ ਭੁੱਲ ਬਖਸ਼ਾਉਣ ਲਈ, ਮੇਰੇ ਪ੍ਰਮਾਰਥਕ ਰੁਸੇਵੇਂ ਦੀ ਨਵਿਰਤੀ ਲਈ ਇਉਂ ਪ੍ਰਾਰਥਨਾ ਕੀਤੀ ਕਿ) ਹੇ ਸੁਆਮੀ ਜੀਉ (ਕਾਂਸ਼ੀ ਦੇ ਕਲਵੱਤ੍ਰ) ਆਰੇ ਹੇਠ ਬਹਿ ਕੇ ਚੀਰਿਆ ਜਾਣਾ ਤੇਰਾ ਪਾਸਾ ਫੇਰ ਲੈਣ ਨਾਲੋਂ ਮੈਨੂੰ ਚੰਗਾ ਲੱਗਦਾ ਹੈ, ਭਾਵ ਤੇਰਾ ਮੇਰੇ ਵੱਲੋਂ ਪਾਸਾ ਮੋੜਨਾ ਚੰਗਾ ਨਹੀਂ, (ਅਰਥਾਤ ਇਹ ਮੇਰੇ ਪਾਸੋਂ ਸਹਾਰਿਆ ਨਹੀਂ ਜਾਂਦਾ)।

੨. ਇਸ ਲਈ ਹੇ ਸੁਆਮੀ ਜੀ! ਪਾਸਾ ਪਰਤੋ ਤੇ (ਲਾਗੁ ਗਲੇ) ਭਾਵ ਸਨਮੁਖ ਦਰਸ਼ਨ ਦੇ ਕੇ ਮੇਰੀ ਬੇਨਤੀ ਸੁਣੋ।੧।

੩. ਹੇ ਪਿਆਰੇ ਪਤੀ ਜੀਉ! ਮੈਂ ਵਾਰੀ ਜਾਵਾਂ, ਮੇਰੇ ਵਲ ਮੂੰਹ ਮੋੜੋ।

੪. ਮੇਰੀ ਵਲੋਂ ਪਾਸਾ ਫੇਰ ਕੇ ਮੈਨੂੰ ਕਿਉਂ ਮਾਰਦੇ ਹੋ।੧।ਰਹਾਉ।

ਪ੍ਰ: ਕਬੀਰ ਜੀ! ਤੁਹਾਡੀ ਪਤਨੀ ਮਾਤਾ ਲੋਈ ਦਾ ਤੁਹਾਡੇ ਨਾਲ ਕਿਤਨਾ ਕੁ ਗੂੜ੍ਹਾ ਪਿਆਰ ਸੀ?

ਉ: ੫. ਹੇ ਮਿੱਤਰੋ! ਲੋਈ ਦਾ ਕਹਿਣਾ ਤਾਂ ਇਸ ਪ੍ਰਕਾਰ ਸੀ ਕਿ ਹੇ ਸੁਆਮੀ ਜੀ ਜੇ ਤੁਸੀਂ ਮੇਰੇ ਸਰੀਰ ਨੂੰ ਭੀ ਚੀਰ ਦੇਵੋ ਤਾਂ ਭੀ ਮੈਂ ਅੰਗ ਨਹੀਂ ਹਿਲਾਵਾਂਗੀ।

੬. ਹਾਂ, ਜੇ ਮੇਰਾ ਸਰੀਰ ਵੀ ਮਰ ਡਿਗੇ, ਤਦ ਵੀ ਮੈਂ ਤੇਰੇ ਨਾਲੋਂ ਪ੍ਰੀਤ ਨਹੀਂ ਤੋੜਾਂਗੀ।੨।

੭. ਸੁਆਮੀ ਜੀਉ! ਤੁਹਾਡੇ ਤੇ ਸਾਡੇ ਦੋਹਾਂ ਦੇ ਵਿਚਾਲੇ ਹੋਰ ਤੀਸਰਾ ਕੋਈ ਨਹੀਂ ਆਇਆ। ਜਾਂ ਕੋਈ ਤੁਹਾਡਾ ਤੇ ਮੇਰਾ ਲੜਾਈ ਝਗੜਾ ਭੀ ਨਹੀਂ ਹੋਇਆ।

੮. ਤੁਸੀਂ ਉਹੋ ਮੇਰੇ ਪਤੀ ਹੋ ਜਿਸਦੀ ਸੇਵਾ ਕਰਕੇ ਮੈਂ ਜੀਉਂਦੀ ਹਾਂ ਅਤੇ ਮੈਂ ਉਹੀ ਇਸਤ੍ਰੀ ਹਾਂ, ਜਿਸ ਉੱਤੇ ਆਪ ਰੋਜ਼ ਕਿਰਪਾ ਦ੍ਰਿਸ਼ਟੀ ਰੱਖਦੇ ਹੋ, ਫਿਰ ਦੱਸੋ ਅੱਜ ਤੁਸੀਂ ਕਿਉਂ ਗ਼ੁੱਸੇ ਹੋ ਬੈਠੇ ਹੋ।੩।

ਪ੍ਰ: ਕਬੀਰ ਜੀਉ! ਤੁਸੀਂ ਮਾਤਾ ਲੋਈ ਦੀ ਇਹ ਦੀਨਤਾ ਸਹਿਤ ਬੇਨਤੀ ਨੂੰ ਸੁਣ ਕੇ ਕੀ ਆਗਿਆ ਕੀਤੀ ਸੀ?

ਉ: ੯. ਕਬੀਰ ਸਾਹਿਬ ਜੀ ਕਹਿੰਦੇ ਹਨ, ਹੇ ਸੰਗੀਓ, ਮੈਨੂੰ ਲੋਈ ਦੇ ਦੀਨਤਾ ਭਰੇ ਪ੍ਰਾਰਥਨਾ ਦੇ ਸ਼ਬਦ ਸੁਣ ਕੇ ਇਹ ਵਿਸ਼ਵਾਸ ਤਾਂ ਹੋ ਆਇਆ ਸੀ ਕਿ ਲੋਈ ਨੇ ਆਪਣੀ ਭੁਲੇਖੇ ਵਿਚ ਹੋਈ ਭੁੱਲ ਨੂੰ ਜ਼ਰੂਰ ਅਨੁਭਵ ਕਰ ਲਿਆ ਹੈ, ਪਰ ਤਾਂ ਭੀ ਮੈਂ ਉਸਦੇ ਨਿਸਚੇ ਨੂੰ ਪ੍ਰਪੱਕ ਕਰਨ ਲਈ ਇਉਂ ਆਖਿਆ ਕਿ ਹੇ ਲੋਈ ਸੁਣ,

੧੦. ਮੈਂ ਤੇਰੇ ਨਾਲ ਇਸ ਲਈ ਰੋਸ ਕੀਤਾ ਸੀ ਕਿ ਅਜੇ ਤਕ ਤੇਰੀ ਰਾਮ ਨਾਮ ਉੱਤੇ ਦ੍ਰਿੜ੍ਹ ਪ੍ਰਤੀਤ ਨਹੀਂ ਹੋਈ ਹੈ ਕਿ ਕੇਵਲ ਇਕੋ ਵੇਰ ਰਾਮ ਦਾ ਨਾਮ ਉਚਾਰਨ ਕਰਨ ਨਾਲ ਪਾਪ ਤੇ ਪਾਪ ਜਨਕ ਦੁੱਖ ਰੋਗ ਸਾਰੇ ਹੀ ਦੂਰ ਹੋ ਜਾਂਦੇ ਹਨ।੪।੨।੩੫।

ਭਾਵਾਰਥ : ਇਸ ਸ਼ਬਦ ਵਿਚ ਪਾਠਕਾਂ ਨੂੰ ਭਾਵੇਂ ਪਾਠ ਮਾਤ੍ਰ ਤੋਂ ਇਕ ਸਾਧਾਰਨ ਜਿਹਾ ਅਰਥ ਭਾਵ ਪ੍ਰਤੀਤ ਹੋ ਰਿਹਾ ਹੈ, ਪਰ ਕਬੀਰ ਜੀ ਦਾ ਇਸ ਵਿਚ ਇਕ ਬਹੁਤ ਵੱਡਾ ਗੁੱਝਾ ਭਾਵ ਇਹੋ ਸਮਝਣ ਯੋਗ ਹੈ ਕਿ ਭਗਤ ਜੀ ਲੋਈ ਪ੍ਰਤੀ ਉਸ ਪਰਮੇਸ਼ਰ ਦੇ ਰਾਮ ਨਾਮ ਦੀ ਅਥਾਹ ਸ਼ਕਤੀ ਦਾ ਨਿਰੂਪਨ ਕਰਦੇ ਹੋਏ ਪਾਠਕਾਂ ਦੇ ਮਨਾਂ ਵਿਚ ਪਰਮਾਤਮਾ ਦੇ ਰਾਮ ਨਾਮ ਦੀ ਮਹਾਨ ਭਾਵਨਾ ਉਤਪੰਨ ਕਰਦੇ ਹਨ।

ਦੂਜਾ ਅੰਤ੍ਰੀਵ ਭਾਵ

ਇਸੇ ਸ਼ਬਦ ਦੇ ਅੰਤਰਗਤ ਭਗਤ ਜੀ ਜਗਤ ਦੇ ਮੋਹ ਦੀ ਪ੍ਰਬਲਤਾ, ਜੋ ਜੀਵਾਂ ਨੂੰ ਪ੍ਰਭੂ ਤੋਂ ਵਿਛੋੜੀ ਰੱਖਦੀ ਹੈ, ਉਸ ਤੋਂ ਬਚਣ ਲਈ ਕਬੀਰ ਜੀ ਨਿਰੰਕਾਰ ਦੇ ਸਨਮੁਖ ਹੋ ਅਰਦਾਸ ਕਰਦੇ ਹਨ:

ਅਰਥ :

ਪ੍ਰ: ਕਬੀਰ ਜੀ! ਵੇਖੀਦਾ ਹੈ ਕਿ ਇਸ ਜਗਤ ਦੇ ਝੂਠੇ ਮੋਹ ਦੀ ਬਹੁਤ ਪ੍ਰਬਲਤਾ ਹੈ। ਜਦ ਵੀ ਇਹ ਕਿਸੇ 'ਤੇ ਵਾਰ ਕਰਦਾ ਹੈ ਤਾਂ ਉਹ ਵੱਡੇ-ਵੱਡੇ ਮਹਾਨ ਸ੍ਰਿੰਗੀ ਰਿਖੀ ਜੈਸਿਆਂ ਨੂੰ ਡਾਵਾਂ ਡੋਲ ਕਰਦਾ ਰਿਹਾ ਹੈ, ਪਰ ਜਦ ਕਦੀ ਮੋਹ ਤੁਹਾਡੇ ਸਾਹਮਣੇ ਆਉਂਦਾ ਹੈ, ਤਾਂ ਉਸ ਜਗਤ ਮੋਹ ਦੀ ਪ੍ਰਬਲਤਾ ਤੁਹਾਨੂੰ ਵੀ ਤਾਂ ਉਸ ਸੱਚੇ ਮਾਲਕ ਤੋਂ ਵਿਛੋੜਾ ਪਾ ਦੇਂਦੀ ਹੋਵੇਗੀ, ਤਾਂ ਉਸ ਸਮੇਂ ਤੁਸੀਂ ਉਸ ਸਾਈਂ ਜੀ ਦੇ ਮੁੜ ਸੰਜੋਗ-ਪ੍ਰਾਪਤੀ ਲਈ ਕੀ ਸਾਧਨ ਕਰਦੇ ਹੋ?

ਉ: ੧. ਹੇ ਭਾਈਓ! ਮੈਂ ਤਾਂ ਉਸ ਸਾਈਂ ਜੀ ਦੇ ਵਿਜੋਗ ਨੂੰ ਮੁੜ ਸੰਜੋਗ ਵਿਚ ਬਦਲਣ ਲਈ ਇਸ ਪ੍ਰਕਾਰ ਅਰਦਾਸ ਕਰਿਆ ਕਰਦਾ ਹਾਂ ਕਿ ਹੇ ਮੇਰੇ ਸਾਈਂ ਜੀ, ਤੇਰੇ ਪਿੱਠ ਦੇਣ ਨਾਲੋਂ ਭਾਵ ਤੇਰੇ ਵਿਛੋੜੇ ਨਾਲੋਂ ਤਾਂ ਮੈਨੂੰ (ਇਸ ਸਰੀਰ ਉੱਤੇ) ਆਰਾ ਸਹਾਰ ਲੈਣਾ ਚੰਗਾ ਹੈ, ਅਰਥਾਤ ਜਿਤਨੀ ਪੀੜਾ ਤੇਰੇ ਵਿਜੋਗ ਹੋਣ ਨਾਲ ਵਾਪਰਦੀ ਹੈ, ਉਤਨਾ ਦੁੱਖ ਆਰੇ ਨਾਲ ਸਰੀਰ ਨੂੰ ਚਿਰਾਣ ਦਾ ਨਹੀਂ ਹੈ।

੨. ਇਸ ਲਈ (ਹੇ ਮੇਰੇ ਸਾਈਂ ਜੀਉ!) ਮੇਰੀ ਅਰਜ਼ੋਈ ਸੁਣ ਤੇ ਮੇਰੇ ਗਲੇ ਲੱਗ, ਭਾਵ ਤੇਰੀ ਯਾਦ ਮੇਰੇ ਗਲੇ ਦਾ ਹਾਰ ਬਣ ਜਾਏ।੧।

੩-੪. ਹੇ ਪਿਆਰੇ ਪ੍ਰਭੂ ਜੀ! ਮੈਂ ਤੈਥੋਂ ਸਦਾ ਹੀ ਕੁਰਬਾਨ ਹਾਂ। ਮੇਰੇ ਵਲ ਤੱਕੋ, ਤੁਸੀਂ ਮੈਨੂੰ ਪਿੱਠ ਦੇਕੇ ਕਿਉਂ ਮਾਰ ਰਹੇ ਹੋ? ਭਾਵ ਹੈ ਜੇ ਤੁਸੀਂ ਮੇਰੇ 'ਤੇ ਮਿਹਰ ਦੀ ਨਜ਼ਰ ਭਰ ਕੇ ਨਾ ਤੱਕੋ ਤਾਂ ਮੇਰਾ ਜੀਉਂਦੇ ਰਹਿਣਾ ਵੀ ਔਖਾ ਹੈ।੧।ਰਹਾਉ।

ਪ੍ਰ: ਰੱਬੀ ਅਵਾਜ਼ ਆਈ: ਹੇ ਕਬੀਰ! ਤੂੰ ਮੇਰੇ ਨਾਲ ਕਿਤਨੀ ਕੁ ਦਿਲੀ ਪ੍ਰੀਤ ਰਖਦਾ ਹੈਂ?

ਉ: ੫. ਹੇ ਮੇਰੇ ਮਾਲਕ ਪ੍ਰਭੂ ਜੀ! ਜੇ ਤੁਸੀਂ ਮੇਰਾ ਸਰੀਰ ਵੀ ਚੀਰ ਦਿਓ, ਤਾਂ ਮੈਂ ਇਸ ਨੂੰ ਬਚਾਣ ਲਈ ਪਿੱਛੇ ਨਹੀਂ ਹਟਾਂਗਾ।

੬. ਇਸ ਸਰੀਰ ਦੇ ਨਾਸ ਹੋ ਜਾਣ 'ਤੇ ਭੀ ਮੈਂ ਤੇਰੇ ਨਾਲੋਂ ਪ੍ਰੀਤ ਨਹੀਂ ਤੋੜਾਂਗਾ।੨।

ਪ੍ਰ: ਕਬੀਰ! ਤੂੰ ਮੇਰੇ 'ਤੇ ਇਤਨਾ ਮਾਣ ਕਿਉਂ ਰੱਖਦਾ ਹੈਂ?

ਉ: ੭. ਹੇ ਮੇਰੇ ਪਿਆਰੇ ਸਾਈਂ ਜੀ! ਮੇਰਾ ਤੁਹਾਡੇ 'ਤੇ ਇਸ ਲਈ ਮਾਣ ਹੈ ਕਿ ਮੇਰੇ ਤੇ ਤੇਰੇ ਵਿਚ ਵਿੱਥ ਹੀ ਕੋਈ ਨਹੀਂ ਹੈ। ਉਹ ਕਿਵੇਂ? ਕਿਉਂਕਿ

੮. ਤੂੰ ਉਹੀ ਪ੍ਰਭੂ ਮੇਰਾ ਮਾਲਕ ਹੈਂ ਤੇ ਮੈਂ ਵੀ ਤੇਰੀ ਉਹੋ ਜੀਵ ਰੂਪੀ ਇਸਤ੍ਰੀ ਹਾਂ।੩।

ਪ੍ਰ: ਕਬੀਰ ਜੀ! ਜੇ ਇਤਨੀ ਅਭੇਦਤਾ ਹੈ, ਤਾਂ ਫਿਰ ਇਹ ਦੁੱਖ ਰੂਪ ਵਿਛੋੜਾ ਕਿਉਂ ਹੋ ਗਿਆ?

ਉ: ੯. ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਹੇ ਜਗਤ ਦੇ ਲੋਕੋ! ਸੁਣੋ, ਇਹ ਵਿੱਥ ਪੁਆਉਣ ਵਾਲਾ ਚੰਦਰਾ ਜਗਤ ਦਾ ਮੋਹ ਹੈ, (ਇਹ ਹੁਣ ਮੈਨੂੰ ਚੰਗੀ ਤਰ੍ਹਾਂ ਸੋਝੀ ਆ ਗਈ ਹੈ)

੧੦. ਕਿ ਹੇ ਜਗਤ ਦੇ ਮੋਹ! ਹੁਣ ਮੈਂ ਤੇਰਾ ਕਦੀ ਇਤਬਾਰ ਨਹੀਂ ਕਰਾਂਗਾ, ਭਾਵ ਹੁਣ ਮੈਂ ਕਦੇ ਵੀ ਤੇਰੇ ਜਾਲ ਵਿਚ ਨਹੀਂ ਫਸਾਂਗਾ (ਕਿਉਂਕਿ ਤੂੰ ਹੀ ਮੈਨੂੰ ਮੇਰੇ ਪਿਆਰੇ ਪਤੀ ਪਰਮੇਸ਼ਰ ਤੋਂ ਵਿਛੋੜਦਾ ਹੈਂ)।੪।੨।੩੫।

ਭਾਵਾਰਥ : ਜੀਵ ਨੂੰ ਆਪਣੇ ਪਿਆਰੇ ਸੱਚੇ ਸਾਂਈਂ ਤੋਂ ਇਕ ਜਗਤ ਦਾ ਮੋਹ ਹੀ ਵਿਛੋੜਦਾ ਹੈ, ਸੋ ਇਸ ਤੋਂ ਬਚਣ ਲਈ ਕਬੀਰ ਜੀ ਇਸ ਸ਼ਬਦ ਵਿਚ ਅਰਦਾਸ ਕਰਨਾ ਹੀ ਇਕ ਉੱਤਮ ਸਾਧਨ ਦੱਸਦੇ ਹਨ।

ਉਥਾਨਕਾ : ਕਬੀਰ ਜੀ ਬਨਾਰਸ ਦੇ ਰਹਿਣ ਵਾਲੇ ਸਨ ਅਤੇ ਆਪ ਜਾਤ ਦੇ ਜੁਲਾਹੇ ਸਨ। ਬ੍ਰਾਹਮਣਾਂ ਦੀਆਂ ਨਜ਼ਰਾਂ ਵਿਚ ਉਹ ਇਕ ਸ਼ੂਦਰ ਸਨ, ਜਿਸ ਨੂੰ ਕਿ ਸ਼ਾਸਤ੍ਰ ਭਜਨ ਕਰਨ ਦੀ ਆਗਿਆ ਨਹੀਂ ਦੇਂਦਾ। ਸੋ ਕਿਸੇ ਜਾਤ-ਅਭਿਮਾਨੀ ਪੰਡਤ ਨੇ ਜੋ ਕਿ ਭਾਵੇਂ ਉਹ ਵੇਦ ਸ਼ਾਸਤ੍ਰ ਪੜ੍ਹਿਆ ਹੋਇਆ ਸੀ, ਪਰ ਉਹ ਉਂਞ ਆਤਮਕ ਜੀਵਨ ਤੋਂ ਸਖਣਾ ਸੀ, ਉਹ ਕਬੀਰ ਜੀ ਨੂੰ ਨਫ਼ਰਤ ਨਾਲ ਕੋਰੀ ਕਹਿ ਕੇ ਬੁਲਾਉਂਦਾ ਹੈ, ਜੁਲਾਹਾ ਜਾਣ ਕੇ। ਕੋਰੀ ਆਖਦੇ ਹਨ ਜੁਲਾਹੇ ਨੂੰ, ਜੋ ਕੱਪੜੇ ਉਣ ਕੇ ਦੇਂਦਾ ਹੈ।

ਤਾਂ ਕਬੀਰ ਜੀ ਕਹਿੰਦੇ ਹਨ ਕਿ ਹੇ ਪੰਡਤ! ਕੋਰੀ ਤਾਂ ਈਸ਼੍ਵਰ ਆਪ ਹੈ, ਜੋ ਨਿੱਤ ਨਵਾਂ ਹੈ, ਜੋ ਕੋਰਾ ਹੈ ਅਤੇ ਉਹ ਕੋਰੀ ਜੁਲਾਹਾ ਹੈ ਜੋ ਇਸ ਸਾਰੇ ਜਗਤ ਦੀ ਬੁਣਤਰ ਬੁਣਦਾ ਹੈ। ਇਸ ਲਈ ਹੇ ਪੰਡਤ! ਤੂੰ ਕੋਰੀ ਪਦ ਦਾ ਅਰਥ ਹੀ ਨਹੀਂ ਜਾਣਦਾ ਕਿ ਜਿਸ ਨੂੰ ਕੋਰੀ ਕਹਿ ਸਕਦੇ ਹਾਂ, ਉਸਦਾ ਭੇਤ ਹੀ ਨਹੀਂ ਸਮਝ ਸਕਦਾ, ਦੇਖ ਇਹ ਇਕ ਜਗਤ ਤਾਣਾ ਤਣ ਰਿਹਾ ਹੈ, ਜੋ ਕਿ ਉਸ ਕੋਰੀ ਨੇ ਤਣਿਆ ਹੈ।

ਆਸਾ ॥

੧. ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥
੨. ਸਭੁ ਜਗੁ ਆਨਿ ਤਨਾਇਓ ਤਾਨਾਂ ॥੧॥ ਰਹਾਉ ॥
੩. ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥
੪. ਤਬ ਹਮ ਇਤਨਕੁ ਪਸਰਿਓ ਤਾਨਾਂ ॥੧॥
੫. ਧਰਨਿ ਅਕਾਸ ਕੀ ਕਰਗਹ ਬਨਾਈ ॥
੬. ਚੰਦੁ ਸੂਰਜੁ ਦੁਇ ਸਾਥ ਚਲਾਈ ॥੨॥
੭. ਪਾਈ ਜੋਰਿ ਬਾਤ ਇਕ ਕੀਨੀ
ਤਹ ਤਾਂਤੀ ਮਨੁ ਮਾਨਾਂ ॥
੮. ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ
ਹੀ ਰਾਮੁ ਪਛਾਨਾਂ ॥੩॥
੯. ਕਹਤੁ ਕਬੀਰੁ ਕਾਰਗਹ ਤੋਰੀ ॥
੧੦. ਸੂਤੈ ਸੂਤ ਮਿਲਾਏ ਕੋਰੀ ॥੪॥੩॥੩੬॥

ਪਦ ਅਰਥ : ਕੋਰੀ—ਜੁਲਾਹਾ। ਕੋ—ਦਾ। ਮਰਮੁ—ਭੇਤ। ਕਾਹੂ—ਕਿਸੇ ਨੇ। ਆਨਿ—ਲਿਆ ਕੇ, ਪੈਦਾ ਕਰਕੇ।੧।ਰਹਾਉ। ਜਬ—ਜਿਤਨਾ ਚਿਰ। ਸੁਨਿ ਲੇ—ਸੁਣ ਲਏ। ਤਬ—ਓਨਾ ਚਿਰ। ਪਸਰਿਓ—ਤਣ ਲਿਆ।੧। ਧਰਨਿ—ਧਰਤੀ। ਕਰਗਹ—ਕੰਘੀ, ਕਪੜਾ ਉਣਨ ਵੇਲੇ ਜੋ ਅਗਾਹਾਂ ਪਿਛਾਹਾਂ ਕਰਦੀ ਹੈ, ਇਸਨੂੰ ਜੁਲਾਹਾ ਵਾਰੀ-ਵਾਰੀ ਹਰੇਕ ਹੱਥ ਵਿਚ ਰੱਖਦਾ ਹੈ। ਸਾਥ—ਜੁਲਾਹੇ

ਦੀਆਂ ਨਾਲਾਂ।੨। ਪਾਈ ਜੋਰਿ–ਪਊਆਂ ਦੀ ਜੋੜੀ, ਜਿਨ੍ਹਾਂ ਉੱਤੇ ਦੋਵੇਂ ਪੈਰ ਰੱਖ ਕੇ ਜੁਲਾਹਾ ਵਾਰੋ-ਵਾਰੀ ਹਰੇਕ ਪੈਰ ਨੂੰ ਦੱਬ ਕੇ ਕਪੜਾ ਉਣਦਾ ਹੈ। ਬਾਤ ਇਕ– ਇਹ ਜਗਤ ਇਕ ਖੇਡ। ਤਹ–ਉਸ ਜੁਲਾਹੇ ਵਿਚ। ਤਾਂਤੀ ਮਨੁ–ਮੈਂ ਜੁਲਾਹੇ ਦਾ ਮਨ। ਘਰੁ–ਸਰੂਪ। ਚੀਨ੍ਹਾਂ–ਪਛਾਣ ਲਿਆ ਹੈ। ਘਟ ਹੀ–ਹਿਰਦੇ ਵਿਚ ਹੀ।੩। ਕਾਰਗਹ–(ਜਗਤ ਰੂਪ) ਕੰਘੀ। ਤੋਰੀ–ਤੋੜ ਦਿੱਤੀ, ਤੋੜ ਦੇਂਦਾ ਹੈ। ਸੂਤੈ–ਸੂਤਰ ਵਿਚ।੪।

ਅਰਥ :

ਪ੍ਰ: ਕਬੀਰ ! ਤੂੰ ਜੁਲਾਹਾ ਹੈਂ, ਤੇਰਾ ਹੱਕ ਹੀ ਕੀ ਹੈ ਕਿ ਤੂੰ ਲੋਕਾਂ ਨੂੰ ਗਿਆਨ ਪ੍ਰਾਪਤੀ ਦਾ ਉਪਦੇਸ਼ ਦੇਵੇਂ। ਤਾਂ ਉੱਤਰ ਵਿਚ ਕਬੀਰ ਜੀ ਨੇ ਕਿਹਾ ਕਿ ਐ ਪੰਡਤੋ ! ਕੇਵਲ ਮੈਂ ਹੀ ਜੁਲਾਹਾ ਨਹੀਂ, ਤੁਹਾਡਾ ਵਡੇਰਾ ਈਸ਼੍ਵਰ ਭੀ ਜੁਲਾਹਾ ਹੈ।

ਪ੍ਰ: ਪੰਡਤਾਂ ਨੇ ਪੁੱਛਿਆ, ਤੂੰ ਈਸ਼੍ਵਰ ਨੂੰ ਜੁਲਾਹਾ ਕਿਵੇਂ ਕਹਿੰਦਾ ਹੈਂ ? ਅਤੇ ਤੂੰ ਉਸਦੇ ਜੁਲਾਹੇ ਹੋਣ ਬਾਰੇ ਕੋਈ ਭੇਦ ਦੱਸ ਕਿ ਉਹ ਕਿਵੇਂ ਜੁਲਾਹਾ ਹੈ ?

ਤਾਂ ਕਬੀਰ ਜੀ ਉਨ੍ਹਾਂ ਪੰਡਤਾਂ ਨੂੰ ਸ਼ਾਂਤੀ ਦੇਣ ਲਈ ਉਪਦੇਸ਼ ਕਰਦੇ ਹਨ ਕਿ ਐ ਪੰਡਤੋ ! ਤੁਸੀਂ ਸਾਰੇ ਹੀ ਮੈਨੂੰ ਜੁਲਾਹਾ-ਜੁਲਾਹਾ ਆਖ ਕੇ ਛੁਟਿਆਉਣ ਦੇ ਜਤਨ ਕਰਦੇ ਹੋ, ਪਰ ਤੁਹਾਨੂੰ ਪਤਾ ਨਹੀਂ ਕਿ ਉਹ ਪਰਮਾਤਮਾ ਭੀ ਜੁਲਾਹਾ ਹੈ, ਪਰ ਤੁਸਾਂ ਵਿਚੋਂ

੧. ਉਸ (ਕੋਰੀ) ਜੁਲਾਹੇ ਦਾ ਕਿਸੇ ਨੇ ਭੀ ਭੇਦ ਨਹੀਂ ਜਾਣਿਆ।

ਪ੍ਰ: ਕਬੀਰ ! ਤੂੰ ਜੁਲਾਹਾ ਤਾਂ ਪ੍ਰਤੱਖ ਤਾਣੀ ਉਣਦਾ ਨਜ਼ਰ ਆਉਂਦਾ ਹੈਂ, ਪਰ ਉਸ ਪਰਮੇਸ਼ਰ (ਜਿਸ ਨੂੰ ਤੂੰ ਜੁਲਾਹਾ ਕਹਿੰਦਾ ਹੈਂ) ਨੇ ਕਿਹੜਾ ਤਾਣਾ ਉਣਿਆ ਹੈ ?

ਉ: ੨. ਹੇ ਪੰਡਤੋ ! ਜੇ ਤੁਸੀਂ ਵੀਚਾਰ ਕਰਕੇ ਵੇਖੋ, ਤਾਂ ਅਸਲ ਵਿਚ ਉਸਨੇ (ਪੰਜਾਂ ਤੱਤਾਂ ਦੀਆਂ ਪੰਞੀ ਅੰਸਾਂ ਨੂੰ) ਲੈ ਕੇ ਇਹ ਸਾਰੇ ਜਗਤ ਦਾ ਤਾਣਾ ਤਣ ਰਖਿਆ ਹੈ, (ਇਸੇ ਲਈ ਸਾਰਿਆਂ ਤੋਂ ਵੱਡਾ ਉਹ ਪਰਮੇਸ਼ਰ ਜੁਲਾਹਾ ਹੈ)।੧।ਰਹਾਉ।

ਪ੍ਰ: ਕਬੀਰ ਜੀ ! ਅਸੀਂ ਤਾਂ ਵੇਦ ਪੁਰਾਨਾਂ ਨੂੰ ਸੁਣਦੇ ਰਹਿੰਦੇ ਹਾਂ, ਪਰ ਸਾਨੂੰ ਤਾਂ ਇਹ ਪਰਮੇਸ਼ਰ ਦੇ ਜੁਲਾਹਾ ਹੋਣ ਦੀ ਗੱਲ ਕਿਤੋਂ ਵੀ ਸਮਝ ਨਹੀਂ ਪੈ ਸਕੀ।

ਉ: ੩. ਹੇ ਪੰਡਤੋ ! ਅਸਲ ਵਿਚ ਤੁਸਾਂ ਲੋਕਾਂ ਨੇ ਵੇਦ ਪੁਰਾਨਾਂ ਨੂੰ ਕੇਵਲ ਸੁਣਨ ਮਾਤ੍ਰ ਹੀ ਸੁਣਿਆ ਹੈ, ਉਨ੍ਹਾਂ ਦੇ ਸਿਧਾਂਤ 'ਤੇ ਅਮਲ ਨਹੀਂ ਕੀਤਾ, ਪਰ ਮੈਂ ਸੁਣ ਕੇ ਅਮਲ ਕੀਤਾ ਹੈ, ਸੋ ਤੁਹਾਡਾ ਤੇ ਮੇਰਾ ਫ਼ਰਕ ਹੈ, ਹੁਣ ਜਦ ਤੁਸੀਂ ਧਿਆਨ ਦੇ ਕੇ ਸੁਣੋਗੇ ਅਤੇ ਉਸ ਉਪਰ ਅਮਲ ਕਰੋਗੇ, ਤਦ ਤੁਸੀਂ ਭੀ ਜਾਣ ਲਓਗੇ ਕਿ

੪. ਉਸ ਪਰਮੇਸ਼ਰ ਨੇ (ਹਮ) ਤਮਾਮ ਇਹ ਸਾਰਾ ਬ੍ਰਹਿਮੰਡ ਹੀ ਇਕ (ਇਤਨਕੁ) ਛੋਟਾ ਜਿਹਾ ਤਾਣੇ ਦਾ ਹੀ ਪਸਾਰਾ ਪਸਾਰਿਆ ਹੋਇਆ ਹੈ।੧।

ਪ੍ਰ: ਕਬੀਰ ! ਤੁਹਾਡੇ ਜੁਲਾਹੇ ਲੋਕਾਂ ਪਾਸ ਤਾਂ ਕੱਪੜਾ ਬੁਣਨ ਲਈ ਕੰਘੀ ਹੋਇਆ ਕਰਦੀ ਹੈ ਅਤੇ ਇਕ ਨਾਲ ਹੁੰਦੀ ਹੈ, ਪਰ ਰੱਬ ਕੋਲ ਇਹ ਸ਼ੈਆਂ ਕਿਹੜੀਆਂ ਹਨ ?

ਉ: ੫. ਹੇ ਪੰਡਤੋ ! ਤੱਕੋ, ਉਸ ਪ੍ਰਭੂ ਜੁਲਾਹੇ ਨੇ ਧਰਤੀ ਤੇ ਅਕਾਸ਼ ਦੀ (ਇਕ ਵੱਡੀ) ਕੰਘੀ ਬਣਾ ਦਿੱਤੀ ਹੈ। (ਅਰਥਾਤ) ਜਿਵੇਂ ਕੰਘੀ ਦੇ ਅੰਦਰ ਹੀ ਸਾਰੀਆਂ ਤੰਦਾਂ ਹੁੰਦੀਆਂ ਹਨ, ਤਿਵੇਂ ਧਰਤੀ ਤੇ ਆਕਾਸ਼ ਵਿਚ ਸਾਰੇ ਜੜ੍ਹ ਚੇਤਨ ਹਨ, ਇਸ ਲਈ ਇਹ ਦੋਵੇਂ ਹੀ ਕੰਘੀ ਰੂਪ ਹਨ।

੬. ਵੇਖੋ, ਚੰਦ ਅਤੇ ਸੂਰਜ ਨੂੰ ਉਸ ਕੰਘੀ ਦੇ ਨਾਲ ਨਾਲਾਂ ਬਣਾ ਕੇ ਵਰਤ ਰਿਹਾ ਹੈ। ਅਰਥਾਤ ਚੰਦਰਮਾ ਦੀਆਂ ਕਿਰਣਾਂ ਦੁਆਰਾ ਜੀਵ ਅੰਨ ਜਾਂ ਫਲਾਂ ਵਿਚ ਆ ਕੇ ਵਾਸ ਕਰਦਾ ਹੈ ਅਤੇ ਸੂਰਜ ਦੀਆਂ ਕਿਰਨਾਂ ਦੁਆਰਾ ਅੰਨ ਆਦਿਕ ਪੱਕਦਾ ਹੈ, ਫਿਰ ਉਸ ਨੂੰ ਇਸਤ੍ਰੀ ਪੁਰਸ਼ ਖਾਂਦੇ ਹਨ, ਤਦ ਜੀਵ ਦੀ ਉਤਪਤੀ ਰਕਤ ਤੇ ਵੀਰਜ ਵਿਚ ਹੁੰਦੀ ਹੈ, ਜਦੋਂ ਦੋਹਾਂ ਦਾ ਸੰਯੋਗ ਹੁੰਦਾ ਹੈ, ਤਾਂ ਰਕਤ ਵੀਰਜ ਦੇ ਇਕੱਠ ਤੋਂ ਸਥੂਲ ਸਰੀਰ ਦੀ ਉਤਪਤੀ ਹੋਣੀ ਸ਼ੁਰੂ ਹੁੰਦੀ ਹੈ, ਜਿਵੇਂ ਨਾਲਾਂ ਦਾ ਤਾਣੀ ਵਿਚ ਫਿਰਨਾ, ਤਾਣੀ ਦੇ ਉਣੇ ਜਾਣ ਦਾ ਕਾਰਨ ਹੈ, ਇਵੇਂ ਹੀ ਜਗਤ ਵਿਚ ਸੂਰਜ ਤੇ ਚੰਦਰਮਾ ਦਾ ਵਧਣਾ ਘਟਣਾ ਜਗਤ ਦੀ ਉਤਪਤੀ ਦਾ ਕਾਰਨ ਹੋਣ ਕਰਕੇ ਇਹ ਦੋਵੇਂ ਹੀ ਨਾਲਾਂ ਹਨ।੨।

ਪ੍ਰ: ਕਬੀਰ ਜੀ ! ਤੁਹਾਡੇ ਜੁਲਾਹੇ ਲੋਕਾਂ ਪਾਸ ਤਾਂ ਇਕ ਪਊਆਂ ਦੀ ਜੋੜੀ ਹੁੰਦੀ ਹੈ, ਜਿਸ ਉੱਤੇ ਤੁਸੀਂ ਪੈਰ ਰੱਖ ਕੇ ਉਨ੍ਹਾਂ ਨੂੰ ਹੇਠਾਂ ਤੇ ਉਤਾਹਾਂ ਕਰਦੇ ਰਹਿੰਦੇ ਹੋ, ਇਸ ਤਰੀਕੇ ਨਾਲ ਉਹ ਹੇਠ ਤੇ ਉਤਾਹਾਂ ਹੋ ਕੇ ਤੰਦਾਂ ਨੂੰ ਇਕ ਦੂਜੇ ਵਿਚ ਫਸਾਈ ਰੱਖਦੇ ਹਨ, ਪਰ ਦੱਸੋ ਰੱਬ ਕੋਲ ਕਿਹੜੇ ਪਊਏ ਹਨ ਅਤੇ ਉਹ ਕਿਹੜੇ ਤੰਦਾਂ ਨੂੰ ਇਕ ਦੂਜੇ ਵਿਚ ਫਸਾਈ ਜਾਂਦਾ ਹੈ ?

ਉ: ੭. ਹੇ ਪੰਡਤੋ ਸੁਣੋ ! ਜੋ ਰੱਬ ਨੇ ਪਹਿਲੋਂ ਇਕ (ਬਾਤ) ਇੱਛਾ ਕੀਤੀ ਕਿ ਮੈਂ ਇਕ ਤੋਂ ਅਨੇਕ ਰੂਪ ਹੋ ਜਾਵਾਂ, ਸਮਝੋ ਇਹੋ ਇਕ (ਪਾਈ ਜੋਰਿ) ਪਊਆਂ ਦੀ ਜੋੜੀ ਹੈ, ਇਸ ਤਰ੍ਹਾਂ ਉਹ ਈਸ਼੍ਵਰ ਭੀ (ਤਾਂਤੀ) ਜੁਲਾਹਾ ਹੈ, ਇਹ ਗੱਲ ਮੇਰਾ ਮਨ ਮੰਨਦਾ ਹੈ ਅਰਥਾਤ ਜਿਵੇਂ ਪਊਏ ਹੇਠਾਂ ਉਤਾਹਾਂ ਹੋ ਕੇ ਤੰਦਾਂ ਨੂੰ ਇਕ ਦੂਜੇ ਵਿਚ ਫਸਾਈ ਜਾਂਦੇ ਹਨ, ਇਵੇਂ ਹੀ (ਅਨੇਕ ਹੋਣ ਦੀ ਇੱਛਾ) ਨੇ ਪੰਞੀ ਅੰਸ਼ਾਂ ਨੂੰ ਇਕ ਦੂਜੇ ਨਾਲ ਫਸਾ ਕੇ ਜਗਤ ਦੀ ਰਚਨਾ ਕਰ ਦਿੱਤੀ ਹੈ।

੮. ਹੇ ਪੰਡਤੋ ! ਇਸ ਤਰ੍ਹਾਂ ਮੈਂ ਜੁਲਾਹੇ ਨੇ ਉਸ ਪ੍ਰਭੂ ਜੁਲਾਹੇ ਦੇ ਚਰਨਾਂ ਵਿਚ ਜੁੜ ਕੇ ਆਪਣਾ ਹੀ ਘਰ ਲੱਭ ਲਿਆ ਅਤੇ ਹਿਰਦੇ ਵਿਚ ਰਾਮ ਨੂੰ ਆਪਣੇ ਵਰਗਾ ਪਛਾਣ ਲਿਆ, ਭਾਵ ਉਸ ਰਾਮ ਨੂੰ ਮੈਂ ਆਪਣੇ ਅੰਦਰ ਹੀ ਬੈਠਾ ਪਛਾਣ ਲਿਆ, (ਇਸੇ ਲਈ ਹੁਣ ਮੈਂ ਰਾਮ ਨਾਲ ਅਭੇਦ ਹੋਇਆ ਹਾਂ)।੩।

ਪ੍ਰ: ਕਬੀਰ ਜੀ ! ਜਦ ਕਦੀ ਜੁਲਾਹੇ ਦੀ ਇੱਛਾ ਨਾਲ ਉਹ ਕੰਘੀ ਟੁੱਟ ਜਾਏ, ਤਾਂ ਉਹ ਸਾਰੇ ਦਾ ਸਾਰਾ ਸੂਤ੍ਰ ਇਕ-ਮਿੱਕ ਹੋ ਜਾਇਆ ਕਰਦਾ ਹੈ, ਪਰ ਇਸ ਪਰਮੇਸ਼ਰ ਜੁਲਾਹੇ ਦੀ ਇਹ ਖੇਡ ਕਿਵੇਂ ਹੋ ਜਾਇਆ ਕਰਦੀ ਹੈ ?

ਉ:੯-੧੦. ਕਬੀਰ ਜੀ ਆਖਦੇ ਹਨ ਕਿ ਹੇ ਪੰਡਤੋ! ਸੁਣੋ, ਜਦੋਂ ਉਹ ਪਰਮੇਸ਼ਰ ਰੂਪੀ ਜੁਲਾਹਾ ਇਸ ਜਗਤ ਨੂੰ ਭਾਵ ਧਰਤੀ ਤੇ ਅਕਾਸ਼ ਰੂਪ ਕੰਘੀ ਨੂੰ ਤੋੜ ਲੈਂਦਾ ਹੈ, ਤਾਂ ਸੂਤਰ ਵਿਚ ਸੂਤਰ ਮਿਲਾ ਦੇਂਦਾ ਹੈ, (ਭਾਵ ਸਾਰੇ ਜਗਤ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ)।੪।੩।੩੬।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਪੰਡਤਾਂ ਨੂੰ ਦੱਸ ਰਹੇ ਹਨ ਕਿ ਐ ਪੰਡਤੋ! ਤੁਸੀਂ ਅਸਲ ਵਿਚ ਕੋਰੀ ਪਦ ਦਾ ਅਰਥ ਨਹੀਂ ਜਾਣਦੇ ਕਿ ਕਿਸ ਨੂੰ ਕੋਰੀ ਕਿਹਾ ਜਾ ਸਕਦਾ ਹੈ। ਦੇਖੋ ਇਹ ਜਗਤ ਇਕ ਤਾਣਾ ਤਣ ਰਿਹਾ ਹੈ ਜੋ ਕਿ ਉਸੇ ਇਕ ਪਰਮਾਤਮਾ ਰੂਪ ਕੋਰੀ ਨੇ ਤਣਿਆ ਹੋਇਆ ਹੈ।

ਆਸਾ ॥

੧. ਅੰਤਰਿ ਮੈਲੁ ਜੇ ਤੀਰਥ ਨਾਵੈ
ਤਿਸੁ ਬੈਕੁੰਠ ਨ ਜਾਨਾਂ ॥
੨. ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥
੩. ਪੂਜਹੁ ਰਾਮੁ ਏਕੁ ਹੀ ਦੇਵਾ ॥
੪. ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥
੫. ਜਲ ਕੈ ਮਜਨਿ ਜੇ ਗਤਿ ਹੋਵੈ
ਨਿਤ ਨਿਤ ਮੇਂਡੁਕ ਨਾਵਹਿ ॥
੬. ਜੈਸੇ ਮੇਂਡੁਕ ਤੈਸੇ ਓਇ ਨਰ
ਫਿਰਿ ਫਿਰਿ ਜੋਨੀ ਆਵਹਿ ॥੨॥
੭. ਮਨਹੁ ਕਠੋਰੁ ਮਰੈ ਬਾਨਾਰਸਿ
ਨਰਕੁ ਨ ਬਾਂਚਿਆ ਜਾਈ ॥
੮. ਹਰਿ ਕਾ ਸੰਤੁ ਮਰੈ ਹਾੜੰਬੈ
ਤ ਸਗਲੀ ਸੈਨ ਤਰਾਈ ॥੩॥
੯. ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ
ਤਹਾ ਬਸੈ ਨਿਰੰਕਾਰਾ ॥
੧੦. ਕਹਿ ਕਬੀਰ ਨਰ ਤਿਸਹਿ ਧਿਆਵਹੁ
ਬਾਵਰਿਆ ਸੰਸਾਰਾ ॥੪॥੪॥੩੭॥

ਪਦ ਅਰਥ : ਅੰਤਰਿ—ਮਨ ਵਿਚ। ਮੈਲੁ—ਵਿਕਾਰਾਂ ਦੀ ਮੈਲ। ਪਤੀਣੇ—ਪਤੀਜਣ ਨਾਲ।੧। ਦੇਵਾ—ਪ੍ਰਕਾਸ਼ ਰੂਪ। ਨਾਵਣੁ—ਇਸ਼ਨਾਨ।੧।ਰਹਾਉ। ਮਜਨਿ—ਇਸ਼ਨਾਨ ਨਾਲ, ਚੁੱਭੀ ਨਾਲ। ਗਤਿ—ਮੁਕਤੀ। ਨਾਵਹਿ—ਨ੍ਹਾਉਂਦਾ ਹੈ। ਮੇਂਡੁਕ—ਡੱਡੂ। ਕਠੋਰ—ਕਰੜਾ, ਕੋਰਾ। ਨ ਬਾਂਚਿਆ ਜਾਈ—ਬਚਿਆ ਨਹੀਂ ਜਾ ਸਕਦਾ। ਹੜੰਬੈ—ਗੰਗਾ ਤੋਂ ਪਾਰ ਮਗਹਰ ਦੇ ਲਾਗੇ ਦੀ ਜ਼ਮੀਨ, ਜੋ ਖ਼ਲੀਲਾਬਾਦ ਤਹਿਸੀਲ ਵਿਚ ਹੈ। ਹਿੰਦੂ ਇਸ ਧਰਤੀ 'ਤੇ ਮੋਏ ਨੂੰ ਖੋਤੇ ਦੀ ਜੂਨੀ ਪੈਂਦਾ ਦੱਸਦੇ ਹਨ। ਕਬੀਰ ਜੀ ਇਸ ਗੱਲ ਦਾ ਖੰਡਨ ਕਰਦੇ, ਆਪ ਹੀ ਉਥੇ ਜਾ ਸਮਾਏ ਸਨ। ਸੈਨ—ਸੈਨਾ, ਪਰਜਾ, ਲੁਕਾਈ।੩। ਰੈਨਿ—ਰਾਤ। ਤਹਾ—ਉਸ ਆਤਮਿਕ ਅਵਸਥਾ ਵਿਚ। ਬਸੈ—ਵਸਦਾ ਹੈ, ਜੀਵ ਨੂੰ ਮਿਲਦਾ ਹੈ। ਕਹਿ—ਕਹੇ, ਆਖਦਾ ਹੈ। ਨਰ—ਹੇ ਮਨੁੱਖ।੪।

ਅਰਥ :

ਪ੍ਰ: ਕਬੀਰ ਜੀ! ਹਿੰਦੂ ਮੱਤ ਦੇ ਕਥਨ ਅਨੁਸਾਰ ਮਨੁੱਖ ਨੂੰ ਬੈਕੁੰਠ ਜਾਣ ਲਈ ਕੇਵਲ ਤੀਰਥ ਇਸ਼ਨਾਨ ਕਰਨਾ ਹੀ ਕਾਫ਼ੀ ਹੈ, ਕੀ ਤੁਸੀਂ ਵੀ ਇਸ ਖ਼ਿਆਲ ਨਾਲ ਸਹਿਮਤ ਹੋ?

ਉ: ੧. (ਬਿਲਕੁਲ ਨਹੀਂ) ਐ ਭਾਈਓ ਸੁਣੋ, ਜੇ ਕਿਸੇ ਆਦਮੀ ਦੇ ਮਨ ਵਿਚ ਤਾਂ ਵਿਕਾਰਾਂ ਦੀ ਮੈਲ ਹੋਵੇ ਤੇ (ਸਦਾ ਹੀ) ਨ੍ਹਾਉਂਦਾ ਫਿਰੇ ਤੀਰਥਾਂ 'ਤੇ ਅਤੇ ਉਹ ਇਉਂ ਸਮਝੀ ਬੈਠਾ ਹੋਵੇ ਕਿ ਮੈਂ ਜ਼ਰੂਰ ਬੈਕੁੰਠਾਂ ਨੂੰ ਜਾਵਾਂਗਾ, ਨਿਸਚਾ ਕਰ ਲਓ ਕਿ ਉਸ ਨੇ ਇਸ ਤਰ੍ਹਾਂ ਬੈਕੁੰਠ ਵਿਚ, ਭਾਵ ਸਵਰਗਾਂ ਵਿਚ ਨਹੀਂ ਅਪੜਨਾ।

ਪ੍ਰ: ਕਬੀਰ ਜੀ! ਅਜਿਹੇ ਤੀਰਥ ਇਸ਼ਨਾਨੀ ਨੂੰ ਲੋਕ ਤਾਂ ਸਾਰੇ ਹੀ ਭਗਤ-ਭਗਤ ਕਹਿਣ ਲੱਗ ਪੈਂਦੇ ਹਨ, ਪਰ ਤੁਸਾਂ ਦਾ ਉਸ ਬਾਰੇ ਆਪਣਾ ਕੀ ਖ਼ਿਆਲ ਹੈ?

ਉ: ੨. ਐ ਭਾਈਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਧੇ ਸਾਦੇ ਭੋਲੇ ਲੋਕ ਤਾਂ ਉਸਨੂੰ ਕਹਿਣ ਲੱਗ ਪੈਣਗੇ ਕਿ ਇਹ ਬਹੁਤ ਵੱਡਾ ਭਗਤ ਹੈ, ਪਰ ਯਾਦ ਰੱਖੋ ਕਿ ਲੋਕਾਂ ਦੇ ਪਤੀਜਿਆਂ ਕੋਈ ਵੀ ਲਾਭ ਨਹੀਂ ਹੋਵੇਗਾ, (ਕਿਉਂਕਿ ਉਹ ਪਰਮੇਸ਼ਰ ਜੋ ਹਰੇਕ ਦੇ ਦਿਲ ਦੀ ਜਾਨਣ ਵਾਲਾ ਹੈ), ਉਹ ਲੋਕਾਂ ਵਾਂਙੂ ਅੰਞਾਣਾ ਨਹੀਂ ਹੈ।੧।

ਪ੍ਰ: ਕਬੀਰ ਜੀ! ਤਾਂ ਫਿਰ ਤੁਸੀਂ ਆਪ ਹੀ ਦੱਸੋ ਕਿ ਪੂਜਾ ਕਿਸ ਦੀ ਕੀਤੀ ਜਾਵੇ ਅਤੇ ਸੱਚਾ ਇਸ਼ਨਾਨ ਕਿਹੜਾ ਹੈ, ਜਿਸ ਨੂੰ ਕਿ ਅਸੀਂ ਕਰ ਸਕੀਏ?

ਉ: ੩. ਹੇ ਮਿੱਤਰੋ! ਪੂਜਾ ਤਾਂ ਕਰੋ ਇਕੋ (ਸਾਰਿਆਂ ਵਿਚ ਰਮੇ ਹੋਏ) ਰਾਮ ਦੀ, ਜੋ ਕਿ ਉਹ (ਆਪਣੇ ਵਰਗਾ ਅਦੁੱਤੀ) ਇਕੋ ਹੀ ਦੇਵ ਪ੍ਰਕਾਸ਼ ਸਰੂਪ ਹੈ।

੪. (ਅਤੇ) ਗੁਰੂ ਦੀ ਕਰੋ ਸੇਵਾ, ਇਹੋ ਇਕ ਸੱਚਾ ਇਸ਼ਨਾਨ ਹੈ, ਭਾਵ ਹੈ ਗੁਰੂ ਦੇ ਦੱਸੇ ਮਾਰਗ 'ਤੇ ਤੁਰਨਾ, ਇਹੋ ਇਕ ਸੱਚਾ ਤੀਰਥ ਇਸ਼ਨਾਨ ਹੈ।੧।ਰਹਾਉ।

ਪ੍ਰ: ਕਬੀਰ ਜੀ! ਲੋਕੀ ਤਾਂ ਤੀਰਥਾਂ ਦੇ ਪਾਣੀ ਨੂੰ ਪਵਿੱਤਰ ਸਮਝ ਕੇ ਇਸ ਲਈ ਇਸ਼ਨਾਨ ਕਰਦੇ ਹਨ ਕਿ ਸਾਨੂੰ ਮੁਕਤੀ ਪ੍ਰਾਪਤ ਹੋਵੇਗੀ, ਕੀ ਉਹ ਲੋਕ ਮੁਕਤੀ ਤੋਂ ਸੱਖਣੇ ਹੀ ਰਹਿਣਗੇ?

ਉ: ੫. ਹੇ ਭੋਲਿਓ ਲੋਕੋ! ਤੁਸੀਂ ਆਪ ਹੀ ਸੋਚੋ ਕਿ ਜੇ ਕਦੀ ਨਿਰੇ ਜਲ ਵਿਚ ਇਸ਼ਨਾਨ ਕਰਨ ਨਾਲ ਹੀ ਮੁਕਤੀ ਮਿਲ ਸਕਦੀ ਹੋਵੇ ਤਾਂ ਵੇਖ ਲਉ ਡੱਡੂ ਨਿੱਤ ਹੀ ਪਾਣੀ ਵਿਚ ਨ੍ਹਾਉਂਦਾ ਰਹਿੰਦਾ ਹੈ, ਪਰ ਅੱਜ ਤਕ ਕਿਸੇ ਵੀ ਇਤਿਹਾਸ ਨੇ ਕਿਸੇ ਡੱਡੂ ਦੇ ਮੁਕਤ ਹੋ ਜਾਣ ਦੀ ਉਗਾਹੀ ਨਹੀਂ ਭਰੀ।

ਪ੍ਰ: ਕਿਉਂ ਕਬੀਰ ਜੀ! ਫਿਰ ਉਸ ਆਦਮੀ ਬਾਰੇ ਤੁਹਾਡਾ ਆਪਣਾ ਕੀ ਵਿਚਾਰ ਹੈ?

ਉ: ੬. ਹੇ ਮਿੱਤਰੋ! ਮੈਂ ਤਾਂ ਇਉਂ ਸਮਝਦਾ ਹਾਂ ਕਿ ਜਿਵੇਂ ਉਹ ਡੱਡੂ ਮੁਕਤੀ ਤੋਂ ਸੱਖਣਾ ਜੂਨਾਂ ਵਿਚ ਆਉਂਦਾ ਜਾਂਦਾ ਹੈ, ਤਿਵੇਂ ਉਹ ਜਲ-ਇਸ਼ਨਾਨੀ (ਨਾਮ ਤੋਂ ਸੱਖਣਾ) ਆਦਮੀ ਭੀ ਮੁੜ-ਮੁੜ ਕੇ ਜੂਨਾਂ ਵਿਚ ਆਉਂਦਾ ਜਾਂਦਾ ਰਹੇਗਾ।੨।

੭. ਹੇ ਪਿਆਰਿਓ! ਜੇ ਕੋਈ ਆਦਮੀ ਕਾਂਸ਼ੀ ਵਿਚ ਸਰੀਰ ਤਿਆਗੇ, ਪਰ ਮਨੋਂ ਰਹੇ ਪੱਥਰ ਵਰਗਾ ਕਠੋਰ, ਇਸ ਤਰ੍ਹਾਂ ਉਸਦਾ ਨਰਕਾਂ ਵਿਚ ਪੈਣਾ ਛੁੱਟ ਨਹੀਂ ਸਕਦਾ (ਕਿਉਂਕਿ ਕਾਂਸ਼ੀ ਮਹਾਤਮ ਵਿਚ ਇਹ ਗੱਲ ਸਾਫ਼ ਲਿਖੀ ਹੈ ਕਿ ਕਾਂਸ਼ੀ ਵਿਚ ਮਰਨ ਵਾਲੇ ਅਸੰਜਮੀ ਨੂੰ ਪ੍ਰੇਤ ਦਾ ਜਨਮ ਮਿਲਦਾ ਹੈ)

੮. (ਦੂਜੇ ਪਾਸੇ) ਪਰਮੇਸ਼ਰ ਦਾ ਪਿਆਰਾ ਭਗਤ ਜੇ ਕਦੀ ਹੜੰਭਾ ਧਰਤੀ (ਬਿਆਸ ਪੁਰੀ) ਸਰਾਪੀ ਹੋਈ ਧਰਤੀ ਵਿਚ ਭੀ ਜਾ ਮਰੇ, ਤਾਂ ਉਸਦੇ ਤਰਨੇ ਵਿਚ ਤਾਂ ਕੋਈ ਸੰਸਾ ਹੀ ਨਹੀਂ, ਉਹ ਤਾਂ ਸਗੋਂ ਹੋਰ ਆਪਣੀ ਸਾਰੀ (ਸੈਨ) ਸੰਗਤ ਨੂੰ ਤਾਰ ਲਏਗਾ।੩।

ਪ੍ਰ: ਕਬੀਰ ਜੀ! ਜਿਸ ਹਰੀ ਦਾ ਤੁਸੀਂ ਬਾਰ-ਬਾਰ ਜ਼ਿਕਰ ਕਰਦੇ ਹੋ, ਉਹ ਐਸਾ ਹਰੀ ਵਸਦਾ ਕਿਥੇ ਹੈ?

ਉ: ੯. ਹੇ ਪਿਆਰਿਓ! ਸੁਣੋ, ਜਿਥੇ ਦਿਨ ਨਹੀਂ, ਰਾਤ ਨਹੀਂ, ਵੇਦ ਨਹੀਂ, ਸ਼ਾਸਤ੍ਰ ਨਹੀਂ, ਹਰੀ ਨਿਰੰਕਾਰ ਓਥੇ ਵਸਦਾ ਹੈ। ਭਾਵ ਹੈ ਜਿਥੇ ਇਨ੍ਹਾਂ ਦੀ ਗੰਮਤਾ ਨਹੀਂ, ਉਥੇ ਹਰੀ ਦਾ ਨਿਵਾਸ ਹੈ।

੧੦. ਕਬੀਰ ਜੀ ਆਖਦੇ ਹਨ ਕਿ ਹੇ ਮਨੁੱਖੋ! ਸੰਸਾਰ ਦੇ ਧੰਧਿਆਂ ਵਿਚ ਕਮਲੇ ਹੋਏ ਲੋਕੋ! ਉਸ ਪਰਮੇਸ਼ਰ ਨੂੰ ਹੀ ਸਿਮਰੋ। ਕੇਵਲ ਤੀਰਥ ਇਸ਼ਨਾਨ ਕਰਨ ਨਾਲ ਉਸ ਰੱਬ ਦੀ ਪ੍ਰਾਪਤੀ ਨਹੀਂ ਹੋ ਸਕੇਗੀ।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਦਿਲਾਂ ਨੂੰ ਮੈਲੇ ਤੇ ਕਠੋਰ ਰੱਖ ਕੇ ਤੀਰਥਾਂ ਵਿਚ ਨਹਾ ਕੇ ਕਲਿਆਣ ਨਹੀਂ ਹੋਣੀ, ਹਾਂ, ਲੋਕਾਂ ਵਿਚ ਪ੍ਰਗਟਾਵਾ ਜ਼ਰੂਰ ਹੋ ਜਾਵੇਗਾ ਕਿ ਫਲਾਣਾ ਬੰਦਾ ਬਹੁਤ ਭਲਾ ਹੈ, ਕਿਉਂਕਿ ਉਹ ਤੀਰਥ-ਇਸ਼ਨਾਨੀ ਹੈ, ਪਰ ਯਾਦ ਰੱਖੋ, ਇਸ ਜਸ ਦਾ ਫਲ ਕਲਿਆਣ ਨਹੀਂ ਹੋ ਸਕਦਾ, ਕਿਉਂਕਿ ਸੰਸਾਰੀ ਲੋਕ ਆਪ ਮੁਕਤ ਨਹੀਂ ਅਤੇ ਨਾ ਹੀ ਉਹ ਮੁਕਤੀ ਦਾਨ ਦੇ ਸਕਦੇ ਹਨ ਅਤੇ ਉਹ ਅੰਤਰਜਾਮੀ ਰਾਮ ਧੋਖਾ ਖਾ ਨਹੀਂ ਸਕਦਾ। ਸੋ ਉਹ ਤਾਂ ਦਿਲਾਂ ਦੀ ਪਵਿੱਤ੍ਰਤਾ ਤੇ ਪ੍ਰੇਮ ਵੇਖਦਾ ਹੈ। ਇਸ ਲਈ ਕਬੀਰ ਜੀ ਆਪਣੀ ਰਾਏ ਦੇਂਦੇ ਹਨ ਕਿ ਹੇ ਲੋਕੋ! ਸੱਚਾ ਇਸ਼ਨਾਨ ਗੁਰੂ ਦੀ ਸੇਵਾ ਹੈ, ਜਿਸਨੇ ਪ੍ਰਭੂ ਦੀ ਪੂਜਾ ਸਿਖਾਲਣੀ ਹੈ। ਉਸੇ ਪੂਜਾ ਨੇ ਕਲਿਆਣ ਕਰਨੀ ਹੈ, ਕਿਉਂਕਿ ਕਲਿਆਣ ਕਰਨੀ ਰਾਮ ਦੇ ਹੱਥ ਹੈ।

ੴ ਸਤਿਗੁਰ ਪ੍ਰਸਾਦਿ ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ ॥

੧. ਏਕ ਅਨੇਕ ਬਿਆਪਕ ਪੂਰਕ
ਜਤ ਦੇਖਉ ਤਤ ਸੋਈ ॥
੨. ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ
ਬਿਰਲਾ ਬੂਝੈ ਕੋਈ ॥੧॥
੩. ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ
ਗੋਬਿੰਦ ਬਿਨੁ ਨਹੀ ਕੋਈ ॥
੪. ਸੂਤੁ ਏਕੁ ਮਣਿ ਸਤ ਸਹੰਸ ਜੈਸੇ
ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
੫. ਜਲ ਤਰੰਗ ਅਰੁ ਫੇਨ ਬੁਦਬੁਦਾ
ਜਲ ਤੇ ਭਿੰਨ ਨ ਹੋਈ ॥
੬. ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ
ਬਿਚਰਤ ਆਨ ਨ ਹੋਈ ॥੨॥
੭. ਮਿਥਿਆ ਭਰਮੁ ਅਰੁ ਸੁਪਨ ਮਨੋਰਥ
ਸਤਿ ਪਦਾਰਥੁ ਜਾਨਿਆ ॥
੮. ਸੁਕ੍ਰਿਤ ਮਨਸਾ ਗੁਰ ਉਪਦੇਸੀ
ਜਾਗਤ ਹੀ ਮਨੁ ਮਾਨਿਆ ॥੩॥
੯. ਕਹਤ ਨਾਮਦੇਉ ਹਰਿ ਕੀ ਰਚਨਾ
ਦੇਖਹੁ ਰਿਦੈ ਬੀਚਾਰੀ ॥
੧੦. ਘਟ ਘਟ ਅੰਤਰਿ ਸਰਬ ਨਿਰੰਤਰਿ
ਕੇਵਲ ਏਕ ਮੁਰਾਰੀ ॥੪॥੧॥

ਪਦ ਅਰਥ : ਬਿਆਪਕ—ਜੋ ਸਾਰੇ ਮੌਜੂਦ ਹੈ। ਪੂਰਕ—ਜੋ ਪੂਰ ਰਿਹਾ ਹੈ, ਭਰਪੂਰ ਹੈ। ਜਤ—ਜਿਧਰ। ਦੇਖਉ—ਮੈਂ ਵੇਖਦਾ ਹਾਂ। ਤਤ—ਉਧਰ। ਸੋਈ—ਉਹ ਪ੍ਰਭੂ ਹੀ। ਚਿਤ੍ਰ—ਮੂਰਤਾਂ, ਤਸਵੀਰਾਂ, ਨਕਸ਼। ਬਚਿਤ੍ਰ—ਖ਼ੂਬਸੂਰਤ, ਸੁੰਦਰ, ਰੰਗਾ ਰੰਗ ਦੀਆਂ। ਬਿਮੋਹਿਤ—ਚੰਗੀ ਤਰ੍ਹਾਂ ਮੋਹ ਜਾਂਦੇ ਹਨ।੧। ਸਭੁ—ਹਰ ਥਾਂ। ਸੂਤੁ—ਧਾਗਾ। ਮਣਿ—ਮਣਕੇ। ਸਤ—ਸ਼ਤ, ਸੌ, (੧੦੦)। ਸਹੰਸ—ਹਜ਼ਾਰਾਂ। ਓਤਿ ਪੋਤਿ—ਤਾਣੇ ਪੇਟੇ ਵਿਚ।੧।ਰਹਾਉ। ਤਰੰਗ—ਲਹਿਰਾਂ। ਫੇਨ—ਝੱਗ। ਬੁਦਬੁਦਾ—ਬੁਲਬੁਲਾ। ਭਿੰਨ—ਵੱਖਰਾ। ਪਰਪੰਚ—ਇਹ ਦਿੱਸਦਾ ਤਮਾਸ਼ਾ ਰੂਪ ਸੰਸਾਰ, ਪੰਜਾਂ ਤੱਤਾਂ ਦਾ ਵਿਸਥਾਰ ਜਗਤ। ਲੀਲਾ—ਖੇਡ। ਬਿਚਰਤ—ਵਿਚਾਰਿਆਂ। ਆਨ—ਹੋਰ, ਵਖਰਾ, ਓਪਰਾ। ਮਿਥਿਆ—ਝੂਠਾ। ਭਰਮੁ—ਵਹਿਮ, ਗ਼ਲਤ ਖ਼ਿਆਲ। ਮਨੋਰਥ—ਉਹ ਚੀਜ਼ਾਂ ਜਿਨ੍ਹਾਂ ਦੀ ਖ਼ਾਤਰ ਮਨ ਦੌੜਦਾ ਫਿਰਦਾ ਹੈ। ਸਤਿ—ਸਦਾ ਕਾਇਮ ਰਹਿਣ ਵਾਲੇ। ਸੁਕ੍ਰਿਤ—ਨੇਕੀ। ਮਨਸਾ—ਸਮਝ। ਮਾਨਿਆ—ਪਤੀਜ ਗਿਆ, ਤਸੱਲੀ ਹੋ ਗਈ।੩। ਰਚਨਾ—ਸ੍ਰਿਸ਼ਟੀ। ਬੀਚਾਰੀ—ਵਿਚਾਰ ਕੇ। ਅੰਤਰਿ—ਅੰਦਰ। ਨਿਰੰਤਰਿ—ਇਕ ਰਸ ਸਭ ਵਿਚ।੪।੧।

ਅਰਥ :

ਪ੍ਰ: ਭਗਤ ਜੀਉ! ਆਪ ਅਠੇ ਪਹਿਰ ਨਾਮ ਚਿੰਤਨ ਵਿਚ ਲਗੇ ਰਹਿੰਦੇ ਹੋ, ਪਰ ਸਿਮਰਨ ਦੀ ਬਰਕਤ ਨਾਲ ਹੁਣ ਤੁਹਾਡੀ ਮਾਨਸਕ ਅਵਸਥਾ ਕਿਸ ਪ੍ਰਕਾਰ ਦੀ ਹੋ ਗਈ ਹੈ?

ਉ: ੧. ਹੇ ਭਾਈਓ! ਮੈਨੂੰ ਤਾਂ ਹੁਣ ਇਉਂ ਹੀ ਨਜ਼ਰ ਆਉਂਦਾ ਹੈ ਕਿ ਉਹ ਪਰਮੇਸ਼ਰ ਇਕ ਹੈ ਤੇ ਅਨੇਕਾਂ ਹੀ ਰੂਪ ਧਾਰਨ ਕਰਕੇ ਹਰ ਥਾਂ ਮੌਜੂਦ ਹੈ, ਤੇ ਭਰਪੂਰ ਹੋ ਰਿਹਾ ਹੈ, ਮੈਂ ਜਿਧਰ ਵੀ ਤੱਕਦਾ ਹਾਂ, ਉਧਰ ਪਰਮਾਤਮਾ ਹੀ ਮੌਜੂਦ ਹੈ।

ਪ੍ਰ: ਭਗਤ ਜੀ! ਜੇ ਉਹ ਹਰ ਥਾਂ ਹੀ ਮੌਜੂਦ ਹੈ ਤਾਂ ਫਿਰ ਦੱਸੋ ਉਹ ਹਰ ਕਿਸੇ ਨੂੰ ਨਜ਼ਰ ਕਿਉਂ ਨਹੀਂ ਪੈਂਦਾ?

ਉ: ੨. ਹੇ ਮਿੱਤਰੋ ! ਉਹ ਇਸ ਲਈ ਸਾਰਿਆਂ ਨੂੰ ਨਜ਼ਰ ਨਹੀਂ ਪੈਂਦਾ, ਕਿਉਂਕਿ ਇਸ ਮਾਇਆ ਦੇ ਨਕਸ਼ੇ ਬੜੇ ਸੋਹਣੇ ਰੰਗਾਂ ਦੇ ਹਨ, ਜੀਵ ਇਨ੍ਹਾਂ ਦੇ ਰੂਪਾਂ ਵਿਚ ਚੰਗੀ ਤਰ੍ਹਾਂ ਮੋਹੇ ਹੋਏ ਹਨ, ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਬੁੱਝਦਾ ਹੈ।੧।

ਪ੍ਰ: ਕਿਉਂ ਜੀ ! ਜਦੋਂ ਕੋਈ ਬੁੱਝ ਲੈਂਦਾ ਹੈ, ਫਿਰ ਉਸ ਨੂੰ ਕੀ ਨਜ਼ਰ ਆਉਂਦਾ ਹੈ ?

੩. ਹੇ ਸੱਜਣੋ ! ਜਦ ਕੋਈ ਬੁੱਝ ਲੈਂਦਾ ਹੈ ਤਾਂ ਉਸ ਨੂੰ ਫਿਰ ਇਉਂ ਹੀ ਦਿੱਸਦਾ ਹੈ ਕਿ ਹਰ ਥਾਂ ਪਰਮਾਤਮਾ ਹੈ, ਹਰ ਥਾਂ ਪਰਮਾਤਮਾ ਹੈ, ਪਰਮੇਸ਼ਰ ਤੋਂ ਸਖਣੀ ਤਾਂ ਕੋਈ ਵੀ ਥਾਂ ਨਹੀਂ।

ਪ੍ਰ: ਭਗਤ ਜੀ ! ਪਰਮੇਸ਼ਰ ਉਸ ਨੂੰ ਕਿਸ ਰੂਪ ਵਿਚ ਵਿਆਪਕ ਦਿੱਸ ਆਉਂਦਾ ਹੈ ?

ਉ: ੪. ਹੇ ਭਾਈ, ਉਹ ਇਉਂ ਦੇਖਦਾ ਹੈ ਕਿ ਜਿਵੇਂ ਇਕ ਧਾਗਾ ਹੋਵੇ, ਉਸ ਵਿਚ ਸੈਂਕੜੇ ਹਜ਼ਾਰਾਂ ਮਣਕੇ ਪ੍ਰੋਤੇ ਹੋਏ ਹੋਣ, ਇਸੇ ਤਰ੍ਹਾਂ ਜੀਵਾਂ ਰੂਪ ਮਣਕਿਆਂ ਵਿਚ ਪਰਮੇਸ਼ਰ ਦੀ ਜੀਵਨ-ਸਤਾ, ਤਾਣੇ ਪੇਟੇ ਦੀ ਤਰ੍ਹਾਂ (ਸੂਤ੍ਰ ਵਾਂਙੂ ਆਪ ਹੀ ਆਪ ਹੈ)।ਰਹਾਉ।

ਪ੍ਰ: ਭਗਤ ਜੀ ! ਕੋਈ ਹੋਰ ਉਦਾਹਰਣ ਦੇ ਕੇ ਸਮਝਾਉ।

ਉ: ੫. ਹੇ ਭਾਈਓ ਤੱਕੋ ! ਜਿਵੇਂ ਜਲ ਦੀਆਂ ਲਹਿਰਾਂ, ਜਲ ਦੀ ਝੱਗ, ਜਲ ਦਾ ਬੁਦਬੁਦਾ, ਇਹ ਵਸਤਾਂ ਕਦੇ ਭੀ ਜਲ ਤੋਂ ਵੱਖਰੀਆਂ ਨਹੀਂ ਹੁੰਦੀਆਂ।

੬. ਤਿਵੇਂ ਹੀ ਇਹ ਪ੍ਰਪੰਚ (ਸੰਸਾਰ) ਪਾਰਬ੍ਰਹਮ ਦੀ ਇਕ ਲੀਲਾ ਹੈ, ਜਦੋਂ ਇਸ ਨੂੰ ਗਹੁ ਨਾਲ ਸੋਚਿਆ ਜਾਵੇ ਤਾਂ ਫਿਰ ਇਹ ਸਮਝ ਆ ਜਾਂਦੀ ਹੈ ਕਿ ਉਸ ਰਚਨਹਾਰ ਤੋਂ ਵਖਰਾ ਤਾਂ ਕੁਝ ਵੀ ਨਹੀਂ।੨।

ਪ੍ਰ: ਭਗਤ ਜੀ ! ਇਸ ਸੰਸਾਰ ਦੇ ਪਦਾਰਥ ਤਾਂ ਵੇਖਣ ਵਿਚ ਸਤਿ ਹੀ ਪ੍ਰਤੀਤ ਹੁੰਦੇ ਹਨ।

ਉ: ੭. ਹੇ ਸੱਜਣੋ ! ਵੇਖੋ, ਜਿਵੇਂ ਕੋਈ ਮਿਥਿਆ ਭਰਮ (ਭਾਵ ਰਸੀ ਨੂੰ ਸੱਪ, ਸਿੱਪੀ ਨੂੰ ਚਾਂਦੀ, ਤੇ ਰੇਤੇ ਨੂੰ ਪਾਣੀ ਮੰਨ ਲੈਣਾ 'ਮਿਥਿਆ ਭਰਮ' ਹੈ)। ਸੁਪਨੇ ਦੇ ਪਦਾਰਥ ਤੇ ਮਨ ਦੇ ਫੁਰਨਿਆਂ ਨੂੰ ਜਿਵੇਂ ਕੋਈ ਸੱਚਾ ਜਾਣ ਲੈਂਦਾ ਹੈ, ਉਸੇ ਤਰ੍ਹਾਂ ਦਾ ਇਹ ਜਗਤ ਹੈ, ਜਿਸ ਨੂੰ ਇਸ ਜੀਵ ਨੇ ਸੱਚਾ ਜਾਣ ਲਿਆ ਹੈ।

ਪ੍ਰ: ਭਗਤ ਜੀ ! ਫਿਰ ਦੱਸੋ, ਇਹ ਮਿਥਿਆ ਗਿਆਨ ਸਾਡੇ ਅੰਦਰੋਂ ਕਿਸ ਤਰ੍ਹਾਂ ਦੂਰ ਹੋਵੇ ?

ਉ: ੮. ਹੇ ਪਿਆਰਿਓ ! ਜਿਸ ਮਨੁੱਖ ਨੂੰ ਸਤਿਗੁਰੂ ਭਲੀ ਸਮਝ ਬਖ਼ਸ਼ਦਾ ਹੈ, ਉਹ ਫਿਰ ਇਸ ਵਹਿਮ ਵਿਚੋਂ ਜਾਗ ਪੈਂਦਾ ਹੈ ਤਾਂ ਫਿਰ ਉਸਦੇ ਮਨ ਨੂੰ ਤਸੱਲੀ ਆ ਜਾਂਦੀ ਹੈ ਤੇ ਜਦੋਂ ਮਨ ਪਤੀਜ ਗਿਆ (ਤਦ ਬੱਸ ਫਿਰ ਸਾਰੇ ਥਾਵਾਂ ਵਿਚ ਉਸਨੂੰ ਗੋਬਿੰਦ ਵਿਆਪਕ ਦਿੱਸ ਆਇਆ)।੩।

ਪ੍ਰ: ਭਗਤ ਜੀ ! ਦੱਸੋ, ਸਾਡੀ ਇਹ ਦਿੱਬ ਦ੍ਰਿਸ਼ਟੀ ਕਿਵੇਂ ਖੁਲ੍ਹੇ, ਜਿਸ ਦੁਆਰਾ ਸਾਨੂੰ ਭੀ ਉਹ ਵਿਆਪਕ ਪ੍ਰਭੂ ਹਰ ਥਾਂ ਨਜ਼ਰ ਆਵੇ ?

ਉ: ੯-੧੦. ਨਾਮਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਜਦੋਂ ਤੁਸੀਂ ਵੀ ਹਿਰਦੇ ਵਿਚ ਵੀਚਾਰ ਕਰਕੇ ਦੇਖੋਗੇ ਤਾਂ ਤੁਹਾਨੂੰ ਵੀ ਦਿੱਸੇਗਾ ਕਿ ਸਭੋ ਕੁਝ, ਉਸੇ ਹਰੀ ਦੀ ਰਚਨਾ ਹੈ ਤੇ ਕੇਵਲ ਉਹੋ ਇਕ ਪਰਮਾਤਮਾ ਸਰੀਰ-ਸਰੀਰ ਵਿਚ ਵੱਸਦਾ ਹੈ, ਭਾਵ ਭਿੰਨ-ਭਿੰਨ ਭਾਸਦਾ ਹੋਇਆ ਭੀ ਭਿੰਨ ਨਹੀਂ, ਸਗੋਂ ਸਾਰਿਆਂ ਵਿਚ ਵਿਆਪਕ ਹੈ।੪।੧।

ਭਾਵਾਰਥ : ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਪਰਮੇਸ਼ਰ ਨੂੰ ਵਿਆਪਕ ਦੇਖਦੇ ਹੋਏ ਸਾਰੀ ਜਗਤ-ਰਚਨਾ ਨੂੰ ਉਸੇ ਸਾਈਂ ਜੀ ਦਾ ਰੂਪ ਦੱਸ ਰਹੇ ਹਨ। ਇਹ ਬ੍ਰਹਮ ਦ੍ਰਿਸ਼ਟੀ ਅਨੁਭਵ ਦੀ ਸ਼ੈਅ ਹੈ, ਇਸ ਨੂੰ ਦੇਸ ਕਾਲ ਵਸਤੂ ਵਿਚੋਂ ਕੋਈ ਤੁਲਤਾ ਦਾ ਉਦਾਹਰਣ ਦੇ ਕੇ ਵਰਣਨ ਨਹੀਂ ਕੀਤਾ ਜਾ ਸਕਦਾ।

ਉਥਾਨਕਾ : ਭਗਤ ਨਾਮਦੇਵ ਜੀ ਪਹਿਲੋਂ ਸਰਗੁਣ ਉਪਾਸ਼ਕ ਸਨ ਅਤੇ ਠਾਕਰਾਂ ਦੀ ਪੂਜਾ ਕਰਦੇ ਸਨ। ਜਦੋਂ ਭਗਤ ਜੀ ਦੀ ਭਗਤੀ ਸਿਰੇ ਚੜ੍ਹ ਗਈ ਤਾਂ ਫਿਰ ਆਪ ਨੂੰ ਸਰਬ ਵਿਆਪਕ ਪ੍ਰਭੂ ਦੀ ਲਖਤਾ ਹੋ ਆਈ, ਤਾਂ ਹੁਣ ਆਪ ਨੂੰ ਉਸ ਵਿਆਪਕ ਪ੍ਰਭੂ ਦੀ ਹੀ ਅਨੁਭਵਤਾ ਹੋਣ ਲੱਗ ਪਈ, ਜਿਸ ਦਾ ਸਦਕਾ ਹੁਣ ਆਪ ਸਰਗੁਣ ਮੂਰਤੀਆਂ ਦੀ ਉਪਾਸ਼ਨਾ ਤੋਂ ਉੱਪਰ ਹੋ ਕੇਵਲ ਨਿਰਗੁਣ ਦੀ ਉਪਾਸ਼ਨਾ ਵਿਚ ਬ੍ਰਿਤੀ ਅਰੂੜ ਰਹਿਣ ਲੱਗ ਪਏ ਤਾਂ ਸਰਗੁਣ ਉਪਾਸ਼ਕ ਲੋਕਾਂ ਨੇ ਆਪ ਜੀ ਪਰ ਕੁਤਰਕ ਕੀਤੀ ਕਿ ਤੂੰ ਹੁਣ ਸਰਗੁਣ ਦੀ ਉਪਾਸ਼ਨਾ ਕਰਨ ਵਲੋਂ ਬੇ-ਮੁਖ ਹੋ ਗਿਆ ਹੈਂ ਤਾਂ ਇਸ ਦੇ ਉੱਤਰ ਵਿਚ ਆਪ ਇਹ ਸ਼ਬਦ ਉਚਾਰਨ ਕਰਦੇ ਹਨ :

ਆਸਾ ॥

੧. ਆਨੀਲੇ ਕੁੰਭ ਭਰਾਈਲੇ ਊਦਕ
ਠਾਕੁਰ ਕਉ ਇਸਨਾਨੁ ਕਰਉ ॥
੨. ਬਇਆਲੀਸ ਲਖ ਜੀ ਜਲ ਮਹਿ ਹੋਤੇ
ਬੀਠਲੁ ਭੈਲਾ ਕਾਇ ਕਰਉ ॥੧॥
੩. ਜਤ੍ਰ ਜਾਉ ਤਤ ਬੀਠਲੁ ਭੈਲਾ ॥
੪. ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥
੫. ਆਨੀਲੇ ਫੂਲ ਪਰੋਈਲੇ ਮਾਲਾ
ਠਾਕੁਰ ਕੀ ਹਉ ਪੂਜ ਕਰਉ ॥
੬. ਪਹਿਲੇ ਬਾਸੁ ਲਈ ਹੈ ਭਵਰਹ
ਬੀਠਲ ਭੈਲਾ ਕਾਇ ਕਰਉ ॥੨॥
੭. ਆਨੀਲੇ ਦੂਧੁ ਰੀਧਾਈਲੇ ਖੀਰੰ
ਠਾਕੁਰ ਕਉ ਨੈਵੇਦੁ ਕਰਉ ॥
੮. ਪਹਿਲੇ ਦੂਧੁ ਬਿਟਾਰਿਓ ਬਛਰੈ
ਬੀਠਲੁ ਭੈਲਾ ਕਾਇ ਕਰਉ ॥੩॥
੯. ਈਭੈ ਬੀਠਲੁ ਊਭੈ ਬੀਠਲੁ
ਬੀਠਲ ਬਿਨੁ ਸੰਸਾਰੁ ਨਹੀ ॥
੧੦. ਥਾਨ ਥਨੰਤਰਿ ਨਾਮਾ ਪ੍ਰਣਵੈ
ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥

ਪਦ ਅਰਥ : ਆਨੀਲੇ—ਲਿਆ ਕੇ, ਲਿਆਈਏ, ਲਿਆਂਦਾ। ਕੁੰਭ—ਘੜਾ। ਭਰਾਇਲੇ—ਭਰਾਇਆ। ਉਦਕ—ਪਾਣੀ। ਠਾਕੁਰ—ਮੂਰਤੀ, ਬੁੱਤ। ਕਉ—ਨੂੰ। ਕਰਉ—ਮੈਂ ਕਰਾਵਾਂ। ਜੀ—ਜੀਵ। ਬੀਠਲੁ—ਮਾਇਆ ਦੇ ਪ੍ਰਭਾਵ ਤੋਂ ਪਰੇ ਹਰੀ। 'ਭਾਇਲਾ' ਜਾਂ ਭੈਲਾ—ਵਸਦਾ ਸੀ, ਮੌਜੂਦ ਸੀ। ਕਾਇ—ਕਾਹਦੇ ਲਈ ? ਕਿਉਂ ?।੧। ਜਤ੍ਰ—ਜਿਥੇ। ਜਾਉ—ਮੈਂ ਜਾਂਦਾ ਹਾਂ। ਕੇਲਾ—ਅਨੰਦ, ਚੋਜ ਤਮਾਸ਼ੇ, ਖੇਲ।੧।ਰਹਾਉ। ਪਰੋਈਲੇ—ਪਰੋ ਲਈ। ਹਉ—ਮੈਂ। ਬਾਸੁ—ਸੁਗੰਧੀ, ਵਾਸ਼ਨਾ। ਭਵਰਹ—ਭੌਰੇ ਨੇ।੨। ਰੀਧਾਈਲੇ—ਰਿੰਨ੍ਹ ਲਈ, ਰਿੰਨ੍ਹ ਲਵਾਂ, ਰਿੰਨ੍ਹਾ ਲਈਏ। ਨੈਵੇਦ—ਅਰਪਨ, ਜੋ ਸ਼ੈਅ ਅਰਪਨ ਕੀਤੀ ਜਾਵੇ ਭੋਜਨ ਆਦਿ, ਮੂਰਤੀ ਅਗੇ ਖਾਣ ਵਾਲੇ ਪਦਾਰਥਾਂ ਦੀ ਭੇਟ। ਬਿਟਾਰਿਓ—ਜੂਠਾ ਕੀਤਾ, ਗੰਧਲਾ ਹੋ ਜਾਣਾ, ਵਿਗੜ ਜਾਣਾ। ਬਛਰੈ—ਵੱਛੇ ਨੇ।੩। ਈਭੈ ਊਭੈ—ਏਥੇ ਓਥੇ, ਹੇਠਾਂ ਉੱਤੇ। ਥਨੰਤਰਿ—ਥਾਨ+ਅੰਤਰ-ਥਾਨ ਥਨੰਤਰ—ਥਾਨ ਥਾਨ ਅੰਤਰਿ, ਹਰ ਥਾਂ ਵਿਚ। ਪ੍ਰਣਵੈ—ਬੇਨਤੀ ਕਰਦਾ ਹੈ। ਮਹੀ—ਧਰਤੀ। ਸਰਬ ਮਹੀ—ਸਾਰੀ ਸ੍ਰਿਸ਼ਟੀ ਵਿਚ।੪।੨।

ਅਰਥ :

ਪ੍ਰ: ਭਗਤ ਜੀ! ਦੱਸੋ ਤੁਸੀਂ ਹੁਣ ਸਰਗੁਣ ਸਰੂਪ ਮੂਰਤੀਆਂ ਦੀ ਪੂਜਾ ਕਰਨੀ ਕਿਉਂ ਤਿਆਗ ਦਿੱਤੀ ਹੈ ?

ਉ: ੧. ਹੇ ਸੱਜਨੋ! ਇਕ ਦਿਨ ਮੈਨੂੰ ਵੀ ਇਹੋ ਮਨ ਵਿਚ ਫੁਰਨਾ ਫੁਰਿਆ ਕਿ ਮੈਂ ਘੜਾ ਲਿਆ ਕੇ, ਉਸ ਵਿਚ ਪਾਣੀ ਭਰ ਕੇ ਠਾਕਰ ਨੂੰ ਇਸ਼ਨਾਨ ਕਰਾਵਾਂ। (ਪਰ ਨਾਲ ਹੀ ਮੇਰੇ ਮਨ ਵਿਚ ਇਉਂ ਵੀਚਾਰ ਉਤਪੰਨ ਹੋਈ ਕਿ ਸ਼ਾਸਤਰ ਕਹਿੰਦੇ ਹਨ):

੨. ਕਿ ਹੇ ਪਿਆਰਿਆ! ਪਾਣੀ ਵਿਚ ਤਾਂ ਬਿਤਾਲੀ ਲੱਖ ਜੂਨਾਂ ਦੇ ਜੀਵ ਰਹਿੰਦੇ ਹਨ, ਇਸ ਤਰ੍ਹਾਂ ਇਹ ਪਾਣੀ ਜੂਠਾ ਹੈ, ਕਿਉਂਕਿ ਇਨ੍ਹਾਂ ਜਲ-ਜੀਵਾਂ ਨੇ ਪਾਣੀ ਨੂੰ ਅਪਵਿੱਤ੍ਰ ਕਰ ਦਿੱਤਾ ਹੈ। ਇਸ ਜੂਠੇ ਪਾਣੀ ਨਾਲ ਕਰਵਾਇਆ ਇਸ਼ਨਾਨ ਪ੍ਰਵਾਨ ਨਹੀਂ ਹੋਵੇਗਾ, ਇਸ ਲਈ ਮੈਂ ਹੁਣ ਆਪਣੇ ਪਿਆਰੇ ਬੀਠਲ ਨੂੰ ਕਿਵੇਂ ਇਸ਼ਨਾਨ ਕਰਵਾਵਾਂ (ਭਾਵ ਮੇਰਾ ਉਹ ਨਿਰਲੇਪ ਪ੍ਰਭੂ ਤਾਂ ਪਹਿਲੋਂ ਹੀ ਉਨ੍ਹਾਂ ਜੀਵਾਂ ਵਿਚ ਵਸਦਾ ਸੀ) ਤੇ ਇਸ਼ਨਾਨ ਕਰ ਰਿਹਾ ਸੀ, ਤਾਂ ਫਿਰ ਮੂਰਤੀ ਨੂੰ ਕਾਹਦੇ ਲਈ ਇਸ਼ਨਾਨ ਕਰਾਵਾਂ ?।੧।

ਪ੍ਰ: ਭਗਤ ਜੀ! ਕੀ ਤੁਹਾਨੂੰ ਹੁਣ ਇਸ ਮੂਰਤੀ ਵਿਚ ਭਗਵਾਨ ਨਜ਼ਰ ਨਹੀਂ ਆਉਂਦਾ ?

ਉ: ੩. ਹੇ ਮਿੱਤਰੋ! (ਇਸ ਵਾਰ ਕੋਈ ਸ਼ੱਕ ਨਹੀਂ ਕਿ ਮੈਂ ਸਰਗੁਣ ਮੂਰਤੀ ਦੀ ਪੂਜਾ ਕਰਨ ਸਮੇਂ ਕੇਵਲ ਇਸੇ ਇਕ ਮੂਰਤੀ ਵਿਚ ਭਗਵਾਨ ਨੂੰ ਸਮਝਦਾ ਸਾਂ, ਪਰ ਜਦੋਂ ਹੁਣ ਭਗਤੀ ਦੀ ਆਖ਼ਰੀ ਮੰਜ਼ਲ ਪ੍ਰਾਪਤ ਹੋ ਆਈ ਤਾਂ ਹੁਣ) ਮੈਂ ਜਿੱਧਰ ਵੀ ਜਾਂਦਾ ਹਾਂ, ਉਧਰ ਹੀ ਨਿਰਲੇਪ ਪ੍ਰਭੂ ਮੌਜੂਦ ਹੈ। (ਕਿਉਂਕਿ ਜਤ੍ਰ ਜਤ੍ਰ ਮਨੋ ਜਾਤੀ ਤੱਤ੍ਰ ਤੱਤ੍ਰ ਬ੍ਰਹਮ ਦ੍ਰਿਸ਼ਟਾਤੀ) (ਤੇ ਉਹ ਸਭਨਾਂ ਜੀਵਾਂ ਵਿਚ ਵਿਆਪਕ ਹੋ ਕੇ)

੪. ਬਹੁਤ ਹੀ ਅਨੰਦ ਤੇ ਚੋਜ ਤਮਾਸ਼ੇ ਸਦਾ ਹੀ ਕਰ ਰਿਹਾ ਹੁੰਦਾ ਹੈ।੧।ਰਹਾਉ।

ਪ੍ਰ: ਭਗਤ ਜੀ! ਅਸੀਂ ਤੱਕਦੇ ਰਹੇ ਹਾਂ ਕਿ ਤੁਸੀਂ ਪਹਿਲੋਂ ਫੁੱਲ ਲਿਆ ਕੇ, ਮਾਲਾ ਪ੍ਰੋ ਕੇ ਮੂਰਤੀ ਦੀ ਪੂਜਾ ਕਰਦੇ ਰਹੇ ਹੋ, ਪਰ ਤੁਸੀਂ ਹੁਣ ਇਹ ਭੀ ਛੱਡ ਦਿੱਤਾ ਹੈ, ਇਹ ਕਿਉਂ ?

ਉ: ੫. ਸੱਜਨੋ! ਤੁਸੀ ਸੱਚ ਕਹਿੰਦੇ ਹੋ, ਪਰ ਇਹ ਗੱਲ ਸਰਗੁਣ ਉਪਾਸ਼ਨਾ ਦੇ ਸਮੇਂ ਦੀ ਹੈ, ਪਰ ਜਦੋਂ ਸੁਰਤਿ ਸਰਗੁਣ ਦੀ ਉਪਾਸ਼ਨਾ ਤੋਂ ਬਦਲ ਕੇ ਨਿਰਗੁਣ ਦੀ ਉਪਾਸ਼ਨਾ ਵਿਚ ਜਾ ਸਮਾਈ, ਤਾਂ ਉਸ ਵੇਲੇ ਇਕ ਦਿਨ ਮੈਨੂੰ ਭੀ ਇਹੋ ਪੁਰਾਣਾ ਚੇਤਾ ਆਇਆ ਕਿ ਮੈਂ ਫੁੱਲ ਲਿਆ ਕੇ ਤੇ ਮਾਲਾ ਪ੍ਰੋ ਕੇ ਮੂਰਤੀ ਦੀ ਪੂਜਾ ਕਰਾਂ, ਤਾਂ ਮੈਨੂੰ ਫਿਰ ਝੱਟ ਹੀ ਖ਼ਿਆਲ ਆਇਆ ਜੇ ਮੈਂ ਇਸ ਤਰ੍ਹਾਂ ਕਰਾਂ ਭੀ ਤਾਂ ਉਹ ਫੁੱਲ ਜੂਠੇ ਹਨ। ਉਨ੍ਹਾਂ ਜੂਠੇ ਫੁੱਲਾਂ ਨਾਲ ਕੀਤੀ ਪੂਜਾ ਪ੍ਰਵਾਨ ਨਹੀਂ ਹੋਵੇਗੀ।

ਪ੍ਰ: ਕਿਉਂ ਜੀ! ਉਸ ਪੂਜਾ ਕੀਤੀ ਹੋਈ ਦੀ ਨਾ ਪ੍ਰਵਾਨ ਹੋਣ ਦਾ ਕਾਰਨ ਕੀ ਹੈ ?

ਉ: ੬. ਹੇ ਭਾਈਓ! ਕਾਰਣ ਇਹੋ ਹੈ, ਕਿਉਂਕਿ ਉਨ੍ਹਾਂ ਫੁੱਲਾਂ ਦੀ ਸੁਗੰਧੀ ਪਹਿਲੋਂ ਹੀ ਭੌਰੇ ਨੇ ਲੈ ਲਈ ਹੈ, ਸੋ ਜੂਠੇ ਫੁੱਲਾਂ ਨਾਲ ਸੁੱਚੇ ਭਗਵਾਨ ਦੀ ਪੂਜਾ ਕਿਵੇਂ ਹੋ ਸਕਦੀ ਹੈ ? ਹਾਂ ਪਰ ਮੇਰਾ 'ਬੀਠਲੁ' ਨਿਰਲੇਪ ਭਗਵਾਨ ਤਾਂ ਪਹਿਲੋਂ ਹੀ ਉਸ ਭੌਰੇ ਵਿਚ ਵਸਦਾ ਸੀ ਤੇ ਸੁਗੰਧੀ ਲੈ ਰਿਹਾ ਸੀ, ਤਾਂ ਫਿਰ ਦੱਸੋ ਇਨ੍ਹਾਂ ਫੁੱਲਾਂ ਨਾਲ ਮੂਰਤੀ ਦੀ ਪੂਜਾ ਮੈਂ ਕਿਸ ਲਈ ਕਰਾਂ।੨।

ਪ੍ਰ: ਭਗਤ ਜੀ! ਤੁਸੀਂ ਅੱਗੇ ਕਈ ਵਾਰ ਦੁੱਧ ਦੀ ਖੀਰ ਬਣਾ ਕੇ ਠਾਕਰ ਨੂੰ ਭੋਗ ਲਗਵਾਂਦੇ ਸੀ, ਹੁਣ ਤੁਸੀਂ ਉਹ ਭੀ ਛੱਡ ਦਿੱਤਾ ਹੈ, ਇਹ ਕਿਉਂ ?

ਉ: ੭. ਐ ਪ੍ਰੇਮੀਓ! ਇਹ ਖ਼ਿਆਲ ਇਕ ਦਿਨ ਮੈਨੂੰ ਭੀ ਆਇਆ ਸੀ ਕਿ ਦੁੱਧ ਲਿਆ ਕੇ ਖੀਰ ਰਿੰਨ੍ਹਾ ਤੇ ਇਹ ਉੱਤਮ ਪਦਾਰਥ ਮੂਰਤੀ ਅੱਗੇ ਭੇਟ ਰੱਖਾਂ, ਪਰ ਇਸ ਦੇ ਨਾਲ ਹੀ ਮੈਨੂੰ ਇਹ ਵੀਚਾਰ ਫੁਰ ਆਈ

੮. ਕਿ ਦੁੱਧ ਤਾਂ ਵੱਛਾ ਪਹਿਲੋਂ ਹੀ ਚੋਣ ਸਮੇਂ ਜੂਠਾ ਕਰ ਗਿਆ ਸੀ। ਉਸ ਦੁੱਧ ਦੇ ਜੂਠਾ ਹੋਣ ਕਰਕੇ ਇਹ ਭੋਜਨ ਪ੍ਰਵਾਨ ਨਹੀਂ ਹੋਵੇਗਾ, ਪਰ ਮੈਂ ਨਾਲ ਹੀ ਇਹ ਵੀ ਵੀਚਾਰ ਕਰ ਰਿਹਾ ਸਾਂ ਕਿ ਮੇਰਾ ਬੀਠਲ ਵਿਆਪਕ ਭਗਵਾਨ ਤਾਂ ਪਹਿਲੋਂ ਹੀ ਉਸ ਵੱਛੇ ਵਿਚ ਵੱਸਦਾ ਸੀ ਅਤੇ ਦੁੱਧ ਪੀ ਰਿਹਾ ਸੀ, ਤਾਂ ਇਸ ਮੂਰਤੀ ਅੱਗੇ ਕਿਉਂ ਮੈਂ 'ਨੈਵੇਦ' ਭੇਟ ਧਰਾਂ ?।੩।

ਪ੍ਰ: ਭਗਤ ਜੀ! ਜੇ ਕਰ ਤੁਸੀਂ ਇਸ ਮੂਰਤੀ ਵਿਚ ਭਗਵਾਨ ਨੂੰ ਵਸਦਾ ਨਹੀਂ ਮੰਨਦੇ ਤਾਂ ਦੱਸੋ ਫਿਰ ਉਹ ਤੁਹਾਡਾ ਭਗਵਾਨ ਵਸਦਾ ਕਿੱਥੇ ਹੈ ?

ਉ: ੯. ਹੇ ਭਾਈਓ! ਸੱਚ ਤਾਂ ਇਹੋ ਹੈ ਕਿ ਉਹ ਮੇਰਾ ਵਿਆਪਕ ਭਗਵਾਨ ਇਕ ਦੇਸੀ ਨਹੀਂ ਹੈ, ਉਸ ਨੂੰ ਤਾਂ ਜਦੋਂ ਸਾਰੇ ਜਗਤ ਵਿਚ ਨਜ਼ਰ ਮਾਰ ਕੇ ਤੱਕੀਏ ਤਾਂ ਉਹ ਏਥੇ ਭੀ ਹੈ

ਤੇ ਓਥੇ ਭੀ ਹੈ, ਸਾਰੇ ਥਾਵਾਂ ਵਿਚ ਬੀਠਲ ਹੀ ਵਿਆਪਕ ਹੈ। ਵੀਚਾਰ ਕਰਕੇ ਵੇਖ ਲਓ ਕਿ ਉਸ ਬੀਠਲ ਭਗਵਾਨ ਤੋਂ ਸੱਖਣਾ ਤਾਂ ਸੰਸਾਰ ਰਹਿ ਹੀ ਨਹੀਂ ਸਕਦਾ, ਉਸੇ ਦੀ ਸ਼ਕਤੀ ਦੁਆਰਾ ਜਗਤ ਕਿਰਿਆ ਕਰਦਾ ਹੈ।

੧੦. ਤਾਂ ਹੁਣ ਬੀਠਲ ਵਿਆਪਕ ਭਗਵਾਨ ਦੀ ਵੀਚਾਰ ਕਰਦਿਆਂ-ਕਰਦਿਆਂ, ਭਗਤ ਦੀ ਉਸੇ ਭਗਵਾਨ ਨਾਲ ਇਕਸਾਰਤਾ ਹੋ ਗਈ ਅਤੇ ਭਗਵਾਨ ਦੇ ਸਨਮੁਖ ਹੋ ਇਉਂ ਬੋਲੇ: ਨਾਮਦੇਵ ਜੀ ਕਹਿੰਦੇ ਹਨ ਕਿ ਹੇ ਭਗਵਾਨ! ਮੈਂ ਤੇਰੇ ਅੱਗੇ ਇਕ ਬੇਨਤੀ ਕਰਦਾ ਹਾਂ ਕਿ ਤੂੰ ਥਾਵਾਂ ਵਿਚ ਅਤੇ ਥਾਵਾਂ ਦੇ ਵਿਚਾਲੇ ਸਾਰੀ ਧਰਤੀ 'ਤੇ ਪਰੀਪੂਰਨ ਹੋ ਰਿਹਾ ਹੈਂ। ਭਾਵ ਹੈ ਕਿ ਉਹ ਭਗਵਾਨ ਇਕ ਦੇਸੀ ਨਹੀਂ, ਸਰਬ ਵਿਆਪੀ ਹੈ ਤੇ ਸਾਰੇ ਪਰੀਪੂਰਣ ਹੈ, ਕਿਤੇ ਭੀ ਊਣਾ ਨਹੀਂ ਹੈ।੪।੨।

ਸਮੁੱਚੇ ਸ਼ਬਦ ਦਾ ਭਾਵ ਹੈ, ਮੂਰਤੀ ਪੂਜਾ ਦਾ ਖੰਡਨ ਤੇ ਸਰਬ ਵਿਆਪਕ ਪ੍ਰਭੂ ਦੀ ਨਿਸ਼ਕਾਮ ਭਗਤੀ ਕਰਨਾ।

ਆਸਾ ॥

੧. ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥
੨. ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥
੩. ਕਹਾ ਕਰਉ ਜਾਤੀ ਕਹ ਕਰਉ ਪਾਤੀ ॥
੪. ਰਾਮ ਕੋ ਨਾਮੁ ਜਪਉ ਦਿਨ ਰਾਤੀ ॥੧॥ ਰਹਾਉ ॥
੫. ਰਾਂਗਨਿ ਰਾਂਗਉ ਸੀਵਨਿ ਸੀਵਉ ॥
੬. ਰਾਮ ਨਾਮ ਬਿਨੁ ਘਰੀਅ ਨ ਜੀਵਉ ॥੨॥
੭. ਭਗਤਿ ਕਰਉ ਹਰਿ ਕੇ ਗੁਨ ਗਾਵਉ ॥
੮. ਆਠ ਪਹਰ ਅਪਨਾ ਖਸਮੁ ਧਿਆਵਉ ॥੩॥
੯. ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥
੧੦. ਨਾਮੇ ਕਾ ਚਿਤੁ ਹਰਿ ਸਉ ਲਾਗਾ ॥੪॥੩॥

ਪਦ ਅਰਥ : ਗਜੁ—(ਕਪੜਾ ਮਿਣਨ ਵਾਲਾ ਗਜ਼)। ਕਾਤੀ—ਕੈਂਚੀ। ਮਪਿ ਮਪਿ—ਮਿਣ-ਮਿਣ ਕੇ, ਮਾਪ-ਮਾਪ ਕੇ, ਕੱਛ-ਕੱਛ ਕੇ। ਕਾਟਉ—ਮੈਂ ਕੱਟ ਰਿਹਾ ਹਾਂ। ਫਾਸੀ—ਫਾਹੀਂ, ਮੌਤ ਦੀ ਫਾਹੀ, ਮੌਤ ਦਾ ਭੈ, ਜੰਮਣ ਮਰਨ ਦੀ ਕਾਲ ਚੱਕ੍ਰ ਵਿਚ ਫਸੋਤੀ।੧। ਕਹਾ ਕਰਉ—ਮੈਂ ਕੀਹ ਪ੍ਰਵਾਹ ਕਰਦਾ ਹਾਂ ? ਮੈਨੂੰ ਪ੍ਰਵਾਹ ਨਹੀਂ। ਪਾਤੀ—ਗੋਤ। ਜਾਤੀ—(ਆਪਣੀ ਨੀਵੀਂ) ਜਾਤ।੧।ਰਹਾਉ। ਰਾਂਗਨਿ—ਉਹ ਭਾਂਡਾ ਜਿਸ ਵਿਚ ਲਿਲਾਰੀ ਕੱਪੜੇ ਰੰਗਦਾ ਹੈ, ਮੱਟੀ। ਰਾਂਗਉ—ਮੈਂ ਰੰਗਦਾ ਹਾਂ। ਸੀਵਨਿ—ਸੀਉਣ, ਨਾਮ ਦੀ ਸੀਉਣੀ। ਸੀਵਉ—ਮੈਂ ਸੀਉਂਦਾ ਹਾਂ। ਘਰੀਅ—ਇਕ ਘੜੀ ਭੀ। ਨ ਜੀਵਉ—ਮੈਂ ਜੀਊਂ ਨਹੀਂ ਸਕਦਾ।੨। ਕਰਉ—ਮੈਂ ਕਰਦਾ ਹਾਂ। ਗਾਵਉ—ਮੈਂ ਗਾਉਂਦਾ ਹਾਂ। ਧਿਆਵਉ—ਮੈ ਧਿਆਉਂਦਾ ਹਾਂ।੩। ਸੁਇਨੇ ਕੀ ਸੂਈ—ਗੁਰੂ ਦਾ ਸ਼ਬਦ ਰੂਪ ਕੀਮਤੀ ਸੂਈ। ਰੁਪਾ—ਚਾਂਦੀ ਦਾ, ਸਵੱਛ, ਉੱਜਲ। ਧਾਗਾ—ਬ੍ਰਿਤੀ ਰੂਪ ਧਾਗਾ।੪।੩।

ਅਰਥ :

ਪ੍ਰ: ਨਾਮਦੇਵ ਜੀ ਕਿਰਤਕਾਰ ਵਲੋਂ ਛੀਂਬੇ ਸਨ। ਉਸ ਸਮੇਂ ਛੀਂਬੇ ਕੱਪੜੇ ਧੋਂਦੇ ਵੀ ਸਨ, ਰੰਗਦੇ ਵੀ ਸਨ ਤੇ ਸੀਉਂਦੇ ਵੀ ਸਨ। ਲੋਕਾਂ ਨੇ ਕਿਹਾ ਕਿ ਭਗਤ ਜੀ, ਤੁਸੀਂ ਆਪਣਾ ਕੱਪੜੇ ਸੀਉਣੇ ਦਾ ਕੰਮ ਕਿਉਂ ਛੱਡ ਦਿੱਤਾ, ਤਾਂ ਆਪ ਨੇ ਕਿਹਾ ਕਿ ਐ ਲੋਕੋ, ਕੰਮ ਛੱਡਿਆ ਨਹੀਂ, ਪਰ ਕੰਮ ਦੀ ਰੂਪ-ਰੇਖਾ ਜ਼ਰੂਰ ਬਦਲ ਗਈ ਹੈ। ਕਿਉਂ ਜੀ, ਉਹ ਕਿਵੇਂ ? ਹੇ ਭਾਈਓ! ਹੁਣ ਮੈਂ ਅੰਤਰ ਆਤਮੇ ਸੂਖਮ ਕਪੜਿਆਂ ਦੀ ਸਲਾਈ ਕਰਨੀ ਅਰੰਭ ਲਈ ਹੈ।

ਪ੍ਰ: ਭਗਤ ਜੀ! ਤੁਹਾਡੇ ਉਸ ਅੰਤ੍ਰੀਵ ਕਪੜਿਆਂ ਦਾ ਗਜ਼ ਤੇ ਕੈਂਚੀ ਆਦਿ ਸਾਮਾਨ ਕਿਹੜਾ ਹੈ ?

ਉ: ੧-੨. (ਤਾਂ ਹੁਣ ਭਗਤ ਜੀ ਆਪਣੇ ਬਾਹਰਲੇ ਕਿਤੇ ਦੇ ਸਾਮਾਨ ਦੇ ਬਰਾਬਰ ਦਾ ਅੰਤ੍ਰੀਵ ਸਾਮਾਨ ਗਿਣ ਕੇ ਹਰੀ ਸਿਮਰਨ ਦਾ ਪ੍ਰਤੀਪਾਦਨ ਕਰਦੇ ਹਨ) ਹੇ ਭਾਈਓ ਸੁਣੋ! ਮੇਰਾ ਮਨ ਤਾਂ ਹੁਣ ਗਜ਼ ਬਣ ਗਿਆ ਹੈ, ਭਾਵ ਜਿਵੇਂ ਗਜ਼ ਸਿੱਧਾ ਹੋਇਆ ਕਰਦਾ ਹੈ, ਇਸੇ ਤਰ੍ਹਾਂ ਮੇਰਾ ਮਨ ਆਪਣੇ ਸਾਈਂ ਜੀ ਵਲ ਨੂੰ ਸਨਮੁਖ, ਸਿੱਧਾ ਹੋ ਗਿਆ ਹੈ ਅਤੇ ਮੇਰੀ ਜੀਭ ਕੈਂਚੀ ਬਣ ਗਈ ਹੈ, ਜਿਸ ਨਾਲ ਹੁਣ ਜਨਮ ਜਾਲ ਕਟਿਆ ਜਾਵੇਗਾ, ਭਾਵ ਹੈ ਕਿ ਪਰਮੇਸ਼ਰ ਦੇ ਨਾਮ ਨੂੰ ਮਨ ਵਿਚ ਵਸਾ ਕੇ, ਜੀਭ ਨਾਲ ਜਪ ਕੇ, ਮੈਂ ਆਪਣੇ ਮਨ ਰੂਪੀ ਗਜ਼ ਨਾਲ ਕੱਛ-ਕੱਛ ਕੇ ਜੀਭ ਕੈਂਚੀ ਨਾਲ ਮੌਤ ਦੇ ਡਰ ਦੀ ਫਾਹੀ ਕੱਟੀ ਜਾ ਰਿਹਾ ਹਾਂ।੧।

ਪ੍ਰ: ਨਾਮਦੇਵ! ਤੇਰੀ ਜਾਤ ਨੀਵੀਂ ਹੈ, ਨਾਮ ਦਾ ਸਿਮਰਨ ਕਰਨਾ ਤੇਰਾ ਅਧਿਕਾਰ ਹੀ ਨਹੀਂ, ਨਾਮ ਤਾਂ ਉੱਚੀ ਜਾਤ ਵਾਲੇ ਹੀ ਸਿਮਰ ਸਕਦੇ ਹਨ ?

ਉ: ੩. (ਐ ਭੇਦ ਵਾਦੀ ਲੋਕੋ ਦੱਸੋ ਹੁਣ) ਮੈਂ ਜਾਤ ਨੂੰ ਕੀ ਕਰਾਂ ਤੇ ਬਰਾਦਰੀਆਂ ਦੀਆਂ ਪੰਗਤੀਆਂ ਨੂੰ ਕੀ ਕਰਾਂ, ਭਾਵ ਮੈਨੂੰ ਹੁਣ ਕਿਸੇ ਉੱਚੀ ਨੀਵੀਂ ਜਾਤ ਦੀ ਪਰਵਾਹ ਹੀ ਨਹੀਂ ਰਹੀ।

੪. ਕਿਉਂਕਿ ਮੈਂ ਤਾਂ ਦਿਨੇ ਰਾਤ ਪਰਮੇਸ਼ਰ ਦਾ ਨਾਮ ਜਪਦਾ ਹਾਂ।੧।ਰਹਾਉ।

ਪ੍ਰ: ਭਗਤ ਜੀ! ਤੁਸੀਂ ਕੱਪੜੇ ਸਿਉਣੇ ਦੇ ਨਾਲ ਹੀ ਕੱਪੜੇ ਰੰਗਣੇ ਭੀ ਛੱਡ ਦਿੱਤੇ ਹਨ, ਇਹ ਕਿਉਂ ?

ਉ: ੫. ਹੇ ਸੱਜਨੋ! ਅਸਲ ਵਿਚ ਹੁਣ ਮੈਂ ਸਹੀ ਰੰਗਣ ਜੋਗ ਕੱਪੜਿਆਂ ਨੂੰ ਰੰਗਦਾ ਹਾਂ ਤੇ ਸਿਊਣ ਜੋਗ ਨੂੰ ਸਿਉਂਦਾ ਹਾਂ, ਭਾਵ ਹੈ, ਐ ਲੋਕੋ, ਹੁਣ ਮੈਂ ਇਸ ਸਰੀਰ ਰੂਪੀ ਮੱਟੀ ਵਿਚ ਆਪਣੇ ਆਪ ਨੂੰ ਨਾਮ ਨਾਲ ਰੰਗਦਾ ਹਾਂ ਅਤੇ ਪ੍ਰਭੂ ਦੇ ਨਾਮ ਦੀ ਸੀਊਣ ਸੀਊਂ ਰਿਹਾ ਹਾਂ।

੬. ਹੁਣ ਮੇਰੀ ਮਾਨਸਕ ਦਸ਼ਾ ਇਹ ਹੋ ਗਈ ਹੈ ਕਿ ਪਰਮੇਸ਼ਰ ਦੇ ਨਾਮ ਤੋਂ ਬਿਨਾ ਮੈਂ ਇਕ ਘੜੀ ਮਾਤਰ ਭੀ ਜੀਉਂਦਾ ਨਹੀਂ ਰਹਿ ਸਕਦਾ।੨।

ਪ੍ਰ: ਭਗਤ ਜੀ! ਹੁਣ ਤੁਹਾਡੀ ਹਰ ਵਕਤ ਦੀ ਕਿਰਤ ਕੀ ਹੈ ?

ਉ: ੭. ਹੁਣ ਤਾਂ ਮੇਰੀ ਹਰ ਸਮੇਂ ਦੀ ਕੇਵਲ ਇਕ ਇਹੋ ਕਿਰਤ ਹੈ ਕਿ ਮੈਂ (ਪ੍ਰਭੂ ਦੀ) ਭਗਤੀ ਕਰਦਾ ਹਾਂ, ਹਰੀ ਦੇ ਗੁਣ ਗਾਉਂਦਾ ਹਾਂ।

੮. (ਸੋ ਨਾਮ ਦੇ ਕੀਰਤਨ ਦੁਆਰਾ) ਅੱਠੇ ਪਹਿਰ ਆਪਣੇ ਮਾਲਕ ਪ੍ਰਭੂ ਨੂੰ ਧਿਆਉਂਦਾ ਹਾਂ।੩।

੯. ਹੇ ਭਾਈਓ ! ਜੋ ਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਬ੍ਰਿਤੀ ਬ੍ਰਹਮਾਕਾਰ ਹੋ ਗਈ ਹੈ, ਇਹ ਮਾਨੋਂ ਮੈਨੂੰ ਸੋਨੇ ਦੀ ਸੂਈ ਮਿਲ ਗਈ ਹੈ, ਉਸ ਦੀ ਬਰਕਤ ਨਾਲ ਮੇਰੀ ਸੁਰਤਿ (ਰੁਪੇ) ਚਾਂਦੀ ਵਾਂਗੂੰ ਸ਼ੁੱਧ ਨਿਰਮਲ ਹੋ ਗਈ ਹੈ, ਇਸੇ ਸੂਈ ਧਾਗੇ ਨਾਲ,

੧੦. ਮੈਂ ਨਾਮੇ ਦਾ ਚਿੱਤ ਪ੍ਰਭੂ ਦੇ ਨਾਲ ਸੀਤਾ ਗਿਆ ਹੈ।੪।੩।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਨਾਮ ਸਿਮਰਨ ਦੀ ਵਡਿਆਈ ਅੰਕਤ ਕਰਦੇ ਹਨ ਕਿ ਜੇ ਕਦੀ ਨੀਵੀਂ ਜਾਤ ਵਾਲਾ ਭੀ ਬੰਦਗੀ ਕਰੇ ਤਾਂ ਉਸ ਨੂੰ ਦੁਨੀਆ ਦੇ ਡਰ ਤਾਂ ਕਿਤੇ ਰਹੇ, ਮੌਤ ਦਾ ਡਰ ਭੀ ਨਹੀਂ ਰਹਿੰਦਾ, ਕਿਉਂਕਿ ਉਸ ਦੀ ਚਿੱਤ ਬਿਰਤੀ ਨਿਰਮਲ ਹੋ ਜਾਂਦੀ ਹੈ ਅਤੇ ਇਸੇ ਨਿਰਮਲਤਾ ਦੀ ਬਰਕਤ ਨਾਲ ਉਹ ਸਦਾ ਹੀ ਪ੍ਰਭੂ ਦੀ ਯਾਦ ਵਿਚ ਮਸਤ ਰਹਿੰਦਾ ਹੈ।

ਉਥਾਨਕਾ : ਜਿਥੇ ਨਾਮਦੇਵ ਜੀ ਕੱਪੜੇ ਧੋਇਆ ਕਰਦੇ ਸਨ, ਉਥੇ ਹੀ ਇਕ ਸਾਧੂ ਆ ਕੇ ਰੋਜ਼ ਸਮਾਧੀ ਲਾ ਕੇ ਬੈਠਿਆ ਕਰਦਾ ਸੀ। ਇਕ ਦਿਨ ਇਕ ਸ਼ਾਹੂਕਾਰ ਵੀ ਇਸ਼ਨਾਨ ਕਰਨ ਉਸੇ ਘਾਟ 'ਤੇ ਆ ਗਿਆ। ਉਸ ਦੇ ਲੱਕ ਨਾਲ ਪੰਜ ਸੌ ਰੁਪਏ ਦੀ ਵਾਂਸਲੀ ਬੱਧੀ ਹੋਈ ਸੀ। ਉਹ ਵਾਂਸਲੀ ਖੋਹਲ ਕੇ ਕੱਪੜਿਆਂ ਹੇਠਾਂ ਰੱਖ ਇਸ਼ਨਾਨ ਕਰਨ ਲੱਗਾ। ਜਦ ਉਸ ਨੇ ਟੁੱਬਾ ਲਾਇਆ ਤਾਂ ਉਸ ਪਖੰਡੀ ਸਾਧੂ ਨੇ ਮੌਕਾ ਤਾੜ ਕੇ ਵਾਂਸਲੀ ਉਸ ਦੇ ਕੱਪੜਿਆਂ ਹੇਠੋਂ ਖਿਸਕਾ ਕੇ ਆਸਣ ਹੇਠਾਂ ਕਰ ਲਈ ਅਤੇ ਉੱਤੇ ਪਦਮਾਸਨ ਜਮਾ ਕੇ ਸਮਾਧੀ ਇਸਥਿਤ ਹੋ ਗਿਆ।

ਭਗਤ ਜੀ ਤਾਂ ਆਪਣੇ ਕੱਪੜੇ ਧੋਣ ਦੇ ਧਿਆਨ ਵਿਚ ਲੱਗੇ ਰਹੇ। ਜਦੋਂ ਸ਼ਾਹੂਕਾਰ ਇਸ਼ਨਾਨ ਕਰ ਕੇ ਬਾਹਰ ਆਇਆ ਤਾਂ ਉਸ ਨੂੰ ਉਹ ਵਾਂਸਲੀ ਨਜ਼ਰ ਨਾ ਆਈ ਤਾਂ ਉਸ ਨੇ ਸੋਚਿਆ ਕਿ ਇਹ ਸੰਤ ਤਾਂ ਧਿਆਨ ਵਿਚ ਜੁੜੇ ਬੈਠੇ ਹਨ, ਇਹ ਤਾਂ ਈਸ਼ਵਰ ਦੀ ਪ੍ਰਾਪਤੀ ਲਈ ਘਰ-ਬਾਰ ਛੱਡ ਬੈਠੇ ਹਨ, ਇਨ੍ਹਾਂ ਨੂੰ ਤਾਂ ਮਾਇਆ ਦੀ ਇੱਛਾ ਹੀ ਨਹੀਂ, ਪਰ ਇਹ ਗ਼ਰੀਬ ਛੀਂਬਾ ਹੈ, ਇਸ ਨੇ ਹੀ ਥੈਲੀ ਚੁੱਕੀ ਹੋਵੇਗੀ। ਨਾਮਦੇਵ ਜੀ ਨੂੰ ਪਕੜ ਲਿਆ, ਪਰ ਜਦੋਂ ਬਹੁਤ ਸਾਰੇ ਲੋਕ ਇਕੱਠੇ ਹੋ ਗਏ, ਹਵਾ ਦਾ ਤੇਜ਼ ਬੁੱਲ੍ਹਾ ਆਇਆ ਅਤੇ ਇਸ ਪਖੰਡੀ ਸਾਧੂ ਦੇ ਆਸਣ ਤੋਂ ਕੱਪੜਾ ਉਡਿਆ ਤਾਂ ਵਾਂਸਲੀ ਹੇਠ ਪਈ ਸਭ ਨੂੰ ਨਜ਼ਰ ਆਈ ਤਾਂ ਸ਼ਾਹੂਕਾਰ ਨੇ ਨਾਮਦੇਵ ਤੋਂ ਮਾਫ਼ੀ ਮੰਗੀ ਤੇ ਇਸ ਪਖੰਡੀ ਨੂੰ ਪਕੜ ਲਿਆ, ਤਾਂ ਇਸ ਪਖੰਡੀ ਦੇ ਪਖੰਡ ਨੂੰ ਤੱਕ ਕੇ ਭਗਤ ਜੀ ਨੇ ਇਸ ਨੂੰ ਉਪਦੇਸ਼ ਦੇਂਦਿਆਂ ਸਭ ਨੂੰ ਸੰਬੋਧਨ ਕਰਦਿਆਂ ਇਹ ਸ਼ਬਦ ਉਚਾਰਨ ਕੀਤਾ :

ਆਸਾ ॥

੧. ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥
੨. ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
੩. ਕਾਹੇ ਕਉ ਕੀਜੈ ਧਿਆਨੁ ਜਪੰਨਾ ॥
੪. ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥
੫. ਸਿੰਘਚ ਭੋਜਨੁ ਜੋ ਨਰੁ ਜਾਨੈ ॥
੬. ਐਸੇ ਹੀ ਠਗਦੇਉ ਬਖਾਨੈ ॥੨॥
੭. ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥
੮. ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥

ਪਦ ਅਰਥ : ਸਾਪੁ—ਸੱਪ, ਇਕ ਮਸ਼ਹੂਰ ਜ਼ਹਿਰੀਲਾ ਕੀੜਾ ਜੋ ਜ਼ਮੀਨ 'ਤੇ ਰੀਂਘ ਕੇ ਚਲਦਾ ਹੈ। ਕੁੰਚ—ਸੱਪ ਦੀ ਉਪਰਲੀ ਖੱਲ ਜੋ ਉਹ ਲਗਪਗ ਹਰ ਸਾਲ ਲਾਹ ਕੇ ਸੁੱਟ ਦੇਂਦਾ ਹੈ। ਬਿਖੁ—ਜ਼ਹਿਰ, ਵਿਹੁ। ਉਦਕ—ਪਾਣੀ। ਮਾਹਿ—ਵਿਚ। ਬਗੁ—ਬਗੁਲਾ। ਧਿਆਨ ਮਾਡੈ—ਧਿਆਨ ਜੋੜਦਾ ਹੈ, ਧਿਆਨ ਲਾਉਂਦਾ ਹੈ।੧। ਜਪੰਨਾ—ਜਾਪ ਕਰੀਦਾ ਹੈ। ਜਬ ਤੇ—ਜਦ ਤੱਕ। ਸੁਧੁ—ਪਵਿੱਤਰ।੧।ਰਹਾਉ। ਸਿੰਘਚ ਭੋਜਨੁ—[ਸਿੰਘ—ਚ] ਸ਼ੇਰ ਦਾ, ਸ਼ੇਰ ਵਾਲਾ, ਨਿਰਦਇਤਾ ਵਾਲਾ। ਐਸੇ—ਅਜਿਹੇ ਬੰਦੇ ਨੂੰ। ਠਗਦੇਉ—ਠੱਗਾਂ ਦਾ ਦੇਵ, ਠੱਗਾਂ ਦਾ ਗੁਰੂ, ਵੱਡਾ ਠੱਗ। ਬਖਾਨੈ—(ਜਗਤ) ਆਖਦਾ ਹੈ।੨। ਨਾਮੇ ਕੇ ਸੁਆਮੀ—ਨਾਮਦੇਵ ਦੇ ਮਾਲਕ ਪ੍ਰਭੂ ਨੇ। ਲਾਹਿਲੇ—ਲਾਹ ਦਿੱਤਾ ਹੈ, ਮੁਕਾ ਦਿੱਤਾ ਹੈ। ਰੇ—ਹੇ ਭਾਈ। ਦਗਰਾ—ਹੇ ਪੱਥਰ ਚਿੱਤ, ਦਗ਼ੇ-ਬਾਜ਼, ਛਲੀਆ।੩।

ਅਰਥ :

ਪ੍ਰ: ਭਗਤ ਜੀ! ਇਸ ਸਾਧੂ ਦੇ ਲਿਬਾਸ ਨੂੰ ਅਤੇ ਅੰਤਰ ਧਿਆਨ ਹੋ ਬੈਠੇ ਨੂੰ ਤੱਕ ਕੇ ਤਾਂ ਇਉਂ ਹੀ ਪ੍ਰਤੀਤ ਹੁੰਦਾ ਸੀ ਕਿ ਇਹ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਬੈਠਾ ਹੈ, ਪਰ ਇਸ ਦੀ ਕਰਤੂਤ ਬੜੀ ਭੈੜੀ ਦੇਖੀ। ਕੀ ਇਸ ਦੇ ਅੰਤਰ ਧਿਆਨ ਹੋ ਬੈਠਣ ਦਾ ਵੀ ਇਸ ਨੂੰ ਕੋਈ ਪ੍ਰਮਾਰਥਕ ਲਾਭ ਹੋਵੇਗਾ ?

ਉ: ੧. ਹੇ ਭਾਈਓ ! ਇਸ ਦਾ ਧਿਆਨ ਤੇ ਬਾਹਰਲਾ ਲਿਬਾਸ ਤਾਂ ਇਸੀ ਤਰ੍ਹਾਂ ਜਾਣੋ ਕਿ ਜਿਵੇਂ ਜ਼ਹਿਰੀਲਾ ਸੱਪ ਉਪਰੋਂ ਕੁੰਜ ਤਾਂ ਛੱਡ ਦੇਂਦਾ ਹੈ, ਪਰ ਅੰਦਰੋਂ ਜ਼ਹਿਰ ਨਹੀਂ ਛੱਡਦਾ, ਇਸੇ ਤਰ੍ਹਾਂ ਇਸ ਪਖੰਡੀ ਨੇ ਆਪਣਾ ਘਰ ਬਾਰ ਤਾਂ ਛੱਡ ਦਿੱਤਾ ਹੈ, ਪਰ ਇਸ ਨੇ ਅੰਦਰੋਂ ਵਿਕਾਰ ਨਹੀਂ ਤਿਆਗੇ।

ਪ੍ਰ: ਭਗਤ ਜੀ ! ਇਸ ਦਾ ਅੱਖਾਂ ਮੀਟ ਕੇ ਧਿਆਨ ਵਿਚ ਬੈਠਣਾ ਕਿਸ ਕੰਮ ਆਇਆ ?

ਉ: ੨. ਹੇ ਸੱਜਨੋ ! ਇਸ ਦਾ ਅੱਖਾਂ ਮੀਟ ਕੇ ਧਿਆਨ ਲਾ ਬੈਠਣਾ ਤਾਂ ਇਸੇ ਤਰ੍ਹਾਂ ਸਮਝੋ ਜਿਵੇਂ ਕਿ ਇਕ ਬਗਲਾ ਪਾਣੀ ਵਿਚ ਧਿਆਨ ਜੋੜ ਕੇ ਖੜਾ ਹੈ, ਕੀ ਤੁਸੀਂ ਉਸ ਨੂੰ ਕਦੀ ਤੱਕਿਆ ਹੈ ਕਿ ਉਹ ਬਾਹਰੋਂ ਤਾਂ ਸਾਰੇ ਦਿੱਸਦੇ ਧਿਆਨ ਰੋਕ ਲੈਂਦਾ ਹੈ, ਪਰ ਉਹ ਆਪਣੇ ਹਿਰਦੇ ਵਿਚ ਮੱਛੀ ਪਕੜਨ ਦਾ ਖ਼ਿਆਲ ਬੰਨ੍ਹੀ ਰੱਖਦਾ ਹੈ, ਉਸ ਨੂੰ ਨਹੀਂ ਛੱਡਦਾ। ਇਸੇ ਤਰ੍ਹਾਂ ਹੇ ਪਿਆਰਿਓ, ਜੇ ਅੰਦਰ ਤ੍ਰਿਸ਼ਨਾ ਹੈ, ਤਾਂ ਬਾਹਰੋਂ ਭੇਖ ਬਣਾਉਣ ਨਾਲ ਜਾਂ ਅੱਖਾਂ ਮੀਟਣ ਨਾਲ ਕੋਈ ਆਤਮਿਕ ਲਾਭ ਨਹੀਂ ਪ੍ਰਾਪਤ ਹੁੰਦਾ।੧।

੩. ਹੁਣ ਉਸ ਪਖੰਡੀ ਨੂੰ ਸਨਮੁਖ ਹੋ ਕਹਿ ਰਹੇ ਹਨ ਕਿ ਓਇ ਭੇਖੀਆ ! ਸੁਣ ਇਹ ਅੱਖਾਂ ਮੀਟ ਕੇ ਧਿਆਨ ਤੇ ਜਪ ਕਿਸ ਲਈ ਕਰੀਏ। ਭਾਵ ਹੈ ਇਹ ਭੇਖ ਕਿਉਂ ਕੀਤਾ ਹੈ। ਕਿਉਂਕਿ :

੪. ਜਦ ਕਿ ਅੰਦਰੋਂ ਤੇਰਾ ਆਪਣਾ ਮਨ ਹੀ ਪਵਿੱਤ੍ਰ ਨਹੀਂ ਤਾਂ ਇਸ ਦਾ ਕੋਈ ਲਾਭ ਨਹੀਂ।੧।ਰਹਾਉ।

੫. ਓਇ ਭੋਲਿਆ ਤੱਕ ! ਜੋ ਮਨੁੱਖ ਸ਼ੇਰ ਦਾ ਭੋਜਨ ਖਾਂਦਾ ਹੈ, ਭਾਵ ਹੈ ਜੋ ਮਨੁੱਖ ਜ਼ੋਰ, ਜ਼ੁਲਮ, ਧੱਕੇ, ਫ਼ਰੇਬ, ਦੂਜਿਆਂ ਨੂੰ ਮਾਰ ਲੁੱਟ ਤੇ ਦੁਖੀ ਕਰ ਕੇ, ਆਪਣੀ ਉਪਜੀਵਕਾ ਟੋਰਦਾ ਹੈ ਤੇ ਬਾਹਰੋਂ ਅੱਖਾਂ ਮੀਟਦਾ ਹੈ, (ਜਿਵੇਂ ਕਿ ਸਮਾਧੀ ਲਾਈ ਬੈਠਾ ਹੋਵੇ)।

੬. ਪਰ, ਇਸ ਗੱਲ ਦਾ ਧਿਆਨ ਰਖੀਂ ਕਿ ਜਗਤ ਐਸੇ ਬੰਦੇ ਨੂੰ ਵੱਡਾ ਠੱਗ ਭਾਵ ਠੱਗਾਂ ਦਾ ਗੁਰੂ ਆਖਦਾ ਹੈ।੨।

ਪ੍ਰ: ਭਗਤ ਜੀ ! ਅਸੀਂ ਤੁਹਾਨੂੰ ਦੇਰ ਕਾਲ ਤੋਂ ਵੇਖਦੇ ਹਾਂ, ਪਰ ਤੁਸੀਂ ਕਦੀ ਇਹੋ ਜਿਹਾ ਪਖੰਡ ਨਹੀਂ ਕੀਤਾ।

ੳ: ੭. ਨਾਮਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਨਾਮੇ ਦੇ ਸੁਆਮੀ ਨੇ ਮੇਰੇ ਗਲੋਂ, ਭਾਵ ਮੇਰੇ ਅੰਦਰੋਂ ਇਹ ਪਖੰਡ ਵਾਲਾ ਝਗੜਾ ਹੀ ਮੁਕਾ ਦਿੱਤਾ ਹੈ ਅਤੇ ਇਸ ਪਖੰਡੀ ਦੇ ਗਲ ਪੈ ਗਿਆ ਹੈ।

੮. ਇਸ ਲਈ ਐ ਕਠੋਰ ਚਿੱਤ ! ਦਗ਼ੇਬਾਜ਼ਾ ! ਇਸ ਕਪਟ ਦੇ ਭੇਖ ਨੂੰ ਛੱਡ ਦੇ ਅਤੇ ਨਾਮ ਅੰਮ੍ਰਿਤ ਨੂੰ ਪੀ (ਜਿਸ ਕਰਕੇ ਤੇਰੇ ਮਨ ਵਿਚੋਂ ਵਿਕਾਰ ਦੂਰ ਹੋ ਜਾਵਣ)।੩।੪।

ਭਾਵਾਰਥ : ਨਾਮਦੇਵ ਜੀ ਇਸ ਸ਼ਬਦ ਵਿਚ ਧਾਰਮਿਕ ਪਖੰਡ ਦੀ ਨਿਖੇਧੀ ਕਰਦੇ ਹੋਏ ਇਹ ਕਹਿ ਰਹੇ ਹਨ ਕਿ ਬੰਦਗੀ ਕੀਤੀ ਉਸੇ ਮਨੁੱਖ ਦੀ ਕਬੂਲ ਹੁੰਦੀ ਹੈ, ਜੋ ਕਿ ਆਪਣੀ ਰੋਜ਼ੀ ਕਮਾਉਣ ਵਿਚ ਭੀ ਕਦੀ ਵਲ ਛਲ ਨਹੀਂ ਕਰਦਾ ਅਤੇ ਕਿਸੇ ਦਾ ਕਦੀ ਵੀ ਹੱਕ ਨਹੀਂ ਮਾਰਦਾ।

ਨੋਟ : ਭੋਲੇ ਭਾਲੇ ਲੋਕ ਬਾਹਰਲੇ ਤਿਆਗ ਮਾਤ੍ਰ ਨੂੰ ਵੇਖ ਕੇ ਫਸ ਜਾਂਦੇ ਹਨ, ਪਰ ਅੰਤ ਨੂੰ ਦੁਖੀ ਹੁੰਦੇ ਹਨ।

ਆਸਾ ॥

੧. ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥
੨. ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥
੩. ਕੈਸੇ ਮਨ ਤਰਹਿਗਾ ਰੇ ਸੰਸਾਰੁ
ਸਾਗਰੁ ਬਿਖੈ ਕੋ ਬਨਾ ॥
੪. ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ ॥
੫. ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ ॥
੬. ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥੨॥੫॥

ਪਦ ਅਰਥ : ਜਿ—ਜੋ ਮਨੁੱਖ। ਚੀਨ੍ਹਸੀ—ਪਛਾਣਦੇ ਹਨ, ਅਨੁਭਵ ਕਰ ਲਏਗਾ, ਭਾਵ ਹੈ ਨਿਰਾ ਮਨੋਂ ਗਿਆਨ ਨਾਲ ਨਹੀਂ, ਸੱਚਮੁੱਚ ਆਤਮਿਕ ਗਿਆਨ ਨੂੰ ਪ੍ਰਾਪਤ ਹੋ ਜਾਏਗਾ। ਨ ਭਾਵਸੀ—ਚੰਗੀ ਨਹੀਂ ਲੱਗਦੀ। ਤੇ—ਉਸਨੂੰ। ਭਗਤਹ—ਜਿਨ੍ਹਾਂ ਭਗਤਾਂ ਨੇ। ਅਚਿੰਤ—ਚਿੰਤਾ ਰਹਿਤ, ਭਾਵ ਹਰੀ ਚਿੰਤਨ ਤੋਂ ਛੁੱਟ ਹੋਰ ਕੋਈ ਚਿੰਤਾ ਨਹੀਂ ਰਖੇਗਾ। ਚੇਤੀਅਲੇ—ਚੇਤੇਗਾ, ਯਾਦ ਰਖੇਗਾ, ਭੁਲੇਗਾ ਨਹੀਂ।੧। ਬਨਾ—ਪਾਣੀ, ਵਿਸ਼ੇ ਵਿਕਾਰਾਂ ਦਾ ਪਾਣੀ।੧।ਰਹਾਉ। ਛੀਪੇ—ਛਾਪਣ ਵਾਲਾ, ਛੀਂਬੇ ਧੋਣ, ਰੰਗਣ ਤੇ ਸੀਊਣ ਦੇ ਤ੍ਰੈ ਕੰਮ ਕਰਦੇ ਹੁੰਦੇ ਸਨ। ਦੈਲਾ—ਦਿੱਤਾ (ਪ੍ਰਭੂ ਨੇ)। ਭੈਲਾ—ਮਿਲ ਗਿਆ। ਪਰਸਾਦਿ—ਕਿਰਪਾ ਨਾਲ। ਭੇਟੁਲਾ—ਭੇਟ ਲਿਆ, ਮਿਲ ਪਿਆ, ਭਾਵ ਨਾਮੇ ਨੂੰ ਹਰੀ ਪ੍ਰਾਪਤ ਹੋ ਗਿਆ।੨।

ਅਰਥ :

ਪ੍ਰ: ਭਗਤ ਜੀ ! ਕਿਰਪਾ ਕਰਕੇ ਗਿਆਨਵਾਨ ਤੇ ਭਗਤ ਦੇ ਲੱਛਣਾਂ ਦਾ ਨਿਰਣਾ ਕਰੋ।

ੳ: ੧. ਹੇ ਭਾਈਓ ! ਜੋ ਮਨੁੱਖ ਪਾਰਬ੍ਰਹਮ ਪ੍ਰਮੇਸ਼੍ਵਰ ਨੂੰ ਪਛਾਣ ਲਏਗਾ, ਉਸਨੂੰ ਫਿਰ ਹੋਰ ਵਿਸ਼ੇ ਵਿਕਾਰਾਂ ਦੇ ਸੁੱਖ ਦੀਆਂ ਆਸਾਂ ਚੰਗੀਆਂ ਨਹੀਂ ਲੱਗਣਗੀਆਂ, (ਸਮਝੋ ਕਿ ਉਹ ਮਨੁੱਖ ਪੂਰਨ ਗਿਆਨਵਾਨ ਹੈ)

ਪ੍ਰ: ਕਿਉਂ ਜੀ ! ਉਨ੍ਹਾਂ ਦੀ ਮਾਨਸਕ ਦਸ਼ਾ ਸੰਸਾਰਕ ਚਿੰਤਾ ਵਲੋਂ ਕਿਸ ਪ੍ਰਕਾਰ ਹੋ ਜਾਂਦੀ ਹੈ ?

ੳ: ੨. ਹੇ ਪਿਆਰੇ ! ਜੋ ਵਿਸ਼ੇ ਵਾਸ਼ਨਾ ਵਲੋਂ ਉਪਰਾਮ ਹੋ ਗਿਆ ਹੈ, ਉਸੇ ਨੂੰ ਭਗਤ ਕਿਹਾ ਜਾਂਦਾ ਹੈ, ਜਦ ਉਹ ਰਾਮ ਦੀ ਭਗਤੀ ਨੂੰ ਕਦੀ ਵੀ ਨਹੀਂ ਭੁਲਾਏਗਾ, ਬਸ ਫਿਰ ਉਹ ਤਾਂ ਆਪਣੇ ਮਨ ਨੂੰ ਹੋਰ ਸਾਰੀਆਂ ਸੰਸਾਰਕ ਚਿੰਤਾਵਾਂ ਵਲੋਂ ਬਚਾਈ ਰਖੇਗਾ।੧। (ਹੁਣ ਅੱਗੇ ਆਪਣੇ ਆਪ ਵਲ ਝਾਤੀ ਮਾਰ ਕੇ ਨਿੰਮ੍ਰਤਾ ਸਹਿਤ ਵਚਨ ਕਹਿੰਦੇ ਹਨ)।

੩. ਪਰ ਹੇ ਮੇਰੇ ਮਨਾ ! (ਤੂੰ ਦੱਸ ਇਸ) ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਲੰਘੇਂਗਾ ? ਕਿਉਂਕਿ ਇਸ ਸੰਸਾਰ ਸਮੁੰਦਰ ਵਿਚ ਵਿਕਾਰਾਂ ਦਾ ਪਾਣੀ ਭਰਿਆ ਪਿਆ ਹੈ।

੪. ਹੇ ਮਨਾ ! ਤੂੰ ਸੰਸਾਰ ਦੀ ਝੂਠੀ ਮਾਇਆ ਨੂੰ ਦੇਖ ਕੇ ਭੁੱਲ ਰਿਹਾ ਹੈਂ।੧।ਰਹਾਉ।

ਪ੍ਰ: ਭਗਤ ਜੀ ! ਭਾਵੇ ਰੱਬ ਵਲੋਂ ਤਾਂ ਕੋਈ ਉੱਚੀ ਨੀਵੀਂ ਜਾਤ ਨਹੀਂ, ਮਨੁੱਖ ਮਾਤਰ ਸਭ ਇਕੋ ਹੈ, ਪਰ ਸੰਸਾਰੀ ਲੋਕਾਂ ਵਿਚ ਤਾਂ ਛੀਂਬੇ ਦੀ ਜਾਤ ਨੂੰ ਨੀਵਾਂ ਹੀ ਸਮਝਿਆ ਜਾਂਦਾ ਹੈ, ਜਿਸ ਵਿਚ ਪਰਮੇਸ਼ਰ ਨੇ ਤੁਹਾਨੂੰ ਜਨਮ ਦਿੱਤਾ ਹੈ।

ੳ: ੫. ਹੇ ਸੱਜਨੋ ! ਦੇਖੋ, ਮੈਨੂੰ ਭਾਵੇਂ ਛੀਂਬੇ ਦੇ ਘਰ ਜਨਮ ਦਿੱਤਾ ਹੈ, ਜਿਸਨੂੰ ਨੀਵੀਂ ਦ੍ਰਿਸ਼ਟੀ ਵਾਲੇ ਲੋਕ ਨੀਵੀਂ ਜਾਤ ਕਹਿੰਦੇ ਹਨ, ਪਰ ਮੈਨੂੰ ਉਸੇ ਪ੍ਰਭੂ ਦੀ ਮਿਹਰ ਦਾ ਸਦਕਾ ਸਤਿਗੁਰੂ ਦਾ ਉਪਦੇਸ਼ ਮਿਲ ਗਿਆ ਹੈ।

੬. ਇਸ ਤਰ੍ਹਾਂ ਸੰਤਾਂ ਦੀ ਮਿਹਰ ਨਾਲ ਨਾਮੇ ਨੇ ਹਰੀ ਨੂੰ ਭੇਟ ਲਿਆ, ਭਾਵ ਹਰੀ ਪ੍ਰਾਪਤ ਹੋ ਗਿਆ।੨।੫।

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

੧. ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
੨. ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥

੩. ਮਾਧੋ ਅਬਿਦਿਆ ਹਿਤ ਕੀਨ ॥
੪. ਬਿਬੇਕ ਦੀਪ ਮਲੀਨ ॥੧॥ ਰਹਾਉ ॥
੫. ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥
੬. ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥
੭. ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥
੮. ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥
੯. ਰਵਿਦਾਸ ਦਾਸ ਉਦਾਸ ਤਜੁ ਭ੍ਰਮੁ
ਤਪਨ ਤਪੁ ਗੁਰ ਗਿਆਨ ॥
੧੦. ਭਗਤ ਜਨ ਭੈ ਹਰਨ ਪਰਮਾਨੰਦ
ਕਰਹੁ ਨਿਦਾਨ ॥੪॥੧॥

ਪਦ ਅਰਥ : ਮ੍ਰਿਗ—ਹਰਨ। ਮੀਨ—ਮੱਛੀ। ਭ੍ਰਿੰਗ—ਭੌਰਾ। ਪਤੰਗ—ਭੰਬਟ। ਕੁੰਚਰ—ਹਾਥੀ। ਦੋਖ—ਐਬ, ਦੋਸ਼, ਔਗਣ (ਹਰਨ ਨੂੰ ਘੰਡੇ ਹੇੜੇ ਦਾ ਨਾਦ ਸੁਣਨ ਦਾ ਰਸ, ਮੀਨ ਨੂੰ ਜੀਭ ਦਾ ਚਸਕਾ, ਭੌਰੇ ਨੂੰ ਫੁੱਲ ਸੁੰਘਣ ਦੀ ਬਾਣ, ਭੰਬਟ ਦਾ ਦੀਵੇ ਉੱਤੇ ਸੜ ਮਰਨਾ, ਅੱਖਾਂ ਨਾਲ ਵੇਖਣ ਦਾ ਚਸਕਾ, ਹਾਥੀ ਨੂੰ ਕਾਮ ਵਾਸ਼ਨਾ)। ਅਸਾਧ—ਜੋ ਵੱਸ ਵਿਚ ਨ ਆ ਸਕਣ, ਜਿਸ ਦਾ ਦਾਰੂ ਨਾ ਹੋ ਸਕੇ, ਜੋ ਸਾਧਿਆ ਨ ਜਾਏ। ਜਾ ਮਹਿ—ਜਿਸ ਮਨੁੱਖ ਵਿਚ।੧। ਮਾਧੋ—(ਮਾਧਵ) ਹੇ ਮਾਇਆ ਦੇ ਪਤੀ ਪ੍ਰਭੂ ! ਅਬਿਦਿਆ—ਅਗਿਆਨਤਾ, ਉਹ ਜਾਨਣਾ ਜੋ ਕਿ ਯਥਾਰਥ ਨਹੀਂ। ਜਿਵੇਂ ਸਿੱਪ ਨੂੰ ਚਾਂਦੀ ਸਮਝਣਾ ਮਿਥਿਆ ਗਿਆਨ ਹੈ, ਇਸੀ ਤਰ੍ਹਾਂ ਸਰੀਰ ਮਨ ਆਦਿ ਨੂੰ ਆਤਮਾ ਸਮਝਣਾ ਅਵਿੱਦਿਆ ਹੈ। ਆਤਮਾ ਨੂੰ ਆਤਮਾ ਨਿਸਚੇ ਕਰ ਲੈਣਾ ਵਿੱਦਿਆ ਹੈ। ਹਿਤ—ਮੋਹ, ਪਿਆਰ। ਮਲੀਨ—ਮੈਲਾ, ਧੁੰਧਲਾ।੧।ਰਹਾਉ। ਤ੍ਰਿਗਦ ਜੋਨਿ—ਉਨ੍ਹਾਂ ਜੂਨਾਂ ਦੇ ਜੀਵ ਜੋ ਵਿੰਗੇ ਹੋ ਕੇ ਤੁਰਦੇ ਹਨ, ਪਸ਼ੂ ਆਦਿਕ, ਟੇਢੀ ਚਾਲ ਵਾਲੇ, ਸੱਪ ਆਦਿ ਟੇਢੇ ਚਲਣ ਵਾਲੇ ਜੀਵਾਂ ਤੋਂ ਮੁਰਾਦ ਹੈ। ਅਚੇਤ—ਚੇਤਨਾ ਰਹਿਤ, ਬੇਖ਼ਬਰ, ਵੀਚਾਰਹੀਨ, ਗ਼ਾਫ਼ਲ, ਰੱਬ ਵਲੋਂ ਗ਼ਾਫ਼ਲ। ਅਸੋਚ—ਸੋਚ ਰਹਿਤ, ਪਾਪ ਪੁੰਨ ਦਾ ਫ਼ਰਕ ਨਹੀਂ ਸਮਝ ਸਕਦੀਆਂ। ਸੰਭਵ—ਮੁਮਕਿਨ, ਕੁਦਰਤੀ। ਅਵਤਾਰ—ਜਨਮ। ਪੋਚ—ਨੀਚ, ਨਿਕੰਮੀ, (ਨੀਚਾਂ ਨਾਲ ਸੰਗਤ ਹੈ) ਤਿਹੀ—ਇਸ ਦੀ ਭੀ।੨। ਜਾਇ—ਜਨਮ ਲੈ ਕੇ, ਜੰਮ ਕੇ। ਅਬਧ—ਅ+ਬਧ, ਜੋ ਨਾ ਨਾਸ ਹੋ ਸਕੇ, ਜੋ ਕਦੀ ਨਾ ਜਾ ਸਕੇ, ਜੋ ਟੁੱਟ ਨਾ ਸਕੇ। ਉਪਾਇ—ਹੀਲਾ।੩। ਨਿਦਾਨ—ਆਖ਼ਰ। ਉਦਾਸ—ਵਿਕਾਰਾਂ ਤੋਂ ਉਪਰਾਮ।੪।

ਅਰਥ :

ਪ੍ਰ: ਹੇ ਭਗਤ ਜੀ ! ਜਦ ਕਿ ਇਸ ਮਨੁੱਖ ਦੇ ਅੰਦਰ ਇਕ ਨਹੀਂ ਸਗੋਂ ਪੰਜੇ ਦੋਸ਼ਾਂ ਦੀ ਪ੍ਰਬਲਤਾ ਹੈ, ਇਨ੍ਹਾਂ ਤੋਂ ਬਚ ਕੇ ਕਲਿਆਣ ਪ੍ਰਾਪਤੀ ਲਈ ਤੁਸੀਂ ਕਿਹੜਾ ਸਾਧਨ ਕਰਦੇ ਹੋ ?

ਉ: ੧. ਹੇ ਭਾਈਓ ! ਮੈਂ ਤਾਂ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਬਚਣ ਲਈ ਉਸ ਕਰਤਾਰ ਦੇ ਸਨਮੁਖ ਹੋ ਇਉਂ ਹੀ ਅਰਦਾਸ ਕਰਦਾ ਰਹਿੰਦਾ ਹਾਂ ਕਿ ਹੇ ਸਾਈਂ ਜੀ ! ਮੈਂ ਤੱਕ ਰਿਹਾ ਹਾਂ ਕਿ ਹਰਨ ਨੂੰ ਨਾਦ ਸੁਣਨ ਦਾ, ਮੀਨ ਨੂੰ ਜੀਭ ਦਾ ਚਸਕਾ, ਭੌਰੇ ਨੂੰ ਫੁੱਲ ਸੁੰਘਣ ਦੀ ਬਾਣ, ਭੰਬਟ ਨੂੰ ਦੀਵੇ ਉੱਤੇ ਸੜ ਮਰਨਾ, ਭਾਵ ਅੱਖਾਂ ਨਾਲ ਵੇਖਣ ਦਾ ਚਸਕਾ, ਹਾਥੀ ਨੂੰ ਕਾਮ ਵਾਸ਼ਨਾ, ਇਹ ਇਕ-ਇਕ ਐਬ ਕਰਕੇ ਨਾਸ ਹੋ ਜਾਂਦੇ ਹਨ।

੨. ਸੋ ਹੇ ਸਾਈਂ ਜੀ, ਇਹ ਪੰਜੇ ਹੀ ਦੋਸ਼, (ਜਿਨ੍ਹਾਂ ਨੂੰ ਜਿੱਤਣਾ ਬਹੁਤ ਕਠਨ ਹੈ) ਪਰ ਇਹ ਸਾਰੇ ਦੇ ਸਾਰੇ ਇਸ ਮਨੁੱਖ ਵਿਚ ਪੰਜੇ ਹੀ ਅਸਾਧ ਰੋਗ ਹਨ, ਸੋ ਇਸ ਦੇ ਬਚ ਰਹਿਣ ਦੀ ਆਸ ਕਿੰਨੀ ਕੁ ਹੋ ਸਕਦੀ ਹੈ ? ਭਾਵ ਹੈ ਇਸ ਮਨੁੱਖ ਦਾ ਬਚੇ ਰਹਿਣਾ ਤਾਂ ਬਹੁਤ ਔਖਾ ਹੈ। (ਸੋ ਹੇ ਭਾਈ ! ਇਨ੍ਹਾਂ ਤੋਂ ਬਚਣ ਲਈ ਕੇਵਲ ਉਸੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ)।੧।

ਪ੍ਰ: ਭਗਤ ਜੀਉ ! ਕੀ ਅਰਦਾਸ ਵਿਚ ਤੁਸੀਂ ਕੁਝ ਹੋਰ ਵੀ ਕਹਿੰਦੇ ਹੋ ?

ਉ: ੩. ਹਾਂ ! ਹੋਰ ਇਉਂ ਕਹਿੰਦਾ ਹਾਂ ਕਿ ਹੇ ਮਾਇਆ ਦੇ ਮਾਲਕ ਪ੍ਰਭੂ ਜੀਉ ! (ਇਸ ਮਨੁੱਖ ਨੇ) ਅਵਿੱਦਿਆ, ਅਗਿਆਨਤਾ ਨਾਲ ਪ੍ਰੇਮ ਪਾ ਲਿਆ ਹੈ।

੪. ਇਸੇ ਕਰਕੇ ਇਸ ਦਾ ਗਿਆਨ ਦਾ ਦੀਵਾ ਮੱਧਮ ਪੈ ਗਿਆ ਹੈ, (ਭਾਵ ਹੈ ਇਹ ਜੀਵ ਪਰਖਹੀਣ ਹੋ ਰਿਹਾ ਹੈ, ਭਲੇ ਬੁਰੇ ਦੀ ਪਛਾਣ ਨਹੀਂ ਕਰਦਾ)।੧।ਰਹਾਉ।

੫. ਹੇ ਪ੍ਰਭੂ ! ਇਹ ਟੇਢਾ ਚਲਣ ਵਾਲੀਆਂ (ਕਿਰਮ ਆਦਿਕ ਨੀਵੀਆਂ) ਜੂਨਾਂ ਵਿਚਾਰਹੀਣ ਪੈਦਾ ਹੋਈਆਂ ਹਨ, ਇਨ੍ਹਾਂ ਦਾ ਪਾਪ ਪੁੰਨ ਵਲੋਂ ਬੇ-ਪ੍ਰਵਾਹ ਰਹਿਣਾ ਸੁਭਾਵਕ ਹੀ ਹੈ, ਭਾਵ ਹੈ ਕਿ ਇਹ ਪਾਪ ਪੁੰਨ ਬਾਰੇ ਸੋਚ ਹੀ ਨਹੀਂ ਸਕਦੀਆਂ।

੬. ਪਰ, ਇਹ ਮਨੁੱਖਾ-ਜਨਮ ਤਾਂ ਅਤਿਅੰਤ ਕਠਨਤਾ ਨਾਲ ਮਿਲਦਾ ਹੈ (ਇਸ ਨੂੰ ਪਾਪ ਪੁੰਨ ਦੀ ਸੋਝੀ ਹੈ), ਪਰ ਵੇਖੋ ਇਹ ਦੁਰਲਭ ਦੇਹੀ ਪਾ ਕੇ ਇਸਦੀ ਸੰਗਤ ਭੀ ਉਨ੍ਹਾਂ ਨੀਚ ਵਿਕਾਰਾਂ ਨਾਲ ਹੀ ਹੈ, ਭਾਵ ਇਹ ਮਨੁੱਖ ਭੀ ਕਾਮਾਦਿਕ ਵਿਕਾਰਾਂ ਦੇ ਕੁਸੰਗ ਵਿਚ ਹੀ ਰਹਿੰਦਾ ਹੈ, (ਇਸ ਨੂੰ ਤਾਂ ਕੁਝ ਸੋਚ ਵਿਚਾਰ ਕਰਨੀ ਚਾਹੀਦੀ ਸੀ)।੨।

ਪ੍ਰ: ਭਗਤ ਜੀ ! ਵਿਕਾਰਾਂ ਦੀ ਪ੍ਰਬਲਤਾ ਹੀ ਤਾਂ ਮਨੁੱਖ ਨੂੰ ਬਾਰ-ਬਾਰ ਕਾਲ ਚੱਕ੍ਰ ਵਿਚ ਪਾਉਂਦੀ ਹੈ, ਪਰ ਇਹ ਇਸ ਤੋਂ ਬਚਣ ਦਾ ਉਪਾਉ ਕਿਉਂ ਨਹੀਂ ਕਰਦਾ ?

ਉ: ੭. ਹੇ ਮਿੱਤਰੋ ! ਅਸਲ ਵਿਚ ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਕਿਉਂਕਿ ਇਹ ਜੀਵ ਜੰਤ ਜਿਥੇ-ਜਿਥੇ ਹਨ, ਕਰਮਾਂ ਦੇ ਵਸ ਹੋ ਕੇ ਜੰਮਦੇ ਹਨ।

੮. ਪਰ ਮੌਤ ਦੀ ਨਾ ਕੱਟੀ ਜਾਣ ਵਾਲੀ ਫਾਹੀ ਉਨ੍ਹਾਂ ਸਾਰਿਆਂ 'ਤੇ ਲੱਗੀ ਹੋਈ ਹੈ। ਉਸ ਕਾਲ ਦੀ ਫਾਹੀ ਨੂੰ ਕੱਟਣ ਲਈ ਇਸ ਜੀਵ ਦਾ ਕੋਈ ਵੀ ਚਾਰਾ ਨਹੀਂ ਚਲਦਾ।੩।

੯. ਆਖ਼ਰ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ ਦੇ ਦਾਸ, ਰਵਿਦਾਸ, ਤੂੰ ਤਾਂ ਇਨ੍ਹਾਂ ਵਿਕਾਰਾਂ ਦੇ ਮੋਹ ਵਲੋਂ ਉਦਾਸ ਹੋ ਕੇ, ਇਨ੍ਹਾਂ ਵਿਚੋਂ (ਬਾਹਰ) ਨਿਕਲ ਅਤੇ ਭਰਮ ਨੂੰ ਛੱਡ ਦੇ ਅਤੇ ਸਤਿਗੁਰੂ ਦਾ ਗਿਆਨ ਕਮਾ, ਇਹੋ ਤਪਾਂ ਦਾ (ਸ਼ਰੋਮਣੀ) ਤਪ ਹੈ।

੧੦. ਆਖ਼ਰ ਬੇਨਤੀ ਕਰਦੇ ਹਨ ਕਿ ਹੇ ਭਗਤ ਜਨਾਂ ਦੇ ਭੈ ਹਰਨ ਵਾਲੇ ਪਰਮਾਨੰਦ ਪ੍ਰਭੂ ! ਮੈਨੂੰ ਰਵਿਦਾਸ ਨੂੰ ਵੀ ਆਖ਼ਰ

(ਆਪਣੇ ਪਿਆਰ ਦਾ) ਪਰਮ ਅਨੰਦ ਬਖ਼ਸ਼ੋ ਜੀ, ਮੈਂ ਤੇਰੀ ਸ਼ਰਣ ਆਇਆ ਹਾਂ।੪।੧।

ਭਾਵਾਰਥ : ਇਸ ਮਹਾਂਵਾਕ ਵਿਚ ਰਵਿਦਾਸ ਜੀ ਹਰ ਮਨੁੱਖ ਮਾਤ੍ਰ ਨੂੰ ਸੰਬੋਧਨ ਕਰਦੇ ਹਨ ਕਿ ਐ ਮਿੱਤਰ ਜਨੋ! ਇਸ ਸੰਸਾਰ ਵਿਚ ਤਾਂ ਵੇਖੀਦਾ ਹੈ ਕਿ ਇਕੋ ਹੀ ਵਿਕਾਰ ਮਾਣ ਨਹੀਂ, ਪਰ ਇਸ ਮਨੁੱਖ ਨੂੰ ਤਾਂ ਪੰਜੇ ਹੀ ਚੰਬੜੇ ਹੋਏ ਹਨ, ਸੋ ਇਨ੍ਹਾਂ ਤੋਂ ਮਨੁੱਖ ਆਪਣੇ ਉੱਦਮ ਨਾਲ ਨਹੀਂ ਬਚ ਸਕਦਾ, ਕੇਵਲ ਉਸ ਪ੍ਰਭੂ ਦੀ ਸ਼ਰਨ ਪਿਆਂ ਹੀ ਵਿਕਾਰਾਂ ਤੋਂ ਬਚ ਸਕਦਾ ਹੈ।

ਆਸਾ ॥

੧. ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥
੨. ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥
੩. ਸੰਤ ਚੀ ਸੰਗਤਿ ਸੰਤ ਕਥਾ ਰਸੁ
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥
੪. ਸੰਤ ਆਚਰਣ ਸੰਤ ਚੋ ਮਾਰਗੁ
ਸੰਤ ਚ ਓਲ੍ਹਗ ਓਲ੍ਹਗਣੀ ॥੨॥
੫. ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥
੬. ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥
੭. ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥
੮. ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥

ਪਦ ਅਰਥ : ਤੁਝੀ—ਤੇਰਾ ਹੀ। ਤਨੁ—ਸਰੀਰ, ਸਰੂਪ। ਪ੍ਰਾਨ—ਜਿੰਦ ਜਾਨ। ਜਾਨੈ—ਪਛਾਨ ਲੈਂਦਾ ਹੈ। ਦੇਵਾ ਦੇਵ—ਹੇ ਦੇਵਤਿਆਂ ਦੇ ਦੇਵਤੇ।੧। ਚੀ—ਦੀ। ਰਸੁ—ਅਨੰਦ। ਮਾਝੈ—ਮੈਨੂੰ, ਮੁਝੇ। ਦੀਜੈ—ਦੇਹ।੧।ਰਹਾਉ। ਆਚਰਣ—ਕਰਣੀ, ਕਰਤੱਬ, ਚਾਲ ਚਲਣ, ਰਹਿਣੀ ਰਹਿਤ। ਚੋ—ਦਾ। ਮਾਰਗੁ—ਰਸਤਾ। ਚ—ਦੇ। ਓਲ੍ਹਗ ਓਲ੍ਹਗਣੀ—ਦਾਸਾਂ ਦੀ ਸੇਵਾ।੨। ਚਿੰਤਾਮਣਿ—ਮਨ ਚਿੰਦੇ ਫਲ ਦੇਣ ਵਾਲੀ ਮਣੀ, ਇੱਛਾ ਪੂਰਕ ਰਤਨ। ਜਣੀ—ਨਾਹ, ਮਤ, ਜਿਵੇਂ ਹਿੰਦੀ ਵਿਚ ਜਿਨ-ਮਤ ਨੂੰ ਕਹਿੰਦੇ ਹਨ। ਜਣੀ ਲਖਾਵਹੁ—ਨਾਹ ਦਿਖਾਵੀਂ। ਸਣਿ—ਸਣੇ, ਅਤੇ, ਪਾਪੀ ਸਣਿ—ਪਾਪੀ ਸਣੇ, ਭਾਵ ਹੈ ਅਸੰਤ ਅਤੇ ਪਾਪੀ। ਭਣੈ—ਆਖਦਾ ਹੈ। ਜਾਣੁ—ਸਿਆਣਾ। ਅਨੰਤਹਿ—ਬੇਅੰਤ ਪ੍ਰਭੂ ਵਿਚ। ਅੰਤਰੁ—ਵਿੱਥ।੪।

ਅਰਥ :

ਪ੍ਰ: ਭਗਤ ਜੀ! ਹਰ ਸੰਸਾਰੀ ਬੰਦਾ ਰੱਬ ਤੋਂ ਕੁਝ ਕੁ ਜ਼ਰੂਰ ਮੰਗਦਾ ਰਹਿੰਦਾ ਹੈ, ਪਰ ਤੁਸੀਂ ਕੀ ਮੰਗਦੇ ਹੋ?

ਉ: ੧-੨. ਹੇ ਪਿਆਰਿਓ! ਮੈਂ ਤਾਂ ਉਸ ਆਪਣੇ ਸਾਈਂ ਜੀ ਤੋਂ ਇਹੀ ਮੰਗ ਮੰਗਦਾ ਹਾਂ ਕਿ ਹੇ ਪ੍ਰਭੂ, ਸੰਤ ਜੋ ਤੇਰਾ ਹੀ ਸਰੂਪ ਹਨ, ਜਿਨ੍ਹਾਂ ਦੀ ਸੰਗਤ ਤੇਰੇ ਪ੍ਰਾਨ (ਜੀਵਨ) ਹਨ, (ਮੈਨੂੰ ਉਨ੍ਹਾਂ ਦੀ ਸੰਗਤ ਵਿਚ ਰੱਖ) ਉਹ ਕਿਸ ਲਈ, ਕਿਉਂਕਿ ਉਨ੍ਹਾਂ ਸੰਤਾਂ ਨੂੰ ਮੈਂ ਸਤਿਗੁਰੂ ਦੇ ਦਿੱਤੇ ਗਿਆਨ ਦੁਆਰਾ ਪਛਾਣਿਆ ਹੈ ਕਿ ਸੰਤ ਦੇਵਾਂ ਦੇ ਦੇਵ ਹਨ।੧।

੩. ਹੇ ਪ੍ਰਭੂ! ਹੇ ਦੇਵਤਿਆਂ ਦੇ ਦੇਵ, ਮੈਨੂੰ ਸੰਤਾਂ ਦੀ ਸੰਗਤ, ਸੰਤਾਂ ਦੀ ਕਥਾ ਦਾ ਰਸ ਅਤੇ ਸੰਤਾਂ ਵਿਚ ਪ੍ਰੇਮ, ਮੈਨੂੰ ਇਹੋ ਦਾਨ ਬਖ਼ਸ਼ੋ।੧।ਰਹਾਉ।

ਪ੍ਰ: ਕਿਉਂ ਜੀ, ਹੋਰ ਕੀ ਮੰਗਦੇ ਹੋ?

ਉ: ੪. ਹੇ ਭਾਈ! ਹੋਰ ਮੰਗਦਾ ਹਾਂ, ਸੰਤਾਂ ਵਾਲੀ ਕਰਣੀ, ਸੰਤਾਂ ਦਾ ਰਸਤਾ, ਪ੍ਰੇਮ ਦਾ ਮਾਰਗ ਅਤੇ ਸੰਤਾਂ ਦੇ ਦਾਸਾਂ ਦੀ ਸੇਵਾ ਬਖ਼ਸ਼ੋ।੨।

੫. ਹੇ ਸਾਈਂ ਜੀ! ਤੈਥੋਂ ਇਕ ਹੋਰ ਵੀ ਦਾਤ ਮੰਗਦਾ ਹਾਂ ਕਿ ਮੈਨੂੰ ਇਕ ਆਪਣੀ ਭਗਤੀ ਦੇਹੁ ਜੋ ਮਨ ਚਿੰਦੇ ਫਲ ਦੇਣ ਵਾਲੀ ਮਣੀ ਹੈ।

੬. ਨਾਲ ਹੀ ਇਕ ਇਹ ਭੀ ਬਖ਼ਸ਼ਸ਼ ਕਰਿਓ ਕਿ ਮੈਨੂੰ ਵਿਕਾਰੀਆਂ ਤੇ ਪਾਪੀਆਂ ਦੇ ਦਰਸ਼ਨ ਨ ਕਰਾਈਂ ਤਾਂ ਕਿ ਮੇਰੇ ਸਤਸੰਗ ਤੇ ਭਗਤੀ ਵਿਚ ਵਿਘਨ ਨ ਪਵੇ।੩।

ਪ੍ਰ: ਭਗਤ ਜੀ! ਦੱਸੋ, ਤੁਸੀਂ ਅਸਲ ਸਿਆਣਾ ਪੁਰਸ਼ ਕਿਸ ਨੂੰ ਮੰਨਦੇ ਹੋ?

ਉ: ੭-੮. ਰਵਿਦਾਸ ਜੀ ਆਖਦੇ ਹਨ, (ਹੇ ਭਾਈਓ!) ਮੈਂ ਤਾਂ ਸਮਝਦਾ ਹਾਂ ਕਿ ਅਸਲ ਸਿਆਣਾ ਪੁਰਸ਼ ਉਹ ਹੈ, ਜੋ ਇਹ ਜਾਣਦਾ ਹੈ ਕਿ ਸੰਤਾਂ ਤੇ ਬੇਅੰਤ ਪ੍ਰਭੂ ਵਿਚ ਕੋਈ ਫ਼ਰਕ ਨਹੀਂ। ਜਾਂ ਰਵਿਦਾਸ ਜੀ ਕਹਿੰਦੇ ਹਨ, ਜੇ ਹੋਰ ਕੋਈ ਸੰਤਾਂ ਨੂੰ ਜੈਸਾ ਜਾਨਣਾ ਚਾਹੇ ਉਹ ਪਿਆ ਜਾਣੇ, ਪਰ ਮੈਨੂੰ ਤਾਂ ਸੰਤਾਂ ਤੇ ਉਸ ਅਨੰਤ ਪਰਮੇਸ਼ਰ ਵਿਚ ਕੋਈ ਫ਼ਰਕ ਹੀ ਨਹੀਂ ਦਿੱਸਦਾ।੪।੨।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਨੇ ਪੰਜ ਖ਼ਿਆਲਾਂ ਦਾ ਨਿਰੂਪਨ ਕੀਤਾ ਹੈ। ਸੰਤਾਂ ਨੂੰ ਪ੍ਰਭੂ ਦਾ ਰੂਪ ਦੱਸਿਆ ਹੈ, ਸੰਤਾਂ ਦੀ ਸੰਗਤ ਮੰਗੀ ਹੈ, ਸੇਵਾ ਮੰਗੀ ਹੈ, ਭਗਤੀ ਮੰਗੀ ਹੈ ਅਤੇ ਅਸੰਤਾਂ ਤੇ ਪਾਪੀਆਂ ਦੇ ਦਰਸ਼ਨਾਂ ਤੋਂ ਭੀ ਬਚਾਉ ਮੰਗਿਆ ਹੈ, ਤਾਂਕਿ ਭਗਤੀ ਵਿਚ ਵਿਘਨ ਨ ਪੈ ਸਕੇ। ਆਖ਼ਰ ਸੰਤਾਂ ਨੂੰ ਉਸ ਅਨੰਤ ਸਰੂਪ ਸਾਈਂ ਜੀ ਦਾ ਰੂਪ ਹੀ ਬਿਆਨਿਆ ਹੈ, ਕਿਉਂਕਿ ਅਗਨੀ ਵਿਚ ਤੇ ਅਗਨੀ ਰੂਪ ਹੋਏ ਲੋਹੇ ਵਿਚ ਫ਼ਰਕ ਨਹੀਂ ਹੁੰਦਾ।

ਆਸਾ ॥

੧. ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
੨. ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥
੩. ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥
੪. ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥
੫. ਤੁਮ ਮਖਤੂਲ ਸੁਪੇਦ ਸਪੀਅਲ
ਹਮ ਬਪੁਰੇ ਜਸ ਕੀਰਾ ॥
੬. ਸਤਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ ॥੨॥
੭. ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
੮. ਰਾਜਾ ਰਾਮ ਕੀ ਸੇਵ ਨ ਕੀਨੀ
ਕਹਿ ਰਵਿਦਾਸ ਚਮਾਰਾ ॥੩॥੩॥

ਪਦ ਅਰਥ : ਚੰਦਨ—ਇਕ ਬ੍ਰਿਛ ਜਿਸ ਦੀ ਲਕੜੀ ਵਿਚ ਖ਼ੁਸ਼ਬੂ ਹੁੰਦੀ ਹੈ ਤੇ ਉਹ ਖ਼ੁਸ਼ਬੂ ਨਾਲ ਦੇ ਬ੍ਰਿਛ ਵਿਚ ਭੀ ਵਸ ਕੇ ਉਨ੍ਹਾਂ ਨੂੰ ਵੀ ਚੰਦਨ ਬਣਾ ਦੇਂਦੀ ਹੈ। ਇਰੰਡ—ਹਰਿੰਡ, ਇਕ ਬੂਟਾ ਜਿਸ ਦਾ ਤੇਲ ਵਰਤਦੇ ਹਨ, ਇਹ ਨੀਵਾਂ ਸਮਝਿਆ ਜਾਂਦਾ ਹੈ, ਚੰਦਨ ਦੀ ਸੁਗੰਧੀ ਹੋਰਨਾਂ ਪੇੜਾਂ ਵਿਚ ਵਸਦੀ ਹੈ, ਪਰ ਇਸ ਵਿਚ ਨ ਵਸਦੀ ਮੰਨੀ ਹੈ। ਬਪੁਰੇ—ਵਿਚਾਰੇ, ਨਿਮਾਣੇ ਗ਼ਰੀਬ। ਸੰਗਿ ਤੁਮਾਰੇ—ਤੇਰੇ ਨਾਲ। ਬਾਸਾ—ਵਾਸਾ, ਨਿਵਾਸ। ਰੁਖ—ਰੁੱਖ, ਬ੍ਰਿਛ, ਦਰੱਖ਼ਤ, ਪੇੜ, ਬੂਟਾ। ਗੰਧ—ਬੋ, ਮੁਸ਼ਕ। ਸੁਗੰਧ—ਮਿੱਠੀ ਵਾਸ਼ਨਾ। ਨਿਵਾਸਾ—ਵੱਸ ਪਈ ਹੈ।੧। ਮਾਧਉ—ਹੇ ਪ੍ਰਭੂ। ਅਉਗਨ—ਔਗਣਿਆਰ, ਮੰਦ ਕਰਮੀ। ਉਪਕਾਰੀ—ਭਲਾਈ ਕਰਨ ਵਾਲਾ, ਮਿਹਰ ਕਰਨ ਵਾਲਾ।੧।ਰਹਾਉ। ਮਖਤੂਲ—ਰੇਸ਼ਮ। ਸੁਪੇਦ—ਚਿੱਟਾ। ਸਪੀਅਲ—ਪੀਲਾ। ਜਸ—ਜੈਸੇ, ਜਿਵੇਂ। ਕੀਰਾ—ਕੀੜੇ, ਕੀੜੇ ਵਰਗੇ ਨੀਚ। ਮਿਲਿ—ਮਿਲਕੇ। ਰਹੀਐ—ਟਿਕੇ ਰਹੀਏ। ਮਧੁਪ—ਸ਼ਹਿਦ ਦੀ ਮੱਖੀ। ਮਖੀਰਾ—ਸ਼ਹਿਦ ਦਾ ਛੱਤਾ।੨। ਓਛਾ—ਨੀਵਾਂ, ਕਮੀਨ, ਹੌਲਾ। ਪਾਤੀ—ਪਾਤ, ਕੁਲ। ਰਾਜਾ—ਮਾਲਕ, ਖਸਮ। ਕਹਿ—ਕਹੇ, ਆਖਦਾ ਹੈ।੩।

ਅਰਥ :

ਪ੍ਰ: ਭਗਤ ਜੀ! ਜਦੋਂ ਕਦੀ ਤੁਹਾਡੇ ਚਿੱਤ ਵਿਚ ਆਪਣੇ ਸਾਈਂ ਜੀ ਦੇ ਦਰ 'ਤੇ ਅਰਦਾਸ ਕਰਨ ਲਈ ਉਤਸ਼ਾਹ ਉਤਪੰਨ ਹੁੰਦਾ ਹੈ, ਤਾਂ ਉਹ ਉਮਾਹ ਤੁਸੀਂ ਕਿਸ ਰੂਪ ਵਿਚ ਪ੍ਰਗਟ ਕਰਦੇ ਹੋ?

ਉ: ੧. ਹੇ ਭਾਈਓ! ਮੈਂ ਤਾਂ ਇਉਂ ਹੀ ਅਰਜ਼ੋਈ ਕਰਦਾ ਰਹਿੰਦਾ ਹਾਂ ਕਿ ਹੇ ਮੇਰੇ ਮਾਧੋ! ਤੂੰ ਮਾਨੋ ਚੰਦਨ ਦਾ ਬੂਟਾ ਹੈਂ ਤੇ ਅਸੀਂ ਵਿਚਾਰੇ ਇਰੰਡ ਦੇ ਬੂਟੇ ਵਾਂਙੂ ਹਾਂ, ਪਰ ਤੇਰੀ ਮਿਹਰ ਨਾਲ ਮੈਨੂੰ ਤੇਰੇ ਚਰਨਾਂ ਵਿਚ ਵਾਸਾ ਮਿਲ ਗਿਆ ਹੈ; (ਸੋ ਤੁਹਾਡੇ ਇਸ ਸੰਗ ਕਰਕੇ ਅਸੀਂ ਵੀ) ਨੀਵੇਂ ਬੂਟੇ ਤੋਂ ਉੱਚੇ ਹੋ ਗਏ ਹਾਂ, (ਕਿਉਂਕਿ) ਤੁਹਾਡੀ ਸੁਗੰਧੀ ਦਾ ਸਾਡੇ ਵਿਚ ਨਿਵਾਸ ਹੋ ਗਿਆ ਹੈ, ਇਸ ਕਰਕੇ ਸਾਡੇ ਵਿਚੋਂ ਭੀ (ਗੰਧ) ਵਾਸ਼ਨਾ ਆਉਣ ਲੱਗ ਪਈ ਹੈ, (ਭਾਵ ਅਸੀਂ ਭੀ ਭਗਤੀ ਰੂਪ ਸੁਗੰਧੀ ਪਾ ਕੇ ਚੰਦਨ ਹੋ ਗਏ ਹਾਂ)।੧।

੩. ਹੇ ਮਾਧੋ! ਇਹ ਪ੍ਰਾਪਤੀ ਆਪ ਜੀ ਦੀ ਸਤਿ ਸੰਗਤ ਦੀ ਸ਼ਰਨ ਤੋਂ ਹੋਈ ਹੈ।

੪. ਅਸੀਂ ਤਾਂ ਅਉਗਣਹਾਰ ਹਾਂ, ਪਰ ਤੁਸੀਂ (ਸਦਾ ਹੀ) ਉਪਕਾਰ ਕਰਨ ਵਾਲੇ ਹੋ।੧।ਰਹਾਉ।

੫. ਹੇ ਮਾਧੋ ਜੀ! ਤੁਸੀਂ ਮਾਨੋ ਚਿੱਟੇ ਸੁਹਣੇ ਪੀਲੇ ਵੱਟੇ ਹੋਏ ਰੇਸ਼ਮ ਹੋ, ਅਸੀਂ ਵਿਚਾਰੇ ਇਉਂ ਹਾਂ ਜਿਵੇਂ ਕਿ ਨਿਮਾਣੇ ਕੀੜੇ ਹੁੰਦੇ ਹਨ। ਭਾਵ ਅਸੀਂ ਨਿਮਾਣੇ ਉਸ ਕੀੜੇ ਵਾਂਗ ਹਾਂ ਜੋ ਕਿ ਰੇਸ਼ਮ ਨੂੰ ਛੱਡ ਕੇ ਬਾਹਰ ਨਿਕਲ ਜਾਂਦਾ ਹੈ।

੬. ਪਰ ਹੇ ਮੇਰੇ ਮਾਧੋ ਜੀ! ਮਿਹਰ ਕਰ, ਜੋ ਤੇਰੀ ਸਤਿ ਸੰਗਤ ਵਿਚ ਮਿਲੇ ਰਹੀਏ, ਜਿਵੇਂ ਕਿ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਵਿਚ ਟਿਕੀਆਂ ਰਹਿੰਦੀਆਂ ਹਨ।੨।

੭. ਰਵਿਦਾਸ ਚਮਾਰ ਆਖਦਾ ਹੈ (ਹੇ ਮੇਰੇ ਮਾਧੋ! ਲੋਕਾਂ ਦੀਆਂ ਨਜ਼ਰਾਂ ਵਿਚ) ਮੇਰੀ ਜਾਤ ਹੀਣੀ ਹੈ, ਮੇਰੀ ਕੁਲ ਨੀਵੀਂ ਹੈ, ਮੇਰਾ ਜਨਮ ਨੀਵਾਂ ਹੈ।

੮. ਫਿਰ ਅਸਾਂ ਰਾਜਾ ਰਾਮ (ਪਰਮੇਸ਼ਰ ਦੀ) ਸੇਵਾ ਭੀ ਨਹੀਂ ਕੀਤੀ। ਪਰ ਹੇ ਮਾਧੋ! ਮੇਰੀ ਜਾਤ, ਕੁਲ ਤੇ ਜਨਮ ਸੱਚ ਮੁੱਚ ਹੀ ਨੀਵੇਂ ਰਹਿ ਜਾਣਗੇ, ਜੇ ਮੈਂ ਹੇ ਪ੍ਰਭੂ! ਤੇਰੀ ਭਗਤੀ ਨਾ ਕੀਤੀ।੩।੩।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਨੇ ਅਤਿਅੰਤ ਨਿੰਮ੍ਰਤਾ ਦੇ ਭਾਵਾਂ ਵਿਚ ਸਾਈਂ ਜੀ ਦੇ ਸਤਿਸੰਗ ਦੀ ਮਹਿਮਾ ਤੇ ਸਤਿ ਸੰਗਤ ਦੀ ਪ੍ਰਾਪਤੀ ਲਈ ਅਰਦਾਸ ਕੀਤੀ ਹੈ।

ਆਸਾ ॥

੧. ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
੨. ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
੩. ਤੁਝਹਿ ਚਰਨ ਅਰਬਿੰਦ ਭਵਨ ਮਨੁ ॥
੪. ਪਾਨ ਕਰਤ ਪਾਇਓ ਪਾਇਓ
ਰਾਮਈਆ ਧਨੁ ॥੧॥ ਰਹਾਉ ॥
੫. ਸੰਪਤਿ ਬਿਪਤਿ ਪਟਲ ਮਾਇਆ ਧਨੁ ॥
੬. ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
੭. ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
੮. ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

ਪਦ ਅਰਥ : ਕਹਾ ਭਇਓ—ਕੀ ਹੋਇਆ? ਕੋਈ ਪ੍ਰਵਾਹ ਨਹੀਂ। ਜਉ—ਜੇ। ਤਨੁ—ਸਰੀਰ। ਛਿਨੁ ਛਿਨੁ—ਰਤਾ-ਰਤਾ, ਟੁਕੜੇ-ਟੁਕੜੇ। ਤਉ—ਤਦੋਂ, ਤਾਂ ਹੀ। ਡਰਪੈ—ਡਰਦਾ ਹੈ। ਜਨੁ—ਦਾਸ।੧। ਤੁਝਹਿ—ਤੇਰੇ। ਅਰਬਿੰਦ—ਕਉਲ ਫੁੱਲ। ਚਰਨ ਅਰਬਿੰਦ—ਚਰਨ ਕਮਲ, ਕਉਲ ਫੁੱਲਾਂ ਜੈਸੇ ਸੋਹਣੇ ਚਰਨ। ਭਵਨ—ਟਿਕਾਣਾ। ਪਾਨ ਕਰਤ—ਪੀਂਦਿਆਂ। ਪਾਇਓ ਪਾਇਓ—ਮੈਂ ਲੱਭ ਲਿਆ ਹੈ, ਮੈਂ ਲੱਭ ਲਿਆ ਹੈ। ਰਾਮਈਆ ਧਨੁ—ਸੋਹਣੇ ਰਾਮ ਦਾ ਨਾਮ ਰੂਪ ਧਨ।੧।ਰਹਾਉ। ਸੰਪਤਿ—ਧਨ ਦੀ ਬਹੁਲਤਾ। ਬਿਪਤਿ—ਬਿਪਤਾ, ਮੁਸੀਬਤ। ਪਟਲ—ਪਰਦੇ। ਤਾ ਮਹਿ—ਇਨ੍ਹਾਂ ਵਿਚ।੨। ਜੇਵਰੀ—ਰੱਸੀ (ਨਾਲ)। ਕਹਿ—ਕਹੇ, ਆਖਦਾ ਹੈ। ਛੂਟਿਬੋ—ਖ਼ਲਾਸੀ ਪਾਣ ਦਾ। ਕਵਨ ਗੁਨ—ਕੀ ਲਾਭ? ਮੈਨੂੰ ਲੋੜ ਨਹੀਂ, ਮੇਰਾ ਜੀ ਨਹੀਂ ਕਰਦਾ।੩।

ਅਰਥ :

ਪ੍ਰ: ਰਵਿਦਾਸ ਭਗਤ ਦੇ ਆਸ ਪਾਸ ਵੱਸਣ ਵਾਲੇ ਲੋਕਾਂ ਨੇ ਆ ਕੇ ਪੁੱਛਿਆ ਕਿ ਭਗਤ ਜੀ, ਸੁਣਿਆ ਹੈ ਕਿ ਜਾਤ ਅਭਿਮਾਨੀ ਪੰਡਤਾਂ ਨੇ ਤੁਹਾਡੇ ਪਾਸੋਂ ਵਿਸ਼ਨੂੰ ਭਗਵਾਨ ਦੀ ਮੂਰਤੀ ਇਸ ਲਈ ਖੋਹ ਲਈ ਹੈ ਕਿ ਤੁਸੀਂ ਨੀਚ ਜਾਤੀ ਵਾਲੇ ਹੋ ਤੇ ਪੂਜਾ ਨਹੀਂ ਕਰ ਸਕਦੇ। ਇਥੇ ਹੀ ਬਸ ਨਹੀਂ, ਉਹ ਤੁਹਾਨੂੰ ਮਾਰ ਕੁੱਟ, ਜ਼ਖ਼ਮੀ ਕਰ ਕੇ ਭੀ ਸੁੱਟ ਗਏ ਹਨ, ਪਰ ਕੀ ਤੁਸੀਂ ਵਕਤ ਦੀ ਹਕੂਮਤ ਪਾਸ ਇਨ੍ਹਾਂ ਪੰਡਿਆਂ ਦੇ ਖ਼ਿਲਾਫ਼ ਰਿਪੋਰਟ ਨਹੀਂ ਕੀਤੀ?

ਉ: ਐ ਸੱਜਨੋ, ਜੋ ਮੇਰੀ ਆਪਣੀ ਵੱਡੀ ਸਰਕਾਰ ਹੈ, ਮੈਂ ਉਸਦੇ ਪਾਸ ਅਰਜ਼ੀ ਕਰ ਦਿੱਤੀ ਹੈ।

ਪ੍ਰ: ਭਗਤ ਜੀ, ਤੁਹਾਡੀ ਵੱਡੀ ਸਰਕਾਰ ਕੋਈ ਹੋਰ ਹੈ? ਹਾਂ ਹੋਰ ਹੈ। ਕਿਉਂ ਜੀ, ਉਹ ਕਿਹੜੀ? ਹੇ ਮਿੱਤਰੋ! ਮੇਰੀ ਵੱਡੀ ਸਰਕਾਰ ਉਹ ਹੈ ਜੋ ਕਿ ਇਸ ਸਰਕਾਰ ਨੂੰ ਬਨਾਉਣ ਵਾਲੀ ਹੈ, ਓਹੀ ਮੇਰੇ ਸੱਚੇ ਮਾਲਕ ਨਿਰੰਕਾਰ ਜੀ ਹਨ।

ਪ੍ਰ: ਕਿਉਂ ਜੀ! ਤੁਸੀਂ ਉਸ ਆਪਣੇ ਸੱਚੇ ਮਾਲਕ ਨੂੰ ਕੀ ਕੁਝ ਕਿਹਾ ਹੈ? ਤਾਂ ਭਗਤ ਜੀ ਦੀ ਸੁਰਤਿ ਇਕਾਗਰ ਹੋ ਗਈ। ਇਕਾਗਰਤਾ ਵਿਚੋਂ ਰੱਬੀ ਦਰਬਾਰ ਵਿਚ ਇਸ ਸ਼ਬਦ ਦੁਆਰਾ ਇਉਂ ਪੁਕਾਰ ਕੀਤੀ:

ਉ: ੧. ਹੇ ਮੇਰੇ ਸਾਈਂ ਜੀ! ਕੀ ਹੋ ਗਿਆ, ਜੋ ਕਿ ਮੇਰਾ ਇਹ ਸਰੀਰ ਇਨ੍ਹਾਂ ਪੰਡਿਆਂ ਦੀ ਮਾਰ ਨਾਲ ਟੁਕੜੇ-ਟੁਕੜੇ ਹੋ ਗਿਆ ਹੈ, ਭਾਵ ਹੈ ਇਨ੍ਹਾਂ ਦੀ ਮਾਰ ਨਾਲ ਮੇਰਾ ਕੁਝ ਭੀ ਵਿਗਾੜ ਨਹੀਂ ਹੋਇਆ।

੨. ਹੇ ਸਾਈਂ ਜੀ! ਤੇਰਾ ਜਨ ਤਾਂ ਤਦ ਹੀ ਡਰੇਗਾ ਜਾਂ ਘਬਰਾਏਗਾ, ਜੇ ਕਦੇ ਇਸਦੇ ਮਨ ਵਿਚੋਂ ਤੇਰੇ ਚਰਨਾਂ ਦਾ ਪ੍ਰੇਮ ਦੂਰ ਹੋ ਜਾਏ, ਭਾਵ ਮੈਨੂੰ ਮਾਰ ਕੁੱਟ ਦੀ ਕੋਈ ਤਕਲੀਫ਼ ਨਹੀਂ, ਪਰ ਤੇਰੇ ਪ੍ਰੇਮ ਤੋਂ ਵਾਂਞਿਆਂ ਹੋ ਜਾਣ ਦਾ ਦੁੱਖ ਜ਼ਰੂਰ ਹੁੰਦਾ ਹੈ।੧।

੩. ਹੇ ਮੇਰੇ ਰਮੇ ਹੋਏ ਸੋਹਣੇ ਰਾਮ ਜੀ! ਤੇਰੇ ਚਰਨ ਹਨ ਕਉਲ ਫੁੱਲਾਂ ਦੀ ਨਿਆਈਂ ਸੋਹਣੇ ਤੇ ਮੇਰਾ ਮਨ ਉਨ੍ਹਾਂ ਦਾ ਭਵਰਾ ਬਣ ਚੁੱਕਾ ਹੈ।

੪. ਉਨ੍ਹਾਂ ਤੇਰੇ ਚਰਨ ਕਮਲਾਂ ਵਿਚੋਂ ਨਾਮ ਰਸ ਪੀਂਦਿਆਂ ਮੈਂ ਤੇਰਾ ਨਾਮ ਧਨ ਪਾ ਲਿਆ ਹੈ।੧।ਰਹਾਉ।

ਪ੍ਰ: ਭਗਤ ਜੀ! ਹੁਣ ਇਸ ਨਾਮ ਧਨ ਦੀ ਬਰਕਤ ਨਾਲ ਕੀ ਤੁਹਾਡੇ ਮਨ ਦੀ ਅਵਸਥਾ ਭੀ ਕੁਝ ਬਦਲੀ ਹੈ? ਹਾਂ, ਜ਼ਰੂਰ।

ਉ: ੫. ਤਾਂ ਪਰਮੇਸ਼ਰ ਦੇ ਸਨਮੁਖ ਹੋ ਬੇਨਤੀ ਕਰਦੇ ਹਨ ਕਿ ਹੇ ਸਾਈਂ ਜੀ! ਇਹ ਜੋ ਧਨ ਸੰਪਦਾ ਤੇ ਬਿਪਤਾ ਆਦਿ ਹਨ, ਇਹ ਸਭ ਇਸੇ ਤਰ੍ਹਾਂ ਦੇ ਮਾਇਆ ਦੇ ਪਾਏ ਪਰਦੇ ਹਨ, (ਜਿਵੇਂ ਕਿ ਥੀਏਟਰਾਂ ਵਿਚ ਸੀਨ ਵਿਖਾਏ ਜਾਂਦੇ ਹਨ) ਜੋ ਕਿ ਇਹ ਤੈਨੂੰ ਲੁਕਾਉਂਦੇ ਹਨ। ਭਾਵ ਮਨੁੱਖ ਦੀ ਮਤ ਉੱਤੇ ਪਰਦੇ ਪਏ ਰਹਿੰਦੇ ਹਨ।

੬. ਪਰ ਹੇ ਪ੍ਰਭੂ! ਤੇਰਾ ਸੇਵਕ ਹੁਣ ਇਨ੍ਹਾਂ ਮਾਇਆਂ ਦੇ ਪਰਦਿਆਂ ਵਿਚ ਨਹੀਂ ਫਸਦਾ।੨।

ਪ੍ਰ: ਇਨ੍ਹਾਂ ਵਿਚ ਨ ਬੱਝੇ ਜਾਣ ਦਾ ਤੁਹਾਡਾ ਅਸਲ ਕਾਰਣ ਕੀ ਹੈ?

ਉ: ੭. ਹੇ ਸਾਈਂ ਜੀ! ਮੈਂ ਤੇਰਾ ਦਾਸ ਤਾਂ ਤੇਰੀ ਪ੍ਰੇਮ ਦੀ ਰੱਸੀ ਨਾਲ ਬੱਝਾ ਹੋਇਆ ਹਾਂ (ਜਿਸ ਦਾ ਸਦਕਾ ਹੁਣ ਮੈਂ ਇਨ੍ਹਾਂ ਪਰਦਿਆਂ ਵਿਚ ਨਹੀਂ ਭਰਮਦਾ)।

ਉ: ੮. ਰਵਿਦਾਸ ਜੀ ਕਹਿੰਦੇ ਹਨ ਕਿ ਹੇ ਸਾਈਂ ਜੀਉ! ਉਸ ਤੇਰੀ ਪ੍ਰੇਮ ਦੀ ਜਿਓੜੀ ਤੋਂ ਛੁੱਟਣ ਦਾ ਕੀ ਲਾਭ ਹੈ? ਭਾਵ ਹੇ ਮੇਰੇ ਮਾਲਕ ਜੀ, ਤੇਰੇ ਪ੍ਰੇਮ ਤੋਂ ਸਖਣੇ ਹੋ ਜਾਣ ਦਾ ਕੋਈ ਵੀ ਲਾਭ ਨਹੀਂ।੩।੪।

ਭਾਵਾਰਥ: ਇਸ ਮਹਾਂਵਾਕ ਵਿਚ ਭਗਤ ਜੀ ਇਹ ਸਬਕ ਦੇਂਦੇ ਹਨ ਕਿ ਇਸ ਮਨੁੱਖ ਦੀ ਇਹ ਖ਼ਸਲਤ ਹੈ ਕਿ ਸੰਪਦਾ ਦੇ ਆਇਆਂ ਹੰਕਾਰ ਵਿਚ ਜੀਵ ਪ੍ਰਭੂ ਵਲੋਂ ਬੇਮੁਖ ਹੋ ਜਾਂਦਾ ਹੈ ਤੇ ਬਿਪਤਾ ਪਿਆਂ 'ਵਿਸ਼ਵਾਸ' ਡੁਲਾ ਲੈਂਦਾ ਹੈ। ਇਸ ਲਈ ਦੋਹਾਂ ਵਲੋਂ ਸਾਵਧਾਨ ਰਹੋ ਅਤੇ ਰੱਬੀ ਰਜ਼ਾ ਵਿਚ ਰਾਜ਼ੀ ਰਹਿ ਕੇ ਹੀ ਜੀਵਨ ਗੁਜ਼ਾਰਨਾ ਸੁਖਦਾਈ ਜੀਵਨ ਹੈ। ਜਦੋਂ ਇਕ ਸੱਚੇ ਸਾਈਂ ਜੀ ਨਾਲ ਪ੍ਰੇਮ ਲੱਗ ਜਾਵੇ ਤਾਂ ਹੋਰ ਸਭੇ ਖਿੱਚਾਂ ਮੁੱਕ ਜਾਂਦੀਆਂ ਹਨ।

ਆਸਾ ॥

੧. ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥
੨. ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥
੩. ਹਰਿ ਕੇ ਨਾਮ ਕਬੀਰ ਉਜਾਗਰ ॥
੪. ਜਨਮ ਜਨਮ ਕੇ ਕਾਟੇ ਕਾਗਰ ॥੧॥
੫. ਨਿਮਤ ਨਾਮਦੇਉ ਦੂਧੁ ਪੀਆਇਆ ॥
੬. ਤਉ ਜਗ ਜਨਮ ਸੰਕਟ ਨਹੀ ਆਇਆ ॥੨॥
੭. ਜਨ ਰਵਿਦਾਸ ਰਾਮ ਰੰਗਿ ਰਾਤਾ ॥
੮. ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥

ਪਦ ਅਰਥ: ਜਨ—ਹਰੀ ਦੇ ਦਾਸ। ਨਿਸਤਰਿ—ਚੰਗੀ ਤਰ੍ਹਾਂ ਤਰ ਗਏ।੧।ਰਹਾਉ। ਹਰਿ ਕੇ ਨਾਮ—ਹਰੀ ਨਾਮ ਦੀ ਬਰਕਤ ਨਾਲ। ਉਜਾਗਰ—ਉੱਘਾ, ਮਸ਼ਹੂਰ। ਕਾਗਰ—ਕਾਗ਼ਜ਼। ਜਨਮ ਕੇ ਕਾਗਰ—ਕਈ ਜਨਮਾਂ ਦੇ ਕੀਤੇ ਕਰਮਾਂ ਦੇ ਲੇਖੇ।੧। ਨਿਮਤ—ਕਾਰਣ, ਬਹਾਨਾ। ਤਉ—ਤਦੋਂ। ਸੰਕਟ—ਕਸ਼ਟ, ਦੁੱਖ, ਮੁਸ਼ਕਲ।੨। ਰਾਮ ਰੰਗਿ—ਪ੍ਰਭੂ ਦੇ ਪਿਆਰ ਵਿਚ। ਰਾਤਾ—ਰੰਗਿਆ ਹੋਇਆ। ਇਉ—ਇਸ ਤਰ੍ਹਾਂ, ਪ੍ਰਭੂ ਦੇ ਰੰਗ ਵਿਚ ਰੰਗੇ ਜਾਣ ਨਾਲ। ਪਰਸਾਦਿ—ਕਿਰਪਾ ਨਾਲ।੩।

ਅਰਥ:

ਪ੍ਰ: ਕਿਉਂ ਭਗਤ ਜੀ! ਜਿਤਨੇ ਭੀ ਭਗਤਾਂ ਦਾ ਉਧਾਰ ਹੋ ਚੁੱਕਾ ਹੈ, ਉਨ੍ਹਾਂ ਨੇ ਕਿਹੜਾ ਸਾਧਨ ਕੀਤਾ ਹੈ?

ਉ: ੧. ਹੇ ਸੱਜਨੋ ਸੁਣੋ! ਹਰਿ ਹਰਿ, ਹਰਿ ਹਰਿ, ਹਰਿ ਹਰਿ ਹਰੇ।

੨. (ਇਉਂ) ਹਰੀ ਨੂੰ ਸਿਮਰਦਿਆਂ ਭਗਤ-ਜਨ ਪੂਰਣ ਤੌਰ 'ਤੇ ਸੰਸਾਰ ਸਮੁੰਦਰੋਂ ਪਾਰ ਲੰਘ ਜਾਂਦੇ ਹਨ।੧।ਰਹਾਉ।

ਪ੍ਰ: ਕਿਉਂ ਜੀ! ਉਨ੍ਹਾਂ ਤਰ ਚੁੱਕਿਆਂ ਵਿਚੋਂ ਕਿਸੇ ਦਾ ਉਦਾਹਰਣ ਦਿਉ।

ਉ: ੩. ਹੇ ਭਾਈ! ਸੁਣੋ, ਉਨ੍ਹਾਂ ਤਰਿਆਂ ਵਿਚੋਂ ਕਬੀਰ ਜੀ, ਨਾਮ ਸਿਮਰਨ ਦੀ ਬਰਕਤਿ ਨਾਲ ਜਗਤ ਵਿਚ ਭਗਤ ਹੋ ਮਸ਼ਹੂਰ ਹੋਇਆ।

੪. ਜਿਸ ਦੇ ਜਨਮਾਂ-ਜਨਮਾਂ ਦੇ ਕੀਤੇ ਕਰਮਾਂ ਦੇ ਲੇਖੇ ਮੁੱਕ ਗਏ।੧।

ਪ੍ਰ: ਹਜ਼ੂਰ! ਕੋਈ ਹੋਰ ਦ੍ਰਿਸ਼ਟਾਂਤ ਦਿਓ।

ਉ: ੫. (ਹੇ ਪਿਆਰਿਓ ਸੁਣੋ, ਨਾਨੇ ਦੇ ਬਿਦੇਸ਼ ਜਾਣ ਦੇ) ਕਾਰਨ ਨਾਮਦੇਉ ਨੇ ਗੋਬਿੰਦ ਰਾਇ ਨੂੰ ਦੁੱਧ ਪਿਲਾਇਆ ਸੀ।

੬. ਤੇ ਨਾਮ ਦੇ ਜਪਿਆਂ ਹੀ ਉਹ ਜਗਤ ਦੇ ਜਨਮਾਂ ਦੇ ਕਸ਼ਟਾਂ ਵਿਚ ਨਹੀਂ ਪਿਆ।੨।

੭. (ਇਸੇ ਹੀ ਕਾਰਣ ਨੂੰ ਮੁੱਖ ਰੱਖ ਕੇ) ਦਾਸ ਰਵਿਦਾਸ ਭੀ ਪ੍ਰਭੂ ਦੇ ਪਿਆਰ ਵਿਚ ਰੰਗਿਆ ਗਿਆ ਹੈ।

੮. ਤੇ ਇਸੇ ਪ੍ਰੇਮ ਰੰਗ ਦੀ ਬਰਕਤ ਨਾਲ ਸਤਿਗੁਰੂ ਦੀ ਮਿਹਰ ਦਾ ਸਦਕਾ ਹੁਣ ਮੈਂ ਨਰਕ ਵਿਚ ਨਹੀਂ ਚਲਿਆ, (ਭਾਵ ਨਰਕਾਂ ਨੂੰ ਨਹੀਂ ਜਾਵਾਂਗਾ)।੩।

ਭਾਵਾਰਥ : ਇਸ ਸ਼ਬਦ ਵਿਚ ਨਾਮ ਸਿਮਰਨ ਦੀ ਵਡਿਆਈ ਦੱਸੀ ਹੈ ਕਿ ਜਿਨ੍ਹਾਂ ਬੰਦਿਆਂ ਨੇ ਸੁਆਸ-ਸੁਆਸ ਉਸ ਪ੍ਰਭੂ ਨੂੰ ਯਾਦ ਕੀਤਾ ਹੈ, ਉਨ੍ਹਾਂ ਨੂੰ ਜਗਤ ਦੀ ਮਾਇਆ ਨਹੀਂ ਵਿਆਪ ਸਕੀ। ਇਸੇ ਸਿਧਾਂਤ ਨੂੰ ਪ੍ਰਗਟ ਕਰਦਿਆਂ, ਭਗਤ ਕਬੀਰ ਜੀ ਤੇ ਭਗਤ ਨਾਮਦੇਉ ਜੀ ਦੀਆਂ ਦੋ ਮਿਸਾਲਾਂ ਦਿੱਤੀਆਂ ਹਨ ਕਿ ਇਹ ਪ੍ਰਭੂ ਦੀ ਭਗਤੀ ਕਰਕੇ ਸੰਸਾਰ ਵਿਚ ਪ੍ਰਸਿੱਧ ਹੋਏ।

੧. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥
੨. ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥
੩. ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
੪. ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥
੫. ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥
੬. ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥
੭. ਕਹਿ ਰਵਿਦਾਸ ਬਾਜੀ ਜਗੁ ਭਾਈ ॥
੮. ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥੩॥੬॥

ਪਦ ਅਰਥ : ਮਾਟੀ ਕੋ ਪੁਤਰਾ—ਮਿੱਟੀ ਦਾ ਪੁਤਲਾ, ਭਾਵ ਮਨੁੱਖ ਤੋਂ ਹੈ, ਕਿਉਂਕਿ ਮਨੁੱਖ ਦਾ ਸਰੀਰ ਤੱਤਾਂ ਤੋਂ ਬਣਿਆ ਹੋਇਆ ਹੈ। ਕੈਸੇ—ਕਿਵੇਂ, ਅਸਚਰਜ ਹੋ ਕੇ, ਹਾਸੋ ਹੀਣਾ ਹੋ ਕੇ।੧।ਰਹਾਉ। ਨਚਤੁ—ਇਨਸਾਨੀ ਕ੍ਰਿਆ, ਕਰਮ, ਹਰਕਤਾਂ ਨੂੰ ਨਚਤ ਕਹਿ ਕੇ ਮਖ਼ੌਲ ਕੀਤਾ ਹੈ। ਕਛੁ—ਕੁਝ ਮਾਇਆ। ਪਾਵੈ—ਹਾਸਲ ਕਰਦਾ ਹੈ। ਗਰਬੁ—ਅਹੰਕਾਰ। ਗਈ—ਸੁਆਸ ਜਾਣ ਤੇ। ਰੋਵਨੁ ਲਗਤੁ—ਰੋਂਦਾ ਹੈ, ਦੁਖੀ ਹੁੰਦਾ ਹੈ।੧। ਬਚ—ਬਚਨ, ਗੱਲਾਂ। ਕ੍ਰਮ—ਕਰਮ, ਕਰਤੂਤ। ਰਸ ਕਸਹਿ—ਰਸਾਂ ਕਸਾਂ ਵਿਚ, ਸੁਆਦਾਂ ਵਿਚ, ਚਸਕਿਆਂ ਵਿਚ। ਲੁਭਾਨਾ—ਮਸਤ। ਬਿਨਸਿ ਗਇਆ—ਜਦੋਂ ਇਹ ਪੁਤਲਾ ਨਾਸ ਹੋ ਗਿਆ। ਜਾਇ—ਜੀਵ ਇਥੋਂ ਜਾ ਕੇ। ਕਹੂੰ—ਪ੍ਰਭੂ ਚਰਨਾਂ ਦੇ ਥਾਂ ਕਿਸੇ ਹੋਰ ਥਾਂ। ਕਹਿ—ਕਹੇ, ਆਖਦਾ ਹੈ। ਭਾਈ—ਹੇ ਭਾਈ ! ਸਉ—ਸਿਉ, ਨਾਲ। ਮੋੁਹਿ—ਮੈਨੂੰ।੩।

ਅਰਥ :

ਪ੍ਰ: ਭਗਤ ਜੀ ! ਕਈ ਲੋਕ ਨਾਮ ਤੋਂ ਸੱਖਣੇ ਹੀ ਜੀਵਨ ਗੁਜ਼ਾਰ ਰਹੇ ਹਨ, ਪਰ ਤੁਸੀਂ ਉਨ੍ਹਾਂ ਇਨਸਾਨਾਂ ਨੂੰ ਕਿਸ ਰੂਪ ਵਿਚ ਦੇਖਦੇ ਹੋ ?

ਉ: ੧. ਹੇ ਮਿੱਤਰੋ ! ਅਸੀਂ ਵੇਖ ਹੀ ਰਹੇ ਹਾਂ, ਪਰ ਤੁਸੀਂ ਭੀ ਦੇਖੋ ਕਿ ਇਹ ਮਨੁੱਖ ਹੈ ਤਾਂ ਇਕ (ਸਿਰਫ਼) ਮਿੱਟੀ ਦਾ ਹੀ ਪੁਤਲਾ, ਪਰ ਇਹ ਮਾਇਆ ਦੇ ਅਧੀਨ ਹੋਇਆ ਕਿਸ ਤਰ੍ਹਾਂ ਹਾਸੋ-ਹੀਣਾ ਹੋ ਕੇ ਨੱਚਦਾ ਟੱਪਦਾ ਫਿਰਦਾ ਹੈ, (ਭਾਵ ਭਟਕ ਰਿਹਾ ਹੈ)।

੨. ਇਹ ਮਾਇਆ ਵੱਸ ਹੋਇਆ, ਚਾਰੋਂ ਤਰਫ਼ ਮਾਇਆ ਨੂੰ ਹੀ ਕਦੇ ਇਧਰੋਂ ਆਉਂਦੀ ਦੇਖ ਰਿਹਾ ਹੈ, (ਕਦੇ ਉਧਰ) ਝਾਕਦਾ ਹੈ, ਮਾਇਆ ਦੀਆਂ ਹੀ ਗੱਲਾਂ ਸੁਣਦਾ ਹੈ, ਮਾਇਆ ਕਮਾਉਣ ਵਾਸਤੇ ਦੌੜਿਆ ਫਿਰਦਾ ਹੈ।੧।ਰਹਾਉ।

੩. ਪਰ ਜਦੋਂ ਇਸ ਨੂੰ ਦੌੜ ਭੱਜ ਕਰਕੇ ਕੁਝ ਧਨ ਮਿਲ ਜਾਂਦਾ ਹੈ, ਤਦ ਹੰਕਾਰ ਕਰਦਾ ਹੈ।

੪. (ਪਰ ਜਦੋਂ ਕਸ਼ਟਾਂ ਨਾਲ 'ਕੱਠਾ ਕੀਤਾ) ਧਨ ਗੁਆਚ ਜਾਏ ਤਾਂ ਰੋਂਦਾ ਹੈ, ਦੁਖੀ ਹੁੰਦਾ ਹੈ।੧।

੫. (ਜਦੋਂ ਇਸ ਮਨੁੱਖ ਨੂੰ ਗਹੁ ਨਾਲ ਤੱਕੀਏ) ਤਾਂ ਇਹ ਮਨ ਕਰਕੇ, ਬਚਨਾਂ ਕਰਕੇ, ਕਰਮਾਂ ਕਰਕੇ ਰਸਾਂ ਕਸਾਂ ਦੇ ਚਸਕਿਆਂ ਵਿਚ ਲੁਭਾਇਆ ਹੀ ਰਹਿੰਦਾ ਹੈ।

੬. ਆਖ਼ਰ ਮੌਤ ਆਉਣ 'ਤੇ ਜਦੋਂ ਇਹ ਸਰੀਰ ਢਹਿ ਪੈਂਦਾ ਹੈ, ਭਾਵ ਮਰ ਜਾਂਦਾ ਹੈ, ਪਤਾ ਨਹੀਂ ਕਿਥੇ ਜਾ ਸਮਾਉਂਦਾ ਹੈ, (ਅਰਥਾਤ ਪ੍ਰਭੂ ਦੇ ਚਰਨਾਂ ਵਿਚ ਅਪੜਨ ਦੀ ਥਾਂ) ਕਿਤੇ ਕੁਥਾਂ ਹੀ ਜਾ ਟਿਕਦਾ ਹੈ।੨।

ਪ੍ਰ: ਭਗਤ ਜੀ, ਤੁਸੀਂ ਇਸ ਜਗਤ ਨੂੰ ਕਿਸ ਰੂਪ ਵਿਚ ਤੱਕਦੇ ਹੋ ?

ਉ: ੭. ਰਵਿਦਾਸ ਜੀ ਕਹਿੰਦੇ ਹਨ ਕਿ ਹੇ ਭਾਈ, (ਇਹ) ਸੰਸਾਰ ਤਾਂ ਇਕ (ਬਾਜ਼ੀ) ਖੇਡ ਹੈ, (ਜਿਸ ਵਿਚ ਇਹ ਜੀਵ ਲੁਭਾਇਮਾਨ ਹੋ ਰਹੇ ਹਨ ਤੇ ਇਨ੍ਹਾਂ ਦੀ ਉੱਪਰ ਦੱਸੀ ਦਸ਼ਾ ਹੋ ਰਹੀ ਹੈ)

੮. ਪਰ ਮੇਰੀ ਤਾਂ ਪ੍ਰੀਤ ਇਸ ਖੇਡ ਬਣਾਉਣ ਵਾਲੇ ਬਾਜ਼ੀਗਰ ਨਾਲ ਬਣ ਗਈ ਹੈ, ਭਾਵ ਹੁਣ ਮੈਂ ਮਾਇਆ ਦੇ ਪਿੱਛੇ ਨਹੀਂ ਨੱਚ ਟੱਪ ਰਿਹਾ, ਕੇਵਲ ਉਸ ਸੱਚੇ ਬਾਜ਼ੀਗਰ ਨਾਲ ਹੀ ਪਿਆਰ ਗੰਢ ਲਿਆ ਹੈ।੩।੬।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਇਹ ਮਾਇਆ ਵਿਚ ਫਸਿਆ ਜੀਵ ਸਦਾ ਹੀ ਭਟਕਦਾ ਫਿਰਦਾ ਹੈ, ਪਰ ਇਸ ਭਟਕਣਾ ਤੋਂ ਸਿਰਫ਼ ਉਹੀ ਬਚਦਾ ਹੈ ਜੋ ਮਾਇਆ ਦੇ ਰਚਨਹਾਰ ਮਾਲਕ ਨਾਲ ਪਿਆਰ ਪਾਉਂਦਾ ਹੈ।

ਆਸਾ ਬਾਣੀ ਭਗਤ ਧੰਨੇ ਜੀ ਕੀ

੧ੴ ਸਤਿਗੁਰ ਪ੍ਰਸਾਦਿ ॥

੧. ਭ੍ਰਮਤ ਫਿਰਤ ਬਹੁ ਜਨਮ ਬਿਲਾਨੇ
ਤਨੁ ਮਨੁ ਧਨੁ ਨਹੀ ਧੀਰੇ ॥
੨. ਲਾਲਚ ਬਿਖੁ ਕਾਮ ਲੁਬਧ ਰਾਤਾ
ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥
੩. ਬਿਖੁ ਫਲ ਮੀਠ ਲਗੇ ਮਨ ਬਉਰੇ
ਚਾਰ ਬਿਚਾਰ ਨ ਜਾਨਿਆ ॥
੪. ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ
ਜਨਮ ਮਰਨ ਫਿਰਿ ਤਾਨਿਆ ॥੧॥
੫. ਜੁਗਤਿ ਜਾਨਿ ਨਹੀ ਰਿਦੈ ਨਿਵਾਸੀ
ਜਲਤ ਜਾਲ ਜਮ ਫੰਧ ਪਰੇ ॥

੬. ਬਿਖੁ ਫਲ ਸੰਚਿ ਭਰੇ ਮਨ ਐਸੇ
ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥
੭. ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ
ਧਿਆਨੁ ਮਾਨੁ ਮਨ ਏਕ ਮਏ ॥
੮. ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ
ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥
੯. ਜੋਤਿ ਸਮਾਇ ਸਮਾਨੀ ਜਾ ਕੈ
ਅਛਲੀ ਪ੍ਰਭੁ ਪਹਿਚਾਨਿਆ ॥
੧੦. ਧੰਨੈ ਧਨੁ ਪਾਇਆ ਧਰਣੀਧਰੁ
ਮਿਲਿ ਜਨ ਸੰਤ ਸਮਾਨਿਆ ॥੪॥੧॥

ਪਦ ਅਰਥ : ਭ੍ਰਮਤ—ਭਟਕਦਿਆਂ ਫਿਰਦਿਆਂ, ਭਰਮਦਿਆਂ ਫਿਰਦਿਆਂ। ਬਿਲਾਨੇ—ਗੁਜ਼ਰ ਗਏ। ਨਹੀ ਧੀਰੇ—ਨਹੀਂ ਟਿਕਦਾ, ਧੀਰਜ ਨਹੀਂ ਪਕੜਦੇ। ਬਿਖੁ—ਜ਼ਹਿਰ, ਵਿਹੁ। ਲੁਬਧ—ਲੋਭੀ। ਰਾਤਾ—ਰਤਾ ਹੋਇਆ, ਰੰਗਿਆ ਹੋਇਆ। ਮਨਿ—ਮਨ ਵਿਚੋਂ।੧।ਰਹਾਉ। ਚਾਰ—ਸੁੰਦਰ। ਤੇ—ਤੋਂ; ਵਲੋਂ ਹਟ ਕੇ। ਅਨ ਭਾਂਤੀ—ਹੋਰ ਹੋਰ ਕਿਸਮ ਦੀ।੧। ਜੁਗਤਿ—ਜੀਵਨ ਜੁਗਤ। ਤਾਨਿਆ—ਤਾਣਿਆ, ਤਣਿਆ, ਭਾਵ ਬਣਿਆ ਰਿਹਾ। ਨਿਵਾਸੀ—ਟਿਕਾਈ। ਜਲਤ—(ਤ੍ਰਿਸ਼ਨਾ ਵਿਚ) ਸੜਦੇ। ਸੰਚਿ—ਇਕੱਠੇ ਕਰਕੇ।੨। ਗੁਰਹਿ—ਗੁਰੂ ਨੇ। ਮਾਨੁ—ਯਕੀਨ, ਸ਼ਰਧਾ। ਅਘਾਨੇ—ਨੱਕ ਤੱਕ ਰੱਜਣਾ, ਅਤਿਅੰਤ ਤ੍ਰਿਪਤੀ, ਪੂਰਣ ਤ੍ਰਿਪਤੀ।੩। ਜਾ ਕੈ—ਜਿਸ ਮਨੁੱਖ ਦੇ ਵਿਚ। ਅਛਲੀ—ਨਾ ਛਲਿਆ ਜਾਣ ਵਾਲਾ। ਧੰਨੈ—ਧੰਨੇ ਨੇ। ਧਰਣੀ ਧਰੁ—ਧਰਤੀ ਧਾਰਨ ਕਰਨ ਵਾਲਾ, ਜਿਸ ਦੇ ਆਸਰੇ ਧਰਤੀ ਹੈ, ਭਾਵ ਪਰਮੇਸ਼ਰ। ਮਿਲਿ ਜਨ—ਸੰਤ ਜਨਾਂ ਨੂੰ ਮਿਲ ਕੇ।੪।੧।

ਅਰਥ :

ਪ੍ਰ: ਭਗਤ ਜੀ! ਅਸੀਂ ਸੰਸਾਰੀ ਜੀਵ ਹਾਂ, ਜਦ ਵੀ ਕਦੀ ਸਾਨੂੰ ਇਕਾਂਤ ਵਿਚ ਇਕੱਲਿਆਂ ਬੈਠਣ ਦਾ ਸਮਾਂ ਮਿਲੇ ਤਾਂ ਮਨ ਵਿਚ ਕਈ ਤਰ੍ਹਾਂ ਦੀਆਂ ਵਿਅਰਥ ਸੋਚਾਂ ਉਠਦੀਆਂ ਰਹਿੰਦੀਆਂ ਹਨ, ਪਰ ਜਦ ਕਦੀ ਤੁਹਾਨੂੰ ਇਕਾਂਤ ਦੇਸ਼ ਵਿਚ ਇਕੱਲੇ ਬੈਠਣ ਦਾ ਸਮਾਂ ਮਿਲਦਾ ਹੈ, ਤਾਂ ਉਸ ਵੇਲੇ ਤੁਹਾਡੇ ਮਨ ਵਿਚ ਕੀ ਵੀਚਾਰ ਫੁਰਦੀ ਹੈ?

ਉ: ੧. ਹੇ ਭਾਈਓ! ਮੇਰੇ ਮਨ ਅੰਦਰ ਤਾਂ ਉਸ ਇਕਾਂਤ ਹੋਣ ਸਮੇਂ ਬਾਰ-ਬਾਰ ਇਹੋ ਹੀ ਵਿਚਾਰ ਫੁਰਦੀ ਰਹਿੰਦੀ ਹੈ ਕਿ ਹੇ ਮਨਾ! ਵੇਖ, ਤੈਨੂੰ ਚੌਰਾਸੀ ਲੱਖ ਬਹੁਤੇ ਹੀ ਜਨਮਾਂ ਵਿਚ ਭਟਕਦਿਆਂ ਫਿਰਦਿਆਂ ਗੁਜ਼ਰ ਗਏ ਹਨ, ਪਰ ਨਾ ਤੇਰਾ ਤਨ, ਨਾ ਮਨ, ਨਾ ਹੀ ਧਨ ਟਿਕਿਆ, (ਕਿਉਂਕਿ ਤੂੰ ਆਪ ਹੀ ਸੋਚ ਕੇ ਵੇਖ ਲੈ ਕਿ) ਇਹ ਸਰੀਰ ਨਾਸ ਹੋ ਜਾਂਦਾ ਹੈ, ਮਨ ਸੰਕਲਪਾਂ ਵਿਕਲਪਾਂ ਵਿਚ ਭਟਕਦਾ ਰਹਿੰਦਾ ਹੈ ਅਤੇ ਧਨ ਨਾਸ ਹੋ ਜਾਂਦਾ ਹੈ, ਇਹ ਭੀ ਟਿਕਿਆ ਨਹੀਂ ਰਹਿੰਦਾ।

੨. ਪਰ ਹੇ ਮਿੱਤਰੋ! ਵੇਖਦੇ ਹਾਂ ਕਿ ਇਹ ਲੋਭੀ ਜੀਵ ਜ਼ਹਿਰ ਰੂਪ ਪਦਾਰਥਾਂ ਦੇ ਲਾਲਚ ਵਿਚ, ਕਾਮ ਵਾਸ਼ਨਾ ਵਿਚ (ਸਦਾ ਹੀ) ਰੰਗਿਆ ਰਹਿੰਦਾ ਹੈ, ਇਸ ਲੋਭੀ ਜੀਵ ਨੂੰ ਮਨ ਵਿਚੋਂ ਹੀਰੇ ਵਰਗਾ ਪ੍ਰਕਾਸ਼ ਸਰੂਪ ਪ੍ਰਭੂ ਜੀ ਵਿਸਰ ਜਾਂਦਾ ਹੈ।੧।ਰਹਾਉ।

ਪ੍ਰ: ਕਿਉਂ ਜੀ! ਇਸ ਜੀਵ ਦੇ ਮਨ ਵਿਚੋਂ ਉਸ ਹੀਰੇ ਜੈਸੇ ਪ੍ਰਕਾਸ਼ ਸਰੂਪ ਨੂੰ ਵਿਸਰ ਜਾਣ ਦਾ ਅਸਲ ਕਾਰਣ ਕੀ ਹੈ?

ਉ: ੩. ਹੇ ਪਿਆਰਿਓ! ਸੱਚ ਤਾਂ ਇਹੋ ਹੈ ਕਿ ਇਸ ਕਮਲੇ ਮਨ ਨੂੰ ਜ਼ਹਿਰ ਰੂਪ ਫਲ ਮਿੱਠੇ ਲੱਗਦੇ ਹਨ, (ਇਸੇ ਅਗਿਆਨਤਾ ਕਰਕੇ) ਇਸ ਨੇ ਸ਼ੁਭ ਆਚਾਰ ਦੀ ਵੀਚਾਰ ਨੂੰ ਨਹੀਂ ਸਮਝਿਆ, ਭਾਵ ਇਸ ਨੂੰ ਵੀਚਾਰ ਫੁਰਦੀ ਹੀ ਨਹੀਂ।

੪. ਸੋ ਇਸੇ ਕਰਕੇ ਇਹ ਗੁਣਾਂ ਵਲੋਂ ਹੱਟ ਕੇ ਹੋਰ-ਹੋਰ ਕਿਸਮ ਦੀ ਪ੍ਰੀਤ ਇਸ ਦੇ ਅੰਦਰ ਵੱਧ ਰਹੀ ਹੈ। ਇਹੋ ਇਕ ਕਾਰਨ ਹੈ ਕਿ ਇਸ ਦਾ ਜਨਮ ਮਰਨ ਦਾ ਤਾਣਾ ਮੁੜ-ਮੁੜ ਤਣਿਆ ਗਿਆ, ਭਾਵ ਬਾਰ-ਬਾਰ ਜੰਮਦਾ ਮਰਦਾ ਹੈ।੧।

੫. ਹੇ ਮਨਾ! ਤੂੰ ਜੀਵਨ ਦੀ ਜੁਗਤੀ ਸਮਝ ਕੇ, ਭਾਵ ਹੈ ਜੰਮਣ ਮਰਣ ਤੋਂ ਛੁੱਟਣ ਦੀ ਜੁਗਤੀ ਸਿੱਖ ਕੇ ਆਪਣੇ ਹਿਰਦੇ ਵਿਚ ਨਹੀਂ ਵਸਾਈ; ਤ੍ਰਿਸ਼ਨਾ ਦੇ ਜਾਲ ਅਗਨੀ ਵਿਚ ਸੜਦਿਆਂ ਫੇਰ ਜਮਾਂ ਦੇ ਫਾਹੇ ਪੈ ਗਏ।

੬. ਹੇ ਮਨਾ! ਤੂੰ ਵਿਸ਼ੇ ਰੂਪ ਜ਼ਹਿਰ ਦੇ ਫਲ ਹੀ ਇਕੱਠੇ ਕਰਕੇ ਸਾਂਭਦਾ ਰਿਹਾ। ਉਹ ਵਿਸ਼ੇ ਤੇਰੇ ਅੰਦਰ ਅਜਿਹੇ ਭਰ ਗਏ ਕਿ ਤੈਨੂੰ ਪਰਮ ਪੁਰਖ ਪਰਮੇਸ਼ਰ ਜੀ ਵਿਸਰ ਹੀ ਗਏ।੨।

ਪ੍ਰ: ਭਗਤ ਜੀ! ਕਾਲ ਦੇ ਜਾਲ ਦੀ ਫਾਹੀ ਵਿਚ ਤਾਂ ਸਾਰੇ ਸੰਸਾਰੀ ਜੀਵ ਫਾਥੇ ਹੋਏ ਹਨ, ਪਰ ਤੁਹਾਡਾ ਛੁਟਕਾਰਾ ਇਸ ਮਹਾਂ ਜਾਲ ਤੋਂ ਕਿਵੇਂ ਹੋਇਆ?

ਉ: ੭. ਹੇ ਭਾਈਓ! ਜਦੋਂ ਮੈਨੂੰ ਗੁਰੂ ਨੇ ਨਾਮ ਦਾ ਧਨ ਦਾਨ ਕਰਕੇ, ਮੇਰੇ ਅੰਦਰ ਗਿਆਨ ਪ੍ਰਵੇਸ਼ ਕਰਾ ਦਿੱਤਾ, ਤਾਂ (ਇਸੇ ਗਿਆਨ ਦੀ ਬਰਕਤ ਨਾਲ) ਮੇਰੀ ਸੁਰਤਿ ਪ੍ਰਭੂ ਵਿਚ ਜੁੜ ਗਈ, ਤਾਂ ਇਕੋ ਹਰੀ ਨੂੰ ਮੰਨਣਾ ਅਤੇ ਉਸੇ ਵਿਚ ਧਿਆਨ ਲਾਉਣਾ ਮੈਨੂੰ ਪ੍ਰਾਪਤ ਹੋ ਗਏ, ਤਦੋਂ ਮਨ (ਧਯੇਯ ਪ੍ਰਭੂ ਨਾਲ) ਇਕ ਮਿੱਕ ਹੋ ਗਿਆ।

ਪ੍ਰ: ਭਗਤ ਜੀ! ਇਸ ਏਕਤਾ ਪ੍ਰਾਪਤੀ ਵਿਚ ਪਹਿਲੋਂ ਅਸਲ ਕਾਰਣ ਕੀ ਬਣਿਆ, ਜਿਸ ਨਾਲ ਤੁਹਾਨੂੰ ਸੁਖ ਮਿਲ ਗਿਆ?

ਉ: ੮. ਹੇ ਭਰਾਵੋ! ਜਦੋਂ ਮੈਂ ਪਹਿਲੋਂ ਪ੍ਰੇਮਾ ਭਗਤੀ (ਮਾਨੀ) ਧਾਰਨ ਕਰ ਲਈ, ਤਦੋਂ ਮੈਂ ਆਤਮ ਸੁਖ ਨੂੰ ਜਾਣ ਲਿਆ ਅਤੇ ਮਾਇਆ ਵਲੋਂ ਤ੍ਰਿਪਤੀ ਹੋ ਗਈ, ਸਗੋਂ ਅਸੀਂ ਪੂਰੀ ਤਰ੍ਹਾਂ ਰੱਜ ਗਏ ਤੇ ਮੁਕਤ ਹੋ ਗਏ।੩।

ਪ੍ਰ: ਕਿਉਂ ਜੀ! ਉਸ ਪ੍ਰਭੂ ਦੀ ਪਛਾਣ ਕਿਸਨੂੰ ਹੋਈ ਸਮਝਿਆ ਜਾਵੇ?

ਉ: ੯. ਹੇ ਭਾਈਓ! ਜਿਸ ਮਨੁੱਖ ਦੇ ਅੰਦਰ ਉਸ ਪ੍ਰਭੂ ਦੀ ਸਰਬ ਵਿਆਪੀ ਜੋਤ ਟਿਕ ਗਈ, ਉਸਨੇ ਉਸ ਨਾ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ।

ਪ੍ਰ: ਭਗਤ ਜੀ ! ਦੱਸੋ ਤੁਸੀਂ ਉਸ ਪ੍ਰਭੂ ਦੀ ਪਛਾਣ ਕਿਸ ਸਾਧਨ ਦੁਆਰਾ ਕੀਤੀ ਹੈ ?

ਉ: ੧੦. ਧੰਨਾ ਜੀ ਕਹਿੰਦੇ ਹਨ ਕਿ ਹੇ ਸੱਜਨੋ ! ਮੈਂ ਸੰਤ ਜਨਾਂ ਨੂੰ ਮਿਲ ਕੇ ਧਰਤੀ ਦੇ ਆਸਰਾ ਰੂਪ ਪ੍ਰਭੂ ਨੂੰ ਪਾ ਲਿਆ ਹੈ। ਬਸ ਹੁਣ (ਮੈਂ ਧੰਨਾ) ਪ੍ਰਭੂ ਵਿਚ ਲੀਨ ਹੋ ਗਿਆ ਹਾਂ।੪।੧।

ਮਹਲਾ ੫ ॥

੧. ਗੋਬਿੰਦ ਗੋਬਿੰਦ ਗੋਬਿੰਦ ਸੰਗਿ
ਨਾਮਦੇਉ ਮਨੁ ਲੀਣਾ ॥
੨. ਆਢ ਦਾਮ ਕੋ ਛੀਪਰੋ ਹੋਇਓ
ਲਾਖੀਣਾ ॥੧॥ ਰਹਾਉ ॥
੩. ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
੪. ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
੫. ਰਵਿਦਾਸੁ ਢੁਵੰਤਾ ਢੋਰ ਨੀਤਿ
ਤਿਨਿ ਤਿਆਗੀ ਮਾਇਆ ॥
੬. ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
੭. ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
੮. ਹਿਰਦੇ ਵਸਿਆ ਪਾਰਬ੍ਰਹਮੁ
ਭਗਤਾ ਮਹਿ ਗਨਿਆ ॥੩॥
੯. ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
੧੦. ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥

ਪਦ ਅਰਥ : ਗੋਬਿੰਦ ਗੋਬਿੰਦ ਗੋਬਿੰਦ ਸੰਗਿ—ਹਰਿ ਵਕਤ ਗੋਬਿੰਦ ਨਾਲ, ਮੁੜ ਮੁੜ ਗੋਬਿੰਦ ਨਾਲ। ਲੀਣਾ—ਲੀਨ ਹੋਇਆ, ਜੁੜਿਆ। ਆਢ ਦਾਮ—ਅੱਧੀ ਕੌਡੀ। ਕੋ—ਦਾ। ਛੀਪਰੋ—ਗ਼ਰੀਬ ਛੀਂਬਾ। ਲਾਖੀਣਾ—ਲੱਖਾਂ ਦੇ ਮੁੱਲ ਵਾਲਾ, ਭਾਵ ਉਸਦਾ ਵਜੂਦ ਕੀਮਤੀ ਹੋ ਗਿਆ।੧।ਰਹਾਉ। ਜੋਲਾਹਰਾ—ਗ਼ਰੀਬ ਜੁਲਾਹਾ। ਗਹੀਰਾ—ਡੂੰਘਾ, ਭਾਵ ਸਮੁੰਦਰ, ਗੁਣਾਂ ਦਾ ਸਮੁੰਦਰ।੧। ਢੋਰ—ਮੋਏ ਹੋਏ ਪਸ਼ੂ। ਤਿਨਿ—ਉਸਨੇ। ਸਾਧ ਸੰਗਿ—ਸਤਿਸੰਗ ਵਿਚ।੨। ਬੁਤਕਾਰੀਆ—ਬੁਤੀਆਂ ਕੱਢਣ ਵਾਲਾ, ਦੂਰ ਨੇੜੇ ਦੇ ਨਿੱਕੇ ਮੋਟੇ ਕੰਮ ਕਰਨ ਵਾਲਾ। ਘਰਿ ਘਰਿ—ਘਰ ਘਰ ਵਿਚ। ਸੁਨਿਆ—ਸੁਣਿਆ ਗਿਆ, ਸੋਭਾ ਹੋਈ।੩। ਇਹ ਬਿਧਿ—ਇਸ ਤਰ੍ਹਾਂ (ਦੀ ਗੱਲ)। ਜਾਟਰੋ—ਗ਼ਰੀਬ ਜੱਟ। ਪ੍ਰਤੱਖ—ਸਾਖਿਆਤ ਤੌਰ ਤੇ।੪।

ਅਰਥ :

ਪ੍ਰ: ਹਜ਼ੂਰ ! ਜਿਸ ਪ੍ਰਭੂ ਦੀ ਭਗਤੀ ਕਰਨ ਲਈ ਆਪ ਪ੍ਰੇਰਣਾ ਕਰਦੇ ਰਹਿੰਦੇ ਹੋ, ਉਸਦੀ ਕੁਝ ਮਹਾਨਤਾ ਉਚਾਰਨ ਕਰੋ ਕਿ ਇਸਨੇ ਕਿਸ-ਕਿਸ ਭਗਤੀ ਕਰਨ ਵਾਲੇ ਦਾ ਉੱਧਾਰ ਕੀਤਾ ਹੈ ?

ਉ: ੧. (ਹੇ ਭਾਈਓ ! ਉਸ ਗੋਬਿੰਦ ਦੀ ਭਗਤੀ ਵਾਲੇ ਕਿਤਨੇ ਕੁ ਇਸ ਸੰਸਾਰ ਸਮੁੰਦਰ ਤੋਂ ਪਾਰ ਹੋਏ ਹਨ, ਇਹ ਤਾਂ ਗਿਣਤੀ ਨਹੀਂ ਹੋ ਸਕਦੀ, ਪਰ ਕੁਝ ਕੁ ਨਾਮਵਰ ਭਗਤੀ ਕਰਨ ਵਾਲੇ ਭਗਤਾਂ ਦਾ ਨਾਮ ਅੰਕਤ ਕਰਦੇ ਹਾਂ ਸੁਣੋ) ਹੇ ਭਾਈ ! (ਭਗਤ) ਨਾਮਦੇਵ ਜੀ ਦਾ ਮਨ ਜਦੋਂ ਹਰ ਵਕਤ ਪਰਮੇਸ਼ਰ ਦਾ ਨਾਮ ਲੈਣ ਵਿਚ ਲੀਣ ਹੋ ਗਿਆ।

੨. (ਤਾਂ ਵੇਖ ਲੌ) ਉਸ ਹਰ ਵਕਤ ਯਾਦ ਕਰਦੇ ਰਹਿਣ ਦੀ ਬਰਕਤ ਨਾਲ, ਅੱਧੀ ਦਮੜੀ ਦਾ ਗ਼ਰੀਬ ਛੀਂਬਾ ਲੱਖਾਂ ਦੇ ਮੁੱਲ ਦਾ ਬਣ ਗਿਆ, ਭਾਵ ਉਸਨੂੰ ਕਿਸੇ ਵੀ ਲੱਖਪਤੀ ਦੀ ਪ੍ਰਵਾਹ ਨਹੀਂ ਰਹਿ ਗਈ।੧।ਰਹਾਉ।

੩. ਫੇਰ ਸੁਣੋ ! ਕਬੀਰ ਜੀ, ਕਪੜੇ ਉਣਨੇ ਤੇ ਤਾਣੇ ਤਣਨ ਦੀ (ਲਗਨ ਛੱਡ ਕੇ) ਉਸਨੇ ਪ੍ਰਭੂ ਚਰਨਾਂ ਦੀ ਲਗਨ (ਅੰਤਰ ਆਤਮੇ) ਲਾ ਲਈ, ਤਾਂ ਫਿਰ ਉਹ,

੪. ਨੀਵੀਂ ਜਾਤ ਦਾ ਕਬੀਰ ਜੁਲਾਹਾ ਗੁਣਾਂ ਦਾ ਸਮੁੰਦਰ ਬਣ ਗਿਆ, ਭਾਵ ਅਥਾਹ ਗੁਣਾਂ ਦਾ ਭੰਡਾਰ ਹੋ ਗਿਆ।੧।

੫. ਹੋਰ ਸੁਣੋ ! ਰਵਿਦਾਸ, ਪਹਿਲੋਂ ਨਿੱਤ ਮੋਏ ਹੋਏ ਪਸ਼ੂਆਂ ਨੂੰ ਢੋਂਦਾ ਰਹਿੰਦਾ ਸੀ, ਪਰ ਜਦੋਂ ਉਸਨੇ ਮਾਇਆ ਦਾ ਮੋਹ ਤਿਆਗ ਦਿੱਤਾ,

੬. ਤਦੋਂ ਉਹ ਸਾਧ ਸੰਗਤ ਵਿਚ ਰਲ ਕੇ ਉੱਘਾ ਹੋ ਗਿਆ, ਆਖ਼ਰ ਉਸਨੂੰ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਹੋ ਗਏ।੨।

੭. ਹੇ ਭਾਈ ! ਇਥੇ ਹੀ ਬੱਸ ਨਹੀਂ, ਹੋਰ ਸੁਣ ਲਓ। ਸੈਣ (ਜਾਤ ਦਾ) ਨਾਈ ਲੋਕਾਂ ਦੀਆਂ ਬੁਤੀਆਂ ਕੱਢਣ ਵਾਲਾ ਸੀ, ਪਰ ਉਹ ਘਰ-ਘਰ ਵਿਚ ਸੁਣਿਆ ਗਿਆ ਸੀ।

੮. ਕਿਉਂਕਿ ਉਸਦੇ ਹਿਰਦੇ ਵਿਚ ਪਰਮੇਸ਼ਰ ਵੱਸ ਗਿਆ ਸੀ, ਇਸੇ ਲਈ ਉਹ ਭਗਤਾਂ ਵਿਚ ਗਿਣਿਆ ਗਿਆ।੩।

੯. ਹੇ ਭਾਈਓ ! ਇਸ ਤਰ੍ਹਾਂ ਭਗਤਾਂ ਦੇ ਉੱਧਾਰ ਹੋਣ ਦੀਆਂ ਸਾਖੀਆਂ ਸੁਣ ਕੇ, ਧੰਨਾ ਜੱਟ ਵੀ ਉੱਠ ਕੇ ਭਗਤੀ ਕਰਨ ਲੱਗ ਪਿਆ।

੧੦. ਉਸਨੂੰ ਵੀ ਪਰਮੇਸ਼ਰ ਦਾ ਸਾਖਿਆਤ ਦਰਸ਼ਨ ਹੋਇਆ ਤੇ ਉਹ ਵੱਡੇ ਭਾਗਾਂ ਵਾਲਾ ਹੋ ਗਿਆ।੪।੨।

ਨੋਟ : ਇਸ ਸ਼ਬਦ ਤੋਂ ਪਹਿਲੋਂ ਦੇ ਸ਼ਬਦ ਦਾ ਸਿਰਲੇਖ ਆਇਆ ਹੈ (ਆਸਾ ਬਾਣੀ ਭਗਤ ਧੰਨੇ ਕੀ), ਇਸੇ ਸਿਰਲੇਖ ਹੇਠ ੩ ਸ਼ਬਦ ਹਨ, ਪਰ ਇਸ ਉਪ੍ਰੋਕਤ ਦੂਜੇ ਸ਼ਬਦ ਦਾ ਇਕ ਹੋਰ ਨਵਾਂ ਸਿਰਲੇਖ ਵੀ ਹੈ "ਮਹਲਾ ੫"। ਇਸ ਦੀ ਵੀਚਾਰ ਕਰਨ ਤੋਂ ਇਹ ਸਾਫ਼ ਪ੍ਰਗਟ ਹੋ ਆਉਂਦਾ ਹੈ ਕਿ ਇਨ੍ਹਾਂ ਤਿੰਨਾਂ ਸ਼ਬਦਾਂ ਵਿਚੋਂ ਇਹ ਦੂਜਾ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਉਚਾਰਨ ਕੀਤਾ ਹੋਇਆ ਹੈ।

ਪਰ ਜਦੋਂ ਅਸੀਂ ਇਹ ਖ਼ਿਆਲ ਕਰੀਏ ਕਿ ਇਸ ਸ਼ਬਦ ਦੇ ਅੰਤ ਵਿਚ ਉਨ੍ਹਾਂ ਨੇ ਨਾਨਕ ਨਾਮ ਕਿਉਂ ਨਹੀਂ ਵਰਤਿਆ, ਤਾਂ ਖੋਜ ਕਰਨ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਭਗਤਾਂ ਦੇ ਸ਼ਬਦ ਸਲੋਕਾਂ ਵਿਚ ਉਚਾਰਨ ਕੀਤੇ ਐਸੇ ਹੋਰ ਭੀ ਸ਼ਬਦ ਮਿਲਦੇ ਹਨ, ਜਿਥੇ ਕਿ ਉਨ੍ਹਾਂ ਨੇ ਨਾਨਕ ਨਾਮ ਨਹੀਂ ਵਰਤਿਆ। ਜਿਵੇਂ ਕਿ ਨਮੂਨੇ ਮਾਤ੍ਰ ਸਫ਼ੇ ਨੋਟ ਕਰਦੇ ਹਾਂ ਤਾਂਕਿ ਪਾਠਕ ਜਨ ਨਿਰਸੰਦੇਹ ਹੋ ਸਕਣ (ਵੇਖੋ, ਸਲੋਕ ਫ਼ਰੀਦ ਸਾਹਿਬ ਜੀ ਦੇ, ਨੰ: ੭੫, ੮੨, ੮੩, ੧੦੫, ੧੦੮, ੧੦੯, ੧੧੦, ੧੧੧,)।

'ਮਹਲਾ ੫' ਇਸ ਸਿਰਲੇਖ ਤੋਂ ਸਾਬਤ ਹੋ ਜਾਂਦਾ ਹੈ ਕਿ ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਹੈ।

ਜੇਕਰ ਇਹ ਖ਼ਿਆਲ ਕੀਤਾ ਜਾਵੇ ਕਿ ਇਹ ਸ਼ਬਦ ਧੰਨੇ ਭਗਤ ਦੇ ਸ਼ਬਦਾਂ ਵਿਚ ਕਿਉਂ ਦਰਜ ਕੀਤਾ ਗਿਆ ? ਅਤੇ ਸ਼ਬਦ ਦੀ ਅਖ਼ੀਰਲੀ ਪੰਗਤੀ ਵਿਚ ਨਾਨਕ ਲਫ਼ਜ਼ ਦੇ ਥਾਂ 'ਧੰਨਾ' ਕਿਉਂ ਵਰਤਿਆ ਹੈ ? ਇਸ ਦਾ ਸਾਫ਼ ਉੱਤਰ ਇਹੋ ਹੀ ਹੈ ਕਿ ਫ਼ਰੀਦ ਜੀ ਦੇ ਸਲੋਕਾਂ ਵਿਚ ਗੁਰੂ ਅਰਜਨ ਸਾਹਿਬ ਜੀ ਨੇ ਕੁਝ ਸਲੋਕ ਫ਼ਰੀਦ ਜੀ ਦੇ ਨਾਮ ਹੇਠ ਉਚਾਰਨ ਕੀਤੇ ਹਨ, ਉਨ੍ਹਾਂ ਦੀ ਪਛਾਣ ਕੇਵਲ ਇਹੋ ਹੈ ਕਿ ਉਨ੍ਹਾਂ ਉੱਤੇ ਸਿਰਲੇਖ "ਮਹਲਾ ੫" ਲਿਖਿਆ ਹੋਇਆ ਹੈ, ਉਹ ਸਲੋਕ ਫ਼ਰੀਦ ਜੀ ਦੇ ਸਲੋਕ ਉਚਾਰਨ ਕੀਤਿਆਂ ਨਾਲ ਸੰਬੰਧ ਰੱਖਦੇ ਹਨ, ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਇਹ ਸ਼ਬਦ ਧੰਨੇ ਭਗਤ ਨਾਲ ਸੰਬੰਧ ਰੱਖਦਾ ਹੈ।

ਸੋ ਇਸ ਸ਼ਬਦ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਧੰਨੇ ਜੀ ਦਾ ਪਰਮੇਸ਼ਰ ਦੀ ਭਗਤੀ ਵਿਚ ਲੱਗਣ ਦਾ ਅਸਲ ਕਾਰਣ ਸ੍ਰੀ ਨਾਮਦੇਵ, ਕਬੀਰ, ਰਵਿਦਾਸ ਤੇ ਸੈਣ ਜੀ ਦੀ ਭਗਤੀ ਦੁਆਰਾ ਹੋ ਰਹੀ ਸ਼ੋਭਾ ਹੀ ਇਕ ਮੂਲ ਕਾਰਣ ਸੀ, ਸੋ ਸਾਨੂੰ ਹਰ ਖ਼ਿਆਲ ਦੀ ਪ੍ਰਪੱਕਤਾ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਦਾ ਹੀ ਆਸਰਾ ਲੈਣਾ ਚਾਹੀਦਾ ਹੈ, ਕਿਉਂਕਿ ਜਦੋਂ ਹਿੰਦੂ ਮਤ ਦੇ ਅਸਰ ਹੇਠ ਦੱਬੇ ਹੋਏ ਲਿਖਾਰੀਆਂ ਦੀਆਂ ਮਨਘੜਤ ਘੜੀਆਂ ਸਾਖੀਆਂ ਦਾ ਆਸਰਾ ਲਵਾਂਗੇ ਤਾਂ ਸਾਨੂੰ ਜ਼ਰੂਰ ਟਪਲਾ ਲੱਗ ਸਕਦਾ ਹੈ।

ਸੋ ਇਸ ਸ਼ਬਦ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਜੇ ਧੰਨੇ ਭਗਤ ਨੇ ਪੱਥਰ ਪੂਜ ਕੇ ਰੱਬ ਲੱਭਾ ਹੁੰਦਾ, ਤਾਂ ਇਸ ਦਾ ਭਾਵ ਇਹੋ ਨਿਕਲਦਾ ਹੈ ਕਿ ਪੱਥਰ ਪੂਜ ਕੇ ਰੱਬ ਨੂੰ ਮਿਲਣ ਵਾਲੇ ਦੀ ਬਾਣੀ ਦਰਜ ਕਰ ਕੇ ਗੁਰੂ ਅਰਜਨ ਸਾਹਿਬ ਜੀ ਇਸ ਅਸੂਲ ਨੂੰ ਪ੍ਰਵਾਨ ਕਰਦੇ ਹਨ ਕਿ ਪੱਥਰ ਪੂਜਿਆਂ ਵੀ ਰੱਬ ਮਿਲ ਸਕਦਾ ਹੈ, ਪਰ ਗੁਰੂ ਅਰਜਨ ਪਾਤਸ਼ਾਹ ਦੀ ਬਾਣੀ ਵਿਚ ਆਪਣਾ ਹੁਕਮ ਇਸ ਤਰ੍ਹਾਂ ਹੈ :

ਜਿਸ ਪਾਹਨ ਕਉ ਠਾਕੁਰ ਕਹਤਾ॥
ਉਹੁ ਪਾਹਨੁ ਲੈ ਉਸ ਕਉ ਡੁਬਤਾ॥੨॥
ਗੁਨਹਗਾਰੁ ਲੂਣ ਹਰਾਮੀ॥
ਪਾਹਨ ਨਾਵ ਨ ਪਾਰਗਰਾਮੀ॥੩॥

(ਸੂਹੀ ਮਹਲਾ ੫)

੧. ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ
ਬਿਬਹਿ ਨ ਜਾਨਸਿ ਕੋਈ॥
੨. ਜੇ ਧਾਵਹਿ ਬ੍ਰਹਿਮੰਡ ਖੰਡ ਕਉ
ਕਰਤਾ ਕਰੈ ਸੁ ਹੋਈ॥੧॥ ਰਹਾਉ॥
੩. ਜਨਨੀ ਕੇਰੇ ਉਦਰ ਉਦਕ ਮਹਿ
ਪਿੰਡੁ ਕੀਆ ਦਸ ਦੁਆਰਾ॥
੪. ਦੇਇ ਅਹਾਰੁ ਅਗਨਿ ਮਹਿ ਰਾਖੈ
ਐਸਾ ਖਸਮੁ ਹਮਾਰਾ॥੧॥
੫. ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ
ਪੰਖ ਖੀਰੁ ਤਿਨ ਨਾਹੀ॥
੬. ਪੂਰਨ ਪਰਮਾਨੰਦ ਮਨੋਹਰ
ਸਮਝਿ ਦੇਖੁ ਮਨ ਮਾਹੀ॥੨॥
੭. ਪਾਖਣਿ ਕੀਟੁ ਗੁਪਤੁ ਹੋਇ ਰਹਤਾ
ਤਾ ਚੋ ਮਾਰਗੁ ਨਾਹੀ॥
੮. ਕਹੈ ਧੰਨਾ ਪੂਰਨ ਤਾਹੂ ਕੋ
ਮਤ ਰੇ ਜੀਅ ਡਰਾਂਹੀ॥੩॥੩॥

ਪਦ ਅਰਥ : ਚੇਤਸਿ ਕੀ ਨ—ਤੂੰ ਕਿਉਂ ਨਹੀਂ ਚੇਤੇ ਕਰਦਾ ? ਦਮੋਦਰ—ਜਿਸ ਦੇ ਪੇਟ ਨੂੰ ਰੱਸੀ ਬੱਧੀ ਸੀ, ਸੋ ਕ੍ਰਿਸ਼ਨ, ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਨੇ ਇਹ ਪਦ ਪਰਮਾਤਮਾ ਲਈ ਵਰਤਿਆ ਹੈ। ਦੂਸਰਾ ਅਰਥ ਕਰਦੇ ਹਨ ਜਿਸ ਦੇ ਪੇਟ ਵਿਚ ਸਾਰੀ ਵਿਸ਼ਵ ਹੋਵੇ, ਭਾਵ ਪਰਮੇਸ਼ਰ। ਬਿਬਹਿ—ਹੋਰ। ਨ ਜਾਨਸਿ—ਤੂੰ ਨਾ ਜਾਣੀ। ਧਾਵਹਿ—ਤੂੰ ਦੌੜੇਂਗਾ। ਬ੍ਰਹਿਮੰਡ ਖੰਡ ਕਉ—ਸਾਰੀ ਸ੍ਰਿਸ਼ਟੀ ਦੇ ਵੱਖ ਵੱਖ ਦੇਸ਼ਾਂ ਵਿਚ।੧।ਰਹਾਉ। ਜਨਨੀ—ਮਾਂ, ਮਾਤਾ। ਕੇਰੇ—ਦੇ। ਉਦਰ—ਪੇਟ। ਉਦਕ—ਪਾਣੀ, ਜਿਸ ਗਰਭਾਸ਼ਯ ਵਿਚ ਬੱਚਾ ਹੁੰਦਾ ਹੈ, ਉਸ ਵਿਚ ਬੱਚੇ ਦੇ ਉਦਾਲੇ ਪਾਣੀ ਹੁੰਦਾ ਹੈ। ਪਿੰਡੁ—ਸਰੀਰ। ਦਸ ਦੁਆਰਾ—ਦਸ ਦਰਵਾਜ਼ਿਆਂ ਵਾਲਾ [੨ ਕੰਨ, ੨ ਅੱਖਾਂ, ੨ ਨਾਸਾਂ, ੧ ਮੂੰਹ, ੧ ਗੁਦਾ, ੧ ਲਿੰਗ, ੧ ਤਾਲੂ]। ਦੇਇ—ਦੇ ਕੇ। ਅਹਾਰੁ—ਖ਼ੁਰਾਕ, ਭੋਜਨ। ਅਗਨਿ—ਪੇਟ ਦੀ ਜਠਰਾ ਅਗਨ।੧। ਕੁੰਮੀ—ਕਛੂ ਕੁੰਮੇ ਦੀ ਮਦੀਨ। ਮਾਹਿ—ਵਿਚ। ਤਿਸੁ ਤਨ—ਉਸ ਦੇ ਬੱਚੇ। ਭਾਵ ਹੈ ਉਸ ਦੇ ਅੰਡੇ। ਕੁੰਮੀ ਅੰਡੇ ਰੇਤੇ ਵਿਚ ਬਰੇਤਿਆਂ ਵਿਚ ਦੇ ਜਾਂਦੀ ਹੈ, ਬੱਚੇ ਆਪ ਅੰਡੇ ਤੋਂ ਨਿਕਲਦੇ ਤੇ ਪਲਦੇ ਹਨ, ਮਾਂ ਨਾ ਸੇਂਦੀ ਹੈ ਨਾ ਪਾਲਦੀ ਹੈ। ਪੰਖ—ਖੰਭ। ਖੀਰੁ—ਦੁੱਧ, (ਭਾਵ ਦੁੱਧ ਵਾਲੇ ਥਣ)। ਤਿਨ—ਉਨ੍ਹਾਂ ਨੂੰ। ਮਨੋਹਰ—ਸੁੰਦਰ। ਸਮਝਿ—ਸਮਝ ਕੇ।੨। ਪਾਖਣਿ—ਪੱਥਰ ਵਿਚ। ਕੀਟੁ—ਕੀੜਾ। ਗੁਪਤੁ—ਲੁਕਿਆ। ਤਾ ਚੋ—ਉਸ ਦਾ। ਮਾਰਗੁ—ਨਿਕਲਣ ਦਾ ਰਾਹ। ਤਾਹੂ ਕੋ—ਉਸ ਕੀੜੇ ਦਾ ਭੀ। ਰੇ ਜੀਅ—ਹੇ ਜਿੰਦੇ! ਪੂਰਨ—ਪਾਲਣਾ ਕਰਨ ਵਾਲਾ।੩।

ਅਰਥ :

ਪ੍ਰ: ਭਗਤ ਜੀ! ਇਸ ਮਨ ਨੂੰ ਪ੍ਰਭੂ ਦੇ ਸਿਮਰਨ ਵੱਲ ਜੋੜਨ ਦਾ ਸਦਾ ਹੀ ਜਤਨ ਕਰਦੇ ਹਾਂ, ਪਰ ਜੁੜਦਾ ਨਹੀਂ। ਕੋਈ ਸਾਧਨ ਦੱਸੋ, ਜਿਸ ਤਰ੍ਹਾਂ ਇਸ ਚੰਚਲ ਮਨ ਨੂੰ ਸਾਈਂ ਜੀ ਵੱਲ ਜੋੜ ਸਕੀਏ।

ਉ: ੧. ਜੇ ਮਿੱਤਰੋ! ਇਸ ਚੰਚਲ ਮਨ ਨੂੰ ਪ੍ਰਭੂ ਜੀ ਵੱਲ ਜੋੜਨ ਲਈ ਇਉਂ ਪਿਆਰ ਨਾਲ ਸਮਝਾਇਆ ਕਰੋ ਕਿ ਹੇ ਮੇਰੇ ਮਨਾ! (ਦੱਸ) ਤੂੰ ਉਸ ਦਿਆਲੂ ਪਰਮੇਸ਼ਰ ਨੂੰ ਕਿਉਂ ਨਹੀਂ ਸਿਮਰਦਾ ? ਕੀ ਤੈਨੂੰ ਇਹ ਗਿਆਨ ਨਹੀਂ ਕਿ ਉਸ ਸਾਈਂ ਜੀ ਤੋਂ ਬਿਨਾ ਤੇਰੇ ਦਿਲ ਦੀ ਦਸ਼ਾ ਨੂੰ ਹੋਰ ਕੋਈ ਵੀ ਨਹੀਂ ਜਾਣਦਾ, ਭਾਵ ਵੇਖੀਂ ਤੂੰ ਕਿਸੇ ਹੋਰ 'ਤੇ ਆਸ ਨਾ ਲਾਈ ਰੱਖੀਂ।

ਪ੍ਰ: ਕਿਉਂ ਜੀ! ਜਦ ਮੇਰੀ ਇਕ ਥਾਂ ਬੈਠਿਆਂ ਉਪਜੀਵਕਾ ਨਹੀਂ ਟੁਰਦੀ ਤਾਂ ਕੀ ਮੈਂ ਦੇਸ਼ ਨੂੰ ਛੱਡ ਕਿਸੇ ਪ੍ਰਦੇਸ ਵਿਚ ਜਾ ਕੇ ਸੁੱਖਾਂ ਦੀ ਪ੍ਰਾਪਤੀ ਲਈ ਉੱਦਮ ਨਹੀਂ ਕਰ ਸਕਦਾ ?

ਉ: ੨. ਐ ਸੱਜਨਾ, ਯਕੀਨ ਕਰ ਲੈ ਜੇ ਤੂੰ ਸਾਰੀ ਸ੍ਰਿਸ਼ਟੀ ਦੇ ਖੰਡਾਂ ਬ੍ਰਹਿਮੰਡਾਂ ਵਿਚ ਭਟਕਦਾ ਫਿਰੇਂਗਾ ਤਾਂ ਭੀ ਹੋਣਾ ਤਾਂ ਉਹੋ ਕੁਝ ਹੀ ਹੈ ਜੋ ਕਰਤਾਰ ਨੇ ਕਰਨਾ ਹੈ, ਕਿਉਂਕਿ ਹਰ ਥਾਂ ਕਰਤਾਰ ਤਾਂ ਇਕੋ ਹੀ ਹੈ।੧।ਰਹਾਉ।

੩. ਹੇ ਭਰਾਵਾ! ਜੇ ਤੈਨੂੰ ਯਕੀਨ ਨਹੀਂ ਆਉਂਦਾ ਤਾਂ ਦੇਖ ਉਸ ਸਾਈਂ ਜੀ ਨੇ ਮਾਤਾ ਦੇ ਪੇਟ ਦੇ ਪਾਣੀ ਵਿਚ ਇਹ ਸਾਡਾ ਦਸਾਂ ਦੁਆਰਿਆਂ ਵਾਲਾ ਸਰੀਰ ਬਣਾ ਦਿੱਤਾ ਹੈ।

੪. ਤੇ ਉਸ ਜਠਰਾ ਅਗਨੀ ਵਿਚ ਅਹਾਰ ਦੇਂਦਾ ਤੇ ਰੱਖਿਆ ਕਰਦਾ ਰਿਹਾ ਹੈ, ਵੇਖ ਲੈ ਉਹ ਸਾਡਾ ਮਾਲਕ ਐਸਾ (ਰਖਯਕ ਤੇ ਪਾਲਕ ਹੈ)।੧।

੫. (ਇਥੇ ਹੀ ਬੱਸ ਨਹੀਂ, ਸੁਣ) ਕਛੂ ਕੁੰਮੀ ਪਾਣੀ ਵਿਚ ਰਹਿੰਦੀ ਹੈ, ਪਰ ਉਹ ਬੱਚੇ ਪਾਣੀ ਤੋਂ ਬਾਹਰ ਜਾ ਕੇ ਬਰੇਤੀ ਵਿਚ ਦੇਂਦੀ ਹੈ, ਪਰ ਕੀ ਤੂੰ ਤਕਿਆ ਨਹੀਂ, ਨਾਂਹ ਤਾਂ ਉਨ੍ਹਾਂ ਬੱਚਿਆਂ ਨੂੰ ਖੰਭ ਹਨ ਕਿ ਉੱਡ ਕੇ ਕੁਝ ਖਾ ਸਕਣ ਅਤੇ ਨਾ ਹੀ ਕਛੂ ਕੁੰਮੀ ਨੂੰ ਥਣ ਹਨ ਕਿ ਬੱਚਿਆਂ ਨੂੰ ਦੁੱਧ ਪਿਆਵੇ। ਜਾਂ ਇਉਂ ਕਹੋ ਕਿ ਬੱਚਿਆਂ ਨੂੰ ਨਾ ਮਾਂ ਦੇ ਖੰਭਾਂ ਦੀ ਰਾਖੀ ਹੈ ਕੁੱਕੜੀ ਵਾਂਙੂ; ਅਤੇ ਨਾ ਹੀ ਗਊ ਮਹਿੰ ਵਾਂਙੂ ਮਾਂ ਦਾ ਦੁੱਧ ਪ੍ਰਾਪਤ ਹੁੰਦਾ ਹੈ।

੬. ਪਰ ਹੇ ਸੱਜਨਾ! ਹੁਣ ਤੂੰ ਆਪ ਹੀ ਵੀਚਾਰ ਕੇ ਵੇਖ ਲੈ ਕਿ ਉਹ ਸੁੰਦਰ ਪਰਮਾਨੰਦ ਪਰੀਪੂਰਨ ਮਨ ਨੂੰ ਮੋਹ ਲੈਣ ਵਾਲਾ ਆਪ ਹੀ ਉਨ੍ਹਾਂ ਦੀ (ਪਾਲਨਾ ਕਰਨ ਵਾਲਾ ਹੁੰਦਾ ਹੈ)।੨।

੭. ਫਿਰ ਹੋਰ ਵੇਖ! ਪੱਥਰ ਵਿਚ ਕੀੜਾ ਗੁਪਤ ਹੋ ਕੇ ਰਹਿੰਦਾ ਹੈ, ਉਸਨੂੰ ਬਾਹਰ ਜਾਣ ਔਣ ਲਈ ਕੋਈ ਰਸਤਾ ਵੀ ਨਹੀਂ ਹੁੰਦਾ। (ਕੀ ਤੂੰ ਉਸ ਬਾਰੇ ਕਦੀ ਸੋਚਿਆ ਹੈ?)

ਪ੍ਰ: ਕਿਉਂ ਜੀ। ਤੁਸੀਂ ਆਪ ਹੀ ਦੱਸ ਦਿਓ ਕਿ ਤੁਹਾਡੇ ਆਪਣੇ ਜੀਅ ਵਿਚ ਉਸ ਬਾਰੇ ਕੀ ਵਿਸ਼ਵਾਸ ਹੈ?

ਉ: ੮. ਧੰਨਾ ਜੀ ਆਖਦੇ ਹਨ ਕਿ ਐ ਪਿਆਰਿਓ! ਮੈਂ ਤਾਂ ਆਪਣੇ ਜੀਅ ਵਿਚ ਇਉਂ ਹੀ ਵਿਸ਼ਵਾਸ ਰੱਖਦਾ ਹਾਂ ਕਿ ਉਸ ਕੀੜੇ ਦੀ ਪਾਲਨਾ ਕਰਨ ਵਾਲਾ ਵੀ ਪੂਰਨ ਪਰਮੇਸ਼ਰ ਹੈ, (ਇਸ ਲਈ ਮੈਂ ਤਾਂ ਇਹੋ ਕਹਿੰਦਾ ਹਾਂ ਕਿ) ਹੇ ਮੇਰੇ ਜੀਅ, ਤੂੰ ਵੀ ਬਿਲਕੁਲ ਨਾ ਡਰੀਂ (ਕਿ ਉਹ ਤੈਨੂੰ ਕਦੇ ਭੁਲਾ ਦੇਵੇਗਾ)।੩।੩।

ਭਾਵਾਰਥ: ਇਸ ਸ਼ਬਦ ਵਿਚ ਭਗਤ ਜੀ ਨੇ ਉਸ ਸਾਈਂ ਜੀ ਨੂੰ ਪਾਲਕ ਤੇ ਰੱਖਿਅਕ ਦਰਸਾ ਕੇ ਆਪਣੀ ਰੱਖਿਆ ਤੇ ਪਾਲਣਾ ਲਈ ਉਸੇ ਉੱਤੇ ਸਿਦਕ ਧਾਰਨ ਦਾ ਉਪਦੇਸ਼ ਦਿੱਤਾ ਹੈ। ਪਾਠਕ ਜਨ ਦੇਖ ਰਹੇ ਹਨ ਕਿ ਇਨ੍ਹਾਂ ਸ਼ਬਦਾਂ ਵਿਚ ਕੋਈ ਭੀ ਗੁਰਮਤਿ ਤੋਂ ਉਲਟ ਸਿਧਾਂਤ ਨਹੀਂ ਦਿੱਸ ਰਿਹਾ।

ਆਸਾ ਸੇਖ ਫਰੀਦ ਜੀਉ ਕੀ ਬਾਣੀ॥

੧ਓ ਸਤਿਗੁਰ ਪ੍ਰਸਾਦਿ ॥

੧. ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
੨. ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
੩. ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
੪. ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥੧॥ ਰਹਾਉ॥
੫. ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
੬. ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥
੭. ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
੮. ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥
੯. ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
੧੦. ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥੧॥

ਪਦ ਅਰਥ: ਮੁਹਬਤਿ ਜਿੰਨ੍—ਜਿਨ੍ਹਾਂ ਦੀ ਮੁਹਬਤਿ। ਸਚਿਆ—ਸੱਚੇ ਆਸ਼ਕ, ਸੱਚੀ ਮੁਹੱਬਤ ਕਰਨ ਵਾਲੇ। ਸੇਈ—ਉਹੀ ਬੰਦੇ। ਜਿਨ੍ ਮਨਿ—ਜਿਨ੍ਹਾਂ ਦੇ ਮਨ ਵਿਚ। ਮੁਖਿ—ਮੂੰਹ ਵਿਚ। ਕਾਂਢੇ—ਕਹੇ ਜਾਂਦੇ ਹਨ। ਕਚਿਆ—ਕੱਚੀ ਪ੍ਰੀਤ ਵਾਲੇ।੧। ਰਤੇ—ਰੱਤੇ, ਰੰਗ ਹੋਏ, ਰਚੇ ਹੋਏ। ਇਸਕ—ਮੁਹੱਬਤ, ਪਿਆਰ। ਰੰਗਿ—ਰੰਗ ਵਿਚ। ਭੁਇ—ਧਰਤੀ ਉੱਤੇ। ਥੀਏ—ਹੋ ਗਏ ਹਨ।੧।ਰਹਾਉ। ਲੜਿ—ਲੜਿ ਨਾਲ; ਪੱਲੇ ਨਾਲ। ਦਰਿ—(ਪ੍ਰਭੂ) ਦੇ ਦਰ 'ਤੇ। ਸੇ—ਓਹੀ ਬੰਦੇ। ਜਣੇਦੀ—ਜੰਮਣ ਵਾਲੀ। ਧੰਨੁ—ਭਾਗਾਂ ਵਾਲੀ। ਮਾਉ—ਮਾਂ।੨। ਪਰਵਦਗਾਰ [ਫ: ਪਰਵਰਦਗਾਰ] ਪਾਲਣ ਵਾਲਾ। ਅਗਮ—ਹੇ ਅਪਹੁੰਚ। ਤੂ—ਤੈਨੂੰ। ਸਚੁ—ਸਦਾ ਥਿਰ ਰਹਿਣ ਵਾਲੇ ਨੂੰ। ਮੂੰ—ਮੈਂ।੩। ਪਨਹ—ਓਟ, ਪਨਾਹ। ਖੁਦਾਇ—ਹੇ ਖ਼ੁਦਾ! ਹੇ ਪ੍ਰਭੂ! ਬਖਸੰਦਗੀ—ਬਖ਼ਸ਼ਣ ਵਾਲਾ। ਫਰੀਦੈ—ਫ਼ਰੀਦ ਨੂੰ। ਬੰਦਗੀ—ਭਗਤੀ।

ਅਰਥ:

ਪ੍ਰ: ਭਗਤ ਜੀਉ! ਤੁਸੀਂ ਰੱਬ ਦੇ ਸੱਚੇ ਪ੍ਰੇਮੀ ਕਿਨ੍ਹਾਂ ਨੂੰ ਸਮਝਦੇ ਹੋ?

ਉ: ੧. ਹੇ ਪਿਆਰਿਓ! ਅਸਲ ਵਿਚ ਰੱਬ ਦੇ ਸੱਚੇ ਪ੍ਰੇਮੀ ਉਨ੍ਹਾਂ ਨੂੰ ਹੀ ਸਮਝੋ ਜਿਨ੍ਹਾਂ ਮਨੁੱਖਾਂ ਦਾ ਰੱਬ ਨਾਲ ਦਿਲੀ ਪਿਆਰ ਹੈ।

ਪ੍ਰ: ਕਿਉਂ ਜੀ! ਮੁਖੋਂ ਤਾਂ ਹਰ ਕੋਈ ਹੀ ਆਪ ਨੂੰ ਰੱਬ ਦਾ ਸੱਚਾ ਪਿਆਰਾ ਆਖਦਾ ਹੈ, ਪਰ ਉਨ੍ਹਾਂ ਵਿਚੋਂ ਸੱਚੇ ਦੀ ਪਛਾਣ ਕਿਵੇਂ ਹੋ ਸਕੇ?

ਉ: ੨. ਐ ਸੱਜਨੋ! ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੈ ਅਤੇ ਮੂੰਹੋਂ ਕੁਝ ਹੋਰ ਆਖਦੇ ਹਨ, ਉਹ ਕੱਚੇ (ਝੂਠੇ) ਕਹੇ ਜਾਂਦੇ ਹਨ (ਭਾਵ ਹੈ ਕਿ ਜਿਨ੍ਹਾਂ ਦੇ ਮਨ ਵਿਚ ਝੂਠੀ ਦੁਨੀਆ ਦਾ ਪਿਆਰ ਹੈ, ਸਿਰਫ਼ ਮੁਖੋਂ ਹੀ ਰੱਬ ਦੇ ਪਿਆਰੇ ਆਖੀ ਜਾਂਦੇ ਹਨ, ਉਹ ਕੱਚੇ ਆਸ਼ਕ ਆਖੇ ਜਾਂਦੇ ਹਨ)।੧।

ਪ੍ਰ: ਕਿਉਂ ਜੀ! ਉਨ੍ਹਾਂ ਸੱਚਿਆਂ ਦੀ ਹੋਰ ਕੀ ਪਛਾਣ ਹੈ?

ਉ: ੩. ਹੇ ਭਰਾਵੋ! ਜੋ ਸੱਚੇ ਆਸ਼ਕ ਹਨ, ਉਹ ਤਾਂ ਰੱਬ ਦੇ ਪਿਆਰ-ਰੰਗ ਵਿਚ ਹੀ ਸਦਾ ਰੰਗੇ ਰਹਿੰਦੇ ਹਨ, (ਅਤੇ ਉਨ੍ਹਾਂ ਨੂੰ ਹੀ ਅਸਲੀ ਮਨੁੱਖ ਸਮਝਿਆ ਜਾਂਦਾ ਹੈ।)

ਪ੍ਰ: ਭਗਤ ਜੀਉ! ਪਰ ਜਿਨ੍ਹਾਂ ਨੂੰ ਰਾਮ ਭੁੱਲ ਹੀ ਗਿਆ ਹੈ, ਉਨ੍ਹਾਂ ਬਾਰੇ ਆਪ ਜੀ ਦਾ ਕੀ ਵੀਚਾਰ ਹੈ?

ਉ: ੪. ਹੇ ਮਿੱਤਰੋ! ਜਿਨ੍ਹਾਂ ਮਨੁੱਖਾਂ ਨੂੰ ਰੱਬ ਦਾ ਨਾਮ (ਉੱਕਾ ਹੀ) ਭੁੱਲ ਗਿਆ ਹੈ, ਉਹ ਤਾਂ ਧਰਤੀ ਉੱਤੇ ਨਿਰਾ ਭਾਰ ਹੀ ਹਨ।੧।ਰਹਾਉ।

ਪ੍ਰ: ਭਗਤ ਜੀ! ਜਿਨ੍ਹਾਂ ਨੂੰ ਤੁਸੀਂ ਸੱਚੇ ਪਿਆਰ ਵਾਲੇ ਕਹਿੰਦੇ ਹੋ, ਆਖ਼ਰ ਉਨ੍ਹਾਂ ਨੂੰ ਫਲ ਕੀ ਮਿਲਦਾ ਹੈ?

ਉ: ੫. ਐ ਭਾਈਓ! (ਉਨ੍ਹਾਂ ਸੱਚੇ ਪ੍ਰੇਮੀਆਂ ਨੂੰ) ਰੱਬ ਜੀ ਨੇ ਆਪ ਹੀ ਆਪਣੇ ਲੜ ਲਾ ਲਿਆ ਹੈ, ਉਹੀ ਮਨੁੱਖ ਰੱਬ ਦੇ ਦਰਵਾਜ਼ੇ 'ਤੇ (ਸਚੇ) ਦਰਵੇਸ਼ ਫ਼ਕੀਰ ਹਨ।

੬. (ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾਇਆ ਹੈ) ਉਹਨਾਂ ਦੀ ਜੰਮਣ ਵਾਲੀ ਤਾਂ ਮਾਂ ਭੀ ਧੰਨ ਹੈ, ਭਾਗਾਂ ਵਾਲੀ, ਸਫਲ ਹੈ।੨।

ਪ੍ਰ: ਭਗਤ ਜੀ! ਦੱਸੋ ਅਜਿਹੇ ਸੱਚੇ ਰੱਬ ਦੇ ਆਸ਼ਕਾਂ ਦੀ ਮਾਨਸਕ ਕ੍ਰਿਆ ਕੈਸੀ ਹੋ ਜਾਂਦੀ ਹੈ?

ਉ: ੭. ਹੇ ਸੱਜਨੋ! ਉਹ ਤਾਂ ਮਨ ਕਰਕੇ ਸਦਾ ਇਉਂ ਹੀ ਕਹਿੰਦੇ ਰਹਿੰਦੇ ਹਨ ਕਿ ਹੇ ਪਾਲਣਹਾਰ! ਹੇ ਬੇਅੰਤ! ਹੇ ਸਾਡੀ ਪਹੁੰਚ ਤੋਂ ਪਰੇ! ਹੇ ਅਨੰਤ ਸਰੂਪ ਜੀਉ!

੮. ਜਿਨ੍ਹਾਂ ਨੇ ਤੈਨੂੰ ਪਛਾਣ ਲਿਆ ਹੈ, ਮੈਂ ਉਨ੍ਹਾਂ ਦੇ ਪੈਰ ਚੁੰਮਦਾ ਹਾਂ।੩।

੯. ਆਖ਼ਰ ਇਉਂ ਅਰਦਾਸ ਕਰਦੇ ਹਨ ਕਿ ਹੇ ਖ਼ੁਦਾ! ਮੈਂ ਤੇਰੀ ਸ਼ਰਣ ਆਇਆ ਹਾਂ, ਮੈਨੂੰ ਤੇਰਾ ਹੀ ਆਸਰਾ ਹੈ, ਤੂੰ ਬਖ਼ਸ਼ਣ ਵਾਲਾ ਹੈਂ।

੧੦. ਮੈਂ ਸ਼ੇਖ਼ ਫ਼ਰੀਦ ਨੂੰ ਆਪਣੀ ਭਗਤੀ ਦੀ ਖ਼ੈਰ ਦਾਨ ਦਿਓ, ਆਪਣੀ ਬੰਦਗੀ ਦਾ ਖ਼ੈਰ ਪਾਓ ਜੀ।੪।੧।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਨੇ ਮਨ ਕਰਕੇ ਹੋਰ ਤੇ ਮੁਖ ਕਰਕੇ ਕੁਝ ਹੋਰ ਅਰਥਾਤ ਕਚਿਆਂ ਦਾ ਟਾਕਰਾ ਕਰਕੇ ਸੱਚੇ ਪਿਆਰਿਆਂ ਦੀ ਸਲਾਹੁਤਾ ਕੀਤੀ ਹੈ। ਆਖ਼ਰ ਵਿਚ ਰੱਬ ਦੇ ਸੱਚੇ ਪਿਆਰ ਵਾਲਿਆਂ ਦੀ ਸੇਵਾ ਦੀ ਮੰਗ ਮੰਗੀ ਹੈ ਅਤੇ ਭਗਤੀ ਦੀ ਜਾਚਨਾ ਕੀਤੀ ਹੈ।

ਆਸਾ ॥

੧. ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥
੨. ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥
੩. ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥
੪. ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥
੫. ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥
੬. ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
੭. ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥
੮. ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥
੯. ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥
੧੦. ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
੧੧. ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥
੧੨. ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
੧੩. ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥
੧੪. ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
੧੫. ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥
੧੬. ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
੧੭. ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥

ਪਦ ਅਰਥ : ਬੋਲੈ—ਆਖਦਾ ਹੈ। ਪਿਆਰੇ—ਹੇ ਪਿਆਰੇ ਅਲਹ ਲਗੇ—ਅਲਹ ਨਾਲ ਲਗ, ਪਰਮੇਸ਼ਰ ਨਾਲ ਜੁੜ। ਹੋਸੀ—ਹੋ ਜਾਏਗਾ। ਗੋਰ—ਕਬਰ।੧। ਆਜੁ—ਅੱਜ, ਇਸ ਮਨੁੱਖਾ ਜਨਮ ਵਿਚ ਹੀ। ਫਰੀਦ—ਹੇ ਫ਼ਰੀਦ। ਟਾਕਿਮ—ਰੋਕ, ਕਾਬੂ ਕਰ। ਕੂੰਜੜੀਆ—ਭਾਵ ਇੰਦ੍ਰੀਆਂ ਨੂੰ। ਮਨਹੁ ਮਚਿੰਦੜੀਆ—ਮਨ ਨੂੰ ਮਚਾਉਣ ਵਾਲੀਆਂ ਨੂੰ।੧।ਰਹਾਉ। ਜੇ ਜਾਣਾ—ਜਦੋਂ ਇਹ ਪਤਾ ਹੈ। ਘੁਮਿ—ਮੁੜ ਕੇ, ਫਿਰ। ਲਗਿ—ਲੱਗ ਕੇ। ਆਪੁ—ਆਪਣੇ ਆਪ ਨੂੰ। ਨ ਵਞਾਈਐ—ਜ਼ਾਇਆ ਨਾ ਕਰੀਏ, ਗੁਆ ਨਾ ਲਈਏ, ਨਿਸਫਲ ਨਾ ਗੁਆਈਏ, ਖ਼ੁਆਰ ਨਹੀਂ ਕਰਨਾ ਚਾਹੀਦਾ।੨। ਵਾਟ—ਰਸਤਾ, ਤਰੀਕਾ, ਪ੍ਰਮਾਰਥ ਦਾ ਰਾਹ। ਮੁਰੀਦਾ—ਮੁਰੀਦ ਬਣ ਕੇ, ਸਿੱਖ ਬਣ ਕੇ। ਜੋਲੀਐ—ਤੁਰਨਾ ਚਾਹੀਦਾ ਹੈ।੩। ਛੈਲ—ਬਾਂਕੇ ਜੁਆਨ, ਸੰਤ ਜਨ, ਮਹਾਂ ਪੁਰਖ। ਗੋਰੀ ਮਨੁ—ਕਮਜ਼ੋਰ ਇਸਤ੍ਰੀ ਦਾ ਮਨ, ਏਥੇ ਭਾਵ ਜਗਯਾਸੂ ਤੋਂ ਹੈ ਜੋ ਸਾਧਨ ਕਰ ਰਹੇ ਹਨ, ਪਰ ਅਜੇ ਗੁਰਮੁਖ ਪਦਵੀ 'ਤੇ ਨਹੀਂ ਅਪੜੇ। ਧੀਰਿਆ—ਹੌਂਸਲਾ ਫੜਦਾ ਹੈ। ਕੰਚਨ ਵੰਨੇ ਪਾਸੇ—ਸੋਨੇ ਦੇ ਰੰਗ ਦੇ, ਭਾਵ ਸੋਹਣੇ, ਜੋ ਧਨ ਪਦਾਰਥ ਵਲ ਲੱਗ ਪਏ। ਕਲਵਤਿ—ਕਲਵੱਤ੍ਰ ਨਾਲ, ਆਰੇ ਨਾਲ।੪। ਸੇਖ—ਹੇ ਸ਼ੇਖ਼ ਫ਼ਰੀਦ। ਹੈਯਾਤੀ—ਉਮਰ, ਜ਼ਿੰਦਗੀ, ਜੀਵਨ। ਜਗਿ—ਜਗਤ ਵਿਚ। ਥਿਰੁ—ਸਦਾ ਕਾਇਮ। ਆਸਣਿ—ਥਾਂ ਤੇ। ਕੇਤੇ—ਕਈ। ਬੈਸਿ ਗਇਆ—ਬਹਿਕੇ ਚਲੇ ਗਏ ਹਨ।੫। ਚੇਤਿ—ਚੇਤਰ ਦੇ ਮਹੀਨੇ ਵਿਚ। ਡਉ—ਜੰਗਲ ਦੀ ਅੱਗ, ਬੇਲਿਆਂ ਦੇ ਕਾਨਿਆਂ ਦੀ ਅੱਗ। ਸਾਵਣਿ—ਸਾਵਣ ਦੇ ਮਹੀਨੇ ਵਿਚ। ਸੋਹੰਦੀਆਂ—ਸੋਹਣੀਆਂ ਲਗਦੀਆਂ ਹਨ। ਪਿਰ ਗਲਿ—ਪਤੀ ਦੇ ਗਲ ਵਿਚ। ਬਾਹੜੀਆਂ—ਸੋਹਣੀਆਂ ਬਾਹਾਂ।੬। ਚਲੇ—ਤੁਰੇ ਜਾ ਰਹੇ ਹਨ। ਚਲਣਹਾਰ—ਨਾਸਵੰਤ ਜੀਵ। ਛਿਅ ਮਾਹ—ਛੇ ਮਹੀਨੇ। ਹਿਕੁ ਖਿਨੋ—ਇੱਕ ਪਲ।੭। ਜਿਮੀ ਪੁਛੈ ਅਸਮਾਨ—ਇਹ ਵਾਕ ਅਲੰਕਾਰਕ ਹੈ ਕਿ ਮਰ ਕੇ ਰੂਹਾਂ ਜੋ ਸਰੀਰ ਛੋਡ ਗਈਆਂ, ਉਹ ਉਡ ਅਸਮਾਨੇ ਗਈਆਂ, ਇਸ ਕਰਕੇ ਇਹ ਅਸਮਾਨ ਤੋਂ ਪੁੱਛ ਹੈ, ਉਹ ਅਗੋਂ ਕਹਿੰਦਾ ਹੈ ਕਿ ਹੇ ਜ਼ਿਮੀਏ! ਉਹ ਤੇਰੇ ਹੀ ਵਿਚ ਕਬਰਾਂ ਵਿਚ ਪਏ ਸਮਾਂ ਕੱਟਦੇ ਹਨ ਤੇ ਪਛੋਤਾਵੇ ਵਿਚ ਹਨ, ਉਹ ਮੇਰੇ ਪਾਸ ਨਹੀਂ ਆਏ। ਖੇਵਟ—ਮਲਾਹ, ਵੱਡੇ-ਵੱਡੇ ਆਗੂ। ਕਿੰਨਿ—ਕਿੰਨੇ, ਕਿਤਨੇ ਕੁ। ਗਏ—ਲੰਘ ਗਏ ਹਨ। ਜਾਲਣ—ਦੁਖ ਸਹਾਰਨੇ। ਗੋਰਾਂ ਨਾਲਿ—ਕਬਰਾਂ ਨਾਲ। ਜੀਅ—ਜਿੰਦ, ਜੀਵ।੮।

ਅਰਥ :

ਪ੍ਰ: ਫ਼ਰੀਦ ਜੀਉ! ਮਨ ਬੜਾ ਹੀ ਚੰਚਲ ਹੈ, ਇਸ ਨੂੰ ਸਾਈਂ ਜੀ ਵੱਲ ਜੋੜਨ ਦਾ ਬਹੁਤ ਯਤਨ ਕਰਦੇ ਹਾਂ, ਪਰ ਬਾਰ

ਬਾਰ ਰੋਕਣ ਤੋਂ ਵੀ ਸੰਸਾਰ ਵਲੋਂ ਮੁੜਦਾ ਨਹੀਂ, ਪਰ ਜੋ ਸਾਧਨ ਤੁਸੀਂ ਇਸ ਨੂੰ ਰੋਕਣ ਦਾ ਕਰਦੇ ਹੋ ਉਹ ਸਾਨੂੰ ਵੀ ਉਪਾਉ ਦੱਸੋ।

ਉ: ੧. ਸ਼ੇਖ਼ ਫ਼ਰੀਦ ਜੀ ਆਖਦੇ ਹਨ ਕਿ ਐ ਪਿਆਰਿਓ, ਮੈਂ ਤਾਂ ਇਸ ਆਪਣੇ ਮਨ ਨੂੰ ਸਾਈਂ ਜੀ ਵੱਲ ਜੋੜਨ ਲਈ ਇਉਂ ਪਿਆਰ ਨਾਲ ਪ੍ਰੇਰਦਾ ਰਹਿੰਦਾ ਹਾਂ ਕਿ ਹੇ ਪਿਆਰੇ (ਤੂੰ) ਰੱਬ ਦੇ ਚਰਨਾਂ ਵਿਚ ਜੁੜਨਾ ਕਰ।

ਪ੍ਰ: ਸ਼ੇਖ਼ ਜੀ, ਇਹ ਤਾਂ ਅਸੀਂ ਭੀ ਇਸ ਮੂਰਖ ਮਨ ਨੂੰ ਕਹਿੰਦੇ ਹਾਂ, ਪਰ ਮੰਨਦਾ ਹੀ ਨਹੀਂ, ਪਰ ਦੱਸੋ ਇਸ ਸੂਰਤ ਵਿਚ ਫਿਰ ਸਾਨੂੰ ਕੀ ਕੁਝ ਕਰਨਾ ਚਾਹੀਦਾ ਹੈ? ਜੋ ਕੁਝ ਸਾਧਨ ਤੁਸੀਂ ਕਰਦੇ ਹੋ, ਅਸੀਂ ਭੀ ਉਹੋ ਕੁਝ ਕਰੀਏ?

ਉ: ੨. ਹੇ ਭਾਈ! ਫਿਰ ਮੈਂ ਇਸ ਆਪਣੇ ਮਨ ਨੂੰ ਇਹ ਭੈ-ਦਾਇਕ ਸ਼ਬਦ ਕਹਿ ਕੇ ਸਿੱਖਿਆ ਦੇਂਦਾ ਹਾਂ ਕਿ ਹੇ ਪਿਆਰਿਆ, ਸਾਡਾ ਜੋ ਇਹ ਸਰੀਰ ਹੈ, (ਕੀ ਤੈਨੂੰ ਪਤਾ ਹੈ) ਕਿ ਇਹ ਵੀਚਾਰੀ ਕਬਰ ਦੇ ਘਰ ਵਿਚ ਪੈ ਕੇ ਮਿੱਟੀ ਹੋ ਜਾਵੇਗਾ।੧।

ਪ੍ਰ: ਸ਼ੇਖ਼ ਜੀ! ਉਸ ਅੱਲਾ ਨਾਲ ਮਿਲਾਪ ਹੋਣ ਬਾਰੇ ਤੁਹਾਡਾ ਆਪਣਾ ਕੀ ਯਕੀਨ ਹੈ?

ਉ: ੩. ਹੇ ਮਿੱਤਰੋ! ਮੈਂ ਤਾਂ ਆਪਣੇ ਆਪ ਨੂੰ ਇਉਂ ਕਹਿੰਦਾ ਹੋਇਆ ਸਦਾ ਹੀ ਤਸੱਲੀ ਕਰਵਾਂਦਾ ਰਹਿੰਦਾ ਹਾਂ ਕਿ ਹੇ ਸ਼ੇਖ਼ ਫ਼ਰੀਦ! ਤੇਰਾ ਤਾਂ ਅੱਜ ਹੀ, ਭਾਵ ਇਸ ਮਨੁੱਖਾ ਜਨਮ ਵਿਚ ਹੀ ਰੱਬ ਨਾਲ ਮਿਲਾਪ ਹੋ ਸਕਦਾ ਹੈ, ਜੇ ਕਦੀ ਤੂੰ ਆਪਣੀਆਂ ਸਰੀਰਕ ਇੰਦ੍ਰੀਆਂ ਨੂੰ ਰੋਕ ਲਵੇਂ, ਜੋ ਕਿ ਮਨ ਦੀਆਂ ਮਚਾਈਆਂ ਹੋਈਆਂ ਭਾਵ ਚੰਚਲ ਕੀਤੀਆਂ ਰਹਿੰਦੀਆਂ ਹਨ ਤੇ ਇਸ ਮਨ ਨੂੰ ਸਦਾ ਮਚਾਉਣ ਤੇ ਉਕਸਾਉਣ ਵਾਲੀਆਂ ਹਨ।੧।ਰਹਾਉ।

ਪ੍ਰ: ਭਗਤ ਜੀਉ! ਪਰ ਇਹ ਤਾਂ ਦੱਸੋ ਕਿ ਇਸ ਮਨ ਨੂੰ ਉਕਸਾਉਣ ਵਾਲੀਆਂ ਇੰਦ੍ਰੀਆਂ ਨੂੰ ਵੱਸ ਕਰਨ ਦਾ ਕੀ ਉਪਾਉ ਹੈ?

ਉ: ਹੇ ਪਿਆਰਿਓ! ਇਸ ਦਾ ਉਪਾਓ ਕੇਵਲ ਇਕ ਵੈਰਾਗ ਨੂੰ ਆਪਣੇ ਅੰਦਰ ਪੈਦਾ ਕਰਨਾ ਜ਼ਰੂਰੀ ਹੈ।

ਪ੍ਰ: ਹਜ਼ੂਰ! ਤਾਂ ਫਿਰ ਉਸ ਵੈਰਾਗ ਉਤਪਤੀ ਹੋਣ ਲਈ ਕੋਈ ਉਪਦੇਸ਼ ਬਖ਼ਸ਼ੋ।

ਉ: ੪. ਹੇ ਪਿਆਰਿਓ! ਮੈਂ ਤਾਂ ਮਨ ਨੂੰ ਇਉਂ ਹੀ ਸਿੱਖਿਆ ਦੇਂਦਾ ਰਹਿੰਦਾ ਹਾਂ ਕਿ ਹੇ ਮੇਰੇ ਪਿਆਰੇ ਮਨਾ! ਜਦੋਂ ਤੈਨੂੰ ਇਹ ਪਤਾ ਹੈ ਕਿ ਇਸ (ਦੁਨੀਆ ਵਿਚੋਂ) ਆਖ਼ਰ ਮਰਨਾ ਹੈ ਤੇ ਮੁੜ ਕੇ ਇਸ ਦੁਨੀਆ ਵਿਚ ਨਹੀਂ ਆਈਦਾ।

੫. ਤਾਂ ਫਿਰ ਤੂੰ ਦੱਸ ਇਸ ਝੂਠੀ ਦੁਨੀਆ ਪਿੱਛੇ ਲੱਗ ਕੇ (ਮਗਨ ਹੋ ਕੇ) ਤੈਨੂੰ ਆਪਣਾ ਆਪ ਵੀ ਗੁਆਉਣਾ ਨਹੀਂ ਚਾਹੀਦਾ, ਭਾਵ ਹੈ ਕਿ ਇਸ ਨਾਸਵੰਤ ਦੁਨੀਆ ਵਲੋਂ ਸਦਾ ਹੀ ਵੈਰਾਗ ਰੱਖ।੨।

ਪ੍ਰ: ਫ਼ਰੀਦ ਜੀ! ਉੱਚਾ ਆਚਰਣ ਹੋਣ ਦਾ ਕੀ ਉਪਾਉ ਹੈ, ਇਹ ਭੀ ਕਿਰਪਾ ਕਰਕੇ ਦੱਸ ਦਿਓ?

ਉ: ੬. ਹੇ ਮਿੱਤਰੋ! ਜਦੋਂ ਵੀ ਬੋਲੀਏ ਤਦੋਂ ਸੱਚ ਧਰਮ ਹੀ ਬੋਲੀਏ। ਝੂਠ ਕਦੀ ਵੀ ਨਹੀਂ ਬੋਲਣਾ ਚਾਹੀਦਾ।

ਪ੍ਰ: ਕਿਉਂ ਜੀ! ਹੋਰ ਕੀ ਕੁਝ ਕਰਨਾ ਚਾਹੀਦਾ ਹੈ?

ਉ: ੭. ਹੇ ਸੱਜਨੋ! ਜੋ ਰਸਤਾ ਗੁਰੂ ਦੱਸੇ (ਮੁਰੀਦਾਂ ਸਿੱਖਾਂ ਨੂੰ ਉਸੇ ਉੱਪਰ ਚਲਣਾ ਚਾਹੀਦਾ ਹੈ, ਭਾਵ ਹੈ ਜੋ ਨਾਮ, ਸੇਵਾ, ਸਿਮਰਨ ਦਾ ਗੁਰੂ ਉਪਦੇਸ਼ ਕਰੇ, ਉਸ ਦੀ ਕਮਾਈ ਕਰਨੀ ਚਾਹੀਦੀ ਹੈ।੩।

ਪ੍ਰ: ਫ਼ਰੀਦ ਜੀਉ! ਇਹ ਮਨ ਸੰਸਾਰ ਸਾਗਰ ਦੇ ਤਰਨ ਵਲੋਂ ਬਹੁਤਾ ਹੀ ਡਾਵਾਂ ਡੋਲ ਰਹਿੰਦਾ ਹੈ, ਤਾਂ ਇਸ ਨੂੰ ਕਿਵੇਂ ਧੀਰਜਤਾ ਦਿੱਤੀ ਜਾਵੇ ਕਿ ਤੂੰ ਗ਼ਮ ਨਾ ਕਰ, ਆਖ਼ਰ ਤੂੰ ਭੀ ਤਰ ਜਾਏਂਗਾ?

ਉ: ੮. ਹੇ ਭਾਈਓ! ਵੇਖੋ, ਜਿਵੇਂ ਇਕ ਕੋਮਲ ਸੁੰਦਰ ਕਮਜ਼ੋਰ ਇਸਤ੍ਰੀ ਜੋ ਕਿ ਨਦੀ ਦੇ ਕਿਨਾਰੇ ਡਰਦੀ ਹੋਈ ਖੜੀ ਹੈ, (ਪਰ ਸੋਚਦੀ ਹੈ ਕਿ ਮੈਂ ਇਸ ਨਦੀ ਤੋਂ ਪਾਰ ਕਿਵੇਂ ਹੋ ਸਕਦੀ ਹਾਂ) ਪਰ ਜਦੋਂ ਉਹ ਬਾਂਕੇ ਬਹਾਦਰ ਜੁਆਨਾਂ ਨੂੰ ਨਦੀਓਂ ਪਾਰ ਲੰਘਦੇ ਵੇਖਦੀ ਹੈ, ਤਾਂ ਉਸ ਕਮਜ਼ੋਰ ਇਸਤ੍ਰੀ ਦਾ ਮਨ ਭੀ ਹੌਂਸਲਾ ਫੜ ਲੈਂਦਾ ਹੈ, ਤੇ ਪਾਰ ਲੰਘਣ ਦਾ ਹੀਆ ਕਰਦੀ ਹੈ। ਇਸੇ ਤਰ੍ਹਾਂ ਸੰਤ ਜਨਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਦਿਆਂ ਵੇਖ ਕੇ ਕਮਜ਼ੋਰ ਦਿਲ ਜਗਿਆਸੂਆਂ ਨੂੰ ਵੀ ਹੌਂਸਲਾ ਬੱਝ ਜਾਂਦਾ ਹੈ ਕਿ ਇਹ ਸੰਸਾਰ ਸਾਗਰ ਅਣਤਾਰੂ ਨਹੀਂ, ਇਸ ਨੂੰ ਤਰ ਸਕੀਦਾ ਹੈ, ਤਾਂ ਤੇ ਹੇ ਮਨ! ਤੂੰ ਸੰਤ ਜਨਾਂ ਦੀ ਸੰਗਤ ਕਰ, ਮੁਰਾਦ ਹੈ ਸਤਿ ਸੰਗਤ ਕਰੋ ਤਾਂ ਕਿ ਨਾਮ ਅਰਾਧਨ ਵਿਚ ਹੌਂਸਲਾ ਨ ਗਿਰ ਜਾਏ।

ਪ੍ਰ: ਫ਼ਰੀਦ ਜੀਉ! ਜੋ ਲੋਕ ਗੁਰੂ ਦਾ ਦੱਸਿਆ ਭਗਤੀ ਮਾਰਗ ਛੱਡ ਕੇ ਮਾਇਕੀ ਪਦਾਰਥਾਂ ਨੂੰ ਇਕੱਤ੍ਰ ਕਰਨ ਵਿਚ ਲੱਗੇ ਹੋਏ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ?

ਉ: ੯. ਸੱਜਨੋ! ਜੇ ਕੋਈ ਗੁਰੂ ਦਾ ਦੱਸਿਆ ਭਗਤੀ ਮਾਰਗ ਛੱਡ ਕੇ ਸੋਨੇ ਵਾਲੇ ਪਾਸੇ ਲੱਗ ਪਏ ਹਨ (ਭਾਵ ਮਾਇਆ ਜੋੜਨ ਲੱਗ ਪੈਂਦੇ ਹਨ) ਉਹ ਆਰੇ ਨਾਲ ਚੀਰੇ ਜਾਂਦੇ ਹਨ, ਭਾਵ ਦੁੱਖੀ ਜੀਵਨ ਬਤੀਤ ਕਰਦੇ ਹਨ।੪।

ਪ੍ਰ: ਫ਼ਰੀਦ ਜੀਉ! ਉਹ ਵੀਚਾਰ ਦੱਸੋ ਕਿ ਜਿਸ ਦੁਆਰਾ ਮਨ ਵਿਚ ਵੈਰਾਗ ਉਤਪੰਨ ਹੋਵੇ?

ਉ: ੧੦. ਸ਼ੇਖ਼ ਫ਼ਰੀਦ ਜੀ ਕਹਿੰਦੇ ਹਨ ਕਿ ਹੇ ਸੱਜਨੋ! ਇਉਂ ਵੀਚਾਰ ਕਰਦੇ ਰਿਹਾ ਕਰੋ ਕਿ ਇਸ ਜਗਤ ਵਿਚ ਜੀਵਨ ਕਰਕੇ ਕੋਈ ਵੀ ਥਿਰ ਨਹੀਂ ਰਿਹਾ, ਭਾਵ ਹੈ ਕਿ ਅਮਰ ਹੋ ਕੇ ਕੋਈ ਸਦਾ ਜੀਉਂਦਾ ਨਹੀਂ ਰਿਹਾ।

੧੧. ਵੇਖੋ, ਜਿਸ ਆਸਣ ਟਿਕਾਣੇ 'ਤੇ ਅਸੀਂ ਹੁਣ ਬੈਠੇ ਹਾਂ, ਕਿੰਨੇ ਹੀ ਇਸ ਆਸਣ 'ਤੇ ਅੱਗੇ ਬੈਠ ਗਏ ਹਨ, ਭਾਵ ਇਹ ਧਰਤੀ ਹੀ ਇਕ ਆਸਣ ਹੈ। ਇਸ ਧਰਤੀ ਉੱਤੇ ਅੱਗੇ ਕਈ ਬਹਿ ਕੇ, ਕਾਬਜ਼ ਹੋ-ਹੋ ਚਲੇ ਗਏ (ਭਾਵ ਆਖ਼ਰ ਅਸੀਂ ਭੀ ਚਲੇ ਜਾਣਾ ਹੈ)।੫।

ਪ੍ਰ: ਫ਼ਰੀਦ ਜੀਉ! ਕੋਈ ਉਦਾਹਰਣ ਦਿਓ।

ਉ: ੧੨. ਹੇ ਸੱਜਨੋ! ਵੇਖ ਲਓ; ਕਤਕ ਦੇ ਮਹੀਨੇ ਕੂੰਜਾਂ (ਆਉਂਦੀਆਂ ਹਨ) ਪਰ ਹੁਨਾਲ ਵਿਚ ਚਲੀਆਂ ਜਾਂਦੀਆਂ ਹਨ (ਚੇਤ ਦੇ ਮਹੀਨੇ) ਜੰਗਲਾਂ ਨੂੰ ਅੱਗ ਲੱਗਣ ਦਾ ਦ੍ਰਿਸ਼ ਦੇਖਣ ਵਿਚ ਆਉਂਦਾ ਹੈ, ਪਰ ਫੇਰ ਉਹ ਨਹੀਂ ਰਹਿੰਦਾ, ਸਾਵਣ ਵਿਚ ਵਰਖਾ, ਬਦਲ ਤੇ ਬਿਜਲੀਆਂ ਦੇ ਲਿਸ਼ਕਾਰੇ ਵੇਖਦੇ ਹਾਂ, ਉਹ ਚਮਤਕਾਰ ਸਦਾ ਨਹੀਂ ਰਹਿੰਦੇ।

੧੩. ਅਤੇ ਸਿਆਲ ਵਿਚ ਪਤੀ ਦੇ ਗਲ ਵਿਚ ਲਿਪਟੀਆਂ (ਮਹੇਲੀਆਂ ਦੀਆਂ) ਬਾਹਾਂ ਸੋਭਦੀਆਂ ਹਨ; (ਭਾਵ ਹੈ ਕਿ ਜਿਵੇਂ ਸਮੇਂ-ਸਮੇਂ ਸਿਰ ਇਹ ਕੰਮ ਹੋ ਕੇ ਨਾਸ ਹੋ ਜਾਂਦੇ ਹਨ, ਸਦਾ ਇਕ ਸਾਰ ਨਹੀਂ ਰਹਿੰਦੇ) ਇਸੇ ਤਰ੍ਹਾਂ ਜਗਤ ਦੀ ਸਾਰੀ ਕਾਰ ਆਪੋ-ਆਪਣੇ ਸਮੇਂ ਸਿਰ ਹੋ ਕੇ ਤੁਰੀ ਜਾ ਰਹੀ ਹੈ। ਜਗਤ ਤੋਂ ਤੁਰ ਜਾਣ ਵਾਲੇ ਜੀਵ (ਆਪੋ-ਆਪਣਾ ਸਮਾਂ ਲੰਘਾ ਕੇ) ਤੁਰੇ ਜਾ ਰਹੇ ਹਨ।੬।

੧੪. ਹੇ ਮਨਾ, ਵੀਚਾਰ ਕੇ ਵੇਖ ਕਿ ਇਹ ਸਰੀਰ ਚਲਣਹਾਰ ਹੈ। ਇਹ ਜੀਵ ਇਸ ਲੋਕ ਵਿਚ ਸਦਾ ਨਹੀਂ ਰਹਿਣਗੇ, ਇਕ ਦਿਨ ਚਲੇ ਜਾਣਗੇ।

੧੫. (ਪ੍ਰਤੱਖ ਵੇਖ ਲਓ ਜਿਸ ਸਰੀਰ ਨੂੰ) ਬਣਦਿਆਂ ਛੇ ਮਹੀਨੇ ਲੱਗਦੇ ਹਨ, ਉਸਨੂੰ ਟੁੱਟਦਿਆਂ ਇਕ ਛਿਨ ਵੀ ਨਹੀਂ ਲੱਗਦੀ। ਭਾਵ ਹੈ ਕਿ ਮਾਂ ਦੇ ਪੇਟ ਵਿਚ ਇਸ ਸਰੀਰ ਨੂੰ ਜੋੜਦਿਆਂ ਛੇ ਮਹੀਨੇ ਲੱਗੇ ਹਨ, ਪਰ ਟੁੱਟਦਿਆਂ ਇਕ ਛਿਨ ਲਗਣੀ ਹੈ।੭।

੧੬. ਜ਼ਮੀਨ ਅਸਮਾਨ ਨੂੰ ਪੁੱਛਦੀ ਹੈ ਕਿ ਖੇਵਟ (ਮਲਾਹ, ਵੱਡੇ ਆਗੂ) ਕਿਤਨੇ ਕੁ ਲੰਘ ਗਏ ਹਨ? (ਅਸਮਾਨ ਉੱਤਰ ਦੇਂਦਾ ਹੈ ਕਿ) ਕਈ ਕਬਰਾਂ ਵਿਚ ਜਫ਼ਰ ਜਾਲ ਰਹੇ ਹਨ ਤੇ ਮੁਨਕਰ ਨਕੀਰ ਦੇ (ਉਲਾਂਭੇ) ਝਿੜਕਾਂ ਉਨ੍ਹਾਂ ਦੀਆਂ ਰੂਹਾਂ ਸਹਿ ਰਹੀਆਂ ਹਨ।

(ਮੁਸਲਮਾਨਾਂ ਦਾ ਖ਼ਿਆਲ ਹੈ—"ਦੋ ਫ਼ਰਿਸ਼ਤੇ ਮੁਨਕਰ ਤੇ ਨਕੀਰ ਕਬਰ ਵਿਚ ਆ ਕੇ ਰੂਹ 'ਤੇ ਸੁਆਲ ਕਰਦੇ ਹਨ, ਉਨ੍ਹਾਂ ਸੁਆਲਾਂ ਦਾ ਨਾਮ ਤਾਹਨੇ ਕਿਹਾ ਹੈ")।੮।੨।

ਇਸ ਲਈ ਐ ਮਨਾ! ਤੂੰ ਭੀ ਸੋਚ ਵੀਚਾਰ ਕੇ ਵੇਖ ਕਿ ਸਾਈਂ ਜੀ ਦੀ ਬੰਦਗੀ ਤੋਂ ਸੱਖਣਾ ਰਹਿ ਕੇ ਤੂੰ ਭੀ ਕਿਵੇਂ ਸੁੱਖੀ ਰਹਿ ਸਕਦਾ ਹੈਂ।

ਸੋ ਸੁੱਖਾਂ ਦੀ ਪ੍ਰਾਪਤੀ ਲਈ ਕੇਵਲ ਇਕੋ ਸਾਧਨ ਪ੍ਰਭੂ ਦੀ ਭਗਤੀ ਹੈ।

(ਆਸਾ ਰਾਗ ਸਮਾਪਤ)

ਰਾਗੁ ਗੂਜਰੀ

੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

(ਇਸ ਦੀ ਵੀਚਾਰ ਤੇ ਅਰਥ ਜਪੁਜੀ ਦੇ ਆਰੰਭ ਵਿਚ ਆ ਚੁੱਕਾ ਹੈ।)

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥

ਇਹ ਗੂਜਰੀ ਇਕ ਰਾਗਨੀ ਹੈ, ਸੰਪੂਰਨ ਹੈ, ਅੰਸ ਨਯਾਸ ਇਸਦਾ ਧੈਵਤ ਹੈ, ਰਾਮਕਲੀ, ਟੋਡੀ ਸਮ ਮਕੀਤ ਤੇ ਬੈਰਾਟੀ ਮਿਲ ਕੇ ਗੂਜਰੀ ਬਣਦੀ ਹੈ, ਦਿਨ ਦੇ ਪਹਿਲੇ ਪਹਿਰ ਗਾਈ ਜਾਂਦੀ ਹੈ।

ਨਾਦ ਬਿਨੋਦ ਵਿਚ ਇਸ ਨੂੰ ਭੈਰੋਂ ਦੀ ਇਸਤ੍ਰੀ, ਹਨਮੰਤ ਵਿਚ ਮੇਘ ਦੀ ਇਸਤ੍ਰੀ, ਰਾਗ ਮਾਲਾ ਵਿਚ ਦੀਪਕ ਦੀ ਇਸਤ੍ਰੀ ਤੇ ਸ਼ਿਵ ਮਤ ਵਿਚ ਸ੍ਰੀਰਾਗੁ ਦੀ ਇਸਤ੍ਰੀ, ਰਾਗਾਣਵ ਦੇ ਮਤ ਵਿਚ ਪੰਚਮ ਰਾਗ ਦੀ ਇਸਤ੍ਰੀ ਲਿਖਿਆ ਹੈ।

ਕਾਨੂੰਨ ਮੌਸੀਕੀ ਅਤੇ ਸੁਰਤਾਲ ਸਮੂੰਹ ਵਿਚ ਇਹ ਤਿੰਨ ਤਰ੍ਹਾਂ ਦੀ—ਸੁਧ ੧. ਖਟ ੨. ਸਿਯਾਮ ੩. ਲਿਖੀ ਹੈ। ਮੌਸਮ ਬਰਖਾ ਰਿਤੁ, ਦੁਪਹਿਰ ਵੇਲੇ ਗਾਂਵੀ ਜਾਂਦੀ ਹੈ। ਲਲਤ ਅਤੇ ਰਾਮਕਲੀ ਦੇ ਮੇਲ ਤੋਂ ਗੂਜਰੀ ਬਣਦੀ ਹੈ।

ਪਾਸਦਿਕ ਮਤ ਵਿਚ ਇਸਦੇ ਨੌਂ ਭੇਦ ਲਿਖੇ ਹਨ:

੧. ਮਹਾਰਾਸ਼ਟਰ ਗੂਜਰੀ।
੨. ਦਖਣੀ ਗੂਜਰੀ।
੩. ਦਰਾਵੜੀ ਗੂਜਰੀ।
੪. ਉਤਰਾ ਗੂਜਰੀ।
੫. ਸੌਰਾਸ਼ਟਰ ਗੂਜਰੀ।
੬. ਮੰਗਲ ਗੂਜਰੀ।
੭. ਰਾਮਕਲੀ ਗੂਜਰੀ।
੮. ਬਹੁਲਾ ਗੂਜਰੀ।
੯. ਸਿਆਮ ਗੂਜਰੀ।

ਬੁਧ ਪ੍ਰਕਾਸ਼ ਦਰਪਣ ਵਿਚ ਇਸਦੇ ਅੱਠ ਭੇਦ ਕਹੇ ਹਨ: ਨਾਮ ਏਹੀ ਹਨ। ਕੇਵਲ ਉਤਰਾ ਗੂਜਰੀ ਦੀ ਥਾਂ 'ਤੇ ਗੰਧਾਰੀ ਗੂਜਰੀ ਹੈ, ਮਹਾਰਾਸ਼ਟਰ ਗੂਜਰੀ ਉੱਕੀ ਮੰਨੀ ਹੀ ਨਹੀਂ ਅਤੇ ਇਸਤ੍ਰੀ ਭੀ ਦੀਪਕ ਦੀ ਲਿਖੀ ਹੈ।

੧. ਤੇਰਾ ਨਾਮੁ ਕਰੀ ਚਨਣਾਠੀਆ
ਜੇ ਮਨੁ ਉਰਸਾ ਹੋਇ ॥
੨. ਕਰਣੀ ਕੁੰਗੂ ਜੇ ਰਲੈ
ਘਟ ਅੰਤਰਿ ਪੂਜਾ ਹੋਇ ॥੧॥
੩. ਪੂਜਾ ਕੀਚੈ ਨਾਮੁ ਧਿਆਈਐ
ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
੪. ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥
੫. ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥
੬. ਪਸੂ ਮਿਲਹਿ ਚੰਗਿਆਈਆ ਖੜੁ
ਖਾਵਹਿ ਅੰਮ੍ਰਿਤੁ ਦੇਹਿ ॥
੭. ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ ॥੩॥
੮. ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥
੯. ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥

ਪਦ ਅਰਥ: ਚਨਣਾਠੀਆ—(ਚੰਦਨ ਕਾਠ) ਚੰਦਨ ਦੀ ਲੱਕੜੀ। ਕਰੀ—ਮੈਂ ਕਰਾਂ। ਉਰਸਾ—ਸਿਲਾ, ਨਿੱਕਾ ਜਿਹਾ ਚਕਲੇ ਵਰਗਾ ਪੱਥਰ ਦਾ ਚੰਦਨ ਘਸਾਣ ਵਾਲਾ ਵੱਟਾ, ਜਿਸ ਉਪਰ ਚੰਦਨ ਕੇਸਰ ਆਦਿ ਰਗੜ ਲੈਂਦੇ ਹਨ। ਕਰਣੀ—ਉੱਚਾ ਆਚਰਣ। ਕੁੰਗੂ—ਕੁੰਕਮ, ਕੇਸਰ। ਘਟ—ਹਿਰਦਾ।੧। ਕੀਚੈ—ਕਰਨੀ ਚਾਹੀਦੀ ਹੈ। ਪੂਜ—ਪੂਜਾ।੧।ਰਹਾਉ। ਦੇਵ—ਦੇਵਤੇ, ਮੂਰਤੀਆਂ। ਪਖਾਲੀਅਹਿ—ਧੋਤੇ ਜਾਂਦੇ ਹਨ। ਜੂਠਿ—ਵਿਕਾਰਾਂ ਦੀ ਮੈਲ। ਮਾਜੀਐ—ਮਾਂਜਿਆ ਜਾਂਦਾ ਹੈ, ਸਾਫ਼ ਪਵਿੱਤ੍ਰ ਹੋ ਜਾਂਦਾ ਹੈ। ਮੋਖ ਪਇਆਣਾ—ਮੋਖ ਦਾ ਤਰਾਉ, ਮੁਕਤੀ ਮਾਰਗ 'ਤੇ ਚਲ ਪੈਣਾ।੨। ਖੜੁ—ਘਾਹ। ਅੰਮ੍ਰਿਤ—(ਦੁੱਧ ਵਰਗਾ) ਉੱਤਮ ਪਦਾਰਥ। ਵਿਹੂਣੇ—ਸੱਖਣੇ। ਧ੍ਰਿਗੁ—ਫਿਟਕਾਰ ਜੋਗ। ਕਰੇਹਿ—ਕਰਹਿ, ਕਰਦੇ ਹਨ।੩। ਨੇੜਾ—ਨੇੜਤਾ, ਨੇੜੇ ਦੀ ਸਾਂਝ, ਡੂੰਘੀ ਸਾਂਝ। ਸਾਰੇ—ਸਾਰ ਲੈਂਦਾ ਹੈ। ਸੰਮ੍ਹਾਲੇ—ਸੰਭਾਲ ਕਰਦਾ ਹੈ। ਸਾਚਾ—ਸਦਾ ਥਿਰ ਰਹਿਣ ਵਾਲਾ। ਹੇ—ਹੈ।੪।

ਅਰਥ:

ਪ੍ਰ: ਕਿਸੇ ਪੰਡਤ ਨੇ, (ਜੋ ਕਿ ਕਿਸੇ ਇਕ ਪੱਥਰ ਦੀ ਸਿਲਾ 'ਤੇ ਰੱਖ ਕੇ ਕੇਸਰ ਨੂੰ ਚੰਦਨ ਦੀ ਲੱਕੜੀ ਨਾਲ ਰਗੜ ਰਿਹਾ ਹੈ) ਤਾਂ ਕਿ ਉਸ ਕੇਸਰ ਨਾਲ ਕਿਸੇ ਸ਼ਿਵਾਲੇ ਵਿਚ ਰੱਖੀ ਪੱਥਰ ਦੀ ਮੂਰਤੀ ਉੱਤੇ ਚੜ੍ਹਾ ਕੇ ਪੂਜਾ ਕੀਤੀ ਜਾਵੇ ਤਾਂ ਇਸਨੇ ਸਾਹਮਣੇ ਗੁਰੂ ਨਾਨਕ ਦੇਵ ਜੀ ਨੂੰ ਤੱਕ ਕੇ ਸੁਆਲ ਕੀਤਾ ਕਿ ਕਿਉਂ ਜੀ, ਤੁਸੀਂ ਕਿਸੇ ਸ਼ਿਵਾਲੇ ਵਿਚ ਪੁੱਜ ਕੇ ਕਿਸੇ ਮੂਰਤੀ ਦੀ ਪੂਜਾ ਨਹੀਂ ਕਰਦੇ? ਤਾਂ ਆਪ ਜੀ ਨੇ ਕਿਹਾ, ਹਾਂ ਜ਼ਰੂਰ ਕਰਦਾ ਹਾਂ।

ਪ੍ਰ: ਕਿਉਂ ਜੀ! ਤੁਹਾਡੇ ਪਾਸ ਪੂਜਾ ਦੀ ਸਮੱਗਰੀ (ਚੰਦਨ ਦੀ ਲਕੜੀ, ਕੇਸਰ ਆਦਿ ਘਸੌਣ ਵਾਲੀ ਸਿਲਾ) ਕੋਈ ਭੀ

ਨਹੀਂ ਦਿੱਸਦੀ ਤਾਂ ਤੁਸੀਂ ਬਗ਼ੈਰ ਇਸ ਸਮੱਗਰੀ ਤੋਂ ਕਿਸ ਸ਼ਿਵਾਲੇ ਵਿਚ ਪੁੱਜ ਕੇ ਪੂਜਾ ਕਰਦੇ ਹੋ ? ਤਾਂ ਆਪ ਜੀ ਨੇ ਕਿਹਾ ਕਿ ਹੇ ਪੰਡਤ ! ਮੇਰਾ ਸ਼ਿਵਾਲਾ ਤੇ ਉਸ ਵਿਚ ਦੇਵਤਾ ਅਤੇ ਪੂਜਾ ਦੀ ਸਮੱਗਰੀ ਤੁਹਾਡੀ ਅਸਥੂਲ ਸਮੱਗਰੀ ਤੋਂ ਭਿੰਨ ਹੈ ਅਤੇ ਉਹ ਅਤਿ ਸੂਖਮ ਹੈ, ਜੋ ਕਿ ਤੁਹਾਡੇ ਅਸਥੂਲ ਨੇਤਰਾਂ ਨਾਲ ਨਹੀਂ ਦਿਖ ਸਕਦੀ।

ਪ੍ਰ: ਕਿਉਂ ਜੀ ! ਸਾਨੂੰ ਸਮਝਾਉਣ ਲਈ ਇਸ਼ਾਰੇ ਮਾਤ੍ਰ ਕੁਝ ਤਾਂ ਜ਼ਰੂਰ ਦੱਸੋ ਤਾਂ ਕਿ ਅਸੀਂ ਕੁਝ ਟੋਹ ਲਾ ਸਕੀਏ ?

ਉ: ੧. ਤਾਂ ਹਜ਼ੂਰ ਇਹ ਮਹਾਂਵਾਕ ਪਰਮੇਸ਼ਰ ਦੇ ਸਨਮੁਖ ਹੋ ਉਚਾਰਨ ਕਰਦੇ ਹਨ ਜਿਸ ਵਿਚ ਸੱਚੀ ਪੂਜਾ ਦਰਸਾ ਰਹੇ ਹਨ ਕਿ (ਹੇ ਮੇਰੇ ਸਰੀਰ ਰੂਪੀ ਮੰਦਰ ਦੇ ਅੰਦਰ ਵਸਣ ਵਾਲੇ ਪ੍ਰਭੂ ਦੇਵਤਾ ਜੀਉ !) ਜੇ ਕਦੀ (ਮੇਰਾ) ਮਨ ਉਰਸਾ ਭਾਵ ਚੰਦਨ ਦੀ ਲਕੜੀ ਘਸਾਉਣ ਲਈ ਸਿਲਾ ਬਣ ਜਾਏ (ਅਚੱਲ ਹੋ ਜਾਵੇ) ਤਾਂ ਮੈਂ ਤੇਰੇ ਨਾਮ ਨੂੰ ਚੰਦਨ ਦੀ ਲਕੜੀ ਬਣਾ ਲਵਾਂ, ਭਾਵ ਤੇਰੇ ਨਾਮ ਦੀ ਯਾਦ ਮੈਨੂੰ ਸਦਾ ਹੀ ਸਿਮਰਨ ਰੂਪ ਵਿਚ ਬਣੀ ਰਵੇ।

੨. ਪਰ ਹਾਂ, ਜੇ ਇਸ ਵਿਚ ਮੇਰਾ ਉੱਚਾ ਆਚਰਣ ਕੇਸਰ ਬਣਕੇ ਰਲ ਜਾਏ ਤਾਂ ਫਿਰ ਮੇਰੇ ਦਿਲ ਵਿਚ ਹੀ ਪੂਜਾ ਹੋਣ ਲੱਗ ਪੈਂਦੀ ਹੈ, ਅਥਵਾ ਹੁੰਦੀ ਰਹਿੰਦੀ ਹੈ (ਭਾਵ ਬਾਹਰਲੇ ਕਿਸੇ ਸ਼ਿਵਾਲੇ, ਕੇਸਰ ਚੰਨਣ ਆਦਿ ਸਮੱਗਰੀ ਦੀ ਲੋੜ ਹੀ ਨਹੀਂ ਰਹਿ ਜਾਂਦੀ) ਅੰਤਰ ਆਤਮੇ ਹੀ ਪੂਜਾ ਹੋ ਸਕਦੀ ਹੈ।੧।

੩. ਹੇ ਭਾਈਓ ! ਜੇ ਕਦੀ ਇਸ ਰੂਪ ਵਿਚ ਨਾਮ ਦਾ ਚਿੰਤਨ ਕਰਦੇ ਰਹੀਏ ਤਾਂ ਸਮਝੋ ਕਿ ਇਹ ਇਕ ਸੱਚੀ ਪੂਜਾ ਹੈ, ਨਾਮ ਤੋਂ ਬਿਨਾਂ ਕੋਈ ਵੀ ਐਸੀ ਪੂਜਾ ਨਹੀਂ (ਜੋ ਕਿ ਪ੍ਰਵਾਨ ਹੋ ਸਕੇ)।੧।ਰਹਾਉ।

ਪ੍ਰ: ਹੇ ਗੁਰੋ ! ਅਸੀਂ ਤਾਂ ਸ਼ਿਵਾਲੇ ਵਿਚ ਰੱਖੀ ਦੇਵ ਮੂਰਤੀ ਦਾ ਇਸ਼ਨਾਨ ਕਰਵਾਂਦੇ ਹਾਂ, ਤੁਸੀਂ ਕਿਸ ਮੂਰਤੀ ਦਾ ਇਸ਼ਨਾਨ ਕਰਵਾਂਦੇ ਹੋ ?

ਉ: ੪-੫. ਹੇ ਪੰਡਤ ਜੀ ! ਇਹ ਠੀਕ ਹੈ ਕਿ ਤੁਸੀਂ ਬਾਹਰੋਂ ਤਾਂ ਦੇਵ ਮੂਰਤੀਆਂ ਦਾ ਇਸ਼ਨਾਨ ਕਰਵਾਂਦੇ ਹੋ, ਪਰ ਜੇ ਕਦੀ ਤੁਸੀਂ ਇਸ ਦੇ ਥਾਂ ਆਪਣੇ ਮਨ ਨੂੰ ਧੋਵੋ ਤਾਂ ਤੁਹਾਡੇ ਮਨ ਦੀ ਜੂਠ, ਭਾਵ ਪਾਪ ਕਰਮਾਂ ਦੀ ਮੈਲ ਉਤਰ ਜਾਏਗੀ ਤੇ ਮਨ ਮਾਂਜਿਆ ਜਾਏਗਾ, ਭਾਵ ਮਾਂਜੇ ਬਰਤਨ ਵਾਂਙੂ ਪਵਿੱਤਰ ਹੋ ਜਾਏਗਾ। ਇਸ ਤਰ੍ਹਾਂ ਮਨ ਦਾ ਮੁਕਤੀ ਮਾਰਗ 'ਤੇ ਤੁਰਨਾ ਹੋ ਸਕੇਗਾ, ਭਾਵ ਹੈ ਉਸ ਦਾ ਨਿਰਵਿਕਾਰ ਹੋਇਆ ਮਨ ਮੁਕਤੀ ਦੇ ਰਸਤੇ ਟੁਰ ਪਏਗਾ।੨।

ਪ੍ਰ: ਹੇ ਗੁਰੋ ! ਜੇ ਕਦੀ ਇਹ ਮਨੁੱਖ ਮੁਕਤੀ ਦੇ ਮਾਰਗ 'ਤੇ ਨਾ ਟੁਰੇ, ਉਸ ਬਾਰੇ ਆਪ ਜੀ ਦਾ ਕੀ ਖ਼ਿਆਲ ਹੈ ?

ਉ: ੬. ਹੇ ਮਿੱਤਰ ਜੀ ! ਵੇਖੋ, ਇਸ ਧਰਤੀ ਉੱਤੇ ਮਨੁੱਖ, ਪਸ਼ੂ ਪੰਛੀ ਆਦਿਕ ਸਭਨਾਂ ਜੂਨਾਂ ਦਾ ਸਰਦਾਰ ਮੰਨਿਆ ਜਾਂਦਾ ਹੈ, ਪਰ ਜੇ ਇਹ ਮੁਕਤੀ ਪ੍ਰਾਪਤੀ ਦੇ ਮਾਰਗ 'ਤੇ ਨਾ ਟੁਰੇ ਤਾਂ ਫਿਰ ਜਾਣੋ ਮਨੁੱਖ ਤੋਂ ਪਸ਼ੂ ਚੰਗਾ ਹੈ, ਕਿਉਂਕਿ ਉਨ੍ਹਾਂ ਪਸ਼ੂਆਂ ਨੂੰ ਵਡਿਆਈਆਂ ਮਿਲਦੀਆਂ ਹਨ, ਕਿਉਂਕਿ ਉਹ ਘਾਹ ਜੈਸੀ ਸ਼ੈਅ ਖਾਂਦੇ ਹਨ ਤੇ ਅੰਮ੍ਰਿਤ ਵਰਗਾ ਦੁੱਧ ਦੇਂਦੇ ਹਨ।

੭. ਪਰ ਨਾਮ ਤੋਂ ਸੱਖਣੇ ਮਨੁੱਖ ਦੇ ਜੀਵਨ ਨੂੰ ਧ੍ਰਿਗ ਹੈ ਤੇ ਉਨ੍ਹਾਂ ਦੇ ਕਰਮਾਂ ਨੂੰ ਵੀ ਲਾਹਨਤ ਹੈ ਜੋ ਕਿ ਉਹ ਕਰਦੇ ਹਨ, (ਕਿਉਂਕਿ ਉਹ ਨਾਮ ਨੂੰ ਵਿਸਾਰ ਕੇ ਹੋਰ-ਹੋਰ ਕੰਮ ਕਰਦੇ ਹਨ)।੩।

ਪ੍ਰ: ਹੇ ਗੁਰੋ ! ਉਹ ਸਾਡਾ ਦੇਵ ਤਾਂ ਮੂਰਤੀ ਦੇ ਰੂਪ ਵਿਚ, ਅਹੁ ਤੱਕੋ ਸਾਹਮਣੇ ਦਿੱਸਦਾ ਹੈ, ਪਰ ਉਹ ਤੁਹਾਡਾ ਦੇਵ ਤਾਂ ਸਾਨੂੰ ਕਿਤੇ ਨਜ਼ਰ ਨਹੀਂ ਆਉਂਦਾ, ਦੱਸੋ ਕਿਥੇ ਹੈ ?

ਉ: ੮. ਹੇ ਪੰਡਤ ਜੀ ! ਉਹ ਤੁਹਾਡਾ ਦੇਵ ਤਾਂ ਮੂਰਤੀ ਰੂਪ ਵਿਚ ਤੁਹਾਡੀ ਦੇਹ ਤੋਂ ਵਖਰਾ ਵਸਦਾ ਹੈ (ਪਰ, ਉਹ ਸਾਡਾ ਦੇਵ ਸਾਡੀ ਇਸ ਦੇਹ ਅੰਦਰ ਹੀ ਵਸਦਾ ਹੈ, ਉਹ ਬਹੁਤ) ਨੇੜੇ ਹੈ, ਉਸ ਨੂੰ ਦੂਰ ਨਾ ਜਾਨਣਾ। ਉਹ ਸਦਾ ਸਭ ਦੀ ਸੰਭਾਲ ਕਰਦਾ ਹੈ, ਸਭਨਾਂ ਦੀ ਖ਼ਬਰ ਲੈਂਦਾ ਹੈ।

੯. ਸਾਨੂੰ ਜੋ ਕੁਝ ਉਹ ਦੇਂਦਾ ਹੈ, ਉਹੋ ਹੀ ਅਸੀਂ ਖਾਂਦੇ ਹਾਂ (ਖਾ ਕੇ ਜੀਵਨ ਨਿਰਬਾਹ ਕਰਦੇ ਹਾਂ)। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ, ਉਹੀਓ ਸਾਡਾ ਸੱਚਾ ਸਾਹਿਬ ਹੈ। (ਇਸ ਲਈ ਮੂਰਤੀਆਂ ਦੀ ਪੂਜਾ ਕਰਨ ਦੇ ਥਾਂ ਉਸ ਹਾਜ਼ਰ-ਨਾਜ਼ਰ ਪ੍ਰਭੂ ਦਾ ਨਾਮ ਧਿਆਵੋ)।੪।੧।

ਗੂਜਰੀ ਮਹਲਾ ੧ ॥

੧. ਨਾਭਿ ਕਮਲ ਤੇ ਬ੍ਰਹਮਾ ਉਪਜੇ
ਬੇਦ ਪੜਹਿ ਮੁਖਿ ਕੰਠਿ ਸਵਾਰਿ ॥
੨. ਤਾ ਕੋ ਅੰਤੁ ਨ ਜਾਈ ਲਖਣਾ
ਆਵਤ ਜਾਤ ਰਹੈ ਗੁਬਾਰਿ ॥੧॥
੩. ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥
੪. ਜਾ ਕੀ ਭਗਤਿ ਕਰਹਿ ਜਨ ਪੂਰੇ
ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥
੫. ਰਵਿ ਸਸਿ ਦੀਪਕ ਜਾ ਕੇ
ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥
੬. ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ
ਮਨਮੁਖਿ ਰੈਣਿ ਅੰਧਾਰਿ ॥੨॥
੭. ਸਿਧ ਸਮਾਧਿ ਕਰਹਿ ਨਿਤ ਝਗਰਾ
ਦੁਹੁ ਲੋਚਨ ਕਿਆ ਹੇਰੈ ॥
੮. ਅੰਤਰਿ ਜੋਤਿ ਸਬਦੁ ਧੁਨਿ ਜਾਗੈ
ਸਤਿਗੁਰੁ ਝਗਰੁ ਨਿਬੇਰੈ ॥੩॥
੯. ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ
ਮਹਲਿ ਅਪਾਰਾ ॥
੧੦. ਨਾਨਕ ਸਹਜਿ ਮਿਲੇ ਜਗਜੀਵਨ
ਨਦਰਿ ਕਰਹੁ ਨਿਸਤਾਰਾ ॥੪॥੨॥

ਪਦ ਅਰਥ : ਨਾਭਿ—(ਵਿਸ਼ਨੂੰ ਦੀ ਨਾਭੀ) ਧੁੰਨੀ। ਤੇ—ਤੋਂ। ਉਪਜੇ—ਜੰਮਿਆ। ਬੇਦ—(ਜਿਸ ਬ੍ਰਹਮਾ ਦੇ ਰਚੇ ਹੋਏ) ਵੇਦ।

ਪੜਹਿ—(ਪੰਡਤ ਲੋਕ) ਪੜ੍ਹਦੇ ਹਨ। ਮੁਖਿ—ਮੂੰਹ ਨਾਲ। ਕੰਠਿ—ਗਲੇ ਤੋਂ। ਸਵਾਰਿ—ਸਵਾਰ ਕੇ, ਮਿੱਠੀ ਸੁਰ ਨਾਲ। ਤਾ ਕੋ—ਉਸ ਪਰਮਾਤਮਾ ਦਾ। ਗੁਬਾਰਿ—ਹਨੇਰੇ ਵਿਚ।੧। ਕਿਉ ਬਿਸਰਹਿ—ਨਾ ਵਿਸਰ। ਪ੍ਰਾਣ ਅਧਾਰ—ਪ੍ਰਾਣਾਂ ਦੇ ਆਸਰੇ। ਜਾ ਕੀ—ਜਿਸ ਦੀ। ਗੁਰ ਵੀਚਾਰਿ—ਗੁਰੂ ਦੀ ਦੱਸੀ ਮੱਤ ਦੇ ਆਸਰੇ। ਸੇਵਹਿ—ਸੇਵਦੇ ਹਨ, ਸਿਮਰਦੇ ਹਨ।੧।ਰਹਾਉ। ਰਵਿ—ਸੂਰਜ। ਸਸਿ—ਚੰਦ੍ਰਮਾ। ਦੀਪਕ—ਦੀਵੇ। ਜਾ ਕੇ—ਜਿਸ ਪ੍ਰਭੂ ਦੇ। ਤ੍ਰਿਭਵਣਿ—ਤਿੰਨਾਂ ਲੋਕਾਂ ਵਿਚ, ਭਾਵ ਸਾਰੇ ਜਗਤ ਵਿਚ। ਏਕਾ ਜੋਤਿ—ਉਸ ਦੀ ਹੀ ਜੋਤਿ। ਮੁਰਾਰਿ—(ਮੁਰ ਅਰਿ) ਪਰਮਾਤਮਾ। ਗੁਰਮੁਖਿ—ਗੁਰੂ ਦੇ ਸਨਮੁਖ, ਜਿਸ ਦਾ ਮੂੰਹ ਗੁਰੂ ਵੱਲ ਹੈ, ਜੋ ਗੁਰੂ ਦੇ ਦੱਸੇ ਰਸਤੇ 'ਤੇ ਤੁਰਦਾ ਹੈ। ਅਹਿ—ਦਿਨ। ਨਿਸਿ—ਰਾਤ। ਮਨਮੁਖਿ—ਜੋ ਆਪਣੇ ਮਨ ਦੇ ਪਿਛੇ ਤੁਰਦਾ ਹੈ। ਰੈਣਿ—ਰਾਤ, ਜ਼ਿੰਦਗੀ। ਅੰਧਾਰਿ—ਹਨੇਰੇ ਵਿਚ।੨। ਸਿਧ—ਵੱਡੇ-ਵੱਡੇ ਸਿਧ ਜੋਗੀ। ਝਗਰਾ—ਮਨ ਨਾਲ ਝਗੜਾ, ਮਨ ਨੂੰ ਜਿੱਤਣ ਦੇ ਜਤਨ। ਹੇਰੈ—ਵੇਖਦਾ ਹੈ, ਵੇਖ ਸਕਦਾ ਹੈ। ਕਿਆ ਹੇਰੈ—ਕੀ ਵੇਖ ਸਕਦਾ ਹੈ ? ਕੁਝ ਨਹੀਂ ਵੇਖ ਸਕਦਾ। ਨਿਬੇਰੈ—ਮੁਕਾ ਦੇਵੇ।੩। ਸੁਰਿ—ਦੇਵਤੇ। ਨਰ—ਮਨੁੱਖ। ਸਾਚੈ ਮਹਲਿ—ਸਦਾ-ਥਿਰ ਰਹਿਣ ਵਾਲੇ ਮਹੱਲ ਵਿਚ। ਅਪਾਰਾ—ਹੇ ਅਪਾਰ। ਸਹਜਿ—ਅਡੋਲਤਾ ਵਿਚ। ਜਗ ਜੀਵਨ—ਹੇ ਜਗਤ ਦੇ ਜੀਵਨ।੪।

ਅਰਥ :

ਪ੍ਰ: ਹੇ ਗੁਰੋ ! ਉਸ ਪਰਮੇਸ਼ਰ ਦੀ ਕੋਈ ਅਜਿਹੀ ਕਥਾ ਸੁਣਾਓ, ਜਿਸ ਦੁਆਰਾ ਉਸ ਦਾ ਅੰਤ ਪਾਇਆ ਜਾ ਸਕੇ ?

ਉ: ੧. ਹੇ ਭਾਈਓ ! ਉਹ ਪ੍ਰਭੂ ਬੇਅੰਤ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ, (ਕਿਉਂਕਿ) ਸੁਣੋ, ਪੁਰਾਣਾਂ ਵਿਚ ਕਥਾ ਆਉਂਦੀ ਹੈ ਕਿ ਜਿਸ ਬ੍ਰਹਮਾ ਦੇ ਰਚੇ ਹੋਏ ਵੇਦ (ਪੰਡਤ ਲੋਕ) ਮੂੰਹੋਂ ਗਲੇ ਨਾਲ ਮਿੱਠੀ ਸੁਰ ਵਿਚ ਨਿੱਤ ਪੜ੍ਹਦੇ ਹਨ, ਉਹ ਬ੍ਰਹਮਾ ਵਿਸ਼ਨੂੰ ਦੀ ਧੁੰਨੀ ਵਿਚੋਂ ਉਗੇ ਕੌਲ ਦੀ ਨਾਲ ਤੋਂ ਜੰਮਿਆ ਅਤੇ ਆਪਣੇ ਜਨਮ ਦਾਤੇ ਦੀ ਕੁਦਰਤ ਦਾ ਅੰਤ ਲੱਭਣ ਲਈ ਉਸ ਨਾਲ ਵਿਚ ਚਲ ਪਿਆ, ਕਈ ਜੁੱਗ ਉਸ ਨਾਲ ਦੇ ਹਨੇਰੇ ਵਿਚ ਹੀ ਆਉਂਦਾ ਜਾਂਦਾ ਰਿਹਾ।

੨. ਪਰ ਉਸ ਦਾ ਅੰਤ ਨਾ ਲੱਭ ਸਕਿਆ, ਭਾਵ ਹੈ ਜਦੋਂ ਆਦੀ ਜੀਵ ਬ੍ਰਹਮਾ ਵੀ ਉਸ ਦਾ ਅੰਤ ਨਹੀਂ ਪਾ ਸਕਿਆ ਤਾਂ ਇਤਰ ਜੀਵ ਉਸ ਦਾ ਅੰਤ ਕਿਵੇਂ ਪਾ ਸਕਦੇ ਹਨ।੧।

ਪ੍ਰ: ਕਿਉਂ ਜੀ ! ਆਖ਼ਰ ਤੁਸੀਂ ਉਸ ਬਾਰੇ ਕੋਈ ਵੀਚਾਰ ਤਾਂ ਜ਼ਰੂਰ ਕਰਦੇ ਹੋਵੋਗੇ ?

ਉ: ੩. ਹਾਂ ਜ਼ਰੂਰ ਕਰਦਾ ਹਾਂ ! ਹੇ ਭਾਈ ! ਮੈਂ ਤਾਂ ਆਪਣੇ ਆਤਮੇ ਇਉਂ ਹੀ ਕਹਿੰਦਾ ਹਾਂ ਕਿ (ਉਹ ਅਨੰਤ) ਪ੍ਰੀਤਮ (ਮੈਨੂੰ) ਕਿਉਂ ਭੁੱਲੇ, (ਕਿਉਂਕਿ) ਉਹੀ ਤਾਂ ਮੇਰੇ ਪ੍ਰਾਣਾਂ ਦਾ ਆਸਰਾ ਰੂਪ ਹੈ (ਭਾਵ ਉਹੋ ਤਾਂ ਮੇਰਾ ਜੀਵਨ ਹੈ)।

੪. ਹੇ ਸਾਈਂ ਜੀ ! ਤੂੰ ਉਹੋ ਹੈਂ, ਜਿਸ ਦੀ ਭਗਤੀ ਪੂਰਨ ਪੁਰਖ ਸਦਾ ਹੀ ਕਰਦੇ ਰਹਿੰਦੇ ਹਨ ਤੇ ਜਿਸ ਨੂੰ ਰਿਸ਼ੀ ਮੁਨੀ ਲੋਕ ਗੁਰੂ ਦੀ ਵੀਚਾਰ ਦੁਆਰਾ ਸਦਾ ਹੀ ਸੇਵਦੇ ਰਹਿੰਦੇ ਹਨ।੧।ਰਹਾਉ।

ਪ੍ਰ: ਹੇ ਗੁਰੋ ! ਦੱਸੋ, ਉਹ ਪ੍ਰਭੂ ਕਿਤਨੀ-ਕੁ ਵੱਡੀ ਤਾਕਤ ਦਾ ਮਾਲਕ ਹੈ ?

ਉ: ੫. ਉਹ ਸਾਈਂ ਜੀ ! ਇਤਨਾ ਵੱਡਾ ਹੈ ਕਿ ਸੂਰਜ ਚੰਦ੍ਰਮਾ ਜਿਸ ਦੇ ਜਗਾਏ ਹੋਏ (ਮਾਨੋ ਨਿੱਕੇ ਜਿਹੇ ਦੋ ਦੀਵੇ ਹੀ ਹਨ) ਅਤੇ ਤ੍ਰਿਭਵਣੀ ਜਗਤ ਵਿਚ ਉਸੇ ਪ੍ਰਭੂ (ਮੁਰਾਰੀ) ਅਕਾਲ ਪੁਰਖ ਦੀ ਜੋਤਿ (ਪ੍ਰਕਾਸ਼ਵਾਨ) ਹੋ ਰਹੀ ਹੈ।

ਪ੍ਰ: ਕਿਉਂ ਗੁਰਦੇਵ ਜੀਉ ! ਉਹ ਜੋਤਿ ਦਿੱਸਦੀ ਕਿਉਂ ਨਹੀਂ ?

ਉ: ੬. ਹੇ ਪਿਆਰੇ ! ਜਦ ਕੋਈ ਮਨੁੱਖ ਗੁਰਮੁਖ ਹੋ ਜਾਵੇ, ਭਾਵ ਗੁਰੂ ਦੇ ਦੱਸੇ ਰਾਹ ਉਪਰ ਤੁਰੀ ਚਲੇ, ਤਾਂ ਫਿਰ ਉਹ ਉਸ ਨੂੰ (ਲਖ) ਜਾਣ ਕੇ ਦਿਨੇ ਰਾਤ ਨਿਰਮਲ ਰਹਿੰਦਾ ਹੈ ਤੇ ਗਿਆਨ ਸਹਿਤ ਜੀਵਨ ਗੁਜ਼ਰਦਾ ਹੈ, ਪਰ ਮਨਮੁਖ ਮਨ ਦੇ ਮਗਰ ਲੱਗਾ ਰਹਿੰਦਾ ਹੈ। ਉਹ ਉਸ ਜੋਤ ਤੋਂ ਸਖਣਾ, ਆਪਣਾ ਜੀਵਨ ਅਗਿਆਨਤਾ ਦੇ ਅੰਧੇਰੇ ਵਿਚ ਹੀ ਗੁਜ਼ਾਰਦਾ ਹੈ।੨।

ਪ੍ਰ: ਕਿਉਂ ਜੀ ! ਜੋ ਸਿੱਧ ਲੋਕ ਅੱਖੀਆਂ ਮੀਚ ਸਮਾਧੀਆਂ ਲਾ ਕੇ ਬੈਠਦੇ ਹਨ, ਕੀ ਉਹ ਅੰਤਰ ਵਸ ਰਹੀ ਜੋਤ ਨੂੰ ਵੇਖ ਸਕਦੇ ਹਨ ?

ਉ: ੭. ਐ ਪਿਆਰਿਓ ! ਜੋ ਵੱਡੇ-ਵੱਡੇ ਸਿੱਧ ਲੋਕ ਸਮਾਧੀਆਂ ਲਾਉਂਦੇ ਤੇ ਆਪਣੇ ਉੱਦਮ ਨਾਲ ਮਨ ਨੂੰ ਜਿੱਤਣਾ ਚਾਹੁੰਦੇ ਹਨ, ਉਹ ਸਦਾ ਝਗੜਾ ਹੀ ਕਰਦੇ ਦਿੱਸਦੇ ਹਨ। ਇਹ ਜੋ ਅੱਖਾਂ ਮੀਟਦੇ ਹਨ, ਦੱਸੋ ਇਹ ਦੋ ਅੱਖਾਂ ਨਾਲ ਕੀ ਵੇਖਦੇ ਹਨ ? ਭਾਵ ਹੈ ਕਿ ਉਹ ਵਾਹਿਗੁਰੂ ਤਾਂ ਇਨ੍ਹਾਂ ਅੱਖਾਂ ਦਾ ਵਿਸ਼ਾ ਹੀ ਨਹੀਂ, ਇਹ ਕੇਵਲ (ਅਖੀ ਤਾਂ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰ) ਵਾਲੀ ਹੀ ਦਸ਼ਾ ਕਹੀ ਜਾਂਦੀ ਹੈ।

੮. ਪਰ ਜੋ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਸਤਿਗੁਰੂ ਦੇ ਸ਼ਬਦ ਦੀ ਧੁਨੀ ਦੁਆਰਾ ਉਸ ਦੇ ਅੰਤਰ ਜੋਤ ਜਗਦੀ ਹੈ, ਇਸ ਤਰ੍ਹਾਂ ਉਸ ਦੇ ਮਨ ਦੇ (ਝਗੜੇ) ਸੰਸੇ ਸਾਰੇ ਹੀ ਗੁਰੂ ਮੁਕਾ ਦੇਂਦਾ ਹੈ।੩।

ਪ੍ਰ: ਹੇ ਗੁਰੋ ! ਆਖ਼ਰ ਆਪ ਨੇ ਇਸ ਸੰਸਾਰ ਤੋਂ ਤਰਨ ਲਈ ਕੀ ਸਾਧਨ ਸੋਚਿਆ ਹੈ ?

ਉ: ੯. ਹੇ ਮਿੱਤਰੋ ! (ਮੈਂ ਤਾਂ ਇਕੋ ਸਾਧਨ ਅਰਦਾਸ ਨੂੰ ਸਮਝਿਆ ਹੈ ਤੇ ਇਹੋ ਹੀ ਜੋਦੜੀ ਕਰਦਾ ਰਹਿੰਦਾ ਹਾਂ ਕਿ) ਹੇ ਦੇਵਤਿਆਂ ਤੇ ਮਨੁੱਖਾਂ ਦੇ ਮਾਲਕ, ਹੇ ਬੇਅੰਤ, (ਹੇ) ਅਜੋਨੀ, ਮੈਨੂੰ (ਆਪ ਦੇ) ਅਪਾਰ ਸੱਚੇ ਸਰੂਪ ਵਿਚ ਰੱਖ।

੧੦. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਮੈਨੂੰ ਸਹਿਜ ਦੁਆਰਾ ਜਗ ਜੀਵਨ ਮਿਲ ਪਵੇ, ਇਸ ਤਰ੍ਹਾਂ ਮੇਰਾ ਪਾਰ ਉਤਾਰਾ ਆਪਣੀ ਕਿਰਪਾ ਦ੍ਰਿਸ਼ਟੀ ਦੁਆਰਾ ਕਰ ਦਿਓ।੪।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਇਹੋ ਸਿਧਾਂਤ ਅੰਕਤ ਕੀਤਾ ਹੈ ਕਿ ਅਕਾਲ ਪੁਰਖ ਦਾ ਅੰਤ ਵੱਡੇ-ਵੱਡੇ ਬ੍ਰਹਮਾ ਆਦਿ ਦੇਵਤੇ ਭੀ ਨਹੀਂ ਲੈ ਸਕੇ, ਇਸ ਲਈ ਉਸ ਦਾ ਅੰਤ ਲੈਣ

ਦਾ ਨਹੀਂ; ਸਗੋਂ ਉਸ ਦੇ ਮਿਲਾਪ ਕਰਨ ਦਾ ਮਾਰਗ ਅਪਨਾਉਣਾ ਚਾਹੀਦਾ ਹੈ। ਉਸ ਦੇ ਮਿਲਾਪ ਦਾ ਰਸਤਾ ਇਹੋ ਹੈ ਕਿ ਉਸ ਨੂੰ ਵਿਸਾਰੋ ਨਾ, ਉਸ ਦੀ ਮਨ ਕਰਕੇ ਭਗਤੀ ਕਰਦੇ ਰਹੋ, ਗੁਰੂ ਦੀ ਦੱਸੀ ਸਿੱਖਿਆ ਦੇ ਅਨੁਸਾਰ ਜੀਵਨ ਗੁਜ਼ਾਰੋ।

ਰਾਗੁ ਗੂਜਰੀ ਮਹਲਾ ੩ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

੧. ਧ੍ਰਿਗੁ ਇਵੇਹਾ ਜੀਵਣਾ
ਜਿਤੁ ਹਰਿ ਪ੍ਰੀਤਿ ਨ ਪਾਇ ॥
੨. ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ ॥੧॥
੩. ਐਸਾ ਸਤਿਗੁਰੁ ਸੇਵੀਐ ਮਨਾ ਜਿਤੁ ਸੇਵਿਐ
ਗੋਵਿਦ ਪ੍ਰੀਤਿ ਊਪਜੈ ਅਵਰ ਵਿਸਰਿ ਸਭ ਜਾਇ ॥
੪. ਹਰਿ ਸੇਤੀ ਚਿਤੁ ਗਹਿ ਰਹੈ ਜਰਾ ਕਾ ਭਉ ਨ
ਹੋਵਈ ਜੀਵਨ ਪਦਵੀ ਪਾਇ ॥੧॥ ਰਹਾਉ ॥
੫. ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ
ਵੇਖੁ ਜੈਸੀ ਭਗਤਿ ਬਨੀ ॥
੬. ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ
ਜੋਤੀ ਜੋਤਿ ਸਮਈ ॥੨॥
੭. ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ
ਜੇ ਲੋਚੈ ਸਭੁ ਕੋਇ ॥
੮. ਕੂੜੈ ਕੀ ਪਾਲਿ ਵਿਚਹੁ ਨਿਕਲੈ
ਤਾ ਸਦਾ ਸੁਖੁ ਹੋਇ ॥੩॥
੯. ਨਾਨਕ ਐਸੇ ਸਤਿਗੁਰ ਕੀ ਕਿਆ
ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥
੧੦. ਸਤਿਗੁਰ ਕਾ ਭਾਣਾ ਚਿਤਿ ਕਰੇ
ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥

ਪਦ ਅਰਥ : ਧ੍ਰਿਗੁ—ਫਿਟਕਾਰ ਜੋਗ। ਜਿਤੁ—ਜਿਸ (ਜੀਉਣ) ਵਿਚ। ਜਿਤੁ ਕੰਮਿ—ਜਿਸ ਕੰਮ ਵਿਚ। ਦੂਜੈ—ਮਾਇਆ ਦੇ ਮੋਹ ਵਿਚ, ਦੂਸਰੇ ਨੂੰ, ਹਰੀ ਤੋਂ ਛੁੱਟ ਦੂਸਰੇ ਨੂੰ, ਪਿਆਰ ਪਾਉਣਾ।੧। ਮਨਾ—ਹੇ ਮਨ! ਜਿਤੁ ਸੇਵਿਐ—ਜਿਸ ਦੀ ਸੇਵਾ ਕੀਤਿਆਂ। ਅਵਰ—ਹੋਰ ਦੀ ਪ੍ਰੀਤ। ਸੇਤੀ—ਨਾਲ। ਗਹਿ ਰਹੈ—ਜੁੜਿਆ ਰਹੇ, ਪਕੜਿਆ ਰਹੇ, ਚਿੱਤ ਹਰੀ ਨਾਲ ਫੜਿਆ ਰਹੇ, ਭਾਵ ਪ੍ਰੀਤ ਵਿਚ ਉਸ ਦਾ ਹੋਇਆ ਰਹੇ। ਜਰਾ—ਬੁਢੇਪਾ। ਪਦਵੀ—ਦਰਜਾ।੧।ਰਹਾਉ। ਸਿਉ—ਨਾਲ। ਸਹਜੁ—ਸਹਿਜ ਅਵਸਥਾ; ਆਤਮਿਕ ਅਡੋਲਤਾ। ਜੈਸੀ—ਅਸਚਰਜ ਜੇਹੀ। ਸੇਤੀ—ਨਾਲ। ਆਪ ਸੇਤੀ—ਮਨ ਦੇ ਰਾਹੀਂ। ਆਪੁ—ਆਪਾ ਭਾਵ। ਜੋਤੀ—ਪਰਮਾਤਮਾ ਦੀ ਜੋਤਿ ਵਿਚ। ਜੋਤਿ—ਸੁਰਤਿ। ਸਮਈ—ਸਮਾਈ, ਲੀਨ ਹੋ ਗਈ।੨। ਸਭੁ ਕੋਇ — ਹਰੇਕ ਜੀਵ। ਕੂੜੇ—ਝੂਠ, ਮਾਇਆ ਦਾ ਮੋਹ। ਪਾਲਿ—ਕੰਧ।੩। ਜੀਉ—ਜਿੰਦ, ਆਪਣਾ ਆਪ। ਧਰੇਇ—ਧਰ ਦੇਂਦਾ ਹੈ। ਚਿਤਿ—ਚਿੱਤ ਵਿਚ।੪।

ਅਰਥ :

ਪ੍ਰ: ਹੇ ਗੁਰੋ! ਆਪ ਕਹਿੰਦੇ ਹੋ ਕਿ ਇਹ ਮਨੁੱਖ ਦਾ ਜੀਵਨ ਕੇਵਲ ਪ੍ਰਭੂ-ਪਿਆਰ ਦੀ ਪ੍ਰਾਪਤੀ ਲਈ ਹੈ, ਪਰ ਬਹੁਤ ਲੋਕ ਪ੍ਰਭੂ ਦੀ ਪ੍ਰੀਤ ਤੋਂ ਸਖਣੇ ਹੀ ਜੀਵਨ ਗੁਜ਼ਾਰ ਰਹੇ ਹਨ, ਸੋ ਉਨ੍ਹਾਂ ਬਾਰੇ ਆਪ ਦੇ ਕੀ ਸ਼ੁਭ ਵੀਚਾਰ ਹਨ?

ੳ: ੧. ਹੇ ਪਿਆਰੇ! ਏਹੋ ਜੇਹਾ ਜੀਵਨ ਤਾਂ ਫਿਟਕਾਰ ਜੋਗ ਹੈ, ਜਿਸ ਜੀਉਣ ਵਿਚ ਜੀਵ ਪ੍ਰਭੂ ਦੀ ਪ੍ਰੀਤ ਪ੍ਰਾਪਤ ਨਾ ਕਰ ਸਕੇ,

੨. ਪਰ ਉਹ ਐਸਾ ਕੰਮ ਵੀ ਫਿਟਕਾਰ ਜੋਗ ਹੈ, ਜਿਸ ਕੰਮ ਵਿਚ ਲੱਗਿਆਂ ਪਰਮੇਸ਼ਰ ਜੀ ਭੁੱਲ ਜਾਏ ਅਤੇ ਮਨੁੱਖ ਮਾਇਆਂ ਦੇ ਮੋਹ ਵਿਚ ਜਾ ਫਸੇ।੧।

ਪ੍ਰ: ਹਜ਼ੂਰ! ਫਿਰ ਦੱਸੋ ਕਰਨਾ ਕੀ ਚਾਹੀਦਾ ਹੈ?

ੳ: ੩. ਹੇ ਮੇਰੇ ਮਨਾ! ਅਜਿਹੇ ਗੁਰੂ ਦੀ ਸ਼ਰਨ ਪ੍ਰਾਪਤ ਕਰਨੀ ਚਾਹੀਦੀ ਹੈ, ਜਿਸ ਦੀ ਸ਼ਰਨ ਵਿਚ ਪਿਆਂ ਪਰਮਾਤਮਾ ਨਾਲ ਪਿਆਰ ਪੈ ਜਾਏ ਅਤੇ ਹੋਰ ਮਾਇਆ ਆਦਿਕਾਂ ਦਾ ਪਿਆਰ ਸਾਰਾ ਹੀ ਵਿਸਰ ਜਾਵੇ।

੪. ਅਤੇ ਹਰੀ ਨਾਲ ਚਿੱਤ ਸਦਾ ਹੀ ਜੁੜਿਆ ਰਹੇ ਤੇ ਅਜਿਹਾ ਆਤਮਿਕ ਜੀਵਨ ਦਾ ਦਰਜਾ ਪ੍ਰਾਪਤ ਹੋ ਜਾਏ ਜਿਸ ਨੂੰ ਕਦੇ ਬੁਢੇਪੇ ਦਾ ਡਰ ਨਾ ਹੋ ਸਕੇ। ਆਤਮਾ ਕਰਕੇ ਜੀਵਨ ਪਦਵੀ ਪ੍ਰਾਪਤ ਹੋ ਜਾਵੇ।੧।ਰਹਾਉ।

ਪ੍ਰ: ਹਜ਼ੂਰ ਜੀ। ਗੋਬਿੰਦ ਸੰਗ ਪ੍ਰੀਤ ਪਾਉਣ ਨਾਲ ਤੁਹਾਨੂੰ ਕੀ ਕੁਝ ਪ੍ਰਾਪਤ ਹੋਇਆ?

ੳ: ੫. ਹੁਣ ਹਜ਼ੂਰ ਜੀ ਆਪਣੀ ਮਾਨਸਿਕ ਅਵਸਥਾ ਦਾ ਕਥਨ ਕਰਦੇ ਹਨ ਕਿ ਹੇ ਭਾਈ! ਉਸ ਗੋਬਿੰਦ ਸੰਗ ਪ੍ਰੀਤ ਕਰਨ ਨਾਲ ਸਾਨੂੰ ਇਕ ਸਹਿਜ ਦਾ ਗਿਆਨ ਪੈਦਾ ਹੋ ਗਿਆ ਹੈ। ਵੇਖੋ, (ਸ੍ਰੋਤਾ ਜਨੋ! ਹੁਣ ਸਾਨੂੰ) ਅੰਤਰ ਆਤਮੇ ਹੈਰਾਨ ਕਰਨ ਵਾਲੀ ਭਗਤੀ ਦਾ ਰੰਗ ਬਣ ਆਇਆ ਹੈ।

ਪ੍ਰ: ਸ੍ਰੀ ਜੀਉ! ਮਨੁੱਖ ਦਾ ਮਨ ਤਾਂ ਅਤਿ ਮਲੀਨ ਹੈ, ਪਰ ਇਸ ਨੂੰ ਤੁਸਾਂ ਕਿਵੇਂ ਪਵਿੱਤ੍ਰ ਕਰ ਲਿਆ ਹੈ?

ੳ: ੬. ਹੇ ਭਾਈਓ! ਆਪਣੇ ਸਰੂਪ ਦੇ ਵੀਚਾਰ ਨਾਲ ਆਪ ਨੂੰ, ਭਾਵ ਹੰਕਾਰ ਨੂੰ ਨਾਸ ਕਰ ਲਿਆ ਤਾਂ ਮਨ ਨਿਰਮਲ ਹੋ ਗਿਆ ਤੇ ਹੁਣ ਜੋਤੀ ਸਰੂਪ ਗੋਬਿੰਦ ਵਿਚ ਆਪਣੀ (ਜੋਤਿ) ਆਤਮਾ ਸਮਾ ਰਹੀ ਹੈ।੩।

ਪ੍ਰ: ਹਜ਼ੂਰ! ਪਰ ਇਹ ਹਰ ਇਕ ਆਤਮਾ ਦੀ ਜੋਤੀ ਸਰੂਪ ਵਿਚ ਸਮਾਈ ਕਿਉਂ ਨਹੀਂ ਹੁੰਦੀ?

ੳ: ੭. ਹੇ ਪਿਆਰੇ। ਚਾਹੁੰਦੇ ਤਾਂ ਸਾਰੇ ਹੀ ਹਨ, ਪਰ ਸਤਿਗੁਰੂ ਤੋਂ ਬਿਨਾ ਇਹ ਪ੍ਰਾਪਤੀ ਨਹੀਂ ਹੁੰਦੀ, ਪਰ ਹਾਂ! ਭਾਗਾਂ ਤੋਂ ਬਿਨਾ ਐਸਾ ਸਤਿਗੁਰੂ ਵੀ ਪ੍ਰਾਪਤ ਨਹੀਂ ਹੋ ਸਕਦਾ।

੮. ਪਰ ਜੇ ਸਤਿਗੁਰੂ ਜੀ ਪ੍ਰਾਪਤ ਹੋ ਜਾਣ ਤਾਂ ਮਨੁੱਖ ਦੇ ਅੰਦਰੋਂ ਮਾਇਆ ਦੇ ਮੋਹ ਵਾਲੀ ਅਗਿਆਨਤਾ ਦੀ ਕੰਧ ਨਿਕਲ ਜਾਵੇ ਤਾਂ (ਹਰੀ ਨਾਲ ਮਿਲਾਪ ਹੋ ਜਾਂਦਾ ਹੈ) ਜਿਸ ਦੀ ਬਰਕਤ ਨਾਲ ਮਨੁੱਖ ਨੂੰ ਸਦਾ ਲਈ ਆਤਮਿਕ ਅਨੰਦ ਪ੍ਰਾਪਤ ਹੋ ਜਾਂਦਾ ਹੈ।੩।

ਪ੍ਰ: ਗੁਰਦੇਵ ਜੀ! ਜਦੋਂ ਐਹੋ ਜਿਹਾ ਸਤਿਗੁਰੂ ਮਿਲ ਜਾਵੇ ਤਾਂ ਉਹ ਸਿੱਖ ਸਤਿਗੁਰੂ ਦੀ ਸੇਵਾ ਕੀ ਕਰੇ?

ਉ: ੯. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਸ ਗੁਰੂ ਅੱਗੇ ਸੇਵਕ ਆਪਣਾ ਆਪ ਭੇਟਾ ਧਰ ਦੇਵੇ, ਭਾਵ ਕਿ ਆਪਾ ਅਰਪਨ ਕਰ ਦੇਵੇ।

ਪ੍ਰ: ਹਜ਼ੂਰ! ਫਿਰ ਇਸ ਤੋਂ ਇਲਾਵਾ ਹੋਰ ਕੀ ਕਰੇ?

ਉ: ੧੦. ਹੇ ਭਾਈ! ਫਿਰ ਉਹ ਸਤਿਗੁਰੂ ਦਾ ਭਾਣਾ ਚਿੱਤ ਵਿਚ ਧਾਰਨ ਕਰੇ, ਭਾਵ ਹੈ ਸਤਿਗੁਰੂ ਦੇ ਭਾਣੇ ਨੂੰ ਮੰਨਦਾ ਰਵੇ, ਪਰ ਸਤਿਗੁਰੂ ਦੇ ਭਾਣੇ ਨੂੰ ਮੰਨਣਾ ਵੀ ਕੋਈ ਸੌਖੀ ਖੇਡ ਨਹੀਂ, ਕਿਉਂਕਿ ਜਿਸ ਮਨੁੱਖ ਉੱਤੇ ਗੁਰੂ ਹੀ ਕਿਰਪਾ ਕਰਦਾ ਹੈ, ਉਹੋ ਸਿੱਖ ਗੁਰੂ ਦੇ ਹੁਕਮ ਨੂੰ ਸਦਾ ਮੰਨਦਾ ਹੈ।੪।੧।੩।

ਭਾਵਾਰਥ : ਇਸ ਮਹਾਂਵਾਕ ਅੰਦਰ ਇਹੋ ਸਿੱਧਾਂਤ ਕਥਨ ਕੀਤਾ ਗਿਆ ਹੈ ਕਿ ਹਰੀ ਦੀ ਪ੍ਰੀਤ ਨਾਲ ਸਹਿਜ ਉਪਜਦਾ ਹੈ, ਪਰ ਇਹ ਪ੍ਰੀਤ ਗੁਰੂ ਦੁਆਰਾ ਹਿਰਦੇ ਅੰਦਰ ਪੈਦਾ ਹੁੰਦੀ ਹੈ ਪਰ ਉਹ ਤਾਂ, ਜਦੋਂ ਅਸੀਂ ਐਸੇ ਗੁਰੂ ਨੂੰ ਆਪਾ ਅਰਪਨ ਕਰਾਂਗੇ।

ਗੂਜਰੀ ਮਹਲਾ ੩ ॥

੧. ਹਰਿ ਕੀ ਤੁਮ ਸੇਵਾ ਕਰਹੁ
ਦੂਜੀ ਸੇਵਾ ਕਰਹੁ ਨ ਕੋਇ ਜੀ ॥
੨. ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥
੩. ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ
ਹਰਿ ਮੇਰੀ ਕਥਾ ਕਹਾਨੀ ਜੀ ॥
੪. ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ
ਸੇਵ ਬਨੀ ਜੀਉ ॥੧॥ ਰਹਾਉ ॥
੫. ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ
ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥
੬. ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ
ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ॥੨॥
੭. ਹਰਿ ਬਿਨੁ ਹੋਰ ਰਾਸਿ ਕੂੜੀ ਹੈ
ਚਲਦਿਆ ਨਾਲਿ ਨ ਜਾਈ ॥
੮. ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ
ਜਹਾ ਹਉ ਜਾਉ ਤਹ ਜਾਈ ॥੩॥
੯. ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥
੧੦. ਕਹੈ ਨਾਨਕੁ ਹਰਿ ਕਾ ਭਾਣਾ ਹੋਆ
ਕਹਣਾ ਕਛੂ ਨ ਜਾਈ ॥੪॥੨॥੪॥

ਪਦ ਅਰਥ : ਜੀ—ਹੇ ਭਾਈ! ਤੇ—ਤੋਂ, ਨਾਲ। ਮਨਹੁ ਚਿੰਦਿਆ—ਮਨ ਤੋਂ ਚਿਤਵਿਆ ਹੋਇਆ। ਬਿਰਥਾ—ਵਿਅਰਥ।੧। ਰੀਤਿ—ਜੀਵਨ ਜੁਗਤਿ, ਰਹੁ ਰੀਤੀ। ਕਥਾ ਕਹਾਨੀ—ਮਨ ਪ੍ਰਚਾਵੇ ਦੀਆਂ ਗੱਲਾਂ। ਪ੍ਰਸਾਦਿ—ਕਿਰਪਾ ਨਾਲ। ਭੀਜੈ—ਭਿੱਜ ਜਾਏ, ਗਿੱਝ ਜਾਏ। ਬਨੀ—ਫੱਬੀ।੧।ਰਹਾਉ। ਬੰਧਪ—ਰਿਸ਼ਤੇਦਾਰ। ਭਾਈ—ਭਰਾ। ਨਾਮਿ—ਨਾਮ ਨਾਲ। ਤ੍ਰਿਪਤੈ—ਰੱਜਦਾ ਹੈ। ਸਖਾਈ—ਸਾਥੀ।੨। ਰਾਸਿ—ਸਰਮਾਇਆ। ਕੂੜੀ—ਨਾਸਵੰਤ। ਹਉ—ਮੈਂ। ਜਾਉ—ਜਾਉਂ, ਮੈਂ ਜਾਂਦਾ ਹਾਂ।੩। ਝੂਠੇ—ਨਾਸਵੰਤ ਪਦਾਰਥਾਂ ਵਿਚ। ਲਾਗੈ—ਪਿਆਰ ਪਾਂਦਾ ਹੈ। ਕਮਾਈ—ਕਮਾਂਦਾ ਹੈ। ਭਾਣਾ—ਰਜ਼ਾ।੪।

ਅਰਥ :

ਪ੍ਰ: ਹੇ ਗੁਰੋ! ਜਗਤ ਵਿਚ ਅਨੇਕਾਂ ਹੀ ਸੇਵਾ ਕਰਨ ਵਾਲੇ ਸੇਵਕ ਤੱਕੀਦੇ ਹਨ, ਪਰ ਉਨ੍ਹਾਂ ਵਿਚੋਂ ਕੋਈ ਬ੍ਰਹਮਾ ਦਾ, ਕੋਈ ਵਿਸ਼ਨੂੰ, ਸ਼ਿਵਜੀ ਆਦਿ ਦੇਵਤਿਆਂ ਦੀ ਸੇਵਾ ਕਰਨ ਵਾਲੇ ਵੇਖੀਦੇ ਹਨ, ਪਰ ਦੱਸੋ ਤੁਸੀਂ ਕਿਸ ਦੀ ਸੇਵਾ ਕਰਨ ਦੀ ਆਗਿਆ ਕਰਦੇ ਹੋ?

ਉ: ੧. ਹੇ ਭਾਈਓ! ਸਭ ਤੋਂ ਉੱਤਮ ਸੇਵਾ ਤਾਂ ਪਰਮੇਸ਼ਰ ਦੀ ਹੀ ਹੈ, ਇਸ ਲਈ ਤੁਸੀਂ ਸਿਰਫ਼ ਪਰਮਾਤਮਾ ਦੀ ਸੇਵਾ ਭਗਤੀ ਕਰਦੇ ਰਹੋ, ਹੋਰ ਕਿਸੇ ਦੇਵੀ ਦੇਵਤੇ ਆਦਿ ਦੀ ਸੇਵਾ ਪੂਜਾ ਨਾ ਕਰੋ।

ਪ੍ਰ: ਕਿਉਂ ਜੀ! ਉਸ ਹਰੀ ਦੀ ਸੇਵਾ ਕਰਨ ਵਿਚ ਕਿਹੜੀ ਵਿਸ਼ੇਸ਼ਤਾ ਹੈ?

ਉ: ੨. ਹੇ ਮਿੱਤਰੋ! ਪਰਮੇਸ਼ਰ ਦੀ ਸੇਵਾ ਭਗਤੀ ਕਰਨ ਨਾਲ ਮਨ ਇੱਛਤ ਫਲ ਪ੍ਰਾਪਤ ਕਰ ਲਈਦਾ ਹੈ ਅਤੇ ਜੇ ਹਰੀ ਦੀ ਸੇਵਾ ਨੂੰ ਛੱਡ ਕੇ ਕਿਸੇ ਹੋਰ ਦੇਵਤੇ ਦੀ ਸੇਵਾ ਕਰੋਗੇ, ਤਾਂ ਇਸ ਤਰ੍ਹਾਂ ਦੇਵੀ ਦੇਵ ਦੀ ਪੂਜਾ ਕਰਨ ਨਾਲ ਤਾਂ (ਸਾਰਾ) ਜਨਮ ਹੀ ਵਿਅਰਥ ਚਲਾ ਜਾਂਦਾ ਹੈ।੧।

ਪ੍ਰ: ਸ੍ਰੀ ਜੀਉ! ਤੁਹਾਡਾ ਆਪਣਾ ਨਿਸ਼ਚਾ ਕੀ ਹੈ?

ਉ: ੩. ਹੇ ਭਰਾਵੋਂ! ਮੇਰੀ ਤਾਂ ਹਰੀ ਨਾਲ ਹੀ ਪ੍ਰੀਤੀ ਹੈ ਅਤੇ ਹਰੀ ਦਾ (ਸਿਮਰਨ) ਹੀ ਮੇਰੀ ਜੀਵਨ ਜੁਗਤੀ ਹੈ, ਰਹੁ ਰੀਤੀ ਹੈ, ਹਰੀ ਹੀ ਮੇਰੀ ਕਥਾ ਤੇ ਹਰੀ ਹੀ ਮੇਰੀ ਵਿਥਿਆ ਹੈ, ਭਾਵ ਹਰੀ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਹੀ ਮੇਰੇ ਮਨ ਪ੍ਰਚਾਵੇ ਦੀਆਂ ਗੱਲਾਂ ਹਨ।

੪. ਸੋ, ਏਹੋ (ਮੇਰੀ) ਸੇਵਾ ਹੈ ਜੋ (ਮੈਥੋਂ) ਬਣ ਆਈ ਹੈ, ਜੋ ਮੈਨੂੰ ਚੰਗੀ ਲੱਗਦੀ ਹੈ। ਮੇਰਾ ਤਰਲਾ ਇਹੋ ਹੈ ਕਿ ਗੁਰੂ ਦੀ ਕਿਰਪਾ ਨਾਲ ਮੇਰਾ ਮਨ ਉਸ ਸਾਈਂ ਜੀ ਦੀ ਯਾਦ ਵਿਚ, ਉਸ ਦੇ ਪ੍ਰੇਮ ਵਿਚ ਗਿੱਝ ਜਾਏ, ਭਿੱਜਾ ਰਹੇ।੧।ਰਹਾਉ।

ਪ੍ਰ: ਹੇ ਗੁਰੋ! ਕੀ ਤੁਸੀਂ ਸਿਮ੍ਰਿਤੀਆਂ, ਸ਼ਾਸਤ੍ਰ ਆਦਿ ਪੁਸਤਕਾਂ ਪੜ੍ਹਨ ਵਿਚ ਵਿਸ਼ਵਾਸ ਨਹੀਂ ਰੱਖਦੇ, ਜਿਨ੍ਹਾਂ ਵਿਚੋਂ ਕਿ ਸਭ ਸਿੱਖਿਆਵਾਂ ਪ੍ਰਾਪਤ ਹੁੰਦੀਆਂ ਹਨ?

ਉ: ੫. ਹੇ ਮਿੱਤਰੋ! ਸੱਚੀ ਗੱਲ ਤਾਂ ਇਹੋ ਹੈ ਕਿ ਪਰਮੇਸ਼ਰ ਦਾ ਨਾਮ ਹੀ ਮੇਰੇ ਲਈ ਸਿਮ੍ਰਿਤੀਆਂ ਤੇ ਸ਼ਾਸਤ੍ਰਾਂ ਦੀ ਵੀਚਾਰ ਹੈ ਅਤੇ ਪਰਮਾਤਮਾ ਹੀ ਮੇਰਾ (ਸੱਚਾ) ਸਾਕ ਹੈ ਅਤੇ ਹਰੀ ਹੀ ਮੇਰਾ ਰਿਸ਼ਤੇਦਾਰ ਹੈ, ਹਰੀ ਹੀ ਮੇਰਾ ਭਰਾ ਭਾਈ ਹੈ।

ਪ੍ਰ: ਹੇ ਗੁਰਦੇਵ ਜੀਉ! ਅਸਾਂ ਸੰਸਾਰੀ ਜੀਵਾਂ ਨੂੰ ਤਾਂ ਸਦਾ ਸੰਸਾਰਕ ਪਦਾਰਥਾਂ ਦੀ ਹੀ ਭੁੱਖ ਲਗਦੀ ਰਹਿੰਦੀ ਹੈ ਤੇ ਸਾਡਾ ਮਨ ਇੱਛਾ ਅਨੁਸਾਰ ਪਦਾਰਥ ਪਾ ਕੇ ਹੀ ਰਜਦਾ ਹੈ, ਪਰ ਤੁਹਾਡੀ ਮਾਨਸਕ ਅਵਸਥਾ ਕੈਸੀ ਹੈ?

ਉ: ੬. ਹੇ ਸੱਜਣੋ ! ਮੈਨੂੰ ਤਾਂ ਸਦਾ ਪਰਮੇਸ਼ਰ ਦੇ ਨਾਮ ਦੀ ਹੀ ਭੁੱਖ ਲੱਗਦੀ ਹੈ। ਜਦੋਂ ਵੀ ਇਹ ਭੁੱਖ ਲਗੇ ਤਦੋਂ ਹਰੀ ਦੇ ਨਾਮ ਨਾਲ ਹੀ ਮੇਰਾ ਮਨ ਤ੍ਰਿਪਤ ਹੁੰਦਾ ਹੈ, ਇਸ ਲਈ (ਉਹ) ਹਰੀ ਮੇਰਾ (ਸੱਚਾ) ਸੰਬੰਧੀ ਹੈ, ਜੋ ਕਿ ਅੰਤ ਨੂੰ ਮੇਰਾ ਸਹਾਈ ਹੋਵੇਗਾ।੨।

ਪ੍ਰ: ਕਿਉਂ ਜੀ ! ਤੁਹਾਨੂੰ ਸੰਸਾਰਕ ਪਦਾਰਥਾਂ ਦੀ ਲਾਲਸਾ ਕਿਉਂ ਨਹੀਂ ?

ਉ: ੭. ਹੇ ਭਾਈਓ ! ਉਹ ਇਸ ਲਈ ਕਿ ਸਾਨੂੰ ਯਕੀਨ ਹੈ ਕਿ ਹਰੀ ਦੇ ਨਾਮ ਤੋਂ ਬਿਨਾ ਹੋਰ ਸਾਰੀ ਹੀ ਸੰਸਾਰਕ ਪਦਾਰਥਾਂ ਦੀ ਰਾਸ ਝੂਠੀ ਹੈ ਜੋ ਕਿ ਇਸ ਸੰਸਾਰ ਤੋਂ ਤੁਰਨ ਲਗਿਆਂ ਮਨੁੱਖ ਦੇ ਨਾਲ ਨਹੀਂ ਜਾਂਦੀ।

੮. ਇਸ ਲਈ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਪਰਮੇਸ਼ਰ ਦਾ ਨਾਮ ਹੀ ਮੇਰਾ ਸੱਚਾ ਧਨ ਹੈ, ਜੋ ਚਲਣ ਵੇਲੇ ਮੇਰੇ ਨਾਲ ਚਲੇਗਾ। ਜਿਥੇ ਵੀ ਮੈਂ ਜਾਵਾਂਗਾ, ਉਥੇ ਮੇਰੇ ਨਾਲ ਹੀ ਚਲੇਗਾ।੩।

ਪ੍ਰ: ਗੁਰਦੇਵ ਜੀ ! ਹੁਣ ਦੱਸੋ, ਤੁਹਾਡੇ ਵਿਚਾਰ ਵਿਚ ਝੂਠਾ ਬੰਦਾ ਕੌਣ ਹੈ ?

ਉ: ੯. ਹੇ ਭਾਈਓ। ਝੂਠਾ ਤਾਂ ਉਸੇ ਮਨੁੱਖ ਨੂੰ ਸਮਝੋ ਜੋ ਝੂਠੇ ਸੰਸਾਰ ਦੇ ਝੂਠਿਆਂ ਪਦਾਰਥਾਂ ਵਿਚ ਖੱਚਤ ਰਹਿੰਦਾ ਹੈ ਅਤੇ ਖੱਚਤ ਹੋਇਆ ਉਨ੍ਹਾਂ ਕੂੜੇ ਕਰਮਾਂ ਦੇ ਕਮਾਉਣ ਵਿਚ ਹੀ ਲੱਗਾ ਰਹਿੰਦਾ ਹੈ (ਜਿਵੇਂ ਕਿ ਝੂਠੇ ਪਦਾਰਥ ਮਿਲ ਸਕਣ)।

ਪ੍ਰ: ਕਿਉਂ ਜੀ ! ਇਹ ਜੀਵ ਨਾਸਵੰਤ ਪਦਾਰਥਾਂ ਲਈ ਦੌੜ ਭੱਜ ਕਰਨੀ ਛੱਡਦਾ ਕਿਉਂ ਨਹੀਂ ?

ਉ:੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ, ਇਹ ਪਰਮੇਸ਼ਰ ਦੀ ਰਜ਼ਾ ਹੀ ਹੈ ਕਿ ਕੋਈ ਪਰਮੇਸ਼ਰ ਦੇ ਨਾਮ ਵਿਚ ਮਸਤ ਹੈ ਤੇ ਕੋਈ ਸੰਸਾਰਕ ਝੂਠੇ ਪਦਾਰਥਾਂ ਵਿਚ ਲੱਗਾ ਹੋਇਆ ਹੈ। ਇਸ ਬਾਰੇ ਕੁਝ ਕਿਹਾ ਹੀ ਨਹੀਂ ਜਾ ਸਕਦਾ, ਭਾਵ ਉਸਦੀ ਰਜ਼ਾ ਨੂੰ ਚੰਗਾ ਮੰਦਾ ਨਹੀਂ ਆਖਿਆ ਜਾ ਸਕਦਾ, (ਸਿਵਾਏ ਇਹ ਗੱਲ ਕਹਿਣ ਤੋਂ ਕਿ ਉਸੇ ਦਾ ਭਾਣਾ ਹੋ ਰਿਹਾ ਹੈ)।੪।੨।੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਦੇਵੀ ਦੇਵਤਿਆਂ ਦੀ ਸੇਵਾ ਪੂਜਾ ਕਰਨ ਦਾ ਤਿਆਗ ਦਰਸਾ ਕੇ ਸੱਚੇ ਪਰਮੇਸ਼ਰ ਦੀ ਸੇਵਾ ਕਰਨ ਦੀ ਪ੍ਰੇਰਨਾ ਕਰਦੇ ਹਨ, ਕਿਉਂਕਿ ਹਰ ਦੇਵਤਾ ਹਰ ਪ੍ਰਕਾਰ ਦੀ ਇੱਛਾ ਪੂਰਨ ਨਹੀਂ ਕਰ ਸਕਦਾ। ਕੇਵਲ ਇਕ ਪਰਮੇਸ਼ਰ ਦੀ ਹੀ ਸੇਵਾ ਹੈ ਜੋ ਮਨੁੱਖ ਨੂੰ ਮਨ ਇੱਛਤ ਫਲਾਂ ਦੀ ਪ੍ਰਾਪਤੀ ਕਰਵਾਉਂਦੀ ਹੈ, ਇਸੇ ਲਈ ਹਜ਼ੂਰ ਨਾਮ ਦੇ ਚਿੰਤਨ ਕਰਵਾਉਣ ਦੀ ਪ੍ਰੇਰਨਾ ਕਰਦੇ ਹਨ, ਜੋ ਮਨੁੱਖ ਦੇ ਸਦਾ ਹੀ ਨਾਲ ਰਹਿ ਕੇ ਸਦੀਵੀ ਸਾਥ ਦੇਂਦਾ ਹੈ।

ਗੂਜਰੀ ਮਹਲਾ ੩ ॥

੧. ਜੁਗ ਮਾਹਿ ਨਾਮੁ ਦੁਲੰਭੁ ਹੈ
ਗੁਰਮੁਖਿ ਪਾਇਆ ਜਾਇ ॥
੨. ਬਿਨੁ ਨਾਵੈ ਮੁਕਤਿ ਨ ਹੋਵਈ
ਵੇਖਹੁ ਕੋ ਵਿਉਪਾਇ ॥੧॥
੩. ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥
੪. ਸਤਿਗੁਰ ਮਿਲਿਐ ਹਰਿ ਮਨਿ ਵਸੈ
ਸਹਜੇ ਰਹੈ ਸਮਾਇ ॥੧॥ ਰਹਾਉ ॥
੫. ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥
੬. ਬੈਰਾਗੈ ਤੇ ਹਰਿ ਪਾਈਐ
ਹਰਿ ਸਿਉ ਰਹੈ ਸਮਾਇ ॥੨॥
੭. ਸੇਇ ਮੁਕਤ ਜਿ ਮਨੁ ਜਿਣਹਿ
ਫਿਰਿ ਧਾਤੁ ਨ ਲਾਗੈ ਆਇ ॥
੮. ਦਸਵੈ ਦੁਆਰਿ ਰਹਤ ਕਰੇ
ਤ੍ਰਿਭਵਣ ਸੋਝੀ ਪਾਇ ॥੩॥
੯. ਨਾਨਕ ਗੁਰ ਤੇ ਗੁਰੁ ਹੋਇਆ
ਵੇਖਹੁ ਤਿਸ ਕੀ ਰਜਾਇ ॥
੧੦. ਇਹੁ ਕਾਰਣੁ ਕਰਤਾ ਕਰੇ
ਜੋਤੀ ਜੋਤਿ ਸਮਾਇ ॥੪॥੩॥੫॥

ਪਦ ਅਰਥ : ਜੁਗ ਮਾਹਿ—ਜਗਤ ਵਿਚ, ਇਸ ਵਰਤ ਰਹੇ ਜੁਗ, ਕਲਜੁਗ ਵਿਚ। ਦੁਲੰਭ—ਦੁਰਲੱਭ, ਬੜੀ ਕਠਨਤਾਈ ਨਾਲ ਮਿਲਣ ਵਾਲਾ, ਕਿਉਂਕਿ ਮਨੁੱਖ ਦੀਆਂ ਬ੍ਰਿਤੀਆਂ ਬਾਹਰਮੁੱਖੀ ਬਹੁਤੀਆਂ ਹੋ ਰਹੀਆਂ ਹਨ। ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਹੋਵਈ—ਹੁੰਦੀ ਹੈ। ਕੋ—ਕੋਈ ਧਿਰ ਭੀ। ਵਿਉਪਾਇ—ਨਿਰਨਾ ਕਰਕੇ, ਖ਼ਾਸ, ਹੋਰ ਵਿਸ਼ੇਸ਼ ਉਪਾਉ।੧। ਸਦ—ਸਦਾ। ਮਨਿ—ਮਨ ਵਿਚ।੧।ਰਹਾਉ। ਜਾਂ—ਜਦੋਂ। ਭਉ—ਡਰ, ਅਦਬ। ਬੈਰਾਗੁ—ਮਾਇਆ ਵਲੋਂ ਉਪਰਾਮਤਾ। ਤੇ—ਤੋਂ। ਸਿਉ—ਨਾਲ।੨। ਸੇਇ—ਉਹ ਬੰਦੇ। ਜਿ—ਜੇਹੜੇ। ਜਿਣਹਿ—ਜਿੱਤਦੇ ਹਨ। ਧਾਤੁ—ਮਾਇਆ। ਲਾਗੈ—ਚੰਬੜਦੀ। ਦੁਆਰਿ—ਦੁਆਰ ਵਿਚ। ਰਹਤ—ਰਿਹਾਇਸ਼। ਤ੍ਰਿਭਵਣ—ਤਿੰਨਾਂ ਭਵਨਾਂ ਵਿਚ ਵਿਆਪਕ ਪ੍ਰਭੂ।੩। ਗੁਰ ਤੇ—ਗੁਰੂ ਤੋਂ। ਰਜਾਇ—ਮਰਜ਼ੀ। ਕਰਤਾ—ਕਰਤਾਰ।੪।

ਅਰਥ :

ਪ੍ਰ: ਹੇ ਗੁਰੋ ! ਇਹ ਦੱਸੋ ਕਿ ਸੰਸਾਰ ਵਿਚ ਕਿਹੜਾ ਪਦਾਰਥ ਲੱਭਣਾ ਔਖਾ ਹੈ ?

ਉ: ੧. ਐ ਮਿੱਤਰ ਜਨੋ ! ਇਸ ਜਗਤ ਵਿਚ ਹੋਰ ਤਾਂ ਸਾਰੇ ਹੀ ਪਦਾਰਥ ਸੌਖੇ ਮਿਲ ਜਾਂਦੇ ਹਨ, ਪਰ ਪ੍ਰਭੂ ਜੀ ਦਾ ਨਾਮ ਬਹੁਤ ਮੁਸ਼ਕਲਾਂ ਨਾਲ ਮਿਲ ਸਕਦਾ ਹੈ।

ਪ੍ਰ: ਪਰ ਹਜ਼ੂਰ ਜੀ ! ਇਹ ਕਿਵੇਂ ਪਾਇਆ ਵੀ ਜਾ ਸਕਦਾ ਹੈ ?

ਉ: ਹਾਂ, ਹੇ ਭਾਈ ! ਇਹ ਨਾਮ ਗੁਰੂ ਦੀ ਸ਼ਰਨ ਵਿਚ ਪਿਆਂ ਹੀ ਪ੍ਰਾਪਤ ਹੋ ਸਕਦਾ ਹੈ।

੨. ਹੇ ਪਿਆਰੇ ! ਇਹ ਨਿਯਮ ਹੈ ਕਿ ਨਾਮ ਤੋਂ ਬਿਨਾ ਮੁਕਤੀ ਨਹੀਂ ਹੋ ਸਕਦੀ, ਬੇਸ਼ਕ ਕੋਈ ਭੀ ਧਿਰ ਕੋਈ ਹੋਰ ਉਪਾਉ ਕਰਕੇ ਨਿਰਨਾ ਕਰਕੇ ਵੇਖ ਲਓ।੧।

੩. ਹੇ ਪਿਆਰਿਓ ! ਮੈਂ ਆਪਣੇ ਗੁਰੂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ, ਸਦਕੇ ਜਾਂਦਾ ਹਾਂ।

੪. ਕਿਉਂਕਿ ਜਦੋਂ ਗੁਰੂ ਮਿਲ ਜਾਵੇ ਤਾਂ ਉਹ ਪ੍ਰਭੂ ਜੀ ਮਨੁੱਖ

ਦੇ ਮਨ ਵਿਚ ਆ ਵਸਦਾ ਹੈ, ਤਾਂ ਮਨੁੱਖ ਦਾ ਮਨ ਸਹਿਜੇ ਹੀ ਅਡੋਲਤਾ ਵਿਚ ਲੀਨ ਰਹਿੰਦਾ ਹੈ।੧।ਰਹਾਉ।

ਪ੍ਰ: ਹੇ ਗੁਰੋ! ਪਰ ਇਹ ਅਵਸਥਾ ਪ੍ਰਾਪਤ ਕਿਵੇਂ ਹੋਵੇ?

ਉ: ਹੇ ਪਿਆਰੇ! ਜਦੋਂ ਮਨ ਵਿਚ ਵੈਰਾਗ ਉਤਪੰਨ ਹੋ ਜਾਵੇ (ਤਾਂ ਇਹ ਅਵਸਥਾ ਪ੍ਰਾਪਤ ਹੁੰਦੀ ਹੈ)

ਪ੍ਰ: ਕਿਉਂ ਜੀ! ਤਾਂ ਫਿਰ ਇਹ ਵੈਰਾਗ ਕਿਸ ਸਾਧਨ ਕੀਤਿਆਂ ਪ੍ਰਾਪਤ ਹੋਵੇਗਾ?

ਉ: ੫. ਹੇ ਪਿਆਰੇ! ਇਹ ਵੈਰਾਗ ਦੀ ਪ੍ਰਾਪਤੀ ਕਿਸੇ ਸਾਧਨ ਦੀ ਮੁਥਾਜ ਨਹੀਂ, ਇਹ ਤਾਂ ਜਦੋਂ ਪਰਮੇਸ਼ਰ ਕਿਸੇ ਮਨੁੱਖ ਦੇ ਮਨ ਅੰਦਰ ਆਪਣਾ ਡਰ-ਅਦਬ ਪਾ ਦੇਵੇ, ਤਾਂ ਉਸ ਦੇ ਮਨ ਵਿਚ ਇਸ ਮਾਇਆ ਵਲੋਂ ਉਪਰਾਮਤਾ ਪੈਦਾ ਹੋ ਜਾਂਦੀ ਹੈ।

੬. ਬੱਸ! ਫਿਰ ਵੈਰਾਗ ਤੋਂ ਹੀ ਪਰਮੇਸ਼ਰ ਦਾ ਮਿਲਾਪ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਮਨੁੱਖ ਫਿਰ ਆਪਣੀ ਸੁਰਤਿ ਨੂੰ ਸਾਈਂ ਜੀ ਦੇ ਚਰਨਾਂ ਵਿਚ ਜੋੜੀ ਰੱਖਦਾ ਹੈ।੨।

੭. ਐ ਪਿਆਰੇ! ਉਹੀ ਮਨੁੱਖ ਮੁਕਤਿ ਹਨ, ਜੋ ਇਸ ਪ੍ਰਕਾਰ ਆਪਣੇ ਮਨ ਨੂੰ ਜਿੱਤ ਲੈਂਦੇ ਹਨ, ਬੱਸ ਇਨ੍ਹਾਂ ਨੂੰ ਫਿਰ ਮਾਇਆ ਦਾ ਮੋਹ ਆ ਕੇ ਨਹੀਂ ਗ੍ਰਸਦਾ, ਭਾਵ ਮਾਇਆ ਉਨ੍ਹਾਂ ਉੱਤੇ ਮੁੜ ਆਪਣਾ ਜ਼ੋਰ ਨਹੀਂ ਪਾ ਸਕਦੀ।

੮. ਹੇ ਭਾਈ! ਉਹ ਫਿਰ ਦਸਵੇਂ ਦੁਆਰ ਵਿਚ ਆਪਣਾ ਸਦਾ ਹੀ ਟਿਕਾਉ ਰੱਖਦੇ ਹਨ। ਇਸੇ ਟਿਕਾਉ ਵਿਚ ਉਨ੍ਹਾਂ ਨੂੰ ਫਿਰ ਤਿੰਨਾਂ ਭਵਨਾਂ ਦੀ ਸੋਝੀ ਹੋ ਆਉਂਦੀ ਹੈ, ਭਾਵ ਹੈ ਕਿ ਉਨ੍ਹਾਂ ਨੂੰ ਤਿੰਨਾਂ ਹੀ ਲੋਕਾਂ ਵਿਚ ਵਿਆਪਕ ਪ੍ਰਭੂ ਦੀ ਸਮਝ ਪੈ ਜਾਂਦੀ ਹੈ।

ਪ੍ਰ: ਗੁਰਦੇਵ ਜੀ! ਤੁਹਾਡਾ ਆਪਣਾ ਤਜਰਬਾ ਕੀ ਹੈ?

ਉ: ੯. ਐ ਲੋਕੋ! ਉਸ ਰਾਜ਼ਕ ਦੀ ਅਸਚਰਜ ਮਰਜ਼ੀ ਵੇਖੋ ਕਿ ਜਿਹੜਾ ਭੀ ਸਿੱਖ ਗੁਰੂ ਦੀ ਸ਼ਰਨ ਆ ਪੈਂਦਾ ਹੈ, (ਉਹ ਗੁਰੂ ਸ਼ਰਣ ਦੀ ਬਰਕਤ ਨਾਲ) ਗੁਰੂ ਦਾ ਰੂਪ ਹੀ ਬਣ ਜਾਂਦਾ ਹੈ। (ਤਕੋ ਨਾ! ਭਾਈ ਲਹਿਣਾ ਜੀ ਗੁਰੂ ਨਾਨਕ ਦੀ ਸ਼ਰਣ ਵਿਚ ਆਏ ਆਖ਼ਰ ਗੁਰੂ ਬਣ ਗਏ)।

੧੦. ਹੇ ਭਾਈ! ਇਹ ਕੁਝ ਪ੍ਰਾਪਤ ਹੋਣ ਵਿਚ ਕਿਸੇ ਦਾ ਆਪਣਾ ਜ਼ੋਰ ਨਹੀਂ ਚਲਦਾ। ਇਹ ਕਾਰਣ ਕਰਤਾਰ ਆਪ ਹੀ ਕਰਦਾ ਹੈ, ਤਾਂ ਫਿਰ ਇਸ ਤਰ੍ਹਾਂ ਉਸ ਦੀ ਆਤਮਾ ਪਰਮਾਤਮਾ ਵਿਚ ਸਮਾ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ।੪।੩।੫।

ਭਾਵਾਰਥ : ਇਸ ਜਗਤ ਵਿਚ ਹਰ ਪਦਾਰਥ ਪ੍ਰਾਪਤ ਹੋ ਜਾਣਾ ਕੋਈ ਵੀ ਔਖਾ ਨਹੀਂ, ਪਰ ਇਕ ਪਰਮੇਸ਼ਰ ਦੇ ਨਾਮ ਦੀ ਪ੍ਰਾਪਤੀ ਹੋਣੀ ਅਤਿਅੰਤ ਕਠਨ ਹੈ, ਪਰ ਗੁਰੂ ਦੀ ਸ਼ਰਣ ਪ੍ਰਾਪਤ ਕਰਨ ਵਾਲੇ ਨੂੰ ਇਹ ਦੁਰਲੱਭ ਨਾਮ ਸੁਖੈਨ ਹੀ ਮਿਲ ਜਾਂਦਾ ਹੈ। ਨਾਮ ਦੁਆਰਾ ਸੰਸਾਰ ਤੋਂ ਮੁਕਤਿ ਹੋ ਜਾਈਦਾ ਹੈ, ਪਰ ਇਹ ਸਭੋ ਕੁਝ ਦੀ ਪ੍ਰਾਪਤੀ ਜਿਸ ਮਨੁੱਖ ਦੇ ਮਨ ਵਿਚ ਸਾਈਂ ਜੀ ਆਪਣਾ ਭੈ ਪੈਦਾ ਕਰਦਾ ਹੈ, ਉਸ ਨੂੰ ਹੋਇਆ ਕਰਦੀ ਹੈ, ਭੈ ਤੋਂ ਵੈਰਾਗ, ਵੈਰਾਗ ਦੁਆਰਾ ਹਰੀ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਜੀਵ ਹਰੀ ਵਿਚ ਸਮਾ ਜਾਂਦਾ ਹੈ ਤੇ ਉਸ ਨੂੰ ਤਿੰਨਾਂ ਲੋਕਾਂ ਵਿਚ ਵੱਸਦੇ ਪ੍ਰਭੂ ਦੀ ਸੋਝੀ ਹੋ ਆਉਂਦੀ ਹੈ।

ਗੂਜਰੀ ਮਹਲਾ ੩ ॥

੧. ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
੨. ਗੁਰ ਪਰਸਾਦੀ ਰਾਮੁ ਮਨਿ ਵਸੈ
ਤਾ ਫਲੁ ਪਾਵੈ ਕੋਇ ॥੧॥
੩. ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥
੪. ਹਰਿ ਤਿਸੁ ਕਦੇ ਨ ਵੀਸਰੈ
ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ ॥
੫. ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
੬. ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
੭. ਅਨੇਕ ਤੀਰਥ ਜੇ ਜਤਨ ਕਰੈ
ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
੮. ਜਿਸੁ ਨਰ ਕੀ ਦੁਬਿਧਾ ਨ ਜਾਇ
ਧਰਮ ਰਾਇ ਤਿਸੁ ਦੇਇ ਸਜਾਇ ॥੩॥
੯. ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥
੧੦. ਨਾਨਕ ਵਿਚਹੁ ਹਉਮੈ ਮਾਰੇ
ਤਾਂ ਹਰਿ ਭੇਟੈ ਸੋਈ ॥੪॥੪॥੬॥

ਪਦ ਅਰਥ : ਸਭੁ ਕੋ—ਹਰ ਬੰਦਾ। ਕਹੈ—(ਜ਼ਬਾਨ ਨਾਲ) ਆਖਦਾ ਹੈ। ਨ ਹੋਇ—ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਸਫਲਤਾਈ ਨਹੀਂ ਹੁੰਦੀ। ਪਰਸਾਦੀ—ਪਰਸਾਦਿ, ਕ੍ਰਿਪਾ ਨਾਲ। ਮਨਿ—ਮਨ ਵਿਚ। ਕੋਇ—ਕੋਈ ਮਨੁੱਖ।੧। ਅੰਤਰਿ—ਅੰਦਰ, ਹਿਰਦੇ ਵਿਚ। ਜਿਸੁ ਅੰਤਰਿ—ਜਿਸ ਮਨੁੱਖ ਦੇ ਅੰਦਰ। ਤਿਸੁ—ਉਸ ਮਨੁੱਖ ਨੂੰ। ਕਰਹਿ—ਉਹ ਮਨੁੱਖ ਕਰਦੇ ਹਨ। ਮਨਿ—ਮਨ ਵਿਚ। ਚੀਤਿ—ਚਿੱਤ ਵਿਚ।੧।ਰਹਾਉ। ਹਿਰਦੈ—ਹਿਰਦੇ ਵਿਚ। ਕਪਟੁ—ਧੋਖਾ। ਕਹਾਹਿ—ਅਖਵਾਂਦੇ ਹਨ। ਨ ਚੁਕਈ—ਨ ਚੁਕੈ, ਨਹੀਂ ਮੁੱਕਦੀ। ਅੰਤਿ—ਅੰਤ ਵੇਲੇ। ਗਏ—ਜਦੋਂ ਚਲ ਪਏ। ਪਛੁਤਾਹਿ—ਤਾਂ ਪਛਤਾਂਦੇ ਹਨ।੨। ਅੰਤਰ ਕੀ—ਅੰਦਰ ਦੀ। ਦੁਬਿਧਾ—ਦੁਚਿੱਤਾ-ਪਨ, ਮਨ ਦਾ ਖਿੰਡਾਉ। ਦੇਇ—ਦੇਂਦਾ ਹੈ।੩। ਕਰਮੁ—ਬਖ਼ਸ਼ਸ਼। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਭੇਟੈ—ਮਿਲ ਪੈਂਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਰਾਮ ਰਾਮ ਦਾ ਰਟਨ ਕਰਦੇ ਤਾਂ ਬਹੁਤ ਲੋਕ ਵੇਖੀਦੇ ਹਨ, ਪਰ ਕੀ ਇਹ ਸਾਰੇ ਹੀ ਗਿਆਨ ਫਲ ਦੀ ਪ੍ਰਾਪਤੀ ਕਰ ਸਕਣਗੇ?

ਉ: ੧. ਹੇ ਭਾਈ! ਜ਼ਬਾਨੀ-ਜ਼ਬਾਨੀ ਤੇ ਕਥਨ ਮਾਤ੍ਰ ਤਾਂ ਸਭ ਕੋਈ ਰਾਮ-ਰਾਮ ਕਹਿੰਦਾ ਸੁਣਿਆ ਜਾਂਦਾ ਹੈ, ਪਰ ਕੇਵਲ ਜੀਭ ਨਾਲ ਹੀ ਕਹਿਣ ਮਾਤ੍ਰ ਰਾਮ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰ: ਹਜ਼ੂਰ! ਤਾਂ ਫਿਰ ਪ੍ਰਾਪਤੀ ਹੁੰਦੀ ਕਿਵੇਂ ਹੈ?

ਉ: ੨. ਹੇ ਪਿਆਰੇ! ਗੁਰੂ ਦੀ ਕਿਰਪਾ ਦੁਆਰਾ ਜੇ ਰਾਮ ਕਿਸੇ ਮਨੁੱਖ ਦੇ ਮਨ ਵਿਚ ਵਸ ਜਾਵੇ, ਤਾਂ ਹੀ ਉਸ ਨੂੰ ਨਾਮ ਸਿਮਰਨ ਦਾ ਗਿਆਨ ਫਲ ਪ੍ਰਾਪਤ ਹੁੰਦਾ ਹੈ।੧।

੩. ਹੇ ਸੱਜਨੋ ! ਜਿਸ ਮਨੁੱਖ ਦੇ ਮਨ ਅੰਦਰ ਗੋਬਿੰਦ ਦੀ ਪ੍ਰੀਤ ਲੱਗ ਜਾਵੇ।

੪. ਬੱਸ ! ਉਸ ਦੀ ਇਕ ਇਹੋ ਵੱਡੀ ਨਿਸ਼ਾਨੀ ਹੈ ਕਿ ਉਸ ਨੂੰ ਹਰੀ ਪਰਮੇਸ਼ਰ ਕਦੀ ਵੀ ਨਹੀਂ ਭੁੱਲਦਾ। ਉਹ ਤਾਂ ਸਦਾ ਹੀ ਮਨ ਨਾਲ ਅਤੇ ਚਿੱਤ ਨਾਲ ਹਰਿ ਹਰਿ ਸਿਮਰਨ ਕਰਦਾ ਰਹਿੰਦਾ ਹੈ।੧।ਰਹਾਉ।

ਪ੍ਰ: ਕਿਉਂ ਜੀ ! ਲੋਕ ਹਿਰਦੇ ਵਿਚ ਕਪਟ ਰੱਖ ਕੇ ਕੇਵਲ ਨਾਮ ਦਿਖਲਾਵੇ ਲਈ ਜਪ ਕੇ ਆਪਣੇ ਆਪ ਨੂੰ ਸੰਤ ਕਹਾਉਂਦੇ ਹਨ, ਆਖ਼ਰ ਉਨ੍ਹਾਂ ਨੂੰ ਕੀ ਫਲ ਮਿਲੇਗਾ ?

ਉ: ੫. ਹੇ ਭਾਈਓ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਅੰਦਰ ਕਪਟ, ਧੋਖਾ ਵੱਸਦਾ ਹੈ ਅਤੇ ਬਾਹਰੋਂ ਭੇਖੀ ਬਣ ਕੇ ਆਪਣੇ ਆਪ ਨੂੰ ਸੰਤ ਅਖਵਾਂਦੇ ਹਨ।

੬. ਹੇ ਪਿਆਰਿਓ ! ਇਨ੍ਹਾਂ ਭੇਖੀਆਂ ਦੇ ਅੰਦਰੋਂ ਕਦੇ ਭੀ ਮਾਇਆ ਦੀ ਤ੍ਰਿਸ਼ਨਾ ਨਹੀਂ ਬੁੱਝਦੀ। ਆਖ਼ਰ ਉਹ ਜਦੋਂ ਇਸ ਜਗਤ ਨੂੰ ਛੱਡ ਤੁਰਦੇ ਹਨ, ਤਾਂ ਅੱਗੇ ਉਨ੍ਹਾਂ ਨੂੰ ਰੱਬੀ ਦਰਬਾਰ ਵਿਚ ਜਾ ਕੇ ਪਸਚਾਤਾਪ ਹੀ ਕਰਨਾ ਪੈਂਦਾ ਹੈ।੨।

ਪ੍ਰ: ਕਿਉਂ ਜੀ ! ਕਈ ਲੋਕ ਤੀਰਥਾਂ ਵਿਚ ਇਸ਼ਨਾਨ ਕਰਨ ਨੂੰ ਹੀ ਕਲਿਆਣਕਾਰੀ ਸਮਝ ਬੈਠੇ ਹਨ, ਇਨ੍ਹਾਂ ਬਾਰੇ ਆਪ ਦਾ ਕੀ ਵੀਚਾਰ ਹੈ ?

ਉ: ੭. ਹੇ ਮਿੱਤਰੋ ! ਜੇ ਕੋਈ ਬੰਦਾ ਅਨੇਕਾਂ ਤੀਰਥਾਂ ਦੇ ਇਸ਼ਨਾਨ ਕਰਨ ਦਾ ਜਤਨ ਕਰਦਾ ਰਵੇ, ਤਾਂ ਯਕੀਨ ਰੱਖੋ, ਇਸ ਤਰ੍ਹਾਂ ਕਰਨ ਨਾਲ ਉਸ ਦੇ ਅੰਦਰੋਂ ਹਉਮੈ ਦੀ ਮੈਲ ਉੱਕਾ ਦੂਰ ਨਹੀਂ ਹੁੰਦੀ।

੮. ਪਰ ਜੇਕਰ ਕਿਸੇ ਮਨੁੱਖ ਦੇ ਅੰਦਰੋਂ ਦ੍ਵੈਤ ਭਾਵ ਦੂਰ ਨਹੀਂ ਹੋ ਜਾਂਦਾ ਤਾਂ ਧਰਮ ਰਾਇ ਉਸ ਨੂੰ ਜ਼ਰੂਰ ਹੀ ਸਜ਼ਾ ਦੇਵੇਗਾ।੩।

੯. ਹੇ ਪਿਆਰੇ ! ਜਿਸ ਮਨੁੱਖ ਉੱਤੇ ਪਰਮੇਸ਼ਰ ਦੀ ਬਖ਼ਸ਼ਸ਼ ਹੋਵੇ, ਉਹੀ ਮਨੁੱਖ ਪਰਮਾਤਮਾ ਨੂੰ ਮਿਲਦਾ ਹੈ, ਪਰ ਇਸ ਭੇਦ ਨੂੰ ਭੀ ਕੋਈ ਵਿਰਲਾ ਮਨੁੱਖ ਹੀ ਸਮਝਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰੋ ! ਅਸਲੀ ਗੱਲ ਤਾਂ ਇਹੋ ਹੈ ਕਿ ਜੋ ਮਨੁੱਖ ਆਪਣੇ ਅੰਦਰੋਂ ਹਉਮੈ ਨੂੰ ਮਾਰ ਲਏਗਾ, ਹਰੀ ਨਾਲ ਉਸ ਦਾ ਮਿਲਾਪ ਹੋ ਜਾਂਦਾ ਹੈ।੪।੪।੬।

ਭਾਵਾਰਥ : ਇਸ ਮਹਾਂ ਵਾਕ ਵਿਚ ਹਜ਼ੂਰ ਨੇ ਉਨ੍ਹਾਂ ਲੋਕਾਂ ਨੂੰ ਸੰਬੋਧਨ ਕੀਤਾ ਹੈ ਜੋ ਭੇਖੀ ਅੰਤਰ ਆਤਮੇ ਸਿਮਰਨ ਤੋਂ ਸਖਣੇ ਕੇਵਲ ਜੀਭ ਨਾਲ ਹੀ ਰਾਮ ਰਾਮ ਕਹਿੰਦੇ ਹਨ ਅਤੇ ਅੰਦਰੋਂ ਕਪਟੀ ਹੁੰਦੇ ਹੋਏ ਭੀ ਆਪ ਨੂੰ ਸੰਤ ਅਖਵਾਉਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਦੇ ਅੰਦਰੋਂ ਤ੍ਰਿਸ਼ਨਾ ਨਹੀਂ ਬੁੱਝ ਸਕਦੀ, ਇਸ ਲਈ ਉਹ ਤ੍ਰਿਸ਼ਨਾਲੂ ਲੋਕ ਅੰਤ ਨੂੰ ਰੱਬੀ ਦਰਬਾਰ ਵਿਚ ਜਾ ਕੇ ਪਸਚਾਤਾਪ ਹੀ ਕਰਨਗੇ। ਸੋ, ਹਰੀ ਨਾਲ ਮਿਲਾਪ ਉਨ੍ਹਾਂ ਦਾ ਹੀ ਹੋ ਸਕੇਗਾ ਜੋ ਹਉਮੈ ਨੂੰ ਮਾਰ ਕੇ ਹਿਰਦੇ ਵਿਚ ਨਾਮ ਦਾ ਸਿਮਰਨ ਕਰਦੇ ਰਹਿਣਗੇ।

ਗੂਜਰੀ ਮਹਲਾ ੩ ॥

੧. ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ
ਜਿਸ ਕਾ ਅਭਿਮਾਨੁ ਗਵਾਏ ॥
੨. ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ
ਹਰਿ ਚਰਣੀ ਚਿਤੁ ਲਾਏ ॥੧॥
੩. ਹਰਿ ਚੇਤਿ ਅਚੇਤ ਮਨਾ ਜੋ ਇਛਹਿ ਸੋ ਫਲੁ ਹੋਈ ॥
੪. ਗੁਰ ਪਰਸਾਦੀ ਹਰਿ ਰਸੁ ਪਾਵਹਿ
ਪੀਵਤ ਰਹਹਿ ਸਦਾ ਸੁਖੁ ਹੋਈ ॥੧॥ ਰਹਾਉ ॥
੫. ਸਤਿਗੁਰੁ ਭੇਟੇ ਤਾ ਪਾਰਸੁ ਹੋਵੈ
ਪਾਰਸੁ ਹੋਇ ਤ ਪੂਜ ਕਰਾਏ ॥
੬. ਜੋ ਉਸੁ ਪੂਜੇ ਸੋ ਫਲੁ ਪਾਏ
ਦੀਖਿਆ ਦੇਵੈ ਸਾਚੁ ਬੁਝਾਏ ॥੨॥
੭. ਵਿਣੁ ਪਾਰਸੈ ਪੂਜ ਨ ਹੋਵਈ
ਵਿਣੁ ਮਨ ਪਰਚੇ ਅਵਰਾ ਸਮਝਾਏ ॥
੮. ਗੁਰੂ ਸਦਾਏ ਅਗਿਆਨੀ ਅੰਧਾ
ਕਿਸੁ ਓਹੁ ਮਾਰਗਿ ਪਾਏ ॥੩॥
੯. ਨਾਨਕ ਵਿਣੁ ਨਦਰੀ ਕਿਛੂ ਨ ਪਾਈਐ
ਜਿਸੁ ਨਦਰਿ ਕਰੇ ਸੋ ਪਾਏ ॥
੧੦. ਗੁਰ ਪਰਸਾਦੀ ਦੇ ਵਡਿਆਈ
ਅਪਣਾ ਸਬਦੁ ਵਰਤਾਏ ॥੪॥੫॥੭॥

ਪਦ ਅਰਥ : ਸ਼ਾਤਿ—ਸ਼ਾਂਤੀ, ਹਿਰਦੇ ਵਿਚੋਂ ਕ੍ਰੋਧ ਆਦਿਕ ਤੋਂ ਖ਼ਲਾਸੀ। ਨਿਹਚਲ—ਅਚੱਲ, ਅਡੋਲ। ਨਿਰਮਲੁ—ਪਵਿੱਤਰ। ਜਿ—ਜਿਹੜਾ। ਗੁਰਮੁਖਿ—ਗੁਰੂ ਵੱਲ ਮੂੰਹ ਕਰਕੇ।੧। ਚੇਤਿ—ਚੇਤੇ ਕਰ, ਸਿਮਰ। ਅਚੇਤ—ਜੋ ਨਾ ਯਾਦ ਕਰੇ, ਗ਼ਾਫ਼ਲ। ਇਛਹਿ—ਤੂੰ ਚਾਹੇਂਗਾ। ਪਾਵਹਿ—ਤੂੰ ਪ੍ਰਾਪਤ ਕਰੇਂਗਾ। ਪੀਵਤ ਰਹਹਿ—ਜੇ ਤੂੰ ਪੀਂਦਾ ਰਹੇਂਗਾ।੧।ਰਹਾਉ। ਭੇਟੇ—ਮਿਲ ਪਏ। ਪਾਰਸੁ—ਲੋਹੇ ਨੂੰ ਸੋਨਾ ਬਣਾ ਦੇਣ ਵਾਲੀ ਪੱਥਰੀ। ਪੂਜ—ਆਦਰ-ਮਾਣ। ਦੀਖਿਆ—ਸਿਖਿਆ। ਸਾਚੁ—ਸਦਾ-ਥਿਰ ਰਹਿਣ ਵਾਲਾ ਪਰਮੇਸ਼ਰ।੨। ਹੋਵਈ—ਹੋਵਏ, ਹੋਵੇ, ਹੁੰਦੀ। ਮਾਰਗਿ—(ਸਹੀ) ਰਸਤੇ ਉੱਤੇ।੩। ਨਦਰੀ—ਨਦਰ, ਮਿਹਰ, ਦ੍ਰਿਸ਼ਟੀ। ਸਬਦੁ—ਸਿਫ਼ਤਿ-ਸਾਲਾਹ ਦੀ ਬਾਣੀ। ਵਰਤਾਏ—ਵੰਡਦਾ ਹੈ, ਵਸਾਂਦਾ ਹੈ।੪।

ਅਰਥ :

ਪ੍ਰ: ਸ੍ਰੀ ਜੀਉ ! ਇਹ ਮਨ ਸਦਾ ਹੀ ਅਸ਼ਾਂਤ ਰਹਿੰਦਾ ਹੈ, ਇਹ ਕਿਵੇਂ ਸ਼ਾਂਤ ਵੀ ਰਹਿ ਸਕਦਾ ਹੈ ?

ਉ: ੧. ਹਾਂ, ਹੇ ਪਿਆਰੇ ! ਜਿਸ ਮਨੁੱਖ ਦੇ ਅੰਦਰੋਂ ਸਾਈਂ ਜੀ ਹੰਕਾਰ ਗਵਾ ਦੇਣ, ਸਮਝੋ ਉਸਨੂੰ ਸਦਾ ਹੀ ਆਤਮਿਕ ਸ਼ਾਂਤੀ ਪ੍ਰਾਪਤ ਹੋਈ ਰਹਿੰਦੀ ਹੈ ਅਤੇ ਉਸਦੀ ਮਤ ਸਦਾ ਹੀ ਟਿਕਾਣੇ ਰਹਿੰਦੀ ਹੈ, ਭਾਵ ਉਸਦੀ ਮਤ ਸਦਾ ਲਈ ਮਾਇਆ ਮੋਹ ਵਿਚ ਡੋਲਣੋ ਹਟ ਜਾਂਦੀ ਹੈ।

ਗੂਜਰੀ ਮਹਲਾ ੩ ਪੰਚਪਦੇ ॥

੧. ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥
੨. ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥
੩. ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
੪. ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥
੫. ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥
੬. ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥
੭. ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ ॥
੮. ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ ॥੩॥
੯. ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥
੧੦. ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥
੧੧. ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥
੧੨. ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥

ਪਦ ਅਰਥ : ਕਾਸੀ—ਬਨਾਰਸ, ਵਾਰਾਣਸੀ। ਯੂ. ਪੀ. ਵਿਚ ਬੜਾ ਵੱਡਾ ਹਿੰਦੂ ਤੀਰਥ ਤੇ ਸ਼ਹਿਰ ਜੋ ਗੰਗਾ ਦੇ ਕਿਨਾਰੇ ਹੈ, ਜਿਸ ਨੂੰ ਹਿੰਦੂ ਮਤ ਵਿਚ ਪਰਮ ਪਵਿੱਤਰ ਮੰਨਿਆ ਗਿਆ ਹੈ। ਉਪਜੈ—ਪੈਦਾ ਹੁੰਦੀ ਹੈ। ਜਾਇ—ਚਲੀ ਜਾਂਦੀ ਹੈ। ਸਤਿਗੁਰ ਮਿਲਿਐ—ਜੇ ਗੁਰੂ ਨੂੰ ਮਿਲ ਪਈਏ। ਸੋਝੀ—ਸਮਝ।੧। ਮੰਨਿ—ਮਨ ਵਿਚ। ਥਿਰੁ—ਅਡੋਲ। ਭਰਮੁ—ਭਟਕਣਾ।੧।ਰਹਾਉ। ਕਿਲਵਿਖ—ਪਾਪ। ਪੰਚ-ਭੂ—(ਕਾਮਾਦਿਕ) ਪੰਜਾਂ ਦੇ ਵਸ ਵਿਚ ਆਏ ਹੋਏ ਨੂੰ। ਵਸਿ—ਵੱਸ ਵਿਚ।੨। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ। ਮੁਗਧੁ—ਮੂਰਖ। ਬੁਝਈ—ਬੁਝਏ, ਬੁਝੈ, ਸਮਝਦਾ।੩। ਅਠਸਠਿ—[ਅਠ ਅਤੇ ਸੱਠ]। ਸੰਗ—ਨਾਲ। ਜਿਨ ਹਿਰਦੈ—ਜਿਨ੍ਹਾਂ ਦੇ ਹਿਰਦੇ ਵਿਚ।੪। ਹੁਕਮੁ—ਰਜ਼ਾ। ਏਕੁ—ਇਕ ਪਰਮਾਤਮਾ ਹੀ। ਮਨਿ—ਮਨ ਵਿਚ। ਸਚੁ—ਅਟੱਲ।੫।

ਅਰਥ :

ਪ੍ਰ: ਹੇ ਗੁਰੋ! ਕਈ ਲੋਕਾਂ ਦਾ ਖ਼ਿਆਲ ਹੈ ਕਿ ਕਾਂਸ਼ੀ ਆਦਿਕ ਤੀਰਥਾਂ 'ਤੇ ਕੇਵਲ ਵਸਣ ਨਾਲ ਹੀ ਨਿਰਮਲ ਗਿਆਨ ਵਾਲੀ ਮਤਿ ਉਪਜ ਆਉਂਦੀ ਹੈ, ਕੀ ਗੁਰਮਤਿ ਭੀ ਇਸ ਖ਼ਿਆਲ ਨਾਲ ਸਹਿਮਤ ਹੈ?

੨. ਹੇ ਭਾਈ! ਉਹ ਮਨੁੱਖ ਪਵਿੱਤਰ ਹੈ, ਜੋ ਗੁਰੂ ਦੀ ਸ਼ਰਣ ਵਿਚ ਪੈ ਕੇ ਇਸ ਭੇਤ ਨੂੰ ਸਮਝ ਲੈਂਦਾ ਹੈ ਤੇ ਪਰਮੇਸ਼ਰ ਦੇ ਚਰਨਾਂ ਵਿਚ ਚਿੱਤ ਨੂੰ ਜੋੜ ਲੈਂਦਾ ਹੈ।੧।

੩. ਇਸ ਲਈ ਹੇ ਮੇਰੇ ਗ਼ਾਫ਼ਲ ਮਨ! ਹਰੀ ਨੂੰ ਯਾਦ ਕਰ, ਕਿਉਂਕਿ ਇਸ ਯਾਦ ਦੀ ਬਰਕਤ ਨਾਲ ਹੀ ਤੂੰ ਜੋ ਕੁਝ ਚਾਹੇਂਗਾ, ਤੈਨੂੰ ਉਹੋ ਫਲ ਮਿਲ ਜਾਏਗਾ।

੪. ਪਰ ਯਾਦ ਰੱਖ, ਹਰੀ ਦਾ ਨਾਮ ਰਸ ਤੂੰ ਗੁਰੂ ਦੀ ਕਿਰਪਾ ਨਾਲ ਹੀ ਪਾਏਂਗਾ, ਪਰ ਜੇ ਤੂੰ ਇਸ ਰਸ ਨੂੰ ਪਾ ਕੇ ਸਦਾ ਪੀਂਦਾ ਹੀ ਰਹੇਂ ਤਾਂ ਤੂੰ ਭਰੋਸਾ ਰੱਖ ਕਿ ਤੈਨੂੰ ਸਦੀਵੀ ਸੁੱਖ ਹਾਸਲ ਹੋ ਜਾਏਗਾ।੧।ਰਹਾਉ।

੫. ਹੇ ਸੱਜਨਾ! ਤੂੰ ਇਕੋ ਸੱਚੀ ਗੱਲ ਸਮਝ ਲੈ ਕਿ ਜਦੋਂ ਭੀ ਕਿਸੇ ਮਨੁੱਖ ਨੂੰ ਗੁਰੂ ਮਿਲ ਜਾਂਦਾ ਹੈ, ਤਦੋਂ ਉਹ ਪਾਰਸ ਬਣ ਜਾਂਦਾ ਹੈ, (ਭਾਵ ਹੈ ਕਿ ਹੋਰਨਾਂ ਨੂੰ ਵੀ ਪ੍ਰਮਾਰਥ ਦੇ ਰਾਹੇ ਪਾਏਗਾ)। ਐਸਾ ਬਣਨ ਨਾਲ ਉਹ ਲੋਕਾਂ ਤੋਂ ਮਾਣ ਆਦਰ ਹਾਸਲ ਕਰਦਾ ਹੈ।

੬. ਫਿਰ ਜਦੋਂ ਵੀ ਕੋਈ ਉਸ ਪਾਰਸ ਰੂਪ ਬਣੇ ਦੀ ਪੂਜਾ ਸੇਵਾ ਕਰੇਗਾ ਤਾਂ ਉਹ ਮੁਕਤੀ ਰੂਪ ਫਲ ਪ੍ਰਾਪਤ ਕਰੇਗਾ ਤੇ ਉਹ ਮਨੁੱਖ ਹੋਰਨਾਂ ਨੂੰ ਉੱਚੇ ਜੀਵਨ ਦੀ ਸਿੱਖਿਆ ਦੇ ਕੇ ਸੱਚ ਦੀ ਲਖਤਾ ਭੀ ਕਰਾ ਦੇਵੇਗਾ।੨।

੭. ਹੇ ਭਾਈ! ਪਹਿਲੋਂ ਆਪ ਪਾਰਸ ਬਣੇ ਤੋਂ ਬਿਨਾ ਦੁਨੀਆ ਪਾਸੋਂ ਆਦਰ ਮਾਣ ਨਹੀਂ ਮਿਲ ਸਕਦਾ, ਕਿਉਂਕਿ ਉਹ ਆਪਣਾ ਮਨ ਨਾਮ ਸਿਮਰਨ ਵਿਚ ਪਤੀਜਣ ਤੋਂ ਹੀ ਬਿਨਾ ਹੋਰਨਾਂ ਨੂੰ ਸਿਮਰਨ ਦੀ ਸਿਖਿਆ ਦੇਂਦਾ ਹੈ।

੮. ਪਰ ਹੇ ਭਾਈ! ਜਿਹੜਾ ਮਨੁੱਖ ਆਪ ਤਾਂ ਅਗਿਆਨੀ ਗਿਆਨ ਤੋਂ ਸਖਣਾ ਹੈ, ਆਪ ਤਾਂ ਮਾਇਆ ਦੇ ਮੋਹ ਵਿਚ ਅੰਨ੍ਹਾ ਹੋ ਰਿਹਾ ਹੈ, ਪਰ ਆਪਣੇ ਆਪ ਨੂੰ ਗੁਰੂ ਅਖਵਾਂਦਾ ਹੈ, ਦੱਸੋ ਹੋਰ ਕਿਸੇ ਨੂੰ ਉਹ ਜੀਵਨ ਦੇ ਸਹੀ ਰਾਹ 'ਤੇ ਕਿਵੇਂ ਪਾ ਸਕਦਾ ਹੈ, ਭਾਵ ਨਹੀਂ ਪਾ ਸਕਦਾ।੩।

੯. ਹੇ ਭਾਈਓ! ਅਸਲ ਵਿਚ ਇਹ ਕਿਸੇ ਦੇ ਆਪਣੇ ਵੱਸ ਦੀ ਗੱਲ ਨਹੀਂ, ਕਿਉਂਕਿ ਪ੍ਰਭੂ ਦੀ ਮਿਹਰ ਦੀ ਨਜ਼ਰ ਤੋਂ ਬਿਨਾ ਕਿਸੇ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਜਿਸ ਉੱਤੇ ਹਰੀ ਰਹਿਮ ਭਰੀ ਨਜ਼ਰ ਕਰਦਾ ਹੈ, ਉਹੋ ਹੀ ਫਲ ਪ੍ਰਾਪਤ ਕਰ ਸਕਦਾ ਹੈ।

੧੦. ਹੇ ਪਿਆਰੇ! ਹਰੀ ਉਸੇ ਨੂੰ ਗੁਰੂ ਦੀ ਕਿਰਪਾ ਦੁਆਰਾ ਵਡਿਆਈ ਦੇਂਦਾ ਹੈ ਤੇ ਆਪਣਾ (ਸ਼ਬਦ) ਭਾਵ ਨਾਮ ਉਸਦੇ ਅੰਦਰ ਵਰਤਾ ਦੇਂਦਾ ਹੈ।੪।੫।੭।

ਭਾਵਾਰਥ : ਇਹ ਤਪ ਰਿਹਾ ਮਨ ਤਾਂ ਹੀ ਸ਼ਾਂਤ ਹੋ ਸਕਦਾ ਹੈ, ਜਦ ਕਿ ਪ੍ਰਭੂ ਉਸਦੇ ਅੰਦਰੋਂ ਹੰਕਾਰ ਦੂਰ ਕਰ ਦੇਵੇ, ਕਿਉਂਕਿ ਹੰਕਾਰ ਦੀ ਨਵਿਰਤੀ ਬਿਨਾ ਮਨ ਨਿਰਮਲ ਨਹੀਂ ਹੋ ਸਕਦਾ, ਸੋ ਜਿਹੜਾ ਮਨੁੱਖ ਗੁਰੂ ਦੀ ਮਿਹਰ ਦਾ ਸਦਕਾ ਨਾਮ ਅੰਮ੍ਰਿਤ ਪੀ ਲੈਂਦਾ ਹੈ, ਉਸ ਨੂੰ ਫਿਰ ਉਸ ਸੁਖ ਦੀ ਪ੍ਰਾਪਤੀ ਹੁੰਦੀ ਹੈ ਜਿਸਦਾ ਕਦੀ ਅਭਾਵ ਨਹੀਂ ਹੋ ਸਕਦਾ, ਪਰ ਇਹ ਸਭੋ ਕੁਝ ਉਸ ਵਾਹਿਗੁਰੂ ਜੀ ਦੀ ਕਿਰਪਾ ਕਟਾਖ ਅਵਲੋਕਨੀ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਇਹ ਕਿਸੇ ਦੇ ਆਪਣੇ ਵਸ ਦੀ ਗੱਲ ਨਹੀਂ ਹੈ।

ਉ: ੧. ਨਹੀਂ! ਹੇ ਭਾਈ! ਕਾਂਸ਼ੀ ਆਦਿਕ ਤੀਰਥਾਂ ਉੱਤੇ ਕੇਵਲ ਵਸਣ ਨਾਲ ਨਾ ਸੁਚੱਜੀ ਅਕਲ ਉਪਜਦੀ ਹੈ ਅਤੇ ਨਾ ਹੀ ਇਨ੍ਹਾਂ ਕਾਂਸ਼ੀ ਆਦਿਕ ਤੀਰਥਾਂ ਪਰ ਜਾ ਕੇ ਵਸਣ ਨਾਲ ਚੰਗੀ ਅਕਲ ਦੂਰ ਹੀ ਹੁੰਦੀ ਹੈ।

ਪ੍ਰ: ਕਿਉਂ ਜੀ! ਫਿਰ ਨਿਰਮਲ ਮੱਤੀ ਕਿਵੇਂ ਪੈਦਾ ਹੁੰਦੀ ਹੈ?

ਉ: ੨. ਹੇ ਭਾਈਓ! ਪਵਿੱਤਰ ਅਕਲ ਤਾਂ ਸਤਿਗੁਰੂ ਦੇ ਮਿਲਾਪ ਨਾਲ ਹੀ ਪੈਦਾ ਹੁੰਦੀ ਹੈ। ਜਦੋਂ ਗੁਰੂ ਮਿਲਾਪ ਹੋਵੇ ਤਦੋਂ ਹੀ ਇਸ ਮਨੁੱਖ ਨੂੰ ਸਮਝ ਆਉਂਦੀ ਹੈ।੧।

ਪ੍ਰ: ਸ੍ਰੀ ਜੀਉ! ਗੁਰਾਂ ਦੁਆਰਾ ਪ੍ਰਾਪਤ ਹੋਈ ਨਿਰਮਲ ਬੁੱਧੀ ਅੰਦਰ ਟਿਕੀ ਕਿਵੇਂ ਰਹਿ ਸਕਦੀ ਹੈ?

ਉ: ੩-੪. ਹੇ ਮੇਰੇ ਮਨ! ਤੂੰ ਹਰੀ ਦੀ ਸਿਫ਼ਤਿ-ਸਾਲਾਹ ਦੀ ਕਥਾ ਸੁਣਿਆ ਕਰ ਅਤੇ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਈ ਰੱਖ ਤਾਂ ਫਿਰ ਇਹ ਗੁਰੂ ਦੁਆਰਾ ਪ੍ਰਾਪਤ ਹੋਈ ਨਿਰਮਲ ਮਤਿ ਤੇਰੇ ਅੰਤਰ ਆਤਮੇ ਟਿਕੀ ਰਹੇਗੀ, ਇਸ ਤਰ੍ਹਾਂ ਤੇਰੀ (ਭਰਮ) ਭਟਕਣਾ ਅੰਦਰੋਂ ਦੂਰ ਹੋ ਜਾਏਗੀ।੧।ਰਹਾਉ।

ਪ੍ਰ: ਹੇ ਗੁਰੋ! ਮੈਂ ਤਾਂ ਇਹੋ ਸਮਝਦਾ ਹਾਂ ਕਿ ਕਾਂਸ਼ੀ ਆਦਿ ਤੀਰਥਾਂ 'ਤੇ ਵਸਣ ਨਾਲ ਸਾਰੇ ਪਾਪ ਮਿਟ ਜਾਣਗੇ, ਕੀ ਇਹ ਠੀਕ ਨਹੀਂ?

ਉ: ੫. ਨਹੀਂ, ਹੇ ਸੱਜਨਾ! ਕਾਂਸ਼ੀ ਆਦਿ ਤੀਰਥਾਂ 'ਤੇ ਜਾ ਕੇ ਜੋ ਪਾਪ ਮਿਟ ਜਾਣ ਦਾ ਤੇਰਾ ਖ਼ਿਆਲ ਹੈ, ਇਹ ਗ਼ਲਤ ਹੈ, ਇਹ ਗੱਲ ਇਸ ਤਰ੍ਹਾਂ ਸਿਰੇ ਨਹੀਂ ਚੜ੍ਹੇਗੀ, ਪਰ ਹਾਂ! ਜੇ ਤੂੰ ਹਰੀ ਦੇ ਚਰਨ ਆਪਣੇ ਹਿਰਦੇ ਅੰਦਰ ਵਸਾ ਲਵੇਂ ਤਾਂ ਫਿਰ ਇਸ ਤਰ੍ਹਾਂ ਤੇਰੇ ਸਾਰੇ ਪਾਪ ਕਰਮ ਦੂਰ ਹੋ ਜਾਣਗੇ।

ਪ੍ਰ: ਹਜ਼ੂਰ ਜੀ! ਤਾਂ ਫਿਰ ਤੁਸੀਂ ਆਪ ਹੀ ਦੱਸੋ ਪਾਪ ਨਵਿਰਤੀ ਲਈ ਮੈਂ ਕਿਸ ਤੀਰਥ 'ਤੇ ਜਾ ਕੇ ਨਿਵਾਸ ਕਰਾਂ?

ਉ: ੬. ਹੇ ਮਿੱਤਰਾ! ਜੇ ਕਦੀ ਤੂੰ ਪੰਜ ਕਾਮਾਦਿਕਾਂ ਦੇ ਵਸ ਵਿਚ ਆਏ ਮਨ ਨੂੰ ਆਪਣੇ ਕਾਬੂ ਵਿਚ ਕਰ ਲਵੇਂ ਤਾਂ ਤੂੰ ਸਮਝ ਲੈ ਕਿ ਤੀਰਥਾਂ 'ਤੇ ਹੀ ਨਿਵਾਸ ਕਰ ਰਿਹਾ ਹੈਂ।੨।

ਪ੍ਰ: ਹਜ਼ੂਰ! ਵੇਖੀਦਾ ਹੈ ਕਿ ਕਈ ਲੋਕਾਂ ਨੂੰ ਕਥਾ ਸੁਣਦਿਆਂ ਕਈ-ਕਈ ਸਾਲ ਗੁਜ਼ਰ ਜਾਂਦੇ ਹਨ, ਪਰ ਉਨ੍ਹਾਂ ਨੂੰ ਜੀਵਨ ਜੁਗਤੀ ਦਾ ਸਹੀ ਮਾਰਗ ਨਜ਼ਰ ਹੀ ਨਹੀਂ ਆਉਂਦਾ, ਇਸ ਦਾ ਕਾਰਣ ਕੀ ਹੈ?

ਉ: ੭. ਹੇ ਭਾਈਓ! ਮਨ ਦੇ ਪਿੱਛੇ ਟੁਰਨ ਵਾਲੇ ਮਨਮੁਖ ਦਾ ਮਨ ਮੂਰਖ ਹੈ, ਜਿਸ ਕਰਕੇ ਇਸਨੂੰ ਸਹੀ ਜੀਵਨ ਜੁਗਤ ਦੀ ਸੋਝੀ ਨਹੀਂ ਆ ਸਕਦੀ।

੮. ਉਹ ਪਰਮੇਸ਼ਰ ਦੇ ਨਾਮ ਦੀ ਕਦਰ ਨਹੀਂ ਜਾਣ ਸਕਦਾ, ਇਸੇ ਲਈ ਉਹ ਇਥੋਂ ਗਿਆ ਅੰਤ ਨੂੰ ਪਸਚਾਤਾਪ ਹੀ ਕਰਦਾ ਹੈ।੩।

ਪ੍ਰ: ਕਿਉਂ ਜੀ! ਫਿਰ ਆਪ ਸੱਚਾ ਤੀਰਥ ਕਿਸ ਨੂੰ ਸਮਝ ਰਹੇ ਹੋ?

ਉ: ੯. ਹੇ ਸੱਜਨੋ! ਸਾਨੂੰ ਤਾਂ ਸਤਿਗੁਰੂ ਜੀ ਨੇ ਇਹ ਸੋਝੀ ਬਖ਼ਸ਼ਸ਼ ਕਰ ਦਿੱਤੀ ਹੈ ਕਿ ਇਹ ਮਨ ਹੀ ਸਾਰੀਆਂ ਸਿੰਮ੍ਰਿਤੀਆਂ ਹੈ ਅਤੇ ਇਹੋ ਮਨ ਕਾਂਸ਼ੀ ਹੈ, ਇਹ ਮਨ ਹੀ ਸਾਰੇ ਤੀਰਥ ਹੈ।

ਪ੍ਰ: ਹੇ ਗੁਰੋ! ਜਦ ਕੋਈ ਅਠਾਰਹ ਤੀਰਥਾਂ 'ਤੇ ਇਸ਼ਨਾਨ ਕਰ ਆਵੇ ਤਾਂ ਉਸਨੂੰ ਹਿੰਦੂ ਮਤ ਵਿਚ ਸਰੇਸ਼ਟ ਪੁਰਸ਼ ਮੰਨਿਆ ਜਾਂਦਾ ਹੈ, ਕੀ ਇਹ ਠੀਕ ਹੈ?

ਉ: ੧੦. (ਨਹੀਂ) ਹੇ ਭਾਈਓ! ਸੱਚੀ ਗੱਲ ਤਾਂ ਇਉਂ ਹੀ ਸਮਝੋ ਕਿ ਜਿਸ ਮਨੁੱਖ ਦੇ ਮਨ ਵਿਚ ਪਰਮੇਸ਼ਰ ਜੀ ਸਦਾ ਹੀ ਵਸਦੇ ਰਹਿੰਦੇ ਹਨ, ਇਕ ਤੀਰਥ ਕੀ ਸਗੋਂ ਉਨ੍ਹਾਂ ਦੇ ਨਾਲ-ਨਾਲ ਤਾਂ ਅਠਾਹਠ ਤੀਰਥ ਖ਼ੁਦ ਹੀ ਵਸਦੇ ਰਹਿੰਦੇ ਹਨ, ਭਾਵ ਹੈ ਕਿ ਉਨ੍ਹਾਂ ਦੇ ਆਲੇ-ਦੁਆਲੇ ਨਿਰਮਲਤਾ ਨਿਵਾਸ ਰੱਖਦੀ ਹੈ।੪।

ਪ੍ਰ: ਸ੍ਰੀ ਜੀਉ! ਤਾਂ ਫਿਰ ਇਹ ਦੱਸੋ ਮਨ ਵਿਚ ਹਰੀ ਜੀ ਵਸਣ ਕਿਵੇਂ?

ਉ: ੧੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜਿਨ੍ਹਾਂ ਨੇ ਸਤਿਗੁਰੂ ਨਾਲ ਮਿਲਾਪ ਕਰਕੇ, ਗੁਰੂ ਦੇ ਹੁਕਮ ਨੂੰ ਸਮਝ ਲਿਆ ਹੈ, ਉਨ੍ਹਾਂ ਦੇ ਮਨ ਵਿਚ ਹਰੀ ਜੀ ਆਪ ਹੀ ਆ ਕੇ ਵਸ ਜਾਂਦਾ ਹੈ। (ਹੋਰ ਕਿਸੇ ਸਾਧਨ ਕਰਨ ਦੀ ਉਨ੍ਹਾਂ ਨੂੰ ਲੋੜ ਹੀ ਨਹੀਂ ਪੈਂਦੀ)।

ਪ੍ਰ: ਕਿਉਂ ਜੀ! ਮਨ ਵਿਚ ਹਰੀ ਦਾ ਨਿਵਾਸ ਹੋ ਜਾਣ ਵਾਲਿਆਂ ਦੇ ਮਨ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੧੨. ਹੇ ਭਾਈਓ! ਉਹ ਤਾਂ ਮਨ ਵਿਚ ਸਦਾ ਇਉਂ ਹੀ ਸਮਝਦੇ ਹਨ ਕਿ ਹੇ ਸਾਈਂ ਜੀ! ਜੋ ਤੈਨੂੰ ਚੰਗਾ ਲੱਗਦਾ ਹੈ ਉਹ ਸਭੋ ਕੁਝ ਸੱਚੋ-ਸੱਚ ਹੈ, ਭਾਵ ਹੈ ਕਿ ਉਹ ਪ੍ਰਭੂ ਦੀ ਰਜ਼ਾ ਵਿਚ ਸਦਾ ਹੀ ਟਿਕੇ ਰਹਿੰਦੇ ਹਨ, ਇਸ ਤਰ੍ਹਾਂ ਉਹ ਸੱਚੇ ਵਿਚ ਹੀ ਅੰਤ ਨੂੰ ਸਮਾ ਜਾਂਦੇ ਹਨ।੫।੬।੮।

ਨੋਟ : ਇਹ ਵੀਚਾਰ ਪਿੱਛੇ ਆ ਚੁੱਕਾ ਹੈ ਕਿ ਸਤਿਗੁਰੂ ਜੀ ਨੇ ਚਉਪਦਿਆਂ ਦੀ ਸਮੁੱਚੀ ਗਿਣਤੀ ਵਿਚ ਦੁਪਦੇ, ਤਿਪਦੇ ਤੇ ਪੰਚਪਦੇ ਵੀ ਸ਼ਾਮਲ ਰਖੇ ਹਨ। ਇਹ ਉਪ੍ਰੋਕਤ ਸ਼ਬਦ ਤੇ ਅਗਲਾ ਸ਼ਬਦ ਇਹ ਦੋਵੇਂ ਹੀ ਪੰਜ-ਪੰਜ ਪਦੇ ਹਨ।

ਭਾਵਾਰਥ : ਹਜ਼ੂਰ ਜੀ ਨੇ ਇਸ ਸ਼ਬਦ ਵਿਚ ਮਨੁੱਖਾਂ ਦੇ ਮਨ ਵਿਚੋਂ ਇਹ ਭੁਲੇਖਾ ਦੂਰ ਕੀਤਾ ਹੈ, ਜੋ ਇਹ ਸਮਝਦੇ ਹਨ ਕਿ ਕਾਂਸ਼ੀ ਆਦਿ ਤੀਰਥਾਂ 'ਤੇ ਸਿਰਫ਼ ਵਸਣ ਨਾਲ ਹੀ ਨਿਰਮਲ ਬੁੱਧੀ ਉਪਜ ਆਉਂਦੀ ਹੈ। ਨਿਰਮਲ ਮਤਿ ਤਾਂ ਕੇਵਲ ਗੁਰੂ ਦੇ ਸੰਗ ਮਿਲਣ ਨਾਲ ਹੀ ਪੈਦਾ ਹੁੰਦੀ ਹੈ। ਜਦੋਂ ਗੁਰੂ ਦਾ ਉਪਦੇਸ਼ ਹਿਰਦੇ ਅੰਦਰ ਵਸ ਜਾਏ ਤਾਂ ਉਸ ਦੇ ਅੰਤਰ-ਆਤਮੇ ਸਾਰੇ ਤੀਰਥਾਂ ਦਾ ਨਿਵਾਸ ਹੋ ਆਉਂਦਾ ਹੈ, ਪਰ ਇਹ ਸੋਝੀ ਮਨਮੁਖ ਨੂੰ ਨਹੀਂ ਹੋ ਸਕਦੀ, ਕੇਵਲ ਗੁਰਮੁਖ ਹੀ ਹਾਸਲ ਕਰ ਸਕਦੇ ਹਨ। ਅਜਿਹੇ ਗੁਰੂ ਦੇ ਹੁਕਮ ਨੂੰ ਬੁੱਝ ਲੈਣ ਵਾਲੇ ਗੁਰਮੁਖ ਅੰਤ ਸੱਚ ਸਰੂਪ ਵਿਚ ਹੀ ਸਮਾ ਜਾਂਦੇ ਹਨ।

ਗੂਜਰੀ ਮਹਲਾ ੩ ਤੀਜਾ॥

੧. ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ॥

੨. ਦੂਜੈ ਭਾਇ ਜੇਤਾ ਪੜਹਿ
ਪੜਤ ਗੁਣਤ ਸਦਾ ਦੁਖੁ ਹੋਈ॥੧॥

੩. ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ॥

੪. ਹਰਿ ਰਸੁ ਰਸਨਾ ਚਾਖੁ ਤੂੰ
ਤਾਂ ਮਨੁ ਨਿਰਮਲੁ ਹੋਈ॥੧॥ ਰਹਾਉ॥

੫. ਸਤਿਗੁਰ ਮਿਲਿਐ ਮਨੁ ਸੰਤੋਖੀਐ
ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
੬. ਨਾਮੁ ਨਿਧਾਨੁ ਪਾਇਆ
ਪਰ ਘਰਿ ਜਾਇ ਨ ਕੋਇ ॥੨॥
੭. ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
੮. ਗੁਰਮਤੀ ਘਟਿ ਚਾਨਣਾ
ਹਰਿ ਨਾਮੁ ਪਾਵੈ ਸੋਇ ॥੩॥
੯. ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
੧੦. ਸੋ ਮੂਰਖੁ ਜੋ ਆਪੁ ਨ ਪਛਾਣਈ
ਸਚਿ ਨ ਧਰੇ ਪਿਆਰੁ ॥੪॥
੧੧. ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ ॥
੧੨. ਨਾਨਕ ਜੋ ਤਿਸੁ ਭਾਵੈ ਸੋ ਕਰੇ
ਜਿਉ ਤਿਸ ਕੀ ਰਜਾਇ ॥੫॥੭॥੯॥

ਪਦ ਅਰਥ : ਨਿਧਾਨੁ—ਖ਼ਜ਼ਾਨਾ। ਪੰਡਿਤ—ਹੇ ਪੰਡਤ। ਸਿਖੁ—ਇਸ ਨਾਮ ਨੂੰ ਸਮਝ। ਸੋਈ—ਉਹ ਪਰਮੇਸ਼ਰ ਹੀ। ਦੂਜੇ ਭਾਇ—ਮਾਇਆ ਦੇ ਪਿਆਰ ਵਿਚ। ਪੜਹਿ—ਤੂੰ ਪੜ੍ਹਦਾ ਹੈਂ।੧। ਸਬਦਿ—ਸ਼ਬਦ ਦੀ ਰਾਹੀਂ। ਰਸਨਾ—ਜੀਭ ਨਾਲ। ਨਿਰਮਲੁ—ਪਵਿੱਤਰ।੧।ਰਹਾਉ। ਸੰਤੋਖੀਐ—ਸੰਤੋਖ ਪ੍ਰਾਪਤ ਕਰਦਾ ਹੈ। ਪਰ ਘਰਿ—ਪਰਾਏ ਘਰ ਵਿਚ, ਕਿਸੇ ਹੋਰ ਆਸਰੇ ਦੀ ਭਾਲ ਵਿਚ।੨। ਬਦਨੀ—ਮੂੰਹ ਨਾਲ (ਬਦਨ ਮੂੰਹ)। ਕਥਨੀ ਬਦਨੀ—ਮੂੰਹ ਨਾਲ ਹੀ ਕੀਤੀਆਂ ਗੱਲਾਂ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ। ਘਟਿ—ਹਿਰਦੇ ਵਿਚ।੩। ਸੁਣਿ—ਸੁਣ ਕੇ। ਨ ਬੁਝਹੀ—ਨ ਬੁਝਹਿ, ਤੂੰ ਨਹੀਂ ਸਮਝਦਾ। ਬਾਰੋ ਬਾਰ—ਮੁੜ ਮੁੜ। ਆਪੁ—ਆਪਣੇ ਆਪ ਨੂੰ। ਪਛਾਣਈ—ਪਛਾਣਏ, ਪਛਾਣਦਾ। ਸਚਿ—ਸਦਾ-ਥਿਰ ਪ੍ਰਭੂ ਵਿਚ।੪। ਡਹਕਾਇਆ—ਭਟਕਣਾ ਵਿਚ ਪਾਇਆ। ਤਿਸੁ ਭਾਵੈ—ਉਸ ਪ੍ਰਭੂ ਨੂੰ ਭਾਉਂਦਾ ਹੈ।੫।

ਅਰਥ :

ਪ੍ਰ: ਪੰਡਤ ਨੇ ਪ੍ਰਸ਼ਨ ਕੀਤਾ ਕਿ ਹੇ ਗੁਰੋ! ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹਨ ਤੋਂ ਬਿਨਾ ਤਾਂ ਜੀਵ ਨੂੰ ਪ੍ਰਮਾਰਥਕ ਦੇ ਮਾਰਗ ਦਾ ਗਿਆਨ ਨਹੀਂ ਹੁੰਦਾ, ਇਸ ਲਈ ਸ਼ਾਸਤ੍ਰਾਂ ਨੂੰ ਪੜ੍ਹਨਾ ਤਾਂ ਜ਼ਰੂਰੀ ਹੈ?

ਉ: ੧. ਹੇ ਪੰਡਤ ਜੀ! ਸੁਣ, ਇਕ ਹਰੀ ਦਾ ਨਾਮ ਹੀ ਸਾਰੇ ਪ੍ਰਮਾਰਥਕ ਗੁਣਾਂ ਦਾ ਖ਼ਜ਼ਾਨਾ ਹੈ, ਤੂੰ ਉਸੇ ਦਾ ਨਾਮ ਸਿਮਰਿਆ ਕਰ, ਇਹੋ ਗੱਲ ਸੱਚ ਹੈ, ਇਸੇ ਦੀ ਜਾਚ ਸਿਖ।

ਪ੍ਰ: ਕਿਉਂ ਜੀ! ਤੁਹਾਡੇ ਵੀਚਾਰ ਮੁਤਾਬਕ ਪੜ੍ਹਨਾ ਨਹੀਂ ਚਾਹੀਦਾ?

ਉ: ੨. ਹੇ ਪੰਡਤ ਜੀ! ਨਾਮ ਸਿਮਰਨ ਤੋਂ ਸਖਣਾ, ਦਵੈਤ-ਭਾਵਨਾ ਵਿਚ ਜਿਤਨਾ ਹੀ ਪੜ੍ਹਨਾ ਹੈ, ਉਸ ਪੜ੍ਹਨ ਤੇ ਗੁੜ੍ਹਨ ਨਾਲ ਸਦਾ ਹੀ ਦੁੱਖ ਪਾਈਦਾ ਹੈ।੧।

ਪ੍ਰ: ਹਜ਼ੂਰ! ਤਾਂ ਫਿਰ ਕੋਈ ਸੁਖੈਨ ਸਾਧਨ ਦੱਸੋ, ਜਿਸ ਦੁਆਰਾ ਸਿਮਰਨ ਦੀ ਸੋਝੀ ਆ ਸਕੇ?

ਉ: ੩. ਹੇ ਪੰਡਤ ਜੀ! ਤੂੰ ਇਕ ਗੁਰੂ ਦੇ ਸ਼ਬਦ ਵਿਚ ਜੁੜਨਾ ਕਰ ਤੇ ਸ਼ਬਦ ਦੁਆਰਾ ਪ੍ਰਭੂ ਦੇ ਚਰਨਾਂ ਵਿਚ ਟਿਕਿਆ ਰਹੁ, ਇਸ ਤਰ੍ਹਾਂ ਤੈਨੂੰ ਨਾਮ ਸਿਮਰਨ ਦੁਆਰਾ ਆਤਮਕ ਜੀਵਨ ਪ੍ਰਾਪਤ ਕਰਨ ਦੀ ਸੋਝੀ ਪਵੇਗੀ।

੪. ਹੇ ਪੰਡਤ! ਇਸ ਤਰ੍ਹਾਂ ਤੂੰ ਰਸਨਾ ਦੁਆਰਾ ਨਾਮ ਜਪ ਕੇ ਹਰੀ ਦਾ ਨਾਮ-ਰਸ ਰਸਨਾ ਨਾਲ ਚਖ, ਤਦ ਤੇਰਾ ਮਨ ਇਸ ਤਰ੍ਹਾਂ ਪਵਿੱਤਰ ਹੋ ਜਾਏਗਾ।੧।ਰਹਾਉ।

ਪ੍ਰ: ਗੁਰਦੇਵ ਜੀ! ਬਹੁਤ ਜਤਨ ਕਰਦੇ ਹਾਂ, ਪਰ ਮਨ ਨੂੰ ਪਦਾਰਥਾਂ ਵਲੋਂ ਤ੍ਰਿਪਤੀ ਹੀ ਨਹੀਂ ਹੁੰਦੀ, ਦੱਸੋ ਕੀ ਸਾਧਨ ਕੀਤਾ ਜਾਏ?

ਉ: ੫. ਹੇ ਪੰਡਤ ਜੀ! ਸਤਿਗੁਰਾਂ ਨਾਲ ਮਿਲਾਪ ਕਰ। ਏਹੋ ਗੁਰੂ ਦਾ ਮਿਲਾਪ ਮਨ ਨੂੰ ਸੰਤੋਖ ਦੇਂਦਾ ਹੈ। ਇਸ ਤਰ੍ਹਾਂ ਫਿਰ ਮਨ ਨੂੰ ਕਦੀ ਵੀ ਮਾਇਆ ਦੀ ਤਰੇਹ ਤੇ ਮਾਇਆ ਦੀ ਭੁੱਖ ਨਹੀਂ ਵਿਆਪਦੀ।

੬. ਕਿਉਂਕਿ ਉਸਨੇ ਗੁਰਾਂ ਦੁਆਰਾ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਕਰ ਲਿਆ ਹੈ, ਉਹ ਫਿਰ ਆਸਰਾ ਤਕਣ ਲਈ ਕਿਸੇ ਹੋਰ ਘਰ ਵਿਚ ਨਹੀਂ ਜਾਂਦਾ, ਭਾਵ ਹੈ ਉਹ ਫਿਰ ਕੇਵਲ ਵਾਹਿਗੁਰੂ ਦੇ ਪਰਾਇਣ ਹੀ ਰਹਿੰਦਾ ਹੈ, ਕਿਸੇ ਹੋਰ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਦਾ।੨।

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਕਥਾ ਵਾਰਤਾ ਕਰਨ ਵੇਲੇ ਚੁੰਚ ਗਿਆਨੀ ਲੋਕ ਬਹੁਤ ਗੱਲਾਂ ਬਾਤਾਂ ਕਰਦੇ ਹਨ, ਕੀ ਉਨ੍ਹਾਂ ਨੂੰ ਇਸ ਤਰ੍ਹਾਂ ਸੁਚੱਜੇ ਮਾਰਗ ਦੀ ਸੋਝੀ ਨਹੀਂ ਹੋ ਸਕੇਗੀ?

ਉ: ੭. ਹੇ ਸੱਜਨੋ! ਮਨਮੁਖ ਜੇ ਜ਼ਬਾਨੀ-ਜ਼ਬਾਨੀ ਗੱਲਾਂ ਕਰ ਵੀ ਲਵੇ ਤੇ ਉਂਞ ਉਹ ਆਪਣੇ ਮਨ ਦੇ ਪਿੱਛੇ-ਪਿੱਛੇ ਤੁਰਦਾ ਰਵੇ, ਇਸ ਤਰ੍ਹਾਂ ਉਸਨੂੰ ਆਤਮਕ ਜੀਵਨ ਦੀ ਸੋਝੀ ਨਹੀਂ ਪੈਂਦੀ।

੮. ਪਰ ਹੇ ਪੰਡਤ! ਜੋ ਮਨੁੱਖ ਗੁਰੂ ਦੀ ਦਸੀ ਸਿੱਖਿਆ 'ਤੇ ਤੁਰਦਾ ਹੋਇਆ ਹਰੀ ਨਾਮ ਪ੍ਰਾਪਤ ਕਰ ਲੈਂਦਾ ਹੈ, ਉਸਦੇ ਹਿਰਦੇ ਵਿਚ ਚਾਨਣਾ (ਗਿਆਨ) ਹੋ ਆਉਂਦਾ ਹੈ।੩।

ਪ੍ਰ: ਸ੍ਰੀ ਜੀਉ! ਵੇਦ ਸ਼ਾਸਤ੍ਰਾਂ ਨੂੰ ਪੜ੍ਹ ਕੇ ਤਾਂ ਅਵੱਸ਼ ਹੀ ਸੋਝੀ ਆ ਜਾਂਦੀ ਹੈ?

ਉ: ੯. ਹੇ ਪੰਡਤ ਜੀ! ਤੂੰ ਜ਼ਰਾ ਆਪਣੇ ਵੱਲ ਹੀ ਵੇਖ ਲੈ ਕਿ ਸ਼ਾਸਤ੍ਰ ਸੁਣ ਕੇ ਵੀ ਤੂੰ ਆਤਮਕ ਜੀਵਨ ਨੂੰ ਸਮਝ ਨਹੀਂ ਰਿਹਾ, ਇਸੇ ਲਈ ਤੂੰ ਦਰ-ਦਰ 'ਤੇ ਭਟਕਦਾ ਫਿਰਦਾ ਹੈਂ, (ਨਾ ਸਮਝਣ ਦਾ ਤੇਰਾ ਇਹੋ ਵੱਡਾ ਇਕ ਸਬੂਤ ਹੈ)।

੧੦. ਸੋ, ਹੇ ਪੰਡਤ! ਜਿਹੜਾ ਮਨੁੱਖ ਆਪਣੇ ਆਪ ਦੀ ਪਛਾਣ ਹੀ ਨਹੀਂ ਕਰਦਾ, ਸਮਝ ਲੈ ਉਹ ਪੰਡਤ ਨਹੀਂ, ਉਹ ਤਾਂ ਮੂਰਖ ਹੈ, ਕਿਉਂਕਿ ਉਹ ਵੇਦ ਸ਼ਾਸਤ੍ਰ ਪੜ੍ਹ ਕੇ ਭੀ ਸੱਚ ਨਾਲ ਪਿਆਰ ਨਹੀਂ ਕਰਦਾ।੪।

੧੧. ਪਰ, ਅੱਛਾ ਪੰਡਤ ਜੀ! ਤੈਨੂੰ ਵੀ ਕਿਉਂ ਦੋਸ਼ ਦੇਵੀਏ, ਕਿਉਂਕਿ ਸੱਚੇ ਸਾਈਂ ਜੀ ਨੇ ਹੀ ਇਸ ਸਾਰੇ ਜਗਤ ਨੂੰ ਭਰਮਾਇਆ ਹੋਇਆ ਹੈ।

ਪ੍ਰ: ਕਿਉਂ ਜੀ! ਇਹ ਤਾਂ ਦੱਸ ਦਿਓ ਕਿ ਉਸ ਸੱਚੇ ਨੇ ਇਸ ਜਗਤ ਨੂੰ ਡਹਕਾਇਆ ਕਿਉਂ ਹੈ?

ਉ: ਪੰਡਤ ਜੀ! ਜੇ ਤੁਸੀਂ ਇਹ ਗੱਲ ਪੁੱਛਦੇ ਹੋ ਤਾਂ ਫਿਰ ਸੱਚ ਤਾਂ ਇਹੋ ਹੀ ਹੈ ਕਿ ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਕਿਉਂਕਿ ਉਸਦੀ ਰਜ਼ਾ ਸਮਝਣ ਤੋਂ ਪਰੇ ਹੈ।

੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜੋ ਕੁਝ ਹੁੰਦਾ ਹੈ, ਜਿਵੇਂ ਉਸ ਦੀ ਰਜ਼ਾ ਹੈ ਤਿਵੇਂ ਹੀ ਜਗਤ ਰੁੱਝਾ ਹੋਇਆ ਹੈ।੫।੭।੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਇਕ ਨਾਮ ਨੂੰ ਹੀ ਸਾਰੇ ਪ੍ਰਮਾਰਥਕ ਪਦਾਰਥਾਂ ਦਾ ਖ਼ਜ਼ਾਨਾ ਉਚਾਰਨ ਕਰਦੇ ਹਨ, ਜਿਸ ਦੁਆਰਾ ਸਾਰੇ ਸੁੱਖ ਪ੍ਰਾਪਤ ਕਰ ਲਈਦੇ ਹਨ। ਨਾਮ ਤੋਂ ਸਖਣੀ ਵੇਦਾਂ ਸ਼ਾਸਤ੍ਰਾਂ ਦੀ ਪੜ੍ਹਾਈ ਮਨੁੱਖ ਨੂੰ ਸਦਾ ਹੀ ਦੁਖੀ ਰੱਖਦੀ ਹੈ, ਕਿਉਂਕਿ ਇਨ੍ਹਾਂ ਦੀ ਪੜ੍ਹਾਈ ਮਨੁੱਖ ਦੇ ਮਨ ਵਿਚੋਂ ਪਦਾਰਥਕ ਲਾਲਸਾ ਦੀ ਨਵਿਰਤੀ ਨਹੀਂ ਕਰਦੀ, ਇਸ ਲਈ ਜੀਵਨ ਦੀ ਸਹੀ ਸੇਧ ਪ੍ਰਾਪਤ ਕਰਨ ਲਈ ਗੁਰੂ ਦੇ ਸ਼ਬਦ ਦੁਆਰਾ ਨਾਮ ਚਿੰਤਨ ਵਿਚ ਜੁੜਨ ਦੀ ਪ੍ਰੇਰਨਾ ਕਰਦੇ ਹਨ, ਜਿਸ ਸਿਮਰਨ ਦੀ ਬਰਕਤ ਨਾਲ ਮਨ ਸੰਸਾਰਕ ਪਦਾਰਥਾਂ ਦੀ ਲਾਲਸਾ ਵਲੋਂ ਰੁਕ ਕੇ ਸਦੀਵੀ ਤ੍ਰਿਪਤੀ ਪ੍ਰਾਪਤ ਕਰਦਾ ਹੈ।

੧ਓ ਸਤਿਗੁਰ ਪ੍ਰਸਾਦਿ ॥
ਰਾਗੁ ਗੂਜਰੀ ਮਹਲਾ ੪ ਚਉਪਦੇ ਘਰੁ ੧ ॥

੧. ਹਰਿ ਕੇ ਜਨ ਸਤਿਗੁਰ ਸਤ ਪੁਰਖਾ
ਹਉ ਬਿਨਉ ਕਰਉ ਗੁਰ ਪਾਸਿ ॥
੨. ਹਮ ਕੀਰੇ ਕਿਰਮ ਸਤਿਗੁਰ ਸਰਣਾਈ
ਕਰਿ ਦਇਆ ਨਾਮੁ ਪਰਗਾਸਿ ॥੧॥
੩. ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥
੪. ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ
ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥
੫. ਹਰਿ ਜਨ ਕੇ ਵਡਭਾਗ ਵਡੇਰੇ
ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
੬. ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ
ਮਿਲਿ ਸੰਗਤਿ ਗੁਣ ਪਰਗਾਸਿ ॥੨॥
੭. ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ
ਤੇ ਭਾਗਹੀਣ ਜਮ ਪਾਸਿ ॥
੮. ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ
ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
੯. ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
੧੦. ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥

ਪਦ ਅਰਥ : ਹਰਿ ਕੇ ਜਨ—ਹਰੀ ਦੇ ਸੇਵਕ! ਸਤ ਪੁਰਖਾ—ਹੇ ਮਹਾਂ ਪੁਰਸ਼! ਹਉ—ਮੈਂ। ਬਿਨਉ—ਬੇਨਤੀ। ਕਰਉ—ਕਰਉਂ, ਮੈਂ ਕਰਦਾ ਹਾਂ। ਕੀਰੇ—ਕੀੜੇ। ਕਿਰਮ—ਨਿਕੇ ਜਿਹੇ ਕੀੜੇ।੧। ਮੋ ਕਉ—ਮੈਨੂੰ। ਪ੍ਰਾਨ ਸਖਾਈ—ਜਿੰਦ ਦਾ ਸਾਥੀ। ਕੀਰਤਿ—ਸਿਫ਼ਤਿ-ਸਾਲਾਹ। ਰਹਰਾਸਿ—ਰਾਹ ਦੀ ਪੂੰਜੀ।੧।ਰਹਾਉ। ਜਿਨਿ—ਜਿਨ੍ਹਾਂ ਨੂੰ। ਤ੍ਰਿਪਤਾਸਹਿ—ਰੱਜ ਜਾਂਦੇ ਹਨ।੨। ਜਮ ਪਾਸਿ—ਜਮ ਦੇ ਕੋਲ, ਜਮ ਦੇ ਵਸ ਵਿਚ। ਧ੍ਰਿਗੁ—ਫਿਟਕਾਰ ਜੋਗ। ਜੀਵਾਸਿ—ਅਗੋਂ ਜੀਉਣੇ ਦੀ ਆਸ।੩। ਧੁਰਿ—ਧੁਰ ਦਰਗਾਹ ਤੋਂ। ਮਸਤਕਿ—ਮੱਥੇ ਉੱਤੇ। ਲਿਖਾਸਿ—ਲੇਖ। ਜਿਤੁ—ਜਿਸਦੀ ਰਾਹੀਂ।੪।

ਅਰਥ :

ਪ੍ਰ: ਹੇ ਗੁਰੋ! ਜਦੋਂ ਤੁਸੀਂ ਸਤਿਗੁਰੂ ਪਾਸੋਂ ਕੋਈ ਮੰਗ ਮੰਗਦੇ ਹੋ ਤਾਂ ਕੀ ਜਾਚਨਾ ਕਰਦੇ ਹੋ?

ਉ: ੧. ਹੇ ਭਾਈਓ! ਮੇਰੀ ਤਾਂ ਹਮੇਸ਼ਾ ਇਕ ਇਹੋ ਮੰਗ ਹੁੰਦੀ ਹੈ ਕਿ ਹੇ ਮੇਰੇ ਸਤਿਗੁਰੋ! ਹੇ ਪਰਮੇਸ਼ਰ ਦੇ ਭਗਤੋ! ਹੇ ਮਹਾਂ ਪੁਰਸ਼ ਗੁਰੂ ਜੀ! ਮੈਂ ਤੇਰੇ ਪਾਸ ਇਕ ਬੇਨਤੀ ਕਰਦਾ ਹਾਂ।

੨. ਹੇ ਸਤਿਗੁਰੂ ਜੀ! ਮੈਂ ਇਕ ਕੀੜਾ ਹਾਂ, (ਕੀੜਾ ਵੀ) ਨਿੱਕਾ ਜਿਹਾ ਕੀੜਾ ਹਾਂ, ਮੈਂ ਤੇਰੀ ਸ਼ਰਣ ਵਿਚ ਆਇਆ ਹਾਂ, (ਮੇਰੇ 'ਤੇ) ਮਿਹਰ ਕਰ, ਮੇਰੇ (ਅੰਦਰ) ਨਾਮ ਦਾ ਪ੍ਰਕਾਸ਼ ਕਰ।੧।

੩. ਹੇ ਮੇਰੇ ਮਿੱਤਰ ਸਤਿਗੁਰੂ! ਮੈਨੂੰ ਪਰਮੇਸ਼ਰ ਦਾ ਨਾਮ (ਰੂਪ) ਚਾਨਣ ਬਖਸ਼ਸ਼ ਕਰ।

੪. ਹੇ ਗੁਰੋ! ਮਿਹਰ ਕਰੋ ਕਿ ਗੁਰਮਤਿ ਰਾਹੀਂ ਮਿਲਿਆ ਹਰਿ ਨਾਮ ਮੇਰੇ ਜੀਵਨ ਦਾ ਸਾਥੀ ਬਣਿਆ ਰਵੇ ਅਤੇ ਪਰਮੇਸ਼ਰ ਦੇ ਨਾਮ ਦੀ ਸਿਫ਼ਤਿ-ਸਾਲਾਹ ਮੇਰੇ ਵਾਸਤੇ ਮੇਰੇ ਜੀਵਨ ਸਫ਼ਰ ਦੀ ਪੂੰਜੀ ਬਣੀ ਰਹੇ।੧।ਰਹਾਉ।

੫. ਹੇ ਭਾਈਓ! ਜਿਨ੍ਹਾਂ ਹਰੀ ਭਗਤਾਂ ਦੇ ਹਿਰਦੇ ਵਿਚ ਪ੍ਰਭੂ ਦੇ ਨਾਮ ਜਪਣ ਦੀ ਖਿੱਚ ਹੈ, ਉਹ ਵੱਡੇ ਭਾਗਾਂ ਵਾਲਿਆਂ ਤੋਂ ਭੀ ਵੱਡੇ ਭਾਗਾਂ ਵਾਲੇ ਹਨ।

੬. ਜਦੋਂ ਉਨ੍ਹਾਂ ਨੂੰ ਹਰੀ ਦਾ ਨਾਮ ਮਿਲਦਾ ਹੈ, ਉਹ ਫਿਰ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ, ਸਾਧ ਸੰਗਤ ਵਿਚ ਮਿਲ ਕੇ ਉਨ੍ਹਾਂ ਦੇ ਅੰਦਰ ਗੁਣ ਪ੍ਰਕਾਸ਼ (ਪ੍ਰਗਟ) ਹੋ ਜਾਂਦੇ ਹਨ।੨।

੭. ਪਰ, ਹੇ ਪਿਆਰਿਓ, ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਰਸ ਪ੍ਰਾਪਤ ਨਹੀਂ ਕੀਤਾ, ਉਹ ਬਦਕਿਸਮਤ ਬੰਦੇ ਹਨ, ਉਹ ਜਮਾਂ ਦੇ ਪਾਸ ਹੀ ਪੁੱਜਦੇ ਹਨ, ਭਾਵ ਜਮਾਂ ਦੇ ਹੀ ਕਾਬੂ ਆਏ ਰਹਿੰਦੇ ਹਨ।

੮. ਜਿਹੜੇ ਮਨੁੱਖ ਗੁਰੂ ਦੀ ਸ਼ਰਣ ਵਿਚ ਨਹੀਂ ਆਉਂਦੇ, ਸਾਧ ਸੰਗਤ ਵਿਚ ਨਹੀਂ ਆਉਂਦੇ, ਉਨ੍ਹਾਂ ਦਾ ਹੁਣ ਤਕ ਦਾ ਜੀਵਿਆਂ ਅਤੇ ਅਗਾਂਹਾਂ ਨੂੰ ਜੀਵਨ ਦੀ ਆਸ ਰੱਖਣੀ ਫਿਟਕਾਰ ਜੋਗ ਹੈ।੩।

੯. ਹੇ ਭਰਾਵੋ! ਜਿਨ੍ਹਾਂ ਹਰੀ ਦੇ ਭਗਤ ਜਨਾਂ ਨੇ ਗੁਰੂ ਦੀ ਸੰਗਤ ਪ੍ਰਾਪਤ ਕਰ ਲਈ ਹੈ, (ਸਮਝੋ) ਉਨ੍ਹਾਂ ਦੇ ਮੱਥੇ ਉੱਤੇ ਧੁਰ ਦਰਗਾਹ ਦਾ ਲੇਖ ਲਿਖਿਆ ਉਘੜ ਆਇਆ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਸਾਧ

ਸੰਗਤ ਧੰਨ ਧੰਨ ਹੈ, ਜਿਸ ਦੀ ਰਾਹੀਂ ਮਨੁੱਖ ਪਰਮੇਸ਼ਰ ਦੇ ਨਾਮ ਦਾ ਰਸ ਪ੍ਰਾਪਤ ਕਰਦਾ ਹੈ, ਜਿਸ ਨੂੰ ਮਿਲਿਆਂ ਮਨੁੱਖ ਦੇ ਅੰਦਰ ਪਰਮੇਸ਼ਰ ਦਾ ਨਾਮ ਰੌਸ਼ਨ ਹੋ ਜਾਂਦਾ ਹੈ।੪।੧।

ਨੋਟ : ਇਸ ਸ਼ਬਦ ਤੇ ਰਹਿਰਾਸ ਵਿਚ ਆਏ ਸ਼ਬਦ ਦਾ ਪਾਠ ਭੇਦ ਕੇਵਲ ਇਤਨਾ ਹੀ ਹੈ, ਜਿਵੇਂ ਕਿ ਪਹਿਲੀ ਤੁੱਕ ਵਿਚ ਏਥੇ 'ਹਉ' ਪਦ ਵਧ ਹੈ ਤੇ ਅੰਤਲੀ ਤੁੱਕ ਵਿਚ ਓਥੇ 'ਨਾਨਕ' ਪਦ ਤੋਂ ਪਹਿਲੇ 'ਜਨ' ਪਦ ਵਧੀਕ ਹੈ।

ਭਾਵਾਰਥ : ਇਸ ਸ਼ਬਦ ਵਿਚ ਆਪ ਜੀ ਨੇ ਗੁਰੂ ਤੋਂ ਬੇਨਤੀ ਦੁਆਰਾ ਨਾਮ ਦੀ ਜਾਚਨਾ ਕੀਤੀ ਹੈ, ਜੋ ਨਾਮ ਮਨੁੱਖ ਦੇ ਮਨ ਵਿਚੋਂ ਮਾਇਆ ਦੀ ਭੁੱਖ ਦਾ ਤਿਆਗ ਕਰਵਾ ਕੇ ਸਦਾ ਲਈ ਤ੍ਰਿਪਤੀ ਬਖ਼ਸ਼ਦਾ ਹੈ। ਨਾਮ ਤੋਂ ਸਖਣੇ ਮਨੁੱਖਾਂ ਦਾ ਗੁਜ਼ਰ ਚੁੱਕਾ ਜੀਵਨ ਅਤੇ ਅਗੋਂ ਲਈ ਜੀਉਣੇ ਦੀ ਆਸ ਨੂੰ ਭੀ ਫਿਟਕਾਰ ਰੂਪ ਬਿਆਨਿਆ ਹੈ।

ਗੂਜਰੀ ਮਹਲਾ ੪ ॥

੧. ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ
ਸਤਸੰਗਤਿ ਸਬਦਿ ਮਨੁ ਮੋਹੈ ॥
੨. ਜਪਿ ਗੋਵਿੰਦੁ ਗੋਵਿੰਦੁ ਧਿਆਈਐ
ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥੧॥
੩. ਮੇਰੇ ਭਾਈ ਜਨਾ ਮੋ ਕਉ
ਗੋਵਿੰਦੁ ਗੋਵਿੰਦੁ ਗੋਵਿੰਦੁ ਮਨੁ ਮੋਹੈ ॥
੪. ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ
ਮਿਲਿ ਗੁਰ ਸਾਧਸੰਗਤਿ ਜਨੁ ਸੋਹੈ ॥੧॥ ਰਹਾਉ ॥
੫. ਸੁਖ ਸਾਗਰ ਹਰਿ ਭਗਤਿ ਹੈ
ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥
੬. ਜਨ ਕਉ ਰਾਮ ਨਾਮੁ ਆਧਾਰਾ
ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥੨॥
੭. ਦੁਰਮਤਿ ਭਾਗਹੀਨ ਮਤਿ ਫੀਕੇ
ਨਾਮੁ ਸੁਨਤ ਆਵੈ ਮਨਿ ਰੋਹੈ ॥
੮. ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ
ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥
੯. ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੈ ॥
੧੦. ਨਾਨਕ ਧਨੁ ਧੰਨੁ ਵਡੇ ਵਡਭਾਗੀ
ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥

ਪਦ ਅਰਥ : ਗੋਵਿੰਦੁ—ਪ੍ਰਿਥਵੀ ਦਾ ਰਾਖਾ ਪਰਮੇਸ਼ਰ। ਮਨਿ—ਮਨ ਵਿਚ। ਮਿਲਿ—ਮਿਲ ਕੇ। ਸਬਦਿ—ਸ਼ਬਦ ਵਿਚ। ਮੋਹੈ—ਮੋਹ ਰਿਹਾ ਹੈ। ਦੇਇ—ਦੇਂਦਾ ਹੈ। ਓਹੈ—ਓਹੀ।੧। ਗਾਵਾ—ਗਾਵਾਂ, ਮੈਂ ਗਾਂਦਾ ਹਾਂ। ਸੋਹੈ— ਸੋਹਣੇ ਜੀਵਨ ਵਾਲਾ ਫਬ ਜਾਂਦਾ ਹੈ।੧।ਰਹਾਉ। ਸੁਖ ਸਾਗਰ—ਸੁੱਖਾਂ ਦਾ ਸਮੁੰਦਰ। ਕਉਲਾ—ਲੱਛਮੀ, ਮਾਇਆ। ਰਿਧਿ ਸਿਧਿ—ਕਰਾਮਾਤੀ ਤਾਕਤਾਂ। ਲਾਗੈ—ਲੱਗਦੀ ਹੈ। ਪਗਿ ਓਹੈ—ਉਸ ਦੇ ਪੈਰ ਵਿਚ। ਆਧਾਰਾ—ਆਸਰਾ। ਨਾਮੇ—ਨਾਮ, ਨਾਮ ਵਿਚ (ਜੁੜਕੇ)।੨। ਦੁਰਮਤਿ—ਭੈੜੀ ਮਤਿ ਵਾਲੇ। ਰੋਹੈ—ਰੋਹ, ਕ੍ਰੋਧ (ਗੁੱਸਾ)। ਕਾਗ—ਕਾਂ। ਤ੍ਰਿਪਤੈ—ਰਜਦਾ ਹੈ। ਖਾਇ—ਖਾ ਕੇ। ਮੁਖਿ—ਮੂੰਹ ਵਿਚ।੩। ਅੰਮ੍ਰਿਤ ਸਰੁ—ਅੰਮ੍ਰਿਤ ਦਾ ਤਲਾਉ ਜੋ (ਗੁਰੂ ਹੈ), ਆਤਮਿਕ ਜੀਵਨ ਦੇਣ ਵਾਲੇ ਨਾਮ ਜਲ ਦਾ ਸਰੋਵਰ। ਸਤਿਵਾਦੀ—ਸਤਿ ਸੰਭਾਖਣ ਵਾਲਾ, ਜੋ ਸਦਾ ਸੱਚ ਬੋਲਦਾ ਹੈ, ਜਿਸਦਾ ਬੋਲਿਆ ਸਤਯ ਹੁੰਦਾ ਹੈ। ਸਦਾ-ਥਿਰ ਹਰੀ ਦਾ ਨਾਮ ਉਚਾਰਨ ਵਾਲਾ। ਜਿਤੁ—ਜਿਸ ਵਿਚ। ਨਾਤੈ—ਇਸ਼ਨਾਨ ਕੀਤਿਆਂ। ਹੋਹੈ—ਹੋ ਜਾਂਦਾ ਹੈ। ਧੋਹੇ—ਧੋਂਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਤੁਹਾਨੂੰ ਉਸ ਗੋਬਿੰਦ ਦੀ ਪ੍ਰਾਪਤੀ ਕਿਵੇਂ ਹੋਈ ਹੈ?

ਉ: ੧. ਹੇ ਭਾਈ! (ਉਹ) ਗੋਬਿੰਦ ਮੇਰੇ ਮਨ ਦਾ ਪ੍ਰੀਤਮ ਹੈ, ਜੋ ਕਿ ਉਹ ਮੇਰੇ ਮਨ ਨੂੰ ਮੋਹਨ ਵਾਲਾ ਪ੍ਰੀਤਮ ਹੈ, ਉਹ ਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਤੇ ਸਤਿ ਸੰਗਤਿ ਦੁਆਰਾ ਹੀ ਮਿਲ ਪਿਆ ਹੈ।

੨. ਇਸ ਲਈ ਚਾਹੀਦਾ ਹੈ ਕਿ ਗੋਬਿੰਦ ਗੋਬਿੰਦ ਜਪ ਕੇ, ਉਸ ਨੂੰ ਹਿਰਦੇ ਨਾਲ ਭੀ ਧਿਆਈਏ, ਕਿਉਂਕਿ ਉਹੀ ਗੋਬਿੰਦ ਸਭਨਾਂ ਜੀਵਾਂ ਨੂੰ ਦਾਤਾਂ ਦੇਂਦਾ ਹੈ।੧।

੩. ਹੇ ਮੇਰੇ ਭਾਈ ਜਨੋ! ਮੇਰੇ ਮਨ ਨੂੰ ਗੋਬਿੰਦ ਗੋਬਿੰਦ (ਰੂਪ) ਸਿਮਰਨ ਨੇ ਮੋਹ ਲਿਆ ਹੈ।

੪. ਇਸ ਲਈ, ਹੇ ਭਾਈ! ਮੈਂ ਗੁਰੂ ਦੀ ਸਾਧ ਸੰਗਤ ਵਿਚ ਮਿਲ ਕੇ ਗੋਬਿੰਦ ਗੋਬਿੰਦ ਗੋਬਿੰਦ ਗੁਣ ਗਾਵਾਂ ਤਾਂ ਹੀ ਦਾਸ ਦੀ ਸ਼ੋਭਾ ਹੈ।੧।ਰਹਾਉ।

੫. ਹੇ ਭਾਈਓ! ਜਿਸ ਮਨੁੱਖ ਨੇ ਗੁਰੂ ਦੀ ਸਿਖਿਆ ਲੈ ਕੇ ਸੁਖ ਸਾਗਰ ਹਰੀ ਦੀ ਭਗਤੀ ਕੀਤੀ ਹੈ, ਉਸਦੀ ਚਰਣੀਂ ਤਾਂ ਰਿਧੀ, ਸਿਧੀ ਤੇ ਮਾਇਆ ਆ ਲੱਗਦੀ ਹੈ।

੬. ਇਸ ਲਈ ਹੇ ਭਾਈਓ! ਹਰੀ ਦੇ ਦਾਸ ਨੂੰ ਰਾਮ ਦੇ ਨਾਮ ਦਾ ਹੀ ਆਸਰਾ ਹੈ ਅਤੇ ਉਹ ਰਾਮ ਦੇ ਨਾਮ ਨੂੰ ਹੀ ਜਪਦਾ ਹੈ। ਹਰੀ ਦੇ ਨਾਮ ਕਰਕੇ ਹੀ ਉਸ ਦੀ ਸੋਭਾ ਹੈ।੨।

ਪ੍ਰ: ਕਿਉਂ ਜੀ! ਉਸ ਹਰੀ ਦੇ ਨਾਮ ਨੂੰ ਸਾਰੇ ਹੀ ਕਿਉਂ ਨਹੀਂ ਜਪਦੇ?

ਉ: ੭. ਹੇ ਭਾਈ! ਜੋ ਖੋਟੀ ਮਤਿ ਵਾਲੇ ਭਾਗਾਂ ਤੋਂ ਹੀਣੇ ਮਨਮੁਖ ਹਨ, ਉਨ੍ਹਾਂ ਦੀ ਮਤਿ ਫਿਕੀ ਹੈ, ਇਸ ਲਈ ਨਾਮ ਨੂੰ ਸੁਣਦਿਆਂ (ਉਨ੍ਹਾਂ ਨੂੰ ਰਸ ਨਹੀਂ ਆਉਂਦਾ) ਸਗੋਂ ਮਨ ਵਿਚ ਕ੍ਰੋਧ ਆਉਂਦਾ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਬਦਕਿਸਮਤ ਬੰਦਿਆਂ ਨੂੰ ਨਾਮ ਰਸ ਕਿਉਂ ਨਹੀਂ ਆਉਂਦਾ?

ਉ: ੮. ਹੇ ਮਿੱਤਰੋ! ਜਿਵੇਂ ਕਾਂ ਕਊਏ ਨੂੰ, ਨੀਚ ਕਾਂ ਨੂੰ ਅੰਮ੍ਰਿਤ ਰਸ ਪਾਈਏ (ਤਾਂ ਉਹ ਨਹੀਂ ਖਾਂਦਾ) ਪਰ ਉਹ ਗੋਹਾ ਤੇ ਵਿਸ਼ਟਾ ਖਾ ਕੇ ਹੀ ਪ੍ਰਸੰਨ ਹੋਵੇਗਾ।੩।

ਪ੍ਰ: ਹੇ ਗੁਰੋ ! ਤਾਂ ਫਿਰ ਕੀ ਐਸੇ ਕਾਂ ਦੇ ਤੁਲ ਮਨੁੱਖ ਕੋਈ ਵੀ ਹੰਸ ਦੀ ਨਿਆਈਂ ਨਿਰਮਲ ਨਹੀਂ ਹੋ ਸਕਦਾ ?

ਉ: ੯. ਐ ਪਿਆਰਿਓ ! ਜ਼ਰੂਰ ਹੋ ਸਕਦਾ ਹੈ, ਵੇਖੋ ਸਦਾ ਸੱਚ ਬੋਲਣ ਵਾਲਾ ਸਤਿਗੁਰੂ ਅੰਮ੍ਰਿਤ ਦਾ ਸਰੋਵਰ ਹੈ, ਜਿਸ ਅੰਮ੍ਰਿਤ ਸਰੋਵਰ ਵਿਚ ਨ੍ਹਾਉਣ ਨਾਲ ਕਾਂ ਵੀ ਹੰਸ ਹੋ ਜਾਂਦਾ ਹੈ। ਭਾਵ ਹੈ ਸਤਿਗੁਰੂ ਦੀ ਸੰਗਤ ਕਰਕੇ, ਗੁਰ ਉਪਦੇਸ਼ ਕਮਾਉਣ ਵਾਲਾ ਮਨਮੁਖ ਭੀ ਪਾਪਾਂ ਤੋਂ ਛੁੱਟ ਕੇ ਗੁਰਮੁਖ ਬਣ ਜਾਂਦਾ ਹੈ।

ਉ:੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਹ ਪੁਰਖ ਧੰਨ ਹਨ, ਉਹ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਹਿਰਦੇ ਦੀ ਮੈਲ ਗੁਰੂ ਦੀ ਮਤਿ ਦੁਆਰਾ ਨਾਮ ਧੋ ਦੇਂਦਾ ਹੈ।੪।੨।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਉਸ ਗੋਬਿੰਦ ਦੇ ਨਾਮ ਅਰਾਧਨ ਦੀ ਪ੍ਰੇਰਣਾ ਕੀਤੀ ਹੈ, ਜਿਸ ਨੂੰ ਜਪ ਕੇ ਮਨੁੱਖ ਦਾ ਮਨ ਸਦੀਵੀ ਤ੍ਰਿਪਤ ਹੋ ਜਾਂਦਾ ਹੈ। ਉਸ ਗੋਬਿੰਦ ਦੀ ਭਗਤੀ ਹੀ ਸੁਖਾਂ ਦਾ ਸਾਗਰ ਹੈ, ਜਿਸਦੀ ਬਰਕਤ ਨਾਲ ਮਨੁੱਖ ਨੂੰ ਸਾਰੀਆਂ ਹੀ ਰਿਧੀਆਂ-ਸਿਧੀਆਂ ਸੁਭਾਵਕ ਹੀ ਪ੍ਰਾਪਤ ਹੋ ਜਾਂਦੀਆਂ ਹਨ, ਪਰ ਇਹ ਨਾਮ ਦੀ ਪਵਿੱਤਰ ਦਾਤ ਮਨਮੁਖ ਹਾਸਲ ਨਹੀਂ ਕਰ ਸਕਦੇ, ਕਿਉਂਕਿ ਉਨ੍ਹਾਂ ਦਾ ਮਨ ਵਿਸ਼ਿਆਂ ਵਿਚ ਹੀ ਤ੍ਰਿਪਤ ਰਹਿੰਦਾ ਹੈ, ਪਰ ਜੇ ਕਦੀ ਉਹ ਵੀ ਗੁਰੂ ਦੀ ਸ਼ਰਨ ਵਿਚ ਆ ਜਾਵਣ ਤਾਂ ਉਹ ਵੀ ਮਨਮੁਖਾਂ ਤੋਂ ਗੁਰਮੁਖ ਬਣ ਸਕਦੇ ਹਨ।

ਗੂਜਰੀ ਮਹਲਾ ੪ ॥

੧. ਹਰਿ ਜਨ ਊਤਮ ਊਤਮ ਬਾਣੀ
ਮੁਖਿ ਬੋਲਹਿ ਪਰਉਪਕਾਰੇ ॥
੨. ਜੋ ਜਨੁ ਸੁਣੈ ਸਰਧਾ ਭਗਤਿ ਸੇਤੀ
ਕਰਿ ਕਿਰਪਾ ਹਰਿ ਨਿਸਤਾਰੇ ॥੧॥
੩. ਰਾਮ ਮੋ ਕਉ ਹਰਿ ਜਨ ਮੇਲਿ ਪਿਆਰੇ ॥
੪. ਮੇਰੇ ਪ੍ਰੀਤਮ ਪ੍ਰਾਨ ਸਤਿਗੁਰੁ ਗੁਰੁ ਪੂਰਾ
ਹਮ ਪਾਪੀ ਗੁਰਿ ਨਿਸਤਾਰੇ ॥੧॥ ਰਹਾਉ ॥
੫. ਗੁਰਮੁਖਿ ਵਡਭਾਗੀ ਵਡਭਾਗੇ
ਜਿਨ ਹਰਿ ਹਰਿ ਨਾਮੁ ਅਧਾਰੇ ॥
੬. ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ
ਗੁਰਮਤਿ ਭਗਤਿ ਭੰਡਾਰੇ ॥੨॥
੭. ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ
ਤੇ ਭਾਗਹੀਣ ਜਮਿ ਮਾਰੇ ॥
੮. ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ
ਦਯਿ ਮਾਰੇ ਮਹਾ ਹਤਿਆਰੇ ॥੩॥
੯. ਦੀਨ ਦਇਆਲ ਹੋਹੁ ਜਨ ਊਪਰਿ
ਕਰਿ ਕਿਰਪਾ ਲੇਹੁ ਉਬਾਰੇ ॥
੧੦. ਨਾਨਕ ਜਨ ਹਰਿ ਕੀ ਸਰਣਾਈ
ਹਰਿ ਭਾਵੈ ਹਰਿ ਨਿਸਤਾਰੇ ॥੪॥੩॥

ਪਦ ਅਰਥ : ਹਰਿ ਜਨ—ਪਰਮੇਸ਼ਰ ਦੇ ਭਗਤ। ਊਤਮ—ਚੰਗੇ, ਭਲੇ, ਸਰੇਸ਼ਟ। ਮੁਖਿ—ਮੂੰਹੋਂ। ਬੋਲਹਿ—ਬੋਲਦੇ ਹਨ। ਪਰਉਪਕਾਰੇ—ਦੂਜਿਆਂ ਦੀ ਭਲਾਈ ਕਰਨ ਲਈ। ਸੇਤੀ—ਨਾਲ। ਨਿਸਤਾਰੇ—ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।੧। ਰਾਮ—ਹੇ ਰਾਮ ! ਗੁਰਿ—ਗੁਰੂ ਨੇ।੧।ਰਹਾਉ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਅਧਾਰੇ—ਆਸਰਾ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਨਾਮ ਜਲ। ਵਡਭਾਗੀ ਵਡਭਾਗੇ—ਦੋ ਵਾਰ ਕੂੰਨੀ ਖੰਨਨ ਵਾਂਙੂ ਆਖਿਆ ਹੈ। ਭੰਡਾਰੇ—ਖ਼ਜ਼ਾਨੇ।੨। ਤੇ—ਉਹ ਬੰਦੇ। ਜਮਿ—ਜਮ ਨੇ। ਸੇ—ਉਹ ਬੰਦੇ। ਕੂਕਰ—ਕੁੱਤੇ। ਸੂਕਰ—ਸੂਅਰ। ਗਰਧਭ—ਖੋਤੇ। ਪਵਹਿ—ਪੈਂਦੇ ਹਨ। ਦਯਿ—ਪਿਆਰੇ ਪ੍ਰਭੂ ਨੇ। ਮਾਰੇ—ਮੌਤ ਦੇ ਮਾਰੇ ਹੋਏ ਹਨ। ਹਤਿਆਰੇ—ਨਿਰਦਈ।੩। ਲੇਹੁ ਉਬਾਰੇ—ਬਚਾ ਲੈ। ਭਾਵੈ—ਪਸੰਦ ਆਉਂਦਾ ਹੈ।੪।

ਅਰਥ :

ਪ੍ਰ: ਹੇ ਗੁਰੋ ! ਜੋ ਉਸ ਹਰੀ ਦੇ ਪਿਆਰੇ ਜਨ ਹਨ, ਉਨ੍ਹਾਂ ਦੀ ਨਿਸ਼ਾਨੀ ਕੀ ਹੈ ?

ਉ: ੧. ਹੇ ਭਾਈ ! ਹਰੀ ਦੇ ਜਨਾਂ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਉਹ ਅੰਦਰੋਂ ਉੱਤਮ ਹੁੰਦੇ ਹਨ। ਦੂਜੀ ਨਿਸ਼ਾਨੀ ਇਹ ਹੈ ਕਿ ਉਹ ਅੰਦਰੋਂ ਉੱਤਮ ਹੋਣ ਕਰਕੇ ਬਾਣੀ ਵੀ ਮੁਖੋਂ ਉੱਤਮ ਹੀ ਬੋਲਦੇ ਹਨ। ਉਹ ਜਦੋਂ ਭੀ ਬੋਲਦੇ ਹਨ, ਪਰ-ਉਪਕਾਰੀ, ਭਾਵ ਦੂਜੇ ਦੇ ਭਲੇ ਦੀ ਗੱਲ ਬੋਲਦੇ ਹਨ।

੨. ਹੇ ਮਿੱਤਰੋ ! ਉਨ੍ਹਾਂ ਦੀ ਉਪਕਾਰੀ ਬਾਣੀ ਨੂੰ ਜੋ ਵੀ ਮਨੁੱਖ ਸ਼ਰਧਾ ਭਗਤੀ ਨਾਲ ਸੁਣਦੇ ਹਨ, ਉਸਨੂੰ ਹਰੀ ਆਪ ਹੀ ਕਿਰਪਾ ਕਰਕੇ ਇਸ ਸੰਸਾਰ ਸਾਗਰੋਂ ਪਾਰ ਲੰਘਾ ਲੈਂਦਾ ਹੈ।੧।

ਪ੍ਰ: ਹਜ਼ੂਰ ! ਤੁਸੀਂ ਰਾਮ ਤੋਂ ਕੀ ਕੁਝ ਮੰਗਦੇ ਹੋ ?

ਉ: ੩. ਹੇ ਭਾਈਓ ! ਮੈਂ ਤਾਂ ਇਹੋ ਰਾਮ ਤੋਂ ਮੰਗ ਕਰਦਾ ਹਾਂ ਕਿ ਹੇ ਰਾਮ ! ਮੈਨੂੰ ਤੂੰ ਆਪਣੇ ਪਿਆਰੇ ਸੰਤ ਜਨ ਮਿਲਾ ਦੇਹ।

੪. ਹੇ ਭਾਈ ! ਪੂਰਾ ਸਤਿਗੁਰੂ ਮੈਨੂੰ ਜਿੰਦ ਜਾਨ ਵਾਂਙੂ ਪਿਆਰਾ ਹੈ। ਮੈਨੂੰ ਪਾਪੀ ਨੂੰ ਗੁਰੂ ਨੇ ਸੰਸਾਰ ਸਾਗਰੋਂ ਤਾਰ ਲੀਤਾ ਹੈ।੧।ਰਹਾਉ।

੫. ਹੇ ਪਿਆਰਿਓ ! ਗੁਰੂ ਦੇ ਸਨਮੁਖ ਰਹਿਣ ਵਾਲੇ ਸੰਤ ਜਨ ਵੱਡੇ ਤੋਂ ਵੀ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਹਰੀ ਦੇ ਜਨਾਂ ਨੂੰ ਹਰਿ ਹਰਿ ਨਾਮ ਦਾ ਹੀ ਆਸਰਾ ਹੁੰਦਾ ਹੈ।

੬. ਉਹ ਆਤਮਕ ਜੀਵਨ ਦੇਣ ਵਾਲਾ ਹਰੀ ਨਾਮ ਰਸ ਪ੍ਰਾਪਤ ਕਰ ਲੈਂਦੇ ਹਨ ਅਤੇ ਗੁਰੂ ਦੀ ਮਤਿ ਦੁਆਰਾ ਉਨ੍ਹਾਂ ਦੇ ਅੰਦਰ ਪਰਮੇਸ਼ਰ ਦੀ ਭਗਤੀ ਦੇ ਖ਼ਜ਼ਾਨੇ ਭਰ ਜਾਂਦੇ ਹਨ।੨।

ਪ੍ਰ: ਹਜ਼ੂਰ ! ਜੋ ਲੋਕ ਮਨਮੁਖ ਹਨ, ਉਨ੍ਹਾਂ ਦੀ ਦਸ਼ਾ ਕਿਹੋ ਜਿਹੀ ਹੁੰਦੀ ਹੈ ?

ਉ: ੭. ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਮਹਾਂ ਪੁਰਸ਼ ਸਤਿਗੁਰੂ ਦਾ ਦਰਸ਼ਨ ਨਹੀਂ ਪਾਇਆ, ਉਹ ਬਦਕਿਸਮਤ ਬੰਦੇ ਹਨ, ਉਨ੍ਹਾਂ ਨੂੰ ਅੰਤ ਸਮੇਂ (ਜ਼ਰੂਰ) ਜਮ ਮਾਰੇਗਾ।

੮. ਇਥੇ ਹੀ ਬੱਸ ਨਹੀਂ, ਉਹ ਫਿਰ ਕੁੱਤੇ, ਸੂਰ, ਖੋਤੇ ਆਦਿਕ ਗਰਭ ਜੋਨੀਆਂ ਵਿਚ ਪੈਣਗੇ, ਕਿਉਂਕਿ ਉਹ ਮਹਾਂ ਹਤਿਆਰੇ ਹਨ, ਇਸ ਲਈ ਉਹ ਰੱਬ ਦੇ ਮਾਰੇ ਹੋਏ ਹਨ।੩।

ਪ੍ਰ: ਕਿਉਂ ਜੀ! ਕੀ ਤੁਸੀਂ ਕਦੇ ਅਜਿਹੇ ਰੱਬ ਦੇ ਮਾਰਿਆਂ ਲਈ ਭੀ ਅਰਦਾਸ ਕਰਦੇ ਹੋ?

ਉ: ੯. ਹਾਂ ਜ਼ਰੂਰ ਕਰਦੇ ਹਾਂ। ਹੇ ਪਿਆਰੇ! ਮੈਂ ਤਾਂ ਸਦਾ ਅਜਿਹੇ ਰੱਬ ਦੇ ਮਾਰਿਆਂ ਲਈ ਵੀ ਉਸੇ ਰੱਬ ਅੱਗੇ ਅਰਦਾਸ ਕਰਦਾ ਹਾਂ ਕਿ ਹੇ ਦੀਨਾਂ ਉੱਤੇ ਦਇਆ ਕਰਨ ਵਾਲੇ, ਤੂੰ ਐਸੇ ਜਨਾਂ ਉੱਤੇ ਦਇਆ ਕਰ, ਕਿਰਪਾ ਕਰਕੇ ਉਨ੍ਹਾਂ ਨੂੰ ਭੀ ਬਚਾ ਲੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਹਰੀ! ਮੈਂ ਦਾਸ ਤੇਰੀ ਸ਼ਰਣ ਆਇਆ ਹਾਂ। ਹੇ ਹਰੀ! ਜੇ ਆਪ ਨੂੰ ਭਾ ਜਾਵੇ ਤਾਂ ਤੂੰ ਮੈਨੂੰ ਭੀ ਤਾਰ ਲਵੇਂਗਾ।੩।੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਹਰੀ ਦੇ ਪਿਆਰੇ ਜਨਾਂ ਦੀ ਨਿਸ਼ਾਨੀ ਦਰਸਾਈ ਹੈ ਕਿ ਉਨ੍ਹਾਂ ਦਾ ਸੁਭਾਉ ਸਦਾ ਉਪਕਾਰ ਕਰਨ ਵਾਲਾ ਹੀ ਹੋਇਆ ਕਰਦਾ ਹੈ ਤੇ ਉਨ੍ਹਾਂ ਦੇ ਮਿਲਾਪ ਲਈ ਹੀ ਸਾਈਂ ਜੀ ਦੇ ਦਰ 'ਤੇ ਪੁਕਾਰ ਕੀਤੀ ਹੈ, ਕਿਉਂਕਿ ਉਹ ਨਾਮ ਨਾਲ ਪਿਆਰ ਕਰਨ ਵਾਲੇ ਹਨ, ਪਰ ਕਈ ਮਨਮੁਖ ਲੋਕ ਬਦਕਿਸਮਤੇ ਗੁਰੂ ਦੇ ਦਰਸ਼ਨ ਤੋਂ ਸੱਖਣੇ ਹੀ ਰਹਿੰਦੇ ਹਨ। ਅੰਤ ਵਿਚ ਉਨ੍ਹਾਂ ਦੇ ਉਧਾਰ ਲਈ ਭੀ ਸਾਈਂ ਜੀ ਅੱਗੇ ਜੋਦੜੀ ਕਰ ਰਹੇ ਹਨ ਕਿ ਹੇ ਹਰੀ, ਜੇ ਤੈਨੂੰ ਭਾ ਜਾਵੇ ਤਾਂ ਤੂੰ ਉਨ੍ਹਾਂ ਨੂੰ ਵੀ ਇਸ ਸੰਸਾਰ ਸਾਗਰ ਤੋਂ ਪਾਰ ਕਰ ਦੇਂਦਾ ਹੈਂ।

ਗੂਜਰੀ ਮਹਲਾ ੪ ॥

੧. ਹੋਹੁ ਦਇਆਲ ਮੇਰਾ ਮਨੁ ਲਾਵਹੁ
ਹਉ ਅਨਦਿਨੁ ਰਾਮ ਨਾਮੁ ਨਿਤ ਧਿਆਈ ॥
੨. ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ
ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ ॥੧॥
੩. ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ ॥
੪. ਗੁਰਮਤਿ ਰਾਮ ਨਾਮੁ ਜਸੁ ਗਾਵਾ
ਅੰਤਿ ਬੇਲੀ ਦਰਗਹ ਲਏ ਛਡਾਈ ॥੧॥ ਰਹਾਉ ॥
੫. ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ
ਕਰਿ ਕਿਰਪਾ ਲੋਚ ਮੇਰੈ ਮਨਿ ਲਾਈ ॥
੬. ਮੈ ਮਨਿ ਤਨਿ ਲੋਚ ਲਗੀ ਹਰਿ ਸੇਤੀ
ਪ੍ਰਭਿ ਲੋਚ ਪੂਰੀ ਸਤਿਗੁਰ ਸਰਣਾਈ ॥੨॥
੭. ਮਾਣਸ ਜਨਮੁ ਪੁੰਨਿ ਕਰਿ ਪਾਇਆ
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥
੮. ਨਾਮ ਬਿਨਾ ਰਸ ਕਸ ਦੁਖੁ ਖਾਵੈ
ਮੁਖੁ ਫੀਕਾ ਥੁਕ ਥੂਕ ਮੁਖਿ ਪਾਈ ॥੩॥
੯. ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ
ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥
੧੦. ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ
ਜਨ ਨਾਨਕ ਮੇਲਿ ਲਏ ਗਲਿ ਲਾਈ ॥੪॥੪॥

ਪਦ ਅਰਥ : ਲਾਵਹੁ—ਜੋੜੋ। ਹਉ—ਮੈਂ। ਅਨਦਿਨੁ—ਹਰ ਰੋਜ਼, ਹਰ ਵੇਲੇ। ਧਿਆਈ—ਮੈਂ ਸਿਮਰਦਾ ਰਵਾਂ। ਸਭਿ—ਸਾਰੇ। ਨਿਧਾਨ—ਖ਼ਜ਼ਾਨੇ। ਜਿਤੁ ਜਪਿਐ—ਜਿਸ ਦਾ ਨਾਮ ਜਪਿਆਂ। ਲਹਿ ਜਾਈ—ਲਹਿ ਜਾਂਦੀ ਹੈ।੧। ਮਨ—ਹੇ ਮਨ। ਸਖਾ—ਮਿੱਤਰ। ਭਾਈ—ਭਰਾ। ਗਾਵਾ—ਗਾਵਾਂ, ਮੈਂ ਗਾਂਦਾ ਹਾਂ। ਅੰਤਿ—ਆਖ਼ਰ ਵੇਲੇ।੧।ਰਹਾਉ। ਪ੍ਰਭੁ—ਮਾਲਕ। ਅੰਤਰਜਾਮੀ—ਦਿਲ ਦੀ ਜਾਨਣ ਵਾਲਾ। ਲੋਚ—ਤਾਂਘ। ਮਨਿ—ਮਨ ਵਿਚ। ਮੈ ਤਨਿ—ਮੇਰੇ ਹਿਰਦੇ ਵਿਚ। ਸੇਤੀ—ਨਾਲ। ਪ੍ਰਭਿ—ਪ੍ਰਭੂ ਨੇ।੨। ਪੁੰਨਿ—ਚੰਗੇ ਕੰਮ, ਚੰਗੀ ਕਿਸਮਤ। ਧ੍ਰਿਗੁ—ਫਿਟਕਾਰ ਜੋਗ। ਬਿਰਥਾ—ਵਿਅਰਥ। ਰਸ ਕਸ—ਕਈ ਕਿਸਮ ਦੇ ਪਦਾਰਥ। ਮੁਖਿ—ਮੂੰਹ ਉੱਤੇ। ਥੁਕ ਪਾਈ—ਥੁੱਕਦੀ ਹੈ, ਫਿਟਕਾਰ ਪਾਂਦੀ ਹੈ।੩। ਤਿਨ—ਉਨ੍ਹਾਂ ਨੂੰ। ਦੇ—ਦੇਂਦਾ ਹੈ। ਕਉ—ਨੂੰ। ਗਲਿ—ਗਲ ਨਾਲ। ਲਾਈ—ਲਾਇ, ਲਾ ਕੇ।੪।

ਅਰਥ :

ਪ੍ਰ: ਗੁਰਦੇਵ ਜੀਉ! ਕਈ ਵਾਰ ਜਤਨ ਕਰੀਦਾ ਹੈ ਕਿ ਇਸ ਚੰਚਲ ਮਨ ਨੂੰ ਨਾਮ ਸਿਮਰਨ ਵਿਚ ਜੋੜਿਆ ਜਾਏ, ਪਰ ਜੁੜਦਾ ਹੀ ਨਹੀਂ, ਦੱਸੋ ਉਸ ਹਾਲਤ ਵਿਚ ਕੀ ਸਾਧਨ ਕਰਨਾ ਚਾਹੀਦਾ ਹੈ?

ਉ: ੧. ਹੇ ਮਿੱਤਰੋ! ਉਸ ਵੇਲੇ ਕਰਨ ਵਾਲਾ ਸਾਧਨ ਕੇਵਲ ਇਕ ਅਰਦਾਸ ਹੀ ਹੈ। ਇਉਂ ਜੋਦੜੀ ਕਰਦੇ ਰਿਹਾ ਕਰੋ ਕਿ ਹੇ ਦੀਨਾਂ ਉੱਤੇ ਦਇਆ ਕਰਨ ਵਾਲੇ ਪ੍ਰਭੂ ਜੀ! ਤੁਸੀਂ ਮੇਰੇ ਉੱਤੇ ਮਿਹਰ ਕਰੋ, ਮੇਰੇ ਮਨ ਨੂੰ ਆਪਣੇ ਚਰਨਾਂ ਵਿਚ ਜੋੜੀ ਰੱਖੋ। ਜੋੜੋ ਭੀ ਅਜਿਹਾ ਕਿ ਮੈਂ ਦਿਨੇ ਰਾਤੀਂ ਹਰ ਵੇਲੇ ਤੇਰਾ ਨਾਮ ਸਿਮਰਦਾ ਰਵਾਂ।

ਪ੍ਰ: ਕਿਉਂ ਜੀ! ਤੁਸੀਂ ਹਰ ਵੇਲੇ ਦਾ ਨਾਮ ਸਿਮਰਨ ਕਿਸ ਲਈ ਮੰਗਦੇ ਹੋ?

ਉ: ੨. ਹੇ ਭਾਈਓ! ਸਾਰੇ ਸੁੱਖ, ਸਾਰੇ ਸ਼ੁਭ ਗੁਣ, ਸਾਰੇ ਖ਼ਜ਼ਾਨੇ, ਉਸੇ ਪਰਮੇਸ਼ਰ ਜੀ ਦੇ ਪਾਸ ਹਨ, ਜਿਸਦਾ ਨਾਮ ਸਿਮਰਿਆਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਮਾਇਆ ਦੀ ਭੀ ਸਾਰੀ ਭੁੱਖ ਲਹਿ ਜਾਂਦੀ ਹੈ।੧।

ਪ੍ਰ: ਹਜ਼ੂਰ! ਮਨ ਬੜਾ ਬੇ ਸਮਝ ਹੈ, ਇਸਨੂੰ ਕਿਵੇਂ ਸਮਝਾਵਾਂ?

ਉ: ੩. ਹੇ ਪਿਆਰੇ! ਮਨ ਨੂੰ ਇਉਂ ਕਿਹਾ ਕਰ ਕਿ ਹੇ ਮੇਰੇ ਮਨਾ! ਵੇਖ ਉਸੇ ਪਰਮਾਤਮਾ ਦਾ ਨਾਮ ਮੇਰਾ ਮਿੱਤਰ ਹੈ, ਮੇਰਾ ਭਰਾ ਹੈ।

੪. (ਇਸ ਲਈ ਮੈਂ) ਗੁਰਮਤਿ ਅਨੁਸਾਰ ਰਾਮ ਦਾ ਨਾਮ ਸਿਮਰਦਾ ਹਾਂ, ਰਾਮ ਦਾ ਹੀ ਜਸ ਗਾਉਂਦਾ ਹਾਂ, (ਕਿਉਂਕਿ ਮੈਨੂੰ ਪੂਰਨ ਵਿਸ਼ਵਾਸ ਹੈ ਕਿ) ਅੰਤ ਦੇ ਵੇਲੇ ਸਿਰਫ਼ ਪਰਮੇਸ਼ਰ ਦਾ ਨਾਮ ਹੀ ਸਹਾਇਕ ਬਣਦਾ ਹੈ ਤੇ ਰੱਬੀ ਦਰਬਾਰ ਵਿਚ ਗਇਆਂ ਵੀ ਇਹ ਨਾਮ ਹੀ ਸੁਰਖ਼ਰੂ ਕਰਾਂਦਾ ਹੈ।੧।ਰਹਾਉ।

੫. ਇਸ ਲਈ ਹੇ ਭਰਾਵੋ! ਸਦਾ ਇਉਂ ਹੀ ਅਰਦਾਸ ਕਰਦੇ ਰਹੋ ਕਿ ਹੇ ਪ੍ਰਭੂ ਜੀ, ਤੂੰ ਅੰਤਰਜਾਮੀ ਹੈਂ, ਤੂੰ ਆਪੇ ਹੀ

ਸਾਰੀਆਂ ਦਾਤਾਂ ਦੇਣ ਵਾਲਾ ਹੈਂ, ਤੂੰ ਆਪੇ ਮਾਲਕ ਹੈਂ, ਇਸ ਲਈ ਤੂੰ ਆਪੇ ਮਿਹਰ ਕਰਕੇ ਮੇਰੇ ਮਨ ਵਿਚ ਆਪਣੀ ਭਗਤੀ ਕਰਨ ਦੀ ਤਾਂਘ ਪੈਦਾ ਕੀਤੀ ਹੋਈ ਹੈ।

੬. ਹੇ ਭਾਈ! ਮੇਰੇ ਮਨ ਵਿਚ, ਮੇਰੇ ਤਨ ਵਿਚ ਹਰੀ ਨਾਲ ਲੱਗੀ ਇਹ ਲੋਚਾ ਆਪ ਹੀ ਸਤਿਗੁਰੂ ਦੀ ਸ਼ਰਣ ਵਿਚ ਪਾ ਕੇ ਪੂਰੀ ਕੀਤੀ ਹੈ।੨।

੭. ਹੇ ਸੱਜਨੋ! ਇਹ ਮਨੁੱਖਾ ਜਨਮ ਬੜੀ ਚੰਗੀ ਕਿਸਮਤ ਨਾਲ ਮਿਲਦਾ ਹੈ, ਪਰ ਯਾਦ ਰੱਖੋ, ਇਹ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਧ੍ਰਿਕਾਰ ਜੋਗ ਹੋ ਜਾਂਦਾ ਹੈ, ਨਾਮ ਤੋਂ ਸੱਖਣਾ ਵਿਅਰਥ ਚਲਾ ਜਾਂਦਾ ਹੈ।

੮. ਦੇਖੋ, ਇਹ ਬੰਦਾ ਸਾਈਂ ਜੀ ਦਾ ਨਾਮ ਵਿਸਾਰ ਕੇ ਸੰਸਾਰ ਦੇ ਅਨੇਕਾਂ ਪ੍ਰਕਾਰ ਦੇ ਪਦਾਰਥਕ ਰਸਾਂ ਕਸਾਂ ਨੂੰ ਖਾਂਦਾ ਰਹਿੰਦਾ ਹੈ (ਉਨ੍ਹਾਂ ਨੂੰ ਇਹ ਸੁਖਦਾਈ ਜਾਣ ਕੇ ਖਾਂਦਾ ਹੈ), ਪਰ ਅਸਲ ਵਿਚ ਉਹ ਹੈਨ ਦੁੱਖ ਰੂਪ, ਇਸ ਲਈ ਉਹ ਦੁੱਖ ਹੀ ਸਹੇੜਦਾ ਹੈ। ਕਿਤਨੇ ਵੀ ਪਦਾਰਥ ਰਸ ਕਸ ਖਾਂਦਾ ਹੈ, ਪਰ ਤਾਂ ਭੀ ਇਸਦਾ ਮੂੰਹ ਫਿਕਾ ਹੀ ਰਹਿੰਦਾ ਹੈ ਅਤੇ ਅੰਤ ਨੂੰ (ਇਸਦੇ) ਮੂੰਹ 'ਤੇ ਥੁੱਕਾਂ ਹੀ ਪੈਂਦੀਆਂ ਹਨ, ਕਿਉਂਕਿ ਇਹ ਹਰ ਵਕਤ ਮੂੰਹੋਂ ਫਿਕੇ ਹੀ ਬੋਲ ਬੋਲਦਾ ਰਹਿੰਦਾ ਹੈ, ਇਸੇ ਲਈ ਲੁਕਾਈ ਉਸਨੂੰ ਫਿਟਕਾਰਾਂ ਹੀ ਪਾਉਂਦੀ ਹੈ।੩।

ਪ੍ਰ: ਕਿਉਂ ਜੀ! ਉਹ ਕੌਣ ਬੰਦੇ ਹਨ, ਜਿਨ੍ਹਾਂ ਨੂੰ ਪਰਮੇਸ਼ਰ ਦੀ ਹਜ਼ੂਰੀ ਵਿਚ ਮਾਣ ਆਦਰ ਮਿਲਦਾ ਹੈ?

ਉ: ੯. ਹੇ ਸੱਜਨੋ! ਜਿਹੜੇ ਮਨੁੱਖ ਹਰੀ ਹਰਿ ਪਰਮੇਸ਼ਰ ਦੀ ਸ਼ਰਨ ਪਏ ਰਹਿੰਦੇ ਹਨ, ਉਨ੍ਹਾਂ ਨੂੰ ਹਰੀ ਆਪਣੀ ਦਰਗਾਹ ਵਿਚ ਗਿਆਂ ਮਾਣ ਆਦਰ ਦੇਂਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਪ੍ਰਭੂ ਐਸੇ ਦਾਸਾਂ ਨੂੰ (ਸ਼ਾਬਾਸ਼ੇ) ਧੰਨ ਧੰਨ ਆਖਦਾ ਹੈ ਤੇ ਗਲੇ ਲਾ ਕੇ (ਆਪਣੇ ਨਾਲ) ਮੇਲ ਲੈਂਦਾ ਹੈ।੪।੪।

ਭਾਵਾਰਥ : ਇਸ ਸ਼ਬਦ ਵਿਚ ਪ੍ਰਭੂ ਦੇ ਚਰਨਾਂ ਵਿਚ ਜੋਦੜੀ ਕਰਨ ਦੀ ਜਾਚ ਦਰਸਾਈ ਹੈ ਕਿ ਉਸ ਦੇ ਸਨਮੁਖ ਹੋ ਅਰਦਾਸ ਕਰੋ ਕਿ ਹੇ ਸਾਈਂ ਜੀ! ਤੂੰ ਸਾਡੇ ਇਸ ਚੰਚਲ ਮਨ ਨੂੰ ਸਦਾ ਹੀ ਆਪਣੇ ਚਰਨਾਂ ਵਿਚ ਜੋੜੀ ਰਖ, ਜਿਸ ਦਾ ਸਦਕਾ ਤੇਰੀ ਹਜ਼ੂਰੀ ਵਿਚ ਮਾਣ ਆਦਰ ਹਾਸਲ ਹੁੰਦਾ ਹੈ।

ਗੂਜਰੀ ਮਹਲਾ ੪ ॥

੧. ਗੁਰਮੁਖਿ ਸਖੀ ਸਹੇਲੀ ਮੇਰੀ
ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥
੨. ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ
ਜਿਨਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥੧॥
੩. ਮੇਰੈ ਮਨਿ ਤਨਿ ਬਿਰਹੁ ਗੁਰਸਿਖ ਪਗ ਲਾਇਆ ॥
੪. ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥੧॥ ਰਹਾਉ ॥
੫. ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ
ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ ॥
੬. ਵਡਭਾਗੀ ਗੁਰ ਕੇ ਸਿਖ ਪਿਆਰੇ
ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥੨॥
੭. ਸਤਸੰਗਤਿ ਗੁਰ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥
੮. ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ
ਸੇ ਭਾਗਹੀਣ ਪਾਪੀ ਜਮਿ ਖਾਇਆ ॥੩॥
੯. ਆਪਿ ਕ੍ਰਿਪਾਲੁ ਕ੍ਰਿਪਾ ਪ੍ਰਭੁ ਧਾਰੇ
ਹਰਿ ਆਪੇ ਗੁਰਮੁਖਿ ਮਿਲੈ ਮਿਲਾਇਆ ॥
੧੦. ਜਨੁ ਨਾਨਕੁ ਬੋਲੇ ਗੁਣ ਬਾਣੀ
ਗੁਰਬਾਣੀ ਹਰਿ ਨਾਮਿ ਸਮਾਇਆ ॥੪॥੫॥

ਪਦ ਅਰਥ : ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ। ਸਖੀ ਸਹੇਲੀ ਮੇਰੀ—ਹੇ ਮੇਰੀ ਸਖੀਹੋ ਸਹੇਲੀਹੋ! ਮੋ ਕਉ—ਮੈਨੂੰ। ਪ੍ਰਾਨ ਜੀਵਾਇਆ—ਜੀਵਾਲਣ ਵਾਲਾ, ਆਤਮਕ ਜੀਵਨ ਦੇਣ ਵਾਲਾ। ਹਮ ਹੋਵਹ—ਅਸੀਂ ਹੋਵਾਂਗੇ, ਮੈਂ ਹੁੰਦਾ ਹਾਂ। ਲਾਲਾ—ਦਾਸ। ਗੋਲਾ—ਗ਼ੁਲਾਮ। ਅਨਦਿਨੁ—ਹਰ ਰੋਜ਼, ਹਰ ਵੇਲੇ।੧। ਮਨਿ—ਮਨ ਵਿਚ। ਤਨਿ—ਹਿਰਦੇ ਵਿਚ। ਬਿਰਹੁ—ਪ੍ਰੇਮ, ਲਗਨ। ਪਗ—ਪੈਰ। ਸਖਾ—ਮਿੱਤਰ।੧।ਰਹਾਉ। ਵਚਨ ਗੁਰੂ—ਗੁਰੂ ਦੇ ਬਚਨ। ਭਾਇਆ—ਚੰਗੇ ਲੱਗਦੇ। ਨਿਰਬਾਣੀ—ਨਿਰਲੇਪ। ਨਿਰਬਾਣ ਪਦੁ—ਵਾਸ਼ਨਾ ਰਹਿਤ ਆਤਮਕ ਦਰਜਾ।੨। ਸੰਗੁ—ਮੇਲ, ਸਾਥ। ਜਮਿ—ਜਮ ਨੇ।੩। ਗੁਣ ਬਾਣੀ—ਪਰਮਾਤਮਾ ਦੇ ਗੁਣਾਂ ਨਾਲ ਭਰੀ ਬਾਣੀ। ਨਾਮਿ—ਨਾਮ ਵਿਚ।੪।

ਅਰਥ :

ਪ੍ਰ: ਹੇ ਗੁਰੋ! ਜਦੋਂ ਤੁਸੀਂ ਗੁਰਮੁਖਾਂ ਪਾਸੋਂ ਵੀ ਕੋਈ ਜਾਚਨਾ ਕਰੋ ਤਾਂ ਕੀ ਮੰਗਦੇ ਹੋ?

ਉ: ੧. ਹੇ ਭਾਈ! ਮੇਰੀ ਤਾਂ ਗੁਰਮੁਖਾਂ ਪਾਸੋਂ ਭੀ ਇਹੋ ਜਾਚਨਾ ਹੁੰਦੀ ਹੈ ਕਿ ਹੇ ਮੇਰੀ ਸਖੀ ਸਹੇਲੀ (ਰੂਪ) ਗੁਰਮੁਖੋ, ਗੁਰਸਿਖੋ (ਤੁਸੀਂ) ਮੈਨੂੰ ਆਤਮਿਕ ਜੀਵਨ ਦੇਣ ਵਾਲੇ ਹਰੀ ਦੇ ਨਾਮ ਦੀ ਦਾਤ ਦਿਓ, ਜੋ ਕਿ ਮੇਰੇ ਪ੍ਰਾਣਾਂ ਨੂੰ ਜੀਵਾਉਣ ਵਾਲਾ ਹੈ।

੨. ਹੇ ਪਿਆਰੇ! ਮੇਰੇ ਅੰਦਰ ਤਾਂ ਇਹੋ ਹੀ ਸਧਰ ਹੈ ਕਿ ਅਸੀਂ ਗੁਰੂ ਦੇ ਸਿੱਖਾਂ ਦੇ ਦਾਸ ਅਤੇ ਗ਼ੁਲਾਮ ਹੋ ਜਾਵੀਏ, ਜਿਨ੍ਹਾਂ ਸਿੱਖਾਂ ਨੇ ਹਰ ਦਿਨ ਆਪਣੇ ਮਾਲਕ ਹਰੀ (ਰੂਪ ਅਕਾਲ) ਪੁਰਖ ਨੂੰ ਧਿਆਇਆ ਹੈ।੧।

੩. ਹੇ ਭਰਾਵੋ! ਮੇਰੇ ਪ੍ਰਭੂ ਨੇ ਮੇਰੇ ਮਨ ਤਨ ਅੰਦਰ ਗੁਰਸਿੱਖਾਂ ਦੇ ਚਰਨਾਂ ਦਾ ਪ੍ਰੇਮ ਲਾ ਦਿੱਤਾ ਹੈ।

੪. ਹੇ ਮੇਰੇ ਪ੍ਰਾਣਾਂ ਦੇ ਮਿੱਤਰੋ, ਹੇ ਗੁਰੂ ਦੇ ਸਿੱਖੋ, ਮੇਰੇ ਭਾਈਓ! ਮੈਨੂੰ ਉਪਦੇਸ਼ ਕਰੋ, ਕਿਉਂਕਿ ਹਰੀ ਤੁਹਾਡੇ ਉਪਦੇਸ਼ ਦੀ ਬਰਕਤ ਨਾਲ ਮਿਲਾਇਆ ਹੋਇਆ ਮੈਨੂੰ ਮਿਲ ਪਏਗਾ।੧।ਰਹਾਉ।

੫. ਹੇ ਭਾਈ ! ਜਦੋਂ ਹਰੀ ਪ੍ਰਭੂ ਨੂੰ ਭਾਉਂਦਾ ਹੈ, ਤਦੋਂ ਗੁਰਮੁਖ ਮਿਲਾ ਦੇਂਦਾ ਹੈ, ਪਰ ਹਾਂ, ਜਿਨ੍ਹਾਂ ਨੂੰ ਪੂਜਣ ਯੋਗ ਸਤਿਗੁਰੂ ਦਾ ਬਚਨ ਮਨ ਵਿਚ ਭਾ ਗਿਆ ਹੁੰਦਾ ਹੈ।

੬. ਗੁਰੂ ਦੇ ਪਿਆਰੇ ਸਿੱਖ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਨਿਰਲੇਪ ਹਰੀ ਤੋਂ ਮੁਕਤੀ ਦੀ ਪਦਵੀ ਪ੍ਰਾਪਤ ਕਰ ਲਈ ਹੈ।੨।

੭. ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਪਰਮੇਸ਼ਰ ਦਾ ਮਿੱਠਾ ਨਾਮ ਮਨ ਵਿਚ ਪਿਆਰਾ ਲੱਗਦਾ ਹੈ, ਉਨ੍ਹਾਂ ਨੂੰ ਸਤਿਗੁਰੂ ਦੀ ਸਾਧ-ਸੰਗਤ ਵੀ ਪਿਆਰੀ ਲੱਗਦੀ ਹੈ।

੮. ਪਰ ਜਿਨ੍ਹਾਂ ਨੇ ਸਤਿਗੁਰੂ ਦੀ ਸੰਗਤ ਦਾ ਸੰਗ ਨਹੀਂ ਪਾਇਆ, ਉਹ ਭਾਗ ਹੀਣ ਹਨ, ਕਿਉਂਕਿ ਉਹ ਪਾਪੀ ਹਨ। ਉਨ੍ਹਾਂ ਨੂੰ ਜਮ ਨੇ ਖਾ ਲਿਆ ਹੈ, ਭਾਵ ਉਨ੍ਹਾਂ ਨੂੰ ਆਪਣੇ ਕਾਬੂ ਕਰ ਲਿਆ ਹੈ।

੯. ਹੇ ਭਾਈ ! ਜਦੋਂ ਆਪ ਕ੍ਰਿਪਾਲੂ ਪ੍ਰਭੂ ਕਿਰਪਾ ਕਰਦਾ ਹੈ, ਤਦ ਆਪੇ ਹੀ ਹਰੀ ਗੁਰਮੁਖ ਦਾ ਮਿਲਾਇਆ ਮਿਲ ਪੈਂਦਾ ਹੈ।

੧੦. ਦਾਸ (ਗੁਰੂ) ਨਾਨਕ ਬਾਣੀ ਬੋਲਦਾ ਹੈ ਜੋ ਕਿ ਗੁਣਾਂ ਦੀ ਭਰੀ ਹੋਈ ਹੈ। ਜੋ ਇਸ ਬਾਣੀ ਨੂੰ ਜਪਣ ਲੱਗ ਪਵੇ, ਉਹ ਇਸ ਬਾਣੀ ਦੇ ਰਾਹੀਂ ਹਰੀ ਨਾਮ ਵਿਚ ਸਮਾ ਜਾਂਦਾ ਹੈ।੪।੫।

ਭਾਵਾਰਥ : ਇਸ ਸ਼ਬਦ ਵਿਚ ਉਨ੍ਹਾਂ ਗੁਰਸਿੱਖਾਂ ਦੀ ਜਾਚਨਾ ਕੀਤੀ ਹੈ, ਜੋ ਕਿ ਨਾਮ ਦੇ ਪਿਆਰੇ ਹਨ ਅਤੇ ਸੰਗਤ ਦੀ ਜਾਚਨਾ ਕਰਦੇ ਹਨ। ਜਿਸ ਵਿਚੋਂ ਨਾਮ ਦੀ ਅਮੋਲਕ ਦਾਤ ਪ੍ਰਾਪਤੀ ਹੁੰਦੀ ਹੈ ਅਤੇ ਜੋ ਗੁਰੂ ਦੇ ਉਪਦੇਸ਼ ਤੋਂ ਸਖਣੇ ਹਨ, ਉਨ੍ਹਾਂ ਦੀ ਮਾੜੀ ਦਸ਼ਾ ਅੰਕਤ ਕੀਤੀ ਗਈ ਹੈ।

ਗੂਜਰੀ ਮਹਲਾ ੪ ॥

੧. ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ
ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥
੨. ਮਨੁ ਤਨੁ ਸੀਤਲੁ ਸਭ ਹਰਿਆ ਹੋਆ
ਵਡਭਾਗੀ ਹਰਿ ਨਾਮੁ ਧਿਆਵੈ ॥੧॥
੩. ਭਾਈ ਰੇ ਮੋ ਕਉ ਕੋਈ ਆਇ ਮਿਲੈ
ਹਰਿ ਨਾਮੁ ਦ੍ਰਿੜਾਵੈ ॥
੪. ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ
ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥੧॥ ਰਹਾਉ ॥
੫. ਧੀਰਜੁ ਧਰਮੁ ਗੁਰਮਤਿ ਹਰਿ ਪਾਇਆ
ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥
੬. ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥
੭. ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ
ਗੁਰਮਤਿ ਨਾਮੁ ਜਪੈ ਲਿਵ ਲਾਵੈ ॥
੮. ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ
ਸੇ ਭਾਗਹੀਣ ਮੁਏ ਮਰਿ ਜਾਵੈ ॥੩॥
੯. ਆਨਦ ਮੂਲੁ ਜਗਜੀਵਨ ਦਾਤਾ ਸਭ
ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥
੧੦. ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ
ਗੁਰਮੁਖਿ ਬਖਸਿ ਮਿਲਾਵੈ ॥੪॥੬॥

ਪਦ ਅਰਥ : ਜਿਨ—ਜਿਨ੍ਹਾਂ ਮਨੁੱਖਾਂ ਨੇ। ਜਿਨਿ—ਜਿਸ ਮਨੁੱਖ ਨੇ। ਮੋ ਕਉ—ਮੈਨੂੰ। ਕਰਿ—ਕਰਕੇ। ਸੀਤਲੁ—ਠੰਡਾ, ਸ਼ਾਂਤ। ਹਰਿਆ—ਹਰਾ, ਮਨ ਦਾ ਸਰਸਬਜ਼ ਪ੍ਰਫੁੱਲਤ ਹੋਣਾ, ਖਿੜ ਪੈਣਾ, ਆਤਮਕ ਜੀਵਨ ਵਾਲਾ।੧। ਦ੍ਰਿੜਾਵੈ—ਹਿਰਦੇ ਵਿਚ ਪੱਕਾ ਕਰ ਦੇਵੇ। ਜਿਸ ਵੇਲੇ ਅਠੇ ਪਹਿਰ ਨਾਮ ਵਿਸਰਦਾ ਨਹੀਂ, ਉਸ ਅਵਸਥਾ ਨੂੰ ਨਾਮ ਦ੍ਰਿੜ੍ਹ ਹੋਣਾ ਕਹੀਦਾ ਹੈ। ਦੇਵਾ—ਦੇਵਾਂ, ਮੈਂ ਦੇ ਦਿਆਂ।੧।ਰਹਾਉ। ਧੀਰਜ—ਹੌਸਲਾ। ਹਰਿ ਨਾਮੈ—ਹਰਿ ਨਾਮ ਵਿਚ। ਮੁਖਿ—ਮੂੰਹ ਵਿਚ।੨। ਜਿਤੁ—ਜਿਸ ਦੀ ਰਾਹੀਂ। ਜਿਨ—ਜਿਨ੍ਹਾਂ ਨੇ।੩। ਆਨਦ ਮੂਲੁ—ਅਨੰਦ ਦਾ ਮੂਲ, ਅਨੰਦ ਦਾ ਸੋਮਾ। ਜਗਜੀਵਨ—ਹੇ ਜਗਤ ਦੇ ਜੀਵਨ ਰੂਪ ਹਰੀ। ਧਿਆਵੈ—ਧਿਆਨ ਧਰਦਾ ਹੈ। ਗੁਰਮੁਖਿ—ਗੁਰੂ ਦੀ ਰਾਹੀਂ। ਬਖਸਿ—ਬਖ਼ਸ਼ ਕੇ।੪।

ਅਰਥ :

ਪ੍ਰ: ਹੇ ਗੁਰੋ ! ਤੁਹਾਡੇ ਮਨ ਦੀ ਅਸਲ ਸੱਧਰ ਕੀ ਹੈ ?

ਉ: ੧. ਹੇ ਪਿਆਰੇ ! ਮੇਰੇ ਮਨ ਦੀ ਤਾਂ ਇਹੋ ਇੱਛਾ ਹੈ ਕਿ (ਮੈਨੂੰ ਉਹ ਸੱਜਣ ਮਿਲ ਪਵੇ) ਜਿਸ ਨੇ ਸਤਿਗੁਰ ਪੁਰਖ ਨੂੰ ਪਾ ਲਿਆ ਹੈ। ਮੇਰੇ ਮਨ ਦੀ ਇਹ ਵੀ ਲੋਚਾ ਹੈ ਕਿ ਜਿਸ ਸੱਜਣ ਨੇ ਪਰਮੇਸ਼ਰ ਦੀ ਪ੍ਰਾਪਤੀ ਕਰ ਲਈ ਹੈ, ਉਹ ਮੈਨੂੰ ਉਪਦੇਸ਼ ਕਰਕੇ ਹਰੀ ਮਿੱਠਾ ਲੁਆ ਦੇਵੇ, ਭਾਵ ਹੈ ਹਰੀ ਦਾ ਪਿਆਰ ਮੇਰੇ ਅੰਦਰ ਪੈਦਾ ਕਰ ਦੇਵੇ।

੨. ਹੇ ਭਾਈਓ ! ਜਿਹੜਾ ਵਡਭਾਗੀ ਮਨੁੱਖ ਪ੍ਰਭੂ ਜੀ ਦਾ ਨਾਮ ਸਿਮਰਦਾ ਹੈ, ਉਸ ਦਾ ਮਨ ਤੇ ਉਸ ਦਾ ਹਿਰਦਾ ਠੰਡਾ ਠਾਰ ਹੋ ਜਾਂਦਾ ਹੈ ਅਤੇ ਸ਼ੁਭ ਗੁਣਾਂ ਦੀ ਹਰਿਆਵਲਤਾ ਸਹਿਤ ਹੋ ਜਾਂਦਾ ਹੈ।੧।

੩. ਹੇ ਭਾਈ ! (ਮੇਰਾ ਤਾਂ ਮਨ ਇਉਂ ਹੀ ਲੋਚਦਾ ਹੈ ਕਿ) ਮੈਨੂੰ ਕੋਈ ਅਜਿਹਾ ਸੱਜਣ ਆ ਕੇ ਮਿਲੇ, ਜਿਹੜਾ ਮੇਰੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਪੱਕਾ ਕਰ ਦੇਵੇ।

ਪ੍ਰ: ਕਿਉਂ ਜੀ ! ਤੁਸੀਂ ਉਸ ਉਪਕਾਰੀ ਨੂੰ ਭੇਟਾ ਕੀ ਕਰੋਗੇ ?

ਉ: ੪. ਹੇ ਮੇਰੇ ਪ੍ਰੀਤਮ (ਮੈਂ ਉਸਨੂੰ) ਪ੍ਰਾਣ ਤੇ ਮਨ ਤਨ ਸਭੋ ਕੁਝ ਹੀ ਦੇ ਦੇਵਾਂ, ਜੋ ਮੈਨੂੰ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਦੀ ਕਥਾ ਸੁਣਾਂਦਾ ਰਹੇ।੧।ਰਹਾਉ।

੫. ਹੇ ਭਾਈ ! ਜੋ ਮਨੁੱਖ ਹਰੀ ਨਾਮ ਦੁਆਰਾ ਨਿੱਤ ਹੀ ਹਰੀ ਨਾਲ ਚਿੱਤ ਲਾਉਂਦਾ ਹੈ, (ਸਮਝ ਲਓ ਕਿ) ਉਸ ਨੇ ਗੁਰਮਤਿ ਦੁਆਰਾ ਧੀਰਜ (ਤਸੱਲੀ), ਧਰਮ ਤੇ ਹਰੀ ਨੂੰ ਪਾ ਲਿਆ ਹੈ।

੬. ਹੇ ਸੱਜਨੋ ! ਸਤਿਗੁਰੂ ਦੀ ਬਾਣੀ ਜੋ ਅੰਮ੍ਰਿਤ ਭਰੇ ਬਚਨਾਂ ਵਾਲੀ ਹੈ, ਜੋ ਵੀ ਕੋਈ ਉਸ ਨੂੰ ਬੋਲਦਾ ਹੈ, ਉਚਾਰਦਾ ਜਾਂ ਗਾਉਂਦਾ ਹੈ, ਉਹ ਆਪਣੇ ਮੂੰਹ ਵਿਚ ਅੰਮ੍ਰਿਤ ਪਾਉਂਦਾ ਹੈ।੨।

੭. ਹੇ ਪਿਆਰੇ! ਪਰਮੇਸ਼ਰ ਦਾ ਨਾਮ ਪਵਿੱਤਰ ਕਰਨ ਵਾਲਾ ਹੈ। ਗੁਰਮਤਿ ਦੁਆਰਾ ਪ੍ਰਭੂ ਦੇ ਨਾਮ ਵਿਚ ਜੁੜਿਆਂ ਇਸ ਮਨ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ।

੮. ਹੇ ਪਿਆਰੇ! ਇਹ ਪਰਮੇਸ਼ਰ ਜੀ ਦਾ ਨਾਮ ਕੀਮਤੀ ਸ਼ੈਅ ਹੈ, ਪਰ ਜਿਨ੍ਹਾਂ ਮਨੁੱਖਾਂ ਨੇ ਇਸ ਨਾਮ ਨੂੰ ਪ੍ਰਾਪਤ ਨਹੀਂ ਕੀਤਾ, ਉਹ ਜਾਣੋ ਮੰਦ ਭਾਗੀ ਹਨ, (ਉਹ) ਮਰਦੇ, ਜੰਮਦੇ, ਰਹਿਣਗੇ।੩।

੯. ਹੇ ਜਗਤ ਦੇ ਜੀਵਨ ਪ੍ਰਭੂ! ਤੂੰ ਅਨੰਦ ਦਾ ਸੋਮਾ ਹੈਂ, ਤੂੰ ਸਾਰੀਆਂ ਦਾਤਾਂ ਦੇਣ ਵਾਲਾ ਹੈਂ, ਤੂੰ ਸਭਨਾਂ ਸੇਵਕਾਂ ਨੂੰ ਆਤਮਕ ਅਨੰਦ ਦੇਂਦਾ ਹੈਂ। ਜਿਹੜਾ ਵੀ ਮਨੁੱਖ ਤੇਰਾ ਨਾਮ ਅਰਾਧਨ ਕਰਦਾ ਹੈ, ਤੂੰ ਉਸ ਨੂੰ ਅਨੰਦ ਦੀ ਦਾਤ ਬਖ਼ਸ਼ਦਾ ਹੈਂ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਪਰਮੇਸ਼ਰ ਗੁਰੂ ਦੀ ਸ਼ਰਨ ਪਾ ਕੇ ਵੱਡੇ ਭਾਗਾਂ ਵਾਲੇ ਮਨੁੱਖਾਂ ਨੂੰ ਆਪਣੀ ਮਿਹਰ ਨਾਲ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ।੪।੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਆਪਣੇ ਮਨ ਦੀ ਲੋਚਾ ਅੰਕਤ ਕੀਤੀ ਹੈ ਕਿ ਹੇ ਭਾਈ! ਜਿਨ੍ਹਾਂ ਨੇ ਗੁਰੂ ਦੁਆਰਾ ਪਰਮੇਸ਼ਰ ਨੂੰ ਪਾਇਆ ਹੈ ਜੇ ਕਦੀ ਮੈਨੂੰ ਉਨ੍ਹਾਂ ਦਾ ਮਿਲਾਪ ਹੋ ਜਾਵੇ ਤਾਂ ਮੇਰੇ ਅੰਦਰ ਵੀ ਹਰੀ ਦਾ ਪਿਆਰ ਪੈਦਾ ਹੋ ਸਕਦਾ ਹੈ, ਪਿਆਰ ਸਹਿਤ ਜਪਿਆ ਨਾਮ ਮਨ ਤੇ ਤਨ ਵਿਚ ਠੰਡ ਪੈਦਾ ਕਰਦਾ ਹੈ।

ੴ ਸਤਿਗੁਰ ਪ੍ਰਸਾਦਿ ॥

ਗੂਜਰੀ ਮਹਲਾ ੪ ਘਰੁ ੩ ॥

੧. ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥
੨. ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥੧॥
੩. ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥
੪. ਹਰਿ ਕਾ ਤਨੁ ਮਨੁ ਸਭੁ ਹਰਿ ਕੈ
ਵਸਿ ਹੈ ਸਰੀਰ ॥੧॥ ਰਹਾਉ ॥
੫. ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥
੬. ਵਿਚੇ ਗ੍ਰਿਸਤ ਉਦਾਸ ਰਹਾਈ ॥੨॥
੭. ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ ॥
੮. ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ ॥੩॥
੯. ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥
੧੦. ਸੋ ਹਮ ਕਰਹ ਜੁ ਆਪਿ ਕਰਾਏ ॥੪॥
੧੧. ਜਿਨ ਕੀ ਭਗਤਿ ਮੇਰੇ ਪ੍ਰਭ ਭਾਈ ॥
੧੨. ਤੇ ਜਨ ਨਾਨਕ
ਰਾਮ ਨਾਮ ਲਿਵ ਲਾਈ ॥੫॥੧॥੭॥੧੬॥

ਪਦ ਅਰਥ : ਕੀਏ—ਪੈਦਾ ਕੀਤੇ ਹੋਏ। ਕਉ—ਵਾਸਤੇ, ਨੂੰ। ਸਨਬੰਧੁ—ਆਪੋ ਵਿਚ ਜੋੜ, ਸਾਕ, ਰਿਸ਼ਤਾ।੧। ਸਭੁ—ਸਾਰਾ। ਰਹਿਓ—ਕੰਮ ਨਹੀਂ ਕਰਦਾ, ਨਹੀਂ ਚਲਦਾ। ਬੀਰ—ਹੇ ਵੀਰ! ਵਸਿ—ਵਸ ਵਿਚ।੧।ਰਹਾਉ। ਸਰਧਾ—ਪ੍ਰੀਤ, ਭਾਵਨੀ। ਵਿਚੇ—ਵਿਚ ਹੀ। ਉਦਾਸ—ਨਿਰਲੇਪ। ਰਹਾਈ—ਰੱਖਦਾ ਹੈ।੨। ਸਿਉ—ਨਾਲ। ਭਾਈ—ਚੰਗਾ ਲੱਗਦਾ ਹੈ, ਪ੍ਰਭੂ ਨੂੰ ਪਸੰਦ ਆਉਂਦਾ ਹੈ।੩। ਜਿਤੁ ਕਾਰੈ—ਜਿਸ ਕਾਰ ਵਿਚ। ਕੰਮਿ—ਕੰਮ ਵਿਚ। ਹਮ—ਸਾਨੂੰ। ਕਰਹ—ਅਸੀਂ ਕਰਦੇ ਹਾਂ।੪। ਪ੍ਰਭ ਭਾਈ—ਪ੍ਰਭੂ ਨੂੰ ਪਸੰਦ ਆਉਂਦੀ ਹੈ। ਤੇ ਜਨ—ਉਹ ਬੰਦੇ। ਲਿਵ—ਲਗਨ।੫।

ਅਰਥ :

ਪ੍ਰ: ਹੇ ਗੁਰਦੇਵ ਜੀਉ! ਆਪ ਜੀ ਸਦਾ ਹੀ ਨਾਮ ਸਿਮਰਨ ਦਾ ਉਪਦੇਸ਼ ਕਰਦੇ ਹੋ, ਪਰ ਇਸ ਵਿਚ ਇਕ ਬਹੁਤ ਵੱਡੀ ਰੁਕਾਵਟ ਗ੍ਰਹਿਸਤ ਹੈ, ਜਿਸ ਵਿਚ ਪਿਆਂ, ਮਾਂ ਪਿਉ ਆਦਿਕਾਂ ਦਾ ਬਹੁਤ ਵੱਡਾ ਜੰਜਾਲ ਹੈ ਜੋ ਕਿ ਰੱਬੀ ਮਾਰਗ 'ਤੇ ਟੁਰਨ ਨਹੀਂ ਦੇਂਦਾ?

ਉ: ੧-੨. ਹੇ ਵੀਰ ਜੀ! ਇਸ ਗ੍ਰਹਿਸਤ ਨੂੰ ਨਫ਼ਰਤ ਨਾਲ ਨਾ ਤੱਕੋ, ਕਿਉਂਕਿ ਇਹ ਮਾਂ, ਪਿਓ, ਪੁੱਤ੍ਰ ਆਦਿ ਸਭ ਪਰਮਾਤਮਾ ਦੇ ਬਣਾਏ ਹੋਏ ਹਨ। ਇਨ੍ਹਾਂ ਸਭਨਾਂ ਦਾ ਆਪੋ ਵਿਚ ਦਾ ਰਿਸ਼ਤਾ ਪਰਮੇਸ਼ਰ ਨੇ ਆਪ ਹੀ ਬਣਾਇਆ ਹੋਇਆ ਹੈ (ਸੋ ਭਾਈਓ, ਇਹ ਰੱਬੀ ਮਾਰਗ 'ਤੇ ਟੁਰਨ ਲਈ ਕੋਈ ਰੁਕਾਵਟ ਨਹੀਂ)।੧।

੩. ਹੇ ਮੇਰੇ ਭਰਾ ਜੀਉ! ਉਸ ਸਾਈਂ ਜੀ ਦੇ ਟਾਕਰੇ 'ਤੇ ਸਾਡਾ ਆਪਣਾ ਜ਼ੋਰ ਤਾਂ ਸਾਰਾ ਹੀ ਰਹਿ ਚੁੱਕਾ ਹੈ, ਭਾਵ ਸਾਡਾ ਤਾਂ ਕੋਈ ਜ਼ੋਰ ਚੱਲ ਹੀ ਨਹੀਂ ਸਕਦਾ।

੪. (ਕਿਉਂਕਿ) ਅਸੀਂ ਤਾਂ ਸਮਝਦੇ ਹਾਂ ਕਿ ਸਾਡਾ ਇਹ ਸਰੀਰ, ਸਾਡਾ ਇਹ ਮਨ ਸਭੋ ਕੁਝ ਪਰਮੇਸ਼ਰ ਜੀ ਦਾ ਬਣਾਇਆ ਹੋਇਆ ਹੈ। ਸਾਡਾ ਇਹ ਸਰੀਰ ਸਭ ਪਰਮਾਤਮਾ ਦੇ ਵਸ ਵਿਚ ਹੈ।੧।ਰਹਾਉ।

੫. ਹੇ ਭਾਈਓ! ਭਗਤ ਜਨਾਂ ਨੂੰ ਪਰਮੇਸ਼ਰ ਆਪਣੇ ਚਰਨਾਂ ਦੀ ਪ੍ਰੀਤ ਆਪ ਹੀ ਬਖ਼ਸ਼ਸ਼ ਕਰਦਾ ਹੈ। (ਕਿਉਂਕਿ ਇਹ ਉਸੇ ਦੀ ਦਾਤ ਹੈ)।

੬. ਉਨ੍ਹਾਂ ਪ੍ਰੀਤ ਵਾਲੇ ਭਗਤ ਜਨਾਂ ਨੂੰ ਗ੍ਰਹਿਸਤ ਵਿਚ ਰਹਿੰਦਿਆਂ ਨੂੰ ਮਾਇਆ ਵਿਚ ਨਿਰਲੇਪ ਰੱਖਦਾ ਹੈ।੨।

੭. ਹੇ ਭਾਈ! ਇਸ ਤਰ੍ਹਾਂ ਜਦੋਂ ਕਿਸੇ ਮਨੁੱਖ ਦੇ ਅੰਦਰ ਪ੍ਰਭੂ ਦੀ ਪ੍ਰੀਤ ਬਣ ਆਉਂਦੀ ਹੈ।

੮. ਤਦੋਂ ਉਹ ਮਨੁੱਖ ਜੋ ਕੁਝ ਵੀ ਕਰਦਾ ਹੈ, ਤਾਂ ਉਹ ਰਜ਼ਾ ਵਿਚ ਹੀ ਕਰਦਾ ਹੈ। ਭਾਵ ਉਹ ਹਰ ਗੱਲ ਨੂੰ ਇਹੋ ਸਮਝਦਾ ਹੈ ਕਿ ਇਹ ਜੋ ਵਾਰਤਾ ਵਾਪਰੀ ਹੈ, ਇਹ ਹਰੀ ਪ੍ਰਭੂ ਨੂੰ ਚੰਗੀ ਹੈ, ਇਸ ਲਈ ਉਹ ਉਸ ਦੀ ਕੀਤੀ 'ਤੇ ਤਰਕ ਨਹੀਂ ਕਰਦੇ।੩।

੯. ਉਹ ਇਸ ਭੇਦ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਕਿ ਜਿਸ ਕੰਮ ਵਿਚ ਹਰੀ ਨੇ ਸਾਨੂੰ ਲਾਇਆ ਹੈ, ਉਸ ਵਿਚ ਅਸੀਂ ਲੱਗ ਰਹੇ ਹਾਂ।

੧੦. ਅਸੀਂ ਉਹੋ ਕੁਝ ਕਰਦੇ ਹਾਂ ਜੋ ਹਰੀ ਸਾਥੋਂ ਆਪ ਹੀ ਕਰਾਉਂਦਾ ਹੈ।੨।

੧੧. ਸੋ ਹੇ ਭਾਈ! ਜਿਨ੍ਹਾਂ ਮਨੁੱਖਾਂ ਦੀ ਕੀਤੀ ਹੋਈ ਭਗਤੀ ਪ੍ਰਭੂ ਨੂੰ ਭਾ ਜਾਂਦੀ ਹੈ।

੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਇਸ ਤਰ੍ਹਾਂ ਰਾਮ ਨਾਮ ਵਿਚ ਲਿਵ ਲਾਈ ਰੱਖਦੇ ਹਨ। ਭਾਵ ਹੈ, ਉਨ੍ਹਾਂ ਦੀ ਲਿਵ ਲੱਗੀ ਰਹਿੰਦੀ ਹੈ।੫।੧।੭।੧੬।

ਭਾਵਾਰਥ : ਇਸ ਮਹਾਂ ਵਾਕ ਅੰਦਰ ਸਤਿਗੁਰੂ ਜੀ ਪਰਮੇਸ਼ਰ ਦੇ ਪਿਆਰੇ ਭਗਤ ਜਨਾਂ ਦੀ ਮਾਨਸਿਕ ਅਵਸਥਾ ਬਿਆਨ ਕਰਦੇ ਹਨ ਕਿ ਪ੍ਰਭੂ ਦੇ ਭਗਤ ਸਦਾ ਪ੍ਰਭੂ ਦੇ ਪਰਾਇਣ ਹੀ ਰਹਿੰਦੇ ਹਨ। ਉਹ ਆਪਣੇ ਅੰਦਰੋਂ ਮੈਂ-ਮੇਰੀ ਚੁਕਾ ਦੇਂਦੇ ਹਨ, ਉਹ ਹਰ ਵਾਪਰਦੀ ਘਟਨਾ ਦਾ ਕਰਤਾ ਉਸ ਕਰਤਾਰ ਨੂੰ ਹੀ ਲੱਖ ਲੈਂਦੇ ਹਨ, ਪਰ ਇਹ ਲਖਤਾ ਉਨ੍ਹਾਂ ਦੇ ਅੰਦਰ ਹੀ ਆਉਂਦੀ ਹੈ, ਜਿਨ੍ਹਾਂ ਦੇ ਅੰਦਰ ਉਸ ਪਿਆਰੇ ਪ੍ਰਭੂ ਦਾ ਪਿਆਰ ਹੈ। ਉਹ ਉਸ ਪ੍ਰਭੂ-ਪਿਆਰ ਦਾ ਸਦਕਾ ਗ੍ਰਹਿਸਤ ਵਿਚ ਰਹਿੰਦਿਆਂ ਮਾਇਆ ਤੋਂ ਨਿਰਲੇਪ ਜੀਵਨ ਗੁਜ਼ਾਰਦੇ ਹਨ।

ਨੋਟ: ਮ: ੪ ਦਾ 'ਘਰੁ ੩' ਵਿਚ ਇਕ ਸ਼ਬਦ ਹੈ—ਅੰਕ ੧। ਮ: ੪ ਦੇ ਗੂਜਰੀ ਰਾਗ ਵਿਚ ਸੱਤ ਸ਼ਬਦ ਹਨ—ਅੰਕ ੨।

ਮ: ੧ ਦੇ—੨
ਮ: ੩ ਦੇ—੭
ਮ: ੪ ਦੇ—੭

——

ਜੋੜ ੧੬

ਉਥਾਨਕਾ : ਜਦੋ ਸ੍ਰੀ ਗੁਰੂ ਅਰਜਨ ਦੇਵ ਜੀ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਬਾਬਾ ਪ੍ਰਿਥੀ ਚੰਦ ਮਸੰਦਾਂ ਨਾਲ ਮਿਲ ਗਿਆ। ਜੋ ਸਿੱਖ ਬਾਹਰੋਂ ਆਵੇ ਸਾਰੀ ਕਾਰ ਭੇਟਾ ਪ੍ਰਿਥੀਚੰਦ ਕਾਬੂ ਕਰ ਲਏ ਅਤੇ ਲੰਗਰ ਛੱਕਣ ਲਈ ਗੁਰੂ ਜੀ ਵੱਲ ਭੇਜ ਦਿਆ ਕਰੇ। ਇਧਰ ਹੁਣ ਮਾਇਆ ਦੀ ਆਮਦਨ ਰੁੱਕ ਗਈ, ਖ਼ਰਚ ਵੱਧ ਗਏ ਤਾਂ ਲੰਗਰ ਵਿਚ ਮਿਸੇ ਪ੍ਰਸ਼ਾਦੇ ਪੱਕਣੇ ਸ਼ੁਰੂ ਹੋ ਗਏ। ਇਨ੍ਹਾਂ ਦਿਨਾਂ ਵਿਚ ਹੀ ਭਾਈ ਗੁਰਦਾਸ ਜੀ ਆਗਰੇ ਵਲੋਂ ਸਿੱਖੀ ਦਾ ਪ੍ਰਚਾਰ ਕਰਦੇ ਸ੍ਰੀ ਅੰਮ੍ਰਿਤਸਰ ਪੁੱਜੇ। ਲੰਗਰ ਦੀ ਡਾਵਾਂ ਡੋਲ ਦਸ਼ਾ ਵੇਖ ਕੇ ਆਪ ਜਰ ਨ ਸਕੇ, ਉੱਠ ਤੁਰੇ। ਸ੍ਰੀ ਅੰਮ੍ਰਿਤਸਰ ਤੋਂ ਕੋਈ ਦੋ ਕੁ ਕੋਹ ਲਾਹੌਰ ਵਾਲੀ ਸੜਕ (ਜਿੱਥੇ ਅੱਜ ਕੱਲ੍ਹ ਪਿਪਲੀ ਸਾਹਿਬ ਗੁਰਦੁਆਰਾ ਹੈ) ਤੱਕ ਗਏ ਸਨ ਤਾਂ ਅਗੋਂ ਕਾਬਲ ਆਦਿਕ ਲਹਿੰਦੇ ਦੀ ਸੰਗਤ ਆਉਂਦੀ ਹੋਈ ਮਿਲ ਪਈ। ਭਾਈ ਸਾਹਿਬ ਜੀ ਨੇ ਉਥੇ ਹੀ ਸੰਗਤ ਨੂੰ ਬਿਠਾ ਕੇ ਪਹਿਲੋਂ ਸਤਿਸੰਗ ਕੀਤਾ ਤੇ ਫਿਰ ਸਾਰਾ ਭੇਦ ਸਮਝਾ ਦਿੱਤਾ। ਸੰਗਤ ਨੇ ਬੇਨਤੀ ਕੀਤੀ—ਆਪ ਸਾਨੂੰ ਗੁਰੂ ਸਾਹਿਬ ਦੀ ਸ਼ਰਨ ਵਿਚ ਲੈ ਚਲੋ ਅਤੇ ਜੋ ਕੁਝ ਗੋਲਕ ਸੰਗਤ ਨੇ ਲਿਆਂਦੀ ਸੀ, ਉਹ ਭਾਈ ਸਾਹਿਬ ਜੀ ਦੇ ਅੱਗੇ ਰੱਖ ਦਿੱਤੀ। ਭਾਈ ਸਹਿਬ ਜੀ ਸੰਗਤ ਨੂੰ ਨਾਲ ਲੈ ਕੇ ਗੁਰੂ ਜੀ ਦੇ ਚਰਨਾਂ ਵਿਚ ਆਨ ਹਾਜ਼ਰ ਹੋਏ। ਉਨ੍ਹਾਂ ਦੇ ਇਸ ਉੱਦਮ ਨੂੰ ਵੇਖ ਕੇ ਸਤਿਗੁਰੂ ਜੀ ਭਾਈ ਗੁਰਦਾਸ ਜੀ ਦੇ ਪਰਥਾਇ ਸ਼ਬਦ ਉਚਾਰ ਕੇ ਸਮੁੱਚੀ ਸੰਗਤ ਨੂੰ ਉਪਦੇਸ਼ ਕਰਦੇ ਹਨ।

ਗੂਜਰੀ ਮਹਲਾ ੫ ਚਉਪਦੇ ਘਰੁ ੧

੧ਓ ਸਤਿਗੁਰ ਪ੍ਰਸਾਦਿ ॥

੧. ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ ॥
੨. ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥
੩. ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ ॥
੪. ਗੁਰ ਪਰਸਾਦਿ ਪਰਮ ਪਦੁ ਪਾਇਆ
ਸੂਕੇ ਕਾਸਟ ਹਰਿਆ ॥੧॥ ਰਹਾਉ ॥
੫. ਜਨਨਿ ਪਿਤਾ ਲੋਕ ਸੁਤ ਬਨਿਤਾ
ਕੋਇ ਨ ਕਿਸ ਕੀ ਧਰਿਆ ॥
੬. ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ ॥੨॥
੭. ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ ॥
੮. ਉਨ ਕਵਨੁ ਖਲਾਵੈ ਕਵਨੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ ॥੩॥
੯. ਸਭ ਨਿਧਾਨ ਦਸ ਅਸਟ ਸਿਧਾਨ
ਠਾਕੁਰ ਕਰ ਤਲ ਧਰਿਆ ॥
੧੦. ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ
ਤੇਰਾ ਅੰਤੁ ਨ ਪਾਰਾਵਰਿਆ ॥੪॥੧॥

ਪਦ ਅਰਥ : ਕਾਹੇ—ਕਿਉਂ ? ਚਿਤਵਹਿ—ਤੂੰ ਚਿਤਵਦਾ ਹੈਂ। ਚਿਤਵਹਿ ਉਦਮੁ—ਤੂੰ ਉੱਦਮ ਚਿਤਵਦਾ ਹੈਂ, ਤੂੰ ਚਿੰਤਾ ਫ਼ਿਕਰ ਕਰਦਾ ਹੈਂ। ਜਾ ਆਹਰਿ—ਜਿਸ (ਰਿਜ਼ਕ ਦੇਣ) ਦੇ ਆਹਰ ਵਿਚ। ਪਰਿਆ—ਪਿਆ ਹੋਇਆ ਹੈਂ। ਸੈਲ—ਪਹਾੜ। ਤਾ ਕਾ—ਉਨ੍ਹਾਂ ਦਾ। ਆਗੈ—ਪਹਿਲਾਂ ਹੀ। ਕਰਿ—ਬਣਾ ਕੇ।੧। ਮਾਧਉ—ਮਾ-ਮਾਇਆ। ਧਉ—ਧਵ, ਪਤੀ। [ਮਾਇਆ ਦਾ ਪਤੀ] ਹੇ ਪਰਮਾਤਮਾ! ਸਿ—ਉਹ ਬੰਦੇ। ਪਰਸਾਦਿ—ਕਿਰਪਾ ਨਾਲ। ਪਰਮ ਪਦੁ—ਉੱਚਾ ਆਤਮਕ ਦਰਜਾ। ਕਾਸਟ—ਕਾਠ। ਹਰਿਆ—ਹਰੇ।੧।ਰਹਾਉ। ਜਨਨਿ—ਮਾਂ। ਸੁਤ—ਪੁੱਤਰ। ਬਨਿਤਾ—ਇਸਤ੍ਰੀ। ਧਰਿਆ—ਆਸਰਾ। ਸਿਰਿ ਸਿਰਿ—ਹਰੇਕ ਦੇ ਸਿਰ ਉੱਤੇ। ਸੰਬਾਹੇ—ਅਪੜਾਂਦਾ ਹੈ। ਮਨ—ਹੇ ਮਨ।੨। ਊਡੈ—ਉਡਦੀ ਹੈ। ਊਡਿ—ਉੱਡ ਕੇ। ਸੈ ਕੋਸਾ—ਸੈਂਕੜੇ ਕੋਹਾਂ। ਛਰਿਆ—ਛੱਡੇ ਹੋਏ। ਉਨ—ਉਨ੍ਹਾਂ ਨੂੰ। ਸਿਮਰਨੁ—ਯਾਦ, ਚੇਤਾ।੩। ਨਿਧਾਨ—ਖ਼ਜ਼ਾਨੇ। ਦਸ ਅਸਟ—ਦਸ ਤੇ ਅੱਠ, ਅਠਾਰਾਂ। ਸਿਧਾਨ—ਸਿਧੀਆਂ। ਕਰ ਤਲ—ਹੱਥਾਂ ਦੀਆਂ ਤਲੀਆਂ ਉੱਤੇ। ਸਦ—ਸਦਾ। ਬਲਿ—ਸਦਕੇ। ਜਾਈਐ—ਜਾਣਾ ਚਾਹੀਦਾ ਹੈ। ਪਾਰਾਵਰਿਆ—ਪਾਰ ਅਵਾਰ, ਪਾਰਲਾ ਤੇ ਉਰਲਾ ਬੰਨਾ।੪।

ਅਰਥ :

੧. ਪਹਿਲੋਂ ਆਪਣੇ ਮਨ ਨੂੰ ਸੰਬੋਧਨ ਕਰਦੇ ਹਨ ਕਿ ਹੇ ਮੇਰੇ

ਮਨ! (ਪੇਟ ਵਾਸਤੇ ਉਸ ਰਿਜ਼ਕ ਦੀ ਖ਼ਾਤਰ) ਕਿਉਂ ਸੋਚਾਂ ਸੋਚਦਾ ਰਹਿੰਦਾ ਹੈਂ, ਜਿਸ ਰਿਜ਼ਕ ਨੂੰ ਅਪੜਾਨ ਦੇ ਖ਼ਾਤਰ ਆਹਰ ਵਿਚ ਪਰਮੇਸ਼ਰ ਆਪ ਲੱਗਾ ਪਿਆ ਹੈ।

ਪ੍ਰ: ਹਜ਼ੂਰ! ਉੱਦਮ ਤਾਂ ਕਰਨਾ ਹੀ ਬਣਦਾ ਹੈ, ਉੱਦਮ ਤੋਂ ਬਿਨਾਂ ਪੇਟ ਪੂਰਤੀ ਨਹੀਂ ਹੋ ਸਕਦੀ?

ਉ: ੨. ਹੇ ਭਾਈ! ਵੇਖ ਪਹਾੜਾਂ ਦੇ ਪੱਥਰਾਂ ਵਿਚ ਪਰਮੇਸ਼ਰ ਨੇ ਜੀਵ ਪੈਦਾ ਕੀਤੇ ਹੋਏ ਹਨ, ਉਨ੍ਹਾਂ ਦਾ ਰਿਜ਼ਕ ਉਸ ਨੇ ਪਹਿਲੋਂ ਹੀ ਤਿਆਰ ਕਰਕੇ ਰੱਖ ਦਿੱਤਾ ਹੁੰਦਾ ਹੈ।੧।

੩. ਹੇ ਪ੍ਰਭੂ ਜੀ! ਜਿਹੜੇ ਮਨੁੱਖ ਤੇਰੀ ਸਾਧ ਸੰਗਤ ਵਿਚ ਮਿਲਦੇ ਹਨ, ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

੪. ਗੁਰੂ ਜੀ ਦੀ ਕਿਰਪਾ ਨਾਲ ਉਹਨਾਂ ਨੇ ਪਰਮ ਪਦ, ਭਾਵ ਸਭ ਤੋਂ ਉੱਚਾ ਆਤਮਿਕ ਦਰਜਾ ਪਾ ਲਿਆ, ਉਹ ਇਉਂ ਹਰੇ (ਆਤਮਿਕ ਜੀਵਨ ਵਾਲੇ) ਹੋ ਜਾਂਦੇ ਹਨ, ਜਿਵੇਂ ਕੋਈ ਸੁੱਕੇ ਰੁੱਖ ਹਰੇ ਹੋ ਜਾਵਣ, (ਭਾਵ ਉਨ੍ਹਾਂ ਦੀ ਮੁਰਦਾ ਰੂਹ ਜ਼ਿੰਦਾ ਹੋ ਗਈ)।

੫. ਹੇ ਪਿਆਰੇ! ਵੇਖ, ਮਾਂ ਪਿਉ, ਹੋਰ ਲੋਕ, ਪੁੱਤ੍ਰ ਇਸਤ੍ਰੀ ਇਨ੍ਹਾਂ ਵਿਚੋਂ ਕੋਈ ਵੀ ਕਿਸੇ ਦਾ ਆਸਰਾ ਨਹੀਂ ਹੈ।

੬. ਪਰਮੇਸ਼ਰ ਆਪ ਹੀ ਹਰੇਕ ਜੀਵ ਵਾਸਤੇ ਰਿਜ਼ਕ ਅਪੜਾਂਦਾ ਹੈ, ਇਸ ਲਈ ਹੇ ਜੀਵ! ਤੂੰ ਕਿਉਂ ਡਰਦਾ ਹੈਂ, ਰਿਜ਼ਕ ਵਾਸਤੇ ਕਿਉਂ ਸਹਿਮ ਕਰਦਾ ਹੈਂ?

੭. ਹੇ ਮੇਰੇ ਮਨ! ਵੇਖ, ਜੋ (ਉਡੈ) ਕੂੰਜ ਸੈਂਕੜੇ ਕੋਹਾਂ ਤੋਂ ਇੱਥੇ ਉਡ ਕੇ ਆ ਜਾਂਦੀ ਹੈ, ਉਸ ਦੇ ਬੱਚੇ ਉਸ ਦੇ ਪਿੱਛੇ ਇਕੱਲੇ ਪਏ ਰਹਿੰਦੇ ਹਨ।

੮. ਦੱਸ, ਉਨ੍ਹਾਂ ਬੱਚਿਆਂ ਨੂੰ ਕੌਣ ਚੋਗਾ ਖਵਾਉਂਦਾ ਹੈ, ਕੌਣ ਚੋਗਾ ਚੁਗਾਂਦਾ ਹੈ? ਕੂੰਜ ਆਪਣੇ ਮਨ ਵਿਚ ਉਨ੍ਹਾਂ ਨੂੰ ਯਾਦ ਕਰਦੀ ਰਹਿੰਦੀ ਹੈ। (ਪਰਮਾਤਮਾ ਦੀ ਕੁਦਰਤ! ਇਸ ਯਾਦ ਨਾਲ ਹੀ ਉਹ ਬੱਚੇ ਪਲਦੇ ਰਹਿੰਦੇ ਹਨ)।੩।

੯. ਹੇ ਮਨ! ਦੁਨੀਆਂ ਦੇ ਸਾਰੇ ਖ਼ਜ਼ਾਨੇ, ਅਠਾਰਾਂ ਸਿੱਧੀਆਂ (ਕਰਾਮਾਤੀ ਤਾਕਤਾਂ) ਇਹ ਪਰਮੇਸ਼ਰ ਨੇ ਹੱਥਾਂ ਦੀਆਂ ਤਲੀਆਂ ਉੱਤੇ ਟਿਕਾਅ ਰੱਖੀਆਂ ਹਨ, ਜੋ ਉਸ ਨੂੰ ਸਿਮਰੇਗਾ ਝਟ ਪੱਟ ਉਸ ਨੂੰ ਸਭ ਕੁਝ ਮਿਲ ਜਾਏਗਾ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਸ ਪਰਮੇਸ਼ਰ ਤੋਂ ਸਦਾ ਸਦਕੇ ਕੁਰਬਾਨ ਹੁੰਦੇ ਰਹਿਣਾ ਚਾਹੀਦਾ ਹੈ ਅਤੇ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਪ੍ਰਭੂ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ ਅਤੇ ਤੇਰਾ ਉਰਲਾ ਪਰਲਾ ਹੱਦ ਬੰਨਾ ਨਹੀਂ ਲੱਭ ਸਕਦਾ।੪।

ਭਾਵਾਰਥ : ਹਜ਼ੂਰ ਨੇ ਇਸ ਸ਼ਬਦ ਵਿਚ ਹਰ ਪ੍ਰਾਣੀ ਮਾਤ੍ਰ ਨੂੰ ਉਸੇ ਪਰਮੇਸ਼ਰ ਦੇ ਪਰਾਇਣ ਰਹਿਣ ਦਾ ਉਪਦੇਸ਼ ਦਿੱਤਾ ਹੈ, ਕਿਉਂਕਿ ਹਰ ਜੀਵ ਜੰਤ ਨੂੰ ਰੋਜ਼ੀ ਅਪੜਾਉਣ ਦੇ ਆਹਰ ਵਿਚ ਪਰਮੇਸ਼ਰ ਜੀ ਆਪ ਲੱਗਾ ਰਹਿੰਦਾ ਹੈ। ਅਚਿੰਤ ਹੋ ਕੇ ਉਸ ਬੇਅੰਤ ਪ੍ਰਭੂ ਦਾ ਚਿੰਤਨ ਕਰਦੇ ਰਹਿਣਾ ਚਾਹੀਦਾ ਹੈ।

ਗੂਜਰੀ ਮਹਲਾ ੫ ਚਉਪਦੇ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

੧. ਕਿਰਿਆਚਾਰ ਕਰਹਿ ਖਟੁ ਕਰਮਾ
ਇਤੁ ਰਾਤੇ ਸੰਸਾਰੀ ॥
੨. ਅੰਤਰਿ ਮੈਲੁ ਨ ਉਤਰੈ ਹਉਮੈ
ਬਿਨੁ ਗੁਰ ਬਾਜੀ ਹਾਰੀ ॥੧॥
੩. ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥
੪. ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥
੫. ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ
ਸਭ ਏਕਾ ਬਾਤ ਪੁਕਾਰੀ ॥
੬. ਬਿਨੁ ਗੁਰ ਮੁਕਤਿ ਨ ਕੋਊ ਪਾਵੈ
ਮਨਿ ਵੇਖਹੁ ਕਰਿ ਬੀਚਾਰੀ ॥੨॥
੭. ਅਠਸਠਿ ਮਜਨੁ ਕਰਿ ਇਸਨਾਨਾ
ਭ੍ਰਮਿ ਆਏ ਧਰ ਸਾਰੀ ॥
੮. ਅਨਿਕ ਸੋਚ ਕਰਹਿ ਦਿਨ ਰਾਤੀ
ਬਿਨੁ ਸਤਿਗੁਰ ਅੰਧਿਆਰੀ ॥੩॥
੯. ਧਾਵਤ ਧਾਵਤ ਸਭੁ ਜਗੁ ਧਾਇਓ
ਅਬ ਆਏ ਹਰਿ ਦੁਆਰੀ ॥
੧੦. ਦੁਰਮਤਿ ਮੇਟਿ ਬੁਧਿ ਪਰਗਾਸੀ
ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥

ਪਦ ਅਰਥ : ਕਿਰਿਆਚਾਰ—ਕਿਰਿਆ ਅਚਾਰ, ਧਾਰਮਿਕ ਰਸਮਾਂ ਦਾ ਕਰਨਾ, ਕਰਮ ਕਾਂਡ। ਕਰਹਿ—ਕਰਦੇ ਹਨ। ਖਟੁ—ਛੇ। ਖਟੁ ਕਰਮਾ—ਛੇ ਧਾਰਮਿਕ ਕੰਮ (ਇਸ਼ਨਾਨ, ਸੰਧਿਆ, ਜਪ, ਹੋਮ, ਅਥਿਤੀ-ਪੂਜਾ, ਦੇਵ ਪੂਜਾ)। ਇਤੁ—ਇਸ ਆਹਰ ਵਿਚ। ਰਾਤੇ—ਰਤੇ ਹੋਏ, ਖਚਤ ਹੋਏ। ਸੰਸਾਰੀ—ਦੁਨੀਆਦਾਰ।੧। ਠਾਕੁਰ—ਹੇ ਠਾਕੁਰ। ਧਾਰੀ—ਧਾਰਕੇ। ਕੋਟਿ—ਕਰੋੜਾਂ। ਮਧੇ—ਵਿਚ। ਬਿਉਹਾਰੀ—ਵਪਾਰੀ, ਸੌਦੇਬਾਜ਼, ਮਤਲਬੀ।੧।ਰਹਾਉ। ਸਭਿ—ਸਾਰੇ। ਸੋਧੇ—ਵਿਚਾਰੇ। ਮੁਕਤਿ—ਮਾਇਆ ਦੇ ਮੋਹ ਤੋਂ ਖ਼ਲਾਸੀ। ਕੋਊ—ਕੋਈ ਭੀ। ਮਨਿ—ਮਨ ਵਿਚ। ਕਰਿ ਬੀਚਾਰੀ—ਵਿਚਾਰ ਕਰਕੇ।੨। ਅਠਸਠਿ—ਅਠਾਹਠ। ਮਜਨੁ—ਪੁਰਬਾਂ ਦੇ ਇਸ਼ਨਾਨ, ਚੁੱਭੀ। ਭ੍ਰਮਿ—ਭੌਂ ਭੌਂ ਕੇ। ਧਰ—ਧਰਤੀ। ਸੋਚ—ਸੁੱਚ, ਸਰੀਰਕ ਪਵਿੱਤ੍ਰਤਾ। ਕਰਹਿ—ਕਰਦੇ ਹਨ। ਅੰਧਿਆਰੀ—ਹਨੇਰਾ।੩। ਧਾਵਤ—ਦੌੜਦੇ, ਭਜਦੇ, ਭਟਕਦੇ, ਭੌਂਦੇ। ਧਾਇਓ—ਭੌਂ ਲਿਆ। ਅਬ—ਹੁਣ। ਹਰਿ ਦੁਆਰੀ—ਹਰਿ ਦੁਆਰਿ, ਹਰੀ ਦੇ ਦਰ 'ਤੇ। ਮੇਟਿ—ਮਿਟਾ ਕੇ। ਬੁਧਿ—(ਸੁਚੱਜੀ) ਅਕਲ। ਪਰਗਾਸੀ—ਰੌਸ਼ਨ ਕਰ ਦਿੱਤੀ। ਗੁਰਮੁਖਿ—ਗੁਰੂ ਦੀ ਸ਼ਰਣ ਪਾ ਕੇ। ਤਾਰੀ—ਪਾਰ ਲੰਘਾ ਲੈਂਦਾ ਹੈ।੪।

ਅਰਥ :

ਪ੍ਰ: ਕਿਉਂ ਜੀ, ਲੋਕ ਕਰਮ ਕਾਂਡ ਕਰਦੇ ਹਨ, ਕੀ ਇਨ੍ਹਾਂ ਦੇ ਅੰਦਰ ਹਉਮੈ ਦੀ ਮੈਲ ਉੱਤਰ ਜਾਂਦੀ ਹੈ?

ਉ: ੧. ਨਹੀਂ; ਹੇ ਭਾਈ! ਇਹ ਜੋ ਦੁਨੀਆਦਾਰ ਲੋਕ ਕਰਮ ਕਾਂਡ ਕਰਦੇ ਹਨ ਅਤੇ ਛੇ ਕਰਮ (ਇਸ਼ਨਾਨ, ਸੰਧਿਆ ਆਦਿ) ਪ੍ਰਸਿੱਧ ਮਿੱਥੇ ਹੋਏ ਧਾਰਮਿਕ ਕਰਮ ਕਰਦੇ ਹੋਏ, ਇਨ੍ਹਾਂ ਕਰਮਾਂ ਵਿਚ ਹੀ ਸਦਾ ਪਰਚੇ ਰਹਿੰਦੇ ਹਨ, ਹੇ ਪਿਆਰੇ; ਇਹ ਲੋਕ ਪ੍ਰਮਾਰਥੀ ਨਹੀਂ, ਇਹ ਤਾਂ ਸੰਸਾਰੀ ਲੋਕ ਹੀ ਹਨ।

੨. (ਕਿਉਂਕਿ) ਉਨ੍ਹਾਂ ਅੰਦਰ ਜੋ ਹਉਮੈ ਦੀ ਮੈਲ ਹੈ, ਉਹ ਇਨ੍ਹਾਂ ਕਰਮ ਕਾਂਡਾਂ ਦੇ ਕੀਤੇ ਕਰਮਾਂ ਨਾਲ ਉਤਰਦੀ ਨਹੀਂ, ਉਹ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਇਸ ਮਨੁੱਖਾ ਜਨਮ ਦੀ ਬਾਜ਼ੀ ਨੂੰ ਹਾਰ ਜਾਂਦੇ ਹਨ। (ਭਾਵ ਬੇ-ਅਰਥ ਹੀ ਗਵਾ ਜਾਂਦੇ ਹਨ)।੧।

ਪ੍ਰ: ਕਿਉਂ ਜੀ! ਤਾਂ ਫਿਰ ਹਉਮੈ ਦੀ ਨਵਿਤਰੀ ਲਈ ਕੀ ਸਾਧਨ ਕੀਤਾ ਜਾਵੇ?

ਉ: ੩. ਹੇ ਭਾਈ! ਇਕੋ ਹੀ ਸਾਧਨ ਅਰਦਾਸ ਹੈ, ਜੋ ਇਉਂ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਮੇਰੇ ਮਾਲਕ ਪ੍ਰਭੂ ਜੀ, ਕਿਰਪਾ ਕਰਕੇ ਮੈਨੂੰ ਇਸ ਖੋਟੀ ਹਉਮੈ ਦੁਰਮਤਿ ਦੀ ਮੈਲ ਤੋਂ ਬਚਾਈ ਰੱਖ।

੪. (ਕਿਉਂਕਿ) ਮੈਂ ਵੇਖਦਾ ਹਾਂ ਕਿ ਕਰੋੜਾਂ ਮਨੁੱਖਾਂ ਵਿਚੋਂ ਤੇਰਾ ਸੱਚਾ ਸੇਵਕ ਕੋਈ ਵਿਰਲਾ ਹੀ ਹੈ, ਹੋਰ ਸਾਰੇ ਦੁਰਮਤਿ ਦੇ ਕਾਰਨ ਵਿਹਾਰੀ ਹੁੰਦੇ ਹਨ, ਜੋ ਪ੍ਰਮਾਰਥ ਦੇ ਕੰਮਾਂ ਨੂੰ ਵੀ ਸੰਸਾਰਕ ਨਫ਼ਿਆਂ ਲਈ ਵਰਤਦੇ ਹਨ, (ਭਾਵ ਆਪਣੇ ਮਤਲਬ ਦੀ ਖ਼ਾਤਰ ਵੇਖਣ ਨੂੰ ਹੀ ਧਾਰਮਿਕ ਕਰਮ ਕਰਦੇ ਹਨ, ਪ੍ਰਮਾਰਥ ਦੀ ਸੋਝੀ ਲਈ ਨਹੀਂ)।੧।ਰਹਾਉ।

ਪ੍ਰ: ਕਿਉਂ ਜੀ! ਇਸ ਬਾਰੇ ਵੇਦ ਸ਼ਾਸਤ੍ਰਾਂ ਦੀ ਕੀ ਰਾਇ ਹੈ?

ਉ: ੫. ਹੇ ਭਾਈ! ਅਸੀਂ, ਸਾਰੇ ਵੇਦ, ਸਾਰੀਆਂ ਸਿੰਮ੍ਰਿਤੀਆਂ ਚੰਗੀ ਤਰ੍ਹਾਂ ਖੋਜ ਕਰਕੇ ਵੇਖ ਲਏ ਹਨ, ਪਰ ਇਹ ਵੀ ਸਾਰੇ ਹੀ ਇਕੋ ਗੱਲ ਨੂੰ ਪੁਕਾਰ-ਪੁਕਾਰ ਕੇ ਕਹਿੰਦੇ ਹਨ।

੬. ਕਿ ਐ ਲੋਕੋ! ਨਿਸਚਾ ਕਰ ਲਉ, ਬਿਨਾ ਪੂਰੇ ਗੁਰੂ ਦੀ ਸ਼ਰਨ ਵਿਚ ਆਉਣ ਤੋਂ ਮੁਕਤੀ ਕੋਈ ਨਹੀਂ ਪਾ ਸਕਦਾ।੨।

ਪ੍ਰ: ਕਿਉਂ ਜੀ! ਤੀਰਥਾਂ 'ਤੇ ਇਸ਼ਨਾਨ ਕਰਨ ਵਾਲੇ ਲੋਕ ਤਾਂ ਗਿਆਨ ਦੀ ਸੋਝੀ ਪ੍ਰਾਪਤ ਕਰ ਲੈਂਦੇ ਹੋਣਗੇ?

ਉ: ੭. ਨਹੀਂ ਹੇ ਭਾਈ! ਅਸੀਂ ਤਾਂ ਵੇਖਦੇ ਹਾਂ ਕਿ ਇਕ ਤੀਰਥ ਨਹੀਂ, ਜੋ ਲੋਕ ਅਠਾਹਠ ਤੀਰਥ ਤੇ ਪੁਰਬਾਂ ਦੇ ਇਸ਼ਨਾਨ ਕਰ ਆਉਂਦੇ ਹਨ ਅਤੇ ਸਾਰੀ ਧਰਤੀ ਨੂੰ ਵੀ ਭੌਂ ਕੇ ਆ ਜਾਂਦੇ ਹਨ।

੮. (ਇਥੇ ਹੀ ਬੱਸ ਨਹੀਂ) ਸਗੋਂ ਦਿਨੇ ਰਾਤ ਸਰੀਰਕ ਪਵਿੱਤ੍ਰਤਾ ਲਈ ਅਨੇਕਾਂ ਹੀ ਸਾਧਨ ਕਰਦੇ ਹਨ, (ਹੇ ਪਿਆਰੇ) ਇੰਨਾ ਕੁਝ ਕਰਦਿਆਂ ਭੀ ਬਿਨਾਂ ਗੁਰੂ ਤੋਂ ਉਨ੍ਹਾਂ ਦੇ ਅੰਦਰ ਅਗਿਆਨਤਾ ਦਾ ਅੰਧੇਰਾ ਬਣਿਆ ਹੀ ਰਹਿੰਦਾ ਹੈ।੩।

ਪ੍ਰ: ਹੇ ਗੁਰੋ! ਇਨ੍ਹਾਂ ਵਿਚੋਂ ਕਿਸੇ ਦੀ ਕਿਵੇਂ ਦੁਰਮਤਿ ਨਾਸ ਵੀ ਹੋ ਸਕਦੀ ਹੈ?

ਉ: ੯. (ਹਾਂ ਹੋ ਸਕਦੀ ਹੈ) ਹੇ ਭਾਈਓ! ਇਨ੍ਹਾਂ ਸਾਰੇ ਹੀ ਜਗਤ ਦੀ ਭੱਜ ਦੌੜ ਕਰਨ ਵਾਲਿਆਂ ਵਿਚੋਂ ਜਿਹੜੇ ਮਨੁੱਖ ਆਖ਼ਰ ਪਰਮੇਸ਼ਰ ਦੇ ਦਰ 'ਤੇ ਆ ਪਏ ਹਨ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ! ਉਨ੍ਹਾਂ ਦੇ ਅੰਦਰੋਂ ਸਾਈਂ ਜੀ ਦੁਰਮਤਿ ਨੂੰ ਮਿਟਾ ਕੇ (ਆਤਮਾ ਨੂੰ ਪਛਾਨਣ ਵਾਲੀ ਬੁਧੀ) ਦਾ ਪ੍ਰਕਾਸ਼ ਕਰ ਦੇਂਦਾ ਹੈ। ਗੁਰੂ ਦੀ ਸ਼ਰਨ ਵਿਚ ਲਿਆ ਕੇ ਉਨ੍ਹਾਂ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦੇਂਦਾ ਹੈ।੪।੧।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਇਹ ਕਹਿ ਰਹੇ ਹਨ ਕਿ ਜਿਤਨੇ ਵੀ ਕਿਸੇ ਕਰਮ ਕਾਂਡੀ ਦੇ (ਯਗ, ਹੋਮ, ਤੀਰਥ, ਬ੍ਰਤਿ, ਤੇ ਸੰਧਿਆ ਇਸ਼ਨਾਨ ਆਦਿ) ਖਟ ਕਰਮ ਹਨ, ਇਨ੍ਹਾਂ ਵਿਚੋਂ ਕੋਈ ਵੀ ਮਨੁੱਖ ਦੇ ਮਨ ਵਿਚ ਲਗੀ ਖੋਟੀ ਹਉਮੈ ਦੀ ਮੈਲ ਨੂੰ ਦੂਰ ਕਰਨ ਦੀ ਸਮਰੱਥਾ ਨਹੀਂ ਰੱਖਦਾ, ਕਿਉਂਕਿ ਇਹ ਸਾਰੇ ਹੀ ਕਰਮ ਹਉਮੈ ਦੇ ਆਸਰੇ ਹੁੰਦੇ ਹਨ, ਸੋ ਹਉਮੈ ਦੀ ਨਵਿਰਤੀ ਦਾ ਸਾਧਨ ਕੇਵਲ ਗੁਰੂ ਹੀ ਦੱਸਦਾ ਹੈ, ਬਿਨਾ ਗੁਰੂ ਤੋਂ ਕਰਮਕਾਂਡੀ ਦਾ ਮਨੁੱਖਾ ਜਨਮ ਬਿਰਥਾ ਹੀ ਚਲਾ ਜਾਂਦਾ ਹੈ। ਸੋ ਇਸ ਲਈ ਸੰਸਾਰਕ ਕਰਮਾਂ ਦੀ ਭੱਜ ਦੌੜ ਛੱਡ ਕੇ ਗੁਰੂ ਦੀ ਸ਼ਰਣ ਪ੍ਰਾਪਤ ਕਰਨ ਨਾਲ ਹੀ ਬੁੱਧੀ ਵਿਚੋਂ ਖੋਟੀ ਦੁਰਮਤਿ ਦਾ ਨਾਸ ਤੇ ਆਤਮਾ ਨੂੰ ਪਛਾਨਣ ਵਾਲੀ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ।

ਉਥਾਨਕਾ : ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਲਾਹੌਰ ਤੋਂ ਬਾਬਾ ਬੁੱਢਾ ਜੀ ਦੇ ਨਾਲ ਸ੍ਰੀ ਅੰਮ੍ਰਿਤਸਰ ਜੀ ਆਏ ਅਤੇ ਗੁਰਤਾ ਗੱਦੀ ਤੇ ਆਪ ਜੀ ਨੂੰ ਵਿਰਾਜਮਾਨ ਕੀਤਾ ਗਿਆ ਤਾਂ ਆਪ ਜੀ ਨੇ ਮਾਤਾ ਜੀ ਨੂੰ ਜਾ ਨਮਸ਼ਕਾਰ ਕੀਤੀ ਅਤੇ ਮਾਤਾ ਜੀ ਨੇ ਪੁੱਛਿਆ—ਪੁੱਤਰ ਜੀ! ਤੁਸੀਂ ਕੀ ਕੁਝ ਖੱਟ ਕੇ ਲਿਆਏ ਹੋ ਤਾਂ ਆਪ ਜੀ ਨੇ ਉੱਤਰ ਵਿਚ ਇਹ ਸ਼ਬਦ ਉਚਾਰਨ ਕੀਤਾ :

ਗੂਜਰੀ ਮਹਲਾ ੫ ॥

੧. ਹਰਿ ਧਨੁ ਜਾਪ ਹਰਿ ਧਨੁ ਤਾਪ
ਹਰਿ ਧਨੁ ਭੋਜਨੁ ਭਾਇਆ ॥
੨. ਨਿਮਖ ਨ ਬਿਸਰਉ ਮਨ ਤੇ ਹਰਿ ਹਰਿ
ਸਾਧਸੰਗਤਿ ਮਹਿ ਪਾਇਆ ॥੧॥
੩. ਮਾਈ ਖਾਟਿ ਆਇਓ ਘਰਿ ਪੂਤਾ ॥
੪. ਹਰਿ ਧਨੁ ਚਲਤੇ ਹਰਿ ਧਨੁ ਬੈਸੇ
ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥
੫. ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ
ਹਰਿ ਸੰਗਿ ਲਾਇ ਧਿਆਨਾ ॥
੬. ਹਰਿ ਧਨੁ ਤੁਲਹਾ ਹਰਿ ਧਨੁ ਬੇੜੀ
ਹਰਿ ਹਰਿ ਤਾਰਿ ਪਰਾਨਾ ॥੨॥
੭. ਹਰਿ ਧਨ ਮੇਰੀ ਚਿੰਤ ਵਿਸਾਰੀ
ਹਰਿ ਧਨਿ ਲਾਹਿਆ ਧੋਖਾ ॥
੮. ਹਰਿ ਧਨ ਤੇ ਮੈ ਨਵ ਨਿਧਿ ਪਾਈ
ਹਾਥਿ ਚਰਿਓ ਹਰਿ ਥੋਕਾ ॥੩॥
੯. ਖਾਵਹੁ ਖਰਚਹੁ ਤੋਟਿ ਨ ਆਵੈ
ਹਲਤ ਪਲਤ ਕੈ ਸੰਗੇ ॥

੧੦. ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ
ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥

ਪਦ ਅਰਥ : ਜਾਪ—ਦੇਵ ਪੂਜਾ ਕਰਨ ਲਈ ਖ਼ਾਸ ਮੰਤ੍ਰਾਂ ਦੇ ਜਾਪ। ਤਾਪ—ਧੂਣੀਆਂ ਤਪਾਉਣੀਆਂ। ਭਾਇਆ—ਚੰਗਾ ਲੱਗਾ ਹੈ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਨ ਬਿਸਰਉ—ਮੈਂ ਨਹੀਂ ਭੁਲਾਂਦਾ, ਬਿਸਰਉਂ। ਤੇ—ਤੋਂ।੧। ਮਾਈ—ਹੇ ਮਾਂ। ਖਾਟਿ—ਖੱਟ ਕੇ। ਚਲਤੇ—ਤੁਰਦਿਆਂ। ਬੈਸੇ—ਬੈਠਿਆਂ। ਸੂਤਾ—ਸੁੱਤਿਆਂ।੧।ਰਹਾਉ। ਸੰਗਿ—ਨਾਲ। ਲਾਇ ਧਿਆਨਾ—ਸੁਰਤਿ ਜੋੜਦਾ ਹੈ। ਤੁਲਹਾ—ਕਖਾਂ ਕਾਨਿਆਂ ਲਕੜੀਆਂ ਬੰਨ੍ਹ ਕੇ ਨਦੀ ਪਾਰ ਕਰਨ ਲਈ ਬਣਾਇਆ ਹੋਇਆ ਗੱਠਾ। ਤਾਰਿ—ਤਾਰੇ, ਪਾਰ ਲੰਘਾ ਦੇਂਦਾ ਹੈ। ਪਰਾਨਾ—ਪਾਰਲੇ ਪਾਸੇ।੨। ਵਿਸਾਰੀ—ਭੁਲਾ ਦਿੱਤੀ। ਧਨਿ—ਧਨ ਨੇ। ਧੋਖਾ—ਫ਼ਿਕਰ। ਲਾਹਿਆ—ਦੂਰ ਕਰ ਦਿੱਤਾ। ਤੇ—ਤੋਂ। ਨਵਨਿਧਿ—ਧਰਤੀ ਦੇ ਸਾਰੇ ਖ਼ਜ਼ਾਨੇ। ਨਿਧਿ—ਖ਼ਜ਼ਾਨਾ। ਨਵ—ਨੌਂ। ਹਾਥਿ ਚਰਿਓ—ਹੱਥ ਆ ਗਿਆ, ਮਿਲ ਗਿਆ। ਥੋਕਾ—ਪਦਾਰਥ, ਸਮੁੱਚਾ, ਬਹੁਤਾ-ਬਹੁਤਾ।੩। ਤੋਟਿ—ਕਮੀ। ਹਲਤ ਪਲਤ—ਲੋਕ-ਪ੍ਰਲੋਕ। ਲਾਦਿ—ਲੱਦ ਕੇ। ਗੁਰਿ—ਗੁਰੂ ਨੇ। ਰੰਗੇ—ਰੰਗਿ, ਰੰਗ ਲਵੇ।੪।

ਅਰਥ :

ਪ੍ਰ: ਪੁੱਤ੍ਰ ਜੀ! ਤੁਸੀਂ ਗੁਰਾਂ ਤੋਂ ਕੀ ਕੁਝ ਪ੍ਰਾਪਤ ਕਰਕੇ ਲੈ ਆਏ ਹੋ?

ਉ: ੧. ਹੇ ਮਾਂ! ਮੈਂ ਪਰਮੇਸ਼ਰ ਦਾ ਨਾਮ ਰੂਪ ਧਨ ਗੁਰਾਂ ਪਾਸੋਂ ਪ੍ਰਾਪਤ ਕੀਤਾ ਹੈ। ਹੁਣ ਇਹ ਨਾਮ ਹੀ ਮੇਰੇ ਵਾਸਤੇ ਮੰਤ੍ਰਾਂ ਦਾ ਜਾਪ ਹੈ ਤੇ ਹਰੀ ਨਾਮ ਧਨ ਹੀ ਹੁਣ ਮੇਰੀ ਤਪੱਸਿਆ ਹੈ ਅਤੇ ਇਹ ਹਰਿ ਨਾਮ ਧਨ ਹੀ ਮੇਰੇ ਮਨ ਭਾਉਂਦਾ ਭੋਜਨ ਹੈ, (ਭਾਵ ਮੇਰੇ ਆਤਮਿਕ ਜੀਵਨ ਲਈ ਸੱਚੀ ਖ਼ੁਰਾਕ ਹੈ)।

ਪ੍ਰ: ਹੇ ਪੁੱਤ੍ਰ! ਇਸ ਦਾ ਰੂਪ ਕੀ ਹੈ ਤੇ ਤੈਨੂੰ ਕਿਥੋਂ ਲੱਭ ਪਿਆ ਹੈ?

ਉ: ੨. ਹੇ ਮਾਂ! ਇਸ ਨਾਮ ਰੂਪੀ ਅਮੋਲਕ ਧਨ ਨੂੰ ਹੁਣ ਮੈਂ ਇਕ ਅੱਖ ਝਮਕਣ ਜਿਤਨੇ ਸਮੇਂ ਲਈ ਵੀ ਆਪਣੇ ਮਨ ਤੋਂ ਨਹੀਂ ਭੁਲਾਂਦਾ ਅਤੇ ਇਸ ਨਾਮ ਧਨ ਨੂੰ ਮੈਂ ਸਾਧ ਸੰਗਤ ਵਿਚੋਂ ਲੱਭਾ ਹੈ।

੩. ਮਾਂ ਜੀ! ਮੈਂ ਤੁਹਾਡਾ ਪੁੱਤਰ ਖੱਟੀ ਖੱਟ ਕੇ ਘਰ ਆਇਆ ਹਾਂ।

ਪ੍ਰ: ਪੁੱਤਰ ਜੀ! ਤੁਸੀਂ ਖੱਟ ਕੇ ਕੀ ਕੁਝ ਲਿਆਏ ਹੋ?

ਉ: ੪. ਮਾਂ ਜੀ! ਮੈਂ ਉਹ ਹਰਿ ਨਾਮ ਧਨ ਖੱਟ ਕੇ ਲੈ ਆਇਆ ਹਾਂ ਜੋ ਇਹ ਧਨ ਚਲਦਿਆਂ ਨਾਲ ਰਹਿੰਦਾ ਹੈ, ਇਹ ਹਰਿ ਨਾਮ ਧਨ ਬੈਠਿਆਂ ਨਾਲ ਰਹਿੰਦਾ ਹੈ ਅਤੇ ਜਾਗਦਿਆਂ ਸੁੱਤਿਆਂ ਕਦੇ ਵੀ ਸਾਥ ਨਹੀਂ ਛੱਡਦਾ।੧।ਰਹਾਉ।

੫. ਹੇ ਮਾਂ! ਤੀਰਥਾਂ ਦਾ ਇਸ਼ਨਾਨ ਵੀ ਮੇਰਾ ਹੁਣ ਇਹੋ ਨਾਮ ਧਨ ਹੈ। ਇਹ ਹਰਿ ਨਾਮ ਧਨ ਹੀ ਮੇਰਾ ਗਿਆਨ ਹੈ, ਇਸੇ ਨਾਮ ਧਨ ਦੁਆਰਾ ਮੈਂ ਹਰੀ ਨਾਲ ਧਿਆਨ ਜੋੜੀ ਰੱਖਦਾ ਹਾਂ।

੬. ਅਤੇ ਮਾਂ ਜੀ! ਇਸ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਵੀ ਮੇਰੇ ਪਾਸ ਇਹ ਹਰੀ ਨਾਮ ਧਨ ਹੀ ਤੁਲਹਾ ਹੈ ਅਤੇ ਹਰੀ ਨਾਮ ਧਨ ਹੀ ਬੇੜੀ ਹੈ, ਜੋ ਮਨੁੱਖ ਨੂੰ ਸੰਸਾਰ ਸਮੁੰਦਰ ਤੋਂ ਤਾਰ ਕੇ ਪਾਰਲੇ ਪਾਸੇ ਅਪੜਾ ਦੇਂਦੀ ਹੈ।੨।

੭. ਹੇ ਮਾਂ ਜੀ! ਇਸੇ ਨਾਮ ਧਨ ਨੇ ਮੇਰੇ ਮਨ ਦੀ ਸਾਰੀ ਸੰਸਾਰਕ ਚਿੰਤਾ ਦੂਰ ਕਰ ਦਿੱਤੀ ਹੈ ਅਤੇ ਮੇਰਾ ਹਰੇਕ ਫ਼ਿਕਰ ਵੀ ਦੂਰ ਕਰ ਦਿੱਤਾ ਹੈ।

੮. ਇਸੇ ਹਰਿ ਨਾਮ ਧਨ ਤੋਂ ਮੈਂ ਨੌਂ ਨਿਧਾਂ ਪਾਈਆਂ ਹਨ, (ਹੇ ਭਾਈ) (ਸਾਧ ਸੰਗਤ ਦੀ ਕਿਰਪਾ ਨਾਲ) ਇਹ ਸਾਰਿਆਂ ਤੋਂ ਕੀਮਤੀ ਨਾਮ ਧਨ ਮੈਨੂੰ ਲੱਭ ਪਿਆ ਹੈ।੩।

ਪ੍ਰ: ਪੁੱਤ੍ਰ ਜੀ! ਆਖ਼ਰ ਵਿਚ ਹਦਾਇਤ ਕੀ ਕੀਤੀ ਹੈ?

ਉ: ੯. ਹੇ ਮਾਂ! ਆਖ਼ਰ ਵਿਚ ਦਾਤਾ ਜੀ ਨੇ ਇਉਂ ਫ਼ੁਰਮਾਇਆ ਹੈ ਕਿ ਤੁਸੀਂ ਹੁਣ ਇਸ ਹਰਿ ਨਾਮ ਧਨ ਨੂੰ ਆਪ ਵਰਤੋ ਤੇ ਦੂਜਿਆਂ ਨੂੰ ਭੀ ਵਰਤਾਵੋ। ਇਹ ਹਰਿ ਨਾਮ ਧਨ ਕਦੇ ਘਟਦਾ ਨਹੀਂ। ਇਹ ਇਸ ਲੋਕ ਤੇ ਪ੍ਰਲੋਕ ਵਿਚ ਸਦਾ ਨਾਲ ਰਹਿੰਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਾਂ! ਗੁਰੂ ਨੇ ਮੈਨੂੰ ਨਾਮ ਧਨ ਖ਼ਜ਼ਾਨਾ ਲੱਦ ਕੇ ਦੇ ਦਿੱਤਾ ਹੈ, ਜਿਸ ਕਰਕੇ ਹੁਣ ਮੇਰਾ ਮਨ ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ।੪।੨।੩।

ਭਾਵਾਰਥ : ਇਸ ਸ਼ਬਦ ਵਿਚ ਸੱਚੇ ਨਾਮ ਧਨ ਦੀ ਵਿਸ਼ੇਸ਼ਤਾ ਦਰਸਾਈ ਹੈ ਜੋ ਕਿ ਇਸ ਜੀਵ ਦੇ ਲੋਕ-ਪ੍ਰਲੋਕ ਵਿਚ ਸਦਾ ਹੀ ਸਾਥ ਰਹਿ ਕੇ ਸਹਾਇਕ ਹੁੰਦਾ ਹੈ।

ਉਥਾਨਕਾ : ਇਸ ਸ਼ਬਦ ਬਾਰੇ ਸੰਪਰਦਾਇ ਵਿਚ ਪਰੰਪਰਾ ਤੋਂ ਕਥਾ ਚਲੀ ਆ ਰਹੀ ਹੈ ਕਿ ਜਦੋਂ ਸ੍ਰੀ ਗੁਰੂ ਜੀ ਗੁਰਤਾ ਗੱਦੀ ਪ੍ਰਾਪਤ ਕਰ ਚੁੱਕੇ ਤਦੋਂ ਮਾਤਾ ਭਾਨੀ ਜੀ ਪਾਸ ਆਏ ਤਾਂ ਮਾਤਾ ਜੀ ਨੇ ਇਸ ਤਰ੍ਹਾਂ ਦੀ ਅਸ਼ੀਰਵਾਦ ਦਿੱਤੀ ਸੀ, ਤਾਂ ਉਸ ਸਬੰਧ ਵਿਚ ਸਿੱਖਾਂ ਨੇ ਗੁਰੂ ਜੀ ਪਾਸੋਂ ਇਹ ਪੁੱਛ ਕੀਤੀ ਕਿ ਹੇ ਗੁਰੋ!

ਗੂਜਰੀ ਮਹਲਾ ੫ ॥

੧. ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ
ਪਿਤਰੀ ਹੋਇ ਉਧਾਰੋ ॥
੨. ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ
ਜਾ ਕਾ ਅੰਤੁ ਨ ਪਾਰੋ ॥੧॥
੩. ਪੂਤਾ ਮਾਤਾ ਕੀ ਆਸੀਸ ॥
੪. ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
ਸਦਾ ਭਜਹੁ ਜਗਦੀਸ ॥੧॥ ਰਹਾਉ ॥
੫. ਸਤਿਗੁਰੁ ਤੁਮ੍ ਕਉ ਹੋਇ ਦਇਆਲਾ
ਸੰਤਸੰਗਿ ਤੇਰੀ ਪ੍ਰੀਤਿ ॥
੬. ਕਾਪੜੁ ਪਤਿ ਪਰਮੇਸਰੁ ਰਾਖੀ
ਭੋਜਨੁ ਕੀਰਤਨੁ ਨੀਤਿ ॥੨॥

੭. ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ
ਹਰਿ ਸਿਮਰਤ ਅਨਦ ਅਨੰਤਾ ॥
੮. ਰੰਗ ਤਮਾਸਾ ਪੂਰਨ ਆਸਾ
ਕਬਹਿ ਨ ਬਿਆਪੈ ਚਿੰਤਾ ॥੩॥
੯. ਭਵਰੁ ਤੁਮ੍ਾਰਾ ਇਹੁ ਮਨੁ ਹੋਵਉ
ਹਰਿ ਚਰਣਾ ਹੋਹੁ ਕਉਲਾ ॥
੧੦. ਨਾਨਕ ਦਾਸੁ ਉਨ ਸੰਗਿ ਲਪਟਾਇਓ
ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੯॥

ਪਦ ਅਰਥ : ਸਭਿ—ਸਾਰੇ। ਕਿਲਵਿਖ—ਪਾਪ। ਪਿਤਰੀ—ਪਿਤਰਾਂ ਦਾ, ਮਰ ਗਏ ਆਪਣੇ ਪਿਤਾ ਦਾਦਾ ਪੜਦਾਦਾ ਆਦਿ ਨੂੰ ਪਿਤਰ ਆਖਦੇ ਹਨ। ਨਾਸਹਿ—ਨਾਸ ਹੋ ਜਾਂਦੇ ਹਨ। ਉਧਾਰੋ—ਉਧਾਰ, ਕਲਿਆਣ। ਸਦ—ਸਦਾ। ਪਾਰੋ—ਪਾਰਲਾ ਬੰਨਾ।੧। ਪੂਤਾ—ਹੇ ਪੁੱਤ੍ਰ ! ਨਿਮਖ—ਅੱਖ ਝਮਕਣ ਜਿਤਨਾ ਸਮਾਂ। ਆਸੀਸ—ਅਸ਼ੀਰਵਾਦ, ਕਿਸੇ ਭਲੇ ਲਈ ਕੀਤੀ ਸ਼ੁਭ ਭਾਵਨੀ, ਦੁਆਏ, ਖ਼ੈਰ। ਨ ਬਿਸਰਉ—ਤੁਹਾਨੂੰ ਵਿਸਰ ਨਾ ਜਾਏ। ਜਗਦੀਸ—ਜਗਤ ਦਾ ਮਾਲਕ।੧।ਰਹਾਉ। ਸੰਗਿ—ਨਾਲ। ਕਾਪੜੁ—ਕਪੜਾ। ਪਤਿ—ਇੱਜ਼ਤ। ਨੀਤਿ—ਸਦਾ, ਨਿੱਤ।੨। ਜੀਵਹੁ—ਉੱਚਾ ਜੀਵਨ ਪ੍ਰਾਪਤ ਕਰੀ ਰਖੋ। ਅਨੰਤਾ—ਬੇਅੰਤ। ਨ ਬਿਆਪੈ—ਜ਼ੋਰ ਨਾ ਪਾ ਸਕੇ।੩। ਚਾਤ੍ਰਿਕ—ਪਪੀਹਾ। ਬੂੰਦਹਿ ਮਉਲਾ—ਵਰਖਾ ਦੀ ਕਣੀ ਨਾਲ ਖਿੜਦਾ ਹੈ।੪।

ਅਰਥ :

ਪ੍ਰ: ਜਦੋ ਤੁਸੀਂ ਗੁਰਤਾ ਪ੍ਰਾਪਤ ਕਰ ਕੇ ਮਾਤਾ ਜੀ ਪਾਸ ਨਮਸਕਾਰ ਕਰਨ ਲਈ ਗਏ ਸਉ, ਤਾਂ ਉਸ ਸਮੇਂ ਮਾਤਾ ਜੀ ਨਾਲ ਤੁਹਾਡੀ ਵਾਰਤਾਲਾਪ ਕਿਸ ਪ੍ਰਕਾਰ ਹੋਈ ?

ਉ: ੧. ਹੇ ਭਾਈਓ ! ਜਦੋਂ ਮੈਂ ਮਾਤਾ ਜੀ ਸਾਹਿਬ ਨੂੰ ਨਮਸਕਾਰ ਕੀਤੀ ਤਾਂ ਮਾਤਾ ਜੀ ਵਲੋਂ ਇਉਂ ਬਚਨ ਹੋਇਆ ਕਿ ਹੇ ਪੁੱਤਰ ! ਜਿਸ ਵਾਹਿਗੁਰੂ ਜੀ ਦਾ ਨਾਮ ਸਿਮਰਦਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ ਅਤੇ ਸਿਮਰਨ ਕਰਨ ਵਾਲੇ ਦੇ ਪਿਤਰਾਂ ਦਾ ਵੀ ਉਧਾਰ ਹੋ ਜਾਂਦਾ ਹੈ (ਭਾਵ ਹੈ ਉਹ ਵੀ ਸੰਸਾਰ ਸਮੁੰਦਰ ਤੋਂ ਪਾਰ ਉੱਤਰ ਜਾਂਦੇ ਹਨ)।

੨. ਸੋ ਹੇ ਪੁੱਤ੍ਰ ! ਉਸ ਹਰਿ ਹਰਿ ਵਾਹਿਗੁਰੂ ਜੀ ਨੂੰ ਤੁਸੀਂ ਸਦਾ ਹੀ ਜਪਦੇ ਰਹੋ, ਜਿਸ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ।੧।

੩-੪. ਹੇ ਪੁੱਤਰ ! ਤੈਨੂੰ ਮਾਂ ਦੀ ਇਹੋ ਹੀ ਅਸੀਸ ਹੈ ਕਿ ਤੁਸਾਂ ਨੂੰ ਜਗਤ ਦਾ ਮਾਲਕ ਇਕ ਅੱਖ ਦੇ ਪਲਕਾਰੇ ਮਾਤਰ ਵੀ ਕਦੇ ਨਾ ਵਿਸਰੇ, ਤੁਸੀਂ ਉਸ ਨੂੰ ਸਦਾ ਹੀ ਸਿਮਰਦੇ ਰਹੋ।੧।ਰਹਾਉ।

੫. ਹੇ ਪੁੱਤਰ ! ਸਤਿਗੁਰੂ ਤੇਰੇ ਉੱਤੇ ਸਦਾ ਹੀ ਮਿਹਰਵਾਨ ਰਹੇ ਅਤੇ ਤੇਰਾ ਸੰਤਾਂ ਨਾਲ ਸਦਾ ਹੀ ਪਿਆਰ ਬਣਿਆ ਰਵੇ।

੬. ਜਿਵੇਂ ਕੱਪੜਾ ਮਨੁੱਖ ਦਾ ਪੜਦਾ ਢਕਦਾ ਹੈ, ਤਿਵੇਂ ਪਰਮੇਸ਼ਰ ਤੇਰੀ ਇੱਜ਼ਤ ਰਖੇ ਅਤੇ ਨਿੱਤ ਦਾ ਕੀਰਤਨ ਤੇਰਾ ਭੋਜਨ ਬਣਿਆ ਰਹੇ, ਭਾਵ ਕੀਰਤਨ ਤੇਰੀ ਆਤਮਿਕ ਖ਼ੁਰਾਕ ਬਣੀ ਰਹੇ।੨।

੭. ਹੇ ਪੁੱਤ੍ਰ ! ਤੁਸੀ ਸਦਾ ਨਾਮ ਅੰਮ੍ਰਿਤ ਪੀਂਦੇ ਰਹੋ ਅਤੇ ਸਦਾ ਲਈ ਤੁਹਾਡਾ ਉੱਚਾ ਆਤਮਿਕ ਜੀਵਨ ਬਣਿਆ ਰਹੇ ਅਤੇ ਹਰੀ ਨੂੰ ਸਿਮਰਦਿਆਂ ਤੁਹਾਨੂੰ ਅਨੰਤ ਅਨੰਦ ਪ੍ਰਾਪਤ ਰਹਿਣ।

੮. ਰੰਗ ਤਮਾਸ਼ਾ ਤੁਹਾਡਾ ਇਹੋ ਹੋਵੇ ਕਿ ਤੁਹਾਡੀਆਂ ਆਸਾਂ ਪੂਰਨ ਹੋਣ ਅਤੇ ਕਿਸੇ ਤਰ੍ਹਾਂ ਦੀ ਵੀ ਚਿੰਤਾ ਤੁਹਾਨੂੰ ਕਦੇ ਵੀ ਨਾ ਵਾਪਰੇ।੩।

੯. ਹੇ ਪੁੱਤਰ ! ਤੁਹਾਡਾ ਇਹ ਸੋਹਣਾ ਮਨ ਭਵਰਾ ਹੋਵੇ, ਹਰੀ ਦੇ ਚਰਨ ਕਮਲ ਫੁੱਲ ਹੋਵਣ। (ਭਾਵ ਤੁਹਾਡਾ ਮਨ ਰੂਪੀ ਭਵਰਾ ਹਰੀ ਦੇ ਚਰਨ ਕਮਲਾਂ ਰੂਪ ਫੁੱਲਾਂ ਉੱਤੇ ਲੰਪਟ ਰਹੇ)।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਸ ਅਸੀਸ ਅਨੁਸਾਰ ਦਾਸ ਉਨ੍ਹਾਂ ਚਰਨਾਂ ਕਮਲਾਂ ਨਾਲ ਲਿਪਟਿਆ ਹੋਇਆ ਹੈ। ਜਿਵੇਂ ਚਾਤ੍ਰਿਕ ਸਵਾਂਤੀ ਬੂੰਦ ਪਾ ਕੇ ਖਿੜਦਾ ਹੈ, ਤਿਵੇਂ ਮੈਂ ਖਿੜ ਰਿਹਾ ਹਾਂ।੪।੩।੯।

ਭਾਵਾਰਥ : ਇਸ ਮਹਾਂ ਵਾਕ ਵਿਚ ਨਾਮ ਸਿਮਰਨ ਦੀ ਮਹਿਮਾ ਬਿਆਨੀ ਹੈ ਕਿ ਸਿਮਰਨ ਦੀ ਬਰਕਤ ਨਾਲ ਸਾਰੇ ਪਾਪ ਨਾਸ ਹੁੰਦੇ ਹਨ ਅਤੇ ਆਪਣੇ ਨਾਲ-ਨਾਲ ਪਿਤਰਾਂ ਦਾ ਵੀ ਪਾਰ ਉਤਾਰਾ ਹੁੰਦਾ ਹੈ। ਇਸ ਲਈ ਚਾਹੀਦਾ ਹੈ ਕਿ ਸਿੱਖ ਦਾ ਮਨ ਰੂਪੀ ਭਵਰਾ ਪ੍ਰਭੂ ਦੇ ਚਰਨ ਕਮਲਾਂ ਨਾਲ ਸਦਾ ਹੀ ਲਿਪਟਿਆ ਰਹੇ, ਜਿਸ ਦਾ ਸਦਕਾ ਇਸ ਦਾ ਸਦਾ ਹੀ ਖੇੜਾ ਬਣਿਆ ਰਹਿੰਦਾ ਹੈ।

ਗੂਜਰੀ ਮਹਲਾ ੫ ॥

੧. ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥
੨. ਖਿਨ ਮਹਿ ਥਾਪਿ ਉਥਾਪਨਹਾਰਾ
ਆਪਨ ਹਾਥਿ ਮਤਾਤ ॥੧॥
੩. ਸਿਆਨਪ ਕਾਹੂ ਕਾਮਿ ਨ ਆਤ ॥
੪. ਜੋ ਅਨਰੂਪਿਓ ਠਾਕੁਰਿ ਮੇਰੈ
ਹੋਇ ਰਹੀ ਉਹ ਬਾਤ ॥੧॥ ਰਹਾਉ ॥
੫. ਦੇਸੁ ਕਮਾਵਨ ਧਨ ਜੋਰਨ ਕੀ
ਮਨਸਾ ਬੀਚੇ ਨਿਕਸੇ ਸਾਸ ॥
੬. ਲਸਕਰ ਨੇਬ ਖਵਾਸ ਸਭ ਤਿਆਗੇ
ਜਮ ਪੁਰਿ ਊਠਿ ਸਿਧਾਸ ॥੨॥
੭. ਹੋਇ ਅਨੰਨਿ ਮਨਹਠ ਕੀ ਦ੍ਰਿੜਤਾ
ਆਪਸ ਕਉ ਜਾਨਾਤ ॥
੮. ਜੋ ਅਨਿੰਦੁ ਨਿੰਦੁ ਕਰਿ ਛੋਡਿਓ
ਸੋਈ ਫਿਰਿ ਫਿਰਿ ਖਾਤ ॥੩॥
੯. ਸਹਜ ਸੁਭਾਇ ਭਏ ਕਿਰਪਾਲਾ
ਤਿਸੁ ਜਨ ਕੀ ਕਾਟੀ ਫਾਸ ॥
੧੦. ਕਹੁ ਨਾਨਕ ਗੁਰੁ ਪੂਰਾ ਭੇਟਿਆ
ਪਰਵਾਣੁ ਗਿਰਸਤ ਉਦਾਸ ॥੪॥੪॥੫॥

ਪਦ ਅਰਥ : ਮਤਾ—ਸਲਾਹ, ਇਰਾਦਾ, ਸੰਕਲਪ। ਪਛਮ ਕੈ ਤਾਈ—ਪੱਛਮ ਵਲ ਜਾਣ ਵਾਸਤੇ। ਕੈ ਤਾਈ—ਦੇ ਵਾਸਤੇ। ਥਾਪਿ—ਸਾਜ ਕੇ। ਉਥਾਪਨਹਾਰਾ—ਨਾਸ ਕਰਨ ਦੀ ਤਾਕਤ ਰੱਖਣ ਵਾਲਾ। ਹਾਥਿ—ਹੱਥ ਵਿਚ। ਮਤਾਤ—ਮਤਾਂਤ, ਸਲਾਹ ਦਾ ਅੰਤ ਫ਼ੈਸਲਾ।੧। ਕਾਹੂ ਕਾਮਿ—ਕਿਸੇ ਕੰਮ ਵਿਚ। ਅਨਰੂਪਿਓ—ਮਿਥ ਲਈ, ਠਾਨ ਲਈ, ਢੁਕਾਇਆ ਹੈ, ਠਟਿਆ ਹੈ। ਠਾਕੁਰਿ ਮੇਰੈ—ਮੇਰੇ ਠਾਕੁਰ ਨੇ। ਹੋਇ ਰਹੀ—ਹੋ ਕੇ ਰਹਿੰਦੀ ਹੈ, ਜ਼ਰੂਰ ਹੁੰਦੀ ਹੈ।੧।ਰਹਾਉ। ਮੰਨਸਾ—ਕਾਮਨਾ, ਇੱਛਾ। ਬੀਚੇ—ਵਿਚੇ ਹੀ। ਨਿਕਸੇ—ਨਿਕਲ ਜਾਂਦੇ ਹਨ। ਸਾਸ—ਸਾਹ। ਲਸਕਰ—ਫ਼ੌਜਾਂ। ਨੇਬ—ਨਾਇਬ, ਅਹਿਲਕਾਰ। ਖਵਾਸ—ਚੋਬਦਾਰ। ਤਿਆਗੇ—ਤਿਆਗਿ, ਛੱਡ ਕੇ। ਜਮ ਪੁਰਿ—ਪਰਲੋਕ ਵਿਚ।੨। ਅਨੰਨਿ—ਜਿਸ ਦਾ ਹੋਰ ਕੋਈ ਨਹੀਂ, ਜੋ ਇਕ ਨੂੰ ਮੰਨਦਾ ਹੈ। ਹੋਇ ਅਨੰਨਿ—ਦ੍ਰਿੜ੍ਹਤਾ, ਪਕਿਆਈ। ਆਪਸ ਕਉ—ਆਪਣੇ ਆਪ ਨੂੰ। ਜਾਨਾਤ—ਵੱਡਾ ਜਣਾਉਂਦਾ ਹੈ। ਅਨਿੰਦੁ—ਨਾ ਨਿੰਦਨ ਜੋਗ।੩। ਸੁਭਾਇ—ਪ੍ਰੇਮ ਅਨੁਸਾਰ। ਸਹਜ ਸੁਭਾਇ—ਆਪਣੇ ਨਿੱਜੀ ਪ੍ਰੇਮ ਅਨੁਸਾਰ, ਆਪਣੇ ਸੁਭਾਵਕ ਪ੍ਰੇਮ ਨਾਲ। ਭੇਟਿਆ—ਮਿਲਿਆ।੪।

ਅਰਥ :

ਪ੍ਰ: ਹੇ ਗੁਰੋ! ਇਸ ਮਨੁੱਖ ਨੂੰ ਕਿਸੇ ਆਪਣੀ ਇੱਛਾ ਪੂਰਤੀ ਲਈ ਸੁਤੰਤਰ ਸਮਝਿਆ ਜਾਏ ਜਾਂ ਕਿ ਪਤੰਤ੍ਰ?

ਉ: ੧. ਹੇ ਭਾਈ! ਇਹ ਜੀਵ ਸੁਤੰਤਰ ਨਹੀਂ, ਪਤੰਤਰ ਹੈ, ਕਿਉਂਕਿ ਵੇਖੋ, ਕਈ ਵਾਰ ਮਨੁੱਖ ਪੱਛਮ ਵਲ ਜਾਣ ਦਾ ਮਤਾ ਪਕਾ ਲੈਂਦਾ ਹੈ, ਪਰ ਪ੍ਰਭੂ ਉਸਨੂੰ ਪੂਰਬ ਵਲ ਨੂੰ ਹੀ ਲੈ ਜਾਂਦਾ ਹੈ।

੨. ਹੇ ਪਿਆਰੇ! ਉਹ ਮੇਰਾ ਪਿਆਰਾ ਪ੍ਰਭੂ ਜੀ ਇਕ ਖਿਨ ਵਿਚ ਪੈਦਾ ਕਰਕੇ ਨਾਸ ਕਰਨ ਦੀ ਸ਼ਕਤੀ ਰਖਦਾ ਹੈ, (ਇਸ ਲਈ) ਹਰੇਕ ਫ਼ੈਸਲਾ ਉਸ ਨੇ ਆਪਣੇ ਹੱਥ ਵਿਚ ਰਖਿਆ ਹੋਇਆ ਹੈ।੧।

ਪ੍ਰ: ਹਜ਼ੂਰ! ਕਈ ਲੋਕ ਆਪਣੀ ਚਾਤ੍ਰਤਾ 'ਤੇ ਬੜਾ ਮਾਣ ਕਰਦੇ ਰਹਿੰਦੇ ਹਨ।

ਉ: ੩. ਹੇ ਮਿੱਤਰੋ! ਕਿਸੇ ਵੀ ਮਨੁੱਖ ਦੀ ਆਪਣੀ ਚਤੁਰਾਈ ਕਿਸੇ ਕੰਮ ਨਹੀਂ ਆਉਂਦੀ।

੪. (ਕਿਉਂਕਿ ਵੇਖੀਦਾ ਹੈ ਕਿ) ਜੋ ਵੀ ਗੱਲ ਉਸ ਮੇਰੇ ਠਾਕਰ ਜੀ ਨੇ ਮਿੱਥੀ ਹੁੰਦੀ ਹੈ, ਉਹੋ ਗੱਲ ਹੋ ਕੇ ਰਹਿੰਦੀ ਹੈ।੧।ਰਹਾਉ।

ਉ: ੫. ਹੇ ਭਾਈਓ! ਵੇਖੋ, ਹੋਰ-ਹੋਰ ਦੇਸ਼ਾਂ (ਵਿਚ ਜਾ ਕੇ) ਧਨ ਕਮਾਵਣ ਤੇ 'ਕੱਠਾ ਕਰਨ ਦੀ ਆਸਾ ਵਿਚ ਇਕ ਆਦਮੀ (ਲੱਗਾ ਰਹਿੰਦਾ ਹੈ) ਪਰ, ਉਸਦੇ ਸਾਹ ਵਿਚਕਾਰ ਹੀ ਮੁੱਕ ਜਾਂਦੇ ਹਨ, ਭਾਵ ਮਿਰਤੂ ਹੋ ਜਾਂਦੀ ਹੈ। (ਦੱਸੋ ਉਸਦੀ ਸਿਆਣਪ ਕਿਸ ਕੰਮ ਆਈ? ਕਿਸੇ ਕੰਮ ਨਹੀਂ)।

੬. ਉਸ ਦੀਆਂ ਇੱਛਾਵਾਂ ਬਹੁਤ ਵੱਡੀਆਂ-ਵੱਡੀਆਂ ਹੁੰਦੀਆਂ ਹਨ, ਪਰ ਉਹ ਬੰਦਾ ਫ਼ੌਜਾਂ, ਅਹਿਲਕਾਰਾਂ, ਚੋਬਦਾਰਾਂ ਆਦਿਕ ਸਭ ਨੂੰ ਛੱਡ ਕੇ ਜਮ ਦੀ ਪੁਰੀ ਵਲ ਨੂੰ ਟੁਰ ਪੈਂਦਾ ਹੈ, ਭਾਵ ਪ੍ਰਲੋਕ ਗਮਨ ਕਰ ਜਾਂਦਾ ਹੈ। (ਇਸ ਲਈ ਹੇ ਭਾਈ) ਉਸ ਸਿਆਣੇ ਦੀ ਸਿਆਣਪ ਅਧੂਰੀ ਹੀ ਰਹਿ ਜਾਂਦੀ ਹੈ।੨।

ਪ੍ਰ: ਸ੍ਰੀ ਜੀਉ! ਜੋ ਲੋਕ ਤਿਆਗੀ ਹਨ, ਉਹ ਤਾਂ ਇਨ੍ਹਾਂ ਸਾਰਿਆਂ ਝਮੇਲਿਆਂ ਤੋਂ ਛੁਟਕਾਰਾ ਪਾ ਚੁੱਕੇ ਹੋਣਗੇ?

ਉ: ੭. ਹੇ ਭਾਈਓ! ਦੂਜੇ ਪਾਸੇ ਉਨ੍ਹਾਂ ਦੀ ਦਸ਼ਾ ਵਲ ਭੀ ਤੱਕ ਲਓ, ਜਿਨ੍ਹਾਂ ਨੂੰ ਤੁਸੀਂ ਤਿਆਗੀ ਸਮਝੀ ਬੈਠੇ ਹੋ। ਵੇਖੋ, ਇਕ ਬੰਦਾ ਆਪਣੇ ਮਨ ਦੇ ਹੱਠ ਦੀ ਪਕਿਆਈ ਦੇ ਆਸਰੇ ਆਪ ਨੂੰ ਇਕੋ ਦੇ ਹੋਣ ਦਾ ਦਾਅਵਾ ਕਰਦਾ ਹੈ, ਉਹ ਮਾਇਆ ਵਾਲਾ ਪਾਸਾ ਛੱਡ ਕੇ, ਭਾਵ ਗ੍ਰਹਿਸਤ ਨੂੰ ਤਿਆਗ ਕੇ ਇਸ ਕੰਮ ਨੂੰ ਬਹੁਤ ਸਰੇਸ਼ਟ ਜਾਣ ਕੇ ਤਿਆਗੀ ਬਣਿਆ ਹੋਇਆ ਆਪਣੇ ਆਪ ਨੂੰ ਵੱਡਾ ਕਰ-ਕਰ ਕੇ ਜਣਾਉਂਦਾ ਹੈ ਕਿ ਮੈਂ ਤਿਆਗੀ ਹਾਂ।

੮. ਪਰ ਉਸਦੀ ਮਾਨਸਕ ਡਾਵਾਂਡੋਲ ਦਸ਼ਾ ਵਲ ਤੱਕੋ ਕਿ ਜੋ ਗ੍ਰਹਿਸਤ ਨਿੰਦਣ ਜੋਗ ਨਹੀਂ ਸੀ, ਉਸਨੂੰ ਨਿੰਦਣ ਜੋਗ ਮਿੱਥ ਕੇ ਤਿਆਗ ਦੇਂਦਾ ਹੈ, ਪਰ (ਤਿਆਗ ਕੇ ਭੀ) ਮੁੜ-ਮੁੜ ਉਨ੍ਹਾਂ ਗ੍ਰਹਿਸਤੀਆਂ ਦੇ ਘਰਾਂ ਵਿਚੋਂ (ਹਰਿਕ ਚੀਜ਼) ਲੈ-ਲੈ ਕੇ ਖਾਂਦਾ ਹੈ।੩।

ਪ੍ਰ: ਹਜ਼ੂਰ ਜੀ! ਕੀ ਇਹ ਜਮਾਂ ਦੀ ਫਾਹੀ ਅੰਤ ਨੂੰ ਹਰ ਇਕ ਦੇ ਗਲੇ ਵਿਚ ਪਏਗੀ?

ਉ: ੯. (ਨਹੀਂ) ਹੇ ਸੱਜਨੋ! ਇਉਂ ਜਾਣੋ ਕਿ ਨਾ ਹੀ ਧਨ ਪਦਾਰਥ ਦਾ 'ਕੱਠਾ ਕਰਨਾ ਅਤੇ ਨਾ ਹੀ ਗ੍ਰਹਿਸਤ ਦੇ ਤਿਆਗ ਦਾ ਮਾਣ ਕਿਸੇ ਕੰਮ ਆਉਂਦਾ ਹੈ, ਪਰ ਹਾਂ! ਜਿਸ ਮਨੁੱਖ ਉੱਤੇ ਉਹ ਮੇਰੇ ਸਾਈਂ ਜੀ ਸਹਿਜ ਸੁਭਾਉ ਦਿਆਲੂ ਹੋ ਗਏ, ਉਸ ਦੀ ਅੰਤ ਨੂੰ ਜਮਾਂ ਦੀ ਫਾਹੀ ਕੱਟ ਦਿਤੀ।

ਪ੍ਰ: ਕਿਉਂ ਜੀ! ਕੀ ਤੁਸੀਂ ਗ੍ਰਹਿਸਤ ਮਾਰਗ ਨੂੰ ਉੱਤਮ ਜਾਣਦੇ ਹੋ ਜਾਂ ਕਿ ਤਿਆਗ ਨੂੰ?

ਉ: ੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਸੱਚੀ ਗੱਲ ਤਾਂ ਇਉਂ ਸਮਝੋ ਕਿ ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਗਿਆ, ਉਹ ਗ੍ਰਹਿਸਤ ਵਿਚ ਰਹਿੰਦਾ ਹੋਇਆ ਹੀ ਮਾਇਆ ਦੇ ਮੋਹ ਵਲੋਂ ਨਿਰਲੇਪ ਜੀਵਨ ਗੁਜ਼ਾਰਦਾ ਹੋਇਆ ਪ੍ਰਭੂ ਦੇ ਦਰ ਵਿਚ ਕਬੂਲ ਹੋ ਜਾਂਦਾ ਹੈ।੪।੪।੫।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਜੀ ਨੇ ਇਸ ਮਨੁੱਖ ਦੀਆਂ ਆਪਣੀਆਂ ਸਿਆਣਪਾਂ, ਚਤੁਰਾਈਆਂ ਤੇ ਤਾਕਤਾਂ ਨੂੰ ਅਸਮਰੱਥ ਦਿਖਾਇਆ ਹੈ, ਪਰ ਜੋ ਕੁਝ ਹੋ ਰਿਹਾ ਹੈ, ਉਹ ਉਸ ਸਾਈਂ ਜੀ ਦੇ ਮਿੱਥੇ ਹੋਏ ਅਨੁਸਾਰ ਹੀ ਹੁੰਦਾ ਹੈ, ਇਸ ਭਾਵ ਨੂੰ ਕਈ ਮਿਸਾਲਾਂ ਦੇ ਕੇ ਸਿੱਧ ਕੀਤਾ ਗਿਆ ਹੈ। ਅੰਤ ਵਿਚ ਸਿਧਾਂਤ ਇਹ ਨਿਰੂਪਨ ਕੀਤਾ ਹੈ ਕਿ ਜਿਸਨੂੰ ਪੂਰੇ ਗੁਰੂ ਦਾ ਮਿਲਾਪ ਹੋ ਗਿਆ, ਉਹ ਭਾਵੇਂ ਗ੍ਰਹਿਸਤੀ ਹੈ, ਭਾਵੇਂ ਉਦਾਸੀ ਹੈ, ਰੱਬੀ ਦਰਬਾਰ ਵਿਚ ਕਬੂਲ ਪਏਗਾ।

ਗੂਜਰੀ ਮਹਲਾ ੫ ॥

੧. ਨਾਮੁ ਨਿਧਾਨੁ ਜਿਨਿ ਜਨਿ ਜਪਿਓ
ਤਿਨ ਕੇ ਬੰਧਨ ਕਾਟੇ ॥

੨. ਕਾਮ ਕ੍ਰੋਧ ਮਾਇਆ ਬਿਖੁ ਮਮਤਾ
ਇਹ ਬਿਆਧਿ ਤੇ ਹਾਟੇ ॥੧॥
੩. ਹਰਿ ਜਸੁ ਸਾਧਸੰਗਿ ਮਿਲਿ ਗਾਇਓ ॥
੪. ਗੁਰ ਪਰਸਾਦਿ ਭਇਓ ਮਨੁ ਨਿਰਮਲੁ
ਸਰਬ ਸੁਖਾ ਸੁਖ ਪਾਇਅਉ ॥੧॥ ਰਹਾਉ ॥
੫. ਜੋ ਕਿਛੁ ਕੀਓ ਸੋਈ ਭਲ ਮਾਨੈ
ਐਸੀ ਭਗਤਿ ਕਮਾਨੀ ॥
੬. ਮਿਤ੍ਰ ਸਤ੍ਰੁ ਸਭ ਏਕ ਸਮਾਨੇ
ਜੋਗ ਜੁਗਤਿ ਨੀਸਾਨੀ ॥੨॥
੭. ਪੂਰਨ ਪੂਰਿ ਰਹਿਓ ਸ੍ਰਬ ਥਾਈ
ਆਨ ਨ ਕਤਹੂੰ ਜਾਤਾ ॥
੮. ਘਟ ਘਟ ਅੰਤਰਿ ਸਰਬ ਨਿਰੰਤਰਿ
ਰੰਗਿ ਰਵਿਓ ਰੰਗਿ ਰਾਤਾ ॥੩॥
੯. ਭਏ ਕ੍ਰਿਪਾਲ ਦਇਆਲ ਗੁਪਾਲਾ
ਤਾ ਨਿਰਭੈ ਕੈ ਘਰਿ ਆਇਆ ॥
੧੦. ਕਲਿ ਕਲੇਸ ਮਿਟੇ ਖਿਨ ਭੀਤਰਿ
ਨਾਨਕ ਸਹਜਿ ਸਮਾਇਆ ॥੪॥੫॥੬॥

ਪਦ ਅਰਥ : ਨਿਧਾਨੁ—ਖ਼ਜ਼ਾਨਾ। ਜਿਨਿ—ਜਿਸਨੇ। ਜਨਿ—ਜਨ ਨੇ। ਜਿਨਿ ਜਨਿ—ਜਿਸ ਮਨੁੱਖ ਨੇ। ਬਿਖੁ—ਜ਼ਹਿਰ। ਮਾਇਆ ਬਿਖੁ—ਆਤਮਕ ਮੌਤ ਲਿਆਣ ਵਾਲੀ ਮਾਇਆ। ਬਿਆਧਿ—ਰੋਗ, ਦੁੱਖ ਆਦਿਕ। ਤੇ—ਤੋਂ।੧। ਮਿਲਿ—ਮਿਲਿ ਕੇ। ਸੰਗਿ—ਸੰਗਤ ਵਿਚ। ਪਰਸਾਦਿ—ਕਿਰਪਾ ਨਾਲ। ਸਰਬ—ਸਾਰੇ।੧।ਰਹਾਉ। ਕੀਓ—(ਪਰਮੇਸ਼ਰ) ਨੇ ਕੀਤਾ। ਭਲ—ਭਲਾ। ਮਾਨੈ—ਮੰਨਦਾ ਹੈ। ਕਮਾਨੀ—ਕਮਾਂਦਾ ਹੈ। ਸਤ੍ਰ—ਵੈਰੀ। ਏਕ ਸਮਾਨੇ—ਇਕੋ ਜਿਹੇ। ਜੋਗ—ਮਿਲਾਪ। ਜੁਗਤਿ—ਢੰਗ।੨। ਪੂਰਨ—ਸਰਬ ਵਿਆਪਕ। ਸ੍ਰਬ ਥਾਈ—ਸਰਬ ਥਾਈਂ, ਸਭ ਥਾਵਾਂ ਵਿਚ। ਆਨ—(ਪਰਮੇਸ਼ਰ ਤੋਂ ਬਿਨਾ) ਹੋਰ ਕੋਈ। ਕਤਹੂੰ—ਕਿਤੇ ਵੀ। ਜਾਤਾ—ਪਛਾਣਿਆ, ਸਮਝਿਆ। ਅੰਤਰਿ—ਅੰਦਰ। ਨਿਰੰਤਰਿ—ਬਿਨਾ ਵਿਥ ਦੇ। ਰੰਗਿ—ਪ੍ਰੇਮ ਵਿਚ ਰਾਤਾ—ਮਸਤ। ਗੁਪਾਲਾ—ਸ੍ਰਿਸ਼ਟੀ ਦਾ ਰਾਖਾ ਪ੍ਰਭੂ। ਘਰਿ—ਘਰ ਵਿਚ। ਨਿਰਭੈ ਕੈ ਘਰਿ—ਨਿਡਰ ਪ੍ਰਭੂ ਦੇ ਚਰਨਾਂ ਵਿਚ। ਕਲਿ ਕਲੇਸ—ਝਗੜੇ, ਦੁੱਖ, ਕਲਜੁਗ ਵਿਚ ਵਾਪਰ ਰਹੇ ਦੁੱਖ। ਭੀਤਰਿ—ਵਿਚਿ। ਸਹਜਿ—(ਸਰੂਪ) ਵਿਚ, ਗਿਆਨ ਸਰੂਪ (ਵਾਹਿਗੁਰੂ) ਵਿਚ।੪।

ਅਰਥ :

ਪ੍ਰ: ਹੇ ਗੁਰੋ! ਇਹ ਜੰਮਣ ਮਰਨ ਦੇ ਬੰਧਨ ਕੱਟਣੇ ਬਹੁਤ ਕਠਨ ਹਨ, ਕੋਈ ਸਾਧਨ ਹੈ, ਜਿਸ ਰਾਹੀਂ ਕੱਟੇ ਜਾ ਸਕਣ?

ਉ: ੧. (ਹਾਂ ਜ਼ਰੂਰ ਹੈ) ਹੇ ਭਾਈ! ਸਾਈਂ ਜੀ ਦਾ ਨਾਮ ਸੁੱਖਾਂ ਦਾ ਖ਼ਜ਼ਾਨਾ ਹੈ। ਜਿਸ-ਜਿਸ ਮਨੁੱਖ ਨੇ ਵੀ ਇਸ ਨੂੰ ਜਪਿਆ ਹੈ, ਉਨ੍ਹਾਂ ਦੇ ਇਹ ਜੰਮਣ ਮਰਨ ਦੇ ਕਠਨ ਬੰਧਨ ਵਾਹਿਗੁਰੂ ਜੀ ਨੇ ਕੱਟ ਦਿੱਤੇ ਹਨ।

ਪ੍ਰ: ਹਜ਼ੂਰ! ਇਨ੍ਹਾਂ ਦੇ ਬੰਧਨ ਕੱਟੇ ਜਾਣ ਦਾ ਕਾਰਣ ਕੀ ਬਣਿਆ?

ਉ: ੨. ਹੇ ਭਾਈਓ! ਉਹ ਕਾਮ ਕ੍ਰੋਧ ਮਾਇਆ ਦੀਆਂ ਜ਼ਹਿਰ ਰੂਪ ਬਿਆਧੀਆਂ ਤੋਂ ਨਾਮ ਦੇ ਪ੍ਰਤਾਪ ਕਰਕੇ ਪਰੇ ਹਟ ਗਏ ਸਨ।੧।

੩. ਇਨ੍ਹਾਂ ਬਿਆਧੀਆਂ ਵਲੋਂ ਹਟ ਕੇ ਫਿਰ ਉਨ੍ਹਾਂ ਨੇ ਸਾਧ ਸੰਗਤ ਵਿਚ ਮਿਲ ਕੇ ਹਰੀ ਦਾ ਜਸ ਗਾਇਆ ਸੀ।

੪. (ਸੋ) ਗੁਰੂ ਦੀ ਕਿਰਪਾ ਨਾਲ ਉਨ੍ਹਾਂ ਦਾ ਮਨ ਨਿਰਮਲ ਹੋ ਗਿਆ ਅਤੇ ਉਨ੍ਹਾਂ ਨੇ ਸਰਬ ਸੁੱਖਾਂ ਦਾ ਸ਼ਰੋਮਣੀ ਸੁੱਖ ਪਾ ਲਿਆ।੧।ਰਹਾਉ।

੫. ਹੇ ਭਾਈ! ਗੁਰਾਂ ਦੀ ਕਿਰਪਾ ਦੁਆਰਾ ਉਨ੍ਹਾਂ ਨੇ ਐਸੀ ਭਗਤੀ ਦੀ ਕਾਰ ਕੀਤੀ ਹੈ ਕਿ ਜੋ ਵੀ ਕੁਛ ਪ੍ਰਭੂ ਨੇ ਕੀਤਾ ਹੈ, ਉਨ੍ਹਾਂ ਨੇ ਉਸੇ ਨੂੰ ਹੀ ਭਲਾ ਕਰ ਕੇ ਮੰਨਿਆ ਹੈ। ਭਾਵ ਉਹ ਸਦਾ ਹੀ ਰੱਬ ਦੀ ਰਜ਼ਾ ਵਿਚ ਪ੍ਰਸੰਨ ਰਹਿੰਦੇ ਹਨ।

੬. ਉਨ੍ਹਾਂ ਦੀ ਹੁਣ ਮਾਨਸਕ ਅਵਸਥਾ ਐਸੀ ਹੋ ਗਈ ਹੈ ਕਿ ਉਨ੍ਹਾਂ ਨੂੰ ਮਿੱਤ੍ਰ ਤੇ ਵੈਰੀ ਇਕ ਸਮਾਨ ਹੀ ਹੋ ਗਏ ਹਨ, ਇਹੋ ਹੀ ਪਰਮਾਤਮਾ ਦੇ ਮਿਲਾਪ ਦਾ ਤਰੀਕਾ ਹੈ। ਇਹੋ ਹੀ ਪ੍ਰਭੂ ਦੇ ਮਿਲਾਪ ਦੀ ਨਿਸ਼ਾਨੀ ਹੈ।੨।

੭. ਹੇ ਪਿਆਰੇ! ਜਿਨ੍ਹਾਂ ਨੇ ਸਾਧ ਸੰਗਤ ਵਿਚ ਮਿਲ ਕੇ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕੀਤੀ ਹੈ, ਉਸ ਨੂੰ ਇਹ ਸੋਝੀ ਆ ਗਈ ਹੈ ਕਿ ਉਹ ਸਰਵ ਵਿਆਪਕ ਸਾਈਂ ਜੀ ਸਭਨਾਂ ਥਾਵਾਂ ਵਿਚ ਮੌਜੂਦ ਹੈ, ਉਸ ਪ੍ਰਭੂ ਤੋਂ ਛੁੱਟ ਉਨ੍ਹਾਂ ਨੇ ਹੋਰ ਕੁਝ ਤੇ ਹੋਰ ਕੋਈ ਕਿਤੇ ਜਾਣਿਆ ਹੀ ਨਹੀਂ (ਭਾਵ ਹੈ ਕਿ ਉਨ੍ਹਾਂ ਦੀ ਬ੍ਰਹਮ ਦ੍ਰਿਸ਼ਟੀ ਹੋ ਗਈ ਹੈ।)

੮. (ਜਿਸ ਬ੍ਰਹਮ ਦ੍ਰਿਸ਼ਟੀ ਦੀ ਬਰਕਤ ਨਾਲ) ਉਸ ਨੂੰ ਉਹ ਬ੍ਰਹਮ ਹਰੇਕ ਸਰੀਰ ਵਿਚ ਇਕ ਰਸ ਸਾਰਿਆਂ ਵਿਚ ਹੀ ਵਸਦਾ ਦਿੱਸ ਰਿਹਾ ਹੈ, ਉਹ ਪੁਰਸ਼ ਹੁਣ ਪ੍ਰਭੂ ਦੇ ਪ੍ਰੇਮ ਰੰਗ ਵਿਚ ਅਨੰਦ ਮਾਣਦਾ ਹੈ ਅਤੇ ਉਸੇ ਦੇ ਪ੍ਰੇਮ ਵਿਚ ਮਸਤ ਰਹਿੰਦਾ ਹੈ।੩।

ਪ੍ਰ: ਕਿਉਂ ਜੀ! ਇਸ ਪ੍ਰਾਪਤੀ ਲਈ ਉਸ ਨੂੰ ਤਾਂ ਕਈ ਸਾਧਨ ਕਰਨੇ ਪਏ ਹੋਣਗੇ?

ਉ: ੯. ਹੇ ਸੱਜਨੋ! ਇਹ ਪ੍ਰਾਪਤੀ ਕਿਸੇ ਦੇ ਆਪਣੇ ਸਾਧਨਾਂ ਨਾਲ ਨਹੀਂ ਮਿਲਦੀ, ਇਹ ਤਾਂ ਜਦੋਂ ਉਸ ਉੱਤੇ ਦਿਆਲੂ ਗੁਪਾਲ (ਵਾਹਿਗੁਰੂ ਜੀ) ਕਿਰਪਾਲੂ ਹੋ ਗਏ ਤਾਂ ਉਹ ਨਿਰਭਉ ਦੇ ਘਰ ਵਿਚ ਆ ਵਸਿਆ, ਭਾਵ ਹੈ ਕਿ ਉਹ ਨਿਰਭੈ ਪਦ ਨੂੰ ਪਹੁੰਚ ਗਿਆ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਬਸ, ਹੁਣ ਉਸ ਦੇ ਅੰਦਰੋਂ ਇਕ ਖਿਨ ਵਿਚ ਦੁੱਖ-ਕਲੇਸ਼ ਮਿਟ ਜਾਂਦੇ ਹਨ ਅਤੇ ਉਹ ਮਨੁੱਖ ਆਤਮਕ ਅਡੋਲਤਾ ਵਿਚ (ਸਦਾ ਹੀ) ਲੀਨ ਰਹਿੰਦਾ ਹੈ।੪।੫।੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਮਨੁੱਖ ਦੇ ਜੰਮਣ ਮਰਨ ਦੇ ਅਕੱਟ ਬੰਧਨਾਂ ਨੂੰ ਕੱਟਣ ਦਾ ਸਾਧਨ ਕੇਵਲ ਹਰੀ ਦਾ ਇਕ ਨਾਮ ਨਿਧਾਨ ਹੀ ਉੱਤਮ ਸਾਧਨ ਦੱਸ ਰਹੇ ਹਨ। ਇਸੇ ਨਾਮ ਨਿਧਾਨ ਦੀ ਬਰਕਤ ਨਾਲ ਕਾਮਾਦਿਕ ਬਿਆਧੀਆਂ ਦੂਰ ਹੋ ਜਾਂਦੀਆਂ ਹਨ। ਇਸ ਲਈ ਸਾਧ ਸੰਗਤ ਵਿਚ ਮਿਲ ਕੇ ਉਸੇ ਪ੍ਰਭੂ ਜੀ ਦੀ ਸਿਫ਼ਤਿ-

ਸਾਲਾਹ ਦੇ ਗੀਤ ਗਾਉਂਦੇ ਰਹਿਣਾ ਚਾਹੀਦਾ ਹੈ, ਜਿਸ ਦੁਆਰਾ ਮਨ ਪਵਿੱਤਰ ਹੁੰਦਾ ਹੈ। ਮਨ ਦੀ ਪਵਿੱਤਰਤਾਈ ਹੀ ਮਨੁੱਖ ਨੂੰ ਸਦੀਵੀ ਸੁੱਖ ਵਿਚ ਰੱਖਦੀ ਹੈ।

ਗੂਜਰੀ ਮਹਲਾ ੫ ॥

੧. ਜਿਸੁ ਮਾਨੁਖ ਪਹਿ ਕਰਉ ਬੇਨਤੀ
ਸੋ ਅਪਨੈ ਦੁਖਿ ਭਰਿਆ ॥
੨. ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ
ਤਿਨਿ ਭਉ ਸਾਗਰੁ ਤਰਿਆ ॥੧॥
੩. ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ ॥
੪. ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈਐ
ਤਿਤੁ ਮਾਨੁ ਮਹਤੁ ਜਸੁ ਘਾਟੈ ॥੧॥ ਰਹਾਉ ॥
੫. ਮਾਇਆ ਕੇ ਸਨਬੰਧ ਸੈਨ ਸਾਕ
ਕਿਤ ਹੀ ਕਾਮਿ ਨ ਆਇਆ ॥
੬. ਹਰਿ ਕਾ ਦਾਸੁ ਨੀਚ ਕੁਲੁ ਊਚਾ
ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥੨॥
੭. ਲਾਖ ਕੋਟਿ ਬਿਖਿਆ ਕੇ ਬਿੰਜਨ
ਤਾ ਮਹਿ ਤ੍ਰਿਸਨ ਨ ਬੂਝੀ ॥
੮. ਸਿਮਰਤ ਨਾਮੁ ਕੋਟਿ ਉਜੀਆਰਾ
ਬਸਤੁ ਅਗੋਚਰ ਸੂਝੀ ॥੩॥
੯. ਫਿਰਤ ਫਿਰਤ ਤੁਮ੍ਰੈ ਦੁਆਰਿ ਆਇਆ
ਭੈ ਭੰਜਨ ਹਰਿ ਰਾਇਆ ॥
੧੦. ਸਾਧ ਕੇ ਚਰਨ ਧੂਰਿ ਜਨੁ ਬਾਛੈ
ਸੁਖੁ ਨਾਨਕ ਇਹੁ ਪਾਇਆ ॥੪॥੬॥੭॥

ਪਦ ਅਰਥ : ਪਹਿ—ਪਾਸ, ਕੋਲ। ਕਰਉ—ਕਰਉਂ, ਮੈਂ ਕਰਦਾ ਹਾਂ। ਦੁਖਿ—ਦੁੱਖ ਨਾਲ। ਜਿਨਿ—ਜਿਸ ਮਨੁੱਖ ਨੇ। ਰਿਦੈ—ਹਿਰਦੇ ਵਿਚ। ਤਿਨਿ—ਉਸ ਨੇ। ਭਉ—ਡਰ। ਸਾਗਰੁ—ਸਮੁੰਦਰ, ਸੰਸਾਰ ਰੂਪੀ ਸਮੁੰਦਰ।੧। ਕੋ ਨ—ਕੋਈ ਨਹੀਂ। ਬ੍ਰਿਥਾ—ਪੀੜਾ, ਦਰਦ। ਤਜਿ—ਛੱਡ ਕੇ। ਅਵਰ ਸੇਵਕੁ—ਕਿਸੇ ਹੋਰ ਦਾ ਸੇਵਕ। ਹੋਈਐ—ਬਣ ਜਾਈਏ। ਤਿਤੁ—ਉਸ (ਕੰਮ) ਵਿਚ। ਮਹਤੁ—ਵਡਿਆਈ। ਜਸੁ—ਸੋਭਾ। ਘਾਟੈ—ਘਟਦੀ ਹੈ।੧।ਰਹਾਉ। ਕਿਤਹੀ ਕਾਮਿ—ਕਿਸੇ ਵੀ ਕੰਮ ਵਿਚ। ਸੰਗਿ—ਨਾਲ। ਬਾਂਛਤ—ਇੱਛਤ।੨। ਬਿਖਿਆ—ਮਾਇਆ। ਤ੍ਰਿਸਨ—ਤ੍ਰੇਹ। ਕੋਟ ਉਜੀਆਰਾ—ਕਰੋੜਾਂ ਸੂਰਜਾਂ ਦਾ ਚਾਨਣ। ਬਸਤੁ—ਸ਼ੈਅ। ਅਗੋਚਰ—ਜਿਸ ਤਕ ਗਿਆਨ-ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ। ਸੂਝੀ—ਦਿੱਸ ਪੈਂਦੀ ਹੈ।੩। ਦੁਆਰਿ—ਦਰ 'ਤੇ। ਭੈ ਭੰਜਨ—ਹੇ ਸਾਰੇ ਡਰ ਦੂਰ ਕਰਨ ਵਾਲੇ! ਹਰਿ ਰਾਇਆ—ਹੇ ਪ੍ਰਭੂ ਪਾਤਸ਼ਾਹ! ਚਰਨਾਂ ਧੂਰਿ—ਚਰਨਾਂ ਦੀ ਧੂੜ। ਬਾਛੈ—ਲੋਚਦਾ ਹੈ, ਮੰਗਦਾ ਹੈ। ਜਨੁ—ਦਾਸ, ਮਨੁੱਖ।੪।

ਅਰਥ :

ਪ੍ਰ: ਹੇ ਗੁਰਦੇਵ ਜੀਉ! ਮੈਂ ਇਸ ਸੰਸਾਰ ਵਿਚ ਬਹੁਤ ਦੁਖੀਆ ਹਾਂ, ਪਰ ਮੈਂ ਜਦੋਂ ਭੀ ਆਪਣੇ ਕਿਸੇ ਦੁੱਖ ਦੀ ਨਵਿਰਤੀ ਲਈ ਕਿਸੇ ਮਿੱਤਰ ਮਨੁੱਖ ਪਾਸ ਜਾ ਕੇ ਬੇਨਤੀ ਕਰਦਾ ਹਾਂ, ਉਸ ਪਾਸੋਂ ਮੇਰਾ ਕੋਈ ਵੀ ਦੁੱਖ ਦੂਰ ਨਹੀਂ ਹੁੰਦਾ, ਇਸਦਾ ਕੀ ਕਾਰਣ ਹੈ?

ਉ: ੧. ਹੇ ਮਿੱਤਰ ਜਨ! ਪਹਿਲੋਂ ਮੈਂ ਵੀ ਇਸੇ ਖ਼ਿਆਲ ਵਿਚ ਸਾਂ, ਪਰ ਮੈਨੂੰ ਇਸ ਵਾਰ ਹਰ ਇਕ ਮਿੱਤਰ ਪਾਸੋਂ ਨਿਰਾਸਤਾ ਹੀ ਵੇਖਣੀ ਪਈ। ਆਖ਼ਰ ਮੈਂ ਸੋਚਿਆ ਕਿ ਹੇ ਮੇਰੇ ਮਨਾ! ਤੂੰ ਵੇਖ, ਮੈਂ ਆਪਣੇ ਦੁੱਖਾਂ ਦੀ ਨਵਿਰਤੀ ਲਈ ਜਿਸ ਵੀ ਮਨੁੱਖ ਪਾਸ ਜਾ ਕੇ ਗੱਲ ਕਰਦਾ ਹਾਂ, ਉਹ ਮੈਨੂੰ ਅੱਗੋਂ ਆਪਣੇ ਦੁੱਖਾਂ ਨਾਲ (ਮੈਥੋਂ ਵੀ ਵਧੇਰੇ) ਭਰਿਆ ਦਿੱਸਦਾ ਹੈ (ਦੱਸ ਉਹ ਮੇਰਾ ਦੁੱਖ ਕੀ ਨਵਿਰਤ ਕਰੇ?)

ਪ੍ਰ: ਕਿਉਂ ਜੀ! ਆਖ਼ਰ ਤੁਸੀਂ ਇਨ੍ਹਾਂ ਸੰਸਾਰਕ ਦੁੱਖਾਂ ਦੀ ਨਵਿਰਤੀ ਦਾ ਸਾਧਨ ਕੀ ਸੋਚਿਆ ਹੈ?

ਉ: ੨. ਹੇ ਪਿਆਰੇ! ਸੱਚ ਤਾਂ ਇਹੋ ਹੈ ਕਿ ਜਿਸ ਮਨੁੱਖ ਨੇ ਆਪਣੇ ਦਿਲ ਵਿਚ ਉਸ ਪਾਰਬ੍ਰਹਮ ਪਰਮੇਸ਼ਰ ਨੂੰ ਸਿਮਰਿਆ ਹੈ, ਉਸ ਨੇ ਹੀ ਇਸ ਡਰ ਭਰੇ ਸੰਸਾਰ ਸਮੁੰਦਰ ਨੂੰ ਪਾਰ ਕੀਤਾ ਹੈ (ਭਾਵ ਇਹ ਹੈ ਕਿ ਉਹੀ ਕਿਸੇ ਦੂਜੇ ਦਾ ਦੁੱਖ ਕੱਟ ਸਕਦਾ ਹੈ)।੧।

ਪ੍ਰ: ਸ੍ਰੀ ਜੀਉ! ਆਖ਼ਰ ਤੁਹਾਡਾ ਆਪਣਾ ਨਿਸਚਾ ਕੀ ਹੈ?

ਉ: ੩. ਹੇ ਭਾਈਓ! ਸੱਚੀ ਗੱਲ ਤਾਂ ਇਹੋ ਹੀ ਹੈ ਕਿ ਗੁਰੂ ਤੋਂ ਬਿਨਾ ਤੇ ਪਰਮੇਸ਼ਰ ਜੀ ਤੋਂ ਬਿਨਾ ਹੋਰ ਕੋਈ (ਮਨੁੱਖ ਵੀ) ਕਿਸੇ ਦਾ ਦੁੱਖ ਪੀੜਾ ਕੱਟ ਹੀ ਨਹੀਂ ਸਕਦਾ।

੪. ਇਸ ਗੱਲ ਦਾ ਵਿਸ਼ਵਾਸ ਕਰ ਲਓ ਕਿ ਪਰਮੇਸ਼ਰ ਜੀ ਦਾ ਆਸਰਾ ਛੱਡ ਕੇ ਕਿਸੇ ਹੋਰ ਦਾ ਸੇਵਕ ਜਾ ਬਣੀਏ (ਤਾਂ ਇਸ ਤਰ੍ਹਾਂ ਕਰਨ ਨਾਲ ਦੁੱਖ ਤਾਂ ਨਹੀਂ ਘਟਦਾ) ਪਰ ਹਾਂ, ਉਸਦੀ ਇੱਜ਼ਤ, ਵਡਿਆਈ, ਸੋਭਾ ਜ਼ਰੂਰ ਘਟ ਜਾਇਆ ਕਰਦੀ ਹੈ।੧।ਰਹਾਉ।

ਪ੍ਰ: ਹੇ ਗੁਰੋ! ਮੈਂ ਤਾਂ ਕਈ ਵਾਰ ਇਸ ਤਰ੍ਹਾਂ ਵੀ ਸੋਚਣ ਲੱਗ ਪੈਂਦਾ ਹਾਂ ਕਿ ਮੇਰੇ ਕਿਤਨੇ ਹੀ ਸਾਕ ਸੰਬੰਧੀ ਹਨ, ਉਹ ਦੁੱਖਾਂ ਦੀ ਨਵਿਰਤੀ ਕਰਨ ਵਿਚ ਮੇਰੇ ਜ਼ਰੂਰ ਕੰਮ ਆਉਣਗੇ?

ਉ: ੫. ਹੇ ਪਿਆਰਿਆ! ਇਹ ਤੇਰਾ ਖ਼ਿਆਲ ਗ਼ਲਤ ਹੈ, ਤੂੰ ਆਪ ਹੀ ਵੀਚਾਰ ਕਰ ਕੇ ਵੇਖ ਲੈ ਕਿ ਮਾਇਆ ਦੇ ਵਾਸਤੇ ਇਹ ਜੋ ਸਾਕ, ਸੱਜਣ, ਰਿਸ਼ਤੇਦਾਰ ਬਣੇ ਹੋਏ ਦਿੱਸਦੇ ਹਨ, (ਨਿਸਚਾ ਕਰ ਲੈ ਕਿ ਇਨ੍ਹਾਂ ਵਿਚੋਂ) ਦੁੱਖਾਂ ਦੀ ਨਵਿਰਤੀ ਵਾਸਤੇ ਕਿਸੇ ਨੇ ਵੀ ਤੇਰੇ ਕੰਮ ਨਹੀਂ ਆਉਣਾ।

ਪ੍ਰ: ਹੇ ਗੁਰੋ! ਤਾਂ ਫਿਰ ਤੁਸੀਂ ਆਪ ਦੱਸ ਦਿਓ ਕਿ ਮੈਂ ਆਪਣੇ ਮਨ ਦੀ ਇੱਛਾ ਪੂਰਤੀ ਲਈ ਕਿਸ ਦੀ ਆਸ ਰੱਖਾਂ?

ਉ: ੬. ਐ ਪਿਆਰਿਆ! ਇਕ ਪਰਮੇਸ਼ਰ ਜੀ ਦਾ ਦਾਸ ਹੀ ਹੈ, ਉਹ ਭਾਵੇਂ ਨੀਵੀਂ ਕੁੱਲ ਵਿਚ ਵੀ ਕਿਉਂ ਨਾ ਹੋਵੇ, ਉਸੇ ਨੂੰ ਸ੍ਰੇਸ਼ਟ (ਸਮਝੋ), ਉਸ ਦੀ ਸੰਗਤ ਵਿਚ ਰਹਿੰਦਿਆਂ ਮਨ ਇੱਛਤ ਫਲ ਪ੍ਰਾਪਤ ਕਰ ਲਈਦਾ ਹੈ।੨।

ਪ੍ਰ: ਗੁਰਦੇਵ ਜੀਉ! ਵੇਖਣ ਵਿਚ ਆਉਂਦਾ ਹੈ ਕਿ ਮਾਇਆਧਾਰੀ ਲੋਕ ਭੀ ਤਾਂ ਜੋ ਚਾਹੁਣ ਉਹ ਮਾਇਆ ਨਾਲ ਮਨ ਇੱਛਤ

ਪਦਾਰਥਾਂ ਦੀ ਪ੍ਰਾਪਤੀ ਕਰ ਹੀ ਲੈਂਦੇ ਹਨ, ਤਾਂ ਕੀ ਇਹ ਚੰਗਾ ਨਹੀਂ ਕਿ ਬਹੁਤੀ ਮਾਇਆ ਇਕੱਤ੍ਰ ਕਰ ਲਈ ਜਾਵੇ ?

ਉ: ੭. ਹੇ ਭਰਾਵੋ ਸੁਣੋ ! ਜੇਕਰ ਤੁਸੀਂ ਮਾਇਕੀ ਪਦਾਰਥਾਂ ਦੇ ਭੋਗਾਂ ਨਾਲ ਮਨ ਦੀ ਤ੍ਰਿਪਤੀ ਹੋ ਜਾਣ ਦਾ ਖ਼ਿਆਲ ਕਰੋ, ਤਾਂ ਲੱਖਾਂ ਕਰੋੜਾਂ ਜੋ ਮਾਇਆ ਦੇ ਭੋਜਨ ਅਤੇ ਭੋਗ ਹਨ, ਉਨ੍ਹਾਂ ਵਿਚ ਲਗਿਆਂ ਮਨ ਦੀ ਤ੍ਰਿਸ਼ਨਾ ਨਹੀਂ ਬੁਝਦੀ। (ਸੋ, ਤ੍ਰਿਸ਼ਨਾਲੂ ਮਨ ਸਦਾ ਹੀ ਭਟਕਦਾ ਦੁਖੀਆ ਰਹਿੰਦਾ ਹੈ)

ਪ੍ਰ: ਹਜ਼ੂਰ ਜੀ ! ਤਾਂ ਫਿਰ ਮੈਨੂੰ ਆਪ ਹੀ ਦੱਸ ਦਿਓ ਕਿ ਮੇਰੇ ਹਿਰਦੇ ਵਿਚੋਂ ਇਸ ਅਗਿਆਨ ਅੰਧੇਰੇ ਦੀ ਕਿਵੇਂ ਨਵਿਰਤੀ ਹੋ ਸਕਦੀ ਹੈ ?

ਉ: ੮. ਹੇ ਸੱਜਣਾ ! ਇਉਂ ਨਿਸਚਾ ਕਰ ਕਿ ਨਾਮ ਸਿਮਰਦਿਆਂ (ਹਿਰਦੇ ਅੰਦਰ ਮਾਨੋ) ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਂਦਾ ਹੈ, ਜਿਸ ਦੀ ਰੌਸ਼ਨੀ ਵਿਚ ਅੰਦਰੋਂ ਹੀ ਉਹ ਕੀਮਤੀ ਨਾਮ ਰੂਪੀ ਪਦਾਰਥ ਦਿੱਸ ਪੈਂਦਾ ਹੈ, ਜਿਸ ਦੀ ਬਰਕਤ ਨਾਲ ਉਹ ਪਰਮਾਤਮਾ ਦੇਵ ਜੋ ਗਿਆਨ-ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਉਸ ਦੀ ਸੋਝੀ ਆ ਜਾਂਦੀ ਹੈ (ਭਾਵ ਉਹ ਦਿੱਸ ਪੈਂਦਾ ਹੈ)।੩।

ਪ੍ਰ: ਹੇ ਗੁਰੋ ! ਇਸ ਸੋਝੀ ਦੀ ਪ੍ਰਾਪਤੀ ਲਈ ਕੋਈ ਸਾਧਨ ਵੀ ਦੱਸ ਦਿਓ ?

ਉ: ੯. ਹੇ ਭਰਾਵਾ ! ਅਸਲ ਸਾਧਨ ਇਕੋ ਅਰਦਾਸ ਹੈ, ਜੋ ਇਸ ਤਰ੍ਹਾਂ ਹਮੇਸ਼ਾ ਹੀ ਕਰਦਾ ਰਹੁ ਕਿ ਹੇ ਭੈਅ ਦੂਰ ਕਰਨ ਵਾਲੇ ਹਰੀ ਰਾਜਾ ਰੂਪ ਜੀਓ ! ਮੈਂ ਅਨੇਕਾਂ ਜਨਮ ਜਨਮਾਤ੍ਰਾਂ ਵਿਚ ਫਿਰਦਾ-ਫਿਰਦਾ ਤੁਹਾਡੇ ਬੂਹੇ 'ਤੇ ਚਲ ਕੇ ਆ ਗਿਆ ਹਾਂ।

ਪ੍ਰ: ਤੁਸੀ ਮੰਗਦੇ ਕੀ ਹੋ ?

ਉ: ੧੦. ਹੇ ਪ੍ਰਭੂ ਜੀਉ ! (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਦਾਸ (ਤੇਰੇ ਦਰ ਤੋਂ) ਗੁਰੂ ਦੇ ਚਰਨਾਂ ਦੀ ਧੂੜੀ ਮੰਗਦਾ ਹਾਂ ਤੇ ਤੇਰੇ ਦਰ ਤੋਂ ਇਹੋ ਸੁੱਖ ਪਾਇਆ ਹੈ, (ਭਾਵ ਮੈਨੂੰ ਇਸੇ ਸੁੱਖ ਦੀ ਖ਼ੈਰ ਪਾਉਣੀ)।੪।੬।੭।

ਭਾਵਾਰਥ : ਇਸ ਸ਼ਬਦ ਵਿਚ ਗੁਰਦੇਵ ਜੀ ਨੇ ਹਰ ਇਨਸਾਨ ਨੂੰ ਦੁਖੀਆ ਅਨੁਭਵ ਕਰਦਿਆਂ ਆਪਣੇ ਦੁੱਖਾਂ ਦੀ ਨਵਿਰਤੀ ਲਈ ਉਸ ਪਾਰਗਾਮੀ ਪੁਰਸ਼ ਜੋ ਕਿ ਪਾਰਬ੍ਰਹਮ ਦੀ ਅਰਾਧਨਾ ਕਰਨ ਵਾਲਾ ਹੈ, ਉਸ ਦੀ ਸੰਗਤ ਵਿਚ ਮਿਲ ਕੇ ਜੀਵਨ ਗੁਜ਼ਾਰਨ ਦੀ ਸਾਈਂ ਜੀ ਤੋਂ ਜਾਚਨਾ ਕੀਤੀ ਹੈ, ਕਿਉਂਕਿ ਸੰਸਾਰੀ ਜੀਵ ਹਰੇਕ ਹੀ ਦੁਖੀਆ ਹੈ। ਜਿਸ ਪਾਸੋਂ ਅਸੀਂ ਆਪਣੇ ਇਕ ਦੁੱਖ ਦੀ ਨਵਿਰਤੀ ਲਈ ਇੱਛਾ ਕਰਦੇ ਹਾਂ, ਉਹ ਸਾਨੂੰ ਅਗੋਂ ਆਪਣੇ ਦੁੱਖਾਂ ਦੀਆਂ ਪੰਡਾਂ ਖੋਲ੍ਹ ਬੈਠਦਾ ਹੈ, ਇਸ ਲਈ ਹੇ ਭਾਈ, ਮਾਇਕੀ ਸਾਕ ਸੈਨ ਦੁੱਖਾਂ ਦੀ ਨਵਿਰਤੀ ਕਰਨ ਸਮੇਂ ਕੋਈ ਭੀ ਸਾਥੀ ਨੇੜੇ ਨਹੀਂ ਢੁੱਕਦਾ, ਇਸ ਲਈ ਨਾਮ ਹੀ ਲੋਕ-ਪ੍ਰਲੋਕ ਦਾ ਸਾਥੀ ਹੈ, ਇਸ ਦੀ ਅਰਾਧਨਾ ਕਰਦੇ ਰਹੋ।

ਗੂਜਰੀ ਮਹਲਾ ੫ ਪੰਚਪਦਾ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

੧. ਪ੍ਰਥਮੇ ਗਰਭ ਮਾਤਾ ਕੈ ਵਾਸਾ
ਊਹਾ ਛੋਡਿ ਧਰਨਿ ਮਹਿ ਆਇਆ ॥
੨. ਚਿਤ੍ਰ ਸਾਲ ਸੁੰਦਰ ਬਾਗ ਮੰਦਰ
ਸੰਗਿ ਨ ਕਛਹੂ ਜਾਇਆ ॥੧॥
੩. ਅਵਰ ਸਭ ਮਿਥਿਆ ਲੋਭ ਲਬੀ ॥
੪. ਗੁਰਿ ਪੂਰੈ ਦੀਓ ਹਰਿ ਨਾਮਾ
ਜੀਅ ਕਉ ਏਹਾ ਵਸਤੁ ਫਬੀ ॥੧॥ ਰਹਾਉ ॥
੫. ਇਸਟ ਮੀਤ ਬੰਧਪ ਸੁਤ ਭਾਈ
ਸੰਗਿ ਬਨਿਤਾ ਰਚਿ ਹਸਿਆ ॥
੬. ਜਬ ਅੰਤੀ ਅਉਸਰੁ ਆਇ ਬਨਿਓ ਹੈ
ਉਨ੍ਹ ਪੇਖਤ ਹੀ ਕਾਲਿ ਗ੍ਰਸਿਆ ॥੨॥
੭. ਕਰਿ ਕਰਿ ਅਨਰਥ ਬਿਹਾਝੀ ਸੰਪੈ
ਸੁਇਨਾ ਰੂਪਾ ਦਾਮਾ ॥
੮. ਭਾੜੀ ਕਉ ਓਹੁ ਭਾੜਾ ਮਿਲਿਆ
ਹੋਰੁ ਸਗਲ ਭਇਓ ਬਿਰਾਨਾ ॥੩॥
੯. ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ ॥
੧੦. ਜਬ ਤੇ ਹੋਈ ਲਾਂਮੀ ਧਾਈ
ਚਲਹਿ ਨਾਹੀ ਇਕ ਪੈਰੇ ॥੪॥
੧੧. ਨਾਮੁ ਧਨੁ ਨਾਮੁ ਸੁਖ ਰਾਜਾ ਨਾਮੁ ਕੁਟੰਬ ਸਹਾਈ ॥
੧੨. ਨਾਮੁ ਸੰਪਤਿ ਗੁਰਿ ਨਾਨਕ ਕਉ
ਦੀਈ ਓਹ ਮਰੈ ਨ ਆਵੈ ਜਾਈ ॥੫॥੧॥੮॥

ਪਦ ਅਰਥ : ਪੰਚ ਪਦਾ—ਪੰਜ ਬੰਦਾਂ ਵਾਲਾ ਸ਼ਬਦ। ਪ੍ਰਥਮੇ—ਪਹਿਲਾਂ। ਗਰਭ—ਕੁੱਖ, ਪੇਟ। ਊਹਾ—ਉਹ ਥਾਂ। ਧਰਨਿ—ਧਰਤੀ। ਚਿਤ੍ਰ—ਤਸਵੀਰਾਂ। ਚਿਤ੍ਰਸਾਲ—ਉਹ ਮਕਾਨ ਜਿਸ ਵਿਚ ਮੂਰਤਾਂ ਲੱਗੀਆਂ ਹੋਣ। ਸੰਗਿ—ਨਾਲ। ਕਛਹੂ—ਕੁਝ ਵੀ।੧। ਮਿਥਿਆ—ਝੂਠਾ। ਗੁਰਿ ਪੂਰੈ—ਪੂਰੇ ਗੁਰੂ ਨੇ। ਜੀਅ ਕਉ—ਜਿੰਦ ਵਾਸਤੇ। ਫਬੀ—ਸੁਖਾਵੀਂ।੧।ਰਹਾਉ। ਇਸਟ—ਪਿਆਰੇ। ਬੰਧਪ—ਰਿਸ਼ਤੇਦਾਰ। ਸੁਤ—ਪੁਤ੍ਰ। ਬਨਤਾ—ਇਸਤ੍ਰੀ। ਰਚਿ—ਰਚ ਮਿਚ ਕੇ, ਗੂੜ੍ਹਾ ਪਿਆਰ ਪਾ ਕੇ। ਅੰਤੀ ਅਉਸਰ—ਅਖ਼ੀਰਲਾ ਸਮਾਂ, ਮੌਤ ਦੀ ਘੜੀ। ਕਾਲਿ—ਮੌਤ ਨੇ। ਗ੍ਰਸਿਆ—ਆ ਫੜਿਆ।੨। ਅਨਰਥ—ਪਾਪ, ਮਾੜੇ ਕਰਮ, ਜ਼ੋਰ ਜ਼ੁਲਮ ਦੇ ਕੰਮ, ਧੱਕੇ। ਸੰਪੈ—ਦੌਲਤ। ਰੂਪਾ—ਚਾਂਦੀ। ਦਾਮਾ—ਦਮੜੇ। ਭਾੜੀ—ਮਜ਼ਦੂਰ। ਬਿਹਾਝੀ—ਖ਼ਰੀਦੀ, ਇਕੱਠੀ ਕੀਤੀ।੩। ਹੈਵਰ—ਸੋਹਣੇ ਘੋੜੇ। ਗੈਵਰ—ਸੋਹਣੇ ਹਾਥੀ। ਸੰਬਾਹੇ—ਇਕੱਠੇ ਕੀਤੇ। ਗਹੁ ਕਰਿ—ਧਿਆਨ ਨਾਲ। ਕੀਨੇ ਮੇਰੇ—ਆਪਣੇ ਬਣਾਏ। ਲਾਂਮੀ ਧਾਈ—ਲੰਮਾ ਕੂਚ, ਮੁਹਾਵਰਾ ਹੈ ਮਰਨੇ ਦੇ ਅਰਥ ਵਿਚ। ਸੁਖ ਰਾਜਾ—ਸੁੱਖਾਂ ਦਾ ਰਾਜਾ, ਸੁੱਖ ਦਾਤਾ। ਕੁਟੰਬ—ਪ੍ਰਵਾਰ। ਸਹਾਈ—ਸਾਥੀ। ਸੰਪਤਿ—ਦੌਲਤ। ਗੁਰਿ—ਗੁਰੂ ਨੇ। ਕਉ—ਨੂੰ।੫।

ਅਰਥ :

ਪ੍ਰ: ਹਜ਼ੂਰ ! ਇਸ ਜੀਵ ਦੀ ਪਹਿਲੋਂ ਅਰੰਭਤਾ ਕਿਥੋਂ ਹੁੰਦੀ ਹੈ ?

ਉ: ੧. ਹੇ ਭਾਈਓ ! ਪਹਿਲੋਂ ਤਾਂ ਇਹ ਜੀਵ ਮਾਤਾ ਦੇ ਪੇਟ ਵਿਚ ਆ ਨਿਵਾਸ ਕਰਦਾ ਹੈ, (ਫਿਰ) ਉਹ ਮਾਤਾ ਦੇ ਪੇਟ ਦੀ ਥਾਂ ਨੂੰ ਛੱਡ ਕੇ ਇਸ ਧਰਤੀ 'ਤੇ ਆਉਂਦਾ ਹੈ।

੨. (ਹੁਣ ਇਥੇ ਆ ਕੇ) ਚਿਤ੍ਰੇ ਹੋਏ ਮਹੱਲ ਮਾੜੀਆਂ ਤੇ ਸੋਹਣੇ ਬਾਗ (ਬਗੀਚਿਆਂ) ਨੂੰ ਵੇਖ-ਵੇਖ ਕੇ ਪਿਆ ਖ਼ੁਸ਼ ਹੁੰਦਾ ਹੈ, ਪਰ ਆਖ਼ਰ ਮਰਨ ਸਮੇਂ ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਜੀਵਾਂ ਦੇ ਨਾਲ ਨਹੀਂ ਜਾਂਦੀ।੧।

੩. ਇਸ ਵਾਸਤੇ ! ਹੋਰ ਸਾਰੇ ਜਿਤਨੇ ਵੀ ਲੋਭ ਲਾਲਚ ਹਨ, ਇਹ ਝੂਠੇ ਹਨ।

੪. ਪਰ, ਜੇ ਕਿਸੇ ਮਨੁੱਖ ਨੂੰ ਪੂਰੇ ਗੁਰੂ ਨੇ ਪਰਮੇਸ਼ਰ ਦਾ ਨਾਮ ਦੇ ਦਿੱਤਾ ਹੈ ਤਾਂ ਇਹ ਨਾਮ ਹੀ ਉਸ ਦੀ ਜਿੰਦ ਵਾਸਤੇ ਸੁਖਾਵੀਂ ਚੀਜ਼ ਹੈ, ਇਹੋ ਵਸਤੂ ਸਾਡੇ ਮਨ ਨੂੰ ਢੁੱਕ ਪਈ ਹੈ।੧।ਰਹਾਉ।

ਪ੍ਰ: ਕਿਉਂ ਜੀ ! ਜਿਨ੍ਹਾਂ ਸੰਬੰਧੀਆਂ ਨੂੰ ਅਸੀਂ ਅਨੇਕਾਂ ਕਸ਼ਟਾਂ ਨਾਲ ਪਾਲਦੇ ਪੋਸਦੇ ਹਾਂ, ਕੀ ਇਨ੍ਹਾਂ ਵਿਚੋਂ ਅੰਤ ਨੂੰ ਸਾਡੀ ਕੋਈ ਵੀ ਮਦਦ ਨਹੀਂ ਕਰੇਗਾ ?

ਉ: ੫. ਹੇ ਭਰਾਵੋ ! ਸੁਣੋ, ਜਿਨ੍ਹਾਂ ਪਿਆਰੇ ਮਿੱਤ੍ਰ, ਰਿਸ਼ਤੇਦਾਰ, ਪੁੱਤ੍ਰ, ਭਰਾ, ਇਸਤ੍ਰੀ ਇਨ੍ਹਾਂ ਨਾਲ ਗੂੜ੍ਹਾ ਪਿਆਰ ਪਾ ਕੇ ਇਹ ਜੀਵ ਹੱਸਦਾ ਖੇਡਦਾ ਰਹਿੰਦਾ ਹੈ।

੬. ਪਰ ਜਿਸ ਵੇਲੇ ਅੰਤ ਦਾ ਸਮਾਂ ਆਇਆ ਤਾਂ ਉਨ੍ਹਾਂ ਸਭਨਾਂ ਦੇ ਵੇਖਦਿਆਂ-ਵੇਖਦਿਆਂ ਹੀ ਕਾਲ ਨੇ ਆ ਗ੍ਰਸਿਆ।੨।

੭. ਹੇ ਸੱਜਣੋ ! ਜੋ ਮਾਇਆ ਪਾਪ ਕਰ ਕਰਕੇ ਇਕੱਠੀ ਕੀਤੀ ਸੀ, ਸੋਨਾ, ਚਾਂਦੀ, ਨਕਦੀ (ਰੁਪਏ ਤੇ ਮੋਹਰਾਂ) ਉਹ ਇਸ ਮਾਨੋ ਮਜ਼ਦੂਰੀ ਕੀਤੀ ਸੀ।

੮. ਸੋ ਜਿਵੇਂ ਕਿਸੇ ਨੂੰ ਮਜ਼ਦੂਰੀ ਮਿਲ ਜਾਂਦੀ ਹੈ, ਤਿਵੇਂ ਦੌਲਤ ਇਕੱਠੀ ਕਰਨ ਵਾਲੇ ਨੂੰ ਉਹ ਖਾਣ ਪੀਣ ਰੋਜ਼ ਦੀ ਮਜ਼ਦੂਰੀ ਮਿਲਦੀ ਰਹੀ, ਬਾਕੀ ਸਾਰਾ ਧਨ ਮਰਨ ਵੇਲੇ ਬਿਗਾਨਾ ਹੋ ਜਾਂਦਾ ਹੈ।੩।

੯. ਹੇ ਭਾਈਓ ! ਮਨੁੱਖ ਸੋਹਣੇ ਘੋੜੇ, ਵਧੀਆ ਹਾਥੀ, ਰੱਥ ਆਦਿਕ ਇਕੱਠੇ ਕਰਦਾ ਰਹਿੰਦਾ ਹੈ, ਪੂਰੇ ਧਿਆਨ ਨਾਲ ਇਨ੍ਹਾਂ ਨੂੰ ਆਪਣੀ ਮਲਕੀਅਤ ਬਣਾਂਦਾ ਰਹਿੰਦਾ ਹੈ, ਭਾਵ ਪੂਰੀ ਦਿਲ ਦੀ ਪਕੜ ਨਾਲ ਆਪਣੇ ਬਣਾਏ ਹੋਏ ਸਨ।

੧੦. ਪਰ ਜਦੋਂ ਲੰਮੀ ਧਾਈ ਪ੍ਰਲੋਕ ਗਮਨ ਦੀ ਹੋਈ, (ਇਹ ਘੋੜੇ ਹਾਥੀ ਆਦਿਕ) ਇਕ ਪੈਰ ਵੀ ਮਨੁੱਖ ਦੇ ਨਾਲ ਨਹੀਂ ਤੁਰਦੇ।੪।

ਪ੍ਰ: ਤਾਂ ਹਜ਼ੂਰ ! ਮਨੁੱਖ ਲਈ ਸੁਖਦਾਇਕ ਸੱਚਾ ਧਨ ਕਿਹੜਾ ਹੈ ?

ਉ: ੧੧. ਹੇ ਪਿਆਰੇ ! ਇਕ ਪਰਮੇਸ਼ਰ ਦਾ ਨਾਮ ਹੀ ਮਨੁੱਖ ਦਾ ਅਸਲ ਧਨ ਹੈ, ਨਾਮ ਹੀ ਸੁੱਖ ਦਾਤਾ ਹੈ, ਨਾਮ ਹੀ ਪ੍ਰਵਾਰ ਹੈ, ਨਾਮ ਹੀ ਸਾਥੀ ਹੈ।

੧੨. ਗੁਰੂ ਨੇ (ਮੈਨੂੰ) ਨਾਨਕ ਨੂੰ ਇਹ ਹਰੀ ਨਾਮ ਦੀ ਦੌਲਤ ਹੀ ਦਿੱਤੀ ਹੈ। ਇਹ ਦੌਲਤ ਕਦੇ ਮੁੱਕਦੀ ਨਹੀਂ ਅਤੇ ਨਾ ਹੀ ਗੁਆਚਦੀ ਹੈ।੫।੧੮।

ਨੋਟ : ਪੰਚ ਪਦਾ—੧ (ਅੰਕ ੧) ਮਹਲਾ ੫ ਦੇ ਕੁੱਲ ਸਬਦ—੮ (ਅੰਕ ੮)।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਸਾਹਿਬ ਜੀ ਨੇ ਸੰਸਾਰ ਦੇ ਪਦਾਰਥਾਂ ਨੂੰ ਨਾਸਵੰਤ ਦਰਸਾ ਕੇ, ਕੇਵਲ ਪ੍ਰਭੂ ਜੀ ਦੇ ਨਾਮ ਨੂੰ ਹੀ ਸ਼ਰੋਮਣੀ ਦਸਿਆ ਹੈ, ਕਿਉਂਕਿ ਸੰਸਾਰ ਦਾ ਕੋਈ ਵੀ ਸੰਬੰਧੀ ਅੰਤ ਸਮੇਂ ਜੀਵ ਦੇ ਨਾਲ ਨਹੀਂ ਟੁਰਦਾ, ਕੇਵਲ ਇਕ ਨਾਮ ਹੀ ਹੈ ਜੋ ਮਨੁੱਖ ਦੇ ਹਰ ਥਾਂ ਹੀ ਸਹਾਇਕ ਹੁੰਦਾ ਹੈ।

ਗੂਜਰੀ ਮਹਲਾ ੫ ਤਿਪਦੇ ਘਰੁ ੨

੧ਓ ਸਤਿਗੁਰ ਪ੍ਰਸਾਦਿ ॥

੧. ਦੁਖ ਬਿਨਸੇ ਸੁਖ ਕੀਆ ਨਿਵਾਸਾ
ਤ੍ਰਿਸਨਾ ਜਲਨਿ ਬੁਝਾਈ ॥
੨. ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ
ਬਿਨਸਿ ਨ ਆਵੈ ਜਾਈ ॥੧॥
੩. ਹਰਿ ਜਪਿ ਮਾਇਆ ਬੰਧਨ ਤੂਟੇ ॥
੪. ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ
ਸਾਧਸੰਗਤਿ ਮਿਲਿ ਛੂਟੇ ॥੧॥ ਰਹਾਉ ॥
੫. ਆਠ ਪਹਰ ਹਰਿ ਕੇ ਗੁਨ ਗਾਵੈ
ਭਗਤਿ ਪ੍ਰੇਮ ਰਸਿ ਮਾਤਾ ॥
੬. ਹਰਖ ਸੋਗ ਦੁਹੁ ਮਾਹਿ ਨਿਰਾਲਾ
ਕਰਣੈਹਾਰੁ ਪਛਾਤਾ ॥੨॥
੭. ਜਿਸ ਕਾ ਸਾ ਤਿਨ ਹੀ ਰਖਿ ਲੀਆ
ਸਗਲ ਜੁਗਤਿ ਬਣਿ ਆਈ ॥
੮. ਕਹੁ ਨਾਨਕ ਪ੍ਰਭ ਪੁਰਖ ਦਇਆਲਾ
ਕੀਮਤਿ ਕਹਣੁ ਨ ਜਾਈ ॥੩॥੧॥੯॥

ਪਦ ਅਰਥ : ਜਲਨਿ—ਸੜਨ। ਨਿਧਾਨੁ—ਖ਼ਜ਼ਾਨਾ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ, ਜੋ ਹੁਣ ਕਦੇ ਵਿਸਰਦਾ ਹੀ ਨਹੀਂ। ਬਿਨਸਿ—ਨਾਸ ਹੋ ਕੇ। ਆਵੈ—ਜੰਮਦਾ। ਜਾਇ—ਮਰਦਾ।੧। ਜਪਿ—ਜਪ ਕੇ। ਮਿਲਿ—ਮਿਲ ਕੇ। ਛੂਟੇ—ਬੰਧਨਾਂ ਤੋਂ ਮੁਕਤਿ ਹੋ ਜਾਂਦਾ ਹੈ।੧।ਰਹਾਉ। ਗਾਵੈ—ਗਾਂਦਾ ਹੈ। ਰਸਿ—ਸੁਆਦ ਵਿਚ। ਮਾਤਾ—ਮਸਤ। ਹਰਖ—ਖ਼ੁਸ਼ੀ। ਸੋਗ—ਗ਼ਮੀ। ਦੁਹੁ ਮਾਹਿ—ਦੋਹਾਂ ਵਿਚ। ਨਿਰਾਲਾ—[ਨਿਰ—ਅਲਯ। ਆਲਯ] ਵਖਰਾ, ਨਿਰਲੇਪ।੨। ਸਾ—ਸੀ। ਤਿਨ ਹੀ—ਉਸੇ ਪ੍ਰਭੂ ਨੇ ਹੀ। ਜੁਗਤਿ—ਜੀਵਨ ਮਰਯਾਦਾ।੩।

ਅਰਥ :

ਪ੍ਰ: ਹੇ ਗੁਰੋ ! ਗੁਰੂ ਦੁਆਰਾ ਨਾਮ ਪ੍ਰਾਪਤ ਹੋਣ ਵਾਲੇ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

ਉ: ੧. ਹੇ ਭਾਈ ! ਉਸ ਦੇ ਸਾਰੇ ਦੁੱਖ ਨਾਸ ਹੋ ਜਾਂਦੇ ਹਨ ਅਤੇ ਉਸ ਦੇ ਹਿਰਦੇ ਵਿਚ ਸੁੱਖ ਆ ਨਿਵਾਸ ਕਰਦੇ ਹਨ, ਉਸ ਦੇ ਅੰਦਰੋਂ ਨਾਮ ਨੇ ਤ੍ਰਿਸ਼ਨਾ ਦੀ ਜਲਨ ਬੁਝਾ ਦਿੱਤੀ ਹੈ।

੨. ਕਿਉਂਕਿ ਸਤਿਗੁਰੂ ਜੀ ਨੇ ਉਸ ਦੇ ਅੰਤਰ ਆਤਮੇ (ਸਾਰੇ ਸੁੱਖਾਂ ਦਾ) ਖ਼ਜ਼ਾਨਾ ਨਾਮ ਦ੍ਰਿੜ੍ਹ ਕਰਵਾ ਦਿੱਤਾ ਹੈ। ਉਹ ਹੁਣ ਨਾ ਬਿਨਸਦਾ ਹੈ ਤੇ ਨਾ ਹੀ ਆਉਂਦਾ ਜਾਂਦਾ ਹੈ।੧।

੩. ਕਿਉਂਕਿ ਮੇਰੇ ਹਰੀ ਦਾ ਨਾਮ ਜਪ ਕੇ ਉਸ ਦੇ ਸਾਰੇ ਬੰਧਨ ਕਟੇ ਗਏ ਹਨ।

੪. ਹੇ ਭਾਈ! ਮੇਰੇ ਦਿਆਲੂ ਪ੍ਰਭੂ ਜੀ ਮੇਰੇ 'ਤੇ ਕਿਰਪਾਲੂ ਹੋ ਗਏ ਤਾਂ ਸਾਧ ਸੰਗਤ ਨਾਲ ਮਿਲ ਕੇ ਮੇਰੇ (ਸਾਰੇ) ਬੰਧਨ ਛੁੱਟ ਗਏ।੧।ਰਹਾਉ।

ਪ੍ਰ: ਹਜ਼ੂਰ! ਜਿਸ ਮਨੁੱਖ ਦੇ ਬੰਧਨ ਕਟੇ ਗਏ, ਉਸਦੀ ਨਿਸ਼ਾਨੀ ਕੀ ਹੈ?

ੳ: ੫. ਹੇ ਮਿੱਤਰੋ! ਉਹ ਹੁਣ ਅੱਠੇ ਪਹਿਰ ਉਸੇ ਸਾਈਂ ਜੀ ਦੇ ਗੁਣ ਗਾਉਂਦਾ ਹੈ, ਉਹ ਭਗਤੀ ਦੇ ਪ੍ਰੇਮ ਰਸ ਵਿਚ ਮਗਨ ਹੋਇਆ ਰਹਿੰਦਾ ਹੈ।੨।

੬. ਅਤੇ ਉਹ ਹਰਖ ਸੋਗ ਦੋਹਾਂ ਤੋਂ ਵੱਖਰਾ ਰਹਿੰਦਾ ਹੈ। ਇਹ ਹਨ ਉਸ ਦੀਆਂ ਨਿਸ਼ਾਨੀਆਂ ਕਿ ਉਸ ਨੇ ਕਰਨੇਹਾਰ ਪਰਮੇਸ਼ਰ ਨੂੰ ਪਛਾਣ ਲਿਆ ਹੈ।੨।

੭. ਹੇ ਪਿਆਰਿਓ! ਜਿਸ ਪ੍ਰਭੂ ਦਾ ਉਹ ਸੇਵਕ ਸੀ, ਉਸੇ ਨੇ ਹੀ ਉਸ ਨੂੰ ਸਾਰੇ ਵਿਘਨਾਂ ਦੁੱਖਾਂ ਤੋਂ ਬਚਾ ਲਿਆ, ਉਸ ਦਾਸ ਦੀ ਸਾਰੀ ਜੀਵਨ-ਜੁਗਤੀ ਕੀਤੀ ਹੋਈ ਰਾਸ ਪੈ ਗਈ ਹੈ, ਭਾਵ ਉਸ ਦੀ ਸਾਰੀ ਜੀਵਨ ਮਰਯਾਦਾ ਸੁਚੱਜੀ ਬਣ ਜਾਂਦੀ ਹੈ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਹੇ ਪਿਆਰੇ) ਉਹ ਪ੍ਰਭੂ ਐਡਾ ਦਿਆਲੂ ਹੈ ਕਿ ਉਸ ਦੀ ਕੀਮਤ ਕਹੀ ਨਹੀਂ ਜਾ ਸਕਦੀ, ਭਾਵ ਉਸ ਦਾ ਮੁੱਲ ਨਹੀਂ ਦਸਿਆ ਜਾ ਸਕਦਾ, (ਕਿਉਂਕਿ) ਉਸ ਦੀ ਮਹਿਮਾ ਅਨੰਤ ਹੈ।੩।੧।੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਨਾਮ ਧਨ ਦੀ ਪ੍ਰਾਪਤੀ ਵਾਲੇ ਦੀ ਅਵਸਥਾ ਤੇ ਤ੍ਰਿਪਤੀ ਦਰਸਾਈ ਹੈ।

ਨੋਟ :—ਇਸ ਸ਼ਬਦ ਦੇ ਸਿਰਲੇਖ ਵਿਚ ਲਿਖਿਆ ਹੈ 'ਤਿਪਦੇ' ਤਿੰਨਾਂ ਬੰਦਾ ਵਾਲੇ ਸ਼ਬਦ—ਬਹੁ ਵਚਨ। ਪਰ ਇਥੇ ਇਕ ਇਹੋ ਹੀ 'ਤਿਪਦਾ' ਦਰਜ ਹੈ।

ਗੂਜਰੀ ਮਹਲਾ ੫ ਦੁਪਦੇ ਘਰੁ ੨ ॥
੧ਓ ਸਤਿਗੁਰ ਪ੍ਰਸਾਦਿ ॥

੧. ਪਤਿਤ ਪਵਿਤ੍ਰ ਲੀਏ ਕਰਿ ਅਪੁਨੇ
ਸਗਲ ਕਰਤ ਨਮਸਕਾਰੋ ॥
੨. ਬਰਨੁ ਜਾਤਿ ਕੋਊ ਪੂਛੈ ਨਾਹੀ
ਬਾਛਹਿ ਚਰਨ ਰਵਾਰੋ ॥੧॥
੩. ਠਾਕੁਰ ਐਸੋ ਨਾਮੁ ਤੁਮਾਰੋ ॥
੪. ਸਗਲ ਸ੍ਰਿਸਟਿ ਕੋ ਧਣੀ ਕਹੀਜੈ
ਜਨ ਕੋ ਅੰਗੁ ਨਿਰਾਰੋ ॥੧॥ ਰਹਾਉ ॥
੫. ਸਾਧਸੰਗਿ ਨਾਨਕ ਬੁਧਿ ਪਾਈ
ਹਰਿ ਕੀਰਤਨੁ ਆਧਾਰੋ ॥
੬. ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ
ਮੁਕਤਿ ਭਇਓ ਚੰਮਿਆਰੋ ॥੨॥੧॥੧੦॥

ਪਦ ਅਰਥ : ਪਤਿਤ—ਵਿਕਾਰਾਂ ਵਿਚ ਡਿੱਗੇ ਹੋਏ, ਆਚਰਨੋ ਹੀਣੇ। ਲੀਏ ਕਰਿ—ਬਣਾ ਲਏ। ਬਰਨੁ—(ਬ੍ਰਾਹਮਣ ਖੱਤ੍ਰੀ ਆਦਿਕ) ਵਰਨ। ਕੋਊ—ਕੋਈ ਭੀ। ਬਾਛਹਿ—ਚਾਹੁੰਦੇ ਹਨ; ਮੰਗਦੇ ਹਨ। ਰਵਾਰੋ—ਧੂੜ।੧। ਐਸੋ—ਅਜੇਹੀ ਸਮਰੱਥਾ ਵਾਲਾ। ਧਣੀ—ਮਾਲਕ। ਕਹੀਜੈ—ਅਖਵਾਂਦਾ ਹੈ। ਜਨ ਕੋ—ਦਾਸ ਦਾ। ਅੰਗੁ—ਪੱਖ, ਵਿਸ਼ੇਸ਼ ਪਿਆਰ। ਨਿਰਾਰੋ—ਨਿਰਾਲਾ, ਅਨੋਖਾ, ਅਸਚਰਜ, ਖ਼ਾਸ।੧।ਰਹਾਉ। ਬੁਧਿ—ਸੁਚੱਜੀ ਅਕਲ। ਆਧਾਰੋ—ਆਸਰਾ। ਦਾਸਰੋ—ਨਿਮਾਣਾ ਜਿਹਾ ਦਾਸ। ਚਮਿਆਰੋ—ਰਵਿਦਾਸ ਚਮਿਆਰ।੨।

ਅਰਥ :

ਪ੍ਰ: ਕਿਉਂ ਜੀ! ਜਿਨ੍ਹਾਂ ਨੂੰ ਨਾਮ ਦੁਆਰਾ ਸਾਈਂ ਦੀ ਪ੍ਰਾਪਤੀ ਹੋਈ ਹੈ, ਉਨ੍ਹਾਂ ਵਿਚੋਂ ਕੁਝ ਮਿਸਾਲਾਂ ਦੇ ਕੇ ਇਸ ਭਾਵ ਨੂੰ ਸਪੱਸ਼ਟ ਕਰੋ।

ੳ: ੧. ਹੇ ਭਾਈਓ! (ਜਿਨ੍ਹਾਂ ਨੂੰ ਅਮੋਲਕ ਨਾਮ ਧਨ ਪ੍ਰਾਪਤ ਹੋ ਗਿਆ) ਉਹ ਭਾਵੇਂ ਪਹਿਲੋਂ ਪਤਿਤ ਵੀ ਸਨ, ਭਾਵ ਉਹ ਕਿਤਨੇ ਭੀ ਵਿਕਾਰਾਂ ਵਿਚ ਡਿੱਗੇ ਹੋਏ ਸਨ, ਉਨ੍ਹਾਂ ਨੂੰ ਸਾਈਂ ਜੀ ਨੇ ਪਵਿੱਤਰ ਕਰ ਲਿਆ ਅਤੇ ਅਪਣਾ ਲਿਆ, (ਫਿਰ) ਉਨ੍ਹਾਂ ਦੇ ਅੱਗੇ ਸਾਰੀ ਹੀ ਲੁਕਾਈ ਸਿਰ ਨਿਵਾਂਦੀ ਹੈ, ਮੱਥੇ ਟੇਕਦੇ ਹਨ।

੨. ਹੁਣ ਉਨ੍ਹਾਂ ਦੀ ਜਾਤ ਤੇ ਵਰਨ ਕੋਈ ਨਹੀਂ ਪੁੱਛਦਾ। ਉਨ੍ਹਾਂ ਦੇ ਤਾਂ ਚਰਨਾਂ ਦੀ ਧੂੜੀ ਸਾਰੇ ਲੋਕ ਮੰਗਦੇ ਹਨ।੧।

੩. ਹੇ ਠਾਕਰ ਜੀ! ਤੁਹਾਡਾ ਐਸਾ ਨਾਮ (ਸੋਹਣਾ) ਹੈ।

੪. ਤੂੰ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਅਖਵਾਉਂਦਾ ਹੈਂ, ਤੂੰ ਆਪਣੇ ਨਾਮ ਸਿਮਰਨ ਕਰਨ ਵਾਲੇ ਦਾਸ ਦਾ ਪੱਖ (ਵੱਖਰੇ ਹੀ ਢੰਗ) ਅਰਥਾਤ ਅਸਚਰਜ ਤਰ੍ਹਾਂ ਕਰਦਾ ਹੈਂ।੧।ਰਹਾਉ।

੫. ਹੇ ਭਾਈਓ! ਜਿਹੜਾ ਮਨੁੱਖ ਸਾਧ ਸੰਗਤ ਵਿਚ ਆ ਕੇ ਨਾਮ ਸਿਮਰਨ ਰਾਹੀਂ ਸੁਚੱਜੀ ਬੁਧੀ ਪਾ ਲੈਂਦਾ ਹੈ ਅਤੇ ਹਰੀ ਦਾ ਕੀਰਤਨ ਉਸ ਦੇ ਜੀਵਨ ਦਾ ਆਸਰਾ ਹੋ ਜਾਂਦਾ ਹੈ, ਉਹ ਸਿਫ਼ਤਿ-ਸਾਲਾਹ ਦੀ ਬਰਕਤ ਨਾਲ (ਉੱਚ ਪਦਵੀ ਪ੍ਰਾਪਤ ਕਰ ਲੈਂਦਾ ਹੈ) ਦੇਖੋ, ਜਿਵੇਂ ਕਿ:

੬. ਨਾਮਦੇਉ, ਤ੍ਰਿਲੋਚਨ, ਦਾਸ ਕਬੀਰ ਅਤੇ ਰਵੀਦਾਸ ਜੋ ਚਮਾਰ ਸੀ, (ਇਹ ਸਾਰੇ ਹੀ) ਮੁਕਤ ਹੋ ਗਏ, (ਗੁਰੂ ਨਾਨਕ ਦੇਵ ਜੀ ਕਹਿੰਦੇ ਹਨ।੨।੧।੧੦।

ਭਾਵਾਰਥ : ਇਸ ਸ਼ਬਦ ਵਿਚ ਪਰਮੇਸ਼ਰ ਜੀ ਦਾ ਆਪਣੇ ਸੇਵਕਾਂ ਦੇ ਪੱਖ ਪੂਰਨ ਦਾ ਪੱਖ ਦਰਸਾਇਆ ਹੈ ਅਤੇ ਨਾਮ ਦਾ ਪ੍ਰਤਾਪ ਅੰਕਤ ਕੀਤਾ ਹੈ, ਜੋ ਨੀਵੇਂ ਲੋਕਾਂ ਨੂੰ ਇਸ ਜਗਤ ਵਿਚ ਭੀ ਉਚਿਆਂ ਕਰਦਾ ਹੈ।

ਗੂਜਰੀ ਮਹਲਾ ੫ ॥

੧. ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ ਭਤਾ ॥
੨. ਸਿਵ ਬਿਰੰਚਿ ਅਰੁ ਸਗਲ ਮੋਨਿ
ਜਨ ਗਹਿ ਨ ਸਕਾਹਿ ਗਤਾ ॥੧॥
੩. ਪ੍ਰਭ ਕੀ ਅਗਮ ਅਗਾਧਿ ਕਥਾ ॥
੪. ਸੁਨੀਐ ਅਵਰ ਅਵਰ ਬਿਧਿ ਬੁਝੀਐ
ਬਕਨ ਕਥਨ ਰਹਤਾ ॥੧॥ ਰਹਾਉ ॥

੫. ਆਪੇ ਭਗਤਾ ਆਪਿ ਸੁਆਮੀ ਆਪਨ ਸੰਗਿ ਰਤਾ ॥
੬. ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ
ਪੇਖਿਓ ਜਤ੍ਰ ਕਤਾ ॥੨॥੨॥੧੧॥

ਪਦ ਅਰਥ : ਕੋਊ—ਕੋਈ ਵੀ। ਬੂਝਨਹਾਰੋ—ਸਮਝਣ ਦੀ ਸਮਰੱਥਾ ਵਾਲਾ। ਕਵਨੁ—ਕੌਣ ? ਭਤਾ—ਭਾਂਤਿ, ਪ੍ਰਕਾਰ, ਤਰ੍ਹਾਂ, ਕਿਸਮ। ਬਿਰੰਚਿ—ਬ੍ਰਹਮਾ। ਅਰੁ—ਅਤੇ। ਗਹਿ ਨ ਸਕਾਹਿ—ਫੜ ਨਹੀਂ ਸਕਦੇ। ਗਤਾ—ਗਤਿ, ਹਾਲਤ।੧। ਅਗਮ—ਅਪਹੁੰਚ, ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗਾਧਿ—ਡੂੰਘੀ, ਜੋ ਗਾਹੀ ਨ ਜਾ ਸਕੇ, ਇਤਨੀ ਡੂੰਘੀ ਕਿ ਥਾਹ ਨ ਲੱਭੇ। ਸੁਨੀਐ—ਸੁਣਿਆ ਜਾਂਦਾ ਹੈ। ਅਵਰ ਬਿਧਿ—ਹੋਰ ਹੀ ਤਰ੍ਹਾਂ। ਬੁਝੀਐ—ਸਮਝਿਆ ਜਾਂਦਾ ਹੈ। ਰਹਤਾ—ਪਰੇ, ਬਿਨਾ।੧।ਰਹਾਉ। ਆਪੇ—ਆਪ ਹੀ। ਸੰਗਿ—ਨਾਲ। ਰਤਾ—ਮਸਤ। ਕੋ—ਦਾ। ਜਤ੍ਰ ਕਤਾ—ਜਿਥੇ ਕਿਥੇ, ਹਰ ਥਾਂ।੨।

ਅਰਥ :

ਪ੍ਰ: ਹੇ ਗੁਰੋ ! ਤੁਸੀਂ ਜਿਸ ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਆ ਰਹੇ ਹੋ, ਉਸ ਦਾ ਖ਼ੁਲਾਸੇ ਨਾਲ ਵਰਣਨ ਕਰੋ, ਤਾਂ ਕਿ ਸਮਝ ਆ ਸਕੇ ?

ਉ: ੧. ਹੇ ਪਿਆਰੋ ! ਉਸ ਨੂੰ ਪੂਰਨ ਤਰ੍ਹਾਂ ਕਥਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਐਸਾ ਕੋਈ ਵੀ ਮਨੁੱਖ ਨਹੀਂ ਦਿੱਸਦਾ, ਜਿਹੜਾ ਕਿ ਉਸ ਪਰਮੇਸ਼ਰ ਦੇ ਸਰੂਪ ਨੂੰ ਸਹੀ-ਸਹੀ ਸਮਝਣ ਦੀ ਸਮਰੱਥਾ ਰੱਖਦਾ ਹੋਵੇ, (ਇਸ ਲਈ ਹੇ ਭਾਈ) ਕੌਣ ਜਾਣ ਸਕਦਾ ਹੈ ਕਿ ਉਹ ਕਿਹੋ ਜਿਹਾ ਹੈ ? ਇਸ ਕਰਕੇ ਉਹ ਕਹਿਣ ਕਥਨ ਤੋਂ ਪਰੇ ਹੈ।

ਪ੍ਰ: ਕਿਉਂ ਜੀ ! ਜੇ ਹੋਰ ਕੋਈ ਬੰਦਾ ਕਥਨ ਨਹੀਂ ਕਰ ਸਕਦਾ, ਤਾਂ ਸ਼ਿਵ, ਬ੍ਰਹਮਾ ਆਦਿ ਵਡਕੇ ਦੇਵਤੇ ਤਾਂ ਜ਼ਰੂਰ ਜਾਣਦੇ ਹੋਸਣ ?

ਉ: ੨. ਹੇ ਪਿਆਰੇ ! ਸ਼ਿਵ, ਬ੍ਰਹਮਾ ਅਤੇ ਹੋਰ ਸਾਰੇ ਮੁਨੀ ਲੋਕ ਉਸ ਦੀ ਗਤੀ ਨੂੰ ਪਕੜ ਨਹੀਂ ਸਕਦੇ, (ਕਿਉਂਕਿ) ਇਹ ਸਾਰੇ ਉਸ ਦੇ ਰਚੇ ਹੋਏ ਹਨ ਤੇ ਮਿੱਤ ਵਾਲੇ ਹਨ, ਇਸ ਕਰਕੇ ਇਹ ਉਸ ਦੀ ਗਤੀ ਨੂੰ ਜਾਣ ਨਹੀਂ ਸਕਦੇ।

੩. ਹੇ ਭਾਈ ! ਉਹ ਪਰਮੇਸ਼ਰ ਕਿਹੋ ਜਿਹਾ ਹੈ, ਇਸ ਗੱਲ ਦੀ ਸਮਝ ਮਨੁੱਖ ਦੀ ਪਹੁੰਚ ਤੋਂ ਪਰੇ ਹੈ, ਮਨੁੱਖ ਦੀ ਸਮਝ ਤੋਂ ਬਹੁਤ ਡੂੰਘੀ ਹੈ। ਪ੍ਰ: ਕਿਉਂ ਜੀ, ਉਹ ਕਿਵੇਂ ?

੪. ਹੇ ਪਿਆਰਿਓ ! ਵੇਖੋ, ਉਸ ਦੇ ਸਰੂਪ ਬਾਰੇ ਲੋਕਾਂ ਪਾਸੋਂ ਸੁਣੀਦਾ ਕੁਝ ਹੋਰ ਹੈ ਤੇ ਸਮਝੀਦਾ ਕਿਸੇ ਹੋਰ ਤਰ੍ਹਾਂ ਹੈ, ਕਿਉਂਕਿ ਉਸ ਦਾ ਸਰੂਪ ਦੱਸਣ ਤੇ ਬਿਆਨ ਕਰਨ ਤੋਂ ਬਾਹਰ ਹੈ।੧।ਰਹਾਉ।

ਪ੍ਰ: ਕਿਉਂ ਜੀ ! ਫਿਰ ਉਸ ਨੂੰ ਕਿਵੇਂ ਅਨੁਭਵ ਕਰੀਏ ?

ਉ: ੧. ਹੇ ਮਿੱਤਰੋ ! ਉਸ ਬਾਰੇ ਤਾਂ ਇਉਂ ਹੀ ਅਨੁਭਵ ਕਰੋ ਕਿ ਉਹ ਪਰਮੇਸ਼ਰ ਆਪ ਹੀ ਭਗਤ ਹੈ, ਆਪ ਹੀ ਭਗਤਾਂ ਦਾ (ਪੂਜਯ) ਹੈ, ਮਾਲਕ ਹੈ, ਆਪ ਹੀ ਦੋਹਾਂ ਵਿਚ ਪ੍ਰੇਮ ਨਾਲ ਰਚ ਰਿਹਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ, ਨਾਨਕ ਦਾ ਪਰਮੇਸ਼ਰ ਤਾਂ ਸਾਰੇ ਹੀ ਸੰਸਾਰ ਵਿਚ ਵਿਆਪਕ ਹੈ ਅਤੇ ਮੈਂ ਉਸ ਨੂੰ ਹਰ ਥਾਂ ਹੀ ਵਸਦਾ ਵੇਖਿਆ ਹੈ।੨।੨।੧੧।

ਭਾਵਰਥ : ਇਸ ਸ਼ਬਦ ਵਿਚ ਹਜ਼ੂਰ ਜੀ ਉਸ ਵਾਹਿਗੁਰੂ ਜੀ ਨੂੰ ਅਗੰਮ ਤੇ ਅਗਾਧ ਸਰੂਪ ਕਥਨ ਕਰਦੇ ਹਨ। ਉਸ ਦੇ ਮੁਕਾਬਲੇ ਵਿਚ ਹੋਰ ਕੋਈ ਵੀ ਅਨੰਤ ਨਹੀਂ ਹੈ ਜੋ ਕਿ ਉਸ ਅਨੰਤ ਨੂੰ ਸਮਝ ਸਕੇ, ਬ੍ਰਹਮਾ ਆਦਿ ਦੇਵਤੇ ਸਾਰੇ ਅੰਤ ਵਿਚ ਹਨ, ਸੋ ਉਹ ਅਨੰਤ ਸਰੂਪ ਅੰਤ ਵਾਲੇ ਦੀ ਸਮਝ ਵਿਚ ਆ ਨਹੀਂ ਸਕਦਾ, ਇਸ ਲਈ ਉਸ ਨੂੰ ਪਾਉਣ ਦਾ ਇਕੋ ਹੀ ਇਕ ਢੰਗ ਹੈ ਕਿ ਹਰੀ ਕੀਰਤਨ ਦੁਆਰਾ ਉਸ ਦਾ ਬਾਰ-ਬਾਰ ਅਭਿਆਸ ਕਰਦੇ ਰਹੋ।

ਗੂਜਰੀ ਮਹਲਾ ੫ ॥

੧. ਮਤਾ ਮਸੂਰਤਿ ਅਵਰ ਸਿਆਨਪ
ਜਨ ਕਉ ਕਛੂ ਨ ਆਇਓ ॥
੨. ਜਹ ਜਹ ਅਉਸਰੁ ਆਇ ਬਨਿਓ ਹੈ
ਤਹਾ ਤਹਾ ਹਰਿ ਧਿਆਇਓ ॥੧॥
੩. ਪ੍ਰਭ ਕੋ ਭਗਤਿ ਵਛਲੁ ਬਿਰਦਾਇਓ ॥
੪. ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ
ਜਨ ਕਉ ਲਾਡ ਲਡਾਇਓ ॥੧॥ ਰਹਾਉ ॥
੫. ਜਪ ਤਪ ਸੰਜਮ ਕਰਮ ਧਰਮ
ਹਰਿ ਕੀਰਤਨੁ ਜਨਿ ਗਾਇਓ ॥
੬. ਸਰਨਿ ਪਰਿਓ ਨਾਨਕ ਠਾਕੁਰ ਕੀ
ਅਭੈ ਦਾਨੁ ਸੁਖੁ ਪਾਇਓ ॥੨॥੩॥੧੨॥

ਪਦ ਅਰਥ : ਮਤਾ—ਸਲਾਹ, ਆਪਣੇ ਮਨ ਨਾਲ ਕੀਤੀ ਸਲਾਹ। ਮਸੂਰਤਿ—ਮਸ਼ਵਰਾ—ਦੂਜੇ ਨਾਲ ਕੀਤੀ ਸਲਾਹ, ਚਾਹੇ ਇਕ ਚਾਹੇ ਬਹੁਤਿਆਂ ਨਾਲ। ਅਵਰ—ਹੋਰ। ਜਨ—ਦਾਸ, ਸੇਵਕ। ਜਹ ਜਹ—ਜਿਥੇ ਜਿਥੇ। ਅਉਸਰ—ਸਮਾਂ, ਮੌਕਾ।੧। ਪ੍ਰਭ ਕੋ ਬਿਰਦਾਇਓ—ਪਰਮੇਸ਼ਰ ਦਾ ਮੁੱਢ ਕਦੀਮੀ ਦਾ ਸੁਭਾਉ, ਉਹ ਸ਼ੁਭ ਸੁਭਾਉ ਜੋ ਪ੍ਰਭੂ ਵਿਚ ਸੁਤੇ ਹੀ ਹੈ। ਭਗਤਿ ਵਛਲੁ—ਭਗਤੀ ਕਰਨ ਵਾਲਿਆਂ ਦਾ ਪਿਆਰਾ। ਪ੍ਰਤਿਪਾਲ—ਪਾਲਣਾ, ਰਾਖੀ। ਬਾਰਿਕ—ਬਾਲਕ, ਬੱਚਾ। ਨਿਆਈ—ਵਾਂਗੂੰ। ਕਉ—ਨੂੰ।੧।ਰਹਾਉ। ਸੰਜਮ—ਇੰਦ੍ਰੀਆਂ ਨੂੰ ਵਸ ਕਰਨ ਦੇ ਜਤਨ। ਜਪ—ਦੇਵਤਿਆਂ ਨੂੰ ਪ੍ਰਸੰਨ ਕਰਨ ਵਾਸਤੇ ਖ਼ਾਸ ਮੰਤਰਾਂ ਦੇ ਜਾਪ। ਤਪ—ਧੂੰਣੀਆਂ ਤਾਪਣੀਆਂ। ਕਰਮ ਧਰਮ—ਸ਼ਾਸਤ੍ਰਾਂ ਅਨੁਸਾਰ ਮਿੱਥੇ ਹੋਏ ਧਾਰਮਿਕ ਕੰਮ। ਜਨਿ—ਜਨ ਨੇ, ਸੇਵਕ ਨੇ। ਅਭੈ ਦਾਨੁ—ਨਿਰਭੈਤਾ ਦੀ ਦਾਤ।੨।

ਅਰਥ :

ਪ੍ਰ: ਕਿਉਂ ਜੀ ! ਹਰ ਬੰਦਾ ਸਮਾਂ ਪੈਣ 'ਤੇ ਇਕ ਦੂਜੇ ਦੀ ਸਲਾਹ ਮਸ਼ਵਰਾ ਲੈਂਦਾ ਹੈ, ਪਰ ਹਰੀ ਦਾ ਸੇਵਕ ਕਿਸ ਨਾਲ ਮਸ਼ਵਰਾ ਕਰਦਾ ਹੈ ?

ਉ: ੧. ਹੇ ਭਾਈ ! ਹਰੀ ਦਾ ਸੇਵਕ ਤਾਂ ਸਦਾ ਹਰੀ ਦੇ ਹੀ ਪਰਾਇਣ

ਰਹਿੰਦਾ ਹੈ, ਉਸ ਸੇਵਕ ਨੂੰ ਤਾਂ ਕੋਈ ਸਲਾਹ ਮਸ਼ਵਰਾ, ਕੋਈ ਹੋਰ ਸਿਆਣਪ ਦੀ ਗੱਲ ਕੁਝ ਵੀ ਨਹੀਂ ਅਹੁੜਦੀ।

੨. ਜਿਥੇ-ਜਿਥੇ ਵੀ (ਸੇਵਕ ਨੂੰ) ਔਖ ਦਾ ਸਮਾਂ ਆ ਬਣਿਆ ਹੈ, ਉਥੇ-ਉਥੇ ਪਰਮੇਸ਼ਰ ਦਾ ਸੇਵਕ ਪਰਮਾਤਮਾ ਦਾ ਹੀ ਧਿਆਨ ਧਰਦਾ ਹੈ।੧।

੩. ਹੇ ਪਿਆਰੇ! ਅੱਗੇ ਉਸ ਪਰਮੇਸ਼ਰ ਦਾ ਵੀ ਮੁੱਢ ਕਦੀਮਾਂ ਦਾ ਸੁਭਾਉ ਚਲਿਆ ਆ ਰਿਹਾ ਹੈ ਕਿ ਉਹ ਭਗਤੀ ਕਰਨ ਵਾਲਿਆਂ ਦਾ ਪਿਆਰਾ ਹੈ।

੪. ਉਹ ਸਭਨਾਂ ਦੀ ਬੱਚਿਆਂ ਵਾਂਙੂੰ ਪਾਲਨਾ ਕਰਦਾ ਹੈ ਤੇ ਆਪਣੇ ਜਨਾਂ ਨੂੰ ਲਾਡ ਲਡਾਉਂਦਾ ਹੈ।੧।ਰਹਾਉ।

ਪ੍ਰ: ਕਿਉਂ ਜੀ! ਪ੍ਰਭੂ ਦੇ ਸੇਵਕਾਂ ਨੇ ਐਸਾ ਕਿਹੜਾ ਸਾਧਨ ਕੀਤਾ ਹੈ, ਜਿਸ ਕਰਕੇ ਪਰਮੇਸ਼ਰ ਉਨ੍ਹਾਂ ਨਾਲ ਪਿਆਰ ਕਰਦਾ ਹੈ?

ਉ: ੫. ਹੇ ਭਾਈਓ! ਪਰਮੇਸ਼ਰ ਦੇ ਸੇਵਕਾਂ ਨੇ ਜੋ ਹਰੀ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਹੈ, ਉਨ੍ਹਾਂ ਲਈ ਇਹੋ ਜਪ ਤਪ ਹੈ, ਇਹੋ ਸੰਜਮ ਹੈ, ਇਹੋ ਮਿੱਥੇ ਹੋਏ ਧਾਰਮਿਕ ਕਰਮ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੋ ਜਨ ਠਾਕਰ ਦੀ ਸ਼ਰਨ ਪੈ ਗਿਆ ਹੈ, ਉਸ ਨੇ ਅਭੈਤਾ ਦਾ ਦਾਨ ਅਤੇ ਆਤਮਿਕ ਸੁੱਖ ਪਾ ਲਿਆ ਹੈ।੨।੩।੧੨।

ਭਾਵਾਰਥ : ਇਸ ਮਹਾਂਵਾਕ ਵਿਚ ਇਹੋ ਹੀ ਸਿਧਾਂਤ ਅੰਕਤ ਕੀਤਾ ਗਿਆ ਹੈ ਕਿ ਦੁੱਖਾਂ-ਸੁੱਖਾਂ ਸਮੇਂ ਸਦਾ ਹੀ ਹਰੀ ਨੂੰ ਸਿਮਰਦੇ ਰਹੋ। ਉਹ ਪਰਮੇਸ਼ਰ ਸਦਾ ਹੀ ਭਗਤਾਂ ਨਾਲ ਪਿਆਰ ਕਰਦਾ ਹੈ ਅਤੇ ਆਪਣੇ ਪਿਆਰੇ ਬੱਚਿਆਂ ਵਾਂਙੂੰ ਲਾਡ ਲਡਾਉਂਦਾ ਹੈ।

ਗੂਜਰੀ ਮਹਲਾ ੫ ॥

੧. ਦਿਨੁ ਰਾਤੀ ਆਰਾਧਹੁ ਪਿਆਰੋ
ਨਿਮਖ ਨ ਕੀਜੈ ਢੀਲਾ ॥
੨. ਸੰਤ ਸੇਵਾ ਕਰਿ ਭਾਵਨੀ ਲਾਈਐ
ਤਿਆਗਿ ਮਾਨੁ ਹਾਠੀਲਾ ॥੧॥
੩. ਮੋਹਨੁ ਪ੍ਰਾਨ ਮਾਨ ਰਾਗੀਲਾ ॥
੪. ਬਾਸਿ ਰਹਿਓ ਹੀਅਰੇ ਕੈ ਸੰਗੇ
ਪੇਖਿ ਮੋਹਿਓ ਮਨੁ ਲੀਲਾ ॥੧॥ ਰਹਾਉ ॥
੫. ਜਿਸੁ ਸਿਮਰਤ ਮਨਿ ਹੋਤ ਅਨੰਦਾ
ਉਤਰੈ ਮਨਹੁ ਜੰਗੀਲਾ ॥
੬. ਮਿਲਬੇ ਕੀ ਮਹਿਮਾ ਬਰਨਿ ਨ ਸਾਕਉ
ਨਾਨਕ ਪਰੈ ਪਰੀਲਾ ॥੨॥੪॥੧੩॥

ਪਦ ਅਰਥ : ਪਿਆਰੋ—ਪਿਆਰੇ (ਹਰੀ) ਨੂੰ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਢੀਲਾ—ਢਿਲ। ਸੰਤ—ਗੁਰੂ। ਕਰਿ—ਕਰਕੇ। ਭਾਵਨੀ—ਸ਼ਰਧਾ। ਲਾਈਐ—ਬਨਾਣੀ ਚਾਹੀਦੀ ਹੈ। ਤਿਆਗਿ—ਤਿਆਗ ਕੇ। ਹਠੀਲਾ—ਹਠ ਵਾਲਾ।੧। ਮੋਹਨੁ—ਸੁੰਦਰ ਪ੍ਰਭੂ। ਪ੍ਰਾਨ ਮਾਨ—ਜਿੰਦ ਦਾ ਮਾਣ। ਰਾਗੀਲਾ—ਰੰਗੀਲਾ, ਸਦਾ ਖਿੜੇ ਸੁਭਾਉ ਵਾਲਾ, ਚੋਜੀ ਹੈ ਤੇ ਮਾਨ ਦੇਣ ਵਾਲਾ ਹੈ। ਹੀਅਰੇ ਕੈ ਸੰਗੇ—ਮੇਰੇ ਹਿਰਦੇ ਦੇ ਨਾਲ। ਹੀਅਰਾ—ਹਿਰਦਾ। ਪੇਖਿ—ਵੇਖ ਕੇ। ਲੀਲਾ—ਕੌਤਕ।੧।ਰਹਾਉ। ਮਨਿ—ਮਨ ਵਿਚ। ਮਨਹੁ—ਮਨ ਤੋਂ। ਜੰਗੀਲਾ—ਜ਼ੰਗਾਲ, ਲੋਹੇ ਆਦਿ ਦੀ ਮੈਲ, ਮਨ 'ਤੇ ਜੋ ਹਉਮੈ, ਹੰਕਾਰ ਤੇ ਵਿਕਾਰਾਂ ਤੋਂ ਲੱਗੀ ਮੈਲ ਹੈ, ਉਹ ਜ਼ੰਗਾਲ ਹੈ। ਮਿਲਬੇ ਕੀ—ਉਸ ਪਰਮੇਸ਼ਰ ਨੂੰ ਮਿਲਣ ਦੀ। ਮਹਿਮਾ—ਵਡਿਆਈ। ਪਰੀਲਾ—ਜੋ ਪਰੇ ਤੋਂ ਪਰੇ ਹੈ।

ਅਰਥ :

ਪ੍ਰ: ਹੇ ਗੁਰੋ! ਉਸ ਪਿਆਰੇ ਪ੍ਰਭੂ ਨੂੰ ਜਦੋਂ ਅਰਾਧਨ ਦਾ ਖ਼ਿਆਲ ਆਉਂਦਾ ਹੈ, ਤਾਂ ਮਨ ਇਸ ਵਲੋਂ ਹਮੇਸ਼ਾ ਹੀ ਢਿੱਲਾ ਰਹਿੰਦਾ ਹੈ। ਦੱਸੋ ਕੀ ਕਰਨਾ ਚਾਹੀਦਾ ਹੈ?

ਉ: ੧. ਹੇ ਪਿਆਰਿਓ! ਉਸ ਪਿਆਰੇ ਹਰੀ ਦੀ ਅਰਾਧਨਾ ਦਿਨੇ-ਰਾਤ ਕਰਦੇ ਰਹੋ। ਇਸ ਕੰਮ ਵਿਚ ਅੱਖ ਦੇ ਝਮਕਣ ਜਿਤਨੇ ਸਮੇਂ ਲਈ ਵੀ ਢਿੱਲ ਨਹੀਂ ਕਰਨੀ ਚਾਹੀਦੀ।

ਪ੍ਰ: ਕਿਉਂ ਜੀ! ਅਣਡਿੱਠੇ ਨਾਲ ਪ੍ਰੀਤ ਤਾਂ ਲੱਗ ਹੀ ਨਹੀਂ ਸਕਦੀ?

ਉ: ੨. ਹੇ ਭਾਈਓ! ਮਨ ਦਾ ਹੱਠ ਵਾਲਾ ਸੁਭਾਉ ਛੱਡ ਕੇ ਸੰਤਾਂ ਦੀ ਸੇਵਾ ਦੁਆਰਾ ਪ੍ਰਭੂ ਨਾਲ ਸ਼ਰਧਾ ਲਾ ਲਈਏ।੧।

੩. ਉਹ ਪਿਆਰਾ ਮਨਮੋਹਨ ਹਰੀ ਸਦਾ ਹੀ ਖਿੜੇ ਸੁਭਾਉ ਵਾਲਾ ਹੈ, ਪ੍ਰਾਣਾਂ ਦਾ ਮਾਨ ਤੇ ਪਿਆਰ ਰੂਪ ਹੈ।

੪. ਫੇਰ ਉਹ ਦਿਲ ਦੇ ਨਾਲ ਅੰਦਰੇ ਵਸ ਰਿਹਾ ਹੈ, ਉਸ ਦੀ ਲੀਲਾ (ਖੇਲ) ਦੇਖ ਕੇ (ਸਾਡਾ) ਮਨ ਮੋਹਤ ਹੋ ਰਿਹਾ ਹੈ।੧।ਰਹਾਉ।

੫. ਹੇ ਸੱਜਨੋ! ਜਿਸ ਪਰਮੇਸ਼ਰ ਨੂੰ ਸਿਮਰਦਿਆਂ ਮਨ ਵਿਚ ਅਨੰਦ ਪੈਦਾ ਹੁੰਦਾ ਹੈ ਅਤੇ ਮਨ ਉਤੋਂ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ।

੬. ਹੇ ਪਿਆਰਿਓ! ਉਸ ਮੋਹਨ ਦੇ ਮਿਲਾਪ ਦੀ ਮਹਿਮਾ ਮੈਂ ਵਰਣਨ ਨਹੀਂ ਕਰ ਸਕਦਾ, ਉਹ ਪਰੇ ਤੋਂ ਪਰੇ ਹੈ। ਉਸ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ।੨।੪।੧੩।

ਭਾਵਾਰਥ : ਸਾਰੰਸ਼ ਹੈ ਕਿ ਉਸ ਪਿਆਰੇ ਪ੍ਰਭੂ ਨੂੰ ਦਿਨੇ-ਰਾਤ ਸਿਮਰਦੇ ਰਹੋ। ਕਦੀ ਇਕ ਪਲ ਮਾਤ੍ਰ ਭੀ ਨਾ ਵਿਸਰੋ, ਪਰ ਇਹ ਦਾਤ ਸੰਤਾਂ ਦੀ ਸੇਵਾ ਕਰਨ ਨਾਲ ਪ੍ਰਾਪਤ ਹੁੰਦੀ ਹੈ, ਜਦੋਂ ਕਿ ਮਨ ਵਿਚੋਂ ਮਾਣ ਤੇ ਹੱਠ ਨੂੰ ਤਿਆਗ ਦਿੱਤਾ ਜਾਵੇ। ਇਸ ਤਰ੍ਹਾਂ ਜਦੋਂ ਮਨ ਵਿਚੋਂ ਵਿਕਾਰਾਂ ਦੀ ਮੈਲ ਦੂਰ ਹੋ ਜਾਏ ਤਾਂ ਫਿਰ ਉਸ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦਾ ਕਦੀ ਅਭਾਵ ਨਹੀਂ ਹੁੰਦਾ।

ਗੂਜਰੀ ਮਹਲਾ ੫ ॥

੧. ਮੁਨਿ ਜੋਗੀ ਸਾਸਤ੍ਰਗਿ ਕਹਾਵਤ
ਸਭ ਕੀਨੇ ਬਸਿ ਅਪਨਹੀ ॥
੨. ਤੀਨਿ ਦੇਵ ਅਰੁ ਕੋੜਿ ਤੇਤੀਸਾ
ਤਿਨ ਕੀ ਹੈਰਤਿ ਕਛੁ ਨ ਰਹੀ ॥੧॥

੩. ਬਲਵੰਤਿ ਬਿਆਪਿ ਰਹੀ ਸਭ ਮਹੀ ॥
੪. ਅਵਰੁ ਨ ਜਾਨਸਿ ਕੋਊ ਮਰਮਾ
ਗੁਰ ਕਿਰਪਾ ਤੇ ਲਹੀ ॥੧॥ ਰਹਾਉ ॥
੫. ਜੀਤਿ ਜੀਤਿ ਜੀਤੇ ਸਭਿ ਥਾਨਾ
ਸਗਲ ਭਵਨ ਲਪਟਹੀ ॥
੬. ਕਹੁ ਨਾਨਕ ਸਾਧ ਤੇ ਭਾਗੀ
ਹੋਇ ਚੇਰੀ ਚਰਨ ਗਹੀ ॥੨॥੫॥੧੪॥

ਪਦ ਅਰਥ : ਮੁਨਿ—ਸਮਾਧੀ ਲਾ ਕੇ ਚੁੱਪ ਰਹਿਣ ਵਾਲੇ। ਜੋਗੀ—ਜੋਗ ਅਭਿਆਸ ਕਰਨ ਵਾਲੇ। ਸਾਸਤ੍ਰਗਿ—ਸ਼ਾਸਤ੍ਰਾਂ ਦੇ ਜਾਨਣ ਵਾਲੇ (ਪੰਡਤ ਆਦਿ)। ਕਹਾਵਤ—ਅਖਵਾਂਦੇ ਹਨ। ਬਸਿ—ਵਸ ਵਿਚ। ਕੀਨੇ—ਕੀਤੇ ਹੋਏ ਹਨ। ਤੀਨਿ ਦੇਵ—ਬ੍ਰਹਮਾ, ਵਿਸ਼ਨੂੰ, ਸ਼ਿਵ। ਅਰੁ—ਅਤੇ। ਕੋੜਿ—ਕਰੋੜ। ਹੈਰਤਿ—ਹੈਰਾਨਗੀ, ਹੈਰਾਨੀ, ਹੈਰਤ ਨ ਰਹਿਣੀ, ਹੋਸ਼ ਮਾਰੀ ਜਾਣ ਨੂੰ ਕਹਿੰਦੇ ਹਨ, ਹੈਰਾਨੀ ਦੀ ਹੱਦ ਨ ਰਹੀ।੧। ਬਲਵੰਤਿ—ਬਲ ਵਾਲੀ, ਤਕੜੀ ਮਾਇਆ, ਪ੍ਰਬਲ ਮਾਇਆ। ਬਿਆਪਿ ਰਹੀ—ਆਪਣਾ ਜ਼ੋਰ ਪਾ ਰਹੀ ਹੈ। ਲੱਗ ਰਹੀ ਹੈ, ਚੰਬੜ ਰਹੀ ਹੈ। ਮਹੀ—ਧਰਤੀ। ਮਰਮਾ—ਭੇਤ। ਅਵਰੁ—ਹੋਰ। ਤੇ—ਤੋਂ। ਲਹੀ—ਲਭਿਆ, ਦੇਖੀ, ਪਛਾਣੀ, ਜਾਣੀ।੧।ਰਹਾਉ। ਜੀਤਿ ਜੀਤਿ ਜੀਤੇ—ਸਦਾ ਤੋਂ ਜਿੱਤਦੀ ਆ ਰਹੀ ਹੈ। ਭਵਨ—ਘਰ, ਲੋਕ, ਲੋਕ ੧੪ ਗਿਣਦੇ ਹਨ। ਸਭ—ਸਾਰੇ। ਲਪਟਹੀ—ਚੰਬੜੀ ਹੋਈ ਹੈ। ਸਾਧ ਤੇ—ਗੁਰੂ ਪਾਸੋਂ। ਹੋਇ ਚੇਰੀ—ਦਾਸੀ ਬਣ ਕੇ। ਗਹੀ—ਚਰਨ ਫੜਨ ਵਾਲੀ ਹੋ ਜਾਂਦੀ ਹੈ, ਭਾਵ ਚਰਨ ਫੜ ਲੈਂਦੀ ਹੈ।੨।

ਅਰਥ :

ਪ੍ਰ: ਗੁਰਦੇਵ ਜੀਉ ! ਸੁਣੀਦਾ ਤਾਂ ਇਹੋ ਹੈ ਕਿ ਮਾਇਆ ਬਹੁਤ ਪ੍ਰਬਲ ਹੈ, ਪਰ ਮੁਨੀ, ਜੋਗੀ, ਸ਼ਾਸਤ੍ਰ-ਵੇਤਾ ਪੰਡਤ ਲੋਕ ਤਾਂ ਇਸ ਨੂੰ ਕਾਬੂ ਕਰ ਲੈਂਦੇ ਹੋਣਗੇ ?

ਉ: ੧. (ਨਹੀਂ) ਹੇ ਭਾਈਓ ! ਕੋਈ ਆਪਣੇ ਆਪ ਨੂੰ ਮੁਨੀ ਅਖਵਾਂਦੇ ਹਨ, ਕੋਈ ਜੋਗੀ ਅਖਵਾਂਦੇ ਹਨ, ਕੋਈ ਸ਼ਾਸਤ੍ਰ ਵੇਤਾ ਅਖਵਾਂਦੇ ਹਨ, ਪਰ ਇਨ੍ਹਾਂ ਸਭਨਾਂ ਨੂੰ ਪ੍ਰਬਲ ਮਾਇਆ ਨੇ ਆਪਣੇ ਵੱਸ ਵਿਚ ਕੀਤਾ ਹੋਇਆ ਹੈ।

ਪ੍ਰ: ਕਿਉਂ ਜੀ ! ਮੁਨੀ, ਜੋਗੀਆਂ ਤੋਂ ਉੱਪਰ ਤਿੰਨ ਮੁਖੀ ਦੇਵਤੇ ਅਤੇ ਤੇਤੀ ਕ੍ਰੋੜ ਦੇਵਤੇ ਹਨ, ਇਨ੍ਹਾਂ ਨੇ ਤਾਂ ਇਸ ਮਾਇਆ ਨੂੰ ਜ਼ਰੂਰ ਹੀ ਕਾਬੂ ਕਰ ਲਿਆ ਹੋਵੇਗਾ ?

ਉ: ੨. (ਨਹੀਂ) ਹੇ ਮਿੱਤਰੋ ! ਸੁਣੋ, ਇਹ ਵੱਡੇ ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ, ਸ਼ਿਵ) ਅਤੇ ਬਾਕੀ ਦੇ ਤੇਤੀ ਕਰੋੜ ਦੇਵਤੇ ਇਸ (ਮਾਇਆ ਦਾ ਇਤਨਾ ਵੱਡਾ ਬਲ ਵੇਖ ਕੇ) ਇਨ੍ਹਾਂ ਸਾਰਿਆਂ ਦੀ ਹੈਰਾਨਗੀ ਦੀ ਹੱਦ ਨਾ ਰਹਿ ਗਈ, ਇਨ੍ਹਾਂ ਸਭ ਦੀ ਹੋਸ਼ ਗੁੰਮ ਹੋ ਗਈ, ਅਕਲ ਹੀ ਮਾਰੀ ਗਈ।੧।

ਪ੍ਰ: ਕਿਉਂ ਜੀ ! ਇਸ ਮਾਇਆ ਦੀ ਪ੍ਰਬਲਤਾ ਤੋਂ ਧਰਤੀ ਦਾ ਕੋਈ ਹਿੱਸਾ ਤਾਂ ਬਚਿਆ ਹੋਵੇਗਾ ?

ਉ: ੩. ਹੇ ਭਾਈ ! ਇਹ ਮਾਇਆ ਬਹੁਤ ਵੱਡੇ ਬਲ ਵਾਲੀ ਹੈ, ਸਾਰੀ ਧਰਤੀ ਉੱਤੇ ਵਸਣ ਵਾਲੇ (ਲੋਕਾਂ ਨੂੰ) ਚੰਬੜ ਰਹੀ ਹੈ, ਜਾਂ ਲੱਗ ਰਹੀ ਹੈ।

ਪ੍ਰ: ਹਜ਼ੂਰ ! ਕੀ ਇਸ ਦੇ ਛਲ ਬਲ ਦੇ ਭੇਤ ਨੂੰ ਕਿਸੇ ਨੇ ਪਛਾਤਾ ਹੀ ਨਹੀਂ ?

ਉ: ੪. ਹੇ ਪਿਆਰਿਓ ! ਇਸ ਦੇ ਛਲ ਬਲ ਤੋਂ ਬਚਣ ਦੇ ਭੇਤ ਨੂੰ ਹੋਰ ਕੋਈ ਵੀ ਨਹੀਂ ਜਾਣਦਾ, (ਪਰ ਹਾਂ) ਗੁਰੂ ਜੀ ਦੀ ਕਿਰਪਾ ਨਾਲ ਹੀ (ਕਿਸੇ ਗੁਰਮੁਖ ਨੇ) ਇਸ ਦੇ ਭੇਤ ਨੂੰ ਪਛਾਣਿਆ ਹੈ, ਭਾਵ ਉਸ ਨੇ ਇਹ ਮਾਇਆ ਪਛਾਣ ਲਈ ਹੈ।੧।ਰਹਾਉ।

ਪ੍ਰ: ਹੇ ਗੁਰੋ ! ਜ਼ਰਾ ਖੁਲਾਸੇ ਨਾਲ ਦੱਸੋ, ਇਸ ਮਾਇਆ ਨੇ ਕਿਸ-ਕਿਸ ਨੂੰ ਜਿੱਤਿਆ ਹੈ ?

ਉ: ੫. ਹੇ ਸੱਜਨੋ ! ਸੁਣੋ, ਇਸ ਨੇ ਦੇਵਤੇ ਜਿੱਤੇ ਹਨ, ਰਿਖੀ ਮੁਨੀ ਜਿੱਤੇ ਹਨ, ਹੋਰ ਸਾਰੇ ਹੀ ਧਰਤੀ ਦੇ ਥਾਉਂ ਜਿੱਤ ਲਏ ਹਨ ਤੇ ਸਾਰੇ ਲੋਕਾਂ ਦੇ ਜੀਵਾਂ ਨੂੰ ਚੰਬੜੀ ਹੋਈ ਹੈ, ਭਾਵ ਸਾਰੇ ਲੋਕਾਂ ਦੇ ਜੀਵਾਂ ਨੂੰ ਲੱਗੀ ਹੋਈ ਹੈ।

ਪ੍ਰ: ਕਿਉਂ ਜੀ ! ਕੀ ਇਸ ਆਪ ਦੇ ਕਥਨ ਤੋਂ ਇਹੋ ਸਮਝਿਆ ਜਾਵੇ ਕਿ ਇਸ ਮਾਇਆ ਤੋਂ ਕੋਈ ਮਨੁੱਖ ਬਚਿਆ ਹੀ ਨਹੀਂ ? ਕੀ ਫਿਰ ਇਸ ਤੋਂ ਬਚਣ ਲਈ ਕੋਈ ਚਾਰਾ ਹੀ ਨਹੀਂ ਕਰਨਾ ਚਾਹੀਦਾ ?

ਉ: ੬. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! ਇਸ ਤਰ੍ਹਾਂ ਨਿਰਾਸ਼ ਹੋਣ ਦੀ ਲੋੜ ਨਹੀਂ, ਕਿਉਂਕਿ ਜਗਤ ਵਿਚ ਇਕ ਐਸੀ ਸੰਤ ਸ਼੍ਰੇਣੀ ਵੀ ਹੈ, ਜਿਸ ਤੋਂ ਇਹ ਮਾਇਆ ਡਰਦੀ ਹੋਈ ਦੂਰ ਭੱਜਦੀ ਹੈ, ਭਾਵ ਜੇ ਇਹ ਹਾਰੀ ਹੈ ਤਾਂ ਇਹ ਇਕ ਸਾਧੂਆਂ ਤੋਂ ਹਾਰੀ ਹੈ, ਉਨ੍ਹਾਂ ਦੀ ਦਾਸੀ ਹੋ ਕੇ ਚਰਨ ਫੜਦੀ ਹੈ।੨।੫।੧੪।

ਭਾਵਾਰਥ : ਮਾਇਆ ਦੀ ਪ੍ਰਬਲਤਾ ਸਾਰੇ ਲੋਕਾਂ ਵਿਚ ਬਿਆਪ ਰਹੀ ਹੈ। ਇਸ ਦੇ ਛਲ ਬਲ ਤੋਂ ਮੁਖੀ ਤਿੰਨ ਦੇਵਤੇ ਅਤੇ ਤੇਤੀ ਕਰੋੜ ਦੇਵਤੇ ਵੀ ਬੱਚ ਨਹੀਂ ਸਕੇ, ਪਰ ਹਾਂ, ਸਾਧੂ ਲੋਕ, ਜਿਨ੍ਹਾਂ ਨੇ ਆਪਣੇ ਮਨ ਨੂੰ ਸਾਧ ਲਿਆ ਹੈ, ਉਨ੍ਹਾਂ ਦੀ ਇਹ ਮਾਇਆ ਚਰਨ ਦਾਸੀ ਹੋ ਕੇ ਸੇਵਾ ਕਰਦੀ ਹੈ। ਸੋ ਇਸ ਮਾਇਆ ਦੇ ਛਲ ਬਲ ਤੋਂ ਬਚਣ ਲਈ ਇਕੋ ਚਾਰਾ ਸਾਧ ਸੰਗਤ ਹੈ, ਜਿਸ ਦੇ ਆਸਰੇ ਇਸ ਮਾਇਆ ਦੀ ਪ੍ਰਬਲਤਾ ਤੋਂ ਬਚ ਸਕੀਦਾ ਹੈ।

ਗੂਜਰੀ ਮਹਲਾ ੫ ॥

੧. ਦੁਇ ਕਰ ਜੋੜਿ ਕਰੀ ਬੇਨੰਤੀ
ਠਾਕੁਰੁ ਅਪਨਾ ਧਿਆਇਆ ॥
੨. ਹਾਥ ਦੇਇ ਰਾਖੇ ਪਰਮੇਸਰਿ
ਸਗਲਾ ਦੁਰਤੁ ਮਿਟਾਇਆ ॥੧॥
੩. ਠਾਕੁਰ ਹੋਏ ਆਪਿ ਦਇਆਲ ॥
੪. ਭਈ ਕਲਿਆਣ ਆਨੰਦ ਰੂਪ ਹੁਈ ਹੈ
ਉਬਰੇ ਬਾਲ ਗੁਪਾਲ ॥੧॥ ਰਹਾਉ ॥
੫. ਮਿਲਿ ਵਰ ਨਾਰੀ ਮੰਗਲੁ ਗਾਇਆ
ਠਾਕੁਰ ਕਾ ਜੈਕਾਰੁ ॥

੬. ਕਹੁ ਨਾਨਕ ਤਿਸੁ ਗੁਰ ਬਲਿਹਾਰੀ
ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥

ਪਦ ਅਰਥ : ਕਰ—ਹੱਥ। ਜੋੜਿ—ਜੋੜ ਕੇ। ਕਰੀ—ਕਰੀਂ, ਮੈਂ ਕਰਦਾ ਹਾਂ। ਦੇਇ—ਦੇ ਕੇ। ਰਾਖੇ—ਰੱਖ ਲਿਆ ਹੈ। ਦੁਰਤੁ—ਪਾਪ।੧। ਠਾਕੁਰ—ਮਾਲਕ ਪ੍ਰਭੂ ਜੀ। ਕਲਿਆਣ—ਸੁੱਖ। ਆਨੰਦ ਰੂਪ—ਅਨੰਦ ਭਰਪੂਰ। ਹੁਈ ਹੈ—ਹੋ ਜਾਈਦਾ ਹੈ। ਉਬਰੇ—(ਸੰਸਾਰ ਸਮੁੰਦਰ ਵਿਚੋਂ ਡੁੱਬਣ ਤੋਂ) ਬਚ ਗਏ। ਬਾਲ ਗੁਪਾਲ—ਗੁਪਾਲ ਪ੍ਰਭੂ ਦੇ (ਦਰ 'ਤੇ ਆਏ ਹੋਏ ਜੀਵ) ਬੱਚੇ।੧।ਰਹਾਉ। ਮਿਲਿ—ਮਿਲ ਕੇ। ਮਿਲਿ ਵਰ—ਪ੍ਰਭੂ ਪਤੀ ਨੂੰ ਮਿਲ ਕੇ। ਨਾਰੀ—ਨਾਰੀਆਂ ਨੇ (ਗਿਆਨ-ਇੰਦ੍ਰੀਆਂ ਨੇ)। ਜੈਕਾਰੁ—ਸਿਫ਼ਤਿ-ਸਾਲਾਹ। ਉਧਾਰੁ—ਪਾਰ ਉਤਾਰਾ।੨।

ਅਰਥ :

ਪ੍ਰ: ਹੇ ਗੁਰੋ! ਇਸ ਮਾਇਆ ਦੀ ਪ੍ਰਬਲਤਾ ਤੋਂ ਆਪ ਜੀ ਦਾ ਕਿਵੇਂ ਬਚਾ ਹੋਇਆ?

ਉ: ੧. ਹੇ ਭਾਈ! ਮੈਂ ਦੋਵੇਂ ਹੱਥ ਜੋੜ ਕੇ ਆਪਣੇ ਠਾਕੁਰ ਜੀ ਪਾਸ ਬੇਨਤੀ ਕੀਤੀ ਤੇ ਉਸੇ ਇਕ ਨੂੰ ਅਰਾਧਨਾ ਕੀਤਾ।

੨. ਉਸ ਅਰਜ਼ੋਈ ਦਾ ਸਦਕਾ ਪਰਮੇਸ਼ਰ ਜੀ ਨੇ (ਇਸ ਸਾਰੇ ਲੋਕਾਂ ਵਿਚ ਵਿਆਪ ਰਹੀ ਮਾਇਆ ਤੋਂ) ਸਾਨੂੰ ਆਪਣਾ (ਕਿਰਪਾ ਦਾ) ਹੱਥ ਦੇ ਕੇ ਰੱਖ ਲਿਆ ਅਤੇ ਸਾਰੇ ਕਸ਼ਟ ਤੇ ਪਾਪ ਵੀ ਨਵਿਰਤ ਕਰ ਦਿੱਤੇ।੧।

ਪ੍ਰ: ਕਿਉਂ ਜੀ! ਤੁਸੀਂ ਪਾਪਾਂ ਦੀ ਨਵਿਰਤੀ ਲਈ ਕੋਈ ਸਾਧਨ ਵੀ ਤਾਂ ਕੀਤਾ ਹੋਵੇਗਾ?

ਉ: ੩. (ਨਹੀਂ) ਹੇ ਭਾਈਓ! ਮੈਂ ਸਾਧਨ ਤਾਂ ਕੋਈ ਕਰਨ ਦੀ ਸਮਰੱਥਾ ਹੀ ਨਹੀਂ ਸੀ ਰੱਖਦਾ, ਪਰ (ਹਾਂ) ਮੇਰੇ ਠਾਕਰ ਜੀ ਮੇਰੇ 'ਤੇ ਦਿਆਲੂ ਹੋ ਗਏ।

੪. ਜਿਸ ਦਿਆਲਤਾ ਦੀ ਬਰਕਤ ਨਾਲ ਸਭੇ ਥਾਂ ਸੁੱਖ ਵਰਤ ਗਈ ਅਤੇ ਅੰਦਰ ਆਤਮਿਕ ਅਨੰਦ ਪੈਦਾ ਹੋ ਆਇਆ, ਉਹ ਗੁਪਾਲ ਪ੍ਰਭੂ ਦੇ (ਦਰ 'ਤੇ ਆਏ ਹੋਏ ਜੀਵ) ਸੰਸਾਰ ਸਮੁੰਦਰ ਵਿਚ ਡੁੱਬਣੋਂ ਬਚ ਗਏ, ਭਾਵ ਬੱਚਿਆਂ ਵਾਂਙੂ ਪਿਆਰ ਨਾਲ ਸਾਰੇ ਬੱਚ ਗਏ।੧।ਰਹਾਉ।

ਪ੍ਰ: ਹਜ਼ੂਰ! ਹੁਣ ਤੁਹਾਨੂੰ ਇਸ ਅਵਸਥਾ ਵਿਚ ਪੁੱਜ ਕੇ ਕੀ ਪ੍ਰਤੀਤ ਹੋ ਰਿਹਾ ਹੈ?

ਉ: ੫. ਹੇ ਸੱਜਨੋ! ਹੁਣ ਉਸ ਪ੍ਰਭੂ ਪਤੀ ਨੂੰ ਮਿਲ ਕੇ ਮੇਰੇ ਗਿਆਨ-ਇੰਦ੍ਰਿਆਂ ਨੇ ਉਸੇ ਸਾਈਂ ਜੀ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹਨ ਅਤੇ ਉਸੇ ਮਾਲਕ ਪ੍ਰਭੂ ਦਾ ਜੈ-ਜੈ ਕਾਰ ਕਰਨਾ ਅਰੰਭ ਕਰ ਦਿੱਤਾ ਹੈ।

ਪ੍ਰ: ਕਿਉਂ ਜੀ! ਇਹ ਦਾਤ ਪ੍ਰਾਪਤ ਕਿਥੋਂ ਹੋਈ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ, ਇਹ ਬਖ਼ਸ਼ਸ਼ ਮੇਰੇ ਗੁਰੂ ਦੀ ਹੈ। ਹੁਣ ਮੈਂ ਉਸੇ ਗੁਰੂ ਤੋਂ ਬਲਿਹਾਰੀ ਜਾਂਦਾ ਹਾਂ, ਜਿਸ ਨੇ ਸ਼ਰਨ ਵਿਚ ਆਏ ਸਾਰੇ ਜੀਵਾਂ ਦਾ ਪਾਰ ਉਤਾਰਾ ਕਰ ਦਿੱਤਾ ਹੈ।੨।੬।੧੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਮਾਇਆ ਦੀ ਪ੍ਰਬਲਤਾ ਤੋਂ ਬਚਣ ਲਈ ਉਸ ਸਾਈਂ ਜੀ ਅੱਗੇ ਬੇਨਤੀ ਕੀਤੀ ਹੈ ਅਤੇ ਇਸ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਹਰੀ ਤੇ ਗੁਰੂ ਦੀ ਮਹਿਮਾ ਅੰਕਤ ਕੀਤੀ ਹੈ।

ਗੂਜਰੀ ਮਹਲਾ ੫ ॥

੧. ਮਾਤ ਪਿਤਾ ਭਾਈ ਸੁਤ ਬੰਧਪ
ਤਿਨ ਕਾ ਬਲੁ ਹੈ ਥੋਰਾ ॥
੨. ਅਨਿਕ ਰੰਗ ਮਾਇਆ ਕੇ ਪੇਖੇ
ਕਿਛੁ ਸਾਥਿ ਨ ਚਾਲੈ ਭੋਰਾ ॥੧॥
੩. ਠਾਕੁਰ ਤੁਝ ਬਿਨੁ ਆਹਿ ਨ ਮੋਰਾ ॥
੪. ਮੋਹਿ ਅਨਾਥ ਨਿਰਗੁਨ ਗੁਣੁ ਨਾਹੀ
ਮੈ ਆਹਿਓ ਤੁਮ੍ਰਾ ਧੋਰਾ ॥੧॥ ਰਹਾਉ ॥
੫. ਬਲਿ ਬਲਿ ਬਲਿ ਬਲਿ ਚਰਣ
ਤੁਮ੍ਾਰੇ ਈਹਾ ਊਹਾ ਤੁਮ੍ਾਰਾ ਜੋਰਾ ॥
੬. ਸਾਧਸੰਗਿ ਨਾਨਕ ਦਰਸੁ ਪਾਇਓ
ਬਿਨਸਿਓ ਸਗਲ ਨਿਹੋਰਾ ॥੨॥੭॥੧੬॥

ਪਦ ਅਰਥ : ਸੁਤ—ਪੁੱਤਰ। ਬੰਧਪ—ਰਿਸ਼ਤੇਦਾਰ। ਥੋਰਾ—ਥੋੜ੍ਹਾ, ਹੋਛਾ ਜਿਹਾ, ਕਮਜ਼ੋਰ। ਪੇਖੇ—ਮੈਂ ਵੇਖੇ ਹਨ। ਧੋਰਾ—ਰਤਾ ਵੀ, ਜ਼ਰਾ ਵੀ।੧। ਆਹਿ—ਹੈ। ਮੋਹਿ—ਮੈਨੂੰ, ਮੇਰੇ ਵਿਚ। ਆਹਿਓ—ਤੱਕਿਆ ਹੈ, ਚਾਹਿਆ ਹੈ, ਲੋੜਿਆ ਹੈ। ਧੋਰਾ—ਆਸਰਾ, ਸਮੀਪਤਾ।੧।ਰਹਾਉ। ਬਲਿ—ਕੁਰਬਾਨ। ਈਹਾ—ਇਸ ਲੋਕ ਵਿਚ। ਊਹਾ—ਪ੍ਰਲੋਕ ਵਿਚ। ਜੋਰਾ—ਜ਼ੋਰ, ਸਹਾਰਾ, ਤਾਣ। ਬਿਨਸਿਓ—ਨਾਸ ਹੋ ਗਿਆ। ਨਿਹੋਰਾ—ਮੁਥਾਜੀ, ਮਿੰਨਤਾਂ, ਤਰਲਾ, ਅਹਿਸਾਨ।੨।

ਅਰਥ :

ਪ੍ਰ: ਹੇ ਹਜ਼ੂਰ! ਸੰਸਾਰੀ ਲੋਕਾਂ ਨੇ ਕੋਈ ਨਾ ਕੋਈ ਆਪਣਾ ਆਸਰਾ ਬਣਾ ਰਖਿਆ ਹੈ, ਪਰ ਤੁਸਾਂ ਨੇ ਆਪਣਾ ਆਸਰਾ ਕਿਸ ਨੂੰ ਬਣਾਇਆ ਹੈ?

ਉ: ੧. ਹੇ ਪਿਆਰੇ! ਅਸੀਂ ਤਾਂ ਆਪਣਾ ਆਸਰਾ ਇਕ ਵਾਹਿਗੁਰੂ ਬਣਾ ਰਖਿਆ ਹੈ, ਕਿਉਂਕਿ ਅਸੀਂ ਵੇਖਦੇ ਹਾਂ ਕਿ ਸੰਸਾਰਕ ਮਾਤਾ, ਪਿਤਾ, ਭਰਾ, ਪੁੱਤ੍ਰ, ਰਿਸ਼ਤੇਦਾਰ ਇਨ੍ਹਾਂ ਸਾਰਿਆਂ ਦਾ ਹੀ ਬਲ ਥੋੜ੍ਹਾ ਹੈ। ਇਨ੍ਹਾਂ ਦਾ ਆਸਰਾ ਕਮਜ਼ੋਰ ਆਸਰਾ ਹੈ, ਕਿਉਂਕਿ ਇਹ ਕਮਜ਼ੋਰ ਇਸ ਲਈ ਹੈ ਕਿ ਇਸੇ ਲੋਕ ਵਿਚ ਰਹਿ ਜਾਂਦਾ ਹੈ, ਪ੍ਰਲੋਕ ਵਿਚ ਜਾਣ ਸਮੇਂ ਸਾਥ ਨਹੀਂ ਦੇਂਦਾ।

੨. ਹੇ ਪਿਆਰੇ! ਇੱਥੇ ਹੀ ਬੱਸ ਨਹੀਂ, ਹੋਰ ਅਸਾਂ ਮਾਇਆ ਦੇ ਰੰਗ ਅਨੇਕਾਂ ਹੀ ਵੇਖੇ ਹਨ, ਇਨ੍ਹਾਂ ਵਿਚੋਂ ਕੁਝ ਰੰਚਕ ਮਾਤਰ ਵੀ ਜੀਵ ਦੇ ਨਾਲ ਨਹੀਂ ਜਾਂਦਾ।੧।

੩. ਹੇ ਠਾਕਰ ਪ੍ਰਭੂ! ਤੈਥੋਂ ਬਿਨਾ ਮੇਰਾ ਹੋਰ ਕੋਈ ਆਸਰਾ ਨਹੀਂ।

੪. ਮੈਂ ਅਨਾਥ ਹਾਂ, ਮੇਰੇ ਵਿਚ ਕੋਈ ਗੁਣ ਨਹੀਂ, ਮੈਂ ਨਿਰਗੁਣ ਹਾਂ, ਇਸ ਕਰਕੇ ਮੈਂ ਤੇਰਾ ਹੀ ਆਸਰਾ ਮੰਗਿਆ ਹੈ।੧।ਰਹਾਉ।

੫. ਮੈਂ ਤੁਹਾਡੇ ਚਰਨਾਂ ਤੋਂ ਸਦਕੇ ਹਾਂ, ਵਾਰਨੇ ਹਾਂ, ਬਲਿਹਾਰਨੇ ਹਾਂ, ਕੁਰਬਾਨ ਹਾਂ, ਲੋਕ-ਪ੍ਰਲੋਕ ਵਿਚ ਮੈਨੂੰ ਤੁਹਾਡਾ ਹੀ ਜ਼ੋਰ, ਆਸਰਾ (ਬਚਾਉਂਦਾ) ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਿਸ ਮਨੁੱਖ ਨੇ ਸਾਧ ਸੰਗਤ ਵਿਚ ਟਿਕ ਕੇ ਪ੍ਰਭੂ ਦਾ ਦਰਸ਼ਨ ਪਾ ਲਿਆ ਹੈ, ਉਸ ਦਾ ਹੋਰ ਕਿਸੇ ਪਾਸ ਮਿੰਨਤ ਤਰਲਾ ਕਰਨਾ ਮੁੱਕ ਗਿਆ ਹੈ, ਉਸ ਦੀ ਮੁਥਾਜੀ ਖ਼ਤਮ ਹੋ ਗਈ ਹੈ।੨।੭।੧੬।

ਭਾਵਾਰਥ : ਇਸ ਸ਼ਬਦ ਵਿਚ ਸੰਸਾਰਕ ਆਸਰਿਆਂ ਤੋਂ ਚੁੱਕ ਕੇ ਹਰ ਮਨੁੱਖ ਮਾਤ੍ਰ ਨੂੰ ਪਰਮੇਸ਼ਰ ਦੇ ਆਸਰੇ ਰਹਿਣ ਦਾ ਉਪਦੇਸ਼ ਦਿੱਤਾ ਹੈ ਅਤੇ ਵਾਹਿਗੁਰੂ ਜੀ ਦੇ ਮਿਲਾਪ 'ਤੇ ਸ਼ੁਕਰੀਆ ਕੀਤਾ ਹੈ।

ਗੂਜਰੀ ਮਹਲਾ ੫ ॥

੧. ਆਲ ਜਾਲ ਭ੍ਰਮ ਮੋਹ ਤਜਾਵੈ
ਪ੍ਰਭ ਸੇਤੀ ਰੰਗੁ ਲਾਈ ॥
੨. ਮਨ ਕਉ ਇਹ ਉਪਦੇਸੁ ਦ੍ਰਿੜਾਵੈ
ਸਹਜਿ ਸਹਜਿ ਗੁਣ ਗਾਈ ॥੧॥
੩. ਸਾਜਨ ਐਸੋ ਸੰਤੁ ਸਹਾਈ ॥
੪. ਜਿਸੁ ਭੇਟੇ ਤੂਟਹਿ ਮਾਇਆ ਬੰਧ
ਬਿਸਰਿ ਨ ਕਬਹੂੰ ਜਾਈ ॥੧॥ ਰਹਾਉ ॥
੫. ਕਰਤ ਕਰਤ ਅਨਿਕ ਬਹੁ ਭਾਤੀ
ਨੀਕੀ ਇਹ ਠਹਰਾਈ ॥
੬. ਮਿਲਿ ਸਾਧੂ ਹਰਿ ਜਸੁ ਗਾਵੈ
ਨਾਨਕ ਭਵਜਲੁ ਪਾਰਿ ਪਰਾਈ ॥੨॥੮॥੧੭॥

ਪਦ ਅਰਥ : ਆਲ—ਆਲਯ, ਘਰ। ਜਾਲ—ਜੰਜਾਲ। ਆਲ ਜਾਲ—ਘਰ ਦੇ ਜੰਜਾਲ। ਭ੍ਰਮ—ਭਟਕਣਾ। ਤਜਾਵੈ—ਦੂਰ ਕਰਾ ਦੇਂਦਾ ਹੈ। ਸੇਤੀ—ਨਾਲ। ਰੰਗ—ਪ੍ਰੇਮ। ਲਾਈ—ਲਾਏ, ਬਣਾ ਦੇਂਦਾ ਹੈ। ਦ੍ਰਿੜਾਵੈ—ਪੱਕਾ ਕਰਾਂਦਾ ਹੈ। ਗਾਈ—ਗਾਏ, ਗਾ।੧। ਸਾਜਨ—ਹੇ ਮਿੱਤ੍ਰ। ਸੰਤੁ—ਗੁਰੂ। ਸਹਾਈ—ਮਦਦਗਾਰ। ਭੇਟੇ—ਮਿਲਦਾ ਹੈ। ਬੰਧ—ਬੰਧਨ। ਕਬਹੂ—ਕਦੇ ਭੀ।੧।ਰਹਾਉ। ਕਰਤ ਕਰਤ—ਕਰਦਿਆਂ-ਕਰਦਿਆਂ। ਨੀਕੀ—ਚੰਗੀ (ਗੱਲ)। ਮਿਲਿ—ਮਿਲ ਕੇ। ਸਾਧੂ—ਗੁਰੂ। ਭਵਜਲੁ—ਸੰਸਾਰ ਸਮੁੰਦਰ। ਪਰਾਈ—ਪਰਾਇ, ਪਰੈ, ਪੈ ਜਾਂਦਾ ਹੈ।੨।

ਅਰਥ :

ਪ੍ਰ: ਕਿਉਂ ਜੀ! ਜਿਸ ਗੁਰੂ ਦੀ ਕਿਰਪਾ ਦੁਆਰਾ ਸਾਈਂ ਜੀ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ, ਉਸ ਗੁਰੂ ਵਿਚ ਕੀ ਵੱਡੀ ਵਿਸ਼ੇਸ਼ਤਾ ਹੈ?

ਉ: ੧. ਹੇ ਭਾਈ! ਜੋ ਵੀ ਮਨੁੱਖ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ, ਗੁਰੂ ਉਸ ਪਾਸੋਂ (ਜੋ ਉਸ ਦੇ ਮਨ ਅੰਦਰ) ਘਰ ਦੇ ਜੰਜਾਲਾਂ ਦੇ ਮੋਹ ਤੇ ਭਟਕਣਾ ਹੈ, ਇਹ ਛੁਡਵਾ ਦੇਂਦਾ ਹੈ ਅਤੇ ਪਰਮੇਸ਼ਰ ਜੀ ਨਾਲ ਉਸ ਦਾ ਪਿਆਰ ਲਗਵਾ ਦੇਂਦਾ ਹੈ।

੨. (ਸ਼ਰਨ ਵਿਚ ਆਏ ਮਨੁੱਖ ਦੇ) ਮਨ ਨੂੰ ਇਹ ਉਪਦੇਸ਼ ਪੱਕਾ ਕਰਵਾ ਦੇਂਦਾ ਹੈ ਕਿ ਹੇ ਭਾਈ! ਉਸ ਪ੍ਰਭੂ ਦੇ ਗੁਣਾਂ ਨੂੰ ਸਦਾ ਅਡੋਲਤਾ ਵਿਚ ਟਿਕ ਕੇ ਸਹਿਜੇ-ਸਹਿਜੇ ਗਾਂਦਾ ਰਹੁ।੧।

੩. ਹੇ ਮਿੱਤਰਾ! ਗੁਰੂ ਇਹੋ ਜਿਹਾ ਮਦਦਗਾਰ ਹੈ।

੪. ਜਿਸ ਗੁਰੂ ਨੂੰ ਮਿਲਦਿਆਂ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਫੇਰ ਉਹ ਵਾਹਿਗੁਰੂ ਜੀ ਕਦੇ ਵਿਸਰ ਨਹੀਂ ਜਾਂਦਾ।੧।ਰਹਾਉ।

ਪ੍ਰ: ਸ੍ਰੀ ਜੀਉ! ਆਖ਼ਰ ਤੁਸੀਂ ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਆਪਣੇ ਦਿਲ ਵਿਚ ਪੱਕਾ ਨਿਸਚਾ ਕੀ ਧਾਰਨ ਕੀਤਾ ਹੈ?

ਉ: ੫. ਹੇ ਪਿਆਰਿਓ! ਮੈਂ ਤਾਂ ਕਈ ਤਰ੍ਹਾਂ ਦੇ ਸਾਧਨ, ਕਈ ਕਿਸਮ ਦੀਆਂ ਸੋਚਾਂ ਵਿਚਾਰਾਂ ਕਰਦਿਆਂ-ਕਰਦਿਆਂ ਆਖ਼ਰ ਚੰਗਾ ਨਿਸਚਾ (ਆਪਣੇ) ਦਿਲ ਵਿਚ ਇਉਂ ਟਿਕਾਅ ਲਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ, ਜਿਹੜਾ ਮਨੁੱਖ ਵੀ ਗੁਰੂ ਨੂੰ ਮਿਲ ਕੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਵੇਗਾ, ਉਹ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।੨।੮।੧੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਜਿਸ ਗੁਰੂ ਦੇ ਮਿਲਾਪ ਦੁਆਰਾ ਪ੍ਰਭੂ ਦੇ ਦਰਸ਼ਨ ਪ੍ਰਾਪਤ ਹੋਣੇ ਹਨ, ਉਸ ਗੁਰੂ ਦੀਆਂ ਵਿਸ਼ੇਸ਼ਤਾਈਆਂ ਦਰਸਾਈਆਂ ਹਨ ਕਿ ਸਿੱਖ ਦੇ ਹਿਰਦੇ ਵਿਚੋਂ ਗੁਰੂ ਮਾਇਕੀ ਜੰਜਾਲਾਂ ਨੂੰ ਤੋੜ ਕੇ ਪਰਮੇਸ਼ਰ ਦੀ ਪ੍ਰਾਪਤੀ ਦਾ ਸੱਚਾ ਉਪਦੇਸ਼ ਤੇ ਉਸ ਸਾਈਂ ਜੀ ਦੇ ਸਹਿਜੇ-ਸਹਿਜੇ ਗੁਣਾਂ ਨੂੰ ਉਚਾਰਨ ਕਰਨ ਦਾ ਪੱਕਾ ਨਿਸਚਾ ਕਰਵਾ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਕਰ ਦੇਂਦਾ ਹੈ।

ਗੂਜਰੀ ਮਹਲਾ ੫ ॥

੧. ਖਿਨ ਮਹਿ ਥਾਪਿ ਉਥਾਪਨਹਾਰਾ
ਕੀਮਤਿ ਜਾਇ ਨ ਕਰੀ ॥
੨. ਰਾਜਾ ਰੰਕੁ ਕਰੈ ਖਿਨ ਭੀਤਰਿ
ਨੀਚਹ ਜੋਤਿ ਧਰੀ ॥੧॥
੩. ਧਿਆਈਐ ਅਪਨੋ ਸਦਾ ਹਰੀ ॥
੪. ਸੋਚ ਅੰਦੇਸਾ ਤਾ ਕਾ ਕਹਾ ਕਰੀਐ
ਜਾ ਮਹਿ ਏਕ ਘਰੀ ॥੧॥ ਰਹਾਉ ॥
੫. ਤੁਮ੍ਰੀ ਟੇਕ ਪੂਰੇ ਮੇਰੇ ਸਤਿਗੁਰ
ਮਨ ਸਰਨਿ ਤੁਮ੍ਾਰੈ ਪਰੀ ॥
੬. ਅਚੇਤ ਇਆਨੇ ਬਾਰਿਕ ਨਾਨਕ
ਹਮ ਤੁਮ ਰਾਖਹੁ ਧਾਰਿ ਕਰੀ ॥੨॥੯॥੧੮॥

ਪਦ ਅਰਥ : ਥਾਪਿ—ਪੈਦਾ ਕਰਕੇ। ਉਥਾਪਨਹਾਰਾ—ਢਾਹ ਦੇਣ ਵਾਲਾ, ਗਿਰਾ ਦੇਣ ਵਾਲਾ। ਕੀਮਤਿ—ਬਰਾਬਰ ਦੀ ਕਦਰ। ਰੰਕੁ—ਕੰਗਾਲ। ਜੋਤਿ—ਆਪਣੀ ਜੋਤ ਦਾ ਪ੍ਰਕਾਸ਼ ਕਰ ਦੇਂਦਾ ਹੈ।੧। ਅਚੇਤ—ਗ਼ਾਫ਼ਲ, ਬੇ-ਸਮਝ। ਕਰੀ—ਕਰ, ਹੱਥ।੨।

ਅਰਥ :

ਪ੍ਰ: ਹੇ ਗੁਰੋ! ਜਿਸ ਪਰਮੇਸ਼ਰ ਦੀ ਅਰਾਧਨਾ ਕਰਨ ਲਈ ਆਪ ਪ੍ਰੇਰਣਾ ਕਰਦੇ ਹੋ, ਕੁਝ ਉਸ ਦੀ ਸ਼ਕਤੀ ਦਾ ਵੀ ਬਿਆਨ ਕਰੋ।

ੳ: ੧. ਹੇ ਭਾਈਓ! ਉਸ ਸਰਬ ਸ਼ਕਤੀਮਾਨ ਜੀ ਦੀ ਸੰਪੂਰਨ ਸ਼ਕਤੀ ਕਹੀ ਨਹੀਂ ਜਾ ਸਕਦੀ, ਪਰ ਹਾਂ, ਕਹਿਣ ਮਾਤ੍ਰ ਉਸ ਨੂੰ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਉਹ ਪਰਮੇਸ਼ਰ ਇਸ ਸੰਸਾਰਕ ਰਚਨਾ ਨੂੰ ਇਕ ਪਲ ਵਿਚ ਪੈਦਾ ਕਰਕੇ ਉਸ ਨੂੰ ਢਾਹ ਦੇਣ ਦੀ ਸਮਰੱਥਾ ਰੱਖਦਾ ਹੈ, ਇਸ ਲਈ ਉਸ ਦੀ ਕੀਮਤ ਨਹੀਂ ਕਹੀ ਜਾ ਸਕਦੀ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ, ਭਾਵ ਉਸ ਦੇ ਬਰਾਬਰ ਦੀ ਕਦਰ ਵਾਲਾ ਹੋਰ ਕੋਈ ਨਹੀਂ ਦੱਸਿਆ ਜਾ ਸਕਦਾ।

੨. ਹੇ ਭਾਈ! ਦੇਖੋ, ਉਹ (ਇਕ) ਛਿਨ ਵਿਚ ਰਾਜੇ ਨੂੰ ਕੰਗਾਲ ਕਰ ਦੇਂਦਾ ਹੈ ਅਤੇ ਨੀਵਾਂ ਅਖਵਾਣ ਵਾਲੇ ਦੇ ਅੰਦਰ ਆਪਣੀ ਜੋਤ ਦਾ ਪ੍ਰਕਾਸ਼ ਕਰ ਦੇਂਦਾ ਹੈ, ਨੀਚ ਵਿਚ (ਪ੍ਰਤਾਪ) ਦੀ ਜੋਤ ਧਰ ਦੇਂਦਾ ਹੈ, ਭਾਵ ਨੀਵੇਂ ਨੂੰ ਪ੍ਰਤਾਪ ਵਾਲਾ ਬਣਾ ਦੇਂਦਾ ਹੈ।੧।

ਪ੍ਰ: ਹਜ਼ੂਰ ਫਿਰ ਸਾਨੂੰ ਕੀ ਕਰਨਾ ਚਾਹੀਦਾ ਹੈ ?

ੳ: ੩. ਹੇ ਭਾਈਓ! ਸਾਨੂੰ ਤਾਂ ਸਦਾ ਹੀ ਉਸ ਸਦੀਵੀ ਕਾਲ ਕਾਇਮ ਰਹਿਣ ਵਾਲੇ ਪਰਮੇਸ਼ਰ ਨੂੰ ਧਿਆਉਂਦੇ ਰਹਿਣਾ ਚਾਹੀਦਾ ਹੈ।

ਪ੍ਰ: ਗੁਰਦੇਵ ਜੀਉ! ਸੰਸਾਰ ਵਿਚ ਜੀਵਨ ਗੁਜ਼ਾਰਨ ਲਈ ਤਾਂ ਹਰ ਵਕਤ ਫ਼ਿਕਰਮੰਦ ਰਹਿਣਾ ਹੀ ਪੈਂਦਾ ਹੈ ?

ੳ: ੪. ਹੇ ਭਾਈਓ! ਦੱਸੋ, ਸੰਸਾਰਕ ਪਦਾਰਥਾਂ ਲਈ ਕਿਸ ਵਾਸਤੇ ਚਿੰਤਾ ਜਾਂ ਫ਼ਿਕਰਵਾਨ ਹੋਣਾ ਹੈ, ਜਿਸ ਸੰਸਾਰ ਦੀ ਹਰ ਸ਼ੈਅ ਸ਼ੀਘਰ ਹੀ ਨਾਸ ਹੋ ਜਾਣ ਵਾਲੀ ਹੈ।੧।ਰਹਾਉ।

ਪ੍ਰ: ਕਿਉਂ ਜੀ! ਤੁਹਾਡੀ ਆਪਣੀ ਸੋਚਣੀ ਕੀ ਹੈ ?

ੳ: ੫. ਹੇ ਪਿਆਰਿਓ! ਮੈਂ ਤਾਂ ਮਨ ਵਿਚ ਕੇਵਲ ਇਉਂ ਅਰਦਾਸ ਹੀ ਕਰਦਾ ਰਹਿੰਦਾ ਹਾਂ ਕਿ ਮੇਰੇ ਪੂਰੇ ਸਤਿਗੁਰੂ! ਮੈਨੂੰ ਤਾਂ ਕੇਵਲ ਤੁਹਾਡਾ ਹੀ ਆਸਰਾ ਹੈ, ਮੇਰੇ ਮਨ ਨੇ ਤਾਂ ਤੁਹਾਡੀ ਹੀ ਸ਼ਰਨ ਪਕੜ ਲਈ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਅਸੀਂ ਨਿਆਣੇ ਤੇ ਬੇ-ਸਮਝ ਬੱਚੇ ਹਾਂ, ਤੁਸੀਂ ਸਾਨੂੰ ਸਾਡੇ ਸਿਰ 'ਤੇ ਆਪਣਾ ਕਿਰਪਾ ਦਾ ਹੱਥ ਧਰ ਕੇ ਇਸ ਸੰਸਾਰ ਦੇ ਪਦਾਰਥਾਂ ਦੇ ਮੋਹ ਤੋਂ ਬਚਾਈ ਰੱਖੋ।੨।੯।੧੮।

ਪਦ ਅਰਥ : ਇਸ ਸ਼ਬਦ ਵਿਚ ਹਜ਼ੂਰ ਨੇ ਕੇਵਲ ਉਸ ਹਰੀ ਦੀ ਅਰਾਧਨਾ ਕਰਨ ਦੀ ਪ੍ਰੇਰਣਾ ਕੀਤੀ ਹੈ ਅਤੇ ਆਪਣੇ ਅਲਪ ਕਾਲ ਜੀਵਨ ਲਈ ਚਿੰਤਾ ਫ਼ਿਕਰ ਕਰਨ ਵਲੋਂ ਵਰਜਿਆ ਹੈ। ਅੰਤ ਵਿਚ ਆਪਣੀ ਮਨਮਤ ਦਾ ਤਿਆਗ ਕਰਵਾ ਕੇ ਉਸੇ ਸਾਈਂ ਜੀ ਦੇ ਸਨਮੁਖ ਹੋ ਰੱਖਿਆ ਕਰਨ ਲਈ ਅਰਦਾਸ ਦੀ ਪ੍ਰੇਰਣਾ ਕੀਤੀ ਹੈ।

ਗੂਜਰੀ ਮਹਲਾ ੫ ॥

੧. ਤੂੰ ਦਾਤਾ ਜੀਆ ਸਭਨਾ ਕਾ
ਬਸਹੁ ਮੇਰੇ ਮਨ ਮਾਹੀ ॥
੨. ਚਰਣ ਕਮਲ ਰਿਦ ਮਾਹਿ ਸਮਾਏ
ਤਹ ਭਰਮੁ ਅੰਧੇਰਾ ਨਾਹੀ ॥੧॥
੩. ਠਾਕੁਰ ਜਾ ਸਿਮਰਾ ਤੂੰ ਤਾਹੀ ॥
੪. ਕਰਿ ਕਿਰਪਾ ਸਰਬ ਪ੍ਰਤਿਪਾਲਕ
ਪ੍ਰਭ ਕਉ ਸਦਾ ਸਲਾਹੀ ॥੧॥ ਰਹਾਉ ॥
੫. ਸਾਸਿ ਸਾਸਿ ਤੇਰਾ ਨਾਮੁ ਸਮਾਰਉ
ਤੁਮ ਹੀ ਕਉ ਪ੍ਰਭ ਆਹੀ ॥
੬. ਨਾਨਕ ਟੇਕ ਭਈ ਕਰਤੇ ਕੀ
ਹੋਰ ਆਸ ਬਿਡਾਣੀ ਲਾਹੀ ॥੨॥੧੦॥੧੯॥

ਪਦ ਅਰਥ : ਮਾਹੀ—ਮਾਹਿ, ਵਿਚ। ਰਿਦ—ਹਿਰਦਾ। ਤਹ—ਉਸ ਹਿਰਦੇ ਵਿਚ। ਭਰਮੁ—ਭਟਕਣਾ। ਅੰਧੇਰਾ—ਹਨੇਰਾ।੧। ਜਾ—ਜਦੋਂ। ਸਿਮਰਾ—ਸਿਮਰਾਂ, ਮੈਂ ਚੇਤੇ ਕਰਦਾ ਹਾਂ। ਤਾਹੀ—ਉਥੇ ਹੀ। ਪ੍ਰਤਿਪਾਲਕ—ਹੇ ਪਾਲਣਹਾਰ। ਸਲਾਹੀ—ਸਲਾਹੀਂ, ਮੈਂ ਸਿਫ਼ਤਿ-ਸਾਲਾਹ ਕਰਦਾ ਰਹਾਂ।੧।ਰਹਾਉ। ਸਮਾਰਉ—ਸਮਾਰਉਂ—ਮੈਂ ਸੰਭਾਲਦਾ ਰਹਾਂ। ਆਹੀ—ਆਹੀ, ਮੈਂ ਲੋਚਦਾ ਹਾਂ। ਟੇਕ—ਸਹਾਰਾ। ਬਿਡਾਣੀ—ਬਿਗਾਨੀ।੨।

ਅਰਥ :

ਪ੍ਰ: ਹੇ ਗੁਰੋ! ਸੰਸਾਰ ਦਾ ਹਰ ਮਨੁੱਖ ਕੁਝ ਨ ਕੁਝ ਦਾਤ ਉਸ ਦਾਤਾਰ ਪਾਸੋਂ ਮੰਗਦਾ ਹੈ, ਪਰ ਆਪ ਜੀ ਜਦੋਂ ਵੀ ਸਾਈਂ ਜੀ ਤੋਂ ਕੁਝ ਮੰਗਣਾ ਚਾਹੋ ਤਾਂ ਕੀ ਮੰਗਦੇ ਹੋ ?

ੳ: ੧. ਹੇ ਪਿਆਰੇ! ਮੇਰੀ ਤਾਂ ਉਸ ਦਾਤਾਰ ਪਾਸੋਂ ਸਦਾ ਇਕ ਇਹੋ ਹੀ ਮੰਗ ਰਹਿੰਦੀ ਹੈ ਕਿ ਹੇ ਮਾਲਕ! ਤੂੰ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ, (ਮਿਹਰ ਕਰੋ ਕਿ) ਤੁਸੀਂ ਹਰ ਸਮੇਂ ਸਦਾ ਹੀ ਮੇਰੇ ਮਨ ਵਿਚ ਵਸਦੇ ਰਹੋ।

੨. ਹੇ ਦਾਤਾ ਜੀ! ਬੱਸ ਮੈਨੂੰ ਤਾਂ ਇਹੋ ਹੀ ਦਾਤ ਬਖ਼ਸ਼ੋ, ਕਿਉਂਕਿ ਜਿਸ ਹਿਰਦੇ ਵਿਚ ਆਪ ਦੇ ਚਰਨ ਕਮਲ ਸਮਾ ਗਏ, ਉਥੇ ਭਰਮ ਰੂਪੀ ਅੰਧੇਰਾ ਨਹੀਂ ਰਹਿੰਦਾ।੧।

੩. ਹੇ ਮਾਲਕ ਜੀ! ਮੈਨੂੰ ਇਹ ਸੋਝੀ ਜ਼ਰੂਰ ਹੈ ਕਿ ਜਿੱਥੇ ਵੀ ਤੈਨੂੰ ਮੈਂ ਸਿਮਰਦਾ ਹਾਂ, ਉਥੇ ਹੀ ਤੂੰ ਪੁੱਜਦਾ ਹੈਂ ਜਾਂ ਉਥੇ ਮੌਜੂਦ ਹੈਂ।

੪. ਹੇ ਸਰਬ ਜੀਵਾਂ ਦੀ ਪਾਲਣਾ ਕਰਨ ਵਾਲੇ, (ਮੇਰੇ ਉੱਤੇ) ਮਿਹਰ ਕਰੋ, ਮੈਂ ਸਦਾ ਤੇਰੀ ਹੀ ਸਿਫ਼ਤਿ-ਸਾਲਾਹ ਕਰਦਾ ਰਵਾਂ।੧।ਰਹਾਉ।

੫. ਸਾਈਂ ਜੀ! ਮੇਰੇ 'ਤੇ ਮਿਹਰ ਕਰੋ ਕਿ ਮੈਂ ਹਰ ਸੁਆਸ-ਸੁਆਸ ਵਿਚ ਤੇਰਾ ਹੀ ਨਾਮ ਸਿਮਰਦਾ ਰਹਾਂ। ਹੇ ਪ੍ਰਭੂ, ਮੈਂ ਤੈਨੂੰ ਹੀ ਲੋਚਦਾ ਰਵਾਂ, ਤੇਰੇ ਹੀ ਮਿਲਾਪ ਦੀ ਤਾਂਘ ਕਰਦਾ ਰਹਾਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਐ ਦੁਨੀਆ ਦੇ ਲੋਕੋ! ਸੁਣੋ) ਮੈਂ ਨਾਨਕ ਨੂੰ ਤਾਂ ਉਸੇ ਕਰਤਾਰ ਦੀ ਟੇਕ ਪ੍ਰਾਪਤ ਹੋ ਗਈ ਹੈ, (ਇਸੇ ਲਈ) ਹੁਣ ਮੈਂ ਹੋਰ ਪਰਾਈ ਆਸਾ ਲਾਹ ਛੱਡੀ ਹੈ।੨।੧੦।੧੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਸ ਪ੍ਰਭੂ ਨੂੰ ਆਪਣੇ ਅੰਦਰ ਵਸਾ ਲੈਣ ਲਈ ਅਰਦਾਸ ਕੀਤੀ ਹੈ ਅਤੇ ਇਸ ਪ੍ਰਭੂ ਨੂੰ ਹਰ ਥਾਂ ਵਿਆਪਕ ਸਮਝਦਿਆਂ ਭੀ ਉਸੇ ਪਰਮੇਸ਼ਰ ਦੇ ਨਾਮ ਸਿਮਰਨ ਦੀ ਜਾਚਨਾ ਕੀਤੀ ਹੈ ਅਤੇ ਅੰਤਰ ਆਤਮੇ ਉਸ ਇਕ ਸਾਈਂ ਜੀ ਦੀ ਆਸ ਰੱਖ ਕੇ ਹੋਰ ਸਾਰਿਆਂ ਦੀ ਟੇਕ ਤੇ ਆਸਾ ਤਿਆਗ ਕਰਨ ਦਾ ਉਪਦੇਸ਼ ਕੀਤਾ ਹੈ।

ਗੂਜਰੀ ਮਹਲਾ ੫ ॥

੧. ਕਰਿ ਕਿਰਪਾ ਅਪਨਾ ਦਰਸੁ ਦੀਜੈ
ਜਸੁ ਗਾਵਉ ਨਿਸਿ ਅਰੁ ਭੋਰ ॥
੨. ਕੇਸ ਸੰਗਿ ਦਾਸ ਪਗ ਝਾਰਉ
ਇਹੈ ਮਨੋਰਥ ਮੋਰ ॥੧॥
੩. ਠਾਕੁਰ ਤੁਝ ਬਿਨੁ ਬੀਆ ਨ ਹੋਰ ॥
੪. ਚਿਤਿ ਚਿਤਵਉ ਹਰਿ ਰਸਨ ਅਰਾਧਉ
ਨਿਰਖਉ ਤੁਮਰੀ ਓਰ ॥੧॥ ਰਹਾਉ ॥
੫. ਦਇਆਲ ਪੁਰਖ ਸਰਬ ਕੇ ਠਾਕੁਰ
ਬਿਨਉ ਕਰਉ ਕਰ ਜੋਰਿ ॥
੬. ਨਾਮੁ ਜਪੈ ਨਾਨਕੁ ਦਾਸੁ ਤੁਮਰੋ
ਉਧਰਸਿ ਆਖੀ ਫੋਰ ॥੨॥੧੧॥੨੦॥

ਪਦ ਅਰਥ : ਦੀਜੈ—ਦੇਹੋ। ਜਸੁ—ਸਿਫ਼ਤਿ-ਸਾਲਾਹ ਦਾ ਗੀਤ। ਗਾਵਉ—ਗਾਵਉਂ, ਮੈਂ ਗਾਵਾਂ। ਨਿਸਿ—ਰਾਤ ਨੂੰ। ਅਰੁ—ਅਤੇ। ਭੋਰੁ—ਸਵੇਰੇ। ਸੰਗਿ—ਨਾਲ। ਪਗ—ਪੈਰ। ਝਾਰਉ—ਮੈਂ ਝਾੜਾਂ। ਇਹੈ—ਇਹੋ ਹੀ। ਮੋਰ—ਮੇਰਾ।੧। ਬੀਆ—ਦੂਜਾ। ਚਿਤਿ—ਚਿੱਤ ਵਿਚ। ਚਿਤਵਉ—ਚਿਤਵਉਂ, ਮੈਂ ਯਾਦ ਕਰਦਾ ਹਾਂ। ਰਸਨ—ਜੀਭ (ਨਾਲ)। ਨਿਰਖਉ—ਨਿਰਖਉਂ, ਮੈਂ ਦੇਖਦਾ ਹਾਂ। ਓਰ—ਤਰਫ਼, ਵੱਲ, ਪਾਸਾ।੧।ਰਹਾਉ। ਬਿਨਉ—ਬੇਨਤੀ। ਕਰਉ—ਕਰਉਂ, ਮੈਂ ਕਰਦਾ ਹਾਂ। ਕਰ ਜੋਰਿ—ਦੋਵੇਂ ਹੱਥ ਜੋੜ ਕੇ। ਉਧਰਸਿ—ਉਧਰ ਜਾਵੇ, ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵੇਗਾ। ਫੋਰ—ਅੱਖ ਝਮਕਣ ਜਿਤਨਾ ਸਮਾਂ।੨।

ਅਰਥ :

ਪ੍ਰ: ਹੇ ਗੁਰੋ! ਮੈਨੂੰ ਕਿਰਪਾ ਕਰਕੇ ਅਰਦਾਸ ਕਰਨ ਦਾ ਢੰਗ ਦੱਸ ਦਿਓ ਅਤੇ ਇਹ ਵੀ ਦੱਸ ਦਿਓ ਕਿ ਅਰਦਾਸ ਕਰਨ ਸਮੇਂ ਮੰਗਾਂ ਕੀ ?

ਉ: ੧. ਹੇ ਸੱਜਨਾ! ਅਰਦਾਸ ਕਰਕੇ ਇਹੋ ਮੰਗਿਆ ਕਰ ਕਿ ਹੇ ਮਾਲਕ ਜੀ! ਮੇਰੇ 'ਤੇ ਮਿਹਰ ਕਰ, ਮੈਨੂੰ ਆਪਣਾ ਦਰਸ਼ਨ ਦੇਹ ਅਤੇ ਦਿਨ ਰਾਤ ਮੈਂ ਤੇਰਾ ਜਸ ਗਾਉਂਦਾ ਰਵਾਂ।

੨. ਅਤੇ ਕੇਸਾਂ ਨਾਲ ਆਪ ਜੀ ਦੇ ਦਾਸਾਂ ਦੇ ਪੈਰਾਂ ਨੂੰ ਝਾੜਾਂ, ਬੱਸ ਇਹੋ ਹੀ ਮੇਰਾ ਮਨੋਰਥ ਹੈ, ਇਹੋ ਹੀ ਮੇਰੇ ਮਨ ਦੀ ਤਾਂਘ ਹੈ।੧।

੩. ਹੇ ਮੇਰੇ ਠਾਕਰ ਜੀ! ਆਪ ਜੀ ਤੋਂ ਬਿਨਾ ਮੇਰਾ ਦੂਜਾ ਹੋਰ (ਆਸਰਾ) ਕੋਈ ਵੀ ਨਹੀਂ।

੪. ਹੇ ਹਰੀ ਜੀ! ਮੈਂ ਮਨ ਵਿਚ ਤੁਹਾਨੂੰ ਯਾਦ ਕਰਦਾ ਹਾਂ, ਰਸਨਾ ਨਾਲ ਸਿਮਰਦਾ ਹਾਂ, (ਤੇ ਨੈਣਾਂ ਨਾਲ) ਤੁਸਾਂ ਵੱਲ ਹੀ ਵੇਖਦਾ ਰਹਿੰਦਾ ਹਾਂ।੧।ਰਹਾਉ।

੫. ਹੇ ਸਰਬ ਕੇ ਠਾਕਰ, ਹੇ ਦਇਆਲ ਪੁਰਖ, ਸਾਰੇ ਵਿਆਪਕ ਸਰੂਪ! ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਤੁਹਾਡਾ ਦਾਸ ਤੁਸਾਂ ਦਾ ਨਾਮ ਜਪਦਾ ਰਵਾਂ ਤਾਂਕਿ ਮੈਂ ਅੱਖੀਂ ਫਰਕਣ (ਜਿੰਨੇ ਚਰ) ਵਿਚ ਇਸ ਸੰਸਾਰ ਸਮੁੰਦਰੋਂ ਉਧਰ ਜਾਵਾਂ।੨।੧੧।੨੦।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਸਾਹਿਬ ਜੀ ਨੇ ਹਰ ਪ੍ਰਾਣੀ ਮਾਤ੍ਰ ਨੂੰ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਪ੍ਰੇਰਣਾ ਕੀਤੀ ਹੈ ਕਿ ਐ ਪਿਆਰੇ! ਉਸ ਸਾਈਂ ਜੀ ਅੱਗੇ ਇਉਂ ਅਰਦਾਸ ਕਰਦੇ ਰਿਹਾ ਕਰੋ ਕਿ ਹੇ ਪ੍ਰਭੂ ਜੀ! ਮੈਨੂੰ ਤੇਰੇ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ।

ਗੂਜਰੀ ਮਹਲਾ ੫ ॥

੧. ਬ੍ਰਹਮ ਲੋਕ ਅਰੁ ਰੁਦ੍ਰ ਲੋਕ
ਆਈ ਇੰਦ੍ਰ ਲੋਕ ਤੇ ਧਾਇ ॥
੨. ਸਾਧਸੰਗਤਿ ਕਉ ਜੋਹਿ ਨ ਸਾਕੈ
ਮਲਿ ਮਲਿ ਧੋਵੈ ਪਾਇ ॥੧॥
੩. ਅਬ ਮੋਹਿ ਆਇ ਪਰਿਓ ਸਰਨਾਇ ॥
੪. ਗੁਹਜ ਪਾਵਕੋ ਬਹੁਤੁ ਪ੍ਰਜਾਰੈ
ਮੋ ਕਉ ਸਤਿਗੁਰਿ ਦੀਓ ਹੈ ਬਤਾਇ ॥੧॥ ਰਹਾਉ ॥
੫. ਸਿਧ ਸਾਧਿਕ ਅਰੁ ਜਖ੍ ਕਿੰਨਰ ਨਰ
ਰਹੀ ਕੰਠਿ ਉਰਝਾਇ ॥
੬. ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ
ਜਾ ਕੈ ਕੋਟਿ ਐਸੀ ਦਾਸਾਇ ॥੨॥੧੨॥੨੧॥

ਪਦ ਅਰਥ : ਬ੍ਰਹਮ ਲੋਕ—ਬ੍ਰਹਮਾ ਦੀ ਪੁਰੀ। ਅਰੁ—ਅਤੇ। ਰੁਦ੍ਰ—ਸ਼ਿਵ। ਤੇ—ਤੋਂ। ਧਾਇ—ਦੌੜ ਕੇ, ਹੱਲਾ ਕਰ ਕੇ। ਕਉ—ਨੂੰ। ਜੋਹਿ ਨ ਸਾਕੈ—ਤੱਕ ਨਹੀਂ ਸਕਦੀ। ਮਲਿ—ਮਲ ਕੇ। ਪਾਇ—ਪੈਰ।੧। ਮੋਹਿ—ਮੈਂ। ਸਰਨਾਇ—ਗੁਰੂ ਦੀ ਸ਼ਰਨ ਵਿਚ। ਗੁਹਜ—ਗੁੱਝੀ, ਲੁਕਵੀਂ। ਪਾਵਕੋ—ਪਾਵਕੁ, ਅੱਗ। ਪ੍ਰਜਾਰੈ—ਚੰਗੀ ਤਰ੍ਹਾਂ ਸਾੜਦੀ ਹੈ। ਮੋ ਕਉ—ਮੈਨੂੰ। ਸਤਿਗੁਰਿ—ਗੁਰੂ ਨੇ।੧।ਰਹਾਉ। ਸਿਧ—ਸਿੱਧੀਆਂ ਨੂੰ ਪ੍ਰਾਪਤ ਜੋਗ ਸਾਧਨਾ ਵਿਚ ਉੱਘੇ ਹੋ ਚੁੱਕੇ ਜੋਗੀ। ਸਾਧਿਕ—ਜੋਗ ਸਾਧਨਾ ਕਰਨ ਵਾਲੇ। ਜਖ੍—ਦੇਵਤਿਆਂ ਦੀ ਇਕ ਕਿਸਮ। ਕਿੰਨਰ—ਦੇਵਤਿਆਂ ਦੀ ਇਕ ਕਿਸਮ। ਨਰ—ਮਨੁੱਖ। ਕੰਠਿ—ਗਲ ਨਾਲ। ਉਰਝਾਇ—ਚੰਬੜੀ ਹੋਈ। ਅੰਗੁ—ਪੱਖ। ਜਨ ਅੰਗੁ—ਦਾਸਾਂ ਦਾ ਪੱਖ। ਪ੍ਰਭਿ—ਪ੍ਰਭੂ ਨੇ। ਕਰਤੈ—ਕਰਤਾਰ ਨੇ। ਕੋਟਿ—ਕਰੋੜਾਂ। ਦਾਸਾਇ—ਦਾਸੀਆਂ।੨।

ਅਰਥ :

ਪ੍ਰ: ਕਿਉਂ ਜੀ! ਮਾਇਆ ਦਾ ਪ੍ਰਭਾਵ ਕਿੱਥੇ ਵਾਪਰ ਰਿਹਾ ਹੈ?

ਉ: ੧. ਹੇ ਭਾਈ! ਇਹ ਮਾਇਆ ਬ੍ਰਹਮਾ ਦੇ ਲੋਕ, ਸ਼ਿਵ ਦੇ ਲੋਕ ਅਤੇ ਇੰਦ੍ਰ ਦੇ ਲੋਕ ਤੋਂ ਭੱਜ ਕੇ ਆਈ ਹੈ ਕਿ ਮਾਤ ਲੋਕ ਨੂੰ ਵੀ ਜਿੱਤ ਲਵਾਂ, ਭਾਵ ਹੈ ਬ੍ਰਹਮ ਪੁਰੀ, ਸ਼ਿਵ ਪੁਰੀ ਅਤੇ ਇੰਦ੍ਰ ਪੁਰੀ ਤੋਂ ਹੱਲਾ ਕਰਕੇ (ਸੰਸਾਰਕ ਜੀਵਾਂ ਵੱਲ) ਆਈ ਹੈ ਕਿ ਇਨ੍ਹਾਂ ਨੂੰ ਸਰ ਕਰ ਲਵਾਂ।

੨. ਪਰ ਜਦੋਂ ਏਥੇ ਆਈ ਤਾਂ ਸਾਧ ਸੰਗਤ ਵੱਲ ਇਹ (ਕੈਰੀ ਅੱਖ ਕਰ ਕੇ) ਤੱਕ ਵੀ ਨਹੀਂ ਸਕਦੀ, ਸਗੋਂ ਸਤਿਸੰਗੀਆਂ ਦੇ ਪੈਰ ਮਲ-ਮਲ ਕੇ ਧੋਂਦੀ ਹੈ।੧।

੩. ਹੇ ਭਾਈ! ਇਸੇ ਲਈ ਮੈਂ ਸੰਸਾਰੀ ਲੋਕਾਂ ਨੂੰ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਵਿਚ ਸੜਦਿਆਂ ਵੇਖ ਕੇ (ਆਪਣੇ ਸਤਿਗੁਰੂ ਦੀ) ਸ਼ਰਨ ਵਿਚ ਆ ਪਿਆ ਹਾਂ।

੪. ਕਿਉਂਕਿ ਮੈਂ ਵੇਖ ਰਿਹਾ ਹਾਂ ਕਿ ਇਹ ਤ੍ਰਿਸ਼ਨਾ ਦੀ ਗੁੱਝੀ ਅੱਗ ਹੈ। ਇਹ ਬਹੁਤਿਆਂ ਜੀਵਾਂ ਨੂੰ ਬੁਰੀ ਤਰ੍ਹਾਂ ਸਾੜ ਰਹੀ ਹੈ। ਇਹ ਗੱਲ ਮੈਨੂੰ ਮੇਰੇ ਸਤਿਗੁਰਾਂ ਨੇ ਚੰਗੀ ਤਰ੍ਹਾਂ ਸਮਝਾ ਦਿੱਤੀ ਹੈ, ਭਾਵ ਇਸ ਤੋਂ ਬਚਣ ਦਾ ਤਰੀਕਾ ਸਮਝਾ ਦਿੱਤਾ ਹੈ।੧।ਰਹਾਉ।

੫. ਇਹ ਮਾਇਆ ਐਸੀ ਪ੍ਰਬਲ ਹੈ ਜੋ ਕਿ ਸਿੱਧ ਸਾਧਨਾ ਕਰਨ ਵਾਲੇ ਤੇ ਜੱਖ੍ਹ, ਕਿੰਨਰ, ਮਨੁੱਖ ਇਹ ਸਭ ਦੇ ਗੱਲ ਚੰਬੜੀ ਹੋਈ ਹੈ।

ਪ੍ਰ: ਕਿਉਂ ਜੀ! ਇਸ ਬਲਵਾਨ ਮਾਇਆ ਤੋਂ ਤੁਹਾਡਾ ਬਚਾ ਕਿਵੇਂ ਹੋਇਆ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੇਰਾ ਪੱਖ (ਉਸ) ਕਰਤਾ ਪੁਰਖ ਨੇ ਕੀਤਾ ਹੈ, ਜਿਸ ਦੇ (ਦਰ 'ਤੇ) ਇਕ ਨਹੀਂ ਐਸੀਆਂ ਕਰੋੜਾਂ ਹੀ ਟਹਿਲਣਾਂ ਹਨ।੨।੧੨।੨੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਮਾਇਆ ਦੀ ਪ੍ਰਬਲਤਾ ਦਰਸਾਈ ਹੈ, ਜੋ ਕਿ ਇਸ ਮਾਇਆ ਨੇ ਸਾਰੀਆਂ ਪੁਰੀਆਂ ਦੇ ਲੋਕਾਂ ਨੂੰ ਆਪਣੇ ਵੱਸ ਵਿਚ ਕਰ ਰਖਿਆ ਹੈ, ਪਰ ਇਕ ਸਾਧੂਆਂ ਦੀ ਸੰਗਤ ਹੈ, ਜਿਸ 'ਤੇ ਇਸ ਦਾ ਪ੍ਰਭਾਵ ਨਹੀਂ ਪੈ ਸਕਦਾ, ਸਗੋਂ ਇਹ ਗੁਰਮੁਖਾਂ ਦੇ ਚਰਨੀਂ ਲੱਗ ਕੇ ਸੇਵਾ ਕਰਦੀ ਹੈ।

ਗੂਜਰੀ ਮਹਲਾ ੫ ॥

੧. ਅਪਜਸੁ ਮਿਟੈ ਹੋਵੈ ਜਗਿ ਕੀਰਤਿ
ਦਰਗਹ ਬੈਸਣੁ ਪਾਈਐ ॥
੨. ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ
ਸੁਖ ਅਨਦ ਸੇਤੀ ਘਰਿ ਜਾਈਐ ॥੧॥
੩. ਜਾ ਤੇ ਘਾਲ ਨ ਬਿਰਥੀ ਜਾਈਐ ॥
੪. ਆਠ ਪਹਰ ਸਿਮਰਹੁ ਪ੍ਰਭੁ ਅਪਨਾ
ਮਨਿ ਤਨਿ ਸਦਾ ਧਿਆਈਐ ॥੧॥ ਰਹਾਉ ॥
੫. ਮੋਹਿ ਸਰਨਿ ਦੀਨ ਦੁਖ ਭੰਜਨ
ਤੂੰ ਦੇਹਿ ਸੋਈ ਪ੍ਰਭ ਪਾਈਐ ॥
੬. ਚਰਣ ਕਮਲ ਨਾਨਕ ਰੰਗਿ ਰਾਤੇ
ਹਰਿ ਦਾਸਹ ਪੈਜ ਰਖਾਈਐ ॥੨॥੧੩॥੨੨॥

ਪਦ ਅਰਥ : ਅਪਜਸੁ—ਬਦਨਾਮੀ। ਜਗਿ—ਜਗ ਵਿਚ। ਕੀਰਤਿ—ਸੋਭਾ। ਬੈਸਣੁ—ਬੈਠਣ ਲਈ ਥਾਂ, ਸ਼ੁਭ ਟਿਕਾਣਾ ਰਹਿਣੇ ਦਾ। ਤ੍ਰਾਸ—ਸਹਿਮ, ਡਰ। ਸੇਤੀ—ਨਾਲ। ਘਰਿ—ਸਰੂਪ ਰੂਪੀ ਘਰ ਵਿਚ, ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ।੧। ਜਾ ਤੇ—ਇਸ ਦੀ ਬਰਕਤ ਨਾਲ। ਘਾਲ—ਮਿਹਨਤ। ਬਿਰਥੀ—ਵਿਅਰਥ। ਮਨਿ—ਮਨ ਵਿਚ। ਤਨਿ—ਹਿਰਦੇ ਵਿਚ।੧।ਰਹਾਉ। ਮੋਹਿ—ਮੈਂ। ਪ੍ਰਭ—ਹੇ ਪ੍ਰਭੂ! ਰੰਗਿ—ਪ੍ਰੇਮ ਰੰਗ ਵਿਚ। ਦਾਸਹ—ਦਾਸਾਂ ਦੀ। ਪੈਜ—ਇੱਜ਼ਤ।੨।

ਅਰਥ :

ਪ੍ਰ: ੧-੨. ਹੇ ਗੁਰੋ! (ਉਹ ਐਸੀ ਘਾਲ ਕਮਾਈ ਕਿਹੜੀ ਹੈ, ਜਿਸ ਦੇ ਕਰਨ ਨਾਲ ਇਹ ਪੰਜੇ ਸ਼ੈਆਂ ਮਨੁੱਖ ਨੂੰ ਇਕੋ ਹੀ ਵਾਰ ਪ੍ਰਾਪਤ ਹੋ ਜਾਵਣ) ਭਾਵ ਹੈ ਕਿ ਮਨੁੱਖ ਦੀ ਹੋ ਰਹੀ ਬਦਨਾਮੀ ਮਿਟ ਜਾਵੇ—੧. ਜਗਤ ਵਿਚ ਜਸ ਹੋਵੇ ੨. ਪਰਮੇਸ਼ਰ ਦੀ ਦਰਗਾਹ ਵਿਚ ਬੈਠਣ ਲਈ ਥਾਂ ਮਿਲ ਜਾਵੇ ੩. ਇਕ ਪਲ ਵਿਚ ਜਮਾਂ ਦਾ ਭੈ ਨਾਸ ਹੋ ਜਾਵੇ, ੪. ਅਤੇ ਅਨੰਦ-ਭਰਪੂਰ ਆਪਣੇ ਸਰੂਪ ਰੂਪੀ ਘਰ ਵਿਚ ਪਹੁੰਚ ਜਾਵੀਏ।੧।

ਉ: ੩. ਹੇ ਭਾਈਓ! ਸੁਣੋ, ਜਿਸ ਦੇ ਕਰਨ ਨਾਲ ਤੁਹਾਡੀ ਕੀਤੀ ਹੋਈ ਮੁਸ਼ੱਕਤ ਬਿਅਰਥ ਨਹੀਂ ਜਾਂਦੀ।

੪. ਉਹ ਇਹ ਹੈ ਕਿ ਤੁਸੀਂ ਅੱਠੇ ਪਹਿਰ ਪ੍ਰਭੂ ਦਾ ਸਿਮਰਨ ਕਰਦੇ ਰਹੋ, (ਪਰ ਉਹ ਸਿਮਰਨ) ਮਨ ਨਾਲ ਵੀ ਤੇ ਤਨ ਨਾਲ ਵੀ ਸਦਾ (ਓਸੇ) ਨੂੰ ਹੀ ਧਿਆਉਂਦੇ ਰਹੀਏ। (ਇਸ ਤਰ੍ਹਾਂ ਘਾਲ ਬਿਰਥੀ ਨਹੀਂ ਜਾਏਗੀ)।੧।ਰਹਾਉ।

ਪ੍ਰ: ਹਜ਼ੂਰ! ਮਨ ਤਨ ਵਿਚ ਅੱਠੇ ਪਹਿਰ ਧਿਆਉਂਦੇ ਰਹਿਣ ਲਈ ਕੀ ਸਾਧਨ ਕਰਨਾ ਪਵੇਗਾ?

ਉ: ੫. ਹੇ ਪਿਆਰੇ! ਸਾਧਨ ਤਾਂ ਇਕੋ ਹੀ ਅਰਦਾਸ ਹੈ, ਜੋ ਕਿ ਇਉਂ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਗ਼ਰੀਬਾਂ ਦੇ ਦੁੱਖ ਨਾਸ ਕਰਨ ਵਾਲੇ ਪ੍ਰਭੂ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਜੋ ਦਾਤ ਤੂੰ ਦੇਵੇਂ ਸੋਈ (ਮੈਨੂੰ) ਪ੍ਰਾਪਤ ਹੋਵੇਗੀ।

੬. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ! ਤੇਰੇ ਦਾਸ ਜੋ ਤੇਰੇ ਸੋਹਣੇ ਚਰਨਾਂ ਕਮਲਾਂ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ, ਤੂੰ ਉਨ੍ਹਾਂ ਆਪਣੇ ਦਾਸਾਂ ਦੀ ਇੱਜ਼ਤ ਆਪ ਰੱਖਦਾ ਹੈਂ।੨।੧੩।੨੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਅੱਠੇ ਪਹਿਰ ਨਾਮ ਸਿਮਰਨ ਕਰਦੇ ਰਹਿਣ ਦੀ ਪ੍ਰੇਰਣਾ ਕੀਤੀ ਹੈ, ਜਿਸ ਸਿਮਰਨ ਦੀ ਬਰਕਤ ਨਾਲ ਮਨੁੱਖ ਦੀ ਹੋ ਰਹੀ ਬਦਨਾਮੀ ਮਿੱਟ ਜਾਂਦੀ ਹੈ। ਸਾਰੇ ਜਗਤ ਵਿਚ ਸੋਭਾ ਤੇ ਰੱਬੀ ਦਰਗਾਹ ਵਿਚ ਰਹਿਣ ਲਈ ਸਦੀਵੀ ਟਿਕਾਣਾ ਮਿਲਦਾ ਹੈ ਅਤੇ ਜਮਾਂ ਦਾ ਭੈ ਸਦਾ ਲਈ ਮਿਟ ਜਾਂਦਾ ਹੈ ਅਤੇ ਆਪਣੇ ਅਨੰਦ ਸਰੂਪ ਵਿਚ ਨਿਵਾਸ ਕਰ ਲਈਦਾ ਹੈ, ਪਰ

ਇਹ ਕੁਝ ਪ੍ਰਾਪਤ ਕਰਨ ਲਈ ਅੱਠੇ ਪਹਿਰ ਆਪਣੇ ਸਾਈਂ ਜੀ ਦੇ ਸਨਮੁਖ ਹੋ ਸਦਾ ਹੀ ਅਰਜ਼ੋਈ ਕਰਦੇ ਰਹਿਣਾ ਚਾਹੀਦਾ ਹੈ।

ਗੂਜਰੀ ਮਹਲਾ ੫ ॥

੧. ਬਿਸੁੰਭਰ ਜੀਅਨ ਕੋ ਦਾਤਾ ਭਗਤਿ ਭਰੇ ਭੰਡਾਰ ॥
੨. ਜਾ ਕੀ ਸੇਵਾ ਨਿਫਲ ਨ ਹੋਵਤ
ਖਿਨ ਮਹਿ ਕਰੇ ਉਧਾਰ ॥੧॥
੩. ਮਨ ਮੇਰੇ ਚਰਨ ਕਮਲ ਸੰਗਿ ਰਾਚੁ ॥
੪. ਸਗਲ ਜੀਅ ਜਾ ਕਉ ਆਰਾਧਹਿ
ਤਾਹੂ ਕਉ ਤੂੰ ਜਾਚੁ ॥੧॥ ਰਹਾਉ ॥
੫. ਨਾਨਕ ਸਰਣਿ ਤੁਮਾਰੀ ਕਰਤੇ
ਤੂੰ ਪ੍ਰਭ ਪ੍ਰਾਨ ਅਧਾਰ ॥
੬. ਹੋਇ ਸਹਾਈ ਜਿਸੁ ਤੂੰ ਰਾਖਹਿ
ਤਿਸੁ ਕਹਾ ਕਰੇ ਸੰਸਾਰੁ ॥੨॥੧੪॥੨੩॥

ਪਦ ਅਰਥ : ਬਿਸੁੰਭਰ—ਵਿਸ਼ਵ ਨੂੰ ਭਰਨੇ ਅਰਥਾਤ ਪਾਲਣੇ ਵਾਲਾ, ਜਗਤ ਦਾ ਪਾਲਕ, ਪਰਵਰਦਗਾਰ। ਭੰਡਾਰ—ਖ਼ਜ਼ਾਨੇ। ਜਾ ਕੀ—ਜਿਸ (ਪਰਮੇਸ਼ਰ) ਦੀ। ਨਿਫਲ—ਵਿਅਰਥ। ਉਧਾਰ—ਪਾਰ ਉਤਾਰ, ਮੁਕਤੀ।੧। ਮਨ—ਹੇ ਮਨ! ਸੰਗਿ—ਨਾਲ। ਰਾਚੁ—ਮਸਤ ਰਹੁ, ਰਚ, ਲੱਗ, ਪ੍ਰੇਮ ਕਰ। ਜਾ ਕਉ—ਜਿਸ (ਪਰਮਾਤਮਾ) ਨੂੰ। ਤਾਹੂ ਕਉ—ਉਸੇ ਨੂੰ ਹੀ। ਜਾਚੁ— ਮੰਗ।੧।ਰਹਾਉ। ਕਰਤੇ—ਹੇ ਕਰਤਾਰ! ਪ੍ਰਾਨ ਅਧਾਰ—ਜਿੰਦ ਦਾ ਆਸਰਾ। ਸਹਾਈ—ਮਦਦਗਾਰ। ਕਹਾ ਕਰੇ—ਕੀ ਵਿਗਾੜ ਸਕਦਾ ਹੈ। ਸੰਸਾਰ—ਦੁਨੀਆ, ਭਾਵ ਦੁਨੀਆ ਦੇ ਲੋਕ।

ਅਰਥ :

ਪ੍ਰ: ਹੇ ਗੁਰੋ! ਇਸ ਸੰਸਾਰ ਤੋਂ ਉਧਰਨ ਲਈ ਮਨ ਨੂੰ ਕਿਸ ਪਾਸੇ ਦੀ ਪ੍ਰੇਰਨਾ ਕਰਦੇ ਰਹਿਣਾ ਚਾਹੀਦਾ ਹੈ?

ਉ: ੧. ਹੇ ਪਿਆਰੇ! ਤੁਸੀਂ ਆਪਣੇ ਮਨ ਨੂੰ ਹਮੇਸ਼ਾ ਇਉਂ ਹੀ ਪ੍ਰੇਰਦੇ ਰਹੋ ਕਿ ਹੇ ਮਨਾ! ਉਹ ਪਰਮੇਸ਼ਰ ਸਾਰੇ ਜਗਤ ਨੂੰ ਪਾਲਣ ਵਾਲਾ ਹੈ ਅਤੇ ਉਹ ਸਾਰੇ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ। ਉਸ ਦੇ ਖ਼ਜ਼ਾਨੇ ਭਗਤੀ ਦੇ ਧਨ ਨਾਲ ਭਰੇ ਪਏ ਹਨ।

੨. ਜਿਸ ਦੀ ਕੀਤੀ ਹੋਈ ਸੇਵਾ ਭਗਤੀ ਕਦੇ ਬਿਰਥਾ ਨਹੀਂ ਜਾਂਦੀ, (ਉਹ ਸੇਵਾ ਕਰਨ ਵਾਲੇ ਦਾ) ਇਕ ਖਿਨ ਵਿਚ ਉਧਾਰ ਕਰ ਦੇਂਦਾ ਹੈ।੧।

੩. (ਇਸ ਲਈ) ਹੇ ਮੇਰੇ ਮਨਾ! ਤੂੰ ਉਸ ਪ੍ਰਭੂ ਦੇ ਚਰਨਾਂ ਕਮਲਾਂ ਵਿਚ ਪਿਆਰ ਕਰਿਆ ਕਰ।

੪. ਵੇਖ, ਸਾਰੇ ਹੀ ਜੀਵ ਜਿਸ ਦੀ ਆਰਾਧਨਾ, ਧਿਆਉਣਾ ਕਰਦੇ ਹਨ, ਤੂੰ ਵੀ ਉਸੇ ਦੇ ਹੀ ਦਰ ਤੋਂ ਮੰਗਿਆ ਕਰ। ਭਾਵ ਤੂੰ ਉਸੇ ਅੱਗੇ ਹੀ ਆਪਣੀ ਝੋਲੀ ਅਡਿਆ ਕਰ।੧।ਰਹਾਉ।

ਪ੍ਰ: ਹੇ ਗੁਰੋ! ਮੈਂ ਤਾਂ ਮੰਗਣ ਵਲੋਂ ਭੀ ਅਨਜਾਣ ਹਾਂ, ਕਿਰਪਾ ਕਰੋ, ਮੰਗਣ ਦੀ ਜਾਚ ਭੀ ਦੱਸ ਦਿਓ।

ਉ: ੫. ਹੇ ਭਾਈ! ਤੂੰ ਇਉਂ ਅਰਦਾਸ ਕਰਿਆ ਕਰ ਕਿ ਹੇ ਮੇਰੇ ਪ੍ਰਭੂ ਕਰਤੇ! ਮੈਂ ਤੇਰੀ ਸ਼ਰਨ ਆਇਆ ਹਾਂ, ਤੂੰ ਹੀ ਮੇਰੀ ਜਿੰਦ ਦਾ ਆਸਰਾ ਹੈਂ (ਤੂੰ ਮੇਰਾ ਮਦਦਗਾਰ ਬਣ)।

੬. (ਕਿਉਂਕਿ) ਮੈਨੂੰ ਇਹ ਵਿਸ਼ਵਾਸ ਹੈ ਕਿ ਜਿਸ ਮਨੁੱਖ ਦੀ ਤੂੰ ਰਾਖੀ ਕਰਦਾ ਹੈਂ, ਜੇ ਸਾਰਾ ਸੰਸਾਰ (ਭੀ ਉਸ ਦਾ ਦੁਸ਼ਮਣ ਬਣ ਜਾਵੇ ਤਾਂ) ਉਸ ਦਾ ਕੁਝ ਵੀ ਨਹੀਂ ਵਿਗਾੜ ਸਕਦਾ।੨।੧੪।੨੩।

ਭਾਵਾਰਥ : ਇਸ ਮਹਾਂ ਵਾਕ ਵਿਚ ਗੁਰੂ ਜੀ ਨੇ ਉਸ ਪ੍ਰਭੂ ਜੀ ਨੂੰ ਸੰਸਾਰ ਦਾ ਕਰਤਾ, ਪ੍ਰਾਣਾਂ ਦਾ ਆਸਰਾ ਤੇ ਸਾਰੇ ਜੀਵਾਂ ਨੂੰ ਦਾਤਾਂ ਦੇ ਕੇ ਪਾਲਣ ਵਾਲਾ ਕਹਿ ਕੇ ਉਸ ਤੋਂ ਮੁਕਤੀ ਪ੍ਰਾਪਤ ਕਰਨ ਦੀ ਜਾਚ ਦਸੀ ਹੈ ਅਤੇ ਜੋ ਉਸਦੀ ਸ਼ਰਨ ਪ੍ਰਾਪਤ ਕਰਨ ਵਾਲਾ ਸੇਵਕ ਹੈ, ਉਸ ਦੀ ਉਹ ਆਪ ਰਾਖੀ ਕਰਦਾ ਹੈ। ਜਿਸ ਦੀ ਉਹ ਰੱਖਿਆ ਆਪ ਕਰੇ, ਉਸ ਦਾ ਸੰਸਾਰ ਵਿਚ ਕੋਈ ਵੀ ਕੁਝ ਵਿਗਾੜ ਨਹੀਂ ਸਕਦਾ।

ਉਥਾਨਕਾ : ਗੁਰੂ ਅਰਜਨ ਸਾਹਿਬ ਜੀ ਦੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਨੂੰ ਬਾਲਪਣੇ ਵਿਚ ਤਾਪ ਚੜ੍ਹਨ ਲੱਗ ਪਿਆ, ਪਰ ਉਸ ਤਾਪ ਦੇ ਉਤਰ ਜਾਣ 'ਤੇ ਹਜ਼ੂਰ ਜੀ ਨੇ ਉਸੇ ਪਰਮੇਸ਼ਰ ਜੀ ਦਾ ਧੰਨਵਾਦ ਕੀਤਾ ਅਤੇ ਇਹ ਸ਼ਬਦ ਉਚਾਰਿਆ।

ਗੂਜਰੀ ਮਹਲਾ ੫ ॥

੧. ਜਨ ਕੀ ਪੈਜ ਸਵਾਰੀ ਆਪ ॥
੨. ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ
ਉਤਰਿ ਗਇਓ ਸਭੁ ਤਾਪ ॥੧॥ ਰਹਾਉ ॥
੩. ਹਰਿਗੋਬਿੰਦੁ ਰਖਿਓ ਪਰਮੇਸਰਿ
ਅਪੁਨੀ ਕਿਰਪਾ ਧਾਰਿ ॥
੪. ਮਿਟੀ ਬਿਆਧਿ ਸਰਬ ਸੁਖ ਹੋਏ
ਹਰਿ ਗੁਣ ਸਦਾ ਬੀਚਾਰਿ ॥੧॥
੫. ਅੰਗੀਕਾਰੁ ਕੀਓ ਮੇਰੈ ਕਰਤੈ
ਗੁਰ ਪੂਰੇ ਕੀ ਵਡਿਆਈ ॥
੬. ਅਬਿਚਲ ਨੀਵ ਧਰੀ ਗੁਰ ਨਾਨਕ
ਨਿਤ ਨਿਤ ਚੜੈ ਸਵਾਈ ॥੨॥੧੫॥੨੪॥

ਪਦ ਅਰਥ : ਪੈਜ—ਇੱਜ਼ਤ। ਸਵਾਰੀ—ਕਾਇਮ ਰੱਖੀ, ਵਧਾਈ। ਗੁਰਿ—ਗੁਰੂ ਨੇ। ਅਵਖਧੁ—ਦਵਾਈ, ਦਾਰੂ। ਸਭੁ—ਸਾਰਾ।੧।ਰਹਾਉ। ਧਾਰਿ—ਧਾਰ ਕੇ। ਬਿਆਧਿ—ਰੋਗ, ਬੀਮਾਰੀ। ਬੀਚਾਰਿ—ਬੀਚਾਰੇ, ਵਿਚਾਰੇ।੧। ਅੰਗੀਕਾਰੁ ਕੀਓ— ਆਪਣੇ ਨਾਲ ਮਿਲਾਇਆ, ਆਪਣੇ ਚਰਨਾਂ ਵਿਚ ਜੋੜਿਆ, ਮਦਦ, ਸਹਾਇਤਾ, ਪੱਖ। ਕਰਤੈ—ਕਰਤਾਰ ਨੇ। ਅਬਿਚਲ—ਕਦੇ ਨ ਹਿਲਣ ਵਾਲੀ, ਅਟੱਲ। ਨੀਵ—ਨੀਂਹ। ਗੁਰ ਧਰੀ ਨੀਵ—ਗੁਰੂ ਦੀ ਰਖੀ ਹੋਈ ਨੀਂਹ। ਚੜੈ ਸਵਾਈ—ਵਧਦੀ ਹੈ।੨।

ਅਰਥ :

ਪ੍ਰ: ਹੇ ਗੁਰੋ! ਤੁਸੀਂ ਸਾਹਿਬਜ਼ਾਦੇ ਨੂੰ (ਚੇਚਕ) ਮਾਤਾ ਦੀ ਬੀਮਾਰੀ ਤੋਂ ਬਚੌਣ ਲਈ ਉਸ ਦੀ ਪੂਜਨਾ ਕੀਤੀ ਸੀ, ਜਾਂ ਕਿ ਕੋਈ ਹੋਰ ਉਪਾਉ ਕੀਤਾ ਸੀ?

ਉ: ੧. ਹੇ ਭਾਈਓ ! ਇਸ ਦਾਸ ਦੀ ਪੈਜ ਤਾਂ ਪ੍ਰਭੂ ਜੀ ਨੇ ਆਪ ਸਵਾਰੀ ਹੈ।

ਪ੍ਰ: ਕਿਉਂ ਜੀ ! ਉਹ ਕਿਵੇਂ ?

ਉ: ੨. ਹੇ ਪਿਆਰਿਓ ! (ਪ੍ਰਭੂ ਪ੍ਰੇਰਨਾ ਦੁਆਰਾ ਮੈਨੂੰ) ਗੁਰੂ ਜੀ ਨੇ ਹਰਿ ਹਰਿ ਰੂਪੀ ਦਵਾਈ ਦਿੱਤੀ, ਜਿਸ ਨਾਲ ਸਾਰਾ ਹੀ ਤਾਪ ਉਤਰ ਗਿਆ।੧।ਰਹਾਉ।

੩. ਹੇ ਭਾਈਓ ! (ਕਮਜ਼ੋਰ ਦਿਲਾਂ ਵਾਲੇ ਲੋਕ ਤਾਂ ਦੇਵੀ ਦੀ ਪੂਜਾ ਕਰਨ ਲਈ ਤੁਰ ਪੈਂਦੇ ਹਨ) ਪਰ ਵੇਖੋ, ਪਰਮੇਸ਼ਰ ਜੀ ਨੇ ਆਪ ਹੀ ਮਿਹਰ ਕਰਕੇ ਹਰਿਗੋਬਿੰਦ ਜੀ ਨੂੰ ਚੇਚਕ ਦੇ ਤਾਪ ਤੋਂ ਬਚਾਅ ਲਿਆ ਹੈ।

੪. ਹੇ ਪਿਆਰਿਓ ! ਸਦਾ ਹਰੀ ਦੇ ਗੁਣ ਗਾਉਂਦੇ ਰਹਿਣ ਨਾਲ ਬੀਮਾਰੀ ਮਿਟ ਗਈ ਹੈ ਤੇ ਸਾਰੇ ਸੁੱਖ ਪ੍ਰਾਪਤ ਹੋ ਗਏ ਹਨ।੧।

੫. ਹੇ ਮਿੱਤਰੋ ! ਇਹ ਮੇਰੇ ਪੂਰੇ ਗੁਰੂ ਦੀ ਵਡਿਆਈ ਹੈ ਕਿ ਮੇਰੇ ਕਰਤਾਰ ਨੇ ਮੇਰੀ ਪੈਜ ਰੱਖੀ ਹੈ, ਮੇਰਾ ਪੱਖ ਕੀਤਾ ਹੈ, ਭਾਵ ਮੇਰੇ ਚਿੱਤ ਨੂੰ ਡੋਲਣ ਤੋਂ ਬਚਾਉਣ ਲਈ ਆਪਣੇ ਚਰਨਾਂ ਵਿਚ ਜੋੜੀ ਰੱਖਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਗੁਰੂ ਜੀ ਦੀ ਰੱਖੀ ਹੋਈ ਹਰੀ ਦੇ ਨਾਮ ਸਿਮਰਨ ਦੀ ਨੀਂਹ ਕਦੇ ਡੋਲਣ ਵਾਲੀ ਨਹੀਂ ਹੈ, ਇਹ ਨੀਂਹ ਜਿਸ ਹਿਰਦੇ ਧਰਤੀ ਵਿਚ ਰੱਖੀ ਜਾਂਦੀ ਹੈ, ਉਥੇ ਉਹ ਸਦਾ ਹੀ ਦੂਣੀ ਸਵਾਈ ਹੋ ਕੇ ਚੜ੍ਹਦੀ ਹੈ, ਭਾਵ ਪ੍ਰਫੁੱਲਤ ਹੁੰਦੀ ਹੈ।੨।੧੫।੨੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਸਾਰੇ ਹੀ ਰੋਗਾਂ ਤੇ ਬੀਮਾਰੀਆਂ ਦੀ ਦਵਾਈ ਹਰੀ ਪਰਮੇਸ਼ਰ ਦਾ ਨਾਮ ਹੀ ਉਚਾਰਨ ਕੀਤਾ ਹੈ, ਜਿਸਨੂੰ ਕਿ ਗੁਰੂ ਦੀ ਕਿਰਪਾ ਦੀ ਬਰਕਤ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਗੂਜਰੀ ਮਹਲਾ ੫ ॥

੧. ਕਬਹੂ ਹਰਿ ਸਿਉ ਚੀਤੁ ਨ ਲਾਇਓ ॥
੨. ਧੰਧਾ ਕਰਤ ਬਿਹਾਨੀ ਅਉਧਹਿ
ਗੁਣ ਨਿਧਿ ਨਾਮੁ ਨ ਗਾਇਓ ॥੧॥ ਰਹਾਉ ॥
੩. ਕਉਡੀ ਕਉਡੀ ਜੋਰਤ ਕਪਟੇ
ਅਨਿਕ ਜੁਗਤਿ ਕਰਿ ਧਾਇਓ ॥
੪. ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ
ਮਹਾ ਮੋਹਨੀ ਖਾਇਓ ॥੧॥
੫. ਕਰਹੁ ਅਨੁਗ੍ਰਹੁ ਸੁਆਮੀ ਮੇਰੇ
ਗਨਹੁ ਨ ਮੋਹਿ ਕਮਾਇਓ ॥
੬. ਗੋਬਿੰਦ ਦਇਆਲ ਕ੍ਰਿਪਾਲ ਸੁਖ
ਸਾਗਰ ਨਾਨਕ ਹਰਿ ਸਰਣਾਇਓ ॥੨॥੧੬॥੨੫॥

ਪਦ ਅਰਥ : ਕਬਹੂ—ਕਦੇ ਵੀ। ਸਿਉ—ਨਾਲ। ਨ ਲਾਇਓ—ਨਹੀਂ ਜੋੜਿਆ। ਬਿਹਾਨੀ—ਬੀਤ ਗਈ। ਅਉਧਹਿ—ਉਮਰ, ਮਿਆਦ, ਹੱਦ, ਨੀਯਤ ਵਕਤ। ਗੁਣ ਨਿਧਿ—ਗੁਣਾਂ ਦਾ ਖ਼ਜ਼ਾਨਾ, ਸਰਬ ਗੁਣਾਂ ਦਾ ਭੰਡਾਰ।੧।ਰਹਾਉ। ਜੋਰਤ—ਜੋੜਦਿਆਂ, ਇਕੱਠੀ ਕਰਦਿਆਂ। ਕਪਟੇ—ਧੋਖੇ ਨਾਲ। ਜੁਗਤਿ—ਢੰਗ। ਧਾਇਓ—ਭਟਕਦਾ ਫਿਰਿਆ। ਕੇਤੇ—ਕਿਤਨੇ ਕੁ ? ਗਨੀਅਹਿ—ਗਿਣੇ ਜਾ ਸਕਦੇ ਹਨ। ਮਹਾ ਮੋਹਨੀ—ਮਨ ਨੂੰ ਠੱਗਣ ਵਾਲੀ ਸਭ ਤੋਂ ਵੱਡੀ (ਮਾਇਆ)। ਖਾਇਓ—ਆਤਮਿਕ ਜੀਵਨ ਨੂੰ ਖਾ ਗਈ।੧। ਅਨੁਗ੍ਰਹੁ—ਕਿਰਪਾ। ਸੁਆਮੀ—ਹੇ ਸੁਆਮੀ ! ਗਨਹੁ ਨ—ਵਿਚਾਰੋ ਨਾ, ਗਿਣੋ ਨਾ। ਮੋਹਿ ਕਮਾਇਓ—ਮੇਰੇ ਕੀਤੇ ਕਰਮਾਂ ਨੂੰ।੨।

ਅਰਥ :

ਪ੍ਰ: ਹੇ ਗੁਰੋ ! ਜਗਤ ਦਾ ਹਰ ਬੰਦਾ ਹੀ ਦੁੱਖਾਂ ਨਾਲ ਭਰਿਆ ਕਲਪਦਾ ਨਜ਼ਰ ਆਉਂਦਾ ਹੈ, ਇਸ ਦਾ ਅਸਲ ਕਾਰਨ ਕੀ ਹੈ ?

ਉ: ੧. ਹੇ ਭਾਈ ! ਇਸ ਜੀਵ ਦੇ ਦੁਖੀ ਹੋਣ ਦਾ ਕਾਰਨ ਕੇਵਲ ਇਹੋ ਹੈ ਕਿ ਇਸ ਮਾਇਆ ਮੋਹੇ ਜੀਵ ਨੇ ਕਦੀ ਭੀ ਉਸ ਸਾਈਂ ਜੀ ਨਾਲ ਚਿੱਤ ਨਹੀਂ ਜੋੜਿਆ।

੨. ਇਸ ਦੀ ਉਮਰਾ (ਮਾਇਕੀ) ਧੰਧੇ ਕਰਦਿਆਂ ਹੀ ਬੀਤ ਗਈ। ਜੋ ਗੁਣਾਂ ਦੀ ਨਿਧੀ, ਖ਼ਜ਼ਾਨਾ ਨਾਮ ਹੈ ਉਸ ਨੂੰ ਕਦੀ ਸਿਮਰਿਆ ਹੀ ਨਹੀਂ।੧।ਰਹਾਉ।

ਪ੍ਰ: ਹਜ਼ੂਰ ! ਐਸੇ ਜੀਵਾਂ ਦੀ ਤੁਸੀਂ ਕਿਰਤ ਕਿਹੋ ਜਿਹੀ ਤੱਕੀ ਹੈ ?

ਉ: ੩. ਐ ਮਿੱਤਰੋ ! ਮੈਂ ਵੇਖ ਰਿਹਾ ਹਾਂ ਕਿ ਐਸੇ ਜੀਵ ਠੱਗੀ ਨਾਲ ਇਕ-ਇਕ ਕੌਡੀ ਕਰਕੇ ਮਾਇਆ ਇਕੱਤ੍ਰ ਕਰਦੇ ਰਹਿੰਦੇ ਹਨ, ਅਨੇਕਾਂ ਜੁਗਤਾਂ ਵਰਤ ਕੇ ਮਾਇਆ ਦੀ ਖ਼ਾਤਰ ਦੌੜੇ ਫਿਰਦੇ ਹਨ।

੪. ਹੇ ਭਾਈ ! ਪਰਮੇਸ਼ਰ ਦਾ ਨਾਮ ਭੁਲਾ ਦੇਣ ਦੇ ਕਾਰਨ ਇਸ ਨੂੰ ਅਨੇਕਾਂ ਹੀ ਦੁੱਖ ਆ ਵਾਪਰਦੇ ਹਨ, ਜੋ ਦੁੱਖ ਗਿਣੇ ਨਹੀਂ ਜਾ ਸਕਦੇ। ਮਨ ਨੂੰ ਮੋਹ ਲੈਣ ਵਾਲੀ ਪ੍ਰਬਲ ਮਾਇਆ ਇਸ ਦੇ ਆਤਮਿਕ ਜੀਵਨ ਨੂੰ ਖਾ ਜਾਂਦੀ ਹੈ।੧।

ਪ੍ਰ: ਕਿਉਂ ਜੀ ! ਫਿਰ ਆਪ ਜੀ ਨੇ ਇਸ ਮਹਾਂ ਮੋਹਨੀ ਮਾਇਆ ਤੋਂ ਖ਼ਲਾਸੀ ਪਾਉਣ ਲਈ ਕੀ ਸਾਧਨ ਸੋਚਿਆ ਹੈ ?

ਉ: ੫. ਹੇ ਸੱਜਣੋ ! ਮੈਂ ਤਾਂ ਇਸ ਦੇ ਮੋਹ ਤੋਂ ਛੁੱਟਣ ਲਈ ਇਕੋ ਇਹੀ ਸਾਧਨ ਸੋਚਿਆ ਹੈ, ਉਹ ਹੈ ਅਰਦਾਸ ਕਿ ਹੇ ਮੇਰੇ ਮਾਲਕ ! (ਮੇਰੇ ਪਰ) ਮਿਹਰ ਕਰੋ, ਮੇਰੇ ਕੀਤੇ ਕਰਮਾਂ ਨੂੰ ਨਾ ਗਿਣੋ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਗੋਬਿੰਦ, ਹੇ ਦਿਆਲੂ, ਹੇ ਕ੍ਰਿਪਾਲੂ, ਹੇ ਸੁੱਖਾਂ ਦੇ ਸਾਗਰ ਹਰੀ ਜੀਉ ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ (ਮੇਰੀ ਰੱਖਿਆ ਕਰੋ, ਮੇਰੀ ਰੱਖਿਆ ਕਰੋ)।੨।੧੬।੨੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਉਨ੍ਹਾਂ ਲੋਕਾਂ ਨੂੰ ਉਪਦੇਸ਼ ਕਰ ਰਹੇ ਹਨ ਜੋ ਲੋਕ ਹਰੀ ਜੀ ਨੂੰ ਵਿਸਾਰ ਕੇ ਘੋਰ ਗ਼ਫ਼ਲਤ ਵਿਚ ਆਪਣਾ ਜੀਵਨ ਗੁਜ਼ਾਰ ਰਹੇ ਹਨ, ਉਨ੍ਹਾਂ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਐ ਆਤਮਿਕ ਜੀਵਨ ਵਲੋਂ ਖਿੜਕੇ ਹੋਏ ਜੀਵੋ ! ਤੁਸੀ ਵੀ ਨਿਰਾਸ ਨਾ ਹੋਵੋ, ਤੁਹਾਡੇ ਲਈ ਵੀ ਥਾਂ ਹੈ, ਉਹ ਹੈ ਵਾਹਿਗੁਰੂ ਜੀ ਦੀ ਸ਼ਰਨ, ਇਸ ਲਈ ਤੁਸੀਂ ਭੀ ਸਾਈਂ ਜੀ ਦੀ ਸ਼ਰਨ ਪ੍ਰਾਪਤ ਕਰੋ, ਜਿਸ ਕਰਕੇ ਤੁਹਾਡਾ ਜੀਵਨ ਵੀ ਸਕਾਰਥ ਹੋ ਸਕੇਗਾ।

ਗੂਜਰੀ ਮਹਲਾ ੫ ॥

੧. ਰਸਨਾ ਰਾਮ ਰਾਮ ਰਵੰਤ ॥
੨. ਛੋਡਿ ਆਨ ਬਿਉਹਾਰ ਮਿਥਿਆ
ਭਜੁ ਸਦਾ ਭਗਵੰਤ ॥੧॥ ਰਹਾਉ ॥
੩. ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥
੪. ਕਰਿ ਕ੍ਰਿਪਾ ਗੋਬਿੰਦ ਦੀਆ
ਗੁਰ ਗਿਆਨੁ ਬੁਧਿ ਬਿਬੇਕ ॥੧॥
੫. ਕਰਣ ਕਾਰਣ ਸੰਮ੍ਰਥ ਸ੍ਰੀਧਰ
ਸਰਣਿ ਤਾ ਕੀ ਗਹੀ ॥
੬. ਮੁਕਤਿ ਜੁਗਤਿ ਰਵਾਲ ਸਾਧੂ
ਨਾਨਕ ਹਰਿ ਨਿਧਿ ਲਹੀ ॥੨॥੧੭॥੨੬॥

ਪਦ ਅਰਥ : ਰਸਨਾ—ਜੀਭ (ਨਾਲ)। ਰਵੰਤ—ਜਪਦਾ ਰਹੁ। ਛੋਡਿ—ਛੱਡ ਕੇ। ਮਿਥਿਆ—ਝੂਠੇ, ਨਾਸਵੰਤ। ਆਨ—ਹੋਰ। ਭਗਵੰਤ—ਭਗਵਾਨ।੧।ਰਹਾਉ। ਅਧਾਰੁ—ਆਸਰਾ। ਈਤ—ਇਸ ਲੋਕ ਵਿਚ। ਆਗੈ—ਪ੍ਰਲੋਕ ਵਿਚ। ਟੇਕ—ਸਹਾਰਾ। ਬਿਬੇਕ ਬੁਧਿ—ਚੰਗੇ ਮੰਦੇ ਕਰਮ ਦੀ ਪਰਖ ਕਰ ਸਕਣ ਵਾਲੀ।੧। ਕਰਣ—ਜਗਤ। ਕਾਰਣ—ਮੂਲ। ਸੰਮ੍ਰਥ—ਸਾਰੀਆਂ ਤਾਕਤਾਂ ਵਾਲਾ। ਸ੍ਰੀਧਰ—ਲੱਛਮੀ ਪਤੀ। ਤਾ ਕੀ—ਉਸ ਹਰੀ ਦੀ। ਗਹੀ—ਫੜੀ। ਮੁਕਤਿ ਜੁਗਤਿ—ਮਾਇਆ ਦੇ ਮੋਹ ਤੋਂ ਛੁੱਟਣ ਦੀ ਜੁਗਤੀ। ਰਵਾਲ ਸਾਧੂ—ਗੁਰੂ ਦੀ ਚਰਨ ਧੂੜ। ਨਿਧਿ—ਖ਼ਜ਼ਾਨਾ। ਲਹੀ—ਲੱਭਾ।੨।

ਅਰਥ :

ਪ੍ਰ: ਹੇ ਗੁਰੋ! ਮੇਰੇ ਕਰਨ ਜੋਗ ਅਸਲ ਕਰਤਬ ਕੀ ਹੈ?

ਉ: ੧. ਹੇ ਭਰਾਵਾ! (ਤੂੰ ਆਪਣੀ) ਜੀਭ ਨਾਲ ਸਦਾ ਪਰਮੇਸ਼ਰ ਦਾ ਸਿਮਰਨ ਕਰਦਾ ਰਹੁ।
੨. ਹੋਰ (ਸਾਰੇ) ਝੂਠੇ ਮਾਇਆ ਦੇ ਮੋਹ ਨੂੰ ਛੱਡ ਕੇ ਸਦਾ ਪਰਮਾਤਮਾ ਦਾ ਭਜਨ ਕਰਿਆ ਕਰ।੧।ਰਹਾਉ।

ਪ੍ਰ: ਕਿਉਂ ਜੀ! ਪ੍ਰਭੂ ਦੇ ਭਗਤਾਂ ਦੀ ਮਾਨਸਕ ਭਾਵਨਾ ਕੀ ਹੈ?

ਉ: ੩. ਹੇ ਭਾਈ! ਭਗਤਾਂ ਦਾ ਇਸ ਲੋਕ ਵਿਚ ਨਾਮ ਹੀ ਆਸਰਾ ਹੈ ਅਤੇ ਉਨ੍ਹਾਂ ਦੀ ਅੱਗੇ ਪ੍ਰਲੋਕ ਦੀ ਟੇਕ ਭੀ ਇਹੋ ਹਰੀ ਦਾ ਨਾਮ ਹੈ।

ਪ੍ਰ: ਹੇ ਗੁਰੋ! ਇਹ ਦਾਤ ਉਨ੍ਹਾਂ ਭਗਤਾਂ ਨੂੰ ਕਿਥੋਂ ਪ੍ਰਾਪਤ ਹੋਈ ਹੈ?

ਉ: ੪. ਹੇ ਭਾਈ! ਗੁਰੂ ਦਾ ਗਿਆਨ ਤੇ ਚੰਗੇ ਮੰਦੇ ਦੀ ਪਰਖ ਕਰਨ ਵਾਲੀ ਅਕਲ, ਉਨ੍ਹਾਂ ਨੂੰ ਕਿਰਪਾ ਕਰਕੇ ਗੋਬਿੰਦ ਜੀ ਨੇ ਆਪ ਹੀ ਬਖ਼ਸ਼ਸ਼ ਕੀਤੀ ਹੈ।੧।
੫. ਹੇ ਪਿਆਰੇ! ਉਹ ਸਾਰੇ ਕਾਰਣਾਂ ਨੂੰ ਕਰਨ ਵਾਲਾ ਬਲਵਾਨ ਵਾਹਿਗੁਰੂ ਜੀ ਹੈ, ਉਨ੍ਹਾਂ ਭਗਤ ਜਨਾਂ ਨੇ ਉਸੇ ਦੀ ਸ਼ਰਣ ਪਕੜ ਰੱਖੀ ਹੈ।

ਪ੍ਰ: ਹਜ਼ੂਰ! ਗੁਰਮਤਿ ਅਨੁਸਾਰ ਮੁਕਤੀ ਪ੍ਰਾਪਤ ਕਰਨ ਦਾ ਅਸਲ ਵਸੀਲਾ ਕਿਹੜਾ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਐ ਪਿਆਰਿਓ!) ਮੁਕਤੀ ਪ੍ਰਾਪਤ ਕਰਨ ਦਾ ਵਸੀਲਾ ਕੇਵਲ ਗੁਰੂ ਦੇ ਚਰਨਾਂ ਦੀ ਧੂੜੀ ਹੈ। ਗੁਰੂ ਦੀ ਸ਼ਰਣ ਪੈਣ ਵਾਲੇ ਨੇ ਹੀ ਪਰਮੇਸ਼ਰ ਦਾ ਨਾਮ ਖ਼ਜ਼ਾਨਾ ਪ੍ਰਾਪਤ ਕੀਤਾ ਹੈ।੨।੧੭।੨੬।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰਾਂ ਨੇ ਭਗਤਾਂ ਦੀ ਕਿਰਤ ਕੇਵਲ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਦਸਿਆ ਹੈ। ਇਹੋ ਨਾਮ ਹੀ ਉਨ੍ਹਾਂ ਦਾ ਲੋਕ-ਪ੍ਰਲੋਕ ਵਿਚ ਆਸਰਾ ਹੈ; ਪਰ ਇਹ ਦਾਤ ਵਾਹਿਗੁਰੂ ਜੀ ਨੇ ਉਨ੍ਹਾਂ ਨੂੰ ਆਪ ਹੀ ਕਿਰਪਾ ਕਰਕੇ ਬਖ਼ਸ਼ੀ ਹੈ।

ਗੂਜਰੀ ਮਹਲਾ ੫ ਘਰੁ ੪ ਚਉਪਦੇ ॥

੧ਓ ਸਤਿਗੁਰ ਪ੍ਰਸਾਦਿ ॥

੧. ਛਾਡਿ ਸਗਲ ਸਿਆਣਪਾ ਸਾਧ ਸਰਣੀ ਆਉ ॥
੨. ਪਾਰਬ੍ਰਹਮ ਪਰਮੇਸਰੋ ਪ੍ਰਭੂ ਕੇ ਗੁਣ ਗਾਉ ॥੧॥
੩. ਰੇ ਚਿਤ ਚਰਣ ਕਮਲ ਅਰਾਧਿ ॥
੪. ਸਰਬ ਸੂਖ ਕਲਿਆਣ ਪਾਵਹਿ
ਮਿਟੈ ਸਗਲ ਉਪਾਧਿ ॥੧॥ ਰਹਾਉ ॥
੫. ਮਾਤ ਪਿਤਾ ਸੁਤ ਮੀਤ ਭਾਈ
ਤਿਸੁ ਬਿਨਾ ਨਹੀ ਕੋਇ ॥
੬. ਈਤ ਊਤ ਜੀਅ ਨਾਲਿ ਸੰਗੀ
ਸਰਬ ਰਵਿਆ ਸੋਇ ॥੨॥
੭. ਕੋਟਿ ਜਤਨ ਉਪਾਵ ਮਿਥਿਆ
ਕਛੁ ਨ ਆਵੈ ਕਾਮਿ ॥
੮. ਸਰਣਿ ਸਾਧੂ ਨਿਰਮਲਾ
ਗਤਿ ਹੋਇ ਪ੍ਰਭ ਕੈ ਨਾਮਿ ॥੩॥
੯. ਅਗਮ ਦਇਆਲ ਪ੍ਰਭੂ ਊਚਾ ਸਰਣਿ ਸਾਧੂ ਜੋਗੁ ॥
੧੦. ਤਿਸੁ ਪਰਾਪਤਿ ਨਾਨਕਾ
ਜਿਸੁ ਲਿਖਿਆ ਧੁਰਿ ਸੰਜੋਗੁ ॥੪॥੧॥੨੭॥

ਪਦ ਅਰਥ : ਚਉਪਦੇ—ਚਾਰ ਬੰਦਾਂ ਵਾਲੇ ਸ਼ਬਦ। ਸਗਲ—ਸਾਰੀਆਂ। ਸਾਧ—ਗੁਰੂ।੧। ਚਰਣ ਕਮਲ—ਸੋਹਣੇ ਕੋਮਲ ਚਰਣ (ਕੌਲ ਫੁਲ ਵਰਗੇ)। ਉਪਾਧਿ—ਰੋਗ।੧।ਰਹਾਉ। ਸੁਤ—ਪੁੱਤਰ। ਈਤ ਊਤ—ਇਸ ਲੋਕ ਤੇ ਪ੍ਰਲੋਕ ਵਿਚ। ਜੀਅ ਨਾਲਿ—ਜਿੰਦ ਦੇ ਨਾਲ। ਰਵਿਆ—ਵਿਆਪਕ।੨। ਕੋਟਿ—ਕਰੋੜਾਂ। ਮਿਥਿਆ—ਵਿਅਰਥ। ਕਾਮਿ—ਕੰਮ ਵਿਚ। ਨਿਰਮਲਾ—ਪਵਿਤ੍ਰ। ਗਤਿ—ਉਚੀ ਆਤਮਕ ਅਵਸਥਾ। ਨਾਮਿ—ਨਾਮ ਵਿਚ ਜੁੜਿਆਂ।੩। ਅਗਮ—ਅਪਹੁੰਚ। ਸਰਣਿ ਸਾਧੂ ਜੋਗੁ—ਗੁਰਮਖਾਂ ਨੂੰ ਆਪਣੀ ਸ਼ਰਣ ਵਿਚ ਰੱਖਣ ਦੀ ਸਮਰੱਥਾ ਵਾਲਾ। ਜਿਸੁ ਲਿਖਿਆ—ਜਿਸ ਦੇ ਮੱਥੇ ਉੱਤੇ ਲਿਖਿਆ ਹੈ। ਧੁਰਿ—ਧੁਰ ਦਰਗਾਹ ਤੋਂ। ਸੰਜੋਗ—ਮਿਲਾਪ।੪।

ਅਰਥ :

ਪ੍ਰ: ਹੇ ਗੁਰੋ! ਦੱਸੋ ਮੈਂ ਜੀਵਨ ਜੁਗਤੀ ਪ੍ਰਾਪਤ ਕਰਨ ਲਈ ਕਿਹੜਾ ਸਾਧਨ ਕਰਾਂ?

ਉ: ੧. ਹੇ ਸੱਜਨਾ! ਤੂੰ ਸਾਰੀਆਂ ਸਿਆਣਪਾਂ ਛੱਡ ਦੇ, ਗੁਰੂ ਦੀ ਸ਼ਰਣ ਵਿਚ ਆ ਜਾ, ਭਾਵ (ਗੁਰੂ ਦੀ ਸਿਖਿਆ ਉੱਤੇ ਚਲ ਕੇ ਜੀਵਨ ਗੁਜ਼ਾਰ)।

੨. ਫਿਰ ਤੂੰ ਗੁਰੂ ਦੀ ਸੰਗਤ ਵਿਚ ਬੈਠ ਕੇ ਪਾਰਬ੍ਰਹਮ ਪਰਮੇਸ਼ਰ ਪ੍ਰਭੂ ਦੇ ਗੁਣ ਗਾਉਂਦਾ ਰਹੁ।੧।

੩. ਹੇ ਮੇਰੇ ਚਿੱਤ! ਅਰਥਾਤ ਹੇ ਸਰੋਤਾ ਜਨੋ! ਪ੍ਰਭੂ ਦੇ ਚਰਨ ਕਮਲਾਂ ਦੀ ਅਰਾਧਨਾ ਕਰਿਆ ਕਰੋ।

ਪ੍ਰ: ਕਿਉਂ ਜੀ! ਇਸ ਅਰਾਧਨਾ ਦਾ ਫਲ ਕੀ ਮਿਲੇਗਾ?

ਉ: ੪. ਹੇ ਭਾਈ! ਤੂੰ ਇਸ ਤਰ੍ਹਾਂ ਸਾਰੇ ਸੁੱਖ ਅਨੰਦ ਹਾਸਲ ਕਰ ਲਵੇਂਗਾ ਤੇ ਅੰਤ ਨੂੰ ਮੁਕਤੀ ਭੀ ਪਾ ਸਕੇਂਗਾ। ਇਸ ਤਰ੍ਹਾਂ (ਸਿਮਰਨ ਦੀ ਬਰਕਤ ਨਾਲ) ਤੇਰੀਆਂ ਸਭੇ ਹੀ ਉਪਾਧੀਆਂ ਮਿਟ ਜਾਣਗੀਆਂ, ਭਾਵ ਸਾਰੇ ਰੋਗ ਨਾਸ ਹੋ ਜਾਣਗੇ।੧।ਰਹਾਉ।

ਪ੍ਰ: ਹੇ ਗੁਰੋ! ਸੁੱਖਾਂ ਦੀ ਆਸ ਤਾਂ ਮੈਂ ਆਪਣੇ ਸੰਸਾਰਕ ਸੰਬੰਧੀਆਂ ਪਾਸੋਂ ਵੀ ਰੱਖਦਾ ਹਾਂ?

ਉ: ੫. ਹੇ ਸੱਜਨਾ! ਯਾਦ ਰੱਖ, ਇਹ ਮਾਂ, ਪਿਉ, ਪੁੱਤਰ, ਮਿੱਤਰ, ਭਰਾ, ਉਸ ਪ੍ਰਭੂ ਜੀ ਤੋਂ ਬਿਨਾ ਤੇਰਾ ਕੋਈ ਵੀ ਸਹਾਇਕ ਨਹੀਂ ਹੈ।

੬. ਬੱਸ, ਲੋਕ-ਪ੍ਰਲੋਕ ਵਿਚ ਸਭੇ ਥਾਂ ਤੇਰੇ ਜੀਅ ਦੇ ਨਾਲ ਉਹੀ ਇਕ ਸਾਈਂ ਜੀ ਸੰਗੀ ਸਾਥੀ ਹੈ, (ਕਿਉਂਕਿ) ਉਹ ਸਰਬ ਥਾਵਾਂ ਵਿਚ ਵਿਆਪਕ ਹੈ।੨।

ਪ੍ਰ: ਸ੍ਰੀ ਜੀਉ! ਮੈਂ ਆਪਣੇ ਆਤਮਾ ਦੀ ਪਵਿੱਤ੍ਰਤਾ ਲਈ ਕਈ ਜਪ ਤਪ ਸਾਧਨ ਕਰਦਾ ਹਾਂ, ਕੀ ਇਨ੍ਹਾਂ ਵਿਚੋਂ ਆਤਮਿਕ ਪਵਿੱਤ੍ਰਤਾ ਵਿਚ ਕੋਈ ਸਹਾਇਕ ਨਹੀਂ ਹੋ ਸਕੇਗਾ?

ਉ: ੭. ਹੇ ਸੱਜਨਾ! ਵੇਖ, ਇਕ ਗੁਰੂ ਦੀ ਸ਼ਰਨ ਵਿਚ ਆਏ ਤੋਂ ਬਿਨਾ ਹੋਰ ਕਰੋੜਾਂ ਹੀ ਜਤਨ ਤੇ ਉਪਾਵ (ਕਰੀ ਚੱਲ) ਪਰ ਇਹ ਸਭੇ ਹੀ ਵਿਅਰਥ ਹਨ, ਤੇਰੀ ਆਤਮਿਕ ਪਵਿੱਤ੍ਰਤਾ ਵਿਚ ਕੋਈ ਵੀ ਕੰਮ ਨਹੀਂ ਆ ਸਕਦਾ।

੮. ਪਰ ਹਾਂ! ਇਕ ਗੁਰੂ ਦੀ ਸ਼ਰਨ ਵਿਚ ਪਿਆਂ ਹੀ ਮਨੁੱਖ ਪਵਿੱਤ੍ਰ ਜੀਵਨ ਵਾਲਾ ਹੋ ਸਕਦਾ ਹੈ ਅਤੇ ਪਰਮੇਸ਼ਰ ਦੇ ਨਾਮ ਸਿਮਰਨ ਦੀ ਬਰਕਤ ਨਾਲ ਹੀ ਮੁਕਤਿ ਹੋ ਸਕੀਦਾ ਹੈ।੩।

ਪ੍ਰ: ਹੇ ਗੁਰੋ! ਉਸ ਪ੍ਰਭੂ ਜੀ ਬਾਰੇ ਕੁਝ ਤਾਂ ਕਥਨ ਕਰੋ ਜਿਸ ਦਾ ਸਿਮਰਨ ਕਰਨ ਦੀ ਤੁਸੀਂ ਪ੍ਰੇਰਣਾ ਕਰਦੇ ਹੋ?

ਉ: ੯. ਹੇ ਪਿਆਰੇ! ਉਸ ਬਾਰੇ ਤਾਂ ਕੁਝ ਕਥਨ ਹੀ ਨਹੀਂ ਕਰ ਸਕੀਦਾ, ਕਿਉਂਕਿ ਉਹ ਪ੍ਰਭੂ ਉੱਚਾ ਹੈ, (ਭਾਵ ਮਨ ਬਾਣੀ ਦੀ ਗੰਮਤਾ ਤੋਂ ਪਰੇ ਹੈ) ਪਰ ਹਾਂ! ਉਹ ਹੈ ਦਿਆਲੂ ਅਤੇ ਉਹ ਸੰਤਾਂ ਦੀ ਸ਼ਰਨ ਵਿਚ ਰੱਖਣ ਦੀ ਯੋਗਤਾ ਰੱਖਦਾ ਹੈ।

ਪ੍ਰ: ਹੇ ਗੁਰਦੇਵ ਜੀ! ਇਹ ਦੱਸੋ, ਉਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਉ: ੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਪ੍ਰਭੂ ਉਸੇ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਸ ਨੂੰ ਧੁਰੋਂ ਹੀ (ਵਾਹਿਗੁਰੂ ਜੀ ਦੇ ਦਰੋਂ) ਮਿਲਾਪ ਦਾ ਸੰਜੋਗ ਲਿਖਿਆ ਹੁੰਦਾ ਹੈ।੪।੧।੨੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਮਨੁੱਖ ਦੀ ਮਾਨਸਕ ਪਵਿੱਤ੍ਰਤਾ ਲਈ ਸਾਧਨ ਅੰਕਤ ਕੀਤੇ ਹਨ, ਉਹ ਹਨ— ਸਾਰੀਆਂ ਸਿਆਣਪਾਂ ਛੱਡ ਕੇ ਸਤਿਸੰਗ ਵਿਚ ਮਿਲਕੇ ਹਰੀ ਦੇ ਗੁਣ ਗਾਉਣੇ ਅਤੇ ਸਾਰੇ ਸਾਧਨ ਬਿਅਰਥ ਜਾਣ ਕੇ ਕੇਵਲ ਪਰਮੇਸ਼ਰ ਦਾ ਨਾਮ ਜਪਦੇ ਰਹਿਣਾ, ਪਰ ਇਹ ਦਾਤ ਦਿਆਲੂ ਪ੍ਰਭੂ ਵੱਲੋਂ ਧੁਰੋਂ ਹੀ ਬਖ਼ਸ਼ਸ਼ ਹੋਵੇ ਤਾਂ ਹੀ ਪ੍ਰਾਪਤ ਹੋ ਸਕਦੀ ਹੈ।

ਗੂਜਰੀ ਮਹਲਾ ੫ ॥

੧. ਆਪਨਾ ਗੁਰੁ ਸੇਵਿ ਸਦ ਹੀ ਰਮਹੁ ਗੁਣ ਗੋਬਿੰਦ ॥
੨. ਸਾਸਿ ਸਾਸਿ ਅਰਾਧਿ ਹਰਿ ਹਰਿ
ਲਹਿ ਜਾਇ ਮਨ ਕੀ ਚਿੰਦ ॥੧॥
੩. ਮੇਰੇ ਮਨ ਜਾਪਿ ਪ੍ਰਭ ਕਾ ਨਾਉ ॥
੪. ਸੂਖ ਸਹਜ ਅਨੰਦ ਪਾਵਹਿ
ਮਿਲੀ ਨਿਰਮਲ ਥਾਉ ॥੧॥ ਰਹਾਉ ॥
੫. ਸਾਧਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ॥
੬. ਕਾਮੁ ਕ੍ਰੋਧੁ ਅਹੰਕਾਰੁ ਬਿਨਸੈ
ਮਿਟੈ ਸਗਲ ਉਪਾਧਿ ॥੨॥
੭. ਅਟਲ ਅਛੇਦ ਅਭੇਦ ਸੁਆਮੀ
ਸਰਣਿ ਤਾ ਕੀ ਆਉ ॥
੮. ਚਰਣ ਕਮਲ ਅਰਾਧਿ ਹਿਰਦੈ
ਏਕ ਸਿਉ ਲਿਵ ਲਾਉ ॥੩॥
੯. ਪਾਰਬ੍ਰਹਮਿ ਪ੍ਰਭਿ ਦਇਆ ਧਾਰੀ
ਬਖਸਿ ਲੀਨੇ੍ ਆਪਿ ॥
੧੦. ਸਰਬ ਸੁਖ ਹਰਿ ਨਾਮੁ ਦੀਆ
ਨਾਨਕ ਸੋ ਪ੍ਰਭੁ ਜਾਪਿ ॥੪॥੨॥੨੮॥

ਪਦ ਅਰਥ : ਗੁਰੁ ਸੇਵਿ—ਗੁਰੂ ਦੀ ਸ਼ਰਨ ਪੈ ਕੇ। ਸਦ—ਸਦਾ। ਰਮਹੁ—ਚੇਤੇ ਕਰਦਾ ਰਹੁ, ਸਿਮਰਦਾ ਰਹੁ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਚਿੰਦ—ਚਿੰਤਾ।੧। ਮਿਲੀ—ਮਿਲਿਆ ਰਹੇਗਾ। ਨਿਰਮਲ—ਪਵਿੱਤਰ ਰੱਖਣ ਵਾਲਾ।੧।ਰਹਾਉ। ਸੰਗਿ—ਸੰਗਤ ਵਿਚ। ਉਧਾਰਿ—(ਵਿਕਾਰਾਂ ਤੋਂ) ਬਚਾਅ ਲੈ। ਉਪਾਧਿ—ਰੋਗ।੨। ਅਛੇਦ—ਅਬਿਨਾਸੀ। ਅਭੇਦ—ਡੂੰਘਾ, ਜਿਸ ਦਾ ਭੇਤ ਨ ਪਾਇਆ ਜਾ ਸਕੇ। ਲਿਵ—ਲਗਨ।੩। ਪਾਰਬ੍ਰਹਮਿ—ਪਾਰਬ੍ਰਹਮ ਨੇ। ਪ੍ਰਭਿ—ਪ੍ਰਭੂ ਨੇ।੪।

ਅਰਥ :

ਪ੍ਰ: ਸ੍ਰੀ ਜੀਉ! ਮਨ ਹਰ ਵਕਤ ਹੀ ਚਿੰਤਾ ਵਿਚ ਗ੍ਰਸਿਆ ਰਹਿੰਦਾ ਹੈ, ਕੋਈ ਜਤਨ ਦੱਸੋ।

ਉ: ੧. ਹੇ ਸੱਜਣ ਜੀ! ਮਨ ਨੂੰ ਅਚਿੰਤ ਕਰਨ ਲਈ ਤਿੰਨ ਗੱਲਾਂ ਦਾ ਧਾਰਨੀ ਬਣ ਜਾ—੧. ਆਪਣੇ ਗੁਰੂ ਨੂੰ ਸੇਵਦਾ ਰਹੁ ਅਤੇ ੨. ਸਦਾ ਪਰਮੇਸ਼ਰ ਦੇ ਗੁਣ ਉਚਾਰਨ ਕਰਿਆ ਕਰ।

੨. ਤੀਸਰੀ ਗੱਲ ਹੈ ਕਿ ਸੁਆਸ-ਸੁਆਸ ਵਿਚ ਪਰਮੇਸ਼ਰ ਦੀ ਹੀ ਅਰਾਧਨਾ ਕਰਿਆ ਕਰ, ਇਸੇ ਤਰ੍ਹਾਂ ਤੇਰੇ ਮਨ ਦੀ ਚਿੰਤਾ ਦੂਰ ਹੋ ਜਾਵੇਗੀ।੧।

੩. ਹੇ ਮੇਰੇ ਮਨਾ! ਤੂੰ ਪ੍ਰਭੂ ਦਾ ਹੀ ਨਾਮ ਜਪਦਾ ਰਹੁ।

੪. ਤਾਂ ਤੂੰ (ਸਿਮਰਨ ਦੀ ਬਰਕਤ ਨਾਲ) ਸੁੱਖ, ਮਾਨਸਕ ਅਡੋਲਤਾ ਤੇ ਅਨੰਦ ਪ੍ਰਾਪਤ ਕਰ ਲਵੇਂਗਾ, ਫਿਰ ਤੈਨੂੰ ਉਹ ਥਾਂ ਮਿਲਿਆ ਰਵੇਗਾ, ਜਿਹੜਾ ਕਿ ਤੈਨੂੰ ਸਦਾ ਹੀ ਪਵਿੱਤ੍ਰ ਰੱਖ ਸਕੇਗਾ।੧।ਰਹਾਉ।

ਪ੍ਰ: ਹੇ ਗੁਰੋ! ਇਹ ਅਮੋੜ ਮਨ ਵਿਕਾਰਾਂ ਵਲੋਂ ਮੁੜਦਾ ਨਹੀਂ। ਕੋਈ ਉਪਾਉ ਦੱਸ ਦਿਓ?

ਉ: ੫. ਹੇ ਸੱਜਨਾ! ਇਸ ਨੂੰ ਵਿਕਾਰਾਂ ਵਲੋਂ ਰੋਕ ਰੱਖਣ ਦੀ ਇਹੋ ਇਕ ਵਿੱਧੀ ਹੈ ਕਿ ਤੂੰ ਸਾਧੂ ਦੇ ਸੰਗ ਵਿਚ ਮਿਲ ਕੇ ਅੱਠੇ ਪਹਿਰ ਉਸ ਪ੍ਰਭੂ ਜੀ ਦੀ ਅਰਾਧਨਾ ਕਰਦਾ ਰਹੁ। ਇਸ ਅਰਾਧਨਾ ਦੇ ਸਦਕੇ ਤੇਰਾ ਮਨ ਵਿਕਾਰਾਂ ਵਲੋਂ ਬਚ ਰਹੇਗਾ।

ਪ੍ਰ: ਸ੍ਰੀ ਜੀਉ! ਇਸ ਪ੍ਰਭੂ ਦੀ ਅਰਾਧਨਾ ਕਰਨ ਵਿਚ ਬਿਘਨਾਕਾਰੀ ਜੋ ਕਾਮਾਦਿਕ (ਪ੍ਰਤਿਬੰਧਕ) ਹਨ, ਇਹ ਸਾਈਂ ਜੀ ਦੀ ਅਰਾਧਨਾ ਵਲੋਂ ਰੁਚੀ ਨੂੰ ਰੋਕੀ ਰੱਖਦੇ ਹਨ, ਦੱਸੋ! ਕੀ ਕਰਾਂ?

ਉ: ੬. ਹੇ ਮਿੱਤਰਾ! ਨਾਮ ਸਿਮਰਨ ਦੀ ਬਰਕਤ ਨਾਲ (ਤੇਰੇ ਅੰਦਰੋਂ) ਕਾਮ, ਕ੍ਰੋਧ, ਅਹੰਕਾਰ ਨਾਸ ਹੋ ਜਾਣਗੇ ਅਤੇ ਤੇਰਾ ਹਰੇਕ ਰੋਗ ਭੀ ਮਿਟ ਜਾਏਗਾ।੨।

੭. ਇਨ੍ਹਾਂ ਸਾਰੀਆਂ ਉਪਾਧੀਆਂ ਨੂੰ ਨਾਸ ਕਰਨ ਵਾਲਾ ਉਹ ਹੈ ਜੋ ਕਿ ਕਦੇ ਭੀ ਨਾਸ ਨਹੀਂ ਹੁੰਦਾ, ਜੋ ਕਦੀ ਛੇਦਿਆ ਨਹੀਂ ਜਾਂਦਾ, ਜੋ ਕਦੀ ਭੇਦਿਆ ਨਹੀਂ ਜਾਂਦਾ, ਐਸਾ ਜੋ ਸੁਆਮੀ ਹੈ, ਉਸ ਦੀ ਸ਼ਰਨ ਵਿਚ ਆ ਜਾ।

ਪ੍ਰ: ਹਜ਼ੂਰ ਜੀ! ਕੀ ਉਸ ਦੀ ਸ਼ਰਨ ਵਿਚ ਪਿਆਂ ਕੁਝ ਹੋਰ ਭੀ ਕਰਨਾ ਪਵੇਗਾ?

੮. ਹਾਂ ਜ਼ਰੂਰ! ਹੇ ਭਾਈ, ਆਪਣੇ ਹਿਰਦੇ ਵਿਚ ਉਸ ਸਾਈਂ ਜੀ ਦੇ ਚਰਨ ਕਮਲਾਂ ਦੀ ਅਰਾਧਨਾ ਕਰਨੀ ਪਵੇਗੀ ਅਤੇ ਉਸ ਇਕ ਪ੍ਰਭੂ ਨਾਲ ਲਿਵ ਲਾਉਣੀ ਪਵੇਗੀ।੩।

ਪ੍ਰ: ਕਿਉਂ ਜੀ! ਇਹ ਦਾਤ ਸਾਰਿਆਂ ਨੂੰ ਕਿਉਂ ਪ੍ਰਾਪਤ ਨਹੀਂ ਹੁੰਦੀ?

ਉ: ੯. ਹੇ ਪਿਆਰਿਆ! ਇਹ ਦਾਤ ਦਇਆ ਦੁਆਰਾ ਪ੍ਰਾਪਤ ਹੁੰਦੀ ਹੈ। ਜਦੋਂ ਵੀ ਉਸ ਪਾਰਬ੍ਰਹਮ ਪ੍ਰਭੂ ਨੇ ਕਿਸੇ ਮਨੁੱਖ ਉੱਤੇ ਮਿਹਰ ਕਰ ਦਿੱਤੀ ਤਾਂ ਉਨ੍ਹਾਂ ਨੂੰ ਉਸ ਪ੍ਰਭੂ ਨੇ ਆਪ ਹੀ ਬਖ਼ਸ਼ ਲਿਆ, (ਭਾਵ ਉਨ੍ਹਾਂ ਦੇ ਪਿਛਲੇ ਸਾਰੇ ਹੀ ਪਾਪ ਖਿਮਾ ਕਰ ਦਿੱਤੇ)।

੧੦. ਉਨ੍ਹਾਂ ਮਨੁੱਖਾਂ ਨੂੰ ਉਸ ਨੇ ਸਾਰੇ ਸੁੱਖਾਂ ਦਾ ਖ਼ਜ਼ਾਨਾ ਆਪਣਾ ਹਰੀ ਨਾਮ ਦੇ ਦਿੱਤਾ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਤੂੰ ਭੀ ਉਸੇ ਪ੍ਰਭੂ ਨੂੰ ਜਪ।੪।੨।੨੮।

ਭਾਵਾਰਥ : ਇਸ ਮਨ ਨੂੰ ਚਿੰਤਾ ਰਹਿਤ ਕਰਨ ਲਈ ਸੁਆਸ-ਸੁਆਸ ਉਸੇ ਪ੍ਰਭੂ ਦੀ ਅਰਾਧਨਾ ਕਰਦੇ ਰਹਿਣਾ ਚਾਹੀਦਾ ਹੈ, ਜਿਸ ਦੁਆਰਾ ਮਨ ਵਿਚ ਪਵਿੱਤ੍ਰਤਾ ਆ ਸਕਦੀ ਹੈ, ਜਦੋਂ ਸਾਧ ਸੰਗਤ ਦੁਆਰਾ ਨਾਮ ਦੀ ਅਰਾਧਨਾ ਕੀਤੀ ਜਾਏ ਤਾਂ ਮਨ ਵਿਚੋਂ ਕਾਮਾਦਿਕ ਵਿਕਾਰਾਂ ਦੀ ਵਾਸ਼ਨਾ ਭੀ ਮਿਟ ਜਾਂਦੀ ਹੈ, ਪਰ ਇਹ ਦਾਤ ਸਾਈਂ ਜੀ ਦੀ ਦਇਆ ਦਾ ਸਦਕਾ ਹੀ ਪ੍ਰਾਪਤ ਹੁੰਦੀ ਹੈ। ਇਸ ਬਖ਼ਸ਼ਸ਼ ਦੇ ਪਾਤ੍ਰ ਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ।

ਗੂਜਰੀ ਮਹਲਾ ੫ ॥

੧. ਗੁਰ ਪ੍ਰਸਾਦੀ ਪ੍ਰਭੁ ਧਿਆਇਆ ਗਈ ਸੰਕਾ ਤੂਟਿ ॥
੨. ਦੁਖ ਅਨੇਰਾ ਭੈ ਬਿਨਾਸੇ ਪਾਪ ਗਏ ਨਿਖੂਟਿ ॥੧॥
੩. ਹਰਿ ਹਰਿ ਨਾਮ ਕੀ ਮਨਿ ਪ੍ਰੀਤਿ ॥
੪. ਮਿਲਿ ਸਾਧ ਬਚਨ ਗੋਬਿੰਦ ਧਿਆਏ
ਮਹਾ ਨਿਰਮਲ ਰੀਤਿ ॥੧॥ ਰਹਾਉ ॥
੫. ਜਾਪ ਤਾਪ ਅਨੇਕ ਕਰਣੀ ਸਫਲ ਸਿਮਰਤ ਨਾਮ ॥
੬. ਕਰਿ ਅਨੁਗ੍ਰਹੁ ਆਪਿ ਰਾਖੇ ਭਏ ਪੂਰਨ ਕਾਮ ॥੨॥
੭. ਸਾਸਿ ਸਾਸਿ ਨ ਬਿਸਰੁ ਕਬਹੂੰ ਬ੍ਰਹਮ ਪ੍ਰਭ ਸਮਰਥ ॥
੮. ਗੁਣ ਅਨਿਕ ਰਸਨਾ ਕਿਆ ਬਖਾਨੈ
ਅਗਨਤ ਸਦਾ ਅਕਥ ॥੩॥
੯. ਦੀਨ ਦਰਦ ਨਿਵਾਰਿ ਤਾਰਣ
ਦਇਆਲ ਕਿਰਪਾ ਕਰਣ ॥
੧੦. ਅਟਲ ਪਦਵੀ ਨਾਮ ਸਿਮਰਣ
ਦ੍ਰਿੜੁ ਨਾਨਕ ਹਰਿ ਹਰਿ ਸਰਣ ॥੪॥੩॥੨੯॥

ਪਦ ਅਰਥ : ਪ੍ਰਸਾਦੀ—ਪ੍ਰਸਾਦਿ, ਕਿਰਪਾ ਨਾਲ। ਸੰਕਾ—ਸ਼ੱਕ, ਭਟਕਣਾ। ਨਿਖੂਟਿ ਗਏ—ਮੁਕ ਗਏ।੧। ਮਨਿ—ਮਨ ਵਿਚ। ਸਾਧ—ਗੁਰੂ। ਰੀਤਿ—ਜੀਵਨ ਜੁਗਤਿ। ਨਿਰਮਲ—ਪਵਿੱਤ੍ਰ।੧।ਰਹਾਉ। ਅਨੁਗ੍ਰਹੁ—ਦਇਆ। ਕਰਿ—ਕਰਕੇ।੨। ਬਖਾਨੈ—ਦੱਸੇ।੩। ਨਿਵਾਰਿ—ਦੂਰ ਕਰਕੇ। ਪਦਵੀ—ਦਰਜਾ।੪।

ਅਰਥ :

ਪ੍ਰ: ਹਜ਼ੂਰ ਜੀਉ! ਹਰ ਮਨੁੱਖ ਦੇ ਮਨ ਵਿਚ ਅਨੰਤ ਸ਼ੰਕਾ ਬਣੀਆਂ ਰਹਿੰਦੀਆਂ ਹਨ, ਪਰ ਆਪ ਦੇ ਅੰਦਰੋਂ ਇਹ ਸ਼ੰਕਾ, ਭਰਮ ਭਟਕਣਾ, ਡੱਕੇ ਡੋਲੇ ਕਿਵੇਂ ਮਿਟ ਗਏ?

ਉ: ੧. ਹੇ ਪਿਆਰਿਓ! ਇਸ ਦਾ ਇਕੋ ਹੀ ਕਾਰਣ ਹੈ ਕਿ ਮੈਂ ਗੁਰੂ ਦੀ ਕਿਰਪਾ ਕਰਕੇ ਪ੍ਰਭੂ ਦੀ ਅਰਾਧਨਾ ਕੀਤੀ, ਜਿਸ ਕਰਕੇ ਮੇਰੇ ਅੰਦਰੋਂ ਸ਼ੰਕਾ, ਭਰਮ ਭਟਕਣਾ ਸਾਰੀਆਂ ਹੀ ਟੁੱਟ ਗਈਆਂ।

੨. ਜਿਸ ਮਨੁੱਖ ਦੇ ਅੰਦਰੋਂ ਸਾਰੀਆਂ ਸ਼ੰਕਾ ਹੀ ਮਿਟ ਗਈਆਂ, ਉਸ ਦੇ ਅੰਦਰੋਂ ਜੰਮਣ ਮਰਨ ਦਾ ਦੁੱਖ, ਅਗਿਆਨਤਾ ਦਾ ਅੰਧੇਰਾ, ਜਮਾਂ ਦਾ ਭੈਅ ਸਾਰੇ ਨਾਸ ਹੋ ਗਏ (ਕਿਉਂਕਿ) ਨਾਮ ਸਿਮਰਨ ਦੀ ਬਰਕਤ ਨਾਲ ਉਨ੍ਹਾਂ ਦੇ ਸਾਰੇ ਹੀ ਪਾਪ ਮੁੱਕ ਗਏ।੧।

੩. ਹੇ ਭਾਈ! ਜਿਸ ਵੀ ਮਨੁੱਖ ਦੇ ਮਨ ਵਿਚ ਪਰਮੇਸ਼ਰ ਦੇ ਨਾਮ ਦਾ ਪਿਆਰ ਪੈ ਜਾਂਦਾ ਹੈ।

੪. ਅਤੇ ਗੁਰੂ ਨੂੰ ਮਿਲ ਕੇ ਗੁਰੂ ਦੀ ਬਾਣੀ ਰਾਹੀਂ ਗੋਬਿੰਦ ਦਾ ਧਿਆਨ ਧਰਦਾ ਹੈ, ਇਹ ਰੀਤੀ ਇਕ ਮਹਾਂ ਪਵਿੱਤ੍ਰ ਹੈ, ਭਾਵ ਮੁਕਤੀ ਪ੍ਰਾਪਤ ਕਰਨ ਦੀ ਇਹ ਇਕ ਉੱਤਮ ਜੁਗਤੀ ਹੈ।੧।ਰਹਾਉ।

ਪ੍ਰ: ਕਿਉਂ ਜੀ ! ਤੁਹਾਡੀ ਵੀਚਾਰ ਅਨੁਸਾਰ ਕੀ ਜਪ ਤਪ ਆਦਿ ਸਾਧਨ ਕਰਨੇ ਨਹੀਂ ਚਾਹੀਦੇ ?

ਉ: ੫. ਹੇ ਭਾਈ ! (ਜੀਵਨ ਵਿਚ ਸਫਲਤਾ ਦੇਣ ਵਾਲਾ ਇਕ ਹਰੀ ਨਾਮ ਹੈ) ਇਸ ਨਾਮ ਨੂੰ ਸਿਮਰਿਆਂ ਸਾਰੇ ਜਪ ਤਪ ਅਤੇ ਅਨੇਕਾਂ ਹੀ ਮਿੱਥੇ ਹੋਏ ਧਾਰਮਿਕ ਕੰਮ ਵਿਚੇ ਹੀ ਆ ਗਏ, ਇਨ੍ਹਾਂ ਦੀ ਲੋੜ ਹੀ ਨਹੀਂ ਪੈਂਦੀ।

੬. (ਸਾਰਿਆਂ ਤੋਂ ਸਰੇਸ਼ਟ ਹਰੀ ਦਾ ਨਾਮ ਹੀ ਹੈ) ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਪਰਮੇਸ਼ਰ ਮਿਹਰ ਕਰਕੇ ਆਪਣੇ ਚਰਨਾਂ ਵਿਚ ਟਿਕਾਈ ਰੱਖਦਾ ਹੈ, ਉਨ੍ਹਾਂ ਦੇ ਸਾਰੇ ਕੰਮ ਸਿਰੇ ਚੜ੍ਹ ਗਏ।੨।

ਪ੍ਰ: ਹਜ਼ੂਰ, ਜਿਨ੍ਹਾਂ ਦੀ ਸੁਰਤੀ ਉਹ ਸਾਈਂ ਜੀ ਆਪਣੇ ਚਰਨਾਂ ਵਿਚ ਟਿਕਾਈ ਰੱਖਦਾ ਹੈ, ਉਨ੍ਹਾਂ ਦੀ ਮਾਨਸਕ ਕਿਰਿਆ ਕਿਸ ਪ੍ਰਕਾਰ ਦੀ ਹੋ ਜਾਂਦੀ ਹੈ ?

ਉ: ੭. ਹੇ ਭਾਈ ! ਉਹ ਮਨ ਕਰਕੇ ਇਉਂ ਹੀ ਅਰਦਾਸ ਕਰਦੇ ਰਹਿੰਦੇ ਹਨ ਕਿ ਹੇ ਬ੍ਰਹਮ ! ਹੇ ਸਮ੍ਰੱਥ ਪ੍ਰਭੂ ! (ਤੁਸੀਂ ਮੈਨੂੰ) ਸੁਆਸ-ਸੁਆਸ ਯਾਦ ਰਹੋ ਅਤੇ ਕਿਸੇ ਸਮੇਂ ਭੀ ਵਿਸਰੋ ਨਾ।

੮. ਹੇ ਪ੍ਰਭੂ ਜੀ ! ਆਪ ਜੀ ਦੇ ਗੁਣ ਅਨੇਕਾਂ ਹਨ, (ਪਰ ਇਹ ਮੇਰੀ) ਇਕ ਰਸਨਾ ਉਨ੍ਹਾਂ ਦਾ ਕੀ ਵਰਣਨ ਕਰੇ (ਕਿਉਂਕਿ) ਉਹ ਸਦਾ ਗਿਣਤੀ ਤੋਂ ਰਹਿਤ ਹਨ ਤੇ ਕਥੇ ਨਹੀਂ ਜਾ ਸਕਦੇ।੩।

੯. ਹੇ ਪਿਆਰੇ ! ਇਹ ਅਰਦਾਸ ਕਰਦਾ ਰਹੁ ਕਿ ਹੇ ਨਿਮਾਣਿਆਂ ਦੇ ਦੁੱਖਾਂ ਦਰਦਾਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਉਧਾਰ ਲੈਣ ਵਾਲੇ ਦਿਆਲੂ ਤੇ ਕਿਰਪਾ ਕਰਨ ਵਾਲੇ !

੧੦. (ਮੈਨੂੰ) ਨਾਮ ਸਿਮਰਨ ਦੀ ਅਟੱਲ ਪਦਵੀ ਦ੍ਰਿੜ੍ਹ ਕਰਵਾ ਦਿਓ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਬੇਨਤੀ ਕਰਦਾ ਹਾਂ, ਹੇ ਹਰੀ ਹਰਿ ਜੀਉ ! ਮੈਂ ਤੇਰੀ ਸ਼ਰਣ (ਆਇਆ ਹਾਂ)।੪।੩।੨੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਉਨ੍ਹਾਂ ਮਨੁੱਖਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਨੇ ਗੁਰੂ ਦੁਆਰਾ ਪ੍ਰਭੂ ਜੀ ਦੀ ਅਰਾਧਨਾ ਕੀਤੀ ਹੈ। ਉਨ੍ਹਾਂ ਅਰਾਧਨਾ ਕਰਨ ਵਾਲਿਆਂ ਦੇ ਅੰਦਰੋਂ ਸਾਰੀਆਂ ਭਰਮ ਭਟਕਣਾਂ, ਦੁੱਖ, ਅਗਿਆਨਤਾ, ਜਮਾਂ ਦਾ ਭੈਅ ਤੇ ਪਾਪ ਸਾਰੇ ਹੀ ਖ਼ਤਮ ਹੋ ਜਾਂਦੇ ਹਨ। ਹਰੀ ਨਾਮ ਨਾਲ ਪਿਆਰ ਕਰਨ ਵਾਲੇ ਨੂੰ ਹੋਰ ਕਿਸੇ ਭੀ ਜਪ ਤਪ ਸਾਧਨ ਕਰਨ ਦੀ ਲੋੜ ਨਹੀਂ ਰਹਿ ਜਾਂਦੀ, ਕਿਉਂਕਿ ਨਾਮ ਦਾ ਸਿਮਰਨ ਸ਼ਿਰੋਮਣੀ ਸਾਧਨ ਹੈ।

ਗੂਜਰੀ ਮਹਲਾ ੫ ॥

੧. ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥

੨. ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ
ਕਰਣ ਕਾਰਣ ਜੋਗੁ ॥੧॥

੩. ਮਨਿ ਤਨਿ ਬਾਛੀਐ ਜਨ ਧੂਰਿ ॥

੪. ਕੋਟਿ ਜਨਮ ਕੇ ਲਹਹਿ ਪਾਤਿਕ
ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥

੫. ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥

੬. ਗੁਰ ਗਿਆਨ ਕੀਰਤਨ ਗੋਬਿੰਦ ਰਮਣੰ
ਕਾਟੀਐ ਜਮ ਜਾਲ ॥੨॥

੭. ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾਗਵਣ ॥

੮. ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ
ਮਿਟਤ ਜੋਨੀ ਭਵਣ ॥੩॥

੯. ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ ॥

੧੦. ਜਪਿ ਰਾਮ ਰਾਮਾ ਦੁਖ ਨਿਵਾਰੇ
ਮਿਲੈ ਹਰਿ ਜਨ ਸੰਤ ॥੪॥

੧੧. ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ ॥

੧੨. ਹਰਿ ਚਰਣ ਸਰਣ ਅਪਾਰ ਪ੍ਰਭ ਕੇ
ਦ੍ਰਿੜੁ ਗਹੀ ਨਾਨਕ ਓਟ ॥੫॥੪॥੩੦॥

ਪਦ ਅਰਥ : ਅਹੰਬੁਧਿ—ਮੈਂ ਮੈਂ ਕਰਨ ਵਾਲੀ ਅਕਲ, ਅਹੰਕਾਰ, ਜੋ ਜੀਵ ਦੇ ਅੰਦਰ ਹੈ। ਸਘਨ—ਸੰਘਣੀ। ਦੀਰਘ—ਲੰਮਾ, ਵੱਡਾ। ਅਉਖਧ—ਦਵਾਈ। ਗੁਰਿ—ਗੁਰੂ ਨੇ। ਕਰਣ ਕਾਰਣ ਜੋਗੁ—ਜਗਤ ਦੇ ਮੂਲ ਪ੍ਰਭੂ ਨਾਲ ਮਿਲਾ ਸਕਣ ਵਾਲਾ।੧। ਮਨਿ—ਮਨ ਵਿਚ। ਤਨਿ—ਹਿਰਦੇ ਵਿਚ। ਬਾਛੀਐ—ਤਾਂਘ ਕਰਨੀ ਚਾਹੀਦੀ ਹੈ, ਇੱਛਾ ਕਰੀਏ, ਮੰਗੀਏ। ਲਹਹਿ—ਲਹਿ ਜਾਂਦੇ ਹਨ। ਪਾਤਿਕ—ਪਾਪ। ਲੋਚਾ—ਤਾਂਘ। ਪੂਰਿ—ਪੂਰੀ ਕਰ।੧।ਰਹਾਉ। ਆਦਿ ਅੰਤੇ ਮਧਿ—ਸਦਾ ਹੀ, ਹਰ ਵੇਲੇ। ਕੂਕਰੀ—ਕੁੱਤੀ। ਬਿਕਰਾਲ—ਡਰਾਉਣੀ, ਭਿਆਨਕ। ਆਸਾ ਨੂੰ ਕੂਕਰੀ ਇਸ ਕਰਕੇ ਕਿਹਾ ਹੈ ਕਿ ਇਹ ਲਬ ਲੋਭ ਵਿਚ ਭਜਾਈ ਫਿਰਦੀ ਹੈ ਜੋ ਸ਼ਾਂਤ ਨਹੀਂ ਹੁੰਦੀ। ਕਾਟੀਐ—ਕੱਟ ਲਈਦਾ ਹੈ। ਜਮ ਜਾਲ—ਮੌਤ ਦਾ ਜਾਲ।੨। ਮੂਠੇ—ਠਗੇ ਹੋਏ, ਲੁਟੇ ਹੋਏ। ਆਵਾਗਵਣ—ਜਨਮ ਮਰਨ ਦਾ ਗੇੜ। ਭਵਣ—ਭੌਣਾ।੩। ਕਲਤ੍ਰ—ਇਸਤ੍ਰੀ। ਸੁਰ ਰਿਦ—ਮਿੱਤਰ, ਹਾਰਦਿਕ ਸਾਂਝ ਵਾਲੇ, ਜਿਨ੍ਹਾਂ ਦਾ ਦਿਲ ਦੇਵਤੇ ਵਰਗਾ ਹੈ, ਭਾਵ ਜੋ ਦਿਲੋਂ ਪਿਆਰ ਕਰਦੇ ਹਨ। ਤੀਨਿ ਤਾਪ—ਆਧਿ, ਬਿਆਧਿ, ਉਪਾਧਿ—ਇਹ ਤਿੰਨ ਤਾਪ।੪। ਸਰਬ ਬਿਧਿ—ਅਨੇਕਾਂ ਤਰੀਕਿਆਂ ਨਾਲ। ਕਤਹਿ—ਕਿਤੇ ਵੀ। ਛੋਟਿ—ਖ਼ਲਾਸੀ। ਦ੍ਰਿੜੁ—ਪੱਕੀ ਤਰ੍ਹਾਂ। ਗਹੀ—ਫੜੀ।੫।

ਅਰਥ :

ਪ੍ਰ: ਹੇ ਗੁਰੋ ! ਸੰਸਾਰ ਵਿਚ ਕਈ ਪ੍ਰਕਾਰ ਦੇ ਸਰੀਰਕ ਰੋਗੀ ਵੇਖੀਦੇ ਹਨ, ਪਰ ਆਪ ਕਿਸ ਰੋਗ ਨੂੰ ਸਭ ਤੋਂ ਵਡੇਰਾ ਦੁੱਖ ਰੂਪ ਸਮਝਦੇ ਹੋ ?

ਉ: ੧. ਹੇ ਭਾਈ ! ਸਰੀਰਕ ਰੋਗ ਤਾਂ ਥੋੜ੍ਹੇ ਸਮੇਂ ਲਈ ਪੈਦਾ ਹੁੰਦੇ ਹਨ, ਆਖ਼ਰ ਮਿਟ ਜਾਂਦੇ ਹਨ, ਪਰ ਇਕ ਅਜਿਹਾ ਅਹੰਕਾਰ ਦਾ ਵੱਡਾ ਲੰਮਾ ਰੋਗ ਹੈ ਅਤੇ ਮਾਇਆ ਨਾਲ ਡੂੰਘਾ ਪਿਆਰ ਕਰਨ ਵਾਲਾ ਇਹ ਬੜਾ ਪੁਰਾਣਾ ਰੋਗ ਹੈ (ਇਸ ਰੋਗ ਨੇ ਹਰ ਪ੍ਰਾਣੀ ਮਾਤ੍ਰ ਨੂੰ ਗ੍ਰਸਿਆ ਹੋਇਆ ਹੈ, ਇਸੀ ਕਰਕੇ ਸਾਰਾ ਜਗਤ ਦੁਖੀਆ ਵੇਖੀਦਾ ਹੈ)।

ਪ੍ਰ: ਕਿਉਂ ਜੀ ! ਇਸ ਰੋਗ ਦੀ ਨਵਿਰਤੀ ਕਿਵੇਂ ਹੋ ਸਕਦੀ ਹੈ ?

ਉ: ੨. ਹੇ ਪਿਆਰੇ ! ਇਸ ਦਾ ਦਾਰੂ ਹਰੀ ਨਾਮ ਹੈ। ਜਿਸ ਮਨੁੱਖ

ਨੂੰ ਗੁਰੂ ਨੇ ਇਹ ਪਰਮੇਸ਼ਰ ਦਾ ਨਾਮ ਦਾਰੂ ਦੇ ਦਿੱਤਾ, ਉਸ ਵਡਭਾਗੇ ਮਨੁੱਖ ਦੀ ਇਸ ਹਉਮੈ ਦੇ ਰੋਗ ਤੋਂ ਖਲਾਸੀ ਹੋ ਗਈ, (ਕਿਉਂਕਿ) ਪ੍ਰਭੂ ਦਾ ਨਾਮ ਜਗਤ ਦੇ ਮੂਲ ਪਰਮੇਸ਼ਰ ਨਾਲ ਮਿਲਾਪ ਕਰਾਉਣ ਦੀ ਸਮਰੱਥਾ ਰੱਖਦਾ ਹੈ।੧।

੩. ਹੇ ਪਿਆਰੇ ! ਐਸੇ ਵਡਭਾਗੀ ਜਨਾਂ ਦੇ ਚਰਨਾਂ ਦੀ ਧੂੜ ਨੂੰ ਆਪਣੇ ਮਨ ਵਿਚ ਤੇ ਹਿਰਦੇ ਵਿਚ ਸਦਾ ਹੀ ਮੰਗਦੇ ਰਹਿਣਾ ਚਾਹੀਦਾ ਹੈ।

੪. ਅਤੇ ਗੋਬਿੰਦ ਦੇ ਚਰਨਾਂ ਵਿਚ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ, ਹੇ ਗੋਬਿੰਦ ਜੀ ! ਮੇਰੀ ਇਹ ਇੱਛਾ ਪੂਰੀ ਕਰ ਦਿਓ ਤਾਂ ਜੁ ਮੇਰੇ ਕਰੋੜਾਂ ਜਨਮਾਂ ਦੇ ਪਾਪ ਧੋਤੇ ਜਾਣ।੧।ਰਹਾਉ।

ਪ੍ਰ: ਕਿਉਂ ਜੀ ! ਮਨੁੱਖ ਦੀ ਸੁਰਤੀ ਪਰਮੇਸ਼ਰ ਵੱਲ ਕਿਉਂ ਨਹੀਂ ਟੁਰਦੀ ?

ਉ: ੫. ਉਹ ਇਸ ਲਈ ਕਿ ਹੇ ਭਾਈ ! ਇਕ ਆਸਾ ਰੂਪੀ ਡਰਾਉਣੀ ਕੁੱਤੀ ਹੈ, ਜੋ ਕਿ ਬਾਲ, ਬੁਢੇਪਾ ਤੇ ਜੁਆਨੀ ਇਨ੍ਹਾਂ ਤਿੰਨਾਂ ਹੀ ਅਵਸਥਾਵਾਂ ਵਿਚ ਜੀਵ ਦੇ ਨਾਲ ਲੱਗੀ ਰਹਿੰਦੀ ਹੈ, ਜੋ ਜੀਵਾਂ ਦੇ ਮਨ ਵਿਚ ਹੋਰ-ਹੋਰ ਪਦਾਰਥਾਂ ਦੀ ਪ੍ਰਾਪਤੀ ਲਈ ਭੌਂਕਦੀ ਰਹਿੰਦੀ ਹੈ ਅਤੇ ਜੀਵਾਂ ਵਾਸਤੇ ਮੌਤ ਦਾ ਜਾਲ ਖਿਲਾਰੀ ਰੱਖਦੀ ਹੈ।

ਪ੍ਰ: ਹਜ਼ੂਰ ਜੀ, ਕੀ ਇਸ ਜਮਜਾਲ ਨੂੰ ਕੱਟਣ ਲਈ ਕੋਈ ਸਾਧਨ ਨਹੀਂ ਹੈ ?

ਉ: ੬. ਜ਼ਰੂਰ ਹੈ, ਹੇ ਭਾਈਓ ! ਗੁਰੂ ਦਾ ਦਿੱਤਾ ਗਿਆਨ ਤੇ ਗੋਬਿੰਦ ਦਾ ਕੀਰਤਨ ਉਚਾਰਨ ਕਰਨਾ, ਇਸ ਸਾਧਨ ਦੁਆਰਾ ਜਮਾਂ ਦਾ ਜਾਲ ਕਟਿਆ ਜਾਂਦਾ ਹੈ।੨।

ਪ੍ਰ: ਸ੍ਰੀ ਜੀਉ ! ਇਸ ਜੀਵ ਦੇ ਆਵਾਗਵਨ ਦਾ ਚੱਕ੍ਰ ਸਦਾ ਬਣੇ ਰਹਿਣ ਦਾ ਅਸਲ ਕਾਰਨ ਕੀ ਹੈ ?

ਉ: ੭. ਹੇ ਪਿਆਰੇ ! ਜੋ ਲੋਕ ਕਾਮ ਕ੍ਰੋਧ ਲੋਭ ਮੋਹ ਵਿਚ ਠੱਗੇ ਹੋਏ ਹਨ, ਉਨ੍ਹਾਂ ਲੋਕਾਂ ਦਾ ਜੰਮਣ ਮਰਣਾ ਸਦਾ ਹੀ ਬਣਿਆ ਰਹਿੰਦਾ ਹੈ।

ਪ੍ਰ: ਪਰ ਗੁਰਦੇਵ ਜੀਉ ! ਇਨ੍ਹਾਂ ਜੂਨਾਂ ਵਿਚ ਭਟਕਣਾ ਕਿਵੇਂ ਮਿਟ ਸਕਦਾ ਹੈ ?

ਉ: ੮. ਹੇ ਭਾਈ ! ਉਸ ਪ੍ਰਭੂ ਜੀ ਦੀ ਪ੍ਰੇਮਾ ਭਗਤੀ ਤੇ ਗੋਪਾਲ ਜੀ ਦੇ ਸਿਮਰਨ ਦੀ ਬਰਕਤ ਨਾਲ ਜੂਨਾਂ ਵਿਚ ਭਟਕਣਾ ਮਿਟ ਜਾਂਦਾ ਹੈ।੩।

ਪ੍ਰ: ਕਿਉਂ ਜੀ ! ਜਿਨ੍ਹਾਂ ਪੁੱਤਰ, ਇਸਤਰੀ ਤੇ ਰਿਸ਼ਤੇਦਾਰਾਂ ਉਪਰ ਅਸੀਂ ਬਹੁਤ ਮਾਣ ਰਖੀ ਬੈਠੇ ਹਾਂ, ਕੀ ਇਨ੍ਹਾਂ ਵਿਚੋਂ ਸਾਨੂੰ ਕੋਈ ਵੀ ਸ਼ਾਂਤੀ ਦੇਣ ਦਾ ਵਸੀਲਾ ਨਹੀਂ ਬਣ ਸਕੇਗਾ ?

ਉ: ੯. (ਨਹੀਂ) ਹੇ ਭਾਈ ! ਇਹ ਪੁੱਤਰ, ਮਿੱਤਰ, ਵਹੁਟੀ, ਰਿਸ਼ਤੇਦਾਰ ਤਾਂ ਆਪ ਹੀ (ਆਧਿ ਬਿਆਧਿ ਉਪਾਧਿ) ਤਿੰਨਾਂ ਤਾਪਾਂ ਵਿਚ ਸੜਦੇ ਰਹਿੰਦੇ ਹਨ ਤਾਂ ਸੋਚੋ ਇਹ ਸਾਨੂੰ ਕਿਵੇਂ ਸ਼ਾਂਤੀ ਦੇਣ ਦਾ ਸਾਧਨ ਬਣ ਸਕਦੇ ਹਨ।

੧੦. ਪਰ ਹੇ ਪਿਆਰੇ ! ਇਨ੍ਹਾਂ ਵਿਚੋਂ ਕੋਈ ਮਨੁੱਖ ਵੀ ਪਰਮੇਸ਼ਰ ਦੇ ਸੇਵਕਾਂ ਨੂੰ, ਸੰਤ ਜਨਾਂ ਨੂੰ ਜੇ ਮਿਲ ਪੈਂਦਾ ਹੈ ਤਾਂ ਉਹ ਪ੍ਰਭੂ ਦਾ ਨਾਮ ਸਦਾ ਸਿਮਰ ਕੇ ਆਪਣੇ ਸਾਰੇ ਦੁੱਖ ਦੂਰ ਕਰ ਲੈਂਦਾ ਹੈ।੪।

੧੧. ਹੇ ਭਾਈ ! ਦੁਨੀਆ ਦੇ ਲੋਕਾਂ ਵਲ ਵੇਖੀਦਾ ਹੈ ਕਿ ਇਸ 'ਬਿਕਰਾਲ ਆਸਾ ਕੂਕਰੀ' ਦੇ ਪੰਜੇ ਵਿਚ ਫਸ ਕੇ ਜੀਵ ਅਨੇਕਾਂ ਤਰੀਕਿਆਂ ਨਾਲ ਭਟਕਦੇ ਤੇ ਦੁਖੀ ਹੋਏ ਪੁਕਾਰਦੇ ਫਿਰਦੇ ਹਨ, ਪਰ ਕਿਸੇ ਭੀ ਤਰੀਕੇ ਨਾਲ ਉਨ੍ਹਾਂ ਦਾ ਇਸ (ਬਿਕਰਾਲ ਆਸਾ ਕੂਕਰੀ ਪਾਸੋਂ) ਛੁਟਕਾਰਾ ਨਹੀਂ ਹੁੰਦਾ।

ਪ੍ਰ: ਪਰ, ਹਜ਼ੂਰ ਜੀ ! ਆਪ ਜੀ ਦਾ ਇਸ (ਆਸਾ ਕੂਕਰੀ) ਪਾਸੋਂ ਕਿਵੇਂ ਛੁਟਕਾਰਾ ਹੋਇਆ ?

ਉ: ੧੨. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਅਸੀਂ ਤਾਂ ਇਸ ਤੋਂ ਬਚਣ ਲਈ ਉਸ ਅਪਾਰ ਹਰੀ ਪ੍ਰਭੂ ਦੇ ਚਰਨਾਂ ਦੀ ਸ਼ਰਨ ਦਾ ਆਸਰਾ ਪੱਕਾ ਕਰਕੇ ਫੜ ਲਿਆ ਹੈ (ਇਸ ਲਈ ਹੁਣ ਇਹ ਆਸਾ ਕੂਕਰੀ ਸਾਨੂੰ ਹੋਰ-ਹੋਰ ਪਦਾਰਥਾਂ ਵਿਚ ਭਟਕਾ ਨਹੀਂ ਸਕਦੀ)।੫।੪।੩੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਹੰਕਾਰ ਨੂੰ ਬਹੁਤ ਵੱਡਾ ਰੋਗ ਦਰਸਾਇਆ ਹੈ, ਜਿਸਦੀ ਦੁਆਈ ਗੁਰੂ ਪਾਸੋਂ ਹਰੀ ਦਾ ਨਾਮ ਲਿਆਂ ਇਸ ਦੀਰਘ ਰੋਗ ਦੀ ਨਵਿਰਤੀ ਹੋਣੀ ਦੱਸਿਆ ਹੈ। ਸੰਸਾਰ ਦੇ ਸੰਬੰਧੀ ਜੋ ਆਪ ਹੀ ਤਿੰਨਾਂ ਤਾਪਾਂ ਵਿਚ ਸੜਦੇ ਹਨ, ਉਨ੍ਹਾਂ ਤੋਂ ਸ਼ਾਂਤੀ ਹਾਸਲ ਨਹੀਂ ਹੋ ਸਕਦੀ। ਹਰੀ ਦੇ ਚਰਨਾਂ ਦੀ ਸ਼ਰਨ ਪ੍ਰਾਪਤ ਕਰਨ ਨਾਲ ਸਾਰੇ ਤਰ੍ਹਾਂ ਦੇ ਭਰਮਾਂ ਦੀ ਨਵਿਰਤੀ ਹੋ ਜਾਂਦੀ ਹੈ। ਇਸ ਤਰ੍ਹਾਂ ਸਹਿਜੇ ਹੀ ਸੰਸਾਰ ਤੋਂ ਤਰ ਸਕੀਦਾ ਹੈ।

ਗੂਜਰੀ ਮਹਲਾ ੫ ਘਰੁ ੪ ਦੁਪਦੇ

੧ਓ ਸਤਿਗੁਰ ਪ੍ਰਸਾਦਿ ॥

੧. ਆਰਾਧਿ ਸ੍ਰੀਧਰ ਸਫਲ ਮੂਰਤਿ ਕਰਣ ਕਾਰਣ ਜੋਗੁ ॥
੨. ਗੁਣ ਰਮਣ ਸ੍ਰਵਣ ਅਪਾਰ ਮਹਿਮਾ
ਫਿਰਿ ਨ ਹੋਤ ਬਿਓਗੁ ॥੧॥
੩. ਮਨ ਚਰਣਾਰਬਿੰਦ ਉਪਾਸ ॥
੪. ਕਲਿ ਕਲੇਸ ਮਿਟੰਤ ਸਿਮਰਣਿ
ਕਾਟਿ ਜਮਦੂਤ ਫਾਸ ॥੧॥ ਰਹਾਉ ॥
੫. ਸਤ੍ਰੁ ਦਹਨ ਹਰਿ ਨਾਮ ਕਹਨ
ਅਵਰ ਕਛੁ ਨ ਉਪਾਉ ॥
੬. ਕਰਿ ਅਨੁਗ੍ਰਹੁ ਪ੍ਰਭੂ ਮੇਰੇ
ਨਾਨਕ ਨਾਮ ਸੁਆਉ ॥੨॥੧॥੩੧॥

ਪਦ ਅਰਥ : ਸ੍ਰੀ ਧਰ—ਲੱਛਮੀ ਦਾ ਸਹਾਰਾ, ਸੁਆਮੀ, ਪਤੀ, ਭਾਵ ਵਾਹਿਗੁਰੂ ਜੀ। ਸਫਲ ਮੂਰਤਿ—ਜਿਸ ਦਾ ਦਰਸ਼ਨ ਜੀਵਨ ਨੂੰ ਸਫਲ, ਕਾਮਯਾਬ ਕਰਦਾ ਹੈ। ਕਰਣ—ਸ੍ਰਿਸ਼ਟੀ। ਕਾਰਣ—ਸਬੱਬ, ਮੂਲ। ਜੋਗੁ—ਸਮਰੱਥ। ਕਾਰਣ ਜੋਗੁ—ਜਗਤ ਦਾ ਸਮਰੱਥ ਮੂਲ। ਬਿਓਗ—ਵਿਛੋੜਾ।੧। ਮਨ—ਹੇ ਮਨ ! ਚਰਣਾਰਬਿੰਦ—ਚਰਣ-ਅਰਬਿੰਦ (ਅਰਬਿੰਦੁ+ਕਮਲ) ਚਰਣ ਕਮਲ। ਉਪਾਸ—ਉਪਾਸ਼ਨਾ ਕਰ। ਕਲਿ—ਝਗੜੇ। ਸਿਮਰਣਿ—ਸਿਮਰਨ ਨਾਲ। ਫਾਸ—

ਫਾਹੀ।੧।ਰਹਾਉ। ਸਤ੍ਰ—ਵੈਰੀ। ਉਪਾਉ—ਇਲਾਜ। ਅਨੁਗ੍ਰਹੁ—ਦਇਆ। ਸੁਆਉ— ਸੁਆਰਥ, ਜੀਵਨ ਮਨੋਰਥ।੨।

ਅਰਥ :

ਪ੍ਰ: ਹੇ ਗੁਰੋ! ਅਸੀਂ ਅਰਾਧਨਾ ਕਿਸ ਦੀ ਕਰੀਏ, ਜਿਸ ਦੀ ਬਰਕਤ ਨਾਲ ਸਾਰੇ ਹੀ ਫਲ ਪ੍ਰਾਪਤ ਹੋ ਸਕਨ ?

ਉ: ੧. ਹੇ ਭਾਈ! ਉਸ ਮਾਇਆ ਦੇ ਸੁਆਮੀ ਵਾਹਿਗੁਰੂ ਜੀ ਦੀ ਹੀ ਅਰਾਧਨਾ ਕਰਦੇ ਰਹੋ, ਜਿਸ ਦੇ ਦਰਸ਼ਨਾਂ ਦੀ ਬਰਕਤ ਨਾਲ ਸਾਰੇ ਹੀ ਫਲ ਪ੍ਰਾਪਤ ਹੋ ਸਕਦੇ ਹਨ ਤੇ ਜੋ ਸਾਰੇ ਹੀ ਜਗਤ ਦਾ ਮੂਲ ਰੂਪ ਤੇ ਸਮਰੱਥ ਹੈ।

੨. ਹੇ ਪਿਆਰੇ! ਉਸ ਬੇਅੰਤ ਪਰਮੇਸ਼ਰ ਦੀ ਵਡਿਆਈ ਤੇ ਗੁਣ ਗਾਂਵਿਆਂ ਤੇ ਸੁਣਿਆਂ ਫਿਰ ਉਸ ਦੇ ਚਰਨਾਂ ਨਾਲੋਂ ਕਦੇ ਵੀ ਵਿਛੋੜਾ ਨਹੀਂ ਹੁੰਦਾ।੧।

੩. ਇਸ ਲਈ, ਹੇ ਮਨ! ਵਾਹਿਗੁਰੂ ਜੀ ਦੇ ਚਰਨਾਂ ਕਮਲਾਂ ਦੀ ਉਪਾਸਨਾ ਕਰਿਆ ਕਰ।

੪. (ਕਿਉਂਕਿ) ਹਰੀ ਦੇ ਨਾਮ ਸਿਮਰਨ ਦੀ ਬਰਕਤ ਨਾਲ ਸਾਰੇ ਦੁੱਖ ਕਲੇਸ਼ ਮਿਟ ਜਾਂਦੇ ਹਨ ਅਤੇ ਜਮਦੂਤਾਂ ਦੀ ਫਾਹੀ ਵੀ ਕੱਟੀ ਜਾਂਦੀ ਹੈ, ਭਾਵ ਜੰਮਣਾ ਮਰਨਾ ਮਿਟ ਜਾਂਦਾ ਹੈ।੧।ਰਹਾਉ।

ਪ੍ਰ: ਹਜ਼ੂਰ! ਨਾਮ ਸਿਮਰਨ ਵਿਚ ਕਾਮਾਦਿਕ ਵੈਰੀ ਜੋ ਬਿਘਨਾਕਾਰੀ ਹਨ, ਇਨ੍ਹਾਂ ਨੂੰ ਅੰਦਰੋਂ ਕਿਵੇਂ ਨਾਸ ਕੀਤਾ ਜਾਵੇ ?

ਉ: ੫. ਹੇ ਮਿੱਤਰਾ! (ਕਾਮਾਦਿਕ) ਵੈਰੀਆਂ ਨੂੰ (ਅੰਦਰੋਂ) ਸਾੜਨ ਦਾ ਉਪਾਉ ਕੇਵਲ ਇਕ ਹਰੀ ਦੇ ਨਾਮ ਦਾ ਉਚਾਰਨ ਕਰਨਾ ਹੀ ਹੈ, ਹੋਰ ਤਾਂ ਵਸੀਲਾ ਹੀ ਕੋਈ ਨਹੀਂ।

ਪ੍ਰ: ਹੇ ਕਿਰਪਾਲੂ ਜੀਉ! ਇਨ੍ਹਾਂ ਕਾਮਾਦਿਕ ਵੈਰਿਆਂ ਤੋਂ ਛੁਟਕਾਰਾ ਪਾਉਣ ਲਈ ਕੋਈ ਸੁਖੈਨ ਸਾਧਨ ਦੱਸ ਦਿਓ।

੬. ਹੇ ਪਿਆਰਿਆ! ਸੁਖੈਨ ਸਾਧਨ ਤਾਂ ਇਕੋ ਅਰਦਾਸ ਹੀ ਹੈ, ਉਹ ਕਰਿਆ ਕਰ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਇਉਂ ਕਹੁ ਕਿ ਹੇ ਮੇਰੇ ਪ੍ਰਭੂ ਜੀ! ਮੇਰੇ 'ਤੇ ਕਿਰਪਾ ਕਰੋ ਤਾਂ ਕਿ ਤੇਰਾ ਨਾਮ ਸਿਮਰਦੇ ਰਹਿਣਾ ਹੀ ਮੇਰੇ ਜੀਵਨ ਦਾ ਮਨੋਰਥ ਬਣਿਆ ਰਹੇ।੨।੧।੩੧।

ਭਾਵਾਰਥ : ਇਸ ਮਾਹਾਂਵਾਕ ਅੰਦਰ ਜੋ ਨਾਮ ਸਿਮਰਨ ਕਰਨ ਵਿਚ ਬਿਘਨਾਕਾਰੀ ਕਾਮਾਦਿਕ ਵੈਰੀ ਹਨ, ਉਨ੍ਹਾਂ ਤੋਂ ਰੱਖਿਆ ਕਰਨ ਲਈ ਅਰਦਾਸ ਕਰਨ ਦਾ ਢੰਗ ਤੇ ਕਲ ਕਲੇਸ਼ ਮਿਟਾਉਣ ਤੇ ਜੰਮਣ ਮਰਨ ਦੀ ਨਵਿਰਤੀ ਲਈ ਵੀ ਸਾਧਨ ਕੇਵਲ ਪ੍ਰਭੂ ਦੇ ਨਾਮ ਨੂੰ ਹੀ ਦਰਸਾਇਆ ਗਿਆ ਹੈ। ਇਸੇ ਨਾਮ ਦੀ ਬਰਕਤ ਨਾਲ ਸਾਈਂ ਜੀ ਦਾ ਮਿਲਾਪ ਹੁੰਦਾ ਵਰਣਨ ਕੀਤਾ ਗਿਆ ਹੈ। ਅੰਤ ਵਿਚ ਵਾਹਿਗੁਰੂ ਜੀ ਤੋਂ ਨਾਮ ਰਸ ਦੀ ਜਾਚਨਾ ਕੀਤੀ ਗਈ ਹੈ।

ਗੂਜਰੀ ਮਹਲਾ ੫ ॥

੧. ਤੂੰ ਸਮਰਥੁ ਸਰਨਿ ਕੋ ਦਾਤਾ
ਦੁਖ ਭੰਜਨੁ ਸੁਖ ਰਾਇ ॥

੨. ਜਾਹਿ ਕਲੇਸ ਮਿਟੇ ਭੈ ਭਰਮਾ
ਨਿਰਮਲ ਗੁਣ ਪ੍ਰਭ ਗਾਇ ॥੧॥

੩. ਗੋਵਿੰਦ ਤੁਝ ਬਿਨੁ ਅਵਰੁ ਨ ਠਾਉ ॥

੪. ਕਰਿ ਕਿਰਪਾ ਪਾਰਬ੍ਰਹਮ ਸੁਆਮੀ
ਜਪੀ ਤੁਮਾਰਾ ਨਾਉ ॥ ਰਹਾਉ ॥

੫. ਸਤਿਗੁਰ ਸੇਵਿ ਲਗੇ ਹਰਿ ਚਰਣੀ
ਵਡੈ ਭਾਗਿ ਲਿਵ ਲਾਗੀ ॥

੬. ਕਵਲ ਪ੍ਰਗਾਸ ਭਏ ਸਾਧਸੰਗੇ
ਦੁਰਮਤਿ ਬੁਧਿ ਤਿਆਗੀ ॥੨॥

੭. ਆਠ ਪਹਰ ਹਰਿ ਕੇ ਗੁਣ ਗਾਵੈ
ਸਿਮਰੈ ਦੀਨ ਦੈਆਲਾ ॥

੮. ਆਪਿ ਤਰੈ ਸੰਗਤਿ ਸਭ ਉਧਰੈ
ਬਿਨਸੇ ਸਗਲ ਜੰਜਾਲਾ ॥੩॥

੯. ਚਰਣ ਅਧਾਰੁ ਤੇਰਾ ਪ੍ਰਭ ਸੁਆਮੀ
ਓਤਿ ਪੋਤਿ ਪ੍ਰਭੁ ਸਾਥਿ ॥

੧੦. ਸਰਨਿ ਪਰਿਓ ਨਾਨਕ ਪ੍ਰਭ ਤੁਮਰੀ
ਦੇ ਰਾਖਿਓ ਹਰਿ ਹਾਥ ॥੪॥੨॥੩੨॥

ਪਦ ਅਰਥ : ਕੋ—ਦਾ। ਸਰਨਿ ਕੋ ਦਾਤਾ—ਆਸਰਾ ਦੇਣ ਵਾਲਾ। ਸੁਖ ਰਾਇ—ਸੁੱਖਾਂ ਦਾ ਰਾਜਾ, ਸੁੱਖ ਦੇਣ ਵਾਲਾ। ਜਾਹਿ—ਦੂਰ ਹੋ ਜਾਂਦੇ ਹਨ। ਪ੍ਰਭ—ਹੇ ਪ੍ਰਭੂ। ਗਾਇ—ਗਾ ਕੇ।੧। ਠਾਉ—ਥਾਂ, ਆਸਰਾ। ਜਪੀ—ਜਪੀਂ, ਮੈਂ ਜਪਾਂ।੧।ਰਹਾਉ। ਸੇਵਿ—ਸੇਵਾ ਕਰਕੇ, ਸ਼ਰਣ ਪੈ ਕੇ। ਭਾਗਿ—ਕਿਸਮਤ ਨਾਲ। ਲਿਵ—ਲਗਨ। ਕਵਲ—ਹਿਰਦੇ ਕੌਲ, ਹਿਰਦੇ ਰੂਪੀ ਕਵਲ ਦਾ ਖਿੜਾਉ। ਸੰਗੇ—ਸੰਗਤ ਵਿਚ। ਦੁਰਮਤਿ—ਖੋਟੀ ਮਤਿ ਵਾਲੀ।੨। ਗਾਵੈ—ਗਾਂਦਾ ਹੈ। ਦੈਆਲਾ—ਦਇਆ ਦਾ ਘਰ। ਉਧਰੈ—(ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦੀ ਹੈ। ਜੰਜਾਲਾ—ਬੰਧਨ।੩। ਅਧਾਰ—ਆਸਰਾ। ਓਤਿ—ਉਣੇ ਹੋਏ ਵਿਚ। ਪੋਤਿ—ਪ੍ਰੋਤੇ ਹੋਏ ਵਿਚ। ਓਤਿ ਪੋਤਿ—ਜਿਵੇਂ ਤਾਣੇ ਪੇਟੇ ਦੇ ਧਾਗੇ ਆਪੋ ਵਿਚ ਮਿਲੇ ਹੁੰਦੇ ਹਨ। ਪ੍ਰਭੁ—ਮਾਲਕ। ਦੇ—ਦੇ ਕੇ। ਹਰਿ—ਹੇ ਹਰੀ।੪।

ਅਰਥ :

ਪ੍ਰ: ਸ੍ਰੀ ਜੀਉ! ਕਲ ਕਲੇਸ਼ ਤੇ ਭਰਮ ਭੈ ਬੜੇ ਪ੍ਰਬਲ ਹਨ, ਇਨ੍ਹਾਂ ਤੋਂ ਕਿਵੇਂ ਛੁਟਕਾਰਾ ਪਾ ਸਕਾਂ, ਕੋਈ ਸਾਧਨ ਦੱਸ ਦਿਓ।

ਉ: ੧. ਸੱਜਣਾ! ਇਨ੍ਹਾਂ ਤੋਂ ਛੁੱਟਣ ਲਈ ਤਾਂ ਇਕੋ ਸਾਧਨ ਅਰਦਾਸ ਹੈ, ਉਹ ਇਸ ਤਰ੍ਹਾਂ ਕਰਦਾ ਰਿਹਾ ਕਰ ਕਿ (ਹੇ ਮੇਰੇ ਪ੍ਰਭੂ!) ਤੂੰ (ਸਰਵ ਕਲਾ) ਸਮਰੱਥ ਹੈਂ, (ਸਰਣਾਗਤਾਂ ਨੂੰ) ਸ਼ਰਣ ਦੇਣ ਵਾਲਾ ਹੈਂ ਤੇ ਉਨ੍ਹਾਂ ਦੇ ਦੁੱਖ ਨਾਸ ਕਰਨ ਵਾਲਾ ਹੈਂ ਅਤੇ ਸੁੱਖ ਦੇਣ ਵਾਲਾ ਹੈਂ।

੨. ਹੇ ਪ੍ਰਭੂ ਜੀ! ਤੇਰੇ ਪਵਿੱਤਰ ਗੁਣ ਗਾ-ਗਾ ਕੇ ਸਾਰੇ ਕਲੇਸ਼ ਦੂਰ ਚਲੇ ਜਾਂਦੇ ਹਨ ਤੇ ਭੈ ਭਰਮ ਮਿਟ ਜਾਂਦੇ ਹਨ।੧।

੩. ਇਸ ਲਈ, ਹੇ ਮੇਰੇ ਪ੍ਰਭੂ ਜੀ! ਮੇਰੇ ਕਲਾ ਕਲੇਸ਼ ਤੇ ਭੈ ਭਰਮ ਮਿਟਾ ਦਿਓ, ਕਿਉਂਕਿ ਹੇ ਗੋਬਿੰਦ ਜੀ, ਤੈਥੋਂ ਬਿਨਾ

ਤਾਂ (ਮੇਰੇ ਜੈਸੇ ਸਰਣਾਗਤਾਂ ਦਾ) ਹੋਰ ਕੋਈ ਆਸਰਾ ਹੀ ਨਹੀਂ, ਕੋਈ ਟਿਕਾਣਾ ਹੀ ਨਹੀਂ।

੪. (ਇਸ ਲਈ) ਹੇ ਪਾਰਬ੍ਰਹਮ! ਹੇ ਸੁਆਮੀ! ਮੇਰੇ ਉੱਤੇ ਮਿਹਰ ਕਰੋ, ਜੋ ਮੈਂ ਤੁਹਾਡਾ ਸਦਾ ਹੀ ਨਾਮ ਜਪਦਾ ਰਵਾਂ।੧।ਰਹਾਉ।

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਨਾਮ ਤਾਂ ਬਹੁਤ ਲੋਕ ਜਪਦੇ ਹਨ, ਪਰ ਉਨ੍ਹਾਂ ਸਭਨਾਂ ਦੀ ਨਾਮ ਸਿਮਰਨ ਵਿਚ ਲਿਵ ਕਿਉਂ ਨਹੀਂ ਜੁੜਦੀ?

ਉ: ੫. ਹੇ ਪਿਆਰਿਓ! ਸਤਿਗੁਰੂ ਦੀ ਸੇਵਾ ਦੁਆਰਾ ਜੋ ਮਨੁੱਖ ਹਰੀ ਦੇ ਚਰਨੀਂ ਲਗੇ ਹਨ, ਉਨ੍ਹਾਂ ਹੀ ਵਡਿਭਾਗੀਆਂ ਦੀ ਪ੍ਰਭੂ ਚਰਨਾਂ ਵਿਚ ਸੁਰਤੀ ਜੁੜਦੀ ਹੈ।

ਪ੍ਰ: ਹਜ਼ੂਰ! ਉਹ ਕਿਸ ਤਰ੍ਹਾਂ?

ਉ: ੬. ਹੇ ਸੱਜਨੋ! ਉਹ ਇਸ ਤਰ੍ਹਾਂ ਕਿ ਗੁਰੂ ਦੀ ਸੰਗਤ ਵਿਚ ਰਹਿ ਕੇ ਉਨ੍ਹਾਂ ਦੀ ਖੋਟੀ ਮਤਿ ਵਾਲੀ ਬੁਧੀ ਨਾਸ ਹੋ ਗਈ ਤੇ ਇਉਂ ਉਨ੍ਹਾਂ ਦੇ ਹਿਰਦੇ ਕਮਲ ਖਿੜ ਆਉਂਦੇ ਹਨ।੨।

ਪ੍ਰ: ਸ੍ਰੀ ਜੀਉ! ਹਿਰਦੇ ਕਵਲ ਖਿੜ ਆਉਣ ਵਾਲਿਆਂ ਦੀ ਪਛਾਣ ਕਿਵੇਂ ਹੋਵੇ?

ਉ: ੭. ਹੇ ਮਿੱਤਰੋ! ਉਹ ਮਨੁੱਖ ਅੱਠੇ ਪਹਿਰ ਪਰਮੇਸ਼ਰ ਦੇ ਗੁਣ ਗਾਉਂਦੇ ਰਹਿੰਦੇ ਹਨ ਅਤੇ ਉਹ ਸਦਾ ਹੀ ਦੀਨਾਂ 'ਤੇ ਦਇਆ ਕਰਨ ਵਾਲੇ ਸਾਈਂ ਜੀ ਨੂੰ (ਮਨ ਕਰਕੇ) ਸਿਮਰਦੇ ਰਹਿੰਦੇ ਹਨ।

ਪ੍ਰ: ਕਿਉਂ ਜੀ! ਉਹ ਮਨੁੱਖ ਕਿਤਨੀ-ਕੁ ਤਾਕਤ ਦੇ ਮਾਲਕ ਹੋ ਜਾਇਆ ਕਰਦੇ ਹਨ?

ਉ: ੮. ਹੇ ਪਿਆਰੇ! ਉਹ ਆਪ (ਸੰਸਾਰ ਸਮੁੰਦ੍ਰ ਤੋਂ) ਪਾਰ ਲੰਘ ਜਾਂਦੇ ਹਨ ਅਤੇ ਉਨ੍ਹਾਂ ਦੇ ਨਾਲ ਸੰਗ ਕਰਨ ਵਾਲੇ ਸੰਗੀ ਭੀ ਪਾਰ ਲੰਘ ਜਾਂਦੇ ਹਨ, ਇਸ ਤਰ੍ਹਾਂ ਉਸ ਦੇ ਸਾਰੇ ਹੀ ਮਾਇਆ ਦੇ ਜੰਜਾਲ ਬਿਨਸ ਜਾਂਦੇ ਹਨ।੩।

੯. ਹੇ ਪ੍ਰਭੂ ਸੁਆਮੀ ਜੀ! (ਇਹ ਜੰਜਾਲ ਉਨ੍ਹਾਂ ਦੇ ਹੀ ਨਾਸ ਹੁੰਦੇ ਹਨ) ਜਿਨ੍ਹਾਂ ਨੂੰ (ਸਦਾ ਹੀ) ਤੇਰੇ ਚਰਨਾਂ ਦਾ ਆਸਰਾ ਹੈ ਤੇ ਹੇ ਸੁਆਮੀ ਜੀਉ! ਤੂੰ ਵੀ ਤਾਣੇ ਪੇਟੇ ਦੀ ਨਿਆਈਂ ਉਨ੍ਹਾਂ ਦੇ (ਸਦੀਵੀ ਕਾਲ) ਨਾਲ ਹੀ ਰਹਿੰਦਾ ਹੈਂ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਜੋ ਤੁਹਾਡੀ ਸ਼ਰਣ ਪਿਆ ਹੈ, ਤੁਸਾਂ ਉਸ ਨੂੰ ਆਪਣੀ ਬਖ਼ਸ਼ਸ਼ ਭਰਿਆ ਹੱਥ ਦੇ ਕੇ ਰੱਖ ਲਿਆ ਹੈ।੪।੨।੩੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਸ ਸਰਬ ਕਲਾ ਸਮਰਥ ਪ੍ਰਭੂ ਜੀ ਦੇ ਗੁਣ ਅੰਕਤ ਕੀਤੇ ਹਨ ਅਤੇ ਉਸ ਦੇ ਗੁਣਨਵਾਦ ਰਾਹੀਂ ਕਲ ਕਲੇਸ਼ਾਂ ਦਾ ਨਾਸ ਹੋਣਾ ਦਰਸਾਇਆ ਹੈ ਅਤੇ ਫਿਰ ਪ੍ਰਭੂ ਪਰਾਇਣ ਹੋ ਉਸ ਤੋਂ ਨਾਮ ਅਰਾਧਨਾ ਕਰਨ ਦੀ ਜਾਚਨਾ ਕੀਤੀ ਹੈ। ਇਸ ਲਈ ਸੰਸਾਰਕ ਜੰਜਾਲਾਂ ਤੋਂ ਛੁੱਟਣ ਲਈ ਪਰਮੇਸ਼ਰ ਜੀ ਦਾ ਨਾਮ ਸਦਾ ਸਿਮਰਦੇ ਰਹਿਣਾ ਚਾਹੀਦਾ ਹੈ।

ਨੋਟ : ਇਹ ੩੨ ਸ਼ਬਦ ਸਿਰਫ਼ ਮ: ੫ ਦੇ ਹਨ। ਮ: ੧—੨। ਮ: ੩—੭। ਮ: ੪—੭। ਮ: ੫—੩੨। ਕੁੱਲ ਜੋੜ—੪੮ ਬਣਦਾ ਹੈ।

ਗੂਜਰੀ ਅਸਟਪਦੀਆ ਮਹਲਾ ੧ ਘਰੁ ੧ ॥

ੴ ਸਤਿਗੁਰ ਪ੍ਰਸਾਦਿ ॥

੧. ਏਕ ਨਗਰੀ ਪੰਚ ਚੋਰ ਬਸੀਅਲੇ
ਬਰਜਤ ਚੋਰੀ ਧਾਵੈ ॥
੨. ਤ੍ਰਿਹਦਸ ਮਾਲ ਰਖੈ ਜੋ ਨਾਨਕ
ਮੋਖ ਮੁਕਤਿ ਸੋ ਪਾਵੈ ॥੧॥
੩. ਚੇਤਹੁ ਬਾਸੁਦੇਉ ਬਨਵਾਲੀ ॥
੪. ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥
੫. ਉਰਧ ਮੂਲ ਜਿਸੁ ਸਾਖ ਤਲਾਹਾ
ਚਾਰਿ ਬੇਦ ਜਿਤੁ ਲਾਗੇ ॥
੬. ਸਹਜ ਭਾਇ ਜਾਇ ਤੇ ਨਾਨਕ
ਪਾਰਬ੍ਰਹਮ ਲਿਵ ਜਾਗੇ ॥੨॥
੭. ਪਾਰਜਾਤੁ ਘਰਿ ਆਗਨਿ ਮੇਰੈ
ਪੁਹਪ ਪਤ੍ਰ ਤਤੁ ਡਾਲਾ ॥
੮. ਸਰਬ ਜੋਤਿ ਨਿਰੰਜਨ ਸੰਭੂ
ਛੋਡਹੁ ਬਹੁਤੁ ਜੰਜਾਲਾ ॥੩॥
੯. ਸੁਣਿ ਸਿਖਵੰਤੇ ਨਾਨਕੁ ਬਿਨਵੈ
ਛੋਡਹੁ ਮਾਇਆ ਜਾਲਾ ॥
੧੦. ਮਨਿ ਬੀਚਾਰਿ ਏਕ ਲਿਵ ਲਾਗੀ
ਪੁਨਰਪਿ ਜਨਮੁ ਨ ਕਾਲਾ ॥੪॥
੧੧. ਸੋ ਗੁਰੂ ਸੋ ਸਿਖੁ ਕਥੀਅਲੇ
ਸੋ ਵੈਦੁ ਜਿ ਜਾਣੈ ਰੋਗੀ ॥
੧੨. ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ
ਧੰਧੈ ਗਿਰਹੀ ਜੋਗੀ ॥੫॥
੧੩. ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ
ਲੋਭੁ ਮੋਹੁ ਤਿਸ ਮਾਇਆ ॥
੧੪. ਮਨਿ ਤਤੁ ਅਵਿਗਤੁ ਧਿਆਇਆ
ਗੁਰ ਪਰਸਾਦੀ ਪਾਇਆ ॥੬॥
੧੫. ਗਿਆਨੁ ਧਿਆਨੁ ਸਭ ਦਾਤਿ ਕਥੀਅਲੇ
ਸੇਤ ਬਰਨ ਸਭਿ ਦੂਤਾ ॥
੧੬. ਬ੍ਰਹਮ ਕਮਲ ਮਧੁ ਤਾਸੁ ਰਸਾਦੰ
ਜਾਗਤ ਨਾਹੀ ਸੂਤਾ ॥੭॥
੧੭. ਮਹਾ ਗੰਭੀਰ ਪਤ੍ਰ ਪਾਤਾਲਾ
ਨਾਨਕ ਸਰਬ ਜੁਆਇਆ ॥
੧੮. ਉਪਦੇਸ ਗੁਰੂ ਮਮ ਪੁਨਹਿ ਨ ਗਰਭੰ
ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥

ਪਦ ਅਰਥ : ਏਕ ਨਗਰੀ—ਛੋਟਾ ਸ਼ਹਿਰ, ਭਾਵ ਹੈ ਸਰੀਰ ਸ਼ਹਿਰ ਵਿਚ। ਪੰਚ—ਪੰਜ। ਚੋਰ—ਚੋਰੀ ਕਰਨ ਵਾਲੇ, ਭਾਵ ਹੈ

ਵਿਕਾਰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਬਸੀਅਲੇ—ਵਸੇ ਹੋਏ ਹਨ। ਬਰਜਤ—ਰੋਕਦਿਆਂ-ਰੋਕਦਿਆਂ, ਵਰਜਦਿਆਂ ਭੀ, ਮਨ੍ਹਾਂ ਕਰਦਿਆਂ। ਧਾਵੈ—(ਹਰੇਕ ਚੋਰ ਚੋਰੀ ਕਰਨ ਲਈ) ਦੌੜ ਪੈਂਦਾ ਹੈ, ਭਾਵ ਭੋਗਾਂ ਵਲ ਜਾਂਦੇ ਹਨ। ਤ੍ਰਿਹ—(ਮਾਇਆ ਦੇ) ਤਿੰਨ ਗੁਣ। ਦਸ—ਦਸ ਇੰਦਰੇ, ਭਾਵ ੯ ਇੰਦ੍ਰੀਆਂ ਇਕ ਮਨ, ਤ੍ਰਿਹ ਦਸ—੧੩। ਮਾਲ—ਸਰਮਾਇਆ। ਜੋ—ਉਹ ਮਨੁੱਖ। ਮੋਖ ਮੁਕਤਿ—ਦੋ ਪਦਾਂ ਦਾ ਅਰਥ ਹੈ ਮੁਕਤੀ, ਦੋ ਪਦ ਕਹਿਣ ਤੇ ਤਾਕੀਦ ਮੁਰਾਦ ਹੁੰਦੀ ਹੈ, ਸੰਪੂਰਨ ਮੁਕਤੀ, ਭਾਵ ਹੈ, ਕੇਵਲ ਮੁਕਤੀ।੧। ਬਾਸਦੇਉ—ਸਰਵ ਵਿਆਪਕ ਪ੍ਰਭੂ। ਬਨਵਾਲੀ—ਸਾਰੀ ਬਨਾਸਪਤੀ ਜਿਸ ਦੀ ਮਾਲਾ ਹੈ, ਪਰਮੇਸ਼ਰ। ਰਿਦੈ—ਹਿਰਦੇ ਵਿਚ। ਜਪਮਾਲੀ—ਮਾਲਾ।੧।ਰਹਾਉ। ਉਰਧ ਮੂਲ—(ਜੋ) ਉੱਚੀ ਜੜ੍ਹ ਵਾਲੀ ਹੈ, ਉਹ ਮਾਇਆ ਜਿਸ ਦਾ ਮੂਲ ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਉੱਚਾ ਹੈ। ਜਿਸੁ—ਜਿਸ ਮਾਇਆ ਦੀਆਂ। ਸਾਖ—ਟਹਿਣੀਆਂ, ਪਸਾਰਾ। ਤਲਾਹਾ—ਹੇਠਾਂ ਵਲ, ਮਾਇਆ ਦੇ ਅਸਰ ਹੇਠ। ਜਿਤੁ—ਜਿਸ (ਮਾਇਆ) ਵਿਚ, ਜਿਸ (ਮਾਇਆ ਦੇ ਬਲ ਦੇ ਜ਼ਿਕਰ) ਵਿਚ। ਸਹਜਿ ਭਾਇ—ਸਹਿਜੇ ਹੀ, ਸੁਖੈਨ ਹੀ। ਜਾਇ—ਚਲੀ ਜਾਂਦੀ ਹੈ, ਪਰੇ ਹਟ ਜਾਂਦੀ ਹੈ। ਤੇ—(ਕਿਉਂਕਿ) ਉਹ ਬੰਦੇ। ਜਾਗੇ—ਜਾਗਦੇ ਰਹਿੰਦੇ ਹਨ, ਸੁਚੇਤ ਰਹਿੰਦੇ ਹਨ।੨। ਪਾਰਜਾਤੁ—ਕਲਪ ਬ੍ਰਿਛ, ਸੁਰਗ ਦਾ ਇਕ ਰੁੱਖ ਜੋ ਸਾਰੀਆਂ ਕਾਮਨਾਵਾਂ ਪੂਰੀਆਂ ਕਰਨ ਦੇ ਸਮਰੱਥ ਮਿਥਿਆ ਗਿਆ ਹੈ। ਇਹ ਇੰਦਰ ਦੇ ਬਾਗ਼ ਵਿਚ ਮੰਨਿਆ ਗਿਆ ਹੈ। ਇਸ ਦੇ ਫੁੱਲ ਹਰ ਪ੍ਰਕਾਰ ਦੀ ਖ਼ੁਸ਼ਬੋ ਦੇਂਦੇ ਹਨ, ਫਲ ਇਸ ਨੂੰ ਰਤਨ ਲਗਦੇ ਮੰਨੇ ਹਨ, ਭਾਵ ਪੂਰਨ ਤ੍ਰਿਪਤੀ ਦੇਣ ਵਾਲਾ, ਸਰਵ ਇੱਛਾ ਪੂਰਕ ਪ੍ਰਭੂ। ਘਰਿ—ਘਰ ਵਿਚ, ਹਿਰਦੇ ਵਿਚ। ਆਗਨਿ—ਵੇਹੜੇ ਵਿਚ। ਪੁਹਪ—ਫੁੱਲ। ਤਤੁ—ਸਾਰੇ ਜਗਤ ਦਾ ਮੂਲ, ਭਾਵ ਹੈ ਪਾਰਬ੍ਰਹਮ। ਸੰਭੂ—ਆਪਣੇ ਆਪ ਤੋਂ ਜਨਮਿਆਂ ਹੋਇਆ, ਜਿਸ ਦੇ ਹੋਣ ਦਾ ਕਾਰਣ ਕੋਈ ਨਹੀਂ। ਜੰਜਾਲਾ—ਫਸੌਤੀਆਂ ਦੇ ਸਾਮਾਨ, ਏਥੇ ਮੁਰਾਦ ਵਿਸ਼ੇਸ਼ ਕਰਕੇ ਵਾਦ ਵਿਵਾਦ, ਕਥਾ ਵਾਰਤਾ ਆਦਿ ਤੋਂ ਹੈ, ਜਿਨ੍ਹਾਂ ਨਾਲ ਚੇਲੇ ਵਧਾ ਕੇ ਆਪ ਵਿਚ ਫਸਦੇ ਜਾਂਦੇ ਮਾਇਆ ਇਕੱਠੀ ਕਰਦੇ ਪ੍ਰਤੀਤ ਨਹੀਂ ਕਰਦੇ ਕਿ ਇਹ ਫਸੌਤੀਆਂ ਹਨ।੩। ਸਿਖਵੰਤੇ—ਹੇ ਸਿੱਖਿਆ ਦੇਣ ਵਾਲੇ। ਮਨਿ—ਮਨ ਵਿਚ। ਬੀਚਾਰ—ਵਿਚਾਰ ਵਿਚ। ਪੁਨਰਪਿ—ਮੁੜ ਮੁੜ, ਫੇਰ। ਕਾਲਾ—ਕਾਲ, ਮੌਤ।੪। ਕਥੀਅਲੇ—ਕਿਹਾ ਜਾਂਦਾ ਹੈ, ਭਾਵ ਦਾਨਿਆਂ ਨੇ ਆਖਿਆ ਹੈ। ਵੈਦੁ—ਹਕੀਮ। ਤਿਸੁ ਕਾਰਣਿ—ਉਸ (ਪ੍ਰਭੂ) ਦੇ ਸਿਮਰਨ ਦੀ ਬਰਕਤ ਨਾਲ। ਧੰਧੈ—ਧੰਧੇ ਵਿਚ, ਜੰਜਾਲ ਵਿਚ। ਗਿਰਹੀ—ਗ੍ਰਹਸਤੀ।੫। ਤਜੀਅਲੇ—ਤਿਆਗਿਆ। ਤਿਸੁ—ਤ੍ਰਿਸ਼ਨਾ। ਅਵਿਗਤੁ—ਅਦ੍ਰਿਸ਼ਟ ਪ੍ਰਭੂ।੬। ਕਥੀਅਲੇ—ਕਹੀ ਜਾਂਦੀ ਹੈ। ਸੇਤ—ਚਿੱਟਾ, ਫਿੱਕਾ। ਬਰਨ—ਰੰਗ। ਸੇਤ ਬਰਨ—ਜਿਨ੍ਹਾਂ ਦੇ ਰੰਗ ਫੱਕ ਹੋ ਜਾਂਦੇ ਹਨ। ਦੂਤਾ—ਕਾਮਾਦਿਕ ਵੈਰੀ। ਮਧੁ—ਸ਼ਹਿਦ। ਤਾਸ—ਉਸ ਸ਼ਹਿਰ ਦਾ। ਰਸਾਦੰ—ਖਾਣਾ, ਰਖਣਾ, ਰਸ ਚਖਣ ਵਾਲਾ।੭। ਜੁਆਇਆ—ਜੁੜਿਆ ਹੋਇਆ, ਵਿਆਪਕ। ਮਮ—ਮੇਰਾ। ਪੁਨਹਿ—ਮੁੜ, ਫਿਰ। ਗਰਭੰ—ਗਰਭ ਵਾਸ, ਜਨਮ। ਬਿਖੁ—(ਮਾਇਆ)। ਤਜਿ—ਛੱਡ ਕੇ।

ਅਰਥ :

ਪ੍ਰ: ਹੇ ਗੁਰੋ ! ਇਸ ਮਨੁੱਖ ਦੇ ਸਰੀਰ ਵਿਚ, ਸ਼ੁਭ ਆਚਰਨ, ਸ਼ੁਭ ਕਰਮ, ਦੈਵੀ ਗੁਣ, ਇਹ ਗਿਆਨ ਦੀ ਸਮੱਗਰੀ ਕਿਉਂ ਨਹੀਂ ਪ੍ਰਫੁੱਲਤ ਹੁੰਦੀ, ਇਸ ਦਾ ਕਾਰਣ ਕੀ ਹੈ ? ਉਦਾਹਰਣ ਦੇ ਕੇ ਸਮਝਾਉ।

ਉ: ੧. ਹੇ ਭਾਈਓ ! ਦੇਖੋ, (ਜਿਸ ਤਰ੍ਹਾਂ ਅਸੀਂ ਕਿਸੇ ਨਗਰ ਨੂੰ ਵਸਾ ਕੇ ਉਸ ਵਿਚ ਘੁੱਗ ਵਸਦੀ ਬਸਤੀ ਵੇਖਣਾ ਚਾਹੁੰਦੇ ਹਾਂ, ਪਰ ਉਸ ਦਾ ਉਜਾੜਾ ਕਰਨ ਵਾਲੇ ਪੰਜ ਸਤ ਧਾੜਵੀ ਦਿਨੇ ਰਾਤ ਸਾਡੇ ਰੋਕਦਿਆਂ-ਰੋਕਦਿਆਂ ਧਾਵਾ ਬੋਲਦੇ ਹੋਏ ਉਸ ਨੂੰ ਉਜਾੜੀ ਜਾਣ ਤਾਂ ਉਹ ਨਗਰ ਸਹੀ ਸਲਾਮਤ ਨਹੀਂ ਵੱਸ ਸਕਦਾ), ਇਸੇ ਤਰ੍ਹਾਂ ਜੇ ਅਸੀਂ ਇਸ ਸਰੀਰ ਨੂੰ ਇਕ ਨਗਰੀ ਦੇ ਰੂਪ ਵਿਚ ਮੰਨ ਲਈਏ, ਤਾਂ ਸਮਝੋ ਕਿ ਸਰੀਰ ਰੂਪੀ ਇਕ ਛੋਟੀ ਜਹੀ ਨਗਰੀ ਵਿਚ (ਇਕ ਨਹੀਂ ਸਗੋਂ) ਪੰਜ ਕਾਮਾਦਿਕ ਰੂਪੀ ਚੋਰ ਵਸੇ ਹੋਏ ਹਨ, ਪਰ ਇਨ੍ਹਾਂ ਨੂੰ ਵਰਜਦਿਆਂ ਰੋਕਦਿਆਂ ਭੀ, ਇਨ੍ਹਾਂ ਵਿਚੋਂ ਹਰੇਕ ਵਿਕਾਰ ਇਸ ਸਰੀਰ ਰੂਪੀ ਨਗਰ ਵਿਚਲੇ ਆਤਮਿਕ ਗੁਣਾਂ ਨੂੰ ਚੁਰਾਣ ਲਈ ਉੱਠ ਦੌੜਦਾ ਹੈ (ਇਹੀ ਇਕ ਕਾਰਣ ਹੈ, ਜਿਸ ਕਰਕੇ ਸਾਡੇ ਸਰੀਰ ਅੰਦਰ ਗਿਆਨ ਦੀ ਸਮੱਗਰੀ ਦੈਵੀ ਗੁਣ ਪ੍ਰਫੁੱਲਤ ਨਹੀਂ ਹੁੰਦੇ)।

ਪ੍ਰ: ਕਿਉਂ ਜੀ ! ਤਾਂ ਫਿਰ ਦੱਸੋ ਕਿ ਇਨ੍ਹਾਂ ਵਿਕਾਰਾਂ ਤੋਂ ਬਚ ਕੇ ਮਨੁੱਖ ਆਪਣੇ ਦੈਵੀ ਗੁਣਾਂ ਦੇ ਸਰਮਾਏ ਨੂੰ ਕਿਵੇਂ ਬਚਾਈ ਰੱਖ ਸਕਦਾ ਹੈ, ਜਿਸ ਕਰਕੇ ਇਸ ਨੂੰ ਕੇਵਲ ਮੁਕਤੀ ਪ੍ਰਾਪਤ ਹੋ ਸਕੇ ?

ਉ: ੨. ਹੇ ਪਿਆਰੇ ! (ਜੋ ਮਨੁੱਖ ਆਪਣੇ ਹਿਰਦੇ ਵਿਚ ਪਰਮੇਸ਼ਰ ਨੂੰ ਵਸਾ ਕੇ ਇਨ੍ਹਾਂ ਪੰਜਾਂ ਵਿਕਾਰਾਂ ਤੋਂ) ਮਾਇਆ ਦੇ ਤਿੰਨ ਗੁਣਾਂ ਤੋਂ ਅਤੇ ਦਸ ਇੰਦ੍ਰੀਆਂ ਤੋਂ (ਆਪਣੇ ਆਤਮਿਕ ਗੁਣਾਂ ਦਾ) ਸਰਮਾਇਆ ਬਚਾਈ ਰੱਖਦਾ ਹੈ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਇਉਂ ਵਿਕਾਰਾਂ ਤੋਂ ਬਚ ਕੇ ਕੇਵਲ ਮੁਕਤੀ ਪ੍ਰਾਪਤ ਕਰਦਾ ਹੈ।੧।

ਪ੍ਰ: ਕਿਉਂ ਜੀ ! ਇਨ੍ਹਾਂ ਵਿਕਾਰਾਂ ਰੂਪ ਚੋਰਾਂ ਤੋਂ ਬਚਣ ਦਾ ਕੋਈ ਹੋਰ ਤਰੀਕਾ ਵੀ ਹੈ ?

ਉ: ੩. (ਹਾਂ ਹੈ) ਹੇ ਭਾਈਓ ! ਉਸ ਸਰਵ ਵਿਆਪਕ ਜਗਤ ਦੇ ਮਾਲਕ ਪਰਮੇਸ਼ਰ ਨੂੰ ਸਦੀਵੀ ਕਾਲ ਚੇਤੇ ਰੱਖੋ।

ਪ੍ਰ: ਸ੍ਰੀ ਜੀਉ ! ਬਹੁਤ ਲੋਕ ਇਨ੍ਹਾਂ ਚੋਰਾਂ ਤੋਂ ਬਚਣ ਲਈ ਮਾਲਾ ਫੇਰਦੇ ਰਹਿੰਦੇ ਹਨ।

ਉ: ੪. ਹੇ ਪਿਆਰੇ ! ਉਸ ਆਪਣੇ ਪ੍ਰਭੂ ਨੂੰ ਹਿਰਦੇ ਅੰਦਰ ਵਸਾਈ ਰੱਖਣਾ ਇਹੋ ਹੀ ਅਸਲ ਜਪਣੇ ਵਾਲੀ ਮਾਲਾ ਹੈ।੧।ਰਹਾਉ।

ਪ੍ਰ: ਹੇ ਗੁਰੋ ! ਗੀਤਾ ਦੇ ਪਹਿਲੇ ਸਲੋਕ ਵਿਚ 'ਉਰਧ ਮੂਲ' ਦਾ ਜ਼ਿਕਰ ਹੈ ਅਤੇ ਤੀਸਰੇ ਸਲੋਕ ਵਿਚ ਕਿਹਾ ਹੈ ਕਿ ਇਸ ਬ੍ਰਿਛ ਨੂੰ ਪੱਕੇ ਵੈਰਾਗ ਦੇ ਸ਼ਸਤ੍ਰ ਨਾਲ ਕੱਟਣਾ ਚਾਹੀਦਾ ਹੈ, ਭਾਵ ਹੈ ਕਿ ਸੰਸਾਰ ਇਕ ਬ੍ਰਿਛ ਹੈ, ਜਿਸ ਦੀਆਂ ਜੜ੍ਹਾਂ ਉੱਪਰ ਨੂੰ ਹਨ ਤੇ ਸ਼ਾਖ਼ਾਂ ਹੇਠਾਂ ਨੂੰ ਅਤੇ ਚਾਰ ਵੇਦ ਜਿਸ ਨੂੰ ਮਾਨੋ ਸ਼ਾਖ਼ਾਂ ਲੱਗੀਆਂ ਹੋਈਆਂ ਹਨ, ਭਾਵ ਬ੍ਰਹਮ ਰੂਪ

ਬ੍ਰਿਛ ਦੀ ਮਾਇਆ ਜੜ੍ਹ ਹੈ ਤੇ ਤਿੰਨ ਗੁਣ ਸ਼ਾਖ਼ਾਂ ਹਨ, ਇਨ੍ਹਾਂ ਤਿੰਨਾਂ ਗੁਣਾਂ ਦਾ ਹੀ ਵਿਸਥਾਰ ਵੇਦ ਕਰਦੇ ਹਨ, ਚੌਥੇ ਪਦ ਦੀ ਇਹ ਖ਼ਬਰ ਨਹੀਂ ਦੇਂਦੇ, ਫ਼ੁਰਮਾਨ ਹੈ :

ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥
ਤੁਰੀਆ ਅਵਸਥਾ ਸਤਿਗੁਰ ਤੇ ਹਰਿ ਜਾਨੁ ॥

(ਗਉੜੀ ਮ: ੧)

ਪ੍ਰ: ਕਿਉਂ ਜੀ ! ਇਸ ਸੰਸਾਰ ਰੂਪੀ ਬ੍ਰਿਛ ਨੂੰ ਕਿਵੇਂ ਕਟਿਆ ਜਾਏ ?

ਉ: ੫-੬. ਹੇ ਪਿਆਰਿਆ ! ਜਿਵੇਂ ਸੰਸਾਰ ਰੂਪ ਅਸਥੂਲ ਬ੍ਰਿਛ ਇਹ ਬਾਹਰ ਦਿੱਸ ਰਿਹਾ ਹੈ, ਤਿਵੇਂ ਇਹ ਸੂਖਮ ਰੂਪ ਸੰਸਾਰ ਤੇਰੇ ਅੰਦਰ ਵੀ ਹੈ, ਇਸ ਨੂੰ ਵੀ ਕੱਟਣਾ ਹੈ।

ਪ੍ਰ: ਇਸ ਦੇ ਕੱਟਣ ਦੀ ਤਰਤੀਬ ਵੀ ਦੱਸ ਦਿਓ।

ਉ: (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਇਸ ਦੇ ਕੱਟਣ ਦੀ ਤਰਤੀਬ ਇਹੋ ਹੈ ਕਿ ਜੇ ਪਾਰਬ੍ਰਹਮ ਦੀ ਅੰਦਰ ਲਿਵ ਜਾਗ ਜਾਏ ਤਾਂ ਇਹ ਸੰਸਾਰ ਰੂਪ ਬ੍ਰਿਛ ਸਹਿਜ ਭਾਵ ਨਾਲ ਚਲਾ ਜਾਂਦਾ ਹੈ ਅਰਥਾਤ ਦੂਰ ਹੋ ਜਾਂਦਾ ਹੈ।੨।

ਪ੍ਰ: ਕਿਉਂ ਜੀ ! ਜਦੋਂ ਕਿਸੇ ਦੇ ਅੰਦਰੋਂ ਇਹ ਸੰਸਾਰ ਰੂਪ ਬ੍ਰਿਛ ਦੂਰ ਹੋ ਜਾਏ, ਤਾਂ ਉਸ ਨੂੰ ਫਿਰ ਕੀ ਪ੍ਰਤੀਤ ਹੋਣ ਲੱਗ ਪੈਂਦਾ ਹੈ ?

ਉ: ੭. ਜਦ ਕਿਸੇ ਦੇ ਅੰਦਰ ਲਿਵ ਜਾਗ ਪੈਂਦੀ ਹੈ ਤਾਂ ਫਿਰ ਉਹ ਇਹ ਦੇਖਦਾ ਹੈ ਕਿ ਹੈਂ ! ਮੇਰੇ ਸਰੀਰ ਰੂਪੀ ਘਰ ਦੇ ਹਿਰਦੇ ਰੂਪੀ ਵੇਹੜੇ ਵਿਚ ਤਾਂ ਇਕ ਹੋਰ ਬ੍ਰਿਛ ਉੱਗ ਪਿਆ ਹੈ, ਉਹ ਪਾਰਜਾਤ ਬ੍ਰਿਛ ਵਾਂਙੂ ਅਰਸ਼ੀ ਬ੍ਰਿਛ ਹੈ, ਜਿਸ ਦੇ ਟਾਹਣ ਚੌਦਾਂ ਲੋਕ ਹਨ, ਪੱਤ੍ਰ ਧਰਮ ਕਰਮ ਹਨ, 'ਫੁਲ' ਬ੍ਰਹਮਾਦਿਕ ਹਨ ਅਤੇ ਤਤ ਸਾਰ ਰੂਪ ਉਸ ਨੂੰ ਫਲ ਲਗਾ ਹੋਇਆ ਹੈ।

ਪ੍ਰ: ਕਿਉਂ ਜੀ ! ਤਤ ਸਰੂਪ ਕੀ ਹੈ ?

ਉ: ੮. ਹੇ ਪਿਆਰੇ ! (ਸੰਭੂ) ਜੋ ਆਪਣੇ ਆਪ ਤੋਂ ਆਪੇ ਹੈ, ਉਸ ਮਾਇਆ ਰਹਿਤ ਦੀ ਜੋਤ ਸਾਰੇ ਪਰੀ ਪੂਰਨ ਹੋ ਰਹੀ ਹੈ, ਉਹ ਦਿੱਸ ਪੈਂਦੀ ਹੈ, ਹੇ ਭਾਈ ! ਤੂੰ ਇਸ ਰਾਹੇ ਲੱਗ ਤੇ ਹੋਰ ਬਹੁਤੇ ਜੰਜਾਲ ਛੱਡ ਦੇਹ।੩।

ਪ੍ਰ: ਹਜ਼ੂਰ ਜੀ ! ਕੋਈ ਐਸਾ ਉਪਾਉ ਦੱਸ ਦਿਉ, ਜਿਸ ਦੀ ਬਰਕਤ ਨਾਲ ਮੁੜ ਜੰਮਣਾ ਤੇ (ਕਾਲ) ਮੌਤ ਨਾ ਹੋਵੇ।

ਉ: ੯. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਿੱਖਿਆ ਸੁਣਨ ਵਾਲੇ ਸੱਜਣਾ, ਜੋ ਮੈਂ ਬੇਨਤੀ ਕਰਦਾ ਹਾਂ ਤੂੰ ਉਹ ਸੁਣ। ਪਹਿਲੋਂ ਤੂੰ ਸਾਰੇ ਹੀ ਮਾਇਆ ਦੇ ਜੰਜਾਲ, ਮਾਇਆ ਦੀਆਂ ਫਸੌਤੀਆਂ ਛੱਡ ਦੇ।

੧੦. ਫਿਰ ਤੂੰ ਆਪ ਵੀ ਮਨ ਵਿਚ ਵੀਚਾਰ ਕਰਕੇ ਵੇਖ ਲੈ, ਜਦ ਤੇਰੀ ਇਸ ਤਰ੍ਹਾਂ ਇਕ ਸਾਈਂ ਜੀ ਨਾਲ ਸੁਰਤਿ ਜੁੜ ਗਈ, ਫਿਰ ਮੁੜ ਕੇ ਨਾ ਜਨਮ ਨਾ (ਕਾਲ) ਮੌਤ ਹੀ ਹੋਵੇਗੀ, ਭਾਵ ਤੈਨੂੰ ਫਿਰ ਮੁੜ-ਮੁੜ ਜਨਮ ਮਰਨ ਦਾ ਗੇੜ ਨਹੀਂ ਹੁੰਦਾ।੪।

ਪ੍ਰ: ਹਜ਼ੂਰ ਜੀਉ ! ਤੁਸੀਂ ਗੁਰੂ ਕਿਸ ਨੂੰ ਤੇ ਸਿੱਖ ਕਿਸ ਨੂੰ ਸਮਝਦੇ ਹੋ ?

ਉ: ੧੧. ਹੇ ਸੱਜਨ ਜੀ ! ਸੁਣ, ਜਿਵੇਂ ਕਿ ਵੈਦ ਉਹ ਹੈ ਜੋ ਰੋਗੀ ਦੇ ਸਹੀ ਰੋਗ ਨੂੰ ਪਛਾਣ ਕੇ ਦਾਰੂ ਦੇਂਦਾ ਹੈ, ਤਿਵੇਂ ਹੀ ਗੁਰੂ ਉਸ ਨੂੰ ਕਿਹਾ ਜਾ ਸਕਦਾ ਹੈ ਜੋ ਕਿ ਵੈਦ ਵਾਂਙੂ ਸਿੱਖ ਦਾ ਰੋਗ ਸਮਝ ਲਵੇ, (ਭਾਵ ਹੈ ਜੋ ਸਿੱਖ ਦੇ ਅੰਦਰ ਭਰਮ ਹੈ, ਉਸ ਨੂੰ ਪਛਾਣ ਕੇ ਉਸ ਦੇ ਦੂਰ ਕਰਨ ਦੀ ਜੁਗਤੀ ਜਾਣਦਾ ਹੋਵੇ) ਅਤੇ ਸਿੱਖ ਉਹੋ ਕਿਹਾ ਜਾ ਸਕਦਾ ਹੈ ਜੋ ਕਿ ਰੋਗੀ ਵਾਂਙੂ ਗੁਰੂ ਵੈਦ ਦੀ ਆਗਿਆ ਵਿਚ ਟੁਰੇ (ਭਾਵ ਹੈ ਜੋ ਆਪਣੇ ਭਰਮ ਨੂੰ ਅਤੇ ਉਸ ਦੇ ਨਾਸ ਕਰਨ ਲਈ ਗੁਰੂ ਦੇ ਦਿੱਤੇ ਹੋਏ ਉਪਦੇਸ਼ 'ਤੇ ਭਰੋਸਾ ਕਰਨ ਜਾਣਦਾ ਹੈ, ਅਰਥਾਤ ਉਸ ਦੀ ਆਗਿਆ ਵਿਚ ਟੁਰਦਾ ਹੈ।

੧੨. ਹੇ ਭਾਈਓ ! (ਜਿਸ ਮਨੁੱਖ ਨੇ ਪਰਮੇਸ਼ਰ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ, ਉਹੋ ਅਸਲ ਗੁਰੂ ਤੇ ਉਹੋ ਹੀ ਅਸਲ ਸਿੱਖ ਕਿਹਾ ਜਾ ਸਕਦਾ ਹੈ) ਉਸ ਗੁਰੂ ਨੂੰ ਕਿਸੇ ਕਾਰਣ ਕਰਕੇ (ਸੰਸਾਰ ਪ੍ਰਾਪਤੀ ਲਈ ਕਿਸੇ ਨਾਲ ਕੋਈ ਵੀ ਕੰਮ ਨਹੀਂ, ਪਰ ਜੇ ਕਦੀ ਉਹ ਧੰਧੇ ਵਿਚ ਫਸਿਆ ਹੋਇਆ) ਗ੍ਰਿਹਸਤੀ ਭੀ ਦਿੱਸਦਾ ਹੋਵੇ ਤਾਂ ਵੀ ਉਸ ਦੇ ਕੰਮ ਨੂੰ ਧੰਧਾ ਨ ਸਮਝੋ, ਉਹ ਤਾਂ ਅੰਤਰ ਆਤਮੇ ਜੋਗੀ ਹੀ ਹੈ ਭਾਵ ਉਹ ਤਾਂ ਜਗਤ ਤੋਂ ਅਲੇਪ ਤੇ ਸਾਈਂ ਜੀ ਨਾਲ (ਜੋਗੀ) ਜੁੜਿਆ ਹੋਇਆ ਹੈ। ਉਸ ਦਾ ਧੰਧਾ ਕੇਵਲ ਜਗਤ ਨਿਸਤਾਰਣ ਹੈ, ਜੋ ਕਿ ਉਪਕਾਰ ਹੀ ਕਿਹਾ ਜਾ ਸਕਦਾ ਹੈ, ਅਰਥਾਤ : ਉਸੇ ਨੂੰ ਹੀ ਅਸਲ ਵੈਦ ਕਿਹਾ ਜਾ ਸਕਦਾ ਹੈ, ਕਿਉਂਕਿ ਉਹ ਹੋਰਨਾਂ ਆਤਮਿਕ ਰੋਗੀਆਂ ਦੇ ਰੋਗਾਂ ਨੂੰ ਸਮਝ ਲੈਂਦਾ ਹੈ। ਇਸ ਲਈ ਪ੍ਰਭੂ ਦੇ ਨਾਮ ਸਿਮਰਨ ਦੀ ਬਰਕਤ ਨਾਲ ਉਸ ਨੂੰ ਦੁਨੀਆ ਦਾ ਕੰਮ ਧੰਧਾ ਕੋਈ ਵੀ ਨਹੀਂ ਵਿਆਪ ਸਕਦਾ, ਉਹ ਸਾਈਂ ਜੀ ਦੇ ਨਾਮ ਸਿਮਰਨ ਦਾ ਸਦਕਾ ਮਾਇਆ ਦੇ ਬੰਧਨਾਂ ਵਿਚ ਨਹੀਂ ਫਸਦਾ। ਉਹ ਤਾਂ ਗ੍ਰਿਹਸਤੀ ਹੁੰਦਿਆਂ ਭੀ ਜੋਗੀ ਹੈ।੫।

ਪ੍ਰ: ਗੁਰਦੇਵ ਜੀਉ ! ਸੰਸਾਰ ਵਿਚ ਰਹਿਣ ਵਾਲੇ ਨਿਰਲੇਪ ਜੋਗੀਆਂ ਦੀ ਪਛਾਣ ਕੀ ਹੈ ?

ਉ: ੧੩. ਹੇ ਭਾਈਓ ! ਉਸ ਗੁਰਮਤਿ ਦੇ ਧਾਰਨੀ ਜੋਗੀ ਨੇ ਆਪਣੇ ਅੰਦਰੋਂ ਕਾਮ, ਕ੍ਰੋਧ, ਹੰਕਾਰ, ਲੋਭ, ਮੋਹ (ਗੱਲ ਕੀ ਉਸ ਨੇ) ਸਾਰੀ ਮਾਇਕੀ ਵਾਸ਼ਨਾਵਾਂ ਨੂੰ ਤਿਆਗ ਦਿੱਤਾ ਹੈ ?

ਪ੍ਰ: ਹਜ਼ੂਰ ! ਤਾਂ ਫਿਰ ਉਸ ਦੀ ਹੁਣ ਮਾਨਸਿਕ ਕਿਰਿਆ ਕਿਸ ਰੂਪ ਵਿਚ ਬਦਲ ਜਾਂਦੀ ਹੈ ?

ਉ: ੧੪. ਹੇ ਸੱਜਨੋ ! ਉਸ ਨੇ ਮਨ ਵਿਚ ਅਬਿਨਾਸ਼ੀ ਤੱਤ ਅਵਿਗਤ, ਅਕਾਲ ਪੁਰਖ ਨੂੰ ਹੀ ਧਿਆਇਆ ਹੈ, ਜਿਸ ਨੂੰ ਕਿ ਉਸ ਨੇ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਕਰ ਲਿਆ ਹੈ।੬।

ਪ੍ਰ: ਕਿਉਂ ਜੀ ! ਇਸ ਮਾਰਗ 'ਤੇ ਚਲਣ ਵਾਲੇ ਭਗਤਾਂ ਨੂੰ ਕੀ ਇਸ ਪ੍ਰਾਪਤੀ ਦਾ ਮਾਣ ਭੀ ਹੋ ਜਾਇਆ ਕਰਦਾ ਹੈ ਕਿ ਅਸੀਂ ਮੁਸ਼ੱਕਤ ਨਾਲ ਇਹ ਗਿਆਨ ਧਿਆਨ ਦੀ ਪ੍ਰਾਪਤੀ ਕੀਤੀ ਹੈ ?

ਉ: ੧੫. (ਨਹੀਂ) ਹੇ ਪਿਆਰਿਓ ! ਉਹ ਇਸ ਪ੍ਰਾਪਤੀ ਦਾ ਮਾਣ ਨਹੀਂ ਕਰਦੇ, ਉਹ ਤਾਂ ਸਗੋਂ ਹਰੇਕ ਨੂੰ ਇਹੋ ਕਥਨ ਕਰਦੇ ਹਨ

ਕਿ ਹੇ ਭਾਈਓ, ਜੋ ਮੈਨੂੰ ਇਹ ਗਿਆਨ ਧਿਆਨ ਦੀ ਪ੍ਰਾਪਤੀ ਹੋਈ ਹੈ ਇਹ ਉਸ ਮੇਰੇ ਸਾਈਂ ਜੀ ਦੀ ਦਾਤ ਹੈ, ਬਖ਼ਸ਼ਸ਼ ਹੈ। ਜਿਸ ਨੂੰ ਇਹ ਮਿਲ ਜਾਏ, ਉਸ ਦੇ ਸਾਰੇ (ਜਮ) ਦੂਤਾਂ ਦੇ ਕਾਲੇ ਰੰਗ ਬੱਗੇ ਪੈ ਜਾਂਦੇ ਹਨ, ਭਾਵ ਉਨ੍ਹਾਂ ਦੇ ਜਮਦੂਤ ਸ਼ਰਮਿੰਦੇ ਹੋ ਜਾਂਦੇ ਹਨ ਤੇ ਭੈਅ ਖਾ ਜਾਂਦੇ ਹਨ।

ਪ੍ਰ: ਸਾਈਂ ਜੀ! ਇਹ ਤਾਕਤ ਉਨ੍ਹਾਂ ਵਿਚ ਕਿਵੇਂ ਆ ਗਈ?

ਉ:੧੬. ਹੇ ਸੱਜਨੋ! ਉਸ ਨੂੰ ਪ੍ਰੇਮਾ ਭਗਤੀ ਦੇ ਮਾਰਗ 'ਤੇ ਟੁਰਨ ਦਾ ਸਦਕਾ ਬ੍ਰਹਮ ਰੂਪ ਕਮਲ ਦੇ ਮਾਖਿਓਂ ਦਾ ਰਸ ਮਾਨਣਾ ਪ੍ਰਾਪਤ ਹੋ ਆਉਂਦਾ ਹੈ। ਉਸ (ਨਾਮ ਅੰਮ੍ਰਿਤ ਸ਼ਹਿਦ ਦਾ) ਰਸ ਮਨੁੱਖ ਚਖਦਾ ਹੈ, ਜਿਸ ਕਰਕੇ ਉਹ ਸਦਾ ਜਾਗਦਾ ਹੁੰਦਾ ਹੈ, ਭਾਵ ਗਿਆਨ ਵਿਚ ਹੁੰਦਾ ਹੈ, (ਇਸੀ ਕਰਕੇ ਉਹ ਮਾਇਆ ਦੇ ਹਲਿਆਂ ਵਲੋਂ) ਸਦਾ ਸੁਚੇਤ ਰਹਿੰਦਾ ਹੈ। ਮਾਇਆ ਦੇ ਮੋਹ ਦੀ ਨੀਂਦ ਵਿਚ ਉਹ ਕਦੇ ਸੁੱਤਾ ਨਹੀਂ ਹੁੰਦਾ, ਭਾਵ ਉਹ ਆਪਣਾ ਜੀਵਨ ਕਦੀ ਗ਼ਫ਼ਲਤ ਵਿਚ ਨਹੀਂ ਗੁਜ਼ਾਰਦਾ।੭।

ਪ੍ਰ: ਹਜ਼ੂਰ ਜੀ! ਉਸ ਬ੍ਰਹਮ ਕਮਲ ਬਾਰੇ ਕੁਝ ਸੋਝੀ ਦਿਓ।

ਉ:੧੭. ਹੇ ਮਿੱਤਰੋ! ਉਹ ਬ੍ਰਹਮ ਕਮਲ ਮਹਾਂ ਗੰਭੀਰ; ਬੜਾ ਡੂੰਘਾ, ਵੱਡੇ ਜਿਗਰੇ ਵਾਲਾ, ਭਾਵ (ਬਹੁਤ ਵਿਸ਼ਾਲ) ਹੈ। ਉਸ ਦੇ ਪੱਤੇ ਪਾਤਾਲ ਤੱਕ ਗਏ ਹਨ, ਭਾਵ ਸਾਰੇ ਪਾਤਾਲ ਸਾਰਾ ਸੰਸਾਰ ਜਿਸ ਪਾਰਜਾਤ ਪ੍ਰਭੂ ਦਾ ਪਤਰ (ਪਸਾਰਾ) ਹੈ, ਜੋ ਸਰਵ ਜੀਵਾਂ ਵਿਚ ਆਇਆ ਹੈ, ਭਾਵ ਵਿਆਪਕ ਹੋ ਰਿਹਾ ਹੈ, ਘਟ ਘਟ ਵਾਸੀ ਹੈ।

ਪ੍ਰ: ਕਿਉਂ ਜੀ! ਤੁਹਾਨੂੰ ਇਹ ਕਿਵੇਂ ਵਿਸ਼ਵਾਸ ਹੋ ਆਇਆ ਹੈ ਕਿ ਮੈਂ ਹੁਣ ਮੁੜ ਕੇ ਜਨਮ ਮਰਨ ਵਿਚ ਨਹੀਂ ਆਵਾਂਗਾ?

ਉ:੧੮. ਹੇ ਭਾਈਓ! ਮੈਂ ਗੁਰੂ ਦਾ ਉਪਦੇਸ਼ ਸੁਣ ਕੇ ਧਾਰਨ ਕਰ ਲਿਆ ਹੈ, ਜਿਸ ਕਰਕੇ ਮੈਂ ਉਸ ਗੁਰੂ ਉਪਦੇਸ਼ ਦੀ ਬਰਕਤ ਨਾਲ ਨਾਮ ਅੰਮ੍ਰਿਤ ਪੀਤਾ ਹੈ ਅਤੇ ਮਾਇਆ ਦਾ ਜ਼ਹਿਰ ਤਿਆਗਿਆ ਹੈ, (ਇਸੇ ਲਈ ਹੁਣ ਮੈਨੂੰ ਪੂਰਨ ਯਕੀਨ ਹੋ ਗਿਆ ਹੈ ਕਿ) ਮੈਂ ਮੁੜ-ਮੁੜ ਗਰਭ ਵਾਸ ਜੰਮਣ ਮਰਨ ਦੇ ਗੇੜ ਵਿਚ ਨਹੀਂ ਪਵਾਂਗਾ, ਭਾਵ ਹੈ ਕਿ ਜੋ ਵੀ ਇਹ ਅੰਮ੍ਰਿਤ ਪੀਵੇਗਾ, ਉਹ ਅਮਰ ਹੋ ਜਾਏਗਾ।੮।੧।

ਭਾਵਾਰਥ : ਇਸ ਮਹਾਂ ਵਾਕ ਅੰਦਰ ਹਜ਼ੂਰ ਜੀ ਇਸ ਸਰੀਰ ਰੂਪੀ ਨਗਰੀ ਵਿਚ ਪੰਜ ਵਿਕਾਰਾਂ ਰੂਪੀ ਚੋਰੀ ਕਰਨ ਵਾਲੇ ਚੋਰਾਂ ਦਾ ਜ਼ਿਕਰ ਕਰ ਰਹੇ ਹਨ ਜੋ ਕਿ ਮਨੁੱਖ ਦੇ ਅੰਦਰੋਂ ਦਿਨੇ ਰਾਤ ਦੈਵੀ ਗੁਣਾਂ ਨੂੰ ਚੁਰਾਈ ਜਾ ਰਹੇ ਹਨ। ਇਨ੍ਹਾਂ ਧਾੜਵੀਆਂ ਤੋਂ ਸ਼ੁੱਭ ਗੁਣਾਂ ਨੂੰ ਬਚਾਈ ਰੱਖਣ ਲਈ, ਸੰਸਾਰ ਦੇ ਮਾਲੀ ਪਰਮੇਸ਼ਰ ਦੀ ਅਰਾਧਨਾ ਕਰਨ ਦੀ ਪ੍ਰੇਰਣਾ ਕੀਤੀ ਹੈ ਤੇ ਬਾਰ-ਬਾਰ ਜੰਮਣ ਮਰਨ ਦੇ ਚੱਕ੍ਰ ਤੋਂ ਬਚਣ ਲਈ ਕੇਵਲ ਇਕ ਪਰਮੇਸ਼ਰ ਦੇ ਨਾਲ ਸੁਰਤੀ ਨੂੰ ਜੋੜੀ ਰੱਖਣ ਦਾ ਉਪਾਉ ਦਸਿਆ ਹੈ। ਗੁਰੂ ਦੁਆਰਾ ਜਿਨ੍ਹਾਂ ਨੇ ਨਾਮ ਅੰਮ੍ਰਿਤ ਪੀਤਾ ਹੈ, ਉਨ੍ਹਾਂ ਨੇ ਵਿਕਾਰਾਂ ਰੂਪ ਜ਼ਹਿਰ ਨੂੰ ਤਿਆਗ ਦਿੱਤਾ ਹੈ।

ਗੂਜਰੀ ਮਹਲਾ ੧ ॥

੧. ਕਵਨ ਕਵਨ ਜਾਚਹਿ ਪ੍ਰਭ ਦਾਤੇ
ਤਾ ਕੇ ਅੰਤ ਨ ਪਰਹਿ ਸੁਮਾਰ ॥
੨. ਜੈਸੀ ਭੂਖ ਹੋਇ ਅਭ ਅੰਤਰਿ
ਤੂੰ ਸਮਰਥੁ ਸਚੁ ਦੇਵਣਹਾਰ ॥੧॥
੩. ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ ॥
੪. ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ
ਤੇਰੀ ਭਗਤਿ ਭਰੇ ਭੰਡਾਰ ॥੧॥ ਰਹਾਉ ॥
੫. ਸੁੰਨ ਸਮਾਧਿ ਰਹਹਿ ਲਿਵ ਲਾਗੇ
ਏਕਾ ਏਕੀ ਸਬਦੁ ਬੀਚਾਰ ॥
੬. ਜਲੁ ਥਲੁ ਧਰਣਿ ਗਗਨੁ ਤਹ ਨਾਹੀ
ਆਪੇ ਆਪੁ ਕੀਆ ਕਰਤਾਰ ॥੨॥
੭. ਨਾ ਤਦਿ ਮਾਇਆ ਮਗਨੁ ਨ ਛਾਇਆ
ਨਾ ਸੂਰਜ ਚੰਦ ਨ ਜੋਤਿ ਅਪਾਰ ॥
੮. ਸਰਬ ਦ੍ਰਿਸਟਿ ਲੋਚਨ ਅਭ ਅੰਤਰਿ
ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥
੯. ਪਵਣੁ ਪਾਣੀ ਅਗਨਿ ਤਿਨਿ ਕੀਆ
ਬ੍ਰਹਮਾ ਬਿਸਨੁ ਮਹੇਸ ਅਕਾਰ ॥
੧੦. ਸਰਬੇ ਜਾਚਿਕ ਤੂੰ ਪ੍ਰਭੁ ਦਾਤਾ
ਦਾਤਿ ਕਰੇ ਅਪੁਨੈ ਬੀਚਾਰ ॥੪॥
੧੧. ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ
ਦੇਦੇ ਤੋਟਿ ਨਾਹੀ ਭੰਡਾਰ ॥
੧੨. ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ
ਅੰਮ੍ਰਿਤੁ ਪਰੈ ਨਿਹਾਰ ॥੫॥
੧੩. ਸਿਧ ਸਮਾਧੀ ਅੰਤਰਿ ਜਾਚਹਿ
ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥
੧੪. ਜੈਸੀ ਪਿਆਸ ਹੋਇ ਮਨ ਅੰਤਰਿ
ਤੈਸੋ ਜਲੁ ਦੇਵਹਿ ਪਰਕਾਰ ॥੬॥
੧੫. ਬਡੇ ਭਾਗ ਗੁਰੁ ਸੇਵਹਿ ਅਪੁਨਾ
ਭੇਦੁ ਨਾਹੀ ਗੁਰਦੇਵ ਮੁਰਾਰ ॥
੧੬. ਤਾ ਕਉ ਕਾਲੁ ਨਾਹੀ ਜਮੁ ਜੋਹੈ
ਬੂਝਹਿ ਅੰਤਰਿ ਸਬਦੁ ਬੀਚਾਰ ॥੭॥
੧੭. ਅਬ ਤਬ ਅਵਰੁ ਨ ਮਾਗਉ ਹਰਿ ਪਹਿ
ਨਾਮੁ ਨਿਰੰਜਨ ਦੀਜੈ ਪਿਆਰਿ ॥
੧੮. ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ
ਹਰਿ ਜਸੁ ਦੀਜੈ ਕਿਰਪਾ ਧਾਰਿ ॥੮॥੨॥

ਪਦ ਅਰਥ : ਕਵਨ ਕਵਨ—ਕਿਹੜੇ-ਕਿਹੜੇ? ਜਾਚਹਿ—ਮੰਗਦੇ ਹਨ। ਪ੍ਰਭ ਦਾਤੇ—ਹੇ ਦਾਤਾਰ ਪ੍ਰਭੂ। ਤਾ ਕੇ—ਉਨ੍ਹਾਂ ਜੀਵਾਂ

ਦੇ। ਸੁਮਾਰ—ਗਿਣਤੀ, ਲੇਖੇ। ਅਭ ਅੰਤਰਿ—ਧੁਰ ਅੰਦਰ, ਮਨ ਵਿਚ, ਹਿਰਦੇ ਦੇ ਅੰਦਰ। ਸਚੁ—ਸਦਾ ਥਿਰ ਰਹਿਣ ਵਾਲਾ।੧। ਐ ਜੀ—ਹੇ ਪ੍ਰਭੂ ਜੀ! ਸਚੁ ਅਧਾਰ—ਸਦਾ ਥਿਰ ਰਹਿਣ ਵਾਲਾ ਆਸਰਾ। ਭੰਡਾਰ—ਖ਼ਜ਼ਾਨੇ।੧।ਰਹਾਉ। ਸੁੰਨ ਸਮਾਧਿ—ਉਹ ਸਮਾਧਿ ਜਿਸ ਵਿਚ ਫੁਰਨਾ ਨ ਫੁਰੇ, ਅਫੁਰ ਸਮਾਧੀ, ਨਿਰਵਿਕਲਪ ਸਮਾਧੀ। ਰਹਹਿ—ਤੂੰ ਰਹਿੰਦਾ ਹੈਂ। ਏਕਾ ਏਕੀ—ਤੂੰ ਇਕੱਲਾ ਹੀ। ਸਬਦੁ—ਬਚਨ, ਹੁਕਮ, ਇਰਾਦਾ। ਧਰਣਿ—ਧਰਤੀ। ਗਗਨੁ—ਅਕਾਸ਼। ਤਹ—ਤਦੋਂ। ਆਪੁ—ਆਪਣੇ ਆਪ ਨੂੰ। ਕਰਤਾਰ—ਹੇ ਕਰਤਾਰ।੨। ਤਦਿ—ਤਦੋਂ। ਮਗਨੁ—ਮਸਤ, ਮਾਇਆ ਵਿਚ ਮਸਤ, ਮਾਇਆ ਦੀ ਮਸਤੀ। ਅਪਾਰ—ਅਪਰ, ਅਵਰ, ਕੋਈ ਹੋਰ। ਸਰਬ ਦ੍ਰਿਸਟਿ ਲੋਚਨ—ਸਾਰੇ ਜੀਵਾਂ ਨੂੰ ਵੇਖ ਸਕਣ ਵਾਲੀ ਅੱਖ। ਅਭ ਅੰਤਰਿ—ਤੇਰੇ ਆਪਣੇ ਹੀ ਧੁਰ ਅੰਦਰ। ਸਾਰ—ਸੰਭਾਲ।੩। ਤਿਨਿ—ਉਸ (ਪਰਮਾਤਮਾ) ਨੇ। ਕੀਆ—ਜਦੋਂ ਪੈਦਾ ਕੀਤਾ। ਮਹੇਸ—ਸ਼ਿਵ। ਅਕਾਰ—ਸਰੂਪ, ਵਜੂਦ, ਸ਼ਕਲ, ਸੂਰਤ, ਭਾਵ ਹੈ ਦੇਹ ਵਾਲੀ ਸ੍ਰਿਸ਼ਟੀ। ਜਾਚਿਕ—ਮੰਗਤੇ। ਕਰੇ—ਕਰਦਾ ਹੈ। ਅਪੁਨੈ ਬੀਚਾਰ—ਆਪਣੇ ਵੀਚਾਰ ਅਨੁਸਾਰ।੪। ਕੋਟਿ ਤੇਤੀਸ—ਤੇਤੀ ਕਰੋੜ ਦੇਵਤੇ। ਨਾਇਕ—ਸਭ ਦੀ ਅਗਵਾਈ ਕਰਨ ਵਾਲਾ। ਤੋਟਿ—ਕਮੀ। ਊਂਧੈ ਭਾਂਡੈ—ਪੁੱਠੇ ਪਏ ਭਾਂਡੇ ਵਿਚ। ਸੀਧੈ—ਸਿੱਧੇ ਭਾਂਡੇ ਵਿਚ। ਨਿਹਾਰ—ਉਸ ਪ੍ਰਭੂ ਦੇ ਤੱਕਣ ਨਾਲ, ਮਿਹਰ ਦੀ ਨਿਗਾਹ ਨਾਲ।੫। ਸਿਧ—ਪੁੱਗੇ ਹੋਏ ਜੋਗੀ। ਰਿਧਿ ਸਿਧਿ—ਕਰਾਮਾਤੀ ਤਾਕਤਾਂ। ਜਾਚਿ—ਮੰਗ ਕੇ। ਤੈਸੋ ਪਰਕਾਰ—ਉਸੇ ਕਿਸਮ ਦਾ। ਦੇਵਹਿ—ਤੂੰ ਦੇਂਦਾ ਹੈਂ।੬। ਸੇਵਹਿ—ਜੋ ਸੇਵਦੇ ਹਨ। ਭੇਦੁ—ਫ਼ਰਕ। ਮੁਰਾਰ—ਪਰਮਾਤਮਾ। ਤਾ ਕਉ—ਉਨ੍ਹਾਂ (ਬੰਦਿਆਂ) ਨੂੰ। ਨਾਹੀ ਜੋਹੈ—ਨਹੀਂ ਤਕਦਾ। ਕਾਲੁ ਜਮੁ—ਮੌਤ, ਮੌਤ ਦਾ ਸਹਿਮ। ਅੰਤਰਿ ਵੀਚਾਰ—ਸੋਚ ਮੰਡਲ ਵਿਚ। ਬੂਝਹਿ—(ਜਿਹੜੇ) ਬੰਦੇ ਸਮਝਦੇ ਹਨ।੭। ਅਬ ਤਬ—ਕਦੇ ਭੀ। ਨ ਮਾਗਉ—ਮੈਂ ਨਹੀਂ ਮੰਗਦਾ। ਪਹਿ—ਪਾਸੋਂ। ਪਿਆਰਿ—ਪਿਆਰ ਨਾਲ, ਪਿਆਰ ਦੀ ਨਿਗਾਹ ਨਾਲ। ਚਾਤ੍ਰਿਕ—ਪਪੀਹਾ। ਜਸੁ—ਸਿਫ਼ਤਿ-ਸਾਲਾਹ।੮।

ਅਰਥ :

ਪ੍ਰ: ਹੇ ਗੁਰੋ! ਇਹ ਤਾਂ ਠੀਕ ਹੈ ਕਿ ਜੀਵਾਂ ਨੂੰ ਦਾਤਾਂ ਦੇਣ ਵਾਲਾ ਇਕੋ ਦਾਤਾ ਪਰਮੇਸ਼ਰ ਹੈ, ਪਰ ਅੱਗੋਂ ਦਾਤਾਂ ਲੈਣ ਵਾਲੇ ਕਿਤਨੇ-ਕੁ ਜਾਚਕ ਹਨ ? ਇਸ ਦੀ ਭੀ ਗਿਣਤੀ ਦੱਸ ਦਿਓ।

ਉ: ੧. ਹੇ ਭਾਈ! ਉਸ ਦਾਤੇ ਤੋਂ (ਦਾਤਾਂ) ਮੰਗਣ ਵਾਲੇ ਕੌਣ-ਕੌਣ ਹਨ, ਜੇ ਕਦੀ ਉਨ੍ਹਾਂ ਦੀ ਗਿਣਤੀ ਕਰੀਏ ਤਾਂ ਅੰਤ ਹੀ ਨਹੀਂ ਆਉਂਦਾ।

੨. ਪਰ ਹੇ ਸਾਈਂ ਜੀ ! ਤੂੰ ਇੱਡਾ ਸਮੱਰਥ ਤੇ ਸਚਮੁੱਚ ਦਾ ਦਾਤਾ ਹੈਂ। ਜੈਸੀ ਕਿ ਕਿਸੇ ਦੇ ਧੁਰ ਅੰਦਰ ਮੰਗਣ ਦੀ ਭੁੱਖ ਹੁੰਦੀ ਹੈ, ਹੇ ਪ੍ਰਭੂ! ਤੂੰ ਉਹ ਪੂਰੀ ਕਰ ਦੇਂਦਾ ਹੈਂ।੧।

ਪ੍ਰ: ਕਿਉਂ ਜੀ ! ਤੁਸੀਂ ਹੋਰ ਜਪ ਤਪ ਕਿਉਂ ਨਹੀਂ ਮੰਗ ਲੈਂਦੇ ?

ਉ: ੩. ਹੇ ਪ੍ਰਭੂ ਜੀ! ਇਹ ਸਾਰੇ ਹੀ ਜਪ, ਤਪ, ਸੰਜਮਾਂ ਨੂੰ ਲੋਕਾਂ ਨੇ ਆਸਰੇ ਤਾਂ ਮੰਨਿਆ ਹੈ, (ਪਰ ਇਹ ਸੱਚੇ ਆਸਰੇ ਨਹੀਂ, ਕਿਉਂਕਿ ਇਹ ਮਨੁੱਖ ਨੂੰ ਅਬਿਨਾਸੀ ਸੁੱਖ ਨਹੀਂ ਦੇ ਸਕਦੇ)।

ਪ੍ਰ: ਤਾਂ ਫਿਰ ਦੱਸੋ! ਤੁਸੀਂ ਕੀ ਮੰਗਣਾ ਚਾਹੁੰਦੇ ਹੋ ?

ਉ: ੪. ਹੇ ਹਰੀ ਜੀਉ ! ਸਾਨੂੰ ਤਾਂ ਤੁਸੀਂ ਆਪਣਾ ਹਰਿ ਨਾਮ ਹੀ ਦਿਓ, ਜਿਸ ਦੀ ਬਰਕਤ ਨਾਲ ਅਸੀਂ ਅਬਿਨਾਸੀ ਸੁੱਖ ਪ੍ਰਾਪਤ ਕਰ ਸਕੀਏ, ਕਿਉਂਕਿ ਇਸ ਨਾਮ ਪਦਾਰਥ ਦੀ ਤੇਰੇ ਘਰ ਵਿਚ ਕੋਈ ਕਮੀਂ ਨਹੀਂ। ਤੇਰੀ ਭਗਤੀ ਦੇ ਤੇਰੇ ਪਾਸ ਖ਼ਜ਼ਾਨੇ ਭਰੇ ਪਏ ਹਨ (ਇਸ ਲਈ ਸਾਡੇ ਵਾਸਤੇ ਤਾਂ ਇਕ ਤੇਰਾ ਨਾਮ ਹੀ ਜਪ ਤਪ ਸੰਜਮ ਹੈ)।੧।ਰਹਾਉ।

ਪ੍ਰ: ਕਿਉਂ ਜੀ ! ਉਸ ਦਾਤੇ ਤੋਂ ਮੰਗਣ ਵਾਲੇ ਜਾਚਕ ਕਿਹੜੀ-ਕਿਹੜੀ ਜਾਚਨਾ ਕਰਦੇ ਹਨ ? ਉਨ੍ਹਾਂ ਦਾ ਵੇਰਵਾ ਭੀ ਦੱਸ ਦਿਓ।

ਉ: ੫. (ਹੁਣ ਆਪ ਜੀ ਪਹਿਲੋਂ ਉਨ੍ਹਾਂ ਜਾਚਕਾਂ ਦਾ ਜ਼ਿਕਰ ਕਰਦੇ ਹਨ ਜੋ ਅਫੁਰ ਸਮਾਧੀ ਲਾਉਂਦੇ ਇਕ ਬ੍ਰਹਮ ਦੀ ਵੀਚਾਰ ਵਿਚ ਹੀ ਲੱਗੇ ਰਹਿੰਦੇ) ਹਨ। ਹੇ ਭਾਈ ! ਇਕ ਐਸੇ ਜਾਚਕ ਹਨ ਕਿ ਉਹ ਇਕੋ ਹੀ ਇਕ ਸ਼ਬਦ ਨੂੰ ਵੀਚਾਰਦੇ ਹੋਏ ਅਫੁਰ ਸਮਾਧੀ ਵਿਚ ਲਿਵ ਲਾਈ ਰੱਖਦੇ ਹਨ। (ਭਾਵ ਉਹ ਅਫੁਰ ਸਮਾਧੀ ਵਿਚ ਟਿਕੇ ਰਹਿਣ ਦੀ ਦਾਤ ਮੰਗਦੇ ਹਨ)।

ਪ੍ਰ: ਕਿਉਂ ਜੀ ! ਉਸ ਸੁੰਨ ਸਮਾਧੀ ਦਾ ਵੀ ਨਿਰਣਾ ਦੱਸ ਦਿਓ ਕਿ ਕਿਹੋ ਜਿਹੀ ਹੈ ?

ਉ: ੬. ਹੇ ਭਾਈ ! ਉਸ ਸੁੰਨ ਸਮਾਧੀ ਵਿਚ ਜਲ, ਥਲ, ਧਰਤੀ, ਅਕਾਸ਼ ਨਹੀਂ ਹੁੰਦਾ, ਪਰ ਹਾਂ, ਇਨ੍ਹਾਂ ਦਾ ਕਰਤਾ ਕਰਤਾਰ ਜ਼ਰੂਰ (ਭਾਸਦਾ ਹੈ) ਜਿਸ ਕਰਤਾਰ ਨੇ ਆਪਣੇ ਆਪੇ ਤੋਂ ਆਪ ਨੂੰ ਕੀਤਾ ਹੈ, ਭਾਵ ਰਚਿਆ ਹੈ।੨।

ਪ੍ਰ: ਕਿਉਂ ਜੀ ! ਉਸ ਅਵਸਥਾ ਵਿਚ ਮਾਇਆ, ਚੰਦ, ਸੂਰਜ ਆਦਿਕ ਕੋਈ ਨਹੀਂ ਭਾਸਦੇ ?

ਉ: ੭. ਹੇ ਪਿਆਰੇ ! ਉਸ ਸੁੰਨ ਸਮਾਧੀ ਵਿਚ ਨਾ ਮਾਇਆ, ਨਾ ਹੀ ਮਾਇਆ ਵਿਚ ਦੀ ਮਸਤੀ, ਨ ਛਾਇਆ, ਨ ਸੂਰਜ, ਨ ਚੰਦ ਹੀ ਹੋਇਆ ਕਰਦਾ ਹੈ, (ਬੱਸ ਉਦੋਂ ਤਾਂ) ਇਕੋ ਹੀ ਅਪਾਰ ਜੋਤੀ ਸਰੂਪ ਹੁੰਦਾ ਹੈ।

ਪ੍ਰ: ਸ੍ਰੀ ਜੀਉ ! ਆਖ਼ਰ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੁਝ ਤਾਂ ਪ੍ਰਤੀਤ ਹੁੰਦਾ ਹੀ ਹੋਵੇਗਾ ?

ਉ: ੮. ਹੇ ਪਿਆਰੇ ! ਉਨ੍ਹਾਂ ਦੇ ਹਿਰਦੇ ਅੰਦਰ ਤਾਂ ਤਦੋਂ ਇਕੋ ਹੀ (ਨਦਰੀ) ਦ੍ਰਿਸ਼ਟਾ ਰੂਪ, ਜੋ ਤਿੰਨਾਂ ਭਵਨਾਂ ਦਾ ਸਾਰ ਤੱਤ ਸਰੂਪ ਹੈ, ਉਹੋ ਹੀ ਹੁੰਦਾ ਹੈ ਅਤੇ ਅੱਖਾਂ ਦੀ ਦ੍ਰਿਸ਼ਟੀ ਗੋਚਰ ਭੀ ਸਭੋ ਕੁਝ ਉਹੋ ਹੀ ਹੋਇਆ ਕਰਦਾ ਹੈ।੩।

ਪ੍ਰ: ਹੇ ਪ੍ਰਭੋ ! ਇਹ ਸੰਸਾਰਕ ਰਚਨਾ ਪਹਿਲੋਂ ਦ੍ਰਿਸ਼ਟੀ ਗੋਚਰ ਕਿਵੇਂ ਹੋਈ ?

ਉ: ੯. ਹੇ ਪਿਆਰਿਓ ! ਜਦੋਂ ਉਸ ਪਰਮੇਸ਼ਰ ਨੇ ਹਵਾ, ਪਾਣੀ, ਅੱਗ ਆਦਿਕ ਤੱਤ ਰਚੇ ਤਾਂ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਤਿੰਨ ਵੱਡੇ ਦੇਵਤੇ ਰਚੇ ਅਤੇ ਹੋਰ ਅਕਾਰ (ਭਾਵ ਸਰੀਰ) ਰਚੇ।

੧੦. ਹੇ ਪ੍ਰਭੋ ! ਇਹ ਹੀ ਤੇਰੇ ਜਾਚਕ ਹਨ, ਤੂੰ ਇਕੋ ਦਾਤਾ ਹੈਂ, ਪਰ ਤੂੰ ਇਨ੍ਹਾਂ ਸਭ ਨੂੰ ਆਪਣੇ ਵੀਚਾਰ ਅਨੁਸਾਰ ਦਾਤਾਂ ਦੇਂਦਾ ਹੈਂ।੪।

੧੧. ਹੇ ਮਾਲਕ ਪ੍ਰਭੂ ਜੀਉ ! ਇਹ ਤੇਤੀ ਕਰੋੜ ਦੇਵਤੇ ਭੀ ਤੈਥੋਂ ਹੀ ਮੰਗਦੇ ਹਨ। ਭਾਵ ਇਹ ਵੀ ਸਭੇ ਤੇਰੇ ਹੀ ਦਰ ਦੇ ਮੰਗਤੇ ਹਨ। ਹੇ ਦਾਤਾ ! ਉਨ੍ਹਾਂ ਨੂੰ ਦਾਤਾਂ ਦੇਣ ਨਾਲ ਤੇਰੇ ਖ਼ਜ਼ਾਨੇ ਵਿਚ ਕੋਈ ਘਾਟਾ ਨਹੀਂ ਪੈਂਦਾ।

ਪ੍ਰ: ਹੇ ਗੁਰੋ ! ਪਰ ਇੱਡੀ ਖੁਲ੍ਹੀ ਦਾਤ ਦੇ ਵਰਤਦਿਆਂ ਫੇਰ ਵੀ ਬਹੁਤ ਲੋਕ ਦਾਤ ਤੋਂ ਸਖਣੇ ਵੇਖੀਦੇ ਹਨ, ਇਸ ਦਾ ਕਾਰਣ ਕੀ ਹੈ ?

ਉ: ੧੨. ਹੇ ਪਿਆਰੇ ! ਇਸ ਦਾ ਕਾਰਣ ਇਹੋ ਹੈ ਕਿ ਇਹ ਮਾਇਕੀ ਪਦਾਰਥ ਤਾਂ ਸਭ ਨੂੰ ਮਿਲਦੇ ਹਨ, ਪਰ ਜਿਨ੍ਹਾਂ ਦੇ ਹਿਰਦੇ ਰੂਪੀ ਭਾਂਡੇ ਮਨਮੁਖਤਾ ਨਾਲ ਪੁੱਠੇ ਹੋ ਰਹੇ ਹਨ, ਉਨ੍ਹਾਂ ਵਿਚ ਕੁਝ ਵੀ ਨਹੀਂ ਪੈ ਸਕਦਾ, ਪਰ ਹਾਂ, ਜਿਨ੍ਹਾਂ ਦੇ ਹਿਰਦੇ ਸ਼ਰਧਾ ਨਾਲ ਭਰਪੂਰ ਹਨ, ਉਨ੍ਹਾਂ ਵਿਚ ਤੇਰੀ ਮਿਹਰ ਭਰੀ ਨਜ਼ਰ ਨਾਲ ਅਮਰ ਜੀਵਨ ਦੇਣ ਵਾਲਾ ਤੇਰਾ ਨਾਮ ਪੈਂਦਾ ਹੈ।੫।

੧੩. ਹੇ ਸਾਈਂ ਜੀ ! ਇਥੇ ਹੀ ਬੱਸ ਨਹੀਂ ! ਜੋ ਸਿੱਧ ਲੋਕ ਜੋਗ ਸਾਧਨਾਂ ਵਿਚ ਪੁਗੇ ਹੋਏ ਹਨ, ਉਹ ਜੋਗੀ ਭੀ ਸਮਾਧੀਆਂ ਵਿਚ ਟਿਕ ਕੇ ਜਾਚਕ (ਹੋਏ ਹੋਏ) ਤੈਥੋਂ ਹੀ ਰਿਧੀਆਂ ਸਿਧੀਆਂ ਮੰਗਦੇ ਹਨ। ਜਦ ਉਹ ਕਰਾਮਾਤੀ ਤਾਕਤਾਂ ਪਾ ਲੈਂਦੇ ਹਨ ਤਾਂ ਉਹ ਤੇਰੀ ਜੈ ਜੈ ਕਾਰ ਕਰਦੇ ਹਨ। (ਭਾਵ ਇਹੋ ਆਖਦੇ ਹਨ ਕਿ ਤੇਰੀ ਜੈ ਹੋਵੇ, ਤੇਰੀ ਜੈ ਹੋਵੇ)।

੧੪. ਹੇ ਪ੍ਰਭੂ ਜੀ ! ਦੇਖੀਦਾ ਇਹੋ ਹੀ ਹੈ ਕਿ ਜਿਹੋ ਜਿਹੀ ਕਿਸੇ ਦੇ ਮਨ ਵਿਚ (ਮੰਗਣ ਦੀ) ਪਿਆਸ ਹੁੰਦੀ ਹੈ, ਤੂੰ ਉਸ ਕਿਸਮ ਦਾ ਜਲ, ਭਾਵ ਦਾਤ ਦੇ ਦੇਂਦਾ ਹੈਂ।੬।

ਪ੍ਰ: ਕਿਉਂ ਜੀ, ਇਹ ਸਿੱਧ ਲੋਕ ਜੋ ਸਾਈਂ ਜੀ ਪਾਸੋਂ ਕਰਾਮਾਤਾਂ ਹਾਸਲ ਕਰ ਬੈਠਦੇ ਹਨ, ਕੀ ਤੁਸੀਂ ਇਨ੍ਹਾਂ ਨੂੰ ਵੱਡਭਾਗੀ ਸਮਝਦੇ ਹੋ ?

ਉ: ੧੫. (ਨਹੀਂ) ਹੇ ਪਿਆਰਿਓ ! ਇਹ ਠੀਕ ਹੈ ਕਿ ਲੋਕ ਤਾਂ ਇਨ੍ਹਾਂ ਨੂੰ ਵੱਡੇ ਜਾਣ ਕੇ ਭਾਵੇਂ ਸਤਿਕਾਰਦੇ ਹਨ, ਪਰ ਅਸੀਂ ਤਾਂ ਸਮਝਦੇ ਹਾਂ ਕਿ ਅਸਲ ਵਿਚ ਵੱਡੇ ਭਾਗਾਂ ਵਾਲੇ ਉਹੋ ਮਨੁੱਖ ਹਨ ਜੋ ਆਪਣੇ ਗੁਰੂ ਦੀ ਸੇਵਾ ਕਰਦੇ ਹਨ ਅਤੇ ਅੰਦਰੋਂ ਭੀ ਉਨ੍ਹਾਂ ਦੀ ਇਹੋ ਭਾਵਨਾ ਹੈ ਕਿ ਗੁਰੂ ਤੇ ਪਰਮੇਸ਼ਰ ਵਿਚ ਕੋਈ ਵੀ ਫ਼ਰਕ ਨਹੀਂ ਹੁੰਦਾ।

੧੬. ਹੇ ਭਾਈਓ ! ਜੋ ਮਨੁੱਖ ਆਪਣੇ ਅੰਦਰ ਗੁਰੂ ਦੇ ਸ਼ਬਦਾਂ ਦੀ ਵੀਚਾਰ ਨੂੰ ਸਮਝ ਲੈਂਦੇ ਹਨ, ਉਨ੍ਹਾਂ ਵੱਲ ਤਾਂ ਜਮਕਾਲ ਤੱਕ ਵੀ ਨਹੀਂ ਸਕਦਾ, ਭਾਵ ਉਨ੍ਹਾਂ ਦੇ ਨੇੜੇ ਤਾਂ ਮੌਤ ਢੁੱਕ ਹੀ ਨਹੀਂ ਸਕਦੀ।੭।

ਪ੍ਰ: ਕਿਉਂ ਜੀ ! ਜਦੋਂ ਤੁਸੀਂ ਨਿਰੰਕਾਰ ਪਾਸੋਂ ਕਦੀ ਵੀ ਕੁਝ ਮੰਗਣਾ ਚਾਹੋ ਤਾਂ ਕੀ ਮੰਗਦੇ ਹੋ ?

ਉ: ੧੭. ਹੇ ਭਰਾਵੋ ! ਅਸਲ ਵਿਚ ਮੈਂ ਪਰਮੇਸ਼ਰ ਪਾਸੋਂ ਹੋਰ ਕੁਝ ਵੀ ਨਹੀਂ ਮੰਗਦਾ। ਇਹੋ ਹੀ ਮੇਰੀ ਮੰਗ ਹੈ ਕਿ ਹੇ ਹਰੀ ! ਹੁਣ ਜਾਂ ਫੇਰ ਮੈਨੂੰ ਤਾਂ ਪਿਆਰ ਵਿਚ ਭਰਿਆ, ਆਪਣੀ ਪਿਆਰ ਭਰੀ ਨਜ਼ਰ ਨਾਲ ਇਕ ਨਾਮ ਦੀ ਬਖ਼ਸ਼ਸ਼ ਹੀ ਕਰੋ।

੧੮. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੇ ਪਿਆਰੇ ਪ੍ਰਭੂ ਜੀ ! ਮੈਨੂੰ ਤਾਂ ਇਕ ਚਾਤ੍ਰਿਕ ਵਾਂਙੂ ਤੇਰੇ ਨਾਮ ਬੂੰਦ ਦੀ ਹੀ ਪਿਆਸਾ ਹੈ। ਹੇ ਹਰੀ ! ਕਿਰਪਾ ਕਰਕੇ ਆਪਣੀ ਸਿਫ਼ਤਿ-ਸਾਲਾਹ ਦੇਹ।੮।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਸ ਵਹਿਗੁਰੂ ਜੀ ਦੇ ਦਰ ਦੇ ਜਾਚਕਾਂ ਦੀ ਜਾਚਨਾ ਤੇ ਪ੍ਰਭੂ ਦੀ ਦਾਤਾਗਰੀ ਦਾ ਰੂਪਕ ਬੰਨ੍ਹ ਵਿਖਾਇਆ ਹੈ ਅਤੇ ਉਸ ਦੇ ਦਰ 'ਤੇ ਕੌਣ-ਕੌਣ ਜਾਚਕ ਹਨ, ਇਹ ਪ੍ਰਸ਼ਨ ਕਰਕੇ ਆਪ ਹੀ ਉੱਤਰ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਜਾਚਕਾਂ ਦੀ ਗਿਣਤੀ ਨਹੀ ਕੀਤੀ ਜਾ ਸਕਦੀ, ਪਰ ਜੋ-ਜੋ ਕਿਸੇ ਦੇ ਅੰਤਰ ਆਤਮੇ ਕਿਸੇ ਵੀ ਪਦਾਰਥ ਦੀ ਭੁੱਖ ਹੈ, ਉਹੋ ਸਮਰੱਥ ਪ੍ਰਭੂ ਦੇਣ ਦੀ ਸਮਰੱਥਾ ਰੱਖਦਾ ਹੈ, ਪਰ ਹਜ਼ੂਰ ਆਪ ਸਦੀਵੀ ਸੁੱਖ ਪ੍ਰਾਪਤੀ ਲਈ ਨਾਮ ਦੀ ਹੀ ਜਾਚਨਾ ਕਰਦੇ ਹਨ।

ਗੂਜਰੀ ਮਹਲਾ ੧ ॥

੧. ਐ ਜੀ ਜਨਮਿ ਮਰੈ ਆਵੈ ਫੁਨਿ ਜਾਵੈ
ਬਿਨੁ ਗੁਰ ਗਤਿ ਨਹੀ ਕਾਈ ॥
੨. ਗੁਰਮੁਖਿ ਪ੍ਰਾਣੀ ਨਾਮੇ ਰਾਤੇ
ਨਾਮੇ ਗਤਿ ਪਤਿ ਪਾਈ ॥੧॥
੩. ਭਾਈ ਰੇ ਰਾਮ ਨਾਮਿ ਚਿਤੁ ਲਾਈ ॥
੪. ਗੁਰ ਪਰਸਾਦੀ ਹਰਿ ਪ੍ਰਭ ਜਾਚੇ
ਐਸੀ ਨਾਮ ਬਡਾਈ ॥੧॥ ਰਹਾਉ ॥
੫. ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ
ਕੇਤੇ ਉਦਰੁ ਭਰਨ ਕੈ ਤਾਈ ॥
੬. ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ
ਬਿਨੁ ਗੁਰ ਗਰਬੁ ਨ ਜਾਈ ॥੨॥
੭. ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ
ਜਨਮਿ ਜਨਮਿ ਵੈਰਾਈ ॥
੮. ਸਾਚੈ ਸਬਦਿ ਰਤੇ ਸੇ ਬਾਚੇ
ਸਤਿਗੁਰ ਬੂਝ ਬੁਝਾਈ ॥੩॥
੯. ਗੁਰ ਸਰਣਾਈ ਜੋਹਿ ਨ ਸਾਕੈ
ਦੂਤੁ ਨ ਸਕੈ ਸੰਤਾਈ ॥
੧੦. ਅਵਿਗਤ ਨਾਥ ਨਿਰੰਜਨਿ ਰਾਤੇ
ਨਿਰਭਉ ਸਿਉ ਲਿਵ ਲਾਈ ॥੪॥
੧੧. ਐ ਜੀਉ ਨਾਮੁ ਦਿੜਹੁ ਨਾਮੇ ਲਿਵ ਲਾਵਹੁ
ਸਤਿਗੁਰ ਟੇਕ ਟਿਕਾਈ ॥
੧੨. ਜੋ ਤਿਸੁ ਭਾਵੈ ਸੋਈ ਕਰਸੀ
ਕਿਰਤੁ ਨ ਮੇਟਿਆ ਜਾਈ ॥੫॥
੧੩. ਐ ਜੀ ਭਾਗਿ ਪਰੇ ਗੁਰ ਸਰਣਿ ਤੁਮ੍ਹਾਰੀ
ਮੈ ਅਵਰ ਨ ਦੂਜੀ ਭਾਈ ॥
੧੪. ਅਬ ਤਬ ਏਕੋ ਏਕੁ ਪੁਕਾਰਉ
ਆਦਿ ਜੁਗਾਦਿ ਸਖਾਈ ॥੬॥

੧੫. ਐ ਜੀ ਰਾਖਹੁ ਪੈਜ ਨਾਮ ਅਪੁਨੇ ਕੀ
ਤੁਝ ਹੀ ਸਿਉ ਬਨਿ ਆਈ ॥
੧੬. ਕਰਿ ਕਿਰਪਾ ਗੁਰ ਦਰਸੁ ਦਿਖਾਵਹੁ
ਹਉਮੈ ਸਬਦਿ ਜਲਾਈ ॥੭॥
੧੭. ਐ ਜੀ ਕਿਆ ਮਾਗਉ ਕਿਛੁ ਰਹੈ ਨ ਦੀਸੈ
ਇਸੁ ਜਗ ਮਹਿ ਆਇਆ ਜਾਈ ॥
੧੮. ਨਾਨਕ ਨਾਮੁ ਪਦਾਰਥੁ ਦੀਜੈ
ਹਿਰਦੈ ਕੰਠਿ ਬਣਾਈ ॥੮॥੩॥

ਪਦ ਅਰਥ : ਐ ਜੀ—ਹੇ ਭਾਈ। ਜਨਮਿ—ਜਨਮ ਦੇ। ਜਨਮਿ ਮਰੈ—ਮੁੜ ਮੁੜ ਜੰਮਦਾ ਮਰਦਾ ਹੈ। ਫੁਨਿ—ਫੇਰ, ਮੁੜ ਮੁੜ। ਗਤਿ—ਮੁਕਤੀ। ਕਾਈ—ਕੋਈ ਵੀ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਨਾਮੇ—ਨਾਮਿ ਹੀ, ਨਾਮ ਹੀ। ਪਤਿ—ਇੱਜ਼ਤ।੧। ਨਾਮਿ—ਨਾਮ ਵਿਚ। ਲਾਈ—ਲਾਇ, ਜੋੜ। ਜਾਚੇ—ਜਾਚਿ, ਮੰਗੀ। ਬਡਾਈ—ਵਡਿਆਈ।੧।ਰਹਾਉ। ਕਰਹਿ—ਤੂੰ ਕਰਦਾ ਹੈਂ। ਭਿਖਿਆ ਕਉ—ਭਿਖਿਆ ਵਾਸਤੇ। ਕੇਤੇ—ਅਨੇਕਾਂ। ਉਦਰੁ—ਪੇਟ। ਕੈ ਤਾਈ—ਦੀ ਖ਼ਾਤਰ। ਪ੍ਰਾਨੀ—ਹੇ ਪ੍ਰਾਣੀ। ਗਰਬ—ਅਹੰਕਾਰ। ਨ ਜਾਈ—ਨਹੀਂ ਜਾਂਦਾ।੨। ਕਾਲੁ—ਮੌਤ, ਮੌਤ ਦਾ ਸਹਿਮ। ਠਾਢੇ—ਖਲੋਤਾ ਹੋਇਆ। ਜਨਮਿ ਜਨਮਿ—ਹਰੇਕ ਜਨਮ ਵਿਚ। ਵੈਰਾਈ—ਵੈਰੀ। ਸਾਚੈ—ਸਦਾ-ਥਿਰ ਰਹਿਣ ਵਾਲੇ ਵਿਚ। ਸੇ—ਉਹ ਬੰਦੇ। ਬਾਚੇ—ਬਚੇ ਹਨ। ਬੂਝ—ਸਮਝ।੩। ਜੋਹਿ ਨ ਸਾਕੈ—ਤੱਕ ਨਹੀਂ ਸਕਦਾ। ਦੂਤੁ—ਵੈਰੀ। ਅਵਿਗਤ—ਅਦ੍ਰਿਸ਼ਟ। ਨਿਰੰਜਨਿ—ਜੋ ਮਾਇਆ ਤੋਂ ਅਤੀਤ ਹੈ। ਰਾਤੇ—ਰੰਗੇ ਹੋਏ। ਸਿਉ—ਨਾਲ।੪। ਐ ਜੀਉ—ਹੇ (ਮੇਰੀ) ਜਿੰਦੇ। ਟੇਕ ਟਿਕਾਈ—ਆਸਰਾ ਲੈ ਕੇ।੫। ਅਬ ਤਬ—ਹੁਣ ਭੀ ਤੇ ਤਦੋਂ ਭੀ, ਸਦਾ। ਪੁਕਾਰਉ—ਮੈਂ ਪੁਕਾਰਦਾ ਹਾਂ।੬। ਐ ਜੀ—ਹੇ ਪ੍ਰਭੂ ਜੀ! ਪੈਜ—ਲਾਜ। ਗੁਰ ਦਰਸੁ—ਗੁਰ ਦਰਸ਼ਨ। ਜਲਾਈ—ਜਲਾਏ, ਸਾੜਦਾ।੭। ਮਾਗਉ—ਮੈਂ ਮੰਗਾਂ। ਰਹੈ ਨ ਦੀਸੈ—ਸਦਾ ਰਹਿਣ ਵਾਲਾ ਨਹੀਂ ਦਿੱਸਦਾ। ਕੰਠਿ—ਕੰਠੀ, ਮਾਲਾ। ਬਣਾਈ—ਮੈਂ ਬਣਾ ਲਈ।੮।

ਅਰਥ :

ਪ੍ਰ: ਹੇ ਗੁਰਦੇਵ ਜੀਉ! ਜਿਨ੍ਹਾਂ ਦੇ ਹਿਰਦੇ ਰੂਪੀ ਭਾਂਡੇ ਮਨ-ਮੁਖਤਾ ਨਾਲ ਮੂੰਧੇ ਹੋ ਰਹੇ ਹਨ, ਕੀ ਉਨ੍ਹਾਂ ਨੂੰ ਕੋਈ ਸਜ਼ਾ ਭੀ ਮਿਲਦੀ ਹੈ?

ਉ: ੧. (ਹਾਂ ਜ਼ਰੂਰ) ਹੇ ਭਾਈ ਜੀ! ਸੁਣ, ਜਿਹੜਾ ਮਨੁੱਖ ਗੁਰੂ ਦੀ ਸ਼ਰਣ ਪ੍ਰਾਪਤ ਨਹੀਂ ਕਰਦਾ, ਉਸ ਦਾ ਹਿਰਦਾ ਮਨਮੁਖਤਾ ਨਾਲ ਪੁੱਠਾ ਹੋ ਰਿਹਾ ਹੈ, ਉਹ ਬੰਦਾ ਜੰਮ ਕੇ ਮਰਦਾ ਹੈ, ਫਿਰ ਆਉਂਦਾ ਹੈ, ਫਿਰ ਜਾਂਦਾ ਹੈ, (ਪਰ ਯਾਦ ਰੱਖੋ) ਗੁਰੂ ਤੋਂ ਸਖਣੇ ਰਹਿਕੇ ਉਸ ਨੂੰ ਮੁਕਤੀ ਦੀ ਪ੍ਰਾਪਤੀ ਕੋਈ ਨਹੀਂ ਹੋ ਸਕਦੀ।

ਪ੍ਰ: ਕਿਉਂ ਜੀ! ਜੋ ਲੋਕ ਗੁਰੂ ਦੀ ਸ਼ਰਣ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਨੂੰ ਕਿਸ ਫਲ ਦੀ ਪ੍ਰਾਪਤੀ ਹੋਵੇਗੀ?

ਉ: ੨. ਹੇ ਪਿਆਰੇ! ਜੋ ਮਨੁੱਖ ਗੁਰੂ ਦੀ ਸ਼ਰਣ ਪ੍ਰਾਪਤ ਕਰਦੇ ਹੋਏ ਨਾਮ ਵਿਚ ਰਤੇ ਰਹਿੰਦੇ ਹਨ, ਉਹ ਨਾਮ ਦੁਆਰਾ ਗਤਿ ਤੇ ਪਤ ਪ੍ਰਾਪਤ ਕਰ ਲੈਂਦੇ ਹਨ, ਭਾਵ ਉਹ ਇਸ ਲੋਕ ਵਿਚ ਇੱਜ਼ਤ ਤੇ ਪ੍ਰਲੋਕ ਵਿਚ ਮੁਕਤੀ ਪਾ ਲੈਂਦੇ ਹਨ।੧।

ਪ੍ਰ: ਹਜ਼ੂਰ! ਦੱਸੋ ਫਿਰ ਹੁਣ ਮੈਂ ਕੀ ਕਰਾਂ?

ਉ: ੩. ਹੇ ਭਾਈ! ਵੇਖ, ਪਰਮੇਸ਼ਰ ਦੇ ਨਾਮ ਜਪਣ ਦੀ ਇਹੋ ਜਿਹੀ ਬਰਕਤ ਹੈ ਕਿ ਇਸ ਜੀਵ ਦੇ ਜੰਮਣ ਮਰਨ ਦਾ ਗੇੜ ਮੁੱਕ ਜਾਂਦਾ ਹੈ, (ਇਸ ਲਈ) ਹੇ ਸੱਜਣਾ! ਤੂੰ ਰਾਮ ਨਾਮ ਵਿਚ ਚਿੱਤ ਨੂੰ ਜੋੜੀਂ ਰੱਖ।

ਪ੍ਰ: ਕਿਉਂ ਜੀ! ਇਉਂ ਚਿੱਤ ਜੋੜੀਂ ਰੱਖਣ ਨਾਲ ਮੈਨੂੰ ਪ੍ਰਾਪਤੀ ਕੀ ਹੋਵੇਗੀ?

ਉ: ੪. ਹੇ ਮਿੱਤ੍ਰਾ! ਜੇ ਗੁਰੂ ਦੀ ਕਿਰਪਾ ਦੁਆਰਾ, ਭਾਵ ਗੁਰੂ ਦੀ ਮਿਹਰ ਦਾ ਪਾਤਰ ਬਣ ਜਾਏਂ (ਤੇ ਇਕ) ਪ੍ਰਭੂ ਨੂੰ ਹੀ ਮੰਗਦਾ ਰਵੇਂ, ਭਾਵ ਹਰੀ ਨਾਲ ਹੀ ਪ੍ਰੇਮ ਕਰਦਾ ਰਵੇਂ, ਤਾਂ ਫਿਰ ਤੈਨੂੰ ਨਾਮ ਦੀ ਐਸੀ ਵਡਿਆਈ ਪ੍ਰਾਪਤ ਹੋਵੇਗੀ, ਜਿਹੜੀ ਕਿ ਗਤਿ ਪਤ ਦੇਣ ਦੀ ਸਮਰੱਥਾ ਰੱਖਦੀ ਹੈ। (ਇਸ ਲਈ ਤੂੰ ਹਰੀ ਪਾਸੋਂ ਨਾਮ ਦੀ ਦਾਤ ਹੀ ਮੰਗ)।੧।ਰਹਾਉ।

ਪ੍ਰ: ਕਿਉਂ ਜੀ! ਵੇਖਣ ਵਿਚ ਆਉਂਦਾ ਹੈ ਕਿ ਬਹੁਤ ਲੋਕ ਭਿੰਨ-ਭਿੰਨ ਭੇਖਾਂ ਵਾਲੇ ਹਨ, ਉਨ੍ਹਾਂ ਦੀ ਭੀ ਵਡਿਆਈ ਹੋ ਰਹੀ ਹੈ।

ਉ: ੫. ਹੇ ਭਾਈ! ਜੋ ਲੋਕ ਨਾਮ ਵਿਸਾਰ ਕੇ ਪੇਟ ਭਰਨ ਦੀ ਖ਼ਾਤਰ (ਦਰ ਦਰ ਤੋਂ) ਭਿਖਿਆ ਲੈਣ ਵਾਸਤੇ ਕਈ ਤਰ੍ਹਾਂ ਦੇ (ਧਾਰਮਿਕ) ਭੇਖ ਤਾਂ ਧਾਰਨ ਕਰਦੇ ਹਨ।

੬. ਪਰ ਮਿੱਤਰਾ! (ਯਾਦ ਰਹੇ) ਮਨੁੱਖ ਨੂੰ ਹਰੀ ਦੀ ਭਗਤੀ ਤੋਂ ਬਿਨਾਂ ਸੁੱਖ ਨਹੀਂ ਮਿਲਦਾ ਅਤੇ ਗੁਰੂ ਤੋਂ ਸਖਣੇ ਰਹਿ ਕੇ ਹੰਕਾਰ ਭੀ ਦੂਰ ਨਹੀਂ ਹੁੰਦਾ (ਤੇ ਇਹੋ ਹੀ ਹੰਕਾਰ ਭਗਤੀ ਦੇ ਮਾਰਗ ਵਿਚ ਰੋਕ ਰੂਪ ਹੈ)।੨।

ਪ੍ਰ: ਹੇ ਗੁਰੋ! ਨਾਮ ਸਿਮਰਨ ਤੋਂ ਸਖਣੇ ਮਨੁੱਖਾਂ ਦੀ ਕੀ ਦਸ਼ਾ ਹੁੰਦੀ ਹੈ?

ਉ: ੭. ਹੇ ਪਿਆਰੇ! ਨਾਮ ਸਿਮਰਨ ਤੋਂ ਬਿਨਾ ਜਨਮ-ਜਨਮ ਵਿਚ ਵੈਰ ਕਰਨ ਵਾਲੇ ਕਾਲ ਜੀ ਸਦਾ ਹੀ ਅਜਿਹੇ ਜੀਵਾਂ ਦੇ ਸਿਰ ਉਪਰ ਖੜੇ ਰਹਿੰਦੇ ਹਨ, ਭਾਵ ਕਾਲ ਉਨ੍ਹਾਂ ਨੂੰ ਸਦਾ ਕਾਲ ਚੱਕ੍ਰ ਵਿਚ ਹੀ ਰੱਖਦਾ ਹੈ।

ਪ੍ਰ: ਸ੍ਰੀ ਜੀਉ! ਇਸ ਕਾਲ ਤੋਂ ਬਚ ਕੌਣ ਸਕਦਾ ਹੈ?

ਉ: ੮. ਹੇ ਮਿੱਤਰਾ! ਇਸ ਕਾਲ ਤੋਂ ਤਾਂ ਉਹੀ ਮਨੁੱਖ ਬਚਦੇ ਹਨ ਜੋ ਸੱਚੇ ਨਾਮ ਵਿਚ ਰਚੇ ਰਹਿੰਦੇ ਹਨ, ਪਰ ਹਾਂ! ਇਹ ਸੋਝੀ ਸਤਿਗੁਰੂ ਜੀ ਸੁਝਾਉਂਦੇ ਹਨ।੩।

੯. ਹੇ ਸੱਜਣਾ! ਜੋ ਮਨੁੱਖ ਗੁਰੂ ਦੀ ਸ਼ਰਣ ਵਿਚ ਆ ਗਏ ਹਨ ਤੇ ਨਾਮ ਦਾ ਚਿੰਤਨ ਕਰਦੇ ਹਨ, ਉਨ੍ਹਾਂ ਨਾਮੀ ਪੁਰਖਾਂ ਵੱਲ ਤਾਂ ਮੌਤ ਤੱਕ ਭੀ ਨਹੀਂ ਸਕਦੀ ਅਤੇ ਕਾਲ ਦਾ ਦੂਤ ਵੀ ਉਨ੍ਹਾਂ ਨੂੰ ਸਤਾ ਨਹੀਂ ਸਕਦਾ।

ਪ੍ਰ: ਕਿਉਂ ਜੀ! ਉਨ੍ਹਾਂ ਨੂੰ ਦੁੱਖ ਨਾ ਦੇਣ ਦਾ ਕਾਰਣ ਕੀ ਹੈ?

ਉ: ੧੦. ਹੇ ਭਾਈਓ! ਕਾਰਣ ਇਹੋ ਹੈ ਕਿ (ਉਹ ਗੁਰੂ ਦੀ ਕਿਰਪਾ ਨਾਲ) ਉਹ ਨਾਮੀ ਪੁਰਖ ਅਦ੍ਰਿਸ਼ਟ ਸੁਆਮੀ ਨਿਰੰਜਨ ਵਿਚ ਰਤੇ ਹੋਏ ਹੁੰਦੇ ਹਨ ਅਤੇ ਉਹ ਉਸੇ ਹੀ ਨਿਰਭਉ ਵਿਚ ਲਿਵ ਲਾਈ ਰੱਖਦੇ ਹਨ।੪।

ਪ੍ਰ: ਹਜ਼ੂਰ! ਹੁਣ ਦੱਸੋ ਮੈਂ ਕੀ ਕਰਾਂ ?

ਉ: ੧੧. ਹੇ ਮੇਰੀ ਜਿੰਦੇ! ਤੂੰ ਨਾਮ ਨੂੰ ਹੀ ਅੰਦਰ ਦ੍ਰਿੜ੍ਹ ਕਰੀ ਰੱਖ, ਨਾਮ ਨਾਲ ਹੀ ਲਿਵ ਲਾਓ, (ਕਿਉਂਕਿ) ਸਤਿਗੁਰੂ ਜੀ ਨੇ (ਸਿੱਖ ਨੂੰ) ਇਕੋ ਇਹੋ ਹੀ ਆਸਰਾ ਦਿੱਤਾ ਹੈ।

੧੨. ਹੇ ਪਿਆਰੇ! ਜੋ ਉਸ ਨੂੰ ਭਾਵੇਗਾ ਉਹੀ ਕਰੇਗਾ, (ਉਸ ਦਾ) ਕੀਤਾ ਹੋਇਆ ਮੋੜਿਆ ਨਹੀਂ ਜਾਂਦਾ (ਇਸ ਲਈ) ਇਹ ਜਾਣ ਕੇ ਉਸ ਦੇ ਭਾਣੇ ਉੱਤੇ ਸ਼ਾਕਰ ਹੋਵੋ।੫।

ਪ੍ਰ: ਸ੍ਰੀ ਜੀਉ! ਭਾਣੇ ਵਿਚ ਸ਼ਾਕਰ ਰਿਹਾ ਨਹੀਂ ਜਾਂਦਾ, ਕੋਈ ਉਪਾਉ ਦੱਸ ਦਿਓ।

ਉ: ੧੩. ਐ ਮਿੱਤਰੋ! ਉਪਾਉ ਇਕੋ ਅਰਦਾਸ ਹੈ, ਜੋ ਇਉਂ ਸਦਾ ਹੀ ਕਰਦੇ ਰਹੋ ਕਿ ਹੇ ਗੁਰੂ ਜੀਉ! ਮੈਂ ਨੱਠ ਕੇ ਤੁਹਾਡੀ ਸ਼ਰਣ ਵਿਚ ਆ ਪਿਆ ਹਾਂ, (ਕਿਉਂਕਿ) ਮੈਨੂੰ ਦੂਜੀ ਹੋਰ ਕਿਸੇ ਦੀ ਸ਼ਰਣ ਭਾਈ ਨਹੀਂ, ਭਾਵ ਪਸੰਦ ਹੀ ਨਹੀਂ ਆਈ।

੧੪. ਹੇ ਗੁਰੋ! ਹੁਣ ਤਾਂ ਅਗੇ ਨੂੰ ਮੈਂ ਇਕੋ ਇਕ ਪਰਮੇਸ਼ਰ ਦੇ ਨਾਮ ਨੂੰ ਪੁਕਾਰਦਾ ਹਾਂ, ਭਾਵ ਜਪਦਾ ਹਾਂ, ਕਿਉਂਕਿ ਉਹੀ ਮੁੱਢ ਤੋਂ, ਜੁੱਗਾਂ ਦੇ ਮੁੱਢ ਤੋਂ ਜੀਵਾਂ ਦਾ ਸਾਥੀ ਚਲਿਆ ਆ ਰਿਹਾ ਹੈ।੬।

੧੫. (ਇਸ ਲਈ) ਹੇ ਪ੍ਰਭੂ ਜੀਉ! ਹੁਣ ਤੁਸੀਂ ਹੀ ਆਪਣੇ ਨਾਮ ਦੀ ਪੈਜ ਰੱਖੋ, (ਕਿਉਂਕਿ) ਤੇਰੇ ਨਾਲ ਹੀ ਤੇਰੇ (ਭਗਤਾਂ ਦੀ) ਸਦਾ (ਪ੍ਰੀਤ) ਬਣ ਆਈ ਹੈ।

੧੬. ਹੇ ਪ੍ਰਭੂ ਜੀ! ਕਿਰਪਾ ਕਰਕੇ ਮੈਨੂੰ ਗੁਰੂ ਦਾ ਦਰਸ਼ਨ ਕਰਾ ਦਿਓ, ਤਾਂਕਿ ਗੁਰੂ ਆਪਣੇ ਸ਼ਬਦ ਰਾਹੀਂ (ਮੇਰੇ ਅੰਦਰੋਂ) ਹਉਮੈ ਨੂੰ ਸਾੜ ਦੇਵੇ।੭।

ਪ੍ਰ: ਅੱਗੋਂ ਅਗੰਮੀ ਅਵਾਜ਼ ਆਈ ਕਿ ਤੁਸੀਂ ਨਾਮ ਤੋਂ ਬਿਨਾ ਕੁਝ ਹੋਰ ਮੰਗ ਲਓ ?

ਉ: ੧੭. ਹੇ ਜੀਉ! ਤੁਸੀਂ ਦੱਸੋ ਨਾਮ ਤੋਂ ਬਿਨਾ ਹੋਰ ਮੈਂ ਮੰਗਾਂ ਕੀ (ਕਿਉਂਕਿ) ਨਾਮ ਤੋਂ ਬਿਨਾ ਤਾਂ ਇਥੇ ਕੁਝ ਰਹਿਣ ਵਾਲਾ ਹੀ ਨਹੀਂ ਦਿੱਸਦਾ, (ਕਿਉਂਕਿ) ਮੈਂ ਵੇਖ ਰਿਹਾ ਹਾਂ ਕਿ ਇਸ ਜਗਤ ਵਿਚ ਜਿਹੜਾ ਵੀ ਆਇਆ ਹੈ, ਸੋ ਟੁਰਿਆ ਹੀ ਜਾ ਰਿਹਾ ਹੈ।

ਪ੍ਰ: ਤਾਂ ਫਿਰ ਦੱਸੋ! ਤੁਹਾਡੀ ਅਸਲ ਮੰਗ ਕੀ ਹੈ ?

ਉ: ੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ! ਮੇਰੀ ਤਾਂ ਇਹੋ ਹੀ ਇਕ ਬੇਨਤੀ ਹੈ ਕਿ ਮੈਨੂੰ ਤਾਂ (ਇਕੋ ਆਪਣਾ) ਨਾਮ ਪਦਾਰਥ ਦਿਓ, ਜਿਸ ਨੂੰ ਕਿ ਮੈਂ ਕੰਠ ਤੇ ਹਿਰਦੇ ਵਿਚ ਸੰਵਾਰ ਕੇ ਧਾਰਨ ਕਰੀਂ ਰਖਾਂ, ਭਾਵ ਮੇਰੀ ਰਸਨਾ, ਕੰਠ ਤੇ ਮਨ ਵਿਚ ਨਾਮ ਨੂੰ ਹੀ ਦ੍ਰਿੜ੍ਹ ਕਰਵਾ ਦਿਓ।੮।੩।

ਭਾਵਾਰਥ : ਇਸ ਮਹਾਂ ਵਾਕ ਵਿਚ ਹਜ਼ੂਰ ਇਹ ਸਾਰੰਸ਼ ਅੰਕਤ ਕਰਦੇ ਹਨ ਕਿ ਇਹ ਜੀਵ ਨਾਮ ਤੋਂ ਸਖਣਾ ਸਦਾ ਹੀ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਗੁਰੂ ਤੋਂ ਬਿਨਾ ਇਸ ਦੀ ਮੁਕਤ ਨਹੀਂ ਹੋ ਸਕਦੀ, ਇਸ ਲਈ ਐ ਭਾਈਓ, ਰਾਮ ਨਾਮ ਵਿਚ ਚਿੱਤ ਦੀ ਬ੍ਰਿਤੀ ਜੋੜੀ ਰੱਖੋ। ਗੁਰੂ ਪਾਸੋਂ ਨਾਮ ਦੀ ਹੀ ਜਾਚਨਾ ਕਰਦੇ ਰਹੋ, ਕਿਉਂਕਿ ਭਗਤੀ ਤੋਂ ਸਖਣੇ ਰਹਿ ਕੇ ਅਬਿਨਾਸੀ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਨਾ ਹੀ ਅੰਦਰੋਂ ਹੰਕਾਰ ਹੀ ਮਿਟ ਸਕਦਾ ਹੈ। ਇਹ ਜੋ ਕਾਲ ਜਨਮ ਜਨਮਾਂਤਰਾਂ ਦਾ ਵੈਰੀ ਚਲਿਆ ਆ ਰਿਹਾ ਹੈ, ਇਸ ਤੋਂ ਬਚਣਾ ਕੇਵਲ ਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਹੀ ਹੋ ਸਕਦਾ ਹੈ। ਅੰਤ ਵਿਚ ਨਾਮ ਮੰਗਣ ਦੀ ਹੀ ਪ੍ਰੇਰਣਾ ਕਰਦੇ ਹਨ, ਕਿਉਂਕਿ ਨਾਮ ਤੋਂ ਬਿਨਾ ਜੋ ਵੀ ਕੁਝ ਵੇਖਦੇ ਹਾਂ, ਇਹ ਸਭੋ ਕੁਝ ਆਉਣ ਤੇ ਜਾਣ ਵਾਲਾ ਹੈ। ਆਉਣ ਜਾਣ ਵਲੋਂ ਅਚੱਲ ਕਰਨ ਵਾਲਾ ਕੇਵਲ ਇਕੋ ਨਾਮ ਪਦਾਰਥ ਹੈ, ਇਸੇ ਦੀ ਹੀ ਸਾਈਂ ਜੀ ਪਾਸੋਂ ਜਾਚਨਾ ਕਰਦੇ ਰਹੋ।

ਗੂਜਰੀ ਮਹਲਾ ੧ ॥

੧. ਐ ਜੀ ਨਾ ਹਮ ਉਤਮ ਨੀਚ ਨ ਮਧਿਮ
ਹਰਿ ਸਰਣਾਗਤਿ ਹਰਿ ਕੇ ਲੋਗ ॥
੨. ਨਾਮ ਰਤੇ ਕੇਵਲ ਬੈਰਾਗੀ
ਸੋਗ ਬਿਜੋਗ ਬਿਸਰਜਿਤ ਰੋਗ ॥੧॥
੩. ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥
੪. ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ
ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥
੫. ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ
ਜੋ ਤਿਸੁ ਭਾਵੈ ਸਹਜਿ ਹਰੀ ॥
੬. ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ
ਹਰਿ ਬਿਨੁ ਨਿਹਫਲ ਮੇਕ ਘਰੀ ॥੨॥
੭. ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ
ਨਿੰਦਕ ਗਤਿ ਨਹੀ ਕਾਈ ॥
੮. ਰੋਸੁ ਕਰੈ ਪ੍ਰਭੁ ਬਖਸ ਨ ਮੇਟੈ
ਨਿਤ ਨਿਤ ਚੜੈ ਸਵਾਈ ॥੩॥
੯. ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ
ਮੇਰੈ ਠਾਕੁਰਿ ਆਪਿ ਦਿਵਾਈ ॥
੧੦. ਨਿੰਦਕ ਨਰ ਕਾਲੇ ਮੁਖ ਨਿੰਦਾ
ਜਿਨ੍ਹ ਗੁਰ ਕੀ ਦਾਤਿ ਨ ਭਾਈ ॥੪॥
੧੧. ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ
ਬਿਲਮ ਨ ਅਧੂਆ ਰਾਈ ॥
੧੨. ਆਨਦ ਮੂਲੁ ਨਾਥੁ ਸਿਰਿ ਨਾਥਾ
ਸਤਿਗੁਰੁ ਮੇਲਿ ਮਿਲਾਈ ॥੫॥
੧੩. ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ
ਗੁਰਮਤਿ ਭ੍ਰਮਨਿ ਚੁਕਾਈ ॥
੧੪. ਪਾਰਸੁ ਭੇਟਿ ਕੰਚਨੁ ਧਾਤੁ ਹੋਈ
ਸਤਸੰਗਤਿ ਕੀ ਵਡਿਆਈ ॥੬॥
੧੫. ਹਰਿ ਜਲੁ ਨਿਰਮਲੁ ਮਨੁ ਇਸਨਾਨੀ
ਮਜਨੁ ਸਤਿਗੁਰੁ ਭਾਈ ॥

੧੬. ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥੭॥

੧੭. ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ ॥

੧੮. ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ ॥੮॥੪॥

ਪਦ ਅਰਥ : ਐ ਜੀ—ਹੇ ਭਾਈ। ਉਤਮ—ਉੱਚੀ ਜਾਤ ਦੇ। ਨੀਚ—ਨੀਵੀਂ ਜਾਤ ਦੇ। ਮਧਿਮ—ਵਿਚਲੇ ਮੇਲ ਦੇ, ਵਿਚਕਾਰਲੀ ਜਾਤ ਦੇ। ਹਰਿ ਸਰਣਾਗਤਿ—ਹਰੀ ਦੀ ਸ਼ਰਣ ਵਿਚ ਆਏ ਹੋਏ। ਹਰਿ ਕੇ ਲੋਗ—ਪਰਮੇਸ਼ਰ ਦੇ ਭਗਤ। ਰਤੇ—ਰੰਗੇ ਹੋਏ। ਬੈਰਾਗੀ—ਨਿਰਮੋਹ। ਸੋਗ—ਚਿੰਤਾ। ਬਿਜੋਗ—ਵਿਛੋੜਾ। ਬਿਸਰਜਿਤ—ਵਿਸਾਰੇ ਹੋਏ।੧। ਤੇ—ਤੋਂ, ਨਾਲ। ਵਾਕਿ—ਵਾਕ ਦੀ ਰਾਹੀਂ, ਸ਼ਬਦ ਦੀ ਰਾਹੀਂ। ਕਾਣਿ—ਮੁਥਾਜੀ। ਜਮ ਕੀ ਬਾਕੀ—ਐਸਾ ਬਾਕੀ ਲੇਖਾ ਜਿਸ ਕਰਕੇ ਜਮਰਾਜ ਦਾ ਜ਼ੋਰ ਪੈ ਸਕੇ।੧।ਰਹਾਉ। ਰਸਨ—ਜੀਭ (ਨਾਲ)। ਰਵਹਿ—ਜਪਦੇ ਹਨ। ਪ੍ਰਭ ਸੰਗੇ—ਪ੍ਰਭੂ ਦੀ ਸੰਗਤਿ ਵਿਚ। ਸਹਜਿ—ਸੁਤੇ ਹੀ। ਜਗਿ—ਜਗਤ ਵਿਚ। ਮੇਕ—ਇਕ ਭੀ।੨। ਘਰਿ—ਘਰ ਵਿਚ। ਰੋਸੁ—ਗੁੱਸਾ। ਬਖਸ—ਬਖ਼ਸ਼ਸ਼। ਸਵਾਈ—ਹੋਰ ਵਧੀਕ।੩। ਠਾਕੁਰਿ—ਠਾਕਰ ਨੇ। ਕਾਲੇ ਮੁਖ—ਕਾਲੇ ਮੂੰਹ ਵਾਲੇ। ਨ ਭਾਈ—ਚੰਗੀ ਨਾਹ ਲੱਗੀ।੪। ਬਖਸਿ—ਬਖ਼ਸ਼ ਕੇ, ਮਿਹਰ ਕਰਕੇ। ਬਿਲਮ—ਦੇਰ, ਢਿੱਲ। ਅਧੂਆ ਰਾਈ—ਅੱਧੀ ਰਾਈ, ਰਤਾ ਭਰ ਭੀ। ਆਨਦ ਮੂਲੁ—ਸੁਖਾਂ ਦਾ ਸੋਮਾ। ਸਿਰਿ ਨਾਥਾ—ਨਾਥਾਂ ਦੇ ਸਿਰ 'ਤੇ। ਮੇਲਿ—ਮੇਲ ਵਿਚ।੫। ਰਵਿਆ—ਸਿਮਰਿਆ ਹੈ, ਵਿਆਪਕ ਹੋ ਰਿਹਾ ਹੈ। ਵਸ ਰਿਹਾ ਹੈ। ਭ੍ਰਮਨਿ—ਭਟਕਨਾ, ਭਾਵ ਹੈ ਮਨ ਦੀ ਭਟਕ। ਚੁਕਾਈ—ਮੁਕਾ ਦਿੱਤੀ। ਭੇਟਿ—ਛੁਹ ਕੇ, ਮਿਲ ਕੇ। ਵਡਿਆਈ—ਬਰਕਤ, ਅਜ਼ਮਤ।੬। ਮਜਨੁ—ਚੁਭੀ, ਇਸ਼ਨਾਨ। ਭਾਈ—ਚੰਗਾ ਲੱਗਾ। ਪੁਨਰਪਿ—ਮੁੜ ਮੁੜ।੭। ਅਗੰਮ—ਅਪਹੁੰਚ। ਤਰੋਵਰੁ—ਸ੍ਰੇਸ਼ਟ ਰੁੱਖ। ਜੁਗਿ ਜੁਗਿ—ਸਦਾ ਹੀ। ਸਲਾਹੀ—ਮੈਂ ਸਿਫ਼ਤਿ-ਸਾਲਾਹ ਕਰਾਂ।੮।

ਅਰਥ :

ਪ੍ਰ: ਗੁਰਦੇਵ ਜੀ! ਇਹ ਦੱਸੋ ਕਿ ਸਾਈਂ ਜੀ ਦੀ ਭਗਤੀ ਕਰਨ ਵਾਲੇ ਹਰੀ ਦੇ ਲੋਕਾਂ ਦੀ ਮਾਨਸਿਕ ਅਵਸਥਾ ਕਿਹੋ ਜਿਹੀ ਹੋ ਜਾਇਆ ਕਰਦੀ ਹੈ?

ਉ: ੧. ਹੇ ਸੱਜਣੋ! (ਜੋ ਮਨੁੱਖ ਪਰਮੇਸ਼ਰ ਦੀ ਭਗਤੀ ਕਰਦੇ ਹਨ, ਹਰੀ ਦੀ ਸ਼ਰਣ ਵਿਚ ਆਉਂਦੇ ਹਨ, ਉਨ੍ਹਾਂ ਹਰੀ ਦੇ ਲੋਕਾਂ ਦੇ ਮਨ ਵਿਚੋਂ ਊਚ ਨੀਚਤਾ ਦਾ ਮਾਣ ਹੀ ਮਿਟ ਜਾਂਦਾ ਹੈ) ਹੇ ਭਾਈ! ਉਨ੍ਹਾਂ ਨੂੰ ਨਾ ਹੀ ਇਹ ਮਾਣ ਹੁੰਦਾ ਹੈ ਕਿ ਅਸੀਂ ਸਭ ਤੋਂ ਉੱਚੀ, ਜਾਂ ਵਿਚਕਾਰਲੀ ਜਾਤ ਦੇ ਹਾਂ ਅਤੇ ਉਨ੍ਹਾਂ ਦੇ ਅੰਦਰ ਇਹ ਵੀ ਸਹਿਮ ਨਹੀਂ ਹੋਇਆ ਕਰਦਾ ਕਿ ਅਸੀਂ ਨੀਵੀਂ ਜਾਤ ਦੇ ਹਾਂ।

ਪ੍ਰ: ਕਿਉਂ ਜੀ। ਉਹ ਇਸ ਊਚ ਨੀਚਤਾ ਦੇ ਭੇਦ ਤੋਂ ਉੱਚੇ ਕਿਵੇਂ ਹੋ ਗਏ?

ਉ: ੨. ਹੇ ਸੱਜਣੋ! ਉਹ ਕੇਵਲ ਨਾਮ ਦੇ (ਰੰਗ) ਵਿਚ ਰਤੇ ਰਹਿੰਦੇ ਹਨ, ਜਿਸ ਕਰਕੇ ਉਹ (ਇਸ ਊਚ ਨੀਚਤਾ) ਦੇ ਦ੍ਵੰਦ ਬਾਦਿ ਵਲੋਂ (ਬੈਰਾਗੀ) ਨਿਰਮੋਹੇ ਰਹਿੰਦੇ ਹਨ। ਇਸੇ (ਨਿਰਮੋਹਤਾ ਦੀ ਬਰਕਤ ਨਾਲ ਉਹ ਆਪਣੇ ਅੰਦਰੋਂ) ਚਿੰਤਾ, ਵਿਛੋੜਾ, ਤੇ ਹਉਮੈ ਆਦਿ ਰੋਗਾਂ ਨੂੰ ਉਨ੍ਹਾਂ ਨੇ ਛੱਡ ਦਿੱਤਾ ਹੋਇਆ ਹੈ।੧।

ਪ੍ਰ: ਸ੍ਰੀ ਜੀਉ! ਇਹ ਉੱਪਰ ਕਹੀ ਅਵਸਥਾ ਤਾਂ ਭਗਤ ਲੋਕਾਂ ਦੀ ਹੋਇਆ ਕਰਦੀ ਹੈ, ਪਰ ਉਨ੍ਹਾਂ ਨੂੰ ਇਹ ਨਿਰਮੋਹਤਾ ਦੀ ਅਵਸਥਾ ਕਿਸ ਸਾਧਨ ਕਰਨ ਨਾਲ ਮਿਲੀ ਹੈ?

ਉ: ੩. ਹੇ ਭਾਈਓ! ਇਹ ਉੱਪਰ ਕਹੀ ਭਗਤਾਂ ਦੀ ਅਵਸਥਾ ਉਨ੍ਹਾਂ ਨੂੰ ਕਿਸੇ ਸਾਧਨਾ ਕਰਕੇ ਨਹੀਂ ਮਿਲੀ, ਇਹ ਤਾਂ ਠਾਕਰ ਦੀ ਭਗਤੀ ਗੁਰੂ ਦੀ ਮਿਹਰ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਪ੍ਰ: ਕਿਉਂ ਜੀ! ਉਹ ਕਿਵੇਂ?

ਉ: ੪. ਹੇ ਭਾਈ! ਉਹ ਗੁਰੂ ਦੀ ਸੰਗਤ ਵਿਚ ਰਹਿੰਦੇ ਹੋਏ, ਗੁਰੂ ਉਪਦੇਸ਼ ਰਾਹੀਂ ਆਪਣੇ ਹਿਰਦੇ ਵਿਚ ਪਰਮੇਸ਼ਰ ਦਾ ਪਵਿੱਤ੍ਰ ਨਾਮ ਵਸਾ ਲੈਂਦੇ ਹਨ। ਉਸ ਨਿਰਮਲ ਨਾਮ ਦਾ ਸਦਕਾ ਉਨ੍ਹਾਂ ਨੂੰ ਜਮ ਦੀ ਕੋਈ ਕਨੌਂਡ ਨਹੀਂ ਰਹਿ ਜਾਂਦੀ ਅਤੇ ਉਨ੍ਹਾਂ ਦੇ ਜ਼ਿੰਮੇ ਨਾ ਹੀ ਕੋਈ ਜਮਾਂ ਦੀ ਬਾਕੀ ਰਹਿ ਜਾਂਦੀ ਹੈ, ਭਾਵ ਉਨ੍ਹਾਂ ਦੇ ਪਿਛਲੇ ਕਰਮਾਂ ਦਾ ਕੋਈ ਅਜਿਹਾ ਲੇਖਾ ਬਾਕੀ ਨਹੀਂ ਰਹਿ ਜਾਂਦਾ, ਜਿਸ ਕਰਕੇ ਉਨ੍ਹਾਂ ਨੂੰ ਜਮਰਾਜ ਦੀ ਮੁਥਾਜੀ ਕਰਨੀ ਪਵੇ।੧।ਰਹਾਉ।

ਪ੍ਰ: ਹਜ਼ੂਰ ਜੀਉ! ਇਸ ਅਵਸਥਾ ਵਿਚ ਪਹੁੰਚੇ ਹੋਏ ਮਨੁੱਖ ਦੀ ਮਾਨਸਕ ਕਿਰਿਆ ਕਿਸ ਰੂਪ ਵਿਚ ਹੁੰਦੀ ਰਹਿੰਦੀ ਹੈ?

ਉ: ੫. ਹੇ ਭਾਈਓ! ਉਹ ਸਾਈਂ ਜੀ ਦੇ ਭਗਤ (ਹਮੇਸ਼ਾ) ਪਰਮੇਸ਼ਰ ਦੀ ਸੰਗਤ ਵਿਚ ਹੀ ਟਿਕੇ ਰਹਿੰਦੇ ਹਨ ਅਤੇ ਆਪਣੀ ਜ਼ਬਾਨ ਨਾਲ ਪਰਮੇਸ਼ਰ ਦੇ ਗੁਣ ਗਾਉਂਦੇ ਹਨ। ਉਹ ਆਪਣੇ ਅੰਤਰ ਆਤਮਾ ਵਿਚ ਇਉਂ ਹੀ ਨਿਸਚਾ ਕਰਦੇ ਹਨ ਕਿ ਜੋ ਵੀ ਕੁਝ ਵਾਪਰਦਾ ਹੈ, ਇਹ ਹਰੀ ਜੀ ਵਲੋਂ ਸੁਭਾਵਕ ਹੀ ਹੋ ਰਿਹਾ ਹੈ, ਭਾਵ ਉਸ ਨੂੰ ਉਹ ਪ੍ਰਭੂ ਜੀ ਦੀ ਰਜ਼ਾ ਹੀ ਮੰਨਦੇ ਹਨ।

੬. ਫਿਰ ਉਨ੍ਹਾਂ ਦਾ ਮਨ ਇਸ ਟਿਕਾਅ ਵਿਚ ਹੁੰਦਾ ਹੈ ਕਿ ਉਸ ਪਰਮੇਸ਼ਰ ਦੇ ਨਾਮ ਤੋਂ ਬਿਨਾ ਜੋ ਜਗਤ ਵਿਚ ਜੀਉਣਾ ਹੈ, ਇਹ ਜੀਵਨ ਬੇ-ਅਰਥ ਹੈ। ਉਨ੍ਹਾਂ ਨੂੰ ਤਾਂ ਸਾਈਂ ਜੀ ਦੀ ਭਗਤੀ ਤੋਂ ਸਖਣੀ ਇਕ ਘੜੀ ਭੀ ਨਿਸਫਲ ਜਾਪਦੀ ਹੈ।੨।

ਪ੍ਰ: ਹੇ ਗੁਰੋ! ਕਈ ਲੋਕ ਐਸੇ ਭਗਤਾਂ ਦੀ ਨਿੰਦਾ ਭੀ ਕਰਦੇ ਵੇਖੇ ਜਾਂਦੇ ਹਨ, ਕੀ ਉਨ੍ਹਾਂ ਨਿੰਦਕਾਂ ਨੂੰ ਕੋਈ ਸਜ਼ਾ ਭੀ ਮਿਲੇਗੀ?

ਉ: ੭. (ਹਾਂ ਜ਼ਰੂਰ) ਹੇ ਭਾਈਓ! ਜੋ ਐਸੇ ਖੋਟੇ ਨਿੰਦਕ ਲੋਕ ਪਰਮੇਸ਼ਰ ਦੇ ਭਗਤਾਂ ਵਾਸਤੇ ਅੰਦਰ ਖੋਟ ਰਖਦੇ ਹਨ ਅਤੇ ਭਗਤਾਂ ਦੀ ਨਿੰਦਾ ਕਰਦੇ ਹਨ, ਉਨ੍ਹਾਂ ਲੋਕਾਂ ਨੂੰ ਤਾਂ ਪ੍ਰਲੋਕ ਵਿਚ ਕਿਤੇ ਵੀ ਢੋਈ ਨਹੀਂ ਮਿਲਦੀ ਅਤੇ ਨਾ ਹੀ ਉਸਦੀ ਕਦੀ

ਮੁਕਤੀ ਹੋਇਆ ਕਰਦੀ ਹੈ। (ਕਿਉਂਕਿ ਉਸਦੀ ਆਪਣੀ ਮਾਨਸਿਕ ਦਸ਼ਾ ਸ਼ੁੱਧ ਨਹੀਂ ਹੁੰਦੀ)।

ਪ੍ਰ: ਕਿਉਂ ਜੀ ! ਉਨ੍ਹਾਂ ਨਿੰਦਕਾਂ ਦੀ ਨਿੰਦਾ ਸੁਣ ਕੇ ਉਸ ਭਗਤਾਂ ਦੇ ਮਾਲਕ ਪ੍ਰਭੂ 'ਤੇ ਵੀ ਕੋਈ ਅਸਰ ਹੋਇਆ ਕਰਦਾ ਹੈ ? (ਉੱਕਾ ਹੀ ਨਹੀਂ)।

ਉ: ੮. ਹੇ ਭਾਈਓ ! ਜੋ ਨਿੰਦਕ ਲੋਕ ਹਰੀ ਦੇ ਭਗਤਾਂ ਨਾਲ ਰੋਸ ਕਰਦੇ ਹਨ, ਭਾਵ ਜੋ ਆਪਣੇ ਗੁੱਸੇ ਗਿਲੇ ਕੁਬਚਨ ਬੋਲ ਕੇ ਕੱਢਦੇ ਹਨ, ਪਰ ਉਹ ਪ੍ਰਭੂ ਆਪਣੇ ਭਗਤਾਂ ਉੱਤੇ ਕੀਤੀ ਬਖ਼ਸ਼ਸ਼ ਨੂੰ (ਨਿੰਦਕਾਂ ਦੀ ਨਿੰਦਾ ਸੁਣ ਕੇ) ਮੇਟਦਾ ਨਹੀਂ, ਸਗੋਂ ਭਗਤਾਂ ਨੂੰ ਸਾਈਂ ਜੀ ਵਲੋਂ ਮਿਲਦੀ ਦਾਤ ਸਦਾ-ਸਦਾ (ਦੂਣ) ਸਵਾਈ ਹੋਕੇ ਵਧਦੀ ਜਾਂਦੀ ਹੈ।੩।

ਪ੍ਰ: ਸ੍ਰੀ ਜੀਉ ! ਉਨ੍ਹਾਂ ਭਗਤਾਂ ਨੂੰ ਮਿਲੀ ਹੋਈ ਬਖ਼ਸ਼ਸ਼ ਦੇ ਨਾ ਘਟਣ ਦਾ ਅਸਲ ਕਾਰਣ ਕੀ ਹੈ ?

ਉ: ੯. ਹੇ ਪਿਆਰੇ ਜੀ ! ਉਹ ਦਾਤ ਗੁਰੂ ਦੀ ਦਿੱਤੀ ਹੋਈ ਹੈ, ਜਿਸਨੂੰ ਕੋਈ ਮਿਟਾ ਹੀ ਨਹੀਂ ਸਕਦਾ, ਕਿਉਂਕਿ ਇਹ ਦਾਤ ਗੁਰੂ ਤੋਂ ਠਾਕਰ ਨੇ ਆਪ ਹੀ ਦਿਵਾਈ ਹੁੰਦੀ ਹੈ।

੧੦. ਹੇ ਭਾਈਓ ! ਜਿਨ੍ਹਾਂ ਨਿੰਦਕਾਂ ਨੂੰ ਗੁਰੂ ਦੀ ਦਾਤ ਦਿੱਤੀ ਹੋਈ ਨਹੀਂ ਭਾਉਂਦੀ, ਉਹ ਭਗਤਾਂ ਦੀ ਐਵੇਂ ਨਿੰਦਾ ਕਰਦੇ ਹਨ। ਉਹ ਇਉਂ ਨਿੰਦਾ ਕਰਕੇ ਆਪਣੇ ਮੂੰਹ ਕਾਲੇ ਕਰਵਾ ਲੈਂਦੇ ਹਨ।੪।

ਪ੍ਰ: ਹਜ਼ੂਰ ! ਕੀ ਉਹ ਅਜਿਹੇ ਨਿੰਦਕ ਬਖ਼ਸ਼ੇ ਭੀ ਜਾ ਸਕਦੇ ਹਨ ?

ਉ: ੧੧. (ਹਾਂ ਜ਼ਰੂਰ) ਹੇ ਭਾਈ ! ਉਹ ਨਿੰਦਕ ਕੀ ਜੋ ਵੀ ਕੋਈ ਸ਼ਰਣੀ ਆ ਪੈਂਦਾ ਹੈ, ਪ੍ਰਭੂ ਉਸਨੂੰ ਬਖ਼ਸ਼ ਕੇ (ਆਪਣੇ ਨਾਲ) ਮਿਲਾ ਲੈਂਦਾ ਹੈ।

ਪ੍ਰ: ਹਜ਼ੂਰ ਜੀ ! ਐਸੇ ਨਿੰਦਕ ਨੂੰ ਤਾਂ ਬਖ਼ਸ਼ਣ ਲਈ ਬਹੁਤ ਲੰਮਾ ਸਮਾਂ ਲੱਗਦਾ ਹੋਵੇਗਾ।

ਉ: ਨਹੀਂ, ਹੇ ਪਿਆਰੇ ! (ਉਸ ਨੂੰ ਬਖ਼ਸ਼ਣ ਲਗਿਆਂ ਤਾਂ) ਉਹ ਸਾਈਂ ਅਧੀ ਰਾਈ ਦੇ ਦਾਣੇ ਜਿਤਨੀ ਵੀ ਢਿੱਲ ਨਹੀਂ ਲਗਾਉਂਦਾ। ਭਾਵ ਸ਼ੀਘਰ ਹੀ ਆਪਣੇ ਨਾਲ ਮਿਲਾਪ ਬਖ਼ਸ਼ਸ਼ ਕਰ ਲੈਂਦਾ ਹੈ।

੧੨. ਹੇ ਸੱਜਨੋ ! ਜੋ ਅਨੰਦ ਦੀ ਜੜ੍ਹ (ਸੋਮਾ) ਨਾਥਾਂ ਦਾ ਨਾਥ (ਮਾਲਕਾਂ ਦਾ ਵੱਡਾ ਮਾਲਕ) ਹੈ, ਉਹ ਸਤਿਗੁਰੂ ਨੂੰ ਮਿਲ ਕੇ ਹੀ ਪ੍ਰਾਪਤ ਹੋਇਆ ਹੈ।੫।

ਪ੍ਰ: ਹੇ ਗੁਰੋ ! ਮਨ ਵਿਚ ਹਰ ਵਕਤ ਭਟਕਣਾ ਬਣੀ ਰਹਿੰਦੀ ਹੈ, ਇਹ ਕਿਵੇਂ ਦੂਰ ਹੋਵੇ ? ਕੋਈ ਸਾਧਨ ਦੱਸੋ।

ਉ: ੧੩. ਹੇ ਭਾਈਓ ! ਉਹ ਪਰਮੇਸ਼ਰ ਦਇਆ ਦਾ ਸੋਮਾ ਹੈ। ਉਹ ਜੀਵਾਂ ਉੱਤੇ ਸਦਾ ਹੀ ਦਇਆ ਕਰਦਾ ਹੈ, ਪਰ ਜਿਹੜਾ ਮਨੁੱਖ ਗੁਰੂ ਦੀ ਮਤਿ ਲੈ ਕੇ ਉਸ ਨੂੰ ਸਿਮਰਦਾ ਹੈ, ਪ੍ਰਭੂ ਉਸ ਦੀ ਭਟਕਣਾ ਮਿਟਾ ਦੇਂਦਾ ਹੈ। (ਕਿਉਂਕਿ) ਗੁਰੂ ਦੀ ਮਤਿ, ਹਿਰਦੇ ਵਿਚੋਂ ਹੋਰ-ਹੋਰ ਪਾਸੇ ਭਰਮਣ ਦੀ ਭਟਕਣਾ ਮੁਕਾ ਦੇਂਦੀ ਹੈ।

ਪ੍ਰ: ਹਜ਼ੂਰ ਜੀ ! ਉਹ ਕਿਵੇਂ ?

ਉ: ੧੪. ਹੇ ਪਿਆਰੇ ! ਉਹ ਇਸ ਤਰ੍ਹਾਂ ਕਿ ਜਿਵੇਂ ਇਕ ਨੀਵੀਂ ਧਾਤ ਪਾਰਸ ਨੂੰ ਮਿਲ ਕੇ ਸੋਨਾ ਹੋ ਜਾਂਦੀ ਹੈ, ਸਤਿ ਸੰਗਤ ਦੀ ਵਡਿਆਈ ਭੀ ਉਸੇ ਪ੍ਰਕਾਰ ਦੀ ਹੈ।੬।

੧੫. ਹੇ ਪਿਆਰਿਓ ! ਹੋਰ ਦ੍ਰਿਸ਼ਟਾਂਤ ਸੁਣੋ, ਹਰੀ ਤਾਂ ਮਾਨੋ ਇਕ ਨਿਰਮਲ ਜਲ ਹੈ, ਸਿੱਖ ਦਾ ਮਨ ਇਸ਼ਨਾਨ ਕਰਨ ਵਾਲਾ ਹੈ ਅਤੇ ਸਤਿਗੁਰੂ ਜੀ ਇਸ਼ਨਾਨ ਕਰਵਾਉਣ ਵਾਲਾ ਹੈ। ਜਿਸ ਮਨੁੱਖ ਨੂੰ ਆਪਣੇ ਮਨ ਵਿਚ ਸਤਿਗੁਰੂ ਪਿਆਰਾ ਲੱਗਦਾ ਹੈ, ਉਸ ਦਾ ਮਨ ਪਵਿੱਤ੍ਰ ਜਲ ਵਿਚ ਚੁੱਭੀ ਲਾਉਂਦਾ ਹੈ।

ਪ੍ਰ: ਕੀ ਉਸ ਨੂੰ ਕੋਈ ਫਲ ਭੀ ਮਿਲਦਾ ਹੈ ?

ਉ: ੧੬. (ਹਾਂ ਜ਼ਰੂਰ) ਹੇ ਪਿਆਰੇ ! ਗੱਲ ਕੀ ਹਰੀ ਦੇ ਜਨਾਂ ਦੀ ਸੰਗਤ ਕਰਨੇ ਵਾਲੇ ਨੂੰ ਮੁੜ ਕੇ ਜਨਮ ਨਹੀਂ ਹੁੰਦਾ (ਕਿਉਂਕਿ) ਗੁਰੂ ਉਸ ਦੀ ਜੋਤ ਨੂੰ ਪ੍ਰਭੂ ਦੀ ਜੋਤ ਵਿਚ ਮਿਲਾ ਦੇਂਦਾ ਹੈ।੭।

ਪ੍ਰ: ਕਿਉਂ ਜੀ ! ਜਦੋਂ ਉਨ੍ਹਾਂ ਦੀ ਜੋਤ ਪ੍ਰਭੂ ਦੀ ਜੋਤੀ ਵਿਚ ਮਿਲ ਗਈ, ਉਨ੍ਹਾਂ ਨੂੰ ਫਿਰ ਹੋਰ ਕੁਝ ਕਰਨ ਵਾਲਾ ਤਾਂ ਨਹੀਂ ਰਹਿ ਜਾਂਦਾ ?

ਉ: ੧੭. ਹੇ ਮਿੱਤਰੋ ! ਉਨ੍ਹਾਂ ਦੀ ਦਿਖਲਾਵੇ ਮਾਤ੍ਰ ਕਿਰਿਆ ਤਾਂ ਸਾਰੀ ਮੁੱਕ ਜਾਂਦੀ ਹੈ, ਪਰ ਹਾਂ, ਇਕ ਅਰਦਾਸ ਜ਼ਰੂਰ ਚਲਦੀ ਰਹਿੰਦੀ ਹੈ। ਉਹ ਹਰ ਵਕਤ ਇਉਂ ਹੀ ਅਰਜ਼ੋਈ ਕਰਦੇ ਰਹਿੰਦੇ ਹਨ ਕਿ ਹੇ ਗੰਮਤਾ ਤੋਂ ਪਰੇ ਮਹਾਨ ਸੁਆਮੀ ! ਤੂੰ ਇਕ ਬ੍ਰਿਛ ਦੀ ਨਿਆਈਂ ਹੈਂ, ਅਸੀਂ ਇਕ ਪੰਛੀ ਦੀ ਤਰ੍ਹਾਂ ਤੇਰੇ ਵਿਚ ਰਹਿਣ ਵਾਲੇ ਤੇਰੇ ਹੀ ਆਸਰੇ ਹਾਂ।

ਪ੍ਰ: ਕਿਉਂ ਜੀ ! ਤੁਸੀਂ ਮੰਗਦੇ ਕੀ ਹੋ ?

ਉ: ੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ ! ਤੁਸੀਂ ਮੈਨੂੰ ਆਪਣਾ ਪਵਿੱਤ੍ਰ ਨਾਮ ਦਿਓ (ਜੋ ਕਿ ਸਰੋਵਰ ਵਿਚ ਬੈਠੇ ਪੰਛੀਆਂ ਵਾਂਙੂ) ਜੁਗੋ ਜੁਗ ਸ਼ਬਦ ਦੁਆਰਾ ਤੇਰੀ ਸਿਫ਼ਤਿ-ਸਾਲਾਹ ਕਰਦੇ ਰਹੀਏ, ਭਾਵ ਹੈ ਤੇਰੇ ਹੀ ਗੁਣ ਗਾਉਂਦੇ ਰਹੀਏ।੮।੪।

ਭਾਵਾਰਥ : ਇਸ ਸ਼ਬਦ ਵਿਚ ਪਰਮੇਸ਼ਰ ਦੀ ਭਗਤੀ ਗੁਰੂ ਕਿਰਪਾ ਦੁਆਰਾ ਪ੍ਰਾਪਤ ਹੋਣੀ ਦੱਸੀ ਹੈ। ਭਗਤੀ ਦੁਆਰਾ ਜਮਾਂ ਦੀ ਕਣੌਂਡ ਨਹੀਂ ਰਹਿ ਜਾਂਦੀ। ਭਗਤੀ ਦੀ ਬਰਕਤ ਨਾਲ ਉਨ੍ਹਾਂ ਦਾ ਹਿਰਦਾ ਨਿਰਮਲ ਹੋ ਜਾਂਦਾ ਹੈ। ਉਹ ਰਸਨਾ ਦੁਆਰਾ ਸਦਾ ਹੀ ਨਾਮ ਸਿਮਰਦੇ ਰਹਿੰਦੇ ਹਨ, ਨਾਮ ਤੋਂ ਸਖਣੇ ਜੀਵਨ ਨੂੰ ਉਹ ਸਦਾ ਹੀ ਬਿਅਰਥ ਗੁਜ਼ਰਦਾ ਜਾ ਰਿਹਾ ਅਨੁਭਵ ਕਰਦੇ ਹਨ। ਅਜਿਹੀ ਉੱਚੀ ਅਵਸਥਾ ਪ੍ਰਾਪਤ ਕਰਨ ਵਾਲਿਆਂ ਦੀ ਜੇ ਕੋਈ ਨਿੰਦਾ ਵੀ ਕਰਦਾ ਹੈ, ਤਾਂ ਇਸ ਤਰ੍ਹਾਂ ਉਨ੍ਹਾਂ ਦੀ ਵਡਿਆਈ ਹੋ ਰਹੀ ਵਿਚ ਕੋਈ ਕਮੀ ਨਹੀਂ ਆਇਆ ਕਰਦੀ, ਸਗੋਂ ਉਨ੍ਹਾਂ ਦੀ ਵਡਿਆਈ ਦਿਨ ਦੂਣੀ ਰਾਤ ਚੌਗਣੀ ਵਧਦੀ ਫੁਲਦੀ ਹੈ।

ਪਰ ਹਾਂ, ਜੇ ਕਦੀ ਐਸੇ ਨਿੰਦਕ ਭੀ ਪ੍ਰਭੂ ਦੀ ਸ਼ਰਣ ਵਿਚ ਆ ਜਾਵਣ ਤਾਂ ਉਨ੍ਹਾਂ ਨੂੰ ਭੀ ਸਾਈਂ ਜੀ ਆਪਣੇ ਨਾਮ ਦਾ ਮਿਲਾਪ ਬਖ਼ਸ਼ ਦੇਂਦਾ ਹੈ। ਉਨ੍ਹਾਂ ਦੀ ਭੀ ਭਰਮ ਭਟਕਣਾ ਮੁੱਕ ਜਾਂਦੀ ਹੈ। ਉਹ ਇਸੇ ਤਰ੍ਹਾਂ ਉੱਚੀ ਆਤਮਿਕ ਅਵਸਥਾ ਦੇ ਮਾਲਕ ਬਣ ਜਾਂਦੇ ਹਨ ਜਿਵੇਂ ਕਿ ਇਕ ਨੀਵੀਂ ਧਾਤ ਪਾਰਸ ਨਾਲ ਮਿਲ ਕੇ ਉੱਚੀ ਹੋ ਜਾਂਦੀ ਹੈ। ਇਹ ਸਾਰੀ ਪ੍ਰਾਪਤੀ ਗੁਰੂ ਦੀ ਮਿਹਰ ਨਾਲ ਗੁਰੂ ਦੀ

ਸੰਗਤ ਰਾਹੀਂ ਸ਼ਬਦ ਦੀ ਕਮਾਈ ਕਰਨ ਵਾਲੇ ਮਨੁੱਖ ਨੂੰ ਹਾਸਲ ਹੁੰਦੀ ਹੈ। ਉਹ ਇਹ ਦਾਤ ਪ੍ਰਾਪਤ ਕਰਕੇ ਵੀ ਸਾਈਂ ਜੀ ਦੇ ਕੋਲੋਂ ਨਾਮ ਦੀ ਜਾਚਨਾ ਹੀ ਕਰਦੇ ਰਹਿੰਦੇ ਹਨ।

ਗੂਜਰੀ ਮਹਲਾ ੧ ਘਰੁ ੪ ॥

੧ੴ ਸਤਿਗੁਰ ਪ੍ਰਸਾਦਿ ॥

੧. ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ ॥
੨. ਬਿਲਲਾਪ ਬਿਲਲ ਬਿਨੰਤੀਆ
ਸੁਖ ਭਾਇ ਚਿਤ ਹਿਤੰ ॥੧॥
੩. ਜਪਿ ਮਨ ਨਾਮੁ ਹਰਿ ਸਰਣੀ ॥
੪. ਸੰਸਾਰ ਸਾਗਰ ਤਾਰਿ ਤਾਰਣ
ਰਮ ਨਾਮ ਕਰਿ ਕਰਣੀ ॥੧॥ ਰਹਾਉ ॥
੫. ਏ ਮਨ ਮਿਰਤ ਸੁਭ ਚਿੰਤੰ
ਗੁਰ ਸਬਦਿ ਹਰਿ ਰਮਣੰ ॥
੬. ਮਤਿ ਤਤੁ ਗਿਆਨੰ ਕਲਿਆਣ ਨਿਧਾਨੰ
ਹਰਿ ਨਾਮ ਮਨਿ ਰਮਣੰ ॥੨॥
੭. ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥
੮. ਥਿਰੁ ਨਾਮੁ ਭਗਤਿ ਦਿੜੰ ਮਤੀ
ਗੁਰ ਵਾਕਿ ਸਬਦ ਰਤੰ ॥੩॥
੯. ਭਰਮਾਤਿ ਭਰਮੁ ਨ ਚੂਕਈ
ਜਗੁ ਜਨਮਿ ਬਿਆਧਿ ਖਪੰ ॥
੧੦. ਅਸਥਾਨੁ ਹਰਿ ਨਿਹਕੇਵਲੰ
ਸਤਿ ਮਤੀ ਨਾਮ ਤਪੰ ॥੪॥
੧੧. ਇਹੁ ਜਗੁ ਮੋਹ ਹੇਤ ਬਿਆਪਿਤੰ
ਦੁਖੁ ਅਧਿਕ ਜਨਮ ਮਰਣੰ ॥
੧੨. ਭਜੁ ਸਰਣਿ ਸਤਿਗੁਰ ਊਬਰਹਿ
ਹਰਿ ਨਾਮੁ ਰਿਦ ਰਮਣੰ ॥੫॥
੧੩. ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
੧੪. ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ
ਗਿਆਨ ਰਤਨੁ ਸਾਰੰ ॥੬॥
੧੫. ਭੈ ਭਾਇ ਭਗਤਿ ਤਰੁ ਭਵਜਲੁ ਮਨਾ
ਚਿਤੁ ਲਾਇ ਹਰਿ ਚਰਣੀ ॥
੧੬. ਹਰਿ ਨਾਮੁ ਹਿਰਦੈ ਪਵਿਤ੍ਰੁ ਪਾਵਨੁ
ਇਹੁ ਸਰੀਰੁ ਤਉ ਸਰਣੀ ॥੭॥
੧੭. ਲਬ ਲੋਭ ਲਹਰਿ ਨਿਵਾਰਣੰ
ਹਰਿ ਨਾਮ ਰਾਸਿ ਮਨੰ ॥
੧੮. ਮਨੁ ਮਾਰਿ ਤੁਹੀ ਨਿਰੰਜਨਾ
ਕਹੁ ਨਾਨਕਾ ਸਰਨੰ ॥੮॥੧॥੫॥

ਉਥਨਾਕਾ : ਇਸ ਅਸ਼ਟਪਦੀ ਵਿਚ ਕਾਂਸ਼ੀ ਦੇ ਕਿਸੇ ਪੰਡਤ ਪ੍ਰਤੀ ਉਪਦੇਸ਼ ਕੀਤਾ ਗਿਆ ਹੈ। ਇਸ ਦੀ ਬੋਲੀ ਗਾਥਾ ਹੈ। ਗਾਥਾ—ਪ੍ਰਾਕ੍ਰਿਤੀ ਜਾਂ ਹੋਰ ਭਾਸ਼ਾ, ਜੋ ਸੰਸਕ੍ਰਿਤ ਤੋਂ ਭਿੰਨ ਹੋਵੇ, ਜਿਸ ਵਿਚ ਸੰਸਕ੍ਰਿਤ ਤੋਂ ਦੇਸ਼ ਭਾਸ਼ਾ ਦੇ ਪਦ ਸੰਸਕ੍ਰਿਤ ਨਾਲ ਮਿਲਵੇਂ ਵਰਤੇ ਜਾਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਛੇਕੜਲੇ ਭਾਗਾਂ ਵਿਚ ਸਤਿਗੁਰੂ ਜੀ ਨੇ ਅਜਿਹੀ ਬਾਣੀ ਰਚ ਕੇ ਲਿਖੀ ਹੈ ਕਿ ਜੋ ਅਨਜਾਣਾਂ ਨੂੰ ਸੰਸਕ੍ਰਿਤ ਭਾਸਦੀ ਹੈ, ਪਰ ਸਤਿਗੁਰੂ ਜੀ ਨੇ ਉਸ ਬਾਣੀ ਦਾ ਸਿਰਲੇਖ ਲਿਖ ਕੇ ਸੂਚਤ ਕਰ ਦਿੱਤਾ ਹੈ ਕਿ ਇਹ ਸੰਸਕ੍ਰਿਤ ਨਹੀਂ ਹੈ, ਇਸ ਵਿਚ ਸੰਸਕ੍ਰਿਤ ਤੇ ਦੇਸੀ ਬੋਲੀਆਂ ਦੇ ਪਦ ਵਰਤੇ ਗਏ ਹਨ, ਇਹ ਗਾਥਾ ਹੈ।

ਪਦ ਅਰਥ : ਆਰਾਧਿਤੰ—ਅਰਾਧਿਆ (ਜਿਨ੍ਹਾਂ ਨੇ)। ਪਿਆਸ—ਤਾਂਘ। ਪਰਮ—ਸਭ ਤੋਂ ਉੱਚੀ, ਬਹੁਤ ਉੱਚੀ। ਹਿਤੰ—ਪ੍ਰੇਮ। ਭਾਇ ਹਿਤੰ—ਪ੍ਰੇਮ ਭਾਵ ਵਿਚ।੧। ਮਨ—ਹੇ ਮਨ! ਤਾਰਿ—ਬੇੜੀ, ਜਹਾਜ਼। ਰਾਮ ਨਾਮ—ਰਾਮ ਦਾ ਨਾਮ। ਕਰਣੀ—ਕਰਤੱਬ, ਜੀਵਨ ਦਾ ਨਿਸ਼ਾਨਾ।੧।ਰਹਾਉ। ਏ—ਹੇ। ਮਿਰਤ—ਮੌਤ। ਸੁਭ ਚਿੰਤੰ—ਸ਼ੁਭਚਿੰਤਕ, ਸੁਖਦਾਈ। ਰਮਣੰ—ਸਿਮਰਣ, ਸਿਮਰਣ ਕਰਨਾ, ਉਚਾਰਨਾ। ਤਤੁ—ਜਗਤ ਦਾ ਮੂਲ ਪ੍ਰਭੂ। ਗਿਆਨੰ—ਜਾਣ ਪਛਾਣ। ਕਲਿਆਣ—ਸੁਖ, ਅਨੰਦ, ਪੂਰਨ ਸੁਖੀ, ਮੁਕਤੀ।੨। ਚਲ ਚਿਤ—ਚਿਤ ਨੂੰ ਚੰਚਲ ਕਰਨ ਵਾਲਾ। ਵਿਤ—ਧਨ। ਭ੍ਰਮਾਭ੍ਰਮੰ—ਭਟਕਣਾ। ਮਗਨ—ਮਸਤ। ਗੁਰ ਵਾਕਿ—ਗੁਰੂ ਦੇ ਸ਼ਬਦ ਦੀ ਰਾਹੀਂ। ਦਿੜੰ—ਪੱਕੀ (ਕਰ ਲਈ ਹੈ)। ਮਤੀ—ਅਕਲ, ਸਮਝ।੩। ਭਰਮਾਤਿ—ਭਟਕਣਾ। ਭਰਮੁ—ਭਟਕਣ। ਜਨਮਿ—ਜਨਮ (ਮਰਨ) ਵਿਚ। ਬਿਆਧਿ—ਰੋਗ, ਦੁਖ, ਦੁਖਦਾਇਕ ਕਸ਼ਟਣੀਆਂ। ਖਪੰ—ਖੁਆਰ ਹੁੰਦਾ ਹੈ। ਨਿਹਕੇਵਲੰ—ਵਾਸ਼ਨਾ ਰਹਿਤ, ਨਿਸਚੇ ਕਰਕੇ ਅਲੱਗ, ਪਰਮ ਸ਼ੁੱਧ।੪। ਬਿਆਪਿਤੰ—ਦਬਾਇਆ ਹੋਇਆ, ਦਬਾ ਹੇਠ, ਚੰਬੜਿਆ ਹੈ। ਅਧਿਕ—ਬਹੁਤ। ਊਬਰਹਿ—ਤੂੰ ਬਚੇਂਗਾ, ਤਰ ਜਾਏ।੫। ਨਿਹਚਲ—ਅਟੱਲ। ਮਨਿ—ਮਨ ਵਿਚ (ਧਾਰਨ ਕਰ)। ਮਨੰ—ਮੰਨ ਜਾਏਗਾ; ਗਿੱਝ ਜਾਏਗਾ। ਸਹਜ—ਅਡੋਲ ਆਤਮਿਕ ਅਵਸਥਾ। ਜਿਤੁ— ਜਿਸ ਵਿਚ। ਸਾਰੰ—ਸ੍ਰੇਸ਼ਟ।੬। ਭੈ—(ਪਰਮੇਸ਼ਰ ਦੇ) ਡਰ ਵਿਚ। ਭਾਇ—ਪਰਮਾਤਮਾ ਦੇ ਪ੍ਰੇਮ ਵਿਚ। ਤਰੁ—ਪਾਰ ਲੰਘ। ਭਵਜਲੁ—ਸੰਸਾਰ ਸਮੁੰਦਰ। ਲਾਇ—ਜੋੜ। ਪਾਵਨੁ—ਪਵਿਤ੍ਰ। ਤਉ—ਤੇਰੀ।੭। ਨਿਵਾਰਣੰ—ਦੂਰ ਕਰਨ ਦੇ ਸਮਰੱਥ। ਰਾਸਿ—ਸਰਮਾਇਆ। ਮਨੰ—ਮਨ ਵਿਚ। ਨਿਰੰਜਨਾ—ਹੇ ਨਿਰੰਜਨ! ਹੇ ਮਾਇਆ ਰਹਿਤ ਪ੍ਰਭੂ।੮।

ਅਰਥ :

ਪ੍ਰ: (ਪੰਡਤ ਦਾ)—ਹੇ ਗੁਰੋ! ਜੋ ਲੋਕ ਪ੍ਰਭੂ ਦੀ ਭਗਤੀ ਕਰਦੇ ਹਨ, ਉਨ੍ਹਾਂ ਦੀ ਨਿਸ਼ਾਨੀ ਕੀ ਹੈ?

ਉ: ੧. ਹੇ ਭਾਈਓ! ਜੋ ਲੋਕ ਉਸ ਪ੍ਰਭੂ ਦੀ (ਸਹੀ ਰੂਪ ਵਿਚ) ਭਗਤੀ ਕਰਦੇ ਹਨ, (ਉਨ੍ਹਾਂ ਦੀ **"ਪਹਿਲੀ ਨਿਸ਼ਾਨੀ"** ਤਾਂ ਇਹੋ ਹੈ ਕਿ) ਉਹ ਸੱਚੇ ਪ੍ਰਭੂ ਨੂੰ (ਦਿਲੀ) ਪ੍ਰੇਮ ਨਾਲ ਅਰਾਧਦੇ ਹਨ, **"ਦੂਜੀ ਨਿਸ਼ਾਨੀ"** ਹੈ ਕਿ ਉਨ੍ਹਾਂ ਦੇ ਅੰਤਰ ਆਤਮੇ ਸਾਈਂ ਜੀ ਦੇ ਪ੍ਰੇਮ ਦੀ (ਦਿਨੇ ਰਾਤ) ਤੀਬਰ ਖਿੱਚ ਬਣੀ ਰਹਿੰਦੀ ਹੈ।

੨. **"ਤੀਜੀ ਨਿਸ਼ਾਨੀ"** ਹੈ ਕਿ ਉਹ ਹੋਰ ਕਿਸੇ ਦਰ 'ਤੇ ਕਦੀ ਵੀ ਪੁਕਾਰੂ ਨਹੀਂ ਹੁੰਦੇ, ਉਹ ਪ੍ਰਭੂ ਪਿਆਰੇ, ਪ੍ਰਭੂ ਦੇ ਦਰ 'ਤੇ ਹੀ ਸਦਾ ਹਾੜੇ ਤਰਲੇ ਤੇ ਬੇਨਤੀਆਂ ਕਰਦੇ ਰਹਿੰਦੇ ਹਨ। ਉਨ੍ਹਾਂ ਦੇ ਚਿੱਤ ਵਿਚ ਕੇਵਲ ਇਕੋ ਪ੍ਰਭੂ ਦਾ ਹਿੱਤ ਹੈ, ਭਾਵ ਉਹ ਪ੍ਰਭੂ ਦੇ ਪ੍ਰੇਮ ਪਿਆਰ ਵਿਚ ਮਗਨ ਰਹਿੰਦੇ ਹਨ। ਇਸੇ ਪਿਆਰ ਦਾ ਸਦਕਾ ਉਹ ਸਦਾ ਹੀ ਅੰਤਰ ਆਤਮੇ ਆਤਮਿਕ ਆਨੰਦ ਮਾਣਦੇ ਹਨ।੧।

੩. (ਇਸੇ ਲਈ) ਹੇ ਪਿਆਰੇ ! ਅਸੀਂ ਵੀ ਆਪਣੇ ਮਨ ਨੂੰ ਹਮੇਸ਼ਾ ਇਉਂ ਹੀ ਪ੍ਰੇਰਦੇ ਰਹਿੰਦੇ ਹਾਂ ਕਿ ਹੇ ਮੇਰੇ ਮਨਾ ! ਤੂੰ ਵੀ ਹਰੀ ਦੀ ਸ਼ਰਣ ਵਿਚ ਪੈ ਕੇ ਉਸ ਦਾ ਨਾਮ ਜਪਦਾ ਰਹੁ। ਭਾਵ ਤੂੰ ਆਪਣੇ ਜੀਵਨ ਦਾ ਮਨੋਰਥ ਇਕੋ ਪਰਮੇਸ਼ਰ ਦੇ ਨਾਮ ਨੂੰ ਜਪਦੇ ਰਹਿਣਾ ਬਣਾ ਲੈ।

੪. (ਕਿਉਂਕਿ) ਇਹ ਨਾਮ ਸਿਮਰਨ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਵਾਸਤੇ ਜਹਾਜ਼ ਰੂਪ ਹੈ।੧।ਰਹਾਉ।

ਪ੍ਰ: ਹੇ ਗੁਰਦੇਵ ਜੀਉ ! ਇਹ ਮਨ ਨਾਮ ਸਿਮਰਨ ਵਲੋਂ ਆਲਸ ਕਰਦਾ ਹੈ, ਇਸ ਦਾ ਕੀ ਉਪਾਉ ਕੀਤਾ ਜਾਵੇ ?

ਉ: ੫. ਹੇ ਸੱਜਣਾ ! ਅਜਿਹੀ ਮਨ ਦੀ ਆਲਸ ਭਰੀ ਦਸ਼ਾ ਤੱਕ ਕੇ ਤੂੰ ਇਸ ਨੂੰ ਤਾੜਨਾ ਕਰਿਆ ਕਰ ਕਿ ਹੇ ਮੇਰੇ ਮਨਾ ! ਤੂੰ (ਉਸ ਸਾਈਂ ਜੀ ਦੇ) ਸ਼ੁਭ ਚਿੰਤਨ (ਕਰਨ ਵਲੋਂ) ਮਰ ਰਿਹਾ ਹੈਂ। (ਹੇ ਪਾਗ਼ਲਾ ! ਤੂੰ ਉੱਠ) ਗੁਰੂ ਦੇ ਉਪਦੇਸ਼ ਦੁਆਰਾ ਹਰੀ ਦਾ ਸਿਮਰਨ ਕਰਦਾ ਰਹੁ।

ਪ੍ਰ: ਕਿਉਂ ਜੀ ! ਕੀ ਇਉਂ ਸਿਮਰਦੇ ਰਹਿਣ ਨਾਲ ਮੇਰੀ ਮਤਿ ਵਿਚ ਵੀ ਕੋਈ ਬਦਲ ਆ ਜਾਵੇਗੀ ?

ਉ: ੬. (ਹਾਂ ਜ਼ਰੂਰ ਆਵੇਗੀ) ਹੇ ਸੱਜਣਾ ! ਮਨ ਵਿਚ ਹਰੀ ਦਾ ਨਾਮ ਚਿੰਤਨ ਕਰਦੇ ਰਹਿਣਾ, ਇਹ ਮਤਿ ਨੂੰ ਤੱਤ ਗਿਆਨ ਵਾਲੀ ਬਣਾ ਦੇਂਦਾ ਹੈ। ਇਹੋ ਹੀ ਗਿਆਨ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ।੨।

ਪ੍ਰ: ਸ੍ਰੀ ਜੀਉ ! ਸੰਸਾਰੀ ਲੋਕਾਂ ਲਈ ਧਨ ਪ੍ਰਾਪਤੀ ਵਾਸਤੇ ਭੀ ਤਰੱਦਦ ਕਰਦੇ ਰਹਿਣਾ ਪੈਂਦਾ ਹੈ, ਕਿਉਂਕਿ ਇਸ ਧਨ ਤੋਂ ਸਖਣਾ ਗ੍ਰਿਹਸਤੀ ਦੁਖੀਆ ਰਹਿੰਦਾ ਹੈ।

ਉ: ੭. ਹੇ ਮਿੱਤਰੋ ! (ਇਸ ਵਿਚ ਕੋਈ ਸੰਦੇਹ ਨਹੀਂ, ਨਿਰਬਾਹ ਮਾਤ੍ਰ ਧਨ ਜ਼ਰੂਰ ਹੀ ਲੋੜੀਂਦਾ ਹੈ, ਪਰ ਯਾਦ ਰੱਖੋ, ਦੁਨੀਆ ਦਾ ਵਧੇਰੇ) ਧਨ (ਮਨੁੱਖ ਦੇ) ਮਨ ਨੂੰ ਚੰਚਲ ਬਣਾਂਦਾ ਹੈ ਤੇ (ਹੋਰ-ਹੋਰ) ਭਟਕਣਾ ਪੈਦਾ ਕਰਦਾ ਹੈ, (ਪਰ ਇਹ ਮਨੁੱਖ ਨਹੀਂ ਸਮਝਦਾ ਕਿ ਇਹ ਦੌਲਤ ਆਵਣ ਜਾਣ ਵਾਲੀ ਸ਼ੈਅ ਹੈ)। ਇਕ ਨਹੀਂ, ਸਗੋਂ ਵੇਖੀਦਾ ਹੈ ਸਾਰਾ ਜਗਤ ਹੀ ਇਸੇ ਧਨ ਦੇ ਮੋਹ ਵਿਚ, ਪ੍ਰੇਮ ਵਿਚ ਮਸਤ ਰਹਿੰਦਾ ਹੈ।

ਪ੍ਰ: ਕਿਉਂ ਜੀ ! ਕੀ ਸਾਰੇ ਜਗਤ ਵਿਚ ਇਸ ਮਾਇਆ ਮੋਹ ਤੋਂ ਕੋਈ ਬਚਦਾ ਵੀ ਹੈ ?

ਉ: ੮. (ਹਾਂ ਬਚਦਾ ਹੈ) ਹੇ ਭਾਈ ! ਜੋ ਗੁਰੂ ਦੇ ਸ਼ਬਦ ਵਿਚ ਰਚੇ ਹੋਏ ਹਨ, ਉਨ੍ਹਾਂ ਨੂੰ ਗੁਰੂ ਦੇ ਉਪਦੇਸ਼ ਦੁਆਰਾ ਇਹ ਮਤਿ ਵਿਚ (ਗਿਆਨ) ਦ੍ਰਿੜ੍ਹ ਹੋ ਜਾਂਦਾ ਹੈ ਕਿ ਕੇਵਲ ਨਾਮ ਭਗਤੀ ਹੀ ਇਕ ਥਿਰ ਰਹਿਣ ਵਾਲੀ (ਵਸਤੂ) ਹੈ।੩।

ਪ੍ਰ: ਹੇ ਗੁਰੋ ! ਬਹੁਤ ਲੋਕ ਭਰਮ ਦੀ ਨਵਿਰਤੀ ਲਈ ਤੀਰਥਾਂ 'ਤੇ ਭਟਕਦੇ ਫਿਰਦੇ ਹਨ, ਕੀ ਉਨ੍ਹਾਂ ਦਾ ਇਉਂ ਭਰਮ ਦੂਰ ਹੋ ਜਾਵੇਗਾ ?

ਉ: ੯. (ਨਹੀਂ) ਹੇ ਭਾਈਓ ! ਇਸ ਤਰ੍ਹਾਂ ਤੀਰਥਾਂ 'ਤੇ ਫਿਰਦਿਆਂ ਰਹਿਣ ਨਾਲ ਮਨੁੱਖ ਦੇ ਹਿਰਦੇ ਵਿਚੋਂ ਭਰਮ ਦੀ ਨਵਿਰਤੀ ਨਹੀਂ ਹੁੰਦੀ, ਜਿਸ ਕਰਕੇ ਜੀਵ ਮਰਨ ਜੰਮਣ ਤੇ ਹੋਰ ਬਿਆਧੀਆਂ ਵਿਚ ਖਪਦਾ ਰਹਿੰਦਾ ਹੈ।

ਪ੍ਰ: ਹਜ਼ੂਰ ! ਕੀ ਤੁਸੀਂ ਤਪ ਕਰਨ ਵਿਚ ਵਿਸ਼ਵਾਸ ਨਹੀਂ ਰੱਖਦੇ ?

ਉ: ੧੦. (ਨਹੀਂ) ਹੇ ਮਿੱਤਰੋ ! ਬਿਆਧੀਆਂ ਤੇ ਆਵਾਗਵਨ ਤੋਂ ਬਚਣ ਲਈ ਤਾਂ ਪਰਮ ਸ਼ੁੱਧ ਟਿਕਾਣਾ ਕੇਵਲ ਹਰੀ ਹੀ ਹੈ, ਸ਼ੁੱਧ ਮਤੀ ਵਾਲੇ ਉਸ ਹਰੀ ਨਾਮ ਸਿਮਰਨ ਦਾ ਹੀ (ਉੱਤਮ) ਤਪ ਕਰਦੇ ਹਨ।੪।

੧੧. ਪਰ ਵੇਖੀਦਾ ਹੈ ਕਿ ਨਾਮ ਤੋਂ ਸਖਣੇ ਇਸ ਜਗਤ ਨੂੰ ਮੋਹ ਦੇ ਕਾਰਣ ਜਨਮ ਮਰਨ ਦਾ ਵੱਡਾ ਦੁੱਖ ਚੰਬੜ ਰਿਹਾ ਹੈ।

ਪ੍ਰ: ਹਜ਼ੂਰ ! ਦੱਸੋ, ਇਸ ਸੰਸਾਰ ਸਾਗਰੋਂ ਤਰਣਾ ਕਿਵੇਂ ਹੋਵੇ ?

ਉ: ੧੨. ਹੇ ਮਨਾ ! ਤੂੰ ਸਤਿਗੁਰੂ ਦੀ ਸ਼ਰਣ ਵਿਚ ਭੱਜ (ਕੇ ਜਾ ਪਉ ਤੇ) ਹਰੀ ਦਾ ਨਾਮ ਰਿਦੇ ਵਿਚ ਜਪਣਾ ਕਰ, ਸੋ ਤੂੰ ਇਸ ਤਰ੍ਹਾਂ ਸੰਸਾਰ ਸਾਗਰ ਤੋਂ ਤਰ ਜਾਏਂਗਾ।੫।

੧੩. ਹੇ ਪਿਆਰੇ ! ਜੋ ਮਨੁੱਖ ਆਪਣੇ ਮਨ ਵਿਚ ਗੁਰੂ ਦੀ ਸਿਖਿਆ ਨੂੰ ਦ੍ਰਿੜ੍ਹਤਾ ਨਾਲ ਧਾਰਨ ਕਰ ਲਏਗਾ, ਉਸ ਦਾ ਮਨ ਗਿਆਨ ਵੀਚਾਰ ਨੂੰ ਮੰਨ ਲੈਂਦਾ ਹੈ।

੧੪. ਉਹੀ ਮਨ ਪਵਿੱਤ੍ਰ ਕਿਹਾ ਜਾ ਸਕਦਾ ਹੈ, ਜਿਸ ਦੇ ਅੰਦਰ ਸੱਚ ਹੈ ਤੇ ਉਸੇ ਦੇ ਅੰਦਰ ਪ੍ਰਭੂ ਦਾ ਗਿਆਨ ਦਾ ਸਰੇਸ਼ਟ ਰਤਨ ਚਮਕ ਰਿਹਾ ਹੁੰਦਾ ਹੈ।੬।

੧੫. ਹੇ ਮਨਾ ! ਜਗਤ ਨੂੰ ਤਰਨ ਲਈ ਚਾਰ ਨਿਯਮਾਂ ਦਾ ਧਾਰਣੀ ਹੋ—ਤੂੰ ਪਰਮੇਸ਼ਰ ਦੇ ਡਰ-ਅਦਬ ਵਿਚ ਰਹੁ ੧. ਅਤੇ ਪ੍ਰਭੂ ਦੇ ਪਿਆਰ ਵਿਚ ਰਹੁ ੨. ਪ੍ਰਭੂ ਜੀ ਦੀ ਭਗਤੀ ਕਰ ੩. ਅਤੇ ਸਾਈਂ ਜੀ ਦੇ ਚਰਨਾਂ ਵਿਚ ਸੁਰਤੀ ਨੂੰ ਜੋੜੀਂ ਰੱਖ ੪. ਇਸ ਤਰ੍ਹਾਂ ਸੰਸਾਰ ਸਾਗਰ ਨੂੰ ਤਰ ਜਾ ਭਾਵ ਪਾਰ ਹੋ ਜਾਹ।

੧੬. ਹੇ ਪਿਆਰੇ ! ਦੋ ਮੂਲਕ ਗੱਲਾਂ ਹੋਰ ਵੀ ਧਾਰਨ ਜੋਗ ਹਨ, ਉਹ ਹਨ—ਪਵਿੱਤਰ ਤੇ ਪਾਵਨ ਹਰੀ ਦਾ ਨਾਮ, ਇਸ ਨੂੰ ਹਿਰਦੇ ਵਿਚ ਧਾਰਨ ਕਰੀ ਰੱਖ, (ਅਤੇ ਸਦਾ ਇਉਂ ਅਰਦਾਸ ਕਰਦਾ ਰਹੁ ਕਿ) ਹੇ ਸਾਈਂ ! ਮੇਰਾ ਇਹ ਸਰੀਰ ਤੇਰੀ ਸ਼ਰਣ ਵਿਚ ਆਇਆ ਹੈ, ਭਾਵ ਮੈਂ ਤੇਰੀ ਸ਼ਰਣ ਆਇਆ ਹਾਂ।੭।

ਪ੍ਰ: ਹੇ ਪ੍ਰਭੋ ! ਲਬ ਤੇ ਲੋਭ ਦੀਆਂ ਲਹਿਰਾਂ ਬੜੀਆਂ ਜ਼ਬਰਦਸਤ ਹਨ, ਇਹ ਕਿਵੇਂ ਰੋਕਾਂ ?

੧੭. ਐ ਸੱਜਣਾ ! ਵੇਖ, ਸਾਈਂ ਜੀ ਦਾ ਇਕੋ ਨਾਮ ਆਤਮਿਕ ਜੀਵਨ ਦਾ ਸਰਮਾਇਆ ਹੈ, ਬੱਸ ਇਸ (ਅਮੋਲਕ) ਸਰਮਾਏ ਨੂੰ ਮਨ ਵਿਚ ਸਾਂਭ ਕੇ ਰੱਖ, (ਇਹੋ ਹੀ ਸਰਮਾਇਆ ਤੇਰੇ ਅੰਦਰੋਂ) ਲਬ ਤੇ ਲੋਭ ਦੀਆਂ ਲਹਿਰਾਂ ਨੂੰ ਦੂਰ ਕਰਨ ਲਈ ਸਮਰੱਥ ਹੈ।

੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਸੱਜਣਾ ! ਤੂੰ ਆਪਣੇ ਮਨ ਨੂੰ ਲਬ ਤੇ ਲੋਭ ਦੀਆਂ ਲਹਿਰਾਂ ਵਲੋਂ ਰੋਕੀ

ਰੱਖ ਅਤੇ ਇਸ ਤਰ੍ਹਾਂ ਉਸ ਨਿਰੰਜਨ ਪ੍ਰਭੂ ਦੇ ਅੱਗੇ ਜੋਦੜੀ ਕਰਦਾ ਰਹੁ ਕਿ ਹੇ ਨਿਰੰਜਨ ਪ੍ਰਭੂ ਜੀ! (ਮੈਂ) ਤੇਰੀ ਸ਼ਰਣ ਆਇਆ ਹਾਂ, (ਮੇਰੇ ਚੰਚਲ ਮਨ ਨੂੰ) ਤੂੰਹੀ ਮਾਰ, ਭਾਵ ਤੂੰ ਹੀ ਇਸ ਨੂੰ ਚੰਚਲਤਾ ਵਲੋਂ ਸਥਿਰ ਕਰ।੮।੧।੫।

ਨੋਟ : ਜੋ ਪਹਿਲੋਂ ੪ ਅਸਟਪਦੀਆਂ ਆ ਚੁੱਕੀਆਂ ਹਨ, ਉਹ ਘਰੁ ਪਹਿਲੇ ਦੀਆਂ ਸਨ। ਇਹ ਅਸਟਪਦੀ ਘਰੁ ੪ ਦੀ ਹੈ। ਅਖ਼ੀਰਲੇ ਅੰਕ ੧ ਦਾ ਇਹੋ ਭਾਵ ਹੈ। ਅੰਕ ੫ ਦੱਸਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀਆਂ ਕੁੱਲ ਪੰਜ ਅਸਟਪਦੀਆਂ ਹਨ।

ਭਾਵਾਰਥ : ਇਸ ਅਸਟਪਦੀ ਵਿਚ ਹਜ਼ੂਰ ਜੀ ਸੰਸਾਰ ਸਾਗਰ ਤੋਂ ਤਰਨ ਦਾ ਸਾਧਨ ਤਰਤੀਬ ਵਾਰ ਇਉਂ ਅੰਕਤ ਕਰਦੇ ਹਨ : ਪਹਿਲੋਂ ਮਨੁੱਖ ਦੇ ਮਨ ਅੰਦਰ ਹਰੀ ਦਰਸ਼ਨ ਦੀ ਪਿਆਸ ਹੋਵੇ, ਉਹ ਪਿਆਸ ਦਿਨੋਂ ਦਿਨ ਤੀਬਰ ਹੁੰਦੀ ਜਾਏ, ਪ੍ਰੇਮਾ ਭਗਤੀ ਕਰਦਿਆਂ ਇਹ ਹੋਰ-ਹੋਰ ਵਧਦੀ ਜਾਏ, ਫਿਰ ਬਿਹਬਲ ਹੋ ਬੇਨਤੀਆਂ ਹੁੰਦੀਆਂ ਰਹਿਣ, ਇਸ ਤਰ੍ਹਾਂ ਸਹਿਜੇ-ਸਹਿਜੇ ਅੰਤਰ ਆਤਮੇ ਹਰੀ ਦਾ ਨਾਮ ਸਿਮਰਨ ਟੁਰ ਪਵੇ, ਫਿਰ ਇਸ ਤਰ੍ਹਾਂ ਹਰੀ ਸ਼ਰਣ ਵਿਚ ਪਿਆਂ ਹਰੀ ਦੀ ਹਜ਼ੂਰੀ ਪ੍ਰਤੀਤ ਕਰਦਾ ਰਵੇ। ਇਹੋ ਕਰਣੀ ਸਭ ਤੋਂ ਉੱਤਮ ਹੈ। ਇਸੇ ਨਾਲ ਅਬਿਨਾਸੀ ਸੁੱਖ ਦੀ ਪ੍ਰਾਪਤੀ ਹੋਇਆ ਕਰਦੀ ਹੈ। ਇਸ ਤਰ੍ਹਾਂ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ।

ਗੂਜਰੀ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

੧. ਨਿਰਤਿ ਕਰੀ ਇਹੁ ਮਨੁ ਨਚਾਈ ॥
੨. ਗੁਰ ਪਰਸਾਦੀ ਆਪੁ ਗਵਾਈ ॥
੩. ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ
ਜੋ ਇਛੀ ਸੋਈ ਫਲੁ ਪਾਈ ॥੧॥
੪. ਨਾਚੁ ਰੇ ਮਨ ਗੁਰ ਕੈ ਆਗੈ ॥
੫. ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ
ਅੰਤੇ ਜਮ ਭਉ ਭਾਗੈ ॥ ਰਹਾਉ ॥
੬. ਆਪਿ ਨਚਾਏ ਸੋ ਭਗਤੁ ਕਹੀਐ
ਆਪਣਾ ਪਿਆਰੁ ਆਪਿ ਲਾਏ ॥
੭. ਆਪੇ ਗਾਵੈ ਆਪਿ ਸੁਣਾਵੈ
ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥
੮. ਅਨਦਿਨੁ ਨਾਚੈ ਸਕਤਿ ਨਿਵਾਰੈ
ਸਿਵ ਘਰਿ ਨੀਦ ਨ ਹੋਈ ॥
੯. ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ
ਮਨਮੁਖਿ ਭਗਤਿ ਨ ਹੋਈ ॥੩॥
੧੦. ਸੁਰਿਨਰ ਵਿਰਤਿ ਪਖਿ ਕਰਮੀ ਨਾਚੇ
ਮੁਨਿ ਜਨ ਗਿਆਨ ਬੀਚਾਰੀ ॥
੧੧. ਸਿਧ ਸਾਧਿਕ ਲਿਵ ਲਾਗੀ ਨਾਚੇ
ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥
੧੨. ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ
ਜਿਨ ਲਾਗੀ ਹਰਿ ਲਿਵ ਤੁਮਾਰੀ ॥
੧੩. ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥
੧੪. ਜੋ ਤੁਧੁ ਭਾਵਹਿ ਸੇਈ ਨਾਚਹਿ
ਜਿਨ ਗੁਰਮੁਖਿ ਸਬਦਿ ਲਿਵ ਲਾਏ ॥
੧੫. ਸੇ ਭਗਤ ਸੇ ਤਤੁ ਗਿਆਨੀ
ਜਿਨ ਕਉ ਹੁਕਮੁ ਮਨਾਏ ॥੬॥
੧੬. ਏਹਾ ਭਗਤਿ ਸਚੇ ਸਿਉ ਲਿਵ ਲਾਗੈ
ਬਿਨੁ ਸੇਵਾ ਭਗਤਿ ਨ ਹੋਈ ॥
੧੭. ਜੀਵਤੁ ਮਰੈ ਤਾ ਸਬਦੁ ਬੀਚਾਰੈ
ਤਾ ਸਚੁ ਪਾਵੈ ਕੋਈ ॥੭॥
੧੮. ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ
ਕੋ ਵਿਰਲਾ ਤਤੁ ਬੀਚਾਰੀ ॥
੧੯. ਗੁਰ ਪਰਸਾਦੀ ਸੋਈ ਜਨੁ ਪਾਏ
ਜਿਨ ਕਉ ਕ੍ਰਿਪਾ ਤੁਮਾਰੀ ॥੮॥
੨੦. ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ॥
੨੧. ਸਾਹਿ ਸਾਹਿ ਸਦਾ ਸਮਾਲੀਐ
ਆਪੇ ਬਖਸੇ ਕਰੇ ਰਜਾਇ ॥੯॥
੨੨. ਸੇਈ ਨਾਚਹਿ ਜੋ ਤੁਧੁ ਭਾਵਹਿ
ਜਿ ਗੁਰਮੁਖਿ ਸਬਦੁ ਵੀਚਾਰੀ ॥
੨੩. ਕਹੁ ਨਾਨਕ ਸੇ ਸਹਜ ਸੁਖੁ ਪਾਵਹਿ
ਜਿਨ ਕਉ ਨਦਰਿ ਤੁਮਾਰੀ ॥੧੦॥੧॥੬॥

ਪਦ ਅਰਥ : ਨਿਰਤਿ—ਨਾਚ, ਨਚਣਾ। ਕਰੀ—ਕਰੀਂ, ਮੈਂ ਕਰਦਾ ਹਾਂ। ਨਚਾਈ—ਮੈਂ ਨਚਾਂਦਾ ਹਾਂ। ਪਰਸਾਦੀ—ਪਰਸਾਦਿ, ਕਿਰਪਾ ਨਾਲ। ਆਪੁ—ਆਪਾ ਭਾਵ। ਗਵਾਈ—ਗਵਾਈਂ, ਮੈਂ ਗਵਾਂਦਾ ਹਾਂ। ਥਿਰੁ—ਅਡੋਲ। ਰਾਖੈ—ਰੱਖਦਾ ਹੈ। ਮੁਕਤਿ—ਮਾਇਆ ਦੇ ਬੰਧਨਾਂ ਤੋਂ ਖ਼ਲਾਸੀ। ਇਛੀ—ਇਛੀਂ, ਮੈਂ ਇੱਛਾ ਕਰਦਾ ਹਾਂ। ਪਾਈ—ਮੈਂ ਪਾਂਦਾ ਹਾਂ।੧। ਗੁਰ ਕੈ ਆਗੈ—ਗੁਰੂ ਦੇ ਸਾਹਮਣੇ, ਗੁਰੂ ਦੇ ਸਨਮੁਖ ਰਹਿ ਕੇ। ਭਾਣੈ ਨਾਚਹਿ—ਜੇ ਤੂੰ ਹੁਕਮ ਵਿਚ ਨੱਚੇਂ, ਹੁਕਮ ਵਿਚ ਤੁਰੇਂ। ਅੰਤੇ—ਅਖ਼ੀਰ ਵੇਲੇ। ਜਮ ਭਉ—ਮੌਤ ਦਾ ਡਰ।੧।ਰਹਾਉ। ਨਚਾਏ—ਮਰਜ਼ੀ ਵਿਚ ਤੋਰੇ, ਇਸ਼ਾਰਿਆਂ 'ਤੇ ਚਲਾਏ। ਕਹੀਐ—ਆਖਿਆ ਜਾਂਦਾ ਹੈ। ਆਪੇ—ਆਪ ਹੀ। ਮਾਰਗਿ—(ਸਹੀ) ਰਸਤੇ ਉੱਤੇ।੨। ਅਨਦਿਨੁ—ਹਰ ਰੋਜ਼, ਹਰ ਵੇਲੇ। ਨਾਚੈ—ਨਚਦਾ ਹੈ, ਪ੍ਰਭੂ ਦੀ ਰਜ਼ਾ ਵਿਚ ਤੁਰਦਾ ਹੈ। ਸਕਤਿ—ਮਾਇਆ (ਦਾ ਪ੍ਰਭਾਵ)। ਨਿਵਾਰੈ—ਦੂਰ ਕਰਦਾ ਹੈ। ਸਿਵ—ਕਲਿਆਣ ਸਰੂਪ ਪਰਮਾਤਮਾ। ਸਿਵ ਘਰਿ—ਪਰਮੇਸ਼ਰ ਦੇ ਚਰਨਾਂ ਵਿਚ। ਮਨਮੁਖਿ—ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ।੩। ਸੁਰਿਨਰ—ਦੇਵਤੇ ਵਰਗੇ ਮਨੁੱਖ, ਸ੍ਰੇਸ਼ਟ ਪੁਰਸ਼, ਉੱਤਮ ਪੁਰਖ। ਵਿਰਤਿ—ਪ੍ਰਵਿਰਤੀ। ਵਿਰਤਿ ਪਖਿ—ਪ੍ਰਵਿਰਤੀ ਦੇ ਪੱਖ ਵਿਚ, ਦੁਨੀਆਂ ਦੀ ਕਿਰਤ ਕਾਰ ਕਰਦੇ ਹੋਏ ਭੀ। ਕਰਮੀ—ਕਰਮਿ,

ਪਰਮੇਸ਼ਰ ਦੀ ਕਿਰਪਾ, ਕਰਮ ਕਰਨ ਵਾਲੇ ਕਰਮ ਕਾਂਡੀ। ਨਾਚੇ— ਪ੍ਰਭੂ ਇਸ਼ਾਰਿਆਂ 'ਤੇ ਨਚਦੇ ਆ ਰਹੇ ਹਨ, ਰਜ਼ਾ ਵਿਚ ਤੁਰਦੇ ਹਨ। ਮੁਨਿ ਜਨ—ਰਿਸ਼ੀ ਮੁਨੀ ਲੋਕ। ਵੀਚਾਰੀ—ਵਿਚਾਰਵਾਨ। ਗੁਰਮੁਖਿ— ਗੁਰੂ ਦੀ ਸ਼ਰਨ ਪੈ ਕੇ।੪। ਤ੍ਰੈ ਗੁਣ—ਮਾਇਆ ਦੇ ਤਿੰਨ ਗੁਣ। ਖਾਣੀ ਚਾਰੀ—ਚਾਰ ਖਾਣੀਆਂ ਦੇ ਜੀਵ (ਅੰਡਜ, ਜੇਰਜ, ਸੇਤਜ, ਉਤਭਜ)।੫। ਤੁਧੁ ਭਾਵਹਿ—ਤੈਨੂੰ ਚੰਗੇ ਲੱਗਦੇ ਹਨ। ਸੇਈ—ਉਹੀ ਬੰਦੇ। ਸਬਦਿ—ਸ਼ਬਦ ਦੀ ਰਾਹੀਂ। ਤਤੁ—ਜਗਤ ਦਾ ਮੂਲ ਪ੍ਰਭੂ। ਕਉ—ਨੂੰ।੬। ਲਿਵ—ਲਗਨ। ਜੀਵਤ ਮਰੈ—ਜੀਉਂਦਾ ਮਰਦਾ ਹੈ, ਦੁਨੀਆ ਦੀ ਕਿਰਤ ਕਾਰ ਕਰਦਾ ਹੋਇਆ ਮਾਇਆ ਦੇ ਮੋਹ ਵਲੋਂ ਅਛੋਹ ਹੋ ਜਾਂਦਾ ਹੈ।੭। ਕੈ ਅਰਥਿ—ਦੇ ਵਾਸਤੇ।੮। ਦਮੁ—ਸਾਹ। ਬਿਰਥਾ—ਵਿਅਰਥ। ਸਾਹਿ ਸਾਹਿ—ਹਰੇਕ ਸਾਹ ਦੇ ਨਾਲ। ਰਜਾਇ—ਹੁਕਮ।੯। ਸਹਜ—ਆਤਮਿਕ ਅਡੋਲਤਾ।੧੦।

ਅਰਥ :

ਪ੍ਰ: ਹੇ ਗੁਰੋ ! ਚਲੋ ਤੁਹਾਨੂੰ ਵੀ ਅੱਜ ਰਾਸਧਾਰੀਆਂ ਦੀ ਪਾਈ ਜਾ ਰਹੀ ਰਾਸ ਵਿਖਾ ਲਿਆਵੀਏ।

ਉ: ਹੇ ਭਾਈ ! ਮੈਂ ਕਿਸੇ ਰਾਸਧਾਰੀਆਂ ਦੀ ਪਾਈ ਜਾ ਰਹੀ ਰਾਸ ਨੂੰ ਕਿਉਂ ਵੇਖਾਂ, ਕਿਉਂਕਿ ਮੈਂ ਤਾਂ ਆਪ ਹੀ ਨੱਚਦਾ ਹਾਂ।

ਪ੍ਰ: ਹਜ਼ੂਰ ! ਅਸੀਂ ਤਾਂ ਆਪ ਜੀ ਨੂੰ ਕਦੀ ਨਾਚ ਕਰਦੇ ਨਹੀਂ ਵੇਖਿਆ।

ਉ: ਹੇ ਪਿਆਰਿਓ ! ਮੇਰੇ ਤੇ ਰਾਸਧਾਰੀਆਂ ਦੇ ਨਾਚ ਕਰਨ ਵਿਚ ਬਹੁਤ ਅੰਤਰ ਹੈ, ਜਿਸ ਨੂੰ ਤੁਸੀਂ ਵੇਖ ਨਹੀਂ ਸਕਦੇ।

ਪ੍ਰ: ਸ੍ਰੀ ਜੀਉ ! ਕਿਰਪਾ ਕਰਕੇ ਸਮਝਾ ਦਿਉ।

ਉ: ਹੇ ਸੱਜਨੋ ! ਰਾਸਧਾਰੀਏ ਰਾਸਾਂ ਪਾ ਪਾ ਕੇ ਨੱਚਦੇ ਹਨ ਤੇ ਆਪ ਨੂੰ ਭਗਤ ਅਖਵਾਂਦੇ ਹਨ, ਪਰ ਯਾਦ ਰੱਖੋ, ਹਰੀ ਦੀ ਭਗਤੀ ਰਾਸਾਂ ਪਾ ਪਾ ਕੇ ਨੱਚਣ ਨਾਲ ਨਹੀਂ ਹੋ ਸਕਦੀ, ਇਹ ਰਾਸ ਤਾਂ ਕੇਵਲ ਮਾਇਆ ਵਾਸਤੇ ਹੁੰਦੀ ਹੈ।

ਪ੍ਰ: ਗੁਰਦੇਵ ਜੀਉ ! ਤੁਸੀਂ ਕਿਹੜਾ ਨਾਚ ਨੱਚਦੇ ਹੋ ? ਤਾਂ ਆਪ ਇਸ ਸ਼ਬਦ ਦੁਆਰਾ ਉੱਤਰ ਦੇਂਦੇ ਹਨ ਕਿ—

ਉ:੧-੨. ਹੇ ਭਾਈ ! ਮੈਂ ਨੱਚਦਾ ਤਾਂ ਹਾਂ, (ਪਰ ਇਸ ਸਰੀਰ ਨੂੰ ਨਚਾਣ ਦੇ ਥਾਂ) ਮੈਂ ਆਪਣੇ ਇਸ ਮਨ ਨੂੰ ਨਚਾਂਦਾ ਹਾਂ, ਭਾਵ ਹੈ ਕਿ ਮੈਂ ਗੁਰੂ ਦੀ ਕਿਰਪਾ ਨਾਲ (ਆਪਣੇ ਅੰਦਰੋਂ) ਆਪਾ ਭਾਵ ਦੂਰ ਕਰਦਾ ਹਾਂ।

ਪ੍ਰ: ਹੇ ਗੁਰੋ ! ਇਹ ਬਾਹਰਲੀ ਰਾਸ ਪਾਉਣ ਵਾਲੇ ਰਾਸਧਾਰੀਏ ਤਾਂ ਇਥੇ ਰਾਸ ਪਾਉਣ ਵਿਚ ਆਪਣੀ ਮੁਕਤੀ ਹੋ ਜਾਣ ਦਾ ਦ੍ਰਿੜ੍ਹ ਵਿਸ਼ਵਾਸ ਰਖੀ ਬੈਠੇ ਹਨ। ਕੀ ਗੁਰਮਤਿ ਅਨੁਸਾਰ ਉਨ੍ਹਾਂ ਦੀ ਮੁਕਤੀ ਨਹੀਂ ਹੋ ਸਕੇਗੀ ?

ਉ: (ਨਹੀਂ) ਕਿਉਂਕਿ ਇਨ੍ਹਾਂ ਦੀ ਰਾਸ ਪਾਉਣ ਦਾ ਅਡੰਬਰ ਕੇਵਲ ਮਾਇਆ ਪ੍ਰਾਪਤੀ ਲਈ ਹੈ, ਜਿਸ ਕਰਕੇ ਉਹ ਮੁਕਤਿ ਨਹੀਂ ਹੋ ਸਕਣਗੇ।

ਪ੍ਰ: ਸ੍ਰੀ ਜੀਉ ! ਤਾਂ ਫਿਰ ਆਪ ਹੀ ਮੁਕਤਿ ਹੋਣ ਦਾ ਕੋਈ ਸਾਧਨ ਦੱਸ ਦਿਓ।

ਉ: ੩. ਹੇ ਸੱਜਨੋ ! ਸੱਚ ਜਾਣੋ, ਜੇ ਕੋਈ ਅੰਦਰੋਂ ਆਪਾ-ਭਾਵ ਗੁਆ ਕੇ ਆਪਣੇ ਚਿੱਤ ਨੂੰ (ਸੰਸਾਰਕ ਵਾਸ਼ਨਾ ਵਲੋਂ) ਸਥਿਰ ਕਰ ਰਖੇਗਾ, ਉਹ ਮੁਕਤਿ ਹੋ ਜਾਏਗਾ ਅਤੇ ਉਹ ਜੋ ਵੀ ਚਾਹੇਗਾ, ਉਹ ਉਸੇ ਫਲ ਦੀ ਪ੍ਰਾਪਤੀ ਕਰ ਲਏਗਾ।੧।

(ਲੋਕਾਂ ਪ੍ਰਤੀ ਇਹ ਗੁਰਮਤਿ ਦਾ ਸਿਧਾਂਤ ਦੱਸ ਕੇ ਹੁਣ ਅੱਗੇ ਆਪਣੇ ਮਨ ਨੂੰ ਸੰਬੋਧਨ ਕਰਦੇ ਹਨ)।

ਉ: ੪. ਹੇ ਮਨਾ ! ਤੂੰ ਇਨ੍ਹਾਂ ਨੱਚ ਰਹੇ ਰਾਸਧਾਰੀਆਂ ਵੱਲ ਨਾ ਵੇਖ, ਤੂੰ ਗੁਰੂ ਦੀ ਹਜ਼ੂਰੀ ਵਿਚ ਨੱਚ, ਭਾਵ ਹੈ ਕਿ ਤੂੰ ਗੁਰੂ ਦੇ ਹੁਕਮ ਵਿਚ ਰਹਿ ਕੇ ਜੀਵਨ ਗੁਜ਼ਾਰਦਾ ਰਹੁ, (ਗੁਰੂ ਦੀ ਆਗਿਆ ਵਿਚ ਟੁਰੀ ਚੱਲ)।

ਪ੍ਰ: ਕਿਉਂ ਜੀ ! ਆਖ਼ਰ ਇਸ ਨਾਚ ਕਰਨ ਦਾ ਮੈਨੂੰ ਫਲ ਕੀ ਹਾਸਲ ਹੋਵੇਗਾ ?

ਉ: ੫. ਹੇ ਮਨਾ ! (ਜੇ ਤੂੰ ਉਵੇਂ ਨਚੇਂਗਾ ਜਿਵੇਂ ਕਿ ਤੈਨੂੰ ਗੁਰੂ ਨਚਾਏਗਾ, ਭਾਵ ਤੂੰ ਗੁਰੂ ਦੇ ਹੁਕਮ ਵਿਚ ਤੁਰਨ ਦੀ ਨਿਰਤਕਾਰੀ ਕਰੇਂਗਾ, ਤਾਂ ਤੈਨੂੰ ਦੋ ਮੂਲਕ ਫਲਾਂ ਦੀ ਪ੍ਰਾਪਤੀ ਹੋਵੇਗੀ)। (ਪਹਿਲਾ ਫਲ ਇਹ ਹੋਵੇਗਾ ਕਿ) ਤੈਨੂੰ ਅਬਿਨਾਸੀ ਸੁਖ ਦੀ ਪ੍ਰਾਪਤੀ ਹੋਵੇਗੀ ਅਤੇ (ਦੂਜਾ ਫਲ ਇਹ ਕਿ) ਅੰਤ ਸਮੇਂ (ਤੈਥੋਂ) ਜਮਾਂ ਦਾ ਡਰ ਦੂਰ ਨੱਠ ਜਾਏਗਾ, ਭਾਵ ਹੈ ਤੂੰ ਅਬਿਨਾਸੀ ਸੁੱਖ ਪ੍ਰਾਪਤ ਕਰਕੇ ਮੌਤ ਦੇ ਭੈ ਤੋਂ ਨਿਰਭੈ ਹੋ ਜਾਵੇਂਗਾ।੧।ਰਹਾਉ।

ਪ੍ਰ: ਕਿਉਂ ਜੀ ! ਇਹ ਅਬਿਨਾਸ਼ੀ ਸੁੱਖ ਦੀ ਦਾਤੀ ਨਿਰਤਕਾਰੀ ਹਰ ਮਨੁੱਖ ਕਿਉਂ ਨਹੀਂ ਸਵੀਕਾਰ ਕਰਦਾ ?

ਉ: ੬. ਹੇ ਸੱਜਨਾ ! ਇਹ ਰੱਬੀ ਦਾਤ ਹੈ, ਉਹ ਪਰਮੇਸ਼ਰ ਉਸੇ ਮਨੁੱਖ ਨੂੰ ਇਹ ਮਨ ਕਰਕੇ ਸਤਿ ਅਸਤਿ ਦਾ ਨਿਰਨਾ ਕਰਨ ਰੂਪ ਨਿਰਤਕਾਰੀ ਕਰਾਉਂਦਾ ਹੈ, ਜੋ ਉਸ ਨੂੰ ਭਾਉਂਦਾ ਹੈ, ਐਸੇ ਮਨੁੱਖ ਨੂੰ ਹੀ ਭਗਤ ਕਿਹਾ ਜਾ ਸਕਦਾ ਹੈ। ਉਸ ਭਗਤ ਦੇ ਹਿਰਦੇ ਵਿਚ ਆਪਣਾ ਪਿਆਰ ਵੀ ਆਪ ਹੀ ਲਾਉਂਦਾ ਹੈ।

ਪ੍ਰ: ਹੇ ਗੁਰੋ ! ਰਾਸਾਂ ਵਿਚ ਨਾਚ ਕਰਨ ਵਾਲੇ ਨੂੰ ਭਗਤ ਕਿਹਾ ਜਾਂਦਾ ਹੈ, ਪਰ ਤੁਸੀਂ ਭਗਤ ਕਿਸ ਨੂੰ ਕਹਿੰਦੇ ਹੋ ?

ਉ: ੭. ਹੇ ਭਾਈਓ ! ਉਹ ਆਪੇ ਗਾਉਂਦਾ ਹੈ, (ਅਤੇ ਗਾ ਕੇ) ਉਹ ਆਪਣੇ ਮਨ ਨੂੰ ਹੀ ਸੁਣਾਉਂਦਾ ਹੈ। ਉਹ ਇਸ ਤਰ੍ਹਾਂ ਆਪਣੇ ਅੰਨ੍ਹੇ ਮਨ ਨੂੰ ਵਾਹਿਗੁਰੂ ਜੀ ਦੇ ਭਗਤੀ ਮਾਰਗ ਵੱਲ ਤੋਰਦਾ ਹੈ, (ਇਸੇ ਨੂੰ ਗੁਰਮਤਿ ਵਿਚ ਸਹੀ ਭਗਤ ਕਿਹਾ ਜਾਂਦਾ ਹੈ)।੨।

ਪ੍ਰ: ਹਜ਼ੂਰ ! ਜਿਵੇਂ ਰਾਸਧਾਰੀਆਂ ਦੇ ਨਾਚ ਕਰਨ ਦਾ ਸਮਾਂ ਨੀਯਤ ਹੋਇਆ ਕਰਦਾ ਹੈ, ਕੀ ਇਸੇ ਤਰ੍ਹਾਂ ਤੁਹਾਡੇ ਗੁਰਮਤਿ ਦੇ ਨਾਚ ਕਰਨ ਦਾ ਵੀ ਕੋਈ ਸਮਾਂ ਮੁਕੱਰਰ ਹੈ ?

ਉ: ੮. ਹੇ ਮਿੱਤਰੋ ! ਇਹ ਗੁਰਮਤਿ ਦਾ ਨਾਚ ਤਾਂ ਦਿਨੇ ਰਾਤ ਨਚਿਆ ਜਾਂਦਾ ਹੈ, ਭਾਵ ਹੈ ਕਿ ਜੋ ਮਨੁੱਖ ਪਰਮੇਸ਼ਰ ਦੀ ਰਜ਼ਾ ਵਿਚ ਤੁਰਨ ਰੂਪ ਦਿਨੇ ਰਾਤ ਨਾਚ ਨੱਚਦਾ ਹੈ, ਉਹ ਜੀਵ ਆਪਣੇ ਅੰਦਰੋਂ ਮਾਇਆ ਦੇ ਪ੍ਰਭਾਵ ਨੂੰ ਦੂਰ ਕਰ ਲੈਂਦਾ ਹੈ, ਉਹ ਕਲਿਆਣ ਸਰੂਪ ਪ੍ਰਭੂ ਵਿਚ ਵਾਸਾ ਪਾ ਲੈਂਦਾ ਹੈ। ਇਸ ਤਰ੍ਹਾਂ ਕਲਿਆਣ ਸਰੂਪ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣ ਕਰਕੇ ਉਸ ਨੂੰ ਫਿਰ ਅਵਿੱਦਿਆ ਰੂਪੀ

ਨੀਂਦ ਨਹੀਂ ਵਾਪਰਦੀ। (ਪਰ ਐਸੇ ਮਨੁੱਖ ਸੰਸਾਰ ਵਿਚ ਬਹੁਤ ਥੋੜ੍ਹੇ ਹਨ, ਕਿਉਂਕਿ ਅਸੀਂ ਵੇਖ ਰਹੇ ਹਾਂ ਕਿ)

੯. ਹੋਰ ਸਾਰਾ ਜਗਤ ਮਾਇਆ ਦੇ (ਮੋਹ ਰੂਪ) ਘਰ ਵਿਚ (ਘੂਕ) ਸੁੱਤਾ ਪਿਆ, ਮਾਇਆ ਦੇ ਹੱਥਾਂ ਉੱਤੇ ਹੀ ਟੱਪਦਾ ਹੈ, ਭਾਵ ਦੁਨੀਆਦਾਰੀ ਦੀ ਦੌੜ ਭੱਜ ਵਿਚ ਹੀ ਭੱਜਾ ਫਿਰਦਾ ਹੈ ਤੇ ਹੋਰ ਦੇ ਹੋਰ ਗੀਤ ਗਾਉਂਦਾ ਰਹਿੰਦਾ ਹੈ, (ਉਹ ਮਨਮੁਖ ਹੈ) ਸੋ ਮਨਮੁਖ ਪਾਸੋਂ (ਪ੍ਰਭੂ ਦੀ) ਭਗਤੀ ਨਹੀਂ ਹੋ ਸਕਦੀ।੩।

ਪ੍ਰ: ਹਜ਼ੂਰ! ਤੁਸੀਂ ਉਨ੍ਹਾਂ ਮਾਇਆ ਦੇ ਮੋਹ ਵਿਚ ਸੁੱਤੇ ਪਏ ਲੋਕਾਂ ਦਾ ਨਾਚ ਨੱਚਣਾ ਦਰਸਾਇਆ ਹੈ, ਪਰ ਜੋ ਸਾਧਾਰਨ ਨਾਚ ਨੱਚਣ ਵਾਲੇ ਹਨ, ਉਨ੍ਹਾਂ ਦਾ ਭੀ ਵੀਚਾਰ ਦੱਸ ਦਿਓ।

ਉ: ੧੦. ਹੇ ਭਾਈਓ! ਅਸੀਂ ਤਾਂ ਵੇਖ ਰਹੇ ਹਾਂ ਕਿ ਦੈਵੀ ਸੁਭਾਵ ਵਾਲੇ ਮਨੁੱਖ ਦੁਨੀਆ ਦੀ ਕਿਰਤ ਕਾਰ ਕਰਦੇ ਹੋਏ ਭੀ, ਰਿਸ਼ੀ ਮੁਨੀ ਲੋਕ, ਭਾਵ ਤਿਆਗੀ ਲੋਕ ਗਿਆਨ ਵੀਚਾਰ ਵਾਲੇ ਹੋ ਕੇ,

੧੧. ਅਤੇ ਸਿਧ ਸਾਧਕ ਆਪੋ-ਆਪਣੀ ਲਗੀ ਲਿਵ ਵਿਚ ਨੱਚਦੇ ਹਨ, ਭਾਵ ਪਰਮੇਸ਼ਰ ਦੀ ਰਜ਼ਾ ਵਿਚ ਟੁਰੇ ਰਹਿਣ ਦਾ ਨਾਚ ਨੱਚਦੇ ਹਨ। ਜਿਹੜੇ ਮਨੁੱਖ ਗੁਰੂ ਦੀ ਰਾਹੀਂ ਸ੍ਰੇਸ਼ਟ ਬੁੱਧੀ ਪ੍ਰਾਪਤ ਕਰਕੇ ਵੀਚਾਰਵਾਨ ਹੋ ਜਾਂਦੇ ਹਨ, ਉਨ੍ਹਾਂ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਹੈ। ਉਹ ਭੀ ਪ੍ਰਭੂ ਦੀ ਰਜ਼ਾ ਵਿਚ ਟੁਰੇ ਰਹਿਣ ਵਾਲਾ ਨਾਚ ਨੱਚਦੇ ਹਨ।੪।

੧੨. ਐ ਪਿਆਰਿਓ! ਵੇਖ ਲਓ ਕਿ ਖੰਡ ਬ੍ਰਹਿਮੰਡ ਇਹ ਸਭੇ ਹੀ ਤ੍ਰੈ ਗੁਣਾਂ ਵਿਚ ਹਨ, ਤ੍ਰੈ ਗੁਣਾਂ ਸਮੇਤ ਸਭੇ ਹੀ ਨੱਚ ਰਹੇ ਹਨ, ਪਰ ਹੇ ਪ੍ਰਭੂ ਜੀ! ਜਿਨ੍ਹਾਂ ਨੂੰ ਤੇਰੇ ਚਰਨਾਂ ਦੀ ਲਗਨ ਲੱਗੀ ਹੈ, ਉਹ ਤੇਰੀ ਰਜ਼ਾ ਵਿਚ ਸਦਾ ਤੁਰੇ ਰਹਿਣ ਦਾ ਹੀ ਨਾਚ ਨੱਚਦੇ ਹਨ।

੧੩. ਸ੍ਰਿਸ਼ਟੀ ਦੇ ਸਭ ਜੀਵ ਜੰਤ ਨੱਚ ਰਹੇ ਹਨ ਤੇ ਚਾਰੇ ਖਾਣੀਆਂ (ਦੇ ਜੀਵ ਵੀ) ਨੱਚ ਰਹੇ ਹਨ।੫।

ਪ੍ਰ: ਹੇ ਸਾਈਂ ਜੀ! ਆਪ ਸਫਲ ਨੱਚਣਾ ਕਿਸਦਾ ਮੰਨਦੇ ਹੋ?

ਉ: ੧੪. ਹੇ ਮੇਰੇ ਪਿਆਰੇ ਪ੍ਰਭੂ ਜੀ! ਜੋ ਮਨੁੱਖ ਤੈਨੂੰ ਪਿਆਰੇ ਲੱਗਦੇ ਹਨ, ਅਸਲ ਵਿਚ ਤਾਂ ਉਨ੍ਹਾਂ ਤੇਰੇ ਇਸ਼ਾਰਿਆਂ 'ਤੇ ਚਲਣ ਵਾਲਿਆਂ ਦਾ ਹੀ ਨਾਚ ਨੱਚਣਾ ਸਹੀ ਨੱਚਣਾ ਕਿਹਾ ਜਾਂਦਾ ਹੈ, ਕਿਉਂਕਿ ਉਹ ਗੁਰਮੁਖ ਸਦਾ ਹੀ ਸ਼ਬਦ ਵਿਚ ਸੁਰਤੀ ਨੂੰ ਜੋੜੀ ਰੱਖਣ ਵਾਲੇ ਹਨ।

੧੫. ਹੇ ਪ੍ਰਭੂ ਜੀ! ਜਿਨ੍ਹਾਂ ਨੂੰ ਤੂੰ ਆਪਣਾ ਹੁਕਮ ਮਨਾ ਰਿਹਾ ਹੈਂ (ਅਸਲ ਵਿਚ) ਉਹੋ ਹੀ ਭਗਤ ਹਨ ਅਤੇ ਉਹੋ ਹੀ ਤੱਤ ਸਰੂਪ ਦੇ ਗਿਆਨੀ ਹਨ।੬।

ਪ੍ਰ: ਕਿਉਂ ਜੀ! ਐਸੀ ਤੱਤ ਸਰੂਪ ਦੀ ਪ੍ਰਾਪਤੀ ਵਾਲੀ ਭਗਤੀ ਕੀ ਹੈ ਅਤੇ ਉਹ ਪ੍ਰਾਪਤ ਕਿਵੇਂ ਹੋਵੇ?

ਉ: ੧੬. ਹੇ ਪਿਆਰੇ! ਉਸ ਸੱਚੇ ਵਾਹਿਗੁਰੂ ਜੀ ਨਾਲ ਜੋ ਸੁਰਤਿ ਜੁੜ ਜਾਣੀ ਹੈ, ਇਹੋ ਅਸਲ ਭਗਤੀ ਹੈ, (ਪਰ ਇਹ ਭਗਤੀ ਸੇਵਾ ਨਾਲ ਹੀ ਪ੍ਰਾਪਤ ਹੁੰਦੀ ਹੈ) ਸੇਵਾ ਤੋਂ ਸਖਣੇ ਮਨੁੱਖ ਨੂੰ ਇਹ ਭਗਤੀ ਪ੍ਰਾਪਤ ਨਹੀਂ ਹੋ ਸਕਦੀ।

ਪ੍ਰ: ਹਜ਼ੂਰ! ਉਸ ਸੇਵਾ ਦੀ ਰੂਪ ਰੇਖਾ ਭੀ ਦੱਸ ਦਿਓ, ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ?

ਉ: ੧੭. ਹੇ ਭਾਈਓ! ਸੇਵਾ ਇਸ ਪ੍ਰਕਾਰ ਦੀ ਹੋਵੇ ਕਿ (ਮਾਨੋ) ਸੇਵਕ ਜੀਉਂਦਾ ਹੀ ਮਰ ਗਿਆ ਹੈ, ਭਾਵ ਹੈ ਕਿ ਮਨੁੱਖ ਦੁਨੀਆ ਦੀ ਕਿਰਤ ਵਿਰਤ ਕਰਦਾ ਹੋਇਆ ਹੀ ਮਾਇਆ ਦੇ ਮੋਹ ਵਲੋਂ ਨਿਰਲੇਪ ਹੋ ਜਾਏ ਤਾਂ ਫਿਰ ਸ਼ਬਦ ਦੀ ਵੀਚਾਰ ਕਰਨਾ ਕਰੇ, ਭਾਵ ਵੀਚਾਰ ਸੰਜੁਗਤ ਹੋ ਜਾਏ, ਤਾਂ ਫਿਰ ਇਸ ਤਰ੍ਹਾਂ ਕੋਈ ਸੱਚ ਨੂੰ ਪ੍ਰਾਪਤ ਕਰ ਸਕਦਾ ਹੈ।੭।

ਪ੍ਰ: ਹਜ਼ੂਰ ਜੀ! ਇਹ ਦੱਸੋ ਕਿ ਵਧੇਰੇ ਲੋਕ ਕਿਸ ਵਸਤੂ ਲਈ ਨਾਚ ਨੱਚਦੇ ਹਨ?

ਉ: ੧੮. ਹੇ ਭਾਈਓ! ਵਧੇਰੇ ਲੋਕ ਤਾਂ ਕੇਵਲ ਮਾਇਆ ਪ੍ਰਾਪਤੀ ਵਾਸਤੇ ਨਾਚ ਨੱਚਦੇ ਵੇਖੀਦੇ ਹਨ, ਪਰ ਕੋਈ ਵਿਰਲਾ ਮਨੁੱਖ ਹੈ ਜੋ ਕਿ ਆਪਣੇ (ਆਤਮਿਕ ਜੀਵਨ) ਸਾਰ ਵਸਤੂ ਦੀ ਵੀਚਾਰ ਕਰਦਾ ਹੈ।

੧੯. ਹੇ ਪ੍ਰਭੂ ਜੀ! ਅਸਲ ਗੱਲ ਤਾਂ ਇਹੋ ਹੈ ਕਿ ਜਿਸ ਮਨੁੱਖ 'ਤੇ ਗੁਰੂ ਦੀ ਕਿਰਪਾ ਹੋਵੇ, ਉਸੇ ਨੂੰ ਆਪ ਦਾ ਮਿਲਾਪ ਹਾਸਲ ਹੁੰਦਾ ਹੈ, ਪਰ ਇਹ ਸਭ ਪ੍ਰਾਪਤੀ ਆਪ ਜੀ ਦੀ ਮਿਹਰ ਦਾ ਹੀ ਸਦਕਾ ਹੈ।੮।

ਪ੍ਰ: ਕਿਉਂ ਜੀ! ਜਦੋਂ ਕਿਸੇ ਨੂੰ ਤੱਤ ਵੀਚਾਰ ਦਾ ਸਮਾਂ ਆ ਪ੍ਰਾਪਤ ਹੋਵੇ ਤਾਂ ਉਹ ਕਿਵੇਂ ਗੁਜ਼ਰਦਾ ਹੈ?

ਉ: ੨੦. ਹੇ ਪਿਆਰੇ! ਉਸ ਦੀ ਤਾਂ ਇਹ ਦਸ਼ਾ ਹੋ ਜਾਂਦੀ ਹੈ ਕਿ ਉਸ ਨੂੰ ਜੇਕਰ ਇਕ ਦਮ ਵੀ ਸੱਚਾ (ਵਾਹਿਗੁਰੂ) ਵਿਸਰ ਜਾਏ ਤਾਂ ਉਹ ਸਮਝਦਾ ਹੈ ਕਿ ਮੇਰਾ ਇਹ ਸਮਾਂ ਬਿਰਥਾ ਹੀ ਗੁਜ਼ਰਿਆ ਹੈ।

੨੧. ਇਸ ਲਈ ਹੇ ਭਾਈ! ਹਰੇਕ ਸਾਹ ਦੇ ਨਾਲ ਸਦਾ ਪਰਮੇਸ਼ਰ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ, ਪਰ ਇਹ ਉੱਦਮ ਵੀ ਉਹੀ ਮਨੁੱਖ ਕਰ ਸਕਦਾ ਹੈ, ਜਿਸ ਉੱਤੇ ਪਰਮਾਤਮਾ ਆਪ ਹੀ ਮਿਹਰ ਕਰਕੇ ਬਖ਼ਸ਼ਸ਼ ਕਰੇ।੯।

੨੨. ਹੇ ਪ੍ਰਭੂ ਜੀ! ਸਾਰ ਗੱਲ ਤਾਂ ਇਹੋ ਹੈ ਕਿ ਜੋ ਤੈਨੂੰ ਭਾਉਂਦੇ ਹਨ, ਉਹੀ ਤੇਰੀ ਰਜ਼ਾ ਵਿਚ ਤੁਰਦੇ ਰਹਿਣ ਰੂਪ ਨਾਚ ਕਰਦੇ ਹਨ, (ਕਿਉਂਕਿ) ਉਹ ਗੁਰੂ ਦੀ ਸ਼ਰਨ ਵਿਚ ਪੈ ਕੇ ਗੁਰੂ ਦੇ ਸ਼ਬਦ ਦੀ ਵੀਚਾਰ ਕਰਦੇ ਹਨ।

੨੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ, ਜਿਨ੍ਹਾਂ ਉੱਤੇ ਆਪ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ, ਉਹੀ ਸਹਿਜ ਸੁੱਖ ਨੂੰ ਪ੍ਰਾਪਤ ਕਰਦੇ ਹਨ।੧੦।੧।੬।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਅਮਰਦਾਸ ਜੀ ਉਨ੍ਹਾਂ ਰਾਸਾਂ ਦਾ ਖੰਡਨ ਕਰਦੇ ਹਨ ਜੋ ਕਿ ਕੇਵਲ ਮਾਇਆ ਵਾਸਤੇ ਖੇਲ ਮਾਤ੍ਰ ਪੈ ਰਹੀਆਂ ਹਨ। ਇਨ੍ਹਾਂ ਰਾਸਾਂ ਵਿਚ ਨੱਚਣ ਟੱਪਣ ਵਾਲਿਆਂ ਨੂੰ ਭਗਤ ਕਹਿਣ ਤੋਂ ਵਰਜਦੇ ਹਨ, ਪਰ ਉਨ੍ਹਾਂ ਪਦਾਂ ਵਿਚ ਭਗਤੀ ਦਾ ਉਪਦੇਸ਼ ਕਰਦੇ ਹਨ, ਜਿਨ੍ਹਾਂ ਦੁਆਰਾ ਮਨੁੱਖ ਨੂੰ ਸਦਗਤੀ ਪ੍ਰਾਪਤ ਹੋ ਸਕਦੀ ਹੈ।

ਗੂਜਰੀ ਮਹਲਾ ੪ ਘਰੁ ੨ ॥
ੴ ਸਤਿਗੁਰ ਪ੍ਰਸਾਦਿ ॥

੧. ਹਰਿ ਬਿਨੁ ਜੀਅਰਾ ਰਹਿ ਨ ਸਕੈ
ਜਿਉ ਬਾਲਕੁ ਖੀਰ ਅਧਾਰੀ ॥
੨. ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ
ਅਪੁਨੇ ਸਤਿਗੁਰ ਕੈ ਬਲਿਹਾਰੀ ॥੧॥
੩. ਮਨ ਰੇ ਹਰਿ ਕੀਰਤਿ ਤਰੁ ਤਾਰੀ ॥
੪. ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ
ਜਿਨ ਕਉ ਕ੍ਰਿਪਾ ਤੁਮਾਰੀ ॥ ਰਹਾਉ ॥
੫. ਸਨਕ ਸਨੰਦਨ ਨਾਰਦ ਮੁਨਿ ਸੇਵਹਿ
ਅਨਦਿਨੁ ਜਪਤ ਰਹਹਿ ਬਨਵਾਰੀ ॥
੬. ਸਰਣਾਗਤਿ ਪ੍ਰਹਲਾਦ ਜਨ ਆਏ
ਤਿਨ ਕੀ ਪੈਜ ਸਵਾਰੀ ॥੨॥
੭. ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ ॥
੮. ਸਭਿ ਜਾਚਿਕ ਤੂ ਏਕੋ ਦਾਤਾ
ਮਾਗਹਿ ਹਾਥ ਪਸਾਰੀ ॥੩॥
੯. ਭਗਤ ਜਨਾ ਕੀ ਊਤਮ ਬਾਣੀ
ਗਾਵਹਿ ਅਕਥ ਕਥਾ ਨਿਤ ਨਿਆਰੀ ॥
੧੦. ਸਫਲ ਜਨਮੁ ਭਇਆ ਤਿਨ ਕੇਰਾ
ਆਪਿ ਤਰੇ ਕੁਲ ਤਾਰੀ ॥੪॥
੧੧. ਮਨਮੁਖ ਦੁਬਿਧਾ ਦੁਰਮਤਿ ਬਿਆਪੇ
ਜਿਨ ਅੰਤਰਿ ਮੋਹ ਗੁਬਾਰੀ ॥
੧੨. ਸੰਤ ਜਨਾ ਕੀ ਕਥਾ ਨ ਭਾਵੈ
ਓਇ ਡੂਬੇ ਸਣੁ ਪਰਵਾਰੀ ॥੫॥
੧੩. ਨਿੰਦਕੁ ਨਿੰਦਾ ਕਰਿ ਮਲੁ ਧੋਵੈ
ਓਹੁ ਮਲਭਖੁ ਮਾਇਆਧਾਰੀ ॥
੧੪. ਸੰਤ ਜਨਾ ਕੀ ਨਿੰਦਾ ਵਿਆਪੇ
ਨਾ ਉਰਵਾਰਿ ਨ ਪਾਰੀ ॥੬॥
੧੫. ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ
ਹਰਿ ਕਰਤੈ ਸਭ ਕਲ ਧਾਰੀ ॥
੧੬. ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ
ਸੂਤੁ ਖਿੰਚੈ ਏਕੰਕਾਰੀ ॥੭॥
੧੭. ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ
ਰਸਨਾ ਹਰਿ ਰਸੁ ਧਾਰੀ ॥
੧੮. ਨਾਨਕ ਹਰਿ ਬਿਨੁ ਅਵਰੁ ਨ
ਮਾਗਉ ਹਰਿ ਰਸ ਪ੍ਰੀਤਿ ਪਿਆਰੀ ॥੮॥੧॥੭॥

ਪਦ ਅਰਥ : ਜੀਅਰਾ—ਕਮਜ਼ੋਰ ਜਿੰਦ। ਖੀਰ—ਦੁੱਧ। ਅਧਾਰ—ਆਸਰਾ। ਖੀਰ ਅਧਾਰੀ—ਖੀਰ ਅਧਾਰ, ਦੁੱਧ ਦੇ ਸਹਾਰੇ 'ਤੇ। ਅਗਮ—ਅਪਹੁੰਚ। ਅਗੋਚਰ—ਜਿਸ ਤੱਕ ਗਿਆਨ-ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ। ਗੁਰਮੁਖਿ—ਗੁਰੂ ਵੱਲ ਮੂੰਹ ਕੀਤਿਆਂ, ਗੁਰੂ ਦੀ ਸ਼ਰਨ ਪਿਆਂ। ਕੈ—ਤੋਂ।੧। ਕੀਰਤਿ—ਸਿਫ਼ਤਿ-ਸਾਲਾਹ। ਤਰੁ ਤਾਰੀ—ਤਾਰੀ ਤਰ, ਪਾਰ ਲੰਘਣ ਦਾ ਉੱਦਮ ਕਰ। ਅੰਮ੍ਰਿਤ ਜਲੁ—ਆਤਮਿਕ ਜੀਵਨ ਦੇਣ ਵਾਲਾ ਜਲ।੧।ਰਹਾਉ। ਸੇਵਹਿ—ਸੇਵਾ ਭਗਤੀ ਕਰਦੇ ਹਨ। ਅਨਦਿਨੁ—ਹਰ ਰੋਜ਼। ਬਨਵਾਰੀ—ਸੰਸਾਰ ਦਾ ਮਾਲਕ ਪ੍ਰਭੂ। ਪੈਜ—ਇੱਜ਼ਤ। ਸਵਾਰੀ—ਬਣਾਈ ਰੱਖੀ।੨। ਅਲਖ—ਅਦ੍ਰਿਸ਼ਟ। ਨਿਰੰਜਨੁ—ਮਾਇਆ ਕਾਲਖ ਤੋਂ ਰਹਿਤ, ਨਿਰਲੇਪ। ਜਾਚਿਕ—ਮੰਗਤੇ। ਪਸਾਰੀ—ਪਸਾਰਿ, ਪਸਾਰ ਕੇ, ਖਿਲਾਰ ਕੇ।੩। ਅਕਥ—ਜਿਸ ਦਾ ਸਹੀ ਸਰੂਪ ਬਿਆਨ ਨ ਕੀਤਾ ਜਾ ਸਕੇ। ਨਿਆਰੀ—ਅਨੋਖੀ। ਕੇਰਾ—ਦਾ। ਤਾਰੀ—ਤਾਰ ਲਈ।੪। ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਦੁਬਿਧਾ—ਡਾਂਵਾਂਡੋਲ ਹਾਲਤ। ਬਿਆਪੇ—ਫਸੇ ਰਹਿੰਦੇ ਹਨ। ਗੁਬਾਰੀ—ਹਨੇਰਾ। ਨ ਭਾਵੈ—ਚੰਗੀ ਨਹੀਂ ਲੱਗਦੀ। ਸਣੁ—ਸਮੇਤ।੫। ਕਰਿ—ਕਰਕੇ। ਧੋਵੈ—ਧੋਂਦਾ ਹੈ। ਮਲਭਖੁ—ਮੈਲ ਖਾਣ ਵਾਲਾ।੬। ਪਰਪੰਚੁ—ਜਗਤ ਖਿਲਾਰਾ। ਕਰਤੈ—ਕਰਤਾਰ ਨੇ। ਕਲ—ਸੱਤਾ, ਤਾਕਤ। ਜੁਗ ਅੰਤਰਿ—ਜਗਤ ਵਿਚ। ਖਿੰਚੈ—ਖਿੱਚ ਲੈਂਦਾ ਹੈ।੭। ਰਸਨਿ ਰਸਨਿ ਰਸਿ—ਪ੍ਰੇਮ ਨਾਲ, ਪ੍ਰੇਮ ਨਾਲ, ਪ੍ਰੇਮ ਨਾਲ। ਰਸਨਾ—ਜੀਭ। ਮਾਗਉ—ਮਾਗਉਂ, ਮੈਂ ਮੰਗਦਾ ਹਾਂ।੮।

ਅਰਥ :

ਪ੍ਰ: ਹੇ ਗੁਰੋ! ਤਹਾਡੇ ਮਨ ਵਿਚ ਪ੍ਰਭੂ ਮਿਲਾਪ ਦੀ ਕਿਤਨੀ-ਕੁ ਲਗਨ ਹੈ?

ਉ: ੧. ਹੇ ਭਾਈਓ! ਇਉਂ ਜਾਣੋ ਕਿ ਮੇਰਾ ਮਨ ਪ੍ਰਭੂ ਦੇ ਮਿਲਾਪ ਤੋਂ ਬਿਨਾ ਧੀਰਜ ਨਹੀਂ ਕਰ ਸਕਦਾ।

ਪ੍ਰ: ਕਿਉਂ ਜੀ! ਉਹ ਕਿਵੇਂ?

ਉ: ਹੇ ਪਿਆਰੇ! ਜਿਵੇਂ ਕਿ ਇਕ ਬਾਲਕ ਦੁੱਧ ਦੇ ਆਸਰੇ ਰਹਿਣ ਵਾਲਾ (ਦੁੱਧ ਤੋਂ ਬਿਨਾ ਨਹੀਂ ਰਹਿ ਸਕਦਾ)।

ਪ੍ਰ: ਸ੍ਰੀ ਜੀਉ! ਉਹ ਪ੍ਰਭੂ ਤਾਂ ਪਰੇ ਤੋਂ ਪਰੇ ਹੈ, ਤੁਸੀਂ ਉਸ ਨੂੰ ਕਿਵੇਂ ਪਾ ਲਿਆ?

ਉ: ੨. ਹੇ ਭਾਈਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਾਈਂ ਜੀ ਅਪਹੁੰਚ ਹੈ, ਜਿਸ ਤੱਕ ਜੀਵ ਆਪਣੀ ਸਿਆਣਪ ਦੇ ਬਲ ਨਾਲ ਨਹੀਂ ਪਹੁੰਚ ਸਕਦਾ ਅਤੇ ਨਾ ਹੀ ਮਨੁੱਖ ਦੀਆਂ ਗਿਆਨ-ਇੰਦ੍ਰੀਆਂ ਦੀ ਪਹੁੰਚ ਹੀ ਹੋ ਸਕਦੀ ਹੈ, ਪਰ ਇਸੀ ਕਰਕੇ ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਦਾ ਮਿਲਾਪ ਗੁਰੂ ਦੁਆਰਾ ਪਾ ਲਈਦਾ ਹੈ।੧।

੩. ਇਸੇ ਲਈ ਤਾਂ ਮੈਂ ਬਾਰ ਬਾਰ ਇਸ ਆਪਣੇ ਆਲਸੀ ਮਨ ਨੂੰ ਕਹਿੰਦਾ ਰਹਿੰਦਾ ਹਾਂ ਕਿ ਮੇਰੇ ਮਨਾ! ਇਸ ਸੰਸਾਰ ਸਮੁੰਦ੍ਰ ਤੋਂ ਪਾਰ ਲੰਘਣ ਲਈ ਹਰੀ ਦੀ ਸਿਫ਼ਤਿ-ਸਾਲਾਹ ਕਰਨ ਰੂਪ ਬੇੜੀ 'ਤੇ ਚੜ੍ਹ ਕੇ ਪਾਰ ਲੰਘ ਜਾਹ। (ਇਉਂ ਕਹਿੰਦਿਆਂ ਹੀ ਆਪ ਅਰਦਾਸ ਵਿਚ ਜੁੜ ਗਏ ਅਤੇ ਵਾਹਿਗੁਰੂ ਜੀ ਅੱਗੇ ਬਿਨੈ ਹੋਈ ਕਿ) ਹੇ ਸਾਈਂ ਜੀ!

੪. ਜਿਨ੍ਹਾਂ ਮਨੁੱਖਾਂ 'ਤੇ ਆਪ ਜੀ ਦੀ ਕਿਰਪਾ ਹੁੰਦੀ ਹੈ, ਉਨ੍ਹਾਂ ਨੂੰ ਹੀ ਗੁਰੂ ਦੁਆਰਾ ਨਾਮ ਅੰਮ੍ਰਿਤ ਜਲ ਪ੍ਰਾਪਤ ਹੁੰਦਾ ਹੈ, ਭਾਵ ਹੈ ਕਿ ਸਤਿਗੁਰੂ, ਹਰੀ ਕੀਰਤੀ, ਹਰੀ ਦਾ ਨਾਮ, ਹਰੀ ਦੀ ਕਿਰਪਾ ਇਨ੍ਹਾਂ ਕਰਕੇ ਬਾਲਕ ਦੇ ਦੁੱਧ ਅਧਾਰੀ ਵਾਂਙੂ ਨਾਮ ਦੇ ਆਸ਼ਰਤ ਹੋ ਜਾਈਦਾ ਹੈ।੧।ਰਹਾਉ।

ਪ੍ਰ: ਸ੍ਰੀ ਜੀਉ! ਸੰਸਾਰ ਸਮੁੰਦ੍ਰ ਤੋਂ ਪਾਰ ਲੰਘਣ ਲਈ ਜਿਨ੍ਹਾਂ ਵਲੋਂ ਜਤਨ ਹੋਏ ਅਤੇ ਸਾਈਂ ਵਲੋਂ ਜਿਨ੍ਹਾਂ ਦੀ ਇੱਜ਼ਤ ਰਖੀ ਗਈ, ਉਨ੍ਹਾਂ ਦਾ ਭੀ ਜ਼ਿਕਰ ਕਰ ਦਿਓ।

ਉ: ੫. ਹੇ ਭਾਈਓ! ਵੇਖੋ, ਸਨਕ ਸਨੰਦਨ (ਆਦਿਕ ਰਿਸ਼ੀ) ਨਾਰਦ ਆਦਿਕ ਮੁਨੀ ਜਨ, ਇਹ ਸਭ ਜਗਤ ਦੇ ਮਾਲਕ ਪ੍ਰਭੂ ਦੀ ਹੀ ਸੇਵਾ ਭਗਤੀ ਕਰਦੇ ਰਹੇ ਹਨ, ਭਾਵ ਦਿਨੇ ਰਾਤ ਇਹ ਪ੍ਰਭੂ ਨੂੰ ਜਪਦੇ ਰਹਿੰਦੇ ਹਨ।

੬. ਇਸੇ ਤਰ੍ਹਾਂ ਹੇ ਪ੍ਰਭੂ! ਪ੍ਰਹਿਲਾਦ ਵਰਗੇ ਦਾਸ ਤੇਰੀ ਸ਼ਰਣ ਵਿਚ ਆਏ, ਤੂੰ ਉਨ੍ਹਾਂ ਦੀ ਪੈਜ ਰੱਖ ਲਈ।੨।

੭. ਹੇ ਭਾਈਓ! ਇਸ ਸਾਰੇ ਜਗਤ ਵਿਚ ਲਖਤਾ ਤੋਂ ਪਰੇ, ਮਾਇਆ ਤੋਂ ਨਿਰਲੇਪ ਪਰਮੇਸ਼ਰ ਹੀ ਵਸ ਰਿਹਾ ਹੈ। ਹੇ ਵਾਹਿਗੁਰੂ ਤੂੰਹੀ ਇਕ ਵਰਤ ਰਿਹਾ ਹੈਂ, ਭਾਵ ਤੇਰੀ ਜੋਤ ਸਾਰਿਆਂ ਵਿਚ ਪਰੀ ਪੂਰਨ ਹੋ ਰਹੀ ਹੈ।

੮. ਹੇ ਪ੍ਰਭੂ ਜੀ! ਤੂੰ ਅਲੱਖ ਨਿਰੰਜਨ ਹੁੰਦਾ ਹੋਇਆ ਭੀ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ। ਸਭੇ ਜੀਵ ਤੇਰੇ ਦਰ 'ਤੇ ਮੰਗਤੇ ਹਨ, (ਤੇਰੇ ਹੀ ਅੱਗੇ) ਹੱਥ ਖਿਲਾਰ ਕੇ ਮੰਗਦੇ ਹਨ।੩।

ਪ੍ਰ: ਸ੍ਰੀ ਜੀਉ! ਪਰਮੇਸ਼ਰ ਦੀ ਭਗਤੀ ਕਰਨ ਵਾਲਿਆਂ ਵਿਚ ਵਿਸ਼ੇਸ਼ਤਾ ਕੀ ਆ ਜਾਂਦੀ ਹੈ?

ਉ: ੯. ਹੇ ਭਾਈਓ! ਪਰਮਾਤਮਾ ਦੀ ਬੰਦਗੀ ਕਰਨ ਵਾਲਿਆਂ ਬੰਦਿਆਂ ਦੇ (ਸੁਭਾਵਕ ਕਹੇ) ਬਚਨ ਵੀ ਅਮੋਲਕ ਹੋਇਆ ਕਰਦੇ ਹਨ, (ਕਿਉਂਕਿ) ਉਹ ਸਦੈਵੀ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਅਨੋਖੇ ਗੀਤ ਗਾਉਂਦੇ ਰਹਿੰਦੇ ਹਨ, ਜਿਸ ਦਾ ਸਰੂਪ ਬਿਆਨ ਹੀ ਨਹੀਂ ਕੀਤਾ ਜਾ ਸਕਦਾ।

੧੦. ਹੇ ਭਾਈ! ਸਮਝ ਲਓ, ਉਨ੍ਹਾਂ ਦਾ ਹੀ ਜਨਮ ਸਫਲ ਹੋਇਆ ਹੈ। ਉਨ੍ਹਾਂ ਦੇ ਆਪ ਤਰ ਜਾਣ ਵਿਚ ਤਾਂ ਸੰਸਾ ਹੀ ਨਹੀਂ, ਉਹ ਤਾਂ ਆਪਣੀ ਕੁਲ ਨੂੰ ਭੀ ਉਧਾਰ ਲੈਂਦੇ ਹਨ।੪।

ਪ੍ਰ: ਹੇ ਪ੍ਰਭੂ! ਜਿਨ੍ਹਾਂ ਨੇ ਆਪਣੇ ਜਨਮ ਨੂੰ ਸਫਲ ਨਹੀਂ ਕੀਤਾ, ਉਹ ਕੌਣ ਹਨ?

ਉ: ੧੧. ਹੇ ਪਿਆਰਿਓ! ਉਹ ਹਨ ਮਨਮੁਖ ਜੋ ਕਿ ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਦੁਚਿੱਤਾਪਨ ਵਿਚ ਤੇ ਭੈੜੀ ਮਤਿ ਦੇ ਪ੍ਰਭਾਵ ਵਿਚ ਹੀ ਫਸੇ ਰਹਿੰਦੇ ਹਨ, (ਕਿਉਂਕਿ) ਉਨ੍ਹਾਂ ਦੇ ਅੰਦਰ ਮਾਇਆ ਦੇ ਮੋਹ ਦਾ ਹਨੇਰਾ ਪਿਆ ਰਹਿੰਦਾ ਹੈ।

ਪ੍ਰ: ਹੇ ਗੁਰੋ! ਉਨ੍ਹਾਂ ਮਨਮੁਖਾਂ ਦੀ ਪਛਾਣ ਕੀ ਹੈ?

ਉ: ੧੨. ਹੇ ਪਿਆਰੇ! ਉਨ੍ਹਾਂ ਦੀ ਪਛਾਣ ਤਾਂ ਇਹੋ ਹੀ ਹੈ ਕਿ ਉਨ੍ਹਾਂ ਨੂੰ ਸੰਤ ਜਨਾਂ ਦੀ ਕੀਤੀ ਹੋਈ ਪਰਮੇਸ਼ਰ ਦੇ ਸਿਫ਼ਤਿ-ਸਾਲਾਹ ਦੀ ਕਥਾ ਹੀ ਨਹੀਂ ਸੁਖਾਂਦੀ, ਇਸੇ ਲਈ ਉਹ ਮਨਮੁਖ ਆਪਣੇ ਪ੍ਰਵਾਰ ਦੇ ਸਮੇਤ ਇਸ ਸੰਸਾਰ ਸਮੁੰਦਰ ਵਿਚ ਡੁੱਬੇ ਰਹਿੰਦੇ ਹਨ। (ਭਾਵ ਜੰਮਦੇ ਮਰਦੇ ਹਨ)।

ਪ੍ਰ: ਸ੍ਰੀ ਜੀਉ! ਸੰਤ ਜਨਾਂ ਦੀ ਕੀਤੀ ਹੋਈ ਰੱਬੀ ਸਿਫ਼ਤਿ-ਸਾਲਾਹ ਦੀ ਕਥਾ ਨ ਸੁਣਨ ਤੋਂ ਬਿਨਾਂ ਉਨ੍ਹਾਂ ਮਨਮੁਖਾਂ ਵਿਚ ਹੋਰ ਤਾਂ ਕੋਈ ਦੋਸ਼ ਨਹੀਂ?

ਉ: ੧੩. ਹੇ ਭਾਈ! ਉਹ ਮਨਮੁਖ ਇਥੇ ਹੀ ਬੱਸ ਨਹੀਂ ਕਰਦੇ, ਉਹ ਤਾਂ ਸਗੋਂ ਸੰਤ ਜਨਾਂ ਦੀ ਨਿੰਦਾ ਕਰਦੇ ਹਨ। (ਹੇ ਭਾਈ) ਇਹ ਇਕ ਅਸੂਲਨ ਗੱਲ ਹੈ ਕਿ ਜੋ ਨਿੰਦਕ ਨਿੰਦਾ ਕਰਦਾ ਹੈ, ਉਹ ਜਿਸ ਦੀ ਨਿੰਦਾ ਕਰਦਾ ਹੈ, ਉਹ ਉਸ ਦੇ ਕੀਤੇ ਮੰਦ ਕਰਮਾਂ ਦੀ ਮੈਲ ਤਾਂ ਧੋਂਦਾ ਹੈ, ਪਰ ਉਹ ਆਪ ਮਾਇਆ ਵੇਹੜਿਆ ਮਨੁੱਖ ਪਰਾਈ ਮੈਲ ਖਾਣ ਦਾ ਆਦੀ ਬਣ ਜਾਂਦਾ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਨਿੰਦਕਾਂ ਦਾ ਆਖ਼ਰ ਅੰਤ ਕੀ ਹੁੰਦਾ ਹੈ?

ਉ: ੧੪. ਹੇ ਸੱਜਨੋ! ਜੋ ਨਿੰਦਕ ਲੋਕ ਸੰਤ ਜਨਾਂ ਦੀ ਨਿੰਦਾ ਕਰਨ ਵਿਚ ਵਿਆਪੇ ਰਹਿੰਦੇ ਹਨ, ਉਨ੍ਹਾਂ ਦਾ ਅੰਤ ਇਹ ਹੁੰਦਾ ਹੈ ਕਿ ਉਹ ਨ ਉਰਾਰ ਜੋਗੇ ਤੇ ਨ ਪਾਰ ਜੋਗੇ ਰਹਿੰਦੇ ਹਨ, ਅਰਥਾਤ ਉਹ ਵਿਚਕਾਹੇ ਭਵ ਸਾਗਰ ਵਿਚ ਡੁੱਬਦੇ ਹਨ।੬।

ਪ੍ਰ: ਹੇ ਗੁਰੋ! ਇਹ ਵੀ ਦੱਸੋ ਕਿ ਇਸ ਸੰਸਾਰ ਰਚਨਾ ਦਾ ਅਰੰਭ ਕਿਵੇਂ ਹੋਇਆ?

ਉ: ੧੫. ਹੇ ਭਰਾਵੋ! ਇਹ ਸਾਰਾ ਜਗਤ ਤਾਂ ਇਕ ਤਮਾਸ਼ਾ ਰੂਪ ਹੈ। ਇਹ ਹਰੀ ਕਰਤੇ ਨੇ ਆਪ ਹੀ ਇਕ ਖੇਲ ਬਣਾਇਆ ਹੈ ਅਤੇ ਕਰਤਾਰ ਨੇ ਹੀ ਇਸ ਵਿਚ ਆਪਣੀ ਸਾਰੀ ਕਲਾ ਧਾਰੀ ਹੋਈ ਹੈ, ਭਾਵ ਸਤਾ ਟਿਕਾਈ ਹੋਈ ਹੈ।

ਪ੍ਰ: ਕਿਉਂ ਜੀ! ਇਸ ਨੂੰ ਸਮਝੀਏ ਕਿਵੇਂ?

ਉ: ੧੬. ਹੇ ਭਾਈਓ! ਇਉਂ ਸਮਝੋ ਕਿ ਜਿਵੇਂ ਇਕ ਧਾਗੇ ਅੰਦਰ ਬਹੁਤ ਸਾਰੇ ਮਣਕੇ ਪਰੋਏ ਹੋਏ ਹੁੰਦੇ ਹਨ, ਪਰ ਜਦੋਂ ਉਨ੍ਹਾਂ ਮਾਲਾ ਦੇ ਮਣਕਿਆਂ ਵਿਚੋਂ ਧਾਗਾ ਖਿੱਚ ਲਿਆ ਜਾਵੇ, ਤਾਂ ਉਹ ਮਣਕੇ ਸਾਰੇ ਖਿੰਡ-ਪੁੰਡ ਜਾਂਦੇ ਹਨ, ਸੋ ਇਸੇ ਤਰ੍ਹਾਂ ਸਾਰੇ ਜੁੱਗਾਂ ਦੇ ਅੰਦਰ ਸਿਰਫ਼ ਪਰਮੇਸ਼ਰ ਦੀ ਸੱਤਾ ਦਾ ਹੀ ਧਾਗਾ ਪਸਰਿਆ ਹੋਇਆ ਹੈ। ਉਹ ਜਦੋਂ ਆਪਣੀ ਸਤਾ ਰੂਪੀ ਧਾਗੇ ਨੂੰ ਖਿੱਚ ਲੈਂਦਾ ਹੈ, ਤਾਂ ਇਹ ਜਗਤ ਤਮਾਸ਼ਾ ਅਲੋਪ ਹੋ ਜਾਂਦਾ ਹੈ, ਤਾਂ ਉਹ ਪਰਮੇਸ਼ਰ ਆਪਣੇ ਆਪ ਵਿਚ ਆਪ ਹੀ ਇਕ ਅਰੂਪ ਹੋ ਰਹਿੰਦਾ ਹੈ।੭।

ਪ੍ਰ: ਹੇ ਗੁਰੋ! ਜੋ ਲੋਕ ਇਸ ਸੰਸਾਰ ਸਾਗਰ ਤੋਂ ਪਾਰ ਹੋਣਾ ਚਾਹੁੰਦੇ ਹਨ, ਉਹ ਕਿਹੜਾ ਸਾਧਨ ਕਰਿਆ ਕਰਦੇ ਹਨ?

ਉ: ੧੭. ਹੇ ਭਾਈਓ! ਜੋ ਭਗਤ ਜਨ ਇਸ ਸੰਸਾਰ ਸਾਗਰ ਤੋਂ ਸਹੀ ਸਲਾਮਤ ਪਾਰ ਲੰਘਣਾ ਚਾਹੁੰਦੇ ਹਨ, ਉਹ ਰਸਨਾ ਦੁਆਰਾ ਪ੍ਰੇਮ ਰਸ ਵਿਚ ਰਸੀਏ ਹੋ ਕੇ (ਸਦਾ) ਹਰੀ ਦੇ ਗੁਣ ਗਾਉਂਦੇ ਹਨ ਤੇ ਉਨ੍ਹਾਂ ਦੀ ਰਸਨਾ ਹਮੇਸ਼ਾ ਹੀ ਹਰੀ ਰਸ ਨੂੰ ਧਾਰਨ ਕਰਨ ਵਾਲੀ ਹੋਈ ਰਹਿੰਦੀ ਹੈ।

ਪ੍ਰ: ਹੇ ਗੁਰਦੇਵ ਜੀਉ! ਆਖ਼ਰ ਜਦੋਂ ਕਦੀ ਤੁਹਾਡੇ ਅੰਦਰ ਰੱਬ ਤੋਂ ਕੁਝ ਮੰਗਣ ਦੀ ਇੱਛਾ ਹੁੰਦੀ ਹੈ, ਤਾਂ ਆਪ ਜੀ ਦੀ ਮੰਗ ਕਿਸ ਰੂਪ ਵਿਚ ਹੋਇਆ ਕਰਦੀ ਹੈ?

ਉ: ੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰੋ, ਮੈਂ

ਤਾਂ ਸਾਈਂ ਜੀ ਪਾਸੋਂ ਹੋਰ ਕੁਝ ਵੀ ਨਹੀਂ ਮੰਗਦਾ, ਕੇਵਲ ਹਰੀ ਦਾ ਨਾਮ ਹੀ ਮੰਗਦਾ ਹਾਂ, (ਕਿਉਂਕਿ) ਮੈਨੂੰ ਤਾਂ ਪਰਮੇਸ਼ਰ ਦੇ ਨਾਮ ਰਸ ਦੀ ਪ੍ਰੀਤ ਹੀ ਪਿਆਰੀ ਲੱਗਦੀ ਹੈ।੮।੧।੭।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਰਾਮਦਾਸ ਸਾਹਿਬ ਜੀ ਨੇ ਪਰਮੇਸ਼ਰ ਦੀ ਭਗਤੀ, ਹਰੀ ਦਾ ਕੀਰਤਨ, ਨਾਮ ਦਾ ਸਿਮਰਨ, ਇਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਦੇ ਅੰਗ ਦੱਸ ਕੇ; ਇਨ੍ਹਾਂ ਦੇ ਧਾਰਨੀ ਹੋ ਗੁਰਮੁਖ ਬਣਨ ਦਾ ਉਪਦੇਸ਼ ਤੇ ਮਨਮੁਖਤਾ ਤੋਂ ਬਚਣ ਦੀ ਜਾਚ ਦਰਸਾਈ ਹੈ ਅਤੇ ਆਪਣੇ ਅੰਦਰ ਜੋ ਨਾਮ ਦੀ ਪ੍ਰਾਪਤੀ ਲਈ ਪਿਆਰ ਹੈ, ਉਸ ਸਬੰਧੀ ਆਪਣੇ ਅੰਦਰ ਦੀ ਬਿਹਬਲਤਾ ਨੂੰ ਵੀ ਅੰਕਤ ਕੀਤਾ ਹੈ।

ਗੂਜਰੀ ਮਹਲਾ ੫ ਘਰੁ ੨

੧ਓ ਸਤਿਗੁਰ ਪ੍ਰਸਾਦਿ ॥

੧. ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥
੨. ਠਾਕੁਰ ਮਹਿ ਠਕੁਰਾਈ ਤੇਰੀ
ਕੋਮਨ ਸਿਰਿ ਕੋਮਾ ॥੧॥
੩. ਪਿਤਾ ਮੇਰੋ ਬਡੋ ਧਨੀ ਅਗਮਾ ॥
੪. ਉਸਤਤਿ ਕਵਨ ਕਰੀਜੈ ਕਰਤੇ
ਪੇਖਿ ਰਹੇ ਬਿਸਮਾ ॥੧॥ ਰਹਾਉ ॥
੫. ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ
ਦਾਤਨ ਸਿਰਿ ਦਾਤਾ ॥
੬. ਤੇਜਨ ਮਹਿ ਤੇਜਵੰਸੀ ਕਹੀਅਹਿ
ਰਸੀਅਨ ਮਹਿ ਰਾਤਾ ॥੨॥
੭. ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ ॥
੮. ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ
ਜੋਗਨ ਮਹਿ ਜੋਗੀ ॥੩॥
੯. ਕਰਤਨ ਮਹਿ ਤੂੰ ਕਰਤਾ ਕਹੀਅਹਿ
ਆਚਾਰਨ ਮਹਿ ਆਚਾਰੀ ॥
੧੦. ਸਾਹਨ ਮਹਿ ਤੂੰ ਸਾਚਾ ਸਾਹਾ
ਵਾਪਾਰਨ ਮਹਿ ਵਾਪਾਰੀ ॥੪॥
੧੧. ਦਰਬਾਰਨ ਮਹਿ ਤੇਰੋ ਦਰਬਾਰਾ
ਸਰਨ ਪਾਲਨ ਟੀਕਾ ॥
੧੨. ਲਖਿਮੀ ਕੇਤਕ ਗਨੀ ਨ ਜਾਈਐ
ਗਨਿ ਨ ਸਕਉ ਸੀਕਾ ॥੫॥
੧੩. ਨਾਮਨ ਮਹਿ ਤੇਰੋ ਪ੍ਰਭ ਨਾਮਾ
ਗਿਆਨਨ ਮਹਿ ਗਿਆਨੀ ॥
੧੪. ਜੁਗਤਨ ਮਹਿ ਤੇਰੀ ਪ੍ਰਭ ਜੁਗਤਾ
ਇਸਨਾਨਨ ਮਹਿ ਇਸਨਾਨੀ ॥੬॥
੧੫. ਸਿਧਨ ਮਹਿ ਤੇਰੀ ਪ੍ਰਭ ਸਿਧਾ
ਕਰਮਨ ਸਿਰਿ ਕਰਮਾ ॥
੧੬. ਆਗਿਆ ਮਹਿ ਤੇਰੀ ਪ੍ਰਭ ਆਗਿਆ
ਹੁਕਮਨ ਸਿਰਿ ਹੁਕਮਾ ॥੭॥
੧੭. ਜਿਉ ਬੋਲਾਵਹਿ ਤਿਉ ਬੋਲਹ ਸੁਆਮੀ
ਕੁਦਰਤਿ ਕਵਨ ਹਮਾਰੀ ॥
੧੮. ਸਾਧਸੰਗਿ ਨਾਨਕ ਜਸੁ ਗਾਇਓ
ਜੋ ਪ੍ਰਭ ਕੀ ਅਤਿ ਪਿਆਰੀ ॥੮॥੧॥੮॥

ਪਦ ਅਰਥ : ਕਹੀਅਹਿ—ਤੂੰ ਕਿਹਾ ਜਾਂਦਾ ਹੈਂ। ਭੂਮਨ—ਭੂਮਿ, ਜ਼ਮੀਨ, ਜਗ੍ਹਾ, ਧਰਤੀ। ਭੂਮਾ—ਭੂਮੀ ਵਾਲਾ, ਭੂਮੀ ਦਾ ਮਾਲਕ। ਠਾਕੁਰ—ਮਾਲਕ, ਸਰਦਾਰ। ਠਕੁਰਾਈ—ਸਰਦਾਰੀ। ਕੋਮਾ—ਉੱਚੀ ਕੁਲ ਵਾਲਾ। ਸਿਰਿ—ਸਿਰ ਉੱਤੇ।੧। ਧਨੀ—ਮਾਲਕ। ਅਗਮਾ—ਅਪਹੁੰਚ। ਉਸਤਤਿ—ਵਡਿਆਈ। ਕਰਤੇ—ਹੇ ਕਰਤਾਰ। ਪੇਖਿ—ਵੇਖਕੇ। ਬਿਸਮਾ—ਹੈਰਾਨ।੧।ਰਹਾਉ। ਦਾਤਨ ਸਿਰਿ—ਦਾਤਿਆਂ ਦੇ ਸਿਰ ਉੱਤੇ, ਦਾਤਿਆਂ ਵਿਚ ਸ਼ਰੋਮਣੀ। ਤੇਜਨ ਮਹਿ—ਤੇਜ ਪ੍ਰਤਾਪ ਵਾਲਿਆਂ ਵਿਚ। ਰਸੀਅਨ ਮਹਿ—ਰਸ ਲੈਣ ਵਾਲਿਆਂ ਵਿਚ। ਰਾਤਾ—ਰਤਾ ਹੋਇਆ, ਰਸ ਵਿਚ ਮਸਤ।੨। ਸੂਰਾ—ਸੂਰਮਾ। ਭੋਗਨ ਮਹਿ—ਭੋਗਣ ਵਾਲਿਆਂ ਵਿਚ। ਜੋਗਨ ਮਹਿ—ਵਿਰਕਤਾਂ ਵਿਚ।੩। ਕਰਤਨ ਮਹਿ—ਨਵੇਂ ਕੰਮ ਕਰਨ ਵਾਲਿਆਂ ਵਿਚ। ਆਚਾਰਨ ਮਹਿ—ਧਾਰਮਿਕ ਰਸਮਾਂ ਕਰਨ ਵਾਲਿਆਂ ਵਿਚ।੪। ਸਰਨ ਪਾਲਨ ਟੀਕਾ—ਸ਼ਰਨ ਪਰਿਆਂ ਦੀ ਲਾਜ ਰੱਖਣ ਵਾਲਿਆਂ ਦਾ ਤੂੰ ਟਿੱਕਾ ਸ਼੍ਰੋਮਣੀ ਹੈਂ। ਰਾਜੇ ਦਾ ਵੱਡਾ ਪੁੱਤ੍ਰ ਜੋ ਗਦੀ 'ਤੇ ਬੈਠਦਾ ਹੈ, ਭਾਵ ਹੈ ਸ਼ਰੋਮਣੀ। ਕੇਤਕ—ਕਿਤਨੀ-ਕੁ ? ਬੇਅੰਤ। ਗਨਿ ਨ ਸਕਉ—ਮੈਂ ਗਿਣ ਨਹੀਂ ਸਕਦਾ। ਸੀਕਾ—ਸਿੱਕੇ, ਰੁਪਏ, ਖ਼ਜ਼ਾਨੇ।੫। ਨਾਮਨ ਮਹਿ—ਨਾਮਣੇ ਵਾਲਿਆਂ ਵਿਚ। ਨਾਮਾ—ਨਾਮਣਾ। ਜੁਗਤਨ ਮਹਿ—ਚੰਗੀ ਜੀਵਨ ਜੁਗਤਿ ਵਾਲਿਆਂ ਵਿਚ।੬। ਸਿਧਨ ਮਹਿ—ਕਰਾਮਾਤੀ ਤਾਕਤਾਂ ਵਾਲਿਆਂ ਵਿਚ। ਸਿਧਾ—ਕਰਾਮਾਤੀ ਤਾਕਤ। ਕਰਮਨ ਸਿਰਿ—ਕਰਮ ਕਰਨ ਵਾਲਿਆਂ ਵਿਚ ਸ਼ਰੋਮਣੀ। ਆਗਿਆ—ਹੁਕਮ। ਹੁਕਮਨ ਸਿਰਿ—ਹੁਕਮ ਕਰਨ ਵਾਲਿਆਂ ਵਿਚ ਸ਼ਰੋਮਣੀ।੭। ਬੋਲਾਵਹਿ—ਤੂੰ ਬੁਲਾਂਦਾ ਹੈਂ। ਬੋਲਹ—ਅਸੀਂ ਬੋਲਦੇ ਹਾਂ। ਸੁਆਮੀ—ਹੇ ਮਾਲਕ! ਕੁਦਰਤਿ—ਤਾਕਤ। ਸਾਧ ਸੰਗਿ— ਗੁਰੂ ਦੀ ਸੰਗਤ ਵਿਚ। ਗਾਇਓ—ਗਾਇਆ।੮।

ਅਰਥ :

ਪ੍ਰ: ਹੇ ਗੁਰੋ ! ਜਦੋਂ ਆਪ ਸਾਈਂ ਜੀ ਨੂੰ ਸਨਮੁਖ ਅਨੁਭਵ ਕਰਕੇ ਉਸ ਦੀ ਮਹਿਮਾ ਕਰਦੇ ਹੋ, ਤਾਂ ਉਹ ਕਿਸ ਰੂਪ ਵਿਚ ਕਰਦੇ ਹੋ ?

ਉ: ੧. ਹੇ ਭਾਈਓ ! ਅਸੀਂ ਤਾਂ ਉਸ ਸਾਈਂ ਜੀ ਦੇ ਸਨਮੁਖ ਇਉਂ ਹੀ ਜੋਦੜੀ ਕਰਦੇ ਹਾਂ ਕਿ (ਹੇ ਕਰਤਾਰ) ਤੂੰ ਦੁਨਿਆਵੀ ਰਾਜਿਆਂ ਵਿਚ ਸਭ ਤੋਂ ਵੱਡਾ ਰਾਜਾ ਅਖਵਾਂਦਾ ਹੈਂ (ਤੁਮ ਹੋ ਸਭ ਰਾਜਨ ਕੇ ਰਾਜਾ (ਚੌ: ਪਾ: ੧੦)। ਤੇ ਸਾਰੇ ਹੀ ਭੁਇੰ ਦੇ ਮਾਲਕਾਂ ਵਿਚ ਤੂੰ ਸਭ ਤੋਂ ਵਡਾ ਭੁਇੰ ਦਾ ਮਾਲਕ ਹੈਂ, ਜ਼ਿਮੀਦਾਰਾਂ ਵਿਚ ਸ਼ਰੋਮਣੀ ਜ਼ਿਮੀਦਾਰ ਹੈਂ।

੨. ਠਾਕਰਾਂ ਵਿਚ ਤੇਰੀ ਠਕਰਾਈ ਵੱਡੀ ਹੈ, ਸਭ ਕੌਮਾਂ ਜਾਤੀਆਂ ਦੇ ਸਿਰ 'ਤੇ (ਤੇਰੀ) (ਕੌਮ) ਜਾਤ ਹੈ।੧।

੩. ਹੇ ਮੇਰੇ ਪਿਤਾ! ਤੂੰ ਸਭ ਤੋਂ ਵੱਡਾ ਮਾਲਕ ਹੈਂ। ਤੂੰ ਸਾਡੀ ਸਿਆਣਪ ਪਹੁੰਚ ਤੋਂ ਪਰੇ ਹੈਂ।

੪. ਹੇ ਕਰਤਾਰ! (ਦੱਸ ਅਸੀਂ) ਆਪ ਜੀ ਦੀ ਕਿਹੜੀ-ਕਿਹੜੀ ਵਡਿਆਈ ਸਿਫ਼ਤ ਕਰੀਏ। ਅਸੀਂ ਤੇਰੀ ਲੀਲ੍ਹਾ ਨੂੰ ਦੇਖ ਕੇ ਹੈਰਾਨ ਹੋ ਰਹੇ ਹਾਂ।੧।ਰਹਾਉ।

੫. ਹੇ ਕਰਤਾਰ (ਸੰਸਾਰ ਦੇ) ਸੁਖੀ ਲੋਕਾਂ ਵਿਚ ਤੂੰ ਸ਼੍ਰੋਮਣੀ ਪੂਰਨ ਸੁਖੀ ਕਿਹਾ ਜਾਂਦਾ ਹੈਂ ਅਤੇ ਦਾਤਿਆਂ ਦੇ ਸਿਰ ਦੇ ਉੱਤੇ ਪੂਰਨ ਦਾਤਾ ਕਹੀਦਾ ਹੈਂ।

੬. ਹੇ ਕਰਤਾਰ! ਪਰਤਾਪ ਵਾਲਿਆਂ ਵਿਚ ਤੂੰ (ਪਰਮ) ਤੇਜੱਸਵੀ (ਅਰਥਾਤ) ਪ੍ਰਤਾਪ ਵਾਲਾ ਕਹੀਦਾ ਹੈਂ ਅਤੇ ਦੁਨੀਆ ਦੇ ਰਸ ਮਾਨਣ ਵਾਲਿਆਂ ਵਿਚ ਤੂੰ ਸ਼ਰੋਮਣੀ ਰਸੀਆ ਹੈਂ।੨।

੭. ਬਹਾਦਰਾਂ ਵਿਚ ਤੂੰ ਸ਼ਰੋਮਣੀ ਬਹਾਦਰ ਅਖਵਾਣ ਦਾ ਹੱਕਦਾਰ ਹੈਂ। (ਦੁਨੀਆਂ ਦੇ ਸਾਰੇ ਜੀਵਾਂ ਵਿਚ ਵਿਆਪਕ ਹੋਣ ਕਰਕੇ) ਭੋਗੀਆਂ ਵਿਚ ਤੂੰ ਹੀ ਭੋਗੀ ਹੈਂ, (ਭਾਵ ਪਰਮ ਭੋਗਨਹਾਰ ਤੂੰ ਹੀ ਹੈਂ)।

੮. ਗ੍ਰਿਹਸਤੀਆਂ ਵਿਚ ਤੂੰ ਸਭ ਤੋਂ ਵੱਡਾ ਗ੍ਰਿਹਸਤੀ ਹੈਂ (ਜਿਸ ਆਪ ਦਾ ਇਤਨਾ ਵੱਡਾ ਜਗਤ ਟੱਬਰ ਹੈ)। ਜੋਗੀਆਂ ਵਿਚ ਤੂੰ ਸ਼ਰੋਮਣੀ ਜੋਗੀ ਹੈਂ (ਇਤਨੇ ਪ੍ਰਵਾਰ ਵਾਲਾ ਹੁੰਦਾ ਹੋਇਆ ਭੀ ਤੂੰ ਨਿਰਲੇਪ ਹੈਂ)।੩।

੯. ਹੇ ਕਰਤਾਰ! ਰਚਨਹਾਰਾਂ ਵਿਚ, ਭਾਵ ਨਵੇਂ ਕੰਮ ਕਰਨ ਵਾਲੇ ਸਿਆਣਿਆਂ ਵਿਚ ਤੂੰ ਸ਼ਰੋਮਣੀ ਰਚਨਹਾਰ ਹੈਂ ਅਤੇ ਧਾਰਮਿਕ ਰਸਮਾਂ ਕਰਨ ਵਾਲਿਆਂ ਵਿਚ ਭੀ ਤੂੰ ਹੀ ਸ਼ਰੋਮਣੀ ਹੈਂ।

੧੦. ਹੇ ਕਰਤਾਰ! ਦੁਨੀਆਂ ਦੇ ਸ਼ਾਹੂਕਾਰਾਂ ਵਿਚ ਤੂੰ ਸੱਚਾ ਸ਼ਾਹੂਕਾਰ ਹੈਂ ਤੇ ਵਪਾਰੀਆਂ ਵਿਚ ਤੂੰ ਵੱਡਾ ਵਪਾਰੀ ਹੈਂ।੪।

੧੧. ਹੇ ਸਾਈਂ ਜੀ! ਦੁਨੀਆਂ ਦੇ ਦਰਬਾਰ ਲਾਉਣ ਵਾਲਿਆਂ ਵਿਚ ਤੇਰਾ ਦਰਬਾਰ ਸ਼ਰੋਮਣੀ ਹੈ ਅਤੇ ਸ਼ਰਣ ਆਇਆਂ ਦੀ ਪਾਲਣਾ ਕਰਨ ਵਾਲਿਆਂ ਦਾ ਤੂੰ (ਟਿੱਕਾ) ਸ਼੍ਰੋਮਣੀ ਹੈਂ।

੧੨. ਹੇ ਕਰਤਾਰ! ਤੇਰੇ ਘਰ ਵਿਚ ਕਿਤਨੀ-ਕੁ ਦੌਲਤ ਹੈ, ਇਸ ਦਾ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਅਤੇ ਤੇਰਾ (ਸਿੱਕਾ) ਹਕੂਮਤ, ਰੁਪਇਆ ਅਤੇ ਗਹਿਣਾ, ਇਹ ਗਿਣੇ ਹੀ ਨਹੀਂ ਜਾ ਸਕਦੇ।੫।

੧੩. ਹੇ ਪ੍ਰਭੂ! ਨਾਮਾਂ ਵਿਚੋਂ ਤੇਰਾ ਨਾਮ ਵੱਡਾ ਹੈ, ਗਿਆਨੀਆਂ ਵਿਚੋਂ ਤੂੰ ਵੱਡਾ ਗਿਆਨੀ ਹੈਂ।

੧੪. ਹੇ ਪ੍ਰਭੂ! ਸਿਆਣਪਾਂ ਵਿਚੋਂ, ਭਾਵ ਚੰਗੀ ਜੀਵਨ-ਜੁਗਤੀ ਵਾਲਿਆਂ ਵਿਚ ਤੇਰੀ ਜੁਗਤ ਸ੍ਰੇਸ਼ਟ ਹੈ। ਇਸ਼ਨਾਨੀਆਂ ਵਿਚੋਂ ਤੂੰ ਵੱਡਾ ਇਸ਼ਨਾਨੀ ਹੈਂ, ਕਿਉਂਕਿ ਸਾਰੇ ਜਲਾਂ ਵਿਚ ਤੂੰ ਸਦਾ ਆਪ ਹੀ ਵਸਦਾ ਹੈਂ।੬।

੧੫. ਸਿੱਧੀਆਂ ਵਿਚੋਂ, ਭਾਵ ਕਰਾਮਾਤੀ ਤਾਕਤਾਂ ਰੱਖਣ ਵਾਲਿਆਂ ਵਿਚ ਤੇਰੀ ਕਰਾਮਾਤੀ ਤਾਕਤ ਸ਼ਰੋਮਣੀ ਹੈ। ਕੰਮ ਕਰਨ ਵਾਲਿਆਂ ਵਿਚ ਤੂੰ ਸ਼ਰੋਮਣੀ ਉੱਦਮੀ ਹੈਂ।

੧੬. ਹੇ ਪ੍ਰਭੂ! ਆਗਿਆ ਵਿਚ ਤੇਰੀ ਆਗਿਆ ਪ੍ਰਬਲ ਹੈ ਅਤੇ ਹੁਕਮ ਕਰਨ ਵਾਲਿਆਂ ਵਿਚ ਤੂੰ ਹੁਕਮ ਕਰਨ ਵਾਲਾ ਸਭ ਤੋਂ ਵੱਡਾ ਹੈਂ।੭।

੧੭. ਅੰਤ ਵਿਚ ਅਰਦਾਸ ਕਰਦੇ ਹਨ ਕਿ ਹੇ ਸੁਆਮੀ ਜੀ! ਸਾਡੀ (ਤੇਰੇ ਪੈਦਾ ਕੀਤੀ ਹੋਏ ਜੀਵਾਂ ਦੀ) ਕੀ ਤਾਕਤ ਹੈ ਕਿ ਅਸੀਂ ਆਪ ਦਾ ਜਸ ਕਹਿ ਸਕੀਏ। ਸਾਨੂੰ ਤਾਂ ਤੂੰ ਜਿਵੇਂ ਬੁਲਾਉਂਦਾ ਹੈਂ, ਤਿਵੇਂ ਅਸੀਂ ਬੋਲਦੇ ਹਾਂ।

੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਕਰਤਾਰ! ਇਹ ਜੋ ਮੈਂ ਜਸ ਗਾਇਆ ਹੈ, ਇਹ ਸਾਧ ਸੰਗਤ ਦੁਆਰਾ ਗਾਇਨ ਕੀਤਾ ਹੈ ਜੋ ਕਿ ਸਾਧ ਸੰਗਤ ਆਪ ਦੀ ਪਿਆਰੀ ਹੈ, ਭਾਵ ਆਪ ਦੀ ਸਿਫ਼ਤਿ-ਸਾਲਾਹ ਕਰਨੀ ਵੀ ਆਪ ਜੀ ਦੀ ਮਿਹਰ ਦਾ ਸਦਕਾ ਹੈ।੮।੧੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਵਾਹਿਗੁਰੂ ਜੀ ਦੇ ਸਨਮੁਖ ਉਸਤਤੀ ਕਰਦੇ ਹਨ। ਦੁਨੀਆਂ ਵਿਚ ਮੰਨੀਆਂ-ਪ੍ਰਮੰਨੀਆਂ ਵਡਿਆਈਆਂ ਨੂੰ ਦਰਸਾ ਕੇ ਸਭ ਤੋਂ ਉੱਚੀ ਉਸ ਕਰਤਾਰ ਦੀ ਮਹਿਮਾ ਅੰਕਤ ਕੀਤੀ ਹੈ।

ਗੂਜਰੀ ਮਹਲਾ ੫ ਘਰੁ ੪

੧ਓ ਸਤਿਗੁਰ ਪ੍ਰਸਾਦਿ ॥

੧. ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ ॥

੨. ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ
ਸਫਲ ਸੁਆਮੀ ਸੇਵ ॥੧॥

੩. ਹਰਿ ਗੋਪਾਲ ਗੁਰ ਗੋਬਿੰਦ ॥

੪. ਚਰਣ ਸਰਣ ਦਇਆਲ ਕੇਸਵ
ਤਾਰਿ ਜਗ ਭਵ ਸਿੰਧ ॥੧॥ ਰਹਾਉ ॥

੫. ਕਾਮ ਕ੍ਰੋਧ ਹਰਨ ਮਦ ਮੋਹ ਦਹਨ
ਮੁਰਾਰਿ ਮਨ ਮਕਰੰਦ ॥

੬. ਜਨਮ ਮਰਣ ਨਿਵਾਰਿ ਧਰਣੀਧਰ
ਪਤਿ ਰਾਖੁ ਪਰਮਾਨੰਦ ॥੨॥

੭. ਜਲਤ ਅਨਿਕ ਤਰੰਗ ਮਾਇਆ
ਗੁਰ ਗਿਆਨ ਹਰਿ ਰਿਦ ਮੰਤ ॥

੮. ਛੇਦਿ ਅਹੰਬੁਧਿ ਕਰੁਣਾ ਮੈ
ਚਿੰਤ ਮੇਟਿ ਪੁਰਖ ਅਨੰਤ ॥੩॥

੯. ਸਿਮਰਿ ਸਮਰਥ ਪਲ ਮਹੂਰਤ
ਪ੍ਰਭ ਧਿਆਨੁ ਸਹਜ ਸਮਾਧਿ ॥

੧੦. ਦੀਨ ਦਇਆਲ ਪ੍ਰਸੰਨ ਪੂਰਨ
ਜਾਚੀਐ ਰਜ ਸਾਧ ॥੪॥

੧੧. ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥

੧੨. ਰਖੁ ਧਰਮ ਭਰਮ ਬਿਦਾਰਿ ਮਨ ਤੇ
ਉਧਰੁ ਹਰਿ ਨਿਰੰਕਾਰ ॥੫॥

੧੩. ਧਨਾਢਿ ਆਢਿ ਭੰਡਾਰ ਹਰਿ ਨਿਧਿ
ਹੋਤ ਜਿਨਾ ਨ ਚੀਰ ॥
੧੪. ਖਲ ਮੁਗਧ ਮੂੜ ਕਟਾਖ੍ਹ ਸ੍ਰੀਧਰ
ਭਏ ਗੁਣ ਮਤਿ ਧੀਰ ॥੬॥
੧੫. ਜੀਵਨ ਮੁਕਤ ਜਗਦੀਸ ਜਪਿ
ਮਨ ਧਾਰਿ ਰਿਦ ਪਰਤੀਤਿ ॥
੧੬. ਜੀਅ ਦਇਆ ਮਇਆ ਸਰਬਤ੍ਰ ਰਮਣੰ
ਪਰਮ ਹੰਸਹ ਰੀਤਿ ॥੭॥
੧੭. ਦੇਤ ਦਰਸਨੁ ਸ੍ਰਵਨ ਹਰਿ ਜਸੁ ਰਸਨ ਨਾਮ ਉਚਾਰ ॥
੧੮. ਅੰਗ ਸੰਗ ਭਗਵਾਨ ਪਰਸਨ
ਪ੍ਰਭ ਨਾਨਕ ਪਤਿਤ ਉਧਾਰ ॥੮॥੧॥੨॥੫॥੧॥੧॥੨॥੫੭॥

ਪਦ ਅਰਥ : ਨਾਥ—ਹੇ ਜਗਤ ਦੇ ਮਾਲਕ। ਨਰਹਰ—ਨਾਲੇ ਸ਼ੇਰ ਨਾਲੇ ਮਨੁੱਖ, ਨਰ ਸਿੰਘ ਅਵਤਾਰ ਜੋ ਚੌਥਾ ਅਵਤਾਰ ਕਹੀਦਾ ਹੈ, ਪਰ ਏਥੇ ਭਾਵ ਬਲਵਾਨ ਜਾਂ ਮਹਾਬਲੀ, ਪ੍ਰਭੂ ਪਰਮੇਸ਼ਰ ਤੋਂ ਹੈ। ਦੇਵ—ਪ੍ਰਕਾਸ਼ ਰੂਪ। ਦੀਨ ਬੰਧਵ—ਗ੍ਰੀਬਾਂ ਦਾ ਜਾਂ ਅਨਾਥਾਂ ਦਾ ਸਾਕੇਦਾਰ, ਭਾਵ ਸਹਾਈ। ਭੈ—ਡਰ। ਤ੍ਰਾਸ—ਸਹਿਮ, ਤੌਖਲਾ। ਗੁਣਨਿਧਿ—ਹੇ ਗੁਣਾਂ ਦੇ ਖ਼ਜ਼ਾਨੇ, ਸਰਵ ਗੁਣ ਸੰਪੰਨ। ਸਫਲ ਸੇਵ—ਜਿਸ ਦੀ ਸੇਵਾ ਭਗਤੀ ਫਲ ਦੇਣ ਵਾਲੀ ਹੈ।੧। ਗੁਰ—ਹੇ ਸਭ ਤੋਂ ਵੱਡੇ। ਕੇਸਵ—ਹੇ ਸੋਹਣੇ ਲੰਮੇ ਕੇਸਾਂ ਵਾਲੇ ਪ੍ਰਭੂ। ਭਵ ਸਿੰਧ—ਸੰਸਾਰ ਸਮੁੰਦਰ। ਤਾਰਿ—ਪਾਰ ਲੰਘਾ।੧।ਰਹਾਉ। ਹਰਨ—ਖੋਹ ਲੈਣ ਵਾਲਾ। ਮਦ ਮੋਹ ਦਹਨ—ਹੇ ਮੋਹ ਦੀ ਮਸਤੀ ਸਾੜਨ ਵਾਲੇ ਭਾਵ ਦੂਰ ਕਰਨ ਵਾਲੇ। ਮਨ ਮਕਰੰਦ—ਹੇ ਮਨ ਨੂੰ ਸੁਗੰਧੀ ਦੇਣ ਵਾਲੇ। ਧਰਣੀਧਰ—ਹੇ ਧਰਤੀ ਦੇ ਸਹਾਰੇ। ਪਤਿ—ਇੱਜ਼ਤ। ਪਰਮਾਨੰਦ—ਹੇ ਸਭ ਤੋਂ ਉੱਚੇ ਅਨੰਦ ਦੇ ਮਾਲਕ।੨। ਜਲਤ—ਸੜ ਰਿਹਾਂ ਨੂੰ। ਤਰੰਗ—ਲਹਿਰਾਂ। ਹਰਿ—ਹੇ ਹਰੀ। ਰਿਦ—ਹਿਰਦੇ ਵਿਚ। ਛੇਦਿ—ਨਾਸ ਕਰ। ਅਹੰਬੁਧਿ—ਹਉਮੈ। ਕਰੁਣਾ—ਤਰਸ। ਕਰਣਾਮੈ—ਹੇ ਤਰਸ ਸਰੂਪ ਪ੍ਰਭੂ।੩। ਪਲ ਮਹੂਰਤ—ਹਰ ਪਲ, ਹਰ ਘੜੀ। ਮਹੂਰਤ—ਦੋ ਘੜੀ, ੪੮ ਮਿੰਟ ਦਾ ਸਮਾਂ। ਸਹਜ—ਆਤਮਿਕ ਅਡੋਲਤਾ। ਜਾਚੀਐ—ਮੰਗਣੀ ਚਾਹੀਦੀ ਹੈ। ਰਜ ਸਾਧ—ਸਾਧੂਆਂ ਦੀ ਚਰਨ ਧੂੜੀ।੪। ਮਿਥਨ—ਝੂਠਾ। ਦੁਰੰਤ—ਭੈੜੇ ਅੰਤ ਵਾਲੀ, ਜਿਸ ਦਾ ਫਲ ਖੋਟਾ ਹੈ। ਬਿਦਾਰਿ—ਨਾਸ ਕਰ। ਤੇ—ਤੋਂ।੫। ਆਢਿ—ਧਨਾਢ, ਧਨੀ। ਨਿਧਿ—ਖ਼ਜ਼ਾਨਾ। ਚੀਰ—ਕੱਪੜਾ। ਖਲ—ਮੂਰਖ, ਤ੍ਰੈ ਵਾਰ ਕਹਿਣ ਤੋਂ ਬੜੇ ਹੀ ਮੂਰਖ ਕਹੀਦਾ ਹੈ। ਕਟਾਖ੍ਹ—ਨਿਗਾਹ। ਸ੍ਰੀਧਰ—ਲਖਮੀਪਤੀ।੬। ਜੀਵਨ ਮੁਕਤ—ਦੁਨੀਆ ਦੇ ਕਾਰ ਵਿਹਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਤੋਂ ਸੁਤੰਤਰ। ਮਨਿ—ਹੇ ਮਨ। ਪਰਤੀਤਿ—ਸ਼ਰਧਾ। ਮਾਇਆ—ਤਰਸ। ਸਰਬਤ੍ਰ ਰਮਣੰ—ਸਰਵ ਵਿਆਪਕ। ਪਰਮ ਹੰਸਹ ਰੀਤਿ—ਸਭ ਤੋਂ ਉੱਚੇ ਹੰਸਾਂ ਦੀ ਜੀਵਨ-ਜੁਗਤਿ। ਹੰਸ—ਚੰਗੇ ਮੰਦੇ ਕਰਮ ਦਾ ਨਿਰਣਾ ਕਰ ਸਕਣ ਵਾਲਾ, ਜਿਵੇਂ ਹੰਸ ਦੁੱਧ ਤੇ ਪਾਣੀ ਨੂੰ ਵੱਖ-ਵੱਖ ਕਰ ਲੈਂਦਾ ਹੈ। ਸਰੇਸ਼ਟ ਸੰਤ, ਸੰਨਿਆਸੀਆਂ ਦੇ ਚਾਰ ਕਿਸਮ—ਕੁਟੀਚਕ, ਬਹੂਦਕ, ਹੰਸ, ਪਰਮ ਹੰਸ ਵਿਚੋਂ ਸਭ ਤੋਂ ਸ੍ਰੇਸ਼ਟ, ਗਿਆਨਵਾਨ, ਪੂਰਨ ਵਵੇਕੀ ਸੰਤ।੭। ਦੇਤ—ਦੇਂਦਾ ਹੈ। ਸ੍ਰਵਨ—ਕੰਨ। ਜਸੁ—ਸਿਫ਼ਤਿ-ਸਾਲਾਹ। ਰਸਨ—ਜੀਭ। ਪਰਸਨ—ਛੁਹ।੮।

ਅਰਥ :

ਪ੍ਰ: ਹੇ ਗੁਰੋ! ਮੈਨੂੰ ਤਾਂ ਉਸ ਸਾਈਂ ਜੀ ਦੀ ਉਪਮਾ ਕਰਨ ਦਾ ਵੀ ਢੰਗ ਨਹੀਂ, ਕੋਈ ਤਰੀਕਾ ਦੱਸ ਦਿਓ।

ਉ: ੧. ਹੇ ਪਿਆਰਿਆ! ਉਸ ਪ੍ਰਭੂ ਨੂੰ ਸਨਮੁਖ ਅਨੁਭਵ ਕਰਕੇ ਇਉਂ ਕਹਿਆ ਕਰ ਕਿ ਹੇ ਜਗਤ ਦੇ ਮਾਲਕ, ਹੇ ਨਰ ਹਰ! ਹੇ ਦੀਨਾਂ ਦੇ ਸਹਾਈ, ਹੇ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲੇ, ਹੇ ਪ੍ਰਕਾਸ਼ ਸਰੂਪ!

੨. ਹੇ ਸਾਰੇ ਡਰਾਂ ਸਹਿਮਾਂ ਦੇ ਨਾਸ ਕਰਨ ਵਾਲੇ, ਹੇ ਕਿਰਪਾਲੂ ਜੀਉ! ਹੇ ਗੁਣਾਂ ਦੇ ਖ਼ਜ਼ਾਨੇ, ਹੇ ਸੁਆਮੀ, ਤੇਰੀ ਸੇਵਾ ਭਗਤੀ ਕੀਤੀ ਹੋਈ ਜੀਵਨ ਨੂੰ ਸਫਲ ਕਰਦੀ ਹੈ।੧।

੩. ਹੇ ਹਰੀ! ਹੇ ਗੁਪਾਲ, ਹੇ ਗੁਰ ਗੋਬਿੰਦ।

ਪ੍ਰ: ਹੇ ਗੁਰੋ! ਮੈਂ ਇਹ ਪ੍ਰਭੂ ਜੀ ਦੇ ਸਿਫਾਤੀ ਗੁਣ ਉਚਾਰਨ ਕਰਕੇ ਮੰਗਾਂ ਕੀ?

ਉ: ੪. ਹੇ ਮਿੱਤਰਾ! ਇਹੋ ਇਕ ਸ਼ੈਅ ਮੰਗ ਕਿ ਹੇ ਦਇਆ ਦੇ ਘਰ ਦਿਆਲੂ ਜੀਉ! ਮੈਂ ਤੇਰੇ ਚਰਨਾਂ ਦੀ ਸ਼ਰਣ ਹਾਂ, ਮੈਨੂੰ ਆਪਣੇ ਚਰਨਾਂ ਦੀ ਸ਼ਰਨ ਵਿਚ ਰੱਖ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈ (ਬੱਸ ਮੇਰੀ ਇਕੋ ਇਹੋ ਮੰਗ ਹੈ)।੧।ਰਹਾਉ।

ਪ੍ਰ: ਕਿਉਂ ਜੀ! ਕੁਝ ਹੋਰ ਭੀ ਮੰਗਾਂ?

ਉ: ੫. ਹੇ ਸੱਜਣਾ! (ਜੇ ਕਦੀ ਸਾਈਂ ਜੀ ਪ੍ਰਸੰਨ ਹੋ ਕੇ ਕਹਿਣ ਕਿ ਕੁਝ ਹੋਰ ਮੰਗ ਲੈ ਤਾਂ ਫਿਰ ਇਉਂ ਹੀ ਕਹੀਂ ਕਿ) ਹੇ ਕਾਮ ਕ੍ਰੋਧ ਨੂੰ ਦੂਰ ਕਰਨ ਵਾਲੇ, ਹੇ ਮੋਹ ਦੇ ਨਸ਼ੇ ਨੂੰ ਸਾੜਨ ਵਾਲੇ, ਹੇ ਹੰਕਾਰ ਰੂਪੀ (ਰਾਖਸ਼) ਦੇ ਵੈਰੀ, ਹੇ ਮੇਰੇ ਮਨ ਰੂਪੀ ਭੌਰੇ ਲਈ ਮਕਰੰਦ (ਰਸ ਰੂਪ ਰਸਦਾਤਾ)।

੬. ਹੇ ਧਰਤੀ ਨੂੰ ਧਾਰਨ ਵਾਲੇ, ਹੇ ਸਭ ਤੋਂ ਸ੍ਰੇਸ਼ਟ ਆਨੰਦ ਦੇ ਮਾਲਕ, ਮੇਰੀ ਸ਼ਰਣ ਆਏ ਦੀ ਲਾਜ ਰੱਖ ਲੈ, ਮੇਰਾ ਜਨਮ ਮਰਨ ਦਾ ਗੇੜ ਮੁਕਾ ਦੇਹ।੨।

ਪ੍ਰ: ਹੇ ਗੁਰੋ! ਇਹ ਤਾਂ ਮੰਗ ਕੇਵਲ ਮੇਰੇ ਆਪਣੇ ਲਈ ਹੈ, ਪਰ ਮੈਂ ਆਪਣੇ ਸਮੇਤ ਸਾਰੇ ਜੀਵਾਂ ਲਈ ਭੀ ਕੁਝ ਮੰਗਣਾ ਚਾਹੁੰਦਾ ਹਾਂ, ਦੱਸੋ ਕੀ ਮੰਗਾਂ?

ਉ: ੭. ਹੇ ਮਿੱਤਰਾ! ਸਮੁੱਚੇ ਜੀਵਾਂ ਲਈ ਜੇ ਜਾਚਨਾ ਕਰਨੀ ਹੈ ਤਾਂ ਇਉਂ ਕਰ ਕਿ ਹੇ ਸਾਈਂ ਜੀ! ਇਹ ਜੀਵ ਮਾਇਆ ਅੱਗ ਦੀਆਂ ਬੇਅੰਤ ਪ੍ਰਜੁਲਤ ਲਹਿਰਾਂ ਵਿਚ ਸੜ ਰਹੇ ਹਨ, ਇਨ੍ਹਾਂ ਜੀਵਾਂ ਦੇ ਹਿਰਦੇ ਵਿਚ (ਤਰਸ ਕਰਕੇ) ਗੁਰੂ ਦੇ ਗਿਆਨ ਦਾ ਮੰਤ੍ਰ ਟਿਕਾਅ ਦੇ।

ਪ੍ਰ: ਹੇ ਸਤਿਗੁਰੋ! ਜੇ ਮੇਰੇ ਸਾਈਂ ਜੀ ਤਰਸ ਕਰਕੇ ਮੈਨੂੰ ਕੁਝ ਹੋਰ ਮੰਗਣ ਲਈ ਹੁਕਮ ਕਰਨ ਤਾਂ ਹੋਰ ਕੀ ਮੰਗਾਂ?

ਉ: ੮. ਹੇ ਭਰਾਵਾ! ਫਿਰ ਤੂੰ ਇਹੋ ਜਾਚਨਾ ਕਰੀਂ ਕਿ ਹੇ ਦਇਆ ਸਰੂਪ ਬੇਅੰਤ ਪੁਰਖ ਜੀਉ, ਸਾਡੇ ਅੰਦਰੋਂ ਹਉਮੈ ਵਾਲੀ ਬੁਧੀ ਕੱਟ ਦਿਓ, ਇਹ ਭੀ ਚਿੰਤਾ ਦੁੱਖ ਰੂਪ ਹੈ, ਇਸ ਨੂੰ ਵੀ ਸਾਡੇ ਹਿਰਦਿਆਂ ਵਿਚੋਂ ਮਿਟਾ ਦਿਓ।੩।

ਪ੍ਰ: ਦਿਆਲੂ ਜੀਉ ! ਇਕ ਮੇਰੀ ਮਾਨਸਿਕ ਕਮਜ਼ੋਰੀ ਹੋਰ ਭੀ ਹੈ ਕਿ ਜਦੋਂ ਭੀ ਮੈਂ ਧਿਆਨ ਲਾ ਕੇ ਸਮਾਧੀ ਵਿਚ ਜੁੜ ਕੇ ਬੈਠਣਾ ਚਾਹੁੰਦਾ ਹਾਂ, ਤਾਂ ਇਕਾਗ੍ਰਤਾ ਵਲੋਂ ਸਖਣਾ ਰਹਿੰਦਾ ਹਾਂ, ਇਸ ਦਾ ਵੀ ਕੋਈ ਉਪਾਉ ਦੱਸ ਦਿਓ।

ਉ: ੯. ਹੇ ਪਿਆਰੇ ! ਇਸ ਦਾ ਉਪਾਉ ਵੀ ਅਰਦਾਸ ਹੀ ਹੈ। ਸਦਾ ਇਉਂ ਹੀ ਜੋਦੜੀ ਕਰਿਆ ਕਰ ਕਿ ਹੇ ਸਮਰੱਥ ਪ੍ਰਭੂ ! ਮਿਹਰ ਕਰ ਕਿ ਮੈਂ ਹਰ ਪਲ, ਹਰ ਘੜੀ ਤੇਰਾ ਨਾਮ ਸਿਮਰ ਕੇ ਆਪਣੀ ਸੁਰਤਿ ਨੂੰ ਆਤਮਿਕ ਅਡੋਲਤਾ ਦੀ ਸਮਾਧੀ ਵਿਚ ਜੋੜੀ ਰੱਖਾਂ।

੧੦. ਹੇ ਦੀਨਾਂ ਉੱਤੇ ਦਇਆ ਕਰਨ ਵਾਲੇ, ਹੇ ਸਦੀਵ ਕਾਲ ਖਿੜੇ ਰਹਿਣ ਵਾਲੇ, ਹੇ ਸਰਵ ਵਿਆਪਕ, (ਮੇਰੇ 'ਤੇ ਮਿਹਰ ਕਰ ਕਿ) ਮੈਂ ਤੈਥੋਂ ਤੇਰੇ ਸੰਤ ਜਨਾਂ ਦੀ ਚਰਣ ਧੂੜ (ਹੀ ਸਦਾ) ਮੰਗਦਾ ਰਵਾਂ।੪।

ਪ੍ਰ: ਅਗੰਮੀ ਆਵਾਜ਼ ਹੋਈ, ਕੀ ਕੁਝ ਹੋਰ ਵੀ ਮੰਗਣਾ ਚਾਹੁੰਦੇ ਹੋ ?

ਉ: ੧੧. (ਜੀ ਹਾਂ) ਹੇ ਹਰੀ ! ਝੂਠੇ ਮੋਹ, ਖੋਟੇ ਅੰਤ ਵਾਲੀਆਂ ਆਸਾਂ, ਵਿਕਾਰਾਂ ਵਾਲੀਆਂ ਵਾਸ਼ਨਾਵਾਂ।

੧੨. ਹੇ ਸਾਈਂ ਜੀ ! ਮੇਰੇ ਮਨ ਤੋਂ ਭਟਕਣਾ ਦੂਰ ਕਰ ਦਿਓ, (ਅਤੇ ਮੇਰਾ ਪ੍ਰੇਮਾ ਭਗਤੀ ਦਾ) ਧਰਮ ਬਚਾਅ ਲਓ, ਹੇ ਨਿਰੰਕਾਰ ਹਰੀ ਜੀਉ, ਜਿਉਂ ਜਾਣੋ ਮੈਨੂੰ ਸੰਸਾਰ ਸਮੁੰਦਰ ਤੋਂ ਬਚਾਅ ਲਓ।੫।

੧੩. ਹੇ ਹਰੀ ! (ਤੇਰੇ ਨਾਮ ਦਾ ਨਿਧਿ) ਖ਼ਜ਼ਾਨਾ (ਪਾ ਕੇ) ਉਹ ਲੋਕ ਜਿਨ੍ਹਾਂ ਨੂੰ ਢੱਕਣ ਲਈ ਕੱਪੜੇ ਦੀ ਲੀਰ ਭੀ ਨਹੀਂ ਹੁੰਦੀ ਸੀ, ਉਹ ਧਨੀਆਂ ਦੇ ਭੀ ਧਨੀ ਅਤੇ ਖ਼ਜ਼ਾਨਿਆਂ ਵਾਲੇ ਹੋ ਗਏ।

੧੪. ਹੇ ਸ੍ਰੀਧਰ ਪ੍ਰਭੂ ! ਜੋ ਲੋਕ, ਮਹਾਂ ਮੂਰਖ ਤੇ ਦੁਸ਼ਟ ਸਨ, ਉਹ ਭੀ ਤੇਰੀ ਮਿਹਰ ਦੀ ਨਿਗਾਹ ਨਾਲ ਗੁਣਾਂ ਵਾਲੇ, ਉੱਚੀ ਮਤਿ ਵਾਲੇ ਅਤੇ ਧੀਰਜਤਾ ਵਾਲੇ ਬਣ ਜਾਂਦੇ ਹਨ।੬।

ਪ੍ਰ: ਹਜ਼ੂਰ ! ਬੜਾ ਹੀ ਜਤਨ ਕਰੀਦਾ ਹੈ, ਪਰ ਇਹ ਮਨ ਸਾਈਂ ਜੀ ਵੱਲ ਰੁਖ਼ ਹੀ ਨਹੀਂ ਕਰਦਾ, ਕੋਈ ਸਾਧਨ ਦੱਸ ਦਿਓ।

ਉ: ੧੫. ਹੇ ਸੱਜਣਾ ! ਮਨ ਨੂੰ ਇਉਂ ਪਿਆਰ ਨਾਲ ਸਮਝਾਇਆ ਕਰ ਕਿ ਹੇ ਮਨਾ, ਤੂੰ ਜਗਤ ਦੇ ਮਾਲਕ ਨੂੰ ਜਪਨਾ ਕਰ, ਕਿਉਂਕਿ ਉਸ ਦੇ ਸਿਮਰਨ ਨਾਲ ਜੀਵਨ ਮੁਕਤ ਹੋ ਜਾਈਦਾ ਹੈ। ਤੂੰ ਇਸ ਤਰ੍ਹਾਂ (ਆਪਣੇ) ਹਿਰਦੇ ਵਿਚ ਭਰੋਸਾ ਧਾਰੀ ਰੱਖ।

ਪ੍ਰ: ਸ੍ਰੀ ਜੀਉ ! ਜਗਦੀਸ਼ ਨੂੰ ਜਪ ਕੇ ਜੀਵਨ ਮੁਕਤ ਹੋ ਜਾਣ ਵਾਲਿਆਂ ਦੀ ਨਿਸ਼ਾਨੀ ਕੀ ਹੈ ?

ਉ: ੧੬. ਹੇ ਮਿੱਤਰਾ ! ਉਨ੍ਹਾਂ ਪਰਮ ਹੰਸਾਂ ਦੀ ਇਹੋ ਰੀਤ ਹੁੰਦੀ ਹੈ ਕਿ ਉਹ ਮਹਾਂ ਪੁਰਖ ਮਨ ਵਿਚ ਸਰਬ ਥਾਂ ਪ੍ਰਭੂ ਨੂੰ ਵਿਆਪਕ ਲਖਦੇ ਹਨ, ਸਾਰੇ ਜੀਵਾਂ ਉੱਤੇ ਦਇਆ ਤੇ ਪਿਆਰ ਵਾਲਾ ਸਲੂਕ ਰੱਖਦੇ ਹਨ ਅਤੇ ਸਰਬ ਨਾਲ (ਮਇਆ) ਕ੍ਰਿਪਾਲਤਾ ਦਾ ਵਰਤਾਉ ਕਰਦੇ ਹਨ।੭।

ਪ੍ਰ: ਹੇ ਗੁਰੋ ! ਆਖ਼ਰ, ਉਹ ਹਰੀ ਦਰਸ਼ਨ ਕਿਸ ਨੂੰ ਦੇਂਦਾ ਹੈ ?

ਉ: ੧੭. ਹੇ ਮਿੱਤਰੋ ! ਜਿਨ੍ਹਾਂ ਵਿਚ ਇਹ ਤਿੰਨ ਗੁਣ ਹਨ, ਜੋ ਕੰਨਾਂ ਨਾਲ ਹਰੀ ਦਾ ਜਸ ਸੁਣਦੇ ਹਨ ੧. ਰਸਨਾ ਨਾਲ ਨਾਮ ਉਚਾਰਨ ਕਰਦੇ ਰਹਿੰਦੇ ਹਨ ੨.

੧੮. ਅਤੇ ਭਗਵਾਨ ਨੂੰ ਅੰਗ ਸੰਗ ਜਾਣ ਕੇ (ਸਦਾ ਹੀ) ਪਰਸਦੇ ਰਹਿੰਦੇ ਹਨ। ੩. ਉਨ੍ਹਾਂ ਨੂੰ ਉਹ ਮੇਰਾ ਪ੍ਰਭੂ ਦਰਸ਼ਨ ਦਿੰਦਾ ਤੇ ਉਧਾਰ ਲੈਂਦਾ ਹੈ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਉਹ ਲੋਕ ਪਹਿਲੋਂ ਭਾਵੇਂ ਪਤਿਤ ਹੀ ਕਿਉਂ ਨ ਹੋਏ ਹੋਣ।੮।੧।੨।੫।੧।੧।੨।੫੭।

ਭਾਵਾਰਥ : ਇਸ ਸ਼ਬਦ ਵਿਚ ਉਸ ਪ੍ਰਭੂ ਦਾ ਪਤਿਤ ਪਾਵਨ ਬਿਰਦ ਤੇ ਉਸ ਦੇ ਗੁਣ ਗਾਇਨ ਕਰਕੇ ਆਤਮ ਸੁੱਖ ਦੀ ਜਾਚਨਾ ਕੀਤੀ ਗਈ ਹੈ ਅਤੇ ਪਰਮ ਹੰਸ ਜੋ ਸਾਈਂ ਜੀ ਦੇ ਸੱਚੇ ਸੰਤ ਜਨ ਹਨ, ਉਨ੍ਹਾਂ ਦਾ ਜੀਵਨ ਵਰਣਨ ਕੀਤਾ ਹੈ।

ਗੂਜਰੀ ਕੀ ਵਾਰ ਮਹਲਾ ੩
ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

ਇਹ ਵਾਰ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਕ੍ਰਿਤ ਹੈ। ਪਉੜੀਆਂ ਸਭੇ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਰਚਨਾ ਹਨ। ਵਾਰ ਦੀ ਮੂਲ ਰਚਨਾ ਇਹੋ ਹੈ। ਸਲੋਕ ਵੀ ਲਗ ਪਗ ਸਾਰੇ ਤੀਜੇ ਸਤਿਗੁਰੂ ਜੀ ਦੇ ਹੀ ਹਨ। ਇਕ ਸਲੋਕ, ਜੋ ਪਉੜੀ ੪ ਨਾਲ ਹੈ, ਉਹ ਆਪ ਜੀ ਦਾ ਨਹੀਂ (ਇਹ ਭਗਤ ਕਬੀਰ ਜੀ ਦੇ ਦੋ ਸਲੋਕ ਹਨ, ਦੇਖੋ ਸਲੋਕ ਭਗਤ ਕਬੀਰ ਅੰਕ ੫੮ ਤੇ ੫੯। ਏਥੇ ਇਕੱਠੇ ਇਕ ਸਲੋਕ ਦੇ ਰੂਪ ਵਿਚ ਦਿੱਤੇ ਗਏ ਹਨ, ਉਨ੍ਹਾਂ ਨਾਲ ਮਾਮੂਲੀ ਪਾਠਾਂਤ੍ਰ ਭੇਦ ਹੈ) ਉਸ ਵੇਲੇ ਇਕ ਵਾਰ ਗਾਵੀਂ ਜਾਂਦੀ ਸੀ, ਜਿਸ ਨੂੰ ਸਿਕੰਦਰ ਬਿਰਾਹਿਮ ਦੀ ਵਾਰ ਆਖਦੇ ਸਨ।

ਸਿਕੰਦਰ ਅਤੇ ਬਿਰਾਹਿਮ ਇਹ ਦੋਵੇਂ ਰਾਜਪੂਤ ਸ਼ਰੀਕੇ ਵਿਚੋਂ ਭਰਾ ਭਾਈ ਲੱਗਦੇ ਸਨ, ਪਰ ਸਿਕੰਦਰ ਕੁਝ ਪਿੰਡਾਂ 'ਤੇ ਰਾਜ ਕਰਦਾ ਸੀ ਤੇ ਬਿਰਾਹਿਮ ਇਕ ਉਸੇ ਹੀ ਦਾ ਸਰਦਾਰ ਸੀ, ਪਰ ਸੂਰਬੀਰ ਗਿਣਤੀ ਦਾ ਚੋਣਵਾਂ ਸੀ। ਸਿਕੰਦਰ ਨੂੰ ਵੀ ਜਦ ਕਦੀ ਔਕੜ ਆ ਬਣਦੀ ਤਾਂ ਮੈਦਾਨੇ ਜੰਗ ਵਿਚ ਇਹੋ ਬਿਰਾਹਿਮ ਬਹਾਦਰ ਹੀ ਫ਼ਤਹਿ ਕਰਕੇ ਆਉਂਦਾ ਸੀ, ਇਸੇ ਲਈ ਸਿਕੰਦਰ ਉਸ ਦੀ ਮਾਨ ਵਡਿਆਈ ਬਾਹਲੀ ਰੱਖਦਾ ਹੁੰਦਾ ਸੀ। ਰਾਜਾ ਹੋਣ ਕਰ ਕੇ ਸਿਕੰਦਰ ਹੰਕਾਰ ਤੇ ਖੋਟੇ ਕਰਮਾਂ ਵਿਚ ਬਹੁਤਾ ਲਗਿਆ ਰਹਿੰਦਾ ਅਤੇ ਪ੍ਰਲੋਕ ਦੇ ਭਉ ਤੋਂ ਨਿਰਭਉ ਹੋਇਆ ਰਹਿੰਦਾ ਸੀ, 'ਇਹ ਜਗ ਮਿਠਾ, ਅਗਲਾ ਕਿਨ ਡਿਠਾ'। ਇਕ ਦਿਨ ਦੇਵਨੇਤ ਨਾਲ ਕੋਈ ਬ੍ਰਾਹਮਣ ਮੁਕਲਾਵੇ ਆਪਣੀ ਤੀਵੀਂ ਨੂੰ ਲਈ ਆਉਂਦਾ, ਸ਼ਿਕਾਰ ਜਾਂਦੇ ਨੂੰ ਰਾਹ ਵਿਚ ਟੱਕਰ ਗਿਆ। ਉਸ ਬ੍ਰਾਹਮਣੀ ਦੀ ਫੁਟਦੀ ਜੁਆਨੀ ਦੀ ਸੂਰਤ ਦੇਖ ਕੇ ਸਿਕੰਦਰ ਆਪਣੀ ਅਕਲ ਤੇ ਧਰਮ ਦੋਵੇਂ ਗੁਆ ਬੈਠਾ। ਬੇਵਸ ਹੋਏ ਨੇ ਬ੍ਰਾਹਮਣ ਕੋਲੋਂ ਨਾਉ ਥਾਉਂ ਪਤਾ ਨਿਸ਼ਾਨ ਪੁੱਛ ਲਿਆ। ਹੁਣ ਸ਼ਿਕਾਰ ਲਈ ਕਿਸ ਤਰ੍ਹਾਂ ਜਾਵੇ, ਉਹ ਤਾਂ ਪਾਪ ਦਾ ਸ਼ਿਕਾਰ ਆਪ ਬਣ ਗਿਆ। ਆਪਣੀ ਅਣਹੋਈ ਤੇ ਅਣਬੁੱਝੀ ਅੱਗ ਵਿਚ ਬਿਨਾ ਬਾਲਣ ਬਲਣ ਲੱਗ ਪਿਆ। ਜਦ ਕੋਈ ਗੁੱਝੀ ਤਦਬੀਰ ਦੀ ਪੇਸ਼ ਨਾ ਗਈ ਤਦ ਆਪਣੀ ਹਕੂਮਤ ਦੇ ਜ਼ੋਰ ਦੀ ਜ਼ੋਰਾਵਰੀ ਦਿਖਾਉਣ ਲਈ ਤਿਆਰ ਹੋਇਆ। ਇਸ ਔਕੜ ਤੇ ਲਾਚਾਰੀ ਵੇਲੇ

ਅਨਾਥ ਬ੍ਰਾਹਮਣ ਬਿਰਾਹਿਮ ਦੀ ਸ਼ਰਣ ਆਇਆ ਤੇ ਪੁਕਾਰ ਕੇ ਕਹਿਣ ਲਗਾ, 'ਕਲਜੁਗ ਦਾ ਰਾਜ ਹੈ, ਵਾੜ ਖੇਤ ਨੂੰ ਖਾਣਾ ਚਾਹੁੰਦੀ ਹੈ, ਤੇਰੇ ਬਿਨਾ ਹੋਰ ਕੋਈ ਸਹਾਇਕ ਨਜ਼ਰ ਨਹੀਂ ਆਉਂਦਾ, ਧਰਮ ਦੇ ਵਾਸਤੇ ਸਾਡੇ ਧਰਮ ਦੀ ਸਹਾਇਤਾ ਕਰ। ਇਸ ਅਧਰਮੀ ਰਾਜ ਵਿਚ ਵਸਣ ਦਾ ਕੋਈ ਧਰਮ ਨਹੀਂ। ਤੈਨੂੰ ਇਕ ਧਰਮ ਦਾ ਥੰਮ੍ਹ ਜਾਣ ਕੇ ਤੇਰਾ ਆਸਰਾ ਲੈਂਦਾ ਹਾਂ।

ਇਹ ਗੱਲ ਸੁਣੀ ਅਤੇ ਉਨ੍ਹਾਂ ਦੀ ਹਾਲਤ ਡਾਢੀ ਮੁਸ਼ਕਲ ਡਿੱਠੀ। ਰਾਜਾ ਦੀ ਅਜਿਹੀ ਬਦਨੀਯਤ ਉੱਤੇ ਆਪਣੇ ਅਫ਼ਸੋਸ ਦੇ ਹੱਥ ਮਲੇ ਅਤੇ ਜਾ ਕੇ ਧਰਮ ਨੀਤੀ ਦੀ ਬਹੁਤ ਸਾਰੀ ਸਿੱਖਿਆ ਸੁਣਾਈ, ਪਰ ਉਸ ਸੱਪ ਦੇ ਡੰਗੇ ਹੋਏ ਨੂੰ ਨਿੰਮ ਕੌੜੀ ਨਹੀਂ ਭਾਸਦੀ ਸੀ। ਆਪਣੀ ਧੁਨ ਦੇ ਪੱਕੇ ਨੇ ਕਹਿ ਦਿੱਤਾ ਕਿ ਮੈਂ ਉਸ ਨੂੰ ਪਤਾਲੋਂ ਵੀ ਕੱਢ ਲਵਾਂਗਾ ਅਤੇ ਅਕਾਸ਼ੋਂ ਭੀ ਤਾਰੇ ਵਾਂਗੂੰ ਲਾਹ ਲਵਾਂਗਾ, ਇਸ ਗੱਲ ਨੂੰ ਧਰਮ ਅਰ ਅਨੀਤ ਵੀ ਕਦੀ ਨਹੀਂ ਸਮਝਾਵਾਂਗਾ, ਕਿਉਂਕਿ ਰਈਅਤ ਮੇਰੀ ਖੇਤੀ ਹੈ, ਮੈਂ ਜਿਸ ਤਰ੍ਹਾਂ ਚਾਹਵਾਂ ਆਪਣੀ ਖੇਤੀ ਨਾਲ ਸਲੂਕ ਕਰਾਂ। ਪ੍ਰਲੋਕ ਦੇ ਢਕੌਂਸਲੇ ਜੋ ਟੁਕੜ ਗਦਾਈਆਂ ਨੇ ਮਨ ਘੜਤ ਡਰਾਵੇ ਠੱਪੇ ਹਨ, ਉਹ ਨਹੀਂ ਮੰਨਾਂਗਾ। ਇਹ ਰਾਜੇ ਦਾ ਨਿਡਰ ਉੱਤਰ ਅਤੇ ਅਨਿਆਇ ਦੀ ਹਨੇਰੀ ਵਿਚਾਰ ਕੇ ਬਿਰਾਹਿਮ ਨੇ ਕਹਿ ਦਿੱਤਾ ਕਿ ਉਹ ਇਸਤ੍ਰੀ ਪੁਰਖ ਦੋਵੇਂ ਸ਼ਰਨ ਵਿਚ ਹਨ, ਤੂੰ ਕਿਸੇ ਤਰ੍ਹਾਂ ਉਨ੍ਹਾਂ ਵਲ ਅੱਖ ਭਰ ਕੇ ਭੀ ਨਹੀਂ ਦੇਖ ਸਕਦਾ। ਇਹ ਕਹਿ ਬਿਰਾਹਿਮ ਚਲਾ ਆਇਆ, ਪਰ ਸਿਕੰਦਰ ਦੇ ਸਿਰ ਉਸ ਵੇਲੇ ਅਨਹੋਇਆ ਜਿੰਨ ਸਵਾਰ ਸੀ। ਪਿਛੇ ਹੀ ਉਸ ਦੇ ਫ਼ੌਜ ਭੇਜ ਦਿੱਤੀ ਤੇ ਇਹ ਹੁਕਮ ਦਿੱਤਾ ਕਿ ਬਿਰਾਹਿਮ ਨੂੰ ਬ੍ਰਾਹਮਣੀ ਸਮੇਤ ਪਕੜ ਲਿਆਉ। ਜਦ ਬਿਰਾਹਿਮ ਨੇ ਆਪਣੇ ਅਧਰਮੀ ਰਾਜਾ ਦੀ ਇਹ ਕਰਤੂਤ ਵੇਖੀ ਤਾਂ ਰਾਜਪੂਤੀ ਤੇ ਮਰਦਾਨਗੀ ਨੂੰ ਮੈਦਾਨ ਵਿਚ ਮੋਹਰੇ ਕਰਕੇ ਦਿਖਾਇਆ। ਜਿੰਨੇ ਕੁ ਜੰਗੀ ਆਦਮੀ ਆਏ ਸਨ, ਸਭਨਾਂ ਤੋਂ ਹਥਿਆਰ ਖੋਹ ਲੀਤੇ, ਅਤੇ ਕੈਦ ਕਰਕੇ ਸਿਕੰਦਰ ਪਰ ਇਕੋ ਹਲੇ ਨਾਲ ਫ਼ਤਹ ਪਾਈ। ਰਾਜਾ ਨੂੰ ਕੈਦਖ਼ਾਨੇ ਦੀ ਠੰਡੀ ਹਵਾ ਖਾਣ ਵਾਸਤੇ ਅਤੇ ਪੈਰਾਂ ਦੀ ਸੇਵਾ ਲਈ ਸੋਨੇ ਦੀਆਂ ਜੜਾਊ ਬੇੜੀਆਂ ਪਹਿਰਾ ਦਿੱਤੀਆਂ। ਰਾਜ ਸਾਜ ਦੇ ਕੰਮ ਨੂੰ ਆਪਣੇ ਹੱਥ ਲੀਤਾ ਤੇ ਮਰਯਾਦਾ ਨਾਲ ਨਿਭਾਉਣਾ ਅਰੰਭ ਦਿੱਤਾ। ਪਹਿਲੇ ਕਈ ਸਾਲ ਤਕ ਰਾਜਾ ਦੀ ਕੋਈ ਖ਼ਬਰ ਨਾ ਲੀਤੀ। ਜਦ ਬਹੁਤ ਦੁਖੀਆ ਹੋ ਗਿਆ ਤਦ ਇਕ ਉਪਦੇਸ਼ਕ ਉਸ ਨੂੰ ਸਿੱਖਿਆ ਦੇਣ ਲਈ ਭੇਜਿਆ, ਜਿਸ ਨੇ ਉਸ ਦੇ ਧਰਮ ਦੀਆਂ ਮਰਯਾਦਾ ਅਤੇ ਰਾਜਨੀਤੀ ਦੇ ਬਚਨ, ਗਿਆਨ ਅਰ ਵੈਰਾਗ ਭਗਤੀ ਆਦਿਕ ਦੇ ਪ੍ਰਕਰਣ ਕੁਝ ਮੁਦਤਾਂ ਤੱਕ ਰਾਜੇ ਦੇ ਕੰਨਾਂ ਥਾਣੀ ਰਿਦੇ ਵਿਚ ਪਾਏ ਅਤੇ ਅਧਰਮ, ਖੋਟੇ ਕਰਮਾਂ ਦੇ ਫਲਾਂ ਦੇ ਨਮੂਨੇ ਪ੍ਰਤੱਖ ਕਰਕੇ ਸੂਚਤ ਕਰਾਏ, ਈਸ਼ੂਰ ਅਰਾਧਨ ਅਤੇ ਕੀਤੇ ਕਰਮਾਂ ਦੀਆਂ ਭੁੱਲਾਂ ਬਖ਼ਸ਼ਾਵਣ ਦੇ ਰਾਹ ਸਿਖਾਏ ਤਾਂ ਰਾਜਾ ਨੂੰ ਕੁੱਛ ਸੂਝ ਪਈ। ਆਪਣੀ ਬੇਅਕਲੀ 'ਤੇ ਪਛਤਾਵਾ ਕਰਨ ਲੱਗਾ। ਉਸ ਵੇਲੇ ਕਿਸੇ ਦੇ ਰਾਹੀਂ ਬਿਰਾਹਿਮ ਪਾਸ ਖਿਮਾ ਮੰਗਣ ਦੀ ਪਤ੍ਰਕਾ ਲਿਖ ਭੇਜੀ, ਫਿਰ ਬਿਰਾਹਿਮ ਨੇ ਉਸਨੂੰ ਸਤਿਕਾਰ ਨਾਲ ਉਸ ਦੇ ਰਾਜ ਤਖ਼ਤ 'ਤੇ ਬਿਠਾਇਆ ਅਤੇ ਆਪ ਉਸੇ ਪਹਿਲੀ ਸਰਦਾਰੀ ਦੇ ਦਰਜੇ 'ਤੇ ਖੜੇ ਹੋਕੇ ਅਦਬ ਕੀਤਾ। ਇਸ ਬਿਰਾਹਿਮ ਦੀ ਬਹਾਦਰੀ ਨੇ ਇਕ ਅਧਰਮੀ ਰਾਜਾ ਤੋਂ ਸੁਧਰਮੀ ਕਰ ਦਿੱਤਾ ਅਤੇ ਆਪ ਕਿਸੇ ਵਡਿਆਈ ਦਾ ਲੋਭ ਨਾ ਕੀਤਾ। ਇਹ ਦੇਖ ਕੇ ਢਾਡੀਆਂ ਨੇ ਵਾਰ ਬਣਾਈ ਅਤੇ ਗਾ ਕੇ ਸੁਣਾਈ, ਬਹੁਤ ਸਾਰਾ ਪਦਾਰਥ ਪਾਇਆ। ਉਸੇ ਵਾਰ ਦੇ ਢੰਗ 'ਤੇ ਇਹ ਗੂਜਰੀ ਦੀ ਵਾਰ ਗਾਉਣ ਲਈ ਗੁਰੂ ਜੀ ਨੇ ਪ੍ਰੇਰਨਾ ਕੀਤੀ ਹੈ ਅਤੇ ਲਿਖ ਕੇ ਵੀ ਸੂਚਨਾ ਕਰਵਾਈ ਹੈ। ਨਮੂਨੇ ਦੀ ਪਉੜੀ ਇਹ ਹੈ :

> ਪਾਪੀ ਖਾਨ ਬਿਰਾਹਿਮ ਪਰ ਚੜ੍ਹ ਆਇਆ ਸਿਕੰਦਰ।
> ਭੇੜ ਦੋਹਾਂ ਦਾ ਮੱਚਿਆ ਬੜ ਰਣ ਦੇ ਅੰਦਰ।
> ਫੜਿਆ ਖਾਨ ਬਿਰਾਹਿਮ ਨੇ ਕਰ ਬਡ ਅਡੰਬਰ।
> ਬਧਾ ਸੰਗਲ ਪਾਇਕੇ ਜਣ ਕੀਲੇ ਬੰਦਰ।
> ਆਪਣਾ ਹੁਕਮ ਮਨਾਇਕੈ ਛਡਿਆ ਜਗ ਅੰਦਰ।

੧ੴ ਸਤਿਗੁਰ ਪ੍ਰਸਾਦਿ ॥

ਸਲੋਕੁ ਮਃ ੩ ॥

੧. ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥
੨. ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ ॥
੩. ਓਇ ਸਦਾ ਸਦਾ ਜਨ ਜੀਵਤੇ
ਜੋ ਹਰਿ ਚਰਣੀ ਚਿਤੁ ਲਾਹਿ ॥
੪. ਨਾਨਕ ਨਦਰੀ ਮਨਿ ਵਸੈ
ਗੁਰਮੁਖਿ ਸਹਜਿ ਸਮਾਹਿ ॥੧॥

ਪਦ ਅਰਥ : ਮਮਤਾ—ਮੈ-ਪਣਾ, ਅਹੰਭਾਵ, (ਹਰੇਕ ਚੀਜ਼ ਨੂੰ) ਮੇਰੀ ਬਨਾਣ ਦਾ ਖ਼ਿਆਲ। ਬਿਧਿ—ਜਾਚ। ਪਦਵੀ—ਦਰਜਾ। ਸਹਜਿ—ਸਹਿਜ ਅਵਸਥਾ ਵਿਚ, ਅਡੋਲਤਾ ਵਿਚ, ਉਹ ਅਵਸਥਾ ਜਿਸ ਵਿਚ ਦੁਨੀਆਵੀ ਪਦਾਰਥਾਂ ਦੇ ਲਾਲਚ ਮੁੱਕ ਜਾਵਣ। ਨਦਰੀ—ਮਿਹਰ ਕਰਨ ਵਾਲਾ ਪ੍ਰਭੂ।

ਅਰਥ :

ਪ੍ਰ: ਹੇ ਗੁਰੋ! ਵੇਖ ਰਹੇ ਹਾਂ ਕਿ ਨਾਮ ਮਾਤ੍ਰ ਤਾਂ ਹਰ ਬੰਦਾ ਹੀ ਟੁਰਦਾ ਫਿਰਦਾ ਜੀਉਂਦਾ ਨਜ਼ਰ ਆਉਂਦਾ ਹੈ, ਪਰ ਹਰ ਇਕ ਜੀਵ ਨੂੰ (ਸਦੈਵੀ ਸੁਖਦਾਇਕ) ਜੀਉਣ ਦੀ ਜਾਚ ਨਹੀਂ ਆਉਂਦੀ, ਇਹ ਕਿਉਂ ਹੈ ?

ਉ: ੧. ਹੇ ਭਾਈਓ! ਇਸ ਸੰਸਾਰ ਦਾ ਹਰੇਕ ਜੀਵ ਹੀ ਮਮਤਾ, (ਭਾਵ ਇਹ ਚੀਜ਼ ਮੇਰੀ ਬਣ ਜਾਏ, ਇਹ ਚੀਜ਼ ਮੇਰੀ ਹੋ ਜਾਏ) ਇਸੇ ਅਪਣੱਤ ਵਿਚ ਫਸਿਆ ਪਿਆ ਹੈ, ਜਿਸ ਕਰਕੇ ਇਸ ਨੂੰ ਜੀਉਣ ਦੀ ਜਾਚ ਨਹੀਂ ਆਉਂਦੀ।

ਪ੍ਰ: ਕਿਉਂ ਜੀ! ਉਹ ਵਿਧੀ ਕਿਹੜੀ ਹੈ, ਜਿਸ ਦੁਆਰਾ ਇਸ ਨੂੰ ਜੀਵਨ ਦੀ ਜਾਚ ਆ ਜਾਏ ?

ਉ: ੨. ਹੇ ਪਿਆਰੇ! ਜੋ ਜੋ ਮਨੁੱਖ ਵੀ ਸਤਿਗੁਰੂ ਦੇ ਹੁਕਮ ਅਨੁਸਾਰ ਜੀਵਨ ਗੁਜ਼ਾਰਦਾ ਹੈ, ਉਹ ਸਦੈਵੀ ਸੁਖਦਾਇਕ ਜੀਵਨ ਦੀ ਪਦਵੀ ਪਾ ਲੈਂਦਾ ਹੈ।

ਪ੍ਰ: ਸ੍ਰੀ ਜੀਉ! ਗੁਰੂ ਉਨ੍ਹਾਂ ਨੂੰ ਸਿਖਾਲਦਾ ਕੀ ਹੈ ?

ਉ: ੩. ਹੇ ਮਿੱਤਰੋ! ਗੁਰੂ ਸਿੱਖ ਦੇ ਚਿੱਤ ਨੂੰ ਹਰੀ ਪ੍ਰਭੂ ਦੇ ਚਰਨਾਂ ਵਿਚ ਜੋੜ ਦੇਂਦਾ ਹੈ, ਤਾਂ ਫਿਰ ਉਹ ਪੁਰਖ ਸਦਾ-ਸਦਾ ਹੀ ਜੀਉਂਦੇ ਹਨ ਜੋ ਹਰੀ ਦੇ ਚਰਨਾਂ ਵਿਚ ਚਿੱਤ ਲਾਉਂਦੇ ਹਨ।

ਪ੍ਰ: ਕਿਉਂ ਜੀ ! ਆਖ਼ਰ ਉਨ੍ਹਾਂ ਨੂੰ ਫਲ ਕੀ ਮਿਲਦਾ ਹੈ ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਪਿਆਰਿਓ ! (ਹਰੀ ਦੇ ਚਰਨਾਂ ਵਿਚ ਚਿੱਤ ਲਾਈ ਰੱਖਣ ਵਾਲਿਆਂ ਦੇ) ਮਨ ਵਿਚ ਉਹ ਹਰੀ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਆਪ ਹੀ ਆ ਵੱਸਦਾ ਹੈ (ਉਨ੍ਹਾਂ ਨੂੰ ਹੀ ਗੁਰਮੁਖ ਕਿਹਾ ਜਾਂਦਾ ਹੈ)। ਐਸੇ ਗੁਰਮੁਖ ਹੀ ਸਹਿਜ ਅਵਸਥਾ ਵਿਚ ਜਾ ਅਪੜਦੇ ਹਨ। ਜਿਥੇ ਜਾ ਕੇ ਮਨ ਪਦਾਰਥਾਂ ਵਿਚ ਡੋਲਦਾ ਹੀ ਨਹੀਂ, ਇਸੇ ਨੂੰ ਸਦੈਵੀ ਜੀਵਨ ਆਖਿਆ ਜਾਂਦਾ ਹੈ।੧।

ਮਃ ੩ ॥

੧. ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ ॥
੨. ਦੂਜੈ ਭਾਇ ਸੁਤੇ ਕਬਹਿ ਨ ਜਾਗਹਿ
ਮਾਇਆ ਮੋਹ ਪਿਆਰ ॥
੩. ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ
ਇਹੁ ਮਨਮੁਖ ਕਾ ਆਚਾਰੁ ॥
੪. ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ ॥੨॥

ਪਦ ਅਰਥ : ਸਹਸਾ—ਤੌਖਲਾ। ਆਪੈ—ਆਪ ਹੀ। ਧੰਧੈ ਮਾਰ—ਧੰਧਿਆਂ ਦੀ ਮਾਰ। ਅਚਾਰੁ—ਰਹਿਣੀ, ਵਰਤੋਂ।

ਅਰਥ :

ਪ੍ਰ: ਹੇ ਗੁਰੋ ! ਜਗਤ ਦਾ ਹਰ ਬੰਦਾ ਹੀ ਦੁਖੀਆ ਵੇਖੀਦਾ ਹੈ, ਇਸ ਦਾ ਮੂਲ ਕਾਰਨ ਕੀ ਹੈ ?

ਉ: ੧. ਹੇ ਭਾਈਓ ! ਇਸ ਦਾ ਮੂਲ ਕਾਰਣ ਸਹਸਾ ਬ੍ਰਿਤੀ ਹੈ। ਇਹ ਸਹਸਾ ਬ੍ਰਿਤੀ, ਭਾਵ ਤੌਖਲਾ ਹੀ ਸਾਰੇ ਦੁੱਖਾਂ ਦਾ ਮੂਲ ਕਾਰਣ ਹੈ। ਇਸ ਮਨ ਵਿਚ ਕਲੇਸ਼ ਤੇ ਤੌਖਲਾ ਟਿਕਿਆ ਹੀ ਰਹਿੰਦਾ ਹੈ, ਸੋ ਇਨ੍ਹਾਂ ਜੀਵਾਂ ਨੇ ਇਸ ਦੁਨੀਆ ਦੇ ਝਮੇਲਿਆਂ ਦਾ ਖੱਪਣਾ ਆਪਣੇ ਸਿਰ ਉੱਤੇ ਆਪ ਸਹੇੜਿਆ ਹੈ, ਇਸੀ ਕਰਕੇ ਇਨ੍ਹਾਂ ਦੇ ਸਿਰ 'ਤੇ ਸਦਾ ਹੀ ਧੰਧਿਆਂ ਦੀ ਮਾਰ ਪੈਂਦੀ ਰਹਿੰਦੀ ਹੈ।

ਪ੍ਰ: ਹਜ਼ੂਰ ! ਇਸ ਧੰਧਿਆਂ ਦੀ ਪੈ ਰਹੀ ਮਾਰ ਤੋਂ ਭੀ ਇਹ ਜੀਵ ਸਮਝਦੇ ਕਿਉਂ ਨਹੀਂ ?

ਉ: ੨. ਹੇ ਭਾਈ ! ਅਸਲ ਵਿਚ ਇਹ ਜੀਵ ਦ੍ਵੈਤ ਭਾਵ ਵਿਚ ਘੂਕ ਸੁੱਤੇ ਪਏ ਰਹਿੰਦੇ ਹਨ, ਭਾਵ ਮਾਇਆ ਦੇ ਪਿਆਰ ਵਿਚ ਮਸਤ ਹੋ ਰਹੇ (ਇਸ ਗ਼ਫ਼ਲਤ ਵਿਚੋਂ) ਕਦੇ ਜਾਗਦੇ ਹੀ ਨਹੀਂ।

ਪ੍ਰ: ਹਜ਼ੂਰ ! ਤੁਸੀਂ ਦ੍ਵੈਤ ਭਾਵ ਕਿਸ ਨੂੰ ਕਹਿੰਦੇ ਹੋ ?

ਉ: ਹੇ ਪਿਆਰੇ ਇਹੋ ਹੀ ਦ੍ਵੈਤ ਭਾਵ ਹੈ, ਜੋ ਮਨੁੱਖ ਦੇ ਮਨ ਅੰਦਰ ਮਾਇਆ ਦੇ (ਨਾਨਾ ਪ੍ਰਕਾਰ ਦੇ) ਮੋਹ ਪਿਆਰ ਹਨ। (ਇਸੇ ਮਾਇਆ ਦੇ ਮੋਹ ਵਿਚ ਖਚਤ ਮਨੁੱਖ ਨੂੰ ਮਨਮੁਖ ਕਿਹਾ ਜਾਂਦਾ ਹੈ)।

ਪ੍ਰ: ਗੁਰਦੇਵ ਜੀ ! ਇਨ੍ਹਾਂ ਮਨਮੁਖਾਂ ਦਾ ਆਚਾਰ ਕੀ ਹੈ, ਜਿਸ ਦੁਆਰਾ ਇਨ੍ਹਾਂ ਨੂੰ ਪਛਾਣ ਸਕੀਏ ?

ਉ: ੩. ਹੇ ਭਾਈਓ ! ਉਹ ਐਸੇ ਮਨ ਦੇ ਪਿੱਛੇ ਟੁਰਨ ਵਾਲਿਆਂ ਮਨਮੁਖਾਂ ਦੇ (ਆਚਾਰੁ) ਕਰਮ ਜੋ ਉਹ ਕਰਦੇ ਹਨ, ਉਹ ਦੋ ਪ੍ਰਕਾਰ ਦੇ ਜਾਣ ਲਓ ੧. ਉਹ ਕਦੇ ਪਰਮੇਸ਼ਰ ਦਾ ਨਾਮ ਨਹੀਂ ਸਿਮਰਦੇ, ੨. ਅਤੇ ਨਾ ਹੀ ਉਹ ਕਦੇ ਗੁਰੂ ਦੇ ਸ਼ਬਦ ਦੀ ਵੀਚਾਰ ਹੀ ਕਰਦੇ ਹਨ। ਬਸ ਇਹੋ ਉਨ੍ਹਾਂ ਦੀ ਰਹਿਣੀ ਦੀ ਪਛਾਣ ਹੈ।

ਪ੍ਰ: ਕਿਉਂ ਜੀ ! ਅਜਿਹੇ ਨਾਮ ਤੋਂ ਸਖਣਿਆਂ ਨੂੰ ਕੋਈ ਸਜ਼ਾ ਵੀ ਹੋਵੇਗੀ ?

ਉ: ੪. (ਹਾਂ ਜ਼ਰੂਰ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ ! ਜਿਨ੍ਹਾਂ ਮਨੁੱਖਾਂ ਨੇ ਜੀਉਂਦੇ ਜੀਅ ਹਰੀ ਦਾ ਨਾਮ ਪ੍ਰਾਪਤ ਨਹੀਂ ਕੀਤਾ, ਉਹ ਆਪਣਾ ਜਨਮ ਬਿਰਥਾ ਹੀ ਗੁਆ ਜਾਂਦੇ ਹਨ ਅਤੇ ਅੱਗੇ ਰੱਬੀ ਦਰਬਾਰ ਵਿਚ ਗਿਆਂ ਨੂੰ ਜਮ ਮਾਰ ਕੇ ਖ਼ੁਆਰ ਕਰਦਾ ਹੈ। (ਭਾਵ ਹੈ ਕਿ ਉਹ ਮੌਤ ਹੱਥੋਂ ਸਦਾ ਹੀ ਸਹਿਮੇ ਰਹਿੰਦੇ ਹਨ)।੨।

ਪਉੜੀ ॥

੧. ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥
੨. ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥
੩. ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥
੪. ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥
੫. ਜਿਉ ਤਿਸੁ ਭਾਵੈ ਤਿਵੈ ਕਰੇ
ਤਿਸੁ ਬਿਨੁ ਅਵਰੁ ਨ ਕੋਈ ॥੧॥

ਪਦ ਅਰਥ : ਉਪਾਇਓਨੁ—ਉਪਾਇਆ ਉਨਿ, ਪੈਦਾ ਕੀਤਾ ਉਸ ਨੇ। ਮਤਾ ਮਸੂਰਤਿ—ਸਲਾਹ ਮਸ਼ਵਰਾ। ਤ੍ਰੈ ਲੋਈ—ਤ੍ਰੈ ਲੋਕ। ਓਪਤਿ—ਉਤਪਤੀ, ਸ੍ਰਿਸ਼ਟੀ।

ਅਰਥ :

ਪ੍ਰ: ਕਿਉਂ ਜੀ ! ਜਦੋਂ ਨਿਰੰਕਾਰ ਨੇ ਆਪਣੇ ਆਪ ਨੂੰ ਪੈਦਾ ਕੀਤਾ ਹੈ, ਤਾਂ ਕੀ ਉਸ ਤੋਂ ਪਹਿਲੋਂ ਵੀ ਕੋਈ ਸੀ ?

ਉ: ੧. ਹੇ ਪਿਆਰੇ ! ਜਦੋਂ ਉਸ ਕਰਤਾਰ ਨੇ ਆਪਣਾ ਆਪ ਉਪਾਇਆ, ਉਦੋਂ ਉਸ ਇਕ ਤੋਂ ਛੁੱਟ ਦੂਜਾ ਤਾਂ ਹੋਰ ਕੋਈ ਵੀ ਨਹੀਂ ਸੀ।

ਪ੍ਰ: ਸ੍ਰੀ ਜੀਉ ! ਜਦੋਂ ਵੀ ਕੋਈ ਮਨੁੱਖ ਨਵਾਂ ਕੰਮ ਅਰੰਭ ਕਰਦਾ ਹੈ, ਤਾਂ ਉਹ ਕਿਸੇ ਦੂਸਰੇ ਨਾਲ ਸਲਾਹ ਮਸ਼ਵਰਾ ਤਾਂ ਜ਼ਰੂਰ ਹੀ ਕਰਦਾ ਹੈ, ਕੀ ਕਰਤਾਰ ਨੇ ਇਸ ਤਰ੍ਹਾਂ ਨਹੀਂ ਕੀਤਾ ?

ਉ: ੨. (ਨਹੀਂ) ਹੇ ਸੱਜਣਾ (ਜਦੋਂ ਉਸ ਤੋਂ ਪਹਿਲੇ ਕੋਈ ਹੈ ਹੀ ਨਹੀਂ ਸੀ) ਤਾਂ ਉਹ ਸਲਾਹ ਮਸ਼ਵਰਾ (ਆਪਣੇ ਆਪ ਨਾਲ) ਆਪ ਹੀ ਕਰਦਾ ਸੀ, ਸੋ ਜੋ ਕੁਝ ਉਹ ਕਰਦਾ ਸੀ ਉਹੋ ਹੁੰਦਾ ਸੀ।

ਪ੍ਰ: ਹੇ ਗੁਰੋ ! ਜੇ ਉਸ ਵੇਲੇ ਨਿਰੰਕਾਰ ਦਾ ਸਲਾਹਕਾਰ ਕੋਈ ਵੀ ਨਹੀਂ ਸੀ ਤਾਂ ਅਕਾਸ਼ ਪਤਾਲ ਤਾਂ ਜ਼ਰੂਰ ਹੋਣਗੇ ?

ਉ: ੩. ਹੇ ਭਾਈ! ਨਾ ਉਦੋਂ ਅਕਾਸ਼ ਸੀ ਨਾ ਹੀ ਪਤਾਲ ਸੀ ਅਤੇ ਨਾ ਹੀ ਇਨ੍ਹਾਂ ਦੇ ਵਿਚਕਾਰ ਤ੍ਰਿਲੋਕੀ ਹੀ ਸੀ।

੪. ਹੇ ਭਾਈ! ਉਦੋਂ ਤਾਂ ਨਿਰੰਕਾਰ ਅਕਾਰ ਰਹਿਤ ਪਰਮੇਸ਼ਰ ਆਪੇ ਆਪ ਹੀ ਸੀ ਅਤੇ ਕੋਈ ਉਤਪਤੀ ਵੀ ਨਹੀਂ ਸੀ ਹੋਈ।

੫. ਹੇ ਪਿਆਰਿਓ! ਉਹ ਵੀ ਜਿਵੇਂ ਉਸ ਨੂੰ ਭਾਉਂਦਾ ਹੈ ਉਵੇਂ ਹੀ ਕਰਦਾ ਹੈ, ਉਸ ਬਿਨਾ ਤਾਂ ਉਸ ਵਰਗਾ ਹੋਰ ਕੋਈ ਵੀ ਨਹੀਂ ਹੈ।੧।

ਭਾਵਾਰਥ : ਸਲੋਕ ਵਿਚ ਹਜ਼ੂਰ ਜੀ ਇਹ ਉਪਦੇਸ਼ ਕਰ ਰਹੇ ਹਨ ਕਿ ਇਹ ਸਾਰਾ ਹੀ ਸੰਸਾਰ ਮਾਇਆ ਦੀ ਮਮਤਾ ਵਿਚ ਮੋਇਆ ਪਿਆ ਹੈ, ਜਿਸ ਕਰਕੇ ਇਸ ਨੂੰ ਸਦੈਵੀ ਸੁੱਖ ਪ੍ਰਾਪਤ ਹੋਣ ਵਾਲੇ ਜੀਵਨ ਦੀ ਜੁਗਤੀ ਹਾਸਲ ਨਹੀਂ ਹੁੰਦੀ, ਪਰ ਹਾਂ, ਜੇ ਕਦੀ ਇਹ ਗੁਰੂ ਦੀ ਸ਼ਰਨ ਵਿਚ ਆ ਜਾਏ ਤਾਂ ਗੁਰੂ ਹਰੀ ਦੇ ਚਰਨਾਂ ਵਿਚ ਜੋੜ ਦੇਂਦਾ ਹੈ, ਜਿਸ ਦੀ ਬਰਕਤ ਨਾਲ ਇਸ ਨੂੰ ਸਦੈਵੀ ਸੁੱਖ ਪ੍ਰਾਪਤੀ ਵਾਲੇ ਜੀਵਨ ਦੀ ਤਰਤੀਬ ਹਾਸਲ ਹੋ ਆਉਂਦੀ ਹੈ। ਇਸ ਤਰ੍ਹਾਂ ਉਹ ਮਾਇਕੀ ਪਦਾਰਥਾਂ ਦੀ ਡਾਂਵਾਂ ਡੋਲਤਾ ਤੋਂ ਰਹਿਤ ਹੋ ਅੰਤ ਸਹਿਜ ਸਰੂਪ ਵਿਚ ਹੀ ਸਮਾ ਜਾਂਦਾ ਹੈ।੧।

ਮਹਲੇ ਵਿਚ ਫ਼ੁਰਮਾਨ ਕਰਦੇ ਹਨ ਕਿ ਇਸ ਜੀਵ ਦਾ ਸਦਾ ਹੀ ਸੁੱਖ ਵਿਚ ਜੀਵਨ ਗੁਜ਼ਾਰਨ ਦਾ ਮੂਲ ਕਾਰਣ ਇਹੋ ਹੈ ਕਿ ਇਸ ਨੂੰ ਹਰ ਵਕਤ ਸੰਸੇ, ਸਹਿਮ, ਤੌਖਲੇ ਹੀ ਵਿਆਪੇ ਰਹਿੰਦੇ ਹਨ, ਦ੍ਵੈਤ ਭਾਵਨਾ ਵਿਚ ਪਿਆ ਅਜਿਹੀ ਗ਼ਫ਼ਲਤ ਦੀ ਘੂਕ ਨੀਂਦ ਵਿਚ ਮਦਮਸਤ ਰਹਿੰਦਾ ਹੈ, ਜਿਸ ਕਰਕੇ ਨਾਮ ਨਹੀਂ ਚੇਤਦਾ ਅਤੇ ਨਾ ਹੀ ਸ਼ਬਦ ਦੀ ਵੀਚਾਰ ਹੀ ਕਰਦਾ ਹੈ। ਇਸੇ ਮਨਮੁਖਤਾ ਵਿਚ ਆਪਣਾ ਜੀਵਨ ਬਿਅਰਥ ਗੁਆ ਬੈਠਦਾ ਹੈ ਜੋ ਰੱਬੀ ਦਰਬਾਰ ਵਿਚ ਗਇਆਂ ਖ਼ੁਆਰ ਹੁੰਦਾ ਹੈ।੨।

ਪਉੜੀ ਵਿਚ ਕਹਿੰਦੇ ਹਨ ਕਿ ਕਦੀ ਉਹ ਵੀ ਸਮਾਂ ਸੀ ਜਦੋਂ ਕਿ ਪ੍ਰਭੂ ਆਪ ਹੀ ਆਪ ਸੀ, ਇਸ ਸਾਰੀ ਸ੍ਰਿਸ਼ਟੀ ਦਾ ਕੋਈ ਭੀ ਵਜੂਦ ਨਹੀਂ ਸੀ। ਉਸ ਨਿਰੰਕਾਰ ਨੇ ਉਸ ਸਮੇਂ ਵੀ ਜੋ ਕੁਝ ਕੀਤਾ ਉਹ ਆਪਣੀ ਸੁਤੰਤ੍ਰਤਾ ਨਾਲ ਕੀਤਾ ਹੈ ਅਤੇ ਉਹ ਹੁਣ ਵੀ ਜਿਵੇਂ ਉਸ ਨੂੰ ਭਾਉਂਦਾ ਹੈ, ਉਵੇਂ ਹੀ ਕਰਦਾ ਹੈ, ਕਿਉਂਕਿ ਉਸ ਦੀ ਸਮਾਨਤਾ ਦਾ ਹੋਰ ਕੋਈ ਦੂਜਾ ਹੈ ਹੀ ਨਹੀਂ।੧।

ਸਲੋਕੁ ਮ: ੩॥

੧. ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥
੨. ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ॥
੩. ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
੪. ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥
੫. ਨਿਹਫਲੁ ਤਿਨ ਕਾ ਜੀਵਿਆ
ਜਿ ਖਸਮੁ ਨ ਜਾਣਹਿ ਆਪਣਾ
ਅਵਰੀ ਕਉ ਚਿਤੁ ਲਾਇ॥
੬. ਨਾਨਕ ਏਵ ਨ ਜਾਪਈ
ਕਰਤਾ ਕੇਤੀ ਦੇਇ ਸਜਾਇ॥੧॥

ਪਦ ਅਰਥ : ਅਉਹਾਣੀ—ਅਉ ਵਿਸ਼ੇਸ਼ ਕਰਕੇ ਹਾਣੀ, ਹੀਣ, ਹੋਣਾ, ਨਾਸ ਹੋਣ ਵਾਲਾ। ਨਿਹਫਲੁ—ਵਿਅਰਥ। ਚਿਤੁ ਲਾਇ—ਚਿਤ ਲਾ ਕੇ। ਏਵ—ਇਸ ਤਰ੍ਹਾਂ (ਅੰਦਾਜ਼ੇ ਲਾਇਆਂ)। ਕੇਤੀ—ਕਿਤਨੀ।

ਅਰਥ :

ਪ੍ਰ: ਹੇ ਗੁਰੋ! ਜਿਸ ਪ੍ਰਭੂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਕੀ ਉਸ ਦਾ ਕੋਈ ਖ਼ਾਸ ਨਿਵਾਸ ਅਸਥਾਨ ਹੈ?

ਉ: ੧. ਹੇ ਭਰਾਵੋ! ਉਹ ਮੇਰਾ ਪ੍ਰਭੂ ਜੀ ਤਾਂ ਸਦਾ ਹੀ (ਹਰ ਥਾਂ) ਮੌਜੂਦ ਹੈ।

ਪ੍ਰ: ਹਜ਼ੂਰ! ਜੇ ਉਹ ਹਰ ਥਾਂ ਹੀ ਮੌਜੂਦ ਹੈ ਤਾਂ ਉਹ ਦਿੱਸਦਾ ਕਿਉਂ ਨਹੀਂ?

ਉ: ਹੇ ਪਿਆਰੇ, ਉਸ ਨੂੰ ਸ਼ਬਦ ਦੀ ਕਮਾਈ ਕਰਨ ਨਾਲ ਵੇਖ ਸਕੀਦਾ ਹੈ, ਭਾਵ ਉਹ ਨਾਮ ਸਿਮਰਨ ਕੀਤਿਆਂ ਦਿੱਸ ਪੈਂਦਾ ਹੈ।

੨. ਹੇ ਪਿਆਰਿਓ! ਉਹ ਕਦੇ ਵੀ ਨਾਸ ਨਹੀਂ ਹੁੰਦਾ ਅਤੇ ਨਾ ਉਹ ਜੰਮਦਾ ਹੈ ਤੇ ਨਾ ਹੀ ਉਹ ਮਰਦਾ ਹੈ।

੩. ਹੇ ਭਾਈ! ਜੋ ਸਭਨਾਂ ਜੀਵਾਂ ਵਿਚ ਸਮਾ ਰਿਹਾ ਹੈ, ਉਸ ਨੂੰ ਸਦਾ-ਸਦਾ ਹੀ ਸਿਮਰਦੇ ਰਹਿਣਾ ਚਾਹੀਦਾ ਹੈ।

ਪ੍ਰ: ਸ੍ਰੀ ਜੀਉ! ਬਹੁਤੇ ਲੋਕ ਦੇਵੀ ਦੇਵਤਿਆਂ ਦੀ ਭਗਤੀ ਕਰਦੇ ਹਨ, ਕੀ ਇਹ ਗੁਰਮਤਿ ਦੇ ਅਨਕੂਲ ਨਹੀਂ ਹੈ?

ਉ:੪-੫. ਹੇ ਭਾਈਓ! (ਭਲਾ) ਇਹ ਦੱਸੋ, ਉਸ ਦੂਜੇ ਦੀ ਭਗਤੀ ਕਿਉਂ ਕਰੀਏ ਜੋ ਜੰਮਦਾ ਹੈ ਤੇ ਮਰ ਜਾਂਦਾ ਹੈ। ਹੇ ਪਿਆਰੇ! ਉਨ੍ਹਾਂ ਬੰਦਿਆਂ ਦਾ ਤਾਂ ਜੀਉਣਾ (ਹੀ) ਬੇ-ਅਰਥ ਹੈ, ਜੋ ਆਪਣੇ (ਸਦੈਵੀ) ਮਾਲਕ ਨੂੰ ਨਹੀਂ ਸਿਆਣਦੇ, ਉਸ ਨੂੰ ਛੱਡ ਕੇ ਹੋਰਨਾਂ ਵਿਚ ਚਿੱਤ ਲਾਉਂਦੇ ਹਨ।

ਪ੍ਰ: ਹੇ ਗੁਰੋ! ਕੀ ਉਨ੍ਹਾਂ ਨੂੰ ਕੋਈ ਸਜ਼ਾ ਵੀ ਮਿਲੇਗੀ?

ਉ: ੬. ਹਾਂ ਸਜ਼ਾ ਤਾਂ ਜ਼ਰੂਰ ਮਿਲੇਗੀ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ, ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਕਰਤਾਰ ਉਨ੍ਹਾਂ ਨੂੰ ਕਿਤਨੀ-ਕੁ ਸਜ਼ਾ ਦੇਵੇਗਾ।੧।

ਮ: ੩॥

੧. ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ॥
੨. ਨਾਨਕ ਹੁਕਮੁ ਬੁਝਿ ਪਰਵਾਣੁ ਹੋਇ
ਤਾ ਫਲੁ ਪਾਵੈ ਸਚੁ॥
੩. ਕਥਨੀ ਬਦਨੀ ਕਰਤਾ ਫਿਰੈ
ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ॥੨॥

ਪਦ ਅਰਥ : ਸਭੋ—ਹਰ ਥਾਂ। ਸਚੁ—ਸਦਾ-ਥਿਰ ਰਹਿਣ ਵਾਲਾ ਪ੍ਰਭੂ। ਕਥਨੀ—ਗੱਲਾਂ। ਬਦਨੀ—ਮੂੰਹ ਨਾਲ, ਮੂੰਹ ਦੀਆਂ ਗੱਲਾਂ। ਕਚੁ ਨਿਕਚੁ—ਨਿਰੋਲ ਕੱਚਾ, ਨਿਰੋਲ ਕੱਚੀਆਂ ਗੱਲਾਂ ਕਰਨ ਵਾਲੇ।

ਅਰਥ :

ਪ੍ਰ: ਕਿਉਂ ਜੀ! ਸੇਵਾ ਕਿਸ ਰੂਪ ਵਿਚ ਕੀਤੀ ਜਾਵੇ?

ਉ: ੧. ਹੇ ਭਾਈਓ! ਉਹ ਸੱਚ-ਸਰੂਪ ਸਾਰੇ ਥਾਂਵਾਂ ਵਿਚ ਵਸਦਾ ਹੈ, ਉਸ ਦਾ ਨਾਮ ਸਿਮਰਦੇ ਰਹਿਣਾ ਚਾਹੀਦਾ ਹੈ। (ਇਹੋ ਇਕ ਸਭ ਤੋਂ ਉੱਤਮ ਸੇਵਾ ਹੈ)।

ਪ੍ਰ: ਹੇ ਗੁਰੋ! ਨਾਮ ਸਿਮਰਦੇ ਤਾਂ ਬਹੁਤ ਲੋਕ ਵੇਖੀਦੇ ਹਨ, ਕੀ ਇਹ ਸਾਰੇ ਹੀ ਕਬੂਲੇ ਜਾਣਗੇ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜੋ ਨਾਮ ਜਪਦਾ ਹੋਇਆ (ਨਾਲ ਨਾਲ) ਉਸ ਮਾਲਕ ਦੇ ਹੁਕਮ ਨੂੰ ਵੀ ਬੁੱਝਦਾ ਹੈ ਤਾਂ ਉਹ ਮਨੁੱਖ ਸਾਈਂ ਜੀ ਦੀ ਹਜ਼ੂਰੀ ਵਿਚ ਕਬੂਲ ਹੁੰਦਾ ਹੈ, ਭਾਵ ਉਹ ਸੱਚ ਸਰੂਪ ਦੀ ਪ੍ਰਾਪਤੀ ਰੂਪ ਫਲ ਪਾ ਲੈਂਦਾ ਹੈ।

ਪ੍ਰ: ਹਜ਼ੂਰ! ਜੋ ਮੂੰਹ ਦੀਆਂ ਗੱਲਾਂ ਦੁਆਰਾ ਕਥਨੀ ਬਹੁਤ ਕਰਦਾ ਹੈ, ਕੀ ਉਸ ਨੂੰ ਸਾਈਂ ਜੀ ਦੀ ਹਜ਼ੂਰੀ ਪ੍ਰਾਪਤ ਨਹੀਂ ਹੋਵੇਗੀ?

ਉ: ੩. ਹੇ ਪਿਆਰੇ! ਮੂੰਹ ਦੀਆਂ ਗੱਲਾਂ ਕੋਈ ਕਿਤਨੀਆਂ ਹੀ ਕਰਦਾ ਫਿਰੇ, ਪਰ ਹੁਕਮ ਨੂੰ ਮੂਲੋਂ ਹੀ ਨਾ ਬੁੱਝੇ ਤਦ (ਸਮਝੋ) ਉਹ ਅੰਧਾ ਅਗਿਆਨੀ ਹੈ ਤੇ ਕੱਚਿਆਂ ਤੋਂ ਭੀ ਕੱਚਾ ਹੈ।

ਪਉੜੀ ॥

੧. ਸੰਜੋਗੁ ਵਿਜੋਗੁ ਉਪਾਇਓਨੁ
ਸ੍ਰਿਸਟੀ ਕਾ ਮੂਲੁ ਰਚਾਇਆ ॥
੨. ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥
੩. ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
੪. ਬ੍ਰਹਮਾ ਬਿਸਨੁ ਮਹੇਸੁ
ਤ੍ਰੈ ਗੁਣ ਸਿਰਿ ਧੰਧੈ ਲਾਇਆ ॥
੫. ਮਾਇਆ ਕਾ ਮੂਲੁ ਰਚਾਇਓਨੁ
ਤੁਰੀਆ ਸੁਖੁ ਪਾਇਆ ॥੨॥

ਪਦ ਅਰਥ : ਸੰਜੋਗੁ—ਮੇਲ। ਵਿਜੋਗੁ—ਵਿਛੋੜਾ। ਉਪਾਇਓਨੁ—ਉਪਾਇਆ ਉਸ ਨੇ। ਮੂਲੁ—ਮੁੱਢ। ਸਾਜੀਅਨੁ—ਸਾਜੀ ਉਸ ਨੇ। ਜੋਤੀ ਜੋਤਿ—ਜੀਵਾਂ ਦੀ ਆਤਮਾ ਵਿਚ ਆਪਣੀ ਆਤਮਾ। ਜੋਤੀ ਹੂੰ—ਜੋਤ ਤੋਂ ਹੀ। ਚਾਨਣਾ—ਪ੍ਰਕਾਸ਼। ਸਿਰਿ—ਸਿਰਜ ਕੇ, ਪੈਦਾ ਕਰਕੇ। ਰਚਾਇਓਨੁ—ਰਚਾਇਆ ਉਸ ਨੇ। ਤੁਰੀਆ—ਚੌਥੇ ਪਦ ਵਿਚ।

ਅਰਥ :

ਪ੍ਰ: ਹੇ ਗੁਰੋ! ਇਸ ਸ੍ਰਿਸ਼ਟੀ ਦੀ ਅਰੰਭਤਾ ਕਿਵੇਂ ਹੋਈ?

ਉ: ੧. ਹੇ ਭਾਈਓ! ਉਸ ਸਤਿ ਸਰੂਪ ਨੇ (ਪਹਿਲੋਂ) ਮਿਲਣਾ ਤੇ ਵਿਛੜਨਾ ਨੇਮ ਬਣਾਇਆ ਤੇ ਜਗਤ (ਰਚਨਾ) ਦਾ ਮੁੱਢ ਬੰਨ੍ਹ ਦਿੱਤਾ।

ਪ੍ਰ: ਹਜ਼ੂਰ! ਕੀ ਇਹ ਕੁਝ ਕਰਨ ਲਈ ਉਸ ਨੂੰ ਕਿਸੇ ਦਾ ਹੁਕਮ ਹੋਇਆ ਸੀ?

ਉ: ੨. (ਨਹੀਂ) ਹੇ ਪਿਆਰੇ! ਉਸ ਸਾਈਂ ਜੀ ਨੇ (ਆਪਣੇ) ਹੀ ਹੁਕਮ ਨਾਲ ਸ੍ਰਿਸ਼ਟੀ ਬਣਾਈ ਅਤੇ ਫਿਰ ਉਸ ਜੋਤੀ ਸਰੂਪ ਨੇ ਇਨ੍ਹਾਂ ਜੀਵਾਂ ਦੀ ਜੋਤ ਵਿਚ ਭਾਵ ਆਤਮਾ ਵਿਚ ਆਪਣੀ ਜੋਤ ਨੂੰ ਰਲਾਇਆ।

੩. ਉਸੇ ਜੋਤ ਕਰਕੇ ਹੀ ਸਾਰਾ ਚਾਨਣ ਹੋਇਆ ਤੇ ਇਹ ਬਚਨ ਮੈਨੂੰ ਸਤਿਗੁਰੂ ਜੀ ਨੇ ਸੁਣਾਇਆ ਹੈ।

੪. ਹੇ ਭਾਈਓ! ਵੇਖੋ, ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਪੈਦਾ ਕਰਕੇ ਉਨ੍ਹਾਂ ਨੂੰ ਇਨ੍ਹਾਂ ਤਿੰਨਾਂ ਗੁਣਾਂ ਦੇ ਧੰਧੇ ਵਿਚ ਉਸ ਮਾਲਕ ਨੇ ਲਾ ਦਿੱਤਾ ਹੈ।

੫. ਇਸ ਤਰ੍ਹਾਂ ਤ੍ਰੈ ਗੁਣਾਂ ਨੂੰ ਮਾਇਆ ਦਾ ਮੂਲ ਰਚਿਆ, ਪਰ (ਸਦੀਵੀ) ਪ੍ਰਾਪਤੀ ਤੁਰੀਆ ਪਦ ਵਿਚ ਰੱਖੀ ਜੋ ਕਿ ਤ੍ਰਿਗੁਣ ਅਤੀਤ ਅਵਸਥਾ ਹੈ। ਭਾਵ ਪੂਰਨ ਸੁੱਖ ਉਸ ਨੂੰ ਲੱਭਾ ਜੋ ਤੁਰੀਆ ਅਵਸਥਾ ਵਿਚ ਅਪੜਿਆ ਹੈ।੨।

ਭਾਵਾਰਥ : ਸਲੋਕ ਵਿਚ ਫ਼ੁਰਮਾਨ ਕੀਤਾ ਹੈ ਕਿ ਉਹ ਮਾਲਕ ਸਭ ਥਾਵਾਂ ਵਿਚ ਮੌਜੂਦ ਹੈ, ਪਰ ਉਸ ਨੂੰ ਪ੍ਰਗਟ ਰੂਪ ਵਿਚ ਵੇਖਣ ਲਈ ਨਾਮ ਦਾ ਸਿਮਰਨ ਸਾਧਨ ਹੈ, ਉਸ ਨੂੰ ਛੱਡ ਕੇ ਉਸ ਦੇ ਕਿਸੇ ਕੀਤੇ ਹੋਏ ਨੂੰ ਸੇਵਨ ਕਰਨ ਵਾਲੇ ਦਾ ਜੀਵਨ ਵਿਅਰਥ ਚਲਾ ਜਾਂਦਾ ਦਸਿਆ ਹੈ। ਅਜਿਹੇ ਉਸ ਬੰਦੇ ਨੂੰ ਰੱਬੀ ਦਰਬਾਰ ਵਿਚ ਗਇਆਂ ਅਣਮਿਥੀ ਸਜ਼ਾ ਮਿਲੇਗੀ।

ਮਹਲੇ ਵਿਚ ਦਸਿਆ ਹੈ ਕਿ ਨਾਮ ਸਿਮਰਦਿਆਂ ਵੀ ਜੋ ਉਸ ਸਾਈਂ ਜੀ ਦੇ ਹੁਕਮ ਨੂੰ ਨਹੀਂ ਬੁੱਝਦੇ, ਉਹ ਮੂੰਹੋਂ ਭਾਵੇਂ ਗੱਲਾਂ ਬਹੁਤ ਕਰਦੇ ਹਨ, ਪਰ ਉਹ ਹੁਕਮ ਨੂੰ ਸਮਝਣ ਤੋਂ ਸਖਣੇ ਅਗਿਆਨਤਾ ਦੇ ਅੰਧੇਰੇ ਕਰਕੇ ਅੰਨ੍ਹੇ ਕੱਚਿਆਂ ਤੋਂ ਭੀ ਕੱਚੇ ਹਨ।

ਪਉੜੀ ਵਿਚ ਦੱਸਦੇ ਹਨ ਕਿ ਜੋ ਤ੍ਰੈ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਜੋ ਸ੍ਰਿਸ਼ਟੀ ਦੇ ਕਰਤਾ, ਸੰਭਾਲੂ ਤੇ ਨਾਸਕ ਕਹੇ ਜਾਂਦੇ ਹਨ, ਉਹ ਵੀ ਤ੍ਰੈ ਗੁਣੀ ਰਚਨਾ ਵਾਲੇ ਕਾਮੇ ਹਨ। ਉਹ ਖਾਲਕ, ਪਾਲਕ, ਘਾਲਕ ਨਹੀਂ, ਉਹ ਪ੍ਰਭੂ ਜਿਵੇਂ ਉਨ੍ਹਾਂ ਨੂੰ ਚਲਾਉਂਦਾ ਹੈ, ਉਵੇਂ ਹੀ ਚਲਦੇ ਹਨ। ਇਸ ਜਗਤ ਵਿਚ ਦੁੱਖ ਵੀ ਵੇਖੇ ਜਾਂਦੇ ਹਨ, ਪਰ ਉਸ ਦਾ ਦਾਰੂ ਤੁਰੀਆ ਪਦ ਦੀ ਪ੍ਰਾਪਤੀ ਦਸਿਆ ਹੈ, ਇਹ ਉਪਦੇਸ਼ ਸਤਿਗੁਰੂ ਜੀ ਦਾ ਕਥਨ ਕੀਤਾ ਦੱਸ ਰਹੇ ਹਨ।

ਸਲੋਕੁ ਮਃ ੩ ॥

੧. ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥
੨. ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
੩. ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥

ਪਦ ਅਰਥ : ਆਪੁ—ਆਪਾ ਭਾਵ, ਹਉਮੈ। ਜਿ ਸਤਿਗੁਰ ਭਾਵੈ—ਜੋ ਗੁਰੂ ਨੂੰ ਚੰਗਾ ਲੱਗਦਾ ਹੈ।

ਅਰਥ :

ਪ੍ਰ: ਹੇ ਗੁਰੋ! ਗੁਰਮਤਿ ਵਿਚ ਚੰਗਾ ਜਪ ਤਪ ਕਿਸ ਨੂੰ ਮੰਨਿਆ ਗਿਆ ਹੈ?

ਉ: ੧. ਹੇ ਪਿਆਰੇ! (ਅਸਲ ਵਿਚ ਤਾਂ) ਉਹੀ ਜਪ ਹੈ ਤੇ ਉਹੀ ਤਪ ਕਿਹਾ ਜਾ ਸਕਦਾ ਹੈ ਜੋ ਸਤਿਗੁਰੂ ਨੂੰ ਭਾਵੇ, ਜਾਂ ਇਉਂ ਕਹੋ ਕਿ ਸਤਿਗੁਰੂ ਨੂੰ ਭਾ ਜਾਣਾ ਭਾਵ ਚੰਗਾ ਲੱਗ ਪੈਣਾ ਹੀ ਜਪ ਤਪ ਹੈ।

੨. ਹੇ ਪਿਆਰੇ! ਜੋ ਸਿੱਖ, ਗੁਰੂ ਦੇ ਭਾਣੇ, ਭਾਵ ਰਜ਼ਾ ਵਿਚ ਟੁਰਦਾ ਹੈ (ਉਹੋ ਹੀ) ਹਰ ਥਾਂ ਮਾਨ ਆਦਰ ਪਾਉਂਦਾ ਹੈ।

ਪ੍ਰ: ਕਿਉਂ ਜੀ ! ਗੁਰੂ ਦੀ ਰਜ਼ਾ ਵਿਚ ਟੁਰਦੇ ਰਹਿਣ ਤੋਂ ਆਪ ਦਾ ਕੀ ਭਾਵ ਹੈ ?

ਉ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਜੋ ਆਪਾ ਭਾਵ, (ਅਰਥਾਤ) ਹੰਕਾਰ ਦਾ ਤਿਆਗ ਕਰਨਾ ਹੈ, ਇਹੋ ਹੀ ਰਜ਼ਾ ਹੈ ਤੇ ਇਹੋ ਹੀ ਗੁਰੂ ਵਿਚ ਸਮਾ ਜਾਣ ਦਾ (ਸਾਧਨ) ਹੈ।੧।

ਮ: ੩ ॥

੧. ਗੁਰ ਕੀ ਸਿਖ ਕੋ ਵਿਰਲਾ ਲੇਵੈ ॥

੨. ਨਾਨਕ ਜਿਸੁ ਆਪਿ ਵਡਿਆਈ ਦੇਵੈ ॥੨॥

ਪ੍ਰ: ਹੇ ਗੁਰੋ ! ਇਹ ਗੁਰੂ ਵਿਚ ਸਮਾ ਜਾਣ ਵਾਲੀ ਸਿੱਖਿਆ ਹਰ ਬੰਦਾ ਹੀ ਕਿਉਂ ਨਹੀਂ ਧਾਰਨ ਕਰ ਲੈਂਦਾ ?

ਉ: ੧. ਹੇ ਸੱਜਨੋ ! ਇਹ ਕਿਸੇ ਦੇ ਆਪਣੇ ਵਸ ਦੀ ਗੱਲ ਨਹੀਂ, ਅਜਿਹਾ ਤਾਂ ਕੋਈ ਵਿਰਲਾ ਹੀ ਬੰਦਾ ਹੈ, ਜੋ ਸਤਿਗੁਰੂ ਦੀ ਸਿੱਖਿਆ 'ਤੇ ਟੁਰਦਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਗੁਰੂ ਦੀ ਸਿੱਖਿਆ 'ਤੇ ਟੁਰਨ ਦੀ ਵਡਿਆਈ ਉਸੇ ਨੂੰ ਮਿਲਦੀ ਹੈ, ਜਿਸ ਨੂੰ ਪ੍ਰਭੂ ਆਪ ਹੀ ਦੇਂਦਾ ਹੈ।੨।

ਪਉੜੀ ॥

੧. ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥

੨. ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥

੩. ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥

੪. ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥

**੫. ਹਰਿ ਹਰਿ ਨਾਮੁ ਧਿਆਈਐ
ਹਰਿ ਹਰਿ ਨਿਸਤਾਰੀ ॥੩॥**

ਪਦ ਅਰਥ : ਬਿਖਮੁ—ਔਖਾ। ਤਰੀਐ ਤਾਰੀ—ਤਾਰੀ ਤਰੀ ਜਾਏ, ਪਾਰ ਲੰਘਿਆ ਜਾਏ। ਅਨਦਿਨੁ—ਹਰ ਰੋਜ਼। ਰਤਿਆ—ਜੇ ਰੰਗੇ ਜਾਈਏ।

ਅਰਥ :

ਪ੍ਰ: ਹੇ ਗੁਰੋ ! ਸਹੀ ਰੂਪ ਵਿਚ ਆਪ ਜੀ ਅਗਿਆਨ ਕਿਸ ਨੂੰ ਕਹਿੰਦੇ ਹੋ ?

ਉ: ੧. ਹੇ ਭਾਈਓ ! ਅਸਲ ਵਿਚ ਤਾਂ ਇਹ ਉਸ ਸਾਈਂ ਜੀ ਦੀ ਰਚੀ ਹੋਈ ਜੋ ਮਾਇਆ ਦਾ ਮੋਹ ਹੈ, ਇਹੋ ਹੀ ਅਗਿਆਨ ਹੈ, ਇਸ ਅਗਿਆਨ ਰੂਪ ਸਮੁੰਦਰ ਦਾ ਤਰਨਾ ਬੜਾ ਭਾਰਾ ਔਖਾ ਹੈ।

ਪ੍ਰ: ਕਿਉਂ ਜੀ ! ਉਹ ਕਿਵੇਂ ? ਕੋਈ ਉਦਾਹਰਣ ਦੇ ਕੇ ਸਮਝਾਓ।

ਉ: ੨. ਹੇ ਮਿੱਤਰ ਜਨੋ ! ਵੇਖੋ, ਜਿਵੇਂ ਕਿਸੇ ਬੇੜੀ ਉੱਤੇ ਬਹੁਤੇ ਹੀ ਭਾਰੇ-ਭਾਰੇ ਪੱਥਰ ਲਦ ਦਿੱਤੇ ਜਾਣ, ਉਹ ਸਮੁੰਦਰ ਤੋਂ ਪਾਰ ਕਿਵੇਂ ਲੰਘ ਸਕਦੀ ਹੈ, ਇਸੇ ਤਰ੍ਹਾਂ ਹੇ ਪਿਆਰੇ ! ਜੇ ਇਹ ਜੀਵ ਪਾਪਾਂ ਰੂਪ ਪੱਥਰਾਂ ਨਾਲ ਬਹੁਤਾ ਲਦਿਆ ਹੋਵੇ, (ਤਾਂ ਦੱਸੋ ਇਸ) ਸੰਸਾਰ ਸਮੁੰਦਰ ਤੋਂ ਪਾਰ ਤਰ ਕੇ ਕਿਵੇਂ ਲੰਘ ਸਕਦਾ ਹੈ (ਭਾਵ ਹੈ ਕਿ ਇਸ ਅਗਿਆਨਤਾ ਰੂਪ ਔਖੇ ਸਮੁੰਦਰ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ)।

ਪ੍ਰ: ਸ੍ਰੀ ਜੀਉ ! ਕੀ ਹਰੀ ਕਿਸੇ ਨੂੰ ਕਿਸੇ ਸਾਧਨ ਦੁਆਰਾ ਇਸ ਅਗਿਆਨ ਦੇ ਔਖੇ ਸਮੁੰਦਰ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ)।

ਪ੍ਰ: ਸ੍ਰੀ ਜੀਉ ! ਕੀ ਹਰੀ ਕਿਸੇ ਨੂੰ ਸਾਧਨ ਦੁਆਰਾ ਇਸ ਅਗਿਆਨ ਦੇ ਔਖੇ ਸਮੁੰਦਰ ਤੋਂ ਪਾਰ ਵੀ ਕਰਦਾ ਹੈ ?

ਉ: ੩. (ਹਾਂ ਜ਼ਰੂਰ ਕਰਦਾ ਹੈ) ਹੇ ਪਿਆਰੇ ! ਜੋ ਮਨੁੱਖ ਹਰ ਰੋਜ਼, (ਭਾਵ ਹਰ ਵੇਲੇ) ਉਸੇ ਸਾਈਂ ਜੀ ਦੀ ਭਗਤੀ ਵਿਚ ਰੰਗੇ ਰਹਿੰਦੇ ਹਨ, ਹਰੀ ਉਨ੍ਹਾਂ ਨੂੰ ਆਪ ਹੀ (ਕਿਰਪਾ ਕਰਕੇ) ਅਗਿਆਨ ਦੇ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।

ਪ੍ਰ: ਹੇ ਗੁਰੋ ! ਭਗਤੀ ਦੇ ਪ੍ਰੇਮ ਰੰਗ ਵਿਚ ਕਿਵੇਂ ਰੰਗਿਆ ਜਾਵੇ ? ਕੋਈ ਸਾਧਨ ਦੱਸੋ।

ਉ: ੪. ਹੇ ਸੱਜਨੋ ! ਜੋ ਗੁਰੂ ਦੇ ਉਪਦੇਸ਼ ਦੁਆਰਾ ਅੰਦਰੋਂ ਹਉਮੈ ਤੇ ਬਾਹਰੋਂ ਵਿਕਾਰਾਂ ਨੂੰ ਛੱਡ ਦਿੰਦਾ ਹੈ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਇਸ ਤਰ੍ਹਾਂ ਪਵਿੱਤਰ ਹੋਇਆ ਮਨ ਭਗਤੀ ਦੇ ਰੰਗ ਵਿਚ ਰੰਗਿਆ ਜਾਂਦਾ ਹੈ।

੫. ਫਿਰ ਨਾਲ ਹੀ ਹਰੀ ਹਰਿ ਦਾ ਨਾਮ ਧਿਆਈਦਾ ਹੈ, ਇਸ ਤਰ੍ਹਾਂ ਉਹ ਹਰੀ ਹਰਿ (ਜਿਸ ਦਾ ਨਾਮ ਧਿਆਈਦਾ ਹੈ) ਇਸ ਅਗਿਆਨਤਾ ਦੇ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।੩।

ਭਾਵਾਰਥ : ਸਲੋਕ ਵਿਚ ਦੱਸਿਆ ਹੈ ਕਿ ਗੁਰੂ ਦੀ ਰਜ਼ਾ ਵਿਚ ਚਲਦੇ ਰਹੋ, ਇਹੋ ਹੀ ਚੰਗਾ ਜਪ ਤਪ ਹੈ।੧।

ਗੁਰੂ ਦੀ ਸਿੱਖਿਆ 'ਤੇ ਚਲਣ ਵਾਲਾ ਕੋਈ ਵਿਰਲਾ ਬੰਦਾ ਹੈ। ਇਹ ਵਡਿਆਈ ਉਸੇ ਨੂੰ ਪ੍ਰਾਪਤ ਹੁੰਦੀ ਹੈ, ਜਿਸ ਨੂੰ ਸਾਈਂ ਜੀ ਆਪ ਹੀ ਦੇਂਦਾ ਹੈ।੨।

ਮਾਇਆ ਦਾ ਮੋਹ ਹੀ ਇਕ ਅਗਿਆਨ ਹੈ, ਜਿਸ ਨੂੰ ਤਰਨਾ ਬਹੁਤ ਔਖਾ ਹੈ, ਪਰ ਦਿਨੇ ਰਾਤ ਸਾਈਂ ਜੀ ਦੀ ਪ੍ਰੇਮਾ ਭਗਤੀ ਵਿਚ ਰਤੇ ਰਹਿਣਾ ਇਹੋ ਹੀ ਇਕ ਸੁਖੈਨ ਸਾਧਨ ਹੈ, ਜੋ ਕਿ ਗੁਰੂ ਦੇ ਉਪਦੇਸ਼ ਦੀ ਕਮਾਈ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ।੩।

ਸਲੋਕੁ ॥

**੧. ਕਬੀਰ ਮੁਕਤਿ ਦੁਆਰਾ ਸੰਕੁੜਾ
ਰਾਈ ਦਸਵੈ ਭਾਇ ॥**

**੨. ਮਨੁ ਤਉ ਮੈਗਲੁ ਹੋਇ ਰਹਾ
ਨਿਕਸਿਆ ਕਿਉ ਕਰਿ ਜਾਇ ॥**

੩. ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥

੪. ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੧॥

ਪਦ ਅਰਥ : ਸੰਕੁੜਾ—ਸੁੰਗੜਿਆ ਹੋਇਆ, ਭੀੜਾ, ਤੰਗ। ਰਾਈ—ਇਕ ਅਤਿ ਨਿੱਕਾ ਬੀਜ, ਨਿਕੀ ਸ਼ੈਅ ਦਾ ਜ਼ਿਕਰ ਕਰਨ ਵੇਲੇ (ਰਾਈ) ਦੀ ਉਪਮਾ ਦੇਣੀ ਇਕ ਮੁਹਾਵਰਾ ਬਣ ਚੁੱਕਾ ਹੈ। ਦਸਵੈ ਭਾਇ—ਦਸਵਾਂ ਹਿੱਸਾ। ਮੈਗਲੁ—ਮਦਕਲ, ਮਸਤ ਹਾਥੀ। ਕਿਉ ਕਰਿ—ਕਿਵੇਂ। ਤੁਠਾ—ਪ੍ਰਸੰਨ। ਪਸਾਉ—ਪ੍ਰਸਾਦਿ, ਕਿਰਪਾ,

ਮਿਹਰ। ਸਹਜੇ—ਸਹਿਜ ਅਵਸਥਾ ਵਿਚ, ਸੌਖੇ ਹੀ। ਤਉ—ਤਾਂ, ਪਰ।

ਅਰਥ :

ਪ੍ਰ: ਭਗਤ ਜੀ! ਜਿਸ ਮੁਕਤੀ ਦੀ ਪ੍ਰਾਪਤੀ ਲਈ ਤੁਸੀਂ ਦਿਨੇ ਰਾਤ ਭਗਤੀ ਵਿਚ ਤਤਪਰ ਰਹਿੰਦੇ ਹੋ, ਉਸ ਬਾਰੇ ਤੁਸੀਂ ਹੁਣ ਤੱਕ ਕੀ ਅਨੁਭਵ ਕੀਤਾ ਹੈ?

ੳ: ੧. ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈਓ! ਮੁਕਤੀ (ਪ੍ਰਾਪਤੀ ਦਾ) ਦਰਵਾਜ਼ਾ (ਬਹੁਤ) ਭੀੜਾ ਹੈ, (ਉਹ ਇਤਨਾ ਤੰਗ ਹੈ) ਕਿ ਰਾਈ ਦੇ ਦਾਣੇ ਦੇ ਦਸਵੇਂ ਹਿਸੇ ਦੇ ਬਰਾਬਰ ਹੋਵੇਗਾ।

ਪ੍ਰ: ਭਗਤ ਜੀ! ਇਸ ਸਬੰਧੀ ਤੁਸੀਂ ਕੀ ਵੀਚਾਰਿਆ ਹੈ?

ੳ: ੨. ਹੇ ਭਾਈਓ! ਇਸ ਬਾਰੇ ਮੈਂ ਭੀ ਇਹੋ ਸੋਚ ਰਿਹਾ ਹਾਂ ਕਿ ਸਾਡਾ ਮਨ ਤਾਂ ਹਉਮੈ ਨਾਲ ਮਸਤ ਹਾਥੀ ਵਾਂਙੂ ਮੋਟਾ ਹੋ ਰਿਹਾ ਹੈ, ਉਸ ਭੀੜੇ ਦਰਵਾਜ਼ੇ ਥਾਣੀ ਕਿਵੇਂ ਲੰਘਿਆ ਜਾ ਸਕੇ?

ਪ੍ਰ: ਭਗਤ ਜੀ! ਤੁਸੀਂ ਆਖ਼ਰ ਇਸ ਤੋਂ ਪਾਰ ਹੋਣ ਲਈ ਕੋਈ ਸਾਧਨ ਭੀ ਤਾਂ ਸੋਚਿਆ ਹੋਵੇਗਾ?

ੳ:੩-੪. ਹੇ ਭਾਈਓ! ਮੈਂ ਆਖ਼ਰ ਇਹੋ ਹੀ ਇਕ ਤਦਬੀਰ ਸੋਚੀ ਹੈ ਕਿ ਜੇ ਕੋਈ ਅਜਿਹਾ ਸਤਿਗੁਰੂ ਮਿਲ ਪਵੇ ਜੋ ਪ੍ਰਸੰਨ ਹੋਕੇ ਸਾਡੇ 'ਤੇ ਕਿਰਪਾ ਦੀ ਦ੍ਰਿਸ਼ਟੀ ਕਰ ਦੇਵੇ, ਤਦ ਫਿਰ ਇਹ ਮੁਕਤੀ ਦਾ ਦਰਵਾਜ਼ਾ ਭਾਵ ਮੁਕਤੀ ਦਾ ਮਾਰਗ ਬੜਾ (ਮੋਕਲਾ) ਖੁਲ੍ਹਾ ਹੋ ਜਾਂਦਾ ਹੈ, ਤਾਂ (ਫਿਰ ਉਸ) ਦਰਵਾਜ਼ੇ ਥਾਣੀ ਸੌਖਿਆਂ ਹੀ ਆ ਜਾ ਸਕੀਦਾ ਹੈ।੧।

ਮਃ ੩ ॥

੧. ਨਾਨਕ ਮੁਕਤਿ ਦੁਆਰਾ ਅਤਿ ਨੀਕਾ
ਨਾਨ੍ਹਾ ਹੋਇ ਸੁ ਜਾਇ ॥
੨. ਹਉਮੈ ਮਨੁ ਅਸਥੂਲੁ ਹੈ
ਕਿਉ ਕਰਿ ਵਿਚੁ ਦੇ ਜਾਇ ॥
੩. ਸਤਿਗੁਰ ਮਿਲਿਐ ਹਉਮੈ ਗਈ
ਜੋਤਿ ਰਹੀ ਸਭ ਆਇ ॥
੪. ਇਹੁ ਜੀਉ ਸਦਾ ਮੁਕਤੁ ਹੈ
ਸਹਜੇ ਰਹਿਆ ਸਮਾਇ ॥੨॥

ਪਦ ਅਰਥ : ਨੀਕਾ—ਨਿੱਕਾ ਜਿਹਾ। ਨਾਨਾ—ਨੰਨ੍ਹਾ, ਬਹੁਤ ਛੋਟਾ। ਸੁ—ਉਹ ਮਨੁੱਖ। ਅਸਥੂਲੁ—ਮੋਟਾ। ਵਿਚੁ ਦੇ—ਵਿਚੋਂ ਦੀ। ਜੋਤਿ—ਪ੍ਰਕਾਸ਼, ਚਾਨਣ। ਮੁਕਤੁ—ਅਜ਼ਾਦ।

ਅਰਥ :

ਪ੍ਰ: ਗੁਰੂ ਅਮਰ ਦਾਸ ਜੀ ਪਾਸ ਸਿੱਖਾਂ ਵਲੋਂ ਇਹ ਬੇਨਤੀ ਹੋਈ ਕਿ ਹਜ਼ੂਰ ਕਬੀਰ ਜੀ ਨੇ ਲਿਖਿਆ ਹੈ ਕਿ (ਮਨੁ ਤਉ ਮੈਗਲੁ ਹੋਇ ਰਹਾ) ਇਸ ਬਾਰੇ ਆਪ ਜੀ ਦਾ ਕੀ ਵੀਚਾਰ ਹੈ?

ੳ: ੧. (ਤਾਂ ਆਪ ਜੀ ਉੱਤਰ ਦੇਂਦੇ ਹਨ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ, ਇਹ ਠੀਕ ਹੈ ਕਿ ਮੁਕਤੀ ਦਾ ਦਵਾਰਾ ਬਹੁਤ ਨਿੱਕਾ, ਛੋਟਾ ਜਿਹਾ ਹੈ, ਜੇ ਕੋਈ ਉਸ ਨਾਲੋਂ ਵੀ ਅਤਿ ਛੋਟਾ ਹੋ ਜਾਏ, ਉਹ ਹੀ ਇਸ ਵਿਚੋਂ ਲੰਘ ਸਕਦਾ ਹੈ।

ਪ੍ਰ: ਹੇ ਗੁਰੋ! ਮਨ ਦੇ ਹਾਥੀ ਵਾਂਗੂ ਮੋਟਾ ਕਹਿਣ ਤੋਂ ਕਬੀਰ ਜੀ ਦਾ ਅਸਲ ਭਾਵ ਕੀ ਹੈ?

ੳ: ੨. ਹੇ ਭਾਈਓ! ਕਬੀਰ ਜੀ ਦਾ ਭਾਵ ਹੈ ਕਿ ਜੇ ਇਹ ਮਨ ਹਉਮੈ ਕਰਕੇ ਮੋਟਾ ਹੋ ਰਿਹਾ ਹੈ, (ਤਾਂ ਦੱਸੋ) ਇਸ ਨਿੱਕੇ ਜਿਹੇ ਦਰਵਾਜ਼ੇ ਵਿਚੋਂ ਦੀ ਕਿਸ ਤਰ੍ਹਾਂ ਲੰਘ ਸਕਦਾ ਹੈ, (ਭਾਵ ਨਹੀਂ ਲੰਘ ਸਕੇਗਾ)।

ਪ੍ਰ: ਹਜ਼ੂਰ! ਜਿਸ ਹਉਮੈ ਕਰਕੇ ਇਹ ਮਨ ਮੋਟਾ ਹੋ ਰਿਹਾ ਹੈ, ਇਹ ਕਿਵੇਂ ਦੂਰ ਹੋਵੇਗੀ?

ੳ: ੩. ਹੇ ਸੱਜਣੋ! ਇਹ ਹਉਮੈ ਤਾਂ ਸਤਿਗੁਰਾਂ ਨੂੰ ਮਿਲਿਆਂ ਹੀ ਦੂਰ ਹੁੰਦੀ ਹੈ, (ਇਸ ਦੇ ਦੂਰ ਹੋਇਆਂ) ਫਿਰ ਬਾਕੀ ਇਸ ਦੇ ਅੰਦਰ ਜੋਤ (ਹੀ ਜੋਤ) ਆ ਰਹਿੰਦੀ ਹੈ, ਭਾਵ ਅੰਦਰ ਪ੍ਰਕਾਸ਼ ਹੋ ਜਾਂਦਾ ਹੈ।

੪. ਬਸ, ਫਿਰ ਇਹ ਜੀਵ ਸਦਾ (ਹੀ) ਮੁਕਤ ਹੈ, ਜੋ ਜੋਤੀ ਸਰੂਪ ਵਿਚ ਸਦਾ ਹੀ ਸਮਾਇਆ ਰਹਿੰਦਾ ਹੈ।੨।

ਪਉੜੀ ॥

੧. ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ ॥
੨. ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ ॥
੩. ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ ॥
੪. ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥
੫. ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ ॥੪॥

ਪਦ ਅਰਥ : ਪ੍ਰਭਿ—ਪ੍ਰਭੂ ਨੇ। ਗਣਤੈ—ਗਣਤ ਨਾਲ, ਵਿਚਾਰਾਂ ਨਾਲ, ਭਾਵ ਸਹਿਸ ਸਿਆਣਪਾਂ ਤੇ ਕਰਨੀ ਹੀਣ ਫੋਕੀਆਂ ਫ਼ਿਲਾਸਫ਼ੀਆਂ ਨਾਲ। ਜੀਵਤੁ ਮਰੈ—ਜੀਉਂਦਾ ਮਰੇ। ਵਿਗਸੀਤਾ—ਵਿਗਸਦਾ ਹੈ, ਖਿੜਦਾ ਹੈ। ਭਰਮੀਤਾ— ਭਟਕਦਾ ਹੈ। ਸਮੀਤਾ—ਸਮਾ ਗਿਆ ਹੈ।੪।

ਅਰਥ :

ਪ੍ਰ: ਕਿਉਂ ਜੀ! ਉਸ ਪ੍ਰਭੂ ਜੀ ਨੇ ਇਸ ਸੰਸਾਰ ਨੂੰ ਪੈਦਾ ਕਰਕੇ, ਕੀ ਇਸ ਦੀ ਸਾਂਭ ਸੰਭਾਈ ਕਰਨ ਲਈ ਕਿਸੇ ਹੋਰ ਨੂੰ ਸੌਂਪਣਾ ਕਰ ਦਿੱਤੀ ਹੋਈ ਹੈ?

ੳ:੧-੨. ਹੇ ਭਾਈਓ! ਅਸਲ ਗੱਲ ਤਾਂ ਇਹੋ ਹੈ ਕਿ ਉਸ ਪ੍ਰਭੂ ਜੀ ਨੇ ਇਸ ਜਗਤ ਨੂੰ ਪੈਦਾ ਕਰਕੇ, ਆਪਣੇ ਹੀ ਵਸ ਵਿਚ ਰਖਿਆ ਹੋਇਆ ਹੈ। (ਪਰ, ਹਾਂ! ਜੇ ਕੋਈ ਇਸ ਗੱਲ ਨੂੰ ਭੁਲਾਕੇ ਕਿ ਇਹ ਸਾਰਾ ਹੀ ਜਗਤ ਉਸ ਦੇ ਵਸ ਵਿਚ ਹੈ) ਮਨ ਵਿਚ ਗਿਣਤੀਆਂ ਗਿਣਦਾ ਰਵੇ, ਭਾਵ ਮਨ ਦੀਆਂ ਸਿਆਣਪਾਂ ਨਾਲ ਮਾਇਆ ਦੀਆਂ ਹੀ ਵੀਚਾਰਾਂ ਵਿਚਾਰਦਾ ਰਵੇ ਤਾਂ ਇਸ ਤਰ੍ਹਾਂ ਪ੍ਰਭੂ ਨੂੰ ਨਹੀਂ ਮਿਲ ਸਕੀਦਾ, ਸਗੋਂ ਇਸ ਤਰ੍ਹਾਂ ਤਾਂ ਮਾਇਆ ਵਿਚ ਹੀ ਭਟਕਦੇ ਰਹੀਦਾ ਹੈ।

੩. ਪਰ ਹਾਂ! ਜੇ ਕੋਈ ਸਤਿਗੁਰੂ ਨੂੰ ਆ ਮਿਲੇ, ਤਾਂ ਉਹ ਜੀਵਤ

ਭਾਵ ਤੋਂ ਮਰ ਜਾਂਦਾ ਹੈ, ਭਾਵ ਉਸ ਦੀ ਹਉਮੈ ਮਿਟ ਜਾਂਦੀ ਹੈ, ਤਾਂ ਇਹ ਸੱਚ ਨੂੰ ਬੁੱਝ ਕੇ ਸੱਚੇ ਪ੍ਰਭੂ ਦੇ ਮੇਲ ਵਿਚ ਮਿਲ ਜਾਂਦਾ ਹੈ।

ਪ੍ਰ: ਹਜ਼ੂਰ! ਜਿਸ ਹਉਮੈ ਦੁਆਰਾ ਇਹ ਜੀਵ ਭਟਕਦਾ ਫਿਰਦਾ ਹੈ, ਇਹ ਕਿਵੇਂ ਮਿਟੇ?

ਉ: ੪. ਹੇ ਭਾਈਓ! ਇਹ ਹਉਮੈ ਗੁਰੂ ਦੇ ਸ਼ਬਦ ਦੀ ਕਮਾਈ ਕੀਤਿਆਂ ਦੂਰ ਹੁੰਦੀ ਹੈ। ਇਉਂ ਫਿਰ ਇਸ ਦੇ ਦੂਰ ਹੋਇਆਂ ਹਰੀ ਦੇ ਮੇਲ ਵਿਚ ਮਿਲ ਜਾਈਦਾ ਹੈ।

ਪ੍ਰ: ਹਜ਼ੂਰ ਇਸ ਤਰ੍ਹਾਂ ਦੇ ਮਿਲਾਪ ਹੋਣ ਵਾਲਿਆਂ ਦੀ ਮਾਨਸਿਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੫. ਹੇ ਪਿਆਰੇ! ਉਹ ਫਿਰ ਇਉਂ ਹੀ ਵੇਖਦਾ ਹੈ ਕਿ ਉਹ ਪ੍ਰਭੂ ਸਭੋ ਕੁਝ ਆਪ ਜਾਣਦਾ ਹੈ ਅਤੇ ਸਭੋ ਕੁਝ ਆਪ ਕਰਦਾ ਹੈ ਅਤੇ ਆਪੇ ਹੀ ਆਪਣੇ ਕੀਤੇ ਹੋਏ ਨੂੰ ਵੇਖ-ਵੇਖ ਕੇ ਖ਼ੁਸ਼ ਹੁੰਦਾ ਹੈ।੪।

ਭਾਵਾਰਥ : ਸਲੋਕ ਵਿਚ ਕਬੀਰ ਜੀ ਨੇ ਮੁਕਤੀ ਦੇ ਦਰਵਾਜ਼ੇ ਨੂੰ ਅਤਿ ਭੀੜਾ ਬਿਆਨ ਕੀਤਾ ਹੈ, ਜਿਸ ਦੁਆਰਾ ਮਨੁੱਖ ਦਾ ਮਨ ਰੂਪੀ ਹਾਥੀ ਗੁਜ਼ਰ ਨਹੀਂ ਸਕਦਾ, ਪਰ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਇਹ ਮਨ ਹਉਮੈ ਕਰਕੇ ਹਾਥੀ ਵਾਂਗੂ ਮੋਟਾ, ਹੰਕਾਰੀ ਹੋ ਰਿਹਾ ਹੈ, ਪਰ ਜਦੋਂ ਇਹ ਸਤਿਗੁਰੂ ਨਾਲ ਸੰਜੋਗ ਕਰਦਾ ਹੈ, ਤਾਂ ਇਸ ਦੀ ਹਉਮੈ ਦੂਰ ਹੋ ਜਾਂਦੀ ਹੈ, ਇਸ ਤਰ੍ਹਾਂ ਇਸ ਦੇ ਅੰਦਰ ਸਹਿਜੇ ਹੀ ਜੋਤੀ ਸਰੂਪ ਦਾ ਪ੍ਰਕਾਸ਼ ਹੋ ਆਉਂਦਾ ਹੈ।

ਇਸ ਸੰਸਾਰ ਨੂੰ ਪੈਦਾ ਕਰਕੇ ਕਰਤਾਰ ਨੇ ਆਪਣੇ ਅਧੀਨ ਰਖਿਆ ਹੈ, ਪਰ ਮਨ ਦੀਆਂ ਅਤਿ ਸਿਆਣਪਾਂ ਵਾਲਾ ਮਨੁੱਖ ਦੈਤ ਭਾਵਨਾ ਵਿਚ ਹੀ ਭਟਕਦਾ ਰਹਿੰਦਾ ਹੈ, ਪਰ ਜੋ ਮਨੁੱਖ ਗੁਰੂ ਦੇ ਸ਼ਬਦ ਦੀ ਕਮਾਈ ਕਰਦੇ ਹਨ, ਉਹ ਜੀਵਤ ਭਾਵ ਤੋਂ ਮਰ ਕੇ ਸ਼ਬਦ ਦੁਆਰਾ ਹਰੀ ਦੇ ਮਿਲਾਪੀ ਹੋ ਜਾਂਦੇ ਹਨ।

ਸਲੋਕੁ ਮਃ ੩ ॥

੧. ਸਤਿਗੁਰ ਸਿਉ ਚਿਤੁ ਨ ਲਾਇਓ
ਨਾਮੁ ਨ ਵਸਿਓ ਮਨਿ ਆਇ ॥
੨. ਧ੍ਰਿਗੁ ਇਵੇਹਾ ਜੀਵਿਆ
ਕਿਆ ਜੁਗ ਮਹਿ ਪਾਇਆ ਆਇ ॥
੩. ਮਾਇਆ ਖੋਟੀ ਰਾਸਿ ਹੈ
ਏਕ ਚਸੇ ਮਹਿ ਪਾਜੁ ਲਹਿ ਜਾਇ ॥
੪. ਹਥਹੁ ਛੁੜਕੀ ਤਨੁ ਸਿਆਹੁ ਹੋਇ
ਬਦਨੁ ਜਾਇ ਕੁਮਲਾਇ ॥
੫. ਜਿਨ ਸਤਿਗੁਰ ਸਿਉ ਚਿਤੁ ਲਾਇਆ
ਤਿਨ੍ ਸੁਖੁ ਵਸਿਆ ਮਨਿ ਆਇ ॥
੬. ਹਰਿ ਨਾਮੁ ਧਿਆਵਹਿ ਰੰਗ ਸਿਉ
ਹਰਿ ਨਾਮਿ ਰਹੇ ਲਿਵ ਲਾਇ ॥
੭. ਨਾਨਕ ਸਤਿਗੁਰ ਸੋ ਧਨੁ ਸਉਪਿਆ
ਜਿ ਜੀਅ ਮਹਿ ਰਹਿਆ ਸਮਾਇ ॥
੮. ਰੰਗੁ ਤਿਸੈ ਕਉ ਅਗਲਾ ਵੰਨੀ ਚੜੈ ਚੜਾਇ ॥੧॥

ਪਦ ਅਰਥ : ਮਨਿ—ਮਨ ਵਿਚ। ਧ੍ਰਿਗੁ—ਫਿਟਕਾਰ ਜੋਗ। ਜੁਗ ਮਹਿ—ਇਸ ਸਮੇਂ ਵਿਚ, ਭਾਵ ਹੈ ਕਲਜੁਗ ਵਿਚ ਜਦੋਂ ਕਿ ਕੇਵਲ ਨਾਮ ਨਾਲ ਛੁਟਕਾਰਾ ਹੋ ਜਾਂਦਾ ਹੈ। ਹਠ ਤਪ ਆਦਿ ਕਰਨ ਦੀ ਲੋੜ ਨਹੀਂ। ਰਾਸਿ—ਪੂੰਜੀ। ਚਸਾ—ਪਹਿਰ ਦਾ ਵੀਹਵਾਂ ਹਿੱਸਾ, ਪਲ ਦਾ ਤੀਹਵਾਂ ਹਿੱਸਾ। ਬਦਨੁ—ਮੂੰਹ। ਰੰਗ—ਪਿਆਰ। ਸਤਿਗੁਰ ਸਉਪਿਆ—ਗੁਰੂ ਨੇ ਸੌਂਪਿਆ। ਜੀਅ ਮਹਿ—ਜਿੰਦ ਵਿਚ। ਅਗਲਾ—ਬਹੁਤਾ। ਪਾਜੁ—ਮੁਲੰਮਾ, ਪਰਦਾ। ਨੀਵੀਂ ਧਾਤ ਨੂੰ ਵੱਡੀ ਧਾਤ ਨਾਲ ਢੱਕ ਦੇਣ ਵਾਲਾ ਬਰੀਕ ਪਰਦਾ। ਵੰਨੀ—ਵੰਨ, ਰੰਗ।

ਅਰਥ :

ਪ੍ਰ: ਕਿਉਂ ਜੀ! ਜੋ ਲੋਕ ਨਾ ਸਤਿਗੁਰੂ ਦੇ ਚਰਨਾਂ ਵਿਚ ਚਿੱਤ ਨੂੰ ਜੋੜਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਮਨ ਵਿਚ ਨਾਮ ਦਾ ਹੀ ਨਿਵਾਸ ਹੋਇਆ ਹੈ, ਉਨ੍ਹਾਂ ਦੇ ਜੀਵਨ ਬਾਰੇ ਆਪ ਦਾ ਕੀ ਵੀਚਾਰ ਹੈ?

ਉ: ੧. ਹੇ ਪਿਆਰੇ! ਜਿਸ ਮਨੁੱਖ ਨੇ ਗੁਰੂ ਨਾਲ ਚਿੱਤ ਨਹੀਂ ਲਾਇਆ ਅਤੇ ਨਾ ਹੀ ਪ੍ਰਭੂ ਦੇ ਨਾਮ ਨੂੰ ਮਨ ਵਿਚ ਕਦੀ ਵਸਾਇਆ ਹੈ।

੨. ਹੇ ਪਿਆਰਿਓ! ਇਹੋ ਜਿਹਾ ਜੀਉਣਾ ਤਾਂ ਫਿਟਕਾਰ ਦੇ ਜੋਗ ਹੈ, ਇਸ ਸਮੇਂ ਵਿਚ ਭਾਵ ਇਸ ਕਲਜੁਗ ਦੇ ਸਮੇਂ ਵਿਚ ਆ ਕੇ ਉਸ ਨੇ ਕੀ ਖਟਿਆ? (ਭਾਵ ਕੁਝ ਵੀ ਨਹੀਂ ਖਟਿਆ)।

ਪ੍ਰ: ਹਜ਼ੂਰ! ਵੇਖੀਦਾ ਹੈ ਕਿ ਉਨ੍ਹਾਂ ਅਜਿਹੇ ਲੋਕਾਂ ਨੇ ਮਾਇਆ ਤਾਂ ਬਹੁਤ ਇਕੱਠੀ ਕੀਤੀ ਹੁੰਦੀ ਹੈ?

ਉ: ੩. ਹੇ ਭਾਈਓ! ਮਾਇਆ ਤਾਂ ਇਕ ਖੋਟੀ ਪੂੰਜੀ ਹੈ, (ਜਦੋਂ ਮਰ ਜਾਂਦਾ ਹੈ ਤਦੋਂ ਇਸ ਦਾ) ਪਾਜ ਇਕ ਚਸੇ (੩ ਪਲ, ਭਾਵ ਝਟ ਪਟ) ਲਹਿ ਜਾਂਦਾ ਹੈ।

੪. ਪਰ, ਜੇ ਮਾਇਆ ਕਦੀ ਹੱਥੋਂ ਛੁੱਟ ਜਾਏ, ਭਾਵ ਗੁਆਚ ਜਾਏ ਤਾਂ (ਇਸ ਦੇ ਗ਼ਮ ਨਾਲ) ਸਰੀਰ ਕਾਲਾ ਹੋ ਜਾਂਦਾ ਹੈ ਤੇ ਮੂੰਹ ਕੁਮਲਾ ਜਾਂਦਾ ਹੈ।

ਪ੍ਰ: ਹਜ਼ੂਰ! ਕੀ ਇਹ ਦਸ਼ਾ ਸਾਰਿਆਂ ਦੀ ਹੋਇਆ ਕਰਦੀ ਹੈ?

ਉ: ੫. (ਨਹੀਂ) ਹੇ ਪਿਆਰਿਓ! ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਨਾਲ ਚਿੱਤ ਨੂੰ ਜੋੜ ਲਿਆ ਹੈ, ਉਨ੍ਹਾਂ ਦੇ ਮਨ ਅੰਦਰ ਸੁੱਖ ਸ਼ਾਂਤੀ ਆ ਵਸਦੀ ਹੈ।

ਪ੍ਰ: ਹਜ਼ੂਰ! ਉਨ੍ਹਾਂ ਨੂੰ ਇਸ ਸੁੱਖ ਪ੍ਰਾਪਤੀ ਦਾ ਅਸਲ ਕਾਰਣ ਕੀ ਹੁੰਦਾ ਹੈ?

ਉ: ੬. ਕਿਉਂਕਿ ਉਹ ਪ੍ਰੇਮ ਨਾਲ ਹਰੀ ਦਾ ਨਾਮ ਧਿਆਉਂਦੇ ਹਨ ਅਤੇ ਹਰ ਸਮੇਂ ਹਰੀ ਨਾਮ ਵਿਚ ਸੁਰਤੀ ਨੂੰ ਜੋੜੀ ਰੱਖਦੇ ਹਨ।

੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਨ੍ਹਾਂ ਨੂੰ ਸਤਿਗੁਰੂ ਜੀ ਨੇ ਉਹ ਧਨ ਸੌਂਪਿਆ ਹੁੰਦਾ ਹੈ, ਜੋ ਜੀਅ ਵਿਚ ਹੀ ਸਮਾਇਆ ਹੁੰਦਾ ਹੈ, ਭਾਵ ਹੈ ਕਿ ਉਹ ਧਨ ਮਾਇਕੀ ਧਨ ਵਾਂਙੂ ਵੱਖਰਾ ਨਹੀਂ ਹੁੰਦਾ ਜੋ ਮਰਨ ਤੋਂ ਪਿੱਛੇ ਰਹਿ ਜਾਵੇ। (ਇਹ ਜੀਉ ਦੇ ਨਾਲ ਭੀ ਨਿਭਦਾ ਹੈ)।

੮. ਹੇ ਪਿਆਰੇ ! ਉਸ ਨਾਮੀ ਪੁਰਖ ਨੂੰ ਨਾਮ ਦਾ ਰੰਗ ਤਾਂ ਪਹਿਲੋਂ ਹੀ ਚੜ੍ਹਿਆ ਹੁੰਦਾ ਹੈ, ਪਰ ਉਹ ਮਰਨੇ ਪਿੱਛੋਂ ਘਟਦਾ ਨਹੀਂ, ਉਸ ਦੀ ਰੰਗਣ ਸਗੋਂ ਦੂਣ ਸਵਾਈ ਚੜ੍ਹਦੀ ਹੈ।੧।

ਮः ੩ ॥

੧. ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
੨. ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
੩. ਗੁਰਮੁਖਿ ਕੋਈ ਗਾਰੜੂ
ਤਿਨਿ ਮਲਿ ਦਲਿ ਲਾਈ ਪਾਇ ॥
੪. ਨਾਨਕ ਸੇਈ ਉਬਰੇ
ਜਿ ਸਚਿ ਰਹੇ ਲਿਵ ਲਾਇ ॥੨॥

ਪਦ ਅਰਥ : ਨਾਗਨੀ—ਸੱਪਣੀ, ਭਾਵ ਹੈ ਅਸਰਾਲ, ਜਿਸ ਨੂੰ ਅਯਦਹਾ ਵੀ ਕਹਿੰਦੇ ਹਨ, ਜੋ ਲਪੇਟ ਮਾਰਕੇ ਆਪਣਾ ਸ਼ਿਕਾਰ ਕਾਬੂ ਕਰਦੀ ਹੈ ਤੇ ਸਹਿਜੇ-ਸਹਿਜੇ ਉਸਨੂੰ ਨਿਗਲ ਜਾਂਦੀ ਹੈ। ਕਈ ਹਿੰਦੂ ਸੱਪਾਂ ਦੀ ਪੂਜਾ ਕਰਦੇ ਹਨ, ਅਯਦਹਾ ਦਾ ਪੂਜਾ ਕਰਨ ਵਾਲਾ ਜਦ ਵੀ ਉਸ ਦੇ ਨੇੜੇ ਆਇਆ, ਉਸ ਨੂੰ ਜੱਫਾ ਮਾਰ ਲੈਂਦੀ ਹੈ। ਲਪਟਾਇ ਰਹੀ—ਚੰਬੜ ਰਹੀ ਹੈ। ਇਸ—ਤਿਸ। ਗਾਰੜੂ—ਗਾਰੜ ਮੰਤਰ ਜਾਨਣ ਵਾਲਾ, ਸੱਪ ਦਾ ਜ਼ਹਿਰ ਹਟਾਣ ਵਾਲਾ ਮੰਤ੍ਰ ਜਾਨਣ ਵਾਲਾ ਜੋ ਸੱਪ ਦੀ ਵਿਸ਼ ਦੂਰ ਕਰਦਾ ਹੈ, ਜਿਸ ਦਾ ਦੇਵਤਾ ਗਰੜ ਮੰਨਿਆ ਗਿਆ ਹੈ। ਗੁਰਬਾਣੀ ਵਿਚ ਗੁਰਮੰਤ੍ਰ ਤੋਂ ਭਾਵ ਹੈ ਜੋ ਹਉਮੈ ਅਗਿਆਨ ਰੂਪੀ ਮਾਇਆ ਨਾਗਨੀ ਦਾ ਵਿਸ਼ ਦੂਰ ਕਰ ਦੇਂਦਾ ਹੈ। ਮਲਿ—ਮਲ ਕੇ। ਦਲਿ—ਦਲ ਕੇ। ਮਲਿ ਦਲਿ—ਚੰਗੀ ਤਰ੍ਹਾਂ ਮਲ ਕੇ। ਤਿਨਿ—ਤਿਸ ਨੇ, ਉਸ ਨੇ।

ਅਰਥ :

ਪ੍ਰ: ਹੇ ਗੁਰੋ ! ਗੁਰਮਤਿ ਵਿਚ ਮਾਇਆ ਨੂੰ ਕਿਸ ਰੂਪ ਅੰਦਰ ਸਮਝਿਆ ਗਿਆ ਹੈ ?

ਉ: ੧. ਹੇ ਭਾਈ ! ਇਸ ਮਾਇਆ ਨੂੰ ਤਾਂ ਨਾਗਨੀ ਰੂਪ ਹੋਈ ਸਮਝੋ, (ਜਾਂ ਨਾਗਨੀ ਤੋਂ ਭੀ ਬਲਵਾਨ ਜਾਣੋ ਕਿਉਂਕਿ ਨਾਗਨੀ ਤਾਂ ਕਿਸੇ ਇਕ ਬੰਦੇ ਨੂੰ ਹੀ ਇਕ ਵਕਤ ਵਿਚ ਲਪੇਟ ਮਾਰਦੀ ਹੈ ਪਰ) ਇਹ ਮਾਇਆ ਰੂਪ ਸਰਪਨੀ ਸਾਰੇ ਹੀ ਜਗਤ ਨੂੰ ਚੰਬੜ ਰਹੀ ਹੈ।

ਪ੍ਰ: ਸ੍ਰੀ ਜੀਉ ! ਇਹ ਮਾਇਆ ਜਿਸ ਨੂੰ ਆਪ ਨਾਗਨੀ ਰੂਪ ਵਿਚ ਕਹਿ ਰਹੇ ਹੋ, ਇਸ ਤੋਂ ਬਿਨਾ ਤਾਂ ਸੰਸਾਰ ਦਾ ਕੋਈ ਕਾਰੋਬਾਰ ਨਹੀਂ ਚਲ ਸਕਦਾ, ਫਿਰ ਇਸ ਨੂੰ ਨਾਗਨੀ ਰੂਪ ਵਿਚ ਕਿਉਂ ਮੰਨਦੇ ਹੋ ?

ਉ: ੨. ਹੇ ਮਿੱਤਰੋ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਇਆ ਨੂੰ ਕਾਰਜ ਸਿਧੀ ਲਈ ਜ਼ਰੂਰ ਵਰਤਦੇ ਰਹਿਣਾ ਚਾਹੀਦਾ ਹੈ, ਪਰ ਸਾਡੇ ਕਹਿਣ ਤੋਂ ਭਾਵ ਹੈ ਕਿ ਜੋ ਇਸ ਦੀ ਸੇਵਾ ਕਰੇ, ਭਾਵ ਜੋ ਨਿਰੇ-ਪੁਰੇ ਮਾਇਆ ਦੀ ਮੋਹ ਮਮਤਾ ਵਿਚ ਖੱਚਤ ਹੋ ਜਾਂਦੇ ਹਨ। ਜੋ ਇਸ ਦੇ ਗ਼ੁਲਾਮ ਬਣ ਜਾਂਦੇ ਹਨ, ਇਹ ਮੁੜ ਕੇ ਉਨ੍ਹਾਂ ਨੂੰ ਹੀ ਖਾਂਦੀ ਹੈ, ਭਾਵ ਉਨ੍ਹਾਂ ਦਾ ਅੱਗਾ ਵਿਗਾੜ ਦੇਂਦੀ ਹੈ, ਇਹੋ ਹੀ ਇਸ ਦਾ ਖਾਣਾ ਹੈ।

ਪ੍ਰ: ਹਜ਼ੂਰ ! ਤੁਸੀਂ ਤਾਂ ਸਾਰੇ ਜਗਤ ਨੂੰ ਹੀ ਇਸ ਮਾਇਆ ਸਰਪਣੀ ਦੇ ਲਪੇਟ ਵਿਚ ਆਇਆ ਕਹਿ ਰਹੇ ਹੋ, ਤਾਂ ਫਿਰ ਕੀ ਭਗਤੀ ਕਰਨ ਵਾਲੇ ਲੋਕ ਵੀ ਇਸੇ ਲਪੇਟ ਵਿਚ ਆ ਗਏ ?

ਉ: ੩. ਹੇ ਭਾਈਓ ! ਜਿਵੇਂ ਕਿ ਸਰਪਣੀ ਦੀ ਵਿਸ਼ ਝਾੜਨ ਵਾਲਾ, ਭਾਵ ਗਾਰੜੂ ਮੰਤਰ ਜਾਨਣ ਵਾਲਾ ਮਾਂਦ੍ਰੀ ਇਸ ਨੂੰ ਮੰਤਰ ਦੇ ਬਲ ਨਾਲ ਚੰਗੀ ਤਰ੍ਹਾਂ ਮਲ ਕੇ ਪੈਰਾਂ ਹੇਠ ਸੁੱਟ ਲੈਂਦਾ ਹੈ, ਇਸੇ ਤਰ੍ਹਾਂ ਕੋਈ ਵਿਰਲਾ ਗੁਰਮੁਖ ਰੂਪੀ ਮਾਂਦ੍ਰੀ ਹੁੰਦਾ ਹੈ ਜੋ ਇਸ ਨੂੰ ਮਲ ਦਲ ਕੇ ਪੈਰਾਂ ਹੇਠ ਸੁੱਟ ਲੈਂਦਾ ਹੈ। (ਭਾਵ ਇਸ ਦੇ ਅਸਰ ਹੇਠ ਨਹੀਂ ਦਬਦਾ)।

੪. ਇਸ ਲਈ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਇਸ ਮਾਇਆ ਸੱਪਣੀ ਤੋਂ ਉਹੀ ਬਚੇ ਹਨ ਜੋ ਸੱਚੇ ਪ੍ਰਭੂ ਵਿਚ ਸੁਰਤਿ ਜੋੜਦੇ ਹਨ, ਭਾਵ ਸਤਿ ਸਰੂਪ ਵਿਚ ਲਿਵ ਲਾਈ ਰੱਖਦੇ ਹਨ। (ਭਾਵ ਇਸ ਦੇ ਮੋਹ ਵਿਚ ਖੱਚਤ ਨਹੀਂ ਹੁੰਦੇ)।੨।

ਪਉੜੀ ॥

੧. ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ ॥
੨. ਅੰਦਰਿ ਧੀਰਕ ਹੋਇ ਪੂਰਾ ਪਾਇਸੀ ॥
੩. ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ ॥
੪. ਜਾ ਹੋਵੈ ਖਸਮੁ ਦਇਆਲੁ
ਤਾ ਮਹਲੁ ਘਰੁ ਪਾਇਸੀ ॥
੫. ਸੋ ਪ੍ਰਭੁ ਮੇਰਾ ਅਤਿ ਵਡਾ
ਗੁਰਮੁਖਿ ਮੇਲਾਇਸੀ ॥੫॥

ਪਦ ਅਰਥ : ਢਾਢੀ—ਸਿਫ਼ਤਿ-ਸਾਲਾਹ ਕਰਨ ਵਾਲਾ। ਧੀਰਕ—ਧੀਰਜ। ਪਾਇਸੀ—ਪਾ ਲਏਗਾ, ਲਭ ਲਏਗਾ। ਧੁਰਿ—ਧੁਰੋਂ ਪ੍ਰਭੂ ਦੇ ਹੁਕਮ ਅਨੁਸਾਰ।

ਅਰਥ :

ਪ੍ਰ: ਹੇ ਗੁਰੋ ! ਵੇਖਦੇ ਹਾਂ ਕਿ ਬਹੁਤ ਲੋਕ ਕਈ ਪ੍ਰਕਾਰ ਦੇ ਧਾਰਮਿਕ ਕਰਮ ਭੀ ਕਰਦੇ ਹਨ, ਪਰ ਉਨ੍ਹਾਂ ਦੇ ਅੰਦਰ ਧੀਰਜਤਾ ਨਹੀਂ ਆਉਂਦੀ। ਹਰ ਵਕਤ ਕਲਪਦੇ ਹੀ ਵੇਖੀਦਾ ਹੈ, ਦੱਸੋ ਉਨ੍ਹਾਂ ਨੂੰ ਕੀ ਸਾਧਨ ਕਰਨਾ ਚਾਹੀਦਾ ਹੈ ?

ਉ: ੧. ਭਾਈਓ ! ਉਨ੍ਹਾਂ ਲਈ ਤਾਂ ਇਕੋ ਸਾਧਨ ਅਰਦਾਸ ਹੈ ਕਿਉਂਕਿ ਜਦੋਂ (ਕੋਈ) ਮਨੁੱਖ ਢਾਢੀ ਬਣ ਕੇ ਭਾਵ ਸਿਫ਼ਤਿ-ਸਾਲਾਹ ਕਰਨ ਵਾਲਾ ਬਣ ਕੇ ਅਰਦਾਸ ਕਰਦਾ ਹੈ ਤੇ (ਉਹ) ਪ੍ਰਭੂ ਨੂੰ ਸੁਣਾਂਦਾ ਹੈ।

੨. ਹੇ ਪਿਆਰੇ ! ਤਾਂ ਫਿਰ ਇਸ ਦੇ ਅੰਦਰ ਧੀਰਜਤਾ ਆਉਂਦੀ ਹੈ (ਭਾਵ ਇਸ ਦੇ ਅੰਦਰੋਂ ਮਾਇਆ ਮੋਹ ਤੇ ਹਉਮੈ ਦੂਰ ਹੁੰਦੇ ਹਨ) ਤਾਂ ਫਿਰ ਇਸ ਤਰ੍ਹਾਂ ਇਸ ਨੂੰ ਪੂਰਾ ਪ੍ਰਭੂ ਵੀ ਮਿਲ ਜਾਏਗਾ।

ਪ੍ਰ: ਕਿਉਂ ਜੀ ! ਧੀਰਜਤਾ ਪ੍ਰਾਪਤੀ ਕਰਾਉਣ ਵਾਲੀ ਸਿਫ਼ਤਿ-ਸਾਲਾਹ ਹਰ ਬੰਦਾ ਹੀ ਕਿਉਂ ਨਹੀਂ ਕਰਦਾ ?

ਉ: ੩. ਹੇ ਭਾਈਓ! ਅਸਲ ਵਿਚ ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਇਹ ਤਾਂ ਜਿਸ ਦੇ ਧੁਰੋਂ (ਪਿਛਲੀ ਕੀਤੀ ਸਿਫ਼ਤਿ-ਸਾਲਾਹ ਅਨੁਸਾਰ) ਜੋ ਭਗਤੀ ਦਾ ਲੇਖਾ ਮੱਥੇ 'ਤੇ ਉਘੜਦਾ ਹੈ ਤੇ ਉਹੋ ਜਿਹੇ (ਭਾਵ ਸਿਫ਼ਤਿ-ਸਾਲਾਹ ਵਾਲੇ) ਕੰਮ ਕਰਦਾ ਹੈ।

੪. ਹੇ ਪਿਆਰੇ! ਇਸ ਤਰ੍ਹਾਂ ਜਦੋਂ ਖ਼ਸਮ ਦਇਆਲ ਹੁੰਦਾ ਹੈ ਤਾਂ ਇਹ ਜਗਿਆਸੂ ਪ੍ਰਭੂ ਦਾ (ਘਰ) ਸ੍ਵੈ ਸਰੂਪ (ਤੇ ਮਹਲ) ਪ੍ਰਭੂ ਸਰੂਪ ਪਾ ਲਏਗਾ।

੫. ਹੇ ਭਾਈਓ! ਉਹ ਮੇਰਾ ਪ੍ਰਭੂ ਹੈ (ਤਾਂ) ਬਹੁਤ ਵੱਡਾ, ਪਰ ਉਸ ਦਾ ਮੇਲ ਗੁਰੂ ਦੀ ਰਾਹੀਂ ਮਿਲਦਾ ਹੈ।੫।

ਭਾਵਾਰਥ : ਪਹਿਲੇ ਸਲੋਕ ਵਿਚ ਉਨ੍ਹਾਂ ਲੋਕਾਂ ਦਾ ਜੀਵਨ ਧ੍ਰਿਕਾਰ ਰੂਪ ਦੱਸਿਆ ਹੈ ਜੋ ਸਤਿਗੁਰੂ ਤੋਂ ਬੇਮੁਖ ਤੇ ਨਾਮ ਤੋਂ ਸਖਣੇ ਰਹਿ ਕੇ ਜੀਵਨ ਗੁਜ਼ਾਰਦੇ ਹਨ। ਇਸ ਕੂੜੀ ਮਾਇਆ ਦੀ ਪੂੰਜੀ ਦਾ ਪਾਜ ਸ਼ੀਘਰ ਹੀ ਲਹਿ ਜਾਣ ਵਾਲਾ ਦੱਸ ਕੇ ਸੁੱਖ ਦੀ ਪ੍ਰਾਪਤੀ ਦਾ ਸਾਧਨ ਕੇਵਲ ਸਤਿਗੁਰੂ ਨਾਲ ਹੀ ਸੁਰਤਿ ਜੋੜਨ ਲਈ ਪ੍ਰੇਰਨਾ ਕੀਤੀ ਹੈ।

ਮਹਲੇ ਵਿਚ ਇਸ ਮਾਇਆ ਨੂੰ ਨਾਗਨੀ ਰੂਪ ਦੱਸ ਕੇ ਇਸ ਤੋਂ ਬਚਣ ਦਾ ਉਪਾਉ ਸੱਚੇ ਨਾਮ ਨਾਲ ਲਿਵ ਲਾਉਣੀ ਕਿਹਾ ਹੈ, ਕਿਉਂਕਿ ਮਾਇਆ ਜ਼ਹਿਰ ਨੂੰ ਲਾਹੁਣ ਦਾ ਗਾਰੜੂ ਮੰਤ੍ਰ ਕੇਵਲ ਵਾਹਿਗੁਰੂ ਜੀ ਦਾ ਹੀ ਸਿਮਰਨ ਹੈ।

ਪਉੜੀ ਵਿਚ, ਹਰ ਸਮੇਂ ਥਿੜਕ ਰਹੇ ਮਨ ਨੂੰ ਧੀਰਜ ਦੀ ਪ੍ਰਾਪਤੀ ਦਾ ਸਾਧਨ ਪ੍ਰਭੂ ਅੱਗੇ ਸਦਾ ਅਰਦਾਸ ਕਰਦੇ ਰਹਿਣਾ ਹੀ ਫ਼ੁਰਮਾਇਆ ਹੈ, ਪਰ ਉਸ ਵੱਡੇ ਸਾਹਿਬ ਦੀ ਪ੍ਰਾਪਤੀ ਗੁਰੂ ਦੁਆਰਾ ਹੋਣੀ ਦਰਸਾਈ ਹੈ।

ਸਲੋਕ ਮਃ ੩ ॥

੧. ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥
੨. ਨਾਨਕ ਹੁਕਮੁ ਨ ਮੰਨਈ
ਤਾ ਘਰ ਹੀ ਅੰਦਰਿ ਦੂਰਿ ॥
੩. ਹੁਕਮੁ ਭੀ ਤਿਨ੍ਾ ਮਨਾਇਸੀ
ਜਿਨ੍ ਕਉ ਨਦਰਿ ਕਰੇਇ ॥
੪. ਹੁਕਮੁ ਮੰਨਿ ਸੁਖੁ ਪਾਇਆ
ਪ੍ਰੇਮ ਸੁਹਾਗਣਿ ਹੋਇ ॥੧॥

ਪਦ ਅਰਥ : ਹਜੂਰਿ—ਅੰਗ ਸੰਗ। ਨਦਰਿ—ਮਿਹਰ ਦੀ ਨਜ਼ਰ। ਸੁਹਾਗਣਿ—ਸੁ ਭਾਗਣਿ, ਚੰਗੇ ਭਾਗਾਂ ਵਾਲੀ।

ਅਰਥ :

ਪ੍ਰ: ਹੇ ਗੁਰੋ! ਜਿਸ ਮਾਲਕ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਉਹ ਰਹਿੰਦਾ ਕਿਥੇ ਹੈ ?

ਉ: ੧. ਹੇ ਭਾਈਓ! ਉਹ ਇਨ੍ਹਾਂ (ਜੀਵ ਰੂਪ ਇਸਤ੍ਰੀਆਂ ਦਾ) ਇਕੋ ਹੀ ਪਰਮਾਤਮਾ ਮਾਲਕ ਹੈ, ਜੋ ਸਦਾ ਹੀ ਸਾਡੇ ਸਾਰਿਆਂ ਦੇ ਹਜ਼ੂਰ, ਭਾਵ ਅੰਗ ਸੰਗ ਵਸਦਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ, ਜੋ ਜੀਵ ਰੂਪੀ ਇਸਤ੍ਰੀ ਉਸ ਦਾ ਹੁਕਮ ਨਹੀਂ ਮੰਨਦੀ, ਭਾਵ ਹੈ ਕਿ (ਉਸ ਦੀ ਰਜ਼ਾ ਵਿਚ ਨਹੀਂ ਤੁਰਦੀ) ਉਹ ਖ਼ਸਮ ਉਸ ਦੇ ਹਿਰਦੇ ਘਰ ਵਿਚ ਵਸਦਾ ਹੋਇਆ ਭੀ ਉਸ ਲਈ ਦੂਰ ਹੈ।

ਪ੍ਰ: ਕਿਉਂ ਜੀ! ਹਰ ਇਕ ਜੀਵ ਰੂਪ ਇਸਤ੍ਰੀ ਉਸ ਸਾਈਂ ਦਾ ਹੁਕਮ ਕਿਉਂ ਨਹੀਂ ਮੰਨਦੀ ?

ਉ: ੩. ਹੇ ਭਾਈਓ! ਹੁਕਮ ਵੀ ਉਨ੍ਹਾਂ ਨੂੰ ਹੀ ਮਨਾਉਂਦਾ ਹੈ, ਜਿਨ੍ਹਾਂ ਉੱਤੇ ਉਹ ਆਪ ਹੀ ਕਿਰਪਾ ਦ੍ਰਿਸ਼ਟੀ ਕਰਦਾ ਹੈ।

੪. ਜਿਸ ਜੀਵ ਰੂਪ ਇਸਤ੍ਰੀ ਨੇ ਸਾਈਂ ਜੀ ਦਾ ਹੁਕਮ ਮੰਨ ਕੇ ਸੁੱਖ ਪਾਇਆ ਹੈ, ਉਹੋ ਪ੍ਰੇਮ ਵਾਲੀ ਸੁਹਾਗਣ ਚੰਗੇ ਭਾਗਾਂ ਵਾਲੀ ਹੈ।

ਮਃ ੩ ॥

੧. ਰੈਣਿ ਸਬਾਈ ਜਲਿ ਮੁਈ ਕੰਤ ਨ ਲਾਇਓ ਭਾਉ ॥
੨. ਨਾਨਕ ਸੁਖਿ ਵਸਨਿ ਸੋੁਹਾਗਣੀ
ਜਿਨ੍ ਪਿਆਰਾ ਪੁਰਖੁ ਹਰਿ ਰਾਉ ॥੨॥

ਪਦ ਅਰਥ : ਰੈਣਿ ਸਬਾਈ—ਜੀਵਨ ਰੂਪ ਸਾਰੀ ਰਾਤ। ਭਉ—ਪਿਆਰ। ਸੁਖਿ—ਸੁੱਖ ਨਾਲ।

ਅਰਥ :

ਪ੍ਰ: ਸ੍ਰੀ ਜੀਉ! ਸੁਹਾਗਣ ਹੁਕਮ ਵਿਚ ਚਲਣ ਵਾਲੀਆਂ ਨੂੰ ਤਾਂ ਆਪ ਜੀ ਸੁੱਖ ਪ੍ਰਾਪਤ ਹੁੰਦਾ ਦੱਸ ਆਏ ਹੋ, ਪਰ ਜੋ ਦੁਹਾਗਣਾਂ ਹਨ ਉਨ੍ਹਾਂ ਨੂੰ ਕੀ ਸਜ਼ਾ ਮਿਲਦੀ ਹੈ ?

ਉ: ੧. ਹੇ ਪਿਆਰਿਓ! ਇਸ ਜੀਵ ਰੂਪੀ ਇਸਤ੍ਰੀ ਨੇ ਆਪਣੇ ਕੰਤ ਪ੍ਰਭੂ ਨਾਲ ਪਿਆਰ ਨਹੀਂ ਕੀਤਾ, ਉਹ ਤਾਂ ਆਪਣੀ ਸਾਰੀ (ਜ਼ਿੰਦਗੀ ਰੂਪੀ) ਰਾਤ ਵਿਚ ਸੜ ਮੋਈ ਹੈ। (ਭਾਵ ਉਸ ਦੀ ਸਾਰੀ ਉਮਰ ਦੁੱਖਾਂ ਵਿਚ ਗੁਜ਼ਰੀ ਹੈ)।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ, ਜੋ ਸੁਹਾਗਵੰਤੀਆਂ ਹਨ ਉਹ ਜੀਵਨ ਭਰ ਸੁਖੀ ਵਸਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਹਰੀ ਰਾਜਾ ਰੂਪੀ (ਪਰਮ) ਪੁਰਖ ਪਿਆਰਾ ਲੱਗਦਾ ਹੈ।੨।

ਪਉੜੀ ॥

੧. ਸਭੁ ਜਗੁ ਫਿਰਿ ਮੈ ਦੇਖਿਆ ਹਰਿ ਇਕੋ ਦਾਤਾ ॥
੨. ਉਪਾਇ ਕਿਤੈ ਨ ਪਾਈਐ ਹਰਿ ਕਰਮ ਬਿਧਾਤਾ ॥
੩. ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥
੪. ਅੰਦਰਹੁ ਤ੍ਰਿਸਨਾ ਅਗਨਿ ਬੁਝੀ
ਹਰਿ ਅੰਮ੍ਰਿਤ ਸਰਿ ਨਾਤਾ ॥
੫. ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ ॥੬॥

ਪਦ ਅਰਥ : ਫਿਰਿ—ਭਉਂ ਕੇ। ਉਪਾਇ ਕਿਤੈ—ਕਿਸੇ ਢੰਗ ਨਾਲ। ਕਰਮ ਬਿਧਾਤਾ—ਕਰਮਾਂ ਦਾ ਫਲ ਦੇਣ ਵਾਲਾ, ਕਰਮਾਂ ਦੀ ਬਿਧਿ ਬਨਾਣ ਵਾਲਾ। ਮਨਿ—ਮਨ ਵਿਚ। ਅੰਮ੍ਰਿਤ ਸਰਿ—ਅੰਮ੍ਰਿਤ ਦੇ ਸਰ ਵਿਚ, ਹਰੀ ਰੂਪੀ ਅੰਮ੍ਰਿਤ ਦਾ ਸਰ, ਸਤਿ ਸੰਗ ਰੂਪੀ ਸਰੋਵਰ

ਜਿਸ ਵਿਚ ਨਾਮ ਅੰਮ੍ਰਿਤ ਭਰਿਆ ਹੁੰਦਾ ਹੈ। ਬੋਲਾਤਾ—ਬੁਲਾਂਦਾ ਹੈ, ਆਪਣੀ ਸਿਫ਼ਤ ਕਰਾਂਦਾ ਹੈ।

ਅਰਥ :

ਪ੍ਰ: ਹੇ ਗੁਰੋ! ਤੁਹਾਡੇ ਆਪਣੇ ਜੀਵਨ ਦੇ ਤਜ਼ਰਬੇ ਵਿਚ ਸਭ ਤੋਂ ਵੱਡਾ ਜਗਤ ਵਿਚ ਆਪ ਜੀ ਨੂੰ ਕੌਣ ਪ੍ਰਤੀਤ ਹੋਇਆ ਹੈ?

ਉ: ੧. ਹੇ ਪਿਆਰਿਓ! ਮੈਂ ਇਸ ਸਾਰੇ ਸੰਸਾਰ ਨੂੰ (ਚੰਗੀ ਤਰ੍ਹਾਂ) ਟੋਲ ਕੇ ਵੇਖ ਲਿਆ ਹੈ ਕਿ ਇਸ ਜਗਤ ਦੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਸਭ ਤੋਂ ਵੱਡਾ ਇਕੋ ਪਰਮੇਸ਼ਰ ਹੈ।

ਪ੍ਰ: ਹਜ਼ੂਰ! ਉਸ ਦੀ ਪ੍ਰਾਪਤੀ ਦਾ ਉਪਾਉ ਕੌਣ ਹੈ?

ਉ: ੨. ਹੇ ਭਾਈਓ! ਉਹੀ ਕਰਮ ਫਲ ਦਾਤਾ ਹਰੀ ਕਿਸੇ ਉਪਾਉ ਨਾਲ ਜਾਂ ਚਤੁਰਾਈ ਸਿਆਣਪ ਨਾਲ ਨਹੀਂ ਲੱਭਦਾ।

੩. ਹਾਂ, ਉਹ ਤਾਂ ਕੇਵਲ ਇਕ ਗੁਰੂ ਦੇ ਸ਼ਬਦ ਦੁਆਰਾ ਹਿਰਦੇ ਵਿਚ ਵਸਦਾ ਹੈ ਤੇ ਸੌਖਾ ਹੀ ਪਛਾਣਿਆ ਜਾ ਸਕਦਾ ਹੈ।

ਪ੍ਰ: ਸ੍ਰੀ ਜੀਉ! ਹਰ ਬੰਦਾ ਹੀ ਤ੍ਰਿਸ਼ਨਾ ਦੀ ਅਗਨੀ ਨਾਲ ਸੜਦਾ ਨਜ਼ਰ ਆਉਂਦਾ ਹੈ, ਪਰ ਇਹ ਅਗਨੀ ਸਾਂਤ ਕਿਵੇਂ ਹੋਵੇ?

ਉ: ੪. ਹੇ ਸੱਜਨੋ! (ਅਸਲ ਵਿਚ) ਜੋ ਵੀ ਮਨੁੱਖ ਅੰਮ੍ਰਿਤ ਦੇ ਸਰੋਵਰ ਵਿਚ ਨ੍ਹਾਉਂਦਾ ਹੈ ਉਸ ਦੇ ਮਨ ਵਿਚੋਂ ਇਹ ਤ੍ਰਿਸ਼ਨਾ ਦੀ ਅੱਗ ਬੁੱਝ ਜਾਂਦੀ ਹੈ।

ਪ੍ਰ: ਕਿਉਂ ਜੀ! ਜਦੋਂ ਕਿਸੇ ਮਨੁੱਖ ਦੇ ਮਨ ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁੱਝ ਜਾਏ ਤਾਂ ਉਸ ਦੀ ਨਿਸ਼ਾਨੀ ਕੀ ਹੈ?

ਉ: ੫. ਹੇ ਭਾਈਓ! ਉਹ ਮਨੁੱਖ ਫਿਰ ਗੁਰਮੁਖ ਬਣ ਕੇ ਉਸ ਵੱਡੇ ਹਰੀ ਦੀ ਵੱਡੀ ਵਡਿਆਈ ਨੂੰ ਹੀ ਬੋਲਦਾ ਰਹਿੰਦਾ ਹੈ ਅਤੇ ਹੋਰਨਾਂ ਤੋਂ ਬੁਲਾਉਂਦਾ ਹੈ।੬।

ਭਾਵਾਰਥ : ਸਲੋਕ ਵਿਚ ਸਭਨਾਂ ਤੋਂ ਵੱਡਾ ਉਸ ਪਰਮੇਸ਼ਰ ਨੂੰ ਦੱਸ ਕੇ ਹੁਕਮ ਵਿਚ ਜੀਵਨ ਗੁਜ਼ਾਰਨ ਵਾਲੇ ਮਨੁੱਖ ਨੂੰ ਸੁਖੀ ਜੀਵਨ ਦੱਸਿਆ ਹੈ; ਪਰ ਉਸ ਤੋਂ ਬੇ-ਮੁਖ ਹੋ ਜੀਵਨ ਗੁਜ਼ਾਰਨ ਵਾਲੇ ਮਨਮੁਖਾਂ ਦਾ ਜੀਵਨ ਸਦੀਵੀ ਕਾਲ ਦੁੱਖਾਂ ਵਿਚ ਗੁਜ਼ਰਦਾ ਬਿਆਨ ਕੀਤਾ ਹੈ।

ਪਉੜੀ ਵਿਚ ਆਪਣਾ ਨਿਜੀ ਤਜਰਬਾ ਦਸਿਆ ਹੈ ਕਿ ਸਭਨਾਂ ਤੋਂ ਵੱਡਾ ਇਕੋ ਪਰਮੇਸ਼ਰ ਹੈ ਜੋ ਸਭ ਜੀਵਾਂ ਨੂੰ ਦਾਤਾਂ ਦੇ ਰਿਹਾ ਹੈ, ਪਰ ਉਸ ਨੂੰ ਪ੍ਰਾਪਤ ਕਰਨ ਵਾਸਤੇ ਕਿਸੇ ਮਨੁੱਖ ਦੀ ਦੁਨਿਆਵੀ ਸਿਆਣਪ ਜਾਂ ਚਤੁਰਾਈ ਕੰਮ ਨਹੀਂ ਆਉਂਦੀ, ਉਸ ਨੂੰ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਸੁਭਾਵਕ ਹੀ ਪਾਇਆ ਜਾ ਸਕਦਾ ਹੈ, ਤ੍ਰਿਸ਼ਨਾ ਦੀ ਅੱਗ ਕੇਵਲ ਉਸ ਦੇ ਅੰਦਰੋਂ ਹੀ ਬੁੱਝਦੀ ਹੈ ਜੋ ਨਾਮ ਦੇ ਅੰਮ੍ਰਿਤ ਸਰੋਵਰ ਵਿਚ ਨ੍ਹਾਉਂਦਾ ਹੈ।

ਸਲੋਕੁ ਮਃ ੩ ॥

**੧. ਕਾਇਆ ਹੰਸ ਕਿਆ ਪ੍ਰੀਤਿ ਹੈ
ਜਿ ਪਇਆ ਹੀ ਛਡਿ ਜਾਇ ॥**

**੨. ਏਸ ਨੋ ਕੂੜੁ ਗਈ ਬੋਲਿ ਕਿ ਖਵਾਲੀਐ
ਜਿ ਚਲਦਿਆ ਨਾਲਿ ਨ ਜਾਇ ॥**

੩. ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ॥

**੪. ਹਉ ਤਾ ਮਾਇਆ ਮੋਹਿਆ
ਫਿਰਿ ਫਿਰਿ ਆਵਾ ਜਾਇ ॥**

**੫. ਨਾਨਕ ਹੁਕਮੁ ਨ ਜਾਤੋ ਖਸਮ ਕਾ
ਜਿ ਰਹਾ ਸਚਿ ਸਮਾਇ ॥੧॥**

ਪਦ ਅਰਥ : ਕਾਇਆ—ਸਰੀਰ। ਹੰਸ—ਜੀਵਾਤਮਾ। ਕਿਆ ਪ੍ਰੀਤਿ—(ਕੱਚੀ ਪ੍ਰੀਤ)। ਪਇਆ ਹੀ—ਪਈ ਨੂੰ ਹੀ। ਕਿ—ਕੀਹ। ਅੰਧੁ—ਗਿਆਨ ਹੀਣ। ਪਉਣੈ—ਪਉਣ ਨੂੰ, ਜੀਵਾਤਮਾ ਨੂੰ। ਫਿਰਿ ਫਿਰਿ—ਮੁੜ ਮੁੜ। ਆਵਾ ਜਾਇ—ਆਉਂਦਾ ਜਾਂਦਾ ਹੈ। ਜਿ—ਜਿਸ ਕਰਕੇ। ਰਹਾਂ—ਮੈਂ ਰਹਾਂ।

ਅਰਥ :

ਪ੍ਰ: ਹੇ ਗੁਰੋ! ਇਸ ਸਰੀਰ ਤੇ ਆਤਮਾ ਦਾ ਪਿਆਰ ਤਾਂ ਸੱਚਾ ਹੀ ਮੰਨਣਾ ਪਵੇਗਾ, ਕਿਉਂਕਿ ਇਨ੍ਹਾਂ ਦਾ ਅੰਤ ਤੱਕ ਪ੍ਰਸਪਰ ਸਾਥ ਬਣਿਆ ਰਹਿੰਦਾ ਹੈ।

ਉ: ੧. ਹੇ ਭਰਾਵੋ! ਇਸ ਦੇਹੀ ਤੇ ਆਤਮਾ ਦੀ ਪ੍ਰੀਤ ਨੂੰ ਤੁਸੀਂ (ਸੱਚੀ ਕਿਵੇਂ ਕਹਿੰਦੇ ਹੋ) ਇਹ ਤਾਂ ਇਨ੍ਹਾਂ ਦੀ ਪ੍ਰਸਪਰ ਕੱਚੀ ਜਿਹੀ ਪ੍ਰੀਤ ਹੈ (ਕਿਉਂਕਿ) (ਅੰਤ ਸਮੇਂ ਇਹ ਆਤਮਾ ਸਰੀਰ ਨੂੰ) ਏਥੇ ਡਿੱਗੇ ਪਏ ਇਕੱਲੇ ਨੂੰ ਛੱਡ ਕੇ ਹੀ ਆਪ ਟੁਰ ਜਾਂਦਾ ਹੈ, (ਭਾਵ ਇਨ੍ਹਾਂ ਦੀ ਕੋਈ ਪ੍ਰੀਤ ਨਹੀਂ)।

੨. ਹੇ ਪਿਆਰਿਓ! ਤਾਂ ਦੱਸੋ, ਇਸ ਦੇਹੀ ਨੂੰ ਝੂਠ ਬੋਲ-ਬੋਲ ਕੇ, ਕਮਾਈਆਂ ਕਰ-ਕਰ ਕੇ ਕਿਉਂ ਖਵਾਈਏ, (ਭਾਵ ਇਸ ਦਾ ਕੀ ਲਾਭ ਹੈ?) ਜੋ ਆਤਮਾ ਦੇ ਚਲਣ ਸਮੇਂ ਨਾਲ ਨਹੀਂ ਜਾਂਦੀ।

੩. ਹੇ ਭਾਈ! ਇਹ ਕਾਇਆਂ ਤਾਂ ਮਿੱਟੀ ਹੈ, ਗਿਆਨ ਹੀਣ ਮਾਨੋ ਅੰਨ੍ਹੀ ਹੈ (ਝੂਠ ਬੋਲ-ਬੋਲ ਕੇ ਇਸ ਨੂੰ ਪਾਲਿਆਂ ਆਖ਼ਰ ਲੇਖਾ ਜੀਵਾਤਮਾ ਤੋਂ ਹੀ ਮੰਗਿਆ ਜਾਂਦਾ ਹੈ) ਇਹ ਗੱਲ ਪਵਨ ਨੂੰ ਜਾ ਕੇ ਪੁੱਛ ਲਓ, ਭਾਵ ਹੈ ਰੂਹ ਨੂੰ ਮਤਿ ਦਿੱਤੀ ਹੈ ਕਿ ਦੇਹ ਤੇਰੇ ਨਾਲ ਨਹੀਂ ਜਾਂਦੀ, ਇਸ ਨਾਲ ਪ੍ਰੀਤ ਨਾ ਕਰ, ਪਰ ਕਾਇਆ ਤਾਂ ਮਿੱਟੀ ਹੈ, ਉਹ ਨਾਲ ਕੀਹ ਜਾਵੇ, ਉਸ ਨੂੰ ਕਾਹਦਾ ਉਲਾਂਭਾ? ਤਾਂ ਕਹਿੰਦੇ ਹਨ ਦੇਹ ਵਿਚ ਜੋ ਜਿੰਦ ਹੈ, ਉਸ ਨੂੰ ਪੁੱਛੋ ਕਿ ਭਾਈ! ਤੂੰ ਕਿਉਂ ਦੇਹ ਦਾ ਤਿਆਗ ਕੀਤਾ, ਨਾਲ ਨ ਲੈ ਗਿਆ ਤਾਂ ਤੇ ਤੇਰੀ ਪ੍ਰੀਤ ਕੂੜੀ ਹੈ। ਅੱਗੇ ਉਸ ਦਾ ਉੱਤਰ ਸਪੱਸ਼ਟ ਹੈ।

ਉ: ੪. ਜਿੰਦ ਉੱਤਰ ਦੇਂਦੀ ਹੈ ਕਿ ਹੇ ਭਾਈ! ਮੈਂ ਤਾਂ ਮਾਇਆ ਦੇ ਮੋਹ ਵਿਚ ਫਸਿਆ ਮੁੜ-ਮੁੜ ਜਨਮ ਮਰਨ ਵਿਚ ਪਿਆ ਰਿਹਾ, ਭਾਵ ਇਸ ਦੇਹੀ ਵਿਚ ਆਉਂਦਾ ਤੇ ਚਲਾ ਜਾਂਦਾ ਰਿਹਾ ਹਾਂ।

ਪ੍ਰ: ਹੇ ਜੀਵਾਤਮਾ! ਤੂੰ ਆਉਂਦਾ ਤੇ ਜਾਂਦਾ ਕਿਉਂ ਰਿਹਾ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਮੈਂ ਉਸ ਮਾਲਕ ਦਾ ਹੁਕਮ ਨ ਪਛਾਣਿਆ, ਜਿਸ ਦੀ ਬਰਕਤ ਨਾਲ ਮੈਂ ਸੱਚੇ ਪ੍ਰਭੂ ਵਿਚ ਸਮਾਇਆ ਰਹਿੰਦਾ।੧।

ਮ: ੩ ॥

੧. ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥
੨. ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ ॥
੩. ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥
੪. ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ ॥
੫. ਧਨੁ ਵਾਪਾਰੀ ਨਾਨਕਾ ਜਿਨ੍ਾ ਨਾਮ ਧਨੁ ਖਟਿਆ ਆਇ ॥੨॥

ਪਦ ਅਰਥ : ਨਿਹਚਲ—ਜੋ ਚਲਾਇਮਾਨ ਨਹੀਂ, ਸਦਾ ਰਹਿਣ ਵਾਲਾ। ਤਸਕਰੁ—ਚੋਰ। ਜੋਹਿ ਨ ਸਕਈ—ਤੱਕ ਨਹੀਂ ਸਕਦਾ। ਓਚਕਾ—ਗੰਢ ਕੱਪ। ਜੀਐ ਸੇਤੀ—ਜਿੰਦ ਦੇ ਨਾਲ ਹੀ। ਪਲੈ ਨ ਪਾਇ—ਨਹੀਂ ਮਿਲਦਾ। ਧਨੁ—ਮੁਬਾਰਕ, ਭਾਗਾਂ ਵਾਲੇ। ਆਏ—ਏਥੇ ਆ ਕੇ, ਜਗਤ ਵਿਚ ਆ ਕੇ।

ਅਰਥ :

ਪ੍ਰ: ਹਜ਼ੂਰ! ਗੁਰਮਤਿ ਵਿਚ ਸੱਚਾ ਅਚੱਲ ਧਨ ਕਿਹੜਾ ਮੰਨਿਆ ਗਿਆ ਹੈ?

ਉ: ੧. ਹੇ ਭਾਈ! ਇਸ ਸੰਸਾਰ ਅੰਦਰ ਜਿਤਨੀ ਭੀ ਧਨ, ਦੌਲਤ ਸਮੱਗਰੀ ਵੇਖਣ ਵਿਚ ਆਉਂਦੀ ਹੈ ਇਹ ਸਭੋ ਹੀ ਆਉਣ ਜਾਣ ਵਾਲੀ ਹੈ, ਭਾਵ ਇਹ ਧਨ ਆਦਿ ਪਦਾਰਥ ਕਦੇ ਮਿਲ ਜਾਂਦੇ ਹਨ, ਕਦੀ ਨਾਸ ਹੋ ਜਾਂਦੇ ਹਨ, ਪਰ ਸੱਚਾ ਤਾਂ ਇਕ ਸਾਈਂ ਜੀ ਦਾ ਨਾਮ ਰੂਪੀ ਧਨ ਹੀ ਹੈ।

ਪ੍ਰ: ਕਿਉਂ ਜੀ! ਇਸ ਦੇ ਸੱਚਾ ਹੋਣ ਵਿਚ ਸਬੂਤ ਕੀ ਹੈ?

ਉ: ੧. ਹੇ ਭਾਈ! ਇਸ ਦੇ ਸੱਚਾ ਹੋਣ ਵਿਚ ਸਬੂਤ ਇਹੋ ਹੈ ਕਿ ਇਸ ਨਾਮ ਧਨ ਨੂੰ ਕੋਈ ਚੋਰ ਤਾੜ (ਤੱਕ) ਕੇ ਚੋਰੀ ਲੈ ਜਾ ਨਹੀਂ ਸਕਦਾ ਅਤੇ ਨਾ ਹੀ ਕੋਈ ਇਸ ਨੂੰ ਗੰਢ ਕੱਪ ਖੋਹ ਸਕਦਾ ਹੈ, (ਪਰ ਇਹ ਸੰਸਾਰਕ ਧਨ ਚੁਰਾਇਆ ਵੀ ਜਾਂਦਾ ਹੈ ਤੇ ਠਗਿਆ ਵੀ ਜਾ ਸਕਦਾ ਹੈ)।

ਪ੍ਰ: ਹਜ਼ੂਰ ਇਸ ਨਾਮ ਧਨ ਦੇ ਠੱਗੇ ਤੇ ਚੁਰਾਏ ਨਾ ਜਾਣ ਦਾ ਅਸਲ ਕਾਰਨ ਕੀ ਹੈ?

ਉ: ੩. ਹੇ ਭਾਈਓ! ਕਾਰਣ ਅਸਲ ਇਹੋ ਹੈ ਕਿ ਇਹ ਹਰੀ ਨਾਮ ਧਨ (ਸਿਮਰਨ ਵਾਲੇ ਦੇ) ਜੀਅ ਨਾਲ ਮਿਲ ਜਾਂਦਾ ਹੈ, ਇਸ ਲਈ ਉਹ ਜੀਵ ਦੇ ਨਾਲ ਹੀ ਜਾਂਦਾ ਹੈ।

ਪ੍ਰ: ਕਿਉਂ ਜੀ! ਇਸ ਨਾਮ ਧਨ ਨੂੰ ਸਾਰੇ ਹੀ ਕਿਉਂ ਨਹੀਂ ਪਾ ਲੈਂਦੇ?

ਉ: ੪. ਹੇ ਪਿਆਰੇ! ਅਸਲ ਵਿਚ, ਇਹ ਨਾਮ ਧਨ ਪੂਰੇ ਗੁਰੂ ਦੁਆਰਾ ਹੀ ਮਿਲ ਸਕਦਾ ਹੈ, ਪਰ ਜੋ ਆਪਣੇ ਮਨ ਪਿੱਛੇ ਟੁਰਨ ਵਾਲੇ ਮਨਮੁਖ ਹਨ, ਉਨ੍ਹਾਂ ਦੇ ਪੱਲੇ ਨਹੀਂ ਪੈਂਦਾ।

ਪ੍ਰ: ਹਜ਼ੂਰ! ਜੀ! ਜੋ ਨਾਮ ਪ੍ਰਾਪਤੀ ਵਾਲੇ ਮਨੁੱਖ ਹਨ, ਉਨ੍ਹਾਂ ਬਾਰੇ ਆਪ ਜੀ ਦਾ ਕੀ ਵੀਚਾਰ ਹੈ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ, ਉਹ ਜੀਵ ਰੂਪ ਵਣਜਾਰੇ ਤਾਂ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਇਸ ਸੰਸਾਰ ਵਿਚ ਆ ਕੇ ਪਰਮੇਸ਼ਰ ਦਾ ਨਾਮ ਰੂਪ ਧਨ ਖਟਿਆ ਹੈ।੨।

ਪਉੜੀ ॥

੧. ਮੇਰਾ ਸਾਹਿਬੁ ਅਤਿ ਵਡਾ ਸਚੁ ਗਹਿਰ ਗੰਭੀਰਾ ॥
੨. ਸਭੁ ਜਗੁ ਤਿਸ ਕੈ ਵਸਿ ਹੈ ਸਭੁ ਤਿਸ ਕਾ ਚੀਰਾ ॥
੩. ਗੁਰ ਪਰਸਾਦੀ ਪਾਈਐ ਨਿਹਚਲੁ ਧਨੁ ਧੀਰਾ ॥
੪. ਕਿਰਪਾ ਤੇ ਹਰਿ ਮਨਿ ਵਸੈ ਭੇਟੈ ਗੁਰੁ ਸੂਰਾ ॥
੫. ਗੁਣਵੰਤੀ ਸਾਲਾਹਿਆ ਸਦਾ ਥਿਰੁ ਨਿਹਚਲੁ ਹਰਿ ਪੂਰਾ ॥੭॥

ਪਦ ਅਰਥ : ਗਹਿਰ—ਡੂੰਘਾ। ਗੰਭੀਰਾ—ਧੀਰਜ ਵਾਲਾ। ਚੀਰਾ—ਪਲਾ, ਦਫ਼ਤਰ, ਹੁਕਮ, ਚਿੱਠੀ ਆਦਿ, ਆਸਰਾ। ਧਨੁ ਧੀਰਾ—ਸਦਾ-ਥਿਰ ਰਹਿਣ ਵਾਲਾ ਧਨ, ਉਹ ਧਨ ਜੋ ਟਿਕਦਾ ਹੈ, ਚਲਾਇਮਾਨ ਨਹੀਂ ਹੁੰਦਾ। ਭੇਟੈ—ਮਿਲਦਾ ਹੈ। ਭੇਟੈ ਗੁਰ—ਗੁਰੂ ਨੂੰ ਮਿਲਦਾ ਹੈ।

ਅਰਥ :

ਪ੍ਰ: ਹੇ ਗੁਰੋ! ਜਿਸ ਸਾਹਿਬ ਦਾ ਆਪ ਜ਼ਿਕਰ ਕਰਦੇ ਰਹੇ ਹੋ, ਉਸ ਦੀ ਸਿਫ਼ਤ ਬਿਆਨ ਕਰੋ।

ਉ: ੧. ਹੇ ਭਰਾਵੋ! ਉਸ ਦੀ ਸੰਪੂਰਨ ਸਿਫ਼ਤ ਤਾਂ ਬਿਆਨ ਨਹੀਂ ਕਰ ਸਕਦੇ, ਪਰ ਇਉਂ ਜਾਣੋ ਕਿ ਉਹ ਮੇਰਾ ਮਾਲਕ ਬਹੁਤ ਹੀ ਵੱਡਾ ਹੈ। ਉਹ ਸੱਚ ਸਰੂਪ ਸਦਾ ਕਾਇਮ ਰਹਿਣ ਵਾਲਾ ਹੈ। ਉਹ ਬੜਾ ਡੂੰਘਾ ਤੇ ਧੀਰਜ ਵਾਲਾ ਹੈ।

੨. ਫਿਰ ਸਾਰਾ ਹੀ ਜਗਤ ਉਸ ਦੇ ਵਸ ਹੈ, ਸਾਰਾ ਹੀ ਸੰਸਾਰ ਉਸ ਆਸਰੇ ਹੈ ਤੇ ਉਸੇ ਦੇ ਹੁਕਮ ਵਿਚ ਹੈ।

੩. ਪਰ ਉਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਜਦ ਗੁਰੂ ਮਿਲ ਪਵੇ, ਜੋ ਕਿ ਮਨ ਨੂੰ ਟਿਕਾਅ ਦੇਂਦਾ ਹੈ।

੪. ਗੁਰੂ ਸੂਰਮਾ ਮਿਲ ਜਾਵੇ ਤਾਂ ਉਸ ਦੀ ਕਿਰਪਾ ਨਾਲ ਹਰਿ ਨਾਮ ਮਨ ਵਿਚ ਵਸੇਗਾ।

੫. ਹੇ ਪਿਆਰੇ! ਇਸ ਤਰ੍ਹਾਂ ਉਸ ਹਰੀ ਨੂੰ ਜੋ ਸੰਪੂਰਨ ਹੈ, ਸਦਾ-ਥਿਰ ਤੇ ਅਟੱਲ ਹੈ, ਜਿਨ੍ਹਾਂ ਨੇ ਉਸ ਨੂੰ ਸਲਾਹਿਆ ਹੈ, ਉਨ੍ਹਾਂ ਨੂੰ ਗੁਣਵੰਤੀ ਕਹੀਦਾ ਹੈ, ਭਾਵ ਹੈ ਅਸਲ ਗੁਣਾਂ ਨੂੰ ਧਾਰਨ ਕਰਨ ਵਾਲੀਆਂ ਪ੍ਰਭੂ ਪਿਆਰੀਆਂ ਸੁਹਾਗਣਾਂ ਓਹੀ ਹਨ।੭।

ਭਾਵਾਰਥ : ਪਹਿਲੇ ਸਲੋਕ ਵਿਚ ਦੇਹ ਆਤਮਾ ਦੀ ਕੱਚੀ ਪ੍ਰੀਤ ਬਿਆਨ ਕੀਤੀ ਹੈ, ਕਿਉਂਕਿ ਆਤਮਾ ਆਖ਼ਰ ਦੇਹ ਨੂੰ ਇਥੇ ਇਕੱਲੀ ਪਈ ਛੱਡ ਜਾਂਦੀ ਹੈ, ਪਰ ਜਿੰਨਾ ਚਿਰ ਤੱਕ ਆਤਮਾ ਸਾਈਂ ਜੀ ਦੇ ਹੁਕਮ ਨੂੰ ਪਛਾਣਦੀ ਨਹੀਂ, ਉਤਨਾ ਚਿਰ ਉਹ ਸੰਸਾਰ ਵਿਚ ਆਉਂਦੀ ਜਾਂਦੀ ਹੈ। ਜੇ ਹੁਕਮੀ ਦੇ ਹੁਕਮ ਨੂੰ ਪਛਾਣ ਲਏ ਤਾਂ ਫਿਰ ਉਸੇ ਵਿਚ ਸਮਾ ਸਕਦੀ ਹੈ।

ਮਹਲੇ ਵਿਚ ਇਕ ਉਸ ਪਰਮੇਸ਼ਰ ਦੇ ਨਾਮ ਧਨ ਤੋਂ ਭਿੰਨ ਹੋਰ

ਧਨ ਨਾਸਵੰਤ ਬਿਆਨ ਕੀਤਾ ਹੈ। ਪਉੜੀ ਵਿਚ ਉਹ ਮਾਲਕ ਸਭ ਤੋਂ ਵੱਡਾ ਬੇਅੰਤ ਸਿਫ਼ਤਾਂ ਦਾ ਖ਼ਜ਼ਾਨਾ ਦਸਿਆ ਹੈ, ਜਿਸ ਨੂੰ ਗੁਰੂ ਸੂਰਮੇ ਦੀ ਮਿਹਰ ਨਾਲ ਹੀ ਪਾਇਆ ਜਾ ਸਕਦਾ ਹੈ।

ਸਲੋਕੁ ਮਃ ੩ ॥

੧. ਧ੍ਰਿਗੁ ਤਿਨਾ ਦਾ ਜੀਵਿਆ
ਜੋ ਹਰਿ ਸੁਖੁ ਪਰਹਰਿ ਤਿਆਗਦੇ
ਦੁਖੁ ਹਉਮੈ ਪਾਪ ਕਮਾਇ ॥
੨. ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ
ਤਿਨ੍ ਬੂਝ ਨ ਕਾਈ ਪਾਇ ॥
੩. ਹਲਤਿ ਪਲਤਿ ਓਇ ਸੁਖੁ ਨ ਪਾਵਹਿ
ਅੰਤਿ ਗਏ ਪਛੁਤਾਇ ॥
੪. ਗੁਰ ਪਰਸਾਦੀ ਕੋ ਨਾਮੁ ਧਿਆਏ
ਤਿਸੁ ਹਉਮੈ ਵਿਚਹੁ ਜਾਇ ॥
੫. ਨਾਨਕ ਜਿਸੁ ਪੂਰਬਿ ਹੋਵੈ ਲਿਖਿਆ
ਸੋ ਗੁਰ ਚਰਣੀ ਆਇ ਪਾਇ ॥੧॥

ਪਦ ਅਰਥ : ਪਰਹਰਿ—ਪਰੇ ਸੁਟ ਕੇ, ਛੱਡ ਕੇ। ਵਿਆਪੇ—ਫਸੇ ਹੋਏ। ਬੂਝ—ਸਮਝ, ਮਤਿ। ਹਲਤਿ—ਇਸ ਲੋਕ ਵਿਚ। ਪਲਤਿ—ਪਰਲੋਕ ਵਿਚ; ਭਾਵ ਏਥੇ ਓਥੇ। ਪੂਰਬਿ—ਸ਼ੁਰੂ ਤੋਂ।

ਅਰਥ :

ਪ੍ਰ: ਹਜ਼ੂਰ ਬਹੁਤ ਲੋਕ ਸੁਖਦਾਇਕ ਨਾਮ ਨੂੰ ਤਿਆਗ ਕੇ, ਹਉਮੈ ਵਿਚ ਗਲਤਾਨ ਹੋ, ਪਾਪ ਕਰਮਾਂ ਵਿਚ ਪ੍ਰਵਿਰਤ ਹੋਏ ਸਦਾ ਦੁੱਖ ਹੀ ਸਹੇੜਦੇ ਹਨ, ਉਨ੍ਹਾਂ ਬਾਰੇ ਆਪ ਦਾ ਕੀ ਵੀਚਾਰ ਹੈ ?

ਉ: ੧. ਹੇ ਭਾਈ ! ਗੁਰਮਤਿ ਅਨੁਸਾਰ ਤਾਂ ਉਨ੍ਹਾਂ ਦੇ ਜੀਉਣੇ ਨੂੰ ਫਿਟੇ ਮੂੰਹ ਹੈ, ਜੋ ਕਿ ਪਰਮੇਸ਼ਰ ਦੇ ਨਾਮ ਦਾ (ਸੁਖਦਾਈ) ਸੁੱਖ ਅਨੰਦ ਦਾ ਉੱਕਾ ਹੀ ਤਿਆਗ ਕਰ ਦੇਂਦੇ ਹਨ ਤੇ ਹਉਮੈ ਵਿਚ ਪਾਪ ਕਰਮ ਕਰਦੇ ਹੋਏ ਸਦਾ ਦੁੱਖ ਹੀ ਸਹੇੜਦੇ ਹਨ।

ਪ੍ਰ: ਸ੍ਰੀ ਜੀਉ ! ਉਹ ਲੋਕ ਪਾਪਾਂ ਦਾ ਪ੍ਰੇਰਕ ਹਉਮੈ ਨੂੰ ਸਮਝ ਕੇ ਤਿਆਗਦੇ ਕਿਉਂ ਨਹੀਂ ?

ਉ: ੨. ਹੇ ਪਿਆਰੇ ! ਉਹ ਮਨ ਦੇ ਪਿੱਛੇ ਟੁਰਨ ਵਾਲੇ ਮਨਮੁਖ ਅਗਿਆਨੀ ਹਨ, ਕਿਉਂਕਿ ਉਨ੍ਹਾਂ ਨੂੰ ਮਾਇਆ ਦਾ ਮੋਹ ਵਿਆਪਿਆ ਰਹਿੰਦਾ ਹੈ, ਇਸੇ ਲਈ ਉਨ੍ਹਾਂ ਨੂੰ ਕੋਈ ਅਸਲੀਅਤ ਦੀ ਸਮਝ ਨਹੀਂ ਪੈ ਰਹੀ ਹੁੰਦੀ।

ਪ੍ਰ: ਕਿਉਂ ਜੀ ! ਕੀ ਐਸੇ ਮਨਮੁਖਾਂ ਨੂੰ ਕੋਈ ਸਜ਼ਾ ਵੀ ਮਿਲੇਗੀ ?

ਉ: ੩. (ਹਾਂ ਜ਼ਰੂਰ) ਹੇ ਭਾਈਓ ! ਉਨ੍ਹਾਂ ਨੂੰ ਨਾ ਇਸ ਲੋਕ ਵਿਚ, ਨਾ ਹੀ ਪ੍ਰਲੋਕ ਵਿਚ ਸੁੱਖ ਮਿਲਦਾ ਹੈ, ਆਖਰ, ਅੰਤ ਨੂੰ ਰੱਬੀ ਦਰਬਾਰ ਵਿਚ ਗਇਆਂ ਉਹ ਪਛਤਾਉਂਦੇ ਹਨ।

ਪ੍ਰ: ਹਜ਼ੂਰ ! ਸਾਰੇ ਦੁੱਖਾਂ ਦਾ ਮੂਲ ਜੋ ਹਉਮੈ ਹੈ, ਇਹ ਅੰਦਰੋਂ ਕਿਵੇਂ ਨਾਸ ਹੋਵੇ ?

ਉ: ੪. ਹੇ ਪਿਆਰੇ ! ਜਦੋਂ ਕੋਈ ਗੁਰੂ ਦੀ ਕਿਰਪਾ ਦੁਆਰਾ ਨਾਮ ਦੀ ਅਰਾਧਨਾ ਕਰਦਾ ਹੈ, ਤਾਂ ਉਸ ਦੇ ਅੰਦਰੋਂ ਹਉਮੈ ਨਾਸ ਹੋ ਜਾਂਦੀ ਹੈ।

ਪ੍ਰ: ਕਿਉਂ ਜੀ ! ਸਾਰੇ ਹੀ ਕਿਉਂ ਨਹੀਂ ਗੁਰੂ ਤੋਂ ਨਾਮ ਪ੍ਰਾਪਤ ਕਰਦੇ ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ, ਜਿਸ ਦੇ ਮੱਥੇ ਤੇ ਧੁਰੋਂ ਹੀ ਭਾਗ ਲਿਖਿਆ ਹੋਵੇ, ਉਹੋ ਹੀ ਗੁਰੂ ਦੀ ਚਰਨੀ ਆ ਕੇ ਪੈਂਦਾ ਹੈ ਤੇ ਨਾਮ ਪਦਾਰਥ ਪ੍ਰਾਪਤ ਕਰ ਲੈਂਦਾ ਹੈ।੧।

ਮਃ ੩ ॥

੧. ਮਨਮੁਖੁ ਊਧਾ ਕਉਲੁ ਹੈ ਨਾ
ਤਿਸੁ ਭਗਤਿ ਨ ਨਾਉ ॥
੨. ਸਕਤੀ ਅੰਦਰਿ ਵਰਤਦਾ
ਕੂੜੁ ਤਿਸ ਕਾ ਹੈ ਉਪਾਉ ॥
੩. ਤਿਸ ਕਾ ਅੰਦਰੁ ਚਿਤੁ ਨ ਭਿਜਈ
ਮੁਖਿ ਫੀਕਾ ਆਲਾਉ ॥
੪. ਓਇ ਧਰਮਿ ਰਲਾਏ ਨਾ ਰਲਨਿ੍
ਓਨਾ ਅੰਦਰਿ ਕੂੜੁ ਸੁਆਉ ॥
੫. ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥

ਪਦ ਅਰਥ : ਊਧਾ ਕਉਲ—ਪੁੱਠਾ ਕਮਲ, ਕਵਲ ਦੀ ਡੋਡੀ ਜਦੋਂ ਪੁੱਠੀ ਹੁੰਦੀ ਹੈ ਤਦ ਖ਼ੁਸ਼ਬੋਈ ਕਿ ਰੰਗ ਕਿ ਰਸ ਕੁਝ ਨਹੀਂ ਹੁੰਦਾ। ਨਾ ਹੀ ਉਸ ਨੂੰ ਸੂਰਜ ਦਾ ਦਰਸ਼ਨ ਹੁੰਦਾ ਹੈ, ਜਦ ਸਿੱਧੀ ਹੋ ਜਾਂਦੀ ਹੈ ਤਾਂ ਸੂਰਜ ਦੇ ਦਰਸ਼ਨ ਮਿਲਦੇ ਹਨ। ਉਸ ਦਾ ਦ੍ਰਿਸ਼ਟਾਂਤ ਮਨ ਨਾਲ ਹੈ, ਮਨ ਜਦ ਸਾਈਂ ਸ਼ਰਧਾ ਵਲੋਂ ਬੇ-ਮੁਖ ਹੈ, ਤਦੋਂ ਪੁੱਠਾ ਹੈ ਤੇ ਸਾਈਂ ਮਿਹਰ ਤੋਂ ਵਾਂਝਿਆ ਹੈ ਤੇ ਉਸ ਦੇ ਕਰਤਬ ਝੂਠ ਤੇ ਸ੍ਵਾਰਥ ਸਿੱਧੀ ਤੇ ਕਈ ਵੇਰ ਪਾਪਮਈ ਹੁੰਦੇ ਹਨ, ਉਸ ਦੇ ਅੰਦਰ ਨਾ ਪ੍ਰੇਮ ਤੇ ਨਾ ਭਗਤੀ ਕੁਝ ਵੀ ਨਹੀਂ ਹੁੰਦਾ। ਸਕਤੀ—ਮਾਇਆ। ਉਪਾਉ—ਉੱਦਮ। ਮੁਖਿ—ਮੂੰਹੋਂ। ਆਲਾਉ—ਅਲਾਪ, ਬੋਲਣ, ਬੋਲ, ਵਾਕ। ਧਰਮਿ—ਧਰਮ ਵਿਚ। ਰਲਾਏ—ਜੋੜੇ ਹੋਏ। ਸੁਆਉ—ਸੁਆਰਥ, ਖ਼ੁਦਗਰਜ਼ੀ।

ਅਰਥ :

ਪ੍ਰ: ਹੇ ਗੁਰੋ ! ਮਨਮੁਖਾਂ ਦੀਆਂ ਨਿਸ਼ਾਨੀਆਂ ਕੀ ਹਨ ? ਜਿਨ੍ਹਾਂ ਰਾਹੀਂ ਕਿ ਉਸ ਨੂੰ ਮਨਮੁਖ ਸਮਝਿਆ ਜਾਏ ?

ਉ: ੧. ਹੇ ਸੱਜਨੋ ! ਮਨਮੁਖ ਦੀਆਂ ਨੌਂ ਨਿਸ਼ਾਨੀਆਂ ਹਨ— ੧. ਮਨਮੁਖ ਦਾ 'ਮਨ' ਪੁੱਠਾ ਕਵਲ ਫੁੱਲ ਹੈ, ਭਾਵ ਆਪ-ਹੁਦਰਾ ਹੈ। ੨. ਨਾ ਉਸ ਵਿਚ ਭਗਤੀ ਭਾਵ ਹੈ, ੩. ਨਾ ਹੀ ਨਾਮ ਦਾ ਹੀ ਸਿਮਰਨ ਹੈ।

੨-੩. ੪. ਉਹ ਮਾਇਆ ਦੇ ਅਸਰ ਹੇਠ ਵਰਤਦਾ ਹੈ, ਸਭੋ ਕਾਰ ਵਿਹਾਰ ਮਾਇਆ ਵਾਸਤੇ ਕਰਦਾ ਹੈ। ੫. ਕੂੜੀ ਮਾਇਆ

ਹੀ ਇਸ ਦਾ ਪ੍ਰਯੋਜਨ ਹੈ, ਭਾਵ ਜ਼ਿੰਦਗੀ ਦਾ ਨਿਸ਼ਾਨਾ ਹੈ। ੬. ਉਸ ਆਪ ਹੁਦਰੇ ਮਨੁੱਖ ਦਾ ਮਨ ਅੰਦਰੋਂ ਨਹੀਂ ਦ੍ਰਵਦਾ, ੭. ਸਗੋਂ ਉਹ ਮੂੰਹੋਂ ਫਿਕੇ ਹੀ ਵਾਕ ਬੋਲਦਾ ਹੈ।

੪. ਹੇ ਭਾਈ! ੮. ਉਹ ਧਰਮੀਆਂ ਵਿਚ ਰਲਾਏ ਹੋਏ ਨਹੀਂ ਰਲਦੇ, ਭਾਵ ਉਹ ਧਰਮ ਵਿਚ ਜੋੜੇ ਹੋਏ ਨਹੀਂ ਜੁੜਦੇ। ੯. ਕਿਉਂਕਿ ਉਨ੍ਹਾਂ ਦੇ ਅੰਦਰ ਖ਼ੁਦਗਰਜ਼ੀ ਹੈ। ਉਪਰ ਦੱਸੀਆਂ ਉਨ੍ਹਾਂ ਮਨਮੁਖਾਂ ਵਿਚ ਇਹ ਨੌਂ ਨਿਸ਼ਾਨੀਆਂ ਹਨ।

ਪ੍ਰ: ਕਿਉਂ ਜੀ! ਕੀ ਇਹ ਬਣਤਰ ਉਨ੍ਹਾਂ ਦੀ ਆਪਣੇ-ਆਪ ਹੀ ਬਣ ਗਈ ਹੈ ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਕਿ ਹੇ ਭਾਈਓ, ਇਹ ਕਰਤੇ ਨੇ ਆਪ ਹੀ ਆਪਣੀ ਖੇਡ ਰੱਚੀ ਹੈ ਕਿ ਮਨਮੁਖ (ਲੋਕ) ਕੂੜ ਬੋਲ-ਬੋਲ ਕੇ ਡੁੱਬ ਜਾਂਦੇ ਹਨ ਅਤੇ ਗੁਰੂ ਦੇ ਸਨਮੁਖ ਰਹਿਣ ਵਾਲੇ ਨਾਮ ਸਿਮਰਨ ਕਰਕੇ (ਸਕਤੀ ਦੇ ਹੜ੍ਹ) ਵਿਚੋਂ ਤਰ ਜਾਂਦੇ ਹਨ।੨।

ਪਉੜੀ ॥

੧. ਬਿਨੁ ਬੂਝੇ ਵਡਾ ਫੇਰੁ ਪਇਆ ਫਿਰਿ ਆਵੈ ਜਾਈ ॥
੨. ਸਤਿਗੁਰ ਕੀ ਸੇਵਾ ਨ ਕੀਤੀਆ
ਅੰਤਿ ਗਇਆ ਪਛੁਤਾਈ ॥
੩. ਆਪਣੀ ਕਿਰਪਾ ਕਰੇ ਗੁਰੁ ਪਾਈਐ
ਵਿਚਹੁ ਆਪੁ ਗਵਾਈ ॥
੪. ਤ੍ਰਿਸਨਾ ਭੁਖ ਵਿਚਹੁ ਉਤਰੈ
ਸੁਖੁ ਵਸੈ ਮਨਿ ਆਈ ॥
੫. ਸਦਾ ਸਦਾ ਸਾਲਾਹੀਐ ਹਿਰਦੈ ਲਿਵ ਲਾਈ ॥੮॥

ਪਦ ਅਰਥ : ਬਿਨੁ ਬੂਝੇ—ਇਹ ਗੱਲ ਸਮਝਣ ਤੋਂ ਬਿਨਾ। ਫੇਰੁ—ਗੇੜ, ਜਨਮ ਮਰਨ ਦਾ ਲੰਮਾ ਚਕਰ।

ਅਰਥ :

ਪ੍ਰ: ਹੇ ਗੁਰੋ! ਇਸ ਮਨੁੱਖ ਨੂੰ ਜੰਮਣ ਮਰਨ ਦਾ ਲੰਮਾ ਚੱਕਰ ਕਿਉਂ ਲਾਉਣਾ ਪੈਂਦਾ ਹੈ ?

ਉ: ੧. ਹੇ ਭਾਈਓ! ਸਹੀ ਗੱਲ ਦੀ ਸੋਝੀ ਨਾ ਪੈਣ ਕਰਕੇ ਕਿ (ਗੁਰ ਪਰਸਾਦੀ ਪਾਈਐ) ਮਨੁੱਖ ਨੂੰ ਜਨਮ ਮਰਨ ਦਾ ਚੱਕਰ ਲਾਉਣਾ ਪੈਂਦਾ ਹੈ ਤੇ ਮਨੁੱਖ ਮੁੜ-ਮੁੜ ਜਨਮਦਾ ਤੇ ਮਰਦਾ ਹੈ।

੨. ਤੇ ਮਨਮੁਖ ਸਤਿਗੁਰੂ ਦੀ ਸੇਵਾ ਨਹੀਂ ਕਰਦਾ, ਆਖ਼ਰ ਇਥੋਂ ਪਛੋਤਾਵੇ ਕਰਦਾ ਤੁਰ ਜਾਂਦਾ ਹੈ।

ਪ੍ਰ: ਕਿਉਂ ਜੀ! ਇਸ ਪਛੋਤਾਵੇ ਤੋਂ ਬਚਣ ਲਈ ਗੁਰੂ ਦੀ ਸ਼ਰਨ ਕਿਉਂ ਨਹੀਂ ਪ੍ਰਾਪਤ ਕਰਦਾ ?

ਉ: ੩. ਹੇ ਪਿਆਰੇ! ਜੇ ਪ੍ਰਭੂ ਆਪ ਹੀ ਕਿਰਪਾ ਦ੍ਰਿਸ਼ਟੀ ਕਰ ਦੇਵੇ, ਗੁਰੂ ਦੀ ਪ੍ਰਾਪਤੀ ਭੀ ਤਦੋਂ ਹੀ ਹੋਇਆ ਕਰਦੀ ਹੈ, ਇਸ ਤਰ੍ਹਾਂ ਅੰਦਰੋਂ ਆਪਾ-ਭਾਵ ਦੂਰ ਕਰ ਲਈਦਾ ਹੈ।

ਪ੍ਰ: ਹਜ਼ੂਰ ਜੀਓ! ਜਦੋਂ ਅੰਦਰੋਂ ਆਪਾ-ਭਾਵ ਮਿਟ ਜਾਏ, ਫਿਰ ਕੀ ਹਾਸਲ ਹੁੰਦਾ ਹੈ ?

ਉ: ੪. ਹੇ ਭਾਈਓ! ਫਿਰ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਭੁੱਖ ਉਤਰ ਜਾਂਦੀ ਹੈ ਅਤੇ ਮਨ ਵਿਚ ਸੁੱਖਾਂ ਦਾ ਸ਼ਰੋਮਣੀ ਸੁੱਖ ਆ ਵਸਦਾ ਹੈ।

੫. ਇਸ ਲਈ, ਚਾਹੀਦਾ ਹੈ ਕਿ ਹੇ ਭਾਈਓ! ਸਦਾ-ਸਦਾ ਉਸੇ ਹਰੀ ਨੂੰ ਸਲਾਹੀਏ ਤੇ ਨਾਮ ਸਿਮਰਨ ਦੁਆਰਾ ਹਿਰਦੇ ਵਿਚ ਸੁਰਤਿ ਨੂੰ ਜੋੜੀ ਰੱਖੀਏ।੮।

ਭਾਵਾਰਥ : ਸਲੋਕ ਵਿਚ ਉਨ੍ਹਾਂ ਮਨੁੱਖਾਂ ਦੇ ਜੀਵਨ ਨੂੰ ਧ੍ਰਿਕਾਰ ਰੂਪ ਦਸਿਆ ਹੈ ਜੋ ਸੁੱਖ ਸਰੂਪ ਪ੍ਰਭੂ ਦੇ ਨਾਮ ਦਾ ਤਿਆਗ ਕਰਕੇ ਹਉਮੈ ਵਿਚ ਪਰਵਿਰਤ ਹੋਏ ਪਾਪ ਦਾ ਜੀਵਨ ਗੁਜ਼ਾਰਦੇ ਹਨ, ਉਹ ਲੋਕ-ਪ੍ਰਲੋਕ ਵਿਚ ਸਦਾ ਪਸਚਾਤਾਪ ਹੀ ਕਰਦੇ ਰਹਿੰਦੇ ਹਨ, ਪਰ ਗੁਰੂ ਦੀ ਚਰਨ ਸ਼ਰਨ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਦੇ ਪੂਰਬਲੇ ਭਾਗ ਚੰਗੇ ਹੋਣ।

ਮਹਲੇ ਵਿਚ ਕਿਹਾ ਹੈ ਕਿ ਮਨਮੁਖ ਅੰਦਰ ਮਨਮੁਖਤਾ ਦੀਆਂ ਨੌਂ ਨਿਸ਼ਾਨੀਆਂ ਹਨ, ਜਿਨ੍ਹਾਂ ਕਰਕੇ ਉਹ ਸਦਾ ਮਾਇਆ ਮੋਹ ਦੇ ਹੜ੍ਹ ਵਿਚ ਹੜੇ ਰਹਿੰਦੇ ਹਨ, ਪਰ ਗੁਰਮੁਖ ਇਸ ਮਾਇਆ ਹੜ੍ਹ ਵਿਚੋਂ ਬਚ ਨਿਕਲਦੇ ਹਨ।

ਪਉੜੀ ਵਿਚ ਆਪ ਜੀ ਦੱਸ ਰਹੇ ਹਨ ਕਿ ਇਸ ਜੀਵ ਨੂੰ ਗੁਰੂ ਦੇ ਦਸੇ ਸਹੀ ਉਪਦੇਸ਼ ਨੂੰ ਸਮਝੇ ਤੋਂ ਬਿਨਾ ਇਹ ਜੰਮਣ ਮਰਨ ਦਾ ਬਹੁਤ ਵੱਡਾ ਗੇੜ ਬਣਿਆ ਰਹਿੰਦਾ ਹੈ, ਜਿਸ ਕਰਕੇ ਗੁਰੂ ਦੀ ਸੇਵਾ ਤੋਂ ਸਖਣੇ ਰਹਿ ਕੇ ਸਦਾ ਹੀ ਪਛਤਾਉਂਦੇ ਰਹਿਣਾ ਪੈਂਦਾ ਹੈ, ਪਰ ਜਦੋਂ ਗੁਰੂ ਦੀ ਮਿਹਰ ਹੋ ਜਾਏ ਤਾਂ ਅੰਦਰੋਂ ਤ੍ਰਿਸ਼ਨਾ ਦੀ ਭੁੱਖ ਮਿਟ ਜਾਂਦੀ ਹੈ ਤੇ ਸਦੀਵੀ ਸੁੱਖ ਮਨ ਵਿਚ ਆ ਵਸਦਾ ਹੈ।

ਸਲੋਕੁ ਮਃ ੩ ॥

੧. ਜਿ ਸਤਿਗੁਰੁ ਸੇਵੇ ਆਪਣਾ
ਤਿਸ ਨੋ ਪੂਜੇ ਸਭੁ ਕੋਇ ॥
੨. ਸਭਨਾ ਉਪਾਵਾ ਸਿਰਿ ਉਪਾਉ ਹੈ
ਹਰਿ ਨਾਮੁ ਪਰਾਪਤਿ ਹੋਇ ॥
੩. ਅੰਤਰਿ ਸੀਤਲ ਸਾਤਿ ਵਸੈ
ਜਪਿ ਹਿਰਦੈ ਸਦਾ ਸੁਖੁ ਹੋਇ ॥
੪. ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ
ਨਾਨਕ ਨਾਮੁ ਵਡਾਈ ਹੋਇ ॥੧॥

ਪਦ ਅਰਥ : ਜਿ—ਜੋ ਮਨੁੱਖ। ਸਭੁ ਕੋਇ—ਹਰੇਕ ਪ੍ਰਾਣੀ। ਸੀਤਲ—ਸੀਤਲਤਾ, ਠੰਢ। ਸਾਤਿ—ਸ਼ਾਂਤਿ। ਅੰਮ੍ਰਿਤੁ—ਨਾਮ।

ਅਰਥ :

ਪ੍ਰ: ਹੇ ਗੁਰੋ! ਆਪਣੇ ਗੁਰੂ ਦੀ ਪੂਜਨਾ ਕਰਨ ਵਾਲੇ ਨੂੰ ਕੀ ਫਲ ਹਾਸਲ ਹੁੰਦਾ ਹੈ ?

ਉ: ੧. ਹੇ ਪਿਆਰੇ! ਜੋ ਮਨੁੱਖ ਆਪਣੇ ਗੁਰੂ ਦੀ ਪੂਜਨਾ ਕਰਦਾ ਹੈ, ਭਾਵ ਉਸ ਦੇ ਹੁਕਮ ਅਨੁਸਾਰ ਜੀਵਨ ਗੁਜ਼ਾਰਦਾ ਹੈ, ਉਸ ਦੀ ਪੂਜਨਾ ਜਾਂ ਆਦਰ, ਮਾਣ, ਸਤਿਕਾਰ ਤਾਂ ਹਰੇਕ ਬੰਦਾ ਹੀ ਕਰਦਾ ਹੈ।

੨. ਹੇ ਭਾਈਓ! ਸਾਰੇ ਉਪਾਵਾਂ ਵਿਚ ਸ਼ਰੋਮਣੀ ਉਪਾਉ ਇਹੋ ਹੀ ਹੈ ਕਿ ਜਿਸ ਨਾਲ ਹਰੀ ਦਾ ਨਾਮ ਮਿਲ ਜਾਏ।

ਪ੍ਰ: ਹੇ ਗੁਰੋ! ਨਾਮ ਮਿਲਣ ਨਾਲ ਪ੍ਰਾਪਤ ਕੀ ਹੁੰਦਾ ਹੈ?

ਉ: ੩. ਹੇ ਪਿਆਰੇ! ਹਰੀ ਨਾਮ ਪ੍ਰਾਪਤ ਹੋਣ ਨਾਲ ਮਨ ਦੇ ਅੰਦਰ ਠੰਢ ਤੇ ਸ਼ਾਂਤੀ ਆ ਵਸਦੀ ਹੈ ਅਤੇ ਨਾਮ ਦੇ ਜਪਣ ਨਾਲ ਸਦੈਵੀ ਸੁੱਖ ਪ੍ਰਾਪਤ ਹੋ ਜਾਂਦਾ ਹੈਂ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਨਾਮ ਜਪਣ ਵਾਲੇ ਨੂੰ ਵਡਿਆਈ ਪ੍ਰਾਪਤ ਹੁੰਦੀ ਹੈ, ਉਸ ਦਾ ਖਾਣਾ ਵੀ ਅੰਮ੍ਰਿਤ ਰੂਪ ਹੈ ਤੇ ਪਹਿਨਣਾ ਵੀ ਅੰਮ੍ਰਿਤ ਰੂਪ ਅਰਥਾਤ ਰਸਮਈ ਹੁੰਦਾ ਹੈ।੨।

ਮਃ ੩ ॥

੧. ਏ ਮਨ ਗੁਰ ਕੀ ਸਿਖ ਸੁਣਿ
ਹਰਿ ਪਾਵਹਿ ਗੁਣੀ ਨਿਧਾਨੁ ॥
੨. ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥
੩. ਨਾਨਕ ਨਦਰੀ ਪਾਈਐ
੪. ਤਾ ਅਨਦਿਨੁ ਲਾਗੈ ਧਿਆਨੁ ॥੨॥

ਪਦ ਅਰਥ : ਗੁਮਾਨੁ—ਅਭਿਮਾਨ, ਹੰਕਾਰ, ਹੈਂਕੜ।੨।

ਅਰਥ :

ਪ੍ਰ: ਹੇ ਗੁਰੋ! ਇਹ ਮਨ ਬੜਾ ਅਮੋੜ ਹੈ, ਇਸ ਨੂੰ ਕਿਵੇਂ ਸਮਝਾਇਆ ਜਾਵੇ?

ਉ: ੧. ਹੇ ਭਾਈ! ਤੂੰ ਮਨ ਨੂੰ ਇਉਂ ਪਿਆਰ ਨਾਲ ਸਮਝਾਇਆ ਕਰ ਕਿ ਹੇ ਮਨਾ! ਤੂੰ ਗੁਰੂ ਦੀ ਸਿਖਿਆ ਸੁਣ, (ਭਾਵ ਸਿੱਖਿਆ 'ਤੇ ਤੁਰ) ਤਾਂ ਤੈਨੂੰ ਇਸ ਤਰ੍ਹਾਂ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਮਿਲ ਜਾਏਗਾ।

੨. ਜਿਸ ਦੀ ਬਰਕਤ ਨਾਲ ਹਰੀ ਸੁੱਖਾਂ ਦਾ ਦਾਤਾ ਤੇਰੇ ਮਨ ਵਿਚ ਆ ਵਸੇਗਾ, ਇਸੇ ਨਾਲ ਤੇਰੇ ਅੰਦਰੋਂ ਹਉਮੈ ਤੇ ਹੰਕਾਰ ਨਾਸ ਹੋ ਜਾਣਗੇ।

੩-੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਇਹ ਦਾਤ ਪ੍ਰਭੂ ਦੀ ਆਪਣੀ ਮਿਹਰ ਦੀ ਨਜ਼ਰ ਨਾਲ ਮਿਲਦੀ ਹੈ। ਜਿਸ ਨੂੰ ਇਹ ਦਾਤ ਪ੍ਰਾਪਤ ਹੋਵੇ, ਉਸ ਦੀ ਸੁਰਤਿ ਹਰ ਵੇਲੇ ਫਿਰ ਉਸੇ ਸਾਈਂ ਵਿਚ ਜੁੜੀ ਰਹਿੰਦੀ ਹੈ।੨।

ਪਉੜੀ ॥

੧. ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥
੨. ਅੰਦਰਹੁ ਕਪਟੁ ਵਿਕਾਰੁ ਗਇਆ
ਮਨੁ ਸਹਜੇ ਜਿਤਾ ॥
੩. ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥
੪. ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
੫. ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥

ਪਦ ਅਰਥ : ਸਭੁ—ਹਰ ਥਾਂ। ਗੁਰਮੁਖਿ—ਜੋ ਮਨੁੱਖ ਗੁਰੂ ਦੇ ਸਨਮੁਖ ਹੈ। ਸਹਜੇ—ਸੌਖਾ ਹੀ। ਤਹ—ਓਥੇ, ਉਸ ਅਸਥਾਨ ਵਿਚ ਅਨੰਦ ਰਸੁ—ਆਤਮਿਕ ਅਨੰਦ ਰਸ।

ਅਰਥ :

ਪ੍ਰ: ਕਿਉਂ ਜੀ! ਜੋ ਗੁਰੂ ਦੇ ਸਨਮੁਖ ਹੋ ਕੇ ਚਲਣ ਵਾਲਾ ਹੈ, ਉਸ ਬਾਰੇ ਆਪ ਜੀ ਦੀ ਕੀ ਵੀਚਾਰ ਹੈ?

ਉ: ੧. ਹੇ ਪਿਆਰੇ! (ਉਹ) ਗੁਰਮੁਖ ਪਵਿੱਤ੍ਰ ਹੈ (ਕਿਉਂਕਿ) ਉਸ ਨੂੰ ਸਤਿ ਸੰਤੋਖ ਆਦਿ ਗੁਣ ਪ੍ਰਾਪਤ ਹੁੰਦੇ ਹਨ ਅਤੇ ਉਸ ਨੂੰ ਹਰ ਥਾਂ ਹੀ ਵਿਆਪਕ ਪ੍ਰਭੂ ਦਿੱਸਦਾ ਹੈ।

ਪ੍ਰ: ਸ੍ਰੀ ਜੀਉ! ਹਰ ਥਾਂ ਵਿਆਪਕ ਪ੍ਰਭੂ ਨੂੰ ਵੇਖਣ ਵਾਲੇ ਦੀ ਪਛਾਣ ਕੀ ਹੈ?

ਉ: ੨. ਹੇ ਪਿਆਰੇ! ਉਸ ਦੇ ਅੰਦਰੋਂ ਕਪਟ ਤੇ ਵਿਕਾਰ ਦੂਰ ਹੋ ਗਿਆ ਹੈ, ਜਿਸ ਦੀ ਬਰਕਤ ਨਾਲ ਉਸ ਨੇ (ਆਪਣੇ ਇਸ ਚੰਚਲ) ਮਨ ਨੂੰ ਸੌਖਾ ਹੀ ਵਸ ਕਰ ਲਿਆ ਹੈ।

੩. ਉਸ ਅਵਸਥਾ ਵਿਚ ਪਹੁੰਚ ਕੇ ਉਸ ਦੇ ਮਨ ਵਿਚ ਪਰਮੇਸ਼ਰ ਦੀ ਜੋਤ ਦਾ ਪ੍ਰਕਾਸ਼ ਹੁੰਦਾ ਹੈ, ਅਨੰਦ ਦਾ ਰਸ ਆਉਂਦਾ ਹੈ ਅਤੇ ਅਗਿਆਨ ਗਵਾਇਆ ਜਾਂਦਾ ਹੈ, ਭਾਵ ਦੂਰ ਹੋ ਜਾਂਦਾ ਹੈ।

ਪ੍ਰ: ਕਿਉਂ ਜੀ! ਇਸ ਅਵਸਥਾ ਵਿਚ ਪੁੱਜ ਕੇ ਉਸ ਦੀ ਮਾਨਸਿਕ ਕਿਰਿਆ ਕਿਹੋ ਜਿਹੀ ਹੋ ਜਾਂਦੀ ਹੈ?

ਉ: ੪. ਹੇ ਭਾਈ! ਉਸ ਦੀ ਕਿਰਿਆ, ਮਨ ਕਰਕੇ ਹਰ ਵਕਤ ਪਰਮੇਸ਼ਰ ਦੇ ਗੁਣ ਉਚਾਰਦੇ ਰਹਿਣਾ ਹੋ ਜਾਂਦੀ ਹੈ ਅਤੇ ਉਸ ਦੇ ਅੰਦਰ ਗੁਣ ਪ੍ਰਗਟ ਹੋ ਜਾਂਦੇ ਹਨ।

ਪ੍ਰ: ਕਿਉਂ ਜੀ! ਇਸ ਅਵਸਥਾ ਵਿਚ ਪਹੁੰਚ ਕੇ, ਕੀ ਉਹ ਕਿਸੇ ਪ੍ਰਕਾਰ ਦੀ ਸਿੱਖਿਆ ਦੇਣਾ ਭੀ ਆਪਣਾ ਫ਼ਰਜ਼ ਸਮਝਦਾ ਹੈ?

ਉ: ੫. (ਹਾਂ ਜ਼ਰੂਰ) ਹੇ ਪਿਆਰਿਓ! ਉਹ ਸਭਨਾਂ ਨੂੰ ਇਹੋ ਸਿੱਖਿਆ ਸਿਖਾਲਦਾ ਹੈ ਕਿ ਐ ਲੋਕੋ! ਸਭਨਾਂ ਜੀਵਾਂ ਦਾ ਦਾਤਾ ਇਕੋ ਹਰੀ ਹੈ ਅਤੇ ਸਭਨਾਂ ਦਾ ਮਿੱਤ੍ਰ ਵੀ ਉਹੋ ਇਕੋ ਹੈ।੯।

ਭਾਵਾਰਥ : ਪਹਿਲੇ ਸਲੋਕ ਵਿਚ ਹਜ਼ੂਰ ਜੀ ਨੇ ਦੱਸਿਆ ਹੈ ਕਿ ਸਤਿਗੁਰੂ ਦੀ ਸੇਵਾ ਕਰਨ ਵਾਲਾ ਉਹ ਜਗਤ ਵਿਚ ਆਪ ਵੀ ਸਤਿਕਾਰਿਆ ਤੇ ਪੂਜਿਆ ਜਾਂਦਾ ਹੈ, ਉਸ ਦਾ ਖਾਣਾ ਪੀਣਾ ਪਹਿਨਣਾ ਸਭੋ ਕੁਝ ਸਫਲ ਹੁੰਦੇ ਹਨ।

ਮਹਲੇ ਵਿਚ ਉਪਦੇਸ਼ ਹੈ ਮਨ ਨੂੰ ਕਿ ਹੇ ਮਨਾ! ਤੂੰ ਗੁਰੂ ਦੇ ਹੁਕਮ ਵਿਚ ਆਪਣਾ ਜੀਵਨ ਗੁਜ਼ਾਰਦਾ ਰਹੁ, ਤਾਕਿ ਤੈਨੂੰ ਇਸ ਤਰ੍ਹਾਂ ਗੁਣਾਂ ਦਾ ਖ਼ਜ਼ਾਨਾ ਪਰਮੇਸ਼ਰ ਮਿਲ ਜਾਵੇਗਾ।

ਪਉੜੀ ਵਿਚ ਫ਼ੁਰਮਾਨ ਹੈ ਕਿ ਗੁਰਮੁਖਾਂ ਦਾ ਜੀਵਨ ਪਵਿੱਤ੍ਰ ਹੈ, ਕਿਉਂਕਿ ਉਨ੍ਹਾਂ ਦੇ ਅੰਤਰ ਆਤਮਾ ਵਿਚ ਸਤਿ ਸੰਤੋਖ ਆਦਿਕ ਗੁਣ ਵਸਦੇ ਹਨ ਅਤੇ ਅੰਦਰੋਂ ਕਪਟ ਤੇ ਵਿਕਾਰ ਨਾਸ ਹੋ ਗਏ ਹਨ। ਇਉਂ ਉਨ੍ਹਾਂ ਨੇ ਆਪਣੇ ਮਨ ਨੂੰ ਸੁਖਾਲਾ ਹੀ ਵਸ ਵਿਚ ਕਰ ਲਿਆ ਹੈ, ਜਿਸ ਦੀ ਬਰਕਤ ਨਾਲ ਉਨ੍ਹਾਂ ਦੇ ਅੰਦਰ ਜੋਤੀ ਸਰੂਪ ਦਾ ਪ੍ਰਕਾਸ਼ ਹੋ ਆਇਆ ਹੈ।

ਸਲੋਕੁ ਮਃ ੩ ॥

੧. ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ
ਜਿ ਅਨਦਿਨੁ ਹਰਿ ਲਿਵ ਲਾਏ ॥
੨. ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ
ਹਉਮੈ ਰੋਗੁ ਤਿਸੁ ਜਾਏ ॥
੩. ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥
੪. ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ
ਜਿ ਹਉਮੈ ਮੇਟਿ ਸਮਾਏ ॥
੫. ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ
ਜਿ ਅਨਦਿਨੁ ਹਰਿ ਨਾਮੁ ਧਿਆਏ ॥੧॥

ਪਦ ਅਰਥ : ਬ੍ਰਹਮ—ਪਰਮੇਸ਼ਰ। ਬਿੰਦੇ—ਜਾਣੇ। ਜਿ—ਜੋ ਪੁਛੈ—ਸਤਿਗੁਰੂ ਨੂੰ ਪੁੱਛੇ। ਸੰਜਮੁ—ਬੰਦਸ਼; ਪਾਬੰਦੀ, ਮਰਯਾਦਾ। ਸੰਗ੍ਰਹੈ—ਇਕੱਠੇ ਕਰੇ।

ਅਰਥ :

ਪ੍ਰ: ਹੇ ਗੁਰੋ! ਆਮ ਤਾਂ ਇਹੋ ਵੇਖੀਦਾ ਹੈ ਕਿ ਕਿਸੇ ਬ੍ਰਾਹਮਣ ਦੇ ਘਰ ਪੈਦਾ ਹੋਣ ਵਾਲੇ ਨੂੰ ਬ੍ਰਾਹਮਣ ਕਿਹਾ ਜਾਂਦਾ ਹੈ, ਪਰ ਗੁਰਮਤਿ ਅਨੁਸਾਰ ਸਹੀ ਬ੍ਰਾਹਮਣ ਕਿਸ ਨੂੰ ਮੰਨਿਆ ਜਾਂਦਾ ਹੈ?

ਉ: ੧. ਹੇ ਭਾਈਓ! ਜੋ ਮਨੁੱਖ ਬ੍ਰਹਮ ਨੂੰ (ਬਿੰਦਦਾ ਹੈ) ਭਾਵ ਪਰਮੇਸ਼ਰ ਨੂੰ ਪਛਾਣਦਾ ਹੈ ਅਤੇ ਦਿਨੇ ਰਾਤ ਜੋ ਪਰਮੇਸ਼ਰ ਵਿਚ ਸੁਰਤੀ ਨੂੰ ਜੋੜੀ ਰੱਖਦਾ ਹੈ, ਉਸੇ ਨੂੰ ਬ੍ਰਾਹਮਣ ਕਿਹਾ ਜਾਣਾ ਚਾਹੀਦਾ ਹੈ।

ਪ੍ਰ: ਹਜ਼ੂਰ! ਉਸ ਦੀ ਹੋਰ ਕੀ ਪਛਾਣ ਹੈ?

ਉ: ੨. ਹੇ ਪਿਆਰੇ! (ਉਹ ਐਸਾ ਗੁਰਮਤੀਆ ਬ੍ਰਾਹਮਣ) ਸਤਿਗੁਰੂ ਦੇ ਹੁਕਮ ਅਨੁਸਾਰੀ ਹੋ ਜੀਵਨ ਗੁਜ਼ਾਰਦਾ ਹੈ ਤੇ ਇੰਦ੍ਰੀਆਂ ਨੂੰ ਮਾੜੇ ਕਰਮਾਂ ਵਲੋਂ ਰੋਕਦਾ ਹੈ, ਇਸ ਤਰ੍ਹਾਂ ਉਸ ਦੇ ਅੰਦਰੋਂ ਹਉਮੈ ਦਾ ਰੋਗ ਦੂਰ ਹੋ ਜਾਂਦਾ ਹੈ।

੩. ਉਹ ਹਰੀ ਦੇ ਗੁਣ ਗਾਉਂਦਾ ਹੈ ਅਤੇ ਰੱਬੀ ਗੁਣ (ਆਪਣੇ) ਅੰਦਰ ਇਕੱਤ੍ਰ ਕਰਦਾ ਹੈ, ਇਸ ਤਰ੍ਹਾਂ ਉਹ ਪਰਮ ਜੋਤ ਵਿਚ ਆਪਣੀ ਆਤਮਾ ਨੂੰ ਮਿਲਾਈ ਰੱਖਦਾ ਹੈ।

੪. ਹੇ ਭਾਈਓ! ਇਸ ਪ੍ਰਕਾਰ ਦਾ ਬ੍ਰਹਮ ਨੂੰ ਜਾਨਣ ਵਾਲਾ ਇਸ ਸਮੇਂ ਵਿਚ ਕੋਈ ਵਿਰਲਾ ਬ੍ਰਹਮ ਗਿਆਨੀ ਹੁੰਦਾ ਹੈ ਜੋ ਹਉਮੈ ਨੂੰ ਮੇਟ ਕੇ ਹਰੀ ਵਿਚ ਸਮਾਇਆ ਰਹੇ।

ਪ੍ਰ: ਕਿਉਂ ਜੀ! ਅਜਿਹੇ ਬ੍ਰਾਹਮਣ ਨੂੰ ਮਿਲਣ ਦਾ ਭੀ ਕੋਈ ਲਾਭ ਹੈ?

ਉ: ੫. (ਹਾਂ ਜ਼ਰੂਰ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਐਸੇ ਗੁਰਮਤਿ ਅਨੁਸਾਰ ਜੀਵਨ ਗੁਜ਼ਾਰਨ ਵਾਲੇ ਬ੍ਰਾਹਮਣ ਨੂੰ ਜੋ ਕਿ ਦਿਨੇ ਰਾਤ ਹਰੀ ਪਰਮੇਸ਼ਰ ਦਾ ਨਾਮ ਸਿਮਰਦਾ ਹੈ, ਉਸ ਨੂੰ ਮਿਲਣ ਨਾਲ ਸਦੀਵੀ ਸੁੱਖ ਪ੍ਰਾਪਤ ਹੁੰਦਾ ਹੈ।੧।

ਮਃ ੩ ॥

੧. ਅੰਤਰਿ ਕਪਟੁ ਮਨਮੁਖ ਅਗਿਆਨੀ
ਰਸਨਾ ਝੂਠੁ ਬੋਲਾਇ ॥
੨. ਕਪਟਿ ਕੀਤੈ ਹਰਿ ਪੁਰਖੁ ਨ ਭੀਜੈ
ਨਿਤ ਵੇਖੈ ਸੁਣੈ ਸੁਭਾਇ ॥
੩. ਦੂਜੈ ਭਾਇ ਜਾਇ ਜਗੁ ਪਰਬੋਧੈ
ਬਿਖੁ ਮਾਇਆ ਮੋਹ ਸੁਆਇ ॥
੪. ਇਤੁ ਕਮਾਣੈ ਸਦਾ ਦੁਖੁ ਪਾਵੈ
ਜੰਮੈ ਮਰੈ ਫਿਰਿ ਆਵੈ ਜਾਇ ॥
੫. ਸਹਸਾ ਮੂਲਿ ਨ ਚੁਕਈ
ਵਿਚਿ ਵਿਸਟਾ ਪਚੈ ਪਚਾਇ ॥
੬. ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ
ਤਿਸੁ ਗੁਰ ਕੀ ਸਿਖ ਸੁਣਾਇ ॥
੭. ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ
ਹਰਿ ਨਾਮੋ ਅੰਤਿ ਛਡਾਇ ॥੨॥

ਪਦ ਅਰਥ : ਰਸਨਾ—ਜੀਭ ਨਾਲ। ਕਪਟਿ ਕੀਤੈ—ਕਪਟ ਕੀਤਿਆਂ। ਸੁਭਾਇ—ਸੁਤੇ ਹੀ। ਪਰਬੋਧੈ—ਉਪਦੇਸ਼ ਕਰਦਾ ਹੈ। ਸੁਆਇ—ਸੁਆਰਥ ਨਾਲ। ਇਤੁ ਕਮਾਣੈ—ਇਹ ਕਮਾਇਆਂ। ਸਹਸਾ—ਤੌਖਲਾ। ਨਾਮੋ—ਨਾਮ ਹੀ।

ਅਰਥ :

ਪ੍ਰ: ਹਜ਼ੂਰ! ਆਪ ਅਗਿਆਨੀ ਕਿਸ ਨੂੰ ਕਹਿੰਦੇ ਹੋ?

ਉ: ੧. ਹੇ ਭਾਈਓ! ਜੋ ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨਮੁਖ ਹੈ, ਉਹੋ ਹੀ ਅਗਿਆਨੀ ਕਿਹਾ ਜਾਂਦਾ ਹੈ, (ਕਿਉਂਕਿ) ਉਸ ਦੇ ਅੰਦਰ ਖੋਟ ਹੈ ਅਤੇ ਉਹ ਜੀਭ ਨਾਲ ਝੂਠ ਬੋਲਦਾ ਹੈ, ਭਾਵ ਉਸ ਦੇ ਅੰਦਰ ਹੋਰ ਹੈ ਤੇ ਬਾਹਰੋਂ ਕੁਝ ਹੋਰ ਬੋਲਦਾ ਹੈ।

੨. ਹੇ ਪਿਆਰਿਓ! ਉਹ ਹਰੀ ਪਰਮੇਸ਼ਰ ਤਾਂ ਸਰਬੱਗਯ ਹੈ, ਉਹ ਕਪਟ ਕਰਨ ਨਾਲ ਨਹੀਂ ਭਿੱਜਦਾ, ਭਾਵ ਪ੍ਰਸੰਨ ਨਹੀਂ ਹੁੰਦਾ, (ਕਿਉਂਕਿ) ਉਹ ਤਾਂ ਸਹਿਜ ਸੁਭਾ ਹੀ ਹਰ ਬੰਦੇ ਦੇ ਕੀਤੇ ਕਰਮ ਨੂੰ ਵੇਖਦਾ ਤੇ ਸੁਣਦਾ ਹੈ।

੩. ਉਹ ਮਨਮੁਖ ਆਪ ਤਾਂ ਮਾਇਆ ਦੇ ਮੋਹ ਵਿਚ ਗਲਤਾਨ ਹੈ, ਭਾਵ ਉਹ ਖ਼ੁਦਗਰਜ਼ੀ ਕਰਕੇ ਮਾਇਆ ਦੇ ਮੋਹ ਵਿਚ ਹੈ, ਪਰ ਉਹ ਲੋਕਾਂ ਨੂੰ ਜਾ ਕੇ ਉਪਦੇਸ਼ ਕਰਦਾ ਹੈ।

੪. ਇਸ ਤਰ੍ਹਾਂ ਦੀ ਕਰਤੂਤ ਕੀਤਿਆਂ ਉਹ ਸਦਾ ਹੀ ਦੁੱਖ ਪਾਉਂਦਾ ਹੈ, ਜੰਮਦਾ ਮਰਦਾ ਹੈ, ਇਉਂ ਫਿਰ-ਫਿਰ ਆਉਂਦਾ ਜਾਂਦਾ ਰਹਿੰਦਾ ਹੈ।

੫. ਇਸੀ ਕਰਕੇ ਉਸ ਦੇ ਅੰਦਰੋਂ ਤੌਖਲਾ ਕਦੇ ਮਿਟਦਾ ਹੀ ਨਹੀਂ, ਸੋ ਉਹ ਜੰਮਣ ਮਰਨ ਦੇ ਵਿਸ਼ਟਾ ਵਿਚ ਪਿਆ ਸੜਦਾ ਰਹਿੰਦਾ ਹੈ।

੬. ਹੇ ਭਾਈ! ਜਿਸ ਮਨੁੱਖ ਉੱਤੇ ਮੇਰਾ ਮਾਲਕ ਮਿਹਰ ਕਰਦਾ ਹੈ, ਉਸ ਨੂੰ ਗੁਰੂ ਦਾ ਉਪਦੇਸ਼ ਸੁਣਾਉਂਦਾ ਹੈ।

੭. ਉਹ ਫਿਰ ਹਰੀ ਦਾ ਨਾਮ ਹੀ ਧਿਆਉਂਦਾ ਹੈ, ਹਰੀ ਨਾਮ ਹੀ ਗਾਉਂਦਾ ਹੈ। ਇਹ ਹਰੀ ਨਾਮ ਹੀ ਉਸ ਨੂੰ ਅੰਤ ਸਮੇਂ ਦੁੱਖਾਂ ਤੋਂ ਛੁਡਾਉਂਦਾ ਹੈ।

ਪਉੜੀ ॥

੧. ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰਿ ॥
੨. ਸਾਹਿਬੁ ਸੇਵਨਿ੍ ਆਪਣਾ ਪੂਰੈ ਸਬਦਿ ਵੀਚਾਰਿ ॥
੩. ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥
੪. ਹਰਿ ਕਾ ਮਹਲੁ ਤਿਨ੍ੀ ਪਾਇਆ
ਜਿਨ੍ ਹਉਮੈ ਵਿਚਹੁ ਮਾਰਿ ॥
੫. ਨਾਨਕ ਗੁਰਮੁਖਿ ਮਿਲਿ ਰਹੇ
ਜਪਿ ਹਰਿ ਨਾਮਾ ਉਰ ਧਾਰਿ ॥੧੦॥

ਪਦ ਅਰਥ : ਮਨਾਇਓਨੁ—ਮਨਾਇਆ ਉਸ ਨੇ। ਪੂਰੇ—ਸਰਬ ਗੁਣ ਸੰਪੰਨ। ਸਬਦਿ—ਸ਼ਬਦ ਵਿਚ। ਵੀਚਾਰਿ—ਵੀਚਾਰ ਕਰਨ ਨਾਲ। ਚਾਕਰੀ—ਸੇਵਾ। ਮਹਲੁ—ਘਰੁ, ਹਜ਼ੂਰੀ। ਉਰ—ਹਿਰਦਾ।

ਅਰਥ :

ਪ੍ਰ: ਹਜ਼ੂਰ! ਦੇਖਣ ਮਾਤ੍ਰ ਤਾਂ ਸਾਰੇ ਹੀ ਮਨੁੱਖ ਇਕੋ ਸਮਾਨ ਨਜ਼ਰ ਆਉਂਦੇ ਹਨ, ਪਰ ਇਸ ਸੰਸਾਰ ਵਿਚ ਪੂਰਨ ਪੁਰਸ਼ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈਓ! ਜਗਤ ਵਿਚ ਤਾਂ ਉਨ੍ਹਾਂ ਮਨੁੱਖਾਂ ਨੂੰ ਹੀ ਪੂਰਨ ਪੁਰਸ਼ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਪਰਮੇਸ਼ਰ ਨੇ ਆਪਣਾ ਹੁਕਮ ਮਨਾਇਆ ਹੈ। (ਭਾਵ ਹੈ ਬੰਦਗੀ ਕਰਦੇ ਹਨ)।

੨. ਹੇ ਪਿਆਰੇ! ਉਹ ਆਪਣੇ ਮਾਲਕ ਦੀ ਸੇਵਾ ਕਰਦੇ ਹਨ, ਸੇਵਾ ਭੀ ਉਹ ਸ਼ਬਦ ਦੀ ਵੀਚਾਰ ਦੁਆਰਾ ਕਰਦੇ ਹਨ।

੩. ਹੇ ਸੱਜਣੋ! ਉਸ ਪ੍ਰਭੂ ਦੀ ਸੇਵਾ ਤਾਂ ਹੀ ਹੋ ਸਕਦੀ ਹੈ ਜੇ ਸੱਚੇ ਸ਼ਬਦ ਵਿਚ ਪਿਆਰ ਪਾਈਏ।

੪. ਹੇ ਮਿੱਤਰੋ! ਸੱਚੇ ਸ਼ਬਦ ਵਿਚ ਪਿਆਰ ਦੇ ਰਾਹੀਂ ਜੋ ਮਨੁੱਖ ਅੰਦਰੋਂ ਹਉਮੈ ਨੂੰ ਮਾਰਦੇ ਹਨ, ਉਨ੍ਹਾਂ ਨੂੰ ਹਰੀ ਦਾ ਸਰੂਪ ਪ੍ਰਾਪਤ ਹੁੰਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਗੁਰਮੁਖ ਹਰੀ ਨਾਲ ਮਿਲੇ ਰਹਿੰਦੇ ਹਨ।

ਪ੍ਰ: ਕਿਉਂ ਜੀ! ਉਹ ਕਿਵੇਂ?

ਉ: ਹੇ ਭਾਈ! ਰਸਨਾ ਦੁਆਰਾ ਉਸ ਹਰੀ ਦਾ ਨਾਮ ਜਪ ਕੇ ਅਤੇ ਉਸ ਨੂੰ ਹਿਰਦੇ ਵਿਚ ਧਾਰਨ ਕਰ ਕੇ।੧੦।

ਭਾਵਾਰਥ : ਸਲੋਕ ਵਿਚ ਸਹੀ ਬ੍ਰਾਹਮਣ ਉਸ ਨੂੰ ਕਹਿ ਰਹੇ ਹਨ ਜੋ ਦਿਨੇ ਰਾਤ ਉਸ ਮਾਲਕ ਵਿਚ ਸੁਰਤੀ ਜੋੜੀ ਰੱਖਦਾ ਤੇ ਬ੍ਰਹਮ ਦੇ ਸਹੀ ਸਰੂਪ ਨੂੰ ਲਖਦਾ ਹੈ ਅਤੇ ਆਪਣਾ ਜੀਵਨ ਹਰ ਤਰ੍ਹਾਂ ਸੰਜਮ ਵਿਚ ਗੁਜ਼ਰਦਾ ਹੋਇਆ ਅੰਦਰੋਂ ਹਉਮੈ ਦੇ ਰੋਗ ਨੂੰ ਮਿਟਾ ਲੈਂਦਾ ਹੈ।

ਅਗਿਆਨੀ ਉਹ ਮਨੁੱਖ ਹੈ, ਜਿਸ ਦੇ ਅੰਦਰ ਕਪਟ ਹੈ ਤੇ ਰਸਨਾ ਦੁਆਰਾ ਸਦਾ ਕੂੜ ਹੀ ਬੋਲਦਾ ਹੈ। ਉਸ ਦੇ ਇਸ ਤਰ੍ਹਾਂ ਦੇ ਕਪਟ ਕਰਨ ਨਾਲ ਮਾਲਕ ਉਸ 'ਤੇ ਕਦੀ ਵੀ ਪ੍ਰਸੰਨ ਨਹੀਂ ਹੁੰਦਾ। ਉਹ ਦ੍ਵੈਤ ਭਾਵਨਾ ਵਿਚ ਜੀਵਨ ਗੁਜ਼ਾਰਦਾ ਹੋਇਆ ਸਦਾ ਹੀ ਦੁੱਖ ਪਾਉਂਦਾ ਹੈ।

ਸੰਸਾਰ ਵਿਚ ਪੂਰਨ ਉਹੋ ਮੰਨੇ ਜਾਂਦੇ ਹਨ, ਜਿਨ੍ਹਾਂ ਤੋਂ ਉਹ ਪਰਮੇਸ਼ਰ ਆਪਣਾ ਹੁਕਮ ਮਨਾਉਂਦਾ ਹੈ। ਉਨ੍ਹਾਂ ਨੂੰ ਹੀ ਸਾਈਂ ਜੀ ਦਾ ਸਰੂਪ ਰੂਪੀ ਮਹੱਲ ਪ੍ਰਾਪਤ ਹੁੰਦਾ ਹੈ, ਕਿਉਂਕਿ ਉਹ ਸਦੀਵੀ ਕਾਲ ਹਰੀ ਦੇ ਨਾਮ ਨੂੰ ਹਿਰਦੇ ਅੰਦਰ ਵਸਾਈ ਰੱਖਦੇ ਹਨ।

ਸਲੋਕੁ ਮਃ ੩ ॥

੧. ਗੁਰਮੁਖਿ ਧਿਆਨ ਸਹਜ ਧੁਨਿ ਉਪਜੈ
ਸਚਿ ਨਾਮਿ ਚਿਤੁ ਲਾਇਆ ॥
੨. ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ
ਹਰਿ ਕਾ ਨਾਮੁ ਮਨਿ ਭਾਇਆ ॥
੩. ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ
ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
੪. ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ
ਤਿਮਰ ਅਗਿਆਨੁ ਅਧੇਰੁ ਚੁਕਾਇਆ ॥
੫. ਜਿਸ ਨੋ ਕਰਮੁ ਹੋਵੈ ਧੁਰਿ ਪੂਰਾ
ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥

ਪਦ ਅਰਥ : ਧੁਨਿ—ਸੁਰ, ਰੌ। ਧਿਆਨ—ਜੁੜੀ ਹੋਈ ਸੁਰਤਿ। ਸਹਜ ਧੁਨਿ—ਸਹਿਜ ਦੀ ਧੁਨ, ਅਡੋਲਤਾ ਦੀ ਰੌ। ਸਹਜਿ—ਸਹਿਜ ਵਿਚ, ਅਡੋਲਤਾ ਵਿਚ। ਰੰਗੁ—ਪਿਆਰ। ਤਿਮਰ—ਹਨੇਰਾ। ਕਰਮੁ—ਬਖ਼ਸ਼ਸ਼। ਧੁਰਿ—ਧੁਰੋਂ, ਰੱਬ ਵਲੋਂ। ਤਿਨਿ—ਉਸ ਨੇ। ਤਿਨਿ ਗੁਰਮੁਖਿ—ਉਸ ਗੁਰਮੁਖ ਨੇ।

ਅਰਥ :

ਪ੍ਰ: ਹੇ ਗੁਰੋ! ਜਿਸ ਮਨੁੱਖ ਨੇ ਰਾਮ ਵਿਚ ਆਪਣੇ ਚਿੱਤ ਨੂੰ ਜੋੜ ਲਿਆ ਹੈ, ਉਸ ਗੁਰਮੁਖ ਦੀ ਕੀ ਪਛਾਣ ਹੈ?

ਉ: ੧. ਹੇ ਭਾਈਓ! ਜਿਸ ਗੁਰਮੁਖ ਨੇ ਸੱਚੇ ਨਾਮ ਵਿਚ ਚਿੱਤ ਨੂੰ ਜੋੜਿਆ ਹੈ, ਉਸ ਗੁਰਮੁਖ ਨੂੰ ਧਿਆਨ ਦੀ ਸਹਿਜ ਧੁਨ ਉਪਜਦੀ ਹੈ, ਭਾਵ ਉਸ ਦੀ ਜੁੜੀ ਸੁਰਤਿ ਵਿਚ ਅਡੋਲਤਾ ਦੀ ਰੌ ਚੱਲ ਪੈਂਦੀ ਹੈ।

੨. ਇਸੇ ਲਈ ਉਹ ਹਰ ਵੇਲੇ ਪ੍ਰੇਮ ਰੰਗ ਵਿਚ ਰਤਾ ਰਹਿੰਦਾ ਹੈ, ਕਿਉਂਕਿ ਉਸ ਗੁਰਮੁਖ ਦੇ ਮਨ ਵਿਚ ਨਾਮ ਭਾ ਗਿਆ ਹੈ।

੩. ਇਸੇ ਪ੍ਰੇਮ ਰੰਗ ਵਿਚ ਰਤਾ ਗੁਰਮੁਖ ਹਰੀ ਨੂੰ ਹੀ ਵੇਖਦਾ ਹੈ, ਰੱਬ ਦੀ ਸਿਫ਼ਤ ਹੀ ਉਹ ਹਰ ਵੇਲੇ ਉਚਾਰਦਾ ਹੈ, ਇਉਂ ਉਹ ਗੁਰਮੁਖ ਹਰੀ ਨਾਲ ਸਹਿਜੇ ਹੀ ਪ੍ਰੇਮ ਲਾਈ ਰੱਖਦਾ ਹੈ।

ਪ੍ਰ: ਕਿਉਂ ਜੀ, ਐਸੇ ਗੁਰਮੁਖ ਨੂੰ ਆਖ਼ਰ ਫਲ ਕੀ ਮਿਲਦਾ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਸ ਨੂੰ ਪੂਰਨ ਸਰੂਪ ਦਾ ਗਿਆਨ ਪ੍ਰਾਪਤ ਹੁੰਦਾ ਹੈ, ਅਗਿਆਨਤਾ ਦਾ ਹਨੇਰਾ ਅਤੇ ਮਾਇਆ ਦਾ ਅੰਧਕਾਰ ਉਹ ਦੂਰ ਕਰ ਲੈਂਦਾ ਹੈ।

ਪ੍ਰ: ਹਜ਼ੂਰ! ਨਾਮ ਦਾ ਸਿਮਰਨ ਸਾਰੇ ਹੀ ਕਿਉਂ ਨਹੀਂ ਕਰਦੇ?

ਉ: ੫. ਹੇ ਭਰਾਵੋ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਕਿਉਂਕਿ ਇਹ ਨਾਮ ਉਸੇ ਗੁਰਮੁਖ ਨੇ ਜਪਿਆ ਹੈ, ਜਿਸ ਉੱਤੇ ਧੁਰੋਂ ਹੀ ਉਸ ਪਰਮੇਸ਼ਰ ਵਲੋਂ ਪੂਰੀ ਮਿਹਰ ਹੋਈ ਹੈ।੧।

ਮः ੩ ॥

੧. ਸਤਿਗੁਰੁ ਜਿਨਾ ਨ ਸੇਵਿਓ
ਸਬਦਿ ਨ ਲਗੋ ਪਿਆਰੁ ॥
੨. ਸਹਜੇ ਨਾਮੁ ਨ ਧਿਆਇਆ
ਕਿਤੁ ਆਇਆ ਸੰਸਾਰਿ ॥
੩. ਫਿਰਿ ਫਿਰਿ ਜੂਨੀ ਪਾਈਐ ਵਿਸਟਾ ਸਦਾ ਖੁਆਰੁ ॥
੪. ਕੂੜੈ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ ॥
੫. ਨਾਨਕ ਗੁਰਮੁਖਿ ਉਬਰੇ
ਜਿ ਆਪਿ ਮੇਲੇ ਕਰਤਾਰਿ ॥੨॥

ਪਦ ਅਰਥ : ਕਿਤੁ—ਕਿਸ ਲਈ। ਉਰਵਾਰੁ—ਉਰਲਾ ਬੰਨਾ। ਪਾਰੁ—ਪਾਰਲਾ ਪਾਸਾ। ਜਿ—ਜੋ। ਕਰਤਾਰਿ—ਕਰਤਾਰ ਨੇ।

ਅਰਥ :

ਪ੍ਰ: ਹੇ ਗੁਰੋ! ਤੁਸੀਂ ਕਿਨ੍ਹਾਂ ਮਨੁੱਖਾਂ ਦਾ ਇਸ ਸੰਸਾਰ ਵਿਚ ਆਇਆ ਨਿਸਫਲ ਸਮਝਦੇ ਹੋ?

ਉ: ੧. ਹੇ ਭਾਈਓ! ਜਿਨ੍ਹਾਂ ਵਿਚ ਇਹ ਹੇਠ ਲਿਖੇ ਤਿੰਨ ਦੋਸ਼ ਪਾਏ ਜਾਣ, ਉਨ੍ਹਾਂ ਦਾ ਸੰਸਾਰ ਵਿਚ ਆਉਣਾ ਨਿਸਫਲ ਜਾਣੋ— ੧. ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਦੀ ਸੇਵਨਾ ਨਹੀਂ ਕੀਤੀ, ਭਾਵ ਹੁਕਮ ਅਨੁਸਾਰ ਜੀਵਨ ਨਹੀਂ ਗੁਜ਼ਾਰਿਆ। ੨. ਗੁਰੂ ਦੇ ਸ਼ਬਦ ਵਿਚ ਜਿਨ੍ਹਾਂ ਦਾ ਪਿਆਰ ਨਹੀਂ ਬਣਿਆ।

੨. ੩. ਅਤੇ ਜਿਨ੍ਹਾਂ ਨੇ ਸ਼ਾਂਤ ਚਿੱਤ ਹੋ ਕੇ ਨਾਮ ਦਾ ਸਿਮਰਨ ਨਹੀਂ ਕੀਤਾ। (ਅਸੀਂ ਤਾਂ ਉਨ੍ਹਾਂ ਬਾਰੇ ਇਉਂ ਹੀ ਸੋਚਦੇ ਹਾਂ ਕਿ) ਉਹ ਲੋਕ ਸੰਸਾਰ ਵਿਚ ਕਾਹਦੇ ਲਈ ਆਏ, ਭਾਵ ਹੈ ਕਿ ਉਹ ਜਗਤ ਵਿਚ ਆਏ ਹੀ ਕਿਉਂ?

ਪ੍ਰ: ਹਜ਼ੂਰ! ਕੀ ਤੁਹਾਡੇ ਵਿਚਾਰ ਵਿਚ ਉਨ੍ਹਾਂ ਨੂੰ ਕੋਈ ਸਜ਼ਾ ਵੀ ਮਿਲੇਗੀ?

ਉ: ੩. (ਹਾਂ ਜ਼ਰੂਰ) ਹੇ ਭਾਈ! ਉਹ ਐਸਾ ਮਨੁੱਖ ਤਾਂ ਮੁੜ-ਮੁੜ ਜੂਨਾਂ ਵਿਚ ਪਾਈਦਾ ਹੈ ਅਤੇ ਉਹ ਸਦਾ ਹੀ ਗੰਦ ਵਿਚ ਖ਼ੁਆਰ ਹੁੰਦਾ ਹੈ।

ਪ੍ਰ: ਕਿਉਂ ਜੀ! ਉਸ ਦੀ ਇਹ ਦਸ਼ਾ ਕਿਉਂ ਹੁੰਦੀ ਹੈ?

ਉ: ੪. ਹੇ ਭਰਾਵੋ! ਸੱਚੀ ਗੱਲ ਤਾਂ ਇਹੋ ਹੈ ਕਿ ਉਹ ਗੁਰੂ ਪਰਮੇਸ਼ਰ ਨੂੰ ਵਿਸਾਰ ਕੇ ਕੂੜੇ ਲਾਲਚ ਵਿਚ ਲੱਗਾ ਰਿਹਾ, ਜਿਸ ਕਰਕੇ ਉਸ ਨੂੰ ਲੋਕ-ਪ੍ਰਲੋਕ ਵਿਚ ਕਿਤੇ ਭੀ ਢੋਈ ਨਹੀਂ ਮਿਲਦੀ।

ਪ੍ਰ: ਹਜ਼ੂਰ! ਕੀ ਇਹ ਦਸ਼ਾ ਸਾਰਿਆਂ ਦੀ ਹੀ ਹੋਣੀ ਹੈ?

ਉ: ੫. (ਨਹੀਂ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਿਨ੍ਹਾਂ ਨੂੰ ਕਰਤਾਰ ਨੇ ਆਪ ਹੀ ਆਪਣੇ ਨਾਲ ਜੋੜਿਆ ਹੈ, ਉਹ ਗੁਰਮੁਖ ਇਸ ਦੁੱਖ ਰੂਪ ਸੰਸਾਰ ਤੋਂ ਬਚ ਜਾਂਦੇ ਹਨ।੨।

ਪਉੜੀ ॥

੧. ਭਗਤ ਸਚੈ ਦਰਿ ਸੋਹਦੇ ਸਚੈ ਸਬਦਿ ਰਹਾਏ ॥
੨. ਹਰਿ ਕੀ ਪ੍ਰੀਤਿ ਤਿਨ ਊਪਜੀ ਹਰਿ ਪ੍ਰੇਮ ਕਸਾਏ ॥
੩. ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ
ਰਸਨਾ ਹਰਿ ਰਸੁ ਪਿਆਏ ॥
੪. ਸਫਲੁ ਜਨਮੁ ਜਿਨੀ ਗੁਰਮੁਖਿ ਜਾਤਾ
ਹਰਿ ਜੀਉ ਰਿਦੈ ਵਸਾਏ ॥
੫. ਬਾਝੁ ਗੁਰੂ ਫਿਰੈ ਬਿਲਲਾਦੀ
ਦੂਜੈ ਭਾਇ ਖੁਆਏ ॥੧੧॥

ਪਦ ਅਰਥ : ਰਹਾਏ—ਟਿਕਾਏ ਹੋਏ, ਰੱਖੇ, ਕਾਇਮ ਕੀਤੇ, ਥਿਰ ਕੀਤੇ। ਪ੍ਰੇਮ ਕਸਾਏ—ਪ੍ਰੇਮ ਦੇ ਖਿੱਚੇ ਹੋਏ। ਦੂਜੈ ਭਾਇ—(ਰੱਬ ਤੋਂ ਬਿਨਾ) ਹੋਰ ਦੇ ਪਿਆਰ ਵਿਚ। ਖੁਆਏ—ਖੁੰਝੀ ਹੋਈ। ਦਰਿ—ਦਰ 'ਤੇ। ਬਿਲਲਾਦੀ—ਰੋਂਦੀ, ਕੁਰਲਾਂਦੀ ਹੈ।

ਅਰਥ :

ਪ੍ਰ: ਹੇ ਗੁਰੋ! ਸੰਸਾਰਕ ਦਰਬਾਰਾਂ ਵਿਚ ਤਾਂ ਮਾਇਕੀ ਲੋਕਾਂ ਦੀ ਹੀ ਸੋਭਾ ਹੁੰਦੀ ਵੇਖੀਦੀ ਹੈ, ਰੱਬ ਦੇ ਭਗਤਾਂ ਦੀ ਕਿਤੇ ਵੀ ਪੁੱਛ ਗਿੱਛ ਨਹੀਂ, ਪਰ ਉਨ੍ਹਾਂ ਭਗਤਾਂ ਦੀ ਸੋਭਾ ਕਿਸ ਥਾਂ ਹੁੰਦੀ ਜਾਣੀ ਜਾਵੇ?

ਉ: ੧. ਹੇ ਭਾਈਓ! ਰੱਬ ਦੇ ਭਗਤ ਤਾਂ ਉਸੇ ਸੱਚੇ ਦਰਬਾਰ ਵਿਚ ਗਏ ਸੋਭਦੇ ਹਨ, (ਉਹ ਪ੍ਰਭੂ ਦੀ ਹਜ਼ੂਰੀ ਵਿਚ) ਸੱਚੇ ਸ਼ਬਦ ਕਰਕੇ ਟਿਕਾਏ ਜਾਂਦੇ ਹਨ।

੨. (ਕਿਉਂਕਿ) ਉਨ੍ਹਾਂ ਦੇ ਅੰਦਰ ਪ੍ਰਭੂ ਦਾ ਪਿਆਰ ਪੈਦਾ ਹੁੰਦਾ ਹੈ ਅਤੇ ਉਹ ਪ੍ਰਭੂ ਦੇ ਪਿਆਰ ਦੇ ਖਿੱਚੇ ਹੋਏ ਹੁੰਦੇ ਹਨ।

੩. ਉਹ ਪ੍ਰੇਮ ਵਿਚ ਰੰਗੇ ਹੋਏ ਸਦਾ ਹੀ ਹਰੀ ਦੇ ਪ੍ਰੇਮ ਵਿਚ ਰਹਿੰਦੇ ਹਨ। ਉਨ੍ਹਾਂ ਦੀ ਰਸਨਾ ਸਦਾ ਹੀ ਹਰੀ ਦਾ ਨਾਮ ਰਸ ਹੀ ਪੀਂਦੀ ਹੈ।

੪. ਹੇ ਭਾਈਓ! ਜਿਨ੍ਹਾਂ ਨੇ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਨੂੰ ਪਛਾਣਿਆ ਹੈ ਤੇ ਹਿਰਦੇ ਵਿਚ ਵਸਾਇਆ ਹੈ, ਉਨ੍ਹਾਂ ਗੁਰਮੁਖਾਂ ਦਾ ਜਨਮ ਸਫਲ ਹੈ।

੫. ਪਰ ਸੱਜਣੋ! ਵੇਖ ਲੌ ਕਿ ਗੁਰੂ ਤੋਂ ਬਿਨਾ ਸ੍ਰਿਸ਼ਟੀ ਰੋਂਦੀ ਫਿਰਦੀ ਹੈ, ਦ੍ਵੈਤ ਭਾਵਨਾ ਵਿਚ ਖ਼ੁਆਰ ਹੁੰਦੀ ਹੈ। ਭਾਵ ਹੈ ਕਿ ਹੋਰ ਮਾਇਕੀ ਪਿਆਰ ਵਿਚ ਖੁੰਝੀ ਹੋਈ ਦੁਨੀਆ ਵਿਲਕਦੀ ਫਿਰਦੀ ਹੈ।੧੧।

ਭਾਵਾਰਥ : ਸਲੋਕ ਵਿਚ ਗੁਰਮੁਖਾਂ ਦੀ ਅਵਸਥਾ ਦਰਸਾਈ ਹੈ ਕਿ ਉਨ੍ਹਾਂ ਦੀ ਜੁੜੀ ਸੁਰਤੀ ਵਿਚ ਅਡੋਲਤਾ ਦੀ ਰੌ ਵਗ ਟੁਰਦੀ

ਹੈ, ਕਿਉਂਕਿ ਉਹ ਸੱਚੇ ਨਾਮ ਵਿਚ ਚਿੱਤ ਨੂੰ ਜੋੜੀ ਰੱਖਦੇ ਹਨ, ਪਰ ਇਹ ਅਵੱਸਥਾ ਸਾਈਂ ਜੀ ਦੀ ਬਖ਼ਸ਼ਸ਼ ਦੁਆਰਾ ਪ੍ਰਾਪਤ ਹੁੰਦੀ ਹੈ।

ਬਿਨਾ ਸਤਿਗੁਰੂ ਦੀ ਸੇਵਾ, ਸ਼ਬਦ-ਪਿਆਰ ਤੋਂ ਸਖਣੇ, ਨਾਮ ਸਿਮਰਨ ਤੋਂ ਸੁੰਞੇ ਲੋਕਾਂ ਦਾ ਜਗਤ ਵਿਚ ਜਨਮ ਨਿਸਫਲ ਬਿਆਨ ਕੀਤਾ ਹੈ।

ਰੱਬ ਦੇ ਪਿਆਰੇ ਭਗਤ ਭਾਵੇਂ ਸੰਸਾਰ ਵਿਚ ਆਪਣਾ ਜੀਵਨ ਗੁੰਮਨਾਮ ਬਿਤਾਉਂਦੇ ਹਨ, ਪਰ ਰੱਬੀ ਦਰਬਾਰ ਵਿਚ ਗਇਆਂ ਰੱਬ ਦੀ ਹਜ਼ੂਰੀ ਉਨ੍ਹਾਂ ਨੂੰ ਹੀ ਪ੍ਰਾਪਤ ਹੋਈ ਦਰਸਾਈ ਹੈ। ਉਨ੍ਹਾਂ ਨਿਗੁਰੇ ਲੋਕਾਂ ਦਾ ਜੀਵਨ ਸਦਾ ਵਿਲਕਦਿਆਂ ਹੀ ਗੁਜ਼ਰਦਾ ਹੈ ਜੋ ਲੋਕ ਦ੍ਵੈਤ ਭਾਵਨਾ ਵਿਚ ਆਪਣੇ ਇਸ ਅਮੋਲਕ ਜੀਵਨ ਨੂੰ ਗੁਆ ਜਾਂਦੇ ਹਨ।

ਸਲੋਕੁ ਮਃ ੩ ॥

੧. ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ
ਹਰਿ ਉਤਮ ਪਦੁ ਪਾਇਆ ॥
੨. ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ
ਅਨਦਿਨੁ ਨਾਮੁ ਧਿਆਇਆ ॥
੩. ਵਿਚੇ ਗ੍ਰਿਹ ਗੁਰ ਬਚਨਿ ਉਦਾਸੀ
ਹਉਮੈ ਮੋਹੁ ਜਲਾਇਆ ॥
੪. ਆਪਿ ਤਰਿਆ ਕੁਲ ਜਗਤੁ ਤਰਾਇਆ
ਧੰਨੁ ਜਣੇਦੀ ਮਾਇਆ ॥
੫. ਐਸਾ ਸਤਿਗੁਰੁ ਸੋਈ ਪਾਏ
ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ ॥
੬. ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ
ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥੧॥

ਪਦ ਅਰਥ : ਭਗਤੀ—ਭਗਤੀਂ, ਭਗਤਾਂ ਨੇ। ਕੁਲ—ਸਾਰਾ। ਜਣੇਦੀ—ਜੰਮਣ ਵਾਲੀ। ਮਸਤਕਿ—ਮੱਥੇ 'ਤੇ। ਵਿਟਹੁ—ਤੋਂ। ਭ੍ਰਮ—ਭੁਲੇਖੇ ਵਿਚ। ਮਾਰਗਿ—ਰਸਤੇ ਵਿਚ।

ਅਰਥ :

ਪ੍ਰ: ਹੇ ਗੁਰੋ! ਇਸ ਜਗਤ ਵਿਚ ਉੱਚੀ ਪਦਵੀ ਕਿਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ?

ਉ: ੧. ਹੇ ਭਾਈਓ! ਇਸ ਕਲਜੁਗ ਵਿਚ ਹਰੀ ਦਾ ਨਾਮ ਹੀ ਇਕ ਸੱਚਾ ਖ਼ਜ਼ਾਨਾ ਹੈ, ਜਿਸ ਨੂੰ ਭਗਤ ਜਨਾਂ ਨੇ ਹੀ ਖਟਿਆ ਹੈ। ਇਸੇ ਨਾਮ ਦੇ ਖ਼ਜ਼ਾਨੇ ਰਾਹੀਂ ਉਨ੍ਹਾਂ ਭਗਤਾਂ ਨੇ ਹੀ ਹਰੀ ਦੀ ਪ੍ਰਾਪਤੀ ਰੂਪੀ ਉੱਤਮ ਪਦਵੀ ਪਾਈ ਹੈ।

ਪ੍ਰ: ਕਿਉਂ ਜੀ! ਨਾਮ ਖ਼ਜ਼ਾਨਾ ਉਨ੍ਹਾਂ ਦੇ ਅੰਦਰ ਕਿਵੇਂ ਆ ਵਸਿਆ?

ਉ: ੨. ਹੇ ਪਿਆਰੇ! ਉਨ੍ਹਾਂ ਨੇ ਸਤਿਗੁਰੂ ਦੀ ਸੇਵਨਾ ਕਰਕੇ ਹਰੀ ਦਾ ਨਾਮ ਆਪਣੇ ਮਨ ਵਿਚ ਵਸਾ ਲਿਆ ਹੈ, ਇਸੀ ਕਰਕੇ ਉਹ ਹਰ ਵੇਲੇ ਨਾਮ ਨੂੰ ਹੀ ਧਿਆਉਣਾ ਕਰਦੇ ਹਨ।

ਉ: ੩. ਉਹ ਹੁਣ ਸਤਿਗੁਰੂ ਦੇ ਬਚਨਾਂ ਅਨੁਸਾਰ ਤੁਰ ਕੇ ਗ੍ਰਿਹਸਤ ਵਿਚ ਰਹਿੰਦਿਆਂ ਹੀ ਆਪਣਾ ਜੀਵਨ ਉਦਾਸੀਨ ਰਹਿ ਕੇ ਗੁਜ਼ਾਰਦੇ ਹਨ, (ਕਿਉਂਕਿ) ਉਨ੍ਹਾਂ ਨੇ ਹਉਮੈ ਤੇ ਉਸ ਹਉਮੈ ਤੋਂ ਪੈਦਾ ਹੋਏ ਮੋਹ ਨੂੰ (ਅੰਦਰੋਂ) ਸਾੜ ਲਿਆ ਹੈ।

੪. ਹੇ ਭਾਈ! ਉਹ ਐਸਾ ਭਗਤ ਆਪ ਸੰਸਾਰ ਤੋਂ ਤਰ ਗਿਆ ਹੈ, ਉਸ ਨੇ ਆਪਣੀ ਕੁਲ ਤਾਰ ਲਈ ਤੇ ਜਗਤ ਨੂੰ ਵੀ ਤਾਰ ਲਿਆ ਹੈ। ਇਸੇ ਲਈ ਉਸ ਨੂੰ ਜਨਮ ਦੇਣ ਵਾਲੀ ਮਾਂ ਵੀ ਧੰਨਤਾ ਜੋਗ ਹੈ।

੫. ਹੇ ਪਿਆਰਿਓ! ਐਸਾ ਸਤਿਗੁਰੂ ਉਸੇ ਨੂੰ ਮਿਲਦਾ ਹੈ, ਜਿਸ ਦੇ ਮੱਥੇ 'ਤੇ ਹਰੀ ਨੇ ਧੁਰੋਂ ਲਿਖ ਕੇ ਲੇਖ ਪਾਇਆ ਹੋਵੇ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਆਪਣੇ ਗੁਰੂ ਤੋਂ ਸਦਕੇ ਹਾਂ, ਜਿਸ ਨੇ ਕਿ ਮੈਨੂੰ ਭ੍ਰਮ ਵਿਚ ਭੁਲੇ ਹੋਏ ਨੂੰ ਭਗਤੀ ਦੇ ਸਹੀ ਮਾਰਗ ਵਿਚ ਪਾਇਆ ਹੈ।੧।

ਮਃ ੩ ॥

੧. ਤ੍ਰੈ ਗੁਣ ਮਾਇਆ ਵੇਖਿ ਭੁਲੇ
ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥
੨. ਪੰਡਿਤ ਭੁਲਿ ਭੁਲਿ ਮਾਇਆ ਵੇਖਹਿ
ਦਿਖਾ ਕਿਨੈ ਕਿਹੁ ਆਣਿ ਚੜਾਇਆ ॥
੩. ਦੂਜੈ ਭਾਇ ਪੜਹਿ ਨਿਤ ਬਿਖਿਆ
ਨਾਵਹੁ ਦਯਿ ਖੁਆਇਆ ॥
੪. ਜੋਗੀ ਜੰਗਮ ਸੰਨਿਆਸੀ ਭੁਲੇ
ਓਨ੍ਾ ਅਹੰਕਾਰੁ ਬਹੁ ਗਰਬੁ ਵਧਾਇਆ ॥
੫. ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ
ਮਨਹਠਿ ਜਨਮੁ ਗਵਾਇਆ ॥
੬. ਏਤੜਿਆ ਵਿਚਹੁ ਸੋ ਜਨੁ ਸਮਧਾ
ਜਿਨਿ ਗੁਰਮੁਖਿ ਨਾਮੁ ਧਿਆਇਆ ॥
੭. ਜਨ ਨਾਨਕ ਕਿਸ ਨੋ ਆਖਿ ਸੁਣਾਈਐ
ਜਾ ਕਰਦੇ ਸਭਿ ਕਰਾਇਆ ॥੨॥

ਪਦ ਅਰਥ : ਦੀਪਕਿ—ਦੀਵੇ ਉੱਤੇ। ਪਤੰਗ—ਭੰਬਟ। ਦਿਖਾ—ਦੇਖੀਏ। ਕਿਹੁ—ਕੁਝ। ਆਣਿ—ਲਿਆਕੇ। ਦੂਜੇ ਭਾਇ—ਮਾਇਆ ਦੇ ਪਿਆਰ ਵਿਚ। ਬਿਖਿਆ—ਮਾਇਆ। ਦਯਿ—ਪਰਮਾਤਮਾ ਨੇ। ਜੰਗਮ—ਸ਼ਿਵ ਦੇ ਉਪਾਸ਼ਕ ਜੋ ਸਿਰ 'ਤੇ ਮੋਰਾਂ ਦੇ ਖੰਭ ਰੱਖਦੇ ਹਨ ਤੇ ਟੱਲੀਆਂ ਵਜਾਂਦੇ ਮੰਗਦੇ ਫਿਰਦੇ ਹਨ। ਗਰਬੁ—ਅਹੰਕਾਰ। ਨ ਲੈਹੀ—ਨਹੀਂ ਲੈਂਦੇ। ਸਮਧਾ—ਸਮਾਧੀ ਵਾਲਾ, ਟਿਕੇ ਹੋਏ ਮਨ ਵਾਲਾ, ਪੂਰਨ ਅਵਸਥਾ ਵਾਲਾ।

ਅਰਥ :

ਪ੍ਰ: ਹਜ਼ੂਰ! ਇਹ ਸਾਰੇ ਹੀ ਜੀਵ, ਵਿਦਵਾਨ, ਤਿਆਗੀ, ਵੈਰਾਗੀ ਆਪਣੇ ਜੀਵਨ ਦੇ ਸਹੀ ਮਾਰਗ ਤੋਂ ਕਿਉਂ ਭੁੱਲ ਰਹੇ ਹਨ?

ਉ: ੧. ਹੇ ਭਾਈਓ! ਇਹ ਸਾਰੇ ਜੀਵ ਤਿੰਨਾਂ ਗੁਣਾਂ ਵਾਲੀ

ਪਉੜੀ ॥

੧. ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
੨. ਏਹ ਜਮ ਕੀ ਸਿਰਕਾਰ ਹੈ
ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ ॥
੩. ਮਨਮੁਖ ਜਮ ਮਗਿ ਪਾਈਅਨਿ੍
ਜਿਨ੍ ਦੂਜਾ ਭਾਉ ਪਿਆਰਾ ॥
੪. ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ ॥
੫. ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ
ਗੁਰਮੁਖਿ ਨਿਸਤਾਰਾ ॥੧੨॥

ਪਦ ਅਰਥ : ਪਰੇਤੁ—ਭੂਤ, ਟੁਰ ਗਿਆ ਹੋਇਆ, ਮਰ ਗਏ ਦਾ ਸਰੀਰ, ਅਬਿਗਤਿ ਰੂਹਾਂ। ਏਹ—ਇਹ ਮੋਹ, ਕਾਮ, ਕ੍ਰੋਧ ਆਦਿ ਸਾਰੇ। ਡੰਡੁ—ਡੰਡਾ। ਕਰਾਰਾ—ਕਰੜਾ। ਮਗਿ—ਰਸਤੇ ਤੇ। ਸਿਰਕਾਰ—ਰਈਅਤ। ਪਾਈਅਨਿ੍—ਪਾਏ ਜਾਂਦੇ ਹਨ। ਜਮਪੁਰਿ—ਜਮ ਦੇ ਸ਼ਹਿਰ ਵਿਚ। ਮਾਰੀਅਨਿ—ਮਾਰੀਦੇ ਹਨ। ਨਿਸਤਾਰਾ—ਮੁਕਤੀ।

ਅਰਥ :

ਪ੍ਰ: ਹਜ਼ੂਰ! ਆਪ ਭੂਤ ਕਿਸ ਨੂੰ ਮੰਨਦੇ ਹੋ ?

ਉ: ੧. ਹੇ ਪਿਆਰੇ ਇਸ ਮਾਇਆ ਦਾ ਮੋਹ, ਕਾਮ, ਕ੍ਰੋਧ ਤੇ ਅਹੰਕਾਰ ਇਹ (ਮਾਨੋ) ਸਭੇ ਹੀ ਭੂਤ ਹਨ।

੨. ਇਹ ਜੋ ਆਸੁਰੀ ਸੰਪਦਾ ਹੈ, ਇਹ ਜਮ ਦੀ ਸਿਰਕਾਰ ਹੈ, ਭਾਵ ਰਈਅਤ ਹੈ। ਇਨ੍ਹਾਂ ਉੱਤੇ ਜਮ ਦਾ ਕਰੜਾ ਡੰਡ ਹੈ, ਭਾਵ ਹੈ, ਇਨ੍ਹਾਂ ਉਪਰ ਜਮ ਦਾ ਜ਼ੋਰ ਚਲਦਾ ਹੈ।

੩. ਸੋ, ਹੇ ਭਾਈ! ਇਨ੍ਹਾਂ ਵਿਚ ਵਰਤਣ ਵਾਲੇ ਮਨਮੁਖ ਜਮ ਦੇ ਰਸਤੇ ਟੋਰੇ ਜਾਂਦੇ ਹਨ। ਉਹ ਜੀਵ ਜਿਨ੍ਹਾਂ ਨੂੰ ਕਿ ਦੂਜਾ ਭਾਉ, ਮਾਇਆ ਦਾ ਪਿਆਰ ਮਿੱਠਾ ਲੱਗਦਾ ਹੈ।

੪. ਇਹ ਜਮ ਪੁਰੀ ਵਿਚ ਬੱਧੇ ਹੋਏ ਮਾਰੇ ਜਾਂਦੇ ਹਨ ਤੇ ਇਨ੍ਹਾਂ ਦੀ ਪੁਕਾਰ ਵੀ ਕੋਈ ਨਹੀਂ ਸੁਣਦਾ।

ਪ੍ਰ: ਪਰ ਹਜ਼ੂਰ! ਇਨ੍ਹਾਂ ਭੂਤਾਂ ਤੋਂ ਛੁਟਕਾਰਾ ਕਿਸ ਦਾ ਹੁੰਦਾ ਹੈ ?

ਉ: ੫. ਹੇ ਭਾਈਓ! ਜਿਸ ਉੱਤੇ (ਪ੍ਰਭੂ) ਕਿਰਪਾ ਕਰਦਾ ਹੈ, ਉਸ ਨੂੰ ਗੁਰੂ ਮਿਲ ਪੈਂਦਾ ਹੈ, ਸੋ ਇਨ੍ਹਾਂ ਭੂਤਾਂ ਤੋਂ ਉਸ ਦਾ ਛੁਟਕਾਰਾ ਹੋ ਜਾਂਦਾ ਹੈ।੧੨।

ਭਾਵਾਰਥ : ਸਲੋਕ ਵਿਚ ਹਜ਼ੂਰ ਇਸ ਕਲਜੁਗ ਅੰਦਰ ਉਨ੍ਹਾਂ ਹੀ ਭਗਤਾਂ ਨੂੰ ਉੱਚੀ ਪਦਵੀ ਦੀ ਪ੍ਰਾਪਤੀ ਵਾਲੇ ਦੱਸ ਰਹੇ ਹਨ, ਜਿਨ੍ਹਾਂ ਨੇ ਸਾਈਂ ਜੀ ਦੇ ਸੱਚੇ ਨਾਮ ਦਾ ਖ਼ਜ਼ਾਨਾ ਹਾਸਲ ਕਰ ਲਿਆ ਹੈ। ਉਹ ਐਸੇ ਭਗਤ ਜਨ ਗ੍ਰਿਹਿਸਤ ਵਿਚ ਰਹਿੰਦੇ ਹੋਏ ਵੀ ਆਪਣਾ ਜੀਵਨ ਉਪਰਾਮਤਾ ਸਹਿਤ ਗੁਜ਼ਾਰਦੇ ਹਨ, ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਹਉਮੈ ਤੇ ਮੋਹ ਨੂੰ ਸਾੜ ਦਿੱਤਾ ਹੈ। ਅਜਿਹੇ ਭਗਤ ਨੂੰ ਜਨਮ ਦੇਣ ਵਾਲੀ ਮਾਂ ਭੀ ਧੰਨਤਾ ਯੋਗ ਹੈ।

ਤ੍ਰੈ ਗੁਣੀ ਮਾਇਆ ਦੇ ਮੋਹ ਵਿਚ ਸਾਰੇ ਹੀ ਜੀਵ ਇਸੇ ਤਰ੍ਹਾਂ ਮਾਇਆ ਨੂੰ ਦੇਖ ਕੇ ਆਪਣੇ ਜੀਵਨ ਦੇ ਸਹੀ ਰਾਹ ਤੋਂ ਇਸੇ ਤਰ੍ਹਾਂ ਭੁੱਲ ਰਹੇ ਹਨ, ਜਿਵੇਂ ਕਿ ਇਕ ਦੀਵੇ (ਦੀ ਲਾਟ ਨੂੰ) ਦੇਖ ਕੇ ਭੰਬਟ ਭੁੱਲ ਗਿਆ ਤੇ ਸੜ ਮੁਇਆ, ਇਸੇ ਤਰ੍ਹਾਂ ਜੀਵ ਦੁਖੀ ਹੋ ਰਹੇ ਹਨ।

ਪ੍ਰ: ਕਿਉਂ ਜੀ! ਜੋ ਪੜ੍ਹੇ ਲਿਖੇ ਪੰਡਤ ਲੋਕ ਹਨ, ਉਹ ਤਾਂ ਇਸ ਤ੍ਰੈ ਗੁਣੀ ਮਾਇਆਂ ਤੋਂ ਆਪਣਾ ਬਚਾਅ ਕਰ ਲੈਂਦੇ ਹੋਣਗੇ ?

ਉ: ੨. ਹੇ ਭਾਈਓ! ਪੰਡਤਾਂ ਦੀ ਗੱਲ ਵੀ ਸੁਣ ਲਓ। ਉਹ ਉਂਞ ਤਾਂ ਹੋਰਨਾਂ ਲੋਕਾਂ ਨੂੰ ਕਥਾ ਸੁਣਾਉਂਦੇ ਹਨ, ਪਰ ਆਪ ਚਲ ਰਹੀ ਕਥਾ ਦੇ ਭਾਵ ਤੋਂ ਉਲਟ, ਭੁੱਲ-ਭੁੱਲ ਕੇ, ਮੁੜ-ਮੁੜ ਕੇ (ਅਸਲੀ ਭਾਵ ਤੋਂ ਖੁੰਝ ਕੇ) ਮਾਇਆ ਵੱਲ ਹੀ ਤੱਕਦੇ ਹਨ ਕਿ ਵੇਖੀਏ ਕਿਸੇ ਨੇ ਕੁਝ ਲਿਆ ਕੇ ਭੇਟਾ ਰੱਖੀ ਹੈ (ਜਾਂ ਕਿ ਨਹੀਂ) ?

੩. ਸੋ ਇਸ ਤਰ੍ਹਾਂ ਉਹ ਮਾਇਆ ਦੇ ਪਿਆਰ ਵਿਚ ਲਗੇ, ਸਦਾ ਮਾਇਆ (ਦੀ ਸੰਥਾ ਹੀ) ਪੜ੍ਹਦੇ ਹਨ, ਸੋ ਮਾਨੋ ਉਨ੍ਹਾਂ ਨੂੰ ਰੱਬ ਨੇ ਹੀ ਆਪਣੇ ਨਾਮ ਵਲੋਂ ਖੁੰਝਾ ਰਖਿਆ ਹੈ।

੪. ਹੇ ਭਾਈਓ! ਇਥੇ ਹੀ ਬਸ ਨਹੀਂ, ਵੇਖ ਲਓ, ਜੋਗੀ, ਜੰਗਮ, ਸੰਨਿਆਸੀ ਵੀ ਭੁੱਲੇ ਹੋਏ ਫਿਰਦੇ ਹਨ।

ਪ੍ਰ: ਕਿਉਂ ਜੀ! ਉਹ ਕਿਉਂ ਭੁੱਲ ਗਏ ?

ਉ: ਉਹ ਇਸ ਲਈ ਕਿ ਉਨ੍ਹਾਂ ਨੇ (ਆਪਣੇ ਤਿਆਗ ਦਾ) ਬਹੁਤਾ ਅਹੰਕਾਰ ਤੇ ਗਰਬ ਹੀ ਆਪਣੇ ਅੰਦਰ ਵਧਾਇਆ ਹੋਇਆ ਹੈ।

ਪ੍ਰ: ਹਜ਼ੂਰ! ਤੁਹਾਨੂੰ ਉਨ੍ਹਾਂ ਦੇ ਅੰਦਰ ਵਧੇ ਅਹੰਕਾਰ ਦਾ ਕਿਵੇਂ ਪਤਾ ਲੱਗਾ ?

ਉ: ੫. ਹੇ ਮਿੱਤਰੋ! ਅਸੀਂ ਵੇਖ ਰਹੇ ਹਾਂ ਕਿ ਉਹ ਦੂਜੇ ਗ੍ਰਿਹਿਸਤੀਆਂ ਪਾਸੋਂ ਆਦਰ ਸ਼ਰਧਾ ਨਾਲ ਮਿਲਿਆ ਕੱਪੜਾ ਤੇ ਭੋਜਨ ਰੂਪ ਭਿੱਛਿਆ ਨਹੀਂ ਲੈਂਦੇ, ਭਾਵ ਹੈ ਕਿ ਥੋੜ੍ਹੀ ਵਸਤੂ ਮਿਲਣ 'ਤੇ ਉਨ੍ਹਾਂ ਨੂੰ ਘੂਰਦੇ ਹਨ, ਸੋ ਇਨ੍ਹਾਂ ਨੇ ਭੀ ਮਨ ਦੇ ਹੱਠ ਨਾਲ ਜਨਮ ਗੁਵਾ ਲਿਆ ਹੈ, (ਭਾਵ ਖ਼ੁਸ਼ੀ ਨਾਲ ਦਿੱਤਾ ਨਹੀਂ ਲੈਂਦੇ, ਜੋ ਆਪ ਮੰਗਣ ਸੋ ਹੱਠ ਕਰਕੇ ਲੈਂਦੇ ਹਨ)।

ਪ੍ਰ: ਕਿਉਂ ਜੀ! ਤੁਸੀਂ ਇਨ੍ਹਾਂ ਸਾਰਿਆਂ ਵਿਚ ਪੂਰਨ ਅਵਸਥਾ ਵਾਲਾ ਮਨੁੱਖ ਕਿਸ ਨੂੰ ਸਮਝਦੇ ਹੋ ?

ਉ: ੬. ਹੇ ਭਾਈਓ! ਇਨ੍ਹਾਂ ਸਾਰਿਆਂ ਵਿਚੋਂ ਉਹੀ ਪੂਰਨ ਸਮਾਧੀ ਵਾਲਾ ਹੈ, ਜਿਸ ਨੇ ਕਿ ਗੁਰੂ ਦੁਆਰਾ ਨਾਮ ਦਾ ਸਿਮਰਨ ਕੀਤਾ ਹੈ।

ਪ੍ਰ: ਹੇ ਗੁਰੋ! ਇਹ ਦੱਸੋ, ਫਿਰ ਇਸ ਤ੍ਰੈ ਗੁਣੀ ਮਾਇਆ ਦੇ ਹੱਥੋਂ ਬਚਣ ਲਈ ਕਿਸ ਨੂੰ ਇਹ ਸਾਰਾ ਰਾਜ਼ ਖੋਲ੍ਹ ਕੇ ਸੁਣਾਈਏ ? ਜਾਂ ਤੁਸੀਂ ਕਿਸ ਅੱਗੇ ਪੁਕਾਰੂ ਹੁੰਦੇ ਹੋ ?

ਉ: ੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਦੱਸੋ ਹੋਰ ਕਿਸ ਦੇ ਅੱਗੇ ਪੁਕਾਰ ਕਰੀਏ ? ਕਿਉਂਕਿ ਇਹ ਸਾਰੇ ਪ੍ਰਭੂ ਦੇ ਪ੍ਰੇਰੇ ਹੋਏ ਹੀ ਕਾਰ ਕਰਦੇ ਹਨ। ਹੇ ਭਾਈਓ! ਜਿਸ ਮਾਇਆ ਤੋਂ ਬਚਣ ਲਈ ਪ੍ਰਭੂ ਅੱਗੇ ਕੀਤੀ ਅਰਦਾਸ ਹੀ ਸਹਾਇਤਾ ਕਰਦੀ ਹੈ।

ਭੁੱਲ ਰਹੇ ਹਨ, ਜਿਵੇਂ ਕਿ ਪਤੰਗਾ ਦੀਵੇ ਦੀ ਲਾਟ ਵਿਚ ਭੁਲਾ ਹੋਇਆ ਸੜ ਮਰਦਾ ਹੈ। ਇਹ ਮਾਇਆ ਦਾ ਮੋਹ ਇਤਨਾ ਪ੍ਰਬਲ ਹੈ, ਭਾਵੇਂ ਕੋਈ ਪੰਡਤ ਹੈ, ਜੋਗੀ ਹੈ, ਸੰਨਿਆਸੀ ਹੈ, ਸਾਰਿਆਂ ਦੇ ਮਨਾਂ ਉੱਤੇ ਸੂਖਮ ਰੂਪ ਹੋ ਕੇ ਛਾਇਆ ਹੋਇਆ ਹੈ, ਪਰ ਇਸ ਤ੍ਰੈਗੁਣੀ ਮਾਇਆ ਤੋਂ ਉਸੇ ਦਾ ਬਚਾਅ ਹੋਇਆ ਹੈ ਜਿਨ੍ਹਾਂ ਨੇ ਗੁਰੂ ਦੁਆਰਾ ਨਾਮ ਦੀ ਦਾਤ ਪ੍ਰਾਪਤ ਕੀਤੀ ਹੈ।

ਇਹ ਅਸਲ ਵਿਚ ਕਾਮ, ਕ੍ਰੋਧ, ਲੋਭ, ਮੋਹ ਆਦਿ ਹੀ ਅਸਲ ਭੂਤ ਪ੍ਰੇਤ ਹਨ, ਜਿਨ੍ਹਾਂ ਨੇ ਜੀਵਾਂ ਨੂੰ ਭੁਲੇਖੇ ਵਿਚ ਰਖਿਆ ਹੈ। ਇਨ੍ਹਾਂ ਦੀ ਭਟਕਣਾ ਵਿਚ ਪਏ ਜੀਵ ਜਮਾਂ ਦੀ ਰਈਅਤ ਬਣ ਰਹੇ ਹਨ, ਜਿਨ੍ਹਾਂ ਨੂੰ ਅੰਤ ਵਿਚ ਜਮਾਂ ਦੇ ਰਸਤੇ ਟੋਰਿਆ ਜਾਵੇਗਾ, ਪਰ ਜਿਨ੍ਹਾਂ ਨੂੰ ਪ੍ਰਭੂ ਦੀ ਕਿਰਪਾ ਦੁਆਰਾ ਗੁਰੂ ਮਿਲ ਗਿਆ ਹੈ, ਉਨ੍ਹਾਂ ਭਗਤਾਂ ਦਾ ਇਸ ਸੰਸਾਰ ਤੋਂ ਪਾਰ ਉਤਾਰਾ ਹੋ ਗਿਆ ਹੈ।

ਸਲੋਕੁ ਮਃ ੩ ॥

੧. ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥
੨. ਜੋ ਮੋਹਿ ਦੂਜੈ ਚਿਤੁ ਲਾਇਦੇ
ਤਿਨਾ ਵਿਆਪਿ ਰਹੀ ਲਪਟਾਇ ॥
੩. ਗੁਰ ਕੈ ਸਬਦਿ ਪਰਜਾਲੀਐ
ਤਾ ਏਹ ਵਿਚਹੁ ਜਾਇ ॥
੪. ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
੫. ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ
ਗੁਰਮੁਖਿ ਪਾਇਆ ਜਾਇ ॥੧॥

ਪਦ ਅਰਥ : ਮਮਤਾ—ਮੈਂ-ਪਣਾ, ਅਹੰਭਾਵ, ਇਹ ਖ਼ਿਆਲ ਕਿ ਫਲਾਣੀ ਚੀਜ਼ ਮੇਰੀ ਬਣ ਜਾਵੇ, ਜਾਂ ਮੇਰੀ ਹੈ, ਜਿਸ ਤੋਂ ਅੱਗੇ ਮੋਹ ਮਾਇਆ ਦਾ ਜਾਲ ਖਿਲਰਦਾ ਹੈ, ਅਪਣੱਤ। ਮੋਹਣੀ—ਮੋਹ ਲੈਣ ਵਾਲੀ, ਠੱਗਣੀ, ਚੁੜੇਲ। ਲਪਟਾਇ—ਚੰਬੜ ਕੇ। ਪਰਜਾਲੀਐ—ਚੰਗੀ ਤਰ੍ਹਾਂ ਸਾੜੀਦੀ ਹੈ। ਮਾਰਣੁ—ਮਸਾਲਾ, (ਸੰਖੀਏ ਆਦਿਕ ਜ਼ਹਿਰ ਨੂੰ) ਕੁਸ਼ਤਾ ਕਰਨ ਵਾਲੀ ਬੂਟੀ, ਵੈਦ ਲੋਕ ਧਾਤੂਆਂ ਨੂੰ ਅੱਗਾਂ ਦੀਆ ਪੁੱਠਾਂ ਦੇ ਦੇ ਕੇ ਮਾਰਦੇ ਹਨ। ਕਈ ਵਾਰ ਨਾਲ ਹੋਰ ਵੀ ਔਖਧੀਆਂ ਪੌਂਦੇ ਹਨ। ਇਸ ਨੂੰ ਮਾਰਣ ਕਹਿੰਦੇ ਹਨ, ਸੋ ਅਰਥ ਬਣਿਆ ਮਸਾਲਾ।

ਅਰਥ :

ਪ੍ਰ: ਹਜ਼ੂਰ ਜੀਉ! ਪਿੱਛੇ ਆਪ ਜੀ ਨੇ ਭੂਤਾਂ ਪ੍ਰੇਤਾਂ ਦਾ ਜ਼ਿਕਰ ਕੀਤਾ ਹੈ, ਪਰ ਆਪ ਚੁੜੇਲ ਕਿਸ ਨੂੰ ਮੰਨਦੇ ਹੋ?

ਉ: ੧. ਹੇ ਸੱਜਨੋ! ਇਹ ਜੋ ਹਉਮੈ ਤੇ ਅਪਣੱਤ (ਸਰੂਪ ਵਾਲੀ ਮਾਇਆ ਹੈ) ਇਹੋ (ਮਾਨੋ) ਇਕ ਚੁੜੇਲ, ਠੱਗਣੀ ਹੈ, ਇਹ ਮਨਮੁਖ ਜੋ ਆਪ-ਹੁਦਰੇ ਹਨ, ਉਨ੍ਹਾਂ ਨੂੰ ਤਾਂ ਇਹ ਹੜੱਪ ਕਰ ਜਾਂਦੀ ਹੈ।

ਪ੍ਰ: ਸ੍ਰੀ ਜੀਉ! ਇਹ ਮਮਤਾ ਰੂਪ ਮਾਇਆ ਵਧੇਰੇ ਕਿਸ ਨੂੰ ਵਿਆਪਦੀ ਹੈ?

ਉ: ੨. ਹੇ ਭਾਈਓ! ਜੋ ਲੋਕ ਰੱਬ ਨੂੰ ਛੱਡ ਕੇ ਕਿਸੇ ਹੋਰ ਦੇ ਮੋਹ ਵਿਚ ਚਿੱਤ ਨੂੰ ਜੋੜਦੇ ਹਨ, ਉਨ੍ਹਾਂ ਨੂੰ ਤਾਂ ਐਸੀ ਚੰਬੜਦੀ ਹੈ ਕਿ ਆਪਣੇ ਵਸ ਵਿਚ ਕਰ ਲੈਂਦੀ ਹੈ।

ਪ੍ਰ: ਕਿਉਂ ਜੀ! ਇਸ ਤੋਂ ਛੁਟਕਾਰਾ ਵੀ ਹੋ ਸਕਦਾ ਹੈ?

ਉ: ੩. (ਹਾਂ, ਹੋ ਸਕਦਾ ਹੈ) ਹੇ ਪਿਆਰੇ! ਜੋ ਮਨੁੱਖ ਇਸ ਨੂੰ ਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਚੰਗੀ ਤਰ੍ਹਾਂ ਸਾੜ ਦੇਵੇ (ਜਿਵੇਂ ਕਿ ਕਿਸੇ ਚੰਬੜੇ ਹੋਏ ਭੂਤਾਂ ਚੁੜੇਲਾਂ ਨੂੰ ਮਾਂਦਰੀ ਲੋਕ ਅੱਗ ਨਾਲ ਸਾੜਨ ਦਾ ਡਰਾਵਾ ਦੇਂਦੇ ਹਨ, ਜਿਸ ਤੋਂ ਭੈ ਭੀਤ ਹੋ ਉਸ ਆਦਮੀ ਨੂੰ ਉਹ ਛੱਡ ਜਾਂਦੇ ਹਨ) ਇਸੇ ਤਰ੍ਹਾਂ ਇਹ ਮਮਤਾ ਰੂਪ ਮਾਇਆ ਅੰਦਰੋਂ ਨਿਕਲ ਜਾਂਦੀ ਹੈ।

੪. ਇਸ ਦੇ ਅੰਦਰੋਂ ਨਿਕਲ ਜਾਣ ਨਾਲ ਮਨ ਵਿਚ ਨਾਮ ਨਿਵਾਸ ਆ ਕਰਦਾ ਹੈ, ਜਿਸ ਕਰਕੇ ਮਨ ਵੀ ਅਤੇ ਤਨ ਵੀ ਉਜਲਾ, ਭਾਵ ਵਿਕਾਰਾਂ ਵਲੋਂ ਪਵਿੱਤ੍ਰ ਹੋ ਜਾਂਦਾ ਹੈ।

ਪ੍ਰ: ਹੇ ਗੁਰੋ! ਜਿਵੇਂ ਸੰਖੀਏ ਨੂੰ ਮਸਾਲਿਆਂ ਨਾਲ ਮਾਰ ਕੇ ਕੁਸ਼ਤਾ ਬਣਾ ਲਈਦਾ ਹੈ, ਇਸ ਤਰ੍ਹਾਂ ਇਸ ਮਾਇਆ ਨੂੰ ਮਾਰਨ ਲਈ ਵੀ ਕੋਈ ਮਸਾਲਾ ਹੈ?

ਉ: ੫. (ਹਾਂ ਜ਼ਰੂਰ ਹੈ) ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਇਸ ਮਾਇਆ ਰੂਪ ਵਿਖ ਨੂੰ ਮਾਰਨ ਲਈ ਇਕੋ ਬੂਟੀ ਹਰੀ ਦਾ ਨਾਮ ਸਿਮਰਨ ਹੈ, ਪਰ ਇਹ ਨਾਮ ਗੁਰੂ ਪਾਸੋਂ ਹੀ ਪ੍ਰਾਪਤ ਹੁੰਦਾ ਹੈ।੧।

ਮਃ ੩ ॥

੧. ਇਹੁ ਮਨੁ ਕੇਤੜਿਆ ਜੁਗ ਭਰਮਿਆ
ਥਿਰੁ ਰਹੈ ਨ ਆਵੈ ਜਾਇ ॥
੨. ਹਰਿ ਭਾਣਾ ਤਾ ਭਰਮਾਇਅਨੁ
ਕਰਿ ਪਰਪੰਚੁ ਖੇਲੁ ਉਪਾਇ ॥
੩. ਜਾ ਹਰਿ ਬਖਸੇ ਤਾ ਗੁਰ ਮਿਲੈ
ਅਸਥਿਰੁ ਰਹੈ ਸਮਾਇ ॥
੪. ਨਾਨਕ ਮਨ ਹੀ ਤੇ ਮਨੁ ਮਾਨਿਆ
ਨਾ ਕਿਛੁ ਮਰੈ ਨ ਜਾਇ ॥੨॥

ਪਦ ਅਰਥ : ਕੇਤੜਿਆ ਜੁਗ—ਕਈ ਜੁੱਗ, ਬਹੁਤ ਲੰਮਾ ਸਮਾਂ। ਹਰਿ ਭਾਣਾ—ਪ੍ਰਭੂ ਦੀ ਰਜ਼ਾ ਵਿਚ। ਭਰਮਾਇਅਨੁ—ਭਰਮਾਇਆ ਉਸ (ਪ੍ਰਭੂ) ਨੇ, ਘੁਮਾਇਆ, ਭਟਕਾਇਆ। ਪਰਪੰਚੁ—ਠੱਗਣ ਵਾਲਾ, ਇਹ ਦਿੱਸਦਾ ਜਗਤ ਜੋ ਕਈ ਰੰਗਾਂ ਵਾਲਾ ਹੈ ਤੇ ਭੁਲੇਖੇ ਵਿਚ ਪਾਉਂਦਾ ਹੈ। ਜਾਇ—ਜੰਮਦਾ ਹੈ।

ਅਰਥ :

ਪ੍ਰ: ਹੇ ਗੁਰੋ! ਇਹ ਮਨ ਹਰ ਵਕਤ ਹੀ ਭਟਕਦਾ ਰਹਿੰਦਾ ਹੈ, ਇਹ ਕਿਉਂ?

ਉ: ੧. ਹੇ ਪਿਆਰਿਓ! ਇਹ ਕੇਵਲ ਇਸੇ ਜੁਗ ਵਿਚ ਨਹੀਂ, ਇਹ ਮਨ ਤਾਂ ਕਈ ਜੁੱਗਾਂ ਵਿਚ ਭਟਕਦਾ ਫਿਰਿਆ ਹੈ, ਪਰਮੇਸ਼ਰ ਵਿਚ ਟਿਕਾਅ ਹੀ ਨਹੀਂ ਕਰਦਾ, ਇਸੇ ਲਈ ਆਉਂਦਾ ਜਾਂਦਾ ਰਹਿੰਦਾ ਹੈ।

ਪ੍ਰ: ਕਿਉਂ ਜੀ! ਇਸ ਦਾ ਆਵਾਗਵਨ ਕਰਦੇ ਰਹਿਣ ਦਾ ਅਸਲ ਕਾਰਣ ਕੀ ਹੈ?

ਉ: ੨. ਹੇ ਭਾਈਓ! ਅਸਲ ਵਿਚ ਤਾਂ ਇਹ ਗੱਲ ਪ੍ਰਭੂ ਨੂੰ ਹੀ ਏਸੇ ਤਰ੍ਹਾਂ ਭਾਉਂਦੀ ਹੈ ਕਿ ਉਸ ਨੇ ਇਹ ਠੱਗਣ ਵਾਲੀ ਜਗਤ ਰੂਪੀ ਇਕ ਖੇਡ ਪੈਦਾ ਕਰਕੇ ਇਨ੍ਹਾਂ ਜੀਵਾਂ ਦੇ ਮਨਾਂ ਨੂੰ ਭਟਕਣਾ ਵਿਚ ਪਾ ਦਿੱਤਾ ਹੈ।

ਪ੍ਰ: ਕਿਉਂ ਜੀ! ਕੋਈ ਅਜਿਹਾ ਸਾਧਨ ਹੈ, ਜਿਸ ਦੀ ਬਰਕਤ ਨਾਲ ਇਸ ਮਨ ਦੀ ਭਟਕਣਾ ਮਿਟ ਜਾਏ?

ਉ: ੩. ਹਾਂ ਹੈ, ਹੇ ਭਾਈਓ! ਇਕੋ ਇਹ ਸਾਧਨ ਹੈ, ਹੁਣ ਜੇ ਕਦੀ ਉਹ ਸਾਈਂ ਜੀ ਬਖ਼ਸ਼ਸ਼ ਕਰਨ ਤਾਂ ਗੁਰੂ ਦਾ ਮਿਲਾਪ ਹੋਵੇ। ਇਸ ਗੁਰੂ ਮਿਲਾਪ ਦਾ ਸਦਕਾ ਇਹ ਮਨ ਭਟਕਣ ਵਲੋਂ ਟਿਕ ਸਕਦਾ ਹੈ। ਇਉਂ ਟਿਕਿਆ ਮਨ ਫਿਰ ਵਾਹਿਗੁਰੂ ਜੀ ਵਿਚ ਹੀ ਸਮਾ ਜਾਏਗਾ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜਦੋਂ ਇਹ ਅਵਸਥਾ ਹੋ ਜਾਏ, ਤਾਂ ਫਿਰ ਇਹ ਮਨ ਅੰਦਰੋਂ ਹੀ ਪ੍ਰਭੂ ਨਾਮ ਵਿਚ ਪਤੀਜ ਜਾਂਦਾ ਹੈ, ਤਦੋਂ ਫਿਰ ਕੀ ਵੇਖਦਾ ਹੈ ਕਿ ਨਾ ਕੁਝ ਮਰਦਾ ਹੈ ਅਤੇ ਨਾ ਹੀ ਕੁਝ ਆਉਂਦਾ ਜਾਂਦਾ ਹੈ।੨।

ਪਉੜੀ ॥

੧. ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ ॥
੨. ਕਾਇਆ ਅੰਦਰਿ ਆਪਿ ਵਸਿ ਰਹਿਆ ਆਪੇ ਰਸ ਭੋਗੀ ॥
੩. ਆਪਿ ਅਤੀਤੁ ਅਲਿਪਤੁ ਹੈ ਨਿਰਜੋਗੁ ਹਰਿ ਜੋਗੀ ॥
੪. ਜੋ ਤਿਸੁ ਭਾਵੈ ਸੋ ਕਰੇ ਹਰਿ ਕਰੇ ਸੁ ਹੋਗੀ ॥
੫. ਹਰਿ ਗੁਰਮੁਖਿ ਨਾਮੁ ਧਿਆਈਐ ਲਹਿ ਜਾਹਿ ਵਿਜੋਗੀ ॥੧੩॥

ਪਦ ਅਰਥ : ਕਾਇਆ—ਮਨੁੱਖ ਸਰੀਰ। ਅਤੀਤੁ—ਵਿਰਕਤ। ਅਲਿਪਤੁ—ਜਿਸ ਉੱਤੇ ਮਾਇਆ ਦਾ ਅਸਰ ਨ ਹੋ ਸਕੇ। ਨਿਰਜੋਗੁ—ਨਿਰਬੰਧ, ਮੁਕਤਿ, ਅਨਜੁੜਿਆ, ਅਲੱਗ। ਵਿਜੋਗੀ—ਵਿਛੋੜਾ, ਵਿਜੋਗ।

ਅਰਥ :

ਪ੍ਰ: ਹੇ ਗੁਰੋ! ਆਪ ਇਸ ਸਰੀਰ ਨੂੰ ਕਿਸ ਰੂਪ ਵਿਚ ਅਨੁਭਵ ਕਰਦੇ ਹੋ?

ਉ: ੧. ਹੇ ਭਾਈਓ! ਇਹ ਮਨੁੱਖਾ ਦੇਹ (ਮਾਨੋ) ਇਕ ਵੱਡਾ ਕਿਲ੍ਹਾ ਹੈ, ਜੋ ਇਹ ਮਨੁੱਖ ਨੂੰ ਚੰਗੇ ਭਾਗਾਂ ਨਾਲ ਮਿਲਦਾ ਹੈ।

੨. ਪਰ ਇਸ ਸਰੀਰ ਵਿਚ ਪ੍ਰਭੂ ਆਪ ਹੀ ਨਿਵਾਸ ਕਰ ਰਿਹਾ ਹੈ ਅਤੇ ਆਪ ਹੀ ਇਸ ਵਿਚ ਰਸਾਂ ਦਾ ਭੋਗਣਹਾਰ ਹੋ ਰਿਹਾ ਹੈ।

੩. ਫਿਰ ਇਸ ਦੇ ਅੰਦਰ ਵਸਦਾ ਤੇ ਭੋਗਦਾ ਹੋਇਆ ਅਤੀਤ ਤੇ ਅਲੇਪ ਰਹਿੰਦਾ ਹੈ। ਉਹ ਹਰੀ ਆਪ ਜੋਗੀ ਜੁੜਿਆ ਹੋਇਆ ਵੀ ਅਨਜੁੜਿਆ ਹੋਇਆ ਵਸਦਾ ਹੈ।

੪. ਜੋ ਉਸ ਨੂੰ ਚੰਗਾ ਲੱਗਦਾ ਹੈ (ਉਹ) ਸੋਈ ਕਰਦਾ ਹੈ ਅਤੇ ਜੋ ਉਹ ਹਰੀ ਕਰੇ ਸੋ ਹੋ ਜਾਂਦਾ ਹੈ।

ਪ੍ਰ: ਆਖ਼ਰ ਹਜ਼ੂਰ ਜੀਉ! ਦੱਸੋ ਸਾਨੂੰ ਕੀ ਕਰਨਾ ਚਾਹੀਦਾ ਹੈ?

ਉ: ੫. ਹੇ ਭਾਈਓ! ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰੂ ਦੇ ਸਨਮੁਖ ਹੋ ਕੇ ਨਾਮ ਦਾ ਸਿਮਰਨ ਕਰੀਏ, ਤਾਂਕਿ ਜੋ ਸਾਡਾ ਹਰੀ ਨਾਲ ਪਾਇਆ ਹੋਇਆ ਵਿਛੋੜਾ ਹੈ, ਇਹ ਦੂਰ ਹੋ ਜਾਏ।੧੩।

ਭਾਵਾਰਥ : ਸਲੋਕ ਵਿਚ ਮਮਤਾ ਮੋਹਣੀ ਦਾ ਜ਼ਿਕਰ ਕੀਤਾ ਹੈ, ਜੋ ਕਿ ਮਨ ਦੇ ਪਿੱਛੇ ਟੁਰਨ ਵਾਲਿਆਂ ਨੂੰ ਸਦਾ ਹੀ ਵਿਆਪੀ ਰਹਿੰਦੀ ਹੈ, ਪਰ ਇਸ ਦੀ ਨਵਿਰਤੀ ਗੁਰੂ ਦੇ ਸ਼ਬਦ ਦੁਆਰਾ ਹੁੰਦੀ ਹੈ, ਜਿਸ ਦਾ ਸਦਕਾ ਤਨ ਮਨ ਉੱਜਲਾ ਹੋ ਜਾਂਦਾ ਹੈ।

ਇਹ ਮਨ ਕਿਤਨੇ ਜੁੱਗਾਂ ਜੁਗੰਤ੍ਰਾਂ ਤੋਂ ਭਟਕਦਾ ਆ ਰਿਹਾ ਹੈ, ਪਰ ਇਹ ਅਚਲ ਕੇਵਲ ਗੁਰੂ ਦੇ ਸ਼ਬਦ ਦੁਆਰਾ ਹੀ ਹੋ ਸਕਦਾ ਹੈ।

ਇਹ ਸਰੀਰ ਇਕ ਪ੍ਰਕਾਰ ਦਾ ਵੱਡਾ ਕਿਲ੍ਹਾ ਹੈ, ਪਰ ਇਸ ਦੀ ਪ੍ਰਾਪਤੀ ਚੰਗੇ ਸੰਜੋਗਾਂ ਨਾਲ ਹੀ ਹੁੰਦੀ ਹੈ। ਜਦੋਂ ਗੁਰੂ ਦੀ ਬਖ਼ਸ਼ਸ਼ ਹੋਵੇ ਤਾਂ ਉਸ ਮਾਲਕ ਨੂੰ ਅੰਦਰ ਵਸਦਾ ਹੀ ਵੇਖ ਲਈਦਾ ਹੈ। ਜਿਨ੍ਹਾਂ ਨੇ ਗੁਰੂ ਦੁਆਰਾ ਨਾਮ ਸਿਮਰਨ ਕੀਤਾ ਹੈ, ਉਨ੍ਹਾਂ ਦਾ ਜੋ ਹਰੀ ਨਾਲ ਵਿਛੋੜਾ ਹੋ ਰਿਹਾ ਸੀ, ਉਹ ਸਦਾ ਲਈ ਮਿਟ ਗਿਆ।

ਸਲੋਕੁ ਮ: ੩ ॥

੧. ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ ॥
੨. ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ॥
੩. ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥
੪. ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ॥੧॥

ਪਦ ਅਰਥ : ਵਾਹੁ ਵਾਹੁ—ਖ਼ੂਬ, ਸ਼ਾਬਾਸ਼, ਧੰਨ, ਜਦੋਂ ਅਸੀਂ ਕਦੇ ਕੋਈ ਬਹੁਤ ਅਸਚਰਜ ਨਜ਼ਾਰਾ ਵੇਖਦੇ ਹਾਂ ਜਾਂ ਕਦੇ ਕੋਈ ਬੜਾ ਸੁੰਦਰ ਖ਼ਿਆਲ ਸੁਣਦੇ ਹਾਂ ਤਾਂ ਮਸਤ ਜਿਹੇ ਹੋਕੇ 'ਵਾਹੁ ਵਾਹੁ' ਆਖਦੇ ਹਾਂ, ਮਾਨੋਂ ਅਸੀਂ ਉਸ ਨਜ਼ਾਰੇ, ਜਾਂ ਖ਼ਿਆਲ ਦੀ ਸਿਫ਼ਤ ਕਰਦੇ ਹਾਂ, ਸੋ 'ਵਾਹੁ ਵਾਹੁ' ਆਖਣਾ ਇਕ ਤਰ੍ਹਾਂ ਸਿਫ਼ਤਿ-ਸਾਲਾਹ ਕਰਨਾ ਹੈ, ਪਰ ਨਾਲ ਹੀ ਇਹ ਭਾਵ ਭੀ ਹੁੰਦਾ ਹੈ ਕਿ ਇਸ ਦੀ ਸਿਫ਼ਤ ਲਈ ਸਾਡੇ ਪਾਸ ਢੁੱਕਵੇਂ ਲਫ਼ਜ਼ ਨਹੀਂ ਹਨ। ਇਹ ਅਸਚਰਜ ਜਨਾਉਣ ਲਈ ਵਿਸਮਯ ਬੋਧਕ ਪਦ ਹੈ।

ਅਰਥ :

ਪ੍ਰ: ਹੇ ਗੁਰੋ! ਹਰ ਗੁਰਸਿੱਖ ਉਸ ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਕਿਉਂ ਨਹੀਂ ਕਰਦਾ?

ਉ: ੧. ਹੇ ਭਾਈ! ਜੇ ਕੋਈ ਗੁਰਸਿੱਖ ਉਸ ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਉਹ ਆਪਣੇ ਆਪ ਨਹੀਂ ਕਰਦਾ, ਉਹ ਸੱਚਾ ਪ੍ਰਭੂ ਆਪ ਹੀ ਸਤਿਗੁਰੂ ਦੇ ਸ਼ਬਦ ਦੇ ਰਾਹੀਂ (ਮਨੁੱਖ ਪਾਸੋਂ) 'ਵਾਹੁ ਵਾਹੁ' ਅਖਵਾਂਦਾ ਹੈ, ਭਾਵ ਸਿਫ਼ਤਿ-ਸਾਲਾਹ ਕਰਵਾਂਦਾ ਹੈ।

ਪ੍ਰ: ਹੇ ਗੁਰੋ! 'ਵਾਹੁ ਵਾਹੁ' ਕੀ ਵਸਤੂ ਹੈ?

ਉ: ੨. ਹੇ ਭਾਈਓ! ਕੋਈ ਵਿਰਲਾ ਗੁਰਮੁਖ ਹੀ ਇਸ ਗੱਲ ਨੂੰ ਸਮਝਦਾ ਹੈ ਕਿ (ਉਸ ਸਤਿ ਸਰੂਪ ਦੀ) ਸਿਫ਼ਤਿ-ਸਾਲਾਹ, ਇਸੇ 'ਵਾਹੁ ਵਾਹੁ' ਸ਼ਬਦ ਵਿਚ ਹੈ, ਭਾਵ 'ਵਾਹੁ ਵਾਹੁ' ਆਖਣਾ ਪ੍ਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਹੈ।

੩. ਹੇ ਭਾਈ! ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੀ ਬਾਣੀ ਪਰਮੇਸ਼ਰ ਦਾ ਸਰੂਪ ਹੈ, ਇਸੇ ਦੁਆਰਾ ਪਰਮੇਸ਼ਰ ਵਿਚ ਮਿਲਾਪ ਹੁੰਦਾ ਹੈ।

੪. ਹੇ ਮਿੱਤਰ ਜਨੋ! (ਗੁਰੂ) ਨਾਨਕ ਦੇਵ ਜੀ ਕਹਿੰਦੇ ਕਿ ਹੇ ਪਿਆਰੇ! ਵਾਹੁ ਵਾਹੁ ਕਰਦਿਆਂ ਪ੍ਰਭੂ ਨੂੰ ਪਾ ਲਈਦਾ ਹੈ, ਪਰ ਇਹ 'ਵਾਹੁ ਵਾਹੁ' ਕਰਨ ਦੀ ਦਾਤ ਵੀ ਪ੍ਰਭੂ ਦੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ।੧।

ਮਃ ੩ ॥

੧. ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥
੨. ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥
੩. ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥
੪. ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ
ਤਿਨ੍ ਕਉ ਪਰਜਾ ਪੂਜਣ ਆਈ ॥
੫. ਵਾਹੁ ਵਾਹੁ ਕਰਮਿ ਪਰਾਪਤਿ ਹੋਵੈ
ਨਾਨਕ ਦਰਿ ਸਚੈ ਸੋਭਾ ਪਾਈ ॥੨॥

ਅਰਥ :

ਪ੍ਰ: ਸ੍ਰੀ ਜੀਉ! ਤੁਸੀਂ ਕਿਸ ਰਸਨਾ ਨੂੰ ਸੋਭਨੀਕ ਸਮਝਦੇ ਹੋ?

ਉ: ੧. ਹੇ ਭਾਈ! ਇਹ ਰਸਨਾ ਤਾਂ ਗੁਰੂ ਦੇ ਸ਼ਬਦ ਦੁਆਰਾ 'ਵਾਹੁ ਵਾਹੁ' ਆਖਦੀ ਸੋਹਣੀ ਲੱਗਦੀ ਹੈ।

੨. ਹੇ ਪਿਆਰਿਓ! ਇਹ ਨਿਯਮ ਹੈ ਕਿ ਪ੍ਰਭੂ ਮਿਲਦਾ ਹੀ ਗੁਰੂ ਦੇ ਪੂਰਨ ਸ਼ਬਦ ਰਾਹੀਂ ਹੈ।

੩. ਹੇ ਮਿੱਤਰੋ! ਇਹ ਵਾਹੁ ਵਾਹੁ, (ਸਿਫ਼ਤਿ-ਸਾਲਾਹ ਦਾ ਸ਼ਬਦ) ਵੱਡੇ ਭਾਗਾਂ ਵਾਲਿਆਂ ਦੇ ਮੂੰਹ ਵਿਚੋਂ ਪ੍ਰਭੂ ਜੀ ਆਪ ਹੀ ਅਖਵਾਂਦਾ ਹੈ।

੪. ਹੇ ਪਿਆਰੇ! ਜੋ ਮਨੁੱਖ ਵਾਹੁ ਵਾਹੁ ਕਰਦੇ ਹਨ, ਉਹੀ ਸੋਹਣੇ ਲੱਗਦੇ ਹਨ, ਉਨ੍ਹਾਂ ਨੂੰ ਤਾਂ ਸਾਰੀ ਹੀ ਪਰਜਾ ਪੂਜਣ ਲਈ ਆਉਂਦੀ ਹੈ।

ਪ੍ਰ: ਕਿਉਂ ਜੀ! ਇਹ ਵਾਹੁ ਵਾਹੁ ਦੀ ਨਿਰਮਲ ਕਰਨੀ ਸਾਰੇ ਹੀ ਲੋਕ ਕਿਉਂ ਨਹੀਂ ਕਰਦੇ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਇਹ ਵਾਹੁ ਵਾਹੁ ਦੀ ਕਰਨੀ ਪ੍ਰਭੂ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਨੂੰ ਪ੍ਰਾਪਤ ਹੋਵੇ, ਉਨ੍ਹਾਂ ਨੂੰ ਸੱਚੇ ਰੱਬੀ ਦਰਬਾਰ ਵਿਚ ਸੋਭਾ ਮਿਲਦੀ ਹੈ।੨।

ਪਉੜੀ ॥

੧. ਬਜਰ ਕਪਾਟ ਕਾਇਆ ਗੜ੍ ਭੀਤਰਿ
ਕੂੜੁ ਕੁਸਤੁ ਅਭਿਮਾਨੀ ॥
੨. ਭਰਮਿ ਭੂਲੇ ਨਦਰਿ ਨ ਆਵਨੀ
ਮਨਮੁਖ ਅੰਧ ਅਗਿਆਨੀ ॥
੩. ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
੪. ਗੁਰ ਸਬਦੀ ਖੋਲਾਈਅਨਿ੍ ਹਰਿ ਨਾਮੁ ਜਪਾਨੀ ॥
੫. ਹਰਿ ਜੀਉ ਅੰਮ੍ਰਿਤ ਬਿਰਖੁ ਹੈ
ਜਿਨ ਪੀਆ ਤੇ ਤ੍ਰਿਪਤਾਨੀ ॥੧੪॥

ਅਰਥ :

ਪ੍ਰ: ਹੇ ਗੁਰੋ! ਤੁਸੀਂ ਕਹਿੰਦੇ ਹੋ ਕਿ ਉਹ ਕਰਤਾਰ ਇਸ ਕਾਂਇਆਂ ਵਿਚ ਹੀ ਹੈ, ਤਾਂ ਫਿਰ ਉਹ ਦਿੱਸਦਾ ਕਿਉਂ ਨਹੀਂ?

ਉ: ੧. ਹੇ ਪਿਆਰਿਓ! ਹੈ ਤਾਂ ਉਹ ਨਿਰੰਕਾਰ ਇਸ ਕਾਂਇਆਂ ਦੇ ਅੰਦਰ ਹੀ, ਪਰ ਹੇ ਭਾਈ ਇਸ ਦੇਹੀ ਰੂਪੀ ਕਿਲ੍ਹੇ ਵਿਚ ਬਜਰ (ਕਰੜੇ ਪੱਥਰ) ਵਰਗੇ ਸਖ਼ਤ ਕਿਵਾੜ (ਬੂਹੇ) ਹਨ, ਜੋ ਕਿ ਝੂਠ ਫ਼ਰੇਬ ਅਤੇ ਹੰਕਾਰ ਹਨ।

ਪ੍ਰ: ਕਿਉਂ ਜੀ, ਉਹ ਤਖ਼ਤੇ ਸਾਰਿਆਂ ਨੂੰ ਨਜ਼ਰ ਕਿਉਂ ਨਹੀਂ ਆਉਂਦੇ?

ਉ: ੨. ਹੇ ਭਾਈਓ! ਅੰਨ੍ਹੇ ਤੇ ਅਗਿਆਨੀ ਮਨਮੁਖਾਂ ਨੂੰ ਭਰਮ ਵਿਚ ਭੁਲੇ ਹੋਣ ਕਰਕੇ ਇਹ (ਕਿਵਾੜ) ਦਿੱਸਦੇ ਨਹੀਂ ਹਨ।

ਪ੍ਰ: ਕਿਉਂ ਜੀ! ਉਨ੍ਹਾਂ ਨੂੰ ਵੇਖਣ ਲਈ ਕੀ ਕਿਸੇ ਨੇ ਕੋਈ ਉਪਾਉ ਨਹੀਂ ਕੀਤਾ?

ਉ: ੩. ਹੇ ਪਿਆਰਿਓ! ਭੇਖ ਕਰਨ ਵਾਲੇ ਲੋਕ ਭੇਖ ਕਰ ਕਰਕੇ ਥੱਕ ਗਏ ਹਨ, ਪਰ ਉਨ੍ਹਾਂ ਨੂੰ ਭੀ ਕਿਸੇ ਉਪਾਉ ਕਰਨ ਨਾਲ ਇਹ ਫਾਟਕ ਨਹੀਂ ਦਿੱਸੇ।

ਪ੍ਰ: ਹੇ ਗੁਰੋ! ਉਹ ਫਾਟਕ ਕਿਸੇ ਯਤਨ ਨਾਲ ਖੁੱਲ੍ਹ ਵੀ ਸਕਦੇ ਹਨ?

ਉ: ੪. (ਹਾਂ ਜ਼ਰੂਰ) ਹੇ ਭਾਈ! ਜੋ ਮਨੁੱਖ ਹਰੀ ਦਾ ਨਾਮ ਸਿਮਰਨ ਕਰਦੇ ਹਨ, ਉਨ੍ਹਾਂ ਦੇ ਇਹ ਕਪਾਟ ਸਤਿਗੁਰੂ ਦੇ ਸ਼ਬਦ ਦੀ ਬਰਕਤ ਨਾਲ ਖੁੱਲ੍ਹਦੇ ਹਨ।

ਪ੍ਰ: ਕਿਉਂ ਜੀ! ਜਦੋਂ ਇਹ ਕਵਾੜ ਕਿਸੇ ਦੇ ਖੁੱਲ੍ਹ ਜਾਣ, ਉਨ੍ਹਾਂ ਦੀ ਪਛਾਣ ਕੀ ਹੈ?

ਉ: ੫. ਹੇ ਮਿੱਤਰੋ! ਜਿਨ੍ਹਾਂ ਦੇ ਇਹ ਕਵਾੜ ਖੁੱਲ੍ਹ ਜਾਣ, ਫਿਰ ਉਨ੍ਹਾਂ ਨੂੰ ਇਹ ਦਿੱਸ ਪੈਂਦਾ ਹੈ ਕਿ ਹਰੀ ਜੀਉ ਅੰਮ੍ਰਿਤ ਦਾ ਬ੍ਰਿਛ ਹੈ। ਜੋ ਉਸ ਅੰਮ੍ਰਿਤ ਬ੍ਰਿਛ ਦਾ ਰਸ ਪੀਂਦੇ ਹਨ, ਉਹ ਫਿਰ ਤ੍ਰਿਪਤ ਹੋ ਜਾਂਦੇ ਹਨ।੧੪।

ਭਾਵਾਰਥ : ਸਲੋਕ ਵਿਚ ਉਸ ਨਿਰੰਕਾਰ ਦੀ ਸਿਫ਼ਤਿ-ਸਾਲਾਹ ਕਰਨ ਦੀ ਪ੍ਰੇਰਣਾ ਕੀਤੀ ਹੈ, ਕਿਉਂਕਿ ਇਸੇ ਸਿਫ਼ਤਿ-ਸਾਲਾਹ ਦਾ ਸਦਕਾ ਸੱਚੇ ਪ੍ਰਭੂ ਦਾ ਮਿਲਾਪ ਹੁੰਦਾ ਹੈ।

ਜੋ ਸਿਫ਼ਤਿ-ਸਾਲਾਹ ਕਰਦੇ ਹਨ, ਉਨ੍ਹਾਂ ਦੀ ਰਸਨਾ ਸੁਹਾਵਣੀ ਹੁੰਦੀ ਹੈ ਅਤੇ ਉਨ੍ਹਾਂ ਦੀ ਪੂਜਨਾ ਸਾਰੀ ਹੀ ਲੁਕਾਈ ਕਰਨ ਆਉਂਦੀ ਹੈ।

ਉਹ ਕਰਤਾਰ ਹੈ ਤਾਂ ਇਸੇ ਸਰੀਰ ਰੂਪੀ ਕਿਲ੍ਹੇ ਅੰਦਰ, ਪਰ ਆਸਾ ਅੰਦੇਸਾ ਦੇ ਦੋ ਕਿਵਾੜ ਲਗੇ ਹੋਏ ਹਨ, ਜਿਸ ਕਰਕੇ ਉਸ ਨੂੰ ਵੇਖ ਨਹੀਂ

ਸਕੀਦਾ, ਪਰ ਇਕ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਨਾਲ ਹੀ ਇਨ੍ਹਾਂ ਨੂੰ ਖੋਲ੍ਹਿਆ ਜਾ ਸਕਦਾ ਹੈ। ਜਿਨ੍ਹਾਂ ਨੇ ਗੁਰੂ ਕਿਰਪਾ ਦਾ ਸਦਕਾ ਇਨ੍ਹਾਂ ਕਿਵਾੜਾਂ ਨੂੰ ਖੋਲ੍ਹ ਲਿਆ, ਉਹ ਇਸ ਸੰਸਾਰਕ ਪਦਾਰਥਾਂ ਵਲੋਂ ਤ੍ਰਿਪਤ ਹੋ ਸਦਾ ਨਾਮ ਰਸ ਵਿਚ ਹੀ ਤਦਾਕਾਰ ਰਹਿੰਦੇ ਹਨ।

ਸਲੋਕੁ ਮ: ੩ ॥

੧. ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥
੨. ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥
੩. ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥
੪. ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥
੫. ਵਾਹੁ ਵਾਹੁ ਕਰਤਿਆ ਸੋਭਾ ਪਾਇ ॥
੬. ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥

ਅਰਥ :

ਪ੍ਰ: ਹੇ ਗੁਰੋ! ਕੋਈ ਅਜੇਹਾ ਸਾਧਨ ਦੱਸ ਦਿਓ ਕਿ ਜਿਸ ਦੀ ਬਰਕਤ ਨਾਲ ਮੇਰੀ ਜੀਵਨ ਦੀ ਸਾਰੀ ਰਾਤ ਹੀ ਸੁੱਖ ਪੂਰਵਕ ਗੁਜ਼ਰੇ ?

ਉ: ੧. ਹੇ ਸੱਜਨਾ! (ਜੇ ਕਰ ਉਸ ਪ੍ਰਭੂ ਦੀ ਦਿਨ ਰਾਤ) ਸਿਫ਼ਤਿ-ਸਾਲਾਹ ਕਰਦੇ ਰਹੀਏ ਤਾਂ ਮਨੁੱਖ ਦੀ (ਇਸ ਮਨੁੱਖਾ ਜਨਮ) ਰੂਪੀ ਰਾਤ ਸੁਖੀ ਗੁਜ਼ਰਦੀ ਹੈ।

੨. ਹੇ ਮੇਰੀ ਮਾਂ! ਇਸੇ ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਸਦਾ ਹੀ ਸੁਖੀ ਤੇ ਮੌਜ ਬਣੀ ਰਹਿੰਦੀ ਹੈ।

੩. ਹੇ ਪਿਆਰੇ! ਉਸੇ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣ ਨਾਲ ਮਨੁੱਖ ਦੀ ਪਰਮੇਸ਼ਰ ਵਿਚ ਸੁਰਤਿ ਜੁੜਦੀ ਹੈ।

ਪ੍ਰ: ਕਿਉਂ ਜੀ! ਜੇ ਇਤਨੀਆਂ ਬਰਕਤਾਂ ਦਾ ਖ਼ਜ਼ਾਨਾ ਪ੍ਰਭੂ ਦੀ ਸਿਫ਼ਤ ਹੈ ਤਾਂ ਸਾਰੇ ਲੋਕ ਕਿਉਂ ਨਹੀਂ ਕਰਦੇ ?

ਉ: ੪. ਪਰ ਹੇ ਭਾਈਓ! ਉਹ ਕੋਈ ਵਿਰਲਾ ਮਨੁੱਖ ਹੈ ਜੋ ਪ੍ਰਭੂ ਦੀ ਮਿਹਰ ਨਾਲ ਸਾਈਂ ਜੀ ਦਾ ਪ੍ਰੇਰਿਆ ਹੋਇਆ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਉਚਾਰਦਾ ਹੈ।

ਪ੍ਰ: ਹਜ਼ੂਰ! ਇਸ ਸਿਫ਼ਤਿ-ਸਾਲਾਹ ਕਰਨ ਵਾਲੇ ਨੂੰ ਹਾਸਲ ਕੀ ਹੁੰਦਾ ਹੈ ?

ਉ: ੫. ਹੇ ਸੱਜਨੋ! ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਾਲਿਆ ਨੂੰ (ਇਸ ਸੰਸਾਰ ਵਿਚ) ਸੋਭਾ ਮਿਲਦੀ ਹੈ।

ਪ੍ਰ: ਕਿਉਂ ਜੀ! ਕੁਝ ਹੋਰ ਵੀ ਮਿਲਦਾ ਹੈ ?

ਉ: ੬. (ਹਾਂ ਹੋਰ ਭੀ ਮਿਲਦਾ ਹੈ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ। ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਇਸ (ਮਨੁੱਖ ਨੂੰ ਸਦਾ ਹੀ ਪ੍ਰਭੂ ਜੀ ਦੀ ਰਜ਼ਾ ਵਿਚ ਜੋੜੀ ਰੱਖਦੀ ਹੈ।੧।

ਮ: ੩ ॥

੧. ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥
੨. ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥
੩. ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥
੪. ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥੨॥

ਅਰਥ :

ਪ੍ਰ: ਹਜ਼ੂਰ! ਇਸ ਸਿਫ਼ਤਿ-ਸਾਲਾਹ ਦੀ ਬਾਣੀ ਨੂੰ ਕਿਸ ਰੂਪ ਵਿਚ ਮੰਨਿਆ ਜਾਵੇ ?

ਉ: ੧. ਹੇ ਪਿਆਰੇ। ਇਹ ਪ੍ਰਭੂ ਦੀ ਜੋ ਸਿਫ਼ਤਿ-ਸਾਲਾਹ ਦੀ ਬਾਣੀ ਹੈ, ਇਹ ਪ੍ਰਭੂ ਦਾ ਹੀ ਰੂਪ ਹੈ, ਪਰ ਜੋ ਮਨੁੱਖ ਸਤਿਗੁਰ ਦੇ ਸਨਮੁਖ ਹੈ, ਉਸ ਨੇ ਭਾਲ ਕੇ ਲਭ ਲਈ ਹੈ।

ਪ੍ਰ: ਕਿਉਂ ਜੀ! ਜਿਸ ਗੁਰਮੁਖ ਨੇ ਇਸ ਨੂੰ ਭਾਲ ਕੇ ਲੱਭ ਲਿਆ ਹੈ, ਉਸ ਦੀ ਨਿਸ਼ਾਨੀ ਕੀ ਹੈ ?

ਉ: ੨. ਹੇ ਭਾਈ! ਉਹ ਗੁਰੂ ਦੇ ਸ਼ਬਦ ਰਾਹੀਂ (ਸਦਾ ਹੀ) ਵਾਹੁ ਵਾਹੁ ਆਖਦਾ ਹੈ ਤੇ ਇਸੇ ਵਾਹੁ ਵਾਹੁ ਨੂੰ ਉਹ ਹਿਰਦੇ ਵਿਚ ਪ੍ਰੋਕੇ ਰੱਖਦਾ ਹੈ।

ਪ੍ਰ: ਸ੍ਰੀ ਜੀਉ! ਗੁਰਮੁਖਾਂ ਨੇ ਉਸ ਹਰੀ ਨੂੰ ਪ੍ਰਾਪਤ ਕਿਸ ਸਾਧਨ ਦੁਆਰਾ ਕੀਤਾ ਹੈ।

ਉ: ੩. ਹੇ ਭਾਈਓ! ਗੁਰਮੁਖਾਂ ਨੇ ਸਹਿਜੇ ਹੀ ਭਾਲ ਕਰਕੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਿਆਂ ਪ੍ਰਭੂ ਨੂੰ ਲੱਭ ਲਿਆ ਹੈ।

ਪ੍ਰ: ਕਿਉਂ ਜੀ! ਐਸੇ ਹਰੀ ਲੱਭਣ ਵਾਲੇ ਗੁਰਮੁਖਾਂ ਨੂੰ ਆਪ ਕਿਸ ਰੂਪ ਵਿਚ ਵੇਖਦੇ ਹੋ ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਜੋ ਮਨੁੱਖ ਪਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਸੰਭਾਲਦੇ ਹਨ, ਉਹ ਸੱਜਣ ਤਾਂ ਵੱਡੇ ਭਾਗਾਂ ਵਾਲੇ ਹਨ।੨।

ਪਉੜੀ ॥

੧. ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ॥
੨. ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ॥
੩. ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥
੪. ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ ॥
੫. ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ ॥੧੫॥

ਅਰਥ :

ਪ੍ਰ: ਹੇ ਗੁਰੋ! ਇਸ ਮਨ ਨੂੰ ਉਸ ਸਾਈਂ ਜੀ ਦੀ ਚਰਨ ਸ਼ਰਨ ਵਿਚ ਰੱਤੇ ਰਹਿਣ ਲਈ ਬਹੁਤ ਪ੍ਰੇਰਣਾ ਕਰਦੇ ਹਾਂ, ਪਰ ਇਹ ਉਸ ਤਰਫ਼ ਨੂੰ ਰੁਖ਼ ਹੀ ਨਹੀਂ ਕਰਦਾ, ਦੱਸੋ ਇਸ ਨੂੰ ਕਿਵੇਂ ਸਮਝਾਇਆ ਜਾਵੇ ?

ਉ: ੧. ਹੇ ਭਾਈ! ਇਸ ਮਨ ਨੂੰ ਇਉਂ ਸਮਝਾ ਕਿ ਹੇ ਡਾਢੇ ਲੋਭੀ ਮਨਾ! ਤੂੰ ਸਦਾ ਹੀ ਲੋਭ ਵਿਚ ਰੱਤਾ ਰਹਿੰਦਾ ਹੈਂ।

੨. ਹੇ ਮਨਾ! ਤੂੰ ਇਸ ਮੋਹ ਲੈਣ ਵਾਲੀ ਮਾਇਆ ਦੀ ਵਾਸ਼ਨਾ ਵਿਚ ਫਸਿਆ ਹੋਇਆ ਦੱਸੋ ਦਿਸ਼ਾਂ ਵਿਚ ਫਿਰਦਾ ਰਹਿੰਦਾ ਹੈਂ, ਭਾਵ ਭਟਕਦਾ ਹੀ ਰਹਿੰਦਾ ਹੈਂ।

੩. (ਇਥੇ ਹੀ ਬਸ ਨਹੀਂ, ਫਿਰ ਤੂੰ ਵੱਡਾ ਨਾਮ ਤੇ ਉੱਚੀ ਜਾਤੀ ਦਾ ਅਭਿਮਾਨ ਕਰਦਾ ਹੈਂ) ਪਰ ਹੇ ਮਨਮੁਖ ਮਨਾ! ਯਾਦ ਰੱਖ, ਰੱਬੀ ਦਰਬਾਰ ਵਿਚ ਵੱਡਾ ਨਾਮਣਾ ਤੇ ਉੱਚੀ ਜਾਤ ਨਹੀਂ ਜਾਣਗੇ, ਇਸੀ ਕਰਕੇ ਮਨਮੁਖ ਅਗੇ ਜਾ ਕੇ ਦੁੱਖ ਭੋਗਦਾ ਹੈ।

੪. (ਕਿਉਂਕਿ) ਉਸ ਮਨਮੁਖ ਨੇ ਇਥੇ ਜੀਉਂਦੇ ਜੀ ਰਸਨਾ ਦੁਆਰਾ ਪਰਮੇਸ਼ਰ ਦੇ ਨਾਮ ਦਾ ਸੁਆਦ ਨਹੀਂ ਮਾਣਿਆ ਤੇ ਫਿਕੇ ਬਚਨ ਹੀ ਬੋਲਦਾ ਰਿਹਾ ਹੈ, ਭਾਵ ਮਾਇਆ ਸਬੰਧੀ ਬਚਨ ਹੀ ਬੋਲਦਾ ਰਿਹਾ ਹੈ।

ਪ੍ਰ: ਕਿਉਂ ਜੀ! ਇਹ ਲੋਭੀ ਮਨ ਕਿਸੇ ਦੀ ਭਟਕਣਾ ਵਲੋਂ ਸਥਿਰ ਹੋ ਤ੍ਰਿਪਤ ਭੀ ਹੋਇਆ ਹੈ ?

ਉ: ੫. ਹੇ ਪਿਆਰਿਓ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਸਨਮੁਖ ਹੋ ਹਰੀ ਦੇ ਨਾਮ ਰੂਪ ਅੰਮ੍ਰਿਤ ਰਸ ਨੂੰ ਚਖ ਲਿਆ ਹੈ, ਉਹ ਗੁਰਮੁਖ ਉਥੇ ਸਦਾ ਹੀ ਤ੍ਰਿਪਤ ਹੋਏ ਰਹਿੰਦੇ ਹਨ।੧੫।

ਭਾਵਾਰਥ : ਸਲੋਕ ਵਿਚ, ਜੀਵਨ ਭਰ ਸੁੱਖਾਂ ਦੀ ਪ੍ਰਾਪਤੀ ਦਾ ਸਾਧਨ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣ ਦੀ ਪ੍ਰੇਰਣਾ ਕੀਤੀ ਹੈ। ਉਸੇ ਸਾਈਂ ਜੀ ਦੀ ਸਿਫ਼ਤ ਕਰਨ ਵਾਲਿਆਂ ਦੀ ਹਰ ਥਾਂ ਸੋਭਾ ਹੁੰਦੀ ਹੈ, ਕਿਉਂਕਿ ਉਹ ਸਦੀਵੀ ਕਾਲ ਉਸੇ ਰਾਜ਼ਕ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ।

ਸਾਈਂ ਜੀ ਦੀ ਸਿਫ਼ਤਿ-ਸਾਲਾਹ ਦੀ ਬਾਣੀ ਪ੍ਰਭੂ ਦਾ ਹੀ ਰੂਪ ਹੈ, ਜਿਸ ਨੂੰ ਗੁਰਮੁਖ ਖੋਜ ਕਰਕੇ ਲੱਭ ਲੈਂਦੇ ਹਨ, ਪਰ ਹਰ ਪ੍ਰਾਣੀ ਮਾਤ੍ਰ ਲਈ ਇਹੋ ਵਾਹੁ ਵਾਹੁ ਦਾ ਸਿਮਰਨ ਹਰੀ ਦੀ ਪ੍ਰਾਪਤੀ ਦਾ ਸਾਧਨ ਹੈ।

ਲੋਭੀ ਮਨ ਨੂੰ ਸੰਸਾਰ ਦੇ ਲੋਭ ਵਲੋਂ ਮੋੜ ਕੇ ਸਿਫ਼ਤਿ-ਸਾਲਾਹ ਕਰਨ ਵਲ ਪ੍ਰੇਰਿਆ ਹੈ। ਸਿਮਰਨ ਤੋਂ ਸਖਣੇ ਮਨਮੁਖ ਸਦਾ ਹੀ ਲੋਕ ਪ੍ਰਲੋਕ ਵਿਚ ਦੁੱਖ ਭੋਗਦੇ ਹਨ। ਇਸ ਲੋਭੀ ਮਨ ਨੂੰ ਸਦੀਵੀ ਤ੍ਰਿਪਤੀ ਕੇਵਲ ਅੰਮ੍ਰਿਤ ਰਸ ਦੁਆਰਾ ਪ੍ਰਾਪਤ ਹੋਣੀ ਦੱਸਿਆ ਹੈ, ਜਿਸ ਦਾ ਭਾਵ ਹੈ ਕਿ ਹਰ ਮਨੁੱਖ ਮਾਤ੍ਰ ਨੂੰ ਸਦਾ ਨਾਮ ਸਿਮਰਦੇ ਰਹਿਣਾ ਚਾਹੀਦਾ ਹੈ।

ਸਲੋਕ ਮ: ੩ ॥

੧. ਵਾਹੁ ਵਾਹੁ ਤਿਸ ਨੋ ਆਖੀਐ
ਜਿ ਸਚਾ ਗਹਿਰ ਗੰਭੀਰੁ ॥
੨. ਵਾਹੁ ਵਾਹੁ ਤਿਸ ਨੋ ਆਖੀਐ
ਜਿ ਗੁਣਦਾਤਾ ਮਤਿ ਧੀਰੁ ॥
੩. ਵਾਹੁ ਵਾਹੁ ਤਿਸ ਨੋ ਆਖੀਐ
ਜਿ ਸਭ ਮਹਿ ਰਹਿਆ ਸਮਾਇ ॥
੪. ਵਾਹੁ ਵਾਹੁ ਤਿਸ ਨੋ ਆਖੀਐ
ਜਿ ਦੇਦਾ ਰਿਜਕੁ ਸਬਾਹਿ ॥
੫. ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ
ਜਿ ਸਤਿਗੁਰ ਦੀਆ ਦਿਖਾਇ ॥੧॥

ਪਦ ਅਰਥ : ਧੀਰੁ—ਟਿਕਵੇਂ ਸੁਭਾਉ ਵਾਲਾ। ਸਬਾਹਿ—ਇਕੱਠਾ ਕਰਕੇ। ਜਿ—ਜੋ। ਇਕੋ ਕਰਿ—ਇਹ ਜਾਣ ਕੇ ਕਿ ਉਸ ਵਰਗਾ ਉਹ ਇਕ ਆਪ ਹੀ ਹੈ।

ਅਰਥ :

ਪ੍ਰ: ਹੇ ਗੁਰੋ! ਜਿਸ ਨੂੰ ਆਪ ਵਾਹੁ ਵਾਹੁ ਕਹਿੰਦੇ ਆ ਰਹੇ ਹੋ, ਉਸ ਦੀ ਲਖਤਾ ਕਿਨ੍ਹਾਂ ਗੁਣਾਂ ਰਾਹੀਂ ਹੋ ਸਕਦੀ ਹੈ ?

ਉ: ੧. ਹੇ ਪਿਆਰੇ! ਉਸ ਦੇ ਸੰਪੂਰਨ ਗੁਣ ਤਾਂ ਬਿਆਨੇ ਨਹੀਂ ਜਾ ਸਕਦੇ, ਪਰ ਜਿਸ ਵਿਚ ਹੇਠ ਅੰਕਤ ਕੀਤੇ ਸਤ (੭) ਗੁਣ ਵੇਖਣ ਵਿਚ ਆਉਂਦੇ ਹਨ, ਜਾਣੋ ਉਹ ਵਾਹੁ ਵਾਹੁ ਅਕਾਲ ਪੁਰਖ ਦੀ ਲਖਤਾ ਕਰਾਉਣ ਵਾਲੇ ਗੁਣ ਹਨ। ੧. ਵਾਹੁ ਵਾਹੁ ਉਸ ਨੂੰ ਕਿਹਾ ਜਾਂਦਾ ਹੈ ਜੋ ਸੱਚਾ, ੨. ਸਾਗਰ ਦੀ ਤਰ੍ਹਾਂ ਡੂੰਘਾ, ੩. ਅਤਿ ਡੂੰਘੇ ਪਾਣੀਆਂ ਦੀ ਤਰ੍ਹਾਂ ਅਡੋਲ ਹੈ।

੨. ਵਾਹੁ ਵਾਹੁ ਉਸ ਨੂੰ ਕਿਹਾ ਜਾਂਦਾ ਹੈ ਜੋ ੪. ਗੁਣਾਂ ਦਾ ਦਾਤਾ, ੫. ਮਤਿ ਦਾ ਧੀਰਜੀ ਹੈ।

੩. ਵਾਹੁ ਵਾਹੁ ਉਸ ਨੂੰ ਆਖੀਦਾ ਹੈ, ੬. ਜੋ ਸਭਨਾਂ ਵਿਚ ਵਿਆਪਕ ਹੋ ਰਿਹਾ ਹੈ।

੪. ਵਾਹੁ ਵਾਹੁ ਉਸ ਨੂੰ ਆਖਿਆ ਜਾਂਦਾ ਹੈ ਜੋ ੭. ਸਾਰਿਆਂ ਨੂੰ ਰਿਜ਼ਕ ਦੇਂਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਸ ਦੀ ਸਮਾਨਤਾ ਦਾ ਕੋਈ ਹੋਰ ਦੂਜਾ ਨਾ ਸਮਝ ਕੇ ਉਸੇ ਦੀ ਵਡਿਆਈ ਕਰੀਏ, ਜਿਸ ਦੇ ਦਰਸ਼ਨ (ਕੇਵਲ) ਸਤਿਗੁਰੂ ਹੀ ਕਰਾਉਂਦਾ ਹੈ।੧।

ਮ: ੩ ॥

੧. ਵਾਹੁ ਵਾਹੁ ਗੁਰਮੁਖ ਸਦਾ ਕਰਹਿ
ਮਨਮੁਖ ਮਰਹਿ ਬਿਖੁ ਖਾਇ ॥
੨. ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥
੩. ਗੁਰਮੁਖਿ ਅੰਮ੍ਰਿਤੁ ਪੀਵਣਾ
ਵਾਹੁ ਵਾਹੁ ਕਰਹਿ ਲਿਵ ਲਾਇ ॥
੪. ਨਾਨਕ ਵਾਹੁ ਵਾਹੁ ਕਰਹਿ ਸੇ ਜਨ
ਨਿਰਮਲੇ ਤ੍ਰਿਭਵਣ ਸੋਝੀ ਪਾਇ ॥੨॥

ਪਦ ਅਰਥ : ਬਿਖੁ—ਮਾਇਆ ਰੂਪੀ ਜ਼ਹਿਰ। ਦੁਖੇ ਦੁਖਿ—ਨਿਰੋਲ ਦੁੱਖ ਵਿਚ ਹੀ, ਸਾਰੀ ਉਮਰ ਦੁੱਖ ਵਿਚ ਹੀ। ਪੀਵਣਾ—ਜਲ ਪਾਨ, ਜੀਵਨ ਅਧਾਰ, ਜਿਵੇਂ ਪਾਣੀ ਸਭ ਜੀਵਾਂ ਦੀ ਜ਼ਿੰਦਗੀ ਦਾ ਸਹਾਰਾ ਹੈ।

ਅਰਥ :

ਪ੍ਰ: ਕਿਉਂ ਜੀ! ਉਹ ਕਉਣ ਲੋਕ ਹਨ ਜੋ ਸਦਾ ਹੀ ਵਾਹੁ ਵਾਹੁ ਭਾਵ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ ?

ਉ: ੧. ਹੇ ਭਾਈਓ! ਜੋ ਗੁਰਮੁਖ, ਭਾਵ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਹਨ, ਉਹ ਸਦੀਵ ਕਾਲ ਪ੍ਰਭੂ ਦੀ

ਸਿਫ਼ਤਿ-ਸਾਲਾਹ ਕਰਦੇ ਹਨ, ਭਾਵ ਵਾਹਿਗੁਰੂ ਨੂੰ ਜਪਦੇ ਮਾਨੋ ਅੰਮ੍ਰਿਤ ਪੀਂਦੇ ਹਨ।

ਪ੍ਰ: ਕਿਉਂ ਜੀ! ਇਸ ਨਾਮ ਅੰਮ੍ਰਿਤ ਪੀਣ ਵਲੋਂ ਕੋਈ ਸਖਣੇ ਰਹਿਣ ਵਾਲੀ ਸ਼ਰੇਣੀ ਭੀ ਹੈ?

ਉ: ਹਾਂ ਹੈ, ਹੇ ਪਿਆਰਿਓ! ਉਹ ਮਨਮੁਖ ਲੋਕ ਹੀ ਹਨ, ਜੋ ਇਸ ਨਾਮ ਅੰਮ੍ਰਿਤ ਨੂੰ ਵਿਸਾਰ ਕੇ ਮਾਇਆ ਰੂਪੀ ਜ਼ਹਿਰ ਨੂੰ ਖਾ ਕੇ ਮਰਦੇ ਰਹਿੰਦੇ ਹਨ, ਜਾਂ ਸਦੈਵੀ ਜੀਵਨ ਵਲੋਂ ਮਰੇ ਰਹਿੰਦੇ ਹਨ।

ਪ੍ਰ: ਹਜ਼ੂਰ! ਉਨ੍ਹਾਂ ਦੀ ਇਹ ਦਸ਼ਾ ਕਿਉਂ ਹੁੰਦੀ ਹੈ?

ਉ: ੨. ਕਿਉਂਕਿ ਉਨ੍ਹਾਂ ਨੂੰ ਉਸ (ਸਾਈਂ) ਜੀ ਦੀ ਸਿਫ਼ਤਿ-ਸਾਲਾਹ ਚੰਗੀ ਨਹੀਂ ਲੱਗਦੀ, ਇਸੀ ਕਰਕੇ ਉਨ੍ਹਾਂ ਦੀ ਸਾਰੀ ਉਮਰ ਦੁੱਖਾਂ ਵਿਚ ਬੀਤਦੀ ਹੈ।

੩. ਗੁਰਮੁਖ ਸਦਾ ਹੀ ਨਾਮ ਅੰਮ੍ਰਿਤ ਪਾਨ ਕਰਦੇ ਹਨ, ਕਿਉਂਕਿ ਉਹ ਸੁਰਤਿ ਨੂੰ ਜੋੜ ਕੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ।

੪. ਹੇ ਭਾਈਓ! ਜੋ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਹ ਪਵਿੱਤ੍ਰ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਤਿੰਨਾਂ ਹੀ ਭਵਨਾਂ ਦੀ ਸੋਝੀ ਆ ਜਾਂਦੀ ਹੈ।੨।

ਪਉੜੀ ॥

੧. ਹਰਿ ਕੈ ਭਾਣੈ ਗੁਰੁ ਮਿਲੈ ਸੇਵਾ ਭਗਤਿ ਬਨੀਜੈ ॥
੨. ਹਰਿ ਕੈ ਭਾਣੈ ਹਰਿ ਮਨਿ ਵਸੈ ਸਹਜੇ ਰਸੁ ਪੀਜੈ ॥
੩. ਹਰਿ ਕੈ ਭਾਣੈ ਸੁਖੁ ਪਾਈਐ
ਹਰਿ ਲਾਹਾ ਨਿਤ ਲੀਜੈ ॥
੪. ਹਰਿ ਕੈ ਤਖਤਿ ਬਹਾਲੀਐ
ਨਿਜ ਘਰਿ ਸਦਾ ਵਸੀਜੈ ॥
੫. ਹਰਿ ਕਾ ਭਾਣਾ ਤਿਨੀ ਮੰਨਿਆ
ਜਿਨਾ ਗੁਰੂ ਮਿਲੀਜੈ ॥੧੬॥

ਅਰਥ :

ਪ੍ਰ: ਕਿਉਂ ਜੀ! ਗੁਰੂ ਦੀ ਪ੍ਰਾਪਤੀ ਹਰ ਇਕ ਪ੍ਰਾਣੀ ਮਾਤ੍ਰ ਨੂੰ ਕਿਉਂ ਨਹੀਂ ਹੁੰਦੀ?

ਉ: ੧. ਹੇ ਭਾਈਓ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਗੁਰੂ ਦਾ ਮਿਲਾਪ ਉਨ੍ਹਾਂ ਹੀ ਮਨੁੱਖਾਂ ਨੂੰ ਹੁੰਦਾ ਹੈ ਜੇਕਰ ਹਰੀ ਨੂੰ ਭਾਉਂਦਾ ਹੋਵੇ ਤੇ ਉਸੇ ਹੀ ਵਾਸਤੇ ਪ੍ਰਭੂ ਦਾ ਸਿਮਰਨ ਅਤੇ ਭਗਤੀ ਦੀ ਜੁਗਤ ਬਣਦੀ ਹੈ, ਭਾਵ ਹੈ ਭਗਤੀ ਅੰਗ ਵਾਲੀ ਸੇਵਾ ਬਣ ਆਉਂਦੀ ਹੈ।

੨. ਹੇ ਭਾਈਓ! (ਪਹਿਲੋਂ ਗੁਰੂ ਮਿਲਿਆ, ਫਿਰ ਸੇਵਾ ਕੀਤੀ, ਫਿਰ ਨਾਮ ਦੁਆਰਾ ਹਰੀ ਮਨ ਵਿਚ ਆ ਵਸਿਆ) ਇਸ ਤਰ੍ਹਾਂ ਤਦ ਸਹਿਜੇ ਹੀ (ਰਾਮ) ਰਸ ਪੀਂਦੇ ਰਹੀਦਾ ਹੈ।

੩. ਹਰੀ ਦੇ ਭਾਣੇ ਨਾਲ ਹੀ ਆਤਮਿਕ ਸੁੱਖ ਮਿਲਦਾ ਹੈ ਤੇ ਇਸ ਜੀਵ ਰੂਪ ਵਪਾਰੀ ਨੂੰ ਸਦਾ ਨਾਮ ਰੂਪ ਨਫ਼ਾ ਮਿਲਦਾ ਹੈ।

੪. ਐਸੇ ਗੁਰਮੁਖ ਹਰੀ ਦੀ ਦਰਗਾਹ ਵਿਚ ਗਏ ਤਖ਼ਤ ਉਪਰ ਬਿਠਾਏ ਜਾਂਦੇ ਹਨ, ਭਾਵ (ਮਾਣ ਮਿਲਦਾ ਹੈ) ਅਤੇ ਉਨ੍ਹਾਂ ਦਾ ਨਿੱਜ ਘਰ ਵਿਚ ਨਿਵਾਸ ਹੁੰਦਾ ਹੈ, ਭਾਵ ਉਨ੍ਹਾਂ ਨੂੰ ਆਪਣੇ ਆਤਮਾ ਦੀ ਸੋਝੀ ਹੋ ਜਾਂਦੀ ਹੈ।

ਪ੍ਰ: ਕਿਉਂ ਜੀ! ਗੁਰੂ ਦੇ ਭਾਣੇ ਨੂੰ ਸਾਰੇ ਲੋਕ ਹੀ ਕਿਉਂ ਨਹੀਂ ਮੰਨਦੇ?

ਉ: ੫. ਹੇ ਭਾਈਓ! ਭਾਣੇ ਵਿਚ ਟੁਰਨਾ ਤਾਂ ਬਹੁਤ ਲੋਕ ਚਾਹੁੰਦੇ ਹਨ ਪਰ ਹਰੀ ਦਾ ਭਾਣਾ ਉਨ੍ਹਾਂ ਮਨੁੱਖਾਂ ਨੇ ਹੀ ਮੰਨਿਆ ਹੈ, ਜਿਨ੍ਹਾਂ ਨੂੰ ਗੁਰੂ ਮਿਲ ਜਾਂਦਾ ਹੈ।੧੬।

ਭਾਵਾਰਥ : ਸਲੋਕ ਵਿਚ ਉਸ ਵਾਹਿਗੁਰੂ ਜੀ ਦਾ ਸੱਚਾ ਤੇ ਗਹਿਰ ਗੰਭੀਰ ਸਰੂਪ ਬਿਆਨ ਕੀਤਾ ਹੈ, ਜੋ ਕਿ ਸਾਰਿਆਂ ਵਿਚ ਵਿਆਪਕ ਸਰੂਪ ਹੈ।

ਉਸ ਵਾਹੁ ਵਾਹੁ ਦੀ ਸਿਫ਼ਤਿ-ਸਾਲਾਹ ਗੁਰਮੁਖ ਸਦਾ ਹੀ ਕਰਦੇ ਰਹਿੰਦੇ ਹਨ, ਜਿਸ ਦਾ ਸਦਕਾ ਉਹ ਸਦਾ ਹੀ ਨਾਮ ਅੰਮ੍ਰਿਤ ਪੀਂਦੇ, ਸਦਾ ਤ੍ਰਿਪਤ ਹੋ ਰਹਿੰਦੇ ਹਨ, ਪਰ ਮਨਮੁਖ ਮਾਇਆ ਜ਼ਹਿਰ ਨੂੰ ਪੀਣ ਵਾਲੇ ਸਦਾ ਹੀ ਦੁਖੀ ਜੀਵਨ ਗੁਜ਼ਾਰਦੇ ਹਨ।

ਗੁਰੂ ਦਾ ਮਿਲਾਪ ਹਰੀ ਦੀ ਮਿਹਰ ਨਾਲ ਹੀ ਹੁੰਦਾ ਹੈ ਅਤੇ ਹਰੀ ਦੀ ਕਿਰਪਾ ਦਾ ਸਦਕਾ ਹੀ ਹਰੀ ਮਨ ਵਿਚ ਵਸਦਾ ਹੈ। ਹਰੀ ਪ੍ਰਾਪਤੀ ਵਾਲੇ ਗੁਰਮੁਖਾਂ ਨੂੰ ਰੱਬੀ ਦਰਬਾਰ ਵਿਚ ਗਇਆਂ ਮਾਣ ਸਤਿਕਾਰ ਮਿਲਦਾ ਹੈ, ਪਰ ਹਰੀ ਦੇ ਭਾਣੇ ਵਿਚ ਉਹੀ ਸਦਾ ਪ੍ਰਸੰਨ ਰਹਿੰਦੇ ਹਨ, ਜਿਨ੍ਹਾਂ ਮਨੁੱਖਾਂ ਦਾ ਗੁਰੂ ਨਾਲ ਮਿਲਾਪ ਹੋਇਆ ਹੈ।

ਸਲੋਕੁ ਮਃ ੩ ॥

੧. ਵਾਹੁ ਵਾਹੁ ਸੇ ਜਨ ਸਦਾ ਕਰਹਿ
ਜਿਨ੍ ਕਉ ਆਪੇ ਦੇਇ ਬੁਝਾਇ ॥
੨. ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ
ਹਉਮੈ ਵਿਚਹੁ ਜਾਇ ॥
੩. ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ
ਸੋ ਮਨ ਚਿੰਦਿਆ ਫਲੁ ਪਾਇ ॥
੪. ਵਾਹੁ ਵਾਹੁ ਕਰਹਿ ਸੇ ਜਨ ਸੋਹਣੇ
ਹਰਿ ਤਿਨ੍ ਕੈ ਸੰਗਿ ਮਿਲਾਇ ॥
੫. ਵਾਹੁ ਵਾਹੁ ਹਿਰਦੈ ਉਚਰਾ
ਮੁਖਹੁ ਭੀ ਵਾਹੁ ਵਾਹੁ ਕਰੇਉ ॥
੬. ਨਾਨਕ ਵਾਹੁ ਵਾਹੁ ਜੋ ਕਰਹਿ
ਹਉ ਤਨੁ ਮਨੁ ਤਿਨ੍ ਕਉ ਦੇਉ ॥੧॥

ਅਰਥ :

ਪ੍ਰ: ਹੇ ਗੁਰੋ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕੌਣ ਕਰ ਸਕਦਾ ਹੈ?

ਉ: ੧. ਹੇ ਭਾਈਓ! ਜਿਨ੍ਹਾਂ ਮਨੁੱਖਾਂ ਨੂੰ ਉਹ (ਅਕਾਲ ਪੁਰਖ) ਆਪ ਹੀ ਸੁਮੱਤ ਬਖ਼ਸ਼ਦਾ ਹੈ, ਉਹੋ ਹੀ ਸਦਾ 'ਵਾਹੁ ਵਾਹੁ' ਭਾਵ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ।

ਪ੍ਰ: ਕਿਉਂ ਜੀ! ਵਾਹੁ ਵਾਹੁ ਕਰਨ ਵਾਲਿਆਂ ਨੂੰ ਫਲ ਕੀ ਮਿਲਦਾ ਹੈ?

ਉ: ੨. ਹੇ ਪਿਆਰੇ! ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਨਾਲ ਮਨ ਪਵਿੱਤ੍ਰ ਹੁੰਦਾ ਹੈ ਤੇ ਮਨ ਵਿਚੋਂ ਹਉਮੈ ਦੂਰ ਹੋ ਜਾਂਦੀ ਹੈ।

੩. ਹੇ ਭਾਈਓ! ਜੋ ਗੁਰਸਿੱਖ ਗੁਰੂ ਦੇ ਸਨਮੁਖ ਹੋ ਸਿਫ਼ਤਿ-ਸਾਲਾਹ ਕਰਦਾ ਹੈ, ਉਸ ਨੂੰ ਮਨ ਇੱਛਤ ਫਲ ਪ੍ਰਾਪਤ ਹੁੰਦਾ ਹੈ।

੪. ਹੇ ਮਿੱਤਰ ਜਨੋ! ਜੋ ਮਨੁੱਖ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਹੀ ਮਨੁੱਖ ਅਸਲ ਸੋਹਣੇ ਹਨ। ਹੇ ਹਰੀ! ਐਸੇ ਸੋਹਣੇ ਲੱਗਣ ਵਾਲਿਆਂ ਦੀ ਸੰਗਤ ਵਿਚ ਮੈਨੂੰ ਰੱਖ।

੫. ਤਾਂ ਕਿ ਮੈਂ ਵੀ ਹਿਰਦੇ ਵਿਚ ਤੇਰੀ ਸਿਫ਼ਤਿ-ਸਾਲਾਹ ਕਰਾਂ ਤੇ ਮੂੰਹੋਂ ਵੀ ਤੇਰੇ ਗੁਣ ਗਾਵਾਂ।

ਪ੍ਰ: ਹੇ ਗੁਰੋ! ਜਿਨ੍ਹਾਂ ਦੀ ਸੰਗਤ ਵਿਚ ਰਹਿ ਕੇ ਤੁਸੀਂ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨੀ ਹੈ, ਉਨ੍ਹਾਂ ਨੂੰ ਤੁਸੀਂ ਭੇਟਾ ਕੀ ਅਰਪਨ ਕਰੋਗੇ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ, ਜੋ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਮੈਂ ਤਾਂ ਉਨ੍ਹਾਂ ਦੇ ਅੱਗੇ ਆਪਣਾ ਤਨ ਮਨ ਭੇਟਾ ਰੱਖ ਦਿਆਂਗਾ।੧।

ਮਃ ੩ ॥

੧. ਵਾਹੁ ਵਾਹੁ ਸਾਹਿਬੁ ਸਚੁ ਹੈ
ਅੰਮ੍ਰਿਤੁ ਜਾ ਕਾ ਨਾਉ ॥
੨. ਜਿਨਿ ਸੇਵਿਆ ਤਿਨਿ ਫਲੁ ਪਾਇਆ
ਹਉ ਤਿਨ ਬਲਿਹਾਰੈ ਜਾਉ ॥
੩. ਵਾਹੁ ਵਾਹੁ ਗੁਣੀ ਨਿਧਾਨੁ ਹੈ
ਜਿਸ ਨੋ ਦੇਇ ਸੁ ਖਾਇ ॥
੪. ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ
ਗੁਰਮੁਖਿ ਪਾਇਆ ਜਾਇ ॥
੫. ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ
ਗੁਰ ਪੂਰੇ ਵਾਹੁ ਵਾਹੁ ਭਾਵੈ ॥
੬. ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ
ਤਿਸੁ ਜਮਕੰਕਰੁ ਨੇੜਿ ਨ ਆਵੈ ॥੨॥

ਅਰਥ :

ਪ੍ਰ: ਹੇ ਗੁਰੋ! ਕੀ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ, ਉਸ ਪ੍ਰਭੂ ਤੋਂ ਭਿੰਨ ਹੈ?

ਉ: ੧. ਹੇ ਭਾਈ! ਜਿਸ ਪਰਮੇਸ਼ਰ ਦਾ ਨਾਮ ਜੀਵਾਂ ਨੂੰ ਅਮਰ ਜੀਵਨ ਦੇਣ ਵਾਲਾ ਹੈ, ਉਸ ਦੀ ਸਿਫ਼ਤਿ-ਸਾਲਾਹ ਉਸੇ ਸੱਚੇ ਪ੍ਰਭੂ ਦਾ ਸਰੂਪ ਹੈ।

੨. ਹੇ ਭਾਈਓ! ਜਿਸ-ਜਿਸ ਮਨੁੱਖ ਨੇ ਵੀ ਪ੍ਰਭੂ ਨੂੰ ਸੇਵਿਆ ਹੈ, ਉਸ ਨੇ ਨਾਮ ਅੰਮ੍ਰਿਤ ਫਲ ਪ੍ਰਾਪਤ ਕਰ ਲਿਆ ਹੈ, ਮੈਂ ਐਸੇ ਗੁਰਮੁਖਾਂ ਤੋਂ ਬਲਿਹਾਰੇ ਜਾਂਦਾ ਹਾਂ।

੩. ਹੇ ਸੱਜਨੋ! ਗੁਣਾਂ ਦੇ ਨਿਧਾਨ ਪ੍ਰਭੂ ਦੀ ਸਿਫ਼ਤ ਉਸੇ ਦਾ ਹੀ ਰੂਪ ਹੈ। ਇਹ ਖ਼ਜ਼ਾਨਾ ਜਿਸ ਨੂੰ ਪ੍ਰਭੂ ਬਖ਼ਸ਼ਦਾ ਹੈ, ਉਹੋ ਹੀ ਇਸ ਨੂੰ ਭੋਗਦਾ ਹੈ।

ਪ੍ਰ: ਹਜ਼ੂਰ! ਉਹ ਵਾਹੁ ਵਾਹੁ, ਵਸਦਾ ਕਿਥੇ ਹੈ?

ਉ: ੪. ਐ ਪਿਆਰਿਓ! ਉਹ ਸਿਫ਼ਤ ਦਾ ਮਾਲਕ ਪ੍ਰਭੂ ਜਲਾਂ ਥਲਾਂ ਵਿਚ ਪੂਰਨ ਹੋ ਰਿਹਾ ਹੈ, ਪਰ ਉਸ ਦਾ ਮਿਲਾਪ ਗੁਰੂ ਦੁਆਰਾ ਹੁੰਦਾ ਹੈ।

੫. ਹੇ ਪਿਆਰੇ ਗੁਰੂ ਦੇ ਸਿੱਖੋ! ਸਾਰੇ ਹੀ ਵਾਹਿਗੁਰੂ-ਵਾਹਿਗੁਰੂ ਕਰੋ, ਕਿਉਂਕਿ ਪੂਰੇ ਗੁਰੂ ਨੂੰ ਵਾਹਿਗੁਰੂ ਦਾ ਸਿਮਰਨ ਹੀ ਭਾਉਂਦਾ ਹੈ।

ਪ੍ਰ: ਹਜ਼ੂਰ ਜੀ! ਆਖ਼ਰ ਵਾਹਿਗੁਰੂ ਕਰਨ ਵਾਲੇ ਮਨੁੱਖ ਨੂੰ ਫਲ ਕੀ ਹਾਸਲ ਹੋਵੇਗਾ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ, ਜੋ ਸਿੱਖ ਮਨ ਅਤੇ ਚਿੱਤ ਦੁਆਰਾ ਵਾਹਿਗੁਰੂ-ਵਾਹਿਗੁਰੂ ਕਰੇਗਾ, ਉਸ ਦੇ ਨੇੜੇ ਜਮਾਂ ਦਾ ਦਾਸ ਨਹੀਂ ਆਵੇਗਾ। ਭਾਵ ਉਸ ਨੂੰ ਮੌਤ ਦਾ ਡਰ ਪੋਹ ਨਹੀਂ ਸਕਦਾ।੨।

ਪਉੜੀ ॥

੧. ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥
੨. ਸਤਿਗੁਰ ਤੇ ਸਚੁ ਪਛਾਣੀਐ
ਸਚਿ ਸਹਜਿ ਸਮਾਣੀ ॥
੩. ਅਨਦਿਨੁ ਜਾਗਹਿ ਨਾ ਸਵਹਿ
ਜਾਗਤ ਰੈਣਿ ਵਿਹਾਣੀ ॥
੪. ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ ॥
੫. ਬਿਨੁ ਗੁਰ ਕਿਨੈ ਨ ਪਾਇਓ
ਪਚਿ ਮੁਏ ਅਜਾਣੀ ॥੧੭॥

ਅਰਥ :

ਪ੍ਰ: ਕਿਉਂ ਜੀ! ਕੀ ਸਤਿ ਸਰੂਪ ਤੇ ਬਾਣੀ ਦੋਵੇਂ ਭਿੰਨ-ਭਿੰਨ ਹਨ?

ਉ: ੧. (ਨਹੀਂ) ਹੇ ਪਿਆਰੇ! ਉਹ ਹਰਿ ਜੀਉ ਸੱਚਾ ਹੈ, ਤੇ ਸਤਿ ਸਰੂਪ ਹੈ (ਉਸ ਨੂੰ ਲਖਾ ਦੇਣ ਵਾਲੀ) ਗੁਰਬਾਣੀ ਵੀ ਸੱਚੀ ਹੈ, ਭਾਵ ਦੋਵੇਂ ਇਕੋ ਸਰੂਪ ਹਨ।

੨. ਪਰ, ਗੁਰੂ ਦੀ ਰਾਹੀਂ ਸੱਚ ਸਰੂਪ ਨੂੰ ਪਛਾਣੀਦਾ ਹੈ, ਇਸ ਤਰ੍ਹਾਂ ਸਹਿਜੇ ਹੀ ਸਤਿ ਸਰੂਪ ਵਿਚ ਸਮਾ ਜਾਈਦਾ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਸੱਚ ਸਰੂਪ ਵਿਚ ਸਮਾ ਜਾਣ ਵਾਲਿਆਂ ਦੀ ਪਛਾਣ ਕੀ ਹੈ?

ਉ: ੩. ਹੇ ਪਿਆਰੇ! ਉਹ ਮਨੁੱਖ ਫਿਰ ਕਦੀ ਵੀ ਮਾਇਆ ਮੋਹ ਦੀ ਨੀਂਦ ਵਿਚ ਨਹੀਂ ਸੌਂਦੇ। ਉਨ੍ਹਾਂ ਦੀ ਜੀਵਨ ਰੂਪੀ ਸਾਰੀ ਰਾਤ ਆਤਮਿਕ ਜਾਗ੍ਰਤ ਵਿਚ ਸੁਚੇਤ ਰਹਿ ਕੇ ਗੁਜ਼ਰਦੀ ਹੈ।

੪. ਹੇ ਭਾਈਓ! ਜਿਨ੍ਹਾਂ ਮਨੁੱਖਾਂ ਨੇ ਗੁਰਮਤਿ ਦੁਆਰਾ ਪ੍ਰਭੂ ਦੇ ਨਾਮ ਰਸ ਨੂੰ ਚਖਿਆ ਹੈ, ਉਹ ਪੁੰਨ ਆਤਮਾ ਲੋਕ ਹਨ।

ਪ੍ਰ: ਹਜ਼ੂਰ! ਆਖ਼ਰ ਇਹ ਨਾਮ ਦੀ ਦਾਤ ਪ੍ਰਾਪਤ ਕਿਸ ਨੂੰ ਹੁੰਦੀ ਹੈ?

ਉ: ੫. ਹੇ ਪਿਆਰਿਓ! (ਇਹ ਸੰਕੇਤ ਹੈ ਕਿ) ਇਹ ਨਾਮ ਦੀ ਦਾਤ ਗੁਰੂ ਤੋਂ ਬਿਨਾ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੋਈ। ਅੰਵਾਣ ਲੋਕ ਮਾਇਆ ਦੇ ਮੋਹ ਵਿਚ ਖੱਪ-ਖੱਪ ਕੇ ਪਏ ਦੁਖੀ ਜੀਵਨ ਗੁਜ਼ਾਰਦੇ ਹਨ।੧੭।

ਭਾਵਾਰਥ : ਸਲੋਕ ਵਿਚ ਹਜ਼ੂਰ ਇਹ ਅੰਕਤ ਕਰਦੇ ਹਨ ਕਿ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਉਸੇ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ, ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਮਨ ਪਵਿੱਤਰ ਹੁੰਦਾ ਹੈ ਤੇ ਹਉਮੈ ਦਾ ਦੀਰਘ ਰੋਗ ਵੀ ਅੰਦਰੋਂ ਮਿਟ ਜਾਂਦਾ ਹੈ, ਉਹ ਫਿਰ ਉਠਦੇ ਬੈਠਦੇ ਹਰ ਵਕਤ ਹੀ ਨਾਮ ਦਾ ਚਿੰਤਨ ਕਰਦੇ ਹਨ।

ਵਾਹਿਗੁਰੂ ਦੀ ਸਿਫ਼ਤਿ ਗੁਣਾਂ ਦਾ ਖ਼ਜ਼ਾਨਾ ਹੈ, ਪਰ ਇਹ ਮਿਲਦਾ ਉਸੇ ਨੂੰ ਹੈ, ਜਿਸ ਉੱਤੇ ਉਹ ਆਪ ਹੀ ਬਖ਼ਸ਼ਸ਼ ਕਰੇ। ਜਿਸ ਮਨੁੱਖ ਪਾਸ ਇਹ ਨਾਮ ਦਾ ਖ਼ਜ਼ਾਨਾ ਹੈ, ਉਸ ਦੇ ਨੇੜੇ ਜਮਦੂਤ ਕਦੇ ਵੀ ਨਹੀ ਢੁਕਦੇ।

ਹਰੀ ਤੇ ਹਰੀ ਪ੍ਰਭੂ ਦੀ ਬਾਣੀ ਇਕੋ ਸਰੂਪ ਹਨ, ਪਰ ਇਹ ਪਛਾਣ ਗੁਰੂ ਦੁਆਰਾ ਹੀ ਕੀਤੀ ਜਾ ਸਕਦੀ ਹੈ। ਜਿਨ੍ਹਾਂ ਨੂੰ ਗੁਰੂ ਦੁਆਰਾ ਇਹ ਪਛਾਣ ਹੋ ਆਈ, ਉਹ ਫਿਰ ਮਾਇਆ ਮੋਹ ਦੀ ਗ਼ਫ਼ਲਤ ਵਿਚ ਆਪਣਾ ਜੀਵਨ ਵਿਅਰਥ ਨਹੀਂ ਗੁਜ਼ਾਰਦੇ।

ਸਲੋਕੁ ਮਃ ੩ ॥

੧. ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ ॥
੨. ਵਾਹੁ ਵਾਹੁ ਅਗਮ ਅਥਾਹੁ ਹੈ
ਵਾਹੁ ਵਾਹੁ ਸਚਾ ਸੋਇ ॥
੩. ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥
੪. ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥
੫. ਵਾਹੁ ਵਾਹੁ ਕਰਮੀ ਪਾਈਐ
ਆਪਿ ਦਇਆ ਕਰਿ ਦੇਇ ॥
੬. ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ
ਅਨਦਿਨੁ ਨਾਮੁ ਲਏਇ ॥੧॥

ਅਰਥ :

ਪ੍ਰ: ਹੇ ਗੁਰੋ! ਆਪ ਗੁਰਮਤਿ ਅਨੁਸਾਰ ਸਾਰਿਆਂ ਮੰਤ੍ਰਾਂ ਤੋਂ ਉੱਚਾ ਮੰਤ੍ਰ ਕਿਸ ਨੂੰ ਮੰਨਦੇ ਹੋ?

ਉ: ੧. ਹੇ ਪ੍ਰੇਮੀਓ! ਉਸ ਨਿਰੰਕਾਰ ਦੀ ਜੋ ਵਾਹਿਗੁਰੂ ਰੂਪ ਬਾਣੀ ਹੈ, ਉਸ ਦੇ ਸਮਾਨ ਹੋਰ ਕੋਈ (ਮੰਤ੍ਰ) ਨਹੀਂ ਹੈ।

੨. (ਕਿਉਂਕਿ) ਉਹ (ਵਾਹੁ) ਅਸਚਰਜ ਰੂਪ ਵਾਹਿਗੁਰੂ ਅਪਹੁੰਚ ਹੈ, ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਉਸ ਦਾ ਸੱਚਾ ਸਿਮਰਨ ਹੀ ਵਾਹਿਗੁਰੂ ਵਾਹਿਗੁਰੂ ਹੈ।

੩. ਹੇ ਭਾਈਓ! ਉਹ ਅਸਚਰਜ ਰੂਪ ਵਾਹਿਗੁਰੂ ਬੇ-ਮੁਥਾਜ ਹੈ, ਜੋ ਮਨੁੱਖ ਵਾਹਿਗੁਰੂ ਵਾਹਿਗੁਰੂ ਕਰਦਾ ਹੈ, ਉਹ ਵੀ ਬੇ-ਪ੍ਰਵਾਹ ਦਾ ਰੂਪ ਹੀ ਹੋ ਜਾਂਦਾ ਹੈ।

੪. ਹੇ ਮਿੱਤਰੋ! ਵਾਹਿਗੁਰੂ ਵਾਹਿਗੁਰੂ ਨਾਮ ਅੰਮ੍ਰਿਤ ਹੈ, ਪਰ ਇਸ ਨੂੰ ਕੋਈ ਗੁਰਮੁਖ ਹੀ ਪ੍ਰਾਪਤ ਕਰਦਾ ਹੈ।

੫. ਹੇ ਪਿਆਰਿਓ! ਇਸ ਵਾਹਿਗੁਰੂ ਦਾ ਸਿਮਰਨ ਉਸੇ ਮਨੁੱਖ ਨੇ ਪਾਇਆ ਹੈ, ਜਿਸ ਨੂੰ ਉਸ ਸਾਈਂ ਜੀ ਨੇ ਆਪ ਹੀ ਮਿਹਰ ਕਰਕੇ ਦਿੱਤਾ ਹੈ।

ਪ੍ਰ: ਹਜ਼ੂਰ ਜੀਉ! ਤੁਹਾਡਾ ਆਪਣਾ ਨਿਸਚਾ ਕੀ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੱਜਨੋ! ਮੇਰਾ ਤਾਂ ਇਹੋ ਹੀ ਵਿਸ਼ਵਾਸ ਹੈ ਕਿ ਜੇ ਪਹਿਲੋਂ ਗੁਰੂ ਦੁਆਰਾ ਇਸ ਨਾਮ ਨੂੰ ਦਿਨੇ ਰਾਤ ਸਿਮਰਦੇ ਰਹੀਏ, ਤਾਂ ਇਸ ਤਰ੍ਹਾਂ ਉਸ ਵਾਹੁ ਵਾਹੁ ਅਕਾਲ ਪੁਰਖ ਨੂੰ ਪਾ ਲਈਦਾ ਹੈ।੧।

ਮਃ ੩ ॥

੧. ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ
ਦੂਜੀ ਨਾਹੀ ਜਾਇ ॥
੨. ਜੇ ਬਹੁਤੇਰਾ ਲੋਚੀਐ
ਵਿਣੁ ਕਰਮੈ ਨ ਪਾਇਆ ਜਾਇ ॥
੩. ਜਿਨ੍ਾ ਅੰਤਰਿ ਲੋਭ ਵਿਕਾਰੁ ਹੈ
ਦੂਜੈ ਭਾਇ ਖੁਆਇ ॥
੪. ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥
੫. ਜਿਨ੍ਾ ਸਤਿਗੁਰ ਸਿਉ ਚਿਤੁ ਲਾਇਆ
ਸੁ ਖਾਲੀ ਕੋਈ ਨਾਹਿ ॥
੬. ਤਿਨ ਜਮ ਕੀ ਤਲਬ ਨ ਹੋਵਈ
ਨਾ ਓਇ ਦੁਖ ਸਹਾਹਿ ॥
੭. ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੨॥

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਜਗਤ ਦਾ ਹਰ ਜੀਵ ਅਸ਼ਾਂਤ ਤੇ ਵਿਲਕਦਾ ਹੀ ਰਹਿੰਦਾ ਹੈ, ਇਸ ਦਾ ਅਸਲ ਕਾਰਣ ਕੀ ਸਮਝਿਆ ਜਾਏ?

ਉ: ੧. ਹੇ ਪਿਆਰਿਓ! ਇਸ ਦਾ ਅਸਲ ਕਾਰਣ ਨਿਗੁਰਾਪਣ ਹੈ, ਕਿਉਂਕਿ ਸਤਿਗੁਰੂ ਜੀ ਦੀ ਦੱਸੀ ਸੇਵਾ ਕਰਨ ਤੋਂ ਬਿਨਾ (ਮਨੁੱਖ ਨੂੰ) ਸ਼ਾਂਤੀ ਨਹੀਂ ਆਉਂਦੀ, (ਸਤਿਗੁਰੂ ਤੋਂ ਬਿਨਾ) ਹੋਰ ਕੋਈ ਸ਼ਾਂਤੀ ਦੇਣ ਵਾਲੀ ਥਾਂ ਨਹੀਂ, ਜਿਥੋਂ ਕਿ ਇਹ ਮਿਲ ਸਕੇ।

ਪ੍ਰ: ਹਜ਼ੂਰ! ਇਸ ਸ਼ਾਂਤੀ ਦੀ ਪ੍ਰਾਪਤੀ ਲਈ ਲੋਕ ਤਾਂਘ ਤਾਂ ਬਹੁਤ ਕਰਦੇ ਵੇਖੇ ਜਾਂਦੇ ਹਨ, ਪਰ ਪ੍ਰਾਪਤੀ ਕਿਉਂ ਨਹੀਂ ਹੁੰਦੀ?

ਉ: ੨. ਹੇ ਭਾਈਓ! ਭਾਵੇਂ ਕਿਤਨੀ ਵੀ ਤਾਂਘ ਕਰਦੇ ਰਹੀਏ, ਪਰ ਮਿਹਰ ਤੋਂ ਬਿਨਾ ਉਸ ਪ੍ਰਭੂ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। (ਪ੍ਰਭੂ ਪ੍ਰਾਪਤੀ ਤੋਂ ਸਖਣੇ ਨੂੰ ਸ਼ਾਂਤੀ ਨਹੀਂ ਮਿਲ ਸਕਦੀ)।

ਪ੍ਰ: ਹੇ ਗੁਰੋ! ਤਾਂਘ ਕਰਦਿਆਂ ਹੋਇਆਂ ਵੀ ਨਾ ਪ੍ਰਾਪਤੀ ਦਾ ਕੀ ਕਾਰਣ ਹੈ?

ਉ: ੩. ਹੇ ਭਾਈਓ! ਅਸਲ ਕਾਰਣ ਇਹੋ ਹੈ ਕਿ ਜਿਨ੍ਹਾਂ ਲੋਕਾਂ ਦੇ ਅੰਦਰ ਲੋਭ ਦੇ ਵਿਕਾਰ ਵਸਦੇ ਹਨ, ਉਹ ਤਾਂ ਦ੍ਵੈਤ ਭਾਵਨਾ ਵਿਚ ਭੁਲੇ ਹੋਏ ਹਨ।

੪. ਇਸੀ ਕਰਕੇ ਉਨ੍ਹਾਂ ਦਾ ਜੰਮਣ ਮਰਨਾ ਨਹੀਂ ਮਿਟਦਾ। ਉਹ ਹਉਮੈ ਵਿਚ ਹੋਣ ਕਰਕੇ ਇਹ ਜੰਮਣ ਮਰਨ ਦਾ ਦੁੱਖ ਸਦਾ ਪਾਉਂਦੇ ਰਹਿੰਦੇ ਹਨ। (ਇਹੋ ਹੀ ਇਕ ਵੱਡਾ ਕਾਰਣ ਹੈ)।

੫. ਹੇ ਪਿਆਰੇ! ਜਿਨ੍ਹਾਂ ਲੋਕਾਂ ਨੇ ਨਿਰਵਿਕਾਰ ਹੋ ਸਤਿਗੁਰਾਂ ਦੇ ਦਿੱਤੇ ਉਪਦੇਸ਼ ਨਾਲ ਚਿੱਤ ਨੂੰ ਜੋੜ ਲਿਆ ਹੈ, ਉਨ੍ਹਾਂ ਵਿਚੋਂ (ਪ੍ਰਭੂ ਦੇ ਮਿਲਾਪ ਤੋਂ) ਵਾਂਝਿਆ ਕੋਈ ਵੀ ਨਹੀਂ ਰਿਹਾ।

੬. ਹੁਣ ਉਨ੍ਹਾਂ (ਮਹਾਂ ਪੁਰਖਾਂ ਨੂੰ) ਨਾ ਤਾਂ ਜਮਾਂ ਦਾ ਸੱਦਾ ਪੈਂਦਾ ਹੈ ਅਤੇ ਨਾ ਹੀ ਉਹ ਕੋਈ ਜੰਮਣ ਮਰਨ ਦਾ ਦੁੱਖ ਹੀ ਸਹਾਰਦੇ ਹਨ। (ਭਾਵ ਹੈ ਕਿ ਉਹਨਾਂ ਨੂੰ ਮੌਤ ਦਾ ਸਹਿਮ ਨਹੀਂ ਪੋਹ ਸਕਦਾ)।

ਪ੍ਰ: ਕਿਉਂ ਜੀ! ਆਖ਼ਰ ਉਨ੍ਹਾਂ ਦੀ ਸਮਾਈ ਕਿਥੇ ਹੁੰਦੀ ਹੈ?

ਉ: ੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੋ ਮਨੁੱਖ ਗੁਰੂ ਦੇ ਸਨਮੁਖ ਹੋਏ ਹਨ, ਉਹ ਇਸ ਸੰਸਾਰ ਸਾਗਰ ਨੂੰ ਤਰ ਜਾਂਦੇ ਹਨ। (ਉਹ) ਸੱਚੇ ਸ਼ਬਦ ਦੀ ਕਮਾਈ ਕਰਦੇ ਅੰਤ ਨੂੰ ਸੱਚ ਵਿਚ ਹੀ ਸਮਾ ਜਾਂਦੇ ਹਨ।੨।

ਪਉੜੀ ॥

੧. ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ ॥
੨. ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥
੩. ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ ॥
੪. ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ ॥
੫. ਢਾਢੀ ਕੀ ਸੇਵਾ ਚਾਕਰੀ
ਹਰਿ ਜਪਿ ਹਰਿ ਨਿਸਤਾਰਿ ॥੧੮॥

ਪਦ ਅਰਥ: ਮਹਲੁ—ਨਿਵਾਸ ਅਸਥਾਨ, ਆਤਮਿਕ ਅਵਸਥਾ। ਅਗਲਾ—ਉੱਚਾ।

ਅਰਥ:

ਪ੍ਰ: ਹੇ ਗੁਰੋ! ਆਮ ਲੋਕ ਤਾਂ ਉਨ੍ਹਾਂ ਨੂੰ ਢਾਡੀ ਕਹਿੰਦੇ ਹਨ ਜੋ ਅਮੀਰਾਂ ਤੇ ਰਾਜਿਆਂ ਦੇ ਦਰ 'ਤੇ ਜਸ ਗਾਇਨ ਕਰਿਆ ਕਰਦੇ ਹਨ, ਪਰ ਆਪ ਅਸਲ ਢਾਡੀ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈਓ! ਜੋ ਪੁਰਖ ਆਪਣੇ ਮਾਲਕ ਪ੍ਰਭੂ ਨਾਲ ਪਿਆਰ ਪਾਉਂਦਾ ਹੈ, ਉਹ ਪ੍ਰਭੂ ਦਾ ਅਸਲ ਢਾਡੀ ਅਖਵਾ ਸਕਦਾ ਹੈ।

੨. ਅਤੇ ਜੋ ਦਰਵਾਜ਼ੇ 'ਤੇ ਖੜੇ (ਚੋਬਦਾਰ ਵਾਂਙੂ) ਪ੍ਰਭੂ ਦੀ ਹਜ਼ੂਰੀ ਵਿਚ ਟਿਕ ਕੇ ਉਸ ਦਾ ਸਿਮਰਨ ਕਰਦਾ ਹੈ ਅਤੇ ਗੁਰੂ ਦੇ ਸ਼ਬਦ ਦੀ ਰਾਹੀਂ ਉਸ ਦੇ ਗੁਣਾਂ ਦੀ ਵੀਚਾਰ ਕਰਦਾ ਹੈ।

੩. ਉਹ ਇਸ ਪ੍ਰਕਾਰ ਸਤ ਸਰੂਪ ਨੂੰ ਹਿਰਦੇ ਵਿਚ ਧਾਰਨ ਕਰ ਲੈਂਦਾ ਹੈ। ਉਹ ਢਾਡੀ (ਦਰ) ਆਪਣੇ ਸਰੂਪ ਦੀ ਲਖਤਾ ਤੇ ਫੇਰ (ਘਰ) ਪ੍ਰਭੂ ਦੇ ਸਰੂਪ ਦੀ ਲਖਤਾ ਪਾ ਲਏਗਾ।

੪. ਹੇ ਪਿਆਰੇ! ਜੋ ਢਾਡੀ ਹਰੀ ਦੇ ਨਾਮ ਵਿਚ ਪਿਆਰ ਨਾਲ ਲੱਗਾ ਰਹਿੰਦਾ ਹੈ, ਇਸੇ ਕਰਕੇ ਉਸਦਾ ਮਰਤਬਾ ਬਹੁਤ ਵੱਡਾ ਹੋ ਜਾਂਦਾ ਹੈ। ਭਾਵ ਉਸਦੀ ਮਾਨਸਕ ਅਵਸਥਾ ਉੱਚੀ ਹੋ ਜਾਂਦੀ ਹੈ।

੫. ਹੇ ਭਾਈਓ! ਢਾਡੀ ਦੀ ਸੇਵਾ ਤੇ ਨੌਕਰੀ ਇਹੋ ਹੈ ਕਿ ਉਹ ਹਰੀ ਨੂੰ ਜਪਦਾ ਰਹੇ। (ਐਸੇ ਢਾਡੀ ਨੂੰ) ਪ੍ਰਭੂ ਸੰਸਾਰ ਸਾਗਰ ਤੋਂ ਪਾਰ ਲੰਘਾ ਲੈਂਦਾ ਹੈ।੧੮।

ਭਾਵਾਰਥ: ਹੇ ਭਾਈ! ਸਿਫ਼ਤਿ-ਸਾਲਾਹ ਦੀ ਬਾਣੀ ਨਿਰੰਕਾਰ ਦਾ ਸਰੂਪ ਹੀ ਹੈ, ਜਿਸ ਦੀ ਸਮਤਾ ਕਿਸੇ ਹੋਰ ਨੂੰ ਨਹੀਂ ਦਿੱਤੀ ਜਾ ਸਕਦੀ, ਪਰ ਇਸ ਦੀ ਪ੍ਰਾਪਤੀ ਗੁਰੂ ਦੁਆਰਾ ਦਿਨੇ ਰਾਤ ਨਾਮ ਜਪਦੇ ਰਹਿਣ ਨਾਲ ਹੁੰਦੀ ਹੈ।

ਸਾਰਾ ਸੰਸਾਰ ਅਸ਼ਾਂਤੀ ਵਿਚ ਪਿਆ ਵਿਲਕਦਾ ਹੈ, ਪਰ ਸ਼ਾਂਤੀ ਗੁਰੂ ਤੋਂ ਬਿਨਾ ਪ੍ਰਾਪਤ ਨਹੀਂ ਹੁੰਦੀ, ਕਿਉਂਕਿ ਮਨੁੱਖ ਦੇ ਅੰਦਰ ਜੋ ਲੋਭ ਤੇ ਵਿਕਾਰ ਹਨ, ਇਨ੍ਹਾਂ ਦੁਆਰਾ ਜੰਮਣ ਮਰਣ ਦੇ ਦੁੱਖ ਵਿਚ ਦੁਖੀ ਹੁੰਦੇ ਰਹੀਦਾ ਹੈ, ਪਰ ਜੇ ਸਤਿਗੁਰਾਂ ਦੀ ਚਰਨ ਸ਼ਰਨ ਵਿਚ ਜੁੜ ਜਾਈਏ ਤਾਂ ਹਉਮੈ ਅੰਦਰੋਂ ਮਿਟ ਜਾਂਦੀ ਹੈ, ਜਿਸ ਕਰਕੇ ਅੰਤ ਨੂੰ ਸੱਚ ਸਰੂਪ ਵਿਚ ਸਮਾਈ ਹੋ ਜਾਂਦੀ ਹੈ।

ਅਸਲ ਸੱਚਾ ਢਾਡੀ ਉਹ ਹੈ ਜੋ ਸੱਚੇ ਪ੍ਰਭੂ ਨਾਲ ਪਿਆਰ ਪਾਉਂਦਾ ਹੈ ਤੇ ਸੱਚੇ ਦੇ ਗੁਣਾਂ ਦੀ ਹੀ ਵਿਚਾਰ ਕਰਦਾ ਰਹਿੰਦਾ ਹੈ। ਸਤਿਗੁਰੂ ਦੀ ਹਜ਼ੂਰੀ ਵਿਚ ਟਿਕਿਆਂ ਜੋ ਸਿਮਰਨ ਰੂਪ ਸੇਵਾ ਕਰਦਾ ਹੈ, ਉਹ ਸੇਵਕ ਹਰੀ ਨੂੰ ਜਪ ਕੇ ਇਸ ਸੰਸਾਰ ਸਾਗਰ ਤੋਂ ਆਪਣਾ ਪਾਰ ਉਤਾਰਾ ਕਰ ਲੈਂਦਾ ਹੈ।

ਸਲੋਕੁ ਮਃ ੩ ॥

੧. ਗੁਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥
੨. ਗੁਰ ਕੈ ਸਬਦਿ ਵੀਚਾਰਿ
ਅਨਦਿਨੁ ਹਰਿ ਜਪੁ ਜਾਪਣਾ ॥
੩. ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ
ਸਾ ਕੁਲਵੰਤੀ ਨਾਰਿ ॥
੪. ਸਾ ਹੁਕਮੁ ਪਛਾਣੈ ਕੰਤ ਕਾ
ਜਿਸਨੋ ਕ੍ਰਿਪਾ ਕੀਤੀ ਕਰਤਾਰਿ ॥
੫. ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥
੬. ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥
੭. ਅੰਤਰਿ ਪਰਗਾਸੁ ਮਤਿ ਊਤਮ ਹੋਵੈ
ਹਰਿ ਜਪਿ ਗੁਣੀ ਗਹੀਰੁ ॥
੮. ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥
੯. ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥
੧੦. ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
੧੧. ਨਾਨਕ ਖਸਮੈ ਭਾਵੈ ਸਾ ਭਲੀ
ਜਿਸ ਨੋ ਆਪੇ ਬਖਸੇ ਕਰਤਾਰੁ ॥੧॥

ਪਦ ਅਰਥ : ਗੂਜਰੀ ਜਾਤਿ ਗਵਾਰਿ—ਗਵਾਰ ਜਾਤਿ ਵਾਲੀ ਗੂਜਰੀ, ਅਨਪੜ੍ਹ, ਅਸੱਭਯ, ਭਾਵ ਨੀਵੀਂ ਜਾਤ, ਮੋਟੀ ਜਾਤ ਗੂਜਰੀ। ਅਨਦਿਨੁ—ਹਰ ਰੋਜ਼। ਭਉ—ਰੱਬ ਦਾ ਡਰ। ਕੁਲਵੰਤੀ—ਚੰਗੀ ਕੁਲ ਵਾਲੀ। ਕਰਤਾਰਿ—ਕਰਤਾਰ ਨੇ। ਕੁਲਖਣੀ—ਭੈੜੇ ਲਖਣਾਂ ਵਾਲੀ। ਪਰਹਰਿ ਛੋਡੀ—ਤਿਆਗ ਦਿੱਤੀ। ਭਤਾਰਿ—ਭਤਾਰ ਨੇ। ਭੈ ਪਇਐ—(ਹਿਰਦੇ ਵਿਚ) ਰੱਬ ਦਾ ਡਰ ਪਿਆ। ਗੁਣੀ ਗਹੀਰੁ—ਗੁਣਾਂ ਦਾ ਖ਼ਜ਼ਾਨਾ। ਬੈਸੈ—ਬੈਠਦਾ ਹੈ।

ਅਰਥ :

ਪ੍ਰ: ਹੇ ਗੁਰੋ ! ਨੀਵੀਂ ਜਾਤ ਵਾਲਾ ਗਵਾਰ ਮਨੁੱਖ ਕਿਵੇਂ ਉੱਤਮ ਹੋ ਜਾਂਦਾ ਹੈ ?

ਉ: ੧. ਹੇ ਭਾਈਓ ! (ਜਿਵੇਂ ਕਿ ਚੰਦ੍ਰਾਵਲਿ ਗੂਜਰੀ, ਨੀਵੀਂ ਜਾਤ ਵਾਲੀ ਨੇ ਜਦੋਂ ਆਪਣਾ ਮਾਲਕ ਉੱਚਾ ਕ੍ਰਿਸ਼ਨ ਭਗਵਾਨ ਪਾ ਲਿਆ, ਉਹ ਉੱਚੀ ਜਾਤ ਵਾਲੀ ਹੋ ਗਈ) ਤਿਵੇਂ ਹੀ ਉਹ ਜੀਵ ਰੂਪੀ ਇਸਤਰੀ ਕੁਲਵੰਤੀ ਹੋ ਜਾਂਦੀ ਹੈ, ਜੇਕਰ ਉਹ ਆਪਣਾ ਪਰਮੇਸ਼ਰ ਪਤੀ ਪਾ ਲਵੇ।

੨. ਤੇ ਗੁਰੂ ਦੇ ਸ਼ਬਦ ਦੁਆਰਾ ਵੀਚਾਰ ਵਿਚ ਰਹੇ ਤੇ ਹਰ ਰੋਜ਼ ਪ੍ਰਭੂ ਦਾ ਸਿਮਰਨ ਕਰੇ।

ਪ੍ਰ: ਕਿਉਂ ਜੀ ! ਸਾਰੇ ਮਨੁੱਖ ਨਾਮ ਸਿਮਰਨ ਦੁਆਰਾ ਉੱਚੇ ਕਿਉਂ ਨਹੀਂ ਬਣ ਜਾਂਦੇ ?

ਉ: ੩. ਹੇ ਭਾਈ ! ਜਿਸ ਨੂੰ ਸਤਿਗੁਰੂ ਮਿਲ ਪਵੇ ਤੇ ਉਸ ਨੂੰ ਹਰੀ ਦਾ ਭਉ ਪੈ ਜਾਵੇ, ਉਹ ਨੀਵੀਂ ਜਾਤ ਵਾਲੀ ਭੀ ਕੁਲਵੰਤੀ ਇਸਤ੍ਰੀ ਹੋ ਜਾਂਦੀ ਹੈ।

੪. ਹੇ ਪਿਆਰੇ ! ਉਹ ਪਤੀ ਪਰਮੇਸ਼ਰ ਦਾ ਹੁਕਮ ਪਛਾਣ ਲੈਂਦੀ ਹੈ, ਪਰ ਹੁਕਮ ਨੂੰ ਭੀ ਓਹੀ ਪਛਾਣਦੀ ਹੈ, ਜਿਸ ਉੱਤੇ ਕਰਤਾਰ ਨੇ ਕਿਰਪਾ ਕੀਤੀ ਹੁੰਦੀ ਹੈ।

ਪ੍ਰ: ਹੇ ਗੁਰੋ ! ਜਿਸ ਵਿਚ ਉਪਰ ਦਸੇ ਸ਼ੁਭ ਲੱਛਣ ਨਹੀਂ, ਉਸਨੂੰ ਆਪ ਕੀ ਕਹੋਗੇ ?

ਉ: ੫. ਹੇ ਭਾਈਓ ! ਉਹ ਕੁਚੱਜੀ ਹੈ, ਉਹ ਖੋਟੇ ਲੱਛਣਾਂ ਵਾਲੀ ਕਹੀ ਜਾਂਦੀ ਹੈ, ਕਿਉਂਕਿ ਉਸ ਨੂੰ ਪਤੀ ਪਰਮੇਸ਼ਰ ਪਰੇ ਕਰ ਦੇਂਦਾ ਹੈ ਤੇ ਛੱਡ ਦੇਂਦਾ ਹੈ।

ਪ੍ਰ: ਕਿਉਂ ਜੀ ! ਕੀ ਅਜਿਹੀ ਜੀਵ ਰੂਪ ਇਸਤ੍ਰੀ ਆਪਣੇ ਪਾਰ ਉਤਾਰੇ ਵਲੋਂ ਨਿਰਾਸ਼ ਹੋ ਜਾਵੇ ?

ਉ: ੬. ਹੇ ਪਿਆਰਿਓ ! ਉਸ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ, ਇਸ ਦਾ ਭੀ ਪਾਰ ਉਤਾਰਾ ਹੋ ਸਕਦਾ ਹੈ, ਪਰ ਜੇਕਰ ਇਸ ਦੇ ਹਿਰਦੇ ਵਿਚ ਪ੍ਰਭੂ ਜੀ ਦਾ ਭੈ ਪੈ ਜਾਵੇ, ਤਾਂ ਫਿਰ ਇਸ ਦੇ ਮਨ ਦੀ ਮੈਲ ਕੱਟੀ ਜਾਂਦੀ ਹੈ, (ਇਸ ਤਰ੍ਹਾਂ ਇਸ ਦਾ) ਸਰੀਰ ਭੀ ਨਿਰਮਲ ਹੋ ਜਾਂਦਾ ਹੈ।

੭. (ਕਿਉਂਕਿ) ਗੁਣਾਂ ਦੇ ਖ਼ਜ਼ਾਨੇ ਪਰਮੇਸ਼ਰ ਦਾ ਸਿਮਰਨ ਕਰ ਕੇ ਉਸ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਸ ਦੀ ਮਤਿ ਉੱਜਲ ਹੋ ਜਾਂਦੀ ਹੈ।

ਪ੍ਰ: ਹਜ਼ੂਰ ! ਉਸ ਦੀ ਪਛਾਣ ਕੀ ਹੈ ?

ਉ: ੮. ਹੇ ਭਾਈਓ ! ਉਹ ਸਦਾ ਪ੍ਰਭੂ ਦੇ ਭੈ ਵਿਚ ਬੈਠਦੀ ਹੈ ਤੇ ਡਰ ਵਿਚ ਰਹਿੰਦੀ ਹੈ ਅਤੇ ਉਹ ਸਭੇ ਕਿਰਤ ਕਾਰ ਸਾਈਂ ਜੀ ਦੇ ਭੈ ਵਿਚ ਹੀ ਕਰਦੀ ਹੈ।

ਪ੍ਰ: ਹਜ਼ੂਰ ! ਆਖ਼ਰ ਉਸ ਨੂੰ ਫਲ ਕੀ ਪ੍ਰਾਪਤ ਹੋਵੇਗਾ ?

ਉ: ੯. ਹੇ ਪਿਆਰੇ ! ਉਸ ਨੂੰ ਇਥੇ ਇਸ ਜੀਵਨ ਵਿਚ ਆਦਰ ਤੇ ਸੁੱਖ ਮਿਲਦਾ ਹੈ ਅਤੇ ਰੱਬੀ ਦਰਬਾਰ ਵਿਚ ਗਇਆਂ ਉਸ ਨੂੰ ਮੁਕਤੀ ਦਾ ਦਰ ਪ੍ਰਾਪਤ ਹੁੰਦਾ ਹੈ।

੧੦. ਹੇ ਪਿਆਰੇ ! ਇਹ ਗੱਲ ਨਿਯਮ ਦੀ ਹੈ ਕਿ ਪ੍ਰਭੂ ਦਾ ਭੈ ਹਿਰਦੇ ਵਿਚ ਧਾਰਨ ਦੁਆਰਾ ਉਹ ਨਿਰਭਉ ਪ੍ਰਭੂ ਮਿਲ ਜਾਂਦਾ ਹੈ। ਇਸ ਪਦ ਵਿਚ ਪੁੱਜ ਕੇ ਅਪਾਰ ਜੋਤੀ ਸਰੂਪ ਹਰੀ ਨੂੰ ਮਿਲ ਕੇ ਜੋਤੀ ਸਰੂਪ ਹੋ ਜਾਈਦਾ ਹੈ।

੧੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਜੋ ਉਸ ਮਾਲਕ ਪ੍ਰਭੂ ਨੂੰ ਭਾ ਜਾਵੇ, ਉਹੋ ਗੁਰਮੁਖ ਰੂਪ ਇਸਤ੍ਰੀ ਭਲੀ ਹੈ, ਜਿਸ ਨੂੰ ਕਿ ਕਰਤਾਰ ਆਪੇ ਬਖ਼ਸ਼ ਲਵੇ।੧।

ਮਃ ੩ ॥

੧. ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ ॥
੨. ਨਾਨਕ ਏਕੁ ਛੋਡਿ ਦੂਜੈ ਲਗੈ
ਸਾ ਜਿਹਵਾ ਜਲਿ ਜਾਉ ॥੨॥

ਅਰਥ :

ਪ੍ਰ: ਹੇ ਗੁਰੋ ! ਉਸ ਸੱਚੇ ਦੀ ਸਿਫ਼ਤ ਕਰਨ ਲਈ ਕੋਈ ਖ਼ਾਸ ਸਮਾਂ ਨੀਯਤ ਹੈ ?

ਉ: ੧. ਹੇ ਭਾਈ ! ਉਸ ਸੱਚੇ ਪ੍ਰਭੂ ਦੀ ਤਾਂ ਸਦਾ ਹੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ। ਮੈਂ ਤਾਂ ਸੱਚੇ ਸਤਿ ਸਰੂਪ ਤੋਂ ਸਦਾ ਬਲਿਹਾਰ ਜਾਂਦਾ ਹਾਂ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਜੋ ਜੀਭ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਹੋਰ ਦੀ (ਸਿਫ਼ਤਿ-ਸਾਲਾਹ) ਵਿਚ ਲੱਗੀ ਹੋਈ ਹੈ, ਉਹ ਤਾਂ ਸੜ ਜਾਣ ਜੋਗ ਹੈ।

ਪਉੜੀ ॥

੧. ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ॥
੨. ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ॥
੩. ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨੀ ਨ ਲਹੀਆ ॥
੪. ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ॥
੫. ਤਿਥੈ ਸੋਗੁ ਵਿਜੋਗੁ ਨ ਵਿਆਪਈ
ਅਸਥਿਰੁ ਜਗਿ ਥੀਆ ॥੧੯॥

ਪਦ ਅਰਥ : ਅੰਸਾ ਅਉਤਾਰੁ—ਅੰਸਾ ਅਵਤਾਰ, ਉਹ ਅਵਤਾਰ ਜਿਨ੍ਹਾਂ ਵਿਚ ਅਵਤਾਰੀ ਕਲਾਂ ਦੇ ਕੁਝ ਅੰਸ਼ ਜਾਂ ਭਾਗ ਹੁੰਦੇ ਹਨ। ਕਈ ਅਵਤਾਰਾਂ ਵਿਚ ੯ ਕਲਾਂ, ਕਈਆਂ ਵਿਚ ਦਸ ਤੋਂ ਲੈ ਕੇ ੧੬ ਤਕ ਕਹੀਦੀਆਂ ਹਨ। ਦੇਵਤੇ ਆਦਿਕਾ ਦਾ ਜਨਮ। ਉਪਾਇਓਨੁ—ਉਸ ਪ੍ਰਭੂ ਨੇ ਉਪਾਇਆ। ਦੂਜਾ ਭਾਉ—ਮਾਇਆ ਦਾ ਮੋਹ। ਜਿਉ ਰਾਜੇ—ਰਾਜਿਆਂ ਵਾਂਗ। ਈਸਰੁ—ਸਿਵ। ਤਿਨੀ—

ਉਨ੍ਹਾਂ ਨੇ ਭੀ। ਤਿਥੈ—(ਗੁਰਮੁਖ ਵਾਲੀ) ਅਵਸਥਾ ਵਿਚ। ਸੋਗੁ—ਚਿੰਤਾ। ਵਿਜੋਗੁ—ਵਿਛੋੜਾ। ਜਗਿ—ਜਮਾਤ ਵਿਚ।

ਅਰਥ :

ਪ੍ਰ: ਕਿਉਂ ਜੀ! ਇਸ ਸੰਸਾਰ ਵਿਚ ਜਦੋਂ ਵੀ ਕਲਾਂ ਧਾਰੀ ਦੇਵਤਿਆਂ ਦਾ ਜਨਮ ਹੁੰਦਾ ਹੈ, ਕੀ ਇਹ ਸਾਰੇ ਆਪਣੀ ਮਰਜ਼ੀ ਮੁਤਾਬਕ ਜਗਤ ਵਿਚ ਆਉਂਦੇ ਹਨ?

ਉ: ੧. ਹੇ ਭਾਈਓ! ਇਨ੍ਹਾਂ ਕਲਾਂ ਧਾਰੀ ਦੇਵਤਿਆਂ ਦਾ ਭੀ ਜਨਮ ਪ੍ਰਭੂ ਨੇ ਆਪ ਹੀ ਕੀਤਾ ਹੈ। (ਭਾਵ ਇਹ ਸੁਤੰਤ੍ਰ ਨਹੀਂ, ਪ੍ਰਭੂ ਦੇ ਅਧੀਨ ਹਨ) ਪਰ ਉਨ੍ਹਾਂ ਨੇ ਅੰਸ ਹੁੰਦਿਆਂ ਹੋਇਆਂ ਭੀ ਦੂਜਾ ਭਾਉ ਕੀਤਾ।

ਪ੍ਰ: ਹਜ਼ੂਰ! ਉਹ ਕਿਵੇਂ?

ਉ: ੨. ਹੇ ਪਿਆਰਿਓ! ਉਹ ਉਸੇ ਤਰ੍ਹਾਂ ਕਿ ਜਿਵੇਂ ਰਾਜੇ ਰਾਜ ਕਰਦੇ ਹੋਏ ਭਿੜਦੇ ਹਨ, ਭਾਵ ਉਹ ਦੇਵਤੇ ਭੀ, ਰਾਜਿਆਂ ਵਾਂਗ ਰਾਜ ਕਰਦੇ ਰਹੇ ਤੇ ਦੁੱਖਾਂ-ਸੁੱਖਾਂ ਲਈ ਲੜਦੇ ਰਹੇ।

ਪ੍ਰ: ਹੇ ਗੁਰੋ! ਜੋ ਵੱਡੇ-ਵੱਡੇ ਆਦੀ ਦੇਵਤੇ ਬ੍ਰਹਮ ਤੇ ਸ਼ਿਵ ਜੀ ਆਦਿ ਜੋ ਕਈ-ਕਈ ਜੁੱਗ ਇਕੋ ਹੀ ਸਮਾਧੀ ਵਿਚ ਬੈਠੇ ਪ੍ਰਭੂ ਦੀ ਅਰਾਧਨਾ ਕਰਦੇ ਰਹਿੰਦੇ ਹਨ, ਉਹ ਦੇਵਤੇ ਤਾਂ ਉਸ ਸਾਈਂ ਜੀ ਦਾ ਅੰਤ ਪਾ ਸਕੇ ਹੋਣਗੇ?

ਉ: ੩. (ਨਹੀਂ) ਹੇ ਭਾਈਓ! (ਇਸ ਵਿਚ ਕੋਈ ਸ਼ੱਕ ਨਹੀਂ ਕਿ) ਉਹ ਸ਼ਿਵ ਬ੍ਰਹਮਾ ਆਦਿ ਵੱਡੇ-ਵੱਡੇ ਦੇਵਤੇ ਉਸ ਸਾਈਂ ਜੀ ਨੂੰ ਸਿਮਰਦੇ ਰਹੇ ਹਨ, ਪਰ ਉਸ (ਬੇਅੰਤ) ਪ੍ਰਭੂ ਜੀ ਦੀ ਅਜਬ ਖੇਡ ਦਾ ਭੇਦ ਉਨ੍ਹਾਂ ਨੇ ਭੀ ਨਹੀਂ ਲੱਭਾ।

ਪ੍ਰ: ਸ੍ਰੀ ਜੀਉ! ਇਹ ਦੱਸੋ, ਕੀ ਉਹ ਕਿਸੇ ਨੂੰ ਪ੍ਰਗਟ ਭੀ ਹੋਇਆ ਹੈ?

ਉ: ੪. ਹੇ ਭਾਈਓ! ਉਹ ਪਰਮੇਸ਼ਰ ਭੈ ਰਹਿਤ ਹੈ, ਅਕਾਰ ਤੋਂ ਰਹਿਤ ਹੈ ਅਤੇ ਉਹ ਮਨ ਬਾਣੀ ਦੀ ਲਖਤਾ ਤੋਂ ਪਰੇ ਹੈ, (ਪਰ) ਹਾਂ, ਉਹ ਕੇਵਲ ਗੁਰੂ ਦੁਆਰਾ ਪ੍ਰਗਟ ਹੋ ਜਾਂਦਾ ਹੈ।

ਪ੍ਰ: ਕਿਉਂ ਜੀ! ਜਿਸ ਦੇ ਹਿਰਦੇ ਵਿਚ ਉਹ ਪ੍ਰਗਟ ਹੋ ਆਇਆ, ਉਸ ਦੀ ਮਾਨਸਕ ਅਵਸਥਾ ਵਿਚ ਕੀ ਬਦਲ ਆ ਜਾਂਦੀ ਹੈ?

ਉ: ੫. ਹੇ ਸੱਜਨੋ! ਇਸ ਅਵਸਥਾ ਵਿਚ ਪੁੱਜੇ ਹੋਏ ਗੁਰਮੁਖ ਨੂੰ ਸੰਸਾਰਕ ਸੋਗ ਤੇ ਵਿਜੋਗ ਨਹੀਂ ਵਾਪਰਦੇ। ਉਹ ਗੁਰਮੁਖ ਜਗਤ ਵਿਚ ਮਾਇਆ ਦੇ ਮੋਹ ਵਲੋਂ ਅਡੋਲ ਹੋ ਰਹਿੰਦਾ ਹੈ।੧੯।

ਭਾਵਾਰਥ : ਸਲੋਕ ਵਿਚ ਫ਼ੁਰਮਾਇਆ ਹੈ ਕਿ ਜੋ ਦਿਨੇ ਰਾਤ ਉਸ ਸਾਈਂ ਜੀ ਦੀ ਯਾਦ ਵਿਚ ਜੁੜੇ ਰਹਿਣ ਵਾਲੇ ਹਨ, ਉਹ ਭਾਵੇਂ ਸੰਸਾਰੀ ਲੋਕਾਂ ਦੀ ਨਿਗ੍ਹਾ ਵਿਚ ਕਿਤਨੇ ਭੀ ਨੀਵੇਂ ਸਨ, ਉਹ ਉੱਚੇ ਹੋ ਗਏ।

ਸੋ, ਐਸੇ ਸਾਈਂ ਜੀ ਦੀ ਚਰਨ ਸ਼ਰਨ ਛੱਡ ਕੇ ਜੋ ਕਿਸੇ ਹੋਰ ਦੀ ਸਿਫ਼ਤਿ-ਸਾਲਾਹ ਵਿਚ ਲਗੇ ਹੋਏ ਹਨ, ਉਨ੍ਹਾਂ ਦੀ ਤਾਂ ਅਜਿਹੀ ਜ਼ੁਬਾਨ ਹੀ ਸੜਨ ਜੋਗ ਹੈ।

ਉਸ ਸਾਈਂ ਜੀ ਦੇ ਭੇਜੇ ਅਨੇਕਾਂ ਅੰਸ, ਅਵਤਾਰ, ਦੇਵਤੇ ਆਏ, ਉਹ ਵੀ ਰਾਜਿਆਂ ਵਾਂਗ ਦੁੱਖਾਂ-ਸੁੱਖਾਂ ਲਈ ਲੜਦੇ ਰਹੇ। ਵੱਡੇ-ਵੱਡੇ ਬ੍ਰਹਮ ਤੇ ਸ਼ਿਵ ਜੀ ਵਰਗੇ ਦੇਵਤੇ ਜੁੱਗਾਂ ਪ੍ਰਯੰਤ ਉਸ ਦੀ ਸੇਵਨਾ ਕਰਦੇ ਰਹੇ, ਪਰ ਤਾਂ ਭੀ ਉਸ ਬੇਅੰਤ ਸਾਈਂ ਦਾ ਅੰਤ ਨਹੀਂ ਪਾ ਸਕੇ। ਹੈ ਤਾਂ ਉਹ ਪ੍ਰਭੂ ਅਲੱਖ, ਪਰ ਗੁਰੂ ਦੁਆਰਾ ਉਸ ਨੂੰ ਲਖ ਸਕੀਦਾ ਹੈ।

ਸਲੋਕੁ ਮਃ ੩ ॥

੧. ਏਹੁ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ ॥
੨. ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ ॥
੩. ਨਾਨਕ ਜੇ ਕੋ ਆਪੁ ਗਣਾਇਦਾ
ਸੋ ਮੂਰਖੁ ਗਾਵਾਰੁ ॥੧॥

ਪਦ ਅਰਥ : ਜਿਨਿ—ਜਿਸ ਮਨੁੱਖ ਨੇ। ਏਹੁ ਲੇਖਾ ਲਿਖਿਆ—ਇਹ ਗੱਲ ਸਮਝ ਲਈ। ਆਪੁ—ਆਪਣੇ ਆਪ ਨੂੰ। ਗਣਾਇਦਾ—ਵੱਡਾ ਅਖਵਾਂਦਾ ਹੈ। ਆਵਣ ਜਾਣੁ—ਆਉਣ, ਜਾਣ ਵਾਲਾ, ਨਾਸ਼ਵਾਨ।

ਅਰਥ :

ਪ੍ਰ: ਹੇ ਗੁਰੋ! ਕੀ ਇਹ ਜੋ ਵਸਦਾ ਰਸਦਾ ਸੰਸਾਰ ਦਿੱਸਦਾ ਹੈ, ਇਹ ਸਦੀਵੀ ਕਾਲ ਇਸੇ ਤਰ੍ਹਾਂ ਹੀ ਬਣਿਆ ਰਹਿੰਦਾ ਹੈ?

ਉ: ੧. (ਨਹੀਂ) ਹੇ ਭਾਈਓ! ਇਹ ਜਿਤਨਾ ਭੀ ਜਗਤ ਸ਼ਕਲ ਸੂਰਤਿ ਵਾਲਾ ਵਸਦਾ ਰਸਦਾ ਦਿੱਸ ਰਿਹਾ ਹੈ, ਇਹ ਸਾਰਾ ਹੀ ਆਉਣ ਜਾਣ ਵਾਲਾ ਹੈ, (ਭਾਵ ਇਹ ਸਦਾ ਇਕੋ ਹਾਲਤ ਵਿਚ ਨਹੀਂ ਰਹਿੰਦਾ। ਸੋ, ਇਸ ਲਈ ਕਿਸੇ ਰਾਜ, ਧਨ, ਮਿਲਖ ਆਦਿਕ ਦਾ ਮਾਣ ਕਰਨਾ ਬੇਸਮਝੀ ਹੈ)।

੨. ਹੇ ਭਾਈਓ! ਜਿਸਨੇ ਇਹ ਲੇਖ ਲਿਖ ਲਿਆ, ਭਾਵ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਿਆ, ਉਹੀ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੁੰਦਾ ਹੈ।

੩. ਕਹਿੰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ ਹੇ (ਸਜਨੋ)! ਜੋ ਵੀ ਬੰਦਾ ਇਸ (ਨਾਸਵੰਤ ਅਕਾਰ) ਦੇ ਆਸਰੇ ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ, (ਭਾਵ ਮਾਣ ਕਰਦਾ ਹੈ) ਉਹ (ਮਨੁੱਖ) ਮੂਰਖ ਹੈ, ਉਹ ਗਵਾਰ ਹੈ।੧।

ਮਃ ੩ ॥

੧. ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ
ਕੁੰਡਾ ਜਹ ਖਿੰਚੇ ਤਹ ਜਾਇ ॥
੨. ਨਾਨਕ ਹਸਤੀ ਕੁੰਡੇ ਬਾਹਰਾ
ਫਿਰਿ ਫਿਰਿ ਉਝੜਿ ਪਾਇ ॥੨॥

ਪਦ ਅਰਥ : ਕੁੰਚਰ—ਹਾਥੀ। ਪੀਲਕੁ—ਹਾਥੀ ਨੂੰ ਚਲਾਣ ਵਾਲਾ, ਮਹਾਵਤ। ਗਿਆਨ—ਗੁਰੂ ਦੀ ਦਿੱਤੀ ਮਤਿ। ਜਿਹ—ਜਿਧਰ। ਹਸਤੀ—ਹਾਥੀ। ਉਝੜਿ—ਕੁਰਾਹੇ, ਔਝੜੇ। ਪਾਇ—ਪੈਂਦਾ ਹੈ।

ਅਰਥ :

ਪ੍ਰ: ਹੇ ਗੁਰੋ! ਬੜਾ ਜਤਨ ਕਰਦੇ ਹਾਂ ਕਿ ਇਹ ਅਮੋੜ ਮਨ ਗੁਰੂ

ਦੀ ਦਿੱਤੀ ਹੋਈ ਮਤਿ ਅਨੁਸਾਰ ਰੱਬੀ ਮਾਰਗ 'ਤੇ ਤੁਰਦਾ ਰਵੇ, ਪਰ ਇਹ ਤੁਰਦਾ ਹੀ ਨਹੀਂ, ਕੋਈ ਸਾਧਨ ਦੱਸੋ।

ਉ: ੧. ਹੇ ਪਿਆਰਿਓ ! ਇਹ ਮਨ ਤਾਂ (ਮਾਨੋ) ਇਕ ਤਰ੍ਹਾਂ ਦਾ ਹਾਥੀ ਹੈ, ਪਰ ਜੇ ਸਤਿਗੁਰੂ ਜੀ ਇਸ ਦਾ ਮਹਾਵਤ ਬਣ ਜਾਵੇ, ਗੁਰੂ ਦੀ ਦਿੱਤੀ ਹੋਈ ਮਤਿ (ਇਸ ਦੇ ਸਿਰ 'ਤੇ) ਕੁੰਡਾ ਹੋਵੇ, ਤਾਂ ਫਿਰ ਇਹ (ਅਮੋੜ) ਮਨ ਉਧਰ ਜਾਂਦਾ ਹੈ, ਜਿਧਰ ਇਸ ਨੂੰ ਗੁਰੂ ਤੋਰਦਾ ਹੈ, ਭਾਵ ਤਾਂ ਇਹ ਗੁਰੂ ਮਤਿ ਦੇ ਅਨੁਸਾਰੇ ਹੋ ਰੱਬੀ ਮਾਰਗ 'ਤੇ ਚਲਦਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਇਹ ਮਨ ਰੂਪ ਹਾਥੀ ਜੇ (ਗੁਰੂ ਦੇ) ਗਿਆਨ ਰੂਪੀ ਕੁੰਡੇ ਤੋਂ ਬਿਨਾ ਹੋਵੇ ਤਾਂ ਉਹ ਮੁੜ-ਮੁੜ ਕੇ ਵਿਕਾਰਾਂ ਰੂਪ ਕੁਰਾਹੇ ਪੈਂਦਾ ਹੈ।੨।

ਪਉੜੀ ॥

੧. ਤਿਸੁ ਆਗੈ ਅਰਦਾਸਿ ਜਿਨਿ ਉਪਾਇਆ ॥
੨. ਸਤਿਗੁਰੁ ਅਪਣਾ ਸੇਵਿ ਸਭ ਫਲ ਪਾਇਆ ॥
੩. ਅੰਮ੍ਰਿਤ ਹਰਿ ਕਾ ਨਾਉ ਸਦਾ ਧਿਆਇਆ ॥
੪. ਸੰਤ ਜਨਾ ਕੈ ਸੰਗਿ ਦੁਖੁ ਮਿਟਾਇਆ ॥
੫. ਨਾਨਕ ਭਏ ਅਚਿੰਤੁ ਹਰਿ ਧਨੁ ਨਿਹਚਲਾਇਆ ॥੨੦॥

ਪਦ ਅਰਥ : ਜਿਨਿ—ਜਿਸ ਪ੍ਰਭੂ ਨੇ। ਸੇਵਿ—ਸੇਵਾ ਕਰਕੇ, ਹੁਕਮ ਕਰਕੇ। ਅਚਿੰਤੁ—ਬੇਫ਼ਿਕਰ।

ਅਰਥ :

ਪ੍ਰ: ਹੇ ਗੁਰੋ ! ਮੈਂ ਮਲੀਨ ਮਤਿ ਵਾਲੇ ਨੂੰ ਤਾਂ ਅਰਦਾਸ ਕਰਨ ਦੀ ਭੀ ਸੋਝੀ ਨਹੀਂ ਕਿ ਮੈਂ ਕਿਸ ਅੱਗੇ ਜੋਦੜੀ ਕਰਾਂ, ਕਿਰਪਾ ਕਰ ਕੇ ਤੁਸੀਂ ਆਪ ਹੀ ਅਰਦਾਸ ਕਰਨ ਦੀ ਜਾਚ ਦੱਸ ਦਿਓ।

ਉ: ੧. ਹੇ ਪਿਆਰੇ ! (ਜਿਸ ਪ੍ਰਭੂ ਨੇ ਇਹ ਅਕਾਰ ਵਾਲਾ ਸਾਰਾ ਜਗਤ) ਪੈਦਾ ਕੀਤਾ ਹੈ, ਉਸ ਦੇ ਅੱਗੇ ਹੀ ਬੇਨਤੀ ਕਰੋ।

ਪ੍ਰ: ਹਜ਼ੂਰ ! ਮੈਂ ਬੇਨਤੀ ਵਿਚ ਕਵ੍ਹਾਂ ਕੀ ?

ਉ: ਹੇ ਭਾਈ ! ਤੂੰ ਇਉਂ ਕਹੋ ਕਿ ਹੇ ਸਾਈਂ ਜੀ ! ਮੈਨੂੰ ਸਤਿਗੁਰੂ ਜੀ ਦੇ ਨਾਲ ਮਿਲਾ ਦਿਓ, ਇਸ ਤਰ੍ਹਾਂ ਨਾਲ ਕੀਤੀ ਅਰਦਾਸ ਸੁਣ ਕੇ ਉਹ ਸਾਈਂ ਜੀ ਗੁਰੂ ਨਾਲ ਮਿਲਾ ਦੇਂਦਾ ਹੈ।

ਪ੍ਰ: ਹੇ ਗੁਰੋ ! ਗੁਰੂ ਨਾਲ ਮਿਲ ਕੇ ਫਿਰ ਮੈਂ ਕਰਾਂ ਕੀ ?

ਉ: ੨. ਹੇ ਪਿਆਰਿਆ ! ਆਪਣੇ ਉਸ ਸਤਿਗੁਰੂ ਨੂੰ ਸੇਵਨਾ ਕਰ, ਜਿਸ ਨੂੰ ਸੇਵ ਕੇ ਸਾਰੇ ਹੀ ਫਲ ਪਾ ਲਈਦੇ ਹਨ।

ਪ੍ਰ: ਕਿਉਂ ਜੀ ! ਉਹ ਸਤਿਗੁਰੂ ਜੀ ਆਖ਼ਰ ਦੱਸਦੇ ਕੀ ਹਨ, ਜਿਸ ਦੀ ਰਾਹੀਂ ਸਾਰੇ ਫਲ ਮਿਲਦੇ ਹਨ ?

ਉ: ੩. ਹੇ ਸੱਜਨਾ ! ਗੁਰੂ ਜੀ ਹਰੀ ਦਾ ਅੰਮ੍ਰਿਤ ਰੂਪੀ ਨਾਮ ਦੱਸਦੇ ਹਨ, ਉਸ ਨਾਮ ਨੂੰ ਜਿਨ੍ਹਾਂ ਨੇ ਸਦਾ ਹੀ ਧਿਆਇਆ ਹੈ।

੪. (ਇਸ ਦੇ ਨਾਲ-ਨਾਲ) ਜਿਨ੍ਹਾਂ ਨੇ ਸੰਤ ਪੁਰਖਾਂ ਦਾ ਸਤਿਸੰਗ ਕੀਤਾ, ਉਨ੍ਹਾਂ ਨੇ ਆਪਣਾ ਸਾਰਾ (ਜੰਮਣ ਮਰਣ ਦਾ) ਦੁੱਖ ਮਿਟਾ ਲਿਆ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! (ਇਸ ਤਰ੍ਹਾਂ ਗੁਰੂ ਨੂੰ ਮਿਲ ਕੇ) ਜਿਨ੍ਹਾਂ ਨੇ ਨਾ ਨਾਸ ਹੋਣ ਵਾਲਾ ਨਾਮ ਧਨ ਖੱਟ ਲਿਆ ਹੈ, ਉਹ (ਸਦਾ ਲਈ) ਚਿੰਤਾ ਤੋਂ ਰਹਿਤ ਹੋ ਗਏ।੨੦।

ਭਾਵਾਰਥ : ਸਲੋਕ ਵਿਚ ਹਜ਼ੂਰ ਇਹ ਸੋਝੀ ਦੇ ਰਹੇ ਹਨ ਕਿ ਜਿਨ੍ਹਾਂ ਨੇ ਇਸ ਸੰਸਾਰ ਨੂੰ ਨਾਸਵੰਤ ਜਾਣ ਕੇ ਇਸ ਨੂੰ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਹੈ, ਉਹ ਫਿਰ ਇਸ ਵਿਚ ਲੁਭਾਏਮਾਨ ਨਹੀਂ ਹੁੰਦੇ, ਉਹ ਰੱਬੀ ਦਰਬਾਰ ਵਿਚ ਕਬੂਲ ਹੁੰਦੇ ਹਨ। ਇਸ ਤੋਂ ਉਲਟ ਆਪਣੇ ਆਪ ਨੂੰ ਵੱਡਾ ਅਖਵਾਣ ਵਾਲੇ ਮੂਰਖ ਲੋਕ ਹਨ।

ਇਹ ਮਨ ਅਮੋੜ ਹਾਥੀ ਦੀ ਨਿਆਈਂ ਹੈ। ਜੇ ਇਹ ਗੁਰੂ ਦੇ ਹੁਕਮ ਅਨੁਸਾਰੀ ਹੋ ਟੁਰਦਾ ਰਵ੍ਹੇ ਤਾਂ ਰੱਬੀ ਮਾਰਗ 'ਤੇ ਚਲਦਾ ਸੁਖੀ ਰਹਿੰਦਾ ਹੈ, ਨਹੀਂ ਤਾਂ ਵਿਕਾਰਾਂ ਵਿਚ ਖਚਤ ਹੋਇਆ ਸਦੀਵੀ ਕਾਲ ਦੁਖੀਆ ਰਹਿੰਦਾ ਹੈ।

ਉਸੇ ਇਕ ਸਾਈਂ ਜੀ ਅੱਗੇ ਅਰਦਾਸ ਕਰਨ ਦੀ ਪ੍ਰੇਰਣਾ ਕਰਦੇ ਹਨ, ਜਿਸ ਦੁਆਰਾ ਗੁਰੂ ਦੇ ਸੰਜੋਗੀ ਹੋ ਨਾਮ ਪ੍ਰਾਪਤ ਕਰੀਦਾ ਹੈ। ਸੰਤਾਂ ਦੇ ਸੰਗ ਵਿਚ ਰਹਿੰਦਿਆਂ ਨਾਮ ਸਿਮਰਨ ਦੁਆਰਾ ਜੰਮਣ ਮਰਣ ਦਾ ਦੁੱਖ ਕੱਟ ਲਈਦਾ ਹੈ, ਇਸੇ ਤਰ੍ਹਾਂ ਸਹਜੇ ਹੀ ਅਚਿੰਤ ਪਦਵੀ ਹਾਸਲ ਕਰ ਲਈਦੀ ਹੈ।

ਸਲੋਕ ਮਃ ੩ ॥

੧. ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ ॥
੨. ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ ॥
੩. ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ ॥
੪. ਨਾਨਕ ਤਿਨ੍ ਬਲਿਹਾਰਣੈ
ਜਿਨ੍ ਗੁਰਮੁਖਿ ਪਾਇਆ ਮਨ ਮਾਹਿ ॥੧॥

ਪਦ ਅਰਥ : ਖੇਤਿ—ਪੈਲੀ ਵਿਚ। ਮਿਆਲਾ—ਵੱਟਾਂ। ਘਰੁ ਉਚਾ—ਬਦਲ। ਨਿਰਣਉ—ਤੱਕ ਕੇ। ਮਹਲ—ਘਰਿ—(ਜਿਸ ਜੀਵ) ਇਸਤ੍ਰੀ ਦੇ ਘਰ ਵਿਚ। ਸਰੈ—ਬਣੀ ਹੋਈ ਹੈ, ਫਬੀ ਹੈ। ਸਜਣ—ਪ੍ਰਭੂ ਜੀ। ਘਨਾ—ਹੇ ਘਨ, ਹੇ ਬਦਲ, ਹੇ ਸਤਿਗੁਰੂ। ਬਹੁੜਿ—ਫੇਰ। ਕਾਹਿ—ਕਾਹਦੇ ਲਈ।

ਅਰਥ :

ਪ੍ਰ: ਹੇ ਗੁਰੋ ! ਮਹਾਂ ਪੁਰਖਾਂ ਦਾ ਉਪਦੇਸ਼ ਤਾਂ ਸਾਈਂ ਜੀ ਦੀ ਪ੍ਰਾਪਤੀ ਦਾ ਸਾਰਿਆਂ ਜੀਵਾਂ ਲਈ ਸਾਂਝਾ ਹੈ, ਪਰ ਉਹ ਮਾਲਕ ਹਰ ਹਿਰਦੇ ਵਿਚ ਕਿਉਂ ਨਹੀਂ ਆ ਕੇ ਵਸਦਾ ?

ਉ: ੧. ਹੇ ਭਾਈਓ ! ਜਿਵੇਂ ਕਿ ਕਿਰਸਾਨ ਬੱਦਲਾਂ ਨੂੰ ਉਪਰੋਂ ਵਸਣ ਵਾਲੇ ਵੇਖ ਕੇ, ਪੈਲੀ ਵਿਚ ਵੱਟਾਂ ਉੱਚੀਆਂ ਕਰ ਦੇਂਦਾ ਹੈ (ਤਾਂ ਕਿ ਬੱਦਲਾਂ ਰਾਹੀਂ ਵਸਿਆ ਪਾਣੀ ਬਾਹਰ ਨਾ ਨਿਕਲ ਜਾਏ) ਤੇ ਵਰਖਾ ਦਾ ਪਾਣੀ ਉਸੇ ਪੈਲੀ ਵਿਚ ਆ ਖਲੋਂਦਾ ਹੈ।

੨. ਇਸੇ ਤਰ੍ਹਾਂ ਜਿਸ ਜੀਵ ਰੂਪੀ ਇਸਤ੍ਰੀ ਦੇ ਹਿਰਦੇ ਰੂਪੀ ਘਰ ਵਿਚ ਸੇਵਾ ਭਗਤੀ ਸਰ ਆਉਂਦੀ ਹੈ, ਭਾਵ ਭਗਤੀ ਦਾ ਉਛਾਲਾ ਆਉਂਦਾ ਹੈ, ਉਸੇ ਦੇ ਹਿਰਦੇ ਰੂਪੀ ਘਰ ਵਿਚ ਪ੍ਰਭੂ ਸੱਜਣ ਪਰਾਹੁਣਾ ਬਣ ਕੇ, ਭਾਵ ਰਹਿਣ ਲਈ ਆਉਂਦਾ ਹੈ।

ਪ੍ਰ: ਹੇ ਗੁਰੋ! ਇਨ੍ਹਾਂ ਭਉ ਭਗਤੀ ਵਾਲੀਆਂ ਜੀਵ ਰੂਪ ਇਸਤ੍ਰੀਆਂ ਲਈ ਕੋਈ ਆਪ ਜੀ ਵਲੋਂ ਅਰਦਾਸ ਹੈ?

ਉ: ੩. ਹੇ ਪਿਆਰਿਓ! ਅਸੀਂ ਭੀ ਸਦਾ ਇਉਂ ਹੀ ਅਰਦਾਸ ਕਰਦੇ ਹਾਂ ਕਿ ਹੇ ਮੇਘ! ਹੇ ਸਤਿਗੁਰੂ! ਜੇ ਤੁਸਾਂ ਇਨ੍ਹਾਂ ਭਉ ਭਗਤੀ ਵਾਲੇ ਜਗਿਆਸੂਆਂ ਉਪਰ ਤਰੁੱਠ ਕੇ ਨਾਮ ਦੀ ਵਰਖਾ ਕਰਨੀ ਹੈ ਤਾਂ ਉਹ ਵਰਖਾ (ਹੁਣ) ਕਰੋ, (ਕਿਉਂਕਿ) ਜਦੋਂ ਇਨ੍ਹਾਂ ਦੀ ਉਮਰਾ ਵਿਹਾ ਗਈ, ਤਾਂ ਫਿਰ ਕਾਹਦੇ ਲਈ ਵਰਖਾ ਕਰੋਗੇ, ਭਾਵ ਜੇ ਇਹ ਹੁਣ ਖ਼ਾਲੀ ਚਲੇ ਗਏ ਤਾਂ ਫਿਰ ਇਨ੍ਹਾਂ ਲਈ ਇਨ੍ਹਾਂ ਦੇ ਮਗਰੋਂ ਆਪ ਦਾ ਮਿਹਰਾਂ ਰੂਪੀ ਮੀਂਹ ਵਸਿਆ ਕਿਸਦੇ ਕੰਮ ਆਵੇਗਾ। (ਇਹ ਭੀ ਹਜ਼ੂਰ ਜੀ ਵਲੋਂ ਇਕ ਜਗਿਆਸੂਆਂ ਲਈ ਲਾਡ ਭਰੀ ਤਰਸ ਖਾ ਕੇ ਬੇਨਤੀ ਕੀਤੀ ਗਈ ਹੈ)।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਮੈਂ ਉਨ੍ਹਾਂ ਤੋਂ ਸਦਾ ਹੀ ਸਦਕੇ ਹਾਂ, ਜਿਨ੍ਹਾਂ ਨੇ (ਇਸ ਪ੍ਰਕਾਰ ਭਉ ਭਗਤੀ ਵਾਲੇ ਹੋ ਕੇ) ਗੁਰੂ ਦੁਆਰਾ ਮਨ ਵਿਚ ਹੀ ਸਾਈਂ ਜੀ ਨੂੰ ਪਾ ਲਿਆ ਹੈ।੧।

ਮ: ੩ ॥

੧. ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ॥
੨. ਨਾਨਕ ਗੁਰਮੁਖਿ ਜਾਣੀਐ
ਜਾ ਕਉ ਆਪਿ ਕਰੇ ਪਰਗਾਸੁ ॥੨॥

ਪਦ ਅਰਥ : ਮਿਠਾ—ਪਿਆਰਾ। ਭਾਵਦਾ—ਸਦਾ ਚੰਗਾ ਲੱਗਦਾ ਹੈ। ਜਿ—ਜੋ। ਰਾਸਿ—ਮੁਆਫ਼ਕ। ਜਿ ਰਾਸਿ—ਜੋ ਸਦਾ ਮੁਆਫ਼ਕ ਆਵੇ, ਜਿਸ ਨਾਲ ਸਦਾ ਬਣੀ ਰਹੇ।

ਅਰਥ :

ਪ੍ਰ: ਹੇ ਗੁਰੋ! ਆਪ ਗੁਰਮੁਖ ਕਿਸਨੂੰ ਜਾਣਦੇ ਹੋ?

ਉ: ੧. ਹੇ ਪਿਆਰਿਓ! ਜਿਵੇਂ (ਅਸਲ) ਪਿਆਰਾ ਪਦਾਰਥ ਉਹ ਹੈ, ਜੋ ਸਦੀਵੀ ਕਾਲ ਹੀ ਚੰਗਾ ਲੱਗਦਾ ਰਵੇ ਅਤੇ ਅਸਲ ਮਿੱਤਰ ਭੀ ਉਹੀ ਹੈ ਜਿਸ ਨਾਲ ਸਦਾ ਹੀ ਬਣ ਆਵੇ, ਭਾਵ ਜੋ ਸੱਜਣ ਸੱਚਾ ਵਫ਼ਾਦਾਰ ਹੈ।

੨. ਇਸੇ ਤਰ੍ਹਾਂ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਗੁਰਮੁਖ ਭੀ ਉਸੇ ਨੂੰ ਜਾਣੀਦਾ ਹੈ, ਜਿਸ ਦੇ ਅੰਦਰ ਵਾਹਿਗੁਰੂ ਜੀ ਆਪ ਹੀ ਗਿਆਨ ਰੂਪ ਚਾਨਣਾ ਬਖ਼ਸ਼ ਦੇਂਦਾ ਹੈ।੨।

ਪਉੜੀ ॥

੧. ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥
੨. ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥
੩. ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥
੪. ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥
੫. ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥੨੧॥

ਪਦ ਅਰਥ : ਜਨ—ਪ੍ਰਭੂ ਦਾ ਸੇਵਕ। ਹਉ—ਮੈਂ। ਪਾਈ—ਪੈਰੀਂ।

ਅਰਥ :

ਪ੍ਰ: ਹੇ ਗੁਰੋ! ਜਦੋਂ ਪ੍ਰਭੂ ਦਾ ਸੇਵਕ ਆਪਣੇ ਮਾਲਕ ਪਾਸ ਅਰਦਾਸ ਕਰਦਾ ਹੈ ਤਾਂ ਉਹ ਕਿਸ ਰੂਪ ਵਿਚ ਕਰਦਾ ਹੈ?

ਉ: ੧. ਹੇ ਭਾਈਓ! ਪ੍ਰਭੂ ਜੀ ਦੇ ਸੇਵਕ ਜਦੋਂ ਭੀ ਪ੍ਰਭੂ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਦੇ ਹਨ ਤਾਂ ਉਹ ਸਦਾ ਇਉਂ ਹੀ ਕਰਦੇ ਹਨ ਕਿ ਹੇ ਮੇਰੇ ਸਾਈਂ ਜੀ! ਮੈਂ ਦਾਸ ਦੀ ਤੇਰੇ ਅੱਗੇ ਅਰਦਾਸ ਹੈ।

੨. ਕਿ ਤੂੰ ਸਾਡਾ ਸੱਚਾ ਮਾਲਕ ਹੈਂ ਅਤੇ ਤੂੰ ਹੀ ਸਦਾ ਸਦਾ ਰੱਖਿਆ ਕਰਨੇ ਵਾਲਾ ਹੈਂ। ਮੈਂ ਸਦਾ ਤੈਨੂੰ ਹੀ ਧਿਆਉਂਦਾ ਹਾਂ।

੩. ਇਹ ਜੀਅ ਜੰਤ ਸਭ ਤੇਰੇ ਹੀ ਹਨ, ਤੂੰ ਹੀ ਸਭਨਾਂ ਵਿਚ ਸਮਾ ਰਿਹਾ ਹੈਂ।

੪. ਤੇਰੇ ਦਾਸ ਦੀ ਜੋ ਵੀ ਕੋਈ ਨਿੰਦਾ ਕਰਦਾ ਹੈ, ਤੂੰ ਉਸ ਨੂੰ ਮਾਰ ਕੇ ਨਾਸ ਕਰ ਦੇਂਦਾ ਹੈਂ।

ਪ੍ਰ: ਹਜ਼ੂਰ! ਦੱਸੋ ਮੇਰੇ ਕਰਨ ਜੋਗ ਕੀ ਕਰਤਬ ਹੈ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਆ! ਤੂੰ ਤਾਂ ਚਿੰਤਾ ਨੂੰ ਛੱਡ ਕੇ ਅਚਿੰਤ ਹੋ ਰਹੁ ਤੇ ਉਸੇ ਪ੍ਰਭੂ ਜੀ ਦੀ ਚਰਨੀਂ ਲਗਾ ਰਹੁ।੨੧।

ਭਾਵਾਰਥ : ਸਲੋਕ ਵਿਚ ਗੁਰੂ ਦੇ ਉਪਦੇਸ਼ ਨੂੰ ਹਿਰਦੇ ਅੰਦਰ ਧਾਰਨ ਕਰਨ ਲਈ ਭਾਵ ਸ਼ਰਧਾ ਭਗਤੀ ਸਹਿਤ ਹੋਣਾ ਅਤਿ ਜ਼ਰੂਰੀ ਦੱਸਿਆ ਹੈ ਤੇ ਜਿਨ੍ਹਾਂ ਗੁਰਮੁਖਾਂ ਨੇ ਆਪਣੇ ਅੰਦਰੋਂ ਹੀ ਪ੍ਰਭੂ ਨੂੰ ਪਾ ਲਿਆ ਹੈ, ਉਨ੍ਹਾਂ ਤੋਂ ਆਪ ਜੀ ਕੁਰਬਾਨ ਜਾਂਦੇ ਹਨ।

ਜਿਵੇਂ ਮਨ ਨੂੰ ਭਾਉਣ ਵਾਲਾ ਮਿੱਠਾ ਤੇ ਅੰਦਰੋਂ ਬਾਹਰੋਂ ਸਾਫ਼ ਸੱਚਾ ਹੋ ਕੇ ਵਰਤੇ, ਉਸੇ ਨੂੰ ਸਹੀ ਸੱਜਣ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜਿਸ ਦੇ ਅੰਦਰ ਪ੍ਰਭੂ ਜੀ ਆਪ ਹੀ ਗਿਆਨ ਦਾ ਪ੍ਰਕਾਸ਼ ਕਰ ਦੇਣ, ਉਸ ਨੂੰ ਗੁਰਮੁਖ ਜਾਨਣਾ ਚਾਹੀਦਾ ਹੈ।

ਪ੍ਰਭੂ ਜੀ ਦੇ ਸੇਵਕ ਆਪਣੇ ਸਾਈਂ ਜੀ ਦੇ ਅੱਗੇ ਹੀ ਸਦਾ ਅਰਦਾਸ ਕਰਦੇ ਰਹਿੰਦੇ ਹਨ। ਜੋ ਅਜਿਹੇ ਦਾਸਾਂ ਦੀ ਨਿੰਦਾ ਕਰਨ ਵਾਲੇ ਨਿੰਦਕ ਹਨ, ਉਸ ਨੂੰ ਸਦਾ ਹੀ ਜੰਮਣ ਮਰਣ ਦੀ ਸਜ਼ਾ ਸਾਈਂ ਜੀ ਵਲੋਂ ਮਿਲਦੀ ਰਹਿੰਦੀ ਹੈ।

ਸਲੋਕ ਮ: ੩ ॥

੧. ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥
੨. ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ ॥੧॥

ਪਦ ਅਰਥ : ਆਸਾ—ਆਸ਼ਾ, ਉਮੈਦ। ਮਨਸਾ—ਇੱਛਾ, ਮਨ ਦੇ ਫੁਰਨੇ ਬ੍ਰਿਤੀਆਂ ਆਦਿ।

ਅਰਥ :

ਪ੍ਰ: ਹੇ ਗੁਰੋ! ਸਾਰਾ ਸੰਸਾਰ ਹੀ ਆਸਾਂ ਪੂਰੀਆਂ ਕਰਨ ਵਿਚ ਲੱਗਾ ਰਹਿੰਦਾ ਹੈ, ਤਾਂ ਵੀ ਇਨ੍ਹਾਂ ਜੀਵਾਂ ਨੂੰ ਫਿਰ ਵੀ ਨਿਰਾਸ਼ ਹੀ ਵੇਖੀਦਾ ਹੈ। ਕੋਈ ਐਸਾ ਸਾਧਨ ਹੈ, ਜਿਸ ਦੀ ਬਰਕਤ ਨਾਲ ਜੀਵ ਦੀਆਂ ਆਸਾਂ ਪੂਰਨ ਹੋ ਜਾਵਣ?

ਉ: ੧. ਹੇ ਭਾਈਓ! ਵੇਖਣ ਵਿਚ ਇਸੇ ਤਰ੍ਹਾਂ ਹੀ ਆਉਂਦਾ ਹੈ ਕਿ ਇਹ ਸਾਰਾ ਜਗਤ ਦੁਨੀਆ ਦੀਆਂ ਆਸਾਂ ਕਰਦਾ (ਆਖ਼ਰ) ਮਰ ਹੀ ਜਾਂਦਾ ਹੈ, ਪਰ ਇਹ ਆਸਾ ਕਦੀ ਮਰਦੀ ਨਹੀਂ ਤੇ ਨਾ ਹੀ ਇਹ ਕਦੇ ਮੁਕਦੀ ਹੈ। ਭਾਵ ਕਦੇ ਸੰਤੋਖ ਹੀ ਨਹੀਂ ਆਉਂਦਾ।

ਪ੍ਰ: ਪਰ ਹਜ਼ੂਰ ਜੀ! ਆਖ਼ਰ ਕੋਈ ਸਾਧਨ ਤਾਂ ਦੱਸੋ, ਜਿਸ ਰਾਹੀਂ ਆਸਾਂ ਪੂਰੀਆਂ ਹੋ ਜਾਵਣ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ, ਸੱਚੇ ਵਾਹਿਗੁਰੂ ਜੀ ਨਾਲ ਚਿੱਤ ਜੋੜ ਲਓ, ਤਾਂ ਇਸ ਤਰ੍ਹਾਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ।੧।

ਮ: ੩ ॥

੧. ਆਸਾ ਮਨਸਾ ਮਰਿ ਜਾਇਸੀ
ਜਿਨਿ ਕੀਤੀ ਸੋ ਲੈ ਜਾਇ ॥
੨. ਨਾਨਕ ਨਿਹਚਲੁ ਕੋ ਨਹੀ
ਬਾਝਹੁ ਹਰਿ ਕੈ ਨਾਇ ॥੨॥

ਪਦ ਅਰਥ : ਮਨਸਾ—ਮਨ ਦਾ ਫੁਰਨਾ। ਜਿਨਿ—ਜਿਸ ਪ੍ਰਭੂ ਨੇ। ਕੀਤੀ—(ਆਸਾ ਮਨਸਾ) ਪੈਦਾ ਕੀਤੀ ਹੈ। ਸੋ—ਉਹੀ ਪ੍ਰਭੂ। ਲੈ ਜਾਇ—ਨਾਸ ਕਰੇ।

ਅਰਥ :

ਪ੍ਰ: ਹਜ਼ੂਰ ਜੀ! ਇਹ ਆਸਾ ਤੇ ਮਨ ਦੇ ਫੁਰਨੇ ਕਿਵੇਂ ਮਰ ਵੀ ਸਕਣਗੇ?

ਉ: ੧. (ਹਾਂ ਜ਼ਰੂਰ ਮਰਨਗੇ) ਹੇ ਭਾਈਓ! ਇਸ ਦੁਨੀਆ ਦੀ ਆਸਾ, ਮਨਸਾ ਇਹ ਤਦੋਂ ਹੀ ਮੁਕਣਗੀਆਂ, ਜਿਸ ਨੇ ਇਹ ਕੀਤੀ ਹੈ, (ਭਾਵ ਸਾਨੂੰ ਲਾਈ ਹੈ) ਜਦੋਂ ਉਹ ਹੀ ਇਸ ਨੂੰ ਲੈ ਜਾਏਗਾ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! (ਤਦੋਂ ਹੀ ਯਕੀਨ ਬਣੇਗਾ ਕਿ) ਪਰਮੇਸ਼ਰ ਦੇ ਨਾਮ ਤੋਂ ਬਿਨਾ ਹੋਰ ਕੋਈ ਵੀ ਸਦਾ-ਥਿਰ ਰਹਿਣ ਵਾਲਾ ਨਹੀਂ। ਫਿਰ ਦੱਸੋ ਹੋਰ ਕਿਸ ਦੀ ਆਸ ਬੰਨ੍ਹੀਏ?।੨।

ਪਉੜੀ ॥

੧. ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ ॥
੨. ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ ॥
੩. ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ ॥
੪. ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥
੫. ਜਨ ਨਾਨਕ ਨਾਮੁ ਧਿਆਇ ਤੂ
ਸਭਿ ਕਿਲਵਿਖ ਕਾਟੁ ॥੨੨॥੧॥ ਸੁਧੁ

ਪਦ ਅਰਥ : ਉਪਾਇਓਨੁ—ਉਪਾਇਆ ਉਸੇ ਪ੍ਰਭੂ ਨੇ। ਥਾਟੁ—ਬਨਾਵਟ, ਬਣਤਰ, ਸਾਜ਼ੋ-ਸਾਮਾਨ, ਛੱਪਰ ਦੇ ਹੇਠਾਂ ਜੋ ਬਾਂਸਾਂ ਦਾ ਕਿੜਾ ਬਣਾਇਆ ਹੈ, ਉਹ ਥਾਟ ਹੈ ਤੇ ਉਪਰੋਂ ਸਿਰਕੀਆਂ ਆਦਿ ਮਗਰੋਂ ਪੈਂਦੀਆਂ ਹਨ। ਪੂਰਾ—ਮੁਕੰਮਲ, ਜਿਸ ਵਿਚ ਕੋਈ ਊਣਤਾ ਨ ਹੋਵੇ। ਵਣਜਾਰਾ—ਵਪਾਰੀ। ਹਾਟੁ—ਹੱਟੀ, (ਜਿਥੇ ਸੌਦਾ ਹੋ ਰਿਹਾ ਹੈ)। ਬੋਹਿਥਾ—ਜਹਾਜ਼। ਖੇਵਾਟੁ—ਮਲਾਹ। ਘਾਟ—ਪੱਤਣ। ਕਿਲਵਿਖ—ਪਾਪ।

ਅਰਥ :

ਪ੍ਰ: ਹੇ ਗੁਰੋ! ਜਦੋਂ ਇਸ ਜਗਤ ਨੂੰ ਪੈਦਾ ਕੀਤਾ ਗਿਆ ਹੈ, ਤਾਂ ਉਸ ਮਾਲਕ ਦੇ ਹੋਰ ਵੀ ਤਾਂ ਕਈ ਸਲਾਹਕਾਰ ਹੋਣਗੇ?

ਉ: ੧. (ਨਹੀਂ) ਹੇ ਭਰਾਵੋ! ਜਦੋਂ ਵਾਹਿਗੁਰੂ ਜੀ ਨੇ ਜਗਤ ਬਣਾਇਆ ਹੈ ਤਦੋਂ ਉਸ ਦੇ ਆਪ ਹੀ ਪੂਰਾ ਸਾਜ਼ ਸਾਮਾਨ, ਭਾਵ ਮੁਕੰਮਲ ਬਣਤਰ ਬਣਾ ਕੇ ਆਪ ਹੀ ਜਗਤ ਪੈਦਾ ਕੀਤਾ ਹੈ।

੨. ਆਪੇ ਹੀ ਉਹ (ਇਸ ਵਿਚ) ਸ਼ਾਹ ਹੈ, ਆਪੇ ਹੀ ਵਪਾਰੀ ਹੈ, (ਉਹ) ਹਰੀ ਆਪ ਹੀ ਵਪਾਰ ਦੀ ਹੱਟੀ ਹੈ।

੩. ਏਥੇ ਆਪ ਹੀ ਪ੍ਰਭੂ ਸਮੁੰਦਰ ਹੈ, ਆਪੇ ਹੀ ਜਹਾਜ਼ ਅਤੇ ਆਪੇ ਹੀ ਮਲਾਹ ਹੈ।

੪. ਆਪੇ ਗੁਰੂ ਹੈ, ਆਪੇ ਹੀ ਚੇਲਾ ਹੈ ਅਤੇ ਆਪੇ ਹੀ ਉਹ ਪੱਤਣ ਦੱਸਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੱਜਣਾ! ਤੂੰ ਉਸੇ ਪ੍ਰਭੂ ਜੀ ਦਾ ਨਾਮ ਸਿਮਰ ਤਾਂਕਿ ਤੇਰੇ ਸਾਰੇ ਪਾਪ ਕੱਟੇ ਜਾਣ।੨।੧।ਸੁਧ

ਭਾਵਾਰਥ : ਸਲੋਕ ਵਿਚ ਹਜ਼ੂਰ ਜੀ ਨੇ ਸਾਰੇ ਜਗਤ ਨੂੰ ਹੀ ਆਸਾਂ ਵਿਚ ਬੱਧਾ ਹੋਇਆ ਮਰਦਾ ਦਸਿਆ ਹੈ, ਪਰ ਆਸਾ ਕਿਸੇ ਦੀ ਮਰਦੀ ਹੀ ਨਹੀਂ, ਭਾਵ ਤ੍ਰਿਸ਼ਨਾ ਵਿਚ ਦਿਨੇ ਰਾਤ ਖਚਤ ਹੋਇਆ ਜੀਵ ਸੰਤੋਖ ਤੋਂ ਸਖਣਾ ਜੀਵਨ ਗੁਜ਼ਾਰ ਰਿਹਾ ਹੈ, ਪਰ ਸੱਚੇ ਸਾਈਂ ਜੀ ਨਾਲ ਚਿੱਤ ਨੂੰ ਜੋੜਿਆਂ ਸਾਰੀਆਂ ਆਸਾਂ ਪੂਰਨ ਹੋ ਜਾਂਦੀਆਂ ਹਨ।

ਦੁਨਿਆਵੀ ਵਾਸ਼ਨਾ ਤਦੋਂ ਹੀ ਮਰਦੀ ਹੈ, ਜਦੋਂ ਕਿ ਇਸ ਨੂੰ ਲਾਉਣ ਵਾਲਾ ਇਸ ਨੂੰ ਲੈ ਜਾਏਗਾ।

ਉਸ ਮਾਲਕ ਨੇ ਇਸ ਸਾਰੇ ਜਗਤ ਦੇ ਸਾਰੇ ਸਾਜ਼ੋ-ਸਾਮਾਨ ਨੂੰ ਆਪ ਹੀ ਪੈਦਾ ਕੀਤਾ ਹੈ। ਇਸ ਵਿਚ ਸਰਵ ਰੂਪ ਪਰਮੇਸ਼ਰ ਆਪ ਹੀ ਹੈ। ਅੰਤ ਵਿਚ ਕਹਿੰਦੇ ਹਨ ਕਿ ਐ ਬੰਦੇ! ਤੂੰ ਨਾਮ ਦਾ ਸਿਮਰਨ ਕਰ, ਜੋ ਸਾਰੇ ਹੀ ਪਾਪਾਂ ਦਾ ਨਾਸ਼ਕ ਹੈ।

ਰਾਗੁ ਗੂਜਰੀ ਵਾਰ ਮਹਲਾ ੫
੧ਓ ਸਤਿਗੁਰ ਪ੍ਰਸਾਦਿ ॥

ਇਹ 'ਵਾਰ' ਸ੍ਰੀ ਗੁਰੂ ਅਰਜਨ ਸਾਹਿਬ ਦੀ ਰਚੀ ਹੋਈ ਹੈ। ਇਸ ਵਿਚ ੨੧ ਪਉੜੀਆਂ ਹਨ। ਹਰੇਕ ਪਉੜੀ ਦੇ ਨਾਲ ਦੋ-ਦੋ ਸਲੋਕ ਹਨ। ਸਾਰੇ ਸਲੋਕਾਂ ਦੀ ਗਿਣਤੀ ੪੨ ਹੈ। ਇਹ ਸਾਰੇ ਸਲੋਕ ਭੀ ਗੁਰੂ ਅਰਜਨ ਸਾਹਿਬ ਜੀ ਦੇ ਹੀ ਹਨ। ਇਨ੍ਹਾਂ ੩੭ ਸਲੋਕਾਂ ਵਿਚ ਲਹਿੰਦੀ ਬੋਲੀ ਦੇ ਲਫ਼ਜ਼ ਵਧੇਰੇ ਮਿਲਦੇ ਹਨ।

ਸਲੋਕ ਮ: ੫ ॥

੧. ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
੨. ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥

੩. ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
੪. ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
੫. ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥

ਪਦ ਅਰਥ : ਅੰਤਰਿ—ਮਨ ਵਿਚ। ਆਰਾਧਣਾ—ਯਾਦ ਕਰਨਾ। ਗੁਰ ਨਾਉ—ਗੁਰੂ ਦਾ ਨਾਮ। ਸ੍ਰਵਣੀ—ਕੰਨਾਂ ਨਾਲ। ਪੇਖਣਾ—ਦੇਖਣਾ। ਰਤਿਆ—ਰਚਿਆਂ, ਪ੍ਰੇਮ ਕੀਤਿਆਂ, ਰੰਗੀਜ ਕੇ। ਵਥੁ—ਚੀਜ਼। ਕਾਢੀਅਹਿ—ਅਖਵਾਂਦੇ ਹਨ।

ਅਰਥ :

ਪ੍ਰ: ਹੇ ਗੁਰੋ! ਰੱਬੀ ਦਰਗਾਹ ਵਿਚ ਗਇਆਂ ਉਸ ਮਾਲਕ ਦੀ ਹਜ਼ੂਰੀ ਵਿਚ ਕਿਵੇਂ ਥਾਂ ਮਿਲਦੀ ਹੈ?

ਉ: ੧. ਹੇ ਪਿਆਰੇ! ਉਸ ਮਾਲਕ ਦੀ ਹਜ਼ੂਰੀ ਵਿਚ ਥਾ ਹਾਸਲ ਕਰਨ ਲਈ ਪੰਜਾਂ ਗੁਣਾਂ ਦੇ ਧਾਰਨੀ ਹੋਣਾ ਚਾਹੀਦੀ ਹੈ,੧. (ਮਨ) ਵਿਚ ਗੁਰੂ ਦੀ ਅਰਾਧਨਾ ਕਰਨੀ ਚਾਹੀਦੀ ਹੈ। ੨. ਜੀਭ ਨਾਲ ਗੁਰੂ ਦਾ ਨਾਮ ਜਪਦੇ ਰਹਿਣਾ ਚਾਹੀਦਾ ਹੈ।

੨. ੩. ਅੱਖਾਂ ਨਾਲ ਗੁਰੂ ਨੂੰ ਵੇਖਣਾ ਚਾਹੀਦੈ। ੪. ਕੰਨਾਂ ਨਾਲ ਗੁਰੂ ਦਾ ਨਾਮ ਸੁਣਦੇ ਰਹਿਣਾ ਚਾਹੀਦਾ ਹੈ।

੩. ੫. ਸਤਿਗੁਰੂ ਜੀ ਦੇ ਪ੍ਰੇਮ ਰੰਗ ਵਿਚ ਸਦੀਵੀ ਰੰਗੇ ਰਹਿਣਾ ਚਾਹੀਦਾ ਹੈ, ਭਾਵ ਹੈ ਕਿ ਇਨ੍ਹਾਂ ਪੰਜਾਂ ਹੀ ਗੁਣਾਂ ਦੇ ਧਾਰਨੀ ਹੋ ਜਦੋਂ ਗੁਰੂ ਦੇ ਪ੍ਰੇਮ ਰੰਗ ਵਿਚ ਰੰਗੇ ਜਾਈਏ ਤਾਂ ਇਸ ਤਰ੍ਹਾਂ ਉਸ ਸਾਈਂ ਜੀ ਦੀ ਦਰਗਾਹ ਵਿਚ ਥਾਂ ਮਿਲਦੀ ਹੈ।

ਪ੍ਰ: ਕਿਉਂ ਜੀ! ਇਹ ਦਾਤ ਮਿਲਦੀ ਕਿਸ ਨੂੰ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ, ਇਹ ਦਾਤ ਉਸ ਮਨੁੱਖ ਨੂੰ ਪ੍ਰਭੂ ਦੇਂਦਾ ਹੈ, ਜਿਸ ਉੱਤੇ ਉਹ ਪ੍ਰਭੂ ਆਪ ਹੀ ਮਿਹਰ ਕਰਦਾ ਹੈ।

ਪ੍ਰ: ਹਜ਼ੂਰ ਜੀ! ਅਜੇਹੇ ਬੰਦਿਆਂ ਦੀ ਜਗਤ ਵਿਚ ਕਿਤਨੀ ਕੁ ਗਿਣਤੀ ਹੋਵੇਗੀ?

ਉ: ੫. ਹੇ ਭਾਈ! ਉਪਰ ਕਹੇ ਬੰਦੇ ਜਗਤ ਵਿਚ ਸ੍ਰੇਸ਼ਟ ਅਖਵਾਉਂਦੇ ਹਨ, ਪਰ ਅਜੇਹੇ ਬੰਦੇ ਜਗਤ ਵਿਚ ਬਹੁਤੇ ਨਹੀਂ, ਕੋਈ-ਕੋਈ ਵਿਰਲੇ ਹੀ ਕਹੇ ਜਾਂਦੇ ਹਨ।੧।

ਮ: ੫ ॥

੧. ਰਖੇ ਰਖਣਹਾਰਿ ਆਪਿ ਉਬਾਰਿਅਨੁ ॥
੨. ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥
੩. ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥
੪. ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥
੫. ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥
੬. ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥
੭. ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥

ਪਦ ਅਰਥ : ਰਖਣਹਾਰਿ—ਰਖਣਹਾਰ ਨੇ, ਰੱਖਿਆ ਕਰਨ ਵਾਲੇ ਪ੍ਰਭੂ ਨੇ। ਉਬਾਰਿਅਨੁ—ਬਚਾਅ ਲਏ ਉਸ ਪ੍ਰਭੂ ਨੇ। ਸਵਾਰਿਅਨੁ—ਸਵਾਰ ਦਿੱਤੇ ਉਸ ਨੇ। ਮਨਹੁ—ਮਨ ਤੋਂ। ਵਿਸਾਰਿਅਨੁ—ਵਿਸਾਰ ਦਿੱਤੇ ਉਸਨੇ। ਭਵਜਲ—ਸੰਸਾਰ ਸਮੁੰਦਰ। ਤਾਰਿਅਨ—ਤਾਰੇ ਉਸ ਨੇ। ਸਾਕਤ—ਸ਼ਕਤੀ ਦੇ ਉਪਾਸ਼ਕ ਮਾਇਆ ਦੇ ਪ੍ਰੇਮੀ, ਸਾਈਂ ਤੋਂ ਵਿਛੜੇ ਹੋਏ, ਟੁੱਟੇ ਹੋਏ। ਬਿਦਾਰਿਅਨੁ—ਨਾਸ ਕਰ ਦਿੱਤੇ ਉਸ ਨੇ।

ਅਰਥ :

ਪ੍ਰ: ਹੇ ਗੁਰੋ! ਉਪਰਲੇ ਸਲੋਕ ਵਿਚ ਕਹੇ ਵਿਰਲੇ ਉੱਤਮ ਪੁਰਖਾਂ ਦੀ ਕੀ ਉਹ ਪ੍ਰਭੂ ਵੀ ਆਪ ਸਾਰ ਸੰਭਾਲ ਕਰਦਾ ਹੈ?

ਉ: ੧. ਹੇ ਪਿਆਰਿਓ! ਐਸੇ ਉੱਤਮ ਪੁਰਖਾਂ ਨੂੰ ਉਸ ਰਖਣਹਾਰ ਪ੍ਰਭੂ ਨੇ ਆਪ ਹੀ (ਹਰ ਤਰ੍ਹਾਂ ਦੇ ਵਿਕਾਰਾਂ ਵਲੋਂ) ਬਚਾਈ ਰਖਿਆ ਹੈ।

ਪ੍ਰ: ਹਜ਼ੂਰ ਜੀਓ! ਉਹ ਕਿਵੇਂ ਬਚਾਅ ਲਏ ਗਏ?

ਉ: ੨. ਹੇ ਪਿਆਰੇ! (ਉਨ੍ਹਾਂ ਨੂੰ) ਗੁਰੂ ਦੀ ਪੈਰੀਂ ਪਾ ਕੇ ਉਨ੍ਹਾਂ ਦੇ ਕੰਮ ਸਾਰੇ ਹੀ ਉਸ ਨੇ ਆਪ ਸਵਾਰ ਦਿੱਤੇ।

੩. ਹੇ ਭਾਈਓ! ਜਦੋਂ ਉਹ ਉਨ੍ਹਾਂ ਉੱਤੇ ਆਪ ਦਿਆਲੂ ਹੋ ਗਿਆ ਤਾਂ ਫਿਰ ਉਨ੍ਹਾਂ ਨੂੰ ਉਸ ਨੇ (ਕਦੇ) ਵੀ ਮਨੋ ਨਾ ਵਿਸਾਰਿਆ।

੪. ਸਗੋਂ ਸਾਧੂ ਜਨਾਂ ਦੇ ਸੰਗ ਵਿਚ ਪਾ ਕੇ ਉਨ੍ਹਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰ ਲਿਆ।

ਪ੍ਰ: ਕਿਉਂ ਜੀ! ਜੋ ਨਿੰਦਕ ਲੋਕ ਰੱਬ ਵਲੋਂ ਟੁੱਟੇ ਰਹਿੰਦੇ ਹਨ, ਉਨ੍ਹਾਂ ਨਾਲ ਉਹ ਕੀ ਵਰਤਾਵਾ ਕਰਦਾ ਹੈ?

ਉ: ੫. ਹੇ ਸੱਜਨੋ! ਉਸ ਸਾਈਂ ਜੀ ਦੇ ਚਰਨਾਂ ਤੋਂ ਜੋ ਟੁੱਟੇ ਹੋਏ ਲੋਕ (ਸਦਾ) ਨਿੰਦਾ ਹੀ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਉਸ ਨੇ ਪਲ ਵਿਚ ਮਾਰ ਮੁਕਾਇਆ ਹੈ।

ਪ੍ਰ: ਹਜ਼ੂਰ! ਆਪ ਜੀ ਆਪਣੇ ਮਨ ਵਿਚ ਕੀ ਨਿਸਚਾ ਰੱਖਦੇ ਹੋ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ, ਮੈਂ ਤਾਂ ਆਪਣੇ ਮਨ ਵਿਚ ਉਸੇ ਇਕੋ ਮਾਲਕ ਦੀ ਟੇਕ ਰੱਖਦਾ ਹਾਂ।

੭. ਜਿਸਦੇ ਸਿਮਰਣ ਕਰਨ ਨਾਲ ਸਦਾ ਹੀ ਸੁੱਖ ਹੁੰਦਾ ਹੈ ਤੇ ਸਾਰੇ ਹੀ ਦੁੱਖ ਦੂਰ ਹੁੰਦੇ ਹਨ।੨।

ਪਉੜੀ ॥

੧. ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥
੨. ਸਚੋ ਸਚਾ ਸਚੁ ਸਚੁ ਨਿਹਾਰੀਐ ॥
੩. ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ ॥
੪. ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥
੫. ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥
੬. ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ॥
੭. ਪ੍ਰਭ ਜੀਉ ਤੁਧੁ ਧਿਆਏ
ਸੋਇ ਜਿਸੁ ਭਾਗੁ ਮਥਾਰੀਐ ॥
੮. ਤੇਰੀ ਗਤਿ ਮਿਤਿ ਲਖੀ ਨ ਜਾਇ
ਹਉ ਤੁਧੁ ਬਲਿਹਾਰੀਐ ॥੧॥

ਪਦ ਅਰਥ : ਅਕੁਲ—ਅ+ਕੁਲ, ਜਿਸਦੀ ਕੋਈ ਖ਼ਾਸ ਕੁਲ ਨਹੀਂ। ਕੁਲ ਜਨਮ ਲੈਣ ਵਾਲੇ ਦੀ ਹੁੰਦੀ ਹੈ, ਉਹ ਅਜਨਮਾ ਹੈ, ਇਸ ਲਈ ਉਸ ਦੀ ਕੁਲ ਕੋਈ ਨਹੀਂ। ਨਿਰੰਜਨ—ਨਿਰ+ਅੰਜਨ, ਜਿਸ ਨੂੰ ਮਾਇਆ ਦੀ ਕਾਲਖ ਨਹੀਂ ਲੱਗ ਸਕਦੀ, ਮਾਇਆ ਰਹਿਤ। ਪੁਰਖੁ—ਜੋ ਸਭ ਵਿਚ ਮੌਜੂਦ ਹੈ। ਅਗਮੁ—ਜਿਸ ਤੱਕ ਪਹੁੰਚ ਨਾ ਹੋ ਸਕੇ, ਅਪਹੁੰਚ। ਅਪਾਰੀਐ—ਅ+ਪਾਰ, ਜਿਸ ਦਾ ਪਾਰਲਾ ਬੰਨਾ ਨਾ ਲੱਭ ਸਕੇ। ਸਚਾ—ਸਦਾ-ਥਿਰ ਰਹਿਣ ਵਾਲਾ। ਨਿਹਾਰੀਐ—ਵੇਖਦਾ ਹੈ। ਜੇਤ—ਜਿੰਨੀ। ਨ ਜਾਪੈ—ਨਹੀਂ ਜਾਪਦੀ, ਮਾਲੂਮ ਨਹੀਂ ਹੁੰਦੀ। ਧਾਰੀਐ—ਬਣਾਈ ਹੋਈ ਹੈ। ਦੇ—ਦੇਂਦਾ ਹੈ। ਇਕਤੁ ਸੂਤਿ—ਇਕੋ ਧਾਗੇ ਵਿਚ। ਸੰਜਾਰੀਐ—ਮਿਲਾ ਦਿੱਤੀ ਹੈ। ਮਥਾਰੀਐ—ਮੱਥੇ 'ਤੇ। ਗਤਿ—ਹਾਲਤ। ਮਿਤਿ—ਮਿਣਤੀ, ਅੰਦਾਜ਼ਾ।

ਅਰਥ :

ਪ੍ਰ: ਹੇ ਗੁਰੋ! ਜੋ ਕਰਤਾਰ ਆਪਣੇ ਪਿਆਰਿਆਂ ਦੀ ਰੱਖਿਆ ਕਰਦਾ ਹੈ, ਉਸ ਬਾਰੇ ਕੁਝ ਕਥਨ ਕਰੋ।

ਉ: ੧. ਹੇ ਭਾਈਓ! ਉਹ ਅਕਾਲ ਪੁਰਖ ਕੁਲ ਰਹਿਤ ਹੈ, ਮਾਇਆ ਤੋਂ ਅਲੇਪ ਹੈ, ਮਨ ਬਾਣੀ ਦੀ ਪਹੁੰਚ ਤੋਂ ਪਰੇ ਤੇ ਅਪਾਰ ਬੇਅੰਤ ਹੈ।

੨. ਉਸ ਸਦਾ ਕਾਇਮ ਰਹਿਣ ਵਾਲਾ ਹੈ, ਸਤ ਸਰੂਪ ਹੈ, ਉਹ ਸੱਚਾ ਹੀ ਸੱਚਮੁੱਚ ਦੇਖੀਦਾ ਹੈ।

੩. ਹੇ ਸਾਈਂ ਜੀ! ਇਹ ਸਾਰੀ ਹੀ ਸ੍ਰਿਸ਼ਟੀ ਤੇਰੀ ਹੀ ਧਾਰਨ ਕੀਤੀ ਹੋਈ ਹੈ। ਇਸ ਵਿਚ ਕੋਈ ਚੀਜ਼ ਭੀ ਕੂੜ ਨਹੀਂ ਜਾਪਦੀ, ਭਾਵ ਹੈ ਮਨ ਘੜਤ ਨਹੀਂ ਜਾਪਦੀ।

੪. ਹੇ ਭਾਈਓ! ਫਿਰ ਦੇਖੋ ਇਹ ਜਿਤਨੀ ਭੀ ਸਾਰੀ ਸ੍ਰਿਸ਼ਟੀ ਪ੍ਰਭੂ ਨੇ ਪੈਦਾ ਕੀਤੀ ਹੈ, ਇਸ ਸਾਰੀ ਨੂੰ ਦਾਤਾਰ ਦਾਤਾਂ ਦੇ ਰਿਹਾ ਹੈ।

੫. ਹੇ ਭਾਈਓ! ਇਸ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਫਿਰ ਉਹ ਇਸ ਤੋਂ ਵੱਖ ਨਹੀਂ ਹੋ ਬੈਠਾ, ਉਹ ਸਭ ਨੂੰ ਇਕੋ ਹੀ (ਹੁਕਮ ਰੂਪ) ਧਾਗੇ ਵਿਚ ਪ੍ਰੋ ਕੇ ਸਭ ਵਿਚ ਉਸ ਨੇ ਆਪਣੀ ਜੋਤ ਮਿਲਾਈ ਹੋਈ ਹੈ।

੬. ਹੇ ਪਿਆਰੇ! ਉਸ ਸਾਈਂ ਜੀ ਨੇ ਆਪਣੇ ਹੁਕਮ ਵਿਚ ਹੀ ਜੀਵਾਂ ਨੂੰ ਸੰਸਾਰ ਸਮੁੰਦਰ ਵਿਚ ਫਸਾਇਆ ਹੋਇਆ ਹੈ ਅਤੇ ਹੁਕਮ ਅੰਦਰ ਹੀ ਇਸ ਵਿਚੋਂ ਤਾਰਦਾ ਹੈ।

੭. ਹੇ ਮੇਰੇ ਪ੍ਰਭੂ ਜੀਉ! ਤੈਨੂੰ ਉਹੀ ਧਿਆਉਂਦਾ ਹੈ ਜਿਸ ਦੇ ਮੱਥੇ ਦੇ ਭਾਗ ਹੋਵਣ।

੮. ਇਹ ਗੱਲ ਕਥੀ ਨਹੀਂ ਜਾ ਸਕਦੀ ਕਿ ਤੂੰ ਕਿਤਨਾ ਕੁ ਵੱਡਾ ਹੈਂ, ਕਿਹੋ ਜਿਹਾ ਹੈਂ, (ਬਸ ਇਹੋ ਹੀ ਕਿਹਾ ਜਾ ਸਕਦਾ ਹੈ ਕਿ) ਮੈ ਤੈਥੋਂ ਸਦਕੇ ਹਾਂ।੧।

ਭਾਵਾਰਥ : ਸਲੋਕ ਵਿਚ ਪ੍ਰੇਰਣਾ ਕੀਤੀ ਹੈ ਕਿ ਉਸੇ ਪ੍ਰਭੂ ਨੂੰ ਮਨ ਬਾਣੀ ਸਰੀਰ ਕਰ ਕੇ ਚਿੰਤਨ ਕਰਦੇ ਰਹੋ, ਜਿਸ ਦਾ ਸਦਕਾ ਸਾਈਂ ਜੀ ਦੀ ਦਰਗਾਹ ਵਿਚ ਥਾਂ ਪਾ ਸਕੋਗੇ।

ਉਹ ਪ੍ਰਭੂ ਜੀ ਆਪਣੇ ਸੇਵਕਾਂ ਨੂੰ ਹਰ ਥਾਂ ਆਪ ਹੀ ਰੱਖਦਾ ਹੈ ਅਤੇ ਆਪ ਹੀ ਉਨ੍ਹਾਂ ਦੇ ਹਰ ਕਾਰਜ ਵਿਚ ਉਨ੍ਹਾਂ ਨੂੰ ਸਫਲਤਾ ਬਖ਼ਸ਼ਦਾ ਹੈ। ਉਸ ਦੇ ਸਿਮਰਨ ਦੀ ਬਰਕਤ ਨਾਲ ਸਾਰੇ ਹੀ ਦੁੱਖ ਕਲੇਸ਼ ਨਾਸ ਹੁੰਦੇ ਹਨ ਅਤੇ ਸੁੱਖ ਪ੍ਰਾਪਤ ਕਰ ਲਈਦੇ ਹਨ।

ਉਹ ਸਾਈਂ ਜੀ ਅਕੁਲ, ਨਿਰੰਜਨ, ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਪਰ ਸਾਰਿਆਂ ਵਿਚ ਉਹ ਸੂਤ ਦੇ ਧਾਗੇ ਵਾਂਗ ਪ੍ਰੋਇਆ ਹੋਇਆ ਹੈ। ਹਾਂ ਪਰ, ਉਸ ਪ੍ਰਭੂ ਨੂੰ ਧਿਆਉਂਦਾ ਉਹੋ ਜੀਵ ਹੈ, ਜਿਸ ਦੇ ਮੱਥੇ ਦੇ ਭਾਗ ਚੰਗੇ ਹੋਣ।

ਸਲੋਕੁ ਮ: ੫ ॥

੧. ਜਾ ਤੂੰ ਤੁਸਹਿ ਮਿਹਰਵਾਨ
ਅਚਿੰਤੁ ਵਸਹਿ ਮਨ ਮਾਹਿ ॥
੨. ਜਾ ਤੂੰ ਤੁਸਹਿ ਮਿਹਰਵਾਨ
ਨਉ ਨਿਧਿ ਘਰ ਮਹਿ ਪਾਹਿ ॥
੩. ਜਾ ਤੂੰ ਤੁਸਹਿ ਮਿਹਰਵਾਨ
ਤਾ ਗੁਰ ਕਾ ਮੰਤ੍ਰੁ ਕਮਾਹਿ ॥
੪. ਜਾ ਤੂੰ ਤੁਸਹਿ ਮਿਹਰਵਾਨ
ਤਾ ਨਾਨਕ ਸਚਿ ਸਮਾਹਿ ॥੧॥

ਪਦ ਅਰਥ : ਤੁਸਹਿ—ਤ੍ਰੁਠਦਾ ਹੈਂ, ਬਹੁਤ ਮਿਹਰਵਾਨ ਹੁੰਦਾ ਹੈਂ, ਖ਼ੁਸ਼ ਹੁੰਦਾ ਹੈਂ। ਅਚਿੰਤ—ਅਚਨਚੇਤ, ਬਿਨਾ ਸੋਚੇ, ਜਤਨ ਤੋਂ ਬਿਨਾ ਹੀ। ਵਸਹਿ—ਤੂੰ ਆ ਵਸਦਾ ਹੈਂ। ਨਿਧਿ—ਖ਼ਜ਼ਾਨੇ। ਮੰਤ੍ਰ—ਉਪਦੇਸ਼, ਨਾਮ। ਸਚਿ—ਸੱਚ ਵਿਚ।

ਅਰਥ :

ਪ੍ਰ: ਹੇ ਗੁਰੋ! ਉਸ ਸਾਈਂ ਜੀ ਨੂੰ ਮਨ ਵਸਾਉਣ ਲਈ ਤਾਂ ਬਹੁਤ ਲੋਕ ਜਤਨ ਕਰਦੇ ਵੇਖੀਦੇ ਹਨ, ਪਰ ਉਹ ਤਾਂ ਭੀ ਮਨ ਵਿਚ ਕਮਾਉਣ ਵਲੋਂ ਸਖਣੇ ਰਹਿੰਦੇ ਹਨ। ਕੋਈ ਆਪ ਹੀ ਸਾਧਨ ਦੱਸ ਦਿਓ ਕਿ ਉਸ ਨੂੰ ਮਨ ਵਿਚ ਕਿਵੇਂ ਵਸਾਇਆ ਜਾ ਸਕਦਾ ਹੈ?

ਉ: ੧. ਹੇ ਪਿਆਰਿਓ! ਮੇਰਾ ਵਿਸ਼ਵਾਸ ਤਾਂ ਇਹੋ ਹੈ ਕਿ ਹੇ ਮਿਹਰਵਾਨ ਪ੍ਰਭੂ ਜੀ! ਜਦ ਤੂੰ ਤ੍ਰੁਠ ਪਵੇਂ ਤਾਂ ਜੀਵਾਂ ਦੇ ਮਨ ਵਿਚ ਸਹਿਜ ਸੁਭਾਅ ਹੀ ਆ ਵਸਦਾ ਹੈਂ।

੨. ਜਦੋਂ ਤੂੰ ਹੇ ਮਿਹਰਵਾਨ ਤ੍ਰੁਠਦਾ ਹੈਂ, ਤਾਂ (ਮਾਨੋ) ਜੀਵਾਂ ਨੂੰ ਨੌਂ ਖ਼ਜ਼ਾਨੇ ਹਿਰਦੇ ਘਰ ਵਿਚੋਂ ਹੀ ਲੱਭ ਪੈਂਦੇ ਹਨ।

੩. ਹੇ ਮੇਹਰਵਾਨ ਜਦੋਂ ਤੂੰ ਤ੍ਰੁਠ ਪਵੇਂ ਤਾਂ ਜੀਵ ਗੁਰੂ ਦਾ ਮੰਤ੍ਰ ਕਮਾਉਣ ਲੱਗ ਪੈਂਦੇ ਹਨ।

੪. ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਸਾਈਂ ਮਿਹਰਵਾਨ ਜੀ, ਜਦੋਂ ਤੂੰ ਤ੍ਰੁਠ ਪਵੇਂ ਤਾਂ (ਇਹ) ਜੀਵ ਸੱਚ ਵਿਚ ਸਮਾ ਜਾਂਦੇ ਹਨ।੧।

ਮਃ ੫ ॥

੧. ਕਿਤੀ ਬੈਹਨਿ੍ ਬੈਹਣੇ ਮੁਚੁ ਵਜਾਇਨਿ ਵਜ ॥
੨. ਨਾਨਕ ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ ॥੨॥

ਪਦ ਅਰਥ : ਕਿਤੀ—ਕਈ ਜੀਵ। ਬੈਹਨਿ—ਬੈਠਦੇ ਹਨ।

ਬੈਹਣੇ—ਬੈਠਣ ਦਾ ਟਿਕਾਣਾ, ਭਾਵ ਹੈ ਤਖ਼ਤ, ਸਿੰਘਾਸਨ। ਮੁਚੁ—ਬਹੁਤ। ਵਜ—ਵਾਜੇ। ਲਜ—ਇੱਜ਼ਤ।

ਅਰਥ :

ਪ੍ਰ: ਹੇ ਗੁਰੋ ! ਪਿੱਛੇ ਹੋ ਗੁਜ਼ਰੇ ਬੰਦਿਆਂ ਵਿਚ ਉਹ ਕੌਣ ਬੰਦੇ ਹਨ, ਜੋ ਜਗਤ ਵਿਚੋਂ ਇੱਜ਼ਤ ਪ੍ਰਾਪਤ ਕਰ ਕੇ ਗਏ ਹਨ?

ਉ: ੧. ਹੇ ਭਾਈਓ ! ਇਸ ਜਗਤ ਵਿਚ ਬੇਅੰਤ ਜੀਵ ਹੋ ਗੁਜ਼ਰੇ ਹਨ ਜੋ ਇਨ੍ਹਾਂ ਰਾਜ ਸਿੰਘਾਸਣਾਂ 'ਤੇ ਬੈਠ ਗਏ ਹਨ ਅਤੇ ਆਪਣੀ ਵਡਿਆਈ ਵਾਸਤੇ ਬਹੁਤ ਵਾਜੇ ਵਜਾ ਗਏ ਹਨ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! (ਉਸ ਪ੍ਰਭੂ ਦੇ) ਸੱਚੇ ਨਾਮ ਤੋਂ ਸਖਣੇ ਰਹਿ ਕੇ ਕਿਸੇ ਦੀ ਭੀ ਇੱਜ਼ਤ ਨਹੀਂ ਰਹੀ।੨।

ਪਉੜੀ ॥

੧. ਤੁਧੁ ਧਿਆਇਨਿ੍ ਬੇਦ ਕਤੇਬਾ ਸਣੁ ਖੜੇ ॥
੨. ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥
੩. ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇੰਦ੍ਰਾਸਣਾ ॥
੪. ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥
੫. ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥
੬. ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥
੭. ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥
੮. ਜਿਤੁ ਜਿਤੁ ਲਾਇਹਿ ਆਪਿ
ਤਿਤੁ ਤਿਤੁ ਲਗੀਐ ॥੨॥

ਪਦ ਅਰਥ : ਕਤੇਬਾ—ਤੌਰੇਤ; ਜੰਬੂਰ, ਅੰਜੀਲ, ਕੁਰਾਨ। ਸਣੁ—ਸਣੇ, ਸਮੇਤ। ਇੰਦ੍ਰਾਸਣਾ—ਇੰਦਰ ਦੇ ਆਸਣ ਵਾਲੇ। ਸੰਕਰ—ਸ਼ਿਵ। ਮੁਖਿ—ਮੂੰਹ ਨਾਲ। ਭਣਾ—ਉਚਾਰਦੇ ਹਨ। ਪੈਕਾਬਰ—ਪੈਗ਼ੰਬਰ (ਰਬ ਦਾ ਘਲਿਆ ਨਬੀ)। ਮਸਾਇਕ—ਕਈ ਸ਼ੇਖ਼। ਅਉਲੀਏ—ਵਲੀ। ਓਤਿ ਪੋਤਿ—ਜਿਵੇਂ ਤਾਣਾ ਤੇ ਪੇਟਾ ਆਪੋ ਵਿਚ ਮਿਲੇ ਹੋਏ ਹਨ। ਮਉਲੀਏ—ਮੌਲ ਰਿਹਾ ਹੈ, ਪ੍ਰਫੁੱਲਤ ਹੈ। ਤਗੀਐ—ਤੋੜ ਨਿਭੀ ਦਾ ਹੈ, ਸਾਧਨ ਵਿਚ ਅੰਤ ਤੱਕ ਨਿਭ ਜਾਣਾ ਤਗਣਾ ਹੈ।

ਅਰਥ :

ਪ੍ਰ: ਹੇ ਗੁਰੋ ! ਜਿਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਨ ਲਈ ਤੁਸੀਂ ਪ੍ਰੇਰਨਾ ਕਰਦੇ ਹੋ, ਕੀ ਉਸਦੀ ਸਿਫ਼ਤ ਕਰਨ ਵਾਲਿਆਂ ਦਾ ਭੀ ਕੋਈ ਅੰਦਾਜ਼ਾ ਹੈ ?

ਉ: ੧. ਐ ਪਿਆਰਿਓ ! (ਉਸ ਦੀ ਸਿਫ਼ਤ ਕਰਨ ਵਾਲਿਆਂ ਦੀ ਕੋਈ ਗਿਣਤੀ ਨਹੀਂ) ਤਾਂ ਹੁਣ ਆਪ ਜੀ ਉਸ ਸਾਈਂ ਦੇ ਸਨਮੁਖ ਹੋ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ ਜੀ ! ਵੇਦਾਂ ਸਮੇਤ ਹਿੰਦੂ ਲੋਕ ਤੇ ਕਤੇਬਾਂ ਸਮੇਤ ਮੁਸਲਮਾਨ ਲੋਕ ਤੈਨੂੰ ਸਿਮਰ ਰਹੇ ਹਨ, ਭਾਵ ਹੈ ਹਿੰਦੂ ਮੁਸਲਮਾਨ ਆਦਿਕ ਸਾਰੇ ਮੱਤਾਂ ਦੇ ਲੋਕ ਆਪੋ ਆਪਣੇ ਧਰਮ-ਪੁਸਤਕਾਂ ਦੇ ਸਮੇਤ ਤੈਨੂੰ ਖੜੇ ਸਿਮਰ ਰਹੇ ਹਨ।

੨. ਹੇ ਸਾਈਂ ! ਜਿਤਨੇ ਕੁ ਤੇਰੇ ਦਰ 'ਤੇ ਡਿੱਗੇ ਪਏ ਹਨ; ਉਨ੍ਹਾਂ ਦੀ ਤਾਂ ਗਿਣਤੀ ਹੀ ਨਹੀਂ ਗਿਣੀ ਜਾ ਸਕਦੀ।

੩. ਹੇ ਪ੍ਰਭੂ ਜੀ ! ਜਦੋਂ ਦੇਵਤਿਆਂ ਵੱਲ ਨਿਗਾਹ ਮਾਰਦੇ ਹਾਂ ਤਾਂ ਕਈ ਬ੍ਰਹਮੇ ਤੇ ਤਖ਼ਤਾਂ ਉਪਰ ਬੈਠਣੇ ਵਾਲੇ ਕਈ ਇੰਦ੍ਰ ਤੈਨੂੰ ਧਿਆਉਂਦੇ ਹਨ।

੪. ਹੇ ਸਾਈਂ ਜੀ ! ਜਦੋਂ ਅਵਤਾਰਾਂ ਵੱਲ ਤਕਦੇ ਹਾਂ ਤਾਂ ਕਈ ਸ਼ਿਵ ਤੇ ਵਿਸ਼ਨੂੰ ਦੇ ਅਵਤਾਰ ਤੇਰਾ ਹੀ ਜਸ ਮੂੰਹੋਂ ਉਚਾਰ ਰਹੇ ਹਨ।

੫. ਹੇ ਪ੍ਰਭੂ ਜੀ ! ਇਥੇ ਹੀ ਬਸ ਨਹੀਂ, ਜਦੋਂ ਪੱਛਮੀ ਲੋਕਾਂ ਵੱਲ ਤੱਕੀਏ ਤਾਂ ਕਈ ਪੀਰ ਪੈਗ਼ੰਬਰ, ਬੇਅੰਤ ਸ਼ੇਖ਼ ਤੇ ਵਲੀ (ਇਹ ਸਭ ਤੇਰੇ ਹੀ ਗੁਣ ਗਾ ਰਹੇ ਹਨ)।

੬. ਪਰ ਹੇ ਨਿਰੰਕਾਰ ! ਇਨ੍ਹਾਂ ਸਭਨਾਂ ਵਿਚ ਤੂੰ (ਇਕੋ ਹੀ) ਤਾਣੇ ਪੇਟੇ ਵਾਂਗ (ਮਿਲਿਆ) ਮੌਲ ਰਿਹਾ ਹੈਂ।

੭. ਹੇ ਪ੍ਰਭੂ ! ਤੇਰੇ ਵਿਚ ਇਹ ਭੀ ਇਕ ਵਿਸ਼ੇਸ਼ਤਾ ਹੈ ਕਿ ਤੂੰ ਕੂੜ ਵਾਲਿਆਂ ਨੂੰ ਕੂੜ ਕਰ ਕੇ ਨਾਸ ਕਰ ਦੇਂਦਾ ਹੈਂ ਅਤੇ ਧਰਮ ਦੁਆਰਾ (ਤੇਰੇ ਦਰ 'ਤੇ) ਪੁਗ ਪਈਦਾ ਹੈ, ਭਾਵ ਧਰਮ ਦੁਆਰਾ ਤੇਰੇ ਨਾਲ ਜੀਵਾਂ ਦੀ ਤੋੜ ਨਿਭ ਜਾਂਦੀ ਹੈ।

੮. ਪਰ ਹੇ ਸਾਈਂ ਜੀ ! ਅਸਲ ਵਿਚ ਜੀਵਾਂ ਦੇ ਵਸ ਦੀ ਕੋਈ ਗੱਲ ਨਹੀਂ, ਜਿਧਰ-ਜਿਧਰ ਤੂੰ (ਪ੍ਰੇਰ ਕੇ ਜੀਵਾਂ ਨੂੰ) ਆਪ ਲਾਉਂਦਾ ਹੈਂ, ਉਧਰ-ਉਧਰ ਹੀ ਲੱਗ ਸਕੀਦਾ ਹੈ।੨।

ਭਾਵਾਰਥ : ਸਲੋਕ ਵਿਚ ਸਿਧਾਂਤਕ ਗੱਲ ਕਹਿੰਦੇ ਹਨ ਕਿ ਜੇ ਉਹ ਪ੍ਰਭੂ ਆਪ ਹੀ ਪ੍ਰਸੰਨ ਹੋਵੇ ਤਾਂ ਸੁਭਾਵਕ ਹੀ ਮਨ ਵਿਚ ਆ ਵਸਦਾ ਹੈ। ਉਸ ਦੀ ਬਖ਼ਸ਼ਸ਼ ਨਾਲ ਹੀ ਉਸ ਸੱਚ ਸਰੂਪ ਵਿਚ ਸਮਾਈ ਹੁੰਦੀ ਹੈ।

ਬੀਤ ਚੁੱਕੇ ਸਮੇਂ ਵਿਚ ਅਨੇਕਾਂ ਲੋਕ ਸਿੰਘਾਸਣਾਂ ਉਪਰ ਬੈਠ ਕੇ ਆਪੋ-ਆਪਣੀਆਂ ਵਡਿਆਈਆਂ ਲਈ ਵਾਜੇ ਵਜਾ-ਵਜਾ ਕੇ ਚਲੇ ਗਏ, ਪਰ ਨਾਮ ਤੋਂ ਸਖਣੇ ਹੋਣ ਕਾਰਣ ਦੁਨੀਆ ਵਿਚੋਂ ਬੇ-ਪਤੇ ਹੋ ਕੇ ਟੁਰ ਗਏ।

ਉਸ ਸਾਈਂ ਜੀ ਦੇ ਦਰ 'ਤੇ ਪੀਰ ਪੈਗ਼ੰਬਰ, ਔਲੀਏ, ਅਵਤਾਰ ਸਿਫ਼ਤਾਂ ਕਰਦੇ ਹਨ, ਪਰ ਉਸ ਦਾ ਪਾਰਾਵਾਰ ਨਹੀਂ ਪਾ ਸਕੇ। ਸੱਚੀ ਗੱਲ ਤਾਂ ਇਹੋ ਹੀ ਹੈ ਕਿ ਜਿਧਰ-ਜਿਧਰ ਇਨ੍ਹਾਂ ਸੰਸਾਰ ਦੇ ਜੀਵਾਂ ਨੂੰ ਉਸ ਨੇ ਪ੍ਰੇਰ ਕੇ ਲਾਇਆ ਹੋਇਆ ਹੈ, ਉਧਰ-ਉਧਰ ਲੱਗ ਰਹੇ ਹਨ।

ਸਲੋਕੁ ਮਃ ੫ ॥

੧. ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥
੨. ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥੧॥

ਪਦ ਅਰਥ : ਆਲਕੁ—ਆਲਸ, ਢਿਲ। ਸੇਰੁ—ਸ਼ੇਰ ਹੋਣਾ, ਭਾਵ ਸ਼ੇਰ ਵਾਂਙੂ ਦਲੇਰ ਹੋਣਾ। ਅਜੁ ਕਲਿ—ਛੇਤੀ ਹੀ। ਆਵਸੀ—ਆ ਜਾਇਗਾ। ਗਾਫਲ ਪੇਰੁ—ਗ਼ਾਫ਼ਲ ਮਨੁੱਖ ਦਾ ਪੈਰ। ਫਾਹੀ—ਮੌਤ ਦੀ ਫਾਹੀ ਵਿਚ।

ਅਰਥ :

ਪ੍ਰ: ਹੇ ਗੁਰੋ ! ਜਦੋਂ ਆਪ ਕਿਸੇ ਮਨੁੱਖ ਨੂੰ ਵਧੇਰੇ ਗ਼ਫ਼ਲਤ ਵਿਚ ਗਲਤਾਨ ਹੋਇਆ ਵੇਖੋ ਤਾਂ ਉਸ ਨੂੰ ਕਿਸ ਰੂਪ ਵਿਚ ਉਪਦੇਸ਼ ਕਰਦੇ ਹੋ ?

ਉ: ੧. ਹੇ ਭਾਈਓ ! ਉਸ ਨੂੰ ਤਾਂ ਰੱਬੀ ਮਾਰਗ ਦੱਸਣ ਲਈ ਇਸ਼ਾਰਤ ਰੂਪ ਵਿਚ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਹੇ ਭਾਈਓ ਦੇਖੋ, ਇਹ ਗ਼ਾਫ਼ਲ ਮਨੁੱਖ) ਚੰਗੇ ਕੰਮਾਂ ਲਈ, ਭਲਾਈ ਦੇ ਕੰਮ ਕਰਨ ਲਈ ਤਾਂ ਆਲਸ ਕਰਦਾ ਹੈ ਤੇ ਬੁਰਾਈਆਂ ਕਰਨ ਨੂੰ ਸ਼ੇਰ ਵਾਂਗ ਤਿਆਰ ਹੋ ਜਾਂਦਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਗ਼ਾਫ਼ਲ ! ਅਜੇ ਵੀ ਸਮਝ ਜਾ, ਕਿਉਂਕਿ ਅੱਜ ਕੱਲ ਹੀ ਤੇਰੇ ਪੈਰਾਂ ਵਿਚ ਮੌਤ ਦੀ ਫਾਹੀ ਆ ਪੈਣੀ ਹੈ, ਭਾਵ ਮੌਤ ਆ ਜਾਣੀ ਹੈ।੧।

ਮਃ ੫ ॥

੧. ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ ॥

੨. ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ ॥੨॥

ਪਦ ਅਰਥ : ਕਿਤੀਆ—ਕਈ, ਕਿਤਨੇ ਹੀ। ਕੁਢੰਗ—ਭੈੜੇ ਢੰਗ, ਮਾੜੇ ਤਰੀਕੇ ਦੇ ਕੰਮ, ਮੜੱਪਣ। ਗੁਝਾ—ਲੁਕਿਆ, ਛਿਪਿਆ। ਤੈ ਸਹਿ—ਤੂੰ ਖ਼ਸਮ ਨੇ। ਸਹਿ—ਸਹੁ ਨੇ।

ਅਰਥ :

ਪ੍ਰ: ਹੇ ਗੁਰੋ ! ਸਾਨੂੰ ਮਲੀਨ ਬੁਧੀ ਵਾਲਿਆਂ ਨੂੰ ਤਾਂ ਉਸ ਸਾਈਂ ਜੀ ਅੱਗੇ ਜੋਦੜੀ ਕਰਨ ਦੀ ਭੀ ਸੋਝੀ ਨਹੀਂ, ਕਿਰਪਾ ਕਰ ਕੇ ਢੰਗ ਦੱਸ ਦਿਓ।

ਉ: ੧. ਹੇ ਪਿਆਰਿਓ ! ਇਉਂ ਅਰਦਾਸ ਕਰਿਆ ਕਰੋ ਕਿ ਐ ਸਾਈਂ ਜੀ ! ਸਾਡੇ ਵਿਚ ਕਿਤਨੇ ਹੀ ਕੁਢੰਗ ਹਨ, ਭਾਵ ਭੈੜੇ ਵਰਤਾਰੇ ਤੇ ਖੋਟੇ ਕਰਮਾਂ ਦਾ ਮੋਹ (ਇਹ ਸਭੋ ਕੁਝ) ਤੈਥੋਂ ਕੋਈ ਲੁਕਿਆ ਛਿਪਿਆ ਨਹੀਂ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ ! ਤੂੰ ਹੀ ਸਾਡੇ ਮਨ ਵਿਚ ਸੱਚਾ ਮਿਤ੍ਰ ਹੈਂ, ਭਾਵ ਤੂੰ ਹੀ ਸਾਨੂੰ ਸੱਚਾ ਮਿੱਤ੍ਰ ਦਿੱਸਦਾ ਹੈਂ, ਕਿਉਂਕਿ ਤੂੰ ਅਸਾਡੇ ਉਨ੍ਹਾਂ ਖੋਟੇ ਕਰਮਾਂ 'ਤੇ ਪਰਦਾ ਪਾ ਰਖਿਆ ਹੈ, ਭਾਵ ਸਾਨੂੰ ਸੰਸਾਰ ਵਿਚ ਖੋਟੇ ਪ੍ਰਗਟ ਨਹੀਂ ਹੋਣ ਦਿੱਤਾ।੨।

ਪਉੜੀ ॥

੧. ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥

੨. ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥

੩. ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥

੪. ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥

੫. ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥

੬. ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥

੭. ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥

੮. ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥੩॥

ਪਦ ਅਰਥ : ਨਿਧਿ—ਖ਼ਜ਼ਾਨਾ। ਬੋਲਿਆ—ਤੇਰਾ ਨਾਮ ਉਚਾਰਿਆ, ਹਰੀ ਜੱਸ ਬੋਲ ਕੇ ਜੀਊ ਪਵਾਂਗਾ। ਘਣਾ—ਬਹੁਤ। ਸ੍ਰਵਣੀ—ਕੰਨਾਂ ਨਾਲ। ਪੀਸਿ—(ਚੱਕੀ) ਪੀਹ ਕੇ। ਬਿਗਸਾ—ਮੈਂ ਖ਼ੁਸ਼ ਹੁੰਦਾ ਹਾਂ। ਆਪਹੁ—ਮੇਰੇ ਆਪਣੇ ਪਾਸੋਂ। ਨਿਹਾਲੀਐ—ਤੱਕ, ਵੇਖ। ਮੋਹਿ—ਮੈਨੂੰ। ਧਰਮ ਸਾਲੀਐ—ਧਰਮ ਅਸਥਾਨ ਵਿਚ, ਸਤਿਸੰਗ ਵਿਚ।

ਅਰਥ :

ਪ੍ਰ: ਹੇ ਗੁਰੋ ! ਜਦੋਂ ਆਪ ਕਦੀ ਸਾਈਂ ਜੀ ਤੋਂ ਮੰਗ ਮੰਗਦੇ ਹੋ, ਤਾਂ ਕੀ ਮੰਗ ਕਰਦੇ ਹੋ ?

ਉ: ੧. ਹੇ ਭਾਈਓ ! ਮੇਰੀ ਤਾਂ ਸਦਾ ਇਹੋ ਹੀ ਮੰਗ ਹੁੰਦੀ ਹੈ ਕਿ ਹੇ ਦਿਆਲ ਪ੍ਰਭੂ ਜੀ ! ਮੈਂ ਆਪ ਜੀ ਤੋਂ (ਇਕ ਇਹੋ ਦਾਨ ਮੰਗਦਾ ਹਾਂ ਕਿ ਆਪਣੇ ਦਾਸਾਂ ਦਾ ਦਾਸ ਬਣਾ ਲੈ।

੨. (ਕਿਉਂਕਿ) ਮੈਂ ਉਨ੍ਹਾਂ ਦੇ ਸੰਗ ਵਿਚ ਮਿਲ ਕੇ ਤੇਰਾ ਜਸ ਗਾਉਣ ਨਾਲ (ਮੈਂ) ਜੀਉ ਪੈਂਦਾ ਹਾਂ, (ਮੈਨੂੰ ਉਸ ਵੇਲੇ ਐਉਂ ਹੀ ਪ੍ਰਤੀਤ ਹੁੰਦਾ ਹੈ ਕਿ) (ਮਾਨੋ) ਮੈਂ ਨੌਂ ਖ਼ਜ਼ਾਨੇ ਤੇ (ਸਾਰੀ ਸ਼ਕਤੀ ਦਾ) ਰਾਜ ਪਾ ਲਿਆ ਹੈ।

੩. ਹੇ ਸਾਈਂ ਜੀ ! ਮੈਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਤੇਰੇ ਉਨ੍ਹਾਂ ਦਾਸਾਂ ਦੇ ਘਰ ਵਿਚ ਇਹ ਅੰਮ੍ਰਿਤ ਨਾਮ ਰੂਪ ਖ਼ਜ਼ਾਨਾ ਬਹੁਤ ਹੁੰਦਾ ਹੈ।

੪. ਹੇ ਪ੍ਰਭੂ ਜੀ ! ਮੈਨੂੰ ਇਹ ਯਕੀਨ ਹੈ ਕਿ ਜਦੋਂ ਮੈਂ ਉਨ੍ਹਾਂ ਦੀ ਸੰਗਤ ਵਿਚ ਬੈਠ ਕੇ ਆਪਣੇ ਕੰਨਾਂ ਨਾਲ ਤੇਰਾ ਜਸ ਸੁਣਾਂਗਾ ਤਾਂ ਨਿਹਾਲ ਹੋ ਜਾਵਾਂਗਾ।

੫. ਹੇ ਸਾਈਂ ਜੀ ! ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਜਿਉਂ-ਜਿਉਂ ਮੈਂ ਉਨ੍ਹਾਂ ਦੀ ਦੱਸੀ ਸੇਵਾ ਦੀ ਕਾਰ ਕਰਾਂਗਾ ਤਾਂ ਮੇਰਾ ਸਰੀਰ ਪਵਿੱਤ੍ਰ ਹੋ ਜਾਵੇਗਾ।

੬. ਜਿਵੇਂ ਕਿ, ਪੱਖਾ ਝੱਲਣਾ, ਆਟਾ ਪੀਸਣਾ, ਪੈਰ ਧੋਣੇ, ਇਹ ਕੁਝ ਕਰਦਾ ਹੋਇਆ ਮੈਂ ਖਿੜਿਆ ਰਵਾਂਗਾ, ਖ਼ੁਸ਼ ਹੋਵਾਂਗਾ।

੭. ਪਰ ਹੇ ਪ੍ਰਭੂ ! ਜੋ ਭੀ ਕੁਝ ਉਪਰ ਦੱਸਿਆ ਹੈ, ਇਨ੍ਹਾਂ ਵਿਚੋਂ ਮੈਥੋਂ ਆਪਣੇ ਆਪ ਕੁਝ ਵੀ ਨਹੀਂ ਹੋ ਆਉਂਦਾ, ਪਰ ਜੇ ਆਪ ਮਿਹਰ ਦੀ ਨਜ਼ਰ ਕਰ ਕੇ ਤੱਕੋ।

੮. ਤੇ ਮੈਂ ਗੁਣ ਹੀਣੇ ਨੂੰ ਸੰਤਾਂ ਦੀ ਸੰਗਤ ਵਿਚ ਟਿਕਾਣਾ ਬਖ਼ਸ਼ ਦਿਓ।੩।

ਭਾਵਾਰਥ : ਸਲੋਕ ਵਿਚ ਮਨੁੱਖ ਦੀ ਕਮਜ਼ੋਰੀ ਦਰਸਾਈ ਹੈ ਕਿ ਚੰਗੇ ਕਰਮ ਕਰਨ ਲਈ ਆਲਸ ਕਰਦਾ ਹੈ ਤੇ ਮਾੜੇ ਕੰਮਾਂ ਲਈ ਸਦਾ ਹੀ ਤੱਤਪਰ ਰਹਿੰਦਾ ਹੈ, ਪਰ ਇਸ ਗ਼ਾਫ਼ਲ ਨੂੰ ਸ਼ੀਘਰ ਹੀ ਮੌਤ ਆ ਗ੍ਰਸਦੀ ਹੈ। (ਜਿਸ ਦੀ ਇਸ ਨੂੰ ਸੋਝੀ ਹੀ ਨਹੀਂ)

ਉਹ ਸਾਈਂ ਜੀ ਸਾਡੇ ਮਨ ਦਾ ਸੱਚਾ ਮਿੱਤਰ ਹੈ, ਜਿਸ ਨੇ ਸਾਡੇ ਬੁਰੇ ਕਰਤਬਾਂ ਨੂੰ ਢੱਕ ਕੇ ਸਾਡਾ ਸਦਾ ਹੀ ਪੜਦਾ ਕਜੀ ਰਖਿਆ ਹੈ।

ਪਉੜੀ ਵਿਚ ਉਸ ਸਾਈਂ ਜੀ ਤੋਂ ਉਸ ਦੇ ਪਿਆਰਿਆਂ ਦੀ ਸਦਾ ਸੰਗਤ ਵਿਚ ਰਹਿਣ ਦੀ ਮੰਗ ਕੀਤੀ ਹੈ। ਉਨ੍ਹਾਂ ਤੋਂ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ, ਜਿਸ ਦੀ ਬਰਕਤ ਨਾਲ ਮਨ, ਬਾਣੀ

ਤੇ ਸਰੀਰ ਸਭੋ ਕੁਝ ਪਵਿੱਤ੍ਰ ਹੋ ਆਉਂਦਾ ਹੈ, ਪਰ ਇਹ ਸਾਰੀ ਦਾਤ ਉਸ ਸਾਈਂ ਜੀ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੁੰਦੀ ਹੈ।

ਸਲੋਕ ਮਃ ੫ ॥

੧. ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥
੨. ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥

ਪਦ ਅਰਥ : ਧੂਰਿ—ਧੂੜ, ਖ਼ਾਕ। ਪੇਖਉ—ਵੇਖਾਂ। ਹਜੂਰਿ—ਅੰਗ ਸੰਗ, ਆਪਣੇ ਨਾਲ।

ਅਰਥ :

ਪ੍ਰ: ਹੇ ਗੁਰੋ! ਮੈਂ ਉਸ ਮਾਲਕ ਤੋਂ ਮੰਗ ਕੀ ਮੰਗਾਂ ?

ਉ: ੧. ਹੇ ਪਿਆਰੇ! ਸਦਾ ਇਹੋ ਹੀ ਜਾਚਨਾ ਕਰ ਕਿ ਹੇ ਮੇਰੇ ਸੱਜਣ (ਵਾਹਿਗੁਰੂ), ਮੈਂ ਸਦਾ ਹੀ ਤੇਰੇ ਚਰਨਾਂ ਦੀ ਖ਼ਾਕ ਹੋਇਆ ਰਹਾਂ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ, ਮੇਰੀ ਤਾਂ ਇਕ ਏਹੋ ਹੀ ਅਰਦਾਸ ਹੈ ਕਿ ਮੈਂ ਤੇਰੀ ਸ਼ਰਨ ਵਿਚ ਪ੍ਰਾਪਤ ਰਵਾਂ ਤੇ ਤੈਨੂੰ ਸਦਾ ਹਾਜ਼ਰਾ ਹਜ਼ੂਰ ਦੇਖਦਾ ਰਹਾਂ।੧।

ਮ ੫ ॥

੧. ਪਤਿਤ ਪੁਨੀਤ ਅਸੰਖ ਹੋਹਿ
ਹਰਿ ਚਰਣੀ ਮਨੁ ਲਾਗ ॥
੨. ਅਠਸਠਿ ਤੀਰਥ ਨਾਮੁ ਪ੍ਰਭ
ਜਿਸੁ ਨਾਨਕ ਮਸਤਕਿ ਭਾਗ ॥੨॥

ਪਦ ਅਰਥ : ਪਤਿਤ—ਗਿਰੇ ਹੋਏ, ਪਾਪੀ। ਪੁਨੀਤ—ਪਵਿੱਤ੍ਰ। ਅਸੰਖ—ਬੇਅੰਤ ਜੀਵ। ਅਠਸਠਿ—ਅਠਾਹਠ। ਮਸਤਕਿ—ਮੱਥੇ 'ਤੇ।

ਅਰਥ :

ਪ੍ਰ: ਹੇ ਗੁਰੋ! ਆਪ ਜੀ ਹਰੀ ਦੇ ਚਰਨਾਂ ਵਿਚ ਮਨ ਜੋੜਨ ਦੀ ਪ੍ਰੇਰਣਾ ਕਰਦੇ ਹੋ, ਇਸ ਦਾ ਫਲ ਕੀ ਹੋਵੇਗਾ ?

ਉ: ੧. ਹੇ ਸੱਜਨੋ! ਇਕ, ਦੋ, ਦਸ, ਵੀਹ ਦੀ ਗਿਣਤੀ ਨਹੀਂ, ਉਸ ਹਰੀ ਦੇ ਚਰਨਾਂ ਵਿਚ ਮਨ ਨੂੰ ਲਗਾਉਣ ਵਾਲੇ ਤਾਂ ਅਣਗਿਣਤ ਹੀ ਪਾਪੀ ਲੋਕ ਪਵਿੱਤ੍ਰ ਹੋ ਜਾਂਦੇ ਹਨ।੧।

੨. ਅਤੇ ਪ੍ਰਭੂ ਦਾ ਨਾਮ ਸਿਮਰਨ ਅਠਾਹਠ ਤੀਰਥਾਂ ਜਿੰਨਾ ਹੈ, ਪਰ ਇਹ ਨਾਮ ਪ੍ਰਾਪਤ ਹੁੰਦਾ ਉਸੇ ਨੂੰ ਹੈ, ਜਿਸ ਦੇ ਮੱਥੇ ਦੇ ਭਾਗ ਚੰਗੇ ਹੋਵਣ।੧।

ਪਉੜੀ ॥

੧. ਨਿਤ ਜਪੀਐ ਸਾਸਿ ਗਿਰਾਸਿ
ਨਾਉ ਪਰਵਦਿਗਾਰ ਦਾ ॥
੨. ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ ॥
੩. ਆਪਿ ਉਪਾਵਣਹਾਰ ਆਪੇ ਹੀ ਮਾਰਦਾ ॥
੪. ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ॥
੫. ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥
੬. ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ ॥
੭. ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥
੮. ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥੪॥

ਪਦ ਅਰਥ : ਸਾਸਿ—ਸਾਹ ਨਾਲ। ਗਿਰਾਸਿ—ਗਿਰਾਹੀ ਨਾਲ, ਸਾਹ ਲੈਂਦਿਆਂ ਤੇ ਖਾਂਦਿਆਂ। ਪਰਵਦਿਗਾਰ—ਪਾਲਣ ਵਾਲਾ। ਰਹੰਮ—ਰਹਿਮ, ਤਰਸ। ਜਾਣੁ—ਅੰਤਰਜਾਮੀ। ਬੁਝਿ—ਬੁਝ ਕੇ। ਅਭਗੁ—ਨ ਨਾਸ ਹੋਣ ਵਾਲਾ। ਦੀਬਾਣੁ—ਦਰਬਾਰ।

ਅਰਥ :

ਪ੍ਰ: ਹੇ ਗੁਰੋ! ਉਸ ਪ੍ਰਭੂ ਦਾ ਨਾਮ ਸਿਮਰਨ ਕਰਨ ਲਈ ਭੀ ਕੋਈ ਸਮਾਂ ਨੀਅਤ ਹੈ ?

ਉ: ੧. ਹੇ ਭਾਈਓ! ਉਸ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦਾ ਨਾਮ ਸਦਾ ਹੀ ਜਪਦੇ ਰਹਿਣਾ ਚਾਹੀਦਾ ਹੈ, ਹਰ ਸਾਹ ਲੈਂਦਿਆਂ ਤੇ ਹਰ ਗਰਾਹੀ ਖਾਂਦਿਆਂ।

੨. ਹੇ ਮਿੱਤਰੋ! ਉਹ ਪ੍ਰਭੂ ਜਿਸ ਉੱਤੇ ਮਿਹਰ ਕਰਦਾ ਹੈ, ਉਸ ਨੂੰ (ਫਿਰ ਕਦੀ ਵੀ) ਆਪਣੇ ਮਨ ਤੋਂ ਭੁਲਾਂਦਾ ਨਹੀਂ।

੩. ਉਹ ਮੇਰਾ ਸਾਈਂ! ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਮਾਰਦਾ ਹੈ।

੪. ਉਹ ਜਾਨਣਹਾਰ (ਅੰਤਰਜਾਮੀ) ਸਭੋ ਕੁਝ ਜਾਣਦਾ ਹੈ, ਬੁੱਝਦਾ ਹੈ ਤੇ ਵੀਚਾਰ ਕਰਦਾ ਹੈ।

੫. ਹੇ ਪਿਆਰੇ! ਉਹ ਇਤਨੀ ਤਾਕਤ ਦਾ ਮਾਲਕ ਹੈ ਕਿ ਉਹ ਇਕ ਛਿਨ ਵਿਚ ਆਪਣੀ ਕੁਦਰਤ ਦੁਆਰਾ ਅਨੇਕਾਂ ਰੂਪ ਧਾਰ ਲੈਂਦਾ ਹੈ।

੬. ਹੇ ਭਾਈਓ! ਜਿਸ ਮਨੁੱਖ ਨੂੰ ਉਹ ਸੱਚ ਵਿਚ ਲਾ ਲੈਂਦਾ ਹੈ, ਉਹ ਉਸ ਦਾ ਨਿਸਤਾਰਾ ਕਰ ਦੇਂਦਾ ਹੈ।

੭. ਹੇ ਪਿਆਰੇ! ਉਹ ਮੇਰਾ ਸਾਈਂ ਜਿਸ ਜੀਵ ਦੇ ਪੱਖ ਵਿਚ ਹੋ ਜਾਵੇ ਉਹ ਕਦੇ ਹਾਰਦਾ ਹੀ ਨਹੀਂ।

੮. ਹੇ ਸੱਜਨੋ! ਉਸ ਦਾ ਦਰਬਾਰ ਸਦਾ ਅਟੱਲ ਹੈ। ਮੈਂ ਉਸ ਨੂੰ ਨਮਸ਼ਕਾਰ ਕਰਦਾ ਹਾਂ।੪।

ਭਾਵਾਰਥ : ਸਲੋਕ ਵਿਚ ਜਾਚਨਾ ਕੀਤੀ ਹੈ ਕਿ ਹੇ ਪ੍ਰਭੂ! ਮੈਂ ਸਦਾ ਹੀ ਤੇਰੇ ਚਰਨਾਂ ਦੀ ਧੂੜੀ ਹੋ ਰਵਾਂ, ਕਿਉਂਕਿ ਤੇਰੇ ਚਰਨਾਂ ਵਿਚ ਜੁੜੇ ਰਹਿਣ ਦੀ ਬਰਕਤ ਨਾਲ ਅਨੇਕਾਂ ਹੀ ਪਾਪੀਆਂ ਦਾ ਉਧਾਰ ਹੁੰਦਾ ਹੈ। ਉਸ ਪ੍ਰਭੂ ਦਾ ਨਾਮ ਹੀ ਅਠਾਹਠ ਤੀਰਥ ਹੈ, ਜੋ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਉਸੇ ਸਾਈਂ ਜੀ ਦਾ ਨਾਮ ਸਦਾ ਜਪਦੇ ਰਹੀਏ, ਜੋ ਸ੍ਰਿਸ਼ਟੀ ਦੀ ਉਤਪਤੀ, ਪਾਲਨਾ ਤੇ ਸੰਘਾਰ ਕਰਨ ਵਾਲਾ ਹੈ। ਉਸ ਨੇ ਜਿਸ ਦਾ ਉਧਾਰ ਕਰਨਾ ਹੋਵੇ, ਉਸ ਨੂੰ ਸੱਚ ਨਾਲ ਜੋੜਦਾ ਹੈ।

ਸਲੋਕ ਮਃ ੫ ॥

੧. ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥
੨. ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥

ਅਰਥ :

ਪ੍ਰ: ਹੇ ਗੁਰੋ ! ਆਪ ਜੀ ਨਾਮ ਸਿਮਰਨ ਦਾ ਉਪਦੇਸ਼ ਤਾਂ ਕਰਦੇ ਹੋ, ਪਰ ਨਾਮ ਹਿਰਦੇ ਅੰਦਰ ਵਸਦਾ ਹੀ ਨਹੀਂ, ਇਸ ਦਾ ਅਸਲ ਕਾਰਣ ਕੀ ਹੈ ?

ਉ: ੧. ਹੇ ਪਿਆਰਿਓ ! ਕਾਰਣ ਇਹੋ ਹੈ ਕਿ ਜਿਸ ਹਿਰਦੇ ਵਿਚ ਨਾਮ ਵਸਦਾ ਹੈ, ਉਥੇ ਹੀ ਕਾਮ, ਕ੍ਰੋਧ ਆਦਿ ਵਿਕਾਰ ਵਸਦੇ ਹਨ, ਇਸ ਲਈ ਇਨ੍ਹਾਂ ਕਾਮ, ਕ੍ਰੋਧ ਤੇ ਲੋਭ ਨੂੰ ਛੱਡ ਦੇਈਏ। (ਛੱਡੀਏ ਭੀ ਐਸਾ) ਜਿਸ ਤਰ੍ਹਾਂ ਕਿ ਮਾਨੋ ਅੱਗ ਵਿਚ ਹੀ ਸਾੜ ਦੇਈਏ।

੨. ਅਤੇ ਜੀਉਂਦੇ ਜੀ ਸਦਾ ਹੀ ਪ੍ਰਭੂ ਦਾ ਨਾਮ ਜਪਦੇ ਰਹੀਏ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ।੧।

ਮਃ ੫ ॥

੨. ਸਿਮਰਤ ਸਿਮਰਤ ਪ੍ਰਭੁ ਆਪਣਾ
ਸਭ ਫਲ ਪਾਏ ਆਹਿ ॥
੨. ਨਾਨਕ ਨਾਮੁ ਅਰਾਧਿਆ
ਗੁਰ ਪੂਰੈ ਦੀਆ ਮਿਲਾਇ ॥੨॥

ਅਰਥ :

ਪ੍ਰ: ਕਿਉਂ ਜੀ ! ਉਸ ਮਾਲਕ ਦੇ ਨਾਮ ਸਿਮਰਨ ਦੁਆਰਾ ਕੀ ਹਾਸਲ ਹੋਵੇਗਾ ?

ਉ: ੧. ਹੇ ਪਿਆਰੇ ! ਉਸ ਆਪਣੇ ਮਾਲਕ ਨੂੰ ਸਿਮਰਦਿਆਂ-ਸਿਮਰਦਿਆਂ ਸਾਰੇ ਹੀ ਫਲ ਪਾ ਲਈਦੇ ਹਨ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਗੁਰੂ ਨੇ ਉਸ ਨੂੰ ਪ੍ਰਭੂ ਨਾਲ ਮਿਲਾ ਦਿੱਤਾ। (ਉਸ ਦੀਆਂ ਸਾਰੀਆਂ ਵਾਸ਼ਨਾਵਾਂ ਮੁੱਕ ਗਈਆਂ ਹਨ)।

ਪਉੜੀ ॥

੧. ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥
੨. ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥
੩. ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥
੪. ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥
੫. ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥
੬. ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥
੭. ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥
੮. ਗੁਰ ਪਰਸਾਦਿ ਕਿਨੈ ਵਿਰਲੈ
ਹਰਿ ਧਨੁ ਖਾਟੀਐ ॥੫॥

ਪਦ ਅਰਥ : ਸੰਸਾਰਿ—ਸੰਸਾਰ ਵਿਚ। ਜਿ—ਜਿਸ ਨੂੰ। ਗੁਰਿ—ਗੁਰੂ ਨੇ। ਬਲਾਇ—ਬਿਪਤਾ। ਓਥੈ—ਜਿਨ੍ਹਾਂ ਦੀ ਸੰਗਤ ਵਿਚ। ਧ੍ਰਾਪੀਐ—ਰਜ ਜਾਂਦਾ ਹੈ। ਜਿਸ ਘਟਿ—ਜਿਸ ਦੇ ਹਿਰਦੇ ਵਿਚ। ਭੁਖਾ—ਤ੍ਰਿਸ਼ਨਾ ਦਾ ਮਾਰਿਆ ਹੋਇਆ।

ਅਰਥ :

ਪ੍ਰ: ਹੇ ਗੁਰੋ ! ਆਪ ਜੀ ਗੁਰਮਤਿ ਅਨੁਸਾਰ ਮੁਕਤਿ ਰੂਪ ਕਿਸ ਨੂੰ ਮੰਨਦੇ ਹੋ ?

ਉ: ੧. ਹੇ ਪਿਆਰਿਓ ! ਜਿਸ ਕਿਸੇ ਮਨੁੱਖ ਨੂੰ ਸਤਿਗੁਰੂ ਨੇ ਉਪਦੇਸ਼ ਦਿੱਤਾ ਹੈ (ਅਤੇ ਉਸ ਉਪਦੇਸ਼ ਦੀ ਕਮਾਈ ਕਰਦਾ ਹੋਇਆ ਉਹ ਜੀਵਨ ਗੁਜ਼ਾਰਦਾ ਹੈ) ਉਹ ਜਗਤ ਵਿਚ ਰਹਿੰਦਾ ਹੋਇਆ ਹੀ ਮੁਕਤ ਪੁਰਖ ਹੈ, ਭਾਵ ਉਹ ਬੰਧਨਾਂ ਤੋਂ ਆਜ਼ਾਦ ਹੈ।

ਪ੍ਰ: ਉਸ ਦੀ ਪਛਾਣ ਕੀ ਹੈ ?

ਉ: ੨. ਹੇ ਭਾਈਓ ! ਉਸ ਦੀ ਬਿਪਤਾ, ਮੁਸੀਬਤ, ਭਾਵ ਹਉਮੈ ਰੂਪੀ ਬਲਾ ਦੂਰ ਹੋ ਜਾਂਦੀ ਹੈ ਤੇ ਸਮਝ ਲਓ ਉਸ ਦੇ ਸਾਰੇ ਸੰਸੇ ਮਿਟ ਗਏ।

ਪ੍ਰ: ਕਿਉਂ ਜੀ ! ਉਸ ਵਿਚ ਕੋਈ ਹੋਰ ਵਿਸ਼ੇਸ਼ਤਾ ਭੀ ਆ ਜਾਂਦੀ ਹੈ ?

ਉ: ੩. ਹਾਂ ਜ਼ਰੂਰ ! ਹੇ ਪਿਆਰੇ ! ਉਸ ਦੇ ਦਰਸ਼ਨਾਂ ਨੂੰ ਦੇਖ ਕੇ ਤਾਂ ਸਾਰਾ ਜਗਤ ਹੀ ਪ੍ਰਸੰਨ ਹੁੰਦਾ ਹੈ।

੪. ਇਥੇ ਹੀ ਬਸ ਨਹੀਂ, ਹਰੀ ਦੇ ਦਾਸਾਂ ਦੀ ਸੰਗਤ ਵਿਚ ਪਾਪਾਂ ਦੀ ਮੈਲ ਧੋ ਹੋ ਜਾਂਦੀ ਹੈ ਤੇ ਨਿਹਾਲ ਹੋ ਜਾਈਦਾ ਹੈ।

ਪ੍ਰ: ਕਿਉਂ ਜੀ, ਉਹ ਕਿਵੇਂ ?

ਉ: ੫. ਉਹ ਇਸ ਲਈ ਕਿ ਉਥੇ ਸੱਚਾ ਨਾਮ ਅੰਮ੍ਰਿਤ ਰੂਪ ਜੋ ਹੈ ਉਹ ਜਪਿਆ ਜਾਂਦਾ ਹੈ।

੬. ਉਸ ਨਾਮ ਦੁਆਰਾ ਮਨ ਨੂੰ ਸੰਤੋਖ ਹੋ ਆਉਂਦਾ ਹੈ। ਜੋ ਤ੍ਰਿਸ਼ਨਾ ਦਾ ਮਾਰਿਆ ਬੰਦਾ ਹੈ, ਉਹ ਭੀ ਉਥੇ ਰਜ ਜਾਂਦਾ ਹੈ।

੭. ਅਸਲ ਗੱਲ ਇਹੋ ਹੈ ਕਿ ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ, ਉਸ ਦੇ ਸਾਰੇ ਬੰਧਨ ਕੱਟੇ ਜਾਂਦੇ ਹਨ।

੮. ਪਰ ਹੇ ਪਿਆਰੇ ! ਗੁਰੂ ਦੀ ਕਿਰਪਾ ਦੁਆਰਾ ਇਹ ਹਰੀ ਧਨ ਕੋਈ ਵਿਰਲਾ ਹੀ (ਖਟਦਾ) ਪ੍ਰਾਪਤ ਕਰਦਾ ਹੈ।

ਭਾਵਾਰਥ : ਸਲੋਕ ਵਿਚ ਦੱਸਿਆ ਹੈ ਕਿ ਵਿਕਾਰਾਂ ਨੂੰ ਤਿਆਗ ਕੇ ਜੀਉਂਦੇ ਜੀ ਹਰੀ ਦਾ ਨਾਮ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ। ਪ੍ਰਭੂ ਦਾ ਨਾਮ ਸਿਮਰਨ ਕਰਨ ਦੀ ਬਰਕਤ ਨਾਲ ਸਾਰੇ ਫਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੰਸਾਰ ਵਿਚ ਮੁਕਤਿ ਸਰੂਪ ਉਹ ਬੰਦਾ ਹੈ ਜੋ ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਗੁਜ਼ਾਰਦਾ ਹੈ। ਉਸ ਦੇ ਦੁੱਖ ਕਲੇਸ਼ ਸੰਸੇ ਸਾਰੇ ਹੀ ਮਿਟ ਜਾਂਦੇ ਹਨ। ਉਸ ਦੇ ਦਰਸ਼ਨ ਕਰਨ ਨਾਲ ਤਾਂ ਸਾਰਾ ਜਗਤ ਹੀ ਨਿਹਾਲ ਹੁੰਦਾ ਹੈ, ਪਰ ਇਹ ਨਾਮ ਦੀ ਦਾਤ ਗੁਰੂ ਦੀ ਕਿਰਪਾ ਦੁਆਰਾ ਕਿਸੇ ਵਿਰਲੇ ਗੁਰਮੁਖ ਨੇ ਹੀ ਪ੍ਰਾਪਤ ਕੀਤੀ ਹੈ।

ਸਲੋਕ ਮਃ ੫ ॥

੧. ਮਨ ਮਹਿ ਚਿਤਵਉ ਚਿਤਵਨੀ
ਉਦਮੁ ਕਰਉ ਉਠਿ ਨੀਤ ॥
੨. ਹਰਿ ਕੀਰਤਨ ਕਾ ਆਹਰੋ
ਹਰਿ ਦੇਹੁ ਨਾਨਕ ਕੇ ਮੀਤ ॥੧॥

ਪਦ ਅਰਥ : ਚਿਤਵਉ—ਸੋਚਦਾ ਹਾਂ, ਚਿੰਤਨ ਕਰਦਾ ਹਾਂ। ਚਿਤਵਨੀ—ਸੋਚ। ਕਰਉ—ਕਰਾਂ। ਉਠਿ—ਉਠ ਕੇ। ਆਹਰੋ—ਕਿਸੇ ਕੰਮ ਲਈ ਉੱਦਮ।

ਅਰਥ :

ਪ੍ਰ: ਹੇ ਗੁਰੋ ! ਹਰ ਬੰਦਾ ਹੀ ਆਪਣੇ ਮਨ ਵਿਚ ਰਾਤ ਭਰ ਕਿਸੇ ਨ ਕਿਸੇ ਕੰਮ ਕਰਨ ਦੀ ਚਿਤਵਨੀ ਚਿਤਵਦਾ ਰਹਿੰਦਾ ਹੈ, ਪਰ ਆਪ ਕਿਸ ਪ੍ਰਕਾਰ ਦੀ ਮਨ ਵਿਚ ਚਿਤਵਨੀ ਕਰਦੇ ਹੋ ?

ਉ: ੧. ਹੇ ਭਾਈਓ ! ਸੱਚੀ ਗੱਲ ਤਾਂ ਇਹੋ ਹੈ ਕਿ ਮੈਂ ਆਪਣੇ ਮਨ ਵਿਚ ਸਾਰੀ ਰਾਤ ਨੀਂਦ ਵਿਚ ਭੀ ਹਰੀ ਕੀਰਤਨ ਦੀ ਚਿਤਵਨੀ ਹੀ ਚਿਤਵਦਾ ਰਹਿੰਦਾ ਹਾਂ, ਭਾਵ ਮਨ ਵਿਚ ਇਹੋ ਸੋਚਦਾ ਹਾਂ ਕਿ ਨਿਤ (ਸਵੇਰੇ) ਉੱਠ ਕੇ ਉੱਦਮ ਕਰਾਂ।

੨. (ਪਰ ਹਾਂ) (ਇਸ ਚਿਤਵਨੀ ਦੀ ਸਫਲਤਾ ਲਈ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਰਾਵੋ ! ਮੈਂ ਅਰਦਾਸ ਕਰਦਾ ਰਹਿੰਦਾ ਹਾਂ ਕਿ ਹੇ ਮੇਰੇ ਸਾਈਂ, ਮੇਰੇ ਮਿੱਤ੍ਰ ਜੀ, ਮੈਨੂੰ ਆਪਣੀ ਸਿਫ਼ਤਿ-ਸਾਲਾਹ ਕਰਨ ਦਾ (ਆਹਰ) ਉੱਦਮ ਤੇ ਕੰਮ ਬਖ਼ਸ਼ੋ।੧।

ਮਃ ੫ ॥

੧. ਦ੍ਰਿਸਟਿ ਧਾਰਿ ਪ੍ਰਭਿ ਰਾਖਿਆ ਮਨੁ ਤਨੁ ਰਤਾ ਮੂਲਿ ॥
੨. ਨਾਨਕ ਜੋ ਪ੍ਰਭ ਭਾਣੀਆ ਮਰਉ ਵਿਚਾਰੀ ਸੂਲਿ ॥੨॥

ਪਦ ਅਰਥ : ਦ੍ਰਿਸਟਿ—ਮਿਹਰ ਦੀ ਨਜ਼ਰ। ਪ੍ਰਭਿ—ਪ੍ਰਭੂ ਨੇ। ਮੂਲਿ—ਮੂਲ ਵਿਚ, ਪਰਮੇਸ਼ਰ ਵਿਚ ਜੋ ਸਭ ਦਾ ਮੂਲ ਰੂਪ ਹੈ। ਸੂਲਿ—ਦੁੱਖ, ਪੀੜਾ ਵਿਚ।

ਅਰਥ :

ਪ੍ਰ: ਹੇ ਗੁਰੋ ! ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਵਿਚ ਤਾਂ ਬਹੁਤ ਲੋਕ ਲੱਗੇ ਹੋਏ ਵੇਖੀਦੇ ਹਨ, ਜਿਨ੍ਹਾਂ ਦੇ ਉੱਤੇ ਸਾਈਂ ਜੀ ਨੇ ਮਿਹਰ ਦੀ ਨਜ਼ਰ ਕਰ ਕੇ ਰੱਖਿਆ ਕੀਤੀ ਹੈ, ਉਹ ਕੌਣ ਹਨ ?

ਉ: ੧. ਹੇ ਪਿਆਰੇ ! (ਜਿਨ੍ਹਾਂ ਜੀਵ ਰੂਪ ਇਸਤ੍ਰੀਆਂ ਦਾ) ਮਨ ਤੇ ਤਨ ਉਸ ਮੂਲ ਰੂਪ ਪਰਮੇਸ਼ਰ ਵਿਚ ਰਤਾ ਰਹਿੰਦਾ ਹੈ, ਉਨ੍ਹਾਂ ਨੂੰ ਪ੍ਰਭੂ ਨੇ ਮਿਹਰ ਦੀ ਨਜ਼ਰ ਪਾ ਕੇ ਸਦੀਵੀ ਕਾਲ ਹੀ ਬਚਾਈ ਰਖਿਆ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ, ਜੋ ਅਜਿਹੀਆਂ ਗੁਰਮੁਖ ਰੂਪ ਸਹੇਲੀਆਂ ਹਨ, ਉਹ ਤਾਂ ਪ੍ਰਭੂ ਨੂੰ ਪਿਆਰੀਆਂ ਲੱਗਦੀਆਂ ਹਨ, ਭਾਵ ਸਾਈਂ ਜੀ ਨੂੰ ਭਾ ਗਈਆਂ ਹਨ, ਪਰ ਮੈਂ ਅਭਾਗਣ ਦੁੱਖ ਵਿਚ ਮਰ ਰਹੀ ਹਾਂ (ਇਸ ਲਈ ਹੇ ਮੇਰੇ ਸਾਈਂ ਜੀ ! ਮੇਰੇ 'ਤੇ ਭੀ ਮਿਹਰ ਕਰੋ, ਮੈਨੂੰ ਭੀ ਰੱਖ ਲਓ)।੨।

ਪਉੜੀ ॥

੧. ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥
੨. ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥
੩. ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥
੪. ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ ॥
੫. ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ ॥
੬. ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ ॥
੭. ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ ॥
੮. ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਧੁਰਿ ॥੬॥

ਪਦ ਅਰਥ : ਬਿਰਥਾ—ਵਿਥਿਆ, ਪੀੜਾ, ਦੁੱਖ। ਅਰਪਿ ਧਰਿ—ਹਵਾਲੇ ਕਰ ਦੇ। ਦੁਰਮਤਿ—ਭੈੜੀ ਮਤਿ। ਜਾਇ ਜਰਿ—ਸੜ ਜਾਂਦੀ ਹੈ। ਬਿਖਮੁ—ਔਖਾ। ਅਗੈ—ਪ੍ਰਲੋਕ ਵਿਚ। ਊਣੇ—ਸਖਣੇ, ਖ਼ਾਲੀ। ਸੁਭਰ—ਨਕਾ ਨੱਕ। ਕਰਮੁ—ਬਖ਼ਸ਼ਸ਼। ਧੁਰਿ—ਧੁਰੋਂ, ਪ੍ਰਭੂ ਦੀ ਦਰਗਾਹ ਵਿਚੋਂ।

ਅਰਥ :

ਪ੍ਰ: ਹੇ ਗੁਰੋ ! ਵੇਖੀਦਾ ਹੈ ਕਿ ਸੰਸਾਰ ਦਾ ਹਰ ਬੰਦਾ ਹਰ ਸਮੇਂ ਕਿਸੇ ਨਾ ਕਿਸੇ ਦੁੱਖ ਵਿਚ ਘਿਰਿਆ ਹੀ ਰਹਿੰਦਾ ਹੈ, ਪਰ ਹਰ ਤਰ੍ਹਾਂ ਦੇ ਦੁੱਖ ਦੀ ਨਵਿਰਤੀ ਲਈ ਸਿੱਖ ਨੂੰ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਉ: ੧. ਹੇ ਸਿੱਖ ! ਜਦੋਂ ਭੀ ਤੈਨੂੰ ਦਿਲ ਦਾ ਕੋਈ ਸੁੱਖ-ਦੁੱਖ ਹੋਵੇ, (ਤਾਂ ਉਸ ਦੀ ਨਵਿਰਤੀ ਲਈ) ਤੂੰ ਆਪਣੇ ਸਤਿਗੁਰੂ ਪਾਸ ਅਰਦਾਸ ਕਰ।

ਪ੍ਰ: ਹਜ਼ੂਰ ! ਗੁਰੂ ਅੱਗੇ ਅਰਦਾਸ ਕਰਨ ਸਮੇਂ ਸੰਕੇਤ ਕੀ ਹੋਵੇ ?

ਉ: ੨. ਹੇ ਪਿਆਰੇ ! ਗੁਰੂ ਅੱਗੇ ਅਰਦਾਸ ਕਰਨ ਸਮੇਂ ਸੰਕੇਤ ਜ਼ਰੂਰੀ ਹਨ) ੧. ਹੋਰ ਸਾਰੀਆਂ ਚਤੁਰਾਈਆਂ ਛੱਡ ਦੇ। ੨. ਮਨ ਤੇ ਤਨ ਗੁਰੂ ਨੂੰ ਅਰਪਨ ਕਰ ਦੇ।

੩. ੩. ਕੇਵਲ ਗੁਰੂ ਦੇ ਚਰਨਾਂ ਦਾ ਪੁਜਾਰੀ ਹੋ ਜਾ। ਇਨ੍ਹਾਂ ਤਿੰਨਾਂ ਹੀ ਸੰਕੇਤਾਂ ਨੂੰ ਧਾਰਨ ਕਰਨ ਨਾਲ ਤੇਰੇ ਅੰਦਰੋਂ ਖੋਟੀ ਮਤਿ ਸੜ ਜਾਵੇਗੀ।

੪. ਹੇ ਪਿਆਰਿਆ ! ਇਸੇ ਖੋਟੀ ਮਤਿ ਨੇ ਸੰਸਾਰ ਸਾਗਰ ਨੂੰ ਤਰਨਾ ਔਖਾ ਕੀਤਾ ਹੋਇਆ ਹੈ, ਪਰ ਜਦੋਂ ਤੂੰ ਸਾਧੂਆਂ ਦੀ ਸੰਗਤ ਵਿਚ ਮਿਲ ਜਾਵੇਂਗਾ ਤਾਂ ਇਹ ਔਖਾ ਸੰਸਾਰ ਸਾਗਰ (ਸੁਖੈਨ) ਹੀ ਤਰ ਜਾਵੇਂਗਾ।

੫. ਇਉਂ ਸਾਧੂਆਂ ਦੀ ਸੰਗਤ ਵਿਚ ਮਿਲ ਕੇ ਜਦੋਂ ਸਤਿਗੁਰ ਜੀ ਦੀ ਸੇਵਾ ਕਰੋਗੇ ਤਾਂ ਪ੍ਰਲੋਕ ਵਿਚ ਜਾ ਕੇ ਭੈ ਨਾਲ ਡਰ-ਡਰ ਨਹੀਂ ਮਰੋਗੇ।

੬. ਉਹ ਪ੍ਰਭੂ ਗੁਣਾਂ ਤੋਂ ਹੀਣੇ ਬੰਦਿਆਂ ਨੂੰ ਗੁਣਾਂ ਨਾਲ ਲਬਾ-ਲਬ ਭਰ ਦੇਂਦਾ ਹੈ ਤੇ ਇਕ ਛਿਨ ਵਿਚ ਹੀ ਨਿਹਾਲ ਕਰ ਦੇਂਦਾ ਹੈ।

ਪ੍ਰ: ਹੇ ਗੁਰੋ ! ਇਹ ਮਨ ਸਦਾ ਹੀ ਸੰਤੋਖ ਤੋਂ ਸਖਣਾ ਰਹਿੰਦਾ ਹੈ, ਸੰਤੋਖੀ ਕਿਵੇਂ ਹੋ ਸਕੇ ?

ਉ: ੭. ਹੇ ਪਿਆਰੇ ! ਜੇ ਉਸ ਹਰੀ ਪ੍ਰਭੂ ਨੂੰ ਸਦੀਵ ਕਾਲ ਧਿਆਉਂਦੇ ਰਹੀਏ ਤਾਂ ਮਨ ਵਿਚ ਸੰਤੋਖ ਆ ਜਾਂਦਾ ਹੈ।

ਪ੍ਰ: ਹੇ ਗੁਰੋ! ਜੋ ਗੁਰੂ ਦੀ ਸੁਖਦਾਇਕ ਸੇਵਾ ਹੈ, ਉਸ ਨੂੰ ਸਾਰੇ ਲੋਕ ਕਿਉਂ ਨਹੀਂ ਕਰਦੇ ?

ਉ: ੮. ਹੇ ਪਿਆਰੇ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਕਿਉਂਕਿ ਗੁਰੂ ਦੀ ਦੱਸੀ ਸੇਵਾ ਵਿਚ ਉਹ ਮਨੁੱਖ ਲੱਗਦਾ ਹੈ, ਜਿਸ ਉੱਤੇ ਧੁਰੋਂ ਹੀ ਬਖ਼ਸ਼ਸ਼ ਹੋਵੇ।੬।

ਭਾਵਾਰਥ : ਸਲੋਕ ਵਿਚ ਹਰ ਪ੍ਰਾਣੀ ਮਾਤ੍ਰ ਨੂੰ ਪ੍ਰੇਰਣਾ ਕੀਤੀ ਗਈ ਹੈ ਕਿ ਹਰ ਸਮੇਂ ਉਸੇ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਨ ਦੀ ਜਾਚਨਾ ਕਰਦੇ ਰਹੋ।

ਜਿਨ੍ਹਾਂ ਦਾ ਮਨ ਸਾਈਂ ਜੀ ਵਿਚ ਰਤਾ ਰਹਿੰਦਾ ਹੈ, ਸਾਈਂ ਉਸਨੂੰ ਸਦਾ ਹਰ ਸਮੇਂ ਹੀ ਸਹਾਇਕ ਹੋ ਕੇ ਰੱਖਿਆ ਕਰਦਾ ਹੈ।

ਹਰ ਤਰ੍ਹਾਂ ਦੀ ਪੀੜਾ ਨਵਿਰਤ ਕਰਨ ਲਈ ਗੁਰੂ ਅੱਗੇ ਹੀ ਬੇਨਤੀ ਕਰਦੇ ਰਹੋ, ਪਰ ਜੋਦੜੀ ਕਰਨ ਸਮੇਂ ਮਨ ਦੀ ਸਿਆਣਪ ਨੂੰ ਛੱਡ ਕੇ, ਮਨ ਤਨ ਨੂੰ ਗੁਰੂ ਅੱਗੇ ਅਰਪਨ ਕਰ ਦਿਓ, ਸਾਧ ਸੰਗਤ ਵਿਚ ਮਿਲ ਕੇ ਗੁਰੂ ਦੀ ਦੱਸੀ ਸੇਵਾ ਕਰਦੇ ਰਹੋ, ਜਿਸ ਦੀ ਬਰਕਤ ਨਾਲ ਮਨ ਵਿਚ ਤ੍ਰਿਪਤੀ ਹੋਵੇਗੀ। ਇਸ ਤਰ੍ਹਾਂ ਰੱਬੀ ਦਰਬਾਰ ਵਿਚ ਗਇਆਂ ਕੋਈ ਭੀ ਕਿਸੇ ਪ੍ਰਕਾਰ ਦਾ ਭੈ ਨਹੀਂ ਹੋਵੇਗਾ, ਪਰ ਇਹ ਦਾਤ ਬਖ਼ਸ਼ਸ਼ ਨਾਲ ਹੀ ਮਿਲਦੀ ਹੈ।

ਸਲੋਕ ਮਃ ੫ ॥

੧. ਲਗੜੀ ਸੁਥਾਨਿ ਜੋੜਣਹਾਰੈ ਜੋੜੀਆ ॥
੨. ਨਾਨਕ ਲਹਰੀ ਲਖ ਸੈ ਆਨ
ਡੁਬਣ ਦੇਇ ਨ ਮਾ ਪਿਰੀ ॥੧॥

ਪਦ ਅਰਥ : ਲਗੜੀ—ਲੱਗੀ ਹੋਈ, ਲੱਗ ਗਈ ਭਾਵ ਪ੍ਰੀਤ ਲੱਗ ਗਈ। ਸੁਥਾਨਿ—ਚੰਗੇ ਟਿਕਾਣੇ 'ਤੇ। ਲਹਰੀ—ਲਹਿਰਾਂ। ਸੈ—ਸੈਂਕੜੇ। ਆਨ—ਹੋਰ-ਹੋਰ, ਭਾਵ ਵਿਕਾਰਾਂ ਦੀਆਂ। ਮਾ ਪਿਰੀ—ਮੇਰਾ ਪਿਆਰਾ।

ਅਰਥ :

ਪ੍ਰ: ਹੇ ਗੁਰੋ! ਹਰ ਮਨੁੱਖ ਦੀ ਪ੍ਰੀਤ ਸੰਸਾਰ ਦੇ ਕਿਸੇ ਨ ਕਿਸੇ ਪਦਾਰਥ ਵਿਚ ਲੱਗੀ ਹੋਈ ਹੈ, ਪਰ ਹਜ਼ੂਰ! ਤੁਹਾਡੀ ਪ੍ਰੀਤ ਦਾ ਕਿਸ ਥਾਂ 'ਤੇ ਟਿਕਾਣਾ ਹੈ ?

ਉ: ੧. ਹੇ ਪਿਆਰਿਓ! ਮੇਰੀ ਪ੍ਰੀਤ ਤਾਂ ਸਭ ਥਾਵੇਂ, ਚੰਗੇ ਟਿਕਾਣੇ 'ਤੇ ਲੱਗੀ ਹੋਈ ਹੈ, (ਭਾਵ ਹੈ ਉਸ ਪਿਆਰੇ ਪ੍ਰਭੂ ਦੇ ਚਰਨਾਂ ਵਿਚ ਜੁੜੀ ਹੋਈ ਹੈ)।

ਪ੍ਰ: ਹਜ਼ੂਰ, ਇਹ ਪ੍ਰਭੂ ਪ੍ਰੀਤ ਜੋੜਨ ਲਈ ਤੁਸਾਂ ਕਿਹੜਾ ਸਾਧਨ ਕੀਤਾ ਹੈ ?

ਉ: ੨. ਹੇ ਪਿਆਰੇ! ਸਾਧਨ ਤਾਂ ਕੋਈ ਮੈਂ ਕਰ ਹੀ ਨਹੀਂ ਸਕਦਾ ਸਾਂ, ਪਰ ਇਹ ਤਾਂ ਜੋੜਨਹਾਰ ਪ੍ਰਭੂ ਨੇ ਪ੍ਰੀਤ ਆਪ ਹੀ (ਕਿਰਪਾ ਕਰ ਕੇ) ਜੋੜੀ ਹੈ, ਅਰਥਾਤ ਲੁਆਈ ਹੈ।

ਪ੍ਰ: ਕਿਉਂ ਜੀ, ਇਸ ਪ੍ਰਭੂ ਪ੍ਰੀਤ ਨੇ ਤੁਹਾਡੇ ਅੰਦਰ ਕੀ ਵਿਸ਼ਵਾਸ ਪੈਦਾ ਕਰ ਦਿਤਾ ਹੈ ?

ਉ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਂ ਵੇਖ ਰਿਹਾ ਹਾਂ ਕਿ ਜਗਤ ਵਿਚ ਸੈਂਕੜੇ ਤੇ ਲੱਖਾਂ ਹੋਰ-ਹੋਰ, (ਭਾਵ ਵਿਚਾਰਾਂ ਦੀਆਂ) ਲਹਿਰਾਂ ਚਲ ਰਹੀਆਂ ਹਨ, ਪਰ ਮੈਨੂੰ ਪੂਰਨ ਯਕੀਨ ਹੈ ਕਿ ਉਹ ਮੇਰਾ ਪਿਆਰਾ (ਸਾਈਂ ਜੀ) ਮੈਨੂੰ ਇਨ੍ਹਾਂ ਵਿਕਾਰਾਂ ਦੀਆਂ ਲਹਿਰਾਂ ਵਿਚ ਡੁੱਬਣ ਨਹੀਂ ਦੇਵੇਗਾ।੧।

ਮਃ ੫ ॥

੧. ਬਨਿ ਭੀਹਾਵਲੈ ਹਿਕੁ ਸਾਥੀ
ਲਧਮੁ ਦੁਖ ਹਰਤਾ ਹਰਿ ਨਾਮਾ ॥
੨. ਬਲਿ ਬਲਿ ਜਾਈ ਸੰਤ ਪਿਆਰੇ
ਨਾਨਕ ਪੂਰਨ ਕਾਮਾਂ ॥੨॥

ਪਦ ਅਰਥ : ਭੀਹਾਵਲੈ—ਡਰਾਉਣੇ ਜੰਗਲ ਵਿਚ ਭਾਵ ਹੈ ਸੰਸਾਰ ਵਿਚ। ਹਿਕੁ—ਇਕ। ਲਧਮੁ—ਮੈਂ ਲੱਭਾ ਹੈ। ਦੁਖ ਹਰਤਾ—ਦੁੱਖ ਦੂਰ ਕਰਨ ਵਾਲਾ। ਪੂਰਨ ਕਾਮਾਂ—ਕੰਮ ਪੂਰਾ ਹੋ ਗਿਆ, ਕਾਮਨਾਵਾਂ ਪੂਰਨ ਹੋ ਗਈਆਂ।

ਅਰਥ :

ਪ੍ਰ: ਹੇ ਗੁਰੋ! ਹਰ ਬੰਦਾ ਡਰਾਉਣੇ ਜੰਗਲ ਦਾ ਸਫ਼ਰ ਕਰਨ ਲਈ ਕਿਸੇ ਬਲਵਾਨ ਦੀ ਸਹਾਇਤਾ ਜ਼ਰੂਰ ਚਾਹੁੰਦਾ ਹੈ ਤਾਂਕਿ ਉਹ ਦੁਖਦਾਈ ਸੰਸਾਰ ਜੰਗਲ ਦੇ ਦੁੱਖ ਤੋਂ ਬਚ ਸਕੇ, ਪਰ ਆਪ ਜੀ ਨੇ ਇਸ ਡਰਾਉਣੇ ਸੰਸਾਰ ਜੰਗਲ ਨੂੰ ਪਾਰ ਕਰਨ ਲਈ ਕਿਹੜਾ ਆਸਰਾ ਲੱਭਿਆ ਹੈ ?

ਉ: ੧. ਹੇ ਪਿਆਰਿਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸੰਸਾਰ ਇਕ ਡਰਾਉਣਾ ਜੰਗਲ ਹੀ ਹੈ, ਪਰ ਇਸ ਵਿਚੋਂ ਸਲਾਮਤੀ ਨਾਲ ਪਾਰ ਹੋਣ ਲਈ (ਮੈਨੂੰ) ਇਕ ਸਾਥੀ ਲੱਭਾ ਹੈ, ਜੋ ਕਿ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ, ਉਹ ਹੈ ਹਰੀ ਦਾ ਨਾਮ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਸੱਜਨੋ, ਮੈਂ ਉਸ ਪਿਆਰੇ ਸੰਤ ਤੋਂ ਸਦਕੇ ਜਾਂਦਾ ਹਾਂ, ਜੋ ਕਿ ਸਰਵ ਕਾਮਨਾ ਪੂਰਨ ਕਰਨ ਵਾਲਾ ਹੈ।੨।

ਪਉੜੀ ॥

੧. ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ ॥
੨. ਨ ਹੋਵੀ ਪਛੋਤਾਉ ਤੁਧ ਨੋ ਜਪਤਿਆ ॥
੩. ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥
੪. ਗੁਰ ਪੂਰੇ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ ॥
੫. ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥
੬. ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥
੭. ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ ॥
੮. ਹਰਿ ਹਰਿ ਹਰਿ ਹਰਿ ਨਾਮੁ ਜੀਵਾ ਸੁਣਿ ਸੁਣੇ ॥੭॥

ਪਦ ਅਰਥ : ਪਾਈਅਨਿ—ਪਾਏ ਜਾਂਦੇ ਹਨ। ਵਾਹੁ ਵਾਹੁ—ਸ਼ਾਬਾਸ਼। ਪਹਿ—ਪਾਸ। ਕਰਮੀ—(ਪ੍ਰਭੂ) ਦੀ ਮਿਹਰ ਨਾਲ। ਬਹੁੜਿ—ਫਿਰ, ਮੁੜ। ਧਾਈਐ—ਭਟਕੀਦਾ ਹੈ। ਸੁਣਿ ਸੁਣੇ—ਸੁਣ-ਸੁਣ।

ਅਰਥ :

ਪ੍ਰ: ਹੇ ਗੁਰੋ ! ਜਦ ਕਿਸੇ ਦੇ ਅੰਦਰ ਪਿਆਰ ਦੀ ਲਾਗ ਲੱਗ ਜਾਏ ਤਾਂ ਉਸ ਦੇ ਅੰਦਰੋਂ ਕਿਵੇਂ ਆਵਾਜ਼ ਨਿਕਲਦੀ ਹੈ ?

ਉ: ੧. ਹੇ ਪਿਆਰੇ ! ਉਸ ਦੇ ਅੰਦਰੋਂ ਤਾਂ ਸਦਾ ਇਉਂ ਹੀ ਪਿਆਰ ਭਰੀ ਆਵਾਜ਼ ਆਉਂਦੀ ਹੈ ਕਿ ਹੇ ਪ੍ਰਭੂ ! ਜਦੋਂ ਤੇਰੇ ਪਿਆਰ ਰੰਗ ਵਿਚ ਰੰਗੇ ਜਾਈਏ ਤਾਂ ਮਾਨੋਂ ਸਾਰੇ ਹੀ ਖ਼ਜ਼ਾਨੇ ਮਿਲ ਜਾਂਦੇ ਹਨ।

੨. ਤੈਨੂੰ ਜਪਦਿਆਂ ਕਦੇ ਭੀ ਕਿਸੇ ਗਲੇ ਪਛਤਾਵਾ ਨਹੀਂ ਹੁੰਦਾ। ਭਾਵ ਹੈ, ਕੋਈ ਐਸਾ ਮੰਦਾ ਕੰਮ ਨਹੀਂ ਕਰ ਸਕੀਦਾ, ਜਿਸ ਕਰਕੇ ਪਛਤਾਉਣਾ ਪਏ।

੩. ਹੇ ਸਾਈਂ ਜੀ ! ਜੋ ਦਾਸ ਤੇਰੇ ਆਸਰੇ ਹੈ, ਉਨ੍ਹਾਂ ਨੂੰ ਕੋਈ ਪਹੁੰਚ ਹੀ ਨਹੀਂ ਸਕਦਾ।

੪. ਪਰ ਹੇ ਮਨਾ ! ਪੂਰੇ ਗੁਰੂ ਨੂੰ ਸ਼ਾਬਾਸ਼ੇ ਆਖ, ਜਿਸ ਦੀ ਰਾਹੀਂ ਨਾਮ ਦਾ ਚਿੰਤਨ ਕਰ ਕੇ ਸੁੱਖ ਪ੍ਰਾਪਤ ਹੁੰਦਾ ਹੈ।

੫. ਹੇ ਪਿਆਰੇ ! ਸਿਫ਼ਤਿ-ਸਾਲਾਹ ਦਾ ਖ਼ਜ਼ਾਨਾ ਤਾਂ ਸਤਿਗੁਰੂ ਦੇ ਪਾਸ ਹੀ ਹੈ, ਪਰ ਪ੍ਰਾਪਤ ਭਾਗਾਂ ਨਾਲ ਹੀ ਹੁੰਦਾ ਹੈ।

੬. ਹੇ ਭਾਈਓ ! ਜੇ ਕਦੀ ਸਤਿਗੁਰੂ ਜੀ ਮਿਹਰ ਦੀ ਨਜ਼ਰ ਨਾਲ ਤੱਕਣ ਤਾਂ ਫਿਰ ਮੁੜ-ਮੁੜ ਜਨਮ ਵਿਚ ਨਹੀਂ ਭਟਕੀਦਾ।

੭. ਉਹ ਪ੍ਰਭੂ ਦਇਆ ਦਾ ਘਰ ਆਪਣੇ ਸੇਵਕ ਬਣਾ ਕੇ ਇਸ ਭਟਕਣਾ ਤੋਂ ਬਚਾਈ ਰੱਖਦਾ ਹੈ।

੮. ਮੈਂ ਭੀ ਉਸੇ ਪ੍ਰਭੂ ਦਾ ਹਰਿ ਹਰਿ ਹਰਿ ਹਰਿ ਨਾਮ ਸੁਣ-ਸੁਣ ਕੇ ਜੀਉਂਦਾ ਹਾਂ।੭।

ਭਾਵਾਰਥ : ਸਲੋਕ ਵਿਚ ਆਪਣੀ ਨਿਰਮਾਣਤਾ ਦਾ ਨਿਰੂਪਨ ਕਰਦੇ ਹਨ ਕਿ ਹੇ ਭਾਈ ! ਜੋ ਮੇਰੀ ਪ੍ਰੀਤ ਪ੍ਰਭੂ ਚਰਨਾਂ ਵਿਚ ਜੁੜੀ ਹੈ, ਇਹ ਸਾਰੀ ਉਸੇ ਮੇਰੇ ਸਾਈਂ ਜੀ ਦੀ ਮਿਹਰ ਹੈ।

ਇਸ ਸੰਸਾਰ ਜੰਗਲ ਵਿਚੋਂ ਸਹੀ ਸਲਾਮਤ ਪਾਰ ਹੋਣ ਲਈ ਮੇਰਾ ਸਾਥੀ ਦੁੱਖਾਂ ਦੇ ਨਾਸ ਕਰਨ ਵਾਲਾ ਮੈਨੂੰ ਹਰੀ ਦਾ ਨਾਮ ਪ੍ਰਾਪਤ ਹੋ ਗਿਆ ਹੈ, ਜਿਸ ਨਾਮ ਦੀ ਬਰਕਤ ਨਾਲ ਸਾਰੀਆ ਮਨੋ-ਕਾਮਨਾਵਾਂ ਪੂਰਨ ਹੁੰਦੀਆਂ ਹਨ।

ਉਸ ਪ੍ਰਭੂ ਦੇ ਪਿਆਰ ਰੰਗ ਵਿਚ ਰਤਿਆਂ, ਜਾਣੋ ਸਾਰੇ ਖ਼ਜ਼ਾਨੇ ਮਿਲ ਜਾਂਦੇ ਹਨ ਅਤੇ ਜੀਵਨ ਵਿਚ ਕੋਈ ਮੰਦ ਕਰਮ ਕਰਕੇ ਪਛੋਤਾਉਣਾ ਨਹੀਂ ਪੈਂਦਾ। ਜਦੋਂ ਸਤਿਗੁਰੂ ਮਿਹਰ ਦੀ ਨਜ਼ਰ ਨਾਲ ਤੱਕਣ ਤਾਂ ਅਜਿਹੇ ਨਿਹਾਲ ਹੋ ਜਾਈਦਾ ਹੈ ਕਿ ਮੁੜ ਕੇ ਜੰਮਣ ਮਰਨ ਵਿਚ ਆਉਣ ਦਾ ਦੁੱਖ ਮਿਟ ਜਾਂਦਾ ਹੈ।

ਸਲੋਕ ਮ: ੫ ॥

੧. ਪ੍ਰੇਮ ਪਟੋਲਾ ਤੈ ਸਹਿ ਦਿਤਾ
ਢਕਣ ਕੂ ਪਤਿ ਮੇਰੀ ॥
੨. ਦਾਨਾ ਬੀਨਾ ਸਾਈ ਮੈਡਾ
ਨਾਨਕ ਸਾਰ ਨ ਜਾਣਾ ਤੇਰੀ ॥੧॥

ਪਦ ਅਰਥ : ਪਟੋਲਾ—ਪਟ ਦਾ ਕੱਪੜਾ। ਪ੍ਰੇਮ ਪਟੋਲਾ—ਪ੍ਰੇਮ ਦਾ ਰੇਸ਼ਮੀ ਕੱਪੜਾ। ਤੈ ਸਹਿ—ਤੂੰ ਖ਼ਸਮ ਨੇ। ਮੈਡਾ—ਮੇਰਾ। ਸਾਰ—ਕਦਰ। ਦਾਨਾ ਬੀਨਾ—ਦਾਨਾ, ਜਾਨਣ ਵਾਲਾ। ਬੀਨਾ—ਦੇਖਣ ਵਾਲਾ, ਪੂਰਾ ਅਕਲਮੰਦ।

ਅਰਥ :

ਪ੍ਰ: ਹੇ ਗੁਰੋ ! ਜਦੋਂ ਸਾਈਂ ਜੀ ਦਾ ਪ੍ਰੇਮ ਹਿਰਦੇ ਅੰਦਰ ਜਾਗ ਉਠੇ ਤਾਂ ਉਸ ਦਾ ਕਿਵੇਂ ਸ਼ੁਕਰਾਨਾ ਕੀਤਾ ਜਾਵੇ ?

ਉ: ੧. ਹੇ ਭਾਈਓ ! ਹਿਰਦੇ ਅੰਦਰ ਪ੍ਰੇਮ ਜਾਗਣ ਸਮੇਂ ਮਾਣ ਹੰਕਾਰ ਨਹੀਂ ਕਰਨਾ, ਸਗੋਂ ਇਉਂ ਉਸ ਸਾਈਂ ਜੀ ਅੱਗੇ ਜੋਦੜੀ ਕਰਦੇ ਰਹਿਣਾ ਹੈ ਕਿ ਹੇ ਮੇਰੇ ਸਾਈਂ ਜੀ, ਇਹ ਜੋ ਤੁਸਾਂ ਮੈਨੂੰ ਪ੍ਰੇਮ ਰੂਪੀ ਰੇਸ਼ਮੀ ਕੱਪੜਾ ਬਖ਼ਸ਼ਸ਼ ਕੀਤਾ ਹੈ, ਇਹ ਤੁਸਾਂ ਮੇਰੀ ਇੱਜ਼ਤ ਢੱਕ ਰੱਖਣ ਲਈ ਦਿੱਤਾ ਹੈ।

੨. ਹੇ ਮੇਰੇ ਮਾਲਕ, ਤੂੰ ਮੇਰੇ ਦਿਲ ਦੀ ਜਾਨਣ ਵਾਲਾ ਹੈਂ, ਪਰ ਮੈਂ ਤੇਰੀ ਕਦਰ ਨਹੀਂ ਜਾਣੀ।੧।

ਮ: ੫ ॥

੧. ਤੈਡੈ ਸਿਮਰਣਿ ਹਭੁ ਕਿਛੁ ਲਧਮੁ
ਬਿਖਮੁ ਨ ਡਿਠਮੁ ਕੋਈ ॥
੨. ਜਿਸੁ ਪਤਿ ਰਖੈ ਸਚਾ ਸਾਹਿਬੁ
ਨਾਨਕ ਮੇਟਿ ਨ ਸਕੈ ਕੋਈ ॥੨॥

ਪਦ ਅਰਥ : ਤੈਡੈ ਸਿਮਰਣਿ—ਤੇਰੇ ਸਿਮਰਨ ਨਾਲ। ਹਭੁ ਕਿਛੁ—ਸਭੋ ਕੁਝ, ਹਰੇਕ ਚੀਜ਼। ਬਿਖਮੁ—ਕੋਈ ਔਖ। ਜਿਸੁ—ਜਿਸਦੀ।

ਅਰਥ :

ਪ੍ਰ: ਸ੍ਰੀ ਜੀਉ ! ਸਿਮਰਨ ਦੀ ਬਰਕਤ ਨਾਲ ਹੋਏ ਪ੍ਰਾਪਤ ਪਦਾਰਥਾਂ ਨੂੰ ਕਈ ਵਾਰ ਮਨੁੱਖ ਦਾ ਮਨ ਆਪਣੇ ਉੱਦਮ ਦਾ ਸਦਕਾ ਸਮਝਣ ਦਾ ਭੁਲੇਖਾ ਖਾ ਜਾਂਦਾ ਹੈ, ਪਰ ਆਪ ਜੀ ਦੱਸੋ, ਇਸ ਭੁਲੇਖੇ ਤੋਂ ਕਿਵੇਂ ਬਚਿਆ ਜਾਵੇ ?

ਉ: ੧. ਹੇ ਪਿਆਰੇ ! ਸਾਈਂ ਜੀ ਅੱਗੇ ਉਸ ਵੇਲੇ ਇਉਂ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਮੇਰੇ ਸਾਈਂ ਜੀ, ਇਹ ਜੋ ਵੀ ਕੁਝ ਮੈਨੂੰ ਪ੍ਰਾਪਤ ਹੋਇਆ ਹੈ, ਇਹ ਸਭੋ ਤੇਰੇ ਸਿਮਰਨ ਦੀ ਬਰਕਤ ਹੈ ਤੇ ਇਹ ਭੀ ਇਕ ਤੇਰੀ ਮਿਹਰ ਹੈ ਕਿ ਮੈਂ ਆਪਣੇ ਜੀਵਨ ਵਿਚ ਕੋਈ ਭੀ ਔਖਿਆਈ ਨਹੀਂ ਵੇਖੀ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ, ਜਿਸ ਮਨੁੱਖ ਦੀ ਇੱਜ਼ਤ ਉਹ ਮਾਲਕ ਆਪ ਰਖੇ, ਉਸ ਦੀ ਇੱਜ਼ਤ ਨੂੰ ਹੋਰ ਕੋਈ ਵੀ ਮਿਟਾ ਨਹੀਂ ਸਕਦਾ।੨।

ਪਉੜੀ ॥

੧. ਹੋਵੈ ਸੁਖੁ ਘਣਾ ਦਯਿ ਧਿਆਇਐ ॥
੨. ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥
੩. ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ॥
੪. ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥
੫. ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥

੬. ਗਿਆਨ ਪਦਾਰਥੁ ਮਤਿ ਗੁਰ ਤੇ ਪਾਈਐ ॥
੭. ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ ॥
੮. ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ ॥੮॥

ਪਦ ਅਰਥ : ਦਯੁ—ਪ੍ਰੇਰਕ (ਪ੍ਰਭੂ)। ਵੰਞੈ—ਨਾਸ਼ ਹੋ ਜਾਂਦਾ ਹੈ। ਠਾਢਿ—ਠੰਢ, ਸ਼ਾਂਤੀ। ਚਿਤਿ—ਚਿੱਤ ਵਿਚ। ਮੰਨਿ—ਮਨ ਵਿਚ। ਆਪੁ—ਆਪਾ ਭਾਵ। ਤਿਨਿ—ਉਸ ਮਨੁੱਖ ਨੇ। ਛਾਇਐ—ਛਾਂ ਹੇਠ, ਸਾਏ ਵਿਚ।

ਅਰਥ :

ਪ੍ਰ: ਹੇ ਗੁਰੋ ! ਵਧੇਰੇ ਸੁੱਖ ਪ੍ਰਾਪਤ ਕਰਨ ਲਈ ਲੋਕੀਂ ਭਿੰਨ-ਭਿੰਨ ਦੇਵਤਿਆਂ ਦੀ ਆਰਾਧਨਾ ਕਰਦੇ ਹਨ, ਪਰ ਗੁਰਮਤਿ ਅਨੁਸਾਰ ਬਹੁਤਾ ਸੁੱਖ ਕਿਵੇਂ ਮਿਲਦਾ ਹੈ ?

ਉ: ੧. ਹੇ ਪਿਆਰਿਓ ! ਬਹੁਤਾ ਸੁੱਖ ਤਾਂ ਤਦੋਂ ਹੀ ਮਿਲਦਾ ਹੈ ਜੇ ਕਰ ਪਿਆਰੇ ਪ੍ਰਭੂ ਨੂੰ ਸਿਮਰੀਏ।
੨. (ਕਿਉਂਕਿ) ਉਸ ਵਾਹਿਗੁਰੂ ਜੀ ਦੇ ਗੁਣ ਗਾਉਣ ਨਾਲ ਰੋਗਾਂ ਦੇ ਘਾਣ, ਭਾਵ ਸਾਰੇ ਹੀ ਰੋਗ ਨਾਸ ਹੋ ਜਾਂਦੇ ਹਨ।
੩. ਹੇ ਭਾਈ ! ਜੇ ਪ੍ਰਭੂ ਚਿੱਤ ਵਿਚ ਆ ਵਸੇ ਤਾਂ ਮਨ ਵਿਚ ਠੰਢ ਪੈ ਜਾਂਦੀ ਹੈ, ਭਾਵ ਮਨ ਵਿਚੋਂ ਵਿਸ਼ਿਆਂ ਦੀ ਤਪਸ਼ ਮਿਟ ਜਾਂਦੀ ਹੈ।
੪. ਜੇ ਪ੍ਰਭੂ ਦਾ ਨਾਮ ਮਨ ਵਿਚ ਵਸ ਜਾਵੇ ਤਾਂ ਆਸ ਪੂਰੀ ਹੋ ਜਾਂਦੀ ਹੈ, ਭਾਵ ਆਸਾ ਤ੍ਰਿਸ਼ਨਾ ਮਿਟ ਜਾਂਦੀ ਹੈ।
੫. ਹੇ ਭਾਈ ! ਜੇ ਅੰਦਰੋਂ ਆਪਾ-ਭਾਵ ਗਵਾ ਦਈਏ, ਤਾਂ ਜ਼ਿੰਦਗੀ ਦੇ ਰਾਹ ਵਿਚ ਕੋਈ ਵੀ ਔਕੜ ਨਹੀਂ ਆਉਂਦੀ।

ਪ੍ਰ: ਹਜ਼ੂਰ ! ਇਹ ਆਪਾ-ਭਾਵ ਗਵਾਉਣ ਵਾਲੀ ਮਤਿ ਹਰ ਇਕ ਨੂੰ ਕਿਉਂ ਪ੍ਰਾਪਤ ਨਹੀਂ ਹੁੰਦੀ ?

ਉ: ੬. ਪਰ ਹੇ ਪਿਆਰੇ ! ਇਹ ਮਤਿ, ਭਾਵ ਗਿਆਨ ਪਦਾਰਥ ਵਾਲੀ ਬੁੱਧੀ ਦੀ ਦੌਲਤ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ।
੭. ਹੇ ਭਾਈਓ ! ਉਸ ਨੂੰ ਸਾਰੇ ਪਦਾਰਥ ਮਿਲ ਗਏ (ਜਾਣੋ) ਜਿਸ ਨੂੰ ਉਹ ਆਪ ਦਿਵਾਉਂਦਾ ਹੈ।
੮. (ਇਸ ਲਈ) ਹੇ ਪਿਆਰੇ, ਉਸੇ ਅੱਗੇ ਬੇਨਤੀ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਪ੍ਰਭੂ ! ਤੂੰ ਸਭਨਾਂ ਜੀਵਾਂ ਦਾ ਮਾਲਕ ਹੈਂ, ਸਾਰੀ ਸ੍ਰਿਸ਼ਟੀ ਤੇਰੇ ਹੀ ਸਾਏ ਹੇਠ ਹੈ।੮।

ਭਾਵਾਰਥ : ਸਲੋਕ ਵਿਚ ਇਸ ਭੁੱਲੜ ਮਨੁੱਖ ਨੂੰ ਸੋਝੀ ਦਿੱਤੀ ਹੈ ਕਿ ਐ ਮਨਾ ! ਜੇ ਤੇਰੇ ਅੰਦਰ ਕਦੀ ਪ੍ਰੇਮ ਦੀ ਕਣੀ ਜਾਗ ਪਏ ਤਾਂ ਇਹ ਉਸੇ ਸਾਈਂ ਜੀ ਦੀ ਦਾਤ ਸਮਝ ਜੋ ਤੇਰੀ ਇੱਜ਼ਤ ਨੂੰ ਕਾਇਮ ਰੱਖਣ ਲਈ ਦਿੱਤੀ ਗਈ ਹੈ। ਇਸ ਪ੍ਰਭੂ ਦੀ ਦਿੱਤੀ ਦਾਤ ਦਾ ਮਾਣ ਨਾ ਕਰ ਬੈਠੀਂ।

ਜੋ ਕੁਝ ਵੀ ਤੈਨੂੰ ਪ੍ਰਾਪਤ ਹੈ ਇਹ ਸਭੋ ਕੁਝ ਉਸੇ ਸਾਈਂ ਜੀ ਦੀ ਮਿਹਰ ਦਾ ਸਦਕਾ ਹੈ, ਜੋ ਤੇਰੇ ਜੀਵਨ ਵਿਚ ਤੈਨੂੰ ਕੋਈ ਵੀ ਕਿਸੇ ਪ੍ਰਕਾਰ ਦੀ ਔਖਿਆਈ ਨਹੀਂ ਆ ਰਹੀ। ਇਹ ਭੀ ਸਮਝ ਕਿ ਮੇਰੇ ਉਸੇ ਮਾਲਕ ਦੀ ਬਖ਼ਸ਼ਸ਼ ਹੈ।

ਸੁੱਖ ਦੀ ਪ੍ਰਾਪਤੀ ਲਈ ਬਹੁਤ ਲੋਕ ਅਨੇਕਾਂ ਜਤਨ ਕਰਦੇ ਹਨ ਪਰ ਵਧੇਰੇ ਸੱਚਾ ਸੁੱਖ ਉਸ ਸੱਚੇ ਸਾਈਂ ਜੀ ਦੇ ਸਿਮਰਨ ਨਾਲ ਹੀ ਪ੍ਰਾਪਤ ਹੁੰਦਾ ਹੈ, ਜੋ ਸਾਰੇ ਵਿਘਨਾਂ ਦਾ ਨਾਸ਼ਕ ਤੇ ਸਾਰੇ ਪਦਾਰਥ ਦਾ ਦਾਤਾ ਤੇ ਤਪ ਰਹੇ ਮਨ ਨੂੰ ਸਦੀਵੀ ਸ਼ਾਂਤੀ ਬਖ਼ਸ਼ਿਸ਼ ਕਰਦਾ ਹੈ।

ਸਲੋਕ ਮਃ ੫ ॥

੧. ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਞਿ ਮੁਹਬਤਿ ਤੇਰੀ ॥
੨. ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ॥੧॥

ਪਦ ਅਰਥ : ਤਰੰਦੜੀ—ਤਰਦੀ ਹੋਈ (ਦਾ) ਨੰਦੀ ਤਾਰੂ ਹੈ, ਤਰ ਕੇ ਪਾਰ ਹੋ ਸਕੀਦਾ ਹੈ ਜਿਸ ਤੋਂ, ਜਿਸ ਵਿਚੋਂ ਤੁਰ ਕੇ ਪਾਰ ਨਹੀਂ ਹੋ ਸਕੀਦਾ। ਖੋਜੁ—ਪੈਰ। ਖੁੰਭੈ—ਖੁੱਭਦਾ। ਮੰਞਿ—ਮੇਰੇ ਅੰਦਰ। ਸਹ—ਹੇ ਪਤੀ (ਪ੍ਰਭੂ)। ਤਉ ਚਰਣੀ—ਤੇਰੇ ਚਰਨਾਂ ਵਿਚ। ਹੀਅੜਾ—ਨਿਮਾਣਾ ਜਿਹਾ ਦਿਲ। ਸੀਤਮੁ—ਮੈਂ ਸੀਤਾ ਹੈ, ਮੈਂ ਸਿਉਂ ਲਿਆ, ਮਨ ਸੀਤਾ ਗਿਆ ਹੈ। ਤੁਲਹਾ—ਤੁਲ੍ਹਾ, ਲੱਕੜ ਦਾ ਬੱਧਾ ਹੋਇਆ ਗੱਠਾ ਜੋ ਦਰਿਆ ਦੇ ਕੰਢੇ 'ਤੇ ਵਸਣ ਵਾਲੇ ਮਨੁੱਖ ਦਰਿਆ ਪਾਰ ਕਰਨ ਲਈ ਵਰਤਦੇ ਹਨ। ਤੁਲਹਾ ਬੇੜੀ—ਇਕੱਠਾ ਮੁਹਾਵਰੇ ਦਾ ਵਾਕ ਹੈ, ਜਿਵੇਂ ਕਹੀਦਾ ਹੈ 'ਜਲ ਪਾਣੀ' ਛਕੋ।

ਅਰਥ :

ਪ੍ਰ: ਹੇ ਗੁਰੋ ! ਇਸ ਸੰਸਾਰ ਦੇ ਮੋਹ ਰੂਪ ਚਿੱਕੜ ਵਿਚ ਤਾਂ ਹਰ ਇਕ ਮਨੁੱਖ ਦਾ ਮਨ ਰੂਪੀ ਪੈਰ ਖੁੱਭ ਰਿਹਾ ਹੈ, ਪਰ ਆਪ ਜੀ ਦਾ ਮਨ ਇਸ ਮੋਹ ਵਿਚ ਕਿਉਂ ਨਹੀਂ ਖੁੱਭਦਾ ?

ਉ: ੧. ਤਾਂ ਆਪ ਜੀ ਉਸ ਸਾਈਂ ਜੀ ਦੇ ਸਨਮੁਖ ਹੋ ਇਸ ਰੂਪ ਵਿਚ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੀ ! ਇਸ ਸੰਸਾਰ ਰੂਪੀ ਨਦੀ ਵਿਚ ਤਰਦੀ ਦਾ ਮੇਰਾ ਮਨ ਰੂਪੀ ਪੈਰ (ਮੋਹ ਦੇ ਚਿੱਕੜ ਵਿਚ) ਨਹੀਂ ਖੁੱਭਦਾ, ਕਿਉਂਕਿ ਮੇਰੇ ਹਿਰਦੇ ਅੰਦਰ ਤੇਰੀ ਪ੍ਰੀਤ ਵਸਦੀ ਹੈ।
੨. ਹੇ ਸਾਈਂ ਜੀ ! ਤੈਂ ਮਾਲਕ ਦੇ ਚਰਨਾਂ ਨਾਲ ਮੇਰਾ ਦਿਲ ਸੀਤਾ ਗਿਆ ਹੈ, ਭਾਵ ਮੈਂ ਆਪਣੇ ਮਨ ਨੂੰ ਤੇਰੇ ਚਰਨਾਂ ਵਿਚ ਪ੍ਰੋ ਲਿਆ ਹੈ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਇਉਂ, ਹੇ ਹਰੀ ! ਇਸ (ਸੰਸਾਰ ਸਮੁੰਦਰ ਵਿਚੋਂ ਤਰਨ ਲਈ) ਤੂੰ ਤੁਲ੍ਹਾ ਹੈਂ ਅਤੇ ਤੂੰ ਹੀ ਮੇਰੀ ਬੇੜੀ ਬਣ ਗਿਆ ਹੈਂ।੧।

ਮਃ ੫ ॥

੧. ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
੨. ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥

ਅਰਥ :

ਪ੍ਰ: ਹੇ ਗੁਰੋ ! ਸੰਸਾਰ ਦਾ ਹਰ ਮਨੁੱਖ ਇਕ ਦੂਜੇ ਵੱਲ ਮਿੱਤ੍ਰਤਾ

ਦਾ ਹੱਥ ਵਧਾਉਂਦਾ ਵੇਖੀਦਾ ਹੈ, ਪਰ ਉਨ੍ਹਾਂ ਦੀ ਮਿੱਤ੍ਰਤਾ ਸ਼ੀਘਰ ਹੀ ਨਫ਼ਰਤ ਦਾ ਰੂਪ ਧਾਰ ਲੈਂਦੀ ਹੈ, ਪਰ ਜਗਤ ਵਿਚ ਆਪ ਆਪਣਾ ਸੱਚਾ ਮਿੱਤ੍ਰ ਕਿਸ ਨੂੰ ਮੰਨਦੇ ਹੋ?

ਉ: ੧. ਹੇ ਪਿਆਰਿਓ! ਮੈਂ ਤਾਂ ਅਸਲ ਵਿਚ ਆਪਣੇ ਸੱਚੇ ਮਿੱਤਰ ਉਨ੍ਹਾਂ ਨੂੰ ਹੀ ਸਮਝਦਾ ਹਾਂ, ਜਿਨ੍ਹਾਂ ਮਨੁੱਖਾਂ ਦਾ ਦਰਸ਼ਨ ਕਰਦਿਆਂ ਹੀ (ਮੇਰੀ) ਖੋਟੀ ਮਤਿ ਦੂਰ ਹੋ ਜਾਂਦੀ ਹੈ।

ਪ੍ਰ: ਕਿਉਂ ਜੀ! ਇਹੋ ਜਿਹੇ ਸ਼ਕਤੀ ਸੰਪੰਨ ਮਿੱਤ੍ਰ ਤੁਹਾਡੇ ਕਿਤਨੇ ਕੁ ਹਨ?

ਉ: ੨. ਹੇ ਪਿਆਰਿਓ! (ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਤਾਂ ਅਜਿਹੇ ਮਿੱਤ੍ਰਾਂ ਨੂੰ ਸਾਰੇ ਜਗਤ ਵਿਚ ਭਾਲ ਵੇਖਿਆ ਹੈ, ਪਰ ਕੋਈ ਵਿਰਲੇ ਹੀ ਐਸੇ ਮਨੁੱਖ ਮਿਲਦੇ ਹਨ।੨।

ਪਉੜੀ ॥

੧. ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥
੨. ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥
੩. ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ॥
੪. ਬੰਧਨ ਖੋਲਨਿ੍ ਸੰਤ ਦੂਤ ਸਭਿ ਜਾਹਿ ਛਪਿ ॥
੫. ਤਿਸੁ ਸਿਉ ਲਾਇਨਿ੍ ਰੰਗੁ ਜਿਸ ਦੀ ਸਭ ਧਾਰੀਆ ॥
੬. ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥
੭. ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ॥
੮. ਜਾ ਆਪੇ ਹੋਇ ਦਇਆਲੁ
ਤਾਂ ਭਗਤ ਸੰਗੁ ਪਾਈਐ ॥੯॥

ਪਦ ਅਰਥ : ਚਿਤਿ—ਚਿੱਤ ਵਿਚ। ਵੁਠਿਆ—ਵਸਿਆ, ਅਪੜਿਆ। ਸਬਦੁ—ਸਿਫ਼ਤਿ-ਸਾਲਾਹ ਦੀ ਬਾਣੀ। ਖੋਲਨਿ—ਖੋਲ੍ਹ ਦਿੰਦੇ ਹਨ। ਲਾਇਨ੍—ਲੁਆ ਦਿੰਦੇ ਹਨ। ਸਭਿ—ਸਾਰੀ ਸ੍ਰਿਸ਼ਟੀ। ਧਾਰੀਆ—ਟਿਕਾ ਕੇ ਰੱਖੀ ਹੋਈ। ਅਗਮ—ਅਪਹੁੰਚ। ਰੈਣਿ—ਰਾਤ। ਕਰ—ਹੱਥ। ਧਿਆਈਐ—ਸਿਮਰਨਾ ਚਾਹੀਦਾ ਹੈ। ਦੂਤ—ਭਾਵ ਹੈ ਕਾਮ ਕ੍ਰੋਧ ਆਦਿ ਜੋ ਵੈਰੀ ਹਨ। ਅਪਾਰੀਆ—ਜੋ ਪਾਰ ਤੋਂ ਰਹਿਤ ਹੈ, ਬੇਅੰਤ ਹੈ।

ਅਰਥ :

ਪ੍ਰ: ਹੇ ਗੁਰੋ! ਉਸ ਸਾਈਂ ਜੀ ਦੇ ਮਨ ਵਿਚ ਆ ਵਸਣ ਦਾ ਤੁਸੀਂ ਅਸਲ ਸਾਧਨ ਕਿਸ ਨੂੰ ਮੰਨਦੇ ਹੋ?

ਉ: ੧. (ਆਪ ਜੀ ਸਾਈਂ ਜੀ ਦੇ ਸਨਮੁਖ ਹੋ ਇਉਂ ਉਚਾਰਦੇ ਹਨ ਕਿ) ਹੇ ਪ੍ਰਭੂ ਜੀ! ਤੇਰੇ ਭਗਤ ਜਨਾਂ ਨੂੰ ਵੇਖਿਆਂ ਭਾਵ ਦਰਸ਼ਨ ਕੀਤਿਆਂ ਹੀ ਤੂੰ ਸਾਡੇ ਮਨ ਵਿਚ ਆ ਵਸਦਾ ਹੈਂ।

੨. (ਅਤੇ ਤੇਰੇ ਪਿਆਰਿਆਂ ਦੀ) ਸਾਧ ਸੰਗਤ ਵਿਚ ਵਸਿਆਂ ਮਨ ਦੀ ਵਿਕਾਰਾਂ ਦੀ ਮੈਲ ਕੱਟੀ ਜਾਂਦੀ ਹੈ।

੩. (ਤੇਰੀ ਸਾਧ ਸੰਗਤ ਵਿਚ ਹੀ ਰਹਿ ਕੇ) ਤੇਰੇ ਦਾਸਾਂ ਦਾ ਦੱਸਿਆ, ਨਾਮ ਜਪ ਕੇ ਜਨਮ ਮਰਨ ਦਾ ਡਰ ਦੂਰ ਹੋ ਜਾਂਦਾ ਹੈ।

੪. (ਕਿਉਂਕਿ) ਸੰਤ ਜਨ ਮੋਹ ਮਾਇਆ ਦੇ ਬੰਧਨ ਖੋਹਲ ਦੇਂਦੇ ਹਨ ਤੇ ਸਾਰੇ ਕਾਮਾਦਿਕ ਵੈਰੀ ਉਸ ਦੇ ਲੁੱਕ ਜਾਂਦੇ ਹਨ।

੫. ਹੇ ਪਿਆਰੇ! ਉਹ ਸੰਤ ਜਨ ਉਸ ਨਾਲ ਪ੍ਰੇਮ ਲੁਆ ਦੇਂਦੇ ਹਨ, ਜਿਸ ਦੀ ਕਿ ਇਹ ਸਾਰੀ ਸ੍ਰਿਸ਼ਟੀ ਧਾਰੀ ਹੋਈ ਹੈ।

੬. ਜਿਸ ਪ੍ਰਭੂ ਦਾ ਆਪਣਾ ਟਿਕਾਣਾ ਉੱਚੇ ਤੋਂ ਉੱਚਾ ਹੈ, ਅਗਮ ਹੈ ਤੇ ਅਪਾਰ ਹੈ।

੭. ਉਸ ਨੂੰ ਹੱਥ ਜੋੜ ਕੇ ਰਾਤ ਦਿਨੇ ਹਰ ਸੁਆਸ-ਸੁਆਸ ਸਿਮਰਦੇ ਰਹਿਣਾ ਚਾਹੀਦਾ ਹੈ।

੮. ਹੇ ਭਾਈਓ! ਜੇ ਉਹ ਪ੍ਰਭੂ ਆਪ ਹੀ ਦਿਆਲੂ ਹੁੰਦਾ ਹੈ, ਤਾਹੀਓਂ ਉਸ ਦੇ ਪਿਆਰੇ ਭਗਤਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ।੯।

ਭਾਵਾਰਥ : ਇਸ ਸੰਸਾਰ ਰੂਪ ਨਦੀ ਵਿਚ ਮੋਹ ਦੀ ਘੁੱਭਣ ਹੈ, ਪਰ ਇਸ ਵਿਚ ਉਸੇ ਸਾਈਂ ਦੀ ਮਿਹਰ ਹੋਵੇ ਤਾਂ ਮਨ ਇਸ ਵਿਚ ਖੁੱਭਣੋਂ ਬਚਿਆ ਰਹਿ ਸਕਦਾ ਹੈ। ਤਪ ਰਹੇ ਅਸ਼ਾਂਤ ਮਨ ਨੂੰ ਭੀ ਸ਼ਾਂਤੀ ਉਸੇ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣ ਨਾਲ ਪ੍ਰਾਪਤ ਹੁੰਦੀ ਹੈ।

ਸੰਸਾਰ ਵਿਚ ਅਸਲ ਮਿੱਤਰ ਤਾਂ ਉਨ੍ਹਾਂ ਨੂੰ ਹੀ ਜਾਣੋ, ਜਿਨ੍ਹਾਂ ਦੇ ਦਰਸ਼ਨ ਪਰਸਨ ਨਾਲ ਭੈੜੀ ਮੱਤ ਦੂਰ ਹੋ ਜਾਵੇ, ਪਰ ਅਜਿਹੇ ਚੰਗੇ ਮਿੱਤਰ ਸੰਸਾਰ ਵਿਚ ਬਹੁਤ ਘੱਟ ਹਨ।

ਉਸ ਵਾਹਿਗੁਰੂ ਦੇ ਪਿਆਰੇ ਭਗਤਾਂ ਦੀ ਸੰਗਤ ਵਿਚ ਵਸਿਆਂ ਹੀ ਉਹ ਸਾਈਂ ਜੀ ਸਦਾ ਹੀ ਚੇਤੇ ਰਹਿੰਦਾ ਹੈ, ਕਿਉਂਕਿ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਮਨ ਵਿਚੋਂ ਵਿਕਾਰਾਂ ਦੀ ਮੈਲ ਕੱਟੀ ਜਾਂਦੀ ਹੈ, ਜਿਸਦਾ ਸਦਕਾ ਜੰਮਣ ਮਰਨ ਦਾ ਦੁੱਖ ਸਦਾ ਲਈ ਕੱਟਿਆ ਜਾਂਦਾ ਹੈ।

ਸਲੋਕ ਮਃ ੫ ॥

੧. ਬਾਰਿ ਵਿਡਾਨੜੈ ਹੁੰਮਸ ਧੁੰਮਸ
ਕੂਕਾ ਪਈਆ ਰਾਹੀ ॥
੨. ਤਉ ਸਹ ਸੇਤੀ ਲਗੜੀ ਡੋਰੀ
ਨਾਨਕ ਅਨਦ ਸੇਤੀ ਬਨੁ ਗਾਹੀ ॥੧॥

ਪਦ ਅਰਥ : ਬਾਰਿ ਵਿਡਾਨੜੈ—ਬਿਗਾਨੀ ਜੂਹ ਵਿਚ, ਸੰਸਾਰ ਬਨ, ਜੰਗਲ ਵਿਚ ਜਿਥੇ ਕਿ ਹਰੇਕ ਜੀਵ ਥੋੜ੍ਹੇ ਜਿਹੇ ਸਮੇਂ ਲਈ ਮੁਸਾਫ਼ਰ ਬਣ ਕੇ ਆਇਆ ਹੈ। ਹੁੰਮਸ—ਕਾੜ੍ਹਾ, ਗਰਮੀ, ਘਬਰਾ, ਅੱਗ ਦਾ ਸੇਕ। ਧੁੰਮਸ—ਧੂੰਆਂ, ਹਨੇਰਾ। ਕੂਕਾ—ਵਾਹਰਾਂ, ਦੁਹਾਈ। ਗਾਹੀ—ਗਾਹਿਆ ਜਾਂਦਾ ਹੈ, ਭਾਵ ਲੰਘੀਦਾ ਹੈ। ਸਹ—ਹੇ ਸਹੁ। ਤਉ ਸੇਤੀ—ਤੇਰੇ ਨਾਲ। ਬਨੁ ਗਾਹੀ—ਮੈਂ ਸੰਸਾਰ ਜੰਗਲ ਨੂੰ ਗਾਹ ਰਿਹਾ ਹਾਂ।

ਅਰਥ :

ਪ੍ਰ: ਹੇ ਗੁਰੋ! ਇਸ ਸੰਸਾਰ ਰੂਪੀ ਜੰਗਲ ਵਿਚ ਤਾਂ ਹਰ ਪ੍ਰਾਣੀ ਮਾਤ੍ਰ ਹੀ ਜੀਵਨ ਸਫ਼ਰ ਕਰਦਾ ਹੋਇਆ ਘਬਰਾ ਰਿਹਾ ਹੈ, ਪਰ ਤੁਸੀਂ ਇਸ ਨੂੰ ਕਿਵੇਂ ਸੁੱਖ ਪੂਰਵਕ ਲੰਘ ਸਕੇ ਹੋ?

ਉ: ੧. ਹੇ ਪਿਆਰੇ! ਇਸ ਵਿਚ ਤਾਂ ਕੋਈ ਵੀ ਸ਼ੱਕ ਨਹੀਂ ਕਿ ਇਸ ਜਗਤ ਰੂਪ ਓਪਰੀ ਬਾਰ, ਉਜਾੜ ਵਿਚ, ਘਬਰਾ ਤੇ ਹਨ੍ਹੇਰਾ ਹੈ, ਇਸ ਵਿਚ ਟੁਰਨ ਵਾਲੇ ਰਾਹੀਆਂ ਜੀਵਾਂ ਦੀ ਕੂਕ ਪੁਕਾਰ ਹੋ ਰਹੀ ਹੈ, ਭਾਵ ਹੈ ਤ੍ਰਿਸ਼ਨਾ ਦੀ ਅੱਗ ਦੇ ਬੜੇ

ਸੇਕ ਦੇ ਕਾਰਨ, ਰਾਹਾਂ ਵਿਚ ਵਾਹਰਾਂ ਪੈ ਰਹੀਆਂ ਹਨ, ਅਰਥਾਤ ਜੀਵ ਇਸ ਸੰਸਾਰ ਵਿਚ ਫਸ ਜਾਣ ਦੇ ਕਾਰਨ ਘਬਰਾ ਰਹੇ ਹਨ।

੨. ਪਰ, ਐ ਮਿੱਤਰੋ! ਅਸੀਂ ਤਾਂ ਇਹੋ ਪੁਕਾਰ ਕੇ ਕਹਿੰਦੇ ਹਾਂ ਕਿ ਪ੍ਰਭੂ! ਜਿਨ੍ਹਾਂ ਦੀ ਚਿੱਤ ਦੀ ਡੋਰੀ ਤੇਰੇ ਚਰਨਾਂ ਨਾਲ ਲੱਗੀ ਹੋਈ ਹੈ, ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਲੋਕ ਅਨੰਦ ਨਾਲ ਇਸ ਸੰਸਾਰ ਰੂਪੀ ਜੰਗਲ ਨੂੰ ਲੰਘ ਜਾਂਦੇ ਹਨ।

ਮਃ ੫ ॥

੧. ਸਚੀ ਬੈਸਕ ਤਿਨ੍ਹਾ ਸੰਗਿ
ਜਿਨ ਸੰਗਿ ਜਪੀਐ ਨਾਉ ॥
੨. ਤਿਨ੍ਹ ਸੰਗਿ ਸੰਗੁ ਨ ਕੀਚਈ
ਨਾਨਕ ਜਿਨਾ ਆਪਣਾ ਸੁਆਉ ॥੨॥

ਪਦ ਅਰਥ : ਸਚੀ—ਸਦਾ ਕਾਇਮ ਰਹਿਣ ਵਾਲੀ, ਤੋੜ ਨਿਭਣ ਵਾਲੀ। ਬੈਸਕ—ਬੈਠਣਾ। ਸੰਗਿ—ਨਾਲ। ਸੰਗੁ—ਸਾਥ। ਸੁਆਉ—ਸੁਆਰਥ, ਗ਼ਰਜ਼।

ਅਰਥ :

ਪ੍ਰ: ਹੇ ਗੁਰੋ! ਜਗਤ ਵਿਚ ਕਈ ਬੰਦਿਆਂ ਨਾਲ ਮੁਹੱਬਤ ਕਰ ਕਰ ਵੇਖੀ ਹੈ, ਪਰ ਉਹ ਤੋੜ ਨਹੀਂ ਨਿਭਦੀ ਅਤੇ ਨਾ ਹੀ ਉਨ੍ਹਾਂ ਦੀ ਸੰਗਤ ਵਿਚ ਨਾਮ ਜਪਣ ਦੀ ਜਾਗ ਹੀ ਲੱਗਦੀ ਹੈ। ਆਪ ਦੱਸੋ, ਕਿਨ੍ਹਾਂ ਸੱਜਣਾਂ ਨਾਲ ਮੁਹੱਬਤ ਕਰਨੀ ਚਾਹੀਦੀ ਹੈ?

ਉ: ੧. ਹੇ ਸੱਜਣੋ! ਅਸਲ ਵਿਚ ਸੱਚੀ ਮੁਹੱਬਤ ਤਾਂ ਤੋੜ ਨਿਭਣੇ ਵਾਲੀ ਉਨ੍ਹਾਂ ਨਾਲ ਹੀ ਕਰਨੀ ਚਾਹੀਦੀ ਹੈ, ਜਿਨ੍ਹਾਂ ਦੀ ਸੰਗਤ ਵਿਚ ਬੈਠਿਆਂ ਪਰਮੇਸ਼ਰ ਦਾ ਨਾਮ ਸਿਮਰਿਆ ਜਾ ਸਕਦਾ ਹੋਵੇ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜਿਨ੍ਹਾਂ ਲੋਕਾਂ ਨੂੰ ਆਪਣਾ ਹੀ ਸੁਆਰਥ ਮੁਖ ਹੈ, ਭਾਵ ਆਪਣੀ ਹੀ ਗ਼ਰਜ਼ ਜਿਨ੍ਹਾਂ ਨੇ ਹਰ ਵੇਲੇ ਮੁਖ ਰੱਖੀ ਹੈ, ਹੇ ਭਾਈ! ਉਨ੍ਹਾਂ ਨਾਲ ਕਦੀ ਵੀ ਸਾਥ ਨਹੀਂ ਕਰਨਾ ਚਾਹੀਦਾ।੨।

ਪਉੜੀ ॥

੧. ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥
੨. ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ॥
੩. ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ ॥
੪. ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥
੫. ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥
੬. ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥
੭. ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥
੮. ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥੧੦॥

ਪਦ ਅਰਥ : ਪਰਵਾਣੁ—ਕਬੂਲ, ਥਾਇ ਪੈਂਦੀ ਹੈ। ਜਿਤੁ—ਜਿਸ ਵੇਲੇ। ਭੇਟਿਆ—ਮਿਲਿਆ। ਤੇਟਿਆ—ਅੜਿੱਕੇ ਨ ਆਇਆ, ਤੇਟ ਵਿਚ, ਜ਼ਦ ਵਿਚ, ਤ੍ਰੇਟੇ। ਗਰਭਿ—ਗਰਭ ਵਿਚ, ਜੂਨ ਵਿਚ। ਸਗਲ—ਹਰ ਥਾਂ। ਬ੍ਰਹਮੇਟਿਆ—ਬ੍ਰਹਮ ਸਰੂਪ। ਬੋਲੇਟਿਆ—ਜੋ ਬੋਲਿਆ ਗਿਆ, ਜਾਂ ਬੋਲਿਆ ਜਾਵੇ। ਜਿ—ਜੋ ਕੁੱਝ। ਸੁਖੇਟਿਆ—ਸੁੱਖ ਨਾਲ ਭਰਪੂਰ, ਸੁਖ+ਆਇਆ।

ਅਰਥ :

ਪ੍ਰ: ਹੇ ਗੁਰੋ! ਦਿਨੇ ਰਾਤ ਸਮਾਂ ਤਾਂ ਬੀਤਦਾ ਜਾ ਹੀ ਰਿਹਾ ਹੈ, ਪਰ ਆਪ ਇਸ ਸਾਰੇ ਸਮੇਂ ਵਿਚੋਂ ਸਫਲ ਸਮਾਂ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈਓ! ਅਸਲ ਵਿਚ ਤਾਂ ਓਹੀ ਸਮਾਂ ਸਫਲਾ ਹੈ, ਜਿਸ ਵੇਲੇ ਮਨੁੱਖ ਨੂੰ ਸਤਿਗੁਰੂ ਜੀ ਦਾ ਮਿਲਾਪ ਹੋਵੇ।

੨. ਜਿਸ ਮਨੁੱਖ ਨੂੰ ਗੁਰੂ ਦਾ ਮੇਲ ਹੋਇਆ ਹੈ ਉਹ ਮਨੁੱਖ ਮੁੜ ਕੇ ਫਿਰ ਦੁੱਖਾਂ ਦੇ ਅੜਿਕੇ ਨਹੀਂ ਚੜ੍ਹਿਆ, ਦੁੱਖਾਂ ਦੀ ਜ਼ਦ ਵਿਚ ਨਹੀਂ ਆਉਂਦਾ।

੩. ਉਸ ਨੂੰ ਫਿਰ ਅਟੱਲ ਟਿਕਾਣਾ ਮਿਲ ਗਿਆ ਤੇ ਉਹ ਫਿਰ ਮੁੜ ਕੇ ਗਰਭ ਵਿਚ ਨਹੀਂ ਲਟਕਿਆ, ਭਾਵ ਜੂਨਾਂ ਵਿਚ ਨਹੀਂ ਪੈਂਦਾ।

ਪ੍ਰ: ਹਜ਼ੂਰ! ਉਸ ਦੀ ਫਿਰ ਮਾਨਸਕ ਦ੍ਰਿਸ਼ਟੀ ਕਿਸ ਪ੍ਰਕਾਰ ਦੀ ਹੋ ਜਾਂਦੀ ਹੈ?

ਉ: ੪. ਹੇ ਪਿਆਰੇ! ਉਸ ਦੀ ਸਮ ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਨੂੰ ਹਰ ਥਾਂ ਬ੍ਰਹਮ ਹੀ ਬ੍ਰਹਮ ਦਿੱਸਦਾ ਹੈ।

੫. (ਕਿਉਂਕਿ) ਉਨ੍ਹਾਂ ਨੇ ਆਪਣੀ ਨਜ਼ਰ ਨੂੰ ਸਮੇਟ ਕੇ ਇਕ (ਪ੍ਰਭੂ ਵਿਚ) ਧਿਆਨ ਲਾ ਕੇ ਅਸਲ ਉੱਚਾ ਗਿਆਨ ਪ੍ਰਾਪਤ ਕਰ ਲਿਆ ਹੈ।

੬. ਹੁਣ ਉਹ ਜੋ ਕੁਝ ਵੀ ਮੂੰਹੋਂ ਬੋਲਦਾ ਹੈ, ਉਹ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਜਾਪ ਹੀ ਬੋਲਦਾ ਹੈ (ਇਸ ਲਈ ਹੇ ਭਾਈਓ! ਤੁਸੀਂ ਵੀ ਹਰੀ ਦਾ ਜਾਪ ਹੀ ਜਪੋ)।

੭. ਹੇ ਭਾਈਓ! ਇਸ ਤਰ੍ਹਾਂ ਤੁਸੀਂ ਵੀ ਉਸ ਦੇ ਹੁਕਮ ਨੂੰ ਬੁੱਝ ਕੇ ਨਿਹਾਲ ਹੋ ਜਾਓਗੇ ਅਤੇ ਸਦਾ ਹੀ ਸੁੱਖਾਂ ਨਾਲ ਭਰੇ ਹੋਏ ਖਿੜੇ ਮੱਥੇ ਜੀਵਨ ਗੁਜ਼ਾਰੋਗੇ।

੮. ਹੇ ਸੱਜਣੋ! ਐਸੇ ਗੁਰੂ ਦੀ ਸ਼ਰਨ ਪਏ ਜਿਨ੍ਹਾਂ ਮਨੁੱਖਾਂ ਨੂੰ, ਪ੍ਰਭੂ ਨੇ ਪਰਖ ਕੇ ਆਪਣੇ ਖ਼ਜ਼ਾਨੇ ਵਿਚ ਪਾਇਆ ਹੈ, ਉਹ ਮੁੜ ਫਿਰ (ਕਿਸੇ ਤਰ੍ਹਾਂ) ਵੀ ਖੋਟੇ ਨਹੀਂ ਹੁੰਦੇ।੧੦।

ਭਾਵਾਰਥ : ਸਲੋਕ ਵਿਚ ਦੱਸਿਆ ਹੈ ਕਿ ਇਸ ਸੰਸਾਰ ਰੂਪੀ ਉਜਾੜ ਵਿਚ ਟੁਰਨ ਵਾਲੇ ਜੀਵ ਰਾਹੀਆਂ ਦੀ ਕੂਕ ਪੁਕਾਰ ਹੋ ਰਹੀ ਹੈ, ਪਰ ਜਿਨ੍ਹਾਂ ਦੀ ਉਸ ਸਾਈਂ ਜੀ ਨਾਲ ਲਿਵ ਲੱਗੀ ਹੈ, ਉਹ ਇਸ ਸੰਸਾਰਕ ਜੰਗਲ ਨੂੰ ਸੁੱਖ ਪੂਰਵਕ ਲੰਘ ਜਾਂਦੇ ਹਨ।

ਸੱਚੀ ਸੁਖਦਾਇਕ ਸੰਗਤ ਉਨ੍ਹਾਂ ਹੀ ਸੱਜਣਾਂ ਦੀ ਜਾਣੋ, ਜਿਨ੍ਹਾਂ ਨਾਲ ਮਿਲ ਕੇ ਉਸ ਸਾਈਂ ਜੀ ਦਾ ਨਾਮ ਜਪਿਆ ਜਾਏ। ਉਨ੍ਹਾਂ ਖ਼ੁਦਗ਼ਰਜ਼ ਬੰਦਿਆਂ ਦੀ ਸੰਗਤ ਤੋਂ ਵਰਜਿਆ ਹੈ, ਜਿਨ੍ਹਾਂ ਨੂੰ ਕੇਵਲ ਆਪਣਾ ਹੀ ਸੁਆਰਥ ਮੁਖ ਹੋਇਆ ਕਰਦਾ ਹੈ।

ਸਮਾਂ ਉਹੀ ਸਫਲ ਹੈ ਜਦੋਂ ਗੁਰੂ ਦਾ ਸੰਯੋਗ ਹੋਵੇ, ਕਿਉਂਕਿ ਗੁਰੂ ਤੋਂ ਮਿਲਿਆ ਉਪਦੇਸ਼ ਕਮਾ ਕੇ ਫਿਰ ਦੁੱਖਾਂ ਵਿਚ ਨਹੀਂ ਪੈ ਸਕੀਦਾ। ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਸਮੁਝ ਲਿਆ ਹੈ, ਉਹ ਮਨੁੱਖ ਪ੍ਰਭੂ ਨੇ ਪਰਖ ਕੇ ਆਪਣੇ ਖ਼ਜ਼ਾਨੇ ਵਿਚ ਪਾ ਲਏ, ਜੋ ਮੁੜ ਖੋਟੇ ਨਹੀਂ ਹੋਇਆ ਕਰਦੇ।

ਸਲੋਕੁ ਮਃ ੫ ॥

੧. ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥
੨. ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥੧॥

ਪਦ ਅਰਥ : ਵਿਛੋਹੇ—ਵਿਛੋੜੇ, ਫ਼ਿਰਾਕ, ਜੁਦਾਈ, (ਦੇ ਦੁੱਖ)। ਜੰਬੂਰ—ਚਿਮਟੇ ਵਰਗਾ ਇਕ ਹਥਿਆਰ ਜਿਸ ਨਾਲ ਆਪਣੇ ਵਸ ਪਏ ਵੈਰੀਆਂ ਨੂੰ ਲੋਕ ਤਸੀਹੇ ਦਿਆ ਕਰਦੇ ਸਨ, ਜੰਬੂਰ ਨਾਲ ਬੋਟੀ-ਬੋਟੀ ਕਰ ਕੇ ਪਿੰਡੇ ਦਾ ਮਾਸ ਤੋੜਿਆ ਜਾਂਦਾ ਸੀ। ਖਵੇ ਨ ਵੰਞਨਿ—ਸਹਾਰੇ ਨਹੀਂ ਜਾ ਸਕਦੇ। ਗਾਖੜੇ—ਔਖੇ, ਕਠਨ। ਸੰਬੂਹ—ਸਾਰੇ।

ਅਰਥ :

ਪ੍ਰ: ਹੇ ਗੁਰੋ! ਜੋ ਮਨੁੱਖ ਦਾ ਉਸ ਸਾਈਂ ਜੀ ਨਾਲੋਂ ਵਿਛੋੜਾ ਹੋ ਰਿਹਾ ਹੈ, ਆਪ ਇਸ ਵਿਛੋੜੇ ਦਾ ਕਿਤਨਾ ਕੁ ਦੁੱਖ ਅਨੁਭਵ ਕਰਦੇ ਹੋ?

ਉ: ੧. ਹੇ ਪਿਆਰਿਓ! (ਜੋ ਉਸ ਪ੍ਰਭੂ ਦੇ ਚਰਨਾਂ ਨਾਲੋਂ) ਵਿਛੋੜੇ ਦੇ ਦੁੱਖ ਹਨ, ਉਹ ਸਹੀ ਰੂਪ ਵਿਚ ਤਾਂ ਨਹੀਂ ਦੱਸੇ ਜਾ ਸਕਦੇ, ਪਰ ਉਹ ਇਉਂ ਜਾਣੋ ਕਿ ਜੰਬੂਰਾਂ ਦੇ ਤਸੀਹਾਂ ਵਾਂਗ ਔਖੇ ਹਨ ਜੋ ਸਹਾਰੇ ਨਹੀਂ ਜਾ ਸਕਦੇ।

੨. ਪਰ ਹਾਂ, ਜੇ ਉਹ ਪਰਮੇਸ਼ਰ ਪਤੀ ਜੀ ਮਿਲ ਪੈਣ, (ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਤਾਂ ਸੱਚ ਮੁੱਚ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ।੧।

ਮਃ ੫ ॥

੧. ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ ॥
੨. ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ ॥੨॥

ਪਦ ਅਰਥ : ਪਾਣੀਐ—ਪਾਣੀ ਵਿਚ। ਈਧਣੁ—ਬਾਲਣੁ, ਲੱਕੜ। ਭਾਹਿ—ਅੱਗ। ਆਹਿ—ਹੈ। ਆਢਲਿ—ਆਸਰੇ ਵਿਚ, ਓਟ ਵਿਚ। ਹਭੁ ਕੋ—ਹਰੇਕ ਜੀਵ।

ਅਰਥ :

ਪ੍ਰ: ਹੇ ਗੁਰੋ! ਜਿਸ ਸਾਈਂ ਦੀ ਪ੍ਰਾਪਤੀ ਲਈ ਆਪ ਹੁਕਮ ਕਰਦੇ ਹੋ, ਉਸਨੂੰ ਕਿਸ ਰੂਪ ਵਿਚ ਅਨੁਭਵ ਕਰੀਏ?

ਉ: ੧. ਹੇ ਪਿਆਰੇ! ਉਸ ਪ੍ਰਭੂ ਨੂੰ ਇਉਂ ਅਨੁਭਵ ਕਰੋ ਕਿ ਵੇਖੋ ਜਿਵੇਂ ਧਰਤੀ (ਅਡੋਲ) ਪਾਣੀ ਵਿਚ ਵਸਦੀ ਹੈ ਤੇ ਉਸ ਪਾਣੀ ਨੂੰ ਆਸਰਾ ਭੀ ਦੇਂਦੀ ਹੈ ਅਤੇ ਜਿਵੇਂ ਲੱਕੜੀ ਆਪਣੇ ਅੰਦਰ ਅੱਗ ਨੂੰ ਲੁਕਾ ਕੇ ਰੱਖਦੀ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਵੇਂ ਉਹ ਪ੍ਰਭੂ ਜਿਸ ਦੇ ਆਸਰੇ ਹਰ ਇਕ ਜੀਵ ਹੈ ਅਤੇ ਉਹ ਸਾਰੇ ਜਗਤ ਵਿਚ ਲੁਕਿਆ ਹੋਇਆ ਹੈ। ਉਸੇ ਪ੍ਰਭੂ ਨੂੰ ਚਾਹੋ ਜਿਸ ਦੇ ਆਸਰਤ ਇਹ ਸਾਰਾ ਜਗਤ ਅਡੋਲ ਖਲੋਤਾ ਹੈ।

ਪਉੜੀ ॥

੧. ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥
੨. ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ ॥
੩. ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥
੪. ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੇਰੀਆ ॥
੫. ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ ॥
੬. ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ ॥
੭. ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ ॥
੮. ਜਿਸ ਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ ॥੧੧॥

ਪਦ ਅਰਥ : ਗੋਚਰੇ—ਪਹੁੰਚ ਵਿਚ, ਅਧੀਨ। ਜਗਿ—ਜਗਤ ਵਿਚ। ਜਿ—ਜੋ। ਕੀਆ—ਕਰ ਦਿੱਤਾ, ਹੁਕਮ ਦੇ ਦਿੱਤਾ। ਧੁਰੇ—ਧੁਰ ਤੋਂ। ਬਿਸਮੁ—ਹੈਰਾਨ, ਅਸਚਰਜ। ਦੇਖਿ—ਵੇਖ ਕੇ। ਗਤਿ—ਹਾਲਤ, ਉੱਚੀ ਆਤਮਿਕ ਅਵਸਥਾ। ਹਥਿ—ਹਥਿ ਵਿਚ। ਨਿਧਾਨੁ—(ਨਾਮ ਦਾ) ਖ਼ਜ਼ਾਨਾ। ਦੇਹਿ—ਤੂੰ ਦੇਂਦਾ ਹੈਂ। ਹੋਇ—ਹੋ ਕੇ। ਸੇਇ—ਸੇਈ, ਉਹੀ ਮਨੁੱਖ। ਹੋਹਿ—ਤੂੰ ਹੁੰਦਾ ਹੈਂ।

ਅਰਥ :

ਪ੍ਰ: ਹੇ ਗੁਰੋ! ਜਦ ਕਦੀ ਉਸ ਕਰਤਾਰ ਦੀ ਸਿਫ਼ਤ ਕਰਨੀ ਹੋਵੇ ਤਾਂ ਕਿਸ ਰੂਪ ਵਿਚ ਕਰਨੀ ਚਾਹੀਦੀ ਹੈ?

ਉ: ੧. ਹੇ ਪਿਆਰਿਓ! ਜਦੋਂ ਉਸ ਮਾਲਕ ਦੀ ਸਿਫ਼ਤ ਕਰਨੀ ਚਾਹੋ ਤਾਂ ਇਉਂ ਕੀਤਾ ਕਰੋ ਕਿ ਹੇ ਪ੍ਰਭੂ! ਜੋ ਜੋ ਵੀ ਤੂੰ ਕੰਮ ਕੀਤੇ ਹਨ, ਇਹ (ਸਭ) ਤੇਰੇ ਹੀ ਗੋਚਰੇ ਹਨ, ਭਾਵ ਇਨ੍ਹਾਂ ਨੂੰ ਤੂੰ ਹੀ ਕਰ ਸਕਦਾ ਹੈਂ।

੨. ਜੋ ਤੂੰ ਧੁਰੋਂ ਹੀ ਕੀਤਾ ਹੋਇਆ ਹੈ, ਜਗਤ ਵਿਚ ਉਹੋ ਹੀ ਕੁਝ ਵਰਤ ਰਿਹਾ ਹੈ।

੩. ਹੇ ਸਾਈਂ ਜੀ! (ਅਸੀਂ) ਤਾਂ ਤੇਰੀਆਂ ਕੁਦਰਤਾਂ ਦੇਖ-ਦੇਖ ਕੇ ਅਸਚਰਜ ਹੁੰਦੇ-ਹੁੰਦੇ ਵਿਸਮਾਦ ਹੋ ਗਏ ਹਾਂ।

੪. ਹੇ ਪਿਆਰੇ ਪ੍ਰਭੂ ਜੀ! ਅਸੀਂ ਦਾਸ ਤੇਰੀ ਸ਼ਰਨ ਵਿਚ ਆ ਪਏ ਹਾਂ, ਇਸ ਲਈ ਮਿਹਰ ਕਰ ਤਾਂਕਿ ਸਾਡੀ ਭੀ ਸ਼ੁਭ ਗਤੀ ਹੋ ਜਾਏ, ਭਾਵ ਮੁਕਤੀ ਹੋ ਜਾਵੇ।

੫. ਕਿਉਂਕਿ, ਹੇ ਸਾਈਂ ਜੀ! ਇਹ ਮੁਕਤੀ ਦਾਤਾ ਨਾਮ ਦਾ ਖ਼ਜ਼ਾਨਾ ਵੀ ਤੇਰੇ ਹੀ ਹੱਥ ਵਿਚ ਹੈ, ਜਿਸ ਨੂੰ ਤੂੰ ਚਾਹੇਂ ਉਸ ਨੂੰ ਤੂੰ ਦੇਂਦਾ ਹੈਂ।

੬. ਜਿਸ ਉੱਤੇ ਤੂੰ ਦਿਆਲੂ ਹੋ ਜਾਵੇਂ, ਇਹ ਨਾਮ ਦੀ ਦਾਤ ਤੇਰੇ ਪਾਸੋਂ ਓਹੀ ਪ੍ਰਾਪਤ ਕਰਦਾ ਹੈ।

੭. (ਕਿਉਂਕਿ) ਤੂੰ ਸਾਡੇ ਇੰਦ੍ਰਿਆਂ ਤੋਂ ਅਵਿੱਸ਼ੇ ਹੈਂ, ਮਨ ਦੀ (ਗੰਮਤਾ) ਪਹੁੰਚ ਤੋਂ ਪਰੇ ਹੈਂ। ਇਸ ਲਈ ਤੇਰਾ ਅੰਤ ਨਹੀਂ ਪਾ ਸਕੀਦਾ।

੮. ਹੇ ਸਾਈਂ ਜੀ! ਜਿਸ ਉੱਤੇ ਤੂੰ ਮਿਹਰਵਾਨ ਹੋਵੇਂ, ਉਹੋ ਹੀ ਤੇਰਾ ਨਾਮ ਸਿਮਰਦਾ ਹੈ।੧੧।

ਭਾਵਾਰਥ : ਸਲੋਕ ਵਿਚ ਉਸ ਸਾਈਂ ਜੀ ਦੇ ਵਿਛੋੜੇ ਦਾ ਦੁੱਖ ਅਸਹਿ ਬਿਆਨਿਆ ਹੈ, ਪਰ ਜੇ ਸਾਈਂ ਜੀ ਦਾ ਸੰਜੋਗ ਹੋ ਜਾਵੇ ਤਾਂ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ। ਜਿਸ ਨੇ ਧਰਤੀ ਨੂੰ ਪਾਣੀ ਵਿਚ ਅਡੋਲ ਖੜਾ ਰਖਿਆ ਹੈ ਤੇ ਲੱਕੜ ਵਿਚ ਅੱਗ ਨੂੰ ਗੁਪਤ ਰੂਪ ਵਿਚ ਟਿਕਾਅ ਰਖਿਆ ਹੈ, ਜੋ ਸਾਰਿਆਂ ਜੀਵਾਂ ਦਾ ਆਸਰਾ ਰੂਪ ਹੈ, ਉਸੇ ਨੂੰ ਮਨ ਵਿਚ ਚਾਹੁੰਦੇ ਰਹੋ।

ਉਸ ਕਰਤਾਰ ਦੇ ਕੀਤੇ ਕੰਮ ਉਸੇ ਦੇ ਆਸਰੇ ਹਨ, ਜਿਨ੍ਹਾਂ ਨੂੰ ਕੋਈ ਹੋਰ ਨਹੀਂ ਕਰ ਸਕਦਾ। ਇਹ ਸਾਰੇ ਜਗਤ ਦਾ ਨਿਜ਼ਾਮ ਉਸੇ ਦੇ ਆਸਰੇ ਚਲ ਰਿਹਾ ਹੈ। ਨਾਮ ਦੀ ਦਾਤ ਉਸੇ ਨੂੰ ਪ੍ਰਾਪਤ ਹੁੰਦੀ ਹੈ, ਜਿਸ ਉੱਤੇ ਉਹ ਆਪ ਹੀ ਦਿਆਲ ਹੁੰਦਾ ਹੈ।

ਸਲੋਕ ਮਃ ੫ ॥

੧. ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ੍ ਸੁਞੀਆ ॥
੨. ਸੇਈ ਮੁਖ ਦਿਸੰਨਿ੍ ਨਾਨਕ ਰਤੇ ਪ੍ਰੇਮ ਰਸਿ ॥੧॥

ਪਦ ਅਰਥ : ਫਿਰੰਨਿ—ਫਿਰਦੀਆਂ ਹਨ। ਸੁਆਉ—ਸੁਆਦ। ਸੁਞੀਆ—ਖ਼ਾਲੀ। ਸੇਈ—ਓਹੀ। ਦਿਸੰਨਿ—ਦਿਸਦੇ ਹਨ। ਸੇਈ ਮੁਖ ਦਿਸੰਨਿ੍—ਓਹੀ ਮੂੰਹ ਸੋਹਣੇ ਦਿੱਸਦੇ ਹਨ, ਓਹੀ ਮੂੰਹ ਸੋਹਣੇ ਜਾਣੋ। ਪ੍ਰੇਮ ਰਸਿ—ਪ੍ਰਭੂ ਦੇ ਪਿਆਰ ਦੇ ਰਸ ਵਿਚ।

ਅਰਥ :

ਪ੍ਰ: ਹੇ ਗੁਰੋ ! ਜੋ ਲੋਕ ਹਰ ਵਕਤ ਹੀ ਗਿਆਨ ਦੀਆਂ ਗੱਲਾਂ ਦਾ ਕਥਨ ਕਰਦੇ ਰਹਿੰਦੇ ਹਨ, ਕੀ ਉਨ੍ਹਾਂ ਨੂੰ ਗਿਆਨ ਦਾ ਅਨੰਦ ਆਉਂਦਾ ਹੋਵੇਗਾ ?

ਉ: ੧. (ਨਹੀਂ) ਹੇ ਭਾਈਓ ! ਉਨ੍ਹਾਂ ਕਥਾਕਾਰਾਂ ਨੂੰ ਤਾਂ ਇਉਂ ਹੀ ਸਮਝੋ, ਜਿਵੇਂ ਕਿ ਮਿੱਠੇ ਲੂਣੇ ਪਕਵਾਨਾਂ ਦੇ ਭਾਂਡਿਆਂ ਵਿਚ ਕੜਛੀਆਂ ਫਿਰਦੀਆਂ ਤਾਂ ਹਨ, ਪਰ ਉਹ ਦਾਲ ਭਾਜੀ ਦਾ ਸੁਆਦ ਨਹੀਂ ਜਾਣਦੀਆਂ, ਉਹ ਸੁਆਦ ਮਾਨਣ ਵਲੋਂ ਵਾਂਞੀਆਂ ਰਹਿੰਦੀਆਂ ਹਨ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਜੋ ਸੱਜਣ ਪ੍ਰੇਮ ਰਸ ਵਿਚ ਰਤੇ ਹੋਏ ਹਨ, ਉਹੀ ਮੁੱਖ ਸੋਹਣੇ ਦਿੱਸਦੇ ਹਨ। ਕੇਵਲ ਨਿਰੀਆਂ ਗੱਲਾਂ ਕਰਨ ਵਾਲੇ ਮੂੰਹ ਤਾਂ ਕੜਛੀਆਂ ਵਾਂਗ ਹੀ ਹਨ।

ਮ: ੫ ॥

੧. ਖੋਜੀ ਲਧਮੁ ਖੋਜੁ ਛਡੀਆ ਉਜਾੜਿ ॥
੨. ਤੈ ਸਹਿ ਦਿਤੀ ਵਾੜਿ ਨਾਨਕ ਖੇਤੁ ਨ ਛਿਜਈ ॥੨॥

ਪਦ ਅਰਥ : ਖੋਜੀ—ਖੋਜ ਕਰਨੇ ਨਾਲ, ਖੋਜ ਕਰਨ ਵਾਲੇ ਨੂੰ ਮਿਲ ਕੇ। ਖੋਜੁ—ਪੈਰ ਦਾ ਨਿਸ਼ਾਨ। ਸਹਿ—ਸਹੁ ਨੇ। ਛਡੀਆ ਉਜਾੜਿ—ਉਜਾੜ ਛੱਡੀ ਸੀ। ਨ ਛਿਜਈ—ਨਾਸ ਨਹੀਂ ਹੁੰਦਾ, ਨਹੀਂ ਉਜੜਦਾ।

ਅਰਥ :

ਪ੍ਰ: ਹੇ ਗੁਰੋ ! ਕਾਮਾਦਿਕ ਵੈਰੀਆਂ ਨੇ ਸਾਰੇ ਲੋਕਾਂ ਦੀ ਸ਼ੁਭ ਗੁਣਾਂ ਦੀ ਖੇਤੀ ਨੂੰ ਉਜਾੜ ਛੱਡਿਆ ਹੈ, ਪਰ ਤੁਸਾਂ ਨੇ ਇਨ੍ਹਾਂ ਤੋਂ ਕਿਵੇਂ ਆਪਣਾ ਬਚਾਅ ਕਰ ਲਿਆ ਹੈ ?

ਉ: ੧. ਹੇ ਭਾਈਓ ! ਜਿਨ੍ਹਾਂ ਕਾਮਾਦਿਕ (ਹਰਨਾਂ) ਨੇ ਮੇਰੇ ਹਿਰਦੇ ਵਿਚੋਂ ਸ਼ੁਭ ਗੁਣਾਂ ਦੀ ਪੈਲੀ ਨੂੰ ਉਜਾੜ ਦਿੱਤਾ ਸੀ, ਉਨ੍ਹਾਂ ਦਾ ਖੁਰਾ ਖੋਜ ਮੈਂ ਖੋਜ ਲੱਭਣ ਵਾਲੇ (ਗੁਰੂ) ਦੀ ਰਾਹੀਂ ਲੱਭ ਲਿਆ ਹੈ।

੨. ਤੈਂ ਮਾਲਕ ਨੇ ਮੇਰੀ ਸ਼ੁਭ ਗੁਣਾਂ ਦੀ ਪੈਲੀ ਨੂੰ (ਗੁਰੂ ਦੀ ਸਹਾਇਤਾ ਦੀ) ਵਾੜ ਦੇ ਦਿੱਤੀ ਹੈ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਹੁਣ ਮੇਰੀ ਪੈਲੀ ਨਹੀਂ ਉਜੜੇਗੀ। ਭਾਵ ਮੇਰੇ ਅੰਦਰ ਸ਼ੁਭ ਗੁਣ ਸਦੀਵੀ ਕਾਲ ਵਸਦੇ ਰਹਿਣਗੇ।

ਪਉੜੀ ॥

੧. ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ॥
੨. ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥
੩. ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥
੪. ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥
੫. ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥
੬. ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥
੭. ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥
੮. ਪਾਈਅਨਿ੍ ਸਭਿ ਨਿਧਾਨ ਸਾਹਿਬਿ ਤੁਠਿਆ ॥੧੨॥

ਪਦ ਅਰਥ : ਦੁਹਾ ਸਿਰਿਆ—ਜਨਮ ਮਰਨ, ਲੋਕ-ਪ੍ਰਲੋਕ। ਕਰੇ ਰਾਸਿ—ਸਿਰੇ ਚਾੜ੍ਹਦਾ ਹੈ, ਠੀਕ ਕਰ ਦੇਂਦਾ ਹੈ, ਨੇਪਰੇ ਚਾੜ੍ਹ ਦੇਂਦਾ ਹੈ। ਉਪਾਵ—ਹੀਲੇ। ਗਹੁ—ਫੜ। ਲਹੁ—ਲੈ। ਸਾਹਿਬਿ ਤੁਠਿਆ—ਜੇ ਸਾਹਿਬ ਤਰੁੱਠ ਪਏ।

ਅਰਥ :

ਪ੍ਰ: ਹੇ ਗੁਰੋ ! ਵੇਖੀਦਾ ਹੈ ਕਿ ਸੰਸਾਰੀ ਲੋਕ ਭਿੰਨ-ਭਿੰਨ ਦੇਵਤਿਆਂ ਦੀ ਅਰਾਧਨਾ ਕਰਦੇ ਰਹਿੰਦੇ ਹਨ, ਪਰ ਗੁਰੂ ਦੇ ਸਿੱਖਾਂ ਲਈ ਕਿਸ ਦੀ ਅਰਾਧਨਾ ਕਰਨੀ ਯੋਗ ਹੈ ?

ਉ: ੧. ਹੇ ਸਿੱਖੋ ! ਜਿਸ ਸੱਚੇ ਪ੍ਰਭੂ ਦੇ ਵਸ ਵਿਚ ਸਾਰੇ ਪਦਾਰਥ ਹਨ, ਉਸੇ ਪ੍ਰਭੂ ਨੂੰ ਸਿਮਰੋ।

੨. ਉਹੋ ਹੀ (ਦੋਵੇਂ ਸਿਰੇ) ਲੋਕ ਪ੍ਰਲੋਕ ਦਾ ਮਾਲਕ ਹੈ, ਉਹ ਇਕ ਖਿਨ ਵਿਚ ਵਿਗੜੀਆਂ ਨੂੰ ਰਾਸ ਲੈ ਆਉਣ ਵਾਲਾ ਹੈ।

੩. ਇਸ ਲਈ ਹੇ ਮਿੱਤਰੋ ! ਸਾਰੇ ਉਪਾਉ ਛੱਡ ਕੇ ਉਸੇ ਦੀ ਸ਼ਰਣੀ ਪੈ ਜਾਓ।

੪. ਦੌੜ ਕੇ ਉਸੇ ਪ੍ਰਭੂ ਦੀ ਸ਼ਰਣੀ ਪੈ ਜਾਓ ਤੇ (ਇਸ ਤਰ੍ਹਾਂ) ਸਭ ਤੋਂ ਚੰਗਾ ਸੁੱਖ ਹਾਸਲ ਕਰੋ।

੫. ਹੇ ਪਿਆਰਿਓ ! ਜੇ ਕਰ ਤੁਹਾਨੂੰ ਸੰਤਾਂ ਦਾ ਸੰਗ ਪ੍ਰਾਪਤ ਹੋ ਜਾਏ, ਤਾਂ ਜਾਣੋ ਕਰਮ ਧਰਮ ਤੇ ਤੱਤ ਗਿਆਨ ਸਭੋ ਕੁਝ ਇਹੋ ਹੈ।

੬. ਜੇ ਉਸ ਪ੍ਰਭੂ ਦਾ ਅੰਮ੍ਰਿਤ ਨਾਮ ਸਿਮਰੀਏ ਤਾਂ ਫਿਰ ਜੀਵਨ ਦੇ ਰਾਹ ਵਿਚ ਕੋਈ ਭੀ ਰੁਕਾਵਟ ਨਹੀਂ ਪੈਂਦੀ।

ਪ੍ਰ: ਹਜ਼ੂਰ! ਲੋਕੀਂ ਜਤਨ ਤਾਂ ਬਹੁਤ ਕਰਦੇ ਹਨ, ਪਰ ਨਾਮ ਸਾਰਿਆਂ ਦੇ ਮਨ ਵਿਚ ਵਸਦਾ ਕਿਉਂ ਨਹੀਂ?

ਉ: ੭. ਹੇ ਮਿੱਤਰੋ! ਜਿਸ ਉੱਤੇ ਉਹ ਪ੍ਰਭੂ ਆਪ ਹੀ ਦਿਆਲ ਹੁੰਦਾ ਹੈ, ਉਸ ਦੇ ਮਨ ਵਿਚ ਆ ਵਸਦਾ ਹੈ।

੮. ਹੇ ਪਿਆਰੇ! ਉਸ ਸਾਹਿਬ ਜੀ ਦੇ ਪ੍ਰਸੰਨ ਹੋਇਆਂ ਮਾਨੋ ਸਾਰੇ ਹੀ ਖ਼ਜ਼ਾਨੇ ਮਿਲ ਪੈਂਦੇ ਹਨ।

ਭਾਵਾਰਥ : ਸਲੋਕ ਵਿਚ ਫ਼ੁਰਮਾਨ ਕਰਦੇ ਹਨ ਕਿ ਗਿਆਨ ਦੀਆਂ ਕਥਾਵਾਂ ਤਾਂ ਲੋਕੀ ਬਹੁਤੇ ਕਥਨ ਕਰਦੇ ਹਨ, ਪਰ ਧਾਰਨਾਂ ਤੋਂ ਸਖਣੇ ਸਬਜ਼ੀ ਭਾਜੀ ਵਿਚ ਫਿਰਨ ਵਾਲੀ ਕੜਛੀ ਵਾਂਢੂ ਸੁੰਞੇ ਹੀ ਰਹਿ ਜਾਂਦੇ ਹਨ। ਮੁਖ ਉਨ੍ਹਾਂ ਦੇ ਹੀ ਸੋਹਣੇ ਹਨ ਜੋ ਉਸ ਸਾਈਂ ਜੀ ਦੇ ਪ੍ਰੇਮ ਰੰਗ ਵਿਚ ਰਤੇ ਹੋਏ ਹਨ।

ਕਾਮਾਦਿਕ ਵਿਕਾਰਾਂ ਨੇ ਸਾਰਿਆਂ ਦੇ ਸ਼ੁਭ ਗੁਣਾਂ ਨੂੰ ਉਜਾੜ ਛੱਡਿਆ ਹੈ, ਪਰ ਗੁਰੂ ਦੀ ਸਹਾਇਤਾ ਨਾਲ ਇਨ੍ਹਾਂ ਵਿਕਾਰਾਂ ਵਲੋਂ ਦੈਵੀ ਸੰਪਤੀ ਨੂੰ ਬਚਾਅ ਲਈਦਾ ਹੈ।

ਜੋ ਦੇਵੀ ਦੇਵਤੇ ਉਸ ਸਾਈਂ ਦੇ ਬਣਾਏ ਹੋਏ ਹਨ, ਉਨ੍ਹਾਂ ਦੀ ਪੂਜਨਾ ਛੱਡ ਕੇ ਉਸੇ ਮਾਲਕ ਦੀ ਅਰਾਧਨਾ ਕਰਦੇ ਰਹੋ, ਜਿਸ ਦੇ ਵਸ ਵਿਚ ਸਾਰੇ ਹੀ ਪਦਾਰਥ ਹਨ। ਉਸ ਦੇ ਨਾਮ ਅੰਮ੍ਰਿਤ ਨੂੰ ਹਿਰਦੇ ਅੰਦਰ ਵਸਾ ਲਓ, ਜਿਸ ਦੀ ਬਰਕਤ ਨਾਲ ਫਿਰ ਕੋਈ ਭੀ ਵਿਘਨ ਨਹੀਂ ਵਾਪਰਦਾ, ਪਰ ਇਹ ਦਾਤ ਉਸੇ ਦਾਤੇ ਦੇ ਅਧੀਨ ਹੈ, ਜਿਸ ਨੂੰ ਉਹ ਕਿਰਪਾ ਕਰੇ, ਉਸ ਨੂੰ ਬਖ਼ਸ਼ਸ਼ ਕਰਦਾ ਹੈ।

ਸਲੋਕ ਮਃ ੫ ॥

੧. ਲਧਮੁ ਲਭਣਹਾਰੁ ਕਰਮੁ ਕਰੰਦੋ ਮਾ ਪਿਰੀ ॥

੨. ਇਕੋ ਸਿਰਜਣਹਾਰੁ ਨਾਨਕ ਬਿਆ ਨ ਪਸੀਐ ॥੧॥

ਪਦ ਅਰਥ : ਲਭਣਹਾਰੁ—ਲੱਭਣ ਜੋਗ ਪ੍ਰਭੂ। ਕਰਮੁ—ਬਖ਼ਸ਼ਸ਼। ਮਾ ਪਿਰੀ—ਮੇਰੇ ਪਿਰ ਨੇ। ਪਸੀਐ—ਵੇਖੀਦਾ ਹੈ। ਬਿਆ—ਕੋਈ ਹੋਰ।

ਅਰਥ :

ਪ੍ਰ: ਹੇ ਗੁਰੋ! ਉਸ ਪ੍ਰਭੂ ਮਾਲਕ ਨੂੰ ਤਾਂ ਬਹੁਤ ਲੋਕੀ ਲੱਭ ਰਹੇ ਹਨ, ਉਨ੍ਹਾਂ ਨੂੰ ਉਹ ਨਹੀਂ ਲੱਭ ਸਕਿਆ, ਪਰ ਤੁਸਾਂ ਉਸ ਨੂੰ ਕਿਸ ਸਾਧਨ ਦੁਆਰਾ ਲੱਭਿਆ ਹੈ?

ਉ: ੧. ਹੇ ਮਿੱਤਰੋ! (ਮੈਂ ਸਾਧਨ ਤਾਂ ਕੋਈ ਵੀ ਨਹੀਂ ਕਰ ਸਕਿਆ, ਪਰ ਸੱਚ ਤਾਂ ਇਉਂ ਹੀ ਜਾਣੋ ਕਿ) ਉਹ ਮੇਰਾ ਪਿਆਰਾ ਪ੍ਰਭੂ ਮਿਹਰ ਕਰਨ ਵਾਲਾ ਹੈ। ਜਦੋਂ ਉਸ ਨੇ ਮੇਰੇ ਉੱਤੇ ਮਿਹਰ ਕੀਤੀ ਤਾਂ ਮੈਂ (ਉਸ) ਲੱਭਣ ਜੋਗ ਪ੍ਰਭੂ ਨੂੰ ਲੱਭ ਲਿਆ।

ਪ੍ਰ: ਕਿਉਂ ਜੀ! ਉਸ ਪ੍ਰਭੂ ਨੂੰ ਲੱਭਿਆਂ ਹੁਣ ਤੁਹਾਡੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਗਈ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਹੁਣ ਤਾਂ ਮੈਨੂੰ ਹਰ ਥਾਂ ਇਕ ਕਰਤਾਰ ਹੀ ਦਿੱਸ ਰਿਹਾ ਹੈ, ਹੋਰ ਕੋਈ ਦੂਜਾ ਦਿੱਸਦਾ ਹੀ ਨਹੀਂ।੧।

ਮਃ ੫ ॥

੧. ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨਿ੍ ਕੈ ॥

੨. ਗੁਰ ਮੰਤ੍ੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥੨॥

ਪਦ ਅਰਥ : ਪਾਪੜਿਆ—ਚੰਦਰੇ ਪਾਪਾਂ ਨੂੰ। ਪਛਾੜਿ—ਨਸਾ ਦੇਹ, ਦੂਰ ਕਰ। ਸਚਾਵਾ—ਸੱਚ ਦਾ। ਸੰਨ੍ਹਿ ਕੈ—ਤਾਣ ਕੇ, ਖਿਚ ਕੇ, ਕਮਾਣ ਵਿਚ ਕੱਸਕੇ। ਮੰਤ੍ੜਾ—ਸੋਹਣਾ ਮੰਤ੍ਰ। ਚਿਤਾਰਿ—ਚੇਤੇ ਕਰ।

ਅਰਥ :

ਪ੍ਰ: ਹੇ ਗੁਰੋ! ਮੈਂ ਅਤਿਅੰਤ ਦੁਖੀਆ ਹਾਂ। ਕੋਈ ਸਾਧਨ ਦੱਸੋ ਜਿਸ ਦੀ ਬਰਕਤ ਨਾਲ ਮੈਂ ਦੁੱਖਾਂ ਤੋਂ ਛੁਟਕਾਰਾ ਪਾ ਸਕਾਂ?

ਉ: ੧. ਹੇ ਸੱਜਨਾ! ਇਹ ਸਾਰੇ ਦੁੱਖਾਂ ਨੂੰ ਅਸਲ ਵਿਚ ਪਾਪ ਹੀ ਜਨਮ ਦੇਂਦੇ ਹਨ, ਇਸ ਲਈ ਤੂੰ ਇਨ੍ਹਾਂ ਚੰਦ੍ਰੇ ਪਾਪਾਂ ਨੂੰ ਪਛਾੜ ਦੇ, ਨਸਾ ਦੇ, ਮਾਰ ਸੁਟ, ਸੱਚਾ ਤੀਰ ਤਾਣ ਕੇ।

ਪ੍ਰ: ਹਜ਼ੂਰ! ਉਹ ਸੱਚਾ ਤੀਰ ਕਿਹੜਾ ਹੈ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਹ ਸੱਚਾ ਤੀਰ ਗੁਰੂ ਦੇ ਮੰਤ੍ਰ (ਵਾਹਿਗੁਰੂ) ਦਾ ਸਿਮਰਨ ਹੈ। ਇਸ ਸੋਹਣੇ ਮੰਤ੍ਰ ਨੂੰ ਚੇਤੇ ਕਰਦਿਆਂ ਫਿਰ ਤੈਨੂੰ ਕੋਈ ਵੀ ਦੁੱਖ ਨਹੀਂ ਹੋਵੇਗਾ।੨।

ਪਉੜੀ ॥

੧. ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ ॥

੨. ਜੀਅ ਜੰਤ ਮਿਹਰਵਾਨੁ ਤਿਸ ਨੋ ਸਦਾ ਜਾਪਿ ॥

੩. ਦਇਆ ਧਾਰੀ ਸਮਰਥਿ ਚੁਕੇ ਬਿਲ ਬਿਲਾਪ ॥

੪. ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ ॥

੫. ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ ॥

੬. ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ ॥

੭. ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ ॥

੮. ਵਡੀ ਹੂੰ ਵਡਾ ਅਪਾਰ ਖਸਮੁ
ਜਿਸੁ ਲੇਪੁ ਨ ਪੁੰਨਿ ਪਾਪਿ ॥੧੩॥

ਪਦ ਅਰਥ : ਵਾਹੁ ਵਾਹੁ—ਸ਼ਾਬਾਸ਼ੇ। ਵਾਹੁ ਵਾਹੁ ਸਿਰਜਣਹਾਰ—ਸਿਰਜਨਹਾਰ ਨੂੰ ਸ਼ਾਬਾਸ਼ੇ (ਆਖ)। ਪਾਈਅਨੁ—ਪਾਈ ਹੈ ਉਸ ਨੇ। ਠਾਢਿ—ਠੰਢ, ਸ਼ਾਂਤ। ਤਿਸ ਨੋ—ਉਸ ਪ੍ਰਭੂ ਨੂੰ। ਸਮਰਥਿ—ਸਮਰਥ ਨੇ। ਬਿਲ ਬਿਲਾਪ—ਤਰਲੇ, ਰੋਣੇ, ਕੀਰਣੇ। ਪ੍ਰਤਾਪਿ—ਪ੍ਰਤਾਪ ਨਾਲ। ਕੀਤੀਅਨੁ—ਕੀਤੀ ਹੈ ਉਸ ਨੇ। ਰਖ—ਰੱਖਿਆ, ਰਾਖੀ। ਨਿਵਾਜਿ—ਨਿਵਾਜ ਕੇ। ਥਾਪਿ—ਥਾਪ ਕੇ, ਥਾਪਣਾ ਦੇ ਕੇ। ਕਾਪਿ—ਕੱਪ ਕੇ, ਕੱਟ ਕੇ। ਤਿਸਨ—ਤ੍ਰਿਸ਼ਨਾ। ਪੁੰਨੀ—ਪੂਰੀ ਹੋ ਗਈ। ਮਨ ਆਸ—ਮਨ ਦੀ ਆਸ। ਸੰਤੋਖਿ—ਸੰਤੋਖ ਨਾਲ। ਧ੍ਰਾਪਿ—ਰੱਜ ਕੇ, ਤ੍ਰਿਪਤੀ (ਹੋ ਗਈ)। ਲੇਪੁ—ਲਾਗ, ਅਸਰ। ਪੁੰਨਿ—ਪੁੰਨ ਨਾਲ। ਪਾਪਿ—ਪਾਪ ਨਾਲ।

ਅਰਥ :

ਪ੍ਰ: ਹੇ ਗੁਰੋ! ਜਦੋਂ ਵਾਹਿਗੁਰੂ ਮੰਤ੍ਰ ਦੇ ਸਿਮਰਨ ਦੀ ਬਰਕਤ ਨਾਲ ਸਾਈਂ ਜੀ ਦੇ ਪਿਆਰਿਆਂ ਦੇ ਅੰਤਰ ਆਤਮਾ ਵਿਚ ਸ਼ਾਂਤੀ ਪ੍ਰਾਪਤ ਹੋ ਆਉਂਦੀ ਹੈ, ਕੀ ਫਿਰ ਉਨ੍ਹਾਂ ਦੇ ਅੰਦਰ ਇਸੀ ਪ੍ਰਾਪਤੀ ਦਾ ਅਭਿਮਾਨ ਵੀ ਹੋ ਜਾਂਦਾ ਹੈ?

ਉ: ੧. (ਨਹੀਂ) ਹੇ ਪਿਆਰੇ! ਉਹ ਤਾਂ ਨਿਰ ਅਭਿਮਾਨ ਹੋ ਉਸੇ ਕਰਤਾਰ ਦਾ ਇਸ ਤਰ੍ਹਾਂ ਸ਼ੁਕਰਾਨਾ ਕਰਦੇ ਰਹਿੰਦੇ ਹਨ ਕਿ ਹੇ ਸਿਰਜਨਹਾਰ (ਆਪ) ਧੰਨ ਹੋ, ਧੰਨ ਹੋ, ਜਿਸ ਨੇ ਮੇਰੇ ਅੰਦਰ ਆਪ (ਕਿਰਪਾ ਕਰ ਕੇ) ਠੰਢ ਪਾਈ ਹੈ, ਸ਼ਾਂਤੀ ਵਰਤਾਈ ਹੈ।

੨. ਇਸ ਲਈ ਹੇ ਪਿਆਰੇ! ਜੋ ਸਾਰੇ ਜੀਵਾਂ ਜੰਤਾਂ 'ਤੇ ਮਿਹਰਵਾਨ ਹੈ, ਸਭ ਉਪਰ ਕਿਰਪਾਲੂ ਹੈ, ਉਸ ਨੂੰ ਸਦਾ ਹੀ ਜਪ।

੩. ਹੇ ਮਿੱਤਰਾ! ਉਸ ਸਮਰੱਥ ਪ੍ਰਭੂ ਨੇ ਜਿਸ ਮਨੁੱਖ 'ਤੇ ਮਿਹਰ ਕੀਤੀ ਹੈ, ਉਸ ਦੇ ਸਾਰੇ ਰੋਣੇ ਧੋਣੇ ਮੁੱਕ ਗਏ ਹਨ।

੪. ਹੇ ਭਾਈ! ਪੂਰੇ ਗੁਰੂ ਦੇ ਪ੍ਰਤਾਪ ਕਰ ਕੇ ਸਾਰੇ ਕਲੇਸ਼, ਦੁੱਖ ਤੇ ਰੋਗ ਦੂਰ ਹੋ ਗਏ।

੫-੬. ਜਿਨ੍ਹਾਂ ਗ਼ਰੀਬਾਂ ਦੀ, (ਭਾਵ ਦਰ 'ਤੇ ਢੱਠਿਆਂ ਨੂੰ) ਨਿਵਾਜ ਕੇ, ਥਾਪਣਾ ਦੇ ਕੇ ਉਨ੍ਹਾਂ ਦੀ ਰੱਖਿਆ ਆਪ ਕੀਤੀ ਹੈ, ਉਨ੍ਹਾਂ ਦੇ ਸਾਰੇ ਬੰਧਨ ਕੱਟ ਕੇ ਉਨ੍ਹਾਂ ਨੂੰ ਵਿਕਾਰਾਂ ਤੋਂ ਬਚਾ ਕੇ ਉਸ ਨੇ ਆਪ ਛੁਡਾ ਲਿਆ ਹੈ।

ਪ੍ਰ: ਉਨ੍ਹਾਂ ਦੀ ਪਛਾਣ ਕੀ ਹੈ?

ਉ: ੭. ਹੇ ਭਾਈਓ! ਉਨ੍ਹਾਂ ਦਾ ਮਨ ਸੰਤੋਖ ਨਾਲ ਤ੍ਰਿਪਤ ਹੋ ਗਿਆ ਹੈ। ਉਨ੍ਹਾਂ ਦੀ ਸਾਰੀ ਆਸ਼ਾ ਪੂਰਨ ਹੋ ਗਈ ਹੈ।

੮. ਹੇ ਪਿਆਰੇ! ਉਹ ਬੇਅੰਤ ਪ੍ਰਭੂ ਖਸਮ ਸਭ ਤੋਂ ਵੱਡਾ ਹੈ। ਉਸ ਨੂੰ ਜੀਵਾਂ ਦੇ ਕੀਤੇ ਪੁੰਨ ਜਾਂ ਪਾਪਾਂ ਦਾ ਕੋਈ ਲੇਪ ਛੇਪ ਨਹੀਂ ਹੈ।੧੩।

ਭਾਵਾਰਥ : ਉਸ ਲੱਭਣ ਜੋਗ ਪ੍ਰਭੂ ਨੂੰ ਉਸੇ ਦੀ ਬਖ਼ਸ਼ਸ਼ ਨਾਲ ਲੱਭਿਆ ਜਾਂਦਾ ਹੈ, ਲੱਭਣ ਵਾਲਿਆਂ ਦੀਆਂ ਨਜ਼ਰਾਂ ਵਿਚ ਹਰ ਥਾਂ ਸਾਈਂ ਜੀ ਵਿਆਪਕ ਸਰੂਪ ਹੀ ਨਜ਼ਰ ਆਉਂਦਾ ਹੈ।

ਗੁਰੂ ਮੰਤਰ ਦੇ ਚਿੰਤਨ ਕਰਦਿਆਂ ਸਾਰੇ ਪਾਪ ਦੂਰ ਚਲੇ ਜਾਂਦੇ ਹਨ, ਜਿਸ ਦਾ ਸਦਕਾ ਫਿਰ ਕਦੀ ਭੀ ਦੁੱਖ ਨਹੀਂ ਵਾਪਰਦਾ। ਪਾਪਾਂ ਦੀ ਨਵਿਰਤੀ ਵਾਲੇ ਮਨੁੱਖ ਸਦਾ ਉਸੇ ਪਰਮੇਸ਼ਰ ਦਾ ਸ਼ੁਕਰਾਨਾ ਕਰਦੇ ਰਹਿੰਦੇ ਹਨ।

ਸਲੋਕ ਮਃ ੫ ॥

੧. ਜਾ ਕਉ ਭਏ ਕ੍ਰਿਪਾਲ ਪ੍ਰਭ
ਹਰਿ ਹਰਿ ਸੇਈ ਜਪਾਤ ॥
੨. ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ
ਭੇਟਤ ਸਾਧ ਸੰਗਾਤ ॥੧॥

ਪਦ ਅਰਥ : ਭੇਟਤ—ਮਿਲਿਆਂ। ਤਿਨ—ਉਨ੍ਹਾਂ ਦੀ।

ਅਰਥ :

ਪ੍ਰ: ਹੇ ਗੁਰੋ! ਸਾਰੇ ਹੀ ਲੋਕ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦੇ?

ਉ: ੧. ਹੇ ਪਿਆਰੇ! ਜਿਨ੍ਹਾਂ ਮਨੁੱਖਾਂ 'ਤੇ ਪ੍ਰਭੂ ਜੀ ਆਪ ਹੀ ਕਿਰਪਾ ਕਰਦੇ ਹਨ, ਉਹੀ ਹਰੀ ਦਾ ਨਾਮ ਸਿਮਰਨ ਕਰਦੇ ਹਨ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ, ਸਾਧ ਸੰਗਤ ਵਿਚ ਮਿਲਣ ਕਰਕੇ ਹੀ ਉਨ੍ਹਾਂ ਦੇ ਅੰਦਰ ਪਰਮੇਸ਼ਰ ਦੀ ਪ੍ਰੀਤ ਲੱਗ ਜਾਂਦੀ ਹੈ।੧।

ਮਃ ੫ ॥

੧. ਰਾਮੁ ਰਮਹੁ ਬਡਭਾਗੀਹੋ
ਜਲਿ ਥਲਿ ਮਹੀਅਲਿ ਸੋਇ ॥
੨. ਨਾਨਕ ਨਾਮਿ ਅਰਾਧਿਐ
ਬਿਘਨੁ ਨ ਲਾਗੈ ਕੋਇ ॥੨॥

ਪਦ ਅਰਥ : ਜਲਿ—ਪਾਣੀ ਵਿਚ। ਥਲਿ—ਧਰਤੀ ਦੇ ਅੰਦਰ। ਮਹੀਅਲਿ—ਧਰਤੀ ਦੇ ਤਲ ਦੇ ਉੱਤੇ, ਭਾਵ ਅਕਾਸ਼ ਵਿਚ। ਨਾਮ ਅਰਾਧਿਐ—ਜੇ ਨਾਮ ਸਿਮਰੀਐ।

ਅਰਥ :

ਪ੍ਰ: ਹੇ ਗੁਰੋ! ਇਹ ਦੱਸੋ ਸਿਮਰਨ ਕਿਸ ਦਾ ਕਰੀਏ?

ਉ: ੧. ਹੇ ਵੱਡੇ ਭਾਗਾਂ ਵਾਲਿਓ! ਉਸੇ ਰਮੇ ਹੋਏ ਰਾਮ ਦਾ ਸਿਮਰਨ ਕਰੋ ਜੋ ਪਾਣੀ ਵਿਚ ਧਰਤੀ ਦੇ ਅੰਦਰ, ਧਰਤੀ ਦੇ ਉਪਰ ਹਰ ਥਾਂ ਮੌਜੂਦ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੇ ਕਰ ਉਸ ਪ੍ਰਭੂ ਦਾ ਨਾਮ ਸਿਮਰੀਏ ਤਾਂ ਇਸ ਜੀਵਨ ਮਾਰਗ ਵਿਚ ਕੋਈ ਵੀ ਰੁਕਾਵਟ ਨਹੀਂ ਆ ਸਕਦੀ।੨।

ਪਉੜੀ ॥

੧. ਭਗਤਾ ਕਾ ਬੋਲਿਆ ਪਰਵਾਣੁ ਹੈ
ਦਰਗਹ ਪਵੈ ਥਾਇ ॥
੨. ਭਗਤਾ ਤੇਰੀ ਟੇਕ ਰਤੇ ਸਚਿ ਨਾਇ ॥
੩. ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥
੪. ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ ॥
੫. ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥
੬. ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥
੭. ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥
੮. ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥੧੪॥

ਪਦ ਅਰਥ : ਪਵੈ ਥਾਇ—ਕਬੂਲ ਹੁੰਦਾ ਹੈ। ਟੇਕ—ਆਸਰਾ। ਸਚਿ—ਸਚ ਵਿਚ। ਨਾਇ—ਨਾਮ ਵਿਚ। ਅਧਾਰੁ—ਆਸਰਾ। ਰੈਣਿ—ਰਾਤ। ਅਘਾਇ ਰਹੇ—ਰਜੇ ਰਹਿੰਦੇ ਹਨ। ਪਰਵਾਣੁ—ਮੰਨਣ ਜੋਗ। ਮਾਇ—ਮਾਇਆ।

ਅਰਥ :

ਪ੍ਰ: ਹੇ ਗੁਰੋ! ਕੀ ਬੰਦਗੀ ਕਰਨ ਵਾਲਿਆਂ ਦੇ ਬਚਨਾਂ ਅੰਦਰ ਵੀ ਕੋਈ ਸ਼ਕਤੀ ਆ ਜਾਂਦੀ ਹੈ?

ਉ: ੧. ਹਾਂ ਜ਼ਰੂਰ! ਹੇ ਭਾਈਓ! ਜੋ ਬੰਦਗੀ ਕਰਨ ਵਾਲੇ ਮਨੁੱਖ ਹਨ, ਉਨ੍ਹਾਂ ਦਾ ਬੋਲਿਆ ਬਚਨ ਉਸ ਮਾਲਕ ਨੂੰ ਵੀ ਕਬੂਲ ਹੁੰਦਾ ਹੈ ਅਤੇ ਉਸ ਰੱਬੀ ਦਰਬਾਰ ਵਿਚ ਭਗਤਾਂ ਦਾ ਬੋਲਿਆ ਥਾਇ ਪੈਂਦਾ ਹੈ।

੨. ਹੇ ਸਾਈਂ ਜੀ! ਭਗਤਾਂ ਨੂੰ ਭੀ ਤੇਰੀ ਹੀ ਟੇਕ ਹੁੰਦੀ ਹੈ, (ਕਿਉਂਕਿ) ਉਹ ਤੇਰੇ ਸੱਚੇ ਨਾਮ ਵਿਚ ਹੀ ਰੱਤੇ ਰਹਿੰਦੇ ਹਨ।

੩. ਹੇ ਮੇਰੇ ਮਾਲਕ! ਤੂੰ ਜਿਸ ਉੱਤੇ ਕਿਰਪਾਲੂ ਹੁੰਦਾ ਹੈਂ, ਉਸ ਦਾ (ਜੰਮਣ ਮਰਣ) ਦਾ ਦੁੱਖ ਦੂਰ ਹੋ ਜਾਂਦਾ ਹੈ।

੪. ਹੇ ਦਿਆਲ ਪ੍ਰਭੂ! ਬੰਦਗੀ ਕਰਨ ਵਾਲੇ ਬੰਦੇ (ਸਦਾ ਹੀ) ਤੇਰੇ ਹੋ ਕੇ ਰਹਿੰਦੇ ਹਨ, ਇਸ ਲਈ ਤੂੰ ਵੀ ਉਨ੍ਹਾਂ 'ਤੇ ਸਦਾ ਕਿਰਪਾ ਹੀ ਕਰਦਾ ਹੈਂ।

੫. (ਜਿਸ ਮਨੁੱਖ ਉੱਤੇ ਤੂੰ ਮਿਹਰ ਕਰਦਾ ਹੈਂ) ਉਸ ਨੂੰ ਮਾਇਆ ਪੋਹ ਨਹੀਂ ਸਕਦੀ, ਕੋਈ ਦੁੱਖ ਦਰਦ, ਕੋਈ ਵੱਡੇ ਤੋਂ ਵੱਡਾ ਰੋਗ ਉਸ ਨੂੰ ਪੋਹ ਨਹੀਂ ਸਕਦਾ।

੬. (ਕਿਉਂਕਿ) ਗੋਬਿੰਦ ਦੇ ਗੁਣ ਗਾ ਗਾ ਕੇ, ਇਹ ਸਿਫ਼ਤਿ-ਸਾਲਾਹ ਭਗਤਾਂ ਦੀ (ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ।

੭. ਉਹ ਦਿਨ ਰਾਤ ਸਦਾ ਹੀ ਇਕੋ ਪ੍ਰਭੂ ਨੂੰ ਸਿਮਰ-ਸਿਮਰ ਕੇ।

੮. ਅਤੇ ਨਾਮ ਰੂਪ ਅੰਮ੍ਰਿਤ ਪੀ-ਪੀ ਕੇ ਸੇਵਕ ਨਾਮ ਨਾਲ ਹੀ ਰਜੇ ਰਹਿੰਦੇ ਹਨ।੧੪।

ਭਾਵਾਰਥ : ਸਾਈਂ ਜੀ ਦਾ ਸਿਮਰਨ ਉਹੀ ਬੰਦੇ ਕਰਦੇ ਹਨ, ਜਿਸ ਉੱਤੇ ਉਹ ਪ੍ਰਭੂ ਆਪ ਹੀ ਕਿਰਪਾ ਕਰਦਾ ਹੈ, ਪਰ ਇਹ ਨਾਮ ਸਿਮਰਨ ਦੀ ਦਾਤ ਸਾਈਂ ਜੀ ਦੇ ਪਿਆਰੇ ਸੰਤਾਂ ਦੀ ਸੰਗਤ ਵਿਚੋਂ ਹੀ ਮਿਲਦੀ ਹੈ।

ਇਸ ਲਈ ਹੇ ਪਿਆਰਿਓ, ਉਸੇ ਰਾਮ ਦੇ ਨਾਮ ਦਾ ਚਿੰਤਨ ਕਰਦੇ ਰਹੋ, ਜੋ ਹਰ ਥਾਂ ਹੀ ਵਿਆਪਕ ਸਰੂਪ ਮੌਜੂਦ ਹੈ। ਉਸੇ ਦਾ ਨਾਮ ਸਿਮਰਨ ਕਰਦਿਆਂ ਜ਼ਿੰਦਗੀ ਦੇ ਸਫ਼ਰ ਵਿਚ ਕੋਈ ਵੀ ਰੁਕਾਵਟ ਨਹੀਂ ਆਉਂਦੀ।

ਉਨ੍ਹਾਂ ਭਗਤਾਂ ਦਾ ਬੋਲਿਆ ਬਚਨ ਰੱਬੀ ਦਰਬਾਰ ਵਿਚ ਭੀ ਕਬੂਲ ਹੁੰਦਾ ਹੈ, (ਕਿਉਂਕਿ) ਉਹ ਭਗਤ ਜਨ ਸਦਾ ਹੀ ਉਸ ਦੇ ਨਾਮ ਵਿਚ ਰਤੇ ਰਹਿੰਦੇ ਹਨ ਤੇ ਉਸੇ ਨਾਮ ਕਰ ਕੇ ਉਹ ਸਦਾ ਹੀ ਤ੍ਰਿਪਤ ਹੋਏ ਰਹਿੰਦੇ ਹਨ।

ਸਲੋਕ ਮਃ ੫ ॥

੧. ਕੋਟਿ ਬਿਘਨ ਤਿਸੁ ਲਾਗਤੇ
ਜਿਸ ਨੋ ਵਿਸਰੈ ਨਾਉ ॥
੨. ਨਾਨਕ ਅਨਦਿਨੁ ਬਿਲਪਤੇ
ਜਿਉ ਸੁੰਞੈ ਘਰਿ ਕਾਉ ॥੧॥

ਪਦ ਅਰਥ : ਕੋਟਿ—ਕਰੋੜਾਂ। ਅਨਦਿਨੁ—ਹਰ ਰੋਜ਼। ਘਰਿ—ਘਰਿ ਵਿਚ।

ਅਰਥ :

ਪ੍ਰ: ਹੇ ਗੁਰੋ! ਜੋ ਸਾਈਂ ਜੀ ਦਾ ਨਾਮ ਵਿਸਾਰ ਕੇ ਜੀਵਨ ਗੁਜ਼ਾਰਦੇ ਹਨ, ਕੀ ਉਨ੍ਹਾਂ ਨੂੰ ਕੋਈ ਸਜ਼ਾ ਵੀ ਮਿਲਦੀ ਹੈ?

ਉ: ੧. ਹਾਂ ਜ਼ਰੂਰ! ਹੇ ਪਿਆਰੇ! ਜਿਸ ਮਨੁੱਖ ਨੂੰ ਉਸ ਪਰਮਾਤਮਾ ਦਾ ਨਾਮ ਵਿਸਰ ਜਾਂਦਾ ਹੈ, ਉਸ ਨੂੰ (ਇਕ ਨਹੀਂ) ਸਗੋਂ ਕਰੋੜਾਂ ਹੀ ਵਿਘਨ ਆ ਘੇਰਦੇ ਹਨ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਉਹ ਬੰਦੇ ਤਾਂ ਸਦਾ ਇਉਂ ਹੀ ਹਰ ਵੇਲੇ ਕੁਰਲਾਉਂਦੇ ਵਿਲਕਦੇ ਹਨ, ਜਿਵੇਂ ਕਿ ਸੁੰਞੇ ਘਰ ਵਿਚ ਕਾਂਉਂ ਕੁਰਲੌਂਦਾ ਹੈ (ਪਰ ਉਥੋਂ ਉਸ ਨੂੰ ਮਿਲਦਾ ਕੁੱਝ ਨਹੀਂ)।

ਮਃ ੫ ॥

੧. ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ ॥
੨. ਘੜੀ ਮੁਹਤੁ ਨਹ ਵੀਸਰੈ ਨਾਨਕ ਰਵੀਐ ਨਿਤ ॥੨॥

ਪਦ ਅਰਥ : ਪਿਰੀ ਮਿਲਾਵਾ—ਪਿਆਰੇ ਪਤੀ ਦਾ ਮੇਲ। ਜਾ—ਜਦੋਂ। ਸੁਹਾਵੀ—ਸੋਹਣੀ। ਮੁਹਤੁ—ਮਹੂਰਤ, ਦੋ ਘੜੀ। ਰਵੀਐ—ਸਿਮਰੀਏ।

ਅਰਥ :

ਪ੍ਰ: ਹੇ ਗੁਰੋ! ਗੁਰਮਤਿ ਅਨੁਸਾਰ ਸੁਹਾਵਣੀ ਰੁੱਤ ਕਿਹੜੀ ਹੈ?

ਉ: ੧. ਹੇ ਪਿਆਰਿਓ! ਜਦੋਂ ਉਸ ਪਿਆਰੇ ਵਾਹਿਗੁਰੂ ਜੀ ਦਾ ਮਿਲਾਪ ਹੋਵੇ, ਸਮਝ ਲਓ ਕਿ ਓਹੀ ਰੁੱਤ ਸੁਹਾਵਣੀ ਹੋਇਆ ਕਰਦੀ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਸ ਪ੍ਰਭੂ ਜੀ ਨੂੰ ਹਰ ਵੇਲੇ ਹੀ ਯਾਦ ਕਰਦੇ ਰਹੀਏ, ਉਹ ਕਦੇ ਘੜੀ ਦੋ ਘੜੀ ਵੀ ਨਾ ਭੁੱਲੇ।੨।

ਪਉੜੀ ॥

੧. ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥
੨. ਫਉਜ ਸਤਾਣੀ ਹਾਠ ਪੰਚਾ ਜੋੜੀਐ ॥
੩. ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥
੪. ਜਿਣਿ ਜਿਣਿ ਲੈਨ੍ਹਿ ਰਲਾਇ ਏਹੋ ਏਨਾ ਲੋੜੀਐ ॥
੫. ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ ॥
੬. ਭਰਮੁ ਕੋਟੁ ਮਾਇਆ ਖਾਈ
ਕਹੁ ਕਿਤੁ ਬਿਧਿ ਤੋੜੀਐ ॥
੭. ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥
੮. ਹਉ ਤਿਸੁ ਅਗੈ ਦਿਨੁ ਰਾਤਿ
ਰਹਾ ਕਰ ਜੋੜੀਐ ॥੧੫॥

ਪਦ ਅਰਥ : ਵਰੀਆਮ—ਬਹਾਦਰ। ਹੋੜੀਐ—ਰੋਕਿਆ। ਸਤਾਣੀ—ਤਾਣ ਵਾਲੀ, ਤਾਕਤ ਵਾਲੀ; ਬਲੀ। ਹਾਠ—ਹਠੀਲੀ।

ਪੰਚਾ–ਪੰਜ ਕਾਮਾਦਿਕ ਨੇ। ਨਾਰੀ–ਇੰਦਰੇ, ਦਸ ਇੰਦ੍ਰੀਆਂ। ਅਉਧੂਤ–ਤਿਆਗੀ, ਭਾਵ ਹੈ ਤਿਆਗੀਆਂ ਬਨਵਾਸੀਆਂ ਆਦਿਕਾਂ ਨੂੰ। ਜਿਣਿ–ਜਿੱਤ ਕੇ। ਤ੍ਰੈ ਗੁਣ–ਤਿੰਨੇ ਗੁਣਾਂ ਦੇ ਸਾਰੇ ਜੀਵ। ਭਰਮੁ–ਭਟਕਣਾ। ਜਿਣਿ ਜਿਣਿ–ਜਿੱਤ-ਜਿੱਤ ਕੇ। ਖਾਈ–ਖ਼ਾਲੀ, ਖਾਲ। ਕਿਤੁ ਬਿਧਿ–ਕਿਸ ਬਿਧੀ ਨਾਲ। ਦਲੁ–ਫ਼ੌਜ। ਕਰ–ਹੱਥ।

ਅਰਥ :

ਪ੍ਰ: ਹੇ ਗੁਰੋ ! ਬਹੁਤ ਜਤਨ ਕਰਨ ਤੋਂ ਵੀ ਕਾਮਾਦਿਕ ਵਿਕਾਰ ਰੁੱਕਦੇ ਨਹੀਂ, ਇਸ ਦਾ ਅਸਲ ਕੀ ਕਾਰਨ ਹੈ ?

ਉ: ੧. ਹੇ ਸੱਜਣੋ ! ਇਹ ਕਾਮਾਦਿਕ ਵਿਕਾਰ ਬੜੇ ਸੂਰਮੇ ਤੇ ਬਹਾਦਰ ਸਿਪਾਹੀ ਹਨ, ਇਨ੍ਹਾਂ ਨੂੰ ਤਾਂ ਕਿਸੇ ਨੇ ਵੀ ਠੱਲਿਆ ਨਹੀਂ।

ਪ੍ਰ: ਕਿਉਂ ਜੀ ! ਇਸ ਦਾ ਕਾਰਣ ਕੀ ਹੈ ?

ਉ: ੨. ਕਾਰਨ ਇਹੋ ਹੈ ਕਿ ਇਨ੍ਹਾਂ ਪੰਜਾਂ ਨੇ ਬੜੀ ਬਲ ਵਾਲੀ ਤੇ ਹਠੀਲੀ ਫ਼ੌਜ (ਆਪਣੇ ਪਾਸ) ਇਕੱਠੀ ਕੀਤੀ ਹੋਈ ਹੈ।

ਪ੍ਰ: ਹਜ਼ੂਰ ! ਇਹ ਠੀਕ ਹੈ ਕਿ ਦੁਨੀਆਦਾਰਾਂ ਦਾ ਤਾਂ ਇਨ੍ਹਾਂ ਕੋਲੋਂ ਬਚਣਾ ਔਖਾ ਹੈ, ਪਰ ਕਈ ਤਿਆਗੀ ਲੋਕ ਵੇਖੀਦੇ ਹਨ, ਉਹ ਤਾਂ ਇਸ ਬਲ ਵਾਲੀ ਫ਼ੌਜ ਕਾਮਾਦਿਕਾਂ ਤੋਂ ਬਚ ਜਾਂਦੇ ਹੋਣਗੇ ?

ਉ: ੩. (ਨਹੀਂ) ਹੇ ਮਿੱਤਰੋ ! ਇਹ ਦਸ ਇੰਦ੍ਰੀਆਂ ਤਾਂ (ਬਨਵਾਸੀ) ਤਿਆਗੀਆਂ ਨੂੰ ਵੀ ਵਿਕਾਰ ਚਮੋੜ ਦੇਂਦੀਆਂ ਹਨ।

੪. ਇਹ ਸਭ ਨੂੰ ਜਿੱਤ-ਜਿੱਤ ਕੇ ਆਪਣੇ ਅਨੁਸਾਰੀ ਕਰੀ ਜਾਂਦੇ ਹਨ, ਬੱਸ ! ਇਹੋ ਹੀ ਗੱਲ ਇਹ ਲੋੜਦੇ ਹਨ ਕਿ ਜਿੱਤ-ਜਿੱਤ ਕੇ ਜਿੱਤਿਆਂ ਹੋਇਆਂ ਨੂੰ ਆਪਣੇ ਵਿਚ ਰਲਾ ਲਈਏ।

੫. ਹੇ ਪਿਆਰਿਓ ! ਇਉਂ ਹੀ ਸਮਝੋ ਕਿ ਇਹ ਸਾਰੇ ਹੀ ਤ੍ਰਿਗੁਣੀ ਜੀਵਨ ਇਨ੍ਹਾਂ ਦੇ ਵਸ ਵਿਚ ਆ ਜਾਂਦੇ ਹਨ, ਕੋਈ ਵੀ ਇਨ੍ਹਾਂ ਦਾ ਮੂੰਹ ਨਹੀਂ ਮੋੜ ਸਕਿਆ।

ਪ੍ਰ: ਸ੍ਰੀ ਜੀਉ ! ਇਨ੍ਹਾਂ ਨੂੰ ਫ਼ਤਹਿ ਨ ਕਰਨ ਦਾ ਅਸਲ ਕਾਰਣ ਕੀ ਹੈ ?

ਉ: ੬. ਹੇ ਪਿਆਰੇ ! ਅਸਲ ਕਾਰਣ ਤਾਂ ਇਉਂ ਹੀ ਸਮਝੋ ਕਿ ਜਿਵੇਂ ਇਕ ਪੱਕੇ ਕਿਲ੍ਹੇ ਵਿਚ ਆਕੀ ਹੋਈ ਬਲਵਾਨ ਫ਼ੌਜ ਹੋਵੇ, ਉਸਨੂੰ ਤੋੜਨਾ ਬਹੁਤ ਕਠਨ ਹੈ, ਇਸੇ ਤਰ੍ਹਾਂ ਹੇ ਪਿਆਰੇ ! ਇਨ੍ਹਾਂ ਵਿਕਾਰਾਂ ਦੀ ਫ਼ੌਜ ਦਾ ਭਰਮ ਰੂਪੀ ਕਿਲ੍ਹਾ ਹੈ ਅਤੇ (ਉਸ ਦੇ ਉਦਾਲੇ) ਡੂੰਘੀ ਮਾਇਆ ਦੀ ਖਾਈ ਖੋਦੀ ਹੋਈ ਹੈ, ਦੱਸੋ ਭਾਈਓ ਉਸ ਨੂੰ ਕਿਵੇਂ ਤੋੜਿਆ ਜਾਵੇ, ਭਾਵ ਇਸ ਕਿਲ੍ਹੇ ਨੂੰ ਤੋੜਨਾ ਬਹੁਤ ਔਖਾ ਹੈ।

ਪ੍ਰ: ਹਜ਼ੂਰ ! ਫਿਰ ਕਿਰਪਾ ਕਰ ਕੇ ਕੋਈ ਆਪ ਹੀ ਉਪਰਾਲਾ ਦੱਸੋ, ਜਿਸ ਕਰ ਕੇ ਇਨ੍ਹਾਂ ਨੂੰ ਕਾਬੂ ਕਰ ਲਿਆ ਜਾਵੇ ?

ਉ: ੭. ਹੇ ਭਾਈਓ ! ਇਸ ਨੂੰ ਫ਼ਤਹਿ ਕਰਨ ਦਾ ਅਸਲ ਵਿਚ ਇਕੋ ਹੀ ਸਾਧਨ ਹੈ ਕਿ ਪੂਰੇ ਗੁਰੂ ਦੀ ਅਰਾਧਨਾ ਕੀਤਿਆਂ ਇਸ ਕਰੜੀ ਫ਼ੌਜ ਨੂੰ ਸਰ ਕੀਤਾ ਜਾ ਸਕਦਾ ਹੈ, ਜਿੱਤਿਆ ਜਾ ਸਕਦਾ ਹੈ।

ਪ੍ਰ: ਹਜ਼ੂਰ ! ਤੁਹਾਡੀ ਆਖ਼ਰ ਦਿਲੀ ਸੱਧਰ ਕੀ ਹੈ ?

ਉ: ੮. ਹੇ ਭਾਈਓ ! ਮੇਰੀ ਤਾਂ ਦਿਲੀ ਸੱਧਰ ਇਕੋ ਹੀ ਹੈ ਕਿ ਜੇ ਮੇਰੇ ਉਸ ਪ੍ਰਭੂ ਦੀ ਮਿਹਰ ਹੋਵੇ ਤਾਂ ਮੈਂ ਦਿਨੇ ਰਾਤ ਹੱਥ ਜੋੜ ਕੇ ਉਸੇ ਸਾਈਂ ਜੀ ਅੱਗੇ ਖਲੋਤਾ ਰਹਾਂ (ਮੇਰੀ ਆਸ ਬੱਝੀ ਰਹੇ ਤਾਂਕਿ ਮੇਰੀ ਪੁਕਾਰ ਕੀਤੀ ਹੋਈ ਕਦੀ ਤਾਂ ਸੁਣੀ ਹੀ ਜਾਵੇਗੀ)।੧੫।

ਭਾਵਾਰਥ : ਸਲੋਕ ਵਿਚ ਕਿਹਾ ਗਿਆ ਹੈ ਕਿ ਉਸ ਸਾਈਂ ਜੀ ਦੇ ਨਾਮ ਨੂੰ ਭੁਲਾ ਦੇਣ ਨਾਲ ਮਨੁੱਖ ਨੂੰ ਕਰੋੜਾਂ ਹੀ ਵਿਘਨ ਆ ਘੇਰ ਲੈਂਦੇ ਹਨ, ਜਿਸ ਕਰ ਕੇ ਉਹ ਲੋਕ ਸਦੀਵੀ ਕਾਲ ਹੀ ਵਿਲਕਦੇ ਰਹਿੰਦੇ ਹਨ।

ਰੁੱਤਾਂ ਵਿਚ ਚੰਗੀ ਰੁੱਤ ਉਹੋ ਹੀ ਹੈ, ਜਿਸ ਰੁੱਤ ਵਿਚ ਉਸ ਪਿਆਰੇ ਪ੍ਰਭੂ ਦਾ ਮਿਲਾਪ ਹੋਵੇ। ਕਾਮਾਦਿਕ ਵਿਕਾਰਾਂ ਦੀ ਫ਼ੌਜ ਬੜੀ ਬਲਵਾਨ ਹੈ, ਜਿਸ ਨੇ ਵੱਡੇ-ਵੱਡੇ ਤਿਆਗੀ ਵੈਰਾਗੀਆਂ ਨੂੰ ਭੀ ਆਪਣੇ ਕਾਬੂ ਵਿਚ ਰਖਿਆ ਹੈ, ਪਰ ਇਨ੍ਹਾਂ ਤੋਂ ਬਚਣ ਦਾ ਸਾਧਨ ਕੇਵਲ ਇਕੋ ਹੀ ਗੁਰੂ ਦੀ ਚਰਨ ਸ਼ਰਨ ਪ੍ਰਾਪਤ ਕਰਨਾ ਹੈ।

ਸਲੋਕ ਮਃ ੫ ॥

੧. ਕਿਲਵਿਖ ਸਭੇ ਉਤਰਨਿ
ਨੀਤ ਨੀਤ ਗੁਣ ਗਾਉ ॥
੨. ਕੋਟਿ ਕਲੇਸਾ ਊਪਜਹਿ
ਨਾਨਕ ਬਿਸਰੈ ਨਾਉ ॥੧॥

ਪਦ ਅਰਥ : ਕਿਲਵਿਖ–ਪਾਪ। ਨੀਤ ਨੀਤ–ਨਿਤ-ਨਿਤ, ਸਦਾ ਹੀ।

ਅਰਥ :

ਪ੍ਰ: ਹੇ ਗੁਰੋ ! ਅਸੀਂ ਕਲਜੁਗੀ ਜੀਵ ਤਾਂ ਦਿਨੇ ਰਾਤ ਜੀਵਨ ਭਰ ਹੀ ਪਾਪ ਕਰਮ ਕਰਦੇ ਰਹਿੰਦੇ ਹਾਂ, ਕੀ ਕੋਈ ਐਸਾ ਸਾਧਨ ਹੈ ਜਿਸ ਦੀ ਬਰਕਤ ਨਾਲ ਸਾਡੇ ਇਹ ਸਾਰੇ ਹੀ ਪਾਪ ਲਹਿ ਸਕਣ ?

ਉ: ੧. (ਹਾਂ ਹੈ) ਹੇ ਭਾਈਓ ! ਜੇ ਉਸ ਪਰਮੇਸ਼ਰ ਦੇ ਸਦਾ-ਸਦਾ ਹੀ ਗੁਣ ਗਾਉਂਦੇ ਰਹੀਏ ਤਾਂ ਸਾਰੇ ਹੀ ਪਾਪ ਕਰਮ ਦੂਰ ਹੋ ਜਾਂਦੇ ਹਨ।

੨. (ਪਰ ਹਾਂ) ਯਾਦ ਰਹੇ ਜੇਕਰ ਪਰਮੇਸ਼ਰ ਦਾ ਨਾਮ ਭੁੱਲ ਜਾਏ ਤਾਂ ਫਿਰ (ਇਕ ਦੋ ਨਹੀਂ) ਸਗੋਂ ਕਰੋੜਾਂ ਹੀ ਦੁੱਖ ਕਲੇਸ਼ ਆ ਲੱਗਦੇ ਹਨ।

ਮਃ ੫ ॥

੧. ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
੨. ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ ॥੨॥

ਪਦ ਅਰਥ : ਭੇਟਿਐ–ਜੋ ਗੁਰੂ ਮਿਲ ਜਾਏ। ਜੁਗਤਿ–ਜੀਉਣ ਦੀ ਜਾਚ, ਜ਼ਿੰਦਗੀ ਗੁਜ਼ਾਰਨ ਦਾ ਤਰੀਕਾ। ਪੂਰੀ–ਮੁਕੰਮਲ, ਜਿਸ ਵਿਚ ਕੋਈ ਉਕਾਈ ਨਾ ਰਹਿ ਜਾਏ। ਵਿਚੇ–ਮਾਇਆ ਵਿਚ ਵਰਤਦਿਆਂ ਹੀ।

ਅਰਥ :

ਪ੍ਰ: ਹੇ ਗੁਰੋ ! ਜੀਵਨ ਤਾਂ ਹਰ ਜੀਵ ਦਾ ਹੀ ਗੁਜ਼ਰ ਰਿਹਾ ਹੈ, ਪਰ ਇਸ ਜੀਵਨ ਵਿਚ ਸਾਈਂ ਜੀ ਨੂੰ ਮਿਲਣ ਦੀ ਜੁਗਤੀ ਹਰ ਇਕ ਮਨੁੱਖ ਨੂੰ ਕਿਉਂ ਨਹੀਂ ਆ ਜਾਂਦੀ ? ਕੋਈ ਤਰੀਕਾ ਆਪ ਹੀ ਦੱਸ ਦਿਓ।

ਉ: ੧. ਹੇ ਪਿਆਰਿਓ ! ਜੇ ਕਿਸੇ ਮਨੁੱਖ ਨੂੰ ਸਤਿਗੁਰੂ ਜੀ ਦਾ ਮਿਲਾਪ ਹੋ ਜਾਏ ਤਾਂ ਉਸ ਨੂੰ ਜੀਉਣ ਦੀ ਸਹੀ-ਸਹੀ ਜਾਚ ਆ ਜਾਂਦੀ ਹੈ, ਭਾਵ ਉਸ ਨੂੰ ਵਾਹਿਗੁਰੂ ਜੀ ਦੇ ਮਿਲਣ ਦਾ ਠੀਕ ਢੰਗ ਆ ਜਾਂਦਾ ਹੈ।

ਪ੍ਰ: (ਕਿਉਂ ਜੀ) ਉਹ ਕਿਹੜਾ ਢੰਗ ਹੈ, ਇਹ ਵੀ ਦੱਸ ਦਿਓ ?

ਉ: ੨. ਹੇ ਭਾਈਓ ! ਉਸ ਨੂੰ ਐਸਾ ਸੁਖੈਨ ਤਰੀਕਾ ਲੱਭ ਪੈਂਦਾ ਹੈ ਕਿ ਉਹ ਹੱਸਦਿਆਂ, ਖੇਡਦਿਆਂ, ਖਾਂਦਿਆਂ, ਪਹਿਨਦਿਆਂ, ਭਾਵ ਹੈ ਕਿ ਦੁਨੀਆਂ ਦੇ ਸਾਰੇ ਕੰਮ ਕਾਰ ਕਰਦਿਆਂ ਮਾਇਆ ਵਿਚ ਵਰਤਦਿਆਂ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

ਪਉੜੀ ॥

੧. ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
੨. ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
੩. ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥
੪. ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥
੫. ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥
੬. ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
੭. ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
੮. ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥

ਪਦ ਅਰਥ : ਭਰਮ ਗੜੁ—ਭਰਮ ਦਾ ਕਿਲ੍ਹਾ (ਜੋ ਭਰਮ ਕੱਢਣਾ ਕਠਨ ਹੈ)। ਜਿਨਿ—ਜਿਸ ਗੁਰੂ ਨੇ। ਧਨੁ ਧੰਨੁ—ਵਾਹੁ ਵਾਹੁ, ਸੋਹਣਾ। ਦੇਇ—ਦੇਂਦਾ ਹੈ। ਤਿਨੈ—ਤਿਨ ਹੀ, ਉਸ ਗੁਰੂ ਨੇ ਹੀ। ਜਿਤਾ—ਜਿੱਤ ਲਿਆ। ਬਿਕਰਾਲ—ਭਿਆਨਕ, ਡਰਾਉਣਾ। ਬਿਦਾਰੂਓ—ਬਿਦਾਰ ਦਿੱਤਾ, ਨਸ਼ਟ ਕਰ ਦਿੱਤਾ। ਆਪੁ—ਆਪਣੇ ਆਪ ਨੂੰ। ਮਹਿਮਾ—ਵਡਿਆਈ। ਸਮਰਥ—ਤਾਕਤ ਵਾਲਾ। ਅਪਰੰਪਰ—ਜਿਸ ਦਾ ਪਾਰਲਾ ਬੰਨਾ ਨਾ ਦਿੱਸੇ। ਅਲਖ—ਜੋ ਸਮਝ ਵਿਚ ਨਾ ਆ ਸਕੇ। ਜਿਸ ਦਾ ਭੇਦ ਨਾ ਲੱਭੇ, ਜਿਸ ਦਾ ਅੰਤ ਨਾ ਲੈ ਸਕੀਏ, ਕੀਮਤ ਨਾ ਪਾ ਸਕੀਏ।

ਅਰਥ :

ਪ੍ਰ: ਹਜ਼ੂਰ ! ਜਗਤ ਵਿਚ ਬਹੁਤ ਐਸੇ ਲੋਕ ਹਨ ਜੋ ਆਪਣੇ ਆਪ ਨੂੰ ਸਤਿਗੁਰੂ ਅਖਵਾਣ ਦੇ ਦਾਅਵੇਦਾਰ ਮੰਨਦੇ ਹਨ, ਪਰ ਆਪ ਜੀ ਸਤਿਗੁਰੂ ਕਿਸ ਨੂੰ ਮੰਨਦੇ ਹੋ ?

ਉ: ੧. ਹੇ ਮਿੱਤਰੋ ! ਅਸੀਂ ਤਾਂ ਇਹੋ ਹੀ ਕਹਾਂਗੇ ਕਿ ਉਹ ਸਤਿਗੁਰੂ ਧੰਨ ਹੈ, ਧੰਨ ਹੈ, ਜਿਸ ਨੇ (ਅਸਾਡਾ) ਭਰਮ ਦਾ ਕਿਲ੍ਹਾ ਤੋੜ ਦਿੱਤਾ ਹੈ।

੨. ਹੇ ਭਾਈ ! ਉਹ ਸਤਿਗੁਰੂ ਵਾਹੁ ਵਾਹੁ ਹੈ, ਭਾਵ ਅਸਚਰਜ ਵਡਿਆਈ ਵਾਲਾ ਹੈ, ਜਿਸ ਨੇ (ਸਾਨੂੰ) ਰੱਬ ਨਾਲ ਜੋੜ ਦਿੱਤਾ ਹੈ।

ਪ੍ਰ: (ਕਿਉਂ ਜੀ) ਤੁਹਾਨੂੰ ਹਰੀ ਨਾਲ ਗੁਰੂ ਨੇ ਜੋੜਿਆ ਕਿਵੇਂ ?

ਉ: ੩. ਹੇ ਭਾਈ ! ਗੁਰੂ ਭਰਮ ਦਾ ਕਿਲ੍ਹਾ ਤੋੜਨ ਤੇ ਹਰੀ ਨਾਲ ਮੇਲਣ ਦਾ ਦਾਰੂ 'ਨਾਮ' ਦੇਂਦਾ ਹੈ, ਉਹ ਨਾਮ ਇਕ ਅਖੁੱਟ ਖ਼ਜ਼ਾਨਾ ਹੈ।

੪. ਉਸ ਨਾਮ ਨੇ ਅਸਾਡੇ ਅੰਦਰੋਂ (ਹਉਮੈ ਰੂਪੀ) ਬੜਾ ਭਿਆਨਕ ਰੋਗ ਨਸ਼ਟ ਕਰ ਦਿੱਤਾ ਹੈ।

੫. ਹੇ ਪਿਆਰੇ ! ਜਿਸ ਮਨੁੱਖ ਨੇ ਗੁਰੂ ਪਾਸੋਂ, ਪ੍ਰਭੂ ਦਾ ਨਾਮ ਰੂਪੀ ਵੱਡਾ ਖ਼ਜ਼ਾਨਾ ਹਾਸਲ ਕਰ ਲਿਆ ਹੈ।

੬. ਉਸ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ, ਇਸ ਤਰ੍ਹਾਂ ਉਸ ਦਾ ਜਨਮ ਸਫਲ ਹੋ ਗਿਆ ਹੈ। ਉਸ ਨੇ ਇਸ ਮਨੁੱਖਾ ਜਨਮ ਦੀ ਅਪਾਰ ਬਾਜ਼ੀ ਜਿੱਤ ਲਈ ਹੈ।

ਪ੍ਰ: ਹਜ਼ੂਰ ! ਜਿਸ ਗੁਰੂ ਪਾਸੋਂ ਆਪ ਜੀ ਨੂੰ ਉਪ੍ਰੋਕਤ ਦਾਤ ਪ੍ਰਾਪਤ ਹੋਈ ਹੈ, ਉਸ ਦੀ ਮਹਿਮਾ ਤਾਂ ਕੁਝ ਬਿਆਨ ਕਰੋ ?

ਉ: ੭. ਹੇ ਭਾਈ ! ਉਸ ਸਮਰੱਥ ਸਤਿਆ ਵਾਲੇ ਗੁਰੂ ਦੀ ਮਹਿਮਾ ਬਿਆਨੀ ਨਹੀਂ ਜਾ ਸਕਦੀ।

ਪ੍ਰ: ਕਿਉਂ ਜੀ ! ਉਸ ਦੀ ਮਹਿਮਾ ਨਾ ਬਿਆਨੀ ਜਾਣ ਦਾ ਅਸਲ ਕਾਰਨ ਕੀ ਹੈ ?

ਉ: ੮. ਹੇ ਮਿੱਤਰੋ ! ਅਸਲ ਕਾਰਣ ਹੈ ਕਿ ਉਹ ਸਤਿਗੁਰੂ ਉਸ ਪਰਮੇਸ਼ਰ ਪਾਰਬ੍ਰਹਮ ਦਾ ਰੂਪ ਹੈ, ਜੋ ਕਿ ਬੇਅੰਤ ਹੈ, ਅਲੱਖ ਹੈ ਤੇ ਅਭੇਵ ਹੈ।੧੬।

ਭਾਵਾਰਥ : ਉਸ ਪ੍ਰਭੂ ਦਾ ਨਾਮ ਪਾਪ ਨਾਸ਼ਕ ਹੈ, ਨਾਮ ਨੂੰ ਵਿਸਾਰਨ ਵਾਲੇ ਮਨੁੱਖਾਂ ਨੂੰ ਕਈ ਤਰ੍ਹਾਂ ਦੇ ਦੁੱਖ ਆ ਘੇਰਦੇ ਹਨ। ਸਤਿਗੁਰੂ ਦੇ ਮਿਲਾਪ ਨਾਲ ਮਨੁੱਖ ਨੂੰ ਜੀਵਨ ਦੀ ਸਹੀ ਜਾਚ ਆ ਜਾਂਦੀ ਹੈ, ਜਿਸ ਦਾ ਸਦਕਾ ਮਨੁੱਖ ਮਾਇਆ ਦੇ ਬੰਧਨਾਂ ਤੋਂ ਅਜ਼ਾਦ ਹੋ ਜਾਂਦਾ ਹੈ।

ਉਹ ਸਤਿਗੁਰੂ ਧੰਨਤਾ ਜੋਗ ਹੈ, ਜਿਸ ਦੀ ਕਿਰਪਾ ਦਾ ਸਦਕਾ ਭਰਮ ਭਟਕਣਾ ਮਿਟ ਜਾਂਦੀ ਹੈ, ਉਹ ਗੁਰੂ ਪਾਰਬ੍ਰਹਮ ਪਰਮੇਸ਼ਰ ਦਾ ਸਰੂਪ ਹੀ ਹਨ।

ਸਲੋਕੁ ਮ: ੫ ॥

੧. ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
੨. ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥

ਅਰਥ :

ਪ੍ਰ: ਹੇ ਗੁਰੋ ! ਹਰੀ ਯਾਦ ਵਿਚ ਜੁੜਿਆਂ ਮੈਨੂੰ ਕੀ ਫਲ ਪ੍ਰਾਪਤ ਹੋਵੇਗਾ ?

ਉ: ੧. ਐ ਜੀਵ ! ਹਰੀ ਸਿਮਰਨ ਦਾ ਉੱਦਮ ਕਰਨ ਨਾਲ ਤੈਨੂੰ ਆਤਮਕ ਜੀਵਨ ਮਿਲਦਾ ਹੈ ਤੇ ਨਾਮ ਸਿਮਰਨ ਦੀ ਕਮਾਈ ਕੀਤਿਆਂ ਤੂੰ ਸੁੱਖ ਪਾਏਂਗਾ।

੨. ਹਰੀ ਨਾਮ ਨੂੰ ਧਿਆਉਣ ਨਾਲ ਤੂੰ ਕਰਤਾਰ ਨੂੰ ਮਿਲ

ਜਾਏਂਗਾ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਇਸ ਤਰ੍ਹਾਂ ਤੇਰੀ ਚਿੰਤਾ ਭੀ ਦੂਰ ਹੋ ਜਾਏਗੀ।੧।

ਮ: ੫ ॥

੧. ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥
੨. ਨਾਨਕ ਨਾਮੁ ਨ ਵਿਸਰਉ ਇਕ ਘੜੀ
ਕਰਿ ਕਿਰਪਾ ਭਗਵੰਤ ॥੨॥

ਪਦ ਅਰਥ : ਸੁਭ—ਭਲੀ। ਚਿੰਤਨ—ਸੋਚ। ਰਮਣ—ਸਿਮਰਣ। ਨਿਰਮਲੁ—ਪਵਿੱਤ੍ਰ। ਨ ਵਿਸਰਉ—ਨਾ ਭੁਲਾਵਾਂ।

ਅਰਥ :

ਪ੍ਰ: ਹੇ ਗੁਰੋ! ਜਦ ਕਦੀ ਤੁਸੀਂ ਕਰਤਾਰ ਤੋਂ ਕੋਈ ਮੰਗ ਮੰਗਦੇ ਹੋ ਤਾਂ ਆਪ ਜੀ ਦੀ ਉਹ ਕੀ ਮੰਗ ਹੋਇਆ ਕਰਦੀ ਹੈ?

ਉ: ੧. ਹੇ ਭਾਈਓ! ਮੈਂ ਤਾਂ ਜਦੋਂ ਵੀ ਸਾਈਂ ਜੀ ਤੋਂ ਕਦੀ ਜਾਚਨਾ ਕਰਾਂ, ਤਾਂ ਗੁਰਮਤਿ ਅਨੁਸਾਰ ਇਹ ਚਾਰ ਦਾਤਾਂ ਮੰਗਦਾ ਹਾਂ ਕਿ ਹੇ ਭਗਵਾਨ! ਮੇਰੇ 'ਤੇ ਕਿਰਪਾ ਕਰ, ਮੈਨੂੰ ੧. ਗੋਬਿੰਦ ਦਾ ਸ਼ੁਭ ਚਿੰਤਨ ਕਰਨਾ, ਭਾਵ ਹਿਰਦੇ ਵਿਚ ਧਿਆਨ ਧਰਨਾ। ੨. ਤੇ ਗੋਬਿੰਦ ਦਾ ਹੀ ਰਮਣ ਕਰਨਾ, ਭਾਵ ਬਾਣੀ ਕਰ ਕੇ ਉਸ ਦੇ ਗੁਣਾਂ ਦਾ ਉਚਾਰਨ ਕਰਦੇ ਰਹਿਣਾ। ੩. ਤੇ ਸਾਧੂਆਂ ਦਾ ਪਵਿੱਤਰ ਸੰਗ ਕਰਨਾ, ਭਾਵ ਸਰੀਰ ਕਰ ਕੇ ਸਤਿਸੰਗ ਵਿਚ ਜਾਣਾ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ! ੪. ਮੰਗ ਹੈ ਕਿ ਮੈਂ ਇਕ ਘੜੀ ਭਰ ਵੀ ਤੇਰਾ ਨਾਮ ਨ ਭੁਲਾਵਾਂ।

ਪਉੜੀ ॥

੧. ਤੇਰਾ ਕੀਤਾ ਹੋਇ ਤ ਕਾਹੇ ਡਰਪੀਐ ॥
੨. ਜਿਸੁ ਮਿਲਿ ਜਪੀਐ ਨਾਉ ਤਿਸੁ ਜੀਉ ਅਰਪੀਐ ॥
੩. ਆਇਐ ਚਿਤਿ ਨਿਹਾਲੁ ਸਾਹਿਬ ਬੇਸੁਮਾਰ ॥
੪. ਤਿਸ ਨੋ ਪੋਹੇ ਕਵਣੁ ਜਿਸੁ ਵਲਿ ਨਿਰੰਕਾਰ ॥
੫. ਸਭੁ ਕਿਛੁ ਤਿਸ ਕੈ ਵਸਿ ਨ ਕੋਈ ਬਾਹਰਾ ॥
੬. ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ ॥
੭. ਤੇਰੇ ਦਾਸ ਧਿਆਇਨਿ ਤੁਧੁ ਤੂੰ ਰਖਣ ਵਾਲਿਆ ॥
੮. ਸਿਰਿ ਸਭਨਾ ਸਮਰਥੁ ਨਦਰਿ ਨਿਹਾਲਿਆ ॥੧੭॥

ਪਦ ਅਰਥ : ਹੋਇ—ਹੁੰਦਾ ਹੈ, ਵਾਪਰਦਾ ਹੈ। ਕਾਹੇ—ਕਿਉਂ? ਤਿਸੁ—ਉਸ ਨੂੰ। ਅਰਪੀਐ—ਭੇਟ ਕਰ ਦੇਈਏ। ਆਇਐ ਚਿਤਿ—ਜੇ ਚਿਤ ਵਿਚ ਆ ਜਾਏਂ। ਬੇਸੁਮਾਰ—ਬੇਅੰਤ, ਅਨਗਿਣਤ। ਪੋਹੇ—ਛੋਹੇ, ਲਗੇ, ਅਸਰ ਕਰੇ, ਦਬਾ ਪਾਏ। ਬਾਹਰਾ—ਬਾਹਰ, ਆਕੀ। ਵੁਠਾ—ਵੱਸਿਆ। ਸਚਿ—ਸੱਚ ਦੀ ਰਾਹੀਂ। ਸਮਾਹਰਾ—ਸਮਾਇਆ ਹੋਇਆ। ਨਿਹਾਲਿਆ—ਨਿਹਾਲ ਕਰਨ ਵਾਲਾ।

ਅਰਥ :

ਪ੍ਰ: ਹੇ ਗੁਰੋ! ਅਸੀਂ ਕਲਜੁਗੀ ਜੀਵਾਂ ਦੇ ਜੀਵਨ ਵਿਚ ਅਨੇਕਾਂ ਔਕੜਾਂ ਆਉਂਦੀਆਂ ਹਨ, ਜਿਨ੍ਹਾਂ ਨੂੰ ਤੱਕ ਸਾਡੇ ਮਨ ਡਾਂਵਾਂਡੋਲ ਹੋ ਜਾਂਦੇ ਹਨ, ਇਸ ਡੁਲਾਵੇ ਤੋਂ ਬਚਣ ਲਈ ਕੀ ਉਪਾਉ ਕਰਦੇ ਰਹਿਣਾ ਚਾਹੀਦਾ ਹੈ?

ਉ: ੧. ਹੇ ਭਾਈਓ! ਮਨ ਵਿਚ ਵਿਸ਼ਵਾਸ ਰੱਖ ਕੇ ਉਸ ਸਾਈਂ ਜੀ ਦੇ ਅੱਗੇ ਇਉਂ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਸਾਈਂ ਜੀ! ਜੋ ਕੁਝ ਵਰਤਦਾ ਹੈ, ਇਹ ਸਭੋ ਕੁਝ ਜੇ ਤੇਰਾ ਹੀ ਕੀਤਾ ਹੁੰਦਾ ਹੈ ਤਾਂ ਅਸੀਂ ਕਿਸੇ ਤੋਂ ਕਿਉਂ ਡਰੀਏ?

ਪ੍ਰ: ਕਿਉਂ ਜੀ! ਫਿਰ ਕਰੀਏ ਕੀ?

ਉ: ੨. ਹੇ ਪਿਆਰੇ! ਜਿਸ ਨੂੰ ਮਿਲ ਕੇ (ਉਸ) ਪ੍ਰਭੂ ਦਾ ਨਾਮ ਜਪਿਆ ਜਾਏ, ਉਸੇ ਅੱਗੇ ਆਪਣਾ ਆਪ ਭੇਟਾ ਕਰ ਦੇਣਾ ਚਾਹੀਦਾ ਹੈ।

੩. (ਕਿਉਂਕਿ) ਜੇ ਕਰ ਉਹ ਬੇਅੰਤ ਸਾਹਿਬ ਚਿੱਤ ਵਿਚ ਆ ਵਸੇ ਤਾਂ ਨਿਹਾਲ ਹੋ ਜਾਈਦਾ ਹੈ।

੪. ਬੱਸ! ਜਿਸ ਦੇ ਪੱਖ ਵਿਚ ਉਹ ਨਿਰੰਕਾਰ ਹੋ ਜਾਏ (ਦੱਸੋ) ਉਸ ਨੂੰ ਫਿਰ ਕੌਣ ਛੂਹ ਸਕਦਾ ਹੈ। ਭਾਵ ਉਸ 'ਤੇ ਕੋਈ ਵੀ ਦਬਾ ਨਹੀਂ ਪਾ ਸਕਦਾ।

੫. (ਕਿਉਂਕਿ) ਹਰ ਇਕ ਚੀਜ਼ ਉਸੇ ਪਰਮੇਸ਼ਰ ਦੇ ਵੱਸ ਵਿਚ ਹੈ, (ਇਸ ਲਈ) ਉਸ ਦੇ ਹੁਕਮ ਤੋਂ ਬਾਹਰਾ ਕੋਈ ਵੀ ਨਹੀਂ ਹੁੰਦਾ।

੬. ਸੋ, ਉਹ ਪ੍ਰਭੂ ਭਗਤਾਂ ਦੇ ਮਨ ਵਿਚ ਵਸਦਾ ਹੈ ਤੇ ਸਿਮਰਨ ਦੀ ਬਰਕਤ ਨਾਲ ਉਹ ਉਨ੍ਹਾਂ ਦੇ ਅੰਦਰ ਸਮਾ ਜਾਂਦਾ ਹੈ।

੭. ਹੇ ਪ੍ਰਭੂ! ਉਹ ਤੇਰੇ ਭਗਤ ਵੀ ਸਦਾ ਤੈਨੂੰ ਹੀ ਧਿਆਉਂਦੇ ਰਹਿੰਦੇ ਹਨ ਅਤੇ ਤੂੰ ਉਨ੍ਹਾਂ ਦੀ ਹਰ ਸਮੇਂ ਰੱਖਿਆ ਕਰਦਾ ਹੈਂ।

੮. ਹੇ ਨਦਰ ਨਾਲ ਨਿਹਾਲ ਕਰਨ ਵਾਲੇ ਸਾਈਂ ਜੀ! ਤੂੰ ਸਭਨਾਂ ਦੇ ਸਿਰ ਉੱਤੇ ਸਮਰੱਥ ਮਾਲਕ ਸਦਾ ਹੀ ਖੜਾ ਹੈਂ।੧੭।

ਭਾਵਾਰਥ : ਸਲੋਕ ਵਿਚ ਨਾਮ ਸਿਮਰਨ ਕਰਨ ਦੀ ਪ੍ਰੇਰਣਾ ਕੀਤੀ ਗਈ ਹੈ, ਜਿਸ ਦੀ ਬਰਕਤ ਨਾਲ ਮਨੁੱਖਾਂ ਨੂੰ ਅਚਿੰਤ ਪਦਵੀ ਹਾਸਲ ਹੁੰਦੀ ਹੈ। ਸਾਈਂ ਜੀ ਤੋਂ ਉਸੇ ਦਾ ਚਿੰਤਨ ਕਰਦੇ ਰਹਿਣ ਦੀ ਮੰਗ ਮੰਗੀ ਹੈ। ਜਦ ਹਰ ਪ੍ਰਕਾਰ ਦੀ ਕਿਰਿਆ ਉਸੇ ਨਿਰੰਕਾਰ ਦੀ ਪ੍ਰੇਰਣਾ ਵਿਚ ਹੋ ਰਹੀ ਹੈ, ਤਾਂ ਫਿਰ ਹਰ ਪ੍ਰਾਣੀ ਮਾਤ੍ਰ ਨੂੰ ਕਿਸੇ ਤੋਂ ਕਿਸੇ ਪ੍ਰਕਾਰ ਦਾ ਭੈ ਡਰ ਕਿਉਂ ਕਰਨਾ ਹੈ।

ਸਲੋਕ ਮ: ੫ ॥

੧. ਕਾਮ ਕ੍ਰੋਧ ਮਦ ਲੋਭ ਮੋਹ
ਦੁਸਟ ਬਾਸਨਾ ਨਿਵਾਰਿ ॥
੨. ਰਾਖਿ ਲੇਹੁ ਪ੍ਰਭ ਆਪਣੇ
ਨਾਨਕ ਸਦ ਬਲਿਹਾਰਿ ॥੧॥

ਪਦ ਅਰਥ : ਮਦ—ਨਸ਼ਾ, ਭਾਵ ਹੈ ਹੰਕਾਰ ਦਾ ਨਸ਼ਾ, ਮਸਤੀ, ਜੋ ਹੰਕਾਰ ਮਦ ਵਾਂਙੂ ਹੈ। ਦੁਸਟ ਵਾਸਨਾ—ਖੋਟੀਆਂ ਵਾਸ਼ਨਾਵਾਂ, ਮਾੜੇ ਤੇ ਮੰਦੇ ਖ਼ਿਆਲ। ਨਿਵਾਰਿ—ਦੂਰ ਕਰ।

ਅਰਥ :

ਪ੍ਰ: ਹੇ ਗੁਰੋ! ਮੈਂ ਮਲੀਨ ਬੁਧੀ ਵਾਲੇ ਨੂੰ ਤਾਂ ਅਰਦਾਸ ਕਰਨ ਦੀ ਭੀ ਜਾਚ ਨਹੀਂ, ਕੋਈ ਸੁਖੈਨ ਢੰਗ ਦੱਸੋ ਕਿ ਮੈਂ ਸਾਈਂ ਜੀ ਅੱਗੇ ਕਿਵੇਂ ਜੋਦੜੀ ਕਰਦਾ ਰਵਾਂ ?

ਉ: ੧. ਹੇ ਪਿਆਰੇ! ਇਉਂ ਅਰਦਾਸ ਕਰਿਆ ਕਰ ਕਿ ਹੇ ਪ੍ਰਭੂ! ਮੈਨੂੰ ਬਚਾ ਲਓ। ਕਾਮ, ਕ੍ਰੋਧ, ਹੰਕਾਰ, ਲੋਭ, ਮੋਹ ਤੋਂ (ਤੇ) ਭੈੜੀਆਂ ਵਾਸ਼ਨਾਵਾਂ ਨੂੰ (ਭੀ) ਦੂਰ ਕਰ ਦਿਓ।

੨. ਹੇ ਮੇਰੇ ਆਪਣੇ ਪ੍ਰਭੂ! (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਆਪ ਜੀ ਤੋਂ ਸਦਾ ਸਦਕੇ ਹੁੰਦਾ ਹਾਂ, ਮੇਰੀ ਇਨ੍ਹਾਂ ਉਪ੍ਰੋਕਤ ਵਿਕਾਰਾਂ ਤੋਂ ਰੱਖਿਆ ਕਰੋ।੧।

ਮ: ੫ ॥

੧. ਖਾਂਦਿਆ ਖਾਂਦਿਆ ਮੁਹੁ ਘਠਾ
ਪੈਨੰਦਿਆ ਸਭੁ ਅੰਗੁ ॥

੨. ਨਾਨਕ ਧ੍ਰਿਗੁ ਤਿਨਾ ਦਾ ਜੀਵਿਆ
ਜਿਨ ਸਚਿ ਨ ਲਗੋ ਰੰਗੁ ॥੨॥

ਪਦ ਅਰਥ : ਘਠਾ—ਘਸ ਜਾਂਦਾ ਹੈ, ਘਸ ਗਿਆ। ਸਭੁ ਅੰਗੁ—ਸਾਰਾ ਸਰੀਰ। ਧ੍ਰਿਗੁ—ਫਿਟਕਾਰ ਜੋਗ। ਸਚਿ—ਸੱਚ ਵਿਚ। ਰੰਗੁ—ਪਿਆਰ।

ਅਰਥ :

ਪ੍ਰ: ਹੇ ਗੁਰੋ! ਬਹੁਤ ਲੋਕ ਐਸੇ ਹਨ, ਜਿਨ੍ਹਾਂ ਨੂੰ ਸਾਰੇ ਜੀਵਨ ਭਰ ਵਿਚ ਉਨ੍ਹਾਂ ਦੇ ਅੰਦਰ ਉਸ ਪਰਮੇਸ਼ਰ ਦਾ ਪਿਆਰ ਹੀ ਨਹੀਂ ਜਾਗਦਾ, ਉਨ੍ਹਾਂ ਬਾਰੇ ਆਪ ਕੀ ਸੋਚ ਵੀਚਾਰ ਕਰਦੇ ਹੋ ?

ਉ: ੧. ਹੇ ਭਾਈਓ! ਜਿਨ੍ਹਾਂ ਲੋਕਾਂ ਦਾ ਚੰਗੇ-ਚੰਗੇ ਪਦਾਰਥ ਖਾਂਦਿਆਂ-ਖਾਂਦਿਆਂ ਮੂੰਹ ਘਸ ਗਿਆ ਹੈ ਤੇ ਸੋਹਣੇ-ਸੋਹਣੇ ਬਸਤ੍ਰ ਪਹਿਨਦਿਆਂ ਸਾਰੇ ਅੰਗ ਘਸ ਜਾਂਦੇ ਹਨ, ਸਾਰਾ ਸਰੀਰ ਲਿਸਾ ਹੋ ਗਿਆ, (ਭਾਵ ਹੈ ਜਿਨ੍ਹਾਂ ਲੋਕਾਂ ਦੀ ਖਾਣ ਤੇ ਪਹਿਰਨ ਦੇ ਅਹਾਰਾਂ ਵਿਚ ਲਗਿਆਂ ਹੀ ਜਵਾਨੀ ਗੁਜ਼ਰ ਗਈ ਤੇ ਬੁਢੇਪਾ ਆ ਗਿਆ)।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੱਜਨੋ! ਅਜੇ ਭੀ, ਇਸ ਦਸ਼ਾ ਵਿਚ ਪੁੱਜ ਕੇ ਜਿਨ੍ਹਾਂ ਮਨੁੱਖਾਂ ਦੇ ਅੰਦਰ ਸੱਚੇ ਮਾਲਕ ਦਾ ਪ੍ਰੇਮ ਨਹੀਂ ਲੱਗਦਾ, ਉਨ੍ਹਾਂ ਦਾ ਤਾਂ ਜੀਉਣਾ ਹੀ ਫਿਟਕਾਰ ਜੋਗ ਹੈ।੨।

ਪਉੜੀ ॥

੧. ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥
੨. ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥
੩. ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥
੪. ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥
੫. ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥
੬. ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥
੭. ਜਿਨ੍ਹੀ ਪਛਾਤਾ ਹੁਕਮੁ ਤਿਨ੍ਹ ਕਦੇ ਨ ਰੋਵਣਾ ॥
੮. ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ ॥੧੮॥

ਪਦ ਅਰਥ : ਤਿਵੈ—ਉਸੇ ਤਰ੍ਹਾਂ। ਰੰਗਿ—ਪਿਆਰ ਵਿਚ। ਦੁਰਮਤਿ—ਭੈੜੀ ਮਤਿ। ਨਿਰੰਕਾਰ—ਹੇ ਨਿਰੰਕਾਰ। ਨ ਜੋਵਣਾ—ਜੋਏ ਨਹੀਂ ਜਾਂਦੇ, ਪਾਏ ਨਹੀਂ ਜਾਂਦੇ ਭਾਵ ਜੂਨਾਂ ਵਿਚ ਨਹੀਂ ਪਾਏ ਜਾਂਦੇ। ਨੈਣ—ਅੱਖਾਂ ਨਾਲ। ਅਲੋਵਣਾ—ਵੇਖਦੇ ਹਨ। ਨ ਰੋਵਣਾ—ਰੋਣਾ, ਪਛਤਾਵਾ।

ਅਰਥ :

ਪ੍ਰ: ਹੇ ਗੁਰੋ! ਜੋ ਮਨੁੱਖ ਉਸ ਪਿਆਰੇ ਦੇ ਪਿਆਰ ਰੰਗ ਵਿਚ ਰਤੇ ਹਰ ਸਮੇਂ ਸਾਈਂ ਜੀ ਦੀ ਯਾਦ ਵਿਚ ਸਮਾਂ ਗੁਜ਼ਾਰਦੇ ਹਨ, ਉਨ੍ਹਾਂ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ ?

ਉ: ੧. ਹੇ ਪਿਆਰੇ! ਉਹ ਹਰ ਸਮੇਂ ਉਸ ਸਾਈਂ ਜੀ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ ਤੇ ਹਰ ਵਕਤ ਇਉਂ ਹੀ ਕਹਿੰਦੇ ਰਹਿੰਦੇ ਹਨ ਕਿ ਹੇ ਨਿਰੰਕਾਰ! ਜਿਵੇਂ-ਜਿਵੇਂ ਤੇਰਾ ਹੁਕਮ ਹੋਵੇ ਜਗਤ ਵਿਚ ਉਸੇ ਤਰ੍ਹਾਂ ਦਾ ਹੀ ਵਰਤਾਰਾ ਵਰਤਦਾ ਹੈ।

੨. ਜਿਥੇ-ਜਿਥੇ ਜੀਵਾਂ ਨੂੰ ਤੂੰ ਆਪ ਰੱਖਦਾ ਹੈਂ, ਉਥੇ ਹੀ ਜੀਵ ਜਾ ਖਲੋਂਦੇ ਹਨ।

੩. ਜੋ ਜੀਵ ਤੇਰੇ ਨਾਮ ਦੇ ਪਿਆਰ ਵਿਚ ਰਹਿੰਦੇ ਹਨ, ਉਹ ਆਪਣੇ ਅੰਦਰੋਂ ਭੈੜੀ ਮਤਿ ਨੂੰ ਧੋ ਲੈਂਦੇ ਹਨ।

੪. ਹੇ ਕਰਤਾਰ! ਉਹ ਤੈਨੂੰ ਸਿਮਰ-ਸਿਮਰ ਕੇ ਆਪਣੇ ਅੰਦਰੋਂ ਭਟਕਣਾ ਤੇ ਡਰ ਦੂਰ ਕਰ ਲੈਂਦੇ ਹਨ।

੫. ਹੇ ਸਾਈਂ ਜੀ! ਜੋ ਮਨੁੱਖ ਤੇਰੇ ਪਿਆਰ ਰੰਗ ਵਿਚ ਰੰਗੇ ਜਾਂਦੇ ਹਨ, ਉਹ ਮੁੜ ਫੇਰ ਜੂਨੀਆਂ ਵਿਚ ਨਹੀਂ ਪਾਏ ਜਾਂਦੇ।

੬. ਹੇ ਮੇਰੇ ਸਾਈਂ ਜੀ! ਉਹ ਅੰਦਰ ਬਾਹਰ (ਹਰ ਥਾਂ) ਇਕ ਤੈਨੂੰ ਹੀ ਅੱਖਾਂ ਨਾਲ ਵੇਖਦੇ ਹਨ।

੭. ਹੇ ਪਿਆਰੇ ਪ੍ਰਭੂ! ਜਿਨ੍ਹਾਂ ਨੇ ਤੇਰੇ ਹੁਕਮ ਨੂੰ ਪਛਾਣ ਲਿਆ ਹੈ, ਉਹ ਕਦੇ ਵੀ ਰੋਂਦੇ ਨਹੀਂ ਭਾਵ ਕਦੇ ਪਛਤਾਉਂਦੇ ਨਹੀਂ (ਕਿਉਂਕਿ) ਉਹ ਵਿਸ਼ੇ ਵਿਕਾਰਾਂ ਵਿਚ ਖਚਤ ਨਹੀਂ ਹੁੰਦੇ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਹ ਤਾਂ ਸਗੋਂ ਪਰਮੇਸ਼ਰ ਦੇ ਨਾਮ ਰੂਪ ਬਖ਼ਸ਼ੀਸ਼ ਨੂੰ ਸਦਾ ਹੀ ਆਪਣੇ ਮਨ ਵਿਚ ਪਰੋਈ ਰੱਖਦੇ ਹਨ।੧੮।

ਭਾਵਾਰਥ : ਸਲੋਕ ਵਿਚ ਸਾਈਂ ਜੀ ਤੋਂ ਮੰਗ ਮੰਗੀ ਹੈ ਕਿ ਹੇ ਪ੍ਰਭੂ! ਮੈਨੂੰ ਕਾਮਾਦਿਕ ਵਿਕਾਰਾਂ ਤੋਂ ਬਚਾਈ ਰੱਖ।

ਜਿਨ੍ਹਾਂ ਲੋਕਾਂ ਦਾ ਸਾਰਾ ਜੀਵਨ ਹੀ ਖਾਂਦਿਆਂ ਪਹਿਨਦਿਆਂ ਬੀਤ ਗਿਆ, ਉਨ੍ਹਾਂ ਦੇ ਤਾਂ ਸਾਰੇ ਜੀਵਨ ਨੂੰ ਹੀ ਧ੍ਰਿਕਾਰ ਹੈ, ਕਿਉਂਕਿ ਉਨ੍ਹਾਂ ਨੇ ਕੂੜ ਦਾ ਤਿਆਗ ਕਰ ਕੇ ਸੱਚ ਨੂੰ ਪਿਆਰਿਆ ਹੀ ਨਹੀਂ।

ਸਾਈਂ ਜੀ ਦੇ ਪਿਆਰੇ ਹਰ ਵਕਤ ਹੀ ਉਸ ਰਾਜ਼ਕ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ, ਨਾਮ ਦਾ ਚਿੰਤਨ ਕਰ ਕੇ ਉਨ੍ਹਾਂ ਨੇ ਆਪਣੇ

ਅੰਦਰੋਂ ਭਟਕਣਾ ਮਿਟਾ ਲਈ, ਇਸੇ ਲਈ ਉਹ ਹੁਣ ਆਪਣੇ ਮਨ ਵਿਚ ਸਦੀਵੀ ਕਾਲ ਨਾਮ ਨੂੰ ਹੀ ਪਰੋਈ ਰੱਖਦੇ ਹਨ।

ਸਲੋਕ ਮਃ ੫ ॥

੧. ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ ॥
੨. ਨਾਨਕ ਦੁਨੀਆ ਸੰਗਿ ਗੁਦਾਰਿਆ
ਸਾਕਤ ਮੂੜ ਨਪਾਕ ॥੧॥

ਪਦ ਅਰਥ : ਸਾਕਤ—ਰੱਬ ਨਾਲੋਂ ਟੁੱਟਾ ਹੋਇਆ ਮਨੁੱਖ। ਮੂੜ—ਮੂਰਖ। ਨਾਪਾਕ—ਗੰਦਾ।

ਅਰਥ :

ਪ੍ਰ: ਹੇ ਗੁਰੋ! ਤੁਸੀਂ ਅਸਲ ਮੂਰਖ ਕਿਸ ਨੂੰ ਮੰਨਦੇ ਹੋ?

ਉ: ੧. ਹੇ ਪਿਆਰੇ! ਜੋ ਮਨੁੱਖ ਜਿਤਨਾ ਚਿਰ ਜੀਉਂਦਾ ਰਿਹਾ (ਉਤਨਾ ਚਿਰ ਉਸ ਨੇ) ਰੱਬ ਨੂੰ ਯਾਦ ਨ ਕੀਤਾ, (ਜਦੋਂ) ਮਰ ਗਿਆ ਤਾਂ ਮਿੱਟੀ ਵਿਚ ਰਲ ਗਿਆ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਸ ਐਸੇ ਪਵਿੱਤਰ ਮਾਇਆ ਦੇ ਪ੍ਰੇਮੀ ਨੇ ਦੁਨੀਆ ਸੰਗ ਵਿਚ ਹੀ ਲੱਗ ਕੇ ਆਪਣਾ ਜੀਵਨ ਅਜਾਈਂ ਗੁਵਾ ਲਿਆ।੧।

ਮਃ ੫ ॥

੧. ਜੀਵੰਦਿਆ ਹਰਿ ਚੇਤਿਆ ਮਰੰਦਿਆ ਹਰਿ ਰੰਗਿ ॥
੨. ਜਨਮੁ ਪਦਾਰਥੁ ਤਾਰਿਆ ਨਾਨਕ ਸਾਧੂ ਸੰਗਿ ॥੨॥

ਪਦ ਅਰਥ : ਰੰਗਿ—ਪਿਆਰ ਵਿਚ। ਪਦਾਰਥੁ—ਕੀਮਤੀ ਚੀਜ਼, ਅਮੋਲਕ ਹੈ।

ਅਰਥ :

ਪ੍ਰ: ਹੇ ਗੁਰੋ! ਆਪ ਉੱਚਾ ਜੀਵਨ ਕਿਸ ਦਾ ਮੰਨਦੇ ਹੋ?

ਉ: ੧. ਹੇ ਭਾਈਓ! ਜਿਸ ਨੇ ਜਿਉਂਦਿਆਂ (ਸਾਰੀ ਉਮਰ) ਪਰਮੇਸ਼ਰ ਨੂੰ ਚੇਤੇ ਰਖਿਆ ਅਤੇ ਮਰਨ ਸਮੇਂ ਵੀ ਉਹ ਪ੍ਰਭੂ ਦੇ ਪਿਆਰ ਰੰਗ ਵਿਚ ਰਿਹਾ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਉਸ ਨੇ ਇਹ ਮਨੁੱਖਾ ਜੀਵਨ ਰੂਪ ਅਮੋਲਕ ਚੀਜ਼ (ਸੰਸਾਰ ਸਮੁੰਦਰ ਵਿਚ ਰੁੜ੍ਹਨੋਂ) ਬਚਾ ਲਈ ਹੈ, ਪਰ ਇਹ ਪ੍ਰਾਪਤੀ ਸਾਧੂਆਂ ਦੇ ਸੰਗ ਵਿਚੋਂ ਹੀ ਹਾਸਲ ਹੋਈ ਹੈ।

ਪਉੜੀ ॥

੧. ਆਦਿ ਜੁਗਾਦੀ ਆਪਿ ਰਖਣ ਵਾਲਿਆ ॥
੨. ਸਚੁ ਨਾਮੁ ਕਰਤਾਰੁ ਸਚੁ ਪਸਾਰਿਆ ॥
੩. ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ ॥
੪. ਮਿਹਰਵਾਨ ਸਮਰਥ ਆਪੇ ਹੀ ਘਾਲਿਆ ॥
੫. ਜਿਨ੍ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ ॥
੬. ਆਪੇ ਰਚਨੁ ਰਚਾਇ ਆਪੇ ਹੀ ਪਾਲਿਆ ॥
੭. ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ ॥
੮. ਗੁਰ ਪੂਰੇ ਕੀ ਟੇਕ ਨਾਨਕ ਸੰਮ੍ਾਲਿਆ ॥੧੯॥

ਪਦ ਅਰਥ : ਆਦਿ—ਜਗਤ ਰਚਨਾ ਦੇ ਸ਼ੁਰੂ ਤੋਂ। ਜੁਗਾਦੀ—ਜੁੱਗਾਂ ਦੇ ਸ਼ੁਰੂ ਤੋਂ। ਆਦਿ ਜੁਗਾਦੀ—ਭਾਵ ਸਦਾ ਤੋਂ ਹੀ। ਪਸਾਰਿਆ—ਪਸਰ ਰਿਹਾ ਹੈ, ਮੌਜੂਦ ਹੈ। ਊਣਾ—ਘੱਟ, ਖ਼ਾਲੀ। ਸਾਰਿਆ—ਸੰਭਾਲ ਕਰਦਾ ਹੈ। ਘਾਲਿਆ—ਘਾਲ ਕਰਾਉਂਦਾ ਹੈ, ਸਿਮਰਨ ਦੀ ਘਾਲ ਕਮਾਈ ਕਰਾਂਦਾ ਹੈ। ਵੂਠਾ—ਆ ਵਸਿਆ। ਸੰਮ੍ਾਲਿਆ—ਯਾਦ ਕੀਤਾ ਹੈ।

ਅਰਥ :

ਪ੍ਰ: ਹੇ ਗੁਰੋ! ਜਦੋਂ ਉਸ ਪ੍ਰਭੂ ਦੀ ਸਿਫ਼ਤ ਕਰਨੀ ਹੋਵੇ ਤਾਂ ਕਿਵੇਂ ਕੀਤੀ ਜਾਏ?

ਉ: ੧. ਹੇ ਪਿਆਰੇ! ਇਉਂ ਸਦਾ ਹੀ ਉਸ ਦੀ ਬੇਅੰਤਤਾ ਕਹਿੰਦੇ ਰਹੋ ਕਿ ਹੇ ਪਰਮੇਸ਼ਰ! ਤੂੰ ਸਦਾ ਤੋਂ ਹੀ ਸਭ ਦੀ ਰੱਖਿਆ ਕਰਦਾ ਆਇਆ ਹੈਂ।

੨. ਹੇ ਪ੍ਰਭੂ! ਤੇਰਾ ਨਾਮ ਸੱਚਾ ਹੈ, ਤੂੰ ਸ੍ਰਿਸ਼ਟੀ ਦਾ ਕਰਤਾ ਹੈਂ ਅਤੇ ਹਰ ਥਾਂ ਮੌਜੂਦ ਹੈਂ।

੩. ਹੇ ਸਾਈਂ ਜੀ! ਕੋਈ ਵੀ ਥਾਂ ਤੈਥੋਂ ਖ਼ਾਲੀ ਨਹੀਂ। ਤੂੰ ਹਰੇਕ ਘਟ ਵਿਚ ਵਿਆਪਕ ਹੋ ਰਿਹਾ ਹੈਂ ਤੇ ਸਭ ਦੀ ਸੰਭਾਲ ਕਰਦਾ ਹੈਂ।

੪. ਤੂੰ ਸਮਰੱਥ ਹੈਂ, ਫਿਰ ਮਿਹਰਵਾਨ ਹੈਂ, ਤੂੰ ਆਪ ਹੀ ਜੀਵਾਂ ਪਾਸੋਂ ਸਿਮਰਨ ਕਰਨ ਦੀ ਘਾਲ ਕਮਾਈ ਕਰਵਾਂਦਾ ਹੈਂ।

੫. ਹੇ ਸਾਈਂ ਜੀ! ਜਿਨ੍ਹਾਂ ਦੇ ਮਨ ਵਿਚ ਤੂੰ ਆਪ ਵਸ ਜਾਂਦਾ ਹੈਂ, ਉਹ ਸਦਾ ਹੀ ਸੁਖਾਲੇ ਹੋ ਜਾਂਦੇ ਹਨ।

੬. ਹੇ ਪ੍ਰਭੂ! ਤੂੰ ਆਪ ਹੀ ਜਗਤ ਪੈਦਾ ਕੀਤਾ ਹੈ ਤੇ ਆਪ ਹੀ ਇਸ ਦੀ ਪਾਲਣਾ ਕਰ ਰਿਹਾ ਹੈਂ।

੭. ਹੇ ਬੇਅੰਤ! ਹੇ ਅਪਾਰ! (ਤੂੰ) ਸਭੋ ਕੁਝ ਆਪੇ ਆਪ ਹੈਂ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਿਸ ਮਨੁੱਖ ਨੇ ਪੂਰੇ ਗੁਰੂ ਦਾ ਆਸਰਾ ਲਿਆ ਹੈ, ਉਹੀ ਉਸ ਪ੍ਰਭੂ ਨੂੰ ਯਾਦ ਕਰਦਾ ਹੈ।੧੯।

ਭਾਵਾਰਥ : ਜਿਸ ਮਨੁੱਖ ਨੇ ਜੀਵਦਿਆਂ ਸਾਈਂ ਜੀ ਨੂੰ ਨਹੀਂ ਚੇਤੇ ਕੀਤਾ, ਮਰ ਕੇ ਮਿੱਟੀ ਵਿਚ ਰਲ ਗਿਆ, ਉਸ ਨੇ ਦੁਨੀਆ ਦੇ ਰੰਗ ਤਮਾਸ਼ਿਆਂ ਵਿਚ ਲੱਗ ਕੇ ਹੀ ਜਨਮ ਗੁਆ ਲਿਆ, ਉਹ ਇਸੇ ਲਈ ਮਾਇਆ ਦਾ ਪ੍ਰੇਮੀ ਮੂਰਖ ਹੈ।

ਜਿਨ੍ਹਾਂ ਨੇ ਜੀਵਨ ਭਰ ਵਾਹਿਗੁਰੂ ਜੀ ਨੂੰ ਸਿਮਰਿਆ ਹੈ, ਉਹ ਮਰਣ ਸਮੇਂ ਭੀ ਸਾਈਂ ਜੀ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ, ਜਿਸ ਕਰ ਕੇ ਉਸ ਨੇ ਆਪਣਾ ਇਹ ਮਨੁੱਖਾ ਜੀਵਨ ਸਫਲਾ ਕਰ ਲਿਆ।

ਉਹ ਪ੍ਰਭੂ ਆਦਿ ਜੁਗਾਦਿ ਤੋਂ ਜੀਵਾਂ ਦੀ ਪਾਲਣਾ ਕਰਦਾ ਆ ਰਿਹਾ ਹੈ। ਉਸ ਮਿਹਰਵਾਨ ਬੇਅੰਤ ਪ੍ਰਭੂ ਨੂੰ ਜੋ ਸਿਮਰਦੇ ਹਨ, ਉਹ ਆਪਣੇ ਜੀਵਨ ਵਿਚ ਸਦੀਵੀ ਕਾਲ ਸੁਖੀ ਰਹਿੰਦੇ ਹਨ।

ਸਲੋਕ ਮਃ ੫ ॥

੧. ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥
੨. ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥

੩. ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥
੪. ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥
੫. ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥
੬. ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥੧॥

ਪਦ ਅਰਥ : ਆਦਿ—ਸ਼ੁਰੂ ਵਿਚ। ਮਧਿ—ਵਿਚਕਾਰਲੇ ਸਮੇਂ। ਅੰਤਿ—ਅਖ਼ੀਰ ਵਿਚ ਪਹਿਲੇ ਸਮੇਂ ਸਤਜੁਗ ਵਿਚ, ਪਿਛਲੇ ਸਮੇਂ ਤਰੇਤਾ ਤੇ ਦੁਆਪਰ ਵਿਚ ਤੇ ਹੁਣ ਅੰਤਲੇ ਸਮੇਂ ਅਰਥਾਤ ਕਲਜੁਗ ਦੇ ਸਮੇਂ ਭਾਵ ਸਦਾ ਹੀ। ਪਰਮੇਸਰਿ—ਪਰਮੇਸ਼ਰ ਨੇ। ਸਤਿਗੁਰਿ—ਸਤਿਗੁਰ ਨੇ। ਰਵੈ—ਉਚਾਰੇ, ਯਾਦ ਕਰਦਾ ਹੈ। ਸਭਿ—ਸਾਰੇ। ਕਾਰਣੁ—ਸਬੱਬ, ਵਸੀਲਾ। ਤਰੈ—ਤਰ ਜਾਏ।

ਅਰਥ :

ਪ੍ਰ: ਹੇ ਗੁਰੋ! ਸੰਸਾਰ ਦੇ ਵਿਕਾਰ ਤਾਂ ਬੜੇ ਹੀ ਬਲਵਾਨ ਹੈਨ, ਪਰ ਇਨ੍ਹਾਂ ਵਲੋਂ ਭਗਤਾਂ ਦੀ ਕਿਵੇਂ ਰੱਖਿਆ ਹੋਈ ?

ਉ: ੧. ਹੇ ਪਿਆਰੇ! ਪਰਮੇਸ਼ਰ ਨੇ ਆਪਣੇ ਭਗਤਾਂ ਨੂੰ ਆਪ ਹੀ ਕਿਰਪਾ ਕਰ ਕੇ ਬਚਾਇਆ ਹੈ।

੨. ਹੇ ਭਾਈਓ! ਜਿਸ ਸੇਵਕ ਦੀ ਪ੍ਰਭੂ ਨੇ ਰੱਖਿਆ ਕੀਤੀ ਹੈ, ਉਸ ਨੂੰ ਸਤਿਗੁਰ ਨੇ ਪ੍ਰਭੂ ਦਾ ਨਾਮ ਦਿੱਤਾ ਹੈ, ਉਸੇ ਸੇਵਕ ਨੇ ਨਾਮ ਅੰਮ੍ਰਿਤ ਚਖਿਆ ਹੈ।

੩. ਉਸ ਨੂੰ ਅਮੋਲਕ ਸਤਿ ਸੰਗ ਮਿਲਿਆ ਹੈ ਜਿਥੇ ਹਰ ਵੇਲੇ ਉਹ ਸੇਵਕ ਹਰੀ ਦੇ ਗੁਣ ਚੇਤੇ ਕਰਦਾ ਹੈ।

੪. ਉਸ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਭਾਵ ਸਾਰੀਆਂ ਵਾਸ਼ਨਾਵਾਂ ਮਿਟ ਜਾਂਦੀਆਂ ਹਨ, ਉਹ ਫਿਰ ਜੂਨਾਂ ਵਿਚ ਨਹੀਂ ਭਟਕਦਾ।

੫. ਪਰ ਇਹ ਸਾਰੀ ਮਿਹਰ ਕਰਤਾਰ ਦੇ ਹੱਥ ਵਿਚ ਹੈ, ਜੋ ਉਹ ਚਾਹੇ ਕਾਰਣ ਕਰ ਦੇਵੇ।

ਪ੍ਰ: ਹਜ਼ੂਰ! ਆਖ਼ਰ ਤੁਹਾਡੀ ਮੰਗ ਕੀ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਮੈਂ ਤਾਂ ਇਹੋ ਦਾਨ ਮੰਗਦਾ ਹਾਂ ਕਿ ਮੈਨੂੰ ਸੰਤਾਂ ਦੀ ਧੂੜੀ ਮਿਲੇ, ਜਿਸ ਦੀ ਬਰਕਤ ਨਾਲ ਸੰਸਾਰ ਤੋਂ ਤਰ ਜਾਈਦਾ ਹੈ।੧।

ਮ: ੫ ॥

੧. ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥
੨. ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥
੩. ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥
੪. ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥
੫. ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥
੬. ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ ॥
੭. ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥
੮. ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥੨॥

ਪਦ ਅਰਥ : ਮਨਿ—ਮਨ ਵਿਚ। ਜਿਨਿ—ਜਿਸ ਪ੍ਰਭੂ ਨੇ। ਜਨਿ—ਜਨ ਨੇ। ਜਿਨਿ ਜਨਿ—ਜਿਸ ਮਨੁੱਖ ਨੇ। ਤਿਨਿ—ਉਸ ਮਨੁੱਖ ਨੇ। ਸਫਲੁ—ਫਲ ਸਹਿਤ, ਕਾਮਯਾਬ। ਖਸਮਿ—ਖਸਮ ਨੇ। ਜਿਸਹਿ—ਜਿਸ-ਜਿਸ ਨੂੰ। ਜਮਹਿ—ਜੰਮਦੇ ਹਨ।

ਅਰਥ :

ਪ੍ਰ: ਹੇ ਗੁਰੋ! ਮਨ ਹਰ ਵਕਤ ਕਲਪਣਾ ਵਿਚ ਪਿਆ ਦੁਖੀਆ ਰਹਿੰਦਾ ਹੈ। ਕੋਈ ਸਾਧਨ ਦੱਸੋ, ਜਿਸ ਕਰ ਕੇ ਮਨ ਦੀ ਭਟਕਣਾ ਮਿਟ ਜਾਏ।

ਉ: ੧. ਹੇ ਸੱਜਣਾ! (ਮਨ ਕਰ ਕੇ ਤੂੰ ਇਸ ਲਈ ਦੁਖੀਆ ਰਹਿੰਦਾ ਹੈਂ ਕਿ ਤੇਰੇ ਮਨ ਵਿਚ ਸੰਸਾਰ ਦੀਆ ਵਾਸ਼ਨਾਵਾਂ ਵਸਦੀਆਂ ਹਨ, ਇਸ ਲਈ ਜੇ ਤੂੰ ਸੁੱਖ ਚਾਹੁੰਦਾ ਹੈਂ ਤਾਂ ਤੂੰ) ਉਸ ਪ੍ਰਭੂ ਨੂੰ ਆਪਣੇ ਮਨ ਵਿਚ ਵਸਾ, ਜਿਸ ਨੇ ਕਿ ਤੈਨੂੰ ਪੈਦਾ ਕੀਤਾ ਹੈ।

੨. (ਕਿਉਂਕਿ) ਜਿਸ ਮਨੁੱਖ ਨੇ ਭੀ ਖ਼ਸਮ ਪ੍ਰਭੂ ਨੂੰ ਸਿਮਰਿਆ ਹੈ, ਸੁੱਖ ਉਸੇ ਨੇ ਪਾਇਆ ਹੈ।

੩. ਉਸ ਗੁਰਮੁਖ ਦਾ ਜਗਤ ਵਿਚ ਆਉਣਾ ਸਫਲਾ ਹੈ, ਉਸ ਦਾ ਜੀਵਨ ਕਾਮਯਾਬ ਹੋ ਗਿਆ ਸਮਝੋ।

੪. ਜੋ ਖ਼ਸਮ ਪ੍ਰਭੂ ਨੇ ਹੁਕਮ ਦਿੱਤਾ, ਉਸ ਹੁਕਮ ਨੂੰ ਸਮਝ ਕੇ ਉਹ ਗੁਰਮੁਖ ਸਦਾ ਹੀ ਖਿੜਿਆ ਰਹਿੰਦਾ ਹੈ।

੫. ਹੇ ਪਿਆਰੇ! ਜਿਸ ਮਨੁੱਖ 'ਤੇ ਪ੍ਰਭੂ ਆਪ ਦਿਆਲ ਹੋਇਆ ਹੈ, ਉਹ ਫਿਰ ਕਦੀ ਵੀ ਭਟਕਣਾ ਵਿਚ ਨਹੀਂ ਪੈਂਦਾ।

੬. ਖ਼ਸਮ ਪ੍ਰਭੂ ਨੇ ਜੋ ਵੀ ਕੁਝ ਉਸ ਨੂੰ ਦਿੱਤਾ, ਉਸ ਨੂੰ ਉਹ ਸੁੱਖ ਹੀ ਪ੍ਰਤੀਤ ਹੋਇਆ ਹੈ।

੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਸ ਉੱਤੇ ਉਹ ਮਿੱਤਰ ਆਪ ਦਿਆਲੂ ਹੋ ਜਾਂਦਾ ਹੈ, ਉਸ ਨੂੰ ਹੁਕਮ ਬੁਝਾ ਦੇਂਦਾ ਹੈ।

੮. (ਪਰ ਹਾਂ) ਜਿਸ ਨੂੰ ਉਹ ਆਪ ਭੁਲਾ ਦੇਂਦਾ ਹੈ, ਉਹ ਮਰ-ਮਰ ਕੇ ਨਿਤ ਹੀ ਜੰਮਦਾ ਹੈ।੨।

ਪਉੜੀ ॥

੧. ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥
੨. ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥
੩. ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥
੪. ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥
੫. ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥੨੦॥

ਪਦ ਅਰਥ : ਤਤਕਾਲਿ—ਉਸੇ ਵੇਲੇ। ਨ ਖਵਿ ਸਕਹਿ—ਸਹਾਰ ਨਹੀਂ ਸਕਦੇ। ਜੁਤੇ—ਜੋ ਦਿੱਤੇ, ਪਾ ਦਿੱਤੇ। ਮਥੇ ਵਾਲਿ—ਮੱਥੇ ਦੇ ਵਾਲਾਂ ਤੋਂ (ਫੜ ਕੇ)। ਪਛਾੜਿਅਨੁ—ਪਛਾੜੇ ਹਨ, ਉਸ ਪ੍ਰਭੂ ਨੇ, ਭੁੰਞੇ ਪਟਕਾ ਕੇ ਮਾਰੇ ਹਨ ਉਸ ਨੇ। ਜਮ ਮਾਰਗਿ—ਜਮ ਦੇ ਰਾਹ 'ਤੇ। ਮੁਤੇ—ਛੱਡ ਦਿੱਤੇ ਹਨ। ਦੁਖ ਲਗੈ—ਦੁੱਖ ਲੱਗਣ ਕਰ ਕੇ। ਨਰਕਿ ਘੋਰਿ—ਘੋਰਿ ਨਰਕ ਵਿਚ, ਡਰਾਉਣੇ ਨਰਕ ਵਿਚ। ਸੁਤੇ—ਜਾ ਪਏ। ਰਖਿਅਨੁ—ਰਖ ਲਏ ਉਸ (ਪ੍ਰਭੂ) ਨੇ। ਸਤੇ—ਸਤਿ, ਸੱਚਾ।

ਅਰਥ :

ਪ੍ਰ: ਹੇ ਗੁਰੋ! ਜੋ ਸਾਈਂ ਜੀ ਦੇ ਦਾਸ ਹਰ ਵਕਤ ਸਾਈਂ ਜੀ ਦੀ ਯਾਦ ਵਿਚ ਜੁੜੇ ਰਹਿੰਦੇ ਹਨ, ਕਈ ਈਰਖਾਲੂ ਲੋਕ ਉਨ੍ਹਾਂ ਨਾਲ ਈਰਖਾ ਭੀ ਕਰਦੇ ਹਨ। ਕੀ ਉਸ ਵੇਲੇ ਪ੍ਰਭੂ ਉਨ੍ਹਾਂ ਦਾ ਰੱਖਿਅਕ ਭੀ ਹੁੰਦਾ ਹੈ?

ਉ: ੧. (ਹਾਂ ਜ਼ਰੂਰ) ਹੇ ਪਿਆਰੇ! ਜੋ ਨਿੰਦਕ ਲੋਕ ਦਾਸਾਂ ਦੀ ਨਿੰਦਿਆ ਕਰਦੇ ਹਨ, ਉਹ ਤਾਂ ਪ੍ਰਭੂ ਨੇ (ਮਾਨੋ) ਉਸੇ ਵੇਲੇ ਹੀ ਮਾਰ ਦਿੱਤੇ, ਉਨ੍ਹਾਂ ਨੂੰ ਤਾਂ ਪਲ ਭਰ ਵੀ ਟਿਕਣ ਨਹੀਂ ਦਿੱਤਾ, ਭਾਵ ਨਿੰਦਾ ਕਰ ਕੇ ਉਨ੍ਹਾਂ ਦੇ ਮਨ ਨੂੰ ਤਾਂ ਪਲ ਭਰ ਵੀ ਸ਼ਾਂਤੀ ਨਹੀਂ ਆਉਂਦੀ।

੨. (ਕਿਉਂਕਿ) ਉਹ ਪ੍ਰਭੂ ਜੀ ਆਪਣੇ ਦਾਸਾਂ ਦਾ ਦੁੱਖ ਸਹਾਰ ਹੀ ਨਹੀਂ ਸਕਦੇ। ਉਨ੍ਹਾਂ (ਦਾਸਾਂ ਦੇ ਦੋਖੀਆਂ ਨੂੰ) ਫੜ ਕੇ ਜੂਨੀਆਂ ਵਿਚ ਜੋ ਦਿੱਤਾ, ਜਨਮ ਮਰਣ ਦੇ ਚੱਕਰ ਵਿਚ ਪਾ ਦਿੱਤਾ।

੩. ਉਨ੍ਹਾਂ ਨਿੰਦਕਾਂ ਨੂੰ (ਮਾਨੋ) ਉਸ ਨੇ ਕੇਸਾਂ ਤੋਂ ਫੜ ਕੇ ਭੁੰਵੇ ਪਟਕਾ ਮਾਰਿਆ ਹੈ ਅਤੇ ਜਮਾਂ ਦੇ ਰਾਹ ਵਿਚ ਉਨ੍ਹਾਂ ਨੂੰ (ਨਿਖਸਮੇ) ਕਰ ਕੇ ਛੱਡ ਦਿੱਤਾ ਹੈ।

੪. ਇਸ ਤਰ੍ਹਾਂ ਉਨ੍ਹਾਂ ਨੂੰ ਘੋਰ ਨਰਕ ਵਿਚ ਪਿਆਂ ਨੂੰ ਦੁੱਖ ਵਾਪਰਦੇ ਹਨ ਤੇ ਵਿਰਲਾਪ ਕਰਦੇ ਹਨ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਸ ਸੱਚੇ ਪ੍ਰਭੂ ਨੇ ਆਪਣੇ ਦਾਸਾਂ ਨੂੰ ਆਪਣੇ ਗਲੇ ਲਾ ਕੇ ਬਚਾ ਲਿਆ।੨੦।

ਭਾਵਾਰਥ : ਹਰ ਵੇਲੇ ਰੱਖਿਆ ਕਰਨ ਵਾਲਾ ਇਕੋ ਪਰਮੇਸ਼ਰ ਹੈ, ਉਸ ਦੇ ਨਾਮ ਅੰਮ੍ਰਿਤ ਨੂੰ ਸਾਧ ਸੰਗਤ ਦੁਆਰਾ ਮਿਲ ਕੇ ਪੀਣਾ ਕਰੋ, ਜਿਸ ਦੀ ਬਰਕਤ ਨਾਲ ਸਾਰੇ ਮਨੋਰਥ ਪੂਰਨ ਹੁੰਦੇ ਹਨ।

ਜਿਥੇ ਮਨ ਵਿਚ ਸੰਸਾਰਕ ਵਾਸ਼ਨਾਵਾਂ ਵਸਦੀਆਂ ਹਨ, ਉਨ੍ਹਾਂ ਦਾ ਤਿਆਗ ਕਰ ਕੇ ਆਪਣੇ ਕਰਤੇ ਨੂੰ ਹੀ ਮਨ ਵਿਚ ਵਸਾਉਣ ਦੀ ਪ੍ਰੇਰਣਾ ਕੀਤੀ ਗਈ ਹੈ।

ਪ੍ਰਭੂ ਆਪਣੇ ਸੇਵਕਾਂ ਦਾ ਸਦਾ ਹੀ ਰੱਖਿਅਕ ਰਹਿੰਦਾ ਹੈ, ਦਾਸਾਂ ਦੇ ਦੋਖੀਆਂ ਨੂੰ ਸ਼ੀਘਰ ਹੀ ਸਜ਼ਾ ਦੇਂਦਾ, ਭਾਵ ਸੰਘਾਰ ਕਰਦਾ ਹੈ।

ਸਲੋਕ ਮਃ ੫ ॥

੧. ਰਾਮੁ ਜਪਹੁ ਵਡਭਾਗੀਹੋ
ਜਲਿ ਥਲਿ ਪੂਰਨੁ ਸੋਇ ॥

੨. ਨਾਨਕ ਨਾਮਿ ਧਿਆਇਐ
ਬਿਘਨੁ ਨ ਲਾਗੈ ਕੋਇ ॥੧॥

ਪਦ ਅਰਥ : ਪੂਰਨੁ—ਵਿਆਪਕ। ਨਾਮਿ ਧਿਆਇਐ—ਜੇ ਨਾਮ ਸਿਮਰਿਆ ਜਾਏ।

ਅਰਥ :

੧. ਹੇ ਵੱਡੇ ਭਾਗਾਂ ਵਾਲਿਓ! ਉਸੇ ਰਾਮ ਨੂੰ ਸਿਮਰੋ, ਜੋ ਜਲ ਵਿਚ, ਥਲ ਵਿਚ ਸਾਰੇ ਉਹੀ ਪੂਰਨ ਹੋ ਰਿਹਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੇ ਪ੍ਰਭੂ ਦਾ ਨਾਮ ਸਿਮਰੀਏ ਤਾਂ ਜੀਵਨ ਦੇ ਰਾਹ ਵਿਚ ਕੋਈ ਵਿਘਨ ਨਹੀਂ ਪੈਂਦਾ, ਕੋਈ ਰੁਕਾਵਟ ਨਹੀਂ ਆਉਂਦੀ।

ਮ: ੫ ॥

੧. ਕੋਟਿ ਬਿਘਨ ਤਿਸੁ ਲਾਗਤੇ
ਜਿਸ ਨੋ ਵਿਸਰੈ ਨਾਉ ॥

੨. ਨਾਨਕ ਅਨਦਿਨੁ ਬਿਲਪਤੇ
ਜਿਉ ਸੁੰਞੈ ਘਰਿ ਕਾਉ ॥੨॥

ਅਰਥ :

ਪ੍ਰ: ਹੇ ਗੁਰੋ! ਕਈ ਲੋਕ ਜੀਵਨ ਭਰ ਉਸ ਸਾਈਂ ਜੀ ਦਾ ਕਦੇ ਨਾਮ ਚੇਤੇ ਨਹੀਂ ਕਰਦੇ, ਕੀ ਉਨ੍ਹਾਂ ਨੂੰ ਕੋਈ ਸਜ਼ਾ ਮਿਲੇਗੀ?

ਉ: ੧. (ਹਾਂ ਜ਼ਰੂਰ) ਹੇ ਭਾਈਓ! ਉਸ ਬੰਦੇ ਨੂੰ ਤਾਂ (ਇਕ ਨਹੀਂ), ਸਗੋਂ ਕਰੋੜਾਂ ਹੀ ਵਿਘਨ ਆ ਲੱਗਦੇ ਹਨ, ਜਿਸ ਨੂੰ ਪਰਮੇਸ਼ਰ ਦਾ ਨਾਮ ਭੁਲਿਆ ਰਹਿੰਦਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੱਜਨੋ! ਉਹ ਬੰਦੇ ਤਾਂ ਜੀਵਨ ਭਰ ਹਰ ਰੋਜ਼ ਇਉਂ ਵਿਲਕਦੇ ਰਹਿੰਦੇ ਹਨ, ਜਿਵੇਂ ਸੁੰਞੇ ਘਰ ਦਾ ਕਾਂ (ਲੌਂਦਾ) ਹੈ।੨।

ਪਉੜੀ ॥

੧. ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ ॥
੨. ਇਛ ਪੁੰਨੀ ਮਨਿ ਆਸ ਗਏ ਵਿਸੂਰਿਆ ॥
੩. ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ ॥
੪. ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥
੫. ਸੂਖ ਸਹਜ ਆਨੰਦ ਵੁਠੇ ਤਿਤੁ ਘਰਿ ॥
੬. ਆਵਣ ਜਾਣ ਰਹੇ ਜਨਮੁ ਨ ਤਹਾ ਮਰਿ ॥
੭. ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥
੮. ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ ॥੨੧॥੧॥੨॥ਸੁਧੁ

ਪਦ ਅਰਥ : ਪੁੰਨੀ—ਪੂਰੀ ਹੋ ਗਈ। ਮਨਿ—ਮਨ ਵਿਚ। ਵਿਸਰਿਆ—ਵਿਸੂਰੇ, ਝੋਰੇ। ਰਹਿਆ—ਰਹਿ ਗਿਆ, ਹਟ ਗਿਆ। ਰਹਿਆ ਘਾਲਦਾ—ਮਿਹਨਤ ਦੀ ਲੋੜ ਨਾ ਰਹੀ। ਤਿਤੁ ਘਰਿ—ਉਸ ਹਿਰਦੇ ਰੂਪੀ ਘਰ ਵਿਚ। ਮਰਿ—ਮਰੀ, ਮੌਤ। ਦ੍ਰਿਸਟਾਇਆ—ਨਜ਼ਰੀ ਆਇਆ। ਸਚਿ—ਸੱਚੇ ਹਰੀ ਵਿਚ।

ਅਰਥ :

ਪ੍ਰ: ਹੇ ਗੁਰੋ! ਕੋਈ ਅਜਿਹਾ ਸਾਧਨ ਦੱਸੋ, ਜਿਸ ਦੀ ਬਰਕਤ ਨਾਲ ਸਾਡੇ ਸਾਰੇ ਹੀ ਮਨੋਰਥ ਪੂਰੇ ਹੋ ਜਾਵਣ?

ਉ: ੧. ਹੇ ਪਿਆਰੇ! ਜੋ ਸਾਈਂ ਜੀ ਸਾਰੀਆਂ ਦਾਤਾਂ ਦੇ ਦੇਣ ਦੀ ਸਮਰੱਥਾ ਰੱਖਦਾ ਹੈ, ਉਸ ਨੂੰ ਸਿਮਰ-ਸਿਮਰ ਕੇ ਮਨ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ।

੨. ਹੇ ਭਾਈ! ਮਨੁੱਖ ਦੇ ਮਨ ਵਿਚ (ਉਠਦੀਆਂ) ਆਸਾਂ ਤੇ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਸਾਰੇ ਹੀ ਝੋਰੇ ਦੂਰ ਹੋ ਜਾਂਦੇ ਹਨ।

੩. (ਕਿਉਂਕਿ) ਉਸ ਨੂੰ ਹੁਣ (ਉਹ) ਨਾਮ ਦਾ ਖ਼ਜ਼ਾਨਾ ਮਿਲ ਗਿਆ, ਜਿਸ ਨੂੰ ਕਿ ਉਹ ਭਾਲਦਾ ਸੀ।

੪. ਹੁਣ ਉਸ ਦੀ ਜੋਤਿ ਮਿਲ ਗਈ ਪ੍ਰਭੂ ਦੀ ਜੋਤ ਵਿਚ, (ਉਹ) ਜਿਸ ਲਈ ਘਾਲ ਘਾਲਦਾ ਹੁੰਦਾ ਸੀ।

੫. ਹੁਣ ਉਹ ਮਨੁੱਖ ਉਸ ਘਰ ਵਿਚ ਜਾ ਵਸਿਆ, ਜਿਥੇ ਸੁਖ, ਸ਼ਾਂਤੀ ਤੇ ਅਨੰਦ ਹੀ ਅਨੰਦ ਹੈ।

੬. ਉਸ ਘਰ ਵਿਚ ਨਾ ਜਨਮ ਹੈ ਨਾ ਮੌਤ ਹੈ, ਇਸ ਲਈ ਉਸ ਦੇ ਆਵਾਗਵਨ ਵੀ ਰਹਿ ਜਾਂਦੇ ਹਨ।

੭. ਹੁਣ ਉਸ ਅਵਸਥਾ ਵਿਚ ਪੁੱਜ ਕੇ ਸਾਹਿਬ ਤੇ ਸੇਵਕ ਇਕੋ ਹੋ ਗਏ, ਉਸ ਨੂੰ ਹੁਣ ਇਕੋ ਹੀ ਇਕ ਨਜ਼ਰ ਆ ਗਿਆ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! (ਐਸਾ ਸੇਵਕ) ਸਤਿਗੁਰੂ ਦੀ ਕਿਰਪਾ ਨਾਲ ਸਦਾ-ਥਿਰ ਰਹਿਣ ਵਾਲੇ ਸੱਚ ਸਰੂਪ ਵਿਚ ਹੀ ਸਮਾ ਗਿਆ।੨੧।੧।੨।ਸੁਧੁ

ਭਾਵਾਰਥ : ਸਲੋਕ ਵਿਚ ਉਸ ਜਲਾਂ ਥਲਾਂ ਵਿਚ ਵਿਆਪਕ ਸਰੂਪ ਨੂੰ ਜਪਣ ਦੀ ਆਗਿਆ ਦਿੱਤੀ ਹੈ, ਜਿਸ ਨਾਮ ਸਿਮਰਨ ਦੀ ਬਰਕਤ ਨਾਲ ਕੋਈ ਬਿਘਨ ਨਹੀਂ ਵਿਆਪਦਾ।

ਨਾਮ ਤੋਂ ਸਖਣੇ ਮਨੁੱਖਾਂ ਨੂੰ ਕਰੋੜਾਂ ਵਿਘਨ ਵਿਆਪਦੇ ਹਨ, ਉਹ ਸਦਾ ਸੁੰਞੇਂ ਘਰ ਦੇ ਕਾਂ ਵਾਂਙੂ (ਲੌਂਦੇ) ਹੀ ਰਹਿੰਦੇ ਹਨ।

ਆਖ਼ਰ ਪਉੜੀ ਵਿਚ ਉਸੇ ਸਾਈਂ ਜੀ ਦਾ ਸਿਮਰਨ ਕਰਦੇ ਰਹਿਣ ਦੀ ਪ੍ਰੇਰਣਾ ਕਰਦੇ ਹਨ, ਜਿਸ ਦੀ ਬਰਕਤ ਨਾਲ ਸਾਰੀਆਂ ਇੱਛਾਵਾਂ ਪੂਰਨ ਹੁੰਦੀਆਂ ਹਨ ਤੇ ਅੰਤ ਨੂੰ ਜੋਤੀ ਸਰੂਪ ਵਿਚ ਜੀਵ ਦੀ ਜੋਤ ਅਭੇਦ ਹੋ ਜਾਂਦੀ ਹੈ।

ਨੋਟ : ਅੰਕ ਨੰ: ੧ ਦਾ ਭਾਵ ਹੈ ਕਿ ਇਸ 'ਵਾਰ' ਵਿਚ ੨੧ ਪਉੜੀਆਂ ਹਨ। ਅੰਕ ਨੰ: ੧. ਇਸ ਸਾਰੀ ਸਮੁੱਚੀ ਵਾਰ ਦਾ ਨੰਬਰ ਹੈ। ਅੰਕ ਨੰ ੨. ਇਸ ਰਾਗ ਦੀਆਂ ਦੋਹਾਂ ਵਾਰਾਂ ਦਾ ਜੋੜ ਦਿੱਤਾ ਗਿਆ ਹੈ। ਪਹਿਲੀ 'ਵਾਰ' ਗੁਰੂ ਅਮਰਦਾਸ ਜੀ ਦੀ ਤੇ ਇਹ ਦੂਜੀ 'ਵਾਰ' ਗੁਰੂ ਅਰਜਨ ਸਾਹਿਬ ਜੀ ਦੀ ਹੈ।

੧ਓ ਸਤਿਗੁਰ ਪ੍ਰਸਾਦਿ ॥
ਰਾਗੁ ਗੂਜਰੀ ਭਗਤਾ ਕੀ ਬਾਣੀ ॥
ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ[੧] ॥

ਉਥਾਨਕਾ : ਸ੍ਰੀ ਕਬੀਰ ਜੀ ਨੇ ਇਹ ਉਪਦੇਸ਼ ਕਿਸੇ ਸੰਸਾਰੀ ਪੁਰਖ ਮਾਇਆ ਮਦ ਮਤੇ ਨੂੰ ਦਿੱਤਾ ਹੈ, ਜੋ ਕਿ ਹਰ ਵਕਤ ਹੀ ਸੰਸਾਰੀ ਧੰਧਿਆਂ ਵਿਚ ਗਲਤਾਨ ਰਹਿੰਦਾ ਸੀ। ਭਗਤ ਜੀ ਨੇ ਉਸ ਨੂੰ ਅਨੇਕਾਂ ਵੇਰ ਕਿਹਾ ਕਿ ਹੇ ਭਾਈ! ਹੁਣ ਨਾਮ ਜਪ ਲੈ ਤੇ ਮਨੁੱਖਾ ਜਨਮ ਸਵਾਰ ਲੈ, ਪਰ ਉਹ ਸੁਣ ਕੇ ਭੀ ਅਨਸੁਣਿਆ ਕਰ ਛੱਡਿਆ ਕਰਦਾ ਸੀ। ਇਕ ਦਿਨ ਭਗਤ ਜੀ ਨੇ ਇਕ ਲੰਡਰ ਬੈਲ ਨੂੰ ਦੁਖੀ ਵੇਖ ਕੇ ਇਸ ਸੰਸਾਰੀ ਬੰਦੇ ਨੂੰ ਕਿਹਾ ਕਿ ਹੇ ਭਾਈ! ਇਹ ਭੀ ਤੇਰੇ ਵਾਂਗੂੰ ਧੰਧਿਆਂ ਵਿਚ ਖੱਚਤ ਰਹਿੰਦਾ ਸੀ। ਯਾਦ ਰੱਖ ਜੋ ਹਾਲਤ ਇਸ ਦੀ ਹੈ ਆਖ਼ਰ ਤੇਰੀ ਭੀ ਅਜੇਹੀ ਹਾਲਤ ਹੀ ਹੋਵੇਗੀ, ਜੀਵਨ ਮੁੱਕ ਜਾਣ ਕਰ ਕੇ ਸਭੋ ਕੁਝ ਏਥੇ ਹੀ ਛੱਡ ਜਾਣਾ ਹੈ, ਭਾਵ ਹੈ ਕਿ ਇਸ ਤਰ੍ਹਾਂ ਦਾ ਜੀਵਨ ਬਸਰ ਕਰਦਿਆਂ ਜੇ ਬੈਲ ਦੀ ਜੋਨੀ ਪਈ, ਤਦ ਹਰੀ ਦੇ ਗੁਣ ਗਾਉਣ ਦਾ ਅਵਸਰ ਨਹੀਂ ਮਿਲੇਗਾ। ਹੁਣ ਤੂੰ ਬੈਲ ਵਾਂਙੂ ਬਿਗਾਨੀ ਕਾਰ ਕਸ਼ੀ ਕਰਦਾ ਹੈਂ, ਅਜੇ ਵੀ ਸੰਭਲ।

੧. ਚਾਰਿ ਪਾਵ ਦੁਇ ਸਿੰਗ ਗੁੰਗ ਮੁਖ
ਤਬ ਕੈਸੇ ਗੁਨ ਗਈਹੈ ॥
੨. ਊਠਤ ਬੈਠਤ ਠੇਗਾ ਪਰਿਹੈ
ਤਬ ਕਤ ਮੂਡ ਲੁਕਈਹੈ ॥੧॥
੩. ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥
੪. ਫਾਟੇ ਨਾਕਨ ਟੂਟੇ ਕਾਧਨ
ਕੋਦਉ ਕੋ ਭੁਸੁ ਖਈਹੈ ॥੧॥ ਰਹਾਉ ॥
੫. ਸਾਰੋ ਦਿਨੁ ਡੋਲਤ ਬਨ ਮਹੀਆ
ਅਜਹੁ ਨ ਪੇਟ ਅਘਈਹੈ ॥
੬. ਜਨ ਭਗਤਨ ਕੋ ਕਹੋ ਨ ਮਾਨੋ
ਕੀਓ ਅਪਨੋ ਪਈਹੈ ॥੨॥
੭. ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ
ਅਨਿਕ ਜੋਨਿ ਭਰਮਈਹੈ ॥
੮. ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ
ਇਹੁ ਅਉਸਰੁ ਕਤ ਪਈਹੈ ॥੩॥
੯. ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ
ਗਤਿ ਬਿਨੁ ਰੈਨਿ ਬਿਹਈਹੈ ॥
੧੦. ਕਹਤ ਕਬੀਰ ਰਾਮ ਨਾਮ ਬਿਨੁ
ਮੂੰਡ ਧੁਨੇ ਪਛੁਤਈਹੈ ॥੪॥੧॥

ਪਦ ਅਰਥ : ਪਾਵ—ਪੈਰ। ਦੋਇ—ਦੋ। ਗੁੰਗ ਮੁਖ—ਗੂੰਗਾ ਮੂੰਹ, ਅਰਥਾਤ ਜੋ ਗੱਲਬਾਤ ਨਹੀਂ ਕਰ ਸਕਦਾ। ਗਈਹੈ—ਗਾਵੇਂਗਾ। ਗੁਨ—ਪ੍ਰਭੂ ਦੇ ਗੁਣ। ਠੇਗਾ—ਸੋਟਾ। ਪਰਿਹੈ—ਪਏਗਾ। ਕਤ—ਕਿਥੇ ? ਮੂਡ—ਸਿਰ। ਲੁਕਈਹੈ—ਲੁਕਾਏਂਗਾ।੧।

ਬਿਰਾਨੇ—ਬਿਗਾਨਾ, ਕਰ ਅਧੀਨ ਕਿਸੇ ਦੇ ਨਾ, ਨਿਖਸਮੇਂ। ਹੁਈਹੈ—ਹੋਵੇਂਗਾ। ਫਾਟੇ—ਪਾਟੇ ਹੋਏ। ਕਾਧਨ—ਕੰਨ੍ਹਾ, ਜੋ ਬਲਦ ਦੀ ਗਿੱਚੀ ਤੋਂ ਉਪਰਵਾਰ ਹੁੰਦਾ ਹੈ। ਭੁਸੁ—ਭੋਹ। ਖਈਹੈ—ਖਾਏਂਗਾ।੧।ਰਹਾਉ। ਮਹੀਆ—ਵਿਚ। ਕੋਦਉ—(ਕੋਦ੍ਰਵ) ਇਕ ਪ੍ਰਕਾਰ ਦਾ ਅਨਾਜ, ਜੋ ਇਕ ਕਿਸਮ ਦੇ ਘਾਹ ਨੂੰ ਪੈਂਦਾ ਹੈ, ਇਹ ਬਹੁਤ ਹੀ ਨੀਵੀਂ ਕਿਸਮ ਦਾ ਅਨਾਜ ਹੈ। ਇਸ ਦੇ ਭੋਹ ਨੂੰ 'ਕੋਦਉ ਕੋ ਭੁਸ' ਕਿਹਾ ਹੈ, ਜੋ ਸਭ ਭੋਇਆਂ ਤੋਂ ਨਿਕੰਮਾ ਕਿਹਾ ਹੈ। ਅਘਈਹੈ—ਰਜੇਗਾ। ਅਜਹੁ—ਫਿਰ ਭੀ। ਕਹੋ—ਆਖਿਆ, ਕਹਿਆ, ਸਿੱਖਿਆ। ਪਈਹੈ—ਪਏਂਗਾ।੨।

ਅਉਸਰੁ—ਮੌਕਾ, ਸਮਾਂ। ਕਤ ਪਈਹੈ—ਕਿਥੇ ਮਿਲੇਂਗਾ, ਫਿਰ ਨਹੀਂ ਮਿਲੇਂਗਾ।੩।

ਤੇਲਕ—ਤੇਲੀ। ਕਪਿ—ਬਾਂਦਰ। ਤੇਲਕ ਕੇ ਕਪਿ ਜਿਉ—

---

੧. '੨' ਅੰਕ ਲਿਖ ਕੇ ਫੇਰ 'ਦੂਜਾ' ਪਦ ਅੱਖਰਾਂ ਵਿਚ ਲਿਖਿਆ ਹੈ, ਇਸ ਤੋਂ ਪਤਾ ਲੱਗਾ ਕਿ ਜਿਥੇ ਪਦ ੨, ੩, ਆਦਿ ਇਉਂ ਆਵੇ, ਉਸ ਨੂੰ 'ਦੂਜਾ' 'ਤੀਜਾ' ਕਰ ਕੇ ਪੜ੍ਹਨਾ ਹੈ, ਦੋ, ਤਿੰਨ ਕਰ ਕੇ ਨਹੀਂ ਪੜ੍ਹਨਾ।

ਤੇਲਕ ਕੇ (ਬਲਦ ਅਤੇ) ਕਪਿ ਜਿਉ—ਤੇਲੀ ਦੇ ਬਲਦ ਵਾਂਗ ਅਤੇ ਬਾਂਦਰ ਵਾਂਗ। ਤੇਲੀ ਦਾ ਬਲਦ ਸਾਰੀ ਰਾਤ ਕੋਹਲੂ ਦੇ ਦੁਆਲੇ ਹੀ ਭੌਂਦਾ ਹੈ ਤੇ ਉਸ ਦਾ ਪੈਂਡਾ ਮੁਕਦਾ ਨਹੀਂ। ਬਾਂਦਰ ਛੋਲਿਆਂ ਦੀ ਭਰੀ ਮੁੱਠ ਦੇ ਲਾਲਚ ਵਿਚ ਪਕੜਿਆ ਜਾਵੇ ਤਾਂ ਸਾਰੀ ਉਮਰ ਦਰ-ਦਰ 'ਤੇ ਨੱਚਦਾ ਹੈ। ਗਤਿ ਬਿਨੁ—ਚਾਲ, ਮੰਜ਼ਲ, ਪਹੁੰਚ, ਖ਼ਲਾਸੀ ਤੋਂ ਬਿਨਾ। ਰੈਨਿ—ਰਾਤ, ਜ਼ਿੰਦਗੀ ਰੂਪ ਰਾਤ। ਬਿਹਈਹੈ—ਵਿਹਾ ਜਾਏਗੀ, ਮੁੱਕ ਜਾਏਗੀ। ਮੂੰਡ ਧੁਨੇ—ਮੂੰਡ ਧੁਨਿ ਧੁਨਿ, ਸਿਰ ਮਾਰ-ਮਾਰ ਕੇ। ਪਛੁਤਈਹੈ—ਪਛਤਾਏਂਗਾ।੪।

ਅਰਥ :

ਪ੍ਰ: ਕਬੀਰ ਜੀ! ਇਤਨੀ ਵੀ ਕਾਹਲੀ ਕੀ ਹੈ, ਜਦ ਕਦੀ ਵੀ ਸਮਾਂ ਮਿਲੇਗਾ ਤਾਂ ਬੰਦਗੀ ਵੀ ਕਰ ਲਵਾਂਗੇ ?

ਉ: ੧. ਹੇ ਮਾਇਆ ਵਿਚ ਭੂਲੇ ਜੀਵ! ਤੂੰ ਦੱਸ, ਜਦ ਤੂੰ (ਕਿਸੇ ਪਸ਼ੂ ਜੂਨ ਵਿਚ ਪੈ ਕੇ ਤੇਰੇ) ਚਾਰ ਪੈਰ ਹੋਣਗੇ ਤੇ ਦੋ ਸਿੰਗ ਹੋਣਗੇ ਤੇ ਮੂੰਹੋਂ ਗੂੰਗਾ ਹੋਵੇਂਗਾ, ਤਦੋਂ ਤੂੰ ਕਿਸ ਤਰ੍ਹਾਂ ਪਰਮੇਸ਼ਰ ਦੇ ਗੁਣ ਗਾ ਸਕੇਂਗਾ ? ਭਾਵ ਹੈ ਨਹੀਂ ਗਾ ਸਕੇਂਗਾ।

੨. ਸੱਜਣਾ! ਉਸ ਵੇਲੇ ਤਾਂ ਉਠਦਿਆਂ ਬੈਠਦਿਆਂ (ਤੇਰੇ ਸਿਰ ਉੱਤੇ) ਸੋਟਾ ਪਏਗਾ, ਦੱਸ ਉਸ ਵੇਲੇ ਤੂੰ ਕਿੱਥੇ ਸਿਰ ਲੁਕਾਏਂਗਾ ?।੧।

੩. ਹਰੀ ਦਾ ਨਾਮ ਜਪੇ ਤੋਂ ਬਿਨਾ ਤਾਂ (ਬਿਰਾਨੇ) ਨਿਖਸਮੇਂ ਬਲਦ (ਆਦਿ ਪਸ਼ੂ ਬਣ ਕੇ) ਪਰ ਅਧੀਨ ਹੋ ਜਾਈਦਾ ਹੈ।

੪. ਨੱਕ ਵਿੰਨ੍ਹਿਆ ਜਾਏਗਾ, ਕੰਨ (ਜੂਲੇ ਨਾਲ) ਫਿਸੇ ਹੋਏ ਹੋਣਗੇ ਤੇ ਕੋਧਰੇ ਦਾ ਭੋਹ ਖਾਣਾ ਪਵੇਗਾ।੧।ਰਹਾਉ।

੫. ਹੇ ਮਿੱਤਰਾ! ਜੇ ਤੈਨੂੰ ਮਾਲਕ ਨੇ ਮੂਲੋਂ ਹੀ ਨਿਕੰਮਾ ਜਾਣ ਕੇ ਬਣ ਵਿਚ ਛੱਡ ਦਿਤਾ ਤਾਂ ਸਾਰਾ ਦਿਨ ਹੀ ਤੇਰਾ ਜੰਗਲ (ਜੂਹ) ਵਿਚ ਭਟਕਦਿਆਂ ਲੰਘੇਗਾ, ਪਰ ਪੇਟ ਫਿਰ ਵੀ ਨਹੀਂ ਭਰੇਗਾ।

੬. ਹੁਣ ਤੂੰ ਐਸ ਵੇਲੇ ਭਗਤ ਜਨਾਂ ਦਾ ਕਿਹਾ ਬਚਨ ਨਹੀਂ ਮੰਨਦਾ, ਸੋ ਜਦੋਂ ਸਾਰੀ ਉਮਰ ਗੁਜ਼ਰ ਗਈ ਤਾਂ ਫਿਰ ਆਪਣਾ ਕੀਤਾ ਹੀ ਪਾਉਣਾ ਪਵੇਗਾ।੨।

੭. ਐ ਬੰਦੇ! ਤੂੰ ਹੁਣ ਦੁੱਖਾਂ-ਸੁੱਖਾਂ ਵਿਚ ਦਿਨ ਗੁਜ਼ਾਰ ਕੇ ਭਾਰੇ ਭਰਮ ਵਿਚ ਕੁਰਾਹੇ ਗਰਕ ਹੋਇਆ-ਹੋਇਆ ਹੈਂ, (ਯਾਦ ਰੱਖ ਆਖ਼ਰ) ਅਨੇਕਾਂ ਜੂਨਾਂ ਵਿਚ ਭਟਕੇਂਗਾ।

੮. ਹੇ ਮਿੱਤਰਾ! ਤੂੰ ਪ੍ਰਭੂ ਨੂੰ ਵਿਸਾਰ ਦਿੱਤਾ ਹੈ ਤੇ ਇਹ ਸ੍ਰੇਸ਼ਟ ਮਨੁੱਖਾ ਜਨਮ ਗਵਾ ਲਿਆ ਹੈ, (ਦਸ) ਫਿਰ ਇਹ ਅਮੋਲਕ ਮਨੁੱਖਾ ਜਨਮ ਦਾ ਸਮਾਂ ਕਿੱਥੇ ਮਿਲੇਗਾ, ਭਾਵ ਕਿਤੇ ਨਹੀਂ ਮਿਲ ਸਕੇਗਾ।੩।

੯. ਹੇ ਸੱਜਨਾ! ਤੂੰ ਇਉਂ ਪਿਆ ਭਰਮਦਾ ਫਿਰਦਾ ਹੈਂ, ਜਿਵੇਂ ਤੇਲੀ ਦਾ ਬੈਲ ਭਟਕਦਿਆਂ-ਭਟਕਦਿਆਂ ਸਾਰੀ ਰਾਤ ਬਿਤਾ ਲੈਂਦਾ ਹੈ, ਪਰ ਪੈਂਡਾ ਮੁਕਾਏ ਤੋਂ ਬਿਨਾ ਹੀ, (ਭਾਵ) ਫਿਰਦਾ ਤਾਂ ਸਾਰੀ ਰਾਤ ਹੈ, ਪਰ ਕਿਸੇ ਮੰਜ਼ਲ 'ਤੇ ਨਹੀਂ ਅਪੜਦਾ। ਉਹ ਕੋਹਲੂ ਦੇ ਦੁਆਲੇ ਹੀ ਘੁੰਮਦਾ ਰਹਿੰਦਾ ਹੈ। ਇਸੇ ਤਰ੍ਹਾਂ ਤੂੰ ਵੀ ਜਗਤ ਰੂਪ ਕੋਹਲੂ ਦੇ ਦੁਆਲੇ ਹੀ ਭੌਂਦਾ ਫਿਰੇਂਗਾ ਅਤੇ ਬਾਂਦਰ ਵਾਂਗੂ (ਅੱਗ ਦੀ) (ਗਤਿ) ਪ੍ਰਾਪਤੀ ਤੋਂ ਬਿਨਾ ਤੇਰੀ ਉਮਰ ਰੂਪੀ ਰਾਤ ਬੀਤ ਰਹੀ ਹੈ, (ਭਾਵ ਬਾਂਦਰ ਠੰਡ ਨਾਲ ਦੁਖੀ ਹੋ ਕੇ ਜੰਗਲ ਵਿਚੋਂ ਰਤਕਾਂ 'ਕੱਠੀਆਂ ਕਰ ਕੇ ਉਸ ਦੇ ਦੁਆਲੇ 'ਕੱਠੇ ਹੋ ਕੇ ਬਹਿ ਜਾਂਦੇ ਹਨ ਅਤੇ ਸਮਝਦੇ ਹਨ, ਜੋ ਸਾਨੂੰ ਅੱਗ ਮਿਲ ਗਈ ਹੈ, ਇਸੇ ਭੁਲੇਖੇ ਵਿਚ ਠਰਦਿਆਂ ਹੀ ਰਾਤ ਬਿਤਾ ਲੈਂਦੇ ਹਨ, ਇਵੇਂ ਹੀ ਜੀਵ ਦੁੱਖਾਂ ਵਿਚ ਸੁੱਖ ਦਾ ਭੁਲੇਖਾ ਕਰ ਕੇ ਦੁੱਖਾਂ ਵਿਚ ਹੀ ਉਮਰ ਬਿਤਾ ਰਹੇ ਹਨ)।

੧੦. ਕਬੀਰ ਜੀ ਆਖਦੇ ਹਨ ਕਿ ਹੇ ਭਾਈ! ਤੂੰ ਪ੍ਰਭੂ ਦਾ ਨਾਮ ਭੁਲਾ ਕੇ ਅੰਤ ਨੂੰ ਸਿਰ ਮਾਰ-ਮਾਰ ਕੇ ਪਛਤਾਏਂਗਾ।੪।੧।

ਭਾਵਾਰਥ : ਜੀਵ ਖੱਟ ਕਮਾ ਕੇ, ਦੁੱਖ-ਸੁੱਖ ਭੋਗਦਾ ਹੋਇਆ, ਅੰਤ ਨੂੰ ਸਭੋ ਕੁਝ ਏਥੇ ਹੀ ਛੱਡ ਕੇ ਤੁਰ ਜਾਂਦਾ ਹੈ, ਨਾਲ ਕੁਝ ਵੀ ਨਹੀਂ ਜਾਂਦਾ। ਨਾਮ ਤੋਂ ਸਖਣਾ ਗ਼ਾਫ਼ਲ ਰਹਿਣ ਕਰ ਕੇ ਭਰਮ ਦੇ ਵਿਚ ਡੁੱਬਾ ਆਸਾ ਤ੍ਰਿਸ਼ਨਾ ਦਾ ਬੱਧਾ ਫੇਰ ਬਾਰ-ਬਾਰ ਦੁਖੀ ਹੁੰਦਾ ਤੇ ਜੂਨਾਂ ਭੋਗਦਾ ਹੈ, ਇਸੇ ਲਈ ਭਗਤ ਜੀ ਕਹਿੰਦੇ ਹਨ ਕਿ ਹੇ ਪਿਆਰੇ! ਇਹ ਇਕ ਮਨੁੱਖਾ ਜਨਮ ਹੀ ਸਿਮਰਨ ਕਰਨ ਦਾ ਸਮਾਂ ਹੈ, ਇਸ ਤੋਂ ਖੁੰਝਿਆਂ ਜਨਮ ਮਰਨ ਦੇ ਗੇੜ ਵਿਚ ਪੈਣਾ ਪੈਂਦਾ ਹੈ। ਇਸ ਲਈ ਹੁਣੇ ਸਾਈਂ ਜੀ ਦੀ ਬੰਦਗੀ ਕਰ ਲੈ।

ਗੂਜਰੀ ਘਰੁ ੩ ॥

੧. ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥
੨. ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥੧॥
੩. ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥
੪. ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ ਰਹਾਉ ॥
੫. ਜਬ ਲਗੁ ਤਾਗਾ ਬਾਹਉ ਬੇਹੀ ॥
੬. ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥
੭. ਓਛੀ ਮਤਿ ਮੇਰੀ ਜਾਤਿ ਜੁਲਾਹਾ ॥
੮. ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥
੯. ਕਹਤ ਕਬੀਰ ਸੁਨਹੁ ਮੇਰੀ ਮਾਈ ॥
੧੦. ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥੪॥੨॥

ਪਦ ਅਰਥ : ਮੁਸਿ ਮੁਸਿ—ਡੁਸਕ-ਡੁਸਕ ਕੇ, ਬੁਸਕ-ਬੁਸਕ ਕੇ, ਹਟਕੋਰੇ ਲੈ-ਲੈ ਕੇ। ਮਾਈ—ਮਾਂ। ਬਾਰਿਕ—ਅੰਞਾਣੇ ਬਾਲ, ਬੱਚੇ, ਭਾਵ ਹੈ ਕਬੀਰ ਜੀ ਦੇ ਬੱਚੇ। ਰਘੁਰਾਈ—ਹੇ ਪ੍ਰਭੂ!੧।

ਤਜਿਓ ਹੈ—ਛੱਡ ਦਿੱਤਾ ਹੈ। ਲਿਖਿ ਲੀਓ ਸਰੀਰ—ਸਰੀਰ ਉੱਤੇ ਲਿਖ ਲਿਆ ਹੈ, ਜੀਭ 'ਤੇ ਪ੍ਰੋ ਲਿਆ ਹੈ, ਭਾਵ ਹੈ ਕਿ ਸਰੀਰ ਦਾ ਆਹਰ ਹੀ ਨਾਮ ਕਰ ਲਿਆ ਹੈ, ਸਰੀਰ ਨੂੰ ਰੋਜ਼ੀ ਕਮਾਉਣ 'ਤੇ ਵੀ ਨਹੀਂ ਵਰਤਦਾ। ਬਾਹਉ—ਵਹਾਉਂਦਾ ਹਾਂ, ਪਾਉਂਦਾ ਹਾਂ। ਬੇਹੀ—ਬੇਹ, ਛੇਕ, ਨਾਲ ਦਾ ਛੇਕ। ਸਨੇਹੀ—ਪਿਆਰਾ।੨।

ਓਛੀ—ਹੌਲੀ, ਹੋਛੀ। ਲਾਹਾ—ਲਾਭ।੩।

ਰਘੁਰਾਈ—ਪਰਮੇਸ਼ਰ।੪।

ਅਰਥ :

ਪ੍ਰ: ਕਬੀਰ ਜੀ! ਇਹ ਆਮ ਵੇਖੀਦਾ ਹੈ ਕਿ ਜਦੋਂ ਵੀ ਕੋਈ ਬੰਦਾ ਰੱਬ ਦੀ ਭਗਤੀ ਕਰਨ ਵੱਲ ਲੱਗ ਜਾਏ ਤਾਂ ਉਸ ਦੇ ਮਾਤਾ-ਪਿਤਾ ਵਲੋਂ ਅਨੇਕਾਂ ਤਰ੍ਹਾਂ ਦੀਆਂ ਕਲਪਣਾਵਾਂ ਕੀਤੀਆਂ ਜਾਂਦੀਆਂ ਹਨ, ਕੀ ਤੁਹਾਡੇ ਨਾਲ ਭੀ ਇਹੋ ਜਿਹਾ ਵਤੀਰਾ ਹੁੰਦਾ ਹੈ?

ਉ: ੧. (ਹਾਂ ਜ਼ਰੂਰ) ਕਬੀਰ ਕਹਿੰਦੇ ਹਨ ਕਿ ਹੇ ਭਾਈਓ! ਮੈਂ ਵੀ ਜਦੋਂ ਤੱਕਦਾ ਹਾਂ, ਤਾਂ ਮੇਰੀ ਮਾਂ, ਡੁਸਕ-ਡੁਸਕ ਕਰ ਕੇ ਹੀ ਰੋਂਦੀ ਵੇਖਦਾ ਹਾਂ।

ਪ੍ਰ: ਕਿਉਂ ਜੀ! ਉਹ ਕਿਸ ਲਈ ਰੋਂਦੀ ਹੈ?

ਉ: ੨. ਹੇ ਭਾਈਓ! ਉਹ ਇਸ ਚਿੰਤਾ ਵਿਚ ਲੱਗੀ ਹੋਈ ਇਉਂ ਆਖੀ ਜਾਂਦੀ ਹੈ ਕਿ ਹੇ ਪਰਮੇਸ਼ਰ! ਇਸ ਸਾਡੇ ਕਬੀਰ ਦੇ ਅੰਞਾਣੇ ਬੱਚੇ ਕਿਵੇਂ ਜੀਉਣਗੇ?੧।

੩. ਕਿਉਂ ਕਿ ਮੇਰੇ ਕਬੀਰ ਨੇ ਤਾਣਾ ਤਣਨਾ ਤੇ ਕੱਪੜਾ ਬੁਣਨਾ ਸਭੋ ਕੁਝ ਹੀ ਛੱਡ ਦਿੱਤਾ ਹੈ।

੪. ਤੇ ਇਕੋ ਹਰੀ ਦਾ ਨਾਮ ਹੀ ਸਰੀਰ 'ਤੇ ਲਿਖ ਲਿਆ ਹੈ, ਭਾਵ ਸਭ ਕੰਮ-ਕਾਰ ਛੱਡ ਕੇ ਹਰ ਵੇਲੇ ਹਰੀ ਦਾ ਹੀ ਨਾਮ ਜਪਦਾ ਰਹਿੰਦਾ ਹੈ।੧।ਰਹਾਉ।

ਪ੍ਰ: ਕਬੀਰ ਜੀ! ਜਦੋਂ ਤੁਹਾਡੀ ਮਾਂ ਤੁਸਾਂ ਤੋਂ ਇਹ ਪੁੱਛ ਕਰਦੀ ਹੈ ਕਿ ਹੇ ਪੁੱਤ੍ਰ! ਤੂੰ ਤਣਨਾ ਬੁਣਨਾ ਕਿਉਂ ਛੱਡ ਦਿੱਤਾ ਹੈ ਤਾਂ ਤੁਹਾਡੇ ਵਲੋਂ ਕੀ ਜੁਆਬ ਹੁੰਦਾ ਹੈ?

ਉ: ੫. ਹੇ ਭਾਈਓ! ਮੈਂ ਤਾਂ ਮਾਂ ਨੂੰ ਇਉਂ ਹੀ ਕਿਹਾ ਕਰਦਾ ਹਾਂ ਕਿ ਹੇ ਮਾਂ! ਜਿਤਨਾ ਕੁ ਚਿਰ ਮੈਂ ਨਾਲ ਦੇ ਛੇਕ ਵਿਚ ਧਾਗਾ ਪਾਉਂਦਾ ਹਾਂ, ਉਤਨਾ ਚਿਰ ਮੈਨੂੰ ਮੇਰਾ ਪਿਆਰਾ ਰਾਮ ਵਿਸਰ ਜਾਂਦਾ ਹੈ, (ਇਸ ਕਰਕੇ ਮੈਂ ਤਣਨਾ ਬੁਣਨਾ ਛੱਡ ਦਿੱਤਾ ਹੈ) ਕਿਉਂਕਿ ਮੈਨੂੰ ਇਤਨਾ ਚਿਰ ਭੀ ਪ੍ਰਭੂ ਵਿਸਾਰਨਾ ਨਹੀਂ ਭਾਉਂਦਾ।੨।

ਪ੍ਰ: ਲੋਕਾਂ ਨੇ ਕਿਹਾ, ਕਬੀਰ ਜੀ! ਸੁਣਿਆ ਕਰਦੇ ਸਾਂ ਕਿ ਜੁਲਾਹੇ ਦੀ ਅਕਲ ਥੋੜ੍ਹੀ ਹੁੰਦੀ ਹੈ, ਪਰ ਅੱਜ ਤੁਹਾਡੀਆਂ ਗੱਲਾਂ ਤੋਂ ਤਾਂ ਸਾਫ਼ ਹੀ ਸਪੱਸ਼ਟ ਹੋ ਗਿਆ ਹੈ ਕਿ ਤੁਸੀਂ ਥੋੜ੍ਹੀ ਅਕਲ ਵਾਲੇ ਬੰਦਿਆਂ ਵਾਂਙੂ ਗੱਲਾਂ ਕਰਦੇ ਹੋ?

ਉ: ੬. ਐ ਸੱਜਨੋ! ਕੀ ਹੋਇਆ ਜੋ ਕਿ ਤੁਹਾਡੇ ਲੋਕਾਂ ਦੇ ਭਾਣੇ ਮੇਰੀ ਛੋਟੀ ਜਿਹੀ ਅਕਲ ਹੈ ਤੇ ਮੈਂ ਜਾਤ ਦਾ ਗ਼ਰੀਬ ਜੁਲਾਹਾ ਹਾਂ।

੭-੮. ਪਰ ਯਾਦ ਰਹੇ, ਮੈਂ ਪਰਮੇਸ਼ਰ ਦਾ ਨਾਮ ਰੂਪ ਨਫ਼ਾ ਇਸ ਮਨੁੱਖ ਜਨਮ ਦੇ ਵਪਾਰ ਵਿਚ ਖੱਟ ਲਿਆ ਹੈ, ਇਸ ਲਈ ਹੁਣ ਮੈਂ ਮੂਰਖ ਤੇ ਨੀਵੀਂ ਜਾਤ ਵਾਲਾ ਨਹੀਂ ਰਹਿ ਗਿਆ।੩।

ਪ੍ਰ: ਕਬੀਰ ਜੀ! ਆਖ਼ਰ ਤੁਸਾਂ ਮਾਂ ਦੀ ਤਸੱਲੀ ਕਰਾਉਣ ਹਿੱਤ ਕੀ ਉਪਦੇਸ਼ ਦੇ ਕੇ ਸਮਝਾਇਆ?

ਉ: ੯. ਹੇ ਭਾਈਓ! ਕਬੀਰ ਜੀ ਕਹਿੰਦੇ ਹਨ ਕਿ ਮੈਂ ਇਉਂ ਕਿਹਾ ਕਿ ਹੇ ਮੇਰੀ ਮਾਂ! (ਜ਼ਰਾ ਸ਼ਾਂਤੀ ਪੂਰਵਕ) ਸੁਣਨਾ ਕਰ।

੧੦. ਕਿ ਸਾਡਾ ਤੇ ਇਨ੍ਹਾਂ ਬੱਚਿਆਂ ਨੂੰ ਰਿਜ਼ਕ ਦੇਣ ਵਾਲਾ ਇਕੋ ਹੀ ਪਰਮੇਸ਼ਰ ਹੈ, ਭਾਵ ਹੈ ਜਿਸ ਸਾਈਂ ਜੀ ਨੇ ਮੈਨੂੰ ਪਾਲਿਆ ਹੈ, ਉਹ ਇਨ੍ਹਾਂ ਨੂੰ ਵੀ ਜ਼ਰੂਰ ਹੀ ਪਾਲੇਗਾ।੪।੨।

ਭਾਵਾਰਥ : ਇਹੋ ਨਿਕਲਦਾ ਹੈ ਕਿ ਸੰਸਾਰੀ ਲੋਕਾਂ ਨਾਲੋਂ ਭਗਤਾਂ ਦੀ ਵੀਚਾਰਧਾਰਾ ਵੱਖਰੀ ਹੁੰਦੀ ਹੈ, ਕਿਉਂਕਿ ਸੰਸਾਰੀ ਲੋਕ ਹਰ ਵਕਤ ਮਾਇਆ ਦੇ ਕਮਾਉਣ ਵਿਚ ਲੱਗੇ ਰਹਿੰਦੇ ਹਨ ਤੇ ਜੋੜਨ ਦੇ ਜਤਨ ਵਿਚ ਜੁੜੇ ਰਹਿੰਦੇ ਹਨ। ਭਾਵੇਂ ਕਮਾਉਂਦੇ ਤਾਂ ਭਗਤ ਜਨ ਭੀ ਹਨ, ਪਰ ਉਹ ਕੇਵਲ ਜੀਵਨ ਨਿਰਭਾਹ ਮਾਤ੍ਰ ਕਿਰਤ ਕਰਦੇ ਹਨ। ਮਾਇਆ ਜੋੜਨੀ ਹੀ ਉਨ੍ਹਾਂ ਦੇ ਜੀਵਨ ਦਾ ਮਨੋਰਥ ਨਹੀਂ ਹੁੰਦਾ, ਉਨ੍ਹਾਂ ਦਾ ਅਸਲ ਨਿਸ਼ਾਨਾ ਪ੍ਰਭੂ ਦੀ ਪ੍ਰਾਪਤੀ ਹੁੰਦਾ ਹੈ। ਉਹ ਆਪਣੀ ਕਮਾਈ ਵਿਚੋਂ ਦੂਜਿਆਂ ਦੀ ਸੇਵਾ ਵੀ ਕਰਦੇ ਹਨ, ਸੋ ਇਹ ਭਗਤਾਂ ਦਾ ਰਵੱਈਆ ਉਨ੍ਹਾਂ ਦੇ ਮਾਂ, ਪਿਉ ਤੇ ਵਹੁਟੀ ਆਦਿ ਸੰਬੰਧੀਆਂ ਨੂੰ ਨਹੀਂ ਭਾਇਆ ਕਰਦਾ, ਇਸੇ ਕਰਕੇ ਕਮਾਈ ਕਰਦਾ ਹੋਇਆ ਭਗਤ ਵੀ ਇਨ੍ਹਾਂ ਲੋਕਾਂ ਨੂੰ ਨਹੀਂ ਭਾਇਆ ਕਰਦਾ, ਉਨ੍ਹਾਂ ਨੂੰ ਵੇਹਲੜ ਹੀ ਜਾਪਦਾ ਹੈ, ਭਾਵ ਹੈ ਕਿ ਭਗਤਾਂ ਤੇ ਸੰਸਾਰੀ ਲੋਕਾਂ ਦਾ ਨਿਸ਼ਾਨਾ ਵੱਖ-ਵੱਖ ਹੈ।

ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧

੧ਓ ਸਤਿਗੁਰ ਪ੍ਰਸਾਦਿ ॥

੧. ਜੌ ਰਾਜੁ ਦੇਹਿ ਤ ਕਵਨ ਬਡਾਈ ॥
੨. ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥੧॥
੩. ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥
੪. ਬਹੁਰਿ ਨ ਹੋਇ ਤੇਰਾ ਆਵਨ ਜਾਨੁ ॥੧॥ ਰਹਾਉ ॥
੫. ਸਭ ਤੈ ਉਪਾਈ ਭਰਮ ਭੁਲਾਈ ॥
੬. ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥
੭. ਸਤਿਗੁਰੁ ਮਿਲੈ ਤ ਸਹਸਾ ਜਾਈ ॥
੮. ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥
੯. ਏਕੈ ਪਾਥਰ ਕੀਜੈ ਭਾਉ ॥
੧੦. ਦੂਜੈ ਪਾਥਰ ਧਰੀਐ ਪਾਉ ॥
੧੧. ਜੇ ਓਹੁ ਦੇਉ ਤ ਓਹੁ ਭੀ ਦੇਵਾ ॥
੧੨. ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥

ਪਦ ਅਰਥ : ਜੌ—ਜੇ ਕਰ। ਭੀਖ ਮੰਗਾਵਹਿ—ਮੈਥੋਂ ਭਿਖ ਮੰਗਾਏਂ, ਮੈਨੂੰ ਮੰਗਤਾ ਬਣਾ ਦੇਵੇਂ, ਮੈਨੂੰ ਕੰਗਾਲ ਕਰ ਦੇਵੇਂ।੧।

ਪਦੁ ਨਿਰਬਾਨੁ—ਮੁਕਤੀ ਦੀ ਪਦਵੀ। ਪਦ—ਦਰਜਾ, ਮੁਕਾਮ। ਨਿਰਬਾਨੁ—ਵਾਸ਼ਨਾ ਰਹਿਤ, ਜਿਥੇ ਦੁਨੀਆ ਦੀ ਕੋਈ ਵਾਸ਼ਨਾ ਨਾ ਫੁਰੇ, ਜਿਥੇ ਮੋਹ ਮਾਇਆ ਤ੍ਰਿਗੁਣ ਕੁੱਛ ਨਹੀਂ। ਬਹੁਰਿ—ਫਿਰ, ਮੁੜ ਕੇ।੧।ਰਹਾਉ।

ਤੈ—ਹੇ ਪ੍ਰਭੂ! ਤੂੰ। ਉਪਾਈ—ਪੈਦਾ ਕੀਤੀ। ਬੁਝਾਈ—ਸਮਝ, ਸੂਝ।੨।

ਸਹਸਾ—ਦਿਲ ਦੀ ਘਬਰਾਹਟ। ਜਾਈ—ਦੂਰ ਹੋ ਜਾਂਦੀ ਹੈ।੩।

ਭਾਉ—ਪਿਆਰ। ਪਾਉ—ਪੈਰ। ਦੇਉ—ਦੇਵਤਾ।੪।

ਅਰਥ :

ਪਦੇ—ਵਿਸਨ ਪਦੇ ਦਾ ਸਮਾਸ ਨਾਮ 'ਪਦੇ' ਹੈ ਅਤੇ ਇਹ ਵਿਸਨ ਪਦੇ ਕਈ ਤਰ੍ਹਾਂ ਦੇ ਛੰਦ ਹੁੰਦੇ ਹਨ, ਇਸ ਦਾ ਕੋਈ ਖ਼ਾਸ ਰੂਪ ਨਹੀਂ।

ਪ੍ਰ: ਕਿਉਂ ਭਗਤ ਜੀ ! ਸੰਸਾਰੀ ਲੋਕ ਤਾਂ ਜਦੋਂ ਸਾਈਂ ਜੀ ਦੀ ਬਖ਼ਸ਼ਸ਼ ਨਾਲ ਰਾਜ ਤਖ਼ਤ ਪ੍ਰਾਪਤ ਕਰਦੇ ਹਨ ਤਾਂ ਉਹ ਇਸ ਰਾਜ ਵਡਿਆਈ ਨੂੰ ਪਾ ਕੇ ਇਸੇ ਰਾਜ ਮਦ ਵਿਚ ਮਸਤ ਰਹਿੰਦੇ ਹਨ ਤੇ ਜਦੋਂ ਪੁੰਨ ਖ਼ਤਮ ਹੋ ਜਾਣ ਨਾਲ ਰਾਜ ਤਖ਼ਤ ਤੋਂ ਲਹਿ ਜਾਣ ਤਾਂ ਦਿਨੇ ਰਾਤ ਵਿਲਕਦੇ ਜੀਵਨ ਭਰ ਦੁਖੀ ਹੁੰਦੇ ਸਮਾਂ ਗੁਜ਼ਾਰਦੇ ਹਨ, ਪਰ ਜਦੋਂ ਕਦੀ ਤੁਹਾਡੇ 'ਤੇ ਇਹੋ ਜਿਹਾ ਸਮਾਂ ਆ ਬਣੇ ਤਾਂ ਤੁਹਾਡੀ ਮਾਨਸਕ ਦਸ਼ਾ ਕਿਸ ਰੂਪ ਵਿਚ ਹੋਵੇਗੀ ?

ਉ: ੧. ਹੇ ਭਾਈਓ ! ਮੈਂ ਤਾਂ ਇਸ ਆਪਣੇ ਮਨ ਨੂੰ ਦੋਹਾਂ ਹੀ ਦਸ਼ਾਵਾਂ ਵਿਚ ਇਉਂ ਹੀ ਕਹਿੰਦਾ ਰਵਾਂਗਾ ਕਿ ਹੇ ਮੇਰੇ ਮਨ ! ਤੂੰ ਉਸ ਪ੍ਰਭੂ ਦੇ ਦਰ 'ਤੇ ਇਉਂ ਹੀ ਆਖ ਕਿ ਹੇ ਮੇਰੇ ਸਾਈਂ ਜੀ ! ਜੇ ਤੂੰ ਮੈਨੂੰ ਰਾਜ (ਭੀ) ਦੇ ਦੇਵੇਂ ਤਾਂ ਮੈਂ ਇਸ ਵਿਚ ਕਿਸੇ ਗੱਲੇ ਵੱਡਾ ਨਹੀਂ ਹੋ ਜਾਵਾਂਗਾ, (ਭਾਵ ਹੈ ਕਿ ਇਹ ਵਡਿਆਈ ਭੀ ਤੇਰੀ ਹੀ ਬਖ਼ਸ਼ਸ਼ ਹੈ, ਮੇਰਾ ਤਾਂ ਇਸ ਵਿਚ ਕੁਝ ਵੀ ਨਹੀਂ)।

੨. ਜੇ ਕਦੀ ਤੂੰ ਮੈਨੂੰ ਕੰਗਾਲ ਕਰ ਦੇਵੇਂ ਤੇ (ਦਰ ਬਦਰ) ਭਿਖਿਆ ਮੰਗਵਾਵੇਂ ਤਾਂ ਇਸ ਵਿਚ ਮੇਰਾ ਕੁਝ ਘੱਟ ਨਹੀਂ ਜਾਣਾ।

੩. ਇਸ ਲਈ, ਹੇ ਭਾਈਓ ! ਮੈਂ ਤਾਂ ਆਪਣੇ ਮਨ ਨੂੰ ਇਉਂ ਹੀ ਕਹਾਂਗਾ ਕਿ ਹੇ ਮੇਰੇ ਮਨ ! ਤੂੰ ਤਾਂ ਹਰੀ ਦਾ ਭਜਨ ਕਰ ਤਦ ਤੂੰ ਨਿਰਬਾਨ ਪਦਵੀ ਪਾ ਲਵੇਂਗਾ।

੪. ਅਤੇ ਇਸ ਦਾ ਫਲ ਇਹ ਹੋਵੇਗਾ ਕਿ ਜਗਤ ਵਿਚ ਤੇਰਾ (ਬਾਰ ਬਾਰ) ਜੰਮਣਾ ਮਰਣਾ ਮਿਟ ਜਾਏਗਾ।੧।ਰਹਾਉ।

੫. ਅਤੇ ਇਉਂ ਆਖ ਕਿ ਹੇ ਮੇਰੇ ਪ੍ਰਭੂ ! ਇਹ ਸਾਰੀ ਸ੍ਰਿਸ਼ਟੀ ਤੂੰ ਆਪ ਹੀ ਪੈਦਾ ਕੀਤੀ ਹੈ ਤੇ ਭਰਮ ਵਿਚ ਪਾ ਕੇ ਤੂੰ ਆਪਣੇ ਤੋਂ ਭੁਲਾਈ ਹੋਈ ਹੈ।

੬. ਪਰ (ਹਾਂ) ਇਸ ਜੀਵ ਨੂੰ ਤੂੰ ਆਪ ਮਤਿ ਦੇਂਦਾ ਹੈਂ, ਉਸ ਨੂੰ ਸਮਝ ਆਉਂਦੀ ਹੈ।੨।

ਪ੍ਰ: ਭਗਤ ਜੀ ! ਉਸ ਮਨੁੱਖ ਨੂੰ ਸੋਝੀ ਕਿਵੇਂ ਆਉਂਦੀ ਹੈ ?

ਉ: ੭. ਹੇ ਭਾਈਓ ! ਉਸ ਮਨੁੱਖ ਨੂੰ ਜਦੋਂ ਸਤਿਗੁਰੂ ਮਿਲਦਾ ਹੈ ਤਾਂ ਉਸ ਦਾ ਭਰਮ ਦੂਰ ਹੋ ਜਾਂਦਾ ਹੈ।

ਪ੍ਰ: ਹਜ਼ੂਰ ! ਭਰਮ ਨਵਿਰਤੀ ਤੋਂ ਆਪ ਜੀ ਦਾ ਕੀ ਭਾਵ ਹੈ ?

ਉ: ੮. ਹੇ ਪਿਆਰੇ ! ਉਸ ਦੀ ਇਉਂ ਦਿੱਬ ਦ੍ਰਿਸ਼ਟੀ ਪ੍ਰਕਾਸ਼ ਹੋ ਆਉਂਦੀ ਹੈ, ਜਿਸ ਦੀ ਬਰਕਤ ਨਾਲ ਉਹ ਕਹਿ ਉਠਦਾ ਹੈ ਕਿ ਐ ਭਾਈਓ ! ਦੱਸੋ ਮੈਂ ਹੋਰ ਪੂਜਾ ਕਿਸ ਦੀ ਕਰਾਂ, ਕਿਉਂਕਿ ਹਰੀ ਤੋਂ ਬਿਨਾ ਤਾਂ ਹੋਰ ਕੋਈ ਦੂਜਾ ਮੈਨੂੰ ਨਜ਼ਰ ਹੀ ਨਹੀਂ ਆਉਂਦਾ।੩।

ਪ੍ਰ: ਭਗਤ ਜੀ ! ਦੂਜਾ ਨਜ਼ਰ ਕਿਉਂ ਨਹੀਂ ਆਉਂਦਾ ? ਦੂਜਾ ਤਾਂ ਹੈ ਠਾਕਰ ਦੀ ਜੋ ਪ੍ਰਤਿਮਾ ਹੈ, ਉਸ ਦੀ ਪੂਜਾ ਕਰੋ।

ਉ: ੯. (ਐ ਲੋਕੋ ! ਕਿਆ ਅਜਬ ਗੱਲ ਹੈ ਕਿ) ਇਕ ਪੱਥਰ ਨੂੰ ਤਾਂ ਦੇਵਤਾ ਬਣਾ ਕੇ ਤੇ ਉਸ ਨਾਲ ਭਾਉ ਭਗਤੀ, ਸ਼ਰਧਾ ਤੇ ਪਿਆਰ ਕੀਤਾ ਜਾਂਦਾ ਹੈ।

੧੦. ਅਤੇ ਦੂਜਿਆਂ ਪੱਥਰਾਂ ਉੱਤੇ ਪੈਰ ਧਰਿਆ ਜਾਂਦਾ ਹੈ।

੧੧. ਹੇ ਭਾਈਓ ! ਕਿਤਨੀ ਅਸਚਰਜਤਾ ਹੈ ਕਿ ਇਹ ਕਦੀ ਕਿਸੇ ਨੇ ਸੋਚਿਆ ਹੀ ਨਹੀਂ ਕਿ (ਜੇ ਉਹ ਪਹਿਲਾ ਪੱਥਰ) (ਜਿਸ ਦੀ ਪੂਜਾ ਕੀਤੀ ਜਾਂਦੀ ਹੈ) ਦੇਵਤਾ ਹੈ, ਤਾਂ ਦੂਜਾ ਪੱਥਰ ਭੀ ਦੇਵਤਾ ਹੈ ਤਾਂ ਫਿਰ ਉਸ ਨੂੰ ਕਿਉਂ ਪੈਰਾਂ ਹੇਠ ਲਿਤਾੜੀਦਾ ਹੈ ?

ਪ੍ਰ: ਤਾਂ ਫਿਰ ਭਗਤ ਜੀ ਦੱਸੋ ! ਤੁਹਾਡਾ ਆਪਣਾ ਵਿਸ਼ਵਾਸ ਕੀ ਹੈ ?

ਉ: ੧੨. ਨਾਮਦੇਵ ਜੀ ਆਖਦੇ ਹਨ ਕਿ ਐ ਭਾਈਓ ! ਜੇ ਤੁਸੀਂ ਮੇਰਾ ਯਕੀਨ ਪੁੱਛਦੇ ਹੋ, ਤਾਂ ਉਹ ਇਹ ਹੈ ਕਿ ਮੈਂ ਤਾਂ ਕਿਸੇ ਵੀ ਪੱਥਰ ਨੂੰ ਦੇਵਤਾ ਬਣਾ ਕੇ ਉਸ ਦੀ ਪੂਜਾ ਕਰਨ ਨੂੰ ਤਿਆਰ ਨਹੀਂ ਹਾਂ। ਅਸੀਂ ਤਾਂ ਕੇਵਲ ਇਕੋ ਪਰਮੇਸ਼ਰ ਦੀ ਬੰਦਗੀ ਕਰਦੇ ਹਾਂ।੪।੧।

ਭਾਵਾਰਥ : ਸ੍ਰੀ ਨਾਮਦੇਵ ਜੀ ਪਹਿਲੋਂ ਮੂਰਤੀ ਪੂਜਕ ਸਨ, ਫਿਰ ਇਕ ਪ੍ਰਭੂ ਦੇ ਉਪਾਸ਼ਕ ਹੋ ਕੇ ਨਾਮ ਸਿਮਰਨ ਕਰਦਿਆਂ ਪਰਮ ਗਤੀ ਨੂੰ ਪ੍ਰਾਪਤ ਹੋਏ ਹਨ, ਇਸ ਲਈ ਇਸ ਮਹਾਵਾਕ ਵਿਚ ਕੇਵਲ ਇਕੋ ਪਰਮੇਸ਼ਰ ਦੀ ਪੂਜਾ ਕਰਨ ਲਈ ਪ੍ਰੇਰਣਾ ਕੀਤੀ ਹੈ ਤੇ ਮੂਰਤੀ ਪੂਜਾ ਤੋਂ ਵਰਜਿਆ ਹੈ। ਸਿਧਾਂਤ ਦਰਸਾਇਆ ਹੈ ਕਿ ਸਤਿਗੁਰੂ ਤੇ ਨਾਮ ਸਿਮਰਨ ਦੁਆਰਾ ਹਰੀ ਪੂਜਾ ਹੁੰਦੀ ਤੇ ਮੁਕਤੀ ਪ੍ਰਾਪਤ ਹੁੰਦੀ ਹੈ।

ਗੂਜਰੀ ਘਰੁ ੧ ॥

੧. ਮਲੈ ਨ ਲਾਛੈ ਪਾਰ ਮਲੋ
ਪਰਮਲੀਓ ਬੈਠੋ ਰੀ ਆਈ ॥
੨. ਆਵਤ ਕਿਨੈ ਨ ਪੇਖਿਓ
ਕਵਨੈ ਜਾਣੈ ਰੀ ਬਾਈ ॥੧॥
੩. ਕਉਣੁ ਕਹੈ ਕਿਣਿ ਬੂਝੀਐ
ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥
੪. ਜਿਉ ਆਕਾਸੈ ਪੰਖੀਅਲੋ
ਖੋਜੁ ਨਿਰਖਿਓ ਨ ਜਾਈ ॥
੫. ਜਿਉ ਜਲ ਮਾਝੈ ਮਾਛਲੋ
ਮਾਰਗੁ ਪੇਖਣੋ ਨ ਜਾਈ ॥੨॥
੬. ਜਿਉ ਆਕਾਸੈ ਘੜੂਅਲੋ
ਮ੍ਰਿਗ ਤ੍ਰਿਸਨਾ ਭਰਿਆ ॥
੭. ਨਾਮੇ ਚੇ ਸੁਆਮੀ ਬੀਠਲੋ
ਜਿਨਿ ਤੀਨੈ ਜਰਿਆ ॥੩॥੨॥

ਪਦ ਅਰਥ : ਮਲੈ—ਮਲ ਦਾ, ਮੈਲ ਦਾ। ਲਾਛੈ—ਲਾਛਨ, ਦਾਸ, ਨਿਸ਼ਾਨ, ਚਿੰਨ੍ਹ, ਦੋਖ, ਕਲੰਕ। ਪਾਰ ਮਲੋ—ਪਾਰ ਮਲ, ਮਲ ਰਹਿਤ, ਪੈਰਾਂ ਤੇ ਪਰੇ, ਪਾਰਬ੍ਰਹਮ ਤੋਂ ਭਾਵ ਹੈ। ਪਰਮਲੀਓ—

ਸੁਗੰਧੀ। ਰੀ—ਹੇ ਭੈਣ। ਕਵਨੈ—ਕਵਨ, ਕੌਣ ? ਰੀ ਬਾਈ —ਹੇ ਭੈਣ।੧।

ਕਹੈ—ਬਿਆਨ ਕਰ ਸਕਦਾ ਹੈ। ਕਿਨਿ—ਕਿਸ ਨੇ ? ਰਮਈਆ—ਸੋਹਣਾ ਰਾਮ। ਆਕੁਲੁ—ਜਿਸ ਦੀ ਕੁੱਲ ਚਾਰੋਂ ਤਰਫ਼ ਹੈ, ਜੋ ਹਰ ਥਾਂ ਮੌਜੂਦ ਹੈ, ਸਰਵ ਵਿਆਪਕ।੧।ਰਹਾਉ।

ਨਿਰਖਿਓ ਨ ਜਾਈ—ਵੇਖਿਆ ਨਹੀਂ ਜਾ ਸਕਦਾ। ਮਾਝੈ—ਵਿਚ। ਮਾਰਗੁ—ਰਸਤਾ।੨।

ਅਕਾਸੈ—ਅਕਾਸ਼ ਵਿਚ, ਖੁੱਲੇ ਥਾਂ, ਮੈਦਾਨ ਵਿਚ। ਘੜੂਅਲੋ—ਪਾਣੀ ਦਾ ਘੜਾ, ਭਾਵ ਪਾਣੀ। ਮ੍ਰਿਗ ਤ੍ਰਿਸਨਾ—ਠਗ ਨੀਰਾ, ਉਹ ਪਾਣੀ ਜੋ ਤਿਹਾਏ ਹਰਨ ਨੂੰ ਰੇਤਲੇ ਥਾਂ 'ਤੇ ਜਾਪਦਾ ਹੈ। ਮ੍ਰਿਗ—ਹਰਨ। ਤ੍ਰਿਸਨ—ਪਿਆਸ। ਮ੍ਰਿਗ—ਤ੍ਰਿਸਨਾ। ਘੜੂਘਲੋ—ਤਿਹਾਏ ਹਰਨ ਦਾ ਪਾਣੀ, ਮ੍ਰਿਗ ਤ੍ਰਿਸ਼ਨਾ ਦਾ ਜਲ। ਚੇ—ਦੇ। (ਬੀਠਲੋ—ਪਰੇ ਖਲੋਤਾ ਹੋਇਆ) ਮਾਇਆ ਤੋਂ ਨਿਰਾਲਾ, ਨਿਰਲੇਪ ਪ੍ਰਭੂ। ਜਿਨਿ—ਜਿਸ (ਬੀਠਲ) ਨੇ। ਤੀਨੈ—ਤਿੰਨੇ ਤਾਪ। ਪੰਖੀਅਲੋ—(ਮਰਹਟੀ) ਪੰਛੀ, ਪੰਛੀ ਦਾ। ਖੋਜ—ਪੈਰਾਂ ਦਾ ਨਿਸ਼ਾਨ। ਨਿਰਖਿਓ—ਦੇਖਿਆ। ਘੜੂਅਲੋ—ਘੜਾ। ਜਰਿਆ—ਸਾੜ ਦਿੱਤੇ ਹਨ।੩।

ਅਰਥ :

ਪ੍ਰ: ਭਗਤ ਜੀ ! ਤੁਸੀਂ ਜਿਸ ਹਰੀ ਦੀ ਸੇਵਨਾ ਕਰਦੇ ਹੋ, ਉਸ ਨੂੰ ਤੁਸੀਂ ਕਿਸ ਰੂਪ ਵਿਚ ਅਨੁਭਵ ਕਰਦੇ ਹੋ ?

ਉ: ੧. ਹੇ ਭਾਈ ! ਉਸ ਮੇਰੇ ਹਰੀ ਰਮਈਏ ਵਿਚ ਅਵਿੱਦਿਆ ਰੂਪੀ ਮੈਲ ਦਾ ਕੋਈ ਵੀ ਚਿੰਨ੍ਹ ਮਾਤ੍ਰ ਨਹੀਂ ਹੈ ਜਾਂ ਦਾਗ਼ ਨਹੀਂ ਹੈ, ਉਹ ਸਾਰੀਆਂ ਮੈਲਾਂ ਤੋਂ ਪਰੇ ਹੈ (ਪਰਮ ਸ਼ੁਧ ਹੈ)। ਹੇ ਭਾਈ ! ਉਹ ਚੰਦਨ ਦੀ ਸੁਗੰਧੀ ਵਾਂਙੂ ਰਾਮ ਸਭ ਜੀਵਾਂ ਵਿਚ ਆ ਕੇ ਵਸਦਾ ਹੈ, ਭਾਵ ਜਿਵੇਂ ਸੁਗੰਧੀ ਫੁੱਲਾਂ ਵਿਚ ਹੈ, ਓਵੇਂ ਹਰੀ ਸਾਰੇ ਜੀਵਾਂ ਵਿਚ ਵਿਆਪਕ ਹੈ।

ਪ੍ਰ: ਕਿਉਂ ਜੀ ! ਉਸ ਰਮਈਏ ਬਾਰੇ ਕੁਝ ਤਾਂ ਕਥਨ ਕਰੋ ?

ਉ: ੨. ਹੇ ਭਾਈਓ ! ਜਦੋਂ ਉਹ ਸੋਹਣੇ ਰਾਮ ਨੂੰ ਕਿਸੇ ਨੇ ਕਦੀ ਜੰਮਦਾ ਹੀ ਨਹੀਂ ਵੇਖਿਆ, ਇਸ ਲਈ ਉਸ ਨੂੰ ਕੋਈ ਨਹੀਂ ਜਾਣਦਾ ਕਿ ਉਹ ਕਿਹੋ ਜਿਹਾ ਹੈ।੧।

੩. (ਜਦੋਂ ਉਸ ਨੂੰ ਕੋਈ ਜਾਣ ਹੀ ਨਾ ਸਕੇ ਤਾਂ) ਉਸ ਨੂੰ ਕੌਣ ਵਰਣਨ ਕਰ ਸਕੇ ? ਜਦ ਕੋਈ ਵਰਣਨ ਹੀ ਨਾ ਕਰ ਸਕੇ ਤਾਂ ਕਿਸ ਨੂੰ ਪੁੱਛੀਏ, ਇਸ ਲਈ ਹੇ ਭਾਈ ! ਰਮਈਆ ਤਾਂ ਅਕੁਲ ਹੈ, ਭਾਵ ਸਾਰੇ ਪਰੀ ਪੂਰਣ ਹੋ ਰਿਹਾ ਹੈ।੧।ਰਹਾਉ।

ਪ੍ਰ: ਕਿਉਂ ਭਗਤ ਜੀ ! ਕਈ ਲੋਕ ਕਹਿੰਦੇ ਸੁਣੀਦੇ ਹਨ ਕਿ ਉਸ ਨੂੰ ਮੈਂ ਵੇਖਿਆ ਹੈ ?

ਉ: ੪. ਹੇ ਪਿਆਰੇ ! ਜੇ ਕੋਈ ਕਵੇ ਕਿ ਮੈਂ ਉਸ ਨੂੰ ਦੇਖਿਆ ਹੈ ਤਾਂ ਇਹ ਸੱਚ ਨਹੀਂ ਹੋਵੇਗਾ, ਕਿਉਂਕਿ ਜਿਵੇਂ ਅਕਾਸ਼ ਵਿਚ ਪੰਛੀ ਉੱਡਦਾ ਹੈ, ਪਰ ਉਸ ਦੇ ਉੱਡਣ ਵਾਲੇ ਰਸਤੇ ਦਾ ਖੁਰਾ ਖੋਜ ਵੇਖਿਆ ਨਹੀਂ ਜਾ ਸਕਦਾ।

੫. (ਹੋਰ ਸੁਣੋ) ਜਿਵੇਂ ਮੱਛੀ ਪਾਣੀ ਵਿਚ ਤਰਦੀ ਹੈ, ਪਰ ਜਿਸ ਰਸਤੇ ਉਹ ਤਰਦੀ ਹੈ, ਉਹ ਰਾਹ ਵੇਖਿਆ ਨਹੀਂ ਜਾ ਸਕਦਾ। ਜੇ ਕੋਈ ਕਵੇ ਕਿ ਮੈਂ ਡਿੱਠਾ ਹੈ ਤਾਂ ਉਹ ਮਿਥਿਆ ਕਹਿ ਰਿਹਾ ਹੈ, ਤਿਵੇਂ ਉਸ ਪ੍ਰਭੂ ਦਾ ਮੁਕੰਮਲ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ।੨।

੬. ਹੇ ਪਿਆਰੇ ! ਹੋਰ ਸੁਣੋ, ਜਿਵੇਂ ਕੋਈ ਕਹੇ ਕਿ ਅਕਾਸ਼ ਵਿਚ ਮ੍ਰਿਗ ਤ੍ਰਿਸ਼ਨਾ ਦੇ ਜਲ ਦਾ ਭਰਿਆ ਘੜਾ ਰਖਿਆ (ਮੈਂ ਡਿੱਠਾ ਹੈ ਤਾਂ ਉਹ ਇਹ ਮਿਥਿਆ ਕਹਿ ਰਿਹਾ ਹੈ) ਇਸੇ ਤਰ੍ਹਾਂ ਪ੍ਰਭੂ ਦਾ ਖ਼ਾਸ ਟਿਕਾਣਾ ਨਹੀਂ ਲੱਭਦਾ, ਜੇ ਕੋਈ ਕਹਿੰਦਾ ਹੈ ਤਾਂ ਉਹ ਮਿਥਿਆ ਕਹਿ ਰਿਹਾ ਹੈ, ਕਿਉਂਕਿ ਉਹ ਸਾਈਂ ਜੀ ਤਾਂ ਹਰ ਥਾਂ ਵਿਆਪਕ ਹੈ।

ਪ੍ਰ: ਭਗਤ ਜੀ ! ਤਾਂ ਫਿਰ ਤੁਸੀਂ ਆਪਣਾ ਨਿਸਚਾ ਦੱਸੋ ਕੀ ਹੈ ?

ਉ: ੭. ਨਾਮਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਮੇਰਾ ਸੁਆਮੀ ਤਾਂ (ਉਪਰ ਕਥਿਆ) ਬੀਠਲ ਹੈ, ਜਿਸ ਨੇ ਇਨ੍ਹਾਂ ਤਿੰਨਾਂ ਨੂੰ ਜਰਿਆ ਹੈ। ਜਾਂ ਜਿਸ ਨੇ ਮੇਰੇ ਤਿੰਨੇ ਹੀ ਤਾਪ (ਆਧੀ, ਬਿਆਧੀ, ਉਪਾਧੀ) ਸਾੜ ਦਿੱਤੇ ਹਨ।੩।੨।

ਭਾਵਾਰਥ : ਸ਼ਬਦ ਦਾ ਸਿਧਾਂਤ ਹੈ ਕਿ ਪਰਮੇਸ਼ਰ ਸਰਬ ਵਿਆਪਕ ਹੈ, ਅਕੱਥ ਹੈ, ਉਸ ਦਾ ਖ਼ਾਸ ਟਿਕਾਣਾ ਲੱਭ ਨਹੀਂ ਸਕੀਦਾ। ਭਗਤ ਜੀ ਦੀ ਰਚਨਾ ਵਿਚੋਂ ਬੀਠਲ ਸ਼ਬਦ ਪੜ੍ਹ ਕੇ ਇਹ ਅਨੁਮਾਨ ਲਾ ਲੈਣਾ ਕਿ ਭਗਤ ਜੀ, ਕਿਸੇ ਮੂਰਤੀ ਦੇ ਉਪਾਸ਼ਕ ਸਨ, ਇਹ ਭਾਰੀ ਭੁੱਲ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਬੀਠਲ ਦਾ ਸਰੂਪ ਸਰਵ ਵਿਆਪਕ ਦੱਸਿਆ ਹੈ।

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩

ੴ ਸਤਿਗੁਰ ਪ੍ਰਸਾਦਿ ॥

੧. ਦੂਧੁ ਤ ਬਛਰੈ ਥਨਹੁ ਬਿਟਾਰਿਓ ॥
੨. ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥
੩. ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
੪. ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥
੫. ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥
੬. ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥
੭. ਧੂਪ ਦੀਪ ਨਈਬੇਦਹਿ ਬਾਸਾ ॥
੮. ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥
੯. ਤਨੁ ਮਨੁ ਅਰਪਉ ਪੂਜ ਚਰਾਵਉ ॥
੧੦. ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥
੧੧. ਪੂਜਾ ਅਰਚਾ ਆਹਿ ਨ ਤੋਰੀ ॥
੧੨. ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥

ਪਦ ਅਰਥ : ਬਛਰੈ—ਵੱਛੇ ਨੇ। ਥਨਹੁ—ਥਣਾਂ ਤੋਂ (ਹੀ)। ਬਿਟਾਰਿਓ—ਜੂਠਾ ਕਰ ਦਿੱਤਾ, ਵਿਗਾੜਿਆ ਹੈ, ਖ਼ਰਾਬ ਕੀਤਾ ਹੈ। ਭਵਰਿ—ਭਵਰ ਨੇ। ਮੀਨਿ—ਮੀਨ ਨੇ, ਮੱਛੀ ਨੇ।੧।

ਮਾਈ—ਹੇ ਮਾਂ। ਕਹਾ—ਕਿਥੋਂ ? ਲੈ—ਲੈ ਕੇ। ਚਰਾਵਉ—ਮੈਂ ਭੇਟਾ ਕਰਾਂ। ਅਨੂਪ—(ਅਨ—ਊਪੁ) ਜਿਸ ਵਰਗਾ ਹੋਰ ਕੋਈ ਨਹੀਂ, ਸੰਦੁ। ਨ ਪਾਵਉ—ਮੈਂ ਹਾਸਲ ਨਹੀਂ ਕਰ ਸਕਦਾ।੧।ਰਹਾਉ।

ਮੈਲਾਗਰ—(ਮਲਯ+ਗਿਰਿ) ਮਲਿਆਗਰ ਪਹਾੜ 'ਤੇ ਉਗਣ ਵਾਲਾ ਚੰਦਨ। ਬੇਰ੍ਹੇ—ਵੇਹੜੇ ਹੋਏ, ਲਪੇਟੇ ਹੋਏ। ਭੁਇਅੰਗਾ—ਸੱਪ। ਬਿਖੁ—ਜ਼ਹਿਰ। ਇਕ ਸੰਗਾ—ਇਕੱਠੇ।੨।

ਦੀਪ—ਦੀਵਾ। ਨਈਬੇਦਹਿ—ਕਿਸੇ ਦੇਵੀ ਦੇਵਤੇ ਅੱਗੇ ਖਾਣ ਵਾਲੀਆਂ ਚੀਜ਼ਾਂ ਦੀ ਭੇਟਾ। ਬਾਸਾ—ਬਾਸ਼ਨਾ, ਸੁਗੰਧੀ।੩।

ਅਰਪਉ—ਅਰਪਉਂ, ਮੈਂ ਅਰਪ ਦਿਆਂ, ਮੈਂ ਭੇਟਾ ਕਰਾਂ। ਚਰਾਵਉ—ਭੇਟਾ ਕਰਾਂ, ਭੇਟਾ ਚੜ੍ਹਾਵਾਂ।੪।

ਅਰਚਾ—ਮੂਰਤੀ ਆਦਿ ਦੀ ਪੂਜਾ, ਮੂਰਤੀ ਆਦਿਕ ਅੱਗੇ ਸਿਰ ਨਿਵਾਉਣਾ, ਮੂਰਤੀ ਨੂੰ ਸ਼ਿੰਗਾਰਨਾ। ਆਹਿ ਨ—ਨਹੀਂ ਹੋ ਸਕੀ। ਕਹਿ—ਕਹੈ, ਆਖਦਾ ਹੈ। ਕਵਨ ਗਤਿ—ਕੀ ਹਾਲ।੫।

ਅਰਥ :

ਪ੍ਰ: ਰਵਿਦਾਸ ਜੀਉ ! ਤੁਸਾਂ ਨੂੰ ਸਾਰੇ ਹੀ ਲੋਕ ਭਗਤ ਕਰ ਕੇ ਸੱਦਦੇ ਹਨ, ਪਰ ਅਸੀਂ ਤੁਹਾਨੂੰ ਕਦੀ ਪੂਜਾ ਕਰਦੇ ਨਹੀਂ ਤੱਕਿਆ। ਨਾ ਤੁਸਾਂ ਕਦੀ ਠਾਕਰ ਨੂੰ ਦੁੱਧ ਪਿਆਇਆ ਹੈ, ਨਾ ਹੀ ਕਦੇ ਫੁੱਲ ਅਰਪਨ ਕੀਤੇ ਹਨ ਅਤੇ ਨਾ ਹੀ ਤੁਸਾਂ ਨੂੰ ਕਦੇ ਠਾਕਰ ਨੂੰ ਪਾਣੀ ਅਰਪਨ ਕਰਦੇ ਦੇਖਿਆ ਹੈ, ਇਸ ਦਾ ਕਾਰਣ ਕੀ ਹੈ, ਦੱਸ ਦਿਓ ?

ੳ: ਐ ਮਿੱਤਰੋ ! ਅਸਲ ਵਿਚ ਇਹ ਤਿੰਨੇ ਹੀ ਚੀਜ਼ਾਂ (ਦੁੱਧ, ਫੁੱਲ, ਪਾਣੀ) ਮੈਂ ਠਾਕਰ ਦੀ ਪੂਜਾ ਕਰਨ ਦੇ ਲਾਇਕ ਨਹੀਂ ਸਮਝਦਾ।

ਪ੍ਰ: ਕਿਉਂ ਜੀ ! ਉਹ ਕਿਉਂ ?

ੳ: ੧. ਹੇ ਭਾਈਓ ! ਸੁਣੋ, ਦੁੱਧ ਤਾਂ ਵੱਛੇ ਨੇ ਥਣਾਂ ਤੋਂ ਹੀ ਖ਼ਰਾਬ ਕਰ ਦਿੱਤਾ ਹੈ, ਭਾਵ ਹੈ ਕਿ ਜੂਠਾ ਕਰ ਛੱਡਿਆ ਹੈ।

੨. ਫੁੱਲ ਨੂੰ ਭਵਰੇ ਨੇ (ਸੁੰਘ ਕੇ) ਤੇ ਪਾਣੀ ਨੂੰ ਮੱਛੀ ਨੇ ਖ਼ਰਾਬ ਕਰ ਦਿੱਤਾ ਹੈ, ਭਾਵ ਜੂਠਾ ਕਰ ਦਿੱਤਾ ਹੈ, ਸੋ ਦੁੱਧ, ਫੁੱਲ, ਪਾਣੀ ਇਹ ਤਿੰਨੇ ਹੀ ਜੂਠੇ ਹੋ ਜਾਣ ਕਰ ਕੇ ਪਰਮੇਸ਼ਰ ਅੱਗੇ ਭੇਟ ਕਰਨ ਜੋਗੇ ਨਾ ਰਹਿ ਗਏ।੧।

੩. ਇਸ ਲਈ, ਹੇ ਮਾਂ ! ਗੋਬਿੰਦ ਦੀ ਪੂਜਾ ਕਰਨ ਵਾਸਤੇ ਮੈਂ ਕਿਥੋਂ ਕੋਈ ਚੀਜ਼ ਲੈ ਕੇ ਭੇਟਾ ਕਰਾਂ ?

੪. ਕੋਈ ਹੋਰ ਸੁੱਚਾ ਫੁੱਲ (ਜਾਂ) ਸੁੰਦਰ ਵਸਤੂ ਅਰਥਾਤ ਸੁੱਚੀ ਤੇ ਪਵਿੱਤਰ ਸ਼ੈਅ ਮੈਨੂੰ ਨਹੀਂ ਮਿਲਦੀ (ਸੋ ਤੁਸੀਂ ਮੈਨੂੰ ਦੱਸੋ ਕਿ) ਕੀ ਇਸ ਘਾਟ ਕਰਕੇ, ਮੈਂ ਉਸ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਾਂਗਾ ?।੧।ਰਹਾਉ।

ਪ੍ਰ: ਭਗਤ ਜੀ ! ਜੇ ਤੁਸੀਂ ਇਨ੍ਹਾਂ ਤਿੰਨਾਂ ਹੀ ਵਸਤੂਆਂ ਨੂੰ ਜੂਠੀਆਂ ਮੰਨਦੇ ਹੋ ਤਾਂ ਫਿਰ ਚੰਦਨ ਤਾਂ ਪਵਿੱਤਰ ਸ਼ੁੱਧ ਹੈ, ਉਸੇ ਨੂੰ ਭਗਵਾਨ ਦੇ ਅਰਪਨ ਕਰ ਦਿਓ ?

ੳ: ੫. ਹੇ ਮਿੱਤਰੋ ! ਸੁਣ ਲਓ, ਚੰਦਨ ਦੇ ਤਾਂ ਬੂਟਿਆਂ ਨੂੰ ਹੀ ਸੱਪਾਂ ਨੇ ਵੇਹੜਿਆ ਹੋਇਆ ਹੈ ਤੇ ਉਨ੍ਹਾਂ ਨੇ ਚੰਦਨ ਨੂੰ ਜੂਠਾ ਕਰ ਦਿੱਤਾ ਹੈ।

੬. ਜ਼ਹਿਰ ਤੇ ਅੰਮ੍ਰਿਤ (ਭੀ) (ਸਮੁੰਦਰ ਵਿਚ) ਇਕੱਠੇ ਹੀ ਵਸਦੇ ਹਨ, ਭਾਵ ਸਮੁੰਦਰ ਨੂੰ ਮੰਥਨ ਸਮੇਂ ਵਿਹੁ ਤੇ ਅੰਮ੍ਰਿਤ ੧੪ ਰਤਨਾਂ ਵਿਚ ਇਕੱਠੇ ਹੀ ਨਿਕਲੇ ਸਨ, ਸੋ, ਅੰਮ੍ਰਿਤ ਨੂੰ ਵਿਹੁ ਦਾ ਕੁਸੰਗ ਹੈ।੨।

੭. ਸੋ ਹੁਣ ਭਗਤ ਜੀ ਗੋਬਿੰਦ ਦੇ ਸਨਮੁਖ ਹੋ ਕਹਿ ਰਹੇ ਹਨ ਕਿ ਹੇ ਗੋਬਿੰਦ ! (ਇਨ੍ਹਾਂ) ਧੂਪ, ਦੀਵੇ, ਨਈਵੇਦ ਤੇ ਵਾਸ਼ਨਾ (ਸੁਗੰਧੀ) ਨਾਲ

੮. ਤੇਰੇ ਦਾਸ ਤੇਰੀ ਕਿਸ ਤਰ੍ਹਾਂ ਪੂਜਾ ਕਰਨ, ਕਿਉਂਕਿ ਸੁਗੰਧੀ ਆ ਜਾਣ ਨਾਲ ਧੂਪ, ਦੀਪਾ, ਨਈਵੇਦ ਭੀ (ਜੂਠੇ ਹੋ ਜਾਂਦੇ ਹਨ) ਤਾਂ ਫਿਰ ਇਹ ਜੂਠੀਆਂ ਚੀਜ਼ਾਂ ਤੇਰੇ ਅੱਗੇ ਰੱਖ ਕੇ ਤੇਰੇ ਭਗਤ ਕਿਸ ਤਰ੍ਹਾਂ ਤੇਰੀ ਪੂਜਾ ਕਰਨ ?।੩।

ਪ੍ਰ: ਕਿਉਂ ਜੀ ! ਫਿਰ ਤੁਸੀਂ ਕਿਸ ਪ੍ਰਕਾਰ ਦੀ ਪੂਜਾ ਕਰਨ ਵਿਚ ਵਿਸ਼ਵਾਸ ਰੱਖਦੇ ਹੋ ?

ੳ: ੯. ਤਾਂ ਆਪ ਜੀ ਗੋਬਿੰਦ ਦੇ ਸਨਮੁਖ ਹੋ ਉਚਾਰਨ ਕਰਦੇ ਹੋਏ ਸੱਚੀ ਪੂਜਾ ਕਰਨ ਦੀ ਜਾਚ ਦੱਸ ਰਹੇ ਹਨ ਕਿ ਹੇ ਗੋਬਿੰਦ ! ਮੈਂ ਤਾਂ ਆਪਣਾ ਤਨ ਤੇ ਮਨ ਆਪ ਜੀ ਨੂੰ ਭੇਟਾ ਕਰਦਾ ਹਾਂ, ਇਹੋ ਭੇਟਾ ਚੜ੍ਹਾਉਂਦਾ ਹਾਂ।

੧੦. (ਮੈਨੂੰ ਵਿਸ਼ਵਾਸ ਹੈ ਕਿ) ਇਸੇ ਭੇਟਾ ਨਾਲ ਹੀ ਸਤਿਗੁਰੂ ਦੀ ਬਰਕਤ ਨਾਲ ਮੈਂ ਮਾਇਆ ਰਹਿਤ ਪ੍ਰਭੂ ਨੂੰ ਪਾ ਸਕਦਾ ਹਾਂ।੪।

੧੧. ਰਵਿਦਾਸ ਜੀ ਕਹਿੰਦੇ ਹਨ ਕਿ ਹੇ ਗੋਬਿੰਦ ! ਮੈਥੋਂ ਗੁਰੂ ਦੀ ਕਿਰਪਾ ਤੋਂ ਬਿਨਾ, ਤੇਰੀ ਪੂਜਾ ਅਰਚਾ ਲਈ (ਮੇਰੀ ਆਪਣੀ ਕੋਈ ਸ਼ੈਅ) ਤੇਰੇ ਯੋਗ ਨਹੀਂ ਹੈ।

੧੨. ਤਾਂ ਭਗਤ ਜੀ ਕਹਿੰਦੇ ਹਨ, (ਦੱਸੋ) ਮੇਰੀ ਕੀ ਗਤ ਹੋਵੇਗੀ। ਜਾਂ ਜੇ ਸੁੱਚੇ ਦੁੱਧ, ਫੁੱਲ, ਧੂਪ, ਚੰਦਨ ਤੇ ਨੈਵੇਦ ਆਦਿਕ ਦੀ ਭੇਟਾ ਨਾਲ ਹੀ ਤੇਰੀ ਪੂਜਾ ਹੋ ਸਕਦੀ ਤਾਂ ਇਹ ਸ਼ੈਆਂ ਕਿਤੇ ਭੀ ਸੁੱਚੀਆਂ ਨਾ ਮਿਲਣ ਕਰਕੇ, ਮੈਥੋਂ ਤੇਰੀ ਪੂਜਾ ਤੇ ਤੇਰੀ ਭਗਤੀ ਹੋ ਹੀ ਨਾ ਸਕਦੀ, ਤਾਂ ਹੇ ਪ੍ਰਭੂ ! ਮੇਰਾ ਕੀ ਹਾਲ ਹੁੰਦਾ ?।੫।੧।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਉਸ ਪੂਜਾ ਦਾ ਪੋਲ ਖੋਲ੍ਹਦੇ ਹਨ, ਜੋ ਲੋਕੀਂ ਮੂਰਤੀਆਂ ਦੀ ਪੂਜਾ ਕਰਦੇ ਹਨ। ਲੋਕ ਆਪਣੇ ਵਲੋਂ ਸੁੱਚੇ ਜਲ, ਫੁੱਲ ਤੇ ਦੁੱਧ ਆਦਿਕ ਨਾਲ ਪ੍ਰਸੰਨ ਕਰਨ ਦੇ ਜਤਨ ਕਰਦੇ ਹਨ, ਪਰ ਇਹ ਚੀਜ਼ਾਂ ਤਾਂ ਪਹਿਲਾਂ ਹੀ ਜੂਠੀਆਂ ਹੋ ਜਾਂਦੀਆਂ ਹਨ, ਇਸ ਲਈ ਪਰਮੇਸ਼ਰ ਅਜੇਹੀਆਂ ਚੀਜ਼ਾਂ ਦੀ ਭੇਟਾ ਨਾਲ ਪ੍ਰਸੰਨ ਨਹੀਂ ਹੁੰਦਾ, ਉਹ ਤਾਂ ਤਨ, ਮਨ ਦੀ ਭੇਟ ਮੰਗਦਾ ਹੈ।

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

੧. ਅੰਤਰੁ ਮਲਿ ਨਿਰਮਲੁ ਨਹੀ ਕੀਨਾ
ਬਾਹਰਿ ਭੇਖ ਉਦਾਸੀ ॥
੨. ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ
ਕਾਹੇ ਭਇਆ ਸੰਨਿਆਸੀ ॥੧॥
੩. ਭਰਮੇ ਭੂਲੀ ਰੇ ਜੈ ਚੰਦਾ ॥
੪. ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥
੫. ਘਰਿ ਘਰਿ ਖਾਇਆ ਪਿੰਡੁ ਬਧਾਇਆ
ਖਿੰਥਾ ਮੁੰਦਾ ਮਾਇਆ ॥

੬. ਭੂਮਿ ਮਸਾਣ ਕੀ ਭਸਮ ਲਗਾਈ
ਗੁਰ ਬਿਨੁ ਤਤੁ ਨ ਪਾਇਆ ॥੨॥
੭. ਕਾਇ ਜਪਹੁ ਰੇ ਕਾਇ ਤਪਹੁ ਰੇ
ਕਾਇ ਬਿਲੋਵਹੁ ਪਾਣੀ ॥
੮. ਲਖ ਚਉਰਾਸੀਹ ਜਿਨਿ੍ ਉਪਾਈ
ਸੋ ਸਿਮਰਹੁ ਨਿਰਬਾਣੀ ॥੩॥
੯. ਕਾਇ ਕਮੰਡਲੁ ਕਾਪੜੀਆ
ਰੇ ਅਠਸਠਿ ਕਾਇ ਫਿਰਾਹੀ ॥
੧੦. ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ
ਕਣ ਬਿਨੁ ਗਾਹੁ ਕਿ ਪਾਹੀ ॥੪॥੧॥

ਪਦ ਅਰਥ : ਅੰਤਰੁ—ਅੰਦਰਲਾ ਮਨ, ਅੰਤਹਕਰਣ ਨੂੰ। ਮਲਿ—ਮੱਲ ਵਾਲਾ, ਮਲੀਨ। ਕੀਨਾ—ਕੀਤਾ। ਭੇਖ—ਧਾਰਮਕ ਲਿਬਾਸ। ਉਦਾਸੀ—ਵਿਰਕਤ, ਜਗਤ ਵਲੋਂ ਉਪਰਾਮ। ਹਿਰਦੈ ਕਮਲੁ—ਹਿਰਦੇ ਨੂੰ ਜੋ ਕਮਲ ਵਾਂਙੂ ਹੈ, ਖੇੜੇ ਤੇ ਸੁਗੰਧੀ ਵਾਲਾ ਜਿਸ ਦਾ ਅਸਲੀ ਰੂਪ ਹੈ, ਹਿਰਦੇ ਦਾ ਕਮਲ ਫੁੱਲ ਨਹੀਂ ਪਛਾਣਿਆ। ਘਟਿ—ਘਟ ਵਿਚ, ਹਿਰਦੇ ਵਿਚ।੧।

ਰੇ—ਹੇ ਭਾਈ। ਨਹੀ—ਬਿਲਕੁਲ ਨਹੀਂ। ਚੀਨਿ੍ਆ—ਪਛਾਣਿਆ। ਪਰਮਾਨੰਦਾ—ਸਭ ਤੋਂ ਸਰੇਸ਼ਟ ਅਨੰਦ ਦੇ ਮਾਲਕ ਪ੍ਰਭੂ ਨੂੰ।੧।ਰਹਾਉ।

ਘਰਿ ਘਰਿ—ਹਰੇਕ ਘਰ ਵਿਚ, ਹਰੇਕ ਘਰ ਤੋਂ, ਘਰ ਘਰ ਤੋਂ। ਪਿੰਡੁ—ਸਰੀਰ, ਦੇਹ। ਵਧਾਇਆ—ਮੋਟਾ ਕਰ ਲਿਆ। ਖਿੰਥਾ—ਗੋਦੜੀ। ਮਸਾਣ ਭੂਮਿ—ਉਹ ਧਰਤੀ ਜਿਥੇ ਮੁਰਦੇ ਸਾੜੀਦੇ ਹਨ। ਭਸਮ—ਸੁਆਹ। ਤਤੁ—ਅਸਲੀਅਤ।੨।

ਕਾਇ—ਕਾਹਦੇ ਲਈ ? ਜਪਹੁ—ਜਪ ਕਰਦੇ ਹੋ। ਰੇ—ਹੇ ਭਾਈ। ਬਿਲੋਵਹੁ—ਰਿੜਕਦੇ ਹੋ। ਜਿਨਿ—ਜਿਸ ਪ੍ਰਭੂ ਨੇ। ਨਿਰਬਾਣੀ—ਵਾਸਨਾ ਰਹਿਤ ਪ੍ਰਭੂ।੩।

ਕਮੰਡਲੁ—ਮਿੱਟੀ ਜਾਂ ਲੱਕੜ ਦਾ ਪਿਆਲਾ ਆਦਿਕ ਜੋ ਸਾਧੂ ਲੋਕ ਪਾਣੀ ਪੀਣ ਲਈ ਪਾਸ ਰੱਖਦੇ ਹਨ, ਖੱਪਰ, ਤੂੰਬੇ ਦਾ ਜਾਂ ਦਰਿਆਈ ਨਰੇਲ ਦਾ। ਕਾਪੜੀਆ—ਟਾਕੀਆਂ ਦੀ ਬਣੀ ਹੋਈ ਗੋਦੜੀ ਪਹਿਨਣ ਵਾਲਾ। ਕਣ—ਅੰਨ ਦੇ ਦਾਣੇ। ਰੇ—ਹੇ ਭਾਈ। ਹੇ ! ਜੈ ਚੰਦ ! ਅਠਸਠਿ—ਅਠਾਹਠ ਤੀਰਥ। ਬਦਤਿ—ਆਖਦਾ ਹੈ। ਕਣ—ਦਾਣੇ। ਕਣਕ ਚਾਵਲ ਆਦਿ ਦੇ ਪੂਲੇ ਜਿਨ੍ਹਾਂ ਵਿਚੋਂ ਅਜੇ ਦਾਣੇ ਨਹੀਂ ਕੱਢੇ ਗਏ, ਉਹ ਕਣ ਸਹਿਤ ਹਨ, ਜਿਨ੍ਹਾਂ ਵਿਚੋਂ ਦਾਣੇ ਨਿਕਲ ਗਏ ਜਾਂ ਵਿਚ ਹੋਣ ਹੀ ਨਾ, ਉਹ ਕਣ ਬਿਨਾ ਹਨ। ਕਣ ਵਾਲਿਆਂ ਵਿਚ ਬੌਲਦ ਫੇਰ ਕੇ ਜੋ ਦਾਣੇ ਜੁਦਾ ਕਰਦੇ ਹਨ, ਉਸ ਨੂੰ ਗਾਹ ਪਾਉਣਾ ਆਖਦੇ ਹਨ।੪।

ਅਰਥ :

ਉਥਾਨਕਾ : ਰਹਾਉ ਦੀ ਪੰਗਤੀ ਤੋਂ ਪਤਾ ਚਲਦਾ ਹੈ ਕਿ ਇਹ ਸ਼ਬਦ ਕਿਸੇ ਜੈ ਚੰਦ ਨਾਮ ਦੇ ਬ੍ਰਾਹਮਣ ਪੁਰਸ਼ ਪ੍ਰਤੀ ਉਚਾਰਨ ਕੀਤਾ ਗਿਆ ਹੈ।

ਪ੍ਰ: ਭਗਤ ਜੀ ! ਹਰ ਸਾਧੂ ਸਰੀਰਕ ਲਿਬਾਸ ਤੋਂ ਸਮਝਿਆ ਜਾਂਦਾ ਹੈ ਕਿ ਇਹ ਕਿਸ ਭੇਖ ਦਾ ਮਨੁੱਖ ਹੈ, ਪਰ ਤੁਸਾਂ ਦੇ ਸਰੀਰਕ ਲਿਬਾਸ ਤੋਂ ਕੋਈ ਸਮਝ ਨਹੀਂ ਪੈਂਦੀ ਕਿ ਤੁਸੀਂ ਕਿਸ ਭੇਖ ਦੇ ਸਾਧੂ ਹੋ ?

ਉ: ੧. ਹੇ ਪਿਆਰਿਓ ! ਜੋ ਕਿਸੇ ਮਨੁੱਖ ਨੇ ਆਪਣੇ ਅੰਦਰਲੇ ਮਲੀਨ ਮਨ ਨੂੰ ਸਾਫ਼ ਨਹੀਂ ਕੀਤਾ, ਪਰ ਉਸ ਨੇ ਬਾਹਰੋਂ ਸਰੀਰ ਉੱਤੇ ਸਾਧੂਆਂ ਦਾ ਬਾਣਾ ਪਾਇਆ ਹੋਇਆ ਹੈ, ਤਾਂ ਦੱਸੋ ਉਸ ਨੇ ਕਾਹਦੇ ਲਈ ਭੇਖ ਧਾਰਿਆ ਹੈ ?

੨. ਹੇ ਭਾਈ ! ਜੇ ਉਸ ਨੇ ਆਪਣੇ ਹਿਰਦੇ ਕਮਲ ਨੂੰ ਨਹੀਂ ਪਰਖਿਆ ਭਾਵ ਜਿਸ ਦਾ ਹਿਰਦਾ ਕਮਲ ਖਿੜਿਆ ਨਹੀਂ ਤੇ ਖਿੜੇ ਮਨ ਵਿਚ ਜਿਸ ਨੇ ਬ੍ਰਹਮ ਨੂੰ ਨਹੀਂ ਪਛਾਣਿਆ, ਦੱਸੋ ਉਹ ਸੰਨਿਆਸੀ ਕਾਹਦੇ ਲਈ ਬਣ ਗਿਆ ? ਭਾਵ ਉਸ ਦਾ ਸੰਨਿਆਸ ਨਿਸਫਲ ਹੈ।੧।

੩. ਇਸ ਲਈ, ਹੇ ਜੈ ਚੰਦ ! ਇਹ ਦਿੱਸ ਰਹੀ ਸਾਰੀ ਹੀ ਤਿਆਗੀ ਸ੍ਰਿਸ਼ਟੀ ਭੁਲੇਖੇ ਵਿਚ ਭੁੱਲੀ ਪਈ ਹੈ ਕਿ ਨਿਰਾ ਫ਼ਕੀਰੀ ਭੇਖ ਧਾਰਿਆਂ ਪਰਮੇਸ਼ਰ ਮਿਲ ਪੈਂਦਾ ਹੈ, ਪਰ ਇਹ ਖ਼ਿਆਲ ਬਿਲਕੁਲ ਗ਼ਲਤ ਹੈ।

੪. ਹੇ ਪਿਆਰੇ ! ਨਿਸ਼ਚਾ ਕਰ ਕਿ ਇਸ ਨੇ ਪਰਮਾ ਅਨੰਦ ਸਰੂਪ ਪਰਮੇਸ਼ਰ ਨੂੰ ਨਹੀਂ ਪਛਾਣਿਆ, (ਹਰਗਿਜ਼ ਨਹੀਂ ਪਛਾਣਿਆ)।੧।ਰਹਾਉ।

੫. ਹੇ ਸੱਜਣਾ ! ਜਿਸ ਮਨੁੱਖ ਨੇ, ਘਰ-ਘਰ ਤੋਂ (ਮੰਗ ਕੇ ਟੁਕਰ) ਖਾ ਲਿਆ, ਆਪਣੇ ਸਰੀਰ ਨੂੰ (ਚੰਗਾ) ਮੋਟਾ ਕਰ ਲਿਆ। ਜੇ ਗੋਦੜੀ ਪਹਿਰੀ ਤੇ ਮੁੰਦਰਾਂ ਭੀ ਪਾ ਲਈਆਂ, ਪਰ ਇਹ ਸਭੋ ਕੁਝ ਮਾਇਆ ਦੀ ਖ਼ਾਤਰ ਹੀ ਕੀਤਾ।

੬. ਇਸੇ ਤਰ੍ਹਾਂ ਜੇ ਮਸਾਣ ਭੂਮੀ ਦੀ (ਅਪਵਿੱਤ੍ਰ) ਸੁਆਹ ਪਿੰਡੇ ਤੇ ਮਲ ਲਈ ਤਾਂ ਇਹ ਵਿਅਰਥ ਹੈ, (ਕਿਉਂਕਿ) ਗੁਰੂ ਤੋਂ ਬਿਨਾ ਤਤ ਸਰੂਪ ਪਰਮੇਸ਼ਰ ਨੂੰ ਕਿਸੇ ਨੇ ਨਹੀਂ ਪਾਇਆ।੨।

੭. ਹੇ ਜੈ ਚੰਦ ! (ਦੱਸ ਤੁਸੀਂ ਲੋਕ) ਕਿਉਂ (ਗਿਣੇ ਮਿੱਥੇ) ਜਪ ਕਰਦੇ ਹੋ ? ਕਿਉਂ ਤਪ ਸਾਧਦੇ ਹੋ ? ਇਸ ਪ੍ਰਕਾਰ ਪਾਣੀ ਕਿਉਂ ਰਿੜਕਦੇ ਹੋ ? (ਕਿਉਂਕਿ) ਹੱਠ ਨਾਲ ਕੀਤੇ ਹੋਏ ਇਹ ਸਾਧਨ ਤਾਂ ਪਾਣੀ ਤੇ ਰਿੜਕਨ ਸਮਾਨ ਹੀ ਹਨ।

ਪ੍ਰ: ਤਾਂ ਫਿਰ ਭਗਤ ਜੀ, ਤੁਸੀਂ ਹੀ ਦੱਸੋ ! ਹੋਰ ਕੀ ਕੀਤਾ ਜਾਏ ?

ਉ: ੮. ਐ ਜੈ ਚੰਦ ਜੀ ! ਉਸ ਵਾਸਨਾ ਰਹਿਤ ਪ੍ਰਭੂ ਨੂੰ (ਹਰ ਵੇਲੇ) ਯਾਦ ਕਰੋ, ਜਿਸ ਨੇ ਕਿ ਚੁਰਾਸੀ ਲਖ (ਜੋਨਿ ਵਾਲੀ ਸ੍ਰਿਸ਼ਟੀ) ਪੈਦਾ ਕੀਤੀ ਹੈ।੩।

੯. ਹੇ ਕਾਪੜੀਆ ! ਹੱਥ ਵਿਚ ਕਮੰਡਲ ਕਾਸ ਨੂੰ ਲੀਤਾ ਹੈ ਤੇ ਅਠਸਠ ਤੀਰਥਾਂ 'ਤੇ ਕਿਉਂ ਭੌਂਦਾ ਹੈਂ ?

੧੦. ਤ੍ਰਿਲੋਚਨ ਭਗਤ ਜੀ ਆਖਦੇ ਹਨ, ਹੇ ਬੰਦੇ ! ਸੁਣ, ਜੇ ਭਰੀਆਂ ਵਿਚ ਅੰਨ ਦੇ ਦਾਣੇ ਨਹੀਂ ਤਾਂ ਭੋਂ ਵਿਚ ਗਾਹ ਪੌਣ ਦਾ ਕੋਈ ਲਾਭ ਨਹੀਂ, ਭਾਵ ਹੈ ਵਾਹਿਗੁਰੂ ਦੇ ਸਿਮਰਨ ਪ੍ਰੇਮ ਤੋਂ ਬਿਨਾ ਫੋਕਟ ਕਰਮ, ਜਪ, ਤਪ, ਤੀਰਥਾਦਿ ਦਾ ਕਾਸਨੂੰ ਕਰ ਰਹੇ ਹੋ, ਉਹ ਬ੍ਰਿਥਾ ਹਨ; ਜਿਵੇਂ ਦਾਣੇ ਪੀਣ ਵਾਲੀ ਭੋਹ ਆਦਿ ਵਿਚ ਗਾਹ ਪਾਉਣਾ ਬ੍ਰਿਥਾ ਹੈ।੪।੧।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਨੇ ਇਹੋ ਸਿਧਾਂਤ ਅੰਕਤ ਕੀਤਾ ਹੈ ਕਿ ਨਾਮ ਸਿਮਰਨ ਤੋਂ ਬਿਨਾ ਅਤੇ ਹਿਰਦੇ ਵਿਚ ਬ੍ਰਹਮ ਨੂੰ ਅਨੁਭਵ ਕੀਤੇ ਬਿਨਾ ਗਤੀ ਨਹੀਂ ਪ੍ਰਾਪਤ ਹੋ ਸਕਦੀ।

ਗੂਜਰੀ ॥

੧. ਅੰਤਿ ਕਾਲਿ ਜੋ ਲਛਮੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
੨. ਸਰਪ ਜੋਨਿ ਵਲਿ ਵਲਿ ਅਉਤਰੈ ॥੧॥
੩. ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
੪. ਅੰਤਿ ਕਾਲਿ ਜੋ ਇਸਤ੍ਰੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
੫. ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
੬. ਅੰਤਿ ਕਾਲਿ ਜੋ ਲੜਿਕੇ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
੭. ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
੮. ਅੰਤਿ ਕਾਲਿ ਜੋ ਮੰਦਰ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
੯. ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
੧੦. ਅੰਤਿ ਕਾਲਿ ਨਾਰਾਇਣੁ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
੧੧. ਬਦਤਿ ਤਿਲੋਚਨੁ ਤੇ ਨਰ ਮੁਕਤਾ
ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

ਪਦ ਅਰਥ : ਅੰਤਿ ਕਾਲਿ—ਅੰਤ ਦੇ ਵੇਲੇ, ਮਰਨ ਸਮੇਂ। ਲਛਮੀ—ਮਾਇਆ, ਧਨ, ਦੌਲਤ। ਸਿਮਰੈ—ਚੇਤੇ ਕਰਦਾ ਹੈ। ਵਲਿ ਵਲਿ—ਮੁੜ ਮੁੜ, ਕਿਉਂਕਿ ਹਰ ਜਨਮ ਵਿਚ ਓਹੀ ਵਾਸ਼ਨਾ ਜੋ ਰਹਿਣੀਆਂ ਹੋਈਆਂ। ਅਉਤਰੈ—ਜੰਮਦਾ ਹੈ, ਉਤਰਦਾ ਹੈ।੧।ਰਹਾਉ। ਅਰੀ ਬਾਈ—ਹੇ ਭੈਣ! ਮਤਿ—ਮਤਾਂ, ਨਾ। ਸੂਕਰ—ਸੂਰ।੩।

ਵੇਸਵਾ—ਵੇਸ਼ਯਾ, ਰੰਡੀ, ਕੰਜਰੀ। ਮੰਦਰ—ਘਰ, ਮਕਾਨ। ਪ੍ਰੇਤ—ਭੂਤ ਆਦਿ, ਉਜੜੇ ਘਰਾਂ ਵਿਚ ਭੂਤ ਵਸਦੇ ਆਮ ਕਹਾਵਤ ਹੈ। ਨਾਰਾਇਣੁ—ਹਰੀ ਪਰਮੇਸ਼ਰ। ਬਦਤਿ—ਆਖਦਾ ਹੈ। ਪੀਤੰਬਰੁ—(ਪੀਤ+ਅੰਬਰ) ਪੀਲੇ ਕਪੜਿਆਂ ਵਾਲਾ ਕ੍ਰਿਸ਼ਨ ਜੀ। ਮੁਰਾਦ ਉਸੇ ਤੋਂ ਹੈ ਜਿਸ ਨੂੰ ਨਾਰਾਇਣ ਕਹਿ ਆਏ ਹਨ; ਭਾਵ ਹੈ ਕਰਤਾਰ, ਪ੍ਰਭੂ। ਬਦਤਿ—ਆਖਦਾ ਹੈ। ਮੁਕਤਾ—ਮੁਕਤ, ਬੰਧਨਾਂ ਤੋਂ ਛੁਟਿਆ ਹੋਇਆ। ਵਾ ਕੇ—ਉਸ ਦੇ।੫।

ਅਰਥ :

ਪ੍ਰ: ਕਿਉਂ ਭਗਤ ਜੀ, ਕੀ ਕਿਸੇ ਬੰਦੇ ਦਾ ਮਰਨ ਸਮਾਂ ਤੱਕ ਕੇ ਇਹ ਭੀ ਅਨੁਮਾਨਿਆ ਜਾ ਸਕਦਾ ਹੈ ਕਿ ਇਹ ਬੰਦਾ ਮਰਨ ਤੋਂ ਬਾਅਦ ਕਿਸ ਜੂਨੀ ਵਿਚ ਜਾ ਪਏਗਾ ?

ਉ: ੧. ਹਾਂ ਜ਼ਰੂਰ! ਹੇ ਭਾਈਓ! ਮਰਨ ਸਮੇਂ ਜੇ ਕੋਈ ਬੰਦਾ ਧਨ, ਦੌਲਤ ਦੇ ਧਿਆਨ

੨. ਜਾਂ ਸੋਚ ਵਿਚ ਹੀ ਮਰੈਂ ਜਾਂਦਾ ਹੈ, ਉਹ ਮੁੜ-ਮੁੜ ਸੱਪ ਦੀ ਜੋਨੇ ਪੈਂਦਾ ਹੈ।੧।

੩. ਇਸ ਲਈ, ਹੇ ਭੈਣ! (ਖ਼ਬਰਦਾਰ ਹੋ!) ਕਿ ਕਿਤੇ ਗੋਬਿੰਦ ਦਾ ਨਾਮ ਨਾ ਭੁੱਲ ਜਾਏ। ਰਹਾਉ।

੪. ਇਸੇ ਤਰ੍ਹਾਂ ਜੋ ਅੰਤ ਦੇ ਸਮੇਂ, ਭਾਵ ਮਰਨ ਸਮੇਂ ਜੋ ਆਪਣੀ ਇਸਤ੍ਰੀ ਨੂੰ ਯਾਦ ਕਰੇਗਾ ਤੇ ਇਸੇ ਹੀ ਚਿੰਤਨ ਕਰਨ ਵਿਚ ਮਰ ਜਾਏਗਾ,

੫. ਉਹ ਬਾਰ-ਬਾਰ ਵੇਸਵਾ ਦਾ ਜਨਮ ਧਾਰਨ ਕਰਦਾ ਹੈ।੨।

੬. ਅੰਤ ਸਮੇਂ ਜੋ ਕੋਈ ਆਪਣੇ ਪੁੱਤ੍ਰਾਂ ਨੂੰ ਹੀ ਯਾਦ ਕਰਦਾ ਹੈ ਅਤੇ ਇਸੇ ਤਰ੍ਹਾਂ ਦੇ ਚਿੰਤਨ ਵਿਚ ਮਰ ਜਾਂਦਾ ਹੈ,

੭. ਉਹ ਬੰਦਾ ਬਾਰ-ਬਾਰ ਸੂਰ ਦੇ ਜਨਮ ਵਿਚ ਪਏਗਾ।

੮. ਜੋ ਮਨੁੱਖ ਅੰਤ ਵੇਲੇ ਆਪਣੇ ਘਰ, ਮਹੱਲ, ਮਾੜੀਆਂ ਦੇ ਹੀ ਹਉਕੇ ਭਰਦਾ ਹੈ ਅਤੇ ਇਨ੍ਹਾਂ ਹੀ ਹਉਕਿਆਂ ਵਿਚ ਸਰੀਰ ਛੱਡ ਜਾਂਦਾ ਹੈ,

੯. ਤਾਂ ਉਹ ਮੁੜ-ਮੁੜ ਪ੍ਰੇਤ ਦੀਆਂ ਜੋਨਾਂ ਵਿਚ ਆਉਂਦਾ ਹੈ।੪।

ਪ੍ਰ: ਭਗਤ ਜੀ! ਇਹ ਦੱਸੋ ਕਿ ਜਦ ਕੋਈ ਪਰਮੇਸ਼ਰ ਦੇ ਚਿੰਤਨ ਕਰਨ ਵਿਚ ਸਰੀਰ ਛੱਡ ਜਾਏ, ਉਹ ਕਿੱਥੇ ਜਾਏਗਾ ?

ਉ: ੧੦. ਹੇ ਪਿਆਰਿਓ! ਅੰਤ ਸਮੇਂ ਜੋ ਪਰਮੇਸ਼ਰ ਨੂੰ ਯਾਦ ਕਰੇਗਾ, ਜੇ ਉਹ ਇਸੇ ਹੀ ਚਿੰਤਨ ਵਿਚ ਮਰ ਜਾਏ।

੧੧. ਤ੍ਰਿਲੋਚਨ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਉਹ ਮਨੁੱਖ ਮੁਕਤ ਹੋ ਜਾਏਗਾ, ਭਾਵ ਹੈ ਕਿ ਉਹ (ਧਨ, ਇਸਤ੍ਰੀ, ਪੁੱਤ੍ਰ ਅਤੇ ਘਰ ਆਦਿਕ ਦੇ ਮੋਹ ਤੋਂ) ਆਜ਼ਾਦ ਹੋ ਜਾਂਦਾ ਹੈ, (ਕਿਉਂਕਿ) ਉਸ ਦੇ ਹਿਰਦੇ ਅੰਦਰ ਮੁਕਤੀ ਦਾਤਾ ਪਰਮੇਸ਼ਰ ਵਸ ਰਿਹਾ ਹੁੰਦਾ ਹੈ।੫।੨।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਇਹ ਸਿਧਾਂਤ ਕਹਿ ਰਹੇ ਹਨ ਕਿ ਜੋ ਮਨੁੱਖ ਜੀਵਨ ਭਰ ਕਰਮ ਕਰਦਾ ਹੈ, ਉਹ ਉਸ ਦਾ ਅੰਤ੍ਰੀਵ ਚਿੰਤਨ ਬਣ ਜਾਂਦਾ ਹੈ, ਅੰਤ ਸਮੇਂ ਵੀ ਉਹੋ ਕੁਝ ਯਾਦ ਆਉਂਦਾ ਹੈ। ਅੰਤ ਸਮੇਂ ਦੇ ਚਿੰਤਨ ਅਨੁਸਾਰ ਹੀ ਦੇਹਾਂ ਮਿਲਦੀਆਂ ਹਨ, ਇਸ ਲਈ ਭਗਤ ਜੀ ਦਾ ਸਿਧਾਂਤ ਹੈ ਕਿ ਨਾਮ ਸਿਮਰਦੇ ਹੀ ਮਰੋ ਤਾਂ ਕਿ ਅੰਤ ਸਮੇਂ ਉਹ ਮੁਕਤੀ ਦਾਤਾ ਹਿਰਦੇ ਵਿਚ ਵਸੇਗਾ; ਇਸੇ ਨੂੰ ਹੀ ਅਸਲ ਮੁਕਤੀ ਸਮਝੋ।

ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪

ੴ ਸਤਿਗੁਰ ਪ੍ਰਸਾਦਿ ॥

੧. ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥
੨. ਪਰਮਦਭੁਤੰ ਪਰਕ੍ਰਿਤਿ ਪਰੰ
ਜਦਿਚਿੰਤਿ ਸਰਬ ਗਤੰ ॥੧॥
੩. ਕੇਵਲ ਰਾਮ ਨਾਮ ਮਨੋਰਮੰ ॥
੪. ਬਦਿ ਅੰਮ੍ਰਿਤ ਤਤ ਮਇਅੰ ॥
੫. ਨ ਦਨੋਤਿ ਜਸਮਰਣੇਨ
ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥

੬. ਇਛਸਿ ਜਮਾਦਿ ਪਰਾਭਯੰ
ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥
੭. ਭਵ ਭੂਤ ਭਾਵ ਸਮਬ੍ਹਿਅੰ ਪਰਮੰ ਪ੍ਰਸੰਨਮਿਦੰ ॥੨॥
੮. ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥
੯. ਤਜਿ ਸਕਲ ਦੁਹਕ੍ਰਿਤ ਦੁਰਮਤੀ
ਭਜੁ ਚਕ੍ਰਧਰ ਸਰਣੰ ॥੩॥
੧੦. ਹਰਿ ਭਗਤ ਨਿਜ ਨਿਹਕੇਵਲਾ
ਰਿਦ ਕਰਮਣਾ ਬਚਸਾ ॥
੧੧. ਜੋਗੇਨ ਕਿੰ ਜਗੇਨ ਕਿੰ
ਦਾਨੇਨ ਕਿੰ ਤਪਸਾ ॥੪॥
੧੨. ਗੋਬਿੰਦ ਗੋਬਿੰਦੇਤਿ ਜਪਿ ਨਰ
ਸਕਲ ਸਿਧਿ ਪਦੰ ॥
੧੩. ਜੈਦੇਵ ਆਇਉ ਤਸ ਸਫੁਟੰ
ਭਵ ਭੂਤ ਸਰਬ ਗਤੰ ॥੫॥੧॥

ਪਦ ਅਰਥ : ਪਰਮਾਦਿ—ਪਰਮ+ਆਦਿ। ਪਰਮ—ਸਭ ਤੋਂ ਉੱਚਾ। ਆਦਿ—(ਸਭ ਦਾ) ਮੁੱਢ, ਸੰਪੂਰਨ ਤੌਰ 'ਤੇ ਸਭ ਦੀ ਆਦਿ ਜਾਂ ਮੂਲ। ਜਿਸ ਤੋਂ ਪਹਿਲੋਂ ਹੋਰ ਕੋਈ ਨਹੀਂ ਸੀ ਤੇ ਹੋਰ ਕੁਝ ਨਹੀਂ ਸੀ। ਪੁਰਖਮਨੋਪਿਮੰ—ਪੁਰਖੰ+ਅਨਿਪਿਮੰ—ਉਹ ਪੁਰਖ ਜੋ ਉਪਮਾ ਤੋਂ ਰਹਿਤ ਹੈ, ਜਿਸ ਦੀ ਤੁਲਨਾ ਦਾ ਕੋਈ ਨਹੀਂ, ਪਰਮ ਸੁੰਦਰ। ਸਤਿ ਆਦਿ—ਸਤਿ ਆਦਿਕ ਭਾਵ ਹੈ ਸਤਿ ਚਿਤ ਅਨੰਦ। ਭਾਵ ਰਤੰ—ਸਤ ਆਦਿ ਦੇ ਭਾਵ ਵਿਚ ਜਿਸ ਦੀ ਪ੍ਰੀਤੀ ਹੈ। ਰਤੰ—ਰੱਤਾ ਹੋਇਆ, ਸੰਯੁਕਤ, ਜਿਸ ਵਿਚ ਥਿਰਤਾ ਆਦਿ ਗੁਣ ਮੌਜੂਦ ਹਨ। ਪਰਮਦਭੁਤੰ—ਪਰਮ+ਅਦਭੁਤ, ਮਹਾਨ ਅਸਚਰਜ (ਰੂਪ) ਹੈ। ਪਰਕ੍ਰਿਤਿ ਪਰੰ—ਪ੍ਰਕ੍ਰਿਤਿ, ਮਾਇਆ ਤੋਂ ਪਰੇ, ਮਾਇਆ ਤੋਂ ਪਾਰ। ਜਦਿਚਿੰਤਿ—ਜਦ+ਅਚਿੰਤ, ਜਦ, ਜੋ। ਅਚਿੰਤਿ—ਜਿਸਦਾ ਮੁਕੰਮਲ ਸਰੂਪ ਸੋਚ ਮੰਡਲ ਵਿਚ ਨਹੀਂ ਆ ਸਕਦਾ। ਸਰਬ ਗਤੰ—ਜੋ ਹਰ ਥਾਂ ਅਪੜਿਆ ਹੋਇਆ ਹੈ।੧। ਮਨੋਰਮੰ—ਮਨ ਨੂੰ ਮੋਹਣ ਵਾਲਾ, ਸੁੰਦਰ, ਜੋ ਮਨਾਂ ਵਿਚ ਰਮ ਰਿਹਾ ਹੈ। ਬਦਿ—ਬੋਲ, ਉਚਾਰ, ਕਹਿਣਾ, ਕਹੁ। ਅੰਮ੍ਰਿਤ ਮਇਅੰ—ਅੰਮ੍ਰਿਤ ਨਾਲ ਭਰਪੂਰ, ਅੰਮ੍ਰਿਤ ਰੂਪ। ਤਤ ਮਇਅੰ—ਤਤ ਸਰੂਪ ਹੈ। ਦਨੋਤਿ—ਦੁੱਖ ਦੇਣਾ, ਦੁੱਖ ਦੇਂਦਾ ਹੈ। ਜਸਮਰਣੇਨ—ਜਸ+ਸਮਰਣੇਨ—ਜਿਸ ਦੇ ਸਿਮਰਣ ਨਾਲ। ਜਰਾਧਿ—ਜਰ+ਆਧਿ—ਜਰਾ=ਬੁਢੇਪਾ। ਆਧਿ—ਰੋਗ। ਅਧਿ ਕਹਿਕੇ ਤ੍ਰੈ ਲਏ ਹਨ—ਅੱਧੀ, ਬਿਆਧੀ, ਉਪਾਧੀ। ਭਇਅੰ—ਭਯ, ਡਰ, ਭਾਵ ਜਨਮ ਮਰਨ, ਬੁਢਾਪੇ ਤੇ ਮਰਣ ਦਾ ਡਰ।੧।ਰਹਾਉ।

ਇਛਸਿ—ਇੱਛਸਿ—(ਜੇ ਕਰ ਤੂੰ) ਚਾਹੁੰਦਾ ਹੈਂ। ਜਮਾਦਿ ਜਮ+ਆਦਿ=ਜਮ ਆਦਕਾਂ ਦਾ। ਪਰਾਭਯੰ—ਪਰਾਭਵੰ, ਕਿਸੇ ਨੂੰ ਜਿਤਣਾ, ਕਿਸੇ ਨੂੰ ਸ਼ਿਕੱਸਤ ਦੇਣੀ, ਨਿਰਾਦਰ, ਤ੍ਰਿਸਕਾਰ। ਜਮ ਦਾ ਤ੍ਰਿਸਕਾਰ ਕਰਨਾ, ਜਮ ਨੂੰ ਜਿਤਣਾ ਭਾਵ ਕਾਲ ਚੱਕ੍ਰ ਤੋਂ ਸੁਤੰਤ੍ਰ ਹੋ ਜਾਣਾ। ਜਸੁ—ਸੋਭਾ, ਵਡਿਆਈ, ਕੀਰਤਨ, ਸਿਫ਼ਤਿ-ਸਾਲਾਹ। ਸ੍ਵਸਤਿ—ਕਲਿਆਣ, ਸੁੱਖ। ਸੁਕ੍ਰਿਤ—ਸ਼ੁਭ ਕਰਣੀ, ਨੇਕ ਕੰਮ ਕਰਨਾ, ਕਲਿਆਣ ਹੋ, ਕਲਿਆਣ (ਸਰੂਪ ਜੋ ਪ੍ਰਭੂ ਹੈ)। ਭਵ—ਹੁਣ ਦਾ ਸਮਾਂ, ਵਰਤਮਾਨ ਕਾਲ। ਭੂਤ—ਗੁਜ਼ਰ ਚੁੱਕਾ ਸਮਾਂ। ਭਾਵ ਆਉਣ ਵਾਲਾ ਸਮਾਂ, ਭਵਿੱਖਤ ਕਾਲ। ਸਮਬਿਅੰ—ਸੰ+ਅਬ੍ਹਿਅ, ਨਾਸ ਰਹਿਤ। ਸੰ—ਪੂਰਨ ਤੌਰ ਤੇ ਨਾਸ ਰਹਿਤ। ਪਰਮੰ ਪ੍ਰਸੰਨਮਿਦੰ—ਪਰਮ+ਪ੍ਰਸੰਨ+ਇਦੰ=ਪੂਰਨ ਰੂਪ ਕਰਕੇ ਪ੍ਰਸੰਨ ਹੈ ਇਹ (ਅਬਿਨਾਸੀ ਪ੍ਰਭੂ)। ਲੋਭਾਦਿ—ਲੋਭ+ਆਦਿ, ਲੋਭ ਆਦਿਕ। ਦ੍ਰਿਸਟਿ—ਨਜ਼ਰ। ਗ੍ਰਿਹ—ਘਰ। ਪਰਾ—ਪਰਾਇਆ। ਜਦਿ ਬਿਧਿ—ਜਦ+ਅਬਿਧਿ—ਜਦ—ਜੋ ਅਬਿਧਿ—ਅ+ਬਿਧਿ, ਬਿਧਿ ਦੇ ਉਲਟ, ਮਰਿਆਦਾ ਦੇ ਵਿਰੁੱਧ, ਮੰਦਾ। ਅਬਿਧਿ ਆਚਰਨ— ਮੰਦਾ ਆਚਰਨ। ਤਜਿ—ਛੱਡ ਦੇਹ। ਸਕਲ—ਸਾਰੇ। ਦੁਹਕ੍ਰਿਤ—ਖੋਟੇ ਕਰਮ, ਭੈੜੇ ਕੰਮ। ਦੁਰਮਤੀ—ਭੈੜੀ ਮਤਿ। ਭਜੁ—ਸੇਵਨ ਕਰ, ਦੌੜ ਕੇ ਜਾ ਪਉ। ਚਕ੍ਰਧਰ—ਚੱਕ੍ਰਧਾਰੀ, ਸੁਦਰਸ਼ਨ ਚੱਕ੍ਰ ਧਾਰੀ, ਉਹ ਪ੍ਰਭੂ, ਜਿਸ ਦੇ ਹੱਥ ਵਿਚ ਸੁਦ੍ਰਸ਼ਨ ਚੱਕਰ ਹੈ, ਉਹ ਪ੍ਰਭੂ ਜੋ ਸਭ ਨੂੰ ਨਾਸ ਭੀ ਕਰ ਸਕਦਾ ਹੈ, ਕਾਲ ਰੂਪ ਚੱਕ੍ਰ ਨੂੰ ਧਾਰਨ ਕਰਨ ਵਾਲਾ, ਭਾਵ ਵਾਹਿਗੁਰੂ ਅਕਾਲ ਪੁਰਖ।੩।

ਹਰਿ ਭਗਤ ਨਿਜ—ਹਰੀ ਦੇ ਨਿਜ ਭਗਤ, ਪ੍ਰਭੂ ਦੇ ਆਪਣੇ ਭਗਤ, ਪ੍ਰਭੂ ਦੇ ਪਿਆਰੇ ਭਗਤ। ਨਿਹਕੇਵਲ—ਪੂਰਨ ਤੌਰ 'ਤੇ ਪਵਿੱਤਰ, ਨਿਸਚੇ ਕਰਕੇ ਨਿਰੋਲਤਾ ਵਾਲੀ, ਇਕੋ ਇਕ ਪਰਮਾਤਮਾ ਦੇਵ ਦੀ ਭਗਤੀ, ਕਿਸੇ ਦੂਸਰੇ ਦੀ ਪ੍ਰੀਤ ਦੇ ਰਲੇ ਤੋਂ ਸ਼ੁੱਧ ਤੇ ਨਿਰੋਲ। ਰਿਦ—ਹਿਰਦਾ, ਹਿਰਦਾ ਕਰ ਕੇ, ਮਨੋਂ। ਕਰਮਣਾ—ਕਰਮਾਂ ਕਰ ਕੇ, ਅਮਲਾਂ ਨਾਲ, ਕਰਨੀ ਨਾਲ। ਬਚਸਾ—ਬਚਨ ਦੀ ਰਾਹੀਂ, ਬਚਨਾਂ ਨਾਲ। ਜੋਗੇਨ ਕਿੰ—ਜੋਗ ਨਾਲ ਕੀਹ, ਜੋਗ ਨਾਲ ਕੀ ਪ੍ਰਯੋਜਨ ? ਭਾਵ ਉਸ ਨੂੰ ਲੋੜ ਕੋਈ ਨਹੀਂ ਜੋਗ ਦੀ। ਜਗੇਨ ਕਿੰ—ਜਗ ਨਾਲ ਕੀਹ। ਦਾਨੇਨ ਕਿੰ ਤਪਸਾ—ਉਸ ਨੂੰ ਦਾਨ ਨਾਲ ਕੀ ਅਤੇ ਤਪੱਸਿਆ (ਨਾਲ ਕੀ)।੪। ਗੋਬਿੰਦ—ਪ੍ਰਭੂ ਦਾ ਇਕ ਨਾਮ, ਜੋ ਜਗਤ ਨੂੰ ਜਾਣਦਾ ਹੈ ਸੋ, ਗੋ+ਬਿੰਦ ਗੋਬਿੰਦੇਤਿ—ਗੋਬਿੰਦ+ਇਤਿ। ਇਤਿ—ਇਹ, ਇਉਂ। ਨਰ—ਹੇ ਨਰ ! ਸਕਲ ਸਿਧਿ ਪਦੰ—ਸਾਰੀਆਂ ਸਿੱਧੀਆਂ ਦਾ ਟਿਕਾਣਾ ਜਾਂ ਸਾਰੀਆਂ ਪਦਵੀਆਂ, ਜੋ ਭੋਗ, ਜਗ, ਦਾਨ, ਤਪ ਆਦਿ ਨਾਲ ਪ੍ਰਾਪਤ ਹੁੰਦੀਆਂ ਦੱਸੀਆਂ ਹਨ, ਇਹ ਪਦਵੀਆਂ ਸਿੱਧ ਹੋ ਜਾਣਗੀਆਂ। ਤਸ—ਤੱਸਯ, ਉਸ ਦੀ (ਸਰਣ) ਸਫੁਟੰ—ਪ੍ਰਤੱਖ ਤੌਰ ਤੇ, ਖੁਲ੍ਹਮ ਖੁਲ੍ਹਾ, ਹਾਜ਼ਰਾ ਹਜ਼ੂਰ।੫।੧।

ਅਰਥ :

ਪ੍ਰ: ਭਗਤ ਜੀ ! ਜਿਸ ਪਰਮੇਸ਼ਰ ਦੀ ਤੁਸੀਂ ਬੰਦਗੀ ਕਰਦੇ ਹੋ ਉਸ ਦਾ ਸਰੂਪ ਤਾਂ ਵਰਣਨ ਕਰੋ !

ਉ: ੧. ਹੇ ਭਾਈ ! ਉਸ ਪਰਮੇਸ਼ਰ ਦਾ ਸਰੂਪ ਪੂਰਨ ਤੌਰ 'ਤੇ ਤਾਂ ਵਰਣਨ ਨਹੀਂ ਕੀਤਾ ਜਾ ਸਕਦਾ, ਪਰ ਲਖਣਾ ਬ੍ਰਿਤੀ ਦੁਆਰਾ ਉਸ ਨੂੰ ਕੇਵਲ ਇਤਨਾ ਕੁ ਹੀ ਕਿਹਾ ਜਾ ਸਕਦਾ ਹੈ ਕਿ ਉਹ ਪਰਮੇਸ਼ਰ ਸਭ ਦਾ ਮੂਲ ਰੂਪ ਹੈ, ਸਭ ਤੋਂ ਉੱਚੀ ਹਸਤੀ ਹੈ, ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ। ਉਹ ਪੁਰਖ ਉਪਮਾ ਰਹਿਤ ਹੈ, ਫੇਰ ਉਹ ਕੈਸਾ ਹੈ ? ਜੋ ਸਤ, ਚੇਤਨ, ਅਨੰਦ ਦੇ 'ਭਾਵ' ਅਰਥਾਤ ਨਿਜ ਸਰੂਪ ਵਿਚ 'ਰਤੰ' ਪ੍ਰੇਮ ਸਹਿਤ ਹੈ।

੨. ਫਿਰ ਉਹ ਪ੍ਰਭੂ ਬਹੁਤ ਹੀ ਅਸਚਰਜ ਰੂਪ ਹੈ, ਮਾਇਆ ਤੋਂ ਪਰੇ ਹੈ, ਜੋ ਚਿੰਤਨ ਵਿਚ ਨਹੀਂ ਆਉਂਦਾ ਭਾਵ ਉਹ ਕਿਸੇ ਵੀ ਖ਼ਿਆਲ ਦਾ ਵਿਸ਼ਾ ਨਹੀਂ ਹੋ ਸਕਦਾ ਅਤੇ ਜੋ ਸਰਵ ਵਿਆਪਕ ਹੈ, ਉਸਦਾ ਚਿੰਤਨ ਕਰ।੧।

ਪ੍ਰ: ਕਿਉਂ ਭਗਤ ਜੀ, ਅਸਲ ਮੇਰੇ ਕਰਨ ਜੋਗ ਕਰਤਬ ਕੀ ਹੈ?

ਉ: ੩. ਹੇ ਸੱਜਨਾ! ਤੂੰ ਕੇਵਲ ਪਰਮੇਸ਼ਰ ਦਾ ਸੁੰਦਰ ਨਾਮ ਸਿਮਰਦਾ ਰਹੁ।

ਪ੍ਰ: ਕਿਉਂ ਜੀ ਉਸਦਾ ਨਾਮ ਚਿੰਤਨ ਕਿਵੇਂ ਕੀਤਾ ਜਾਏ?

ਉ: ਹੇ ਪਿਆਰੇ! ਉਹ ਮਨਾਂ ਵਿਚ ਰਮ ਰਿਹਾ ਹੈ। ਉਸ ਦਾ ਨਾਮ ਹੈ ਰਾਮ। ਕੇਵਲ (ਇਸ ਦਾ ਨਾਮ ਬਦਿ) ਉਚਾਰਨ ਕਰ, ਕਿਉਂਕਿ ਇਹ ਨਾਮ ਅੰਮ੍ਰਿਤ ਹੈ ਤੇ ਤਤਯ ਸਰੂਪ ਹੈ।

ਪ੍ਰ: ਭਗਤ ਜੀ ਇਸ ਦਾ ਕੀ ਫਲ ਪ੍ਰਾਪਤ ਹੋਵੇਗਾ?

ਉ: ੪. ਹੇ ਪਿਆਰੇ! ਜਿਸ ਦੇ ਸਿਮਰਨ ਦੀ ਬਰਕਤ ਨਾਲ ਜਨਮ, ਮਰਨ, ਬੁਢੇਪਾ, ਚਿੰਤਾ, ਫ਼ਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦੇਂਦਾ।੧।ਰਹਾਉ।

ਪ੍ਰ: ਭਗਤ ਜੀ! ਸੁਣੀਦਾ ਹੈ ਕਿ ਅੰਤ ਦੇ ਸਮੇਂ ਜਮ ਆ ਕੇ ਜੀਵ ਦਾ ਤ੍ਰਿਸਕਾਰ ਕਰਦੇ ਹਨ, ਇਸ ਤੋਂ ਕਿਵੇਂ ਬਚਾਅ ਵੀ ਹੋ ਸਕਦਾ ਹੈ?

ਉ: ੫. (ਹਾਂ ਜ਼ਰੂਰ) ਹੇ ਮਿੱਤਰਾ! ਜੇ ਤੂੰ ਚਾਹੁੰਦਾ ਹੈਂ ਕਿ ਜਮ ਆਦਿਕਾਂ ਨੂੰ ਤ੍ਰਿਸਕਾਰ ਦੇਵੇਂ, ਭਾਵ ਜਿੱਤ ਲਵੇਂ ਤਾਂ ਉਸ ਕਲਿਆਣ ਸਰੂਪ ਪ੍ਰਭੂ ਦਾ ਜਸ ਕਰ ਤੇ ਸ਼ੁਭ ਕਰਣੀ ਕਰ।

ਪ੍ਰ: ਭਗਤ ਜੀ ਆਪ ਕਿਸ ਹਰੀ ਦਾ ਜਸ ਕਰਨ ਲਈ ਆਗਿਆ ਕਰਦੇ ਹੋ?

ਉ: ੬. ਹੇ ਪਿਆਰੇ! ਜੋ ਹੁਣ ਬੀਤੇ ਤੇ ਆਉਣ ਵਾਲੇ ਸਮੇਂ ਵਿਚ ਸਦਾ ਇਕ ਰਸ ਹੈ, ਅਬਨਾਸ਼ੀ ਸਰੂਪ ਹੈ, ਇਹ ਅਬਨਾਸ਼ੀ ਪੂਰਨ ਰੂਪ ਕਰਕੇ ਪ੍ਰਸੰਨ (ਅਨੰਦ ਸਰੂਪ) ਹੈ।੨।

ਪ੍ਰ: ਭਗਤ ਜੀ! ਕੀ ਇਸ ਸਿਮਰਨ ਕਰਨ ਵਾਸਤੇ ਕੋਈ ਪ੍ਰਹੇਜ਼ ਭੀ ਰੱਖਣਾ ਪਵੇਗਾ? ਭਾਵ ਜੋ ਇਸ ਸਿਮਰਨ ਵਿਚ ਵਿਘਨਕਾਰੀ ਹਨ, ਉਹ ਵੀ ਦੱਸ ਦਿਓ, ਜਿਨ੍ਹਾਂ ਦਾ ਤਿਆਗ ਕਰਨਾ ਵੀ ਜ਼ਰੂਰੀ ਹੈ?

ਉ: ੭. ਹੇ ਸੱਜਨਾ! ਸਿਮਰਨ ਕਰਨ ਲਈ, ਤੂੰ ਲੋਭ ਆਦਿਕਾਂ ਨੂੰ ਭਾਵ ਲੋਭ, ਕ੍ਰੋਧ, ਮੋਹ ਤੇ ਹੰਕਾਰ ਨੂੰ ਅਤੇ ਕਾਮ ਦੀ ਦ੍ਰਿਸ਼ਟੀ ਪਰਾਈ ਇਸਤ੍ਰੀ ਵਲ ਕਰਨੀ ਤੇ ਜੋ ਬਿਧਿ ਨਖੇਧ ਦੇ ਆਚਰਨ ਹਨ।

੮. ਸਾਰੇ ਮਾੜੇ ਕਰਮ ਤੇ ਖੋਟੀਆਂ ਮਤਾਂ ਨੂੰ ਤਿਆਗ ਦੇ, ਇਸ ਤਰ੍ਹਾਂ ਭਗਵਾਨ ਦੀ ਸਰਣ ਦਾ ਸੇਵਨ ਕਰ ਜੋ ਸਭ ਨੂੰ ਨਾਸ ਕਰਨ ਦੇ ਸਮਰੱਥ ਹੈ।੩।

ਪ੍ਰ: ਕਿਉਂ ਜੀ! ਕੀ ਪਰਮੇਸ਼ਰ ਦੀ ਭਗਤੀ ਕਰਨ ਵਾਲੇ ਲਈ ਜੋਗ, ਜਗ ਕਰਮ ਆਦਿ ਕਰਨ ਦੀ ਲੋੜ ਨਹੀਂ?

ਉ: ੯. ਹੇ ਪਿਆਰਿਓ! ਪਰਮੇਸ਼ਰ ਦੇ ਪਿਆਰੇ ਭਗਤ ਮਨ, ਬਚਨ ਅਤੇ ਕਰਮ ਤੋਂ ਪਵਿੱਤ੍ਰ ਹੁੰਦੇ ਹਨ। ਇਸ ਲਈ ਹੇ ਭਾਈਓ! ਜਿਸ ਪੁਰਖ ਨੂੰ ਪ੍ਰਾਪਤ ਹੋਵੇ, ਹਰੀ ਦੀ ਨਿਜ ਭਗਤੀ ਤੇ ਨਿਰੋਲ ਉਸੇ ਦੀ ਇਕੋ ਭਗਤੀ, ਜੋ ਮਨ, ਬਾਣੀ ਤੇ ਕਰਮ ਕਰਕੇ ਪੂਰਨ ਭਗਤੀ ਹੋਵੇ।

੧੦. ਦੱਸੋ ਭਾਈਓ! ਉਸਨੂੰ ਜੋਗ ਨਾਲ ਕੀ ਵਾਸਤਾ? ਉਨ੍ਹਾਂ ਨੂੰ ਜੱਗ ਨਾਲ ਕੀ ਪ੍ਰਯੋਜਨ? ਉਨ੍ਹਾਂ ਨੂੰ ਦਾਨ ਤੇ ਤੱਪ ਨਾਲ ਕੀ?

ਭਾਵ ਭਗਤ ਜਾਣਦੇ ਹਨ ਕਿ ਜੋਗ-ਸਾਧਨ, ਜੱਗ, ਦਾਨ ਅਤੇ ਤਪ ਕਰਨ ਤੋਂ ਕੋਈ ਆਤਮਿਕ ਲਾਭ ਨਹੀਂ ਹੋ ਸਕਦਾ, ਪ੍ਰਭੂ ਦੀ ਭਗਤੀ ਹੀ ਅਸਲ ਕਰਣੀ ਹੈ।੪।

੧੧. ਇਸ ਲਈ ਹੇ ਨਰ! ਗੋਬਿੰਦ, ਗੋਬਿੰਦ ਬੱਸ ਇਹੋ ਜਪਣਾ ਕਰ, (ਇਸੇ ਨਾਲ) ਸਾਰੀਆਂ ਪਦਵੀਆਂ (ਜੋ ਜੋਗ, ਜੱਗ, ਦਾਨ, ਤੱਪ ਨਾਲ ਪ੍ਰਾਪਤ ਹੁੰਦੀਆਂ ਦਸੀਦੀਆਂ ਹਨ) ਸਿੱਧ ਹੋ ਜਾਣਗੀਆਂ, ਭਾਵ ਤੈਨੂੰ ਪ੍ਰਾਪਤ ਹੋ ਜਾਣਗੀਆਂ।

ਪ੍ਰ: ਭਗਤ ਜੀ! ਤੁਹਾਡਾ ਆਪਣਾ ਵਿਸ਼ਵਾਸ ਕੀ ਹੈ?

ਉ: ੧੨. ਜੈ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਂ ਤਾਂ ਸਾਰੇ ਆਸਰੇ ਛੱਡ ਕੇ ਉਸੇ ਦੀ ਸਰਣ ਆਇਆ ਹਾਂ, ਜੋ ਜ਼ਾਹਰਾ ਜ਼ਹੂਰ ਹੈ। ਉਹ ਜੋ ਹੁਣ ਵੀ ਹੈ, ਪਿਛੇ ਵੀ ਸੀ ਅਤੇ ਅਗਾਹਾਂ ਨੂੰ ਵੀ ਹਰ ਥਾਂ ਮੌਜੂਦ ਹੈ।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੈ ਦੇਵ ਜੀ ਨੇ ਉਸ ਅਕਾਲ ਪੁਰਖ ਦੀ ਨਰਿਛਤ ਭਗਤੀ ਦਾ ਰੂਪ ਬਿਆਨ ਕੀਤਾ ਹੈ ਅਤੇ ਨਿਹਕੇਵਲ ਭਗਤੀ ਦੇ ਫਲ ਅੰਕਤ ਕੀਤੇ ਹਨ ਤੇ ਹੋਰਨਾਂ ਸਾਧਨਾਂ ਵਲੋਂ ਵਰਜਿਆ ਹੈ।

ਜੈ ਦੇਵ—ਸ੍ਰੀ ਜੈ ਦੇਵ ਭਗਤ ਜੀ ਬੰਗਾਲ ਵਿਚ ਹੋਏ ਹਨ। ਵੈਸ਼ਨਵ ਦੇ ਵਿਚ ਆਪ ਜੀ ਸ੍ਰੀ ਕ੍ਰਿਸ਼ਨ ਜੀ ਦੇ ਸਰਗੁਣ ਉਪਾਸ਼ਕ ਸਨ। ਤਦੋਂ ਆਪ ਜੀ ਨੇ ਗੋਬਿੰਦ ਨਾਮੇ ਲਲਿਤ ਪੁਸਤਕ ਸੰਸਕ੍ਰਿਤ ਕਾਵਯ ਵਿਚ ਸ੍ਰੀ ਕ੍ਰਿਸ਼ਨ ਜੀ ਸਬੰਧੀ ਲਿਖੀ ਸੀ। ਫਿਰ ਆਪ ਜੀ ਨਿਰਗੁਣ ਉਪਾਸ਼ਨਾ ਵਿਚ ਅਰੂੜ੍ਹ ਹੋ ਗਏ ਤੇ ਬੜੇ ਉੱਚ ਪਾਏ ਦੇ ਨਿਹਕੇਵਲ ਭਗਤ ਹੋਏ।

ਆਪ ਜੀ ਰਾਜਾ ਲਕਸ਼ਮਣ ਸੈਨ ਦੇ ਰਤਨਾਂ ਵਿਚੋਂ ਸਨ। ਪੱਕੀ ਤਰੀਕ ਪਤਾ ਨਹੀਂ, ਪਰ ਈਸਵੀ ਬਾਰ੍ਹਵੀਂ ਸਦੀ ਦੇ ਅਰੰਭ ਵਿਚ ਹੋਏ ਹਨ। ਜਨਮ ਦੇ ਪਿੰਡ ਦਾ ਨਾਮ ਕੇਂਦੂ ਵਿਲਵਾ ਹੈ, ਜਿਸ ਨੂੰ ਕੇਂਦੂਲੀ ਵੀ ਕਹਿੰਦੇ ਹਨ, ਜੋ ਭਗੀਰਥੀ ਨਦੀ ਦੀ ਸਾਖ ਮਜਯ ਨਦੀ ਦੇ ਕਿਨਾਰੇ ਸ਼ਹਿਰ ਬੀਰ ਭੂਮ ਤੋਂ ਦਸ ਕੁ ਕੋਹ ਦੱਖਣ ਵੱਲ ਨੂੰ ਹੈ। ਆਪ ਦੇ ਪਿਤਾ ਦਾ ਨਾਮ ਭੋਜ ਦੇਵ ਤੇ ਮਾਤਾ ਦਾ ਨਾਮ ਰਮਾਂ ਦੇਵੀ ਸੀ। ਆਪ ਕਾਨ ਕੁਬਜ ਬ੍ਰਾਹਮਣ ਜੋ ਬੰਗਾਲ ਵਿਚ ਕੁਲੀਨ ਬ੍ਰਾਹਮਣਾਂ ਵਿਚ ਗਿਣੇ ਜਾਂਦੇ ਸਨ, ਜੋ ਕਨੌਜ ਦੇ ਰਾਜਾ ਵੀਰ ਸੀਂਹ ਨੇ ਬੰਗਾਲ ਦੇ ਰਾਜਾ 'ਆਦਿ ਸੂਰ' ਦੇ ਮੰਗਣ 'ਤੇ ਦਿੱਤੇ। ਆਪ ਬਚਪਨ ਤੋਂ ਹੀ ਤਿਆਗੀ ਤੇ ਸਾਧੂ ਬ੍ਰਿਤੀ ਵਿਰਕਤ ਸਾਧੂ ਸਨ, ਪਰ ਇਕ ਵੇਰ ਬਨ ਵਿਚ ਵਸਦਿਆਂ ਇਕ ਬ੍ਰਾਹਮਣ ਆਪਣੀ ਲੜਕੀ ਲੈ ਕੇ ਬਨ ਵਿਚ ਆ ਗਿਆ ਤੇ ਉਹ ਲੜਕੀ ਆਪ ਨੂੰ ਅਰਪਨ ਕਰ ਦਿੱਤੀ, ਪਰ ਆਪ ਨੇ ਨਾਂਹ ਕੀਤੀ। ਤਦ ਉਹ ਬ੍ਰਾਹਮਣ ਚੁੱਪ ਕੀਤੇ ਖਿਸਕ ਗਿਆ ਤੇ ਲੜਕੀ ਨੂੰ ਛੋੜ ਗਿਆ। ਲੜਕੀ ਦਾ ਨਾਮ ਪਦਮਾਵਤੀ ਸੀ। ਉਹ ਸਤਿ ਧਰਮੀ ਤੇ ਪਤੀਬ੍ਰਤਾ ਸੀ। ਆਪ ਨੇ ਬਥੇਰਾ ਪਰੇ-ਪਰੇ ਕੀਤਾ, ਪਰ ਉਹ ਨਾ ਗਈ। ਫਿਰ ਆਪ ਦਾ ਕੋਮਲ ਹਿਰਦਾ ਤਰਸ ਦੇ ਘਰ ਆ ਗਿਆ ਤੇ ਧਰਮ ਤਰੀਕੇ

ਅਨੁਸਾਰ ਵਿਆਹ ਲਈ। ਫਿਰ ਕੇਂਦਲੀ ਆ ਗਏ ਤੇ ਗੋਬਿੰਦ ਪੁਸਤਕ ਕ੍ਰਿਸ਼ਨ ਮਹਿਮਾ ਦੀ ਰਚਿਤ ਕਵਿਤਾ ਉਥੇ ਲਿਖੀ। ਇਕ ਮੰਦਰ ਸ੍ਰੀ ਕ੍ਰਿਸ਼ਨ ਦੇਵ ਜੀ ਲਈ ਬਨਾਉਣ ਦਾ ਸੋਚਿਆ, ਧਨ ਇਕੱਠਾ ਕਰਨ ਦੇ ਸਾਧਨ ਕੀਤੇ। ਜਦ ਮੁੜੇ ਤਾਂ ਉਹ ਚੋਰ ਲੈ ਗਏ ਤੇ ਜ਼ਖ਼ਮੀ ਕਰ ਕੇ ਸੁੱਟ ਗਏ। ਕੋਈ ਰਾਜਾ ਆ ਗਿਆ, ਆਪ ਨੂੰ ਚੁੱਕ ਕੇ ਲੈ ਗਿਆ ਤੇ ਸੇਵਾ ਕੀਤੀ। ਗੁਣ ਵੇਖ ਕੇ ਰਾਜਾ ਪ੍ਰਸੰਨ ਹੋ ਗਿਆ ਤੇ ਆਪ ਜੀ ਵੀ ਸੁਖੀ ਹੋ ਗਏ। ਜੈ ਦੇਵ ਜੀ ਨੇ ਪਦਮਾਵਤੀ ਨੂੰ ਬੁਲਾ ਲਿਆ। ਕੁਝ ਸਮੇਂ ਬਾਅਦ ਪਦਮਾਵਤੀ ਮਰ ਗਈ, ਜਿਸ ਦੇ ਕਾਰਣ ਆਪ ਜੀ ਵੈਰਾਗ ਅਰੂੜ ਹੋਏ। ਹੁਣ ਕਾਵਯ ਵਿਚੋਂ ਨਿਕਲ ਕੇ ਨਿਰਗੁਣ ਵਿਚ ਹੱਥ ਪੈਰ ਵੱਜਣ ਲੱਗੇ, ਤਦ ਦੇਸ਼ਾਟਨ ਨੂੰ ਨਿਕਲੇ। ਕੋਈ ਇਕ ਸੰਤ ਮਿਲੇ ਜਿਨ੍ਹਾਂ ਨੇ ਨਿਰਗੁਣ ਦੀ ਭਗਤੀ ਵਿਚ ਦ੍ਰਿੜ੍ਹ ਕਰ ਦਿੱਤਾ। ਫੇਰ ਆਪ ਕੇਂਦੂਲੀ ਹੀ ਆ ਰਹੇ। ਬਹੁਤ ਕਾਲ ਸਮਾਧੀ ਲੀਨ ਰਹਿੰਦੇ, ਉੱਚੇ ਤੋਂ ਉੱਚਾ ਜੀਵਨ ਗੁਜ਼ਾਰਿਆ। ਗੁਰੂ ਗ੍ਰੰਥ ਸਾਹਿਬ ਵਿਚ ਆਏ ਆਪ ਦੇ ਦੋ ਸ਼ਬਦ ਉਸ ਸਮੇਂ ਦੇ ਉਚਾਰਤ ਸਹੀ ਸਿੱਧ ਹੁੰਦੇ ਹਨ। ਫੇਰ ਆਪ ਸਾਈਂ ਚਰਨਾਂ ਵਿਚ ਜਾ ਸਮਾਏ। ਸਮਾਧ ਆਪ ਦੀ ਕੇਂਦੂਲੀ ਵਿਚ ਹੈ।

(ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੨੯੧)।

ਨੋਟ : ਕਈ ਭਗਤ ਬਾਣੀ ਦੇ ਵਿਰੋਧੀ ਸੱਜਣ ਇਸ ਸ਼ਬਦ ਵਿਚ ਆਏ 'ਚੱਕ੍ਰ ਧਰ' ਸ਼ਬਦ ਤੋਂ ਅਨੁਮਾਨ ਲਾਉਂਦੇ ਹਨ ਕਿ ਭਗਤ ਜੀ ਨੇ ਇਸ ਸ਼ਬਦ ਵਿਚ ਵਿਸ਼ਨੂੰ ਭਗਤੀ ਦਾ ਉਪਦੇਸ਼ ਦਿੱਤਾ ਹੈ, ਪਰ ਜਦੋਂ ਅਸੀਂ ਬਾਕੀ ਦੇ ਲਫ਼ਜ਼ ਪੜ੍ਹਦੇ ਹਾਂ ਤਾਂ ਇਹ ਸੰਸਾ ਆਪਣੇ ਆਪ ਹੀ ਦੂਰ ਹੋ ਜਾਂਦਾ ਹੈ। 'ਰਹਾਉ' ਵਾਲੀ ਤੁਕ ਵਿਚ ਹੀ ਭਗਤ ਜੀ ਆਖਦੇ ਹਨ (ਕੇਵਲ ਰਾਮ ਨਾਮ ਮਨੋਰਮੰ) ਸੋ ਰਹਾਉ ਦੀ ਪੰਗਤੀ ਵਿਚ ਹੀ ਸਾਰੇ ਸ਼ਬਦ ਦੀ ਵਿਆਖਿਆ ਹੋਇਆ ਕਰਦੀ ਹੈ, ਭਾਵ ਕਿ ਇਸ ਸ਼ਬਦ ਵਿਚ ਆਏ 'ਪਰਮਾਦ ਪੁਰਖ' ਆਦਿ ਸ਼ਬਦ ਸਾਰੇ ਹੀ ਪਰਮੇਸ਼ਰ ਦੇ ਵਾਚਕ ਹਨ।

(ਗੂਜਰੀ ਰਾਗ ਸਮਾਪਤ)

ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਮੂਲ ਮੰਤ੍ਰ ਦੇ ਅਰਥ ਭਾਵ ਜਪੁਜੀ ਦੇ ਆਦਿ ਵਿਚ ਆ ਚੁੱਕੇ ਹਨ।

ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧ ॥

ਦੇਵ ਗੰਧਾਰੀ : ਦੇਵ ਗੰਧਾਰੀ ਰਾਗ ਬਾਰੇ (ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ) ਵਿਚ ਜੋ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਨੇ ਖੋਜ ਕੀਤੀ ਹੈ, ਉਹ ਇਸ ਪ੍ਰਕਾਰ ਹੈ :

ਨਾਦ ਬਿਨੋਦ ਵਿਚ (ਦੇਵ ਗੰਧਾਰੀ) ਭੈਰੋਂ ਦਾ ਪੁੱਤ੍ਰ ਕਰ ਕੇ ਲਿਖਿਆ ਹੈ, ਅੰਸ ਨਿਯਾਸ ਗ੍ਰਹ ਇਸ ਦਾ ਧੈਵਤ ਹੈ। ਮਧਮ ਕੋਮਲ ਲੱਗਦਾ ਹੈ। ਸੰਪੂਰਨ ਹੈ। ਟੋਡੀ, ਆਸਾਵਰੀ, ਦੇਸੀ, ਤਿੰਨੇ ਮਿਲ ਕੇ ਦੇਵ ਗੰਧਾਰ ਬਣਦਾ ਹੈ। ਸਵੇਰ ਵੇਲੇ ਗਾਂਵੀਂਦਾ ਹੈ, ਪ੍ਰੰਤੂ ਨ੍ਰਿਤਯ ਨਿਰਣਯ ਗ੍ਰੰਥ ਵਿਚ ਸ੍ਰੀ ਰਾਮ ਦਾ ਪੁੱਤ੍ਰ ਕਰ ਕੇ ਲਿਖਿਆ ਹੈ। ਸੰਪੂਰਣ ਹੈ, ਦੁਪਹਿਰ ਵੇਲੇ ਗਾਂਵੀਂਦਾ ਹੈ। ਇਵੇਂ ਹੀ ਮਾਨ ਕੰਤੂਹਲ ਵਿਚ ਲਿਖਿਆ ਹੈ, ਗੌਰੀ ਸੁਧ ਆਸਾਵਰੀ ਭੈਰਉ ਦੇਵ ਗਿਰੀ ਦੇ ਮਿਲਣੇ 'ਤੇ ਦੇਵ ਗੰਧਾਰੀ ਬਣਦਾ ਹੈ, ਪ੍ਰੰਤੂ ਸੁਰ ਤਾਲ ਸੰਬ੍ਰਹ ਵਿਚ ਲਿਖਿਆ ਹੈ, ਸੁਰ ਗੁਰੂ ਖਰਜ ਹੈ, ਬਾਦੀ ਖਰਜ ਹੈ, ਸਮਵਾਦੀ ਪੰਚਮ ਹੈ, ਅਨਵਾਦੀ ਗੰਧਾਰ ਹੈ। ਔੜਵ ਹੈ। ਸਾ, ਧਾ, ਪਾ, ਗਾ, ਰੇ,।

ਭੈਰੋ ਅਤੇ ਨਾਟ ਮਿਲ ਕੇ ਦੇਵ ਗੰਧਾਰ ਬਣਿਆ ਹੈ। ਸਵੇਰ ਵੇਲੇ ਗਾਂਵੀਂਦਾ ਹੈ, ਖ਼ੁਸ਼ੀ ਪੈਦਾ ਕਰਦਾ ਹੈ।

ਸੁਰ ਇਹ ਹਨ :

ਖਰਜ	ਸੁਧ
ਰਿਖਦਗੰਧਾਰ	ਤੀਬਰ
ਮਧਮ	ਕੋਮਲ
ਪੰਚਮ	ਸੁਧ
ਧੈਵਤ ਨਿਖਾਦ	ਤੀਬਰ

ਪ੍ਰੰਤੂ ਰਾਗ ਮਾਲਾ ਵਿਚ (ਦੇਵਗੰਧਾਰੀ) ਮਾਲਕੌਂਸ ਦੀ ਰਾਗਨੀ ਕਰਕੇ ਲਿਖੀ ਹੈ, ਜੇਹਾ ਕੁ 'ਗੋਂਡ ਕਰੀ ਅਰ ਦੇਵ ਗੰਧਾਰੀ' ਸੰਗੀਤ ਵਿਨੋਦ ਅਤੇ ਰਾਗ ਦੀਪਕ ਵਿਚ ਵੀ ਮਾਲਕੌਂਸ ਦੀ ਇਸਤ੍ਰੀ ਕਰ ਕੇ ਲਿਖਿਆ ਹੈ, ਇਸੇ ਦੇਵਗੰਧਾਰੀ ਦੇ ਦੋ ਪੁੱਤ੍ਰ 'ਮਸਤਾਂਗ' ਅਤੇ 'ਪ੍ਰਬਲ' ਕਰ ਕੇ ਲਿਖੇ ਹਨ।

੧. ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥
੨. ਜੋ ਤੁਮਰਾ ਜਸੁ ਕਹਤੇ ਗੁਰਮਤਿ
ਤਿਨ ਮੁਖ ਭਾਗ ਸਭਾਗੇ ॥੧॥ ਰਹਾਉ ॥
੩. ਟੂਟੇ ਮਾਇਆ ਕੇ ਬੰਧਨ ਫਾਹੇ
ਹਰਿ ਰਾਮ ਨਾਮ ਲਿਵ ਲਾਗੇ ॥
੪. ਹਮਰਾ ਮਨੁ ਮੋਹਿਓ ਗੁਰ ਮੋਹਨਿ
ਹਮ ਬਿਸਮ ਭਈ ਮੁਖਿ ਲਾਗੇ ॥੧॥
੫. ਸਗਲੀ ਰੈਣਿ ਸੋਈ ਅੰਧਿਆਰੀ
ਗੁਰ ਕਿੰਚਤ ਕਿਰਪਾ ਜਾਗੇ ॥
੬. ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ
ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨॥੧॥

ਪਦ ਅਰਥ : ਲਿਵ—ਲਗਨ, ਪ੍ਰੇਮ। ਜਸੁ—ਸਿਫ਼ਤਿ-ਸਾਲਾਹ। ਗੁਰਮਤਿ—ਗੁਰੂ ਦੀ ਮਤਿ 'ਤੇ ਟੁਰ ਕੇ। ਮੁਖ ਭਾਗ—ਉਨ੍ਹਾਂ ਦੇ ਚੇਹਰਿਆਂ 'ਤੇ ਭਾਗ ਲਗੇ ਦਿੱਸਦੇ ਹਨ। ਸੁਭਾਗੇ—ਚੰਗੇ ਭਾਗਾਂ ਵਾਲੇ।੧।ਰਹਾਉ।

ਮੋਹਨਿ—ਮੋਹਨ ਨੇ। ਬਿਸਮ—ਹੈਰਾਨ। ਮੁਖਿ ਲਾਗੇ—ਮੁਖ ਲਾਗਿ, ਮੂੰਹ ਲੱਗ ਕੇ, ਦਰਸ਼ਨ ਕਰ ਕੇ।੧।

ਰੈਣਿ—(ਜ਼ਿੰਦਗੀ ਦੀ) ਰਾਤ। ਸੋਈ—ਸੁੱਤੀ ਰਹੀ। ਕਿੰਚਤ—ਥੋੜ੍ਹੀ ਜਿਹੀ ਹੀ। ਗੁਰ ਕਿਰਪਾ—ਗੁਰੂ ਦੀ ਕਿਰਪਾ ਨਾਲ। ਮੋਹਿ—ਮੈਨੂੰ। ਸਰਿ—ਵਰਗਾ, ਬਰਾਬਰ। ਅਵਰੁ—ਕੋਈ ਹੋਰ। ਲਾਗੇ—ਲੱਗਦਾ, ਦਿੱਸਦਾ।੨।

ਅਰਥ :

ਪ੍ਰ: ਹੇ ਗੁਰੋ ! ਆਪ ਸਾਈਂ ਜੀ ਦੇ ਸੱਚੇ ਸੇਵਕ ਕਿਨ੍ਹਾਂ ਨੂੰ ਜਾਣਦੇ ਹੋ ?

ਉ: ੧. ਹੇ ਭਾਈਓ ! ਜਿਨ੍ਹਾਂ ਜਨਾਂ ਦੀ ਪ੍ਰੀਤ ਉਸ ਮਾਲਕ ਪ੍ਰਭੂ ਦੇ ਚਰਨਾਂ ਵਿਚ ਜੁੜ ਜਾਂਦੀ ਹੈ, ਉਹੀ ਮਾਲਕ ਦੇ ਸੱਚੇ ਸੇਵਕ, ਸੱਚੇ ਦਾਸ ਬਣ ਜਾਂਦੇ ਹਨ।

੨. ਹੇ ਪ੍ਰਭੂ ! ਜਿਹੜੇ ਜਨ ਗੁਰੂ ਦੀ ਮਤਿ 'ਤੇ ਤੁਰ ਕੇ (ਸਦਾ ਹੀ) ਤੇਰੀ ਸਿਫ਼ਤਿ-ਸਾਲਾਹ ਕਰਦੇ ਹਨ, ਉਹ ਸੁਭਾਗ ਹਨ (ਭਾਗਾਂ ਵਾਲੇ ਹਨ)।੧।ਰਹਾਉ।

ਪ੍ਰ: ਹਜ਼ੂਰ ! ਜਿਨ੍ਹਾਂ ਦੀ ਲਗਨ ਸਾਈਂ ਨਾਲ ਲੱਗ ਜਾਂਦੀ ਹੈ, ਉਨ੍ਹਾਂ ਦੀ ਨਿਸ਼ਾਨੀ ਕੀ ਹੈ ?

ਉ: ੩. ਹੇ ਪਿਆਰਿਓ ! ਜਿਨ੍ਹਾਂ ਮਨੁੱਖਾਂ ਦੀ ਲਗਨ ਪਰਮੇਸ਼ਰ ਦੇ ਨਾਮ ਨਾਲ ਲੱਗ ਜਾਂਦੀ ਹੈ, ਉਨ੍ਹਾਂ ਦੇ ਮਾਇਆ (ਦੇ ਮੋਹ) ਬੰਧਨ ਟੁੱਟ ਜਾਂਦੇ ਹਨ, ਫਾਹੀਆਂ ਟੁੱਟ ਜਾਂਦੀਆਂ ਹਨ।

੪. ਹੇ ਸਖੀ ! ਮਨ ਨੂੰ ਮੋਹ ਲੈਣ ਵਾਲੇ ਗੁਰੂ ਨੇ ਮੇਰਾ ਮਨ ਆਪਣੇ ਪਿਆਰ ਵਿਚ ਬੰਨ੍ਹ ਲਿਆ ਹੈ। ਉਸ ਸੋਹਣੇ ਗੁਰੂ ਦਾ ਦਰਸ਼ਨ ਕਰਕੇ ਮੈਂ ਮਸਤ ਹੋ ਗਈ ਹਾਂ, ਇਸ ਵਾਸਤੇ ਹੁਣ ਮਾਇਆ ਦੇ ਮੋਹ ਦੀਆਂ ਫਾਹੀਆਂ ਮੇਰੇ ਨੇੜੇ ਨਹੀਂ ਢੁੱਕਦੀਆਂ।੧।

ਪ੍ਰ: ਕਿਉਂ ਜੀ! ਦਰਸ਼ਨਾਂ ਤੋਂ ਪਹਿਲਾਂ ਸਮਾਂ ਤੁਹਾਡਾ ਕਿਵੇਂ ਗੁਜ਼ਰਿਆ ਹੈ?

ਉ: ੫. ਹੇ ਸਖੀ! ਗੁਰੂ ਦੇ ਦਰਸ਼ਨਾਂ ਦੇ ਸੰਜੋਗੀ ਹੋਣ ਤੋਂ ਪਹਿਲੋਂ, ਮੈਂ ਜ਼ਿੰਦਗੀ ਦੀ ਸਾਰੀ ਰਾਤ ਮਾਇਆ ਦੇ ਮੋਹ ਦੇ ਹਨ੍ਹੇਰੇ ਵਿਚ ਸੁਤੀ ਰਹੀ, (ਭਾਵ ਹੈ ਆਤਮਕ ਜੀਵਨ ਵਲੋਂ ਅਵੇਸਲੀ ਰਹੀ) ਹੁਣ ਗੁਰੂ ਦੀ ਥੋੜ੍ਹੀ ਜਿਹੀ ਕਿਰਪਾ ਨਾਲ ਹੀ ਮੈਂ ਜਾਗ ਪਈ ਹਾਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੇ ਸੋਹਣੇ ਮਾਲਕ ਪ੍ਰਭੂ! ਮੈਨੂੰ ਤੁਹਾਡੇ ਬਰਾਬਰ ਦਾ ਹੁਣ ਹੋਰ ਕੋਈ ਵੀ ਨਹੀਂ ਲੱਗਦਾ।੨।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਸੇਵਕ ਦੇ ਲੱਛਣ ਅੰਕਤ ਕੀਤੇ ਹਨ। ਸੇਵਕ ਨੂੰ ਚਾਹੀਦਾ ਹੈ ਕਿ ਉਹ ਗੁਰੂ ਦੀ ਸਿਖਿਆ ਅਨੁਸਾਰ ਆਪਣਾ ਜੀਵਨ ਗੁਜ਼ਾਰੇ। ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਕਰਦਾ ਹੋਇਆ ਹੀ ਸਮਾਂ ਬਤੀਤ ਕਰੇ, ਐਸੇ ਸੇਵਕ ਦੇ ਸਾਰੇ ਹੀ ਮਾਇਆ ਦੇ ਬੰਧਨ ਕਟੇ ਜਾਣਗੇ।

ਦੇਵਗੰਧਾਰੀ ॥

੧. ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥
੨. ਹਰਿ ਕੇ ਸੰਤ ਬਤਾਵਹੁ ਮਾਰਗੁ
ਹਮ ਪੀਛੈ ਲਾਗਿ ਚਲੀ ॥੧॥ ਰਹਾਉ ॥
੩. ਪ੍ਰਿਅ ਕੇ ਬਚਨ ਸੁਖਾਨੇ ਹੀਅਰੈ
ਇਹ ਚਾਲ ਬਨੀ ਹੈ ਭਲੀ ॥
੪. ਲਟੁਰੀ ਮਧੁਰੀ ਠਾਕੁਰ ਭਾਈ
ਓਹ ਸੁੰਦਰਿ ਹਰਿ ਢੁਲਿ ਮਿਲੀ ॥੧॥
੫. ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ
ਜੋ ਭਾਵੈ ਪਿਰ ਸਾ ਭਲੀ ॥
੬. ਨਾਨਕੁ ਗਰੀਬੁ ਕਿਆ ਕਰੈ ਬਿਚਾਰਾ
ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥

ਪਦ ਅਰਥ : ਕਹਹੁ—ਦੱਸੋ। ਕਿਤੁ—ਕਿਸ ਵਿਚ? ਕਿਤੁ ਗਲੀ—ਕਿਸ ਗਲੀ ਵਿਚ? ਸੰਤ—ਹੇ ਸੰਤ ਜਨੋ! ਮਾਰਗੁ—ਰਸਤਾ। ਪੀਛੈ—ਤੁਹਾਡੇ ਪਿੱਛੇ-ਪਿੱਛੇ। ਚਲੀ—ਮੈਂ ਤੁਰੀ ਚਲਾਂ।੧।ਰਹਾਉ।

ਪ੍ਰਿਅ ਕੇ—ਪਿਆਰੇ ਦੇ। ਸੁਖਾਨੇ—ਮਿੱਠੇ ਲੱਗ ਰਹੇ ਹਨ। ਹੀਅਰੈ—ਹਿਰਦੇ ਵਿਚ। ਚਾਲ—(ਜੀਵਨ) ਤੋਰ, ਜੁਗਤ। ਲਟੁਰੀ—ਦੁਸਟ, (ਬਦਮਾਸ਼) ਲਟਬਉਰੀ, ਲਟੋਰ, ਆਪ ਹੁਦਰੀ। ਮਧੁਰੀ—ਛੋਟੀ, ਥੋੜ ਬ੍ਰਿਤੀ, ਜਿਸ ਦਾ ਕੱਦ ਛੋਟਾ ਹੋਵੇ। ਠਾਕੁਰ ਭਾਈ—ਠਾਕੁਰ ਨੂੰ ਚੰਗੀ ਲੱਗ ਗਈ। ਓਹ ਸੁੰਦਰਿ—ਉਹ ਸੋਹਣੀ ਜੀਵ-ਇਸਤ੍ਰੀ। ਢੁਲਿ—ਮਨੋਂ ਦਰਵ ਕੇ, ਪਿਆਰ ਨਾਲ ਪਸੀਜ ਕੇ, ਤਿਲਕ ਕੇ, ਨੀਵੀਂ ਹੋ ਕੇ, ਨਿਮਰਤਾ ਧਾਰ ਕੇ, ਜਿਵੇਂ ਨਦੀ ਸਮੁੰਦਰ ਨੂੰ ਨੀਵੀਂ-ਨੀਵੀਂ ਚਲ ਕੇ ਜਾ ਮਿਲਦੀ ਹੈ।੧।

ਭਾਵੈ ਪਿਰ—ਪਿਰ ਨੂੰ ਪਸੰਦ ਆ ਜਾਏ। ਸਾ—ਉਹ ਜੀਵ-ਇਸਤ੍ਰੀ। ਤਿਤੁ—ਉਸ ਵਿਚ। ਤਿਤੁ ਰਾਹਿ—ਉਸ ਰਾਹ ਉੱਤੇ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਆਪ ਜੀ ਦੇ ਮਨ ਵਿਚ ਉਸ ਪਿਆਰੇ ਵਾਹਿਗੁਰੂ ਜੀ ਦੇ ਮਿਲਾਪ ਦਾ ਉਤਸ਼ਾਹ ਪੈਦਾ ਹੋਇਆ ਤਾਂ ਤੁਸੀਂ ਉਸ ਵੇਲੇ ਕੀ ਸਾਧਨ ਕਰਦੇ ਸੀ?

ਉ: ੧. ਹੇ ਪਿਆਰੇ! ਮੈਂ ਤਾਂ ਉਸ ਵੇਲੇ ਇਹੋ ਕੁਝ ਕਰਦਾ ਸਾਂ ਕਿ ਸੰਤ ਜਨਾਂ ਦੇ ਸੰਗ ਵਿਚ ਜਾ ਕੇ ਇਉਂ ਜੋਦੜੀ ਕੀਤਾ ਕਰਦਾ ਸਾਂ ਕਿ ਹੇ ਵਾਹਿਗੁਰੂ ਜੀ ਦੇ ਸੰਤ ਜਨੋਂ। ਤੁਸੀਂ ਮੈਨੂੰ ਦੱਸੋ ਕਿ ਮੇਰਾ ਸੋਹਣਾ ਪ੍ਰੀਤਮ ਕਿਸ ਗਲੀ ਵਿਚ ਮਿਲੇਗਾ?

੨. ਮੈਨੂੰ (ਉਸ ਗਲੀ ਦਾ) ਰਸਤਾ ਦੱਸੋ, ਤਾਂ ਕਿ ਮੈਂ ਭੀ ਤੁਹਾਡੇ ਪਿੱਛੇ-ਪਿੱਛੇ ਟੁਰੀ ਚਲਾਂ।੧।ਰਹਾਉ।

੩. ਹੇ ਜਗਿਆਸੂ-ਜੀਵ ਇਸਤ੍ਰੀ! ਜਿਸ ਨੂੰ ਪਿਆਰੇ ਪ੍ਰਭੂ ਦੀ ਸਿਫਤਿ-ਸਾਲਾਹ ਦੇ ਬਚਨ ਹਿਰਦੇ ਵਿਚ ਸੁਖਾ ਜਾਂਦੇ ਹਨ, ਉਸ ਦੀ ਇਹ ਜੀਵਨ-ਤੋਰ ਚੰਗੀ ਹੋ ਗਈ ਹੈ।

੪. ਉਹ ਪਹਿਲੋਂ ਭਾਵੇਂ ਲਟਰੀ ਹੈ ਭਾਵੇਂ ਮਧਰੀ ਹੈ, ਉਹ ਮਾਲਕ ਪ੍ਰਭੂ ਨੂੰ ਪਿਆਰੀ ਲੱਗਣ ਲੱਗ ਪੈਂਦੀ ਹੈ। ਉਹ ਸੋਹਣੀ ਹੋ ਕੇ ਪਸੀਜੀ ਹੋਈ ਪਤੀ ਪਰਮੇਸ਼ਰ ਨੂੰ ਜਾ ਮਿਲਦੀ ਹੈ।੧।

ਪ੍ਰ: ਕਿਉਂ ਜੀ! ਉਨ੍ਹਾਂ ਦੀ ਮਾਨਸਕ ਅਵਸਥਾ ਕੈਸੀ ਹੋ ਜਾਂਦੀ ਹੈ?

ਉ: ੫. ਹੇ ਪਿਆਰੇ! ਉਹ ਜਿਸ ਵੱਲ ਵੀ ਤਕਦੀਆਂ ਹਨ, ਉਨ੍ਹਾਂ ਨੂੰ ਇਕੋ ਹੀ ਪਤੀ ਪਰਮੇਸ਼ਰ ਸਾਰਿਆਂ ਦਾ ਮਾਲਕ ਨਜ਼ਰ ਆਉਂਦਾ ਹੈ ਅਤੇ ਸਾਰੀਆਂ ਜੀਵ ਰੂਪ ਇਸਤ੍ਰੀਆਂ ਉਸੇ ਪਿਆਰੇ ਦੀਆਂ ਨਜ਼ਰ ਆਉਂਦੀਆਂ ਹਨ, ਪਰ ਜਿਹੜੀ ਜੀਵ ਰੂਪ ਇਸਤ੍ਰੀ ਹਰੀ ਨੂੰ ਭਾ ਜਾਂਦੀ ਹੈ, ਉਹੋ ਹੀ ਸੋਹਣੀ ਬਣ ਜਾਂਦੀ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਇਹ ਨਾਨਕ ਵੀਚਾਰਾ ਕੀਹ ਕਰ ਸਕਦਾ ਹੈ। ਜਿਹੜੀ ਜੀਵ-ਇਸਤਰੀ ਹਰੀ ਨੂੰ ਭਾ ਜਾਵੇ, ਉਹੀ ਉਸ ਰਸਤੇ ਉੱਤੇ ਤੁਰ ਸਕਦੀ ਹੈ।੨॥੨।

ਭਾਵਾਰਥ : ਇਸ ਸ਼ਬਦ ਵਿਚ ਉਸ ਪਿਆਰੇ ਵਾਹਿਗੁਰੂ ਜੀ ਦਾ ਮਾਰਗ ਪੁੱਛ ਕਰ ਕੇ ਆਪ ਹੀ ਦੱਸਿਆ ਹੈ ਅਤੇ ਉਸ ਮਾਰਗ 'ਤੇ ਚਲਣ ਦੀ ਜੁਗਤ ਵੀ ਅੰਕਤ ਕੀਤੀ ਹੈ, ਪਰ ਸੱਚੇ ਮਾਰਗ 'ਤੇ ਉਹੋ ਹੀ ਜੀਵ ਰੂਪ ਇਸਤ੍ਰੀ ਚਲ ਸਕਦੀ ਹੈ ਜੋ ਉਸ ਪਿਆਰੇ ਸਾਈਂ ਜੀ ਨੂੰ ਭਾ ਜਾਵੇ।

ਦੇਵਗੰਧਾਰੀ ॥

੧. ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥
੨. ਗੁਰਮੁਖਿ ਰੰਗਿ ਚਲੂਲੈ ਰਾਤੀ
ਹਰਿ ਪ੍ਰੇਮ ਭੀਨੀ ਚੋਲੀਐ ॥੧॥ ਰਹਾਉ ॥
੩. ਹਉ ਫਿਰਉ ਦਿਵਾਨੀ ਆਵਲ ਬਾਵਲ
ਤਿਸੁ ਕਾਰਣਿ ਹਰਿ ਢੋਲੀਐ ॥
੪. ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ
ਹਮ ਤਿਸ ਕੀ ਗੁਲ ਗੋਲੀਐ ॥੧॥

੫. ਸਤਿਗੁਰੁ ਪੁਰਖੁ ਮਨਾਵਹੁ ਅਪੁਨਾ
ਹਰਿ ਅੰਮ੍ਰਿਤੁ ਪੀ ਝੋਲੀਐ ॥
੬. ਗੁਰ ਪ੍ਰਸਾਦਿ ਜਨ ਨਾਨਕ ਪਾਇਆ
ਹਰਿ ਲਾਧਾ ਦੇਹ ਟੋਲੀਐ ॥੨॥੩॥

ਪਦ ਅਰਥ : ਮਨ—ਹੇ ਮਨ। ਮੁਖਿ—ਮੂੰਹ ਨਾਲ, ਮੂੰਹ ਦੁਆਰਾ, ਮੂੰਹ ਤੋਂ। ਬੋਲੀਐ—ਬੋਲਣਾ ਚਾਹੀਦਾ ਹੈ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਰੰਗਿ ਚਲੂਲੈ—ਗੂੜ੍ਹੇ ਲਾਲ ਰੰਗ ਵਿਚ। ਰਾਤੀ—ਰੰਗੀ ਜਾਂਦੀ ਹੈ। ਚੋਲੀਐ—ਚੋਲੀ, ਹਿਰਦਾ। ਭੀਨੀ—ਭਿਜ ਜਾਂਦੀ ਹੈ, ਤਰ ਹੋ ਜਾਂਦੀ ਹੈ।੧।ਰਹਾਉ।

ਹਉਂ—ਮੈਂ। ਫਿਰਉ—ਫਿਰਉਂ, ਫਿਰਦੀ ਹਾਂ। ਦਿਵਾਨੀ—ਕਮਲੀ, ਝੱਲੀ। ਆਵਲ ਬਾਵਲ—ਕਮਲੀ ਰਮਲੀ। ਢੋਲੀਐ—ਢੋਲਾ, ਪਿਆਰਾ, ਪ੍ਰੀਤਮ। ਗੁਲ ਗੋਲੀਐ—ਗੋਲੀਆਂ ਦੀ ਗੋਲੀ।੧।

ਅੰਮ੍ਰਿਤੁ—ਆਤਮਿਕ ਜੀਵਨ ਦੇਣ ਵਾਲਾ ਜਲ। ਝੋਲੀਐ—ਝੋਲ ਕੇ, ਹਿਲਾ ਕੇ, ਪ੍ਰੇਮ ਨਾਲ। ਪ੍ਰਸਾਦਿ—ਕਿਰਪਾ ਨਾਲ। ਦੇਹ—ਸਰੀਰ, ਹਿਰਦਾ। ਟੋਲੀਐ—ਟੋਲ ਕੇ।੨।

ਅਰਥ :

ਪ੍ਰ: ਸ੍ਰੀ ਜੀਉ! ਇਸ ਅਮੋੜ ਮਨ ਨੂੰ ਬਾਰ-ਬਾਰ ਵਿਕਾਰਾਂ ਵਲੋਂ ਤੋੜ ਕੇ ਹਰੀ ਵਲ ਜੋੜਨਾ ਚਾਹੁੰਦੇ ਹਾਂ, ਪਰ ਉਹ ਰੱਬੀ ਮਾਰਗ ਵਲ ਟੁਰਦਾ ਹੀ ਨਹੀਂ, ਦੱਸੋ ਜੀ ਕੀ ਜਤਨ ਕਰੀਏ?

ਉ: ੧. ਹੇ ਭਾਈਓ! ਇਸ ਮਨ ਨੂੰ ਪ੍ਰੇਮ ਨਾਲ ਇਉਂ ਪ੍ਰੇਰਨਾ ਕਰਦੇ ਰਹੋ ਕਿ ਹੇ ਮੇਰੇ ਮਨਾ! ਮੂੰਹੋਂ ਸਦਾ ਹੀ ਉਸ ਪਰਮੇਸ਼ਰ ਦਾ ਨਾਮ ਉਚਾਰਨ ਕਰਦੇ ਰਹਿਣਾ ਚਾਹੀਦਾ ਹੈ।

੨. ਹੇ ਪਿਆਰੇ! ਗੁਰੂ ਦੁਆਰਾ ਜਿਹੜੀ ਜੀਵ ਰੂਪੀ ਇਸਤ੍ਰੀ ਪ੍ਰਭੂ ਪ੍ਰੇਮ ਦੇ ਗੂੜ੍ਹੇ ਰੰਗ ਵਿਚ ਰੰਗੀ ਜਾਂਦੀ ਹੈ, ਉਸ ਦੀ ਦੇਹ ਰੂਪੀ ਚੋਲੀ ਭੀ ਨਾਲ ਹੀ ਹਰੀ ਦੇ ਪ੍ਰੇਮ ਵਿਚ ਭਿੱਜੀ ਰਹਿੰਦੀ ਹੈ।੧।ਰਹਾਉ।

ਪ੍ਰ: ਕਿਉਂ ਜੀ! ਕੀ ਤੁਹਾਨੂੰ ਉਸ ਪਿਆਰੇ ਸਾਈਂ ਜੀ ਦੀ ਪ੍ਰਾਪਤੀ ਹੋ ਗਈ ਹੈ?

ਉ: ੩. ਆਪ ਨਿੰਮ੍ਰਤਾ ਭਰੇ ਵਾਕ ਕਹਿ ਰਹੇ ਹਨ ਕਿ ਹੇ ਪਿਆਰੇ! ਮੈਂ ਉਸ ਪਿਆਰੇ ਸਾਈਂ ਜੀ ਨੂੰ ਮਿਲਣ ਵਾਸਤੇ ਕਮਲੀ ਹੋਈ ਫਿਰਦੀ ਹਾਂ।

੪. ਹਾਂ, ਜੇ ਕੋਈ ਮੈਨੂੰ ਮੇਰਾ ਪਿਆਰਾ ਪ੍ਰੀਤਮ ਮਿਲਾ ਦੇਵੇ ਤਾਂ ਮੈਂ ਉਸ ਦੀਆਂ ਗੋਲੀਆਂ ਦੀ ਗੋਲੀ ਬਣ ਜਾਵਾਂ।੧।

ਪ੍ਰ: ਹਜ਼ੂਰ! ਤੁਸੀਂ ਮੈਨੂੰ ਭੀ ਕੋਈ ਸਾਧਨ ਦੱਸ ਦਿਓ ਕਿ ਮੈਂ ਕੀ ਸਾਧਨ ਕਰਾਂ?

ਉ: ੫. ਹੇ ਜਗਿਆਸੂ ਜੀਵ-ਇਸਤ੍ਰੀ! ਤੂੰ ਆਪਣੇ ਗੁਰੂ ਸਤਿ-ਪੁਰਖ ਨੂੰ ਪ੍ਰਸੰਨ ਕਰ ਲੈ, ਗੁਰੂ ਦੇ ਦੱਸੇ ਮਾਰਗ 'ਤੇ ਟੁਰਨਾ ਅਰੰਭ ਕਰ ਦੇ ਅਤੇ ਵਾਸ਼ਨਾ ਰੂਪ ਬੂਰ ਨੂੰ ਪਰੇ ਹਟਾ ਕੇ ਉਸਦਾ ਦਿੱਤਾ ਨਾਮ ਰੂਪੀ ਜਲ ਪ੍ਰੇਮ ਸਹਿਤ ਪੀਂਦੀ ਰਹੁ। (ਬਸ ਇਹੀ ਤਰੀਕਾ ਉਸ ਢੋਲੇ ਹਰੀ ਨੂੰ ਮਿਲਣੇ ਦਾ ਹੈ)।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਗੁਰੂ ਦੀ ਕਿਰਪਾ ਦੁਆਰਾ ਜਿਨ੍ਹਾਂ ਦਾਸਾਂ ਨੇ ਹਰੀ ਨੂੰ ਪਾਇਆ ਹੈ, ਉਨ੍ਹਾਂ ਨੇ ਆਪਣੇ ਹਿਰਦੇ ਵਿਚੋਂ ਹੀ ਭਾਲ ਕਰ ਕੇ ਪਾਇਆ ਹੈ।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਆਪਣੇ ਦੁਆਰਾ ਉਪਦੇਸ਼ ਕਰਦੇ ਹਨ ਕਿ ਨਾਮ ਦਾ ਸਿਮਰਨ ਰਸਨਾ ਦੁਆਰਾ ਕਰਦੇ ਰਹਿਣਾ ਚਾਹੀਦਾ ਹੈ। ਗੁਰੂ ਦੀ ਮਿਹਰ ਨਾਲ ਪ੍ਰੇਮ ਮਨ ਵਿਚ ਉਪਜੇਗਾ, ਜੋ ਪ੍ਰੇਮ ਪਿਆਰੇ ਵਿਚ ਲੀਨ ਕਰਦਾ ਹੈ।

ਦੇਵਗੰਧਾਰੀ ॥

੧. ਅਬ ਹਮ ਚਲੀ ਠਾਕੁਰ ਪਹਿ ਹਾਰਿ ॥
੨. ਜਬ ਹਮ ਸਰਣਿ ਪ੍ਰਭੂ ਕੀ ਆਈ
ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥
੩. ਲੋਕਨ ਕੀ ਚਤੁਰਾਈ ਉਪਮਾ
ਤੇ ਬੈਸੰਤਰਿ ਜਾਰਿ ॥
੪. ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ ॥੧॥
੫. ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ
ਤਿਸੁ ਰਾਖਹੁ ਕਿਰਪਾ ਧਾਰਿ ॥
੬. ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ
ਰਾਖਹੁ ਲਾਜ ਮੁਰਾਰਿ ॥੨॥੪॥

ਪਦ ਅਰਥ : ਅਬ—ਹੁਣ। ਪਹਿ—ਪਾਸ, ਕੋਲ। ਹਾਰਿ—ਹਾਰ ਕੇ, ਥੱਕ ਕੇ, ਹੋਰ ਸਾਰੇ ਆਸਰੇ ਛੱਡ ਕੇ। ਜਬ—ਹੁਣ ਜਦੋਂ। ਪ੍ਰਭੂ ਕੀ ਸਰਣਿ—ਹੇ ਪ੍ਰਭੂ ਤੇਰੀ ਸ਼ਰਣ। ਰਾਖੁ—ਬਚਾ ਲੈ।੧।ਰਹਾਉ।

ਲੋਕਨ ਕੀ—ਲੋਕਾਂ ਵਾਲੀ। ਉਪਮਾ—ਵਡਿਆਈ। ਤੇ—ਉਹ ਸਾਰੀਆਂ। ਬੈਸੰਤਰਿ—ਅੱਗ ਵਿਚ। ਜਾਰਿ—ਜਾਰ ਦੇ, ਸਾੜ ਦੇ। ਢਾਰਿ—ਢਾਲ ਦਿੱਤਾ, ਭਾਵ ਹੈ ਅਰਪਨ ਕਰ ਦਿੱਤਾ, ਪੇਸ਼ ਕਰ ਦਿੱਤਾ, ਦੇਹ ਅਧਿਆਸ ਦੂਰ ਕਰ ਦਿੱਤਾ ਹੈ, ਸਰੀਰਕ ਮੋਹ ਛੱਡ ਦਿੱਤਾ ਹੈ।੧।

ਠਾਕੁਰ ਪ੍ਰਭ—ਹੇ ਠਾਕਰ! ਹੇ ਪ੍ਰਭੂ! ਰਾਖਹੁ—ਰੱਖਦਾ ਹੈਂ। ਧਾਰਿ—ਧਾਰ ਕੇ। ਮੁਰਾਰਿ—ਹੇ ਮੁਰਾਰੀ, ਠਾਕਰ, ਅਕਾਲ ਪੁਰਖ ਵਾਹਿਗੁਰੂ।੨।

ਅਰਥ :

ਪ੍ਰ: ਹਜ਼ੂਰ! ਹੁਣ ਤੁਸੀਂ ਕਿਹੜੇ ਸਾਧਨ ਦਾ ਆਸਰਾ ਰੱਖਦੇ ਹੋ?

ਉ: ੧. ਹੇ ਪਿਆਰਿਓ! ਮੈਂ ਤਾਂ ਹੁਣ ਸਾਰੇ ਹੀ ਸਾਧਨਾਂ ਦਾ ਆਸਰਾ ਛੱਡ ਕੇ ਉਸੇ ਮਾਲਕ ਪ੍ਰਭੂ ਦੀ ਸ਼ਰਨ ਵਿਚ ਆ ਗਈ ਹਾਂ।

੨. ਸੋ ਹੁਣ ਜਦੋਂ ਮੈਂ ਆਪਣੇ ਪ੍ਰਭੂ ਦੀ ਸ਼ਰਨ ਵਿਚ ਆ ਗਈ ਹਾਂ, ਹੇ ਪ੍ਰਭੂ (ਤੂੰ) ਹੁਣ ਚਾਹੇ ਮੈਨੂੰ ਰੱਖ, ਚਾਹੇ ਮਾਰ, ਭਾਵ ਹੈ ਜਿਵੇਂ ਤੇਰੀ ਰਜ਼ਾ ਹੈ, ਮੈਨੂੰ ਉਸੇ ਹੀ ਹਾਲ ਵਿਚ ਰੱਖ।੧।ਰਹਾਉ।

ਪ੍ਰ: ਹਜ਼ੂਰ! ਕਈ ਲੋਕ ਤਾਂ ਚਤੁਰਾਈਆਂ ਤੇ ਵਡਿਆਈਆਂ ਵਿਚ ਹੀ ਜਗਤ ਤੋਂ ਤਰ ਜਾਣ ਦਾ ਨਿਸ਼ਚਾ ਰਖੀ ਬੈਠੇ ਹਨ। ਕੀ ਤੁਸੀ ਇਨ੍ਹਾਂ ਵਿਚ ਵਿਸ਼ਵਾਸ਼ ਨਹੀਂ ਰੱਖਦੇ?

ਉ: ੩. ਹੇ ਪਿਆਰੇ ! ਅਸੀਂ ਤਾਂ ਦੁਨੀਆਂ ਵਾਲੀ ਸਿਆਣਪ ਤੇ ਜਗਤ ਦੀ ਵਡਿਆਈ ਇਨ੍ਹਾਂ ਨੂੰ ਅੱਗ ਵਿਚ ਸਾੜ ਦਿੱਤਾ ਹੈ।

੪. ਹੁਣ ਸਾਨੂੰ ਭਾਵੇਂ ਕੋਈ ਚੰਗਾ ਆਖੇ, ਚਾਹੇ ਬੁਰਾ ਕਹੇ, ਮੈਂ ਤਾਂ ਆਪਣਾ ਸਰੀਰ ਹੀ ਠਾਕਰ ਦੇ ਚਰਨਾਂ ਵਿਚ ਅਰਪਨ ਕਰ ਦਿੱਤਾ ਹੈ।੧।

੫. ਹੇ ਠਾਕਰ ! ਹੇ ਪ੍ਰਭੂ ! ਜਿਹੜਾ ਭੀ ਕੋਈ ਤੇਰੀ ਸ਼ਰਨ ਆ ਪੈਂਦਾ ਹੈ, ਤੂੰ ਮਿਹਰ ਕਰਕੇ ਉਸ ਦੀ ਰੱਖਿਆ ਕਰਦਾ ਹੈਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਹਰੀ ਜੀਉ ! ਦਾਸ ਭੀ ਆਪ ਦੀ ਸ਼ਰਨ ਵਿਚ ਆ ਪਿਆ ਹੈ, ਮੇਰੀ ਸ਼ਰਨ ਆਏ ਦੀ ਲੱਜਿਆ ਰਖੋ।੨।੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਉਸ ਸਾਈਂ ਜੀ ਦੀ ਸ਼ਰਨ ਪ੍ਰਾਪਤੀ ਨੂੰ ਸਾਰੇ ਸਾਧਨਾਂ ਤੋਂ ਉੱਚੀ ਕਥਨ ਕੀਤਾ ਹੈ, ਕਿਉਂਕਿ ਹੋਰ ਸਾਰੇ ਹੀ ਸਾਧਨ ਹਉਮੈ 'ਤੇ ਅਧਾਰਤ ਹੁੰਦੇ ਹਨ ਅਤੇ ਸ਼ਰਨ ਵਿਚ ਆਉਣਾ ਹਉਮੈ ਨੂੰ ਛੱਡ ਕੇ ਹੋਇਆ ਕਰਦਾ ਹੈ। ਇਸ ਲਈ ਹਜ਼ੂਰ ਸਾਰੇ ਸਾਧਨਾਂ ਵਲੋਂ ਛੁਡਾ ਕੇ ਗੁਰੂ ਦੀ ਸ਼ਰਨ ਵਿਚ ਪਏ ਰਹਿਣ ਦੀ ਪ੍ਰੇਰਣਾ ਕਰਦੇ ਹਨ।

ਦੇਵਗੰਧਾਰੀ ॥

੧. ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥
੨. ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ
ਜਿਸੁ ਹਿਰਦੈ ਨਾਮੁ ਮੁਰਾਰੀ ॥੧॥ ਰਹਾਉ ॥
੩. ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ
ਹਮ ਕਿਉ ਕਰਿ ਮਿਲਹ ਜੂਠਾਰੀ ॥
੪. ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ
ਹਮ ਕਰਮਹੀਣ ਕੂੜਿਆਰੀ ॥੧॥
੫. ਹਮਰੀ ਮੁਦ੍ਰ ਨਾਮੁ ਹਰਿ ਸੁਆਮੀ
ਰਿਦ ਅੰਤਰਿ ਦੁਸਟ ਦੁਸਟਾਰੀ ॥
੬. ਜਿਉ ਭਾਵੈ ਤਿਉ ਰਾਖਹੁ ਸੁਆਮੀ
ਜਨ ਨਾਨਕ ਸਰਣਿ ਤੁਮ੍ਹ੍ਹਾਰੀ ॥੨॥੫॥

ਪਦ ਅਰਥ : ਹਉ—ਮੈਂ। ਦੇਖਿ—ਵੇਖਕੇ। ਜੀਵਾ—ਜੀਵਾਂ, ਮੈਂ ਜੀਉਂਦਾ ਹਾਂ। ਜਿਸ ਹਿਰਦੈ—ਜਿਸ ਹਿਰਦੇ ਵਿਚ। ਨਾਮੁ ਮੁਰਾਰੀ—ਪਰਮੇਸ਼ਰ।੧।ਰਹਾਉ।

ਪਾਵਨ—ਪਵਿੱਤਰ। ਪੁਰਖ—ਸਰਵ ਵਿਆਪਕ। ਕਿਉ ਕਰਿ—ਕਿਵੇਂ ? ਮਿਲਹ—ਅਸੀਂ ਮਿਲੀਏ। ਜੂਠਾਰੀ—ਮਲੀਨ। ਜੀਇ—ਜੀ ਵਿਚ। ਮੁਖਿ—ਮੂੰਹ ਵਿਚ। ਕਰਮਹੀਣ—ਬਦ ਕਿਸਮਤ। ਕੂੜਿਆਰੀ—ਕੂੜ ਦੇ ਵਣਜਾਰੇ।੧।

ਮੁਦ੍ਰ—ਮੁਹਰ, ਚਿੰਨ੍ਹ, ਨਿਸ਼ਾਨ, ਬਾਹਰਲਾ ਭੇਖ, ਵਖਾਵਾ। ਦੁਸਟ—ਭੈੜ, ਮੰਦੇ ਖ਼ਿਆਲ, ਦੁਸਟ ਪੁਣਾ, ਭੈੜਾ ਪਣ।

ਅਰਥ :

ਪ੍ਰ: ਹੇ ਗੁਰੋ ! ਜੋ ਲੋਕ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਨ, ਉਨ੍ਹਾਂ ਦਾ ਤੁਹਾਡੇ ਮਨ ਵਿਚ ਕਿਤਨਾ ਕੁ ਸਤਿਕਾਰ ਹੈ ?

ਉ: ੧. ਹੇ ਪਿਆਰੇ ! ਜੋ ਭੀ ਹਰੀ ਦੇ ਗੁਣ ਗਾਵੇ (ਮੈਂ) ਉਸ ਤੋਂ ਸਦਾ ਹੀ ਸਦਕੇ ਹਾਂ।

੨. ਅਤੇ ਸਾਧ ਗੁਰੂ ਦੇ ਦਰਸ਼ਨ ਦੇਖ-ਦੇਖ ਜੀਉਂਦਾ ਹਾਂ, ਜਿਸ ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਵਸਦਾ ਹੈ।੧।ਰਹਾਉ।

੩. ਹੇ ਸੁਆਮੀ ! ਹੇ ਸਰਵ ਵਿਆਪਕ ਸੁਆਮੀ ਜੀ, ਤੁਸੀਂ ਪਵਿੱਤ੍ਰ ਹੀ ਪਵਿੱਤ੍ਰ ਪੁਰਖ ਹੋ, ਅਸੀਂ ਅਪਵਿੱਤ੍ਰ (ਲੋਕ) ਆਪ ਜੀ ਨੂੰ ਕਿਵੇਂ ਮਿਲ ਸਕਦੇ ਹਾਂ।

੪. ਹੇ ਸੁਆਮੀ ਜੀ ! ਸਾਡੇ ਦਿਲ ਵਿਚ ਕੁਝ ਹੋਰ ਹੁੰਦਾ ਹੈ ਅਤੇ ਮੂੰਹ ਵਿਚ ਕੁਝ ਹੋਰ ਹੁੰਦਾ ਹੈ। ਅਸੀਂ ਸ਼ੁਭ ਕਰਮਾਂ ਤੋਂ ਹੀਣੇ ਕੂੜੇ ਲੋਕ ਹਾਂ।੧।

੫. ਹੇ ਸੁਆਮੀ ! ਹੇ ਹਰੀ ! (ਜੋ ਅਸੀਂ ਤੇਰਾ ਨਾਮ ਵੀ ਲੈਂਦੇ ਹਾਂ) ਇਹ ਸਾਡਾ ਇਕ ਵਿਖਾਵਾ ਹੈ, ਕਿਉਂਕਿ ਸਾਡੇ ਹਿਰਦੇ ਵਿਚ ਦੁਸ਼ਟਾਂ ਵਾਲਾ ਦੁਸ਼ਟਪੁਣਾ ਹੈ, ਭਾਵ ਸਾਡੇ ਅੰਦਰ ਮੰਦੇ ਖ਼ਿਆਲ ਭਰੇ ਰਹਿੰਦੇ ਹਨ।

੬. ਹੇ ਸੁਆਮੀ ਜੀ ! ਜਿਵੇਂ ਆਪ ਨੂੰ ਭਾਵੇ ਤਿਵੇਂ ਸਾਨੂੰ ਬਚਾਅ ਲੈ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਅਸੀਂ ਤੇਰੀ ਸ਼ਰਨ ਵਿਚ ਆਏ ਹਾਂ।੨।੫।

ਭਾਵਾਰਥ : ਇਸ ਸ਼ਬਦ ਵਿਚ ਪਹਿਲੋਂ ਹਰੀ ਦੇ ਗੁਣ ਗਾਉਣ ਵਾਲੇ ਤੇ ਸੰਤਾਂ ਦੀ ਮਹਿਮਾ ਬਿਆਨੀ ਹੈ, ਫਿਰ ਵਾਹਿਗੁਰੂ ਜੀ ਜੋ ਪਵਿੱਤ੍ਰ ਪਾਵਨ ਹੈ, ਉਸ ਦੀ ਉਤਮਤਾ ਅੰਕਤ ਕੀਤੀ ਹੈ। ਅੱਗੇ ਆਪ ਵੀ ਨਿਮ੍ਰਤਾ ਦੇ ਵਾਕ ਕਹਿੰਦੇ ਹਨ ਕਿ ਤੁਸੀਂ ਪਵਿੱਤ੍ਰ ਹੋ, ਅਸੀਂ ਅਪਵਿੱਤ੍ਰ ਹਾਂ, ਤੁਹਾਡੇ ਨਾਲ ਮਿਲਾਪ ਦਾ ਸਾਧਨ ਕੇਵਲ ਬਖ਼ਸ਼ਸ਼ ਹੈ, ਇਸ ਲਈ ਮਿਹਰ ਕਰ ਕੇ ਸਾਨੂੰ ਆਪਣੇ ਨਾਲ ਮਿਲਾ ਲਓ।

ਦੇਵਗੰਧਾਰੀ ॥

੧. ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥
੨. ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ
ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥੧॥ ਰਹਾਉ ॥
੩. ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ
ਤੇ ਬਿਗੜ ਰੂਪ ਬੇਰਕਟੀ ॥
੪. ਜਿਉ ਨਿਗੁਰਾ ਬਹੁ ਬਾਤਾ ਜਾਣੈ
ਓਹੁ ਹਰਿ ਦਰਗਹ ਹੈ ਭ੍ਰਸਟੀ ॥੧॥
੫. ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ
ਤਿਨਾ ਸਾਧ ਜਨਾ ਪਗ ਚਕਟੀ ॥
੬. ਨਾਨਕ ਪਤਿਤ ਪਵਿਤ ਮਿਲਿ ਸੰਗਤਿ
ਗੁਰ ਸਤਿਗੁਰ ਪਾਛੈ ਛੁਕਟੀ ॥੨॥੬॥ ਛਕਾ ੧

ਪਦ ਅਰਥ : ਸੁੰਦਰਿ—ਸੋਹਣੀ ਇਸਤ੍ਰੀ। ਨਕਟੀ—ਨੱਕ ਕਟੀ, ਨੱਕ ਵੱਢੀ, ਬਦਸ਼ਕਲ। ਬੇਸੁਆ—ਕੰਜਰੀ, ਵਿਭਚਾਰਨ ਇਸਤ੍ਰੀ। ਘਰਿ—ਘਰ ਵਿਚ। ਜਮਤ ਹੈ—ਜੰਮ ਪੈਂਦਾ ਹੈ। ਪਰਿਓ ਹੈ—ਪੈ ਜਾਂਦਾ ਹੈ। ਧ੍ਰਕਟੀ—ਧਰਕਟ ਇਸਤ੍ਰੀ ਦਾ ਪੁੱਤ੍ਰ, ਵਿਭਚਾਰਨ ਦਾ ਪੁੱਤ੍ਰ, ਹਰਾਮੀ।੧।ਰਹਾਉ।

ਹਿਰਦੈ–ਹਿਰਦੇ ਵਿਚ। ਸੁਆਮੀ–ਮਾਲਕ ਪ੍ਰਭੂ। ਤੇ–ਉਹ ਬੰਦੇ। ਬਿਗੜ ਰੂਪ–ਬਿਗੜੀ ਹੋਈ ਸ਼ਕਲ ਵਾਲੇ ਬਦ ਸ਼ਕਲ। ਬੇਰਕਟੀ–ਵਿਗੜਿਆ ਹੋਇਆ। ਭ੍ਰਸਟੀ–ਵਿਕਾਰਾਂ ਵਿਚ ਡਿੱਗਾ ਹੋਇਆ, ਗੰਦੇ ਆਚਰਨ ਵਾਲਾ। ਪਗ–ਪੈਰ। ਚਕਟੀ–ਚੱਟੇ, ਚਟਕ, ਲਗਨ, ਪ੍ਰੀਤ। ਮਿਲਿ–ਮਿਲ ਕੇ। ਛੁਟਕੀ–ਵਿਕਾਰਾਂ ਤੋਂ ਬਚ ਜਾਂਦੇ ਹਨ।੨।

ਅਰਥ :

ਪ੍ਰ: ਹਜ਼ੂਰ ! ਕਈ ਲੋਕ ਸਰੀਰਕ ਸੁੰਦਰਤਾ ਤਾਂ ਬਹੁਤ ਰੱਖਦੇ ਹਨ, ਪਰ ਉਹ ਨਾਮ ਤੋਂ ਸਖਣੇ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

ਉ: ੧. ਹੇ ਪਿਆਰੇ ! ਜਿਵੇਂ ਕੋਈ ਮਨੁੱਖ ਭਾਵੇਂ ਕਿਤਨਾ ਹੀ ਗੁਣਵਾਨ ਸੁੰਦਰ ਸੋਹਣਾ ਹੋਵੇ, ਪਰ ਜੇ ਉਹ ਨਾਮ ਤੋਂ ਸਖਣਾ ਹੈ, ਉਸ ਨੂੰ ਵੀ ਇਸੀ ਤਰ੍ਹਾਂ ਜਾਣੋ, ਜਿਵੇਂ ਕਿ ਇਕ ਨੱਕ ਕੱਟੀ ਇਸਤ੍ਰੀ ਸੋਹਣੀ ਵੀ ਹੋਵੇ ਤਾਂ ਵੀ ਉਹ ਕੋਝੀ ਹੁੰਦੀ ਹੈ।

੨. ਜਾਂ ਇਸੇ ਤਰ੍ਹਾਂ ਜਾਣੋ, ਜਿਵੇਂ ਕਿਸੇ ਵੇਸਵਾ ਦੇ ਘਰ (ਜੋ) ਪੁੱਤ੍ਰ ਜੰਮ ਪੈਂਦਾ ਹੈ, ਉਸ ਦਾ ਨਾਮ ਧਰਕਟੀ ਪੈ ਜਾਂਦਾ ਹੈ, ਭਾਵ ਉਸ ਦਾ ਨਾਮ ਹਰਾਮੀ ਪੈ ਜਾਂਦਾ ਹੈ, ਉਹ ਭਾਵੇਂ ਕਿਤਨਾ ਵੀ ਸੁੰਦਰ ਕਿਉਂ ਨ ਹੋਵੇ।੧।ਰਹਾਉ।

੩. ਹੇ ਭਾਈਓ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਹਰੀ ਸੁਆਮੀ ਪ੍ਰਭੂ ਨਹੀਂ ਵਸਦਾ, ਉਹ ਮਾਨੋ ਵਿਗੜੇ ਹੋਏ ਰੂਪ ਵਾਲੇ ਕੋਹੜੀ ਹਨ, ਬਦਸ਼ਕਲ ਹਨ।

ਪ੍ਰ: ਹਜ਼ੂਰ ! ਉਨ੍ਹਾਂ ਲੋਕਾਂ ਦੀਆਂ ਗੱਲਾਂ ਸੁਣੀਦੀਆਂ ਹਨ ਤਾਂ ਉਹ ਇਸ ਤਰ੍ਹਾਂ ਦੀ ਚਾਤ੍ਰਤਾ ਨਾਲ ਗੱਲਬਾਤ ਕਰਦੇ ਹਨ ਕਿ ਮਾਨੋ ਸੁਣਨ ਵਾਲਾ ਹੈਰਾਨ ਹੋ ਜਾਂਦਾ ਹੈ ?

ਉ: ੪. ਹੇ ਭਾਈਓ ! ਜਿਵੇਂ ਕੋਈ ਗੁਰੂ ਤੋਂ ਬੇਮੁਖ ਮਨੁੱਖ ਭਾਵੇਂ ਚਤੁਰਾਈ ਦੀਆਂ ਬਹੁਤੀਆਂ ਗੱਲਾਂ ਕਰਨੀਆਂ ਜਾਣਦਾ ਹੈ, ਉਹ ਲੋਕਾਂ ਨੂੰ ਭਾਵੇਂ ਪਤਿਆ ਲਵੇ, ਪਰ ਪਰਮੇਸ਼ਰ ਦੀ ਦਰਗਾਹ ਵਿਚ ਉਹ ਭ੍ਰਸ਼ਟਿਆ ਹੋਇਆ ਹੀ ਗਿਣਿਆ ਜਾਂਦਾ ਹੈ।੧।

੫. ਪਰ ਹੇ ਭਾਈਓ ! ਜਿਨ੍ਹਾਂ ਉੱਤੇ ਮੇਰਾ ਉਹ ਸੁਆਮੀ ਦਿਆਲੂ ਹੋਇਆ ਹੈ, ਉਨ੍ਹਾਂ ਨੂੰ ਸਾਧੂ ਜਨਾਂ ਦੇ ਪੈਰਾਂ ਦੀ ਚਟਕ ਲੱਗ ਜਾਂਦੀ ਹੈ ਜਾਂ ਉਹ ਸਾਧੂਆਂ ਦੇ ਚਰਨ ਪਰਸਦੇ ਰਹਿੰਦੇ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ (ਸੱਜਨੋ) ਸੰਗਤ ਵਿਚ ਮਿਲ ਕੇ ਪਤਿਤ ਵੀ ਪਵਿੱਤ੍ਰ ਹੋ ਜਾਂਦੇ ਹਨ, ਗੁਰੂ ਸਤਿਗੁਰੂ ਦੇ ਪਿੱਛੇ ਪਤਿਤ ਸ੍ਰਿਸ਼ਟੀ ਵੀ ਛੁੱਟ ਜਾਂਦੀ ਹੈ।੨।੬।

ਛੱਕਾ : ਛੇ ਸ਼ਬਦਾਂ ਦਾ ਸੰਗ੍ਰਹਿ। ਇਹ ਛੇ ਸ਼ਬਦਾਂ ਦਾ ਇਕੋ ਜੁੱਟ ਹੈ, ਇਸੀ ਕਰਕੇ ਛੇਆਂ ਨੂੰ (ਛੱਕਾ ਆਖਿਆ ਹੈ।) ਇਸੇ ਕਰਕੇ ਛੱਕੇ ਦੇ ਆਦਿ ਵਿਚ ਮਹਲਾ ੪ ਘਰੁ ੧ ਲਿਖਿਆ ਹੈ, ਅਗੇ ਹਰੇਕ ਸ਼ਬਦ ਉੱਤੇ ਮਹਲਾ ਤੇ ਘਰ ਨਹੀਂ ਲਿਖਿਆ।

ਭਾਵਾਰਥ : ਇਸ ਸ਼ਬਦ ਵਿਚ ਨਾਮ ਤੋਂ ਸੱਖਣੇ ਲੋਕਾਂ ਦੀ ਦਸ਼ਾ ਬਿਆਨੀ ਹੈ। ਭਾਵੇਂ ਕੋਈ ਮਨੁੱਖ ਹੋਰ ਕਿਤਨੇ ਵੀ ਗੁਣਾਂ ਵਿਚ ਭਰਪੂਰ ਹੋਵੇ, ਪਰ ਨਾਮ ਤੋਂ ਬਿਨਾ ਉਨ੍ਹਾਂ ਦੀ ਮਾੜੀ ਦਸ਼ਾ ਹੈ। ਅੱਗੇ ਸਤਿਸੰਗ ਕਰਨ ਵਾਲੇ ਸੁਭਾਗਿਆਂ ਦਾ ਜ਼ਿਕਰ ਕੀਤਾ ਹੈ ਤੇ ਉਹੋ ਹੀ ਹਰ ਥਾਂ ਸੁਭਾਗੇ ਹਨ।

ਦੇਵਗੰਧਾਰੀ ਮਹਲਾ ੫ ਘਰੁ ੨

੧ਓ ਸਤਿਗੁਰ ਪ੍ਰਸਾਦਿ ॥

੧. ਮਾਈ ਗੁਰ ਚਰਣੀ ਚਿਤੁ ਲਾਈਐ ॥
੨. ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ
ਸਦਾ ਸਦਾ ਹਰਿ ਧਿਆਈਐ ॥੧॥ ਰਹਾਉ ॥
੩. ਅੰਤਰਿ ਏਕੋ ਬਾਹਰਿ ਏਕੋ
ਸਭ ਮਹਿ ਏਕੁ ਸਮਾਈਐ ॥
੪. ਘਟਿ ਅਵਘਟਿ ਰਵਿਆ ਸਭ ਠਾਈ
ਹਰਿ ਪੂਰਨ ਬ੍ਰਹਮੁ ਦਿਖਾਈਐ ॥੧॥
੫. ਉਸਤਤਿ ਕਰਹਿ ਸੇਵਕ ਮੁਨਿ ਕੇਤੇ
ਤੇਰਾ ਅੰਤੁ ਨ ਕਤਹੂ ਪਾਈਐ ॥
੬. ਸੁਖਦਾਤੇ ਦੁਖ ਭੰਜਨ ਸੁਆਮੀ
ਜਨ ਨਾਨਕ ਸਦ ਬਲਿ ਜਾਈਐ ॥੨॥੧॥

ਪਦ ਅਰਥ : ਮਾਈ–ਹੇ ਮਾਂ ! ਲਾਈਐ–ਜੋੜਨਾ ਚਾਹੀਦਾ ਹੈ। ਕਮਲੁ–ਕੌਲ ਫੁੱਲ, ਹਿਰਦਾ ਕਮਲ। ਪਰਗਾਸੇ–ਖਿੜ ਪੈਂਦਾ ਹੈ।੧।ਰਹਾਉ।

ਅੰਤਰਿ–ਸਰੀਰ ਦੇ ਅੰਦਰ। ਸਭ ਮਹਿ–ਸਾਰੀ ਸ੍ਰਿਸ਼ਟੀ ਵਿਚ। ਘਟ ਅਵਘਟਿ–ਹਰੇਕ ਸਰੀਰ ਵਿਚ, ਸਭ ਥਾਈਂ, ਸਭ ਥਾਵਾਂ ਵਿਚ। ਦਿਖਾਈਐ–ਦਿਖਾਈ ਦੇਂਦਾ ਹੈ।੧।

ਉਸਤਤਿ–ਵਡਿਆਈ, ਸਿਫ਼ਤਿ-ਸਾਲਾਹ। ਮੁਨਿ ਕੇਤੇ–ਬੇਅੰਤੀ ਮੁਨੀ। ਕਤਹੂ–ਕਿਸੇ ਪਾਸੋਂ ਵੀ। ਸੁਖ ਦਾਤੇ–ਹੇ ਸੁੱਖ ਦੇਣ ਵਾਲੇ ! ਦੁਖ ਭੰਜਨ–ਹੇ ਦੁੱਖਾਂ ਦੇ ਨਾਸ ਕਰਨੇ ਵਾਲੇ। ਸਦ–ਸਦਾ।੨।

ਅਰਥ :

ਪ੍ਰ: ਹੇ ਗੁਰੋ ! ਇਸ ਮਨ ਨੂੰ ਕਿਸ ਥਾਂ 'ਤੇ ਜੋੜਨਾ ਚਾਹੀਦਾ ਹੈ, ਤਾਂਕਿ ਇਹ ਸਦੀਵੀ ਕਾਲ ਟਿਕਿਆ ਰਹੇ ?

ਉ: ੧. ਹੇ ਮਾਈ ! ਗੁਰੂ ਦੇ ਚਰਨਾਂ ਵਿਚ ਚਿੱਤ ਜੋੜਨਾ ਚਾਹੀਦਾ ਹੈ।

੨. ਜਦੋਂ ਗੁਰੂ ਦੀ ਦਇਆ ਹੁੰਦੀ ਹੈ ਤੇ ਪਰਮੇਸ਼ਰ ਕ੍ਰਿਪਾਲੂ ਹੁੰਦਾ ਹੈ ਤਾਂ ਹਿਰਦੇ ਦਾ ਕਉਲ ਫੁੱਲ ਖਿੜ ਪੈਂਦਾ ਹੈ। ਇਸ ਲਈ ਹੇ ਮਾਂ ! ਸਦਾ ਹੀ ਗੁਰੂ ਦੀ ਸ਼ਰਨ ਪੈ ਕੇ, ਸਦਾ-ਸਦਾ ਪ੍ਰਭੂ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।੧।ਰਹਾਉ।

ਪ੍ਰ: ਹੇ ਗੁਰੋ ! ਸਦੀਵੀ ਕਾਲ ਪ੍ਰਭੂ ਦਾ ਸਿਮਰਨ ਕਰਦਿਆਂ ਮਾਨਸਕ ਦਸ਼ਾ ਕਿਹੋ ਜਿਹੀ ਹੋ ਜਾਂਦੀ ਹੈ ?

ਉ: ੩. ਹੇ ਪਿਆਰੇ ! ਫਿਰ ਦ੍ਰਿਸ਼ਟੀ ਇਹ ਹੋ ਜਾਵੇਗੀ ਕਿ ਸਰੀਰਾਂ ਦੇ ਅੰਦਰ ਇਕ ਪਰਮੇਸ਼ਰ ਵਸਦਾ ਹੈ ਤੇ ਬਾਹਰ ਸਾਰੇ ਜਗਤ ਖਲਾਰੇ ਵਿਚ ਵੀ ਇਕ ਪਰਮਾਤਮਾ ਹੀ ਵਸ ਰਿਹਾ ਹੈ ਅਤੇ ਸਾਰੀ ਸ੍ਰਿਸ਼ਟੀ ਵਿਚ ਇਕੋ ਹੀ ਹਰੀ ਵਿਆਪਕ ਹੈ।੧।

੪. ਉਹ ਸੌਖੇ ਥਾਵਾਂ ਵਿਚ ਤੇ ਔਖੇ ਥਾਵਾਂ ਵਿਚ (ਗਲ ਕੀ) ਸਭਨੀਂ ਥਾਈਂ ਹਰੀ ਪੂਰਨ ਬ੍ਰਹਮ (ਹੀ) ਰਵ ਰਿਹਾ ਦਿਖਾਈ ਦੇਂਦਾ ਹੈ।੧।

੫. ਹੇ ਪ੍ਰਭੂ ਜੀ ! ਕਿਤਨੇ ਹੀ ਭਗਤ, ਕਿਤਨੇ ਹੀ ਮੁਨੀ ਤੇਰੀ ਵਡਿਆਈ ਕਰਦੇ ਹਨ, ਪਰ ਕਿਸੇ ਪਾਸੋਂ ਭੀ ਅੱਜ ਤਕ ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਿਆ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੁੱਖਾਂ ਦੇ ਦਾਤੇ ਤੇ ਦੁੱਖਾਂ ਦੇ ਨਾਸ ਕਰਨ ਵਾਲੇ ਸੁਆਮੀ ਜੀ ! ਦਾਸ ਬੇਨਤੀ ਕਰਦੇ ਹਨ ਕਿ ਤੇਰੇ ਉਤੋਂ (ਅਸੀਂ) ਸਦਾ ਹੀ ਬਲਿਹਾਰ ਹੁੰਦੇ ਰਹੀਏ।੨।੧।

ਭਾਵਾਰਥ : ਇਸ ਮਹਾਂ ਵਾਕ ਵਿਚ ਹਜ਼ੂਰ ਜੀ ਨੇ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੋਣ ਦਾ ਉਪਦੇਸ਼ ਦਿੱਤਾ ਹੈ ਅਤੇ ਉਸਦੀ ਜਾਚ ਦੱਸੀ ਹੈ ਕਿ ਇਹ ਦ੍ਰਿਸ਼ਟੀ ਕਿਵੇਂ ਪ੍ਰਾਪਤ ਹੁੰਦੀ ਹੈ।

ਦੇਵਗੰਧਾਰੀ ॥

੧. ਮਾਈ ਹੋਨਹਾਰ ਸੋ ਹੋਈਐ ॥
੨. ਰਾਚਿ ਰਹਿਓ ਰਚਨਾ ਪ੍ਰਭੁ ਅਪਨੀ
ਕਹਾ ਲਾਭੁ ਕਹਾ ਖੋਈਐ ॥੧॥ ਰਹਾਉ ॥
੩. ਕਹ ਫੂਲਹਿ ਆਨੰਦ ਬਿਖੈ ਸੋਗ
ਕਬ ਹਸਨੋ ਕਬ ਰੋਈਐ ॥
੪. ਕਬਹੂ ਮੈਲੁ ਭਰੇ ਅਭਿਮਾਨੀ
ਕਬ ਸਾਧੂ ਸੰਗਿ ਧੋਈਐ ॥੧॥
੫. ਕੋਇ ਨ ਮੇਟੈ ਪ੍ਰਭ ਕਾ ਕੀਆ
ਦੂਸਰ ਨਾਹੀ ਅਲੋਈਐ ॥
੬. ਕਹੁ ਨਾਨਕ ਤਿਸੁ ਗੁਰ ਬਲਿਹਾਰੀ
ਜਿਹ ਪ੍ਰਸਾਦਿ ਸੁਖਿ ਸੋਈਐ ॥੨॥੨॥

ਪਦ ਅਰਥ : ਮਾਈ—ਹੇ ਮਾਂ ! ਹੋਨਹਾਰ—ਜੋ ਪ੍ਰਭੂ ਦੇ ਹੁਕਮ ਵਿਚ ਜ਼ਰੂਰ ਵਾਪਰਦੀ ਹੈ। ਰਾਚਿ ਰਹਿਓ—ਰੁੱਝਾ ਹੋਇਆ ਹੈ। ਰਚਨਾ—ਖੇਡ। ਕਹਾ—ਕਿਤੇ। ਖੋਈਐ—ਖੋਹ ਰਿਹਾ ਹੈ।੧।ਰਹਾਉ।

ਕਹ—ਕਿਤੇ। ਫੂਲਹਿ—ਵਧਦੇ ਫੁਲਦੇ ਹਨ। ਬਿਖੈ—ਵਿਸ਼ੇ ਵਿਕਾਰ। ਸੋਗ—ਗ਼ਮ। ਹਸਨੋ—ਹਾਸਾ। ਕਬ—ਕਦੇ। ਰੋਈਐ—ਰੋਈਦਾ ਹੈ। ਭਰੇ—ਲਿਬੜੇ ਹੋਏ। ਅਭਿਮਾਨੀ—ਅਹੰਕਾਰੀ। ਸਾਧ ਸੰਗ—ਗੁਰੂ ਦੀ ਸੰਗਤ ਵਿਚ।੧।

ਮੇਟੈ—ਮਿਟਾ ਸਕਦਾ। ਅਲੋਈਐ—ਵੇਖੀਦਾ ਹੈ। ਜਿਹ ਪ੍ਰਸਾਦਿ—ਜਿਸਦੀ ਕਿਰਪਾ ਨਾਲ। ਸੋਈਐ—ਲੀਨ ਰਹਿ ਸਕੀਦਾ ਹੈ।੨।

ਅਰਥ :

ਪ੍ਰ: ਹੇ ਗੁਰੋ ! ਕਈ ਵਾਰ ਵਾਪਰਨ ਵਾਲੀ ਘਟਨਾ ਨੂੰ ਰੋਕਣ ਦਾ ਬੜਾ ਹੀ ਜਤਨ ਕਰੀਦਾ ਹੈ, ਪਰ ਉਹ ਰੁਕਦੀ ਨਹੀਂ। ਕੋਈ ਸਾਧਨ ਦੱਸੋ ?

ਉ: ੧. ਹੇ ਮਾਂ ! ਜੋ ਹੋਣਹਾਰ ਹੈ ਉਸਨੇ ਅਵੱਸ਼ ਹੋਣਾ ਹੀ ਹੈ, ਭਾਵ ਪਰਮੇਸ਼ਰ ਦੀ ਰਜ਼ਾ ਵਿਚ ਜ਼ਰੂਰ ਹੀ ਵਾਪਰਨਾ ਹੈ।

੨. ਉਹ ਪਰਮੇਸ਼ਰ ਆਪ ਹੀ ਇਸ ਆਪਣੀ ਜਗਤ-ਖੇਡ ਵਿਚ ਲੱਗਾ ਹੋਇਆ ਹੈ, ਪਰ ਸਾਨੂੰ ਦਿੱਸ ਰਿਹਾ ਹੈ ਕਿ ਕਿਧਰੇ ਲਾਭ ਹੋ ਰਿਹਾ ਹੈ ਤੇ ਕਿਧਰੇ ਕੁਝ ਗੁਆਚ ਰਿਹਾ ਹੈ।੧।ਰਹਾਉ।

੩. ਹੇ ਮਾਂ ! ਜਗਤ ਵਿਚ ਕੋਈ ਅਨੰਦ ਵਿਚ ਫੁਲ ਰਿਹਾ ਹੈ, ਕਿਧਰੇ ਸੋਗ ਪੈ ਰਹੇ ਹਨ, ਕਿਤੇ ਹਾਸਾ ਹੋ ਰਿਹਾ ਹੈ, ਕਿਤੇ ਰੋਣਾ ਪਿਆ ਹੋਇਆ ਹੈ।

੪. ਕਿਤੇ ਕੋਈ ਹੰਕਾਰੀ ਹੋਏ ਮੈਲ ਨਾਲ ਭਰੇ ਹੋਏ ਹਨ, ਕਦੇ ਸਾਧੂਆਂ ਦੇ ਸੰਗ ਵਿਚ ਮਿਲ ਕੇ ਉਸ ਮੈਲ ਨੂੰ ਧੋਤਾ ਜਾ ਰਿਹਾ ਹੈ।੧।

੫. ਹੇ ਮਾਂ ! ਉਸ ਪ੍ਰਭੂ ਦੇ ਕੀਤੇ ਹੋਏ ਨੂੰ ਕੋਈ ਮੇਟ ਨਹੀਂ ਸਕਦਾ, ਕਿਉਂਕਿ ਉਸ ਤੋਂ ਭਿੰਨ ਹੋਰ ਕੋਈ ਮੇਟਣ ਵਾਲਾ ਦੇਖੀਦਾ ਹੀ ਨਹੀਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਮੈਂ ਤਾਂ ਉਸੇ ਗੁਰੂ ਤੋਂ ਸਦਕੇ ਹਾਂ, ਜਿਸ ਦੀ ਕਿਰਪਾ ਨਾਲ ਆਤਮਕ ਅਨੰਦ ਵਿਚ ਲੀਨ ਰਹਿ ਸਕੀਦਾ ਹੈ।੨।੨।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਇਹ ਸਿਧਾਂਤ ਕਹਿ ਰਹੇ ਹਨ ਕਿ ਇਸ ਜਗਤ ਵਿਚ ਜੋ ਦੁੱਖ-ਸੁੱਖ ਵਾਪਰ ਰਹੇ ਹਨ, ਉਨ੍ਹਾਂ ਸਭਨਾਂ ਨੂੰ ਉੱਚੀ ਬ੍ਰਹਮ ਦ੍ਰਿਸ਼ਟੀ ਨਾਲ ਕਿਵੇਂ ਵੇਖਣਾ ਹੈ।

ਦੇਵਗੰਧਾਰੀ ॥

੧. ਮਾਈ ਸੁਨਤ ਸੋਚ ਭੈ ਡਰਤ ॥
੨. ਮੇਰ ਤੇਰ ਤਜਉ ਅਭਿਮਾਨਾ
ਸਰਨਿ ਸੁਆਮੀ ਕੀ ਪਰਤ ॥੧॥ ਰਹਾਉ ॥
੩. ਜੋ ਜੋ ਕਹੈ ਸੋਈ ਭਲ ਮਾਨਉ
ਨਾਹਿ ਨ ਕਾ ਬੋਲ ਕਰਤ ॥
੪. ਨਿਮਖ ਨ ਬਿਸਰਉ ਹੀਏ ਮੋਰੇ ਤੇ
ਬਿਸਰਤ ਜਾਈ ਹਉ ਮਰਤ ॥੧॥
੫. ਸੁਖਦਾਈ ਪੂਰਨ ਪ੍ਰਭੁ ਕਰਤਾ
ਮੇਰੀ ਬਹੁਤੁ ਇਆਨਪ ਜਰਤ ॥
੬. ਨਿਰਗੁਨਿ ਕਰੂਪਿ ਕੁਲਹੀਣ ਨਾਨਕ
ਹਉ ਅਨਦ ਰੂਪ ਸੁਆਮੀ ਭਰਤ ॥੨॥੩॥

ਪਦ ਅਰਥ : ਮਾਈ—ਹੇ ਮਾਂ ! ਸੋਚ—ਚਿੰਤਾ। ਭੈ—ਅਨੇਕਾਂ ਡਰ; ਸਹਿਮ। ਤਜਉ—ਮੈਂ ਛੱਡ ਦਿਆਂ। ਅਭਿਮਾਨਾ—ਹੰਕਾਰ, ਹੈਂਕੜ। ਪਰਤ—ਪੈਂਦੀ ਹੈ, ਪੈ ਰਹੀ ਹਾਂ, ਪਈ ਰਹਿ ਕੇ।੧।ਰਹਾਉ।

ਭਲ—ਭਲਾ। ਮਾਨਉ—ਮਾਨਉਂ, ਮੰਨਦੀ ਹਾਂ। ਨਾਹਿ ਨ—ਨਹੀਂ ਦਾ, ਭਾਵ ਨਹੀਂ ਦਾ ਬੋਲ, ਨਹੀਂ ਕਰਦੀ। ਨਿਮਖ—ਅੱਖ ਝਮਕਣ

ਜਿਤਨਾ ਸਮਾਂ। ਹੀਏ ਮੋਰੇ ਤੇ—ਮੇਰੇ ਹਿਰਦੇ ਤੋਂ। ਇਆਨਪ—ਅਜਾਣ ਪੁਣਾ, ਮੂਰਖਤਾ। ਹੀਆ—ਹਿਰਦਾ। ਜਾਈ—ਜਾਈਂ। ਹਉ—ਮੈਂ।੧।

ਜਰਤ—ਜਰਦਾ, ਸਹਾਰਦਾ। ਨਿਰਗੁਨਿ—ਗੁਣ ਹੀਨ। ਕਰੂਪਿ—ਭੈੜੇ ਰੂਪ ਵਾਲੀ। ਹਉ—ਮੈਂ। ਭਰਤ—ਭਰਤਾ, ਖਸਮ।੨।

ਅਰਥ :

ਪ੍ਰ: ਹੇ ਗੁਰੋ! ਆਪ ਨੇ ਜੋ ਸਭੋ ਕੁਝ ਤਿਆਗ ਕੇ ਸੁਆਮੀ ਦੀ ਸ਼ਰਨ ਪਕੜ ਰੱਖੀ ਹੈ, ਇਸ ਦਾ ਅਸਲ ਕਾਰਨ ਕੀ ਹੈ?

ੳ: ੧. ਹੇ ਮਾਈ! ਮੈਂ ਜਦੋਂ ਉਨ੍ਹਾਂ ਜੀਵ ਰੂਪੀ ਇਸਤ੍ਰੀਆਂ ਨੂੰ ਤੱਕਦੀ ਹਾਂ ਜੋ ਪ੍ਰਭੂ ਦੀ ਸ਼ਰਨ ਵਿਚ ਨਹੀਂ ਆਉਂਦੀਆਂ ਤੇ ਉਨ੍ਹਾਂ ਦੀ ਦਸ਼ਾ ਸੁਣ ਕੇ ਮੈਨੂੰ ਸੋਚਾਂ ਫੁਰਦੀਆਂ ਹਨ ਕਿ (ਮੌਤ ਤੋਂ ਮਗਰਲੇ ਹਾਲ ਉਨ੍ਹਾਂ 'ਤੇ ਕੀ ਵਾਪਰਦੇ ਹਨ) ਮਨ ਭੈ ਨਾਲ ਡਰਦਾ ਹੈ।

੨. ਇਸੇ ਲਈ ਮੈਂ ਮੇਰੀ ਤੇਰੀ ਦੀ ਪਕੜ ਨੂੰ ਅਤੇ ਹੰਕਾਰ ਨੂੰ ਛੱਡ ਕੇ ਸੁਆਮੀ ਜੀ ਦੀ ਸ਼ਰਨ ਪੈ ਰਹੀ ਹਾਂ, (ਕਿ ਕਿਤੇ ਮੇਰਾ ਭੀ ਇਹੋ ਹੀ ਹਾਲ ਨਾ ਹੋਵੇ)।੧।ਰਹਾਉ।

੩. ਹੇ ਮਾਂ! ਜੋ-ਜੋ ਕੁਝ (ਮਾਲਕ) ਆਖਦਾ ਹੈ (ਮੈਂ) ਉਸੇ ਨੂੰ ਭਲਾ ਕਰ ਕੇ ਮੰਨਦੀ ਹਾਂ ਤੇ ਕਿਸੇ ਵੇਲੇ ਭੀ ਅਗੋਂ ਨਾਂਹ ਦਾ ਬਚਨ ਨਹੀਂ ਕਰਦੀ, ਭਾਵ ਮੈਂ ਸਦੀਵੀ ਕਾਲ ਉਸ ਰਾਜ਼ਕ ਦੀ ਰਜ਼ਾ ਵਿਚ ਰਾਜ਼ੀ ਰਹਿੰਦੀ ਹਾਂ।

੪. ਹੇ ਮਾਂ! ਹੁਣ ਮੇਰੀ ਸਦਾ ਇਹੋ ਇਕ ਅਰਦਾਸ ਹੈ ਕਿ ਉਹ ਮੇਰਾ ਪਰਮੇਸ਼ਰ ਪਿਆਰਾ ਪਤੀ ਮੇਰੇ ਹਿਰਦੇ ਵਿਚ ਇਕ ਅੱਖ ਝਮਕਣ ਜਿਤਨਾ ਸਮਾਂ ਵੀ ਨਾ ਵਿਸਰੇ। ਜੇ ਵਿਸਰੇ ਤਾਂ ਮੇਰੀ ਮੌਤ ਹੁੰਦੀ ਹੈ, (ਭਾਵ ਮੈਂ ਉਸ ਦਾ ਵਿਛੋੜਾ ਨਹੀਂ ਸਹਾਰ ਸਕਦੀ ਹਾਂ)।੧।

੫. ਉਹ ਸਰਵ ਵਿਆਪਕ ਪ੍ਰਭੂ ਕਰਤਾਰ ਮੈਨੂੰ ਸਾਰੇ ਸੁੱਖ ਦੇਣ ਵਾਲਾ ਹੈ, (ਉਸ ਦੀ ਹੋਰ ਸੁੰਦਰਤਾ ਦੇਖੋ ਕਿ) ਉਹ ਮੇਰੇ ਅਨਜਾਣਪੁਣੇ ਨੂੰ ਬਹੁਤ ਹੀ ਸਹਾਰਦਾ ਰਹਿੰਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਗੁਣ ਹੀਨ ਹਾਂ, ਮੈਂ ਕੋਝੀ ਸ਼ਕਲ ਵਾਲੀ ਹਾਂ, ਮੇਰੀ ਉੱਚੀ ਕੁਲ ਭੀ ਨਹੀਂ ਹੈ, ਪਰ ਉਹ ਅਨੰਦ ਰੂਪ ਮਾਲਕ (ਮੇਰੀ ਫੇਰ ਵੀ) ਪਾਲਣਾ ਕਰਦਾ ਹੈ।੨।੩।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਜਗਿਆਸੂ ਦੀ ਪਹਿਲੀ ਅਵਸਥਾ ਭੈ ਦਾ ਵਰਨਣ ਕੀਤਾ ਹੈ। ਪਰਮੇਸ਼ਰ ਦਾ ਪ੍ਰੇਮ ਭੈ ਤੋਂ ਆਰੰਭ ਹੁੰਦਾ ਹੈ, ਦੁੱਖਾਂ ਦਾ ਭੈ, ਮੌਤ ਤੋਂ ਮਗਰੋਂ ਵਾਪਰਨ ਵਾਲੀਆਂ ਦਸ਼ਾਵਾਂ ਦਾ ਭੈ, ਜਿਨ੍ਹਾਂ ਨੂੰ ਸੁਣ ਕੇ ਮਨ ਸੋਚੀਂ ਪੈਂਦਾ ਤੇ ਡਰਦਾ ਹੈ, ਪਰ ਉਸ ਭੈ ਤੇ ਸੋਚਾਂ ਦਾ ਦਾਰੂ ਪਰਮੇਸ਼ਰ ਦੀ ਸ਼ਰਨ ਦੱਸਦੇ ਹਨ। ਸ਼ਰਨ ਤੋਂ ਭਾਵ ਹੈ ਕਿ ਮੇਰ-ਤੇਰ ਦਾ ਤਿਆਗ ਕਰਕੇ ਪਰਮੇਸ਼ਰ ਪਰਾਇਣ ਹੋ ਜਾਣਾ।

ਦੇਵਗੰਧਾਰੀ ॥

੧. ਮਨ ਹਰਿ ਕੀਰਤਿ ਕਰਿ ਸਦਹੂੰ ॥
੨. ਗਾਵਤ ਸੁਨਤ ਜਪਤ ਉਧਾਰੈ
ਬਰਨ ਅਬਰਨਾ ਸਭਹੂੰ ॥੧॥ ਰਹਾਉ ॥
੩. ਜਹ ਤੇ ਉਪਜਿਓ ਤਹੀ ਸਮਾਇਓ
ਇਹ ਬਿਧਿ ਜਾਨੀ ਤਬਹੂੰ ॥
੪. ਜਹਾ ਜਹਾ ਇਹ ਦੇਹੀ ਧਾਰੀ
ਰਹਨੁ ਨ ਪਾਇਓ ਕਬਹੂੰ ॥੧॥
੫. ਸੁਖੁ ਆਇਓ ਭੈ ਭਰਮ ਬਿਨਾਸੇ
ਕ੍ਰਿਪਾਲ ਹੂਏ ਪ੍ਰਭ ਜਬਹੂ ॥
੬. ਕਹੁ ਨਾਨਕ ਮੇਰੇ ਪੂਰੇ ਮਨੋਰਥ
ਸਾਧਸੰਗਿ ਤਜਿ ਲਬਹੂੰ ॥੨॥੪॥

ਪਦ ਅਰਥ : ਮਨ—ਹੇ ਮਨ! ਕੀਰਤਿ—ਸਿਫ਼ਤਿ-ਸਾਲਾਹ। ਸਦ ਹੂੰ—ਸਦਾ ਹੀ। ਉਧਾਰੇ—(ਸੰਸਾਰ ਸਮੁੰਦਰ ਤੋਂ) ਬਚਾਅ ਲੈਂਦਾ ਹੈ। ਬਰਨ—ਉੱਚੀ ਜ਼ਾਤ ਵਾਲਿਆਂ ਨੂੰ। ਅਬਰਨਾ—ਨੀਵੀਂ ਜ਼ਾਤ ਵਾਲਿਆਂ ਨੂੰ। ਸਭਹੂੰ—ਸਭਨਾ ਨੂੰ।੧।ਰਹਾਉ।

ਜਹ ਤੇ—ਜਿਥੋਂ, ਜਿਸ ਥਾਂ ਤੋਂ। ਤਹੀ—ਉਹ ਥਾਂ ਵਿਚ ਹੀ। ਬਿਧਿ—ਤਰੀਕਾ। ਤਦ ਹੂੰ—ਤਦੋਂ ਹੀ। ਜਹਾ ਜਹਾ—ਜਿੱਥੇ-ਜਿੱਥੇ। ਦੇਹੀ—ਸਰੀਰ। ਕਬਹੂੰ—ਕਦੇ ਭੀ।੧।

ਸੰਗਿ—ਸੰਗਤ ਵਿਚ। ਤਜਿ—ਤਿਆਗ ਕੇ। ਲਬ—ਲਾਲਚ।੨।

ਅਰਥ :

ਪ੍ਰ: ਕਿਉਂ ਜੀ! ਕੀ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਾਸਤੇ ਭੀ ਕੋਈ ਖ਼ਾਸ ਸਮਾਂ ਨੀਅਤ ਹੈ?

ੳ: ੧. (ਨਹੀਂ) ਹੇ ਮੇਰੇ ਮਨ! ਉਸ ਪਰਮੇਸ਼ਰ ਦੀ ਸਦਾ ਹੀ ਸਿਫ਼ਤਿ-ਸਾਲਾਹ ਕਰਦਾ ਰਹੁ।

੨. ਹੇ ਮੇਰੇ ਮਨਾ! ਜਦੋਂ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ, ਗਾਉਣ ਵਾਲਿਆਂ ਨੂੰ, ਭਾਵੇਂ ਉਹ ਉੱਚੀ ਜ਼ਾਤ ਵਾਲੇ ਹੋਣ, ਚਾਹੇ ਨੀਵੀਂ ਜ਼ਾਤ ਵਾਲੇ ਸਭਨਾਂ ਨੂੰ ਪਰਮੇਸ਼ਰ ਸੰਸਾਰ ਸਮੁੰਦ੍ਰ ਤੋਂ ਉਧਾਰ ਲੈਂਦਾ ਹੈ।੧।ਰਹਾਉ।

੩. ਹੇ ਮੇਰੇ ਮਨਾ! ਜਦੋਂ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਰਹੀਏ, ਤਦੋਂ ਹੀ ਇਹ ਬਿਧੀ ਸਮਝ ਵਿਚ ਆਉਂਦੀ ਹੈ ਕਿ ਜਿਸ ਪ੍ਰਭੂ ਤੋਂ ਇਹ ਜੀਵ ਪੈਦਾ ਹੁੰਦਾ ਹੈ (ਸਿਫ਼ਤਿ-ਸਾਲਾਹ) ਦੀ ਬਰਕਤ ਨਾਲ ਉਸੇ ਵਿਚ ਲੀਨ ਹੋ ਜਾਂਦਾ ਹੈ।

੪. ਜਿੱਥੇ-ਜਿੱਥੇ ਭੀ ਇਹ (ਪੰਜ ਭੌਤਕ) ਦੇਹੀ ਧਾਰਨ ਕੀਤੀ, ਉਥੇ ਸਦਾ ਲਈ ਕਦੇ ਕਿਸੇ ਨੂੰ ਰਹਿਣਾ ਨ ਮਿਲਿਆ।੧।

੫. ਇਸੇ (ਹਰੀ ਦੀ ਕੀਰਤੀ ਨਾਲ) ਜਦ ਪ੍ਰਭੂ ਜੀ ਕਿਰਪਾਲੂ ਹੋ ਗਏ, ਤਦ ਭੈ ਤੇ ਭਰਮ ਦੂਰ ਹੋ ਗਏ ਤੇ ਆਤਮਕ ਸੁੱਖ ਪ੍ਰਾਪਤ ਹੋ ਗਿਆ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! (ਹੁਣ) ਮੇਰੇ ਸਾਰੇ ਮਨੋਰਥ ਪੂਰੇ ਹੋ ਗਏ, ਜਦੋਂ ਕਿ ਸਾਧ ਸੰਗ ਦੁਆਰਾ ਲੋਭ ਛੱਡ ਦਿੱਤਾ।੨।੪।

ਭਾਵਾਰਥ : ਹਰੀ ਦੀ ਕੀਰਤਨ ਭਗਤੀ ਨਾਲ ਕਲਿਆਣ ਹੁੰਦੀ ਹੈ ਤੇ ਸੱਚਾ ਮੁਕਾਮ ਅਚੱਲ ਟਿਕਾਣਾ ਮਿਲਦਾ ਹੈ, ਇਸ ਲਈ ਸਦਾ ਹੀ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਚਾਹੀਦਾ ਹੈ।

ਦੇਵਗੰਧਾਰੀ ॥

੧. ਮਨ ਜਿਉ ਅਪੁਨੇ ਪ੍ਰਭ ਭਾਵਉ ॥
੨. ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ
ਹੋਇ ਗਰੀਬੁ ਬੁਲਾਵਉ ॥੧॥ ਰਹਾਉ ॥
੩. ਅਨਿਕ ਅਡੰਬਰ ਮਾਇਆ ਕੇ ਬਿਰਥੇ
ਤਾ ਸਿਉ ਪ੍ਰੀਤਿ ਘਟਾਵਉ ॥
੪. ਜਿਉ ਅਪੁਨੋ ਸੁਆਮੀ ਸੁਖੁ ਮਾਨੈ
ਤਾ ਮਹਿ ਸੋਭਾ ਪਾਵਉ ॥੧॥
੫. ਦਾਸਨ ਦਾਸ ਰੇਣੁ ਦਾਸਨ ਕੀ
ਜਨ ਕੀ ਟਹਲ ਕਮਾਵਉ ॥
੬. ਸਰਬ ਸੂਖ ਬਡਿਆਈ ਨਾਨਕ
ਜੀਵਉ ਮੁਖਹੁ ਬੁਲਾਵਉ ॥੨॥੫॥

ਪਦ ਅਰਥ : ਮਨ—ਹੇ ਮਨ! ਜਿਉ—ਜਿਵੇਂ ਹੋ ਸਕੇ। ਪ੍ਰਭ ਭਾਵਉ—ਪ੍ਰਭੂ ਨੂੰ ਚੰਗਾ ਲੱਗਣ ਲੱਗ ਪਵਾਂ। ਨਾਨ੍ਹਾ—ਨੰਨਾ, ਨਿੱਕਾ, ਛੋਟਾ, ਨੀਵਾਂ, ਨਿਮਾਣਾ ਜਿਹਾ। ਹੋਇ—ਹੋ ਕੇ। ਬੁਲਾਵਉ—ਬੁਲਾਵਉਂ, ਮੈਂ ਬੁਲਾਂਦਾ ਹਾਂ।੧।ਰਹਾਉ।

ਅਡੰਬਰ—ਪਸਾਰੇ, ਬਨਾਉ, ਸਜ ਧਜ, ਸ਼ਿੰਗਾਰ, ਦਿਖਾਵਾ ਆਦਿ। ਬਿਰਥੇ—ਵਿਅਰਥ। ਤਾ ਸਿਉ—ਉਨ੍ਹਾਂ ਨਾਲ। ਘਟਾਵਉ—ਮੈਂ ਘਟਾਉਂਦਾ ਹਾਂ। ਮਾਨੈ—ਮੰਨਦਾ ਹੈ। ਪਾਵਉ—ਪਾਵਉਂ, ਮੈਂ ਪਾਂਦਾ ਹਾਂ, ਮੈਂ ਪ੍ਰਾਪਤ ਕਰਦਾ ਹਾਂ।੧।

ਰੇਣੁ—ਚਰਨ ਧੂੜ। ਕਮਾਵਉ—ਕਮਾਵਉਂ, ਮੈਂ ਕਮਾਂਦਾ ਹਾਂ। ਜੀਵਉ—ਜੀਵਉਂ, ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਮੁਖਹੁ—ਮੂੰਹ ਨਾਲ। ਬੁਲਾਵਉ—ਮੈਂ ਬੁਲਾਂਦਾ ਹਾਂ।੨।

ਅਰਥ :

ਪ੍ਰ: ਹੇ ਗੁਰੋ! ਇਹ ਮਨ ਪ੍ਰਭੂ ਪ੍ਰਾਪਤੀ ਦੇ ਜਤਨਾਂ ਵਲੋਂ ਸਖਣਾ, ਹੋਰ ਅਨੇਕਾਂ ਪ੍ਰਕਾਰ ਦੇ ਜਤਨ ਕਰਦਾ ਰਹਿੰਦਾ ਹੈ, ਇਸ ਨੂੰ ਕਿਵੇਂ ਸਮਝਾਈਏ, ਕੋਈ ਸਾਧਨ ਦੱਸੋ?

ਉ: ੧. ਹੇ ਪਿਆਰੇ! ਇਸ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮਨਾ! ਤੂੰ (ਉਹ ਜਤਨ ਕਰ ਕਿ) ਜਿਵੇਂ ਮੈਂ ਆਪਣੇ ਪ੍ਰਭੂ ਨੂੰ ਭਾ ਜਾਵਾਂ।

੨. ਮੈਂ ਨੀਵਿਆਂ ਤੋਂ ਨੀਵਾਂ ਹੋ ਕੇ, ਬਹੁਤ ਹੀ ਨੀਵਾਂ ਹੋ ਕੇ ਗਰੀਬ ਹੋ ਕੇ ਬੁਲਾਇਆ ਕਰਾਂ, (ਭਾਵ ਹਉਮੈ ਰਹਿਤ ਹੋ ਕੇ ਅਰਦਾਸਾਂ ਬੇਨਤੀਆਂ ਕਰਿਆ ਕਰਾਂ)।੧।ਰਹਾਉ।

੩. ਹੇ ਮਨਾ! ਇਹ ਮਾਇਆ ਦੇ ਅਨੇਕਾਂ ਪਸਾਰੇ (ਜੋ) ਬਿਰਥਾ ਹਨ, ਉਨ੍ਹਾਂ ਨਾਲ ਆਪਣੀ ਪ੍ਰੀਤ ਘਟਾ ਲਵਾਂ।

੪. ਜਿਵੇਂ ਆਪਣਾ ਮਾਲਕ ਸੁੱਖ ਮੰਨੇ, ਉਸੇ ਵਿਚ ਸਮਝਾਂ ਕਿ ਮੈਂ ਸੋਭਾ ਪਾ ਰਿਹਾ ਹਾਂ।੧।

੫. ਦਾਸਾਂ ਦੇ ਦਾਸ, ਉਨ੍ਹਾਂ ਦਾਸਾਂ ਦੇ ਦਾਸ ਦੀ ਧੂੜੀ ਹੋ ਕੇ ਟਹਿਲ ਕਰਾਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਸਾਰੇ ਸੁੱਖ ਤੇ ਵਡਿਆਈ ਇਹ ਹੈ ਕਿ ਪ੍ਰਭੂ ਨੂੰ ਮੂੰਹ ਨਾਲ ਬੁਲਾਵਾਂ ਭਾਵ ਨਾਮ ਜਪਾਂ, ਇਉਂ ਲੱਗੇ ਕਿ ਜੀਉ ਰਿਹਾ ਹਾਂ।੨।੫।

ਭਾਵਾਰਥ : ਮਨ ਨੂੰ ਸੰਬੋਧਨ ਕਰਦੇ ਹੋਏ ਉਪਦੇਸ਼ ਦੇ ਰਹੇ ਹਨ ਕਿ ਐ ਪਿਆਰੇ! ਉਹੀ ਜਤਨ ਕਰੋ, ਜਿਵੇਂ ਆਪਣੇ ਪ੍ਰਭੂ ਨੂੰ ਭਾ ਜਾਵੀਏ। ਅਤੀ ਨਿੰਮ੍ਰਤਾ ਸਹਿਤ ਹੋ ਅਰਜ਼ੋਈਆਂ ਕਰਦੇ ਰਹਿਣਾ ਚਾਹੀਦਾ ਹੈ। ਇਹੋ ਇਕ ਸਫਲ ਜਤਨ ਹੈ।

ਦੇਵਗੰਧਾਰੀ ॥

੧. ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਡਾਰਿਓ ॥
੨. ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ
ਮਨ ਮਹਿ ਇਹੈ ਬੀਚਾਰਿਓ ॥੧॥ ਰਹਾਉ ॥
੩. ਕੋਟਿ ਪਰਾਧ ਮਿਟੇ ਤੇਰੀ ਸੇਵਾ
ਦਰਸਨਿ ਦੂਖੁ ਉਤਾਰਿਓ ॥
੪. ਨਾਮੁ ਜਪਤ ਮਹਾ ਸੁਖੁ ਪਾਇਓ
ਚਿੰਤਾ ਰੋਗੁ ਬਿਦਾਰਿਓ ॥੧॥
੫. ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ
ਸਾਧੂ ਸੰਗਿ ਬਿਸਾਰਿਓ ॥
੬. ਮਾਇਆ ਬੰਧ ਕਾਟੇ ਕਿਰਪਾ ਨਿਧਿ
ਨਾਨਕ ਆਪਿ ਉਧਾਰਿਓ ॥੨॥੬॥

ਪਦ ਅਰਥ : ਤਉ ਪ੍ਰਸਾਦਿ—ਤੇਰੀ ਕਿਰਪਾ ਨਾਲ। ਭ੍ਰਮੁ—ਭਟਕਣਾ। ਡਾਰਿਓ—ਦੂਰ ਕਰ ਦਿੱਤੀ ਹੈ। ਤੇ—ਤੋਂ, ਨਾਲ। ਸਭੁ ਕੋ—ਹਰੇਕ ਜੀਵ ਨੂੰ। ਇਹੈ—ਇਹੋ ਹੀ।੧।ਰਹਾਉ।

ਕੋਟਿ—ਕਰੋੜਾਂ। ਪਰਾਧ—ਅਪਰਾਧ, ਪਾਪ। ਦਰਸਨਿ—ਦਰਸ਼ਨ ਨਾਲ। ਉਤਾਰਿਓ—ਲਾਹ ਲਿਆ ਹੈ। ਬਿਦਾਰਿਓ—ਨਾਸ ਕਰ ਲਿਆ ਹੈ।੧।

ਸਾਧੂ ਸੰਗਿ—ਗੁਰੂ ਦੀ ਸੰਗਤ ਵਿਚ। ਬਿਸਾਰਿਓ—ਭੁਲਾ ਲਿਆ ਹੈ। ਬੰਧ—ਬੰਧਨ। ਕਿਰਪਾ ਨਿਧਿ—ਹੇ ਕਿਰਪਾ ਦੇ ਖ਼ਜ਼ਾਨੇ। ਉਧਾਰਿਓ—ਬਚਾਅ ਲਿਆ ਹੈ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਪ੍ਰਭੂ ਪਿਆਰਿਆਂ ਦੇ ਅੰਦਰੋਂ ਭਰਮ ਭਟਕਣਾ ਨਵਿਰਤ ਹੋ ਜਾਂਦੀ ਹੈ ਤਾਂ ਕੀ ਉਹ ਉਸ ਨਵਿਰਤੀ ਦਾ ਮਨ ਵਿਚ ਅਭਿਮਾਨ ਵੀ ਕਰਦੇ ਹਨ?

ਉ: ੧. (ਨਹੀਂ), ਹੇ ਪਿਆਰੇ! ਉਹ ਸਦਾ ਇਉਂ ਹੀ ਜੋਦੜੀਆਂ ਕਰਦੇ ਰਹਿੰਦੇ ਹਨ ਕਿ ਹੇ ਪ੍ਰਭੂ ਜੀ! ਤੇਰੀ ਬਖ਼ਸ਼ਸ਼ ਦਾ ਸਦਕਾ ਮੈਂ ਆਪਣੇ ਮਨ ਵਿਚੋਂ ਭਟਕਣਾ ਨੂੰ (ਦੂਰ) ਸੁੱਟ ਘੱਤਿਆ ਹੈ।

੨. (ਕਿਉਂਕਿ) ਮੈਨੂੰ ਤੇਰੀ ਕਿਰਪਾ ਨਾਲ ਮਨ ਵਿਚ ਇਹੋ ਹੀ ਵੀਚਾਰ ਆ ਗਈ ਹੈ ਕਿ (ਸੰਸਾਰ ਦਾ ਹਰ ਜੀਵ) ਆਪਣਾ ਹੀ ਹੈ, ਭਾਵ ਹਰੇਕ ਪ੍ਰਾਨੀ ਮੇਰਾ ਆਪਣਾ ਹੀ ਹੈ।੧।ਰਹਾਉ।

੩. ਹੇ ਸਾਈਂ ਜੀ! ਤੇਰੀ ਸੇਵਾ ਨਾਲ ਕਰੋੜਾਂ ਹੀ ਪਾਪ ਮਿਟ ਗਏ ਹਨ ਅਤੇ ਤੇਰੇ ਦਰਸ਼ਨਾਂ ਨੇ (ਮੇਰੇ) ਕਰੋੜਾਂ ਹੀ ਦੁੱਖ ਦੂਰ ਕਰ ਦਿੱਤੇ ਹਨ।

੪. ਤੇਰਾ ਨਾਮ ਜਪਦਿਆਂ ਮੈਂ ਬਹੁਤ ਹੀ ਆਨੰਦ ਮਾਣਿਆ ਹੈ ਅਤੇ ਚਿੰਤਾ ਦਾ ਰੋਗ ਵੀ ਆਪਣੇ ਮਨ ਵਿਚੋਂ ਦੂਰ ਕਰ ਲਿਆ ਹੈ।੧।

ਪ੍ਰ: ਹੇ ਗੁਰੋ! ਇਹ ਕਾਮਾਦਿਕ ਵਿਕਾਰ ਤਾਂ ਬਹੁਤ ਪ੍ਰਬਲ ਹਨ। ਇਨ੍ਹਾਂ ਨੂੰ ਤੁਸਾਂ ਮਨ ਵਿਚੋਂ ਕਿਵੇਂ ਵਿਸਾਰ ਘਤਿਆ ਹੈ?

ਉ: ੫. ਹੇ ਪਿਆਰੇ! ਮੈਂ ਗੁਰੂ ਦੀ ਸੰਗਤ ਵਿਚ ਟਿੱਕ ਕੇ ਕਾਮ, ਕ੍ਰੋਧ, ਲੋਭ, ਝੂਠ, ਨਿੰਦਾ ਆਦਿਕ ਵਿਕਾਰਾਂ ਨੂੰ ਆਪਣੇ ਮਨ ਵਿਚੋਂ ਭੁਲਾ ਹੀ ਲਿਆ ਹੈ।

੬. (ਗੁਰੂ ਨਾਨਕ) ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਕਿਰਪਾ ਨਿਧਿ ਪ੍ਰਭੂ ਨੇ ਮੇਰੇ ਮਾਇਆ ਦੇ ਬੰਧਨ ਸਾਰੇ ਹੀ ਕੱਟ ਦਿੱਤੇ ਹਨ, ਆਪ ਹੀ ਉਸ ਨੇ ਮੈਨੂੰ ਸੰਸਾਰ ਸਮੁੰਦ੍ਰ ਵਿਚੋਂ ਬਚਾ ਲਿਆ ਹੈ।੨।੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਸ ਪ੍ਰਭੂ ਜੀ ਦੀ ਮਿਹਰ ਦਾ ਵਰਣਨ ਕਰਦਿਆਂ ਹੋਇਆਂ ਭਰਮ, ਪਾਪ, ਦੁੱਖ ਨਵਿਰਤੀ ਦਾ ਸਾਧਨ ਕੇਵਲ ਉਸ ਵਾਹਿਗੁਰੂ ਜੀ ਦੀ ਬਖ਼ਸ਼ਸ਼ ਦਾ ਸਦਕਾ ਬਿਆਨ ਕੀਤਾ ਹੈ। ਉਸੇ ਦੀ ਮਿਹਰ ਦੁਆਰਾ ਹਰ ਸੰਸਾਰ ਦਾ ਪ੍ਰਾਣੀ ਮਾਤ੍ਰ ਆਪਣਾ ਹੀ ਨਜ਼ਰ ਆਉਣ ਲੱਗ ਪੈਂਦਾ ਹੈ। ਜਦੋਂ ਉਸ ਸਾਈਂ ਜੀ ਦੀ ਮਿਹਰ ਹੋਵੇ ਤਾਂ ਸਾਰੇ ਮਾਇਆ ਦੇ ਬੰਧਨ ਕੱਟੇ ਜਾਂਦੇ ਹਨ ਤੇ ਸੰਸਾਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ।

ਦੇਵਗੰਧਾਰੀ ॥

੧. ਮਨ ਸਗਲ ਸਿਆਨਪ ਰਹੀ ॥
੨. ਕਰਨ ਕਰਾਵਨਹਾਰ ਸੁਆਮੀ
ਨਾਨਕ ਓਟ ਗਹੀ ॥੧॥ ਰਹਾਉ ॥
੩. ਆਪੁ ਮੇਟਿ ਪਏ ਸਰਣਾਈ
ਇਹ ਮਤਿ ਸਾਧੂ ਕਹੀ ॥
੪. ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ
ਭਰਮੁ ਅਧੇਰਾ ਲਹੀ ॥੧॥
੫. ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ
ਸਰਣਿ ਤੁਮਾਰੀ ਅਹੀ ॥
੬. ਖਿਨ ਮਹਿ ਥਾਪਿ ਉਥਾਪਨਹਾਰੇ
ਕੁਦਰਤਿ ਕੀਮ ਨ ਪਹੀ ॥੨॥੭॥

ਪਦ ਅਰਥ : ਮਨ—ਹੇ ਮਨ। ਸਿਆਨਪ—ਚਤਰਾਈ। ਰਹੀ—ਮੁੱਕ ਗਈ। ਓਟ—ਆਸਰਾ। ਗਹੀ—ਫੜੀ।੧।ਰਹਾਉ।

ਆਪੁ—ਆਪਾ ਭਾਵ। ਮੇਟਿ—ਮਿਟਾ ਕੇ। ਸਾਧੂ ਕਹੀ—ਗੁਰੂ ਦੀ ਦੱਸੀ ਹੋਈ। ਮਾਨਿ—ਮੰਨ ਕੇ। ਲਹੀ—ਦੂਰ ਹੋ ਜਾਂਦਾ ਹੈ।੧।

ਜਾਨ—ਸੁਜਾਨ, ਪ੍ਰਬੀਨ, ਜੋ ਜਾਨਣ ਕਰ ਕੇ ਜਾਂ ਜਾਨਣ ਵਿਚ ਨਿਪੁੰਨ ਹੈ, ਗਿਆਨ ਸਰੂਪ। ਅਹੀ—ਚਾਹੀ ਹੈ, ਲੋੜੀ ਹੈ, ਲਈ ਹੈ, ਮੰਗੀ ਹੈ। ਉਥਾਪਨਹਾਰੇ—ਹੇ ਨਾਸ ਕਰਨ ਦੀ ਤਾਕਤ ਵਾਲੇ। ਕੁਦਰਤਿ—ਤਾਕਤ। ਕੀਮ—ਕੀਮਤ। ਪਹੀ—ਪੈਂਦੀ ਹੈ।

ਅਰਥ :

ਪ੍ਰ: ਹੇ ਗੁਰੋ! ਸੰਸਾਰ ਦਾ ਹਰ ਮਨੁੱਖ ਆਪਣੇ ਮਨ ਦੀ ਸਿਆਣਪ ਨੂੰ ਉੱਚੀ ਸਮਝਦਾ ਹੈ, ਕੀ ਤੁਹਾਡੇ ਮਨ ਵਿਚ ਭੀ ਇਹੋ ਅਹਿਸਾਸ ਹੈ?

ਉ: ੧. (ਨਹੀਂ) ਹੇ ਭਾਈਓ! ਮੇਰੇ ਮਨ ਦੀ ਤਾਂ ਸਾਰੀ ਹੀ ਸਿਆਣਪ ਰਹਿ ਚੁੱਕੀ ਹੈ!

ਪ੍ਰ: (ਕਿਉਂ ਜੀ) ਉਹ ਕਿਵੇਂ?

ਉ: ੨. (ਗੁਰੂ) ਪੰਜਵੇਂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਦੋਂ ਦੀ ਕਿ ਕਰਨ ਕਰਾਵਨ ਹਾਰ ਸੁਆਮੀ (ਸ੍ਰੀ ਗੁਰੂ ਨਾਨਕ ਦੇਵ ਜੀ) ਦੀ ਓਟ ਪਕੜੀ ਹੈ।੧।ਰਹਾਉ।

ਪ੍ਰ: ਇਹ ਸਰੇਸ਼ਟ ਮਤੀ ਤੁਹਾਨੂੰ ਪ੍ਰਾਪਤ ਕਿੱਥੋਂ ਹੋਈ?

ਉ: ੩. ਹੇ ਮਿੱਤਰੋ! ਇਹ ਮਤਿ ਸਾਨੂੰ ਸਾਧੂ ਨੇ ਦੱਸੀ ਹੈ, ਜਿਸ ਕਰ ਕੇ ਅਸੀਂ ਆਪਾ-ਭਾਵ ਮਿਟਾ ਕੇ ਪ੍ਰਭੂ ਦੀ ਸ਼ਰਣੀ ਪੈ ਗਏ ਸਾਂ।

੪. ਸ਼ਰਨ ਵਿਚ ਪੈ ਕੇ ਪ੍ਰਭੂ ਦੀ ਆਗਿਆ ਅਨੁਸਾਰੀ ਹੋ ਕੇ ਅਸਾਂ ਸੁੱਖ ਪਾਇਆ ਹੈ, ਕਿਉਂਕਿ ਆਗਿਆ ਵਿਚ ਟੁਰ ਕੇ ਸਾਡੇ ਅੰਦਰੋਂ ਭਰਮ ਰੂਪੀ ਅੰਧੇਰਾ ਦੂਰ ਹੋ ਗਿਆ ਹੈ।੧।

ਪ੍ਰ: ਹਜ਼ੂਰ! ਹੁਣ ਜਦੋਂ ਤੁਹਾਡੇ ਅੰਦਰੋਂ ਭਰਮ ਦਾ ਅੰਧੇਰਾ ਮਿਟ ਗਿਆ ਹੈ, ਕੀ ਤੁਹਾਨੂੰ ਹੁਣ ਕਿਸੇ ਸਾਧਨ ਕਰਨ ਦੀ ਲੋੜ ਹੈ?

ਉ: ੫. (ਹਾਂ ਜ਼ਰੂਰ) ਹੇ ਭਾਈ! ਸਾਨੂੰ ਹੁਣ ਹੋਰ ਕਿਸੇ ਸਾਧਨ ਕਰਨ ਦੀ ਤਾਂ ਭਾਵੇਂ ਲੋੜ ਨਹੀਂ, ਪਰ ਹਾਂ, ਇਉਂ ਅਰਦਾਸ ਜ਼ਰੂਰ ਕਰਦੇ ਰਹਿੰਦੇ ਹਾਂ ਕਿ ਹੇ ਪ੍ਰਭੂ! ਮੇਰੇ ਸੁਆਮੀ! ਤੁਸੀਂ ਸਰਵ ਗਿਆਨ ਵਿਚ ਪ੍ਰਵੀਨ ਹੋ। ਮੈਂ ਆਪ ਜੀ ਦੀ ਸ਼ਰਨ ਪਕੜੀ ਹੈ।

੬. ਹੇ ਸਾਈਂ ਜੀ! ਤੂੰ ਇਕ ਛਿਨ ਵਿਚ (ਸੰਸਾਰ ਨੂੰ) ਬਣਾ ਕੇ ਢਾਹ ਸੁੱਟਣ ਵਾਲਾ ਹੈਂ, ਇਸ ਲਈ ਤੇਰੀ ਕੁਦਰਤ ਤਾਕਤ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ।੨।੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਪ੍ਰਭੂ ਦੀ ਸ਼ਰਨ ਪ੍ਰਾਪਤੀ ਸਾਧੂ ਦੀ ਸੁਮਤੀ ਧਾਰਨ ਕਰਨ ਨਾਲ ਮਿਲਦੀ ਹੈ ਤੇ ਇਹੋ ਸਰੇਸ਼ਟ ਮਤੀ ਭਰਮ ਤੇ ਅੰਧੇਰਾ ਕੱਟਣ ਦੀ ਸਮਰੱਥਾ ਰੱਖਦੀ ਹੈ।

ਦੇਵਗੰਧਾਰੀ ਮਹਲਾ ੫ ॥

੧. ਹਰਿ ਪ੍ਰਾਨ ਪ੍ਰਭੂ ਸੁਖਦਾਤੇ ॥
੨. ਗੁਰ ਪ੍ਰਸਾਦਿ ਕਾਹੂ ਜਾਤੇ ॥੧॥ ਰਹਾਉ ॥
੩. ਸੰਤ ਤੁਮਾਰੇ ਤੁਮਰੇ ਪ੍ਰੀਤਮ
ਤਿਨ ਕਉ ਕਾਲ ਨ ਖਾਤੇ ॥
੪. ਰੰਗਿ ਤੁਮਾਰੈ ਲਾਲ ਭਏ ਹੈ
ਰਾਮ ਨਾਮ ਰਸਿ ਮਾਤੇ ॥੧॥
੫. ਮਹਾ ਕਿਲਬਿਖ ਕੋਟਿ ਦੋਖ ਰੋਗਾ
ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥

੬. ਸੋਵਤ ਜਾਗਿ ਹਰਿ ਹਰਿ ਹਰਿ ਗਾਇਆ
ਨਾਨਕ ਗੁਰ ਚਰਨ ਪਰਾਤੇ ॥੨॥੮॥

ਪਦ ਅਰਥ : ਪ੍ਰਾਨ ਦਾਤੇ—ਹੇ ਜਿੰਦ ਦੇਣ ਵਾਲੇ। ਕਾਹੂ—ਕਿਸੇ ਵਿਰਲੇ ਨੇ। ਜਾਤੇ—ਜਾਣੇ ਹੋ।੧।ਰਹਾਉ।

ਕਾਲ—ਮੌਤ। ਨ ਖਾਤੇ—ਨਹੀਂ ਖਾ ਜਾਂਦੀ। ਰੰਗਿ—ਪ੍ਰੇਮ ਰੰਗ ਵਿਚ। ਲਾਲ—ਸੁਰਖ਼, ਭਾਵ ਹੈ ਪ੍ਰੇਮ ਵਿਚ ਰੰਗੇ ਹੋਏ ਪ੍ਰਸੰਨ ਰਹਿੰਦੇ ਹਨ। ਮਾਤੇ—ਮਸਤ।੧।

ਕਿਲਬਿਖ—ਪਾਪ। ਕੋਟਿ—ਕਰੋੜਾਂ। ਦੋਖ—ਐਬ। ਦ੍ਰਿਸਟਿ—ਨਿਗਾਹ। ਹਾਤੇ—ਨਾਸ ਹੋ ਜਾਂਦੇ ਹਨ। ਪਰਾਤੇ—ਪੈਂਦੇ ਹਨ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਤੁਸੀਂ ਕਰਤਾਰ ਅੱਗੇ ਅਰਜ਼ੋਈ ਕਰਦੇ ਹੋ ਤਾਂ ਉਹ ਕਿਸ ਰੂਪ ਵਿਚ ਹੁੰਦੀ ਹੈ?

ਉ: ੧. ਹੇ ਪਿਆਰੇ! ਸਾਡੀ ਤਾਂ ਅਰਦਾਸ ਇਕ ਏਹੋ ਹੀ ਹੁੰਦੀ ਹੈ ਕਿ ਹੇ ਪ੍ਰਾਣਾਂ ਤੋਂ ਪਿਆਰੇ! ਹੇ ਸੁੱਖ ਦੇਣ ਵਾਲੇ ਪ੍ਰਭੂ!

੨. ਗੁਰੂ ਦੀ ਕਿਰਪਾ ਨਾਲ ਤੁਸਾਂ ਨੂੰ ਕਿਸੇ ਵਿਰਲੇ ਨੇ ਹੀ ਜਾਣਿਆ ਹੈ।੧।ਰਹਾਉ।

੩. ਹੇ ਸਾਈਂ ਜੀ! ਜਿਨ੍ਹਾਂ ਨੇ ਤੁਸਾਂ ਨੂੰ ਜਾਣਿਆ ਹੈ, ਓਹੀ ਸੰਤ ਤੁਹਾਡੇ ਪ੍ਰੀਤਮ ਹਨ, ਉਨ੍ਹਾਂ ਨੂੰ (ਬਾਰ-ਬਾਰ) ਕਾਲ ਨਹੀਂ ਖਾਂਦਾ, ਭਾਵ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ।

੪. ਹੇ ਪ੍ਰਭੂ! ਉਹ ਤੇਰੇ ਸੰਤ ਤੇਰੇ ਪ੍ਰੇਮ ਰੰਗ ਵਿਚ ਲਾਲ ਹੋਏ ਰਹਿੰਦੇ ਹਨ। ਹਾਂ, ਉਹ ਤੇਰੇ ਰਾਮ ਨਾਮ ਦੇ ਰਸ ਵਿਚ ਮਸਤ ਰਹਿੰਦੇ ਹਨ।੧।

੫. ਹੇ ਸਾਈਂ ਜੀ! ਜੀਵਾਂ ਦੇ ਕੀਤੇ ਹੋਏ ਵੱਡੇ-ਵੱਡੇ ਪਾਪ, ਕਰੋੜਾਂ ਐਬ ਤੇ ਰੋਗ ਤੇਰੀ ਮਿਹਰ ਦੀ ਨਿਗ੍ਹਾ ਨਾਲ ਨਾਸ ਹੋ ਜਾਂਦੇ ਹਨ।

ਪ੍ਰ: ਉਨ੍ਹਾਂ ਸੰਤਾਂ ਦੀ ਨਿਸ਼ਾਨੀ ਕੀ ਹੈ?

ਉ: ੬. ਹੇ ਭਾਈ! ਜੋ ਸੰਤ ਜਨ ਗੁਰੂ ਦੀ ਸ਼ਰਨ ਆ ਪੈਂਦੇ ਹਨ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਸੁਤਿਆਂ ਜਾਗਦਿਆਂ ਹਰ ਵੇਲੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦੇ ਰਹਿੰਦੇ ਹਨ।੨।੮।

ਭਾਵਾਰਥ : ਜਿਨ੍ਹਾਂ ਨੂੰ ਗੁਰੂ ਦੀ ਚਰਨ ਸਰਨ ਪ੍ਰਾਪਤ ਹੋ ਗਈ ਹੈ, ਉਨ੍ਹਾਂ ਨੂੰ ਪ੍ਰਭੂ ਦੇ ਦਰਸ਼ਨ ਹੋ ਗਏ ਹਨ। ਦਰਸ਼ਨਾਂ ਦਾ ਸਦਕਾ ਉਨ੍ਹਾਂ ਨੂੰ ਮੁੜ ਕਾਲ ਨਹੀਂ ਪੋਂਹਦਾ।

ਦੇਵਗੰਧਾਰੀ ੫ ॥

੧. ਸੋ ਪ੍ਰਭੁ ਜਤ ਕਤ ਪੇਖਿਓ ਨੈਣੀ ॥
੨. ਸੁਖਦਾਈ ਜੀਅਨ ਕੋ ਦਾਤਾ
ਅੰਮ੍ਰਿਤੁ ਜਾ ਕੀ ਬੈਣੀ ॥੧॥ ਰਹਾਉ ॥
੩. ਅਗਿਆਨੁ ਅਧੇਰਾ ਸੰਤੀ ਕਾਟਿਆ
ਜੀਅ ਦਾਨੁ ਗੁਰ ਦੈਣੀ ॥
੪. ਕਰਿ ਕਿਰਪਾ ਕਰਿ ਲੀਨੋ ਅਪੁਨਾ
ਜਲਤੇ ਸੀਤਲ ਹੋਣੀ ॥੧॥
੫. ਕਰਮੁ ਧਰਮੁ ਕਿਛੁ ਉਪਜਿ ਨ ਆਇਓ
ਨਹ ਉਪਜੀ ਨਿਰਮਲ ਕਰਣੀ ॥
੬. ਛਾਡਿ ਸਿਆਨਪ ਸੰਜਮ ਨਾਨਕ
ਲਾਗੋ ਗੁਰ ਕੀ ਚਰਣੀ ॥੨॥੯॥

ਪਦ ਅਰਥ : ਜਤ ਕਤ—ਜਿੱਥੇ ਕਿੱਥੇ, ਹਰ ਥਾਂ। ਦੇਖਿਓ—ਮੈਂ ਵੇਖ ਲਿਆ ਹੈ। ਨੈਣੀ—ਆਪਣੀਆਂ ਅੱਖਾਂ ਨਾਲ। ਕੋ—ਦਾ। ਜਾ ਕੀ ਬੈਣੀ—ਜਿਸ ਦੀ ਸਿਫ਼ਤਿ-ਸਾਲਾਹ ਵਾਲੇ ਗੁਰੂ ਬਚਨਾਂ ਵਿਚ।੧।ਰਹਾਉ।

ਅੰਧੇਰਾ—ਹਨੇਰਾ। ਸੰਤੀ—ਸੰਤ ਜਨਾਂ ਨੇ। ਜੀਆ ਦਾਨੁ—ਆਤਮਕ ਜੀਵਨ ਦੀ ਦਾਤਿ। ਗੁਰ ਦੈਣੀ—ਦੇਣਹਾਰ ਗੁਰੂ ਨੇ। ਜਲਤੇ—ਸੜਦੇ। ਸੀਤਲ—ਠੰਡਾ ਠਾਰ, ਸ਼ਾਂਤਿ ਚਿੱਤ।੧।

ਕਰਮੁ ਧਰਮੁ—ਸ਼ਾਸਤ੍ਰਾਂ ਅਨੁਸਾਰ ਜੋ ਮਿਥਿਆ ਹੋਇਆ ਧਾਰਮਿਕ ਕਰਮ। ਉਪਜਿ ਨ ਆਇਓ—ਮੈਥੋਂ ਹੋ ਨਹੀਂ ਸਕਿਆ। ਨਿਰਮਲ ਕਰਣੀ—ਸ਼ੁੱਧ, ਮਲ ਰਹਿਤ। ਛਾਡਿ—ਛੱਡ ਕੇ। ਸੰਜਮ—ਇੰਦ੍ਰੀਆਂ ਨੂੰ ਵਸ ਕਰਨ ਦੇ ਜਤਨ।੨।

ਅਰਥ :

ਪ੍ਰ: ਹਜ਼ੂਰ! ਸਿਮਰਨ ਦੀ ਬਰਕਤ ਨਾਲ ਹੁਣ ਤੁਹਾਡੀ ਦ੍ਰਿਸ਼ਟੀ ਕਿਸ ਰੂਪ ਵਿਚ ਬਦਲ ਗਈ ਹੈ?

ਉ: ੧. ਹੇ ਭਾਈ! ਹੁਣ ਜਿੱਥੇ ਕਿੱਥੇ (ਭਾਵ ਸਾਰੇ ਹੀ) ਉਸ ਪ੍ਰਭੂ ਨੂੰ (ਮੈਂ) ਇਨ੍ਹਾਂ ਅੱਖਾਂ ਨਾਲ ਵਿਆਪਕ ਸਰੂਪ ਵੇਖ ਲਿਆ ਹੈ।

ਪ੍ਰ: ਸ੍ਰੀ ਜੀਉ! ਜੋ ਸਾਈਂ ਤੁਹਾਨੂੰ ਹਰ ਥਾਂ ਵਿਆਪਕ ਨਜ਼ਰ ਆਇਆ ਹੈ, ਉਹ ਹੈ ਕੈਸਾ?

੨. ਹੇ ਭਾਈਓ! ਉਹ ਸੁੱਖਾਂ ਦੇ ਦੇਣ ਵਾਲਾ, ਜੀਵਾਂ ਦਾ ਦਾਤਾ ਹੈ, ਜਿਸ ਦੇ ਬਚਨਾਂ ਵਿਚ ਨਾਮ ਰੂਪੀ ਅੰਮ੍ਰਿਤ ਹੀ ਅੰਮ੍ਰਿਤ ਹੈ।੧।ਰਹਾਉ।

ਪ੍ਰ: ਹੇ ਗੁਰੋ! ਜੋ ਸਾਈਂ ਜੀ ਦੇ ਦਰਸ਼ਨ ਨਾ ਹੋਣ ਦੇਣ ਵਾਲਾ ਅੰਧਕਾਰ ਹੈ, ਉਹ ਕਿਸ ਤਰਾਂ ਦੂਰ ਹੋ ਗਿਆ, ਕਿਉਂਕਿ ਉਹ ਤਾਂ ਬਹੁਤ ਪ੍ਰਬਲ ਹੈ?

ਉ: ੩. ਹੇ ਪਿਆਰੇ! ਸੰਤਾਂ ਨੇ ਅਗਿਆਨ ਰੂਪੀ ਅੰਧੇਰਾ ਦੂਰ ਕਰ ਦਿੱਤਾ ਹੈ। ਇਹ ਦੇਣਹਾਰ ਗੁਰੂ ਨੇ ਮੈਨੂੰ ਆਤਮਿਕ ਜੀਵਨ ਦੀ ਦਾਤ ਬਖ਼ਸ਼ੀ ਹੈ।

੪. ਪ੍ਰਭੂ ਨੇ ਕਿਰਪਾ ਕਰ ਕੇ ਮੈਨੂੰ ਆਪਣਾ ਸੇਵਕ ਬਣਾ ਲਿਆ, (ਪਹਿਲੋਂ ਮੈਂ) ਤ੍ਰਿਸ਼ਨਾ ਅੱਗ ਵਿਚ ਸੜ ਰਿਹਾ ਸਾਂ, ਹੁਣ ਮੈਂ ਸ਼ਾਂਤ ਚਿੱਤ ਹੋ ਗਿਆ ਹਾਂ।੧।

ਪ੍ਰ: ਕਿਉਂ ਜੀ! ਤੁਸਾਂ ਗੁਰੂ ਦੀ ਮਿਹਰ ਦਾ ਪਾਤਰ ਬਣਨ ਲਈ ਕੀ ਕਰਮ ਧਰਮ ਕੀਤੇ ਸਨ?

ਉ: ੫. ਹੇ ਪਿਆਰੇ! ਸ਼ਾਸਤ੍ਰਾਂ ਅਨੁਸਾਰ ਮਿਥਿਆ ਹੋਇਆ ਕਰਮ ਧਰਮ ਤਾਂ ਮੇਰੇ ਪਾਸੋਂ ਕੋਈ ਹੋ ਹੀ ਨਹੀਂ ਸਕਿਆ ਅਤੇ ਨਾ ਹੀ ਕੋਈ ਸ਼ੁੱਧ ਕਰਣੀ ਹੀ ਉਪਜ ਆਈ ਹੈ, ਭਾਵ ਸਰ ਨਹੀਂ ਆਈ।

ਪ੍ਰ: ਕਿਉਂ ਜੀ! ਆਖ਼ਰ ਗੁਰੂ ਦੀ ਪ੍ਰਸੰਨਤਾ ਲਈ ਕੁੱਝ ਸਾਧਨ ਤਾਂ ਕੀਤਾ ਹੀ ਹੋਵੇਗਾ?

ੳ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਂ ਤਾਂ ਸਭ ਚਤੁਰਾਈਆਂ ਤੇ ਸੰਜਮ ਛੱਡ ਕੇ ਗੁਰੂ ਦੀ ਚਰਨ ਸ਼ਰਨ ਹੀ ਪ੍ਰਾਪਤ ਕਰ ਲਈ ਹੈ।੨।੯।

ਭਾਵਾਰਥ : ਜਦੋਂ ਗੁਰੂ ਦੀ ਸ਼ਰਨ ਪ੍ਰਾਪਤ ਹੋ ਗਈ ਤਾਂ ਹਰ ਥਾਂ ਉਹ ਪਿਆਰੇ ਸਾਈਂ ਜੀ ਨੂੰ ਹੀ ਵਿਆਪਕ ਸਰੂਪ ਵੇਖ ਲਿਆ, ਪਰ ਇਹ ਦਾਤ ਸੰਤਾਂ ਦੀ ਕਿਰਪਾ ਦ੍ਰਿਸ਼ਟੀ ਦੁਆਰਾ ਹੀ ਪ੍ਰਾਪਤ ਹੋਈ ਹੈ।

ਦੇਵਗੰਧਾਰੀ ੫ ॥

੧. ਹਰਿ ਰਾਮ ਨਾਮੁ ਜਪਿ ਲਾਹਾ ॥
੨. ਗਤਿ ਪਾਵਹਿ ਸੁਖ ਸਹਜ ਅਨੰਦਾ
ਕਾਟੇ ਜਮ ਕੇ ਫਾਹਾ ॥੧॥ ਰਹਾਉ ॥
੩. ਖੋਜਤ ਖੋਜਤ ਖੋਜਿ ਬੀਚਾਰਿਓ
ਹਰਿ ਸੰਤ ਜਨਾ ਪਹਿ ਆਹਾ ॥
੪. ਤਿਨਾ ਪਰਾਪਤਿ ਏਹੁ ਨਿਧਾਨਾ
ਜਿਨ੍ ਕੈ ਕਰਮਿ ਲਿਖਾਹਾ ॥੧॥
੫. ਸੇ ਬਡਭਾਗੀ ਸੇ ਪਤਿਵੰਤੇ ਸੇਈ ਪੂਰੇ ਸਾਹਾ ॥
੬. ਸੁੰਦਰ ਸੁਘੜ ਸਰੂਪ ਤੇ ਨਾਨਕ
ਜਿਨ੍ ਹਰਿ ਹਰਿ ਨਾਮੁ ਵਿਸਾਹਾ ॥੨॥੧੦॥

ਪਦ ਅਰਥ : ਜਪਿ—ਜਪ ਕੇ। ਲਾਹਾ—ਲਾਭ, ਖੱਟੀ, ਨਫ਼ਾ।੧।ਰਹਾਉ।

ਖੋਜਤ ਖੋਜਤ—ਭਾਲ ਕਰਦਿਆਂ-ਕਰਦਿਆਂ। ਪਹਿ—ਪਾਸ। ਆਹਾ—ਹੈ। ਨਿਧਾਨਾ—ਖ਼ਜ਼ਾਨਾ। ਕਰਮਿ—ਪਰਮੇਸ਼ਰ ਦੀ ਬਖ਼ਸ਼ਸ਼ ਨਾਲ।੧।

ਸੇ ਪਤਿਵੰਤੇ—ਉਹ ਇੱਜ਼ਤ ਵਾਲੇ ਹਨ। ਸਾਹਾ—ਸ਼ਾਹੂਕਾਰ। ਸੁਘੜ—ਸੁਚੱਜੇ ਜੀਵਨ ਵਾਲੇ। ਵਿਸਾਹਾ—ਖ਼ਰੀਦਿਆ।੨।

ਅਰਥ :

ਪ੍ਰ: ਹਜ਼ੂਰ! ਇਸ ਮਨੁੱਖਾ ਜਨਮ ਵਿਚ ਸਹੀ ਨਫ਼ਾ ਕਿਵੇਂ ਮਿਲ ਸਕੇਗਾ?

ੳ: ੧. ਹੇ ਭਾਈ! ਪਰਮੇਸ਼ਰ ਦਾ ਨਾਮ ਜਪ-ਜਪ ਕੇ ਸਹੀ ਨਫ਼ਾ ਮਿਲੇਗਾ, ਸੋ ਇਸ ਲਈ ਤੂੰ ਮਨੁੱਖ ਜਨਮ ਦਾ ਲਾਭ ਖੱਟ ਲੈ।

ਪ੍ਰ: ਹਜ਼ੂਰ! ਉਹ ਨਫ਼ਾ ਕੀ ਹੈ ਜੋ ਮਿਲ ਸਕੇਗਾ?

ੳ: ੨. ਹੇ ਪਿਆਰੇ! ਜਮਾਂ ਦੇ ਫਾਹੇ ਕੱਟੇ ਜਾਣਗੇ, ਸਹਿਜ ਸੁੱਖ ਦਾ ਅਨੰਦ ਪਾਵੇਂਗਾ ਤੇ ਅੰਤ ਨੂੰ ਕਲਿਆਣ ਪ੍ਰਾਪਤ ਹੋਵੇਗੀ।੧।ਰਹਾਉ।

ਪ੍ਰ: ਹਜ਼ੂਰ ਜੀਉ! ਉਹ ਰਾਮ ਨਾਮ ਮਿਲਦਾ ਕਿਥੋਂ ਹੈ?

ੳ: ੩. ਹੇ ਭਾਈ! ਭਾਲ ਕਰਦਿਆਂ-ਕਰਦਿਆਂ ਮੈਂ ਇਸ ਵੀਚਾਰ 'ਤੇ ਪਹੁੰਚਿਆ ਹਾਂ ਕਿ ਇਹ ਲਾਭ ਪਰਮੇਸ਼ਰ ਦੇ ਸੰਤ ਜਨਾਂ ਦੇ ਪਾਸ ਹੈ।

ਪ੍ਰ: ਕਿਉਂ ਜੀ! ਇਹ ਖ਼ਜ਼ਾਨਾ ਸਭਨਾਂ ਨੂੰ ਕਿਉਂ ਨਹੀਂ ਮਿਲ ਸਕਦਾ?

੪. ਹੇ ਪਿਆਰਿਓ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ। ਇਹ ਨਾਮ ਖ਼ਜ਼ਾਨਾ ਤਾਂ ਉਨ੍ਹਾਂ ਹੀ ਮਨੁੱਖਾਂ ਨੂੰ ਮਿਲਦਾ ਹੈ, ਜਿਨ੍ਹਾਂ ਦੇ ਮੱਥੇ ਉੱਤੇ ਸਾਈਂ ਜੀ ਦੀ ਬਖ਼ਸ਼ਸ਼ ਨਾਲ ਇਸ ਦਾ ਪ੍ਰਾਪਤ ਹੋਣਾ ਲਿਖਿਆ ਹੈ।੧।

੫. (ਹਾਂ) ਜਿਨ੍ਹਾਂ ਨੂੰ ਇਹ ਖ਼ਜ਼ਾਨਾ ਮਿਲ ਜਾਏ, ਉਹੀ ਵੱਡੇ ਭਾਗਾਂ ਵਾਲੇ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹੀ ਇੱਜ਼ਤ ਵਾਲੇ ਹਨ, ਉਹੀ ਪੂਰੇ ਸ਼ਾਹ ਹਨ ਅਤੇ ਉਹੀ ਸੋਹਣੇ ਹਨ, ਸੁਚੱਜੇ ਹਨ, ਜਿਨ੍ਹਾਂ ਨੇ ਪਰਮੇਸ਼ਰ ਦਾ ਨਾਮ ਵਖਰ ਖ਼ਰੀਦਿਆ ਹੈ।੨।੧੦।

ਭਾਵਾਰਥ : ਇਸ ਮਨੁੱਖਾ ਜਨਮ ਵਿਚ ਹਰੀ ਦਾ ਨਾਮ ਸਿਮਰਨ ਰੂਪ ਹੀ ਅਸਲ ਨਫ਼ੇਵੰਦਾ ਕੰਮ ਹੈ, ਜਿਸ ਦੀ ਬਰਕਤ ਨਾਲ ਕਲਿਆਣ ਪ੍ਰਾਪਤ ਹੁੰਦੀ ਹੈ, ਪਰ ਇਹ ਨਾਮ ਸੰਤਾਂ ਪਾਸੋਂ ਵੱਡੇ ਭਾਗਾਂ ਦੁਆਰਾ ਮਿਲਦਾ ਹੈ, ਇਸ ਲਈ ਇਸੇ ਹੀ ਨਫ਼ੇ ਵਾਲੇ ਸੌਦੇ ਦੀ ਖ਼ਰੀਦ ਕਰਦੇ ਰਹੋ।੨।੧੦।

ਦੇਵਗੰਧਾਰੀ ੫ ॥

੧. ਮਨ ਕਹ ਅਹੰਕਾਰਿ ਅਫਾਰਾ ॥
੨. ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ
ਜੋ ਦੀਸੈ ਸੋ ਛਾਰਾ ॥੧॥ ਰਹਾਉ ॥
੩. ਜਿਨਿ ਕੀਆ ਤਿਸੁ ਸਿਮਰਿ ਪਰਾਨੀ
ਜੀਉ ਪ੍ਰਾਨ ਜਿਨਿ ਧਾਰਾ ॥
੪. ਤਿਸਹਿ ਤਿਆਗਿ ਅਵਰ ਲਪਟਾਵਹਿ
ਮਰਿ ਜਨਮਹਿ ਮੁਗਧ ਗਵਾਰਾ ॥੧॥
੫. ਅੰਧ ਗੁੰਗ ਪਿੰਗੁਲ ਮਤਿ ਹੀਨਾ
ਪ੍ਰਭ ਰਾਖਹੁ ਰਾਖਨਹਾਰਾ ॥
੬. ਕਰਨ ਕਰਾਵਨਹਾਰ ਸਮਰਥਾ
ਕਿਆ ਨਾਨਕ ਜੰਤ ਬਿਚਾਰਾ ॥੨॥੧੧॥

ਪਦ ਅਰਥ : ਮਨ—ਹੇ ਮਨ! ਕਹ—ਕਾਹੇ, ਕਿਉਂ? ਅਹੰਕਾਰਿ—ਹੰਕਾਰ ਨਾਲ। ਅਫਾਰਾ—ਆਫਰਿਆ ਹੋਇਆ। ਦੁਰਗੰਧ—ਬਦਬੋ। ਅਪਾਵਨ—ਗੰਦਾ, ਅਪਵਿੱਤ੍ਰ। ਭੀਤਰਿ—ਤੇਰੇ ਸਰੀਰ ਦੇ ਅੰਦਰ। ਛਾਰਾ—ਨਾਸਵੰਤ।੧।ਰਹਾਉ।

ਜਿਨ—ਜਿਸ (ਕਰਤਾਰ) ਨੇ। ਕੀਆ—ਪੈਦਾ ਕੀਤਾ ਹੈ। ਪਰਾਨੀ—ਹੇ ਪ੍ਰਾਣੀ। ਜੀਉ—ਜਿੰਦ। ਧਾਰਾ—ਸਹਾਰਾ ਦਿੱਤਾ ਹੈ। ਤਿਸਹਿ—ਉਸ ਕਰਤਾਰ ਨੂੰ। ਤਿਆਗ—ਛੱਡ ਕੇ। ਮਰਿ—ਮਰਿ ਕੇ। ਮੁਗਧ—ਹੇ ਮੂਰਖ! ਗਵਾਰਾ—ਹੇ ਗਵਾਰ!।੧।

ਅੰਧ—ਅੰਨ੍ਹਾ। ਪਿੰਗੁਲ—ਲੂਲਾ, ਲੰਘੜਾ, ਜਿਸ ਦੇ ਹੱਥ ਪੈਰ ਨਾ ਹੋਵਣ। ਮਤਿ ਹੀਨਾ—ਮੂਰਖ। ਪ੍ਰਭ—ਹੇ ਪ੍ਰਭੂ!।੨।

ਅਰਥ :

ਪ੍ਰ: ਹੇ ਗੁਰੋ! ਇਹ ਮੇਰਾ ਮਨ ਹਰ ਵਕਤ ਹੀ ਅਹੰਕਾਰ ਦੇ

ਅਫਰੇਵੇਂ ਵਿਚ ਰਹਿੰਦਾ ਹੈ, ਦੱਸੋ! ਇਸ ਨੂੰ ਕਿਵੇਂ ਸਮਝਾਵਾਂ ?

ਉ: ੧. ਹੇ ਪਿਆਰੇ! ਇਸ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮਨਾ! ਦੱਸ ਤੂੰ ਕਿਉਂ ਹੰਕਾਰ ਵਿਚ ਆਫਰਿਆ ਫਿਰਦਾ ਹੈਂ ?

੨. ਹੇ ਭਾਈ! ਇਸ ਨੂੰ ਇਉਂ ਚੇਤੇ ਕਰਾਇਆ ਕਰ ਕਿ ਹੇ ਮਨ! ਜਿਸ ਸਰੀਰ ਦਾ ਤੂੰ ਹੰਕਾਰ ਕਰਦਾ ਹੈਂ, ਇਸ ਸਰੀਰ ਦੇ ਅੰਦਰ ਤਾਂ ਬਦਬੋ ਤੇ ਗੰਦ ਹੈ ਅਤੇ ਜਿਹੜਾ ਤੇਰਾ ਇਹ ਸਰੀਰ ਦਿੱਸ ਰਿਹਾ ਹੈ, ਇਹ ਭੀ ਨਾਸਵੰਤ ਹੈ।੧।ਰਹਾਉ।

ਪ੍ਰ: ਹਜ਼ੂਰ! ਫਿਰ ਦੱਸੋ! ਮੈਂ ਕੀ ਕਰਿਆ ਕਰਾਂ ?

ਉ: ੩. ਹੇ ਪ੍ਰਾਣੀ! ਵੇਖ, ਜਿਸ ਨੇ ਤੈਨੂੰ ਪੈਦਾ ਕੀਤਾ ਹੈ ਅਤੇ ਜਿਸ ਨੇ ਤੇਰੇ (ਸਰੀਰ) ਵਿਚ ਪ੍ਰਾਣਾਂ ਅਤੇ ਜ਼ਿੰਦਗੀ ਨੂੰ ਟਿਕਾਇਆ ਹੈ, ਉਸਦਾ ਸਿਮਰਨ ਕਰ।

੪. ਹੇ ਮੂਰਖ! ਹੇ ਗੰਵਾਰ! ਤੂੰ ਉਸ ਪਰਮੇਸ਼ਰ ਨੂੰ ਤਿਆਗ ਕੇ ਹੋਰਨਾਂ ਪਦਾਰਥਾਂ ਵਿਚ ਖੱਚਤ ਰਹਿੰਦਾ ਹੈਂ, ਇਸੇ ਲਈ ਤੂੰ (ਬਾਰ-ਬਾਰ) ਮਰ ਕੇ ਜੰਮਦਾ ਰਹੇਂਗਾ।੧।

ਪ੍ਰ: ਹਜ਼ੂਰ! ਇਸ ਜੰਮਣ ਮਰਣ ਦੇ ਗੇੜ ਵਿਚੋਂ ਕਿਵੇਂ ਨਿਕਲ ਸਕਾਂ ?

ਉ: ੫. ਹੇ ਸੱਜਨਾ! ਇਉਂ ਅਰਦਾਸ ਕਰਿਆ ਕਰ ਕਿ ਹੇ ਸਾਈਂ ਜੀ! ਮੈਂ ਅੰਨ੍ਹਾ ਹਾਂ, ਪਿੰਗਲਾ ਹਾਂ, ਮੂਰਖ ਹਾਂ। ਹੇ ਰੱਖਣ ਵਾਲੇ ਪ੍ਰਭੂ ਜੀ, ਮੈਨੂੰ ਰੱਖ ਲਓ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਭੋ ਕੁਝ ਆਪ ਕਰਨ ਵਾਲੇ ਤੇ ਜੀਵਾਂ ਤੋਂ ਕਿਰਿਆ ਕਰਵਾਉਣ ਵਾਲੀ ਸਮਰੱਥਾ ਰੱਖਣ ਵਾਲੇ ਪ੍ਰਭੂ! ਇਨ੍ਹਾਂ ਜੀਵਾਂ ਦੇ ਵਸ ਵਿਚ ਕੁਝ ਵੀ ਨਹੀਂ (ਤੂੰ ਆਪ ਹੀ ਕਿਰਪਾ ਕਰ ਕੇ ਇਨ੍ਹਾਂ ਦੀ ਸਹਾਇਤਾ ਕਰ)।੨।੧੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਇਸ ਜੀਵ ਦੇ ਸਰੀਰ ਦੀ ਅੰਦਰਲੀ ਮਲੀਨ ਦਸ਼ਾ ਦੱਸ ਕੇ ਇਸ ਸਰੀਰ ਦਾ ਹੰਕਾਰ ਕਰਨ ਵਲੋਂ ਵਰਜਿਆ ਹੈ ਤੇ ਉਪਦੇਸ਼ ਦਿੱਤਾ ਹੈ ਕਿ ਨਿਰ-ਹੰਕਾਰ ਹੋ ਕੇ ਵਾਹਿਗੁਰੂ ਜੀ ਦਾ ਸਿਮਰਨ ਕਰ ਅਤੇ ਸਾਈਂ ਜੀ ਅੱਗੇ ਬਚਾਅ ਲਈ ਅਰਦਾਸ ਕਰਦਾ ਰਹੁ।

ਦੇਵਗੰਧਾਰੀ ੫ ॥

੧. ਸੋ ਪ੍ਰਭੁ ਨੇਰੈ ਹੂ ਤੇ ਨੇਰੈ ॥
੨. ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨੁ ਰੈਨਿ ਸਾਝ ਸਵੇਰੈ ॥੧॥ ਰਹਾਉ ॥
੩. ਉਧਰੁ ਦੇਹ ਦੁਲਭ ਸਾਧੂ ਸੰਗਿ
ਹਰਿ ਹਰਿ ਨਾਮੁ ਜਪੇਰੈ ॥
੪. ਘਰੀ ਨ ਮੁਹਤੁ ਨ ਚਸਾ ਬਿਲੰਬਹੁ
ਕਾਲੁ ਨਿਤਹਿ ਨਿਤ ਹੇਰੈ ॥੧॥
੫. ਅੰਧ ਬਿਲਾ ਤੇ ਕਾਢਹੁ ਕਰਤੇ
ਕਿਆ ਨਾਹੀ ਘਰਿ ਤੇਰੈ ॥
੬. ਨਾਮੁ ਅਧਾਰੁ ਦੀਜੈ ਨਾਨਕ ਕਉ
ਆਨਦ ਸੂਖ ਘਨੇਰੈ ॥੨॥੧੨॥ ਛਕੇ ੨ ॥

ਪਦ ਅਰਥ : ਨੇਰੈ ਹੂ ਤੇ ਨੇਰੈ—ਨੇੜੇ ਤੋਂ ਨੇੜੇ, ਨਾਲ ਹੀ। ਰੈਨਿ—ਰਾਤ। ਸਾਝ—ਸ਼ਾਮ।੧।ਰਹਾਉ।

ਉਧਰੁ ਦੇਹ—ਸਰੀਰ ਦਾ (ਸੰਸਾਰ ਸਮੁੰਦਰ ਤੋਂ) ਪਾਰ ਉਤਾਰਾ ਕਰ ਲੈ। ਦੁਲਭ ਦੇਹ—ਜੋ ਮਨੁੱਖਾ ਸਰੀਰ ਮੁਸ਼ਕਲ ਨਾਲ ਮਿਲਿਆ ਹੈ। ਸਾਧੂ ਸੰਗਿ—ਗੁਰੂ ਦੀ ਸੰਗਤ ਵਿਚ। ਜਪੇਰੈ—ਜਪਦਾ ਰਹੁ, ਜਪ ਕੇ। ਮੁਹਤ—ਅਧੀ ਘੜੀ। ਚਸਾ—ਨਿਮਖ ਮਾਤ੍ਰ। ਨ ਬਿਲੰਬਹੁ—ਦੇਰ ਨ ਕਰ। ਕਾਲੁ—ਮੌਤ। ਹੇਰੈ—ਤਕ ਰਹੀ ਹੈ।੧।

ਬਿਲਾ—ਬਿਲ, ਖੁੱਡ। ਅੰਧ—ਅੰਨ੍ਹੀ। ਤੇ—ਤੋਂ, ਵਿਚੋਂ। ਕਰਤੇ—ਹੇ ਕਰਤਾਰ। ਘਰਿ ਤੇਰੈ—ਤੇਰੇ ਘਰ ਵਿਚ। ਅਧਾਰੁ—ਆਸਰਾ। ਕਉ—ਨੂੰ। ਘਨੇਰੇ—ਬਹੁਤ।੨।

ਅਰਥ :

ਪ੍ਰ: ਹੇ ਗੁਰੋ! ਜਿਸ ਪ੍ਰਭੂ ਨਾਲ ਸਿਮਰਨ ਦੁਆਰਾ ਮਿਲਾਪ ਹੋਣਾ ਹੈ, ਉਹ ਸਾਥੋਂ ਕਿਤਨੀ ਕੁ ਦੂਰੀ 'ਤੇ ਵਸਦਾ ਹੈ ?

ਉ: ੧. ਹੇ ਭਾਈ! ਉਹ ਪ੍ਰਭੂ ਤਾਂ ਨੇੜੇ ਤੋਂ ਵੀ ਨੇੜੇ ਹੈ, ਭਾਵ ਉਹ ਤਾਂ ਤੇਰੇ ਨਾਲ ਹੀ ਵਸਦਾ ਹੈ।

੨. ਇਸ ਲਈ, ਉਸ ਦਾ ਸਿਮਰਨ ਕਰ, ਧਿਆਨ ਉਸੇ ਵਿਚ ਰੱਖ, ਉਸੇ ਗੋਬਿੰਦ ਦੇ ਗੁਣ ਗਾਉ।

ਪ੍ਰ: ਗੁਣ ਕਿਤਨਾ ਕੁ ਸਮਾਂ ਗਾਇਨ ਕਰਾਂ ?

ਉ: ਹੇ ਪਿਆਰੇ, ਦਿਨੇ ਵੀ, ਰਾਤੀਂ ਵੀ, ਸੰਝ ਵੇਲੇ ਵੀ ਤੇ ਸਵੇਰੇ ਵੀ।੧।ਰਹਾਉ।

ਪ੍ਰ: ਹੇ ਗੁਰੋ! ਜਪਾਂ ਕਿਸ ਥਾਂ ਜਾ ਕੇ ?

ਉ: ੩. ਹੇ ਪਿਅਰਿਆ! ਗੁਰੂ ਦੀ ਸੰਗਤ ਵਿਚ ਮਿਲ ਕੇ ਨਾਮ ਜਪਿਆ ਕਰ ਤੇ ਇਸ ਤਰ੍ਹਾਂ ਤੂੰ ਆਪਣੇ ਮਨੁੱਖਾ ਸਰੀਰ ਨੂੰ ਵਿਕਾਰਾਂ ਦੇ ਸਮੁੰਦ੍ਰ ਵਿਚ ਡੁਬਣੋਂ ਬਚਾ ਲੈ, ਜੋ ਕਿ ਤੈਨੂੰ ਬੜੀ ਮੁਸ਼ਕਲ ਨਾਲ ਮਿਲਿਆ ਹੈ।

ਪ੍ਰ: ਹੇ ਗੁਰੋ! ਨਾਮ ਸਿਮਰਨ ਲਈ ਇਤਨੀ ਵੀ ਕਾਹਲੀ ਕਿਉਂ ਕਰਦੇ ਹੋ, ਕਿਉਂਕਿ ਅਜੇ ਬਹੁਤ ਸਮਾਂ ਹੈ। ਪਿਛਲੀ ਉਮਰੇ ਜਾ ਕੇ ਸਿਮਰਨ ਕਰ ਲਵਾਂਗੇ ?

ਉ: ੪. ਹੇ ਮਿੱਤਰਾ! ਤੇਰਾ ਇਹ ਵਿਸ਼ਵਾਸ ਬਿਰਥਾ ਹੈ, ਕਿਉਂਕਿ ਮੌਤ ਤਾਂ ਤੈਨੂੰ ਹਰ ਸਮੇਂ ਹੀ ਤੱਕ ਰਹੀ ਹੈ, (ਪਤਾ ਨਹੀਂ ਉਸ ਨੇ ਕਿਸ ਵੇਲੇ ਆ ਕੇ ਝਪਟ ਮਾਰਨੀ ਹੈ) ਇਸ ਲਈ ਤੂੰ ਨਾਮ ਸਿਮਰਨ ਵਿਚ ਇਕ ਘੜੀ ਢਿੱਲ ਨਾ ਕਰ, ਅੱਧੀ ਘੜੀ ਭੀ ਦੇਰ ਨਾ ਲਾ, ਰੱਤਾ ਵੀ ਢਿੱਲ ਨਾ ਕਰ।੧।

ਪ੍ਰ: ਹਜ਼ੂਰ! ਫਿਰ ਦੱਸੋ ਇਸ ਕਾਲ ਤੋਂ ਬਚਣ ਲਈ ਕੀ ਉਪਚਾਰ ਹੈ ?

ਉ: ੫. ਹੇ ਪਿਆਰਿਆ! ਇਸ ਕਾਲ ਤੋਂ ਬਚਣ ਦਾ ਤਾਂ ਇਕੋ ਹੀ ਸਾਧਨ ਅਰਦਾਸ ਹੈ, ਸੋ ਤੂੰ ਸਦਾ ਇਉਂ ਹੀ ਜੋਦੜੀ ਕਰਦਾ ਰਿਹਾ ਕਰ ਕਿ ਹੇ ਸਾਈਂ ਜੀ! ਤੇਰੇ ਘਰ ਵਿਚ ਕਿਸੇ ਵੀ ਚੀਜ਼ ਦੀ ਕਮੀ ਨਹੀਂ (ਮਿਹਰ ਕਰ ਕੇ ਤੂੰ ਮੈਨੂੰ ਆਪ ਹੀ ਇਸ ਮਾਇਆ ਦੇ ਮੋਹ ਦੀ) ਘੁੱਪ ਹਨੇਰੀ ਖੁੱਡ ਵਿਚੋਂ ਕੱਢ ਲੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ! ਮੈਨੂੰ ਨਾਮ ਦਾ ਆਸਰਾ ਦੇ ਦਿਓ, ਜਿਸ ਨਾਮ ਦੀ ਬਰਕਤ ਨਾਲ ਬਹੁਤੇ ਸੁੱਖ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ।੨।੧੨।

ਛੱਕੇ ੨। (ਅੰਕ ੧੨ ਆ ਜਾਣ ਕਰ ਕੇ ਦੋ ਛੱਕੇ ਹੋ ਗਏ ਪੰਜਵੇਂ ਪਾਤਸ਼ਾਹ ਦੇ ਦੁਪਦੇ ਸ਼ਬਦਾਂ ਦੇ)।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨਾਮ ਜਪਣ ਲਈ ਸਾਧੂਆਂ ਦੇ ਸੰਗ ਨੂੰ ਸੱਚੀ ਟਕਸਾਲ ਬਿਆਨ ਕਰਦੇ ਹਨ ਅਤੇ ਵਾਹਿਗੁਰੂ ਜੀ ਤੋਂ ਨਾਮ ਦੀ ਦਾਤ ਮੰਗਣ ਦਾ ਉਪਦੇਸ਼ ਕਰਦੇ ਹਨ।

ਦੇਵਗੰਧਾਰੀ ੫ ॥

੧. ਮਨ ਗੁਰ ਮਿਲਿ ਨਾਮੁ ਅਰਾਧਿਓ ॥
੨. ਸੂਖ ਸਹਜ ਆਨੰਦ ਮੰਗਲ ਰਸ
ਜੀਵਨ ਕਾ ਮੂਲੁ ਬਾਧਿਓ ॥੧॥ ਰਹਾਉ ॥
੩. ਕਰਿ ਕਿਰਪਾ ਅਪੁਨਾ ਦਾਸੁ ਕੀਨੋ
ਕਾਟੇ ਮਾਇਆ ਫਾਧਿਓ ॥
੪. ਭਾਉ ਭਗਤਿ ਗਾਇ ਗੁਣ ਗੋਬਿਦ
ਜਮ ਕਾ ਮਾਰਗੁ ਸਾਧਿਓ ॥੧॥
੫. ਭਇਓ ਅਨੁਗ੍ਰਹੁ ਮਿਟਿਓ ਮੋਰਚਾ
ਅਮੋਲ ਪਦਾਰਥੁ ਲਾਧਿਓ ॥
੬. ਬਲਿਹਾਰੈ ਨਾਨਕ ਲਖ ਬੇਰਾ
ਮੇਰੇ ਠਾਕੁਰ ਅਗਮ ਅਗਾਧਿਓ ॥੨॥੧੩॥

ਪਦ ਅਰਥ : ਗੁਰ ਮਿਲਿ—ਗੁਰ ਨੂੰ ਮਿਲ ਕੇ। ਸਹਜ—ਆਤਮਿਕ ਅਡੋਲਤਾ। ਮੰਗਲ—ਖ਼ੁਸ਼ੀ। ਮੂਲੁ—ਮੁੱਢ। ਬਾਧਿਓ—ਬੰਨ੍ਹ ਲਿਆ।੧।ਰਹਾਉ।

ਕਰਿ—ਕਰ ਕੇ। ਕੀਨੋ—ਬਣਾ ਲਿਆ। ਫਾਧਿਓ—ਫਾਹੀਆਂ। ਭਾਉ—ਪਿਆਰ। ਗਾਇ—ਗਾ ਕੇ। ਮਾਰਗੁ—ਰਸਤਾ। ਸਾਧਿਓ—ਸਾਧ ਲਿਆ, ਵੱਸ ਵਿਚ ਕਰ ਲਿਆ ਹੈ।੧।

ਅਨੁਗ੍ਰਹਿ—ਕਿਰਪਾ। ਮੋਰਚਾ—ਜ਼ੰਗਾਲ। ਅਮੋਲ—ਕੀਮਤੀ। ਬੇਰਾ—ਵਾਰੀ। ਅਗਮ—ਅਪਹੁੰਚ, ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗਾਧਿਓ—ਅਥਾਹ, ਜੋ ਬਹੁਤ ਡੂੰਘਾ ਹੈ, ਜਿਸ ਦੀ ਥਾਹ ਨਹੀਂ, ਕੀਮਤ ਕੂਤ ਪਾਏ ਜਾਣ ਤੋਂ ਪਰੇ।

ਅਰਥ :

ਪ੍ਰ: ਹੇ ਗੁਰੋ! ਇਹ ਮਨ ਨਾਮ ਦੇ ਅਰਾਧਨੇ ਵਲੋਂ ਸਦਾ ਹੀ ਆਲਸ ਕਰਦਾ ਹੈ, ਇਸ ਨੂੰ ਕਿਵੇਂ ਸਮਝਾਈਏ?

ਉ: ੧. ਹੇ ਭਾਈ! ਤੂੰ ਇਸ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮਨ! ਵੇਖ ਜਿਸ ਮਨੁੱਖ ਨੇ ਵੀ ਉਸ ਪਰਮੇਸ਼ਰ ਦਾ ਨਾਮ ਸਿਮਰਿਆ ਹੈ,

੨. ਉਸ ਨੇ ਆਤਮਿਕ ਅਡੋਲਤਾ ਦੇ ਸੁੱਖ ਅਨੰਦ ਤੇ ਖ਼ੁਸ਼ੀਆਂ ਵਾਲੀ ਜ਼ਿੰਦਗੀ ਦਾ ਮੁੱਢ ਬੰਨ੍ਹ ਲਿਆ ਹੈ, ਭਾਵ ਹੈ ਕਿ ਉਸ ਨੇ ਅਮਰਤਾ ਪਾ ਲਈ ਹੈ।੧।ਰਹਾਉ।

ਪ੍ਰ: ਇਹ ਦਾਤ ਉਸ ਨੂੰ ਮਿਲੀ ਕਿਵੇਂ ਹੈ?

ਉ: ੩. ਹੇ ਭਾਈਓ! ਵਾਹਿਗੁਰੂ ਜੀ ਨੇ ਕਿਰਪਾ ਕਰ ਕੇ ਉਸ ਦੇ ਮਾਇਆ ਦੇ ਫੰਦੇ ਕੱਟ ਦਿੱਤੇ ਹਨ (ਤੇ ਉਸ ਨੂੰ) ਆਪਣਾ ਦਾਸ ਬਣਾ ਲਿਆ ਹੈ।

੪. ਜਿਸ ਨੂੰ ਦਾਸ ਬਣਾ ਲਿਆ, ਉਹ ਬਸ ਹੁਣ ਪ੍ਰੇਮਾ ਭਗਤੀ ਸਹਿਤ ਗੋਬਿੰਦ ਦੇ ਗੁਣ ਗਾ ਰਿਹਾ ਹੈ ਅਤੇ (ਇਸ ਤਰ੍ਹਾਂ ਉਸ ਨੇ) ਜਮਾਂ ਦਾ ਮਾਰਗ ਸਾਧ ਲਿਆ ਹੈ, ਭਾਵ ਫ਼ਤਹਿ ਕਰ ਲਿਆ ਹੈ।੧।

੫. ਹੇ ਮੇਰੇ ਮਨਾ! ਵੇਖ, ਜਿਸ ਮਨੁੱਖ ਉੱਤੇ ਪਰਮਾਤਮਾ ਦੀ ਮਿਹਰ ਹੋ ਗਈ, ਉਸ ਦੇ ਮਨ ਤੋਂ (ਮਾਇਆ ਦੇ ਮੋਹ) ਦਾ ਜ਼ੰਗਾਲ ਲਹਿ ਗਿਆ ਤੇ ਉਸ ਨੇ ਗਿਆਨ ਰੂਪੀ ਅਮੋਲਕ ਪਦਾਰਥ ਲੱਭ ਲਿਆ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ! ਮੈਂ ਤੈਥੋਂ ਲੱਖ ਵਾਰੀ ਸਦਕੇ ਹਾਂ, ਹੇ ਮੇਰੇ ਅਗਮ ਤੇ ਅਗਾਧ ਠਾਕਰ ਜੀਉ।੨।੧੩।

ਭਾਵਾਰਥ : ਇਸ ਸ਼ਬਦ ਵਿਚ ਜਿਨ੍ਹਾਂ ਨੂੰ ਨਾਮ ਦੁਆਰਾ ਗਿਆਨ ਪ੍ਰਾਪਤ ਹੋਇਆ, ਉਸ ਪ੍ਰਾਪਤੀ ਦਾ ਸ਼ੁਕਰੀਆ ਕੀਤਾ ਗਿਆ ਹੈ, ਕਿਉਂਕਿ ਨਾਮ ਦੁਆਰਾ ਹੀ ਮਨ ਤੋਂ ਮਾਇਆ ਮੋਹ ਦਾ ਜ਼ੰਗਾਲ ਉਤਰਦਾ ਹੈ।

ਦੇਵਗੰਧਾਰੀ ੫ ॥

੧. ਮਾਈ ਜੋ ਪ੍ਰਭ ਕੇ ਗੁਨ ਗਾਵੈ ॥
੨. ਸਫਲ ਆਇਆ ਜੀਵਨ ਫਲੁ ਤਾ ਕੋ
ਪਾਰਬ੍ਰਹਮ ਲਿਵ ਲਾਵੈ ॥੧॥ ਰਹਾਉ ॥
੩. ਸੁੰਦਰੁ ਸੁਘੜੁ ਸੂਰੁ ਸੋ ਬੇਤਾ
ਜੋ ਸਾਧੂ ਸੰਗੁ ਪਾਵੈ ॥
੪. ਨਾਮੁ ਉਚਾਰੁ ਕਰੇ ਹਰਿ ਰਸਨਾ
ਬਹੁੜਿ ਨ ਜੋਨੀ ਧਾਵੈ ॥੧॥
੫. ਪੂਰਨ ਬ੍ਰਹਮੁ ਰਵਿਆ ਮਨ ਤਨ ਮਹਿ
ਆਨ ਨ ਦ੍ਰਿਸਟੀ ਆਵੈ ॥
੬. ਨਰਕ ਰੋਗ ਨਹੀ ਹੋਵਤ ਜਨ ਸੰਗਿ
ਨਾਨਕ ਜਿਸੁ ਲੜਿ ਲਾਵੈ ॥੨॥੧੪॥

ਪਦ ਅਰਥ : ਮਾਈ—ਹੇ ਮਾਂ! ਤਾ ਕੋ ਆਇਆ ਸਫਲ—ਜਗਤ ਵਿਚ ਉਸ ਦਾ ਆਉਣਾ ਸਫਲ ਹੋ ਜਾਂਦਾ ਹੈ। ਲਿਵ—ਲਗਨ।੧।ਰਹਾਉ।

ਸੁਘੜੁ—ਸੁਚੱਜਾ। ਸੂਰ—ਸੂਰਮਾ, ਬਹਾਦਰ। ਬੇਤਾ—ਗਿਆਨਵਾਨ, ਜਾਨਣਹਾਰ। ਸਾਧੂ—ਗੁਰੂ। ਸੰਗੁ—ਸਾਥ। ਉਚਾਰੁ ਕਰੇ—ਉਚਾਰਨ ਕਰਦਾ ਹੈ। ਰਸਨਾ—ਜੀਭ (ਨਾਲ)। ਬਹੁੜਿ—ਮੁੜ। ਧਾਵੈ—ਭਟਕਦਾ।੧।

ਰਵਿਆ—ਹਰ ਵੇਲੇ ਮੌਜੂਦ। ਅਨ—ਹੋਰ ਕੋਈ। ਜਨ ਸੰਗਿ—ਸੰਤ ਜਨਾਂ ਦੀ ਸੰਗਤ ਵਿਚ। ਜਿਸ ਲੜਿ—ਜਿਸ ਮਨੁੱਖ ਨੂੰ ਸੰਤ ਜਨਾਂ ਦੇ ਲੜ ਨਾਲ। ਨਰਕ ਰੋਗ—ਨਰਕ ਦਾ ਦੁੱਖ, ਭਾਵ ਨਰਕ ਨਹੀਂ ਪੈਂਦਾ।੨।

ਅਰਥ :

ਪ੍ਰ: ਹੇ ਗੁਰੋ! ਗੁਰਮਤਿ ਅਨੁਸਾਰ ਇਸ ਮਨੁੱਖ ਜਾਮੇਂ ਵਿਚ ਆਉਣਾ ਕਿਸ ਦਾ ਸਫਲਾ ਹੈ?

ਉ: ੧. ਹੇ ਮਾਂ! ਜਿਹੜਾ ਮਨੁੱਖ ਪਰਮੇਸ਼ਰ ਦੇ ਗੁਣ ਗਾਉਂਦਾ ਰਹਿੰਦਾ ਹੈ

੨. ਉਸਦਾ ਇਸ ਮਨੁੱਖ ਜਾਮੇਂ ਵਿਚ ਆਉਣਾ ਸਫਲਾ ਹੈ, ਪਰ ਜੋ ਪਰਮੇਸ਼ਰ ਦੇ ਚਰਨਾਂ ਵਿਚ ਪ੍ਰੇਮ ਬਣਾਈ ਰੱਖਦਾ ਹੈ, ਉਸ ਦਾ ਆਉਣਾ ਜਗਤ ਵਿਚ ਸਫਲਾ ਹੋ ਜਾਂਦਾ ਹੈ, ਉਸ ਨੂੰ ਇਸ ਜ਼ਿੰਦਗੀ ਦਾ (ਸਹੀ) ਫਲ ਮਿਲ ਜਾਂਦਾ ਹੈ।੧।ਰਹਾਉ।

੩. ਹੇ ਪਿਆਰੇ! ਉਹ ਸੋਹਣਾ ਹੈ, ਦਾਨਾ, ਬਹਾਦਰ (ਤੇ) ਗਿਆਨਵਾਨ ਹੈ ਜੋ ਪਹਿਲੋਂ ਸਾਧੂ ਦੀ ਸੰਗਤ ਪ੍ਰਾਪਤ ਕਰ ਲੈਂਦਾ ਹੈ।

੪. ਜੋ ਸਾਧੂ ਸੰਗਤ ਵਿਚ ਮਿਲ ਕੇ ਨਾਮ ਪ੍ਰਾਪਤ ਕਰ ਕੇ ਹਰੀ ਦਾ ਨਾਮ ਰਸਨਾ ਨਾਲ ਉਚਾਰਨ ਕਰਦਾ ਹੈ, ਉਹ ਫਿਰ ਮੁੜ-ਮੁੜ ਕੇ ਜੂਨਾਂ ਵਿਚ ਨਹੀਂ ਭਟਕਦਾ।੧।

ਪ੍ਰ: ਹਜ਼ੂਰ! ਉਹ ਬਾਰ-ਬਾਰ ਜੂਨਾਂ ਵਿਚ ਭਟਕਣੋਂ ਕਿਵੇਂ ਬਚ ਰਹਿੰਦਾ ਹੈ?

ਉ: ੫. ਹੇ ਮਿੱਤਰੋ! ਉਸ ਦੇ ਮਨ ਤੇ ਤਨ ਵਿਚ ਪੂਰਨ ਬ੍ਰਹਮ ਰਵ ਰਿਹਾ ਹੁੰਦਾ ਹੈ (ਉਸ ਬ੍ਰਹਮ ਤੋਂ ਭਿੰਨ) ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਐਸੇ ਜਨਾਂ ਦੀ ਸੰਗਤ ਕੀਤਿਆਂ ਨਰਕ ਦਾ ਰੋਗ ਨਹੀਂ ਬਿਆਪਦਾ, ਪਰ ਹਾਂ, ਜਿਸ ਨੂੰ ਉਹ ਮੇਰਾ (ਸਾਈਂ) ਜੀ ਆਪਣੇ ਲੜ ਲਾ ਲਵੇ।੨।੧੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਇਸ ਜੀਵਨ ਦੇ ਸਫਲ ਹੋਣ ਦੀ ਵਿਧੀ ਅੰਕਤ ਕੀਤੀ ਹੈ ਕਿ ਭਾਈ, ਜੋ ਸਾਧੂਆਂ ਦੀ ਸੰਗਤ ਵਿਚ ਮਿਲ ਕੇ ਨਾਮ ਦਾ ਚਿੰਤਨ ਕਰਦਾ ਹੈ ਉਸੇ ਦਾ ਇਸ ਮਨੁੱਖ ਜਾਮੇਂ ਵਿਚ ਆਇਆ ਸਫਲਾ ਹੈ।

ਦੇਵਗੰਧਾਰੀ ੫ ॥

੧. ਚੰਚਲੁ ਸੁਪਨੈ ਹੀ ਉਰਝਾਇਓ ॥
੨. ਇਤਨੀ ਨ ਬੂਝੈ ਕਬਹੂ ਚਲਨਾ
ਬਿਕਲ ਭਇਓ ਸੰਗਿ ਮਾਇਓ ॥੧॥ ਰਹਾਉ ॥
੩. ਕੁਸਮ ਰੰਗ ਸੰਗ ਰਸਿ ਰਚਿਆ
ਬਿਖਿਆ ਏਕ ਉਪਾਇਓ ॥
੪. ਲੋਭ ਸੁਨੈ ਮਨਿ ਸੁਖੁ ਕਰਿ ਮਾਨੈ
ਬੇਗਿ ਤਹਾ ਉਠਿ ਧਾਇਓ ॥੧॥
੫. ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ
ਸੰਤ ਦੁਆਰੈ ਆਇਓ ॥
੬. ਕਰੀ ਕ੍ਰਿਪਾ ਪਾਰਬ੍ਰਹਮਿ ਸੁਆਮੀ
ਨਾਨਕ ਲੀਓ ਸਮਾਇਓ ॥੨॥੧੫॥

ਪਦ ਅਰਥ : ਚੰਚਲੁ—ਕਦੇ ਵੀ ਇਕ ਥਾਂ ਨਾ ਟਿਕਣ ਵਾਲਾ। ਸੁਪਨੈ—ਸੁਪਨੇ ਵਿਚ। ਉਰਝਾਇਓ—ਫਸ ਰਿਹਾ ਹੈ। ਕਬਹੂ—ਕਦੇ। ਬਿਕਲ—ਵਿਆਕਲ, ਬੁੱਧੂ, ਘਾਬਰਿਆ ਹੋਇਆ। ਸੰਗ ਮਾਇਆ—ਮਾਇਆ ਨਾਲ।੧।ਰਹਾਉ।

ਕੁਸਮ—ਫੁੱਲ। ਰਸਿ—ਰਸ ਵਿਚ, ਸੁਆਦ ਵਿਚ। ਰਚਿਆ—ਮਸਤ। ਬਿਖਿਆ—ਮਾਇਆ, ਵਿਸ਼ੇ, ਵਿਸ਼ਿਆਂ ਦੇ। ਉਪਾਇਓ—ਉਪਾਉ, ਦੌੜ ਭੱਜ, ਜਤਨ ਕਰਦਾ ਹੈ। ਸੁਨੈ—ਸੁਣਦਾ ਹੈ। ਮਨਿ—ਮਨ ਵਿਚ। ਬੇਗਿ—ਛੇਤੀ। ਤਹਾ—ਉਸ ਪਾਸੇ।੧।

ਸ੍ਰਮੁ—ਥਕਾਵਟ। ਦੁਆਰੈ—ਦਰ 'ਤੇ। ਪਾਰਬ੍ਰਹਮ—ਪਰਮਾਤਮਾ ਨੇ।੨।

ਅਰਥ :

ਪ੍ਰ: ਹੇ ਗੁਰੋ! ਇਸ ਮਨ ਦੀ ਚੰਚਲਤਾ ਭਰੀ ਦਸ਼ਾ ਨੂੰ ਕਿਵੇਂ ਅਨੁਭਵ ਕਰੀਏ?

ਉ: ੧. ਹੇ ਭਾਈ! ਇਹ ਕਿਤੇ ਵੀ ਨਾ ਟਿਕਣ ਵਾਲਾ ਮਨੁੱਖ ਦਾ ਮਨ (ਸੁਪਨੇ ਵਿਚ ਦਿੱਸਣ ਵਰਗੇ ਪਦਾਰਥਾਂ) ਵਿਚ ਫਸਿਆ ਰਹਿੰਦਾ ਹੈ।

ਪ੍ਰ: ਹਜ਼ੂਰ! ਇਸ ਦੇ ਹਰ ਵਕਤ ਸੰਸਾਰ ਵਿਚ ਫਸੇ ਰਹਿਣ ਦਾ ਅਸਲ ਕਾਰਣ ਕੀ ਹੈ?

ਉ: ੨. ਹੇ ਸੱਜਣੋ! ਅਸਲ ਕਾਰਣ ਇਹੋ ਹੈ ਕਿ ਇਹ ਇਤਨੀ ਗੱਲ ਵੀ ਨਹੀਂ ਸਮਝਦਾ ਕਿ ਕਦੇ ਇਥੋਂ ਆਖ਼ਰ ਟੁਰ ਪੈਣਾ ਹੈ, ਇਹ ਇਸੇ ਮਾਇਆ ਦੇ ਮੋਹ ਵਿਚ ਬੁੱਧੂ ਬਣਿਆ ਰਹਿੰਦਾ ਹੈ।੧।ਰਹਾਉ।

ਪ੍ਰ: ਹੇ ਗੁਰੋ! ਕਈ ਤਰ੍ਹਾਂ ਦੀਆਂ ਸਿਆਣਪਾਂ ਨਾਲ ਭਰੇ ਹੋਏ ਮਨ ਨੂੰ ਆਪ ਬੁੱਧੂ ਕਿਸ ਲਈ ਕਹਿੰਦੇ ਹੋ?

ਉ: ੩. ਹੇ ਪਿਆਰੇ! ਇਹ ਮਨ ਬੁੱਧੂ ਇਸ ਲਈ ਹੈ ਕਿ ਜਿਨ੍ਹਾਂ ਪਦਾਰਥਾਂ ਦਾ ਅਨੰਦ ਫੁੱਲਾਂ ਦੇ ਸਮਾਨ ਛੇਤੀ ਕੁਮਲਾ ਜਾਣ ਵਾਲਾ ਹੈ, ਉਨ੍ਹਾਂ ਦੇ ਸੰਗ ਲੱਗਾ ਰਸ ਸੁਆਦ ਵਿਚ ਰੱਚ ਰਿਹਾ ਹੈ ਤੇ ਸਦਾ ਇਕ ਮਾਇਆ ਇਕੱਠੀ ਕਰਨ ਦੇ ਉਪਾਉ ਵਿਚ ਲੱਗਾ ਰਹਿੰਦਾ ਹੈ।

੪. ਅਸੀਂ ਤਾਂ ਇਉਂ ਹੀ ਤਕਦੇ ਹਾਂ ਕਿ ਜਿਥੇ ਕੋਈ (ਇਹ ਮਨ) ਲੋਭ ਦੀ ਗੱਲ ਸੁਣਦਾ ਹੈ ਤਾਂ ਮਨ ਵਿਚ ਸੁਖੀ ਹੁੰਦਾ ਹੈ, ਤਦੋਂ ਉਸ ਪਾਸੇ ਨੂੰ ਛੇਤੀ ਹੀ ਉੱਠ ਨੱਸਦਾ ਹੈ।੧।

ਪ੍ਰ: ਕਿਉਂ ਜੀ! ਤੁਸਾਂ ਇਸ ਮਾਇਆ ਤੋਂ ਕਿਵੇਂ ਛੁਟਕਾਰਾ ਪਾਇਆ?

ਉ: ੫. ਹੇ ਭਾਈਓ! ਜਦੋਂ ਅਸੀਂ ਵੇਖਿਆ ਕਿ ਇਸ ਤਰ੍ਹਾਂ ਭਟਕਦਿਆਂ-ਭਟਕਦਿਆਂ ਇਸ ਜੀਵ ਨੇ ਬਹੁਤ ਥਕੇਵਾਂ ਪਾਇਆ ਹੈ, ਭਾਵ ਬਹੁਤ ਦੁਖੀ ਹੋਇਆ ਹੈ, ਤਾਂ ਮੈਂ ਆਖ਼ਰ ਸੰਤਾਂ ਦੇ ਦੁਆਰੇ ਆ ਗਿਆ।

੬. ਤਾਂ ਮੇਰੇ 'ਤੇ ਉਸ ਪਾਰਬ੍ਰਹਮ ਮਾਲਕ ਨੇ ਕਿਰਪਾ ਕੀਤੀ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਸ ਦੀ ਕਿਰਪਾ ਦਾ ਸਦਕਾ ਮੈਨੂੰ ਉਸ ਸਾਈਂ ਜੀ ਨੇ ਆਪਣੇ ਵਿਚ ਮਿਲਾ ਲਿਆ।੨।੧੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ ਪਹਿਲੋਂ ਮਾਇਆ ਵਿਚ ਫਾਥੇ ਹੋਏ ਜੀਵਾਂ ਦੀ ਹਾਲਤ ਬਿਆਨ ਕੀਤੀ ਹੈ, ਜਿਸ ਭਟਕਣਾ ਦੁਆਰਾ ਜੀਵ ਸਦਾ ਹੀ ਜੂਨਾਂ ਵਿਚ ਭਰਮਦਾ ਰਹਿੰਦਾ ਹੈ। ਅੰਤ ਵਿਚ ਸਤਿਸੰਗ ਦੇ ਪ੍ਰਤਾਪ ਕਰਕੇ ਪ੍ਰਭੂ ਦੀ ਮੁਕਤ ਬਖ਼ਸ਼ਸ਼ ਦਾ ਫਲ ਪ੍ਰਾਪਤ ਹੋਣਾ ਦਸਿਆ ਹੈ।

ਦੇਵਗੰਧਾਰੀ ੫ ॥

੧. ਸਰਬ ਸੁਖਾ ਗੁਰ ਚਰਨਾ ॥
੨. ਕਲਿਮਲ ਡਾਰਨ ਮਨਹਿ ਸਧਾਰਨ
ਇਹ ਆਸਰ ਮੋਹਿ ਤਰਨਾ ॥੧॥ ਰਹਾਉ ॥
੩. ਪੂਜਾ ਅਰਚਾ ਸੇਵਾ ਬੰਦਨ
ਇਹੈ ਟਹਲ ਮੋਹਿ ਕਰਨਾ ॥
੪. ਬਿਗਸੈ ਮਨੁ ਹੋਵੈ ਪਰਗਾਸਾ
ਬਹੁਰਿ ਨ ਗਰਭੈ ਪਰਨਾ ॥੧॥
੫. ਸਫਲ ਮੂਰਤਿ ਪਰਸਉ ਸੰਤਨ ਕੀ
ਇਹੈ ਧਿਆਨਾ ਧਰਨਾ ॥
੬. ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ
ਪਰਿਓ ਸਾਧ ਕੀ ਸਰਨਾ ॥੨॥੧੬॥

ਪਦ ਅਰਥ : ਸਰਬ—ਸਾਰੇ। ਕਲਿਮਲ—ਪਾਪ। ਡਾਰਨ—ਦੂਰ ਕਰਨ ਜੋਗ। ਮਨਹਿ—ਮਨ ਨੂੰ। ਸਧਾਰਨ—ਆਸਰਾ ਦੇਣ ਵਾਲੇ, ਸਵਾਰਨ ਵਾਲੇ। ਮੋਹਿ—ਮੈਂ।੧।ਰਹਾਉ।

ਅਰਚਾ—ਦੇਵ ਪੂਜਾ ਸਮੇਂ ਚੰਦਨ ਆਦਿਕ ਦੀ ਭੇਟਾ। ਬੰਦਨ—ਦੇਵਤਿਆਂ ਨੂੰ ਨਮਸਕਾਰ। ਮੋਹਿ—ਮੈਂ। ਬਿਗਸੈ—ਖਿੜ ਪੈਂਦਾ ਹੈ। ਪਰਗਾਸਾ—ਆਤਮਿਕ ਜੀਵਨ ਦਾ ਚਾਨਣ। ਸੇਵਾ—ਟਹਿਲ। ਗਰਭੈ—ਗਰਭ ਵਿਚ, ਕੁੱਖ ਵਿਚ, ਜੂਨਾਂ ਵਿਚ।੧।

ਸਫਲ—ਫਲ ਦੇਣ ਵਾਲੀ। ਪਰਸਉ—ਮੈਂ ਪਰਸਦਾ ਹਾਂ। ਕਉ—ਨੂੰ। ਸਾਧ—ਗੁਰੂ।੨।

ਅਰਥ :

ਪ੍ਰ: ਹੇ ਗੁਰੋ। ਸਾਰੇ ਸੁੱਖ ਕਿਥੋਂ ਮਿਲ ਸਕਦੇ ਹਨ ?

ਉ: ੧. ਹੇ ਪਿਆਰੇ ! ਸਾਰੇ ਹੀ ਸੁੱਖਾਂ ਦੇ ਦਾਤੇ ਗੁਰੂ ਦੇ ਚਰਨ ਹਨ, ਇਸ ਲਈ ਗੁਰੂ ਜੀ ਦੇ ਚਰਨਾਂ ਵਿਚ ਪਿਆਂ ਸਾਰੇ ਹੀ ਸੁੱਖ ਮਿਲ ਜਾਂਦੇ ਹਨ।

੨. ਹੇ ਭਾਈਓ ! ਗੁਰੂ ਜੀ ਦੇ ਚਰਨ ਸਾਰੇ ਪਾਪਾਂ ਨੂੰ ਦੂਰ ਕਰਨ ਵਾਲੇ ਹਨ, ਮਨ ਨੂੰ ਸਹਾਰਾ ਦੇਂਦੇ ਹਨ, (ਮੈਨੂੰ ਵਿਸ਼ਵਾਸ ਹੈ ਕਿ ਮੈਂ ਗੁਰੂ ਦੇ ਚਰਨਾਂ ਦਾ ਸਹਾਰਾ ਲੈ ਕੇ ਹੀ (ਇਸ ਸੰਸਾਰ ਸਮੁੰਦਰ ਤੋਂ) ਪਾਰ ਲੰਘਣਾ ਹੈ।੧।ਰਹਾਉ।

ਪ੍ਰ: ਕਿਉਂ ਜੀ ! ਕੀ ਤੁਸੀਂ ਹੋਰ ਕੋਈ ਪੂਜਾ ਆਦਿ ਸਾਧਨ ਨਹੀਂ ਕਰਦੇ ?

ਉ: ੩. ਹੇ ਸੱਜਨੋ ! ਜੋ ਮੈਂ ਗੁਰੂ ਦੇ ਚਰਨਾਂ ਦੀ ਟਹਿਲ ਸੇਵਾ ਕਰਦਾ ਹਾਂ, ਇਹੀ ਮੇਰੇ ਵਾਸਤੇ ਦੇਵ ਪੂਜਾ ਹੈ, ਇਹੀ ਦੇਵ ਮੂਰਤੀ ਅੱਗੇ ਚੰਦਨ ਆਦਿ ਦੀ ਭੇਟਾ ਹੈ, ਇਹੋ ਹੀ ਦੇਵਤੇ ਦੀ ਸੇਵਾ ਹੈ, ਇਹੀ ਦੇਵ ਮੂਰਤੀ ਅੱਗੇ ਨਮਸ਼ਕਾਰ ਹੈ।

੪. ਹੇ ਪਿਆਰੇ ! ਗੁਰੂ ਦੇ ਚਰਨੀਂ ਪਿਆਂ ਮਨ ਖਿੜ ਪੈਂਦਾ ਹੈ ਤੇ ਗਿਆਨ ਦਾ ਚਾਨਣ ਹੋ ਜਾਂਦਾ ਹੈ, ਇਸ ਤਰ੍ਹਾਂ ਕਰਦਿਆਂ ਫਿਰ ਗਰਭ ਵਿਚ ਪੈਣਾ ਨਹੀਂ ਹੋਵੇਗਾ, (ਭਾਵ ਜੰਮਣਾ ਮਰਣਾ ਮਿਟ ਜਾਏਗਾ)।੧।

ਪ੍ਰ: ਕਿਉਂ ਜੀ ! ਅੱਗੇ ਮੂਰਤੀ ਰੱਖ ਕੇ ਧਿਆਨ ਧਰੀਦਾ ਹੈ, ਕੀ ਤੁਸੀਂ ਇਹ ਭੀ ਨਹੀਂ ਕਰਦੇ ?

ਉ: ੫. ਹੇ ਪਿਆਰਿਓ ! ਜੋ ਮੈਂ ਸੰਤਾਂ ਦੀ ਸਫਲ ਮੂਰਤੀ ਦਾ ਪਰਸਨਾ ਕਰਦਾ ਹਾਂ, ਇਹੋ ਹੀ ਮੇਰਾ ਧਿਆਨ ਧਰਨਾ ਹੈ।

ਪ੍ਰ: ਹਜ਼ੂਰ ! ਇਹ ਸੋਝੀ ਤੁਹਾਨੂੰ ਕਿਥੋਂ ਪ੍ਰਾਪਤ ਹੋਈ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਮੇਰੇ ਉੱਤੇ ਉਹ ਠਾਕਰ (ਆਪ) ਹੀ ਕਿਰਪਾਲੂ ਹੋਇਆ ਹੈ, ਜਿਸ ਕਰ ਕੇ ਮੈਂ ਸਾਧ ਦੀ ਸ਼ਰਨੀ ਪਿਆ ਹਾਂ। ਇਹ ਦਾਤ ਉਥੋਂ ਹੀ ਮਿਲੀ ਹੈ।੨।੧੬।

ਭਾਵਾਰਥ : ਇਸ ਸ਼ਬਦ ਵਿਚ ਸਾਰੇ ਸੁੱਖ ਗੁਰੂ ਦੀ ਚਰਨ ਸ਼ਰਨ ਵਿਚੋਂ ਪ੍ਰਾਪਤ ਹੋਏ ਦਰਸਾਏ ਹਨ, ਗੁਰੂ ਦੀ ਸ਼ਰਨ ਹੀ ਸਾਰੇ ਪਾਪਾਂ ਨੂੰ ਨਾਸ ਕਰਨ ਵਾਲੀ ਹੈ। ਪੂਜਾ, ਅਰਚਾ, ਬੰਦਨਾ ਆਦਿਕ ਕੇਵਲ ਗੁਰੂ ਜੀ ਦੀ ਸੇਵਾ ਹੀ ਹੈ, ਇਸੇ ਆਸਰੇ ਸੰਸਾਰ ਤੋਂ ਤਰਨਾ ਹੁੰਦਾ ਹੈ।

ਦੇਵਗੰਧਾਰੀ ਮਹਲਾ ੫ ॥

੧. ਅਪੁਨੇ ਹਰਿ ਪਹਿ ਬਿਨਤੀ ਕਹੀਐ ॥
੨. ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ
ਸਹਜ ਸਿਧਿ ਲਹੀਐ ॥੧॥ ਰਹਾਉ ॥
੩. ਮਾਨੁ ਤਿਆਗਿ ਹਰਿ ਚਰਨੀ ਲਾਗਉ
ਤਿਸੁ ਪ੍ਰਭ ਅੰਚਲੁ ਗਹੀਐ ॥
੪. ਆਂਚ ਨ ਲਾਗੈ ਅਗਨਿ ਸਾਗਰ ਤੇ
ਸਰਨਿ ਸੁਆਮੀ ਕੀ ਅਹੀਐ ॥੧॥
੫. ਕੋਟਿ ਪਰਾਧ ਮਹਾ ਅਕ੍ਰਿਤਘਨ
ਬਹੁਰਿ ਬਹੁਰਿ ਪ੍ਰਭ ਸਹੀਐ ॥
੬. ਕਰੁਣਾ ਮੈ ਪੂਰਨ ਪਰਮੇਸੁਰ
ਨਾਨਕ ਤਿਸੁ ਸਰਨਹੀਐ ॥੨॥੧੭॥

ਪਦ ਅਰਥ : ਪਹਿ—ਪਾਸ, ਕੋਲ। ਕਹੀਐ—ਕਹਿਣੀ ਚਾਹੀਦੀ ਹੈ। ਚਾਰਿ ਪਦਾਰਥ—ਧਰਮ, ਅਰਥ, ਕਾਮ, ਮੋਖ। ਨਿਧਿ—ਖ਼ਜ਼ਾਨੇ। ਸਹਜ—ਆਤਮਿਕ ਅਡੋਲਤਾ। ਸਿਧਿ—ਕਰਾਮਾਤੀ ਤਾਕਤਾਂ।੧।ਰਹਾਉ।

ਮਾਨੁ—ਹੰਕਾਰ। ਤਿਆਗਿ—ਛੱਡ ਕੇ। ਲਾਗਉ—ਲਾਗਉਂ, ਮੈਂ ਲੱਗਦਾ ਹਾਂ। ਅੰਚਲੁ—ਪਲਾ। ਗਹੀਐ—ਫੜਨਾ ਚਾਹੀਦਾ ਹੈ। ਆਂਚ—ਸੇਕ, ਭਾਵ ਤ੍ਰਿਸ਼ਨਾ। ਸਾਗਰ—ਸਮੁੰਦਰ। ਤੇ—ਤੋਂ। ਅਹੀਐ—ਤਾਂਘ ਕਰਨੀ ਚਾਹੀਦੀ ਹੈ।੧।

ਕੋਟਿ—ਕਰੋੜਾਂ। ਅਕ੍ਰਿਤਘਨ—ਕੀਤੇ ਉਪਕਾਰ ਨੂੰ ਭੁਲਾ ਦੇਣ ਵਾਲਾ, ਨਾਸ਼ੁਕਰਾ। ਬਹੁਰਿ—ਮੁੜ, ਫਿਰ। ਸਹੀਐ— ਸਹਾਰਦਾ ਹੈ, ਜਰਦਾ ਹੈ। ਕਰੁਣਾਮੈ—ਤਰਸ ਸਰੂਪ। ਕਰੁਣਾ—ਤਰਸ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਕਿਸੇ ਪਦਾਰਥ ਦੀ ਇੱਛਾ ਹੋਵੇ ਤਾਂ ਦੱਸੋ ਕਿਸ ਪਾਸ ਜਾਚਨਾ ਕਰੀਏ ?

ਉ: ੧. ਹੇ ਭਾਈ! ਹਰ ਪਦਾਰਥ ਦੀ ਇੱਛਾ ਪੂਰਤੀ ਲਈ ਆਪਣੇ ਪਰਮੇਸ਼ਰ ਦੇ ਪਾਸ ਹੀ ਅਰਜ਼ੋਈ ਕਰਨੀ ਚਾਹੀਦੀ ਹੈ।

ਪ੍ਰ: ਹਜ਼ੂਰ! ਉਸ ਪ੍ਰਭੂ ਪਾਸੋਂ ਦੱਸੋ ਕਿਹੜੀ-ਕਿਹੜੀ ਸ਼ੈਅ ਮਿਲ ਸਕਦੀ ਹੈ ?

ਉ: ੨. ਹੇ ਭਾਈਓ! ਧਰਮ, ਅਰਥ, ਕਾਮ, ਮੋਖ, ਇਹ ਚਾਰੇ ਪਦਾਰਥ, ਅਨੰਦ ਖ਼ੁਸ਼ੀਆਂ ਦੇ ਖ਼ਜ਼ਾਨੇ, ਆਤਮਿਕ ਅਡੋਲਤਾ ਦੇ ਸੁੱਖ, ਕਰਾਮਾਤੀ ਤਾਕਤਾਂ ਇਹ ਸਾਰੀਆਂ ਚੀਜ਼ਾਂ ਪਰਮੇਸ਼ਰ ਪਾਸੋਂ ਮਿਲ ਜਾਂਦੀਆਂ ਹਨ।੧।ਰਹਾਉ।

ਪ੍ਰ: ਕਿਉਂ ਜੀ! ਤੁਸੀਂ ਹੁਣ ਵਧੇਰੇ ਸਾਧਨ ਕੀ ਕਰਦੇ ਹੋ ?

ਉ: ੩. ਹੇ ਮਿੱਤਰੋ! ਮੈਂ ਹੋਰ ਸਾਧਨ ਤਾਂ ਕੋਈ ਵੀ ਨਹੀਂ ਕਰਦਾ, ਪਰ ਮੈਂ ਤਾਂ ਹੰਕਾਰ ਛੱਡ ਕੇ (ਕੇਵਲ) ਪਰਮੇਸ਼ਰ ਦੀ ਚਰਨੀਂ ਹੀ ਪਿਆ ਰਹਿੰਦਾ ਹਾਂ, ਇਸ (ਲਈ ਹੇ ਪਿਆਰਿਓ, ਸਾਰਿਆਂ ਨੂੰ) ਹੀ ਉਸੇ ਪ੍ਰਭੂ ਦਾ ਪੱਲਾ ਫੜਨਾ ਚਾਹੀਦਾ ਹੈ।

ਪ੍ਰ: ਹੇ ਗੁਰੋ! ਸੁਆਮੀ ਦੀ ਸ਼ਰਨ ਪਿਆਂ ਆਖ਼ਰ ਫਲ ਕੀ ਮਿਲੇਗਾ ?

ਉ: ੪. ਹੇ ਭਰਾਵੋ! ਜੇ ਸੁਆਮੀ ਦੀ ਸ਼ਰਨ ਪ੍ਰਾਪਤ ਕਰ ਲਈਏ ਤਾਂ ਫਿਰ ਇਸ ਤ੍ਰਿਸ਼ਨਾ ਦੀ ਅੱਗ ਦੇ ਸਮੁੰਦਰ ਤੋਂ ਸੇਕ ਨਹੀਂ ਲੱਗਦਾ।੧।

ਪ੍ਰ: ਸ੍ਰੀ ਜੀਉ! ਜਿਸ ਮਨੁੱਖ ਨੇ ਕਰੋੜਾਂ ਹੀ ਅਪਰਾਧ ਕੀਤੇ ਹਨ, ਉਹ ਇਸ ਸੰਸਾਰ ਸਮੁੰਦਰ ਤੋਂ ਤਰ ਜਾਣ ਦੀ ਕਿਵੇਂ ਆਸ ਰੱਖ ਸਕਦਾ ਹੈ ?

ਉ: ੫. ਹੇ ਪਿਆਰਿਓ! ਉਸ ਨੂੰ ਭੀ ਨਿਰਾਸ਼ ਨਹੀਂ ਹੋਣਾ ਚਾਹੀਦਾ, ਕਿਉਂਕਿ ਉਹ ਪਰਮੇਸ਼ਰ ਐਸਾ ਸਹਿਨਸ਼ੀਲ ਹੈ ਕਿ ਵੱਡੇ-ਵੱਡੇ ਨਾ-ਸ਼ੁਕਰਿਆਂ ਦੇ ਕੀਤੇ ਕਰੋੜਾਂ ਪਾਪ ਤੱਕ ਕੇ ਵੀ ਪ੍ਰਭੂ ਮੁੜ-ਮੁੜ ਸਹਾਰ ਸਕਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਐਸਾ ਜੋ ਦਿਆਲਤਾ ਸਰੂਪ ਪੂਰਨ ਪਰਮੇਸ਼ਰ ਹੈ, ਉਸੇ ਦੀ ਹੀ ਸ਼ਰਨ ਪੈਣਾ ਚਾਹੀਦਾ ਹੈ।੨।੧੭।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਇਹ ਸਿਧਾਂਤ ਕਹਿ ਰਹੇ ਹਨ ਕਿ ਜਦੋਂ ਮਨੁੱਖ ਸਾਧੂ ਸ਼ਰਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਮਨ ਵਿਚ ਖੇੜਾ ਲੈ ਆਉਣ ਲਈ ਉਸ ਨੇ ਕੀ ਸੁਮੱਤੀ ਦਿੱਤੀ ਅਤੇ ਕੀ ਅਮਲ ਕਰਾਏ, ਜਿਸ ਦੀ ਬਰਕਤ ਨਾਲ ਮੁੜ-ਮੁੜ ਵਿਕਾਰਾਂ ਦੀ ਅੱਗ ਦਾ ਸੇਕ ਨਹੀਂ ਲੱਗਦਾ, ਭਾਵ ਜੰਮਣ ਮਰਣ ਮਿਟ ਜਾਂਦਾ ਹੈ।

ਦੇਵਗੰਧਾਰੀ ੫ ॥

੧. ਗੁਰ ਕੇ ਚਰਨ ਰਿਦੈ ਪਰਵੇਸਾ ॥
੨. ਰੋਗ ਸੋਗ ਸਭਿ ਦੂਖ ਬਿਨਾਸੇ
ਉਤਰੇ ਸਗਲ ਕਲੇਸਾ ॥੧॥ ਰਹਾਉ ॥
੩. ਜਨਮ ਜਨਮ ਕੇ ਕਿਲਬਿਖ ਨਾਸਹਿ
ਕੋਟਿ ਮਜਨ ਇਸਨਾਨਾ ॥
੪. ਨਾਮੁ ਨਿਧਾਨੁ ਗਾਵਤ ਗੁਣ ਗੋਬਿੰਦ
ਲਾਗੋ ਸਹਜਿ ਧਿਆਨਾ ॥੧॥
੫. ਕਰਿ ਕਿਰਪਾ ਅਪੁਨਾ ਦਾਸੁ ਕੀਨੋ
ਬੰਧਨ ਤੋਰਿ ਨਿਰਾਰੇ ॥
੬. ਜਪਿ ਜਪਿ ਨਾਮੁ ਜੀਵਾ ਤੇਰੀ ਬਾਣੀ
ਨਾਨਕ ਦਾਸ ਬਲਿਹਾਰੇ ॥੨॥੧੮॥ ਛਕੇ ੩॥

ਪਦ ਅਰਥ : ਰਿਦੈ—ਹਿਰਦੇ ਵਿਚ। ਸੋਗ—ਚਿੰਤਾ, ਫ਼ਿਕਰ, ਗ਼ਮ। ਪਰਵੇਸਾ—ਦਾਖ਼ਲ ਹੋਣਾ, ਅੰਦਰ ਪਹੁੰਚ ਜਾਣਾ, ਦਾਖ਼ਲ ਹੋਏ ਹਨ। ਸਭਿ—ਸਾਰੇ। ਕਲੇਸਾ—ਦੁੱਖ।੧।ਰਹਾਉ।

ਕਿਲਵਿਖ—ਪਾਪ। ਨਾਸਹਿ—ਨਾਸ ਹੋ ਜਾਂਦੇ ਹਨ। ਕੋਟਿ—ਕਰੋੜਾਂ। ਮਜਨ—ਇਸ਼ਨਾਨ, ਖ਼ਾਸ ਕਰ ਪੁਰਬੀ ਸਮੇਂ ਦੇ ਇਸ਼ਨਾਨ। ਸਹਜਿ—ਸਹਿਜ ਅਵਸਥਾ ਵਿਚ। ਕੀਨੋ—ਬਣਾ ਲਿਆ। ਤੋਰਿ—ਤੋੜ ਕੇ। ਨਿਰਾਰੇ—ਮਾਇਆ ਦੇ ਮੋਹ ਤੋਂ ਵੱਖਰਾ ਕਰ ਲਿਆ। ਜੀਵਾ—ਜੀਵਾਂ, ਮੈਂ ਆਤਮਿਕ ਜੀਵਨ ਪ੍ਰਾਪਤ ਕਰਦਾ ਹਾਂ। ਬਲਿਹਾਰੇ—ਕੁਰਬਾਨ।੨।

ਛਕੇ ੩—ਛੇ-ਛੇ ਸ਼ਬਦਾਂ ਦੇ ਤਿੰਨ ਸੰਗ੍ਰਹਿ।

ਅਰਥ :

ਪ੍ਰ: ਹੇ ਗੁਰੋ! ਉਹ ਐਸਾ ਕਿਹੜਾ ਸਾਧਨ ਹੈ, ਜਿਸ ਦੀ ਬਰਕਤ ਨਾਲ ਮਨੁੱਖ ਦੇ ਸਾਰੇ ਰੋਗ ਅਤੇ ਗ਼ਮ ਮਿਟ ਜਾਂਦੇ ਹਨ ?

ਉ: ੧. ਹੇ ਪਿਆਰਿਓ! ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਚਰਨਾਂ ਦਾ ਪ੍ਰਵੇਸ਼ ਹੋ ਗਿਆ, ਭਾਵ ਚਰਨ ਹਿਰਦੇ ਵਿਚ ਟਿੱਕ ਗਏ,

੨. ਬਸ ਉਸ ਦੇ ਰੋਗ, ਸੋਗ ਤੇ ਸਾਰੇ ਦੁੱਖ ਨਸ਼ਟ ਹੋ ਗਏ ਅਤੇ ਸਾਰੇ ਹੀ ਕਲੇਸ਼ ਮਗਰੋਂ ਲਹਿ ਗਏ।੧।ਰਹਾਉ।

ਪ੍ਰ: ਹੋਰ ਕੀ ਕੁਝ ਹਾਸਲ ਹੁੰਦਾ ਹੈ ?

ਉ: ੩. ਹੇ ਪਿਆਰਿਓ! ਗੁਰੂ ਦੇ ਚਰਨਾਂ ਦੀ ਬਰਕਤ ਨਾਲ ਜਨਮ ਜਨਮਾਤ੍ਰਾਂ ਦੇ (ਕੀਤੇ) ਪਾਪ ਨਾਸ ਹੋ ਜਾਂਦੇ ਹਨ। ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਵਸਾਣਾ ਹੀ ਕਰੋੜਾਂ ਤੀਰਥਾਂ ਦਾ ਇਸ਼ਨਾਨ ਹੈ, ਕਰੋੜਾਂ ਤੀਰਥਾਂ ਦੇ ਜਲ ਵਿਚ ਚੁੱਭੀ ਲਗਾਣੀ ਹੈ।

੪. ਗੁਰੂ ਦੇ ਚਰਨਾਂ ਦੀ ਬਰਕਤ ਨਾਲ ਹੀ, ਗੋਬਿੰਦ ਦੇ ਗੁਣ ਗਾਂਦਿਆਂ-ਗਾਂਦਿਆਂ ਨਾਮ ਦਾ ਖ਼ਜ਼ਾਨਾ ਮਿਲ ਜਾਂਦਾ ਹੈ ਤੇ ਸਹਿਜ ਵਿਚ ਧਿਆਨ ਲੱਗ ਗਿਆ।੧।

੫. ਉਸ ਗੋਬਿੰਦ ਨੇ ਕਿਰਪਾ ਕਰ ਕੇ ਆਪਣਾ ਦਾਸ ਬਣਾ ਲਿਆ, ਜਿਸ ਦੀ ਮਿਹਰ ਦਾ ਸਦਕਾ ਹੁਣ ਮੋਹ ਮਾਇਆ ਦੇ ਬੰਧਨ ਤੋੜ ਕੇ ਨਿਰਾਲੇ ਹੋ ਗਏ।

ਪ੍ਰ: ਹਜ਼ੂਰ! ਆਖ਼ਰ ਤੁਹਾਡੀ ਗੋਬਿੰਦ ਪਾਸੋਂ ਮੰਗ ਕੀ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਗੋਬਿੰਦ! ਹੁਣ ਤੇਰਾ ਨਾਮ ਜੋ ਤੇਰੀ ਬਾਣੀ ਹੈ, ਮੈਂ (ਇਸੇ ਨੂੰ) ਜਪ ਜਪ ਕੇ ਜੀਉਂਦਾ ਹਾਂ, ਭਾਵ ਆਤਮਿਕ ਜੀਵਨ ਪ੍ਰਾਪਤ ਕਰਦਾ ਹਾਂ। ਹੇ ਪ੍ਰਭੂ! ਮੈਂ ਤੈਥੋਂ ਕੁਰਬਾਨ ਜਾਂਦਾ ਹਾਂ।੨।੧੮।

ਛਕੇ ੩। (ਪੰਚਮ ਪਾਤਸ਼ਾਹ ਜੀ ਦੇ ਤਿੰਨ ਛੱਕੇ ਅਠਾਰਾਂ ਦੁਪਦੇ ਸਮਾਪਤ ਹੋਏ)।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਸਦਗਤੀ ਪ੍ਰਾਪਤ ਕਰਨ ਦਾ ਸਾਧਨ ਕੇਵਲ ਪ੍ਰਭੂ ਜੀ ਦਾ ਧਿਆਨੀ ਹੋਣਾ ਨਾਮ ਸਿਮਰਨ ਤੇ ਉਸੇ ਪ੍ਰਭੂ ਦੇ ਗੁਣਾਂ ਨੂੰ ਗਾਉਂਦੇ ਰਹਿਣਾ ਦੱਸਿਆ ਹੈ।

ਦੇਵਗੰਧਾਰੀ ਮਹਲਾ ੫ ॥

੧. ਮਾਈ ਪ੍ਰਭ ਕੇ ਚਰਨ ਨਿਹਾਰਉ ॥
੨. ਕਰਹੁ ਅਨੁਗ੍ਰਹੁ ਸੁਆਮੀ ਮੇਰੇ
ਮਨ ਤੇ ਕਬਹੁ ਨ ਡਾਰਉ ॥੧॥ ਰਹਾਉ ॥
੩. ਸਾਧੂ ਧੂਰਿ ਲਾਈ ਮੁਖਿ ਮਸਤਕਿ
ਕਾਮ ਕ੍ਰੋਧ ਬਿਖੁ ਜਾਰਉ ॥
੪. ਸਭ ਤੇ ਨੀਚੁ ਆਤਮ ਕਰਿ ਮਾਨਉ
ਮਨ ਮਹਿ ਇਹੁ ਸੁਖੁ ਧਾਰਉ ॥੧॥
੫. ਗੁਨ ਗਾਵਹ ਠਾਕੁਰ ਅਬਿਨਾਸੀ
ਕਲਮਲ ਸਗਲੇ ਝਾਰਉ ॥
੬. ਨਾਮ ਨਿਧਾਨੁ ਨਾਨਕ ਦਾਨੁ ਪਾਵਉ
ਕੰਠਿ ਲਾਇ ਉਰਿ ਧਾਰਉ ॥੨॥੧੯॥

ਪਦ ਅਰਥ : ਮਾਈ—ਹੇ ਮਾਂ! ਨਿਹਾਰਉ—ਨਿਹਾਰਉਂ, ਮੈਂ ਤੱਕਦਾ ਹਾਂ, ਮੈਂ ਦੇਖਾਂ। ਅਨੁਗ੍ਰਹੁ—ਦਇਆ। ਸੁਆਮੀ—ਹੇ ਸੁਆਮੀ। ਤੇ—ਤੋਂ। ਕਬਹੂ—ਕਦੇ ਭੀ। ਡਾਰਉ—ਡਾਰਉਂ, ਦੂਰ ਕਰਾਂ।੧।ਰਹਾਉ।

ਸਾਧੂ—ਗੁਰੂ। ਲਾਈ—ਲਾਈਂ, ਮੈਂ ਲਾਵਾਂ। ਮੁਖਿ—ਮੁਖ ਉੱਤੇ। ਮਸਤਕਿ—ਮੱਥੇ ਉੱਤੇ। ਬਿਖੁ—ਜ਼ਹਿਰ। ਜਾਰਉ—ਜਾਰਉਂ, ਮੈਂ ਸਾੜ ਦਿਆਂ। ਤੇ —ਤੋਂ। ਆਤਮ—ਆਪਣੇ ਆਪ ਨੂੰ। ਮਾਨਉ—ਮਾਨਉਂ, ਮੈਂ ਮੰਨਦਾ ਹਾਂ। ਧਾਰਉ—ਧਾਰਉਂ, ਮੈਂ ਟਿਕਾਂਦਾ ਹਾਂ, ਧਾਰਨ ਕਰਦਾ ਹਾਂ।੧।

ਗਾਵਹ—ਆਓ ਅਸੀਂ ਗਾਵੀਏ। ਕਲਮਲ—ਪਾਪ। ਝਾਰਉ—ਝਾਰਉਂ, ਮੈਂ ਝਾੜਦਾ ਹਾਂ। ਪਾਵਉ—ਪਾਵਉਂ, ਮੈਂ ਪ੍ਰਾਪਤ ਕਰ ਲਵਾਂ। ਕੰਠਿ—ਗਲ ਨਾਲ। ਉਰਿ—ਹਿਰਦੇ ਵਿਚ।੨।

ਅਰਥ :

ਪ੍ਰ: ਹੇ ਗੁਰੋ! ਹਨ ਮਨੁੱਖ ਦੇ ਮਨ ਅੰਦਰ ਅਨੇਕਾਂ ਪ੍ਰਕਾਰ ਦੀ ਇੱਛਾ ਬਣੀ ਰਹਿੰਦੀ ਹੈ ਅਤੇ ਉਸ ਦੀ ਪ੍ਰਾਪਤੀ ਲਈ ਉਹ ਸਦਾ ਹੀ ਅਰਜ਼ੋਈਆਂ ਕਰਦਾ ਰਹਿੰਦਾ ਹੈ, ਪਰ ਤੁਹਾਡੇ ਮਨ ਅੰਦਰ ਕਿਹੜੀ ਪਰਬਲ ਇੱਛਾ ਹੈ ?

ਉ: ੧. ਹੇ ਮਾਂ! ਮਿੱਤਰੋ! ਮੇਰੇ ਹਿਰਦੇ ਵਿਚ ਤਾਂ ਕੇਵਲ ਇਕ ਇਹੋ ਹੀ ਸੱਧਰ ਹੈ ਕਿ ਮੈਂ ਉਸ ਪ੍ਰਭੂ ਦੇ ਚਰਨਾਂ ਨੂੰ ਵੇਖਾਂ।

ਪ੍ਰ: ਹਜ਼ੂਰ! ਤੁਸੀਂ ਹੁਣ ਉਨ੍ਹਾਂ ਚਰਨਾਂ ਦੇ ਪਰਸਨ ਲਈ ਸਾਧਨ ਕੀ ਕਰਦੇ ਹੋ ?

ਉ: ੨. ਹੇ ਭਾਈਓ! ਮੇਰੇ ਪਾਸੋਂ ਹੋਰ ਤਾਂ ਕੋਈ ਸਾਧਨ ਬਣ ਨਹੀਂ ਆਉਂਦਾ, ਕੇਵਲ ਇਕੋ ਅਰਦਾਸ ਹੈ, ਜੋ ਮੈਂ ਪ੍ਰਭੂ ਦੇ ਅੱਗੇ ਇਉਂ ਹੀ ਕਰਦਾ ਰਹਿੰਦਾ ਹਾਂ ਕਿ ਹੇ ਮੇਰੇ ਸੁਆਮੀ ਜੀਉ! ਮੇਰੇ 'ਤੇ ਮਿਹਰ ਕਰੋ ਕਿ ਮੈਂ ਤੁਹਾਡੇ ਚਰਨਾਂ ਦੇ ਦਰਸ਼ਨ ਕਰ ਕੇ ਉਨ੍ਹਾਂ ਨੂੰ (ਸਦਾ ਲਈ) ਆਪਣੇ ਅੰਦਰ ਵਸਾ ਲਵਾਂ ਤੇ ਫਿਰ ਕਦੀ ਵੀ ਮੈਂ ਮਨ ਤੋਂ ਉਨ੍ਹਾਂ ਨੂੰ ਦੂਰ ਨ ਕਰਾਂ, ਭਾਵ ਕਦੀ ਵੀ ਵਿਸਾਰਾਂ ਨਾ।੧।ਰਹਾਉ।

ਪ੍ਰ: ਕਿਉਂ ਜੀ! ਇਸ ਤੋਂ ਇਲਾਵਾ ਕੋਈ ਹੋਰ ਵੀ ਸੱਧਰ ਹੈ ?

ਉ: ੩. (ਹਾਂ ਹੈ) ਹੇ ਮਾਂ! ਮੈਂ ਸਾਈਂ ਜੀ ਅੱਗੇ ਇਉਂ ਵੀ ਅਰਦਾਸ ਕਰਦਾ ਰਹਿੰਦਾ ਹਾਂ ਕਿ ਹੇ ਪ੍ਰਭੂ! ਮੈਨੂੰ ਪੂਰੇ ਗੁਰੂ ਦੇ ਚਰਨਾਂ ਦੀ ਖ਼ਾਕ ਬਖ਼ਸ਼ ਤਾਂ ਕਿ ਮੈਂ ਉਸਨੂੰ ਆਪਣੇ ਮੂੰਹ ਉੱਤੇ ਅਤੇ ਮੱਥੇ ਉੱਤੇ ਲਾਂਦਾ ਰਵਾਂ ਤੇ ਇਸੇ ਗੁਰੂ ਦੀ ਚਰਨ ਧੂੜ ਨਾਲ ਉਨ੍ਹਾਂ ਕਾਮ, ਕ੍ਰੋਧ ਦੀ ਜ਼ਹਿਰ ਨੂੰ ਸਾੜਦਾ ਰਵਾਂ ਜੋ ਕਿ ਮੇਰੇ ਅੰਦਰੋਂ ਆਤਮਿਕ ਜੀਵਨ ਨੂੰ ਸਾੜ ਦੇਣ ਵਾਲੀ ਹੈ।

ਪ੍ਰ: ਹੇ ਗੁਰੋ! ਜਦੋਂ ਅੰਦਰੋਂ ਵਿਕਾਰਾਂ ਦੀ ਜ਼ਹਿਰ ਦਘਦ ਹੋ ਗਈ, ਬਸ ਫਿਰ ਹੋਰ ਤਾਂ ਕੋਈ ਇੱਛਾ ਬਾਕੀ ਨਹੀਂ।

੪. ਹੇ ਮਾਂ! ਇਸ ਤੋਂ ਭੀ ਅੱਗੇ ਇਕ ਹੋਰ ਪਰਬਲ ਇੱਛਾ ਇਹ ਹੈ ਕਿ ਮੈਂ ਆਪਣੇ ਆਪ ਨੂੰ ਸਭ ਤੋਂ ਨੀਵਾਂ ਕਰਕੇ ਮੰਨਾਂ (ਭਾਵ ਹਉਮੈ ਤੋਂ ਰਹਿਤ ਹੋ ਜਾਵਾਂ) ਤੇ ਆਪਣੇ ਅੰਦਰ (ਗ਼ਰੀਬੀ ਸੁਭਾਅ ਦਾ) ਇਹ ਸੁੱਖ ਸਦਾ ਹੀ ਟਿਕਾਈ ਰਖਾਂ।

੫. ਹੇ ਭਾਈਓ! ਤੁਸੀਂ ਵੀ ਸਾਰੇ ਆਉ, ਅਸੀਂ ਰਲ ਕੇ ਠਾਕਰ ਪ੍ਰਭੂ ਦੇ ਗੁਣ ਗਾਵੀਏ, ਕਿਉਂਕਿ ਮੈਂ ਇਨ੍ਹਾਂ ਹੀ ਗੁਣਾਂ ਦੇ ਗਾਉਣ ਦੀ ਬਰਕਤ ਨਾਲ ਆਪਣੇ (ਪਿਛਲੇ) ਪਾਪਾਂ ਨੂੰ ਮਨ ਤੋਂ ਝਾੜ ਰਿਹਾ ਹਾਂ। (ਭਾਵ ਤੁਸੀਂ ਵੀ ਇਸੇ ਤਰ੍ਹਾਂ ਪਾਪ ਰਹਿਤ ਹੋ ਜਾਓ)।

ਪ੍ਰ: ਹਜ਼ੂਰ! ਆਖ਼ਰ ਤੁਸੀਂ ਸਾਈਂ ਜੀ ਤੋਂ ਕਿਹੜੀ ਦਾਨ-ਪ੍ਰਾਪਤੀ ਮੰਗਦੇ ਹੋ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਭਰਾਵੋ! ਮੈਂ ਤਾਂ ਪ੍ਰਭੂ ਜੀ ਤੋਂ ਇਕ ਇਹੋ ਹੀ ਦਾਨ ਮੰਗਦਾ ਹਾਂ ਕਿ ਹੇ ਮੇਰੇ ਮਾਲਕ! ਮੈਂ ਤੇਰਾ ਨਾਮ ਖ਼ਜ਼ਾਨਾ ਹਾਸਲ ਕਰ ਲਵਾਂ ਅਤੇ ਇਸ ਨੂੰ ਗਲੇ ਨਾਲ ਲਾ ਕੇ ਹਿਰਦੇ ਵਿਚ ਧਾਰਨ ਕਰੀ ਰੱਖਾਂ।੨।੧੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉੱਚਾ ਆਤਮਿਕ ਜੀਵਨ ਬਸਰ ਕਰਨ ਲਈ ਆਪਣੀ ਅਭਿਲਾਖਾ ਪ੍ਰਾਰਥਨਾ ਰੂਪ ਵਿਚ ਅੰਕਤ ਕੀਤੀ ਹੈ।

ਦੇਵਗੰਧਾਰੀ ਮਹਲਾ ੫ ॥

੧. ਪ੍ਰਭ ਜੀਉ ਪੇਖਉ ਦਰਸੁ ਤੁਮਾਰਾ ॥
੨. ਸੁੰਦਰ ਧਿਆਨੁ ਧਾਰੁ ਦਿਨੁ ਰੈਨੀ
ਜੀਅ ਪ੍ਰਾਨ ਤੇ ਪਿਆਰਾ ॥੧॥ ਰਹਾਉ ॥
੩. ਸਾਸਤ੍ਰ ਬੇਦ ਪੁਰਾਨ ਅਵਿਲੋਕੇ
ਸਿਮ੍ਰਿਤਿ ਤਤੁ ਬੀਚਾਰਾ ॥
੪. ਦੀਨਾ ਨਾਥ ਪ੍ਰਾਨਪਤਿ ਪੂਰਨ
ਭਵਜਲ ਉਧਰਨਹਾਰਾ ॥੧॥

੫. ਆਦਿ ਜੁਗਾਦਿ ਭਗਤ ਜਨ ਸੇਵਕ
ਤਾ ਕੀ ਬਿਖੈ ਅਧਾਰਾ॥
੬. ਤਿਨ ਜਨ ਕੀ ਧੂਰਿ ਬਾਛੈ ਨਿਤ
ਨਾਨਕੁ ਪਰਮੇਸਰੁ ਦੇਵਨਹਾਰਾ॥੨॥੨੦॥

ਪਦ ਅਰਥ : ਪ੍ਰਭ—ਹੇ ਪ੍ਰਭੂ! ਪੇਖਉ—ਪੇਖਉਂ, ਮੈਂ ਵੇਖਦਾ ਰਵਾਂ। ਧਾਰੁ—ਧਾਰਉਂ, ਮੈਂ ਧਾਰਾਂ। ਰੈਨੀ—ਰਾਤ। ਜੀਅ ਤੇ—ਜਿੰਦ ਨਾਲੋਂ।੧।ਰਹਾਉ।

ਅਵਿਲੋਕੇ—ਮੈਂ ਵੇਖ ਲਏ ਹਨ, ਭਾਵ ਹੈ ਪੜ੍ਹੇ। ਨਿਰੇ ਪੜ੍ਹੇ ਹੀ ਨਹੀਂ ਘੋਖੇ ਹਨ। ਦੀਨਾ ਨਾਥ—ਹੇ ਦੀਨਾਂ ਦੇ ਨਾਥ। ਪ੍ਰਾਨਪਤਿ—ਹੇ ਜਿੰਦ ਦੇ ਮਾਲਕ! ਭਵਜਲ—ਸੰਸਾਰ ਸਮੁੰਦਰ। ਉਧਾਰਨਹਾਰਾ—ਬਚਾਣ ਦੀ ਸਮਰੱਥਾ ਵਾਲਾ।੧।

ਜੁਗਾਦਿ—ਜੁੱਗਾਂ ਦੇ ਸ਼ੁਰੂ ਤੋਂ। ਤਾ ਕੀ—ਤੱਕੀ ਹੈ। ਬਿਖੈ—ਵਿਸ਼ਿਆਂ ਵਿਚ। ਅਧਾਰਾ—ਓਟ। ਬਾਛੈ—ਮੰਗਦਾ ਹੈ। ਦੇਵਨਹਾਰਾ—ਦੇਣ ਜੋਗਾ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਕਦੀ ਤੁਸੀਂ ਸਾਈਂ ਜੀ ਅੱਗੇ ਅਰਦਾਸ ਕਰਦੇ ਹੋ ਤਾਂ ਤੁਹਾਡੀ ਪ੍ਰਭੂ ਤੋਂ ਮੰਗ ਕੀ ਹੁੰਦੀ ਹੈ?

ਉ: ੧. ਹੇ ਮਿੱਤਰ ਜਨੋ! ਮੇਰੀ ਤਾਂ ਉਸ ਪ੍ਰਭੂ ਅੱਗੇ ਅਰਦਾਸ ਰੂਪ ਵਿਚ ਇਕ ਇਹੋ ਹੀ ਅਭਿਲਾਖਾ ਹੁੰਦੀ ਹੈ ਕਿ ਹੇ ਪ੍ਰਭੂ ਜੀ! ਮੈਂ ਆਪ ਜੀ ਦਾ ਹੀ ਦਰਸ਼ਨ ਵੇਖਾਂ।

ਪ੍ਰ: ਹਜ਼ੂਰ! ਦਰਸ਼ਨ ਤਾਂ ਕਦੀ ਕਦਾਈਂ ਹੋ ਸਕਦੇ ਹਨ, ਪਰ ਹਰ ਵਕਤ ਦਰਸ਼ਨ ਕਰਨ ਲਈ ਤੁਸੀਂ ਕਿਹੜਾ ਸਾਧਨ ਕਰਦੇ ਹੋ?

ਉ: ੨. ਹੇ ਭਾਈਓ! ਮੈਂ ਹਰ ਵਕਤ ਦਰਸ਼ਨ ਕਰਨ ਲਈ ਇਉਂ ਵੀ ਜੋਦੜੀ ਕਰਦਾ ਰਹਿੰਦਾ ਹਾਂ ਕਿ ਹੇ ਮੇਰੇ ਸਾਈਂ ਜੀ! ਮੈਂ ਦਿਨੇ ਰਾਤ ਤੇਰੇ ਸੋਹਣੇ ਸਰੂਪ ਦਾ ਧਿਆਨ ਧਰਦਾ ਰਹਾਂ ਤੇ ਉਹ ਤੇਰੇ ਦਰਸ਼ਨ ਮੈਨੂੰ ਆਪਣੀ ਜਿੰਦ ਨਾਲੋਂ ਅਤੇ ਪ੍ਰਾਣਾਂ ਨਾਲੋਂ ਵੀ ਪਿਆਰੇ ਲੱਗਣ।੧।ਰਹਾਉ।

ਪ੍ਰ: ਕਿਉਂ ਜੀ! ਕੀ ਤੁਸਾਂ ਇਸ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਵੇਦਾਂ ਸ਼ਾਸਤ੍ਰਾਂ ਪੁਰਾਨਾਂ ਦੀ ਵੀਚਾਰ ਨਹੀਂ ਕੀਤੀ ਕਿ ਉਹ ਇਸ ਬਾਰੇ ਕੀ ਤੱਤ ਉਚਾਰਦੇ ਹਨ?

ਉ: ੩. ਹੇ ਪਿਆਰਿਓ! ਮੈਂ ਛੇ ਸ਼ਾਸਤ੍ਰ, ਚਾਰ ਵੇਦ, ਅਠਾਰਾਂ ਪੁਰਾਨ ਤੇ ਸਤਾਈ ਸਿਮ੍ਰਿਤੀਆਂ ਨੂੰ ਵੇਖਿਆ ਹੈ, ਭਾਵ ਚੰਗੀ ਤਰ੍ਹਾਂ ਘੋਖੇ ਹਨ ਤੇ ਇਨ੍ਹਾਂ ਸਾਰਿਆਂ ਦਾ ਤੱਤ ਇਹੋ ਹੀ ਵਿਚਾਰਿਆ ਹੈ, ਭਾਵ ਉਹ ਇਹੋ ਹੀ ਕਹਿੰਦੇ ਹਨ:

੪. ਕਿ ਹੇ ਸਾਈਂ ਜੀ! ਤੁਸੀਂ ਹੀ ਦੀਨਾਂ ਦੇ ਨਾਥ ਹੋ, ਪ੍ਰਾਣਾਂ ਦੇ ਪਤੀ ਹੋ, ਸਾਰੇ ਪਰੀ ਪੂਰਣ ਹੋ ਤੇ ਜੀਵਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਵਾਲੇ ਵੀ ਆਪ ਹੀ ਹੋ।੧।

੫. ਹੇ ਪ੍ਰਭੂ ਜੀ! ਤੇਰੇ ਭਗਤ ਜਨ ਤੇਰੇ ਸੇਵਕ ਆਦਿ ਜੁਗਾਦ ਤੋਂ ਵਿਸ਼ੇ ਵਿਕਾਰਾਂ ਤੋਂ ਬਚਣ ਲਈ ਤੇਰਾ ਹੀ ਆਸਰਾ ਤੱਕਦੇ ਆ ਰਹੇ ਹਨ।

ਪ੍ਰ: ਹਜ਼ੂਰ! ਅਜਿਹੇ ਪ੍ਰਭੂ ਦੇ ਭਗਤਾਂ ਦਾ ਤੁਹਾਡੇ ਮਨ ਵਿਚ ਕਿਤਨਾ ਕੁ ਸਤਿਕਾਰ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਤਾਂ ਉਨ੍ਹਾਂ ਦਾਸਾਂ ਦੀ (ਚਰਨ) ਧੂੜ ਸਦਾ ਹੀ ਮੰਗਦਾ ਹਾਂ, ਪਰ ਹਾਂ, ਇਹ ਦਾਤ, ਦੇਣਹਾਰ (ਵੀ ਆਪ) ਪਰਮੇਸ਼ਰ ਹੀ ਹੈ।੨।੨੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਸ ਸਾਈਂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਤੇ ਭਗਤੀ ਸੇਵਾ ਲਈ ਅਰਦਾਸ ਕੀਤੀ ਹੈ, ਜਿਸ ਵਿਚ ਵੇਦ ਸ਼ਾਸਤ੍ਰਾਂ ਦਾ ਵੀ ਇਹ ਸਿਧਾਂਤ ਅੰਕਤ ਕੀਤਾ ਗਿਆ ਹੈ ਕਿ ਸੰਸਾਰ ਤੋਂ ਪਾਰ ਕਰਨ ਵਾਲਾ ਇਕੋ ਹੀ ਪ੍ਰੀਪੂਰਨ ਪਰਮੇਸ਼ਰ ਹੈ।

ਦੇਵਗੰਧਾਰੀ ਮਹਲਾ ੫ ॥

੧. ਤੇਰਾ ਜਨੁ ਰਾਮ ਰਸਾਇਣਿ ਮਾਤਾ॥
੨. ਪ੍ਰੇਮ ਰਸਾ ਨਿਧਿ ਜਾ ਕਉ ਉਪਜੀ
ਛੋਡਿ ਨ ਕਤਹੂ ਜਾਤਾ॥੧॥ ਰਹਾਉ ॥
੩. ਬੈਠਤ ਹਰਿ ਹਰਿ ਸੋਵਤ ਹਰਿ ਹਰਿ
ਹਰਿ ਰਸੁ ਭੋਜਨੁ ਖਾਤਾ॥
੪. ਅਠਸਠਿ ਤੀਰਥ ਮਜਨੁ ਕੀਨੋ
ਸਾਧੂ ਧੂਰੀ ਨਾਤਾ॥੧॥
੫. ਸਫਲੁ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ॥
੬. ਸਗਲ ਸਮੂਹ ਲੈ ਉਧਰੇ ਨਾਨਕ
ਪੂਰਨ ਬ੍ਰਹਮੁ ਪਛਾਤਾ॥੨॥੨੧॥

ਪਦ ਅਰਥ : ਜਨ—ਸੇਵਕ, ਭਗਤ। ਰਸਾਇਣਿ—ਰਸਾਇਨ ਵਿਚ। (ਰਸਾਂ ਦਾ ਘਰ) ਉਹ ਦਵਾਈ ਜੋ ਉਮਰ ਲੰਮੀ ਕਰੇ ਤੇ ਬੁਢੇਪਾ ਨ ਆਉਣ ਦੇਵੇ। ਮਾਤਾ—ਮਸਤ। ਨਿਧਿ—ਖ਼ਜ਼ਾਨਾ। ਜਾ ਕਉ—ਜਿਸ ਮਨੁੱਖ ਨੂੰ। ਕਤ ਹੂ—ਕਿਤੇ ਭੀ।੧।ਰਹਾਉ।

ਅਠਸਠਿ—ਅਠਾਹਠ। ਮਜਨੁ—ਇਸ਼ਨਾਨ। ਸਾਧੂ ਧੂਰੀ—ਸੰਤ ਜਨਾਂ ਦੇ ਚਰਨਾਂ ਦੀ ਧੂੜ ਵਿਚ। ਨਾਤਾ—ਨ੍ਹਾਤਾ, ਇਸ਼ਨਾਨ ਕਰ ਲਿਆ ਹੈ। ਸਫਲ—ਕਾਮਯਾਬ। ਉਪਜਿਆ—ਹੋ ਪਿਆ। ਜਿਨਿ—ਜਿਸ ਹਰ ਜਨ ਨੇ। ਸਉਤ—ਸਉਤਰਾ, ਪੁੱਤ੍ਰ ਵਾਲਾ। (ਇਸ ਦੇ ਟਾਕਰੇ 'ਤੇ ਹੈ ਅਉਤਰਾ, ਪੁੱਤ੍ਰ ਹੀਣ) ਸਗਲ ਸਮੂਹ—ਸਾਰੇ ਸਾਥਾਂ ਨੂੰ ਨਾਲ ਲੈ ਕੇ। ਉਧਰੇ—ਸੰਸਾਰ ਸਾਗਰ ਤੋਂ ਪਾਰ ਲੰਘਾ ਲੈਂਦਾ ਹੈ। ਬਿਧਾਤਾ—ਕਰਤਾਰ, ਰਚਨ ਵਾਲਾ।

ਅਰਥ :

ਪ੍ਰ: ਹੇ ਗੁਰੋ! ਜਗਤ ਦਾ ਹਰ ਜੀਵ ਭਿੰਨ-ਭਿੰਨ ਪਦਾਰਥਕ ਰਸਾਂ ਵਿਚ ਖਚਤ ਰਹਿੰਦਾ ਹੈ, ਪਰ ਉਸ ਪਰਮੇਸ਼ਰ ਦੇ ਸੇਵਕ ਨੂੰ ਕਿਹੜੀ ਮਸਤੀ ਹੈ, ਜਿਸ ਵਿਚ ਉਹ ਸਦਾ ਹੀ ਮਸਤਾਨਾ ਰਹਿੰਦਾ ਹੈ?

ੳ: ੧. ਪਰਮੇਸ਼ਰ ਦੇ ਸਨਮੁਖ ਹੋ ਉਚਾਰਨ ਕਰਦੇ ਹਨ ਕਿ ਹੇ ਰਾਮ ਜੀ ! ਤੇਰਾ ਦਾਸ ਰਾਮ ਨਾਮ ਦੇ ਅੰਮ੍ਰਿਤ ਰਸ ਵਿਚ (ਸਦਾ ਹੀ) ਮਸਤ ਰਹਿੰਦਾ ਹੈ।

ਪ੍ਰ: ਸ੍ਰੀ ਜੀਉ ! ਇਹ ਸੰਸਾਰੀ ਜੀਵ ਤਾਂ ਇਕ ਰਸ ਨੂੰ ਛੱਡ ਦੂਜੇ ਤੀਜੇ ਰਸਾਂ ਵਿਚ ਲੰਪਟ ਰਹਿੰਦੇ ਹਨ, ਕੀ ਭਗਤਾਂ ਦੀ ਭੀ ਇਹੋ ਹੀ ਰੀਤ ਹੈ ?

ੳ: ੨. ਹੇ ਪਿਆਰੇ ! ਜਿਸ ਮਨੁੱਖ ਨੂੰ ਇਹ ਪ੍ਰੇਮ ਰਸ ਦਾ ਖ਼ਜ਼ਾਨਾ ਮਿਲ ਜਾਏ, ਤਾਂ ਉਹ ਫਿਰ ਇਸ ਪ੍ਰੇਮ ਰਸ ਨੂੰ ਛੱਡ ਕੇ ਹੋਰ ਕਿਸੇ ਥਾਂ ਨਹੀਂ ਜਾਂਦਾ (ਭਾਵ ਉਹ ਥਾਂ-ਥਾਂ ਨਹੀਂ ਭਟਕਦਾ।੧।ਰਹਾਉ।

ਪ੍ਰ: ਕਿਉਂ ਜੀ ! ਇਸ ਪ੍ਰੇਮ ਰਸ ਵਿਚ ਮਸਤ ਹੋਏ ਦੀ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ ?

ੳ: ੩. ਹੇ ਪਿਆਰੇ ! ਉਹ ਤਾਂ ਫੇਰ, ਬੈਠਿਆਂ ਭੀ ਹਰਿ ਹਰਿ ਤੇ ਸੁੱਤਿਆਂ ਵੀ ਹਰਿ ਹਰਿ ਸਿਮਰਦਾ ਹੈ ਅਤੇ ਭੋਜਨ ਖਾਂਦਿਆਂ ਵੀ ਹਰੀ ਦਾ ਰਸ ਲੈਂਦਾ ਹੈ। ਭਾਵ ਨਾਮ ਰਸ ਨੂੰ (ਆਤਮਿਕ ਜੀਵਨ ਦੀ) ਖ਼ੁਰਾਕ ਬਣਾ ਕੇ ਖਾਂਦਾ ਰਹਿੰਦਾ ਹੈ।

ਪ੍ਰ: ਹਜ਼ੂਰ ! ਕੀ ਉਸ ਨੂੰ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਦੀ ਲੋੜ ਨਹੀਂ ਰਹਿੰਦੀ ?

ੳ: ੪. ਹੇ ਭਰਾਵੋ ! ਉਹ ਸਾਧੂਆਂ ਦੀ ਧੂੜੀ ਵਿਚ ਨਹਾ ਲੈਂਦਾ ਹੈ। ਉਹ ਇਸੇ ਧੂੜੀ ਵਿਚ ਇਸ਼ਨਾਨ ਕਰ ਕੇ, ਆਪਣੇ ਅੰਦਰ (ਇਉਂ ਪਰਤੀਤੀ ਕਰਦਾ ਹੈ ਕਿ ਮਾਨੋ) ਮੈਂ ਅਠਾਹਠ ਤੀਰਥਾਂ ਵਿਚ ਨਹਾ ਬੈਠਾ ਹਾਂ।੧।

੫. ਹੇ ਭਾਈਓ ! ਐਸੇ ਹਰੀ ਦੇ ਜਨਾਂ ਦਾ ਜਨਮ ਸਫਲ ਉਪਜਿਆ ਹੈ, ਜਿਸ ਨੇ ਕਿ ਕਰਤਾਰ ਨੂੰ ਭੀ ਸਪੁੱਤਰਾ ਕਰ ਦਿੱਤਾ ਹੈ।

ਪ੍ਰ: ਹਜ਼ੂਰ ! ਕੀ ਉਨ੍ਹਾਂ ਦੇ ਅੰਦਰ ਕੋਈ ਸ਼ਕਤੀ ਵੀ ਆ ਜਾਇਆ ਕਰਦੀ ਹੈ ?

ੳ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਨ੍ਹਾਂ ਦੇ ਆਪ ਉਧਾਰਨ ਵਿਚ ਤਾਂ ਕੋਈ ਸੰਸਾ ਹੀ ਨਹੀਂ। ਉਨ੍ਹਾਂ ਵਿਚ ਤਾਂ ਅਜਿਹੀ ਸ਼ਕਤੀ ਆ ਜਾਂਦੀ ਹੈ ਕਿ ਉਹ ਜਨ ਸਾਰਿਆਂ ਸਮੂਹਾਂ ਨੂੰ ਨਾਲ ਲੈ ਕੇ (ਸੰਸਾਰ ਸਾਗਰ) ਤੋਂ ਪਾਰ ਉੱਤਰ ਜਾਂਦਾ ਹੈ, ਕਿਉਂਕਿ ਉਸ ਨੇ ਪੂਰਨ ਬ੍ਰਹਮ ਨੂੰ ਪਛਾਣ ਲਿਆ ਹੁੰਦਾ ਹੈ।੨।੨੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਪ੍ਰਭੂ ਦੇ ਦਾਸਾਂ ਦੀ ਨਿਰਲੇਪਤਾ ਦਰਸਾ ਰਹੇ ਹਨ ਕਿ ਉਹ ਸੰਸਾਰ ਦੇ ਪਦਾਰਥਕ ਰਸਾਂ ਵਿਚ ਰਹਿੰਦੇ ਹੋਏ ਹੀ ਪ੍ਰਭੂ ਦੇ ਪ੍ਰੇਮ ਰਸ ਵਿਚ ਮਸਤ ਰਹਿੰਦੇ ਹਨ। ਉਹ ਇਸ ਰਸ ਵਿਚ ਐਸੇ ਤਦਾਕਾਰ ਹੋ ਰਹਿੰਦੇ ਹਨ ਕਿ ਉਹ ਉਸ ਰਸ ਨੂੰ ਛੱਡ ਕੇ ਕਿਸੇ ਹੋਰ ਪਾਸੇ ਨਹੀਂ ਭਟਕਦੇ।

ਦੇਵਗੰਧਾਰੀ ਮਹਲਾ ੫ ॥

੧. ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥

੨. ਅਨਿਕ ਪ੍ਰਕਾਰ ਫਿਰਤ ਬਿਲਲਾਤੇ
ਮਿਲਤ ਨਹੀ ਗੋਸਾਈਐ ॥੧॥ ਰਹਾਉ ॥

੩. ਮੋਹ ਰੋਗ ਸੋਗ ਤਨੁ ਬਾਧਿਓ
ਬਹੁ ਜੋਨੀ ਭਰਮਾਈਐ ॥

੪. ਟਿਕਨੁ ਨ ਪਾਵੈ ਬਿਨੁ ਸਤਸੰਗਤਿ
ਕਿਸੁ ਆਗੈ ਜਾਇ ਰੂਆਈਐ ॥੧॥

੫. ਕਰੈ ਅਨੁਗ੍ਰਹੁ ਸੁਆਮੀ ਮੇਰਾ
ਸਾਧ ਚਰਨ ਚਿਤੁ ਲਾਈਐ ॥

੬. ਸੰਕਟ ਘੋਰ ਕਟੇ ਖਿਨ ਭੀਤਰਿ
ਨਾਨਕ ਹਰਿ ਦਰਸਿ ਸਮਾਈਐ ॥੨॥੨੨॥

ਪਦ ਅਰਥ : ਮਾਈ—ਹੇ ਮਾਂ। ਅਨਿਕ ਪ੍ਰਕਾਰ—ਕਈ ਤਰ੍ਹਾਂ। ਬਿਲਲਾਤੇ—ਵਿਲਕਦੇ। ਗੋਸਾਈਐ—ਸ੍ਰਿਸ਼ਟੀ ਦੇ ਮਾਲਕ ਪ੍ਰਭੂ ਨੂੰ।੧।ਰਹਾਉ।

ਬਾਧਿਓ—ਬੱਝਾ ਰਹਿੰਦਾ ਹੈ, ਜਕੜਿਆ ਰਹਿੰਦਾ ਹੈ। ਭਰਮਾਈਐ—ਭਟਕਦੇ ਫਿਰੀਦਾ ਹੈ। ਜਾਇ—ਜਾ ਕੇ। ਰੂਆਈਐ—ਪੁਕਾਰ ਕੀਤੀ ਜਾਏ।੧।

ਅਨੁਗ੍ਰਹੁ—ਕਿਰਪਾ, ਮਿਹਰ। ਸਾਧ—ਗੁਰੂ। ਸੰਕਟ—ਦੁੱਖ। ਘੋਰ—ਭਿਆਨਕ। ਖਿਨ ਭੀਤਰਿ—ਖਿਨ ਵਿਚ। ਦਰਸਿ—ਦਰਸ਼ਨ ਵਿਚ। ਸਮਾਈਐ—ਲੀਨ ਹੋ ਜਾਈਦਾ ਹੈ।

ਅਰਥ :

ਪ੍ਰ: ਹੇ ਗੁਰੋ ! ਕੋਈ ਅਜਿਹਾ ਸਾਧਨ ਦੱਸੋ, ਜਿਸ ਦੀ ਬਰਕਤ ਨਾਲ ਗਿਆਨ ਪਾ ਸਕੀਏ ?

ੳ: ੧. ਹੇ ਮਾਈ ! ਗਿਆਨ ਦੀ ਪ੍ਰਾਪਤੀ ਕਿਸੇ ਹੋਰ ਸਾਧਨ ਨਾਲ ਨਹੀਂ ਹੁੰਦੀ, ਇਹ ਗਿਆਨ ਤਾਂ ਗੁਰੂ ਤੋਂ ਬਿਨਾ ਨਹੀਂ ਪਾ ਸਕੀਦਾ।

ਪ੍ਰ: ਕਿਉਂ ਜੀ ! ਕਈ ਲੋਕ ਗਿਆਨ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਜਤਨ ਕਰਦੇ ਹਨ, ਕੀ ਉਨ੍ਹਾਂ ਨੂੰ ਗਿਆਨ ਪ੍ਰਾਪਤ ਨਹੀਂ ਹੋ ਸਕੇਗਾ ?

ੳ: ੨. ਹੇ ਭਾਈਓ ! ਗੁਰੂ ਤੋਂ ਬਿਨਾ ਹੋਰ ਅਨੇਕ ਪ੍ਰਕਾਰ ਦੇ ਜਤਨ ਕਰਨ ਵਾਲੇ ਲੋਕ ਰੋਂਦੇ ਫਿਰਦੇ ਹਨ, ਪਰ ਉਹ ਵਾਹਿਗੁਰੂ ਜੀ ਨੂੰ ਨਹੀਂ ਮਿਲ ਸਕਦੇ।੧।ਰਹਾਉ।

ਪ੍ਰ: ਹਜ਼ੂਰ ! ਉਨ੍ਹਾਂ ਨੂੰ ਗੁਸਾਈਂ ਦੀ ਨਾ ਪ੍ਰਾਪਤੀ ਹੋਣ ਦਾ ਅਸਲ ਕਾਰਣ ਕੀ ਹੈ ?

ੳ: ੩. ਹੇ ਮਾਂ ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਲੋਕਾਂ ਦਾ ਸਰੀਰ, ਮਾਇਆ ਦੇ ਮੋਹ (ਸਰੀਰਕ) ਰੋਗਾਂ ਅਤੇ ਗ਼ਮਾਂ ਨਾਲ ਜਕੜਿਆ ਰਹਿੰਦਾ ਹੈ, ਇਸੇ ਕਰ ਕੇ ਹੀ ਬਹੁਤੀਆਂ ਜੂਨਾਂ ਵਿਚ ਭਟਕਦੇ ਫਿਰੀਦਾ ਹੈ।

ਪ੍ਰ: ਕਿਉਂ ਜੀ ! ਜੂਨਾਂ ਵਲੋਂ ਸਥਿਰ ਕਿਉਂ ਨਹੀਂ ਹੋ ਸਕੀਦਾ ?

ੳ: ੪. ਹੇ ਪਿਆਰੇ ! ਜੂਨਾਂ ਵਲੋਂ ਟਿਕਾਉ ਤਾਂ ਕੇਵਲ ਸਤਿਸੰਗਤ ਦੁਆਰਾ ਹੀ ਹੁੰਦਾ ਹੈ (ਸੋ) ਸੰਤ ਸੰਗ ਨਾ ਹੋਣ ਕਰ ਕੇ ਜੀਵ, ਬਹੁਤ ਜੂਨਾਂ ਵਲੋਂ ਟਿਕਾਉ ਨੂੰ ਪ੍ਰਾਪਤ ਨਹੀਂ ਹੁੰਦਾ, ਉਹ (ਨਿਗੁਰਾ) ਇਹ ਦੁੱਖ ਕਿਸ ਪਾਸ ਜਾ ਕੇ ਰੋਵੇ।੧।

ਪ੍ਰ: ਹਜ਼ੂਰ ! ਤਾਂ ਦੱਸੋ ਇਹ ਘੋਰ ਸੰਕਟ ਕਿਵੇਂ ਕਟਿਆ ਜਾ ਸਕੇ ?

ਉ: ੫. ਹੇ ਪਿਆਰਿਓ ! ਇਸ ਦਾ ਇਕੋ ਹੀ ਸਾਧਨ ਹੈ (ਜੇ) ਮੇਰਾ ਸੁਆਮੀ ਕਿਰਪਾ ਕਰ ਦੇਵੇ ਤਾਂ ਸਾਧੂਆਂ ਦੇ ਚਰਨਾਂ ਨਾਲ ਚਿੱਤ ਲਾਈਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਤਦੋਂ ਇਸ ਪ੍ਰਕਾਰ ਭਿਆਨਕ ਦੁੱਖ ਇਕ ਅੱਖ ਦੇ ਫਰਕਣ ਜਿਤਨੇ ਸਮੇਂ ਵਿਚ ਕੱਟੇ ਜਾਂਦੇ ਹਨ, ਇਸ ਤਰ੍ਹਾਂ ਫਿਰ ਸਹਿਜੇ ਹੀ ਹਰੀ ਦੇ ਦਰਸ਼ਨ ਵਿਚ ਸਮਾ ਜਾਈਦਾ ਹੈ।੨।੨੨।

ਭਾਵਾਰਥ : ਇਸ ਸ਼ਬਦ ਵਿਚ ਗਿਆਨ ਦੀ ਪ੍ਰਾਪਤੀ ਦਾ ਅਸਲ ਵਸੀਲਾ ਗੁਰੂ ਦੀ ਮਿਹਰ ਹੀ ਦੱਸਿਆ ਹੈ। ਨਿਗੁਰੇ ਲੋਕ ਅਨੇਕਾਂ ਸਾਧਨ ਕਰਦੇ ਹਨ, ਪਰ ਉਹ ਸਦਾ ਹੀ ਵਿਲਕਦੇ ਰਹਿੰਦੇ ਹਨ। ਉਹ ਕਦੀ ਵੀ ਸਾਈਂ ਜੀ ਦੀ ਪ੍ਰਾਪਤੀ ਨਹੀਂ ਕਰ ਸਕਦੇ।

ਦੇਵਗੰਧਾਰੀ ਮਹਲਾ ੫ ॥

੧. ਠਾਕੁਰ ਹੋਏ ਆਪਿ ਦਇਆਲ ॥

੨. ਭਈ ਕਲਿਆਣ ਅਨੰਦ ਰੂਪ ਹੋਈ ਹੈ
ਉਬਰੇ ਬਾਲ ਗੁਪਾਲ ॥ ਰਹਾਉ ॥

੩. ਦੁਇ ਕਰ ਜੋੜਿ ਕਰੀ ਬੇਨੰਤੀ
ਪਾਰਬ੍ਰਹਮੁ ਮਨਿ ਧਿਆਇਆ ॥

੪. ਹਾਥੁ ਦੇਇ ਰਾਖੇ ਪਰਮੇਸੁਰਿ
ਸਗਲਾ ਦੁਰਤੁ ਮਿਟਾਇਆ ॥੧॥

੫. ਵਰ ਨਾਰੀ ਮਿਲਿ ਮੰਗਲੁ ਗਾਇਆ
ਠਾਕੁਰ ਕਾ ਜੈਕਾਰੁ ॥

੬. ਕਹੁ ਨਾਨਕ ਜਨ ਕਉ ਬਲਿ ਜਾਈਐ
ਜੋ ਸਭਨਾ ਕਰੇ ਉਧਾਰੁ ॥੨॥੨੩॥

ਪਦ ਅਰਥ : ਠਾਕੁਰ—ਮਾਲਕ ਪ੍ਰਭੂ ਜੀ। ਦਇਆਲ—ਦਇਆਵਾਨ। ਕਲਿਆਣ—ਸੁੱਖ ਸ਼ਾਂਤੀ। ਅਨੰਦ ਰੂਪ—ਅਨੰਦ ਭਰਪੂਰ। ਹੋਈ ਹੈ—ਹੋ ਜਾਈਦਾ ਹੈ। ਉਬਰੇ—ਸੰਸਾਰ ਸਮੁੰਦਰ ਵਿਚੋਂ ਡੁੱਬਣੋ ਬਚ ਜਾਂਦੇ ਹਨ। ਬਾਲ ਗੁਪਾਲ—ਸ੍ਰਿਸ਼ਟੀ ਦੇ ਪਾਲਣ ਹਾਰ ਪਿਤਾ ਦਾ ਪੱਲਾ ਪਕੜਨ ਵਾਲੇ ਬੱਚੇ।ਰਹਾਉ।

ਕਰ—ਹੱਥ। ਜੋੜਿ—ਜੋੜ ਕੇ। ਮਨਿ—ਮਨ ਵਿਚ। ਦੁਰਤਿ—ਪਾਪ।੧।

ਵਰ ਨਾਰੀ ਮਿਲਿ—ਨਾਰੀਆਂ ਵਰ ਨੂੰ ਮਿਲ ਕੇ, ਗਿਆਨ-ਇੰਦ੍ਰੇ ਪ੍ਰਭੂ ਪਤੀ ਨੂੰ ਮਿਲ ਕੇ। ਮੰਗਲੁ—ਖ਼ੁਸ਼ੀ ਦਾ ਗੀਤ, ਸਿਫ਼ਤਿ-ਸਾਲਾਹ ਦਾ ਗੀਤ। ਜੈਕਾਰ—ਜੈ ਜੈ ਦਾ ਸੋਹਲਾ। ਜਨ ਕਉ— ਪ੍ਰਭੂ ਦੇ ਸੇਵਕ ਤੋਂ। ਉਧਾਰ—ਪਾਰ ਉਤਾਰਾ।੨।

ਅਰਥ :

ਪ੍ਰ: ਹੇ ਗੁਰੋ ! ਆਪ ਨੂੰ ਹਰ ਸਮੇਂ ਹੀ ਸ਼ਾਂਤ ਸਰੂਪ ਵਿਚ ਵੇਖੀਦਾ ਹੈ, ਇਸ ਦਾ ਅਸਲ ਕਾਰਣ ਕੀ ਹੈ ?

ਉ: ੧. ਹੇ ਭਾਈਓ ! ਇਸ ਦਾ ਇਕੋ ਹੀ ਕਾਰਣ ਹੈ ਕਿ ਮੇਰੇ ਵਾਹਿਗੁਰੂ ਜੀ (ਮੇਰੇ ਤੇ) ਆਪ ਹੀ ਕਿਰਪਾਲੂ ਹੋਏ ਹਨ।

੨. ਇਸੀ ਕਰ ਕੇ ਕੁਸ਼ਲ ਹੋ ਗਈ ਹੈ, (ਉਹ ਕੁਸ਼ਲਤਾ ਭੀ ਐਸੀ) ਕਿ ਅਨੰਦ ਰੂਪਤਾ ਬਣ ਗਈ ਹੈ, ਗੋਪਾਲ ਰੂਪ ਬਾਲਕ ਜੀ ਬੱਚ ਗਏ ਹਨ।ਰਹਾਉ।

ਪ੍ਰ: ਕਿਉਂ ਜੀ ! ਬਚਾਅ ਕਿਵੇਂ ਹੋਇਆ ?

ਉ: ੩. ਹੇ ਭਾਈਓ ! ਮੈਂ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਸੀ ਤੇ ਪਾਰਬ੍ਰਹਮ ਨੂੰ ਮਨ ਵਿਚ ਅਰਾਧਿਆ ਸੀ।

੪. ਉਸ ਪਰਮੇਸ਼ਰ ਨੇ ਆਪਣੇ (ਸੇਵਕ ਨੂੰ) ਹੱਥ ਦੇ ਕੇ ਰੱਖ ਲਿਆ ਹੈ ਤੇ ਉਸ ਨੇ ਸਾਰਾ ਹੀ ਦੁੱਖ ਦੂਰ ਕਰ ਦਿੱਤਾ ਹੈ।੧।

੫. ਹੇ ਭਾਈ ! ਹੁਣ ਸ੍ਰੇਸ਼ਟ ਨਾਰੀਆਂ, ਭਗਤ ਜਨਾਂ ਨੇ ਜਾਂ ਗਿਆਨ-ਇੰਦ੍ਰੀਆਂ ਨੇ ਮਿਲ ਕੇ ਖ਼ੁਸ਼ੀ ਦਾ ਗੀਤ ਗਾਇਆ ਹੈ ਤੇ ਠਾਕੁਰ ਦਾ ਜੈ-ਜੈ ਕਾਰ ਕੀਤਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਹ ਦਾਸ ਤੋਂ ਸਦਾ ਹੀ ਸਦਕੇ ਜਾਈਏ ਜੋ ਸਭਨਾਂ ਦਾ ਉਧਾਰ ਕਰਦਾ ਹੈ।੨।੨੩।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ ਹੈ, ਜਿਸ ਦੀ ਕਿਰਪਾ ਦਾ ਸਦਕਾ ਸਾਰੇ ਸੁੱਖ ਅਨੰਦ ਕਲਿਆਣ ਦੀ ਪ੍ਰਾਪਤੀ ਹੋਈ ਹੈ।

੧ੴ ਸਤਿਗੁਰ ਪ੍ਰਸਾਦਿ ॥

ਦੇਵਗੰਧਾਰੀ ਮਹਲਾ ੫ ॥

੧. ਅਪੁਨੇ ਸਤਿਗੁਰ ਪਹਿ ਬਿਨਉ ਕਹਿਆ ॥

੨. ਭਏ ਕ੍ਰਿਪਾਲ ਦਇਆਲ ਦੁਖ ਭੰਜਨ
ਮੇਰਾ ਸਗਲ ਅੰਦੇਸਰਾ ਗਇਆ ॥ ਰਹਾਉ ॥

੩. ਹਮ ਪਾਪੀ ਪਾਖੰਡੀ ਲੋਭੀ
ਹਮਰਾ ਗੁਨੁ ਅਵਗੁਨੁ ਸਭੁ ਸਹਿਆ ॥

੪. ਕਰੁ ਮਸਤਕਿ ਧਾਰਿ ਸਾਜਿ ਨਿਵਾਜੇ
ਮੁਏ ਦੁਸਟ ਜੋ ਖਇਆ ॥੧॥

੫. ਪਰਉਪਕਾਰੀ ਸਰਬ ਸਧਾਰੀ
ਸਫਲ ਦਰਸਨ ਸਹਜਇਆ ॥

੬. ਕਹੁ ਨਾਨਕ ਨਿਰਗੁਣ ਕਉ ਦਾਤਾ
ਚਰਣ ਕਮਲ ਉਰ ਧਰਿਆ ॥੨॥੨੪॥

ਪਦ ਅਰਥ : ਪਹਿ—ਪਾਸ। ਬਿਨਉ—ਬੇਨਤੀ। ਦੁਖ ਭੰਜਨ—ਦੁੱਖਾਂ ਦੇ ਨਾਸ ਕਰਨ ਵਾਲੇ ਪ੍ਰਭੂ ਜੀ।ਰਹਾਉ।

ਸਭੁ—ਸਾਰਾ। ਸਹਿਆ—ਸਹਾਰਿਆ। ਕਰੁ—ਹੱਥ। ਮਸਤਕਿ—ਮੱਥੇ ਉੱਤੇ। ਧਾਰਿ—ਰੱਖ ਕੇ। ਸਾਜ ਨਿਵਾਜੇ—ਪੈਦਾ ਕਰ ਕੇ ਸਵਾਰਦਾ ਹੈ। ਜੋ—ਜੇਹੜੇ। ਖਇਆ—ਨਾਸ ਕਰਨ ਵਾਲੇ।੧।

ਸਰਬ ਸਧਾਰੀ—ਸਭ ਜੀਵਾਂ ਨੂੰ ਸਹਾਰਾ ਦੇਣ ਵਾਲਾ। ਸਹਜਇਆ—ਆਤਮਕ ਅਡੋਲਤਾ ਦੇਣ ਵਾਲਾ। ਉਰ—ਹਿਰਦਾ।੨।

ਅਰਥ :

ਪ੍ਰ: ਹੇ ਗੁਰੋ ! ਜਗਤ ਦਾ ਹਰ ਜੀਵ ਸੰਸੇ ਤੇ ਫ਼ਿਕਰਾਂ ਦੇ ਪ੍ਰਵਾਹ

ਵਿਚ ਵਹਿਆ ਜਾ ਰਿਹਾ ਹੈ, ਪਰ ਆਪ ਜੀ ਦੇ ਸੰਸੇ ਫ਼ਿਕਰ ਕਿਵੇਂ ਦੂਰ ਹੋ ਗਏ ?

ਉ: ੧. ਹੇ ਮਿੱਤਰੋ ! ਜਦੋਂ ਮੈਂ ਆਪਣੇ ਸਤਿਗੁਰੂ ਜੀ ਦੇ ਪਾਸ ਜੋਦੜੀ ਕਰਨੀ ਸ਼ੁਰੂ ਕੀਤੀ,

੨. ਤਾਂ ਉਹ ਸਾਰੇ ਦੁੱਖਾਂ ਨੂੰ ਨਾਸ ਕਰਨ ਵਾਲੇ ਦਿਆਲੂ ਪ੍ਰਭੂ ਜੀ ! (ਮੇਰੇ ਉੱਤੇ) ਕਿਰਪਾਲੂ ਹੋ ਗਏ, ਜਿਸ ਦੀ ਕਿਰਪਾ ਦੀ ਬਰਕਤ ਨਾਲ ਮੇਰਾ ਸਾਰਾ ਫ਼ਿਕਰ ਦੂਰ ਹੋ ਗਿਆ ।ਰਹਾਉ।

ਪ੍ਰ: ਕਿਉਂ ਜੀ ! ਤੁਸੀਂ ਪਹਿਲੋਂ ਪਾਪ, ਪਾਖੰਡ ਤੇ ਲੋਭ ਆਦਿ ਵਿਕਾਰਾਂ ਨੂੰ ਤਿਆਗ ਕੇ ਕਿਰਪਾ ਕਰਾਉਣ ਦੇ ਪਾਤਰ ਬਣੇ ਹੋਵੋਗੇ ?

ਉ: ੩. (ਨਹੀਂ) ਹੇ ਭਾਈਓ ! ਇਹ ਗੱਲ ਨਹੀਂ, ਅਸੀਂ ਜੀਵ ਪਾਪੀ ਹਾਂ, ਪਖੰਡੀ ਹਾਂ ਅਤੇ ਲੋਭੀ ਵੀ ਹਾਂ, ਪਰ ਉਹ ਮੇਰਾ ਸਤਿਗੁਰੂ ਐਸਾ ਮਿਹਰਵਾਨ ਹੈ ਕਿ ਉਸ ਨੇ ਸਾਡਾ ਗੁਣ ਅਵਗੁਣ ਸਭੋ ਕੁਝ ਸਹਾਰ ਲਿਆ। ਭਾਵ ਗੁਣ ਤਾਂ ਕੋਈ ਹੈ ਹੀ ਨਹੀਂ ਸੀ ਅਤੇ ਅਉਗੁਣਾਂ ਦੀ ਵੀਚਾਰ ਹੀ ਨਹੀਂ ਕੀਤੀ।

ਪ੍ਰ: ਹਜ਼ੂਰ ਜੀਉ ! ਕਾਮਾਦਿਕ ਦੁਸ਼ਟ ਤਾਂ ਜੀਵਾਂ ਨੂੰ ਦਿਨੇ ਰਾਤ ਨਸ਼ਟ ਕਰਦੇ ਰਹਿੰਦੇ ਹਨ, ਪਰ ਤੁਸਾਂ ਉਨ੍ਹਾਂ 'ਤੇ ਕਾਬੂ ਪਾਉਣ ਲਈ ਕਿਹੜਾ ਸਾਧਨ ਕੀਤਾ ?

ਉ: ੪. ਐ ਭਾਈਓ ! ਅਸਲ ਵਿਚ ਮੈਂ ਸਾਧਨ ਤਾਂ ਕੋਈ ਵੀ ਨਹੀਂ ਕਰ ਸਕਿਆ, ਪਰ ਮੇਰੇ ਮੱਥੇ ਉੱਤੇ (ਗੁਰੂ) ਹੱਥ ਧਰ ਕੇ ਸਾਨੂੰ ਆਪੇ ਹੀ ਯੋਗ ਬਣਾ ਲਿਆ, ਭਾਵ ਜੀਵਨ ਨੂੰ ਸਵਾਰ ਕੇ ਫੇਰ ਵਡਿਆ ਦਿੱਤਾ, (ਜਿਸ ਦੀ ਬਰਕਤ ਨਾਲ ਕਾਮਾਦਿਕ ਵੈਰੀ, ਜੋ ਆਤਮਕ ਜੀਵਨ ਨੂੰ ਨਾਸ ਕਰਨ ਵਾਲੇ ਸਨ, ਉਹ ਸਭ ਆਪੇ ਹੀ ਮਰ ਗਏ।੧।

ਪ੍ਰ: ਹਜ਼ੂਰ ! ਤੁਸੀਂ ਸਤਿਗੁਰੂ ਦੇ ਨੇੜੇ ਹੋ, ਉਨ੍ਹਾਂ ਵਿਚ ਕਿਹੜੀਆਂ-ਕਿਹੜੀਆਂ ਸਿਫ਼ਤਾਂ ਤਕੀਆ ਹਨ ?

ਉ: ੫. ਹੇ ਪਿਆਰਿਓ ! ਉਹ ਮੇਰਾ ਸਤਿਗੁਰੂ ਪਰਉਪਕਾਰੀ ਹੈ, ਸਭ ਨੂੰ ਆਸਰੇ ਸਹਿਤ ਕਰਨ ਵਾਲਾ ਹੈ। ਉਸ ਦਾ ਦਰਸ਼ਨ ਵੀ ਸਫਲ ਦਰਸ਼ਨ ਹੈ ਅਤੇ ਉਹ ਆਤਮਿਕ ਅਡੋਲਤਾ ਦੀ ਦਾਤ ਕਰਨ ਵਾਲਾ, ਸਹਿਜ ਪਦਵੀ ਵਾਲਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਹ ਨਿਰਗੁਣਾਂ ਦਾ ਵੀ ਦਾਤਾ ਹੈ, ਇਸੇ ਲਈ ਮੈਂ ਉਸ ਦੇ ਚਰਨ ਕਮਲਾਂ ਨੂੰ ਆਪਣੇ ਹਿਰਦੇ ਵਿਚ ਧਾਰਨ ਕੀਤਾ ਹੋਇਆ ਹੈ।੨।੨੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਸਤਿਗੁਰੂ ਅੱਗੇ ਬੇਨਤੀ ਕਰਨ ਦਾ ਜ਼ਿਕਰ ਕਰਦੇ ਹਨ। ਜਦੋਂ ਭਾਵਨਾ ਸਹਿਤ ਕੀਤੀ ਬੇਨਤੀ ਕਬੂਲ ਹੋ ਗਈ ਤਾਂ ਸਾਰੇ ਫ਼ਿਕਰ ਸੰਸੇ ਦੂਰ ਹੋ ਗਏ। ਇਹ ਸਾਰਾ ਫਲ ਤਦੋਂ ਹੀ ਪ੍ਰਾਪਤ ਹੋਇਆ ਜਦੋਂ ਗੁਰੂ ਨੇ ਬਖ਼ਸ਼ਸ਼ ਭਰਿਆ ਹੱਥ ਮਸਤਕ 'ਤੇ ਰੱਖ ਦਿੱਤਾ।

ਦੇਵਗੰਧਾਰੀ ਮਹਲਾ ੫ ॥

੧. ਅਨਾਥ ਨਾਥ ਪ੍ਰਭ ਹਮਾਰੇ ॥
੨. ਸਰਨਿ ਆਇਓ ਰਾਖਨਹਾਰੇ ॥ ਰਹਾਉ ॥
੩. ਸਰਬ ਪਾਖ ਰਾਖੁ ਮੁਰਾਰੇ ॥
੪. ਆਗੈ ਪਾਛੈ ਅੰਤੀ ਵਾਰੇ ॥੧॥
੫. ਜਬ ਚਿਤਵਉ ਤਬ ਤੁਹਾਰੇ ॥
੬. ਉਨ ਸਮ੍ਹਾਰਿ ਮੇਰਾ ਮਨੁ ਸਧਾਰੇ ॥੨॥
੭. ਸੁਨਿ ਗਾਵਉ ਗੁਰ ਬਚਨਾਰੇ ॥
੮. ਬਲਿ ਬਲਿ ਜਾਉ ਸਾਧ ਦਰਸਾਰੇ ॥੩॥
੯. ਮਨ ਮਹਿ ਰਾਖਉ ਏਕ ਅਸਾਰੇ ॥
੧੦. ਨਾਨਕ ਪ੍ਰਭ ਮੇਰੇ ਕਰਨੈਹਾਰੇ ॥੪॥੨੫॥

ਪਦ ਅਰਥ : ਅਨਾਥ ਨਾਥ—ਹੇ ਨਿਖਸਮਿਆਂ ਦੇ ਖਸਮ, ਉਨ੍ਹਾਂ ਦਾ ਮਾਲਕ ਜਿਨ੍ਹਾਂ ਦਾ ਕੋਈ ਵੀ ਨਹੀਂ ਹੁੰਦਾ। ਰਾਖਨਹਾਰੇ—ਹੇ ਸਹਾਇਤਾ ਕਰਨ ਦੇ ਸਮਰੱਥ ਪ੍ਰਭੂ ।ਰਹਾਉ।

ਸਰਬ ਪਾਖ—ਸਾਰੇ ਪੱਖ, ਪਾਸਾ, ਤਰਫ਼, ਪਹਿਲੂ, ਤਰਫ਼ਦਾਰੀ। ਮੁਰਾਰੇ—ਹੇ ਮੁਰਾਰੀ ! ਆਗੈ—ਪ੍ਰਲੋਕ ਵਿਚ। ਪਾਛੈ—ਇਸ ਲੋਕ ਵਿਚ। ਅੰਤੀ ਵਾਰੇ—ਮਰਨ ਵੇਲੇ। ਚਿਤਵਉ—ਚਿਤਵਉਂ, ਮੈਂ ਚੇਤੇ ਕਰਦਾ ਹਾਂ। ਉਨ ਸਮ੍ਹਾਰਿ—ਤੇਰੇ ਉਨ੍ਹਾਂ ਗੁਣਾਂ ਨੂੰ ਚੇਤੇ ਕਰ ਕੇ। ਸਧਾਰੇ—ਸਹਾਰਾ ਫੜਦਾ ਹੈ।੨।

ਸੁਨਿ—ਸੁਣ ਕੇ। ਗਾਵਉ—ਗਾਵਉਂ, ਮੈਂ ਗਾਂਦਾ ਹਾਂ। ਜਾਉ—ਜਾਉਂ, ਮੈਂ ਜਾਂਦਾ ਹਾਂ। ਬਲਿ—ਕੁਰਬਾਨ। ਸਾਧੂ—ਗੁਰੂ। ਰਾਖਉ—ਰਾਖਉਂ, ਮੈਂ ਰੱਖਦਾ ਹਾਂ। ਆਸਰੇ—ਆਸ, ਆਸਰਾ। ਕਰਨੈਹਾਰੇ—ਹੇ ਕਰਤਾਰ।੪।

ਅਰਥ :

ਪ੍ਰ: ਹੇ ਗੁਰੋ ! ਅਸਾਂ ਮਲੀਨ ਬੁੱਧੀ ਵਾਲਿਆਂ ਨੂੰ ਤਾਂ ਪ੍ਰਭੂ ਅੱਗੇ ਅਰਦਾਸ ਕਰਨ ਦੀ ਭੀ ਜਾਚ ਨਹੀਂ, ਕਿਰਪਾ ਕਰ ਕੇ ਜੋਦੜੀ ਕਰਨ ਦਾ ਢੰਗ ਦੱਸ ਦਿਓ।

ਉ: ੧-੨. ਹੇ ਪਿਆਰਿਓ ! ਇਉਂ ਅਰਦਾਸ ਕਰਿਆ ਕਰੋ ਕਿ ਹੇ ਅਨਾਥਾਂ ਦੇ ਨਾਥ। ਹੇ ਮੇਰੇ ਰੱਖਣਹਾਰ ਪ੍ਰਭੂ ! ਮੈਂ (ਜੀਉ) ਤੇਰੀ ਸ਼ਰਨ ਆਇਆ ਹਾਂ ।ਰਹਾਉ।

ਪ੍ਰ: ਹਜ਼ੂਰ ! ਜੇ ਸਾਈਂ ਸਾਡੀ ਬੇਨਤੀ ਨੂੰ ਕਬੂਲ ਕਰ ਕੇ ਸਾਨੂੰ ਪੁੱਛ ਕਰੇ ਕਿ ਤੁਸੀਂ ਚਾਹੁੰਦੇ ਕੀ ਹੋ, ਤਾਂ ਫਿਰ ਸਾਨੂੰ ਤਾਂ ਇਹ ਭੀ ਜਾਚ ਨਹੀਂ ਕਿ ਅਸੀਂ ਕੀ ਮੰਗੀਏ ਤਾਂ ਜਾਚਨਾ ਕਰਨ ਦੀ ਵੀ ਜਾਚ ਦੱਸ ਦਿਓ।

ਉ: ੩-੪. ਹੇ ਭਾਈਓ ! ਜੇ ਸਾਈਂ ਤਰੁੱਠ ਕੇ ਪੁੱਛ ਕਰੇ ਤਾਂ ਫਿਰ ਇਉਂ ਹੀ ਜੋਦੜੀ ਕਰਿਓ ਕਿ ਹੇ ਮੁਰਾਰੀ ਪ੍ਰਭੂ ਜੀ ! ਪ੍ਰਲੋਕ ਵਿਚ, ਇਸ ਲੋਕ ਵਿਚ ਅਤੇ ਅਖ਼ੀਰਲੇ ਵੇਲੇ, ਭਾਵ ਹਰ ਥਾਂ ਹੀ ਮੇਰੀ ਸਹਾਇਤਾ ਕਰ।੧।

ਪ੍ਰ: ਹਜ਼ੂਰ ! ਹੋਰ ਕੀ ਕਵ੍ਹਾਂ ?

ਉ: ੫. ਹੇ ਸੱਜਨਾ ! ਹੋਰ ਇਉਂ ਕਹਿੰਦਾ ਰਹੁ ਕਿ ਹੇ ਸਾਈਂ ਜੀ ! ਮੈਂ ਜਦ ਵੀ ਚਿਤਵਦਾ ਹਾਂ ਤਦ ਆਪ ਦੇ ਹੀ ਗੁਣ ਚਿਤਵਦਾ ਹਾਂ, ਭਾਵ ਯਾਦ ਕਰਦਾ ਹਾਂ।

੬. ਹੇ ਸਾਈਂ ਜੀ ! ਉਨ੍ਹਾਂ ਤੁਹਾਡੇ ਗੁਣਾਂ ਨੂੰ ਚੇਤੇ ਕਰ ਕੇ ਹੀ ਮੇਰਾ ਮਨ ਆਸਰੇ ਸਹਿਤ ਹੁੰਦਾ ਹੈ, ਭਾਵ ਟਿਕਿਆ ਰਹਿੰਦਾ ਹੈ।੨।

ਪ੍ਰ: ਰੱਬੀ ਅਵਾਜ਼ ਆਈ, ਇਹ ਗੁਣ ਗਾਉਣ ਦੀ ਜਾਚ ਤੁਹਾਨੂੰ ਕਿਵੇਂ ਆਈ ਹੈ ?

ਉ: ੭. ਹੇ ਪ੍ਰਭੂ ਜੀ ! ਇਹ ਆਪ ਜੀ ਦੇ ਗੁਣ ਗਾਉਣ ਦੀ ਜਾਚ ਗੁਰੂ ਦੇ ਬਚਨ ਸੁਣ ਕੇ ਹੀ ਆਈ ਹੈ, ਭਾਵ ਇਹ ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗੁਰੂ ਦੇ ਉਪਦੇਸ਼ ਸੁਣਨ ਦੀ ਹੀ ਬਰਕਤ ਹੈ।

੮. ਹੇ ਪ੍ਰਭੂ ! ਇਸੇ ਲਈ ਹੀ ਮੈਂ (ਸਾਧ) ਗੁਰੂ ਦੇ ਦਰਸ਼ਨਾਂ ਤੋਂ ਕੁਰਬਾਨ ਜਾਂਦਾ ਹਾਂ।੩।

੯. ਹੇ ਸਾਈਂ ਜੀ ! ਇਸੇ ਲਈ ਮੈਂ ਆਪਣੇ ਮਨ ਵਿਚ ਇਕੋ ਹੀ ਆਸਰਾ ਰੱਖਦਾ ਹਾਂ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੇ ਪ੍ਰਭੂ ਜੀ ! ਤੁਸੀਂ ਸਭੋ ਕੁਝ ਕਰਨ ਵਾਲੇ ਹੋ।੪।੨੫।

ਭਾਵਾਰਥ : ਇਸ ਸ਼ਬਦ ਵਿਚ ਪਰਮੇਸ਼ਰ ਅੱਗੇ ਰੱਖਿਆ ਕਰਨ ਲਈ ਅਰਦਾਸ ਕੀਤੀ ਗਈ ਹੈ। ਗੁਰੂ ਦੇ ਬਚਨਾਂ ਦੁਆਰਾ ਪ੍ਰਭੂ ਦੇ ਗੁਣ ਗਾਉਣ ਦੀ ਜਾਚ ਕਹੀ ਗਈ ਹੈ। ਅੰਤ ਵਿਚ ਗੁਰੂ ਤੇ ਪਰਮੇਸ਼ਰ ਦਾ ਸ਼ੁਕਰਾਨਾ ਕੀਤਾ ਗਿਆ ਹੈ।

ਦੇਵਗੰਧਾਰੀ ਮਹਲਾ ੫ ॥

੧. ਪ੍ਰਭ ਇਹੈ ਮਨੋਰਥੁ ਮੇਰਾ ॥
੨. ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ
ਕਰਿ ਸੰਤਨ ਕਾ ਚੇਰਾ ॥ ਰਹਾਉ ॥
੩. ਪ੍ਰਾਤਹਕਾਲ ਲਾਗਉ ਜਨ ਚਰਨੀ
ਨਿਸ ਬਾਸੁਰ ਦਰਸੁ ਪਾਵਉ ॥
੪. ਤਨੁ ਮਨੁ ਅਰਪਿ ਕਰਉ ਜਨ ਸੇਵਾ
ਰਸਨਾ ਹਰਿ ਗੁਨ ਗਾਵਉ ॥੧॥
੫. ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ
ਸੰਤਸੰਗਿ ਨਿਤ ਰਹੀਐ ॥
੬. ਏਕੁ ਅਧਾਰੁ ਨਾਮੁ ਧਨੁ ਮੋਰਾ
ਅਨਦੁ ਨਾਨਕ ਇਹੁ ਲਹੀਐ ॥੨॥੨੬॥

ਪਦ ਅਰਥ : ਮਨੋਰਥੁ—ਮਨ ਦੀ ਤਾਂਘ। ਕ੍ਰਿਪਾ ਨਿਧਾਨ—ਹੇ ਕਿਰਪਾ ਦੇ ਖ਼ਜ਼ਾਨੇ ! ਮੋਹਿ—ਮੈਨੂੰ। ਦੀਜੈ—ਦੇਹੋ। ਚੇਰਾ—ਦਾਸ।ਰਹਾਉ।

ਪ੍ਰਾਤਹਕਾਲ—ਸਵੇਰ ਸਾਰ, ਸਵੇਰੇ ਹੀ, ਤੜਕੇ। ਲਾਗਉ—ਲਾਗਉਂ, ਮੈਂ ਲੱਗਾਂ। ਨਿਸ—ਰਾਤ। ਬਾਸੁਰ—ਦਿਨ। ਪਾਵਉ—ਪਾਵਉਂ। ਅਰਪਿ—ਭੇਟਾ ਕਰਕੇ। ਕਰਉ—ਕਰਉਂ। ਰਸਨਾ—ਜੀਭ (ਨਾਲ)। ਗਾਵਉ—ਗਾਵਉਂ।੧।

ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਸਿਮਰਉ—ਸਿਮਰਉਂ। ਸੰਗਿ—ਸੰਗਤ ਵਿਚ। ਰਹੀਐ—ਰਹਿਣਾ ਚਾਹੀਦਾ ਹੈ।੨।

ਅਰਥ :

ਪ੍ਰ: ਹੇ ਗੁਰੋ ! ਹਰ ਬੰਦਾ ਹੀ ਪ੍ਰਭੂ ਜੀ ਪਾਸੋਂ ਆਪਣੀ-ਆਪਣੀ ਇੱਛਾ ਮੁਤਾਬਕ ਜਾਚਨਾ ਕਰਦਾ ਹੈ, ਪਰ ਜਦ ਕਦੀ ਤੁਸੀਂ ਸਾਈਂ ਜੀ ਪਾਸੋਂ ਮੰਗ ਕਰਦੇ ਹੋ ਤਾਂ ਤੁਸੀਂ ਕੀ ਜਾਚਨਾ ਕਰਦੇ ਹੋ ?

ਉ: ੧. ਹੇ ਪਿਆਰਿਓ ! ਮੈਂ ਤਾ ਸਦਾ ਹੀ ਇਹ ਮੰਗ ਮੰਗਦਾ ਹਾਂ ਕਿ ਹੇ ਪ੍ਰਭੂ ਜੀਓ ! ਮੇਰੇ ਮਨ ਦੀ ਤਾਂ ਇਕ ਇਹੋ ਤਾਂਘ ਹੈ, ਇਹੋ ਸੰਕਲਪ ਹੈ

੨. ਕਿ ਹੇ ਕਿਰਪਾ ਦੇ ਖ਼ਜ਼ਾਨੇ, ਹੇ ਦਿਆਲੂ ! ਮੈਨੂੰ ਇਹ ਦਾਨ ਦਿਓ ਕਿ ਸੰਤਾਂ ਦਾ ਸੇਵਕ ਬਣਾ ਦਿਓ।ਰਹਾਉ।

ਪ੍ਰ: ਹੋਰ ਕੀ ਚਾਹੁੰਦੇ ਹੋ ?

ਉ: ੩. ਹੇ ਭਾਈਓ ! ਹੋਰ ਇਹ ਚਾਹੁੰਦਾ ਹਾਂ ਕਿ ਹੇ ਪ੍ਰਭੂ ! ਮੈਂ ਸਵੇਰੇ ਹੀ ਉਠ ਕੇ ਤੇਰੇ ਸੰਤ ਜਨਾਂ ਦੀ ਚਰਨੀਂ ਲੱਗਾਂ ਅਤੇ ਮੈਂ ਦਿਨ ਰਾਤ ਤੇਰੇ ਸੰਤ ਜਨਾਂ ਦਾ ਦਰਸ਼ਨ ਕਰਦਾ ਰਵਾਂ।

੪. ਹੇ ਸਾਈਂ ਜੀ ! ਮੈਂ ਇਹ ਤਨ ਤੇ ਮਨ ਭੇਟ ਕਰ ਕੇ ਤੇਰੇ ਦਾਸਾਂ ਦੀ ਸੇਵਾ ਕਰਦਾ ਰਵਾਂ। ਹੇ ਹਰੀ ! ਰਸਨਾ ਦੁਆਰਾ ਤੇਰੇ ਗੁਣ ਗਾਉਂਦਾ ਰਹਾਂ।੧।

ਪ੍ਰ: ਕੀ ਕੋਈ ਹੋਰ ਵੀ ਤਾਂਘ ਹੈ ?

ਉ: ੫. ਹੋਰ ਇਹ ਤਾਂਘ ਹੈ ਕਿ ਮੈਂ ਸਾਸ-ਸਾਸ ਆਪਣੇ ਪ੍ਰਭੂ ਦਾ ਸਿਮਰਨ ਕਰਦਾ ਰਵਾਂ ਤੇ ਉਸ ਆਪਣੇ ਪ੍ਰਭੂ ਦੇ ਦਾਸਾਂ ਦੇ ਸੰਗ ਵਿਚ ਹੀ ਵਸਦਾ ਰਹਾਂ।

੬. ਹੇ ਸਾਈਂ ਜੀ ! ਤੇਰਾ ਨਾਮ ਰੂਪੀ ਧਨ ਮੇਰੇ ਜੀਵਨ ਦਾ ਆਸਰਾ ਬਣਿਆ ਰਹੇ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ! ਕਿਰਪਾ ਕਰੋ ਜੀ, ਮੈਂ ਸਦਾ ਲਈ ਇਕ ਇਹੋ ਹੀ ਅਨੰਦ ਲੈਂਦਾ ਰਵਾਂ।੨।੨੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਪ੍ਰਭੂ ਤੋਂ ਉਸ ਦੀ ਪ੍ਰੇਮਾ-ਭਗਤੀ ਪ੍ਰਾਪਤ ਕਰਨ ਲਈ ਜੋਦੜੀ ਕਰਦੇ ਹਨ, ਕਿਉਂਕਿ ਇਸੇ ਪ੍ਰੇਮਾ-ਭਗਤੀ ਵਿਚ ਸਾਰੇ ਸੁੱਖ ਤੇ ਸਾਰੇ ਅਨੰਦ ਦੀ ਪ੍ਰਾਪਤੀ ਹੈ।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

੧. ਮੀਤਾ ਐਸੇ ਹਰਿ ਜੀਉ ਪਾਏ ॥
੨. ਛੋਡਿ ਨ ਜਾਈ ਸਦ ਹੀ ਸੰਗੇ
ਅਨਦਿਨੁ ਗੁਰ ਮਿਲਿ ਗਾਏ ॥੧॥ ਰਹਾਉ ॥
੩. ਮਿਲਿਓ ਮਨੋਹਰੁ ਸਰਬ ਸੁਖੈਨਾ
ਤਿਆਗਿ ਨ ਕਤਹੂ ਜਾਏ ॥
੪. ਅਨਿਕ ਅਨਿਕ ਭਾਤਿ ਬਹੁ ਪੇਖੇ
ਪ੍ਰਿਅ ਰੋਮ ਨ ਸਮਸਰਿ ਲਾਏ ॥੧॥
੫. ਮੰਦਰਿ ਭਾਗੁ ਸੋਭ ਦੁਆਰੈ
ਅਨਹਤ ਰੁਣੁ ਝੁਣੁ ਲਾਏ ॥
੬. ਕਹੁ ਨਾਨਕ ਸਦਾ ਰੰਗੁ ਮਾਣੇ
ਗ੍ਰਿਹ ਪ੍ਰਿਅ ਥੀਤੇ ਸਦ ਥਾਏ ॥੨॥੧॥੨੭॥

ਪਦ ਅਰਥ : ਮੀਤਾ ਐਸੇ—ਅਜੇਹੇ ਮਿੱਤ੍ਰ। ਪਾਏ—ਲੱਭ ਲਏ ਹਨ। ਛੋਡਿ—ਛੱਡ ਕੇ। ਸਦ—ਸਦਾ। ਸੰਗੇ—ਨਾਲ। ਅਨਦਿਨੁ—ਹਰ ਰੋਜ਼। ਗੁਰਿ ਮਿਲਿ—ਗੁਰੂ ਨੂੰ ਮਿਲ ਕੇ।੧।ਰਹਾਉ।

ਮਨੋਹਰ—ਮਨ ਨੂੰ ਮੋਹ ਲੈਣ ਵਾਲਾ ਹਰੀ। ਸੁਖੈਨਾ—[ਸੁੱਖ+ਐਨ] ਸੁੱਖ ਦਾ ਘਰ, ਸੁੱਖ ਸਰੂਪ, ਸੁੱਖ ਦਾਤਾ। ਕਤਹੂ—ਕਿਤੇ ਭੀ। ਪੇਖੇ—ਮੈਂ ਵੇਖੇ ਹਨ। ਪ੍ਰਿਅ ਰੋਮ ਸਮਸਰਿ—ਪਿਆਰੇ ਦੇ ਇਕ ਵਾਲ ਦੇ ਬਰਾਬਰ।੧।

ਮੰਦਰਿ—ਹਿਰਦੇ ਮੰਦਰ ਵਿਚ। ਸੋਭ—ਸੋਭਾ। ਦੁਆਰੈ—ਪ੍ਰਭੂ ਦੇ ਦਰ 'ਤੇ। ਅਨਹਤ—ਇਕ ਰਸ ਲਗਾਤਾਰ। ਰੁਣੁ ਝੁਣੁ—ਮੱਧਮ-ਮੱਧਮ ਹੋ ਰਿਹਾ ਖ਼ੁਸ਼ੀ ਦਾ ਗੀਤ। ਗ੍ਰਿਹ ਥਾਏ—ਜਿਸਦੇ ਹਿਰਦੇ ਘਰ ਵਿਚ। ਸਦ—ਸਦਾ। ਪ੍ਰਿਅ ਥੀਤੇ—ਪ੍ਰਭੂ ਜੀ ਟਿਕ ਗਏ।੨।੧।੨੭।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਹਰ ਮਨੁੱਖ ਨੇ ਕੋਈ ਨ ਕੋਈ ਜ਼ਰੂਰ ਮਿੱਤ੍ਰ ਬਣਾ ਰਖਿਆ ਹੁੰਦਾ ਹੈ, ਪਰ ਤੁਸਾਂ ਕਿਸ ਨੂੰ ਮਿੱਤ੍ਰ ਬਣਾਇਆ ਹੈ?

ਉ: ੧. ਹੇ ਭਾਈਓ! ਮੈਂ ਵੇਖ ਰਿਹਾ ਹਾਂ ਕਿ ਇਹ ਸੰਸਾਰੀ ਲੋਕਾਂ ਦੀ ਮਿੱਤ੍ਰਤਾ ਬਹੁਤ ਸਮਾਂ ਕਾਇਮ ਨਹੀਂ ਰਹਿੰਦੀ। ਅੱਜ ਦੀ ਮਿੱਤ੍ਰਤਾ ਕੱਲ ਨੂੰ ਦੁਸ਼ਮਣਤਾਈ ਵਿਚ ਬਦਲ ਜਾਂਦੀ ਹੈ, ਇਸ ਲਈ ਮੈਂ ਅਜਿਹੇ ਮਿੱਤ੍ਰ ਪ੍ਰਭੂ ਜੀ ਲੱਭ ਲਏ ਹਨ।

੨. (ਭਾਵ ਉਹ ਇਸ ਪ੍ਰਕਾਰ ਦੇ ਹਨ ਕਿ ਇਕ ਵਾਰ ਦੇ ਮਿਲੇ ਹੋਏ ਫੇਰ) ਛੱਡ ਕੇ ਨਹੀਂ ਜਾਂਦੇ। ਉਹ ਸਦਾ ਹੀ ਅੰਗ-ਸੰਗ ਰਹਿੰਦੇ ਹਨ। ਹੁਣ ਗੁਰੂ ਨੂੰ ਮਿਲ ਕੇ ਮੈਂ ਹਰ ਵੇਲੇ ਉਸੇ ਦੇ ਗੁਣ ਗਾਉਂਦਾ ਰਹਿੰਦਾ ਹਾਂ।੧।ਰਹਾਉ।

ਪ੍ਰ: ਕਿਉਂ ਜੀ! ਜਿਸ ਨੂੰ ਤੁਸਾਂ ਮਿੱਤ੍ਰ ਬਣਾਇਆ ਹੈ, ਉਹ ਹਰੀ ਮਿੱਤ੍ਰ ਹੈ ਕੈਸਾ?

ਉ: ੩. ਹੇ ਭਾਈ! ਉਹ ਮੇਰੇ ਮਨ ਨੂੰ ਮੋਹ ਲੈਣ ਵਾਲਾ ਹੈ। ਉਹ ਮੈਨੂੰ ਸਾਰੇ ਸੁੱਖ ਦੇਣ ਵਾਲਾ ਪ੍ਰਭੂ ਮਿਲ ਪਿਆ ਹੈ। ਉਹ ਹੁਣ ਮੈਨੂੰ ਛੱਡ ਕੇ ਹੋਰ ਕਿਤੇ ਭੀ ਨਹੀਂ ਜਾਂਦਾ।

ਪ੍ਰ: ਕਿਉਂ ਜੀ! ਕੀ ਤੁਸਾਂ ਇਸ ਹਰੀ ਮਿੱਤ੍ਰ ਤੋਂ ਪਹਿਲੋਂ ਸੰਸਾਰੀ ਮਿੱਤ੍ਰਾਂ ਨੂੰ ਤਕਿਆ ਵੀ ਹੈ?

ਉ: ੪. (ਹਾਂ ਜ਼ਰੂਰ) ਹੇ ਭਾਈਓ! ਇਕ ਦੋ ਨਹੀਂ ਮੈਂ ਤਾਂ ਸੁੱਖਾਂ ਦੇ ਇਕਰਾਰ ਕਰਨ ਵਾਲੇ, ਹੋਰ ਬਥੇਰੇ ਅਨੇਕਾਂ ਪ੍ਰਕਾਰ ਦੇ ਮਿੱਤ੍ਰ ਵੇਖ ਲਏ ਹਨ, ਪਰ ਮੈਂ ਤਾਂ ਹੋਰ ਕਿਸੇ ਨੂੰ ਵੀ ਪਿਆਰੇ ਪ੍ਰਭੂ ਦੇ ਇਕ ਵਾਲ ਦੇ ਬਰਾਬਰ ਵੀ ਨਹੀਂ ਕਰ ਸਕਦਾ।੧।

੫. ਹੇ ਪਿਆਰੇ! ਇਸ ਜੀਵ ਦੇ ਹਿਰਦੇ ਘਰ ਵਿਚ ਪ੍ਰਭੂ ਜੀ ਸਦਾ ਲਈ ਆ ਟਿਕਦੇ ਹਨ। ਉਹ ਫਿਰ ਸਦਾ ਹੀ ਆਤਮਿਕ ਅਨੰਦ ਮਾਣਦਾ ਹੈ। ਉਸ ਦੇ ਮਨ ਰੂਪੀ ਮੰਦਰ ਵਿਚ ਭਾਗ ਲੱਗ ਰਹੇ ਹਨ ਅਤੇ ਉਸ ਦੇ ਹਿਰਦੇ ਰੂਪੀ ਘਰ ਵਿਚ ਸਦਾ ਹੀ ਇਕ ਰਸ ਧੀਮਾ-ਧੀਮਾ ਖ਼ੁਸ਼ੀ ਦਾ ਗੀਤ ਵੱਜਦਾ ਰਹਿੰਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਸ ਪਿਆਰੇ ਦੇ (ਘਰ) ਤੇ ਸਰੂਪ ਵਿਚ (ਥੀਤੇ) ਜਾ ਟਿਕੇ ਹਾਂ, ਜੋ ਜੀਵ ਦਾ ਸਦੈਵੀ ਟਿਕਾਣਾ ਹੈ, ਇਸੇ ਲਈ ਹੁਣ ਅਸੀਂ ਸਦੈਵੀ ਰੰਗ ਮਾਣ ਰਹੇ ਹਾਂ।੨।੧।੨੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਆਪਣੇ ਉਸ ਅਸਲੀ ਪ੍ਰਭੂ ਪਿਆਰੇ ਮਿੱਤ੍ਰ ਦਾ ਪ੍ਰਾਪਤ ਹੋਣਾ ਦੱਸ ਰਹੇ ਹਨ ਜੋ ਕਿ ਕਦੀ ਵੀ ਛੱਡ ਕੇ ਨਹੀਂ ਜਾਂਦਾ ਅਤੇ ਉਸ ਦੀ ਬਰਾਬਰਤਾ ਹੋਰ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ।

ਦੇਵਗੰਧਾਰੀ ੫ ॥

੧. ਦਰਸਨ ਨਾਮ ਕਉ ਮਨੁ ਆਛੈ ॥
੨. ਭ੍ਰਮਿ ਆਇਓ ਹੈ ਸਗਲ ਥਾਨ ਰੇ
ਆਹਿ ਪਰਿਓ ਸੰਤ ਪਾਛੈ ॥੧॥ ਰਹਾਉ ॥
੩. ਕਿਸੁ ਹਉ ਸੇਵੀ ਕਿਸੁ ਆਰਾਧੀ
ਜੋ ਦਿਸਟੈ ਸੋ ਗਾਛੈ ॥
੪. ਸਾਧਸੰਗਤਿ ਕੀ ਸਰਨੀ ਪਰੀਐ
ਚਰਣ ਰੇਨੁ ਮਨੁ ਬਾਛੈ ॥੧॥
੫. ਜੁਗਤਿ ਨ ਜਾਨਾ ਗੁਨੁ ਨਹੀ ਕੋਈ
ਮਹਾ ਦੁਤਰੁ ਮਾਇ ਆਛੈ ॥
੬. ਆਇ ਪਇਓ ਨਾਨਕ ਗੁਰ ਚਰਨੀ
ਤਉ ਉਤਰੀ ਸਗਲ ਦੁਰਾਛੈ ॥੨॥੨॥੨੮॥

ਪਦ ਅਰਥ : ਕਉ—ਵਾਸਤੇ। ਆਛੈ—ਤਾਂਘਦਾ ਹੈ, ਚਾਹੁੰਦਾ ਹੈ। ਭ੍ਰਮਿ—ਭਟਕ-ਭਟਕ ਕੇ। ਸਗਲ ਥਾਨ—ਸਭਨੀ ਥਾਈਂ। ਰੇ—ਹੇ ਭਾਈ। ਆਹਿ—ਤਾਂਘ ਕਰਕੇ। ਸੰਤ ਪਾਛੈ—ਸੰਤ ਦੇ ਪਿੱਛੇ, ਸੰਤਾਂ ਦੀ ਸ਼ਰਨ।੧।ਰਹਾਉ।

ਹਉ—ਮੈਂ। ਸੇਵੀ—ਸੇਵੀਂ, ਮੈਂ ਸੇਵਾ ਕਰਾਂ। ਆਰਾਧੀ—ਅਰਾਧੀਂ। ਦਿਸਟੈ—ਦਿੱਸਦਾ ਹੈ। ਗਾਛੈ—ਨਾਸਵੰਤ ਹੈ, ਤੁਰਿਆ ਜਾਂਦਾ ਹੈ, ਚਲਾਇਮਾਨ ਹੈ। ਪਰੀਐ—ਪੀਣਾ ਚਾਹੀਦਾ ਹੈ। ਰੇਨੁ—ਧੂੜ। ਬਾਛੈ—ਮੰਗਦਾ ਹੈ।੧।

ਜਾਨਾ—ਜਾਨਾਂ, ਮੈਂ ਜਾਣਦਾ ਹਾਂ। ਦੁਤਰੁ—ਜਿਸ ਨੂੰ ਤਰਨਾ ਔਖਾ ਹੈ, ਜੋ ਔਖ ਨਾਲ ਸਾਧੀ ਜਾਵੇ। ਮਾਇ—ਮਾਇਆ। ਆਛੈ—ਹੈ। ਤਉ—ਤਦੋਂ। ਦੁਰਾਛੈ—ਦੁਰ ਆਛੈ, ਮੰਦੀ ਵਾਸ਼ਨਾ, ਮਾੜੀ ਇੱਛਿਆ।੨।

ਅਰਥ :

ਪ੍ਰ: ਹੇ ਗੁਰੋ! ਸੰਸਾਰੀ ਜੀਵਾਂ ਦਾ ਮਨ ਕਿਸੇ ਨ ਕਿਸੇ ਸ਼ੈਅ ਵੱਲ ਖਿਚਿਆਂ ਹੋਇਆ ਉਸੇ ਨੂੰ ਤਾਂਘਦਾ ਰਹਿੰਦਾ ਹੈ, ਪਰ ਤੁਹਾਡਾ ਮਨ ਕਿਸ ਸ਼ੈਅ ਨੂੰ ਤਾਂਘਦਾ ਹੈ?

ਉ: ੧. ਹੇ ਭਾਈਓ! ਮੇਰੇ ਮਨ ਵਿਚ ਤਾਂ ਕੇਵਲ ਵਾਹਿਗੁਰੂ ਜੀ ਦੇ ਦਰਸ਼ਨ ਅਤੇ ਉਸੇ ਦੇ ਨਾਮ ਨੂੰ ਮਨ ਲੋਚਦਾ ਰਹਿੰਦਾ ਹੈ।

ਪ੍ਰ: ਕਿਉਂ ਜੀ! ਇਸ ਦਾ ਕਾਰਣ ਕੀ ਹੈ?

ਉ: ੨. ਹੇ ਮਿੱਤਰੋ! ਮੇਰਾ ਇਹ ਮਨ ਭਟਕ-ਭਟਕ ਕੇ ਸਭਨੀਂ ਥਾਈਂ ਹੋ ਆਇਆ ਹੈ, ਆਖ਼ਰ ਹੁਣ ਤਾਂਘ ਕਰਕੇ ਸੰਤਾਂ ਦੀ ਚਰਨੀਂ ਆ ਪਿਆ ਹੈ।੧।ਰਹਾਉ।

ਪ੍ਰ: ਹਜ਼ੂਰ ਜੀ! ਤੁਸਾਂ ਸਾਰੇ ਸੰਸਾਰ ਵਿਚ ਆਖ਼ਰ ਭਉਂ ਚਉਂ ਕੇ ਕੀ ਨਿਸਚਾ ਕੀਤਾ ਹੈ?

ਉ: ੩. ਹੇ ਭਾਈਓ! ਹੁਣ ਤਾਂ ਮੈਂ ਇਹੋ ਹੀ ਸੋਚਦਾ ਹਾਂ ਕਿ ਕਿਸ ਦੀ ਸੇਵਾ ਕਰਾਂ ਤੇ ਕਿਸ ਦੀ ਅਰਾਧਨਾ ਕਰਾਂ, ਕਿਉਂਕਿ

ਜੋ ਕੁਝ ਵੀ ਦਿੱਸ ਰਿਹਾ ਹੈ, ਉਹ ਤੁਰਿਆ ਹੀ ਜਾ ਰਿਹਾ ਹੈ, ਭਾਵ ਸਭੋ ਕੁਝ ਨਾਸਵੰਤ ਹੈ।

ਪ੍ਰ: ਆਖ਼ਰ ਤੁਸੀਂ ਹੁਣ ਮਨ ਵਿਚ ਨਿਸਚਾ ਕੀ ਕਰੀ ਬੈਠੇ ਹੋ ?

ਉ: ੪. ਹੇ ਪਿਆਰਿਓ! ਮੈਂ ਤਾਂ ਆਖ਼ਰ ਇਸੇ ਵਿਚਾਰ 'ਤੇ ਅਪੜਿਆ ਹਾਂ ਕਿ ਹੁਣ ਮੈਂ ਸਾਧ ਸੰਗਤ ਦੀ ਸ਼ਰਨ ਹੀ ਪੈ ਜਾਵਾਂ, ਇਸ ਲਈ ਹੇ ਪਿਆਰੇ! ਹੁਣ ਇਹ ਮੇਰਾ ਮਨ ਸੰਤਾਂ ਦੀ ਚਰਨ ਧੂੜ ਹੀ ਮੰਗਦਾ ਹੈ।੧।

ਪ੍ਰ: ਕਿਉਂ ਜੀ! ਸਾਧ ਸੰਗਤ ਦੀ ਸ਼ਰਨ ਵਿਚ ਪੈ ਜਾਣ ਤੋਂ ਆਪ ਦਾ ਭਾਵ ਕੀ ਹੈ ?

ਉ: ੫. ਹੇ ਮਿੱਤਰੋ! ਉਹ ਇਸ ਲਈ, ਕਿਉਂਕਿ ਇਹ ਮਾਇਆ ਇਕ ਐਸਾ ਸਮੁੰਦਰ ਹੈ, ਜਿਸ ਤੋਂ ਪਾਰ ਲੰਘਣਾ ਬਹੁਤ ਹੀ ਔਖਾ ਹੈ। ਮੈਨੂੰ ਇਸ ਤੋਂ ਪਾਰ ਲੰਘਣ ਦਾ ਕੋਈ ਵੀ ਢੰਗ ਨਹੀਂ ਆਉਂਦਾ। ਮੇਰੇ ਵਿਚ ਕੋਈ ਗੁਣ ਵੀ ਨਹੀਂ, ਨਾ ਮੈਂ ਕੋਈ ਜੁਗਤ ਜਾਣਦਾ ਹਾਂ (ਜਿਸ ਦੀ ਸਹਾਇਤਾ ਨਾਲ ਮੈਂ ਇਸ ਮਾਇਆ ਸਮੁੰਦਰ ਤੋਂ ਪਾਰ ਲੰਘ ਸਕਾਂ)।

ਪ੍ਰ: ਹਜ਼ੂਰ! ਆਖ਼ਰ ਤੁਸੀਂ ਹੁਣ ਕਿਸ ਵਿਚਾਰ 'ਤੇ ਅਪੜੇ ਹੋ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰੋ! ਹੁਣ ਮੈਂ ਇਸ ਪ੍ਰਕਾਰ ਦੀ ਵੀਚਾਰ ਕਰਦਾ ਹਾਂ ਕਿ ਜਦੋਂ ਮਨੁੱਖ ਗੁਰੂ ਦੀ ਚਰਨੀਂ ਆ ਪੈਂਦਾ ਹੈ (ਤਦੋਂ) ਇਸ ਦੇ ਅੰਦਰੋਂ ਸਾਰੀ ਮੰਦੀ ਵਾਸ਼ਨਾ ਦੂਰ ਹੋ ਜਾਂਦੀ ਹੈ ਤੇ ਇਹ ਜੀਵ ਹਰੀ ਦਾ ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।੨।੨।੨੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਆਪਣੀ ਦਿਲੀ ਤਾਂਘ ਅੰਕਤ ਕਰਦੇ ਹਨ ਕਿ ਮੇਰੇ ਮਨ ਵਿਚ ਕੇਵਲ ਸਾਈਂ ਜੀ ਦੇ ਦਰਸ਼ਨ ਤੇ ਉਸੇ ਦੇ ਨਾਮ ਦੀ ਖਿੱਚ ਹੈ, ਕਿਉਂਕਿ ਇਕ ਇਹੋ ਹੀ ਤਾਂਘ ਹੈ ਜੋ ਮਨੁੱਖ ਦੇ ਭਟਕਦੇ ਮਨ ਨੂੰ ਸਦਾ ਲਈ ਸਥਿਰ ਕਰਦੀ ਹੈ।

ਦੇਵਗੰਧਾਰੀ ੫ ॥

੧. ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥
੨. ਅਤਿ ਸੁੰਦਰ ਮਨਮੋਹਨ ਪਿਆਰੇ
ਸਭਹੂ ਮਧਿ ਨਿਰਾਰੇ ॥੧॥ ਰਹਾਉ ॥
੩. ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥
੪. ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਮੋਹਿ ਠਾਕੁਰ ਹੀ ਦਰਸਾਰੇ ॥੧॥
੫. ਦੀਨੁ ਦੁਆਰੈ ਆਇਓ ਠਾਕੁਰ
ਸਰਨਿ ਪਰਿਓ ਸੰਤ ਹਾਰੇ ॥
੬. ਕਹੁ ਨਾਨਕ ਪ੍ਰਭ ਮਿਲੇ ਮਨੋਹਰ
ਮਨੁ ਸੀਤਲ ਬਿਗਸਾਰੇ ॥੨॥੩॥੨੯॥

ਪਦ ਅਰਥ : ਅੰਮ੍ਰਿਤਾ—ਆਤਮਿਕ ਜੀਵਨ ਦੇਣ ਵਾਲੇ। ਪ੍ਰਿਅ—ਹੇ ਪਿਆਰੇ। ਮਨਮੋਹਨ—ਮਨ ਨੂੰ ਮੋਹਨ ਵਾਲੇ। ਮਧਿ—ਵਿਚ। ਨਿਰਾਰੇ—ਹੇ ਵੱਖਰੇ ਰਹਿਣ ਵਾਲੇ।੧।

ਚਾਹਉ—ਚਾਹਉਂ, ਮੈਂ ਚਾਹੁੰਦਾ ਹਾਂ। ਮਨਿ—ਮਨ ਵਿਚ। ਚਰਨ ਕਮਲ—ਕੌਲ ਫੁੱਲਾਂ ਵਰਗੇ ਚਰਨ। ਮਹੇਸ—ਸ਼ਿਵ। ਸਿਧ—ਜੋਗ ਸਾਧਨਾ ਵਿਚ ਪੁੱਗੇ ਹੋਏ ਜੋਗੀ, ਕਰਾਮਾਤੀ ਜੋਗੀ। ਮੋਹਿ—ਮੈਨੂੰ।੧।

ਦੁਆਰੈ—ਦਰ 'ਤੇ। ਹਾਰੇ—ਹਾਰਿ, ਹਾਰ ਕੇ। ਮਨੋਹਰ—ਮਨ ਨੂੰ ਮੋਹਨ ਵਾਲੇ। ਬਿਗਸਾਰੇ—ਖਿੜ ਪੈਂਦਾ ਹੈ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਤੁਸਾਂ ਉਸ ਸਾਈਂ ਜੀ ਦੀ ਮਹਿਮਾ ਕਰਨ ਲਈ ਤੱਤਪਰ ਹੁੰਦੇ ਹੋ ਤਾਂ ਆਪ ਜੀ ਦੇ ਅੰਦਰੋਂ ਕਿਸ ਰੂਪ ਵਿਚ ਸ਼ਬਦ ਪ੍ਰਗਟ ਹੁੰਦੇ ਹਨ ?

ਉ: ੧. ਹੇ ਭਾਈਓ! ਉਸ ਸਾਈਂ ਜੀ ਦੀ ਮਹਿਮਾਂ ਤਾਂ ਪੂਰਨ ਰੂਪ ਵਿਚ ਕਹੀ ਹੀ ਨਹੀਂ ਜਾ ਸਕਦੀ, ਪਰ ਮੇਰੇ ਅੰਦਰੋਂ ਤਾਂ ਇਨ੍ਹਾਂ ਹੀ ਸ਼ਬਦਾਂ ਦਾ ਪ੍ਰਵਾਹ ਵਗ ਟੁਰਦਾ ਹੈ ਕਿ ਹੇ ਮੇਰੇ ਪਿਆਰੇ ਜੀ! ਆਪ ਜੀ ਦੇ ਬਚਨ ਅੰਮ੍ਰਿਤ ਰੂਪ ਹਨ।

੨. ਤੁਸੀ ਜੀ! ਅਤਿ ਸੁੰਦਰ ਹੋ, ਮਨ ਨੂੰ ਮੋਹ ਲੈਣ ਵਾਲੇ ਪਿਆਰੇ ਹੋ (ਪਰ ਇਕ ਅਸਚਰਜਤਾ ਇਹ ਵੇਖੀਦੀ ਹੈ) ਕਿ ਤੁਸੀਂ ਸਭਨਾਂ ਦੇ ਵਿਚ ਵਿਆਪਕ ਹੁੰਦੇ ਹੋਏ ਫੇਰ ਸਭਨਾਂ ਤੋਂ ਵਖਰੇ ਦੇ ਵਖਰੇ ਹੋ।੧।ਰਹਾਉ।

ਪ੍ਰ: ਹੇ ਗੁਰੋ! ਜਦੋਂ ਤੁਸੀਂ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਹੋ, ਉਹ ਸਾਈਂ ਤੁਹਾਡੇ 'ਤੇ ਪ੍ਰਸੰਨ ਹੋ ਪੁੱਛ ਕਰਦਾ ਹੈ ਕਿ ਮੰਗੋ ਕੀ ਮੰਗਦੇ ਹੋ, ਤਾਂ ਉਸ ਵੇਲੇ ਤੁਹਾਡੀ ਕੀ ਮੰਗ ਹੋਇਆ ਕਰਦੀ ਹੈ ?

ਉ: ੩. ਹੇ ਭਰਾਵੋ! ਮੇਰੀ ਤਾਂ ਕੇਵਲ ਇਕੋ ਹੀ ਮੰਗ ਹੁੰਦੀ ਹੈ ਕਿ ਹੇ ਮੇਰੇ ਸਾਈਂ ਜੀ! ਮੈਂ ਆਪ ਤੋਂ ਰਾਜ ਨਹੀਂ ਮੰਗਦਾ, ਮੈਂ ਮੁਕਤੀ ਨਹੀਂ ਮੰਗਦਾ, ਬਸ ਇਕੋ ਮਿਹਰ ਕਰ ਕਿ ਤੇਰੇ ਸੋਹਣੇ ਚਰਨ ਕਮਲਾਂ ਦਾ ਪਿਆਰ ਮੇਰੇ ਮਨ ਵਿਚ (ਸਦੀਵੀ ਕਾਲ) ਟਿਕਿਆ ਰਹੇ।

ਪ੍ਰ: ਹਜ਼ੂਰ ਜੀ! ਵੇਖੀਦਾ ਹੈ ਕਿ ਲੋਕ ਤਾਂ ਬ੍ਰਹਮਾ, ਸ਼ਿਵ, ਕਰਾਮਾਤੀ ਜੋਗੀ, ਰਿਸ਼ੀ ਮੁਨੀ, ਇੰਦ੍ਰ ਆਦਿਕ (ਦੇਵਤਿਆਂ ਦਾ ਦਰਸ਼ਨ ਚਾਹੁੰਦੇ ਹਨ, ਪਰ ਕੀ) ਤੁਸੀਂ ਇਨ੍ਹਾਂ ਦੇ ਦਰਸ਼ਨਾਂ ਤੋਂ ਇਨਕਾਰੀ ਹੋ ?

ਉ: ੪. ਹੇ ਭਾਈਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਬ੍ਰਹਮਾ, ਸ਼ਿਵ ਜੀ, ਸਿਧ, ਮੁਨੀ, ਇੰਦ੍ਰ ਆਦਿ ਦੇਵਤੇ (ਜਗਤ ਦੀਆਂ ਪੂਜਯ ਹਸਤੀਆਂ ਹੋਣਗੀਆਂ ਪਰ) ਮੈਨੂੰ ਤਾਂ ਹੇ ਠਾਕਰ ਜੀ, ਤੁਸੀਂ ਹੀ ਇਕ ਪੂਜਯ ਨਜ਼ਰ ਆਉਂਦੇ ਹੋ, ਇਸ ਲਈ ਹੇ ਪ੍ਰਭੂ ਮਾਲਕ! ਮੈਨੂੰ ਤਾਂ ਕੇਵਲ ਆਪ ਜੀ ਦਾ ਦਰਸ਼ਨ ਹੀ ਚਾਹੀਦਾ ਹੈ।੧।

੫. ਹੇ ਠਾਕਰ ਜੀ! ਮੈਂ ਗ਼ਰੀਬ ਤੇਰੇ ਦਰ 'ਤੇ ਆਇਆ ਹਾਂ ਅਤੇ ਮੈਂ (ਹਰ ਪਾਸਿਓਂ ਹਾਰ ਕੇ) ਤੇਰੇ ਸੰਤਾਂ ਦੀ ਸ਼ਰਨ ਆ ਪਿਆ ਹਾਂ।

ਪ੍ਰ: ਕਿਉਂ ਜੀ! ਸੰਤਾਂ ਦੀ ਸ਼ਰਨ ਪ੍ਰਾਪਤ ਕਰਨ ਵਾਲਿਆਂ ਨੂੰ ਆਖ਼ਰ ਮਿਲਦਾ ਕੀ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਸ

ਮਨੁੱਖ ਨੂੰ ਮਨ ਮੋਹਨ ਵਾਲੇ ਪ੍ਰਭੂ ਜੀ ਮਿਲ ਪੈਂਦੇ ਹਨ, ਉਸ ਦਾ ਮਨ (ਸਦਾ ਲਈ) ਸ਼ਾਂਤ ਹੋ ਜਾਂਦਾ ਹੈ ਅਤੇ ਖਿੜ ਆਉਂਦਾ ਹੈ, ਭਾਵ ਸਦਾ ਹੀ ਖੇੜੇ ਵਿਚ ਰਹਿੰਦਾ ਹੈ।੨।੩।੨੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ, ਦੁਨੀਆ ਦੇ ਰਾਜ ਤੇ ਮੁਕਤੀ ਤੋਂ ਵਡੇਰੀ ਵਾਹਿਗੁਰੂ ਜੀ ਦੀ ਪ੍ਰੀਤੀ ਦਰਸਾ ਰਹੇ ਹਨ, ਜੋ ਮਿਲਦੀ ਹੈ ਕੇਵਲ ਸੰਤਾਂ ਦੀ ਸ਼ਰਨ ਪ੍ਰਾਪਤ ਹੋਇਆਂ।

ਦੇਵਗੰਧਾਰੀ ਮਹਲਾ ੫ ॥

੧. ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥
੨. ਦੀਨ ਦਇਆਲ ਭਏ ਪ੍ਰਭ ਅਪਨੇ
ਬਹੁੜਿ ਜਨਮਿ ਨਹੀ ਮਾਰਿਓ ॥੧॥ ਰਹਾਉ ॥
੩. ਸਾਧਸੰਗਮਿ ਗੁਣ ਗਾਵਹ ਹਰਿ ਕੇ
ਰਤਨ ਜਨਮੁ ਨਹੀ ਹਾਰਿਓ ॥
੪. ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ
ਕੁਲਹ ਸਮੂਹ ਉਧਾਰਿਓ ॥੧॥
੫. ਚਰਨ ਕਮਲ ਬਸਿਆ ਰਿਦ ਭੀਤਰਿ
ਸਾਸਿ ਗਿਰਾਸਿ ਉਚਾਰਿਓ ॥
੬. ਨਾਨਕ ਓਟ ਗਹੀ ਜਗਦੀਸੁਰ
ਪੁਨਹ ਪੁਨਹ ਬਲਿਹਾਰਿਓ ॥੨॥੪॥੩੦॥

ਪਦ ਅਰਥ : ਜਪਿ—ਜਪ ਕੇ। ਪਾਰ ਉਤਾਰਿਓ—ਪਾਰ ਲੰਘਾ ਲਿਆ ਜਾਂਦਾ ਹੈ। ਬਹੁੜਿ—ਮੁੜ। ਜਨਮਿ—ਜਨਮ ਵਿਚ। ਨਹੀ ਮਾਰਿਓ—ਨਹੀਂ ਮਾਰਿਆ ਜਾਂਦਾ।੧।ਰਹਾਉ।

ਸੰਗਮਿ—ਮਿਲਾਪ ਵਿਚ। ਗਾਵਹ—ਆਓ ਅਸੀਂ ਗਾਵੀਏ। ਗਾਇ—ਗਾ ਕੇ। ਬਿਖੈ ਬਨੁ—ਵਿਸ਼ਿਆਂ ਦੇ ਜ਼ਹਿਰ ਵਾਲਾ ਜਲ। ਕੁਲਹ ਸਮੂਹ—ਸਾਰੀਆਂ ਕੁਲਾਂ।੧।

ਰਿਦ—ਹਿਰਦਾ। ਸਾਸਿ ਗਿਰਾਸਿ—ਹਰੇਕ ਸਾਹ ਤੇ ਗਿਰਾਹੀ ਦੇ ਨਾਲ। ਓਟ—ਆਸਰਾ। ਗਹੀ—ਫੜੀ। ਜਗਦੀਸੁਰ—ਜਗਤ ਦੇ ਈਸ਼ਰ ਦਾ—ਪੁਨਹ ਪੁਨਹ—ਮੁੜ-ਮੁੜ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਕੋਈ ਸੇਵਕ ਬਣ ਕੇ ਸਿਮਰਨ ਕਰਦਾ ਹੈ ਤਾਂ ਉਸ ਨੂੰ ਫਲ ਕੀ ਮਿਲਦਾ ਹੈ?

ਉ: ੧. ਹੇ ਪਿਆਰਿਓ! ਉਸ ਹਰੀ ਦੇ ਸਿਮਰਨ ਵਿਚ ਅਜਿਹੀ (ਸ਼ਕਤੀ ਹੈ) ਕਿ ਉਹ ਸਿਮਰਨ ਸੇਵਕ ਨੂੰ (ਸੰਸਾਰ ਸਮੁੰਦਰ) ਤੋਂ ਪਾਰ ਲੰਘਾ ਲੈਂਦਾ ਹੈ।

ਪ੍ਰ: ਕਿਉਂ ਜੀ! ਉਹ ਕਿਸ ਤਰ੍ਹਾਂ ਪਾਰ ਉਤਾਰਿਆ ਜਾਂਦਾ ਹੈ?

ਉ: ੨. ਹੇ ਮਿੱਤਰ ਜਨੋ! ਸੁਣੋ, ਜਿਸ ਸਿਮਰਨ ਦੀ ਬਰਕਤ ਨਾਲ ਆਪਣੇ ਪ੍ਰਭੂ ਜੀ ਦੀਨ ਉੱਤੇ ਦਿਆਲੂ ਹੋ ਗਏ, ਉਸ ਨੂੰ ਮੁੜ ਕੇ ਜਨਮ ਮਰਨ ਵਿਚ ਨਹੀਂ ਪਾਇਆ ਜਾਂਦਾ।੧।ਰਹਾਉ।

ਪ੍ਰ: ਕਿਉਂ ਜੀ! ਆਖ਼ਰ ਦਿਆਲੂ ਕਿਵੇਂ ਹੋ ਗਏ?

ਉ: ੩. ਹੇ ਭਾਈਓ! ਜੋ ਸਾਧ ਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਉਂਦਾ ਹੈ, (ਬਸ) ਯਕੀਨ ਕਰ ਲੌ ਕਿ ਉਸ ਨੇ ਆਪਣੇ ਇਸ ਰਤਨ ਅਮੋਲਕ ਜਨਮ ਨੂੰ (ਕਦੇ) ਨਹੀਂ ਹਾਰਿਆ, ਭਾਵ ਇਸ ਜਨਮ ਨੂੰ ਅਜਾਈਂ ਨਹੀਂ ਗਵਾਉਂਦਾ।

ਉ: ੪. ਹੇ ਸੱਜਨੋ! ਹਰੀ ਦਾ ਸੇਵਕ, ਪ੍ਰਭੂ ਦੇ ਗੁਣ ਗਾ ਕੇ ਵਿਸ਼ਿਆਂ ਦੇ ਜਲ ਨਾਲ ਭਰੇ ਹੋਏ ਇਸ ਸੰਸਾਰ ਸਮੁੰਦਰ ਤੋਂ ਆਪ ਪਾਰ ਲੰਘ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ (ਉਸ ਵਿਚੋਂ ਡੁੱਬਣੋਂ) ਬਚਾਅ ਲੈਂਦਾ ਹੈ।੧।

ਪ੍ਰ: ਕਿਉਂ ਜੀ! ਉਹ ਕਿਸ ਤਰ੍ਹਾਂ?

ਉ: ੫. ਹੇ ਪਿਆਰੇ! ਕਿਉਂਕਿ, ਉਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨਾਂ ਕਮਲਾਂ ਦਾ ਪ੍ਰੇਮ ਵਸ ਗਿਆ ਹੁੰਦਾ ਹੈ ਅਤੇ ਵਾਹਿਗੁਰੂ ਜੀ ਦਾ ਨਾਮ (ਉਸ ਨੇ) ਸਾਸ ਗਿਰਾਸ ਹਰ ਵੇਲੇ ਉਚਾਰਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਸ ਸੇਵਕ ਨੇ ਜਗਤ ਦੇ ਮਾਲਕ ਪਰਮੇਸ਼ਰ ਦਾ ਆਸਰਾ ਲਿਆ ਹੁੰਦਾ ਹੈ, ਮੈਂ ਉਸ (ਸੇਵਕ ਤੋਂ) ਵਾਰ-ਵਾਰ ਕੁਰਬਾਨ ਜਾਂਦਾ ਹਾਂ।੨।੪।੩੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਪ੍ਰਭੂ ਦੇ ਸਿਮਰਨ ਦੀ ਸ਼ਕਤੀ ਬਿਆਨ ਕਰਦੇ ਹਨ, ਜਿਸ ਦੁਆਰਾ ਸੇਵਕ ਇਸ ਸੰਸਾਰ ਸਾਗਰ ਤੋਂ ਪਾਰ ਉਤਰਦਾ ਹੈ ਅਤੇ ਸਾਰੀਆਂ ਕੁਲਾਂ ਨੂੰ ਵੀ ਸੰਸਾਰ ਸਮੁੰਦਰ 'ਚੋਂ ਡੁਬਣੋਂ ਬਚਾਅ ਲੈਂਦਾ ਹੈ।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੪
੧ਓ ਸਤਿਗੁਰ ਪ੍ਰਸਾਦਿ ॥

੧. ਕਰਤ ਫਿਰੇ ਬਨ ਭੇਖ
ਮੋਹਨ ਰਹਤ ਨਿਰਾਰ ॥੧॥ ਰਹਾਉ ॥
੨. ਕਥਨ ਸੁਨਾਵਨ ਗੀਤ ਨੀਕੇ ਗਾਵਨ
ਮਨ ਮਹਿ ਧਰਤੇ ਗਾਰ ॥੧॥
੩. ਅਤਿ ਸੁੰਦਰ ਬਹੁ ਚਤੁਰ ਸਿਆਨੇ
ਬਿਦਿਆ ਰਸਨਾ ਚਾਰ ॥੨॥
੪. ਮਾਨ ਮੋਹ ਮੇਰ ਤੇਰ ਬਿਬਰਜਿਤ
ਏਹੁ ਮਾਰਗੁ ਖੰਡੇ ਧਾਰ ॥੩॥
੫. ਕਹੁ ਨਾਨਕ ਤਿਨਿ ਭਵਜਲੁ ਤਰੀਅਲੇ
ਪ੍ਰਭ ਕਿਰਪਾ ਸੰਤ ਸੰਗਾਰ ॥੪॥੧॥੩੧॥

ਪਦ ਅਰਥ : ਬਨ—ਜੰਗਲ, ਜਲ, ਤੀਰਥਾਂ ਪਰ। ਭੇਖ—ਸਾਧੂਆਂ ਵਾਲੇ ਪਹਿਰਾਵੇ। ਮੋਹਨ—ਸੋਹਣਾ ਪ੍ਰਭੂ। ਨਿਰਾਰ—ਵੱਖਰਾ।੧।ਰਹਾਉ।

ਕਥਨ—ਕਥਨੀਆਂ, ਕਥਾ। ਸੁਨਾਵਨ—ਹੋਰਨਾਂ ਨੂੰ ਉਪਦੇਸ਼ ਕਹਿਣ ਸੁਣਾਨ ਵਾਲੇ। ਨੀਕੇ—ਸੋਹਣੇ, ਚੰਗੇ। ਗਾਰ—ਹੰਕਾਰ, ਗਰਬ, ਚਿੱਕੜ, ਮੈਲ ਜੋ ਛੱਪੜਾਂ ਦੇ ਪਾਣੀ ਦੇ ਹੇਠ ਹੁੰਦੀ ਹੈ।੧।

ਰਸਨਾ—ਜੀਭ। ਚਾਰ—ਸੋਹਣੀ। ਬਿਬਰਜਿਤ—ਵਰਜੀ ਹੋਈ ਹੈ, ਮਨ੍ਹਾਂ ਹੈ, ਬਚੇ ਰਹਿਣਾ। ਮਾਰਗੁ—ਰਸਤਾ। ਖੰਡੇ ਧਾਰ—ਖੰਡੇ ਦੀ ਧਾਰ ਵਰਗਾ ਬਰੀਕ, ਭਾਵ ਕਠਨ ਹੈ, ਜੈਸਾ ਤਲਵਾਰ ਦੀ ਧਾਰ ਉੱਤੇ

ਤੁਰਨਾ। ਤਿਨਿ—ਉਸ ਮਨੁੱਖ ਨੇ। ਭਵਜਲੁ—ਸੰਸਾਰ। ਸੰਗਾਰ—ਸੰਗਤਿ, ਸੰਗ ਕਰ ਕੇ।

ਅਰਥ :

ਪ੍ਰ: ਕਿਉਂ ਜੀ ! ਕਈ ਲੋਕ ਸਾਈਂ ਜੀ ਦੀ ਪ੍ਰਾਪਤੀ ਵਾਸਤੇ ਭੇਖ ਧਾਰਨ ਕਰਦੇ ਹਨ ਅਤੇ ਤੀਰਥਾਂ ਦੇ ਕਿਨਾਰਿਆਂ 'ਤੇ ਜਾ ਵਸਦੇ ਹਨ, ਕੀ ਉਹ ਲੋਕ (ਮੋਹਨ) ਸੁੰਦਰ ਪ੍ਰਭੂ ਨੂੰ ਪਾ ਲੈਂਦੇ ਹਨ ?

ਉ: ੧. ਹੇ ਭਾਈਓ ! ਜੋ ਲੋਕ ਭੇਖ ਧਾਰਨ ਕਰਦੇ ਤੇ ਤੀਰਥਾਂ ਉੱਤੇ ਫਿਰਦੇ ਰਹੇ, ਉਹ ਸੁੰਦਰ ਪ੍ਰਭੂ ਉਨ੍ਹਾਂ ਤੋਂ ਵੱਖਰਾ ਹੀ ਰਹਿੰਦਾ ਹੈ, ਭਾਵ ਉਨ੍ਹਾਂ ਦਾ ਮਿਲਾਪ ਨਹੀਂ ਹੁੰਦਾ।੧।ਰਹਾਉ।

ਪ੍ਰ: ਕਿਉਂ ਜੀ ! ਉਹ ਲੋਕ ਤਾਂ ਸੁੰਦਰ ਕਥਾ ਕਰਦੇ ਹਨ ਤੇ ਸੋਹਣੇ ਗੀਤ ਗਾਉਂਦੇ ਵੇਖੀਦੇ ਹਨ, ਪਰ ਫਿਰ ਸਾਈਂ ਜੀ ਉਨ੍ਹਾਂ ਤੋਂ ਵੱਖਰਾ ਕਿਉਂ ਰਹਿੰਦਾ ਹੈ ?

ਉ: ੨. ਹੇ ਭਾਈਓ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਕਥਾ ਬੜੀ ਸੁੰਦਰ ਸੁਣਾਉਂਦੇ ਹਨ ਅਤੇ ਗੀਤ ਵੀ ਬੜੇ ਸੁੰਦਰ ਗਾਉਂਦੇ ਹਨ, ਪਰ ਉਹ ਮਨ ਵਿਚ ਵਿਸ਼ੇ-ਵਿਕਾਰਾਂ ਦਾ ਹੰਕਾਰ ਜਾਂ ਚਿੱਕੜ ਮੈਲ ਧਾਰੀ ਰੱਖਦੇ ਹਨ।੧।

ਪ੍ਰ: ਹੇ ਗੁਰੋ ! ਉਹ ਤਾਂ ਵੇਖਣ ਵਿਚ ਡਾਢੇ ਸੋਹਣੇ ਵੀ ਹੁੰਦੇ ਹਨ ਤੇ ਬਹੁਤੇ ਚਤੁਰ ਤੇ ਸਿਆਣੇ ਵੀ ਵੇਖੀਦੇ ਹਨ, ਫਿਰ ਮੋਹਨ ਪ੍ਰਭੂ ਉਨ੍ਹਾਂ ਤੋਂ ਵੱਖਰਾ ਕਿਉਂ ਰਹਿੰਦਾ ਹੈ ?

ਉ: ੩. ਹੇ ਭਾਈਓ ! ਇਸ ਵਿਚ ਵੀ ਕੋਈ ਸੰਸਾ ਨਹੀਂ, ਕਿਉਂਕਿ ਵਿੱਦਿਆ ਦੀ ਬਰਕਤ ਨਾਲ ਉਨ੍ਹਾਂ ਦੀ ਜੀਭ ਸੋਹਣੀ (ਬੋਲਣ ਵਾਲੀ ਬਣ ਜਾਂਦੀ ਹੈ) ਉਹ ਵੇਖਣ ਨੂੰ ਵੀ ਬਹੁਤ ਸੋਹਣੇ ਹਨ, ਚਤੁਰ ਹਨ, ਸਿਆਣੇ ਹਨ (ਪਰ ਉਹ ਲੋਕ ਧਾਰਨਾ ਤੋਂ ਸਖਣੇ ਹਨ, ਜਿਸ ਕਰ ਕੇ ਮੋਹਨ ਪ੍ਰਭੂ ਉਨ੍ਹਾਂ ਤੋਂ ਵੀ ਵੱਖਰਾ ਹੀ ਰਹਿੰਦਾ ਹੈ)।

ਪ੍ਰ: ਕਿਉਂ ਜੀ ! ਉਹ ਲੋਕ ਇਤਨੇ ਚਤੁਰ ਤੇ ਸਿਆਣਿਪਾਂ ਦੇ ਹੁੰਦਿਆਂ ਵੀ ਸਾਈਂ ਜੀ ਦੀ ਪ੍ਰਾਪਤੀ ਵਾਲੇ ਮਾਰਗ ਵੱਲ ਕਿਉਂ ਨਹੀਂ ਚਲਦੇ ?

ਉ: ੪. ਹੇ ਭਰਾਵੋ ! ਅਸਲ ਵਿਚ ਕਾਰਣ ਇਹ ਹੈ ਕਿ ਇਹ ਹਰੀ ਪ੍ਰਾਪਤੀ ਦਾ ਮਾਰਗ ਖੰਡੇ ਦੀ ਧਾਰ ਵਰਗਾ ਬਰੀਕ ਹੈ, ਇਸ ਉੱਤੇ ਟੁਰਨਾ ਕੋਈ ਸੌਖੀ ਖੇਡ ਨਹੀਂ, ਕਿਉਂਕਿ—
ਇਸ ਮਾਰਗ 'ਤੇ ਟੁਰਨ ਵਾਲੇ ਲਈ ਮਾਂਨ, ਮੋਹ ਤੇ ਮੇਰ-ਤੇਰ, ਵਿਕਾਰ ਇਹ ਸਾਰੇ ਹੀ ਵਿਵਰਜਿਤ ਹਨ, ਭਾਵ ਮਨ੍ਹਾਂ ਹਨ।

ਪ੍ਰ: ਕਿਉਂ ਜੀ ! ਆਖ਼ਰ ਕੋਈ ਐਸਾ ਮਨੁੱਖ ਵੀ ਹੈ, ਜਿਸ ਨੇ ਕਿ ਇਸ ਸੰਸਾਰ ਸਾਗਰ ਨੂੰ ਪਾਰ ਕਰ ਲਿਆ ਹੋਵੇ ?

ਉ: ੫. (ਹਾਂ) ਕਹਿੰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈਓ, ਉਨ੍ਹਾਂ ਮਨੁੱਖਾਂ ਨੇ ਇਸ ਸੰਸਾਰ ਸਮੁੰਦਰ ਨੂੰ ਤਰ ਲਿਆ ਹੈ, ਜਿਨ੍ਹਾਂ ਨੂੰ ਸੰਤਾਂ ਦੀ ਸੰਗਤ ਨਾਲ ਪਰਮੇਸ਼ਰ ਦੀ ਕਿਰਪਾ (ਪ੍ਰਾਪਤ ਹੋਈ ਹੈ)।੪।੧।੩੧।

ਭਾਵਾਰਥ : ਇਸ ਸ਼ਬਦ ਵਿਚ ਉਨ੍ਹਾਂ ਭੇਖੀਆਂ ਨੂੰ ਜੋ ਵਿੱਦਿਆ ਤੇ ਸੰਗੀਤ ਵਿਚ ਨਿਪੁੰਨ ਸਨ, ਦੱਸਿਆ ਹੈ ਕਿ ਉਹ ਸਾਈਂ ਜੀ ਦੀ ਪ੍ਰਾਪਤੀ ਵਲੋਂ ਸੱਖਣੇ ਹੀ ਰਹਿ ਗਏ। ਕਾਰਣ ਦੱਸਿਆ ਹੈ ਕਿ ਜਿਵੇਂ ਛੱਪੜ ਦੇ ਉੱਤੇ ਤਾਂ ਪਾਣੀ ਸੁਥਰਾ ਦਿੱਸਦਾ ਹੈ, ਪਰ ਹੇਠ ਗਾਰ ਭਰੀ ਹੁੰਦੀ ਹੈ, ਭਾਵ ਹੈ ਜਿਨ੍ਹਾਂ ਭੇਖੀਆਂ ਦੇ ਅੰਦਰ ਮਾਨ, ਮੋਹ, ਮੇਰ-ਤੇਰ ਦੀ ਗਾਰ ਭਰੀ ਹੈ, ਉਹ ਸਾਈਂ ਤੋਂ ਵੱਖਰੇ ਹੀ ਰਹਿ ਗਏ, ਉਸ ਵਿਚ ਅਭੇਦ ਨਹੀਂ ਹੋ ਸਕੇ। ਆਖ਼ਿਰ ਮਿਲਾਪ ਦਾ ਸਾਧਨ ਦੱਸਿਆ ਹੈ ਕਿ ਜੇ ਸਤਿਸੰਗ ਵਿਚ ਮਿਲ ਜਾਈਏ ਅਤੇ ਸਾਈਂ ਜੀ ਦੀ ਕਿਰਪਾ ਹੋਵੇ ਤਾਂ ਮਿਲਾਪ ਹੋ ਸਕਦਾ ਹੈ।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੫

੧ਓ ਸਤਿਗੁਰ ਪ੍ਰਸਾਦਿ ॥

੧. ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥
੨. ਆਨ ਨ ਸਮਸਰਿ ਕੋਊ ਲਾਗੈ
ਢੂਢਿ ਰਹੇ ਹਮ ਮੂਚਾ ॥੧॥ ਰਹਾਉ ॥
੩. ਬਹੁ ਬੇਅੰਤੁ ਅਤਿ ਬਡੋ ਗਾਹਰੋ
ਥਾਹ ਨਹੀ ਅਗਹੂਚਾ ॥
੪. ਤੋਲਿ ਨ ਤੁਲੀਐ ਮੋਲਿ ਨ ਮੁਲੀਐ
ਕਤ ਪਾਈਐ ਮਨ ਰੂਚਾ ॥੧॥
੫. ਖੋਜ ਅਸੰਖਾ ਅਨਿਕਤ ਪੰਥਾ
ਬਿਨੁ ਗੁਰ ਨਹੀ ਪਹੂਚਾ ॥
੬. ਕਹੁ ਨਾਨਕ ਕਿਰਪਾ ਕਰੀ ਠਾਕੁਰ
ਮਿਲਿ ਸਾਧੂ ਰਸ ਭੂੰਚਾ ॥੨॥੧॥੩੨॥

ਪਦ ਅਰਥ : ਰੀ—ਹੇ ਸਖੀ ! ਪੇਖਿਓ—ਵੇਖਿਆ। ਤੇ—ਤੋਂ। ਆਨ—ਕੋਈ ਹੋਰ। ਸਮਸਰਿ—ਬਰਾਬਰ, ਤੁਲ। ਮੂਚਾ—ਬਹੁਤ। ਢੂਢਿ ਰਹੇ—ਢੂੰਢ ਕੇ ਰਹਿ ਗਿਆ ਹਾਂ।੧।ਰਹਾਉ।

ਗਾਹਰੋ—ਗਹਿਰਾ, ਡੂੰਘਾ, ਸਮੁੰਦਰ ਵਾਂਗ ਗੰਭੀਰ। ਅਗਹੂਚਾ—ਅਗਹ ਊਚਾ, ਇਤਨਾ ਉੱਚਾ ਕਿ ਉਸ ਤੱਕ ਅਪੜਿਆ ਨਾ ਜਾ ਸਕੇ। ਤੋਲਿ—ਕਿਸੇ ਤੋਲ ਨਾਲ। ਮੋਲਿ—ਕਿਸੇ ਕੀਮਤ ਨਾਲ। ਮੁਲੀਐ—ਖ਼ਰੀਦਿਆ ਜਾ ਸਕਦਾ। ਕਤ—ਕਿੱਥੇ ? ਮਨ ਰੂਚਾ—ਮਨ ਨੂੰ ਪਿਆਰਾ ਲੱਗਣ ਵਾਲਾ, ਮਨ ਨੂੰ ਭਾਇਆ।੧।

ਖੋਜ—ਭਾਲ। ਅਨਿਕਤ—ਅਨੇਕਾਂ। ਪੰਥਾ—ਰਸਤੇ। ਮਿਲਿ ਸਾਧੂ—ਗੁਰੂ ਨੂੰ ਮਿਲ ਕੇ। ਭੂੰਚਾ—ਭੋਗਿਆ, ਮਾਇਆ।੨।

ਅਰਥ :

ਪ੍ਰ: ਹੇ ਗੁਰੋ ! ਆਪ ਜਿਸ ਮੋਹਨ ਦੀ ਪ੍ਰਾਪਤੀ ਦੇ ਮਾਰਗ 'ਤੇ ਟੁਰੀ ਜਾ ਰਹੇ ਹੋ, ਕੀ ਤੁਸਾਂ ਕਦੀ ਉਸਨੂੰ ਤਕਿਆ ਭੀ ਹੈ ?

ਉ: ੧. (ਹਾਂ ਜ਼ਰੂਰ) ਹੇ ਸਿੱਖ ਰੂਪ ਸਖੀ ! ਮੈਂ ਵੇਖ ਲਿਆ ਹੈ ਕਿ ਉਹ ਸੋਹਣਾ ਪ੍ਰਭੂ ਬਹੁਤ ਉੱਚਾ ਹੈ ਤੇ ਸਭ ਨਾਲੋਂ ਉੱਚਾ ਹੈ।

ਪ੍ਰ: ਕਿਉਂ ਜੀ ! ਤੁਸਾਂ ਹੋਰ ਭੀ ਭਾਲਦਿਆਂ-ਭਾਲਦਿਆਂ ਕਈਆਂ ਨੂੰ ਤੱਕਿਆ ਹੋਵੇਗਾ, ਪਰ ਆਖ਼ਿਰ ਉਹ ਸੁੰਦਰ ਮੋਹਨ ਜੀ ਨੂੰ ਤੁਸਾਂ ਕਿਸ ਦੇ ਬਰਾਬਰ ਵੇਖਿਆ ਹੈ ?

ਉ: ੨. ਹੇ ਭਾਈ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ ਬਹੁਤ ਭਾਲ ਕਰਦਿਆਂ-ਕਰਦਿਆਂ ਥੱਕ ਗਿਆ ਹਾਂ, ਪਰ ਕੋਈ ਵੀ ਹੋਰ ਉਸ ਦੀ ਬਰਾਬਰੀ ਨਹੀਂ ਕਰ ਸਕਦਾ, ਭਾਵ ਉਸ ਦੀ ਤੁਲਤਾ ਨੂੰ ਹੋਰ ਕੋਈ ਨਹੀਂ ਪਹੁੰਚ ਸਕਦਾ।੧।ਰਹਾਉ।

ਪ੍ਰ: ਕਿਉਂ ਜੀ ! ਇਸ ਦਾ ਕਾਰਣ ਕੀ ਹੈ ?

ਉ: ੩. ਹੇ ਮਿੱਤਰੋ ! ਉਹ ਪਰਮੇਸ਼ਰ ਬਹੁਤ ਹੀ ਬੇਅੰਤ ਹੈ ਅਤੇ ਬਹੁਤ ਹੀ ਗੰਭੀਰ ਹੈ, ਗੰਭੀਰ ਵੀ ਇਤਨਾ ਹੈ ਕਿ ਉਸ ਦੀ ਥਾਹ ਨਹੀਂ ਲੱਭਦੀ ਤੇ ਉਹ ਇਤਨਾ ਉੱਚਾ ਹੈ ਕਿ ਉਸ ਦੀ ਉਚਿਆਈ ਵੀ ਅਮਿਣਵੀਂ ਹੈ, ਉਸ ਤਕ ਅੱਪੜਿਆ ਹੀ ਨਹੀਂ ਜਾ ਸਕਦਾ।

ਪ੍ਰ: ਕਿਉਂ ਜੀ ! ਜੋ ਵਸਤੂ ਮਿਣੀ ਨਾ ਜਾ ਸਕਦੀ ਹੋਵੇ, ਉਸ ਨੂੰ ਤੋਲ ਕੇ ਦੱਸ ਸਕੀਦਾ ਹੈ, ਕੀ ਉਸ ਨੂੰ ਤੋਲਿਆ ਵੀ ਨਹੀਂ ਜਾ ਸਕਦਾ ?

ਉ: ੪. ਹੇ ਪਿਆਰਿਓ ! ਉਸ ਨੂੰ ਕਿਸੇ ਵੱਟੇ ਨਾਲ ਤੋਲਿਆ ਵੀ ਨਹੀਂ ਜਾ ਸਕਦਾ ਅਤੇ ਮੁੱਲ ਉਸ ਦਾ ਪਾਇਆ ਨਹੀਂ ਜਾ ਸਕਦਾ, ਇਸ ਲਈ ਉਹ ਮੁੱਲ ਵੀ ਨਹੀਂ ਖ਼ਰੀਦਿਆ ਜਾ ਸਕਦਾ, ਸੋ ਉਹ ਮਨ ਦਾ ਮੋਹਣਾ, ਪਿਆਰਾ ਪ੍ਰਭੂ ਪਤਾ ਨਹੀਂ ਉਸ ਨੂੰ ਕਿੱਥੋਂ ਲੱਭੀਏ।੧।

ਪ੍ਰ: ਕਿਉ ਜੀ ! ਉਸ ਨੂੰ ਕਿਸੇ ਨੇ ਪ੍ਰਾਪਤ ਕਰਨ ਲਈ ਖੋਜਿਆ ਵੀ ਹੈ ?

ਉ: ੫. ਹੇ ਭਾਈਓ ! ਉਸ ਨੂੰ ਦੋ ਚਾਰ ਦਸ ਵੀਹ ਲੋਕਾਂ ਨੇ ਨਹੀਂ, ਸਗੋਂ ਅਸੰਖਾਂ ਨੇ ਹੀ ਉਸ ਨੂੰ ਖੋਜਿਆ ਹੈ ਅਤੇ ਅਨੇਕਾਂ ਨੇ ਹੀ ਉਸ ਦੀ ਪ੍ਰਾਪਤੀ ਕਰਨ ਵਾਲੇ ਮਾਰਗ ਤੱਕੇ, ਪਰ (ਕੁਝ ਵੀ ਨਹੀਂ ਬਣ ਸਕਿਆ) ਹੇ ਪਿਆਰੇ ! ਅਸਾਂ ਤਾਂ ਤੱਕਿਆ ਹੈ ਕਿ ਗੁਰੂ ਤੋਂ ਬਿਨਾ ਉਸ ਪ੍ਰਭੂ ਦੇ ਚਰਨਾਂ ਵਿਚ ਨਹੀਂ ਪਹੁੰਚ ਸਕੀਦਾ।

ਪ੍ਰ: ਹੇ ਗੁਰੋ ! ਆਖ਼ਿਰ ਤੁਹਾਡਾ ਆਪਣਾ ਭਰੋਸਾ ਕੀ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਉਸ ਪ੍ਰਭੂ ਨੇ ਜਿਸ ਮਨੁੱਖ ਉੱਤੇ ਕਿਰਪਾ ਕੀਤੀ ਹੈ, ਉਹ ਗੁਰੂ ਨੂੰ ਮਿਲ ਕੇ ਉਸ ਦੇ ਨਾਮ ਦਾ ਰਸ ਮਾਣਦਾ ਹੈ।੨।੧।੩੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਉਸ ਪ੍ਰਭੂ ਨੂੰ ਬੇਅੰਤ ਤੇ ਅਨੰਤ ਉਚਾਰਨ ਕਰਦੇ ਹਨ, ਪਰ ਉਸ ਦੀ ਪ੍ਰਾਪਤੀ ਦਾ ਹੋਰ ਕੋਈ ਵੀ ਜਪ, ਤਪ, ਸਾਧਨ ਕੰਮ ਨਹੀਂ ਆਉਂਦਾ, ਕੇਵਲ ਉਸ ਨੂੰ ਪ੍ਰਾਪਤ ਕਰਨ ਲਈ ਇਕੋ ਹੀ ਜਤਨ ਸਾਧੂਆਂ ਦਾ ਸੰਗ ਹੈ।

ਨੋਟ : ਘਰੁ ੫ ਦਾ ਪਹਿਲਾ ਸ਼ਬਦ ਹੈ। ਅੰਕ ੧।

ਦੇਵਗੰਧਾਰੀ ਮਹਲਾ ੫ ॥

੧. ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ॥

੨. ਖੰਡ ਦੀਪ ਸਭ ਭੀਤਰਿ ਰਵਿਆ
ਪੂਰਿ ਰਹਿਓ ਸਭ ਲੋਊ ॥੧॥ ਰਹਾਉ ॥

੩. ਅਗਮ ਅਗੰਮਾ ਕਵਨ ਮਹਿੰਮਾ
ਮਨੁ ਜੀਵੈ ਸੁਨਿ ਸੋਊ ॥

੪. ਚਾਰਿ ਆਸਰਮ ਚਾਰਿ ਬਰੰਨਾ
ਮੁਕਤਿ ਭਏ ਸੇਵਤੋਊ ॥੧॥

੫. ਗੁਰਿ ਸਬਦੁ ਦ੍ਰਿੜਾਇਆ ਪਰਮ ਪਦੁ ਪਾਇਆ
ਦੁਤੀਅ ਗਏ ਸੁਖ ਹੋਊ ॥

੬. ਕਹੁ ਨਾਨਕ ਭਵ ਸਾਗਰੁ ਤਰਿਆ
ਹਰਿ ਨਿਧਿ ਪਾਈ ਸਹਜੋਊ ॥੨॥੨॥੩੩॥

ਪਦ ਅਰਥ : ਬਹੁ ਬਿਧਿ—ਬਹੁਤ ਤਰੀਕਿਆਂ ਨਾਲ। ਪੇਖਿਓ—ਦੇਖਿਆ, ਢੂੰਢ ਕਾਲ, ਵਿਵੇਚਨਾ, ਨਿਰਣੇ ਕਰ ਕਰ ਦੇਖਣਾ। ਰੀ—ਹੇ ਭੈਣ ! ਖੰਡ—ਧਰਤੀ ਦੇ ਨੌਂ ਹਿਸੇ। ਦੀਪ—ਸਤ ਦੀਪ, ਟਾਪੂ, ਮਹਾ ਦੀਪ, ਸਾਰੇ ਦੇਸ਼। ਰਵਿਆ—ਮੌਜੂਦ। ਲੋਊ—ਲੋਕ, ਭਵਨ।੧।ਰਹਾਉ।

ਅਗਮ—ਮਨ ਬਾਣੀ ਆਦਿ ਦੀ ਪਹੁੰਚ ਤੋਂ ਪਰੇ। ਅਗੰਮਾ—ਅਪਹੁੰਚ। ਮਹਿੰਮਾ—ਵਡਿਆਈ। ਜੀਵੈ—ਆਤਮਿਕ ਜੀਵਨ ਪ੍ਰਾਪਤ ਕਰਦਾ ਹੈ। ਸੁਨਿ—ਸੁਣ ਕੇ। ਸੋਊ—ਸੋਭਾ। ਚਾਰਿ ਆਸਰਮ—(ਬ੍ਰਹਮ ਚਰਜ, ਗ੍ਰਿਸਥ, ਵਾਨ ਪ੍ਰਸਤ, ਸੰਨਿਆਸ)। ਚਾਰਿ ਬਰੰਨਾ—(ਬ੍ਰਾਹਮਣ, ਖਤ੍ਰੀ, ਵੈਸ਼, ਸੂਦ੍ਰ)। ਸੇਵਤੋਊ—ਸੇਵਤ+ਓਊ=ਉਸਨੂੰ ਸੇਵਦੇ ਹੋਏ, ਸੇਵਤ ਹੀ, ਸੇਵਾ ਭਗਤੀ ਕਰਨ ਨਾਲ।੧।

ਗੁਰਿ—ਗੁਰੂ ਨੇ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ। ਪਰਮਪਦੁ—ਸਭ ਤੋਂ ਉੱਚਾ ਆਤਮਿਕ ਦਰਜਾ। ਦੁਤੀਆ—ਮੇਰ-ਤੇਰ, ਪਰਮਾਤਮਾ ਤੋਂ ਬਿਨਾ ਕਿਸੇ ਹੋਰ ਦੀ ਹੋਂਦ ਦਾ ਖ਼ਿਆਲ। ਭਵ ਸਾਗਰੁ—ਸੰਸਾਰ ਸਮੁੰਦਰ। ਨਿਧਿ—ਖ਼ਜ਼ਾਨਾ। ਸਹਜੋਊ—ਸਹਜੇ ਹੀ।੨।

ਅਰਥ :

ਪ੍ਰ: ਹੇ ਗੁਰੋ ! ਆਪ ਜੀ ਬਹੁਤ ਦੇਰ ਕਾਲ ਖੋਜ ਕਰਦੇ ਰਹੇ ਹੋ, ਆਖ਼ਿਰ ਤੁਸਾਂ ਆਪਣਾ ਨਿਸ਼ਚਾ ਕਿਥੇ ਸਥਿਰ ਕੀਤਾ ਹੈ ?

ਉ: ੧. ਹੇ ਗੁਰਸਿੱਖ ਰੂਪ ਸਖੀਓ ! ਮੈਂ ਇਸ ਅਨੇਕਾਂ ਰੰਗਾਂ ਵਾਲੇ ਸੰਸਾਰ ਨੂੰ (ਗਹੁ ਨਾਲ) ਵੇਖਿਆ ਹੈ, ਪਰ ਮੈਨੂੰ ਤਾਂ ਇਸ ਵਿਚ ਪਰਮੇਸ਼ਰ ਤੋਂ ਬਿਨਾ ਕੋਈ ਹੋਰ ਨਹੀਂ ਦਿੱਸਦਾ।

੨. ਹੇ ਭੈਣ ! ਮੈਂ ਵੇਖ ਰਿਹਾ ਹਾਂ ਕਿ ਇਸ ਧਰਤੀ ਦੇ ਸਾਰੇ ਖੰਡਾਂ ਵਿਚ, ਦੀਪਾਂ ਵਿਚ, ਸਭਨਾਂ ਵਿਚ ਵਿਆਪਕ ਹੋ ਰਿਹਾ ਹੈ ਅਤੇ ਉਹ ਸਾਰੇ ਲੋਕਾਂ ਵਿਚ ਪਰੀਪੂਰਣ ਹੋ ਰਿਹਾ ਹੈ।੧।ਰਹਾਉ।

੩. ਹੇ ਭੈਣ ! ਉਹ ਪਰਮੇਸ਼ਰ ਅਪਹੁੰਚ ਹੈ, ਸਾਡੇ ਜੀਵਾਂ ਦੀ ਅਕਲ ਉਸ ਤੱਕ ਨਹੀਂ ਪਹੁੰਚ ਸਕਦੀ, ਉਸ ਦੀ ਵਡਿਆਈ ਕੋਈ ਵੀ ਬਿਆਨ ਨਹੀਂ ਕਰ ਸਕਦਾ, ਪਰ ਸਾਡਾ ਮਨ ਤਾਂ ਉਸ ਦੀਆਂ ਕਨਸੋਆਂ ਨੂੰ ਸੁਣ-ਸੁਣ ਕੇ ਜੀਉਂਦਾ ਹੈ।

੪. (ਸੁਣਦੇ ਹਾਂ ਕਿ) ਚਾਰੇ ਆਸ਼ਰਮਾਂ ਤੇ ਚਾਰੇ ਵਰਨਾਂ ਦੇ ਜੀਵ ਉਸ ਨੂੰ ਸੇਂਵਦੇ ਹੋਏ ਮੁਕਤ ਹੋ ਗਏ ਹਨ।੧।

ਪ੍ਰ: ਕਿਉਂ ਜੀ ! ਉਹ ਮੁਕਤਿ ਕਿਸ ਪ੍ਰਕਾਰ ਹੋਏ ?

ਉ: ੫. ਹੇ ਭਾਈਓ ! ਜਦੋਂ ਗੁਰੂ ਨੇ ਉਨ੍ਹਾਂ ਨੂੰ ਸ਼ਬਦ ਦ੍ਰਿੜ੍ਹ ਕਰਵਾ ਦਿੱਤਾ, ਉਨ੍ਹਾਂ ਦੇ ਹਿਰਦੇ ਵਿਚੋਂ ਦ੍ਵੈਤ ਭਾਵਨਾ ਨਸ਼ਟ ਹੋ ਗਈ, ਬਸ, ਉਨ੍ਹਾਂ ਨੂੰ ਪਰਮ ਪਦਵੀ ਪ੍ਰਾਪਤ ਹੋ ਗਈ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਆਤਮਿਕ ਅਨੰਦ ਮਿਲ ਗਿਆ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਿਸ ਨੂੰ ਗੁਰਾਂ ਦੁਆਰਾ ਨਾਮ ਰੂਪੀ ਨਿਧੀ ਮਿਲ ਗਈ, ਇਸ ਤਰ੍ਹਾਂ ਉਹ ਸਹਿਜੇ ਹੀ ਸੰਸਾਰ ਸਾਗਰ ਤੋਂ ਪਾਰ ਹੋ ਗਿਆ।੨।੨।੩੩।

ਭਾਵਾਰਥ : ਹਜ਼ੂਰ ਇਸ ਉਪ੍ਰੋਕਤ ਸ਼ਬਦ ਵਿਚ ਫ਼ੁਰਮਾਨ ਕਰਦੇ ਹਨ ਕਿ ਹੇ ਭਾਈ! ਮੈਂ ਕੇਵਲ ਆਪਣਾ ਹੀ ਵਿਸ਼ਵਾਸ ਨਹੀਂ ਦੱਸ ਰਿਹਾ, ਸਗੋਂ ਮੈਂ ਅਨੇਕਾਂ ਤਰ੍ਹਾਂ ਨਾਲ ਨਿਰਣੇ ਕਰਕੇ ਡਿੱਠਾ ਹੈ ਕਿ ਉਹ ਪ੍ਰਭੂ ਇਕੋ ਹੈ, ਉਸ ਤੋਂ ਭਿੰਨ ਹੋਰ ਦੂਜਾ ਕੋਈ ਵੀ ਨਹੀਂ। ਇਸੇ ਲਈ ਮੈਂ ਗੁਰਾਂ ਤੋਂ ਨਾਮ ਦਾ ਖ਼ਜ਼ਾਨਾ ਪ੍ਰਾਪਤ ਕਰ ਕੇ ਸਹਿਜੇ ਹੀ ਇਸ ਸੰਸਾਰ ਸਾਗਰ ਤੋਂ ਪਾਰ ਹੋ ਗਿਆ ਹਾਂ।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੬

੧ਓ ਸਤਿਗੁਰ ਪ੍ਰਸਾਦਿ ॥

੧. ਏਕੈ ਰੇ ਹਰਿ ਏਕੈ ਜਾਨ ॥

੨. ਏਕੈ ਰੇ ਗੁਰਮੁਖਿ ਜਾਨ ॥੧॥ ਰਹਾਉ ॥

੩. ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ
ਰਵਿਆ ਰੇ ਰਵਿਆ ਸ੍ਰਬ ਥਾਨ ॥੧॥

੪. ਜਿਉ ਬੈਸੰਤਰੁ ਕਾਸਟ ਮਝਾਰਿ
ਬਿਨੁ ਸੰਜਮ ਨਹੀ ਕਾਰਜ ਸਾਰਿ ॥

੫. ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥

੬. ਮਿਲਿ ਸੰਗਤਿ ਤਜਿ ਅਭਿਮਾਨ
ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥੩੪॥

ਪਦ ਅਰਥ : ਏਕੈ—ਇਕ (ਪਰਮਾਤਮਾ) ਹੀ। ਰੇ—ਹੇ ਭਾਈ! ਜਾਨ—ਸਮਝ, ਨਿਸਚਾ ਕਰ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ।੧।ਰਹਾਉ।

ਕਾਹੇ—ਕਿਉਂ। ਭ੍ਰਮਤ ਹਉ—ਤੂੰ ਭਟਕਦਾ ਹੈਂ। ਭਾਈ—ਹੇ ਭਾਈ। ਸ੍ਰਬ ਥਾਨ—ਸਰਬ ਥਾਨ, ਸਭ ਥਾਈਂ।੧।

ਬੈਸੰਤਰੁ—ਅੱਗ। ਕਾਸਟ ਮਝਾਰਿ—ਲੱਕੜ ਵਿਚ। ਸੰਜਮ—ਜੁਗਤਿ, ਮਰਯਾਦਾ, ਤਰਕੀਬ। ਸਾਰਿ—ਸਾਰੇ, ਸਿਰੇ ਚੜ੍ਹਦਾ ਹੈ। ਕੋ—ਦਾ। ਦੁਆਰ—ਦਰਵਾਜ਼ਾ। ਮਿਲਿ—ਮਿਲ ਕੇ। ਤਜਿ—ਤਜ ਕੇ। ਅਭਿਮਾਨ—ਹੰਕਾਰ। ਪਰਮ ਨਿਧਾਨ—ਸਭ ਤੋਂ ਵੱਡਾ ਖ਼ਜ਼ਾਨਾ, (ਨਾਮ)।੨।

ਅਰਥ :

ਪ੍ਰ: ਹੇ ਗੁਰੋ! ਕਿਰਪਾ ਕਰ ਕੇ ਮੈਨੂੰ ਵੀ ਦੱਸ ਦਿਓ ਕਿ ਮੈਂ ਕੀ ਨਿਸਚਾ ਕਰਾਂ?

ਉ: ੧-੨. ਹੇ ਭਾਈ! ਤੂੰ ਵੀ ਇਹੋ ਨਿਸਚਾ ਕਰ ਕਿ ਉਹ ਹਰੀ ਇਕ ਹੈ, ਜੋ ਹਰ ਥਾਂ ਵਿਚ ਵਸਦਾ ਹੈ, ਹੇ ਸੱਜਨਾ! ਤੂੰ ਗੁਰੂ ਦੁਆਰਾ ਉਸ ਨੂੰ ਹੀ ਸਭਨਾਂ ਥਾਵਾਂ ਵਿਚ ਵਸਦਾ ਸਮਝ ਲੈ।੧।ਰਹਾਉ।

ਪ੍ਰ: ਹੇ ਗੁਰੋ! ਕੀ ਉਸ ਸਾਈਂ ਜੀ ਨੂੰ ਹੋਰ ਕਿਸੇ ਥਾਵਾਂ ਵਿਚ ਖੋਜ ਕਰ ਕੇ ਨਾ ਵੇਖੀਏ?

ਉ: ੩. ਹੇ ਭਲਿਓ ਲੋਕੋ! ਦੱਸੋ, ਤੁਸੀਂ ਕਿਉਂ ਭਟਕਦੇ ਹੋ? ਇਹ ਭਟਕਣਾ ਛੱਡ ਦਿਓ। ਹੇ ਭਾਈਓ! ਉਹ ਰਵ ਰਿਹਾ ਹੈ, ਵਿਆਪਕ ਹੈ ਸਭਨਾਂ ਥਾਵਾਂ ਵਿਚ।੧।

ਪ੍ਰ: ਹਜ਼ੂਰ! ਜੇ ਉਹ ਹਰੀ ਸਭ ਥਾਵਾਂ ਵਿਚ ਵਿਆਪਕ ਹੈ ਤਾਂ ਉਹ ਨਜ਼ਰ ਕਿਉਂ ਨਹੀਂ ਆਉਂਦਾ? ਸਮਝਾਉਣ ਲਈ ਕੋਈ ਉਦਾਹਰਣ ਦਿਉ।

ਉ: ੪. ਹੇ ਭਰਾਵੋ! ਵੇਖੋ ਜਿਵੇਂ ਕਿ ਅੱਗ ਕਾਠ ਵਿਚ ਹੁੰਦੀ ਹੈ, ਪਰ ਜੁਗਤੀ ਤੋਂ ਬਿਨਾ ਉਹ ਅੱਗ ਹਾਸਲ ਨਹੀਂ ਕੀਤੀ ਜਾ ਸਕਦੀ ਅਤੇ ਅੱਗ ਨਾਲ ਕੀਤੇ ਜਾਣ ਵਾਲੇ ਕੰਮ ਸਿਰੇ ਨਹੀਂ ਚੜ੍ਹਦੇ।

੫. ਇਸੇ ਤਰ੍ਹਾਂ ਹੇ ਭਾਈ! ਤੂੰ ਜਾਣ ਲੈ ਕਿ ਉਹ ਪਰਮੇਸ਼ਰ ਭਾਵੇਂ ਹਰ ਥਾਂ ਹੀ ਵਿਆਪਕ ਹੈ, ਪਰ ਗੁਰੂ ਨੂੰ ਮਿਲੇ ਤੋਂ ਬਿਨਾ ਕੋਈ ਵੀ ਮਨੁੱਖ ਪਰਮਾਤਮਾ ਨੂੰ ਨਹੀਂ ਲੱਭ ਸਕਦਾ।

ਪ੍ਰ: ਹੇ ਗੁਰੋ! ਇਹ ਦੱਸੋ ਕਿ ਮੈਨੂੰ ਗੁਰਾਂ ਨਾਲ ਮਿਲ ਕੇ ਕੀ ਕਰਨਾ ਪਵੇਗਾ, ਜਿਸ ਕਰਕੇ ਮੈਨੂੰ ਨਾਮ ਖ਼ਜ਼ਾਨਾ ਮਿਲੇਗਾ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਤੂੰ ਜਦੋਂ ਸਤਸੰਗ ਨੂੰ ਮਿਲ ਕੇ ਹੰਕਾਰ ਛੱਡ ਦੇਵੇਂਗਾ ਤਦ ਤੂੰ ਵੱਡਾ ਖ਼ਜ਼ਾਨਾ ਪ੍ਰਭੂ ਜੀ ਦਾ ਨਾਮ ਪਾ ਲਵੇਂਗਾ।੨।੧।੩੪।

ਭਾਵਾਰਥ : ਇਸ ਸ਼ਬਦ ਵਿਚ ਹਰੀ ਨੂੰ ਸਰਵ ਵਿਆਪਕ ਦਰਸਾਇਆ ਹੈ, ਪਰ ਉਹ ਗੁਰੂ ਤੋਂ ਬਿਨਾ ਪ੍ਰਾਪਤ ਨਹੀਂ ਹੁੰਦਾ, ਕਿਉਂਕਿ ਗੁਰੂ ਉਸ ਸਾਈਂ ਜੀ ਦੀ ਪ੍ਰਾਪਤੀ ਦਾ ਸੰਜਮ ਦੱਸਦੇ ਹਨ।

ਦੇਵਗੰਧਾਰੀ ੫ ॥

੧. ਜਾਨੀ ਨ ਜਾਈ ਤਾ ਕੀ ਗਾਤਿ ॥੧॥ ਰਹਾਉ ॥

੨. ਕਹ ਪੇਖਾਰਉ ਹਉ ਕਰਿ ਚਤੁਰਾਈ
ਬਿਸਮਨ ਬਿਸਮੇ ਕਹਨ ਕਹਾਤਿ ॥੧॥

੩. ਗਣ ਗੰਧਰਬ ਸਿਧ ਅਰੁ ਸਾਧਿਕ ॥

੪. ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥

੫. ਚਤੁਰ ਬੇਦ ਉਚਰਤ ਦਿਨੁ ਰਾਤਿ ॥

੬. ਅਗਮ ਅਗਮ ਠਾਕੁਰੁ ਆਗਾਧਿ ॥

੭. ਗੁਨ ਬੇਅੰਤ ਬੇਅੰਤ ਭਨੁ ਨਾਨਕ
ਕਹਨੁ ਨ ਜਾਈ ਪਰੈ ਪਰਾਤਿ ॥੨॥੨॥੩੫॥

ਪਦ ਅਰਥ : ਤਾ ਕੀ—ਉਸ ਪਰਮੇਸ਼ਰ ਦੀ। ਗਾਤਿ—ਗਤਿ, ਗਤੀ, ਹਾਲਤ, ਦਸ਼ਾ ਕਿ ਕੀਹ ਹੈ, ਕਿੰਞ ਹੈ।੧।ਰਹਾਉ।

ਕਹ—ਕਿਥੇ। ਪੇਖਾਰਉ—ਮੈਂ ਵਿਖਾਵਾਂ। ਹਉ—ਮੈਂ। ਕਰਿ—ਕਰਿ ਕੇ। ਬਿਸਮਨ—ਬਿਸਮੇ, ਹੈਰਾਨ ਤੋਂ ਹੈਰਾਨ, ਬਹੁਤ ਹੀ ਹੈਰਾਨ। ਕਹਨ—ਕਥਨ, ਬਿਆਨ। ਕਹਾਤਿ—ਕਹਿੰਦੇ, ਜੋ ਕਹਿੰਦੇ ਹਨ।੧।

ਗਣ—ਸ਼ਿਵ ਜੀ ਦੇ ਸੇਵਕ। ਗੰਧਰਬ—ਦੇਵਤਿਆਂ ਦੇ ਰਾਗੀ। ਸਿਧ—ਕਰਾਮਾਤੀ ਜੋਗੀ। ਅਰੁ—ਅਤੇ। ਸਾਧਿਕ—ਜੋਗ ਸਾਧਨ ਕਰਨ ਵਾਲੇ। ਸੁਰਿ ਨਰ—ਦੈਵੀ ਗੁਣਾਂ ਵਾਲੇ ਮਨੁੱਖ, ਭਲੇ ਮਨੁੱਖ। ਦੇਵ—ਦੇਵਤੇ। ਬ੍ਰਹਮ—ਬ੍ਰਹਮਾ। ਬ੍ਰਹਮਾਦਿਕ—ਬ੍ਰਹਮਾ ਜੈਸੇ ਜਾਂ ਵਰਗੇ ਦੇਵਤੇ ਜੈਸਾ ਕਿ ਸ਼ਿਵ, ਵਿਸ਼ਨੂੰ ਹਨ। ਚਤੁਰ ਬੇਦ—ਚਾਰ

ਵੇਦ। ਅਗਮ—ਅਪਹੁੰਚ। ਆਗਾਧਿ—ਅਥਾਹ। ਭਨੁ—ਕਹੁ, ਆਖ। ਪਰੈ ਪਰਾਤਿ—ਪਰੇ ਤੋਂ ਪਰੇ।੨।

ਅਰਥ :

ਪ੍ਰ: ਹੇ ਗੁਰੋ! ਜਿਸ ਪ੍ਰਭੂ ਦੀ ਯਾਦ ਵਿਚ ਤੁਸੀਂ ਸਦਾ ਹੀ ਜੁੜੇ ਰਹਿੰਦੇ ਹੋ, ਉਸ ਦੀ ਗਤੀ ਤਾਂ ਕਥਨ ਕਰੋ?

ਉ: ੧. ਹੇ ਭਾਈਓ! ਉਸ ਪਰਮੇਸ਼ਰ ਦੀ ਗਤੀ, (ਕੀ, ਕਿੰਞ ਤੇ ਕਿਉਂ ਹੈ) ਇਹ ਜਾਣੀ ਨਹੀਂ ਜਾ ਸਕਦੀ, ਭਾਵ ਉਹ ਪਰਮੇਸ਼ਰ ਕਿਹੋ ਜਿਹਾ ਹੈ, ਇਹ ਗੱਲ ਸਮਝੀ ਨਹੀਂ ਜਾ ਸਕਦੀ।੧।ਰਹਾਉ।

ਪ੍ਰ: ਹਜ਼ੂਰ! ਤੁਸਾਂ ਆਪਣੀ ਅਕਲ ਦੀ ਤਾਕਤ ਦੁਆਰਾ ਕੁਝ ਕਹਿ ਕੇ ਤਾਂ ਦੱਸੋ ਕਿ ਉਹ ਪਰਮੇਸ਼ਰ ਹੈ ਕਿੱਥੇ?

ਉ: ੨. ਹੇ ਪਿਆਰਿਓ! ਤੁਸੀਂ ਆਪ ਹੀ ਦੱਸੋ ਕਿ ਮੈਂ ਆਪਣੀ ਅਕਲ ਦਾ ਜ਼ੋਰ ਲਾ ਕੇ ਉਸ ਪ੍ਰਮਾਤਮਾਂ ਨੂੰ ਕਿੱਥੇ ਵਿਖਾਵਾਂ? ਭਾਵ ਹੈ ਕਿ ਮੈਂ ਵਿਖਾ ਨਹੀਂ ਸਕਦਾ। (ਕਿਉਂਕਿ) ਜਿਹੜੇ ਮਨੁੱਖ ਉਸ ਨੂੰ ਬਿਆਨ ਕਰਨ ਦਾ ਜਤਨ ਕਰਦੇ ਹਨ, ਉਹ ਭੀ ਹੈਰਾਨ ਹੀ ਰਹਿ ਜਾਂਦੇ ਹਨ, ਕਿਉਂਕਿ ਉਸ ਦਾ ਸਰੂਪ ਕਥਿਆ ਨਹੀਂ ਜਾਂਦਾ।੧।

ਪ੍ਰ: ਕਿਉਂ ਜੀ! ਜੋ ਬ੍ਰਹਮਾ ਆਦਿਕ ਵੱਡੇ-ਵੱਡੇ ਦੇਵਤੇ ਹਨ, ਉਹ ਤਾਂ ਉਸਦੀ ਗਤੀ ਨੂੰ ਲੱਭ ਹੀ ਸਕਦੇ ਹੋਣਗੇ?

ਉ: ੩. (ਨਹੀਂ) ਹੇ ਸੱਜਨੋ! ਸੁਣੋ, ਸ਼ਿਵ ਜੀ ਦੇ ਗਣ, ਦੇਵਤਿਆਂ ਦੇ ਰਾਗੀ, ਕਰਾਮਾਤੀ ਜੋਗੀ ਤੇ ਸਾਧਨਾ ਕਰਨ ਵਾਲੇ।

੪. ਦੈਵੀ ਗੁਣਾਂ ਵਾਲੇ ਨੇਕ ਮਨੁੱਖ, ਦੇਵਤੇ, ਬ੍ਰਹਮਾ ਤੇ ਬ੍ਰਹਮਾ ਵਰਗੇ ਹੋਰ ਦੇਵਤੇ ਵਿਸ਼ਨੂੰ ਸ਼ਿਵ ਆਦਿਕ ਸਣੇ। (ਬੇਅੰਤ-ਬੇਅੰਤ ਕਥਨ ਕਰਦੇ ਹਨ)।

੫. (ਇਥੇ ਹੀ ਬਸ ਨਹੀਂ) ਚਾਰ ਵੇਦ ਵੀ ਉਸੇ ਪਰਮੇਸ਼ਰ ਦਾ ਦਿਨੇ ਰਾਤ ਜਸ ਉਚਾਰਨ ਕਰਦੇ ਹਨ।

ਪ੍ਰ: ਕਿਉਂ ਜੀ! ਆਖ਼ਿਰ ਇਹ ਸਾਰੇ ਹੀ ਮਿਲ ਕੇ ਕੀ ਕਹਿੰਦੇ ਹਨ?

ਉ: ੬. ਹੇ ਭਾਈਓ! ਇਹ ਸਾਰੇ ਹੀ ਇਹੋ ਗੱਲ ਉਚਾਰਨ ਕਰਦੇ ਹਨ ਕਿ ਉਹ ਠਾਕੁਰ ਸਾਡੀ ਪਹੁੰਚ ਤੋਂ ਪਰੇ ਹੈ, ਪਰੇ ਹੈ ਤੇ ਸਾਡੀ ਸਮਝ ਤੋਂ ਅਥਾਹ ਹੈ, (ਭਾਵ ਉਸ ਦਾ ਅੰਤ ਕੋਈ ਨਹੀਂ ਪਾ ਸਕਦਾ)।

੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਹੇ ਮੇਰੇ ਮਨਾ) ਤੂੰ ਭੀ ਕਹੁ ਕਿ ਉਸ ਦੇ ਗੁਣ ਬੇਅੰਤ ਹਨ, ਅਨੰਤ ਹਨ, ਉਹ ਕਿਹਾ ਨਹੀਂ ਜਾ ਸਕਦਾ, ਕਿਉਂਕਿ ਉਹ ਪਰੇ ਤੋਂ ਪਰੇ ਹੈ।੨।੨।੩੫।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਨੇ ਉਸ ਪ੍ਰਭੂ ਜੀ ਨੂੰ ਅਨੰਤ ਤੇ ਬੇਅੰਤ ਕਥਨ ਕੀਤਾ ਹੈ, ਕਿਉਂਕਿ ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਸਾਰੇ ਹੀ ਵੱਡਕੇ ਇਹੋ ਕਹਿ ਰਹੇ ਹਨ ਕਿ ਸਾਡੀ ਸਮਝ ਤੋਂ ਪਰੇ ਹੈ, ਪਰੇ ਹੈ, ਉਸ ਦੇ ਗੁਣ ਕਥਨ ਤੋਂ ਅਕੱਥ ਹੈ ਤੇ ਅਗੰਮ ਹੈ।

ਦੇਵਗੰਧਾਰੀ ਮਹਲਾ ੫ ॥

੧. ਧਿਆਏ ਗਾਏ ਕਰਨੈਹਾਰ ॥

੨. ਭਉ ਨਾਹੀ ਸੁਖ ਸਹਜ ਅਨੰਦਾ
ਅਨਿਕ ਓਹੀ ਰੇ ਏਕ ਸਮਾਰ ॥੧॥ ਰਹਾਉ ॥

੩. ਸਫਲ ਮੂਰਤਿ ਗੁਰੁ ਮੇਰੈ ਮਾਥੈ ॥

੪. ਜਤ ਕਤ ਪੇਖਉ ਤਤ ਤਤ ਸਾਥੈ ॥

੫. ਚਰਨ ਕਮਲ ਮੇਰੇ ਪ੍ਰਾਨ ਅਧਾਰ ॥੧॥

੬. ਸਮਰਥ ਅਥਾਹ ਬਡਾ ਪ੍ਰਭੁ ਮੇਰਾ ॥

੭. ਘਟ ਘਟ ਅੰਤਰਿ ਸਾਹਿਬੁ ਨੇਰਾ ॥

੮. ਤਾਕੀ ਸਰਨਿ ਆਸਰ ਪ੍ਰਭ ਨਾਨਕ
ਜਾ ਕਾ ਅੰਤੁ ਨ ਪਾਰਾਵਾਰ ॥੨॥੩॥੩੬॥

ਪਦ ਅਰਥ : ਧਿਆਏ—ਧਿਆਨ ਧਰਦਾ ਹੈ। ਗਾਏ—ਗਾਂਦਾ ਹੈ। ਕਰਨੈਹਾਰ—ਸਿਰਜਨਹਾਰ ਕਰਤਾਰ ਨੂੰ। ਸਹਜ—ਆਤਮਿਕ ਅਡੋਲਤਾ। ਅਨਿਕ—ਅਨੇਕਾਂ ਰੂਪਾਂ ਵਾਲਾ। ਓਹੀ—ਉਹ ਪਰਮਾਤਮਾ ਹੀ। ਰੇ—ਹੇ ਭਾਈ। ਸਮਾਰ—ਸੰਭਾਲ, ਹਿਰਦੇ ਵਿਚ ਸਾਂਭ ਰੱਖ।੧।ਰਹਾਉ।

ਸਫਲ ਮੂਰਤਿ—ਜਿਸ ਦੇ ਸਰੂਪ ਦਾ ਦਰਸ਼ਨ ਫਲ ਦੇਂਦਾ ਹੈ। ਮੇਰੈ ਮਾਥੈ—ਮੇਰੇ ਮੱਥੇ ਉੱਤੇ। ਜਤ ਕਤ—ਜਿੱਥੇ ਕਿੱਥੇ। ਪੇਖਉ—ਪੇਖਉਂ, ਮੈਂ ਵੇਖਦਾ ਹਾਂ। ਤਤ ਤਤ—ਉਥੇ-ਉਥੇ ਹੀ। ਪ੍ਰਾਨ ਅਧਾਰ—ਜਿੰਦ ਦਾ ਆਸਰਾ।੧।

ਸਮਰਥ—ਹਰੇਕ ਤਾਕਤ ਦਾ ਮਾਲਕ। ਘਟ—ਸਰੀਰ। ਸਾਹਿਬੁ—ਮਾਲਕ। ਤਾਕੀ—ਤੱਕੀ ਹੈ। ਆਸਰ—ਆਸਰਾ। ਜਾ ਕਾ—ਜਿਸ ਪਰਮੇਸ਼ਰ ਦਾ। ਪਾਰਾਵਾਰ—ਪਾਰਾ ਅਵਾਰ, ਪਾਰਲਾ ਉਰਲਾ ਬੰਨਾ।੨।

ਅਰਥ :

ਪ੍ਰ: ਹੇ ਗੁਰੋ! ਜੋ ਮਨੁੱਖ ਉਸ ਪ੍ਰਭੂ ਦੇ ਧਿਆਉਣ ਤੇ ਗੁਣ ਗਾਉਣ ਵਿਚ ਸਦਾ ਹੀ ਤਤਪਰ ਰਹਿੰਦਾ ਹੈ, ਉਸ ਨੂੰ ਫਲ ਕੀ ਮਿਲਦਾ ਹੈ?

ਉ: ੧. ਹੇ ਭਰਾਵੋ! ਜਿਸ ਮਨੁੱਖ ਨੇ ਉਸ ਸ੍ਰਿਸ਼ਟੀ ਦੇ ਰਚਨਹਾਰ ਕਰਤਾਰ ਦੇ ਗੁਣ ਰਸਨਾ ਦੁਆਰਾ ਗਾਏ ਹਨ ਅਤੇ ਹਿਰਦੇ ਵਿਚ ਵੀ ਉਸੇ ਨੂੰ ਧਿਆਇਆ ਹੈ।

੨. (ਨਿਸਚਾ ਕਰ ਲਓ ਕਿ) ਉਸ ਨੂੰ ਕੋਈ ਵੀ ਡਰ ਪੋਹ ਨਹੀਂ ਸਕਦਾ, ਉਸ ਨੂੰ ਸਹਜ ਸੁੱਖ ਤੇ ਅਨੰਦ ਹੀ ਅਨੰਦ ਪ੍ਰਾਪਤ ਹੈ। ਇਸ ਲਈ ਹੇ ਭਾਈ! ਤੂੰ ਵੀ ਉਸ ਨੂੰ ਆਪਣੇ ਹਿਰਦੇ ਵਿਚ ਸਾਂਭ ਰੱਖ, ਓਹੀ ਇਕ ਹੈ, ਉਹੀ ਅਨੇਕਾਂ ਰੂਪਾਂ ਨੂੰ ਧਾਰਨ ਕਰਨ ਵਾਲਾ ਹੈ।੧।ਰਹਾਉ।

ਪ੍ਰ: ਕਿਉਂ ਜੀ! ਇਹ ਦਿੱਬ ਦ੍ਰਿਸ਼ਟੀ ਤੁਹਾਨੂੰ ਕਿਥੋਂ ਪ੍ਰਾਪਤ ਹੋ ਆਈ ਹੈ?

ਉ: ੩. ਹੇ ਪਿਆਰੇ! ਜਿਸ ਗੁਰੂ ਦਾ ਦਰਸ਼ਨ ਜੀਵਨ ਦਾ ਫਲ ਦੇਣ ਵਾਲਾ ਹੈ, ਉਹ ਜਦੋਂ ਮੇਰੇ ਮੱਥੇ ਉੱਤੇ ਆਪਣਾ ਹੱਥ ਰੱਖਦਾ ਹੈ, ਉਸ ਦੀ ਬਰਕਤ ਨਾਲ ਮੈਂ

੪. ਜਿਧਰ ਵੇਖਦਾ ਹਾਂ, ਉੱਧਰ ਹੀ ਪਰਮੇਸ਼ਰ ਮੈਨੂੰ ਆਪਣੇ ਨਾਲ ਹੀ ਵਸਦਾ ਪ੍ਰਤੀਤ ਹੁੰਦਾ ਹੈ।

੫. ਹੇ ਮਿੱਤਰੋ! ਉਸ ਪਰਮੇਸ਼ਰ ਦੇ ਸੋਹਣੇ ਚਰਨ ਹੁਣ ਮੇਰੀ ਜਿੰਦ ਦਾ ਆਸਰਾ ਬਣ ਗਏ ਹਨ।੧।

੬. ਹੇ ਭਾਈ! ਉਹ ਮੇਰਾ ਪ੍ਰਭੂ ਸਭ ਤੋਂ ਵੱਡਾ ਹੈ, (ਸਰਵ) ਸਮਰੱਥ ਹੈ, ਉਸ ਦਾ ਥਾਹ ਨਹੀਂ, ਭਾਵ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

੭. ਪਰ ਫਿਰ ਵੀ ਉਹ ਮਾਲਕ ਦੇਖੋ ਹਿਰਦੇ-ਹਿਰਦੇ ਵਿਚ ਵਸ ਰਿਹਾ ਹੈ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਉਸੇ ਪਰਮੇਸ਼ਰ ਦੀ ਸ਼ਰਨ ਤਕੀ ਹੈ, ਉਸ ਪਰਮਾਤਮਾ ਦਾ ਆਸਰਾ ਤਕਿਆ ਹੈ, ਜਿਸ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਜਿਸ ਦੇ ਸਰੂਪ ਦਾ ਉਰਲਾ ਪਾਰਲਾ ਬੰਨਾ ਨਹੀਂ ਲੱਭ ਸਕਦਾ।੨।੩।੩੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਸ ਰਚਨਹਾਰ ਨੂੰ ਧਿਆਉਂਦੇ ਰਹਿਣ ਦਾ ਤੇ ਉਸੇ ਦੇ ਗੁਣਾਂ ਨੂੰ ਗਾਉਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ, ਜਿਸ ਦੀ ਕਿ ਬਰਕਤ ਨਾਲ ਕੋਈ ਭੀ ਡਰ, ਸੰਸਾ ਨਹੀਂ ਰਹਿ ਜਾਂਦਾ ਤੇ ਸਹਿਜੇ ਹੀ ਉਹ ਅਨੰਦ ਹੀ ਅਨੰਦ ਪ੍ਰਾਪਤ ਹੋ ਆਉਂਦਾ ਹੈ, ਜਿਸਦਾ ਕਿ ਕਦੀ ਮੁੜ ਕੇ ਅਕਾਵਾ ਹੀ ਨਹੀਂ ਹੁੰਦਾ।

ਦੇਵਗੰਧਾਰੀ ਮਹਲਾ ੫ ॥

੧. ਉਲਟੀ ਰੇ ਮਨ ਉਲਟੀ ਰੇ ॥

੨. ਸਾਕਤ ਸਿਉ ਕਰਿ ਉਲਟੀ ਰੇ ॥

੩. ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧॥ ਰਹਾਉ ॥

੪. ਜਿਉ ਕਾਜਰ ਭਰਿ ਮੰਦਰੁ ਰਾਖਿਓ
ਜੋ ਪੈਸੈ ਕਾਲੂਖੀ ਰੇ ॥

੫. ਦੂਰਹੁ ਹੀ ਤੇ ਭਾਗਿ ਗਇਓ ਹੈ
ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥

੬. ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ
ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥

੭. ਜਨ ਨਾਨਕ ਦਾਸ ਦਾਸ ਕੋ ਕਰੀਅਹੁ
ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥੨॥੪॥੩੭॥

ਪਦ ਅਰਥ : ਉਲਟੀ—ਉਲਟਾ ਲੈ, ਪਰਤਾ ਲੈ। ਸਿਉ—ਨਾਲ, ਨਾਲੋਂ। ਸਾਕਤ—ਸ਼ਕਤੀ ਦਾ ਉਪਾਸ਼ਕ, ਪਰਮੇਸ਼ਰ ਤੋਂ ਟੁੱਟਾ ਹੋਇਆ ਮਨੁੱਖ। ਰੇ—ਹੇ ਮਨ! ਛੁਟਕੀ ਰੇ ਛੁਟਕੀ—ਜ਼ਰੂਰ ਛੁੱਟ ਜਾਂਦੀ ਹੈ, ਅੱਜ ਛੁਟੂ ਜਾਂ ਕੱਲ, ਭਾਵ ਹੈ ਕਿ ਨਿਭਦੀ ਨਹੀਂ ਹੁੰਦੀ। ਸਾਕਤ ਸੰਗਿ—ਸਾਕਤ ਦੀ ਸੰਗਤਿ ਵਿਚ। ਨ ਛੁਟਕੀ—ਵਿਕਾਰਾਂ ਵਲੋਂ ਖ਼ਲਾਸੀ ਨਹੀਂ ਹੁੰਦੀ।੧।ਰਹਾਉ।

ਕਾਜਰ—ਕੱਜਲ, ਕਾਲਖ, ਮਿੱਟੀ ਆਦਿ ਦੇ ਦੀਵੇ ਵਿਚ ਜਦ ਸਰ੍ਹੋਂ ਆਦਿ ਦਾ ਤੇਲ ਬਾਲ ਕੇ ਚਾਨਣਾ ਕਰਦੇ ਸਨ ਤਾਂ ਉਸ ਉਪਰ ਇਕ ਮਿੱਟੀ ਦਾ ਚੱਪਣ ਲਟਕਾਉਂਦੇ ਹੁੰਦੇ ਸਨ, ਇਸ ਚੱਪਣ ਵਿਚ ਜੋ ਕਾਲੋਂ ਯਾ ਸ਼ਾਹੀ ਕੱਠੀ ਹੁੰਦੀ ਸੀ, ਉਸ ਨੂੰ ਕਾਜਰ ਜਾਂ ਕੱਜਲ ਕਹਿੰਦੇ ਸਨ। ਭਰਿ—ਭਰ ਕੇ। ਮੰਦਰ—ਘਰ। ਜੋ ਪੈਸੈ—ਜਿਹੜਾ ਮਨੁੱਖ ਉਸ ਵਿਚ ਪਏਗਾ। ਕਾਲੂਖੀ—ਕਾਲਖ ਵਾਲਾ, ਕਾਲਖ ਭਰਿਆ। ਗੁਰ ਮਿਲਿ—ਗੁਰੂ ਨੂੰ ਮਿਲ ਕੇ। ਜਿਸੁ ਤ੍ਰਿਕੁਟੀ—ਜਿਸ ਮਨੁੱਖ ਦੀ ਤ੍ਰਿਕੁਟੀ। ਤ੍ਰਿਕੁਟੀ—(ਤ੍ਰਿ—ਤਿੰਨ। ਕੁਟੀ—ਵਿੰਗੀ ਲਕੀਰ) ਮੱਥੇ ਦੀਆਂ ਤਿੰਨ ਵਿੰਗੀਆਂ ਲਕੀਰਾਂ, ਤ੍ਰਿਊੜੀ, ਅੰਦਰਲੀ ਖਿੱਚ, ਏਥੇ ਭਾਵ ਹੈ ਕਿ ਜੋ ਤ੍ਰੈ ਵਾਲੀਆਂ ਵੰਡਾਂ ਤੋਂ ਉਪਰ ਏਕਤਾ ਦੀ ਲਖਤਾ ਵਿਚ ਆ ਗਿਆ ਹੈ, ਮੁਰਾਦ ਪਰਮ ਪਦ ਤੋਂ ਹੈ। ਮਾਗਉ—ਮਾਗਉਂ, ਮੈਂ ਮੰਗਦਾ ਹਾਂ। ਕ੍ਰਿਪਾਲ—ਹੇ ਕਿਰਪਾ ਦੇ ਘਰ! ਕ੍ਰਿਪਾ ਨਿਧਿ—ਹੇ ਕਿਰਪਾ ਦੇ ਖ਼ਜ਼ਾਨੇ! ਨ ਜੁਟਸੀ—ਨਾ ਜੁੜੇ। ਕੋ—ਦਾ। ਮੂੰਡੁ—ਸਿਰ। ਪਗਾ—ਪੈਰ।੨।

ਅਰਥ :

ਪ੍ਰ: ਹੇ ਗੁਰੋ! ਮੇਰੇ ਮਨ ਦੀ ਬ੍ਰਿਤੀ ਸਾਈਂ ਜੀ ਵਲੋਂ ਟੁੱਟੀ ਹੋਈ ਸਦਾ ਸੰਸਾਰਾਕਾਰ ਹੀ ਰਹਿੰਦੀ ਹੈ, ਕੋਈ ਸਾਧਨ ਦੱਸੋ ਕਿ ਇਸ ਨੂੰ ਕਿਵੇਂ ਮੋੜਿਆ ਜਾਵੇ?

ਉ: ੧. ਹੇ ਮਿੱਤਰਾ! ਤੂੰ ਇਸ ਆਪਣੇ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮੇਰੇ ਮਨਾ! ਤੂੰ ਸੰਸਾਰਾਕਾਰ ਬ੍ਰਿਤੀ ਨੂੰ ਉਲਟਾ ਦੇ, ਉਲਟਾ ਦੇ।

ਪ੍ਰ: ਕਿਉਂ ਜੀ! ਸੰਸਾਰਾਕਾਰ ਵਲੋਂ ਬ੍ਰਿਤੀ ਨੂੰ ਉਲਟਾ ਕਰਨ ਤੋਂ ਆਪ ਜੀ ਦਾ ਅਸਲ ਭਾਵ ਕੀ ਹੈ?

ਉ: ੨. ਹੇ ਪਿਆਰੇ! ਭਾਵ ਹੈ ਕਿ ਜਿਹੜੇ ਮਨੁੱਖ ਪਰਮੇਸ਼ਰ ਵਲੋਂ ਸਦਾ ਹੀ ਟੁੱਟੇ ਰਹਿੰਦੇ ਹਨ, ਉਨ੍ਹਾਂ ਵਲੋਂ ਆਪਣੀ ਇਸ ਪੁੱਠੀ ਬ੍ਰਿਤੀ ਨੂੰ ਪੁੱਠੀ ਕਰ ਅਰਥਾਤ ਸਾਕਤਾਂ ਨਾਲੋਂ ਪੁੱਠੀ ਕਰ ਲੈ, ਉਨ੍ਹਾਂ ਵਲੋਂ ਪਰੇ ਰੱਖ, ਸਦਾ ਪਰੇ ਰੱਖ।

ਪ੍ਰ: ਹੇ ਗੁਰੋ! ਸਾਕਤਾਂ ਦੀ ਪ੍ਰੀਤ ਵਲੋਂ ਆਪ ਇਤਨਾ ਕਿਉਂ ਵਰਜਦੇ ਹੋ?

ਉ: ੩. ਹੇ ਸੱਜਨਾ! ਜੋ ਸਾਕਤ ਹੈ, ਉਸ ਝੂਠੇ ਮਨੁੱਖ ਦੀ ਪ੍ਰੀਤ ਨੂੰ ਵੀ ਝੂਠ ਹੀ ਸਮਝ (ਕਿਉਂਕਿ ਇਹ ਕਦੇ ਭੀ ਤੋੜ ਨਹੀਂ ਨਿਭਦੀ) (ਅੱਜ) ਟੁੱਟ ਜਾਏਗੀ ਜਾਂ ਕੱਲ ਟੁੱਟ ਜਾਏਗੀ, ਭਾਵ ਇਹ ਜ਼ਰੂਰ ਟੁੱਟ ਜਾਏਗੀ।

ਪ੍ਰ: ਕਿਉਂ ਜੀ! ਇਸ ਸਾਕਤ ਦੇ ਸੰਗ ਵਿਚ ਰਹਿਣ ਦਾ ਹੋਰ ਵੀ ਕੋਈ ਨੁਕਸਾਨ ਜਾਂ ਘਾਟਾ ਹੈ?

ਉ: ਹਾਂ ਜ਼ਰੂਰ! ਹੇ ਮਿੱਤਰਾ! ਇਸ ਸਾਕਤ ਦੇ ਸੰਗ ਵਿਚ ਰਹਿਣ ਨਾਲ (ਨ ਛੁਟਕੀ) ਛੁਟਕਾਰਾ—ਜਾਂ ਮੁਕਤੀ ਨਹੀਂ ਹੁੰਦੀ ਅਤੇ ਨਾ ਹੀ ਵਿਕਾਰਾਂ ਵਲੋਂ ਛੁੱਟ ਸਕੀਦਾ ਹੈ।੧।ਰਹਾਉ।

ਪ੍ਰ: ਹੇ ਗੁਰੋ! ਰੱਬ ਵਲੋਂ ਟੁੱਟੇ ਹੋਏ ਮਨੁੱਖਾਂ ਦੇ ਸੰਗ ਵਿਚ ਰਹਿਣ ਨਾਲ ਵਿਕਾਰਾਂ ਦੀ ਕਾਲਖ ਕਿਵੇਂ ਕਾਲਾ ਕਰ ਦੇਂਦੀ ਹੈ, ਕੋਈ ਉਦਾਹਰਨ ਦੇ ਕੇ ਸਮਝਾਓ?

ਉ: ੪. ਹੇ ਸੱਜਨਾ! ਵੇਖ, ਜਿਵੇਂ ਕਿਸੇ ਘਰ ਨੂੰ ਕੱਜਲ ਨਾਲ ਭਰ ਲਿਆ ਜਾਵੇ, ਉਸ ਵਿਚ ਜਿਹੜਾ ਮਨੁੱਖ ਭੀ ਵੜੇਗਾ, ਉਹ ਕਾਲਖ ਨਾਲ ਭਰ ਜਾਏਗਾ, ਹੇ ਭਾਈ! (ਤਿਵੇਂ ਹੀ ਪਰਮੇਸ਼ਰ

ਨਾਲੋਂ ਟੁੱਟੇ ਮਨੁੱਖ ਨਾਲ ਮੂੰਹ ਜੋੜਿਆਂ, ਭਾਵ ਸੰਗ ਵਿਚ ਮਿਲਿਆਂ ਵਿਕਾਰਾਂ ਦੀ ਕਾਲਖ ਹੀ ਮਿਲੇਗੀ)।

ਪ੍ਰ: ਕਿਉਂ ਜੀ ! ਇਨ੍ਹਾਂ ਸਾਕਤਾਂ ਦੇ ਸੰਗ ਵਿਚੋਂ ਕਿਸੇ ਦਾ ਬਚਾਅ ਵੀ ਹੋ ਸਕਦਾ ਹੈ ?

ੳ: ੫. (ਹਾਂ ਜ਼ਰੂਰ) ਹੇ ਪਿਆਰੇ ! ਜਿਸਦੀ ਗੁਰੂ ਨੂੰ ਮਿਲ ਕੇ ਤ੍ਰਿਕੁਟੀ ਛੁੱਟ ਜਾਂਦੀ ਹੈ, (ਭਾਵ ਜਿਸ ਦੇ ਅੰਦਰੋਂ ਵਿਕਾਰਾਂ ਦੀ ਖਿੱਚ ਦੂਰ ਹੋ ਜਾਂਦੀ ਹੈ) ਉਹ ਸਾਕਤਾਂ ਦੇ ਸੰਗ ਤੋਂ ਦੂਰ ਹੀ ਨੱਠ ਜਾਂਦਾ ਹੈ, ਭਾਵ ਉਹ ਪਰੇ-ਪਰੇ ਹੀ ਰਹਿੰਦਾ ਹੈ।੧।

ਨੋਟ : ੧. ਹਠ ਜੋਗ ਦੀ ਕ੍ਰਿਯਾ ਵਿਚ ਅਭਿਆਸੀ ਪੁਰਸ਼ ਪ੍ਰਾਣਾਂ ਨਾਲ ਇੜਾ, ਪਿੰਗਲਾ ਤੇ ਸੁਖਮਨਾ ਦੀ ਸਾਧਨਾ ਕਰਦਾ ਹੋਇਆ 'ਤ੍ਰਿਕੁਟੀ' ਨੂੰ ਖੋਲ੍ਹਦਾ ਹੈ, ਤਦ ਪ੍ਰਾਣਾਂ ਦੀ ਗੰਮਤਾ ਦਸਮ ਦੁਆਰ ਵਿਚ ਹੁੰਦੀ ਹੈ। ਯਥਾ—

ਤ੍ਰਿਕੁਟੀ ਛੂਟੇ ਦਸਵਾ ਦਰ ਖੂਲੇ ਤਾ ਮਨ ਖੀਵਾ ਭਾਈ ॥

(ਕੇਦਾਰ ਕ:)

੨. ਕੁੰਡਲੀ ਯੋਗ ਨੂੰ ਕਰਨ ਵਾਲਾ ਸਾਧਿਕ ਪੁਰਸ਼ ਜਦ ਛੇ ਚੱਕ੍ਰਾਂ ਨੂੰ ਭੇਦਨ ਕਰ ਕੇ ਦਸਮ ਦੁਆਰ ਦੇ ਨੇੜੇ ਪੁੱਜਦਾ ਹੈ ਤਾਂ ਰਸਤੇ ਵਿਚ 'ਬ੍ਰਹਮ ਗ੍ਰੰਥੀ', 'ਰੁਦਰ ਗ੍ਰੰਥੀ' ਤੇ 'ਵਿਸਨ ਗ੍ਰੰਥੀ' ਨਾਮ ਦੀਆਂ ਤਿੰਨ ਰੁਕਾਵਟਾਂ ਆਉਂਦੀਆਂ ਹਨ, ਉਨ੍ਹਾਂ ਤਿੰਨਾਂ ਨੂੰ ਸਿਲਾ ਸ਼ਬਦ ਨਾਲ ਵਰਣਨ ਕੀਤਾ ਹੈ। ਯੋਗੀ ਪੁਰਸ਼ ਉਨ੍ਹਾਂ ਨੂੰ ਤੋੜ ਲੈਂਦਾ ਹੈ, ਤਦ ਉਸ ਦੀ ਕੁੰਡਲਨੀ ਜਾਗਦੀ ਹੈ ਤੇ ਯੋਗੀ ਦਸਮ ਦੁਆਰੇ ਵਿਚ ਵਾਸਾ ਕਰਦਾ ਹੈ।

ਯਥਾ :

ਦਸਮ ਦੁਅਰੇ ਦੀ ਸਿਲ ਓੜ॥
ਤਿਹ ਸਿਲ ਊਪਰਿ ਖਿੜਕੀ ਅਉਰ॥
ਖਿੜਕੀ ਊਪਰਿ ਦਸਵਾ ਦੁਆਰੁ॥

(ਭੈਰੋ, ਕਬੀਰ)

੩. ਸਹਜ ਜੋਗ ਵਿਚ ਜਦ ਸੁਰਤ 'ਸਹਜ ਧੁਨੀ' ਨੂੰ ਸੁਣਦੀ-ਸੁਣਦੀ ਸੁਖਮਨਾ ਤੋਂ ਉਪਰ ਚੜ੍ਹਦੀ ਹੈ ਤਾਂ ਨਾਕੇ ਨੂੰ ਤੋੜ ਲੈਂਦੀ ਹੈ, ਉਸ ਅਵਸਥਾ ਵਿਚ ਕਿਸੇ-ਕਿਸੇ ਅਭਿਆਸੀ ਪੁਰਸ਼ ਦੇ ਨੱਕ ਥਾਣੀ ਥੋੜ੍ਹਾ ਜਾਂ ਬਹੁਤਾ ਲਹੂ ਵੱਗਦਾ ਹੈ। ਫਿਰ ਸੁਰਤ ਨਿਜ ਥਾਨ 'ਤੇ ਜਾ ਕੇ ਨਿਵਾਸ ਕਰਦੀ ਹੈ, ਇਸ ਨਾਕੇ ਦੇ ਟੁੱਟਣ ਦਾ ਨਾਮ ਹੀ 'ਤ੍ਰਿਕੁਟੀ ਦਾ ਛੁਟਣਾ' ਹੈ।

੪. ਵੇਦਾਂਤ ਗ੍ਰੰਥਾਂ ਵਿਚ—ਕਰਤਾ, ਕਰਮ, ਕ੍ਰਿਆ—ਦਾ ਨਾਮ ਤ੍ਰਿਕੁਟੀ ਹੈ, ਅਰਥਾਤ ਜੀਵ ਅਹੰਕਾਰ ਵਿਚ ਹੋ ਕੇ ਆਪ ਨੂੰ ਕਰਤਾ ਮੰਨ ਕੇ, ਕਰਮ ਤੇ ਕਰਮ ਦੀ ਸਾਧਨਾ ਨੂੰ ਆਪ ਤੋਂ ਵੱਖਰੀ ਮੰਨ ਰਿਹਾ ਹੈ, ਪਰ ਜਦੋਂ ਸਤਿਗੁਰੂ ਦੇ ਦੱਸੇ ਹੋਏ ਉਪਦੇਸ਼ ਦੀ ਕਮਾਈ ਕਰਦਾ ਹੈ, ਤਾਂ ਇਸ ਦੀ 'ਅਹੰ' ਭਾਵਨਾ ਦੂਰ ਹੁੰਦੀ ਹੈ, ਜਿਸ ਕਰ ਕੇ ਕਰਤਾ, ਕਰਮ ਤੇ ਕ੍ਰਿਯਾ ਦੀ ਮਨੌਤ ਮਿੱਟ ਜਾਂਦੀ ਹੈ, ਇਸੇ ਦਾ ਨਾਮ ਹੀ 'ਤ੍ਰਿਕੁਟੀ ਦਾ ਛੁੱਟਣਾ' ਹੈ।

ਪ੍ਰ: ਹੇ ਗੁਰੋ ! ਆਖ਼ਰ ਆਪ ਜੀ ਦੀ ਸਾਈਂ ਜੀ ਪਾਸੋਂ ਮੰਗ ਕੀ ਹੈ ?

ੳ: ੬. ਹੇ ਭਾਈਓ ! ਮੇਰੀ ਤਾਂ ਉਸ ਦਿਆਲੂ ਦੇ ਅੱਗੇ ਇਕੋ ਹੀ ਅਰਦਾਸ ਹੈ ਕਿ ਹੇ ਕਿਰਪਾ ਦੇ ਘਰ ਪ੍ਰਭੂ ! ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ ! ਮੈਂ ਤੇਰੇ ਪਾਸੋਂ (ਕੇਵਲ) ਇਕੋ ਹੀ ਦਾਨ ਮੰਗਦਾ ਹਾਂ (ਮੇਹਰ ਕਰ) ਕਿ ਮੇਰਾ ਮੂੰਹ (ਹੀ) ਸਾਕਤਾਂ ਨਾਲ ਨਾ ਜੁੜੇ, ਭਾਵ ਸਾਕਤ ਸਾਡੇ ਮੂੰਹ ਹੀ ਨਾ ਲੱਗੇ, ਮੇਰਾ ਕਿਸੇ ਸਾਕਤ ਨਾਲ ਵਾਹ ਹੀ ਨਾ ਪਵੇ।

ਪ੍ਰ: ਕਿਉਂ ਜੀ ! ਕੀ ਇਸ ਤੋਂ ਇਲਾਵਾ ਕੋਈ ਹੋਰ ਵੀ ਜਾਚਨਾ ਹੈ ?

ੳ: ੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ (ਕਿਰਪਾ ਕਰ) ਮੈਨੂੰ ਤੂੰ ਆਪਣੇ ਦਾਸਾਂ ਦਾ ਦਾਸ ਬਣਾ ਲੈ ਅਤੇ ਮੇਰਾ ਸਿਰ ਤੇਰੇ ਸੰਤ ਜਨਾਂ ਦੇ ਪੈਰਾਂ ਹੇਠ ਹੀ ਰੁਲਦਾ ਰਵੇ, ਭਾਵ ਸਦਾ ਪੈਰਾਂ ਹੇਠ ਹੀ ਰਵੇ, ਅਰਥਾਤ ਮੈਂ ਨਿਮ੍ਰਭਾਵ ਵਿਚ ਸੰਤਾਂ ਦੇ ਸੰਗ ਵਿਚ ਹੀ ਰਵਾਂ।੨।੪।੩੭।

ਭਾਵਾਰਥ : ਇਸ ਸ਼ਬਦ ਵਿਚ ਸਾਕਤਾਂ ਦੀ ਸੰਗਤ ਵਲੋਂ ਵਰਜਿਆ ਹੈ ਅਤੇ ਇਹ ਤਾਕੀਦ ਕੀਤੀ ਹੈ ਕਿ ਜੇ ਕੁਸੰਗਤ ਵਿਚ ਬੈਠੇ ਵੀ ਹੋ ਤਾਂ ਉਸ ਤੋਂ ਛੁਟਕਾਰਾ ਪਾ ਲਓ, ਦੂਰ ਨਸ ਜਾਓ, ਕਿਉਂਕਿ ਇਹ ਸਾਕਤਾਂ ਦਾ ਸੰਗ ਵੀ ਇਕ ਪ੍ਰਕਾਰ ਦੀ ਕੱਜਲ ਦੀ ਕੋਠੀ ਹੈ, ਜਿਸ ਵਿਚ ਵੜਿਆਂ ਕਾਲਖ ਜ਼ਰੂਰ ਲੱਗ ਜਾਂਦੀ ਹੈ, ਭਾਵ ਹੈ ਕੋਈ ਨਾ ਕੋਈ ਪਾਪ ਲਈ ਗੱਲ ਹੋ ਹੀ ਜਾਂਦੀ ਹੈ। ਭਾਵ ਇਹੋ ਹੀ ਨਿਕਲਦਾ ਹੈ ਕਿ ਕੁਸੰਗਤ ਤੋਂ ਬਚਣ ਤੇ ਛੁੱਟਣ ਦੀ ਸਖ਼ਤ ਤਾਕੀਦ ਹੈ।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੭

ੴ ਸਤਿਗੁਰ ਪ੍ਰਸਾਦਿ ॥

੧. ਸਭ ਦਿਨ ਕੇ ਸਮਰਥ ਪੰਥ ਬਿਠੁਲੇ
ਹਉ ਬਲਿ ਬਲਿ ਜਾਉ ॥
੨. ਗਾਵਨ ਭਾਵਨ ਸੰਤਨ ਤੋਰੈ
ਚਰਨ ਉਵਾ ਕੈ ਪਾਉ ॥੧॥ ਰਹਾਉ ॥
੩. ਜਾਸਨ ਬਾਸਨ ਸਹਜ ਕੇਲ ਕਰੁਣਾ ਮੈ
ਏਕ ਅਨੰਤ ਅਨੂਪੈ ਠਾਉ ॥੧॥
੪. ਰਿਧਿ ਸਿਧਿ ਨਿਧਿ ਕਰ ਤਲ ਜਗਜੀਵਨ
ਸ੍ਰਬ ਨਾਥ ਅਨੇਕੈ ਨਾਉ ॥
੫. ਦਇਆ ਮਇਆ ਕਿਰਪਾ ਨਾਨਕ ਕਉ
ਸੁਨਿ ਸੁਨਿ ਜਸੁ ਜੀਵਾਉ ॥੨॥੧॥੩੮॥੬॥੪੪॥

ਪਦ ਅਰਥ : ਸਭ ਦਿਨ ਕੇ—ਸਦਾ ਹੀ, ਸਾਰੇ ਸਮਿਆਂ ਦੇ, ਸਾਰੇ ਯੁੱਗਾਂ ਦੇ। ਸਮਰਥ ਪੰਥ—ਜੀਵਨ ਰਾਹ ਦੱਸਣ ਦੀ ਸਮਰੱਥਾ ਵਾਲੇ। ਬਿਠੁਲੇ—ਹੇ ਬੀਠਲ, ਹੇ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲੇ ਪ੍ਰਭੂ ! ਹਉ ਜਾਉ—ਮੈਂ ਜਾਂਦਾ ਹਾਂ, ਜਾਉਂ। ਬਲਿ ਬਲਿ—

ਕੁਰਬਾਨ। ਉਵਾ ਕੇ—ਉਨ੍ਹਾਂ ਦੇ। ਪਾਉ—ਪਾਵਾਂ, ਪ੍ਰਾਪਤ ਕਰਾਂ।੧।ਰਹਾਉ।

ਜਾਸ—ਜਿਨ੍ਹਾਂ ਨੂੰ। ਬਾਸਨ—ਵਾਸ਼ਨਾ। ਸਹਜ ਕੇਲ—ਸਹਜੇ ਸੁਭਾਵਕ ਕੀੜਾ, ਸੁਭਾਵਕ ਹੀ ਸਿਮਰਨ ਦੇ ਰਸ ਆਤਮਕ ਲੱਖਤਾ ਦੇ ਅਨੰਦ ਵਿਚ ਰਹਿਣਾ। ਕਰਣਾ ਮੈ—ਹੇ ਤਰਸ ਸਰੂਪ, ਹੇ ਕਿਰਪਾ ਸਰੂਪ। ਅਨੰਤ—ਬੇਅੰਤ, ਅਨੇਕ। ਅਨੂਪੈ—ਸੁੰਦਰ, ਸੁੰਦਰਤਾ, ਅਨੂਪ ਵਿਚ। ਠਾਉ—ਥਾਂ।੧।

ਰਿਧਿ ਸਿਧਿ—ਕਰਾਮਾਤੀ ਤਾਕਤਾਂ। ਨਿਧਿ—ਖ਼ਜ਼ਾਨੇ। ਕਰ ਤਲ—ਹੱਥਾਂ ਦੀਆਂ ਤਲੀਆਂ ਉੱਤੇ। ਜਗ ਜੀਵਨ—ਹੇ ਜਗਤ ਦੇ ਜੀਵਨ ਪ੍ਰਭੂ। ਸ੍ਰਬ ਨਾਥ—ਹੇ ਸਭਨਾਂ ਦੇ ਮਾਲਕ। ਮਇਆ—ਕਿਰਪਾ। ਸੁਨਿ—ਸੁਣ ਕੇ। ਜੀਵਉ—ਜੀਵਉਂ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਕੋਈ ਸੰਸਾਰੀ ਮਨੁੱਖ ਕਿਸੀ ਦੇ ਕਿਸੇ ਕਾਰਜ ਵਿਚ ਸਹਾਇਕ ਹੁੰਦਾ ਹੈ ਤਾਂ ਉਹ ਉਸ ਤੋਂ ਬਲਿਹਾਰ ਬਲਿਹਾਰ ਜਾਂਦਾ ਹੈ, ਪਰ ਤੁਸੀਂ ਕਿਸ ਤੋਂ ਕੁਰਬਾਨ ਜਾਂਦੇ ਹੋ?

ਉ: ੧. ਹੇ ਭਾਈਓ! ਜੋ ਸਾਰੇ ਦਿਨਾਂ ਵਿਚ ਬੀਠਲ ਭਗਵਾਨ ਵਾਹਿਗੁਰੂ ਜੀ ਦਾ ਮਾਰਗ ਵਿਖਾਉਣ ਦੀ ਸਮਰੱਥਾ ਰੱਖਦੇ ਹਨ, (ਸੰਤ ਜਨ) ਮੈਂ ਤਾਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।

੨. ਹੇ ਵਾਹਿਗੁਰੂ! ਜੋ ਤੇਰੇ ਜਸ ਨੂੰ (ਭਾਵਨ) ਸ਼ਰਧਾ ਨਾਲ ਗਾਵਨ ਵਾਲੇ ਹਨ, ਮੈਂ (ਉਵਾ) ਉਨ੍ਹਾਂ ਸੰਤਾਂ ਦੇ ਚਰਨੀਂ ਪੈਂਦਾ ਹਾਂ।

੩. ਹੇ ਭਾਈ! (ਜਾਸ) ਜਿਨ੍ਹਾਂ ਨੂੰ ਵਾਸ਼ਨਾ ਨਹੀਂ ਹੈ, ਉਹ ਸਹਜੇ ਹੀ ਕ੍ਰਿਪਾ ਸਰੂਪ ਵਿਚ (ਕੇਲ) ਬਿਲਾਸ ਕਰਦੇ ਹਨ।

੪. ਅਤੇ ਇਕ ਅਨੰਤ ਸਰੂਪ ਪਰਮੇਸ਼ਰ (ਹੀ ਉਨ੍ਹਾਂ ਦੀ) ਮਹਾਨ ਸੁੰਦਰ ਜਗ੍ਹਾ ਹੈ।

੫. ਹੇ ਜਗਤ ਦੇ ਜੀਵਨ ਪ੍ਰਭੂ! ਹੇ ਸਭਨਾਂ ਦੇ ਖਸਮ ਪ੍ਰਭੂ! ਹੇ ਅਨੇਕਾਂ ਨਾਵਾਂ ਵਾਲੇ ਪ੍ਰਭੂ! ਇਹ ਰਿਧੀਆਂ, ਸਿੱਧੀਆਂ, ਨਿਧੀਆਂ ਤੇਰੇ ਹੱਥਾਂ ਦੀਆਂ ਤਲੀਆਂ ਉੱਤੇ (ਸਦਾ ਹੀ ਟਿਕੀਆਂ ਰਹਿੰਦੀਆਂ ਹਨ)।

ਪ੍ਰ: ਅਗੰਮੀ ਆਵਾਜ਼ ਆਈ, ਤੁਸੀਂ ਮੰਗਦੇ ਕੀ ਹੋ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਦਇਆ ਸਰੂਪ ਪ੍ਰਭੂ ਜੀ! ਮੇਰੇ ਉੱਤੇ ਮਿਹਰ ਕਰ, ਮੈਂ ਤੇਰੇ ਸੰਤ ਜਨਾਂ ਤੋਂ ਤੇਰੀ ਸਿਫ਼ਤਿ-ਸਾਲਾਹ ਸੁਣ-ਸੁਣ ਕੇ ਹੀ ਜੀਊਂਦਾ ਹਾਂ।੨।੧।੩੮।੬।੪੪।

ਭਾਵਾਰਥ : ਇਸ ਸ਼ਬਦ ਵਿਚ ਉਨ੍ਹਾਂ ਸੰਤਾਂ ਤੋਂ ਹਜ਼ੂਰ ਜੀ ਕੁਰਬਾਨ ਜਾਂਦੇ ਹਨ ਜੋ ਕਿ ਸਦਾ ਹੀ ਉਸ ਅਕਾਲ ਪੁਰਖ ਦੀ ਪ੍ਰਾਪਤੀ ਦੇ ਮਾਰਗ ਪਾਉਣ ਦੀ ਸਮਰੱਥਾ ਰੱਖਦੇ ਹਨ।

ਨੋਟ : ਅੰਕ ੧—'ਘਰੁ ੭' ਦਾ ਇਹ ਇਕ ਸ਼ਬਦ ਹੈ।

ਸ਼ਬਦ ਮ: ੪—੬। ਸ਼ਬਦ ਮ: ੫—੩੮।

= ਕੁਲ ਜੋੜ ੪੪

ੴ ਸਤਿਗੁਰ ਪ੍ਰਸਾਦਿ ॥

ਰਾਗੁ ਦੇਵਗੰਧਾਰੀ ਮਹਲਾ ੯ ॥

੧. ਯਹ ਮਨੁ ਨੈਕ ਨ ਕਹਿਓ ਕਰੈ ॥
੨. ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥੧॥ ਰਹਾਉ ॥
੩. ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥
੪. ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥
੫. ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥
੬. ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥੨॥੧॥

ਪਦ ਅਰਥ : ਯਹ ਮਨੁ—ਇਹ ਮਨ। ਨੈਕ—ਰਤਾ ਭਰ ਵੀ, ਥੋੜ੍ਹਾ ਜਿਹਾ। ਕਹਿਓ—ਕਿਹਾ ਹੋਇਆ ਉਪਦੇਸ਼, ਦਿੱਤੀ ਹੋਈ ਸਿੱਖਿਆ। ਸੀਖ—ਸਿੱਖਿਆ। ਰਹਿਓ—ਮੈਂ ਥੱਕ ਗਿਆ ਹਾਂ। ਅਪਨੀ ਸੀ—ਆਪਣੇ ਵਲੋਂ। ਤੇ—ਤੋਂ। ਟਰੈ—ਟਲਦਾ, ਟਲੈ।੧।ਰਹਾਉ।

ਮਦਿ—ਨਸ਼ੇ ਵਿਚ। ਬਾਵਰੋ—ਝੱਲਾ। ਜਸੁ—ਸਿਫ਼ਤਿ-ਸਾਲਾਹ। ਉਚਰੈ—ਉਚਾਰਦਾ। ਪਰਪੰਚੁ—ਵਿਖਾਵਾ, ਠੱਗੀ। ਕਉ—ਨੂੰ। ਡਹਕੈ—ਛਲਦਾ ਹੈ, ਠੱਗਦਾ ਹੈ। ਉਦਰੁ—ਪੇਟ।੧।

ਸੁਆਨ—ਕੁੱਤਾ। ਜਿਉ—ਵਾਂਗ। ਸੂਧੋ—ਸਿੱਧਾ, ਸੁੱਚੇ ਜੀਵਨ ਵਾਲਾ। ਨ ਕਾਨ ਧਰੈ—ਕੰਨਾਂ ਵਿਚ ਨਹੀਂ ਧਰਦਾ, ਧਿਆਨ ਨਾਲ ਨਹੀਂ ਸੁਣਦਾ। ਭਜੁ—ਭਜਨ ਕਰ। ਜਾਤੇ—ਜਿਸ ਨਾਲ। ਕਾਜੁ—(ਮਨੁੱਖਾ ਜੀਵਨ ਦਾ ਜ਼ਰੂਰੀ) ਕੰਮ। ਸਰੈ—ਸਿਰੇ ਚੜ੍ਹ ਜਾਏ।੨।

ਅਰਥ :

ਪ੍ਰ: ਹੇ ਸਤਿਗੁਰੋ! ਇਹ ਮਨ ਐਸਾ ਕਠੋਰ ਹੈ, ਪਰਮੇਸ਼ਰ ਦੇ ਮਾਰਗ ਦਾ ਉਪਦੇਸ਼ ਸੁਣ ਕੇ ਵੀ ਧਾਰਨ ਨਹੀਂ ਕਰਦਾ, ਹਜ਼ੂਰ! ਕੋਈ ਸਾਧਨ ਦੱਸ ਦਿਓ?

ਉ: ੧. ਹੁਣ ਆਪ ਜੀ ਸੰਸਾਰੀ ਜੀਵਾਂ ਦੀ ਮਾਨਸਕ ਦਸ਼ਾ ਨੂੰ ਅਨੁਭਵ ਕਰਦੇ ਹਨ ਤੇ ਉਸ ਨੂੰ ਆਪਣੇ ਮਨ ਤੇ ਅਰੋਪਨ ਕਰਦੇ ਹੋਏ ਸਾਰਿਆਂ ਜੀਵਾਂ ਪ੍ਰਤੀ ਸਾਂਝਾ ਉਪਦੇਸ਼ ਦੇਣ ਹਿਤ ਮਹਾਂ ਵਾਕ ਉਚਾਰਨ ਕਰਦੇ ਹਨ ਅਤੇ ਕਹਿੰਦੇ ਹਨ ਕਿ ਐ ਭਾਈਓ! ਤੁਸੀਂ ਇਹ ਠੀਕ ਕਹਿੰਦੇ ਹੋ, ਇਹ ਮੇਰਾ ਮਨ ਰਤਾ ਭਰ ਮੇਰਾ ਕਿਹਾ ਨਹੀਂ ਮੰਨਦਾ, ਮੇਰੇ ਆਖੇ ਵਿਚ ਟੁਰਦਾ ਹੀ ਨਹੀਂ।

ਪ੍ਰ: ਹਜ਼ੂਰ ਜੀ! ਅਸੀਂ ਤਾਂ ਸੰਸਾਰੀ ਜੀਵ ਹਾਂ, ਸਾਨੂੰ ਤਾਂ ਇਸ ਮਨ ਨੂੰ ਸਿੱਖਿਆ ਦੇਣ ਦਾ ਸਮਾਂ ਹੀ ਨਹੀਂ ਮਿਲਦਾ, ਪਰ ਤੁਸੀਂ ਤਾਂ ਇਸ ਨੂੰ ਸਿੱਖਿਆ ਦੇ ਕਰ ਕੇ ਖੋਟੀ ਮੱਤ ਵਲੋਂ ਰੋਕ ਹੀ ਸਕਦੇ ਹੋ, ਤੁਹਾਡਾ ਵੀ ਮਨ ਕਿਉਂ ਨਹੀਂ ਵਰਜਿਆ ਰਹਿੰਦਾ?

ਉ: ੨. ਹੇ ਸੱਜਣੋ! ਸਿੱਖਿਆ ਦੇਣ ਵਲੋਂ ਕੋਈ ਕਸਰ ਨਹੀਂ ਹੈ, ਮੈਂ ਤਾਂ ਆਪਣੇ ਵਲੋਂ ਇਸ ਮਨ ਨੂੰ ਸਿੱਖਿਆ ਦੇ-ਦੇ ਥੱਕ ਗਿਆ ਹਾਂ, ਪਰ ਫਿਰ ਵੀ ਇਹ ਆਪਣੀ ਖੋਟੀ ਮੱਤ ਵਲੋਂ ਟਲਦਾ ਹੀ ਨਹੀਂ।੧।ਰਹਾਉ।

ਪ੍ਰ: ਹਜ਼ੂਰ ਜੀ! ਇਸ ਮਨ ਦਾ ਖੋਟੀ ਮੱਤ ਵਲੋਂ ਨਾ ਟਲਣ ਦਾ ਅਸਲ ਕਾਰਣ ਕੀ ਹੈ?

ਉ: ੩. ਅਸਲ ਵਿਚ ਹੇ ਭਾਈਓ! ਇਹ ਮਨ ਮਾਇਆ ਦੇ ਨਸ਼ੇ ਵਿਚ ਝੱਲਾ ਹੋ ਗਿਆ ਹੈ।

ਪ੍ਰ: ਹਜ਼ੂਰ! ਤੁਸੀਂ ਇਹ ਗੱਲ ਝੱਲਾ ਹੋਣ ਦੀ ਕਿਵੇਂ ਅਨੁਭਵ ਕੀਤੀ ਹੈ?

ਉ: ਹੇ ਭਾਈਓ! ਅਸੀਂ ਇਉਂ ਅਨੁਭਵ ਕਰ ਲਿਆ ਹੈ, (ਕਿਉਂਕਿ) ਇਹ ਕਦੇ ਵੀ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਨ ਵਾਲੀ ਬਾਣੀ ਨਹੀਂ ਉਚਾਰਦਾ।

ਪ੍ਰ: ਕਿਉਂ ਜੀ! ਹੋਰ ਇਹ ਕਰਦਾ ਕੀ ਕੁਝ ਹੈ?

ਉ: ੪. ਹੇ ਭਰਾਵੋ! ਅਸੀਂ ਤਾਂ ਵੇਖ ਰਹੇ ਹਾਂ ਕਿ (ਇਹ ਹਮੇਸ਼ਾ ਹੀ) ਛੱਲ ਵੱਲ ਕਰ ਕੇ ਜਗਤ ਨੂੰ ਠੱਗਦਾ ਰਹਿੰਦਾ ਹੈ ਅਤੇ ਠੱਗੀ ਰਾਹੀਂ ਇਕੱਠੇ ਕੀਤੇ ਧਨ ਨਾਲ ਆਪਣਾ ਪੇਟ ਭਰਦਾ ਰਹਿੰਦਾ ਹੈ।੧।

ਪ੍ਰ: ਹਜ਼ੂਰ! ਵੇਖਣ ਵਿਚ ਤਾਂ ਵਧੇਰੇ ਇਉਂ ਹੀ ਆਉਂਦਾ ਹੈ ਕਿ ਜੋ ਲੋਕ ਠੱਗੀ ਨਾਲ ਵਧੇਰੇ ਧਨ ਇਕੱਠਾ ਕਰਦੇ ਹਨ, ਉਹ ਲੋਕ ਸੰਗਤ ਵਿਚ ਸਗੋਂ ਵਧੇਰੇ ਹਰੀ ਦਾ ਜਸ ਸੁਣਨ ਲਈ ਅੱਗੇ ਹੋ-ਹੋ ਬੈਠਦੇ ਤੇ ਲੋਕਾਂ ਨੂੰ ਸਿਰ ਝੂੰਮ-ਝੂੰਮ ਕੇ ਆਪਣਾ ਪ੍ਰਗਟਾਵਾ ਕਰਦੇ ਰਹਿੰਦੇ ਹਨ, ਆਪ ਜੀ ਕਹਿੰਦੇ ਹੋ ਕਿ ਉਹ ਹਰੀ ਦਾ ਜਸ ਸੁਣਦੇ ਹੀ ਨਹੀਂ, ਇਹ ਕਿਉਂ?

ਉ: ੫. ਹੇ ਭਰਾਵੋ! ਉਹ ਅਜੇਹੇ ਲੋਕ ਭਾਵੇਂ ਸਾਨੂੰ ਸਾਲਾਂ ਬੱਧੀ ਹਰੀ ਦਾ ਜਸ ਸੁਣਦੇ ਤਾਂ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਦਾ ਸੁਣਨਾ ਇਉਂ ਹੀ ਸਮਝ ਲਓ ਕਿ ਜਿਵੇਂ ਕਿਸੇ ਕੁੱਤੇ ਦੀ ਪੂਛ ਨੂੰ ਕਿਸੇ ਨੇ ਸਿੱਧੀ ਕਰਨ ਲਈ ਬਾਰ੍ਹਾਂ ਵਰ੍ਹੇ ਨਾਲ ਵਿਚ ਪਾ ਰੱਖੀ, ਪਰ ਜਦੋਂ ਕੱਢੀ ਤਾਂ ਉਸ ਵਿਚ ਉਸੇ ਪਹਿਲੀ ਤਰ੍ਹਾਂ ਦੇ ਵੱਲ ਪਏ ਵੇਖੇ, ਤਿਵੇਂ ਇਹ ਵੀ ਕਿਸੇ ਦੀ ਦਿੱਤੀ ਹੋਈ ਸਿੱਖਿਆ ਨੂੰ (ਸੁਣਦਾ ਹੋਇਆ ਭੀ) ਧਿਆਨ ਨਾਲ ਨਹੀਂ ਸੁਣਦਾ, (ਭਾਵ ਧਾਰਨਾ ਤੋਂ ਸੱਖਣਾ ਹੀ ਰਹਿੰਦਾ ਹੈ)।

ਪ੍ਰ: ਹਜ਼ੂਰ! ਤਾਂ ਫਿਰ ਕਿਰਪਾ ਕਰ ਕੇ, ਕੋਈ ਐਸਾ ਸੁਖੈਨ ਸਾਧਨ ਦੱਸ ਦਿਓ, ਜਿਸ ਕਰ ਕੇ ਮੇਰਾ ਅਸਲ ਕਾਰਜ ਜੋ ਮੁਕਤ ਹੋਣ ਵਾਲਾ ਹੈ, ਉਹ ਸੌਰ ਜਾਵੇ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੱਜਣਾ! ਨਿੱਤ ਹੀ ਰਾਮ ਨਾਮ ਦਾ ਭਜਨ ਕਰਿਆ ਕਰ, ਜਿਸ ਦੀ ਬਰਕਤ ਨਾਲ ਤੇਰਾ ਇਹ ਜਨਮ ਧਾਰਨ ਕਰਨ ਦਾ ਮਨੋਰਥ ਸੌਰ ਜਾਵੇ।੨।੧।

ਭਾਵਾਰਥ : ਇਸ ਸ਼ਬਦ ਦੁਆਰਾ ਪੂਰਨ ਗੁਰੂ ਤੇਗ਼ ਬਹਾਦਰ ਜੀ ਆਪਣੇ ਮਨ ਦੁਆਰਾ ਸਿੱਖਾਂ ਨੂੰ ਉਪਦੇਸ਼ ਕਰਦੇ ਹਨ। ਉਪਦੇਸ਼ ਦਾ ਤਰੀਕਾ ਵੀ ਆਪ ਉਹ ਅਖ਼ਤਿਆਰ ਕਰਦੇ ਹਨ, ਜੋ ਕਿ ਪਰਮ ਉੱਤਮ ਹੈ। ਇਸ ਮਨੁੱਖ ਦਾ ਮਨ ਮਾਇਆ ਦੇ ਮਦ ਵਿਚ ਸ੍ਰੇਸ਼ਟਾਚਾਰ ਦੀ ਥਾਂ ਦੁਰਮਤੀ ਸਿਖ ਜਾਂਦਾ ਹੈ ਤੇ ਉਸੇ ਵਿਚ ਹੀ ਗਲਤਾਨ ਰਹਿੰਦਾ ਹੈ, ਗਲਤਾਨ ਵੀ ਅਜਿਹਾ ਹੁੰਦਾ ਹੈ ਕਿ ਇਸ ਦੇ ਮੁਕਤ ਹੋ ਜਾਣ ਦਾਂ ਕੋਈ ਉਪਾਉ ਹੀ ਇਸ ਨੂੰ ਨਹੀਂ ਸੁਝਦਾ। ਅੱਗੇ ਇਕ ਕੁੱਤੇ ਦੀ ਪੂਛ ਦੀ ਉਦਾਹਰਣ ਦੇ ਕੇ ਦੱਸ ਰਹੇ ਹਨ ਕਿ ਜਿਵੇਂ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ, ਇਸ ਤਰ੍ਹਾ ਮਾਇਆ ਮਦ ਵਿਚ ਝੱਲੀ ਹੋਈ ਮਤਿ ਸਿੱਧੀ ਨਹੀਂ ਹੁੰਦੀ, ਅਜੇਹੀ ਖੋਟੀ ਮਤਿ ਵਿਚ ਗਲਤਾਨ ਰਹਿੰਦਾ ਹੈ ਕਿ ਆਪਣਾ ਹੀ ਪੇਟ ਭਰਨ ਖ਼ਾਤਰ ਦਿਨੇ-ਰਾਤ ਛੱਲ ਵੱਲ ਕਰ ਕੇ ਧਨ ਇਕੱਠਾ ਕਰਨ ਵਿਚ ਤਤਪਰ ਰਹਿੰਦਾ ਹੈ, ਭਾਵ ਸਾਰੇ ਹੀ ਕੰਮ ਖ਼ੁਦਗ਼ਰਜ਼ੀ ਦੇ ਹੀ ਕਰਦਾ ਰਹਿੰਦਾ ਹੈ। ਅੰਤ ਵਿਚ ਹਜ਼ੂਰ ਇਸ ਦਾ ਕੇਵਲ ਇਕੋ ਹੀ ਇਲਾਜ ਦੱਸਦੇ ਹਨ ਕਿ ਐ ਜੀਵ! ਜੇ ਤੂੰ ਇਸ ਮਨੁੱਖ ਜਾਮਾ ਧਾਰਨ ਦਾ ਪਰਮ ਪ੍ਰਯੋਜਨ ਸਿੱਧ ਕਰਨਾ ਚਾਹੁੰਦਾ ਹੈਂ ਤਾਂ ਉਸੇ ਸਾਈਂ ਜੀ ਦਾ ਭਜਨ ਸਿਮਰਨ ਨਿਤਾ ਪ੍ਰਤੀ ਕਰਦਾ ਰਹੁ, ਇਹੋ ਹੀ ਇਕ ਸੁਖੈਨ ਮਾਰਗ ਹੈ, ਇਸ ਸੰਸਾਰ ਸਾਗਰ ਤੋਂ ਪਾਰ ਹੋਣ ਦਾ।

ਦੇਵਗੰਧਾਰੀ ਮਹਲਾ ੯ ॥

੧. ਸਭ ਕਿਛੁ ਜੀਵਤ ਕੋ ਬਿਵਹਾਰ ॥
੨. ਮਾਤ ਪਿਤਾ ਭਾਈ ਸੁਤ ਬੰਧਪ
ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ ਰਹਾਉ ॥
੩. ਤਨ ਤੇ ਪ੍ਰਾਨ ਹੋਤ ਜਬ ਨਿਆਰੇ
ਟੇਰਤ ਪ੍ਰੇਤਿ ਪੁਕਾਰਿ ॥
੪. ਆਧ ਘਰੀ ਕੋਊ ਨਹਿ ਰਾਖੈ
ਘਰ ਤੇ ਦੇਤ ਨਿਕਾਰਿ ॥੧॥
੫. ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ
ਯਹ ਦੇਖਹੁ ਰਿਦੈ ਬਿਚਾਰਿ ॥
੬. ਕਹੁ ਨਾਨਕ ਭਜੁ ਰਾਮ ਨਾਮ ਨਿਤ
ਜਾ ਤੇ ਹੋਤ ਉਧਾਰ ॥੨॥੨॥

ਪਦ ਅਰਥ : ਬਿਵਹਾਰ—ਵਰਤਨ ਵਿਹਾਰ। ਸਭ ਕਿਛੁ—ਸਾਰਾ ਕੁਝ। ਕੋ—ਦਾ। ਜੀਵਤ ਕੋ—ਜੀਉਂਦਿਆਂ ਦਾ। ਮਾਤ—ਮਾਤਾ, ਮਾਂ। ਭਾਈ—ਭਰਾ। ਸੁਤ—ਪੁੱਤ੍ਰ। ਬੰਧਪ—ਰਿਸ਼ਤੇਦਾਰ। ਅਰੇ—ਅਰੁ। ਫੁਨਿ—ਮੁੜ। ਗ੍ਰਿਹ ਕੀ ਨਾਰਿ—ਘਰ ਦੀ ਇਸਤ੍ਰੀ।੧।ਰਹਾਉ।

ਤੇ—ਤੋਂ, ਨਾਲੋਂ। ਪ੍ਰਾਨ—ਜਿੰਦ। ਨਿਆਰੇ—ਵੱਖਰੇ। ਟੇਰਤ—ਆਖਦੇ ਹਨ, ਬੋਲਦੇ ਹਨ, ਕਹਿੰਦੇ ਹਨ। ਪ੍ਰੇਤ—ਪ੍ਰੇਤ=ਪਰ=ਅਗੇ+ਇਤ=ਗਿਆ ਹੋਇਆ, (ਮਰ ਗਿਆ ਹੋਇਆ) ਆਮ ਬੋਲੀ ਵਿਚ ਪ੍ਰੇਤ, ਭੂਤ ਨੂੰ ਕਹਿੰਦੇ ਹਨ, ਉਹ ਮਰ ਗਿਆ ਪ੍ਰਾਣੀ ਜੋ ਅਬਿਗਤ ਫਿਰ ਰਿਹਾ ਹੈ। ਪੁਕਾਰਿ—ਪੁਕਾਰ ਕੇ। ਕੋਊ—ਕੋਈ ਵੀ ਸਨਬੰਧੀ। ਘਰ ਤੇ—ਘਰ ਤੋਂ। ਨਿਕਾਰਿ—ਨਿਕਾਲ।੧।

ਮ੍ਰਿਗ ਤ੍ਰਿਸਨਾ—ਠਗ ਨੀਰਾ, ਚਮਕਦੀ ਰੇਤ ਪਿਆਸੇ ਹਰਣ ਨੂੰ ਪਾਣੀ ਜਾਪਦਾ ਹੈ, ਉਹ ਪਾਣੀ ਪੀਣ ਲਈ ਦੌੜਦਾ ਹੈ, ਚਮਕਦੀ ਰੇਤ ਨੂੰ ਵੇਖ ਕੇ ਉਹ ਅਗਾਹਾਂ-ਅਗਾਹਾਂ ਜਾਂਦਾ ਹੈ ਤੇ ਉਹ ਉਸ ਨੂੰ ਪਾਣੀ ਹੀ ਜਾਪਦਾ ਹੈ, ਦੌੜ-ਦੌੜ ਕੇ ਹਿਰਨ ਜਿੰਦ ਗਵਾ ਲੈਂਦਾ ਹੈ। ਰਚਨਾ—ਖੇਡ, ਬਣਤਰ। ਯਹ—ਇਹ। ਰਿਦੈ—ਹਿਰਦੇ ਵਿਚ।

ਬੀਚਾਰਿ—ਵਿਚਾਰ ਕੇ। ਜਾ ਤੇ—ਜਿਸ ਨਾਲ। ਉਧਾਰ—ਪਾਰ ਉਤਾਰਾ।੨।

ਅਰਥ :

ਪ੍ਰ: ਹੇ ਗੁਰੋ! ਅਸੀਂ ਵੇਖ ਰਹੇ ਹਾਂ ਕਿ ਪਹਿਲੋਂ ਤਾਂ ਤੁਸੀਂ ਕਿਸੇ ਨਾਲ ਗੂੜ੍ਹਾ ਮੇਲ-ਜੋਲ ਕਰਦੇ ਹੀ ਨਹੀਂ, ਪਰ ਜਿਸ ਨਾਲ ਕਰਦੇ ਵੀ ਹੋ, ਉਸ ਨਾਲ ਓਪਰਾ-ਓਪਰਾ ਜਿਹਾ ਕਰਦੇ ਹੋ ਅਤੇ ਸਦਾ ਹੀ ਉਪਰਾਮਤਾ ਵਿਚ ਜੀਵਨ ਗੁਜ਼ਾਰਦੇ ਹੋ? ਇਸ ਦਾ ਅਸਲ ਕਾਰਣ ਕੀ ਹੈ?

ਉ: ੧. ਹੇ ਭਾਈਓ! ਇਸ ਦਾ ਅਸਲ ਕਾਰਣ ਇਹੋ ਹੀ ਹੈ ਕਿ ਸਾਨੂੰ ਸਤਿਗੁਰੂ ਜੀ ਨੇ ਇਹ ਸੋਝੀ ਬਖ਼ਸ਼ ਦਿੱਤੀ ਹੈ ਕਿ ਇਹ ਸਾਰਾ ਕੁਝ ਮੇਲ ਜੋਲ, ਲੈਣ ਦੇਣ, ਸਾਕ ਸਬੰਧ, ਪਿਆਰ ਆਦਿ ਜੀਊਂਦਿਆਂ ਦੇ ਹੀ ਵਿਵਹਾਰ (ਕੰਮ) ਹਨ।

ਪ੍ਰ: ਹਜ਼ੂਰ! ਇਨ੍ਹਾਂ ਸਾਰੇ ਸੰਬੰਧੀਆਂ ਦੀ ਜੋ ਅਸੀਂ ਨੇੜ੍ਹਤਾ ਵੇਖਦੇ ਹਾਂ, ਕੀ ਇਹ ਸੱਚੀ ਨਹੀਂ?

ਉ: ੨. ਹੇ ਭਰਾਵੋ! ਵੇਖੋ, ਮਾਂ, ਪਿਉ, ਭਰਾ, ਪੁੱਤ੍ਰ, ਰਿਸ਼ਤੇਦਾਰ ਅਤੇ ਘਰ ਦੀ ਵਹੁਟੀ।੧।ਰਹਾਉ।

੩. ਹੇ ਸੱਜਨੋ! ਮੌਤ ਆਉਣ ਤੇ ਜਦੋਂ ਸਰੀਰ ਤੋਂ ਪ੍ਰਾਣ ਵਖਰੇ ਹੋ ਜਾਂਦੇ ਹਨ ਤਾਂ ਇਹ ਸਾਰੇ ਹੀ ਸੰਬੰਧੀ ਜੀਵ ਨੂੰ ਉੱਚੀ-ਉੱਚੀ ਆਖ ਕੇ ਪੁਕਾਰਦੇ ਹਨ ਕਿ ਇਹ ਹੁਣ ਪ੍ਰੇਤ ਹੋ ਗਿਆ, ਗੁਜ਼ਰ ਚੁੱਕਾ ਹੈ, ਗੁਜ਼ਰ ਗਿਆ ਹੈ।

੪. ਹੇ ਭੋਲਿਓ! ਵੇਖ ਲਓ, ਜਿਨ੍ਹਾਂ ਨੂੰ ਅਤਿ ਸਨੇਹੀ ਸਮਝ ਰਹੇ ਸਾਂ, ਉਨ੍ਹਾਂ ਦਾ ਸਾਰਾ ਪਾਜ ਉੱਘੜ ਗਿਆ (ਕਿਉਂਕਿ) ਹੁਣ ਸੁੰਞੀ ਪਈ ਮੜ੍ਹੋਲੀ ਨੂੰ ਕੋਈ ਅੱਧੀ ਘੜੀ ਵੀ ਘਰ ਵਿਚ ਨਹੀਂ ਰੱਖ ਸਕਦਾ (ਝਟ) ਹੀ ਘਰੋਂ ਬਾਹਰ ਕੱਢ ਦੇਂਦੇ ਹਨ।੧।

ਪ੍ਰ: ਹੇ ਗੁਰੋ! ਉਂਝ ਤਾਂ ਇਹ ਸਭੋ ਕੁਝ ਅਸੀਂ ਸੁਣਦੇ ਹਾਂ ਅਤੇ ਅੱਖੀਂ ਵੀ ਤੱਕਦੇ ਹਾਂ, ਪਰ ਸਾਡਾ ਫਿਰ ਵੀ ਯਕੀਨ ਨਹੀਂ ਬੱਝਦਾ, ਇਸ ਦਾ ਅਸਲ ਕਾਰਣ ਕੀ ਹੈ?

ਉ: ੫. ਹੇ ਭਾਈਓ! ਅਸਲ ਵਿਚ ਤੁਸੀਂ ਓਪਰੇ-ਓਪਰੇ ਮਨੋ ਸੁਣਦੇ ਤੇ ਵੇਖਦੇ ਹੋ, ਪਰ ਕਦੀ ਇਕਾਂਤ ਦੇਸ਼ ਵਿਚ ਬੈਠ ਕੇ ਦਿਲੋਂ ਡੂੰਘੀ ਵੀਚਾਰ ਕਰ ਕੇ ਨਹੀਂ ਵੇਖ ਰਹੇ ਹੁੰਦੇ। ਜੇ ਕਦੀ ਤੁਸੀਂ ਹਿਰਦੇ ਵਿਚ (ਸਹੀ) ਵੀਚਾਰ ਕਰ ਕੇ ਵੇਖ ਲਓ, ਤਾਂ ਤੁਹਾਨੂੰ ਇਹ ਪ੍ਰਤੀਤ ਹੋ ਆਵੇਗੀ ਕਿ ਇਹ ਜਗਤ ਦੀ ਰਚਨਾ ਤਾਂ ਸਾਰੀ ਦੀ ਸਾਰੀ ਮ੍ਰਿਗ ਤ੍ਰਿਸ਼ਨਾ ਦੇ ਪਾਣੀ ਵਾਂਙੂੰ ਹੈ, ਭਾਵ ਝੂਠੀ ਹੈ, ਅਰਥਾਤ ਜਿਵੇਂ ਮ੍ਰਿਗ ਤ੍ਰਿਸ਼ਨਾ ਦਾ ਪਾਣੀ ਪਿਆਸੇ ਹਰਨ ਦੀ ਪਿਆਸ ਨਹੀਂ ਬੁਝਾਉਂਦਾ, ਤਿਵੇਂ ਇਸ ਸੰਸਾਰ ਦਾ ਕੋਈ ਵੀ ਪਦਾਰਥ ਮਨ ਨੂੰ ਤ੍ਰਿਪਤ ਕਰਨ ਦਾ ਕਾਰਣ ਨਹੀਂ ਹੈ।

ਪ੍ਰ: ਹੇ ਗੁਰਦੇਵ ਜੀਓ! ਸਾਡੇ ਮਨਾਂ ਵਿਚ ਤਾਂ ਇਸ ਸੰਸਾਰ ਦਾ ਮੋਹ ਪੱਕੀ ਤਰ੍ਹਾਂ ਘਰ ਕਰ ਚੁੱਕਾ ਹੈ, ਕੋਈ ਸਾਧਨ ਦੱਸੋ, ਜਿਸ ਨਾਲ ਅਸੀਂ ਇਸ ਸੰਸਾਰ ਦੇ ਝੂਠੇ ਮੋਹ ਤੋਂ ਨਿਰਮੋਹ ਹੋ ਕੇ ਆਪਣੇ ਆਪ ਦਾ ਉਧਾਰ ਕਰ ਲਈਏ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜੇ ਇਸ ਝੂਠੇ ਮੋਹ ਤੋਂ ਬਚਣਾ ਚਾਹੁੰਦੇ ਹੋ ਤਾਂ ਸਦਾ ਹੀ ਰਾਮ ਨਾਮ ਦਾ ਭਜਨ ਕਰਿਆ ਕਰੋ, ਜਿਸ ਦੀ ਬਰਕਤ ਨਾਲ ਇਸ ਸੰਸਾਰ ਦੇ ਕੂੜੇ ਮੋਹ ਤੋਂ ਨਿਰਮੋਹ ਹੋ ਕੇ ਆਪਣਾ ਪਾਰ ਉਤਾਰਾ ਕਰ ਸਕੋਗੇ।੨।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਇਸ ਜਗਤ ਦੀ ਰਚਨਾ ਨੂੰ ਝੂਠੀ ਦਰਸਾਇਆ ਹੈ, ਕਿਉਂਕਿ ਇਹ ਸਦੀਵੀ ਕਾਲ ਕਾਇਮ ਨਹੀਂ ਰਹਿੰਦੀ, ਇਸੇ ਲਈ ਕਹਿੰਦੇ ਹਨ ਕਿ ਇਸ ਵਿਚ ਪ੍ਰੀਤ ਨਾ ਲਾਓ। ਇਹ ਜਿਤਨਾ ਵੀ ਸੰਸਾਰਕ ਮੇਲ-ਜੋਲ ਦਿੱਸਦਾ ਹੈ ਤੇ ਮੋਹ ਮਾਇਆ ਦਾ ਮਿੱਠਾ ਪਿਆਰ ਨਜ਼ਰ ਆਉਂਦਾ ਹੈ, ਇਹ ਸਭੋ ਕੁਝ ਜੀਊਂਦਿਆਂ ਦੇ ਹੀ ਵਿਵਹਾਰ ਹਨ, ਮਰਨ ਸਾਰ ਸਾਰੇ ਦੇ ਸਾਰੇ ਖ਼ਤਮ ਹੋ ਜਾਂਦੇ ਹਨ, ਇਸ ਦਾ ਪ੍ਰਤੱਖ ਸਬੂਤ ਇਹੋ ਹੀ ਹੈ ਕਿ ਸੁੰਞੀ ਮੜ੍ਹੋਲੀ ਨੂੰ ਅੱਧੀ ਘੜੀ ਮਾਤ੍ਰ ਵੀ ਕੋਈ ਘਰ ਰੱਖ ਨਹੀਂ ਸਕਦਾ, ਝੱਟ ਹੀ ਘਰੋਂ ਬਾਹਰ ਨਿਕਾਲ ਦੇਂਦੇ ਹਨ, ਜੋ ਇਸ ਨੂੰ ਸਦੈਵੀ ਕਾਇਮ ਰਹਿਣ ਵਾਲੀ ਸਮਝ ਕੇ ਇਸੇ ਵਿਚ ਹੀ ਖੱਚਤ ਰਹਿਣਾ ਏਹ ਇਸੇ ਤਰ੍ਹਾਂ ਹੀ ਹੈ, ਜਿਵੇਂ ਕਿ ਇਕ ਮ੍ਰਿਗ, ਮਾਰੂ ਥਲ ਦੀਆਂ ਝਲਕਾਰਾਂ ਨੂੰ ਸੱਚਾ ਪਾਣੀ ਜਾਣ ਕੇ ਸਾਰਾ ਦਿਨ ਭਟਕ-ਭਟਕ ਕੇ ਆਪਣਾ ਜੀਵਨ ਖ਼ਤਮ ਕਰ ਲੈਂਦਾ ਹੈ, ਸੋ ਇਸ ਮਾਇਆ ਮੋਹ ਤੋਂ ਛੁਟਕਾਰਾ ਪਾਉਣ ਲਈ ਪਰਮੇਸ਼ਰ ਦੇ ਰਾਮ ਨਾਮ ਦਾ ਭਜਨ ਕਰਨ ਲਈ ਉਪਦੇਸ਼ ਕਰਦੇ ਹਨ ਕਿ ਐ ਪਿਆਰਿਓ! ਸਾਈਂ ਜੀ ਦਾ ਸਿਮਰਨ ਕਰਦੇ ਰਹੋ, ਇਸੇ ਦੀ ਬਰਕਤ ਨਾਲ ਸੰਸਾਰ ਦੇ ਝੂਠੇ ਮੋਹ ਵਲੋਂ ਬਚ ਕੇ ਜੀਵਨ ਸਫਲਾ ਕਰ ਸਕੋਗੇ।

ਦੇਵਗੰਧਾਰੀ ਮਹਲਾ ੯ ॥

੧. ਜਗਤ ਮੈ ਝੂਠੀ ਦੇਖੀ ਪ੍ਰੀਤਿ ॥
੨. ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ ॥੧॥ ਰਹਾਉ ॥
੩. ਮੇਰਉ ਮੇਰਉ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤ ॥
੪. ਅੰਤਿ ਕਾਲਿ ਸੰਗੀ ਨਹ ਕੋਊ
ਇਹ ਅਚਰਜ ਹੈ ਰੀਤਿ ॥੧॥
੫. ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ ॥
੬. ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥

ਪਦ ਅਰਥ : ਮਹਿ—ਵਿਚ। ਪ੍ਰੀਤ—ਪਿਆਰ। ਸਿਉ—ਸਾਥ, ਨਾਲ, ਖ਼ਾਤਰ। ਸਭਿ—ਸਾਰੇ ਸੰਬੰਧੀ। ਕਿਆ—ਕੀ, ਚਾਹੇ, ਭਾਵੇਂ। ਦਾਰਾ—ਇਸਤ੍ਰੀ।੧।ਰਹਾਉ।

ਮੇਰਉ—ਮੇਰਾ। ਹਿਤ—ਮੋਹ। ਸਿਉ—ਨਾਲ। ਬਾਧਿਉ—ਬੱਝਾ ਹੋਇਆ। ਅੰਤਿ ਕਾਲਿ—ਅਖ਼ੀਰਲੇ ਸਮੇਂ। ਸੰਗੀ—ਸਾਥੀ। ਕੋਊ—ਕੋਈ ਵੀ। ਰੀਤਿ—ਮਰਯਾਦਾ, ਜਗਤ ਚਾਲ।੧।

ਮਨ—ਹੇ ਮਨ। ਅਜਹੂ—ਅਜੇ ਭੀ। ਸਿਖ—ਸਿੱਖਿਆ। ਦੈ—ਦੇ

ਕੇ। ਨੀਤ—ਨਿਤ ਸਦਾ। ਭਉਜਲ—ਸੰਸਾਰ ਸਮੁੰਦਰ। ਜਉ—ਜਦੋਂ।੨।

ਅਰਥ :

ਪ੍ਰ: ਹੇ ਗੁਰਦੇਵ ਜੀਉ! ਅਸੀਂ ਸੰਸਾਰੀ ਜੀਵਾਂ ਵੱਲ ਤੱਕਦੇ ਹਾਂ ਕਿ ਇਨ੍ਹਾਂ ਦਾ ਪਰਸਪਰ ਇਕ ਦੂਜੇ ਨਾਲ ਪਿਆਰ ਬਣਿਆ ਹੋਇਆ ਹੈ, ਪਰ ਤੁਸਾਂ ਨੂੰ ਤੱਕੀਦਾ ਹੈ ਕਿ ਆਪ ਜੀ ਕਿਸੇ ਨਾਲ ਮਨ ਕਰ ਕੇ ਡੂੰਘੀ ਪ੍ਰੀਤ ਹੀ ਨਹੀਂ ਕਰਦੇ, ਇਸ ਦਾ ਅਸਲ ਕਾਰਣ ਕੀ ਹੈ?

ਉ: ੧. ਹੇ ਭਰਾਵੋ! ਮੈਂ ਇਸ ਜਗਤ ਵਿਚ ਚੰਗੀ ਤਰ੍ਹਾਂ ਵੇਖ ਲਿਆ ਹੈ ਕਿ ਜੋ ਜੀਵਾਂ ਦੀ ਇਕ ਦੂਜੇ ਨਾਲ ਪਰਸਪਰ ਪ੍ਰੀਤ ਦੇਖੀਦੀ ਹੈ, ਇਹ ਸਭ ਝੂਠੀ ਹੀ ਹੈ।

ਪ੍ਰ: ਕਿਉਂ ਜੀ! ਇਹ ਝੂਠੀ ਕਿਵੇਂ ਹੈ?

ਉ: ੨. ਹੇ ਮਿੱਤਰੋ! ਇਹ ਸਾਰੇ ਹੀ ਆਪੋ-ਆਪਣੇ ਸੁੱਖ ਦੀ ਖ਼ਾਤਰ ਇਕ ਦੂਜੇ ਨਾਲ ਲੱਗੇ ਤੁਰੇ ਫਿਰਦੇ ਹਨ, (ਇਨ੍ਹਾਂ ਸਾਰਿਆਂ ਵਿਚ) ਭਾਵੇਂ ਕੋਈ ਇਸਤ੍ਰੀ ਹੈ, ਚਾਹੇ ਕੋਈ ਮਿੱਤ੍ਰ ਹੈ।੧।ਰਹਾਉ।

ਪ੍ਰ: ਹਜ਼ੂਰ! ਇਹ ਜੋ ਸਾਰੇ ਹਿੱਤ ਕਰਨ ਵਾਲੇ ਹਨ, ਇਨ੍ਹਾਂ ਬਾਰੇ ਆਪ ਜੀ ਦਾ ਕੀ ਵੀਚਾਰ ਹੈ?

ਉ: ੩. ਐ ਸੱਜਨੋ! ਇਹ ਨਿਸ਼ਚਾ ਕਰ ਲਓ ਕਿ ਇਨ੍ਹਾਂ ਸਭਨਾਂ ਦਾ ਚਿੱਤ (ਆਪੋ-ਆਪਣੀ ਗ਼ਰਜ਼ ਪੂਰੀ ਕਰਨ ਲਈ) ਮੋਹ ਦੁਆਰਾ ਬੱਝਾ ਹੁੰਦਾ ਹੈ, ਉਸੇ ਮੋਹ ਦੇ ਕਾਰਣ ਹਰ ਕੋਈ ਆਖਦਾ ਹੈ, ਇਹ ਮੇਰਾ ਹੈ, ਇਹ ਮੇਰਾ ਹੈ।

ਪ੍ਰ: ਪਰ, ਕਿਉਂ ਜੀ! ਕੀ ਇਹ ਸਭੇ ਝੂਠ ਹੀ ਕਹਿਆ ਕਰਦੇ ਹਨ?

ਉ: ੪. ਹੇ ਭਾਈਓ! ਤੁਸੀਂ ਆਪ ਹੀ ਹਰ (ਰੋਜ਼ ਵੇਖਦੇ ਹੋ ਕਿ) ਅੰਤ ਦੇ ਸਮੇਂ ਕੋਈ ਵੀ ਕਿਸੇ ਦਾ ਸਾਥੀ ਨਹੀਂ ਬਣਦਾ, ਇਹ (ਇਸ ਜਗਤ ਦੀ) ਅਸਚਰਜ ਹੀ (ਮੁੱਢੋਂ) ਮਰਯਾਦਾ ਚਲੀ ਆ ਰਹੀ ਹੈ।

੫. ਹੇ ਭਾਈ! ਇਹ ਕੁਝ ਦੇਖ ਕੇ, (ਮੈਂ) ਇਸ ਮੂਰਖ ਮਨ ਨੂੰ ਸਿੱਖਿਆ ਦੇ ਦੇ ਕੇ ਥੱਕ ਗਿਆ ਹਾਂ, ਪਰ ਇਹ ਅਜੇ ਵੀ ਨਹੀਂ ਸਮਝ ਕਰਦਾ।

ਪ੍ਰ: ਤਾਂ ਫਿਰ ਹਜ਼ੂਰ ਜੀ ਦੱਸੋ? ਇਸ ਜਗਤ ਤੋਂ ਪਾਰ ਉਤਾਰਾ ਕਿਵੇਂ ਹੋ ਸਕਦਾ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੱਜਨਾ! ਸੁਣ, ਤੂੰ ਤਾਂ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈਂ, ਜੇ ਤੂੰ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦਾ ਰਵੇਂ।੨।

ਨੋਟ : ਸ਼ਬਦ ਮ: ੯—੩।
ਸ਼ਬਦ ਮ: ੪—੬।
ਸ਼ਬਦ ਮ: ੫—੩੮।
ਜੋੜ=੪੭।

ਭਾਵਾਰਥ : ਇਸ ਸ਼ਬਦ ਵਿਚ ਜਗਤ ਗੁਰੂ, ਗੁਰੂ ਤੇਗ਼ ਬਹਾਦਰ ਸਾਹਿਬ ਜੀ, ਇਸ ਜਗਤ ਵਿਚ ਜੋ ਜੀਵਾਂ ਦਾ ਪਰਸਪਰ ਪਿਆਰ ਦਿੱਸਦਾ ਹੈ, ਇਹ ਸਭੋ ਹੀ ਕੂੜਾ ਦੱਸ ਰਹੇ ਹਨ। ਇਸ ਦੀ ਅਸਲੀਅਤ ਦੱਸਦੇ ਹਨ ਕਿ ਜੋ ਇਕ ਦੂਜੇ ਨਾਲ ਸੰਬੰਧ ਹੈ, ਇਹ ਸਭੋ ਹੀ ਆਪੋ-ਆਪਣੀ ਗ਼ਰਜ਼ ਲਈ ਹੀ ਹੈ, ਆਪੋ-ਆਪਣੇ ਸੁੱਖਾਂ ਵਾਸਤੇ ਹੈ, ਦੂਸਰੇ ਨੂੰ ਸੁੱਖ ਦੇਣ ਬਦਲੇ ਨਹੀਂ ਹੁੰਦੀ, ਪਰ ਅਗਿਆਨੀ ਜੀਵ ਸਮਝ ਬੈਠਦਾ ਹੈ ਕਿ ਇਹ ਪ੍ਰੀਤ ਮੈਨੂੰ ਸੁੱਖ ਦੇਣ ਲਈ ਹੋ ਰਹੀ ਹੈ, ਪਰ ਇਹ ਪਾਜ ਕੂੜਾ ਉਸ ਵੇਲੇ ਉੱਘੜ ਆਉਂਦਾ ਹੈ ਜਦ ਕਿ ਅੰਤ ਸਮੇਂ ਕੋਈ ਵੀ ਨਾਲ ਉਠ ਕੇ ਨਹੀਂ ਤੁਰਦਾ, ਇਸ ਲਈ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਐ ਭੋਲਿਓ! ਇਸ ਝੂਠੀ ਪ੍ਰੀਤ ਦੇ ਬਦਲੇ ਗ਼ਾਫ਼ਲ ਨਾ ਹੋਵੋ, ਪਰਮੇਸ਼ਰ ਨੂੰ ਯਾਦ ਰੱਖੋ, ਉਸ ਦੇ ਗੀਤ ਗਾਓ, ਉਸੇ ਦੇ ਪ੍ਰੇਮ ਵਿਚ ਸਦਾ ਰਹੋ, ਜੋ ਸਦੀਵੀ ਕਾਲ ਅੰਗ-ਸੰਗ ਰਹਿੰਦਾ ਹੈ ਤੇ ਅੰਤ ਸਮੇਂ ਨਾਲ ਨਿਭਦਾ ਹੈ। ਉਸ ਨਾਲ ਪ੍ਰੇਮ ਕਰਨ ਦਾ ਫਲ ਇਹ ਹੋਵੇਗਾ ਕਿ ਤੁਹਾਨੂੰ ਇਹ ਸੰਸਾਰ ਸਮੁੰਦ੍ਰ ਵਿਚ ਡੁੱਬਣ ਨਹੀਂ ਦੇਵੇਗਾ, ਸੰਸਾਰ ਤੋਂ ਪਾਰ ਹੋ ਜਾਓਗੇ, ਭਾਵ ਜਨਮ ਮਰਨ ਕੱਟ ਕੇ ਸਦੈਵੀ ਸੁੱਖ ਵਿਚ ਟਿਕ ਜਾਓਗੇ।

(ਰਾਗੁ ਦੇਵਗੰਧਾਰੀ ਸਮਾਪਤ)

ਰਾਗੁ ਬਿਹਾਗੜਾ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਬਿਹਾਗੜਾ ਚਉਪਦੇ ਮਹਲਾ ੫ ਘਰੁ ੨ ॥

੧. ਦੂਤਨ ਸੰਗਰੀਆ ॥
੨. ਭੁਇਅੰਗਨਿ ਬਸਰੀਆ ॥
੩. ਅਨਿਕ ਉਪਰੀਆ ॥੧॥
੪. ਤਉ ਮੈ ਹਰਿ ਹਰਿ ਕਰੀਆ ॥
੫. ਤਉ ਸੁਖ ਸਹਜਰੀਆ ॥੧॥ ਰਹਾਉ ॥
੬. ਮਿਥਨ ਮੋਹਰੀਆ ॥
੭. ਅਨ ਕਉ ਮੇਰੀਆ ॥
੮. ਵਿਚਿ ਘੂਮਨ ਘਿਰੀਆ ॥੨॥
੯. ਸਗਲ ਬਟਰੀਆ ॥
੧੦. ਬਿਰਖ ਇਕ ਤਰੀਆ ॥
੧੧. ਬਹੁ ਬੰਧਹਿ ਪਰੀਆ ॥੩॥
੧੨. ਥਿਰੁ ਸਾਧ ਸਫਰੀਆ ॥
੧੩. ਜਹ ਕੀਰਤਨੁ ਹਰੀਆ ॥
੧੪. ਨਾਨਕ ਸਰਨਰੀਆ ॥੪॥੧॥

'ਸ੍ਰੀ ਗੁਰੂ ਗ੍ਰੰਥ ਬਾਨੀ ਬਿਉਰਾ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਸਤਵੇਂ ਰਾਗ 'ਬਿਹਾਗੜਾ' ਬਾਰੇ ਇਸ ਪ੍ਰਕਾਰ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਨੇ ਲਿਖਿਆ ਹੈ:

ਇਸ ਰਾਗ ਦਾ ਰਾਗ ਮਾਲਾ ਵਿਚ ਜ਼ਿਕਰ ਨਹੀਂ ਹੈ। ਕਿਸੇ ਗ੍ਰੰਥਕਾਰ ਨੇ ਕਿਸੇ ਰਾਗ ਦੀ ਬੰਸਾਵਲੀ ਵਿਚ ਨਹੀਂ ਲਿਖਿਆ। ਨਾਦ ਬਿਨੋਦ ਵਿਚ ਇਕ 'ਛਾਯਾ ਬਿਹਾਗ' ਦੂਜੇ ਬਿਹਾਰੀ ਕਰਕੇ ਲਿਖਿਆ ਹੈ, ਪ੍ਰੰਤੂ ਸੁਰ ਤਾਲ ਸਮੂੰਹ ਵਿਚ ਸਿਰੀ ਰਾਗ ਦਾ ਪੁੱਤ੍ਰ ਕਰਕੇ ਲਿਖਿਆ ਹੈ। ਇਸ ਦਾ ਸੁਰ ਗੁਰੂ ਨਿਖਾਧ ਹੈ। ਬਾਦੀ ਪੰਚਮ ਹੈ, ਸਾਮ ਬਾਦੀ ਗੰਧਾਰ ਹੈ, ਅਨਬਾਦੀ ਨਿਖਾਧ ਹੈ। ਸੰਪੂਰਨ ਹੈ: ਨੀ, ਸਾ, ਮਾ, ਗਾ, ਰੇ, ਧਾ, ਪਾ ਸੁਰ ਇਹ ਲੱਗਦੇ ਹਨ। ਖਰਜ ਪੰਚਮ ਸ਼ੁੱਧ ਹੈ, ਰਿਖਭ, ਗੰਧਾਰ, ਤੀਬਰ, ਮਧਮ ਦੋਨੋ, ਧੈਵਤ ਨਿਖਾਧ ਤੀਬਰ। ਇਸ ਨੂੰ ਅੱਧੀ ਰਾਤ ਵੇਲੇ ਗਾਉਂਦੇ ਹਨ। ਮੌਸਮ ਹੇਮੰਤ ਰਿਤੁ, ਖ਼ੁਸ਼ੀ ਵਿਯੋਗ ਦੀ ਪੈਦਾ ਕਰਦਾ ਹੈ। ਕੇਦਾਰ, ਮਾਰਵਾ, ਸਰਸ੍ਵਤੀ ਮਿਲ ਕੇ ਬਿਹਾਗੜਾ ਬਣਦਾ ਹੈ। ਇਸੇ ਨੂੰ ਬਿਹਾਗ ਕਰਕੇ ਕਹਿੰਦੇ ਹਨ।

(ਸ੍ਰੀ ਗੁਰੂ ਗ੍ਰੰਥ ਬਾਨੀ ਬਿਉਰਾ)

ਪੰਡਤ ਨਰੈਣ ਸਿੰਘ ਗਿਆਨੀ ਜੀ ਦੇ ਕਥਨ ਅਨੁਸਾਰ ਇਉਂ ਹੈ:

ਇਹ ਇਕ ਰਾਗ ਹੈ, ਕੇਦਾਰੇ ਨਾਲ ਗਉੜੀ ਤੇ ਥੋੜ੍ਹਾ ਸਯਾਮ ਮਿਲੇ ਤਾਂ ਬਿਹਾਗੜਾ ਹੁੰਦਾ ਹੈ। ਕਾਲੀ ਨਾਥ ਦੇ ਮੱਤ ਵਿਚ ਇਸ ਨੂੰ ਭੈਰਵ ਦੀ ਰਾਗਨੀ ਲਿਖਿਆ ਹੈ। ਭਾਰਤ ਮੱਤ ਵਿਚ ਦੀਪਕ ਦਾ ਪੁੱਤ੍ਰ ਤੇ ਹਿੰਦੀ ਸ਼ਬਦ ਸਾਗਰ ਵਾਲੇ ਨੇ ਹਿੰਡੋਲ ਦਾ ਪੁੱਤ੍ਰ ਲਿਖਿਆ ਹੈ। ਸੁਰ ਤਾਲ ਸਮੂੰਹ ਵਿਚ ਸ੍ਰੀ ਰਾਗ ਦਾ ਪੁੱਤ੍ਰ ਲਿਖਿਆ ਹੈ ਅਤੇ ਮੇਲ ਭੀ ਹੋਰ ਲਿਖੇ ਹਨ। ਕੇਦਾਰਾ, ਮਾਰਵਾ ਤੇ ਸਰਸ੍ਵਤੀ ਦੇ ਮੇਲ ਤੋਂ ਬਿਹਾਗ ਬਣਦਾ ਹੈ। ਨਾਦ ਬਿਨੋਦ ਵਿਚ ਇਸ ਦੇ ਦੋ ਭੇਦ 'ਬਿਹਾਗ' ਤੇ 'ਛਾਯਾ ਬਿਹਾਗ' ਲਿਖੇ ਹਨ। ਸੰਪੂਰਨ ਹੈ। ਅੱਧੀ ਰਾਤ ਵੇਲੇ ਗਾਉਂਦੇ ਹਨ, ਮੌਸਮ ਹੇਮੰਤ ਰੁੱਤ ਹੈ। ਖ਼ੁਸ਼ੀ ਵਿਯੋਗ ਦੀ ਪੈਦਾ ਕਰਦਾ ਹੈ, ਜਿਸ ਰਾਗ ਨਾਲ ਮਿਲੇ ਉਸੇ ਰਾਗ ਦਾ ਬਿਹਾਗੜਾ ਬਣਦਾ ਹੈ—ਜੈਸਾ ਪੰਚਮ 'ਬਿਹਾਗੜਾ' ਆਦਿਕ।

ਪਦ ਅਰਥ: ਦੂਤਨ ਸੰਗਰੀਆ—ਕਾਮਾਦਿਕ ਵੈਰੀਆਂ ਦੀ ਸੰਗਤ। ਭੁਇਅੰਗ—ਸੱਪ। ਬਸਰੀਆ—ਵਾਸ, ਵਸਣੇ ਵਾਲਾ। ਅਨਿਕ—ਅਨੇਕਾਂ ਨੂੰ। ਉਪਰੀਆ—ਉਪਾੜਿਆ, ਤਬਾਹ ਕੀਤਾ ਹੈ।੧।

ਤਉ—ਤਦੋਂ। ਸੁਖ ਸਹਜਰੀਆ—ਸਹਜ ਸੁੱਖ ਵਾਲਾ।੧।ਰਹਾਉ।

ਮਿਥਨ ਮੋਹਰੀਆ—ਮਿਥਨ ਮੋਹ, ਝੂਠਾ ਮੋਹ। ਅਨ ਕਉ—ਹੋਰਨਾਂ (ਪਦਾਰਥਾਂ) ਨੂੰ।੨।

ਬਟਰੀਆ—(ਵਾਟ—ਰਸਤਾ) ਰਾਹੀ, ਮੁਸਾਫ਼ਿਰ। ਇਕ ਤਰੀਆ—ਇਕਤ੍ਰ ਹੋਏ-ਹੋਏ। ਬੰਧਹਿ—ਬੰਧਨਾਂ ਵਿਚ। ਪਰੀਆ—ਪਏ ਹੋਏ।੩।

ਸਫਰੀਆ—ਸਫ, ਸਭਾ, ਸੰਗਤਿ। ਜਹ—ਜਿੱਥੇ।

ਹਰੀਆ—ਹਰੀ ਦਾ। ਸਰਨਰੀਆ—ਸ਼ਰਨ ਪੈਣ ਵਾਲਾ, ਸ਼ਰਨ ਪਿਆ ਹਾਂ।੪।

ਅਰਥ:

ਪ੍ਰ: ਹੇ ਗੁਰੋ! ਆਪ ਜੀ ਇਨ੍ਹਾਂ ਕਾਮਾਦਿਕ ਦੂਤਾਂ ਦੀ ਸੰਗਤ ਨੂੰ ਇਤਨਾ ਭੈੜਾ ਕਿਉਂ ਕਹਿੰਦੇ ਹੋ? ਇਸ ਦਾ ਅਸਲ ਕਾਰਣ ਕੀ ਹੈ? ਇਹ ਕਿਰਪਾ ਕਰਕੇ ਸਮਝਾਇਓ।

ਉ: ੧. ਹੇ ਭਾਈਓ! ਜੋ ਕਾਮਾਦਿਕ ਵੈਰੀਆਂ ਦਾ ਸਾਥੀ ਹੈ, ਭਾਵ ਜੋ ਇਨ੍ਹਾਂ ਦੀ ਸੰਗਤ ਵਿਚ ਵਸਣ ਵਾਲਾ ਹੈ।

੨. ਉਹ ਜਾਣੋ ਸੱਪਾਂ ਦੇ ਵਿਚ ਵਸਣ ਦੇ ਬਰਾਬਰ ਹੈ, ਭਾਵ ਹੈ ਕਿ ਕਿਵੇਂ ਸੱਪਾਂ ਦਾ ਸੰਗ ਮਨੁੱਖ ਦਾ ਘਾਤਕ ਹੈ, ਇਵੇਂ ਹੀ ਇਹ ਕਾਮਾਦਿਕ ਦੂਤ ਮਨੁੱਖਾਂ ਦੇ ਨਾਸ਼ਕ ਹਨ।

ਪ੍ਰ: ਕਿਉਂ ਜੀ! ਇਸ ਵਿਚ ਕਿਸੇ ਇਕ ਦਾ ਉਦਾਹਰਣ ਦੇ ਕੇ ਸਮਝਾਓ।

ਉ: ੩. ਹੇ ਪਿਆਰਿਓ! (ਇਕ ਦੋ ਦਸ ਵੀਹ ਦੀ ਗਿਣਤੀ ਨਹੀਂ, ਇਤਰਾਜ਼ ਪੜ੍ਹੋ ਤਾਂ ਪਤਾ ਲੱਗਦਾ ਹੈ ਕਿ) ਇਨ੍ਹਾਂ ਕਾਮਾਦਿਕ ਦੂਤਾਂ ਨੇ ਅਨੇਕਾਂ ਵੱਡੇ-ਵੱਡੇ ਬ੍ਰਹਮਾ ਆਦਿਕ (ਦੇਵਤਿਆਂ ਦੇ ਜੀਵਨ) ਨੂੰ ਤਬਾਹ ਕੀਤਾ ਹੈ, ਵਿਨਾਸ਼ ਕੀਤਾ ਹੈ।੧।

ਪ੍ਰ: ਹਜ਼ੂਰ! ਤਾਂ ਫਿਰ ਤੁਸਾਂ ਇਨ੍ਹਾਂ ਤੋਂ ਬੱਚ ਕੇ, ਸੁਖੀ ਰਹਿਣ ਲਈ ਕੀ ਉਪਾਉ ਕੀਤਾ ਹੈ?

ਉ: ੪. ਹੇ ਮਿੱਤਰੋ! (ਜਦੋਂ ਮੈਂ ਜਗਤ ਵਿਚ ਇਹ ਕੁਝ ਵਰਤਦਾ ਡਿੱਠਾ) ਤਾਂ ਮੈਂ ਹਰਿ ਹਰਿ ਕੀਤਾ, ਭਾਵ ਨਾਮ ਜਪਣ ਲੱਗ ਪਿਆ।

੫. ਤਦ ਮੈਂ ਇਸ ਤਰ੍ਹਾਂ (ਨਾਮ ਜਪਦਾ ਹੋਇਆ) ਸਹਜ ਸੁੱਖ ਵਾਲਾ ਹੋ ਗਿਆ, ਭਾਵ ਹੁਣ ਮੈਨੂੰ ਆਤਮਿਕ ਅਡੋਲਤਾ ਦੇ ਸੁੱਖ ਅਨੰਦ ਪ੍ਰਾਪਤ ਹਨ।੧।ਰਹਾਉ।

ਪ੍ਰ: ਹੇ ਗੁਰੋ! ਤੁਸੀਂ ਆਪ ਤਾਂ ਨਾਮ ਜਪ ਕੇ ਇਸ ਦੁੱਖਾਂ ਦੇ ਚੱਕ੍ਰ ਤੋਂ ਨਿਕਲ ਗਏ ਹੋ, ਪਰ ਹੁਣ ਇਹ ਦੱਸੋ ਕਿ ਉਹ ਕੌਣ ਲੋਕ ਹਨ, ਜੋ ਇਸੇ ਦੁੱਖਾਂ ਦੀ ਘੁੰਮਣ-ਘੇਰੀ ਵਿਚ ਪਏ ਹੋਏ ਹਨ?

ਉ: ੬. ਹੇ ਭਾਈਓ! ਉਹ ਹਨ, ਉਹ ਜੀਵ ਜਿਨ੍ਹਾਂ ਨੂੰ ਮੋਹ ਚੰਬੜਿਆ ਹੋਇਆ ਹੈ, (ਭਾਵ ਹੈ ਕਿ ਜੋ ਇਸ ਸੰਸਾਰ ਦੇ ਝੂਠੇ ਪਦਾਰਥਾਂ ਦੇ ਮੋਹ ਵਿਚ ਫਾਥਾ ਹੋਇਆ ਹੈ)।

ਪ੍ਰ: ਹਜ਼ੂਰ! ਮੋਹ ਦਾ ਸਹੀ ਰੂਪ ਤਾਂ ਕਥਨ ਕਰੋ।

ਉ: ੭. ਹੇ ਪਿਆਰੇ! (ਜੋ ਮਨੁੱਖ ਇਕ ਪਰਮੇਸ਼ਰ ਜੀ ਤੋਂ ਬਿਨਾ) ਹੋਰ-ਹੋਰ ਪਦਾਰਥਾਂ ਨੂੰ 'ਮੇਰੇ, ਮੇਰੇ' ਸਮਝਦਾ ਰਹਿੰਦਾ ਹੈ। (ਇਹੋ ਸਮਝੋ ਮੋਹ ਦਾ ਸਹੀ ਰੂਪ ਹੈ)।

੮. (ਬਸ ਉਹ ਸਾਰੀ ਉਮਰ ਹੀ) ਇਸ ਮੋਹ ਦੀ ਘੁੰਮਣ-ਘੇਰੀ ਵਿਚ ਫਸਿਆ ਰਹਿੰਦਾ ਹੈ।੨।

ਪ੍ਰ: ਸ੍ਰੀ ਜੀਉ! ਮੋਹ ਦੀ ਅਸਲ ਘੁੰਮਣ-ਘੇਰੀ ਆਪ ਕਿਸ ਨੂੰ ਕਹਿੰਦੇ ਹੋ?

ਉ: ੯. ਹੇ ਭਾਈਓ! ਸੁਣੋ, ਜਿਵੇਂ ਇਕ ਹੀ ਬ੍ਰਿਛ ਹੇਠ ਇਕੱਠੇ ਹੋ ਕੇ ਬੈਠਣ ਵਾਲੇ ਮੁਸਾਫ਼ਰ ਹੁੰਦੇ ਤਾਂ ਕੇਵਲ ਥੋੜ੍ਹੇ ਸਮੇਂ ਲਈ ਹੀ ਇਕੱਤ੍ਰ ਹਨ, ਪਰ ਉਹ ਪਰਸਪਰ ਮੋਹ ਪਾ ਕੇ ਬੰਧਨ ਵਿਚ ਪੈ ਜਾਂਦੇ ਹਨ, ਹੇ ਭਾਈਓ!

੧੦. ਇਸੇ ਤਰ੍ਹਾਂ ਇਹ ਸਾਰੇ ਜੀਵ ਇਥੇ ਰਾਹੀ ਹਨ। ਇਹ ਸਾਰੇ ਹੀ ਸੰਸਾਰ ਰੁੱਖ ਦੇ ਹੇਠ ਇਕੱਠੇ ਹੋਏ-ਹੋਏ ਹਨ।

੧੧. ਪਰ ਇਹ ਸਾਰੇ ਹੀ ਮਾਇਆ ਮੋਹ ਦੇ ਬਹੁਤੇ ਬੰਧਨਾਂ ਵਿਚ ਫਸੇ ਹੋਏ ਹਨ।੩।

ਪ੍ਰ: ਕਿਉਂ ਜੀ! ਤਾਂ ਫਿਰ ਕੋਈ ਉਹ ਟਿਕਾਣਾ ਦੱਸੋ, ਜਿੱਥੇ ਮਨੁੱਖ ਪੁੱਜ ਕੇ ਸਦਾ ਹੀ ਸਥਿਰ ਰਹਿ ਸਕਦਾ ਹੋਵੇ?

ਉ: ੧੨. ਹੇ ਮਿੱਤਰੋ! ਸਿਰਫ ਇਕ ਗੁਰੂ ਦੀ ਸੰਗਤ ਹੀ ਸਮਝੋ, ਸਦਾ-ਥਿਰ ਰਹਿਣ ਵਾਲਾ ਸੱਚਾ ਟਿਕਾਣਾ ਹੈ।

ਪ੍ਰ: ਸ੍ਰੀ ਜੀਉ! ਇਹ ਦੱਸੋ ਆਪ ਸਹੀ ਰੂਪ ਵਿਚ ਗੁਰੂ ਦੀ ਸੰਗਤ ਕਿਸ ਇਕੱਠ ਨੂੰ ਮੰਨਦੇ ਹੋ?

ਉ: ੧੩. ਹੇ ਭਾਈਓ! ਜਿਥੇ ਕਿ (ਕੇਵਲ) ਹਰੀ ਪ੍ਰਭੂ ਜੀ ਦਾ ਕੀਰਤਨ ਹੁੰਦਾ ਹੈ, ਭਾਵ ਜਿਥੇ ਸਾਈਂ ਜੀ ਦੀ ਹੀ ਸਿਫਤੋ-ਸਲਾਹ ਹੁੰਦੀ ਰਹਿੰਦੀ ਹੈ। (ਉਹੋ ਹੀ ਸੰਗਤ ਜਾਣੋ)।

ਪ੍ਰ: ਹਜ਼ੂਰ! ਆਖ਼ਿਰ ਸਾਈਂ ਜੀ ਤੋਂ ਤੁਹਾਡੀ ਮੰਗ ਕੀ ਹੈ?

ਉ: ੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਤਾਂ ਸਾਧ ਸੰਗਤ ਦੀ ਸ਼ਰਨ ਵਿਚ ਆਇਆ ਹਾਂ ਤੇ ਸਾਈਂ ਤੋਂ ਇਹੋ ਹੀ ਮੰਗ ਕਰਦਾ ਹਾਂ ਕਿ ਮੈਂ ਗੁਰੂ ਸੰਗਤ ਦੀ ਸ਼ਰਨ ਵਿਚ ਸਦਾ ਹੀ ਪਿਆ ਰਵਾਂ।੪।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਇਸ ਜੀਵ ਦੇ ਬੰਨ੍ਹਣ ਵਾਲੇ ਬੰਧਨਾਂ ਦੇ ਤਿੰਨ ਰੂਪ ਦਰਸਾਏ ਹਨ।

੧. ਕਾਮਾਦਿਕ ਵਿਕਾਰਾਂ ਵਿਚ ਲਗਨ।
੨. ਸਾਕਾਂ ਮਿੱਤ੍ਰਾਂ ਦੇ ਮੋਹ-ਪਿਆਰ।
੩. ਮੁਸਾਫਰ ਹੁੰਦਿਆਂ ਵੀ ਆਪ ਨੂੰ ਸਦੀਵੀ ਕਾਲ ਅਚੱਲ ਰੂਪ ਮੰਨੀ ਬੈਠਣਾ।

ਪਰ ਇਨ੍ਹਾਂ ਤਿੰਨਾਂ ਹੀ ਬੰਧਨਾਂ ਦੇ ਕੱਟਣ ਲਈ ਤਿੰਨੇ ਇਲਾਜ ਵੀ ਦੱਸੇ ਹਨ:

੧. ਵਾਹਿਗੁਰੂ ਜੀ ਦਾ ਨਾਮ ਸਿਮਰਦੇ ਰਹਿਣਾ।
੨. ਸਤਿ ਸੰਗ ਕਰਨਾ।
੩. ਹਰੀ ਦਾ ਜਸ ਕਰਦੇ ਰਹਿਣਾ। ਇਨ੍ਹਾਂ ਦੁਆਰਾ ਇਨ੍ਹਾਂ ਬੰਧਨਾਂ ਨੂੰ ਕੱਟ ਲਿਆ ਜਾਂਦਾ ਹੈ, ਪਰ ਇਹ ਤਿੰਨੇ ਹੀ ਇਲਾਜ ਗੁਰੂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦੇ ਹਨ, ਗੁਰੂ ਦੀ ਸੰਗਤ ਵਿਚ ਵਸਣ ਵਾਲਾ ਸਹਿਜੇ ਹੀ ਉਹ ਉਸ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਸ ਦੁਆਰਾ ਵਾਹਿਗੁਰੂ ਜੀ ਦਾ ਸਦੀਵੀ ਮਿਲਾਪ ਤੇ ਸਹਿਜ ਦਾ ਅਨੰਦ ਬਣਿਆ ਰਹਿੰਦਾ ਹੈ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਬਿਹਾਗੜਾ ਮਹਲਾ ੯ ॥

੧. ਹਰਿ ਕੀ ਗਤਿ ਨਹਿ ਕੋਊ ਜਾਨੈ ॥
੨. ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥
੩. ਛਿਨ ਮਹਿ ਰਾਉ ਰੰਕ ਕਉ ਕਰਈ
ਰਾਉ ਰੰਕ ਕਰਿ ਡਾਰੇ ॥
੪. ਰੀਤੇ ਭਰੇ ਭਰੇ ਸਖਨਾਵੈ
ਯਹ ਤਾ ਕੋ ਬਿਵਹਾਰੇ ॥੧॥
੫. ਅਪਨੀ ਮਾਇਆ ਆਪਿ ਪਸਾਰੀ
ਆਪਹਿ ਦੇਖਨਹਾਰਾ ॥
੬. ਨਾਨਾ ਰੂਪੁ ਧਰੇ ਬਹੁ ਰੰਗੀ
ਸਭ ਤੇ ਰਹੈ ਨਿਆਰਾ ॥੨॥
੭. ਅਗਨਤ ਅਪਾਰੁ ਅਲਖ ਨਿਰੰਜਨ
ਜਿਹ ਸਭ ਜਗੁ ਭਰਮਾਇਓ ॥
੮. ਸਗਲ ਭਰਮ ਤਜਿ ਨਾਨਕ ਪ੍ਰਾਣੀ
ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥

ਪਦ ਅਰਥ : ਗਤਿ—ਹਾਲਤ, ਦਸ਼ਾ, ਪਹੁੰਚ, ਗਿਆਨ, ਉੱਚੀ ਅਡੋਲ ਅਵਸਥਾ। ਕੋਊ—ਕੋਈ ਵੀ। ਪਚਿ—ਖੱਪ-ਖੱਪ ਕੇ। ਹਾਰੇ—ਹਾਰ ਗਏ, ਥੱਕ ਗਏ। ਅਰੁ—ਅਤੇ।੧।ਰਹਾਉ।

ਰਾਉ—ਰਾਜਾ। ਰੰਕ ਕਉ—ਕੰਗਾਲ ਨੂੰ। ਕਰਈ—ਕਰੇ, ਕਰੈ, ਬਣਾ ਦੇਂਦਾ ਹੈ। ਰੀਤੇ—ਸਖਣੇ। ਯਹ—ਇਹ। ਬਿਵਹਾਰੋ—ਨਿੱਤ ਦਾ ਕੰਮ।੧।

ਪਸਾਰੀ—ਖਿਲਾਰੀ ਹੋਈ। ਆਪਹਿ—ਆਪ ਹੀ। ਦੇਖਨਹਾਰਾ—ਸੰਭਾਲ ਕਰਨ ਵਾਲਾ। ਨਾਨਾ—ਕਈ ਤਰ੍ਹਾਂ ਦੇ। ਧਰੇ—ਬਣਾ ਲੈਂਦਾ ਹੈ, ਧਾਰ ਲੈਂਦਾ ਹੈ। ਬਹੁ ਰੰਗੀ—ਅਨੇਕਾਂ ਰੰਗਾਂ ਦਾ ਮਾਲਕ। ਤੇ—ਤੋਂ। ਨਿਆਰਾ—ਵੱਖਰਾ।੨।

ਅਗਨਤ—ਜਿਸਦੇ ਗੁਣ ਗਿਣੇ ਨਾ ਜਾ ਸਕਣ, ਬੇ-ਸ਼ੁਮਾਰ। ਅਪਾਰ—ਜਿਸ ਦਾ ਪਰਲਾ ਬੰਨਾ ਨਾ ਲੱਭ ਸਕੇ, ਬੇਹੱਦ। ਅਲਖ—ਜਿਸ ਦਾ ਸਰੂਪ ਸਮਝ ਵਿਚ ਨਾ ਆ ਸਕੇ। ਨਿਰੰਜਨ—ਮਾਇਆ ਰਹਿਤ, ਮਾਇਆ ਦੇ ਪ੍ਰਭਾਵ ਤੋਂ ਪਰੇ। ਜਿਹ—ਜਿਸ ਹਰੀ ਨੇ। ਭਰਮਾਇਓ—ਭਟਕਣਾ ਵਿਚ ਪਾ ਰਖਿਆ ਹੈ। ਤਾਹਿ ਚਰਨਿ—ਉਸ ਦੇ ਚਰਨਾਂ ਵਿਚ। ਲਾਇਓ—ਲਾਇਆ ਹੈ।੩।

ਅਰਥ :

ਪ੍ਰ: ਹਜ਼ੂਰ! ਜਿਸ ਹਰੀ ਦੀ ਭਗਤੀ ਕਰਨ ਲਈ ਤੁਸੀਂ ਸਦਾ ਹੀ ਜੀਵਾਂ ਨੂੰ ਪ੍ਰੇਰਦੇ ਰਹਿੰਦੇ ਹੋ, ਉਸ ਪਰਮੇਸ਼ਰ ਬਾਰੇ ਕੁਝ ਤਾਂ ਸਮਝਾਓ ਕਿ ਉਹ ਕਿਹੋ ਜਿਹਾ ਹੈ?

ਉ: ੧. ਹੇ ਭਾਈਓ! ਸੁਣੋ, ਉਸ ਪਰਮੇਸ਼ਰ ਦੀ ਗਤੀ ਕਿ ਉਹ ਕਿਹੋ ਜਿਹਾ ਹੈ, ਇਸ ਨੂੰ ਤਾਂ ਕੋਈ ਮਨੁੱਖ ਵੀ ਨਹੀਂ ਜਾਣ ਸਕਦਾ।

ਪ੍ਰ: ਕਿਉਂ ਜੀ! ਜੇ ਕੋਈ ਮਨੁੱਖ ਨਹੀਂ ਜਾਣ ਸਕਦਾ ਤਾਂ ਕਈ ਜੋਗੀ, ਜਪੀ, ਤਪੀ, ਸਿਆਣੇ ਲੋਕ ਹੋ ਗੁਜ਼ਰੇ ਹਨ ਅਤੇ ਹੁਣ ਵੀ ਮੌਜੂਦ ਹਨ, ਤਾਂ ਉਹ ਤਾਂ ਜਾਣ ਹੀ ਸਕਦੇ ਹੋਣਗੇ?

ਉ: ੨. (ਨਹੀਂ) ਹੇ ਭਾਈਓ! ਸੁਣੋ (ਗੋਰਖ ਵਰਗੇ) ਜੋਗੀ, (ਹਨਮੰਤ ਜੈਸੇ) ਜਤੀ, (ਬਗਦਾਲਭ ਵਰਗੇ) ਤਪੀਏ ਅਤੇ ਹੋਰ ਵੀ ਬਹੁਤ ਸਾਰੇ ਸਿਆਣੇ ਲੋਕ (ਉਸ ਦਾ ਅੰਤ ਲੱਭਦੇ-ਲੱਭਦੇ) ਖੱਪ ਕੇ ਹਾਰ ਗਏ, ਪਰ ਕੋਈ ਵੀ ਇਹ ਨਹੀਂ ਜਾਣ ਸਕਿਆ ਕਿ ਉਹ ਕਿਹੋ ਜਿਹਾ ਹਰੀ ਹੈ। (ਇਸੇ ਕਰਕੇ ਉਹ ਦੁਖੀ ਹੀ ਹੋਏ ਹਨ)।੧।ਰਹਾਉ।

ਪ੍ਰ: ਹਜ਼ੂਰ ਜੀ! ਜੇ ਇਹ ਨਹੀਂ ਦੱਸ ਸਕਦੇ ਕਿ ਉਹ ਕਿਹੋ ਜਿਹਾ ਹੈ ਤਾਂ ਕੁਝ ਉਸ ਦੀ ਸ਼ਕਤੀ ਦਾ ਹੀ ਗਿਆਨ ਕਰ ਦਿਓ?

ਉ: ੩. ਹੇ ਭਾਈਓ! ਉਸ ਦੀ ਸੰਪੂਰਨ ਸ਼ਕਤੀ ਦਾ ਵੀ ਬਿਆਨ ਨਹੀਂ ਕਰ ਸਕੀਦਾ, ਪਰ ਹਾਂ! ਇਤਨਾ ਹੀ ਕਿਹਾ ਜਾ ਸਕਦਾ ਹੈ ਕਿ ਉਹ ਪਰਮੇਸ਼ਰ ਇਕ ਛਿਨ ਵਿਚ ਕੰਗਾਲ ਨੂੰ ਰਾਜਾ ਬਣਾ ਦੇਂਦਾ ਹੈ ਅਤੇ ਰਾਜੇ ਨੂੰ ਕੰਗਾਲ ਕਰ ਦੇਂਦਾ ਹੈ।

੪. ਇਥੇ ਹੀ ਬੱਸ ਨਹੀਂ, ਉਹ ਸਖਣਿਆਂ ਨੂੰ ਭਰ ਦੇਂਦਾ ਹੈ, ਭਰਿਆਂ ਨੂੰ ਸਖਣੇ ਕਰ ਦੇਂਦਾ ਹੈ (ਭਾਵ ਹੈ ਗ਼ਰੀਬਾਂ ਨੂੰ ਅਮੀਰ ਤੇ ਅਮੀਰਾਂ ਨੂੰ ਗ਼ਰੀਬ ਕਰ ਦੇਂਦਾ ਹੈ) (ਇਸ ਤਰ੍ਹਾਂ ਕਰਨਾ ਕੋਈ ਉਸ ਦਾ ਕਦੀ ਕਦਾਈਂ ਦਾ ਕੰਮ ਨਹੀਂ) ਉਸ ਦਾ ਤਾਂ ਇਹ ਨਿੱਤ ਦਾ ਹੀ ਕੰਮ ਹੈ।੧।

ਪ੍ਰ: ਸ੍ਰੀ ਜੀਉ! ਕੀ ਇਸਦਾ ਪਸਾਰਾ ਆਪਣੇ ਆਪ ਹੀ ਖਿਲਰ ਗਿਆ ਹੈ?

ਉ: ੫. (ਨਹੀਂ) ਹੇ ਭਰਾਵੋ! ਇਹ ਜੋ ਜਗਤ ਦਾ ਖਿਲਾਰਾ ਖਿਲਰਿਆ ਹੋਇਆ ਦਿੱਸਦਾ ਹੈ, ਇਹ ਸਭ ਉਸੇ ਦੀ ਮਾਇਆ ਦਾ ਪਸਾਰਾ ਹੈ, ਇਸ ਵਿਚ ਉਸ ਨੇ ਆਪਣੀ ਮਾਇਆ ਨੂੰ ਆਪ ਹੀ ਪਸਾਰਿਆ ਹੋਇਆ ਹੈ, ਉਹ ਆਪ ਹੀ ਇਸ ਦਾ ਦੇਖਣਹਾਰਾ (ਸਾਥੀ) ਹੈ, ਭਾਵ ਇਸ ਦੀ ਆਪ ਸੰਭਾਲ ਕਰਦਾ ਹੈ।

੬. ਹੇ ਭਾਈਓ! ਉਹ ਅਨੇਕਾਂ ਰੰਗਾਂ ਦਾ ਮਾਲਕ ਪ੍ਰਭੂ ਕਈ ਤਰ੍ਹਾਂ ਦੇ ਰੂਪ ਧਾਰ ਲੈਂਦਾ ਹੈ, (ਪਰ ਉਸ ਵਿਚ ਇਕ ਵੱਡੀ ਵਿਸ਼ੇਸ਼ਤਾ ਇਹ ਹੈ ਕਿ) ਫਿਰ ਉਹ ਰਹਿੰਦਾ ਵੀ ਸਭ ਤੋਂ ਵੱਖਰਾ ਹੈ।੨।

ਪ੍ਰ: ਕਿਉਂ ਜੀ! ਇਹ ਦੱਸੋ, ਉਸ ਦਾ ਜੋ ਇੱਡਾ ਵੱਡਾ ਜਗਤ ਪਸਾਰਾ ਇਹ ਭਰਮ ਵਿਚ ਭੁਲਿਆ ਹੋਇਆ ਹੈ ਕੀ ਇਸ ਨੂੰ ਬਨਾਉਣ ਵਾਲਾ ਉਹ ਮਾਲਕ ਆਪ ਵੀ ਤਾਂ ਭਰਮ ਗਿਆ ਹੋਵੇਗਾ?

ਉ: ੭. (ਨਹੀਂ) ਹੇ ਪਿਆਰਿਓ, ਕਿਉਂਕਿ ਉਹ ਪਰਮੇਸ਼ਰ ਬੇ-ਸ਼ੁਮਾਰ ਹੈ, ਉਸ ਦੇ ਗੁਣ ਗਿਣੇ ਨਹੀਂ ਜਾ ਸਕਦੇ, ਸਮਝ ਸੋਚ ਤੋਂ ਪਰੇ ਅਦ੍ਰਿਸ਼ਟ ਹੈ, ਮਾਇਆ ਤੋਂ ਰਹਿਤ ਹੈ, (ਇਸੇ ਲਈ ਉਹ ਆਪ ਨਹੀਂ ਭਰਮਦਾ, ਪਰ) ਹਾਂ ਉਸ ਨੇ ਸਾਰੇ ਜਗਤ ਨੂੰ (ਜ਼ਰੂਰ) ਭਰਮਾ ਰਖਿਆ ਹੈ।

ਪ੍ਰ: ਹਜ਼ੂਰ! ਆਖ਼ਿਰ ਦੱਸੋ ਕਿ ਮੈ ਕਰਾਂ ਕੀ?

ਉ: ੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਾਣੀ! ਸਾਰੇ ਹੀ ਭਰਮਾਂ ਨੂੰ ਛੱਡ ਦੇ ਤੇ ਉਸੇ ਸਾਈਂ ਜੀ ਦੇ ਚਰਨਾਂ ਵਿਚ ਚਿੱਤ ਨੂੰ ਜੋੜ ਲੈ।੩।੧।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਹੋ ਚੁੱਕੇ ਤੇ ਮੌਜੂਦਾ ਸਮੇਂ ਦੇ ਜੋਗੀ, ਤਪੀ ਅਤੇ ਵੱਡੇ-ਵੱਡੇ ਫ਼ਿਲਾਸਫ਼ਰਾਂ ਦਾ ਜ਼ਿਕਰ ਕਰਦਿਆਂ ਉਸ ਪ੍ਰਭੂ ਜੀ ਦੀ ਬੇਅੰਤਤਾ ਦਾ ਵਰਣਨ ਕੀਤਾ ਹੈ ਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਉਸ ਦਾ ਅੰਤ ਨਹੀਂ ਪਾਇਆ, ਨਾ ਹੀ ਕੋਈ ਪਾ ਹੀ ਸਕੇਗਾ, ਇਸ ਲਈ ਸਾਰੀਆਂ ਭਟਕਣਾਂ ਨੂੰ ਤਿਆਗ ਕੇ ਕੇਵਲ ਉਸੇ ਸਾਈਂ ਜੀ ਦੇ ਚਰਨਾਂ ਵਿਚ ਚਿੱਤ ਬ੍ਰਿਤੀ ਨੂੰ ਜੋੜਨ ਲਈ ਅਰਦਾਸ ਕਰਦੇ ਰਹੋ, ਜਿਸ ਦੀ ਬਰਕਤ ਨਾਲ ਸੰਸਾਰ ਵਿਚ ਆਉਣ ਜਾਣ ਦਾ ਚੱਕ੍ਰ ਮਿਟ ਜਾਏ।

ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

੧. ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ
ਗੁਰਮੁਖਿ ਨਾਮੁ ਅਮੋਲੇ ਰਾਮ ॥
੨. ਹਰਿ ਰਸਿ ਬੀਧਾ ਹਰਿ ਮਨੁ ਪਿਆਰਾ
ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥
੩. ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ
ਅਨਤ ਨ ਕਾਹੂ ਡੋਲੇ ਰਾਮ ॥

੪. ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥

ਪਦ ਅਰਥ : ਧਿਆਈਐ—ਧਿਆਉਣਾ ਚਾਹੀਦਾ ਹੈ। ਜਿੰਦੁੜੀਏ—ਹੇ ਸੋਹਣੀ ਜਿੰਦੇ। ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਅਮੋਲੇ—ਜਿਹੜਾ ਕਿਸੇ ਮੁੱਲ ਤੋਂ ਨਾ ਮਿਲ ਸਕੇ। ਰਸਿ—ਰਸ ਵਿਚ, ਅਨੰਦ ਵਿਚ। ਬੀਧਾ—ਵਿੱਝਾ ਹੋਇਆ। ਨਾਮਿ—ਨਾਮ ਵਿਚ। ਝਕੋਲੇ—ਚੁੱਭੀ ਲਾਂਦਾ ਹੈ, ਪਾਣੀ ਵਿਚ ਕੋਈ ਸ਼ੈਅ ਪਾ ਕੇ ਹਿਲਾਉਣੀ, ਹੰਗਾਲਣੀ, ਭਾਵ ਹੈ ਨਾਮ ਰਸ ਵਿਚ ਮਨ ਨੂੰ ਡੋਬੇ ਦੇਂਦੇ ਰਹੋ। ਠਹਰਾਈਐ—ਟਿਕਾਣਾ ਚਾਹੀਦਾ ਹੈ। ਅਨਤ—ਹੋਰ ਪਾਸੇ, ਹੋਰ ਥੇ, ਕਿਧਰੇ। ਚਿੰਦਿਅੜਾ—ਚਿਤਵਿਆ, ਚਾਹਿਆ।

ਅਰਥ :

ਪ੍ਰ: ਹੇ ਗੁਰੋ! ਆਪ ਜੀ ਤਾਂ ਸਦਾ ਹੀ ਹਰ ਪ੍ਰਾਣੀ ਮਾਤ੍ਰ ਨੂੰ ਹਰਿ ਹਰਿ ਨਾਮ ਸਿਮਰਨ ਕਰਨ ਦਾ ਉਪਦੇਸ਼ ਦੇਂਦੇ ਰਹਿੰਦੇ ਹੋ, ਪਰ ਸਾਡੀ ਇਹ ਜਿੰਦੜੀ ਬਹੁਤ ਹੀ ਆਲਸ ਕਰਦੀ ਰਹਿੰਦੀ ਹੈ, ਇਸ ਨੂੰ ਕਿਵੇਂ ਸਮਝਾਈਏ, ਕੋਈ ਢੰਗ ਦੱਸੋ?

ਉ: ੧. ਐ ਪਿਆਰਿਆ! ਤੂੰ ਅਕਾਂਤ ਵਾਸੀ ਹੋ। ਇਸ ਜਿੰਦ ਨੂੰ ਇਉਂ ਪਿਆਰ ਨਾਲ ਸਮਝਾਇਆ ਕਰ ਕਿ ਹੇ ਮੇਰੀ ਜਿੰਦੇ! ਆ ਉੱਦਮ ਕਰੀਏ, (ਸਾਨੂੰ) ਸਦਾ ਹੀ ਪਰਮੇਸ਼ਰ ਦਾ ਨਾਮ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ। ਕੀ ਤੈਨੂੰ ਪਤਾ ਨਹੀਂ ਕਿ ਗੁਰਾਂ ਦੁਆਰਾ ਪ੍ਰਾਪਤ ਹੋਇਆ ਨਾਮ, ਇਹ ਇਕ ਅਮੋਲਕ ਵਸਤੂ ਹੈ।

ਪ੍ਰ: ਕਿਉਂ ਜੀ! ਕੀ, ਗੁਰੂ ਦੁਆਰਾ ਨਾਮ ਪ੍ਰਾਪਤ ਕਰਨਾ ਜ਼ਰੂਰੀ ਹੈ?

ਉ: ੨. (ਹਾਂ ਜ਼ਰੂਰੀ ਹੈ) ਕਿਉਂਕਿ ਗੁਰਾਂ ਦੁਆਰਾ ਪ੍ਰਾਪਤ ਕੀਤੇ ਨਾਮ ਰਾਹੀਂ, ਹਰੀ ਮਨ ਨੂੰ ਪਿਆਰਾ ਲੱਗਦਾ ਹੈ (ਪਿਆਰਾ ਵੀ ਐਸਾ ਲੱਗਦਾ ਹੈ ਕਿ) ਮਨ ਹਰੀ ਨਾਮ ਰਸ ਨਾਲ ਵਿੰਨ੍ਹਿਆ (ਹੀ) ਜਾਂਦਾ ਹੈ। ਜਦੋਂ ਮਨ ਇਉਂ ਹਰੀ ਨਾਮ ਰਸ ਵਿਚ ਵਿੰਨਿਆ ਜਾਵੇ ਤਾਂ ਫਿਰ ਇਸ ਮਨ ਨੂੰ ਹਰੀ ਦੇ ਨਾਮ ਰਸ ਵਿਚ ਡੋਬੇ ਦੇਂਦੇ ਰਹੀਏ, ਭਾਵ ਹੈ ਕਿ ਉਹ ਮਨ ਫਿਰ ਸਦਾ ਹੀ ਉਸ (ਅਕਹਿ ਅਨੰਦ) ਵਿਚ ਚੁੱਭੀ ਲਾਈ ਰੱਖਦਾ ਹੈ।

ਪ੍ਰ: ਹੇ ਗੁਰਦੇਵ ਜੀਉ! ਇਸ ਰੱਬੀ ਮਾਰਗ 'ਤੇ ਚਲਦਾ ਹੋਇਆ ਮਨ ਕਈ ਵਾਰ ਡਾਵਾਂ ਡੋਲ ਹੁੰਦਾ ਰਹਿੰਦਾ ਹੈ ਤਾਂ ਫਿਰ ਉਸ ਵੇਲੇ ਕੀ ਕਰਨਾ ਚਾਹੀਦਾ ਹੈ?

ਉ: ੩. ਐ ਮਿੱਤਰੋ! ਜੇ ਐਸਾ ਕਰਦਿਆਂ ਮਨ ਕਦੀ ਡਿਕੋ ਡੋਲੇ ਖਾਵੇ ਤਾਂ ਫਿਰ ਮਨ ਨੂੰ ਗੁਰੂ ਦੀ ਮਤਿ ਉੱਤੇ ਟੁਰ ਕੇ ਪ੍ਰਭੂ ਦੇ ਚਰਨਾਂ ਵਿਚ ਟਿਕਾਉਣਾ ਚਾਹੀਦਾ ਹੈ, ਭਾਵ ਹੈ ਕਿ ਗੁਰੂ ਦੇ ਦਿੱਤੇ ਉਪਦੇਸ਼ ਦੁਆਰਾ ਮਨ ਨੂੰ ਧਾਵਨ ਕਰਨ ਵਲੋਂ ਹਰ ਵਕਤ ਵਰਜ ਕੇ ਟਿਕਾਉਂਦੇ ਰਹਿਣਾ ਚਾਹੀਦਾ ਹੈ, ਤਾਂ ਜੋ ਇਹ ਹੋਰ ਕਿਸੇ ਪਾਸੇ ਵੱਲ ਡੋਲੇ ਹੀ ਨਾ, ਹੇ ਮੇਰੀ ਜਿੰਦੇ?

ਪ੍ਰ: ਸ੍ਰੀ ਜੀਓ! ਆਖ਼ਿਰ ਇਸ ਦਾ ਫਲ ਕੀ ਪ੍ਰਾਪਤ ਹੋਵੇਗਾ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜਿਹੜਾ ਮਨੁੱਖ ਗੁਰੂ ਦੀ ਦਿੱਤੀ ਮਤਿ 'ਤੇ ਟੁਰ ਕੇ ਪ੍ਰਭੂ ਦੇ ਗੁਣਾਂ ਵਾਲੀ ਬਾਣੀ ਨੂੰ ਉਚਾਰਦਾ ਰਹਿੰਦਾ ਹੈ, ਉਸ ਨੇ ਇਕ ਫਲ ਕੀ, ਮਨ ਇੱਛਤ ਸਾਰੇ ਹੀ ਫਲ ਪ੍ਰਾਪਤ ਕਰ ਲਏ ਹਨ।੧।

੧. ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥

੨. ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥

੩. ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ ॥

੪. ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ ॥੨॥

ਪਦ ਅਰਥ : ਮਨਿ—ਮਨ ਵਿਚ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਵੁਠੜਾ—ਆ ਵਸਿਆ। ਮੁਖਿ—ਮੂੰਹ ਨਾਲ। ਬੈਣ—ਬਚਨ, ਸ਼ਬਦ। ਅਲਾਏ—ਉਚਾਰਦਾ ਹੈ। ਸੁਣੀਐ—ਸੁਣਨੀ ਚਾਹੀਦੀ ਹੈ। ਲਿਵ ਲਾਏ—ਲਿਵ ਲਾ ਕੇ। ਗਲਿ—ਗਲ ਨਾਲ। ਸੁਭਾਏ—ਸਾਭਾਇ, ਡੂੰਘੇ ਪਿਆਰ ਦੇ ਕਾਰਨ। ਅਨਹਤ—ਬਿਨਾ ਸਾਜ ਵਜਾਏ, ਇਕ ਰਸ, ਲਗਾਤਾਰ।੨।

ਅਰਥ :

ਪ੍ਰ: ਹੇ ਸਤਿਗੁਰੋ! ਜਿਨ੍ਹਾਂ ਦੇ ਮਨ ਵਿਚ ਇਹ ਨਾਮ ਰਸ ਆ ਗਿਆ, ਉਨ੍ਹਾਂ ਦੇ ਲੱਛਣ ਕੀ ਹਨ, ਉਨ੍ਹਾਂ ਦੀ ਪਛਾਣ ਕਿਵੇਂ ਕੀਤੀ ਜਾਵੇ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਸੁਣ, ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਗੁਰਮਤਿ ਦੁਆਰਾ ਅੰਮ੍ਰਿਤ ਨਾਮ ਵਸ ਜਾਂਦਾ ਹੈ, ਉਹ ਫਿਰ ਆਪਣੇ ਮੁਖੋਂ ਅੰਮ੍ਰਿਤ ਸਰੀਖੇ ਮਿੱਠੇ, ਪਿਆਰੇ ਬਚਨ ਹੀ ਬੋਲਦੇ ਹਨ।

ਪ੍ਰ: ਹੇ ਗੁਰੋ! ਬਾਣੀ ਪੜ੍ਹਨ ਵਾਲੇ ਤਾਂ ਬਹੁਤ ਲੋਕ ਵੇਖੀਦੇ ਹਨ, ਪਰ ਉਨ੍ਹਾਂ ਸਾਰਿਆਂ ਵਿਚ ਫ਼ਰਕ ਕਿਵੇਂ ਪ੍ਰਤੀਤ ਕੀਤਾ ਜਾਵੇ?

ਉ: ੨. ਹੇ ਮੇਰੀ ਜਿੰਦੇ! ਭਗਤ ਜਨਾਂ ਦੀ ਬਾਣੀ ਅੰਮ੍ਰਿਤ ਸਮਾਨ ਮਿੱਠੀ ਹੋਇਆ ਕਰਦੀ ਹੈ, ਜੇ ਕਰ ਉਸ ਬਾਣੀ ਨੂੰ ਮਨ ਲਾ ਕੇ ਸੁਣੀਏ, ਤਾਂ ਉਹ ਹਰੀ ਵਿਚ ਸੁਰਤਿ ਜੋੜ ਦੇਂਦੀ ਹੈ, ਭਾਵ ਹੈ ਕਿ ਪ੍ਰਭੂ ਦੇ ਪਿਆਰੇ ਭਗਤ ਜਨਾਂ ਦੇ ਸੁਭਾਵਕ ਕਹੇ ਬਚਨਾਂ ਵਿਚ ਐਸੀ ਕਰਾਂਤੀ ਹੋਇਆ ਕਰਦੀ ਹੈ ਕਿ ਉਹ ਸਰੋਤੇ ਦੇ ਮਨ ਨੂੰ ਇਕਾਗਰ ਕਰ ਦੇਂਦੀ ਹੈ, ਉਸ ਦੀ ਟੁੱਟੀ ਹੋਈ ਸੁਰਤਿ ਨੂੰ ਜੋੜ ਦੇਂਦੀ ਹੈ।

ਪ੍ਰ: ਗੁਰਦੇਵ ਜੀਉ! ਫਿਰ ਉਸ ਸਰੋਤੇ ਨੂੰ ਆਪਣੇ ਅੰਦਰ ਕੀ ਕੁਝ ਅਨੁਭਵ ਹੁੰਦਾ ਹੈ?

ਉ: ੩. ਹੇ ਪਿਆਰਿਓ! ਉਸ ਨੂੰ ਫਿਰ ਆਪਣੇ ਅੰਦਰ ਇਉਂ ਸਹੀ ਹੋ ਆਉਂਦਾ ਹੈ ਕਿ ਮੇਰਾ ਚਿਰਾਂ ਦਾ ਵਿਛੜਿਆ ਹਰੀ ਪ੍ਰਾਪਤ ਹੋ ਗਿਆ ਹੈ ਅਤੇ ਪ੍ਰਾਪਤ ਭੀ ਉਹ ਇਸ ਤਰ੍ਹਾਂ

ਹੋਇਆ ਹੈ ਕਿ ਸਹਿਜ ਸੁਭਾਅ ਹੀ ਮੇਰੇ ਗਲੇ ਨਾਲ ਆ ਮਿਲਿਆ ਹੈ।

ਪ੍ਰ: ਹਜ਼ੂਰ! ਫਿਰ ਉਸ ਦੀ ਮਾਨਸਿਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ, ਉਸ ਦੇ ਮਿਲ ਪੈਣ ਨਾਲ ਮਨ ਵਿਚ ਅਨੰਦ ਹੋ ਜਾਂਦਾ ਹੈ। ਉਹ ਫਿਰ ਆਪਣੇ ਅੰਦਰ ਇਕ ਰਸ ਸਿਫ਼ਤਿ-ਸਾਲਾਹ ਦੀ ਬਾਣੀ ਦਾ ਮਾਨੋ ਵਾਜਾ ਹੀ ਵਜਾਉਂਦਾ ਰਹਿੰਦਾ ਹੈ। ਭਾਵ ਹੈ ਕਿ ਜਿਵੇਂ ਆਮ ਖ਼ੁਸ਼ੀਆਂ ਦੇ ਸਮੇਂ ਵਾਜੇ ਵਜਾਉਣੇ ਆਮ ਰਿਵਾਜ ਹੈ, ਇਸੇ ਤਰ੍ਹਾਂ ਆਤਮ ਅਨੰਦ ਵੇਲੇ ਆਤਮਿਕ ਵਾਜੇ ਵਜਣੇ ਭੀ ਕੁਦਰਤੀ ਹੈ।੨।

੧. ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ
ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ॥
੨. ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ
ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ॥
੩. ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ
ਮਨ ਚਿੰਦਿਅੜਾ ਫਲੁ ਪਾਵੈ ਰਾਮ॥
੪. ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ
ਵਡਭਾਗੀ ਨਾਮੁ ਧਿਆਵੈ ਰਾਮ॥੩॥

ਪਦ ਅਰਥ : ਆਣਿ—ਲਿਆ ਕੇ। ਹਉ—ਮੈਂ। ਦੇਵਉ—ਦੇਵਉਂ, ਮੈਂ ਦੇ ਦਿਆਂ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ।

ਅਰਥ :

ਪ੍ਰ: ਕਿਉਂ ਜੀ! ਜਦ ਕਿਸੇ ਨਾਮ ਰਸੀਏ ਦੇ ਮਨ ਵਿਚ ਅਨੰਦ ਪ੍ਰਾਪਤ ਹੋ ਆਇਆ ਤਾਂ ਫਿਰ ਉਸ ਨੂੰ ਕੁਝ ਹੋਰ ਕਰਨ ਦੀ ਲੋੜ ਤਾਂ ਨਹੀਂ ਰਹਿ ਜਾਂਦੀ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਸੁਣ, ਉਸ ਦਾ ਹੋਰ ਕਰਮ-ਕਾਂਡ ਤਾਂ ਭਾਵੇਂ ਮੁੱਕ ਜਾਂਦਾ ਹੈ, ਪਰ ਉਸ ਦੀ ਇਕ ਅਰਦਾਸ ਸਦੀਵੀ ਕਾਲ ਹੀ ਬਣੀ ਰਹਿੰਦੀ ਹੈ। ਉਹ ਗੁਰਮੁਖਾਂ ਅੱਗੇ ਇਉਂ ਹੀ ਸਦਾ ਜੋਦੜੀ ਕਰਦਾ ਰਹਿੰਦਾ ਹੈ ਕਿ ਹੇ ਗੁਰਮੁਖ ਰੂਪ! ਮੇਰੀਓ ਸਖੀਓ ਸਹੇਲੀਓ! ਤੁਸਾਂ ਵਿਚੋਂ ਕੋਈ (ਹੈ) ਜੋ ਆ ਕੇ ਮੇਰਾ ਹਰੀ ਪ੍ਰਭੂ ਨਾਲ ਮੇਲ ਕਰਾ ਦੇਵੇ।

ਪ੍ਰ: ਹਜ਼ੂਰ! ਜਦੋਂ ਕਿਸੇ ਇੱਛਾ ਪੂਰਤੀ ਲਈ ਕਿਸੇ ਮਹਾਂਪੁਰਸ਼ ਦੀ ਸ਼ਰਨ ਵਿਚ ਜਾਈਏ ਤਾਂ ਉਸ ਅੱਗੇ ਕੁਝ ਭੇਟਾ ਅਰਪਨ ਕਰੀਦੀ ਹੈ, ਪਰ ਤੁਸੀਂ ਹਰੀ ਜੀ ਦਾ ਮਿਲਾਪ ਕਰਾਉਣ ਵਾਲੇ ਨੂੰ ਭੇਟਾ ਕੀ ਅਰਪਨ ਕਰ ਸਕੋਗੇ?

ਉ: ੨. ਹੇ ਮੇਰੀ ਸੋਹਣੀ ਜਿੰਦੜੀਏ! ਉਸ ਐਸੇ ਮਿਲਾਪ ਕਰਾਉਣ ਵਾਲੇ ਉਪਕਾਰੀ ਨੂੰ ਤਾਂ ਮੈਂ ਆਪਣਾ ਮਨ ਹੀ ਭੇਟਾ ਵਜੋਂ ਹਵਾਲੇ ਕਰ ਦਿਆਂ, ਜਿਹੜਾ ਮੈਨੂੰ ਉਸ ਹਰੀ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਰੂਪ ਦੈਵੀ ਕਥਾ ਸੁਣਾਵੇ।

੩. ਇਉਂ, ਗੁਰੂ ਦੁਆਰਾ, ਹੇ ਮੇਰੀ ਜਿੰਦੇ! ਸਦਾ ਹਰੀ ਦੀ ਅਰਾਧਨਾ ਕਰ ਤਾਂ ਜੋ ਤੂੰ ਆਪਣੇ ਮਨ ਇੱਛਤ ਫਲ ਪ੍ਰਾਪਤ ਕਰ ਲਵੇਂ।

ਪ੍ਰ: ਹੇ ਗੁਰੋ! ਦੱਸੋ ਹੁਣ ਮੈਂ ਕੀ ਕਰਾਂ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਤੂੰ ਹੁਣ ਭੱਜ ਕੇ ਸ਼ੀਘਰ ਹੀ ਜਾਹ ਤੇ ਹਰੀ ਪ੍ਰਭੂ ਦੀ ਸ਼ਰਨ ਵਿਚ ਪਈ ਰਹੁ ਤਾਂ ਜੋ ਤੂੰ ਹਰੀ ਦਾ ਨਾਮ ਧਿਆਵੇਂ ਤੇ ਵੱਡੇ ਭਾਗਾਂ ਵਾਲੀ ਹੋ ਜਾਵੇਂ।੩।

੧. ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ
ਗੁਰਮਤਿ ਨਾਮੁ ਪਰਗਾਸੇ ਰਾਮ॥
੨. ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ
ਜਿਉ ਜਲ ਬਿਨੁ ਕਮਲ ਉਦਾਸੇ ਰਾਮ॥
੩. ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ
ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ॥
੪. ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ
ਜਨ ਨਾਨਕ ਨਾਮਿ ਬਿਗਾਸੇ ਰਾਮ॥੪॥੧॥

ਪਦ ਅਰਥ : ਪ੍ਰਭ—ਹੇ ਪ੍ਰਭੂ! ਆਇ—ਆ ਕੇ। ਪਰਗਾਸੇ—ਚਮਕਦਾ ਹੈ, ਉਘੜਦਾ ਹੈ। ਹਉ—ਮੈਂ। ਬਾਝੁ—ਬਿਨਾ। ਉਡੀਣੀਆ—ਉਦਾਸ ਹਾਂ। ਕਮਲ—ਕੌਲ ਫੁੱਲ। ਗੁਰਿ—ਗੁਰੂ ਨੇ। ਪਾਸੇ—ਪਾਸ ਹੀ, ਕੋਲ ਹੀ, ਅੰਗ ਸੰਗ। ਧਨੁ ਧਨੁ—ਸਲਾਹੁਣ ਜੋਗ। ਨਾਮਿ—ਨਾਮ ਦੀ ਰਾਹੀਂ। ਬਿਗਾਸੇ—ਖਿੜ ਪੈਂਦਾ ਹੈ, ਟਹਿਕ ਪੈਂਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਮੈਨੂੰ ਤਾਂ ਅਰਦਾਸ ਕਰਨ ਦਾ ਢੰਗ ਵੀ ਨਹੀਂ ਆਉਂਦਾ, ਕਿਰਪਾ ਕਰ ਕੇ ਕੋਈ ਤਰੀਕਾ ਦੱਸ ਦਿਓ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਤੂੰ ਇਉਂ ਅਰਦਾਸ ਕਰਿਆ ਕਰ ਕਿ ਹੇ ਪ੍ਰਭੂ! ਮੈਨੂੰ ਕਿਰਪਾ ਕਰ ਕੇ ਆ ਮਿਲੋ, ਹੇ ਜਿੰਦੇ! ਗੁਰੂ ਦੀ ਮਤਿ ਉੱਤੇ ਤੁਰਿਆਂ ਹੀ ਹਰੀ ਦਾ ਨਾਮ (ਹਿਰਦੇ ਵਿਚ) ਪ੍ਰਕਾਸ਼ ਹੋ ਆਉਂਦਾ ਹੈ, ਚਮਕਦਾ ਹੈ।

੨. ਹੇ ਮੇਰੀ ਜਿੰਦੜੀਏ! ਫਿਰ ਇਸ ਤਰ੍ਹਾਂ ਸਦਾ ਜੋਦੜੀ ਕਰਦੀ ਰਹੁ ਕਿ ਮੈਂ ਉਸ ਸਾਈਂ ਜੀ ਦੇ ਮਿਲਾਪ ਤੋਂ ਬਿਨਾ ਉਦਾਸ ਹਾਂ, ਕੁਮਲਾਈ ਰਹਿੰਦੀ ਹਾਂ, ਜਿਵੇਂ ਕਿ ਪਾਣੀ ਤੋਂ ਬਿਨਾ ਕੌਲ ਫੁੱਲ ਕੁਮਲਾਇਆ ਰਹਿੰਦਾ ਹੈ।

੩. ਹੇ ਮੇਰੀ ਸੋਹਣੀ ਜਿੰਦੇ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਹਰੀ ਸੱਜਣ ਮਿਲਾ ਦਿੱਤਾ, ਬਸ ਉਸ ਨੂੰ ਫਿਰ ਹਰੀ ਪ੍ਰਭੂ ਆਪਣੇ ਅੰਗ-ਸੰਗ ਵਸਦਾ ਹੀ ਦਿੱਸ ਪੈਂਦਾ ਹੈ।

੪. (ਸੋ) ਹੇ ਮੇਰੀ ਜਿੰਦੇ! (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਇਉਂ ਕਹੁ ਕਿ, ਗੁਰੂ ਸਲਾਹੁਣੇ ਜੋਗ ਹੈ, ਉਹ ਗੁਰੂ ਧੰਨ ਹੈ, ਜਿਸ ਨੇ ਮੈਨੂੰ ਹਰੀ ਪਾਸ ਹੀ ਖੜਾ ਦੱਸ ਦਿੱਤਾ ਅਤੇ ਉਸ ਦੇ ਦਿੱਤੇ ਨਾਮ ਦੀ ਬਰਕਤ ਦੁਆਰਾ ਮੇਰਾ ਹਿਰਦਾ ਕਮਲ ਖਿੜ ਆਇਆ ਹੈ।੪।੧।

ਭਾਵਾਰਥ : ਹਜ਼ੂਰ ਜੀ ਨੇ ਇਨ੍ਹਾਂ ਉਪ੍ਰੋਕਤ ਚੌਹਾਂ ਅੰਕਾਂ ਵਿਚ,

ਜਗਯਾਸੂ ਦੀ ਪ੍ਰੇਮ ਭਰੀ ਅਵਸਥਾ ਕਥਨ ਕੀਤੀ ਹੈ, ਜਿਸ ਦੇ ਵਿਚ ਵੈਰਾਗ, ਪ੍ਰੇਮ, ਨਾਮ, ਨਾਮ-ਰਸ, ਉੱਦਮ, ਅਰਦਾਸ, ਗੁਰੂ ਦੁਆਰਾ ਪ੍ਰਭੂ ਦੇ ਅੱਗੇ ਜੋਦੜੀ ਬੜੀ ਰਸ ਭਿੰਨੀ ਅਵਸਥਾ ਵਿਚ ਕੀਤੀ ਹੈ ਅਤੇ ਹਰ ਪ੍ਰਾਣੀ ਮਾਤ੍ਰ ਲਈ ਅਰਦਾਸ ਕਰਦੇ ਰਹਿਣ ਦੀ ਪ੍ਰੇਰਣਾ ਕੀਤੀ ਗਈ।

ਰਾਗੁ ਬਿਹਾਗੜਾ ਮਹਲਾ ੪ ॥

੧. ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੂੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ ॥
੨. ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੂੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥
੩. ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੂੜੀਏ
ਹਰਿ ਹਰਿ ਨਾਮੁ ਧਿਆਏ ਰਾਮ ॥
੪. ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੂੜੀਏ
ਜਨ ਨਾਨਕ ਨਾਮਿ ਸਮਾਏ ਰਾਮ ॥੧॥

ਪਦ ਅਰਥ : ਅੰਮ੍ਰਿਤੁ—ਆਤਮਿਕ ਜੀਵਨ ਦੇਣ ਵਾਲਾ ਜਲ। ਗੁਰਮਤਿ—ਗੁਰੂ ਦੀ ਮਤਿ ਉੱਤੇ ਤੁਰਿਆਂ। ਬਿਖੁ—ਜ਼ਹਿਰ। ਅੰਮ੍ਰਿਤਿ—ਅੰਮ੍ਰਿਤ (ਪੀਣ) ਨਾਲ। ਲਿਖਿ—ਲਿਖ ਕੇ, ਲਿਖੇ ਅਨੁਸਾਰ। ਨਾਮਿ—ਨਾਮ ਵਿਚ।੧।

ਅਰਥ :

ਪ੍ਰ: ਹਜ਼ੂਰ! ਆਪ ਜੀ ਉਪਦੇਸ਼ ਕਰਦੇ ਹੋਏ ਬਾਰ-ਬਾਰ ਅੰਮ੍ਰਿਤ ਦਾ ਜ਼ਿਕਰ ਕਰਦੇ ਹੋ, ਉਹ ਅਸਲ ਅੰਮ੍ਰਿਤ ਹੈ ਕਿਹੜਾ?

ਉ: ੧. ਹੇ ਮੇਰੀ ਜਿੰਦੇ! ਸੁਣ, ਅਸਲ ਅੰਮ੍ਰਿਤ ਹਰਿ ਹਰਿ ਨਾਮ ਹੀ ਹੈ, ਜੋ ਕਿ ਅਮਰ ਜੀਵਨ ਦੇਣ ਵਾਲਾ ਹੈ, ਪਰ ਇਹ ਅੰਮ੍ਰਿਤ ਜਲ ਗੁਰੂ ਦੀ ਮਤ ਉੱਤੇ ਤੁਰਿਆਂ ਹੀ ਮਿਲਦਾ ਹੈ।

ਪ੍ਰ: ਹੇ ਗੁਰੋ! ਇਸ ਨਾਮ ਜਲ ਨੂੰ ਪ੍ਰਾਪਤ ਕਰਨ ਨਾਲ ਲਾਭ ਕੀ ਮਿਲਦਾ ਹੈ?

ਉ: ੨. ਹੇ ਮੇਰੀ ਸੋਹਣੀਏ ਜਿੰਦੇ! ਵੇਖ, ਇਸ ਜੀਵ ਦੇ ਅੰਦਰ ਹਉਮੈ ਦੀ ਜ਼ਹਿਰ ਹੈ ਅਤੇ ਬਾਹਰ ਪਸਰੀ ਹੋਈ ਮਾਇਆ-ਰੂਪੀ ਜ਼ਹਿਰ ਹੈ, ਪਰ ਇਹ ਜ਼ਹਿਰ ਹਰੀ ਨਾਮ ਰੂਪੀ ਅੰਮ੍ਰਿਤ ਨਾਲ ਉਤਰ ਜਾਂਦੀ ਹੈ।

੩. ਹੇ ਮੇਰੀ ਜਿੰਦੇ! ਜਿਹੜਾ ਮਨੁੱਖ ਸਦਾ ਹੀ ਪਰਮੇਸ਼ਰ ਦਾ ਨਾਮ ਸਿਮਰਦਾ ਰਹਿੰਦਾ ਹੈ, ਉਹ ਕੇਵਲ ਇਕੋ ਨਹੀਂ, ਇਸ ਅੰਮ੍ਰਿਤ ਨਾਮ ਜਲ ਨਾਲ ਅਨੇਕਾਂ ਦਾ ਸੁਕਾ ਹੋਇਆ ਮਨ ਮੁੜ ਕੇ ਹਰਿਆ ਹੋ ਆਇਆ ਹੈ, ਪਰ ਹੇ ਮੇਰੀ ਜਿੰਦੇ! ਜਿਨ੍ਹਾਂ ਨੇ ਕਿ ਹਰਿ ਹਰਿ ਨਾਮ ਨੂੰ ਧਿਆਇਆ ਹੈ।

ਪ੍ਰ: ਕਿਉਂ ਜੀ! ਉਹ ਹਰੀ ਸਾਰਿਆਂ ਨੂੰ ਕਿਉਂ ਨਹੀਂ ਪ੍ਰਾਪਤ ਹੁੰਦਾ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ! ਪ੍ਰਾਪਤ ਉਹੀ ਮਨੁੱਖ ਕਰਦੇ ਹਨ, ਜਿਨ੍ਹਾਂ ਦੇ ਵੱਡੇ ਭਾਗ ਹਰੀ ਨੇ ਲਿਖੇ ਹੋਏ ਸਨ, ਹੇ ਜਿੰਦੇ! ਉਹੀ ਮਨੁੱਖ ਨਾਮ ਦੁਆਰਾ ਨਾਮੀ ਵਿਚ ਸਦਾ ਹੀ ਲੀਨ ਰਹਿੰਦਾ ਹੈ।੧।

੧. ਹਰਿ ਸੇਤੀ ਮਨੁ ਬੇਧਿਆ ਮੇਰੀ ਜਿੰਦੂੜੀਏ
ਜਿਉ ਬਾਲਕ ਲਗਿ ਦੁਧ ਖੀਰੇ ਰਾਮ ॥
੨. ਹਰਿ ਬਿਨੁ ਸਾਂਤਿ ਨ ਪਾਈਐ ਮੇਰੀ ਜਿੰਦੂੜੀਏ
ਜਿਉ ਚਾਤ੍ਰਿਕੁ ਜਲ ਬਿਨੁ ਟੇਰੇ ਰਾਮ ॥
੩. ਸਤਿਗੁਰ ਸਰਣੀ ਜਾਇ ਪਉ ਮੇਰੀ ਜਿੰਦੂੜੀਏ
ਗੁਣ ਦਸੇ ਹਰਿ ਪ੍ਰਭ ਕੇਰੇ ਰਾਮ ॥
੪. ਜਨ ਨਾਨਕ ਹਰਿ ਮੇਲਾਇਆ ਮੇਰੀ ਜਿੰਦੂੜੀਏ
ਘਰਿ ਵਾਜੇ ਸਬਦ ਘਣੇਰੇ ਰਾਮ ॥੨॥

ਪਦ ਅਰਥ : ਸੇਤੀ—ਨਾਲ। ਬੇਧਿਆ—ਵਿੱਝ ਗਿਆ, ਭਾਵ ਹੈ ਪ੍ਰੇਮ ਵਿਚ ਪੂਰੀ ਤਰ੍ਹਾਂ ਲੱਗ ਗਿਆ, ਪ੍ਰੋਤਾ ਗਿਆ। ਲਗਿ—ਲੱਗੇ, ਲੱਗਦਾ, ਪਰਚਦਾ। ਖੀਰ—ਦੁੱਧ। ਚਾਤ੍ਰਿਕੁ—ਪਪੀਹਾ। ਟੇਰੇ—ਪੁਕਾਰਦਾ ਹੈ। ਜਾਇ—ਜਾ ਕੇ। ਕੇਰੇ—ਦੇ। ਘਰਿ—ਹਿਰਦੇ ਘਰ ਵਿਚ। ਘਣੇਰੇ—ਅਨੇਕਾਂ।੨।

ਅਰਥ :

ਪ੍ਰ: ਕਿਉਂ ਜੀ! ਜਿਨ੍ਹਾਂ ਦਾ ਮਨ ਪ੍ਰਭੂ ਪ੍ਰੇਮ ਵਿਚ ਚੰਗੀ ਤਰ੍ਹਾਂ ਲੱਗ ਗਿਆ, ਉਨ੍ਹਾਂ ਦੀ ਮਾਨਸਿਕ ਅਵਸਥਾ ਕਿਹੋ ਜਿਹੀ ਹੋ ਜਾਇਆ ਕਰਦੀ ਹੈ?

ਉ: ੧. ਹੇ ਮੇਰੀ ਜਿੰਦੜੀਏ! ਸੁਣ, ਜਿਸ ਮਨੁੱਖ ਦਾ ਮਨ ਪਰਮੇਸ਼ਰ ਨਾਲ ਇਉਂ ਵਿੰਨ੍ਹਿਆ ਜਾਂਦਾ ਹੈ, ਜਿਵੇਂ ਕਿ ਬੱਚੇ ਦਾ ਮਨ ਦੁੱਧ ਨਾਲ ਪਰਚਿਆ ਰਹਿੰਦਾ ਹੈ।

੨. ਹੇ ਮੇਰੀ ਜਿੰਦੇ! ਉਸ ਨੂੰ ਪਰਮੇਸ਼ਰ ਦੇ ਮਿਲਾਪ ਤੋਂ ਬਿਨਾ ਠੰਢ ਨਹੀਂ ਪੈਂਦੀ, (ਉਹ ਸਦਾ ਹੀ ਵਿਆਕੁਲ ਹੋਇਆ ਰਹਿੰਦਾ ਹੈ) ਜਿਵੇਂ ਪਪੀਹਾ ਸੁਵਾਂਤੀ ਬੂੰਦ ਦੇ ਪਾਣੀ ਤੋਂ ਬਿਨਾ ਪੁਕਾਰਦਾ ਰਹਿੰਦਾ ਹੈ।

ਪ੍ਰ: ਕਿਉਂ ਜੀ! ਦੱਸੋ ਹੁਣ ਮੈਂ ਕੀ ਕਰਾਂ?

ਉ: ੩. ਹੇ ਮੇਰੀ ਜਿੰਦੇ! ਤੂੰ ਸਤਿਗੁਰੂ ਦੀ ਸ਼ਰਨ ਵਿਚ ਜਾ ਪਉ, ਜੋ ਕਿ ਤੈਨੂੰ ਹਰੀ ਪ੍ਰਭੂ ਦੇ ਗੁਣ ਦੱਸੇ।

੪. ਹੇ ਮੇਰੀ ਜਿੰਦੜੀਏ! ਵੇਖ, ਜਿਸ ਮਨੁੱਖ ਨੂੰ ਗੁਰੂ ਨੇ ਪਰਮੇਸ਼ਰ ਮਿਲਾ ਦਿੱਤਾ, ਉਸ ਦੇ ਹਿਰਦੇ ਘਰ ਵਿਚ ਕਈ ਪ੍ਰਕਾਰ ਦੇ ਵਾਜੇ ਵਜ ਪਏ।

੧. ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੂੜੀਏ
ਬਿਖੁ ਬਾਧੇ ਹਉਮੈ ਜਾਲੇ ਰਾਮ ॥
੨. ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੂੜੀਏ
ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥
੩. ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੂੜੀਏ
ਸੇ ਮਨਮੁਖ ਮੂੜ ਬਿਤਾਲੇ ਰਾਮ ॥
੪. ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੂੜੀਏ ਗੁਰ ਨਾਨਕ ਹਰਿ ਰਖਵਾਲੇ ਰਾਮ ॥੩॥

ਪਦ ਅਰਥ : ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ

ਮਨੁੱਖ। ਬਿਖੁ—ਜ਼ਹਿਰ। ਜਾਲੇ—ਜਾਲਿ, ਜਾਲ ਵਿਚ। ਕਪੋਤਿ—ਕਪੋਤ ਨੇ, ਕਬੂਤਰ ਨੇ। ਆਪੁ—ਆਪਣੇ ਆਪ ਨੂੰ। ਸਭਿ—ਸਾਰੇ। ਵਸਿ ਕਾਲੇ—ਕਾਲ ਦੇ ਵਸ ਵਿਚ। ਮੋਹਿ—ਮੋਹ ਵਿਚ। ਮੂੜ—ਮੂਰਖ। ਬਿਤਾਲੇ—ਤਾਲ ਤੋਂ ਖੁੰਝੇ ਹੋਏ, ਜੀਵਨ ਚਾਲ ਤੋਂ ਥਿੜਕੇ ਹੋਏ। ਤ੍ਰਾਹ—ਬਚਾ ਲੈ। ਸਰਣਾਗਤੀ—ਸ਼ਰਨ ਆਉਂਦੇ ਹਨ।੩।

ਅਰਥ :

ਪ੍ਰ: ਹੇ ਗੁਰੋ ! ਜੋ ਮਨਮੁਖਾਂ ਦਾ ਸਾਈਂ ਜੀ ਨਾਲੋਂ ਵਿਛੋੜਾ ਹੁੰਦਾ ਹੈ, ਇਸ ਦਾ ਅਸਲ ਕਾਰਣ ਕੀ ਹੈ ?

ਉ: ੧. ਹੇ ਮੇਰੀ ਸੋਹਣੀ ਜਿੰਦੜੀਏ ! ਇਨ੍ਹਾਂ ਮਨ ਦੇ ਪਿੱਛੇ ਟੁਰਨ ਵਾਲੇ ਮਨਮੁਖਾਂ ਦਾ ਪ੍ਰਭੂ ਨਾਲੋਂ ਵਿਛੋੜਾ ਹਉਮੈ ਕਰਕੇ ਹੁੰਦਾ ਹੈ, (ਮਾਇਆ ਦੇ ਮੋਹ ਦਾ) ਜ਼ਹਿਰ ਉਨ੍ਹਾਂ ਦੇ ਆਤਮਿਕ ਜੀਵਨ ਨੂੰ ਮਾਰ ਮੁਕਾਂਦਾ ਹੈ, ਉਹ ਹਉਮੈ ਦੇ ਜਾਲ ਵਿਚ ਸਦਾ ਹੀ ਬੰਨ੍ਹੇ ਹੋਏ ਹਨ।

ਪ੍ਰ: ਕਿਉਂ ਜੀ ! ਬੰਨ੍ਹੇ ਕਿਵੇਂ ਜਾਂਦੇ ਹਨ, ਕੋਈ ਉਦਾਹਰਣ ਦੇ ਕੇ ਸਮਝਾਓ ?

ਉ: ੨. ਹੇ ਮੇਰੀ ਸੋਹਣੀ ਜਿੰਦੜੀਏ ! ਵੇਖ, ਜਿਵੇਂ ਕਬੂਤਰ ਪੰਛੀ ਨੇ ਆਪਣੇ ਆਪ ਨੂੰ ਆਪ ਹੀ ਬੰਨ੍ਹਾ ਲਿਆ ਸੀ, ਤਿਵੇਂ ਮਨਮੁਖ ਸਾਰੇ ਕਾਲ ਦੇ ਵਸ ਵਿਚ ਆਪੇ ਜਾ ਪੈਂਦੇ ਹਨ।

੩. ਹੇ ਮੇਰੀ ਜਿੰਦੇ ! ਜਿਹੜੇ ਮਨੁੱਖ ਮਾਇਆ ਦੇ ਮੋਹ ਵਿਚ ਆਪਣਾ ਚਿੱਤ ਜੋੜੀ ਰਖਦੇ ਹਨ, ਉਹ ਮਨਮੁਖ ਹਨ, ਮੂਰਖ ਹਨ, ਉਹ ਸਦਾ ਹੀ ਆਪਣੀ ਜੀਵਨ ਚਾਲ ਤੋਂ ਖੁੰਝੇ ਹੀ ਰਹਿੰਦੇ ਹਨ, (ਉਨ੍ਹਾਂ ਨੂੰ ਇਕ ਤਰ੍ਹਾਂ ਦੇ ਭੂਤਨੇ ਹੀ ਜਾਣੋ)।

੪. ਹੇ ਮੇਰੀ ਜਿੰਦੇ ! ਪਰਮੇਸ਼ਰ ਦੇ ਸੇਵਕ ਪਰਮਾਤਮਾ ਦੀ ਸ਼ਰਨ ਆਉਂਦੇ ਹਨ ਅਤੇ ਸਦਾ ਇਉਂ ਹੀ ਅਰਜ਼ੋਈ ਕਰਦੇ ਰਹਿੰਦੇ ਹਨ ਕਿ ਹੇ ਪ੍ਰਭੂ ਜੀ ! ਸਾਨੂੰ ਬਚਾ ਲੈ, ਇਉਂ ਅਰਦਾਸ ਕਰਨ ਵਾਲਿਆਂ ਦੇ ਪਰਮੇਸ਼ਰ ਜੀ ਰਾਖੇ ਬਣਦੇ ਹਨ।੩।

੧. ਹਰਿ ਜਨ ਹਰਿ ਲਿਵ ਉਬਰੇ ਮੇਰੀ ਜਿੰਦੁੜੀਏ
ਧੁਰਿ ਭਾਗ ਵਡੇ ਹਰਿ ਪਾਇਆ ਰਾਮ ॥
੨. ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ
ਗੁਰ ਖੇਵਟ ਸਬਦਿ ਤਰਾਇਆ ਰਾਮ ॥
੩. ਹਰਿ ਹਰਿ ਪੁਰਖੁ ਦਇਆਲੁ ਹੈ ਮੇਰੀ ਜਿੰਦੁੜੀਏ
ਗੁਰ ਸਤਿਗੁਰ ਮੀਠ ਲਗਾਇਆ ਰਾਮ ॥
੪. ਕਰਿ ਕਿਰਪਾ ਸੁਣਿ ਬੇਨਤੀ ਹਰਿ ਹਰਿ
ਜਨ ਨਾਨਕ ਨਾਮੁ ਧਿਆਇਆ ਰਾਮ ॥੪॥੨॥

ਪਦ ਅਰਥ : ਹਰਿ ਜਨ—ਪਰਮੇਸ਼ਰ ਦੇ ਭਗਤ। ਲਿਵ—ਲਗਨ। ਉਬਰੇ—ਸੰਸਾਰ ਸਮੁੰਦਰ ਵਿਚੋਂ ਬਚ ਨਿਕਲਦੇ ਹਨ। ਧੁਰਿ—ਧੁਰ ਦਰਗਾਹ ਤੋਂ। ਪੋਤੁ—ਜਹਾਜ਼। ਖੇਵਟ—ਮਲਾਹ। ਸਬਦਿ—ਸ਼ਬਦ ਨੇ। ਦਇਆਲੁ—ਦਇਆ ਦਾ ਘਰ।੪।

ਅਰਥ :

ਪ੍ਰ: ਹਜ਼ੂਰ ਜੀ ! ਇਹ ਤਾਂ ਪਿੱਛੇ ਆਪ ਜੀ ਨੇ ਮਨਮੁਖਾਂ ਦੀ ਦਸ਼ਾ ਬਿਆਨੀ ਹੈ, ਪਰ ਇਨ੍ਹਾਂ ਦੇ ਟਾਕਰੇ 'ਤੇ ਗੁਰਮੁਖਾਂ ਦੇ ਤਰਨ ਦਾ ਪ੍ਰਕਾਰ ਵੀ ਦੱਸੋ।

ਉ: ੧. ਹੇ ਮੇਰੀ ਜਿੰਦੇ ! ਸੁਣ, ਜੋ ਪਰਮੇਸ਼ਰ ਦੇ ਗੁਰਮੁਖ ਭਗਤ ਜਨ ਹਨ, ਉਹ ਹਰੀ ਦੇ ਚਰਨਾਂ ਵਿਚ ਸੁਰਤੀ ਨੂੰ ਜੋੜੀ ਰੱਖਦੇ ਹਨ, ਜਿਸ ਕਰ ਕੇ ਉਹ ਸੰਸਾਰ ਸਾਗਰ ਤੋਂ ਬਚ ਨਿਕਲਦੇ ਹਨ, ਉਨ੍ਹਾਂ ਨੇ ਧੁਰ ਦਰਗਾਹ ਤੋਂ ਲਿਖੇ ਅਨੁਸਾਰ ਵੱਡੇ ਭਾਗਾਂ ਨਾਲ ਪਰਮੇਸ਼ਰ ਨੂੰ ਪ੍ਰਾਪਤ ਕਰ ਲਿਆ ਹੈ।

ਪ੍ਰ: ਹਜ਼ੂਰ ! ਇਸ ਅਥਾਹ ਸੰਸਾਰ ਸਾਗਰ ਨੂੰ ਤਰਨਾ ਤਾਂ ਬੜਾ ਹੀ ਕਠਿਨ ਹੈ, ਪਰ ਉਨ੍ਹਾਂ ਨੇ ਪਾਰ ਕਿਵੇਂ ਕੀਤਾ ਹੈ ?

ਉ: ੨. ਹੇ ਮੇਰੀ ਸੋਹਣੀ ਜਿੰਦੇ ! (ਦੇਖ) ਹਰਿ ਹਰਿ ਨਾਮ ਇਕ ਜਹਾਜ਼ ਹੈ, ਗੁਰੂ ਉਸ ਦੇ ਮਲਾਹ ਹਨ, ਗੁਰੂ ਦੇ ਸ਼ਬਦ ਨੇ ਉਨ੍ਹਾਂ ਨੂੰ ਇਸ ਸੰਸਾਰ ਸਾਗਰ ਤੋਂ ਪਾਰ ਲੰਘਾ ਦਿੱਤਾ ਹੈ।

੩. ਹੇ ਮੇਰੀ ਸੋਹਣੀ ਜਿੰਦੇ ! (ਉਂਝ) ਤਾਂ ਸਰਵ ਵਿਆਪਕ ਪਰਮੇਸ਼ਰ ਸਦਾ ਹੀ ਦਇਆਵਾਨ ਹਨ, ਪਰ ਗੁਰੂ, ਸਤਿਗੁਰੂ ਦੀ ਸ਼ਰਨ ਪਿਆਂ (ਹਰਿ ਜਨਾਂ ਨੂੰ ਪਰਮਾਤਮਾ) ਪਿਆਰਾ ਲੱਗਣ ਲੱਗ ਪੈਂਦਾ ਹੈ, (ਭਾਵ ਗੁਰੂ ਨੇ ਉਨ੍ਹਾਂ ਨੂੰ ਪਾਰ ਲਗਾ ਦਿੱਤਾ ਹੈ)।

ਪ੍ਰ: ਹਜ਼ੂਰ ਜੀ ! ਕਿਰਪਾ ਕਰ ਕੇ ਦੱਸੋ ਕਿ ਹੁਣ ਮੈਂ ਕੀ ਕਰਾਂ ?

ਉ: ੪. ਬੇਨਤੀ ਕਰ ਕਿ ਹੇ ਹਰੀ ! ਮਿਹਰ ਕਰ, ਮੇਰੀ ਬੇਨਤੀ ਸੁਣ (ਮੈਂ ਸਦਾ ਹੀ ਤੇਰਾ ਨਾਮ ਸਿਮਰਦਾ ਰਵਾਂ) ਕਿਉਂਕਿ ਜਿਨ੍ਹਾਂ ਉੱਤੇ ਤੂੰ ਮਿਹਰ ਦੀ ਨਜ਼ਰ ਕੀਤੀ ਹੈ, ਉਨ੍ਹਾਂ ਨੇ ਹੀ ਤੇਰਾ ਨਾਮ ਸਿਮਰਿਆ ਹੈ।੪।੨।

ਭਾਵਾਰਥ : ਪਹਿਲੇ ਸ਼ਬਦ ਵਿਚ ਗੁਰਮਤਿ ਦੁਆਰਾ ਨਾਮ ਦੀ ਪ੍ਰਾਪਤੀ ਲਈ ਪ੍ਰੇਰਣਾ ਕੀਤੀ ਹੈ, ਜੋ ਨਾਮ ਮਨੁੱਖ ਦੇ ਮਨ ਅੰਦਰੋਂ ਹਉਮੈ ਤੇ ਬਾਹਰੋਂ ਮਾਇਆ ਦੇ ਜ਼ਹਿਰ ਤੋਂ ਬਚਾਈ ਰੱਖਦਾ ਹੈ।

ਦੂਜੇ ਸ਼ਬਦ ਵਿਚ ਹਰੀ ਦੇ ਨਾਮ ਦੀ ਲਗਨ ਦੁੱਧ ਪੀਂਦੇ ਬੱਚੇ ਦੀ ਲਗਨ ਤੇ ਚਾਤ੍ਰਕ ਦੀ ਸਵਾਂਤੀ ਬੂੰਦ ਦੀ ਲਗਨ ਵਰਗੀ ਤੀਬਰ ਲਗਨ ਧਾਰਨ ਕਰਨ ਦਾ ਉਪਦੇਸ਼ ਹੈ।

ਤੀਸਰੇ ਅੰਕ ਵਿਚ ਮਨਮੁਖ ਦੇ ਵਿਛੋੜੇ ਦਾ ਕਾਰਣ ਹਉਮੈ ਦੇ ਦੀਰਘ ਰੋਗ ਨੂੰ ਦਰਸਾਇਆ ਹੈ।

ਚੌਥੇ ਅੰਕ ਵਿਚ ਹਰੀ ਦੇ ਜਨਾਂ ਦਾ ਸੰਸਾਰ ਸਾਗਰ ਤੋਂ ਪਾਰ ਹੋਣ ਦਾ ਸਾਧਨ ਕੇਵਲ ਨਾਮ ਦੀ ਲਿਵ ਹੀ ਦਸੀ ਹੈ, ਜੋ ਕਿ ਗੁਰੂ ਦੁਆਰਾ ਹੀ ਪ੍ਰਾਪਤ ਹੁੰਦੀ ਹੈ।

ਬਿਹਾਗੜਾ ਮਹਲਾ ੪ ॥

੧. ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ
ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ॥
੨. ਹਰਿ ਹਰਿ ਨਾਮੁ ਪਵਿਤੁ ਹੈ ਮੇਰੀ ਜਿੰਦੁੜੀਏ
ਜਪਿ ਹਰਿ ਹਰਿ ਨਾਮੁ ਉਧਾਰੇ ਰਾਮ ॥
੩. ਸਭ ਕਿਲਵਿਖ ਪਾਪ ਦੁਖ ਕਟਿਆ ਮੇਰੀ ਜਿੰਦੁੜੀਏ
ਮਲੁ ਗੁਰਮੁਖਿ ਨਾਮਿ ਉਤਾਰੇ ਰਾਮ ॥
੪. ਵਡ ਪੁੰਨੀ ਹਰਿ ਧਿਆਇਆ ਜਨ ਨਾਨਕ
ਹਮ ਮੂਰਖ ਮੁਗਧ ਨਿਸਤਾਰੇ ਰਾਮ ॥੧॥

ਪਦ ਅਰਥ : ਜਗਿ—ਜਗਤ ਵਿਚ। ਸੁਕ੍ਰਿਤ—ਸਰੇਸ਼ਟ ਕਰਮ, ਭਲੀ ਕਰਨੀ, ਨੇਕ ਕੰਮ। ਕੀਰਤਿ—ਸਿਫ਼ਤਿ-ਸਾਲਾਹ, ਕੀਰਤਨ ਕਰਨਾ ਜਾਂ ਗਾਉਣਾ। ਮਨਿ—ਮਨ ਵਿਚ। ਧਾਰੇ—ਧਾਰਿ, ਟਿਕਾ ਲੈ, ਧਾਰਨ ਕਰ ਲੈ। ਉਧਾਰੇ—ਬਚਾ ਲੈਂਦਾ ਹੈ। ਕਿਲਵਿਖ—ਪਾਪ। ਮਲੁ—ਮੈਲ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਨਾਮਿ—ਨਾਮ ਨਾਲ। ਉਤਾਰੇ—ਦੂਰ ਕਰ ਲੈਂਦਾ ਹੈ। ਮੁਗਧ—ਮੂਰਖ। ਨਿਸਤਾਰੇ—ਪਾਰ ਲੰਘਾ ਲੈਂਦਾ ਹੈ।੧।

ਅਰਥ :

ਪ੍ਰ: ਹੇ ਗੁਰੋ! ਇਸ ਮਨੁੱਖਾ ਦੇਹ ਵਿਚ ਆ ਕੇ ਮਨੁੱਖ ਦਾ ਜਗਤ ਅੰਦਰ ਕਿਹੜਾ ਕਰਮ ਸ੍ਰੇਸ਼ਟ ਹੈ, ਜੋ ਇਸ ਨੂੰ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਵੇਖ, ਜਗਤ ਵਿਚ (ਸਭ ਤੋਂ) ਚੰਗੀ ਕਰਨੀ ਕੇਵਲ ਪਰਮੇਸ਼ਰ ਦੀ ਕੀਰਤਨ, ਭਾਵ ਸਿਫ਼ਤਿ-ਸਾਲਾਹ ਕਰਨੀ, ਨਾਮ ਸਿਮਰਨਾ ਹੀ ਹੈ, (ਇਸ ਲਈ) ਹੇ ਮੇਰੀ ਜਿੰਦੇ! ਤੈਨੂੰ ਵੀ ਚਾਹੀਦਾ ਹੈ ਕਿ ਹਰੀ ਦੇ ਕੀਰਤਨ ਦੁਆਰਾ ਤੂੰ ਵੀ ਹਰੀ ਨੂੰ ਮਨ ਵਿਚ ਧਾਰਨ ਕਰ। (ਭਾਵ ਨਾਮ ਨੂੰ ਮਨ ਵਿਚ ਸਦਾ ਟਿਕਾਈ ਰੱਖ)।

ਪ੍ਰ: ਹਜ਼ੂਰ! ਇਸ ਦਾ ਮੈਨੂੰ ਲਾਭ ਕੀ ਹੋਵੇਗਾ?

ਉ: ੨. ਹੇ ਮੇਰੀ ਸੋਹਣੀ ਜਿੰਦੜੀਏ! ਵੇਖ, ਇਹ ਪਰਮੇਸ਼ਰ ਦਾ ਨਾਮ ਪਾਪੀਆਂ ਨੂੰ ਵੀ ਪਵਿਤ੍ਰ ਕਰਨ ਵਾਲਾ ਹੈ, (ਇਸ ਲਈ ਤੂੰ ਭੀ ਸਾਈਂ ਜੀ ਦਾ ਨਾਮ ਜਪਿਆ ਕਰ ਜੋ ਕਿ ਤੈਨੂੰ ਵੀ ਪਵਿੱਤ੍ਰ ਕਰ ਕੇ (ਇਸ ਸੰਸਾਰ ਸਾਗਰ ਵਿਚ) ਡੁਬਣੋਂ ਬਚਾ ਲਵੇਗਾ।

ਪ੍ਰ: ਕਿਉਂ ਜੀ! ਇਸ ਨਾਮ ਵਿਚ ਉਧਾਰ ਕਰਨ ਦੀ ਸ਼ਕਤੀ ਕੀ ਹੈ?

ਉ: ੩. ਹੇ ਮੇਰੀ ਜਿੰਦੇ! (ਵੇਖ, ਜਿਸ ਮਨੁੱਖ ਨੇ ਹਰੀ ਦਾ ਨਾਮ ਸਿਮਰਿਆ ਹੈ) ਉਸ ਨੇ ਆਪਣੇ (ਵੱਡੇ) ਪਾਪ (ਤੇ ਛੋਟੇ) ਪਾਪ (ਤੇ ਉਨ੍ਹਾਂ) ਤੋਂ ਅੱਗੇ ਪੈਦਾ ਹੋਏ ਦੁੱਖ ਇਨ੍ਹਾਂ ਸਾਰਿਆਂ ਨੂੰ ਹੀ ਨਾਮ ਨੇ ਕੱਟ ਸੁਟਿਆ ਹੈ, ਹੇ ਮੇਰੀ ਜਿੰਦੇ! ਇਸ ਨਾਮ ਨੇ ਤਾਂ ਜੀਵ ਦੀ ਸਭ ਤਰ੍ਹਾਂ ਦੀ ਹਉਮੈ ਦੀ ਮੈਲ ਨੂੰ ਹੀ ਉਤਾਰ ਦਿੱਤਾ ਹੈ, ਪਰ ਹਾਂ, ਮੈਲ ਨਾਮ ਨੇ ਉਤਾਰੀ ਹੈ, ਗੁਰੂ ਦੇ ਰਾਹੀਂ।

ਪ੍ਰ: ਹਜ਼ੂਰ ਜੀ! ਪਰ ਇਹ ਤਾਂ ਦੱਸੋ ਕਿ ਜਦੋਂ ਨਾਮ ਵਿਚ ਵੱਡੇ-ਵਡੇ ਪਾਪੀਆਂ ਦਾ ਉਧਾਰ ਕਰਨ ਦੀ ਸ਼ਕਤੀ ਹੈ ਤਾਂ ਫਿਰ ਇਹ ਸਾਰੇ ਹੀ ਲੋਕ ਨਾਮ ਕਿਉਂ ਨਹੀਂ ਜਪਣ ਲੱਗ ਜਾਂਦੇ।

ਉ: ੪. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਸੁਣ, ਨਾਮ ਜਪਣਾ ਤਾਂ ਸਾਰੇ ਲੋਕ ਚਾਹੁੰਦੇ ਹਨ, ਪਰ ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਕਿਉਂਕਿ ਪਰਮੇਸ਼ਰ ਦਾ ਨਾਮ ਵੱਡੇ ਭਾਗਾਂ ਨਾਲ ਹੀ ਜਪਿਆ ਜਾਂਦਾ ਹੈ। ਜਿਨ੍ਹਾਂ ਨੇ ਜਪਿਆ ਹੈ, ਉਸ ਨਾਮ ਨੇ ਫਿਰ ਸਾਡੇ ਵਰਗੇ ਮੂਰਖਾਂ ਨੂੰ ਤੇ ਮਹਾਂ ਮੂਰਖਾਂ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਾ ਲਿਆ ਹੈ।੧।

੧. ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ
ਤਿਨਾ ਪੰਚੇ ਵਸਗਤਿ ਆਏ ਰਾਮ॥
੨. ਅੰਤਰਿ ਨਵ ਨਿਧਿ ਨਾਮੁ ਹੈ ਮੇਰੀ ਜਿੰਦੁੜੀਏ
ਗੁਰੁ ਸਤਿਗੁਰੁ ਅਲਖੁ ਲਖਾਏ ਰਾਮ॥
੩. ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੁੜੀਏ
ਹਰਿ ਮਿਲਿਆ ਭੁਖ ਸਭ ਜਾਏ ਰਾਮ॥
੪. ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਮੇਰੀ ਜਿੰਦੁੜੀਏ
ਜਨ ਨਾਨਕ ਹਰਿ ਗੁਣ ਗਾਏ ਰਾਮ॥੨॥

ਪਦ ਅਰਥ : ਤਿਨਾ ਵਸਗਤਿ—ਉਨ੍ਹਾਂ ਦੇ ਵਸ ਵਿਚ। ਪੰਚੇ—ਕਾਮਾਦਿਕ ਪੰਜੇ ਵੈਰੀ। ਨਵ ਨਿਧਿ—ਦੁਨੀਆ ਦੇ ਨੌਂ ਖ਼ਜ਼ਾਨੇ। ਅਲਖੁ—ਜਿਸ ਦਾ ਸਹੀ ਸਰੂਪ ਸਮਝ ਵਿਚ ਨਹੀਂ ਆ ਸਕਦਾ। ਲਖਾਏ—ਸਮਝਾ ਦੇਂਦਾ ਹੈ। ਗੁਰਿ—ਗੁਰੂ ਨੇ। ਜਾਏ—ਦੂਰ ਹੋ ਜਾਂਦੀ ਹੈ। ਧੁਰਿ—ਧੁਰ ਦਰਗਾਹ ਤੋਂ। ਮਸਤਕਿ—ਮੱਥੇ ਉੱਤੇ। ਪ੍ਰਭਿ—ਪ੍ਰਭੂ ਨੇ।੨।

ਅਰਥ :

ਪ੍ਰ: ਹੇ ਗੁਰੋ! ਇਹ ਕਾਮ, ਕ੍ਰੋਧ ਆਦਿਕ ਪੰਜੇ ਵਿਕਾਰ ਤਾਂ ਬਹੁਤ ਬਲਵਾਨ ਹਨ, ਇਨ੍ਹਾਂ ਨੂੰ ਕਾਬੂ ਕਰਨ ਦਾ ਕੋਈ ਸੁਖੈਨ ਸਾਧਨ ਦੱਸੋ।

ਉ: ੧. ਹੇ ਮੇਰੀ ਜਿੰਦੇ! ਇਹ ਤਾਂ ਸੱਚ ਹੈ ਕਿ ਇਹ ਵਿਕਾਰ ਬੜੇ ਸ਼ਕਤੀਸ਼ਾਲੀ ਹਨ, ਪਰ ਜੋ ਮਨੁੱਖ ਪਰਮੇਸ਼ਰ ਜੀ ਦਾ ਨਾਮ ਸਿਮਰਦੇ ਰਹਿੰਦੇ ਹਨ, ਇਹ ਪੰਜੇ ਕਾਮਾਦਿਕ ਵੈਰੀ ਉਨ੍ਹਾਂ ਦੇ ਵਸ ਵਿਚ ਆ ਜਾਂਦੇ ਹਨ।

ਪ੍ਰ: ਕਿਉਂ ਜੀ! ਇਨ੍ਹਾਂ ਪੰਜਾਂ ਦੇ ਵਸ ਵਿਚ ਆਉਣ ਨਾਲ ਉਨ੍ਹਾਂ ਦੀ ਅੰਤਰ ਆਤਮਾ ਦੀ ਗਤੀ ਕਿਸ ਰੂਪ ਵਿਚ ਬਦਲ ਜਾਂਦੀ ਹੈ?

ਉ: ੨. ਹੇ ਮੇਰੀ ਜਿੰਦੇ! ਵੇਖ, ਨੌਂ ਨਿਧਾਂ ਰੂਪੀ ਨਾਮ ਜੋ ਉਨ੍ਹਾਂ ਦੇ ਅੰਦਰ ਹੀ ਹੁੰਦਾ ਹੈ, ਗੁਰੂ ਸਤਿਗੁਰੂ ਉਸ ਅਲਖ ਨਾਮ ਦੀ ਅੰਦਰੋਂ ਹੀ ਲਖਤਾ ਕਰਵਾ ਦੇਂਦਾ ਹੈ, ਜਿਸ ਤਕ ਕਿ ਇਸ ਮਨੁੱਖ ਦੀ ਆਪਣੀ ਸਮਝ ਨਹੀਂ ਪਹੁੰਚ ਸਕਦੀ।

ਪ੍ਰ: ਗੁਰਦੇਵ ਜੀਉ! ਹਰ ਜੀਵ ਦੇ ਅੰਤਰ ਆਤਮੇਂ ਮਾਇਆ ਦੀ ਬਲਵਾਨ ਤ੍ਰਿਸ਼ਨਾ ਦੀ ਭੁੱਖ ਸਦਾ ਹੀ ਅਸਥੂਲ ਜਾਂ ਸੂਖਮ ਰੂਪ ਵਿਚ ਬਣੀ ਰਹਿੰਦੀ ਹੈ, ਉਹ ਕਿਵੇਂ ਦੂਰ ਹੋ ਗਈ?

ਉ: ੩. ਹੇ ਮੇਰੀ ਸੋਹਣੀ ਜਿੰਦੇ! ਸੁਣ, (ਜਦੋਂ ਹਰੀ ਦਾ ਮਿਲਾਪ ਹੋ ਗਿਆ) ਤਾਂ ਗੁਰੂ ਨੇ ਜੋ ਹਰੀ ਮਿਲਾਪ ਦੀਆਂ ਆਸਾ ਮਨਸਾ ਸਨ, ਉਹ ਸਭੇ ਪੂਰੀਆਂ ਕਰ ਦਿੱਤੀਆਂ, ਕਿਉਂਕਿ ਹਰੀ ਦੇ ਮਿਲਾਪ ਹੋਣ ਨਾਲ ਮਨੁੱਖ ਦੇ ਮਨ ਵਿਚੋਂ ਸਾਰੀ ਮਾਇਆ ਤ੍ਰਿਸ਼ਨਾ ਦੀ ਭੁੱਖ ਦੂਰ ਹੋ ਜਾਂਦੀ ਹੈ।

ਪ੍ਰ: ਪਰ ਹਜ਼ੂਰ! ਇਹ ਤਾਂ ਦੱਸੋ ਕਿ ਉਨ੍ਹਾਂ ਦਾ ਹਰੀ ਨਾਲ ਮਿਲਾਪ ਕਿਸ ਸਾਧਨ ਦੁਆਰਾ ਹੋਇਆ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਜਿਨ੍ਹਾਂ ਜਨਾਂ ਦੇ ਮੱਥੇ ਉੱਤੇ ਹਰੀ ਪ੍ਰਭੂ ਨੇ ਧੁਰੋਂ ਹੀ

ਲੇਖ ਲਿਖ ਦਿੱਤਾ ਹੈ, ਉਹ ਫਿਰ ਸਦਾ ਹੀ ਹਰੀ ਪਰਮੇਸ਼ਰ ਦੇ ਗੁਣ ਗਾਉਂਦੇ ਰਹਿੰਦੇ ਹਨ, ਉਨ੍ਹਾਂ ਗੁਣਾਂ ਦੀ ਬਰਕਤ ਨਾਲ ਹੀ ਸਾਈਂ ਜੀ ਦਾ ਮਿਲਾਪ ਹੋ ਜਾਂਦਾ ਹੈ।੨।

੧. ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ
ਪਰਦ੍ਰੋਹੀ ਠਗ ਮਾਇਆ ਰਾਮ ॥
੨. ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ
ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ ॥
੩. ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥
੪. ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ
ਤਿਨ ਕੇ ਸਭ ਦੂਖ ਗਵਾਇਆ ਰਾਮ ॥੩॥

ਪਦ ਅਰਥ : ਬਲਵੰਚੀਆ—ਵਲ-ਛਲ ਕਰਨ ਵਾਲੇ, ਉਹ ਠੱਗ ਜੋ ਠੱਗੀ ਕਰਨ ਵਿਚ ਬਲ ਵੀ ਵਰਤ ਲੈਂਦੇ ਹਨ। ਪਰਦ੍ਰੋਹੀ—ਦੂਜਿਆਂ ਨਾਲ ਦਗ਼ਾ ਕਰਨ ਵਾਲੇ, ਵਿਸਾਹਘਾਤੀ। ਗੁਰਿ ਪੂਰੈ—ਪੂਰੇ ਗੁਰੂ ਦੇ ਰਾਹੀਂ। ਗਤਿ ਮਿਤਿ—ਅਵਸਥਾ ਤੇ ਮਰਯਾਦਾ, ਭਾਵ ਸਾਰੀ ਉੱਚ ਅਵਸਥਾ ਮੁਕਤੀ ਤੇ ਮਰਿਆਦਾ। ਗੁਰਿ—ਗੁਰੂ ਨੇ। ਮੁਖਿ—ਮੂੰਹ ਵਿਚ। ਅੰਮ੍ਰਿਤੁ—ਅਮਰ ਜਲ। ਬਹੁੜਿ—ਮੁੜ। ਜੀਵਾਇਆ—ਆਤਮਿਕ ਜੀਵਨ ਦਿੱਤਾ। ਸਤਿਗੁਰ ਮਿਲੇ—ਗੁਰੂ ਨੂੰ ਜਿਹੜੇ ਮਿਲ ਪਏ।੩।

ਅਰਥ :

ਪ੍ਰ: ਹਜ਼ੂਰ ਜੀ! ਮੇਰੇ ਪਾਪ ਕਰਮ ਤਾਂ ਅਥਾਹ ਹਨ, ਇਨ੍ਹਾਂ ਨੂੰ ਨਾਸ਼ ਕਰਨ ਦਾ ਉਪਾਓ ਕੀ ਕਰਾਂ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਸੁਣ, ਪਾਪ ਨਾਸ਼ਕ ਤਾਂ ਇਕੋ ਸਾਧਨ ਅਰਦਾਸ ਹੈ, ਉਹ ਇਉਂ ਕਰਿਆ ਕਰ ਕਿ ਹੇ ਮੇਰੇ ਸਾਈਂ ਜੀ! ਅਸੀਂ ਜੀਵ ਪਾਪੀ ਹਾਂ, ਵਲ-ਛੱਲ ਕਰਨ ਵਾਲੇ ਹਾਂ ਅਤੇ ਪਰਾਇਆਂ ਨਾਲ ਧ੍ਰੋਹ ਕਰਨ ਵਾਲੇ ਹਾਂ (ਭਾਵ ਵਿਸਾਹਘਾਤੀ) ਹਾਂ ਅਤੇ ਮਾਇਆ ਠੱਗ ਲੈਣ ਵਾਲੇ ਹਾਂ।

੨. ਹੇ ਮੇਰੀ ਜਿੰਦੇ! ਜਿਸ ਵੱਡੇ ਭਾਗਾਂ ਵਾਲੇ ਨੂੰ ਗੁਰੂ ਲੱਭ ਪਿਆ, ਉਸ ਨੇ ਪੂਰੇ ਗੁਰੂ ਦੀ ਰਾਹੀਂ ਮੁਕਤੀ ਤੇ ਮਰਿਆਦਾ ਪ੍ਰਾਪਤ ਕਰ ਲਈ ਹੈ।

ਪ੍ਰ: ਕਿਉਂ ਜੀ! ਉਹ ਕਿਸ ਤਰ੍ਹਾਂ?

ਉ: ੩. ਹੇ ਮੇਰੀ ਸੋਹਣੀ ਜਿੰਦੇ! ਗੁਰੂ ਨੇ ਹਰਿ (ਨਾਮ ਰੂਪੀ) ਅੰਮ੍ਰਿਤ ਮੂੰਹ ਵਿਚ ਚੋਅ ਦਿੱਤਾ, ਜਿਸ ਨਾਮ ਦੀ ਬਰਕਤ ਨਾਲ (ਮੈਨੂੰ) ਫੇਰ ਮਰਦੇ ਨੂੰ ਮੁੜ ਕੇ ਜਿਵਾ ਦਿੱਤਾ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ! ਜੋ ਮਨੁੱਖ ਸਤਿਗੁਰੂ ਨੂੰ ਮਿਲ ਪਏ, ਉਨ੍ਹਾਂ ਦੇ ਸਾਰੇ ਦੁੱਖ (ਗੁਰੂ ਨੇ) ਦੂਰ ਕਰ ਦਿੱਤੇ।੩।

੧. ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਜਿਤੁ ਜਪਿਐ ਪਾਪ ਗਵਾਤੇ ਰਾਮ ॥
੨. ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ
ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ ॥
੩. ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥
੪. ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ
ਜਨ ਨਾਨਕ ਖਿਨੁ ਹਰਿ ਰਾਤੇ ਰਾਮ ॥੪॥੩॥

ਪਦ ਅਰਥ : ਜਿਤੁ—ਜਿਸ ਦੀ ਰਾਹੀਂ। ਜਿਤੁ ਜਪਿਐ—ਜਿਸ ਦੇ ਜਪਣ ਨਾਲ। ਪਤਿਤ—ਪਾਪੀ ਵਿਕਾਰ ਵਿਚ ਡਿੱਗੇ ਹੋਏ। ਗੁਰਿ—ਗੁਰੂ ਨੇ। ਚਹੁਕੁੰਡੀ—ਚੌਹਾਂ ਕੂਟਾਂ ਵਿਚ, ਸਾਰੇ ਸੰਸਾਰ ਵਿਚ। ਚਹੁ ਜੁਗਿ—ਚਾਰ ਜੁਗੀ ਸਮੇਂ ਵਿਚ, ਸਦਾ ਲਈ ਹੀ। ਜਾਤੇ—ਪ੍ਰਗਟ ਹੋ ਗਏ, ਨਾਮਣੇ ਵਾਲੇ ਹੋ ਗਏ। ਅੰਮ੍ਰਿਤਿ—ਅਮਰ ਕਰਨ ਵਾਲਾ ਨਾਮ ਜਲ। ਹਰਿ ਸਰਿ—ਹਰਿ ਨਾਮ ਦੇ ਸਰੋਵਰ ਵਿਚ। ਉਧਰੇ—ਡੁਬਣੋ ਬਚ ਗਏ। ਰਾਤੇ—ਰੰਗੇ ਗਏ, ਰਚੇ, ਲੱਗੇ।

ਅਰਥ :

ਪ੍ਰ: ਹੇ ਗੁਰੋ! ਇਸ ਮਨ ਨੂੰ ਬਾਰ-ਬਾਰ ਪ੍ਰੇਰੀਦਾ ਹੈ ਕਿ ਸਾਈਂ ਜੀ ਵੱਲ ਨੂੰ ਟੁਰੇ, ਪਰ ਇਹ ਉਸ ਰੱਬੀ ਮਾਰਗ ਵੱਲ ਟੁਰਨ ਦੀ ਰੁੱਚੀ ਹੀ ਨਹੀਂ ਕਰਦਾ, ਕੋਈ ਸਾਧਨ ਦੱਸੋ।

ਉ: ੧. ਹੇ ਮੇਰੀ ਸੋਹਣੀ ਜਿੰਦੇ! ਤੂੰ ਇਸ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮਨਾ! ਵੇਖ, ਹਰੀ ਦਾ ਨਾਮ (ਸੰਸਾਰ ਵਿਚ ਹਰ ਸ਼ੈਅ ਤੋਂ) ਉੱਤਮ ਹੈ, ਜਿਸ ਦੇ ਜਪਣ ਨਾਲ ਸਾਰੇ (ਪਿਛਲੇ) ਪਾਪ ਦੂਰ ਹੋ ਜਾਂਦੇ ਹਨ।

੨. ਹੇ ਮੇਰੀ ਜਿੰਦੇ! ਸੁਣ, ਹਰੀ ਰੂਪ ਗੁਰੂ ਨੇ ਪਤਿਤਾਂ ਨੂੰ ਪਵਿੱਤਰ ਕਰ ਲਿਆ ਹੈ, ਉਹ ਫਿਰ ਪਵਿੱਤ੍ਰ ਹੋਏ ਸਾਰੀਆਂ ਚੌਹਾਂ ਦਿਸ਼ਾ ਵਿਚ ਤੇ ਚਹੁੰ ਜੁੱਗਾਂ ਵਿਚ ਜਾਣੇ ਗਏ, ਭਾਵ ਉਨ੍ਹਾਂ ਨੇ ਸਾਰੇ ਸੰਸਾਰ ਵਿਚ ਹੀ ਨਾਮਣਾ ਖੱਟ ਲਿਆ ਹੈ।

ਪ੍ਰ: ਹੇ ਗੁਰਦੇਵ ਜੀ! ਉਹ ਪਾਪੀ ਪਵਿੱਤ੍ਰ ਕਿਵੇਂ ਹੋ ਗਏ?

ਉ: ੩. ਹੇ ਮੇਰੀ ਸੋਹਣੀ ਜਿੰਦੇ! ਵੇਖ, ਉਨ੍ਹਾਂ ਮਨੁੱਖਾਂ ਦੀ ਅੰਦਰੋਂ ਹਉਮੈ ਰੂਪੀ ਮੈਲ ਸਾਰੀ ਦੂਰ ਹੋ ਗਈ, ਕਿਉਂਕਿ ਉਨ੍ਹਾਂ ਨੇ ਹਰੀ ਨਾਮ ਰੂਪੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਲਿਆ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਪਾਪੀਆਂ ਨੂੰ ਤਾਂ ਬਹੁਤ ਦੇਰ ਤਕ ਨਾਮ ਸਰੋਵਰ ਵਿਚ ਇਸ਼ਨਾਨ ਕਰਨਾ ਪਿਆ ਹੋਵੇਗਾ, ਕਿਉਂਕਿ ਉਨ੍ਹਾਂ ਦੇ ਪਾਪ ਜੋ ਅਣਗਿਣਤ ਕੀਤੇ ਹੋਏ ਹਨ?

ਉ: ੪. (ਨਹੀਂ) ਹੇ ਮੇਰੀ ਜਿੰਦੇ! ਸੁਣ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਭਾਵੇਂ ਕਿਤਨੇ ਹੀ ਪਾਪੀ ਅਪਰਾਧੀ ਸਨ, ਉਹ ਸਭੇ ਹੀ ਉਧਰ ਗਏ, ਜੋ ਕਿ ਇਕ ਖਿਨ ਲਈ ਵੀ (ਹਰੀ ਪ੍ਰੇਮ ਰੰਗ) ਵਿਚ ਰੰਗੇ ਗਏ।੪।੩।

ਭਾਵਾਰਥ : ਇਸ ਸਾਰੇ ਛੰਤ ਵਿਚ ਹਜ਼ੂਰ ਨੇ ਪਾਪੀਆਂ, ਅਪਰਾਧੀਆਂ, ਘੋਰ ਕੁਕਰਮੀਆਂ ਦੀ ਨਿਰਾਸਤਾ ਨੂੰ ਤੋੜ ਕੇ ਆਸਵੰਦ ਹੋ, ਉੱਚ ਜੀਵਨ ਪ੍ਰਾਪਤੀ ਵਿਚ ਪਾ ਦੇਣ ਦਾ ਉਪਰਾਲਾ ਦਰਸਾਇਆ ਹੈ ਕਿ ਹੇ ਪਿਆਰਿਓ! ਇਸ ਤਰ੍ਹਾਂ ਪਤਿਤਾਂ ਦਾ ਉਧਾਰ ਹੋ ਸਕਦਾ ਹੈ, ਕਿਸੇ ਪਾਪੀ ਨੂੰ ਵੀ ਨਿਰਾਸ਼ ਹੋਣ ਦੀ ਕੋਈ ਲੋੜ ਨਹੀਂ।

ਬਿਹਾਗੜਾ ਮਹਲਾ ੪ ॥

੧. ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ
ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ ॥
੨. ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ
ਬਿਖੁ ਭਉਜਲੁ ਤਾਰਣਹਾਰੋ ਰਾਮ ॥
੩. ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ
ਤਿਨ ਸੰਤ ਜਨਾ ਜੈਕਾਰੋ ਰਾਮ ॥
੪. ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ
ਸਭਿ ਦੂਖ ਨਿਵਾਰਣਹਾਰੋ ਰਾਮ ॥੧॥

ਪਦ ਅਰਥ : ਹਉ—ਮੈਂ, ਹਉਂ। ਬਲਿਹਾਰੀ—ਕੁਰਬਾਨ। ਅਧਾਰੋ—ਆਸਰਾ। ਗੁਰਿ—ਗੁਰੂ ਨੇ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕੀਤਾ। ਬਿਖੁ—ਜ਼ਹਿਰ। ਭਉਜਲੁ—ਸੰਸਾਰ ਸਾਗਰ। ਤਾਰਣ ਹਾਰੋ—ਤਾਰਨ ਦੀ ਸਮਰੱਥਾ ਵਾਲਾ। ਇਕ ਮਨਿ—ਇਕਾਗ੍ਰਤਾ ਨਾਲ, ਇਕ ਮਨ ਨਾਲ। ਜੈਕਾਰੋ—ਸੋਭਾ। ਜਪਿ—ਜਪ ਕੇ। ਸਭਿ—ਸਾਰੇ।੧।

ਅਰਥ :

ਪ੍ਰ: ਹੇ ਗੁਰਦੇਵ ਜੀ! ਦੱਸੋ ਉਹ ਕੌਣ ਪੁਰਸ਼ ਹਨ, ਜਿਨ੍ਹਾਂ ਤੋਂ ਮੈਂ ਸਦਾ ਹੀ ਬਲਿਹਾਰ, ਕੁਰਬਾਨ ਜਾਵਾਂ ?

ਉ: ੧. ਹੇ ਮੇਰੀ ਜਿੰਦੇ! (ਤੂੰ ਤਾਂ ਇਉਂ ਹੀ ਆਖ) ਕਿ ਮੈਂ ਉਨ੍ਹਾਂ ਪੁਰਖਾਂ ਤੋਂ (ਸਦਾ ਹੀ) ਕੁਰਬਾਨ ਹਾਂ, ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾ ਰਖਿਆ ਹੈ।

੨. ਹੇ ਮੇਰੀ ਜਿੰਦੇ! ਗੁਰੂ ਸਤਿਗੁਰੂ ਨੇ (ਉਨ੍ਹਾਂ ਨੂੰ) ਉਹ ਨਾਮ ਦ੍ਰਿੜ੍ਹ ਕਰਵਾਇਆ ਹੈ ਜੋ ਕਿ ਵਿਹੁ ਰੂਪੀ ਸੰਸਾਰ ਸਾਗਰ ਤੋਂ ਤਾਰਨ ਵਾਲਾ ਹੈ।

੩. ਹੇ ਮੇਰੀ ਜਿੰਦੇ! ਜਿਨ੍ਹਾਂ ਨੇ ਇਕ ਮਨ ਹੋ ਕੇ ਨਾਮ ਨੂੰ ਧਿਆਇਆ ਹੈ, ਉਨ੍ਹਾਂ ਸੰਤ ਜਨਾਂ ਨੂੰ ਮੇਰੀ ਨਮਸ਼ਕਾਰ ਹੈ, ਉਨ੍ਹਾਂ ਦੀ ਹਰ ਥਾਂ ਹੀ ਸੋਭਾ ਹੁੰਦੀ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ! ਜਿਨ੍ਹਾਂ ਨੇ ਵੀ ਸੁੱਖ ਪਾਇਆ ਹੈ, ਉਨ੍ਹਾਂ ਨਾਮ ਜਪ ਕੇ ਹੀ ਸੁੱਖ ਦੀ ਪ੍ਰਾਪਤੀ ਕੀਤੀ ਹੈ, (ਕਿਉਂਕਿ) ਹਰੀ ਦਾ ਨਾਮ ਹੀ ਸਾਰੇ ਦੁੱਖ ਦੂਰ ਕਰਨ ਵਾਲਾ ਹੈ।੧।

੧. ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥
੨. ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥
੩. ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ
ਜੋ ਜਾਇ ਲਗੈ ਗੁਰ ਪੈਰੇ ਰਾਮ ॥
੪. ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ
ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ ॥੨॥

ਪਦ ਅਰਥ : ਸਾ—ਉਹ। ਰਸਨਾ—ਜੀਭ। ਕੇਰੇ—ਦੇ। ਤੇ—ਉਹ। ਸ੍ਰਵਨ—ਕੰਨ। ਹਹਿ—ਹਨ। ਸੁਣਹਿ—ਸੁਣਦੇ ਹਨ। ਸੀਸੁ—ਸਿਰ। ਪਾਵਨੁ—ਪਵਿੱਤਰ। ਜਾਇ—ਜਾ ਕੇ। ਵਿਟਹੁ—ਤੋਂ। ਵਾਰਿਆ—ਕੁਰਬਾਨ ਜਾਂਦਾ ਹਾਂ। ਚਿਤੇਰੇ—ਚੇਤੇ ਕਰਾਇਆ ਹੈ।੨।

ਅਰਥ :

ਪ੍ਰ: ਹਜ਼ੂਰ! ਵੇਖੀਦਾ ਹੈ ਕਿ ਹਰ ਮਨੁੱਖ ਦੀ ਰਸਨਾ ਕਿਸੇ ਨਾ ਕਿਸੇ ਸੰਸਾਰੀ ਬੰਦੇ ਦੇ ਗੁਣ ਗਾਉਂਦੀ ਹੀ ਰਹਿੰਦੀ ਹੈ, ਪਰ ਗੁਰਮਤਿ ਅਨੁਸਾਰ ਉਹ ਕਿਹੜੀ ਰਸਨਾ ਹੈ, ਜਿਸ ਨੂੰ ਧੰਨਤਾ ਯੋਗ ਕਿਹਾ ਗਿਆ ਹੈ ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਗੁਰਮਤਿ ਵਿਚ ਤਾਂ ਉਸੇ ਰਸਨਾ ਨੂੰ ਭਾਗਾਂ ਵਾਲੀ, ਮੁਬਾਰਕ ਕਿਹਾ ਜਾਂਦਾ ਹੈ, ਜਿਹੜੀ ਕਿ (ਸਦਾ) ਪਰਮਾਤਮਾ ਦੇ ਗੁਣਾਂ ਨੂੰ ਉਚਾਰਨ ਕਰਦੀ ਰਹਿੰਦੀ ਹੈ।

੨. ਹੇ ਮੇਰੀਏ ਜਿੰਦੇ! ਸੁਣ, (ਤੂੰ ਇਉਂ ਆਖ ਕਿ) ਹੇ ਪ੍ਰਭੂ, ਉਹ ਕੰਨ ਸੋਹਣੇ ਹਨ, ਚੰਗੇ ਹਨ, ਜਿਹੜੇ ਤੇਰਾ ਕੀਰਤਨ ਸੁਣਦੇ ਰਹਿੰਦੇ ਹਨ।

੩. ਹੇ ਮੇਰੀ ਜਿੰਦੇ! ਵੇਖ ਉਹ ਸਿਰ ਭਲਾ ਹੈ, ਪਵਿੱਤਰ ਹੈ, (ਉਹ) ਹੋਰ ਵੀ ਪਵਿਤ੍ਰ ਹੈ, ਜੋ ਕਿ ਗੁਰੂ ਦੀ ਚਰਨੀਂ ਜਾ ਲੱਗਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ, ਮੈਂ ਤਾਂ ਉਨ੍ਹਾਂ ਤੋਂ ਕੁਰਬਾਨ ਹਾਂ, ਜਿਸ ਨੇ ਕਿ ਮੈਨੂੰ ਹਰਿ ਹਰਿ ਨਾਮ ਸਿਮਰਾਇਆ ਹੈ।੨।

੧. ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ
ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥
੨. ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ
ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥
੩. ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ
ਜੋ ਮਾਰਗਿ ਧਰਮ ਚਲੇਸਹਿ ਰਾਮ ॥
੪. ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ
ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥੩॥

ਪਦ ਅਰਥ : ਨੇਤ੍ਰ—ਉਹ ਅੱਖਾਂ। ਪਰਵਾਣੁ—ਕਬੂਲ, ਸਫਲ। ਹਹਿ—ਹਨ। ਸਾਧੂ—ਗੁਰੂ। ਦੇਖਹਿ—ਵੇਖਦੀਆਂ ਹਨ। ਹਸਤ—ਹੱਥ। ਪੁਨੀਤ—ਪਵਿੱਤਰ। ਜਸੁ—ਸਿਫ਼ਤਿ-ਸਾਲਾਹ। ਲੇਖਹਿ—ਲਿਖਦੇ ਹਨ। ਪਗ—ਪੈਰ। ਪੂਜੀਅਹਿ—ਪੂਜੇ ਜਾਂਦੇ ਹਨ। ਮਾਰਗਿ—ਧਰਮ ਦੇ ਰਸਤੇ ਉੱਤੇ। ਚਲੇਸਹਿ—ਚਲਦੇ ਹਨ, ਚਲਣਗੇ। ਸੁਣਿ—ਸੁਣ ਕੇ। ਮਨੇਸਹਿ—ਮੰਨਦੇ ਹਨ, ਮੰਨਣਗੇ।੩।

ਅਰਥ :

ਪ੍ਰ: ਕਿਉਂ ਜੀ! ਗੁਰਮਤਿ ਵਿਚ ਉਹ ਕਿਹੜੇ ਨੇਤ੍ਰ ਹਨ, ਜਿਨ੍ਹਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ?

ਉ: ੧. ਹੇ ਮੇਰੀ ਜਿੰਦੇ। ਗੁਰਮਤਿ ਅਨੁਸਾਰ ਤਾਂ ਉਨ੍ਹਾਂ ਅੱਖਾਂ ਨੂੰ ਹੀ ਪ੍ਰਵਾਣ ਜਾਂ ਕਬੂਲ ਕੀਤਾ ਗਿਆ ਹੈ, ਭਾਵ ਸਫਲ ਉਹੀ

ਨੇਤ੍ਰ ਹਨ, ਜੋ (ਸਦਾ ਹੀ) ਗੁਰੂ ਦਾ ਦਰਸ਼ਨ ਕਰਦੇ ਰਹਿੰਦੇ ਹਨ।

ਪ੍ਰ: ਹਜ਼ੂਰ! ਹੱਥ ਕਿਹੜੇ ਪਵਿੱਤ੍ਰ ਮੰਨੇ ਜਾਂਦੇ ਹਨ?

ਉ: ੨. ਹੇ ਮੇਰੀ ਸੋਹਣੀਏ ਜਿੰਦੇ! ਵੇਖ, (ਗੁਰਮਤਿ ਵਿਚ ਤਾਂ) ਉਹੋ ਹੀ ਹੱਥ ਪਵਿੱਤਰ ਤੇ ਹੋਰ ਵੀ ਪਵਿੱਤਰ ਹਨ, ਜੋ ਹਰੀ ਦਾ ਹਰਿ ਹਰਿ ਜਸ ਲਿਖਦੇ ਹਨ।

ਪ੍ਰ: ਕਿਉਂ ਜੀ! ਪੈਰ ਕਿਸ ਦੇ ਸਦਾ ਹੀ ਪੂਜਣ ਯੋਗ ਹਨ?

ਉ: ੩. ਹੇ ਮੇਰੀ ਜਿੰਦੇ! ਸੁਣ, ਪੈਰ ਤਾਂ ਉਹ ਪਵਿੱਤ੍ਰ ਹਨ ਜੋ (ਸਦੀਵੀ ਕਾਲ) ਧਰਮ ਦੇ ਮਾਰਗ 'ਤੇ ਚਲਦੇ ਹਨ, ਹੇ ਮੇਰੀ ਜਿੰਦੇ! ਉਨ੍ਹਾਂ ਪੈਰਾਂ ਦੀ ਤਾਂ ਸਦਾ ਹੀ ਪੂਜਨਾ ਕਰਦੇ ਰਹਿਣਾ ਚਾਹੀਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ! ਸੁਣ, ਮੈਂ ਤਾਂ ਉਨ੍ਹਾਂ ਵੱਡੇ ਭਾਗਾਂ ਵਾਲੇ ਮਨੁੱਖਾਂ ਤੋਂ (ਸਦਾ ਹੀ) ਸਦਕੇ ਜਾਂਦਾ ਹਾਂ, ਜਿਹੜੇ (ਹਮੇਸ਼ਾ ਹੀ) ਪਰਮੇਸ਼ਰ ਦਾ ਨਾਮ ਸੁਣ ਕੇ, ਨਾਮ ਨੂੰ ਮੰਨਦੇ ਹਨ, ਭਾਵ ਆਪਣੇ ਜੀਵਨ ਦਾ ਅਧਾਰ ਬਣਾ ਲੈਂਦੇ ਹਨ।੩।

੧. ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
੨. ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ
ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
੩. ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ
ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥
੪. ਨਾਨਕ ਤੇ ਹਰਿ ਦਰਿ ਪੈਨਾੑਇਆ ਮੇਰੀ ਜਿੰਦੁੜੀਏ
ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥

ਪਦ ਅਰਥ : ਪਉਣ—ਹਵਾ। ਬੈਸੰਤਰੋ—ਬੈਸੰਤਰ, ਅੱਗ। ਜਸ—ਸਿਫ਼ਤਿ-ਸਾਲਾਹ ਦਾ ਗੀਤ। ਵਣੁ—ਜੰਗਲ। ਤ੍ਰਿਣੁ—ਘਾਹ। ਸਭੁ—ਸਾਰਾ। ਆਕਾਰ—ਦਿੱਸਦਾ ਸੰਸਾਰ। ਮੁਖਿ—ਮੂੰਹ ਨਾਲ। ਤੇ—ਉਹ ਬੰਦੇ। ਦਰਿ—ਦਰ ਉੱਤੇ। ਪੈਨਾਇਆ—(ਸਿਰੋਪਾ) ਪਹਿਨਾਏ ਜਾਂਦੇ ਹਨ, ਸਤਿਕਾਰੇ ਜਾਂਦੇ ਹਨ। ਜੋ—ਜੋ ਜੋ, ਜਿਹੜਾ-ਜਿਹੜਾ। ਭਗਤਿ ਮਨ ਲਾਵੈ—ਭਗਤੀ ਵਿਚ ਮਨ ਜੋੜਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਗੁਰਮਤਿ ਅਨੁਸਾਰ ਜਿਸ ਮਹਾਂਪੁਰਖ ਦਾ ਸਰੀਰਕ ਹਰ ਅੰਗ ਹੀ ਆਪ ਜੀ ਸਫਲਾ ਮੰਨ ਰਹੇ ਹੋ, ਕੀ ਉਸ ਦੀ ਮਾਨਸਿਕ ਅਵਸਥਾ ਵਿਚ ਵੀ ਕੁਝ ਬਦਲ ਆ ਜਾਇਆ ਕਰਦੀ ਹੈ?

ਉ: ੧. (ਹਾਂ ਜ਼ਰੂਰ) ਹੇ ਮੇਰੀ ਸੋਹਣੀ ਜਿੰਦੇ! ਵੇਖ, ਉਸ ਮਹਾਂਪੁਰਖ ਦੇ ਮਨ ਦੀ ਐਸੀ ਉੱਚੀ ਅਵਸਥਾ ਹੋ ਜਾਂਦੀ ਹੈ ਕਿ ਉਸ ਨੂੰ ਇਉਂ ਪ੍ਰਤੀਤ ਹੋਣ ਲੱਗ ਪੈਂਦਾ ਹੈ ਕਿ ਜਿਤਨੇ (ਜੀਵ) ਧਰਤੀ, ਪਾਤਾਲ ਤੇ ਆਕਾਸ਼ ਵਿਚ ਹਨ, ਇਹ ਸਾਰੇ ਹੀ ਹਰਿ ਹਰਿ ਨਾਮ ਧਿਆਉਂਦੇ ਹਨ।

੨. ਹੇ ਮੇਰੀ ਜਿੰਦੇ! ਸੁਣ, ਇਥੇ ਹੀ ਬਸ ਨਹੀਂ, ਇਹ! ਹਵਾ, ਪਾਣੀ ਤੇ ਅੱਗ ਵਿਚ ਜਿਤਨੇ ਵੀ ਜੀਵ ਹਨ (ਉਹ ਸਾਰੇ ਦੇ ਸਾਰੇ ਹੀ) ਹਰੀ ਦੇ ਜਸ ਨੂੰ ਹਰ (ਤਰ੍ਹਾਂ ਨਾਲ) ਹਰ (ਵੇਲੇ) ਸਦਾ ਹੀ ਗਾਉਂਦੇ ਹਨ (ਅਰਥਾਤ) ਪ੍ਰਿਥਵੀ ਤੋਂ ਪੈਦਾ ਹੋਏ 'ਪਾਰਥਵਿ ਸਰੀਰ' ਧਰਤੀ ਤੇ ਜਲ ਤੋਂ ਪੈਦਾ ਹੋਏ 'ਜਲੀਪ ਸਰੀਰ' ਜਲ ਵਿਚ, ਹਵਾ ਤੋਂ ਪੈਦਾ ਹੋਏ 'ਵਾਇਵੀ ਸਰੀਰ' ਹਵਾ ਵਿਚ, ਅੱਗ ਤੋਂ ਪੈਦਾ ਹੋਏ 'ਤੈਜਸ ਸਰੀਰ' ਅੱਗ ਵਿਚ ਰਹਿੰਦੇ ਹੋਏ, ਇਹ ਸਾਰੇ ਹਰੀ ਦਾ ਜਸ ਗਾਉਂਦੇ ਹਨ)।

੩. ਹੇ ਮੇਰੀ ਜਿੰਦੇ! ਹੋਰ ਸੁਣ, ਜੰਗਲ, ਘਾਹ ਇਹ ਸਾਰਾ ਦਿੱਸਦਾ ਸੰਸਾਰ, ਭਾਵ (ਇਹ ਜਿਤਨੇ ਭੀ ਪਾਰਥਿਵ) ਸਰੀਰ ਹਨ, ਸਾਰੇ ਹੀ ਮੂੰਹ ਨਾਲ ਹਰਿ ਹਰਿ ਨਾਮ ਧਿਆਉਂਦੇ ਹਨ।

ਪ੍ਰ: ਕਿਉਂ ਜੀ! ਕੀ ਆਪ ਜੀ ਇਹ ਵੀ ਮੰਨਦੇ ਹੋ ਕਿ ਉਨ੍ਹਾਂ ਨੂੰ ਰੱਬੀ ਦਰਬਾਰ ਗਇਆਂ ਸਤਿਕਾਰਿਆ ਜਾਵੇਗਾ?

ਉ: ੪. (ਹਾਂ ਜ਼ਰੂਰ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਜਿਹੜਾ-ਜਿਹੜਾ ਜੀਵ ਗੁਰੂ ਦੀ ਸ਼ਰਨ ਪੈ ਕੇ ਪਰਮੇਸ਼ਰ ਦੀ ਭਗਤੀ ਵਿਚ ਮਨ ਨੂੰ ਜੋੜਦਾ ਹੈ, ਉਹ ਸਾਰੇ ਹੀ ਪਰਮੇਸ਼ਰ ਦੀ ਦਰਗਾਹ ਵਿਚ ਸਤਿਕਾਰੇ ਜਾਂਦੇ ਹਨ, ਕਬੂਲਤਾ ਵਿਚ ਪੈਂਦੇ ਹਨ।੪।੪।

ਭਾਵਾਰਥ : ਇਸ ਛੰਤ ਵਿਚ ਨਾਮ ਦੀ ਤਾਸੀਰ, ਨਾਮੀਆਂ ਦੀ ਮਹਿਮਾ, ਨਾਮਿ ਸਿਮਰਨ ਕਰਨ ਵਾਲੇ ਪੁਰਸ਼ਾਂ ਦੇ ਅੰਗਾਂ ਦੀ ਸਫਲਤਾ ਦਰਸਾਈ ਹੈ, ਭਾਵ ਹੈ ਕਿ ਨਾਮ ਵਾਲਾ ਜੀਵਨ ਸਫਲ ਹੈ, ਨਾਮ ਤੋਂ ਸਖਣੇ ਮਨੁੱਖ ਦੇ ਸਾਰੇ ਅੰਗ ਨਿਸਫਲ ਦਰਸਾਏ ਹਨ। ਅੰਤ ਵਿਚ ਕੁਦਰਤ ਦਾ ਕਾਦਰ ਨੂੰ ਜਪਣਾ, ਸਿਮਰਨਾ, ਗਾਉਣਾ, ਧਿਆਉਣਾ ਦਰਸਾਇਆ ਹੈ।

ਬਿਹਾਗੜਾ ਮਹਲਾ ੪ ॥

੧. ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ
ਤੇ ਮਨਮੁਖ ਮੂੜ ਇਆਣੇ ਰਾਮ ॥
੨. ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ
ਸੇ ਅੰਤਿ ਗਏ ਪਛੁਤਾਣੇ ਰਾਮ ॥
੩. ਹਰਿ ਦਰਗਹ ਢੋਈ ਨਾ ਲਹਨਿ੍ ਮੇਰੀ ਜਿੰਦੁੜੀਏ
ਜੋ ਮਨਮੁਖ ਪਾਪਿ ਲੁਭਾਣੇ ਰਾਮ ॥
੪. ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ
ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥੧॥

ਪਦ ਅਰਥ : ਚੇਤਿਓ—ਸਿਮਰਿਆ, ਚੇਤੇ ਕੀਤਾ। ਤੇ—ਉਹ ਬੰਦੇ। ਮਨਮੁਖ—ਆਪਣੇ ਮਨ ਵਲ ਹੀ ਮੂੰਹ ਰੱਖਣ ਵਾਲੇ। ਮੂੜ—ਮੂਰਖ। ਮੋਹਿ—ਮੋਹ ਵਿਚ। ਸੇ—ਉਹ। ਅੰਤਿ—ਆਖ਼ੀਰ ਵੇਲੇ। ਢੋਈ—ਆਸਰਾ, ਥਾਂ। ਲਹਨਿ—ਲੈਂਦੇ। ਪਾਪਿ—ਪਾਪ ਵਿਚ। ਗੁਰ ਮਿਲਿ—ਗੁਰੂ ਨੂੰ ਮਿਲ ਕੇ। ਉਬਰੇ, ਤਰ ਗਏ, ਬਚ ਗਏ, ਸੰਸਾਰ ਸਮੁੰਦਰ ਵਿਚੋਂ ਡੁੱਬਣੋਂ ਬਚ ਰਹਿੰਦੇ ਹਨ। ਨਾਮਿ—ਨਾਮ ਵਿਚ।੧।

ਅਰਥ :

ਪ੍ਰ: ਹੇ ਗੁਰੋ! ਜਿਨ੍ਹਾਂ ਮਨੁੱਖਾਂ ਨੇ ਇਸ ਮਨੁੱਖਾ ਜਾਮੇ ਵਿਚ ਆ

ਕੇ ਕਦੀ ਪਰਮੇਸ਼ਰ ਨੂੰ ਚੇਤੇ ਨਹੀਂ ਕੀਤਾ, ਉਨ੍ਹਾਂ ਬਾਰੇ ਗੁਰਮਤਿ ਦੀ ਕੀ ਰਾਇ ਹੈ ?

ਉ: ੧. ਹੇ ਮੇਰੀ ਜਿੰਦੇ ! ਸੁਣ, ਜਿਨ੍ਹਾਂ ਮਨੁੱਖਾਂ ਨੇ (ਕਦੇ) ਸਾਈਂ ਜੀ ਦਾ ਨਾਮ ਚੇਤੇ ਹੀ ਨਹੀਂ ਕੀਤਾ, ਉਹ ਆਪਣੇ ਹੀ ਮਨ ਦੇ ਮਗਰ ਟੁਰੇ ਰਹਿੰਦੇ ਹਨ, ਉਹ ਮਨੁੱਖ ਤਾਂ ਮੂਰਖ ਹਨ ਤੇ ਅਨਜਾਣ ਹਨ।

ਪ੍ਰ: ਹਜ਼ੂਰ ਜੀ ! ਜੋ ਸਾਈਂ ਜੀ ਨੂੰ ਛੱਡ ਕੇ ਮਾਇਆ ਮੋਹ ਵਿਚ ਹੀ ਚਿੱਤ ਲਾਈ ਰੱਖਦੇ ਹਨ, ਆਖ਼ਿਰ ਉਨ੍ਹਾਂ ਦੀ ਦਸ਼ਾ ਕਿਹੋ ਜਿਹੀ ਹੋਵੇਗੀ ?

ਉ: ੨. ਹੇ ਮੇਰੀ ਸੋਹਣੀ ਜਿੰਦੇ ! ਸੁਣ, ਜੋ ਮਨੁੱਖ ਸਾਈਂ ਜੀ ਵਲੋਂ ਬੇਮੁਖ ਹੋ ਕੇਵਲ ਮੋਹ ਮਾਇਆ ਵਿਚ ਚਿੱਤ ਨੂੰ ਲਾਈ ਰੱਖਦੇ ਹਨ, (ਉਹ ਬੰਦੇ ਤਾਂ) ਅੰਤ ਨੂੰ ਇਥੋਂ ਪਛਤਾਉਂਦੇ ਹੀ ਜਾਂਦੇ ਹਨ। ਹੱਥ ਮਲਦੇ ਹੀ ਪਛਤਾਵਾ ਕਰਦੇ ਟੁਰ ਜਾਂਦੇ ਹਨ।

ਪ੍ਰ: ਹੇ ਗੁਰੋ ! ਐਸੇ ਬੰਦਿਆਂ ਦੀ ਦਰਗਾਹ ਵਿਚ ਗਇਆਂ ਕੀ ਦਸ਼ਾ ਹੋਵੇਗੀ ?

ਉ: ੩. ਹੇ ਮੇਰੀ ਜਿੰਦੇ ! ਸੁਣ, ਜੋ ਮਨਮੁਖ ਪਾਪੀ ਲੋਕ ਹਨ ਤੇ ਪਾਪਾਂ ਵਿਚ ਹੀ (ਸਦਾ) ਲੁਭਾਇਮਾਨ ਰਹਿੰਦੇ ਹਨ, ਉਹ ਅੱਗੇ ਹਰੀ ਦੀ ਦਰਗਾਹ ਵਿਚ ਜਾ ਕੇ ਵੀ ਆਸਰਾ ਪ੍ਰਾਪਤ ਨਹੀਂ ਕਰ ਸਕਦੇ।

ਪ੍ਰ: ਕਿਉਂ ਜੀ ! ਆਖ਼ਿਰ, ਇਸ ਸੰਸਾਰ ਸਾਗਰ ਵਿਚੋਂ ਡੁਬਣੋਂ ਕੋਈ ਬਚਿਆ ਵੀ ਹੈ ?

ਉ: ੪. (ਹਾਂ ਜ਼ਰੂਰ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੜੀਏ ! ਸੁਣ, ਜੋ ਜਨ ਗੁਰੂ ਨੂੰ ਮਿਲੇ ਹਨ, ਉਹ ਸੰਸਾਰ ਸਮੁੰਦਰ ਵਿਚ ਡੁੱਬਣੋ ਬਚ ਰਹੇ, ਉਹ ਤਾਂ ਹਰੀ ਨਾਮ ਜਪ ਕੇ (ਹਰੀ ਜੋ ਨਾਮੀ ਹੈ) ਉਸੇ ਵਿਚ ਅੰਤ ਨੂੰ ਜਾ ਸਮਾਉਂਦੇ ਹਨ।੧।

੧. ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ
ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥
੨. ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥
੩. ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ
ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥
੪. ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ
ਜਮਕੰਕਰੁ ਨੇੜਿ ਨ ਆਵੈ ਰਾਮ ॥੨॥

ਪਦ ਅਰਥ : ਸਭਿ—ਸਾਰੇ। ਜਾਇ—ਜਾ ਕੇ। ਕਉ—ਨੂੰ। ਕੀਜਈ—ਕਰਨੀ ਚਾਹੀਦੀ ਹੈ। ਮਤੁ—ਮਤਾਂ, ਇਹ ਨਾ ਹੋਵੇ। ਕਿ ਜਾਪੈ—ਕੀ ਪਤਾ ਹੈ ? ਕਿ—ਜਾਂ। ਮੂਰਤੁ—ਮੋਹਤੁ, ਮਹੂਰਤ, ਸਮਾਂ। ਸਫਲੁ—ਫਲ ਦੇਣ ਵਾਲਾ, ਭਾਗਾਂ ਵਾਲਾ। ਜਿਤੁ—ਜਿਸ ਸਮੇਂ ਵਿਚ। ਚਿਤਿ—ਚਿਤ ਵਿਚ। ਕੰਕਰ—ਦਾਸ, ਸੇਵਕ, ਜਮਦੂਤ।

ਅਰਥ :

ਪ੍ਰ: ਹੇ ਗੁਰੋ ! ਜਿਨ੍ਹਾਂ ਮਨੁੱਖਾਂ ਨੇ ਜੀਵਨ ਦਾ ਬਹੁਤ ਸਮਾਂ ਗੁਜ਼ਰ ਗਿਆਂ ਵੀ ਨਾਮ ਨਹੀਂ ਜਪਿਆ, ਕੀ ਤੁਸੀਂ ਉਨ੍ਹਾਂ ਨੂੰ ਵੀ ਕੁਝ ਉਪਦੇਸ਼ ਕਰਿਆ ਕਰਦੇ ਹੋ ?

ਉ: ੧. (ਹਾਂ ਜ਼ਰੂਰ ਕਰਦੇ ਹਾਂ) ਹੇ ਮੇਰੀ ਜਿੰਦੇ ! ਸੁਣ, ਜਿਨ੍ਹਾਂ ਨੇ ਇਸ ਜੀਵਨ ਦਾ ਅਮੋਲਕ ਸਮਾਂ ਸਿਮਰਨ ਤੋਂ ਸਖਣੇ ਰਹਿ ਕੇ ਹੀ ਗੁਜ਼ਾਰ ਲਿਆ, ਅਸੀਂ ਤਾਂ ਉਨ੍ਹਾਂ ਨੂੰ ਵੀ ਕਹਿੰਦੇ ਹਾਂ ਕਿ ਹੇ ਭਾਈਓ ! ਸਾਰੇ ਹੀ ਸਤਿਗੁਰੂ ਨੂੰ ਜਾ ਕੇ ਮਿਲੋ, (ਕਿਉਂਕਿ) ਉਹ ਜੋ ਤੁਹਾਨੂੰ ਹਰਿ ਹਰਿ ਨਾਮ ਹਿਰਦੇ ਵਿਚ ਪੱਕੀ ਤਰ੍ਹਾਂ ਧਾਰਨ ਕਰਾ ਦੇਂਦਾ ਹੈ।

ਪ੍ਰ: ਕਿਉਂ ਜੀ ! ਕੀ ਇਹ ਤੁਹਾਡੇ ਜੀਵਨ ਸਫਲਤਾ ਲਈ ਕੀਤੇ ਉਪਦੇਸ਼ 'ਤੇ ਸਾਰੇ ਲੋਕ ਸ਼ੀਘਰਤਾ ਸਹਿਤ ਅਮਲ ਕਰ ਲੈਂਦੇ ਹਨ ?

ਉ: ੨. ਹੇ ਮੇਰੀ ਜਿੰਦੇ ! ਸੁਣ, ਜਦੋਂ ਅਸੀਂ ਉਨ੍ਹਾਂ ਨੂੰ ਇਹ ਕਹਿੰਦੇ ਹਾਂ ਕਿ ਹੇ ਭਾਈ ! ਹਰੀ ਦਾ ਨਾਮ ਜਪਦਿਆਂ (ਇਕ) ਪਲ ਭਰ ਵੀ ਦੇਰ ਨਹੀਂ ਕਰਨੀ ਚਾਹੀਦੀ, ਕੀ ਪਤਾ ਹੈ ! ਮਤਾਂ ਅਗਲਾ ਸਾਹ ਲਿਆ ਜਾਏ ਜਾਂ ਨਾ ਹੀ ਲਿਆ ਜਾਏ, (ਭਾਵ ਕੀ ਪਤਾ ਹੈ ਕਿ ਇਹੋ ਸਾਹ ਹੀ ਅੰਤਲਾ ਤੇ ਇਸੇ ਵਿਚ ਹੀ ਮਰ ਜਾਣਾ ਹੈ)।

੩. (ਸੋ ਇਸ ਲਈ) ਹੇ ਮੇਰੀ ਸੋਹਣੀ ਜਿੰਦੇ ! ਵੇਖ, ਉਹ ਸਮਾਂ, ਉਹ ਮਹੂਰਤ, ਉਹ ਘੜੀ, ਉਹ ਅੱਧੀ ਘੜੀ ਸਫਲ ਹੈ, ਜਿਸ ਵਿਚ ਕਿ ਉਹ ਮੇਰਾ ਹਰੀ ਯਾਦ ਆਵੇ।

ਪ੍ਰ: ਕਿਉਂ ਜੀ ! ਇਉਂ ਜਪਣ ਵਾਲਿਆਂ ਨੂੰ ਫਲ ਕੀ ਪ੍ਰਾਪਤ ਹੋਵੇਗਾ ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ ! ਤੂੰ (ਇਹ ਪੱਕਾ ਜਾਣ ਲੈ ਕਿ ਜਿਨ੍ਹਾਂ) ਜਨਾਂ ਨੇ (ਸਾਈਂ ਜੀ ਦਾ) ਨਾਮ ਸਿਮਰਿਆ ਹੈ, ਜਮਦੂਤ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ, ਮੌਤ ਦਾ ਭਉ ਉਨ੍ਹਾਂ ਨੂੰ ਪੋਹ ਨਹੀਂ ਸਕਦਾ।੨।

੧. ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ
ਸੋ ਡਰੈ ਜਿਨਿ ਪਾਪ ਕਮਤੇ ਰਾਮ ॥
੨. ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ
ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥
੩. ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ
ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ ॥
੪. ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ
ਜਿਨਿ ਪੈਰੀ ਆਣਿ ਸਭਿ ਘਤੇ ਰਾਮ ॥੩॥

ਪਦ ਅਰਥ : ਵੇਖੈ—ਵੇਖਦਾ ਹੈ। ਸੁਣੈ—ਸੁਣਦਾ ਹੈ। ਜਿਨਿ—ਜਿਸ ਮਨੁੱਖ ਨੇ। ਕਮਤੇ—ਕਮਾਏ। ਅੰਤਰੁ—ਹਿਰਦਾ, ਅੰਦਰਲਾ ਹਿਰਦਾ। ਤਿਨਿ—ਉਸਨੇ। ਜਨਿ—ਜਨ ਨੇ। ਤਿਨਿ ਜਨਿ—ਉਸ ਮਨੁੱਖ ਨੇ। ਸਭਿ—ਸਾਰੇ। ਨਾਮਿ—ਨਾਮ ਵਿਚ। ਪਤੀਜਿਆ—ਗਿੱਝ ਗਿਆ। ਮਾਰਨੁ—ਬੇਸ਼ਕ ਮਾਰਦੇ ਰਹਿਣ। ਦੁਸਟ—(ਕਾਮਾਦਿਕ) ਵੈਰੀ। ਕੁਪਤੇ—ਕੁਪੱਤੇ, ਲੜਾਕੇ। ਜਿਨਿ—ਜਿਸ ਗੁਰੂ ਨੇ। ਆਣਿ—ਲਿਆ ਕੇ। ਸਭਿ—ਸਾਰੇ (ਦੁਸ਼ਟ ਕੁਪੱਤੇ)।੩।

ਅਰਥ :

ਪ੍ਰ: ਹੇ ਗੁਰਦੇਵ ਜੀਉ! ਬਹੁਤ ਲੋਕ ਇਉਂ ਸਮਝਦੇ ਹਨ ਕਿ ਜੋ ਕੁਝ ਅਸੀਂ ਲੁਕ ਛਿੱਪ ਕੇ ਕਰਮ ਕਰਦੇ ਜਾਂ ਕੁਝ ਬਚਨ ਬੋਲਦੇ ਹਾਂ, ਜਦ ਕਿ ਉਨ੍ਹਾਂ ਨੂੰ ਕੋਈ ਵੇਖਣ ਤੇ ਸੁਣਨ ਵਾਲਾ ਹੀ ਨਹੀਂ ਤਾਂ ਸਾਨੂੰ ਇਸ ਵਿਚ ਕਿਸੇ ਦਾ ਕੋਈ ਡਰ ਹੀ ਨਹੀਂ ਹੋਣਾ ਚਾਹੀਦਾ, ਕੀ ਇਹ ਠੀਕ ਹੈ?

ਉ: ੧. (ਨਹੀਂ) ਹੇ ਮੇਰੀ ਜਿੰਦੇ! ਜੋ ਵੀ ਅਸੀਂ ਕੋਈ ਕੰਮ ਕਰਦੇ ਹਾਂ, ਜਾਂ ਜਿਹੜੇ ਬੋਲ ਅਸੀਂ ਬੋਲਦੇ ਹਾਂ, ਉਹ ਵਾਹਿਗੁਰੂ ਜੀ ਸਭ ਕੁਝ ਵੇਖਦਾ ਰਹਿੰਦਾ ਹੈ ਤੇ ਸੁਣਦਾ ਰਹਿੰਦਾ ਹੈ, (ਪਰ ਇਹ ਯਾਦ ਰੱਖੋ) ਜਿਸ ਮਨੁੱਖ ਨੇ (ਸਾਰੀ ਉਮਰ) ਪਾਪ ਕਮਾਏ ਹੁੰਦੇ ਹਨ, ਉਹ ਡਰਦਾ ਹੈ।

ਪ੍ਰ: ਕਿਉਂ ਜੀ! ਕੀ ਸਾਰੇ ਲੋਕ ਹੀ ਡਰਦੇ ਹਨ ਜਾਂ ਕਿ ਇਸ ਡਰ ਤੋਂ ਕੋਈ ਬਚਿਆ ਵੀ ਹੈ?

ਉ: ੨. ਹੇ ਮੇਰੀ ਸੋਹਣੀ ਜਿੰਦੇ! ਸੁਣ, ਜਿਸ ਮਨੁੱਖ ਦਾ ਅੰਦਰਲਾ ਹਿਰਦਾ ਸ਼ੁੱਧ ਹੈ, ਉਸ ਮਨੁੱਖ ਨੇ ਤਾਂ ਸਾਰੇ ਹੀ ਡਰ ਲਾਹ ਦਿੱਤੇ ਹੁੰਦੇ ਹਨ।

੩. ਹੇ ਮੇਰੀ ਜਿੰਦੇ! ਜਿਨ੍ਹਾਂ ਮਨੁੱਖਾਂ ਦਾ ਮਨ (ਉਸ) ਪਰਮੇਸ਼ਰ ਦੇ ਨਾਮ ਵਿਚ ਗਿੱਝ ਜਾਂਦਾ ਹੈ, ਉਨ੍ਹਾਂ ਦੇ (ਕਾਮਾਦਿਕ) ਵੈਰੀ ਕੁਪੱਤੇ ਪਏ ਝਖਾਂ ਮਾਰਨ (ਉਸ ਮਨੁੱਖ ਦਾ ਉਹ ਕੁਝ ਵੀ ਵਿਗਾੜ ਨਹੀਂ ਸਕਦੇ)।

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ! ਜਿਨ੍ਹਾਂ ਨੇ ਪੂਰਾ ਗੁਰ ਸੇਵਿਆ ਹੈ, (ਗੁਰੂ ਨੇ) ਸਾਰੇ ਕੁਪੱਤੇ ਦੁਸ਼ਟ, ਸ਼ਰਨ ਵਿਚ ਆਏ ਮਨੁੱਖ ਦੇ ਪੈਰਾਂ ਵਿਚ ਲਿਆ ਕੇ ਰੱਖ ਦਿੱਤੇ ਹਨ, ਭਾਵ ਪੈਰੀਂ ਲਿਆ ਪਾਏ ਹਨ।੩।

੧. ਸੋ ਐਸਾ ਹਰਿ ਨਿਤ ਸੇਵੀਐ ਮੇਰੀ ਜਿੰਦੁੜੀਏ
ਜੋ ਸਭ ਦੂ ਸਾਹਿਬੁ ਵਡਾ ਰਾਮ॥
੨. ਜਿਨ੍ਹੀ ਇਕ ਮਨਿ ਇਕੁ ਅਰਾਧਿਆ ਮੇਰੀ ਜਿੰਦੁੜੀਏ
ਤਿਨਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ॥
੩. ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ
ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ॥
੪. ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ
ਧੁਰਿ ਮਸਤਕਿ ਹਰਿ ਲਿਖਿ ਛਡਾ ਰਾਮ॥੪॥੫॥

ਪਦ ਅਰਥ : ਸੇਵੀਐ—ਸੇਵੀ ਭਗਤੀ ਕਰਨੀ ਚਾਹੀਦੀ ਹੈ। ਸਭ ਦੂ—ਸਭ ਤੋਂ। ਸਾਹਿਬੁ—ਮਾਲਕ। ਇਕ ਮਨਿ—ਇਕ ਮਨ ਨਾਲ, ਸੁਰਤਿ ਜੋੜ ਕੇ। ਚਡਾ—ਵਰਵਾਹ, ਕਾਣ, ਮੁਥਾਜੀ। ਗੁਰ ਸੇਵਿਐ—ਜੇ ਗੁਰੂ ਦੀ ਸੇਵਾ ਕੀਤੀ ਜਾਏ। ਹਰਿ ਮਹਲੁ—ਪਰਮੇਸ਼ਰ ਦਾ ਘਰ, ਪਰਮਾਤਮਾ ਦੀ ਹਜ਼ੂਰੀ। ਸਭਿ—ਸਾਰੇ। ਘੰਡਾ—ਕੁਪੱਤਾ, ਚਾਲਾਕ। ਧੁਰਿ—ਧੁਰ ਦਰਗਾਹ ਤੋਂ। ਮਸਤਕਿ—ਮੱਥੇ ਉੱਤੇ। ਲਿਖਿ ਛਡਾ—ਲਿਖ ਰਖਿਆ ਹੈ।

ਅਰਥ :

ਪ੍ਰ: ਹੇ ਗੁਰੋ! ਜਿਵੇਂ ਖ਼ੁਦਾ ਨੂੰ ਮਿਲਣ ਦਾ ਇਸਲਾਮ ਮਤਿ ਵਿਚ ਕੇਵਲ ਇਕੋ ਰਮਜ਼ਾਨ ਦਾ ਮਹੀਨਾ ਮੰਨਿਆ ਗਿਆ ਹੈ, ਕੀ ਗੁਰਮਤਿ ਵਿਚ ਵੀ ਕੋਈ ਐਸਾ ਸੰਕੇਤ ਹੈ?

ਉ: ੧. (ਨਹੀਂ) ਹੇ ਮੇਰੀ ਸੋਹਣੀ ਜਿੰਦੇ! ਉਸ ਐਸੇ ਪਰਮੇਸ਼ਰ ਦੀ ਸੇਵਾ ਭਗਤੀ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ, ਜੋ ਕਿ ਸਭ ਤੋਂ ਵੱਡਾ ਮਾਲਕ ਹੈ।

ਪ੍ਰ: ਕਿਉਂ ਜੀ! ਇਸ ਤਰ੍ਹਾਂ ਦੀ ਸੇਵਾ ਭਗਤੀ ਕਰਨ ਵਾਲੇ ਮਨੁੱਖ ਨੂੰ ਹਾਸਲ ਕੀ ਹੁੰਦਾ ਹੈ?

ਉ: ੨. ਹੇ ਮੇਰੀ ਜਿੰਦੇ! ਸੁਣ, ਜਿਨ੍ਹਾਂ ਮਨੁੱਖਾਂ ਨੇ ਸੁਰਤਿ ਨੂੰ (ਸਾਈਂ ਜੀ ਨਾਲ) ਜੋੜ ਕੇ ਕੇਵਲ ਇਕੋ ਪਰਮੇਸ਼ਰ ਦਾ ਸਿਮਰਨ ਕੀਤਾ ਹੈ, ਉਨ੍ਹਾਂ ਨੂੰ ਕਿਸੇ ਦੀ ਵੀ ਕੋਈ ਮੁਥਾਜੀ, ਪ੍ਰਵਾਹ ਜਾਂ ਕਾਣ ਨਹੀਂ ਰਹਿ ਜਾਂਦੀ।

੩. ਹੇ ਮੇਰੀ ਜਿੰਦੇ! ਜਿਨ੍ਹਾਂ ਨੇ ਗੁਰੂ ਦੀ ਸੇਵਾ ਕਰਨ ਨਾਲ ਹਰੀ ਦਾ ਸਰੂਪ ਪ੍ਰਾਪਤ ਕਰ ਲਿਆ ਹੈ, ਉਨ੍ਹਾਂ ਦੇ ਵਿਰੁੱਧ ਵਸਣ ਵਾਲੇ ਸਾਰੇ ਹੀ ਨਿੰਦਕ ਲੋਕ ਝੱਖਾਂ ਮਾਰਦੇ ਹਨ, ਉਹ ਸੇਵਕਾਂ ਦਾ ਕੁਝ ਵਿਗਾੜ ਨਹੀਂ ਸਕਦੇ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ! ਜਿਨ੍ਹਾਂ ਜਨਾਂ ਨੇ ਨਾਮ ਧਿਆਇਆ ਹੈ, ਧੁਰੋਂ ਹਰੀ ਨੇ ਉਨ੍ਹਾਂ ਦੇ ਮੱਥੇ 'ਤੇ ਲਿਖ ਛੱਡਿਆ ਹੋਇਆ ਸੀ।੪।੫।

ਭਾਵਾਰਥ : ਇਸ ਛੰਤ ਦੇ ਪਹਿਲੇ ਸ਼ਬਦ ਵਿਚ ਨਾਮ ਤੋਂ ਸਖਣੇ ਮਨਮੁਖਾਂ ਦੀ ਦਸ਼ਾ ਬਿਆਨੀ ਹੈ, ਜੋ ਕਿ ਮੋਹ ਮਾਇਆ ਵਿਚ ਮਸਤ ਹੋਏ ਸਦਾ ਪਾਪ ਕਰਮਾਂ ਵਿਚ ਹੀ ਪਰਵਿਰਤ ਹੋ, ਵਾਹਿਗੁਰੂ ਜੀ ਤੋਂ ਬੇਮੁਖ ਰਹਿੰਦੇ ਹਨ। ਉਨ੍ਹਾਂ ਦੀ ਕਲਿਆਣ ਕਰਤਾ ਵੀ ਹਰੀ ਦਾ ਨਾਮ ਹੀ ਫ਼ੁਰਮਾਇਆ ਹੈ।

ਦੂਜੇ ਸ਼ਬਦ ਵਿਚ ਦੱਸਿਆ ਹੈ ਕਿ ਨਾਮ ਕਿੱਥੋਂ ਮਿਲਦਾ ਹੈ ਅਤੇ ਉਸ ਨੂੰ ਜਪਣ ਦਾ ਤਰੀਕਾ ਬਿਆਨਿਆ ਹੈ ਤੇ ਉਸ ਦਾ ਫਲ ਕਹਿੰਦੇ ਹਨ ਕਿ ਜਮਦੂਤ ਉਨ੍ਹਾਂ ਦੇ ਨੇੜੇ ਨਹੀਂ ਆਉਂਦੇ। ਅੱਗੇ ਪਾਪਾਂ ਵਲੋਂ ਪਵਿੱਤ੍ਰ ਹੋ ਕੇ ਨਿਰਭੈਤਾ ਪਦਵੀ ਪ੍ਰਾਪਤ ਹੋਣ ਦੀ ਜਾਚ ਦੱਸੀ ਹੈ, ਉਹ ਹੈ ਨਾਮ। ਨਾਮ ਦਾ ਸਿਮਰਨ ਕਰਨ ਵਾਲਿਆਂ ਨੂੰ ਨਿੰਦਕ ਦੋਖੀਆਂ, ਕੁਪੱਤਿਆਂ ਦਾ ਵੀ ਕੋਈ ਭੈ ਨਹੀਂ ਰਹਿ ਜਾਂਦਾ। ਨਾਮ ਦਾਤਾ ਗੁਰੂ ਹੈ, ਨਾਮ ਦੁਆਰਾ ਵਾਹਿਗੁਰੂ ਦੇ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ।

ਬਿਹਾਗੜਾ ਮਹਲਾ ੪॥

੧. ਸਭਿ ਜੀਅ ਤੇਰੇ ਤੂੰ ਵਰਤਦਾ ਮੇਰੇ ਹਰਿ ਪ੍ਰਭ
ਤੂੰ ਜਾਣਹਿ ਜੋ ਜੀਇ ਕਮਾਈਐ ਰਾਮ॥
੨. ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ
ਸਭ ਵੇਖੈ ਮਨਿ ਮੁਕਰਾਈਐ ਰਾਮ॥
੩. ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ
ਸਭ ਬਿਰਥੀ ਘਾਲ ਗਵਾਈਐ ਰਾਮ॥
੪. ਜਨ ਨਾਨਕ ਗੁਰਮੁਖਿ ਧਿਆਇਆ ਮੇਰੀ ਜਿੰਦੁੜੀਏ
ਹਰਿ ਹਾਜਰੁ ਨਦਰੀ ਆਈਐ ਰਾਮ॥੧॥

ਪਦ ਅਰਥ : ਸਭਿ—ਸਾਰੇ। ਜੀਅ—ਜੀਉ। ਪ੍ਰਭ—ਹੇ ਪ੍ਰਭੂ।

ਜੀਇ—ਜੀ ਵਿਚ, ਮਨ ਵਿਚ। ਕਮਾਈਐ—ਕਮਾਈਦਾ ਹੈ। ਮਨਿ—ਮਨ ਵਿਚ। ਮੁਕਰਾਈਐ—ਮੁਕਰ ਜਾਈਦਾ ਹੈ। ਮਨਮੁਖਾ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ। ਘਾਲ—ਮਿਹਨਤ। ਗਵਾਈਐ—ਗਵਾਚ ਜਾਂਦੀ ਹੈ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਹਾਜਰੁ—ਪਰਤੱਖ, ਹਰ ਥਾਂ ਵਸਦਾ। ਆਈਐ—ਆ ਜਾਂਦਾ ਹੈ।੧।

ਅਰਥ :

ਪ੍ਰ: ਹੇ ਗੁਰੋ! ਜਦ ਕਦੀ ਇਕਾਂਤ ਦੇਸ਼ ਵਿਚ ਇਕੱਲਿਆਂ ਬੈਠੇ ਹੋਈਦਾ ਹੈ ਤਾਂ ਉਸ ਵੇਲੇ ਪਤਾ ਨਹੀਂ ਬੇਅੰਤ ਸੰਸਕਾਰਾਂ ਦੀ ਭਰਮਾਰ ਕਿਧਰੋਂ ਆ ਪੈਂਦੀ ਹੈ, ਸੋ ਆਪ ਦੱਸੋ ਕੀ ਕੀਤਾ ਜਾਏ, ਜਿਸ ਦੇ ਕਰਨ ਨਾਲ ਮਨ ਸੰਸਕਾਰਾਂ ਦੇ ਵਹਿਣ ਵਿਚ ਵਹਿੰਦੇ ਰਹਿਣ ਵਲੋਂ ਰੁਕ ਸਕੇ?

ਉ: ੧. ਹੇ ਸੱਜਨਾ! (ਐਸੇ ਸਮੇਂ ਬੇਨਤੀ ਰੂਪ ਵਿਚ ਸਾਈਂ ਜੀ ਦੇ ਸਨਮੁਖ ਹੋ ਇਸ ਤਰ੍ਹਾਂ ਦੇ ਸੂਖਮ ਖ਼ਿਆਲਾਂ ਵਿਚ ਪਰਵਿਰਤ ਹੋਇਆ ਕਰ ਕਿ) ਹੇ ਮੇਰੇ ਪ੍ਰਭੂ ਜੀਉ! ਇਹ (ਛੋਟੇ-ਵੱਡੇ) ਜੀਅ ਜੰਤ ਸਭ ਤੇਰੇ ਹੀ ਪੈਦਾ ਕੀਤੇ ਹੋਏ ਹਨ, ਤੂੰ ਹੀ ਇਨ੍ਹਾਂ ਸਭਨਾਂ ਦੇ ਵਿਚ ਵਰਤ ਰਿਹਾ ਹੈਂ, ਇਨ੍ਹਾਂ ਜੀਵਾਂ ਦੇ ਜੀਅ ਵਿਚ ਜੋ ਵੀ ਕੁਝ ਚਿਤਵਿਆ ਜਾਂਦਾ ਹੈ, ਤੂੰ ਉਹ ਸਭੋ ਕੁਝ ਜਾਣਦਾ ਹੈਂ। ਭਾਵ ਹੈ ਕਿ ਜੋ ਅਸੀਂ ਸੋਚਾਂ ਵਿਚਾਰਾਂ ਫੁਰਨੇ ਮਨ ਵਿਚ ਕਰਦੇ ਹਾਂ, ਤੂੰ ਉਹ ਸਭੇ ਹੀ ਜਾਣਦਾ ਹੈਂ।

੨. (ਇਸ ਲਈ) ਹੇ ਮੇਰੀ ਜਿੰਦੇ! ਤੂੰ ਯਕੀਨ ਕਰ ਲੈ ਕਿ ਉਹ ਹਰੀ ਸਾਡੇ ਅੰਦਰ ਵੀ ਤੇ ਬਾਹਰ ਵੀ ਨਾਲ ਹੈ, ਉਹ ਸਭੋ ਕੁਝ ਵੇਖਦਾ ਹੈ ਜੋ ਕਿ ਸਾਡੇ ਮਨ ਵਿਚ ਹੁੰਦਾ ਹੈ, (ਪਰ ਅਸੀਂ ਫਿਰ ਵੀ) ਮੁਕਰ ਜਾਂਦੇ ਹਾਂ।

ਪ੍ਰ: ਹੇ ਗੁਰੋ! ਆਪ ਕਹਿੰਦੇ ਹੋ ਕਿ ਉਹ ਪ੍ਰਭੂ ਸਾਰਿਆਂ ਦੇ ਅੰਦਰ ਮੌਜੂਦ ਹੈ, ਪਰ ਸਾਰਿਆਂ ਨੂੰ ਦਿੱਸਦਾ ਕਿਉਂ ਨਹੀਂ?

੩. ਹੇ ਮੇਰੀ ਸੋਹਣੀ ਜਿੰਦੇ! ਵੇਖ, ਵਸਦਾ ਤਾਂ ਉਹ ਸਭਨਾਂ ਦੇ ਅੰਦਰ ਹੀ ਹੈ, ਪਰ ਜੋ ਮਨਮੁਖ ਆਪਣੇ ਮਨ ਪਿੱਛੇ ਟੁਰਨ ਵਾਲੇ ਹਨ, ਉਨਾਂ ਮਨੁੱਖਾਂ ਨੂੰ ਪਰਮੇਸ਼ਰ ਕਿਤੇ ਦੂਰ ਦੇਸ਼ ਵਿਚ ਵਸਦਾ ਜਾਪਦਾ ਹੈ। ਉਹ ਲੋਕ ਦਿਖਾਵੇ ਲਈ ਜੋ ਵੀ ਮੁਸ਼ੱਕਤ ਕਰਦੇ ਹਨ, ਉਨ੍ਹਾਂ ਦੀ ਉਹ ਸਾਰੀ ਮਿਹਨਤ ਭੀ ਬੇਅਰਥ ਚਲੀ ਜਾਂਦੀ ਹੈ।

੪. (ਪਰ ਹਾਂ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਜਿੰਦੇ! ਸੁਣ, ਉਨ੍ਹਾਂ ਮਨਮੁਖਾਂ ਦੇ ਟਾਕਰੇ ਵਿਚ ਜਿਨ੍ਹਾਂ ਗੁਰਮੁਖਾਂ ਨੇ ਗੁਰੂ ਦੁਆਰਾ ਹਰੀ ਨਾਮ ਨੂੰ ਧਿਆਇਆ ਹੈ, ਉਨ੍ਹਾਂ ਗੁਰਮੁਖਾਂ ਨੂੰ ਹਰੀ ਹਰ ਥਾਂ ਹੀ ਹਾਜ਼ਰਾ ਹਜ਼ੂਰ ਨਜ਼ਰ ਆਇਆ ਹੈ।੧।

੧. ਸੇ ਭਗਤ ਸੇ ਸੇਵਕ ਮੇਰੀ ਜਿੰਦੁੜੀਏ
ਜੋ ਪ੍ਰਭ ਮੇਰੇ ਮਨਿ ਭਾਣੇ ਰਾਮ॥
੨. ਸੇ ਹਰਿ ਦਰਗਹ ਪੈਨਾਇਆ ਮੇਰੀ ਜਿੰਦੁੜੀਏ
ਅਹਿਨਿਸਿ ਸਾਚਿ ਸਮਾਣੇ ਰਾਮ॥
੩. ਤਿਨ ਕੈ ਸੰਗਿ ਮਲੁ ਉਤਰੈ ਮੇਰੀ ਜਿੰਦੁੜੀਏ
ਰੰਗਿ ਰਾਤੇ ਨਦਰਿ ਨੀਸਾਣੇ ਰਾਮ॥
੪. ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ
ਮਿਲਿ ਸਾਧੂ ਸੰਗਿ ਅਘਾਣੇ ਰਾਮ॥੨॥

ਪਦ ਅਰਥ : ਸੇ—ਉਹ। ਮਨਿ—ਮਨ ਵਿਚ। ਭਾਣੇ—ਪਸੰਦ ਆ ਗਏ। ਪੈਨਾਇਆ—ਸਿਰੋਪਾ ਦਿੱਤਾ ਜਾਂਦਾ ਹੈ, ਸਤਕਾਰੇ ਜਾਂਦੇ ਹਨ। ਅਹਿ—ਦਿਨ। ਨਿਸਿ—ਰਾਤ। ਰੰਗਿ—ਪ੍ਰੇਮ ਰੰਗ ਵਿਚ। ਰਾਤੇ—ਰੰਗੇ ਜਾਂਦੇ ਹਨ। ਨੀਸਾਣੇ—(ਮੱਥੇ ਉੱਤੇ) ਨਿਸ਼ਾਨ। ਮਿਲਿ ਸਾਧੂ—ਗੁਰੂ ਨੂੰ ਮਿਲ ਕੇ। ਅਘਾਣੇ—ਤ੍ਰਿਸ਼ਨਾ ਵਲੋਂ ਰੱਜੇ ਰਹੀਦਾ ਹੈ।

ਅਰਥ :

ਪ੍ਰ: ਹਜ਼ੂਰ! ਬਹੁਤੇ ਲੋਕ ਵੇਖੀਦੇ ਹਨ ਕਿ ਉਹ ਆਪਣੇ ਆਪ ਨੂੰ ਭਗਤ ਜਾਂ ਸੇਵਕ ਆਖਦੇ ਤੇ ਅਖਵਾਂਦੇ ਭੀ ਹਨ, ਪਰ ਗੁਰਮਤਿ ਅਨੁਸਾਰ ਭਗਤ ਤੇ ਸੇਵਕ ਕਿਸ ਨੂੰ ਮੰਨਿਆ ਗਿਆ ਹੈ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਸੁਣ, ਕਿਸੇ ਦੇ ਕਹਿਣ ਤੇ ਕਹਾਉਣ ਨਾਲ ਭਗਤ ਨਹੀਂ ਬਣਿਆ ਜਾਂਦਾ, ਅਸਲ ਵਿਚ (ਉਹੀ) ਪ੍ਰਭੂ ਦੇ ਭਗਤ ਅਤੇ ਸਹੀ ਸੇਵਕ ਹਨ, ਜੋ ਉਸ ਸਾਈਂ ਜੀ ਦੇ ਮਨ ਵਿਚ ਚੰਗੇ ਲੱਗਦੇ ਹਨ, ਜੋ ਉਸ ਨੂੰ ਭਾਉਂਦੇ ਹਨ।

ਪ੍ਰ: ਗੁਰਦੇਵ ਜੀਉ! (ਉਨ੍ਹਾਂ) ਪ੍ਰਭੂ ਨੂੰ ਭਾ ਜਾਣ ਵਾਲਿਆਂ ਨੂੰ ਹਾਸਲ ਕੀ ਹੁੰਦਾ ਹੈ?

ਉ: ੨. ਹੇ ਮੇਰੀ ਜਿੰਦੇ! ਸੁਣ, ਉਹ ਮਨੁੱਖ ਜਦੋਂ ਹਰੀ ਪਰਮੇਸ਼ਰ ਦੀ ਹਜ਼ੂਰੀ ਵਿਚ ਪੁੱਜਦੇ ਹਨ, ਉਨ੍ਹਾਂ ਨੂੰ ਉਥੇ ਸਤਕਾਰਿਆ ਜਾਂਦਾ ਹੈ, ਉਹ ਸਨਮਾਨ ਪਾਉਂਦੇ ਹਨ, (ਕਿਉਂਕਿ) ਉਹ ਦਿਨੇ ਰਾਤ ਉਸੇ ਸਾਈਂ ਜੀ ਵਿਚ ਸਮਾਏ ਰਹਿੰਦੇ ਸਨ ਤੇ ਸਦਾ ਹੀ ਸਮਾਏ ਰਹਿਣਗੇ।

ਪ੍ਰ: ਕਿਉਂ ਜੀ! ਕੀ ਉਨ੍ਹਾਂ ਤੋਂ ਕਿਸੇ ਹੋਰ ਨੂੰ ਵੀ ਕੁਝ ਲਾਭ ਮਿਲਦਾ ਹੈ?

ਉ: ੩. ਹਾਂ ਜ਼ਰੂਰ ਮਿਲਦਾ ਹੈ, ਹੇ ਮੇਰੀ ਸੋਹਣੀ ਜਿੰਦੇ! ਵੇਖ, ਉਨ੍ਹਾਂ ਦੀ ਸੰਗਤ ਵਿਚ ਰਿਹਾਂ ਤਾਂ (ਮਨ ਤੋਂ ਜਨਮ ਜਨਮਾਤ੍ਰਾਂ ਦੇ ਵਿਕਾਰਾਂ ਦੀ) ਮੈਲ ਲਹਿ ਜਾਂਦੀ ਹੈ, ਉਹ ਪ੍ਰਭੂ ਦੇ ਸਦਾ ਪ੍ਰੇਮ ਰੰਗ ਵਿਚ ਰਤੇ ਰਹਿੰਦੇ ਹਨ, ਉਨ੍ਹਾਂ ਦੇ ਮੱਥੇ ਉੱਤੇ ਪ੍ਰਭੂ ਦੀ ਮਿਹਰ ਦੀ ਨਿਗਾਹ ਦਾ ਨਿਸ਼ਾਨ ਹੁੰਦਾ ਹੈ, ਕਿਰਪਾ ਨਾਲ ਨਿਸ਼ਾਨੇ ਹੁੰਦੇ ਹਨ।

ਪ੍ਰ: ਕਿਉਂ ਜੀ! ਆਖ਼ਿਰ ਸਾਈਂ ਜੀ ਪਾਸੋਂ ਤੁਹਾਡੀ ਮੰਗ ਕੀ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਮੈਂ ਤਾਂ ਸਦਾ ਹੀ ਇਹੋ ਅਰਜ਼ੋਈ ਕਰਦਾ ਹਾਂ ਕਿ, ਹੇ ਪ੍ਰਭੂ ਜੀ! ਮੇਰੇ 'ਤੇ ਮਿਹਰ ਕਰ ਕਿ ਮੈਂ ਗੁਰੂ ਦੀ ਸੰਗਤ ਵਿਚ ਸਦਾ ਹੀ ਮਿਲਿਆ ਰਹਾਂ, (ਕਿਉਂਕਿ) ਗੁਰੂ ਦੀ ਸੰਗਤ ਵਿਚ ਮਿਲੇ ਰਿਹਾਂ ਹੀ (ਮਾਇਆ ਦੀ ਤ੍ਰਿਸ਼ਨਾ ਵਲੋਂ) ਸਦਾ ਰੱਜੇ ਰਹੀਦਾ ਹੈ।੨।

੧. ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ
ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ॥

੨. ਜਿਸੁ ਦਇਆ ਕਰੇ ਮੇਰਾ ਪਾਰਬ੍ਰਹਮੁ ਮੇਰੀ ਜਿੰਦੁੜੀਏ
ਤਿਸੁ ਮਨਿ ਨਾਮੁ ਵਸਾਏ ਰਾਮ॥
੩. ਜਿਸੁ ਭੇਟੇ ਪੂਰਾ ਸਤਿਗੁਰੂ ਮੇਰੀ ਜਿੰਦੁੜੀਏ
ਸੋ ਹਰਿ ਧਨੁ ਨਿਧਿ ਪਾਏ ਰਾਮ॥
੪. ਵਡਭਾਗੀ ਸੰਗਤਿ ਮਿਲੈ ਮੇਰੀ ਜਿੰਦੁੜੀਏ
ਨਾਨਕ ਹਰਿ ਗੁਣ ਗਾਏ ਰਾਮ॥੩॥

ਪਦ ਅਰਥ : ਰਸਨਾ—ਜੀਭ। ਗੋਬਿੰਦੋ—ਗੋਬਿੰਦੁ। ਤ੍ਰਿਸਨਾ—ਮਾਇਆ ਦੀ ਤ੍ਰੇਹ। ਮਨਿ—ਮਨ ਵਿਚ। ਭੇਟੇ—ਮਿਲਦਾ ਹੈ। ਨਿਧਿ—ਖ਼ਜ਼ਾਨਾ। ਪਾਏ—ਲੱਭ ਪੈਂਦਾ ਹੈ।੩।

ਅਰਥ :

ਪ੍ਰ: ਹੇ ਗੁਰੋ! ਸਾਡੀ ਇਹ ਜੀਭ ਦਿਨੇ ਰਾਤ ਉਨ੍ਹਾਂ ਵਿਅਰਥ ਗੱਲਾਂ ਕਰਨ ਵਿਚ ਤੱਤਪਰ ਰਹਿੰਦੀ ਹੈ, ਜਿਨ੍ਹਾਂ ਤੋਂ ਸਾਨੂੰ ਕੋਈ ਵੀ ਲਾਭ ਹਾਸਲ ਨਹੀਂ ਹੁੰਦਾ, ਇਸ ਨੂੰ ਦੱਸੋ ਅਸੀਂ ਕਿਵੇਂ ਸਮਝਾਈਏ?

ਉ: ੧. ਹੇ ਮੇਰੀ ਜਿੰਦੇ! ਸੁਣ, ਤੂੰ ਇਸ ਆਪਣੀ ਜੀਭ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮੇਰੀ ਰਸਨਾ! ਤੂੰ ਪਰਮੇਸ਼ਰ ਦਾ ਨਾਮ ਜਪਿਆ ਕਰ (ਕਿਉਂਕਿ) ਇਸੇ ਹਰਿ ਹਰਿ ਨਾਮ ਨੂੰ ਜਪ ਕੇ ਤੇਰੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਦੂਰ ਹੋ ਜਾਏਗੀ।

ਪ੍ਰ: ਕਿਉਂ ਜੀ! ਇਹ ਜਿਤਨੇ ਲੋਕ ਵੀ ਹਰਿ ਹਰਿ ਜਪਦੇ ਵੇਖਦੇ ਹਾਂ, ਕੀ ਇਨ੍ਹਾਂ ਸਾਰਿਆਂ ਦੇ ਹੀ ਮਨ ਵਿਚ ਹਰੀ ਵਸਿਆ ਹੁੰਦਾ ਹੈ?

ਉ: ੨. ਹੇ ਮੇਰੀ ਜਿੰਦੇ! ਸੁਣ, ਇਹ ਗੱਲ ਸਮਝ ਲੈ ਕਿ ਜਿਸ ਉੱਤੇ ਉਹ ਮੇਰਾ ਪਾਰਬ੍ਰਹਮ ਮਿਹਰ ਕਰਦਾ ਹੈ, ਮਨ ਵਿਚ ਤਾਂ ਉਸੇ ਦੇ ਹੀ ਵਸਦਾ ਹੈ, (ਮੁਖੋਂ ਤਾਂ ਭਾਵੇਂ ਹਰਿ ਹਰਿ ਬਹੁਤ ਲੋਕਾਂ ਨੂੰ ਕਰਦਿਆਂ ਸੁਣੀਦਾ ਹੈ)।

ਪ੍ਰ: ਹਜ਼ੂਰ! ਇਹ ਨਾਮ ਖ਼ਜ਼ਾਨਾ, ਆਖ਼ਿਰ ਮਿਲੇਗਾ ਕਿੱਥੋਂ?

ਉ: ੩. ਹੇ ਮੇਰੀ ਸੋਹਣੀ ਜਿੰਦੇ! ਸੁਣ ਜਿਸ ਮਨੁੱਖ ਨੂੰ ਪੂਰਨ ਗੁਰੂ ਮਿਲ ਪਵੇ, ਉਹ ਪ੍ਰਭੂ ਦਾ ਨਾਮ ਧਨ, ਨਾਮ ਖ਼ਜ਼ਾਨਾ ਲੱਭ ਲੈਂਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਉਹ ਸੰਗਤ ਵੀ ਕਿਸੇ ਵਡਭਾਗੀ ਨੂੰ ਹੀ ਮਿਲਦੀ ਹੈ, ਜਿਸ ਨੂੰ ਕਿ ਮਿਲਣ ਵਾਲਾ ਮਿਲ ਕੇ ਹਰੀ ਦੇ ਗੁਣ ਗਾਵੇ।੩।

੧. ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ
ਪਾਰਬ੍ਰਹਮੁ ਪ੍ਰਭੁ ਦਾਤਾ ਰਾਮ॥
੨. ਤਾ ਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ
ਪੂਰਨ ਪੁਰਖੁ ਬਿਧਾਤਾ ਰਾਮ॥
੩. ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ
ਜਿਉ ਬਾਲਕ ਪਿਤ ਮਾਤਾ ਰਾਮ॥
੪. ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ
ਜਨ ਨਾਨਕ ਗੁਰਮੁਖਿ ਜਾਤਾ ਰਾਮ॥੪॥੬॥ਛਕਾ॥੧॥

ਪਦ ਅਰਥ : ਥਾਨ ਥਨੰਤਰਿ—ਥਾਂਨ ਥਾਂਨ ਅੰਤਰ, ਹਰੇਕ ਥਾਂ ਵਿਚ। ਬਿਧਾਤਾ—ਸਿਰਜਨਹਾਰ, ਪੈਦਾ ਕਰਨ ਵਾਲਾ, ਫਲ ਪ੍ਰਦਾਤਾ। ਸਹਸ—ਹਜ਼ਾਰਾਂ। ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਜਾਤਾ—ਜਾਣੀਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਜਿਸ ਸੁੱਖ ਦਾਤੇ ਪ੍ਰਭੂ ਬਾਰੇ ਆਪ ਬਾਰ-ਬਾਰ ਜ਼ਿਕਰ ਕਰਦੇ ਆ ਰਹੇ ਹੋ, ਜੇ ਉਸ ਤਕ ਪੁੱਜਣਾ ਚਾਹੀਏ ਤਾਂ ਉਸ ਦਾ ਨਿਵਾਸ ਅਸਥਾਨ ਕਿਤਨੀ ਕੁ ਦੂਰੀ 'ਤੇ ਹੈ?

ਉ: ੧. ਹੇ ਮੇਰੀ ਸੋਹਣੀ ਜਿੰਦੇ! ਸੁਣ, ਉਹ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਪ੍ਰਭੂ ਪਰਮੇਸ਼ਰ ਤਾਂ ਹਰੇਕ ਥਾਂ ਵਿਚ ਹੀ ਵੱਸ ਰਿਹਾ ਹੈ, ਭਾਵ ਥਾਵਾਂ ਤੇ ਥਾਵਾਂ ਦੇ ਵਿਚਾਲੇ ਸਾਰੇ ਹੀ ਵਸਦਾ ਹੈ।

੨. ਹੇ ਮੇਰੀ ਸੋਹਣੀ ਜਿੰਦੇ! ਵੇਖ, ਉਸ ਦੇ ਅੰਤ ਪਾ ਲੈਣ ਦਾ ਖ਼ਿਆਲ ਨਾ ਕਰੀਏ, (ਕਿਉਂਕਿ) ਉਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਹ ਸਿਰਜਨਹਾਰ ਪੂਰਨ ਪੁਰਖ ਬਿਧਾਤਾ ਸਰਵ ਘਟਾਂ ਵਿਚ ਵਿਆਪਕ ਹੈ।

ਪ੍ਰ: ਕਿਉਂ ਜੀ! ਜਿਸ ਨੂੰ ਆਪ ਵਿਆਪਕ ਮੰਨਦੇ ਹੋ, ਉਸ ਵਿਚ ਸ਼ਕਤੀ ਕਿਤਨੀ ਕੁ ਹੈ?

ਉ: ੩. ਹੇ ਮੇਰੀ ਜਿੰਦੇ! ਵੇਖ, ਉਹ ਇਤਨੀ ਸ਼ਕਤੀ ਦਾ ਮਾਲਕ ਹੈ ਕਿ (ਉਹ ਗੁਪਤ ਰੂਪ ਹੋ ਕੇ) ਸਾਰੇ ਹੀ ਜੀਵਾਂ ਦੀ ਪ੍ਰਤਿਪਾਲਨਾ ਕਰਦਾ ਹੈ, ਜਿਵੇਂ ਕਿ ਮਾਤਾ-ਪਿਤਾ ਬੱਚਿਆਂ ਨੂੰ ਪਾਲਦੇ ਹਨ।

ਪ੍ਰ: ਹਜ਼ੂਰ! ਜੋ ਇਤਨਾ ਗੁਪਤ ਰੂਪ ਹੈ, ਉਸ ਨੂੰ ਪ੍ਰਾਪਤ ਕਰਨ ਲਈ ਤਾਂ ਫਿਰ ਬਹੁਤ ਹੀ ਸਿਆਣਪ ਤੇ ਚਾਤੁਰਤਾ ਦੀ ਲੋੜ ਹੋਵੇਗੀ?

ਉ: ੪. (ਨਹੀਂ), (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਸੁਣ, ਉਹ ਪਰਮੇਸ਼ਰ (ਦੋ ਚਾਰ ਨਹੀਂ) ਭਾਵੇਂ ਕਿਸੇ ਵਿਚ ਹਜ਼ਾਰਾਂ ਸਿਆਣਪਾਂ ਵੀ ਕਿਉਂ ਨਾ ਹੋਣ, ਉਹ ਉਨ੍ਹਾਂ ਨਾਲ ਵੀ ਨਹੀਂ ਮਿਲ ਸਕਦਾ, ਹਾਂ ਉਸ ਨੂੰ ਕੇਵਲ ਗੁਰੂ ਦੁਆਰਾ ਹੀ ਜਾਣਿਆ ਜਾ ਸਕਦਾ ਹੈ।੪।੬।ਛਕਾ੧।

ਭਾਵਾਰਥ : ਇਸ ਛੰਤ ਵਿਚ ਹਜ਼ੂਰ ਉਨ੍ਹਾਂ ਲੋਕਾਂ ਦਾ ਜ਼ਿਕਰ ਕਰਦੇ ਹਨ, ਜੋ ਪਾਪ ਕਰਮ ਕਰਦੇ ਹੋਏ ਪ੍ਰਭੂ ਅੱਗੇ ਬਹਾਨੇਬਾਜ਼ੀ ਕਰਦੇ ਰਹਿੰਦੇ ਹਨ। ਮਨਮੁਖ ਜੋ ਘਾਲ ਕਮਾਈ ਵੀ ਕਰਦੇ ਹਨ, ਉਹ ਉਨ੍ਹਾਂ ਦੀ ਬਿਰਥੀ ਜਾਂਦੀ ਹੈ, ਕਿਉਂਕਿ ਉਹ ਹੰਗਤਾ ਸਹਿਤ ਕਰਦੇ ਹਨ। ਉਨ੍ਹਾਂ ਮਨਮੁਖਾਂ ਦੇ ਟਾਕਰੇ ਵਿਚ ਗੁਰਮੁਖਾਂ ਦਾ ਸਭੋ ਕੁਝ ਸਫਲਾ ਹੈ ਤੇ ਉਨ੍ਹਾਂ ਨੂੰ ਰੱਬੀ ਦਰਬਾਰ ਵਿਚ ਗਿਆਂ ਸਨਮਾਨ ਮਿਲਦਾ ਹੈ, ਉਨ੍ਹਾਂ ਦੀ ਸੰਗਤ ਵਿਚ ਰਹਿਣ ਵਾਲੇ ਸੰਗੀਆਂ ਦੀ ਵੀ ਵਿਕਾਰਾਂ ਦੀ ਮੈਲ ਨਵਿਰਤ ਹੋ ਜਾਂਦੀ ਹੈ।

ਬਿਹਾਗੜਾ ਮਹਲਾ ੫ ਛੰਤ ਘਰੁ ੧

ੴ ਸਤਿਗੁਰ ਪ੍ਰਸਾਦਿ ॥

੧. ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ
ਜੋ ਕਰੇ ਸੁ ਧਰਮ ਨਿਆਏ ਰਾਮ ॥
੨. ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ
ਆਵਣੁ ਜਾਣੁ ਸਬਾਏ ਰਾਮ ॥
੩. ਆਵਣੁ ਤ ਜਾਣਾ ਤਿਨਹਿ ਕੀਆ
ਜਿਨਿ ਮੇਦਨਿ ਸਿਰਜੀਆ ॥
੪. ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ
ਇਕਿ ਭਰਮਿ ਭੂਲੇ ਫਿਰਦਿਆ ॥
੫. ਅੰਤੁ ਤੇਰਾ ਤੂੰਹੈ ਜਾਣਹਿ
ਤੂੰ ਸਭ ਮਹਿ ਰਹਿਆ ਸਮਾਏ ॥
੬. ਸਚੁ ਕਹੈ ਨਾਨਕੁ ਸੁਣਹੁ ਸੰਤਹੁ
ਹਰਿ ਵਰਤੈ ਧਰਮ ਨਿਆਏ ॥੧॥

ਪਦ ਅਰਥ : ਅਚੰਭਉ—ਅਸਚਰਜ, ਤਮਾਸ਼ਾ। ਲਾਲ—ਹੇ ਪਿਆਰੇ! ਧਰਮ ਨਿਆਏ—ਧਰਮ ਤੇ ਨਿਆਉਂ, ਧਰਮ ਦਾ ਨਿਆਉਂ, ਉਹ ਇਨਸਾਫ਼ ਜਿਸ ਵਿਚ ਧਰਮ ਦੇ ਸਾਰੇ ਅੰਗ ਹੋਣ, ਪੂਰਾ-ਪੂਰਾ ਸੱਚਾ ਨਿਆਉਂ। ਰੰਗੁ—ਰੰਗ ਭੂਮੀ ਜਿਥੇ ਨਟ ਆ ਕੇ ਆਪਣਾ ਖੇਲ ਵਿਖਾਂਦੇ ਹਨ। ਅਖਾੜਾ—ਪਿੜ। ਪਾਇਓਨੁ—ਉਸ ਨੇ ਬਣਾ ਦਿੱਤਾ ਹੈ। ਆਵਣੁ ਜਾਣੁ—ਜੰਮਣਾ ਤੇ ਮਰਣਾ। ਸਬਾਏ—ਸਾਰੇ ਜੀਵਾਂ ਨੂੰ। ਤਿਨਹਿ—ਉਸ (ਪਰਮੇਸ਼ਰ) ਨੇ ਹੀ। ਜਿਨਿ—ਜਿਸ ਨੇ। ਮੇਦਨਿ—ਧਰਤੀ, ਸ੍ਰਿਸ਼ਟੀ। ਸਿਰਜੀਆ—ਪੈਦਾ ਕੀਤੀ ਹੈ। ਮੇਲਿ—ਮਿਲਾ ਕੇ। ਮਹਲਿ—ਮਹਲ ਵਿਚ, ਹਜ਼ੂਰੀ ਵਿਚ। ਭਰਮਿ—ਭਟਕਣਾ ਵਿਚ ਪੈ ਕੇ। ਤੂੰਹੈ—ਤੂੰ ਹੀ। ਸਚੁ—ਅਟੱਲ ਨਿਯਮ। ਵਰਤੈ—ਕਾਰ ਵਿਹਾਰ ਚਲਾਂਦਾ ਹੈ।੧।

ਅਰਥ :

ਪ੍ਰ: ਹੇ ਗੁਰੋ! ਆਪ ਜਿਸ ਪਰਮੇਸ਼ਰ ਦੇ ਮਾਰਗ 'ਤੇ ਟੁਰੀ ਜਾ ਰਹੇ ਹੋ, ਕੀ ਤੁਸਾਂ ਕਦੀ ਉਸ ਦਾ ਜੀਵਨ ਸਫ਼ਰ ਵਿਚ ਅਸਚਰਜਤਾ ਭਰਿਆ ਕੋਈ ਕੌਤਕ ਵੀ ਤੱਕਿਆ ਹੈ?

ਉ: ੧. (ਹਾਂ ਜ਼ਰੂਰ ਤੱਕਿਆ ਹੈ) ਹੇ ਮੇਰੇ ਪਿਆਰੇ ਜੀਉ! ਮੈਂ ਉਸ ਵਾਹਿਗੁਰੂ ਜੀ ਦਾ ਇਕ ਅਸਚਰਜ ਕਰ ਦੇਣ ਵਾਲਾ ਤਮਾਸ਼ਾ ਵੇਖਿਆ ਹੈ, ਉਹ ਇਹ ਹੈ ਕਿ ਜੋ ਕੁਝ ਵੀ ਉਹ ਕਰਦਾ ਹੈ, ਉਹ ਧਰਮ ਅਨੁਸਾਰ ਕਰਦਾ ਹੈ, ਭਾਵ ਨਿਆਂ ਅਨੁਸਾਰ ਕਰਦਾ ਹੈ।

ਪ੍ਰ: ਕਿਉਂ ਜੀ! ਇਹ ਅਸਚਰਜ ਤਮਾਸ਼ਾ ਕਰਨ ਵਾਲੀ ਉਸ ਦੀ ਥਾਂ ਕਿਹੜੀ ਹੈ?

ਉ: ੨. ਹੇ ਮੇਰੇ ਪਿਆਰੇ ਜੀ! 'ਵੇਖ' ਇਸ ਸੰਸਾਰ ਨੂੰ ਹੀ ਉਸ ਪ੍ਰਭੂ ਜੀ ਨੇ ਨਾਟਕ ਕਰਨੇ ਦਾ ਤਮਾਸ਼ਾ ਘਰ ਬਣਾਇਆ ਹੋਇਆ ਹੈ, ਭਾਵ ਇਕ ਪਿੜ ਬਣਾ ਦਿੱਤਾ ਹੈ, ਇਕ ਰਣ-ਭੂਮੀ ਰਚ ਦਿੱਤੀ ਹੈ, ਜਿਸ ਵਿਚ ਸਾਰੇ (ਨਟਾਂ ਲਈ) ਭਾਵ ਹੈ ਜੀਵਾਂ ਰੂਪੀ ਪਹਿਲਵਾਨਾਂ ਲਈ ਜੰਮਣ ਮਰਣ (ਭੀ ਨੀਅਤ ਕਰ ਦਿੱਤਾ ਹੈ)।

੩. ਇਸ ਜਗਤ ਵਿਚ ਜੀਵਾਂ ਦਾ ਆਉਣਾ-ਜਾਣਾ ਉਸੇ ਨੇ ਬਣਾਇਆ ਹੈ, ਜਿਸ ਮਾਲਕ ਪ੍ਰਭੂ ਜੀ ਨੇ ਇਸ ਸਾਰੇ ਜਗਤ ਨੂੰ ਰਚਿਆ ਹੈ।

ਪ੍ਰ: ਹਜ਼ੂਰ! ਕੀ ਇਸ ਤੋਂ ਇਲਾਵਾ ਕੋਈ ਹੋਰ ਵੀ ਤਮਾਸ਼ਾ ਤੱਕਿਆ ਹੈ?

ਉ: ੪. (ਹੇ ਮੇਰੇ ਪਿਆਰੇ ਜੀ) ਮੈਂ ਇਕ ਅਸਚਰਜ ਕੌਤਕ ਹੋਰ ਵੀ ਵੇਖਿਆ ਹੈ ਕਿ ਇਕਨਾਂ ਨੂੰ ਉਹ ਸਤਿਗੁਰੂ ਨਾਲ ਮਿਲਾਪ ਕਰਵਾ ਕੇ ਆਪਣੇ ਮਹਲ ਵਿਚ ਬੁਲਾ ਲੈਂਦਾ ਹੈ ਤੇ ਇਕ ਕਈ ਜੀਵ ਭਟਕਣਾ ਵਿਚ ਪੈ ਕੇ ਕੁਰਾਹੇ ਪਏ ਫਿਰਦੇ ਹਨ।

ਪ੍ਰ: ਕਿਉਂ ਜੀ! ਕੀ ਤੁਸੀਂ ਇਸ ਬਾਰੇ ਕਦੀ ਕੁਝ ਸੋਚ ਭੀ ਕਰਦੇ ਹੋ?

ਉ: ੫. ਹੇ ਪਿਆਰੇ! ਇਸ ਬਾਰੇ ਤਾਂ ਕਿਸੇ ਦੀ ਵੀ ਸੋਚ ਸ਼ਕਤੀ ਕੋਈ ਕੰਮ ਹੀ ਨਹੀਂ ਕਰਦੀ, ਹਾਂ ਮੈਂ ਵੀ ਜਦੋਂ ਕੁਝ ਉਸ ਬਾਰੇ ਸੋਚਣਾ ਚਾਹੁੰਦਾ ਹਾਂ ਤਾਂ ਸੋਚਦਿਆਂ-ਸੋਚਦਿਆਂ ਜਦੋਂ ਆਖ਼ਿਰ ਸੋਚ ਸ਼ਕਤੀ ਮੁੱਕ ਜਾਂਦੀ ਹੈ ਤਾਂ ਅੰਦਰੋਂ ਇਕ ਅਗੰਮੀ ਆਵਾਜ਼ ਇਉਂ ਨਿਕਲਦੀ ਹੈ ਕਿ ਹੇ ਮੇਰੇ ਪ੍ਰਭੂ ਜੀ! ਤੇਰਾ ਅੰਤ ਤੂੰ ਆਪ ਹੀ ਜਾਣਦਾ ਹੈਂ (ਤੂੰ ਬੇਅੰਤ ਹੁੰਦਾ ਹੋਇਆ ਭੀ ਫਿਰ) ਸਾਰਿਆਂ ਵਿਚ ਸਮਾ ਰਿਹਾ ਹੈਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ਸੰਤੋ! ਸੁਣੋ, ਮੈਂ ਸੱਚ ਆਖਦਾ ਹਾਂ ਤੇ ਉਸ ਦਾ ਅਟੱਲ ਨਿਯਮ ਦੱਸਦਾ ਹਾਂ (ਕਿ) ਉਹ ਪਰਮੇਸ਼ਰ ਇਹ ਸਭੋ ਕੁਝ ਆਪ ਕਰਦਾ ਹੋਇਆ ਧਰਮ ਅਨੁਸਾਰ, ਨਿਆਂ ਅਨੁਸਾਰ ਦੁਨੀਆ ਦੀ ਕਾਰ ਚਲਾ ਰਿਹਾ ਹੈ।੧।

੧. ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ
ਹਰਿ ਹਰਿ ਨਾਮੁ ਅਰਾਧੇ ਰਾਮ ॥
੨. ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ
ਜਮ ਕਾ ਮਾਰਗੁ ਸਾਧੇ ਰਾਮ ॥
੩. ਮਾਰਗੁ ਬਿਖੜਾ ਸਾਧਿ ਗੁਰਮੁਖਿ
ਹਰਿ ਦਰਗਹ ਸੋਭਾ ਪਾਈਐ ॥
੪. ਜਿਨ ਕਉ ਬਿਧਾਤੈ ਧੁਰਹੁ ਲਿਖਿਆ
ਤਿਨ੍ਹਾ ਰੈਣਿ ਦਿਨੁ ਲਿਵ ਲਾਈਐ ॥
੫. ਹਉਮੈ ਮਮਤਾ ਮੋਹੁ ਛੁਟਾ
ਜਾ ਸੰਗਿ ਮਿਲਿਆ ਸਾਧੇ ॥
੬. ਜਨੁ ਕਹੈ ਨਾਨਕੁ ਮੁਕਤੁ ਹੋਆ
ਹਰਿ ਹਰਿ ਨਾਮੁ ਅਰਾਧੇ ॥੨॥

ਪਦ ਅਰਥ : ਅਰਾਧੇ—ਅਰਾਧਦਾ ਹੈ। ਕਰਿ ਪੂਰਾ—ਅਭੁੱਲ ਮੰਨ ਕੇ। ਮਾਰਗੁ—ਰਸਤਾ। ਸਾਧੇ—ਸਾਧਦਾ ਹੈ, ਚੰਗਾ ਬਣਾ ਲੈਂਦਾ ਹੈ। ਬਿਖੜਾ—ਔਖਾ। ਸਾਧਿ—ਸਾਧ ਕੇ। ਗੁਰਮੁਖਿ—ਗੁਰੂ ਦੇ ਰਾਹੀਂ। ਪਾਈਐ—ਪ੍ਰਾਪਤ ਕਰ ਲਈਦੀ ਹੈ। ਬਿਧਾਤੈ—ਪਰਮੇਸ਼ਰ ਨੇ।

ਧੁਰਹੁ—ਆਪਣੀ ਹਜ਼ੂਰੀ ਤੋਂ। ਰੈਣਿ—ਰਾਤ। ਲਿਵ—ਲਗਨ। ਸੰਗਿ ਸਾਧੇ—ਸਾਧੂ ਗੁਰੂ ਸੰਗਤਿ ਵਿਚ। ਅਰਾਧੇ—ਅਰਾਧਿ, ਆਰਾਧ ਕੇ।੨।

ਅਰਥ :

ਪ੍ਰ: ਹੇ ਗੁਰੋ! ਜਿਸ ਰੱਬੀ ਮਾਰਗ 'ਤੇ ਤੁਸੀਂ ਟੁਰੀ ਜਾ ਰਹੇ ਹੋ, ਉਸ 'ਤੇ ਚਲਣ ਲਈ ਮੈਨੂੰ ਵੀ ਕੋਈ ਢੰਗ ਦੱਸ ਦਿਓ!

ਉ: ੧. ਹੇ ਮੇਰੇ ਪਿਆਰੇ ਜੀ! ਵੇਖ, ਤੂੰ ਗੁਰਸਿੱਖਾਂ ਅੱਗੇ ਇਉਂ ਜੋਦੜੀ ਕਰਿਆ ਕਰ ਕਿ ਹੇ ਸੰਤ ਜਨੋ! ਗੁਰਸਿੱਖਾਂ ਰੂਪ ਸਹੇਲੀਓ! ਆਓ ਰਲ ਕੇ ਹਰਿ ਹਰਿ ਨਾਮ ਦੀ ਅਰਾਧਨਾ ਕਰੀਏ।

੨. ਹੇ ਸਖੀਓ! ਸਤਿਗੁਰੂ ਨੂੰ ਪੂਰਾ ਤੇ ਅਭੁੱਲ ਸਮਝਕੇ ਸੇਵਾ ਕਰੋ, ਹੇ ਮੇਰੇ ਲਾਲ ਜੀਓ! ਜੋ ਕਿ ਜਮ ਦਾ ਰਸਤਾ ਸਾਧ ਦੇਵੇ, ਭਾਵ ਹੈ ਕਿ ਉਸ ਰਾਹ ਨੂੰ ਹੁਣੇ ਜਿੱਤ ਲਓ, ਤਾਂਕਿ ਤੁਹਾਨੂੰ ਮਰ ਕੇ ਕੋਈ ਔਖ ਨ ਵਾਪਰੇ।

੩. ਹਾਂ, ਇਹ ਔਖਾ ਰਸਤਾ ਗੁਰੂ ਦੁਆਰਾ ਸਾਧ ਲਈਏ, ਭਾਵ ਚੰਗਾ ਬਣਾ ਲਈਏ, ਇਸ ਤਰ੍ਹਾਂ ਹਰੀ ਦੀ ਦਰਗਾਹ ਵਿਚ ਪੁੱਜ ਕੇ ਸੋਭਾ ਪਾਈਏ।

ਪ੍ਰ: ਹਜ਼ੂਰ! ਸੰਗਤ ਵਿਚ ਰਲ ਕੇ ਬੈਠਣ ਵਾਲੇ ਤਾਂ ਬਹੁਤ ਲੋਕ ਵੇਖੀਦੇ ਹਨ, ਕੀ ਉਨ੍ਹਾਂ ਸਾਰਿਆਂ ਦੀ ਸੁਰਤਿ ਹੀ ਸਾਈਂ ਜੀ ਵਿਚ ਜੁੜੀ ਰਹਿੰਦੀ ਹੈ?

ਉ: ੪. ਹੇ ਪਿਆਰੇ! ਵੇਖੋ, ਅਸਲ ਗੱਲ ਤਾਂ ਇਹੋ ਹੈ ਕਿ ਜਿਨ੍ਹਾਂ ਦੇ ਭਾਗਾਂ ਵਿਚ ਉਸ ਪ੍ਰਭੂ ਜੀ ਨੇ ਧੁਰੋਂ ਹੀ ਲੇਖ ਲਿਖ ਦਿੱਤਾ ਹੈ, ਉਨ੍ਹਾਂ ਨੇ ਹੀ ਦਿਨੇ ਰਾਤ ਪ੍ਰਭੂ ਜੀ ਵਿਚ ਲਿਵ ਲਾਈ ਹੁੰਦੀ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਲਿਵ ਲਾਈ ਰੱਖਣ ਵਾਲਿਆਂ ਦੀ ਆਖ਼ਿਰ ਪਛਾਣ ਕੀ ਹੈ?

ਉ: ੫. ਹੇ ਪਿਆਰੇ! ਜਦੋਂ ਵੀ ਕੋਈ ਮਨੁੱਖ ਗੁਰੂ ਦੀ ਸੰਗਤ ਵਿਚ ਮਿਲਦਾ ਹੈ (ਤੇ ਗੁਰੂ ਦੇ ਦਿੱਤੇ ਉਪਦੇਸ਼ 'ਤੇ ਅਮਲ ਕਰਦਾ ਹੈ ਤਾਂ ਉਸ ਦੇ ਅੰਦਰੋਂ ਤਿੰਨਾਂ ਦੋਸ਼ਾਂ ਦਾ ਅਭਾਵ ਹੋ ਜਾਂਦਾ ਹੈ)।

੧. ਉਸਦੇ ਅੰਦਰੋਂ ਹਉਮੈ ਮਿਟ ਜਾਂਦੀ ਹੈ।
੨. ਮੇਰ-ਤੇਰ ਮੁੱਕ ਜਾਂਦੀ ਹੈ।
੩. ਅੰਤ ਉਸ ਦਾ ਮੋਹ ਵੀ ਛੁੱਟ ਜਾਂਦਾ ਹੈ।

ਪ੍ਰ: ਹਜ਼ੂਰ! ਇਨ੍ਹਾਂ ਤਿੰਨਾਂ ਦੋਸ਼ਾਂ ਤੋਂ ਆਜ਼ਾਦ ਹੋ ਜਾਣ ਦਾ ਆਖ਼ਰ ਫਲ ਕੀ ਹੋਵੇਗਾ?

ਉ: ੬. ਦਾਸ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਹ ਹਰਿ ਹਰਿ ਨਾਮ ਨੂੰ ਅਰਾਧਦਾ ਹੋਇਆ ਆਖ਼ਰ ਮੁਕਤ ਹੋ ਜਾਂਦਾ ਹੈ, (ਭਾਵ ਜੰਮਣ ਮਰਨ ਤੋਂ ਸਦਾ ਲਈ ਆਜ਼ਾਦ ਹੋ ਜਾਂਦਾ ਹੈ)।੨।

੧. ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ
ਅਬਿਨਾਸੀ ਪੁਰਖੁ ਪੂਜੇਹਾ ਰਾਮ ॥
੨. ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ
ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥
੩. ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ
ਕਿਆ ਕੋ ਪੂਜ ਚੜਾਵਏ ॥
੪. ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ
ਸੋ ਪ੍ਰਭ ਅੰਕਿ ਸਮਾਵਏ ॥
੫. ਭਾਗੁ ਮਸਤਕਿ ਹੋਇ ਜਿਸ ਕੈ
ਤਿਸੁ ਗੁਰ ਨਾਲਿ ਸਨੇਹਾ ॥
੬. ਜਨੁ ਕਹੈ ਨਾਨਕੁ ਮਿਲਿ ਸਾਧਸੰਗਤਿ
ਹਰਿ ਹਰਿ ਨਾਮੁ ਪੂਜੇਹਾ ॥੩॥

ਪਦ ਅਰਥ : ਕਰ—ਹੱਥ। ਹੋਇ—ਹੋ ਕੇ। ਪੁਰਖੁ—ਸਰਵ ਵਿਆਪਕ। ਬਹੁ ਬਿਧਿ—ਕਈ ਕਿਸਮਾਂ ਦੀਆਂ। ਖੋਜੀਆ—ਖੋਜੀਆਂ, ਮੈਂ ਭਾਲ ਵੇਖੀਆਂ ਹਨ। ਅਰਪੇਹਾ—ਭੇਟਾ ਕਰੀਏ। ਕੇਰਾ—ਦਾ। ਕੋ—ਕੋਈ ਮਨੁੱਖ। ਕਿਆ ਪੂਜ—ਕਿਹੜੀ ਸ਼ੈਅ ਭੇਟਾ ਵਜੋਂ। ਅੰਕਿ—ਅੰਕ ਵਿਚ, ਗੋਦ ਵਿਚ। ਸਮਾਏ—ਲੀਨ ਹੋ ਜਾਂਦਾ ਹੈ। ਮਸਤਕਿ—ਮੱਥੇ ਉੱਤੇ। ਸਨੇਹਾ—ਪਿਆਰ। ਮਿਲਿ—ਮਿਲਿ ਕੇ। ਪੂਜੇਹਾ—ਪੂਜੀਏ।੩।

ਅਰਥ :

ਪ੍ਰ: ਹੇ ਗੁਰੋ! ਦੱਸੋ, ਮੈਂ ਹੋਰ ਕੀ ਕੁਝ ਕਰਾਂ?

ਉ: ੧. ਹੇ ਮੇਰੇ ਪਿਆਰੇ! ਹੋਰ ਇਉਂ ਆਖਿਆ ਕਰ ਕਿ ਹੇ ਸੰਤੋ! ਆਓ ਇਕੱਠੇ ਹੋਵੋ ਤੇ ਇਕੱਠੇ ਹੋ ਕੇ ਹੱਥ ਜੋੜੋ ਅਤੇ ਇਉਂ ਅਬਿਨਾਸ਼ੀ ਪੁਰਖ ਨੂੰ ਪੂਜੀਏ।

ਪ੍ਰ: ਹਜ਼ੂਰ! ਪੂਜਾ ਤਾਂ ਬਹੁਤ ਤਰ੍ਹਾਂ ਦੀਆਂ ਸ਼ਾਸਤ੍ਰਕਾਰਾਂ ਨੇ ਕਹੀਆਂ ਹਨ, ਪਰ ਆਖ਼ਰ ਆਪ ਕਿਸ ਪੂਜਾ ਕਰਨ ਕਰਾਉਣ ਵਿਚ ਨਿਸਚਾ ਰੱਖਦੇ ਹੋ?

ਉ: ੨. ਹੇ ਮੇਰੇ ਪਿਆਰਿਓ! ਮੈਂ ਹੋਰ ਕਈ ਕਿਸਮਾਂ ਦੀ ਪੂਜਾ ਭੇਟਾ ਭਾਲ ਕੇ ਵੇਖੀ ਹੈ, ਪਰ ਸਭ ਤੋਂ ਸਰੇਸ਼ਟ ਪੂਜਾ ਇਹੋ ਹੈ ਕਿ ਇਹ ਮਨ ਤੇ ਤਨ ਆਪਣਾ ਸਭੋ ਕੁਝ (ਉਸੇ ਸਾਈਂ ਜੀ ਨੂੰ) ਭੇਟਾ ਕਰ ਦੇਵੀਏ।

ਪ੍ਰ: ਹੇ ਗੁਰੋ! ਕੀ ਇਹ ਤੁਹਾਡੀ ਕੀਤੀ ਹੋਈ ਭੇਟਾ ਕਬੂਲੀ ਜਾਏਗੀ?

ਉ: ੩. ਕਿਸੇ ਅਗੰਮੀ ਸੋਚ ਮੰਡਲ ਵਿਚ ਪੁੱਜੇ ਹੋਏ ਆਂ, ਸਤਿਗੁਰਾਂ ਦੇ ਅੰਦਰੋਂ ਇਉਂ ਆਵਾਜ਼ ਆਈ, ਨਹੀਂ! ਨਹੀਂ! ਹੇ ਭਾਈਓ! ਇਹ ਵੀ ਕੋਈ ਭੇਟਾ ਨਹੀਂ ਕਹੀ ਜਾ ਸਕਦੀ, (ਕਿਉਂਕਿ) ਇਹ ਮਨ, ਤਨ ਤੇ ਧਨ ਸਭ ਅੱਗੇ ਹੀ ਪ੍ਰਭੂ ਜੀ ਦਾ ਹੈ, ਤਦ ਦੱਸੋ ਕੋਈ ਇਨ੍ਹਾਂ ਵਿਚੋਂ ਪ੍ਰਭੂ ਜੀ ਨੂੰ ਪੂਜਾ ਕੀ ਚੜ੍ਹਾਵੇ? (ਸੋ) ਕੋਈ ਮਨੁੱਖ (ਆਪਣੀ ਮਲਕੀਅਤ ਦੀ) ਕਿਹੜੀ ਚੀਜ਼ ਭੇਟਾ ਕਰ ਸਕਦਾ ਹੈ (ਇਸ ਲਈ ਚਾਹੀਦਾ ਹੈ ਕਿ ਅਪਣਤ ਛੱਡ ਕੇ ਕੇਵਲ ਮਿਹਰ ਆਸਰੇ ਹੋ ਜਾਓ)।

੪. ਸੋ ਹੇ ਪਿਆਰੇ! ਜਿਸ ਉੱਤੇ (ਉਹ) ਮਾਲਕ ਦਿਆਲੂ ਤੇ ਕਿਰਪਾਲੂ ਹੋ ਜਾਏਗਾ, ਉਹੋ ਪ੍ਰਭੂ ਜੀ ਦੇ ਅੰਕ ਵਿਚ, ਸਰੂਪ ਵਿਚ ਸਮਾ ਜਾਂਦਾ ਹੈ।

੫. ਹੇ ਪਿਆਰੇ! ਜਿਸ ਦੇ ਮੱਥੇ ਉੱਤੇ ਲਿਖਿਆ ਭਾਗ ਜਾਗ

ਪੈਂਦਾ ਹੈ, ਉਸਦਾ ਆਪਣੇ ਗੁਰੂ ਨਾਲ ਪਿਆਰ ਬਣ ਜਾਂਦਾ ਹੈ।

੬. ਇਸ ਲਈ ਹੇ ਪਿਆਰੇ ! ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਜੀਵੋ ਆਓ ! ਸਾਧ ਸੰਗਤ ਵਿਚ ਮਿਲ ਕੇ ਹਰਿ ਹਰਿ ਨਾਮ ਨੂੰ ਪੂਜੀਏ, ਭਾਵ ਨਾਮ ਦਾ ਸਿਮਰਨ ਕਰੀਏ।੩।

੧. ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ
ਹਰਿ ਪਾਇਅੜਾ ਘਰਿ ਆਏ ਰਾਮ ॥
੨. ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥
੩. ਸਰਬੇ ਸਮਾਣਾ ਆਪਿ ਸੁਆਮੀ
ਗੁਰਮੁਖਿ ਪਰਗਟੁ ਹੋਇਆ ॥
੪. ਮਿਟਿਆ ਅਧੇਰਾ ਦੂਖੁ ਨਾਠਾ
ਅਮਿਉ ਹਰਿ ਰਸੁ ਚੋਇਆ ॥
੫. ਜਹਾ ਦੇਖਾ ਤਹਾ ਸੁਆਮੀ
ਪਾਰਬ੍ਰਹਮੁ ਸਭ ਠਾਏ ॥
੬. ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ
ਹਰਿ ਪਾਇਅੜਾ ਘਰਿ ਆਏ ॥੪॥੧॥

ਪਦ ਅਰਥ : ਦਹ ਦਿਸ—ਦਸੀਂ ਪਾਸੀਂ। ਪਾਇਅੜਾ—ਲੱਭ ਲਿਆ। ਘਰਿ—ਹਿਰਦੇ ਘਰ ਵਿਚ। ਆਏ—ਆਇ, ਆਕੇ। ਹਰਿ ਮੰਦਰੁ—ਹਰੀ ਨੇ ਆਪਣੇ ਰਹਿਣ ਲਈ ਘਰ। ਸਰਬੇ—ਸਭ ਜੀਵਾਂ ਵਿਚ। ਗੁਰਮੁਖਿ—ਗੁਰੂ ਦੇ ਰਾਹੀਂ। ਅਧੇਰਾ—ਹਨੇਰਾ। ਨਾਠਾ—ਨੱਠ ਗਿਆ। ਅਮਿਉ—ਅੰਮ੍ਰਿਤ, ਅਮਰ ਕਰਨ ਵਾਲਾ ਨਾਮ ਜਲ। ਠਾਏ—ਠਾਈਂ, ਥਾਈਂ। ਸਤਿਗੁਰਿ—ਗੁਰੂ ਨੇ।੪।

ਅਰਥ :

ਪ੍ਰ: ਹੇ ਗੁਰੋ ! ਤੁਸਾਂ ਖੋਜ ਕਰਦਿਆਂ-ਕਰਦਿਆਂ ਆਖ਼ਰ ਸਾਈਂ ਜੀ ਨੂੰ ਪ੍ਰਾਪਤ ਕਿੱਥੋਂ ਕੀਤਾ ਹੈ ?

ਉ: ੧. ਹੇ ਮੇਰੇ ਪਿਆਰੇ ਜੀ ! ਅਸੀਂ ਪਰਮੇਸ਼ਰ ਨੂੰ ਲੱਭਣ ਵਾਸਤੇ (ਪਹਿਲੋਂ) ਦਸੋਂ ਹੀ ਦਿਸ਼ਾ ਵਿਚ ਭਾਲ ਕਰਦੇ ਫਿਰੇ, ਪਰ ਆਖ਼ਰ ਉਹ ਹਰੀ ਆਪਣੇ ਘਰ ਵਿਚੋਂ ਹੀ ਪਾਇਆ, ਭਾਵ ਇਸ ਸਰੀਰ ਵਿਚ ਹੀ ਮਨ ਟਿਕਿਆਂ ਪਾਇਆ ਹੈ।

ਪ੍ਰ: ਹੇ ਗੁਰੋ ! ਉਸ ਪ੍ਰਭੂ ਜੀ ਦਾ ਕਿਸੇ ਸਰੀਰ ਵਿਚੋਂ ਲੱਭ ਪੈਣ ਦਾ ਅਸਲ ਕਾਰਣ ਕੀ ਹੈ ?

ਉ: ੨. ਹੇ ਮੇਰੇ ਪਿਆਰੇ ! ਵੇਖ, ਉਸ ਹਰਿ ਜੀਉ ਨੇ ਇਸ ਮਨੁੱਖ ਸਰੀਰ ਨੂੰ ਆਪਣੇ ਰਹਿਣ ਲਈ ਘਰ ਬਣਾਇਆ ਹੋਇਆ ਹੈ। ਉਹ ਹਰੀ ਇਸ (ਹਰੀ ਮੰਦਰ) ਸਰੀਰ ਵਿਚ ਆਪ ਹੀ ਸਮਾ ਰਿਹਾ ਹੈ।

ਪ੍ਰ: ਕਿਉਂ ਜੀ ! ਜੇ ਉਹ ਹਰੀ ਇਸ ਸਰੀਰ ਵਿਚ ਹੀ ਸਮਾ ਰਿਹਾ ਹੈ ਤਾਂ ਉਹ ਦਿੱਸਦਾ ਕਿਉਂ ਨਹੀਂ ?

ਉ: ੩. ਹੇ ਪਿਆਰੇ ! ਉਹ ਮਾਲਕ ਪ੍ਰਭੂ ਵਿਆਪਕ ਤਾਂ ਸਾਰੇ ਜੀਵਾਂ ਵਿਚ ਹੋ ਰਿਹਾ ਹੈ, ਪਰ ਹਾਂ, ਉਸ ਦੀ ਇਸ ਹੋਂਦ ਦਾ ਗਿਆਨ ਗੁਰੂ ਦੀ ਸ਼ਰਨ ਵਿਚ ਪਿਆਂ ਹੀ ਹੁੰਦਾ ਹੈ।

ਪ੍ਰ: ਹਜ਼ੂਰ ! ਗੁਰਾਂ ਪਾਸ ਉਹ ਕਿਹੜੀ ਜੁਗਤੀ ਹੈ, ਜਿਸ ਦੁਆਰਾ ਕਿ ਉਹ ਇਸੇ ਸਰੀਰ ਵਿਚ ਪ੍ਰਭੂ ਜੀ ਦਾ ਪ੍ਰਕਾਸ਼ ਕਰਵਾ ਦੇਂਦਾ ਹੈ ?

ਉ: ੪. ਹੇ ਪਿਆਰੇ ! ਉਹ ਗੁਰੂ ਮਨੁੱਖ ਦੇ ਮੂੰਹ ਵਿਚ ਅਮਰ ਜੀਵਨ ਦੇਣ ਵਾਲਾ ਨਾਮ ਜਲ, ਨਾਮ ਰਸ ਚੋਅ ਦੇਂਦਾ ਹੈ। ਉਸ ਨਾਮ ਜਲ ਦੀ ਬਰਕਤ ਨਾਲ ਮਾਇਆ ਮੋਹ ਦਾ ਅੰਧੇਰਾ ਅੰਦਰੋਂ ਮਿਟ ਜਾਂਦਾ ਹੈ ਤੇ ਇਉਂ ਉਸ ਦਾ ਸਾਰਾ ਦੁੱਖ ਦੂਰ ਹੋ ਜਾਂਦਾ ਹੈ।

ਪ੍ਰ: ਕਿਉਂ ਜੀ ! ਜਦ ਕਿਸੇ ਅੰਦਰੋਂ ਮੋਹ ਦਾ ਅੰਧੇਰਾ ਮਿਟ ਜਾਏ ਤਾਂ ਕੀ ਉਸ ਦੀ ਮਾਨਸਕ ਦਸ਼ਾ ਵੀ ਬਦਲ ਜਾਂਦੀ ਹੈ ?

ਉ: ੫. (ਹਾਂ ਜ਼ਰੂਰ ਬਦਲਦੀ ਹੈ) ਹੇ ਭਾਈਓ ! ਗੁਰੂ ਦੀ ਕਿਰਪਾ ਨਾਲ ਜਿਥੇ ਵੀ ਉਹ ਦੇਖਦਾ ਹੈ, ਉਸ ਨੂੰ ਉਥੇ ਹੀ ਮਾਲਕ ਪਰਮੇਸ਼ਰ ਸਭ ਥਾਈਂ ਵਸਦਾ ਦਿੱਸਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਗੁਰੂ ਨੇ ਮੈਨੂੰ ਪਰਮਾਤਮਾ ਮਿਲਾ ਦਿੱਤਾ ਹੈ, ਹੁਣ ਮੈਂ ਪਰਮੇਸ਼ਰ ਨੂੰ ਆਪਣੇ ਹਿਰਦੇ ਘਰ ਵਿਚੋਂ ਆ ਕੇ ਲੱਭ ਲਿਆ ਹੈ।੪।੧।

ਭਾਵਾਰਥ : ਇਸ ਛੰਤ ਵਿਚ ਸ੍ਰੀ ਹਜ਼ੂਰ ਜੀ ਦੱਸਦੇ ਹਨ ਕਿ ਇਹ ਜਗਤ ਸਾਈਂ ਜੀ ਦਾ ਇਕ ਰਚਿਆ ਰੰਗ ਅਖਾੜਾ ਹੈ, ਜਿਸ ਵਿਚ ਸਾਈਂ ਜੀ ਵਲੋਂ ਪੂਰਨ ਨਿਆਂ ਹੁੰਦਾ ਦੱਸ ਰਹੇ ਹਨ ਕਿ ਉਹ ਪ੍ਰਭੂ ਅਨਿਆਈਂ ਨਹੀਂ ਹੈ, ਧਰਮ ਦਾ ਨਿਆਂ ਕਰਦਾ ਹੈ।

ਅੱਗੇ ਪ੍ਰੇਰਣਾ ਕਰਦੇ ਹਨ ਕਿ ਆਓ ਸਤਿਗੁਰੂ ਦੀ ਸੇਵਾ ਕਰਕੇ ਨਾਮ ਦੀ ਅਰਾਧਨਾ ਕਰੀਏ, ਜਿਸ ਦੁਆਰਾ ਮੁਕਤ ਹੋ ਸਕੀਏ। ਅੱਗੇ ਨਾਮ ਰਹਿਤ ਪ੍ਰਭੂ ਦੀ ਪੂਜਾ ਸਿਖਾਈ ਹੈ ਅਤੇ ਹੋਰ ਸਾਰੀਆਂ ਪੂਜਾ ਕਰਨ ਵਲੋਂ ਵਰਜਿਆ ਹੈ। ਆਖ਼ਰ ਉਸ ਵਾਹਿਗੁਰੂ ਜੀ ਦਾ ਟਿਕਾਣਾ ਅੰਦਰ ਹੀ ਦੱਸਿਆ ਹੈ, ਕਿਉਂਕਿ ਇਸ ਸਰੀਰ ਮੰਦਰ ਵਿਚ ਹੀ ਹਰੀ ਤੇ ਹਰੀ ਦੇ ਨਾਮ ਦਾ ਨਿਵਾਸ ਹੈ, ਪਰ ਉਸ ਦੀ ਲਖਤਾ ਸਤਿਗੁਰੂ ਦੁਆਰਾ ਹੀ ਹੁੰਦੀ ਹੈ।

ਰਾਗੁ ਬਿਹਾਗੜਾ ਮਹਲਾ ੫ ॥

੧. ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ
ਪ੍ਰਾਨ ਅਧਾਰਾ ਰਾਮ ॥
੨. ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ
ਅਪਰ ਅਪਾਰਾ ਰਾਮ ॥
੩. ਗੋਪਾਲ ਦਇਆਲ ਗੋਬਿੰਦ ਲਾਲਨ
ਮਿਲਹੁ ਕੰਤ ਨਿਮਾਣੀਆ ॥
੪. ਨੈਨ ਤਰਸਨ ਦਰਸ ਪਰਸਨ
ਨਹ ਨੀਦ ਰੈਣਿ ਵਿਹਾਣੀਆ ॥
੫. ਗਿਆਨ ਅੰਜਨ ਨਾਮ ਬਿੰਜਨ
ਭਏ ਸਗਲ ਸੀਗਾਰਾ ॥
੬. ਨਾਨਕੁ ਪਇਅੰਪੈ ਸੰਤ ਜੰਪੈ
ਮੇਲਿ ਕੰਤੁ ਹਮਾਰਾ ॥੧॥

ਪਦ ਅਰਥ : ਅਤਿ ਪ੍ਰੀਤਮ—ਬਹੁਤ ਪਿਆਰਾ ਲੱਗਣ ਵਾਲਾ। ਮੋਹਨਾ—ਮੋਹ ਲੈਣ ਵਾਲਾ। ਘਟ ਸੋਹਨਾ—ਹਰੇਕ ਹਿਰਦੇ ਵਿਚ ਸੋਭ ਰਿਹਾ। ਪ੍ਰਾਨ ਅਧਾਰਾ—ਜਿੰਦ ਦਾ ਆਸਰਾ। ਅਪਰ ਅਪਾਰਾ—ਪਰੇ ਤੋਂ ਪਰੇ, ਬੇਅੰਤ। ਲਾਲਨ—ਹੇ ਲਾਲ। ਕੰਤ—ਹੇ ਕੰਤ, ਪਿਆਰੇ ਪਤੀ ਜੀ। ਨੈਨ—ਅੱਖਾਂ। ਦਰਸ ਪਰਸਨ—ਦਰਸਨ ਦੀ ਛੋਹ ਪ੍ਰਾਪਤ ਕਰਨ ਲਈ, ਭਾਵ ਦਰਸ਼ਨ ਨੂੰ। ਰੈਣਿ—ਰਾਤ। ਵਿਹਾਣੀਆ—ਗੁਜ਼ਰ ਜਾਂਦੀ ਹੈ। ਅੰਜਨ—ਸੁਰਮਾ, ਗਿਆਨ ਰੂਪੀ ਸੁਰਮਾ, ਬੁੱਧੀ ਰੂਪੀ ਅੱਖਾਂ ਵਿਚ। ਬਿੰਜਨ—ਭੋਜਨ। ਸੀਗਾਰਾ—ਸਿੰਗਾਰ। ਪਇਅੰਪੈ—ਚਰਨੀਂ ਪੈਂਦਾ ਹੈ। ਜੰਪੈ—ਬੇਨਤੀ ਕਰਦਾ ਹੈ। ਕੰਤ—ਖ਼ਸਮ।੧।

ਅਰਥ :

ਪ੍ਰ: ਹੇ ਗੁਰੋ! ਆਪ ਜੀ ਦੇ ਮਨ ਵਿਚ ਉਸ ਪਿਆਰੇ ਸਾਈਂ ਦੇ ਮਿਲਣ ਦੀ ਇਤਨੀ ਵਧੇਰੇ ਖਿੱਚ ਕਿਉਂ ਉਤਪੰਨ ਹੋ ਰਹੀ ਹੈ ?

ਉ: ੧. ਹੇ ਸੱਜਨਾ! ਸੁਣ, ਮੈਂ ਉਸ ਨੂੰ ਅਨੁਭਵ ਕੀਤਾ ਹੈ ਕਿ ਉਹ ਪਰਮੇਸ਼ਰ ਬਹੁਤ ਹੀ ਪਿਆਰਾ ਲੱਗਣ ਵਾਲਾ ਹੈ, ਸਾਰਿਆਂ ਦੇ ਹੀ ਮਨ ਨੂੰ ਮੋਹ ਲੈਣ ਵਾਲਾ ਹੈ ਅਤੇ ਉਹੋ ਹੀ ਸਭ ਦੇ ਪ੍ਰਾਣਾਂ ਦਾ ਆਸਰਾ ਹੈ ?

ਪ੍ਰ: ਕਿਉਂ ਜੀ! ਉਸ ਦੀ ਤੁਸਾਂ ਨੂੰ ਪ੍ਰਤੀਤੀ ਕਿਵੇਂ ਹੋ ਆਈ ਹੈ ?

ਉ: ੨. ਹੇ ਭਾਈ! ਮੈਂ ਸੁਣ ਰਿਹਾ ਹਾਂ ਕਿ ਉਸ ਦਇਆ ਦੇ ਘਰ ਗੁਪਾਲ ਪਿਆਰੇ ਦੀ ਸੋਹਣੀ ਸੋਭਾ (ਸਾਰੇ ਹੀ ਸੰਸਾਰ ਵਿਚ ਪਸਰ ਰਹੀ ਹੈ) ਬੜੀ ਹੀ ਬੇਅੰਤ ਸੋਭਾ ਹੈ।

੩. (ਇਸੇ ਲਈ) ਮੈਂ ਉਸ ਦੀ ਅਪਰ ਅਪਾਰ ਸੋਭਾ ਨੂੰ ਸੁਣ ਕੇ ਸਦਾ ਹੀ ਇਉਂ ਜੋਦੜੀ ਕਰਦਾ ਰਹਿੰਦਾ ਹਾਂ ਕਿ ਹੇ ਦਇਆਲ ਗੋਬਿੰਦ! ਹੇ ਗੋਪਾਲ ਪਿਆਰੇ ਕੰਤ! (ਆਓ) ਮੈਂ ਨਿਮਾਣੀ ਨੂੰ ਆ ਮਿਲੋ।

ਪ੍ਰ: ਕਿਉਂ ਜੀ! ਇਹ ਜੋ ਤੁਹਾਡੇ ਅੰਦਰ ਮਿਲਾਪ ਦੀ ਸੱਧਰ ਹੈ, ਇਸ ਨੂੰ ਪੂਰੀ ਕਰਨ ਲਈ ਸਾਧਨ ਕੀ ਕਰਦੇ ਹੋ ?

ਉ: ੪. ਹੇ ਮਿੱਤਰੋ! ਮੈਂ ਹੋਰ ਸਾਧਨ ਕਰਨ ਦੀ ਤਾਂ ਸਮਰੱਥਾ ਹੀ ਨਹੀਂ ਰੱਖਦਾ, ਮੇਰੇ ਕੋਲ ਤਾਂ ਇਕ ਅਰਦਾਸ ਹੀ ਹੈ ਜਿਸ ਨੂੰ ਮੈਂ ਦਿਨੇ ਰਾਤ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕਰਦਾ ਰਹਿੰਦਾ ਹਾਂ ਕਿ ਹੇ ਸਾਈਂ ਜੀ! ਆਪ ਜੀ ਦੇ ਦਰਸ਼ਨ ਕਰਨ ਨੂੰ (ਮੇਰੇ) ਨੈਣ ਤਰਸਦੇ ਹਨ, ਨੀਂਦ ਨਹੀਂ ਪੈਂਦੀ, (ਇਸੇ ਲਈ) ਰਾਤ ਵੀ ਨਹੀਂ ਗੁਜ਼ਰਦੀ, ਜਾਂ ਇਉਂ ਜਾਣੋ ਕਿ ਮੇਰੀ ਜ਼ਿੰਦਗੀ ਦੀ ਰਾਤ ਲੰਘਦੀ ਜਾ ਰਹੀ ਹੈ, (ਪਰ ਮੈਨੂੰ ਤੇਰੇ ਮਿਲਾਪ ਤੋਂ ਪੈਦਾ ਹੋਣ ਵਾਲੀ) ਸ਼ਾਂਤੀ ਨਹੀਂ ਮਿਲ ਰਹੀ।

ਪ੍ਰ: ਕਿਉਂ ਜੀ! ਵੇਖੀਦਾ ਹੈ ਕਿ ਬਹੁਤੇ ਲੋਕ ਸਾਧਨਾ ਦੇ ਸ਼ਿੰਗਾਰ ਕਰਦੇ ਹਨ, ਪਰ ਉਨ੍ਹਾਂ ਵਿਚੋਂ ਕਿਸਦੇ ਕੀਤੇ ਸਾਧਨਾਂ ਨੂੰ ਸਫਲ ਮੰਨਿਆ ਜਾਵੇ ?

ਉ: ੫. ਹੇ ਸੱਜਨਾ! ਵੇਖ, ਜਿਸ ਸਾਧਕ ਨੂੰ ਗੁਰੂ ਦੇ ਬਖ਼ਸ਼ੇ ਹੋਏ ਗਿਆਨ ਦਾ ਸੁਰਮਾ ਮਿਲ ਗਿਆ ਹੈ ਅਤੇ ਜਿਸ ਨੂੰ ਆਤਮਿਕ ਜੀਵਨ ਦਾ ਭੋਜਨ ਹਰੀ ਨਾਮ ਮਿਲ ਗਿਆ ਹੈ, (ਸਮਝ ਲਓ ਕਿ) ਉਸ ਦੇ ਸਾਰੇ ਹੀ ਸ਼ਿੰਗਾਰ ਸਫਲ ਹੋ ਗਏ ਹਨ, ਭਾਵ ਉਸ ਨੂੰ ਫਿਰ ਹੋਰ ਕਿਸੇ ਜਪ ਤਪ ਆਦਿ ਸ਼ਿੰਗਾਰ ਕਰਨ ਦੀ ਲੋੜ ਹੀ ਨਹੀਂ ਰਹੀ।

ਪ੍ਰ: ਹੇ ਗੁਰੋ! ਆਖ਼ਰ ਦੱਸੋ, ਹੁਣ ਤੁਸੀਂ ਕੀ ਸਾਧਨ ਕਰਦੇ ਹੋ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਤਾਂ ਸੰਤ ਜਨਾਂ ਦੀ ਚਰਨੀ ਪੈਂਦਾ ਹਾਂ ਅਤੇ ਸੰਤ ਜਨਾਂ ਅੱਗੇ ਹੀ ਅਰਜ਼ੋਈ ਕਰਦਾ ਹਾਂ ਕਿ ਹੇ ਸੰਤ ਜਨੋ! ਮੈਨੂੰ ਮੇਰਾ ਪਿਆਰਾ ਪ੍ਰਭੂ ਪਤੀ ਮਿਲਾ ਦਿਓ।੧।

੧. ਲਾਖ ਉਲਾਹਨੇ ਮੋਹਿ ਹਰਿ
ਜਬ ਲਗੁ ਨਹ ਮਿਲੈ ਰਾਮ ॥
੨. ਮਿਲਨ ਕਉ ਕਰਉ ਉਪਾਵ ਕਿਛੁ
ਹਮਾਰਾ ਨਹ ਚਲੈ ਰਾਮ ॥
੩. ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ
ਕਵਨ ਬਿਧੀ ਨ ਧੀਜੀਐ ॥
੪. ਖਾਨ ਪਾਨ ਸੀਗਾਰ ਬਿਰਥੇ
ਹਰਿ ਕੰਤ ਬਿਨੁ ਕਿਉ ਜੀਜੀਐ ॥
੫. ਆਸਾ ਪਿਆਸੀ ਰੈਨਿ ਦਿਨੀਅਰੁ
ਰਹਿ ਨ ਸਕੀਐ ਇਕੁ ਤਿਲੈ ॥
੬. ਨਾਨਕੁ ਪਇਅੰਪੈ ਸੰਤ ਦਾਸੀ
ਤਉ ਪ੍ਰਸਾਦਿ ਮੇਰਾ ਪਿਰੁ ਮਿਲੈ ॥੨॥

ਪਦ ਅਰਥ : ਉਲਾਹਨੇ—ਉਲਾਂਭੇ, ਗਿਲੇ। ਕਰਉ—ਕਰਉਂ, ਮੈਂ ਕਰਦੀ ਹਾਂ। ਉਪਾਵ—ਕਈ ਹੀਲੇ। ਚਲ—ਚੰਚਲ। ਬਿਤ—ਧਨ। ਅਨਿਤ—ਨਿੱਤ ਨਾ ਰਹਿਣ ਵਾਲਾ। ਕਵਨ ਬਿਧਿ—ਕਿਸੇ ਤਰ੍ਹਾਂ ਵੀ। ਧੀਜੀਐ—ਧੀਰਜ ਆਉਂਦੀ। ਜੀਜੀਐ—ਜੀਵਿਆ ਜਾਏ। ਰੈਨਿ—ਰਾਤ। ਦਿਨੀਅਰੁ—ਸੂਰਜ, ਦਿਨ। ਇਕੁ ਤਿਲੈ—ਜਿਤਨਾ ਸਮਾਂ ਵੀ, ਇਕ ਤਿਲ ਭਰ ਵੀ ਭਾਵ ਥੋੜ੍ਹਾ ਸਮਾਂ ਭੀ। ਸੰਤ—ਹੇ ਸੰਤ, ਹੇ ਗੁਰੂ। ਤਉ ਪ੍ਰਸਾਇ—ਤੇਰੀ ਕਿਰਪਾ ਨਾਲ।੨।

ਅਰਥ :

ਪ੍ਰ: ਹੇ ਗੁਰੋ! ਤੁਸੀਂ ਸਾਈਂ ਜੀ ਦੇ ਮਿਲਾਪ ਲਈ ਇਤਨੀ ਸ਼ੀਘਰਤਾ ਕਿਉਂ ਕਰਦੇ ਹੋ ?

ਉ: ੧. ਹੇ ਭਾਈਓ! ਮੈਂ ਸ਼ੀਘਰਤਾ ਇਸ ਲਈ ਕਰਦਾ ਹਾਂ (ਕਿਉਂਕਿ ਮੈਨੂੰ ਇਉਂ ਅਨੁਭਵ ਹੋ ਰਿਹਾ ਹੈ ਕਿ) ਜਦੋਂ ਤਕ ਮੈਂ (ਆਪਣੇ ਪਿਆਰੇ ਸਾਈਂ ਜੀ ਨੂੰ ਨਹੀਂ ਮਿਲਦਾ) ਤਦੋਂ ਤਕ (ਮੇਰੀਆਂ ਕੀਤੀਆਂ ਹੋਈਆਂ ਭੁੱਲਾਂ ਦੇ) ਮੈਨੂੰ ਲੱਖਾਂ ਹੀ ਉਲਾਂਭੇ ਮਿਲਦੇ ਰਹਿੰਦੇ ਹਨ (ਅਤੇ ਮਿਲਦੇ ਹੀ ਰਹਿਣਗੇ)।

ਪ੍ਰ: ਕਿਉਂ ਜੀ! ਉਨ੍ਹਾਂ ਉਲਾਂਭਿਆਂ ਤੋਂ ਬਚਣ ਲਈ ਤੁਸੀਂ ਕੋਈ ਉਪਾਉ ਕਿਉਂ ਨਹੀਂ ਕਰਦੇ ?

ਉ: ੨. ਹੇ ਸੱਜਣੋ! ਮੈਂ ਉਸ ਸਾਈਂ ਜੀ ਨੂੰ ਮਿਲਣ ਲਈ ਅਨੇਕਾਂ ਹੀਲੇ ਕਰਦੀ ਹਾਂ, (ਪਰ ਕੀ ਕਰਾਂ) ਮੇਰੀ ਕੋਈ ਪੇਸ਼ ਹੀ ਨਹੀਂ ਜਾਂਦੀ।

ਪ੍ਰ: ਕਿਉਂ ਜੀ! ਇਸ ਵਿਚ ਅਸਲ ਕਾਰਨ ਕੀ ਹੈ ?

ਉ: ੩. ਹੇ ਭਰਾਵੋ! ਅਸਲ ਕਾਰਨ ਹੈ ਕਿ ਜੋ ਧਨ ਹੈ ਇਹ ਅਨਿਤ ਹੈ, ਨਾਸਵੰਤ ਹੈ, ਪਰ ਚਿੱਤ ਉਸ ਧਨ ਦੀ ਇਕੱਤ੍ਰਤਾ ਕਰਨ ਵਿਚ ਸਦਾ ਹੀ ਨੱਠਾ ਫਿਰਦਾ ਹੈ, ਇਸ ਲਈ ਉਸ ਪਿਆਰੇ ਤੋਂ ਬਿਨਾ ਕਿਸੇ ਤਰ੍ਹਾਂ ਵੀ ਮਨ ਨੂੰ ਧੀਰਜ ਨਹੀਂ ਆਉਂਦੀ, ਭਾਵ ਹੋਰ ਕਿਸੇ ਬਿਧੀ ਨਾਲ ਵੀ ਮਨ ਨਹੀਂ ਟਿਕਦਾ।

ਪ੍ਰ: ਸ੍ਰੀ ਜੀਓ! ਜਦ ਕਿ ਤੁਹਾਡੇ ਪਾਸ ਖਾਣ, ਪੀਣ ਤੇ ਸਰੀਰ ਨੂੰ ਸ਼ਿੰਗਾਰਨ ਲਈ ਸਭੋ ਕੁਝ ਮੌਜੂਦ ਹੈ, ਫਿਰ ਦੱਸੋ ਤੁਹਾਨੂੰ ਇਤਨੀ ਕਲਪਨਾ ਕਿਉਂ ਹੈ?

ਉ: ੪. ਹੇ ਪਿਆਰੇ! ਸੁਣ, ਜੋ ਹੋਰ ਖਾਨ ਪਾਨ ਸ਼ਿੰਗਾਰ ਕਰੀਦੇ ਹਨ, ਉਹ ਸਾਰੇ ਹੀ ਵਿਅਰਥ ਜਾਂਦੇ ਹਨ, ਕਿਉਂਕਿ ਹਰੀ ਕੰਤ ਤੋਂ ਬਿਨਾ ਜੀਵਿਆ ਨਹੀਂ ਜਾਂਦਾ। ਪ੍ਰਭੂ ਪਤੀ ਤੋਂ ਬਿਨਾ ਜੀਵਨ ਦਾ ਕੋਈ ਵੀ ਹੱਜ, ਕੱਜ ਨਹੀਂ।

ਪ੍ਰ: ਕਿਉਂ ਜੀ! ਤੁਹਾਡੇ ਅੰਦਰ ਉਸ ਨੂੰ ਮਿਲਣ ਦੀ ਕਿਤਨੀ ਕੁ ਆਸ਼ਾ ਲੱਗੀ ਸਮਝੀਏ?

ਉ: ੫. ਹੇ ਪਿਆਰੇ! ਉਸ ਸਾਈਂ ਜੀ ਦੇ ਮਿਲਣੇ ਦੀ ਖਿੱਚ ਨੂੰ ਤਾਂ ਬਿਆਨਿਆ ਨਹੀਂ ਜਾਂਦਾ, ਪਰ ਹਾਂ, ਇਉਂ ਜਾਣੋ ਕਿ ਮੈਂ ਆਸ਼ਾ ਵਿਚ ਪਿਆਸੀ ਤਰਸਣਹਾਰ ਹਾਂ, (ਇਸ ਲਈ) ਉਸ ਪਿਆਰੇ ਪ੍ਰਭੂ ਪਤੀ ਤੋਂ ਬਿਨਾ, ਇਕ ਤਿਲ ਮਾਤ੍ਰ ਸਮਾਂ ਵੀ ਰਹਿਆ ਨਹੀਂ ਜਾ ਸਕਦਾ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਗੁਰੋ, (ਹੁਣ ਮੈਂ ਜੀਵ ਰੂਪ ਇਸਤ੍ਰੀ) ਆਪ ਜੀ ਦੀ ਦਾਸੀ ਹੋ ਕੇ ਬੇਨਤੀ ਕਰਦੀ ਹਾਂ, (ਕਿਉਂਕਿ) ਤੇਰੀ ਕਿਰਪਾ ਨਾਲ ਹੀ ਮੇਰਾ ਪਤੀ ਮਿਲੇਗਾ।੨।

੧. ਸੇਜ ਏਕ ਪ੍ਰਿਉ ਸੰਗਿ
ਦਰਸੁ ਨ ਪਾਈਐ ਰਾਮ॥
੨. ਅਵਗਨ ਮੋਹਿ ਅਨੇਕ ਕਤ
ਮਹਲਿ ਬੁਲਾਈਐ ਰਾਮ॥
੩. ਨਿਰਗੁਨਿ ਨਿਮਾਣੀ ਅਨਾਥਿ ਬਿਨਵੈ
ਮਿਲਹੁ ਪ੍ਰਭ ਕਿਰਪਾ ਨਿਧੇ॥
੪. ਭ੍ਰਮ ਭੀਤਿ ਖੋਈਐ ਸਹਜਿ ਸੋਈਐ
ਪ੍ਰਭ ਪਲਕ ਪੇਖਤ ਨਵ ਨਿਧੇ॥
੫. ਗ੍ਰਿਹਿ ਲਾਲੁ ਆਵੈ ਮਹਲੁ ਪਾਵੈ
ਮਿਲਿ ਸੰਗਿ ਮੰਗਲੁ ਗਾਈਐ॥
੬. ਨਾਨਕੁ ਪਇਅੰਪੈ ਸੰਤ ਸਰਣੀ ਮੋਹਿ
ਦਰਸੁ ਦਿਖਾਈਐ॥੩॥

ਪਦ ਅਰਥ: ਪ੍ਰਿਉ—ਪ੍ਰਭੂ ਪਤੀ। ਸੰਗਿ—ਨਾਲ। ਦਰਸੁ—ਦਰਸ਼ਨ। ਮੋਹਿ—ਮੇਰੇ, ਮੇਰੇ ਵਿਚ। ਕਤ—ਕਿਵੇਂ? ਮਹਲਿ—ਮਹੱਲ ਵਿਚ, ਪ੍ਰਭੂ ਦੀ ਹਜ਼ੂਰੀ ਵਿਚ। ਨਿਰਗੁਨਿ—ਗੁਣ ਹੀਣ। ਅਨਾਥਿ—ਨਿਆਸਰੀ। ਬਿਨਵੈ—ਬੇਨਤੀ ਕਰਦੀ ਹੈ। ਪ੍ਰਭ—ਹੇ ਪ੍ਰਭੂ। ਕਿਰਪਾ ਨਿਧੇ—ਹੇ ਕਿਰਪਾ ਦੇ ਖ਼ਜ਼ਾਨੇ। ਭੀਤਿ—ਕੰਧ। ਖੋਈਐ—ਦੂਰ ਹੋ ਜਾਂਦੀ ਹੈ। ਨਵ ਨਿਧੇ—ਹੇ ਨੌਂ ਖ਼ਜ਼ਾਨਿਆਂ ਦੇ ਮਾਲਕ। ਗ੍ਰਿਹਿ—ਹਿਰਦੇ ਘਰ ਵਿਚ। ਲਾਲੁ—ਪਿਆਰਾ ਸੁੰਦਰ ਪ੍ਰਭੂ। ਮਹਲੁ—ਪ੍ਰਭੂ ਦੀ ਹਜ਼ੂਰੀ। ਮਿਲਿ—ਮਿਲ ਕੇ। ਸੰਗਿ—ਨਾਲ। ਮੰਗਲੁ—ਖ਼ੁਸ਼ੀ ਦਾ ਗੀਤ। ਮੋਹਿ—ਮੈਨੂੰ।੩।

ਅਰਥ:

ਪ੍ਰ: ਹੇ ਗੁਰੋ! ਅਸੀਂ ਜਦੋਂ ਭੀ ਤੁਹਾਡੇ ਪਾਸੋਂ ਸਾਈਂ ਜੀ ਦੇ ਵਿਛੋੜੇ ਦੀ ਗੱਲ ਸੁਣਦੇ ਹਾਂ, ਉਹ ਬੜੇ ਅਸਚਰਜਤਾ ਵਿਚ ਭਰੀ ਹੁੰਦੀ ਹੈ, ਇਸ ਦਾ ਕਾਰਣ ਕੀ ਹੈ?

ਉ: ੧. ਹੇ ਭਾਈਓ! ਮੇਰੇ ਵਿਛੋੜੇ ਦੀ ਗੱਲ ਇਸ ਲਈ ਅਸਚਰਜ ਹੈ ਕਿ ਵੇਖੋ, ਅੰਤਹਕਰਨ ਰੂਪੀ ਸੇਜਾ ਇਕੋ ਹੀ ਹੈ, ਪਤੀ ਉਸ ਉੱਤੇ ਮੇਰੇ ਨਾਲ ਹੀ ਹੈ, ਪਰ ਦਰਸ਼ਨ ਪ੍ਰਾਪਤ ਨਹੀਂ ਹੁੰਦਾ, (ਇਸ ਲਈ ਮੈਂ ਤਾਂ ਆਪ ਭੀ ਹੈਰਾਨਗੀ ਦੇ ਵਹਿਣ ਵਿਚ ਵਹੀ ਜਾ ਰਹੀ ਅਸਚਰਜ ਹੋ ਰਹੀ ਹਾਂ)।

ਪ੍ਰ: ਕਿਉਂ ਜੀ! ਕੋਈ ਇਸ ਦਾ ਕਾਰਣ ਵੀ ਤਾਂ ਜ਼ਰੂਰ ਹੀ ਹੋਵੇਗਾ?

ਉ: ੨. ਹੇ ਭੈਣੋ! ਹਾਂ, ਕਾਰਣ ਵੀ ਮੈਂ ਅਨੁਭਵ ਕਰਦੀ ਹਾਂ ਕਿ ਮੇਰੇ ਵਿਚ ਅਵਗੁਣ ਬਹੁਤੇ ਹਨ, ਇਸ ਲਈ ਮੈਨੂੰ ਸਾਈਂ ਜੀ ਦੀ ਹਜ਼ੂਰੀ ਵਿਚ ਸਦਿਆ ਵੀ ਕਿਵੇਂ ਜਾਵੇ, (ਭਾਵ ਹੈ ਉਹ ਪਿਆਰਾ ਪਤੀ ਇਕੋ ਹੀ ਅੰਤਹਕਰਣ ਰੂਪੀ ਸੇਜ 'ਤੇ ਵਸਦਾ ਹੈ, ਪਰ ਅਉਗਣਾਂ ਦੇ ਕਾਰਣ ਆਪਣੇ ਮੇਲ ਵਿਚ ਮੇਲ ਨਹੀਂ ਲੈਂਦਾ)।

ਪ੍ਰ: ਹਜ਼ੂਰ! ਆਖ਼ਰ ਹੁਣ ਮਿਲਾਪ ਲਈ ਕੋਈ ਸਾਧਨ ਵੀ ਕਰਦੇ ਹੋ ਕਿ ਨਹੀਂ?

ਉ: ੩. ਹੇ ਸਖੀਓ! ਸਾਧਨ ਤਾਂ ਕੋਈ ਨਹੀਂ ਕਰ ਸਕਦੀ, ਹਾਂ! ਕੇਵਲ ਇਕ ਇਉਂ ਅਰਦਾਸ ਹੀ ਕਰਦੀ ਹਾਂ ਕਿ ਹੇ ਸਾਈਂ ਜੀ! ਮੈਂ ਗੁਣਾਂ ਤੋਂ ਹੀਣ ਹਾਂ, ਨਿਮਾਣੀ ਤੇ ਅਨਾਥ ਬੇਨਤੀ ਕਰਦੀ ਹਾਂ ਕਿ ਹੇ ਕਿਰਪਾ ਦੀ ਨਿਧੀ ਪ੍ਰਭੂ ਜੀਓ! (ਮੈਨੂੰ) ਆਓ, ਮਿਲ ਪਵੋ।

ਪ੍ਰ: ਕਿਉਂ ਜੀ! ਜੇ ਸਾਈਂ ਜੀ ਪ੍ਰਤੱਖ ਹਨ, ਕਦੀ ਤੁਹਾਨੂੰ ਪੁੱਛ ਲੈਣ ਕਿ ਮੰਗੋ ਕੀ ਮੰਗਦੇ ਹੋ ਤਾਂ ਤੁਸੀਂ ਕੀ ਮੰਗੋਗੇ?

ਉ: ੪. ਹੇ ਸੱਜਣੋ! ਮੇਰੀ ਤਾਂ ਇਕ ਇਹੋ ਹੀ ਮੰਗ ਹੋਵੇਗੀ ਕਿ ਮੇਰੇ ਅੰਦਰੋਂ ਭਰਮ ਦੀ ਕੰਧ ਢਾਹ ਦਿਓ। ਹੇ ਨੌਂ ਨਿਧਾਂ ਰੂਪ ਪ੍ਰਭੂ ਜੀ, ਆਪ ਜੀ ਦੇ ਇਕ ਪਲ ਭਰ ਦੇ ਦੇਖਣ ਨਾਲ ਮੈਂ ਸਹਿਜ ਸੁੱਖ ਵਿਚ ਸੌਂ ਜਾਵਾਂਗੀ, (ਭਾਵ ਹੈ ਤੈਥੋਂ ਵਿਛੋੜਨ ਵਾਲੀ) ਇਕ ਹੀ ਵਿਚਕਾਰ ਭਟਕਣਾ ਦੀ ਕੰਧ ਹੈ, ਇਸ ਦੇ ਦੂਰ ਹੋਇਆਂ ਅਡੋਲਤਾ ਵਿਚ ਲੀਨਤਾ ਸੁਭਾਵਕ ਹੀ ਹੋ ਜਾਂਦੀ ਹੈ।

੫. ਹੇ ਪਿਆਰਿਓ! ਜਦੋਂ ਇਸ ਜੀਵ ਰੂਪੀ ਇਸਤ੍ਰੀ ਦੇ ਹਿਰਦੇ ਘਰ ਵਿਚ ਪਿਆਰਾ ਪ੍ਰਭੂ ਪਤੀ ਆ ਵਸਦਾ ਹੈ, ਜਦੋਂ ਜੀਵ ਰੂਪੀ ਇਸਤ੍ਰੀ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਕਰ ਲੈਂਦੀ ਹੈ, ਤਦੋਂ ਹੀ ਸਾਈਂ ਜੀ ਨਾਲ ਮਿਲ ਕੇ ਖ਼ੁਸ਼ੀ ਦਾ ਗੀਤ ਗਾਇਆ ਜਾ ਸਕਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਸੰਤਾਂ ਦੀ ਸ਼ਰਨ ਵਿਚ ਬੇਨਤੀ ਕਰਦਾ ਹਾਂ ਕਿ ਹੇ ਸੰਤੋ! (ਮੈਨੂੰ) ਦਰਸ਼ਨ ਵਿਖਾ ਦਿਓ।੩।

੧. ਸੰਤਨ ਕੈ ਪਰਸਾਦਿ
ਹਰਿ ਹਰਿ ਪਾਇਆ ਰਾਮ ॥
੨. ਇਛ ਪੁੰਨੀ ਮਨਿ ਸਾਂਤਿ
ਤਪਤਿ ਬੁਝਾਇਆ ਰਾਮ ॥
੩. ਸਫਲਾ ਸੁ ਦਿਨਸ ਰੈਣੇ ਸੁਹਾਵੀ
ਅਨਦ ਮੰਗਲ ਰਸੁ ਘਨਾ ॥
੪. ਪ੍ਰਗਟੇ ਗੁਪਾਲ ਗੋਬਿੰਦ ਲਾਲਨ
ਕਵਨ ਰਸਨਾ ਗੁਣ ਭਨਾ ॥
੫. ਭ੍ਰਮ ਲੋਭ ਮੋਹ ਬਿਕਾਰ ਥਾਕੇ
ਮਿਲਿ ਸਖੀ ਮੰਗਲੁ ਗਾਇਆ ॥
੬. ਨਾਨਕੁ ਪਇਅੰਪੈ ਸੰਤ ਜੰਪੈ ਜਿਨਿ
ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥

ਪਦ ਅਰਥ : ਪਰਸਾਦਿ—ਕਿਰਪਾ ਨਾਲ। ਪੁੰਨੀ—ਪੂਰੀ ਹੋ ਗਈ ਹੈ। ਮਨਿ—ਵਿਚ। ਤਪਤਿ—ਤਪਸ਼, ਸੜਨ। ਸਫਲਾ—ਮੁਬਾਰਿਕ। ਸੁ—ਉਹ। ਰੈਣੇ—ਰਾਤ। ਸੁਹਾਵੀ—ਸੁਖਾਵੀਂ। ਘਨਾ—ਬਹੁਤ। ਰਸਨਾ—ਜੀਭ। ਕਵਨ ਗੁਣ—ਕਿਹੜੇ-ਕਿਹੜੇ ਗੁਣ। ਭਨਾ—ਭਨਾਂ, ਮੈਂ ਦੱਸਾਂ। ਥਾਕੇ—ਮੁੱਕ ਗਏ ਹਨ। ਮਿਲਿ—ਮਿਲ ਕੇ। ਸਖੀ—ਸਖੀਆਂ, ਗਿਆਨ-ਇੰਦ੍ਰੇ। ਪਇਅੰਪੈ—ਚਰਨੀਂ ਪੈਂਦਾ ਹੈ। ਸੰਤ ਜੰਪੈ—ਗੁਰੂ ਅਗੇ ਅਰਜ਼ੋਈ ਕਰਦਾ ਹੈ। ਸੰਜੋਗਿ—ਸੰਜੋਗ ਦੀ ਰਾਹੀਂ, ਮਿਲਾਪ ਦੇ ਲੇਖ ਦੀ ਰਾਹੀਂ।੪।

ਅਰਥ :

ਪ੍ਰ: ਹੇ ਗੁਰੋ! ਆਪ ਜੀ ਸਾਈਂ ਜੀ ਦੇ ਮਿਲਾਪ ਲਈ ਉੱਦਮ ਕਰਦੇ ਆ ਰਹੇ ਹੋ, ਕੀ ਮਿਲਾਪ ਦਾ ਕੋਈ ਵਸੀਲਾ ਭੀ ਬਣ ਸਕਿਆ ਹੈ?

ਉ: ੧. ਹਾਂ ਜ਼ਰੂਰ! ਹੇ ਸੱਜਨੋ! ਸੁਣੋ, ਮੇਰੀ ਬੇਨਤੀ ਨੂੰ ਸੁਣ ਕੇ ਮੇਰੇ ਗੁਰੂ ਜੀ ਕਿਰਪਾਲੂ ਹੋ ਗਏ। ਉਸ ਗੁਰੂ ਦੀ ਕਿਰਪਾ ਦੁਆਰਾ ਮੈਂ ਹਰਿ ਹਰਿ ਪ੍ਰਭੂ ਪ੍ਰਾਪਤ ਕਰ ਲਿਆ ਹੈ।

੨. ਤੇ ਮੇਰੀ ਚਿਰਾਂ ਦੀ ਤਾਂਘ ਪੂਰੀ ਹੋ ਗਈ, ਮੇਰੇ ਮਨ ਵਿਚ ਠੰਡ ਪੈ ਗਈ ਹੈ ਅਤੇ ਹੁਣ ਮੇਰੇ ਅੰਦਰੋਂ ਤ੍ਰਿਸ਼ਨਾ ਦੀ ਤਪਸ਼ ਬੁੱਝ ਗਈ।

੩. ਉਹ ਦਿਨ ਸਫਲਾ ਹੋ ਗਿਆ, ਉਹ ਰਾਤ ਸੋਹਣੀ ਹੋ ਗਈ, ਅਨੰਦ ਮੰਗਲ ਤੇ ਵੱਧ ਤੋਂ ਵੱਧ ਰਸ ਮਿਲ ਗਿਆ, (ਜਿਸਨੂੰ ਕਿਹਾ ਨਹੀਂ ਜਾ ਸਕਦਾ)।

੪. (ਹੁਣ ਮੇਰੇ ਹਿਰਦੇ ਵਿਚ) ਉਹ ਪਿਆਰੇ ਗੋਪਾਲ ਗੋਬਿੰਦ ਜੀ ਪ੍ਰਗਟ ਹੋ ਗਏ ਹਨ। ਉਨ੍ਹਾਂ ਦੇ ਗੁਣ ਮੈਂ ਕਿਸ ਰਸਨਾ ਨਾਲ ਵਰਣਨ ਕਰਾਂ, ਭਾਵ ਮੇਰੇ ਪਾਸ ਤਾਂ ਉਸ ਦੇ ਗੁਣਾਂ ਨੂੰ ਬਿਆਨ ਕਰਨ ਲਈ ਰਸਨਾ ਹੀ ਨਹੀਂ, ਕਿਉਂਕਿ ਜੀਹਬਾ ਏਕ ਅਨੇਕ ਗੁਣਾਂ ਨੂੰ ਕਿਵੇਂ ਕਹਿ ਸਕਦੀ ਹੈ।

ਪ੍ਰ: ਕਿਉਂ ਜੀ! ਹੁਣ ਤੁਹਾਨੂੰ ਆਪਣੇ ਅੰਦਰੋਂ ਕੀ ਪ੍ਰਤੀਤੀ ਹੋ ਰਹੀ ਹੈ?

ਉ: ੫. ਹੇ ਮਿੱਤਰੋ! ਹੁਣ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਮੇਰੇ ਅੰਦਰੋਂ ਭਟਕਣਾ, ਲੋਭ, ਮੋਹ ਆਦਿ ਸਾਰੇ ਵਿਕਾਰ ਦੂਰ ਹੋ ਗਏ ਹਨ, ਭਾਵ ਮੇਰੇ ਮਗਰੋਂ ਲਹਿ ਗਏ ਤੇ ਹੁਣ ਮੇਰੀਆਂ (ਸਖੀਆਂ) ਗਿਆਨ-ਇੰਦ੍ਰੀਆਂ ਸਿਫ਼ਤਿ-ਸਾਲਾਹ ਦੇ ਗੀਤ ਗਾਇਨ ਕਰਦੀਆਂ ਹਨ।

ਪ੍ਰ: ਕਿਉਂ ਜੀ! ਆਖ਼ਰ ਹੁਣ ਤੁਸੀਂ ਕਰਨਾ ਕੀ ਚਾਹੁੰਦੇ ਹੋ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਈਓ! ਹੁਣ ਮੈਂ ਗੁਰੂ ਦੇ ਚਰਨਾਂ ਵਿਚ ਢਹਿ ਪਿਆ ਹਾਂ ਅਤੇ ਗੁਰੂ ਅੱਗੇ ਹੀ ਅਰਜ਼ੋਈ ਕਰਦਾ ਰਹਿੰਦਾ ਹਾਂ ਅਤੇ ਗੁਰੂ ਗੁਰੂ ਹੀ ਜਪਦਾ ਹਾਂ (ਜਿਨ੍ਹਾਂ ਨੇ ਮਿਲਾਪ ਦੇ ਲੇਖ ਨੂੰ ਉਜਾਗਰ ਕਰ) ਮੈਨੂੰ ਪਰਮੇਸ਼ਰ ਦਾ ਮਿਲਾਪ ਕਰਵਾ ਦਿੱਤਾ ਹੈ।੪।੨।

ਭਾਵਾਰਥ : ਇਸ ਮਹਾਂਵਾਕ ਵਿਚ ਸਤਿਗੁਰੂ ਜੀ ਨੇ ਉਸ ਸਾਈਂ ਜੀ ਦੇ ਸਾਰੇ ਮਿਲਾਪ ਦੇ ਸਾਧਨ ਤੇ ਮਿਲਣ ਦੀ ਤੀਬਰ ਇੱਛਾ ਅੰਕਤ ਕੀਤੀ ਹੈ ਅਤੇ ਸੰਤਾਂ ਦੀ ਕਿਰਪਾ ਲਈ ਅਰਦਾਸ ਕੀਤੀ ਗਈ ਹੈ। ਆਖ਼ਰ ਮਿਲਾਪ ਹੋ ਜਾਣ ਤੋਂ ਬਾਅਦ ਸ਼ੁਕਰੀਆ ਕੀਤਾ ਗਿਆ ਹੈ।

ਬਿਹਾਗੜਾ ਮਹਲਾ ੫ ॥

੧. ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ
ਅਨਦਿਨੁ ਨਾਮੁ ਵਖਾਣਾ ਰਾਮ ॥
੨. ਅੰਮ੍ਰਿਤ ਬਾਣੀ ਉਚਰਾ ਹਰਿ ਜਸੁ
ਮਿਠਾ ਲਾਗੈ ਤੇਰਾ ਭਾਣਾ ਰਾਮ ॥
੩. ਕਰਿ ਦਇਆ ਮਇਆ ਗੋਪਾਲ ਗੋਬਿੰਦ
ਕੋਇ ਨਾਹੀ ਤੁਝ ਬਿਨਾ ॥
੪. ਸਮਰਥ ਅਗਥ ਅਪਾਰ ਪੂਰਨ ਜੀਉ
ਤਨੁ ਧਨੁ ਤੁਮ੍ ਮਨਾ ॥
੫. ਮੂਰਖ ਮੁਗਧ ਅਨਾਥ ਚੰਚਲ
ਬਲਹੀਨ ਨੀਚ ਅਜਾਣਾ ॥
੬. ਬਿਨਵੰਤਿ ਨਾਨਕ ਸਰਣਿ ਤੇਰੀ
ਰਖਿ ਲੇਹੁ ਆਵਣ ਜਾਣਾ ॥੧॥

ਪਦ ਅਰਥ : ਗੁਰ—ਹੇ ਸਭਨਾਂ ਤੋਂ ਵੱਡੇ! ਅਨਦਿਨੁ—ਹਰ ਰੋਜ਼। ਵਖਾਣਾ—ਮੈਂ ਉਚਾਰਦਾ ਰਹਾਂ। ਅੰਮ੍ਰਿਤ—ਅਮਰ ਜੀਵਨ ਦੇਣ ਵਾਲੀ। ਉਚਰਾ—ਉਚਰਾਂ, ਮੈਂ ਉਚਾਰਦਾ ਰਹਾਂ। ਜਸੁ—ਸਿਫ਼ਤਿ-ਸਾਲਾਹ ਦਾ ਗੀਤ। ਮਇਆ—ਕਿਰਪਾ। ਗੁਪਾਲ—ਹੇ ਗੋਪਾਲ! ਅਗਥ—ਅਕੱਥ, ਜਿਸਦਾ ਰੂਪ ਬਿਆਨ ਨ ਕੀਤਾ ਜਾ ਸਕੇ। ਜੀਉ—ਜਿੰਦ। ਤੁਮ੍—ਤੇਰਾ ਦਿੱਤਾ ਹੋਇਆ। ਮੁਗਧ—ਮੂਰਖ। ਅਨਾਥ—ਨਿਆਸਰਾ। ਆਵਣ ਜਾਣਾ—ਜੰਮਣ ਮਰਣਾ।੧।

ਅਰਥ :

ਪ੍ਰ: ਹੇ ਗੁਰੋ! ਤੁਸੀਂ ਜਦ ਭੀ ਸਾਈਂ ਜੀ ਤੋਂ ਕੁਝ ਮੰਗਣਾ ਚਾਹੋ ਤਾਂ ਕੀ ਮੰਗਦੇ ਹੋ?

ਉ: ੧. ਹੇ ਭਰਾਵੋ! ਮੇਰੀ ਤਾਂ ਕੇਵਲ ਇਕੋ ਹੀ ਮੰਗ ਹੋਇਆ ਕਰਦੀ ਹੈ ਕਿ ਹੇ ਸਭ ਤੋਂ ਵੱਡੇ! ਹੇ ਸਰਵ ਗੁਣ ਭਰਪੂਰ ਪ੍ਰਭੂ ਜੀ, (ਮੇਰੀ ਅਰਦਾਸ ਹੈ) ਤੁਸੀਂ ਮੇਰੇ ਉੱਤੇ ਮਿਹਰ ਕਰੋ, (ਤਾਂਕਿ) ਮੈਂ ਹਰ ਵੇਲੇ ਹੀ ਤੇਰਾ ਨਾਮ ਉਚਾਰਨ ਕਰਦਾ ਰਵਾਂ।

੨. ਅਤੇ ਅਮਰ ਜੀਵਨ ਦੇਣ ਵਾਲੀ ਤੇਰੀ ਬਾਣੀ ਦੁਆਰਾ ਤੇਰੀ ਸਿਫ਼ਤਿ-ਸਾਲਾਹ ਦਾ ਗੀਤ ਗਾਂਦਾ ਰਹਾਂ ਅਤੇ ਮੈਂ ਤੇਰੇ ਭਾਣੇ ਨੂੰ ਮਿੱਠਾ ਮੰਨ ਕੇ ਤੇਰੀ ਰਜ਼ਾ ਵਿਚ ਰਾਜ਼ੀ ਰਹਿੰਦਿਆਂ ਹੋਇਆਂ ਜੀਵਨ ਗੁਜ਼ਾਰਾਂ।

੩. ਹੇ ਗੋਪਾਲ! ਹੇ ਗੋਬਿੰਦ! ਮੇਰੇ ਉੱਤੇ ਦਇਆ ਕਰੋ, ਤਰਸ ਕਰੋ, (ਕਿਉਂਕਿ) ਤੇਰੇ ਬਿਨਾਂ ਮੇਰਾ ਹੋਰ ਦੂਜਾ ਕੋਈ ਸਹਾਰਾ ਹੀ ਨਹੀਂ।

੪. ਹੇ ਸਾਰੀਆਂ ਤਾਕਤਾਂ ਦੇ ਮਾਲਕ! ਹੇ ਅਕੱਥ, ਹੇ ਬੇਅੰਤ! ਮੇਰੀ ਇਹ ਜਿੰਦ, ਮੇਰਾ ਇਹ ਮਨ, ਇਹ ਸਰੀਰ, ਇਹ ਧਨ, ਸਭੋ ਕੁਝ ਤੇਰਾ ਹੀ ਦਿੱਤਾ ਹੋਇਆ ਹੈ।

ਪ੍ਰ: ਅਗੰਮੀ ਆਵਾਜ਼ ਆਈ ਕਿ ਤੁਸੀਂ ਕੋਈ ਸਾਧਨ ਕਿਉਂ ਨਹੀਂ ਕਰਦੇ?

ਉ: ੫. ਹੇ ਸਾਈਂ ਜੀ! ਮੇਰੇ ਵਿਚ ਕੋਈ ਭੀ ਸਾਧਨ ਕਰਨ ਦੀ ਸਮਰੱਥਾ ਨਹੀਂ ਹੈ, (ਕਿਉਂਕਿ) ਮੈਂ ਮੂਰਖ ਹਾਂ, ਮੂਲੋਂ ਹੀ ਮੂਰਖ ਹਾਂ, ਅਨਾਥ ਹਾਂ! ਚੰਚਲ ਹਾਂ, ਬਲਹੀਣ, ਨੀਚ ਤੇ ਅਨਜਾਣ ਹਾਂ (ਇਸ ਲਈ ਕੋਈ ਸਾਧਨ ਕਰਨ ਦੀ ਸਮਰੱਥਾ ਹੀ ਨਹੀਂ ਹੈ)। (ਪਰ) ਮੈਂ ਫਿਰ ਵੀ ਤੇਰੀ ਸ਼ਰਨ ਵਿਚ ਆ ਪਿਆ ਹਾਂ)।

ਪ੍ਰ: ਗ਼ੈਬੀ ਆਵਾਜ਼ ਆਈ! ਆਖ਼ਰ ਤੁਸੀਂ ਮੰਗਦੇ ਕੀ ਹੋ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਸਾਈਂ ਜੀ! ਮੈਂ ਤੇਰੀ ਸ਼ਰਨ ਵਿਚ ਆ ਬੇਨਤੀ ਕਰਦਾ ਹਾਂ ਕਿ (ਮੈਨੂੰ) ਆਵਾਗਉਣ (ਜਨਮ ਮਰਣ) ਤੋਂ ਬਚਾਅ ਲਓ।੧।

੧. ਸਾਧਹ ਸਰਣੀ ਪਾਈਐ ਹਰਿ ਜੀਉ
ਗੁਣ ਗਾਵਹ ਹਰਿ ਨੀਤਾ ਰਾਮ ॥
੨. ਧੂਰਿ ਭਗਤਨ ਕੀ ਮਨਿ ਤਨਿ ਲਗਉ
ਹਰਿ ਜੀਉ ਸਭ ਪਤਿਤ ਪੁਨੀਤਾ ਰਾਮ ॥
੩. ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ
ਜਿਨ੍ ਬਿਧਾਤਾ ਪਾਇਆ ॥
੪. ਨਾਮ ਰਾਤੇ ਜੀਅ ਦਾਤੇ
ਨਿਤ ਦੇਹਿ ਚੜਹਿ ਸਵਾਇਆ ॥
੫. ਰਿਧਿ ਸਿਧਿ ਨਵ ਨਿਧਿ ਹਰਿ ਜਪਿ
ਜਿਨੀ ਆਤਮੁ ਜੀਤਾ ॥
੬. ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ
ਸਾਧ ਸਾਜਨ ਮੀਤਾ ॥੨॥

ਪਦ ਅਰਥ : ਸਾਧਹ ਸਰਣੀ—ਗੁਰਮੁਖਾਂ ਦੀ ਸ਼ਰਨ ਪਿਆਂ। ਗਾਵਹ—ਅਸੀਂ ਗਾਂਦੇ ਹਾਂ, ਅਸੀਂ ਗਾ ਸਕਦੇ ਹਾਂ। ਨੀਤਾ—ਨਿੱਤ। ਮਨਿ—ਮਨ ਵਿਚ। ਤਨਿ—ਸਰੀਰ ਉੱਤੇ। ਲਗਉ—ਲੱਗੀ ਰਹੇ। ਪਤਿਤ ਪੁਨੀਤਾ—ਪਾਪੀ ਪਵਿੱਤ੍ਰ ਹੋ ਜਾਂਦੇ ਹਨ। ਸੰਗਿ—ਨਾਲ। ਬਿਧਾਤਾ—ਕਰਤਾਰ। ਰਾਤੇ—ਰੰਗੇ ਹੋਏ। ਜੀਅ ਦਾਤੇ—ਆਤਮਿਕ ਜੀਵਨ ਦੇਣ ਵਾਲੇ। ਦੇਹਿ—ਦੇਂਦੇ ਹਨ। ਚੜਹਿ ਸਵਾਇਆ—ਉਹ ਦਾਤਾਂ ਵੱਧਦੀਆਂ ਰਹਿੰਦੀਆਂ ਹਨ। ਰਿਧਿ ਸਿਧਿ—ਕਰਾਮਾਤੀ ਤਾਕਤਾਂ। ਨਵ ਨਿਧਿ—ਨੌ ਖ਼ਜ਼ਾਨੇ। ਜਪਿ—ਜਪ ਕੇ। ਜਿਨ੍ਹੀ—ਜਿਨ੍ਹਾਂ (ਮਨੁੱਖਾਂ) ਨੇ। ਆਤਮੁ—ਆਪਣੇ ਆਪ ਨੂੰ। ਪਾਈਅਹਿ—ਮਿਲਦੇ ਹਨ।੨।

ਅਰਥ :

ਪ੍ਰ: ਹੇ ਗੁਰੋ! ਪਿੱਛੇ ਆਪ ਜੀ ਨੇ ਸਾਈਂ ਜੀ ਤੋਂ ਸਾਈਂ ਜੀ ਦੇ ਸਦਾ ਨਾਮ ਉਚਾਰਨ ਕਰਦੇ ਰਹਿਣ ਦੀ ਦਾਤ ਮੰਗੀ ਹੈ, ਆਖ਼ਰ ਇਹ ਦਾਤ ਪ੍ਰਾਪਤੀ ਦਾ ਭੰਡਾਰਾ ਕਿੱਥੇ ਹੈ?

ਉ: ਇਸ ਨਾਮ ਦਾ ਖ਼ਜ਼ਾਨਾ ਸਾਧੂਆਂ, ਗੁਰਮੁਖਾਂ ਦਾ ਇਕੱਠ ਹੈ, ਇਸੇ ਲਈ

ਉ: ੧. ਸਾਡੀ ਦੂਜੀ ਮੰਗ ਇਹ ਵੀ ਹੈ ਕਿ ਹੇ ਹਰੀ ਜੀਉ! ਮੈਨੂੰ ਗੁਰਮੁਖ ਸਾਧੂਆਂ ਦੀ ਸ਼ਰਨ ਵਿਚ ਪਾ ਦਿਓ ਤਾਂ ਕਿ ਅਸੀਂ ਨਿਤਾ ਪ੍ਰਤੀ ਹਰੀ ਜੀ ਤੇਰੇ ਹੀ ਗੁਣ ਗਾਉਂਦੇ ਰਹੀਏ।

ਪ੍ਰ: ਕਿਉਂ ਜੀ! ਸਾਧੂਆਂ ਦੀ ਸ਼ਰਨ ਵਿਚ ਪਿਆਂ ਰਹਿਣ ਨੂੰ ਤੁਸੀਂ ਇਤਨੀ ਮਹੱਤਤਾ ਕਿਉਂ ਦੇ ਰਹੇ ਹੋ?

ਉ: ੨. ਹੇ ਹਰੀ ਜੀਓ! ਉਹ ਇਸ ਲਈ ਕਿ ਤੇਰੇ ਭਗਤ ਜਨਾਂ ਦੀ ਧੂੜੀ ਮੇਰੇ ਮਨ ਵਿਚ ਤੇ ਮੱਥੇ ਉੱਤੇ ਸਦਾ ਹੀ ਲੱਗਦੀ ਰਹੇ, ਕਿਉਂਕਿ ਮੈਨੂੰ ਯਕੀਨ ਹੈ ਕਿ ਤੇਰੇ ਭਗਤ ਜਨਾਂ ਦੀ ਚਰਨ ਧੂੜ ਦੀ ਬਰਕਤ ਨਾਲ) ਸਾਰੇ ਹੀ ਪਾਪ ਪਵਿੱਤਰ ਹੋ ਜਾਂਦੇ ਹਨ, (ਇਸ ਤਰ੍ਹਾਂ ਮੈਂ ਭੀ ਪਵਿੱਤ੍ਰ ਹੋ ਜਾਵਾਂਗਾ)।

੩. (ਹਾਂ) ਇਸ ਵਿਚ ਤਾਂ ਕੋਈ 'ਸ਼ੱਕ ਸ਼ੁਭਾ' ਹੀ ਨਹੀਂ, ਕਿਉਂਕਿ ਜਿਨ੍ਹਾਂ ਮਨੁੱਖਾਂ ਨੇ ਉਸ ਕਰਤਾਰ ਨੂੰ ਲੱਭ ਲਿਆ ਹੈ, ਉਨ੍ਹਾਂ ਦੀ ਸੰਗਤ ਵਿਚ ਮਿਲ ਕੇ ਤਾਂ ਗਿਰੇ ਹੋਏ ਜੀਵਨ ਵਾਲੇ ਬੰਦੇ ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ।

੪. ਕਿਉਂਕਿ (ਭਗਤ ਜਨ) ਨਾਮ ਵਿਚ ਰਤੇ ਹੋਏ ਹੁੰਦੇ ਹਨ ਅਤੇ ਜੀਅ ਦਾਨ ਦੇਣ ਲਈ ਉਹ ਦਾਤੇ ਹੋਇਆ ਕਰਦੇ ਹਨ। ਉਹ ਇਹ ਦਾਤਾਂ ਨਿੱਤ ਹੀ ਦੇਂਦੇ ਹਨ ਅਤੇ ਇਹ ਉਨ੍ਹਾਂ ਦੀਆਂ ਦਿੱਤੀਆਂ ਦਾਤਾਂ ਨਿਤਾ ਪ੍ਰਤੀ ਹੀ ਵੱਧਦੀਆਂ ਰਹਿੰਦੀਆਂ ਹਨ।

ਪ੍ਰ: ਹਜ਼ੂਰ! ਇਹ ਆਪ ਜੀ ਕਿਨ੍ਹਾਂ ਲੋਕਾਂ ਦਾ ਜ਼ਿਕਰ ਕਰਦੇ ਹੋ?

ਉ: ੫. ਹੇ ਭਾਈਓ! ਜਿਨ੍ਹਾਂ ਨੇ ਹਰੀ ਦਾ ਨਾਮ ਜਪ ਕੇ ਆਪਣੇ ਮਨ ਨੂੰ ਵਸ ਵਿਚ ਕਰ ਲਿਆ ਹੁੰਦਾ ਹੈ, ਉਨ੍ਹਾਂ ਪਾਸ ਤਾਂ ਰਿਧੀਆਂ ਸਿਧੀਆਂ, ਭਾਵ ਸਭ ਕਰਾਮਾਤੀ ਤਾਕਤਾਂ ਤੇ ਦੁਨੀਆਂ ਦੇ ਨੌ ਖ਼ਜ਼ਾਨੇ ਭੀ ਹੋਇਆ ਕਰਦੇ ਹਨ।

੬. ਬੇਨਤੀ ਪੂਰਵਕ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਭਰਾਵੋ! ਐਸੇ ਗੁਰਮੁਖ ਸੱਜਣ ਮਿੱਤਰ ਵੱਡੀ ਕਿਸਮਤ ਨਾਲ ਹੀ ਮਿਲਿਆ ਕਰਦੇ ਹਨ।

੧. ਜਿਨੀ ਸਚੁ ਵਣੰਜਿਆ ਹਰਿ ਜੀਉ
ਸੇ ਪੂਰੇ ਸਾਹਾ ਰਾਮ ॥
੨. ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ
ਹਰਿ ਕੀਰਤਨੁ ਲਾਹਾ ਰਾਮ ॥
੩. ਕਾਮੁ ਕ੍ਰੋਧੁ ਨ ਲੋਭੁ ਬਿਆਪੈ
ਜੋ ਜਨ ਪ੍ਰਭ ਸਿਉ ਰਾਤਿਆ ॥
੪. ਏਕੁ ਜਾਨਹਿ ਏਕੁ ਮਾਨਹਿ
ਰਾਮ ਕੈ ਰੰਗਿ ਮਾਤਿਆ ॥
੫. ਲਗਿ ਸੰਤ ਚਰਣੀ ਪੜੇ ਸਰਣੀ
ਮਨਿ ਤਿਨਾ ਓਮਾਹਾ ॥
੬. ਬਿਨਵੰਤਿ ਨਾਨਕੁ ਜਿਨ ਨਾਮੁ ਪਲੈ
ਸੇਈ ਸਚੇ ਸਾਹਾ ॥੩॥

ਪਦ ਅਰਥ : ਸਚੁ—ਸੱਚਾ ਹਰੀ ਨਾਮ। ਵਣੰਜਿਆ—ਵਪਾਰ ਕੀਤਾ। ਪੂਰੇ—ਭਰੇ ਖ਼ਜ਼ਾਨਿਆਂ ਵਾਲੇ। ਪਹਿ—ਕੋਲ। ਲਾਹਾ—ਲਾਭ, ਖੱਟੀ। ਨ ਵਿਆਪੈ—ਜ਼ੋਰ ਨਹੀਂ ਪਾ ਸਕਦਾ। ਸਿਉ—ਨਾਲ। ਰਾਤਿਆ—ਰੰਗੇ ਹੋਏ। ਜਾਨਹਿ—ਜਾਣਦੇ ਹਨ। ਮਾਨਹਿ—ਮੰਨਦੇ ਹਨ। ਕੈ ਰੰਗਿ—ਪ੍ਰੇਮ ਰੰਗ ਵਿਚ। ਮਾਤਿਆ—ਮਸਤ ਰਹਿੰਦੇ ਹਨ, ਮਗਨ ਰਹਿੰਦੇ ਹਨ। ਲਗਿ—ਲੱਗ ਕੇ। ਮਨਿ—ਮਨ ਵਿਚ। ਓਮਾਹਾ—ਚਾਉ, ਉਤਸ਼ਾਹ, ਉਮੰਗ, ਖ਼ੁਸ਼ੀ। ਪਲੈ—ਪੱਲੇ ਵਿਚ।੩।

ਅਰਥ :

ਪ੍ਰ: ਹੇ ਗੁਰੋ ! ਗੁਰਮਤਿ ਅਨੁਸਾਰ ਅਸਲ ਸ਼ਾਹੂਕਾਰ ਤੁਸੀਂ ਕਿਸ ਨੂੰ ਮੰਨਦੇ ਹੋ ?

ਉ: ੧. ਹੇ ਭਾਈਓ ! ਜਿਨ੍ਹਾਂ ਮਨੁੱਖਾਂ ਨੇ ਹਰਿ ਜੀਉ ਦੇ ਸੱਚੇ ਨਾਮ ਦਾ ਵਣਜ ਵਣਜਿਆ ਹੈ, ਅਸਲ ਵਿਚ ਪੂਰੇ ਸ਼ਾਹ ਉਨ੍ਹਾਂ ਨੂੰ ਹੀ ਸਮਝੋ।

ਪ੍ਰ: ਹਜ਼ੂਰ ! ਇਸ ਵਣਜ ਵਿਚ ਵਿਸ਼ੇਸ਼ਤਾ ਕੀ ਹੈ ?

ਉ: ੨. ਹੇ ਸੱਜਣੋ ! ਇਸ ਵਣਜ ਵਿਚ ਹਰੀ ਦਾ ਕੀਰਤਨ ਰੂਪੀ ਨਫ਼ਾ ਪ੍ਰਾਪਤ ਹੁੰਦਾ ਹੈ, ਇਸੇ ਕਰਕੇ ਉਨ੍ਹਾਂ ਪਾਸ ਹਰੀ ਨਾਮ ਦਾ ਬਹੁਤ ਖ਼ਜ਼ਾਨਾ ਇਕੱਠਾ ਹੋ ਜਾਂਦਾ ਹੈ, (ਭਾਵ ਹੈ ਕਿ ਉਹ ਨਾਮ ਦੇ ਵਣਜਾਰੇ ਹਰੀ ਦੀ ਸਿਫ਼ਤਿ-ਸਾਲਾਹ ਕਰਦੇ ਰਹਿੰਦੇ ਹਨ)।

ਪ੍ਰ: ਕਿਉਂ ਜੀ ! ਉਨ੍ਹਾਂ ਨੂੰ ਹੋਰ ਲਾਭ ਕੀ ਮਿਲਦਾ ਹੈ ?

ਉ: ੩. ਐ ਭਾਈਓ ! ਜੋ ਪੁਰਖ ਪ੍ਰਭੂ ਨਾਲ ਰਤੇ ਰਹਿੰਦੇ ਹਨ, ਉਨ੍ਹਾਂ ਨੂੰ ਕਾਮ, ਕ੍ਰੋਧ ਤੇ ਲੋਭ ਆਦਿ ਵਿਕਾਰ ਵੀ ਨਹੀਂ ਵਿਆਪ ਸਕਦੇ।

ਪ੍ਰ: ਹਜ਼ੂਰ ! ਉਨ੍ਹਾਂ ਦੀ ਮਾਨਸਕ ਅਵਸਥਾ ਕੀ ਹੋ ਜਾਂਦੀ ਹੈ ?

ਉ: ੪. ਹੇ ਭਾਈਓ ! ਉਹ ਮਨ ਕਰਕੇ ਇਕੋ ਨੂੰ ਸਿਆਣਦੇ ਹਨ, ਇਕ ਨੂੰ ਹੀ ਮੰਨਦੇ ਹਨ, ਉਹ ਇਕ ਰਾਮ ਦੇ ਰੰਗ ਵਿਚ ਮਗਨ ਰਹਿੰਦੇ ਹਨ।

੫. ਹੇ ਪਿਆਰੇ ! ਉਹ ਮਨੁੱਖ ਗੁਰੂ ਦੀ ਚਰਨੀਂ ਲੱਗ ਕੇ, ਪਰਮੇਸ਼ਰ ਦੀ ਸ਼ਰਨ ਵਿਚ ਹੀ ਪਏ ਰਹਿੰਦੇ ਹਨ। ਉਨ੍ਹਾਂ ਦੇ ਮਨ ਵਿਚ ਸਦਾ ਸਾਈਂ ਜੀ ਦੇ ਮਿਲਾਪ ਦਾ ਚਾਉ ਚੜ੍ਹਿਆ ਰਹਿੰਦਾ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਪਿਆਰਿਓ ! ਜਿਨ੍ਹਾਂ ਦੇ ਪਲੇ ਨਾਮ ਹੁੰਦਾ ਹੈ, ਉਹੀ ਸੱਚੇ ਸ਼ਾਹ ਹੁੰਦੇ ਹਨ (ਭਾਵ ਹੈ ਕਿ ਉਹ ਅੱਗੋਂ ਨਾਮ ਦੀ ਰਾਸ ਦੇ ਕੇ ਲੋਕਾਂ ਨੂੰ ਨਾਮ ਦੇ ਵਪਾਰੀ ਬਣਾਉਂਦੇ ਹਨ)।੩।

੧. ਨਾਨਕ ਸੋਈ ਸਿਮਰੀਐ ਹਰਿ ਜੀਉ
ਜਾ ਕੀ ਕਲ ਧਾਰੀ ਰਾਮ ॥
੨. ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ
ਕਰਤਾ ਪੁਰਖੁ ਮੁਰਾਰੀ ਰਾਮ ॥
੩. ਦੂਖੁ ਰੋਗੁ ਨ ਭਉ ਬਿਆਪੈ
ਜਿਨ੍ਹੀ ਹਰਿ ਹਰਿ ਧਿਆਇਆ ॥
੪. ਸੰਤ ਪ੍ਰਸਾਦਿ ਤਰੇ ਭਵਜਲੁ
ਪੂਰਬਿ ਲਿਖਿਆ ਪਾਇਆ ॥
੫. ਵਜੀ ਵਧਾਈ ਮਨਿ ਸਾਂਤਿ ਆਈ
ਮਿਲਿਆ ਪੁਰਖੁ ਅਪਾਰੀ ॥
੬. ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ
ਇਛ ਪੁੰਨੀ ਹਮਾਰੀ ॥੪॥੩॥

ਪਦ ਅਰਥ : ਜਾ ਕੀ—ਜਿਸ ਦੀ। ਕਲ—ਕਲਾ, ਸੱਤ੍ਹਾ। ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਮਨਹੁ—ਮਨ ਤੋਂ। ਪੁਰਖੁ—ਸਰਵ ਵਿਆਪਕ। ਮੁਰਾਰੀ—ਮੁਰ, ਅਰਿ। ਅਰਿ—ਵੈਰੀ, ਪਰਮੇਸ਼ਰ। ਸੰਤ ਪ੍ਰਸਾਦਿ—ਗੁਰੂ ਦੀ ਕਿਰਪਾ ਨਾਲ। ਪੂਰਬਿ—ਪੂਰਬਲੇ ਜਨਮ ਵਿਚ (ਕਮਾਏ ਅਨੁਸਾਰ)। ਪਾਇਆ—ਪ੍ਰਾਪਤ ਕਰ ਲਿਆ। ਵਧਾਈ—ਵਧਦੀ ਦਸ਼ਾ, ਚੜ੍ਹਦੀ ਕਲਾ। ਵਜੀ—ਵਜ ਪਈ। ਮਨਿ—ਮਨ ਵਿਚ। ਅਪਾਰੀ—ਬੇਅੰਤ। ਸਿਮਰਿ—ਸਿਮਰ ਕੇ। ਪੁੰਨੀ—ਪੂਰੀ ਹੋ ਗਈ।੪।

ਅਰਥ :

ਪ੍ਰ: ਹੇ ਗੁਰੋ ! ਵੇਖੀਦਾ ਹੈ ਕਿ ਵੱਖ-ਵੱਖ ਲੋਕ ਭਿੰਨ-ਭਿੰਨ ਦੇਵੀ ਦੇਵਤਿਆਂ ਦਾ ਸਿਮਰਨ ਕਰਦੇ ਹਨ, ਪਰ ਤੁਸੀਂ ਗੁਰਮਤਿ ਅਨੁਸਾਰ ਦੱਸੋ ਕਿਸ ਦਾ ਸਿਮਰਨ ਕਰਨਾ ਚਾਹੀਦਾ ਹੈ ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! (ਗੁਰਮਤਿ ਅਨੁਸਾਰ ਤਾਂ) ਸਦਾ ਉਸੇ ਪਰਮੇਸ਼ਰ ਜੀ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ, ਜਿਸ ਦੀ ਸੱਤ੍ਹਾ (ਸਾਰੇ ਸੰਸਾਰ ਵਿਚ) ਕੰਮ ਕਰ ਰਹੀ ਹੈ।

੨. ਕਿਉਂਕਿ, (ਸਿਮਰਨ ਕਰਨ ਵਾਲੇ) ਗੁਰਮੁਖ ਦੇ ਮਨ ਤੋਂ ਕਰਤਾ ਪੁਰਖ, ਮੁਰਾਰੀ, ਰਾਮ ਹਰੀ ਜੀਉ ਕਦੇ ਨਹੀਂ ਵਿਸਰਦਾ।

੩. ਹਾਂ ! ਕਦੇ ਵੀ ਰਾਮ ਦੇ ਨਾਮ ਨੂੰ ਮਨੋਂ ਨਾ ਭੁਲਾਉਣ ਵਾਲਿਆਂ ਨੂੰ ਦੁੱਖ, ਰੋਗ ਤੇ ਭਉ ਨਹੀਂ ਵਿਆਪਦਾ, ਜੋ ਕਿ ਹਰਿ ਹਰਿ ਨਾਮ ਸਦਾ ਹੀ ਧਿਆਉਂਦੇ ਹਨ।

੪. ਹੇ ਭਾਈਓ ! ਉਹ ਸੰਤਾਂ ਦੀ ਕਿਰਪਾ ਨਾਲ ਇਸ ਭਉਜਲ ਸੰਸਾਰ ਨੂੰ ਤਰ ਜਾਂਦੇ ਹਨ। ਇਹ ਉਸ ਨੂੰ ਪੂਰਬ ਲਿਖੇ ਕਰਕੇ ਹੀ ਪ੍ਰਾਪਤ ਹੁੰਦਾ ਹੈ।

੫. ਹੇ ਭਾਈ ! ਉਨ੍ਹਾਂ ਦੇ ਅੰਦਰ ਚੜ੍ਹਦੀ ਕਲਾ ਪਰਬਲ ਹੋ ਗਈ ਤੇ ਉਨ੍ਹਾਂ ਦੇ ਮਨ ਵਿਚ ਠੰਡ ਪੈ ਗਈ, ਇਸ ਤਰ੍ਹਾਂ ਉਨ੍ਹਾਂ ਨੂੰ ਬੇਅੰਤ ਪ੍ਰਭੂ ਮਿਲ ਪਿਆ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਭਰਾਵੋ ! ਪਰਮੇਸ਼ਰ ਦਾ ਨਾਮ ਸਿਮਰ-ਸਿਮਰ ਕੇ ਮੇਰੀ ਭੀ ਪ੍ਰਭੂ ਮਿਲਾਪ ਵਾਲੀ ਚਿਰਾਂ ਦੀ ਆਸ ਪੂਰਨ ਹੋ ਗਈ ਹੈ।੪।੩।

ਭਾਵਾਰਥ : ਇਸ ਛੰਤ ਵਿਚ ਹਜ਼ੂਰ ਜੀ ਨੇ ਉਹ ਅਰਦਾਸ ਕਰਨ ਦਾ ਢੰਗ ਦੱਸਿਆ ਹੈ ਕਿ ਵਾਹਿਗੁਰੂ ਜੀ ਅੱਗੇ ਜੋਦੜੀ ਕਰੋ, ਜਿਸ ਦੀ ਬਰਕਤ ਨਾਲ ਨਾਮ ਤੇ ਹਰੀ ਦਾ ਜਸ ਕਰਨ ਰੂਪ ਦਾਨ ਮਿਲੇ।

ਬਿਹਾਗੜਾ ਮਹਲਾ ੫ ਘਰੁ ੨

੧ਓ ਸਤਿ ਨਾਮੁ ਗੁਰ ਪ੍ਰਸਾਦਿ ॥

੧. ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ ॥
੨. ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ ॥
੩. ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ ॥
੪. ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ ॥
੫. ਗਹਿ ਭੁਜਾ ਲੀਨੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ ॥
੬. ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ ॥੧॥

ਪਦ ਅਰਥ : ਵਧੁ—ਲੰਮੀ ਹੁੰਦੀ ਜਾ। ਰੈਨੜੀਏ—ਹੇ ਸੋਹਣੀ ਰਾਤ। ਪ੍ਰਿਅ—ਪਿਆਰੇ ਦਾ। ਘਟੁ—ਮੁਕ ਜਾ। ਨੀਦੜੀਏ—ਹੇ ਕੋਝੀ (ਗ਼ਫ਼ਲਤ ਦੀ) ਨੀਂਦ ! ਪਰਸਉ—ਮੈਂ ਛੂੰਹਦੀ ਰਹਾਂ। ਪਗ—ਪੈਰ। ਬਾਛਉ—ਮੈਂ ਲੋਚਦੀ ਹਾਂ। ਜਾਚਉ—ਮੈਂ ਮੰਗਦੀ ਹਾਂ, ਜਾਚਉਂ। ਰਸਿ—ਰਸ ਵਿਚ। ਰੰਗਿ—ਰੰਗ ਵਿਚ। ਗਹਿ—ਫੜ ਕੇ। ਭੁਜਾ—ਬਾਂਹ। ਭੀਨੀ—ਭਿੱਜ ਗਈ। ਮਗਾ—ਰਸਤਾ। ਰਹਉ—ਰਹਉਂ, ਮੈਂ ਰਹਾਂ।੧।

ਅਰਥ :

ਪ੍ਰ: ਹੇ ਗੁਰੋ ! ਜਦੋਂ ਕਦੀ ਤੁਸੀਂ ਰਾਤ ਦੇ ਸਮੇਂ ਸਾਈਂ ਜੀ ਦੇ ਨਾਮ ਸਿਮਰਨ ਵਿਚ ਰਤੇ ਹੋਏ ਬੈਠੇ ਹੁੰਦੇ ਹੋ, ਤਾਂ ਉਸ ਵੇਲੇ ਤੁਹਾਡੀ ਮਾਨਸਕ ਅਵਸਥਾ ਕਿਹੋ ਜਿਹੀ ਹੁੰਦੀ ਹੈ ਅਤੇ ਤੁਹਾਡੇ ਅੰਦਰੋਂ ਤੁਹਾਨੂੰ ਕਿਸ ਰੂਪ ਵਿਚ ਆਵਾਜ਼ ਆਉਂਦੀ ਸੁਣੀਂਦੀ ਹੈ।

ਉ:੧. ਹੇ ਮਿੱਤਰੋ ! ਨਾਮ ਸਿਮਰਨ ਦੀ ਬਰਕਤ ਨਾਲ ਜੋ ਸੁੱਖ ਪ੍ਰਾਪਤ ਹੁੰਦਾ ਹੈ, ਉਸ ਨੂੰ ਤਾਂ ਬਿਆਨਿਆ ਹੀ ਨਹੀਂ ਜਾ ਸਕਦਾ, ਪਰ ਹਾਂ, ਜਦੋਂ ਵੀ ਕਿਸੇ ਰਾਤ ਦੇ ਸਮੇਂ ਵਿਚ ਬੈਠਿਆਂ ਸਿਮਰਨ ਕਰਦਿਆਂ ਜੋ ਸੁੱਖ ਪ੍ਰਾਪਤ ਹੁੰਦਾ ਹੈ ਤਾਂ ਉਸ ਸੁੱਖ ਨੂੰ ਮਾਣਦੇ ਰਹਿਣ ਲਈ ਅੰਦਰ ਇਤਨੀ ਲਾਲਸਾ ਉਤਪੰਨ ਹੁੰਦੀ ਹੈ ਕਿ ਇਹ ਸੁੱਖ ਕਦੀ ਮੁੱਕੇ ਹੀ ਨਾ। ਇਸੇ ਰਾਤ ਦੇ ਸੁੱਖ ਨੂੰ ਮਾਨਣ ਲਈ ਅੰਦਰੋਂ ਬੇਵੱਸ ਹੋ ਇਉਂ ਹੀ ਆਵਾਜ਼ ਆਉਂਦੀ ਹੈ ਕਿ ਹੇ ਸੁੱਖਾਂ ਵਾਲੀਏ ਰਾਤੇ ! (ਤੂੰ ਹੋਰ-ਹੋਰ) ਵੱਧ ਜਾ, ਲੰਮੀ ਹੋ ਜਾਹ, ਕਿਉਂਕਿ ਮੈਨੂੰ (ਮੇਰੇ) ਉਸ ਪਿਆਰੇ ਦਾ ਪ੍ਰੇਮ ਲੱਗਾ ਹੋਇਆ ਹੈ, ਤਾਂਕਿ ਇਹ ਪ੍ਰੇਮ ਮੇਰੇ ਹਿਰਦੇ ਵਿਚ ਸਦੀਵੀ ਕਾਲ ਬਣਿਆ ਹੀ ਰਹੇ।

ਪ੍ਰ: ਕਿਉਂ ਜੀ ! ਕਹਿੰਦੇ ਹਨ ਕਿ ਨੀਂਦ ਤਾਂ ਫਾਂਸੀ ਦੇ ਤਖ਼ਤੇ 'ਤੇ ਲਮਕਿਆਂ ਵੀ ਆ ਜਾਂਦੀ ਹੈ, ਤਾਂ ਉਸ ਨੀਂਦ ਤੋਂ ਬਚਣ ਲਈ ਤੁਸੀਂ ਕੀ ਉਪਾਓ ਕਰਦੇ ਹੋ ?

ਉ: ੨. ਉਸ ਨੀਂਦ ਤੋਂ ਬਚਣ ਲਈ ਵੀ ਨੀਂਦ ਨੂੰ ਇਉਂ ਹੀ ਕਹਿੰਦੇ ਰਹਿੰਦੇ ਹਾਂ ਕਿ ਹੇ ਦੁੱਖਦਾਈ ਕੋਝੀ ਨੀਂਦੇ ! (ਤੂੰ) ਘਟ ਜਾਹ, ਜੋ ਮੈਂ ਤੈਥੋਂ ਬਚ ਕੇ ਸਦਾ ਪਿਆਰੇ ਦੇ ਚਰਨਾਂ ਨੂੰ ਪਰਸਦੀ ਰਹਾਂ, ਛੂੰਹਦੀ ਰਹਾਂ, ਭਾਵ ਪਿਆਰ ਕਰਦੀ ਰਹਾਂ।

ਪ੍ਰ: ਹਜ਼ੂਰ ! ਇਤਨੀ ਖਿੱਚ ਦੇ ਹੁੰਦਿਆਂ ਆਖ਼ਰ ਤੁਹਾਡੀ ਲੋਚਾ ਕੀ ਹੁੰਦੀ ਹੈ ?

ਉ: ੩. ਹੇ ਭਾਈਓ ! ਮੈਂ ਉਸ ਪਿਆਰੇ ਦੇ ਚਰਨਾਂ ਦੀ ਧੂੜੀ ਨੂੰ ਲੋਚਦੀ ਹਾਂ, (ਇਹ ਦਾਤ ਮੈਂ) ਨਾਮ ਦੀ ਸਦਾ ਹੀ ਮੰਗਦੀ ਹਾਂ, ਪਰ (ਇਸ ਨਾਮ ਦੇ) ਰਸ ਵਿਚ ਮੈਂ ਵੈਰਾਗਣ ਹੋਈ ਹੋਈ ਹਾਂ। ਭਾਵ ਉਸ ਨਾਮ ਦੇ ਸਵਾਦ ਵਿਚ (ਦੁਨੀਆ) ਵਲੋਂ ਮੈਂ ਵੈਰਾਗਵਾਨ ਹੋ ਰਹੀ ਹਾਂ।

੪. ਸੋ, ਹੁਣ ਮੈਂ ਪਿਆਰੇ ਦੇ ਪ੍ਰੇਮ ਰੰਗ ਵਿਚ ਰਤੀ ਹੋਈ ਹਾਂ ਤੇ ਆਤਮਕ ਅਡੋਲਤਾ ਦੇ ਅਨੰਦ ਵਿਚ ਮਸਤ ਹਾਂ। ਮੈਂ ਇਹ ਵੀ ਚਾਹੁੰਦੀ ਹਾਂ ਕਿ ਇਸ ਵੱਡੀ ਵੈਰਨ ਭੈੜੀ ਮਤਿ ਦਾ ਤਿਆਗ ਕਰੀ ਰੱਖਾਂ।

ਪ੍ਰ: ਫਿਰ ਆਖ਼ਰ ਹੋਇਆ ਕੀ ?

ਉ: ੫. ਬਸ, ਖੋਟੀ ਮਤਿ ਨੂੰ ਤਿਆਗਣ ਦੀ ਦੇਰ ਸੀ ਕਿ ਝੱਟ ਹੀ ਪ੍ਰਭੂ ਨੇ ਮੇਰੀ ਬ੍ਰਿਤੀ ਰੂਪੀ ਬਾਂਹ ਨੂੰ ਫੜ ਲਿਆ ਅਤੇ ਮੈਨੂੰ ਆਪਣੀ (ਦਾਸੀ) ਬਣਾ ਲਿਆ। ਹੁਣ ਮੈਂ ਉਸ ਦੇ ਪ੍ਰੇਮ ਰਸ ਵਿਚ ਭਿੱਜ ਗਈ ਹਾਂ। ਹਾਂ, ਸੱਚ ਜਾਣੋ ਇਹੋ ਹੈ ਸੱਚਾ ਰਾਹ ਪ੍ਰੀਤਮ ਨੂੰ ਮਿਲਣੇ ਦਾ।

ਪ੍ਰ: ਹਜ਼ੂਰ ! ਆਖ਼ਰ ਹੁਣ ਤੁਹਾਡੀ ਮੰਗ ਕੀ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਮੈਂ ਤਾਂ ਇਹੋ ਹੀ ਬੇਨਤੀ ਕਰਦਾ ਹਾਂ ਕਿ ਹੇ ਪ੍ਰਭੂ ਜੀ, ਕਿਰਪਾ ਕਰੋ, ਮੈਂ ਸਦਾ ਹੀ ਤੇਰੇ ਚਰਨਾਂ ਨਾਲ ਜੁੜਿਆ ਰਹਾਂ।੧।

੧. ਮੇਰੀ ਸਖੀ ਸਹੇਲੜੀਹੋ ਪ੍ਰਭ ਕੈ ਚਰਣਿ ਲਗਹ ॥
੨. ਮਨਿ ਪ੍ਰਿਅ ਪ੍ਰੇਮੁ ਘਣਾ ਹਰਿ ਕੀ ਭਗਤਿ ਮੰਗਹ ॥
੩. ਹਰਿ ਭਗਤਿ ਪਾਈਐ ਪ੍ਰਭੁ ਧਿਆਈਐ ਜਾਇ ਮਿਲੀਐ ਹਰਿ ਜਨਾ ॥
੪. ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ ॥

੫. ਬਡ ਪੁਰਖ ਪੂਰਨ ਗੁਣ ਸੰਪੂਰਨ
ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥
੬. ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ
ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥

ਪਦ ਅਰਥ : ਲਗਹ—ਆਓ, ਅਸੀਂ ਲੱਗੀਏ। ਮਨਿ—ਮਨ ਵਿਚ। ਘਣਾ—ਬਹੁਤ। ਮੰਗਹ—ਆਓ ਅਸੀਂ ਮੰਗੀਏ। ਪਾਈਐ—ਪਾ ਲਈਦੀ ਹੈ। ਜਾਇ—ਜਾ ਕੇ। ਤਜੀਐ—ਛੱਡ ਦੇਣਾ ਚਾਹੀਦਾ ਹੈ। ਅਰਪਿ—ਭੇਟਾ ਕਰ ਕੇ। ਭ੍ਰਮ ਭੀਤਿ—ਭਟਕਣਾ ਦੀ ਕੰਧ। ਮਿਲਿ—ਮਿਲਿ ਕੇ। ਭਗਹ—ਆਓ, ਤੋੜ ਦੇਵੀਏ। ਮੰਤ੍ਰੁ—ਸਲਾਹ। ਜਪਹ—ਆਓ ਅਸੀਂ ਜਪੀਏ।੨।

ਅਰਥ :

ਪ੍ਰ: ਹੇ ਗੁਰੋ ! ਕੀ ਤੁਸੀਂ ਇਸ ਰੱਬੀ ਮਾਰਗ 'ਤੇ ਇਕੱਲੇ ਹੀ ਟੁਰਨਾ ਚਾਹੁੰਦੇ ਹੋ ?

ਉ: ੧. (ਨਹੀਂ) ਹੇ ਪਿਆਰਿਓ ! ਅਸੀਂ ਤਾਂ ਸਭ ਨੂੰ ਭਾਈਵਾਲ ਬਨਾਉਣ ਲਈ ਇਉਂ ਆਖਦੇ ਹਾਂ ਕਿ ਹੇ ਮੇਰੀ (ਸਤਸੰਗੀ ਰੂਪੀ) ਪਿਆਰੀ ਸਖੀ ਸਹੇਲੀਓ ! ਆਓ, (ਅਸੀਂ ਸਾਰੀਆਂ ਹੀ ਇਕੱਠੀਆਂ ਹੋ ਕੇ) ਉਸ ਪ੍ਰਭੂ ਜੀ ਦੇ ਚਰਨਾਂ ਵਿਚ ਜੁੜੀਏ।

੨. ਕਿਉਂਕਿ, ਮੇਰੇ ਮਨ ਵਿਚ ਤਾਂ ਉਸ ਪਿਆਰੇ ਦਾ ਬਹੁਤ ਪਿਆਰ ਵਸ ਰਿਹਾ ਹੈ। ਆਓ (ਤੁਸੀਂ ਭੀ ਮੇਰੇ ਨਾਲ ਮਿਲੋ, ਉਸ ਪਾਸੋਂ) ਭਗਤੀ ਦੀ ਦਾਤ ਮੰਗੀਏ।

ਪ੍ਰ: ਕਿਉਂ ਜੀ ! ਆਖ਼ਰ ਇਹ ਭਗਤੀ ਦੀ ਦਾਤ ਮਿਲ ਕਿੱਥੋਂ ਸਕੇਗੀ ?

ਉ: ੩. ਹੇ ਸੱਜਨੋ ! ਮੰਗਣ ਦਾ ਤਰੀਕਾ ਇਹ ਹੈ ਕਿ ਪਹਿਲੋਂ ਹਰੀ ਦੇ ਦਾਸਾਂ ਨੂੰ ਜਾ ਮਿਲੀਏ। (ਉਨ੍ਹਾਂ ਨਾਲ ਮਿਲ ਕੇ) ਪ੍ਰਭੂ ਨੂੰ ਧਿਆਈਏ, ਤਦ ਇਸ ਤਰ੍ਹਾਂ ਹਰੀ ਦੀ ਭਗਤੀ ਪਾ ਲਈਦੀ ਹੈ।

ਪ੍ਰ: ਇਸ ਪ੍ਰਾਪਤੀ ਲਈ ਕੋਈ ਬੰਧੇਜ ਵੀ ਹੋਵੇਗਾ ?

ਉ: ੪. ਹਾਂ ਹਜ਼ੂਰ ! ਹੇ ਪਿਆਰੇ ! ਮਨ ਵਿਚੋਂ ਮੋਹ, ਮਾਨ, ਤਜ ਦੇਈਏ ਤੇ ਸਰੀਰ ਦੇ ਵਿਕਾਰ ਛੱਡ ਦੇਵੀਏ, ਇਹ ਮਨ, ਤਨ ਤੇ ਧਨ (ਸਭੋ ਕੁਝ) ਅਰਪਨ ਕਰ ਕੇ।

੫. ਹੇ ਪਿਆਰੇ ! ਉਹ ਹਰੀ ਹਰਿ ਸਭ ਤੋਂ ਵੱਡਾ ਹੈ, ਪੂਰਨ ਪੁਰਖ ਹੈ ਤੇ ਗੁਣਾਂ ਨਾਲ ਸੰਪੂਰਨ ਹੈ, ਉਸ ਨੂੰ ਮਿਲ ਕੇ ਭਰਮ ਦੀ ਕੰਧ ਤੋੜ ਦਈਏ। (ਕਿਉਂਕਿ) ਸਾਈਂ ਜੀ ਨਾਲੋਂ ਵਿੱਥ ਪਾਉਣ ਵਾਲੀ ਕੇਵਲ ਭਟਕਣਾ ਹੀ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਖੀਏ ! (ਨੇਕ) ਸਲਾਹ ਸੁਣ, ਆਓ ! ਹਰੀ ਦਾ ਨਾਮ ਸਦਾ, ਸਦਾ, ਸਦਾ ਜਪੀਏ (ਜਿਸ ਤੋਂ ਕਿ) ਸਭੋ ਕੁਝ ਪ੍ਰਾਪਤ ਹੁੰਦਾ ਹੈ।੨।

੧. ਹਰਿ ਨਾਰਿ ਸੁਹਾਗਣੇ ਸਭਿ ਰੰਗ ਮਾਣੇ ॥
੨. ਰਾਂਡ ਨ ਬੈਸਈ ਪ੍ਰਭ ਪੁਰਖ ਚਿਰਾਣੇ ॥
੩. ਨਹ ਦੂਖ ਪਾਵੈ ਪ੍ਰਭ ਧਿਆਵੈ
ਧੰਨਿ ਤੇ ਬਡਭਾਗੀਆ ॥
੪. ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ
ਨਾਮ ਰਸਿ ਰੰਗਿ ਜਾਗੀਆ ॥
੫. ਮਿਲਿ ਪ੍ਰੇਮ ਰਹਣਾ ਹਰਿ ਨਾਮੁ ਗਹਣਾ
ਪ੍ਰਿਅ ਬਚਨ ਮੀਠੇ ਭਾਣੇ ॥
੬. ਬਿਨਵੰਤਿ ਨਾਨਕ ਮਨ ਇਛ ਪਾਈ
ਹਰਿ ਮਿਲੇ ਪੁਰਖ ਚਿਰਾਣੇ ॥੩॥

ਪਦ ਅਰਥ : ਹਰਿ ਨਾਰਿ—ਪ੍ਰਭੂ ਪਤੀ ਦੀ ਇਸਤ੍ਰੀ। ਸੁਹਾਗਣੇ—ਚੰਗੇ ਭਾਗਾਂ ਵਾਲੀ। ਸਭਿ—ਸਾਰੇ। ਬੈਸਈ—ਬੈਸੇ, ਬੈਠਦੀ। ਚਿਰਾਣੇ—ਮੁੱਢ ਕਦੀਮਾਂ ਦੇ। ਤੇ—ਉਹ ਜੀਵ ਇਸਤ੍ਰੀਆਂ। ਸੋਵਹਿ—ਸੌਂਦੀਆਂ ਹਨ, ਲੀਨ ਰਹਿੰਦੀਆਂ ਹਨ। ਕਿਲਵਿਖ—ਪਾਪ। ਜਾਗੀਆ—(ਮਾਇਆ ਦੇ ਮੋਹ ਵਲੋਂ) ਸੁਚੇਤ ਰਹਿੰਦੀਆਂ ਹਨ। ਮਿਲਿ—(ਸਾਧ ਸੰਗਤ ਵਿਚ) ਮਿਲ ਕੇ। ਪ੍ਰਿਅ ਬਚਨ—ਪਿਆਰੇ ਦੇ ਬੋਲ। ਭਾਣੇ—ਚੰਗੇ ਲੱਗਦੇ ਹਨ। ਮਨ ਇੱਛ—ਮਨ ਦੀ ਕਾਮਨਾ।੩।

ਅਰਥ :

ਪ੍ਰ: ਹੇ ਗੁਰੋ ! ਜੋ ਸਾਈਂ ਜੀ ਦੇ ਮਿਲਾਪ ਵਿਚ ਮਿਲ ਗਏ ਹਨ, ਉਨ੍ਹਾਂ ਦੀ ਪਛਾਣ ਕੀ ਹੈ ?

ਉ: ੧. ਹੇ ਭਾਈ ! ਜੋ ਜੀਵ ਰੂਪ ਸੁਹਾਗਣਾਂ ਇਸਤ੍ਰੀਆਂ ਆਪਣੇ ਪਿਆਰੇ ਪਤੀ ਨੂੰ ਆਪਣਾ ਆਪ ਹਵਾਲੇ ਕਰ ਦੇਣ ਵਾਲੀਆਂ ਹਨ, ਉਹ ਜੀਵ ਰੂਪ ਇਸਤ੍ਰੀਆਂ ਭਾਗਾਂ ਵਾਲੀਆਂ ਹੋ ਜਾਂਦੀਆਂ ਹਨ। ਉਹ ਸਾਰੇ ਹੀ ਅਨੰਦ ਮਾਣਦੀਆਂ ਹਨ।

੨. ਉਹ ਕਦੇ ਵੀ ਰੰਡੀਆਂ ਹੋ ਕੇ ਨਹੀਂ ਬੈਠ ਸਕਦੀਆਂ, ਭਾਵ ਉਹ ਕਦੇ ਵੀ ਨਿਖ਼ਸਮੀਆਂ ਨਹੀਂ ਹੁੰਦੀਆਂ, ਕਿਉਂਕਿ ਉਨ੍ਹਾਂ ਦੇ ਸਿਰ 'ਤੇ ਮੁੱਢ ਕਦੀਮੀ ਦਾ ਖ਼ਸਮ ਪ੍ਰਭੂ ਹੱਥ ਰੱਖੀ ਰੱਖਦਾ ਹੈ।

੩. ਉਹ ਫਿਰ ਕਦੀ ਜਨਮ ਮਰਣ ਦਾ ਦੁੱਖ ਨਹੀਂ ਪਾਉਂਦੀਆਂ, (ਕਿਉਂਕਿ) ਉਹ ਸਦੀਵੀ ਕਾਲ ਪ੍ਰਭੂ ਜੀ ਨੂੰ ਧਿਆਉਂਦੀਆਂ ਰਹਿੰਦੀਆਂ ਹਨ, ਉਹ ਵੱਡੇ ਭਾਗਾਂ ਵਾਲੀਆਂ ਧੰਨਤਾ ਦੇ ਜੋਗ ਹਨ।

੪. ਉਹ ਨਾਮ ਰਸ ਦੇ ਪ੍ਰੇਮ ਵਿਚ ਜਾਗੀਆਂ ਹੋਈਆਂ, ਸਾਰੇ (ਜਨਮ ਜਨਮਾਤ੍ਰਾਂ ਦੇ) ਪਾਪ ਧੋ ਲੈਂਦੀਆਂ ਹਨ ਅਤੇ ਉਹ ਸਦਾ ਹੀ ਸਹਿਜ ਸੁੱਖ ਵਿਚ ਸੌਂਦੀਆਂ ਹਨ, ਭਾਵ ਉਹ ਮਾਇਆ ਦੇ ਮੋਹ ਵਿਚ ਪੈਣੋਂ, ਸਦਾ ਸੁਚੇਤ ਰਹਿੰਦੀਆਂ ਹਨ।

ਪ੍ਰ: ਕਿਉਂ ਜੀ ! ਉਨ੍ਹਾਂ ਦੀ ਪਛਾਣ ਕੀ ਹੈ ?

ਉ: ੫. ਹੇ ਪਿਆਰੇ ! ਉਨ੍ਹਾਂ ਦੀ ਨਿੱਤ ਕ੍ਰਿਆ ਇਹ ਹੋਇਆ ਕਰਦੀ ਹੈ ਕਿ ਪ੍ਰੇਮ ਦੁਆਰਾ ਮਿਲ ਕੇ ਰਹਿਣਾ, ਹਰੀ ਦੇ ਨਾਮ ਦਾ ਗਹਿਣਾ ਪਾਈ ਰੱਖਣਾ, ਭਾਵ ਹਰੀ ਦੇ ਨਾਮ ਦਾ ਸਦਾ ਹੀ ਕੰਠੋਂ ਉਚਾਰਦੇ ਰਹਿਣ ਰੂਪ ਗਹਿਣਾ ਪਾਈ ਰੱਖਣਾ ਤੇ ਪਤੀ ਦੇ ਬਚਨ ਮਿੱਠੇ ਲੱਗਣੇ।

ਉ: ੬. ਬੇਨਤੀ ਪੂਰਵਕ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ

ਹੇ ਪਿਆਰਿਓ ! ਜਿਹੜੀਆਂ ਜੀਵ ਰੂਪ ਇਸਤ੍ਰੀਆਂ (ਸਾਧ ਸੰਗਤ ਵਿਚ) ਪ੍ਰੇਮ ਸਹਿਤ ਮਿਲ ਕੇ ਰਹਿੰਦੀਆਂ ਹਨ, ਉਨ੍ਹਾਂ ਦੇ ਮਨ ਦੀ ਇੱਛਾ ਪੂਰੀ ਹੋ ਗਈ, ਕਿਉਂਕਿ ਜੋ ਅਨਾਦੀ ਹਰੀ ਪੁਰਖ ਹਨ, ਉਹ ਉਨ੍ਹਾਂ ਨੂੰ ਮਿਲ ਗਏ।੩।

੧. ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ ॥
੨. ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ ॥
੩. ਹਰਿ ਕੰਤ ਅਨੰਤ ਦਇਆਲ ਸ੍ਰੀਧਰ
ਗੋਬਿੰਦ ਪਤਿਤ ਉਧਾਰਣੋ ॥
੪. ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ
ਭੈ ਸਿੰਧੁ ਸਾਗਰ ਤਾਰਣੋ ॥
੫. ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ॥
੬. ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ
ਸਦਾ ਕੇਲ ਕਰੰਦਾ ॥੪॥੧॥੪॥

ਪਦ ਅਰਥ : ਤਿਤੁ—ਉਸ ਵਿਚ। ਗ੍ਰਿਹਿ—ਘਰ ਵਿਚ। ਤਿਤੁ ਗ੍ਰਿਹਿ—ਉਸ ਹਿਰਦੇ ਘਰ ਵਿਚ। ਸੋਹਿਲੜੇ—ਖ਼ੁਸ਼ੀ ਦੇ ਗੀਤ। ਕੋਡ—ਕਰੋੜਾਂ। ਮਨਿ—ਮਨ ਵਿਚ। ਤਨਿ—ਸਰੀਰ ਵਿਚ, ਹਿਰਦੇ ਵਿਚ। ਰਵਿ ਰਹਿਆ—ਆ ਵਸਿਆ। ਪਰਮਾਨੰਦਾ—ਸਭ ਤੋਂ ਉੱਚੇ ਅਨੰਦ ਦਾ ਮਾਲਕ। ਅਨੰਤ—ਬੇਅੰਤ। ਦਇਆਲ—ਦਇਆ ਦਾ ਘਰ। ਸ੍ਰੀਧਰ—ਮਾਇਆ ਦਾ ਮਾਲਕ। ਪਤਿਤ ਉਧਾਰਣੋ—ਪਾਪੀਆਂ ਨੂੰ ਤਾਰਣ ਵਾਲਾ। ਪ੍ਰਭਿ—ਪ੍ਰਭੂ ਨੇ। ਸਿੰਧੁ—ਸਮੁੰਦਰ। ਸਾਗਰ—ਸਮੁੰਦਰ। ਕੰਠਿ—ਗਲ ਨਾਲ। ਬਿਰਦੁ—ਮੁੱਢ ਕਦੀਮੀ ਦਾ ਸੁਭਾਉ। ਸੰਦਾ—ਦਾ। ਕੇਲ—ਚੋਜ, ਤਮਾਸ਼ੇ। ਕਰੰਦਾ—ਕਰਨ ਵਾਲਾ।੪।

ਅਰਥ :

ਪ੍ਰ: ਹੇ ਗੁਰੋ ! ਜਦ ਕਿਸੇ ਜੀਵ ਰੂਪ ਇਸਤ੍ਰੀ ਦਾ ਅਨਾਦੀ ਪ੍ਰਭੂ ਪਤੀ ਨਾਲ ਮਿਲਾਪ ਹੋ ਗਿਆ, ਤਾਂ ਫਿਰ ਉਸ ਦੀ ਮਾਨਸਕ ਅਵਸਥਾ ਕੈਸੀ ਹੋ ਜਾਂਦੀ ਹੈ ?

ਉ: ੧. ਹੇ ਮਿੱਤਰੋ ! ਜਿਸ ਮਨ ਵਿਚ, ਜਿਸ ਹਿਰਦੇ ਵਿਚ ਪ੍ਰਭੂ ਮਾਲਕ ਆ ਵਸਦਾ ਹੈ, ਉਸ ਹਿਰਦੇ ਘਰ ਵਿਚ ਤਾਂ ਕਰੋੜਾਂ ਅਨੰਦ ਤੇ ਖ਼ੁਸ਼ੀਆਂ ਦੇ ਗੀਤ ਗਾਏ ਜਾ ਰਹੇ ਹੁੰਦੇ ਹਨ।

ਪ੍ਰ: ਕਿਉਂ ਜੀ। ਉਹ ਕਿਵੇਂ ?

ਉ: ੨. ਕਿਉਂਕਿ ਉਸ ਦੇ ਮਨ ਵਿਚ, ਤਨ ਵਿਚ ਪਰਮ ਅਨੰਦ ਸਰੂਪ ਪ੍ਰਭੂ ਰਵ ਰਹਿਆ ਹੁੰਦਾ ਹੈ।

ਪ੍ਰ: ਉਹ ਪ੍ਰਭੂ ਹੈ ਕੈਸਾ ?

ਉ: ੩. ਉਹ ਪ੍ਰਭੂ ਪਤੀ ਬੇਅੰਤ ਹੈ, ਸਦਾ ਦਇਆ ਦਾ ਘਰ ਹੈ, ਮਾਇਆ ਦਾ ਮਾਲਕ ਹੈ, ਉਹ ਗੋਬਿੰਦ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ।

੪. ਹੇ ਭਾਈਓ ! ਉਸ ਹੰਕਾਰ ਨਾਸ਼ਕ ਪ੍ਰਭੂ ਨੇ ਜਿਸ ਜੀਵ ਉੱਤੇ ਭੀ ਮਿਹਰ ਦੀ ਨਜ਼ਰ ਕਰ ਦਿੱਤੀ, ਉਸ ਨੂੰ ਉਹ ਇਸ ਅਨੇਕਾਂ ਸਹਿਮਾਂ ਭਰੇ ਸੰਸਾਰ ਸਾਗਰ ਤੋਂ ਪਾਰ ਲੰਘਾ ਦੇਂਦਾ ਹੈ।

ਪ੍ਰ: ਕਿਉਂ ਜੀ ! ਕੀ ਉਹ ਸਾਰਿਆਂ ਨੂੰ ਹੀ ਤਾਰਣਹਾਰ ਹੈ ?

ਉ: ੫. ਹਾਂ ! ਹੇ ਪਿਆਰਿਓ ! (ਉਸ ਮੇਰੇ ਮਾਲਕ ਦਾ) ਇਹ ਮੁੱਢ ਕਦੀਮਾਂ ਦਾ ਹੀ ਸੁਭਾਉ ਚਲਿਆ ਆ ਰਿਹਾ ਹੈ ਕਿ ਜਿਹੜਾ ਜੀਵ ਭੀ ਉਸ ਦੀ ਸ਼ਰਨ ਵਿਚ ਆਉਂਦਾ ਹੈ, ਉਸ ਨੂੰ ਉਹ ਆਪਣੇ ਗਲੇ ਨਾਲ ਲਾ ਲੈਂਦਾ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਸੱਜਨੋ ! ਹੁਣ ਉਹ ਹਰੀ ਸਾਨੂੰ ਮਿਲ ਗਿਆ ਹੈ ਜੋ ਸਦਾ ਹੀ ਖ਼ੁਸ਼ੀਆਂ ਦੇ ਖੇਲ ਕਰਦਾ ਹੈ।੪।੧।੪।

ਭਾਵਾਰਥ : ਇਸ ਛੰਤ ਵਿਚ ਹਜ਼ੂਰ ਜੀ ਨੇ ਇਕ ਸੁਹਾਗਣ ਦੇ ਰੂਪਕ ਵਿਚ ਉਸ ਨਾਮ-ਰਸ ਮਾਣਨ ਵਾਲੀ ਜੀਵ ਰੂਪ ਇਸਤ੍ਰੀ ਦੀ ਅਵਸਥਾ ਦਾ ਬਿਆਨ ਕੀਤਾ ਹੈ, ਜੋ ਪ੍ਰੇਮ ਰਸ ਵਿਚ ਭਰੀ, ਪ੍ਰਭੂ ਮਿਲਾਪ ਦਾ ਰਸ ਮਾਣਦੀ ਹੈ ਅਤੇ ਉਸੇ ਦੀ ਸ਼ੁਕਰ ਗੁਜ਼ਾਰੀ ਕਰਦੀ ਹੋਈ ਆਪਾ ਸਮਰਪਣ ਕਰ ਚੁੱਕੀ ਹੈ। ਵਾਹਿਗੁਰੂ ਜੀ ਦੇ ਅਤਿ ਪ੍ਰੇਮੀ ਦੀ ਆਤਮ ਅਨੰਦ ਦੀ ਅਵਸਥਾ ਬੜੇ ਸੋਹਣੇ ਪਿਆਰ ਭਰੇ ਸ਼ਬਦਾਂ ਵਿਚ ਨਿਰੂਪਨ ਕੀਤੀ ਹੈ।

ਬਿਹਾਗੜਾ ਮਹਲਾ ੫ ॥

੧. ਹਰਿ ਚਰਣ ਸਰੋਵਰ
ਤਹ ਕਰਹੁ ਨਿਵਾਸੁ ਮਨਾ ॥
੨. ਕਰਿ ਮਜਨੁ ਹਰਿ ਸਰੇ
ਸਭਿ ਕਿਲਬਿਖ ਨਾਸੁ ਮਨਾ ॥
੩. ਕਰਿ ਸਦਾ ਮਜਨੁ ਗੋਬਿੰਦ
ਸਜਨੁ ਦੁਖ ਅੰਧੇਰਾ ਨਾਸੇ ॥
੪. ਜਨਮ ਮਰਣੁ ਨ ਹੋਇ ਤਿਸ ਕਉ
ਕਟੈ ਜਮ ਕੇ ਫਾਸੇ ॥
੫. ਮਿਲੁ ਸਾਧਸੰਗੇ ਨਾਮ
ਰੰਗੇ ਤਹਾ ਪੂਰਨ ਆਸੋ ॥
੬. ਬਿਨਵੰਤਿ ਨਾਨਕ ਧਾਰਿ ਕਿਰਪਾ
ਹਰਿ ਚਰਣ ਕਮਲ ਨਿਵਾਸੋ ॥੧॥

ਪਦ ਅਰਥ : ਸਰ—ਤਲਾਬ। ਸਰੋਵਰ—ਸਰੇਸ਼ਟ ਤਾਲਾਬ, ਭਾਵ ਸਤਿ ਸੰਗਤ। ਤਹ—ਉਥੇ। ਮਨਾ—ਹੇ ਮਨ। ਮਜਨੁ—ਇਸ਼ਨਾਨ। ਸਰੇ—ਸਰਿ, ਸਰ ਵਿਚ। ਹਰਿ ਸਰੇ—ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਸਰ ਵਿਚ। ਸਭਿ—ਸਾਰੇ। ਕਿਲਬਿਖ—ਪਾਪ। ਸਜਨੁ—ਮਿੱਤਰ। ਨਾਸੇ—ਨਾਸ਼ ਕਰ ਦੇਂਦਾ ਹੈ। ਕਉ—ਨੂੰ। ਕਟੈ—ਕੱਟ ਦੇਂਦਾ ਹੈ। ਫਾਸੇ—ਫਾਹੀਆਂ। ਰੰਗੇ—ਰੰਗਿ, ਪ੍ਰੇਮ ਵਿਚ। ਤਹਾ—ਉਸ (ਸਾਧ ਸੰਗਤ ਵਿਚ) ਹਰਿ—ਹੇ ਹਰੀ।

ਅਰਥ :

ਪ੍ਰ: ਹੇ ਗੁਰੋ ! ਬਹੁਤ ਲੋਕਾਂ ਦਾ ਖ਼ਿਆਲ ਹੈ ਕਿ ਕਿਸੇ ਤਲਾਬ, ਸਰੋਵਰ ਦੇ ਕਿਨਾਰੇ 'ਤੇ ਹੀ ਨਿਵਾਸ ਰੱਖਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਮਨ ਦੀ ਪਵਿੱਤ੍ਰਤਾ ਹੁੰਦੀ ਹੈ ? ਇਸ ਬਾਰੇ ਆਪ ਜੀ ਦੇ ਗੁਰਮਤਿ ਅਨੁਸਾਰ ਕੀ ਵੀਚਾਰ ਹਨ ?

ਉ: ੧. ਹਜ਼ੂਰ ਆਪਣੇ ਮਨ ਪ੍ਰਤੀ ਸੰਬੋਧਨ ਕਰਦੇ ਹੋਏ ਸਰਵ ਸਾਂਝਾ ਉਪਦੇਸ਼ ਦੇਂਦੇ ਹਨ ਕਿ ਹੇ ਮਨਾ! ਅਸਲ ਵਿਚ ਤਾਂ ਹਰੀ ਦੇ ਚਰਨ ਹੀ ਸੁੰਦਰ ਤਲਾਬ ਹਨ, ਉਥੇ ਹੀ ਸਦਾ ਨਿਵਾਸ ਰਖੋ, ਭਾਵ ਹੈ ਕਿ ਹਰੀ ਦੇ ਚਰਨਾਂ ਵਿਚ ਹੀ ਸਦਾ ਸੁਰਤਿ ਨੂੰ ਟਿਕਾਈ ਰੱਖ।

ਪ੍ਰ: ਗੁਰਦੇਵ ਜੀਓ! ਕਈ ਸਰਲ ਚਿੱਤ, ਸਿੱਧੇ ਸਾਦੇ, ਅੰਧ-ਵਿਸ਼ਵਾਸੀ ਲੋਕ ਇਉਂ ਵੀ ਨਿਸ਼ਚਾ ਰੱਖੀ ਬੈਠੇ ਹਨ ਕਿ ਕਿਸੇ ਸਰੋਵਰ ਵਿਚ ਕੇਵਲ ਇਸ਼ਨਾਨ ਕਰਨ ਨਾਲ ਹੀ ਸਾਰੇ ਪਾਪ ਨਾਸ ਹੋ ਜਾਂਦੇ ਹਨ, ਕੀ ਇਹ ਉਨ੍ਹਾਂ ਦਾ ਵਿਸ਼ਵਾਸ ਗੁਰਮਤਿ ਅਨੁਸਾਰ ਠੀਕ ਹੈ?

ਉ: ੨. (ਨਹੀਂ) ਹੇ ਸੱਜਨਾ! ਅਸਲ ਵਿਚ ਸੱਚਾ ਸਰੋਵਰ ਤਾਂ ਹਰੀ ਆਪ ਹੀ ਹੈ, ਉਸ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣ ਰੂਪ ਹੀ ਇਸ਼ਨਾਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਹੇ ਮਨ, ਤੇਰੇ ਸਾਰੇ ਕੀਤੇ ਪਾਪ ਨਾਸ ਹੋ ਜਾਣਗੇ।

੩. ਹੇ ਮਨਾ! ਇਸ (ਹਰਿ ਚਰਣ ਸਰ) ਭਾਵ ਸਤਿ ਸੰਗਤ ਵਿਚ ਸਦਾ ਹੀ ਇਸ਼ਨਾਨ ਕਰਦਾ ਰਹੁ। ਇਸੇ ਇਸ਼ਨਾਨ ਦੀ ਬਰਕਤ ਨਾਲ ਗੋਬਿੰਦ ਤੇਰਾ ਸੱਜਨ ਬਣ ਜਾਏਗਾ, ਫੇਰ ਸਾਰੇ ਦੁੱਖ ਤੇ ਦੁੱਖਾਂ ਦਾ ਕਾਰਣ ਅੰਗਯਾਨ ਰੂਪੀ ਹਨ੍ਹੇਰਾ ਨਸ ਜਾਏਗਾ।

ਪ੍ਰ: ਹਜ਼ੂਰ! ਆਖ਼ਰ ਇਸ ਦਾ ਫਲ ਕੀ ਹਾਸਲ ਹੋਵੇਗਾ?

ਉ: ੪. ਹੇ ਮਿੱਤਰਾ! ਜੋ ਵੀ ਕੋਈ ਮਨੁੱਖ, ਉਪਰ ਦੱਸਿਆ ਸੱਚਾ ਇਸ਼ਨਾਨ ਕਰੇਗਾ, ਬਸ, ਉਸ ਨੂੰ ਫਿਰ ਜਨਮ ਮਰਣ ਨਹੀਂ ਹੋਵੇਗਾ, (ਕਿਉਂਕਿ) ਇਸ ਸੱਚੇ ਇਸ਼ਨਾਨ ਕਰਨ ਦੀ ਬਰਕਤ ਨਾਲ (ਉਸ ਦੇ) ਸਾਰੇ ਜਮਾਂ ਦੇ ਫਾਹੇ ਕਟੇ ਜਾਣਗੇ।

ਪ੍ਰ: ਹਜ਼ੂਰ! ਇਸ ਪ੍ਰਾਪਤੀ ਲਈ ਪਹਿਲੋਂ ਸਾਧਨ ਕਿਹੜਾ ਅਰੰਭ ਕਰਨਾ ਪਵੇਗਾ?

ਉ: ੫. ਹੇ ਮਿੱਤਰ ਮਨਾ! ਪਹਿਲੋਂ ਤੂੰ ਸਤਿ ਸੰਗਤ ਵਿਚ ਮਿਲ, ਉਥੋਂ ਤੈਨੂੰ ਪਰਮੇਸ਼ਰ ਦੇ ਨਾਮ ਦਾ ਰੰਗ ਚੜ੍ਹੇਗਾ, ਉਸੇ ਸੰਗਤ ਵਿਚੋਂ ਨਾਮ ਰੰਗ ਦੀ ਚੜ੍ਹੀ ਰੰਗਣ ਨਾਲ ਬਸ ਸਾਰੀਆਂ ਹੀ ਆਸਾਂ ਪੂਰਨ ਹੋ ਜਾਂਦੀਆਂ ਹਨ।

ਪ੍ਰ: ਹਜ਼ੂਰ! ਜਦੋਂ ਸਾਰੀਆਂ ਹੀ ਆਸਾਂ ਪੂਰਨ ਹੋ ਗਈਆਂ ਤਾਂ ਫਿਰ ਕੀ ਕੁਝ ਹੋਰ ਕਰਨ ਦੀ ਲੋੜ ਤਾਂ ਨਹੀਂ ਰਹਿ ਜਾਂਦੀ?

ਉ: ੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਭਾਈ! ਫਿਰ ਭੀ ਇਉਂ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਹਰੀ ਜੀਉ! ਕਿਰਪਾ ਕਰੋ, ਤਾਂਕਿ ਤੇਰੇ ਸੋਹਣੇ ਚਰਨ ਕੰਵਲਾਂ ਵਿਚ ਮੇਰਾ ਮਨ ਸਦਾ ਹੀ ਟਿਕਿਆ ਰਹੇ, ਭਾਵ ਇਸ ਮਨ ਨੂੰ ਆਪਣੇ ਚਰਨਾਂ ਵਿਚ ਹੀ ਸਦਾ ਟਿਕਾਈ ਰੱਖੋ।੧।

੧. ਤਹ ਅਨਦ ਬਿਨੋਦ ਸਦਾ
ਅਨਹਦ ਝੁਣਕਾਰੋ ਰਾਮ॥
੨. ਮਿਲਿ ਗਾਵਹਿ ਸੰਤ ਜਨਾ
ਪ੍ਰਭ ਕਾ ਜੈਕਾਰੋ ਰਾਮ॥
੩. ਮਿਲਿ ਸੰਤ ਗਾਵਹਿ ਖਸਮ ਭਾਵਹਿ
ਹਰਿ ਪ੍ਰੇਮ ਰਸ ਰੰਗਿ ਭਿੰਨੀਆ॥
੪. ਹਰਿ ਲਾਭੁ ਪਾਇਆ ਆਪੁ ਮਿਟਾਇਆ
ਮਿਲੇ ਚਿਰੀ ਵਿਛੁੰਨਿਆ॥
੫. ਗਹਿ ਭੁਜਾ ਲੀਨੇ ਦਇਆ ਕੀਨੇ੍
ਪ੍ਰਭ ਏਕ ਅਗਮ ਅਪਾਰੋ ॥
੬. ਬਿਨਵੰਤਿ ਨਾਨਕ ਸਦਾ ਨਿਰਮਲ
ਸਚੁ ਸਬਦੁ ਰੁਣ ਝੁਣਕਾਰੋ ॥੨॥

ਪਦ ਅਰਥ : ਤਹ—ਉਥੇ, ਸਾਧ ਸੰਗਤ ਵਿਚ। ਬਿਨੋਦ—ਖ਼ੁਸ਼ੀਆਂ, ਖ਼ੁਸ਼ੀ ਭਰੇ ਰੰਗ ਤਮਾਸ਼ੇ, ਵਿਸ਼ੇਸ਼ ਖ਼ੁਸ਼ੀਆਂ। ਅਨਹਦ—ਇਕ ਰਸ, ਲਗਾਤਾਰ। ਝੁਣਕਾਰੋ—ਵਜ ਰਹੇ ਸਾਜ਼ਾਂ ਦੀ ਮੱਠੀ-ਮੱਠੀ ਆਵਾਜ਼। ਮਿਲਿ—ਮਿਲ ਕੇ। ਜੈਕਾਰੋ—ਸਿਫ਼ਤਿ-ਸਾਲਾਹ, ਜੈ ਹੋ, ਜੈ ਹੋ ਵਾਕ ਕਹਿ ਕੇ ਉਸਤਤ ਕਰਨੀ ਤੇ ਹੱਥ ਜੁੜੇ ਸੀਸ ਨਿਵਾਉਣਾ। ਖਸਮ ਭਾਵਹਿ—ਖਸਮ ਨੂੰ ਪਿਆਰੇ ਲੱਗਦੇ ਹਨ। ਰੰਗਿ—ਰੰਗ ਵਿਚ। ਭਿੰਨੀਆ—ਭਿੱਜੀ ਰਹਿੰਦੀ ਹੈ। ਆਪੁ—ਆਪਾ ਭਾਵ, ਅਹੰਕਾਰ। ਚਿਰੀ ਵਿਛੁੰਨਿਆ—ਚਿਰਾਂ ਦੇ ਵਿਛੜੇ ਹੋਏ। ਗਹਿ—ਫੜ ਕੇ। ਭੁਜਾ—ਬਾਂਹ। ਅਗਮ—ਅਪਹੁੰਚ। ਅਪਾਰੋ—ਬਿਅੰਤ। ਸਚੁ ਸਬਦੁ—ਸਿਫ਼ਤਿ-ਸਾਲਾਹ ਦੀ ਬਾਣੀ। ਰੁਣਝੁਣਕਾਰੋ—ਮਿੱਠੀ ਸੁਰੀਲੀ ਮੱਧਮ ਆਵਾਜ਼।੨।

ਅਰਥ :

ਪ੍ਰ: ਹਜ਼ੂਰ ਜੀ! ਤੁਸੀਂ ਜਿਮ ਸਾਧ ਸੰਗਤ ਰੂਪੀ ਸਰੋਵਰ ਵਿਚ ਨਿਵਾਸ ਕਰਨ ਦੀ ਪ੍ਰੇਰਣਾ ਕਰਦੇ ਹੋ, ਉਸ ਵਿਚ ਕਿਹੜੇ ਪਦਾਰਥ ਹਨ ਜੋ ਕਿ ਪ੍ਰਾਪਤ ਹੋ ਸਕਣ?

ਉ: ੧. ਹੇ ਭਰਾਵੋ! ਉਸ ਸਾਧ ਸੰਗਤ ਵਿਚ ਸਦਾ ਆਤਮਿਕ ਅਨੰਦ ਤੇ ਖ਼ੁਸ਼ੀਆਂ ਹਨ ਤੇ ਸਦਾ ਹੀ ਅਨਹਦ ਦੀ ਝੁਨਕਾਰ ਹੈ, ਭਾਵ ਇਕ ਰਸ ਖ਼ੁਸ਼ੀਆਂ ਦੀ ਰੌ ਚਲੀ ਰਹਿੰਦੀ ਹੈ।

੨. ਉਸ ਸਾਧ ਸੰਗਤ ਵਿਚ ਸੰਤ ਜਨ ਮਿਲ ਕੇ ਪ੍ਰਭੂ ਦੀ ਜੈ-ਜੈ ਕਾਰ ਗਾਉਂਦੇ ਹਨ, (ਭਾਵ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਉਂਦੇ ਹਨ)।

੩. ਉਹ ਸੰਤ ਜਨ ਮਾਨੋ ਸਖੀ ਰੂਪਤਾ ਵਿਚ ਹਨ, ਜੋ ਹਰੀ ਦੇ ਪ੍ਰੇਮ ਰਸ ਵਿਚ ਭਿੱਜੀਆਂ ਹੋਈਆਂ ਗੀਤ ਗਾਉਂਦੀਆਂ ਹਨ ਅਤੇ ਉਹੀ ਮਾਲਕ ਨੂੰ ਪਿਆਰੀਆਂ ਲੱਗਦੀਆਂ ਹਨ।

ਪ੍ਰ: ਹੇ ਗੁਰੋ! ਉਨ੍ਹਾਂ ਸਖੀਆਂ ਦੇ ਮਾਲਕ ਨੂੰ ਪਿਆਰਾ ਲੱਗਣ ਦਾ ਕਾਰਣ ਕੀ ਬਣ ਗਿਆ?

ਉ: ੪. ਹੇ ਭਾਈ! ਉਨ੍ਹਾਂ ਸਖੀਆਂ ਨੇ ਆਪਾ ਭਾਵ (ਅਹੰਕਾਰ) ਮਿਟਾ ਲਿਆ ਹੁੰਦਾ ਹੈ। ਇਸੇ ਲਈ ਉਨ੍ਹਾਂ ਨੂੰ ਹਰੀ ਦੀ ਪ੍ਰਾਪਤੀ ਰੂਪ ਲਾਹਾ ਮਿਲਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਚਿਰਾਂ ਦੇ ਵਿਛੜੇ ਹੋਏ ਪ੍ਰਭੂ ਜੀ ਮਿਲ ਜਾਂਦੇ ਹਨ।

ਪ੍ਰ: ਸ੍ਰੀ ਜੀਉ! ਉਹ ਪ੍ਰਭੂ ਜੀ ਮਿਲੇ ਕਿਸ ਪ੍ਰਕਾਰ?

ਉ: ੫. ਹੇ ਪਿਆਰੇ! ਉਹ ਅਪਹੁੰਚ ਤੇ ਬੇਅੰਤ ਪਰਮੇਸ਼ਰ ਉਨ੍ਹਾਂ ਉੱਤੇ ਦਇਆ ਕਰਦਾ ਹੈ, ਉਹੀ ਉਨ੍ਹਾਂ ਦੀ ਬ੍ਰਿਤੀ ਰੂਪੀ ਭੁਜਾਂ ਨੂੰ

ਪਕੜ ਕੇ ਲੈ ਗਿਆ, ਭਾਵ ਉਨ੍ਹਾਂ ਨੂੰ ਆਪਣੇ ਬਣਾ ਲੈਂਦਾ ਹੈ।

੬. ਸ੍ਰੀ (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਐ ਭਾਈਓ! ਸਾਧ ਸੰਗਤ ਰੂਪੀ ਸਰੋਵਰ ਵਿਚ ਵਸਣ ਵਾਲੇ ਸੰਤ ਜਨ ਸਦਾ ਲਈ ਪਵਿੱਤ੍ਰ ਜੀਵਨ ਵਾਲੇ ਹੋ ਜਾਂਦੇ ਹਨ, ਕਿਉਂਕਿ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੀ ਬਾਣੀ ਉਨ੍ਹਾਂ ਦੇ ਅੰਦਰ ਮਿੱਠੀ-ਮਿੱਠੀ ਰੌਂ ਚਲਾਈ ਰੱਖਦੀ ਹੈ।੨।

੧. ਸੁਣਿ ਵਡਭਾਗੀਆ
ਹਰਿ ਅੰਮ੍ਰਿਤ ਬਾਣੀ ਰਾਮ ॥
੨. ਜਿਨ ਕਉ ਕਰਮਿ ਲਿਖੀ
ਤਿਸੁ ਰਿਦੈ ਸਮਾਣੀ ਰਾਮ ॥
੩. ਅਕਥ ਕਹਾਣੀ ਤਿਨੀ ਜਾਣੀ
ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥
੪. ਅਮਰੁ ਥੀਆ ਫਿਰਿ ਨ ਮੂਆ
ਕਲਿ ਕਲੇਸਾ ਦੁਖ ਹਰੇ ॥
੫. ਹਰਿ ਸਰਣਿ ਪਾਈ ਤਜਿ ਨ ਜਾਈ
ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥
੬. ਬਿਨਵੰਤਿ ਨਾਨਕ ਸਦਾ ਗਾਈਐ
ਪਵਿਤ੍ਰ ਅੰਮ੍ਰਿਤ ਬਾਣੀ ॥੩॥

ਪਦ ਅਰਥ : ਅੰਮ੍ਰਿਤ—ਅਮਰ ਜੀਵਨ ਦੇਣ ਵਾਲੀ। ਜਿਨ ਕਉ—ਜਿਨ੍ਹਾਂ ਦੇ ਮੱਥੇ ਉੱਤੇ। ਕਰਮਿ—ਪਰਮੇਸ਼ਰ ਦੀ ਬਖ਼ਸ਼ਸ਼ ਨਾਲ। ਤਿਸੁ ਰਿਦੈ—ਉਸ ਮਨੁੱਖ ਦੇ ਹਿਰਦੇ ਵਿਚ। ਅਕਥ—ਜਿਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਅਮਰੁ—ਅਟੱਲ ਆਤਮਕ ਜੀਵਨ ਵਾਲਾ। ਨ ਮੂਆ—ਮੌਤ ਦੇ ਕਾਬੂ ਨਹੀਂ ਆਇਆ। ਕਲਿ—ਝਗੜੇ। ਹਰੇ—ਦੂਰ ਕਰ ਲੈਂਦਾ ਹੈ। ਤਜਿ—ਛੱਡ ਕੇ। ਮਨਿ—ਮਨ ਵਿਚ। ਤਨਿ—ਹਿਰਦੇ ਵਿਚ। ਭਾਣੀ—ਪਿਆਰੀ ਲੱਗੀ। ਗਾਈਐ—ਗਾਣੀ ਚਾਹੀਦੀ ਹੈ।੩।

ਅਰਥ :

ਪ੍ਰ: ਹੇ ਗੁਰੋ! ਇਹ ਮਨ ਹਰ ਵਕਤ ਹੀ ਕਲਪਣਾ ਦੇ ਵਹਿਣ ਵਿਚ ਰੁੜ੍ਹਿਆ ਰਹਿੰਦਾ ਹੈ, ਇਸ ਦੀ ਰੋਕਥਾਮ ਵਾਸਤੇ ਕੋਈ ਸਾਧਨ ਦੱਸ ਦਿਓ।

ਉ: ੧. ਹੇ ਵੱਡੇ ਭਾਗਾਂ ਵਾਲਿਆ! ਹਰੀ ਦੀ ਸਿਫ਼ਤਿ-ਸਾਲਾਹ ਦੀ ਬਾਣੀ ਜੋ ਕਿ ਅਮਰ ਜੀਵਨ ਦੇਣ ਵਾਲੀ ਹੈ, ਇਸ ਨੂੰ ਸਦਾ ਹੀ ਸੁਣਿਆ ਕਰ।

ਪ੍ਰ: ਹਜ਼ੂਰ! ਬਾਣੀ ਸੁਣਦੇ ਤਾਂ ਸਦਾ ਹੀ ਰਹੀਦਾ ਹੈ, ਪਰ ਹਿਰਦੇ ਵਿਚ ਵਸਦੀ ਨਹੀਂ।

ਉ: ੨. ਹੇ ਸੱਜਣਾ! (ਇਹ ਗੱਲ ਆਪਣੇ ਵਸ ਦੀ ਨਹੀਂ) ਇਹ ਬਾਣੀ ਤਾਂ ਉਸ (ਵਡਭਾਗੀ) ਦੇ ਹਿਰਦੇ ਵਿਚ ਵਸਦੀ ਹੈ, ਜਿਨ੍ਹਾਂ ਦੇ ਮੱਥੇ ਉੱਤੇ ਪਰਮੇਸ਼ਰ ਦੀ ਬਖ਼ਸ਼ਸ਼ ਨਾਲ ਇਸ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੁੰਦਾ ਹੈ।

੩. ਹੇ ਭਾਈ! ਜੋ ਇਹ ਕਹਾਣੀ ਕਹੀ ਨਹੀਂ ਜਾਂਦੀ, ਉਸ ਨੇ ਹੀ ਜਾਣੀ ਹੈ, ਜਿਸ ਉੱਤੇ ਪ੍ਰਭੂ ਆਪ ਕਿਰਪਾ ਕਰੇ।

੪. ਹੇ ਪਿਆਰੇ! ਜਿਸ ਨੇ ਇਹ ਜਾਣ ਲਈ, ਉਹ ਅਮਰ ਹੋ ਗਿਆ, ਉਹ ਫਿਰ ਮੋਇਆ ਨਹੀਂ, ਉਸ ਦੇ ਝਗੜੇ, ਕਲੇਸ਼ ਤੇ ਦੁੱਖ (ਸਭ) ਦੂਰ ਹੋ ਗਏ।

੫. ਹੇ ਭਾਈ! ਉਹ ਮਨੁੱਖ ਪਰਮੇਸ਼ਰ ਦੀ ਸ਼ਰਨ ਪ੍ਰਾਪਤ ਕਰ ਲੈਂਦਾ ਹੈ ਜੋ ਕਿ ਕਦੀ ਛੱਡ ਕੇ ਨਹੀਂ ਜਾਂਦਾ। ਉਸ ਮਨੁੱਖ ਦੇ ਮਨ ਵਿਚ, ਹਿਰਦੇ ਵਿਚ (ਉਸੇ) ਪ੍ਰਭੂ ਦੀ ਪ੍ਰੀਤ ਪਿਆਰੀ ਲੱਗਣ ਲੱਗ ਪੈਂਦੀ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਐ ਭਾਈਓ! ਜੋ ਅਮਰ ਜੀਵਨ ਦੇਣ ਵਾਲੀ ਪਵਿੱਤ੍ਰ ਅੰਮ੍ਰਿਤ ਰੂਪ ਬਾਣੀ ਸਦਾ ਹੀ ਗਾਵੀਏ।੩।

੧. ਮਨ ਤਨ ਗਲਤੁ ਭਏ
ਕਿਛੁ ਕਹਣੁ ਨ ਜਾਈ ਰਾਮ ॥
੨. ਜਿਸ ਤੇ ਉਪਜਿਅੜਾ
ਤਿਨਿ ਲੀਆ ਸਮਾਈ ਰਾਮ ॥
੩. ਮਿਲਿ ਬ੍ਰਹਮ ਜੋਤੀ ਓਤਿ ਪੋਤੀ
ਉਦਕੁ ਉਦਕਿ ਸਮਾਇਆ ॥
੪. ਜਲਿ ਥਲਿ ਮਹੀਅਲਿ ਏਕੁ ਰਵਿਆ
ਨਹ ਦੂਜਾ ਦ੍ਰਿਸਟਾਇਆ ॥
੫. ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ
ਕੀਮਤਿ ਕਹਣੁ ਨ ਜਾਈ ॥
੬. ਬਿਨਵੰਤਿ ਨਾਨਕ ਆਪਿ ਜਾਣੈ
ਜਿਨਿ ਏਹ ਬਣਤ ਬਣਾਈ ॥੪॥੨॥੫॥

ਪਦ ਅਰਥ : ਗਲਤੁ—ਗਲਤਾਨ, ਮਸਤ, ਮਗਨ। ਕਹਣੁ ਨ ਜਾਈ—ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਤੇ—ਜਿਸ ਪਰਮੇਸ਼ਰ ਤੋਂ। ਤਿਨਿ—ਉਸ ਪਰਮਾਤਮਾ ਨੇ। ਲੀਆ ਸਮਾਈ—ਆਪਣੇ ਵਿਚ ਮਿਲਾ ਲਿਆ। ਮਿਲਿ—ਮਿਲ ਕੇ। ਓਤਿ—ਉਣੇ ਹੋਏ ਵਿਚ। ਪੋਤੀ—ਪੋਤੇ, ਪ੍ਰੋਤੇ ਹੋਏ ਵਿਚ। ਓਤ ਪੋਤੀ—(ਕੱਪੜੇ ਦੇ) ਤਾਣੇ ਪੇਟੇ ਵਾਂਗ। ਉਦਕੁ—ਪਾਣੀ। ਜਲਿ—ਪਾਣੀ ਵਿਚ। ਥਲਿ—ਧਰਤੀ ਵਿਚ। ਮਹੀਅਲਿ—ਮਹੀ ਤਲ, ਧਰਤੀ ਦੇ ਤਲ ਉੱਤੇ, ਪੁਲਾੜ ਵਿਚ, ਅਕਾਸ਼ ਵਿਚ। ਜਿਨਿ—ਜਿਸ (ਪਰਮਾਤਮਾ) ਨੇ।੪।

ਅਰਥ :

ਪ੍ਰ: ਹਜ਼ੂਰ! ਆਪ ਜੀ ਅੰਮ੍ਰਿਤ ਰੂਪ ਬਾਣੀ ਪੜ੍ਹਨ ਤੇ ਸੁਣਨ ਦੀ ਪ੍ਰੇਰਣਾ ਕਰਦੇ ਹੋ, ਆਖ਼ਰ ਸਾਡੇ ਮਨ ਤੇ ਤਨ ਨੂੰ ਇਸ ਦਾ ਫਲ ਕੀ ਪ੍ਰਾਪਤ ਹੋਵੇਗਾ?

ਉ: ੧. ਹੇ ਸੱਜਣੋ! ਜਿਸ ਮਨੁੱਖ ਨੇ ਬਾਣੀ ਪੜ੍ਹੀ ਹੈ, ਉਸ ਬਾਣੀ ਦੀ ਬਰਕਤ ਨਾਲ ਉਸ ਦਾ ਮਨ ਤੇ ਹਿਰਦਾ ਪਰਮੇਸ਼ਰ ਦੀ ਯਾਦ ਵਿਚ ਇਸ ਤਰ੍ਹਾਂ ਮਸਤ ਹੋ ਜਾਂਦਾ ਹੈ ਕਿ ਉਸ ਦੀ ਬਾਬਤ ਕੁਝ ਦੱਸਿਆ ਹੀ ਨਹੀਂ ਜਾ ਸਕਦਾ, ਭਾਵ ਉਹ ਮਸਤੀ ਨੂੰ ਬਿਆਨਿਆ ਨਹੀਂ ਜਾਂਦਾ।

ਪ੍ਰ: ਹਜ਼ੂਰ! ਸਾਨੂੰ ਸਮਝਾਉਣ ਦੇ ਵਾਸਤੇ ਕੁਝ ਤਾਂ ਦੱਸੋ?

ਉ: ੨. ਹੇ ਭਾਈਓ! ਬੱਸ! ਇਤਨਾ ਹੀ ਕਿਹਾ ਜਾ ਸਕਦਾ ਹੈ ਕਿ ਜਿਸ ਪਰਮੇਸ਼ਰ ਤੋਂ ਉਹ ਪੈਦਾ ਹੋਇਆ ਸੀ, ਉਸ ਨੇ ਉਸ ਨੂੰ ਆਪਣੇ ਵਿਚ ਹੀ ਮਿਲਾ ਲਿਆ।

ਪ੍ਰ: ਕਿਉਂ ਜੀ, ਉਸ ਮਿਲਾਪ ਦਾ ਕੋਈ ਸਰੂਪ ਦੱਸੋ ਕਿ ਕਿਵੇਂ ਮਿਲਾ ਲਿਆ?

ਉ: ੩. ਹੇ ਪਿਆਰੇ! ਉਹ ਪਰਮੇਸ਼ਰ ਦੀ ਜੋਤ ਵਿਚ ਇਉਂ ਮਿਲ ਗਿਆ, ਜਿਵੇਂ ਕਿ ਤਾਣਾ ਪੇਟਾ ਹੋਇਆ ਕਰਦਾ ਹੈ, ਜਾਂ ਜਿਵੇਂ ਜਲ ਵਿਚ ਸਮਾ ਜਾਂਦਾ ਹੈ।

ਪ੍ਰ: ਕਿਉਂ ਜੀ! ਇਸ ਮਿਲਾਪ ਵਿਚ ਕੀ ਉਸ ਦੀ ਮਾਨਸਕ ਦ੍ਰਿਸ਼ਟੀ ਵੀ ਬਦਲ ਜਾਂਦੀ ਹੈ?

ਉ: ੪. (ਹਾਂ ਜ਼ਰੂਰ) ਹੇ ਭਾਈਓ! ਹੁਣ ਉਸ ਨੂੰ ਦੂਜਾ ਨਜ਼ਰ ਹੀ ਨਹੀਂ ਆਉਂਦਾ, ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ ਵਿਚਾਲੇ ਇਕੋ ਵਿਆਪਕ ਪਰਮੇਸ਼ਰ ਹੀ ਅਨੁਭਵ ਹੁੰਦਾ ਹੈ।

੫. ਬਣਾਂ ਦੇ ਬ੍ਰਿਛਾਂ ਵਿਚ ਤੇ ਘਾਹ ਦੇ ਤੀਲੇ ਵਿਚ, ਗੱਲ ਕੀ, ਤਿੰਨਾਂ ਲੋਕਾਂ ਵਿਚ, ਪਾਤਾਲ, ਧਰਤੀ ਤੇ ਆਕਾਸ਼ ਮੰਡਲਾਂ ਵਿਚ ਪੂਰੀ ਤਰ੍ਹਾਂ ਪੂਰਨ ਹੋ ਰਿਹਾ ਦਿੱਸਦਾ ਹੈ, ਜਿਸ ਦੀ ਕਿ ਕੀਮਤ ਨਹੀਂ ਕਹੀ ਜਾ ਸਕਦੀ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਭਾਈਓ! ਉਹ ਆਪਣੀ ਕੀਮਤ ਨੂੰ ਆਪੇ ਹੀ ਜਾਣਦਾ ਹੈ, ਜਿਸ ਨੇ ਕਿ ਇਹ ਸਾਰੀ ਵਿਉਂਤ ਬਣਾਈ ਹੈ, ਭਾਵ ਹੈ ਜਿਸ ਨੇ ਇਹ ਖੇਡ ਬਣਾਈ ਹੈ।੪।੨।੫।

ਭਾਵਾਰਥ : ਇਸ ਛੰਤ ਵਿਚ ਹਜ਼ੂਰ ਸਤਿ ਸੰਗ ਵਿਚ ਨਿਵਾਸ ਕਰਨ ਦੀ ਪ੍ਰੇਰਣਾ ਕਰਦੇ ਹਨ, ਕਿਉਂਕਿ ਸੰਗਤ ਵਿਚ ਹੀ ਨਾਮ ਦਾ ਪ੍ਰੇਮ ਲੱਗਦਾ ਹੈ, ਪਾਪ ਨਾਸ ਹੋਣਗੇ, ਅਗਿਆਨ ਤੇ ਜਨਮ ਮਰਨ ਦਾ ਦੁੱਖ ਮਿਟ ਜਾਏਗਾ।

ਬਿਹਾਗੜਾ ਮਹਲਾ ੫ ॥

੧. ਖੋਜਤ ਸੰਤ ਫਿਰਹਿ
ਪ੍ਰਭ ਪ੍ਰਾਣ ਅਧਾਰੇ ਰਾਮ ॥
੨. ਤਾਣੁ ਤਨੁ ਖੀਨ ਭਇਆ
ਬਿਨੁ ਮਿਲਤ ਪਿਆਰੇ ਰਾਮ ॥
੩. ਪ੍ਰਭ ਮਿਲਹੁ ਪਿਆਰੇ ਮਇਆ ਧਾਰੇ
ਕਰਿ ਦਇਆ ਲੜਿ ਲਾਇ ਲੀਜੀਐ ॥
੪. ਦੇਹਿ ਨਾਮੁ ਅਪਨਾ ਜਪਉ ਸੁਆਮੀ
ਹਰਿ ਦਰਸ ਪੇਖੇ ਜੀਜੀਐ ॥
੫. ਸਮਰਥ ਪੂਰਨ ਸਦਾ ਨਿਹਚਲ
ਊਚ ਅਗਮ ਅਪਾਰੇ ॥
੬. ਬਿਨਵੰਤਿ ਨਾਨਕ ਧਾਰਿ ਕਿਰਪਾ ਮਿਲਹੁ
ਪ੍ਰਾਨ ਪਿਆਰੇ ॥੧॥

ਪਦ ਅਰਥ : ਖੋਜਤ ਫਿਰਹਿ—ਲੱਭਦੇ ਫਿਰਦੇ ਹਨ। ਪ੍ਰਾਨ ਅਧਾਰੇ ਰਾਮ—ਜਿੰਦ ਦੇ ਆਸਰੇ ਪ੍ਰਭੂ ਨੂੰ। ਤਾਣੁ—ਤਾਕਤ, ਬਲ। ਤਨੁ—ਸਰੀਰ। ਖੀਨ—ਲਿਸਾ, ਕਮਜ਼ੋਰ। ਪ੍ਰਭ—ਹੇ ਪ੍ਰਭੂ। ਮਇਆ—ਦਇਆ। ਧਾਰੇ—ਧਾਰਿ, ਧਾਰ ਕੇ। ਲੜਿ—ਲੜ ਨਾਲ। ਜਪਉ—ਜਪਉਂ, ਮੈਂ ਜਪਾਂ। ਸੁਆਮੀ—ਹੇ ਸੁਆਮੀ। ਪੇਖੇ—ਪੇਖਿ, ਵੇਖਕੇ। ਜੀਜੀਐ—ਜੀਊ ਪਈਦਾ ਹੈ। ਨਿਹਚਲ—ਸਦੀਵੀ ਕਾਇਮ ਰਹਿਣ ਵਾਲਾ। ਪ੍ਰਾਨ ਪਿਆਰੇ—ਹੇ ਜਿੰਦ ਤੋਂ ਪਿਆਰੇ।੧।

ਅਰਥ :

ਪ੍ਰ: ਹੇ ਗੁਰੋ! ਸੰਸਾਰ ਦਾ ਹਰ ਮਨੁੱਖ ਆਪਣੀ ਇੱਛਾ ਪੂਰਤੀ ਲਈ ਭਿੰਨ-ਭਿੰਨ ਖੋਜ ਕਰਨ ਵਿਚ ਪਿਆ ਵੇਖੀਦਾ ਹੈ, ਪਰ ਉਸ ਸਾਈਂ ਜੀ ਦੇ ਪਿਆਰੇ ਸੰਤ ਕਿਸ ਖੋਜ ਤੇ ਭਾਲ ਵਿਚ ਤਤਪਰ ਰਹਿੰਦੇ ਹਨ?

ਉ: ੧. ਹੇ ਮਿੱਤਰੋ! ਉਹ ਸਾਈਂ ਜੀ ਦੇ ਸੰਤ ਜਨ ਤਾਂ ਉਸੇ ਜਿੰਦ ਦੇ ਆਸਰੇ ਪਰਮੇਸ਼ਰ ਜੀ ਦੀ ਭਾਲ, ਖੋਜ ਵਿਚ ਸਦਾ ਹੀ ਫਿਰ ਰਹੇ ਹਨ।

ਪ੍ਰ: ਹਜ਼ੂਰ! ਉਨ੍ਹਾਂ ਸਹੀ ਸਾਈਂ ਜੀ ਦੀ ਖੋਜ ਕਰਨ ਵਾਲੇ ਸੰਤਾਂ ਦੀ ਪਛਾਣ ਕੀ ਹੈ?

ਉ: ੨. ਹੇ ਭਾਈਓ! ਉਨ੍ਹਾਂ ਦੀ ਪ੍ਰਤੱਖ ਪਛਾਣ ਤਾਂ ਪਹਿਲੋਂ ਇਹੋ ਹੈ ਕਿ ਉਨ੍ਹਾਂ ਦਾ ਉਸ ਪਿਆਰੇ ਨੂੰ ਬਿਨਾ ਮਿਲਣ ਤੋਂ ਸਰੀਰ ਲਿਸਾ ਪੈ ਜਾਂਦਾ ਹੈ, ਭਾਵ ਉਨ੍ਹਾਂ ਦਾ ਵਿਛੋੜੇ ਵਿਚ ਸਰੀਰਕ ਬਲ ਘਟ ਜਾਂਦਾ ਹੈ।

ਪ੍ਰ: ਕਿਉਂ ਜੀ, ਉਹ ਇਸ ਵਿਛੋੜੇ ਦੇ ਕਸ਼ਟ ਨੂੰ ਕੱਟਣ ਲਈ ਯਤਨ ਕੀ ਕਰਦੇ ਹਨ?

ਉ: ੩. ਹੇ ਭਾਈਓ! ਉਨ੍ਹਾਂ ਕੋਲ ਤਾਂ ਕੇਵਲ ਇਕੋ ਹੀ ਸਾਧਨ ਅਰਦਾਸ ਹੈ, ਜੋ ਕਿ ਸਦਾ ਇਉਂ ਹੀ ਕਰਦੇ ਰਹਿੰਦੇ ਹਨ ਕਿ ਹੇ ਪਿਆਰੇ ਪ੍ਰਭੂ! ਮਿਹਰ ਕਰ ਕੇ ਮੈਨੂੰ ਮਿਲ, ਦਇਆ ਕਰਕੇ ਮੈਨੂੰ ਆਪਣੇ ਲੜ ਲਾ ਲੈ।

ਪ੍ਰ: ਹਜ਼ੂਰ! ਉਨ੍ਹਾਂ ਦੀ ਮੰਗ ਕੀ ਹੈ?

ਉ: ੪. ਬੱਸ, ਇਕ ਇਹੋ ਹੀ ਉਨ੍ਹਾਂ ਦੀ ਮੰਗ ਹੈ ਕਿ ਹੇ ਸੁਆਮੀ ਜੀ! ਮੈਨੂੰ ਆਪਣਾ ਨਾਮ ਦੇਵੋ ਤੇ ਮੈਂ (ਉਸ ਤੁਹਾਡੇ ਨਾਮ ਨੂੰ ਸਦਾ) ਹੀ ਜਪਦਾ ਰਵਾਂ, ਕਿਉਂਕਿ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਤੇਰਾ ਦਰਸ਼ਨ ਕਰ ਕੇ ਮੇਰੇ ਅੰਦਰ ਸਦੀਵੀ ਆਤਮਿਕ ਜੀਵਨ ਪੈਦਾ ਹੋ ਜਾਂਦਾ ਹੈ, ਭਾਵ ਸਦਾ ਲਈ ਅਮਰ ਜੀਵਨ ਦੀ ਦਾਤ ਪਾ ਲਈਦੀ ਹੈ।

੫. ਅਤੇ ਉਨ੍ਹਾਂ ਦੀ ਇਸ ਦਾਤ ਪ੍ਰਾਪਤੀ ਲਈ ਵਾਰ-ਵਾਰ ਇਉਂ ਹੀ ਜੋਦੜੀ ਹੋਇਆ ਕਰਦੀ ਹੈ ਕਿ ਹੇ ਸਾਰੀਆਂ ਤਾਕਤਾਂ ਦੇ ਮਾਲਕ! ਹੇ ਸਭ ਥਾਂ ਵਿਆਪਕ! ਹੇ ਸਦਾ ਅਟੱਲ ਰਹਿਣ ਵਾਲੇ! ਹੇ ਸਾਰਿਆਂ ਤੋਂ ਉੱਚੇ! ਹੇ ਅਪਹੁੰਚ! ਹੇ ਬੇਅੰਤ!

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਹੇ ਪ੍ਰਾਣਾਂ ਤੋਂ ਪਿਆਰੇ ਮੇਰੇ ਸਾਈਂ ਜੀ) ਕਿਰਪਾ ਕਰੋ, ਮੈਨੂੰ ਆ ਮਿਲੋ।੧।

੧. ਜਪ ਤਪ ਬਰਤ ਕੀਨੇ
ਪੇਖਨ ਕਉ ਚਰਣਾ ਰਾਮ ॥

੨. ਤਪਤਿ ਨ ਕਤਹਿ ਬੁਝੈ
ਬਿਨੁ ਸੁਆਮੀ ਸਰਣਾ ਰਾਮ ॥
੩. ਪ੍ਰਭ ਸਰਣਿ ਤੇਰੀ ਕਾਟਿ ਬੇਰੀ
ਸੰਸਾਰੁ ਸਾਗਰੁ ਤਾਰੀਐ ॥
੪. ਅਨਾਥ ਨਿਰਗੁਨਿ ਕਛੁ ਨ ਜਾਨਾ
ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥
੫. ਦੀਨ ਦਇਆਲ ਗੋਪਾਲ ਪ੍ਰੀਤਮ
ਸਮਰਥ ਕਾਰਣ ਕਰਣਾ ॥
੬. ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ
ਜਪਿ ਜੀਵਾ ਹਰਿ ਹਰਿ ਚਰਣਾ ॥੨॥

ਪਦ ਅਰਥ : ਪੇਖਨ ਕਉ—ਵੇਖਣ ਵਾਸਤੇ। ਤਪਤਿ—ਤਪਸ਼, ਸੜਨ। ਕਤਹਿ—ਕਿਤੇ ਭੀ। ਪ੍ਰਭ—ਹੇ ਪ੍ਰਭੂ। ਬੇਰੀ—ਬੇੜੀ, ਜੰਮਣ ਮਰਣ ਦੀ ਕੈਦ, ਮੋਹ ਰੂਪੀ ਬੰਧਨ। ਤਾਰੀਐ—ਪਾਰ ਲੰਘਾ ਲੈ। ਅਨਾਥ—ਨਿਆਸਰਾ। ਨਾ ਜਾਨਾ—ਨਾ ਜਾਨਾਂ, ਮੈਂ ਨਹੀਂ ਜਾਣਦਾ। ਨ ਬੀਚਾਰੀਐ—ਖ਼ਿਆਲ ਵਿਚ ਨਾ ਲਿਆਵੀਂ। ਚਾਤ੍ਰਿਕ—ਪਪੀਹਾ। ਮਾਗੈ—ਮੰਗਦਾ ਹੈ। ਜੀਵਾ—ਜੀਵਾਂ, ਮੈਂ ਜੀਉਂਦਾ ਹਾਂ।੨।

ਅਰਥ :

ਪ੍ਰ: ਹੇ ਗੁਰੋ ! ਕੀ ਉਨ੍ਹਾਂ ਸੰਤਾਂ ਨੇ ਸੁਆਮੀ ਜੀ ਦੀ ਸ਼ਰਨ ਪ੍ਰਾਪਤ ਕਰਨ ਤੋਂ ਪਹਿਲੋਂ ਕੋਈ ਹੋਰ ਵੀ ਸਾਧਨ ਕਰ ਕੇ ਵੇਖੇ ਸਨ ?

ਉ: ੧. (ਹਾਂ ਜ਼ਰੂਰ ਕੀਤੇ ਸਨ) ਹੇ ਪਿਆਰਿਓ ! ਉਨ੍ਹਾਂ ਸੰਤਾਂ ਨੇ ਪਰਮੇਸ਼ਰ ਜੀ ਦੇ ਚਰਨ ਪਰਸਨ ਲਈ (ਇਕ ਨਹੀਂ) ਸਗੋਂ ਅਨੇਕਾਂ ਜਪ ਕੀਤੇ, ਧੂਣੀਆਂ ਤਪਾਈਆਂ, ਵਰਤ ਰੱਖੇ।

੨. ਹੇ ਪਿਆਰੇ ! ਆਖ਼ਰ, ਉਨ੍ਹਾਂ ਨੇ ਆਪਣਾ ਵਿਸ਼ਵਾਸ ਇਉਂ ਹੀ ਸਭ ਨੂੰ ਕਹਿ ਕੇ ਸੁਣਾਇਆ ਹੈ ਕਿ ਐ ਸੱਜਨੋ ! ਯਕੀਨ ਕਰੋ ਕਿ ਉਸ ਮਾਲਕ ਪ੍ਰਭੂ ਦੀ ਸ਼ਰਨ ਪੈਣ ਤੋਂ ਬਿਨਾ ਇਸ ਮਨ ਦੀ ਤਪਸ਼ ਕਿਤੋਂ ਭੀ ਨਹੀਂ ਬੁੱਝਦੀ।

੩. ਇਸੇ ਲਈ ਉਹ ਹੁਣ ਇਉਂ ਹੀ ਜੋਦੜੀ ਕਰਦੇ ਰਹਿੰਦੇ ਹਨ ਕਿ ਹੇ ਪ੍ਰਭੂ ! (ਮੈਂ) (ਜਪਾਂ ਤਪਾਂ ਦੇ ਸਾਰੇ ਆਸਰੇ ਛੱਡ ਕੇ) ਹੁਣ ਤੇਰੀ ਹੀ ਸ਼ਰਨ ਆਇਆ ਹਾਂ, ਤੂੰ ਮੇਰੀ ਇਸ ਮਾਇਆ ਦੇ ਮੋਹ ਦੀ ਬੇੜੀ, ਜਾਂ ਇਸ ਕਾਲ ਚੱਕ੍ਰ ਵਿਚ ਫਸੇ ਰਹਿਣ ਦੀ ਬੇੜੀ ਨੂੰ ਕੱਟ ਕੇ ਅਤੇ ਮੈਨੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈ।

੪. ਹੇ ਸਾਈਂ ਜੀ ! ਮੇਰਾ ਆਪ ਤੋਂ ਬਿਨਾ ਹੋਰ ਕੋਈ ਵੀ ਸਹਾਰਾ ਨਹੀਂ। ਮੈਂ ਗੁਣਾਂ ਤੋਂ ਹੀਣ ਹਾਂ, ਮੈਂ (ਇਸ ਸੰਸਾਰ ਸਾਗਰ ਤੋਂ ਪਾਰ ਲੰਘਣ ਲਈ) ਕੋਈ ਭੀ ਢੰਗ ਨਹੀਂ ਜਾਣਦਾ, ਇਸ ਲਈ ਹੇ ਸਾਈਂ ਜੀ ! ਮੇਰੇ ਵਿਚ ਗੁਣ ਤਾਂ ਕੋਈ ਵੀ ਹੈ ਨਹੀਂ ਅਤੇ ਅਉਗਣਾਂ ਦੀ ਆਪ ਕੋਈ ਵੀਚਾਰ ਹੀ ਨਾ ਕਰੋ।

੫. ਇਸੇ ਲਈ ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਆਪ ਦੀਨਾਂ 'ਤੇ ਦਇਆ ਕਰਨ ਵਾਲੇ ਹੋ, ਪ੍ਰਿਥਵੀ ਦੇ ਮਾਲਕ ਹੋ, ਹੇ ਪ੍ਰੀਤਮ ! ਹੇ ਬਲਵਾਨ ! ਹੇ ਸਭ ਕਾਰਣਾਂ ਦੇ ਕਰਣ ਨੂੰ ਸਮਰੱਥ ਜੀਓ !

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਹਰੀ ! ਮੈਂ ਚਾਤ੍ਰਕ ਆਪ ਜੀ ਤੋਂ ਨਾਮ ਅੰਮ੍ਰਿਤ ਦੀ ਬੂੰਦ ਮੰਗਦਾ ਹਾਂ, (ਕਿਉਂਕਿ ਤੇਰੇ ਚਰਨਾਂ ਦਾ ਧਿਆਨ ਧਰ-ਧਰ ਕੇ ਹੀ ਅਮਰ ਜੀਵਨ ਪ੍ਰਾਪਤ ਹੁੰਦਾ ਹੈ।੨।

੧. ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥
੨. ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥
੩. ਸਭ ਕਾਮ ਪੂਰਨ ਦੂਖ ਬਿਦੀਰਨ
ਹਰਿ ਨਿਮਖ ਮਨਹੁ ਨ ਬੀਸਰੈ ॥
੪. ਆਨੰਦ ਅਨਦਿਨੁ ਸਦਾ ਸਾਚਾ
ਸਰਬ ਗੁਣ ਜਗਦੀਸਰੈ ॥
੫. ਅਗਣਤ ਊਚ ਅਪਾਰ ਠਾਕੁਰ
ਅਗਮ ਜਾ ਕੋ ਧਾਮਾ ॥
੬. ਬਿਨਵੰਤਿ ਨਾਨਕ ਮੇਰੀ ਇਛ ਪੂਰਨ
ਮਿਲੇ ਸ੍ਰੀਰੰਗ ਰਾਮਾ ॥੩॥

ਪਦ ਅਰਥ : ਅਮਿਅ—ਅਮਿਓ, ਅੰਮ੍ਰਿਤ, ਅਮਰ ਜੀਵਨ ਦੇਣ ਵਾਲਾ ਨਾਮ ਜਲ। ਸਰੋਵਰੋ—ਸੋਹਣਾ ਸਰ, ਪਵਿੱਤਰ ਤਲਾਬ। ਪੀਉ—ਪੀਂਦੇ ਰਿਹਾ ਕਰੋ। ਸੰਗਿ—ਸੰਗਤ ਵਿਚ। ਮਿਲੈ—ਮਿਲਦਾ ਹੈ। ਜਪਿ—ਜਪ ਕੇ। ਬਿਦੀਰਨ—ਨਾਸ ਕਰਨ ਵਾਲਾ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਮਨਹੁ—ਮਨ ਤੋਂ। ਬੀਸਰੈ—ਭੁਲਦਾ। ਅਨਦਿਨੁ—ਹਰ ਰੋਜ਼। ਜਗਦੀਸਰੈ—ਜਗਤ ਦੇ ਮਾਲਕ ਵਿਚ। ਅਗਣਤ—ਅਨਗਿਣਤ। ਅਪਾਰ—ਬੇਅੰਤ। ਠਾਕੁਰ—ਮਾਲਕ। ਅਗਮ—ਅਪਹੁੰਚ। ਜਾ ਕੋ—ਜਿਸ ਦਾ। ਧਾਮਾ—ਟਿਕਾਣਾ, ਘਰ। ਸ੍ਰੀਰੰਗ—ਲਛਮੀ ਪਤੀ, ਪਰਮੇਸ਼ਰ।੩।

ਅਰਥ :

ਪ੍ਰ: ਹੇ ਗੁਰੋ ! ਆਪ ਜਿਸ ਨਾਮ ਜਲ ਪੀਣ ਲਈ ਬਾਰ-ਬਾਰ ਤਾਕੀਦ ਕਰਦੇ ਹੋ, ਉਹ ਪ੍ਰਾਪਤ ਕਿੱਥੋਂ ਹੋਵੇਗਾ ?

ਉ: ੧. ਹੇ ਪਿਆਰਿਓ ! ਜੋ ਸੰਤਾਂ ਦਾ ਸੰਗ ਹੈ, ਇਹੋ ਇਕ ਨਾਮ ਅੰਮ੍ਰਿਤ ਜਲ ਦਾ ਸਰੋਵਰ ਹੈ, ਇਸ ਤਾਲਾਬ ਵਿਚੋਂ ਹਰਿ ਹਰਿ ਨਾਮ ਅੰਮ੍ਰਿਤ ਪੀਂਦੇ ਰਿਹਾ ਕਰੋ।

੨. ਪਰ ਇਹ ਨਾਮ ਜਲ ਸੰਤ ਜਨਾਂ ਦੀ ਸੰਗਤ ਵਿਚ ਰਿਹਾਂ ਹੀ ਮਿਲਦਾ ਹੈ ਅਤੇ ਇਸੇ ਨਾਮ ਨੂੰ ਪੂਜਦਿਆਂ ਸਾਰੇ ਕਾਰਜ ਪੂਰਨ ਹੁੰਦੇ ਹਨ। ਭਾਵ ਮਨ ਦੀਆਂ ਸਾਰੀਆਂ ਹੀ ਮੁਰਾਦਾਂ ਪੂਰੀਆਂ ਹੁੰਦੀਆਂ ਹਨ।

੩. ਅਤੇ ਉਸ ਅੱਗੇ ਇਉਂ ਹੀ ਅਰਦਾਸ ਕਰਦੇ ਰਿਹਾ ਕਰੋ ਕਿ ਹੇ ਸਾਰੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ ! ਦੁੱਖਾਂ ਦੇ ਨਾਸ਼ਕ ਹਰੀ ਜੀਉ, (ਆਪ ਮੈਨੂੰ) ਇਕ ਪਲ ਭਰ ਭੀ ਮਨ ਤੋਂ ਨਾ ਵਿਸਰੋ।

੪. ਹੇ ਪਿਆਰੇ ! ਜਿਸ ਮਨੁੱਖ ਦੇ ਮਨ ਵਿਚੋਂ ਉਹ ਸਾਈਂ ਜੀ ਕਦੀ ਇਕ ਅੱਖ ਝਮਕਣ ਜਿਤਨਾ ਸਮਾਂ ਵੀ ਨਹੀਂ ਵਿਸਰਦਾ, ਉਹ ਉਸੇ ਦਾ ਹੀ ਆਤਮਕ ਅਨੰਦ ਮਾਣਦਾ

ਹੈ, ਜੋ ਸਦਾ ਸੱਚ ਹੈ, ਜੋ ਸਰਬ ਗੁਣਾਂ ਸੰਪੰਨ ਜਗਤ ਦਾ ਈਸ਼ਰ ਹੈ।

੫. ਅਤੇ ਜੋ ਗਿਣਤੀ ਤੋਂ ਪਰੇ ਹੈ, ਉੱਚਾ ਹੈ, ਪਾਰ ਰਹਿਤ ਹੈ, ਸਭ ਦਾ ਮਾਲਕ ਹੈ, ਜਿਸ ਦਾ ਅਸਥਾਨ ਗੰਮਤਾ ਤੋਂ ਪਰੇ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਭਰਪੂਰ ਕਹਿੰਦੇ ਹਨ ਕਿ ਹੇ ਪਿਆਰਿਓ! ਮੇਰੀ ਇੱਛਾ ਪੂਰੀ ਹੋ ਗਈ, ਕਿਉਂਕਿ ਮੈਨੂੰ ਮਾਇਆ ਪਤੀ ਪਰਮੇਸ਼ਰ ਜੀ ਮਿਲ ਪਏ ਹਨ, ਭਾਵ ਕਰਤਾਰ ਜੀ ਦਾ ਮਿਲਾਪ ਹੋ ਗਿਆ।੩।

੧. ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥
੨. ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥
੩. ਹਰਿ ਨਾਮੁ ਜਪਤ ਸੋਹੰਤ ਪ੍ਰਾਣੀ
ਤਾ ਕੀ ਮਹਿਮਾ ਕਿਤ ਗਨਾ ॥
੪. ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ
ਚਿਤਵੰਤਿ ਦਰਸਨੁ ਸਦ ਮਨਾ ॥
੫. ਸੁਭ ਦਿਵਸ ਆਏ ਗਹਿ ਕੰਠਿ ਲਾਏ
ਪ੍ਰਭ ਊਚ ਅਗਮ ਅਪਾਰੇ ॥
੬. ਬਿਨਵੰਤਿ ਨਾਨਕ ਸਫਲੁ ਸਭੁ ਕਿਛੁ
ਪ੍ਰਭ ਮਿਲੇ ਅਤਿ ਪਿਆਰੇ ॥੪॥੩॥੬॥

ਪਦ ਅਰਥ : ਕੋਟਿਕ–ਕਰੋੜਾਂ। ਸੁਣਿ–ਸੁਣ ਕੇ। ਜਪਤ–ਜਪਦਿਆਂ। ਸਗਲੇ–ਸਾਰੇ। ਸੋਹੰਤ–ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ। ਤਾ ਕੀ–ਉਨ੍ਹਾਂ ਦੀ। ਮਹਿਮਾ–ਵਡਿਆਈ। ਕਿਤ–ਕਿਤਨੀ! ਗਨਾ–ਗਨਾਂ, ਮੈਂ ਗਿਣਾਂ। ਸਦ–ਸਦਾ। ਸੁਭ–ਭਲੇ, ਭਾਗਾਂ ਵਾਲੇ। ਦਿਵਸ–ਦਿਨ। ਗਹਿ–ਫੜ ਕੇ। ਕੰਠਿ–ਗਲ ਨਾਲ।੪।

ਅਰਥ :

ਪ੍ਰ: ਹੇ ਗੁਰੋ! ਪਰਮੇਸ਼ਰ ਦੇ ਨਾਮ ਨੂੰ ਗਾਉਣ ਵਾਲੇ ਤੇ ਸੁਣਨ ਵਾਲਿਆਂ ਨੂੰ ਕਿਤਨਾ ਕੁ ਫਲ ਪ੍ਰਾਪਤ ਹੁੰਦਾ ਹੈ?

ਉ: ੧. ਹੇ ਭਾਈਓ! ਜੋ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਣ ਤੇ ਸੁਣਨ ਵਾਲੇ ਮਨੁੱਖ ਹਨ, ਉਹ ਕਈ ਕਰੋੜਾਂ ਜਗਾਂ ਦਾ ਫਲ ਪ੍ਰਾਪਤ ਕਰ ਲੈਂਦੇ ਹਨ, (ਭਾਵ ਹੈ ਕਿ ਕਰੋੜਾਂ ਕੀਤੇ ਹੋਏ ਜਗ ਭੀ ਹਰੀ ਨਾਮ ਦੇ ਮੁਕਾਬਲੇ ਵਿਚ ਤੁੱਛ ਮਾਤ੍ਰ ਹਨ)।

੨. ਹੇ ਭਾਈ! ਪਰਮੇਸ਼ਰ ਦਾ ਨਾਮ ਜਪਦਿਆਂ (ਜਪਣ ਵਾਲੇ ਮਨੁੱਖ) ਆਪਣੀਆਂ ਸਾਰੀਆਂ ਕੁੱਲਾਂ ਦਾ ਭੀ ਉਧਾਰ ਕਰ ਲੈਂਦੇ ਹਨ।

੩. ਹਰਿ ਹਰਿ ਨਾਮ ਜਪਣ ਵਾਲਾ ਮਨੁੱਖ ਸੋਹਣੇ ਜੀਵਨ ਵਾਲਾ ਹੋ ਜਾਂਦਾ ਹੈ, ਉਨ੍ਹਾਂ ਦੇ ਪਵਿੱਤਰ ਆਤਮਿਕ ਜੀਵਨ ਦੀ ਵਡਿਆਈ ਮੈਂ ਕਿਤਨੀ ਕੁ ਦੱਸਾਂ?

੪. ਹੇ ਪਿਆਰੇ! ਉਹ ਸਦਾ ਹੀ ਇਉਂ ਅਰਦਾਸਾਂ ਕਰਦੇ ਰਹਿੰਦੇ ਹਨ ਕਿ ਹੇ ਪ੍ਰਾਣ ਪਿਆਰੇ ਪ੍ਰੀਤਮ! ਸਾਡੇ ਮਨ ਤੋਂ ਕਦੇ ਨਾ ਵਿਸਰ। ਉਹ ਆਪਣੇ ਮਨ ਵਿਚ ਸਦਾ ਹੀ ਪ੍ਰਭੂ ਦੇ ਦਰਸ਼ਨਾਂ ਨੂੰ ਚਿਤਵਦੇ ਰਹਿੰਦੇ ਹਨ।

ਪ੍ਰ: ਕਿਉਂ ਜੀ! ਆਖ਼ਰ ਇਸ ਤਾਂਘ ਦਾ ਉਨ੍ਹਾਂ ਨੂੰ ਫਲ ਕੀ ਮਿਲਦਾ ਹੈ?

ਉ: ੫. ਹੇ ਪਿਆਰੇ! ਆਖ਼ਰ ਇਉਂ ਚਿੱਤ ਵਿਚ ਚਿਤਵਨੀ ਕਰਦਿਆਂ ਉਹ ਭਲੇ ਦਿਨ ਭੀ ਆ ਗਏ, ਜਦ ਕਿ ਉਹ ਸਭ ਤੋਂ ਉੱਚਾ ਅਪਹੁੰਚ ਬੇਅੰਤ ਪ੍ਰਭੂ ਉਨ੍ਹਾਂ ਵੱਡਭਾਗੀਆਂ ਨੂੰ ਫੜ ਕੇ ਆਪਣੇ ਗਲ ਨਾਲ ਲਾ ਲੈਂਦਾ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ ਅਤਿ ਪਿਆਰਾ ਉਹ (ਸਾਈਂ) ਮਿਲ ਜਾਂਦਾ ਹੈ, ਉਨ੍ਹਾਂ ਦੇ ਜੀਵਨ ਦਾ ਹਰ ਕਾਰਜ ਸਫਲ ਹੋ ਜਾਂਦਾ ਹੈ।੪।

ਭਾਵਾਰਥ : ਇਸ ਛੰਤ ਵਿਚ ਪ੍ਰਭੂ ਪ੍ਰਾਪਤੀ ਦੀ ਖੋਜ, ਨਾਮ ਦੀ ਸ਼ਰਨ, ਅਰਦਾਸ ਕਰਨ ਦੀ ਪ੍ਰੇਰਨਾ, ਸਾਈਂ ਜੀ ਦੀ ਪ੍ਰਾਪਤੀ ਅਤੇ ਜੀਵਨ ਸਫਲ ਕਰਨ ਦੀ ਜਾਚ ਦਰਸਾਈ ਹੈ।

ਬਿਹਾਗੜਾ ਮਹਲਾ ੫ ਛੰਤ ॥

੧. ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥
੨. ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥
੩. ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥
੪. ਗੁਨ ਗੁਪਾਲ ਨ ਜਪਹਿ ਰਸਨਾ
ਫਿਰਿ ਕਦਹੁ ਸੇ ਦਿਹ ਆਵਹੇ ॥
੫. ਤਰਵਰ ਵਿਛੁੰਨੇ ਨਹ ਪਾਤ ਜੁੜਤੇ
ਜਮ ਮਗਿ ਗਉਨੁ ਇਕੇਲੀ ॥
੬. ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ
ਸਦਾ ਫਿਰਤ ਦੁਹੇਲੀ ॥੧॥

ਪਦ ਅਰਥ : ਅਨ ਕਾਏ–ਹੋਰ ਵਿਚ ਕਿਉਂ, ਤੁੱਛ ਪਦਾਰਥਾਂ ਵਿਚ। ਰਾਤੜਿਆ–ਹੇ ਰਤੇ ਹੋਏ। ਵਾਟ–ਰਾਹ, ਪੈਂਡਾ। ਦੁਹੇਲੀ–ਦੁੱਖਾਂ ਭਰੀ, ਦੁੱਖਾਂ ਵਾਲੀ। ਕਮਾਵਦਿਆ–ਹੇ ਕਮਾਣ ਵਾਲੇ। ਬੇਲੀ–ਸਾਥੀ, ਮਿੱਤ੍ਰ, ਸਹਾਈ। ਪਛੋਤਾਵਹੇ–ਪਛੋਤਾਵਹਿ, ਤੂੰ ਪਛਤਾਂਦਾ ਰਹੇਂਗਾ। ਨ ਜਪਹਿ–ਤੂੰ ਨਹੀਂ ਜਪਦਾ। ਰਸਨਾ–ਜੀਭ (ਨਾਲ)। ਸੇ ਦਿਹ–ਏਹ ਦਿਨ। ਆਵਹੇ–ਆਵਹਿ, ਆਵਣਗੇ। ਪਾਤ–ਪੱਤਰ। ਤਰਵਰ–ਰੁੱਖ, ਬ੍ਰਿਛ। ਮਗਿ–ਰਸਤੇ ਉੱਤੇ। ਗਉਨੁ–ਗਵਨ, ਤੋਰ।੧।

ਅਰਥ :

ਪ੍ਰ: ਹੇ ਗੁਰੋ! ਸਾਡਾ ਕਲਜੁਗੀ ਜੀਵਾਂ ਦਾ ਜੀਵਨ ਪਾਪਾਂ ਵਿਚ ਖਚਤ ਹੋਇਆ ਬੇਅਰਥ ਗੁਜ਼ਰਦਾ ਜਾ ਰਿਹਾ ਹੈ, ਇਸ ਦੇ ਸੁਧਾਰਨ ਹਿੱਤ ਕੋਈ ਵੈਰਾਗਮਈ ਉਪਦੇਸ਼ ਦਿਉ।

ਉ: ੧. ਹੇ ਪ੍ਰਾਣੀ! (ਤੂੰ ਦੱਸ) ਇਨ੍ਹਾਂ ਤੁੱਛ ਮਾਤ੍ਰ ਪਦਾਰਥਾਂ ਦੇ ਮੋਹ ਵਿਚ ਕਿਉਂ ਰਤਾ ਹੋਇਆ ਹੈਂ, (ਹੇ ਪ੍ਰਾਣੀ, ਕੀ ਤੈਨੂੰ ਪਤਾ ਨਹੀਂ) ਕਿ ਅਗਲਾ ਪੈਂਡਾ ਬੜਾ ਔਖਾ ਹੈ। ਭਾਵ ਜਮ-ਮਾਰਗ ਬਹੁਤ ਹੀ ਦੁੱਖ ਰੂਪ ਹੈ।

੨. ਹੇ ਪਾਪ (ਕਰਮ) ਕਮਾਉਣ ਵਾਲੇ ਮਨੁੱਖਾ ! (ਯਾਦ ਰੱਖ, ਉਸ ਬਿਖੜੇ ਮਾਰਗ ਵਿਚ) ਤੇਰਾ ਕੋਈ ਵੀ ਮਿੱਤ੍ਰ ਨਹੀਂ ਬਣਨ ਲੱਗਾ, ਭਾਵ ਕੀਤੇ ਪਾਪ ਕਰਮਾਂ ਦੀ ਸਜ਼ਾ ਭੁਗਤਣ ਵੇਲੇ ਤੇਰਾ ਕੋਈ ਮਿੱਤ੍ਰ ਸਦਾ ਦਾ ਸਾਥੀ ਨਹੀਂ ਹੋਵੇਗਾ।

੩. ਉਥੇ ਤੇਰਾ ਕੋਈ ਮਿੱਤ੍ਰ ਨਹੀਂ ਬਣਨ ਲੱਗਾ, ਫਿਰ ਤੂੰ ਸਦਾ ਹੀ ਪਛਤਾਉਂਦਾ ਰਹੇਂਗਾ।

ਪ੍ਰ: ਕਿਉਂ ਜੀ ! ਮੈਨੂੰ ਪਛਤਾਉਣਾ ਕਿਉਂ ਪਵੇਗਾ ?

ਉ: ੪. (ਉਹ ਇਸ ਲਈ) ਕਿ ਹੇ (ਭੋਲਿਆ !) ਹੁਣ ਤੂੰ ਰਸਨਾ ਨਾਲ ਸਾਈਂ ਜੀ ਦੇ ਗੁਣ ਨਹੀਂ ਜਪਦਾ, (ਤੂੰ ਦੱਸ ਕਿ) ਫਿਰ ਉਹ ਦਿਨ ਕਦੋਂ ਆਉਣਗੇ ਕਿ ਜਦੋਂ ਤੂੰ ਜਪ ਸਕੇਂਗਾ, ਭਾਵ ਹੈ ਕਿ ਜ਼ਿੰਦਗੀ ਦੇ ਇਹ ਸੁਹਾਵਣੇ ਦਿਨ ਫਿਰ ਕਦੇ ਮੁੜ ਵਾਪਸ ਨਹੀਂ ਆਉਣੇ।

ਪ੍ਰ: ਹਜ਼ੂਰ ! ਇਸ ਪਵਿੱਤਰ ਵੀਚਾਰ ਨੂੰ ਸੁਖੈਨ ਸਮਝਾਉਣ ਲਈ ਕੋਈ ਉਦਾਹਰਣ ਦਿਓ।

ਉ: ੫. ਹੇ ਸੱਜਨਾ ! ਵੇਖ, ਜਿਵੇਂ ਬ੍ਰਿਛਾਂ ਨਾਲੋਂ ਟੁੱਟੇ ਹੋਏ ਪੱਤੇ (ਮੁੜ ਬ੍ਰਿਛ ਨਾਲ) ਨਹੀਂ ਜੁੜਦੇ, (ਯਾਦ ਰੱਖ) ਤਿਵੇਂ ਹੀ ਸਰੀਰ ਤੋਂ ਵਿਛੜੀ ਜਿੰਦ ਮੁੜ ਉਸ ਸਰੀਰ ਵਿਚ ਨਹੀਂ ਆਉਂਦੀ।

ਪ੍ਰ: ਹਜ਼ੂਰ ! ਉਹ ਜਿੰਦ ਆਖ਼ਰ ਜਾਂਦੀ ਕਿੱਥੇ ਹੈ ?

ਉ: ਹੇ ਭੋਲਿਆ ! ਕੀ ਤੈਨੂੰ ਇਹ ਪਤਾ ਨਹੀਂ ਕਿ ਇਹ ਮਨੁੱਖ ਦੀ ਜਿੰਦ ਤਾਂ ਕੀਤੇ ਪਾਪਾਂ ਦੇ ਕਾਰਣ ਜਮਾਂ ਦੇ ਰਸਤੇ ਇਕੱਲੀ ਜਾਂਦੀ ਹੈ।

ਪ੍ਰ: ਕਿਉਂ ਜੀ ! ਆਖ਼ਰ ਇਸ ਦਾ ਕਿਤੇ ਜਾ ਕੇ ਟਿਕਾਅ ਭੀ ਹੁੰਦਾ ਹੈ ?

ਉ: ੬. ਗੁਰੂ ਨਾਨਕ ਦੇਵ ਜੀ ਬੇਨਤੀ ਪੂਰਵਕ ਕਹਿੰਦੇ ਹਨ ਕਿ ਹੇ ਭੋਲਿਆ ! ਸੁਣ, ਪਰਮੇਸ਼ਰ ਜੀ ਦਾ ਨਾਮ ਸਿਮਰਨ ਤੋਂ ਬਿਨਾ ਇਸ ਮਨੁੱਖ ਦੀ ਜ਼ਿੰਦਗੀ ਦੁੱਖਾਂ ਨਾਲ ਘਿਰੀ ਹੋਈ ਸਦਾ ਹੀ ਜੂਨਾਂ ਵਿਚ ਭਟਕਦੀ ਰਹਿੰਦੀ ਹੈ, ਭਾਵ ਇਸ ਦਾ ਕਿਸੇ ਥਾਂ ਕਦੇ ਭੀ ਟਿਕਾਣਾ ਨਹੀਂ ਹੁੰਦਾ।੧।

੧. ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥
੨. ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥
੩. ਕਿਰਤ ਕਮਾਣੇ ਦੁਖ ਸਹੁ ਪਰਾਣੀ
ਅਨਿਕ ਜੋਨਿ ਭ੍ਰਮਾਇਆ ॥
੪. ਮਹਾ ਮੋਹਨੀ ਸੰਗਿ ਰਾਤਾ
ਰਤਨ ਜਨਮੁ ਗਵਾਇਆ ॥
੫. ਇਕਸੁ ਹਰਿ ਕੇ ਨਾਮ ਬਾਝਹੁ
ਆਨ ਕਾਜ ਸਿਆਣੀ ॥
੬. ਬਿਨਵੰਤ ਨਾਨਕ ਲੇਖੁ ਲਿਖਿਆ
ਭਰਮਿ ਮੋਹਿ ਲੁਭਾਣੀ ॥੨॥

ਪਦ ਅਰਥ : ਵਲਵੰਚ—ਵੱਲ ਛਲ, ਠੱਗੀ। ਲੂਕਿ—ਲੁਕ ਕੇ, ਚੋਰੀ। ਜਾਣੀ—ਅੰਤਰਜਾਮੀ ਪ੍ਰਭੂ। ਤਿਲ ਘਾਣੀ—ਤਿਲਾਂ ਦੀ ਘਾਣੀ (ਵਾਂਗ) ਭਾਵ ਇਕ ਵੇਰ ਦਾ ਪਾਇਆ ਤਿਲਾਂ ਦਾ ਢੇਰ ਜੋ ਕੋਹਲੂ ਵਿਚ ਪਾਕੇ ਪੀੜਦੇ ਹਨ, ਮੁਰਾਦ ਹੈ ਕਿ ਜਿਵੇਂ ਕੋਹਲੂ ਵਿਚ ਤਿਲਾਂ ਦੀ ਘਾਣੀ ਪੀੜਦੇ ਹਨ, ਉਹ ਪੀੜਾ ਹੋਵੇਗੀ। ਕਿਰਤ—ਕੀਤੇ ਹੋਏ। ਕਮਾਣੇ—ਕਮਾਏ ਹੋਏ। ਪਰਾਣੀ—ਹੇ ਪ੍ਰਾਣੀ। ਸੰਗਿ—ਨਾਲ। ਰਾਤਾ—ਮਸਤ। ਆਨ ਕਾਜ—ਹੋਰ ਕੰਮਾਂ ਵਿਚ, ਪ੍ਰਭੂ ਦੇ ਸਿਮਰਨ ਤੋਂ ਬਿਨਾ ਹੋਰ ਕੰਮਾਂ ਵਿਚ। ਭਰਮਿ—ਭਟਕਣਾ ਵਿਚ। ਮੋਹਿ—ਮੋਹ ਵਿਚ। ਲੁਭਾਣੀ—ਫਸੀ ਹੋਈ।੨।

ਅਰਥ :

ਪ੍ਰ: ਹੇ ਗੁਰਦੇਵ ਜੀਉ ! ਕਈ ਐਸੇ ਚਤੁਰ ਲੋਕ ਵੇਖੀਦੇ ਹਨ ਕਿ ਉਹ ਆਪਣੀ ਚਾਤ੍ਰਤਾ ਨਾਲ ਇਸ ਤਰ੍ਹਾਂ ਲੁਕ ਕੇ ਪਾਪ ਕਰਮ ਕਰਦੇ ਹਨ ਕਿ ਕਿਸੇ ਨੂੰ ਵੀ ਪਤਾ ਨਹੀਂ ਲੱਗਣ ਦੇਂਦੇ, ਕੀ ਉਨ੍ਹਾਂ ਲੋਕਾਂ ਦਾ ਪਾਪ ਕਰਮ ਦੀ ਸਜ਼ਾ ਭੁਗਤਣ ਵਲੋਂ ਬਚਾਅ ਹੋ ਜਾਏਗਾ ?

ਉ: ੧. (ਨਹੀਂ) ਲੁਕ ਛੁਪ ਕੇ ਕੀਤੀਆਂ ਹੋਈਆਂ ਠੱਗੀਆਂ ਦੀ ਸਜ਼ਾ ਭੁਗਤਣ ਵਲੋਂ ਆਪਣੇ ਆਪ ਨੂੰ ਬਰੀ ਸਮਝਣ ਵਾਲਿਆਂ ਨੂੰ ਸਨਮੁਖ ਹੋ ਉਨ੍ਹਾਂ ਦੇ ਬਚਾਅ ਲਈ ਉਪਦੇਸ਼ ਕਰਦੇ ਹਨ ਕਿ ਹੇ ਪ੍ਰਾਣੀ ! ਸੁਣ, ਤੂੰ (ਲੋਕਾਂ ਪਾਸੋਂ) ਆਪਣੀ ਸਿਆਣਪ ਨਾਲ ਲੁਕ-ਲੁਕ ਕੇ ਵਲ ਛਲ, ਠੱਗੀਆਂ ਕਰਦਾ ਹੈਂ, ਪਰ ਉਹ ਜਾਣੀ ਜਾਣ ਪ੍ਰਭੂ ਤਾਂ ਸਭੋ ਕੁਝ ਹੀ ਜਾਣਦਾ ਹੈ, ਭਾਵ ਸਾਈਂ ਤੇਰੀ ਹਰੇਕ ਕੀਤੀ ਹੋਈ ਬੁਰੀ ਭਲੀ ਕਰਤੂਤ ਨੂੰ ਜਾਣ ਰਿਹਾ ਹੈ।

ਪ੍ਰ: ਹਜ਼ੂਰ ਅਸੀਂ ਤਾਂ ਇਹੋ ਸਮਝੀ ਬੈਠੇ ਹਾਂ ਕਿ (ਇਹ ਜਗ ਮਿੱਠਾ ਅਗਲਾ ਕਿਨ ਡਿਠਾ) ਕੀ ਗੁਰਮਤਿ ਅਨੁਸਾਰ ਕੋਈ ਐਸੀ ਥਾਂ ਭੀ ਹੈ ਜਿੱਥੇ ਕਿ ਮਨੁੱਖ ਦੇ ਕੀਤੇ ਕਰਮਾਂ ਦਾ ਹਿਸਾਬ ਹੁੰਦਾ ਹੋਵੇ ਅਤੇ ਉਨ੍ਹਾਂ ਦਾ ਫਲ ਭੋਗਣਾ ਪਵੇ ?

ਉ: ੨. (ਹਾਂ ਜ਼ਰੂਰ ਹੈ) ਹੇ ਸੱਜਨਾ ! ਜਦੋਂ ਇਸ ਅਸਾਰ ਸੰਸਾਰ ਨੂੰ ਤਿਆਗ ਕੇ (ਤੂੰ) ਧਰਮ ਰਾਜ ਦੀ ਦਰਗਾਹੇ ਪੁੱਜਣਾ ਹੈ ਤਾਂ ਤੇਰੇ ਕੀਤੇ ਕਰਮਾਂ ਦਾ ਹਿਸਾਬ ਉੱਥੇ ਹੁੰਦਾ ਹੈ, ਤਾਂ ਯਾਦ ਰੱਖ ਕਿ ਜੋ ਮੰਦੇ ਕਰਮ ਕਰਨ ਵਾਲੇ ਹਨ, ਉਹ ਉਸ ਥਾਂ ਇਉਂ ਪੀੜੇ ਜਾਂਦੇ ਹਨ, ਜਿਵੇਂ ਕਿ ਤਿਲ ਘਾਣੀ ਵਿਚ ਪੀੜੇ ਜਾਂਦੇ ਹਨ।

ਪ੍ਰ: ਹਜ਼ੂਰ ! ਆਖ਼ਰ ਹੋਵੇਗਾ ਕੀ ?

ਉ: ੩. ਹੇ ਮਿੱਤਰਾ ! ਸੁਣ, ਆਖ਼ਰ ਤਾਂ ਹੋਣਾ ਇਹੋ ਕੁਝ ਹੈ ਕਿ ਤਦੋਂ ਤੂੰ ਕੀਤੇ ਹੋਏ ਕਰਮਾਂ ਅਨੁਸਾਰ ਦੁੱਖ ਸਹੇਂਗਾ।

ਪ੍ਰ: ਕਿਉਂ ਜੀ ! ਉਹ ਸਜ਼ਾ ਵੀ ਦੱਸ ਦਿਓ ਕਿ ਕਿਹੜੀ ਭੋਗਣੀ ਪਵੇਗੀ ?

ਉ: ਹੇ ਭਾਈ ! ਮੰਦਕਰਮੀ ਨੂੰ ਤਾਂ (ਇਕ ਨਹੀਂ) ਸਗੋਂ ਅਨੇਕਾਂ ਜੂਨਾਂ ਵਿਚ ਭਟਕਾਇਆ ਜਾਣ ਦੀ ਸਜ਼ਾ ਭੁਗਤਣੀ ਪਵੇਗੀ।

ਪ੍ਰ: ਹਜ਼ੂਰ ! ਇਹ ਤਾਂ ਦੱਸ ਦਿਓ ਕਿ ਮੈਂ ਉਹ ਐਸਾ ਕਿਹੜਾ ਕਰਮ ਕਰ ਬੈਠਾ ਹਾਂ, ਜਿਸ ਦੀ ਕਿ ਮੈਨੂੰ ਏਡੀ ਵੱਡੀ ਸਜ਼ਾ ਭੁਗਤਣੀ ਪਵੇਗੀ ?

ਉ: ੪. ਹੇ ਮਿੱਤਰਾ ! ਵੇਖ, ਜਿਹੜਾ ਮਨੁੱਖ ਸਦਾ ਹੀ ਇਸ ਮਹਾ

ਮੋਹਨੀ ਮਾਇਆ ਦੇ ਮੋਹ ਵਿਚ ਮਸਤ ਰਹਿੰਦਾ ਹੈ, ਉਹ ਆਪਣਾ ਇਹ ਸ੍ਰੇਸ਼ਟ ਮਨੁੱਖਾ ਜਨਮ ਗਵਾ ਲੈਂਦਾ ਹੈ, (ਇਸੀ ਕਰ ਕੇ ਉਸ ਨੂੰ ਅਨੇਕਾਂ ਜੂਨਾਂ ਵਿਚ ਭਟਕਣ ਦੀ ਸਜ਼ਾ ਮਿਲਦੀ ਹੈ)।

ਪ੍ਰ: ਸ੍ਰੀ ਜੀਉ ! ਜਿਨ੍ਹਾਂ ਲੋਕਾਂ ਦੀ ਬੁੱਧੀ ਸੰਸਾਰ ਦੇ ਕਾਰ ਵਿਹਾਰ ਕਰਨ ਵਿਚ ਬਹੁਤ ਹੀ ਸਿਆਣੀ ਹੈ, ਕੀ ਰੱਬੀ ਦਰਬਾਰ ਵਿਚ ਗਇਆਂ ਉਨ੍ਹਾਂ ਦੀ ਕੋਈ ਰਿਆਇਤ ਵੀ ਹੋਵੇਗੀ ?

ਉ: ੫. (ਨਹੀਂ) ਹੇ ਪ੍ਰਾਣੀ ! ਵੇਖ, ਇਸ ਵਿਚ ਕੋਈ ਸੰਸਾ ਨਹੀਂ ਕਿ ਤੇਰੀ ਬੁੱਧੀ ਇਕ ਪ੍ਰਮੇਸਰ ਦੇ ਨਾਮ ਸਿਮਰਨ ਤੋਂ ਬਿਨਾ, ਹੋਰ ਸਾਰੇ ਕੰਮਾਂ ਵਿਚ ਸਿਆਣੀ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਾਣੀ ! ਤੇਰੇ ਮੱਥੇ ਉੱਤੇ ਮਾਇਆ ਦੇ ਮੋਹ ਦਾ ਹੀ ਲੇਖ ਲਿਖਿਆ ਜਾ ਰਿਹਾ ਹੈ, ਇਸੇ ਲਈ ਹੀ ਤੇਰੀ ਬੁੱਧੀ ਮਾਇਆ ਦੀ ਭਟਕਣਾ ਵਿਚ ਪੈ ਕੇ ਮਾਇਆ ਦੇ ਮੋਹ ਵਿਚ ਫਸੀ ਰਹਿੰਦੀ ਹੈ।੨।

੧. ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ ॥
੨. ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ ॥
੩. ਪਕੜੇ ਚਲਾਇਆ ਅਪਣਾ ਕਮਾਇਆ
ਮਹਾ ਮੋਹਨੀ ਰਾਤਿਆ ॥
੪. ਗੁਨ ਗੋਵਿੰਦ ਗੁਰਮੁਖਿ ਨ ਜਪਿਆ
ਤਪਤ ਥੰਮ੍ ਗਲਿ ਲਾਤਿਆ ॥
੫. ਕਾਮ ਕ੍ਰੋਧਿ ਅਹੰਕਾਰਿ ਮੂਠਾ
ਖੋਇ ਗਿਆਨੁ ਪਛੁਤਾਪਿਆ ॥
੬. ਬਿਨਵੰਤ ਨਾਨਕ ਸੰਜੋਗਿ ਭੂਲਾ
ਹਰਿ ਜਾਪੁ ਰਸਨ ਨ ਜਾਪਿਆ ॥੩॥

ਪਦ ਅਰਥ : ਬੀਚੁ—ਵਿਚੋਲਾ ਪਨ, ਵਿਚੋਲਗੀ, ਵਕਾਲਤ ਵਿਚ ਹੋ ਕੇ ਜੋ ਸਹਾਇਤਾ ਕਰੇ। ਅਕ੍ਰਿਤਘਣ—ਕੀਤੀ ਹੋਈ ਭਲਾਈ ਨੂੰ ਨਾ ਜਾਨਣ ਵਾਲਾ, ਨਾ ਸ਼ੁਕਰਾ। ਖਰੇ—ਬਹੁਤ। ਕਠਿਨ—ਨਿਰਦਈ। ਜੰਮ ਕੰਕਰਿ—ਜਮਦੂਤਾਂ ਨੇ। ਚਲਾਇਆ—ਅੱਗੇ ਲਾ ਲਿਆ। ਰਾਤਿਆ—ਰਤਾ ਹੋਇਆ, ਮਸਤ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਗਲਿ—ਗਲ ਨਾਲ। ਮੂਠਾ—ਠੱਗਿਆ ਗਿਆ। ਸੰਜੋਗਿ—ਕਾਮ, ਕ੍ਰੋਧ ਦੇ ਸੰਜੋਗ ਦੇ ਕਾਰਣ। ਭੂਲਾ—ਕੁਰਾਹੇ ਪਿਆ ਰਿਹਾ। ਰਸਨ—ਜੀਭ ਨਾਲ।੩।

ਅਰਥ :

ਪ੍ਰ: ਹੇ ਗੁਰੋ ! ਜੋ ਕਿਸੇ ਦੇ ਕੀਤੇ ਉਪਕਾਰ ਨੂੰ ਭੁਲਾ ਦੇਣ ਵਾਲਾ ਅਕ੍ਰਿਤਘਣ ਬੰਦਾ ਹੈ, ਉਸ ਨੂੰ ਪੁਰਾਤਨ ਸ਼ਾਸਤ੍ਰਕਾਰਾਂ ਨੇ ਬਹੁਤ ਘਿਰਣਾ ਦੀ ਨਜ਼ਰ ਨਾਲ ਤਕਿਆ ਹੈ, ਪਰ ਗੁਰਮਤਿ ਅਨੁਸਾਰ ਆਪ ਜੀ ਦਾ ਕੀ ਵੀਚਾਰ ਹੈ ?

ਉ: ੧. ਹੇ ਭਾਈਓ ! ਇਸ ਮਨੁੱਖ 'ਤੇ ਪਰਮੇਸ਼ਰ ਨੇ ਬੇਅੰਤ ਉਪਕਾਰ ਕੀਤੇ ਹੋਏ ਹਨ, ਪਰ ਜੋ ਬੰਦਾ ਸਾਈਂ ਜੀ ਦੇ ਕੀਤੇ ਉਪਕਾਰਾਂ ਨੂੰ ਭੁਲਾ ਦੇਣ ਵਾਲਾ ਹੈ, ਉਹ ਪ੍ਰਭੂ ਜੀ ਦੇ ਚਰਨਾਂ ਤੋਂ (ਸਦਾ ਹੀ) ਵਿਛੜਿਆ ਰਹਿੰਦਾ ਹੈ। ਉਸ ਮਾਲਕ ਨਾਲ ਮੁੜ ਮਿਲਾਪ ਕਰਾਉਣ ਖ਼ਾਤਰ ਕੋਈ ਵੀ ਉਸ ਦੀ ਵਿਚੋਲਗੀ ਨਹੀਂ ਕਰਦਾ, ਉਸ ਦੀ ਸਾਰੀ ਉਮਰ ਇਸੇ ਹੀ ਤਰ੍ਹਾਂ ਵਿਛੋੜੇ ਵਿਚ ਗੁਜ਼ਰ ਜਾਂਦੀ ਹੈ।

ਪ੍ਰ: ਹਜ਼ੂਰ ! ਆਖ਼ਰ ਨੂੰ ਉਸ ਨਾਲ ਕਿਹੋ ਜਿਹਾ ਵਰਤਾਓ ਹੁੰਦਾ ਹੈ ?

ਉ: ੨. ਹੇ ਮਿੱਤਰੋ ! ਉਸ ਅੰਤ ਦੇ ਵੇਲੇ ਜਮਾਂ ਦੇ ਦੂਤਾਂ ਨੇ, ਜੋ ਬੜੇ ਡਾਢੇ ਹੁੰਦੇ ਹਨ, ਆ ਫੜ ਲਿਆ, ਭਾਵ ਜਮਦੂਤ ਫੜ ਕੇ ਅੱਗੇ ਲਾ ਲੈਂਦੇ ਹਨ।

ਪ੍ਰ: ਕਿਉਂ ਜੀ ! ਕੀ ਇਹ ਦਸ਼ਾ ਸਾਰਿਆਂ ਦੀ ਹੁੰਦੀ ਹੈ ?

ਉ: ੩. (ਨਹੀਂ) ਹੇ ਭਾਈਓ ! ਜੋ ਮਨੁੱਖ ਮਹਾਂ ਮੋਹਨੀ ਮਾਇਆ ਵਿਚ ਮਸਤ ਰਹਿੰਦਾ ਹੈ, ਇਹ ਦਸ਼ਾ ਉਨ੍ਹਾਂ ਦੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਹੀ ਫੜ ਕੇ ਅੱਗੇ ਤੋਰ ਲਿਆ ਜਾਂਦਾ ਹੈ। ਬੱਸ, ਇਹੋ ਉਸ ਦਾ ਕਮਾਇਆ ਸੀ ਜੋ ਕਿ ਹੁਣ ਉਸ ਦੇ ਅੱਗੇ ਆਇਆ ਹੈ।

੪. ਸੋ, ਹੇ ਭਾਈਓ ! ਜਿਸ ਨੇ ਗੁਰੂ ਨੂੰ ਮਿਲ ਕੇ ਗੋਬਿੰਦ ਦੇ ਗੁਣ ਨਹੀਂ ਗਾਏ ਤੇ ਉਸ ਮਾਲਕ ਦਾ ਨਾਮ ਨਹੀਂ ਜਪਿਆ, ਉਨ੍ਹਾਂ ਦੇ ਗਲੇ ਨੂੰ ਜਮ ਤੱਤੇ ਥੰਮ੍ਹਾਂ ਨਾਲ ਲਾਉਂਦੇ ਹਨ।

੫. ਹੇ ਮਿੱਤਰੋ ! ਉਹ ਐਸਾ ਬੰਦਾ ਕਾਮ, ਕ੍ਰੋਧ, ਹੰਕਾਰ ਵਿਚ (ਫਸੇ ਰਹਿ ਕੇ) ਗਿਆਨ ਨੂੰ ਗਵਾ ਕੇ ਅੰਤ ਨੂੰ ਪਸਚਾਤਾਪ ਕਰਦਾ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਪੂਰਵਕ ਕਹਿੰਦੇ ਹਨ ਕਿ ਹੇ ਭਾਈਓ ! ਕਾਮਾਦਿਕ ਵਿਕਾਰਾਂ ਦਾ ਸੰਜੋਗੀ ਹੋਇਆ ਬੰਦਾ ਸਾਰੀ ਉਮਰ ਕੁਰਾਹੇ ਪਿਆ ਰਹਿੰਦਾ ਹੈ। ਉਹ ਕਦੇ ਵੀ ਆਪਣੀ ਜੀਭ ਨਾਲ ਪਰਮੇਸ਼ਰ ਦਾ ਨਾਮ ਨਹੀਂ ਜਪਦਾ।੩।

੧. ਤੁਝ ਬਿਨੁ ਕੋ ਨਾਹੀ ਪ੍ਰਭ ਰਾਖਨਹਾਰਾ ਰਾਮ ॥
੨. ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ ॥
੩. ਪਤਿਤ ਉਧਾਰਨ ਸਰਨਿ ਸੁਆਮੀ
ਕ੍ਰਿਪਾ ਨਿਧਿ ਦਇਆਲਾ ॥
੪. ਅੰਧ ਕੂਪ ਤੇ ਉਧਰੁ ਕਰਤੇ
ਸਗਲ ਘਟ ਪ੍ਰਤਿਪਾਲਾ ॥
੫. ਸਰਨਿ ਤੇਰੀ ਕਟਿ ਮਹਾ ਬੇੜੀ
ਇਕੁ ਨਾਮੁ ਦੇਹਿ ਅਧਾਰਾ ॥
੬. ਬਿਨਵੰਤ ਨਾਨਕ ਕਰ ਦੇਇ ਰਾਖਹੁ
ਗੋਬਿੰਦ ਦੀਨ ਦਇਆਰਾ ॥੪॥

ਪਦ ਅਰਥ : ਪਤਿਤ—ਪਾਪੀ। ਬਿਰਦ—ਮੁੱਢ ਕਦੀਮੀਂ ਦਾ ਸੁਭਾਉ। ਉਧਾਰਨ—ਡੁੱਬਦਿਆਂ ਨੂੰ ਬਚਾਉਣ ਵਾਲਾ। ਕ੍ਰਿਪਾ ਨਿਧਿ— ਹੇ ਕਿਰਪਾ ਦੇ ਖ਼ਜ਼ਾਨੇ। ਦਇਆਲਾ—ਹੇ ਦਇਆ ਦੇ ਘਰ। ਅੰਧ ਕੂਪ—ਅੰਨ੍ਹਾ ਖੂਹ। ਤੇ—ਤੋਂ। ਉਧਰ—ਕੱਢ ਲੈ। ਕਰਤੇ—ਹੇ

ਕਰਤਾਰ। ਅਧਾਰਾ—ਆਸਰਾ। ਕਰ—ਹੱਥ। ਦੇਇ—ਦੇ ਕੇ। ਦੀਨ ਦਇਆਰਾ—ਦੀਨਾਂ ਉੱਤੇ ਦਇਆ ਕਰਨ ਵਾਲੇ।੪।

ਅਰਥ :

ਪ੍ਰ: ਹੇ ਗੁਰੋ! ਜਦੋਂ ਆਪ ਅਰਦਾਸ ਕਰਦੇ ਹੋ, ਕੀ ਕੇਵਲ ਆਪਣੇ ਲਈ ਹੀ ਕਰਦੇ ਹੋ?

ਉ: ੧. ਹੇ ਭਾਈਓ! ਅਸੀਂ ਤਾਂ ਉਸ ਸਾਈਂ ਜੀ ਅੱਗੇ ਜਦੋਂ ਭੀ ਅਰਦਾਸ ਕਰਦੇ ਹਾਂ, ਤਾਂ ਸਾਰੇ ਸੰਸਾਰ ਦੇ ਜੀਵਾਂ ਦੀ ਰੱਖਿਆ ਲਈ ਇਉਂ ਜੋਦੜੀ ਕਰਦੇ ਹਾਂ ਕਿ ਹੇ ਸਾਈਂ ਜੀ! ਇਨ੍ਹਾਂ ਭੁਲੇ ਹੋਏ ਜੀਵਾਂ ਨੂੰ ਤੇਰੇ ਬਿਨਾ ਬਚਾਉਣ ਵਾਲਾ ਹੋਰ ਕੋਈ ਨਹੀਂ ਹੈ।

੨. ਹੇ ਹਰੀ ਜੀ, ਪਾਪੀਆਂ ਨੂੰ ਉਧਾਰਣਾ ਇਹ ਆਪ ਜੀ ਦਾ ਹੀ ਮੁੱਢ ਕਦੀਮੀ ਦਾ ਨਿਯਮ ਤੁਰਿਆ ਆ ਰਿਹਾ ਹੈ।

੩. ਹੇ ਪਾਪੀਆਂ ਨੂੰ ਉਧਾਰਨ ਵਾਲੇ ਸੁਆਮੀ! ਹੇ ਕਿਰਪਾ ਦੇ ਖ਼ਜ਼ਾਨੇ, ਹੇ ਦਇਆਲੂ ਜੀਉ।

੪. (ਸਾਨੂੰ ਆਪਣੀ) ਸ਼ਰਨ ਵਿਚ ਲੈ ਲਓ ਤੇ ਅੰਨ੍ਹੇ ਖੂਹ ਇਸ ਸੰਸਾਰ ਤੋਂ ਉਧਾਰ ਲਓ! ਹੇ ਸਾਰੇ ਜੀਵਾਂ ਦੀ ਪਾਲਣਾ ਕਰਣਹਾਰ ਜੀ।

੫. ਹੇ ਸਾਈਂ ਜੀ! ਮੈਂ ਤੇਰੀ ਸ਼ਰਣ ਆਇਆ ਹਾਂ, ਮੇਰੀ ਮਾਇਆ ਦੇ ਮੋਹ ਦੀ ਬੇੜੀ, ਇਕ ਆਪਣੇ ਨਾਮ ਦਾ ਆਸਰਾ ਦੇ ਕੇ ਕੱਟ ਦਿਓ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਦੀਨਾਂ ਦੇ ਦਿਆਲੂ, ਗੋਬਿੰਦ ਜੀਉ! ਇਨ੍ਹਾਂ ਸਾਰੇ ਹੀ ਜੀਵਾਂ ਨੂੰ ਹੱਥ ਦੇ ਕੇ ਬਚਾਅ ਲੈ।੪।

੧. ਸੋ ਦਿਨੁ ਸਫਲੁ ਗਣਿਆ
ਹਰਿ ਪ੍ਰਭੂ ਮਿਲਾਇਆ ਰਾਮ ॥
੨. ਸਭਿ ਸੁਖ ਪਰਗਟਿਆ
ਦੁਖ ਦੂਰਿ ਪਰਾਇਆ ਰਾਮ ॥
੩. ਸੁਖ ਸਹਜ ਅਨਦ ਬਿਨੋਦ ਸਦ ਹੀ
ਗੁਨ ਗੁਪਾਲ ਨਿਤ ਗਾਈਐ ॥
੪. ਭਜੁ ਸਾਧਸੰਗੇ ਮਿਲੇ ਰੰਗੇ
ਬਹੁੜਿ ਜੋਨਿ ਨ ਧਾਈਐ ॥
੫. ਗਹਿ ਕੰਠਿ ਲਾਏ ਸਹਜਿ ਸੁਭਾਏ
ਆਦਿ ਅੰਕੁਰੁ ਆਇਆ ॥
੬. ਬਿਨਵੰਤ ਨਾਨਕ ਆਪਿ ਮਿਲਿਆ
ਬਹੁੜਿ ਕਤਹੂ ਨ ਜਾਇਆ ॥੫॥੪॥੭॥

ਪਦ ਅਰਥ : ਸਫਲੁ—ਕਾਮਯਾਬ, ਭਾਗਾਂ ਵਾਲਾ। ਗਣਿਆ—ਸਮਝਣਾ ਚਾਹੀਦਾ ਹੈ। ਸਭਿ—ਸਾਰੇ। ਦੂਰ ਪਰਾਇਆ—ਦੂਰ ਜਾ ਪੈਂਦੇ ਹਨ। ਬਿਨੋਦ—ਖ਼ੁਸ਼ੀਆਂ। ਗਾਈਐ—ਰਲ, ਰਲ ਕੇ ਗਾਵੀਏ। ਭਜੁ—ਭਜਨ ਕਰ, ਯਾਦ ਕਰ। ਸਾਧ ਸੰਗੇ—ਸਾਧ ਸੰਗਤ ਵਿਚ। ਮਿਲੇ—ਮਿਲ, ਮਿਲ ਕੇ। ਰੰਗੇ—ਰੰਗਿ, ਪ੍ਰੇਮ ਨਾਲ। ਬਹੁੜਿ—ਮੁੜ, ਫਿਰ। ਗਹਿ—ਫੜ ਕੇ। ਕੰਠਿ—ਗਲ ਨਾਲ। ਸੁਭਾਏ—ਪ੍ਰੇਮ ਵਿਚ। ਆਦਿ—ਮੁੱਢਲਾ। ਅੰਕੁਰੁ—ਅੰਗੂਰ। ਕਤਹੂ—ਕਿਤੇ ਭੀ।੫।

ਅਰਥ :

ਪ੍ਰ: ਹਜ਼ੂਰ! ਜਿਤਨੇ ਭੀ ਜ਼ਿੰਦਗੀ ਦੇ ਦਿਨ ਗੁਜ਼ਰਦੇ ਜਾ ਰਹੇ ਹਨ, ਆਪ ਇਨ੍ਹਾਂ ਵਿਚੋਂ ਕਿਸ ਦਿਨ ਨੂੰ ਭਾਗਾਂ ਵਾਲਾ ਸਮਝਦੇ ਹੋ?

ਉ: ੧. ਹੇ ਭਾਈਓ! ਉਹ ਦਿਨ ਸਫਲ ਭਾਗਾਂ ਵਾਲਾ ਸਮਝਣਾ ਚਾਹੀਦਾ ਹੈ, (ਜਦੋਂ ਕਿ ਗੁਰੂ ਦਾ ਮਿਲਾਇਆ ਹੋਇਆ) ਹਰੀ ਪ੍ਰਭੂ ਮਿਲ ਪਿਆ।

ਪ੍ਰ: ਮਿਲਾਪ ਦੀ ਪਛਾਣ ਕੀ ਹੈ?

ਉ: ੨. ਹੇ ਮਿੱਤਰੋ! ਉਸ ਦਿਨ ਸਾਰਾ ਸੁੱਖ ਪ੍ਰਗਟ ਹੋ ਆਇਆ ਤੇ ਦੁੱਖ ਸਾਰਾ ਨੱਸ ਗਿਆ।

੩. ਹੁਣ ਸਦਾ ਹੀ ਸਹਿਜ ਵਾਲਾ ਸੁੱਖ, ਅਨੰਦ ਤੇ ਖ਼ੁਸ਼ੀਆਂ ਹਨ, (ਕਿਉਂਕਿ) ਉਸ ਗੋਪਾਲ ਦੇ ਗੁਣ ਸਦਾ ਹੀ ਗਾਵੀਦੇ ਹਨ।

੪. ਪ੍ਰੇਮ ਨਾਲ ਸਾਧ ਸੰਗਤ ਵਿਚ ਮਿਲ ਕੇ (ਹੇ ਪਿਆਰਿਆ) ਉਸ ਪਰਮੇਸ਼ਰ ਦਾ ਭਜਨ ਕਰਿਆ ਕਰ। (ਉਸੇ ਭਜਨ ਦੀ ਬਰਕਤ ਨਾਲ) ਮੁੜ-ਮੁੜ ਜੂਨਾਂ ਵਿਚ ਨਹੀਂ ਪਈਦਾ।

੫. ਕਿਉਂਕਿ ਪਰਮੇਸ਼ਰ (ਬਾਹੋਂ) ਫੜ ਕੇ ਆਪਣੇ ਗਲੇ ਨਾਲ ਲਾ ਲੈਂਦਾ ਹੈ। (ਕਿਸੇ ਯਤਨ ਨਾਲ ਨਹੀਂ) ਸਹਿਜ ਸੁਭਾਅ ਹੀ, ਪਰ ਉਦੋਂ ਜਦ ਕਿ ਉਸ ਦਾ ਕੋਈ ਪੂਰਬਲਾ ਅੰਗੂਰ (ਫੁੱਟ) ਆਇਆ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਐ ਪਿਆਰਿਓ)! ਉਹ ਸਾਈਂ ਜੀ ਜਿਨ੍ਹਾਂ ਨੂੰ ਆਪ ਆ ਮਿਲਿਆ, ਫੇਰ ਉਹ ਉਸ ਨੂੰ ਕਦੇ ਛੱਡ ਕੇ ਨਹੀਂ ਜਾਂਦਾ।੫।੪।੭।

ਭਾਵਾਰਥ : ਇਸ ਛੰਤ ਦੇ ਆਰੰਭ ਵਿਚ ਪਹਿਲੋਂ ਪਾਪ ਕਰਮਾਂ ਤੋਂ ਵਰਜਿਆ ਹੈ, ਨਾਲ ਹੀ ਉਨ੍ਹਾਂ ਮਾੜੇ ਕਰਮਾਂ ਦੇ ਮਾੜੇ ਫਲ ਦਰਸਾਏ ਹਨ ਤੇ ਨਾਮ ਜਪਣ ਦਾ ਉਪਦੇਸ਼ ਹੈ। ਸ਼ੁਭ ਕਰਮ ਕਰਨ ਵਾਲਿਆਂ ਲਈ ਅਰਦਾਸ ਹੈ ਅਤੇ ਅੰਤ ਵਿਚ ਪ੍ਰਭੂ ਦੇ ਮਿਲਾਪ ਦਾ ਸੁੱਖ ਵਰਣਨ ਕੀਤਾ ਹੈ।

ਬਿਹਾਗੜਾ ਮਹਲਾ ੫ ਛੰਤ ॥

੧. ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥
੨. ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥
੩. ਦੁਖ ਹਰਨ ਕਿਰਪਾ ਕਰਨ
ਮੋਹਨ ਕਲਿ ਕਲੇਸਹ ਭੰਜਨਾ ॥
੪. ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ ॥
੫. ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ॥
੬. ਅਰਦਾਸਿ ਨਾਨਕ ਸੁਨਿ ਸੁਆਮੀ
ਰਖਿ ਲੇਹੁ ਘਰ ਕੇ ਚੇਰੇ ॥੧॥

ਪਦ ਅਰਥ : ਕੋਟਿ—ਕਰੋੜਾਂ। ਚੇਰੇ—ਸੇਵਕ। ਮੋਹਨ—ਹੇ ਮਨ

ਨੂੰ ਮੋਹਨ ਵਾਲੇ। ਕਲਿ—ਝਗੜੇ। ਭੰਜਨਾ—ਨਾਸ ਕਰਨ ਵਾਲੇ। ਸਰਬ ਮੈ—ਸਰਬ ਵਿਆਪਕ। ਨਿਰੰਜਨਾ—ਹੇ ਨਿਰਲੇਪ। ਪ੍ਰਭ—ਹੇ ਪ੍ਰਭੂ।

ਅਰਥ :

ਪ੍ਰ: ਹੇ ਗੁਰੋ! ਅਸੀਂ ਮਲੀਨ ਬੁੱਧੀ ਵਾਲੇ ਕਲਜੁਗੀ ਜੀਵਾਂ ਨੂੰ ਤਾਂ ਅਰਦਾਸ ਕਰਨ ਦਾ ਵੱਲ ਭੀ ਨਹੀਂ, ਕਿਰਪਾ ਕਰ ਕੇ ਕੋਈ ਢੰਗ ਦੱਸ ਦਿਓ।

ਉ: ੧. ਹੇ ਭਾਈਓ! ਇਉਂ ਬੇਨਤੀਆਂ ਕਰਿਆ ਕਰੋ ਕਿ ਹੇ ਮੇਰੇ ਸੁਆਮੀ ਜੀ! ਮੇਰੀ ਬੇਨਤੀ ਸੁਣ।

੨. ਅਸੀਂ ਜੀਵ ਭਾਵੇਂ ਕਰੋੜਾਂ ਹੀ ਪਾਪਾਂ ਨਾਲ ਭਰੇ ਹੋਏ ਹਾਂ, ਪਰ ਫਿਰ ਵੀ ਆਖ਼ਰ ਤੇਰੇ ਦਰ ਦੇ ਦਾਸ ਹਾਂ।

੩. ਹੇ ਦੁੱਖਾਂ ਦੇ ਨਾਸ ਕਰਨ ਵਾਲੇ! ਹੇ ਕਿਰਪਾ ਕਰਨ ਵਾਲੇ! ਹੇ ਮੋਹਨ ਜੀ! ਹੇ ਸਾਡੇ ਦੁੱਖਾਂ ਕਲੇਸ਼ਾਂ ਨੂੰ ਦੂਰ ਕਰਨ ਵਾਲੇ!

੪. ਹੇ ਮਾਇਆ ਰਹਿਤ! ਸਾਰਿਆਂ ਵਿਚ ਵਿਆਪਕ ਪ੍ਰਭੂ! ਮੈਂ ਤੇਰੀ ਸ਼ਰਨ ਆਇਆ ਹਾਂ (ਕਿਰਪਾ ਕਰ ਕੇ ਮੇਰੀ) ਲਾਜ ਰੱਖ ਲੈ।

੫. ਹੇ ਪ੍ਰਭੂ! ਤੂੰ ਸਾਰਿਆਂ ਦੇ ਅਤਿ ਨੇੜੇ ਵਸਦਾ ਹੈਂ। ਤੂੰ ਸਭਨਾਂ ਜੀਵਾਂ ਦੇ ਅੰਗ-ਸੰਗ ਰਹਿੰਦਾ ਹੈਂ। ਤੂੰ ਸਭਨਾਂ ਜੀਵਾਂ ਦੀਆਂ ਅਰਦਾਸਾਂ ਸੁਣਦਾ ਹੈਂ ਅਤੇ ਸਭ ਜੀਵਾਂ ਦੇ ਕੀਤੇ ਕਰਮਾਂ ਨੂੰ ਵੇਖਦਾ ਹੈਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਾਲਕ ਜੀ! ਸਾਡੀ ਅਰਦਾਸ ਸੁਣੋ! ਅਸੀਂ ਆਪ ਦੇ ਘਰ ਦੇ ਸੇਵਕ ਹਾਂ, (ਕਿਰਪਾ ਕਰੋ) ਸਾਨੂੰ ਰੱਖ ਲਓ।੧।

੧. ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ ॥
੨. ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ ॥
੩. ਲੋਭਿ ਮੋਹਿ ਬਿਕਾਰਿ ਬਾਧਿਓ
ਅਨਿਕ ਦੋਖ ਕਮਾਵਨੇ ॥
੪. ਅਲਿਪਤ ਬੰਧਨ ਰਹਤ ਕਰਤਾ
ਕੀਆ ਅਪਨਾ ਪਾਵਨੇ ॥
੫. ਕਰਿ ਅਨੁਗ੍ਰਹੁ ਪਤਿਤ ਪਾਵਨ
ਬਹੁ ਜੋਨਿ ਭ੍ਰਮਤੇ ਹਾਰੀ ॥
੬. ਬਿਨਵੰਤਿ ਨਾਨਕ ਦਾਸੁ ਹਰਿ ਕਾ
ਪ੍ਰਭ ਜੀਅ ਪ੍ਰਾਨ ਅਧਾਰੀ ॥੨॥

ਪਦ ਅਰਥ : ਸਮਰਥੁ—ਸਭ ਤਾਕਤਾਂ ਦਾ ਮਾਲਕ। ਦੀਨ—ਕੰਗਾਲ। ਭੇਖਾਰੀ—ਮੰਗਤੇ। ਮੋਹਿ—ਮੋਹ ਵਿਚ। ਮਗਨੁ—ਡੁੱਬਾ ਹੋਇਆ, ਮਸਤ। ਮੁਰਾਰੀ—ਹੇ ਪ੍ਰਭੂ। ਲੋਭਿ—ਲੋਭ ਵਿਚ। ਬਾਧਿਓ—ਬੱਝਾ ਹੋਇਆ। ਦੋਖ—ਪਾਪ। ਅਲਿਪਤ—ਨਿਰਲੇਪ। ਕਰਤਾ—ਕਰਤਾਰ। ਅਨੁਗ੍ਰਹੁ—ਦਇਆ। ਪਤਿਤ ਪਾਵਨ—ਹੇ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ। ਭ੍ਰਮਤੇ—ਭਟਕਦੇ। ਹਾਰੀ—ਥੱਕ ਗਈ। ਜੀਅ ਅਧਾਰੀ—ਜਿੰਦ ਦਾ ਆਸਰਾ।੨।

ਅਰਥ :

੧. (ਅਰਦਾਸ ਹੀ ਚਲ ਰਹੀ ਹੈ) ਹੇ ਸਾਈਂ ਜੀ! ਤੂੰ ਸਦਾ ਸਮਰੱਥ ਹੈਂ, ਅਸੀਂ ਗ਼ਰੀਬ ਹਾਂ, (ਤੇਰੇ ਦਰ ਦੇ) ਮੰਗਤੇ ਹਾਂ।

੨. ਅਸੀਂ ਮਾਇਆ ਦੇ ਮੋਹ ਵਿਚ (ਸਦਾ ਹੀ) ਡੁਬੇ ਰਹਿੰਦੇ ਹਾਂ, ਹੇ ਪ੍ਰਭੂ ਜੀ! ਸਾਨੂੰ ਮੋਹ ਵਿਚੋਂ ਕੱਢ ਲਓ।

੩. ਹੇ ਰਾਮ! ਅਸੀਂ ਲੋਭ ਮੋਹ ਦੁਆਰਾ ਵਿਕਾਰਾਂ ਵਿਚ ਬੱਧੇ ਹੋਏ ਹਾਂ ਤੇ ਅਨੇਕਾਂ ਹੀ ਦੋਸ਼ਾਂ ਦੇ ਕਮਾਉਣ ਵਾਲੇ ਹਾਂ।

੪. ਹੇ ਸਾਰਿਆਂ ਬੰਧਨਾਂ ਤੋਂ ਰਹਿਤ! (ਹੇ ਮਾਇਆ ਮੋਹ ਤੋਂ) ਨਿਰਲੇਪ ਕਰਤੇ, ਅਸੀਂ ਆਪਣਾ ਕੀਤਾ ਕਰਮਾਂ ਦਾ ਫਲ ਆਪ ਹੀ ਭੁਗਤਣ ਵਾਲੇ ਹਾਂ।

ਪ੍ਰ: ਮੰਗਦੇ ਕੀ ਹੋ?

ਉ: ੫. ਹੇ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਪ੍ਰਭੂ! ਮਿਹਰ ਕਰੋ, ਅਸੀਂ ਬਹੁਤੀਆਂ ਜੂਨਾਂ ਵਿਚ ਭਟਕਦੇ ਹਾਰ ਗਏ ਹਾਂ, ਜਿੰਦ ਮੇਰੀ ਥੱਕ ਗਈ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੈਂ ਤੇਰਾ ਦਾਸ ਹਾਂ, (ਤੂੰ) ਸਭ ਜੀਵਾਂ ਦੀ ਜਿੰਦ ਦੇ ਪ੍ਰਾਣਾਂ ਦਾ ਆਸਰਾ ਹੈਂ।੨।

੧. ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥
੨. ਪਾਲਹਿ ਅਕਿਰਤਘਨਾ
ਪੂਰਨ ਦ੍ਰਿਸਟਿ ਤੇਰੀ ਰਾਮ ॥
੩. ਅਗਾਧਿ ਬੋਧਿ ਅਪਾਰ ਕਰਤੇ
ਮੋਹਿ ਨੀਚੁ ਕਛੂ ਨ ਜਾਨਾ ॥
੪. ਰਤਨੁ ਤਿਆਗਿ ਸੰਗ੍ਰਹਨ ਕਉਡੀ
ਪਸੂ ਨੀਚੁ ਇਆਨਾ ॥
੫. ਤਿਆਗਿ ਚਲਤੀ ਮਹਾ ਚੰਚਲਿ
ਦੋਖ ਕਰਿ ਕਰਿ ਜੋਰੀ ॥
੬. ਨਾਨਕ ਸਰਨਿ ਸਮਰਥ ਸੁਆਮੀ
ਪੈਜ ਰਾਖਹੁ ਮੋਰੀ ॥੩॥

ਪਦ ਅਰਥ : ਪਾਲਹਿ—ਤੂੰ ਪਾਲਦਾ ਹੈਂ। ਅਕ੍ਰਿਤਘਨਾ—ਕੀਤੀ ਭਲਾਈ ਨੂੰ ਭੁਲਾ ਦੇਣ ਵਾਲਾ, ਨਾ ਸ਼ੁਕਰਾ। ਪੂਰਨ—ਸਦਾ, ਇਕ ਸਾਰ। ਦ੍ਰਿਸਟਿ—ਨਿਗਾਹ, ਨਜ਼ਰ। ਅਗਾਧਿ ਬੋਧਿ—ਮਨੁੱਖੀ ਸਮਝ ਤੋਂ ਪਰੇ ਅਥਾਹ। ਕਰਤੇ—ਹੇ ਕਰਤਾਰ। ਮੋਹਿ—ਮੈਂ। ਤਿਆਗਿ—ਤਿਆਗਿ ਕੇ। ਸੰਗ੍ਰਹਨ—ਇਕੱਠੀਆਂ ਕਰਨਾ। ਦੋਖ—ਪਾਪ। ਜੋਰੀ—ਜੋੜੀ, ਇਕੱਠੀ ਕੀਤੀ। ਪੈਜ—ਲਾਜ, ਇੱਜ਼ਤ। ਮੋਰੀ—ਮੇਰੀ।

ਅਰਥ :

੧. ਹੇ ਰਾਮ! ਤੂੰ ਵੱਡੀ ਤਾਕਤ ਵਾਲਾ ਹੈਂ। ਮੇਰੀ ਅਕਲ ਨਿੱਕੀ ਜਿਹੀ ਹੈ। ਮੈਂ ਤੇਰੇ ਵਡੱਪਣ ਨੂੰ ਸਮਝ ਨਹੀਂ ਸਕਦਾ।

੨. ਹੇ ਸਾਈਂ ਜੀ! ਤੇਰੀ ਨਿਗਾਹ ਸਦਾ ਇਕ ਸਾਰ ਹੈ, (ਕਿਉਂਕਿ) ਤੂੰ ਨਾ ਸ਼ੁਕਰਿਆਂ ਦੀ ਭੀ ਪਾਲਣਾ ਕਰਦਾ ਰਹਿੰਦਾ ਹੈਂ।

੩. ਹੇ ਕਰਤੇ ! ਤੇਰਾ ਗਿਆਨ ਅਗਾਧ ਬੋਧ ਹੈ ਤੇ ਤੂੰ ਪਾਰ ਤੋਂ ਰਹਿਤ ਹੈਂ। ਮੈਂ ਨੀਵੇਂ ਜੀਵਨ ਵਾਲਾ ਤੇਰੀ ਬਾਬਤ ਕੁਝ ਵੀ ਨਹੀ ਜਾਣ ਸਕਦਾ।

੪. ਹੇ ਕਰਤੇ ! ਮੈਂ ਐਸਾ ਅਨਜਾਣ ਤੇ ਨੀਵਾਂ ਪਸ਼ੂ ਮੂਰਖ ਹਾਂ ਕਿ ਰਤਨ ਦਾ ਤਿਆਗ ਕਰਕੇ ਕਉਡੀਆਂ ਜਮਾਂ ਕਰਦਾ ਹਾਂ।

੫. ਹੇ ਸਾਈਂ ਜੀ ! ਮੈਂ ਅਨਜਾਣ ਵੀ ਐਸਾ ਹਾਂ ਕਿ ਇਹ ਮਾਇਆ ਜੋ ਮਹਾਨ ਚੰਚਲ ਹੈ ਤੇ ਸਾਥ ਛੱਡ ਜਾਂਦੀ ਹੈ, ਮੈਂ ਇਸੇ ਨੂੰ ਪਾਪ ਕਰ ਕੇ ਜੋੜਦਾ ਰਿਹਾ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਮਰੱਥ ਸੁਆਮੀ ਜੀ ! (ਮੈਂ) ਤੇਰੀ ਸ਼ਰਨ ਪਿਆ ਹਾਂ, ਮੇਰੀ ਲਾਜ ਰੱਖ ਲਓ ।੩।

੧. ਜਾ ਤੇ ਵੀਛੁੜਿਆ
ਤਿਨਿ ਆਪਿ ਮਿਲਾਇਆ ਰਾਮ ॥
੨. ਸਾਧੂ ਸੰਗਮੇ ਹਰਿ ਗੁਣ ਗਾਇਆ ਰਾਮ ॥
੩. ਗੁਣ ਗਾਇ ਗੋਵਿਦ ਸਦਾ ਨੀਕੇ
ਕਲਿਆਣ ਮੈ ਪਰਗਟ ਭਏ ॥
੪. ਸੇਜਾ ਸੁਹਾਵੀ ਸੰਗਿ ਪ੍ਰਭ ਕੈ
ਆਪਣੇ ਪ੍ਰਭ ਕਰਿ ਲਏ ॥
੫. ਛੋਡਿ ਚਿੰਤ ਅਚਿੰਤ ਹੋਏ
ਬਹੁੜਿ ਦੂਖੁ ਨ ਪਾਇਆ ॥
੬. ਨਾਨਕ ਦਰਸਨੁ ਪੇਖਿ ਜੀਵੇ
ਗੋਵਿੰਦ ਗੁਣ ਨਿਧਿ ਗਾਇਆ ॥੪॥੫॥੮॥

ਪਦ ਅਰਥ : ਜਾ ਤੇ—ਜਿਸ ਪਰਮੇਸ਼ਰ ਨਾਲੋਂ। ਤਿਨਿ—ਉਸ ਪਰਮਾਤਮਾ ਨੇ। ਸੰਗਮੇ—ਸੰਗਮਿ, ਮਿਲਾਪ ਵਿਚ, ਸੰਗਤ ਵਿਚ। ਨੀਕੇ—ਸੋਹਣੇ। ਕਲਿਆਣ ਮੈ—ਅਨੰਦ ਸਰੂਪ ਪਰਮਾਤਮਾ। ਸੇਜਾ—ਹਿਰਦਾ ਸੇਜ। ਸੁਹਾਵੀ—ਸੋਹਣੀ। ਕੈ ਸੰਗਿ—ਦੇ ਨਾਲ। ਅਚਿੰਤ—ਬੇ-ਫ਼ਿਕਰ। ਪੇਖਿ—ਵੇਖ ਕੇ। ਗੁਣ ਨਿਧਿ—ਗੁਣਾਂ ਦਾ ਖ਼ਜ਼ਾਨਾ।੪।

ਅਰਥ :

ਪ੍ਰ: ਹੇ ਗੁਰੋ ! ਜਿਸ ਦੇ ਮਿਲਾਪ ਲਈ ਆਪ ਜਤਨ ਕਰਦੇ ਆ ਰਹੇ ਸੌ, ਆਖ਼ਰ ਉਸ ਦਾ ਮਿਲਾਪ ਕਿਸ ਸਾਧਨ ਦੁਆਰਾ ਹੋਇਆ ?

ਉ: ੧. ਹੇ ਭਾਈਓ ! ਅਸਲ ਵਿਚ ਮੈਂ ਸਾਧਨ ਕਰਨ ਦੀ ਤਾਂ ਸਮਰੱਥਾ ਹੀ ਨਹੀਂ ਸਾਂ ਰੱਖਦਾ, ਪਰ ਜਦੋਂ ਮੈਂ ਗੁਰੂ ਦੀ ਸੰਗਤ ਵਿਚ ਆ ਕੇ ਜੋਦੜੀਆਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਜਿਸ ਪ੍ਰਭੂ ਤੋਂ ਵਿਛੜਿਆ ਹੋਇਆ ਸਾਂ, ਉਸ ਨੇ ਆਪੇ ਹੀ ਕਿਰਪਾ ਕਰ ਕੇ ਮੈਨੂੰ ਮਿਲਾ ਲਿਆ।

ਪ੍ਰ: ਆਖ਼ਰ ਮਿਲਾਇਆ ਕਿਸ ਤਰ੍ਹਾਂ ?

ਉ: ੨. ਹੇ ਭਾਈਓ ! ਜਦੋਂ ਮੈਂ ਸੰਗਤ ਵਿਚ ਮਿਲ ਕੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਣੇ ਆਰੰਭ ਦਿੱਤੇ, (ਤਾਂ ਮੈਨੂੰ ਆਪ ਹੀ ਮਿਲਾ ਲਿਆ)।

੩. ਜਦੋਂ ਮੈਂ ਕੇਵਲ ਗੋਬਿੰਦ ਦੇ ਗੁਣ ਗਾਇਨ ਕੀਤੇ, ਤਦ ਕਲਿਆਣ ਸਰੂਪ ਪ੍ਰਭੂ ਜੀ ਪ੍ਰਗਟ ਹੋ ਗਏ।

੪. ਹੁਣ ਪ੍ਰਭੂ ਜੀ ਨੇ ਸਾਨੂੰ ਆਪਣੇ ਬਣਾ ਲਿਆ, ਤਾਂ ਅੰਤਹਕਰਣ ਰੂਪ ਸੇਜਾ 'ਤੇ ਪ੍ਰਭੂ ਦਾ ਨਿਵਾਸ ਹੋ ਗਿਆ, ਜਿਸ ਦਾ ਸਦਕਾ ਸਾਡੀ ਅੰਤਹਕਰਣ ਰੂਪ ਸੇਜਾ ਸੋਹਣੀ ਹੋ ਗਈ।

੫. ਹੁਣ ਸਾਰੀਆਂ ਚਿੰਤਾਵਾਂ ਨੂੰ ਛੱਡ ਕੇ ਅੰਦਰੋਂ ਅਚਿੰਤ ਹੋ ਗਏ ਹਾਂ, ਜਿਸ ਦਾ ਸਦਕਾ ਮੁੜ (ਕੋਈ ਵੀ) ਦੁੱਖ ਨਹੀਂ ਪਾਇਆ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਜਦੋਂ ਗੁਣਾਂ ਦੇ ਖ਼ਜ਼ਾਨੇ ਗੋਬਿੰਦ ਨੂੰ ਗਾਵਿਆ ਤਾਂ ਦਰਸ਼ਨ ਹੋਏ। ਦਰਸ਼ਨ ਹੁੰਦੇ ਸਾਰ ਹੀ ਅਸੀਂ ਜੀਉ ਪਏ।੪।੫।੮।

ਬਿਹਾਗੜਾ ਮਹਲਾ ੫ ਛੰਤ ॥

੧. ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ ॥
੨. ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ ॥
੩. ਸੰਗਿ ਤੇਰੈ ਕਛੁ ਨ ਚਾਲੈ ਬਿਨਾ ਗੋਬਿੰਦ ਨਾਮਾ ॥
੪. ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ ॥
੫. ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ ॥
੬. ਬਿਨਵੰਤ ਨਾਨਕ ਬਿਨੁ ਸਾਧਸੰਗਮ
ਸਭ ਮਿਥਿਆ ਸੰਸਾਰੀ ॥੧॥

ਪਦ ਅਰਥ : ਸੁਧਰਮੀੜਿਆ—ਹੇ ਸੁਧਰਮੀ, ਸ੍ਰੇਸ਼ਟ ਧਰਮ ਵਾਲੇ। ਕਤ—ਕਿਉਂ ? ਨੇਤ੍ਰੀ ਦੇਖਿ—ਅੱਖਾਂ ਨਾਲ ਵੇਖ। ਮੋਨਿ—ਚੁੱਪ। ਬਿਉਹਾਰੀ—ਵਿਹਾਰ ਕਰਨ ਵਾਲਾ। ਸੰਗਿ—ਨਾਲ। ਵੇਸ—ਕੱਪੜੇ। ਸੁਵਰਨ—ਸੋਨਾ। ਰੂਪਾ—ਚਾਂਦੀ। ਊਣੇ—ਖ਼ਾਲੀ, ਵਿਅਰਥ। ਕਲਤ੍ਰ—ਇਸਤ੍ਰੀ। ਹਸਤ ਘੋਰਿ—ਹਾਥੀ ਘੋੜੇ। ਵਿਕਾਰੀ—ਵਿਕਾਰਾਂ ਵਲ ਲੈ ਜਾਣ ਵਾਲੇ। ਮਿਥਿਆ—ਨਾਸਵੰਤ। ਸੰਸਾਰੀ—ਸੰਸਾਰ ਦੇ ਉੱਦਮ।੧।

ਅਰਥ :

ਉਥਾਨਕਾ : ਇਸ ਛੰਤ ਬਾਰੇ ਇਕ ਰਵਾਇਤ ਚਲੀ ਆ ਰਹੀ ਹੈ ਕਿ ਇਕ ਰਾਜਾ ਗੁਰੂ ਜੀ ਦੀ ਸ਼ਰਨ ਆ ਕੇ ਨਾਮ ਸਿਮਰਨ ਦੀ ਦਾਤ ਪ੍ਰਾਪਤ ਕਰ ਕੇ ਹਰ ਸਮੇਂ ਨਾਮ ਸਿਮਰਨ ਵਿਚ ਤਤਪਰ ਹੋ ਗਿਆ, ਆਖ਼ਰ ਇਸ ਦੀ ਮੌਤ ਸ਼ੀਘਰ ਹੀ ਆ ਗਈ। ਹਜ਼ੂਰ ਬੜੇ ਦਿਆਲੂ ਸਨ, ਉਸ ਦੇ ਪਾਸ ਆਪ ਹੀ ਚਲੇ ਗਏ। ਉਸ ਦੇ ਅੰਤ ਸਮੇਂ ਸਤਿ ਦਾ ਉਪਦੇਸ਼ ਜੋ ਉਸ ਨੂੰ ਦਿੱਤਾ ਸੀ, ਉਹ ਉਪਦੇਸ਼ ਸਰਬ ਕਾਲੀ ਹੋਣ ਲਈ ਇਸ ਸ਼ਬਦ ਵਿਚ ਗੁੰਥਨ ਕੀਤਾ ਗਿਆ ਹੈ।

ਪ੍ਰ: ਸਿੱਖਾਂ ਵਲੋਂ ਬੇਨਤੀ ਹੋਈ ਕਿ ਹਜ਼ੂਰ ਜਦੋਂ ਆਪ ਜੀ ਰਾਜੇ ਦੇ ਅੰਤ ਸਮੇਂ ਉਸ ਦੇ ਪਾਸ ਪੁੱਜੇ ਸੌ, ਤਾਂ ਆਪ ਜੀ ਨੇ ਉਸ ਨੂੰ ਕੀ ਉਪਦੇਸ਼ ਦਿੱਤਾ ? ਕਿਰਪਾ ਕਰ ਕੇ ਉਹ ਉਪਦੇਸ਼ ਸਾਨੂੰ ਵੀ ਬਖ਼ਸ਼ੋ, ਤਾਂ ਆਪ ਜੀ ਉਚਾਰਨ ਕਰਦੇ ਹਨ ਕਿ :

ਉ: ੧. ਹੇ ਭਾਈ ! ਅਸੀਂ ਉਸ ਨੂੰ ਜਾ ਕੇ ਇਉਂ ਆਖਿਆ ਕਿ ਹੇ

ਸ਼ੁਭ ਧਰਮ ਵਾਲੇ (ਰਾਜਾ) ਬੋਲ, (ਤੂੰ) ਚੁੱਪ ਕਿਉਂ ਕਰ ਰਿਹਾ ਹੈਂ, ਭਾਵ ਤੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਵਲੋਂ ਕਿਉਂ ਚੁੱਪ ਵੱਟੀ ਹੋਈ ਹੈ ?

੨. ਤੂੰ ਆਪਣੀਆਂ ਅੱਖਾਂ ਨਾਲ (ਧਿਆਨ ਨਾਲ) ਵੇਖ, ਨਿਰਾ ਮਾਇਆ ਦਾ ਹੀ ਵਿਹਾਰ ਕਰਨ ਵਾਲਾ (ਆਖ਼ਰ) ਇਥੋਂ ਖ਼ਾਲੀ ਹੱਥ ਤੁਰ ਪੈਂਦਾ ਹੈ।

੩. ਹੇ ਪਿਆਰੇ! ਪਰਮੇਸ਼ਰ ਦੇ ਨਾਮ ਤੋਂ ਬਿਨਾ ਹੋਰ ਕੋਈ ਵੀ ਚੀਜ਼ ਤੇਰੇ ਨਾਲ ਨਹੀਂ ਜਾ ਸਕਦੀ।

੪. (ਵੇਖ ਲੈ) ਦੇਸ਼ਾਂ ਦੇ ਰਾਜ, ਕੱਪੜੇ, ਸੋਨਾ, ਚਾਂਦੀ ਜੋ ਤੂੰ ਇਕੱਠੇ ਕੀਤੇ ਸਨ, ਉਹ ਸਾਰੇ ਕੰਮ ਵਿਅਰਥ ਸਨ।

੫. (ਹੁਣ ਵੇਖ) ਪੁੱਤ੍ਰ, ਵਹੁਟੀ, ਸੋਭਾ (ਤੇਰੇ) ਨਾਲ ਨਹੀਂ ਜਾ ਰਹੇ। ਇਹ ਹਾਥੀ ਘੋੜੇ ਸਭ ਮਨੁੱਖ ਦੀ ਵਿਕਾਰਾਂ ਦੀ ਲਾਲਸਾ ਵੱਲ ਨੂੰ ਲੈ ਜਾਂਦੇ ਹਨ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਭਾਈ! ਸਾਧ ਸੰਗਤ ਤੋਂ ਬਿਨਾ ਦੁਨੀਆ ਦੇ ਸਾਰੇ ਉੱਦਮ ਮਿਥਿਆ ਹਨ, (ਕਿਉਂਕਿ) ਤੇਰੇ ਅੰਤ ਸਮੇਂ ਨਾਲ ਨਹੀਂ ਜਾਂਦੇ।੧।

੧. ਰਾਜਨ ਕਿਉ ਸੋਇਆ ਤੂ ਨੀਦ ਭਰੇ
ਜਾਗਤ ਕਤ ਨਾਹੀ ਰਾਮ ॥
੨. ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ ॥
੩. ਬਿਲਲਾਹਿ ਕੇਤੇ ਮਹਾ ਮੋਹਨ
ਬਿਨੁ ਨਾਮ ਹਰਿ ਕੇ ਸੁਖੁ ਨਹੀ ॥
੪. ਸਹਸ ਸਿਆਣਪ ਉਪਾਵ ਥਾਕੇ
ਜਹ ਭਾਵਤ ਤਹ ਜਾਹੀ ॥
੫. ਆਦਿ ਅੰਤੇ ਮਧਿ ਪੂਰਨ
ਸਰਬਤ੍ਰ ਘਟਿ ਘਟਿ ਆਹੀ ॥
੬. ਬਿਨਵੰਤ ਨਾਨਕ ਜਿਨ ਸਾਧਸੰਗਮੁ
ਸੇ ਪਤਿ ਸੇਤੀ ਘਰਿ ਜਾਹੀ ॥੨॥

ਪਦ ਅਰਥ : ਰਾਜਨ—ਹੇ ਧਰਤੀ ਦੇ ਸਰਦਾਰ। ਭਰੇ—ਭਰ ਕੇ। ਨੀਦ ਭਰੇ—ਗੂੜ੍ਹੀ ਨੀਂਦ ਵਿਚ। ਕਤ—ਕਿਉਂ ? ਰੁਦਨੁ—ਰੋਣ ਕੁਰਲਾਣ, ਤਰਲਾ। ਕੇਤੇ—ਕਿਤਨੇ ਹੀ, ਬੇਅੰਤ ਜੀਵ। ਬਿਲਲਾਹੀ—ਬਿਲਲਾਹਿ, ਵਿਲਕਦੇ ਹਨ। ਮਹਾ ਮੋਹਨ—ਡਾਢੀ ਮਨ ਮੋਹਨੀ ਮਾਇਆ ਦੀ ਖ਼ਾਤਰ। ਸਹਸ—ਹਜ਼ਾਰਾਂ। ਉਪਾਵ—ਉਪਾਉ। ਭਾਵਤ—ਪ੍ਰਭੂ ਨੂੰ ਚੰਗਾ ਲੱਗਦਾ ਹੈ। ਜਾਹੀ—ਜਾਹਿ, ਜਾਂਦੇ ਹਨ। ਆਦਿ ਅੰਤੇ ਮਧਿ—ਸ਼ੁਰੂ ਵਿਚ, ਅਖ਼ੀਰ ਵਿਚ, ਵਿਚਕਾਰਲੇ ਸਮੇਂ ਵਿਚ, ਸਦਾ ਹੀ। ਪੂਰਨ—ਵਿਆਪਕ। ਸਰਬਤ—ਹਰ ਥਾਂ। ਘਟਿ ਘਟਿ—ਹਰੇਕ ਸਰੀਰ ਵਿਚ। ਆਹੀ—ਹੈ। ਸੰਗਮੁ—ਮਿਲਾਪ। ਸਾਧ-ਸੰਗਮੁ—ਗੁਰੂ ਦਾ ਮਿਲਾਪ। ਪਤਿ—ਇੱਜ਼ਤ। ਸੇਤੀ—ਨਾਲ। ਘਰਿ—ਘਰ ਵਿਚ, ਪ੍ਰਭੂ ਚਰਨਾਂ ਵਿਚ।

ਅਰਥ :

੧. ਹੇ ਰਾਜਨ! ਤੂੰ ਕਿਉਂ ਸੌਂ ਰਿਹਾ ਹੈਂ ਭਾਵ ਤੂੰ ਅਵਿੱਦਿਆ ਦੀ ਗੂੜ੍ਹੀ ਨੀਂਦ ਵਿਚ ਸੌਂ ਰਿਹਾ ਹੈਂ, ਜਾਗਦਾ ਕਿਉਂ ਨਹੀਂ ? ਸੁਚੇਤ ਕਿਉਂ ਨਹੀਂ ਹੁੰਦਾ ?

੨. ਵੇਖ, ਇਸ ਮਾਇਆ ਪਿੱਛੇ ਝੂਠਾ ਰੁਦਨ ਰੋਣਾ ਹੋ ਰਿਹਾ ਹੈ ਅਤੇ ਕਿਤਨੇ ਹੀ ਰੋ ਰਹੇ ਹਨ।

੩. ਕਈ ਮਹਾਂ ਮੋਹਨੀ ਮਾਇਆ ਪਿੱਛੇ ਵਿਰਲਾਪ ਕਰ ਰਹੇ ਹਨ, ਇਹ ਪਰਤੱਖ ਹੈ ਕਿ ਹਰੀ ਦੇ ਨਾਮ ਤੋਂ ਬਿਨਾ ਮਾਇਆ ਵਿਚ ਸੁੱਖ ਨਹੀਂ ਹੈ।

੪. ਵੇਖ, ਜੋ ਲੋਕ ਸਿਆਣਪਾਂ ਤੇ ਉਪਾਉ ਹਜ਼ਾਰਾਂ ਹੀ ਕਰਦੇ ਹਨ, ਅੰਤ ਨੂੰ ਥੱਕ ਜਾਂਦੇ ਹਨ, ਮਾਇਆ ਦੇ ਮੋਹ ਵਿਚੋਂ ਖ਼ਲਾਸੀ ਨਹੀਂ ਹੁੰਦੀ। ਉਹ ਭਾਵੇਂ ਮਨ ਬਾਂਛਤ ਥਾਂ 'ਤੇ ਪਹੁੰਚ ਜਾਂਦੇ ਹਨ (ਪਰ) ਉਹ ਆਪਣੇ ਸਹੀ ਘਰ ਵਿਚ ਨਹੀਂ ਪਹੁੰਚਦੇ।

ਪ੍ਰ: ਹਜ਼ੂਰ! ਸਾਡਾ ਉਹ ਸਹੀ ਘਰ ਕਿਹੜਾ ਹੈ ?

ਉ: ੫. ਹੇ ਭਾਈ! ਜੋ ਆਦਿ, ਅੰਤ ਤੇ ਵਿਚਕਾਰਲੇ (ਤ੍ਰੈ ਹੀ) ਸਮਿਆਂ ਵਿਚ ਜੋ ਪੂਰਨ ਹੈ, ਜੋ ਸਭਨਾਂ ਦੇ ਹਿਰਦਿਆਂ ਵਿਚ ਪੂਰਨ ਹੈ (ਉਸ ਵਿਆਪਕ ਪ੍ਰਭੂ ਨੂੰ ਆਪਣਾ ਸਹੀ ਘਰ ਜਾਣ)।

ਪ੍ਰ: ਉਸ ਅਸਲੀ ਘਰ ਵਿਚ ਜਾਣਗੇ ਕੌਣ ?

ਉ: ੬. (ਗੁਰੂ) ਨਾਨਕ ਦੇਵ ਜੀ ਬੇਨਤੀ ਪੂਰਵਕ ਕਹਿੰਦੇ ਹਨ ਕਿ ਹੇ ਭਾਈਓ! ਉਸ ਪ੍ਰਭੂ ਰੂਪ ਸਹੀ ਘਰ ਵਿਚ ਤਾਂ ਓਹੀ ਜਾਣਗੇ, ਜਿਨ੍ਹਾਂ ਨੂੰ ਸਾਧ ਸੰਗਤ ਦਾ ਸੰਗ ਪ੍ਰਾਪਤ ਹੋਇਆ ਹੈ।੨।

੧. ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ ॥
੨. ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ ॥
੩. ਹਰਿਚੰਦਉਰੀ ਦੇਖਿ ਭੂਲਾ
ਕਹਾ ਅਸਥਿਤਿ ਪਾਈਐ ॥
੪. ਬਿਨੁ ਨਾਮ ਹਰਿ ਕੇ ਆਨ ਰਚਨਾ
ਅਹਿਲਾ ਜਨਮੁ ਗਵਾਈਐ ॥
੫. ਹਉ ਹਉ ਕਰਤ ਨ ਤ੍ਰਿਸਨ ਬੂਝੈ
ਨਹ ਕਾਮ ਪੂਰਨ ਗਿਆਨੇ ॥
੬. ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ
ਕੇਤਿਆ ਪਛੁਤਾਨੇ ॥੩॥

ਪਦ ਅਰਥ : ਨਰਪਤਿ—ਰਾਜਾ। ਜਾਣਿ—ਜਾਣ ਕੇ, ਸਮਝ ਕੇ। ਗ੍ਰਹਿਓ—ਮੋਹ ਵਿਚ ਫਸ ਜਾਂਦਾ। ਸਰਪਰ—ਜ਼ਰੂਰ। ਮੋਹੇ—ਜਿਹੜੇ ਮੋਹ ਵਿਚ ਫਸਦੇ ਹਨ। ਹਰਚੰਦਉਰੀ—ਹਰੀ ਚੰਦ ਨਗਰੀ, ਗੰਧਰਬ ਨਗਰੀ, ਅਕਾਸ਼ ਵਿਚ ਖ਼ਿਆਲੀ ਨਗਰੀ। ਦੇਖਿ—ਦੇਖ ਕੇ। ਅਸਥਿਤਿ—ਪੱਕਾ ਟਿਕਾਣਾ। ਕਹਾ—ਕਿੱਥੇ ? ਕਿਤੇ ਭੀ ਨਹੀਂ। ਅਨ—ਹੋਰ। ਅਹਿਲਾ—ਆਹਲਾ, ਉੱਤਮ। ਗਵਾਈਐ—ਗਵਾ ਲਈਦਾ ਹੈ। ਹਉ ਹਉ—ਮੈਂ ਵੱਡਾ ਬਣ ਜਾਵਾਂ, ਮੈਂ ਵੱਡਾ ਬਣ ਜਾਵਾਂ। ਕਾਮ—ਮਨੁੱਖਾ ਜਨਮ ਦਾ ਮਨੋਰਥ। ਕੇਤਿਆ—ਅਨੇਕਾਂ।੩।

ਅਰਥ :

੧. ਹੇ ਨਰਾਂ ਦੇ ਪਤੀ! (ਹੇ ਰਾਜਾ!) ਜੋ ਤੂੰ ਇਹ ਜਾਣਦਾ ਹੈਂ ਕਿ ਮੇਰੇ ਘਰ ਵਿਚ (ਬਹੁਤ ਹੀ) ਸਿਆਣੇ ਸੇਵਕ ਹਨ।

੨. (ਤੂੰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈ ਕਿ) ਇਨ੍ਹਾਂ ਸਭਨਾਂ ਨੇ ਇਕ ਦਿਨ ਜ਼ਰੂਰ ਹੀ ਵਿਛੜ ਜਾਣਾ ਹੈ। ਜੋ ਲੋਕ ਇਸ ਦੁਨੀਆ ਦੇ ਮੋਹ ਵਿਚ ਫਸ ਜਾਂਦੇ ਹਨ, ਉਨ੍ਹਾਂ ਨੇ ਆਖ਼ਰ ਪਸਚਾਤਾਪ ਹੀ ਕਰਨਾ ਹੈ।

ਪ੍ਰ: ਹਜ਼ੂਰ! ਇਸ ਜਗਤ ਦੀ ਪਦਾਰਥਕ ਸਾਰੀ ਸਮੱਗਰੀ ਦੇਖਣ ਨੂੰ ਤਾਂ ਸੱਚੀ ਹੀ ਨਜ਼ਰ ਆਉਂਦੀ ਹੈ।

ਉ: ੩. ਹੇ ਰਾਜਨ! ਇਨ੍ਹਾਂ ਸੰਸਾਰ ਦੇ ਝੂਠੇ ਪਦਾਰਥਾਂ ਨੂੰ ਸੱਚੇ ਜਾਣ ਕੇ ਤਾਂ ਇਉਂ ਹੀ ਜੀਵ ਭੁੱਲ ਰਹੇ ਹਨ, ਜਿਵੇਂ ਕਿ ਕੋਈ ਅਕਾਸ਼ ਵਿਚ ਗੰਧਰਵ ਨਗਰੀ ਨੂੰ ਦੇਖ ਕੇ ਭੁੱਲ ਗਿਆ ਹੋਵੇ ਕਿ ਇਹ ਸੱਚੀ ਹੈ ਤਾਂ ਦੱਸ ਉਸ ਵਿਚ ਕਿਵੇਂ ਟਿਕਾਉ ਪ੍ਰਾਪਤ ਕਰ ਸਕੀਦਾ ਹੈ।

੪. ਤਿਵੇਂ ਹੀ ਹੇ ਰਾਜਨ! ਪ੍ਰਭੂ ਜੀ ਦੇ ਨਾਮ ਤੋਂ ਬਿਨਾ, ਜਗਤ ਦੀ ਹੋਰ ਸਾਰੀ ਰਚਨਾ ਗੰਧਰਵ ਨਗਰੀ ਵਾਂਙੂ ਹੈ। ਇਸ ਵਿਚ ਲੱਗ ਕੇ, ਇਹ ਸੋਹਣਾ ਮਨੁੱਖਾ ਜਨਮ ਗਵਾ ਲਈਦਾ ਹੈ। (ਪਰ ਜਾਣ ਲੈ ਇਥੇ ਕਿਤੇ ਭੀ ਸਦਾ ਲਈ ਅਚੱਲਤਾ ਨਹੀਂ ਪਾ ਸਕੀਦੀ)।

ਪ੍ਰ: ਸ੍ਰੀ ਜੀਉ! ਮੇਰੇ ਪਾਸ ਰਾਜ ਭਾਗ, ਪਦਾਰਥ ਤਾਂ ਬਹੁਤ ਹਨ, ਪਰ ਮੇਰੇ ਅੰਦਰੋਂ, ਹੋਰ-ਹੋਰ ਵੱਡਾ ਹੋ ਜਾਣ ਦੀ ਤ੍ਰਿਸ਼ਨਾ ਨਹੀਂ ਬੁਝਦੀ, ਦੱਸੋ ਕੀ ਕਰਾਂ?

ਉ: ੫. ਹੇ ਰਾਜਨ! ਇਨ੍ਹਾਂ ਜਗਤ ਦੇ ਝੂਠੇ ਪਦਾਰਥਾਂ ਵਿਚ ਲੱਗ ਕੇ, ਮੈਂ-ਮੈਂ ਕਰਦਿਆਂ, ਭਾਵ ਮੈਂ ਵੱਡਾ ਬਣ ਜਾਵਾਂ, ਮੈਂ ਵੱਡਾ ਬਣ ਜਾਵਾਂ, ਇਉਂ ਕਰਦਿਆਂ ਮਨ ਵਿਚੋਂ ਕਦੀ ਮਾਇਆ ਦੀ ਤ੍ਰਿਸ਼ਨਾ ਮੁਕਦੀ ਹੀ ਨਹੀਂ। ਨਾ ਹੀ ਕਾਮਨਾਵਾਂ ਪੂਰਨ ਹੁੰਦੀਆਂ ਹਨ ਅਤੇ ਨਾ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਰਾਜਨ! ਤੂੰ ਨਿਸਚਾ ਕਰ ਲੈ ਕਿ ਸਾਈਂ ਜੀ ਦੇ ਨਾਮ ਵਲੋਂ ਖੁੰਝ ਕੇ ਕਿਤਨੇ ਹੀ ਜੀਵ ਹੋ ਚੁੱਕੇ ਹਨ, ਜੋ ਅੰਤ ਸਮੇਂ ਇਥੋਂ ਤੁਰਨ ਲੱਗਿਆਂ ਪਛਤਾਏ ਹਨ।੩।

੧. ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ ॥
੨. ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ ॥
੩. ਸਾਧਸੰਗਮਿ ਹਰਿ ਅਰਾਧੇ
ਸਗਲ ਕਲਮਲ ਦੁਖ ਜਲੇ ॥
੪. ਮਹਾ ਧਰਮ ਸੁਦਾਨ ਕਿਰਿਆ
ਸੰਗਿ ਤੇਰੈ ਸੇ ਚਲੇ ॥
੫. ਰਸਨਾ ਅਰਾਧੈ ਏਕੁ ਸੁਆਮੀ
ਹਰਿ ਨਾਮਿ ਮਨੁ ਤਨੁ ਭੀਨਾ ॥
੬. ਨਾਨਕ ਜਿਸ ਨੋ ਹਰਿ ਮਿਲਾਏ
ਸੋ ਸਰਬ ਗੁਣ ਪਰਬੀਨਾ ॥੪॥੬॥੯॥

ਪਦ ਅਰਥ : ਅਨੁਗ੍ਰਹੋ—ਦਇਆ, ਕਿਰਪਾ, ਮਿਹਰ। ਭੁਜਾ—ਬਾਂਹ। ਗਹਿ—ਫੜ ਕੇ। ਸਾਧੂ ਸੰਗੁ—ਗੁਰੂ ਦਾ ਮਿਲਾਪ। ਸੰਗਮਿ—ਸੰਗਤਿ ਵਿਚ। ਕਲਮਲ—ਪਾਪ। ਮਹਾ ਧਰਮ—ਨਾਮ ਧਰਮ। ਦਾਨ ਕਿਰਿਆ—ਨਾਮ ਦਾਨ ਦੀ ਕਿਰਿਆ। ਸੇ—ਏਹੀ। ਰਸਨਾ—ਜੀਭ (ਨਾਲ)। ਭੀਨਾ—ਭਿੱਜ ਜਾਂਦਾ ਹੈ। ਨਾਮਿ—ਨਾਮ ਵਿਚ। ਪਰਬੀਨਾ—ਸਿਆਣਾ।੪।

ਅਰਥ :

ਪ੍ਰ: ਹਜ਼ੂਰ! ਦੱਸੋ ਫਿਰ ਮੈਂ ਹੁਣ ਕੀ ਕਰਾਂ? ਹੇ ਰਾਜਨ! ਤੂੰ ਸਾਈਂ ਜੀ ਅੱਗੇ ਜੋਦੜੀ ਕਰ ਜਿਸ ਮਨੁੱਖ ਦੀ ਅਰਦਾਸ ਸਾਈਂ ਜੀ ਦੇ ਦਰ 'ਤੇ ਕਬੂਲ ਹੋ ਜਾਂਦੀ ਹੈ।

ਉ: ੧. ਹੇ ਭਾਈ! ਉਸ ਮਨੁੱਖ ਨੂੰ ਪਰਮੇਸ਼ਰ ਦਇਆ ਕਰ ਕੇ ਆਪਣਾ ਬਣਾ ਲੈਂਦਾ ਹੈ।

ਪ੍ਰ: ਸ੍ਰੀ ਜੀਉ! ਉਸ ਦਾ ਢੰਗ ਕਿਹੜਾ ਹੈ, ਜਿਸਦੇ ਨਾਲ ਕਿ ਉਹ ਸਾਈਂ ਜੀ ਆਪਣਾ ਬਣਾ ਲੈਂਦਾ ਹੈ?

ਉ: ੨. ਹੇ ਰਾਜਨ! ਜਿਸ ਨੂੰ ਉਹ ਆਪਣਾ ਮਿਲਾਪ ਦੇਣਾ ਚਾਹੁੰਦਾ ਹੈ, ਪਹਿਲੋਂ ਉਸ ਨੂੰ ਗੁਰੂ ਦਾ ਮਿਲਾਪ ਬਖ਼ਸ਼ਦਾ ਹੈ। ਬਸ ਉਸ ਗੁਰੂ ਮਿਲਾਪੀ ਨੂੰ ਉਹ ਫਿਰ ਬਾਹੋਂ ਫੜ ਕੇ (ਮੋਹ ਦੇ ਖੂਹ ਵਿਚੋਂ) ਕੱਢ ਲੈਂਦਾ ਹੈ।

੩. ਇਸ ਤਰ੍ਹਾਂ ਗੁਰੂ ਦੀ ਸੰਗਤ ਵਿਚ ਰਲ ਕੇ ਜੋ ਪਰਮੇਸ਼ਰ ਦਾ ਨਾਮ ਸਿਮਰਦਾ ਹੈ, ਉਸ ਦੇ ਸਾਰੇ ਪਾਪ, ਸਾਰੇ ਦੁੱਖ ਸੜ ਜਾਂਦੇ ਹਨ।

ਪ੍ਰ: ਹਜ਼ੂਰ! ਇਹ ਦੁਨੀਆ ਦੀ ਸਾਰੀ ਸਮੱਗਰੀ ਨੂੰ ਤਾਂ ਆਪ ਕਹਿੰਦੇ ਹੋ ਕਿ ਅੰਤ ਨੂੰ ਨਾਲ ਨਹੀਂ ਜਾਣੀ, ਪਰ ਆਖ਼ਰ ਨੂੰ ਜੋ ਨਾਲ ਜਾਣ ਵਾਲੀ ਸ਼ੈਅ ਹੈ, ਉਹ ਵੀ ਦੱਸ ਦਿਓ ਕਿ ਕਿਹੜੀ ਹੈ?

ਉ: ੪. ਹੇ ਰਾਜਨ! ਸਭ ਤੋਂ ਵੱਡਾ ਧਰਮ ਨਾਮ ਜਪਣ ਦਾ ਧਰਮ ਹੈ ਅਤੇ ਸਭ ਤੋਂ ਵੱਡਾ ਦਾਨ, ਨਾਮ ਦਾਨ ਹੈ, ਇਹੋ ਹੀ ਕੰਮ ਇਸ ਜਗਤ ਤੋਂ ਟੁਰਨ ਸਮੇਂ ਤੇਰੇ ਨਾਲ ਜਾ ਸਕਦੇ ਹਨ।

੫. ਹੇ ਰਾਜਨ! ਜਿਹੜਾ ਮਨੁੱਖ ਆਪਣੀ ਜੀਭ ਨਾਲ ਇਕ ਪਰਮੇਸ਼ਰ ਦਾ ਅਰਾਧਨ ਕਰਦਾ ਰਹਿੰਦਾ ਹੈ, ਉਸ ਦਾ ਮਨ, ਉਸ ਦਾ ਹਿਰਦਾ ਪ੍ਰਭੂ ਜੀ ਦੇ ਨਾਮ ਜਲ ਨਾਲ ਤਰੋ ਤਰ ਹੋਇਆ ਰਹਿੰਦਾ ਹੈ।

ਪ੍ਰ: ਹਜ਼ੂਰ ਜੀ! ਜਿਸ ਮਨੁੱਖ ਨੂੰ ਉਹ ਪ੍ਰਭੂ ਜੀ ਆਪਣਾ ਮਿਲਾਪ ਬਖ਼ਸ਼ਸ਼ ਕਰਦਾ ਹੈ, ਉਸ ਦੀ ਪਛਾਣ ਕੀ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਰਾਜਨ! ਜਿਸ ਨੂੰ ਉਹ ਹਰੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ, ਸਮਝ ਲਓ ਕਿ ਉਹ ਮਨੁੱਖ ਸਾਰੇ ਹੀ ਗੁਣਾਂ ਵਿਚ ਸਿਆਣਾ ਹੋ ਜਾਂਦਾ ਹੈ।

ਭਾਵਾਰਥ : ਇਸ ਛੰਤ ਵਿਚ ਜੋ ਚਲੀ ਆ ਰਹੀ ਰਵਾਇਤ ਅਨੁਸਾਰ ਕਿਸੇ ਰਾਜੇ ਪ੍ਰਤੀ ਉਪਦੇਸ਼ ਦਿੱਤਾ ਹੈ, ਇਹ ਹਿਤੋਮਯ ਉਪਦੇਸ਼ ਸਾਰਿਆਂ ਲਈ ਸਾਂਝਾ ਹੈ। ਇਸ ਵਿਚ ਸਾਰੇ ਸੰਸਾਰ ਦੀ ਪਦਾਰਥਕ ਸਮੱਗਰੀ ਨੂੰ ਮਿਥਿਆ ਅਤੇ ਸਾਥ ਨਾ ਜਾਣ ਵਾਲੀ ਦੱਸ ਕੇ ਨਾਮ ਚਿੰਤਨ ਕਰਨ ਦੀ ਪ੍ਰੇਰਣਾ ਕੀਤੀ ਹੈ, ਜੋ ਕਿ ਅੰਤ ਸਮੇਂ

ਜੀਵ ਦੇ ਨਾਲ ਜਾਂਦਾ ਹੈ। ਇਹੋ ਹੀ ਸੱਚਾ ਅਸਲੀ ਧਰਮ ਹੈ। ਇਹੋ ਹੀ ਦਾਨ ਹੈ, ਪਰ ਇਸ ਦੀ ਪ੍ਰਾਪਤੀ ਗੁਰੂ ਦੇ ਮਿਲਾਪ ਨਾਲ ਹੀ ਹੋ ਸਕਦੀ ਹੈ।੪।੬।੯।

ਘਰ ੨ ਦੇ ਛੰਤ—੬
ਘਰ ੧ ਦੇ ਛੰਤ—੩
ਜੋੜ=੯

ਨੋਟ : ਇਸ ਜੋੜ ਵਿਚ ਮਹਲਾ ੪ ਦੇ ਛੰਤ ਸ਼ਾਮਲ ਨਹੀਂ ਹਨ। ਉਹ ੬ ਹਨ।

ਕੁਲ ਜੋੜ=੧੫

ਬਿਹਾਗੜੇ ਕੀ ਵਾਰ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੩ ॥

੧. ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ ॥
੨. ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ ॥
੩. ਨਾਨਕ ਨਾਮੁ ਤਿਨਾ ਕਉ ਮਿਲੈ
ਜਿਨ ਹਰਿ ਵੇਖੈ ਨਦਰਿ ਨਿਹਾਲਿ ॥੧॥

ਇਸ ਵਾਰ ਵਿਚ ਪਉੜੀਆਂ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਨਾ ਹਨ। ਸਲੋਕ ਵਿਚ ਰਲੇ ਮਿਲੇ ਹਨ। ਵਾਰ ਦੀਆਂ ਪਉੜੀਆਂ ਨਾਲ ਵਰਤੇ ਹੋਏ ੪੩ ਸਲੋਕਾਂ ਵਿਚੋਂ ਸਿਰਫ ਦੋ ਸਲੋਕ ਸ੍ਰੀ ਗੁਰੂ ਰਾਮਦਾਸ ਜੀ ਦੇ ਆਪਣੇ ਹਨ। ਹੋਰ ਸਾਰੇ ਦੇ ਸਾਰੇ ਹੀ ਸਲੋਕ ਹੋਰ-ਹੋਰ ਗੁਰੂ-ਵਿਅਕਤੀਆਂ ਦੇ ਹਨ। 'ਵਾਰ' ਸਿਰਫ਼ 'ਪਉੜੀਆਂ' ਦੇ ਸਮੂੰਹ ਨੂੰ ਕਿਹਾ ਜਾਂਦਾ ਹੈ। ਇਸ ਵਿਚ ੨੧ ਪਉੜੀਆਂ ਹਨ। ਬਾਰ੍ਹਵੀਂ ਪਉੜੀ ਤੋਂ ਬਿਨਾ ਬਾਕੀ ਹਰੇਕ ਪਉੜੀ ਦੇ ਨਾਲ ਦੋ-ਦੋ ਸਲੋਕ ਹਨ, ਉਸ ਨਾਲ ੩ ਸਲੋਕ ਹਨ, ਸਲੋਕਾਂ ਦਾ ਕੁਲ ਜੋੜ ੪੩ ਹੈ।

ਵਾਰ ਵਿਚ ਆਏ ੪੩ ਸਲੋਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਸਲੋਕ ਮ: ੩—੩੩। ਸਲੋਕ ਮ: ੪—੨। ਸਲੋਕ ਮ: ੧—੫। ਸਲੋਕ ਮ: ੫—੨। ਸਲੋਕ ਕਬੀਰ ਜੀ—੧। (ਜੋੜ ੪੩)

ਪਦ ਅਰਥ : ਭੇਦੀਐ—ਵਿੰਨੀਐ, ਪ੍ਰੋ ਦੇਈਏ।

ਅਰਥ :

ਪ੍ਰ: ਹਜ਼ੂਰ! ਮੈਂ ਦੇਸ਼, ਦਿਸ਼ਾਂਤ੍ਰਾਂ ਵਿਚ ਸੁੱਖ ਪ੍ਰਾਪਤੀ ਲਈ ਬੜੀ ਭਾਲ ਕੀਤੀ ਹੈ, ਮੈਨੂੰ ਸੁੱਖ ਪ੍ਰਾਪਤ ਨਹੀਂ ਹੋ ਸਕਿਆ, ਕੋਈ ਆਪ ਹੀ ਸਾਧਨ ਦੱਸੋ।

ਉ: ੧. ਹੇ ਸੱਜਣਾ (ਅਸਲ ਸੱਚਾ) ਸੁੱਖ ਤਾਂ ਵਾਹਿਗੁਰੂ ਦੀ (ਨਿਸ਼ਕਾਮ) ਸੇਵਾ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ, ਹੋਰ ਕਿਸੇ ਵੀ ਥਾਂ ਸੁੱਖ ਪ੍ਰਾਪਤੀ ਲਈ ਢੂੰਡ ਭਾਲ ਨਾ ਕਰ।

੨. (ਕਿਉਂਕਿ) ਗੁਰੂ ਦੇ ਸ਼ਬਦ ਵਿਚ (ਜਦੋਂ) ਮਨ ਨੂੰ ਪ੍ਰੋ ਲਈਏ ਤਾਂ ਇਹ ਸਮਝ ਪੈ ਜਾਂਦੀ ਹੈ ਕਿ ਉਹ ਸੁੱਖਾਂ ਦਾ ਦਾਤਾ ਹਰੀ ਤਾਂ ਸਦਾ ਹੀ ਅੰਗ-ਸੰਗ ਵਸਦਾ ਹੈ।

ਪ੍ਰ: ਹਜ਼ੂਰ! ਆਖ਼ਰ ਇਹ ਨਾਮ ਦੀ ਪਵਿੱਤ੍ਰ ਦਾਤ ਮਿਲਦੀ ਕਿਸ ਨੂੰ ਹੈ?

ਉ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! (ਹਰੀ ਦਾ ਸੁਖਦਾਈ) ਨਾਮ ਮਿਲਦਾ ਉਨ੍ਹਾਂ ਨੂੰ ਹੀ ਹੈ, ਜਿਨ੍ਹਾਂ ਨੂੰ ਉਹ ਸਾਈਂ ਜੀ ਮਿਹਰ ਦੀ ਨਜ਼ਰ ਨਾਲ ਵੇਖਦਾ ਹੈ ਅਤੇ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ ਕਰ ਦੇਂਦਾ ਹੈ।੧।

ਮਃ ੩ ॥

੧. ਸਿਫਤਿ ਖਜਾਨਾ ਬਖਸ ਹੈ
ਜਿਸੁ ਬਖਸੈ ਸੋ ਖਰਚੈ ਖਾਇ ॥
੨. ਸਤਿਗੁਰ ਬਿਨੁ ਹਥਿ ਨ ਆਵਈ
ਸਭ ਥਕੇ ਕਰਮ ਕਮਾਇ ॥
੩. ਨਾਨਕ ਮਨਮੁਖੁ ਜਗਤੁ ਧਨਹੀਣੁ ਹੈ
ਅਗੈ ਭੁਖਾ ਕਿ ਖਾਇ ॥੨॥

ਅਰਥ :

ਪ੍ਰ: ਕਿਉਂ ਜੀ! ਹਰੀ ਪਾਸ ਸਭ ਤੋਂ ਵੱਡਾ ਖ਼ਜ਼ਾਨਾ ਕਿਹੜਾ ਹੈ?

ਉ: ੧. ਹੇ ਭਾਈਓ! ਅਕਾਲ ਪੁਰਖ ਦੀ ਸਿਫ਼ਤ ਉਸ ਦੀ ਬਖ਼ਸ਼ਸ਼ ਹੈ, ਭਾਵ ਉਸ ਦੀ ਬਖਸ਼ਸ਼ (ਇਕ ਭਰਿਆ) ਖ਼ਜ਼ਾਨਾ ਹੈ, ਜਿਸ ਨੂੰ (ਉਹ) ਬਖ਼ਸ਼ਦਾ ਹੈ, ਉਹ ਆਪ ਖਰਚਦਾ ਹੈ ਅਤੇ ਖਾਂਦਾ ਹੈ, (ਭਾਵ ਹੈ ਕਿ ਉਹ ਆਪ ਸਿਫ਼ਤਿ-ਸਾਲਾਹ ਦਾ ਅਨੰਦ ਮਾਣਦਾ ਹੈ ਅਤੇ ਹੋਰਨਾਂ ਨੂੰ ਭੀ ਸਿਫ਼ਤ ਕਰਨੀ ਸਿਖਾਲਦਾ ਹੈ)।

ਪ੍ਰ: ਹਜ਼ੂਰ! ਇਹ ਸਿਫ਼ਤਿ ਰੂਪ ਖ਼ਜ਼ਾਨਾ ਮਿਲਦਾ ਕਿੱਥੋਂ ਹੈ?

ਉ: ੨. ਹੇ ਪਿਆਰੇ! ਇਹ ਖ਼ਜ਼ਾਨਾ ਬਿਨਾ ਸਤਿਗੁਰੂ ਦੇ ਮਿਲਾਪ ਤੋਂ ਨਹੀਂ ਮਿਲਦਾ, (ਜੇ ਇਹ ਕਰਮ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੋਵੇ ਤਾਂ) ਸਭ ਲੋਕੀਂ ਕਰਮਾਂ ਨੂੰ ਕਮਾਉਂਦੇ-ਕਮਾਉਂਦੇ ਥੱਕ ਗਏ ਹਨ, ਪਰ ਇਹ ਦਾਤ ਨਹੀਂ ਮਿਲੀ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਰਾਵੋ! ਇਹ ਮਨ ਦੇ ਅਧੀਨ ਹੋਇਆ ਮਨਮੁਖ ਜਗਤ (ਸਤਿਗੁਰੂ ਤੋਂ ਭੁੱਲਾ ਹੋਇਆ) (ਇਥੇ ਇਸ ਸਿਫ਼ਤ ਰੂਪ) ਧਨ ਤੋਂ ਸੱਖਣਾ ਹੈ। ਇਹ ਭੁੱਖਾ ਅੱਗੇ ਕੀ ਖਾਵੇਗਾ, ਭਾਵ ਜੋ ਲੋਕ ਹੁਣ ਮਨੁੱਖ ਜਨਮ ਵਿਚ ਨਾਮ ਨਹੀਂ ਜਪਦੇ, ਉਹ ਇਹ ਜਨਮ ਗਵਾ ਕੇ ਫਿਰ ਕਿਵੇਂ ਜਪਣਗੇ?।੨।

ਪਉੜੀ ॥

੧. ਸਭ ਤੇਰੀ ਤੂ ਸਭਸ ਦਾ ਸਭ ਤੁਧੁ ਉਪਾਇਆ ॥
੨. ਸਭਨਾ ਵਿਚਿ ਤੂ ਵਰਤਦਾ
ਤੂ ਸਭਨੀ ਧਿਆਇਆ ॥
੩. ਤਿਸ ਦੀ ਤੂ ਭਗਤਿ ਥਾਇ ਪਾਇਹਿ
ਜੋ ਤੁਧੁ ਮਨਿ ਭਾਇਆ ॥
੪. ਜੋ ਹਰਿ ਪ੍ਰਭ ਭਾਵੈ ਸੋ ਥੀਐ
ਸਭਿ ਕਰਨਿ ਤੇਰਾ ਕਰਾਇਆ ॥
੫. ਸਲਾਹਿਹੁ ਹਰਿ ਸਭਨਾ ਤੇ ਵਡਾ
ਜੋ ਸੰਤ ਜਨਾਂ ਕੀ ਪੈਜ ਰਖਦਾ ਆਇਆ ॥੧॥

ਪਦ ਅਰਥ : ਤੂੰ—ਤੈਨੂੰ।

ਅਰਥ :

ਪ੍ਰ: ਹੇ ਗੁਰੋ! ਆਪ ਸਿਫ਼ਤ ਦਾ ਜ਼ਿਕਰ ਕਰਦੇ ਆ ਰਹੇ ਹੋ, ਉਸ ਦਾ ਰੂਪ ਕੀ ਹੈ?

ਉ: ੧. ਹੇ ਪਿਆਰੇ! ਪ੍ਰਭੂ ਜੀ ਦੇ ਸਨਮੁਖ ਹੋ ਇਉਂ ਕਹਿੰਦੇ ਰਹਿਣਾ ਕਿ ਹੇ ਪ੍ਰਭੂ ਜੀ! ਇਹ ਸਾਰੀ ਸ੍ਰਿਸ਼ਟੀ ਤੇਰੀ ਹੈ, ਤੂੰ ਸਾਰਿਆਂ ਦਾ ਮਾਲਕ ਹੈਂ, ਸਾਰਿਆਂ ਨੂੰ ਤੂੰ ਹੀ ਪੈਦਾ ਕੀਤਾ ਹੈ।
੨. ਸਾਰਿਆਂ ਵਿਚ ਤੂੰ ਆਪ ਹੀ ਵਰਤ ਰਿਹਾ ਹੈਂ, ਇਹ ਸਾਰੇ ਹੀ ਤੇਰੀ ਅਰਾਧਨਾ ਕਰਦੇ ਹਨ।

ਪ੍ਰ: ਹਜ਼ੂਰ! ਇਹ ਜੋ ਸਾਰੇ ਸੰਸਾਰ ਦੇ ਲੋਕ ਉਸ ਨੂੰ ਧਿਆਉਂਦੇ ਵੇਖੀਦੇ ਹਨ, ਕੀ ਇਨ੍ਹਾਂ ਸਾਰੇ ਜੀਵਾਂ ਦਾ ਧਿਆਇਆ ਹੋਇਆ ਰੱਬੀ ਦਰ 'ਤੇ ਕਬੂਲ ਹੋ ਜਾਂਦਾ ਹੈ?

ਉ: ੩. (ਨਹੀਂ) ਹੇ ਮੇਰੇ ਸਾਈਂ ਜੀ! ਜੋ ਮਨੁੱਖ ਤੇਰੇ ਮਨ ਵਿਚ ਤੈਨੂੰ ਪਿਆਰਾ ਲੱਗਦਾ ਹੈ, ਉਸੇ ਦੀ ਕੀਤੀ ਭਗਤੀ ਨੂੰ ਕਬੂਲ ਪਾਉਂਦਾ ਹੈ।

ਪ੍ਰ: ਹਜ਼ੂਰ! ਉਸ ਪ੍ਰਭੂ ਦੇ ਮਨ ਨੂੰ ਭਾ ਜਾਣ ਵਾਲੇ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ?

ਉ: ੪. ਹੇ ਭਾਈਓ! ਉਸ ਦੇ ਅੰਦਰੋਂ ਤਾਂ ਸਦਾ ਇਹੋ ਆਵਾਜ਼ ਨਿਕਲਦੀ ਹੈ ਕਿ ਹੇ ਪ੍ਰਭੂ ਜੀ! ਜੋ ਤੈਨੂੰ ਚੰਗਾ ਲੱਗਦਾ ਹੈ (ਇਸ ਸੰਸਾਰ ਵਿਚ) ਉਹੋ ਹੀ ਵਰਤ ਰਿਹਾ ਹੈ, ਇਹ ਸਾਰੇ ਜੀਵ ਤੇਰਾ ਹੀ ਕਰਾਇਆ ਕਰਦੇ ਹਨ।

ਪ੍ਰ: ਹੇ ਗੁਰੋ! ਦੱਸੋ ਸਾਡੇ ਕਰਨ ਜੋਗ ਕਰਮ ਕਿਹੜਾ ਹੈ?

ਉ: ੫. ਹੇ ਸੰਤ ਜਨੋ! ਜੋ ਹਰੀ ਸਭਨਾਂ ਤੋਂ ਵੱਡਾ ਹੈ, (ਤੁਸੀਂ) ਉਸੇ ਦੀ ਉਸਤਤੀ ਕਰਦੇ ਰਹੋ, ਜੋ ਸੰਤਾਂ ਦੀ (ਸਦਾ ਹੀ) ਪੈਜ ਰੱਖਦਾ ਆਇਆ ਹੈ।੧।

ਭਾਵਾਰਥ : ਇਸ ਪਹਿਲੇ ਸਲੋਕ ਵਿਚ ਗੁਰੂ ਅਮਰ ਦਾਸ ਜੀ ਸੁੱਖਾਂ ਦੀ ਪ੍ਰਾਪਤੀ ਕੇਵਲ ਗੁਰੂ ਦੀ ਸੇਵਾ ਦੁਆਰਾ ਪ੍ਰਾਪਤ ਹੋਣੀ ਦੱਸ ਰਹੇ ਹਨ, ਹੋਰ ਸੁੱਖ-ਪ੍ਰਾਪਤੀ ਦਾ ਕੋਈ ਦੂਸਰਾ ਸਾਧਨ ਹੀ ਨਹੀਂ।

ਅਕਾਲ ਪੁਰਖ ਦੀ ਸਿਫ਼ਤਿ ਦਾ ਖ਼ਜ਼ਾਨਾ ਉਸ ਦੀ ਕੇਵਲ ਬਖ਼ਸ਼ਸ਼ ਦੁਆਰਾ ਹੀ ਮਿਲ ਸਕਦਾ ਹੈ, ਪਰ ਬਖ਼ਸ਼ਸ਼ ਗੁਰੂ ਦੁਆਰਾ ਮਿਲਦੀ ਦੱਸ ਰਹੇ ਹਨ।

ਪਉੜੀ ਵਿਚ ਸਾਈਂ ਜੀ ਦੇ ਸਨਮੁਖ ਹੋ ਉਸ ਦੀ ਸਿਫ਼ਤਿ-ਸਾਲਾਹ ਕਰਨ ਦੀ ਜਾਚ ਫ਼ੁਰਮਾਈ ਹੈ, ਜੋ ਪ੍ਰਭੂ ਜੀ ਸਦਾ ਹੀ ਆਪਣੇ ਪਿਆਰਿਆਂ ਦੀ ਲਾਜ ਰੱਖਦਾ ਆ ਰਿਹਾ ਹੈ।

ਸਲੋਕ ਮ: ੩ ॥

੧. ਨਾਨਕ ਗਿਆਨੀ ਜਗੁ ਜੀਤਾ
ਜਗਿ ਜੀਤਾ ਸਭੁ ਕੋਇ ॥
੨. ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥
੩. ਗੁਰਮਤਿ ਮਤਿ ਅਚਲੁ ਹੈ
ਚਲਾਇ ਨ ਸਕੈ ਕੋਇ ॥
੪. ਭਗਤਾ ਕਾ ਹਰਿ ਅੰਗੀਕਾਰੁ ਕਰੇ
ਕਾਰਜੁ ਸੁਹਾਵਾ ਹੋਇ ॥
੫. ਮਨਮੁਖ ਮੂਲਹੁ ਭੁਲਾਇਅਨੁ
ਵਿਚਿ ਲਬੁ ਲੋਭੁ ਅਹੰਕਾਰੁ ॥
੬. ਝਗੜਾ ਕਰਦਿਆ ਅਨਦਿਨੁ ਗੁਦਰੈ
ਸਬਦਿ ਨ ਕਰੈ ਵੀਚਾਰੁ ॥
੭. ਸੁਧਿ ਮਤਿ ਕਰਤੈ ਹਿਰਿ ਲਈ
ਬੋਲਨਿ ਸਭੁ ਵਿਕਾਰੁ ॥
੮. ਦਿਤੈ ਕਿਤੈ ਨ ਸੰਤੋਖੀਅਨਿ
ਅੰਤਰਿ ਤ੍ਰਿਸਨਾ ਬਹੁਤੁ ਅਗ੍ਯ੍ਯਾਨੁ ਅੰਧਾਰੁ ॥
੯. ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ
ਜਿਨਾ ਮਾਇਆ ਮੋਹਿ ਪਿਆਰੁ ॥੧॥

ਪਦ ਅਰਥ : ਜਗਿ—ਜਗਤ ਨੇ। ਸਭੁ ਕੋਇ—ਹਰੇਕ ਜੀਵ ਨੂੰ। ਸਿਧਿ—ਸਫਲਤਾ, ਕਾਮਯਾਬੀ। ਕਾਰਜ ਸਿਧਿ—ਕਾਰਜ ਦੀ ਸਿਧੀ। ਅੰਗੀਕਾਰੁ—ਪੱਖ, ਸਹਾਇਤਾ।

ਅਰਥ :

ਪ੍ਰ: ਹੇ ਗੁਰੋ! ਹਰ ਮਨੁੱਖ ਇਹੋ ਹੀ ਕਹਿੰਦਾ ਸੁਣੀਦਾ ਹੈ ਕਿ ਹੇ ਭਾਈ! ਜਗਤ ਨੂੰ ਜਿੱਤਣਾ ਬੜਾ ਹੀ ਔਖਾ ਹੈ, ਪਰ ਕੀ ਕੋਈ ਐਸਾ ਵੀ ਬੰਦਾ ਹੈ, ਜਿਸ ਨੇ ਕਿ ਇਸ ਜਗਤ ਨੂੰ ਜਿੱਤ ਲਿਆ ਹੋਵੇ?

ਉ: ੧. (ਹਾਂ, ਹੈ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਰਾਵੋ! (ਇਕੋ ਹੀ) ਗਿਆਨਵਾਨ ਪੁਰਖ ਹੈ ਜਿਸ ਨੇ ਕਿ (ਸਾਰਾ) ਜਗਤ ਜਿੱਤ ਲਿਆ ਹੋਵੇ, ਭਾਵ ਹੈ ਉਹ ਗਿਆਨਵਾਨ ਮੋਹ ਮਾਇਆ ਵਲੋਂ ਆਜ਼ਾਦ ਹੋਇਆ ਹੈ।

ਪ੍ਰ: ਹਜ਼ੂਰ! ਉਸ ਗਿਆਨਵਾਨ ਤੋਂ ਬਿਨਾ ਹੋਰ ਜੀਵਾਂ ਬਾਰੇ ਆਪ ਦਾ ਕੀ ਵੀਚਾਰ ਹੈ?

ਉ: ਹੇ ਪਿਆਰਿਓ! ਉਸ ਗਿਆਨੀ ਤੋਂ ਬਿਨਾ ਤਾਂ ਹਰੇਕ ਮਨੁੱਖ ਨੂੰ ਸੰਸਾਰ ਨੇ ਹੀ ਜਿੱਤ ਲਿਆ ਹੈ।

ਪ੍ਰ: ਹੇ ਗੁਰੋ! ਜਗਤ ਨੂੰ ਜਿੱਤ ਲੈਣ ਦਾ ਇਹ ਕਾਰਜ ਕਿਵੇਂ ਸਿਰੇ ਚੜ੍ਹਿਆ ਹੈ?

ਉ: ੨. ਹੇ ਪਿਆਰੇ! (ਅਸਲ ਵਿਚ) ਗਿਆਨੀ ਦਾ ਇਹ ਜਗਤ ਨੂੰ ਜਿੱਤ ਲੈਣ ਦਾ ਕਾਰਜ ਨਾਮ ਸਿਮਰਨ ਦੀ ਬਰਕਤ ਨਾਲ ਸਿਰੇ ਚੜ੍ਹਦਾ ਹੈ। (ਬੱਸ) ਉਸ ਨੂੰ ਇਉਂ ਜਾਪਣ ਲੱਗ ਪੈਂਦਾ ਹੈ ਕਿ ਜੋ ਭੀ ਕੁਝ ਜਗਤ ਵਿਚ ਹੋ ਰਿਹਾ ਹੈ, ਇਹ ਸਭ ਪ੍ਰਭੂ ਦੀ ਰਜ਼ਾ ਵਿਚ ਹੀ ਹੁੰਦਾ ਹੈ।

ਪ੍ਰ: ਹਜ਼ੂਰ! ਇਹ ਨਿਸਚਾ ਉਨ੍ਹਾਂ ਦਾ ਕਿਤਨਾ ਕੁ ਅਡੋਲ ਹੋ ਜਾਂਦਾ ਹੈ?

ਉ: ੩. ਹੇ ਪਿਆਰੇ! ਸਤਿਗੁਰਾਂ ਦੀ ਸਿੱਖਿਆ ਅਨੁਸਾਰ ਜੀਵਨ ਗੁਜ਼ਾਰਦਿਆਂ ਉਸ ਗਿਆਨਵਾਨ ਦੀ ਮਤਿ ਅਡੋਲ ਹੋ ਜਾਂਦੀ ਹੈ, ਜਿਸ ਨੂੰ ਕਿ ਕੋਈ ਭੀ (ਮਾਇਕੀ ਵਿਵਹਾਰ) ਡੁਲਾ ਨਹੀਂ ਸਕਦਾ, (ਭਾਵ ਉਸ ਨੂੰ ਆਪਣੇ ਨਿਸਚੇ ਤੋਂ ਕੋਈ ਡੁਲਾ ਨਹੀਂ ਸਕਦਾ)।

੪. ਹੇ ਭਰਾਵੋ! (ਐਸੇ ਦ੍ਰਿੜ੍ਹ ਵਿਸ਼ਵਾਸੀ) ਭਗਤਾਂ ਦਾ ਪੱਖ ਹਰੀ ਆਪ ਕਰਦਾ ਹੈ (ਤੇ ਉਨ੍ਹਾਂ ਦਾ ਹਰੇਕ) ਕੰਮ ਰਾਸ ਆ ਜਾਂਦਾ ਹੈ।

੫. ਇਨ੍ਹਾਂ ਭਗਤਾਂ ਦੇ ਮੁਕਾਬਲੇ ਵਿਚ ਇਕ ਮਨਮੁਖ ਲੋਕ ਹਨ, ਜੋ ਮੁੱਢ ਤੋਂ ਹੀ ਲਭ, ਲੋਭ ਤੇ ਹੰਕਾਰ ਵਿਚ ਭੁਲਾਏ ਹੋਏ ਹਨ।

੬. ਉਨ੍ਹਾਂ ਦਾ ਹਰੇਕ ਦਿਨ ਲਬ ਲੋਭ ਆਦਿਕ ਸਬੰਧੀ, ਝਗੜਾ ਕਰਦਿਆਂ ਹੀ ਗੁਜ਼ਰਦਾ ਹੈ। ਉਹ ਕਦੇ ਵੀ ਗੁਰੂ ਦੇ ਉਪਦੇਸ਼ ਦੁਆਰਾ ਵੀਚਾਰ ਹੀ ਨਹੀਂ ਕਰਦੇ।

ਪ੍ਰ: ਹਜ਼ੂਰ! ਇਸ ਦਾ ਅਸਲ ਕਾਰਣ ਕੀ ਹੈ?

ਉ: ੭. ਹੇ ਭਾਈ! ਅਸਲ ਕਾਰਣ ਤਾਂ ਇਹੋ ਹੀ ਸਮਝੋ ਕਿ ਕਰਤਾਰ ਨੇ ਉਨ੍ਹਾਂ ਮਨਮੁਖਾਂ ਦੀ ਸੂਝ ਤੇ ਬੁੱਧੀ ਖੋਹ ਲਈ ਹੁੰਦੀ ਹੈ। ਉਹ ਜੋ ਵੀ ਕੁਝ ਬੋਲਦੇ ਹਨ, ਸਭ ਕੁਝ ਨਿਕੰਮਾ ਹੁੰਦਾ ਹੈ, ਭਾਵ ਵਿਕਾਰਾਂ ਦੇ ਬਚਨ ਹੀ ਸਦਾ ਬੋਲਦੇ ਰਹਿੰਦੇ ਹਨ।

ਪ੍ਰ: ਹੇ ਗੁਰੋ! ਐਸੇ ਮਨਮੁਖਾਂ ਦੀ ਮਾਨਸਕ ਦ੍ਰਿਸ਼ਟੀ ਕਿਤਨੀ ਕੁ ਗਿਰਾਵਟ ਵਿਚ ਆ ਜਾਂਦੀ ਹੈ?

ਉ: ੮. ਹੇ ਪਿਆਰਿਓ! ਵੇਖ ਲਓ ਕਿ ਉਨ੍ਹਾਂ ਮਨਮੁਖਾਂ ਨੂੰ ਉਸ ਮਾਲਕ ਨੇ ਅਨੰਤ ਹੀ ਦਾਤਾਂ ਬਖ਼ਸ਼ਸ਼ ਕੀਤੀਆਂ ਹੋਈਆਂ ਹਨ, ਪਰ ਉਹ ਕਿਸੇ ਭੀ ਦਾਤ ਦੇ ਮਿਲਣ 'ਤੇ ਰਜਦੇ ਹੀ ਨਹੀਂ, (ਕਿਉਂਕਿ) ਉਨ੍ਹਾਂ ਦੇ ਮਨ ਵਿਚ ਤ੍ਰਿਸ਼ਨਾ ਤੇ ਅਗਿਆਨਤਾ ਦਾ ਅੰਧੇਰਾ ਬਹੁਤ ਹੁੰਦਾ ਹੈ।

ਪ੍ਰ: ਹੇ ਗੁਰੋ! ਉਹ ਐਸੇ ਮਨਮੁਖ ਆਪਣੀ ਖ਼ੁਦਗਰਜ਼ੀ ਲਈ ਕਈ ਵਾਰ ਸਾਡੇ ਨਾਲ ਪ੍ਰੀਤ ਪਾਉਣਾ ਚਾਹੁੰਦੇ ਹਨ, ਕੀ ਸਾਨੂੰ ਉਨ੍ਹਾਂ ਦੇ ਸੰਯੋਗੀ ਬਣ ਜਾਣਾ ਚਾਹੀਦਾ ਹੈ?

ਉ: ੯. (ਨਹੀਂ) ਹੇ ਭਰਾਵੋ! ਐਸੇ ਮਨਮੁਖਾਂ ਨਾਲੋਂ ਤਾਂ ਸੰਬੰਧ ਟੁੱਟਾ ਹੋਇਆ ਹੀ ਚੰਗਾ ਹੈ, ਜਿਨ੍ਹਾਂ ਦਾ ਮੋਹ ਪਿਆਰ ਕੇਵਲ ਮਾਇਆ ਵਿਚ ਹੀ ਹੈ।੧।

ਮ: ੩ ॥

੧. ਤਿਨ੍ ਭਉ ਸੰਸਾ ਕਿਆ ਕਰੇ
ਜਿਨ ਸਤਿਗੁਰੁ ਸਿਰਿ ਕਰਤਾਰੁ ॥
੨. ਧੁਰਿ ਤਿਨ ਕੀ ਪੈਜ ਰਖਦਾ ਆਪੇ ਰਖਣਹਾਰੁ ॥
੩. ਮਿਲਿ ਪ੍ਰੀਤਮ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥
੪. ਨਾਨਕ ਸੁਖਦਾਤਾ ਸੇਵਿਆ ਆਪੇ ਪਰਖਣਹਾਰੁ ॥੨॥

ਅਰਥ :

ਪ੍ਰ: ਸ੍ਰੀ ਜੀਉ! ਵੇਖੀਦਾ ਹੈ ਕਿ ਜਗਤ ਦਾ ਹਰ ਜੀਵ ਸੰਸੇ ਅਤੇ ਡਰ ਵਿਚ ਭੈ ਭੀਤ ਹੋ ਰਿਹਾ ਹੈ, ਇਸ ਤੋਂ ਕਿਵੇਂ ਬਚਿਆ ਜਾਵੇ?

ਉ: ੧. ਹੇ ਸੱਜਨੋ! ਇਨ੍ਹਾਂ ਤੋਂ ਬਚਣ ਲਈ ਤਾਂ ਕੇਵਲ ਇਕੋ ਹੀ ਉਪਾਓ ਹੈ ਕਿ ਤੁਸੀਂ ਆਪਣਾ ਆਪ ਪ੍ਰਭੂ ਤੇ ਗੁਰੂ ਨੂੰ ਅਰਪਨ ਕਰ ਦਿਓ, (ਭਾਵ ਜੋ ਪ੍ਰਭੂ ਤੇ ਗੁਰੂ ਨੂੰ ਰਾਖਾ ਸਮਝਦੇ ਹਨ) ਉਨ੍ਹਾਂ ਦਾ ਡਰ ਤੇ ਸੰਸਾ ਕੀ ਵਿਗਾੜ ਸਕਦੇ ਹਨ।

੨. ਹੇ ਪਿਆਰੇ! ਰੱਖਿਆ ਕਰਨ ਵਾਲਾ ਪ੍ਰਭੂ ਆਪ ਉਨ੍ਹਾਂ ਦੀ ਲਜਾ ਆਦਿ ਤੋਂ ਹੀ ਰੱਖਦਾ ਆਇਆ ਹੈ।

੩. ਉਨ੍ਹਾਂ ਨੇ ਸੱਚੇ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਪ੍ਰੀਤਮ ਨੂੰ ਮਿਲ ਕੇ ਸੁੱਖ ਪ੍ਰਾਪਤ ਕਰ ਲਿਆ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਨ੍ਹਾਂ ਨੇ ਸੁੱਖਾਂ ਦਾ ਦਾਤਾ ਪ੍ਰਭੂ ਸੇਵਿਆ ਹੈ ਜੋ ਕਿ ਆਪਣੇ ਪਿਆਰਿਆਂ ਦੀ ਪ੍ਰੀਤ ਨੂੰ ਪਰਖਣ ਵਾਲਾ ਆਪ ਹੀ ਹੈ।੨।

ਪਉੜੀ ॥

੧. ਜੀਅ ਜੰਤ ਸਭਿ ਤੇਰਿਆ ਤੂ ਸਭਨਾ ਰਾਸਿ ॥
੨. ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ
ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ ॥
੩. ਤੂ ਇਕੋ ਦਾਤਾ ਸਭਸ ਦਾ ਹਰਿ
ਪਹਿ ਅਰਦਾਸਿ ॥
੪. ਜਿਸ ਦੀ ਤੁਧੁ ਭਾਵੈ ਤਿਸ ਦੀ ਤੂ ਮੰਨਿ ਲੈਹਿ
ਸੋ ਜਨੁ ਸਾਬਾਸਿ ॥
੫. ਸਭੁ ਤੇਰਾ ਚੋਜੁ ਵਰਤਦਾ
ਦੁਖੁ ਸੁਖੁ ਤੁਧੁ ਪਾਸਿ ॥੨॥

ਅਰਥ :

ਪ੍ਰ: ਹੇ ਗੁਰੋ! ਪ੍ਰਭੂ ਦੇ ਪਿਆਰ ਵਾਲੇ ਭਗਤਾਂ ਦਾ ਨਿਸਚਾ ਕਿਸ ਰੂਪ ਵਿਚ ਹੋ ਜਾਇਆ ਕਰਦਾ ਹੈ?

ਉ: ੧. ਹੇ ਭਾਈ! ਉਨ੍ਹਾਂ ਦੇ ਅੰਦਰੋਂ ਤਾਂ ਸਦੀਵੀ ਕਾਲ ਇਹੋ ਹੀ ਆਵਾਜ਼ ਨਿਕਲਦੀ ਹੈ ਕਿ ਹੇ ਸਾਈਂ ਜੀ! ਇਹ ਸਾਰੇ ਜੀਵ ਜੰਤ ਤੇਰੇ ਹਨ, ਤੂੰ ਸਭਨਾਂ ਦੀ ਰਾਸ (ਮੂੜੀ) ਖ਼ਜ਼ਾਨਾ ਹੈਂ।

੨. ਜਿਸ ਮਨੁੱਖ ਨੂੰ (ਹੇ ਪ੍ਰਭੂ) ਤੂੰ ਆਪਣੇ ਨਾਮ ਦੀ ਦਾਤ ਬਖ਼ਸ਼ਸ਼ ਕਰਦਾ ਹੈਂ, ਮਾਨੋ ਉਸ ਨੂੰ ਸਭੋ ਕੁਝ ਹੀ ਮਿਲ ਜਾਂਦਾ ਹੈ, ਕਿਉਂਕਿ ਤੇਰੇ ਮੁਕਾਬਲੇ 'ਤੇ ਤੇਰੇ ਪਾਸ ਹੋਰ ਕੋਈ ਵੀ ਤੈਨੂੰ ਰੋਕਣ ਵਾਲਾ ਸ਼ਰੀਕ ਹੀ ਨਹੀਂ।

੩. ਹੇ ਸਾਈਂ ਜੀ! ਤੂੰ ਆਪ ਇਕੱਲਾ ਹੀ ਸਭਨਾਂ ਨੂੰ ਦਾਤਾਂ ਦੇਣ ਵਾਲਾ ਦਾਤਾ ਹੈਂ, (ਇਸ ਲਈ) ਹੇ ਹਰੀ! (ਸਾਰੇ ਜੀਵਾਂ ਦੀ) ਤੇਰੇ ਅੱਗੇ ਹੀ ਜੋਦੜੀ ਹੁੰਦੀ ਹੈ।

੪. ਪਰ ਹਾਂ! ਜਿਸ ਦੀ ਬੇਨਤੀ ਤੈਨੂੰ ਚੰਗੀ ਲੱਗੇ, ਉਸ ਦੀ ਤੂੰ ਪ੍ਰਵਾਨ ਕਰ ਲੈਂਦਾ ਹੈਂ। ਉਸੇ ਜਨ ਨੂੰ ਸ਼ਾਬਾਸ਼ੇ ਮਿਲਦੀ ਹੈ।

੫. ਹੇ ਪ੍ਰਭੂ! ਇਸ ਜਗਤ ਵਿਚ ਸਾਰਾ ਕੌਤਕ ਤੇਰਾ ਹੀ ਵਰਤਦਾ ਹੈ। ਸਭਨਾਂ ਦਾ ਦੁੱਖ-ਸੁੱਖ ਵੇਲੇ ਤੇਰੇ ਪਾਸ ਹੀ ਅਰਦਾਸ ਕਰਨਾ ਬਣਦਾ ਹੈ। ਹਰੇਕ ਦਾ ਤਰਲਾ ਤੇਰੇ ਕੋਲ ਹੀ ਹੈ।੨।

ਭਾਵਾਰਥ : ਇਸ ਦੂਸਰੇ ਸਲੋਕ ਦੇ ਅਰੰਭ ਵਿਚ ਫ਼ੁਰਮਾਨ ਕਰਦੇ ਹਨ ਕਿ ਜਗਤ ਨੂੰ ਕੇਵਲ ਇਕ ਗਿਆਨਵਾਨ ਪੁਰਖ ਨੇ ਹੀ ਜਿੱਤਿਆ ਹੈ, ਬਾਕੀ ਜੀਵਾਂ ਨੂੰ ਤਾਂ ਜਗਤ ਨੇ ਹੀ ਜਿੱਤ ਰਖਿਆ ਹੈ।

ਕਿਉਂਕਿ ਬਾਕੀ ਦੇ ਸਾਰੇ ਲੋਕ ਪ੍ਰਭੂ ਜੀ ਨੇ ਲਬ ਲੋਭ, ਅਹੰਕਾਰ ਵਿਚ ਭਰਮਾ ਰੱਖੇ ਹਨ, ਕਿਉਂਕਿ ਉਹ ਕਦੇ ਸ਼ਬਦ ਦੀ ਵੀਚਾਰ ਹੀ ਨਹੀਂ ਕਰਦੇ, ਜਿਸ ਕਰ ਕੇ ਉਨ੍ਹਾਂ ਦਾ ਸਾਰਾ ਜੀਵਨ ਝਗੜਾ ਕਰਦਿਆਂ ਦਾ ਹੀ ਗੁਜ਼ਰ ਜਾਂਦਾ ਹੈ।

ਪਰ ਗੁਰਮੁਖ ਸਦਾ ਹੀ ਉਸ ਸਾਈਂ ਜੀ ਦੇ ਸਨਮੁਖ ਹੋ ਬੇਨਤੀਆਂ ਕਰਦੇ ਰਹਿੰਦੇ ਹਨ ਕਿ ਹੇ ਸਾਈਂ! ਇਹ ਸਾਰੇ ਜਗਤ ਦੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ ਅਤੇ ਇਹ ਸੁੱਖ-ਦੁੱਖ ਤੇਰਾ ਦਿੱਤਾ ਹੀ ਵਰਤਦਾ ਹੈ।

ਸਲੋਕ ਮ: ੩ ॥

੧. ਗੁਰਮੁਖਿ ਸਚੇ ਭਾਵਦੇ ਦਰਿ ਸਚੈ ਸਚਿਆਰ ॥
੨. ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ ॥
੩. ਅੰਤਰਿ ਸਬਦੁ ਵਸਾਇਆ ਦੁਖੁ ਕਟਿਆ
ਚਾਨਣੁ ਕੀਆ ਕਰਤਾਰਿ ॥
੪. ਨਾਨਕ ਰਖਣਹਾਰਾ ਰਖਸੀ
ਆਪਣੀ ਕਿਰਪਾ ਧਾਰਿ ॥੧॥

ਅਰਥ :

ਪ੍ਰ: ਹਜ਼ੂਰ ਜੀ! ਉਹ ਕਿਹੜੇ ਮਨੁੱਖ ਹਨ ਜੋ ਸੱਚੇ ਹਰੀ ਨੂੰ ਭਾਉਂਦੇ ਹਨ?

ਉ: ੧. ਹੇ ਪਿਆਰੇ! ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿਣ ਵਾਲੇ ਹਨ, ਉਹ ਸੱਚੇ ਪ੍ਰਭੂ ਨੂੰ ਭਾਉਂਦੇ ਹਨ, ਭਾਵ ਪਿਆਰੇ ਲੱਗਦੇ ਹਨ ਅਤੇ ਉਹ ਸੱਚੇ ਦੇ ਦਰਬਾਰ ਵਿਚ ਗਿਆਂ ਭੀ ਸਚਿਆਰ ਗਿਣੇ ਜਾਂਦੇ ਹਨ।

੨. ਉਨ੍ਹਾਂ ਗੁਰਮੁਖ ਸੱਜਣਾਂ ਦੇ ਮਨ ਵਿਚ ਗੁਰੂ ਦੇ ਸ਼ਬਦ ਦਾ ਵੀਚਾਰ ਹੁੰਦਾ ਹੈ, ਜਿਸ ਸ਼ਬਦ ਦੀ ਬਰਕਤ ਨਾਲ ਉਨ੍ਹਾਂ ਦੇ ਮਨ ਵਿਚ ਸਦਾ ਹੀ ਆਨੰਦ ਹੁੰਦਾ ਹੈ।

੩. ਸਤਿਗੁਰੂ ਦੇ ਸ਼ਬਦ ਨੂੰ ਉਨ੍ਹਾਂ ਨੇ ਆਪਣੇ ਹਿਰਦੇ ਵਿਚ ਵਸਾਇਆ ਸੀ, ਜਿਸ ਕਰ ਕੇ ਕਰਤਾਰ ਨੇ ਉਨ੍ਹਾਂ ਦਾ ਅਗਿਆਨ ਰੂਪ ਦੁੱਖ ਦੂਰ ਕਰ ਦਿੱਤਾ ਅਤੇ ਗਿਆਨ ਦਾ ਚਾਨਣ ਪ੍ਰਕਾਸ਼ ਕਰ ਦਿੱਤਾ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਹ ਰੱਖਣ ਵਾਲਾ (ਪ੍ਰਭੂ) ਆਪਣੀ ਕਿਰਪਾ ਕਰ ਕੇ ਤੁਹਾਨੂੰ ਵੀ ਰੱਖ ਲਏਗਾ।੧।

ਮ: ੩ ॥

੧. ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥
੨. ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ॥
੩. ਨਾਨਕ ਸਭੁ ਕਿਛੁ ਆਪਿ ਹੈ
ਅਵਰੁ ਨ ਦੂਜੀ ਜਾਇ ॥੨॥

ਪਦ ਅਰਥ : ਭੈ—ਡਰ ਵਿਚ। ਚਾਕਰੀ—ਨੌਕਰੀ। ਕਮਾਇ—ਕਰੇ। ਤਿਸੈ—ਉਸ ਪ੍ਰਭੂ ਦੀ। ਅਵਰੁ—ਕੋਈ ਹੋਰ। ਜਾਇ—ਥਾਂ।

ਅਰਥ :

ਪ੍ਰ: ਹੇ ਗੁਰੋ! ਉਹ ਅਜਿਹੀ ਪ੍ਰਭੂ ਦੀ ਸੇਵਾ ਕਿਹੜੀ ਹੈ, ਜਿਸ ਦੇ ਕਰਨ ਨਾਲ ਕਿ ਉਸੇ ਦਾ ਰੂਪ ਬਣ ਸਕੀਏ?

ਉ: ੧. ਹੇ ਭਾਈਓ! ਜੇ ਮਨੁੱਖ ਗੁਰੂ ਦੀ ਦੱਸੀ ਹੋਈ ਸੇਵਾ, ਪ੍ਰਭੂ ਦੇ ਡਰ ਵਿਚ ਰਚ ਕੇ ਮਾਲਕ ਦੀ ਕਾਰ ਕਮਾਵੇ। ਭਾਵ ਸੇਵਾ ਕਰਦਾ ਰਵੇ।

੨. ਅਤੇ ਉਸੇ ਪ੍ਰਭੂ ਦੀ ਰਜ਼ਾ ਵਿਚ ਤੁਰੇ, ਤਾਂ (ਫਿਰ ਉਹ) ਆਪਣੇ ਪ੍ਰਭੂ ਦੇ ਸਮਾਨ ਹੋ ਜਾਂਦਾ ਹੈ, ਜਿਸ ਦੀ ਕਿ ਉਹ ਸੇਵਾ ਕਰਦਾ ਹੈ, ਭਾਵ ਸਿਮਰਨ ਕਰਦਾ ਹੈ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! (ਐਸੇ ਮਨੁੱਖ ਨੂੰ) ਸਾਰੇ ਥਾਵਾਂ ਵਿਚ ਪ੍ਰਭੂ ਹੀ ਪ੍ਰਭੂ ਦਿੱਸਦਾ ਹੈ ਅਤੇ ਨਾ ਹੀ ਕੋਈ ਉਸ ਤੋਂ ਬਿਨਾ ਹੋਰ ਉਸ ਨੂੰ ਆਸਰੇ ਦੀ ਥਾਂ ਦਿੱਸਦੀ ਹੈ।੨।

ਪਉੜੀ ॥

੧. ਤੇਰੀ ਵਡਿਆਈ ਤੂਹੈ ਜਾਣਦਾ
ਤੁਧੁ ਜੇਵਡੁ ਅਵਰੁ ਨ ਕੋਈ ॥
੨. ਤੁਧੁ ਜੇਵਡੁ ਹੋਰੁ ਸਰੀਕੁ ਹੋਵੈ
ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ॥
੩. ਜਿਨਿ ਤੂ ਸੇਵਿਆ ਤਿਨਿ ਸੁਖੁ ਪਾਇਆ
ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ ॥
੪. ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ
ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ ॥
੫. ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ
ਤੁਧੁ ਸਭਸੈ ਨੋ ਦਾਨੁ ਦਿਤਾ
ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ ॥੩॥

ਪਦ ਅਰਥ : ਤੂੰ—ਤੈਨੂੰ। ਤਿਨਿ—ਉਸ ਮਨੁੱਖ ਨੇ। ਪੁਰਈ—ਪੁਰੀਆਂ ਵਿਚ। ਲੋਈ—(੧੪) ਲੋਕਾਂ ਵਿਚ।

ਅਰਥ :

ਪ੍ਰ: ਕਿਉਂ ਜੀ! ਜਦ ਉਸ ਭਗਤ ਨੂੰ ਹਰ ਥਾਂ ਪ੍ਰਭੂ ਹੀ ਵਿਆਪਕ ਦਿੱਸਦਾ ਹੈ, ਤਾਂ ਕੀ ਹੁਣ ਉਸ ਨੂੰ ਕੁਝ ਹੋਰ ਕਰਨ ਦੀ ਲੋੜ ਤਾਂ ਨਹੀਂ ਰਹਿ ਜਾਂਦੀ?

ਉ: ੧. ਹੇ ਭਾਈ! ਉਹ ਤਾਂ ਹੁਣ ਭੀ ਮਨ ਕਰ ਕੇ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਬੇਨਤੀਆਂ ਕਰਦਾ ਰਹਿੰਦਾ ਹੈ ਕਿ ਹੇ ਮੇਰੇ ਪ੍ਰਭੂ ਜੀ! ਤੂੰ ਕਿਤਨਾ ਕੁ ਵੱਡਾ ਹੈਂ, ਇਸ ਆਪਣੀ ਵਡਿਆਈ ਨੂੰ ਤੂੰ ਆਪੇ ਹੀ ਜਾਣਦਾ ਹੈਂ, ਕਿਉਂਕਿ ਤੇਰੇ ਬਰਾਬਰ ਦਾ ਹੋਰ ਕੋਈ ਵੀ ਨਹੀਂ।

੨. ਤੇਰੇ ਬਰਾਬਰ ਦਾ ਜੇ ਕੋਈ ਹੋਰ ਤੇਰਾ ਸ਼ਰੀਕ ਹੋਵੇ (ਉਸ ਨੂੰ ਵੇਖ ਕੇ) ਤਾਹੀਓਂ ਦੱਸ ਸਕਦੇ ਹਾਂ (ਕਿ ਤੂੰ ਕਿੱਡਾ ਵੱਡਾ ਹੈਂ) ਪਰ ਤੇਰੇ ਜਿੱਡਾ ਵੱਡਾ ਤਾਂ ਤੂੰ ਆਪ ਹੀ ਹੈਂ।

੩. ਹਾਂ! ਜਿਸ ਮਨੁੱਖ ਨੇ ਵੀ ਤੈਨੂੰ ਸੇਵਿਆ ਹੈ, ਉਸੇ ਨੇ ਸੁੱਖ ਪਾਇਆ ਹੈ, ਹੋਰ ਕੋਈ ਮਨੁੱਖ ਉਸ ਦੀ ਰੀਸ ਕੀ ਕਰੇ, ਭਾਵ ਉਸ ਦੀ ਰੀਸ ਕੋਈ ਕਰ ਹੀ ਨਹੀਂ ਸਕਦਾ।

੪. ਹੇ ਸਾਈਂ ਜੀ! ਇਨ੍ਹਾਂ ਸਰੀਰਾਂ ਨੂੰ ਨਾਸ ਭੀ ਤੂੰ ਆਪ ਹੀ ਕਰ ਸਕਦਾ ਹੈਂ ਅਤੇ ਬਣਾ ਵੀ ਆਪ ਹੀ ਸਕਦਾ ਹੈਂ, ਭਾਵ ਤੂੰ ਹਰ ਪ੍ਰਕਾਰ ਦੀ ਸਮਰੱਥਾ ਰੱਖਣ ਵਾਲਾ ਹੈਂ, ਤੇਰੇ ਅੱਗੇ ਇਹ ਸਾਰੀ ਸ੍ਰਿਸ਼ਟੀ ਹੱਥ ਜੋੜ ਕੇ ਮੰਗਣ ਲਈ ਖਲੋਤੀ ਹੋਈ ਹੈ।

੫. (ਹੇ ਮੇਰੇ ਮਾਲਕ) ਮੈਨੂੰ ਤਾਂ ਤੇਰੇ ਵਰਗਾ ਹੋਰ ਕੋਈ ਦਾਨੀ ਨਜ਼ਰ ਹੀ ਨਹੀਂ ਆਉਂਦਾ, ਕਿਉਂਕਿ ਤੂੰ ਸਭ ਕਿਸੇ ਨੂੰ ਦਾਨ ਦਿੱਤਾ ਹੈ, ਖੰਡਾਂ, ਬ੍ਰਹਮੰਡਾਂ, ਪਤਾਲਾਂ, ਪੁਰੀਆਂ ਤੇ ਸਭ ਲੋਕਾਂ ਵਿਚ।੩।

ਭਾਵਾਰਥ : ਤੀਸਰੇ ਸਲੋਕ ਵਿਚ ਹਜ਼ੂਰ ਸਿਧਾਂਤਕ ਗੱਲ ਕਹਿੰਦੇ ਹਨ ਕਿ ਜੋ ਲੋਕ ਗੁਰੂ ਦੇ ਸਨਮੁਖ ਰਹਿਣ ਵਾਲੇ ਹਨ, ਉਹੀ ਸਾਈਂ ਜੀ ਨੂੰ ਚੰਗੇ ਲੱਗਦੇ ਹਨ ਤੇ ਰੱਬੀ ਦਰਬਾਰ ਵਿਚ ਭੀ ਉਹੀ ਸਚਿਆਰ ਜਾਣੇ ਜਾਂਦੇ ਹਨ। ਕਿਉਂਕਿ ਉਨ੍ਹਾਂ ਨੇ ਆਪਣੇ ਹਿਰਦੇ ਵਿਚ ਸੱਚੇ ਗੁਰੂ ਦੇ ਸ਼ਬਦ ਨੂੰ ਵਸਾ ਲਿਆ ਹੈ, ਜਿਸ ਕਰ ਕੇ ਉਨ੍ਹਾਂ ਦੇ ਅੰਦਰ ਗਿਆਨ ਦਾ ਚਰਾਗ਼ ਪ੍ਰਕਾਸ਼ ਹੋ ਆਇਆ ਹੈ।

ਜੋ ਮਨੁੱਖ ਗੁਰੂ ਦੀ ਦੱਸੀ ਹੋਈ ਸੇਵਾ ਚਾਅ ਨਾਲ ਕਰਦੇ ਹਨ ਤੇ ਭੈ ਵਿਚ ਰਹਿ ਕੇ ਜੀਵਨ ਗੁਜ਼ਾਰਦੇ ਹਨ, ਉਹ ਸਾਈਂ ਜੀ ਦੇ ਸਰੂਪ ਵਿਚ ਹੀ ਅਭੇਦ ਹੋ ਜਾਂਦੇ ਹਨ ਅਤੇ ਫਿਰ ਭੀ ਉਹ ਸਾਈਂ ਦੀ ਰਜ਼ਾ ਵਿਚ ਜੀਵਨ ਬਤੀਤ ਕਰਦੇ ਹਨ।

ਅਤੇ ਰਾਜ਼ਕ ਦੀ ਰਜ਼ਾ ਵਿਚ ਸਦਾ ਹੀ ਰਾਜ਼ੀ ਰਹਿੰਦੇ ਉਸੇ ਦੀ ਸਿਫ਼ਤਿ-ਸਾਲਾਹ ਵਿਚ ਲੱਗੇ ਰਹਿ ਕੇ, ਇਉਂ ਹੀ ਕਹਿੰਦੇ ਰਹਿੰਦੇ ਹਨ ਕਿ ਹੇ ਪ੍ਰਭੂ! ਤੇਰੇ ਜਿੰਨਾ ਵੱਡਾ ਹੋਰ ਕੋਈ ਵੀ ਨਹੀਂ। ਤੂੰ ਆਪਣੀ ਵਡਿਆਈ ਨੂੰ ਆਪ ਹੀ ਜਾਣਦਾ ਹੈਂ।

ਸਲੋਕ ਮਃ ੩ ॥

੧. ਮਨਿ ਪਰਤੀਤਿ ਨ ਆਈਆ
ਸਹਜਿ ਨ ਲਗੋ ਭਾਉ ॥
੨. ਸਬਦੈ ਸਾਦੁ ਨ ਪਾਇਓ
ਮਨਹਠਿ ਕਿਆ ਗੁਣ ਗਾਇ ॥
੩. ਨਾਨਕ ਆਇਆ ਸੋ ਪਰਵਾਣੁ ਹੈ
ਜਿ ਗੁਰਮੁਖਿ ਸਚਿ ਸਮਾਇ ॥੧॥

ਅਰਥ :

ਪ੍ਰ: ਹਜ਼ੂਰ ਇਹ ਜਿਤਨੇ ਭੀ ਲੋਕ ਸਾਈਂ ਜੀ ਦੀ ਸਿਫ਼ਤਿ-ਸਾਲਾਹ ਵਿਚ ਲੱਗੇ ਵੇਖੀਦੇ ਹਨ, ਕੀ ਇਨ੍ਹਾਂ ਸਭ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਲਾਭ ਹੋ ਸਕੇਗਾ?

ਉ: ੧. (ਨਹੀਂ) ਹੇ ਭਾਈਓ! ਜਿਸ ਸਿਫ਼ਤਿ ਕਰਨ ਵਾਲੇ ਮਨੁੱਖ ਦੇ ਮਨ ਵਿਚ ਤਿੰਨ ਦੋਸ਼ ਹੋਣ, ਉਸ ਦੇ ਤਾਂ ਗੁਣ ਗਾਉਣ ਦਾ ਵੀ ਕੋਈ ਲਾਭ ਨਹੀਂ ਹੈ। ਵੇਖੋ,

੧. ਜਿਸ ਦੇ ਮਨ ਵਿਚ ਗੁਰੂ 'ਤੇ ਨਿਸਚਾ ਨਹੀਂ ਬੱਝਾ।

੨. ਸਹਜ ਦੁਆਰਾ ਜਿਸ ਮਨ ਵਿਚ ਵਾਹਿਗੁਰੂ ਜੀ ਵਿਚ ਪ੍ਰੇਮ ਨਹੀਂ ਲੱਗਾ।

੨. ੩. ਅਤੇ ਸ਼ਬਦ ਦੁਆਰਾ ਜਿਸ ਨੂੰ (ਨਾਮ) ਰਸ ਨਹੀਂ ਆਇਆ, ਉਹ ਮਨ ਦੇ ਹੱਠ ਨਾਲ ਹਰੀ ਦੇ ਗੁਣ ਕੀ ਗਾਵੇਗਾ, ਭਾਵ ਉਸ ਨੂੰ ਤਾਂ ਕੋਈ ਲਾਭ ਹੀ ਨਹੀਂ ਮਿਲੇਗਾ।

ਪ੍ਰ: ਹਜ਼ੂਰ! ਫਿਰ ਤੁਸੀਂ ਸੰਸਾਰ ਵਿਚ ਆਇਆ, ਕਿਸ ਦਾ ਕਬੂਲ ਹੋਇਆ ਸਮਝਦੇ ਹੋ?

ਉ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਸੰਸਾਰ ਵਿਚ ਆਇਆ ਤਾਂ ਉਸੇ ਦਾ ਕਬੂਲ ਪਿਆ ਹੈ, ਜੋ ਗੁਰਮੁਖ ਹੋ ਕੇ ਸੱਚੇ ਵਿਚ ਹੀ ਸਮਾ ਜਾਵੇ।੧।

ਮਃ ੩ ॥

੧. ਆਪਣਾ ਆਪੁ ਨ ਪਛਾਣੈ ਮੂੜਾ
ਅਵਰਾ ਆਖਿ ਦੁਖਾਏ ॥
੨. ਮੁੰਢੈ ਦੀ ਖਸਲਤਿ ਨ ਗਈਆ ਅੰਧੇ
ਵਿਛੁੜਿ ਚੋਟਾ ਖਾਏ ॥
੩. ਸਤਿਗੁਰ ਕੈ ਭੈ ਭੰਨਿ ਨ ਘੜਿਓ
ਰਹੈ ਅੰਕਿ ਸਮਾਏ ॥
੪. ਅਨਦਿਨੁ ਸਹਸਾ ਕਦੇ ਨ ਚੂਕੈ
ਬਿਨੁ ਸਬਦੈ ਦੁਖੁ ਪਾਏ ॥
੫. ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ
ਨਿਤ ਧੰਧਾ ਕਰਤ ਵਿਹਾਏ ॥
੬. ਚਰਣ ਕਰ ਦੇਖਤ ਸੁਣਿ ਥਕੇ
ਦਿਹ ਮੁਕੇ ਨੇੜੈ ਆਏ ॥
੭. ਸਚਾ ਨਾਮੁ ਨ ਲਗੋ ਮੀਠਾ
ਜਿਤੁ ਨਾਮਿ ਨਵ ਨਿਧਿ ਪਾਏ ॥
੮. ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ ॥
੯. ਧੁਰਿ ਕਰਮੁ ਨ ਪਾਇਓ ਪਰਾਣੀ
ਵਿਣੁ ਕਰਮਾ ਕਿਆ ਪਾਏ ॥
੧੦. ਗੁਰ ਕਾ ਸਬਦੁ ਸਮਾਲਿ ਤੂ ਮੂੜੇ
ਗਤਿ ਮਤਿ ਸਬਦੇ ਪਾਏ ॥
੧੧. ਨਾਨਕ ਸਤਿਗੁਰੁ ਤਦ ਹੀ ਪਾਏ
ਜਾਂ ਵਿਚਹੁ ਆਪੁ ਗਵਾਏ ॥੨॥

ਪਦ ਅਰਥ : ਭੈ—ਡਰ ਵਿਚ। ਅੰਕਿ—ਗੋਦ ਵਿਚ। ਸਹਸਾ—ਤੌਖਲਾ। ਅਨਦਿਨੁ—ਹਰ ਰੋਜ਼। ਸਬਲਾ—ਬਲਵਾਨ। ਜਿਤੁ—ਜਿਸਦੇ ਰਾਹੀਂ। ਨਵਨਿਧਿ—ਨੌਂ ਖ਼ਜ਼ਾਨੇ, ਸਾਰੇ ਪਦਾਰਥ। ਫੁਨਿ—ਫੇਰ। ਮੋਖੰਤਰੁ—ਮੋਖ ਦਾ ਅੰਤਰਾ, ਮੁਕਤੀ ਦਾ ਰਾਜ।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਕਈ ਲੋਕ ਗੁਰੂ ਦੇ ਦਰ 'ਤੇ ਭਾਵ ਸੰਗਤ ਵਿਚ ਪੁੱਜ ਕੇ ਭੀ ਕਦੀ ਆਪਣੇ ਆਪ ਦੀ ਪਛਾਣ

ਨਹੀਂ ਕਰਦੇ, (ਪਰ ਹੋਰਨਾਂ ਦੇ ਨੁਕਸ ਛਾਂਟ-ਛਾਂਟ ਕੇ) ਉਨ੍ਹਾਂ ਦੇ ਦਿਲ ਦੁਖਾਉਂਦੇ ਰਹਿੰਦੇ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

ਉ: ੧. ਹੇ ਪਿਆਰਿਓ ! ਉਹ ਤਾਂ ਸਮਝੋ ਕਿ ਮੂਰਖ ਮਨੁੱਖ ਹੈ, ਜੋ ਕਿ ਆਪਣੇ ਆਪ ਦੀ ਪਛਾਣ ਹੀ ਨਹੀਂ ਕਰਦਾ (ਅਤੇ ਹਰ ਵੇਲੇ ਹੋਰਨਾਂ ਦੇ ਨੁਕਸ ਛਾਂਟ-ਛਾਂਟ ਕੇ) ਹੀ ਉਨ੍ਹਾਂ ਦੇ ਦਿਲਾਂ ਨੂੰ ਦੁਖੀ ਕਰਦਾ ਰਹਿੰਦਾ ਹੈ।

੨. ਹੇ ਭਾਈ ! ਵੇਖ ਲਓ ਕਿ ਸਤਿਗੁਰੂ ਦੇ ਦਰ 'ਤੇ ਪੁੱਜ ਕੇ ਭੀ ਉਸ ਅੰਨ੍ਹੇ (ਅਭਾਗੇ) ਦੀ (ਦੂਜਿਆਂ ਨੂੰ ਦੁਖਾਉਣ ਦੀ) ਮੁੱਢ (ਕਦੀਮੀਂ) ਭੈੜੀ ਵਾਦੀ ਗਈ ਨਹੀਂ। ਇਹੋ ਹੀ ਇਕ ਵੱਡਾ ਉਸ ਵਿਚ ਦੋਸ਼ ਹੈ ਜਿਸ ਦੇ ਕਾਰਣ ਉਹ ਵਾਹਿਗੁਰੂ ਜੀ ਤੋਂ ਵਿਛੜ ਕੇ (ਜਮ-ਮਾਰਗ ਦੀਆਂ) ਸੱਟਾਂ ਸਹਾਰੇਗਾ।

ਪ੍ਰ: ਹੇ ਗੁਰੋ ! ਜਦ ਕਿ ਉਹ ਹਮੇਸ਼ਾ ਹੀ ਗੁਰੂ ਜੀ ਦੇ ਦਰ ਪੁੱਜਣ ਵਾਲਾ ਹੈ ਤਾਂ ਇਹ ਕੀ ਕਾਰਣ ਕਿ ਉਸ ਨੂੰ ਜਮ-ਮਾਰਗ ਦੀਆਂ ਸੱਟਾਂ ਸਹਾਰਨੀਆਂ ਪੈਂਦੀਆਂ ਹਨ ?

ਉ: ੩. ਹੇ ਭਾਈਓ ! ਇਸ ਵਿਚ ਤਾਂ ਕੋਈ ਸ਼ੱਕ ਨਹੀਂ, ਉਹ ਗੁਰੂ ਜੀ ਦੀ ਹਜ਼ੂਰੀ ਵਿਚ ਹਮੇਸ਼ਾ ਪੁੱਜਦਾ ਹੈ, ਪਰ ਉਹ ਮੂਰਖ ਮਨੁੱਖ ਸਤਿਗੁਰੂ ਜੀ ਦੇ ਡਰ ਵਿਚ ਰਹਿ ਕੇ ਮਨ ਦੇ ਪਿਛਲੇ ਮੰਦੇ ਸੰਸਕਾਰਾਂ ਨੂੰ ਭੰਨ ਕੇ (ਭਾਵ ਤਿਆਗ ਕੇ) ਉਹ ਨਵੇਂ ਸਿਰੇ ਸਿਮਰਨ ਕਰਨ ਵਾਲੇ ਸੰਸਕਾਰ ਨਹੀਂ ਘੜਦਾ, ਜਿਸ ਸਿਮਰਨ ਵਾਲੇ ਸੰਸਕਾਰਾਂ ਦੀ ਬਰਕਤ ਨਾਲ ਉਹ ਸਾਈਂ ਜੀ ਦੀ ਗੋਦ ਵਿਚ ਸਮਾਇਆ ਰਹੇ।

੪. ਹੇ ਭਾਈ ! ਉਸ ਮੂਰਖ ਦੀ, ਹਰ ਰੋਜ਼ ਕਿਸੇ ਵੇਲੇ ਭੀ ਚਿੰਤਾ ਦੂਰ ਨਹੀਂ ਹੁੰਦੀ। ਉਹ ਗੁਰੂ ਦੇ ਸ਼ਬਦ ਦਾ ਆਸਰਾ ਲੈਣ ਤੋਂ ਸਖਣਾ ਰਹਿ ਕੇ ਸਦਾ ਹੀ ਦੁੱਖ ਪਾਉਂਦਾ ਹੈ।

ਪ੍ਰ: ਕਿਉਂ ਜੀ ! ਜਦ ਕਿ ਉਹ ਬੰਦਾ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਸਦਾ ਹੀ ਗੁਰੂ ਦਾ ਉਪਦੇਸ਼ ਸੁਣਦਾ ਹੈ, ਤਾਂ ਇਹ ਕੀ ਕਾਰਣ ਹੈ ਕਿ ਉਸ ਦੇ ਹਿਰਦੇ ਵਿਚ ਨਹੀਂ ਵਸਦਾ ?

ਉ: ੫. ਹੇ ਭਰਾਵੋ ! ਅਸਲ ਕਾਰਣ ਤਾਂ ਇਹੋ ਹੈ ਕਿ ਉਸ ਦੇ ਹਿਰਦੇ ਵਿਚ ਖ਼ਾਲੀ ਥਾਂ ਨਹੀਂ, ਜਿਥੇ ਕਿ ਗੁਰੂ ਦਾ ਉਪਦੇਸ਼ ਟਿਕ ਸਕੇ, ਕਿਉਂਕਿ ਜਿਸ ਹਿਰਦੇ ਵਿਚ ਗੁਰੂ ਦਾ ਸ਼ਬਦ ਟਿਕਣਾ ਹੈ, ਉਥੇ ਕਾਮ, ਕ੍ਰੋਧ, ਲੋਭ ਆਦਿ ਵਿਕਾਰ ਬਲਵਾਨ ਵਸ ਰਹੇ ਹੁੰਦੇ ਹਨ, ਸੋ ਉਸ ਮੂਰਖ ਦਾ ਸਮਾਂ ਇਨ੍ਹਾਂ ਵਿਕਾਰਾਂ ਦੀ ਪੂਰਤੀ ਲਈ ਹੀ ਸਦਾ ਧੰਦੇ ਕਰਦਿਆਂ ਬੀਤਦਾ ਹੈ।

੬. ਹੇ ਭਰਾਵੋ ! ਇਸ ਤਰ੍ਹਾਂ ਚਲਦਿਆਂ-ਚਲਦਿਆਂ ਪੈਰ, (ਧੰਦੇ ਕਰਦਿਆਂ) ਹੱਥ, (ਦੇਖਦਿਆਂ) ਨੈਣ ਅਤੇ ਸੁਣਦਿਆਂ (ਕੰਨ ਥੱਕ ਗਏ, ਹੁਣ (ਉਮਰ ਦੇ) ਦਿਨ ਮੁੱਕ ਗਏ ਹਨ ਤੇ ਮਰਨ ਦੇ ਦਿਨ ਨੇੜੇ ਆ ਗਏ।

੭. ਸਰੀਰਕ ਦਸ਼ਾ ਮੂਰਖ ਦੀ ਇਹ ਹੋ ਗਈ ਹੈ, ਪਰ ਉਸ ਨੂੰ ਸੱਚਾ ਨਾਮ ਮਿੱਠਾ ਹੀ ਨਾ ਲੱਗਾ, ਜਿਸ ਨਾਮ ਦੁਆਰਾ ਉਹ ਨਵਨਿਧਾਂ ਰੂਪੀ ਵਾਹਿਗੁਰੂ ਪਾ ਲੈਂਦਾ।

ਪ੍ਰ: ਹਜ਼ੂਰ ! ਕੀ ਉਹ ਅਜਿਹਾ ਮੂਰਖ ਮਨੁੱਖ ਮੁਕਤਿ ਹੋਣ ਵਲੋਂ ਨਿਰਾਸ਼ ਹੋ ਜਾਵੇ, ਜਾਂ ਕਿਸੇ ਤਰ੍ਹਾਂ ਉਸ ਦੀ ਕਲਿਆਣ ਭੀ ਹੋ ਸਕਦੀ ਹੈ ?

ਉ: ੮. (ਹਾਂ, ਹੋ ਸਕਦੀ ਹੈ) ਹੇ ਪਿਆਰੇ ! ਜੇ ਕੋਈ ਅਜੇਹਾ ਮੂਰਖ ਮਨੁੱਖ ਭੀ ਜੀਉਂਦਾ ਮਰ ਜਾਵੇ ਤੇ ਮਰ ਕੇ ਫਿਰ ਜੀਵੇ ਤਾਂ ਫਿਰ ਉਹ ਭੀ ਮੁਕਤੀ ਪਾ ਸਕਦਾ ਹੈ, ਭਾਵ ਹੈ ਕਿ ਉਹ ਸੰਸਾਰ ਵਿਚ ਵਰਤਦਾ ਹੋਇਆ, ਸੰਸਾਰ ਵਲੋਂ ਮੁਰਦਾ ਹੋ ਜਾਵੇ, ਤਾਂ ਉਹ ਹਰੀ ਦੀ ਯਾਦ ਵਿਚ ਸੁਰਜੀਤ ਹੋ ਮੁਕਤੀ ਦੇ ਭੇਤ ਨੂੰ ਲੱਭ ਸਕਦਾ ਹੈ।

ਪ੍ਰ: ਸ੍ਰੀ ਜੀਉ ! ਤਾਂ ਫਿਰ ਇਹ ਦੱਸੋ ਕਿ ਉਹ ਇਹ ਬਖ਼ਸ਼ਸ਼ ਪ੍ਰਾਪਤ ਕਰਨ ਲਈ ਸਾਧਨ ਕਿਉਂ ਨਹੀਂ ਕਰਦਾ ?

ਉ: ੯. ਹੇ ਪਿਆਰੇ ! ਅਸਲ ਵਿਚ ਇਹ ਗੱਲ ਉਸ ਦੇ ਆਪਣੇ ਵਸ ਦੀ ਨਹੀਂ, ਕਿਉਂਕਿ ਜਿਸ ਪ੍ਰਾਣੀ ਨੇ ਧੁਰ ਰੱਬ ਵਲੋਂ ਹੀ ਬਖਸ਼ਸ਼ ਨਹੀਂ ਪਾਈ (ਦੱਸੋ ਉਹ) ਹੁਣ ਕਰਮਾਂ ਤੋਂ ਬਿਨਾ ਕੀ ਪਾਵੇ, ਭਾਵ ਪਾ ਹੀ ਨਹੀਂ ਸਕਦਾ।

ਪ੍ਰ: ਹੇ ਗੁਰੋ ! ਐਸੇ ਪ੍ਰਾਣੀ ਨੂੰ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

ਉ: ੧੦. ਹੇ ਭਰਾਵੋ ! ਅਸੀਂ ਤਾਂ ਉਸ ਨੂੰ ਇਹੋ ਕਹਾਂਗੇ ਕਿ ਹੇ ਮੂਰਖ ਮਨੁੱਖ ! ਤੂੰ ਗੁਰੂ ਦੇ ਸ਼ਬਦ ਨੂੰ ਹਿਰਦੇ ਅੰਦਰ ਸਾਂਭ ਲੈ, ਭਾਵ ਹਿਰਦੇ ਅੰਦਰ ਵਸਾ ਲੈ, ਇਸ ਤਰ੍ਹਾਂ ਤੂੰ ਸ਼ਬਦ ਦੀ ਕਮਾਈ ਦੁਆਰਾ ਮੁਕਤਿ ਹੋਣ ਦੀ ਸੋਝੀ ਪਾ ਲਵੇਂਗਾ, ਕਿਉਂਕਿ ਉੱਚੀ ਮਤਿ ਸ਼ਬਦ ਦੀ ਕਮਾਈ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ।

ਪ੍ਰ: ਹਜ਼ੂਰ ! ਸਤਿਗੁਰੂ ਨੂੰ ਪ੍ਰਾਪਤ ਕਰਨ ਲਈ ਭੀ ਤਾਂ ਕੋਈ ਸਾਧਨ ਹੋਵੇਗਾ ?

ਉ: ੧੧. (ਹਾਂ, ਜ਼ਰੂਰ ਹੈ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਆ ! ਤੂੰ ਸਤਿਗੁਰੂ ਨੂੰ ਵੀ ਤੱਦ ਹੀ ਪਾ ਸਕੇਂਗਾ, ਜਦੋਂ ਕਿ ਮਨ ਵਿਚੋਂ ਆਪਾ-ਭਾਵ, ਹੰਕਾਰ ਗਵਾ ਲਵੇਂਗਾ।੨।

ਪਉੜੀ ॥

੧. ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ
ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥
੨. ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸ ਨੋ
ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ ॥
੩. ਜਿਨਿ ਹਰਿ ਧਿਆਇਆ ਤਿਸ ਨੋ
ਸਰਬ ਕਲਿਆਣ ਹੋਏ ਨਿਤ ਸੰਤ ਜਨਾ ਕੀ
ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥
੪. ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ
ਸਭਿ ਜਨ ਕੇ ਬੰਧਨ ਤੋੜੀਐ ॥
੫. ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ
ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ ॥੪॥

ਪਦ ਅਰਥ : ਕਿਵ—ਕਿਉਂ ! ਨਿਮਖ—ਅੱਖ ਝਮਕਣ ਜਿਤਨਾ ਸਮਾਂ। ਕਲਿਆਣ—ਸੁੱਖ। ਮੁਹਿ ਡਿਠੈ—ਜੇ ਮੂੰਹ ਵੇਖੀਐ, ਦਰਸ਼ਨ ਕਰਦਿਆਂ।

ਅਰਥ :

ਪ੍ਰ: ਸਿਰੀ ਜੀਉ ! ਦੁਨੀਆ ਦਾ ਹਰ ਮਨੁੱਖ ਚਿੰਤਾਤਰ ਵੇਖੀਦਾ ਹੈ। ਕੀ ਕੋਈ ਐਸਾ ਮਨੁੱਖ ਭੀ ਹੈ, ਜਿਸ ਨੂੰ ਕੋਈ ਵੀ ਚਿੰਤਾ ਨਾ ਰਹਿ ਗਈ ਹੋਵੇ ?

ਉ: ੧. ਹਾਂ, ਜ਼ਰੂਰ ਹੈ, ਹੇ ਭਰਾਵੋ ! ਜਿਸ ਮਨੁੱਖ ਦੇ ਹਿਰਦੇ ਵਿਚ ਉਹ ਪਿਆਰਾ ਪ੍ਰਭੂ ਵਸ ਗਿਆ ਹੋਵੇ, ਉਸ ਨੂੰ ਕਿਸੇ ਗੱਲ ਦਾ ਫ਼ਿਕਰ ਕਿਉਂ ਕਰਨਾ ਚਾਹੀਦਾ ਹੈ, ਭਾਵ ਉਸ ਨੂੰ ਤਾਂ ਕਿਸੇ ਗੱਲ ਦੀ ਵੀ ਚਿੰਤਾ ਨਹੀਂ ਰਹਿ ਜਾਂਦੀ।

੨. ਹੇ ਪਿਆਰੇ ! ਉਹ ਮਾਲਕ ਪ੍ਰਭੂ ਹਰ ਤਰ੍ਹਾਂ ਦਾ ਸੁੱਖ ਦੇਣ ਵਾਲਾ ਹੈ। ਉਸ ਨੂੰ ਧਿਆਉਂਦਿਆਂ ਇਕ ਘੜੀ, ਇਕ ਪਲ ਭਰ ਵੀ ਮੂੰਹ ਨਹੀਂ ਮੋੜਨਾ ਚਾਹੀਦਾ।

੩. ਹੇ ਭਰਾਵੋ ! ਜਿਸ ਨੇ ਹਰੀ ਨੂੰ ਧਿਆਇਆ ਹੈ, ਉਸ ਨੂੰ ਸਾਰੇ ਸੁੱਖ ਪ੍ਰਾਪਤ ਹੋ ਗਏ, ਇਸ ਲਈ ਚਾਹੀਦਾ ਹੈ ਕਿ ਸਦਾ ਸੰਤ ਜਨਾਂ ਦੀ ਸੰਗਤ ਵਿਚ ਬੈਠੀਏ ਅਤੇ ਹਰ ਸਮੇਂ ਹੀ ਸਨਮੁਖ ਰਹੀਏ।

੪. ਹੇ ਪਿਆਰੇ ! ਹਰੀ ਸੇਵਕ ਦੇ ਇਸ ਤਰ੍ਹਾਂ ਸਾਰੇ ਹੀ ਦੁੱਖ, ਸਾਰੀਆਂ ਭੁੱਖਾਂ ਤੇ ਸਾਰੇ ਰੋਗ (ਸਮਝੋ) ਚਲੇ ਗਏ ਅਤੇ ਉਸ ਸੇਵਕ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ।

ਪ੍ਰ: ਹਜ਼ੂਰ ! ਅਜਿਹਾ ਭਗਤ ਹਰ ਇਕ ਕਿਉਂ ਨਹੀਂ ਬਣ ਜਾਂਦਾ ?

ਉ: ੫. ਹੇ ਭਾਈ ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਕਿਉਂਕਿ ਹਰੀ ਦੀ ਕਿਰਪਾ ਨਾਲ ਹੀ ਹਰੀ ਦਾ ਭਗਤ ਬਣ ਸਕੀਦਾ ਹੈ, ਸੋ ਹਰੀ ਭਗਤ ਪੁਰਖਾਂ ਦੇ ਮੂੰਹ ਡਿੱਠੇ ਭਾਵ ਦਰਸ਼ਨ ਕੀਤਿਆਂ ਸਾਰਾ ਜਗਤ ਤਰ ਜਾਏ, ਪਰ ਸੰਸਾਰ ਇਸ ਰਸਤੇ ਪੈਂਦਾ ਹੀ ਨਹੀਂ।੪।

ਭਾਵਾਰਥ : ਸਲੋਕ ਦੇ ਅਰੰਭ ਵਿਚ ਤਿੰਨਾਂ ਦੋਸ਼ਾਂ ਵਾਲੇ ਮਨੁੱਖ ਨੂੰ ਸੰਬੋਧਨ ਕੀਤਾ ਹੈ ਕਿ ਨਿਰਦੋਖ ਹੋਏ ਤੋਂ ਬਿਨਾ ਗੁਣ ਗਾਉਣ ਦਾ ਕੋਈ ਲਾਭ ਨਹੀਂ ਹੋ ਸਕੇਗਾ।

ਆਪਣੇ ਆਪ ਦੀ ਪਛਾਣ ਕੀਤੇ ਬਿਨਾ ਜੋ ਦੂਜਿਆਂ ਦੇ ਦੋਸ਼ਾਂ ਦੀ ਹੀ ਪੜਤਾਲ ਕਰਦਾ ਰਹਿੰਦਾ ਹੈ ਤੇ ਇਉਂ ਕਰਦਾ ਹਰ ਇਕ ਦਿਲ ਨੂੰ ਦੁਖੀ ਕਰਦਾ ਹੈ, ਉਹ ਅੰਤ ਨੂੰ ਜਮਾਂ ਦੀਆਂ ਚੋਟਾਂ ਖਾਵੇਗਾ। ਜਿਸ ਦੇ ਹਿਰਦੇ ਵਿਚ ਸੁਆਮੀ ਵਸ ਜਾਵੇ, ਉਸ ਹਿਰਦੇ ਵਿਚੋਂ ਸਾਰੀਆਂ ਚਿੰਤਾਵਾਂ ਤੇ ਸੰਸੇ ਮੁਕ ਜਾਂਦੇ ਹਨ, ਇਸ ਲਈ ਸਾਰਿਆਂ ਸੁੱਖਾਂ ਦੇ ਦਾਤੇ ਨੂੰ ਹਮੇਸ਼ਾ ਹੀ ਮਨ ਵਿਚ ਵਸਾਓ, ਤਾਂਕਿ ਤੁਸੀਂ ਇਸ ਜੀਵਨ ਨੂੰ ਸਫਲਾ ਕਰ ਕੇ, ਰੱਬੀ ਦਰਬਾਰ ਵਿਚ ਪੁੱਜ ਸਕੋ।

ਸਲੋਕ ਮਃ ੩ ॥

੧. ਸਾ ਰਸਨਾ ਜਲਿ ਜਾਉ
ਜਿਨਿ ਹਰਿ ਕਾ ਸੁਆਉ ਨ ਪਾਇਆ ॥
੨. ਨਾਨਕ ਰਸਨਾ ਸਬਦਿ ਰਸਾਇ
ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥

ਪਦ ਅਰਥ : ਰਸਨਾ—ਜੀਭ। ਸੁਆਉ—ਸੁਆਦ। ਰਸਾਇ—ਰਸ ਜਾਂਦੀ ਹੈ, ਭਿੱਜ ਜਾਂਦੀ ਹੈ। ਜਿਨੀ—ਜਿਸ ਜੀਭ ਨੇ।

ਅਰਥ :

ਪ੍ਰ: ਹੇ ਗੁਰੋ ! ਵੇਖੀਦਾ ਹੈ ਕਿ ਕਈ ਲੋਕ (ਜਿਸ ਜੀਭ ਨਾਲ ਹਰੀ ਦਾ ਨਾਮ ਜਪਣਾ ਹੈ) ਉਹ ਨਾਮ ਨੂੰ ਛੱਡ ਕੇ ਦਿਨੇ ਰਾਤ ਫਿਕੇ ਬਚਨ ਬੋਲਣ ਤੇ ਨਿੰਦਾ ਕਰਨ ਵਿਚ ਹੀ ਗੁਜ਼ਾਰੀ ਜਾਂਦੇ ਹਨ। ਕੀ ਆਪ ਉਸ ਜੀਭ ਨੂੰ ਦੋਸ਼ਨ ਠਹਿਰਾ ਕੇ ਸਜ਼ਾ ਦੀ ਹੱਕਦਾਰ ਸਮਝਦੇ ਹੋ ?

ਉ: ੧. ਹਾਂ ਜ਼ਰੂਰ ! ਹੇ ਭਾਈਓ ! ਅਸੀਂ ਤਾਂ ਇਉਂ ਸਮਝਦੇ ਹਾਂ ਕਿ ਉਹ ਦੋਸ਼ਨ ਜੀਭ ਸੜ ਹੀ ਜਾਵੇ, ਜਿਸ ਨੇ ਕਿ ਹਰੀ ਦੇ ਨਾਮ ਦਾ ਸੁਆਦ ਨਹੀਂ ਚਖਿਆ, ਭਾਵ ਉਹ ਜੀਭ ਜੋ ਹਰੀ ਦਾ ਜੱਸ ਕਰਨ ਵਲੋਂ ਸਖਣੀ ਹੈ, ਉਹ ਕਿਸੇ ਭੀ ਕੰਮ ਦੀ ਨਹੀਂ।

ਪ੍ਰ: ਹਜ਼ੂਰ ! ਤਾਂ ਫਿਰ ਕਰਨਾ ਕੀ ਚਾਹੀਦਾ ਹੈ ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਜਿਨ੍ਹਾਂ ਨੇ ਹਰੀ ਹਰਿ ਨਾਮ ਨੂੰ ਮਨ ਵਿਚ ਵਸਾਇਆ ਹੈ, (ਉਨ੍ਹਾਂ ਨੂੰ ਮਿਲ ਕੇ) (ਆਪਣੀ) ਰਸਨਾ ਨੂੰ ਸ਼ਬਦ ਦਾ ਰਸੀਆ ਬਣਾਓ।੧।

ਮ: ੩ ॥

੧. ਸਾ ਰਸਨਾ ਜਲਿ ਜਾਉ
ਜਿਨਿ ਹਰਿ ਕਾ ਨਾਉ ਵਿਸਾਰਿਆ ॥
੨. ਨਾਨਕ ਗੁਰਮੁਖਿ ਰਸਨਾ ਹਰਿ ਜਪੈ
ਹਰਿ ਕੈ ਨਾਇ ਪਿਆਰਿਆ ॥੨॥

ਅਰਥ :

੧. ਐ ਪਿਆਰਿਓ ! ਉਹ ਅਜਿਹੀ ਰਸਨਾ ਤਾਂ ਸੜ ਹੀ ਜਾਵੇ, ਜਿਸ ਜੀਭ ਨੇ ਹਰੀ ਦੇ ਨਾਮ ਨੂੰ (ਉੱਕਾ ਹੀ) ਵਿਸਾਰ ਹੀ ਛੱਡਿਆ ਹੈ।

ਪ੍ਰ: ਹੇ ਗੁਰੋ ! ਤਾਂ ਫਿਰ ਆਪ ਕਿਸ ਰਸਨਾ ਨੂੰ ਸਫਲੀ ਕਹਿੰਦੇ ਹੋ ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਰਾਵੋ ! (ਅਸਲ ਵਿਚ) ਤਾਂ ਜੋ ਮਨੁੱਖ ਸਤਿਗੁਰੂ ਜੀ ਦੇ ਸਨਮੁਖ ਰਹਿਣ ਵਾਲਾ ਹੈ, ਉਸ ਦੀ (ਜੀਭ ਹੀ) ਹਰੀ ਦਾ ਨਾਮ ਜਪਦੀ ਹੈ ਅਤੇ ਹਰੀ ਦੇ ਨਾਮ ਨਾਲ ਹੀ ਪਿਆਰ ਕਰਦੀ ਹੈ। (ਉਸੇ ਰਸਨਾ ਨੂੰ ਹੀ ਸਫਲ ਜਾਣੋ)।੨।

ਪਉੜੀ ॥

੧. ਹਰਿ ਆਪੇ ਠਾਕੁਰੁ ਸੇਵਕੁ ਭਗਤੁ
ਹਰਿ ਆਪੇ ਕਰੇ ਕਰਾਏ ॥
੨. ਹਰਿ ਆਪੇ ਵੇਖੈ ਵਿਗਸੈ ਆਪੇ
ਜਿਤੁ ਭਾਵੈ ਤਿਤੁ ਲਾਏ ॥
੩. ਹਰਿ ਇਕਨਾ ਮਾਰਗਿ ਪਾਏ ਆਪੇ
ਹਰਿ ਇਕਨਾ ਉਝੜਿ ਪਾਏ ॥
੪. ਹਰਿ ਸਚਾ ਸਾਹਿਬੁ ਸਚੁ ਤਪਾਵਸੁ
ਕਰਿ ਵੇਖੈ ਚਲਤ ਸਬਾਏ ॥

੫. ਗੁਰ ਪਰਸਾਦਿ ਕਹੈ ਜਨੁ ਨਾਨਕੁ
ਹਰਿ ਸਚੇ ਕੇ ਗੁਣ ਗਾਏ ॥੫॥

ਪਦ ਅਰਥ : ਵਿਗਸੈ—ਖ਼ੁਸ਼ ਹੁੰਦਾ ਹੈ। ਜਿਤੁ—ਜਿਧਰ। ਮਾਰਗਿ—ਸਿਧੇ ਰਾਹ 'ਤੇ। ਉਝੜਿ—ਕੁਰਾਹੇ।

ਅਰਥ :

ਪ੍ਰ: ਹਜ਼ੂਰ! ਜਿਸ ਮਨੁੱਖ ਦੀ ਰਸਨਾ ਸਦੀਵੀ ਕਾਲ ਨਾਮ ਰਸ ਵਿਚ ਹੀ ਰਤੀ ਰਹਿੰਦੀ ਹੈ, ਕੀ ਉਸ ਦੀ ਦ੍ਰਿਸ਼ਟੀ ਵਿਚ ਭੀ ਕੋਈ ਬਦਲੀ ਆ ਜਾਂਦੀ ਹੈ?

ਉ: ੧. (ਹਾਂ ਜ਼ਰੂਰ) ਹੇ ਭਾਈਓ! ਉਹ ਤਾਂ ਜਿਧਰ ਭੀ ਨਜ਼ਰ ਮਾਰਦਾ ਹੈ, ਉਸ ਨੂੰ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਉਹ ਹਰੀ ਆਪ ਹੀ ਠਾਕਰ (ਪੂਜਾ ਕਰਨ ਯੋਗ) ਹੈ। (ਆਪੇ ਹੀ ਸੇਵਾ ਕਰਨੇ ਵਾਲਾ) ਸੇਵਕ ਜਗਯਾਸੂ ਹੈ ਤੇ ਆਪੇ ਹੀ ਪੂਰਨਤਾ ਵਿਚ ਪੁੱਜਾ ਹੋਇਆ ਭਗਤ ਹੈ ਤੇ ਉਹੋ ਹਰੀ ਆਪੇ ਹੀ ਸਭੋ ਕੁਝ ਕਰਨ ਵਾਲਾ ਹੈ ਅਤੇ ਆਪੇ ਹੀ ਕਰਾਉਣ ਵਾਲਾ ਹੈ।

੨. ਤੇ ਉਹ ਹਰੀ ਨੂੰ ਆਪ ਹੀ ਵੇਖਣ ਵਾਲਾ ਸਮਝਦਾ ਹੈ ਅਤੇ ਉਹ ਆਪੇ ਹੀ ਹਰੀ ਨੂੰ ਖ਼ੁਸ਼ ਹੁੰਦਾ ਤੱਕਦਾ ਹੈ, (ਉਸ ਨੂੰ ਇਉਂ ਹੀ ਪ੍ਰਤੀਤ ਹੁੰਦਾ ਹੈ) ਕਿ ਹਰੀ ਜੀਵਾਂ ਨੂੰ ਜਿਧਰ ਭਾਵੇ ਉਧਰ ਆਪ ਹੀ ਲਾਉਂਦਾ ਹੈ।

੩. (ਉਹ ਸਮਝਦਾ ਹੈ ਕਿ) ਉਹ ਹਰੀ ਆਪ ਹੀ ਇਕਨਾਂ ਨੂੰ ਆਪ ਹੀ ਰਸਤੇ ਪਾਉਂਦਾ ਹੈ ਅਤੇ ਉਹੋ ਹਰੀ ਇਕਨਾਂ ਨੂੰ ਆਪੇ ਕੁਰਾਹੇ ਪਾ ਦੇਂਦਾ ਹੈ।

੪. ਉਹ ਹਰੀ ਆਪ ਸੱਚਾ ਹੈ ਤੇ ਉਸ ਦਾ ਨਿਆਉਂ ਵੀ ਸੱਚਾ ਹੈ। ਉਹ ਸਾਰੇ ਹੀ ਖੇਲ ਕਰ ਕਰ ਕੇ ਵੇਖਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! (ਇਸ ਜੀਵ ਨੂੰ ਚਾਹੀਦਾ ਹੈ ਕਿ ਰਸਨਾ ਨਾਲ ਹਰ ਵਕਤ ਉਸ) ਸੱਚੇ ਹਰੀ ਦੇ ਹੀ ਗੁਣ ਗਾਉਂਦਾ ਰਵੇ।੫।

ਭਾਵਾਰਥ : ਸਲੋਕ ਅਤੇ ਮਹਲੇ ਵਿਚ ਹਜ਼ੂਰ ਜੀ ਨੇ ਉਸ ਰਸਨਾ ਨੂੰ ਜੋ ਕਿ ਨਾਮ ਰਸ ਪ੍ਰਾਪਤ ਕਰਨ ਵਲੋਂ ਸਖਣੀ ਹੈ, ਉਸ ਨੂੰ ਨਿੰਦਿਆ ਹੈ, ਇਥੋਂ ਤਕ ਕਿ ਉਸ ਨੂੰ ਬਾਲਣ ਵਾਲੀ ਲੱਕੜੀ ਦੀ ਤੁਲਨਾ ਦਿੱਤੀ ਹੈ। ਪਉੜੀ ਵਿਚ ਸਾਈਂ ਜੀ ਦੇ ਭਗਤਾਂ ਦੀ ਦਿੱਬ ਦ੍ਰਿਸ਼ਟੀ ਵਿਖਾਈ ਹੈ ਕਿ ਉਨ੍ਹਾਂ ਨੂੰ ਹਰ ਥਾਂ ਸਾਈਂ ਜੀ ਹੀ ਵਿਆਪਕ ਨਜ਼ਰ ਆਉਂਦਾ ਹੈ।

ਸਲੋਕ ਮਃ ੩ ॥

੧. ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥
੨. ਜੇ ਘਰਿ ਘਰਿ ਹੰਢੈ ਮੰਗਦਾ
ਧਿਗੁ ਜੀਵਣੁ ਧਿਗੁ ਵੇਸੁ ॥
੩. ਜੇ ਆਸਾ ਅੰਦੇਸਾ ਤਜਿ ਰਹੈ
ਗੁਰਮੁਖਿ ਭਿਖਿਆ ਨਾਉ ॥
੪. ਤਿਸ ਕੇ ਚਰਨ ਪਖਾਲੀਅਹਿ
ਨਾਨਕ ਹਉ ਬਲਿਹਾਰੈ ਜਾਉ ॥੧॥

ਪਦ ਅਰਥ : ਕੋ—ਕੋਈ। ਹੰਢੈ—ਫਿਰੇ। ਧਿਗੁ—ਫਿਟਕਾਰ ਜੋਗ। ਵੇਸੁ—(ਫ਼ਕੀਰੀ) ਪਹਿਰਾਵਾ।

ਅਰਥ :

ਪ੍ਰ: ਹੇ ਗੁਰੋ! ਜਗਤ ਵਿਚ ਜਿਤਨੇ ਭੀ ਲੋਕ ਫ਼ਕੀਰੀ ਲਿਬਾਸ ਧਾਰ ਕੇ ਘਰਾਂ-ਘਰਾਂ ਵਿਚ ਮੰਗਦੇ ਫਿਰ ਰਹੇ ਹਨ, ਕੀ ਇਹ ਸਾਰੇ ਹੀ ਸੱਚੇ ਫ਼ਕੀਰ ਹਨ? ਕੀ ਇਹ ਸਾਰੇ ਰੱਬੀ ਦਰਬਾਰ ਵਿਚ ਕਬੂਲੇ ਜਾਣਗੇ?

ਉ: ੧. (ਨਹੀਂ) ਹੇ ਭਾਈਓ! (ਇਨ੍ਹਾਂ ਸਾਰੇ ਫ਼ਕੀਰੀ ਦੇ ਲਿਬਾਸ ਵਿਚ ਫਿਰਨ ਵਾਲਿਆਂ ਵਿਚੋਂ) ਤਾਂ ਕੋਈ ਵਿਰਲਾ ਹੀ ਸੱਚਾ ਫ਼ਕੀਰ ਹੈ, ਜੋ ਕਿ ਇਸ ਫ਼ਕੀਰੀ ਲਿਬਾਸ ਦੇ ਸਹੀ ਆਦਰਸ਼ ਨੂੰ ਸਮਝਦਾ ਹੋਵੇ ਕਿ ਫ਼ਕੀਰੀ ਕੀ ਸ਼ੈਅ ਹੈ।

੨. ਜੋ ਫ਼ਕੀਰ ਹੋ ਕੇ ਘਰਾਂ ਵਿਚ ਮੰਗਦਾ ਫਿਰੇ, ਉਸ ਦੇ ਜੀਉਣ ਨੂੰ ਤਾਂ ਫਿਟਕਾਰ ਹੈ ਅਤੇ ਉਸ ਦੇ ਫ਼ਕੀਰੀ ਜਾਮੇਂ ਨੂੰ ਧ੍ਰਿਕਾਰ ਹੈ।

ਪ੍ਰ: ਹਜ਼ੂਰ! ਫਿਰ ਆਪ ਕਿਸ ਨੂੰ ਸਹੀ ਦਰਵੇਸ਼ ਮੰਨਦੇ ਹੋ?

ਉ: ੩. ਹੇ ਪਿਆਰੇ! ਜੇ ਕੋਈ ਦਰਵੇਸ਼ ਹੋ ਕੇ ਆਸਾ ਤੇ ਚਿੰਤਾ ਨੂੰ ਛੱਡ ਦੇਵੇ ਤੇ ਸਤਿਗੁਰੂ ਦੇ ਸਨਮੁਖ ਰਹਿ ਕੇ (ਗੁਰੂ ਤੋਂ) ਨਾਮ ਦੀ ਹੀ ਭਿਖਿਆ ਮੰਗੇ, (ਅਸਲ ਵਿਚ ਸਹੀ ਫ਼ਕੀਰ ਉਸੇ ਨੂੰ ਹੀ ਕਿਹਾ ਜਾ ਸਕਦਾ ਹੈ)।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਉਸ ਫ਼ਕੀਰ ਤੋਂ (ਸਦਾ ਹੀ) ਸਦਕੇ ਹਾਂ। ਉਸ ਦੇ ਤਾਂ (ਸਦਾ ਹੀ) ਚਰਨ ਧੋਣੇ ਚਾਹੀਦੇ ਹਨ।੧।

ਮਃ ੩ ॥

੧. ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥
੨. ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥
੩. ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ ॥
੪. ਹਰਿ ਰਸਿ ਫਲਿ ਰਾਤੇ ਨਾਨਕਾ
ਕਰਮਿ ਸਚਾ ਨੀਸਾਣੁ ॥੨॥

ਪਦ ਅਰਥ : ਤਰਵਰੁ—ਸਰੇਸ਼ਟ ਰੁੱਖ, ਬ੍ਰਿਛ। ਪੰਖੇਰੂ—ਪੰਛੀ। ਪਰ—ਖੰਭ। ਨਿਰਬਾਣੁ—ਅਤੀਤ, ਵਾਸਨਾ ਰਹਿਤ, ਨਿਰਚਾਹ। ਰਸਿ—ਰਸ ਵਿਚ। ਨੀਸਾਣੁ—ਨਿਸ਼ਾਨ, ਟਿੱਕਾ, ਚਿੰਨ੍ਹ, ਠੱਪਾ। ਕਰਮਿ—ਬਖ਼ਸ਼ਸ਼ ਦੀ ਰਾਹੀਂ, ਮਿਹਰ, ਫ਼ਜ਼ਲ।

ਅਰਥ :

ਪ੍ਰ: ਹੇ ਗੁਰੋ! ਇਸ ਸਰੀਰ ਅੰਦਰ ਜੋ ਜੀਵਾਤਮਾ ਹੈ, ਇਹ ਕਿੱਥੋਂ ਆਉਂਦੀ ਹੈ ਤੇ ਅੰਤ ਨੂੰ ਕਿੱਥੇ ਜਾ ਸਮਾਉਂਦੀ ਹੈ? ਕਿਰਪਾ ਕਰ ਕੇ ਇਹ ਗੱਲ ਕਿਸੇ ਸੁਖੈਨ ਢੰਗ ਨਾਲ ਸਮਝਾਇਓ।

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਇਹ (ਸਰੀਰ ਮਾਨੋਂ) ਇਕ ਤਰ੍ਹਾਂ ਦਾ ਬ੍ਰਿਛ ਹੈ। ਇਸ ਨੂੰ ਹਰੀ ਰਸ ਰੂਪੀ ਇਕ ਫਲ ਲੱਗਾ ਹੋਇਆ ਹੈ। ਇਸ ਉਪਰ ਦੋ ਕਿਸਮ ਦੇ ਪੰਛੀ ਬੈਠੇ ਹਨ, ਭਾਵ ਗੁਰਮੁਖ ਤੇ ਮਨਮੁਖ ਰੂਪੀ ਦੋ ਪੰਛੀ ਹਨ।

੨. ਪਰ ਇਹ ਦੋਵੇਂ ਪੰਛੀ ਆਉਂਦੇ ਜਾਂਦੇ ਦਿੱਸਦੇ ਨਹੀਂ ਅਤੇ ਨਾ ਹੀ ਇਨ੍ਹਾਂ ਦੇ ਖੰਭ ਹਨ। ਭਾਵ ਇਹ ਨਹੀਂ ਪਤਾ ਲੱਗਦਾ ਕਿ ਇਹ ਗੁਰਮੁਖ ਤੇ ਮਨਮੁਖ ਵਿਚ ਵਸ ਰਹੇ ਜੀਵਾਤਮਾ ਰੂਪੀ ਪੰਛੀ ਕਿਧਰੋਂ ਆਉਂਦੇ ਹਨ ਤੇ ਅੰਤ ਨੂੰ ਕਿਧਰ ਚਲੇ ਜਾਂਦੇ ਹਨ।

ਪ੍ਰ: ਹਜ਼ੂਰ! ਆਪ ਜੀ ਇਸ ਭੇਤ ਨੂੰ ਸਮਝਣ ਲਈ ਕੁਝ ਸੋਝੀ ਤਾਂ ਦਿਓ।

ਉ: ੩. ਹੇ ਭਾਈ! ਇਉਂ ਹੀ ਕਹਿ ਸਕਦੇ ਹਾਂ ਕਿ ਇਕ ਉਹ ਪੰਛੀ ਹੈ ਜੋ ਬਹੁਤੇ ਰੰਗਾਂ ਦੇ ਰਸਾਂ ਨੂੰ ਭੋਗਣ ਵਾਲਾ ਹੈ, ਭਾਵ ਮਨਮੁਖ ਬਹੁਤੇ ਭੋਗਾਂ ਦੇ ਸੁਆਦ ਲੈਣ ਵਿਚ ਲੱਗਾ ਰਹਿੰਦਾ ਹੈ ਅਤੇ ਜੋ ਦੂਜੇ ਗੁਰਮੁਖ ਨਿਰ-ਚਾਹ ਪੰਛੀ ਹੈ, ਉਹ ਸ਼ਬਦ ਦੁਆਰਾ ਇਨ੍ਹਾਂ ਰਸਾਂ ਦੇ ਭੋਗਾਂ ਤੋਂ ਅਤੀਤ ਰਹਿੰਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਸ ਗੁਰਮੁਖ ਦੀ ਜੀਵਾਤਮਾ ਹਰੀ ਰਸ ਰੂਪੀ ਫਲ ਵਿਚ ਰਤੇ ਰਹਿਆਂ, ਅਕਾਲ ਪੁਰਖ ਦੀ ਮਿਹਰ ਦੁਆਰਾ, (ਉਸ ਦੇ ਮੱਥੇ ਉੱਤੇ) ਸੱਚਾ ਟਿੱਕਾ ਹੈ। ਉਹ ਨਾਮ ਰਸ ਦੇ ਸੁਆਦ ਵਿਚ ਮਸਤ ਹਨ, ਭਾਵ ਉਸ ਉੱਤੇ 'ਸੱਚਾ ਨਿਸ਼ਾਨ' ਰੱਬ ਦੇ ਫ਼ਜ਼ਲ ਦਾ ਪੈ ਜਾਂਦਾ ਹੈ।੨।

ਪਉੜੀ ॥

੧. ਆਪੇ ਧਰਤੀ ਆਪੇ ਹੈ ਰਾਹਕੁ
ਆਪਿ ਜੰਮਾਇ ਪੀਸਾਵੈ ॥
੨. ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ
ਆਪੇ ਹੀ ਬਹਿ ਖਾਵੈ ॥
੩. ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ ॥
੪. ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ ॥
੫. ਜਿਸ ਨੋ ਕਿਰਪਾਲੁ ਹੋਵੈ ਹਰਿ
ਆਪੇ ਤਿਸ ਨੋ ਹੁਕਮੁ ਮਨਾਵੈ ॥੩॥

ਪਦ ਅਰਥ : ਛਿੰਗਾ—ਦੰਦਾਂ ਵਿਚ ਫਸਿਆ ਹੋਇਆ ਅੰਨ ਕੱਢਣ ਵਾਲੀ ਸੂਈ। ਰਾਹਕੁ—ਜ਼ਮੀਨ ਗਾਹੁਣ ਵਾਲਾ ਕਿਰਸਾਨ, ਵਾਹਕ। ਵਿਦਾ ਕਰਾਵੈ—ਤੋਰ ਦੇਂਦਾ ਹੈ, ਰੁਖ਼ਸਤ ਕਰਦਾ ਹੈ।

ਅਰਥ :

ਪ੍ਰ: ਹੇ ਗੁਰੋ! ਆਪ ਜੀ ਪਿਛਲੇ ਮਹਲੇ ਵਿਚ ਇਹ ਕਹਿ ਆਏ ਹੋ ਕਿ ਗੁਰਮੁਖ ਨਾਮ ਦੇ ਰਸ (ਰੂਪ) ਫਲ ਦੇ ਸੁਆਦ ਵਿਚ ਮਸਤ ਰਹਿੰਦੇ ਹਨ, ਆਖ਼ਰ ਉਨ੍ਹਾਂ ਨਾਮ-ਰਸੀਆਂ ਦੀ ਮਾਨਸਕ ਦ੍ਰਿਸ਼ਟੀ ਕਿਹੋ ਜਿਹੀ ਹੋ ਜਾਂਦੀ ਹੈ?

ਉ: ੧. ਹੇ ਸੱਜਨੋ! ਉਸ ਦੀ ਐਸੀ ਸਮਦ੍ਰਿਸ਼ਟੀ ਹੋ ਜਾਂਦੀ ਹੈ ਕਿ ਉਹ ਜਿਧਰ ਭੀ ਨਜ਼ਰ ਮਾਰਦਾ ਹੈ, ਉਸ ਨੂੰ ਇਉਂ ਹੀ ਦਿੱਸਦਾ ਹੈ ਕਿ ਉਹ ਪ੍ਰਭੂ ਆਪ ਹੀ ਧਰਤੀ ਹੈ, ਆਪ ਹੀ (ਧਰਤੀ ਨੂੰ ਵਾਹੁਣ ਬੀਜਣ ਵਾਲਾ) ਰਾਹਕ ਹੈ, ਆਪ ਹੀ (ਬੀਜੀ ਹੋਈ ਖੇਤੀ ਨੂੰ) ਉਗਾਉਂਦਾ ਤੇ ਗਾਹੁੰਦਾ, ਬੋਹਲ ਲਾਉਂਦਾ ਤੇ ਫਿਰ ਚੱਕੀ ਵਿਚ ਪਿਸਾਉਂਦਾ ਹੈ।

੨. (ਉਸ ਪੀਸੇ ਆਟੇ ਤੋਂ) ਆਪੇ ਰੋਟੀ ਪਕਾਉਂਦਾ, ਆਪੇ ਭਾਂਡੇ ਦੇਂਦਾ, (ਉਨ੍ਹਾਂ ਵਿਚ ਭੋਜਨ) ਪਰੋਸਦਾ ਤੇ ਆਪੇ ਹੀ ਬਹਿ ਕੇ ਖਾਂਦਾ ਹੈ।

੩. ਆਪੇ ਜਲੁ (ਦਿੰਦਾ), ਆਪੇ ਹੀ (ਭੋਜਨ ਛੱਕ ਚੁਕਣ ਪਿੱਛੋਂ) ਛਿੰਗਾ ਦੇਂਦਾ ਤੇ ਆਪੇ ਹੀ ਚੁਲੇ ਕਰਾਉਂਦਾ ਹੈ।

੪. ਆਪੇ ਹੀ ਸੰਗਤ ਨੂੰ ਸਦ ਬਹਾਉਂਦਾ ਤੇ ਆਪੇ ਹੀ ਵਿਦਾ ਕਰਾਉਂਦਾ ਹੈ।

ਪ੍ਰ: ਹਜ਼ੂਰ! ਜੇ ਅਸਲੀਅਤ ਇਹੋ ਹੀ ਹੈ ਤਾਂ ਇਸ ਗੱਲ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਸਮਝ ਸਕਦੇ?

ਉ: ੫. ਹੇ ਭਾਈਓ! ਜਿਸ ਉੱਤੇ ਉਹ ਪ੍ਰਭੂ ਆਪ ਹੀ ਦਇਆਵਾਨ ਹੁੰਦਾ ਹੈ, ਉਸ ਨੂੰ ਇਹ ਆਪਣੀ ਰਜ਼ਾ (ਕਿ ਹਰ ਪ੍ਰਾਣੀ ਮਾਤ੍ਰ ਵਿਚ ਉਹੋ ਆਪ ਵਸ ਰਿਹਾ ਹੈ) ਮਿੱਠੀ ਕਰ ਕੇ ਮਨਾਉਂਦਾ ਹੈ।੬।

ਭਾਵਾਰਥ : ਹਜ਼ੂਰ ਸਲੋਕ ਵਿਚ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਉਸ ਪ੍ਰਭੂ ਦੇ ਦਰ 'ਤੇ ਲਟਕਿਆਂ ਕੋਈ ਫ਼ਕੀਰ ਹੀ ਜਾਣਦਾ ਹੈ ਕਿ ਸਹੀ ਫ਼ਕੀਰੀ ਕੀ ਸ਼ੈਅ ਹੈ। ਦਰ-ਦਰ 'ਤੇ ਟੁਕੜੇ ਮੰਗਣ ਵਾਲੇ ਦਾ ਤਾਂ ਜਨਮ ਤੇ ਫ਼ਕੀਰੀ ਲਿਬਾਸ ਫਿਟਕਾਰ ਜੋਗ ਹੈ।

ਸਰੀਰ ਰੂਪੀ ਬ੍ਰਿਛ ਨੂੰ ਦੋ ਫਲ ਲੱਗਦੇ ਦਸ ਕੇ ਗੁਰਮੁਖਾਂ ਨੂੰ ਨਾਮ ਰਸ ਰੂਪੀ ਫਲ ਦੀ ਪ੍ਰਾਪਤੀ ਹੋਈ ਦਰਸਾਈ ਹੈ।

ਪਉੜੀ ਵਿਚ ਹਰ ਸ਼ੈਅ ਵਿਚ ਉਸੇ ਸਾਈਂ ਜੀ ਦਾ ਨਿਵਾਸ ਹੈ, ਪਰ ਇਹ ਨਜ਼ਰ ਉਨ੍ਹਾਂ ਦੀ ਹੋਇਆ ਕਰਦੀ ਹੈ, ਜਿਨ੍ਹਾਂ ਉੱਤੇ ਉਸ ਦਇਆਵਾਨ ਸਾਈਂ ਜੀ ਦੀ ਦਇਆ ਦ੍ਰਿਸ਼ਟੀ ਹੁੰਦੀ ਹੈ।

ਸਲੋਕ ਮ: ੩ ॥

੧. ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥
੨. ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
੩. ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥
੪. ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥

ਪਦ ਅਰਥ : ਕਲਤ੍ਰ—ਇਸਤ੍ਰੀ। ਧੰਧੁ—ਝੰਬੇਲਾ। ਅੰਧੁ—ਅੰਨ੍ਹਾ ਮਨੁੱਖ।

ਅਰਥ :

ਪ੍ਰ: ਹੇ ਗੁਰੋ! ਕੀ ਕਰਮ ਧਰਮ ਜਾਂ ਪਾਪ ਪੁੰਨ ਕੀਤਿਆਂ ਜਨਮ ਮਰਣ ਤੋਂ ਛੁਟਕਾਰਾ ਨਹੀਂ ਹੋ ਸਕਦਾ?

ਉ: ੧. ਹੇ ਭਾਈਓ! ਜੇ ਸਾਈਂ ਜੀ ਦੇ ਨਾਮ ਸਿਮਰਨ ਤੋਂ ਵਾਂਝਿਆਂ ਰਹਿ ਕੇ ਹੋਰ ਸਾਰੇ ਹੀ ਕਰਮ ਕਾਂਡ ਕਰਦੇ ਰਹੀਏ, ਤਾਂ ਇਹ ਸਾਰੇ ਹੀ ਕਰਮ ਧਰਮ ਜੀਵ ਨੂੰ ਬੰਧਨ ਰੂਪ ਹਨ, (ਕਿਉਂਕਿ) ਇਨ੍ਹਾਂ ਦੇ ਕਰਨ ਨਾਲ ਜੀਵ ਦਾ ਪਾਪ ਪੁੰਨ ਨਾਲ ਸੰਬੰਧ ਬਣਿਆ ਰਹਿੰਦਾ ਹੈ। ਉਹ ਕਰਮ ਭਾਵੇਂ ਚੰਗੇ ਹਨ ਭਾਵੇਂ ਮੰਦੇ, ਇਹ ਸਭੇ ਹੀ ਸੰਸਾਰ ਨਾਲ ਜੋੜੀ ਰੱਖਣ ਦਾ ਵਸੀਲਾ ਹਨ, ਭਾਵ ਹੈ ਕਿ ਕਰਮ ਕਾਂਡ ਜਾਂ ਪਾਪ ਪੁੰਨ ਕਰਦੇ ਰਹਿਣ ਨਾਲ ਜਨਮ ਮਰਨ ਵਲੋਂ ਛੁਟਕਾਰਾ ਨਹੀਂ ਹੋ ਸਕਦਾ, ਕਿਉਂਕਿ ਇਹ ਸਾਰੇ ਕਰਮ ਧਰਮ ਹਉਂ ਆਸਰਿਤ ਕਰੀਦੇ ਹਨ।

ਪ੍ਰ: ਹੇ ਗੁਰੋ! ਪ੍ਰਵਾਰ ਵਿਚ ਰਹਿੰਦਿਆਂ ਜੇ ਮੋਹ ਮਮਤਾ ਨਾ ਕੀਤੀ ਜਾਏ ਤਾਂ ਪ੍ਰਵਾਰ ਦੀ ਪਾਲਨਾ ਨਹੀਂ ਹੋ ਸਕਦੀ, ਦੱਸੋ ਕੀ ਕੀਤਾ ਜਾਏ?

ਉ: ੨. ਹੇ ਭਾਈਓ! (ਜੇਕਰ ਜਲ ਵਿਚ ਰਹਿਣ ਵਾਲੇ ਕਵਲ ਵਾਂਗ ਪ੍ਰਵਾਰ ਅੰਦਰ ਨਿਰਲੇਪ ਜੀਵਨ ਗੁਜ਼ਾਰਿਆ ਜਾਏ ਤਾਂ ਠੀਕ ਹੈ) ਨਹੀਂ ਤਾਂ ਇਹ ਮੋਹ ਮਮਤਾ ਵੀ ਬੰਧਨ ਰੂਪ ਹਨ, ਪੁੱਤ੍ਰ ਤੇ ਇਸਤ੍ਰੀ (ਇਨ੍ਹਾਂ ਦਾ ਪਿਆਰ ਭੀ) ਇਕ ਉਲਝਾਉ ਤੇ ਦੁੱਖ ਰੂਪ, ਕਸ਼ਟ ਦਾ ਕਾਰਣ ਹੈ ਤੇ ਪਿਟਣਾ ਰੂਪ ਹਨ।

੩. ਹੇ ਪਿਆਰੇ! ਮੈਂ ਤਾਂ ਜਿਧਰ ਭੀ ਨਜ਼ਰ ਮਾਰਾਂ, ਭਾਵ ਜਿਧਰ ਭੀ ਦੇਖਦਾ ਹਾਂ, ਉਧਰ ਹੀ ਮਾਇਆ ਦੇ ਮੋਹ ਦੀ ਜੇਵੜੀ ਹੈ, (ਕਿਉਂਕਿ) ਸਭ ਦਾ ਮੇਲ ਮਾਇਆ ਦਾ ਹੀ ਮੇਲ ਹੈ।

ਪ੍ਰ: ਕਿਉਂ ਜੀ! ਆਖ਼ਰ ਤੁਸਾਂ ਦਾ ਆਪਣਾ ਵੀਚਾਰ ਕੀ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੈਂ ਤਾਂ ਇਹੋ ਹੀ ਵੀਚਾਰ ਕੀਤੀ ਹੈ ਕਿ ਉਸ ਸੱਚੇ ਸਾਈਂ ਜੀ ਦੇ ਨਾਮ ਤੋਂ ਬਿਨਾ ਇਹ ਸਾਰਾ ਜਗਤ (ਮਾਇਆ ਦੀ) ਅੰਨ੍ਹੀ ਵਰਤਣ ਵਿਚ ਵਰਤ ਰਿਹਾ ਹੈ।੧।

ਮ: ੪ ॥

੧. ਅੰਧੇ ਚਾਨਣੁ ਤਾ ਥੀਐ
ਜਾ ਸਤਿਗੁਰੁ ਮਿਲੈ ਰਜਾਇ ॥
੨. ਬੰਧਨ ਤੋੜੈ ਸਚਿ ਵਸੈ
ਅਗਿਆਨੁ ਅਧੇਰਾ ਜਾਇ ॥
੩. ਸਭੁ ਕਿਛੁ ਦੇਖੈ ਤਿਸੈ ਕਾ
ਜਿਨਿ ਕੀਆ ਤਨੁ ਸਾਜਿ ॥
੪. ਨਾਨਕ ਸਰਣਿ ਕਰਤਾਰ ਕੀ
ਕਰਤਾ ਰਾਖੈ ਲਾਜ ॥੨॥

ਪਦ ਅਰਥ : ਥੀਐ—ਹੁੰਦਾ ਹੈ। ਰਜਾਇ—ਪ੍ਰਭੂ ਦੀ ਰਜ਼ਾ ਅਨੁਸਾਰ।

ਅਰਥ :

ਪ੍ਰ: ਹੇ ਗੁਰੋ! ਇਹ ਜੀਵ ਅੰਧਤਾਈ ਨੂੰ ਛੱਡ ਕੇ ਗਿਆਨ ਦੇ ਚਾਨਣ ਵਿਚ ਆਪਣਾ ਜੀਵਨ ਕਿਉਂ ਨਹੀਂ ਗੁਜ਼ਾਰਦਾ?

ਉ: ੧. ਹੇ ਭਾਈ ਅਗਿਆਨਤਾ ਦੇ ਅੰਧੇਰੇ ਵਿਚ ਪਏ ਅੰਨ੍ਹੇ ਮਨੁੱਖ ਨੂੰ (ਗਿਆਨ ਦਾ) ਚਾਨਣ ਤਦੋਂ ਹੀ ਹੁੰਦਾ ਹੈ, ਜੇਕਰ ਵਾਹਿਗੁਰੂ ਦੀ ਰਜ਼ਾ ਵਿਚ ਉਸ ਨੂੰ ਸਤਿਗੁਰੂ ਮਿਲ ਪਵੇ।

੨. (ਤਦੋਂ ਗੁਰੂ ਦੇ ਦਿੱਤੇ ਨਾਮ ਨਾਲ ਉਹ ਮਾਇਆਂ) ਦੇ ਬੰਧਨ ਤੋੜ ਲਏਗਾ। ਉਹ ਇਸ ਤਰ੍ਹਾਂ ਸੱਚੇ ਹਰੀ ਵਿਚ ਲੀਨ ਹੋ ਜਾਂਦਾ ਹੈ, ਇਸ ਤਰ੍ਹਾਂ ਉਸ ਦਾ ਅਗਿਆਨ ਰੂਪੀ ਅੰਧੇਰਾ ਦੂਰ ਹੋ ਜਾਂਦਾ ਹੈ।

ਪ੍ਰ: ਕਿਉਂ ਜੀ! ਗਿਆਨ ਹੋ ਜਾਣ ਤੋਂ ਬਾਅਦ ਉਸ ਦੀ ਦ੍ਰਿਸ਼ਟੀ ਕਿਹੋ ਜਹੀ ਹੋ ਜਾਂਦੀ ਹੈ?

ਉ: ੩. ਹੇ ਭਾਈ! ਜਦੋਂ ਇਸ ਨੂੰ ਗਿਆਨ ਹੋ ਆਇਆ, ਤਾਂ ਫਿਰ ਇਹ ਗਿਆਨਵਾਨ ਹੋਇਆ ਇਉਂ ਦੇਖਦਾ ਹੈ ਕਿ ਇਹ ਤਾਂ ਸਭੋ ਕੁਝ ਉਸੇ ਦਾ ਹੈ, ਜਿਸ ਨੇ ਸਰੀਰ ਬਣਾ ਕੇ ਸਭ ਜੀਵਾਂ ਨੂੰ ਪੈਦਾ ਕੀਤਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰੋ! ਉਹੋ ਮਨੁੱਖ ਹੀ ਸਿਰਜਨਹਾਰ ਦੀ ਸ਼ਰਨ ਵਿਚ ਪੈਂਦਾ ਹੈ ਤੇ ਸਿਰਜਨਹਾਰ ਉਸੇ ਦੀ ਪੈਜ ਰੱਖਦਾ ਹੈ।੨।

ਪਉੜੀ ॥

੧. ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥
੨. ਤਦਹੁ ਕਿਆ ਕੋ ਲੇਵੈ ਕਿਆ ਕੋ
ਦੇਵੈ ਜਾਂ ਅਵਰੁ ਨ ਦੂਜਾ ਕੀਆ ॥
੩. ਫਿਰਿ ਆਪੇ ਜਗਤੁ ਉਪਾਇਆ ਕਰਤੈ
ਦਾਨੁ ਸਭਨਾ ਕਉ ਦੀਆ ॥
੪. ਆਪੇ ਸੇਵ ਬਣਾਈਅਨੁ ਗੁਰਮੁਖਿ
ਆਪੇ ਅੰਮ੍ਰਿਤੁ ਪੀਆ ॥
੫. ਆਪਿ ਨਿਰੰਕਾਰ ਆਕਾਰੁ ਹੈ
ਆਪੇ ਆਪੇ ਕਰੈ ਸੁ ਥੀਆ ॥੭॥

ਪਦ ਅਰਥ : ਥਾਟੁ—ਰਚਨਾ, ਬਨਾਵਟ, ਸਾਜਨਾ, ਠਾਟ। ਬੀਆ—ਦੂਜਾ, ਕੋਈ ਹੋਰ। ਕਰਤੈ—ਕਰਤਾਰ ਨੇ। ਦਾਨੁ—ਬਖ਼ਸ਼ਸ਼, ਰੋਜ਼ੀ। ਬਣਾਈਅਨੁ—ਬਣਾਈ ਉਸ ਪ੍ਰਭੂ ਨੇ। ਨਿਰੰਕਾਰ—ਨਿਰ ਅਕਾਰ, ਜਿਸ ਦਾ ਕੋਈ ਖ਼ਾਸ ਸਰੂਪ ਨਾ ਹੋਵੇ।

ਅਰਥ :

ਪ੍ਰ: ਹੇ ਗੁਰੋ! ਜਿਸ ਜਗਤ ਦੀ ਰਚਨਾ ਨੂੰ ਹਰ ਮੱਤਿ ਵਾਲਿਆਂ ਨੇ ਭਿੰਨ-ਭਿੰਨ ਰੂਪ ਵਿਚ ਪੈਦਾ ਹੋਈ ਮੰਨਿਆ ਹੈ, ਪਰ ਆਪ ਜੀ ਦੱਸੋ ਕਿ ਗੁਰਮਤਿ ਅਨੁਸਾਰ ਇਹ ਜਗਤ-ਰਚਨਾ ਕਿਵੇਂ ਰਚੀ ਗਈ?

ਉ: ੧. ਹੇ ਭਾਈਓ! ਇਹ ਗੱਲ ਕਹਿਣ ਵਿਚ ਨਹੀਂ ਆਉਂਦੀ, ਕਿਉਂਕਿ ਜਦੋਂ ਕਰਤਾਰ ਨੇ ਆਪ ਹੀ ਬੈਠ ਕੇ ਸੰਸਾਰ ਦੀ ਰਚਨਾ ਨੂੰ ਰਚਿਆ ਹੈ, ਤਦੋਂ ਉਸ ਨੇ ਕਿਸੇ ਦੂਸਰੇ ਸੇਵਕ ਪਾਸੋਂ ਸਲਾਹ ਮਸ਼ਵਰਾ ਨਹੀਂ ਸੀ ਲਿਆ, ਭਾਵ ਪੁੱਛ ਕੇ ਨਹੀਂ (ਰਚੀ) ਸੀ।

੨. ਹੇ ਭਾਈ! ਜਦੋਂ ਹੋਰ ਕੋਈ ਦੂਸਰਾ ਪੈਦਾ ਹੀ ਨਹੀਂ ਸੀ ਕੀਤਾ, ਤਾਂ ਦੱਸੋ ਕਿਸੇ ਨੇ ਕਿਸੇ ਪਾਸੋਂ ਲੈਣਾ ਕੀ ਸੀ ਤੇ ਦੇਣਾ ਕੀ ਸੀ? (ਭਾਵ ਐਸਾ ਉਸ ਵੇਲੇ ਹੈ ਹੀ ਕੋਈ ਨਹੀਂ ਸੀ ਜੋ ਕਿ ਪਰਮੇਸ਼ਰ ਨੂੰ ਸਲਾਹ ਦੇ ਸਕਦਾ)।

੩. ਇਸ ਲਈ ਫਿਰ ਉਸ ਸਾਈਂ ਜੀ ਨੇ ਆਪੇ ਜਗਤ ਪੈਦਾ ਕੀਤਾ ਤੇ ਆਪੇ ਹੀ ਸਾਰੇ ਜੀਵਾਂ ਨੂੰ ਰੋਜ਼ੀ ਦਿੱਤੀ।

੪. ਉਸ ਕਰਤਾਰ ਨੇ ਆਪੇ ਆਪਣੀ ਸੇਵਾ ਭਗਤੀ ਬਣਾਈ ਹੈ ਤੇ ਆਪੇ ਹੀ ਉਸ ਨੇ ਨਾਮ-ਰੂਪ ਅੰਮ੍ਰਿਤ ਪੀਤਾ।

੫. ਸੋ ਹੇ ਭਾਈਓ! ਉਹ ਕਰਤਾਰ ਆਪੇ ਨਿਆਕਾਰ ਹੈ, ਆਪ ਹੀ ਅਕਾਰ ਵਾਲਾ ਹੈ, ਆਪੇ ਉਹ ਜੋ ਕੁਝ ਕਰਦਾ ਹੈ, ਉਹ ਹੋ ਜਾਂਦਾ ਹੈ।੭।

ਭਾਵਾਰਥ : ਸਲੋਕ ਵਿਚ ਹਜ਼ੂਰ ਜੀ ਨੇ ਨਾਮ ਤੋਂ ਸਖਣੇ ਕਰਮਾਂ ਧਰਮਾਂ ਨੂੰ ਬੰਧਨ ਰੂਪ ਦਰਸਾਇਆ ਹੈ, ਕਿਉਂਕਿ ਸਾਰੇ ਕਰਮ ਕਾਂਡ ਹਉਮੈ ਦੇ ਆਸਰੇ ਹੀ ਹੋਇਆ ਕਰਦੇ ਹਨ। ਪੁੱਤ੍ਰ ਇਸਤ੍ਰੀ ਆਦਿ ਦਾ ਮੋਹ ਪਿਆਰ ਸਾਰਾ ਧੰਧਾ ਤੇ ਦੁੱਖ ਰੂਪ ਹੈ। ਇਸ ਵਿਚ ਸਾਰਾ ਜਗਤ ਹੀ ਵਰਤ ਰਿਹਾ ਹੈ।

ਇਸ ਜੀਵ ਨੂੰ ਅਗਿਆਨਤਾ ਦੇ ਅੰਧੇਰੇ ਵਿਚ ਪਇਆਂ ਨੂੰ ਗਿਆਨ ਦਾ ਚਾਨਣਾ ਗੁਰੂ ਦੀ ਮਿਹਰ ਦੁਆਰਾ ਹੀ ਮਿਲਦਾ ਹੈ।

ਆਪੋ ਆਪਣੇ ਅਨੁਮਾਨਾਂ ਦੁਆਰਾ ਸ੍ਰਿਸ਼ਟੀ ਦੀ ਪੈਦਾਇਸ਼ ਨੂੰ ਭਾਵੇਂ ਲੋਕੀਂ ਭਿੰਨ-ਭਿੰਨ ਰੂਪ ਵਿਚ ਮੰਨਦੇ ਹਨ, ਪਰ ਉਸ ਰਚਨਾ ਦੇ ਅਰੰਭ ਵਿਚ ਕੋਈ ਵੀ ਨਹੀਂ ਸੀ, ਜਿਸ ਤੋਂ ਪੁੱਛ ਕੇ ਸਾਈਂ ਜੀ ਨੇ ਜਗਤ ਰਚਨਾ ਰਚੀ ਹੋਵੇ, ਇਸ ਲਈ ਉਹ ਇਸ ਆਪਣੀ ਖੇਡ ਨੂੰ ਆਪੇ ਹੀ ਜਾਣਦਾ ਹੈ।

ਸਲੋਕ ਮਃ ੩ ॥

੧. ਗੁਰਮੁਖਿ ਪ੍ਰਭੁ ਸੇਵਹਿ ਸਦ ਸਾਚਾ
ਅਨਦਿਨੁ ਸਹਜਿ ਪਿਆਰਿ ॥
੨. ਸਦਾ ਅਨੰਦਿ ਗਾਵਹਿ ਗੁਣ ਸਾਚੇ
ਅਰਧਿ ਉਰਧਿ ਉਰਿ ਧਾਰਿ ॥
੩. ਅੰਤਰਿ ਪ੍ਰੀਤਮੁ ਵਸਿਆ
ਧੁਰਿ ਕਰਮੁ ਲਿਖਿਆ ਕਰਤਾਰਿ ॥
੪. ਨਾਨਕ ਆਪਿ ਮਿਲਾਇਅਨੁ
ਆਪੇ ਕਿਰਪਾ ਧਾਰਿ ॥੧॥

ਪਦ ਅਰਥ : ਅਨਦਿਨ—ਹਰ ਰੋਜ਼। ਪਿਆਰਿ—ਪਿਆਰ ਨਾਲ। ਅਰਧਿ ਉਰਧਿ—ਹੇਠਾਂ ਉੱਤੇ, ਹਰ ਥਾਂ ਮੌਜੂਦ ਹਰੀ। ਉਰਿ—ਹਿਰਦੇ ਵਿਚ। ਕਰਮੁ—ਬਖ਼ਸ਼ਸ਼ (ਦਾ ਲੇਖ)। ਧੁਰਿ—ਸ਼ੁਰੂ ਤੋਂ ਹੀ। ਕਰਤਾਰਿ—ਕਰਤਾਰ ਨੇ। ਮਿਲਾਇਅਨੁ—ਮਿਲਾਏ ਹਨ ਉਸ ਪ੍ਰਭੂ ਨੇ।

ਅਰਥ :

ਪ੍ਰ: ਸ੍ਰੀ ਜੀਉ ! ਸਤਿਗੁਰੂ ਦੇ ਸਨਮੁਖ ਰਹਿਣ ਵਾਲਿਆਂ ਦੀ ਨਿਸ਼ਾਨੀ ਕੀ ਹੈ ?

ਉ: ੧. ਹੇ ਭਾਈਓ ! ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿਣ ਵਾਲੇ ਹਨ, ਉਹ ਹਰ ਵੇਲੇ ਹੀ ਸੱਚੇ ਪ੍ਰਭੂ ਦੀ ਸੇਵਾ ਪਿਆਰ ਨਾਲ ਕਰਦੇ ਰਹਿੰਦੇ ਹਨ, ਭਾਵ ਸਹਿਜ ਅਵਸਥਾ ਵਿਚ ਲਿਵ ਜੋੜੀ ਰੱਖਦੇ ਹਨ।

੨. ਸੱਚੇ ਪ੍ਰਭੂ ਦੇ ਗੁਣ ਹਿਰਦੇ ਵਿਚ ਧਾਰਨ ਕਰ ਕੇ ਸਦਾ ਅਨੰਦ ਵਿਚ ਗੁਣ ਗਾਉਂਦੇ ਹਨ, ਜੋ ਕਿ ਸੱਚਾ ਲੋਕ-ਪ੍ਰਲੋਕ ਵਿਚ ਵੱਸਣ ਵਾਲਾ ਹੈ।

੩. ਉਨ੍ਹਾਂ ਦੇ ਅੰਦਰ ਪਿਆਰਾ ਪ੍ਰਭੂ ਆ ਵਸਦਾ ਹੈ, ਕਿਉਂਕਿ ਇਹ ਬਖ਼ਸ਼ਸ਼ ਧੁਰੋਂ ਪ੍ਰਭੂ ਨੇ ਉਨ੍ਹਾਂ ਲਈ ਆਪ ਹੀ ਲਿਖੀ ਸੀ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਉਹ ਪ੍ਰਭੂ ਕਿਰਪਾ ਕਰ ਕੇ ਉਨ੍ਹਾਂ ਨੂੰ ਆਪ ਹੀ ਮਿਲਾ ਲੈਂਦਾ ਹੈ।੧।

ਮ: ੩ ॥

੧. ਕਹਿਐ ਕਥਿਐ ਨ ਪਾਈਐ
ਅਨਦਿਨੁ ਰਹੈ ਸਦਾ ਗੁਣ ਗਾਇ ॥
੨. ਵਿਣੁ ਕਰਮੈ ਕਿਨੈ ਨ ਪਾਇਓ
ਭਉਕਿ ਮੁਏ ਬਿਲਲਾਇ ॥
੩. ਗੁਰ ਕੈ ਸਬਦਿ ਮਨੁ ਤਨੁ ਭਿਜੈ
ਆਪਿ ਵਸੈ ਮਨਿ ਆਇ ॥
੪. ਨਾਨਕ ਨਦਰੀ ਪਾਈਐ
ਆਪੇ ਲਏ ਮਿਲਾਇ ॥੨॥

ਅਰਥ :

ਪ੍ਰ: ਹੇ ਗੁਰੋ ! ਜੋ ਕਥਾਕਾਰ ਲੋਕ ਵਧੇਰੇ ਕਥਾ ਕਰਨ ਵਾਲੇ ਹਨ, ਕੀ ਉਨ੍ਹਾਂ ਨੂੰ ਉਸ ਮਾਲਕ ਦੀ ਪ੍ਰਾਪਤੀ ਹੋ ਜਾਵੇਗੀ ?

ਉ: ੧. (ਨਹੀਂ) ਹੇ ਭਾਈਓ ! (ਵਧੇਰੇ) ਗੱਲਾਂ ਕਰਨ ਨਾਲ ਜਾਂ ਕਥਾ ਕਰਨ ਨਾਲ ਪ੍ਰਭੂ ਨਹੀਂ ਪਾਈਦਾ। ਉਹ ਤਾਂ ਜੇਕਰ ਹਰ ਦਿਨ ਸਦਾ ਹੀ ਉਸ ਪ੍ਰਭੂ ਦੇ ਗੁਣ ਗਾਉਂਦੇ ਰਹੀਏ ਤਦ ਹੀ ਪਾ ਸਕੀਦਾ ਹੈ।

੨. ਹੇ ਪਿਆਰੇ ! ਬਖ਼ਸ਼ਸ਼ ਤੋਂ ਬਿਨਾ ਉਸ ਪ੍ਰਭੂ ਨੂੰ ਕਿਸੇ ਨੇ ਵੀ ਨਹੀਂ ਪਾਇਆ। (ਵੇਖੀਦਾ ਹੈ ਕਿ) ਕਿਤਨੇ ਹੀ ਇਸ ਤਰ੍ਹਾਂ ਰੋਂਦੇ ਕੁਰਲਾਉਂਦੇ ਮਰ ਗਏ ਹਨ।

ਪ੍ਰ: ਹਜ਼ੂਰ ! ਉਹ ਮਿਲਦਾ ਕਿਵੇਂ ਹੈ ?

ਉ: ੩. ਹੇ ਭਰਾਵੋ ! ਜਦੋਂ ਗੁਰੂ ਦੇ ਸ਼ਬਦ ਦੁਆਰਾ ਮਨ ਅਤੇ ਤਨ ਭਿੱਜਦਾ ਹੈ ਤਾਂ ਪ੍ਰਭੂ ਆਪ ਹੀ ਹਿਰਦੇ ਵਿਚ ਆ ਵਸਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਹ ਪ੍ਰਭੂ ਉਸੇ ਦੀ ਰਹਿਮਤ ਨਾਲ ਪਾਈਦਾ ਹੈ, ਜਦੋਂ ਕਿ ਉਹ ਆਪੇ ਮਿਲਾ ਲਵੇ।੨।

ਪਉੜੀ ॥

੧. ਆਪੇ ਵੇਦ ਪੁਰਾਣ ਸਭਿ ਸਾਸਤ
ਆਪਿ ਕਥੈ ਆਪਿ ਭੀਜੈ ॥
੨. ਆਪੇ ਹੀ ਬਹਿ ਪੂਜੇ ਕਰਤਾ
ਆਪਿ ਪਰਪੰਚੁ ਕਰੀਜੈ ॥
੩. ਆਪਿ ਪਰਵਿਰਤਿ ਆਪਿ ਨਿਰਵਿਰਤੀ
ਆਪੇ ਅਕਥੁ ਕਥੀਜੈ ॥
੪. ਆਪੇ ਪੁੰਨੁ ਸਭੁ ਆਪਿ ਕਰਾਏ
ਆਪਿ ਅਲਿਪਤੁ ਵਰਤੀਜੈ ॥
੫. ਆਪੇ ਸੁਖੁ ਦੁਖੁ ਦੇਵੈ ਕਰਤਾ
ਆਪੇ ਬਖਸ ਕਰੀਜੈ ॥੮॥

ਪਦ ਅਰਥ : ਕਥੈ—ਬਿਆਨ ਕਰਦਾ ਹੈ। ਭੀਜੈ—ਭਿੱਜਦਾ ਹੈ। ਪਰਪੰਚ—ਜਗਤ ਦਾ ਪਸਾਰਾ। ਪਰਵਿਰਤਿ—ਜਗਤ ਪਸਾਰੇ ਵਿਚ

ਰੁੱਝਾ ਰਹਿਣ ਵਾਲਾ। ਨਿਰਵਿਰਤੀ—ਵੱਖਰਾ ਰਹਿਣ ਵਾਲਾ। ਅਲਿਪਤੁ ਵਰਤੀਜੈ—ਵਖਰਾ ਰਹਿੰਦਾ ਹੈ। ਬਖਸ—ਕਿਰਪਾ, ਬਖ਼ਸ਼ਸ਼।

ਅਰਥ :

ਪ੍ਰ: ਹੇ ਗੁਰੋ! ਇਨ੍ਹਾਂ ਵੇਦ, ਪੁਰਾਣ, ਸ਼ਾਸਤ੍ਰਾਂ ਦੀ ਰਚਨਾ ਕਿਵੇਂ ਹੋਈ ?

ਉ: ੧. ਹੇ ਭਾਈਓ! ਜੇ ਅਸਲੀਅਤ ਨੂੰ ਵੀਚਾਰਿਆ ਜਾਵੇ ਤਾਂ ਇਉਂ ਹੀ ਸਮਝ ਪਵੇਗੀ ਕਿ ਇਹ ਸਾਰੇ ਵੇਦ, ਪੁਰਾਣ ਤੇ ਸ਼ਾਸਤ੍ਰਾਂ ਨੂੰ ਪ੍ਰਭੂ ਆਪ ਹੀ ਰਚਣ ਵਾਲਾ ਹੈ, ਆਪ ਹੀ ਇਨ੍ਹਾਂ ਦੀ ਕਥਾ ਕਰਦਾ ਹੈ, ਆਪੇ ਹੀ ਸੁਣ ਕੇ ਪ੍ਰਸੰਨ ਹੁੰਦਾ ਹੈ।

੨. ਉਹ ਹਰੀ ਆਪ ਹੀ ਬੈਠ ਕੇ (ਪੁਰਾਣ ਆਦਿਕ ਮੱਤ ਅਨੁਸਾਰ) ਪੂਜਾ ਕਰਦਾ ਹੈ ਅਤੇ ਆਪੇ ਹੀ ਹੋਰ ਪਸਾਰਾ ਪਸਾਰਦਾ ਹੈ।

੩. ਹੇ ਪਿਆਰੇ! ਉਹ ਆਪ ਹੀ ਸੰਸਾਰ ਵਿਚ ਖਚਤ ਹੋ ਰਿਹਾ ਹੈ ਤੇ ਆਪੇ ਹੀ ਇਸ ਤੋਂ ਕਿਨਾਰਾ ਕਰੀ ਬੈਠਾ ਹੈ ਤੇ ਕਥਨ ਤੋਂ ਰਹਿਤ ਆਪਣਾ ਆਪਾ ਆਪ ਹੀ ਬਿਆਨ ਕਰਦਾ ਹੈ।

੪. ਉਹ ਪੁੰਨ ਭੀ ਆਪ ਹੀ ਕਰਾਉਂਦਾ ਹੈ, ਫੇਰ ਪਾਪ ਪੁੰਨ ਤੋਂ ਅਲੇਪ ਭੀ ਆਪ ਹੀ ਵਰਤ ਰਿਹਾ ਹੈ।

੫. ਉਹ ਪ੍ਰਭੂ! ਆਪ ਹੀ ਸੁੱਖ-ਦੁੱਖ ਦੇਂਦਾ ਹੈ ਤੇ ਆਪ ਹੀ ਮਿਹਰ ਕਰਦਾ ਹੈ।੮।

ਭਾਵਾਰਥ : ਸਲੋਕ ਵਿਚ ਗੁਰਮੁਖਾਂ ਦੀ ਕਰਣੀ ਤੇ ਪ੍ਰਾਪਤੀ ਦੱਸੀ ਹੈ ਤੇ ਉਹ ਸਦਾ ਹੀ ਸਾਈਂ ਜੀ ਦੀ ਸੇਵਾ ਕਰਨ ਵਿਚ ਤਤਪਰ ਰਹਿੰਦੇ ਹਨ।

ਉਸ ਪ੍ਰਭੂ ਦੀ ਪ੍ਰਾਪਤੀ ਕੇਵਲ ਵਧੇਰੇ ਕਥਾ ਕਰਨ ਨਾਲ ਨਹੀਂ, ਸਗੋਂ ਉਸ ਦੇ ਗੁਣ ਗਾਉਂਦੇ ਰਹੀਏ ਤਾਂ ਹੀ ਪ੍ਰਾਪਤੀ ਹੁੰਦੀ ਹੈ।

ਵੇਦ ਪੁਰਾਣ ਸ਼ਾਸਤ੍ਰ ਆਦਿ ਰਚਨਾ ਸਾਰੀ ਉਸੇ ਸਾਈਂ ਜੀ ਦੀ ਹੈ, ਸੁੱਖ ਦੇਣ ਵਾਲਾ ਭੀ ਆਪ ਹੈ, ਬਖ਼ਸ਼ਸ਼ਾਂ ਦਾ ਭੰਡਾਰਾ ਭੀ ਉਹ ਆਪ ਹੀ ਹੈ।

ਸਲੋਕ ਮਃ ੩ ॥

੧. ਸੇਖਾ ਅੰਦਰਹੁ ਜੋਰੁ ਛਡਿ
ਤੂ ਭਉ ਕਰਿ ਝਲੁ ਗਵਾਇ ॥
੨. ਗੁਰ ਕੈ ਭੈ ਕੇਤੇ ਨਿਸਤਰੇ
ਭੈ ਵਿਚਿ ਨਿਰਭਉ ਪਾਇ ॥
੩. ਮਨੁ ਕਠੋਰੁ ਸਬਦਿ ਭੇਦਿ ਤੂੰ
ਸਾਂਤਿ ਵਸੈ ਮਨਿ ਆਇ ॥
੪. ਸਾਂਤੀ ਵਿਚਿ ਕਾਰ ਕਮਾਵਣੀ
ਸਾ ਖਸਮੁ ਪਾਏ ਥਾਇ ॥
੫. ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ
ਪੁਛਹੁ ਗਿਆਨੀ ਜਾਇ ॥੧॥

ਪਦ ਅਰਥ : ਝਲੁ—ਸ਼ੁਦਾਅ ਪੁਣਾ ਭਾਵ ਗੁੱਸੇ ਵਿਚ ਅਲ-ਵਲੱਲੀਆਂ ਗੱਲਾਂ ਨਾ ਕਰ। ਸਬਦਿ ਭੇਦਿ—ਸ਼ਬਦ ਦੁਆਰਾ ਭੇਦਨ ਕਰ, ਸੱਚ ਗ੍ਰਹਿਣ ਕਰ, ਵਿੰਨ। ਥਾਇ ਪਾਏ—ਪ੍ਰਵਾਨ ਕਰਦਾ ਹੈ। ਕਾਮਿ—ਕਾਮ ਵਿਚ ਫਸੇ ਰਿਹਾਂ।

ਉਥਾਨਕਾ : 'ਸ਼ੇਖ਼' ਮੁਸਲਮਾਨਾਂ ਵਿਚ ਇਕ ਜਾਤੀ ਦਾ ਨਾਉਂ ਹੈ, ਉਂਞ 'ਬਜ਼ੁਰਗ' ਨੂੰ ਵੀ ਆਖਦੇ ਹਨ। ਗੋਇੰਦਵਾਲ ਵਿਚ ਇਕ ਹੰਕਾਰੀ ਤੇ ਹਠੀਆ ਸ਼ੇਖ਼ ਸੀ। ਇਸ ਸਲੋਕ ਵਿਚ ਉਸ ਪ੍ਰਤੀ ਉਪਦੇਸ਼ ਹੋਇਆ ਹੈ। ਇਸੇ ਸ਼ੇਖ਼ ਨੂੰ ਹੋਰ ਉਪਦੇਸ਼ ਸੋਰਠ ਦੀ ਵਾਰ (੧੧ਵੀਂ ਪਉੜੀ ਦੇ ਸਲੋਕ) ਵਿਚ ਹੋਇਆ ਹੈ।

ਅਰਥ :

ਪ੍ਰ: ਹੇ ਗੁਰੋ! ਜਦੋਂ ਉਸ ਹੰਕਾਰੀ ਸ਼ੇਖ਼ ਵਲੋਂ ਆਪ ਜੀ ਨੂੰ ਜ਼ੋਰ ਤੇ ਧੱਕੇਸ਼ਾਹੀ ਦੇ ਹਠੀਲੇ ਸ਼ਬਦ ਕਹੇ ਗਏ ਤਾਂ ਆਪ ਜੀ ਵਲੋਂ ਉਸ ਦੀ ਕਲਿਆਣ ਲਈ ਕਿਸ ਰੂਪ ਵਿਚ ਉਪਦੇਸ਼ ਹੋਇਆ ਸੀ, ਉਹੋ ਉਪਦੇਸ਼ ਸਾਡੀ ਕਲਿਆਣ ਲਈ ਭੀ ਕਹੋ।

ਉ: ੧. ਹੇ ਪਿਆਰਿਓ! ਅਸੀਂ ਤਾਂ ਉਸ ਨੂੰ ਪਿਆਰ ਭਰੇ ਸ਼ਬਦਾਂ ਵਿਚ ਇਹੋ ਹੀ ਉਪਦੇਸ਼ ਦਿੱਤਾ ਸੀ ਕਿ ਹੇ ਸ਼ੇਖ਼! (ਤੂੰ) ਆਪਣੇ ਹਿਰਦੇ ਵਿਚੋਂ ਹੱਠ, ਜ਼ੋਰ ਛੱਡ ਦੇ, (ਤੂੰ ਵਾਹਿਗੁਰੂ ਜੀ ਤੋਂ ਡਰ, ਭਾਵ ਸਤੋਗੁਣ ਵਿਚ ਰਹੁ) ਝੱਲ ਪੁਣਾ, ਸ਼ੁਦਾਅ ਪੁਣਾ ਦੂਰ ਕਰ ਦੇ। ਸਤਿਗੁਰੂ ਦਾ ਡਰ ਹਿਰਦੇ ਵਿਚ ਵਸਾ ਲੈ, ਭਾਵ ਅਦਬ ਵਿਚ ਆ।

ਪ੍ਰ: ਹਜ਼ੂਰ! ਫਿਰ ਅੱਗੋਂ ਸ਼ੇਖ਼ ਨੇ ਕੀ ਕੁਝ ਕਿਹਾ ?

ਉ: ਹੇ ਭਾਈ! ਸ਼ੇਖ਼ ਨੇ ਇਹ ਕਿਹਾ ਕਿ ਕਿਉਂ ਜੀ! ਭੈ ਧਾਰਨ ਨਾਲ ਮੈਨੂੰ ਕੀ ਕੁਝ ਪ੍ਰਾਪਤ ਹੋਵੇਗਾ ?

ਉ: ੨. ਹੇ ਸ਼ੇਖ਼ਾ! ਕੀ ਤੈਨੂੰ ਇਹ ਸੋਝੀ ਨਹੀਂ ਕਿ ਸਤਿਗੁਰੂ ਦੇ ਅਦਬ ਵਿਚ ਰਹਿ ਕੇ ਕਿਤਨੇ ਹੀ ਲੋਕ ਤਰ ਗਏ ਹਨ, ਕਿਉਂਕਿ ਗੁਰੂ ਪਰਮੇਸ਼ਰ ਦੇ ਭੈ ਵਿਚ ਰਹਿ ਕੇ ਹੀ ਨਿਰਭਉ ਪ੍ਰਭੂ ਨੂੰ ਪਾਈਦਾ ਹੈ।

ਪ੍ਰ: ਹਜ਼ੂਰ! ਫਿਰ ਦੱਸੋ ਕਿ ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ ?

ਉ: ੩. ਹੇ ਸ਼ੇਖ਼ਾ! ਤੂੰ ਆਪਣੇ ਇਸ ਕਰੜੇ ਮਨ ਨੂੰ (ਭਾਵ, ਜੋ ਕਿ ਇਹ ਮਨ ਹੱਠ ਦੇ ਕਾਰਣ ਕਠੋਰ ਹੋ ਰਿਹਾ ਹੈ) ਇਸ ਨੂੰ ਸਤਿਗੁਰੂ ਦੇ ਸ਼ਬਦ ਨਾਲ ਵਿੰਨ੍ਹ ਲੈ ਤਾਂ ਕਿ ਤੇਰੇ ਮਨ ਵਿਚ ਸ਼ਾਂਤੀ ਤੇ ਠੰਡ ਆ ਵਸੇ।

ਪ੍ਰ: ਕਿਉਂ ਜੀ! ਜੇ ਮੈਂ ਸ਼ਾਂਤੀ ਨੂੰ ਅੰਦਰ ਵਸਾ ਭੀ ਲਵਾਂ ਤਾਂ ਮੈਨੂੰ ਇਸ ਦਾ ਲਾਭ ਕੀ ਪ੍ਰਾਪਤ ਹੋ ਸਕੇਗਾ ?

ਉ: ੪. ਹੇ ਸ਼ੇਖ਼! ਜਦੋਂ ਤੂੰ ਸ਼ਬਦ ਦੁਆਰਾ ਆਪਣੇ ਇਸ ਮਨ ਨੂੰ ਵਿੰਨ੍ਹ ਸੁੱਟੇਂਗਾ, ਤਾਂ ਤੇਰੇ ਮਨ ਵਿਚ ਸ਼ਾਂਤੀ ਦਾ ਵਾਸਾ ਹੋਵੇਗਾ। ਉਸ ਸ਼ਾਂਤ ਹੋਏ ਮਨ ਨਾਲ ਤੂੰ ਜੋ (ਵੀ ਭਜਨ ਬੰਦਗੀ ਦੀ) ਕਾਰ ਕਰੇਂਗਾ, ਉਸ ਨੂੰ ਮਾਲਕ ਥਾਂ ਪਾਉਂਦਾ ਹੈ, ਭਾਵ ਸਾਈਂ ਜੀ ਉਸ ਨੂੰ ਕਬੂਲ ਕਰਦਾ ਹੈ।

ਪ੍ਰ: ਹਜ਼ੂਰ! ਮੈਂ ਤਾਂ ਵੇਖਦਾ ਹਾਂ ਕਿ ਕਈ ਲੋਕ ਭਜਨ ਬੰਦਗੀ ਤਾਂ ਕਰਦੇ ਹਨ, ਪਰ ਉਨ੍ਹਾਂ ਦੇ ਅੰਦਰ ਕਾਮ, ਕ੍ਰੋਧ ਉਸੀ ਤਰ੍ਹਾਂ ਵਸ ਰਹੇ ਹੁੰਦੇ ਹਨ, ਕੀ ਉਨ੍ਹਾਂ ਨੂੰ ਸਾਈਂ ਜੀ ਦੀ ਪ੍ਰਾਪਤੀ ਨਹੀਂ ਹੋਵੇਗੀ ?

ਉ: ੫. (ਨਹੀਂ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸ਼ੇਖ਼ਾ! ਵੇਖ, ਕਾਮ, ਕ੍ਰੋਧ, ਦੁਆਰਾ ਕਿਸੇ ਨੇ ਭੀ ਪ੍ਰਭੂ ਜੀ ਨੂੰ ਨਹੀਂ ਪਾਇਆ, (ਹਾਂ, ਜੇ ਤੈਨੂੰ ਸਾਡੇ ਕਹੇ 'ਤੇ ਸ਼ੱਕ ਹੈ) ਤਾਂ ਤੂੰ ਜਾ ਕੇ ਕਿਸੇ ਗਿਆਨਵਾਨ ਤੋਂ ਪੁੱਛ ਲੈ, ਉਹ ਭੀ ਇਹੋ ਦੱਸੇਗਾ ਕਿ ਵਿਕਾਰਾਂ ਦੇ ਅਧੀਨ ਹੋਇਆਂ ਕਿਸੇ ਨੂੰ ਭੀ ਰੱਬ ਨਹੀਂ ਲੱਭਾ।੧।

ਮ: ੩ ॥

੧. ਮਨਮੁਖ ਮਾਇਆ ਮੋਹੁ ਹੈ
ਨਾਮਿ ਨ ਲਗੋ ਪਿਆਰੁ ॥
੨. ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥
੩. ਬਿਖੁ ਮਾਇਆ ਧਨੁ ਸੰਚਿ ਮਰਹਿ
ਅੰਤੇ ਹੋਇ ਸਭੁ ਛਾਰੁ ॥
੪. ਕਰਮ ਧਰਮ ਸੁਚ ਸੰਜਮ ਕਰਹਿ
ਅੰਤਰਿ ਲੋਭੁ ਵਿਕਾਰੁ ॥
੫. ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ
ਦਰਗਹਿ ਹੋਇ ਖੁਆਰੁ ॥੨॥

ਪਦ ਅਰਥ : ਮਨਮੁਖ—ਮਨ ਦਾ ਮੁਰੀਦ। ਸੰਗ੍ਰਹੈ—ਇਕੱਠਾ ਕਰਦਾ ਹੈ। ਆਹਾਰ—ਖ਼ੁਰਾਕ। ਬਿਖੁ—ਜ਼ਹਿਰ। ਸੰਚਿ—ਇਕੱਠੀ ਕਰ ਕੇ। ਛਾਰੁ—ਸੁਆਹ। ਸੰਜਮ—ਇੰਦ੍ਰਿਆਂ ਨੂੰ ਵਸ ਵਿਚ ਰੱਖਣ ਦੇ ਸਾਧਨ।

ਅਰਥ :

ਪ੍ਰ: ਹਜ਼ੂਰ ਜੀ ਮਨਮੁਖ ਬੰਦਿਆਂ ਦੇ ਮਨ ਵਿਚ ਰੱਬੀ ਪਿਆਰ ਨਾ ਵਸਣ ਦਾ ਅਸਲ ਕਾਰਣ ਕੀ ਹੈ?

ਉ: ੧. ਹੇ ਭਾਈਓ! ਅਸਲ ਕਾਰਣ ਤਾਂ ਇਹੋ ਹੈ ਕਿ ਮਨਮੁਖ ਦਾ ਮਾਇਆ ਵਿਚ ਮੋਹ ਹੈ, ਇਸੀ ਕਰ ਕੇ ਉਸ ਦਾ ਨਾਮ ਵਿਚ ਪਿਆਰ ਨਹੀਂ ਬਣਦਾ।

ਪ੍ਰ: ਕਿਉਂ ਜੀ! ਆਖ਼ਰ ਉਸ ਦੇ ਮਨ ਵਿਚ ਮਾਇਆ ਮੋਹ ਵਸਣ ਦਾ ਭੀ ਤਾਂ ਕੋਈ ਕਾਰਣ ਹੋਵੇਗਾ?

ਉ: ੨. (ਹਾਂ, ਹੈ) ਹੇ ਭਾਈ! ਉਹ (ਮਾਇਆ ਰੂਪ) ਕੂੜ ਕਮਾਉਂਦਾ ਹੈ, ਕੂੜ ਹੀ ਇਕੱਠਾ ਕਰਦਾ ਹੈ, ਕੂੜ ਨੂੰ ਹੀ ਆਪਣੀ ਖ਼ੁਰਾਕ ਬਣਾਉਂਦਾ ਹੈ, ਭਾਵ ਕੂੜ ਦਾ ਹੀ ਖੱਟਿਆ ਖਾਂਦਾ ਹੈ, ਅਰਥਾਤ ਉਹ ਕੂੜ ਨੂੰ ਹੀ ਜ਼ਿੰਦਗੀ ਦਾ ਆਸਰਾ ਸਮਝਦਾ ਹੈ।

੩. ਹੇ ਭਾਈਓ! ਵੇਖ ਲਓ ਕਿ ਮਨ ਦੇ ਅਧੀਨ ਹੋਏ ਮਨੁੱਖ ਵਿਹੁ ਰੂਪ ਮਾਇਆ, ਧਨ ਨੂੰ ਇਕੱਠਾ ਕਰ-ਕਰ ਕੇ ਖੱਪਦੇ ਮਰਦੇ ਹਨ। ਉਹ ਸਾਰਾ ਧਨ ਉਨ੍ਹਾਂ ਦੇ ਵੇਖਦਿਆਂ-ਵੇਖਦਿਆਂ ਹੀ ਅੰਤ ਨੂੰ ਸੁਆਹ ਹੋ ਜਾਂਦਾ ਹੈ, (ਭਾਵ ਸੁਆਹ ਵਾਂਗ ਵਿਅਰਥ ਹੋ ਜਾਂਦਾ ਹੈ)।

ਪ੍ਰ: ਸ੍ਰੀ ਜੀਉ! ਉਹ ਐਸੇ ਲੋਕ ਵੇਖਣ ਵਿਚ ਆਉਂਦੇ ਹਨ ਕਿ ਕਰਮ ਧਰਮ ਤੇ ਸੰਜਮ ਬਹੁਤ ਕਰਦੇ ਹਨ। ਕੀ ਇਹ ਉਨ੍ਹਾਂ ਦੇ ਕੀਤੇ ਕਰਮ ਕਬੂਲੇ ਨਹੀਂ ਜਾਣਗੇ?

ਉ: ੪. (ਨਹੀਂ) ਹੇ ਭਰਾਵੋ! ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਕਰਮ ਧਰਮ ਸੁੱਚ ਸੰਜਮ ਆਦਿ ਵੀ ਕਰਦੇ ਹਨ, ਪਰ ਇਹ ਕੁਝ ਕਰਨਾ ਉਨ੍ਹਾਂ ਦਾ ਲੋਕ-ਦਿਖਲਾਵਾ ਹੋਇਆ ਕਰਦਾ ਹੈ, ਕਿਉਂਕਿ ਅੰਦਰ ਉਨ੍ਹਾਂ ਦੇ ਲੋਭ ਤੇ ਵਿਕਾਰਾਂ ਦੀ ਰੁਚੀ ਪ੍ਰਬਲ ਹੋਇਆ ਕਰਦੀ ਹੈ, (ਸੋ ਇਸ ਲਈ ਉਨ੍ਹਾਂ ਦੇ ਕੀਤੇ ਕਰਮ ਧਰਮ ਥਾਂ ਨਹੀਂ ਪੈਂਦੇ)।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮਨ ਦੇ ਅਧੀਨ ਹੋਇਆ-ਹੋਇਆ ਮਨੁੱਖ ਜੋ ਕੁਝ ਭੀ ਕਰਦਾ ਹੈ ਉਹ ਕਬੂਲ ਨਹੀਂ ਹੁੰਦਾ, (ਇਸੀ ਕਰ ਕੇ) ਉਹ ਪ੍ਰਭੂ ਦੀ ਹਜ਼ੂਰੀ ਵਿਚ ਗਿਆਂ ਖ਼ੁਆਰ ਹੁੰਦਾ ਹੈ।੨।

ਪਉੜੀ ॥

੧. ਆਪੇ ਖਾਣੀ ਆਪੇ ਬਾਣੀ
ਆਪੇ ਖੰਡ ਵਰਭੰਡ ਕਰੇ ॥
੨. ਆਪਿ ਸਮੁੰਦੁ ਆਪਿ ਹੈ ਸਾਗਰੁ
ਆਪੇ ਹੀ ਵਿਚਿ ਰਤਨ ਧਰੇ ॥
੩. ਆਪਿ ਲਹਾਏ ਕਰੇ ਜਿਸੁ ਕਿਰਪਾ
ਜਿਸ ਨੋ ਗੁਰਮੁਖਿ ਕਰੇ ਹਰੇ ॥
੪. ਆਪੇ ਭਉਜਲੁ ਆਪਿ ਹੈ ਬੋਹਿਥਾ
ਆਪੇ ਖੇਵਟੁ ਆਪਿ ਤਰੇ ॥
੫. ਆਪੇ ਕਰੇ ਕਰਾਏ ਕਰਤਾ
ਅਵਰੁ ਨ ਦੂਜਾ ਤੁਝੈ ਸਰੇ ॥੯॥

ਪਦ ਅਰਥ : ਖਾਣੀ—ਜਗਤ ਦੀ ਉਤਪਤੀ ਦੇ ਵਸੀਲੇ (ਅੰਡਜ, ਜੇਰਜ, ਸੇਤਜ, ਉਤਭੁਜ)। ਬਾਣੀ—ਬੋਲੀਆਂ, ਚਾਰ ਪ੍ਰਕਾਰ ਦੀ ਬਾਣੀ, ਪਰਾ, ਪਸੰਤੀ, ਮਧਮਾ, ਬੈਖਰੀ। ਖੰਡ—ਜਗਤ ਦੇ ਹਿੱਸੇ। ਬ੍ਰਹਮੰਡ—ਜਗਤ। ਬੋਹਿਥ—ਜਹਾਜ਼। ਖੇਵਟੁ—ਮਲਾਹ। ਸਰੇ—ਬਰਾਬਰ।

ਅਰਥ :

੧. ਪਿਛਲੀ ਪਉੜੀ ਵਾਂਗ ਇਸ ਪਉੜੀ ਵਿਚ ਭੀ ਗੁਰਮੁਖ ਦੀ ਸਮ ਦ੍ਰਿਸ਼ਟੀ ਵਿਖਾਈ ਹੈ ਕਿ ਉਸ ਗੁਰਮੁਖ ਦੀ ਸਮਦ੍ਰਿਸ਼ਟੀ ਵਿਚ ਉਸ ਨੂੰ ਇਉਂ ਹੀ ਨਜ਼ਰ ਆਉਂਦਾ ਹੈ ਕਿ ਉਹ ਕਰਤਾਰ ਆਪ ਹੀ ਖਾਣੀਆਂ, ਬਾਣੀਆਂ, ਖੰਡ ਤੇ ਬ੍ਰਹਿਮੰਡ ਬਣਾਉਂਦਾ ਹੈ।

੨. ਉਹ ਆਪ ਹੀ ਸਮੁੰਦਰ ਸਾਗਰ ਹੈ, ਆਪ ਹੀ ਉਸ ਵਿਚ ਰਤਨ ਮੋਤੀ ਆਦਿ ਧਰੇ ਹਨ।

੩. ਜਿਸ ਨੂੰ ਉਹ ਆਪ ਹੀ ਕਿਰਪਾ ਕਰੇ, ਉਸ ਨੂੰ ਇਹ ਰਤਨ ਆਪੇ ਹੀ ਲਭਾ ਦੇਂਦਾ ਹੈ ਅਤੇ ਉਸ ਨੂੰ ਹਰੀ ਆਪ ਗੁਰਮੁਖ ਬਣਾ ਦੇਂਦਾ ਹੈ। ਉਹ ਵੀ ਉਹੋ ਹੁੰਦਾ ਹੈ, ਜਿਸ 'ਤੇ ਉਹ ਆਪ ਕਿਰਪਾ ਕਰਦਾ ਹੈ।

੪. ਉਹ ਆਪੇ ਹੀ ਭਵ ਸਾਗਰ ਹੈ, ਆਪੇ ਹੀ ਜਹਾਜ਼ ਹੈ, ਆਪ ਹੀ ਮਲਾਹ ਹੈ, (ਆਪ ਹੀ ਤਰਨ ਵਾਲਾ ਜਗਿਆਸੂ ਹੋ ਕੇ) ਤਰਦਾ ਹੈ।

੫. ਉਹ ਕਰਤਾਰ ਆਪੇ ਹੀ ਕਰਦਾ ਹੈ, ਆਪੇ ਹੀ ਕਰਾਉਂਦਾ ਹੈ, (ਇਸ ਲਈ) ਗੁਰਮੁਖ ਦੀ ਦ੍ਰਿਸ਼ਟੀ ਤਾਂ ਇਹੋ ਹੁੰਦੀ ਹੈ ਕਿ ਹੇ ਸਾਈਂ ਜੀ! ਤੇਰੇ ਤੁਲ ਹੋਰ ਕੋਈ ਵੀ ਦੂਸਰਾ ਨਹੀਂ ਹੈ।੯।

ਭਾਵਾਰਥ : ਸਲੋਕ ਵਿਚ ਹਜ਼ੂਰ ਨੇ ਸ਼ੇਖ਼ ਦੁਆਰਾ ਉਪਦੇਸ਼ ਦੇਂਦਿਆਂ ਸਰਵ ਨੂੰ ਸਾਂਝੀ ਸਿੱਖਿਆ ਦਿੱਤੀ ਹੈ ਕਿ ਅੰਦਰ ਜ਼ੋਰ ਤੇ ਹੱਠ ਪੁਣਾ ਛੱਡ ਕੇ ਮਨ ਵਿਚ ਸ਼ਾਂਤੀ ਦੇ ਧਾਰਨੀ ਹੋਵੋ ਤਾਂਕਿ ਅੰਦਰ ਭਜਨ ਬੰਦਗੀ ਦੀ ਕਾਰ ਕਰਨ ਦੀ ਰੁੱਚੀ ਜਾਗੇ, ਕਿਉਂਕਿ ਵਿਕਾਰਾਂ ਦੀ ਰੁਚੀ ਰੱਖਣ ਵਾਲੇ ਕਿਸੇ ਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਭਾਵੇਂ ਕਿਤਨੇ ਭੀ ਕਰਮ ਧਰਮ ਕਰਦਾ ਰਵੇ।

ਮਨਮੁਖ ਦੇ ਅੰਦਰ ਪ੍ਰਭੂ ਜੀ ਦਾ ਪਿਆਰ ਇਸੇ ਕਰ ਕੇ ਨਹੀਂ ਵਸਦਾ, ਕਿਉਂਕਿ ਉਸਦੇ ਅੰਦਰ ਮਾਇਆ ਮੋਹ ਦੀ ਲਗਨ ਹੈ, ਇਸੇ ਕਰ ਕੇ ਉਹ ਜੋ ਕੁਝ ਭੀ ਕਰਮ ਧਰਮ ਕਰਦਾ ਹੈ, ਉਸ ਦੇ ਕਬੂਲ ਨਹੀਂ ਪੈਂਦੇ।

ਪਉੜੀ ਵਿਚ ਸਰਵ ਰੂਪ ਉਸੇ ਸਾਈਂ ਜੀ ਦੇ ਧਾਰਨ ਕੀਤੇ ਹੋਏ ਦ੍ਰਿਸ਼ਟਾਏ ਹਨ, ਪਰ ਇਹ ਦ੍ਰਿਸ਼ਟੀ ਉਸੇ ਗੁਰਮੁਖ ਦੀ ਹੁੰਦੀ ਹੈ, ਜਿਸ ਨੇ ਗੁਰੂ ਦੁਆਰਾ ਉਪਦੇਸ਼ ਧਾਰਨ ਕੀਤਾ ਹੋਵੇ।

ਸਲੋਕ ਮ: ੩ ॥

੧. ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ ॥
੨. ਨਾਮੁ ਪਦਾਰਥੁ ਪਾਈਐ
ਅਚਿੰਤੁ ਵਸੈ ਮਨਿ ਆਇ ॥
੩. ਜਨਮ ਮਰਨ ਦੁਖੁ ਕਟੀਐ
ਹਉਮੈ ਮਮਤਾ ਜਾਇ ॥
੪. ਉਤਮ ਪਦਵੀ ਪਾਈਐ ਸਚੇ ਰਹੈ ਸਮਾਇ ॥
੫. ਨਾਨਕ ਪੂਰਬਿ ਜਿਨ ਕਉ ਲਿਖਿਆ
ਤਿਨਾ ਸਤਿਗੁਰੁ ਮਿਲਿਆ ਆਇ ॥੧॥

ਪਦ ਅਰਥ : ਪਦਾਰਥੁ—ਧਨ। ਅਚਿੰਤੁ—ਚਿੰਤਾ ਤੋਂ ਰਹਿਤ ਪ੍ਰਭੂ। ਉਤਮ ਪਦਵੀ—ਪ੍ਰਭੂ ਵਿਚ ਸਮਾਏ ਰਹਿਣ ਦਾ ਰੁਤਬਾ। ਪੂਰਬਿ—ਮੁੱਢ ਤੋਂ।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਸਤਿਗੁਰੂ ਦੀ ਸੰਗਤ ਵਿਚ ਆ ਕੇ ਬਹੁਤ ਲੋਕ ਗੁਰੂ ਦੀ ਸੇਵਾ ਤਾਂ ਕਰਦੇ ਹਨ, ਪਰ ਉਨ੍ਹਾਂ ਸਭ ਨੂੰ ਸੇਵਾ ਕੀਤੀ ਦਾ ਫਲ ਕਿਉਂ ਨਹੀਂ ਮਿਲਦਾ, ਇਸ ਦਾ ਸਹੀ ਕਾਰਣ ਕੀ ਹੈ?

ਉ: ੧. ਹੇ ਭਾਈਓ! ਸਤਿਗੁਰੂ ਦੀ ਸੇਵਾ ਤਾਂ ਫਲੁ ਪ੍ਰਦਾਤੀ ਹੈ, ਪਰ ਜੇ ਕੋਈ ਮਨੁੱਖ ਮਨ ਨੂੰ ਟਿਕਾਅ ਕੇ ਗੁਰੂ ਦੀ (ਦੱਸੀ ਹੋਈ) ਕਾਰ ਕਰੇ ਤਾਂ (ਨਿਸਚਾ ਰਖੋ) ਉਹ ਸੇਵਾ ਜ਼ਰੂਰ ਫਲ ਦੇਂਦੀ ਹੈ।

ਪ੍ਰ: ਹੇ ਗੁਰੋ! ਜੇ ਕੋਈ ਦਿਲ ਲਾ ਕੇ ਸੇਵਾ ਕਰੇ ਤਾਂ ਉਸ ਨੂੰ ਕਿਹੜਾ-ਕਿਹੜਾ ਫਲ ਪ੍ਰਾਪਤ ਹੋ ਸਕਦਾ ਹੈ?

ਉ: ੨. ਹੇ ਭਾਈਓ! ਸੇਵਾ ਦੁਆਰਾ ਜੋ ਫਲਾਂ ਦੀ ਪ੍ਰਾਪਤੀ ਹੁੰਦੀ ਹੈ, ਉਹ ਸਾਰੀ ਤਾਂ ਬਿਆਨੀ ਨਹੀਂ ਜਾ ਸਕਦੀ, ਕਿਉਂਕਿ ਗੁਰੂ ਦੀ ਸੇਵਾ ਬੇਅੰਤ ਫਲਾਂ ਦੀ ਦਾਤੀ ਹੈ, ਪਰ ਮੋਟੀ ਦ੍ਰਿਸ਼ਟੀ ਨਾਲ ਤਕਿਆਂ ਵੀ ਸਾਨੂੰ (੭) ਸੱਤ ਤਰ੍ਹਾਂ ਦੇ ਫਲ ਪ੍ਰਾਪਤ ਹੁੰਦੇ ਨਜ਼ਰ ਆਉਂਦੇ ਹਨ; ਜਿਵੇਂ ਕਿ : ੧. ਨਾਮ ਪਦਾਰਥ ਮਿਲਦਾ ਹੈ।

੩. ੨. ਚਿੰਤਾ ਤੋਂ ਰਹਿਤ (ਪ੍ਰਭੂ) ਮਨ ਵਿਚ ਆ ਵਸਦਾ ਹੈ। ੩. ਜਨਮ ਮਰਣ ਦਾ ਦੁੱਖ ਕੱਟਿਆ ਜਾਂਦਾ ਹੈ। ੪. ਦੁੱਖ ਦੇਣਹਾਰੀ ਹਉਮੈ ਨਸ਼ਟ ਹੋ ਜਾਂਦੀ ਹੈ। ੫. ਹਉਮੈ ਤੋਂ ਪੈਦਾ ਹੋਣ ਵਾਲੀ ਮਮਤਾ ਵੀ ਦੂਰ ਹੋ ਜਾਂਦੀ ਹੈ।

੪. ੬. ਮਰ ਕੇ ਉੱਤਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ੭. ਆਖ਼ਰ ਸੱਚੇ ਵਿਚ ਸਮਾਏ ਰਹੀਦਾ ਹੈ।

ਪ੍ਰ: ਹਜ਼ੂਰ! ਸਾਰੇ ਹੀ ਸੇਵਕ ਇਨ੍ਹਾਂ ਫਲਾਂ ਦੀ ਪ੍ਰਾਪਤੀ ਲਈ ਜਤਨ ਕਰਦੇ ਹਨ, ਸਾਰਿਆਂ ਨੂੰ ਪ੍ਰਾਪਤੀ ਕਿਉਂ ਨਹੀਂ ਹੁੰਦੀ?

ਉ: ੫. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ। ਜਿਨ੍ਹਾਂ ਦੇ (ਭਾਗਾਂ ਵਿਚ) ਪਹਿਲੋਂ ਤੋਂ ਹੀ ਲਿਖਿਆ ਹੈ, ਉਨ੍ਹਾਂ ਨੂੰ ਸਤਿਗੁਰੂ ਜੀ ਆਪ ਮਿਲਦੇ ਹਨ। ਬਸ ਜਿਨ੍ਹਾਂ ਨੂੰ ਸਤਿਗੁਰੂ ਦਾ ਮਿਲਾਪ ਹੁੰਦਾ ਹੈ, ਉਨ੍ਹਾਂ ਨੂੰ ਇਨ੍ਹਾਂ ਫਲਾਂ ਦੀ ਸੁਭਾਵਕ ਹੀ ਪ੍ਰਾਪਤੀ ਹੋ ਜਾਂਦੀ ਹੈ।੧।

ਮ: ੩ ॥

੧. ਨਾਮਿ ਰਤਾ ਸਤਿਗੁਰੂ ਹੈ
ਕਲਿਜੁਗ ਬੋਹਿਥੁ ਹੋਇ ॥
੨. ਗੁਰਮੁਖਿ ਹੋਵੈ ਸੁ ਪਾਰਿ ਪਵੈ
ਜਿਨਾ ਅੰਦਰਿ ਸਚਾ ਸੋਇ ॥
੩. ਨਾਮੁ ਸਮ੍ਾਲੇ ਨਾਮੁ ਸੰਗ੍ਰਹੈ
ਨਾਮੇ ਹੀ ਪਤਿ ਹੋਇ ॥
੪. ਨਾਨਕ ਸਤਿਗੁਰੁ ਪਾਇਆ
ਕਰਮਿ ਪਰਾਪਤਿ ਹੋਇ ॥੨॥

ਪਦ ਅਰਥ : ਜੁਗ—ਸਮਾਂ। ਕਲਿ—ਝਗੜੇ, ਕਲੇਸ਼। ਪਤਿ—ਇੱਜ਼ਤ।

ਅਰਥ :

ਪ੍ਰ: ਹੇ ਗੁਰੋ! ਸਤਿਗੁਰੂ ਦੀ ਨਿਸ਼ਾਨੀ ਕੀ ਹੈ?

ਉ: ੧. ਹੇ ਭਾਈ! ਸਤਿਗੁਰੂ ਪਰਮੇਸ਼ਰ ਦੇ ਨਾਮ ਰੰਗ ਵਿਚ (ਸਦਾ ਹੀ) ਰੰਗਿਆ ਹੋਇਆ ਹੁੰਦਾ ਹੈ ਅਤੇ ਕਲਜੁਗੀ ਜੀਵਾਂ ਦਾ ਉਧਾਰ ਕਰਨ ਲਈ ਉਹ ਜਹਾਜ਼ ਬਣਦਾ ਹੈ।

੨. ਜੋ ਉਸ ਸਤਿਗੁਰੂ ਤੋਂ ਨਾਮ ਲੈ ਕੇ ਗੁਰਮੁਖ ਹੋ ਜਾਵੇ, ਉਹੀ ਪਾਰ ਹੁੰਦਾ ਹੈ, (ਪਰ ਹਾਂ) ਜਿਨ੍ਹਾਂ ਦੇ ਅੰਦਰ ਉਹ ਸੱਚਾ ਵਾਹਿਗੁਰੂ ਵਸ ਜਾਂਦਾ ਹੈ।

ਪ੍ਰ: ਕਿਉਂ ਜੀ! ਉਹ ਕਿਸ ਤਰ੍ਹਾ?

ਉ: ੩. ਹੇ ਭਾਈ! ਉਹ ਇਸ ਤਰ੍ਹਾਂ ਕਿ ਉਹ ਨਾਮ ਨੂੰ ਸਿਮਰਦਾ ਹੈ, ਨਾਮ ਨੂੰ ਜਮ੍ਹਾਂ ਕਰਦਾ ਹੈ, ਨਾਮ ਕਰ ਕੇ ਹੀ ਉਸ ਦੀ ਰੱਬੀ ਦਰਬਾਰ ਵਿਚ ਇੱਜ਼ਤ ਹੁੰਦੀ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਸਤਿਗੁਰੂ ਨੂੰ ਮਿਲ ਕੇ ਪ੍ਰਭੂ ਦੀ ਮਿਹਰ ਨਾਲ, ਭਾਵ ਬਖ਼ਸ਼ਸ਼ ਦਾ ਪਾਤਰ ਬਣਿਆਂ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ।੨।

ਪਉੜੀ ॥

੧. ਆਪੇ ਪਾਰਸੁ ਆਪਿ ਧਾਤੁ ਹੈ
ਆਪਿ ਕੀਤੋਨੁ ਕੰਚਨੁ ॥
੨. ਆਪੇ ਠਾਕੁਰੁ ਸੇਵਕੁ ਆਪੇ
ਆਪੇ ਹੀ ਪਾਪ ਖੰਡਨੁ ॥
੩. ਆਪੇ ਸਭਿ ਘਟ ਭੋਗਵੈ ਸੁਆਮੀ
ਆਪੇ ਹੀ ਸਭੁ ਅੰਜਨੁ ॥
੪. ਆਪਿ ਬਿਬੇਕੁ ਆਪਿ ਸਭੁ ਬੇਤਾ
ਆਪੇ ਗੁਰਮੁਖਿ ਭੰਜਨੁ ॥
੫. ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ
ਤੂ ਹਰਿ ਸੁਖਦਾਤਾ ਵਡਨੁ ॥੧੦॥

ਪਦ ਅਰਥ : ਪਾਰਸੁ—ਉਹ ਪੱਥਰ ਜਿਸ ਨਾਲ ਛੋਹਿਆਂ ਧਾਤਾਂ ਸੋਨਾ ਬਣਦੀਆਂ ਹਨ। ਕੰਚਨ—ਸੋਨਾ। ਖੰਡਨ—ਨਾਸ ਕਰਨ ਵਾਲਾ। ਘਟ—ਸਰੀਰ। ਅੰਜਨੁ—ਕਾਲਖ, ਸੁਰਮਾ, ਮਾਇਆ। ਬਿਬੇਕੁ—ਪਰਖ, ਪਛਾਣ, ਗਿਆਨ। ਬੇਤਾ—ਜਾਨਣ ਵਾਲਾ। ਭੰਜਨੁ—ਨਾਸ ਕਰਨ ਵਾਲਾ।

ਅਰਥ :

੧. ਹੇ ਭਾਈਓ! ਉਹ ਕਰਤਾਰ ਆਪ ਹੀ ਪਾਰਸ ਹੈ, ਆਪ ਹੀ ਲੋਹਾ ਹੈ ਅਤੇ ਆਪ ਹੀ ਉਹ ਧਾਤ ਨੂੰ ਸੋਨਾ ਕਰ ਦੇਂਦਾ ਹੈ।

੨. ਉਹ ਆਪੇ ਹੀ ਸੁਆਮੀ ਹੈ, ਆਪੇ ਹੀ ਸੇਵਕ ਹੈ, ਆਪ ਹੀ (ਸੇਵਕਾਂ ਦੇ) ਪਾਪ ਨਾਸ਼ ਕਰਨੇ ਵਾਲਾ ਹੈ।

੩. ਸਾਰੇ ਸਰੀਰਾਂ ਵਿਚ ਆਪ ਹੀ ਵਿਆਪਕ ਹੋ ਕੇ ਮਾਇਕ ਪਦਾਰਥ ਭੋਗਦਾ ਹੈ ਅਤੇ ਸਾਰੀ ਮਾਇਆ ਭੀ ਉਹ ਆਪ ਹੀ ਹੈ।

ਫਿਰ ਉਹ ਆਪ ਹੀ ਗਿਆਨ ਹੈ, ਆਪ ਹੀ ਸਭੋ ਕੁਝ ਜਾਨਣ ਵਾਲਾ ਹੈ।

੪. ਆਪ ਹੀ ਬਿਬੇਕ (ਭਾਵ ਗਿਆਨ) ਹੈ, ਆਪ ਹੀ ਸਾਰੇ ਵਿਵੇਕ ਨੂੰ ਜਾਨਣ ਵਾਲਾ ਹੈ ਅਤੇ ਆਪੇ ਹੀ ਸਤਿਗੁਰੂ ਦੇ ਸਨਮੁਖ ਹੋ ਕੇ (ਮਾਇਆ ਦੇ ਬੰਧਨ) ਤੋੜਨ ਵਾਲਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਕਰਤਾਰ! ਦਾਸ ਤਾਂ ਤੈਨੂੰ ਸਲਾਹੁੰਦਾ ਰੱਜਦਾ ਹੀ ਨਹੀਂ। ਹੇ ਹਰੀ! ਤੂੰ ਹੀ ਵੱਡਾ ਸੁੱਖ ਦਾਤਾ ਹੈਂ।੧੦।

ਭਾਵਾਰਥ : ਸਲੋਕ ਅੰਦਰ ਸਤਿਗੁਰੂ ਦੇ ਮਿਲਾਪ ਤੋਂ ਲੈ ਕੇ ਹੀ ਪੂਰਨ ਗਿਆਨ ਪ੍ਰਾਪਤ ਹੁੰਦਾ ਦਰਸਾਇਆ ਹੈ।

ਸਤਿਗੁਰੂ ਸਦੀਵੀ ਕਾਲ ਨਾਮ ਰੰਗਣ ਵਿਚ ਰੰਗਿਆ ਹੁੰਦਾ ਹੈ, ਇਸੀ ਕਰ ਕੇ ਉਹ ਜੀਵਾਂ ਨੂੰ ਤਾਰਨ ਦੀ ਸਮਰੱਥਾ ਰੱਖਦਾ ਹੈ। ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰ ਕੇ ਹੀ ਗੁਰਮੁਖ ਹੋਈਦਾ ਹੈ।

ਜਿਵੇਂ ਪਾਰਸ ਨਾਲ ਛੋਹਿਆਂ ਹਰੇਕ ਧਾਤ ਸੋਨਾ ਹੋ ਜਾਂਦੀ ਹੈ, ਤਿਵੇਂ ਹੀ ਜੋ ਮਨੁੱਖ ਗੁਰੂ ਦੀ ਚਰਨੀਂ ਲੱਗਦਾ ਹੈ, ਉਹ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਉਸ ਦੇ ਸਾਰੇ ਪਾਪ ਨਾਸ ਹੋ ਕੇ ਉਹ ਸ਼ੁੱਧ ਸਰੂਪ ਬਣ ਜਾਂਦਾ ਹੈ।

ਸਲੋਕੁ ਮ: ੪ ॥

੧. ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ
ਜੇਤੇ ਕਰਮ ਕਮਾਹਿ ॥
੨. ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ
ਮਰਿ ਜੰਮਹਿ ਆਵਹਿ ਜਾਹਿ ॥
੩. ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ
ਨਾਮੁ ਨ ਵਸੈ ਮਨਿ ਆਇ ॥
੪. ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ
ਮਾਰੀਅਹਿ ਮੁਹਿ ਕਾਲੈ ਉਠਿ ਜਾਹਿ ॥੧॥

ਪਦ ਅਰਥ : ਜੇਤੇ—ਜਿਤਨੇ ਭੀ। ਠਵਰ—ਆਸਰਾ। ਨ ਪਾਵਹੀ—ਨਹੀਂ ਲੱਭ ਸਕਦੇ।

ਅਰਥ :

ਪ੍ਰ: ਕਿਉਂ ਜੀ! ਇਹ ਜਿਤਨੇ ਭੀ ਲੋਕ ਕਰਮ ਧਰਮ ਕਰਦੇ ਹਨ, ਕੀ ਇਹ ਸਾਰੇ ਹੀ ਬੰਧਨਾਂ ਤੋਂ ਰਹਿਤ ਹੋ ਜਾਣਗੇ?

ਉ: ੧. ਹੇ ਭਾਈਓ! ਸਤਿਗੁਰੂ ਜੀ ਦੀ ਦੱਸੀ ਹੋਈ ਭਗਤੀ ਰੂਪੀ ਸੇਵਾ ਕੀਤੇ ਬਿਨਾਂ ਹੋਰ ਜਿਤਨੇ ਭੀ ਜੀਵ ਕਰਮ ਕਰਦੇ ਹਨ, ਉਹ ਉਨ੍ਹਾਂ ਦੇ ਜੀਵ ਲਈ ਬੰਨ੍ਹਣ ਵਾਲੇ ਬਣਦੇ ਹਨ, ਭਾਵ ਉਹ ਕਰਮ ਜੀਵਾਂ ਨੂੰ ਹੋਰ ਵਧੀਕ ਮਾਇਆਂ ਦੇ ਮੋਹ ਵਿਚ ਫਸਾਉਂਦੇ ਹਨ।

੨. ਸਤਿਗੁਰੂ ਦੀ ਸੇਵਾ ਤੋਂ ਬਿਨਾ ਇਸ ਜੀਵ ਨੂੰ ਹੋਰ ਕੋਈ ਭੀ ਮੁਕਤੀ ਰੂਪ ਟਿਕਾਣਾ ਨਹੀਂ ਮਿਲਦਾ, ਇਸੇ ਲਈ ਸਾਰੇ ਜੀਵ ਮਰਦੇ ਜੰਮਦੇ ਆਉਂਦੇ ਜਾਂਦੇ ਰਹਿੰਦੇ ਹਨ।

੩. ਸਤਿਗੁਰੂ ਦੀ ਦੱਸੀ ਹੋਈ ਸਿਮਰਨ ਰੂਪ ਕਾਰ ਤੋਂ ਸਖਣਾ ਰਹਿ ਕੇ, ਇਸ ਜੀਵ ਦਾ ਜਿਤਨਾ ਭੀ ਬੋਲਣਾ ਹੈ, ਇਹ ਸਭ ਫਿੱਕਾ ਹੈ, (ਕਿਉਂਕਿ) ਉਸ ਫਿੱਕਾ ਬੋਲਣ ਵਾਲੇ ਦੇ ਮਨ ਵਿਚ ਨਾਮ ਨਹੀਂ ਵਸਦਾ।

ਪ੍ਰ: ਹਜ਼ੂਰ ਅਜਿਹੇ ਮਨੁੱਖਾਂ ਨੂੰ ਸਜ਼ਾ ਕੀ ਮਿਲਦੀ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਸਤਿਗੁਰੂ ਨੂੰ ਸੇਵੇ ਤੋਂ ਬਿਨਾ ਉਹ ਜੀਵ ਇਸ ਸੰਸਾਰ ਵਿਚੋਂ ਆਖ਼ਰ ਕਾਲਾ ਮੂੰਹ (ਕਰਾ ਕੇ ਖਪੱਤੇ ਹੋ ਕੇ) ਉੱਠ ਜਾਂਦੇ ਹਨ, ਅੱਗੇ ਜਮ ਪੁਰੀ ਵਿਚ ਬੱਧੇ ਮਾਰੇ ਜਾਂਦੇ ਹਨ।੧।

ਮ: ੩ ॥

੧. ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ
ਹਰਿ ਨਾਮੇ ਲਗੈ ਪਿਆਰੁ ॥
੨ ਨਾਨਕ ਜਨਮੁ ਸਵਾਰਨਿ ਆਪਣਾ
ਕੁਲ ਕਾ ਕਰਨਿ ਉਧਾਰੁ ॥੨॥

ਪਦ ਅਰਥ : ਇਕਿ—ਕਈ ਮਨੁੱਖ। ਚਾਕਰੀ—ਨੌਕਰੀ। ਕੁਲ—ਪਰਵਾਰ।

ਅਰਥ :

ਪ੍ਰ: ਕਿਉਂ ਜੀ! ਕੀ ਇਹ ਉਪਰਲੇ ਸਲੋਕ ਵਿਚ ਦੱਸੀ ਹੋਈ ਦਸ਼ਾ ਸਭਨਾਂ ਜੀਵਾਂ ਦੀ ਇਕੋ ਜਿਹੀ ਹੁੰਦੀ ਹੈ ?

ਉ: ੧. (ਨਹੀਂ) ਹੇ ਭਾਈਓ! ਕਈ ਮਨੁੱਖ ਸਤਿਗੁਰੂ ਦੀ ਦੱਸੀ ਹੋਈ ਸਿਮਰਨ ਦੀ ਕਾਰ ਕਰਦੇ ਹਨ। ਉਨ੍ਹਾਂ ਦਾ ਹਰੀ ਦੇ ਨਾਮ ਨਾਲ ਪਿਆਰ ਲੱਗ ਜਾਂਦਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਆਪਣਾ ਜਨਮ ਸਵਾਰ ਲੈਂਦੇ ਹਨ ਅਤੇ ਆਪਣੀਆਂ ਕੁਲਾਂ ਦਾ ਭੀ ਨਿਸਤਾਰਾ ਕਰ ਲੈਂਦੇ ਹਨ।੨।

ਪਉੜੀ ॥

੧. ਆਪੇ ਚਾਟਸਾਲ ਆਪਿ ਹੈ ਪਾਧਾ
ਆਪੇ ਚਾਟੜੇ ਪੜਣ ਕਉ ਆਣੇ ॥
੨. ਆਪੇ ਪਿਤਾ ਮਾਤਾ ਹੈ ਆਪੇ
ਆਪੇ ਬਾਲਕ ਕਰੇ ਸਿਆਣੇ ॥
੩. ਇਕ ਥੈ ਪੜਿ ਬੁਝੈ ਸਭੁ ਆਪੇ
ਇਕ ਥੈ ਆਪੇ ਕਰੇ ਇਆਣੇ ॥
੪. ਇਕਨਾ ਅੰਦਰਿ ਮਹਲਿ ਬੁਲਾਏ
ਜਾ ਆਪਿ ਤੇਰੈ ਮਨਿ ਸਚੇ ਭਾਣੇ ॥
੫. ਜਿਨਾ ਆਪੇ ਗੁਰਮੁਖਿ ਦੇ ਵਡਿਆਈ
ਸੇ ਜਨ ਸਚੀ ਦਰਗਹਿ ਜਾਣੇ ॥੧੧॥

ਪਦ ਅਰਥ : ਚਾਟਸਾਲ—ਪਾਠਸ਼ਾਲਾ। ਪਾਧਾ—ਪੜ੍ਹਾਣ ਵਾਲਾ। ਆਣੇ—ਲਿਆਉਂਦਾ ਹੈ। ਇਕ ਥੈ—ਕਿਸੇ ਥਾਂ, ਇਕ ਥਾਂ ਤਾਂ।

ਅਰਥ :

ਪ੍ਰ: ਕਿਉਂ ਜੀ! ਜਿਨ੍ਹਾਂ ਦਾ ਨਾਮ ਵਿਚ ਪਿਆਰ ਲੱਗ ਗਿਆ ਹੈ, ਉਨ੍ਹਾਂ ਦੀ ਮਾਨਸਕ ਦਸ਼ਾ ਕਿਸ ਰੂਪ ਵਿਚ ਬਦਲ ਜਾਂਦੀ ਹੈ ?

ਉ: ੧. ਹੇ ਭਾਈ! ਉਨ੍ਹਾਂ ਦੀ ਸਮ ਦ੍ਰਿਸ਼ਟੀ ਹੋ ਜਾਂਦੀ ਹੈ। ਉਹ ਜਿਧਰ ਵੀ ਦੇਖਦੇ ਹਨ ਕਿ ਉਹ ਪ੍ਰਭੂ ਆਪੇ ਹੀ ਪਾਠਸ਼ਾਲਾ ਹੈ, ਆਪ ਹੀ ਉਸਤਾਦ ਹੈ ਤੇ ਆਪੇ ਹੀ ਵਿਦਿਆਰਥੀ ਪੜ੍ਹਨ ਵਾਸਤੇ ਲਿਆਉਂਦਾ ਹੈ।

੨. ਆਪੇ ਹੀ ਪਿਤਾ ਹੈ, ਆਪੇ ਹੀ ਮਾਤਾ ਹੈ, ਆਪੇ (ਬਾਲਕੇ) ਪਾਲ ਕੇ ਸਿਆਣੇ ਵੱਡੇ ਕਰਦਾ ਹੈ।

੩. ਇਕ ਥਾਂ ਸਭ ਕੁਝ ਪੜ੍ਹ ਕੇ ਆਪ ਹੀ ਸਮਝਦਾ ਹੈ ਤੇ ਇਕ ਥਾਂ ਆਪੇ ਹੀ ਬਾਲਕਾਂ ਨੂੰ ਇਞਾਣੇ ਕਰ ਦੇਂਦਾ ਹੈ।

੪. ਹੇ ਸੱਚੇ! ਜਦੋਂ ਤੇਰੇ ਮਨ ਵਿਚ ਕੋਈ ਇਕ ਆਪੇ ਭਾ ਜਾਂਦੇ ਹਨ, ਤਾਂ ਤੂੰ ਇਹਨਾਂ ਨੂੰ ਆਪਣੇ ਸਰੂਪ ਰੂਪੀ ਮਹਿਲ ਵਿਚ ਬੁਲਾ ਲੈਂਦਾ ਹੈਂ।

੫. ਹੇ ਸੱਚੇ! ਜਿਨ੍ਹਾਂ ਨੂੰ ਤੂੰ ਆਪੇ ਸੱਚੇ ਨਾਮ ਦੀ ਵਡਿਆਈ ਦੇ ਦੇਂਦਾ ਹੈਂ, ਉਹ ਪੁਰਖ ਸੱਚੀ ਦਰਗਾਹ ਵਿਚ ਜਾਣੇ ਜਾਂਦੇ ਹਨ। (ਭਾਵ ਹੈ ਕਿ ਉਹ ਸਤਿਕਾਰੇ ਜਾਂਦੇ ਹਨ)।੧।

ਭਾਵਾਰਥ : ਸਲੋਕ ਵਿਚ ਸਤਿਗੁਰੂ ਦੀ ਸੇਵਾ ਨਾ ਕਰਨ ਵਾਲਿਆਂ ਨੂੰ ਮਾੜੇ ਫਲ ਦੱਸੇ ਹਨ। ਮਹਲੇ ਵਿਚ ਸੇਵਾ ਕਰਨ ਵਾਲਿਆਂ ਨੂੰ ਉੱਤਮ ਫਲ ਪ੍ਰਾਪਤ ਹੁੰਦੇ ਦਰਸਾਏ ਹਨ। ਪਉੜੀ ਵਿਚ ਸਰਵ ਰੂਪ ਸਾਈਂ ਨੂੰ ਆਪ ਹੀ ਧਾਰਨ ਕਰਨ ਵਾਲਾ ਦੱਸਿਆ ਹੈ।

ਸਲੋਕੁ ਮਰਦਾਨਾ ੧ ॥

੧. ਕਲਿ ਕਲਵਾਲੀ ਕਾਮੁ ਮਦੁ
ਮਨੂਆ ਪੀਵਣਹਾਰੁ ॥
੨. ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥
੩. ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥
੪. ਕਰਣੀ ਲਾਹਣਿ ਸਤੁ ਗੁੜੁ
ਸਚੁ ਸਰਾ ਕਰਿ ਸਾਰੁ ॥
੫. ਗੁਣ ਮੰਡੇ ਕਰਿ ਸੀਲੁ ਘਿਉ
ਸਰਮੁ ਮਾਸੁ ਆਹਾਰੁ ॥
੬. ਗੁਰਮੁਖਿ ਪਾਈਐ ਨਾਨਕਾ
ਖਾਧੈ ਜਾਹਿ ਬਿਕਾਰ ॥੧॥

ਪਦ ਅਰਥ : ਕਲਿ—ਕਲਜੁਗੀ ਸੁਭਾਉ, ਕਲ ਦਾ ਭਾਵ ਕਲਜੁਗ ਹੈ, ਕਲਪਣਾ, ਪ੍ਰਭੂ ਨਾਲੋਂ ਵਿਛੋੜੇ ਦੀ ਹਾਲਤ। ਕਲਵਾਲੀ—ਸ਼ਰਾਬ ਕੱਢਣ ਵਾਲੀ ਮੱਟੀ। ਮਦੁ—ਸ਼ਰਾਬ, ਨਸ਼ਾ। ਮੋਹਿ—ਮੋਹ ਨਾਲ। ਮਜਲਸ—ਮਹਿਫ਼ਲ, ਸਭਾ, ਜੁੰਡੀ। ਲਾਹਣਿ—ਸੱਕ, ਗੁੜ, ਪਾਣੀ ਆਦਿਕ ਜੋ ਰਲਾ ਕੇ ਮਟੀ ਵਿਚ ਪਾਕੇ ਰੂੜੀ ਵਿਚ ਦਬ ਕੇ ਤਰਕਾ ਲੈਂਦੇ ਹਨ। ਸਤੁ—ਸੱਚ। ਸਰਾ—ਸ਼ਰਾਬ। ਸਾਰੁ—ਸ੍ਰੇਸ਼ਟ। ਮੰਡੇ—ਰੋਟੀਆਂ, ਇਕ ਪ੍ਰਕਾਰ ਦੀ ਪਤਲੀ ਤੇ ਚੌੜੀ ਰੋਟੀ। ਸੀਲ—ਚੰਗਾ ਸੁਭਾਉ। ਸਰਮੁ—ਹਯਾ। ਅਹਾਰੁ—ਖ਼ੁਰਾਕ।

ਅਰਥ :

ਨੋਟ : ਮਰਦਾਨਾ, ਸ਼ਬਦ ਦੇ ਸੰਪਰਦਾਈ ਦਾਨਿਆਂ ਵਲੋਂ ਵੱਖੋ-ਵੱਖ ਅਰਥ ਅਨੁਮਾਨੇ ਗਏ ਹਨ, ਪਰ ਇਹ ਗੱਲ ਤਾਂ ਮੰਨਣੀ ਪਏਗੀ ਕਿ ਭਾਈ ਮਰਦਾਨਾ ਆਪਣੀ ਕਿਸੇ ਵੀ ਰਚਨਾ ਵਿਚ ਲਫ਼ਜ਼ 'ਨਾਨਕ' ਨਹੀਂ ਸੀ ਵਰਤ ਸਕਦਾ, ਇਸ ਲਈ ਸਲੋਕ ਮ: ੧ ਹੈ, ਮਰਦਾਨੇ ਨੂੰ ਸੰਬੋਧਨ ਕੀਤਾ ਗਿਆ ਹੈ, ਤਿੰਨੇ ਹੀ ਸਲੋਕ ਮ: ੧ ਦੇ ਹਨ।

ਸਲੋਕ ਦੇ ਸਿਰਨਾਵੇਂ ਨਾਲ ਜੋ 'ਮਰਦਾਨਾ' ਸ਼ਬਦ ਵਰਤਿਆ ਗਿਆ ਹੈ ਅਤੇ ਸਲੋਕ ਤਿੰਨੇ ਹੀ ਪੜ੍ਹਨ ਤੋਂ ਇਉਂ ਹੀ ਪ੍ਰਤੀਤ ਹੁੰਦਾ

ਹੈ ਕਿ ਮਰਦਾਨਾ ਜੀ ਨੇ ਕਿਸੇ ਸਮੇਂ ਕਿਤੇ ਕੋਈ ਮਜਲਸ ਸ਼ਰਾਬੀਆਂ ਦੀ ਡਿੱਠੀ ਹੈ ਤੇ ਉਨ੍ਹਾਂ ਸ਼ਰਾਬੀਆਂ ਨੂੰ ਬਦਮਸਤ ਹੋਇਆਂ ਨੂੰ ਰੁਲਦੇ ਤਕਿਆ ਤਾਂ ਭਾਈ ਮਰਦਾਨੇ ਨੇ ਸ਼ਰਾਬ ਦੀ ਬੁਰਾਈ ਬਾਰੇ ਗੱਲਬਾਤ ਕੀਤੀ ਤਾਂ ਸਤਿਗੁਰੂ ਜੀ ਨੇ ਜੋ ਕਿ ਸਾਰੇ ਜਹਾਨ ਨੂੰ ਮਾਯਕ ਨਸ਼ੇ ਵਿਚ ਬਦਮਸਤ ਹੋਇਆ ਦੇਖ ਰਹੇ ਸਨ, ਇਸ ਨਸ਼ੇ ਦਾ ਰੂਪ ਤੇ ਫਲ ਇਨ੍ਹਾਂ ਦੋਹਾਂ ਸਲੋਕਾਂ ਵਿਚ ਦਿੱਤੇ ਹਨ, ਪਰ ਨਾਲ 'ਆਤਮਿਕ ਨਸ਼ੇ' ਜਾਂ 'ਰੂਹਾਨੀ ਮਦ' ਦਾ ਰੂਪ ਤੇ ਫਲ ਵੀ ਵਰਣਨ ਕੀਤਾ ਹੈ ਤੇ ਸਲੋਕ ਵਿਚ ਰਚ ਕੇ ਇਕ ਸਰਬਕਾਲੀ ਉਪਦੇਸ਼ ਬਣਾ ਦਿੱਤਾ ਹੈ। ਭਾਈ ਮਰਦਾਨੇ ਨਾਲ ਵੀਚਾਰ ਹੋਣ ਕਰ ਕੇ ਉਸ ਦਾ ਨਾਮ ਵੀ ਨਾਲ ਹੀ ਲਿਖ ਦਿੱਤਾ।

ਪ੍ਰ: ਭਾਈ ਮਰਦਾਨੇ ਵਲੋਂ—ਹੇ ਗੁਰੋ! ਤੱਕੋ ਉਹ ਸਾਹਮਣੇ ਜੋ ਸ਼ਰਾਬੀ ਲੋਕਾਂ ਦੀ ਮਜਲਸ ਸ਼ਰਾਬ ਵਿਚ ਬਦਮਸਤ ਹੋਈ ਬੇਸੰਭਾਲ ਹੋ ਰੁਲ ਰਹੀ ਹੈ, ਕਿਰਪਾ ਕਰੋ, ਇਨ੍ਹਾਂ ਲੋਕਾਂ ਨੂੰ ਸੁਮੱਤ ਦਾਨ ਦਿਉ ?

ਉ: ਹਜ਼ੂਰ ਜੀ ਨੇ ਕਿਹਾ ਕਿ ਹੇ ਮਰਦਾਨਾ! ਇਹ ਸ਼ਰਾਬ ਤਾਂ ਨਖਿਧ ਵਸਤੂ ਹੈ ਹੀ, ਪਰ ਇਕ ਹੋਰ ਵੀ ਸ਼ਰਾਬ ਹੈ, ਜੋ ਕਿ ਅਭੋਲ ਹੀ ਪਸਰ ਰਹੀ ਹੈ। ਉਸ ਦੀ ਬੋਤਲ ਭਾਵੇਂ ਦਿੱਸਣ ਵਿਚ ਨਹੀਂ ਆਉਂਦੀ, ਪਰ ਅਸਰ ਸ਼ਰਾਬ ਵਰਗਾ ਹੀ ਪਾ ਕੇ ਜੀਵਾਂ ਨੂੰ ਗ਼ਫ਼ਲਤ ਦੇ ਨਸ਼ੇ ਵਿਚ ਮਸਤ ਰੱਖ ਰਹੀ ਹੈ।

ਹੇ ਭਾਈ ਮਰਦਾਨਾ! ਇਹ ਨਸ਼ਾ ਦੋ ਤਰ੍ਹਾਂ ਦਾ ਵਰਤ ਰਿਹਾ ਹੈ, ਜਿਸ ਨੂੰ ਦੋਹਾਂ ਸਲੋਕਾਂ ਵਿਚ ਦਸਿਆ ਹੈ, ਇਕ ਤਾਂ ਇਸ ਦਾ ਵਰਤਾਰਾ ਜ਼ਮਾਨੇ ਵਿਚ ਵਿਆਪ ਰਿਹਾ ਦਿਖਲਾਇਆ ਹੈ, ਜਦੋਂ ਕਿ ਆਪ ਇਹ ਕਹਿ ਰਹੇ ਹਨ ਕਿ ਹੇ ਭਾਈ ਮਰਦਾਨਾ! ਇਹ ਕਲਜੁਗ ਹੀ ਸ਼ਰਾਬ ਦੀ ਮੱਟੀ ਸਮਾਨ ਹੈ, ਦੂਜਾ ਹਰ ਇਕ ਜੀਵ ਵਿਚ ਇਸ ਨੂੰ ਪਰਵਿਰਤ ਦਰਸਾਇਆ ਹੈ।

ਪ੍ਰ: ਹਜ਼ੂਰ! ਆਪ ਜੀ ਇਸ ਸਾਰੇ ਕਲਜੁਗ ਨੂੰ ਹੀ ਸ਼ਰਾਬ ਦੀ ਮੱਟੀ ਫ਼ੁਰਮਾ ਰਹੇ ਹੋ, ਪਰ ਜਦੋਂ ਅਸੀਂ ਬਾਹਰਲੀ ਸ਼ਰਾਬ ਦੀ ਸਾਰੀ ਸਮੱਗਰੀ ਵੱਲ ਤਕੀਏ ਤਾਂ ਉਹ ਕਈ ਸ਼ਕਲਾਂ ਵਿਚ ਵੇਖੀਦੀ ਹੈ, ਜਿਵੇਂ ਕਿ : ਇਕ ਮੱਟੀ ਹੈ, ਉਸ ਵਿਚ ਸ਼ਰਾਬ ਹੈ, ਇਕ ਉਸ ਸ਼ਰਾਬ ਨੂੰ ਪੀਣ ਵਾਲਾ ਹੈ, ਫਿਰ ਉਸ ਨੂੰ ਪੀਣ ਵਾਲੀ ਕਟੋਰੀ ਹੋਇਆ ਕਰਦੀ ਹੈ, ਕੋਈ ਉਸ ਨੂੰ ਭਰਨ ਵਾਲਾ ਹੈ, ਕੋਈ ਉਸ ਨੂੰ ਪਿਲਾਉਣ ਵਾਲਾ ਹੋਇਆ ਕਰਦਾ ਹੈ। ਪੀਣ ਵਾਲਿਆਂ ਦੀ ਜੁੰਡੀ ਸਾਹਮਣੇ ਬੈਠੀ ਹੋਇਆ ਕਰਦੀ ਹੈ, ਜੋ ਕਿ ਇਸ ਬਾਹਰਲੇ ਸ਼ਰਾਬ ਦੇ ਨਸ਼ੇ ਨੂੰ ਪੀ ਪੀ ਖ਼ੁਆਰ ਹੁੰਦੀ ਹੈ, ਸੋ ਇਸ ਕਲਜੁਗ ਨੂੰ ਆਪ ਸ਼ਰਾਬ ਕੱਢਣ ਵਾਲੀ ਮੱਟੀ ਕਹਿੰਦੇ ਹੋ, ਪਰ ਇਸ ਦੀ ਸਾਰੀ ਬਣਤਰ ਕਿਵੇਂ ਹੈ, ਇਹ ਸਮਝਾ ਦਿਓ ?

ਉ: ੧. ਹੇ ਭਾਈ! ਮਰਦਾਨਿਆਂ ਵੇਖ, ਇਹ ਕਲਜੁਗ ਹੀ ਇਕ ਮੱਟੀ ਹੈ, ਭਾਵ ਕਿ ਇਹ ਜੋ ਕਲਜੁਗੀ ਸੁਭਾਉ ਹੈ, ਇਹੋ ਮਾਨੋ ਇਕ (ਸ਼ਰਾਬ ਕੱਢਣ ਵਾਲੀ) ਮੱਟੀ ਹੈ। ਇਸ ਮੱਟੀ ਵਿਚ ਕਾਮ ਦੀ ਮਾਨੋ ਸ਼ਰਾਬ ਹੈ, ਇਸ ਨੂੰ ਪੀਣ ਵਾਲਾ ਮਨੁੱਖ ਦਾ ਮਨ ਹੈ।

੨. ਕ੍ਰੋਧ ਦੀ (ਮਾਨੋ) ਕਟੋਰੀ ਹੈ, ਜੋ ਮੋਹ ਨੇ ਭਰੀ ਹੋਈ ਹੈ ਅਤੇ ਹੰਕਾਰ ਮਾਨੋਂ ਪਿਲਾਉਣ ਵਾਲਾ ਹੈ, (ਭਾਵ ਹੈ ਕਿ ਕਟੋਰੀ ਭਰ-ਭਰ ਕੇ ਮੋਹ ਦੇਂਦਾ ਹੈ ਤੇ ਹੰਕਾਰ ਮਜਲਸ ਨੂੰ ਪਿਲਾਉਣ ਵਾਲਾ ਹੈ)।

੩. ਝੂਠੇ ਲੋਭ ਦੀ ਮਜਲਸ ਪੀਣ ਵਾਲਿਆਂ ਦੀ ਜੁੰਡੀ ਹੈ, (ਜਿਸ ਵਿਚ ਬਹਿ ਕੇ) ਕਾਮ ਦੀ ਸ਼ਰਾਬ ਨੂੰ ਪੀ-ਪੀ ਕੇ ਮਨ ਖ਼ੁਆਰ ਹੁੰਦਾ ਹੈ।

ਪ੍ਰ: ਹਜ਼ੂਰ! ਇਹ ਸ਼ਰਾਬ ਤਾਂ ਆਪ ਜੀ ਨੇ ਜੀਵਾਂ ਨੂੰ ਖ਼ੁਆਰ ਕਰਨ ਵਾਲੀ ਦਰਸਾਈ ਹੈ, ਪਰ ਜੀ, ਕੋਈ ਇਸ ਦੇ ਟਾਕਰੇ 'ਤੇ ਸੱਚੇ ਨਸ਼ੇ ਵਾਲੀ ਹੋਰ ਸੱਚੀ ਸੁਖਦਾਇਕ ਸ਼ਰਾਬ ਭੀ ਹੈ, ਜੇ ਹੈ ਤਾਂ ਦੱਸ ਦਿਓ ?

ਉ: ੪. ਹੇ ਮਰਦਾਨਿਆਂ! ਜਿਸ ਸੱਚੀ ਸ਼ਰਾਬ ਦੇ ਪੀਣ ਨਾਲ ਵਿਕਾਰ ਦੂਰ ਹੁੰਦੇ ਹਨ, ਉਹ ਹੈ ਇਹ ਸ਼ਰਾਬ :

ਹੇ ਭਾਈ! ਚੰਗੀ ਕਰਣੀ (ਸ਼ਰਾਬ ਕੱਢਣ ਵਾਲੀ) ਲਾਹਣ ਬਣਾ, ਸੱਚ ਬੋਲਣ ਨੂੰ ਗੁੜ ਬਣਾ, ਸੱਚੇ ਨਾਮ ਨੂੰ ਸਰੇਸ਼ਟ ਸ਼ਰਾਬ ਬਣਾ।

੫. (ਸ਼ਰਾਬ ਨਾਲ ਖਾਣ ਵਾਲੇ ਸ਼ੁਭ) ਗੁਣਾਂ ਦੇ ਮੰਡੇ ਬਣਾ, ਇਨ੍ਹਾਂ ਨੂੰ ਸੀਲ ਸੁਭਾਉ ਰੂਪੀ ਘਿਉ ਨਾਲ ਚੋਪੜ ਅਤੇ ਲੱਜਿਆ ਨੂੰ ਮਾਸ ਦਾ ਖਾਣਾ (ਬਣਾਓ)।

ਪ੍ਰ: ਹਜ਼ੂਰ! ਇਹ ਸ਼ਰਾਬ ਤੇ ਇਸ ਨਾਲ ਖਾਣ ਦਾ ਨੁਕਲ ਮਿਲਦਾ ਕਿੱਥੋਂ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਇਹ ਸ਼ਰਾਬ ਤੇ ਇਸ ਦੇ ਨਾਲ ਖਾਣ ਦਾ ਨੁਕਲ (ਗੁਰੂ ਦੁਆਰਾ ਪਾਈਦਾ ਹੈ) ਜਿਸ ਦੇ ਪੀਤਿਆਂ ਤੇ ਖਾਧਿਆਂ ਵਿਕਾਰ ਦੂਰ ਹੋ ਜਾਂਦੇ ਹਨ।

ਮਰਦਾਨਾ ੧ ॥

੧. ਕਾਇਆ ਲਾਹਣਿ ਆਪੁ ਮਦੁ
ਮਜਲਸ ਤ੍ਰਿਸਨਾ ਧਾਤੁ ॥
੨. ਮਨਸਾ ਕਟੋਰੀ ਕੂੜਿ ਭਰੀ
ਪੀਲਾਏ ਜਮਕਾਲੁ ॥
੩. ਇਤੁ ਮਦਿ ਪੀਤੈ ਨਾਨਕਾ
ਬਹੁਤੇ ਖਟੀਅਹਿ ਬਿਕਾਰ ॥
੪. ਗਿਆਨੁ ਗੁੜੁ ਸਾਲਾਹ ਮੰਡੇ
ਭਉ ਮਾਸੁ ਆਹਾਰੁ ॥
੫. ਨਾਨਕ ਇਹੁ ਭੋਜਨੁ ਸਚੁ ਹੈ
ਸਚੁ ਨਾਮੁ ਆਧਾਰੁ ॥੨॥
੬. ਕਾਂਯਾਂ ਲਾਹਣਿ ਆਪੁ ਮਦੁ
ਅੰਮ੍ਰਿਤ ਤਿਸ ਕੀ ਧਾਰ ॥
੭. ਸਤਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ ॥੩॥

ਪਦ ਅਰਥ : ਆਪੁ—ਆਪਾ, ਹੰਕਾਰ। ਧਾਤੁ—ਦੌੜ ਭੱਜ, ਭਟਕਣਾ। ਮਨਸਾ—ਵਾਸਨਾ।੨।

ਅਰਥ :

ਪ੍ਰ: ਹਜ਼ੂਰ! ਕੋਈ ਹੋਰ ਭੀ ਸ਼ਰਾਬ ਹੈ, ਜਿਸ ਦੇ ਪੀਣ ਨਾਲ ਵਿਕਾਰ ਹੀ ਪੈਦਾ ਹੁੰਦੇ ਹਨ ?

ਉ: ੧. ਹਾਂ, ਹੈ, ਹੇ ਭਾਈ ਮਰਦਾਨਾ! ਇਹ ਸਰੀਰ (ਮਾਨੋ) ਸ਼ਰਾਬ ਕੱਢਣ ਵਾਲੀ ਸਮੱਗਰੀ ਦੇ ਸਮੇਤ ਇਕ ਮੱਟੀ ਹੈ, ਜੋ ਹੰਕਾਰ ਹੈ। ਇਹ (ਮਾਨੋ) ਸ਼ਰਾਬ ਹੈ ਅਤੇ ਤ੍ਰਿਸ਼ਨਾ ਵਿਚ ਭਟਕਣਾ ਇਹ ਮਾਨੋ ਮਹਿਫ਼ਲ ਹੈ।

੨. ਕੂੜ ਨਾਲ ਭਰੀ ਹੋਈ ਵਾਸਨਾ (ਮਾਨੋ) ਇਕ ਕਟੋਰੀ ਹੈ, ਜੋ ਜਮ ਕਾਲ ਹੈ, ਇਹ ਪਿਲਾਉਣ ਵਾਲਾ ਹੈ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਇਸ ਸ਼ਰਾਬ ਦੇ ਪੀਤਿਆਂ ਬਹੁਤੇ ਵਿਕਾਰ ਹੀ ਵਿਕਾਰ ਖੱਟੇ ਜਾਂਦੇ ਹਨ, (ਭਾਵ ਹੈ ਕਿ ਹੰਕਾਰ, ਤ੍ਰਿਸ਼ਨਾ ਕੂੜ ਆਦਿਕ ਦੇ ਕਾਰਨ ਵਿਕਾਰ ਹੀ ਪੈਦਾ ਹੁੰਦੇ ਹਨ)।

ਪ੍ਰ: ਹਜ਼ੂਰ! ਇਸ ਦੇ ਟਾਕਰੇ 'ਤੇ ਵਿਕਾਰਾਂ ਨੂੰ ਕੱਟਣ ਵਾਲੀ ਜੇ ਕੋਈ ਸ਼ਰਾਬ ਹੈ ਤਾਂ ਕਿਰਪਾ ਕਰਕੇ ਉਹ ਵੀ ਦੱਸ ਦਿਓ।

ਉ: ੪. ਹੁਣ ਆਪ ਜੀ ਵਿਕਾਰਾਂ ਨੂੰ ਕੱਟਣ ਵਾਲੀ ਸ਼ਰਾਬ ਤੇ ਉਸ ਦੇ ਗੁਣ ਅਤੇ ਉਸ ਦੇ ਕੱਢਣ ਦੀ ਜਾਚ ਦੱਸਦੇ ਹਨ ਕਿ ਐ ਭਾਈ ਮਰਦਾਨਾ! ਜੇਕਰ ਪ੍ਰਭੂ ਦਾ ਗਿਆਨ ਗੁੜ ਹੋਵੇ, ਜਿਸ ਦੀ ਸ਼ਰਾਬ ਬਣੇ ਤੇ ਨਾਲ ਖਾਣ ਵਾਸਤੇ ਉਸ ਦੀ ਸਿਫ਼ਤਿ-ਸਾਲਾਹ ਦੀਆਂ ਰੋਟੀਆਂ ਹੋਵਣ, ਅਕਾਲ ਪੁਰਖ ਦਾ ਡਰ ਮਾਸ ਇਹ ਖੁਰਾਕ ਹੋਵੇ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈ! ਇਹ ਭੋਜਨ ਸੱਚਾ ਹੈ, ਕਿਉਂਕਿ ਸੱਚਾ ਨਾਮ ਹੀ ਜ਼ਿੰਦਗੀ ਦਾ ਅਧਾਰ ਹੋ ਸਕਦਾ ਹੈ।੨।

ਪ੍ਰ: ਸ੍ਰੀ ਜੀਉ! ਆਪ ਜੀ ਨੇ ਪ੍ਰਭੂ ਦੇ ਗਿਆਨ ਨੂੰ ਗੁੜ ਬਨਾਉਣ ਲਈ ਕਿਹਾ ਹੈ, ਪਰ ਇਸ ਗੁੜ ਤੋਂ ਸ਼ਰਾਬ ਕਿਵੇਂ ਬਣਾਈਦੀ ਹੈ, ਇਹ ਭੀ ਢੰਗ ਦੱਸ ਦਿਓ।

ਉ: ੬. ਹੁਣ ਆਪ ਜੀ ਇਸ ਅੰਤ੍ਰੀਵ ਸ਼ਰਾਬ ਬਨਾਉਣ ਦਾ ਤਰੀਕਾ ਦੱਸਦੇ ਹਨ ਕਿ : ਹੇ ਭਾਈਓ! ਇਸ ਵਿਚ ਸਰੀਰ ਨੂੰ ਮੱਟੀ ਬਣਾਈਦਾ ਹੈ, ਆਪਣੇ ਆਪ ਦੀ ਲਖਤਾ ਨੂੰ ਸ਼ਰਾਬ, ਭਾਵ ਨਿੱਜ ਸਰੂਪ ਦੀ ਸੋਝੀ, ਸ਼ਰਾਬ, ਜਿਸ ਦੀ ਧਾਰਾ ਕਿ ਅੰਮ੍ਰਿਤ (ਅਮਰ ਕਰ ਦੇਣ ਵਾਲੀ) ਹੈ।

੭. ਕੂੜੀ ਮਜਲਸ ਦੀ ਥਾਵੇਂ, ਸਤਿ ਸੰਗਤ ਨਾਲ ਮੇਲ ਹੋਵੇ, ਭਾਵ ਹੈ ਕਿ ਮਜਲਸ ਸਤਿਸੰਗਤ ਹੋਵੇ। ਅੰਮ੍ਰਿਤ ਨਾਮ ਦੀ ਭਰੀ ਹੋਈ ਲਿਵ (ਰੂਪ) ਕਟੋਰੀ ਹੋਵੇ, ਇਸ ਦੇ ਬਾਰ-ਬਾਰ ਪੀਣ ਨਾਲ ਹੀ ਜੀਵ ਆਪਣੇ ਪਾਪ ਵਿਕਾਰਾਂ ਨੂੰ ਦੂਰ ਕਰਦੇ ਹਨ।੩।

ਪਉੜੀ ॥

੧. ਆਪੇ ਸੁਰਿ ਨਰ ਗਣ ਗੰਧਰਬਾ
ਆਪੇ ਖਟ ਦਰਸਨ ਕੀ ਬਾਣੀ ॥
੨. ਆਪੇ ਸਿਵ ਸੰਕਰ ਮਹੇਸਾ
ਆਪੇ ਗੁਰਮੁਖਿ ਅਕਥ ਕਹਾਣੀ ॥
੩. ਆਪੇ ਜੋਗੀ ਆਪੇ ਭੋਗੀ
ਆਪੇ ਸੰਨਿਆਸੀ ਫਿਰੈ ਬਿਬਾਣੀ ॥
੪. ਆਪੈ ਨਾਲਿ ਗੋਸਟਿ ਆਪਿ ਉਪਦੇਸੈ
ਆਪੇ ਸੁਘੜੁ ਸਰੂਪੁ ਸਿਆਣੀ ॥
੫. ਆਪਣਾ ਚੋਜੁ ਕਰਿ ਵੇਖੈ ਆਪੇ
ਆਪੇ ਸਭਨਾ ਜੀਆ ਕਾ ਹੈ ਜਾਣੀ ॥੧੨॥

ਪਦ ਅਰਥ : ਗੰਧਰਬ—ਦੇਵਤਿਆਂ ਦੇ ਰਾਗੀ। ਖਟ ਦਰਸਨ—ਛੇ ਸ਼ਾਸਤ੍ਰ। ਸੰਕਰ, ਮਹੇਸ, ਸ਼ਿਵ ਜੀ ਦੇ ਨਾਮ। ਅਕਥ—ਜੋ ਬਿਆਨ ਨਾ ਹੋ ਸਕੇ। ਬਿਬਾਣੀ—ਉਜਾੜ। ਗੋਸਟਿ—ਚਰਚਾ। ਸੁਘੜੁ—ਸੁਚੱਜਾ। ਚੋਜੁ—ਤਮਾਸ਼ਾ। ਜਾਣੀ—ਜਾਨਣ ਵਾਲਾ।

ਅਰਥ :

ਪ੍ਰ: ਹੇ ਗੁਰਦੇਵ ਜੀ! ਕੀ ਇਸ ਉਪਰ ਦੱਸੀ ਗੁਰਮਤਿ ਦੀ ਸਰੇਸ਼ਟ ਸ਼ਰਾਬ ਪੀਣ ਵਾਲੇ ਦੀ ਦ੍ਰਿਸ਼ਟੀ ਭੀ ਬਦਲ ਜਾਂਦੀ ਹੈ ?

ਉ: ੧. ਹਾਂ! ਜ਼ਰੂਰ, ਹੇ ਪਿਆਰੇ। ਉਹ ਇਸ ਗੁਰਮਤਿ ਦੀ ਸ਼ਰਾਬ ਦਾ ਨਸ਼ਈ ਜਿਧਰ ਭੀ ਨਜ਼ਰ ਮਾਰਦਾ ਹੈ, ਉਸ ਨੂੰ ਇਉਂ ਹੀ ਦਿੱਸਦਾ ਹੈ ਕਿ ਆਪੇ ਹੀ ਉਹ ਪ੍ਰਭੂ ਦੇਵਤਾ ਹੈ, (ਆਪੇ) ਹੀ ਮਨੁੱਖ ਹੈ (ਸਿਵ ਜੀ ਦੇ) ਗਣ ਗੰਧਰਬ ਹੈ ਤੇ ਆਪੇ ਹੀ ਛੇ ਦਰਸ਼ਨਾਂ ਦੀ ਬੋਲੀ (ਬਨਾਣ ਵਾਲਾ ਹੈ)।

੨. ਆਪੇ ਹੀ ਸ਼ਿਵ ਸ਼ੰਕਰ ਮਹੇਸ਼ ਦਾ ਕਰਤਾ ਹੈ, ਆਪੇ ਹੀ ਗੁਰੂ ਦੇ ਸਨਮੁਖ ਹੋ ਕੇ ਆਪਣੇ ਅਕੱਥ ਸਰੂਪ ਦੀਆਂ ਵਡਿਆਈਆਂ ਕਰਦਾ ਹੈ।

੩. ਆਪ ਹੀ ਜੋਗ ਸਾਧਨਾ ਕਰਨ ਵਾਲਾ ਹੈ, ਆਪ ਹੀ ਭੋਗਾਂ ਵਿਚ ਪ੍ਰਵਿਰਤ ਹੈ ਤੇ ਆਪ ਹੀ ਸੰਨਿਆਸੀ ਬਣ ਕੇ ਉਜਾੜਾਂ ਵਿਚ ਫਿਰਦਾ ਹੈ।

੪. ਆਪ ਹੀ ਆਪਣੇ ਨਾਲ ਚਰਚਾ ਕਰਦਾ ਹੈ, ਆਪ ਹੀ ਉਪਦੇਸ਼ ਕਰਦਾ ਹੈ। ਆਪ ਹੀ ਸਿਆਣੀ ਮਤਿ ਵਾਲਾ, ਸੁੰਦਰ ਸਰੂਪ ਵਾਲਾ ਹੈ।

੫. ਆਪਣਾ ਕੌਤਕ ਆਪੇ ਹੀ ਕਰ ਕੇ ਵੇਖਦਾ ਹੈ, ਫਿਰ ਆਪੇ ਹੀ ਉਹ ਸਾਰੇ ਜੀਵਾਂ ਦਾ ਜਾਣੀ ਜਾਣ ਹੈ।੧੨।

ਭਾਵਾਰਥ : ਸਲੋਕਾਂ ਵਿਚ ਕੂੜੀ ਸ਼ਰਾਬ ਦੇ ਨੁਕਸਾਨ ਦੱਸ ਕੇ ਗੁਰਮਤਿ ਦੀ ਸੱਚੀ ਸ਼ਰਾਬ ਦਾ ਜ਼ਿਕਰ ਕਰਦੇ ਹਨ, ਜਿਸ ਦੇ ਨਾਲ ਵਿਕਾਰ ਕੱਟੇ ਜਾਂਦੇ ਹਨ ਅਤੇ ਪਉੜੀ ਵਿਚ ਕਈ ਮਨੁੱਖ ਪ੍ਰਭੂ ਦੇ ਬਣਾਏ ਹੋਏ ਸ਼ਿਵ ਆਦਿਕ ਦੇਵਤਿਆਂ ਨੂੰ ਪੂਜ ਰਹੇ ਹਨ। ਕੋਈ ਸ਼ਾਸਤ੍ਰਾਂ ਨੂੰ ਪੜ੍ਹ ਕੇ ਚਰਚਾ ਕਰ ਕੇ ਸਮਾਂ ਗਵਾ ਰਹੇ ਹਨ, ਕੋਈ ਜੋਗੀ ਸੰਨਿਆਸੀ ਬਣ ਕੇ ਬਾਹਰ ਜੰਗਲਾਂ ਵਿਚ ਪਰਮੇਸ਼ਰ ਨੂੰ ਢੂੰਡ ਰਹੇ ਹਨ, ਪਰ ਸਿਆਣੇ ਸੁਘੜ ਉਹ ਹਨ ਜੋ ਸਤਿਗੁਰੂ ਦੀ ਸ਼ਰਨ ਪੈ ਕੇ ਅੰਦਰ ਵਸਦੇ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ।

ਸਲੋਕੁ ਮ: ੩ ॥

੧. ਏਹਾ ਸੰਧਿਆ ਪਰਵਾਣੁ ਹੈ
ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
੨. ਹਰਿ ਸਿਉ ਪ੍ਰੀਤਿ ਊਪਜੈ
ਮਾਇਆ ਮੋਹੁ ਜਲਾਵੈ ॥
੩. ਗੁਰ ਪਰਸਾਦੀ ਦੁਬਿਧਾ ਮਰੈ
ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
੪. ਨਾਨਕ ਸੰਧਿਆ ਕਰੈ ਮਨਮੁਖੀ
ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥

ਪਦ ਅਰਥ : ਦੁਬਿਧਾ—ਦੁਚਿੱਤਾਪਨ, ਦ੍ਵੈਤ ਭਾਵ। ਅਸਥਿਰੁ—ਟਿਕਿਆ ਹੋਇਆ। ਸੰਧਿਆ—ਪਾਠ ਪੂਜਾ।

ਅਰਥ :

ਪ੍ਰ: ਹੇ ਗੁਰੋ! ਜੋ ਪੰਡਤ ਲੋਕ ਹਰ ਰੋਜ਼ ਦੋ ਜਾਂ ਤ੍ਰੈ ਵਾਰ ਸੰਧਿਆ ਕਰਦੇ ਹਨ, ਕੀ ਆਪ ਉਸ ਦੇ ਕਰਨ ਵਿਚ ਯਕੀਨ ਨਹੀਂ ਰੱਖਦੇ ?

ਉ: ੧. (ਨਹੀਂ) ਹੇ ਭਾਈ! ਇਹ ਪੰਡਤਾਂ ਦੀ ਕੀਤੀ ਸੰਧਿਆ ਤਾਂ ਕੇਵਲ ਰਸਮ ਮਾਤ੍ਰ ਹੀ ਰਹਿ ਜਾਂਦੀ ਹੈ, ਜਿਸ ਕਰ ਕੇ ਕਰਨ ਵਾਲੇ ਦਾ ਮਨ ਨਹੀਂ ਟਿਕਦਾ, ਸੋ (ਇਸ ਲਈ) ਅਸੀਂ ਤਾਂ ਉਸੇ ਸੰਧਿਆ ਨੂੰ ਪ੍ਰਵਾਣ ਸਮਝਦੇ ਹਾਂ, ਜਿਸ ਦੇ ਕਰਨ ਨਾਲ ਉਹ ਪਿਆਰਾ ਪ੍ਰਭੂ ਹਿਰਦੇ ਵਿਚ ਵਸ ਪਵੇ।

੨. ਹਰੀ ਨਾਲ ਪਿਆਰ ਪੈਦਾ ਹੋ ਜਾਵੇ ਅਤੇ ਮਾਇਆ ਦਾ ਮੋਹ ਸੜ ਜਾਵੇ।

੩. ਪਰ ਇਹ ਅਵਸਥਾ ਗੁਰੂ ਦੀ ਕਿਰਪਾ ਨਾਲ ਮਿਲਦੀ ਹੈ, ਜਿਸ ਨਾਲ ਕਿ ਦੁਬਿਧਾ ਮਰ ਜਾਂਦੀ ਹੈ, ਮਨ ਟਿਕ ਜਾਂਦਾ ਹੈ, ਇਸ ਲਈ ਚਾਹੀਦਾ ਹੈ ਕਿ ਜੀਵ ਐਸੀ ਸੰਧਿਆ ਦਾ ਹੀ ਵੀਚਾਰ ਕਰੇ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੋ ਮਨਮੁਖ ਹੋ ਕੇ ਸੰਧਿਆ ਕਰਦਾ ਹੈ, ਉਸ ਦਾ ਮਨ ਟਿਕਦਾ ਨਹੀਂ, (ਉਹ ਤਾਂ ਸਦਾ ਹੀ) ਜਨਮ ਮਰਨ ਵਿਚ ਖ਼ੁਆਰ ਹੁੰਦਾ ਰਹਿੰਦਾ ਹੈ।੧।

ਮ: ੩ ॥

੧. ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ
ਮੇਰੀ ਪਿਆਸ ਨ ਜਾਇ ॥
੨. ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ
ਪਿਰੁ ਪਾਇਆ ਘਰਿ ਆਇ ॥੨॥

ਅਰਥ :

ਪ੍ਰ: ਹੇ ਗੁਰੋ! ਜਦੋਂ ਅਸੀਂ ਸਾਰੇ ਜੀਵਾਂ ਵਲ ਨਿਗਾਹ ਮਾਰ ਕੇ ਤੱਕਦੇ ਹਾਂ ਤਾਂ ਉਨ੍ਹਾਂ ਦੇ ਅੰਦਰੋਂ ਤ੍ਰਿਸ਼ਨਾ ਪਿਆਸ ਬੁੱਝੀ ਹੋਈ ਨਹੀਂ ਵੇਖਦੇ, ਪਰ ਆਪ ਦੇ ਮਨ ਵਿਚੋਂ ਪਿਆਸਾ ਕਿਵੇਂ ਬੁੱਝੀ ਹੈ ?

ਉ: ੧. ਹੇ ਭਾਈਓ! ਪਹਿਲਾਂ ਤਾਂ ਮੈਂ ਭੀ ਪਪੀਹੇ ਵਾਂਙੂ, ਪ੍ਰਿਉ-ਪ੍ਰਿਉ ਕਰਦੀ, ਭਾਵ ਪਿਆਰਾ-ਪਿਆਰਾ ਕੂਕਦੀ ਸਾਰੇ ਸੰਸਾਰ ਵਿਚ ਫਿਰਦੀ ਰਹੀ, ਪਰ ਮੇਰੀ ਪਿਆਸ ਦੂਰ ਨਹੀਂ ਸੀ ਹੋਈ।

ਪ੍ਰ: ਹਜ਼ੂਰ! ਆਖ਼ਰ ਉਹ ਪਿਆਸ ਦੂਰ ਕਿਵੇਂ ਹੋਈ ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਜਦੋਂ ਮੈਂ ਸਤਿਗੁਰੂ ਨੂੰ ਮਿਲਿਆ ਤਾਂ ਉਨ੍ਹਾਂ ਦੇ ਮਿਲਣ ਨਾਲ ਹੀ ਮੇਰੀ ਤ੍ਰਿਸ਼ਨਾ ਦੀ ਤ੍ਰਿਖਾ ਦੂਰ ਹੋ ਗਈ। (ਕਿਉਂਕਿ) ਮੈਂ ਸਤਿਗੁਰ ਦੇ ਮਿਲਣੇ ਨਾਲ, ਮੁੜ ਕੇ ਘਰ ਆ ਕੇ ਹੀ ਪਿਆਰਾ ਪਾ ਲਿਆ, ਭਾਵ ਅੰਦਰੋਂ ਹੀ ਮੈਂ ਲੱਭ ਲਿਆ।੨।

ਪਉੜੀ ॥

੧. ਆਪੇ ਤੰਤੁ ਪਰਮ ਤੰਤੁ ਸਭੁ ਆਪੇ ਆਪੇ
ਠਾਕੁਰੁ ਦਾਸੁ ਭਇਆ ॥
੨. ਆਪੇ ਦਸ ਅਠ ਵਰਨ ਉਪਾਇਅਨੁ
ਆਪਿ ਬ੍ਰਹਮੁ ਆਪਿ ਰਾਜੁ ਲਇਆ ॥
੩. ਆਪੇ ਮਾਰੇ ਆਪੇ ਛੋਡੈ
ਆਪੇ ਬਖਸੇ ਕਰੇ ਦਇਆ ॥
੪. ਆਪਿ ਅਭੁਲੁ ਨ ਭੁਲੈ ਕਬ ਹੀ
ਸਭੁ ਸਚੁ ਤਪਾਵਸੁ ਸਚੁ ਥਿਆ ॥
੫. ਆਪੇ ਜਿਨਾ ਬੁਝਾਏ ਗੁਰਮੁਖਿ
ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩॥

ਪਦ ਅਰਥ : ਦਸ ਅਠ—ਅਠਾਰਾਂ। ਉਪਾਇਅਨੁ—ਉਪਾਏ ਹਨ ਉਸਨੇ। ਤਪਾਵਸੁ—ਨਿਆਂ। ਦੂਜਾ ਭਰਮੁ—ਮਾਇਆ ਵਾਲੀ ਭਟਕਣਾ।੧੩।

ਅਰਥ :

ਪ੍ਰ: ਹੇ ਗੁਰੋ! ਜਿਸ ਨੂੰ ਆਪਣੇ ਹਿਰਦੇ ਵਿਚ ਪਿਆਰਾ ਪਤੀ ਲੱਭ ਪਿਆ, ਉਸ ਦੀ ਪਛਾਣ ਕੀ ਹੈ ?

ਉ: ੧. ਹੇ ਪਿਆਰੇ! ਉਹ ਤਾਂ ਫਿਰ ਇਸ ਪ੍ਰਕਾਰ ਦੀ ਸਮ-ਦ੍ਰਿਸ਼ਟੀ ਵਾਲਾ ਹੋ ਜਾਂਦਾ ਹੈ ਕਿ ਹਰ ਥਾਂ ਹੀ ਵਾਹਿਗੁਰੂ ਜੀ ਨੂੰ ਵਿਆਪਕ ਵੇਖਦਾ ਹੈ। ਉਸ ਨੂੰ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਉਹ ਮੇਰਾ ਵਾਹਿਗੁਰੂ ਆਪੇ ਹੀ ਤਤ੍ਵ ਹੈ, ਆਪ ਹੀ ਸਭ ਤੱਤਾਂ ਦਾ ਤੱਤ (ਪਰਮ ਤਤ੍ਵ) ਹੈ, ਆਪੇ ਮਾਲਕ ਹੈ ਤੇ ਆਪ ਹੀ ਦਾਸ ਹੋਇਆ ਵਰਤ ਰਿਹਾ ਹੈ।

੨. ਆਪੇ ਹੀ ਉਸ ਨੇ ਅਠਾਰਾਂ ਵਰਣ ਬਣਾਏ ਹਨ, ਆਪ ਹੀ ਬ੍ਰਹਮ ਅਤੇ ਆਪੇ ਹੀ ਸ੍ਰਿਸ਼ਟੀ ਦਾ ਰਾਜ ਉਸ ਨੇ ਲਿਆ ਹੈ।

੩. ਆਪੇ ਹੀ ਮਾਰਦਾ ਹੈ, ਆਪੇ ਹੀ ਛੱਡਦਾ ਹੈ, ਆਪ ਹੀ ਬਖ਼ਸ਼ਦਾ ਹੈ ਤੇ ਆਪ ਹੀ ਮਿਹਰ ਕਰਦਾ ਹੈ।

੪. ਫਿਰ ਆਪੇ (ਹੀ ਉਹ) ਅਭੁੱਲ ਹੈ, ਕਦੇ ਭੁੱਲ ਨਹੀਂ ਕਰਦਾ। ਉਸ ਦਾ ਸਾਰਾ ਨਿਆਉਂ ਸੱਚਾ ਹੈ। ਜੋ ਉਹ ਕਰਦਾ ਹੈ, ਸੱਚ ਹੀ ਹੁੰਦਾ ਹੈ।

ਪ੍ਰ: ਹਜ਼ੂਰ! ਇਹ ਸਮ-ਦ੍ਰਿਸ਼ਟੀ ਸਾਰਿਆਂ ਦੀ ਕਿਉਂ ਨਹੀਂ ਹੁੰਦੀ ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਿਨ੍ਹਾਂ ਨੂੰ ਉਹ ਆਪ ਹੀ ਗੁਰੂ ਦੁਆਰਾ ਬੁਝਾ ਦੇਂਦਾ ਹੈ, ਉਨ੍ਹਾਂ ਦੇ ਅੰਦਰੋਂ ਦ੍ਵੈਤ ਤੇ ਭਰਮ ਦੂਰ ਹੋ ਜਾਂਦਾ ਹੈ, (ਭਾਵ ਹੈ ਕਿ ਭਟਕਣਾ ਮਿਟਣ ਨਾਲ ਹੀ ਉਨ੍ਹਾਂ ਦੀ ਸਮ-ਦ੍ਰਿਸ਼ਟੀ ਹੋ ਆਉਂਦੀ ਹੈ)।੧੩।

ਭਾਵਾਰਥ : ਸਲੋਕ ਵਿਚ ਫ਼ੁਰਮਾ ਰਹੇ ਹਨ ਕਿ ਕੇਵਲ ਰਸਮੀ ਤੌਰ 'ਤੇ ਕੀਤੀ ਹੋਈ ਪੂਜਾ ਰੱਬੀ ਦਰਬਾਰ ਵਿਚ ਕਬੂਲੀ ਨਹੀਂ ਜਾਂਦੀ, ਕਿਉਂਕਿ ਉਸ ਦੇ ਕਰਨ ਨਾਲ ਅੰਦਰ ਰੱਬੀ ਪਿਆਰ ਨਹੀਂ ਉਤਪੰਨ ਹੁੰਦਾ, ਜਿਸ ਦੇ ਕਾਰਣ ਉਨ੍ਹਾਂ ਨੂੰ ਅੰਦਰੋਂ ਮਾਇਆ ਦਾ ਮੋਹ ਸਦਾ ਹੀ ਸਾੜਦਾ ਰਹਿੰਦਾ ਹੈ। ਕਹਿਣ ਮਾਤ੍ਰ ਪਿਆਰਾ ਪਿਆਰਾ ਕਰਦੇ, ਭਾਵੇਂ ਸਾਰੇ ਜਗਤ ਵਿਚ ਫਿਰਦੇ ਰਹੋ, ਪਰ ਅੰਦਰੋਂ ਤ੍ਰਿਸ਼ਨਾ ਦੀ ਪਿਆਸਾ ਨਹੀਂ ਬੁੱਝਦੀ। ਇਸ ਦੀ ਨਵਿਰਤੀ ਕੇਵਲ ਸਤਿਗੁਰੂ ਦੀ ਸ਼ਰਨ ਵਿਚ ਪਿਆਂ ਹੀ ਹੋ ਸਕਦੀ ਹੈ, ਕਿਉਂਕਿ ਸਤਿਗੁਰੂ ਦੇ ਮਿਲਾਪ ਦੁਆਰਾ ਹੀ ਆਪਣੇ ਨਿੱਜ ਘਰ ਵਿਚ ਟਿਕਾਉ ਹੁੰਦਾ ਹੈ।

ਪਉੜੀ ਵਿਚ ਹੁਕਮ ਕਰਦੇ ਹਨ ਕਿ ਪ੍ਰਭੂ ਦੀ ਦਰਗਾਹ ਦਾ ਨਿਆਂ ਅਭੁੱਲ ਹੈ। ਉਸ ਦੇ ਦਰ 'ਤੇ ਵਿਤਕਰਾ ਨਹੀਂ ਹੈ, ਉੱਚੇ ਵਰਣਾਂ ਦੀ ਵੰਡ ਨਹੀਂ ਹੈ। ਕੋਈ ਕਿਸੇ ਵੀ ਕੁਲ ਵਿਚ ਜੰਮਿਆ ਹੋਵੇ, ਜੋ ਵੀ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਸਿਮਰਨ ਕਰਦਾ ਹੈ, ਉਸ ਦੇ ਅੰਦਰੋਂ ਉੱਚੀ ਨੀਵੀਂ ਜ਼ਾਤ ਤੇ ਮੇਰ-ਤੇਰ ਵਾਲੇ ਵਿਤਕਰੇ ਦੂਰ ਹੋ ਜਾਂਦੇ ਹਨ।

ਸਲੋਕੁ ਮ: ੫ ॥

੧. ਹਰਿ ਨਾਮੁ ਨ ਸਿਮਰਹਿ ਸਾਧਸੰਗਿ
ਤੈ ਤਨਿ ਉਡੈ ਖੇਹ ॥
੨. ਜਿਨਿ ਕੀਤੀ ਤਿਸੈ ਨ ਜਾਣਈ
ਨਾਨਕ ਫਿਟੁ ਅਲੂਣੀ ਦੇਹ ॥੧॥

ਪਦ ਅਰਥ : ਤੈ ਤਨਿ—ਉਨ੍ਹਾਂ ਦੇ ਸਰੀਰ 'ਤੇ। ਖੇਹ—ਸੁਆਹ। ਜਿਨਿ—ਜਿਸ ਪ੍ਰਭੂ ਨੇ। ਅਲੂਣੀ—ਪ੍ਰੇਮ ਵਿਹੂਣੀ। ਦੇਹ—ਸਰੀਰ।

ਅਰਥ :

ਪ੍ਰ: ਸ੍ਰੀ ਜੀਉ! ਵੇਖੀਦਾ ਹੈ ਕਿ ਸਾਰੇ ਹੀ ਮਨੁੱਖ ਸੰਗਤ ਵਿਚ ਜੁੜ ਕੇ ਨਾਮ ਨਹੀਂ ਜਪਦੇ; ਪਰ ਉਨ੍ਹਾਂ ਬਾਰੇ ਗੁਰਮਤਿ ਕੀ ਫ਼ੁਰਮਾਨ ਕਰਦੀ ਹੈ?

ਉ: ੧. ਹੇ ਭਾਈਓ! ਜੋ ਲੋਕ ਸਾਧ ਸੰਗਤ ਵਿਚ ਮਿਲ ਕੇ ਹਰੀ ਦਾ ਨਾਮ ਨਹੀਂ ਸਿਮਰਦੇ, ਉਨ੍ਹਾਂ ਦੇ ਸਰੀਰਾਂ ਉੱਤੇ ਤਾਂ ਖੇਹ ਉਡਦੀ ਹੈ, (ਭਾਵ ਹੈ ਕਿ ਉਨ੍ਹਾਂ ਦੇ ਸਰੀਰਾਂ ਨੂੰ ਫਿਟਕਾਰਾਂ ਪੈਂਦੀਆਂ ਹਨ)।

ਪ੍ਰ: ਕਿਉਂ ਜੀ! ਉਨ੍ਹਾਂ ਨੂੰ ਲਾਹਨਤਾਂ ਕਿਉਂ ਪੈਂਦੀਆਂ ਹਨ?

ਉ: ੨. ਹੇ ਭਾਈਓ! ਉਹ ਇਸ ਲਈ ਕਿ ਜਿਸ ਪ੍ਰਭੂ ਨੇ ਉਨ੍ਹਾਂ ਦੀ ਇਹ ਦੇਹ ਰਚੀ ਹੈ, ਪ੍ਰੇਮ ਤੋਂ ਸਖਣੇ ਉਸ ਪ੍ਰਭੂ ਨੂੰ ਨਹੀਂ ਪਛਾਣਦੇ।੧।

ਮ: ੫ ॥

੧. ਘਟਿ ਵਸਹਿ ਚਰਣਾਰਬਿੰਦ
ਰਸਨਾ ਜਪੈ ਗੁਪਾਲ ॥
੨. ਨਾਨਕ ਸੋ ਪ੍ਰਭੁ ਸਿਮਰੀਐ
ਤਿਸੁ ਦੇਹੀ ਕਉ ਪਾਲਿ ॥੨॥

ਪਦ ਅਰਥ : ਘਟਿ—ਹਿਰਦੇ ਵਿਚ। ਚਰਣਾਰਬਿੰਦ—ਕਉਲ ਫੁੱਲ ਵਰਗੇ ਪੈਰ। ਰਸਨਾ—ਜੀਭ। ਦੇਹੀ—ਸਰੀਰ।

ਅਰਥ :

ਪ੍ਰ: ਹੇ ਗੁਰੋ! ਆਪ ਜੀ ਕਿਸ ਦੀ ਦੇਹੀ ਨੂੰ ਸਫਲੀ ਸਮਝਦੇ ਹੋ?

ਉ: ੧. ਹੇ ਭਾਈਓ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲ ਵਸਦੇ ਹਨ, (ਅਤੇ ਜਿਸ ਦੀ ਜੀਭ ਅੱਠੇ ਪਹਿਰ) ਹਰੀ ਨੂੰ ਜਪਦੀ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਹ ਪ੍ਰਭੂ (ਜਿਸ ਸਰੀਰ ਕਰ ਕੇ) ਸਿਮਰਿਆ ਜਾਂਦਾ ਹੈ, ਉਸ ਸਰੀਰ ਦੀ ਪਾਲਨਾ ਕਰੋ।

ਪਉੜੀ ॥

੧. ਆਪੇ ਅਠਸਠਿ ਤੀਰਥ ਕਰਤਾ
ਆਪਿ ਕਰੇ ਇਸਨਾਨੁ ॥
੨. ਆਪੇ ਸੰਜਮਿ ਵਰਤੈ ਸ੍ਵਾਮੀ
ਆਪਿ ਜਪਾਇਹਿ ਨਾਮੁ ॥
੩. ਆਪਿ ਦਇਆਲੁ ਹੋਇ ਭਉ ਖੰਡਨੁ
ਆਪਿ ਕਰੈ ਸਭੁ ਦਾਨੁ ॥
੪. ਜਿਸ ਨੋ ਗੁਰਮੁਖਿ ਆਪਿ ਬੁਝਾਏ
ਸੋ ਸਦ ਹੀ ਦਰਗਹਿ ਪਾਏ ਮਾਨੁ ॥
੫. ਜਿਸ ਦੀ ਪੈਜ ਰਖੈ ਹਰਿ ਸੁਆਮੀ
ਸੋ ਸਚਾ ਹਰਿ ਜਾਨੁ ॥੧੪॥

ਪਦ ਅਰਥ : ਅਠਸਠਿ—ਅਠਾਹਠ। ਸੰਜਮਿ—ਜੁਗਤੀ ਨਾਲ। ਮਾਨ—ਆਦਰ। ਹਰਿ ਜਨੁ—ਪ੍ਰਭੂ ਦਾ ਭਗਤ ਸੇਵਕ।

ਅਰਥ :

ਪ੍ਰ: ਹੇ ਹਜ਼ੂਰ! ਜੋ ਅੱਠੇ ਪਹਿਰ ਰਸਨਾ ਦੁਆਰਾ ਨਾਮ ਜਪਦਾ ਰਹਿੰਦਾ ਹੈ, ਉਸ ਦੇ ਮਨ ਦੀ ਅਵਸਥਾ ਕਿਸ ਪ੍ਰਕਾਰ ਹੋ ਜਾਂਦੀ ਹੈ?

ਉ: ੧. ਹੇ ਭਾਈਓ! ਉਹ ਤਾਂ ਇਸੀ ਪ੍ਰਕਾਰ ਦੇਖਦੇ ਹਨ ਕਿ ਉਹ ਪ੍ਰਭੂ ਆਪ ਹੀ ਅਠਾਹਠ ਤੀਰਥਾਂ ਦਾ ਕਰਨ ਵਾਲਾ ਹੈ, ਆਪ ਹੀ (ਉਨ੍ਹਾਂ ਤੀਰਥਾਂ 'ਤੇ) ਇਸ਼ਨਾਨ ਕਰਦਾ ਹੈ।

੨. ਉਹ ਮਾਲਕ ਆਪ ਹੀ ਜੁਗਤੀ ਵਿਚ ਵਰਤਦਾ ਹੈ ਅਤੇ ਆਪ ਹੀ ਨਾਮ ਜਪਾਉਂਦਾ ਹੈ।

੩. ਉਹ ਭਉ ਦੂਰ ਕਰਨ ਵਾਲਾ ਪ੍ਰਭੂ ਆਪ ਹੀ ਦਇਆਲ ਹੁੰਦਾ ਹੈ ਤੇ ਆਪ ਹੀ ਸਭ ਤਰ੍ਹਾਂ ਦਾ ਦਾਨ ਕਰਦਾ ਹੈ।

੪. ਜਿਸ ਨੂੰ ਸਤਿਗੁਰੂ ਦੀ ਰਾਹੀਂ ਸਮਝ ਬਖ਼ਸ਼ਦਾ ਹੈ, ਉਹ ਸਦਾ ਹੀ ਦਰਗਾਹ ਵਿਚ ਆਦਰ ਪਾਉਂਦਾ ਹੈ।

੫. ਜਿਸ ਦੀ ਲੱਜਾ ਉਹ ਪ੍ਰਭੂ ਆਪ ਰੱਖਦਾ ਹੈ, ਉਹ ਰੱਬ ਦਾ ਪਿਆਰਾ ਸੇਵਕ ਰੱਬ ਦਾ ਰੂਪ ਹੈ।੧੪।

ਭਾਵਾਰਥ : ਸਲੋਕ ਵਿਚ ਕਹਿੰਦੇ ਹਨ ਕਿ ਜੇ ਮਨੁੱਖ ਸੰਗਤ ਵਿਚ ਮਿਲ ਕੇ ਹਰੀ ਦੇ ਨਾਮ ਨਹੀਂ ਸਿਮਰਦੇ, ਉਨ੍ਹਾਂ ਦੀ ਦੇਹੀ ਨੂੰ ਲਾਹਨਤਾਂ ਪੈਂਦੀਆਂ ਹਨ।

ਜਿਨ੍ਹਾਂ ਦੇ ਹਿਰਦੇ ਅੰਦਰ ਪ੍ਰਭੂ ਦੇ ਚਰਨ ਕੰਵਲ ਵਸਦੇ ਹਨ ਤੇ ਰਸਨਾ ਦੁਆਰਾ ਜੋ ਨਾਮ ਸਿਮਰਦੇ ਹਨ, ਉਨ੍ਹਾਂ ਦੀ ਦੇਹੀ ਭੀ ਪਾਲਣਾ ਕਰਨ ਯੋਗ ਹੈ, ਸਤਿਕਾਰ ਯੋਗ ਹੈ।

ਪਉੜੀ ਵਿਚ ਸਿਧਾਂਤ ਕਥਨ ਕਰਦੇ ਹਨ ਕਿ ਨਾਮ ਸਿਮਰਨ ਵਾਲਿਆਂ ਦੀ ਸਮ-ਦ੍ਰਿਸ਼ਟੀ ਹੋ ਜਾਂਦੀ ਹੈ ਤੇ ਸਾਰਿਆਂ ਵਿਚ ਸਾਈਂ ਜੀ ਨੂੰ ਵੇਖਦੇ ਹਨ। ਕਈ ਲੋਕ ਅਠਾਹਠ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਦੇ ਹਨ, ਕਈ ਲੋਕ ਕਈ ਜੁਗਤੀਆਂ ਵਰਤਦੇ ਹਨ ਤੇ ਦਾਨ ਪੁੰਨ ਕਰਦੇ ਹਨ, ਪਰ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਉਸ ਮਨੁੱਖ ਨੂੰ ਮਿਲਦਾ ਹੈ ਜੋ ਕਿ ਗੁਰੂ ਦੇ ਸਨਮੁਖ ਰਹਿ ਕੇ ਨਾਮ ਜਪਦਾ ਹੈ, ਉਹ ਨਾਮ ਦੀ ਬਰਕਤ ਨਾਲ ਵਿਕਾਰਾਂ ਤੋਂ ਬਚ ਕੇ ਪ੍ਰਭੂ ਦੀ ਹਜ਼ੂਰੀ ਵਿਚ ਮਾਨ ਇੱਜ਼ਤ ਪ੍ਰਾਪਤ ਕਰਦਾ ਹੈ।

ਸਲੋਕੁ ਮ: ੩ ॥

੧. ਨਾਨਕ ਬਿਨੁ ਸਤਿਗੁਰ ਭੇਟੇ
ਜਗੁ ਅੰਧੁ ਹੈ ਅੰਧੇ ਕਰਮ ਕਮਾਇ ॥
੨. ਸਬਦੈ ਸਿਉ ਚਿਤੁ ਨ ਲਾਵਈ
ਜਿਤੁ ਸੁਖੁ ਵਸੈ ਮਨਿ ਆਇ ॥
੩. ਤਾਮਸਿ ਲਗਾ ਸਦਾ ਫਿਰੈ
ਅਹਿਨਿਸਿ ਜਲਤੁ ਬਿਹਾਇ ॥
੪. ਜੋ ਤਿਸੁ ਭਾਵੈ ਸੋ ਥੀਐ
ਕਹਣਾ ਕਿਛੂ ਨ ਜਾਇ ॥੧॥

ਪਦ ਅਰਥ : ਬਿਨ ਭੇਟੇ—ਮਿਲਣ ਤੋਂ ਬਿਨਾ। ਤਾਮਸਿ—ਤਮੋਗੁਣੀ, ਭਾਵ ਵਿਚ। ਅਹਿ—ਦਿਨ। ਨਿਸਿ—ਰਾਤ।

ਅਰਥ :

ਪ੍ਰ: ਹੇ ਗੁਰੋ ! ਜਦੋਂ ਵੀਚਾਰ ਦ੍ਰਿਸ਼ਟੀ ਨਾਲ ਵੇਖਦੇ ਹਾਂ ਤਾਂ ਬਹੁਤ ਲੋਕ ਹਨ, ਜੋ ਕਿ ਆਪਣਾ ਸਾਰਾ ਹੀ ਜੀਵਨ ਅੰਧਤਾਈ ਵਿਚ ਗੁਜ਼ਾਰਦੇ ਹਨ, ਇਸ ਦਾ ਅਸਲ ਕਾਰਣ ਕੀ ਹੈ ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਬਹੁਤੇ ਲੋਕ ਕੀ, ਅਸੀਂ ਤਾਂ ਤੱਕਦੇ ਹਾਂ ਕਿ ਸਤਿਗੁਰੂ ਨੂੰ ਮਿਲਣ ਤੋਂ ਬਿਨਾ ਸਾਰਾ ਸੰਸਾਰ ਹੀ ਅੰਨ੍ਹਾ ਹੈ ਤੇ ਅੰਨ੍ਹੇ ਹੀ ਕਰਮ ਕਰਦਾ ਹੈ।

੨. (ਕਿਉਂਕਿ) ਇਹ (ਜਗਤ) ਗੁਰੂ ਦੇ ਸ਼ਬਦ ਨਾਲ ਮਨ ਨਹੀਂ ਜੋੜਦਾ, ਜਿਸ ਕਰਕੇ ਇਸ ਦੇ ਹਿਰਦੇ ਵਿਚ ਸੁੱਖ ਆ ਵਸੇ।

੩. (ਇਥੇ ਹੀ ਬਸ ਨਹੀਂ), ਇਹ ਤਮੋਗੁਣ ਵਿਚ ਮਸਤ ਹੋਇਆ-ਹੋਇਆ ਸਦਾ ਹੀ ਭਟਕਦਾ ਹੈ ਅਤੇ ਦਿਨ-ਰਾਤ ਤਮੋਗੁਣ ਵਿਚ ਸੜਦਿਆਂ (ਉਸ ਦੀ ਉਮਰ) ਗੁਜ਼ਰਦੀ ਹੈ।

ਪ੍ਰ: ਕਿਉਂ ਜੀ ! ਇਸ ਬਾਰੇ ਕੁਝ ਆਪ ਹੀ ਸਾਨੂੰ ਸਮਝਾ ਦਿਓ।

ਉ: ੪. (ਆਪ ਕਹਿੰਦੇ ਹਨ ਕਿ) ਹੇ ਭਾਈ ! (ਇਸ ਬਾਰੇ) ਕੁਝ ਭੀ ਆਖਿਆ ਨਹੀਂ ਜਾਂਦਾ, ਜੋ ਪ੍ਰਭੂ ਨੂੰ ਚੰਗਾ ਲੱਗਦਾ ਹੈ ਸੋਈ ਹੁੰਦਾ ਹੈ।੧।

ਮ: ੩ ॥

੧. ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥
੨. ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥
੩. ਸਾਹਿਬੁ ਸਦਾ ਹਜੂਰਿ ਹੈ
ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥
੪. ਹਰਿ ਕਾ ਨਾਮੁ ਅੰਮ੍ਰਿਤੁ ਹੈ
ਦਾਰੂ ਏਹੁ ਲਾਇਹੁ ॥
੫. ਸਤਿਗੁਰ ਕਾ ਭਾਣਾ ਚਿਤਿ ਰਖਹੁ
ਸੰਜਮੁ ਸਚਾ ਨੇਹੁ ॥
੬. ਨਾਨਕ ਐਥੈ ਸੁਖੈ ਅੰਦਰਿ ਰਖਸੀ
ਅਗੈ ਹਰਿ ਸਿਉ ਕੇਲ ਕਰੇਹੁ ॥੨॥

ਪਦ ਅਰਥ : ਕਾਰੀ—ਕੰਮ। ਸੰਮਾਲੇਹੁ—ਯਾਦ ਕਰੋ। ਹਜੂਰਿ—ਅੰਗ-ਸੰਗ। ਛਉੜ—ਪਰਦੇ, ਉਹ ਜਾਲਾ ਜੋ ਅੱਖਾਂ ਅੱਗੇ ਆ ਕੇ ਨਜ਼ਰ ਬੰਦ ਕਰ ਦੇਂਦਾ ਹੈ। ਚਿਤਿ—ਚਿੱਤ ਵਿਚ। ਸੰਜਮੁ—ਰਹਿਣੀ। ਕੇਲ—ਅਨੰਦ, ਲਾਡ।

ਅਰਥ :

ਪ੍ਰ: ਹਜ਼ੂਰ ! ਆਪ ਜੀ ਕਹਿੰਦੇ ਹੋ ਕਿ ਤਮੋ ਗੁਣ ਵਿਚ ਜਗਤ ਸੜਦਾ ਹੋਇਆ ਭਟਕਦਾ ਫਿਰਦਾ ਹੈ ਤਾਂ ਫਿਰ ਇਸ ਦੀ ਜਲਨ ਬੁਝਾਉਣ ਲਈ ਕੋਈ ਉਪਦੇਸ਼ ਬਖ਼ਸ਼ੋ।

ਉ: ੧. ਹੇ ਪਿਆਰਿਓ ! ਸਾਨੂੰ ਤਾਂ ਸਾਡੇ ਸਤਿਗੁਰੂ ਨੇ ਇਹੋ ਕੁਝ ਦੱਸਿਆ ਹੈ ਕਿ ਐ ਸਿੱਖੋ ! ਭਰਮ ਦੇ ਛਉੜ ਕੱਟਣ ਲਈ ਇਹ ਦਾਰੂ ਕਰੋ, ਇਹ ਇਲਾਜ ਕਰੋ।

ਪ੍ਰ: ਹਜ਼ੂਰ ! ਉਹ ਕਿਹੜਾ ਇਲਾਜ ਹੈ ?

ਉ: ੨. ਮੇਰੇ ਗੁਰੂ ਨੇ ਕਿਹਾ ਹੈ ਕਿ ਹੇ ਭਾਈ ! ਗੁਰੂ ਦੇ ਦਰ 'ਤੇ ਜਾ ਕੇ ਭਾਵ ਗੁਰੂ ਦੇ ਚਰਨੀਂ ਲੱਗ ਕੇ (ਉਸ ਸੱਚੇ) ਮਾਲਕ ਨੂੰ ਯਾਦ ਕਰੋ।

ਪ੍ਰ: ਹੇ ਗੁਰੋ ! ਜਿਸ ਸਾਹਿਬ ਨੂੰ ਅਸੀਂ ਸਦਾ ਚੇਤੇ ਕਰਦੇ ਰਹਿਣਾ ਹੈ, ਉਹ ਵਸਦਾ ਕਿੱਥੇ ਹੈ ?

ਉ: ੩. ਹੇ ਭਾਈਓ ! ਉਹ ਕਿਤੇ ਦੂਰ ਨਹੀਂ ਵਸਦਾ, ਉਹ ਤਾਂ ਸਦਾ ਹੀ ਤੁਸਾਂ ਦੇ ਹਾਜ਼ਰ ਹਜ਼ੂਰ ਹੈ। ਉਸ ਨੂੰ ਯਾਦ ਕਰ ਕੇ, ਭਰਮ ਦੇ ਪੜਦੇ ਕੱਟ ਕੇ, ਉਸ ਦੀ ਜੋਤ ਨੂੰ ਅੰਦਰ ਧਾਰਨ ਕਰ ਲਓ।

੪. ਹੇ ਪਿਆਰਿਓ ! ਹਰੀ ਦਾ ਨਾਮ ਅਮਰ ਕਰਨ ਵਾਲਾ ਹੈ, ਇਹੋ ਦਾਰੂ ਵਰਤੋ।

੫. ਸਤਿਗੁਰੂ ਦਾ ਭਾਣਾ ਮੰਨਣ (ਸਦਾ) ਚਿੱਤ ਵਿਚ ਰੱਖੋ ਤੇ ਉਸ ਨਾਲ ਪ੍ਰੇਮ ਕਰੋ, ਇਹ ਸੱਚਾ ਸੰਜਮ, ਭਾਵ ਪੱਥ ਪ੍ਰਹੇਜ਼ ਹੈ।

ਪ੍ਰ: ਕਿਉਂ ਜੀ ! ਇਸ ਪੱਥ ਪ੍ਰਹੇਜ਼ ਰੱਖਣ ਦਾ ਆਖ਼ਰ ਫਲ ਕੀ ਹੋਵੇਗਾ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਇਹ ਇਲਾਜ ਤੇ ਪੱਥ ਪ੍ਰਹੇਜ਼, ਇਥੇ ਤਾਂ (ਤੁਹਾਨੂੰ) ਸੁੱਖ ਵਿਚ ਰਖੇਗਾ ਅਤੇ ਅੱਗੇ ਜਾ ਕੇ ਹਰੀ ਨਾਲ ਪ੍ਰੇਮ ਭਰੀਆਂ ਰਲੀਆਂ ਮਾਣੋਗੇ।੨।

ਪਉੜੀ ॥

੧. ਆਪੇ ਭਾਰ ਅਠਾਰਹ ਬਣਸਪਤਿ
ਆਪੇ ਹੀ ਫਲ ਲਾਏ ॥
੨. ਆਪੇ ਮਾਲੀ ਆਪਿ ਸਭੁ ਸਿੰਚੈ
ਆਪੇ ਹੀ ਮੁਹਿ ਪਾਏ ॥
੩. ਆਪੇ ਕਰਤਾ ਆਪੇ ਭੁਗਤਾ
ਆਪੇ ਦੇਇ ਦਿਵਾਏ ॥
੪. ਆਪੇ ਸਾਹਿਬੁ ਆਪੇ ਹੈ ਰਾਖਾ
ਆਪੇ ਰਹਿਆ ਸਮਾਏ ॥
੫. ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ
ਜਿਸ ਨੋ ਤਿਲੁ ਨ ਤਮਾਏ ॥੧੫॥

ਪਦ ਅਰਥ : ਅਠਾਰਹ—ਭਾਰ=ਪੰਜ ਮਣ। ਅਠਾਰਹ—ਪੁਰਾਤਨ ਖ਼ਿਆਲ ਕੀਤਾ ਗਿਆ ਹੈ ਕਿ ਸਾਰੀ ਬਨਾਸਪਤੀ ਦਾ ਇਕ-ਇਕ ਪੱਤਾ 'ਕੱਠਾ ਕਰੋ ਤਾਂ ਅਠਾਰਾਂ ਭਾਰ ਤੋਲ ਹੋਵੇਗਾ, ਮੁਰਾਦ ਸਾਰੀ ਬਨਾਸਪਤੀ ਦੀ ਹੈ। ਸਿੰਚੈ—ਪਾਣੀ ਦੇਂਦਾ ਹੈ। ਮੁਹਿ—ਮੂੰਹ ਵਿਚ। ਤਮਾਏ—ਤਮਾ, ਲਾਲਚ।

ਅਰਥ :

ਪ੍ਰ: ਹੇ ਗੁਰੋ! ਜਿਨ੍ਹਾਂ ਨੇ ਹਰੀ ਦੇ ਨਾਮ ਰੂਪੀ ਦਾਰੂ ਦੀ ਵਰਤੋਂ ਕੀਤੀ ਹੈ, ਉਨ੍ਹਾਂ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੧. ਹੇ ਭਰਾਵੋ! ਉਹ ਤਾਂ ਫਿਰ ਇਉਂ ਹੀ ਵੇਖਦਾ ਹੈ ਕਿ ਉਹ ਪ੍ਰਭੂ ਆਪ ਹੀ ਬਨਾਸਪਤੀ ਦੇ ਅਠਾਰਾਂ ਭਾਰ ਹੈ, (ਭਾਵ ਸਾਰੀ ਸ੍ਰਿਸ਼ਟੀ ਦੀ ਬਨਾਸਪਤੀ ਆਪ ਹੀ ਹੈ) ਆਪੇ ਹੀ ਉਸ ਨੂੰ ਫਲ ਲਾਉਂਦਾ ਹੈ।

੨. ਆਪੇ ਹੀ ਮਾਲੀ ਹੈ, ਆਪੇ ਹੀ ਪਾਣੀ ਦੇਂਦਾ ਹੈ ਅਤੇ ਆਪੇ ਹੀ ਫਲ ਖਾਂਦਾ ਹੈ।

੩. ਆਪੇ ਹੀ ਕਰਨ ਵਾਲਾ ਹੈ, ਆਪੇ ਹੀ ਭੋਗਣ ਵਾਲਾ ਹੈ, ਆਪ ਹੀ ਦੇਂਦਾ ਹੈ ਤੇ ਆਪ ਹੀ ਦਿਵਾਉਂਦਾ ਹੈ।

੪. (ਉਹ) ਮਾਲਕ ਭੀ ਆਪ ਹੈ ਤੇ ਰਾਖਾ ਭੀ ਆਪ ਹੈ, ਆਪੇ ਹੀ ਸਭ ਥਾਈਂ ਵਿਆਪਕ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! (ਕੋਈ ਵਿਰਲਾ) ਸੇਵਕ ਹੈ ਜੋ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਜਿਸ ਨੂੰ (ਸਾਰੀ ਸ੍ਰਿਸ਼ਟੀ ਦਾ ਕਰਤਾ ਭੁਗਤਾ ਹੁੰਦਿਆਂ ਭੀ) ਰਤਾ ਮਾਤ੍ਰ ਭੀ ਕੋਈ ਤਮ੍ਹਾ ਨਹੀਂ ਹੈ।੧੫।

ਭਾਵਾਰਥ : ਹਜ਼ੂਰ ਸਲੋਕ ਵਿਚ ਕਹਿੰਦੇ ਹਨ ਕਿ ਸਤਿਗੁਰੂ ਤੋਂ ਸਖਣਾ ਰਹਿ ਕੇ ਸਾਰਾ ਜਗਤ ਹੀ ਅੰਨ੍ਹਾ ਹੋ ਰਿਹਾ ਹੈ। ਸ਼ਬਦ ਨਾਲ ਚਿੱਤ ਨਾ ਲਾਉਣ ਕਰ ਕੇ ਸੁੱਖਾਂ ਤੋਂ ਸਖਣਾ ਰਹਿ ਕੇ ਦੁੱਖਾਂ ਵਿਚ ਜੀਵਨ ਗੁਜ਼ਾਰਦਾ ਹੈ।

ਇਹ ਦਾਰੂ ਸਤਿਗੁਰੂ ਜੀ ਨੇ ਬਖ਼ਸ਼ੀ ਹੈ ਕਿ ਨਾਮ ਦਾ ਸਿਮਰਨ ਕਰੋ, ਜਿਸ ਨਾਲ ਤੁਹਾਡੇ ਭਰਮ ਦੇ ਛਉੜ ਕਟੇ ਜਾਣ, ਜਿਸ ਦਾ ਸਦਕਾ ਲੋਕ-ਪ੍ਰਲੋਕ ਵਿਚ ਸੁੱਖ ਪ੍ਰਾਪਤ ਕਰ ਸਕੋਗੇ।

ਪਉੜੀ ਵਿਚ ਇਹ ਦੱਸ ਰਹੇ ਹਨ ਕਿ ਇਹ ਸਾਰਾ ਸੰਸਾਰ ਮਾਨੋ ਇਕ ਬਾਗ਼ ਹੈ, ਜਿਸ ਵਿਚ ਸਾਰੇ ਜੀਵ ਇਸ ਬਾਗ਼ ਦੇ ਬੂਟੇ ਹਨ। ਪਰਮੇਸ਼ਰ ਆਪ ਇਨ੍ਹਾਂ ਬੂਟਿਆਂ ਨੂੰ ਲਾਣ ਵਾਲਾ ਹੈ, ਉਹ ਆਪ ਹੀ ਇਨ੍ਹਾਂ ਦੀ ਰਾਖੀ ਕਰਨ ਵਾਲਾ ਹੈ, ਪਰ ਉਸ ਮਾਲੀ ਦੀ ਵਡਿਆਈ ਇਹ ਹੈ ਕਿ ਉਸ ਨੂੰ ਜ਼ਰਾ ਮਾਤ੍ਰ ਭੀ ਕੋਈ ਤਮ੍ਹਾ ਨਹੀਂ ਹੈ।

ਸਲੋਕ ਮ: ੩ ॥

੧. ਮਾਣਸੁ ਭਰਿਆ ਆਣਿਆ
ਮਾਣਸੁ ਭਰਿਆ ਆਇ ॥
੨. ਜਿਤੁ ਪੀਤੈ ਮਤਿ ਦੂਰਿ ਹੋਇ
ਬਰਲੁ ਪਵੈ ਵਿਚਿ ਆਇ ॥
੩. ਆਪਣਾ ਪਰਾਇਆ ਨ ਪਛਾਣਈ
ਖਸਮਹੁ ਧਕੇ ਖਾਇ ॥
੪. ਜਿਤੁ ਪੀਤੈ ਖਸਮੁ ਵਿਸਰੈ
ਦਰਗਹ ਮਿਲੈ ਸਜਾਇ ॥
੫. ਝੂਠਾ ਮਦੁ ਮੂਲਿ ਨ ਪੀਚਈ
ਜੇ ਕਾ ਪਾਰਿ ਵਸਾਇ ॥
੬. ਨਾਨਕ ਨਦਰੀ ਸਚੁ ਮਦੁ ਪਾਈਐ
ਸਤਿਗੁਰੁ ਮਿਲੈ ਜਿਸੁ ਆਇ ॥
੭. ਸਦਾ ਸਾਹਿਬ ਕੈ ਰੰਗਿ ਰਹੈ
ਮਹਲੀ ਪਾਵੈ ਥਾਉ ॥੧॥

ਪਦ ਅਰਥ : ਮਾਣਸੁ—ਮਨੁੱਖ, ਇਨਸਾਨ। ਆਣਿਆ—ਲਿਆਂਦਾ ਗਿਆ। ਬਰਲੁ—ਝੱਲ-ਪੁਣਾ, ਸ਼ੁਦਾਅ। ਪੀਚਈ—ਪੀਣਾ ਚਾਹੀਦਾ। ਜੇ ਕਾ—ਜਿਥੋਂ ਤੱਕ। ਪਾਰਿ ਵਸਾਇ—ਵੱਸ ਚੱਲੇ।

ਅਰਥ :

ਪ੍ਰ: ਹੇ ਗੁਰੋ! ਆਪ ਜੀ ਗੁਰਮਤਿ ਦੀ ਰੌਸ਼ਨੀ ਵਿਚ ਸ਼ਰਾਬ ਪੀਣ ਬਾਰੇ ਕੁਝ ਚਾਨਣਾ ਪਾਓ ਕਿ ਇਸ ਦੇ ਪੀਣ ਵਿਚ ਕੀ-ਕੀ ਦੋਸ਼ ਹਨ?

ਉ: ੧. ਹੇ ਮਿੱਤਰੋ! ਸ਼ਰਾਬ ਪੀਣ ਦੇ ਦੋਸ਼ ਤਾਂ ਅਨੇਕਾਂ ਹੀ ਹਨ, ਪਰ ਜੋ ਪ੍ਰਤੱਖ ਰੂਪ ਵਿਚ ਦੇਖਣ ਅੰਦਰ ਆਉਂਦੇ ਹਨ, ਉਹ ਛੇ ਦੋਸ਼ ਇਹ ਕਹੇ ਜਾ ਸਕਦੇ ਹਨ : ਹੇ ਭਾਈ! ਸੁਣੋ, ਸ਼ਰਾਬ ਖ਼ਾਨੇ ਵਿਚ ਇਕ ਮਨੁੱਖ ਨੇ ਸ਼ਰਾਬ ਦਾ ਘੜਾ ਭਰਿਆ ਹੋਇਆ ਲੈ ਆਂਦਾ। ਉਥੇ ਬਾਹਰੋਂ ਆਏ ਇਕ ਗ੍ਰਾਹਕ ਮਨੁੱਖ ਨੇ (ਠੂਠੀ) ਪਿਆਲਾ, ਕਟੋਰੀ ਭਰ ਲਈ, ਭਾਵ ਬਾਹਰੋਂ ਆਏ ਪੀਣ ਵਾਲੇ ਗ੍ਰਾਹਕ ਨੇ ਉਹ ਭਰਿਆ ਹੋਇਆ ਗਲਾਸ ਪੀਤਾ (ਤੇ ਉਹ ਮਤਵਾਲਾ ਹੋ ਗਿਆ)।

ਪ੍ਰ: ਹਜ਼ੂਰ! ਉਹ ਛੇ ਦੋਸ਼ ਕਿਹੜੇ ਹੋਏ ਜੋ ਆਪ ਜੀ ਕਹਿਣਾ ਚਾਹੁੰਦੇ ਹੋ?

ਉ: ੨. ਹੇ ਭਾਈ! ੧. ਜਿਸ ਸ਼ਰਾਬ ਦੇ ਪੀਣ ਨਾਲ ਅਕਲ ਦੂਰ ਹੋ ਜਾਂਦੀ ਹੈ ਅਤੇ

੩. ੨. ਉਸ ਦੀ ਥਾਂ ਅੰਦਰ ਝਲਪੁੱਣਾ, ਪਾਗ਼ਲਪੁਣਾ ਆ ਜਾਵੇ। ੩. ਆਪਣੇ ਪਰਾਏ ਨੂੰ ਪਛਾਣ ਨਾ ਸਕੇ। ੪. ਤੇ ਮਾਲਕ ਵਲੋਂ ਧੱਕੇ ਖਾਵੇ।

੪. ੫. ਜਿਸ ਦੇ ਪੀਣ ਨਾਲ ਮਾਲਕ ਭੁੱਲ ਜਾਵੇ। ੬. ਅਤੇ ਰੱਬੀ ਦਰਗਾਹ ਵਿਚ ਗਿਆਂ ਦੰਡ ਮਿਲੇ।

੫. ਇਸ ਲਈ ਹੇ ਭਾਈਓ! ਜਿਸ ਵਿਚ ਉਪਰ ਦੱਸੇ ਛੇ ਦੋਸ਼ ਹਨ, ਇਸ ਝੂਠੇ ਨਸ਼ੇ ਵਾਲੀ ਸ਼ਰਾਬ ਨੂੰ ਜਿਥੋਂ ਤਕ ਵਾਹ ਚਲੇ ਬਿਲਕੁਲ ਨਾ ਪੀਓ।

ਪ੍ਰ: ਕਿਉਂ ਜੀ! ਇਸ ਸ਼ਰਾਬ ਤੋਂ ਵੱਖਰੀ ਕੋਈ ਹੋਰ ਸੱਚੀ ਸ਼ਰਾਬ ਵੀ ਹੈ, ਜਿਸ ਦੇ ਪੀਣ ਦੀ ਗੁਰਮਤਿ ਅਨੁਸਾਰ ਆਗਿਆ ਹੋਵੇ?

ਉ: ੬. (ਹਾਂ ਜ਼ਰੂਰ ਹੈ) (ਉਹ ਹੈ ਨਾਮ ਰੂਪੀ ਸੱਚਾ ਨਸ਼ਾ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਇਹ ਸੱਚੇ ਨਾਮ ਦਾ ਨਸ਼ਾ ਪ੍ਰਭੂ ਦੀ ਮਿਹਰ ਨਾਲ ਉਸ ਮਨੁੱਖ ਨੂੰ ਮਿਲਦਾ ਹੈ, ਜਿਸ ਨੂੰ ਗੁਰੂ ਆ ਕੇ ਮਿਲ ਜਾਵੇ। (ਭਾਵ ਇਹ ਨਾਮ ਦਾ ਸੱਚਾ ਨਸ਼ਾ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ)।

ਪ੍ਰ: ਕਿਉਂ ਜੀ! ਜਿਸ ਨੂੰ ਗੁਰੂ ਦੁਆਰਾ ਇਹ ਨਾਮ ਦਾ ਸੱਚਾ ਨਸ਼ਾ ਮਿਲ ਜਾਏ, ਉਸ ਦੀ ਪਛਾਣ ਕੀ ਹੈ?

ਉ: ੭. ਹੇ ਪਿਆਰੇ! ਉਹ ਮਨੁੱਖ ਸਦਾ ਵਾਹਿਗੁਰੂ ਦੇ ਨਾਮ ਦੇ ਪ੍ਰੇਮ ਰੰਗ ਵਿਚ ਰਹਿੰਦਾ ਹੈ ਤੇ ਦਰਗਾਹ ਵਿਚ ਗਇਆਂ ਉਸ ਨੂੰ ਵਾਹਿਗੁਰੂ ਦੇ ਸਰੂਪ ਵਿਚ ਟਿਕਾਣਾ ਮਿਲਦਾ ਹੈ।੧।

ਮਃ ੩ ॥

੧. ਇਹੁ ਜਗਤੁ ਜੀਵਤੁ ਮਰੈ
ਜਾ ਇਸ ਨੋ ਸੋਝੀ ਹੋਇ ॥
੨. ਜਾ ਤਿਨਿ੍ ਸਵਾਲਿਆ ਤਾਂ ਸਵਿ ਰਹਿਆ
ਜਗਾਏ ਤਾਂ ਸੁਧਿ ਹੋਇ ॥
੩. ਨਾਨਕ ਨਦਰਿ ਕਰੇ ਜੇ ਆਪਣੀ
ਸਤਿਗੁਰੁ ਮੇਲੈ ਸੋਇ ॥
੪. ਗੁਰ ਪ੍ਰਸਾਦਿ ਜੀਵਤੁ ਮਰੈ
ਤਾ ਫਿਰਿ ਮਰਣੁ ਨ ਹੋਇ ॥੨॥

ਪਦ ਅਰਥ : ਤਿਨਿ—ਉਸ ਪ੍ਰਭੂ ਨੇ। ਸਵਿ ਰਹਿਆ—ਸੁੱਤਾ ਰਹਿੰਦਾ ਹੈ। ਸੁਧਿ—ਸਮਝ, ਸੂਝ।

ਅਰਥ :

ਪ੍ਰ: ਹੇ ਗੁਰੋ! ਇਹ ਜਗਤ ਜੀਵਤ ਭਾਵ ਵਲੋਂ ਕਿਉਂ ਨਹੀਂ ਮਰਦਾ?

ਉ: ੧. ਹੇ ਭਾਈ! ਜਦੋਂ ਇਸ ਸੰਸਾਰ ਨੂੰ, ਭਾਵ ਹੈ ਸੰਸਾਰੀ ਜੀਵਾਂ ਨੂੰ ਸਮਝ ਪੈਂਦੀ ਹੈ ਤਦੋਂ ਹੀ ਇਹ ਜੀਵਤ ਭਾਵ ਵਲੋਂ ਮਰਦਾ ਹੈ, ਅਰਥਾਤ ਮਾਇਆ ਵਿਚ ਵਿਚਰਦਾ ਹੋਇਆ ਹੀ ਮਾਇਆ ਵਲੋਂ ਉਪਰਾਮ ਰਹਿੰਦਾ ਹੈ।

੨. ਪਰ ਜਦੋਂ ਤੱਕ ਇਸ ਮਾਇਆ ਵਿਚ ਪ੍ਰਭੂ ਨੇ ਆਪ ਸੁਵਾਲਿਆ ਹੋਇਆ ਹੈ, ਤਦ ਤੱਕ ਇਹ ਸੁੱਤਾ ਰਹਿੰਦਾ ਹੈ। ਜਦੋਂ ਉਹ ਆਪ ਹੀ ਪ੍ਰਭੂ ਜਗਾਵੇ ਤਾਂ ਇਸ ਨੂੰ ਸੋਝੀ ਆਵੇ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੇ ਉਹ ਪ੍ਰਭੂ ਆਪਣੀ ਮਿਹਰ ਕਰੇ ਤਾਂ ਉਹ ਸਤਿਗੁਰੂ ਨਾਲ ਮਿਲਾਪ ਕਰਵਾ ਦੇਵੇਗਾ।

੪. ਉਸ ਗੁਰੂ ਦੀ ਕਿਰਪਾ ਨਾਲ ਤਾਂ ਇਹ ਜੀਵ ਜੀਵਤ ਭਾਵ ਵਲੋਂ ਮਰਦਾ ਹੈ, ਤਾਂ ਫਿਰ ਉਸ ਦਾ ਮੁੜ ਕੇ ਜਨਮ ਨਹੀਂ ਹੁੰਦਾ, ਭਾਵ ਉਹ ਫਿਰ ਜਨਮ ਮਰਨ ਵਲੋਂ ਬੱਚ ਰਹਿੰਦਾ ਹੈ।੨।

ਪਉੜੀ ॥

੧. ਜਿਸ ਦਾ ਕੀਤਾ ਸਭੁ ਕਿਛੁ ਹੋਵੈ
ਤਿਸ ਨੋ ਪਰਵਾਹ ਨਾਹੀ ਕਿਸੈ ਕੇਰੀ ॥
੨. ਹਰਿ ਜੀਉ ਤੇਰਾ ਦਿਤਾ ਸਭੁ ਕੋ ਖਾਵੈ
ਸਭ ਮੁਹਤਾਜੀ ਕਢੈ ਤੇਰੀ ॥
੩. ਜਿ ਤੁਧ ਨੋ ਸਾਲਾਹੇ ਸੁ ਸਭੁ ਕਿਛੁ ਪਾਵੈ
ਜਿਸ ਨੋ ਕਿਰਪਾ ਨਿਰੰਜਨ ਕੇਰੀ ॥
੪. ਸੋਈ ਸਾਹੁ ਸਚਾ ਵਣਜਾਰਾ
ਜਿਨਿ ਵਖਰੁ ਲਦਿਆ ਹਰਿ ਨਾਮੁ ਧਨੁ ਤੇਰੀ ॥
੫. ਸਭਿ ਤਿਸੈ ਨੋ ਸਾਲਾਹਿਹੁ ਸੰਤਹੁ
ਜਿਨਿ ਦੂਜੇ ਭਾਵ ਕੀ ਮਾਰਿ ਵਿਡਾਰੀ ਢੇਰੀ ॥੧੬॥

ਅਰਥ :

ਪ੍ਰ: ਹਜ਼ੂਰ ਜੀ! ਜਿਵੇਂ ਕਿ ਸੰਸਾਰੀ ਹਰ ਇਕ ਜੀਵ ਨੂੰ ਇਕ ਦੂਜੇ ਦੀ ਪ੍ਰਵਾਹ ਰਹਿੰਦੀ ਹੈ, ਕੀ ਰੱਬ ਨੂੰ ਭੀ ਇਸੇ ਤਰ੍ਹਾਂ ਕਿਸੇ ਆਪਣੇ ਬਰਾਬਰ ਵਾਲੇ ਦੀ ਪ੍ਰਵਾਹ ਹੁੰਦੀ ਹੋਵੇਗੀ?

ਉ: ੧. (ਨਹੀਂ) ਹੇ ਪਿਆਰੇ! ਉਸ ਪ੍ਰਭੂ ਨੂੰ ਕਿਸੇ ਦੀ ਵੀ ਕੋਈ ਕਾਣ ਨਹੀਂ, (ਕਿਉਂਕਿ) ਸਭੋ ਕੁਝ ਹੁੰਦਾ ਹੀ ਉਸੇ ਦਾ ਕੀਤਾ ਹੋਇਆ ਹੈ।

੨. (ਸਗੋਂ) ਹੇ ਹਰੀ! ਸਾਰੀ ਸ੍ਰਿਸ਼ਟੀ ਤੇਰੀ ਮੁਥਾਜੀ ਕੱਢਦੀ ਹੈ, (ਕਿਉਂਕਿ) ਹਰੇਕ ਜੀਵ ਤੇਰਾ ਦਿੱਤਾ ਹੀ ਖਾਂਦਾ ਹੈ।

੩. ਹੇ ਪ੍ਰਭੂ ਜੀ! ਜੋ ਮਨੁੱਖ ਤੇਰੀ ਸਿਫ਼ਤਿ-ਸਾਲਾਹ ਕਰਦਾ ਹੈ, ਉਸ ਨੂੰ ਸਭੋ ਕੁਝ ਪ੍ਰਾਪਤ ਹੁੰਦਾ ਹੈ, (ਕਿਉਂਕਿ) ਉਸ 'ਤੇ ਮਾਇਆ ਰਹਿਤ ਨਿਰੰਜਨ ਦੀ ਕਿਰਪਾ ਹੁੰਦੀ ਹੈ।

੪. ਹੇ ਹਰੀ! ਜਿਸ ਨੇ ਤੇਰਾ ਨਾਮ ਰੂਪੀ ਵਖਰ ਲਦਿਆ ਹੈ, ਉਹੀ ਸ਼ਾਹੂਕਾਰ ਤੇ ਸੱਚਾ ਵਣਜਾਰਾ ਹੈ।

੫. ਹੇ ਸੰਤ ਜਨੋ! ਸਾਰੇ ਹੀ ਉਸੇ ਨੂੰ ਸਲਾਹੋ, ਜਿਸ ਨੇ ਦ੍ਵੈਤ ਭਾਵਨਾ ਦੀ ਢੇਰੀ ਨੂੰ ਢਾਹ ਕੇ ਦੂਰ ਕਰ ਦਿੱਤਾ ਹੈ।੧੬।

ਭਾਵਾਰਥ : ਸਲੋਕ ਵਿਚ ਹਜ਼ੂਰ ਝੂਠੀ ਸ਼ਰਾਬ ਦਾ ਤਿਆਗ ਕਰਵਾ ਕੇ ਸੱਚੀ ਨਾਮ ਰੂਪੀ ਸ਼ਰਾਬ ਪੀਣ ਦਾ ਉਪਦੇਸ਼ ਕਰਦੇ ਹਨ, ਜਿਸ ਦੀ ਜਾਚ ਕਿ ਸਤਿਗੁਰੂ ਜੀ ਹੀ ਦੱਸਦੇ ਹਨ, ਜਿਸ ਦਾ ਫਲ ਵਾਹਿਗੁਰੂ ਪ੍ਰਾਪਤੀ ਹੁੰਦਾ ਹੈ।

ਇਸ ਜੀਵ ਨੂੰ ਜੀਵਤ ਭਾਵ ਤੋਂ ਮਰਨ ਦੀ ਸੋਝੀ ਤਾਂ ਹੀ ਆ ਸਕਦੀ ਹੈ, ਜਦੋਂ ਸਤਿਗੁਰੂ ਦੀ ਇਸ ਪਰ ਮਿਹਰ ਹੋਵੇ।

ਪਉੜੀ ਵਿਚ ਦੱਸਦੇ ਹਨ ਕਿ ਪਰਮੇਸ਼ਰ ਨੂੰ ਕੋਈ ਤਮ੍ਹਾ ਜਾਂ ਕਿਸੇ ਜੀਵ ਦੀ ਮੁਥਾਜੀ ਹੋਵੇ ਭੀ ਕਿਵੇਂ ? ਇਹ ਸਾਰੇ ਜੀਵ ਤਾਂ ਉਸੇ ਦੇ ਆਪਣੇ ਬਣਾਏ ਹੋਏ ਹਨ ਤੇ ਉਸੇ ਦਾ ਦਿੱਤਾ ਖਾਂਦੇ ਹਨ। ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਨ ਤੋਂ ਜੀਵ ਨੂੰ ਹੀ ਲਾਭ ਪ੍ਰਾਪਤ ਹੁੰਦਾ ਹੈ।

ਸਲੋਕ ॥

੧. ਕਬੀਰਾ ਮਰਤਾ ਮਰਤਾ ਜਗੁ ਮੁਆ
ਮਰਿ ਭਿ ਨ ਜਾਨੈ ਕੋਇ ॥
੨. ਐਸੀ ਮਰਨੀ ਜੋ ਮਰੈ
ਬਹੁਰਿ ਨ ਮਰਨਾ ਹੋਇ ॥੧॥

ਅਰਥ :

ਪ੍ਰ: ਕਿਉਂ ਜੀ ! ਵੇਖਣ ਵਿਚ ਤਾਂ ਇਹ ਮਰ ਰਿਹਾ ਸਾਰਾ ਜਗਤ ਹੀ ਨਜ਼ਰ ਆਉਂਦਾ ਹੈ, ਪਰ ਕੀ ਇਸ ਮਰਣ ਵਿਚ ਭੀ ਕੋਈ ਅੰਤਰਾ ਹੈ ?

ਉ: ੧. (ਹਾਂ ਜ਼ਰੂਰ ਅੰਤਰਾ ਹੈ) ਕਬੀਰ ਜੀ ਕਹਿੰਦੇ ਹਨ ਕਿ ਹੇ ਪਿਆਰਿਆ ! ਉਂਵ ਤਾਂ ਸਾਰਾ ਜਗਤ ਹੀ (ਮੌਤ ਦਾ) ਮਾਰਿਆ-ਮਾਰਿਆ ਮਰਦਾ ਜਾ ਰਿਹਾ ਹੈ, ਪਰ ਸੱਚੇ ਮਰਣੇ ਦੀ ਜਾਚ ਕਿਸੇ ਨੇ ਭੀ ਨਹੀਂ ਸਿਖੀ।

੨. ਪਰ ਜੇ ਕੋਈ ਐਸੀ ਸੱਚੀ ਮਰਨੀ (ਭਾਵ ਜੀਵਤ ਭਾਵ ਤੋਂ ਮਰਨ ਵਾਲੀ) ਮਰਨੀ ਮਰਦਾ ਹੈ, ਉਸ ਨੂੰ ਫਿਰ ਮਰਨਾ ਨਹੀਂ ਪਵੇਗਾ।੧।

ਨੋਟ : ਕਬੀਰ ਜੀ ਦੇ ਸਲੋਕਾਂ ਵਿਚ ਵੇਖੋ ਸਲੋਕ ਨੰ: ੨੯।

ਮ: ੩ ॥

੧. ਕਿਆ ਜਾਣਾ ਕਿਵ ਮਰਹਗੇ
ਕੈਸਾ ਮਰਣਾ ਹੋਇ ॥
੨. ਜੇ ਕਰਿ ਸਾਹਿਬੁ ਮਨਹੁ ਨ ਵੀਸਰੈ
ਤਾ ਸਹਿਲਾ ਮਰਣਾ ਹੋਇ ॥
੩. ਮਰਣੈ ਤੇ ਜਗਤੁ ਡਰੈ
ਜੀਵਿਆ ਲੋੜੈ ਸਭੁ ਕੋਇ ॥
੪. ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
੫. ਨਾਨਕ ਐਸੀ ਮਰਨੀ ਜੋ ਮਰੈ
ਤਾ ਸਦ ਜੀਵਣੁ ਹੋਇ ॥੨॥

ਅਰਥ :

ਪ੍ਰ: ਹਜ਼ੂਰ ! ਆਪ ਕੁਝ ਆਪਣੇ ਮਰਨੇ ਬਾਰੇ ਤਾਂ ਸਾਨੂੰ ਸੋਝੀ ਦਿਓ।

ਉ: ੧. ਹੇ ਭਾਈਓ ! ਕੀ ਜਾਣੀਏ ਕਿ ਕਿਸ ਤਰ੍ਹਾਂ ਮਰਾਂਗੇ ? (ਹਾਂ) ਮਰਣਾ ਕਿਹੋ ਜਿਹਾ ਹੋਵੇਗਾ।

ਪ੍ਰ: ਹਜ਼ੂਰ ! ਆਪ ਆਪਣੇ ਵੀਚਾਰ ਤਾਂ ਕਹੋ, ਸੁਹੇਲਾ ਮਰਣਾ ਕਿਵੇਂ ਹੋ ਸਕੇਗਾ ?

ਉ: ੨. ਹੇ ਪਿਆਰਿਓ ! ਜੇ ਕਰ ਸਾਹਿਬ ਮਨੋ ਨਾ ਵਿਸਰੇ, ਨਾ ਭੁਲੇ, ਤਾਂ ਸੁਖੱਲਾ ਮਰਣਾ ਹੁੰਦਾ ਹੈ, (ਭਾਵ ਮਨੁੱਖ ਸੌਖਾ ਹੀ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ)।

੩. ਹੇ ਮਿੱਤਰੋ ! ਉਂਞ ਤਾਂ ਸਾਰਾ ਜਗਤ ਹੀ ਮਰਨ ਤੋਂ ਡਰਦਾ ਹੈ ਤੇ ਸਭ ਕੋਈ ਜੀਉਣਾ ਹੀ ਚਾਹੁੰਦਾ ਹੈ।

੪. ਪਰ ਗੁਰੂ ਦੀ ਕਿਰਪਾ ਨਾਲ ਜੇ ਕੋਈ ਜੀਵਤ ਭਾਵ ਤੋਂ ਮਰ ਜਾਵੇ, ਉਹ ਮਨੁੱਖ ਹਰੀ ਦੀ ਰਜ਼ਾ ਨੂੰ ਸਮਝਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਜੇ ਕੋਈ ਐਸੀ ਮਰਣੀ, (ਭਾਵ ਜੀਵ) ਭਾਵ ਤੋਂ ਮਰਣ ਵਾਲੀ ਮਰਣੀ ਮਰੇਗਾ, ਉਸ ਨੂੰ ਸਦਾ ਦਾ ਜੀਵਨ, ਭਾਵ (ਅਮਰ ਜੀਵਨ) ਪ੍ਰਾਪਤ ਹੋ ਜਾਏਗਾ।੨।

ਪਉੜੀ ॥

੧. ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ
ਤਾ ਆਪਣਾਂ ਨਾਉ ਹਰਿ ਆਪਿ ਜਪਾਵੈ ॥
੨. ਆਪੇ ਸਤਿਗੁਰੁ ਮੇਲਿ ਸੁਖੁ ਦੇਵੈ
ਆਪਣਾਂ ਸੇਵਕੁ ਆਪਿ ਹਰਿ ਭਾਵੈ ॥
੩. ਆਪਣਿਆ ਸੇਵਕਾ ਕੀ ਆਪਿ ਪੈਜ ਰਖੈ
ਆਪਣਿਆ ਭਗਤਾ ਕੀ ਪੈਰੀ ਪਾਵੈ ॥
੪. ਧਰਮ ਰਾਇ ਹੈ ਹਰਿ ਕਾ ਕੀਆ
ਹਰਿ ਜਨ ਸੇਵਕ ਨੇੜਿ ਨ ਆਵੈ ॥
੫. ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ
ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥

ਅਰਥ :

ਪ੍ਰ: ਹੇ ਗੁਰੋ ! ਜਦੋਂ ਹਰੀ ਦਾ ਨਾਮ ਜਪਣ ਨਾਲ ਸੁੱਖ ਪ੍ਰਾਪਤ ਹੁੰਦਾ ਹੈ ਤਾਂ ਇਹ ਜੀਵ ਨਾਮ ਕਿਉਂ ਨਹੀਂ ਜਪਦੇ ?

ਉ: ੧. ਹੇ ਪਿਆਰਿਓ ! ਇਹ ਕਿਸੇ ਦੇ ਆਪਣੇ ਵਸ ਦੀ ਗੱਲ ਨਹੀਂ ਹੈ। ਜਦੋਂ ਹਰੀ ਆਪੇ ਆਪ ਪ੍ਰਸੰਨ ਹੁੰਦਾ ਹੈ ਤਾਂ ਆਪਣਾ ਨਾਮ ਜੀਵਾਂ ਪਾਸੋਂ ਆਪੇ ਹੀ ਜਪਾਉਂਦਾ ਹੈ।

੨. ਉਹ ਆਪੇ ਸਤਿਗੁਰੂ ਮੇਲ ਕੇ ਸੁੱਖ ਦੇਂਦਾ ਹੈ, ਹਰੀ ਨੂੰ ਆਪਣਾ ਸੇਵਕ ਆਪੇ ਹੀ ਭਾਉਂਦਾ ਹੈ।

੩. ਉਹ ਸੁਆਮੀ ਆਪਣੇ ਸੇਵਕਾਂ ਦੀ ਆਪ ਪੈਜ ਰੱਖਦਾ ਹੈ। ਹਾਂ ! ਆਪਣੇ ਸੇਵਕਾਂ ਦੇ ਵਿਰੋਧੀਆਂ ਨੂੰ ਆਪਣੇ ਸੇਵਕਾਂ ਦੀ ਪੈਰੀਂ ਪਾਉਂਦਾ ਹੈ।

੪. ਹੇ ਪਿਆਰਿਓ ! ਇਹ ਧਰਮ ਰਾਜ ਵੀ ਹਰੀ ਦਾ ਬਣਾਇਆ

ਹੋਇਆ ਹੈ। ਉਹ ਹਰੀ ਦੇ ਦਾਸਾਂ (ਕਿ) ਸੇਵਕਾਂ ਦੇ ਨੇੜੇ ਨਹੀਂ ਆਉਂਦਾ।

੫. ਹੇ ਭਾਈ! ਜੋ ਹਰੀ ਦਾ ਪਿਆਰਾ ਹੈ ਸੋ ਸਭਨਾਂ ਦਾ ਪਿਆਰਾ ਹੁੰਦਾ ਹੈ, (ਹੋਰ ਭਗਤੀ ਤੋਂ ਸਖਣੀ ਸ੍ਰਿਸ਼ਟੀ) ਕਿਤਨੀ ਹੀ ਖੱਪ-ਖੱਪ ਕੇ ਜੰਮਦੀ ਮਰਦੀ ਰਹਿੰਦੀ ਹੈ।੧੭।

ਭਾਵਾਰਥ : ਪਹਿਲੇ ਸਲੋਕ ਵਿਚ ਕਬੀਰ ਸਾਹਿਬ ਜੀ ਦਾ ਕਬੀਰ ਦੇ ਸਲੋਕਾਂ ਵਿਚ ੨੯ਵਾਂ ਸਲੋਕ ਆਇਆ ਹੈ। ਇਸ ਵਿਚ ਆਪ ਦੱਸਦੇ ਹਨ ਕਿ ਸਰੀਰ ਦੀ ਮੌਤ ਤਾਂ ਸਭ ਕੋਈ ਮਰ ਰਿਹਾ ਹੈ, ਪਰ ਐਸੀ ਮੌਤ ਕੋਈ ਨਹੀਂ ਮਰਦਾ, ਜਿਸ ਨੂੰ ਫੇਰ ਮਰਨਾ ਨਾ ਪਵੇ।

ਅਤੇ ਹਰ ਬੰਦਾ ਇਸੇ ਸੰਸੇ ਵਿਚ ਹੈ ਕਿ ਕਿਸ ਤਰ੍ਹਾਂ ਮਰਾਂਗੇ, ਭਾਵ ਮਰਨਾ ਔਖ ਨਾਲ ਹੋਵੇਗਾ ਕਿ ਸੌਖ ਨਾਲ, ਪਰ ਹਜ਼ੂਰ ਜੀ ਕਹਿੰਦੇ ਹਨ ਕਿ ਇਹ ਗੱਲ ਛੱਡ ਦਿਓ, ਪਰ ਜੇ ਤੁਹਾਨੂੰ ਵਾਹਿਗੁਰੂ ਨਹੀਂ ਭੁਲੇਗਾ ਤਾਂ ਤੁਹਾਡਾ ਮਰਨਾ ਸੁਖਾਲਾ ਹੀ ਹੋਵੇਗਾ।

ਪਉੜੀ ਵਿਚ ਕਹਿੰਦੇ ਹਨ ਕਿ ਪ੍ਰਸੰਨ ਹੋ ਕੇ ਜਿਸ ਨੂੰ ਗੁਰੂ ਮਿਲਾਉਂਦੇ ਹਨ, ਉਸ ਮਨੁੱਖ ਨੂੰ ਸਿਮਰਨ ਵਿਚ ਜੋੜ ਦੇਂਦੇ ਹਨ, ਜਿਸ ਦਾ ਸਦਕਾ ਉਹ ਮੌਤ ਤੋਂ ਬਚ ਕੇ ਇੱਜ਼ਤ ਵਾਲਾ ਜੀਉਣਾ ਜੀਉਂਦਾ ਹੈ ਤੇ ਉਹ ਮੁੜ ਜਨਮ ਮਰਣ ਦੇ ਗੇੜ ਵਿਚ ਨਹੀਂ ਆਉਂਦਾ।

ਸਲੋਕ ਮ: ੩ ॥

੧. ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ
ਰਾਮੁ ਨ ਪਾਇਆ ਜਾਇ ॥
੨. ਅਗਮੁ ਅਗੋਚਰੁ ਅਤਿ ਵਡਾ
ਅਤੁਲੁ ਨ ਤੁਲਿਆ ਜਾਇ ॥
੩. ਕੀਮਤਿ ਕਿਨੈ ਨ ਪਾਈਆ
ਕਿਤੈ ਨ ਲਇਆ ਜਾਇ ॥
੪. ਗੁਰ ਕੈ ਸਬਦਿ ਭੇਦਿਆ
ਇਨ ਬਿਧਿ ਵਸਿਆ ਮਨਿ ਆਇ ॥
੫. ਨਾਨਕ ਆਪਿ ਅਮੇਉ ਹੈ
ਗੁਰ ਕਿਰਪਾ ਤੇ ਰਹਿਆ ਸਮਾਇ ॥
੬. ਆਪੇ ਮਿਲਿਆ ਮਿਲਿ ਰਹਿਆ
ਆਪੇ ਮਿਲਿਆ ਆਇ ॥੧॥

ਪਦ ਅਰਥ : ਅਗੋਚਰੁ—ਇੰਦ੍ਰੀਆਂ ਦੀ ਪਕੜ ਤੋਂ ਪਰੇ। ਅਤੁਲੁ—ਅੰਦਾਜ਼ੇ ਤੋਂ ਬਾਹਰ। ਕਿਤੈ—ਕਿਸੇ ਥਾਂ ਤੋਂ। ਭੇਦਿਆ—ਵਿੰਨ੍ਹਿਆ। ਇਨ ਬਿਧਿ—ਇਸ ਤਰ੍ਹਾਂ। ਅਮੇਉ—ਜੋ ਮਿਣਿਆ ਨਾ ਜਾ ਸਕੇ। ਆਪੇ—ਆਪ ਹੀ।

ਅਰਥ :

ਪ੍ਰ: ਹੇ ਗੁਰੋ! ਜੋ ਇਹ ਸਾਰਾ ਸੰਸਾਰ ਰਾਮ-ਰਾਮ ਕਰਦਾ ਵੇਖੀਦਾ ਹੈ, ਕੀ ਇਸ ਤਰ੍ਹਾਂ ਇਨ੍ਹਾਂ ਸਾਰਿਆਂ ਨੂੰ ਹੀ ਰਾਮ ਦੀ ਪ੍ਰਾਪਤੀ ਹੋ ਜਾਵੇਗੀ ?

ਉ: ੧. (ਨਹੀਂ) ਹੇ ਭਾਈਓ! ਇਹ ਸਾਰਾ ਸੰਸਾਰ (ਮੂੰਹੋਂ) ਤਾਂ ਭਾਵੇਂ ਰਾਮ-ਰਾਮ ਕਰਦਾ ਫਿਰ ਰਿਹਾ ਹੈ, (ਪਰ ਯਾਦ ਰੱਖੋ) ਇਨ੍ਹਾਂ ਨੂੰ ਇਸ ਤਰ੍ਹਾਂ ਰਾਮ ਪ੍ਰਾਪਤ ਨਹੀਂ ਹੋ ਸਕਦਾ।

ਪ੍ਰ: ਕਿਉਂ ਜੀ! ਉਸ ਦੇ ਨਾ ਪ੍ਰਾਪਤ ਹੋਣ ਦਾ ਅਸਲ ਕਾਰਣ ਕੀ ਹੈ ?

ਉ: ੨. ਹੇ ਭਾਈ! ਕਿਉਂਕਿ ਉਹ ਰਾਮ ਅਪਹੁੰਚ ਹੈ, ਇੰਦ੍ਰੀਆਂ ਦੀ ਪਕੜ ਤੋਂ ਰਹਿਤ ਹੈ, ਬੜਾ ਵੱਡਾ ਹੈ, ਅਤੁੱਲ ਹੈ ਤੇ ਤੋਲਿਆ ਨਹੀਂ ਜਾ ਸਕਦਾ।

੩. ਕਿਸੇ ਨੇ ਭੀ ਉਸਦੀ ਕੀਮਤ ਨਹੀਂ ਪਾਈ, (ਭਾਵ ਉਹ ਬੇਅੰਤ ਹੈ) ਕਿਸੇ ਮੁੱਲੋਂ ਖ਼ਰੀਦਿਆ ਨਹੀਂ ਜਾ ਸਕਦਾ।

ਪ੍ਰ: ਕਿਉਂ ਜੀ! ਕੋਈ ਐਸੀ ਵਿਧੀ ਹੈ ਕਿ ਉਸ ਨੂੰ ਮਨ ਵਿਚ ਵਸਾ ਲਿਆ ਜਾਵੇ ?

ਉ: ੪. ਹੇ ਪਿਆਰੇ! ਜਦ ਕਿਸੇ ਨੇ ਆਪਣੇ ਮਨ ਨੂੰ ਗੁਰੂ ਦੇ ਸ਼ਬਦ ਦੁਆਰਾ ਵਿੰਨ੍ਹ ਲਿਆ ਹੋਵੇ, ਤਾਂ ਇਸ ਵਿਧੀ ਨਾਲ ਮਨ ਵਿਚ ਉਹ ਆ ਵਸਿਆ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਉਹ ਹੈ ਤਾਂ ਆਪ ਅਮਿੱਤ, ਪਰ ਗੁਰੂ ਦੀ ਕਿਰਪਾ ਕਰ ਕੇ ਮਨਾਂ ਵਿਚ ਸਮਾਇਆ ਰਹਿੰਦਾ ਹੈ।

੬. ਸੋ ਪ੍ਰਭੂ ਆਪ ਹੀ ਹਰ ਥਾਂ ਮਿਲਿਆ ਹੋਇਆ ਹੈ ਤੇ (ਜੀਵਾਂ ਦੇ ਹਿਰਦੇ ਵਿਚ) ਆਪ ਹੀ ਆ ਕੇ ਪ੍ਰਗਟ ਹੁੰਦਾ ਹੈ।੧।

ਮ: ੩ ॥

੧. ਏ ਮਨ ਇਹੁ ਧਨੁ ਨਾਮੁ ਹੈ
ਜਿਤੁ ਸਦਾ ਸਦਾ ਸੁਖੁ ਹੋਇ ॥
੨. ਤੋਟਾ ਮੂਲਿ ਨ ਆਵਈ
ਲਾਹਾ ਸਦ ਹੀ ਹੋਇ ॥
੩. ਖਾਧੈ ਖਰਚਿਐ ਤੋਟਿ ਨ ਆਵਈ
ਸਦਾ ਸਦਾ ਓਹੁ ਦੇਇ ॥
੪. ਸਹਸਾ ਮੂਲਿ ਨ ਹੋਵਈ
ਹਾਣਤ ਕਦੇ ਨ ਹੋਇ ॥
੫. ਨਾਨਕ ਗੁਰਮੁਖਿ ਪਾਈਐ
ਜਾ ਕਉ ਨਦਰਿ ਕਰੇਇ ॥੨॥

ਪਦ ਅਰਥ : ਜਿਤੁ—ਜਿਸ ਨਾਲ। ਤੋਟਿ—ਘਾਟਾ। ਸਹਸਾ—ਤੌਖਲਾ। ਹਾਣਤ—ਸ਼ਰਮਿੰਦਗੀ।

ਅਰਥ :

ਪ੍ਰ: ਹਜ਼ੂਰ! ਆਪ ਕਹਿੰਦੇ ਹੋ ਕਿ ਇਹ ਸੰਸਾਰਕ ਧਨ ਸਦਾ ਹੀ ਦੁੱਖ ਰੂਪ ਹੈ, ਪਰ ਇਸ ਧਨ ਤੋਂ ਭਿੰਨ ਹੋਰ ਕਿਹੜਾ ਧਨ ਹੈ ਜੋ ਕਿ ਸਦਾ ਹੀ ਸੁਖਦਾਇਕ ਹੋਵੇ ?

ਉ: ੧. ਹਜ਼ੂਰ ਮਨ ਪ੍ਰਤੀ ਸੰਬੋਧਨ ਕਰਦੇ ਹਨ ਕਿ ਹੇ ਮਨ! ਜਿਸ ਧਨ ਨਾਲ ਸਦਾ ਹੀ ਸੁੱਖ ਪ੍ਰਾਪਤ ਹੁੰਦਾ ਹੈ, ਉਹ ਧਨ 'ਨਾਮ' ਹੈ ਫਿਰ

੨. ਇਸ ਧਨ ਵਿਚ ਘਾਟਾ ਮੂਲੋਂ ਹੀ ਨਹੀਂ ਪੈਂਦਾ, ਸਦਾ ਨਫ਼ਾ ਹੀ ਨਫ਼ਾ ਹੁੰਦਾ ਹੈ।

੩. ਫਿਰ, ਉਸ ਦੇ ਖਾਧੇ ਖ਼ਰਚਿਆਂ ਵੀ (ਕਦੇ) ਤੋਟ ਨਹੀਂ ਆਉਂਦੀ, (ਕਿਉਂਕਿ) ਉਹ ਦਾਤਾ ਭਗਤਾਂ ਨੂੰ ਸਦਾ ਹੀ ਦੇਂਦਾ ਰਹਿੰਦਾ ਹੈ।

੪. ਫਿਰ ਇਸ ਧਨ 'ਤੇ ਚੋਰੀ ਡਾਕੇ ਪੈਣ ਦਾ ਫ਼ਿਕਰ ਮੂਲੋਂ ਨਹੀਂ ਹੁੰਦਾ ਅਤੇ ਅੱਗੇ ਰੱਬੀ ਦਰਗਾਹ ਵਿਚ ਸ਼ਰਮਿੰਦਗੀ ਨਹੀਂ ਉਠਾਉਣੀ ਪੈਂਦੀ।

ਪ੍ਰ: ਕਿਉਂ ਜੀ ! ਇਸ ਧਨ ਦੀ ਸਾਰਿਆਂ ਨੂੰ ਕਿਉਂ ਨਹੀਂ ਪ੍ਰਾਪਤੀ ਹੁੰਦੀ ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਇਹ ਨਾਮ ਧਨ ਗੁਰੂ ਦੁਆਰਾ ਪਾਈਦਾ ਹੈ, ਜਿਸ ਉੱਤੇ (ਕਿ ਪ੍ਰਭੂ ਆਪ) ਮਿਹਰ ਦੀ ਦ੍ਰਿਸ਼ਟੀ ਕਰੇ।੨।

ਪਉੜੀ ॥

੧. ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ ॥
੨. ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ ॥
੩. ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ ॥
੪. ਓਥੈ ਵੇਦ ਪੁਰਾਨ ਨ ਸਾਸਤਾ
ਆਪੇ ਹਰਿ ਨਰਹਰਿ ॥
੫. ਬੈਠਾ ਤਾੜੀ ਲਾਇ
ਆਪਿ ਸਭ ਦੂ ਹੀ ਬਾਹਰਿ ॥
੬. ਆਪਣੀ ਮਿਤਿ ਆਪਿ ਜਾਣਦਾ
ਆਪੇ ਹੀ ਗਉਹਰੁ ॥੧੮॥

ਪਦ ਅਰਥ : ਘਟ—ਸਰੀਰ। ਗੁਪਤੁ—ਲੁਕਿਆ ਹੋਇਆ। ਵਰਤਦਾ—ਮੌਜੂਦ ਹੈ। ਜਾਹਰਿ—ਪ੍ਰਤੱਖ ਸਾਹਮਣੇ। ਜੁਗ ਛਤੀਹ—੩੬ ਜੁਗ, ਬੇਅੰਤ ਸਮਾਂ। ਸੁੰਨਾਹਰਿ—ਅਫੁਰ ਅਵਸਥਾ ਵਿਚ। ਨਰਹਰਿ—ਮਨੁੱਖਾਂ ਦਾ ਮਾਲਕ। ਮਿਤਿ—ਮਾਪ, ਅੰਦਾਜ਼ਾ। ਆਪਣੀ ਮਿਤਿ—ਆਪਣੇ ਆਪ ਦਾ ਮਾਪ। ਗਉਹਰੁ—ਡੂੰਘਾ ਸਮੁੰਦਰ।

ਅਰਥ :

ਪ੍ਰ: ਹਜ਼ੂਰ ! ਉਹ ਦ੍ਰਿਸ਼ਟੀ ਕਰਨ ਵਾਲਾ ਪ੍ਰਭੂ ਹੈ ਕਿਸ ਥਾਂ ?

ਉ: ੧. ਹੇ ਸੱਜਨੋ ! ਉਹ ਪ੍ਰਭੂ ਆਪ ਹੀ ਸਾਰੇ ਸਰੀਰਾਂ ਵਿਚ ਹੈ, ਆਪ ਹੀ ਸਭਨਾਂ ਤੋਂ ਵੱਖਰਾ ਹੈ।

੨. ਆਪ ਹੀ ਗੁਪਤ ਵਰਤਦਾ ਹੈ, ਆਪੇ ਜ਼ਾਹਰ ਵਰਤਦਾ ਹੈ।

੩. ਛੱਤੀ ਜੁਗ ਗ਼ੁਬਾਰ ਕਰਕੇ (ਆਪ ਹੀ) ਨਿਰਵਿਕਲਪ ਅਵਸਥਾ ਵਿਚ ਵਰਤਿਆ ਹੈ।

੪. ਉਥੇ ਸੁੰਨ ਦੇ ਸਮੇਂ ਨਾ ਵੇਦ ਸਨ, ਨਾ ਪੁਰਾਣ, ਨਾ ਸ਼ਾਸਤ੍ਰ ਕੇਵਲ ਆਪ ਇਕੱਲਾ ਹੀ ਸਰਵ ਸ਼ਕਤੀਮਾਨ (ਹਰੀ) ਪ੍ਰਭੂ ਸੀ।

੫. ਜੀਵਾਂ ਨੂੰ ਰਚ ਕੇ, ਸਭ ਤੋਂ ਵੱਖਰਾ ਭੀ ਪ੍ਰਭੂ ਸਮਾਧੀ ਲਾ ਕੇ ਬੈਠਾ ਹੋਇਆ ਹੈ, (ਭਾਵ ਮਾਇਆ ਦੀ ਰਚਨਾ ਰਚ ਕੇ ਭੀ ਇਸ ਮਾਇਆ ਦੇ ਪ੍ਰਭਾਵ ਤੋਂ ਆਪ ਵੱਖਰਾ ਨਿਰਲੇਪ ਹੈ)।

੬. ਉਹ ਪ੍ਰਭੂ ਆਪ ਹੀ ਮਾਨੋਂ ਡੂੰਘਾ ਸਮੁੰਦਰ ਹੈ; ਉਹ ਕਿਤਨਾ ਵੱਡਾ ਹੈ, ਇਹ ਗੱਲ ਉਹ ਆਪ ਹੀ ਜਾਣਦਾ ਹੈ।੧੮।

ਭਾਵਾਰਥ : ਸਲੋਕ ਵਿਚ ਕਹਿ ਰਹੇ ਹਨ ਕਿ ਕੇਵਲ ਰਾਮ-ਰਾਮ ਕਹਿਣੇ ਨਾਲ ਰਾਮ ਹਿਰਦੇ ਵਿਚ ਨਹੀਂ ਆ ਵਸਦਾ, ਜਦ ਕਿ ਉਸ ਵਿਚ ਪੂਰਨ ਭਾਵਨਾ ਸ਼ਰਧਾ ਨਾ ਆ ਜਾਵੇ, ਕਿਉਂਕਿ ਉਹ ਅਗਮ ਅਗੋਚਰ, ਨਾ ਤੋਲੇ ਜਾਣ ਵਾਲਾ ਹੈ।

ਸੱਚਾ ਸੁੱਖ ਦੇਣ ਵਾਲਾ ਕੇਵਲ ਸੱਚਾ ਨਾਮ ਧਨ ਹੀ ਹੈ, ਜਿਸ ਦਾ ਕਿ ਖਾਂਦਿਆਂ ਖਰਚਦਿਆਂ ਕਦੇ ਤੋਟਾ ਹੀ ਨਹੀਂ ਆਉਂਦਾ।

ਪਉੜੀ ਵਿਚ ਫ਼ਰਮਾ ਰਹੇ ਹਨ ਕਿ ਪ੍ਰਭੂ ਮਾਨੋ ਇਕ ਡੂੰਘਾ ਸਮੁੰਦਰ ਹੈ। ਉਹ ਕਿਤਨਾ ਵੱਡਾ ਹੈ, ਇਸ ਗੱਲ ਨੂੰ ਉਹ ਆਪ ਹੀ ਜਾਣਦਾ ਹੈ। ਮਾਇਆ ਦੀ ਰਚਨਾ ਰਚ ਕੇ ਪ੍ਰਭੂ ਇਸ ਮਾਇਆ ਤੋਂ ਵੱਖਰਾ ਨਿਰਲੇਪ ਭੀ ਹੈ। ਇਸ ਰਚਨਾ ਤੋਂ ਪਹਿਲਾਂ ਉਹ ਕਿਸ ਸਰੂਪ ਵਿਚ ਸੀ, ਇਹ ਗੱਲ ਭੀ ਉਹ ਆਪ ਹੀ ਜਾਣਦਾ ਹੈ।

ਸਲੋਕ ਮ: ੩ ॥

੧. ਹਉਮੈ ਵਿਚਿ ਜਗਤੁ ਮੁਆ
ਮਰਦੋ ਮਰਦਾ ਜਾਇ ॥
੨. ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ
ਕਿ ਕਰੇਗੁ ਅਗੈ ਜਾਇ ॥
੩. ਗਿਆਨੀ ਹੋਇ ਸੁ ਚੇਤੰਨੁ ਹੋਇ
ਅਗਿਆਨੀ ਅੰਧੁ ਕਮਾਇ ॥
੪. ਨਾਨਕ ਏਥੈ ਕਮਾਵੈ ਸੋ ਮਿਲੈ
ਅਗੈ ਪਾਏ ਜਾਇ ॥੧॥

ਪਦ ਅਰਥ : ਕਰੇਗੁ—ਕਰੇਗਾ। ਗਿਆਨੀ—ਸਮਝਦਾਰ। ਅਗਿਆਨੀ—ਮੂਰਖ। ਅੰਧੁ—ਅੰਨ੍ਹਿਆਂ ਵਾਲਾ ਕੰਮ।

ਅਰਥ :

ਪ੍ਰ: ਹਜ਼ੂਰ, ਇਸ ਜਗਤ ਦੇ ਸਦਾ ਹੀ ਮਰਦੇ ਰਹਿਣ ਦਾ ਕਾਰਣ ਕੀ ਹੈ ?

ਉ: ੧. ਹੇ ਭਾਈਓ ! ਇਹ ਸੰਸਾਰ ਹਉਮੈ ਵਿਚ ਮੋਇਆ ਪਿਆ ਹੈ, ਮਰ ਕੇ ਭੀ ਨਿੱਤ (ਹੇਠਾਂ-ਹੇਠਾਂ) ਹੀ ਪਿਆ ਗ਼ਰਕਦਾ ਹੈ।

ਪ੍ਰ: ਸ੍ਰੀ ਜੀਉ ! ਇਹ ਦਸ਼ਾ ਇਸ ਦੀ ਇਉਂ ਕਿਉਂ ਹੋ ਰਹੀ ਹੈ ?

ਉ: ੨. ਹੇ ਭਾਈ ! ਜਿੰਨਾ ਚਿਰ ਇਸ ਜੀਵ ਦੇ ਸਰੀਰ ਵਿਚ ਸਾਹ ਆਉਂਦਾ ਜਾਂਦਾ ਹੈ, ਉੱਨਾ ਚਿਰ ਤਾਂ ਇਹ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ, (ਦੱਸੋ) ਅੱਗੇ ਦਰਗਾਹ ਵਿਚ ਜਾ ਕੇ ਇਹ ਕੀ ਕਰੇਗਾ ?

ਪ੍ਰ: ਕਿਉਂ ਜੀ ! ਕੀ ਇਸ ਤਰ੍ਹਾਂ ਦੀ ਦਸ਼ਾ ਸਾਰਿਆਂ ਦੀ ਹੀ ਹੁੰਦੀ ਹੈ ?

ਉ: ੩. ਹੇ ਭਾਈ ! ਜੋ ਮਨੁੱਖ ਗਿਆਨਵਾਨ ਹੁੰਦਾ ਹੈ, ਉਹ (ਇਸ ਗੱਲ ਤੋਂ) ਸੁਚੇਤ ਰਹਿੰਦਾ ਹੈ, ਪਰ ਅਗਿਆਨੀ (ਸਦਾ) ਅੰਧਤਾਈ ਦੇ ਹੀ ਕਰਮ ਕਰਦਾ ਰਹਿੰਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਰਾਵੋ ! ਜੋ ਕਰਮ ਜੀਵ ਏਥੇ ਕਰੇਗਾ, ਉਸੇ ਦਾ ਫਲ ਮਿਲੇਗਾ। ਪ੍ਰਲੋਕ ਵਿਚ ਭੀ ਜਾ ਕੇ ਉਹੀ ਕਮਾਈ ਮਿਲਦੀ ਹੈ।੧।

ਮ: ੩ ॥

੧. ਧੁਰਿ ਖਸਮੈ ਕਾ ਹੁਕਮੁ ਪਇਆ
ਵਿਣੁ ਸਤਿਗੁਰ ਚੇਤਿਆ ਨ ਜਾਇ ॥
੨. ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ
ਸਦਾ ਰਹਿਆ ਲਿਵ ਲਾਇ ॥
੩. ਦਮਿ ਦਮਿ ਸਦਾ ਸਮਾਲਦਾ
ਦੰਮੁ ਨ ਬਿਰਥਾ ਜਾਇ ॥
੪. ਜਨਮ ਮਰਨ ਕਾ ਭਉ ਗਇਆ
ਜੀਵਨ ਪਦਵੀ ਪਾਇ ॥
੫. ਨਾਨਕ ਇਹੁ ਮਰਤਬਾ ਤਿਸ ਨੋ ਦੇਇ
ਜਿਸ ਨੋ ਕਿਰਪਾ ਕਰੇ ਰਜਾਇ ॥੨॥

ਪਦ ਅਰਥ : ਦੰਮ—ਸੁਆਸ। ਬਿਰਥਾ—ਖ਼ਾਲੀ। ਪਦਵੀ—ਦਰਜਾ, ਮਰਤਬਾ।

ਅਰਥ :

ਪ੍ਰ: ਹਜ਼ੂਰ ਗੁਰੂ ਤੋਂ ਬਿਨਾ ਜੋ ਪ੍ਰਭੂ ਨੂੰ ਨਾ ਸਿਮਰੇ ਜਾਣ ਦਾ ਸੰਕੇਤ ਹੈ, ਇਹ ਕਦੋਂ ਕੁ ਦਾ ਚਲਿਆ ਆ ਰਿਹਾ ਹੈ ? ਇਹ ਨਿਯਮ ਕਿਸ ਨੇ ਬੰਨ੍ਹਿਆ ਹੈ ?

ਉ: ੧. ਹੇ ਪਿਆਰੇ ! ਇਹ ਸੰਕੇਤ ਕਿਸੇ ਮਨੁੱਖ ਵਲੋਂ ਨਹੀਂ ਬੰਨ੍ਹਿਆ ਗਿਆ, ਇਹ ਤਾਂ ਧੁਰੋਂ ਹੀ ਪ੍ਰਭੂ ਦਾ ਹੁਕਮ ਚਲਿਆ ਆਉਂਦਾ ਹੈ ਕਿ ਸਤਿਗੁਰੂ ਤੋਂ ਬਿਨਾ ਪ੍ਰਭੂ ਨੂੰ ਸਿਮਰਿਆ ਨਹੀਂ ਜਾ ਸਕਦਾ।

੨. (ਕਿਉਂਕਿ) ਸਤਿਗੁਰੂ ਦੇ ਮਿਲਿਆਂ ਪ੍ਰਭੂ ਮਨੁੱਖ ਦੇ ਹਿਰਦੇ ਵਿਚ ਵਸ ਪੈਂਦਾ ਹੈ ਤੇ ਮਨੁੱਖ ਸਦਾ ਉਸ ਪ੍ਰਭੂ ਵਿਚ ਬਿਰਤੀ ਜੋੜੀ ਰੱਖਦਾ ਹੈ।

੩. ਅਤੇ ਉਹ ਸੁਆਸ-ਸੁਆਸ ਉਸ ਨੂੰ ਚੇਤਦਾ ਹੈ, ਉਸ ਦਾ (ਚੇਤਨੇ ਤੋਂ ਸਖਣਾ) ਇਕ ਭੀ ਸੁਆਸ ਨਹੀਂ ਜਾਂਦਾ।

੪. ਇਸ ਤਰ੍ਹਾਂ ਉਸਦਾ ਜੰਮਣ ਮਰਣ ਦਾ ਡਰ ਮੁੱਕ ਜਾਂਦਾ ਹੈ। ਉਸ ਨੂੰ (ਅਸਲ ਮਨੁੱਖਾ) ਜਨਮ ਦਾ ਮਰਤਬਾ ਮਿਲ ਜਾਂਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਪ੍ਰਭੂ ਇਹ ਦਰਜਾ, ਭਾਵ ਜੀਵਨ ਪਦਵੀ ਉਸ ਮਨੁੱਖ ਨੂੰ ਦੇਂਦਾ ਹੈ, ਜਿਸ ’ਤੇ ਆਪਣੀ ਰਜ਼ਾ ਵਿਚ ਮਿਹਰ ਕਰਦਾ ਹੈ।੨।

ਪਉੜੀ ॥

੧. ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ ॥
੨. ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ ॥
੩. ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ ॥
੪. ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ ॥
੫. ਉਸਤਤਿ ਬਰਨਿ ਨ ਸਕੀਐ
ਸਦ ਸਦ ਕੁਰਬਾਨਾ ॥੧੯॥

ਅਰਥ :

ਪ੍ਰ: ਹਜ਼ੂਰ ! ਉਸ ਨਿਰੰਕਾਰ ਦਾ ਸਰੂਪ ਬਿਆਨ ਕਰੋ ?

ਉ: ੧. ਹੇ ਭਾਈ ! ਉਸ ਦਾ ਸੰਪੂਰਨ ਰੂਪ ਕਥਨ ਨਹੀਂ ਕੀਤਾ ਜਾ ਸਕਦਾ, ਪਰ ਇਉਂ ਹੀ ਸਮਝੋ ਕਿ ਉਹ ਪ੍ਰਭੂ ਆਪੇ ਹੀ ਸਿਆਣਾ ਹੈ, ਆਪ ਹੀ ਚਤਰ ਹੈ ਅਤੇ ਆਪ ਹੀ ਆਗੂ ਹੈ।

੨. ਆਪੇ ਹੀ ਆਪਣੇ ਰੂਪ ਦਿਖਾਲਦਾ ਹੈ, ਆਪੇ ਹੀ ਬ੍ਰਿਤੀ ਜੋੜਦਾ ਹੈ।

੩. ਆਪੇ ਹੀ ਮੋਨ ਧਾਰੀ ਹੈ ਅਤੇ ਆਪ ਹੀ ਗਿਆਨ ਦੀਆਂ ਗੱਲਾਂ ਕਰਨ ਵਾਲਾ ਹੈ।

੪. ਉਹ ਕਿਸੇ ਨੂੰ ਕੌੜਾ ਨਹੀਂ ਲੱਗਦਾ, ਸਗੋਂ ਸਭਨਾਂ ਨੂੰ ਭਾਉਂਦਾ ਹੈ, ਚੰਗਾ ਲੱਗਦਾ ਹੈ।

੫. ਹੇ ਪਿਆਰੇ ! ਉਸ ਦੀ ਉਸਤਤ ਵਰਣਨ ਨਹੀਂ ਕਰ ਸਕੀਦੀ। ਉਸ ਤੋਂ ਤਾਂ ਸਦਾ-ਸਦਾ ਕੁਰਬਾਨ ਹੀ ਹੋਈਦਾ ਹੈ।੧੯।

ਭਾਵਾਰਥ : ਜਗਤ ਦਾ ਜੰਮਦੇ ਮਰਦੇ ਰਹਿਣ ਦਾ ਕਾਰਣ ਕੇਵਲ ਹਉਮੈ ਹੀ ਹੈ। ਇਹ ਮਨੁੱਖ ਜਿਤਨਾ ਚਿਰ ਸੁਆਸ ਲੈਂਦਾ ਹੈ, ਉਤਨਾ ਸਮਾਂ ਕਦੇ ਭੀ ਸਾਈਂ ਜੀ ਨੂੰ ਨਹੀਂ ਚੇਤੇ ਕਰਦਾ, ਇਸ ਲਈ ਰੱਬੀ ਦਰਬਾਰ ਵਿਚ ਉਹ ਸਜ਼ਾ ਦਾ ਭਾਗੀ ਹੁੰਦਾ ਹੈ।

ਇਹ ਧੁਰੋਂ ਪ੍ਰਭੂ ਦਾ ਹੀ ਸੰਕੇਤ ਬੰਨ੍ਹਿਆ ਹੋਇਆ ਹੈ ਕਿ ਗੁਰੂ ਤੋਂ ਬਿਨਾ ਪਰਮੇਸ਼ਰ ਨੂੰ ਚੇਤਿਆ ਹੀ ਨਹੀਂ ਜਾ ਸਕਦਾ, ਕਿਉਂਕਿ ਸਤਿਗੁਰ ਦੇ ਮਿਲਾਪ ਦੁਆਰਾ ਸਾਈਂ ਜੀ ਅੰਦਰ ਆ ਵਸਦੇ ਹਨ। ਪਉੜੀ ਵਿਚ ਇਹ ਸਿਧਾਂਤ ਕਥਨ ਕਰਦੇ ਹਨ ਕਿ ਪਰਮੇਸ਼ਰ ਦੀ ਵਡਿਆਈ ਕਥਨ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਸਨੇ ਰੰਗਾਂ-ਰੰਗਾਂ ਦੀ ਐਸੀ ਰਚਨਾ ਰਚੀ ਹੈ ਕਿ ਹਉਂ ਦੇ ਆਸਰੇ ਹਰੇਕ ਜੀਵ ਏਥੇ ਆਪਣੇ ਆਪ ਨੂੰ ਸਿਆਣਾ ਤੇ ਚਤੁਰ ਸਮਝਦਾ ਹੈ। ਆਪੋ ਆਪਣੀ ਧੁਨ ਵਿਚ ਮਸਤ ਕੋਈ ਤਾਂ ਮੋਨਧਾਰੀ ਬਣਿਆ ਬੈਠਾ ਹੈ ਤੇ ਕੋਈ ਹੋਰਨਾਂ ਨੂੰ ਉਪਦੇਸ਼ ਕਰ ਰਿਹਾ ਹੈ। ਹਰੇਕ ਨੂੰ ਆਪੋ-ਆਪਣੀ ਸਮਝ ਪਿਆਰੀ ਲੱਗਦੀ ਹੈ।

ਸਲੋਕ ਮ: ੧ ॥

੧. ਕਲੀ ਅੰਦਰਿ ਨਾਨਕਾ
ਜਿੰਨਾਂ ਦਾ ਅਉਤਾਰੁ ॥
੨. ਪੁਤੁ ਜਿਨੂਰਾ ਧੀਅ ਜਿੰਨੂਰੀ
ਜੋਰੂ ਜਿੰਨਾ ਦਾ ਸਿਕਦਾਰੁ ॥੧॥

ਪਦ ਅਰਥ : ਜਿੰਨਾਂ—ਭੂਤ, ਭੂਤ ਸ਼੍ਰੇਣੀ ਵਿਚ ਦੁਰਸਾਧਯ ਜਾਤੀ ਜਿੰਨ ਕਹੀਦੀ ਹੈ। ਕਲੀ—ਕਲਯੁਗ। ਅਉਤਾਰੁ—ਜਨਮ। ਜਿਨੂਰਾ—ਛੋਟਾ ਜਿੰਨ, ਭੂਤਨਾ, ਜਿੰਨ ਦਾ ਬੱਚਾ। ਜਿੰਨੂਰੀ—ਭੂਤਨੀ, ਜਿੰਨ ਦੀ ਬੇਟੀ, ਨਿੱਕੀ ਜਿੰਨਣੀ। ਸਿਕਦਾਰ—ਭਾਵ ਹੈ ਸਰਦਾਰ।

ਅਰਥ :

ਪ੍ਰ: ਹੇ ਗੁਰੋ ! ਜਦੋਂ ਇਨ੍ਹਾਂ ਕਲਜੁਗੀ ਜੀਵਾਂ ਵੱਲ ਤੱਕਦੇ ਹਾਂ ਤਾਂ ਇਹ ਸਾਰੇ ਗਿਰੇ ਹੋਏ ਆਚਰਨ ਵਾਲੇ ਹੋ ਰਹੇ ਹਨ, ਹਜ਼ੂਰ ! ਤੁਸੀਂ ਇਨ੍ਹਾਂ ਗਿਰੇ ਹੋਏ ਆਚਰਨ ਵਾਲੇ ਲੋਕਾਂ ਨੂੰ ਆਪਣੀ ਬੋਲੀ ਵਿਚ ਕੀ ਕਹੋਗੇ ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਇਹ ਕਲਜੁਗ ਦੇ ਲੋਕ ਜੋ ਆਚਰਨ ਵਲੋਂ ਗਿਰੇ ਹੋਏ ਹਨ, (ਅਸੀਂ ਤਾਂ ਸਮਝਦੇ ਹਾਂ ਕਿ) ਇਹ ਮਾਨੋ ਇਕ ਜਿੰਨ ਹਨ। ਜਿੰਨ ਮਨੁੱਖ ਬਣੇ ਹੋਏ ਹਨ, ਭਾਵ ਇਹ ਵਿਕਾਰੀ ਲੋਕ ਭੂਤਨੇ ਜੰਮੇ ਹੋਏ ਹਨ।

੨. (ਇਸੇ ਹੀ ਤਰ੍ਹਾਂ ਇਨ੍ਹਾਂ ਦੀ ਸੰਤਾਨ ਹੈ) ਪੁੱਤ੍ਰ ਛੋਟਾ ਜਿੰਨ ਹੈ, ਧੀ ਭੂਤਨੀ ਹੈ ਤੇ ਇਸਤ੍ਰੀ ਸਾਰੇ ਭੂਤਾਂ ਦੀ ਸਰਦਾਰਨੀ ਹੈ (ਭਾਵ ਕਿ ਨਾਮ ਤੋਂ ਸਖਣੇ ਸਾਰੇ ਜੀਵ ਭੂਤਨੇ ਹਨ।੧।

ਮ: ੧ ॥

੧. ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥
੨. ਨਾਰਦਿ ਕਹਿਆ ਸਿ ਪੂਜ ਕਰਾਂਹੀ ॥
੩. ਅੰਧੇ ਗੁੰਗੇ ਅੰਧ ਅੰਧਾਰੁ ॥
੪. ਪਾਥਰੁ ਲੇ ਪੂਜਹਿ ਮੁਗਧ ਗਵਾਰ ॥
੫. ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥

ਪਦ ਅਰਥ : ਮੂਲੇ—ਉੱਕਾ ਹੀ, ਮੂਲੋਂ ਹੀ, ਬਿਲਕੁਲ। ਅਖੁਟੀ ਜਾਂਹੀ—ਖੁੰਝੇ ਜਾ ਰਹੇ ਹਨ। ਨਾਰਦਿ—ਨਾਰਦ ਨੇ, 'ਨਾਰਦ' ਨਾਮ ਇਕ ਰਿਖੀ ਦਾ ਹੈ, ਜਿਸਨੇ ਮੂਰਤੀ ਪੂਜਾ ਦਾ ਵਿਧਾਨ ਕੀਤਾ ਹੈ। ਵੇਸਾਹ—ਯਕੀਨ, ਭਰੋਸਾ, ਇਤਬਾਰ। ਗਵਾਰ—ਉਜੱਡ। ਓਹਿ—ਉਹ ਪੱਥਰ। ਕਹਾ—ਕਿਵੇਂ।

ਅਰਥ :

ਪ੍ਰ: ਹਜ਼ੂਰ ! ਆਪ ਹਿੰਦੂਆਂ ਬਾਰੇ ਭੀ ਅਪਣੇ ਵੀਚਾਰ ਕਹੋ।

ਉ: ੧. ਹੇ ਭਾਈਓ ! ਹਿੰਦੂ ਤਾਂ ਉੱਕਾ ਹੀ ਭੁੱਲੇ ਹੋਏ ਖੋਟੇ ਰਸਤੇ ਜਾ ਰਹੇ ਹਨ।

੨. ਕਿਉਂਕਿ, ਜੋ ਨਾਰਦ ਨੇ ਪੂਜਾ ਕਹੀ ਹੈ, ਨਾਰਦ ਪੰਚ ਰਾਤ੍ਰ ਵਿਚ ਪੂਜਾ ਦੇ ਪੰਜ ਅੰਗ ਲਿਖੇ ਹਨ—ਉਹੀ ਪੂਜਾ ਕਰਦੇ ਹਨ।

(੧) ਅਭਿਗਮਨ—ਅਸਥਾਨ ਦਾ ਲੇਪਨ ਅਤੇ ਦੇਵਤੇ ਨੂੰ ਬੁਲਾਉਣ ਦਾ ਤਰੀਕਾ।
(੨) ਉਪਾਦਾਨ—ਸੁਗੰਧੀ, ਧੂਪ ਫੁੱਲ ਆਦਿਕਾਂ ਦਾ ਸੰਗ੍ਰਹਿ ਕਰਨਾ।
(੩) ਇਜਯਾ—ਦੇਵਤੇ ਦੀ ਪੂਜਾ ਕਰਨੀ।
(੪) ਸ੍ਵਧਯਾਯ—ਮਨ ਵਿਚ ਮਨੋਰਥ ਰੱਖ ਕੇ ਜਾਪ ਕਰਨਾ।
(੫) ਯੋਗ—ਦੇਵਤੇ ਦੇ ਸਰੂਪ ਦਾ ਧਿਆਨ ਕਰਨਾ।

੩. ਇਨ੍ਹਾਂ ਅੰਨ੍ਹਿਆਂ ਗੁੰਗਿਆਂ ਵਾਸਤੇ ਹਨੇਰਾ ਘੁਪ ਬਣਿਆ ਪਿਆ ਹੈ, ਭਾਵ ਨਾ ਇਹ ਸਹੀ ਰਸਤਾ ਵੇਖ ਰਹੇ ਹਨ ਤੇ ਨਾ ਹੀ ਮੁਖੋਂ ਪ੍ਰਭੂ ਦੇ ਗੁਣ ਗਾਉਂਦੇ ਹਨ।

੪. ਇਹ ਮੂਰਖ ਗਵਾਰ ਪੱਥਰ ਲੈ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ।

੫. ਸੋ ਹੇ ਭਾਈਓ ! (ਜਿਨ੍ਹਾਂ ਪੱਥਰਾਂ ਨੂੰ ਤੁਸੀਂ ਪੂਜਦੇ ਹੋ) ਜਦੋਂ ਉਹ ਆਪ ਹੀ ਪਾਣੀ ਵਿਚ ਡੁੱਬ ਜਾਂਦੇ ਹਨ, (ਤਾਂ ਉਨ੍ਹਾਂ ਨੂੰ ਪੂਜ ਕੇ) ਤੁਸੀਂ (ਸੰਸਾਰ ਸਮੁੰਦ੍ਰ ਤੋਂ) ਕਿਵੇਂ ਤਰ ਸਕਦੇ ਹੋ ? (ਭਾਵ ਨਹੀਂ ਤਰ ਸਕਦੇ)।

ਪਉੜੀ ॥

੧. ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ ॥
੨. ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ ॥
੩. ਅੰਮ੍ਰਿਤੁ ਭੋਜਨੁ ਨਾਮੁ ਹਰਿ ਰਜਿ ਰਜਿ ਜਨ ਖਾਹੁ ॥
੪. ਸਭਿ ਪਦਾਰਥ ਪਾਈਅਨਿ ਸਿਮਰਣੁ ਸਚੁ ਲਾਹੁ ॥
੫. ਸੰਤ ਪਿਆਰੇ ਪਾਰਬ੍ਰਹਮ ਨਾਨਕ
ਹਰਿ ਅਗਮ ਅਗਾਹੁ ॥੨੦॥

ਪਦ ਅਰਥ : ਸਭੁ ਕਿਹੁ—ਸਭ ਕੁਝ। ਰੰਗਿ—ਰੰਗ ਵਿਚ। ਵੇਸਾਹੁ—ਭਰੋਸਾ। ਪਾਈਅਨਿ—ਮਿਲਦੇ ਹਨ। ਲਾਹੁ—ਲਾਭ।

ਅਰਥ :

ਪ੍ਰ: ਹਜ਼ੂਰ ! ਉਸ ਸਾਈਂ ਜੀ ਨੂੰ ਤੁਸੀਂ ਕਿਵੇਂ ਅਨੁਭਵ ਕਰਦੇ ਹੋ ?

ਉ: ੧. ਹੇ ਭਾਈਓ ! ਸਾਡੇ ਅੰਦਰੋਂ ਤਾਂ ਸਦਾ ਇਉਂ ਹੀ ਅਵਾਜ਼ ਆਉਂਦੀ ਹੈ ਕਿ ਹੇ ਪ੍ਰਭੂ ! ਤੂੰ ਸੱਚਾ ਸ਼ਾਹ ਹੈਂ ਤੇ ਸਭ ਕੁਝ ਤੇਰੇ ਅਖ਼ਤਿਆਰ ਵਿਚ ਹੈ।

੨. ਭਗਤ ਲੋਕ ਕਿਸੇ ਹੋਰ ਦੀ ਪੂਜਾ ਨਹੀਂ ਕਰਦੇ, ਉਹ ਇਕ ਸਾਈਂ ਜੀ ਦੇ ਰੰਗ ਵਿਚ ਹੀ ਰਤੇ ਰਹਿੰਦੇ ਹਨ ਤੇ ਤੇਰੇ ਉਪਰ ਹੀ ਉਹ ਪੂਰਾ ਸਿਦਕ ਧਾਰੀ ਰੱਖਦੇ ਹਨ।

੩. ਹਰੀ ਦਾ ਨਾਮ ਅੰਮ੍ਰਿਤ ਭੋਜਨ ਹੈ, ਜੋ ਹਰੀ ਦੇ ਦਾਸ ਰੱਜ-ਰੱਜ ਖਾਂਦੇ ਹਨ।

੪. ਸਿਮਰਨ ਦਾ ਜਦੋਂ ਸੱਚਾ ਲਾਹਾ ਪਾ ਲਈਦਾ ਹੈ, ਤਾਂ ਸਾਰੇ ਹੀ ਪਦਾਰਥ ਪਾ ਲਈਦੇ ਹਨ।

੫. ਹੇ ਭਾਈ ! ਉਹ ਹਰੀ (ਭਾਵੇਂ) ਅਗੰਮ ਤੇ ਅਗਾਧ ਹੈ, ਪਰ ਉਸ ਪਾਰਬ੍ਰਹਮ ਨੂੰ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਸੰਤ ਹੀ ਪਿਆਰੇ ਹਨ।੨੦।

ਭਾਵਾਰਥ : ਗੁਰੂ ਨਾਨਕ ਦੇਵ ਜੀ ਕਲਜੁਗ ਦੇ ਵਿਕਾਰੀ ਜੀਵਾਂ ਨੂੰ ਤੱਕ ਕੇ ਕਹਿ ਰਹੇ ਹਨ ਕਿ ਇਹ ਇਨਸਾਨ ਨਹੀਂ ਹਨ, ਇਹ ਤਾਂ ਮਾਨੋਂ ਭੂਤਨੇ ਹੀ ਹਨ।

ਮਹਲੇ ਵਿਚ ਕਹਿੰਦੇ ਹਨ ਕਿ ਹਿੰਦੂ ਲੋਕ ਤਾਂ ਮੂਲੋਂ ਹੀ ਭੁਲੇ ਜਾ ਰਹੇ ਹਨ ਜੋ ਨਾਰਦ ਦੀ ਦੱਸੀ ਹੋਈ ਬੁਤ-ਪ੍ਰਸਤੀ ਕਰ ਰਹੇ ਹਨ। ਇਨ੍ਹਾਂ ਨੂੰ ਇਤਨੀ ਸੋਝੀ ਨਹੀਂ ਕਿ ਜਿਹੜੇ ਪੱਥਰ ਪਾਣੀ ਵਿਚ ਰਖਿਆਂ ਆਪ ਹੀ ਡੁੱਬ ਜਾਂਦੇ ਹਨ, ਉਹ ਤੁਹਾਨੂੰ ਸੰਸਾਰ ਸਾਗਰ ਤੋਂ ਪਾਰ ਕਿਵੇਂ ਕਰ ਸਕਣਗੇ।

ਪਉੜੀ ਵਿਚ ਦੱਸਦੇ ਹਨ ਕਿ ਇਸ ਜਗਤ ਵਿਚ ਖੱਟੀ ਉਨ੍ਹਾਂ ਮਨੁੱਖਾਂ ਨੇ ਹੀ ਖੱਟੀ ਹੈ ਜੋ ਨਾਮ ਸਿਮਰਦੇ ਹਨ। ਨਾਮ ਉਨ੍ਹਾਂ ਨੂੰ ਇਕ ਐਸੀ ਖ਼ੁਰਾਕ ਮਿਲ ਗਈ ਹੈ ਕਿ ਉਹ ਦੁਨੀਆ ਦੇ ਹੋਰ ਸਾਰੇ ਪਦਾਰਥਾਂ ਵੱਲੋਂ ਰਜੇ ਰਹਿੰਦੇ ਹਨ। ਉਹੀ ਸੰਤ ਹਨ ਤੇ ਪ੍ਰਭੂ ਨੂੰ ਪਿਆਰੇ ਭੀ ਓਹੀ ਹਨ।

ਸਲੋਕ ਮ: ੩ ॥

੧. ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥
੨. ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥

੩. ਨਾਨਕ ਹੁਕਮੁ ਕੋ ਗੁਰਮੁਖਿ ਬੁਝੈ
ਜਿਸ ਨੋ ਕਿਰਪਾ ਕਰੇ ਰਜਾਇ ॥੧॥

ਅਰਥ :

ਪ੍ਰ: ਹੇ ਗੁਰੋ! ਇਸ ਜਗਤ ਵਿਚ ਜੋ ਭਿੰਨ-ਭਿੰਨ ਅਨੰਤ ਹੀ ਸ਼ੈਆਂ ਨਜ਼ਰ ਆਉਂਦੀਆਂ ਹਨ, ਇਹ ਕਿੱਥੋਂ ਆਉਂਦੀਆਂ ਹਨ ਤੇ ਅੰਤ ਨੂੰ ਕਿੱਥੇ ਜਾ ਸਮਾਉਂਦੀਆਂ ਹਨ?

ਉ: ੧. ਹੇ ਭਾਈਓ! ਇਹ ਜਗਤ ਦੀ ਹਰ ਇਕ ਵਸਤੂ ਵਾਹਿਗੁਰੂ ਜੀ ਦੇ ਹੁਕਮ ਵਿਚ ਆਉਂਦੀ ਹੈ ਤੇ ਉਸੇ ਦੇ ਹੁਕਮ ਨਾਲ ਸਭ ਕੁਝ ਚਲਾ ਜਾਂਦਾ ਹੈ।

੨. ਜੇ ਕੋਈ ਮੂਰਖ ਜਾਣਦਾ ਹੈ ਕਿ ਮੇਰੇ ਆਪਣੇ ਆਪ ਤੋਂ ਕੁਝ ਹੋਇਆ ਹੈ, ਤਾਂ ਉਹ ਅਗਿਆਨੀ ਹੈ, ਉਹ ਅੰਨ੍ਹਾ ਅੰਨਿਆਂ ਵਾਲਾ ਕੰਮ ਕਰਦਾ ਹੈ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਿਸ ਮਨੁੱਖ 'ਤੇ ਪ੍ਰਭੂ ਆਪਣੀ ਰਜ਼ਾ ਵਿਚ ਕਿਰਪਾ ਕਰਦਾ ਹੈ, ਉਹ ਕੋਈ ਵਿਰਲਾ ਹੀ ਹੁਕਮ ਦੀ ਪਛਾਣ ਕਰਦਾ ਹੈ।

ਮ: ੩ ॥

੧. ਸੋ ਜੋਗੀ ਜੁਗਤਿ ਸੋ ਪਾਏ
ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ ॥
੨. ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ
ਭੇਖੀ ਜੋਗੁ ਨ ਹੋਇ ॥
੩. ਨਾਨਕ ਐਸਾ ਵਿਰਲਾ ਕੋ ਜੋਗੀ
ਜਿਸੁ ਘਟਿ ਪਰਗਟੁ ਹੋਇ ॥੨॥

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਬਹੁਤ ਲੋਕ ਸਰੀਰ ਉਪਰ ਜੋਗੀਆਂ ਦਾ ਲਿਬਾਸ ਧਾਰੀ ਫਿਰਦੇ ਹਨ, ਪਰ ਗੁਰਮਤਿ ਅਨੁਸਾਰ ਆਪ ਸੱਚਾ ਜੋਗੀ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈ! ਉਹੋ ਹੈ ਜੋਗੀ ਤੇ ਜੋਗ ਦੀ ਜਾਚ ਉਸੇ ਨੂੰ ਆਈ ਹੈ, ਜਿਸ ਮਨੁੱਖ ਨੂੰ ਸਤਿਗੁਰੂ ਦੇ ਸਨਮੁਖ ਹੋ ਕੇ ਨਾਮ ਦੀ ਪ੍ਰਾਪਤੀ ਹੁੰਦੀ ਹੈ।

੨. ਉਸ ਜੋਗੀ ਦੇ ਸਰੀਰ ਰੂਪ ਨਗਰ ਵਿਚ ਹਰ ਇਕ ਗੁਣ ਵਸਦਾ ਹੈ, ਪਰ ਨਿਰਾ ਸਰੀਰ 'ਤੇ ਭੇਖ ਧਾਰਨ ਨਾਲ ਰੱਬ ਦਾ ਮੇਲ ਨਹੀਂ ਹੁੰਦਾ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਿਸ ਦੇ ਹਿਰਦੇ ਵਿਚ ਪ੍ਰਭੂ ਪ੍ਰਤੱਖ ਹੋ ਜਾਂਦਾ ਹੈ, ਇਹੋ ਜਿਹਾ ਕੋਈ ਵਿਰਲਾ ਹੀ ਜੋਗੀ ਹੋਇਆ ਕਰਦਾ ਹੈ।੨।

ਪਉੜੀ ॥

੧. ਆਪੇ ਜੰਤ ਉਪਾਇਅਨੁ ਆਪੇ ਆਧਾਰੁ ॥
੨. ਆਪੇ ਸੂਖਮੁ ਭਾਲੀਐ ਆਪੇ ਪਾਸਾਰੁ ॥
੩. ਆਪਿ ਇਕਾਤੀ ਹੋਇ ਰਹੈ ਆਪੇ ਵਡ ਪਰਵਾਰੁ ॥
੪. ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਨਾਰੁ ॥
੫. ਹੋਰੁ ਦਾਤਾਰੁ ਨ ਸੁਝਈ ਤੂ ਦੇਵਣਹਾਰੁ ॥੨੧॥੧॥ਸੁਧੁ॥

ਪਦ ਅਰਥ : ਜੰਤੁ—ਸਾਰੇ ਜੀਵ। ਉਪਾਇਅਨੁ—ਉਸਨੇ ਉਪਾਏ ਹਨ। ਆਧਾਰੁ—ਆਸਰਾ। ਸੂਖਮੁ—ਨਾ ਦਿੱਸਣ ਵਾਲਾ। ਰੇਨਾਰੁ—(ਚਰਨਾਂ ਦੀ) ਧੂੜ।

ਅਰਥ :

ਪ੍ਰ: ਹਜ਼ੂਰ! ਸ੍ਰਿਸ਼ਟੀ ਦੀ ਪੈਦਾਇਸ਼ ਬਾਰੇ ਆਪ ਦੇ ਕੀ ਵੀਚਾਰ ਹਨ?

ਉ: ੧. ਹੇ ਭਰਾਵੋ! ਅਸੀਂ ਤਾਂ ਗੁਰਮਤਿ ਅਨੁਸਾਰ ਇਉਂ ਹੀ ਸਮਝਿਆ ਹੈ ਕਿ ਉਸ (ਵਾਹਿਗੁਰੂ ਨੇ) ਆਪੇ ਜੰਤ ਪੈਦਾ ਕੀਤੇ ਹਨ, ਆਪੇ ਉਨ੍ਹਾਂ ਦਾ ਆਸਰਾ ਹੋ ਰਿਹਾ ਹੈ।

੨. ਆਪੇ ਹੀ (ਉਸ ਨੂੰ) ਸੂਖਮ ਰੂਪ ਹੋਇਆ ਵੇਖੀਦਾ ਹੈ, ਆਪੇ ਹੀ ਪਸਾਰੇ ਵਾਲਾ ਅਸਥੂਲ ਰੂਪ ਹੋਇਆ ਦਿੱਸਦਾ ਹੈ।

੩. ਆਪੇ ਹੀ ਇਕੱਲਾ ਹੋ ਕੇ ਰਹਿੰਦਾ ਹੈ ਤੇ ਆਪ ਹੀ ਵੱਡੇ ਪਰਿਵਾਰ ਵਾਲਾ ਹੈ।

ਪ੍ਰ: ਹੇ ਗੁਰੋ! ਐਸੇ ਸਾਈਂ ਜੀ ਤੋਂ ਤੁਹਾਡੀ ਮੰਗ ਕੀ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੈਂ ਤਾਂ ਉਸ ਸਾਈਂ ਜੀ ਅੱਗੇ ਸਦਾ ਇਉਂ ਹੀ ਜੋਦੜੀ ਕਰਦਾ ਰਹਿੰਦਾ ਹਾਂ ਕਿ ਹੇ ਦਾਤਾਰ! ਮੈਂ ਤਾਂ ਤੈਥੋਂ ਇਕੋ ਦਾਨ ਮੰਗਦਾ ਹਾਂ (ਉਹ ਹੈ) ਹਰੀ ਦੇ ਸੰਤਾਂ ਦੀ ਚਰਨ ਧੂੜ।

ਪ੍ਰ: ਆਕਾਸ਼ ਬਾਣੀ ਹੋਈ ਕਿ ਇਹ ਦਾਤ ਕਿਸੇ ਹੋਰ ਪਾਸੋਂ ਕਿਉਂ ਨਹੀਂ ਮੰਗ ਲੈਂਦੇ?

ਉ: ੫. ਹੇ ਸਾਈਂ ਜੀ! ਮੈਨੂੰ ਹੋਰ ਕੋਈ ਦਾਤਾਰ ਤੇਰੇ ਬਰਾਬਰ ਦਾ ਦਿੱਸਦਾ ਹੀ ਨਹੀਂ (ਕਿਉਂਕਿ) ਦੇਵਣਹਾਰ ਦਾਤਾ (ਸਭ ਦਾ) ਤੂੰਹੀਓਂ ਹੀ ਹੈਂ।੨੧।੧।ਸੁਧੁ।

ਭਾਵਾਰਥ : ਇਸ ਸੰਸਾਰ ਦੀ ਹਰ ਵਸਤੂ ਉਸੇ ਦੇ ਹੁਕਮ ਵਿਚ ਆਉਂਦੀ ਹੈ ਤੇ ਹੁਕਮ ਵਿਚ ਹੀ ਚਲੀ ਜਾਂਦੀ ਹੈ। ਆਪਣੇ ਆਪ ਨੂੰ ਵੱਡਾ ਜਨਾਉਣ ਵਾਲਾ ਅੰਨ੍ਹਾ ਮਾਨੋ ਅੰਨ੍ਹੇ ਹੀ ਕਰਮ ਕਰਦਾ ਹੈ।

ਜੋਗੀ ਦੀ ਅਸਲ ਪਛਾਣ ਹੈ ਕਿ ਉਹ ਗੁਰੂ ਦੁਆਰਾ ਨਾਮ ਦੀ ਦਾਤ ਪ੍ਰਾਪਤ ਕਰ ਕੇ ਸਦਾ ਹੀ ਜੋ ਵਾਹਿਗੁਰੂ ਜੀ ਨਾਲ ਜੁੜਿਆ ਰਹਿੰਦਾ ਹੈ, ਐਸੇ ਜੋਗੀ ਨੂੰ ਸਾਰੇ ਹੀ ਦੈਵੀ ਗੁਣ ਪ੍ਰਾਪਤ ਹੁੰਦੇ ਹਨ, ਉਹ ਸਦਾ ਹੀ ਸਾਈਂ ਜੀ ਵਿਚ ਸੁਰਤੀ ਨੂੰ ਜੋੜੀ ਰੱਖਦਾ ਹੈ।

ਪਉੜੀ ਵਿਚ ਉਸ ਪਰਮੇਸ਼ਰ ਨੂੰ ਸਰਵ ਰੂਪ ਦੇਖ ਰਹੇ ਹਨ, ਪਰ ਉਸ ਨੂੰ ਫਿਰ ਭੀ ਕਰਤਾਰ ਸਰਬ ਸ਼ਕਤੀਮਾਨ ਦੱਸਦੇ ਹਨ। ਨਿਰਗੁਣ ਸਰਗੁਣ ਸਾਰੇ ਉਸੇ ਦੇ ਹਨ। ਇਸ ਦ੍ਰਿਸ਼ਟੀ ਦੇ ਮਾਲਕ ਹੁੰਦਿਆਂ ਹੋਇਆਂ ਭੀ ਵਾਹਿਗੁਰੂ ਜੀ ਪਾਸੋਂ ਸੰਤਾਂ ਦੇ ਚਰਨਾਂ ਦੀ ਪਵਿੱਤ੍ਰ ਧੂੜੀ ਮੰਗਦੇ ਹਨ।

(ਬਿਹਾਗੜੇ ਕੀ ਵਾਰ ਸਮਾਪਤ)

ਰਾਗੁ ਵਡਹੰਸੁ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਵਡਹੰਸੁ ਮਹਲਾ ੧ ਘਰੁ ੧ ॥

ਵਡਹੰਸ ਰਾਗ ਦਾ ਨਾਮ ਰਾਗ ਮਾਲਾ ਵਿਚ ਨਹੀਂ ਹੈ। ਕੋਈ ਸੰਗੀਤਾਚਾਰਯ ਇਸ ਨੂੰ ਰਾਗਨੀ ਤੇ ਕੋਈ ਰਾਗ ਮੰਨਦਾ ਹੈ। ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ ਵਿਚ ਇਸ ਬਾਰੇ ਇਹ ਵਾਕਫ਼ੀ ਦਿੱਤੀ ਹੈ :

ਨਾਦ ਬਿਨੋਦ ਵਿਚ ਮੇਘ ਰਾਗ ਦੀ ਰਾਗਨੀ ਵਡਹੰਸ ਕਰ ਕੇ ਲਿਖੀ ਹੈ। ਅੰਸ ਨਯਾਸ ਗ੍ਰਹ ਨਿਖਾਧ ਹੈ, ਸੰਪੂਰਨ ਹੈ, ਦੁਪਹਿਰ ਵੇਲੇ ਗਾਵੀਂਦੀ ਹੈ ਅਤੇ ਸਾਰੰਗ, ਮੇਘ, ਕਾਮੋਦ ਮਿਲ ਕੇ ਬਣੀ ਹੈ।

ਸੁਰਤਾਲ ਸੰਬੂਹ ਵਿਚ ਮਾਲਕ ਉਸ ਦਾ ਪੁੱਤਰ ਕਰ ਕੇ ਲਿਖਿਆ ਹੈ।

ਸੁਰ ਗੁਰੂ ਇਸ ਦਾ ਪੰਚਮ ਹੈ।

ਬਾਦੀ ਪੰਚਮ ਸਮਬਾਦੀ ਮਧਮ ਅਨਬਾਦੀ ਰਿਖਭ ਖਾੜਵ ਹੈ, ਪਾ, ਨੀ, ਸਾ, ਰੇ, ਗਾ, ਮਾ, ਤੀਸਰੇ ਪਹਿਰ ਦਿਨ ਦੇ ਗਾਵੀਂਦੀ ਹੈ।	**ਸੁਰ ਇਹ ਹਨ :** ਖਰਜ ਮਧਮ ਸ਼ੁੱਧ। ਪੰਚਮ, ਗੰਧਾਰ; ਰਿਖਭ। ਧੈਵਤ, ਨਿਖਾਧ, ਤੀਬਰ। ਮਾਰੂ, ਗੌਰਾਨੀ, ਦੁਰਗਾ, ਧਨਾਸਰੀ, ਜੈਤੀ ਮਿਲ ਕੇ ਵਡਹੰਸ ਬਣੀ ਹੈ।

ਦੇਸੀ ਸੰਕੀਰਨ ਹੈ। ਮੌਸਮ ਸਰਦ ਰਿਤੂ ਹੈ।

ਰਾਧਾ ਗੋਬਿੰਦ ਸੰਗੀਤ ਸਾਰ ਵਿਚ ਲਿਖਿਆ ਹੈ—ਦੇਵ ਗਿਰੀ, ਗੌਰੀ, ਮਾਲਵਾ, ਸੰਕੀਰਣ ਪੂਰੀਆ ਤੇ ਧਨਾਸਰੀ ਮਿਲ ਕੇ ਵਡਹੰਸੁ ਬਣਦਾ ਹੈ, ਸੰਪੂਰਨ ਹੈ, ਤੀਜੇ ਪਹਿਰ ਦਿਨੇ ਗਾਵੀਂਦਾ ਹੈ। ਸਾ, ਰੇ, ਗਾ, ਮਾ, ਪਾ, ਧਾ, ਨੀ।

ਇਕ ਮਤ ਨੇ ਪੰਚਮ ਦੀ ਰਾਗਨੀ ਵਡਹੰਸੁ ਕਹੀ ਹੈ ਅਤੇ ਉਸ ਵਿਚ ਟੋਡੀ ਦਾ ਮੇਲ ਮੰਨਿਆ ਹੈ। ਰਾਗ ਮਾਲਾ ਵਿਚ ਇਸ ਦਾ ਨਾਮ ਨਹੀਂ ਲਿਖਿਆ ਹੋਇਆ।

(ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ)

ਹਿੰਦੀ ਸ਼ਬਦ ਸਾਗਰ ਵਿਚ ਲਿਖਿਆ ਹੈ, ਇਸ ਮੇਘ ਦਾ ਪੁੱਤ੍ਰ ਹੈ। ਕਈ ਹੋਰ ਰਾਗ ਵੇਤਾ ਇਸ ਨੂੰ ਸ਼ੰਕਰ ਰਾਗ ਮੰਨਦੇ ਹਨ। ਕਿਤੇ-ਕਿਤੇ ਇਸ ਨੂੰ ਮਧ ਮਾਧਵ, ਸ਼ੁਧ ਨਟ ਨਾਰਾਇਣ ਦੇ ਮੇਲ ਤੋਂ ਬਣਿਆ ਕਿਹਾ ਹੈ।

ਸੁਰਤਾਲ ਸੰਬੂਹ ਵਿਚ ਇਸ ਨੂੰ ਮਾਲਕੌਸ਼ ਦਾ ਪੁੱਤ੍ਰ ਕਿਹਾ ਹੈ ਅਤੇ ਦੇਵਗਿਰੀ, ਗੌਰੀ, ਮਾਲਵ, ਸੰਕੀਰਣ ਧਨਾਸਰੀ ਦੇ ਮੇਲ ਤੋਂ ਬਣਦਾ ਹੈ।

ਭਰਤ ਮੱਤ ਵਿਚ ਸ੍ਰੀ ਰਾਗ ਦਾ ਪੁੱਤ੍ਰ ਹੈ, ਸ਼ਿਵ ਮੱਤ ਵਿਚ ਪੰਚਮ ਦੀ ਰਾਗਨੀ ਹੈ ਅਤੇ ਰਾਗਾਰਣਵ ਦੇ ਮੱਤ ਵਿਚ ਰਾਗਣੀ ਮੰਨੀ ਗਈ ਹੈ।

ਰਾਗੁ ਵਡਹੰਸੁ ਮਹਲਾ ੧ ਘਰੁ ੧ ॥

੧. ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥
੨. ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥
੩. ਹਉ ਵਾਰੀ ਵੰਞਾ ਖੰਨੀਐ ਵੰਞਾ
ਤਉ ਸਾਹਿਬ ਕੇ ਨਾਵੈ ॥੧॥ ਰਹਾਉ ॥
੪. ਸਾਹਿਬੁ ਸਫਲਿਓ ਰੁਖੜਾ
ਅੰਮ੍ਰਿਤੁ ਜਾ ਕਾ ਨਾਉ ॥
੫. ਜਿਨ ਪੀਆ ਤੇ ਤ੍ਰਿਪਤ ਭਏ
ਹਉ ਤਿਨ ਬਲਿਹਾਰੈ ਜਾਉ ॥੨॥
੬. ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥
੭. ਤਿਖਾ ਤਿਹਾਇਆ ਕਿਉ ਲਹੈ
ਜਾ ਸਰ ਭੀਤਰਿ ਪਾਲਿ ॥੩॥
੮. ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥
੯. ਮਨ ਤੇ ਧੋਖਾ ਤਾ ਲਹੈ
ਜਾ ਸਿਫਤਿ ਕਰੀ ਅਰਦਾਸਿ ॥੪॥੧॥

ਪਦ ਅਰਥ : ਅਮਲੀ—ਅਫ਼ੀਮੀ, ਅਫ਼ੀਮ ਆਦਿ ਨਸ਼ੇ ਦਾ ਆਦੀ। ਅਮਲੁ— ਅਫ਼ੀਮ (ਆਦਿਕ ਨਸ਼ਾ) ਅੰਬੜੈ—ਅੱਪੜੇ, ਮਿਲੇ। ਨੀਰੁ—ਪਾਣੀ। ਸਹਿ—ਸਹ ਵਿਚ, ਖਸਮ (ਦੇ ਪਿਆਰ) ਵਿਚ। ਆਪਣੈ ਸਹਿ—ਆਪਣੇ ਖਸਮ ਦੇ ਪਿਆਰ ਵਿਚ। ਰਤੇ—ਰੰਗੇ ਹੋਏ। ਸਭੁ ਕੋਈ—ਹਰੇਕ ਜੀਵ।੧। ਹਉ—ਮੈਂ। ਵਾਰੀ ਵੰਞਾ—ਮੈਂ ਸਦਕੇ ਜਾਂਦਾ ਹਾਂ। ਖੰਨੀਐ ਵੰਞਾ—ਟੋਟੇ-ਟੋਟੇ ਹੁੰਦਾ ਹਾਂ, ਕੁਰਬਾਨ ਹੁੰਦਾ ਹਾਂ। ਤਉ—ਤੇਰੇ।੧।ਰਹਾਉ।

ਸਫਲਿਓ—ਫਲਾਂ ਵਾਲਾ। ਰੁਖੜਾ—ਸੋਹਣਾ ਰੁੱਖ। ਜਾ ਕਾ—ਜਿਸ (ਰੁੱਖ) ਦਾ ਫਲ। ਅੰਮ੍ਰਿਤ—ਅਟੱਲ। ਜਿਨ—ਜਿਨ੍ਹਾਂ ਨੇ। ਤ੍ਰਿਪਤ ਭਏ—ਰੱਜ ਗਏ।੨।

ਮੈ ਕੀ—ਮੈਨੂੰ। ਆਵਹੀ ਆਵਹਿ—ਤੂੰ ਆਉਂਦਾ। ਹਭਿ—ਸਾਰੇ। ਤਿਹਾਇਆ—ਪਿਆਸਾ। ਸਰ—ਤਲਾਬ, ਸਰੋਵਰ। ਪਾਲਿ—ਕੰਧ। ਕਿਉ ਲਹੈ—ਕਿਵੇਂ ਲੱਭੇ ? ਨਹੀਂ ਲੱਭ ਸਕਦਾ।੩।

ਬਾਣੀਆ—ਵਣਜਾਰਾ। ਮੈ ਰਾਸਿ—ਮੇਰੀ ਪੂੰਜੀ। ਧੋਖਾ—ਸਹਿਮ। ਲਹੈ—ਦੂਰ ਹੋਵੇ। ਕਰੀ—ਮੈਂ ਕਰਾਂ।੪।

ਅਰਥ :

ਪ੍ਰ: ਹੇ ਗੁਰੋ! ਜੋ ਪ੍ਰੇਮੀ ਆਪਣੇ ਪਿਆਰੇ ਪਰਮੇਸ਼ਰ ਦੇ ਪ੍ਰੇਮ ਰੰਗ ਵਿਚ ਰੱਤੇ ਰਹਿੰਦੇ ਹਨ, ਉਨ੍ਹਾਂ ਦਾ ਆਪਣੇ ਪਰਮੇਸ਼ਰ ਪਤੀ ਨਾਲ ਕਿਤਨਾ ਕੁ ਪ੍ਰੇਮ ਹੈ?

ਉ: ੧. ਹੇ ਭਾਈ! ਉਨ੍ਹਾਂ ਦਾ ਪਿਆਰ ਅਥਾਹ ਹੈ। ਉਹ ਪਿਆਰੇ ਤੋਂ ਵਿਛੜ ਕੇ ਰਹਿ ਹੀ ਨਹੀਂ ਸਕਦੇ।

ਪ੍ਰ: ਕੋਈ ਉਦਾਰਣ ਦੇ ਕੇ ਸਮਝਾਓ?

ਉ: ਹੇ ਪਿਆਰੇ! ਜਿਵੇਂ ਇਕ (ਅਫ਼ੀਮੀ ਆਦਿਕ) ਅਮਲੀ ਨੂੰ ਅਫ਼ੀਮ ਆਦਿਕ ਅਮਲ (ਨਸ਼ਾ) ਨਾ ਅਪੜੇ, ਨਾ ਮਿਲੇ (ਹੋਰ ਭਾਵੇਂ ਉਸ ਨੂੰ ਸਭੋ ਕੁਝ ਮਿਲ ਜਾਵੇ ਤਾਂ ਉਹ ਮਰਦਾ ਜਾਂਦਾ ਹੈ, ਉਸ ਨੂੰ ਹੋਰ ਕੁਝ ਭੀ ਨਹੀਂ ਭਾਉਂਦਾ) ਅਤੇ ਇਸੇ ਤਰ੍ਹਾਂ ਜੇ ਮੱਛੀ ਨੂੰ ਪਾਣੀ ਨਾ ਮਿਲੇ ਤਾਂ ਉਹ ਤੜਫ-ਤੜਫ ਕੇ ਮਰ ਜਾਂਦੀ ਹੈ।

੨. (ਇਸੇ ਤਰ੍ਹਾਂ ਹੀ) ਜੋ (ਪੁਰਸ਼) ਆਪਣੇ ਪਿਆਰੇ ਦੇ ਪ੍ਰੇਮ ਰੰਗ ਵਿਚ ਰੱਤੇ ਹੋਏ ਹਨ, ਭਾਵ ਜਿਨ੍ਹਾਂ ਦੀ ਜ਼ਿੰਦਗੀ ਦਾ ਸਹਾਰਾ ਨਾਮ ਹੀ ਬਣ ਗਿਆ ਹੈ (ਹੇ ਪ੍ਰਭੂ! ਉਹ ਤੇਰੀ ਯਾਦ ਤੋਂ ਬਿਨਾ ਰਹਿ ਨਹੀਂ ਸਕਦੇ, ਉਨ੍ਹਾਂ ਨੂੰ ਹੋਰ ਭਾਵੇਂ ਸਭੋ ਕੁਝ ਪ੍ਰਾਪਤ ਹੋ ਜਾਵੇ, ਪਿਆਰੇ ਤੋਂ ਬਿਨਾ ਉਨ੍ਹਾਂ ਨੂੰ ਕੋਈ ਚੀਜ਼ ਨਹੀਂ ਭਾਉਂਦੀ ਅਤੇ ਨਾ ਹੀ ਉਹ ਜੀਉਂਦੇ ਰਹਿ ਸਕਦੇ ਹਨ)।੧।

ਪ੍ਰ: ਕਿਉਂ ਜੀ! ਉਹ ਹਰ ਵਕਤ ਕਹਿੰਦੇ ਕੀ ਰਹਿੰਦੇ ਹਨ?

ਉ: ੩. ਹੇ ਪਿਆਰੇ! ਉਨ੍ਹਾਂ ਦਾ ਤਾਂ ਸਦਾ ਹੀ ਇਹੋ ਕਹਿਣਾ ਹੁੰਦਾ ਹੈ ਕਿ ਹੇ ਸਾਹਿਬ! ਮੈਂ ਤੇਰੇ ਸਾਹਿਬ ਦੇ ਨਾਮ ਤੋਂ ਵਾਰੀ ਜਾਂਦਾ ਹਾਂ ਅਤੇ ਟੋਟੇ-ਟੋਟੇ ਹੋ ਕੇ ਸਦਕੇ ਪਿਆ ਜਾਂਦਾ ਹਾਂ।੧।ਰਹਾਉ।

ਪ੍ਰ: ਹਜ਼ੂਰ! ਉਹ ਮਾਲਕ ਤੇ ਉਸ ਮਾਲਕ ਦੇ ਨਾਮ ਦਾ ਪ੍ਰਸਪਰ ਸੰਬੰਧ ਕੀ ਹੈ?

ਉ: ੪. ਹੇ ਭਾਈਓ! ਉਹ ਮੇਰਾ ਮਾਲਕ ਪ੍ਰਭੂ ਤਾਂ ਜਾਣੋ ਇਕ ਫਲਾਂ ਵਾਲਾ ਸੋਹਣਾ ਰੁੱਖ ਹੈ। (ਇਸ ਰੁੱਖ ਦਾ) ਫਲ ਉਸਦਾ ਨਾਮ ਹੈ, ਅੰਮ੍ਰਿਤ ਫਲ ਹੈ।

੫. ਜਿਨ੍ਹਾਂ ਨੇ ਉਸ ਨਾਮ ਰੂਪ ਫਲ ਦਾ ਅੰਮ੍ਰਿਤ ਰਸ ਪੀਤਾ ਹੈ, ਉਹ ਰੱਜ ਗਏ। ਉਨ੍ਹਾਂ ਪੀਣ ਵਾਲਿਆਂ ਤੋਂ ਮੈਂ ਸਦਕੇ ਹਾਂ।੨।

ਪ੍ਰ: ਹਜ਼ੂਰ! ਹੁਣ ਤੁਸੀਂ ਆਪਣੇ ਮਨ ਦੀ ਅਵਸਥਾ ਬਿਆਨੋ ਕਿ ਕੈਸੀ ਹੈ?

ਉ: ੬. ਪ੍ਰਭੂ ਦੇ ਸਨਮੁਖ ਹੋ ਕਹਿੰਦੇ ਹਨ ਕਿ ਹੇ ਸਾਈਂ ਜੀ! ਤੂੰ ਸਭ ਜੀਵਾਂ ਦੇ ਅੰਗ-ਸੰਗ ਵਸਦਾ ਹੈਂ, ਪਰ ਤੂੰ ਮੈਨੂੰ ਨਹੀਂ ਦਿੱਸਦਾ।

ਪ੍ਰ: ਕਿਉਂ ਜੀ! ਇਸਦਾ ਕਾਰਣ ਕੀ ਹੈ?

ਉ: ੭. ਹੁਣ ਅਤਿ ਨਿੰਮ੍ਰਤਾ ਸਹਿਤ ਹੋ ਹਜ਼ੂਰ ਆਪਣੇ ਜ਼ਿੰਮੇਂ ਹੀ ਦੋਸ਼ ਲੈਂਦੇ ਹਨ ਕਿ ਹੇ ਭਾਈ! ਤੱਕੋ ਜੀਵ ਦੀ ਇਹ ਕਿਤਨੀ ਅਭਾਗਤਾ ਹੈ ਕਿ ਉਸ ਦੇ ਆਪਣੇ ਅੰਦਰ ਹੀ ਪਾਣੀ ਦਾ ਸਰੋਵਰ ਹੋਵੇ, ਪਰ ਉਹ ਪਿਆਸਾ ਤੜਫਦਾ ਫਿਰੇ।

ਪ੍ਰ: ਕਿਉਂ ਜੀ! ਇਹ ਪਿਆਸ ਲਹਿੰਦੀ ਕਿਉਂ ਨਹੀਂ?

ਉ: ਹੇ ਭਾਈਓ! ਪਿਆਸੇ ਦੀ ਪਿਆਸ ਕਿਸ ਤਰ੍ਹਾਂ ਲਥੇ, ਜਦ ਕਿ ਤਲਾ ਦੇ ਵਿਚ ਕੰਧ ਹੋਵੇ, ਭਾਵ ਜਦ ਕਿ ਸਾਡੇ ਤੇ ਹਰੀ ਦੇ ਵਿਚਕਾਰ ਭਰਮ ਦਾ ਪੜਦਾ ਹੈ। ਭਾਵੇਂ ਹਰੀ ਅੰਦਰ ਹੀ ਵਸਦਾ ਹੈ, ਪਰ ਦਰਸ਼ਨਾਂ ਤੋਂ ਬਿਨਾ ਸ਼ਾਂਤੀ ਕਿਵੇਂ ਭੀ ਨਹੀਂ ਆ ਸਕਦੀ, (ਕਿਉਂਕਿ ਮਾਇਆ ਦੇ ਮੋਹ ਦੀ ਬਣੀ ਹੋਈ ਕੰਧ ਅੰਮ੍ਰਿਤ ਸਰੋਵਰ ਵਿਚੋਂ ਨਾਮ ਜਲ ਤਕ ਪਹੁੰਚਣ ਨਹੀਂ ਦੇਂਦੀ)।

ਪ੍ਰ: ਹਜ਼ੂਰ! ਆਖ਼ਰ ਤੁਸੀਂ ਉਸ ਮਾਲਕ ਪਾਸੋਂ ਮੰਗਦੇ ਕੀ ਹੋ?

ਉ: ੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਤਾਂ ਉਸ ਮਾਲਕ ਪਾਸੋਂ ਇਹੋ ਮੰਗ ਮੰਗਦਾ ਹਾਂ ਕਿ ਹੇ ਸਾਈਂ ਜੀ! ਤੂੰ ਮੇਰਾ ਮਾਲਕ ਹੈਂ ਤੇ ਮੈਂ ਤੇਰਾ ਵਪਾਰੀ ਹਾਂ, ਤੇਰੀ ਸ੍ਵਾਸਾਂ ਰੂਪੀ ਦਿੱਤੀ ਹੋਈ ਪੂੰਜੀ ਮੈਂ ਵਰਤ ਰਿਹਾ ਹਾਂ।

੯. ਹੇ ਸਾਈਂ! ਮੇਰੇ ਮਨ ਤੋਂ ਦੁਨੀਆ ਦਾ ਧੋਖਾ, (ਗ਼ਮ) ਤਦ ਹੀ ਦੂਰ ਹੋਵੇਗਾ ਜਾਂ ਮੈਂ ਤੇਰੇ ਅੱਗੇ ਅਰਦਾਸ ਕਰਦਾ ਰਹਾਂ ਤੇ ਸਿਫ਼ਤਾਂ ਗਾਉਂਦਾ ਰਹਾਂ।੪।੧।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਜੀ ਨੇ ਪ੍ਰੇਮਾ ਭਗਤੀ ਦੇ ਉੱਚਤਾ ਭਰੇ ਖ਼ਿਆਲਾਂ ਨੂੰ ਨਿਰੂਪਨ ਕਰਦਿਆਂ ਕਈ ਦ੍ਰਿਸ਼ਟਾਂਤ ਅੰਕਤ ਕੀਤੇ ਹਨ, ਜਿਵੇਂ ਅਮਲੀ ਅਮਲ ਤੋਂ ਬਿਨਾ ਨਹੀਂ ਰਹਿ ਸਕਦਾ, ਮੱਛੀ ਦਾ ਪਾਣੀ ਤੋਂ ਵਖਰਿਆਂ ਹੋ ਕੇ ਜੀਵਨ ਨਹੀਂ ਰਹਿੰਦਾ, ਇਸੇ ਤਰ੍ਹਾਂ ਨਾਮ ਦੇ ਆਸਰੇ ਰਹਿਣ ਵਾਲਿਆਂ ਦਾ ਜੀਵਨ ਵੀ ਨਾਮ ਦੇ ਪ੍ਰੇਮ ਤੋਂ ਵਿਛੜ ਕੇ ਕਾਇਮ ਨਹੀਂ ਰਹਿ ਸਕਦਾ। ਅੰਤ ਵਿਚ ਮੰਗ ਮੰਗੀ ਹੈ ਕਿ ਹੇ ਸਾਈਂ ਜੀ! ਮੈਂ ਤੇਰਾ ਗੁਮਾਸ਼ਤਾ ਹਾਂ, ਮੈਨੂੰ ਆਪਣੀ ਸਿਫ਼ਤ ਕਰਨ ਦੀ ਦਾਤ ਬਖ਼ਸ਼ੋ।

ਵਡਹੰਸੁ ਮਹਲਾ ੧ ॥

੧. ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥
੨. ਜੇ ਗੁਣਵੰਤੀ ਥੀ ਰਹੈ
ਤਾ ਭੀ ਸਹੁ ਰਾਵਣ ਜਾਇ ॥੧॥
੩. ਮੇਰਾ ਕੰਤੁ ਰੀਸਾਲੂ ਕੀ ਧਨ
ਅਵਰਾ ਰਾਵੇ ਜੀ ॥੧॥ ਰਹਾਉ ॥
੪. ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥
੫. ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥੨॥
੬. ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥
੭. ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥੩॥
੮. ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥
੯. ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥੪॥੨॥

ਪਦ ਅਰਥ : ਨਿਰਗੁਣਿ—ਗੁਣਹੀਣ ਇਸਤ੍ਰੀ। ਕਾਇ ਕੂਕੇ—ਕਾਹਦੇ ਵਾਸਤੇ ਕੂਕਦੀ ਹੈ, ਕਿਉਂ ਤਰਲੇ ਲੈਂਦੀ ਹੈ? ਤਰਲੇ ਵਿਅਰਥ ਹਨ। ਥੀ ਰਹੈ—ਬਣੀ ਰਹੇ, ਹੋ ਜਾਏ। ਰਾਵਿਆ—ਭੋਗਿਆ, ਅਨੰਦ ਮਾਣਿਆ।੧। ਰੀਸਾਲੂ—ਰਸ, ਆਲਯ, ਰਸੀਲਾ, ਰਸਾਂ ਦਾ ਘਰ, ਅਨੰਦ ਸੁੱਖ ਦਾ ਸੋਮਾ। ਅਵਰਾ—ਹੋਰਨਾਂ ਨੂੰ। ਰਾਵੇ—ਮਾਣੇ, ਮਿਲੇ। ਜੀ—ਹੇ ਜੀ। ਹੇ ਭੈਣ।੧।ਰਹਾਉ।

ਕਰਣੀ—ਉੱਚਾ ਆਚਰਨ। ਕਾਮਣ—ਟੂਣਾ, ਵਸੀਕਰਣ ਆਦਿ ਲਈ ਤੰਤ੍ਰ ਮੰਤ੍ਰ ਗਲੇ ਵਿਚ ਲਟਕਾਈਦੇ ਹਨ, ਕਈ ਲੋਕ ਮੰਤ੍ਰੇ ਹੋਏ ਧਾਗੇ ਨੂੰ ਗਲੇ ਵਿਚ ਪਾਉਂਦੇ ਹਨ। ਮਾਣਕੁ—ਮੋਤੀ (ਪ੍ਰਭੂ ਦਾ ਨਾਮ)। ਮੁਲਿ—ਕਿਸੇ ਮੁੱਲ ਨਾਲ। ਚਿਤਿ—ਚਿੱਤ ਵਿਚ।੨।

ਦਸਾਈ—ਮੈਂ ਪੁੱਛਾਂ, ਮੈਂ ਪੁੱਛਦੀ ਰਹਾਂ। ਨ ਜੁਲਾਂ—(ਪਰ ਉਸ ਰਸਤੇ ਉੱਤੇ) ਮੈਂ ਤੁਰਾਂ ਨਾ। ਅੰਮੜੀਆਸੁ—ਮੈਂ ਅੱਪੜ ਗਈ ਹਾਂ। ਸਹ ਨਾਲਿ—ਖਸਮ ਨਾਲ। ਅਕੂਅਣਾ—ਅ+ਕੂਣਾ, ਅਣਬੋਲਾ, ਕੂਣ ਦੀ ਅਣਹੋਂਦ।੩।

ਤੈ ਲਗੀ—ਤੇਰੇ ਵਿਚ ਜੁੜੀ ਹੋਈ। ਸਹ—ਹੇ ਖਸਮ।੪।

ਅਰਥ :

ਪ੍ਰ: ਹੇ ਗੁਰੋ ! ਗੁਰਮੁਖ ਜੋ ਨਾਮ ਚਿੰਤਨ ਕਰਨ ਵਾਲੇ ਹਨ, ਉਨ੍ਹਾਂ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

ਉ: ੧. ਹੇ ਭਾਈ ! ਜੋ ਗੁਣਾਂ ਵਾਲੀ (ਭਾਵ ਗੁਰਮੁਖ ਰੂਪੀ ਇਸਤ੍ਰੀ) ਹੈ, ਉਸਨੇ ਤਾਂ ਸਦਾ ਹੀ ਪਤੀ ਪਰਮੇਸ਼ਰ ਦੇ ਰਸ ਨੂੰ ਮਾਣਿਆ ਹੈ, ਪਰ ਉਸ ਦੇ ਮੁਕਾਬਲੇ ਵਿਚ ਜੋ ਮਨਮੁਖ ਰੂਪੀ ਇਸਤ੍ਰੀ ਹੈ, ਉਹ ਗੁਰਮੁਖ ਸਖੀ ਨੂੰ ਸੁਖੀ ਵੇਖ ਕੇ ਪਤਾ ਨਹੀਂ ਕਿ ਕਿਉਂ ਰੋਂਦੀ ਹੈ ?

ਪ੍ਰ: ਕਿਉਂ ਜੀ ! ਕਿਵੇਂ ਉਹ ਮਨਮੁਖ ਰੂਪ ਇਸਤ੍ਰੀ ਵੀ ਅਨੰਦ ਪ੍ਰਾਪਤ ਕਰ ਸਕਦੀ ਹੈ ?

ਉ: ੨. (ਹਾਂ ਜ਼ਰੂਰ), ਹੇ ਭਾਈਓ ! ਜੇ ਕਦੀ ਇਹ ਮਨਮੁਖ ਰੂਪੀ ਇਸਤ੍ਰੀ ਗੁਣਵੰਤੀ ਬਣ ਜਾਏ ਤਾਂ ਇਹ ਵੀ ਪਤੀ ਦੇ ਅਨੰਦ ਨੂੰ ਜਾ ਗਾਵੇਗੀ।੧।

ਪ੍ਰ: ਹਜ਼ੂਰ ! ਜਦੋਂ ਗੁਣਵੰਤੀ ਨੂੰ ਪੁੱਛਿਆ ਜਾਏ ਕਿ ਤੈਨੂੰ ਸੁੱਖ ਪ੍ਰਾਪਤ ਹੋਣ ਦਾ ਤੇ ਨਿਰਗੁਣ ਨੂੰ ਸੁੱਖਾਂ ਤੋਂ ਸਖਣੀ ਰਹਿ ਜਾਣ ਦਾ ਕੀ ਕਾਰਨ ਹੈ ?

ਉ: ੩. ਤਾਂ ਗੁਣਵੰਤੀ ਵਲੋਂ ਇਉਂ ਉੱਤਰ ਆਇਆ ਕਿ ਹੇ ਭਾਈ ! ਉਹ ਮੇਰਾ ਪਤੀ ਰਸਾਂ ਦਾ ਘਰ ਹੈ, ਜਿਸ ਤੋਂ ਸਾਰੇ ਹੀ ਰਸ ਪ੍ਰਾਪਤ ਹੁੰਦੇ ਹਨ, ਸੋ ਮੈਂ ਤਾਂ ਉਸ ਨੂੰ ਛੱਡ ਕੇ ਕਦੇ ਵੀ ਕਿਤੇ ਨਹੀਂ ਜਾਂਦੀ। ਇਹੋ ਕਾਰਣ ਮੇਰੇ ਸੁੱਖ ਦੀ ਪ੍ਰਾਪਤੀ ਦਾ ਹੈ, (ਫਿਰ ਦੱਸੋ ਨਿਰਗੁਣ) ਇਸਤ੍ਰੀ ਹੋਰਨਾਂ ਨਾਲ ਕਿਉਂ ਰਵਣ ਕਰਦੀ ਹੈ, ਭਾਵ ਕਿ ਆਨ ਦੇਵਤਿਆਂ ਨਾਲ ਕਿਉਂ ਰਵਣ ਕਰਨ ਜਾਂਦੀ ਹੈ, (ਇਹੋ ਇਕ ਨਿਰਗੁਣੀ ਨੂੰ ਦੁੱਖ ਪ੍ਰਾਪਤ ਹੋਣ ਦਾ ਕਾਰਣ ਹੈ) ਜੇ ਉਹ ਮਨਮੁਖ ਦੁਹਾਗਣੀ ਦੇਵੀ ਦੇਵਤਿਆਂ ਦੀ ਉਪਾਸ਼ਨਾ ਨੂੰ ਛੱਡ ਕੇ ਇਕੋ ਰਸਾਂ ਦੇ ਘਰ ਸਾਈਂ ਜੀ ਦੇ ਆਸਰੇ ਹੋ ਜਾਵੇ ਤਾਂ ਉਸ ਨੂੰ ਵੀ ਸਾਰੇ ਸੁੱਖ ਪ੍ਰਾਪਤ ਹੋ ਜਾਣਗੇ।੧।ਰਹਾਉ।

ਪ੍ਰ: ਕਿਉਂ ਜੀ ! ਇਸਤ੍ਰੀਆਂ ਪਤੀ ਨੂੰ ਵਸ ਕਰਨ ਲਈ ਜਾਦੂ ਟੂਣਾ ਕਰਦੀਆਂ ਹਨ, ਪਰ ਕੀ ਪਰਮੇਸ਼ਰ ਪਤੀ ਨੂੰ ਵਸ ਕਰਨ ਲਈ ਵੀ ਕੋਈ ਜਾਦੂ ਟੂਣਾ ਹੈ ?

ਉ:੪-੫. (ਹਾਂ ਜ਼ਰੂਰ ਹੈ) ਹੇ ਭਾਈ ! ਜੇਕਰ ਜੀਵ ਰੂਪ ਇਸਤ੍ਰੀ, ਉੱਤਮ ਕਰਣੀ, ਉੱਚਾ ਆਚਰਣ, ਕਰਨ ਰੂਪ ਜੇ ਜਾਦੂ ਟੂਣਾ ਬਣਾ ਲਵੇ ਤੇ ਜੇ ਉਸ ਦਾ ਮਨ ਧਾਗਾ ਬਣੇ ਅਤੇ ਇਸ ਮਨ ਧਾਗੇ ਦੀ ਰਾਹੀਂ ਉਸ ਨਾਮ ਮੋਤੀ ਨੂੰ ਆਪਣੇ ਚਿੱਤ ਵਿਚ ਪ੍ਰੋ ਲਵੇ ਤਾਂ ਉਸ ਨੂੰ ਪਾ ਲਈਦਾ ਹੈ, ਪਰ ਉਸ ਨੂੰ ਮਾਣਕ, ਭਾਵ ਲਾਲ ਮੁੱਲ ਨਾਲ ਨਹੀਂ ਪਾ ਸਕੀਦਾ, ਉਸ ਨੂੰ ਤਾਂ ਚਿਤ ਵਿਚ ਪ੍ਰੋ ਲੈਣਾ ਚਾਹੀਦਾ ਹੈ। ਉਹ ਹੋਰ ਕਿਸੇ ਧਨ ਪਦਾਰਥ ਨਾਲ ਮੁੱਲ ਨਹੀਂ ਮਿਲਦਾ।੨।

ਪ੍ਰ: ਕਿਉਂ ਜੀ ! ਵੇਖੀਦਾ ਹੈ ਕਿ ਕਈ ਲੋਕ ਰੱਬੀ ਮਾਰਗ 'ਤੇ ਚੱਲਣ ਲਈ ਰਾਹ ਤਾਂ ਪੁੱਛਦੇ ਰਹਿੰਦੇ ਹਨ, ਪਰ ਟੁਰਦੇ ਨਹੀਂ, ਉਂਞ ਜ਼ਬਾਨੀ ਆਖੀ ਜਾਂਦੇ ਹਨ ਕਿ ਮੈਂ ਪੁੱਜ ਗਿਆ ਹਾਂ, ਕੀ ਉਨ੍ਹਾਂ ਨੂੰ ਪੁੱਜ ਗਏ ਸਮਝ ਲਿਆ ਜਾਵੇ ?

ਉ: ੬. ਹੇ ਭਾਈਓ ! ਨਿਰੀਆਂ ਗੱਲਾਂ ਨਾਲ ਪ੍ਰਾਪਤੀ ਨਹੀਂ ਹੋ ਸਕਦੀ, ਜਿਵੇਂ ਕਿ ਕੋਈ ਇਹ ਕਹੇ ਕਿ ਮੈਂ ਰਸਤਾ ਤਾਂ ਪੁੱਛਾਂ, ਪਰ ਉਸ ਰਸਤੇ 'ਤੇ (ਜੁਲਾਂ ਨਾ) ਚਲਾਂ ਨਾ ਅਤੇ ਮੁਖੋਂ ਕਹੀ ਜਾਵਾਂ ਕਿ ਮੈਂ (ਅੰਬੜੀਆਸੁ) ਪਹੁੰਚ ਗਿਆ ਹਾਂ, ਇਹ ਉਸਦਾ ਕਹਿਣਾ ਬਿਰਥਾ ਹੈ। ਇਸੇ ਤਰ੍ਹਾਂ ਹੇ ਪਤੀ ਪ੍ਰਭੂ ! ਜੇ ਮੈਂ ਤੇਰੇ ਦੇਸ਼ ਦਾ ਸਦਾ ਰਾਹ ਹੀ ਪੁੱਛਦੀ ਰਹਾਂ, ਪਰ ਉਸ ਰਸਤੇ ਉੱਤੇ ਤੁਰਾਂ ਕਦੇ ਭੀ ਨਾ, ਮੂੰਹ ਨਾਲ ਆਖੀ ਭੀ ਜਾਵਾਂ ਕਿ ਮੈਂ ਤੇਰੇ ਦੇਸ਼ ਅੱਪੜ ਗਈ ਹਾਂ।

੭. ਉਂਞ ਕਦੇ ਤੇਰੇ ਨਾਲ ਬੋਲ ਚਾਲ ਨਾ ਬਣਾਇਆ ਹੋਵੇ, ਕਦੇ (ਤੇਰੇ ਦਰ 'ਤੇ ਅਰਦਾਸ ਭੀ ਨਾ ਕੀਤੀ ਹੋਵੇ) ਇਸ ਤਰ੍ਹਾਂ ਤੇਰੇ ਦਰ 'ਤੇ ਟਿਕਾਣਾ ਨਹੀਂ ਮਿਲ ਸਕਦਾ, ਭਾਵ ਸਰੂਪ ਰੂਪੀ ਘਰ ਵਿਚ ਵਾਸਾ ਨਹੀਂ ਮਿਲ ਸਕਦਾ, ਅਨੰਦ ਪ੍ਰਾਪਤ ਨਹੀਂ ਹੋ ਸਕਦਾ।

ਪ੍ਰ: ਹਜ਼ੂਰ ! ਤੁਹਾਡਾ ਆਪਣਾ ਵਿਸ਼ਵਾਸ ਕੀ ਹੈ ?

ਉ: ੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਸਾਡਾ ਤਾਂ ਇਹੋ ਹੀ ਭਰੋਸਾ ਹੈ। ਇਕ ਪਰਮੇਸ਼ਰ ਤੋਂ ਬਿਨਾ ਹੋਰ ਕੋਈ ਵੀ ਸੁੱਖਾਂ ਦਾ ਦਾਤਾ ਨਹੀਂ ਹੈ।

੯. (ਇਸ ਲਈ) ਹੇ ਭਾਈ ! ਉਸ ਦੇ ਅੱਗੇ ਅਰਦਾਸ ਕਰ ਅਤੇ ਆਖ ਕਿ ਹੇ ਪ੍ਰਭੂ ! ਜਿਹੜੀ ਜੀਵ-ਇਸਤ੍ਰੀ ਤੇਰੇ ਚਰਨਾਂ ਵਿਚ ਜੁੜੀ ਰਹਿੰਦੀ ਹੈ, ਉਹ ਤੈਨੂੰ ਪ੍ਰਸੰਨ ਕਰ ਲੈਂਦੀ ਹੈ ਅਤੇ ਆਤਮਿਕ ਸੁੱਖ ਮਾਣਦੀ ਹੈ।੪।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਗੁਣਵੰਤੀ ਦਾ ਜ਼ਿਕਰ ਕਰਦੇ ਹਨ। ਗੁਣਵੰਤੀ ਤੋਂ ਹਜ਼ੂਰ ਦੀ ਮੁਰਾਦ ਗੁਰਮੁਖ, ਪੂਰਨ ਗੁਰਸਿੱਖ ਦੀ ਹੈ, ਜੋ ਨਾਮ ਤੇ ਸਿਫ਼ਤਿ-ਸਾਲਾਹ ਨੂੰ ਪ੍ਰਾਪਤ ਹੈ ਅਤੇ ਮਨਮੁਖ ਰੂਪੀ ਇਸਤਰੀ ਸਦਾ ਹੀ ਝੂਰਦੀ ਰਹਿੰਦੀ ਹੈ, ਪਰ ਜੇ ਕਦੀ ਉਹ ਵੀ ਸ਼ਰਨ ਪ੍ਰਾਪਤ ਕਰ ਲਵੇ ਤਾਂ ਉਸ ਨੂੰ ਵੀ ਅਨੰਦ ਪ੍ਰਾਪਤ ਹੋ ਸਕਦਾ ਹੈ।

ਵਡਹੰਸੁ ਮਹਲਾ ੧ ਘਰੁ ੨ ॥

੧. ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥

੨. ਤੇਰੇ ਮੁੰਧ ਕਟਾਰੇ ਜੇਵਡਾ
ਤਿਨਿ ਲੋਭੀ ਲੋਭ ਲੁਭਾਇਆ ॥

੩. ਤੇਰੇ ਦਰਸਨ ਵਿਟਹੁ ਖੰਨੀਐ ਵੰਞਾ
ਤੇਰੇ ਨਾਮ ਵਿਟਹੁ ਕੁਰਬਾਣੋ ॥

੪. ਜਾ ਤੂ ਤਾ ਮੈ ਮਾਣੁ ਕੀਆ ਹੈ
ਤੁਧੁ ਬਿਨੁ ਕੇਹਾ ਮੇਰਾ ਮਾਣੋ ॥
੫. ਚੂੜਾ ਭੰਨੁ ਪਲੰਘ ਸਿਉ ਮੁੰਧੇ
ਸਣੁ ਬਾਹੀ ਸਣੁ ਬਾਹਾ ॥
੬. ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥
੭. ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
੮. ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥
੯. ਸਭਿ ਸਹੀਆ ਸਹੁ ਰਾਵਣਿ ਗਈਆ
ਹਉ ਦਾਧੀ ਕੈ ਦਰਿ ਜਾਵਾ ॥
੧੦. ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥
੧੧. ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥
੧੨. ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥
੧੩. ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
੧੪. ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ
ਜਿਨਿ ਹਉ ਪਿਰਹੁ ਵਿਛੋੜੀ ॥
੧੫. ਸੁਪਨੈ ਆਇਆ ਭੀ ਗਇਆ
ਮੈ ਜਲੁ ਭਰਿਆ ਰੋਇ ॥
੧੬. ਆਇ ਨ ਸਕਾ ਤੁਝ ਕਨਿ ਪਿਆਰੇ
ਭੇਜਿ ਨ ਸਕਾ ਕੋਇ ॥
੧੭. ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥
੧੮. ਤੈ ਸਾਹਿਬ ਕੀ ਬਾਤ ਜਿ
ਆਖੈ ਕਹੁ ਨਾਨਕ ਕਿਆ ਦੀਜੈ ॥
੧੯. ਸੀਸੁ ਵਢੇ ਕਰਿ ਬੈਸਣੁ ਦੀਜੈ
ਵਿਣੁ ਸਿਰ ਸੇਵ ਕਰੀਜੈ ॥
੨੦. ਕਿਉ ਨ ਮਰੀਜੈ ਜੀਅੜਾ ਨ ਦੀਜੈ
ਜਾ ਸਹੁ ਭਇਆ ਵਿਡਾਣਾ ॥੧॥੩॥

ਪਦ ਅਰਥ : ਮੋਰੀ—ਮਯੂਰ, ਮੋਰ, ਇਕ ਅਤਿ ਸੁੰਦਰ ਪੰਛੀ, ਮੋਰਾਂ ਨੇ। ਰੁਣ ਝੁਣ—ਮਿੱਠਾ ਗੀਤ, ਖ਼ੁਸ਼ੀ ਵਿਚ ਬੋਲਣਾ, ਖ਼ੁਸ਼ੀ ਵਿਚ ਬੋਲਣ ਦੇ ਨਾਦ ਦੀ ਧੁਨਿ। ਲਾਇਆ—ਸ਼ੁਰੂ ਕੀਤਾ। ਮੁੰਧ—ਇਸਤ੍ਰੀ, ਅਭੋਲ ਇਸਤ੍ਰੀ। ਕਟਾਰੇ—ਛੁਰਾ, ਛੋਟੀ ਤਲਵਾਰ, ਕਟਾਰ ਦਾ ਬਹੁ-ਵਚਨ, ਕਟਾਰੇ ਦਾ ਭਾਵ ਹੈ ਅੱਖਾਂ ਦੇ ਕਟਾਖਯ ਜਿਨ੍ਹਾਂ ਦੀਆਂ ਨੋਕਾਂ ਤਿੱਖੀਆਂ ਤਲਵਾਰ ਦੀ ਉਪਮਾ ਵਾਲੀਆਂ ਹੁੰਦੀਆਂ ਹਨ, ਨੈਣਾਂ ਦੇ ਕਟਾਖਯ। ਜੇਵਡਾ—ਜੇਵੜਾ, ਫਾਹੀ, ਰਸੀ, ਰਸੀ ਵਾਕੁਣ। ਲੋਭੀ ਲੋਭ ਲੁਭਾਇਆ—ਲੋਭ ਦੇ ਕੇ ਲੁਭਾ ਲਿਆ ਅਤੇ ਸਦਾ ਲਈ ਮੈਨੂੰ ਲੋਭੀ ਬਣਾ ਲਿਆ। ਵਿਟਹੁ—ਉਤੋਂ, ਉੱਤੇ, ਦਰਸ਼ਨ ਉਤੋਂ, ਨਾਮ ਤੋਂ। ਖੰਨੀਐ ਵੰਞਾ—ਟੁਕੜੇ-ਟੁਕੜੇ ਹੋ ਜਾਵਾਂ, ਸਦਕੇ ਹੋ ਜਾਵਾਂ। ਚੂੜਾ—ਦੰਦ ਖੰਡ ਜਾਂ ਮਸਾਲੇ ਦੀਆਂ ਬਣੀਆਂ ਲਾਲ ਰੰਗ ਦੀਆਂ ਚੂੜੀਆਂ, ਜੋ ਵਿਆਹ ਵੇਲੇ ਲਾੜ੍ਹੀ ਪਾਉਂਦੀ ਹੈ। ਸਣੁ—ਸਣੇ, ਸਮੇਤ, ਨਾਲ ਹੀ। ਬਾਹੀ—ਮੰਜੇ ਜਾਂ ਪਲੰਗ ਦੀਆਂ ਹੀਆਂ, ਬਾਹੀਆਂ। ਬਾਹਾ—ਹੱਥ, ਬਾਹਵਾਂ, ਬਾਜ਼ੂ। ਰਾਤੋ—ਪਿਆਰ ਕੀਤਾ, ਮਾਣਿਆ। ਮਨੀਆਰੁ—ਮਣੀਕਾਰ, ਚੂੜੀਆਂ ਬਨਾਉਣ ਵਾਲਾ, ਚੂੜੀਆਂ ਵੇਚਣ ਵਾਲਾ, ਮਨਿਆਰੀ ਵਾਲਾ। ਵੰਗੁੜੀਆਹਾ—ਵੰਗ+ੜੀ+ਆਂ, ਵੰਗਾਂ=ਚੂੜੀਆਂ, ਕੱਚ ਦੀਆਂ ਚੂੜੀਆਂ। ਰਾਵਣਿ—ਮਾਣਨ ਵਾਸਤੇ, ਪਿਆਰ ਕਰਨ ਵਾਸਤੇ। ਦਾਧੀ—ਸੜਿਆ ਹੋਇਆ, ਸੜੀ ਹੋਈ, ਬਿਰਹੋਂ ਅਗਨ ਦੀ ਸੜੀ ਹੋਈ, ਦੁਖੀ। ਕੈ ਦਰਿ—ਕਿਸ ਦੇ ਦਰ 'ਤੇ, ਕਿਧਰ ਨੂੰ। ਅੰਮਾਲੀ—[ਅਮ+ਆਲੀ] ਹੇ ਸਖੀ, ਹੇ ਸਹੇਲੀਏ। ਮਾਠਿ—ਹਮਵਾਰ ਕਰ ਕੇ, ਚੰਗੀ ਤਰ੍ਹਾਂ ਬਹਾ ਕੇ, ਕੰਘੀ ਕਰ ਕੇ। ਗੁਦਾਈਂ—ਗੁੰਦਣਾ, ਧਾਗੇ ਜਾਂ ਵਾਲਾਂ ਦੀਆਂ ਲਟਾਂ ਆਦਿ ਨੂੰ ਗੁੱਛੇਦਾਰ ਲੜੀ ਵਿਚ ਬੰਨ੍ਹਣਾ, ਸਿਰ ਵਾਹ ਕੇ ਮੀਡੀਆਂ ਆਦਿ ਕਰਨੀਆਂ, ਚੰਗੀ ਤਰ੍ਹਾਂ ਕੰਘੀ ਕਰ ਕੇ ਮੀਢੀਆਂ ਕੀਤੀਆਂ, ਵਾਲ ਗੁੰਦਾਏ। ਮਾਗ—ਸਿਰ ਦਾ ਚੀਰ। ਸੰਧੂਰੇ—ਸੰਧੂਰ ਨਾਲ। ਵਿਸੂਰਿ ਵਿਸੂਰੇ—ਝੂਰ ਝੂਰ ਝੂਰ ਕੇ। ਵਣਹੁ—ਜੰਗਲ, ਵਣ ਦੇ, ਜੰਗਲ ਦੇ। ਜਲੁ ਭਰਿਆ ਰੋਇ—ਰੋ ਰੋ ਕੇ ਅੱਖਾਂ ਵਿਚੋਂ ਪਾਣੀ ਵਗਣ ਲੱਗ ਪਿਆ। ਕੰਨਿ—ਕੋਲ, ਪਾਸ। ਆਖੈ—ਸੁਣਾਵੇ, ਬਿਆਨ ਕਰੇ, ਕਹਵੇ। ਵਿਡਾਣਾ—ਬਿਗਾਨਾ, ਪਰਾਇਆ।

ਉਥਾਨਕਾ : ਜਿਸ ਤਰ੍ਹਾਂ ਕਿਸੇ ਇਸਤ੍ਰੀ ਨੂੰ ਪਰਦੇਸ ਗਏ ਪਤੀ ਦੇ ਰਾਤ ਨੂੰ ਸੁਪਨੇ ਵਿਚ ਦਰਸ਼ਨ ਹੁੰਦੇ ਹਨ ਤਾਂ ਉਹ ਖ਼ੁਸ਼ ਹੁੰਦੀ ਹੈ, ਪਰ ਜਾਗ੍ਰਤ ਵਿਚ ਪਤੀ ਨੂੰ ਨਾ ਵੇਖ ਕੇ ਨਿੰਮੋਝੂਣੀ ਹੋ ਜਾਂਦੀ ਹੈ, ਇਵੇਂ ਹੀ ਜਗਿਆਸੂ ਨੂੰ ਸੁਪਨੇ ਵਿਚ ਜਾਂ ਜੁੜੇ ਬੈਠਿਆਂ ਅਕਸ ਮਾਤ੍ਰ ਵਹਿਗੁਰੂ ਜੀ ਦੇ ਦਰਸ਼ਨ ਅਨੁਭਵ ਹੋ ਕੇ ਜਾਗਿਆਂ ਜਾਂ ਉਥਾਨ ਹੋਇਆਂ ਅਤਿ ਹੀ ਵਿਆਕੁਲਤਾ ਹੋਈ, ਭਾਵ ਹੈ ਅਭਿਆਸ ਵਿਚ ਲੱਗਿਆਂ ਜਗਿਆਸੂ ਨੂੰ ਦਰਸ਼ਨਾਂ ਦਾ ਝਲਕਾ ਵੱਜਾ ਤਾਂ ਬਹੁਤ ਅਨੰਦ ਹੋਇਆ। ਉਸ ਅਨੰਦ ਦੀ ਮਸਤੀ ਨਾਲ ਟਹਿਕ ਆਇਆ, ਪਰ ਜਦ ਕੋਈ ਵਿਘਨ ਹੋਣ ਕਰ ਕੇ ਉਹ ਅਨੰਦ ਟੁੱਟ ਗਿਆ ਤਾਂ ਜਗਿਆਸੂ ਦੁਖੀ ਹੋ ਕੇ ਹਾਉਕੇ ਲੈਂਦਾ ਹੈ। ਇਸ ਤਰ੍ਹਾਂ ਦੀ ਦਸ਼ਾ ਦਾ ਇਸ ਸ਼ਬਦ ਵਿਚ ਕਥਨ ਹੈ, ਜਿਸ ਨੂੰ ਸੁਪਨ ਦਰਸ਼ਨ ਹੋ ਕੇ ਵਿਯੋਗ ਪ੍ਰਾਪਤ ਹੋਇਆ ਹੈ, ਉਸ ਦੀ ਦਸ਼ਾ ਦਾ ਵਰਣਨ ਕਰ ਕੇ ਉਪਦੇਸ਼ ਦਿੱਤਾ ਹੈ, ਇਸ ਪ੍ਰਕਾਰ ਦਾ ਇਹ ਇਕ ਮਨੋਵਾਦ ਹੈ।

ਇਸ ਸ਼ਬਦ ਵਿਚ ਉੱਤਮ ਤੇ ਮੱਧਮ ਸਖੀ ਦਾ ਪ੍ਰਸਪਰ ਪ੍ਰਸ਼ਨੋਤ੍ਰ ਹੈ। ਉੱਤਮ ਜਗਿਆਸੂ ਨੂੰ ਜੋ ਅਭਿਆਸ ਵਿਚ ਜੁੜਿਆਂ ਦਰਸ਼ਨ ਦਾ ਝਲਕਾ ਵੱਜਾ ਹੈ, ਉਸ ਦੇ ਅਨੰਦ ਦੀ ਮਸਤੀ ਮੱਧਮ ਸਖੀ ਪਾਸ ਉਚਾਰਨ ਕੀਤੀ ਗਈ ਹੈ ਕਿ ਮੈਨੂੰ ਜੋ ਸਮਾਧੀ ਕਾਲ ਵਿਚ ਦਰਸ਼ਨ ਹੋਏ, ਉਸ ਦਾ ਅਨੰਦ ਬਿਆਨ ਨਹੀਂ ਕੀਤਾ ਜਾਂਦਾ।

ਅਰਥ :

ਪ੍ਰ: ਮੱਧਮ ਸਖੀ ਨੇ ਪੁੱਛ ਕੀਤੀ ਕਿ ਹੇ ਉੱਤਮ ਸਖੀ ! ਜਗਿਆਸੂ ਜਦੋਂ ਤੈਨੂੰ ਸੁਪਨੇ ਵਿਚ ਦਰਸ਼ਨ ਹੋਏ ਸਨ, ਉਸ ਸਮੇਂ ਤੈਨੂੰ ਕਿਵੇਂ ਪ੍ਰਤੀਤੀ ਹੋਈ ?

ਉ: ੧. ਹੇ ਸਖੀ ! ਜਦੋਂ ਸੁਪਨੇ ਵਿਚ ਜਾਂ ਸਮਾਧੀ ਕਾਲ ਵਿਚ ਮੇਰਾ ਪਿਆਰਾ ਮੇਰੇ ਕੋਲ ਆਇਆ ਸੀ ਤਦੋਂ ਮੈਨੂੰ ਇਉਂ ਪ੍ਰਤੀਤ ਹੋਇਆ ਕਿ ਮੋਰਾਂ ਨੇ (ਖ਼ੁਸ਼ੀ ਵਿਚ) ਰੁਣ ਝੁਣ ਲਾ ਦਿੱਤੀ ਹੈ, ਹੇ ਭੈਣੇ ! ਮੈਨੂੰ ਇਉਂ ਪ੍ਰਤੀਤ ਹੋਇਆ ਮਾਨੋਂ ਸਾਵਣ

ਆ ਗਿਆ ਹੈ ਅਰਥਾਤ ਸੁਪਨੇ ਵਿਚ ਚਮਤਕਾਰ ਹੋਇਆ ਤਾਂ ਮੇਰੇ ਸਾਰੇ ਹੀ ਇੰਦ੍ਰੇ ਟਹਿਕ ਆਏ, ਭਾਵ ਮੇਰੇ ਇੰਦ੍ਰਿਆਂ ਰੂਪੀ ਮੋਰਾਂ ਨੇ ਸਾਈਂ ਜੀ ਦੇ ਮਿੱਠੇ ਪਿਆਰ ਭਰੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ (ਭਾਵ ਹੈ, ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ਅਰੰਭ ਹੋ ਆਇਆ। ਸਾਵਣ ਆਇਆ ਤੋਂ ਭਾਵ ਹੈ ਕਿ) ਅੰਤਹਕਰਣ ਬ੍ਰਹਮਾਕਾਰ ਹੋ ਗਏ ਤਾਂ ਸਾਰੇ ਇੰਦ੍ਰਿਆਂ ਨੇ ਰਸਮਯਤਾ ਪਾ ਲਈ।

ਪ੍ਰ: ਹੇ ਭੈਣੇ! ਜਦੋਂ ਤੈਨੂੰ ਸੁਪਨੇ ਵਿਚ ਸੁਆਮੀ ਜੀ ਦੇ ਦਰਸ਼ਨ ਹੋਏ ਤਾਂ ਕੀ ਤੇਰੇ ਵਲੋਂ ਸਾਈਂ ਜੀ ਨੂੰ ਕੁਝ ਭੀ ਨਹੀਂ ਸੀ ਕਿਹਾ ਗਿਆ ?

ਉ: ੨. ਹੇ ਸਖੀ! ਮੈਂ ਕੀ ਦੱਸਾਂ, ਉਸ ਵੇਲੇ ਤਾਂ ਮੈਂ ਬਹੁਤ ਹੀ ਦਰਸ਼ਨਾਂ ਦੀ ਖ਼ੁਸ਼ੀ ਵਿਚ ਭਰ ਗਈ ਸਾਂ। ਉਸ ਭਰੀ ਹੋਈ ਖ਼ੁਸ਼ੀ ਵਿਚ ਮੈਂ ਸ਼ਾਈਂ ਵੱਲ ਰੁਖ਼ ਕਰ ਕੇ ਇਉਂ ਕਿਹਾ ਕਿ ਹੇ ਸੁਆਮੀ! ਤੇਰੇ (ਨੈਨਾਂ ਦੇ ਕਟਾਖਯ) ਕਟਾਰੇ ਵਰਗੇ ਘਾਓ ਕਰਨ ਵਾਲੇ ਤੇ ਰੱਸੇ ਵਾਂਗੂੰ ਬੰਨ੍ਹ ਲੈਣ ਵਾਲੇ ਹਨ, ਉਨ੍ਹਾਂ ਲੋਭੀ ਨੈਨਾਂ ਨੇ ਮੈਂ ਇਸਤ੍ਰੀ ਦੇ ਨੈਣਾਂ ਨੂੰ ਦਰਸ਼ਨਾਂ ਦਾ ਲੋਭ ਦੇ ਕੇ ਲੁਭਾ ਲਿਆ ਹੈ ਤੇ ਸਦਾ ਲਈ ਲੋਭੀ ਬਣਾ ਲਿਆ ਹੈ।

ਪ੍ਰ: ਹੇ ਭੈਣੇ! ਉੱਤਮ ਸਖੀ, ਜਦ ਤੈਨੂੰ ਸੁਪਨੇ ਵਿਚ ਐਸੇ ਸੁੰਦਰ ਦਰਸ਼ਨਾਂ ਦਾ ਝਲਕਾਰ ਵੇਖਣ ਵਿਚ ਆਇਆ ਤਾਂ ਕੀ ਉਨ੍ਹਾਂ ਦਰਸ਼ਨਾਂ ਦੇ ਪ੍ਰਭਾਵ ਨੂੰ ਤੱਕ ਕੇ ਤੁਸਾਂ ਉਨ੍ਹਾਂ ਦੀ ਸਿਫ਼ਤਿ-ਸਾਲਾਹ ਵਿਚ ਕੁਝ ਭੀ ਸ਼ਬਦ ਨਹੀਂ ਸਨ ਕਹੇ ?

ਉ: ੩. ਹਾਂ, ਕਹੇ ਸਨ! ਹੇ ਸਖੀ! ਮੈਂ ਤਾਂ ਉਸ ਵੇਲੇ ਦਰਸ਼ਨਾਂ ਦੀ ਮਸਤੀ ਵਿਚ ਮਸਤ ਹੋ ਕੇ ਇਉਂ ਕਹਿ ਰਹੀ ਸਾਂ ਕਿ ਹੇ ਸਾਈਂ ਜੀ! ਮੈਂ ਤੇਰੇ ਦਰਸ਼ਨਾਂ ਉਪਰੋਂ ਕੁਰਬਾਨ ਜਾਂਦੀ ਹਾਂ ਤੇ ਤੇਰੇ ਨਾਮ ਉਪਰੋਂ ਭੀ ਸਦਕੇ ਜਾਂਦੀ ਹਾਂ।

ਪ੍ਰ: ਹੇ ਭੈਣ! ਕੀ ਇਹ ਤੇਰੇ ਕਹਿਣ ਉਪ੍ਰੰਤ ਉਸ ਵਲੋਂ ਕੋਈ ਹੋਰ ਆਵਾਜ਼ ਨਹੀਂ ਆਈ ?

ਉ: ਹਾਂ! ਆਈ ਸੀ।

ਪ੍ਰ: (ਉਹ ਕੀ ਸੀ ?)

ਉ: ੪. ਹੇ ਸਖੀ! ਜਦ ਮੈਂ ਇਉਂ ਬੇਨਤੀ ਕੀਤੀ, ਤਾਂ ਅੱਗੋਂ ਆਵਾਜ਼ ਆਈ ਕਿ ਤੂੰ ਮਾਣ ਨਾ ਕਰ, ਕਿਉਂਕਿ 'ਮਾਨ' ਵਿਚ ਹੰਕਾਰ ਹੋਇਆ ਕਰਦਾ ਹੈ।

ਪ੍ਰ: ਹੇ ਭੈਣੇ! ਕੀ ਇਸ ਦੇ ਉੱਤਰ ਵਿਚ ਭੀ ਤੇਰੇ ਵਲੋਂ ਕੁਝ ਕਿਹਾ ਗਿਆ ?

ਉ: ੫. ਹਾਂ! ਫਿਰ ਮੈਂ ਇਉਂ ਕਿਹਾ ਕਿ ਹੇ ਸੁਆਮੀ ਜੀਉ! ਜਦ ਤੂੰ ਮੇਰਾ ਹੈਂ, ਤਾਂ ਹੀ ਮੈਂ ਮਾਣ ਕੀਤਾ ਹੈ, ਦੱਸੋ ਤੈਥੋਂ ਬਿਨਾ ਮੇਰਾ ਕਾਹਦਾ ਮਾਣ ਹੈ ? ਭਾਵ ਤੈਥੋਂ ਬਿਨਾ ਤਾਂ ਮੇਰਾ ਮਾਣ ਹੀ ਕੋਈ ਨਹੀਂ। (ਮੈਂ ਅਜੇ ਇੰਨਾ ਹੀ ਆਖਿਆ ਸੀ) ਮੇਰਾ ਇਉਂ ਕਹਿਣਾ ਸੁਣਦਿਆਂ ਸਾਰ ਹੀ ਉਹ ਫਿਰ ਤੁਰ ਗਿਆ! ਹੇ ਸਖੀ! ਹੁਣ ਮੈਂ ਉਨ੍ਹਾਂ ਦਰਸ਼ਨਾਂ ਦੀ ਝਲਕ ਨੂੰ ਚੇਤੇ ਕਰ ਕੇ ਰੋਂਦੀ ਹਾਂ।

ਪ੍ਰ: ਆਖ਼ਰ ਹੋਇਆ ਕੀ ?

ਉ: ਹੇ ਸਖੀ! ਹੁਣ ਅਜੇ ਮੈਂ ਵਿਜੋਗਣ ਵਿਛੋੜੇ ਦੇ ਦੁੱਖ ਨੂੰ ਅਨੁਭਵ ਕਰਦੀ ਹੋਈ ਵਿਰਲਾਪ ਕਰ ਹੀ ਰਹੀ ਸਾਂ ਕਿ ਮੇਰੇ ਰੁਦਨ ਨੂੰ ਸੁਣ ਕੇ ਇਕ ਪੂਰਨ ਮਹਾਤਮਾ ਝੱਟ ਹੀ ਮੇਰੇ ਸਾਹਮਣੇ ਆ ਖਲੋਤੇ।

ਪ੍ਰ: ਆਖ਼ਰ ਉਨ੍ਹਾਂ ਕੀ ਆਖਿਆ ?

ਉ: ੫. ਹੇ ਸਖੀ! ਮੇਰੀ ਇਸ ਵਿਛੋੜੇ ਦੀ ਦਸ਼ਾ ਨੂੰ ਤੱਕਦਿਆਂ ਉਨ੍ਹਾਂ ਨੇ ਮੈਨੂੰ ਇਸ ਤਰ੍ਹਾਂ ਦੇ ਭਾਵ ਭਰੇ ਸ਼ਬਦ ਆਖੇ ਕਿ ਹੇ ਭੋਲੀਏ ਇਸਤ੍ਰੀਏ! ਤੂੰ ਦੱਸ ਪਤੀ ਨੂੰ ਮਿਲਣ ਲਈ ਆਪਣੀਆਂ ਬਾਹਾਂ ਵਿਚ ਚੂੜਾ ਵੀ ਪਾਇਆ ਤੇ ਹੋਰ ਵੀ ਕਈ ਸ਼ਿੰਗਾਰ ਕੀਤੇ, ਪਰ ਹੇ ਇਤਨੇ ਸ਼ਿੰਗਾਰ ਕਰਦੀਏ ਨਾਰੇ! ਜੇ ਤੇਰਾ ਪਤੀ ਫਿਰ ਭੀ ਹੋਰਨਾਂ ਨਾਲ ਹੀ ਪਿਆਰ ਕਰਦਾ ਹੈ, ਤਾਂ ਦੱਸ ਇਨ੍ਹਾਂ ਸ਼ਿੰਗਾਰਾਂ ਦਾ ਕੀ ਲਾਭ ? (ਫਿਰ ਕੀ ਹੋਇਆ?)

ਪ੍ਰ: ਹੇ ਸਖੀ! ਆਖ਼ਰ ਮੈਂ ਉਨ੍ਹਾਂ ਮਹਾਤਮਾਂ ਪੁਰਸ਼ਾਂ ਨੂੰ ਪੁੱਛਿਆ ਕਿਉਂ ਜੀ, ਫਿਰ ਦੱਸੋ ਹੁਣ ਮੈਂ ਕੀ ਕਰਾਂ ?

ਉ: ਤਾਂ ਉਨ੍ਹਾਂ ਵਲੋਂ ਉੱਤਰ ਆਇਆ ਕਿ ਹੇ ਮੁੰਧੇ! (ਇਸ ਸੱਜੇ ਹੋਏ) ਪਲੰਘ ਨਾਲ (ਮਾਰ-ਮਾਰ ਕੇ ਆਪਣੀਆਂ) ਬਾਹਾਂ ਚੂੜਾ ਭੰਨ ਸੁੱਟ ਤੇ ਪਲੰਘ ਦੀਆਂ ਹੀਆਂ ਭੀ ਤੋੜ ਦੇ ਤੇ ਆਪਣੀਆਂ ਸਜਾਈਆਂ ਬਾਹਾਂ ਭੀ ਭੰਨ ਦੇ।

੬. ਹੇ ਇਤਨੇ ਵੇਸ (ਸ਼ਿੰਗਾਰ) ਕਰਨ ਵਾਲੀ ਮੂਰਖ ਇਸਤ੍ਰੀਏ, ਸਹੁ ਤਾਂ (ਤੇਰਾ) ਹੋਰਨਾਂ ਨਾਲ ਪਿਆਰ ਕਰ ਰਿਹਾ ਹੈ, ਭਾਵ ਤੇਰੇ ਨਾਲ ਪ੍ਰੇਮ ਨਹੀਂ ਕਰਦਾ, (ਦੱਸ) ਤੇਰਾ ਇਹ ਕੀਤਾ ਸ਼ਿੰਗਾਰ ਕੀ ਕਹਿੰਦਾ ਹੈ (ਭਾਵ ਇਹ ਤਾਂ ਤੇਰਾ ਸਭੋ ਸ਼ਿੰਗਾਰ ਵਿਕਾਰ ਹੈ)।

ਪ੍ਰ: ਫਿਰ ਮੈਂ ਪੁੱਛਿਆ ਮਹਾਤਮਾ ਜੀਉ! ਇਸ ਬਾਹਰਲੇ ਉਦਾਹਰਣ ਦੇਣ ਤੋਂ ਆਪ ਜੀ ਦਾ ਅੰਤਰੀਵ ਭਾਵ ਕੀ ਹੈ ?

ਉ: ਆਇਆ ਕਿ ਹੇ ਜਗਿਆਸੂ ਰੂਪ ਮੂਰਖ ਇਸਤ੍ਰੀਏ, ਇਹ ਸਕਾਮ ਕਰਮਾਂ ਰੂਪ ਚੂੜਾ ਦੂਰ ਕਰ ਦੇ, ਭਾਵ ਸਕਾਮ ਕਰਮਾਂ ਦਾ ਤਿਆਗ ਕਰ ਦੇ, ਇਨ੍ਹਾਂ ਦੀਆਂ ਬਿਧੀਆਂ ਰੂਪ ਬਾਹਾਂ ਤੇ ਦਿਖਾਵੇ ਰੂਪ ਹੋਰ ਚਤੁਸਟੇ ਸਾਧਨ, ਇਹ ਭੀ ਤਿਆਗ ਦੇ। ਉਨ੍ਹਾਂ ਦੀਆਂ ਬ੍ਰਿਤੀਆਂ ਰੂਪ ਹੀਰਾਂ ਦਾ ਅਭਿਮਾਨ ਛੱਡ ਦੇ (ਕਿਉਂਕਿ):

ਹੇ ਇਸਤ੍ਰੀਏ! ਤੂੰ ਤਾਂ ਇਤਨੇ ਸ਼ਿੰਗਾਰ ਕਰਦੀ ਰਹੀ ਹੈਂ ਅਤੇ ਪਤੀ ਹੋਰਨਾਂ ਨਾਲ ਪ੍ਰੇਮ ਕਰ ਰਿਹਾ ਹੈ, ਫਿਰ ਦੱਸ ਤੇਰੇ ਇਨ੍ਹਾਂ ਸ਼ਿੰਗਾਰਾਂ ਦਾ ਕੀ ਫਲ ? (ਭਾਵ ਇਹ ਤਾਂ ਤੇਰੇ ਸਾਰੇ ਹੀ ਵਿਅਰਥ ਹਨ) ਭਾਵ ਹੈ, ਜੇਕਰ ਜੀਵ ਰੂਪ ਇਸਤ੍ਰੀ ਸਾਰੀ ਉਮਰ ਧਾਰਮਿਕ ਭੇਖ ਕਰਨ ਵਿਚ ਹੀ ਗੁਜ਼ਾਰ ਦੇਵੇ, ਇਸ ਨੂੰ ਧਾਰਮਿਕ ਉਪਦੇਸ਼ ਦੇਣ ਵਾਲਾ ਭੀ ਜੇ ਬਾਹਰਲੇ ਭੇਖ ਵੱਲ ਹੀ ਪ੍ਰੇਰਦਾ ਰਹੇ, ਤਾਂ ਜਾਣੋ ਇਹ ਸਾਰੇ ਉੱਦਮ ਕੀਤੇ ਵਿਅਰਥ ਚਲੇ ਗਏ, ਕਿਉਂਕਿ ਧਾਰਮਿਕ ਭੇਖਾਂ ਨਾਲ ਪਰਮੇਸ਼ਰ ਨੂੰ ਪ੍ਰਸੰਨ ਨਹੀਂ ਕਰ ਸਕੀਦਾ। ਉਸ ਦੇ ਨਾਲ ਤਾਂ ਸਿਰਫ਼ ਆਤਮਿਕ ਮਿਲਾਪ ਹੀ ਹੋ ਸਕਦਾ ਹੈ।

ਪ੍ਰ: ਹੇ ਭੈਣੇ! ਮਹਾਤਮਾ ਪਾਸੋਂ ਗਿਆਨਮਈ ਉਪਦੇਸ਼ ਸੁਣ ਕੇ ਕੀ ਤੈਨੂੰ ਕੁਝ ਬੋਧ ਹੋਇਆ ?

ਉ: ੭. ਹਾਂ ਜ਼ਰੂਰ ਹੋਇਆ, ਹੇ ਸਖੀਏ ! ਹੁਣ ਤਾਂ ਮੈਂ ਆਪਣੇ ਪਿਛਲੇ ਕੀਤੇ ਸ਼ਿੰਗਾਰ ਨੂੰ ਨਿਕੰਮਾ ਜਾਣ ਕੇ, ਅਸਲੀ ਸ਼ਿੰਗਾਰ ਦਾ ਹਾਵਾ ਲੈਂਦੀ ਹਾਂ, ਭਾਵ ਪਸਚਾਤਾਪ ਕਰ ਰਹੀ ਹਾਂ ਕਿ ਨਾ (ਮੈਨੂੰ) ਮੁਨਿਆਰ ਮਿਲਿਆ, ਨਾ ਵੱਡੇ ਠੱਪੇ ਦੀਆਂ, ਸੋਨੇ ਦੀਆਂ ਕਿ ਦੰਦ ਖੰਡ ਦੀਆਂ ਚੂੜੀਆਂ, ਨਾ ਬਲੌਰ ਕਿ ਕੱਚ ਦੀਆਂ ਉਹ ਵੰਗਾਂ ਨਾ ਪਹਿਨੀਆਂ, ਜੋ ਕਿ ਮਿਲੀਆਂ ਹੋਈਆਂ ਹੋਰਨਾਂ ਸੁਹਾਗਣਾਂ ਨੇ ਪਹਿਨੀਆਂ ਹਨ।

੮. ਸੋ ਧ੍ਰਿਕਾਰ ਹੈ ਇਨ੍ਹਾਂ (ਮੇਰੀਆਂ) ਬਾਹਾਂ ਨੂੰ, ਸੜ ਜਾਣ ਉਹ ਬਾਹਾਂ, ਜੋ ਸ਼ਹੁ ਦੇ ਗਲ ਨਾਲ ਨਹੀਂ ਲੱਗੀਆਂ (ਭਾਵ ਹੈ ਕਿ) ਮੈਨੂੰ ਚਾਹੀਦਾ ਸੀ, ਮੈਂ ਪੂਰਾ ਗੁਰੂ ਲੱਭਾਂ, ਇਹ ਮੈਨੂੰ ਪੂਰਾ ਗੁਰੂ ਮੁਨਿਆਰ ਭੀ ਨਾ ਲੱਭਾ, ਨਿਸ਼ਕਾਮ ਕਰਮਾਂ ਰੂਪੀ ਚੂੜਾ ਭੀ ਨਾ ਪਾ ਸਕੀ, ਕਰਣਾ, ਮੈਤ੍ਰੀ ਮੁਦਤਾ, ਉਪੇਖਿਆ ਦੀਆਂ ਵੰਗਾਂ ਵੀ ਨਾ ਪਾਈਆਂ। ਜੇਕਰ ਮੈਂ ਇਹ ਕੁਝ ਕਰਦੀ ਤਾਂ ਮੇਰੀ ਨਾਮ ਨਾਲ ਸਦੈਵੀ ਮੇਲ ਦੀ ਬਰਕਤ ਪੈ ਜਾਂਦੀ, ਸੋ ਹੁਣ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਉਹ ਬਿਧੀਆਂ ਫੂਕ ਦੇਵਾਂ, ਜਿਨ੍ਹਾਂ ਕਰਕੇ ਮੇਰਾ ਮੇਰੇ ਸੁਆਮੀ ਜੀ ਨਾਲ ਮੇਲ ਨਹੀਂ ਹੋਇਆ ਅਤੇ ਜਿਸ ਪਲੰਘ 'ਤੇ ਪਤੀ ਨਹੀਂ ਬਿਰਾਜਿਆ, ਉਸ ਚਤੁਸਟੇ ਸਾਧਨ ਤੇ ਬ੍ਰਿਤੀਆਂ ਨੂੰ ਅੱਗ ਲੱਗੇ, (ਭਾਵ ਮੈਨੂੰ ਇਹ ਸਾਰੇ ਨਾਮ ਚਿੰਤਨ ਕਰਨ ਦੇ ਸਾਧਨ ਕਰਨੇ ਚਾਹੀਦੇ ਸਨ ਜੋ ਕਿ ਮੈਂ ਕਰ ਹੀ ਨਹੀਂ ਸਕੀ)।

ਪ੍ਰ: ਹੇ ਭੈਣ ! ਹੁਣ ਤਕ ਤੂੰ ਉਹ ਸਾਧਨ ਕੀਤੇ ਜੋ ਨਿਸਫਲ ਸਨ, ਇਹ ਭੀ ਤੈਨੂੰ ਪਛਤਾਵਾ ਹੈ ਅਤੇ ਜੋ ਤੈਂ ਕਰਨੇ ਸਨ, ਉਹ ਤੂੰ ਨਹੀਂ ਕਰ ਸਕੀ, ਇਸਦਾ ਭੀ ਤੈਨੂੰ ਪਸਚਾਤਾਪ ਹੋ ਰਿਹਾ ਹੈ, ਕੀ ਇਸ ਤੋਂ ਬਿਨਾ ਹੁਣ ਤੈਨੂੰ ਕੋਈ ਹੋਰ ਭੀ ਹਾਵਾ ਹੈ ?

ਉ: ੯. ਹੇ ਸਖੀ ! ਹੋਰ ਭੀ ਮੈਨੂੰ ਡਾਢਾ ਦੁੱਖ ਹੈ ਕਿ ਮੈਂ ਤੱਕ ਰਹੀ ਹਾਂ ਕਿ ਸਾਰੀਆਂ ਹੀ ਸਖੀਆਂ ਪਤੀ ਦਾ ਅਨੰਦ ਲੈਣ ਗਈਆਂ ਹਨ, ਪਰ ਮੈਂ ਬਿਰਹੋਂ ਅਗਨ ਦੀ ਸੜੀ ਹੋਈ ਕਿਸ ਦੇ ਬੂਹੇ 'ਤੇ ਜਾਵਾਂ ? ਭਾਵ ਹੈ ਕਿ ਮੇਰੇ ਸਾਰੇ ਗੁਰਸਿੱਖ ਗੁਰ-ਭਾਈ ਆਤਮ ਅਨੰਦ ਮਾਣ ਰਹੇ ਹਨ, ਪਰ ਮੈਂ ਵਿਕਾਰਾਂ ਦਾ ਸੜਿਆ ਹੋਇਆ ਕਿਸ ਦੇ ਦਰ 'ਤੇ ਜਾ ਕੇ ਪੁਕਾਰ ਕਰਾਂ ?

੧੦. ਹੇ ਅੰਮਾਲੀ, ਹੇ ਅੰਮਾਂ ਨੀ ! ਮੈਂ ਬਾਹਰਲੇ ਸਾਧਨ ਕਰ ਕੇ ਆਪਣੇ ਭਾਣੇ ਤਾਂ ਮੈਂ ਬਹੁਤ ਸੁਚੱਜੀ ਬਣ ਰਹੀ ਹਾਂ, ਪਰ ਹੇ ਸਾਈਂ ਜੀ ! ਤੈਨੂੰ ਮੇਰਾ ਇਕ ਭੀ ਚੱਜ ਚੰਗਾ ਨਹੀਂ ਲੱਗਾ, ਅਰਥਾਤ—ਹੇ ਗੁਰੋ ! ਮੈਂ ਤਾਂ ਆਪਣੇ ਆਪ ਵਿਚ ਚੰਗੇ ਅਚਾਰਾਂ ਵਾਲਾ ਬਣਿਆ ਬੈਠਾ ਸਾਂ, ਪਰ ਦਰਗਾਹ ਵਿਚ ਮੇਰਾ ਇਕ ਅਚਾਰ ਭੀ ਪ੍ਰਵਾਨ ਨਹੀਂ ਹੋਇਆ।

ਪ੍ਰ: ਹੇ ਭੈਣੇ ! ਇਨ੍ਹਾਂ ਤੋਂ ਬਿਨਾ ਕੋਈ ਹੋਰ ਸਾਧਨ ਵੀ ਕੀਤਾ ਹੈ ?

ਉ: ੧੧. (ਹਾਂ ਹੋਰ ਭੀ ਕੀਤਾ ਹੈ) ਹੇ ਸਖੀ ! ਮੈਂ ਆਪਣੇ ਵਲੋਂ ਸੰਵਾਰ-ਸੰਵਾਰ ਕੇ ਪਟੀਆਂ ਭੀ ਗੁੰਦਾਈਆਂ ਸਨ ਅਤੇ ਮਾਂਗ ਵਿਚ ਸੰਧੂਰ ਭੀ ਭਰਿਆ ਸੀ, ਭਾਵ ਹੈ ਮੈਂ ਅਤਿਅੰਤ ਸੁੱਚਮਤਾ, ਸਫ਼ਾਈ ਰੱਖਣ ਰੂਪ ਪੱਟੀਆਂ ਵੀ ਬਣਾਈਆਂ ਸਨ ਅਤੇ ਗੁਣਾਂ ਦੀ ਸੰਧੀ ਰੂਪ ਮਾਂਗ ਵੀ ਭਰਾਈ ਸੀ, ਅਥਵਾ ਜੜਾਵਾਂ ਬਨਾਣ, ਰੂਪ ਪੱਟੀਆਂ ਬਣਾ ਕੇ ਵਿਚ ਚੰਗੀ ਤਰ੍ਹਾਂ ਧੂੜੀ ਵੀ ਭਰ ਲਈ ਸੀ, ਪਰ :

੧੨. ਜਦੋਂ ਪਤੀ ਦੇ ਸਾਹਮਣੇ ਗਈ ਤਾਂ ਮੈਂ ਮਨਜ਼ੂਰ ਹੀ ਨਾ ਹੋਈ, ਇਸੇ ਕਰਕੇ ਹੁਣ ਮੈਂ ਝੂਰ-ਝੂਰ ਕੇ ਮਰਦੀ ਹਾਂ, ਭਾਵ ਹੈ ਇਨ੍ਹਾਂ ਕਰਮਾਂ ਦੇ ਕਰਨੇ ਕਰਕੇ ਭੀ ਮੇਰੀ ਬ੍ਰਿਤੀ ਬ੍ਰਹਮਾਕਾਰ ਨਾ ਹੋ ਸਕੀ, ਇਸ ਲਈ ਕੀਤ [illegible] ਸਾਧਨਾਂ ਦਾ ਪਛਤਾਵਾ ਕਰਦੀ ਹਾਂ।

ਪ੍ਰ: ਹੇ ਭੈਣੇ ! ਜਦੋਂ ਤੂੰ ਉਸ ਵਿਛੋੜੇ ਦੇ ਦੁੱਖ ਵਿਚ ਦੁਖੀ ਹੋ ਰੋਂਦੀ ਸੈਂ, ਕੀ ਉਸ ਤੇਰੇ ਵਿਰਲਾਪ ਦਾ ਕਿਸੇ ਹੋਰ 'ਤੇ ਭੀ ਅਸਰ ਹੋਇਆ ?

ਉ: ੧੩. (ਹਾਂ ਜ਼ਰੂਰ ਹੋਇਆ) ਹੇ ਸਖੀ ! ਜਦੋਂ ਮੈਂ ਝੂਰਦੀ ਮਰਦੀ ਇਸ ਤਰ੍ਹਾਂ ਇਤਨਾ ਰੋ ਰਹੀ ਸਾਂ, ਜੋ ਕਿ ਮੇਰੇ ਉਸ ਰੋਣੇ ਨੂੰ ਸੁਣ ਕੇ (ਮੇਰੇ ਉੱਤੇ) ਤਰਸ ਕਰਦਿਆਂ ਇਕ ਨਹੀਂ. ਸਗੋਂ ਸਾਰਾ ਜਗਤ ਹੀ ਰੋ ਪਿਆ, ਇਥੋਂ ਤਾਈਂ ਕਿ ਜੰਗਲ ਦੇ ਪੰਛੀ ਭੀ ਰੋ ਉੱਠੇ, ਭਾਵ ਸਾਰੇ ਬਨਵਾਸੀ ਭੀ ਰੋਂਦੇ ਹਨ।

ਪ੍ਰ: ਹੇ ਭੈਣੇ ! ਕੀ ਕੋਈ ਅਜਿਹਾ ਬੰਦਾ ਵੀ ਸੀ ਜੋ ਤੇਰੇ ਇਸ ਵਿਰਲਾਪ ਨੂੰ ਸੁਣ ਕੇ ਵੀ ਨਾ ਰੋਇਆ ਹੋਵੇ ?

ਉ: ੧੪. (ਹਾਂ, ਸੀ) ਹੇ ਸਖੀ ! ਉਹ ਇਕੋ ਸੀ ਮੇਰੇ ਤਨ ਦਾ ਵਿਛੋੜਾ, ਜਿਸ ਨੇ ਮੈਨੂੰ ਪਤੀ ਨਾਲੋਂ ਵਿਛੋੜਿਆ ਹੈ (ਅਰਥਾਤ ਵਿਛੋੜੇ ਨੂੰ ਪਛਤਾਵਾ ਨਹੀਂ ਹੈ, ਸਗੋਂ ਉਸ ਨੂੰ ਸੁੱਖ ਹੈ, ਕਿਉਂਕਿ ਵਿਛੋੜੇ ਦਾ ਦੁਸ਼ਮਣ ਸੰਜੋਗ ਹੈ। ਜੇ ਸੰਜੋਗ ਹੋ ਗਿਆ ਤਾਂ ਵਿਜੋਗ ਨੇ ਰਹਿਣਾ ਨਹੀਂ, ਵਿਛੋੜੇ ਨੇ ਆਪਣਾ ਮਰਣਾ ਮਨਜ਼ੂਰ ਨਹੀਂ ਕੀਤਾ, ਇਸ ਲਈ ਮੈਂ ਦੁਖੀ ਹਾਂ)।

ਪ੍ਰ: ਹੇ ਭੈਣੇ ! ਤੂੰ ਦੱਸ ਹੁਣ ਇਤਨੀ ਨਿਰਾਸਤਾ ਵਿਚ ਡੁੱਬੀ ਕੀ ਸੋਚ ਰਹੀ ਹੈਂ ?

ਉ: ੧੫. ਹੇ ਸਖੀ ! ਮੈਨੂੰ ਇਸ ਨਿਰਾਸਤਾ ਵਾਲੀ ਆਸਾ ਵਿਚ ਸੁਪਨਾ ਯਾਦ ਆ ਰਿਹਾ ਹੈ ਜਿਸ ਵਿਚ ਕਿ ਮੈਨੂੰ ਪ੍ਰਭੂ ਪਤੀ ਦੇ ਦਰਸ਼ਨ ਹੋਏ ਸਨ। ਮੈਂ ਉਨ੍ਹਾਂ ਹੀ ਦਰਸ਼ਨਾਂ ਦੀ ਝਲਕ ਨੂੰ ਚੇਤੇ ਕਰ ਕੇ ਇਉਂ ਕਹਿੰਦੀ ਹਾਂ ਕਿ ਹੇ ਪ੍ਰਭੂ ! ਤੂੰ ਅੱਜ ਰਾਤੀਂ ਸੁਪਨੇ ਵਿਚ ਆਇਆ ਸੀ, ਭਾਵ ਦਰਸ਼ਨ ਦਿੱਤੇ ਸਨ, ਪਰ ਜਦੋਂ ਮੈਂ ਮਾਣ ਕੀਤਾ ਤਾਂ ਤੂੰ ਫਿਰ ਚਲਾ ਗਿਆ ਤਾਂ ਮੈਂ ਹੁਣ ਉਸ ਵਿਜੋਗ ਵਿਚ ਰੋ-ਰੋ ਕੇ ਜਲ (ਦਾ ਕਾਸਾ) ਭਰ ਲਿਆ ਹੈ।

ਪ੍ਰ: ਹੇ ਭੈਣੇ ! ਦੱਸ ਤੂੰ ਹੁਣ ਮੁੜ ਮਿਲਾਪ ਦਾ ਕੀ ਸਾਧਨ ਸੋਚ ਰਹੀ ਹੈਂ ?

ਉ: ੧੬. ਹੇ ਸਖੀ ! ਮੈਂ ਤਾਂ ਹੋਰ ਸਾਧਨ ਕਰਨ ਦੀ ਕੋਈ ਸਮਰੱਥਾ ਹੀ ਨਹੀਂ ਰੱਖਦੀ। ਮੇਰੇ ਪਾਸ ਤਾਂ ਉਸ ਅੱਗੇ ਕਰਨ ਲਈ ਕੇਵਲ ਇਕ ਅਰਦਾਸ ਹੀ ਹੈ, ਜੋ ਕਿ ਮੈਂ ਇਉਂ ਕਰ ਰਹੀ ਹਾਂ ਕਿ ਹੇ ਮੇਰੇ ਪਿਆਰੇ ! ਮੈਂ ਆਪ ਤੇਰੇ ਕੋਲ ਆ ਨਹੀਂ ਸਕਦੀ ਤੇ ਕਿਸੇ ਨੂੰ ਘੱਲ ਵੀ ਨਹੀਂ ਸਕਦੀ, ਭਾਵ ਹੈ ਕਿ ਮੈਂ ਅਨੰਤ ਦੇ ਦੇਸ਼ ਆਪੂੰ ਆ ਨਹੀਂ ਸਕਦੀ, ਹੋਰ ਕੋਈ ਉਥੇ ਦੂਜੇ ਦਾ ਸੰਦੇਸ਼ ਲੈ ਕੇ ਜਾ ਨਹੀਂ ਸਕਦਾ। ਭਾਵ ਹੈ ਕਿ ਕਿਸੇ ਸਾਧਨ ਕਰਕੇ ਤੇਰੇ ਕੋਲ ਪੁੱਜਿਆ ਨਹੀਂ ਜਾਂਦਾ ਤੇ ਕੋਈ ਇੰਦ੍ਰਾ ਤੇਰੇ ਦਰਸ਼ਨ ਨੂੰ ਪੁੱਜ ਨਹੀਂ ਸਕਦਾ।

ਪ੍ਰ: ਹੇ ਭੈਣੇ! ਆਖ਼ਰ ਦੱਸ ਕਿ ਉਨ੍ਹਾਂ ਦਰਸ਼ਨਾਂ ਦੇ ਮੁੜ ਸੰਜੋਗ ਲਈ ਹੁਣ ਤੂੰ ਕੀ ਸਾਧਨ ਸੋਚਿਆ ਹੈ?

ਉ:੧੭. ਹੇ ਸਖੀ! ਮੈਂ ਤਾਂ ਹੁਣ ਆਖ਼ਰ ਇਕੋ ਹੀ ਸਾਧਨ ਸੋਚਿਆ ਹੈ ਕਿ ਉਸੇ ਨੀਂਦ ਪਾਸ ਤਰਲਾ ਕਰਾਂ ਕਿ ਹੇ ਸੁਭਾਗੀ ਨੀਂਦੇ! ਇਕ ਵਾਰੀ ਤੂੰ ਹੀ ਫਿਰ ਆ, ਮਤਾਂ ਨੀਂਦ ਵਿਚ ਹੀ ਉਸ ਸ਼ਹੁ ਦੇ ਦਰਸ਼ਨ ਹੋ ਜਾਣ, (ਅਰਥਾਤ ਹੇ ਇਕਾਗ੍ਰਤਾ! ਇਕ ਵਾਰੀ ਮੈਨੂੰ ਤੂੰ ਫਿਰ ਪ੍ਰਾਪਤ ਹੋ ਜਾ, ਮਤਾਂ ਕਿ ਉਹ ਅਨੰਦੀ ਝਲਕਾਰਾ ਮੁੜ ਫਿਰ ਵੇਖ ਲਵਾਂ)।

ਪ੍ਰ: ਹੇ ਭੈਣੇ! ਤੂੰ ਦੱਸ, ਜਿਤਨਾ ਚਿਰ ਤੈਨੂੰ ਅਜੇ ਸਾਖਿਆਤ-ਕਾਰ ਵਿਚ ਦਰਸ਼ਨ ਨਹੀਂ ਹੁੰਦੇ, ਉਤਨਾ ਚਿਰ ਜੇ ਕੋਈ ਤੈਨੂੰ ਉਸ ਮਾਲਕ ਦੀ ਗੱਲ ਸੁਣਾਵੇ ਤਾਂ ਤੂੰ ਉਸ ਦੀ ਭੇਟਾ ਕੀ ਕੁਝ ਕਰ ਸਕੇਂਗੀ?

ਉ:੧੮. ਹੇ ਸਖੀ! ਸੁਣ (ਮੇਰੇ) ਤਿਸ ਮਾਲਕ ਦੀ ਜੇ ਕੋਈ ਮੈਨੂੰ ਆ ਕੇ ਗੱਲ ਹੀ ਸੁਣਾਵੇ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਸ ਨੂੰ ਕੀ ਦੇਵੀਏ?

੧੯. ਹੇ ਸਖੀਏ! ਸੁਣ (ਮੈਂ) ਸਿਰ ਵੱਢ ਕੇ ਉਸ ਦੇ ਬੈਠਣ (ਨੂੰ ਮੂੜਾ) ਦੇਵਾਂਗੀ ਅਤੇ ਸਿਰ ਤੋਂ ਬਿਨਾ ਹੋ ਕੇ ਉਸ ਦੀ ਸੇਵਾ ਕਰਾਂਗੀ, ਭਾਵ ਜਿਹੜਾ ਗੁਰੂ ਉਸ ਨਿਰੰਕਾਰ ਦਾ ਉਪਦੇਸ਼ ਦੇਵੇ, ਉਸਦੇ ਅੱਗੇ ਨਿਰਮਾਣ ਹੋ ਕੇ, ਨਿਰਹੰਕਾਰ ਹੋ ਕੇ ਸੇਵਾ ਕਰਨੀ ਚਾਹੀਦੀ ਹੈ।

ਪ੍ਰ: ਹੇ ਭੈਣੇ! ਤੂੰ ਆਪਣੇ ਮਾਲਕ ਦੀ ਗੱਲ ਸੁਣਾਉਣ ਵਾਲੇ ਲਈ ਸਿਰ ਵੱਢ ਕੇ ਬੈਠਣ ਵਾਸਤੇ ਮੂੜਾ ਬਨਾਉਣ ਲਈ ਤਿਆਰ ਹੈਂ ਤੇ ਬਿਨਾ ਸਿਰ ਤੋਂ ਸੇਵਾ ਭੀ ਕਰਨਾ ਚਾਹੁੰਦੀ ਹੈਂ, ਪਰ ਦੱਸ ਤੂੰ ਏਡੀ ਵੱਡੀ ਕੁਰਬਾਨੀ ਕਰਨ ਲਈ ਕਿਉਂ ਤਿਆਰ ਹੈਂ?

ਉ:੨੦. ਹੇ ਸਖੀ! ਤੂੰ ਆਪ ਹੀ ਦੱਸ ਜਦੋਂ ਮੇਰਾ ਪ੍ਰਭੂ ਪਤੀ ਮੇਰੀ ਆਪਣੀ ਹੀ ਮੂਰਖਤਾ ਦੇ ਕਾਰਣ ਮੈਥੋਂ ਓਪਰਾ ਹੋ ਗਿਆ ਹੈ ਤਾਂ ਉਸ ਨੂੰ ਮੁੜ ਆਪਣਾ ਬਨਾਉਣ ਲਈ ਇਹੋ ਇਕ ਤਰੀਕਾ ਹੈ ਕਿ ਮੁੜ ਮਿਲਾਪ ਕਰਵਾਉਣ ਵਾਲੇ ਨੂੰ ਜ਼ਿੰਦਗੀ ਕਿਉਂ ਨਾ ਦੇਵੀਏ ਤੇ ਇਉਂ ਚਾਹੇ ਮਰ ਵੀ ਕਿਉਂ ਨਾ ਜਾਈਏ! (ਅਰਥਾਤ ਪ੍ਰੀਤਮ ਦੇ ਵਿਛੋੜੇ ਨਾਲੋਂ ਮਰਨਾ ਚੰਗਾ ਹੈ ਅਤੇ ਜੋ ਮੇਲ ਕਰਾ ਦੇਵੇ, ਉਸ ਨੂੰ ਜੀਉ ਭੇਟਾ ਦੇਣਾ ਭੀ ਥੋੜ੍ਹਾ ਹੈ)।੧।੩।

ਭਾਵਾਰਥ : ਇਸ ਸ਼ਬਦ ਵਿਚ ਪਿਆਰੇ ਅਕਾਲ ਪੁਰਖ ਦੇ ਮਿਲਾਪ ਲਈ ਕਮਾਲ ਦੀ ਲੋਚਨਾ ਹੈ। ਜੋ ਬ੍ਰਿਹੋਂ ਦੀ ਹਾਲਤ ਇਸ ਵਿਚ ਅੰਕਤ ਕੀਤੀ ਗਈ ਹੈ, ਉਹ ਇਕ ਪੱਥਰ ਦਿਲਾਂ ਨੂੰ ਪੰਘਾਰ ਦੇਣ ਵਾਲੀ ਹੈ।

ਵਡਹੰਸੁ ਮਹਲਾ ੩ ਘਰੁ ੧

੧ਓ ਸਤਿਗੁਰ ਪ੍ਰਸਾਦਿ ॥

੧. ਮਨਿ ਮੈਲੈ ਸਭੁ ਕਿਛੁ ਮੈਲਾ
ਤਨਿ ਧੋਤੈ ਮਨੁ ਹਛਾ ਨ ਹੋਇ ॥
੨. ਇਹ ਜਗਤੁ ਭਰਮਿ ਭੁਲਾਇਆ
ਵਿਰਲਾ ਬੂਝੈ ਕੋਇ ॥੧॥
੩. ਜਪਿ ਮਨ ਮੇਰੇ ਤੂ ਏਕੋ ਨਾਮੁ ॥
੪. ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥
੫. ਸਿਧਾ ਕੇ ਆਸਣ ਜੇ ਸਿਖੈ
ਇੰਦ੍ਰੀ ਵਸਿ ਕਰਿ ਕਮਾਇ ॥
੬. ਮਨ ਕੀ ਮੈਲੁ ਨ ਉਤਰੈ
ਹਉਮੈ ਮੈਲੁ ਨ ਜਾਇ ॥੨॥
੭. ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ
ਵਿਣੁ ਸਤਿਗੁਰ ਕੀ ਸਰਣਾਇ ॥
੮. ਸਤਗੁਰਿ ਮਿਲਿਐ ਉਲਟੀ ਭਈ
ਕਹਣਾ ਕਿਛੂ ਨ ਜਾਇ ॥੩॥
੯. ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ
ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
੧੦. ਮਮਤਾ ਕੀ ਮਲੁ ਉਤਰੈ
ਇਹੁ ਮਨੁ ਹਛਾ ਹੋਇ ॥੪॥੧॥

ਪਦ ਅਰਥ : ਮਨਿ ਮੈਲੈ—(ਵਿਕਾਰਾਂ ਨਾਲ) ਮੈਲੇ ਮਨ ਦੇ ਰਾਹੀਂ। ਤਨ ਧੋਤੈ—ਧੋਤੇ ਹੋਏ ਸਰੀਰ ਦੇ ਰਾਹੀਂ, ਜੇ ਸਰੀਰ ਨੂੰ ਤੀਰਥ ਆਦਿਕਾਂ 'ਤੇ ਇਸ਼ਨਾਨ ਕਰਵਾ ਲਿਆ ਜਾਏ। ਭਰਮਿ—ਭੁਲੇਖੇ ਵਿਚ (ਪੈ ਕੇ)।੧।ਰਹਾਉ।

ਮਨ—ਹੇ ਮਨ! ਸਤਿਗੁਰਿ—ਗੁਰੂ ਨੇ। ਮੋ ਕਉ—ਮੈਨੂੰ। ਨਿਧਾਨੁ—ਖ਼ਜ਼ਾਨਾ।੧।

ਸਿਖੈ—ਸਿਖ ਲਏ। ਵਸਿ ਕਰਿ—ਵਸ ਵਿਚ ਕਰ ਕੇ।੨।

ਸੰਜਮੁ—ਜਤਨ, ਤਰੀਕਾ, ਰੋਕ, ਭਾਵ ਹੈ ਉਪਾਉ। ਸਤਿਗੁਰਿ ਮਿਲਿਐ—ਜੇ ਗੁਰੂ ਮਿਲ ਪਵੇ।੩।

ਭਣਤਿ—ਆਖਦੇ ਹਨ। ਕਉ—ਨੂੰ। ਮਰੈ—ਵਿਕਾਰਾਂ ਵਲੋਂ ਅਛੋਹ ਹੋ ਜਾਏ। ਸਬਦਿ—ਸ਼ਬਦ ਦੀ ਰਾਹੀਂ।੪।

ਅਰਥ :

ਪ੍ਰ: ਹੇ ਗੁਰੋ! ਬਹੁਤੇ ਲੋਕਾਂ ਨੂੰ ਇਹ ਭੁਲੇਖਾ ਹੈ ਕਿ ਜੇ ਸਰੀਰ ਕਰ ਕੇ ਤੀਰਥਾਂ ਦਾ ਇਸ਼ਨਾਨ ਕੀਤਾ ਜਾਏ ਤਾਂ ਸਰੀਰ ਦੇ ਇਸ਼ਨਾਨ ਕਰਨ ਨਾਲ ਮਨ ਭੀ ਪਵਿੱਤ੍ਰ ਹੋ ਜਾਂਦਾ ਹੈ, ਪਰ ਇਸ ਬਾਰੇ ਆਪ ਜੀ ਦਾ ਕੀ ਵੀਚਾਰ ਹੈ?

ਉ: ੧. ਹੇ ਭਾਈਓ! ਜੇ ਮਨੁੱਖ ਦਾ ਮਨ ਵਿਕਾਰਾਂ ਕਰ ਕੇ ਮੈਲਾ ਹੈ ਤਾਂ ਸਮਝੋ ਇਸ ਦਾ ਸਭੋ ਕੁਝ ਮੈਲਾ ਰਹਿੰਦਾ ਹੈ, ਸਰੀਰ ਨੂੰ ਤੀਰਥਾਂ ਦਾ ਇਸ਼ਨਾਨ ਕਰਾਉਣ ਨਾਲ ਮਨ ਪਵਿੱਤ੍ਰ ਨਹੀਂ ਹੋ ਸਕਦਾ।

੨. ਪਰ ਵੇਖੀਦਾ ਹੈ ਕਿ ਇਹ ਸੰਸਾਰ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਮਨ ਦੀ ਪਵਿੱਤ੍ਰਤਾ ਮਿਲ ਜਾਣ ਦੇ ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ, ਭਾਵ ਇਹ ਜਗਤ ਭਰਮ ਵਿਚ ਭੁਲਾਇਆ ਗਿਆ ਹੈ। (ਕਿਉਂਕਿ)

ਇਹ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਆਤਮਾ ਦੀ ਸ਼ੁੱਧੀ ਹੋ ਜਾਣੀ ਮੰਨੀ ਬੈਠਾ ਹੈ, ਇਸ ਗੱਲ ਨੂੰ ਕੋਈ ਵਿਰਲਾ ਹੀ ਸਮਝਦਾ ਹੈ ਕਿ ਇਹ ਨਿਸਚਾ ਗ਼ਲਤ ਹੈ।੧।

ਪ੍ਰ: ਹਜ਼ੂਰ! ਫਿਰ ਤੁਸੀਂ ਹੀ ਦੱਸੋ ਕਿ ਅਸ਼ੁੱਧ ਮਨ ਨੂੰ ਸ਼ੁੱਧ ਕਰਨ ਦਾ ਕੀ ਉਪਾਉ ਹੈ?

ਉ: ੩. ਹੇ ਪਿਆਰੇ! ਇਸ ਮਨ ਨੂੰ ਸ਼ੁੱਧ ਕਰਨ ਦਾ ਕੇਵਲ ਇਕੋ ਸਾਧਨ ਨਾਮ ਚਿੰਤਨ ਕਰਨਾ ਹੈ, ਇਸ ਲਈ ਹੇ ਮੇਰੇ ਮਨ! ਤੂੰ ਇੱਕੋ ਉਸ ਪ੍ਰਭੂ ਦਾ ਨਾਮ ਜਪ।

ਪ੍ਰ: ਹਜ਼ੂਰ! ਇਹ ਨਾਮ ਦਾ ਅਮੋਲਕ ਖ਼ਜ਼ਾਨਾ ਤੁਹਾਨੂੰ ਕਿੱਥੋਂ ਪ੍ਰਾਪਤ ਹੋਇਆ ਹੈ?

ਉ: ੪. ਹੇ ਭਾਈਓ! ਇਹ ਨਾਮ ਦਾ ਖ਼ਜ਼ਾਨਾ ਮੈਨੂੰ (ਮੇਰੇ) ਸਤਿਗੁਰੂ ਜੀ ਨੇ ਬਖ਼ਸ਼ਿਆ ਹੈ।੧।ਰਹਾਉ।

ਪ੍ਰ: ਕਿਉਂ ਜੀ! ਇਹ ਦੱਸੋ ਕਿ ਜੇ ਕੋਈ ਤੀਰਥ ਇਸ਼ਨਾਨੀ ਨਾਲ ੮੪ ਆਸਣ ਲਾਉਣੇ ਭੀ ਸਿੱਖ ਲਵੇ ਅਤੇ ਇੰਦ੍ਰੇ ਭੀ ਆਪਣੇ ਵਸ ਵਿਚ ਕਰ ਲਵੇ ਤਾਂ ਕੀ ਫਿਰ ਉਸ ਦੇ ਮਨ ਦੀ ਮੈਲ ਉਤਰੇਗੀ ਕਿ ਨਹੀਂ?

ਉ: ੫. (ਨਹੀਂ) ਹੇ ਮਿੱਤਰੋ ਸੁਣੋ! ਜੇ ਕੋਈ ਮਨੁੱਖ ਕਰਾਮਾਤੀ ਜੋਗੀਆਂ ਦੇ (ਸਾਰੇ) ਹੀ ਆਸਣ ਲਾਉਣੇ ਸਿੱਖ ਲਵੇ ਅਤੇ ਕਾਮ ਵਾਸ਼ਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ।

੬. ਤਾਂ ਭੀ ਇਸ ਤਰ੍ਹਾਂ ਕਰਨ ਨਾਲ ਮਨ ਦੀ ਮੈਲ ਨਹੀਂ ਉਤਰੇਗੀ। (ਮਨ ਵਿਚੋਂ) ਹਉਮੈ ਦੀ ਮੈਲ ਨਹੀਂ ਜਾਂਦੀ।੨।

ਪ੍ਰ: ਹਜ਼ੂਰ! ਜੇ ਕੋਈ ਇਸ ਮਲੀਨ ਮਨ ਨੂੰ ਸ਼ੁੱਧ ਕਰਨ ਦਾ ਹੋਰ ਉਪਾਉ ਹੈ ਤਾਂ ਕਿਰਪਾ ਕਰ ਕੇ ਉਹ ਭੀ ਦੱਸ ਦਿਓ।

ਉ: ੭. ਹੇ ਪਿਆਰਿਓ! ਸੱਚ ਤਾਂ ਇਹੋ ਹੀ ਹੈ ਕਿ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਹੋਰ ਕੋਈ ਭੀ ਜਤਨ ਇਸ ਅਪਵਿੱਤ੍ਰ ਮਨ ਨੂੰ ਪਵਿੱਤ੍ਰ ਕਰਨ ਦਾ ਨਹੀਂ ਹੈ।

ਪ੍ਰ: ਕਿਉਂ ਜੀ! ਸਤਿਗੁਰੂ ਜੀ ਦੇ ਪਾਸ ਅਜੇਹੀ ਕਿਹੜੀ ਜੁਗਤੀ ਹੈ ਜੋ ਕਿ ਮਨ ਨੂੰ ਪਵਿੱਤ੍ਰ ਕਰ ਦੇਂਦੀ ਹੈ?

ਉ: ੮. ਹੇ ਭਰਾਵੋ! ਇਉਂ ਹੀ ਸਮਝੋ ਕਿ ਜਦੋਂ ਭੀ ਗੁਰੂ ਮਿਲ ਪਵੇ ਤਾਂ ਮਨ ਦੀ ਬ੍ਰਿਤੀ ਹੀ ਸੰਸਾਰ ਵਲੋਂ ਉਲਟ ਜਾਂਦੀ ਹੈ, ਭਾਵ ਇਹ ਮਨ ਉਲਟ ਸਨਾਤਨ ਹੋਇਆ, ਫਿਰ ਉਸ ਮਨ ਦੀ ਐਸੀ ਉੱਚੀ ਅਵਸਥਾ ਬਣ ਜਾਂਦੀ ਹੈ ਜਿਸ ਨੂੰ ਕਿ ਬਿਆਨ ਹੀ ਨਹੀਂ ਕੀਤਾ ਜਾ ਸਕਦਾ।੩।

ਪ੍ਰ: ਹੇ ਗੁਰੋ! ਜੋ ਅਸਲ ਆਤਮਿਕ ਜੀਵਨ ਹੈ, ਉਹ ਕਿਵੇਂ ਮਿਲ ਸਕੇ?

ਉ: ੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜੇ ਕੋਈ ਮਨੁੱਖ ਗੁਰੂ ਨੂੰ ਮਿਲ ਕੇ ਜੀਵਤ ਭਾਵ ਵਲੋਂ ਮਰ ਜਾਵੇ ਤੇ ਫਿਰ ਗੁਰੂ ਦੇ ਸ਼ਬਦ ਦੁਆਰਾ (ਉਹ) ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ।

ਪ੍ਰ: ਹਜ਼ੂਰ ਜੀਓ! ਉਹ ਕਿਵੇਂ? ਜ਼ਰਾ ਨਿਰਨਾ ਕਰ ਕੇ ਸਮਝਾ ਦਿਓ।

ਉ: ੧੦. ਹੇ ਪਿਆਰਿਓ! ਸ਼ਬਦ ਦੀ ਕਮਾਈ ਦੁਆਰਾ ਉਸ ਦੇ ਅੰਦਰੋਂ ਮਮਤਾ ਦੀ ਮੈਲ ਲਹਿ ਜਾਂਦੀ ਹੈ, ਉਸ ਦਾ ਮਨ ਇਸ ਤਰ੍ਹਾਂ ਪਵਿੱਤ੍ਰ ਹੋ ਜਾਂਦਾ ਹੈ, ਬਸ ਫਿਰ ਉਸ ਨੂੰ ਹੋਰ ਕੋਈ ਭੀ ਮਿੱਥੇ ਹੋਏ ਧਾਰਮਿਕ ਕਰਮ ਕਰਨ ਦੀ ਲੋੜ ਨਹੀਂ ਰਹਿ ਜਾਂਦੀ।੪।੧।

ਭਾਵਾਰਥ : ਸਾਡੇ ਇਸ ਦੇਸ਼ ਦੇ ਵਾਸੀ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਮੁਕਤੀ ਪ੍ਰਾਪਤ ਕਰ ਲੈਣ ਦਾ ਕੂੜਾ ਹੀ ਭਰੋਸਾ ਕਰੀ ਬੈਠੇ ਹਨ। ਸਰੀਰਕ ਮੈਲ ਤਾਂ ਭਾਵੇਂ ਤੀਰਥ ਇਸ਼ਨਾਨ ਨਾਲ ਦੂਰ ਹੋ ਸਕਦੀ ਹੈ, ਪਰ ਮਨ ਅਹੰਤਾ ਮਮਤਾ ਵਿਚ ਮੈਲਾ ਹੀ ਰਹਿੰਦਾ ਹੈ। ਹਜ਼ੂਰ ਇਸ ਸ਼ਬਦ ਵਿਚ ਉਪਦੇਸ਼ ਕਰਦੇ ਹਨ ਕਿ ਮਨੁੱਖ ਦੇ ਅੰਦਰੋਂ ਮਾਇਆ ਦੀ ਮੈਲ ਨਾਮ ਜਪਣ ਦੀ ਬਰਕਤ ਨਾਲ ਹੀ ਲਹਿ ਸਕਦੀ ਹੈ, ਇਸ ਲਈ ਨਾਮ ਹੀ ਜਪਦੇ ਰਹਿਣਾ ਚਾਹੀਦਾ ਹੈ।

ਵਡਹੰਸੁ ਮਹਲਾ ੩ ॥

੧. ਨਦਰੀ ਸਤਗੁਰੁ ਸੇਵੀਐ
ਨਦਰੀ ਸੇਵਾ ਹੋਇ ॥
੨. ਨਦਰੀ ਇਹੁ ਮਨੁ ਵਸਿ ਆਵੈ
ਨਦਰੀ ਮਨੁ ਨਿਰਮਲੁ ਹੋਇ ॥੧॥
੩. ਮੇਰੇ ਮਨ ਚੇਤਿ ਸਚਾ ਸੋਇ ॥
੪. ਏਕੋ ਚੇਤਹਿ ਤਾ ਸੁਖੁ ਪਾਵਹਿ
ਫਿਰਿ ਦੂਖੁ ਨ ਮੂਲੇ ਹੋਇ ॥੧॥ ਰਹਾਉ ॥
੫. ਨਦਰੀ ਮਰਿ ਕੈ ਜੀਵੀਐ
ਨਦਰੀ ਸਬਦੁ ਵਸੈ ਮਨਿ ਆਇ ॥
੬. ਨਦਰੀ ਹੁਕਮੁ ਬੁਝੀਐ
ਹੁਕਮੇ ਰਹੈ ਸਮਾਇ ॥੨॥
੭. ਜਿਨਿ ਜਿਹਵਾ ਹਰਿ ਰਸੁ ਨ ਚਖਿਓ
ਸਾ ਜਿਹਵਾ ਜਲਿ ਜਾਉ ॥
੮. ਅਨ ਰਸ ਸਾਦੇ ਲਗਿ ਰਹੀ
ਦੁਖੁ ਪਾਇਆ ਦੂਜੈ ਭਾਇ ॥੩॥
੯. ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ ॥
੧੦. ਨਾਨਕ ਸਤਗੁਰਿ ਮਿਲਿਐ ਫਲੁ ਪਾਇਆ
ਨਾਮੁ ਵਡਾਈ ਦੇਇ ॥੪॥੨॥

ਪਦ ਅਰਥ : ਨਦਰੀ—(ਪਰਮੇਸ਼ਰ ਦੀ ਕਿਰਪਾ ਦੀ) ਦ੍ਰਿਸ਼ਟੀ ਨਾਲ। ਸੇਵੀਐ—ਸੇਵਾ ਕੀਤੀ ਜਾ ਸਕਦੀ ਹੈ, ਸ਼ਰਨ ਲਈ ਜਾ ਸਕਦੀ ਹੈ। ਵਸਿ—ਕਾਬੂ ਵਿਚ। ਨਿਰਮਲੁ—ਪਵਿੱਤ੍ਰ।੧।

ਚੇਤਿ—ਸਿਮਰ, ਯਾਦ ਕਰਦਾ ਰਹੁ। ਸਚਾ—ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਮੂਲੇ—ਬਿਲਕੁਲ।੧।ਰਹਾਉ।

ਮਰਿ ਕੈ—ਵਿਕਾਰਾਂ ਵਲੋਂ ਅਛੋਹ ਰਹਿ ਕੇ। ਜੀਵੀਐ—ਅਮਰ ਜੀਵਨ ਪ੍ਰਾਪਤ ਕਰੀਦਾ ਹੈ। ਮਨਿ—ਮਨ ਵਿਚ। ਹੁਕਮੇ—ਹੁਕਮ ਹੀ, ਹੁਕਮ ਵਿਚ।੨।

ਜਿਨਿ—ਜਿਸ ਨੇ। ਜਿਨਿ ਜਿਹਵਾ—ਜਿਸ ਜੀਭ ਨੇ। ਜਲਿ

ਜਾਉ—ਸੜ ਜਾਏ, ਉਹ ਸੜਨ ਜੋਗ ਹੈ। ਅਨ—ਹੋਰ ਹੋਰ। ਸਾਦੇ—ਸਾਦਿ, ਸੁਆਦ ਵਿਚ। ਦੂਜੇ ਭਾਇ—ਮਾਇਆ ਦੇ ਪਿਆਰ ਵਿਚ।੩।

ਆਪੇ—ਆਪ ਹੀ। ਕਰੇਇ—ਕਰਦਾ ਹੈ। ਸਤਗੁਰਿ ਮਿਲਿਐ—ਜੇ ਗੁਰੂ ਮਿਲ ਪਵੇ। ਦੇਇ—ਦੇਂਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਚਾਹੁੰਦੇ ਤਾਂ ਬਹੁਤੇ ਲੋਕ ਹਨ, ਪਰ ਸਾਰਿਆਂ ਨੂੰ ਸਤਿਗੁਰੂ ਦੀ ਸੇਵਾ ਪ੍ਰਾਪਤ ਕਿਉਂ ਨਹੀਂ ਹੁੰਦੀ ੧., ਅਤੇ ਮਨ ਇਸ ਵਿਚ ਕਿਉਂ ਨਹੀਂ ਆਉਂਦਾ ੨., ਮਲੀਨ ਮਨ ਨਿਰਮਲ ਕਿਉਂ ਨਹੀਂ ਹੁੰਦਾ ੩., ਹਰ ਬੰਦਾ ਜੀਵਤ ਭਾਵ ਤੋਂ ਮਰਨ ਦਾ ਜਤਨ ਕਰਦਾ ਹੋਇਆ ਭੀ ਕਿਉਂ ਨਹੀਂ ਮਰ ਸਕਦਾ ੪., ਮਨ ਵਿਚ ਗੁਰੂ ਦਾ ਸ਼ਬਦ ਕਿਉਂ ਨਹੀਂ ਟਿਕਦਾ ੫., ਅਤੇ ਗੁਰੂ ਦੇ ਹੁਕਮ ਵਿਚ ਇਹ ਕਿਉਂ ਨਹੀਂ ਸਦਾ ਹੀ ਸਮਾਇਆ ਰਹਿ ਸਕਦਾ ੬.। ਇਨ੍ਹਾਂ ਛਿਆਂ ਪ੍ਰਸ਼ਨਾਂ ਦਾ ਕਿਸੇ ਸੁਖੈਨ ਢੰਗ ਨਾਲ ਉੱਤਰ ਦੇ ਕੇ ਸਮਝਾਉਣ ਦੀ ਕਿਰਪਾ ਕਰੋ।

ਉ: ੧. ਹੇ ਭਾਈਓ! ਇਸ ਦੇ ਪਿੱਛੇ ਇਕੋ ਹੀ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਹੈ, ਜੋ ਕਿ ਕੰਮ ਕਰਦੀ ਵੇਖੀਦੀ ਹੈ। ਹੇ ਪਿਆਰੇ! ੧. ਪ੍ਰਭੂ ਦੀ ਮਿਹਰ ਭਰੀ ਨਜ਼ਰ ਨਾਲ ਹੀ ਗੁਰੂ ਦੀ ਸੇਵਾ ਕੀਤੀ ਜਾ ਸਕਦੀ ਹੈ, (ਹਾਂ, ਉਸ ਦੀ) ਨਦਰ ਨਾਲ ਹੀ ਵਾਹਿਗੁਰੂ ਦੀ ਸੇਵਾ ਹੋ ਆਉਂਦੀ ਹੈ।

੨. ਹੇ ਪਿਆਰੇ! ੨. ਵਾਹਿਗੁਰੂ ਦੀ ਨਜ਼ਰ ਨਾਲ ਹੀ ਇਹ ਮਨ ਵਸ ਵਿਚ ਆਉਂਦਾ ਹੈ। ੩. ਸਾਈਂ ਜੀ ਦੀ ਰਹਿਮ ਭਰੀ ਨਜ਼ਰ ਨਾਲ ਹੀ ਮਲੀਨ ਮਨ ਨਿਰਮਲ ਹੁੰਦਾ ਹੈ।੧।

੩. ਇਸ ਲਈ, ਹੇ ਮੇਰੇ ਮਨ! ਤੂੰ ਉਸ ਸੱਚੇ ਵਾਹਿਗੁਰੂ ਜੀ ਨੂੰ (ਸਦਾ ਹੀ) ਯਾਦ ਰੱਖ।

੪-੫. ਜੇ ਤੂੰ ਉਸ ਇਕ ਪਰਮੇਸ਼ਰ ਨੂੰ ਯਾਦ ਕਰਦਾ ਰਹੇਂਗਾ, ਤਾਂ ਤੂੰ ਸੁੱਖ ਹਾਸਲ ਕਰੇਂਗਾ ਅਤੇ ਫਿਰ ਤੈਨੂੰ ਕਦੇ ਵੀ ਕੋਈ ਦੁੱਖ ਨਹੀਂ ਪੋਹ ਸਕੇਗਾ।੧।ਰਹਾਉ। ੪. ਉਸ ਪ੍ਰਭੂ ਦੀ ਰਹਿਮ ਭਰੀ ਨਜ਼ਰ ਰਾਹੀਂ ਹੀ (ਅਨਾਤਮਕ ਜੀਵਨ ਤੋਂ) ਮਰ ਕੇ (ਆਤਮ ਜੀਵਨ ਵਿਚ) ਜੀਉ ਪਈਦਾ ਹੈ। ੫. ਉਸੇ ਦੀ ਹੀ ਰਹਿਮ ਭਰੀ ਨਦਰ ਹੋਵੇ ਤਾਂ ਗੁਰੂ ਦਾ ਉਪਦੇਸ਼ ਮਨ ਵਿਚ ਆ ਵਸਦਾ ਹੈ।

੬. ੬. ਵਾਹਿਗੁਰੂ ਦੀ ਮਿਹਰ ਭਰੀ ਨਜ਼ਰ ਨਾਲ ਹੀ ਉਸ ਸਾਈਂ ਜੀ ਦਾ ਹੁਕਮ ਬੁਝੀਦਾ ਹੈ, ਮਿਹਰ ਹੋਵੇ ਤਾਂ ਉਸੇ ਦੇ ਹੀ ਹੁਕਮ ਵਿਚ (ਸਦਾ) ਸਮਾਏ ਰਹੀਦਾ ਹੈ।੨।

੭. ਹੇ ਭਾਈਓ! ਅਜਿਹੀ ਮਿਹਰ ਕਰਨ ਵਾਲੇ ਸਾਈਂ ਜੀ ਦਾ, ਜਿਸ ਦੀ ਜੇਹਬਾ ਨੇ ਨਾਮ ਰਸ ਨਹੀਂ ਚਖਿਆ, ਉਹ ਜੇਹਬਾ ਤਾਂ ਸੜ ਹੀ ਜਾਏ ਤਾਂ ਚੰਗੀ ਹੈ।

੮. (ਕਿਉਕਿ) ਉਹ ਜੀਭ, ਹੋਰ ਰਸਾਂ ਦੇ ਸੁਆਦ ਵਿਚ ਲੱਗ ਰਹੀ ਹੈ, ਇਸ ਕਰਕੇ ਉਹ ਦ੍ਵੈਤ-ਭਾਵਨਾ ਵਿਚ ਹੈ। ਸੋ ਦ੍ਵੈਤ-ਭਾਵਨਾ ਵਿਚ ਹੋਣ ਕਰਕੇ ਸਭ ਕਿਸੇ ਨੇ ਹੀ ਦੁੱਖ ਪਾਇਆ ਹੈ।

੯. ਹੇ ਭਾਈਓ! ਉਂਞ ਤਾਂ ਸਾਰੇ ਜੀਵਾਂ ਉੱਤੇ ਇਕ ਪਰਮਾਤਮਾ ਦੀ ਹੀ ਕਿਰਪਾ ਦੀ ਨਜ਼ਰ ਰਹਿੰਦੀ ਹੈ, ਪਰ ਕੋਈ ਚੰਗਾ ਬਣ ਜਾਂਦਾ ਹੈ, ਕੋਈ ਵਿਕਾਰੀ ਹੋ ਜਾਂਦਾ ਹੈ, ਇਹ ਫ਼ਰਕ ਭੀ ਪਰਮੇਸ਼ਰ ਆਪ ਹੀ ਬਣਾਂਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜੇ ਗੁਰੂ ਮਿਲ ਪਵੇ ਤਾਂ ਹੀ ਪਰਮੇਸ਼ਰ ਦੀ ਨਜ਼ਰ ਦਾ ਫਲ ਮਿਲਦਾ ਹੈ, (ਪਰਮਾਤਮਾ ਗੁਰੂ ਦੇ ਰਾਹੀਂ ਆਪਣਾ) ਨਾਮ ਬਖ਼ਸ਼ਦਾ ਹੈ, ਇਹੋ ਹੀ ਨਾਮ-ਪ੍ਰਾਪਤੀ ਸਭ ਤੋਂ ਵੱਡੀ ਇੱਜ਼ਤ ਬਖ਼ਸ਼ਸ਼ ਕਰਦੀ ਹੈ।੪।੨।

ਭਾਵਾਰਥ : ਇਸ ਮਹਾਂਵਾਕ ਵਿਚ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਸਾਧਨ ਗੁਰੂ ਤੋਂ ਪ੍ਰਾਪਤ ਕਰ ਕੇ ਉਸ ਹੁਕਮੀ ਵਿਚ ਸਮਾ ਜਾਣ ਤਕ ਵਾਹਿਗੁਰੂ ਦੀ ਕਿਰਪਾ ਵਿਚ ਹੀ ਪ੍ਰਾਪਤ ਹੋ ਜਾਣੇ ਦੱਸੇ ਹਨ।

ਵਡਹੰਸੁ ਮਹਲਾ ੩ ॥

੧. ਮਾਇਆ ਮੋਹੁ ਗੁਬਾਰੁ ਹੈ
ਗੁਰ ਬਿਨੁ ਗਿਆਨੁ ਨ ਹੋਈ ॥
੨. ਸਬਦਿ ਲਗੇ ਤਿਨ ਬੁਝਿਆ
ਦੂਜੈ ਪਰਜ ਵਿਗੋਈ ॥੧॥
੩. ਮਨ ਮੇਰੇ ਗੁਰਮਤਿ ਕਰਣੀ ਸਾਰੁ ॥
੪. ਸਦਾ ਸਦਾ ਹਰਿ ਪ੍ਰਭੁ ਰਵਹਿ
ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥
੫. ਗੁਣਾ ਕਾ ਨਿਧਾਨੁ ਏਕੁ ਹੈ
ਆਪੇ ਦੇਇ ਤਾ ਕੋ ਪਾਏ ॥
੬. ਬਿਨੁ ਨਾਵੈ ਸਭ ਵਿਛੁੜੀ
ਗੁਰ ਕੈ ਸਬਦਿ ਮਿਲਾਏ ॥੨॥
੭. ਮੇਰੀ ਮੇਰੀ ਕਰਦੇ ਘਟਿ ਗਏ
ਤਿਨਾ ਹਥਿ ਕਿਹੁ ਨ ਆਇਆ ॥
੮. ਸਤਗੁਰਿ ਮਿਲਿਐ ਸਚਿ ਮਿਲੈ
ਸਚਿ ਨਾਮਿ ਸਮਾਇਆ ॥੩॥
੯. ਆਸਾ ਮਨਸਾ ਏਹੁ ਸਰੀਰੁ ਹੈ
ਅੰਤਰਿ ਜੋਤਿ ਜਗਾਏ ॥
੧੦. ਨਾਨਕ ਮਨਮੁਖਿ ਬੰਧੁ ਹੈ
ਗੁਰਮੁਖਿ ਮੁਕਤਿ ਕਰਾਏ ॥੪॥੩॥

ਪਦ ਅਰਥ : ਗੁਬਾਰੁ—ਘੁੱਪ ਹਨੇਰਾ, ਅਕਾਸ਼ ਵਿਚ ਚੜ੍ਹਿਆ ਗਰਦੇ ਦਾ ਹਨੇਰਾ, ਭਾਵ ਅਗਿਆਨ ਦਾ ਹਨੇਰਾ, ਜੋ ਮਾਇਆ ਮੋਹ ਹੈ। ਸਬਦਿ—ਸ਼ਬਦ ਵਿਚ। ਤਿਨ—ਉਨ੍ਹਾਂ ਨੇ। ਦੂਜੇ—ਮਾਇਆ ਦੇ ਮੋਹ ਵਿਚ। ਪਰਜ—ਸ੍ਰਿਸ਼ਟੀ। ਵਿਗੋਈ—ਖ਼ੁਆਰ ਹੋ ਰਹੀ ਹੈ।੧।

ਕਰਣੀ—ਜੀਵਨ ਕਰਤੱਬ। ਸਾਰੁ—ਸੰਭਾਲ। ਰਵਹਿ—ਜੇ ਤੂੰ ਸਿਮਰਦਾ ਰਹੇਂ। ਮੋਖ—ਬੰਧਨਾਂ ਤੋਂ ਖ਼ਲਾਸੀ।੧।ਰਹਾਉ।

ਨਿਧਾਨੁ—ਖ਼ਜ਼ਾਨਾ। ਦੇਇ—ਦੇਂਦਾ ਹੈ। ਕੋ—ਕੋਈ ਮਨੁੱਖ। ਸਬਦਿ—ਸ਼ਬਦ ਦੀ ਰਾਹੀਂ।੨।

ਘਟਿ ਗਏ—ਆਤਮਿਕ ਜੀਵਨ ਵਿਚ ਲਿਸੇ ਹੁੰਦੇ ਜਾਂਦੇ ਹਨ। ਹਥਿ—ਹੱਥ ਵਿਚ। ਕਿਹੁ—ਆਤਮਿਕ ਜੀਵਨ ਵਿਚੋਂ ਕੁਝ ਭੀ। ਸਤਿਗੁਰਿ ਮਿਲਿਐ—ਜੇ ਗੁਰੂ ਮਿਲ ਪਏ। ਨਾਮਿ—ਨਾਮ ਵਿਚ।੩।

ਮਨਸਾ—ਮਨ ਦਾ ਫੁਰਨਾ। ਜੋਤਿ ਜਗਾਏ—ਆਤਮਿਕ ਜੀਵਨ ਦੀ ਰੌਸ਼ਨੀ ਕਰ ਦੇਂਦਾ ਹੈ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ। ਬੰਧੁ—ਬੰਨ੍ਹ, ਰੋਕ।

ਅਰਥ :

ਪ੍ਰ: ਹੇ ਗੁਰੋ ! ਗਿਆਨ-ਪ੍ਰਾਪਤੀ ਲਈ ਬਹੁਤ ਲੋਕ ਜਤਨ ਕਰਦੇ ਹਨ, ਪਰ ਉਨ੍ਹਾਂ ਨੂੰ ਵੇਖੀਦਾ ਹੈ ਕਿ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਇਹ ਕਿਉਂ ?

ਉ: ੧. ਹੇ ਭਾਈਓ ! ਗਿਆਨ-ਪ੍ਰਾਪਤੀ ਦੇ ਰਾਹ ਵਿਚ, ਮਾਇਆ ਦਾ ਮੋਹ ਇਕ (ਮਾਨੋ) ਘੁੱਪ ਹਨੇਰਾ ਹੈ, ਜੋ ਕਿ ਜੀਵਾਂ ਦੇ ਮਨਾਂ 'ਤੇ ਛਾ ਰਿਹਾ ਹੈ, ਸੋ ਇਸ ਨੂੰ ਨਾਸ ਕਰਨ ਵਾਸਤੇ ਗਿਆਨ ਦਾ ਚਾਨਣਾ ਹੈ, ਪਰ ਇਹ ਗਿਆਨ ਗੁਰੂ ਤੋਂ ਬਿਨਾ ਪ੍ਰਾਪਤ ਨਹੀਂ ਹੁੰਦਾ (ਜਿਸ ਕਰ ਕੇ ਉਹ ਬਹੁਤ ਲੋਕ ਗਿਆਨ ਤੋਂ ਸਖਣੇ ਰਹਿ ਜਾਂਦੇ ਹਨ)।

ਪ੍ਰ: ਹਜ਼ੂਰ ! ਇਸ ਗੱਲ ਦੀ ਹਰ ਇਕ ਨੂੰ ਸਮਝ ਕਿਉਂ ਨਹੀਂ ਪੈਂਦੀ ?

ਉ: ੨. ਹੇ ਭਾਈ ! ਇਸ ਗੱਲ ਦੀ ਸਮਝ ਉਸੇ ਮਨੁੱਖ ਨੂੰ ਪੈਂਦੀ ਹੈ, ਜੋ ਗੁਰੂ ਦੇ ਦਿੱਤੇ ਸ਼ਬਦ ਵਿਚ ਲਗੇ ਹਨ, ਬਾਕੀ ਦੀ ਸਾਰੀ ਸ੍ਰਿਸ਼ਟੀ ਦ੍ਵੈਤ-ਭਾਵਨਾ ਵਿਚ ਲਗ ਕੇ ਖ਼ਰਾਬ ਹੋ ਰਹੀ ਹੈ।੧।

੩. ਤਾਂ ਤੇ ਹੇ ਮੇਰੇ ਮਨ ! ਗੁਰਮਤਿ ਦੀ ਦੱਸੀ ਹੋਈ ਕਰਣੀ ਦੀ ਕਮਾਈ ਕਰ, ਇਹੋ ਸ੍ਰੇਸ਼ਟ ਭਗਤੀ ਹੈ।

੪. ਜੇ ਤੂੰ ਸਦਾ-ਸਦਾ ਹੀ ਹਰੀ ਦਾ ਨਾਮ ਸਿਮਰਦਾ ਰਹੇਂਗਾ ਤਾਂ ਤੂੰ ਮੁਕਤੀ ਦਾ ਦਰ ਗਿਆਨ ਪ੍ਰਾਪਤ ਕਰ ਲਏਂਗਾ।੧।ਰਹਾਉ।

੫. ਹੇ ਭਾਈਓ ! ਇਕ ਹਰੀ ਦਾ ਨਾਮ ਹੀ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਪਰ ਇਸ ਖ਼ਜ਼ਾਨੇ ਨੂੰ ਤਦੋਂ ਹੀ ਕੋਈ ਮਨੁੱਖ ਹਾਸਲ ਕਰਦਾ ਹੈ ਜਦੋਂ ਕਿ ਪ੍ਰਭੂ ਆਪ ਹੀ ਇਹ ਖ਼ਜ਼ਾਨਾ ਬਖ਼ਸ਼ਦਾ ਹੈ।

ਪ੍ਰ: ਹੇ ਗੁਰੋ ! ਇਸ ਸ੍ਰਿਸ਼ਟੀ ਦੇ ਪਰਮੇਸ਼ਰ ਤੋਂ ਵਿਛੜ ਜਾਣ ਦਾ ਅਸਲ ਕਾਰਣ ਕੀ ਹੈ ?

ਉ: ੬. ਹੇ ਭਾਈ ! ਪਰਮੇਸ਼ਰ ਦਾ ਨਾਮ ਸਿਮਰਨ ਤੋਂ ਬਿਨਾ ਇਹ ਸ੍ਰਿਸ਼ਟੀ ਪਰਮਾਤਮਾ ਤੋਂ ਵਿਛੜੀ ਰਹਿੰਦੀ ਹੈ, ਪਰ ਗੁਰੂ ਦੇ ਸ਼ਬਦ ਵਿਚ ਜੋੜ ਕੇ ਪ੍ਰਭੂ ਆਪ ਹੀ ਆਪਣੇ ਚਰਨਾਂ ਵਿਚ ਮਿਲਾ ਲੈਂਦਾ ਹੈ।੨।

ਪ੍ਰ: ਹਜ਼ੂਰ ! ਕਈ ਲੋਕ ਐਸੇ ਭੀ ਦੇਖੀਦੇ ਹਨ ਕਿ ਉਹ ਪਹਿਲੋਂ ਤਾਂ ਸ਼ੁਭ ਗੁਣਾਂ ਵਿਚ ਭਰਪੂਰ ਹੁੰਦੇ ਹਨ, ਪਰ ਸਹਿਜੇ-ਸਹਿਜੇ ਉਨ੍ਹਾਂ ਦੇ ਗੁਣ ਘਟਦੇ ਚਲੇ ਜਾਂਦੇ ਹਨ, ਸੋ ਇਸ ਦਾ ਸਹੀ ਕਾਰਣ ਕੀ ਹੈ ?

ਉ: ੭. ਹੇ ਸੱਜਣੋ ! (ਅਸਲ ਗੱਲ ਤਾਂ ਇਹੋ ਹੈ ਕਿ ਇਹ ਜੋ ਮਾਇਆ ਦਾ ਮੋਹ ਹੈ, ਇਹ ਇਕ ਮਹਾਂ ਗ਼ੁਬਾਰ ਹੈ। ਜੋ ਇਸ ਵਿਚ ਫਸ ਕੇ) ਮੇਰੀ-ਮੇਰੀ ਕਰਦੇ ਰਹੇ, ਉਹ ਸ਼ੁਭ ਗੁਣਾਂ ਵਲੋਂ ਘਟਦੇ-ਘਟਦੇ (ਆਖ਼ਰ) ਘਟ ਹੀ ਗਏ। ਉਨ੍ਹਾਂ ਨੂੰ ਆਤਮਿਕ ਜੀਵਨ ਦੇ ਖ਼ਜ਼ਾਨੇ ਵਿਚੋਂ ਕੁਝ ਭੀ ਹੱਥ ਨਹੀਂ ਆਇਆ।

ਪ੍ਰ: ਸ੍ਰੀ ਜੀਉ ! ਕੀ ਹੁਣ ਉਹ ਲੋਕ ਸਦਾ ਸਖਣੇ ਹੀ ਰਹਿਣਗੇ ?

ਉ: ੮. ਹੇ ਪਿਆਰੇ ! ਜੋ ਜੀਵ ਗੁਰੂ ਨੂੰ ਮਿਲ ਪਏ ਹਨ, ਉਹ ਸਦਾ-ਥਿਰ ਰਹਿਣ ਵਾਲੇ ਪ੍ਰਭੂ ਵਿਚ ਜੁੜੇ ਰਹਿੰਦੇ ਹਨ ਅਤੇ ਉਹ ਸਦਾ ਹੀ ਸੱਚੇ ਨਾਮ ਵਿਚ ਸਮਾਏ ਰਹਿੰਦੇ ਹਨ।੩।

ਪ੍ਰ: ਹੇ ਗੁਰੋ ! ਸਾਰੇ ਹੀ ਮਨੁੱਖਾਂ ਦੀ ਸੁਰਤਿ ਸੱਚੇ ਨਾਮ ਵਿਚ ਕਿਉਂ ਨਹੀਂ ਸਮਾਈ ਰਹਿੰਦੀ ?

ਉ: ੯. ਹੇ ਪਿਆਰੇ ! ਉਹ ਇਸ ਲਈ ਕਿ ਮਨਮੁਖ ਇਹ ਜਾਣਦਾ ਹੈ ਕਿ ਇਹ ਸਰੀਰ ਮੇਰਾ ਹੈ, ਇਸ ਕਰ ਕੇ ਉਸਨੂੰ ਆਸਾ ਤ੍ਰਿਸ਼ਨਾ ਲੱਗੀ ਰਹਿੰਦੀ ਹੈ (ਜਿਸ ਕਰ ਕੇ ਉਸ ਦੀ ਸੁਰਤਿ ਨਾਮ ਵਿਚ ਨਹੀਂ ਸਮਾਈ ਕਰਦੀ) ਪਰ ਇਸ ਨੂੰ ਚਾਹੀਦਾ ਹੈ ਕਿ ਇਹ ਗੁਰੂ ਦਾ ਮਿਲਾਪੀ ਹੋਵੇ, ਕਿਉਂਕਿ ਗੁਰੂ ਇਸ ਦੇ ਅੰਦਰ ਆਤਮਿਕ ਜੀਵਨ ਦੀ ਰੌਸ਼ਨੀ ਪੈਦਾ ਕਰਦਾ ਹੈ, (ਇਉਂ ਇਸ ਦੀ ਸੁਰਤੀ ਨਾਮ ਵਿਚ ਸਮਾ ਜਾਂਦੀ ਹੈ)।

ਪ੍ਰ: ਹਜ਼ੂਰ ! ਆਪ ਜੀ ਦੀ ਵੀਚਾਰ ਅਨੁਸਾਰ ਬੰਧਨਾਂ ਵਿਚ ਬੰਧਿਆ ਹੋਇਆ ਕੌਣ ਹੈ ਅਤੇ ਬੰਧਨਾਂ ਤੋਂ ਖ਼ਲਾਸੀ ਕਿਸ ਦੀ ਹੋਈ ਹੈ ?

ਉ: ੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਮਨਮੁਖ ਤਾਂ ਆਸਾ ਮਨਸਾ ਵਿਚ ਬੰਨ੍ਹਿਆ ਗਿਆ ਹੈ, (ਪਰ ਗੁਰਮੁਖ ਗੁਰੂ ਦੇ ਸ਼ਬਦ ਦੁਆਰਾ ਆਪਣੀ) ਇਸ ਸੰਸਾਰ ਦੇ ਬੰਧਨਾਂ ਵਲੋਂ ਖ਼ਲਾਸੀ ਕਰਵਾ ਲੈਂਦਾ ਹੈ।੪।੩।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਇਸ ਮਨੁੱਖ ਦੇ ਅੰਦਰ ਮਾਇਆ ਦਾ ਮੋਹ ਇਕ ਗ਼ੁਬਾਰ ਅੰਧੇਰਾ ਹੈ। ਇਸ ਨੂੰ ਗਿਆਨ ਤੋਂ ਬਿਨਾ ਦੂਰ ਨਹੀਂ ਕੀਤਾ ਜਾ ਸਕਦਾ, ਪਰ ਉਹ ਗਿਆਨ ਦਾ ਚਰਾਗ਼ ਗੁਰਾਂ ਦੀ ਕਿਰਪਾ ਦੁਆਰਾ ਹਾਸਲ ਹੁੰਦਾ ਹੈ। ਉਸ ਗਿਆਨ ਦੇ ਚਾਨਣੇ ਤੋਂ ਸਖਣਾ ਮਨਮੁਖ ਦਾ ਮਨ ਆਸਾ ਮਨਸਾ ਵਿਚ ਬੰਧਿਆ ਰਹਿੰਦਾ ਹੈ, ਜਿਸ ਕਰ ਕੇ ਇਸ ਦੇ ਹਿਰਦੇ ਅੰਦਰ ਜੋਤੀ ਸਰੂਪ ਦੀ ਜੋਤ ਨਹੀਂ ਜਗਦੀ। ਇਹੋ ਇਕ ਕਾਰਣ ਹੈ ਕਿ ਇਹ ਮਨੁੱਖ ਜੰਮਣ ਮਰਨ ਦੇ ਚੱਕ੍ਰ ਵਿਚ ਪਿਆ ਰਹਿੰਦਾ ਹੈ। ਗੁਰਮੁਖ ਗੁਰੂ ਦੇ ਉਪਦੇਸ਼ ਦੀ ਕਮਾਈ ਕਰ ਕੇ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦੇ ਹਨ।

ਵਡਹੰਸੁ ਮਹਲਾ ੩ ॥

੧. ਸੋਹਾਗਣੀ ਸਦਾ ਮੁਖੁ ਉਜਲਾ
ਗੁਰ ਕੈ ਸਹਜਿ ਸੁਭਾਇ ॥
੨. ਸਦਾ ਪਿਰੁ ਰਾਵਹਿ ਆਪਣਾ
ਵਿਚਹੁ ਆਪੁ ਗਵਾਇ ॥੧॥
੩. ਮੇਰੇ ਮਨ ਤੂ ਹਰਿ ਹਰਿ ਨਾਮੁ ਧਿਆਇ ॥
੪. ਸਤਗੁਰਿ ਮੋ ਕਉ ਹਰਿ ਦੀਆ ਬੁਝਾਇ ॥੧॥ ਰਹਾਉ ॥
੫. ਦੋਹਾਗਣੀ ਖਰੀਆ ਬਿਲਲਾਦੀਆ
ਤਿਨਾ ਮਹਲੁ ਨ ਪਾਇ ॥

੬. ਦੂਜੈ ਭਾਇ ਕਰੂਪੀ
ਦੂਖੁ ਪਾਵਹਿ ਆਗੈ ਜਾਇ ॥੨॥
੭. ਗੁਣਵੰਤੀ ਨਿਤ ਗੁਣ ਰਵੈ
ਹਿਰਦੈ ਨਾਮੁ ਵਸਾਇ ॥
੮. ਅਉਗਣਵੰਤੀ ਕਾਮਣੀ
ਦੁਖੁ ਲਾਗੈ ਬਿਲਲਾਇ ॥੩॥
੯. ਸਭਨਾ ਕਾ ਭਤਾਰੁ ਏਕੁ ਹੈ ਸੁਆਮੀ
ਕਹਣਾ ਕਿਛੂ ਨ ਜਾਇ ॥
੧੦. ਨਾਨਕ ਆਪੇ ਵੇਕ ਕੀਤਿਅਨੁ
ਨਾਮੇ ਲਇਅਨੁ ਲਾਇ ॥੪॥੪॥

ਪਦ ਅਰਥ : ਸੋਹਾਗਣੀ—ਸੁਹਾਗ ਭਾਗ ਵਾਲੀਆਂ, ਪ੍ਰਭੂ ਪਤੀ ਨੂੰ ਜੀਉਂਦਾ ਜਾਗਦਾ ਸਦਾ ਹੀ ਅੰਗ ਸੰਗ ਜਾਨਣ ਵਾਲੀਆਂ। ਉਜਲਾ—ਰੌਸ਼ਨ। ਗੁਰ ਕੈ—ਗੁਰੂ ਦੇ ਸ਼ਬਦ ਦੀ ਬਰਕਤ ਨਾਲ। ਸੁਭਾਇ—ਪ੍ਰੇਮ ਵਿਚ। ਪਿਰੁ—ਖਸਮ। ਰਾਵਹਿ—ਹਿਰਦੇ ਵਿਚ ਸੰਭਾਲ ਰੱਖਦੀਆਂ ਹਨ। ਆਪੁ—ਆਪਾ ਭਾਵ।੧।

ਸਤਗੁਰਿ—ਗੁਰੂ ਨੇ। ਮੋ ਕਉ—ਮੈਨੂੰ।੧।ਰਹਾਉ।

ਖਰੀਆ—ਬਹੁਤ। ਮਹਲੁ—ਪ੍ਰਭੂ ਦੀ ਹਜ਼ੂਰੀ, ਸਰੂਪ, ਵਾਹਿਗੁਰੂ ਦਾ ਸਰੂਪ, ਭਾਵ ਹੈ ਪ੍ਰਭੂ ਨੂੰ ਪ੍ਰਾਪਤ ਨਹੀਂ ਹੁੰਦੀਆਂ। ਕਰੂਪੀ—ਕੋਝੇ, ਕੋਝੇ ਆਤਮਿਕ ਜੀਵਨ ਵਾਲੀਆਂ। ਆਗੈ—ਪ੍ਰਲੋਕ ਵਿਚ। ਜਾਇ—ਜਾ ਕੇ।੨।

ਰਵੈ—ਚੇਤੇ ਰੱਖਦੀ ਹੈ। ਵਸਾਇ—ਵਸਾ ਕੇ। ਕਾਮਣੀ—ਜੀਵ-ਇਸਤ੍ਰੀ।੩।

ਭਤਾਰੁ—ਖਸਮ, ਪਤੀ। ਵੇਕ—ਵਖ ਵਖ ਸੁਭਾਉ ਵਾਲੇ। ਕੀਤੀਅਨੁ—ਉਸ ਨੇ ਬਣਾ ਦਿੱਤੇ ਹਨ। ਨਾਮੇ—ਨਾਮ ਵਿਚ। ਲਾਇਅਨੁ ਲਾਇ—ਉਸ ਨੇ ਲਾ ਲਏ ਹਨ।੪।

ਅਰਥ :

ਪ੍ਰ: ਹਜ਼ੂਰ! ਆਪ ਗੁਰਮੁਖ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈ! ਗੁਰਮੁਖ ਵੀ ਇਕ ਸੁਹਾਗਣ ਵਾਂਗੂੰ ਹੈ। ਜਿਸ ਤਰ੍ਹਾਂ ਸੁਹਾਗਣ ਆਪਣੇ ਪਤੀ ਨੂੰ ਆਪਣੇ ਸਿਰ ਉੱਤੇ ਸਦਾ ਹੀ ਜੀਉਂਦਾ ਜਾਗਦਾ ਜਾਣਦੀ ਹੈ, ਉਸ ਦਾ ਮੂੰਹ ਸਦਾ ਹੀ ਹਰ ਥਾਂ ਉੱਜਲਾ ਹੁੰਦਾ ਹੈ। ਇਸੇ ਤਰ੍ਹਾਂ ਗੁਰਮੁਖ ਰੂਪੀ ਸੁਹਾਗਣਾਂ ਦਾ ਮੂੰਹ ਸਦਾ ਹੀ ਉੱਜਲ ਰਹਿੰਦਾ ਹੈ, ਕਿਉਂਕਿ ਉਨ੍ਹਾਂ ਨੇ ਗੁਰੂ ਤੋਂ ਪ੍ਰਾਪਤ ਹੋਏ ਸ਼ਾਂਤੀ ਸੁਭਾਉ ਵਿਚ ਰਹਿੰਦਿਆਂ ਜੀਵਨ ਗੁਜ਼ਾਰਿਆ ਹੈ, ਭਾਵ ਉਹ ਗੁਰੂ ਦੇ ਸ਼ਬਦ ਰਾਹੀਂ ਆਤਮਿਕ ਅਡੋਲਤਾ ਤੇ ਪ੍ਰਭੂ ਪ੍ਰੇਮ ਵਿਚ ਟਿਕੀਆਂ ਰਹਿੰਦੀਆਂ ਹਨ।

੨. ਇਸੇ ਹੀ ਪ੍ਰਭੂ ਪਿਆਰ ਦੀ ਬਰਕਤ ਨਾਲ ਉਹ ਗੁਰਮੁਖ ਸੁਹਾਗਣਾਂ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਕੇ ਸਦਾ ਹੀ ਆਪਣੇ ਪ੍ਰਭੂ ਪਤੀ ਨੂੰ ਹਿਰਦੇ ਵਿਚ ਸੰਭਾਲ ਰੱਖਦੀਆਂ ਹਨ।

੩. ਤਾਂ ਤੇ, ਹੇ ਮੇਰੇ ਮਨ! ਤੂੰ ਹਰਿ ਹਰਿ ਨਾਮ ਦੀ (ਸਦਾ) ਅਰਾਧਨਾ ਕਰਦਾ ਰਹੁ।

ਪ੍ਰ: ਹਜ਼ੂਰ! ਇਹ ਹਰਿ ਹਰਿ ਨਾਮ ਦੇ ਅਰਾਧਨਾ ਕਰਨ ਦੀ ਜਾਗ ਤੁਹਾਨੂੰ ਕਿੱਥੋਂ ਲੱਗੀ ਹੈ?

ਉ: ੪. ਹੇ ਭਾਈਓ! ਮੈਨੂੰ ਤਾਂ ਮੇਰੇ ਗੁਰੂ ਨੇ ਹੀ ਹਰਿ ਨਾਮ (ਸਿਮਰਨ) ਦੀ ਸੂਝ ਬਖ਼ਸ਼ ਦਿੱਤੀ ਹੈ।੧।ਰਹਾਉ।

ਪ੍ਰ: ਹੇ ਗੁਰੋ! ਆਪ ਜੀ ਉਪਰ ਗੁਰਮੁਖ ਰੂਪ ਸੁਹਾਗਣੀ ਦਾ ਨਿਰਨਾ ਲਿਖ ਆਏ ਹੋ ਕਿ ਉਨ੍ਹਾਂ ਦਾ ਮੁੱਖ ਸਦਾ ਹੀ ਹਰ ਥਾਂ ਉੱਜਲਾ ਹੈ, ਪਰ ਉਨ੍ਹਾਂ ਗੁਰਮੁਖਾਂ ਦੇ ਮੁਕਾਬਲੇ ਵਿਚ ਜੋ ਮਨਮੁਖ ਹਨ, ਉਨ੍ਹਾਂ ਬਾਰੇ ਭੀ ਸੋਝੀ ਦਿਓ।

ਉ: ੫. ਹੇ ਸੱਜਨੋ! ਜੋ ਮਨਮੁਖ ਜੀਵ ਰੂਪ ਛੁੱਟੜ ਇਸਤ੍ਰੀਆਂ ਹਨ, ਉਹ ਅੱਗੇ ਜਾ ਕੇ ਬਹੁਤ ਦੁਖੀ ਰਹਿੰਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਪਰਮੇਸ਼ਰ ਪਤੀ ਦਾ ਸਰੂਪ ਪ੍ਰਾਪਤ ਨਹੀਂ ਹੁੰਦਾ।

੬. ਉਹ ਦ੍ਵੈਤ-ਭਾਵਨਾ ਵਿਚ ਗ਼ਲਤਾਨ ਰਹਿਣ ਕਰ ਕੇ ਕੋਝੇ ਆਤਮਿਕ ਜੀਵਨ ਵਾਲੀਆਂ ਹੀ ਰਹਿੰਦੀਆਂ ਹਨ, ਜਿਸ ਕਰ ਕੇ ਉਹ ਅੱਗੇ ਪ੍ਰਲੋਕ ਵਿਚ ਦੁੱਖ ਪਾਉਂਦੀਆਂ ਸਦਾ ਹੀ ਵਿਲਕਦੀਆਂ ਰਹਿੰਦੀਆਂ ਹਨ।

ਪ੍ਰ: ਕਿਉਂ ਜੀ! ਗੁਰਮੁਖ ਨੂੰ ਸੁੱਖ ਤੇ ਮਨਮੁਖ ਨੂੰ ਦੁੱਖ ਪ੍ਰਾਪਤੀ ਦਾ ਅਸਲ ਕਾਰਨ ਕੀ ਹੈ?

ਉ: ੭. ਹੇ ਭਾਈਓ! ਅਸਲ ਕਾਰਣ ਤਾਂ ਇਹੋ ਹੈ ਕਿ ਗੁਰਮੁਖ ਗੁਣਾਂ ਵਾਲੀ ਇਸਤ੍ਰੀ ਸਦਾ ਹੀ ਹਿਰਦੇ ਵਿਚ ਨਾਮ ਵਸਾ ਕੇ ਨਿਤਾ ਪ੍ਰਤੀ ਪਰਮੇਸ਼ਰ ਦੇ ਗੁਣਾਂ ਨੂੰ ਗਾਉਂਦੀ ਰਹਿੰਦੀ ਹੈ, ਜਿਸ ਦੀ ਬਰਕਤ ਦੁਆਰਾ ਉਹ ਸੁਖੀ ਰਹਿੰਦੀ ਹੈ।

੮. ਅਤੇ ਅਉਗੁਣਾਂ ਵਾਲੀ ਮਨਮੁਖ ਰੂਪੀ ਇਸਤ੍ਰੀ ਨੂੰ ਜਦੋਂ ਦੁੱਖ ਆ ਲੱਗਦਾ ਹੈ ਤਾਂ ਉਹ ਵਿਲਕਦੀ ਹੈ।੩।

ਪ੍ਰ: ਹੇ ਗੁਰੋ! ਜਦ ਕਿ ਸਾਰੀਆਂ ਜੀਵ ਰੂਪੀ ਇਸਤ੍ਰੀਆਂ ਦਾ ਇਕੋ ਹੀ ਸੁਆਮੀ ਹੈ ਤਾਂ ਇਹ ਭੇਦ ਭਾਵ ਕਿਉਂ ਹੈ?

ਉ: ੯. ਹੇ ਪਿਆਰਿਓ! ਇਹੋ ਤਾਂ ਇਕ ਅਸਚਰਜ ਖੇਡ ਹੈ, ਜੋ ਕਿ ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, (ਕਿਉਂਕਿ) ਕੋਈ ਸੁਹਾਗਣੀ ਹੈ, ਕਈ ਦੁਹਾਗਣੀਆਂ ਹਨ, ਪਰ ਉਂਝ ਸਭਨਾਂ ਦਾ ਮਾਲਕ ਸੁਆਮੀ ਇਕ ਪਰਮੇਸ਼ਰ ਹੀ ਹੈ।

ਪ੍ਰ: ਹਜ਼ੂਰ! ਤਾਂ ਫਿਰ ਦੱਸੋ ਇਹ ਵਖਰਾਪਨ ਕਿਸ ਨੇ ਪਾ ਦਿੱਤਾ ਹੈ?

ਉ:੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸੱਜਨੋ! ਉਸ ਪ੍ਰਭੂ ਨੇ ਆਪ ਹੀ ਜੀਵਾਂ ਨੂੰ ਵੱਖ-ਵੱਖ ਸੁਭਾਅ ਵਾਲੇ ਬਣਾ ਦਿੱਤਾ ਹੈ, ਭਾਵ ਉਸ ਨੇ ਆਪੇ ਹੀ ਗੁਰਮੁਖਾਂ ਨੂੰ ਨਾਮ ਸਿਮਰਨ ਵਿਚ ਜੋੜਿਆ (ਅਤੇ ਮਨਮੁਖਾਂ ਨੂੰ ਸਖਣੇ ਰਹਿਣ ਦਿੱਤਾ ਹੈ)।੪।੪।

ਭਾਵਾਰਥ : ਇਸ ਸ਼ਬਦ ਵਿਚ ਗੁਰਮੁਖ ਤੇ ਮਨਮੁਖ ਨੂੰ ਸੁਹਾਗਣੀ ਤੇ ਦੁਹਾਗਣੀ ਦੇ ਪਦ ਵਰਤ ਕੇ ਜੀਵਾਂ ਨੂੰ ਸਾਂਝਾ ਉਪਦੇਸ਼ ਦਿੱਤਾ ਹੈ।

ਵਡਹੰਸੁ ਮਹਲਾ ੩ ॥

੧. ਅੰਮ੍ਰਿਤ ਨਾਮੁ ਸਦ ਮੀਠਾ ਲਾਗਾ
ਗੁਰ ਸਬਦੀ ਸਾਦੁ ਆਇਆ ॥

੨. ਸਚੀ ਬਾਣੀ ਸਹਜਿ ਸਮਾਣੀ
ਹਰਿ ਜੀਉ ਮਨਿ ਵਸਾਇਆ ॥੧॥
੩. ਹਰਿ ਕਰਿ ਕਿਰਪਾ ਸਤਗੁਰੁ ਮਿਲਾਇਆ ॥
੪. ਪੂਰੈ ਸਤਗੁਰਿ ਹਰਿ ਨਾਮੁ ਧਿਆਇਆ ॥੧॥ ਰਹਾਉ ॥
੫. ਬ੍ਰਹਮੈ ਬੇਦ ਬਾਣੀ ਪਰਗਾਸੀ
ਮਾਇਆ ਮੋਹ ਪਸਾਰਾ ॥
੬. ਮਹਾਦੇਉ ਗਿਆਨੀ ਵਰਤੈ ਘਰਿ ਆਪਣੈ
ਤਾਮਸੁ ਬਹੁਤੁ ਅਹੰਕਾਰਾ ॥੨॥
੭. ਕਿਸਨੁ ਸਦਾ ਅਵਤਾਰੀ ਰੂਧਾ
ਕਿਤੁ ਲਗਿ ਤਰੈ ਸੰਸਾਰਾ ॥
੮. ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ
ਚੂਕੈ ਮੋਹ ਗੁਬਾਰਾ ॥੩॥
੯. ਸਤਗੁਰ ਸੇਵਾ ਤੇ ਨਿਸਤਾਰਾ
ਗੁਰਮੁਖਿ ਤਰੈ ਸੰਸਾਰਾ ॥
੧੦. ਸਾਚੈ ਨਾਇ ਰਤੇ ਬੈਰਾਗੀ
ਪਾਇਨਿ ਮੋਖ ਦੁਆਰਾ ॥੪॥
੧੧. ਏਕੋ ਸਚੁ ਵਰਤੈ ਸਭ ਅੰਤਰਿ
ਸਭਨਾ ਕਰੇ ਪ੍ਰਤਿਪਾਲਾ ॥
੧੨. ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ
ਸਭਨਾ ਦੀਵਾਨੁ ਦਇਆਲਾ ॥੫॥੫॥

ਪਦ ਅਰਥ : ਅੰਮ੍ਰਿਤ—ਅਮਰ ਜੀਵਨ ਦੇਣ ਵਾਲਾ ਨਾਮ। ਸਦ—ਸਦਾ। ਸਬਦਿ—ਸ਼ਬਦ ਦੀ ਰਾਹੀਂ। ਸਾਦੁ—ਸੁਆਦ, ਅਨੰਦ। ਮਨਿ—ਮਨ ਵਿਚ।੧।

ਕਰਿ—ਕਰ ਕੇ। ਸਤਿਗੁਰਿ—ਗੁਰੂ ਦੇ ਰਾਹੀਂ।੧।ਰਹਾਉ।

ਬ੍ਰਹਮੈ—ਬ੍ਰਹਮਾ ਨੇ। ਪਸਾਰਾ—ਖਿਲਾਰਾ। ਮਹਾਦੇਉ—ਸ਼ਿਵ। ਵਰਤੈ—ਮਸਤ ਰਹਿੰਦਾ ਹੈ। ਘਰਿ—ਹਿਰਦੇ ਘਰ ਵਿਚ। ਤਾਮਸੁ—ਕ੍ਰੋਧ, ਤਮੋਗੁਣ, ਭਾਵ ਗ਼ੁੱਸਾ।੨।

ਕਿਸਨੁ—ਕ੍ਰਿਸ਼ਨ ਜੀ ਵਿਸ਼ਨੂੰ ਦਾ ੧੬ ਕਲਾਂ ਅਵਤਾਰ ਮੰਨੇ ਜਾਂਦੇ ਹਨ, ਇਸ ਕਰ ਕੇ ਵਿਸ਼ਨੂੰ ਭਾਵ ਲਈਦਾ ਹੈ। ਰੂਧਾ—ਰੁੱਝਾ ਰਹਿੰਦਾ ਹੈ। ਕਿਤੁ ਲਗਿ—ਕਿਸ ਦੀ ਚਰਨੀਂ ਲੱਗ ਕੇ ? ਗੁਰਮੁਖਿ—ਗੁਰੂ ਦੀ ਚਰਨੀਂ ਪੈਣ ਵਾਲੇ ਮਨੁੱਖ। ਗਿਆਨਿ—ਗਿਆਨ ਵਿਚ। ਜੁਗ ਅੰਤਰਿ—ਜੁਗ ਤੋਂ ਭਾਵ ਹੈ ਹਰ ਜੁਗ ਵਿਚ, ਜ਼ਮਾਨੇ ਵਿਚ, ਜਗਤ ਵਿਚ। ਗੁਬਾਰਾ—ਘੁਪ ਹਨੇਰਾ।੩।

ਤੇ—ਤੋਂ। ਨਿਸਤਾਰਾ—ਪਾਰ ਉਤਾਰਾ। ਸਾਚੈ ਨਾਇ—ਸੱਚੇ ਪ੍ਰਭੂ ਦੇ ਨਾਮ ਵਿਚ। ਬੈਰਾਗੀ—ਮਾਇਆ ਦੇ ਮੋਹ ਤੋਂ ਨਿਰਲੇਪ। ਪਾਇਨਿ—ਪਾਂਦੇ ਹਨ। ਮੋਖ—ਖ਼ਲਾਸੀ।੪।

ਪ੍ਰਤਿਪਾਲਾ—ਪਾਲਣਾ। ਦੀਵਾਨੁ—ਆਸਰਾ, ਹਾਕਮ ਜਿਸ ਪਾਸ ਫ਼ਰਿਆਦ ਕੀਤੀ ਜਾ ਸਕੇ। ਨ ਜਾਣਾ—ਮੈਂ ਨਹੀਂ ਜਾਣਦਾ।੫।

ਅਰਥ :

ਪ੍ਰ: ਹੇ ਗੁਰੋ! ਨਾਮ ਜਪਦੇ ਤਾਂ ਬਹੁਤ ਲੋਕ ਵੇਖੀਦੇ ਹਨ, ਪਰ ਕੀ ਇਹ ਨਾਮ ਸਾਰਿਆਂ ਨੂੰ ਹੀ ਮਿੱਠਾ ਲੱਗਣ ਲੱਗ ਪੈਂਦਾ ਹੈ ?

ਉ: ੧. ਹੇ ਪਿਆਰੇ! ਜਿਸ ਮਨੁੱਖ ਨੂੰ ਗੁਰੂ ਮਿਲ ਪਿਆ, ਉਸ ਨੂੰ ਅਮਰ ਜੀਵਨ ਦੇਣ ਵਾਲਾ ਨਾਮ ਸਦਾ ਮਿੱਠਾ ਲੱਗਦਾ ਹੈ, ਪਰ ਜਿਸ ਨੂੰ ਭੀ ਸੁਆਦ ਆਇਆ ਹੈ, ਉਸ ਨੂੰ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਹੀ ਆਇਆ ਹੈ।

੨. ਫਿਰ ਗੁਰੂ ਦੀ ਸੱਚੀ ਬਾਣੀ ਦੀ ਸਿਫ਼ਤਿ-ਸਾਲਾਹ ਦੇ ਰਾਹੀਂ (ਉਸ ਦੀ) ਬ੍ਰਿਤੀ ਸਹਿਜ (ਅਵਸਥਾ) ਵਿਚ ਸਮਾ ਰਹਿੰਦੀ ਹੈ ਅਤੇ ਜਾਣੋ ਉਸ ਦੇ ਮਨ ਵਿਚ ਹਰੀ ਜੀਉ ਵੱਸ ਗਿਆ ਹੈ।

ਪ੍ਰ: ਕਿਉਂ ਜੀ! ਤੁਸਾਂ ਨੂੰ ਗੁਰੂ ਕਿਵੇਂ ਲੱਭਾ ?

ਉ: ੩. ਹੇ ਭਾਈਓ! ਅਸਾਡੇ 'ਤੇ ਤਾਂ ਹਰੀ ਨੇ ਕਿਰਪਾ ਕੀਤੀ, ਅਸਾਨੂੰ ਸਤਿਗੁਰੂ ਮਿਲਾ ਦਿੱਤਾ।

੪. ਉਸੇ ਪੂਰੇ ਸਤਿਗੁਰੂ ਨੇ ਸਾਨੂੰ ਹਰੀ ਦਾ ਨਾਮ ਜਪਾਇਆ ਹੈ।੧।ਰਹਾਉ।

ਪ੍ਰ: ਹੇ ਗੁਰੋ! ਕੀ ਆਪ ਜੀ ਗੁਰੂ ਨੂੰ ਇਨ੍ਹਾਂ ਦੇਵਤਿਆਂ ਤੋਂ ਭੀ ਵੱਡਾ ਸਮਝਦੇ ਹੋ ?

ਉ: ੫. ਹੇ ਭਾਈਓ! ਜਿਨ੍ਹਾਂ ਤ੍ਰੈ ਦੇਵਤਿਆਂ ਬਾਰੇ ਤੁਸੀਂ ਕਹਿੰਦੇ ਹੋ, ਸੋ ਸੁਣੋ ਬ੍ਰਹਮਾ ਦੀ ਗੱਲ। ਉਸ ਬ੍ਰਹਮਾ ਨੇ ਬੇਦ ਬਾਣੀ ਦਾ ਪ੍ਰਕਾਸ਼ ਕੀਤਾ ਹੈ, ਪਰ ਉਸ ਨੇ ਆਪਣੀ ਰਚਨਾ ਵਿਚ ਮਾਇਆ ਮੋਹ ਦਾ ਹੀ ਖਿਲਾਰਾ ਖਿਲਾਰਿਆ ਹੈ, ਜਾਂ ਇਉਂ ਕਹੋ ਕਿ ਉਹ ਆਪ ਮਾਇਆ ਦੇ ਮੋਹ ਦੇ ਪਸਾਰੇ ਵਿਚ ਹੀ ਰਿਹਾ।

੬. ਹੇ ਪਿਆਰੇ! ਹੋਰ ਸੁਣੋ, ਮਹਾਦੇਉ (ਆਪ ਨੂੰ) ਗਿਆਨੀ ਸਦਾਉਂਦਾ ਹੈ। ਉਹ ਆਪਣੇ ਹਿਰਦੇ ਘਰ ਵਿਚ ਚਾਹੇ ਪਿਆ ਮਸਤ ਰਹਿੰਦਾ ਹੈ, ਪਰ ਉਸ ਦੇ ਅੰਦਰ ਵੀ ਬੜਾ ਤਾਮਸ, ਕ੍ਰੋਧ, ਹੰਕਾਰ ਤੇ ਗ਼ੁੱਸਾ (ਦਸੀ) ਦਾ ਹੈ।੨।

੭. (ਇਥੇ ਹੀ ਬਸ ਨਹੀਂ) ਵਿਸ਼ਨੂੰ ਸਦਾ ਹੀ ਅਵਤਾਰ ਧਾਰਨ ਵਿਚ ਰੁੱਝਾ ਹੋਇਆ (ਦੱਸਿਆ) ਜਾਂਦਾ ਹੈ, ਫਿਰ ਦੱਸੋ, ਤਾਂ ਜਗਤ ਕਿਸ ਦੀ ਚਰਨੀਂ ਲੱਗ ਕੇ ਸੰਸਾਰ ਸਾਗਰ ਤੋਂ ਪਾਰ ਲੰਘੇ ?

ਪ੍ਰ: ਹਜ਼ੂਰ! ਤਾਂ ਫਿਰ ਆਪ ਦੱਸੋ ਇਨ੍ਹਾਂ ਸੰਸਾਰੀ ਲੋਕਾਂ ਦੇ ਹਿਰਦੇ ਵਿਚੋਂ ਮੋਹ ਰੂਪ ਅੰਧਕਾਰ ਕਿਵੇਂ ਦੂਰ ਹੋ ਸਕਦਾ ਹੈ ?

ਉ: ੮. ਐ ਭਾਈਓ! ਜਿਹੜੇ ਮਨੁੱਖ ਇਸ ਜਗਤ ਵਿਚ ਗੁਰੂ ਦੀ ਸ਼ਰਨ ਪੈ ਕੇ ਗੁਰੂ ਤੋਂ ਮਿਲੇ ਹੋਏ ਗਿਆਨ ਰੰਗ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰੋਂ ਮੋਹ ਦਾ ਘੁੱਪ ਹਨੇਰਾ ਦੂਰ ਹੋ ਜਾਂਦਾ ਹੈ।੩।

੯. ਹੇ ਪਿਆਰਿਓ! ਸਿਧਾਂਤਕ ਗੱਲ ਤਾਂ ਇਹੋ ਹੀ ਹੈ ਕਿ ਜਿਨ੍ਹਾਂ ਦਾ ਭੀ ਪਾਰ ਉਤਾਰਾ ਹੋਇਆ ਹੈ, ਉਹ ਗੁਰੂ ਦੀ ਸੇਵਾ ਦੀ ਬਰਕਤ ਨਾਲ ਹੋਇਆ ਹੈ। ਇਹ ਸੰਸਾਰ ਗੁਰਮੁਖ ਹੋ ਕੇ ਹੀ ਤਰਦਾ ਹੈ, ਭਾਵ ਹਰ ਕੋਈ ਗੁਰੂ ਦਾ ਉਪਦੇਸ਼ ਲੈ ਕੇ ਗੁਰਮਤਿ 'ਤੇ ਟੁਰ ਕੇ ਹੀ ਜਗਤ ਤੋਂ ਪਾਰ ਉਤਰਦਾ ਹੈ।

੧੦. ਹੇ ਭਾਈ! ਜੋ ਸੱਚੇ ਨਾਮ ਵਿਚ ਰੰਗੇ ਜਾ ਕੇ (ਜਗਤ ਵਲੋਂ)

ਵੈਰਾਗੀ ਹੋ ਰਹੇ ਹਨ, ਉਹੀ ਮੁਕਤੀ ਦਾ ਦਰ ਗਿਆਨ ਪ੍ਰਾਪਤ ਕਰਦੇ ਹਨ।੪।

ਪ੍ਰ: ਹਜ਼ੂਰ! ਗਿਆਨ ਦੀ ਪ੍ਰਾਪਤੀ ਕਰਨ ਵਾਲਿਆਂ ਦੀ ਨਿਸ਼ਾਨੀ ਕੀ ਹੈ ?

ਉ: ੧੧. ਐ ਪਿਆਰਿਓ ! ਉਨ੍ਹਾਂ ਦੀ ਦ੍ਰਿਸ਼ਟੀ ਇਹ ਹੋ ਜਾਂਦੀ ਹੈ ਕਿ ਸਾਰੇ ਹੀ ਦੇਵੀ ਦੇਵਤਿਆਂ ਤੋਂ ਉਪਰ ਸੱਚ ਸਰੂਪ ਪਰਮੇਸ਼ਰ ਹੈ, ਉਹੀ ਸੱਚ ਸਰੂਪ ਸਾਰਿਆਂ ਦੇ ਦਿਲਾਂ ਵਿਚ ਵਰਤ ਰਿਹਾ ਹੈ ਅਤੇ ਸਭਨਾਂ ਦੀ ਪਾਲਣਾ ਕਰ ਰਿਹਾ ਹੈ।

੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਮੈਂ ਤਾਂ ਉਸ ਇਕ ਤੋਂ ਬਿਨਾ ਹੋਰ ਕਿਸੇ ਨੂੰ ਵੀ ਨਹੀਂ ਸਿਆਣਦਾ। ਉਹੀ ਦੀਨਾਂ 'ਤੇ ਦਿਆਲੂ ਸਭ ਤੋਂ ਵੱਡਾ ਹਾਕਮ ਹੈ, ਸਾਰੇ ਜੀਵਾਂ ਦਾ ਆਸਰਾ ਪਰਨਾ ਹੈ।੫।੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਤਿੰਨਾਂ ਹੀ ਦੇਵਤਿਆਂ ਨੂੰ ਆਪੋ ਆਪਣੇ ਕੰਮਾਂ ਵਿਚ ਰੁੱਝੇ, ਮਾਇਕ ਉਲਝਣਾਂ ਵਿਚ ਦੱਸਦੇ ਹਨ। ਇਨ੍ਹਾਂ ਨੂੰ ਤਾਂ ਸਤਿਸੰਗ ਕਰਨ ਦੀ ਵੇਹਲ ਹੀ ਨਹੀਂ, ਪਰ ਗੁਰੂ ਹਰਿ ਜੁਗ ਵਿਚ ਸਤਿਸੰਗ ਦੁਆਰਾ ਉਪਦੇਸ਼ ਦਾ ਦਾਤਾ ਹੈ ਤੇ ਉਹ ਨਾਮ ਦੁਆਰਾ ਜੀਵਾਂ ਦਾ ਨਿਸਤਾਰਾ ਕਰਦਾ ਹੈ, ਇਸ ਲਈ ਸਤਿਸੰਗ ਵਿਚ ਮਿਲ ਕੇ ਨਾਮ ਦਾ ਹੀ ਅਰਾਧਨ ਕਰਦੇ ਰਹੋ, ਜੋ ਮਾਇਆ ਦੇ ਘੁੱਪ ਹਨੇਰੇ ਵਿਚ ਗਿਆਨ ਦਾ ਚਰਾਗ਼ ਪ੍ਰਕਾਸ਼ ਕਰਦਾ ਹੈ।

ਵਡਹੰਸੁ ਮਹਲਾ ੩ ॥

੧. ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥
੨. ਗੁਰਮੁਖਿ ਸਾਚੇ ਲਗੈ ਧਿਆਨੁ ॥੧॥
੩. ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥
੪. ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥
੫. ਗੁਰਮੁਖਿ ਜਾਤਿ ਪਤਿ ਸਚੁ ਸੋਇ ॥
੬. ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥੨॥
੭. ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥
੮. ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥੩॥
੯. ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥
੧੦. ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥੬॥

ਪਦ ਅਰਥ : ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਸਚੁ—ਸਦਾ ਅਟੱਲ ਪ੍ਰਭੂ ਦਾ ਨਾਮ ਸਿਮਰਨ। ਸੰਜਮ—ਇੰਦ੍ਰੀਆਂ ਨੂੰ ਵਸ ਕਰਨ ਦਾ ਜਤਨ, ਸ਼ੁਭ ਆਚਰਨ। ਤਤੁ—ਅਸਲ।੧।

ਮਨ—ਹੇ ਮਨ। ਸਮਾਲਿ—ਸਾਂਭ, ਯਾਦ ਕਰਦਾ ਰਹੁ।ਰਹਾਉ।

ਜਾਤਿ ਪਤਿ—ਜਾਤ ਪਾਤ, ਉੱਚੀ ਕੁਲ। ਸਖਾਈ—ਮਿੱਤਰ, ਸਾਥੀ। ਵਡਾਈ—ਇੱਜ਼ਤ।੩।

ਕਰਣੀ—ਕਰਤਬ, ਜੀਵਨ ਮਨੋਰਥ। ਪਰਵਾਰੈ—ਪਰਵਾਰ ਵਾਸਤੇ। ਸਾਧਾਰੁ—ਸੁ ਅਧਾਰ, ਅਧਾਰ ਸਹਿਤ, ਆਸਰਾ ਦੇਣ ਜੋਗ ਹੈ।੪।

ਅਰਥ :

ਪ੍ਰ: ਹੇ ਗੁਰੋ ! ਗੁਰਮਤਿ ਅਨੁਸਾਰ ਤੱਤ ਗਿਆਨ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ ?

ਉ: ੧. ਹੇ ਭਾਈਓ ! ਅਸਲ ਵਿਚ ਤਾਂ (ਗੁਰੂ ਦੀ ਸ਼ਰਨ ਪੈਣ ਵਾਲੇ) ਗੁਰਮੁਖ ਨੂੰ ਹੀ ਸੱਚਾ ਇੰਦ੍ਰੀਆਂ ਨੂੰ ਦਮਨ ਕਰਨ ਦਾ ਗਿਆਨ ਪ੍ਰਾਪਤ ਹੁੰਦਾ ਹੈ।

੨. (ਕਿਉਂਕਿ) ਗੁਰਮੁਖ ਦਾ ਧਿਆਨ (ਹਰ ਵਕਤ) ਸੱਚੇ ਪ੍ਰਭੂ ਵਿਚ ਲੱਗਾ ਰਹਿੰਦਾ ਹੈ।੧।

੩. (ਇਸ ਲਈ) ਹਜ਼ੂਰ! ਆਪਣੇ ਮਨ ਨੂੰ ਸੰਬੋਧਨ ਕਰਦੇ ਹੋਏ ਸਾਰਿਆਂ ਨੂੰ ਸਾਂਝਾ ਉਪਦੇਸ਼ ਕਰਦੇ ਹਨ ਕਿ ਹੇ ਮੇਰੇ ਮਨ ! (ਤੂੰ) ਗੁਰਮੁਖ (ਬਣ ਕੇ) ਨਾਮ ਨੂੰ ਹੀ ਸਿਮਰਦਾ ਰਹੁ।

੪. ਇਹੋ ਨਾਮ ਸਿਮਰਨ ਸਦਾ ਹੀ ਤੇਰੇ ਨਾਲ ਨਿਭੇਗਾ ਅਤੇ ਅੰਤ ਨੂੰ ਤੇਰੇ ਨਾਲ ਚਲੇਗਾ।ਰਹਾਉ।

ਪ੍ਰ: ਹਜ਼ੂਰ ! ਆਪ ਗੁਰਮੁਖ ਕਿਸ ਨੂੰ ਕਹਿੰਦੇ ਹੋ ?

ਉ: ੫. ਹੇ ਭਾਈ ! ਉਹ ਗੁਰਮੁਖ ਇਉਂ ਸਮਝਦਾ ਹੈ ਕਿ ਉਹੀ ਸੱਚਾ ਪ੍ਰਭੂ ਉੱਚੀ ਜਾਤ ਤੇ ਉੱਚੀ ਕੁਲ (ਦਾ ਮੂਲ) ਹੈ।

੬. ਉਸ ਗੁਰਮੁਖ ਦੇ ਅੰਦਰ ਹੀ ਪ੍ਰਭੂ ਵਸਦਾ ਹੈ ਅਤੇ ਓਹੀ ਪ੍ਰਭੂ ਉਨ੍ਹਾਂ ਗੁਰਮੁਖਾਂ ਦਾ ਸਦਾ ਸਹਾਈ ਹੁੰਦਾ ਹੈ।੨।

ਪ੍ਰ: ਕਿਉਂ ਜੀ! ਗੁਰਮੁਖ ਸਾਰੇ ਹੀ ਲੋਕ ਕਿਉਂ ਨਹੀਂ ਬਣ ਜਾਂਦੇ ?

ਉ: ੭. ਹੇ ਪਿਆਰੇ ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, (ਕਿਉਂਕਿ) ਜਿਸ ਨੂੰ ਉਹ ਪ੍ਰਭੂ ਆਪ ਹੀ ਗੁਰਮੁਖ ਬਣਾਵੇ, ਓਹੀ ਗੁਰਮੁਖ ਬਣ ਸਕਦਾ ਹੈ।

੮. ਓਹੀ ਪ੍ਰਭੂ ਗੁਰਮੁਖ ਨੂੰ ਆਪ ਹੀ ਵਡਿਆਈ ਬਖ਼ਸ਼ਸ਼ ਕਰਦਾ ਹੈ।੩।

੯. ਪਰ ਗੁਰਮੁਖ ਵੀ ਆਪ ਨਾਮ (ਰੂਪੀ) ਸੱਚੀ ਕਰਨੀ ਨੂੰ ਸੰਭਾਲੀ ਰੱਖਦਾ ਹੈ।

੧੦. ਹੇ ਭਾਈਓ ! ਉਹ ਅਜਿਹਾ ਗੁਰਮੁਖ ਆਪ ਤਾਂ ਸੰਸਾਰ ਤੋਂ ਪਾਰ ਹੋ ਹੀ ਜਾਂਦਾ ਹੈ, ਪਰ ਨਾਲ ਉਹ ਆਪਣੇ ਸਾਰੇ ਪ੍ਰਵਾਰ ਨੂੰ ਭੀ ਉਧਾਰ ਲੈਂਦਾ ਹੈ।੪।੬।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਜੀ ਨੇ ਗੁਰਮੁਖ ਦੀ ਕਰਣੀ, ਨਾਮ ਸਿਮਰਨ ਤੇ ਸੱਚਾ ਧਿਆਨ ਅਤੇ ਸੱਚਾ ਸੰਜਮ ਦਰਸਾਇਆ ਹੈ, ਪਰ ਗੁਰਮੁਖ ਭੀ ਉਹ ਸੱਚਾ ਪ੍ਰਭੂ ਆਪ ਹੀ ਬਣਾਉਂਦਾ ਹੈ ਤੇ ਆਪ ਹੀ ਗੁਰਮੁਖ ਨੂੰ ਵਡਿਆਈ ਦੇਂਦਾ ਹੈ। ਐਸਾ ਗੁਰਮੁਖ ਆਪ ਭੀ ਤੇ ਆਪਣੇ ਪਰਵਾਰ ਦਾ ਭੀ ਸੁਧਾਰ ਕਰ ਲੈਂਦਾ ਹੈ।

ਵਡਹੰਸੁ ਮਹਲਾ ੩ ॥

੧. ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥
੨. ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥੧॥
੩. ਸਦਾ ਸੁਖੁ ਸਾਚੈ ਸਬਦਿ ਵੀਚਾਰੀ ॥
੪. ਆਪਣੇ ਸਤਗੁਰ ਵਿਟਹੁ
ਸਦਾ ਬਲਿਹਾਰੀ ॥੧॥ ਰਹਾਉ ॥

੫. ਅਖੀ ਸੰਤੋਖੀਆ ਏਕ ਲਿਵ ਲਾਇ ॥
੬. ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨॥
੭. ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ ॥
੮. ਨਾਮੁ ਪਰਮਲੁ ਹਿਰਦੈ ਰਹਿਆ ਸਮਾਇ ॥੩॥
੯. ਨਾਨਕ ਮਸਤਕਿ ਜਿਸੁ ਵਡਭਾਗੁ ॥
੧੦. ਗੁਰ ਕੀ ਬਾਣੀ ਸਹਜ ਬੈਰਾਗੁ ॥੪॥੭॥

ਪਦ ਅਰਥ : ਰਸਨਾ—ਜੀਭ। ਸਾਦਿ—ਸੁਆਦ ਵਿਚ। ਸਹਜਿ—ਆਤਮਿਕ ਅਡੋਲਤਾ। ਸੁਭਾਇ—ਪ੍ਰੇਮ ਵਿਚ। ਤ੍ਰਿਪਤਿਆ—ਰੱਜ ਜਾਂਦਾ ਹੈ। ਧਿਆਇ—ਸਿਮਰ ਕੇ।੧।

ਵਿਟਹੁ—ਤੋਂ। ਬਲਿਹਾਰੀ—ਕੁਰਬਾਨ।੧।ਰਹਾਉ।

ਸੰਤੋਖੀਆ—ਰੱਜ ਜਾਂਦੀਆਂ ਹਨ। ਲਿਵ ਲਾਇ—ਸੁਰਤ ਜੋੜ ਕੇ। ਦੂਜਾ ਭਾਉ—ਮਾਇਆ ਦਾ ਪਿਆਰ।੨।

ਦੇਹ—ਸਰੀਰ। ਸਰੀਰਿ—ਸਰੀਰ ਵਿਚ। ਸਬਦਿ—ਸ਼ਬਦ ਦੇ ਰਾਹੀਂ। ਨਾਇ—ਨਾਮ ਵਿਚ (ਜੁੜਿਆਂ)। ਪਰਮਲੁ—ਸੁਗੰਧੀ ਦੇਣ ਵਾਲਾ ਪਦਾਰਥ।੩।

ਮਸਤਕਿ—ਮੱਥੇ ਉੱਤੇ। ਬੈਰਾਗ—ਨਿਰਮੋਹਤਾ।੪।

ਅਰਥ :

ਪ੍ਰ: ਹੇ ਗੁਰੋ! ਆਪ ਦੀ ਰਸਨਾ ਜੋ ਹਰ ਵਕਤ ਹਰੀ ਦੇ ਅਨੰਦ ਵਿਚ ਮਗਨ ਰਹਿੰਦੀ ਹੈ, ਇਸ ਸਬੰਧੀ ਆਪ ਨੇ ਕੀ ਸਾਧਨ ਕੀਤਾ ਹੈ?

ਉ: ੧. ਹੇ ਭਾਈਓ! (ਮੇਰੀ ਰਸਨਾ) ਹਰੀ ਦੇ ਸੁਆਦ ਵਿਚ ਸਹਿਜ ਸੁਭਾਅ ਹੀ ਲੱਗ ਰਹੀ ਹੈ, ਭਾਵ ਮੈਨੂੰ ਕੋਈ ਹੱਠ ਸਾਧਨ ਕਰਨਾ ਨਹੀਂ ਪਿਆ।

੨. ਇਸੇ ਹਰੀ ਨਾਮ ਨੂੰ ਧਿਆ-ਧਿਆ ਕੇ (ਹੁਣ ਮੇਰਾ) ਮਨ ਭੀ ਤ੍ਰਿਪਤ ਹੋ ਗਿਆ ਹੈ।੧।

੩. ਹੇ ਭਾਈਓ! ਸੱਚੇ (ਸ਼ਬਦ) ਉਪਦੇਸ਼ ਦੁਆਰਾ ਵੀਚਾਰ ਕਰਨ ਤੋਂ (ਮੈਨੂੰ) ਸਦੈਵੀ ਸੁੱਖ ਪ੍ਰਾਪਤ ਹੋਇਆ ਹੈ।

੪. (ਇਸ ਲਈ) ਮੈਂ ਆਪਣੇ ਸਤਿਗੁਰੂ ਉਤੋਂ ਸਦਾ ਹੀ ਸਦਕੇ ਹਾਂ।੧।ਰਹਾਉ।

ਪ੍ਰ: ਹਜ਼ੂਰ! ਹੁਣ ਤੁਹਾਨੂੰ ਨਾਮ ਵਿਚ ਸੁਰਤਿ ਜੁੜਿਆਂ ਕੀ ਪ੍ਰਤੀਤੀ ਹੋ ਰਹੀ ਹੈ?

ਉ: ੫. ਹੇ ਪਿਆਰਿਓ! ਹੁਣ ਉਸ ਇਕੋ ਪ੍ਰਭੂ ਦੀ ਲਿਵ ਲਾਉਣ ਨਾਲ (ਮੇਰੀਆਂ) ਅੱਖਾਂ ਨੂੰ ਸੰਤੋਖ ਆ ਗਿਆ ਹੈ, ਭਾਵ ਹੈ ਮਨੁੱਖ ਦੀਆਂ ਅੱਖਾਂ ਪਰਾਏ ਰੂਪ ਨੂੰ ਮੰਦ ਦ੍ਰਿਸ਼ਟੀ ਨਾਲ ਤੱਕਣ ਵਲੋਂ ਰੁਕ ਜਾਂਦੀਆਂ ਹਨ, ਰੱਜ ਜਾਂਦੀਆਂ ਹਨ।

੬. ਅਤੇ ਦ੍ਵੈਤ-ਭਾਵ ਦੂਰ ਹੋਣ ਕਰਕੇ, ਹੁਣ ਮਨ ਸੰਤੋਖ ਵਿਚ ਆ ਗਿਆ ਹੈ, ਭਾਵ ਮਨੁੱਖ ਦਾ ਮਨ ਤ੍ਰਿਸ਼ਨਾ ਵਲੋਂ ਹੱਟ ਜਾਂਦਾ ਹੈ।੨।

੭. ਗੁਰੂ ਦੇ ਉਪਦੇਸ਼ ਦੁਆਰਾ ਹਰੀ ਦਾ ਨਾਮ ਜਪਣੇ ਕਰ ਕੇ ਸਥੂਲ ਦੇਹ ਅਤੇ ਸੂਖਮ ਸਰੀਰ ਵਿਚ ਅਨੰਦ ਪੈਦਾ ਹੋ ਆਉਂਦਾ ਹੈ।

੮. (ਗੁਰੂ ਦੀ ਮਿਹਰ ਨਾਲ) ਆਤਮਿਕ ਜੀਵਨ ਦੀ (ਚੰਦਨ ਸਮਾਨ ਸੁਗੰਧੀ ਦਾਤਾ) ਨਾਮ ਹਿਰਦੇ ਵਿਚ ਸਮਾ ਰਿਹਾ ਹੁੰਦਾ ਹੈ।੩।

੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਿਸ ਦੇ ਮੱਥੇ ਉੱਤੇ ਵੱਡੇ ਭਾਗ ਹੁੰਦੇ ਹਨ।

੧੦. ਉਸ ਨੂੰ ਗੁਰੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣ ਕੇ ਸਹਿਜ ਵੈਰਾਗ ਪ੍ਰਾਪਤ ਹੁੰਦਾ ਹੈ।੪।੭।

ਭਾਵਾਰਥ : ਇਸ ਮਹਾਂਵਾਕ ਵਿਚ ਨਾਮ ਸਿਮਰਨ ਦੁਆਰਾ ਪ੍ਰਾਪਤ ਹੋਣ ਵਾਲਾ ਹਰੀ ਨਾਮ ਰਸ, ਸਰੀਰ ਤੇ ਸਰੀਰਕ ਇੰਦ੍ਰਿਆਂ ਨੂੰ ਤ੍ਰਿਪਤੀ, ਸਦਾ ਸੁੱਖ, ਸਹਿਜ, ਵੈਰਾਗ ਆਦਿ ਪ੍ਰਾਪਤੀ ਦਾ ਸਿਧਾਂਤ ਅੰਕਤ ਕੀਤਾ ਹੈ।

ਵਡਹੰਸੁ ਮਹਲਾ ੩ ॥

੧. ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥
੨. ਸਚੈ ਸਬਦਿ ਸਚਿ ਸਮਾਇ ॥੧॥
੩. ਏ ਮਨ ਨਾਮੁ ਨਿਧਾਨੁ ਤੂ ਪਾਇ ॥
੪. ਆਪਣੇ ਗੁਰ ਕੀ ਮੰਨਿ ਲੈ ਰਜਾਇ ॥੧॥ ਰਹਾਉ ॥
੫. ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥
੬. ਨਿਰਮਲੁ ਨਾਮੁ ਵਸੈ ਮਨਿ ਆਇ ॥੨॥
੭. ਭਰਮੇ ਭੂਲਾ ਫਿਰੈ ਸੰਸਾਰੁ ॥
੮. ਮਰਿ ਜਨਮੈ ਜਮੁ ਕਰੇ ਖੁਆਰੁ ॥੩॥
੯. ਨਾਨਕ ਸੇ ਵਡਭਾਗੀ ਜਿਨ ਹਰਿ ਨਾਮੁ ਧਿਆਇਆ ॥
੧੦. ਗੁਰ ਪਰਸਾਦੀ ਮੰਨਿ ਵਸਾਇਆ ॥੪॥੮॥

ਪਦ ਅਰਥ : ਤੇ—ਤੋਂ, ਪਾਸੋਂ। ਪਾਇਆ ਜਾਇ—ਮਿਲ ਸਕਦਾ ਹੈ। ਸਚੈ ਸਬਦਿ—ਸੱਚੇ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲੇ ਗੁਰ-ਸ਼ਬਦ ਵਿਚ। ਨਿਧਾਨ—ਖ਼ਜ਼ਾਨਾ। ਪਾਇ—ਪ੍ਰਾਪਤ ਕਰ। ਰਜਾਇ—ਹੁਕਮ।੧।ਰਹਾਉ।

ਸਬਦਿ—ਸ਼ਬਦ ਵਿਚ। ਭੂਲਾ—ਕੁਰਾਹੇ ਪਿਆ ਹੋਇਆ। ਮਰਿ ਜਨਮੈ—ਮੁੜ-ਮੁੜ ਜੰਮਦਾ ਮਰਦਾ ਹੈ।੩।

ਸੇ—ਉਹ ਮਨੁੱਖ। ਮਨਿ—ਮਨ ਵਿਚ।੪।

ਅਰਥ :

ਪ੍ਰ: ਹੇ ਗੁਰੋ! ਜਿਸ ਨਾਮ ਅਰਾਧਨ ਕਰਨ ਦੀ ਆਪ ਪ੍ਰੇਰਣਾ ਕਰਦੇ ਹੋ, ਉਸ ਦੀ ਪ੍ਰਾਪਤੀ ਕਿੱਥੋਂ ਹੁੰਦੀ ਹੈ?

ਉ: ੧. ਹੇ ਭਾਈਓ! ਐਸਾ ਨਾਮ ਦਾ (ਖ਼ਜ਼ਾਨਾ) ਪੂਰੇ ਗੁਰੂ ਪਾਸੋਂ ਹੀ ਪ੍ਰਾਪਤ ਹੁੰਦਾ ਹੈ।

੨. ਗੁਰੂ ਦੇ ਸ਼ਬਦ ਦੀ ਕਮਾਈ ਕਰਨ ਨਾਲ ਹੀ ਫਿਰ ਸਦਾ ਸੱਚ ਵਿਚ ਸਮਾਈ ਹੁੰਦੀ ਹੈ।੧।

੩. ਹੇ ਮੇਰੇ ਮਨ! ਤੂੰ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਕਰ ਲਏਂਗਾ।

੪. ਪਰ, ਜੇ ਤੂੰ ਗੁਰੂ ਦੀ (ਰਜ਼ਾ) ਆਗਿਆ ਮੰਨ ਲਏਂਗਾ ਤਾਂ ਹੀ ਤੂੰ ਇਸ ਨਾਮ ਖਜ਼ਾਨੇ ਨੂੰ ਪਾ ਸਕੇਂਗਾ।੧।ਰਹਾਉ।

ਪ੍ਰ: ਸ੍ਰੀ ਜੀਉ! ਗੁਰੂ ਦੁਆਰਾ ਨਾਮ ਖ਼ਜ਼ਾਨਾ ਕਿਵੇਂ ਪ੍ਰਾਪਤ ਕਰਾਂ?

ਉ: ੫. ਹੇ ਪਿਆਰੇ! (ਪਹਿਲੋਂ) ਤੂੰ ਗੁਰੂ ਦੇ ਦਿੱਤੇ ਨਾਮ ਦੇ ਉਪਦੇਸ਼ ਦੁਆਰਾ ਮਨ ਵਿਚੋਂ ਵਿਕਾਰਾਂ ਦੀ ਮੈਲ ਗਵਾ ਲੈ।

੬. ਫਿਰ ਇਸ ਤਰ੍ਹਾਂ ਤੇਰੇ ਮਨ ਵਿਚ ਨਿਰਮਲ ਨਾਮ ਆ ਵਸੇਗਾ।੨।

੭. ਐ ਸੱਜਨਾ! ਤੂੰ ਇਸ ਜਗਤ ਵੱਲ ਨਾ ਤਕ, ਇਹ ਜਗਤ (ਤਾਂ) ਸਾਰਾ ਹੀ ਭਰਮ ਵਿਚ ਭੁੱਲਾ ਪਿਆ ਫਿਰਦਾ ਹੈ।

੮. ਇਹੋ ਹੀ ਇਕ ਕਾਰਣ ਹੈ ਕਿ ਇਹ ਮਰ ਕੇ ਜੰਮਦਾ, ਜੰਮ ਕੇ ਮਰਦਾ ਰਹਿੰਦਾ ਹੈ, ਇਉਂ ਇਸ ਨੂੰ ਜਮ ਖ਼ੁਆਰ ਕਰਦਾ ਰਹਿੰਦਾ ਹੈ।੩।

੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਹਰੀ ਦਾ ਨਾਮ ਗੁਰੂ ਦੀ ਕਿਰਪਾ ਦੁਆਰਾ ਧਿਆਇਆ ਹੈ,

੧੦. ਤੇ ਮਨ ਵਿਚ ਵਸਾਇਆ ਹੈ।੪।੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਨਾਮ ਦੀ ਦਾਤ ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ, ਨਾਮ ਦੀ ਅਰਾਧਨਾ ਭੀ ਉਸੇ ਦੀ ਕਿਰਪਾ ਰਾਹੀਂ ਹੋ ਸਕਦੀ ਹੈ ਅਤੇ ਮਨ ਵਿਚ ਵਸਾਇਆ ਜਾਂਦਾ ਹੈ।

ਵਡਹੰਸੁ ਮਹਲਾ ੩ ॥

੧. ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥
੨. ਹਉਮੈ ਵਿਚਿ ਸੇਵਾ ਨ ਹੋਵਈ
ਤਾ ਮਨੁ ਬਿਰਥਾ ਜਾਇ ॥੧॥
੩. ਹਰਿ ਚੇਤਿ ਮਨ ਮੇਰੇ
ਤੂ ਗੁਰ ਕਾ ਸਬਦੁ ਕਮਾਇ ॥
੪. ਹੁਕਮੁ ਮੰਨਹਿ ਤਾ ਹਰਿ ਮਿਲੈ
ਤਾ ਵਿਚਹੁ ਹਉਮੈ ਜਾਇ ॥ ਰਹਾਉ ॥
੫. ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
੬. ਹਉਮੈ ਵਡਾ ਗੁਬਾਰੁ ਹੈ
ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
੭. ਹਉਮੈ ਵਿਚਿ ਭਗਤਿ ਨ ਹੋਵਈ
ਹੁਕਮੁ ਨ ਬੁਝਿਆ ਜਾਇ ॥
੮. ਹਉਮੈ ਵਿਚਿ ਜੀਉ ਬੰਧੁ ਹੈ
ਨਾਮੁ ਨ ਵਸੈ ਮਨਿ ਆਇ ॥੩॥
੯. ਨਾਨਕ ਸਤਗੁਰਿ ਮਿਲਿਐ ਹਉਮੈ
ਗਈ ਤਾ ਸਚੁ ਵਸਿਆ ਮਨਿ ਆਇ ॥
੧੦. ਸਚੁ ਕਮਾਵੈ ਸਚਿ ਰਹੈ
ਸਚੇ ਸੇਵਿ ਸਮਾਇ ॥੪॥੯॥੧੨॥

ਪਦ ਅਰਥ : ਨਾਵੈ ਨਾਲਿ—ਨਾਮ ਨਾਲ। ਵਿਰੋਧੁ—ਵੈਰ। ਦੁਇ—ਇਹ ਦੋਵੇਂ। ਇਕ ਠਾਇ—ਇਕ ਥਾਂ ਵਿਚ, ਹਿਰਦੇ ਵਿਚ। ਤਾਂ—ਤਦੋਂ। ਬਿਰਥਾ—ਖ਼ਾਲੀ।੧। ਚੇਤਿ—ਸਿਮਰਦਾ ਰਹੁ। ਮਨ—ਹੇ ਮਨ।ਰਹਾਉ।

ਸਭੁ—ਸਾਰਾ। ਓਪਤਿ—ਉਤਪਤੀ, ਜਨਮ ਮਰਣ ਦਾ ਗੇੜ। ਗੁਬਾਰ—ਘੁਪ ਹਨੇਰਾ।੨।

ਜੀਉ—ਜੀਵਾਤਮਾ (ਵਾਸਤੇ)। ਬੰਧੁ—ਬੰਨ੍ਹ, ਰੁਕਾਵਟ। ਮਨਿ—ਮਨ ਵਿਚ।੩।

ਸਤਿਗੁਰਿ ਮਿਲਿਐ—ਜੇ ਗੁਰੂ ਮਿਲ ਪਵੇ। ਸੇਵਿ—ਸੇਵਾ ਭਗਤੀ ਕਰ ਕੇ।੪।

ਅਰਥ :

ਪ੍ਰ: ਹੇ ਗੁਰੋ! ਬਹੁਤ ਲੋਕਾਂ ਨੂੰ ਨਾਮ ਸਿਮਰਦਿਆਂ ਵੇਖੀਦਾ ਹੈ, ਪਰ ਉਨ੍ਹਾਂ ਦੇ ਦਿਲ ਵਿਚ ਕਿਉਂ ਨਹੀਂ ਵਸਦਾ? ਇਹ ਕੀ ਕਾਰਣ ਹੈ?

ਉ: ੧. ਹੇ ਭਾਈਓ! ਹਉਮੈ ਦਾ ਪਰਮੇਸ਼ਰ ਦੇ ਨਾਮ ਨਾਲ ਵੈਰ ਹੈ, ਇਹ ਦੋਵੇਂ ਹੀ ਇਕੱਠੇ ਇਕੋ ਦਿਲ ਵਿਚ ਨਹੀਂ ਵਸ ਸਕਦੇ।

ਪ੍ਰ: ਹਜ਼ੂਰ! ਇਸ ਦਾ ਕਾਰਣ ਕੀ ਹੈ?

ਉ: ੨. ਹੇ ਪਿਆਰੇ! ਦਿਲ ਵਿਚ ਹਉਮੈ ਧਾਰੀ ਰੱਖਣ ਨਾਲ ਸੇਵਾ ਨਹੀਂ ਹੋ ਸਕਦੀ, ਜੇ ਕਰ ਮਨ ਹਉਮੈ ਵਿਚ ਟਿਕਿਆ ਰਹਿ ਕੇ ਭਗਤੀ ਕਰਦਾ ਹੈ, ਤਦ ਉਸ ਦਾ ਮਨ ਖ਼ਾਲੀ ਹੋ ਜਾਂਦਾ ਹੈ, (ਭਾਵ ਮਨ ਅਜਾਈਂ ਜਾਂਦਾ ਹੈ, ਅਰਥਾਤ ਮਨ ਦਾ ਕੀਤਾ ਕੱਤਰਿਆ) ਬਿਰਥਾ ਜਾਂਦਾ ਹੈ।੧।

੩. ਹੇ ਮੇਰੇ ਮਨ! ਤੂੰ (ਆਪਣੇ ਅੰਦਰ) ਗੁਰੂ ਦਾ ਸ਼ਬਦ ਵਸਾਣ ਦੀ ਕਮਾਈ ਕਰ ਅਤੇ ਪਰਮੇਸ਼ਰ ਦਾ ਨਾਮ ਸਿਮਰਦਾ ਰਹੁ, ਭਾਵ ਹੁਕਮ ਵੀ ਕਮਾ।

੪. ਜੇ ਤੂੰ ਗੁਰੂ ਦਾ ਹੁਕਮ ਮੰਨੇਗਾ ਤਾਂ ਤੈਨੂੰ ਹਰੀ ਮਿਲ ਪਵੇਗਾ, ਇਸ ਤਰ੍ਹਾਂ ਤੇਰੇ ਦਿਲ ਵਿਚੋਂ ਹਉਮੈ ਦੂਰ ਹੋ ਜਾਏਗੀ।ਰਹਾਉ।

ਪ੍ਰ: ਹੇ ਗੁਰੋ! ਸਰੀਰ ਨੂੰ ਧਾਰਨ ਦਾ ਅਸਲ ਕਾਰਣ ਕੀ ਹੈ ਅਤੇ ਜੰਮਣ ਮਰਣ ਦਾ ਗੇੜ ਸਦੀਵੀ ਕਿਉਂ ਬਣਿਆ ਰਹਿੰਦਾ ਹੈ?

ਉ: ੫. ਹੇ ਭਾਈਓ! ਇਸ ਸਰੀਰ ਨੂੰ ਧਾਰਨ ਦਾ ਸਾਰੇ ਦਾ ਸਾਰਾ (ਸਿਲਸਿਲਾ) ਹਉਮੈ ਦੇ ਕਾਰਣ ਹੀ ਹੈ। ਇਸ ਹਉਮੈ ਦੇ ਕਾਰਣ ਹੀ ਜਨਮ ਮਰਣ ਦਾ ਗੇੜ ਬਣਿਆ ਰਹਿੰਦਾ ਹੈ।

੬. ਹੇ ਭਾਈ! ਇਸ ਮਨੁੱਖ ਦੇ ਪ੍ਰਮਾਰਥ ਮਾਰਗ ਵਿਚ ਹਉਮੈ ਹੀ ਇਕ ਘੁੱਪ ਹਨੇਰਾ ਹੈ। ਇਸ ਹਉਮੈ ਦੇ ਘੁਪ ਹਨੇਰੇ ਵਿਚ ਮਨੁੱਖ ਜੀਉਣ ਦਾ ਸਹੀ ਰਸਤਾ ਸਮਝ ਨਹੀਂ ਸਕਦਾ।੨।

੭. ਹੇ ਪਿਆਰੇ! ਭਾਵੇਂ ਬਹੁਤੇ ਲੋਕ ਭਗਤੀ ਤਾਂ ਕਰਦੇ ਹਨ, (ਪਰ ਇਹ ਗੱਲ ਨਿਸਚਤ ਹੈ ਕਿ) ਹਉਮੈ ਵਿਚ ਭਗਤੀ ਹੋ ਹੀ ਨਹੀਂ ਸਕਦੀ ਅਤੇ ਸਾਈਂ ਜੀ ਦਾ ਹੁਕਮ ਵੀ ਸਮਝ ਨਹੀਂ ਸਕੀਦਾ।

੮. (ਇਸੇ ਹਉਮੈ ਵਿਚ) ਜੀਵ ਬੰਧਾਇਮਾਨ ਰਹਿੰਦਾ ਹੈ, ਭਾਵ ਸੁਤੰਤ੍ਰ ਨਹੀਂ ਹੁੰਦਾ ਤੇ ਬੰਧਾਇਮਾਨ ਜੀਵ ਦੇ ਮਨ ਵਿਚ ਆ ਕੇ ਨਾਮ ਨਹੀਂ ਵਸਦਾ।੩।

ਪ੍ਰ: ਹਜ਼ੂਰ ਜੀ! ਤਾਂ ਫਿਰ ਸੱਚ ਦਾ ਟਿਕਾਅ ਮਨ ਵਿਚ ਕਿਵੇਂ ਹੋ ਸਕੇਗਾ?

ੳ: ੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜੇ ਮਨੁੱਖ ਨੂੰ ਗੁਰੂ ਮਿਲ ਪਵੇ ਤਾਂ ਮਨੁੱਖ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ। ਜਦੋਂ ਅੰਦਰੋਂ ਹਉਮੈ ਦੂਰ ਹੋ ਗਈ ਤਦੋਂ ਉਸ ਦੇ ਮਨ ਅੰਦਰ ਸੱਚ ਆ ਕੇ ਵਸ ਜਾਂਦਾ ਹੈ।

੧੦. ਉਹ ਫਿਰ ਸਦਾ ਸੱਚ ਦੀ ਕਮਾਈ ਕਰਦਾ ਹੈ, ਸੱਚ ਵਿਚ ਹੀ ਟਿਕਿਆ ਰਹਿੰਦਾ ਹੈ ਅਤੇ ਸੱਚ ਸਰੂਪ ਨੂੰ ਸੇਂਵਦਾ ਹੋਇਆ ਉਸੇ ਵਿਚ ਸਮਾ ਜਾਂਦਾ ਹੈ।੪।੯।੧੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਿਤ ਕਰਦੇ ਹਨ ਕਿ ਹਉਮੈ ਵਾਲੇ ਮਨ ਵਿਚ ਨਾਮ ਦਾ ਨਿਵਾਸ ਨਹੀਂ ਹੋ ਸਕਦਾ, ਪਰ ਇਹ ਹਉਮੈ ਵੀ ਨਾਮ ਦੀ ਕਮਾਈ ਨਾਲ ਨਵਿਰਤ ਹੁੰਦੀ ਹੈ, ਨਾਮ ਦੀ ਪ੍ਰਾਪਤੀ ਕੇਵਲ ਗੁਰੂ ਦੀ ਸੇਵਾ ਦੁਆਰਾ ਹੀ ਹੁੰਦੀ ਹੈ, ਗੁਰੂ ਦੀ ਸੇਵਾ ਹੁਕਮ ਮੰਨਣ ਨਾਲ ਹੁੰਦੀ ਹੈ, ਇਸ ਲਈ ਗੁਰੂ ਦਾ ਹੁਕਮ ਮੰਨ ਕੇ ਸਦਾ ਹੀ ਪਰਮੇਸ਼ਰ ਦਾ ਚਿੰਤਨ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ।

ਵਡਹੰਸੁ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

੧. ਸੇਜ ਏਕ ਏਕੋ ਪ੍ਰਭੁ ਠਾਕੁਰੁ ॥
੨. ਗੁਰਮੁਖਿ ਹਰਿ ਰਾਵੇ ਸੁਖ ਸਾਗਰੁ ॥੧॥
੩. ਮੈ ਪ੍ਰਭ ਮਿਲਣ ਪ੍ਰੇਮ ਮਨਿ ਆਸਾ ॥
੪. ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ
ਹਉ ਵਾਰਿ ਵਾਰਿ ਆਪਣੇ
ਗੁਰੂ ਕਉ ਜਾਸਾ ॥੧॥ ਰਹਾਉ ॥
੫. ਮੈ ਅਵਗਣ ਭਰਪੂਰਿ ਸਰੀਰੇ ॥
੬. ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥੨॥
੭. ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ॥
੮. ਸੇ ਮੈ ਗੁਣ ਨਾਹੀ
ਹਉ ਕਿਉ ਮਿਲਾ ਮੇਰੀ ਮਾਇਆ ॥੩॥
੯. ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ ॥
੧੦. ਨਾਨਕ ਗਰੀਬ ਰਾਖਹੁ ਹਰਿ ਮੇਰੇ ॥੪॥੧॥

ਪਦ ਅਰਥ : ਠਾਕੁਰੁ—ਮਾਲਕ। ਰਾਵੇ—ਹਿਰਦੇ ਵਿਚ ਵਸਾਈ ਰੱਖਦਾ ਹੈ, ਮਿਲਾਪ ਦਾ ਅਨੰਦ ਮਾਣਦਾ ਹੈ। ਸੁਖ ਸਾਗਰੁ—ਸੁੱਖਾਂ ਦਾ ਸਮੁੰਦ੍ਰ ਪ੍ਰਭੂ।੧।

ਮਨਿ—ਮਨ ਵਿਚ। ਹਉ—ਮੈਂ। ਵਾਰਿ ਵਾਰਿ ਜਾਸਾ—ਕੁਰਬਾਨ ਜਾਵਾਂਗਾ।੧।ਰਹਾਉ।

ਕਿਉਂ ਕਰਿ—ਕਿਸ ਤਰ੍ਹਾਂ, ਕਿਵੇਂ।੨।

ਜਿਨਿ—ਜਿਸ ਨੇ। ਸੇ ਗੁਣ—ਉਹ ਗੁਣ। ਮੈਂ—ਮੇਰੇ ਵਿਚ। ਮਾਇਆ—ਹੇ ਮਾਂ।੩।

ਉਪਾਵ—ਉਪਾਉ।੪।

ਅਰਥ :

ਪ੍ਰ: ਹੇ ਗੁਰੋ! ਜਿਸ ਮਾਲਕ ਦੀ ਪ੍ਰਾਪਤੀ ਲਈ ਆਪ ਸਦਾ ਹੀ ਉਪਦੇਸ਼ ਕਰਦੇ ਰਹਿੰਦੇ ਹੋ, ਦੱਸੋ! ਉਸ ਦਾ ਨਿਵਾਸ ਅਸਥਾਨ ਕਿੱਥੇ ਹੈ?

ੳ: ੧. ਹੇ ਭਾਈਓ! ਅੰਤਹਕਰਣ ਹੀ ਮਾਨੋ ਇਕ ਸੇਜਾ ਹੈ, ਜਿਸ ਉੱਤੇ ਉਹ ਮਾਲਕ ਪਰਮੇਸ਼ਰ ਪਤੀ ਵਿਰਾਜ ਰਿਹਾ ਹੈ, ਭਾਵ ਜੀਵਾਤਮਾ ਤੇ ਪਰਮਾਤਮਾ ਇਕੋ ਹਿਰਦੇ ਰੂਪ ਸੇਜਾ 'ਤੇ ਨਿਵਾਸ ਕਰਦੇ ਹਨ।

ਪ੍ਰ: ਹਜ਼ੂਰ! ਪਰ ਉਸ ਅੰਤਹਕਰਣ ਰੂਪੀ ਸੇਜਾ 'ਤੇ ਵਿਰਾਜ ਰਹੇ ਮਾਲਕ ਦਾ ਸਾਨੂੰ ਸਾਰਿਆਂ ਨੂੰ ਅਨੰਦ ਕਿਉਂ ਨਹੀਂ ਪ੍ਰਾਪਤ ਹੁੰਦਾ?

ੳ: ੨. ਹੇ ਪਿਆਰੇ! ਉਸ ਸੁੱਖਾਂ ਦੇ ਸਾਗਰ ਹਰੀ ਦਾ ਅਨੰਦ ਕੇਵਲ ਗੁਰਮੁਖ ਹੀ ਮਾਣਦਾ ਹੈ, ਕਿਉਂਕਿ ਉਸ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਦੀ ਅੰਤਹਕਰਣ ਰੂਪੀ ਸੇਜਾ ਇਕਾਗਰ ਹੋ ਚੁੱਕੀ ਹੁੰਦੀ ਹੈ, ਭਾਵ ਉਹ ਗੁਰਮੁਖ ਹਰੀ ਨੂੰ ਸਦਾ ਹੀ ਆਪਣੇ ਹਿਰਦੇ ਅੰਦਰ ਵਸਾਈ ਰੱਖਦਾ ਹੈ।੧।

ਪ੍ਰ: ਹਜ਼ੂਰ! ਉਸ ਮਾਲਕ ਦੀ ਤੁਹਾਨੂੰ ਤਾਂ ਪ੍ਰਾਪਤੀ ਹੋ ਹੀ ਚੁੱਕੀ ਹੋਵੇਗੀ?

ੳ: ੩. ਹੇ ਭਰਾਵੋ! ਜੇ ਪ੍ਰਾਪਤੀ ਨਹੀਂ ਹੈ ਤੇ ਉਸ ਸਾਈਂ ਜੀ ਦੇ ਮਿਲਾਪ ਲਈ ਮੇਰੇ ਪ੍ਰੇਮ ਭਰੇ ਮਨ ਵਿਚ (ਬਹੁਤ) ਹੀ ਆਸਾ ਲੱਗ ਰਹੀ ਹੈ, ਭਾਵ ਬਹੁਤ ਹੀ ਖਿੱਚ ਪੈ ਰਹੀ ਹੈ।

ਪ੍ਰ: ਕਿਉਂ ਜੀ! ਆਪ ਉਸ ਖਿੱਚ ਦੀ ਪੂਰਤੀ ਲਈ ਸੋਚਦੇ ਕੀ ਹੋ?

ੳ: ੪. ਹੇ ਭਾਈਓ! ਬੱਸ ਇਹੋ ਹੀ ਦਿਨੇ ਰਾਤ ਸੋਚਦਾ ਹਾਂ ਕਿ ਕਿਵੇਂ ਪੂਰਾ ਗੁਰੂ ਮੇਰਾ ਪ੍ਰੀਤਮ ਮੈਨੂੰ ਮਿਲਾ ਦੇਵੇ? (ਉਸ ਮਿਲਾਪ ਕਰਵਾਉਣ ਵਾਲੇ) ਗੁਰੂ ਤੋਂ ਮੈਂ ਕੁਰਬਾਨ ਜਾਵਾਂਗਾ, ਮੈਂ ਸਦਕੇ ਜਾਵਾਂਗਾ।੧।ਰਹਾਉ।

ਪ੍ਰ: ਹੇ ਗੁਰੋ! ਕੀ ਤੁਹਾਨੂੰ ਉਸ ਸਾਈਂ ਜੀ ਦੇ ਮਿਲਾਪ ਹੋ ਜਾਣ ਦੀ ਪੂਰਨ ਆਸ ਹੈ?

ੳ: ੫. ਹੇ ਮਿੱਤਰੋ! ਮਿਲਾਪ ਹੋ ਜਾਣ ਦੀ ਤਾਂ ਮੈਂ ਪੂਰਨ ਆਸ ਰੱਖੀ ਬੈਠੀ ਹਾਂ, ਪਰ ਜਦੋਂ ਮੈਂ ਆਪਣੇ ਕਮਜ਼ੋਰ ਪੱਖ ਵਲ ਤੱਕਦੀ ਹਾਂ, ਤਾਂ ਮੈਂ ਸੋਚਾਂ ਦੇ ਸਮੁੰਦਰ ਦੀਆਂ ਲਹਿਰਾਂ ਵਿਚ ਵਹਿ ਤੁਰਦੀ ਹਾਂ ਕਿ ਹਾਂ! ਮੇਰਾ ਮਿਲਾਪ ਉਸ ਸਾਈਂ ਜੀ ਨਾਲ ਕਿਵੇਂ ਹੋਵੇਗਾ, (ਕਿਉਂਕਿ) ਮੇਰਾ ਸਰੀਰ ਤਾਂ ਔਗੁਣਾਂ ਨਾਲ ਭਰਿਆ ਹੋਇਆ ਹੈ।

੬. ਸੋ, ਮੈਂ ਆਪਣੇ ਸਾਰੇ ਗੁਣਾਂ ਵਿਚ ਪੂਰੇ ਪ੍ਰੀਤਮ ਨੂੰ ਕਿਵੇਂ ਮਿਲ ਸਕਦੀ ਹਾਂ।੨।

ਪ੍ਰ: (ਕਿਉਂ ਜੀ) ਤੁਸੀਂ ਉਦਾਸ ਕਿਉਂ ਹੋ ਰਹੇ ਹੋ? ਤੱਕੋ ਨਾ ਇਹ ਤੁਹਾਡੇ ਸਾਹਮਣੇ ਕਿਤਨੀਆਂ ਗੁਣਵੰਤੀਆਂ ਹਨ, ਜਿਨ੍ਹਾਂ ਨੂੰ ਉਸ ਪ੍ਰੀਤਮ ਦੀ ਪ੍ਰਾਪਤੀ ਹੋ ਚੁੱਕੀ ਹੈ? ਤੁਹਾਨੂੰ ਕਿਉਂ ਨਾ ਹੋਵੇਗੀ?

ੳ: ੭. ਹੇ ਮੇਰੀ ਮਾਂ! ਜਿਨ੍ਹਾਂ ਜੀਵ ਰੂਪੀ ਇਸਤ੍ਰੀਆਂ ਨੇ ਉਸ ਪ੍ਰੀਤਮ ਪ੍ਰਭੂ ਨੂੰ ਲੱਭਾ ਹੈ, ਉਨ੍ਹਾਂ ਨੇ ਤਾਂ ਕੇਵਲ ਗੁਣਾਂ ਦੀ ਬਰਕਤ ਨਾਲ ਹਾਸਲ ਕੀਤਾ ਹੈ।

੮. ਹੇ ਮੇਰੀ ਮਾਂ! ਇਸੇ ਲਈ ਸੋਚਦੀ ਹਾਂ ਕਿ ਉਹ ਗੁਣ ਜੋ

ਸੁਹਾਗ ਭਾਗ ਵਾਲੀਆਂ ਵਡਭਾਗਣਾਂ ਵਿਚ ਹੈਨ, ਉਹ ਮੇਰੇ ਵਿਚ ਨਹੀਂ, ਸੋ ਮੈਂ ਪ੍ਰੀਤਮ ਨੂੰ ਕਿਵੇਂ ਮਿਲਾਂ।੩।

ਪ੍ਰ: ਕਿਉਂ ਜੀ! ਜਿਵੇਂ ਇਸਤ੍ਰੀਆਂ ਪਤੀ-ਪ੍ਰਾਪਤੀ ਲਈ ਅਨੇਕਾਂ ਜਤਨ ਕਰਦੀਆਂ ਹਨ, ਤੁਸੀਂ ਵੀ ਕੋਈ ਸਾਧਨ ਕਰ ਲੈਣਾ ਸੀ, ਜਿਸ ਦਾ ਸਦਕਾ ਤੁਹਾਨੂੰ ਸਾਈਂ ਜੀ ਦੀ ਪ੍ਰਾਪਤੀ ਹੋ ਸਕਦੀ?

ਉ: ੯. ਹੇ ਭਰਾਵੋ! ਇਕ ਸਾਧਨ ਨਹੀਂ, ਮੈਂ ਤਾਂ ਉਸ ਪਿਆਰੇ ਦੇ ਮਿਲਾਪ ਲਈ ਅਨੇਕਾਂ ਸਾਧਨ ਕਰ-ਕਰ ਕੇ ਥੱਕ ਗਿਆ ਹਾਂ। (ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ) ਉਹ ਸਾਈਂ ਉਪਾਵਾਂ ਨਾਲ ਤੇ ਚਤਰਾਈਆਂ ਨਾਲ ਨਹੀਂ ਮਿਲਦਾ।

ਪ੍ਰ: ਹਜ਼ੂਰ! ਆਖ਼ਰ, ਤੁਸਾਂ ਹੁਣ ਮਿਲਾਪ ਹੋਣ ਦਾ ਕੀ ਉਪਾਉ ਸੋਚਿਆ ਹੈ?

ਉ:੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਂ ਤਾਂ ਆਖ਼ਰ ਇਹੋ ਹੀ ਸੋਚਿਆ ਹੈ ਕਿ ਮਿਲਾਪ ਦਾ ਸਾਧਨ ਕੇਵਲ ਇਕ ਅਰਦਾਸ ਹੀ ਹੈ, ਇਸ ਵਾਸਤੇ ਮੈਂ ਤਾਂ ਇਕੋ ਅਰਦਾਸ ਹੀ ਕਰਦਾ ਹਾਂ ਕਿ ਹੇ ਮੇਰੇ ਹਰੀ! ਮੈਨੂੰ ਗ਼ਰੀਬ ਨੂੰ (ਆਪਣੇ ਚਰਨਾਂ ਵਿਚ) ਜੋੜੀ ਰੱਖ।੪।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਸ ਸਾਈਂ ਦੇ ਮਿਲਾਪ ਦਾ ਮੂਲ ਸਾਧਨ ਕੇਵਲ ਹਰੀ ਦੇ ਸਨਮੁਖ ਹੋ ਸਦਾ ਅਰਦਾਸ ਕਰਦੇ ਰਹਿਣਾ ਹੀ ਦਰਸਾਇਆ ਹੈ।

ਵਡਹੰਸੁ ਮਹਲਾ ੪ ॥

੧. ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ ॥
੨. ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ ॥੧॥
੩. ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ ॥
੪. ਜੋ ਪਿਰ ਭਾਵੈ ਸਾ ਸੋਹਾਗਣਿ
ਸਾਈ ਪਿਰ ਕਉ ਮਿਲੈ ਸਿਆਣੀ ॥੧॥ ਰਹਾਉ ॥
੫. ਮੈ ਵਿਚਿ ਦੋਸ ਹਉ ਕਿਉ ਕਰਿ ਪਿਰੁ ਪਾਵਾ ॥
੬. ਤੇਰੇ ਅਨੇਕ ਪਿਆਰੇ
ਹਉ ਪਿਰ ਚਿਤਿ ਨ ਆਵਾ ॥੨॥
੭. ਜਿਨਿ ਪਿਰੁ ਰਾਵਿਆ ਸਾ ਭਲੀ ਸੁਹਾਗਣਿ ॥
੮. ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ ॥੩॥
੯. ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥
੧੦. ਮੈ ਕਰਮਹੀਣ ਕਬ ਹੀ ਗਲਿ ਲਾਵੈ ॥੪॥
੧੧. ਤੂ ਪਿਰੁ ਗੁਣਵੰਤਾ ਹਉ ਅਉਗੁਨਿਆਰਾ ॥
੧੨. ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥੫॥੨॥

ਪਦ ਅਰਥ : ਸਾਰ—ਕਦਰ, ਕੀਮਤ। ਹਉ—ਮੈਂ। ਛੋਡਿ—ਛੱਡ ਕੇ। ਦੂਜੇ—ਮਾਇਆ ਦੇ ਮੋਹ ਵਿਚ।੧।

ਕਉ—ਨੂੰ। ਮਿਲਉ—ਮਿਲਉਂ, ਮੈਂ ਮਿਲਾਂ। ਇਆਣੀ—ਅੰਞਾਣ, ਮੂਰਖ। ਪਿਰ ਭਾਵੈ—ਪਿਰ ਨੂੰ ਭਾਉਂਦੀ ਹੈ। ਸਾਈ—ਉਹੀ। ਸਿਆਣੀ—ਅਕਲ ਵਾਲੀ।੧।ਰਹਾਉ।

ਮੈ ਵਿਚਿ—ਮੇਰੇ ਅੰਦਰ। ਪਿਰ ਚਿਤਿ—ਪਿਰ ਦੇ ਚਿੱਤ ਵਿਚ, ਹੇ ਪਿਰ! ਤੇਰੇ ਚਿੱਤ ਵਿਚ। ਆਵਾ—ਆਵਾਂ।੨।

ਜਿਨਿ—ਜਿਸ ਨੇ। ਕਰੀ—ਕਰੀਂ, ਮੈਂ ਕਰਾਂ। ਦੁਹਾਗਣਿ—ਮੰਦੇ ਭਾਗਾਂ ਵਾਲੀ। ਰਾਵੈ—ਯਾਦ ਰੱਖਦੀ ਹੈ, ਹਿਰਦੇ ਵਿਚ ਵਸਾਈ ਰੱਖਦੀ ਹੈ। ਕਰਮਹੀਣ—ਭਾਗ ਹੀਣ, ਬਦ ਕਿਸਮਤ। ਗਲਿ—ਗਲ ਨਾਲ।੪।

ਅਰਥ :

ਪ੍ਰ: ਹੇ ਗੁਰੋ! ਆਪ ਪਿੱਛੇ ਕਹਿ ਆਏ ਹੋ ਕਿ ਮੈਂ ਉਸ ਸਾਈਂ ਜੀ ਦੀ ਪ੍ਰਾਪਤੀ ਲਈ ਬਹੁਤ ਸਾਧਨਾ ਕੀਤੀ, ਪਰ ਤਾਂ ਵੀ ਉਹ ਮੈਨੂੰ ਪ੍ਰਾਪਤ ਨਹੀਂ ਹੋ ਸਕਿਆ, ਸੋ ਇਸ ਦਾ ਅਸਲ ਕਾਰਣ ਕੀ ਹੈ?

ਉ: ੧. ਹੇ ਸੱਜਣੋ! ਅਸਲ ਕਾਰਣ ਇਹੋ ਹੀ ਹੈ ਕਿ ਉਹ ਮੇਰਾ ਹਰੀ ਪ੍ਰਭੂ (ਅਤਿ) ਸੋਹਣਾ ਹੈ, ਪਰ ਮੈਂ ਉਸ ਦੀ ਸੁੰਦਰਤਾ ਦੀ ਕਦਰ ਹੀ ਨਹੀਂ ਪਛਾਣ ਸਕੀ।

ਪ੍ਰ: ਹਜ਼ੂਰ ਜੀ! ਉਸ ਦੀ ਕਦਰ ਨਾ ਪਛਾਣ ਸਕਣ ਦਾ ਸਹੀ ਕਾਰਣ ਕੀ ਹੋਇਆ?

ਉ: ੨. ਹੇ ਭਰਾਵੋ! ਕਾਰਣ ਇਹੋ ਹੈ ਕਿ ਮੈਂ ਉਸ ਸੋਹਣੇ ਹਰੀ ਪ੍ਰਭੂ ਨੂੰ ਛੱਡ ਕੇ (ਦੂਜੇ) ਭਾਵ ਮਾਇਆ ਦੇ ਮੋਹ ਵਿਚ ਹੀ ਫਸੀ ਰਹੀ।੧।

੩. ਹੇ ਭੈਣੋਂ! ਹੁਣ ਮੈਂ ਸੋਚਦੀ ਹਾਂ ਕਿ ਮੈਂ ਮੂਰਖ ਹਾਂ, ਮੈਂ ਉਸ ਆਪਣੇ ਪਿਆਰੇ ਪਤੀ ਨੂੰ ਕਿਵੇਂ ਮਿਲ ਸਕਦੀ ਹਾਂ?

੪. (ਕਿਉਂਕਿ) ਮੈਂ ਤਾਂ ਇਹੋ ਨਿਸਚਾ ਕਰ ਲਿਆ ਹੈ ਕਿ ਜੋ ਉਸ ਪਿਆਰੇ ਪਤੀ ਨੂੰ ਭਾ ਜਾਵੇ, ਉਹ ਸੁਹਾਗਣੀ ਹੈ। (ਹਾਂ) ਉਹੋ ਹੀ ਸਿਆਣੀ ਹੈ, ਉਹੋ ਹੀ ਪਤੀ ਨੂੰ ਮਿਲ ਸਕਦੀ ਹੈ।੧।ਰਹਾਉ।

ਪ੍ਰ: ਕਿਉਂ ਜੀ! ਜਦ ਕਿ ਤੁਹਾਡੇ ਅੰਦਰ ਇਤਨੀ ਖਿੱਚ ਹੈ ਤਾਂ ਤੁਸਾਂ ਨੂੰ ਪਿਆਰੇ ਪਤੀ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ?

ਉ: ੫. ਹੇ ਭਰਾਵੋ! ਖਿੱਚ ਤਾਂ ਮੇਰੇ ਅੰਦਰ ਬਹੁਤ ਹੈ, ਪਰ ਇਸਦੇ ਨਾਲ ਹੀ ਮੈਂ ਇਹ ਵੀ ਸੋਚਦੀ ਹਾਂ ਕਿ ਮੇਰੇ ਅੰਦਰ ਅਨੇਕਾਂ ਐਬ ਹਨ, ਜਿਨ੍ਹਾਂ ਕਰ ਕੇ ਮੈਂ ਆਪਣੇ ਪਿਆਰੇ ਪ੍ਰਭੂ ਪਤੀ ਨੂੰ ਮਿਲ ਨਹੀਂ ਸਕਦੀ।

੬. ਆਖ਼ਰ ਮੈਂ ਪਛਤਾਵੇ ਭਰੇ ਸ਼ਬਦਾਂ ਵਿਚ ਨਿਰਾਸ਼ ਜਿਹੀ ਹੋ ਕੇ ਇਉਂ ਬੋਲ ਉਠਦੀ ਹਾਂ ਕਿ ਹੇ ਪ੍ਰਭੂ ਜੀ! ਤੇਰੇ ਨਾਲ ਪਿਆਰ ਕਰਨ ਵਾਲੇ ਅਨੇਕਾਂ ਹੀ ਹਨ, ਮੈਂ ਤਾਂ (ਆਪਣੀ ਮੂਰਖਤਾ ਦੇ ਸਦਕੇ) ਤੈਨੂੰ ਚੇਤੇ ਹੀ ਨਹੀਂ ਆ ਸਕਦੀ।੨।

੭. ਆਖ਼ਰ ਮੇਰੇ ਸੋਚਾਂ ਵਿਚ ਡੁੱਬੀ ਹੋਈ ਦੇ ਅੰਦਰੋਂ ਇਉਂ ਆਵਾਜ਼ ਉਠਦੀ ਹੈ ਕਿ ਜਿਸ ਜੀਵ ਰੂਪੀ ਇਸਤ੍ਰੀ ਨੇ ਪ੍ਰਭੂ ਪਤੀ ਨੂੰ ਹਿਰਦੇ ਵਿਚ ਵਸਾ ਲਿਆ ਹੈ ਤੇ ਉਸਦੇ ਅਨੰਦ ਨੂੰ ਮਾਣਿਆ ਹੈ, ਉਹ ਨੇਕ ਹੈ, ਉਹ ਭਾਗਾਂ ਵਾਲੀ ਹੈ, ਭਾਵ ਸ਼ੁਭ ਗੁਣਾਂ ਵਾਲੀ ਹੈ।

੮. ਉਹ ਗੁਣ ਮੇਰੇ ਵਿਚ ਨਹੀਂ ਹਨ ਜੋ ਕਿ ਸੁਹਾਗਣਾਂ ਅੰਦਰ ਹੋਇਆ ਕਰਦੇ ਹਨ, (ਹੁਣ ਦੱਸੋ) ਮੈਂ ਦੁਹਾਗਣ, ਛੁੱਟੜ,

ਪ੍ਰਭੂ ਪਤੀ ਨੂੰ ਮਿਲਣ ਲਈ ਕੀ (ਚਾਰਾ) ਕਰਾਂ, ਕੀ ਕਰ ਸਕਦੀ ਹਾਂ।੩।

੯. ਹੁਣ ਮੇਰੇ ਅੰਦਰੋਂ ਮੁੜ-ਮੁੜ ਇਹੋ ਹੀ ਆਵਾਜ਼ ਆਉਂਦੀ ਹੈ ਕਿ ਮੈਂ ਦੇਖਦੀ ਹਾਂ ਕਿ ਸੁਹਾਗਵੰਤੀ ਨਿੱਤ-ਨਿੱਤ ਉਸ ਪ੍ਰਭੂ ਪਤੀ ਦੇ ਮਿਲਾਪ ਦਾ ਅਨੰਦ ਮਾਣਦੀ ਹੈ।

੧੦. ਕਿਤਨਾ ਚੰਗਾ ਹੋਵੇ ਕਿ ਉਹ ਮੈਂ ਕਰਮ ਹੀਣੀ ਨੂੰ ਕਦੀ ਕਦਾਈਂ ਹੀ (ਆਪਣੇ) ਗਲੇ ਨਾਲ ਲਾ ਲਵੇ, ਮੈਂ ਤਾਂ ਭੀ ਸ਼ੁਕਰ ਹੀ ਕਰਾਂ।੪।

੧੧. ਹੇ ਭਾਈਓ! ਤਾਂ ਭੀ ਮੈਂ ਆਪਣੇ ਆਪ ਨੂੰ ਹਰੇਕ ਪੱਖ ਤੋਂ ਕਮਜ਼ੋਰ ਵੇਖ ਕੇ ਆਸ ਨਹੀਂ ਤੋੜ ਬੈਠਾ। ਆਖ਼ਰ ਇਉਂ ਅਰਦਾਸ ਕਰਨ ਲਈ ਸਾਵਧਾਨ ਹੋ ਜੋਦੜੀ ਕਰਨੀ ਆਰੰਭ ਦਿੱਤੀ ਕਿ ਹੇ ਮਾਲਕ! ਤੂੰ ਗੁਣਾਂ ਵਾਲਾ ਹੈਂ, ਮੈਂ ਅਉਗਣਾਂ ਵਾਲਾ ਹਾਂ।

੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਹੇ ਮੇਰੇ ਮਾਲਕ) ਮੈਂ ਤੇਰੇ ਦਰ 'ਤੇ ਆਣ ਢੱਠਾ ਹਾਂ, ਮੈਂ ਨਿਰਗੁਣ ਨੂੰ, ਨਿਮਾਣੇ ਨੂੰ ਬਖਸ਼ ਲੈ (ਤੇ ਆਪਣੇ ਨਾਮ ਦੀ ਦਾਤ ਦੇਹ)।੫।੨।

ਭਾਵਾਰਥ : ਇਸ ਸ਼ਬਦ ਵਿਚ ਆਪਣੇ ਔਗੁਣਾਂ ਦਾ ਇਕਰਾਰ ਕਰਦਿਆਂ ਉਸ ਸਾਈਂ ਜੀ ਦੇ ਅੱਗੇ ਔਗੁਣ ਬਖ਼ਸ਼ਾਉਣ ਲਈ ਸਦਾ ਹੀ ਅਰਦਾਸ ਕਰਦੇ ਰਹਿਣ ਦੀ ਪ੍ਰੇਰਣਾ ਕੀਤੀ ਹੈ।

ਵਡਹੰਸੁ ਮਹਲਾ ੪ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

੧. ਮੈ ਮਨਿ ਵਡੀ ਆਸ ਹਰੇ
ਕਿਉ ਕਰਿ ਹਰਿ ਦਰਸਨੁ ਪਾਵਾ ॥
੨. ਹਉ ਜਾਇ ਪੁਛਾ ਅਪਨੇ ਸਤਗੁਰੈ
ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥
੩. ਭੂਲਾ ਮਨੁ ਸਮਝੈ ਗੁਰ ਸਬਦੀ
ਹਰਿ ਹਰਿ ਸਦਾ ਧਿਆਏ ॥
੪. ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ
ਸੋ ਹਰਿ ਚਰਣੀ ਚਿਤੁ ਲਾਏ ॥੧॥

ਪਦ ਅਰਥ : ਮੈ ਮਨਿ—ਮੇਰੇ ਮਨ ਵਿਚ। ਹਰੇ—ਹੇ ਹਰੀ। ਪਾਵਾ—ਪਾਵਾਂ, ਮੈਂ ਪਾ ਲਵਾਂ। ਪੁਛਾ—ਪੁੱਛਾਂ, ਮੈਂ ਪੁੱਛਦੀ ਹਾਂ। ਜਾਇ—ਜਾ ਕੇ। ਸਤਿਗੁਰੈ—ਗੁਰੂ ਨੂੰ। ਪੁਛਿ—ਪੁੱਛ ਕੇ। ਮੁਗਧੁ—ਮੂਰਖ। ਸਮਝਾਵਾ—ਸਮਝਾਵਾਂ, ਮੈਂ ਸਮਝਾਂਦੀ ਹਾਂ।੧।

ਅਰਥ :

ਪ੍ਰ: ਹੇ ਗੁਰੋ! ਸੰਸਾਰੀ ਮਨੁੱਖਾਂ ਦੇ ਮਨ ਵਿਚ ਵੇਖੀਦਾ ਹੈ ਕਿ ਅਨੇਕਾਂ ਤਰ੍ਹਾਂ ਦੀਆਂ ਆਸਾਂ ਲੱਗ ਰਹੀਆਂ ਹਨ, ਕੀ ਤੁਹਾਡੇ ਮਨ ਵਿਚ ਤਾਂ ਕਿਸੇ ਤਰ੍ਹਾਂ ਦੀ ਕੋਈ ਆਸ਼ਾ ਨਹੀਂ ?

ਉ: ੧. ਹੇ ਪਿਆਰਿਓ! ਮੇਰੇ ਮਨ ਵਿਚ ਤਾਂ ਬਹੁਤ ਹੀ ਵਡੀ ਆਸ਼ਾ, ਤਾਂਘ ਲਗ ਰਹੀ ਹੈ ਕਿ ਮੈਂ ਕਿਸੇ ਨਾ ਕਿਸੇ ਤਰ੍ਹਾਂ ਹੇ ਹਰੀ! ਤੇਰੇ ਦਰਸ਼ਨ ਕਰ ਸਕਾਂ।

ਪ੍ਰ: ਕਿਉਂ ਜੀ! ਕੀ ਤੁਸੀਂ ਇਸ ਦਰਸ਼ਨ-ਪ੍ਰਾਪਤੀ ਦੀ ਇੱਛਾ ਪੂਰੀ ਕਰਨ ਲਈ ਕੋਈ ਸਾਧਨ ਵੀ ਸੋਚਦੇ ਹੋ ?

ਉ: ੨. ਹਾਂ! ਮੈਂ ਇਹੋ ਹੀ ਸਾਧਨ ਸੋਚਦੀ ਰਹਿੰਦੀ ਹਾਂ ਕਿ ਮੈਂ ਆਪਣੇ ਸਤਿਗੁਰੂ ਨੂੰ ਜਾ ਕੇ ਪੁੱਛਾਂ ਤੇ ਗੁਰੂ ਨੂੰ ਪੁੱਛ ਕੇ ਮੈਂ ਆਪਣੇ ਮੂਰਖ ਮਨ ਨੂੰ ਸਮਝਾਵਾਂ।

੩. (ਕਿਉਂਕਿ) ਇਹ ਕੁਰਾਹੇ ਪਿਆ ਹੋਇਆ ਮਨ ਗੁਰੂ ਦੇ ਸ਼ਬਦ ਵਿਚ ਜੁੜ ਕੇ ਹੀ ਅਕਲ ਸਿੱਖਦਾ ਹੈ, ਤਾਂ ਫਿਰ ਉਹ ਸਦਾ ਹੀ ਪਰਮੇਸ਼ਰ ਦਾ ਨਾਮ ਸਿਮਰਦਾ ਰਹਿੰਦਾ ਹੈ।

ਪ੍ਰ: ਹਜ਼ੂਰ! ਵੇਖੀਦਾ ਹੈ ਕਿ ਇਨ੍ਹਾਂ ਸਾਰੇ ਹੀ ਸੰਸਾਰੀ ਜੀਵਾਂ ਦੇ ਮਨ ਕੁਰਾਹੇ ਪਏ ਔਜੜ ਵਿਚ ਭਟਕਦੇ ਹਨ, ਤਾਂ ਫਿਰ ਕਿਉਂ ਨਹੀਂ ਇਹ ਸਾਰੇ ਹੀ ਜੀਵ ਗੁਰੂ ਦੁਆਰਾ ਹਰੀ ਦੇ ਚਰਨਾਂ ਵਿਚ ਜੁੜ ਜਾਂਦੇ ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਚਾਹੁੰਦੇ ਤਾਂ ਭਾਵੇਂ ਬਹੁਤ ਲੋਕ ਹਨ, ਪਰ (ਹਾਂ), ਜਿਸ ਉੱਤੇ ਮੇਰਾ ਪਿਆਰਾ ਗੁਰੂ ਮਿਹਰ ਦੀ ਨਜ਼ਰ ਕਰਦਾ ਹੈ, ਉਹੋ ਹੀ ਹਰੀ ਦੇ ਚਰਨਾਂ ਵਿਚ ਆਪਣਾ ਚਿੱਤ ਜੋੜੀ ਰੱਖਦਾ ਹੈ।੧।

੧. ਹਉ ਸਭਿ ਵੇਸ ਕਰੀ ਪਿਰ ਕਾਰਣਿ
ਜੇ ਹਰਿ ਪ੍ਰਭ ਸਾਚੇ ਭਾਵਾ ॥
੨. ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ
ਹਉ ਕਿਉ ਕਰਿ ਧੀਰਜੁ ਪਾਵਾ ॥
੩. ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ
ਸੋ ਪਿਰੁ ਰਤਾ ਮੇਰਾ ਅਵਰਾ ॥
੪. ਨਾਨਕ ਧਨੁ ਧੰਨੁ ਧੰਨੁ ਸੋਹਾਗਣਿ
ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥

ਪਦ ਅਰਥ : ਸਭਿ—ਸਾਰੇ। ਕਰੀ—ਕਰੀਂ, ਮੈਂ ਕਰਦੀ ਹਾਂ। ਪਿਰ ਕਾਰਣਿ—ਪਤੀ ਨੂੰ ਮਿਲਣ ਵਾਸਤੇ। ਜੇ—ਤਾਂ ਕਿ, ਭਲਾ ਜਿ। ਭਾਵਾ—ਭਾਵਾਂ, ਮੈਂ ਪਸੰਦ ਆ ਜਾਵਾਂ। ਧੀਰਜੁ—ਸ਼ਾਂਤੀ। ਸੀਗਾਰੀ—ਸ਼ਿੰਗਾਰੀ, ਮੈਂ ਸ਼ਿੰਗਾਰਦੀ ਹਾਂ। ਅਵਰਾ—ਹੋਰਨਾਂ ਵਿਚ। ਧਨੁ—ਸਲਾਹੁਣ ਯੋਗ। ਜਿਨਿ—ਜਿਸ ਨੇ। ਸਵਰਾ—ਸੰਵਰਾ, ਸੋਹਣਾ।੨।

ਅਰਥ :

ਪ੍ਰ: ਹਜ਼ੂਰ! ਕੀ ਤੁਸਾਂ ਉਸ ਆਪਣੇ ਪਿਆਰੇ ਪਤੀ ਨੂੰ ਮਿਲਣ ਲਈ ਕੋਈ ਸਾਧਨ ਵੀ ਕੀਤਾ ਹੈ ?

ਉ: ੧. ਹੇ ਸੱਜਨੋ! ਜਿਵੇਂ ਇਕ ਇਸਤ੍ਰੀ ਆਪਣੇ ਪਤੀ ਦੀ ਪ੍ਰਸੰਨਤਾ ਲਈ ਅਨੇਕਾਂ ਸ਼ਿੰਗਾਰ ਕਰਦੀ ਹੈ, ਇਸੇ ਹੀ ਤਰ੍ਹਾਂ ਮੈਂ ਆਪਣੇ ਉਸ ਪਿਆਰੇ ਪ੍ਰਭੂ ਪਤੀ ਨੂੰ ਮਿਲਣ ਦੀ ਖ਼ਾਤਰ ਜਿਤਨੇ ਵੀ ਵੇਸ (ਧਾਰਮਿਕ ਪਹਿਰਾਵੇ) ਹਨ, ਉਹ ਮੈਂ ਸਾਰੇ ਹੀ ਕਰਦੀ ਹਾਂ, ਤਾਂਕਿ ਕਿਵੇਂ ਵੀ ਮੈਂ ਉਸ ਸੱਚੇ ਪ੍ਰਭੂ ਨੂੰ ਭਾ ਜਾਵਾਂ, ਉਸ ਸੱਚੇ ਸਾਈਂ ਜੀ ਨੂੰ ਪਸੰਦ ਆ ਜਾਵਾਂ।

੨. ਪਰ ਪਤਾ ਨਹੀਂ ਜੋ ਕਿ ਇਤਨੇ (ਧਾਰਮਿਕ ਲਿਬਾਸ) ਕਰਨ ਨਾਲ ਵੀ ਉਹ ਮੇਰਾ ਪਿਆਰਾ ਪ੍ਰਭੂ ਪਤੀ ਮੇਰੇ ਵਲ (ਮੇਰੇ ਇਨ੍ਹਾਂ ਵੇਸਾਂ ਵਲ) ਨਜ਼ਰ ਕਰ ਕੇ ਤੱਕਦਾ ਵੀ ਨਹੀਂ, ਤਾਂ

ਫਿਰ ਦੱਸੋ ਇਨ੍ਹਾਂ (ਬਾਹਰਲੇ ਵੇਸਾਂ ਨਾਲ) ਮੈਂ ਕਿਵੇਂ ਸ਼ਾਂਤੀ ਪ੍ਰਾਪਤ ਕਰ ਸਕਦੀ ਹਾਂ।

੩. ਹੁਣ ਮੈਂ ਇਹੋ ਸੋਚਦੀ ਹਾਂ ਕਿ ਜਿਸ ਪ੍ਰਭੂ ਪਤੀ ਦੀ ਪ੍ਰਸੰਨਤਾ ਲਈ ਇਹ ਮੈਂ ਬਾਹਰਲਾ ਸਾਧਨਾਂ ਦਾ ਸ਼ਿੰਗਾਰ ਕਰਦੀ ਹਾਂ (ਉਹ ਤਾਂ ਇਨ੍ਹਾਂ ਦੇ ਕਰਦਿਆਂ ਹੋਇਆਂ ਵੀ) ਹੋਰਨਾਂ ਪਿਆਰਿਆਂ (ਜੋ ਕਿ ਅੰਦਰਲੇ ਆਤਮਿਕ ਸ਼ੁਭ ਗੁਣਾਂ ਦੇ ਸ਼ਿੰਗਾਰ ਕਰਦੀਆਂ ਹਨ) ਦੇ ਪਿਆਰ ਵਿਚ ਲੱਗ ਰਿਹਾ ਹੈ। ਇਸ ਲਈ ਮੈਨੂੰ ਤਾਂ ਹੁਣ ਇਸ ਅਸਲੀਅਤ ਦੀ ਸਮਝ ਪਈ ਹੈ ਕਿ ਉਹ ਤਾਂ ਅੰਦਰਲੇ ਦੈਵੀ ਗੁਣਾਂ ਦੇ ਸ਼ਿੰਗਾਰ 'ਤੇ ਪ੍ਰਸੰਨ ਹੁੰਦਾ ਹੈ।

੪. ਇਸ ਲਈ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! (ਮੈਨੂੰ ਉਨ੍ਹਾਂ ਸੁਹਾਗਣਾਂ ਨਾਲ ਕੋਈ ਈਰਖਾ ਨਹੀਂ ਹੈ ਕਿ ਉਨ੍ਹਾਂ ਨੂੰ ਇਹ ਦਾਤ ਕਿਉਂ ਮਿਲੀ ਹੈ) ਪਰ ਮੈਂ ਤਾਂ ਸਗੋਂ ਇਉਂ ਕਹਿ ਰਹੀ ਹਾਂ ਕਿ ਉਹ ਜੀਵ ਰੂਪ ਇਸਤ੍ਰੀਆਂ ਧੰਨ ਹਨ, ਧੰਨ ਹਨ, ਜਿਨ੍ਹਾਂ ਨੇ ਉਸ ਸਦਾ ਕਾਇਮ ਰਹਿਣ ਵਾਲੇ ਸੁੰਦਰ ਪ੍ਰਭੂ ਪਤੀ ਦੇ ਅਨੰਦ ਨੂੰ ਆਪਣੇ ਹਿਰਦੇ ਅੰਦਰ ਮਾਣਿਆ ਹੈ।੨।

੧. ਹਉ ਜਾਇ ਪੁਛਾ ਸੋਹਾਗ ਸੁਹਾਗਣਿ
ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥
੨. ਮੈ ਊਪਰਿ ਨਦਰਿ ਕਰੀ ਪਿਰਿ ਸਾਚੈ
ਮੈ ਛੋਡਿਅੜਾ ਮੇਰਾ ਤੇਰਾ ॥
੩. ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ
ਇਤੁ ਮਾਰਗਿ ਭੈਣੇ ਮਿਲੀਐ ॥
੪. ਆਪਨੜਾ ਪ੍ਰਭੁ ਨਦਰਿ ਕਰਿ ਦੇਖੈ
ਨਾਨਕ ਜੋਤਿ ਜੋਤੀ ਰਲੀਐ ॥੩॥

ਪਦ ਅਰਥ : ਪੁਛਾ—ਪੁੱਛਾਂ, ਮੈਂ ਪੁੱਛਦੀ ਹਾਂ। ਜਾਇ—ਜਾ ਕੇ। ਸੋਹਾਗ ਸੁਹਾਗਣਿ—ਪ੍ਰਭੂ ਮਾਲਕ ਦੀ ਪਿਆਰੀ ਨੂੰ। ਕਿਉ—ਕਿਵੇਂ। ਪਿਰਿ ਸਾਚੈ—ਸਦਾ ਕਾਇਮ ਰਹਿਣ ਵਾਲੇ ਪਿਰ ਨੇ। ਜੀਉ—ਜਿੰਦ। ਇਤੁ—ਇਸ ਵਿਚ। ਮਾਰਗਿ—ਰਸਤੇ 'ਤੇ। ਇਤੁ ਮਾਰਗਿ—ਇਸ ਰਸਤੇ ਉੱਤੇ। ਭੈਣੇ—ਹੇ ਭੈਣ।੩।

ਅਰਥ :

ਪ੍ਰ: ਕਿਉਂ ਜੀ! ਆਖ਼ਰ ਤੁਸਾਂ ਸੁਹਾਗ ਭਾਗ ਵਾਲੀਆਂ ਜੀਵ ਰੂਪ ਇਸਤ੍ਰੀਆਂ ਨੂੰ ਅਨੰਦ ਮਾਣਦਿਆਂ ਤੱਕ ਕੇ ਹੁਣ ਕੀ ਸੋਚਿਆ ਹੈ?

ਉ: ੧. ਹੇ ਮਿੱਤਰੋ! ਮੈਂ ਤਾਂ ਹੁਣ ਇਹੋ ਹੀ ਸੋਚਿਆ ਹੈ ਕਿ ਜੋ ਪ੍ਰਭੂ ਪਤੀ ਨੂੰ ਜੀਵ ਰੂਪ ਇਸਤ੍ਰੀਆਂ ਪਿਆਰੀਆਂ ਹਨ, ਉਨ੍ਹਾਂ ਨੂੰ ਜਾ ਕੇ ਪੁੱਛਾਂ। ਸੋ, ਮੈਂ ਹੁਣ ਉਨ੍ਹਾਂ ਖ਼ਸਮ ਨੂੰ ਪਿਆਰੀਆਂ ਜੀਵ ਰੂਪ ਇਸਤ੍ਰੀਆਂ ਨੂੰ ਜਾ ਕੇ ਪੁੱਛਿਆ ਕਿ (ਹੇ ਭੈਣੋ) ਤੁਸਾਂ ਨੇ ਉਹ ਮੇਰਾ ਪਿਆਰਾ ਪ੍ਰਭੂ ਪਤੀ ਕਿਵੇ ਪਾ ਲਿਆ ਹੈ?

ਪ੍ਰ: ਕੀ ਤੁਹਾਨੂੰ ਇਸ ਪੁੱਛ ਦੇ ਉੱਤਰ ਵਿਚ ਕੋਈ ਗੱਲ ਸਮਝਾਈ ਗਈ?

ਉ: ੨. (ਹਾਂ ਜ਼ਰੂਰ) ਹੇ ਭਾਈਓ! ਉਨ੍ਹਾਂ ਸਾਰੀਆਂ ਹੀ ਜੀਵ ਰੂਪ ਇਸਤ੍ਰੀਆਂ ਵਿਚੋਂ ਇਕ ਨੇ ਇਸ ਤਰ੍ਹਾਂ ਦਾ ਉੱਤਰ ਦਿੱਤਾ ਕਿ ਹੇ ਭੈਣੇ! ਮੈਨੂੰ ਤਾਂ ਉਸ ਪਿਆਰੇ ਮਾਲਕ ਪ੍ਰਭੂ ਦੀ ਇਸ ਤਰ੍ਹਾਂ ਪ੍ਰਾਪਤੀ ਹੋਈ ਹੈ ਕਿ ਮੈਂ (ਪਹਿਲੋਂ) ਮੇਰਾ-ਤੇਰਾ ਛੱਡ ਦਿੱਤਾ (ਬਸ) (ਇਸੇ ਦੀ ਬਰਕਤ ਨਾਲ) ਮੇਰੇ ਉੱਤੇ (ਮੇਰੇ) ਸੱਚੇ ਪ੍ਰਭੂ ਪਤੀ ਨੇ ਮਿਹਰ ਦੀ ਦ੍ਰਿਸ਼ਟੀ ਪਾ ਦਿੱਤੀ।

੩. (ਇਸ ਲਈ) ਹੇ ਭੈਣੇ! ਤੂੰ ਭੀ ਇਹ ਆਪਣਾ ਮਨ, ਤਨ ਤੇ ਜੀਉ ਹਰੀ ਪ੍ਰਭੂ ਨੂੰ ਅਰਪਨ ਕਰ ਦੇ, ਇਸ ਤਰ੍ਹਾਂ ਦੇ ਰਸਤੇ 'ਤੇ ਟੁਰਦਿਆਂ ਉਸ ਮਾਲਕ ਨੂੰ ਮਿਲ ਪਈਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭੈਣੇ! ਇਸ ਸੱਚੇ ਮਾਰਗ 'ਤੇ ਤੁਰਦਿਆਂ ਉਹ ਆਪਣਾ ਪ੍ਰਭੂ ਮਿਹਰ ਦੀ ਨਜ਼ਰ ਨਾਲ ਤਕਦਾ ਹੈ, (ਜਿਸ ਦੀ ਬਰਕਤ ਨਾਲ) ਜੋਤੀ ਸਰੂਪ ਵਿਚ ਜੋਤਿ ਹੋ ਕੇ ਰਲ ਜਾਈਦਾ ਹੈ, ਭਾਵ ਉਸ ਸਾਈਂ ਜੀ ਨਾਲ ਇਕ-ਮਿਕ ਹੋ ਜਾਈਦਾ ਹੈ।੩।

੧. ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ
ਤਿਸੁ ਮਨੁ ਤਨੁ ਅਪਣਾ ਦੇਵਾ ॥
੨. ਨਿਤ ਪਖਾ ਫੇਰੀ ਸੇਵ ਕਮਾਵਾ
ਤਿਸੁ ਆਗੈ ਪਾਣੀ ਢੋਵਾਂ ॥
੩. ਨਿਤ ਨਿਤ ਸੇਵ ਕਰੀ ਹਰਿ ਜਨ ਕੀ
ਜੋ ਹਰਿ ਹਰਿ ਕਥਾ ਸੁਣਾਏ ॥
੪. ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ
ਨਾਨਕ ਮਨਿ ਆਸ ਪੁਜਾਏ ॥੪॥

ਪਦ ਅਰਥ : ਮੈ—ਮੈਨੂੰ। ਦੇਇ—ਦੇਵੇ। ਤਿਸੁ—ਉਸ ਨੂੰ। ਦੇਵਾ—ਦੇਵਾਂ। ਫੇਰੀ—ਫੇਰੀਂ, ਮੈਂ ਫੇਰਾਂ। ਕਰੀ—ਕਰੀਂ, ਮੈਂ ਕਰਾਂ। ਮਨਿ—ਮਨ ਵਿਚ। ਪੁਜਾਏ—ਪੂਰੀ ਕਰਦਾ ਹੈ।੪।

ਅਰਥ :

ਪ੍ਰ: ਕਿਉਂ ਜੀ! ਜਦ ਕੋਈ ਉਸ ਪਿਆਰੇ ਪਰਮੇਸ਼ਰ ਪਤੀ ਦੀ ਪ੍ਰਾਪਤੀ ਦਾ ਤੁਹਾਨੂੰ ਕੋਈ ਉਪਕਾਰੀ ਸੱਜਨ ਸੰਦੇਸ਼ਾ ਦੇਵੇ, ਕੀ ਤੁਸੀਂ ਉਸ ਨੂੰ ਕੋਈ ਭੇਟਾ ਭੀ ਅਰਪਨ ਕਰੋਗੇ?

ਉ: ੧. (ਹਾਂ) ਜ਼ਰੂਰ ਦਿਆਂਗਾ, ਹੇ ਭਾਈ! ਜਿਹੜਾ ਭੀ ਮੈਨੂੰ ਉਸ ਹਰੀ ਪ੍ਰਭੂ ਦੀ (ਸਿਫ਼ਤਿ-ਸਾਲਾਹ) ਨਾਮ, ਧਿਆਨ, ਗਿਆਨ ਦਾ ਸੁਨੇਹਾ ਦੇਵੇ, ਉਸ ਨੂੰ ਤਾਂ ਮੈਂ ਆਪਣਾ ਇਹ ਮਨ, ਤਨ, ਭੇਟਾ ਵਿਚ ਦੇ ਦਿਆਂਗਾ, (ਭਾਵ ਨਿੰਮ੍ਰਤਾ ਸਹਿਤ ਹੋ ਉਸ ਦੀ ਸੇਵਾ ਕਰਾਂਗਾ)।

ਪ੍ਰ: ਕਿਉਂ ਜੀ! ਕੁਝ ਹੋਰ ਵੀ ਭੇਟਾ ਕਰਨ ਲਈ ਤਿਆਰ ਹੋ?

ਉ: ੨. ਹਾਂ, ਹੋਰ ਮੈਂ ਉਸ ਨੂੰ ਸਦਾ ਪੱਖਾ ਝੱਲਣ ਲਈ ਤਿਆਰ ਹਾਂ, ਉਸ ਦੀ (ਹਰ ਤਰ੍ਹਾਂ) ਸੇਵਾ ਕਰਨ ਨੂੰ ਤਿਆਰ ਹਾਂ, ਉਸ ਦੇ ਵਾਸਤੇ (ਹਮੇਸ਼ਾ ਹੀ) ਪਾਣੀ ਢੋਣ ਨੂੰ ਤਿਆਰ ਹਾਂ।

੩. ਹੇ ਪਿਆਰਿਓ! ਜੋ ਵੀ ਪਰਮੇਸ਼ਰ ਦਾ ਪਿਆਰਾ ਭਗਤ ਮੈਨੂੰ

ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀਆਂ ਗੱਲਾਂ ਸੁਣਾਏ, ਮੈਂ ਉਸਦੀ ਸੇਵਾ ਕਰਨ ਲਈ ਸਦਾ-ਸਦਾ ਹੀ ਤਿਆਰ ਹਾਂ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਐਸਾ ਹਰੀ ਜਨ ਤਾਂ ਮੇਰਾ ਗੁਰੂ ਹੈ, ਪੂਰਾ ਸਤਿਗੁਰੂ ਹੈ, ਉਹ ਸਤਿਗੁਰੂ ਧੰਨ ਹੈ, ਧੰਨ ਹੈ, ਮੇਰੇ ਅੰਦਰ ਜੋ ਪ੍ਰਭੂ ਮਿਲਾਪ ਦੀ ਆਸਾ ਹੈ, ਉਸ ਨੂੰ ਪੂਰੀ ਕਰਦਾ ਹੈ।੪।

੧. ਗੁਰੁ ਸਜਣੁ ਮੇਰਾ ਮੇਲਿ ਹਰੇ
ਜਿਤੁ ਮਿਲਿ ਹਰਿ ਨਾਮੁ ਧਿਆਵਾ ॥
੨. ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ
ਕਰਿ ਸਾਂਝੀ ਹਰਿ ਗੁਣ ਗਾਵਾਂ ॥
੩. ਗੁਣ ਗਾਵਾ ਨਿਤ ਨਿਤ ਸਦ ਹਰਿ ਕੇ
ਮਨੁ ਜੀਵੈ ਨਾਮੁ ਸੁਣਿ ਤੇਰਾ ॥
੪. ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥

ਪਦ ਅਰਥ : ਮੇਲਿ—ਮਿਲਾ। ਹਰੇ—ਹੇ ਹਰੀ। ਜਿਤੁ—ਜਿਸ ਵਿਚ। ਮਿਲਿ—ਮਿਲ ਕੇ। ਧਿਆਵਾ—ਧਿਆਵਾਂ, ਮੈਂ ਧਿਆਵਾਂ। ਗੋਸਟਿ—(ਮਿਲਾਪ ਦੀਆਂ) ਗੱਲਾਂ। ਕਰਿ—ਕਰ ਕੇ। ਸਾਂਝੀ—ਮੇਲਿ ਮਿਲਾਪ, ਸੰਗਤ। ਸਦ—ਸਦਾ। ਜੀਵੈ—ਜੀਉ ਪੈਂਦਾ ਹੈ। ਜਿਤੁ ਵੇਲਾ—ਜਿਸ ਵੇਲੇ, ਜਦੋਂ। ਜੀਉ—ਜਿੰਦ। ਮਰ ਜਾਇ—ਮਰ ਜਾਂਦੀ ਹੈ।

ਅਰਥ :

ਪ੍ਰ: ਹੇ ਗੁਰੋ! ਜੋ ਗੁਰੂ ਹਰੀ ਨਾਲ ਮਿਲਾਪ ਕਰਾਉਣ ਵਾਲਾ ਹੈ, ਉਸ ਦੇ ਮਿਲਣ ਲਈ ਤੁਸੀਂ ਕੀ ਸਾਧਨ ਕਰਦੇ ਹੋ?

ਉ: ੧. ਹੇ ਭਾਈਓ! ਅਸੀਂ ਤਾਂ ਇਕ ਹਰੀ ਪ੍ਰਭੂ ਅੱਗੇ ਅਰਦਾਸ ਕਰਦੇ ਹਾਂ ਕਿ ਹੇ ਹਰੀ! ਮੈਨੂੰ ਮੇਰਾ ਸੱਜਣ ਗੁਰੂ ਮੇਲ, ਜਿਸ ਨੂੰ ਮਿਲ ਕੇ ਮੈ ਹਰੀ ਦਾ ਨਾਮ ਧਿਆਵਾਂ।

੨. ਗੁਰੂ ਸਤਿਗੁਰੂ ਪਾਸੋਂ ਮੈਂ ਹਰੀ ਮਿਲਾਪ ਦੀਆਂ (ਗੱਲਾਂ ਪੁੱਛਾਂ)। ਗੁਰੂ ਦੀ ਸੰਗਤ ਕਰ ਕੇ ਮੈਂ ਹਰੀ ਦੇ ਗੁਣ ਗਾਉਂਦਾ ਰਹਾਂ।

੩. (ਉਸ ਗੁਰੂ ਦੇ ਮਿਲਾਪ ਦੀ ਬਰਕਤ ਨਾਲ) ਮੈਂ ਸਦਾ ਹੀ ਹਰੀ ਦੇ ਗੁਣ ਗਾਉਂਦਾ ਰਵਾਂ। ਇਥੋਂ ਤਾਈਂ ਕਿ ਤੇਰੇ ਨਾਮ ਨੂੰ ਸੁਣ-ਸੁਣ ਕੇ ਹੀ ਮੇਰਾ ਮਨ ਜੀਉਂਦਾ ਰਹੇ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜਦੋਂ ਮੈਨੂੰ ਮੇਰਾ ਮਾਲਕ ਪ੍ਰਭੂ ਭੁੱਲ ਜਾਂਦਾ ਹੈ, ਉਸ ਵੇਲੇ ਮੇਰਾ ਜੀਉ ਹੀ ਮਰ ਜਾਂਦਾ ਹੈ।੫।

੧. ਹਰਿ ਵੇਖਣ ਕਉ ਸਭੁ ਕੋਈ ਲੋਚੈ
ਸੋ ਵੇਖੈ ਜਿਸੁ ਆਪਿ ਵਿਖਾਲੇ ॥
੨. ਜਿਸ ਨੋ ਨਦਰਿ ਕਰੇ ਮੇਰਾ ਪਿਆਰਾ
ਸੋ ਹਰਿ ਹਰਿ ਸਦਾ ਸਮਾਲੇ ॥
੩ ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ
ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥
੪. ਨਾਨਕ ਹਰਿ ਜਨ ਹਰਿ ਇਕੇ ਹੋਏ
ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥

ਪਦ ਅਰਥ : ਕਉ—ਵਾਸਤੇ। ਸਭੁ ਕੋਈ—ਹਰੇਕ ਜੀਵ। ਲੋਚੈ—ਤਾਂਘ ਕਰਦਾ ਹੈ। ਨਦਰਿ—ਨਜ਼ਰ, ਨਿਗਾਹ। ਸਮਾਲੇ—ਹਿਰਦੇ ਵਿਚ ਸੰਭਾਲਦਾ ਹੈ। ਇਕੇ—ਇਕ ਹੀ, ਇਕ ਰੂਪ, ਇਕ ਜੋਤ। ਸੇਤੀ—ਨਾਲ। ਜਪਿ—ਜਪ ਕੇ।੬।

ਅਰਥ :

ਪ੍ਰ: ਹੇ ਗੁਰੋ! ਜਦ ਵੀ ਕਿਸੇ ਨਾਲ ਗੱਲ ਕਰੋ ਤਾਂ ਹਰ ਬੰਦਾ ਹੀ ਇਹ ਆਪਣੀ ਲੋਚਾ ਕਹਿੰਦਾ ਹੈ ਕਿ ਮੈਂ ਹਰੀ ਨੂੰ ਮਿਲਣ ਦੀ ਤਾਂਘ ਰੱਖਦਾ ਹਾਂ, ਪਰ ਸਾਰਿਆਂ ਦਾ ਮਿਲਾਪ ਕਿਉਂ ਨਹੀਂ ਹੁੰਦਾ?

ਉ: ੧. ਹੇ ਭਾਈ ਸਿੱਖੋ, ਸੁਣੋ! ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰੀ ਦੇ (ਦਰਸ਼ਨ) ਵੇਖਣ ਨੂੰ ਤਾਂ ਹਰ ਕੋਈ ਲੋਚਦਾ ਹੈ, ਪਰ ਵੇਖਦਾ ਉਹੋ ਹੀ ਹੈ, ਜਿਸ ਨੂੰ ਹਰੀ ਆਪ ਹੀ ਦਿਖਾਏਗਾ।

ਪ੍ਰ: ਉਹ ਵਿਖਾਲਦਾ ਕਿਸ ਤਰ੍ਹਾਂ ਹੈ?

ਉ: ੨. ਉਹ ਪਿਆਰਾ ਪ੍ਰਭੂ ਪਹਿਲੋਂ ਕਿਰਪਾ ਦ੍ਰਿਸ਼ਟੀ ਪਾਉਂਦਾ ਹੈ। ਉਹ ਉਸ ਮਿਹਰ ਭਰੀ ਨਜ਼ਰ ਦੀ ਬਰਕਤ ਨਾਲ ਹਰੀ ਹਰਿ ਨਾਮ ਨੂੰ ਸਦਾ ਸਿਮਰਦਾ ਹੈ।

ਪ੍ਰ: ਨਾਮ ਨੂੰ ਸਦਾ ਹੀ ਕੌਣ ਸੰਭਾਲਦਾ ਹੈ?

ਉ: ੩. ਹੇ ਭਾਈਓ! ਜਿਸ ਨੂੰ ਮੇਰਾ ਪੂਰਾ ਸਤਿਗੁਰੂ ਮਿਲ ਪਿਆ, ਉਹ ਹਰੀ ਹਰਿ ਨਾਮ ਨੂੰ ਸਦਾ-ਸਦਾ ਹੀ ਸੰਭਾਲਦਾ ਹੈ।

ਪ੍ਰ: ਸੰਭਾਲਦਾ ਕਿਸ ਲਈ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮਨੁੱਖ ਪਰਮੇਸ਼ਰ ਦਾ ਨਾਮ ਜਪ-ਜਪ ਕੇ ਪਰਮੇਸ਼ਰ ਦੇ ਨਾਲ ਹੀ ਮਿਲ ਜਾਂਦਾ ਹੈ, ਇਸ ਤਰ੍ਹਾਂ ਪਰਮੇਸ਼ਰ ਤੇ ਪਰਮੇਸ਼ਰ ਦੇ ਭਗਤ ਇਕ ਰੂਪ ਹੋ ਜਾਂਦੇ ਹਨ।੬।੧੩।

ਭਾਵਾਰਥ : ਇਸ ਪਿਛਲੇ ਸ਼ਬਦ ਵਿਚ ਹਜ਼ੂਰ ਜੀ ਨੇ ਹਰੀ ਦੇ ਦਰਸ਼ਨਾਂ ਦੀ ਤਾਂਘ, ਹਰੀ ਦੇ ਮਿਲਾਪ ਦੀ ਸਿੱਕ ਤੇ ਸੱਧਰ ਵਰਣਨ ਕੀਤੀ ਹੈ। ਫਿਰ ਦਰਸ਼ਨ ਦੀ ਪ੍ਰਾਪਤੀ ਦੇ ਸਾਧਨ ਸਤਿਸੰਗ ਦੀ ਮਹਿਮਾ, ਗੁਰੂ ਤੇ ਨਾਮ ਦਾ ਵਰਣਨ ਕੀਤਾ ਗਿਆ ਹੈ ਅਤੇ ਨਾਮ ਦੀ ਵੱਡੀ ਮਹਿਮਾ ਦਰਸਾਈ ਹੈ। ਅੰਤ ਵਿਚ ਸਿਧਾਂਤ ਅੰਕਤ ਕੀਤਾ ਹੈ ਕਿ ਨਾਮ ਦੇ ਜਪਣ ਵਾਲਾ ਅੰਤ ਵਿਚ ਹਰੀ ਨੂੰ ਪ੍ਰਾਪਤ ਹੋ ਹੀ ਜਾਂਦਾ ਹੈ।

ਵਡਹੰਸੁ ਮਹਲਾ ੫ ਘਰੁ ੧

੧ਓ ਸਤਿਗੁਰ ਪ੍ਰਸਾਦਿ ॥

੧. ਅਤਿ ਊਚਾ ਤਾ ਕਾ ਦਰਬਾਰਾ ॥
੨. ਅੰਤੁ ਨਾਹੀ ਕਿਛੁ ਪਾਰਾਵਾਰਾ ॥
੩. ਕੋਟਿ ਕੋਟਿ ਕੋਟਿ ਲਖ ਧਾਵੈ ॥
੪. ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥੧॥
੫. ਸੁਹਾਵੀ ਕਉਣੁ ਸੁ ਵੇਲਾ
ਜਿਤੁ ਪ੍ਰਭ ਮੇਲਾ ॥੧॥ ਰਹਾਉ ॥

੬. ਲਾਖ ਭਗਤ ਜਾ ਕਉ ਆਰਾਧਹਿ ॥
੭. ਲਾਖ ਤਪੀਸਰ ਤਪੁ ਹੀ ਸਾਧਹਿ ॥
੮. ਲਾਖ ਜੋਗੀਸਰ ਕਰਤੇ ਜੋਗਾ ॥
੯. ਲਾਖ ਭੋਗੀਸਰ ਭੋਗਹਿ ਭੋਗਾ ॥੨॥
੧੦. ਘਟਿ ਘਟਿ ਵਸਹਿ ਜਾਣਹਿ ਥੋਰਾ ॥
੧੧. ਹੈ ਕੋਈ ਸਾਜਣੁ ਪਰਦਾ ਤੋਰਾ ॥
੧੨. ਕਰਉ ਜਤਨ ਜੇ ਹੋਇ ਮਿਹਰਵਾਨਾ ॥
੧੩. ਤਾ ਕਉ ਦੇਈ ਜੀਉ ਕੁਰਬਾਨਾ ॥੩॥
੧੪. ਫਿਰਤ ਫਿਰਤ ਸੰਤਨ ਪਹਿ ਆਇਆ ॥
੧੫. ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ ॥
੧੬. ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ ॥
੧੭. ਕਹੁ ਨਾਨਕ ਪ੍ਰਭੁ ਮੇਰਾ ਊਚਾ ॥੪॥੧॥

ਪਦ ਅਰਥ : ਤਾ ਕਾ—ਉਸ (ਪਰਮੇਸ਼ਰ) ਦਾ। ਦਰਬਾਰਾ—ਪਾਤਸ਼ਾਹ ਦੇ ਇਜਲਾਸ ਦਾ ਸਥਾਨ, ਭਾਵ ਸਰੂਪ, ਹਜ਼ੂਰੀ। ਪਾਰਾਵਾਰ—ਪਾਰ ਅਵਾਰ, ਪਾਰਲਾ ਉਰਲਾ ਬੰਨਾ। ਕੋਟਿ—ਕਰੋੜਾਂ ਵਾਰੀ। ਲਖ—ਲੱਖ ਵਾਰੀ। ਧਾਵੈ—ਦੌੜਦਾ ਫਿਰੇ, ਜਤਨ ਕਰਦਾ ਫਿਰੇ। ਇਕੁ ਤਿਲੁ—ਰਤਾ ਭਰ ਭੀ।੧।

ਸੁਹਾਵੀ—ਸੋਹਣੀ (ਘੜੀ)। ਜਿਤੁ—ਜਿਸ ਵੇਲੇ ਵਿਚ।੧।ਰਹਾਉ।

ਕਉ—ਨੂੰ। ਤਪੀਸਰ—(ਤਪੀ-ਈਸਰ) ਵੱਡੇ-ਵੱਡੇ ਤਪੀਏ, ਜੋਗੀਸਰ, ਭੋਗੀਸਰ, ਵੱਡੇ-ਵੱਡੇ ਜੋਗੀ, ਵੱਡੇ-ਵੱਡੇ ਭੋਗੀ, ਭਾਵ ਗ੍ਰਿਹਸਤੀ। ਘਟਿ ਘਟਿ—ਹਰੇਕ ਘਟ ਵਿਚ। ਘਟ—ਸਰੀਰ। ਵਸਹਿ—ਤੂੰ ਵਸਦਾ ਹੈਂ। ਥੋਰਾ—ਥੋੜ੍ਹੇ ਬੰਦੇ। ਜਾਣਹਿ—ਜਾਣਦੇ ਹਨ। ਕੋਈ—ਕੋਈ ਵਿਰਲਾ। ਤੋਰਾ—ਤੋੜਿਆ। ਕਰਉ—ਕਰਉਂ, ਮੈਂ ਕਰਦਾ ਹਾਂ। ਦੇਈ—ਮੈਂ ਦੇਂਦਾ ਹਾਂ।੩।

ਸੰਤਨ ਪਹਿ—ਸੰਤਾਂ ਪਾਸ, ਗੁਰੂ ਪਾਸ। ਹਮਾਰਾ—ਮੇਰਾ। ਸਗਲ—ਸਾਰਾ। ਮਹਿਲ—ਮਹਲ ਵਿਚ, ਹਜ਼ੂਰੀ ਵਿਚ। ਅੰਮ੍ਰਿਤ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਭੂੰਚਾ—ਛਕਿਆ, ਪੀਤਾ।

ਅਰਥ :

ਪ੍ਰ: ਹਜ਼ੂਰ ਜੀ! ਤੁਸਾਂ ਬਾਣੀ ਵਿਚ ਕਈ ਥਾਵਾਂ 'ਤੇ ਪਰਮੇਸ਼ਰ ਨੂੰ ਪਾਤਸ਼ਾਹ ਰੂਪ ਕਰਕੇ ਬਿਆਨਿਆ ਹੈ, ਪਰ ਪਾਤਸ਼ਾਹਾਂ ਦੇ ਤਾਂ ਵੱਡੇ-ਵੱਡੇ ਦਰਬਾਰ ਹੋਇਆ ਕਰਦੇ ਹਨ, ਸੋ ਪਰਮੇਸ਼ਰ ਪਾਤਸ਼ਾਹ ਦੇ ਦਰਬਾਰ ਬਾਰੇ ਵੀ ਸਾਨੂੰ ਕੁਝ ਸੋਝੀ ਦਿਓ।

ਉ: ੧. ਹੇ ਭਾਈਓ! ਦੁਨਿਆਵੀ ਪਾਤਸ਼ਾਹਾਂ ਦੇ ਦਰਬਾਰ ਤਾਂ ਕਥਨ ਕਰਨ ਵਿਚ ਆ ਸਕਦੇ ਹਨ, ਪਰ ਉਸ ਸੱਚੇ ਪਾਤਸ਼ਾਹ ਦਾ ਦਰਬਾਰ ਬਹੁਤ ਹੀ ਉੱਚਾ ਹੈ।

੨. ਉਸ ਦੇ ਪਾਰ ਉਰਾਰ (ਵਿਸਥਾਰ) ਦਾ ਕੋਈ ਅੰਤ ਹੀ ਨਹੀਂ ਹੈ।

ਪ੍ਰ: ਹਜ਼ੂਰ! ਉਸ ਦੇ ਸਰੂਪ ਦੀ ਪ੍ਰਾਪਤੀ ਦਾ ਕੋਈ ਸਾਧਨ ਦੱਸੋ?

ਉ: ੩. ਹੇ ਭਾਈਓ! ਭਾਵੇਂ ਕੋਈ ਮਨੁੱਖ ਲੱਖਾਂ ਕੀ ਕਰੋੜਾਂ-ਕਰੋੜਾਂ ਤਰ੍ਹਾਂ ਨੱਠਾ ਫਿਰੇ ਭਾਵ ਕਰੋੜਾਂ ਜਤਨ ਕਰੇ।

੪. ਉਸ ਦੇ ਟਿਕਾਣੇ ਦਾ, (ਭਾਵ ਸਰੂਪ ਦਾ ਕੋਈ ਵੀ) ਇਕ ਤਿਲ ਜਿੰਨਾ ਪਤਾ ਨਹੀਂ ਪਾ ਸਕਦਾ।੧।

੫. ਉਹ ਸੁਹਾਵਣਾ ਵੇਲਾ ਕਿਹੜਾ ਹੈ, ਜਦੋਂ ਕਿ ਪ੍ਰਭੂ ਦਾ ਮੇਲਾ ਹੁੰਦਾ ਹੈ।੧।ਰਹਾਉ।

ਪ੍ਰ: ਹਜ਼ੂਰ, ਲੱਖਾਂ ਹੀ ਜੋਗੀ, ਤਪੀਏ ਆਦਿ ਤਪ ਸਾਧਨਾ ਕਰਦੇ ਹਨ, ਉਹ ਤਾਂ ਅੰਤ ਪਾ ਹੀ ਸਕਦੇ ਹੋਣਗੇ?

ਉ: ੬. ਹੇ ਪਿਆਰਿਓ! ਵੇਖੀਦਾ ਹੈ ਕਿ ਲੱਖਾਂ ਭਗਤ ਜਿਸ ਦੀ ਅਰਾਧਨਾ ਕਰਦੇ ਹਨ।

੭. ਲੱਖਾਂ ਤਪੀਸਰ ਤਪ ਹੀ ਕਰਦੇ ਰਹਿੰਦੇ ਹਨ।

੮. ਲੱਖਾਂ ਹੀ ਜੋਗੀ ਜੋਗ ਸਾਧਨਾ ਕਰਦੇ ਹਨ।

੯. ਲੱਖਾਂ ਹੀ ਗ੍ਰਿਹਸਤੀ (ਮਾਇਕ) ਭੋਗਾਂ ਵਿਚ ਰਹਿੰਦੇ ਹਨ।੨।

੧੦. ਪਰ ਹੇ ਪ੍ਰਭੂ! ਤੂੰ ਸਭ ਦੇ ਹਿਰਦੇ ਵਿਚ ਵਸਦਾ ਹੈਂ, ਪਰ ਬਹੁਤ ਥੋੜ੍ਹੇ ਬੰਦੇ ਇਸ ਭੇਦ ਨੂੰ ਸਮਝਦੇ ਹਨ, ਕਿਉਂਕਿ ਜੀਵਾਂ ਦੇ ਅੰਦਰ ਤੇਰੇ ਨਾਲੋਂ ਵਿੱਥ ਬਣੀ ਰਹਿੰਦੀ ਹੈ।

੧੧. ਪਰ ਕੋਈ ਵਿਰਲਾ ਹੀ ਗੁਰਮੁਖ ਹੁੰਦਾ ਹੈ, ਜਿਹੜਾ ਉਸ ਪਰਦੇ ਨੂੰ ਦੂਰ ਕਰਦਾ ਹੈ, ਭਾਵ ਉਸ ਦੇ ਅਗਿਆਨ ਕੱਟ ਸੁੱਟਦਾ ਹੈ।

੧੨. (ਹੁਣ ਮੈਂ ਇਹ) ਜਤਨ ਕਰਦਾ ਹਾਂ ਕਿ ਉਹ ਪਰਦਾ ਕੱਟ ਸੁੱਟਣ ਵਾਲਾ ਸੱਜਣ ਪੁਰਖ ਮੇਰੇ 'ਤੇ ਮਿਹਰਬਾਨ ਹੋ ਜਾਵੇ।

੧੩. ਉਸ ਸੱਜਣ ਨੂੰ ਮੈਂ (ਆਪਣਾ) ਜੀਉ ਕੁਰਬਾਨ ਕਰ ਦਿਆਂ ਤੇ ਉਸ ਉਤੋਂ ਕੁਰਬਾਨ ਹੋ ਜਾਵਾਂ।੩।

ਪ੍ਰ: ਹਜ਼ੂਰ! ਆਖ਼ਰ ਤੁਹਾਡਾ ਦੁੱਖ ਭਰਮ ਇਹ ਕਿਵੇਂ ਨਵਿਰਤ ਹੋਇਆ ਹੈ?

ਉ: ੧੪. ਹੇ ਭਾਈਓ! ਮੈਂ ਭਾਲ ਕਰਦਾ-ਕਰਦਾ ਆਖ਼ਰ ਸੰਤਾਂ ਪਾਸ, ਭਾਵ ਗੁਰੂ ਪਾਸ ਪਹੁੰਚਿਆ।

੧੫. ਗੁਰੂ ਨੇ ਮੇਰਾ ਸਾਰਾ ਭਰਮ ਤੇ ਦੁੱਖ ਦੂਰ ਕਰ ਦਿੱਤਾ।

੧੬. (ਗੁਰੂ ਦੀ ਕਿਰਪਾ ਨਾਲ ਪ੍ਰਭੂ ਨੇ) ਮੈਨੂੰ ਆਪਣੀ ਹਜ਼ੂਰੀ ਵਿਚ ਬੁਲਾ ਲਿਆ, ਮੈਨੂੰ ਆਪਣੇ ਚਰਨਾਂ ਵਿਚ ਜੋੜ ਲਿਆ, ਜਿਥੇ ਪੁੱਜ ਕੇ ਮੈਂ ਪ੍ਰਭੂ ਦਾ ਅਮਰ ਕਰਨ ਵਾਲਾ ਨਾਮ ਜਲ ਪੀ ਕੇ ਰਸ ਮਾਣਿਆ।

੧੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੇਰਾ ਉਹ ਪ੍ਰਭੂ ਉੱਚਾ ਹੈ, (ਭਾਵ ਮਨ ਬਾਣੀ ਆਦਿ ਦੀ ਪਹੁੰਚ ਤੋਂ ਪਰੇ ਹੈ)।੪।੧।

ਭਾਵਾਰਥ : ਸ਼ਬਦ ਦਾ ਸਾਰੰਸ਼ ਹੈ ਕਿ ਉਹ ਪਰਮੇਸ਼ਰ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਪਰ ਗੁਰੂ ਦੀ ਬਖ਼ਸ਼ਸ਼ ਦੁਆਰਾ ਉਹ ਮੇਲ ਵਿਚ ਆ ਜਾਂਦਾ ਹੈ।

ਵਡਹੰਸੁ ਮਹਲਾ ੫ ॥

੧. ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥
੨. ਹਉ ਬਲਿਹਾਰੀ ਸਤਿਗੁਰ ਚਰਣਾ ॥੧॥
੩. ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥
੪. ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ ਰਹਾਉ ॥

੫. ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥
੬. ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥
੭. ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥
੮. ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥
੯. ਤੁਮ ਮਿਹਰਵਾਨ ਦਾਸ ਹਮ ਦੀਨਾ ॥
੧੦. ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥

ਪਦ ਅਰਥ : ਧਨੁ—ਭਾਗਾਂ ਵਾਲਾ। ਸੁ—ਉਹ। ਜਿਤੁ—ਜਿਸ ਵੇਲੇ ਵਿਚ। ਹਉ—ਮੈਂ।੧।

ਜੀਅ ਕੇ ਦਾਤੇ—ਹੇ ਜਿੰਦ ਦੇਣ ਵਾਲੇ ਪ੍ਰਭੂ। ਜੀਵੈ—ਆਤਮਿਕ ਜੀਵਨ ਪ੍ਰਾਪਤ ਕਰ ਲੈਂਦਾ ਹੈ। ਚਿਤੇਰੇ—ਚੇਤੇ ਕਰਕੇ।੧।ਰਹਾਉ।

ਮੰਤ੍ਰੁ—ਉਪਦੇਸ਼। ਸੀਤਲ—ਸ਼ਾਂਤ। ਸੁਜਾਣੀ—ਚੰਗੀ ਪਰਖ ਵਾਲੀ। ਦ੍ਰਿਸਟਿ—ਨਜ਼ਰ।੨।

ਤਖਤਿ—ਤਖ਼ਤ ਉੱਤੇ। ਨਿਵਾਸੀ—ਨਿਵਾਸ ਕਰਨ ਵਾਲਾ। ਅਬਿਨਾਸੀ—ਨਾਸ਼ ਰਹਿਤ।੩।

ਹਮ—ਅਸੀਂ। ਦੀਨ—ਨਿਮਾਣੇ। ਸਾਹਿਬ—ਮਾਲਕ। ਭਰਪੂਰਿ—ਭਰਪੂਰ, ਹਰ ਥਾਂ ਮੌਜੂਦ। ਲੀਣ—ਵਿਆਪਕ।੪।

ਅਰਥ :

ਪ੍ਰ: ਹੇ ਗੁਰੋ! ਦਿਨ ਰਾਤ ਦਾ ਸਮਾਂ ਘੜੀਆਂ ਪਹਿਰਾਂ ਰਾਹੀਂ ਗੁਜ਼ਰਦਾ ਹੀ ਜਾ ਰਿਹਾ ਹੈ, ਪਰ ਆਪ ਇਸ ਗੁਜ਼ਰਦੇ ਜਾ ਰਹੇ ਸਮੇਂ ਵਿਚ ਕਿਸ ਨੂੰ ਚੰਗੇਰਾ ਸਮਝਦੇ ਹੋ?

ਉ: ੧. ਹੇ ਭਾਈਓ! ਅਸੀਂ ਤਾਂ ਇਹੋ ਹੀ ਸਮਝਿਆ ਹੈ ਕਿ ਉਹ ਵੇਲਾ ਧੰਨਤਾ ਜੋਗ ਹੈ, ਜਿਸ ਵੇਲੇ ਕਿ ਪ੍ਰਭੂ ਜੀ ਦਾ ਦਰਸ਼ਨ ਕਰੀਦਾ ਹੈ।

੨. ਹੇ ਪਿਆਰਿਓ! ਜੋ ਉਸ ਪ੍ਰਭੂ ਜੀ ਦੇ ਦਰਸ਼ਨ (ਕਰਾਉਣ ਵਾਲੇ) ਸਤਿਗੁਰੂ ਜੀ ਹਨ, ਮੈਂ ਉਨ੍ਹਾਂ ਦੇ ਚਰਨਾਂ ਤੋਂ ਸਦਕੇ ਜਾਂਦਾ ਹਾਂ।੧।

੩. ਹੇ ਜਿੰਦ ਦੇਣ ਵਾਲੇ ਪ੍ਰਭੂ! ਹੇ ਮੇਰੇ ਪ੍ਰੀਤਮ ਪ੍ਰਭੂ!

੪. ਮੇਰਾ ਮਨ ਤੇਰਾ ਨਾਮ ਜਪ-ਜਪ ਕੇ ਹੀ ਅਮਰ ਜੀਵਨ ਪ੍ਰਾਪਤ ਕਰਦਾ ਹੈ।੧।ਰਹਾਉ।

੫. (ਹੇ ਸਤਿਗੁਰੋ) ਤੇਰਾ ਨਾਮ ਮੰਤ੍ਰ ਸਦੀਵੀ ਕਾਲ ਕਾਇਮ ਰਹਿਣ ਵਾਲਾ ਹੈ ਅਤੇ ਤੇਰੀ ਅੰਮ੍ਰਿਤ ਰੂਪ ਬਾਣੀ ਆਤਮਿਕ ਜੀਵਣ ਦੇਣ ਵਾਲੀ ਹੈ।

੬. ਹੇ ਸੁਜਾਣ ਪੁਰਖ! ਤੇਰੀ ਕਿਰਪਾ ਦ੍ਰਿਸ਼ਟੀ ਸ਼ਾਂਤੀ ਪ੍ਰਦਾਨ ਕਰਨ ਵਾਲੀ ਹੈ।੨।

੭. ਹੇ ਪ੍ਰਭੂ! ਤੇਰਾ ਹੁਕਮ ਸਦਾ ਹੀ ਥਿਰ ਰਹਿਣ ਵਾਲਾ ਹੈ, ਤੂੰ ਸਦਾ ਅਟੱਲ ਰੂਪਤਾ ਦੇ ਤਖ਼ਤ ਉੱਤੇ ਬਿਰਾਜਮਾਨ ਹੋ ਸਸ਼ੋਭਤ ਹੋ ਰਿਹਾ ਹੈਂ।

੮. ਹੇ ਮੇਰੇ ਪ੍ਰਭੂ! ਤੂੰ ਸਦਾ ਨਾਸ ਤੋਂ ਰਹਿਤ ਹੈਂ, ਕਦੇ ਮਰਦਾ ਜੰਮਦਾ ਨਹੀਂ।੩।

੯. ਹੇ ਸਾਈਂ ਜੀ! ਅਸੀਂ ਤੇਰੇ ਗ਼ਰੀਬ ਦਾਸ ਹਾਂ, ਤੂੰ ਮਿਹਰਾਂ ਕਰਨ ਵਾਲਾ ਮਾਲਕ ਹੈਂ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੇਰਾ ਮਾਲਕ ਐਸਾ ਹੈ ਕਿ ਉਹ ਸਾਰੇ ਭਰਪੂਰ ਹੈ ਅਤੇ ਸਭਨਾਂ ਵਿਚ ਸਮਾਇ ਰਿਹਾ ਹੈ।੪।੨।

ਭਾਵਾਰਥ : ਇਸ ਸ਼ਬਦ ਵਿਚ ਜੋ ਪ੍ਰਭੂ ਜੀ ਦਾ ਮਿਲਾਪ ਹੈ, ਉਸ ਨੂੰ ਦਰਸ਼ਨ ਕਹਿ ਕੇ ਸ਼ੁਕਰ ਗੁਜ਼ਾਰੀ ਕੀਤੀ ਹੈ। ਫਿਰ ਉਸ ਪ੍ਰਭੂ ਜੀ ਦੇ ਦਰਸ਼ਨ ਕਰਾਉਣ ਵਾਲੇ ਸਤਿਗੁਰੂ ਜੀ ਦਾ ਸ਼ੁਕਰ ਕੀਤਾ ਹੈ, ਨਾਮ ਦੀ ਮਹਿਮਾ ਕੀਤੀ ਹੈ। ਅੰਤ ਵਿਚ ਉਸ ਮਾਲਕ ਦੇ ਚਰਨਾਂ ਵਿਚ ਦੀਨ ਹੋ ਜੋਦੜੀ ਕੀਤੀ ਗਈ ਹੈ ਜੋ ਕਿ ਸਾਰਿਆਂ ਵਿਚ ਵਿਆਪਕ ਹੈ।

ਵਡਹੰਸ ਮਹਲਾ ੫ ॥

੧. ਤੂ ਬੇਅੰਤੁ ਕੋ ਵਿਰਲਾ ਜਾਣੈ ॥
੨. ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥
੩. ਸੇਵਕ ਕੀ ਅਰਦਾਸਿ ਪਿਆਰੇ ॥
੪. ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ ਰਹਾਉ ॥
੫. ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥
੬. ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥
੭. ਸਦਾ ਸਦਾ ਜਾਈ ਬਲਿਹਾਰੀ ॥
੮. ਇਤ ਉਤ ਦੇਖਉ ਓਟ ਤੁਮਾਰੀ ॥੩॥
੯. ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ ॥
੧੦. ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥

ਪਦ ਅਰਥ : ਪ੍ਰਸਾਦਿ—ਕਿਰਪਾ ਨਾਲ। ਕੋ—ਕੋਈ ਵਿਰਲਾ। ਸਬਦਿ—ਸ਼ਬਦ ਦੀ ਰਾਹੀਂ।੧।

ਪਿਆਰੇ—ਹੇ ਪਿਆਰੇ! ਜਪਿ—ਜਪ ਕੇ, ਹਿਰਦੇ ਵਿਚ ਵਸਾ ਕੇ। ਜੀਵ—ਜੀਵਾਂ, ਮੈਂ ਅਮਰ ਜੀਵਨ ਪ੍ਰਾਪਤ ਕਰਾਂ। ਪ੍ਰਭ—ਹੇ ਪ੍ਰਭੂ।੧।ਰਹਾਉ।

ਦਇਆਲ—ਹੇ ਦਇਆ ਦੇ ਘਰ। ਜਿਸਹਿ—ਜਿਸ ਨੂੰ। ਜਨਾਵਹੁ—ਤੂੰ ਸਮਝਾ ਦੇਂਦਾ ਹੈਂ। ਤਿਨਹਿ—ਉਸ ਨੇ ਹੀ। ਤੁਮ ਜਾਤੇ—ਤੂੰ ਜਾਣਿਆ ਹੈ।੨।

ਜਾਈ—ਜਾਈਂ, ਮੈਂ ਜਾਂਦਾ ਹਾਂ। ਇਤ—ਇਸ ਲੋਕ ਵਿਚ। ਉਤ—ਪ੍ਰਲੋਕ ਵਿਚ। ਦੇਖਉ—ਦੇਖਉਂ, ਮੈਂ ਵੇਖਦਾ ਹਾਂ।੩।

ਮੋਹਿ—ਮੈਂ। ਸਾਧੂ—ਗੁਰੂ। ਦੇਖਿ—ਵੇਖ ਕੇ, ਦਰਸ਼ਨ ਕਰਕੇ। ਰਾਤਾ—ਰੰਗਿਆ ਗਿਆ।੪।

ਅਰਥ :

ਪ੍ਰ: ਹੇ ਗੁਰੋ! ਉਸ ਪ੍ਰਭੂ ਦੇ ਕੁਝ ਗੁਣਾਂ ਦਾ ਕਥਨ ਕਰੋ।

ਉ: ੧. ਉਸ ਪ੍ਰਭੂ ਦੇ ਸਨਮੁਖ ਹੋ ਕਹਿ ਰਹੇ ਹਨ ਕਿ ਹੇ ਮੇਰੇ ਪ੍ਰਭੂ ਜੀ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਪਰ ਹਾਂ! ਕੋਈ ਵਿਰਲਾ ਹੀ ਤੈਨੂੰ ਜਾਣਦਾ ਹੈ।

ਪ੍ਰ: ਹਜ਼ੂਰ! ਉਹ ਵਿਰਲਾ ਕੌਣ ਹੈ?

ਉ: ੨. ਹੇ ਪਿਆਰੇ! ਵਿਰਲਾ ਉਹ ਹੈ ਜੋ ਗੁਰਾਂ ਦੀ ਕਿਰਪਾ ਦੁਆਰਾ ਗੁਰੂ ਦੇ ਸ਼ਬਦ ਵਿਚ ਜੁੜ ਕੇ ਨਾਮ ਦੁਆਰਾ ਤੈਨੂੰ ਪਛਾਣ ਲੈਂਦਾ ਹੈ।੧।

੩. ਹੇ ਪਿਆਰੇ ! ਪ੍ਰਭੂ ਦਾਸ ਦੀ ਤਾਂ ਕੇਵਲ ਇਹੋ ਹੀ ਬੇਨਤੀ ਹੈ ਕਿ ਮੈਂ ਤੁਹਾਡੇ ਚਰਨਾਂ

੪. ਨੂੰ ਜਪ ਜਪ ਕੇ ਜੀਵਾਂ, ਭਾਵ ਹੈ ਨਾਮ ਸਿਮਰਨ ਦੁਆਰਾ ਆਪ ਦਾ ਧਿਆਨ ਧਾਰ ਕੇ ਆਤਮਿਕ ਜੀਵਨ ਪ੍ਰਾਪਤ ਕਰ ਲਵਾਂ।੧।ਰਹਾਉ।

੫. ਹੇ ਮੇਰੇ ਦਾਤੇ ਪ੍ਰਭੂ ! ਹੇ ਦਇਆ ਦੇ ਘਰ ਅਕਾਲ ਪੁਰਖ !

੬. ਜਿਸ ਪੁਰਖ ਨੂੰ ਤੂੰ ਆਪ ਸੋਝੀ ਬਖ਼ਸ਼ਦਾ ਹੈਂ, ਉਸੇ ਨੇ ਹੀ ਤੈਨੂੰ ਜਾਣਿਆ ਹੈ।੨।

੭. ਹੇ ਪ੍ਰਭੂ ਜੀ ! ਮੈਂ ਤਾਂ ਆਪ ਜੀ ਤੋਂ ਸਦਾ-ਸਦਾ ਬਲਿਹਾਰੀ ਜਾਂਦਾ ਹਾਂ।

੮. (ਕਿਉਂਕਿ) ਹੁਣ ਮੈਂ ਲੋਕ-ਪ੍ਰਲੋਕ ਵਿਚ ਆਪ ਜੀ ਦੀ ਓਟ ਹੀ ਵੇਖਦਾ ਹਾਂ।੩।

੯. ਹੇ ਸਾਈਂ ਜੀ ! ਮੇਰੀ ਤਾਂ ਕੇਵਲ ਆਪ ਅੱਗੇ ਹੀ ਅਰਦਾਸ ਹੈ ਕਿ ਮੈਂ ਗੁਣ ਹੀਣ ਹਾਂ (ਤੇਰਾ ਕੀਤਾ ਗੁਣ) ਉਪਕਾਰ (ਮੈਂ) ਕੁਝ ਨਹੀਂ ਜਾਣਿਆ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਮੇਰਾ ਮਨ ਤਾਂ ਗੁਰੂ ਦੇ ਦਰਸ਼ਨ ਕਰ ਕੇ ਹੀ (ਤੇਰੇ ਪ੍ਰੇਮ ਵਿਚ) ਰੰਗਿਆ ਗਿਆ ਹੈ।੪।੩।

ਭਾਵਾਰਥ : ਹਜ਼ੂਰ ਇਸ ਸ਼ਬਦ ਵਿਚ ਪ੍ਰਭੂ ਜੀ ਨੂੰ ਅਨੰਤ ਰੂਪ ਵਿਚ ਕਥਨ ਕਰਦੇ ਹਨ, ਪਰ ਉਸ ਦੀ ਲਖਤਾ ਗੁਰੂ ਦੀ ਮਿਹਰ ਦੁਆਰਾ ਹੋ ਜਾਂਦੀ ਹੈ ਅਤੇ ਨਾਮ ਪ੍ਰਾਪਤੀ ਲਈ ਅਰਦਾਸ ਕਰਨ ਦੀ ਜਾਚ ਬਖ਼ਸ਼ਦੇ ਹਨ। ਪ੍ਰਾਪਤੀ ਦਾ ਸ਼ੁਕਰਾਨਾ ਕਰਦੇ ਹੋਏ ਅੰਤ ਵਿਚ ਆਪਣੀ ਨਿਮਰਤਾ ਉਚਾਰਨ ਕਰਦੇ ਹਨ।

ਵਡਹੰਸੁ ਮ: ੫ ॥

੧. ਅੰਤਰਜਾਮੀ ਸੋ ਪ੍ਰਭੁ ਪੂਰਾ ॥
੨. ਦਾਨੁ ਦੇਇ ਸਾਧੂ ਕੀ ਧੂਰਾ ॥੧॥
੩. ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥
੪. ਤੇਰੀ ਓਟ ਪੂਰਨ ਗੋਪਾਲਾ ॥੧॥ ਰਹਾਉ ॥
੫. ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥
੬. ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥
੭. ਜਿਸ ਨੋ ਨਦਰਿ ਕਰੇ ਸੋ ਧਿਆਏ ॥
੮. ਆਠ ਪਹਰ ਹਰਿ ਕੇ ਗੁਣ ਗਾਏ ॥੩॥
੯. ਜੀਅ ਜੰਤ ਸਗਲੇ ਪ੍ਰਤਿਪਾਰੇ ॥
੧੦. ਸਰਨਿ ਪਰਿਓ ਨਾਨਕ ਹਰਿ ਦੁਆਰੇ ॥੪॥੪॥

ਪਦ ਅਰਥ : ਅੰਤਰਜਾਮੀ—ਦਿਲ ਦੀ ਜਾਨਣ ਵਾਲਾ। ਦਾਨੁ—ਬਖ਼ਸ਼ਸ਼। ਦੇਇ—ਦੇਂਦਾ ਹੈ। ਸਾਧੂ—ਗੁਰੂ।੧।

ਪ੍ਰਭ—ਹੇ ਪ੍ਰਭ ! ਓਟ—ਆਸਰਾ। ਪੂਰਨ—ਹੇ ਸਰਵ ਵਿਆਪਕ ! ਗੋਪਾਲ—ਹੇ ਸ੍ਰਿਸ਼ਟੀ ਦੇ ਪਾਲਣਹਾਰ !।੧।ਰਹਾਉ।

ਜਲਿ—ਪਾਣੀ ਵਿਚ। ਥਲਿ—ਧਰਤੀ ਵਿਚ। ਮਹੀਅਲਿ—ਧਰਤੀ ਦੇ ਤਲ ਉੱਤੇ, ਪੁਲਾੜ ਵਿਚ, ਅਕਾਸ਼ ਵਿਚ। ਨਿਕਟਿ—ਨੇੜੇ।੨।

ਗਾਏ—ਗਾਂਦਾ ਹੈ।੩।

ਦੁਆਰੇ—ਦੁਆਰਿ, ਦਰ 'ਤੇ।੪।

ਅਰਥ :

ਪ੍ਰ: ਹੇ ਗੁਰੋ ! ਉਹ ਪ੍ਰਭੂ ਜਿਸ ਉੱਤੇ ਮਿਹਰ ਦੀ ਨਜ਼ਰ ਕਰਦਾ ਹੈ, ਉਸ ਨੂੰ ਕੀ ਬਖ਼ਸ਼ਸ਼ ਕਰਦਾ ਹੈ ?

ਉ: ੧. ਹੇ ਭਾਈਓ ! ਉਹ ਪ੍ਰਭੂ ਸਭ ਦੇ ਦਿਲਾਂ ਦੀ ਜਾਨਣ ਵਾਲਾ ਹੈ ਅਤੇ ਸਾਰੇ ਹੀ ਗੁਣਾਂ ਕਰਕੇ ਭਰਪੂਰ ਹੈ। (ਜਿਸ ਉੱਤੇ ਉਹ ਮਿਹਰ ਕਰਦਾ ਹੈ)

੨. ਉਸ ਨੂੰ ਗੁਰੂ ਦੇ ਚਰਨਾਂ ਦੀ ਧੂੜੀ ਬਖ਼ਸ਼ੀਸ਼ (ਵਜੋਂ) ਪ੍ਰਦਾਨ ਕਰਦਾ ਹੈ।੧।

੩. (ਇਸ ਲਈ ਹੇ ਭਾਈਓ ! ਮੈਂ ਤਾਂ ਉਸ ਦੇ ਅੱਗੇ ਇਉਂ ਅਰਜ਼ੋਈ ਕਰਦਾ ਹਾਂ ਕਿ) ਹੇ ਦੀਨਾਂ ਦੇ ਦਇਆਲ ਪ੍ਰਭੂ ! ਮੇਰੇ 'ਤੇ ਆਪ ਕਿਰਪਾ ਕਰੋ ਜੀ।

੪. ਹੇ ਪੂਰਨ ! ਹੇ ਪ੍ਰਿਥਵੀ ਪਾਲਕ ! (ਮੈਨੂੰ) ਤੇਰਾ ਹੀ ਆਸਰਾ ਹੈ।੧।ਰਹਾਉ।

ਪ੍ਰ: ਜਿਸ ਅੱਗੇ ਆਪ ਅਰਦਾਸ ਕਰ ਰਹੇ ਹੋ, ਉਹ ਹੈ ਕਿੱਥੇ ?

ਉ: ੫. ਹੇ ਭਾਈਓ ! ਉਹ ਹੈ ਪ੍ਰਭੂ ਪਾਣੀ ਵਿਚ, ਧਰਤੀ ਵਿਚ, ਅਕਾਸ਼ ਵਿਚ, ਉਹ ਹਰ ਥਾਂ ਜ਼ੱਰੇ-ਜ਼ੱਰੇ ਵਿਚ ਮੌਜੂਦ ਹੈ।

੬. ਉਹ ਹਰੇਕ ਜੀਵ ਦੇ ਨੇੜੇ ਵਸਦਾ ਹੈ, ਕਿਸੇ ਤੋਂ ਭੀ ਦੂਰ ਨਹੀਂ ਹੈ।੨।

ਪ੍ਰ: ਹੇ ਗੁਰੋ ! ਉਸ ਇਤਨਾ ਨੇੜੇ ਰਹਿਣ ਵਾਲੇ ਪ੍ਰਭੂ ਨੂੰ ਸਾਰੇ ਹੀ ਜੀਵ ਕਿਉਂ ਨਹੀਂ ਸਿਮਰਦੇ ?

ਉ: ੭. ਹੇ ਸੱਜਨੋ ! ਉਹ ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹੋ ਹੀ ਉਸ ਨੂੰ ਧਿਆਉਂਦਾ ਹੈ।

੮. ਉਸ ਦੀ ਮਿਹਰ ਦੁਆਰਾ, ਉਹ ਫਿਰ ਅੱਠੇ ਪਹਿਰ ਹਰੀ ਦੇ ਗੁਣ ਗਾਉਂਦਾ ਹੈ।੩।

ਪ੍ਰ: ਸ੍ਰੀ ਜੀਉ ! ਜੇ ਉਹ ਦ੍ਰਿਸ਼ਟੀ ਗੋਚਰ ਨਹੀਂ ਹੁੰਦਾ ਤਾਂ ਉਸ ਦੀ ਹੋਂਦ ਦਾ ਅਨੁਮਾਨ ਕਿਵੇਂ ਲਾਇਆ ਜਾਵੇ ?

ਉ: ੯. ਹੇ ਪਿਆਰਿਓ ! ਸਭ ਤੋਂ ਵੱਡਾ ਤਾਂ ਅਨੁਮਾਨ ਇਹੋ ਹੀ ਹੈ ਕਿ ਇਹ ਸਾਰੇ ਹੀ ਜਿਤਨੇ ਛੋਟੇ-ਵੱਡੇ ਜੀਵ ਹਨ, ਸਭ ਦੀ ਉਹੀ ਪਾਲਣਾ ਕਰਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਇਉਂ ਅਰਦਾਸ ਕਰਦਾ ਰਹੁ ਕਿ ਹੇ ਸਾਈਂ ਜੀ ! ਮੈਂ ਤੇਰੇ ਦਰ 'ਤੇ ਆਇਆ ਹਾਂ, ਮੈਂ ਤੇਰੀ ਸ਼ਰਨ ਪਿਆ ਹਾਂ, (ਮੈਨੂੰ ਭੀ ਗੁਰੂ ਦੇ ਚਰਨਾਂ ਦੀ ਧੂੜੀ ਬਖ਼ਸ਼)।

ਭਾਵਾਰਥ : ਇਸ ਸ਼ਬਦ ਵਿਚ ਉਸ ਸਾਈਂ ਜੀ ਦੀ ਦੀਨ ਦਿਆਲਤਾ ਦੱਸ ਕੇ ਉਸ ਦੀ ਸ਼ਰਨ ਲੈਣ ਦੀ ਪ੍ਰੇਰਣਾ ਕੀਤੀ ਗਈ ਹੈ ਅਤੇ ਸਾਧੂਆਂ ਦੀ ਸੰਗਤਿ ਪ੍ਰਾਪਤ ਕਰਨ ਲਈ ਅਰਦਾਸ ਕੀਤੀ ਗਈ ਹੈ।

ਵਡਹੰਸੁ ਮਹਲਾ ੫ ॥

੧. ਤੂ ਵਡਦਾਤਾ ਅੰਤਰਜਾਮੀ ॥
੨. ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ ॥੧॥

੩. ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ ॥
੪. ਹਉ ਸੁਣਿ ਸੁਣਿ ਜੀਵਾ
ਨਾਮੁ ਤੁਮਾਰਾ ॥੧॥ ਰਹਾਉ ॥
੫. ਤੇਰੀ ਸਰਣਿ ਸਤਿਗੁਰ ਮੇਰੇ ਪੂਰੇ ॥
੬. ਮਨੁ ਨਿਰਮਲੁ ਹੋਇ ਸੰਤਾ ਧੂਰੇ ॥੨॥
੭. ਚਰਨ ਕਮਲ ਹਿਰਦੈ ਉਰਿ ਧਾਰੇ ॥
੮. ਤੇਰੇ ਦਰਸਨ ਕਉ ਜਾਈ ਬਲਿਹਾਰੇ ॥੩॥
੯. ਕਰਿ ਕਿਰਪਾ ਤੇਰੇ ਗੁਣ ਗਾਵਾ ॥
੧੦. ਨਾਨਕ ਨਾਮੁ ਜਪਤ ਸੁਖੁ ਪਾਵਾ ॥੪॥੫॥

ਪਦ ਅਰਥ : ਦਾਤਾ—ਬਖ਼ਸ਼ਸ਼ਾਂ ਕਰਨ ਵਾਲਾ। ਪੂਰਨ—ਸਰਵ ਵਿਆਪਕ।੧।

ਪ੍ਰਭ—ਹੇ ਪ੍ਰਭੂ। ਅਧਾਰਾ—ਆਸਰਾ। ਹਉ—ਮੈਂ। ਸੁਣਿ—ਸੁਣ ਕੇ। ਜੀਵਾ—ਜੀਵਾਂ।੧।ਰਹਾਉ।

ਸਤਿਗੁਰ—ਹੇ ਸਤਿਗੁਰੂ। ਧੂਰੇ—ਚਰਨ ਧੂੜ ਵਿਚ।੨।

ਉਰਿ—ਹਿਰਦੇ ਵਿਚ। ਜਾਈ—ਜਾਈਂ, ਮੈਂ ਜਾਂਦਾ ਹਾਂ। ਕਉ—ਨੂੰ, ਤੋਂ।੩।

ਗਾਵਾ—ਗਾਵਾਂ, ਮੈਂ ਗਾਵਾਂ। ਪਾਵਾ—ਪਾਵਾਂ, ਮੈਂ ਪਾਵਾਂ।੪।

ਅਰਥ :

ਪ੍ਰ: ਹਜ਼ੂਰ! ਜਦੋਂ ਕਦੀ ਤੁਸੀਂ ਉਸ ਪ੍ਰਭੂ ਦੇ ਗੁਣ ਉਪਕਾਰਾਂ ਨੂੰ ਚੇਤੇ ਕਰਦੇ ਹੋਏ ਉਸ ਦੀ ਉਸਤਤੀ ਕਰਦੇ ਹੋ ਤਾਂ ਕਿਸ ਰੂਪ ਵਿਚ ਕਿਰਿਆ ਕਰਦੇ ਹੋ?

ਉ: ੧. ਹੇ ਪਿਆਰਿਓ! ਉਸ ਪ੍ਰਭੂ ਦੇ ਸੰਪੂਰਨ ਗੁਣ ਤਾਂ ਬਿਆਨ ਨਹੀਂ ਕੀਤੇ ਜਾ ਸਕਦੇ, ਪਰ ਮੈਂ ਜਦੋਂ ਉਸ ਦੀ ਮਹਿਮਾ ਵਿਚ ਕੁਝ ਸ਼ਬਦ ਵਰਤਦਾ ਹਾਂ ਤਾਂ ਇਉਂ ਕਿਹਾ ਕਰਦਾ ਹਾਂ ਕਿ ਹੇ ਪ੍ਰਭੂ! ਤੂੰ ਬਹੁਤ ਵੱਡਾ ਦਾਤਾ ਹੈਂ ਤੇ (ਸਾਰਿਆਂ ਦੇ) ਦਿਲਾਂ ਦੀਆਂ ਜਾਨਣ ਵਾਲਾ ਦਾਤਾ ਹੈਂ।

੨. ਫਿਰ ਤੂੰ ਸਾਰਿਆਂ ਦੇ ਦਿਲਾਂ ਵਿਚ ਵਿਆਪਕ ਹੋ ਰਿਹਾ ਹੈਂ ਤੇ ਸਾਰੇ ਥਾਵਾਂ ਵਿਚ ਪੂਰਨ ਹੋ ਰਿਹਾ ਹੈਂ, (ਸੰਪੂਰਨ) ਪ੍ਰਭੂ ਤੇ ਮਾਲਕ ਹੈਂ।੧।

੩. ਹੇ ਮੇਰੇ ਪਿਆਰੇ ਪ੍ਰਭੂ! ਮੈਨੂੰ ਤੇਰੇ ਨਾਮ ਦਾ (ਹੀ) ਆਸਰਾ ਹੈ।

੪. (ਹਾਂ) ਮੈਂ ਆਪ ਦਾ ਨਾਮ ਸੁਣ-ਸੁਣ ਕੇ ਹੀ ਜੀਉਂਦਾ ਹਾਂ।੧।ਰਹਾਉ।

੫. ਹੇ ਮੇਰੇ ਪੂਰੇ ਸਤਿਗੁਰੂ! ਮੈਂ ਤੇਰੀ ਸ਼ਰਨ ਵਿਚ ਪਿਆ ਹਾਂ।

੬. ਹੇ ਸਾਈਂ ਜੀ! ਮੈਨੂੰ ਇਹ ਭਰੋਸਾ ਹੈ ਕਿ ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਨਾਲ ਮਨ ਪਵਿੱਤ੍ਰ ਹੋ ਜਾਂਦਾ ਹੈ ਤੇ ਪਰਮੇਸ਼ਰ ਦਾ ਦਰਸ਼ਨ ਹੁੰਦਾ ਹੈ।੨।

੭. ਹੇ ਸਾਈਂ ਜੀ! ਮੈਂ ਤੇਰੇ ਚਰਨ ਕਮਲ ਹਿਰਦੇ ਵਿਚ ਧਾਰਨ ਕੀਤੇ ਹਨ।

੮. ਅਤੇ ਮੈਂ ਤੇਰੇ ਦਰਸ਼ਨਾਂ ਤੋਂ ਕੁਰਬਾਨ ਜਾਂਦਾ ਹਾਂ।੩।

ਪ੍ਰ: ਆਵਾਜ਼ ਆਈ ਆਪ ਮੰਗਦੇ ਕੀ ਹੋ?

ਉ: ੯. ਹੇ ਸਾਈਂ ਜੀ! ਕਿਰਪਾ ਕਰੋ, ਜੋ ਤੇਰੇ ਹੀ ਗੁਣਾਂ ਨੂੰ ਗਾਵਾਂ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ! ਮੈਂ ਤੇਰਾ ਨਾਮ ਜਪਦਿਆਂ ਹੀ ਨਾਮ ਦਾ ਸੁੱਖ ਪ੍ਰਾਪਤ ਕਰਾਂ।੪।੫।

ਭਾਵਾਰਥ : ਇਸ ਮਹਾਂਵਾਕ ਵਿਚ ਉਸ ਪ੍ਰਭੂ ਦੇ ਕੀਤੇ ਹੋਏ ਉਪਕਾਰਾਂ ਦਾ ਜ਼ਿਕਰ ਕਰਦਿਆਂ ਉਸ ਦੇ ਗੁਣ ਉਚਾਰਨ ਕੀਤੇ ਹਨ। ਸਤਿਸੰਗਤ ਤੇ ਹਰੀ ਦੇ ਕੀਰਤਨ ਕਰਨ ਦੀ ਪ੍ਰਾਪਤੀ ਲਈ ਜਾਚਨਾ ਕੀਤੀ ਗਈ ਹੈ।

ਵਡਹੰਸੁ ਮਹਲਾ ੫ ॥

੧. ਸਾਧਸੰਗਿ ਹਰਿ ਅੰਮ੍ਰਿਤੁ ਪੀਜੈ ॥
੨. ਨਾ ਜੀਉ ਮਰੈ ਨ ਕਬਹੂ ਛੀਜੈ ॥੧॥
੩. ਵਡਭਾਗੀ ਗੁਰੁ ਪੂਰਾ ਪਾਈਐ ॥
੪. ਗੁਰ ਕਿਰਪਾ ਤੇ ਪ੍ਰਭੂ ਧਿਆਈਐ ॥੧॥ ਰਹਾਉ ॥
੫. ਰਤਨ ਜਵਾਹਰ ਹਰਿ ਮਾਣਕ ਲਾਲਾ ॥
੬. ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ ॥੨॥
੭. ਜਤ ਕਤ ਪੇਖਉ ਸਾਧੂ ਸਰਣਾ ॥
੮. ਹਰਿ ਗੁਣ ਗਾਇ ਨਿਰਮਲ ਮਨੁ ਕਰਣਾ ॥੩॥
੯. ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ ॥
੧੦. ਨਾਨਕ ਨਾਮੁ ਪਾਇਆ ਪ੍ਰਭੁ ਤੂਠਾ ॥੪॥੬॥

ਪਦ ਅਰਥ : ਸਾਧ ਸੰਗਿ—ਗੁਰੂ ਦੀ ਸੰਗਤ ਵਿਚ। ਅੰਮ੍ਰਿਤ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਪੀਜੈ—ਪੀ ਸਕੀਦਾ ਹੈ। ਜੀਉ—ਜਿੰਦ। ਨ ਮਰੈ—ਮੌਤ ਦਾ ਮਾਰਿਆ ਮਰਦਾ ਨਹੀਂ। ਛੀਜੈ—ਛਿੱਜਣਾ, ਟੁੱਟਣਾ, ਘਟਣਾ, ਜਨਮ ਪਾ ਕੇ, ਵੱਡੇ ਹੋ ਕੇ, ਬੁੱਢੇ ਹੋ ਕੇ ਦੁਖੀਏ ਹੋਣਾ ਵੀ ਛਿੱਜਣਾ ਹੈ। ਤੇ—ਤੋਂ, ਨਾਲ।੧।ਰਹਾਉ।

ਮਾਣਕ—ਮੋਤੀ, ਕੀਮਤੀ ਰਤਨਾਂ ਤੋਂ ਮੁਰਾਦ ਹੈ, ਭਾਵ ਹੈ ਅਮੋਲਕ। ਸਿਮਰਿ—ਸਿਮਰ ਕੇ। ਨਿਹਾਲ—ਪ੍ਰਸੰਨ, ਖ਼ੁਸ਼।੨।

ਜਤ ਕਤ—ਜਿਧਰ ਕਿਧਰ। ਪੇਖਉ—ਮੈਂ ਵੇਖਦਾ ਹਾਂ। ਸਾਧੂ—ਗੁਰੂ। ਗਾਇ—ਗਾ ਕੇ। ਨਿਰਮਲ—ਪਵਿੱਤ੍ਰ।੩।

ਘਟ—ਸਰੀਰ। ਵੂਠਾ—ਵਸਦਾ ਹੈ। ਤੂਠਾ—ਪ੍ਰਸੰਨ ਹੁੰਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਕੋਈ ਐਸਾ ਉਪਾਉ ਦੱਸੋ ਕਿ ਜਿਵੇਂ ਜੀਵ ਜੰਮਣ ਮਰਣ ਦੇ ਦੁੱਖ ਤੋਂ ਛੁਟਕਾਰਾ ਪਾ ਸਕਦਾ ਹੋਵੇ।

ਉ: ੧. ਹੇ ਭਾਈਓ! ਜੇ ਸਾਧੂਆਂ ਦੀ ਸੰਗਤ ਵਿਚ ਮਿਲ ਕੇ ਨਾਮ ਅੰਮ੍ਰਿਤ ਰਸ ਪੀਵੀਏ।

੨. ਤਾਂ ਇਸ ਤਰ੍ਹਾਂ, ਜੀਵ ਨਾ ਕਦੇ ਮਰਦਾ ਹੈ; ਨਾ ਹੀ ਛਿੱਜਦਾ ਭਾਵ ਦੁਖੀ ਹੁੰਦਾ ਹੈ।੧।

ਪ੍ਰ: ਹਜ਼ੂਰ! ਇਸ ਨਾਮ ਦੀ ਦਾਤ ਨੂੰ ਸਾਰੇ ਹੀ ਕਿਉਂ ਨਹੀਂ ਪ੍ਰਾਪਤ ਕਰਦੇ?

ਉ: ੩. ਹੇ ਭਾਈ! (ਨਾਮ ਦੀ ਦਾਤ ਗੁਰੂ ਤੋਂ ਮਿਲਦੀ ਹੈ) ਪਰ ਪੂਰਨ ਗੁਰੂ ਵੱਡੇ ਭਾਗਾਂ ਨਾਲ ਹੀ ਮਿਲ ਸਕਦਾ ਹੈ।

੪. ਗੁਰੂ ਦੀ ਕਿਰਪਾ ਦੁਆਰਾ ਪ੍ਰਭੂ ਦਾ ਨਾਮ ਸਿਮਰੀਦਾ ਹੈ।੧।ਰਹਾਉ।

੫. ਹੇ ਭਰਾਵੋ! ਇਹ ਹਰੀ ਦਾ ਨਾਮ ਹੀ ਰਤਨ ਹੈ, ਜਵਾਹਰ ਹੈ, ਮਾਣਕ ਹੈ, ਲਾਲ ਹੈ, ਭਾਵ ਇਹ ਨਾਮ ਅਤਿ ਅਮੋਲਕ ਹੈ।

੬. ਹੇ ਸੱਜਨੋ! ਉਸ ਐਸੇ ਨਾਮ ਨੂੰ ਸਿਮਰ-ਸਿਮਰ ਕੇ ਸਦਾ ਖੇੜੇ ਵਿਚ ਰਹੀਦਾ ਹੈ।੨।

੭. ਹੇ ਪਿਆਰਿਓ! ਮੈਂ ਤਾਂ ਜਿਥੇ ਕਿਥੇ ਭੀ ਨਜ਼ਰ ਮਾਰਦਾ ਹਾਂ, ਗੁਰੂ ਦੀ ਸ਼ਰਨ ਹੀ ਇਕ ਐਸਾ ਥਾਂ ਹੈ।

੮. ਜਿਥੇ ਕਿ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾ-ਗਾ ਕੇ ਮਨ ਨੂੰ ਪਵਿੱਤ੍ਰ ਕੀਤਾ ਜਾ ਸਕਦਾ ਹੈ।੩।

੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰੋ! ਉਹ ਮੇਰਾ ਮਾਲਕ (ਉਂਞ ਤਾਂ) ਹਰੇਕ ਸਰੀਰ ਵਿਚ ਵਸਦਾ ਹੈ, ਪਰ ਜਿਸ ਮਨੁੱਖ ਉੱਤੇ ਉਹ ਪ੍ਰਭੂ ਪ੍ਰਸੰਨ ਹੁੰਦਾ ਹੈ

੧੦. ਓਹੀ ਉਸ ਦਾ ਨਾਮ (ਸਿਮਰਨ) ਪ੍ਰਾਪਤ ਕਰਦਾ ਹੈ।੪।੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸਾਧੂਆਂ ਦੀ ਸ਼ਰਨ ਵਿਚੋਂ ਨਾਮ-ਪ੍ਰਾਪਤੀ ਹੋਣ ਦਾ ਜ਼ਿਕਰ ਕਰਦੇ ਹਨ ਅਤੇ ਨਾਮ ਸਿਮਰਨ ਦੁਆਰਾ ਉਸ ਪ੍ਰਭੂ ਦੀ ਮਿਹਰ ਹੁੰਦੀ ਹੈ ਅਤੇ ਮਿਹਰ ਵਿਚ ਹੀ ਸਾਰੇ ਸੁੱਖਾਂ ਦੀ ਪ੍ਰਾਪਤੀ ਹੈ।

ਵਡਹੰਸੁ ਮਹਲਾ ੫ ॥

੧. ਵਿਸਰੁ ਨਾਹੀ ਪ੍ਰਭ ਦੀਨ ਦਇਆਲਾ ॥
੨. ਤੇਰੀ ਸਰਣਿ ਪੂਰਨ ਕਿਰਪਾਲਾ ॥੧॥ ਰਹਾਉ ॥
੩. ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥
੪. ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥੧॥
੫. ਤੇਰੇ ਜੀਅ ਤੂ ਸਦ ਹੀ ਸਾਥੀ ॥
੬. ਸੰਸਾਰ ਸਾਗਰ ਤੇ ਕਢੁ ਦੇ ਹਾਥੀ ॥੨॥
੭. ਆਵਣੁ ਜਾਣਾ ਤੁਮ ਹੀ ਕੀਆ ॥
੮. ਜਿਸ ਤੂ ਰਾਖਹਿ ਤਿਸੁ ਦੂਖੁ ਨ ਥੀਆ ॥੩॥
੯. ਤੂ ਏਕੋ ਸਾਹਿਬੁ ਅਵਰੁ ਨ ਹੋਰਿ ॥
੧੦. ਬਿਨਉ ਕਰੈ ਨਾਨਕੁ ਕਰ ਜੋਰਿ ॥੪॥੭॥

ਪਦ ਅਰਥ : ਵਿਸਰੁ ਨਾਹੀ—ਨਾ ਭੁੱਲ। ਪ੍ਰਭ—ਹੇ ਪ੍ਰਭੂ! ਪੂਰਨ—ਹੇ ਸਰਵ ਵਿਆਪਕ।੧।ਰਹਾਉ।

ਜਹ—ਜਿਥੇ। ਚਿਤਿ—ਚਿੱਤ ਵਿਚ। ਜਹ ਚਿਤਿ—ਜਿਸ ਚਿੱਤ ਵਿਚ। ਥਾਨੁ—ਹਿਰਦਾ ਥਾਂ। ਜਿਤੁ—ਜਿਸ ਵਿਚ। ਹਾਵਾ—ਹਾਉਕਾ।੧।

ਸਦ—ਸਦਾ। ਤੇ—ਤੋਂ, ਵਿਚੋਂ। ਦੇ—ਦੇ ਕੇ। ਹਾਥੀ—ਹੱਥ।੨।

ਆਵਣੁ ਜਾਣਾ—ਜੰਮਣ ਮਰਣ ਦਾ ਗੇੜ।੩।

ਸਾਹਿਬੁ—ਮਾਲਕ। ਏਕੋ—ਇਕ ਹੀ। ਬਿਨਉ—ਬੇਨਤੀ। ਕਰ—(ਦੋਵੇਂ) ਹੱਥ। ਜੋਰਿ—ਜੋੜ ਕੇ।੪।

ਅਰਥ :

ਪ੍ਰ: ਹੇ ਗੁਰੋ! ਸਾਡਾ ਭੁੱਲੜ ਮਨ ਸਾਈਂ ਜੀ ਨੂੰ ਹਰ ਵਕਤ ਹੀ ਵਿਸਾਰੀ ਰੱਖਦਾ ਹੈ, ਕੋਈ ਉਪਾਉ ਦੱਸੋ।

ਉ: ੧. ਹੇ ਭਾਈ! ਉਪਾਉ ਇਕੋ ਅਰਦਾਸ ਹੈ ਅਤੇ ਸਦਾ ਇਉਂ ਹੀ ਕਰਦੇ ਰਿਹਾ ਕਰੋ ਕਿ ਹੇ ਗ਼ਰੀਬਾਂ ਉੱਤੇ ਦਇਆ ਕਰਨ ਵਾਲੇ ਪ੍ਰਭੂ ਜੀ! ਤੁਸੀਂ ਸਾਨੂੰ ਕਦੇ ਵੀ ਨਾ ਵਿਸਰੋ।

੨. ਹੇ ਸਰਬ ਵਿਆਪਕ! ਹੇ ਕਿਰਪਾ ਦੇ ਘਰ! ਮੈਂ ਤੇਰੀ ਸ਼ਰਨ ਆਇਆ ਹਾਂ।੧।ਰਹਾਉ।

੩. ਹੇ ਸਾਈਂ ਜੀ! ਜਿਸ ਹਿਰਦੇ-ਥਾਂ ਵਿਚ ਤੂੰ ਆ ਵਸਦਾ ਹੈਂ ਉਹ ਹਿਰਦਾ-ਥਾਂ ਸੋਹਣਾ ਬਣ ਜਾਂਦਾ ਹੈ।

੪. ਜਿਸ ਵੇਲੇ ਤੂੰ ਮੈਨੂੰ ਵਿਸਰ ਜਾਂਦਾ ਹੈਂ ਤਦੋਂ (ਮੈਨੂੰ) ਹਾਉਕਾ, ਪਛਤਾਵਾ ਲੱਗਦਾ ਹੈ।੧।

੫. ਹੇ ਸਾਈਂ ਜੀ! ਅਸੀਂ ਸਾਰੇ ਜੀਵ ਤੇਰੇ ਸਾਜੇ ਹੋਏ ਹਾਂ, ਤੂੰ ਇਨ੍ਹਾਂ ਜੀਵਾਂ ਦੀ ਸਦਾ ਮਦਦ ਕਰਨ ਵਾਲਾ ਹੈਂ, ਸਦਾ ਅੰਗ-ਸੰਗ ਹੈਂ।

੬. ਹੇ ਪ੍ਰਭੂ! ਸਾਨੂੰ ਸੰਸਾਰ ਰੂਪੀ ਸਮੁੰਦਰ ਤੋਂ ਹੱਥ ਦੇ ਕੇ ਕੱਢ ਲੈ।੨।

੭. ਸਾਈਂ ਜੀ! ਇਹ ਜੀਵਾਂ ਲਈ ਜੰਮਣ ਮਰਣ ਦਾ ਗੇੜ ਤੂੰ ਹੀ ਬਣਾਇਆ ਹੋਇਆ ਹੈ।

੮. ਪਰ ਜਿਸ ਨੂੰ ਤੂੰ ਇਸ (ਗੇੜ ਤੋਂ) ਆਪ ਰੱਖ ਲੈਂਦਾ ਹੈਂ, ਫਿਰ ਉਸ ਨੂੰ ਜਨਮ ਮਰਣ ਆਦਿ ਦੁੱਖ ਨਹੀਂ ਹੁੰਦਾ।੩।

੯. ਹੇ ਪ੍ਰਭੂ ਜੀ! ਤੂੰ ਸਾਡਾ ਮਾਲਕ ਇਕੋ ਆਪ ਹੀ ਹੈਂ, ਦੂਜਾ ਹੋਰ ਕੋਈ ਹੈ ਹੀ ਨਹੀਂ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ! ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਮੈਨੂੰ ਸੰਸਾਰ ਸਾਗਰ ਤੋਂ ਹੱਥ ਦੇ ਕੇ ਰੱਖ ਲੈ।੪।੭।

ਭਾਵਾਰਥ : ਇਸ ਸ਼ਬਦ ਵਿਚ ਸਾਈਂ ਜੀ ਅੱਗੇ ਅਰਦਾਸ ਕਰਨ ਦੀ ਜਾਚ ਦੱਸੀ ਹੈ ਕਿ ਹਰ ਵਕਤ ਇਉਂ ਜੋਦੜੀ ਕਰਦੇ ਰਹੋ ਕਿ ਸਾਨੂੰ ਕਦੇ ਭੀ ਨਾਮ ਨਾ ਵਿਸਰੇ।

ਵਡਹੰਸੁ ਮ: ੫ ॥

੧. ਤੂ ਜਾਣਾਇਹਿ ਤਾ ਕੋਈ ਜਾਣੈ ॥
੨. ਤੇਰਾ ਦੀਆ ਨਾਮੁ ਵਖਾਣੈ ॥੧॥
੩. ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ ਰਹਾਉ ॥
੪. ਤੁਧੁ ਆਪੇ ਕਾਰਣੁ ਆਪੇ ਕਰਣਾ ॥
੫. ਹੁਕਮੇ ਜੰਮਣੁ ਹੁਕਮੇ ਮਰਣਾ ॥੨॥
੬. ਨਾਮੁ ਤੇਰਾ ਮਨ ਤਨ ਆਧਾਰੀ ॥
੭. ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥

ਪਦ ਅਰਥ : ਜਾਣਾਇਹਿ—ਤੂੰ ਜਾਣਦਾ ਹੈਂ। ਤਾ—ਤਦੋਂ। ਵਖਾਣੈ—ਉਚਾਰਦਾ ਹੈ, ਸਿਮਰਦਾ ਹੈ।੧।

ਅਚਰਜੁ—ਹੈਰਾਨ ਕਰਨ ਵਾਲੇ ਸਰੂਪ ਵਾਲਾ। ਕੁਦਰਤਿ—ਰਚਨਾ। ਬਿਸਮਾ—ਹੈਰਾਨਗੀ ਪੈਦਾ ਕਰਨ ਵਾਲੀ।੧।ਰਹਾਉ।

ਆਪੇ—ਆਪ ਹੀ। ਕਾਰਣੁ—ਸਬੱਬ, ਰਚਨਾ ਪੈਦਾ ਕਰਨ ਵਾਲਾ ਵਸੀਲਾ। ਕਰਣਾ—ਜਗਤ। ਹੁਕਮੇ—ਹੁਕਮ ਵਿਚ ਹੀ।੨।

ਮਨ ਤਨ ਆਧਾਰੀ—ਮਨ ਤੇ ਤਨ ਦਾ ਆਸਰਾ।੩।

ਅਰਥ :

ਪ੍ਰ: ਹੇ ਗੁਰੋ! ਜਦ ਕਿ ਉਹ ਸਰਵ ਥਾਂ ਵਿਆਪਕ ਹੈ ਤਾਂ ਉਸ ਨੂੰ ਸਭ ਕੋਈ ਜਾਣਦਾ ਕਿਉਂ ਨਹੀਂ?

ਉ: ੧. ਹੇ ਪਿਆਰੇ! ਇਹ ਗੱਲ ਕਿਸੇ ਦੇ ਵਸ ਦੀ ਨਹੀਂ, (ਕਿਉਂਕਿ) ਸਾਈਂ ਜੀ! ਜੇ ਤੂੰ ਆਪਣਾ ਆਪ ਕਿਸੇ ਨੂੰ ਬੁਝਾਵੇਂ ਤਾਂ ਉਹ ਬੁੱਝ ਸਕਦਾ ਹੈ।

੨. (ਜੇ ਕੋਈ ਕਵ੍ਹੇ ਕਿ ਉਹ ਨਾਮ ਸਿਮਰਨ ਦੁਆਰਾ ਜਾਣਿਆ ਜਾਂਦਾ ਹੈ) ਤਾਂ ਵੀ ਤੇਰਾ ਹੀ ਬਖ਼ਸ਼ਿਆ ਨਾਮ ਕੋਈ ਉਚਾਰਨ ਕਰ ਸਕੇਗਾ।੧।ਰਹਾਉ।

੩. ਤੂੰ ਆਪ ਅਸਚਰਜ ਰੂਪ ਹੈਂ ਤੇ ਤੇਰੀ ਕੁਦਰਤ ਬਿਸਮਾਦਤਾ ਲਾ ਦੇਣ ਵਾਲੀ ਹੈ।੧।ਰਹਾਉ।

੪. ਇਸ ਲਈ ਤੂੰ ਆਪੇ ਹੀ (ਹਰ ਗੱਲ ਦਾ) ਕਾਰਣ ਹੈਂ, ਆਪ ਹੀ ਉਸ ਦਾ ਕਾਰਜ ਫਲ ਹੈਂ।

੫. ਤੇਰੇ ਹੁਕਮ ਵਿਚ ਹੀ ਜੰਮਣਾ ਹੈ ਅਤੇ ਹੁਕਮ ਵਿਚ ਹੀ ਮਰਣਾ ਹੈ।੨।

੬. ਤੇਰਾ ਨਾਮ ਹੀ (ਮੇਰੇ) ਮਨ, ਤਨ ਦਾ ਆਸਰਾ ਹੈ।

੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਦਾਸ ਬੇਨਤੀ ਕਰਦਾ ਹਾਂ ਕਿ ਨਾਮ ਵੀ ਤੁਹਾਡੀ ਹੀ ਬਖ਼ਸ਼ਸ਼ ਹੈ।੩।੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਸ ਜੀਵ ਨੂੰ ਪਰਾਧੀਨ ਦਰਸਾ ਰਹੇ ਹਨ ਕਿ ਉਹ ਪ੍ਰਭੂ ਹੈ ਤਾਂ ਸਾਰਿਆਂ ਅੰਦਰ ਵਿਆਪਕ, ਪਰ ਉਹ ਜਿਸ 'ਤੇ ਕਿਰਪਾ ਕਰੇ, ਆਪਣਾ ਆਪ ਉਹ ਉਸੇ ਨੂੰ ਹੀ ਜਣਾਉਂਦਾ ਹੈ।

ਵਡਹੰਸੁ ਮਹਲਾ ੫ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

੧. ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ
ਹਉ ਕਿਉ ਪਾਈ ਗੁਰ ਪੂਰੇ ॥
੨. ਜੇ ਸਉ ਖੇਲ ਖੇਲਾਈਐ ਬਾਲਕੁ ਰਹਿ
ਨ ਸਕੈ ਬਿਨੁ ਖੀਰੇ ॥
੩. ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ
ਜੇ ਸਉ ਭੋਜਨ ਮੈ ਨੀਰੇ ॥
੪. ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ
ਬਿਨੁ ਦਰਸਨ ਕਿਉ ਮਨੁ ਧੀਰੇ ॥੧॥

ਪਦ ਅਰਥ : ਅੰਤਰਿ—ਅੰਦਰ। ਲੋਚਾ—ਤਾਂਘ। ਹਉ—ਮੈਂ। ਕਿਉ—ਕਿਉਂ, ਕਿਵੇਂ। ਪਾਈ—ਪਾਈਂ, ਮੈਂ ਲੱਭਾਂ। ਸਉ—ਸੌ ਵਾਰੀ। ਖੀਰ—ਦੁੱਧ। ਅੰਮਾਲੀ—ਹੇ ਸਖੀ! ਹੇ ਸਹੇਲੀ। ਭੋਜਨ—ਖਾਣੇ। ਮੈ—ਮੇਰੇ ਅੱਗੇ। ਨੀਰੇ—ਪ੍ਰੋਸੇ ਜਾਣ। ਮਨਿ—ਮਨ ਵਿਚ। ਤਨਿ—ਸਰੀਰ ਵਿਚ, ਹਿਰਦੇ ਵਿਚ। ਪਿਰੰਮ ਕਾ—ਪਿਆਰੇ ਦਾ। ਧੀਰੇ—ਸ਼ਾਂਤੀ ਪ੍ਰਾਪਤ ਕਰੇ।੧।

ਅਰਥ :

ਪ੍ਰ: ਹੇ ਗੁਰੋ! ਹਰ ਇਕ ਪ੍ਰਾਣੀ ਮਾਤ੍ਰ ਦੇ ਅੰਦਰ ਕਿਸੇ ਨ ਕਿਸੇ ਸ਼ੈਅ ਦੀ ਤਾਂਘ ਬਣੀ ਰਹਿੰਦੀ ਹੈ, ਪਰ ਆਪ ਜੀ ਦੇ ਅੰਦਰ ਸਦਾ ਕਿਸ ਵਸਤੂ ਦੀ ਖਿੱਚ ਹੈ?

ਉ: ੧. ਹੇ ਪਿਆਰੇ! ਮੇਰੇ ਮਨ ਅੰਦਰ ਤਾਂ (ਕੇਵਲ) ਗੁਰੂ ਨੂੰ ਮਿਲਣ ਦੀ ਹੀ ਤਾਂਘ ਹੈ, ਹੇ ਗੁਰਮੁਖੋ! (ਮੈਂ ਹੁਣ ਇਸੇ ਹੀ ਸੋਚ ਵਿਚ ਸਦਾ ਲੱਗਾ ਰਹਿੰਦਾ ਹਾਂ ਕਿ) ਉਸ ਪਿਆਰੇ ਪ੍ਰਭੂ ਨੂੰ ਮਿਲਾਉਣ ਵਾਲੇ ਪੂਰੇ ਗੁਰੂ ਨੂੰ ਕਿਸ ਤਰ੍ਹਾਂ ਪਾ ਲਵਾਂ।

ਪ੍ਰ: ਕਿਉਂ ਜੀ! ਪ੍ਰਭੂ ਜੀ ਨੇ ਤੁਹਾਨੂੰ ਅਨੰਤ ਪਦਾਰਥ ਬਖ਼ਸ਼ ਰੱਖੇ ਹਨ, ਕੀ ਤੁਹਾਡਾ ਮਨ ਇਨ੍ਹਾਂ ਵਿਚ ਨਹੀਂ ਪਰਚਦਾ?

ਉ: ੨. (ਨਹੀਂ) ਹੇ ਭਾਈਓ! ਇਨ੍ਹਾਂ ਮਾਇਕੀ ਪਦਾਰਥਾਂ ਵਿਚ ਮੇਰਾ ਦਿਲ ਇਸੇ ਹੀ ਤਰ੍ਹਾਂ ਨਹੀਂ ਪਰਚਦਾ, ਜਿਵੇਂ ਕਿ ਬੱਚੇ ਨੂੰ ਸੈਂਕੜੇ ਖੇਡਾਂ ਖਿਡਾਓ, ਪਰ ਉਹ ਦੁੱਧ ਤੋਂ ਬਿਨਾ ਨਹੀਂ ਰਹਿ ਸਕਦਾ।

੩. ਇਸੇ ਹੀ ਤਰ੍ਹਾਂ, ਹੇ ਸਖੀ! ਮੇਰੇ ਅੰਦਰੋਂ (ਪ੍ਰਭੂ ਦੇ ਦਰਸ਼ਨਾਂ ਦੀ) ਭੁੱਖ ਨਹੀਂ ਲਹਿੰਦੀ, ਭਾਵੇਂ ਮੇਰੇ ਅੱਗੇ ਸੈਂਕੜੇ ਹੀ ਭੋਜਨ ਪ੍ਰੋਸ ਕੇ ਰੱਖ ਦਿੱਤੇ ਜਾਣ।

੪. ਹੇ ਸਖੀ! ਮੇਰੇ ਮਨ ਵਿਚ, ਮੇਰੇ ਤਨ ਵਿਚ ਪਿਆਰੇ ਪ੍ਰਭੂ ਦਾ ਪ੍ਰੇਮ ਵਸ ਰਿਹਾ ਹੈ। ਉਸ ਦੇ ਦਰਸ਼ਨਾਂ ਤੋਂ ਬਗ਼ੈਰ ਮੇਰੇ ਮਨ ਨੂੰ (ਦੱਸ ਕਿਵੇਂ) ਧੀਰਜ ਆਵੇ।੧।

੧. ਸੁਣਿ ਸਜਣ ਮੇਰੇ ਪ੍ਰੀਤਮ ਭਾਈ
ਮੈ ਮੇਲਿਹੁ ਮਿਤ੍ਰੁ ਸੁਖਦਾਤਾ ॥
੨. ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ
ਨਿਤ ਸੁਣਾਵੈ ਹਰਿ ਕੀਆ ਬਾਤਾ ॥
੩. ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ
ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ ॥
੪. ਹਉ ਕਿਆ ਗੁਣ ਤੇਰੇ ਸਾਰਿ ਸਮਾਲੀ
ਮੈ ਨਿਰਗੁਣ ਕਉ ਰਖਿ ਲੇਤਾ ॥੨॥

ਪਦ ਅਰਥ : ਸਜਣ—ਹੇ ਸੱਜਣ। ਭਾਈ—ਹੇ ਵੀਰ। ਮੈ—ਮੈਨੂੰ। ਓਹੁ—ਉਹ ਮਿੱਤਰ ਗੁਰੂ। ਜੀਅ ਕੀ—ਜਿੰਦ ਦੀ। ਬੇਦਨ—ਪੀੜ, ਦੁੱਖ ਉਦਾਸੀ ਦੀ ਪੀੜਾ, ਬਿਰਹ ਦਾ ਦੁੱਖ। ਕੀਆ—ਦੀਆਂ। ਤਿਸੁ ਬਿਨੁ—ਉਸ ਪਰਮੇਸ਼ਰ ਤੋਂ ਬਿਨਾ। ਚਾਤ੍ਰਿਕ—ਪਪੀਹਾ। ਕਉ—ਵਾਸਤੇ। ਹਉ—ਮੈਂ। ਸਾਰਿ—ਚੇਤੇ ਕਰ ਕੇ। ਸਮਾਲੀ—ਸਮਾਲੀਂ, ਮੈਂ ਹਿਰਦੇ ਵਿਚ ਵਸਾਵਾਂ।੨।

ਪ੍ਰ: ਕਿਉਂ ਜੀ! ਜਿਸ ਸਾਈਂ ਜੀ ਦੇ ਦਰਸ਼ਨਾਂ ਦੀ ਤੁਹਾਡੇ ਅੰਦਰ ਇਤਨੀ ਖਿੱਚ ਹੈ, ਕੀ ਉਸ ਦੇ ਮਿਲਾਪ ਲਈ ਤੁਸੀਂ ਕੋਈ ਉਪਾਓ ਵੀ ਕਰਦੇ ਹੋ?

ਉ: ੧. (ਹਾਂ ਜ਼ਰੂਰ) (ਜਿਸ ਨੂੰ ਪਿਛੇ ਅੰਮਾਲੀ ਕਹਿ ਆਏ ਹਨ, ਹੁਣ ਉਸੇ ਨੂੰ ਹੀ ਭਾਈ ਸ਼ਬਦ ਨਾਲ ਸੰਬੋਧਨ ਕਰਦੇ ਹਨ ਕਿ) ਹੇ ਮੇਰੇ ਸੱਜਨ! ਹੇ ਮੇਰੇ ਪਿਆਰੇ ਵੀਰ! ਮੈਂ ਉਨ੍ਹਾਂ ਗੁਰਮੁਖ ਰੂਪ ਪਿਆਰੀਆਂ ਸਖੀਆਂ ਪਾਸ ਜਾ ਕੇ ਸਦਾ ਹੀ ਇਉਂ

ਕਹਿੰਦੀ ਰਹਿੰਦੀ ਹਾਂ ਕਿ ਹੇ ਮੇਰੇ ਸੱਜਨੋ ! ਮੇਰੀ ਇਕ ਬੇਨਤੀ ਸੁਣੋ ਕਿ ਮੈਨੂੰ ਆਤਮਿਕ ਸੁੱਖ ਦੇਣ ਵਾਲਾ ਮਿੱਤ੍ਰ ਗੁਰੂ ਮਿਲਾ ਦਿਓ।

ਪ੍ਰ: ਤੁਸੀਂ ਉਸ ਗੁਰੂ ਨੂੰ ਮਿਲਣ ਦੀ ਇਤਨੀ ਤਾਂਘ ਕਿਉਂ ਕਰਦੇ ਹੋ ?

ਉ: ੨. ਹੇ ਭਾਈਓ ! ਉਹ ਇਸ ਲਈ ਕਿ ਉਹ ਗੁਰੂ ਮੇਰੇ ਦਿਲ ਦੀ ਸਾਰੀ ਪੀੜਾ ਤੇ ਮੇਰੇ ਵਿਜੋਗ ਦੇ ਦੁੱਖ ਨੂੰ ਜਾਣਦਾ ਹੈ, ਉਹ ਮੈਨੂੰ ਪਰਮੇਸ਼ਰ ਦੇ ਸਿਫ਼ਤਿ-ਸਾਲਾਹ ਦੀਆਂ ਗੱਲਾਂ ਨਿੱਤ ਹੀ ਸੁਣਾਂਦਾ ਰਹਿੰਦਾ ਹੈ।

ਪ੍ਰ: ਕਿਉਂ ਜੀ ! ਆਖ਼ਰ, ਤੁਸੀਂ ਉਸ ਗੁਰੂ ਨੂੰ ਮਿਲਣ ਲਈ ਇਤਨੇ ਕਾਹਲੇ ਕਿਉਂ ਪੈ ਰਹੇ ਹੋ ?

ਉ: ੩. ਹੇ ਵੀਰ ਜੀ ! ਮੈਂ ਉਸਨੂੰ ਮਿਲਣ ਤੋਂ ਬਿਨਾ ਇਕ ਪਲ ਵੀ ਰਹਿ ਨਹੀਂ ਸਕਦਾ (ਮੈਂ ਤਾਂ ਉਸ ਗੁਰੂ ਦੇ ਦਰਸ਼ਨਾਂ ਲਈ ਇਸੇ ਹੀ ਤਰ੍ਹਾਂ ਵਿਲਕਦਾ ਹਾਂ ਕਿ) ਜਿਵੇਂ ਇਕ ਪਪੀਹਾ (ਸੁਆਂਤੀ ਬੂੰਦ ਦੇ) ਪਾਣੀ ਨੂੰ ਵਿਲਕਦਾ ਹੈ। (ਬਸ ਇਸ ਤਰ੍ਹਾਂ ਕਹਿੰਦਿਆਂ-ਕਹਿੰਦਿਆਂ ਹੀ ਆਪ ਜੀ ਦੀ ਸੁਰਤਿ ਇਕਾਗਰ ਹੋ ਗਈ ਅਤੇ ਸਾਈਂ ਜੀ ਦੇ ਸਨਮੁਖ ਹੋ ਅੰਦਰੋਂ ਇਉਂ ਵੈਰਾਗ ਵਿਚ ਭਿੱਜੀ ਹੋਈ ਪ੍ਰੇਮ ਭਰੀ ਆਵਾਜ਼ ਆਈ)।

੪. ਹੇ ਮੇਰੇ ਸਾਈਂ ਜੀ ! ਮੈਂ ਤੇਰੇ ਕਿਹੜੇ-ਕਿਹੜੇ ਗੁਣਾਂ ਨੂੰ ਯਾਦ ਕਰਾਂ (ਕਿਉਂਕਿ ਮੈਂ ਵੇਖਦਾ ਹਾਂ ਕਿ) ਮੈਂ ਗੁਣਾਂ ਤੋਂ ਸਖਣੇ ਨੂੰ ਤੂੰ ਹੀ ਇਕ ਰੱਖਣ ਵਾਲਾ ਹੈਂ।੨।

੧. ਹਉ ਭਈ ਉਡੀਣੀ ਕੰਤ ਕਉ ਅੰਮਾਲੀ
ਸੋ ਪਿਰੁ ਕਦਿ ਨੈਣੀ ਦੇਖਾ ॥
੨. ਸਭਿ ਰਸ ਭੋਗਣ ਵਿਸਰੇ
ਬਿਨੁ ਪਿਰ ਕਿਤੈ ਨ ਲੇਖਾ ॥
੩. ਇਹੁ ਕਾਪੜੁ ਤਨਿ ਨ ਸੁਖਾਵਈ
ਕਰਿ ਨ ਸਕਉ ਹਉ ਵੇਸਾ ॥
੪. ਜਿਨੀ ਸਖੀ ਲਾਲੁ ਰਾਵਿਆ ਪਿਆਰਾ
ਤਿਨ ਆਗੈ ਹਮ ਆਦੇਸਾ ॥੩॥

ਪਦ ਅਰਥ : ਹਉ—ਮੈਂ। ਉਡੀਣੀ—ਉਦਾਸ, ਉਤਾਵਲੀ। ਅੰਮਾਲੀ—ਹੇ ਸਖੀ ! ਕਦਿ—ਕਦੋਂ। ਨੈਣੀ—ਅੱਖਾਂ ਨਾਲ। ਦੇਖਾ—ਦੇਖਾਂ, ਮੈਂ ਵੇਖਾਂਗੀ। ਸਭਿ—ਸਾਰੇ। ਕਿਤੈ ਨ ਲੇਖੈ—ਕਿਸੇ ਕੰਮ ਨਹੀਂ। ਕਾਪੜੁ—ਕੱਪੜਾ। ਤਨਿ—ਸਰੀਰ ਉੱਤੇ। ਨ ਸੁਖਾਵਈ—ਨਹੀਂ ਸੁਖਾਂਦਾ, ਨਹੀਂ ਭਾਉਂਦਾ। ਵੇਸਾ—ਪਹਿਰਾਵਾ। ਆਦੇਸਾ—ਨਮਸ਼ਕਾਰ, ਅਰਜ਼ੋਈ।੩।

ਅਰਥ :

ਪ੍ਰ: ਹੇ ਗੁਰੋ ! ਅਸੀਂ ਸਦਾ ਹੀ ਆਪ ਜੀ ਨੂੰ ਉਦਾਸ ਵੇਖਦੇ ਹਾਂ, ਇਹ ਕਿਉਂ ? (ਪਹਿਲੋਂ ਤਾਂ ਸਾਈਂ ਜੀ ਦੇ ਸਨਮੁਖ ਹੋ ਇਕਾਗ੍ਰਤਾ ਵਿਚ ਅੱਖਾਂ ਬੰਦ ਕਰ ਕੇ ਜੋਦੜੀ ਕਰਦੇ ਸਨ), ਹੁਣ ਆਪ ਜੀ ਦੇ ਨੇਤ੍ਰ ਖੁਲ੍ਹੇ, ਕੀ ਵੇਖਿਆ ਕਿ ਉਹੋ ਗੁਰਮੁਖ ਰੂਪ ਸਖੀਆਂ ਸਾਹਮਣੇ ਬੈਠੀਆਂ ਹਨ, ਤਾਂ ਆਪ ਜੀ ਉਨ੍ਹਾਂ ਨੂੰ ਫਿਰ ਦੁਬਾਰਾ

ਉ: ੧. ਅੰਮਾਲੀ (ਕਹਿ ਕੇ ਇਉਂ ਬੋਲੇ ?) ਹੇ ਗੁਰਮੁਖ ਸਖੀਓ ! ਮੈਂ ਉਸ ਪ੍ਰਭੂ ਪਤੀ ਨੂੰ ਮਿਲਣ ਵਾਸਤੇ ਉਦਾਸ ਹੋ ਰਹੀ ਹਾਂ ਕਿ ਮੈਂ ਕਦੋਂ ਉਸ ਪਤੀ ਨੂੰ ਆਪਣੀਆਂ ਅੱਖਾਂ ਨਾਲ ਵੇਖਾਂਗੀ।

ਪ੍ਰ: ਕਿਉਂ ਜੀ ! ਕੀ ਤੁਹਾਡੇ ਕੋਲ ਇਤਨੇ ਅਥਾਹ ਪਦਾਰਥ ਹੁੰਦਿਆਂ ਵੀ ਤੁਸਾਂ ਦਾ ਮਨ ਉਨ੍ਹਾਂ ਪਦਾਰਥਾਂ ਦੇ ਰਸਾਂ ਵਿਚ ਨਹੀਂ ਪਰਚਦਾ ?

ਉ: ੨. (ਨਹੀਂ) ਹੇ ਮੇਰੀ ਅੰਮਾਂ ਤੋਂ ਵੱਧ ਪਿਆਰੀ ਗੁਰਮੁਖ ਸਖੀਓ ! ਸੱਚ ਜਾਣੋਂ ਕਿ ਉਸ ਪ੍ਰਭੂ ਪਤੀ ਦੇ ਮਿਲਾਪ ਤੋਂ ਬਿਨਾ ਸਾਰੇ ਪਦਾਰਥਾਂ ਦੇ ਭੋਗ, ਰਸ ਮੈਨੂੰ ਭੁੱਲ ਹੀ ਗਏ ਹਨ, (ਮੈਂ ਤਾਂ ਇਹ ਨਿਸਚਾ ਕਰ ਬੈਠੀ ਹਾਂ ਕਿ) ਇਹ ਸਾਰੇ ਪਦਾਰਥ ਪ੍ਰਭੂ ਪਤੀ ਦੇ ਮਿਲਾਪ ਤੋਂ ਸਖਣੇ ਕਿਸੇ ਵੀ ਕੰਮ ਦੇ ਨਹੀਂ, ਕਿਸੇ ਲੇਖੇ ਹੀ ਨਹੀਂ ਹਨ।

ਪ੍ਰ: ਹਜ਼ੂਰ ! ਆਪ ਜੀ ਦੇ ਸਰੀਰਕ ਪਹਿਰਾਵੇ ਦੀ ਸੋਭਾ ਤਾਂ ਬਹੁਤ ਸੁੰਦਰ ਵੇਖਣ ਵਿਚ ਆਉਂਦੀ ਹੈ ?

ਉ: ੩. ਹੇ ਗੁਰਮੁਖ ਸਖੀਓ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੇ ਸਰੀਰਕ ਪਹਿਰਾਵੇ ਦੀ ਅਤਿ ਸੁੰਦਰਤਾ ਤੁਹਾਨੂੰ ਵੇਖਣ ਵਿਚ ਨਜ਼ਰ ਆਉਂਦੀ ਹੈ, ਪਰ ਸੱਚੀ ਗੱਲ ਤਾਂ ਇਹੋ ਹੀ ਹੈ ਕਿ ਇਹ ਮੇਰੇ ਸਰੀਰ ਉਪਰ ਪਹਿਰਿਆ ਹੋਇਆ ਕਪੜਾ ਭੀ ਮੇਰੇ ਤਨ ਨੂੰ ਸੁਖਾਂਦਾ ਨਹੀਂ, ਇਸੇ ਲਈ ਹੀ ਮੈਂ ਕੋਈ ਹੋਰ ਸ਼ਿੰਗਾਰ ਲਾ ਨਹੀਂ ਸਕਦੀ।

ਪ੍ਰ: ਕਿਉਂ ਜੀ ! ਆਖ਼ਰ ਹੁਣ ਤੁਹਾਡੀ ਸੋਚਣੀ ਕੀ ਹੈ ?

ਉ: ੪. ਹੇ ਪਿਆਰਿਓ ! ਸੋਚਣੀ ਤਾਂ ਹੁਣ ਕੇਵਲ ਇਕ ਇਹੋ ਹੈ ਕਿ ਜਿਨ੍ਹਾਂ ਸਖੀਆਂ ਨੇ ਪਿਆਰੇ ਲਾਲ ਪ੍ਰਭੂ ਦਾ ਅਨੰਦ ਮਾਣਿਆ ਹੈ, ਮੈਂ ਉਨ੍ਹਾਂ ਦੇ ਅੱਗੇ ਹੀ ਅਰਜ਼ੋਈ ਕਰਦੀ ਤੇ ਮੱਥਾ ਟੇਕਦੀ ਹਾਂ (ਕਿ ਮੈਨੂੰ ਭੀ ਉਸੇ ਸਾਈਂ ਜੀ ਦੇ ਚਰਨਾਂ ਵਿਚ ਜੋੜ ਦਿਓ, ਜਿਸ ਮਾਲਕ ਦੇ ਚਰਨਾਂ ਵਿਚ ਤੁਸੀਂ ਜੁੜੀਆਂ ਹੋ)।੩।

੧. ਮੈ ਸਭਿ ਸੀਗਾਰ ਬਣਾਇਆ ਅੰਮਾਲੀ
ਬਿਨੁ ਪਿਰ ਕਾਮਿ ਨ ਆਏ ॥
੨. ਜਾ ਸਹਿ ਬਾਤ ਨ ਪੁਛੀਆ ਅੰਮਾਲੀ
ਤਾ ਬਿਰਥਾ ਜੋਬਨੁ ਸਭੁ ਜਾਏ ॥
੩. ਧਨੁ ਧਨੁ ਤੇ ਸੋਹਾਗਣੀ ਅੰਮਾਲੀ
ਜਿਨ ਸਹੁ ਰਹਿਆ ਸਮਾਏ ॥
੪. ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ
ਤਿਨ ਕੇ ਧੋਵਾ ਸਦ ਪਾਏ ॥੪॥

ਪਦ ਅਰਥ : ਸਭਿ—ਸਾਰੇ। ਕਾਮਿ—ਕੰਮ ਵਿਚ। ਸਹਿ—ਸਹੁ ਨੇ। ਬਿਰਥਾ—ਵਿਅਰਥ। ਜੋਬਨੁ—ਜੁਆਨੀ। ਧਨੁ ਧਨੁ—ਭਾਗਾਂ ਵਾਲੀਆਂ। ਸਹੁ—ਖਸਮ। ਵਾਰਿਆ—ਕੁਰਬਾਨ। ਧੋਵਾ—ਧੋਵਾਂ, ਮੈਂ ਧੋਂਦਾ ਹਾਂ। ਸਦ—ਸਦਾ। ਪਾਇ—ਪੈਰ।੪।

ਅਰਥ :

ਪ੍ਰ: ਕਿਉਂ ਜੀ ! ਕੀ ਉਸ ਪਤੀ ਦੇ ਮਿਲਾਪ ਲਈ, ਜਿਵੇਂ ਹੋਰ ਲੋਕੀਂ ਸਾਧਨਾਂ ਦਾ ਸ਼ਿੰਗਾਰ ਲਾਉਂਦੇ ਹਨ, ਤੁਸੀਂ ਕੋਈ ਸ਼ਿੰਗਾਰ ਕਰਕੇ ਵੇਖਿਆ ਵੀ ਹੈ ?

ੳ: ੧. ਹੇ ਗੁਰਮੁਖ ਰੂਪ ਸਹੇਲੀਓ ! ਮੈਂ ਉਸ ਪਤੀ ਪਰਮੇਸ਼ਰ ਨੂੰ ਮਿਲਣ ਵਾਸਤੇ (ਇਕ ਨਹੀਂ) ਸਭ ਤਰ੍ਹਾਂ ਦੇ ਸਾਧਨਾਂ ਦਾ ਹੀ ਸ਼ਿੰਗਾਰ ਬਣਾਇਆ, ਪਰ ਪਰਮੇਸ਼ਰ ਪਤੀ ਦੇ ਮਿਲੇ ਤੋਂ ਬਿਨਾ ਇਹ ਸਾਰਾ ਸਾਧਨਾਂ ਦਾ ਸ਼ਿੰਗਾਰ ਕਿਸੇ ਵੀ ਕੰਮ ਨਾ ਆਇਆ।

ਪ੍ਰ: ਕਿਉਂ ਜੀ ! ਉਹ ਕਿਵੇਂ ?

ੳ: ੨. ਹੇ ਸਖੀ ! ਤੂੰਹੀਓਂ ਦੱਸ ਕਿ ਜੇ ਪਤੀ ਵਾਤ ਹੀ ਨਾ ਪੁੱਛੇ ਤਾਂ (ਇਕ ਸ਼ਿੰਗਾਰ) ਕੀ, ਇਸਤ੍ਰੀ ਦਾ ਸਾਰਾ ਜੋਬਨ ਹੀ ਬਿਰਥਾ ਚਲਾ ਜਾਂਦਾ ਹੈ, ਭਾਵ ਜਪ ਤਪ ਆਦਿਕ ਸਾਰੇ ਸ਼ਿੰਗਾਰ ਕਿਸ ਲੇਖੇ ਹਨ, ਜਦ ਕਿ ਪਰਮੇਸ਼ਰ ਪਤੀ ਦਾ ਮਿਲਾਪ ਹੀ ਨਾ ਹੋਵੇ। ਇਸ ਤਰ੍ਹਾਂ ਤਾਂ ਸਾਧਕ ਦਾ ਜੀਵਨ ਹੀ ਨਿਸਫਲ ਚਲਾ ਜਾਂਦਾ ਹੈ।

ਪ੍ਰ: ਕਿਉਂ ਜੀ ! ਹੁਣ ਤੁਹਾਡੇ ਅੰਦਰੋਂ ਕੀ ਆਵਾਜ਼ ਆਉਂਦੀ ਹੈ ?

ੳ: ੩. ਹੇ ਸਖੀਏ ! ਮੈਂ ਤਾਂ ਹੁਣ ਇਹੋ ਹੀ ਕਹਿ ਰਹੀ ਹਾਂ ਕਿ ਉਹ ਸੁਹਾਗਣਾਂ ਬਹੁਤ ਹੀ ਭਾਗਾਂ ਵਾਲੀਆਂ ਹਨ, ਜਿਨ੍ਹਾਂ ਦੇ ਹਿਰਦੇ ਵਿਚ ਉਹ ਪਤੀ ਪਰਮੇਸ਼ਰ ਸਦਾ ਹੀ ਟਿਕਿਆ ਰਹਿੰਦਾ ਹੈ।

ਪ੍ਰ: ਕਿਉਂ ਜੀ ! ਉਨ੍ਹਾਂ ਪਤੀ ਪ੍ਰਾਪਤੀ ਵਾਲੀਆਂ ਦਾ ਤੁਹਾਡੇ ਅੰਦਰ ਕਿਤਨਾ ਕੁ ਸਤਿਕਾਰ ਹੈ ?

ੳ: ੪. ਹੇ ਅੰਮਾਲੀ ! ਮੈਂ ਤਾਂ ਉਨ੍ਹਾਂ ਸੁਹਾਗਵੰਤੀਆਂ ਤੋਂ ਕੁਰਬਾਨ ਹਾਂ, ਮੈਂ ਸਦਾ ਹੀ ਉਨ੍ਹਾਂ ਦੇ ਪੈਰ ਧੋਂਦੀ ਹਾਂ, ਪੈਰ ਧੋਣ ਨੂੰ ਤਿਆਰ ਰਹਿੰਦੀ ਹਾਂ।੪।

੧. ਜਿਚਰੁ ਦੂਜਾ ਭਰਮੁ ਸਾ ਅੰਮਾਲੀ
ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥
੨. ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ
ਤਾ ਆਸਾ ਮਨਸਾ ਸਭ ਪੂਰੇ ॥
੩. ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ
ਪਿਰੁ ਸਰਬ ਰਹਿਆ ਭਰਪੂਰੇ ॥
੪. ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ
ਗੁਰ ਸਤਿਗੁਰ ਕੈ ਲਗਿ ਪੈਰੇ ॥੫॥੧॥੯॥

ਪਦ ਅਰਥ : ਭਰਮੁ—ਭੁਲੇਖਾ। ਸਾ—ਸੀ। ਜਾ—ਜਦੋਂ। ਮਨਸਾ—ਤਾਂਘ, ਮਨ ਦਾ ਫੁਰਨਾ। ਸਰਬ—ਸਭਨਾਂ ਵਿਚ। ਰੰਗ—ਅਨੰਦ। ਕੈ ਪੈਰੇ—ਦੇ ਚਰਨਾਂ ਵਿਚ। ਲਗਿ—ਲੱਗ ਕੇ।੫।

ਅਰਥ :

ਪ੍ਰ: ਹੇ ਗੁਰੋ ! ਜਦੋਂ ਤਕ ਤੁਹਾਨੂੰ ਗੁਰੂ ਮਿਲਾਪ ਨਹੀਂ ਸੀ ਹੋਇਆ ਤਦੋਂ ਤਕ ਤੁਹਾਨੂੰ ਕੀ ਪ੍ਰਤੀਤ ਹੁੰਦਾ ਰਿਹਾ ?

ੳ: ੧. ਹੇ ਗੁਰਮੁਖ ਰੂਪ ਸਹੇਲੀਓ ! ਜਦੋਂ ਤਕ ਮੇਰੇ ਅੰਦਰ ਦ੍ਵੈਤ ਭਰਮ ਸੀ, ਭਾਵ ਜਿਤਨਾ ਚਿਰ ਮੈਨੂੰ ਕਿਸੇ ਹੋਰ ਦੇ ਆਸਰੇ ਦਾ ਭੁਲੇਖਾ ਸੀ, ਉਤਨਾ ਚਿਰ ਮੈਂ ਆਪਣੇ ਪ੍ਰਭੂ ਨੂੰ ਆਪਣੇ ਤੋਂ ਦੂਰ (ਵਸਦਾ) ਜਾਣਦੀ ਰਹੀ।

ਪ੍ਰ: ਕਿਉਂ ਜੀ ! ਹੁਣ ਗੁਰੂ ਮਿਲਾਪ ਹੋਣ ਨਾਲ ਤੁਹਾਨੂੰ ਕੀ ਹਾਸਲ ਹੋ ਆਇਆ ਹੈ ?

੨. ਪਰ, ਹੇ ਸਹੇਲੀਓ ! ਜਦੋਂ ਮੈਨੂੰ ਪੂਰਾ ਗੁਰੂ ਮਿਲ ਪਿਆ, ਤਾਂ ਮੇਰੀ ਹਰੇਕ ਆਸਾ ਤੇ ਹਰੇਕ ਤਾਂਘ ਪੂਰੀ ਹੋ ਗਈ।

੩. ਹੇ ਸਖੀਏ ! ਮੈਂ ਹੁਣ ਸਾਰੇ ਹੀ ਸੁੱਖਾਂ ਦਾ ਸੁੱਖ, ਪ੍ਰਭੂ ਮਿਲਾਪ ਪਾ ਲਿਆ ਹੈ, (ਹੁਣ ਮੇਰੀ ਸੁੱਤੀ ਪਈ ਸੁਰਤਿ ਜਾਗ ਉੱਠੀ ਹੈ) (ਕਿਉਂਕਿ) ਮੈਨੂੰ ਉਹ ਪ੍ਰਭੂ ਪਤੀ ਸਭਨਾਂ ਵਿਚ ਵਸਦਾ ਦਿੱਸ ਪਿਆ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਗੁਰਮੁਖ ਸਖੀਏ ! ਹੁਣ ਮੈਂ ਗੁਰ ਸਤਿਗੁਰ ਦੇ ਚਰਨੀਂ ਲੱਗ ਕੇ ਪਰਮੇਸ਼ਰ ਦੇ ਮਿਲਾਪ ਦਾ ਅਨੰਦ ਮਾਣ ਲਿਆ ਹੈ।੫।੧।੯।

ਨੋਟ : ਸ਼ਬਦ ਮ: ੧—੩
ਮ: ੩—੯।
ਮ: ੪—੩। ਕੁਲ ਜੋੜ ੨੪। ਇਹ ਵੱਡਾ ਜੋੜ
ਮ: ੫—੯। ਇਥੇ ਨਹੀਂ ਦਿੱਤਾ ਗਿਆ।

ਭਾਵਾਰਥ : ਇਸ ਸ਼ਬਦ ਵਿਚ ਗੁਰਮੁਖ ਅੱਗੇ ਪੁਕਾਰ ਕੀਤੀ ਗਈ ਹੈ ਕਿ ਮੈਨੂੰ ਦੱਸੋ ਮੈਂ ਪੂਰੇ ਗੁਰੂ ਨੂੰ ਕਿਵੇਂ ਪ੍ਰਾਪਤ ਕਰ ਸਕਾਂ, ਕਿਉਂਕਿ ਗੁਰੂ ਮੇਰੀ ਪੀੜਾ ਨੂੰ ਜਾਣਦਾ ਹੈ, ਉਨ੍ਹਾਂ ਦੇ ਚਰਨੀਂ ਲੱਗ ਕੇ ਹੀ ਹਰੀ ਦਾ ਅਨੰਦ ਮਾਣਿਆ ਜਾਂਦਾ ਹੈ। ਅੱਗੇ ਚਲ ਕੇ ਵਾਹਿਗੁਰੂ ਜੀ ਦੇ ਵਿਛੋੜੇ ਦੀ ਅਵਸਥਾ ਅੰਕਤ ਕੀਤੀ ਹੈ, ਨਾਲ ਇਸ ਗੱਲ ਦੀ ਸੋਝੀ ਦਿੱਤੀ ਹੈ ਕਿ ਪ੍ਰਭੂ ਮਿਲਾਪ ਲਈ ਕਰਮ ਕਾਂਡਾਂ ਦੇ ਸ਼ਿੰਗਾਰ ਕਿਸੇ ਭੀ ਕੰਮ ਨਹੀਂ ਆਉਂਦੇ, ਸਭ ਵਿਅਰਥ ਜਾਂਦੇ ਹਨ। ਬੱਸ ਮਿਲਾਪ ਦਾ ਇਕੋ ਹੀ ਸਾਧਨ ਹੈ ਕਿ ਜੋ ਗੁਰਮੁਖ ਮਿਲੇ ਹੋਏ ਹਨ, ਉਨ੍ਹਾਂ ਦੀ ਹੀ ਸੇਵਾ ਕਰਦੇ ਰਹੋ।

ਜਦੋਂ ਗੁਰਮੁਖ ਦੀ ਸ਼ਰਨ ਲਈ ਤਾਂ ਗੁਰਮੁਖ ਨੇ ਗੁਰੂ ਨਾਲ ਮਿਲਾ ਦਿੱਤਾ ਤੇ ਗੁਰੂ ਨੇ ਵਾਹਿਗੁਰੂ ਜੀ ਨਾਲ ਸੰਜੋਗ ਕਰਵਾ ਦਿੱਤਾ। ਸੋ ਉਸ ਪ੍ਰਭੂ ਦੇ ਮਿਲਾਪ ਦਾ ਪਰਮ ਅਨੰਦ ਸਤਿਗੁਰੂ ਜੀ ਨਾਲ ਮਿਲਿਆ।

ਵਡਹੰਸੁ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

੧. ਸਚੀ ਬਾਣੀ ਸਚੁ ਧੁਨਿ ਸਚੁ
ਸਬਦੁ ਵੀਚਾਰਾ ॥
੨. ਅਨਦਿਨੁ ਸਚੁ ਸਲਾਹਣਾ
ਧਨੁ ਧਨੁ ਵਡਭਾਗ ਹਮਾਰਾ ॥੧॥
੩. ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥
੪. ਦਾਸਨਿ ਦਾਸਾ ਹੋਇ ਰਹਹਿ
ਤਾ ਪਾਵਹਿ ਸਚਾ ਨਾਉ ॥੧॥ ਰਹਾਉ ॥

੫. ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ ॥
੬. ਬਿਨੁ ਸਾਚੇ ਹੋਰੁ ਸਾਲਾਹਣਾ
ਜਾਸਹਿ ਜਨਮੁ ਸਭੁ ਖੋਇ ॥੨॥
੭. ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ ॥
੮. ਅਨਦਿਨੁ ਲਾਹਾ ਸਚੁ ਨਾਮੁ ਧਨੁ
ਭਗਤਿ ਭਰੇ ਭੰਡਾਰਾ ॥੩॥
੯. ਸਚੁ ਖਾਣਾ ਸਚੁ ਪੈਨਣਾ
ਸਚੁ ਟੇਕ ਹਰਿ ਨਾਉ ॥
੧੦. ਜਿਸ ਨੋ ਬਖਸੇ ਤਿਸੁ ਮਿਲੈ
ਮਹਲੀ ਪਾਏ ਥਾਉ ॥੪॥
੧੧. ਆਵਹਿ ਸਚੇ ਜਾਵਹਿ ਸਚੇ
ਫਿਰਿ ਜੂਨੀ ਮੂਲਿ ਨ ਪਾਹਿ ॥
੧੨. ਗੁਰਮੁਖਿ ਦਰਿ ਸਾਚੈ ਸਚਿਆਰ
ਹਹਿ ਸਾਚੇ ਮਾਹਿ ਸਮਾਹਿ ॥੫॥
੧੩. ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ ॥
੧੪. ਸਚੈ ਥਾਨਿ ਸਚੁ ਸਾਲਾਹਣਾ
ਸਤਿਗੁਰ ਬਲਿਹਾਰੈ ਜਾਉ ॥੬॥
੧੫. ਸਚੁ ਵੇਲਾ ਮੂਰਤੁ ਸਚੁ
ਜਿਤੁ ਸਚੇ ਨਾਲਿ ਪਿਆਰੁ ॥
੧੬. ਸਚੁ ਵੇਖਣਾ ਸਚੁ ਬੋਲਣਾ
ਸਚਾ ਸਭੁ ਆਕਾਰੁ ॥੭॥
੧੭. ਨਾਨਕ ਸਚੈ ਮੇਲੇ ਤਾ ਮਿਲੇ
ਆਪੇ ਲਏ ਮਿਲਾਇ ॥
੧੮. ਜਿਉ ਭਾਵੈ ਤਿਉ ਰਖਸੀ
ਆਪੇ ਕਰੇ ਰਜਾਇ ॥੮॥੧॥

ਪਦ ਅਰਥ : ਸਚੀ ਬਾਣੀ—ਪ੍ਰਭੂ ਦੇ ਸਿਫ਼ਤਿ-ਸਾਲਾਹ ਦੀ ਸੱਚੀ ਬਾਣੀ। ਧੁਨਿ—ਅਵਾਜ਼, ਰੌ, ਲਗਨ। ਅਨਦਿਨੁ—ਹਰ ਰੋਜ਼, ਹਰ ਵੇਲੇ।੧।

ਵਿਟਹੁ—ਤੋਂ। ਬਲਿ ਜਾਉ—ਕੁਰਬਾਨ ਹੋ। ਪਾਵਹਿ—ਤੂੰ ਪ੍ਰਾਪਤ ਕਰ ਲਏਂਗਾ।੧।ਰਹਾਉ।

ਸਚੁ—ਸਦਾ-ਥਿਰ ਪ੍ਰਭੂ ਦਾ ਨਾਮ। ਲਾਹਾ—ਲਾਭ।੩।

ਟੇਕ—ਆਸਰਾ। ਮਹਲੀ—ਪ੍ਰਭੂ ਦੀ ਹਜ਼ੂਰੀ ਵਿਚ।੪।

ਮੂਲਿ ਨ—ਉੱਕਾ ਹੀ ਨਹੀਂ। ਦਰਿ—ਦਰ 'ਤੇ। ਦਰਿ ਸਾਚੈ—ਸਦਾ ਥਿਰ ਪ੍ਰਭੂ ਦੇ ਦਰ 'ਤੇ। ਸਚਿਆਰ—ਸੁਰਖ਼ਰੂ।੫।

ਅੰਤਰ—ਅੰਦਰਲਾ, ਹਿਰਦਾ। ਸਚਾ—ਸਫਲ। ਸਚੈ ਥਾਨਿ—ਸਦਾ-ਥਿਰ ਰਹਿਣ ਵਾਲੇ ਥਾਂ ਵਿਚ। ਜਾਉ—ਜਾਉਂ, ਮੈਂ ਜਾਂਦਾ ਹਾਂ।੬।

ਸਚੁ—ਸਫਲ। ਮੂਰਤੁ—ਮਹੂਰਤ। ਜਿਤੁ—ਜਿਸ ਵਿਚ। ਆਕਾਰੁ—ਦਿਸਦਾ ਜਗਤ।੭।

ਰਜਾਇ—ਹੁਕਮੁ।੮।

ਅਰਥ :

ਪ੍ਰ: ਹਜ਼ੂਰ! ਆਪ ਜੀ ਨੂੰ ਗਿਆਨ ਪ੍ਰਾਪਤ ਕਿਵੇਂ ਹੋਇਆ? ਇਸ ਬਾਰੇ ਕੁਝ ਰੌਸ਼ਨੀ ਪਾਓ ਤਾਂ ਕਿ ਸਾਨੂੰ ਵੀ ਕੋਈ ਲਾਭ ਪ੍ਰਾਪਤ ਹੋ ਸਕੇ।

ਉ: ੧. ਹੇ ਭਾਈਓ! ਇਹ ਜੋ ਗੁਰੂ ਦੀ ਬਾਣੀ ਹੈ, ਇਹ ਸੱਚੀ ਹੈ, ਉਸ ਦੀ ਧੁਨਿ ਗਿਆਨ ਭੀ ਸੱਚਾ ਹੈ। ਇਸ ਬਾਣੀ ਵਿਚ ਜੋ ਉਪਦੇਸ਼ ਹੈ ਇਹ ਭੀ ਸੱਚਾ ਹੈ ਅਤੇ ਉਸ ਬਾਣੀ ਦੀ ਵੀਚਾਰ ਕਰਨੀ ਵੀ ਸੱਚ ਹੈ (ਸੋ ਉਸ ਪ੍ਰਭੂ ਦੇ ਸਿਫ਼ਤਿ-ਸਾਲਾਹ ਦੀ ਬਾਣੀ ਸਾਡੇ ਹਿਰਦੇ ਅੰਦਰ ਵਸ ਗਈ ਹੈ, ਜਿਸ ਦੀ ਬਰਕਤ ਨਾਲ ਸਾਨੂੰ ਗਿਆਨ ਪ੍ਰਾਪਤ ਹੋ ਆਇਆ ਹੈ)।

੨. ਹੇ ਭਾਈਓ! ਇਉਂ ਦਿਨ ਰਾਤ ਸੱਚ ਦਾ ਸਾਲਾਹਣਾ ਸਾਨੂੰ ਪ੍ਰਾਪਤ ਹੋਇਆ ਹੈ, ਇਸ ਲਈ ਅਸੀਂ ਸਮਝਦੇ ਹਾਂ ਕਿ ਸਾਡੇ ਵੱਡੇ ਭਾਗ ਜਾਗ ਪਏ ਹਨ, ਇਸ ਕਰ ਕੇ ਸਾਡਾ ਵਡਭਾਗ ਧੰਨ ਹੈ ਧੰਨ ਹੈ।੧।

੩. ਸੋ ਹੇ ਭਾਈਓ! ਮੈਂ ਤਾਂ ਆਪਣੇ ਮਨ ਨੂੰ ਇਉਂ ਹੀ ਸਮਝਾਉਂਦਾ ਰਹਿੰਦਾ ਹਾਂ ਕਿ ਹੇ ਮੇਰੇ ਮਨਾ! ਤੂੰ ਗੁਰੂ ਦੀ ਬਾਣੀ ਦੁਆਰਾ ਮਿਲੇ ਸੱਚੇ ਨਾਮ ਉੱਤੋਂ ਸਦਾ ਹੀ ਸਦਕੇ ਜਾਇਆ ਕਰ।

੪. ਪਰ ਇਹ ਸੱਚਾ ਨਾਮ ਤੈਨੂੰ ਤਦ ਹੀ ਪ੍ਰਾਪਤ ਹੋਵੇਗਾ, ਜੇ ਤੂੰ ਗੁਰੂ ਦੇ ਦਾਸਾਂ ਦਾ ਦਾਸ ਹੋ ਕੇ ਰਵੇਂਗਾ।੧।ਰਹਾਉ।

ਪ੍ਰ: ਹੇ ਗੁਰੋ! ਨਾਮ ਪ੍ਰਾਪਤ ਹੋਣ ਨਾਲ ਮੈਨੂੰ ਹਾਸਲ ਕੀ ਹੋਵੇਗਾ?

ਉ: ੫. ਹੇ ਭਾਈ! ਜੋ ਜੀਭ ਹਰੀ ਦੇ ਸੱਚੇ ਨਾਮ ਵਿਚ ਰੰਗੀ ਜਾਂਦੀ ਹੈ, ਉਹ ਜੀਭ ਸਫਲ ਹੋ ਜਾਂਦੀ ਹੈ। (ਅਜੇਹੀ ਜੀਭ ਵਾਲੇ ਮਨੁੱਖ ਦੀ) ਕੇਵਲ ਜੀਭ ਹੀ ਸੱਚੀ ਨਹੀਂ, ਉਸ ਦਾ ਤਾਂ ਤਨ ਤੇ ਮਨ ਭੀ ਸੱਚਾ ਹੋ ਜਾਂਦਾ ਹੈ।

੬. ਹੇ ਭਾਈ! ਜੇ ਤੂੰ ਸੱਚੇ ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਨੂੰ ਸਲਾਹੁਣਾ ਕਰੇਂਗਾ, ਤਾਂ (ਸਮਝ ਲੈ) ਤੂੰ ਇਥੇ ਸਾਰਾ ਜਨਮ ਵਿਅਰਥ ਗਵਾ ਕੇ ਜਾਵੇਂਗਾ।੨।

੭. ਹੇ ਭਾਈਓ! ਜਿਨ੍ਹਾਂ ਨੇ ਗੁਰੂ ਦੁਆਰਾ ਨਾਮ ਪ੍ਰਾਪਤ ਕੀਤਾ ਹੈ, ਸਮਝ ਲਓ ਕਿ ਉਨ੍ਹਾਂ ਦੀ ਖੇਤੀ ਦੀ ਕਾਰ ਕਰਨੀ ਭੀ ਸੱਚੀ ਹੈ, ਉਨ੍ਹਾਂ ਦਾ ਬੀਜਣਾ ਭੀ ਸੱਚਾ ਹੈ ਅਤੇ ਉਨ੍ਹਾਂ ਦਾ ਵਪਾਰ ਕਰਨਾ ਭੀ ਸੱਚਾ ਹੀ ਹੈ। (ਕਿਉਂਕਿ)

੮. ਹੇ ਪਿਆਰਿਓ! ਜਿਨ੍ਹਾਂ ਨੇ ਦਿਨੇ ਰਾਤ ਸੱਚੇ ਨਾਮ ਦਾ ਲਾਹਾ ਖਟਿਆ ਹੈ, ਉਨ੍ਹਾਂ ਦੇ ਅੰਤਹਕਰਣ ਰੂਪ ਭੰਡਾਰੇ ਭਗਤੀ ਨਾਲ ਭਰੇ ਹੋਏ ਹਨ।੩।

ਪ੍ਰ: ਹਜ਼ੂਰ! ਜਿਨ੍ਹਾਂ ਦੇ ਅੰਤਹਕਰਣ ਰੂਪ ਭੰਡਾਰੇ ਤੁਸੀਂ ਕਹਿੰਦੇ ਹੋ ਕਿ ਭਗਤੀ ਨਾਲ ਭਰੇ ਹੋਏ ਹਨ, ਉਨ੍ਹਾਂ ਦੀ ਪਛਾਣ ਕਿਵੇਂ ਹੋ ਸਕੇ, ਕਿਉਂਕਿ ਉਹ ਖਾਂਦੇ ਪਹਿਰਦੇ ਤਾਂ ਬਾਕੀ ਸੰਸਾਰੀ ਲੋਕਾਂ ਵਾਂਗੂੰ ਹੀ ਹਨ?

ਉ: ੯. ਹੇ ਮਿੱਤਰੋ! (ਜਿਨ੍ਹਾਂ ਕੋਲ ਭਗਤੀ ਦੇ ਭਰੇ ਭੰਡਾਰੇ ਹਨ) ਉਨ੍ਹਾਂ ਭਗਤਾਂ ਦਾ ਖਾਣਾ ਭੀ ਸੱਚਾ ਹੈ, ਉਨ੍ਹਾਂ ਦਾ ਪਹਿਨਣਾ ਭੀ

ਸੱਚਾ ਹੈ, ਭਾਵ ਸਫਲਾ ਹੈ, ਕਿਉਂਕਿ ਉਨ੍ਹਾਂ ਨੂੰ ਜੀਵਨ ਦਾ ਆਸਰਾ ਸੱਚਾ ਹਰੀ ਨਾਮ ਮਿਲ ਜਾਂਦਾ ਹੈ।

ਪ੍ਰ: ਹਜ਼ੂਰ! ਐਸਾ ਸੱਚਾ ਨਾਮ ਸਾਰਿਆਂ ਨੂੰ ਕਿਉਂ ਨਹੀਂ ਮਿਲ ਜਾਂਦਾ ?

ਉ:੧੦. ਹੇ ਭਾਈਓ! ਸੱਚੀ ਗੱਲ ਤਾਂ ਇਹੋ ਹੀ ਹੈ ਕਿ ਇਹ ਸੱਚੇ ਨਾਮ ਦੀ ਦਾਤ ਉਸੇ ਨੂੰ ਹਾਸਲ ਹੁੰਦੀ ਹੈ, ਜਿਸ ਨੂੰ ਕਿ ਉਹ ਪ੍ਰਭੂ ਬਖ਼ਸ਼ਸ਼ ਕਰਦਾ ਹੈ। (ਜਿਸ ਨੂੰ ਇਹ ਬਖ਼ਸ਼ਸ਼ ਹੋ ਜਾਏ) ਉਸ ਮਨੁੱਖ ਦਾ ਵਾਸਾ ਫਿਰ ਪਰਮੇਸ਼ਰ ਦੇ ਸਰੂਪ ਵਿਚ ਹੀ ਹੋ ਜਾਂਦਾ ਹੈ।੪।

ਪ੍ਰ: ਕਿਉਂ ਜੀ! ਪਰਮੇਸ਼ਰ ਦੇ ਸਰੂਪ ਵਿਚ ਵਾਸਾ ਹੋ ਜਾਣ ਤੋਂ ਆਪ ਦਾ ਅਸਲ ਭਾਵ ਕੀ ਹੈ ?

ਉ:੧੧. (ਇਸ ਦਾ ਭਾਵ ਇਹੋ ਹੀ ਹੈ ਕਿ) ਉਹ ਮੁੜ ਕਦੇ ਭੀ ਜੂਨਾਂ ਦੇ ਗੇੜ ਵਿਚ ਨਹੀਂ ਪੈਂਦੇ, (ਕਿਉਂਕਿ) ਉਹ ਸੱਚੇ ਨਾਮ ਵਿਚ ਲੀਨ ਹੋਏ ਹੀ ਆਪਣੀ ਮਰਜ਼ੀ ਨਾਲ ਜਗਤ ਵਿਚ ਆਉਂਦੇ ਹਨ ਅਤੇ ਹਰੀ ਦੇ ਸੱਚੇ ਨਾਮ ਵਿਚ ਲੀਨ ਹੋਏ ਹੀ ਇਥੋਂ ਆਪਣੀ ਮਰਜ਼ੀ ਨਾਲ ਚਲੇ ਜਾਂਦੇ ਹਨ।

੧੨. (ਕਿਉਕਿ) ਉਹ ਗੁਰਮੁਖ ਸੱਚੇ ਪ੍ਰਭੂ ਦੇ ਦਰ 'ਤੇ (ਸਦਾ) ਸੁਰਖ਼ਰੂ ਹੋ ਕੇ ਜਾਂਦੇ ਹਨ, ਇਸੇ ਲਈ ਉਹ ਸੱਚੇ ਵਾਹਿਗੁਰੂ ਵਿਚ ਹੀ (ਅੰਤ ਨੂੰ) ਸਮਾ ਜਾਂਦੇ ਹਨ।੫।

੧੩. ਹੇ ਪਿਆਰਿਓ! ਉਨ੍ਹਾਂ ਗੁਰਮੁਖਾਂ ਦਾ ਅੰਦਰ ਸੱਚਾ ਹੈ, ਇਸੀ ਕਰਕੇ ਉਨ੍ਹਾਂ ਦਾ ਮਨ ਭੀ ਸੱਚਾ ਹੈ, ਸੱਚੇ ਨਾਮ ਦੀ ਬਰਕਤ ਨਾਲ ਉਨ੍ਹਾਂ ਨੂੰ ਵਾਹਿਗੁਰੂ ਜੀ ਦੀ ਸੱਚੀ ਸਿਫ਼ਤ ਤੇ ਮਹਿਮਾ ਪ੍ਰਾਪਤ ਹੁੰਦੀ ਹੈ।

੧੪. ਹੇ ਪਿਆਰੇ! ਸੋ ਸੱਚਾ ਥਾਨ (ਗੁਰੂ ਦੀ ਸਾਧ ਸੰਗਤ) ਵਿਚ (ਜੁੜ ਕੇ) ਸੱਚੇ ਨੂੰ ਸਲਾਹੁਣਾ ਕਰਦੇ ਹਨ (ਜਿਸ ਤੋਂ ਕਿ ਜਗਤ ਲਾਹਾ ਲੈਂਦਾ ਹੈ) ਮੈਂ ਭੀ ਐਸੇ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ।੬।

ਪ੍ਰ: ਸ੍ਰੀ ਜੀਉ! ਤੁਸੀਂ ਦਿਨ ਰਤ ਦੇ ਗੁਜ਼ਰ ਰਹੇ ਸਮੇਂ ਵਿਚੋਂ ਕਿਸ ਸਮੇਂ ਨੂੰ ਸਫਲਾ ਸਮਝਦੇ ਹੋ ?

ਉ:੧੫. ਹੇ ਭਾਈਓ! ਮੈਂ ਤਾਂ ਇਹੋ ਜਾਣਦਾ ਹਾਂ ਕਿ ਉਹ ਚਾਰ ਘੜੀ ਦਾ ਵੇਲਾ ਸਫਲ ਹੈ ਅਤੇ ਉਹ ਮਹੂਰਤ ਅੱਧੀ ਘੜੀ ਭੀ ਸਫਲੀ ਹੈ, ਜਦੋਂ ਕਿ ਕਿਸੇ ਮਨੁੱਖ ਦਾ ਪਿਆਰ ਸੱਚੇ ਪ੍ਰਭੂ ਨਾਲ ਜੁੜ ਜਾਏ।

੧੬. ਹੇ ਮਿੱਤਰੋ! ਜਿਸ ਮਨੁੱਖ ਦਾ ਪਿਆਰ ਵਾਹਿਗੁਰੂ ਜੀ ਨਾਲ ਬਣ ਆਵੇ, ਸਮਝੋ ਕਿ ਫਿਰ ਉਸ ਦਾ ਵੇਖਣਾ ਸੱਚ ਹੈ, ਬੋਲਣਾ ਭੀ ਸੱਚ ਹੈ, ਉਸ ਦਾ ਤਾਂ ਜਾਣ ਲਓ, ਹਰ ਤਰ੍ਹਾਂ ਨਾਲਾ ਸਾਰਾ ਹੀ ਸਰੀਰ ਸਫਲਾ ਹੈ।੭।

੧੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜੇ ਵਾਹਿਗੁਰੂ ਸੱਚੇ ਗੁਰੂ ਨਾਲ ਮਿਲਾਵੇ ਤਾਂ ਗੁਰਮੁਖ ਵਾਹਿਗੁਰੂ ਨੂੰ ਮਿਲਦਾ ਹੈ, ਭਾਵ ਹੈ ਕਿ ਵਾਹਿਗੁਰੂ ਆਪੇ ਹੀ ਆਪਣੇ ਸੱਚੇ ਮੇਲ ਵਿਚ ਮਿਲਾ ਲੈਂਦਾ ਹੈ।

੧੮. (ਇਸ ਲਈ) ਹੇ ਭਾਈਓ! ਵਿਸ਼ਵਾਸ ਇਉਂ ਹੀ ਰੱਖੋ ਕਿ ਜਿਸ ਤਰ੍ਹਾਂ ਭੀ ਉਸ ਨੂੰ ਭਾਵੇਗਾ, ਉਸੇ ਤਰ੍ਹਾਂ ਹੀ ਰੱਖੇਗਾ, ਕਿਉਂਕਿ ਉਹ ਸਭੋ ਕੁਝ, ਆਪਣੀ ਰਜ਼ਾ ਵਿਚ ਕਰਦਾ ਹੈ।੮।੧।

ਭਾਵਾਰਥ : ਇਸ ਸਾਰੇ ਸ਼ਬਦ ਵਿਚ ਗੁਰੂ ਦੇ ਉਪਦੇਸ਼ ਦੁਆਰਾ ਸੱਚੇ ਨਾਮ ਦੀ ਪ੍ਰਾਪਤੀ ਹੋਣ ਦਾ ਉਪਦੇਸ਼ ਕੀਤਾ ਹੈ, ਕਿਉਂਕਿ ਨਾਮ ਦੀ ਕਮਾਈ ਦੁਆਰਾ ਹੀ ਮਨ ਨਿਰਮਲ ਹੁੰਦਾ ਹੈ। ਨਿਰਮਲ ਮਨ ਦੁਆਰਾ ਹੀ ਸੱਚ ਸਰੂਪ ਵਿਚ ਅਭੇਦ ਹੋ ਸਕੀਦਾ ਹੈ। ਇਸ ਤਰ੍ਹਾਂ ਉਸ ਦਾ ਆਉਣ ਜਾਣ ਦਾ ਗੇੜ ਸਦਾ ਲਈ ਮੁਕ ਜਾਂਦਾ ਹੈ, ਪਰ ਹਾਂ ਜੇ ਉਹ ਆਪ ਜਾਂ ਵਾਹਿਗੁਰੂ ਉਸ ਨੂੰ ਆਪਣੀ ਮਰਜ਼ੀ ਨਾਲ ਜਗਤ ਵਿਚ ਭੇਜੇ ਤਾਂ ਉਸ ਨੂੰ ਕੋਈ ਮੈਲ ਨਹੀਂ ਲੱਗਦੀ, ਉਹ ਫਿਰ ਭੀ ਸੱਚ ਹੀ ਰਹਿੰਦਾ ਹੈ।

ਵਡਹੰਸੁ ਮਹਲਾ ੩ ॥

੧. ਮਨੂਆ ਦਹ ਦਿਸ ਧਾਵਦਾ
ਓਹੁ ਕੈਸੇ ਹਰਿ ਗੁਣ ਗਾਵੈ ॥
੨. ਇੰਦ੍ਰੀ ਵਿਆਪਿ ਰਹੀ ਅਧਿਕਾਈ
ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥
੩. ਵਾਹੁ ਵਾਹੁ ਸਹਜੇ ਗੁਣ ਰਵੀਜੈ ॥
੪. ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ
ਗੁਰਮਤਿ ਹਰਿ ਰਸੁ ਪੀਜੈ ॥੧॥ ਰਹਾਉ ॥
੫. ਸਬਦੁ ਚੀਨਿ ਮਨੁ ਨਿਰਮਲੁ ਹੋਵੈ
ਤਾ ਹਰਿ ਕੇ ਗੁਣ ਗਾਵੈ ॥
੬. ਗੁਰਮਤੀ ਆਪੈ ਆਪੁ ਪਛਾਣੈ
ਤਾ ਨਿਜ ਘਰਿ ਵਾਸਾ ਪਾਵੈ ॥੨॥
੭. ਏ ਮਨ ਮੇਰੇ ਸਦਾ ਰੰਗਿ ਰਾਤੇ
ਸਦਾ ਹਰਿ ਕੇ ਗੁਣ ਗਾਉ ॥
੮. ਹਰਿ ਨਿਰਮਲੁ ਸਦਾ ਸੁਖਦਾਤਾ
ਮਨਿ ਚਿੰਦਿਆ ਫਲੁ ਪਾਉ ॥੩॥
੯. ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ ॥
੧੦. ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ ॥੪॥
੧੧. ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥
੧੨. ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥
੧੩. ਮਾਣਸ ਜਨਮੁ ਦੁਲੰਭੁ ਹੈ
ਜਗ ਮਹਿ ਖਟਿਆ ਆਇ ॥
੧੪. ਪੂਰੈ ਭਾਗਿ ਸਤਿਗੁਰੁ ਮਿਲੈ
ਹਰਿ ਨਾਮੁ ਧਿਆਇ ॥੬॥
੧੫. ਮਨਮੁਖ ਭੂਲੇ ਬਿਖੁ ਲਗੇ
ਅਹਿਲਾ ਜਨਮੁ ਗਵਾਇਆ ॥
੧੬. ਹਰਿ ਕਾ ਨਾਮੁ ਸਦਾ ਸੁਖ ਸਾਗਰੁ
ਸਾਚਾ ਸਬਦੁ ਨ ਭਾਇਆ ॥੭॥
੧੭. ਮੁਖਹੁ ਹਰਿ ਹਰਿ ਸਭੁ ਕੋ ਕਰੈ
ਵਿਰਲੈ ਹਿਰਦੈ ਵਸਾਇਆ ॥

੧੮. ਨਾਨਕ ਜਿਨ ਕੈ ਹਿਰਦੈ ਵਸਿਆ
ਮੋਖ ਮੁਕਤਿ ਤਿਨ੍ ਪਾਇਆ ॥੮॥੨॥

ਪਦ ਅਰਥ : ਮਨੂਆ—ਹੋਛਾ ਮਨ। ਦਹ ਦਿਸ—ਦਸੀਂ ਪਾਸੀਂ, ਦਸੋਂ ਦਿਸ਼ਾਵਾਂ ਵਿਚ। ਇੰਦ੍ਰੀ—ਕਾਮ ਵਾਸ਼ਨਾ, ਇੰਦ੍ਰੀਆਂ ਦੇ ਵਿਸ਼ੇ ਵਿਆਪ ਰਹੇ ਹਨ। ਵਿਆਪ ਰਹੀ—ਜ਼ੋਰ ਪਾ ਰੱਖਦੀ ਹੈ। ਅਧਿਕਾਈ—ਬਹੁਤ। ਸੰਤਾਪੈ—ਦੁੱਖੀ ਕਰਦਾ ਹੈ।੧।

ਵਾਹੁ ਵਾਹੁ—ਸਿਫ਼ਤਿ-ਸਾਲਾਹ। ਸਹਜੇ—ਸਹਿਜ ਹੀ। ਰਵੀਜੈ—ਰਵਿਆ ਜਾ ਸਕਦਾ ਹੈ। ਇਸੁ ਜੁਗ ਮਹਿ—ਇਸ ਕਲਜੁਗ ਵਿਚ ਜਾਂ ਮਨੁੱਖਾ ਜਨਮ ਵਿਚ। ਦੁਲਭੁ—ਮੁਸ਼ਕਲ ਨਾਲ ਮਿਲਣ ਵਾਲਾ। ਪੀਜੈ—ਪੀਤਾ ਜਾ ਸਕਦਾ ਹੈ।੧।ਰਹਾਉ।

ਚੀਨਿ—ਪਛਾਣ ਕੇ, ਬੁੱਝ ਕੇ, ਸਮਝ ਕੇ। ਤਾ—ਤਦੋਂ। ਆਪੈ ਆਪੁ—ਆਪਣੇ ਆਪ ਨੂੰ। ਨਿਜ ਘਰਿ—ਆਪਣੇ ਅਸਲ ਘਰ ਵਿਚ, ਪ੍ਰਭੂ ਚਰਨਾਂ ਵਿਚ।੨।

ਰੰਗਿ—ਰੰਗ ਵਿਚ। ਰਾਤੇ—ਰੰਗੇ ਹੋਏ। ਨਿਰਮਲੁ—ਪਵਿੱਤ੍ਰ। ਮਨਿ—ਮਨ ਵਿਚ। ਚਿੰਦਿਆ—ਚਿਤਵਿਆ ਹੋਇਆ। ਪਾਉ—ਪ੍ਰਾਪਤ ਕਰ।੩।

ਸੇ—ਤੋਂ। ਸਾਚੀ—ਸਦਾ ਕਾਇਮ ਰਹਿਣ ਵਾਲੀ। ਵਡਿਆਈ—ਇੱਜ਼ਤ।੪।

ਬਿਖੁ—ਜ਼ਹਿਰ। ਸੇ—ਤੋਂ। ਅਕਹੁ—ਅੱਕ ਤੋਂ। ਪਰਮਲ—ਚੰਦਨ। ਵਾਸਨਾ—ਸੁਗੰਧੀ।੫।

ਪੂਰੈ ਭਾਗਿ—ਵੱਡੀ ਕਿਸਮਤ ਨਾਲ।੬।

ਮਨਮੁਖ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ। ਬਿਖੁ—ਵਿਕਾਰਾਂ ਦੀ ਜ਼ਹਿਰ। ਅਹਿਲਾ—ਕੀਮਤੀ। ਸਾਗਰੁ—ਸਮੁੰਦਰ। ਭਾਇਆ—ਚੰਗਾ ਲੱਗਾ।੭।

ਮੁਖਹੁ—ਮੂੰਹ ਨਾਲ। ਸਭੁ ਕੋ—ਹਰੇਕ ਜੀਵ। ਹਿਰਦੈ—ਹਿਰਦੇ ਵਿਚ। ਮੁਕਤਿ—ਬੰਧਨਾਂ ਤੋਂ ਛੁਟਕਾਰਾ।੮।

ਅਰਥ :

ਪ੍ਰ: ਹੇ ਗੁਰੋ! ਹਰੀ ਦੇ ਗੁਣ ਗਾਉਣ ਲਈ ਮਨ ਨੂੰ ਦਿਨੇ ਰਾਤ ਬਹੁਤ ਪ੍ਰੇਰਦੇ ਰਹੀਦਾ ਹੈ, ਪਰ ਇਹ ਮਨ ਪ੍ਰਭੂ ਦੇ ਗੁਣ ਗਾਉਣ ਵਲ ਨੂੰ ਰੁੱਖ਼ ਕਰਦਾ ਹੀ ਨਹੀਂ। ਇਸ ਦਾ ਪਤਾ ਨਹੀਂ ਅਸਲ ਕਾਰਣ ਕੀ ਹੈ, ਕਿਰਪਾ ਕਰ ਕੇ ਆਪ ਹੀ ਸਮਝਾ ਦਿਓ।

ਉ: ੧. ਹੇ ਭਾਈਓ! ਤੁਸੀਂ ਆਪ ਹੀ ਸੋਚੋ ਕਿ ਜਿਸ ਮਨੁੱਖ ਦਾ ਹੋਛਾ ਮਨ (ਦਿਨੇ ਰਾਤ) ਦੱਸੋਂ ਦਿਸ਼ਾਵਾਂ ਵਿਚ ਭਟਕਦਾ ਫਿਰਦਾ ਹੈ, ਉਹ ਹਰੀ ਦੇ ਗੁਣ ਕਿਸ ਤਰ੍ਹਾਂ ਗਾ ਸਕੇਗਾ, ਭਾਵ ਕਿ ਉਹ ਤਾਂ ਸਾਈਂ ਜੀ ਦੇ ਗੁਣ ਗਾ ਹੀ ਨਹੀਂ ਸਕਦਾ।

ਪ੍ਰ: ਹਜ਼ੂਰ! ਉਹ ਕਿਉਂ ਨਹੀਂ ਹਰੀ ਗੁਣ ਗਾ ਸਕਦਾ?

ਉ: ੨. (ਉਹ ਇਸ ਲਈ) ਕਿਉਂਕਿ ਉਸ ਉੱਤੇ ਇੰਦ੍ਰੀਆਂ ਅਧਿਕ ਹੀ, ਭਾਵ ਜ਼ਬਰਦਸਤ (ਹੋ ਕੇ) ਵਿਆਪੀਆਂ ਹੋਈਆਂ ਹਨ, ਇਸੇ ਲਈ ਉਸ ਨੂੰ ਕਾਮ ਸਦਾ ਹੀ ਸਤਾਉਂਦਾ ਰਹਿੰਦਾ ਹੈ ਅਤੇ ਕ੍ਰੋਧ ਵੀ ਸਦਾ ਹੀ ਦੁਖੀ ਕਰਦਾ ਰਹਿੰਦਾ ਹੈ।੧।

੩. (ਸੋ ਅੱਗੇ) ਹੁਣ ਹਜ਼ੂਰ, ਆਪਣੇ ਮਨ ਨੂੰ ਸੰਬੋਧਨ ਕਰਦੇ ਹਨ ਕਿ ਹੇ ਇੰਦ੍ਰਿਆਂ ਦੇ ਵਸ ਹੋਏ ਮੇਰੇ ਮਨਾ! (ਤੂੰ) ਸਹਿਜ ਨਾਲ ਵਾਹੁ ਵਾਹੁ ਕਰ ਕੇ ਵਾਹਿਗੁਰੂ ਜੀ ਦੇ ਗੁਣ ਉਚਾਰਨ ਕੀਤਾ ਕਰ।

੪. ਹੇ ਮਨਾ! ਇਸ ਕਲਜੁਗ ਵਿਚ ਪਰਮੇਸ਼ਰ ਦਾ ਨਾਮ ਇਕ ਦੁਰਲੱਭ ਵਸਤੂ ਹੈ, ਭਾਵ ਬਹੁਤ ਕੀਮਤੀ ਹੈ। ਇਸ ਦੁਆਰਾ ਗੁਰੂ ਦੀ ਮਤਿ ਲੈ ਕੇ ਹਰੀ ਰਸ ਪੀਓ।੧।ਰਹਾਉ।

ਪ੍ਰ: ਹਜ਼ੂਰ! ਗੁਰੂ ਦੀ ਮਤਿ ਕਿਵੇਂ ਲਵਾਂ, ਕਿਉਂਕਿ ਮਨ ਮਲੀਨ ਹੈ, ਪਹਿਲੋਂ ਇਸ ਨੂੰ ਦੱਸੋ, ਕਿਵੇਂ ਨਿਰਮਲ ਕਰਾਂ?

ਉ: ੫. ਹੇ ਪਿਆਰੇ! ਤੂੰ ਗੁਰੂ ਦੇ ਸ਼ਬਦ ਨੂੰ ਬੁੱਝ, ਜਿਸ ਦਾ ਸਦਕਾ ਮਨ ਨਿਰਮਲ ਹੋ ਜਾਵੇਗਾ ਤਾਂ ਫਿਰ ਇਹ ਮਨ ਤਦੋਂ ਹੀ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਂਦਾ ਹੈ।

੬. ਇਸ ਤਰ੍ਹਾਂ ਮਨੁੱਖ ਜਦੋਂ ਗੁਰੂ ਦੀ ਮਤਿ 'ਤੇ ਤੁਰ ਕੇ ਆਪਣੇ ਆਪ ਨੂੰ ਪਛਾਣਦਾ ਹੈ, ਤਦੋਂ ਉਹ ਪਰਮੇਸ਼ਰ ਦੇ ਚਰਨਾਂ ਵਿਚ ਥਾਂ ਪ੍ਰਾਪਤ ਕਰ ਲੈਂਦਾ ਹੈ।੨।

ਪ੍ਰ: ਹਜ਼ੂਰ ਜੀ! ਬੜਾ ਹੀ ਜਤਨ ਕਰੀਦਾ ਹੈ, ਪਰ ਇਹ ਮਨ ਪਰਮੇਸ਼ਰ ਦੇ ਗੁਣ ਗਾਉਣ ਵਲੋਂ ਸਦਾ ਹੀ ਆਲਸੀ ਰਹਿੰਦਾ ਹੈ, ਕੋਈ ਸਾਧਨ ਦੱਸੋ?

ਉ: ੭. ਹੇ ਪਿਆਰੇ! ਇਸ ਮਨ ਨੂੰ ਪ੍ਰੇਮ ਨਾਲ ਇਉਂ ਪ੍ਰੇਰਿਆ ਕਰ ਕਿ ਹੇ ਮੇਰੇ ਮਨ! ਤੂੰ ਸਦਾ ਹੀ ਪ੍ਰੇਮ ਰੰਗ ਵਿਚ ਰੰਗਿਆ ਰਹਿ ਕੇ ਸਦਾ ਹੀ ਹਰੀ ਦੇ ਗੁਣ ਗਾਉਂਦਾ ਰਹੁ।

੮. (ਕਿਉਂਕਿ) ਹਰੀ ਪਵਿੱਤ੍ਰ ਹੈ, ਸਦਾ ਹੀ ਸੁੱਖ ਦਾਤਾ ਹੈ, (ਉਸ ਦੇ ਗੁਣ ਗਾ ਕੇ) ਮਨ ਇੱਛਤ ਫਲ ਪ੍ਰਾਪਤ ਕਰ ਲਓਗੇ।੩।

ਪ੍ਰ: ਕਿਉਂ ਜੀ! ਹਰੀ ਦੇ ਗੁਣ ਗਾਉਂਦਿਆਂ ਹਾਸਲ ਕੀ ਹੋਵੇਗਾ?

ਉ: ੯. ਹੇ ਭਾਈ! ਹਰੀ ਦੀ ਸ਼ਰਨ ਵਿਚ ਆ ਕੇ ਜਦੋਂ (ਅਸੀਂ ਹਰੀ ਦੇ ਗੁਣ ਗਾਉਂਦੇ ਹਾਂ) ਤਾਂ ਅਸੀਂ ਜੀਵ ਨੀਚਾਂ ਤੋਂ ਉੱਤਮ ਬਣ ਜਾਂਦੇ ਹਾਂ।

੧੦. ਹੇ ਭਾਈ! ਇਹ ਉਸ ਦੀ ਸੱਚੀ ਵਡਿਆਈ ਹੈ ਕਿ ਉਹ ਪੱਥਰ ਚਿਤ ਮਨੁੱਖ ਨੂੰ ਵਿਕਾਰਾਂ ਵਿਚ ਡੁੱਬਦੇ ਨੂੰ ਕੱਢ ਲੈਂਦਾ ਹੈ ਅਤੇ ਸਦਾ ਕਾਇਮ ਰਹਿਣ ਵਾਲੀ ਵਡਿਆਈ ਬਖ਼ਸ਼ਸ਼ ਕਰਦਾ ਹੈ।੪।

ਪ੍ਰ: ਹੇ ਗੁਰੋ! ਗੁਰਮਤਿ ਦੇ ਧਾਰਣੀ ਹੋਣ ਨਾਲ ਤੁਹਾਨੂੰ ਆਪ ਨੂੰ ਅੰਤਰ ਆਤਮੇ ਕੀ ਪ੍ਰਾਪਤੀ ਹੋਈ ਨਜ਼ਰ ਆ ਰਹੀ ਹੈ?

ਉ: ੧੧. ਹੇ ਭਰਾਵੋ! ਮੈਨੂੰ ਤਾਂ ਇਉਂ ਹੀ ਪ੍ਰਤੀਤ ਹੋ ਰਿਹਾ ਹੈ ਕਿ ਜਦ ਤੋਂ ਮੈਂ ਗੁਰਮਤਿ ਦੁਆਰਾ (ਸ੍ਰੇਸ਼ਟ) ਬੁੱਧੀ ਪਾਈ ਹੈ, (ਮਾਨੋ) ਅਸੀਂ ਜ਼ਹਿਰ ਤੋਂ ਅੰਮ੍ਰਿਤ ਹੋ ਗਏ ਹਾਂ।

੧੨. ਹੇ ਪਿਆਰੇ! ਜਿਨ੍ਹਾਂ ਦੇ ਅੰਦਰ ਗੁਰਮਤਿ ਦੁਆਰਾ ਗੁਰੂ ਨੇ ਪ੍ਰੇਮ ਦੀ ਖੁਸ਼ਬੋਈ ਵਸਾ ਦਿੱਤੀ ਹੈ, ਉਹ ਤਾਂ ਮਾਨੋ ਅੱਕ ਤੋਂ ਚੰਦਨ ਹੋ ਗਏ ਹਨ।

੧੩. ਹੇ ਸੱਜਣੋ! ਇਹ ਮਨੁੱਖਾ ਜਨਮ ਬੜੀ ਮੁਸ਼ਕਲਾਂ ਨਾਲ ਮਿਲਦਾ ਹੈ, ਪਰ ਜਗਤ ਵਿਚ ਆ ਕੇ ਅਸਾਂ (ਗੁਰਮਤਿ ਦੁਆਰਾ) ਇਸ ਨੂੰ ਖੱਟ ਲਿਆ ਹੈ, (ਭਾਵ ਸਫਲਾ ਕਰ ਲਿਆ ਹੈ)।

ਪ੍ਰ: ਸ੍ਰੀ ਜੀਉ ! ਤੁਸਾਂ ਸਫਲ ਕਿਵੇਂ ਕੀਤਾ ਹੈ ?

ਉ: ੧੪. ਹੇ ਭਾਈਓ ! ਪੂਰੇ ਭਾਗਾਂ ਦੁਆਰਾ ਸਾਨੂੰ ਸਤਿਗੁਰੂ ਮਿਲ ਗਿਆ ਤੇ ਉਸੇ ਗੁਰੂ ਦੀ ਮਿਹਰ ਨਾਲ (ਅਸਾਂ) ਨਾਮ ਨੂੰ ਧਿਆਇਆ ਹੈ।੬।

ਪ੍ਰ: ਹਜ਼ੂਰ ! ਜੋ ਨਾਮ ਤੋਂ ਸਖਣੇ ਹਨ, ਉਨ੍ਹਾਂ ਬਾਰੇ ਆਪ ਦੇ ਕੀ ਵੀਚਾਰ ਹਨ ?

ਉ: ੧੫. ਹੇ ਭਰਾਵੋ ! ਸੁਣੋ, ਜੋ ਮਨ ਦੇ ਪਿੱਛੇ ਟੁਰਨ ਵਾਲੇ ਮਨਮੁਖ ਹਨ, ਉਹ ਕੁਰਾਹੇ ਪਏ ਰਹਿੰਦੇ ਹਨ ਅਤੇ ਉਹ (ਆਤਮਿਕ ਮੌਤ ਲਿਆਉਣ ਵਾਲੇ ਵਿਕਾਰਾਂ ਦੇ) ਜ਼ਹਿਰ ਵਿਚ ਮਸਤ ਰਹਿੰਦੇ ਹਨ। ਉਨ੍ਹਾਂ ਨੇ ਆਪਣਾ ਕੀਮਤੀ ਸੁੰਦਰ ਜਨਮ ਗੁਆ ਲਿਆ ਹੈ।

ਪ੍ਰ: ਕਿਉਂ ਜੀ, ਉਹ ਕਿਵੇਂ ?

ਉ: ੧੬. ਉਹ ਇਸ ਤਰ੍ਹਾਂ ਕਿ ਹਰੀ ਦਾ ਨਾਮ ਤਾਂ ਸਦਾ ਸੁੱਖਾਂ ਦਾ ਸਮੁੰਦਰ ਹੈ, (ਪਰ) ਇਹ ਸੱਚਾ ਹਰੀ ਦਾ ਨਾਮ ਉਨ੍ਹਾ ਨੂੰ ਪਸੰਦ ਹੀ ਨਹੀਂ ਆਉਂਦਾ, ਚੰਗਾ ਹੀ ਨਹੀਂ ਲੱਗਦਾ।੭।

ਪ੍ਰ: ਹਜ਼ੂਰ ! ਤੁਸੀਂ ਫ਼ੁਰਮਾਂਦੇ ਹੋ ਕਿ ਉਨ੍ਹਾਂ ਨੂੰ ਨਾਮ ਪਸੰਦ ਹੀ ਨਹੀਂ ਆਉਂਦਾ, ਪਰ ਵੇਖਣ ਵਿਚ ਆਉਂਦਾ ਹੈ ਕਿ ਬਹੁਤ ਲੋਕ ਹਰਿ ਹਰਿ ਉਚਾਰਨ ਹੀ ਕਰਦੇ ਰਹਿੰਦੇ ਹਨ।

ਉ: ੧੭. ਹੇ ਮਿੱਤਰੋ ! ਇਸ ਵਿਚ ਕੋਈ ਵੀ ਸ਼ੱਕ ਨਹੀਂ, ਵੇਖਣ ਤੇ ਸੁਣਨ ਵਿਚ ਇਉਂ ਹੀ ਆਉਂਦਾ ਹੈ ਕਿ ਮੁੱਖ ਨਾਲ ਤਾਂ (ਬਾਹਰੋਂ ਬਾਹਰੋਂ) ਹਰ ਇਕ ਮਨੁੱਖ ਪਰਮੇਸ਼ਰ ਦਾ ਹਰਿ ਹਰਿ ਨਾਮ ਉਚਾਰਨ ਕਰਦਾ ਸੁਣੀਂਦਾ ਹੈ, ਪਰ (ਉਨ੍ਹਾਂ ਵਿਚੋਂ) ਹਿਰਦੇ ਵਿਚ ਕਿਸੇ ਵਿਰਲੇ ਨੇ ਹੀ ਵਸਾਇਆ ਹੈ।

੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਜਿਨ੍ਹਾਂ ਦੇ ਹਿਰਦੇ ਵਿਚ ਵਸਿਆ ਹੈ, ਉਨ੍ਹਾਂ ਨੇ ਹੀ ਮੁਕਤੀ ਤੇ ਪਰਮ ਮੁਕਤੀ ਪਾ ਲਈ ਹੈ।੮।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਕਥਨ ਕਰਦੇ ਹਨ ਕਿ ਇਹ ਮਨ ਜਿਤਨਾ ਚਿਰ ਦਸੋਂ ਦਿਸ਼ਾਵਾਂ ਵਿਚ ਭਟਕਦਾ ਫਿਰਦਾ ਹੈ, ਉਤਨਾ ਚਿਰ ਇਹ ਹਰੀ ਪ੍ਰਭੂ ਦੇ ਗੁਣਾਂ ਨੂੰ ਨਹੀਂ ਗਾ ਸਕਦਾ, ਕਿਉਂਕਿ ਉਹ ਇੰਦ੍ਰੀਆਂ ਦੇ ਅਧੀਨ ਹੋਇਆ ਸਦਾ ਹੀ ਵਿਕਾਰਾਂ ਦੇ ਸੰਕਲਪਾਂ ਵਿਚ ਦੁਖੀਆ ਰਹਿੰਦਾ ਹੈ। ਅੰਤ ਵਿਚ ਕਹਿੰਦੇ ਹਨ ਕਿ ਹਰਿ ਹਰਿ ਤਾਂ ਬਹੁਤ ਲੋਕ ਕਰਦੇ ਹਨ, ਪਰ ਮੁਕਤੀ ਪ੍ਰਾਪਤ ਹੋਣ ਦਾ ਕੇਵਲ ਉਹੋ ਹੀ ਹੱਕਦਾਰ ਹੈ ਜੋ ਸਾਈਂ ਜੀ ਦਾ ਨਾਮ ਹਿਰਦੇ ਅੰਦਰ ਧਾਰਨ ਕਰਦਾ ਹੈ।

ਵਡਹੰਸੁ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

੧. ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥
੨. ਨਾਤਾ ਸੋ ਪਰਵਾਣੁ ਸਚੁ ਕਮਾਈਐ ॥
੩. ਜਬ ਸਾਚ ਅੰਦਰਿ ਹੋਇ ਸਾਚਾ
ਤਾਮਿ ਸਾਚਾ ਪਾਈਐ ॥
੪. ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥
੫. ਜਿਥੈ ਜਾਇ ਬਹੀਐ ਭਲਾ ਕਹੀਐ
ਸੁਰਤਿ ਸਬਦੁ ਲਿਖਾਈਐ ॥
੬. ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥
੧. ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥
੨. ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥
੩. ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥
੪. ਸੂਖੁ ਮਨ ਮਹਿ ਆਇ ਵਸਿਆ
ਜਾਮਿ ਤੈ ਫੁਰਮਾਇਆ ॥
੫. ਨਦਰਿ ਤੁਧੁ ਅਰਦਾਸਿ ਮੇਰੀ
ਜਿੰਨਿ ਆਪੁ ਉਪਾਇਆ ॥
੬. ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥
੧. ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥
੨. ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥
੩. ਨਹ ਪਾਇ ਝਗੜਾ ਸੁਆਮਿ ਸੇਤੀ
ਆਪਿ ਆਪੁ ਵਞਾਵਣਾ ॥
੪. ਜਿਸੁ ਨਾਲਿ ਸੰਗਤਿ ਕਰਿ ਸਰੀਕੀ
ਜਾਇ ਕਿਆ ਰੂਆਵਣਾ ॥
੫. ਜੋ ਦੇਇ ਸਹਣਾ ਮਨਹਿ ਕਹਣਾ
ਆਖਿ ਨਾਹੀ ਵਾਵਣਾ ॥
੬. ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥
੧. ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥
੨. ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥
੩. ਸਭੁ ਕੋਇ ਮੀਠਾ ਮੰਗਿ ਦੇਖੈ
ਖਸਮ ਭਾਵੈ ਸੋ ਕਰੇ ॥
੪. ਕਿਛੁ ਪੁੰਨ ਦਾਨ ਅਨੇਕ ਕਰਣੀ
ਨਾਮ ਤੁਲਿ ਨ ਸਮਸਰੇ ॥
੫. ਨਾਨਕਾ ਜਿਨ ਨਾਮੁ ਮਿਲਿਆ
ਕਰਮੁ ਹੋਆ ਧੁਰਿ ਕਦੇ ॥
੬. ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥

ਪਦ ਅਰਥ : ਕਾਇਆ—ਸਰੀਰ, ਮੁਰਾਦ ਹੈ ਮਨ ਬੁੱਧੀ ਸਮੇਤ ਸਰੀਰ। ਕੂੜਿ—ਮਾਇਆ ਦੇ ਮੋਹ ਵਿਚ। ਵਿਗਾੜਿ—ਮੈਲਾ ਕਰਕੇ। ਕਾਹੇ ਨਾਈਐ—ਤੀਰਥ ਇਸ਼ਨਾਨ ਦਾ ਕੋਈ ਲਾਭ ਨਹੀਂ। ਸਚੁ—ਸਦਾ-ਥਿਰ ਨਾਮ ਦਾ ਸਿਮਰਨ। ਸਾਚ ਅੰਦਰਿ—ਸਦਾ-ਥਿਰ ਪ੍ਰਭੂ ਦੇ ਚਰਨਾਂ ਵਿਚ ਟਿਕ ਕੇ। ਤਾਮਿ—ਤਦੋਂ, ਤਾਂ। ਲਿਖੇ ਬਾਝਹੁ—ਪ੍ਰਭੂ ਦੇ ਲਿਖੇ ਹੁਕਮ ਤੋਂ ਬਿਨਾ। ਸੁਰਤਿ—ਉੱਚੀ ਸੁਰਤਿ।੧।

ਤਾਂ—ਤਦੋਂ ਹੀ। ਕਹਣੁ ਕਹਿਆ—ਸਿਫ਼ਤਿ-ਸਾਲਾਹ ਕੀਤੀ। ਜਾ—ਜਦੋਂ। ਮਨਿ—ਮਨ ਵਿਚ। ਭਾਇਆ—ਪਿਆਰਾ ਲੱਗਾ। ਮਨਹਿ—ਮਨ ਵਿਚ।੨।

ਦੂਖਿ—ਦੁੱਖ ਨੇ। ਜਾਮਿ—ਜਦੋਂ। ਜਿੰਨ—ਜਿਸ (ਤੈਂ) ਨੇ। ਆਪੁ—ਆਪਣੇ ਆਪ ਨੂੰ। ਵਾਰੀ—ਮਨੁੱਖਾ ਜਨਮ ਦੀ ਵਾਰੀ। ਕਢਾਏ—ਦੇਂਦਾ ਹੈ। ਕਿਰਤੁ ਕਮਾਵਣਾ—ਕਮਾਈ ਹੋਈ ਕਿਰਤ ਅਨੁਸਾਰ। ਸੁਆਮਿ ਸੇਤੀ—ਸੁਆਮੀ ਨਾਲ। ਵਵਾਵਣਾ—ਖ਼ੁਆਰ ਕਰਨਾ। ਰੁਆਵਣਾ—ਸ਼ਕਾਇਤ ਕਰਨੀ। ਦੇਇ—ਦੇਂਦਾ ਹੈ। ਮਨਹਿ— ਵਰਜਿਤ। ਵਾਵਣਾ—ਗਿਲਾ ਗੁਜ਼ਾਰੀ ਕਰਨੀ।੩।

ਉਪਾਈਅਨੁ—ਉਸ ਨੇ ਪੈਦਾ ਕੀਤੀ ਹੈ। ਸਭੁ ਕੋਇ—ਹਰੇਕ ਜੀਵ। ਤੁਲਿ—ਬਰਾਬਰ। ਸਮਸਰੇ—ਬਰਾਬਰ। ਕਰਮੁ—ਬਖ਼ਸ਼ਸ਼। ਧੁਰਿ—ਧੁਰੋਂ। ਕਦੇ—ਕਦੇ ਦੀ।੪।

ਅਰਥ :

ਪ੍ਰ: ਕਿਉਂ ਜੀ! ਜਦੋਂ ਕਿਸੇ ਦੀ ਬੁੱਧੀ ਮਾਇਆ ਦੇ ਕੂੜੇ ਮੋਹ ਕਰਕੇ ਵਿਗੜ ਜਾਏ ਤਾਂ ਕੀ ਉਹ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਸ਼ੁੱਧ ਹੋ ਜਾਏਗੀ ?

ਉ: ੧. (ਨਹੀਂ) ਹੇ ਭਾਈ! ਜਦ ਕਿਸੇ ਨੇ ਆਪਣੀ ਬੁੱਧੀ ਨੂੰ ਮਾਇਆ ਦੇ ਕੂੜੇ ਮੋਹ ਨਾਲ ਵਿਗਾੜ ਲਿਆ ਹੈ, ਭਾਵ ਗੰਦਾ ਕਰ ਲਿਆ ਹੈ, ਫਿਰ ਦੱਸੋ-ਤੀਰਥਾਂ 'ਤੇ ਕਿਸ ਲਈ ਨਹਾਈਏ, ਭਾਵ ਉਸ ਨੂੰ ਤੀਰਥਾਂ 'ਤੇ ਇਸ਼ਨਾਨ ਕਰਨ ਦਾ ਕੋਈ ਭੀ ਲਾਭ ਨਹੀਂ ਹੈ।

ਪ੍ਰ: ਹਜ਼ੂਰ! ਕੀ ਨ੍ਹਾਤਾ ਕਿਸੇ ਦਾ ਪ੍ਰਵਾਣ ਭੀ ਹੈ ?

ਉ: ੨. (ਹਾਂ) ਹੇ ਭਾਈਓ! ਨ੍ਹਾਤਾ ਤਾਂ ਉਸੇ ਮਨੁੱਖ ਦਾ ਪ੍ਰਵਾਣ ਹੁੰਦਾ ਹੈ ਤੇ ਪ੍ਰਭੂ ਦੀ ਹਜ਼ੂਰੀ ਗਿਆ ਭੀ ਉਹੋ ਕਬੂਲ ਹੁੰਦਾ ਹੈ, ਜੋ ਸੱਚੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।

੩. ਹੇ ਸੱਜਨੋ! ਜਦ ਮਨੁੱਖ ਦੇ ਅੰਦਰ ਸੱਚ ਹੋਵੇ, ਤਦ ਹੀ (ਮਨੁੱਖ) ਸੱਚਾ ਹੈ, ਤਦੋਂ ਹੀ ਸੱਚਾ ਪਰਮੇਸ਼ਰ ਪਾਈਦਾ ਹੈ।

੪. ਪਰ ਹੇ ਭਾਈ! ਪ੍ਰਭੂ ਜੀ ਦੇ (ਭਾਗਾਂ ਵਿਚ) ਲਿਖੇ ਤੋਂ ਬਗ਼ੈਰ ਮਨੁੱਖ ਦੀ ਸੁਰਤਿ (ਕੂੜ ਵਿਚੋਂ ਨਿਕਲ ਕੇ) ਉੱਚੀ ਨਹੀਂ ਹੋ ਸਕਦੀ, ਇਸੇ ਲਈ ਇਸ ਨੂੰ ਸੋਝੀ ਨਹੀਂ ਪੈਂਦੀ। ਸੋਝੀ ਤੋਂ ਬਗ਼ੈਰ, ਨਿਰੀਆਂ ਜ਼ੁਬਾਨੀ-ਜ਼ੁਬਾਨੀ ਗਿਆਨ ਦੀਆਂ ਗੱਲਾਂ ਕਰ ਕਰਕੇ ਸਗੋਂ ਐਵੇਂ ਹੀ ਆਪਣਾ ਆਤਮਿਕ ਜੀਵਨ ਹੋਰ ਖ਼ਰਾਬ ਕਰ ਲਈਦਾ ਹੈ।

੫. ਹੇ ਭਾਈਓ! ਜਿਥੇ ਭੀ ਜਾ ਕੇ ਬੈਠੀਏ (ਉਥੇ) ਚੰਗੀਆਂ ਹੀ ਗੱਲਾਂ ਕਰੀਏ, ਭਾਵ ਹਰ ਇਕ ਦੇ ਭਲੇ ਦੀਆਂ ਗੱਲਾਂ ਕਰੀਏ ਤੇ ਸੁਰਤਿ ਵਿਚ ਸ਼ਬਦ (ਨਾਮ) ਨੂੰ ਅੰਕਤ ਕਰੀਏ, ਭਾਵ ਪ੍ਰੋ ਰਖੀਏ।

੬. ਸੋ ਹੇ ਭਾਈ! ਨਹੀਂ ਤਾਂ ਬੁੱਧੀ ਨੂੰ ਝੂਠ ਨਾਲ ਵਿਗਾੜ ਕੇ (ਮੈਲਿਆਂ ਕਰਕੇ) ਫਿਰ ਕਿਸ ਲਈ ਇਸ਼ਨਾਨ ਕਰੀਏ, ਭਾਵ ਕਾਇਆਂ ਨੂੰ ਕੂੜ ਨਾਲ ਮੈਲਿਆਂ ਕਰ ਕੇ (ਤੀਰਥ) 'ਤੇ ਇਸ਼ਨਾਨ ਕਰਨ ਦਾ ਕੀ ਲਾਭ।੧।

ਅਰਥ :

ਪ੍ਰ: ਹੇ ਗੁਰੋ! ਕਈ ਲੋਕ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਸਮੇਂ ਆਪਣੀ ਹੋਂਦ ਕਾਇਮ ਰੱਖਦੇ ਹਨ ਕਿ ਮੈਂ ਇਤਨੀ ਦੇਰ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਿਚ ਸਮਾਂ ਗੁਜ਼ਾਰਿਆ ਹੈ, ਭਾਵ ਪ੍ਰਭੂ ਦਾ ਨਾਮ ਸਿਮਰਨ ਕਰਦਿਆਂ ਸਾਈਂ ਜੀ ਨਾਲ ਹਿਸਾਬ ਰੱਖਦੇ ਹਨ, ਕੀ ਇਹ ਠੀਕ ਹੈ ?

ਉ: ੧. (ਨਹੀਂ) ਹੇ ਭਾਈ! ਜੋ ਗੁਰਮੁਖ ਹਨ, ਉਹ ਤਾਂ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਸਮੇਂ ਉਸ ਸਾਈਂ ਜੀ ਦੀ ਬਖ਼ਸ਼ਸ਼ ਸਮਝਦੇ ਹੋਏ ਸਦਾ ਇਉਂ ਹੀ ਕਹਿੰਦੇ ਹਨ ਕਿ ਹੇ ਸਾਈਂ ਜੀ! ਜੋ ਤੇਰੀ ਸਿਫ਼ਤਿ-ਸਾਲਾਹ ਦਾ ਕਹਿਣਾ ਹੈ, ਭਾਵ ਮੈਂ ਜੋ ਤੇਰੇ ਨਾਮ ਦਾ ਸਿਮਰਨ ਕੀਤਾ ਹੈ, ਇਹ ਤਦੋਂ ਹੀ ਕਰ ਸਕਿਆ ਹਾਂ ਜਦੋਂ ਤੂੰ ਮੈਥੋਂ ਨਾਮ ਸਿਮਰਨ ਕਰਾਇਆ ਹੈ।

੨. ਹੇ ਭਾਈ! ਹਰੀ ਦਾ ਨਾਮ ਅੰਮ੍ਰਿਤ ਹੈ ਜੋ ਕਿ ਮੇਰੇ ਮਨ ਨੂੰ ਭਾਇਆ ਹੈ।

੩. ਹੇ ਪਿਆਰੇ! ਜਦੋਂ ਨਾਮ ਮੇਰੇ ਮਨ ਨੂੰ ਮਿੱਠਾ ਲੱਗ ਗਿਆ, ਤਦ ਉਸ ਨੇ ਦੁੱਖਾਂ ਦਾ ਡੇਰਾ (ਅਗਿਆਨ) ਢਾਹ ਦਿੱਤਾ ਅਤੇ ਸੁੱਖ ਮਨ ਵਿਚ ਆ ਵਸਿਆ।

੪. ਪਰ ਉਹ ਸੁੱਖ ਮਨ ਵਿਚ ਤਦੋਂ ਹੀ ਆ ਕੇ ਵਸਿਆ, ਜਦੋਂ ਤੂੰ ਹੁਕਮ ਕੀਤਾ।

੫. ਹੇ ਸਾਈਂ ਜੀ! ਇਹ ਸਭੋ ਕੁਝ ਤੇਰੀ ਕਿਰਪਾ ਦ੍ਰਿਸ਼ਟੀ ਨਾਲ ਹੋਇਆ ਹੈ। ਮੇਰੀ ਤਾਂ ਇਕ ਤੇਰੇ ਅੱਗੇ ਅਰਦਾਸ ਹੀ ਸੀ, ਜਿਸ ਨੇ ਮੈਨੂੰ ਪੈਦਾ ਕੀਤਾ ਸੀ।

੬. ਹੇ ਸਾਈਂ! ਮੈਂ ਜੋ ਤੇਰਾ ਕਹਿਣਾ, ਅਰਥਾਤ ਕਹਿਣ ਜੋਗ ਵਸਤੂ ਜੋ ਨਾਮ ਹੈ ਤਾਂ ਹੀ ਕਿਹਾ ਜਦੋਂ ਤੂੰ ਮੈਥੋਂ ਸਿਮਰਾਇਆ ਹੈ।੨।

ਅਰਥ :

ਪ੍ਰ: ਕਿਉਂ ਜੀ! ਇਸ ਜੀਵ ਨੂੰ ਮਨੁੱਖ ਜਾਮੇ ਦੀ ਪ੍ਰਾਪਤੀ ਹੋਣ ਦਾ ਅਸਲ ਕਾਰਣ ਕੀ ਹੈ ?

ਉ: ੧. ਹੇ ਭਾਈਓ! ਇਹ ਜੋ ਮਨੁੱਖਾ ਜਨਮ ਹੈ, ਇਹ ਜੀਵਾਂ ਦੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਪ੍ਰਭੂ ਹਰੇਕ ਜੀਵ ਨੂੰ ਵਾਰੀ ਦੇਂਦਾ ਹੈ (ਪਿਛਲੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਿਸੇ ਨੂੰ ਚੰਗਾ ਅਤੇ ਕਿਸੇ ਨੂੰ ਮੰਦਾ ਬਣਾਂਦਾ ਹੈ, ਸੋ ਇਸ ਵਾਸਤੇ)

੨. ਕਿਸੇ ਵੀ ਆਦਮੀ ਨੂੰ ਭੈੜਾ ਆਖ-ਆਖ ਕੇ ਕੋਈ ਝਗੜਾ ਨਹੀਂ ਖੜਾ ਕਰਨਾ ਚਾਹੀਦਾ, (ਕਿਉਂਕਿ) ਭੈੜਾ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਹੀ ਭੈੜਾ

੩. ਬਣਿਆ ਹੈ, ਭੈੜੇ ਨੂੰ ਨਿੰਦਿਆਂ ਸਮਝੋ, ਪ੍ਰਭੂ ਨਾਲ ਝਗੜਾ ਪਾਉਣਾ ਹੈ, ਇਸ ਲਈ ਹੇ ਭਾਈ! ਮਾਲਕ ਪ੍ਰਭੂ ਨਾਲ ਝਗੜਾ ਨਹੀਂ ਪਾਉਣਾ ਚਾਹੀਦਾ, ਇਸ ਤਰ੍ਹਾਂ ਤਾਂ ਆਪਣੇ ਆਪ ਨੂੰ ਆਪ ਹੀ ਤਬਾਹ ਕਰ ਲਈਦਾ ਹੈ।

੪. ਜਿਸ ਮਾਲਕ ਨਾਲ (ਸਦਾ) ਸੰਗਤ ਹੋਵੇ, ਉਸ ਨਾਲ ਸ਼ਰੀਕਾ ਕਰ ਕੇ, ਭਾਵ ਉਸੇ ਨਾਲ ਹੀ ਬਰਾਬਰੀ ਕਰ ਕੇ (ਜੇ ਦੁੱਖ ਪ੍ਰਾਪਤ ਹੋਇਆ ਤਾਂ ਫਿਰ ਉਸੇ ਪਾਸ) ਜਾ ਕੇ ਪੁਕਾਰ ਕਰਨ ਦਾ ਕੋਈ ਲਾਭ ਨਹੀਂ ਹੋ ਸਕਦਾ, ਭਾਵ ਵਾਹਿਗੁਰੂ ਜੀ ਨਾਲ ਸਾਡੀ ਹਰ ਵੇਲੇ ਦੀ ਸੰਗਤ ਹੈ। ਜੇ ਉਸ ਨਾਲ ਸ਼ਰੀਕੀ ਕੀਤੀ ਜਾਏ ਤਾਂ ਫ਼ੈਸਲੇ ਲਈ ਹੋਰ ਕਿੱਥੇ ਜਾ ਕੇ ਪੁਕਾਰ ਕੀਤੀ ਜਾਏਗੀ ?

ਪ੍ਰ: ਕਿਉਂ ਜੀ ! ਫਿਰ ਦੱਸੋ ਕਰਨਾ ਕੀ ਚਾਹੀਦਾ ਹੈ ?

ਉ: ੫. ਹੇ ਭਾਈਓ ! ਪਰਮੇਸ਼ਰ ਜੋ ਵੀ (ਸੁੱਖ-ਦੁੱਖ) ਦੇਂਦਾ ਹੈ, ਉਸ ਨੂੰ ਖਿੜੇ ਮੱਥੇ ਹੀ ਸਹਾਰਨਾ ਚਾਹੀਦਾ ਹੈ ਅਤੇ ਆਪਣੇ ਮਨ ਨੂੰ ਸਮਝਾਉਂਦੇ ਰਹਿਣਾ ਚਾਹੀਦਾ ਹੈ (ਕਿ ਹੇ ਮੇਰੇ ਮਨ) ! ਉਸ ਪ੍ਰਭੂ ਨਾਲ ਗਿਲਾ ਗੁਜ਼ਾਰੀ ਨਹੀਂ ਕਰਨੀ ਚਾਹੀਦੀ, ਭਾਵ ਮੂੰਹੋਂ ਸ਼ਿਕਵੇ ਕਰ ਕੇ ਬਿਰਥਾ ਨਹੀਂ ਬੋਲਣਾ ਚਾਹੀਦਾ।

੬. ਅਸਲ ਤਾਂ ਗੱਲ ਇਹੋ ਹੀ ਹੈ ਕਿ ਸਾਡੇ ਕੀਤੇ ਕਰਮਾਂ ਅਨੁਸਾਰ ਖ਼ਸਮ ਪ੍ਰਭੂ ਸਾਨੂੰ ਮਨੁੱਖਾ ਜਨਮ ਦੀ ਵਾਰੀ ਦੇਂਦਾ ਹੈ ।੩।

ਅਰਥ :

ਪ੍ਰ: ਹਜ਼ੂਰ ਜੀ ! ਇਸ ਏਡੀ ਵੱਡੀ ਵਿਸਥਾਰ ਵਾਲੀ ਸ੍ਰਿਸ਼ਟੀ ਨੂੰ ਬਣੌਣ ਵਿਚ ਹੋਰ ਭੀ ਤਾਂ ਕਈਆਂ ਨੇ ਉਸ ਪ੍ਰਭੂ ਦੀ ਸਹਾਇਤਾ ਕੀਤੀ ਹੋਵੇਗੀ ?

ਉ: ੧. (ਨਹੀਂ) ਹੇ ਪਿਆਰਿਓ ! ਇਹ ਸਾਰੀ ਸ੍ਰਿਸ਼ਟੀ ਉਸ ਪ੍ਰਭੂ ਨੇ ਆਪ ਇਕੱਲਿਆਂ ਹੀ ਪੈਦਾ ਕੀਤੀ ਹੈ। ਉਹ ਆਪੇ ਹੀ ਸਾਰਿਆਂ 'ਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ।

੨. ਹੇ ਸੱਜਣੋ ! (ਉਸ ਦੇ ਦਰ ਤੋਂ ਸਾਰੇ ਜੀਵ ਦਾਤਾਂ ਮੰਗਦੇ ਹਨ) ਕੌੜੀ ਚੀਜ਼, ਭਾਵ ਦੁੱਖ ਕੋਈ ਨਹੀਂ ਮੰਗਦਾ, ਹਰੇਕ ਜੀਵ (ਮਿੱਠੀਆਂ) ਸੁਖਦਾਈ ਚੀਜ਼ਾਂ ਹੀ ਮੰਗਦਾ ਹੈ।

੩. ਮੰਗਦਾ ਤਾਂ ਹਰੇਕ ਜੀਵ ਮਿੱਠਾ ਪਦਾਰਥ, ਭਾਵ ਸੁਖਦਾਇਕ ਪਦਾਰਥ ਹੀ ਹੈ, ਪਰ ਖ਼ਸਮ ਪ੍ਰਭੂ ਉਹੀ ਕੁਝ ਕਰਦਾ ਹੈ ਜੋ ਕੁਝ ਉਸਨੂੰ ਚੰਗਾ ਲੱਗਦਾ ਹੈ।

ਪ੍ਰ: ਕਿਉਂ ਜੀ ! ਮਿੱਠੇ ਪਦਾਰਥ, ਭਾਵ ਸੁੱਖ ਦੀ ਪ੍ਰਾਪਤੀ ਦਾ ਸਭ ਤੋਂ ਵੱਡਾ ਸਾਧਨ ਆਪ ਕਿਸ ਨੂੰ ਮੰਨਦੇ ਹੋ ?

ਉ: ੪. (ਹੇ ਪਿਆਰੇ ! ਵੇਖੀਦਾ ਹੈ ਕਿ ਜੀਵ ਮਿੱਠੇ ਪਦਾਰਥਾਂ ਦੀ ਪ੍ਰਾਪਤੀ ਖ਼ਾਤਰ) ਦਾਨ ਪੁੰਨ ਕਰਦੇ ਹਨ ਅਤੇ ਹੋਰ ਭੀ ਅਨੇਕਾਂ ਧਾਰਮਿਕ ਕੰਮ ਕਰਦੇ ਹਨ, (ਪਰ ਉਹ ਫਿਰ ਭੀ ਦੁਖੀਏ ਹੀ ਵੇਖੀਦੇ ਹਨ) ਕਿਉਂਕਿ ਉਨ੍ਹਾਂ ਨੂੰ ਇਹ ਗਿਆਨ ਹੀ ਨਹੀਂ ਕਿ ਨਾਮ ਦੇ ਤੁੱਲ ਜਾਂ ਨਾਮ ਦੇ ਬਰਾਬਰ ਹੋਰ ਕੋਈ ਭੀ ਕਰਨੀ ਉੱਤਮ ਨਹੀਂ ਹੈ।

ਪ੍ਰ: ਕਿਉਂ ਜੀ ! ਇਹ ਨਾਮ ਦੀ ਅਮੋਲਕ ਦਾਤ ਸਭ ਨੂੰ ਕਿਉਂ ਨਹੀਂ ਮਿਲਦੀ ?

ਉ: ੫. (ਗੁਰੂ) ਨਾਨਕ ਦੇਵ ਜੀ ਆਖਦੇ ਹਨ ਕਿ ਹੇ ਪਿਆਰਿਓ ! ਜਿਨ੍ਹਾਂ ਬੰਦਿਆਂ ਉੱਤੇ ਉਸ ਪਰਮੇਸ਼ਰ ਜੀ ਨੇ ਕਦੇ ਧੁਰੋਂ ਹੀ ਬਖ਼ਸ਼ਸ਼ ਕੀਤੀ ਹੁੰਦੀ ਹੈ, ਉਨ੍ਹਾਂ ਨੂੰ ਹੀ ਨਾਮ ਦੀ ਦਾਤ ਮਿਲਦੀ ਹੈ।

੬. (ਇਸ ਲਈ) ਹੇ ਭਾਈਓ ! ਸਾਰੀ ਸ੍ਰਿਸ਼ਟੀ ਉਸ ਨੇ ਆਪ ਪੈਦਾ ਕੀਤੀ ਹੈ ਤੇ ਆਪੇ ਹੀ (ਸਾਰਿਆਂ 'ਤੇ) ਕਿਰਪਾ ਦ੍ਰਿਸ਼ਟੀ ਕਰਦਾ ਹੈ ।੪।੧।

ਭਾਵਾਰਥ : ਕੂੜੇ ਆਦਿਕ ਪਦਾਰਥਾਂ ਦੀ ਮੈਲ ਨਾਲ ਬੁੱਧੀ ਨੂੰ ਮਲੀਨ ਕਰ ਕੇ, ਦੱਸੋ ਤੀਰਥਾਂ ਵਿਚ ਕਿਸ ਲਈ ਨ੍ਹਾਉਗੇ, ਕਿਉਂ ਕਿ ਇਸ ਤਰ੍ਹਾਂ ਮਨ ਦੀ ਸ਼ੁੱਧੀ ਨਹੀਂ ਹੋ ਸਕੇਗੀ, ਸੋ ਸ਼ੁੱਧੀ ਤਾਂ ਨਾਮ ਚਿੰਤਨ ਦੁਆਰਾ ਹੀ ਹੋ ਸਕਦੀ ਹੈ।

ਵਡਹੰਸੁ ਮਹਲਾ ੧ ॥

੧. ਕਰਹੁ ਦਇਆ ਤੇਰਾ ਨਾਮੁ ਵਖਾਣਾ ॥
੨. ਸਭ ਉਪਾਈਐ ਆਪਿ ਆਪੇ ਸਰਬ ਸਮਾਣਾ ॥
੩. ਸਰਬੇ ਸਮਾਣਾ ਆਪਿ ਤੂਹੈ
ਉਪਾਇ ਧੰਧੈ ਲਾਈਆ ॥
੪. ਇਕਿ ਤੁਝ ਹੀ ਕੀਏ ਰਾਜੇ
ਇਕਨਾ ਭਿਖ ਭਵਾਈਆ ॥
੫. ਲੋਭੁ ਮੋਹੁ ਤੁਝੁ ਕੀਆ ਮੀਠਾ
ਏਤੁ ਭਰਮਿ ਭੁਲਾਣਾ ॥
੬. ਸਦਾ ਦਇਆ ਕਰਹੁ ਅਪਣੀ
ਤਾਮਿ ਨਾਮੁ ਵਖਾਣਾ ॥੧॥
੧. ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ ॥
੨. ਦੂਖੁ ਗਇਆ ਸੁਖੁ ਆਇ ਸਮਾਣਾ ॥
੩. ਗਾਵਨਿ ਸੁਰਿ ਨਰ ਸੁਘੜ ਸੁਜਾਣਾ ॥
੪. ਸੁਰਿ ਨਰ ਸੁਘੜ ਸੁਜਾਣ ਗਾਵਹਿ
ਜੋ ਤੇਰੈ ਮਨਿ ਭਾਵਹੇ ॥
੫. ਮਾਇਆ ਮੋਹੇ ਚੇਤਹਿ ਨਾਹੀ
ਅਹਿਲਾ ਜਨਮੁ ਗਵਾਵਹੇ ॥
੬. ਇਕਿ ਮੂੜ ਮੁਗਧ ਨ ਚੇਤਹਿ ਮੂਲੇ
ਜੋ ਆਇਆ ਤਿਸੁ ਜਾਣਾ ॥
੭. ਨਾਮੁ ਤੇਰਾ ਸਦਾ ਸਾਚਾ ਸੋਇ ਮੈ ਮਨਿ ਭਾਣਾ ॥੨॥
੧. ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥
੨. ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥
੩. ਸਾਉ ਪ੍ਰਾਣੀ ਤਿਨਾ ਲਾਗਾ
ਜਿਨੀ ਅੰਮ੍ਰਿਤੁ ਪਾਇਆ ॥
੪. ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥
੫. ਇਕੁ ਕਰਮੁ ਧਰਮੁ ਨ ਹੋਇ ਸੰਜਮੁ
ਜਾਮਿ ਨ ਏਕੁ ਪਛਾਣੀ ॥
੬. ਵਖਤੁ ਸੁਹਾਵਾ ਸਦਾ ਤੇਰਾ
ਅੰਮ੍ਰਿਤ ਤੇਰੀ ਬਾਣੀ ॥੩॥
੧. ਹਉ ਬਲਿਹਾਰੀ ਸਾਚੇ ਨਾਵੈ ॥
੨. ਰਾਜੁ ਤੇਰਾ ਕਬਹੁ ਨ ਜਾਵੈ ॥
੩. ਰਾਜੋ ਤ ਤੇਰਾ ਸਦਾ ਨਿਹਚਲੁ
ਏਹੁ ਕਬਹੁ ਨ ਜਾਵਏ ॥
੪. ਚਾਕਰੁ ਤ ਤੇਰਾ ਸੋਇ ਹੋਵੈ
ਜੋਇ ਸਹਜਿ ਸਮਾਵਏ ॥
੫. ਦੁਸਮਨੁ ਤ ਦੂਖੁ ਨ ਲਗੈ ਮੂਲੇ
ਪਾਪੁ ਨੇੜਿ ਨ ਆਵਏ ॥

੬. ਹਉ ਬਲਿਹਾਰੀ ਸਦਾ ਹੋਵਾ
ਏਕ ਤੇਰੇ ਨਾਵਏ ॥੪॥
੧. ਜੁਗਹ ਜੁਗੰਤਰਿ ਭਗਤ ਤੁਮਾਰੇ ॥
੨. ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥
੩. ਜਪਹਿ ਤ ਸਾਚਾ ਏਕੁ ਮੁਰਾਰੇ ॥
੪. ਸਾਚਾ ਮੁਰਾਰੇ ਤਾਮਿ ਜਾਪਹਿ
ਜਾਮਿ ਮੰਨਿ ਵਸਾਵਹੇ ॥
੫. ਭਰਮੋ ਭੁਲਾਵਾ ਤੁਝਹਿ ਕੀਆ
ਜਾਮਿ ਏਹੁ ਚੁਕਾਵਹੇ ॥
੬. ਗੁਰ ਪਰਸਾਦੀ ਕਰਹੁ ਕਿਰਪਾ
ਲੇਹੁ ਜਮਹੁ ਉਬਾਰੇ ॥
੭. ਜੁਗਹ ਜੁਗੰਤਰਿ ਭਗਤ ਤੁਮਾਰੇ ॥੫॥
੧. ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥
੨. ਕਿਉ ਕਰਿ ਕਰਉ ਬੇਨੰਤੀ
ਹਉ ਆਖਿ ਨ ਜਾਣਾ ॥
੩. ਨਦਰਿ ਕਰਹਿ ਤਾ ਸਾਚੁ ਪਛਾਣਾ ॥
੪. ਸਾਚੋ ਪਛਾਣਾ ਤਾਮਿ ਤੇਰਾ
ਜਾਮਿ ਆਪਿ ਬੁਝਾਵਹੇ ॥
੫. ਦੂਖ ਭੂਖ ਸੰਸਾਰਿ ਕੀਏ ਸਹਸਾ ਏਹੁ ਚੁਕਾਵਹੇ ॥
੬. ਬਿਨਵੰਤਿ ਨਾਨਕੁ ਜਾਇ ਸਹਸਾ
ਬੁਝੈ ਗੁਰ ਬੀਚਾਰਾ ॥
੭. ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥
੧. ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
੨. ਸੋਹਣੇ ਨਕ ਜਿਨ ਲੰਮੜੇ ਵਾਲਾ ॥
੩. ਕੰਚਨ ਕਾਇਆ ਸੁਇਨੇ ਕੀ ਢਾਲਾ ॥
੪. ਸੋਵੰਨ ਢਾਲਾ ਕ੍ਰਿਸਨ ਮਾਲਾ
ਜਪਹੁ ਤੁਸੀ ਸਹੇਲੀਹੋ ॥
੫. ਜਮ ਦੁਆਰਿ ਨ ਹੋਹੁ ਖੜੀਆ
ਸਿਖ ਸੁਣਹੁ ਮਹੇਲੀਹੋ ॥
੬. ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ ॥
੭. ਬੰਕੇ ਲੋਇਣ ਦੰਤ ਰੀਸਾਲਾ ॥੭॥
੧. ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥
੨. ਕੁਹਕਨਿ ਕੋਕਿਲਾ ਤਰਲ ਜੁਆਣੀ ॥
੩. ਤਰਲਾ ਜੁਆਣੀ ਆਪਿ ਭਾਣੀ
ਇਛ ਮਨ ਕੀ ਪੂਰੀਏ ॥
੪. ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ
ਆਪਿ ਆਪੁ ਸੰਧੂਰਏ ॥
੫. ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ ॥
੬. ਬਿਨਵੰਤਿ ਨਾਨਕੁ ਦਾਸੁ ਹਰਿ ਕਾ
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥੮॥੨॥

ਪਦ ਅਰਥ : ਵਖਾਣਾ—ਮੈਂ ਉਚਾਰਾਂ। ਉਪਾਈਐ—ਪੈਦਾ ਕੀਤੀ ਹੈ। ਸਰਬ—ਸਾਰਿਆਂ ਵਿਚ। ਉਪਾਇ—ਪੈਦਾ ਕਰਕੇ। ਧੰਧੈ—ਆਹਰ ਵਿਚ, ਮਾਇਆ ਦੀ ਦੌੜ ਭੱਜ ਵਿਚ। ਏਤੁ ਭਰਮਿ—ਇਸ ਭਰਮ ਵਿਚ, ਇਸ ਭਟਕਣਾ ਵਿਚ।੧।

ਮੈ ਮਨਿ—ਮੇਰੇ ਮਨ ਵਿਚ। ਭਾਣਾ—ਪਿਆਰਾ ਲੱਗਦਾ ਹੈ। ਸੁਘੜ—ਸੁਚੱਜੇ। ਸੁਜਾਣ—ਸਿਆਣੇ। ਭਾਵਹੇ—ਭਾਵਹਿ, ਭਾਉਂਦੇ ਹਨ। ਅਹਿਲਾ—ਆਹਲਾ, ਸ੍ਰੇਸ਼ਟ। ਮੂੜ—ਮੁਗਧ, ਮੂਰਖ। ਮੂਲੇ—ਉੱਕਾ ਹੀ। ਸੋਇ—ਉਹੀ।੨।

ਵਖਤੁ—ਸਮਾਂ। ਤੇਰਾ ਵਖਤੁ—ਉਹ ਸਮਾਂ ਜਦੋਂ ਤੂੰ ਯਾਦ ਆਵੇਂ। ਅੰਮ੍ਰਿਤ—ਅਮਰ ਜੀਵਣ ਦੇਣ ਵਾਲੀ। ਭਾਉ—ਪ੍ਰੇਮ। ਸਾਉ—ਸੁਆਦ, ਅਨੰਦ। ਨਾਮਿ—ਨਾਮ ਵਿਚ। ਜੋਇ—ਜਿਹੜੇ ਬੰਦੇ। ਚੜਹਿ ਸਵਾਇਆ—ਵਧਦੇ ਫੁਲਦੇ ਹਨ। ਜਾਮਿ—ਜਦੋਂ। ਨ ਪਛਾਣੀ—ਮੈਂ ਨਹੀਂ ਪਛਾਣਦਾ।੩।

ਹਉ—ਮੈਂ। ਨਾਵੈ—ਨਾਮ ਤੋਂ। ਨਿਹਚਲੁ—ਅਟੱਲ। ਨ ਜਾਵਏ—ਨਾ ਜਾਵੈ, ਨਹੀਂ ਜਾਂਦਾ। ਚਾਕਰ—ਸੇਵਕ। ਸਮਾਵਏ—ਸਮਾਵੈ, ਲੀਨ ਹੁੰਦਾ ਹੈ। ਨੇੜਿ—ਨੇੜੇ। ਹੋਵਾ—ਮੈਂ ਹੋਵਾਂ। ਤੇਰੇ ਨਾਵਏ—ਤੇਰੇ ਨਾਵੈ, ਤੇਰੇ ਨਾਮ ਤੋਂ।੪।

ਜੁਗਹ ਜੁਗੰਤਰਿ—ਜੁਗ ਜੁਗ ਅੰਤਰ, ਹਰੇਕ ਜੁਗ ਵਿਚ। ਕੀਰਤਿ—ਸਿਫ਼ਤਿ-ਸਾਲਾਹ। ਤੇਰੈ ਦੁਆਰੇ—ਤੇਰੇ ਦਰ 'ਤੇ। ਮੁਰਾਰੇ—ਪਰਮਾਤਮਾ। ਤਾਮਿ—ਤਦੋਂ ਹੀ, ਤਾਂ। ਮੰਨਿ—(ਉਨ੍ਹਾਂ ਦੇ) ਮਨ ਵਿਚ। ਵਸਾਵਹੇ—ਤੂੰ ਨਾਮ ਵਸਾਂਦਾ ਹੈਂ। ਭਰਮੋ—ਭਟਕਣਾ। ਤੁਝਹਿ—ਤੂੰ ਹੀ। ਏਹੁ—ਇਹ ਭਰਮ ਭੁਲਾਵਾ। ਚੁਕਾਵਹਿ—ਤੂੰ ਮੁਕਾਂਦਾ ਹੈਂ। ਜਮਹੁ—ਜਮ ਤੋਂ। ਲੇਹੁ ਉਬਾਰੇ—ਬਚਾਅ ਲੈਂਦਾ ਹੈ।੫।

ਅਲਖ—ਅਦ੍ਰਿਸ਼ਟ। ਅਪਾਰਾ—ਜਿਸ ਦੇ ਗੁਣਾਂ ਦਾ ਪਾਰਲਾ ਬੰਨਾ ਨਾ ਲੱਭ ਸਕੇ। ਕਿਉ ਕਰਿ—ਕਿਵੇਂ। ਕਰਉ—ਮੈਂ ਕਰਾਂ। ਹਉ—ਮੈਂ। ਆਖਿ ਨ ਜਾਣਾ—ਮੈਂ ਆਖਣਾ ਜਾਣਦਾ ਨਹੀਂ। ਤੇਰਾ—ਤੇਰਾ (ਸਰੂਪ)। ਬੁਲਾਵਹੇ—ਬੁਲਾਵਹਿ, ਤੂੰ ਸਮਝ ਦੇਂਦਾ ਹੈਂ। ਸੰਸਾਰਿ—ਸੰਸਾਰ ਵਿਚ। ਸਹਸਾ—ਸਹਿਮ। ਜਾਇ—ਦੂਰ ਹੋ ਜਾਂਦਾ ਹੈ।੬।

ਬੰਕੇ—ਬਾਂਕੇ। ਲੋਇਣ—ਅੱਖਾਂ। ਦੰਤ—ਦੰਦ। ਰਸੀਲਾ—ਰਸ (ਆਲਯ) ਸੋਹਣੇ। ਜਿਨ—ਜਿਨ੍ਹਾਂ ਦਾ। ਜਿਸੁ—ਜਿਸ ਦਾ। ਜਿਨ—ਜਿਨ੍ਹਾਂ ਦਾ, ਜਿਨ੍ਹਾਂ ਦੇ। ਲੰਮੜੇ—ਸੋਹਣੇ ਲੰਮੇਂ। ਵਾਲਾ—ਕੇਸ। ਕੰਚਨ ਕਾਇਆ—ਸੋਨੇ ਦਾ ਸਰੀਰ, ਸੋਹਣਾ ਅਰੋਗ ਸਰੀਰ। ਢਾਲਾ—ਢਲਿਆ ਹੋਇਆ। ਸੋਵੰਨ—ਸੋਨੇ ਦਾ। ਕ੍ਰਿਸਨ ਮਾਲਾ—ਉਹ ਮਾਲਾ ਜੋ ਕ੍ਰਿਸ਼ਨ ਜੀ ਪਹਿਨਿਆ ਕਰਦੇ ਸਨ, ਵੈਜੰਤੀ ਮਾਲਾ (ਵਿਸ਼ਨੂੰ ਦੀ)। ਦੁਆਰਿ—ਦਰ 'ਤੇ। ਸਿਖ—ਸਿੱਖਿਆ। ਸਹੇਲੀਹੋ—ਜੀਵ-ਇਸਤ੍ਰੀਓ। ਹੰਸ ਹੰਸਾ—ਵੱਡਾ ਹੰਸ, ਬਹੁਤ ਸਰੇਸ਼ਟ ਮਨੁੱਖ। ਬਗ ਬਗਾ—ਵੱਡੇ ਬਗਲੇ, ਮਹਾਂ ਠੱਗ। ਲਹੈ—ਦੂਰ ਹੋ ਜਾਂਦਾ ਹੈ।੭।

ਮਧੁਰਾੜੀ—ਸੋਹਣੀ, ਮਿੱਠੀ। ਕੁਹਕਨਿ—ਕੂਕਦੀਆਂ ਹਨ। ਕੋਕਿਲਾ—ਕੋਇਲਾਂ। ਤਰਲ—ਚੰਚਲ। ਜੁਆਣੀ—ਜੁਆਨੀ।

ਭਾਣੀ—ਪਿਆਰੀ ਲੱਗੀ। ਸਾਰੰਗ—ਹਾਥੀ। ਪਗੁ—ਪੈਰ। ਠਿਮਿ ਠਿਮਿ—ਮਟਕ ਨਾਲ। ਆਪੁ—ਆਪਣੇ ਆਪ ਨੂੰ। ਸੰਧੂਰਏ—ਮਸਤ ਕਰਦਾ ਹੈ। ਸ੍ਰੀ ਰੰਗ—ਲਛਮੀ ਪਤੀ ਪ੍ਰਭੂ। ਮਾਤੀ—ਮਸਤ। ਉਦਕੁ—ਪਾਣੀ। ਵਾਣੀ—ਸਿਫ਼ਤਿ-ਸਾਲਾਹ ਦੀ ਬਾਣੀ। ਬਿਨਵੰਤਿ—ਬੇਨਤੀ ਕਰਦਾ ਹੈ।੮।

ਅਰਥ :

ਪ੍ਰ: ਹੇ ਗੁਰੋ! ਜਦੋਂ ਤੁਸੀ ਸਾਈਂ ਜੀ ਪਾਸੋਂ ਕਦੀ ਜਾਚਨਾ ਕਰਦੇ ਹੋ ਤਾਂ ਆਪ ਜੀ ਦੀ ਦਿਲੀ ਮੰਗ ਕੀ ਹੋਇਆ ਕਰਦੀ ਹੈ?

ਉ: ੧. ਹੇ ਭਾਈਓ! ਮੇਰੀ ਤਾਂ ਕੇਵਲ ਮੰਗ ਹੀ ਇਕੋ ਹੁੰਦੀ ਹੈ ਕਿ ਹੇ ਮੇਰੇ ਪ੍ਰਭੂ ਜੀ! ਮੇਰੇ 'ਤੇ ਮਿਹਰ ਕਰੋ ਕਿ ਮੈਂ ਤੇਰਾ (ਹੀ) ਨਾਮ ਜਪਾਂ।

੨. (ਇਹ) ਸਾਰੀ ਸ੍ਰਿਸ਼ਟੀ ਤੂੰ ਆਪ ਹੀ ਪੈਦਾ ਕੀਤੀ ਹੈ, ਤੂੰ ਆਪੇ ਹੀ ਸਾਰਿਆਂ ਵਿਚ ਸਮਾ ਰਿਹਾ ਹੈਂ।

੩. ਹਾਂ! ਤੂੰ ਸਾਰਿਆਂ ਵਿਚ ਆਪ ਹੀ ਵਿਆਪਕ ਹੋ ਰਿਹਾ ਹੈਂ, ਪਰ ਤੂੰ ਸ੍ਰਿਸ਼ਟੀ ਪੈਦਾ ਕਰ ਕੇ ਆਪ ਹੀ ਦੁਨੀਆ ਦੇ ਧੰਧਿਆਂ ਦੀ ਦੌੜ ਭੱਜ ਵਿਚ ਲਾਈ ਹੋਈ ਹੈ।

੪. ਕਈ ਜੀਵਾਂ ਨੂੰ ਤੂੰ ਆਪੇ ਹੀ ਰਾਜੇ ਬਣਾਇਆ ਹੈ ਤੇ ਕਈਆਂ ਨੂੰ ਤੂੰ ਭਿੱਖਿਆ ਮੰਗਣ ਵਿਚ ਭਵਾਇਆ ਹੋਇਆ ਹੈ।

੫. ਹੇ ਪ੍ਰਭੂ! ਤੂੰ ਲੋਭ ਅਤੇ ਮੋਹ ਨੂੰ ਮਿੱਠਾ ਬਣਾ ਦਿੱਤਾ ਹੈ, ਜਗਤ ਇਸੇ ਹੀ ਭਟਕਣਾ ਵਿਚ ਪੈ ਕੇ ਕੁਰਾਹੇ ਪੈ ਰਿਹਾ ਹੈ।

੬. ਹੇ ਸਾਈਂ ਜੀ! ਜੇ ਤੁਸੀਂ ਸਦਾ ਹੀ ਮੇਰੇ 'ਤੇ ਆਪਣੀ ਮਿਹਰ ਕਰੋ ਤਾਂ ਹੀ ਮੈਂ ਤੇਰਾ ਨਾਮ ਸਿਮਰਦਾ ਰਹਾਂ।੧।

ਅਰਥ :

ਪ੍ਰ: ਕਿਉਂ ਜੀ! ਤੁਸੀਂ ਨਾਮ ਦੀ ਇਤਨੀ ਖਿੱਚ ਕਿਉਂ ਕਰਦੇ ਹੋ?

ਉ: ੧. ਹੇ ਸਾਈਂ ਜੀ! (ਕਿਉਂਕਿ) ਉਹ ਤੇਰਾ ਨਾਮ ਸੱਚਾ (ਸਦਾ-ਥਿਰ) ਰਹਿਣ ਵਾਲਾ ਹੈ, ਜੋ ਮੈਨੂੰ ਮਨ ਵਿਚ ਸਦਾ ਹੀ ਪਿਆਰਾ ਲੱਗਦਾ ਹੈ।

ਪ੍ਰ: ਹਜ਼ੂਰ! ਗੁਰੂ ਦੁਆਰਾ ਤੁਹਾਨੂੰ ਨਾਮ ਪ੍ਰਾਪਤ ਕਰ ਕੇ ਹੁਣ ਕੀ ਪ੍ਰਤੀਤ ਹੋ ਰਿਹਾ ਹੈ?

ਉ: ੨. ਹੇ ਭਾਈਓ! ਮੈਨੂੰ ਹੁਣ ਅੰਤਰ ਆਤਮੇਂ ਇਉਂ ਪ੍ਰਤੀਤ ਹੋ ਰਿਹਾ ਹੈ ਕਿ ਉਸ ਨਾਮ ਦੁਆਰਾ ਮੇਰਾ ਸਾਰਾ ਹੀ ਦੁੱਖ ਚਲਾ ਗਿਆ ਹੈ ਅਤੇ ਮੇਰੇ ਮਨ ਵਿਚ ਸੁੱਖ ਆ ਕੇ ਸਮਾ ਰਿਹਾ ਹੈ।

ਪ੍ਰ: ਹੇ ਗੁਰੋ! ਹੁਣ ਨਾਮ ਸਿਮਰਨ ਦੀ ਬਰਕਤ ਨਾਲ ਤੁਹਾਡੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਗਈ ਹੈ?

ਉ: ੩. ਹੇ ਮਿੱਤਰੋ! ਹੁਣ ਤਾਂ ਮੈਂ ਜਿਧਰ ਵੀ ਨਿਗ੍ਹਾ ਮਾਰ ਕੇ ਤੱਕਦਾ ਹਾਂ, ਤਾਂ ਮੇਰੇ ਮਨ ਵਿਚੋਂ ਇਉਂ ਹੀ ਧੁਨੀ ਨਿਕਲਦੀ ਹੈ ਕਿ ਹੇ ਪ੍ਰਭੂ ਜੀ! ਦੇਵਤੇ ਅਤੇ ਦੇਵਤਿਆਂ ਵਰਗੇ ਭਾਗਾਂ ਵਾਲੇ ਸੁਚੱਜੇ ਸਿਆਣੇ ਮਨੁੱਖ (ਇਹ ਸਾਰੇ ਹੀ) ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦੇ ਹਨ।

੪. ਪਰ ਹਾਂ! ਜੋ ਤੇਰੇ ਮਨ ਨੂੰ ਭਾਉਂਦੇ ਹਨ (ਓਹੋ ਹੀ) ਸੁਰ ਨਰ, ਸੁਘੜ, ਸੁਜਾਨ ਤੈਨੂੰ ਗਾਉਂਦੇ ਹਨ।

ਪ੍ਰ: ਕਿਉਂ ਜੀ! ਸਾਰੇ ਹੀ ਲੋਕ ਉਸ ਦੇ ਜੱਸ ਨੂੰ ਕਿਉਂ ਨਹੀਂ ਗਾਉਂਦੇ?

ਉ: ੫. ਹੇ ਪਿਆਰਿਓ! (ਉਹ ਇਸ ਲਈ) ਕਿਉਂਕਿ, ਉਹ ਲੋਕ ਮਾਇਆ ਦੇ ਮੋਹਤ ਕੀਤੇ ਹੋਏ ਹਨ, ਉਹ ਉਸ ਨੂੰ ਸਿਮਰਦੇ ਨਹੀਂ, ਇਸੇ ਲਈ ਉਹ ਆਪਣਾ ਇਹ ਸੋਹਣਾ ਜਨਮ ਬਿਰਥਾ ਗਵਾ ਲੈਂਦੇ ਹਨ।

੬. ਹੇ ਭਾਈਓ! ਬਹੁਤੇ ਐਸੇ ਮੂਰਖ ਮਨੁੱਖ ਭੀ ਹਨ, ਜੋ ਹੇ ਪ੍ਰਭੂ ਜੀ! ਤੈਨੂੰ ਯਾਦ ਹੀ ਨਹੀਂ ਕਰਦੇ। ਉਹ ਲੋਕ ਇਹ ਨਹੀਂ ਸਮਝਦੇ ਕਿ ਜਿਹੜਾ ਜਗਤ ਵਿਚ ਜੰਮਿਆ ਹੈ, ਉਸ ਨੇ (ਆਖ਼ਰ ਇਥੋਂ) ਚਲਿਆ ਜਾਣਾ ਹੈ।

੭. (ਇਸ ਲਈ) ਹੇ ਪ੍ਰਭੂ ਜੀ! ਇਕ ਤੇਰਾ ਨਾਮ ਸਦਾ ਹੀ ਸੱਚਾ ਹੈ; ਉਹ ਤੇਰਾ ਨਾਮ ਹੀ ਮੇਰੇ ਮਨ ਵਿਚ ਸਦਾ ਪਿਆਰਾ ਲੱਗਦਾ ਹੈ।੨।

ਅਰਥ :

ਪ੍ਰ: ਹੇ ਗੁਰੋ! ਅਸੀਂ ਵੇਖਦੇ ਹਾਂ ਕਿ ਜਦ ਕਦੀ ਵੀ ਕਿਸੇ ਮਨੁੱਖ ਨੂੰ ਇਕੱਲਾਪਨ ਵਿਚ ਬੈਠਣਾ ਪਵੇ, ਤਾਂ ਉਹ ਕਿਸੇ ਨਾ ਕਿਸੇ ਸੰਸਾਰੀ ਧੰਧਿਆਂ ਦੀ ਕਲਪਣਾ ਹੀ ਕਰਦਾ ਰਹਿੰਦਾ ਹੈ, ਪਰ ਤੁਸੀਂ ਇਕੱਲਿਆਂ ਬੈਠਣ ਸਮੇਂ ਕਿਸ ਚਿਤਵਨੀ ਵਿਚ ਹੁੰਦੇ ਹੋ?

ਉ: ੧-੨. ਹੇ ਭਾਈਓ! ਮੈਂ ਤਾਂ ਇਕਾਂਤ ਵਾਸੀ ਹੋਣ ਸਮੇਂ ਇਉਂ ਹੀ ਚਿਤਵਦਾ ਰਹਿੰਦਾ ਹਾਂ ਕਿ ਹੇ ਸਾਈਂ ਜੀ! ਜਿਸ ਵੇਲੇ ਤੇਰਾ ਸਿਮਰਨ ਕੀਤਾ ਜਾਵੇ, ਉਹ ਵਕਤ ਸੁਹਾਵਣਾ ਹੈ ਤੇ ਤੇਰੀ ਬਾਣੀ ਅੰਮ੍ਰਿਤ ਰੂਪ, ਭਾਵ ਅਮਰ ਕਰਨ ਵਾਲੀ ਹੈ। ਜਿਨ੍ਹਾਂ ਬੰਦਿਆਂ ਨੂੰ ਤੇਰੇ ਨਾਮ ਦਾ ਰਸ ਆਉਂਦਾ ਹੈ, ਉਹੋ ਹੀ ਸੇਵਕ ਤੇਰਾ ਪ੍ਰੇਮ ਨਾਲ ਨਾਮ ਸਿਮਰਦੇ ਹਨ।

੩. ਹਾਂ, ਇਹ ਸੁਆਦ ਉਨ੍ਹਾਂ ਹੀ ਪ੍ਰਾਣੀਆਂ ਨੂੰ (ਮਿੱਠਾ) ਲੱਗਾ ਹੈ, ਜਿਨ੍ਹਾਂ ਨੇ ਨਾਮ ਰੂਪੀ ਅੰਮ੍ਰਿਤ ਪਾਇਆ ਹੈ।

੪. ਹੇ ਪ੍ਰਭੂ! ਜਿਹੜੇ ਬੰਦੇ ਤੇਰੇ ਨਾਮ ਵਿਚ ਜੁੜਦੇ ਹਨ, ਉਹ (ਪ੍ਰਮਾਰਥਕ ਮਾਰਗ ਦੀ ਉੱਨਤੀ ਵਿਚ) ਸਦਾ ਹੀ ਵਧਦੇ ਫੁਲਦੇ ਰਹਿੰਦੇ ਹਨ।

੫. ਪਰ ਜਿਤਨਾ ਚਿਰ ਤਕ ਹੇ ਪ੍ਰਭੂ! ਤੈਨੂੰ ਕੋਈ ਇਕ ਨੂੰ ਪਛਾਣ ਨਹੀਂ ਲੈਂਦਾ ਤਦੋਂ ਤਕ ਹੋਰ ਕੋਈ ਇਕ ਭੀ ਕਰਮ ਧਰਮ, ਕੋਈ ਇਕ ਭੀ ਸੰਜਮ ਕਿਸੇ ਅਰਥ ਨਹੀਂ, ਭਾਵ ਕਿਸੇ ਲੇਖੇ ਨਹੀਂ ਹੈ।

੬. ਹੇ ਪ੍ਰਭੂ! (ਤੇਰੇ ਸਿਮਰਨ ਦਾ) ਵੇਲਾ ਸਦਾ ਸੁਹਾਵਣਾ ਹੈ ਤੇ ਤੇਰੀ ਬਾਣੀ ਅੰਮ੍ਰਿਤ ਹੈ।੩।

ਅਰਥ :

ਪ੍ਰ: ਹੇ ਗੁਰੋ! ਹਰ ਬੰਦਾ ਉਸ ਤੋਂ ਸਦਾ ਹੀ ਕੁਰਬਾਨ ਹੁੰਦਾ ਰਹਿੰਦਾ ਹੈ, ਜਿਸ ਨਾਲ ਕਿ ਉਸ ਦੀ ਡੂੰਘੀ ਸਾਂਝ ਹੋਇਆ ਕਰਦੀ ਹੈ, ਪਰ ਤੁਸੀਂ ਕਿਸ ਤੋਂ ਕੁਰਬਾਨ ਹੁੰਦੇ ਹੋ?

ਉ: ੧. ਹੇ ਪਿਆਰਿਓ ! (ਮੈਂ ਤਾਂ ਸਦਾ ਹੀ ਉਸ ਸਾਈਂ ਜੀ ਦੇ) ਸੱਚੇ ਨਾਮ ਤੋਂ ਸੁਦਕੇ ਜਾਂਦਾ ਹਾਂ।

੨. ਹੇ ਪ੍ਰਭੂ ਜੀ ! ਮੈਨੂੰ ਯਕੀਨ ਹੈ ਕਿ ਤੇਰਾ ਰਾਜ ਕਦੇ ਨਹੀਂ ਜਾਏਗਾ।

੩. (ਕਿਉਂਕਿ) ਰਾਜ ਤਾਂ ਤੇਰਾ ਸਦਾ ਹੀ ਅਟੱਲ ਹੈ, ਇਹ ਕਦੇ ਨਹੀਂ ਜਾਏਗਾ।

੪. ਹੇ ਸਾਈਂ ਜੀ ! ਉਹੋ ਮਨੁੱਖ ਤੇਰਾ ਅਸਲ ਭਗਤ-ਸੇਵਕ ਹੈ, ਜੋ (ਤੇਰਾ ਨਾਮ ਸਿਮਰ ਕੇ) ਸਹਿਜ ਵਿਚ ਸਮਾ ਜਾਏਗਾ, ਭਾਵ ਅਡੋਲਤਾ ਵਿਚ ਟਿਕਿਆ ਰਹੇਗਾ।

ਪ੍ਰ: ਹਜ਼ੂਰ ! ਐਸੇ ਅਡੋਲਤਾ ਵਿਚ ਟਿਕਣ ਵਾਲੇ ਨੂੰ ਫਲ ਕੀ ਮਿਲਦਾ ਹੈ ?

ਉ: ੫. ਹੇ ਭਾਈਓ ! ਉਸ ਦਾਸ ਨੂੰ ਕੋਈ ਵੈਰੀ, ਕੋਈ ਦੁੱਖ, ਮੂਲੋਂ ਨਹੀਂ ਲੱਗਦਾ ਅਤੇ ਪਾਪ ਉਸ ਦੇ ਨੇੜੇ ਨਹੀਂ ਆਉਂਦਾ।

੬. ਹੇ ਪ੍ਰਭੂ ! ਮੈਂ ਤੇਰੇ ਨਾਮ ਤੋਂ ਸਦਾ ਹੀ ਸਦਕੇ ਜਾਂਦਾ ਹਾਂ।੪।

ਅਰਥ :

ਪ੍ਰ: ਹੇ ਗੁਰੋ ! ਕੀ ਜਗਤ ਵਿਚ ਭਗਤ ਪੈਦਾ ਹੋਣ ਦਾ ਭੀ ਕੋਈ ਖ਼ਾਸ ਸਮਾਂ ਨੀਯਤ ਹੈ ?

ਉ: ੧. (ਨਹੀਂ) ਹੇ ਪ੍ਰਭੂ ! ਹਰੇਕ ਯੁੱਗ ਵਿਚ ਹੀ ਤੇਰੇ ਭਗਤ ਮੌਜੂਦ ਰਹੇ ਹਨ।

੨. ਹੇ ਸੁਆਮੀ ! ਉਹ ਤੇਰੇ ਦੁਆਰਾ (ਖੜੇ ਹੋਏ) (ਸਦਾ) ਤੇਰੀ ਕੀਰਤੀ ਕਰਦੇ ਹਨ।

੩. ਤੇ ਇਕੋ ਸੱਚੇ ਪ੍ਰਭੂ ਨੂੰ ਜਪਦੇ ਰਹਿੰਦੇ ਹਨ।

੪. (ਹਾਂ) ਉਹ ਸੱਚੇ ਪ੍ਰਭੂ ਨੂੰ ਤਾਂ ਹੀ ਜਪਦੇ ਰਹਿੰਦੇ ਹਨ, ਜਦੋਂ ਤੂੰ (ਉਨ੍ਹਾਂ ਦੇ ਮਨ) ਵਿਚ ਨਾਮ ਵਸਾ ਦੇਵੇਂ।

੫. (ਹਾਂ) ਉਹ ਤਦੋਂ, ਜਦੋਂ ਤੂੰ (ਉਨ੍ਹਾਂ ਦੇ ਅੰਦਰੋਂ) ਇਹ ਭਰਮ ਭੁਲਾਵਾ ਲਾਹ ਦੇਵੇਂ ਜੋ ਤੂੰ ਆਪ ਹੀ (ਪੈਦਾ) ਕੀਤਾ ਹੋਇਆ ਹੈਂ।

੬. ਹੇ ਪ੍ਰਭੂ ! ਗੁਰੂ ਦੀ ਕਿਰਪਾ ਦੁਆਰਾ ਆਪ ਹੀ ਆਪਣੇ ਭਗਤਾਂ ਉੱਤੇ ਮਿਹਰ ਕਰਦਾ ਹੈਂ ਅਤੇ ਉਨ੍ਹਾਂ ਨੂੰ ਜਮਾਂ ਤੋਂ ਬਚਾ ਲੈਂਦਾ ਹੈਂ।

੭. ਹੇ ਸਾਈਂ ਜੀ ! ਜੁੱਗਾਂ ਜੁੱਗਾਂ ਵਿਚ ਤੇਰੇ ਭਗਤ ਮੌਜੂਦ ਰਹੇ ਹਨ। (ਜਿਵੇਂ ਤੂੰ ਆਪਣੇ ਭਗਤਾਂ ਨੂੰ ਜੁੱਗਾਂ ਜੁੱਗਾਂ ਵਿਚ ਬਚਾਉਂਦਾ ਆਇਆ ਹੈਂ, ਇਸੇ ਤਰ੍ਹਾਂ ਗੁਰੂ ਦੀ ਕਿਰਪਾ ਦੁਆਰਾ ਮੈਨੂੰ ਭੀ ਜਮਾਂ ਤੋਂ ਬਚਾ ਲਓ)।੫।

ਅਰਥ :

ਪ੍ਰ: ਹੇ ਗੁਰੋ ! ਅਸੀਂ ਕਲਜੁਗੀ ਜੀਵ ਹਾਂ, ਸਾਨੂੰ ਤਾਂ ਅਰਦਾਸ ਕਰਨ ਦੀ ਭੀ ਕੋਈ ਜਾਚ ਨਹੀਂ, ਕੋਈ ਢੰਗ ਦੱਸ ਦਿਓ।

ਉ: ੧. ਹੇ ਪਿਆਰਿਓ ! ਇਹ ਅਰਦਾਸ ਕਰਨ ਦਾ ਢੰਗ ਸਿਖਣ ਲਈ ਮੈਂ ਭੀ ਸਾਈਂ ਜੀ ਪਾਸ ਇਉਂ ਹੀ ਜੋਦੜੀ ਕਰਿਆ ਕਰਦਾ ਹਾਂ ਕਿ ਹੇ ਮੇਰੇ ਵੱਡੇ ਸਾਹਿਬ ! ਹੇ ਅਦ੍ਰਿਸ਼ਟ ਤੇ ਅਪਾਰ (ਸਾਈਂ ਜੀਉ)।

੨. (ਦੱਸੋ ਮੈਂ ਤੁਸਾਂ ਅੱਗੇ) ਬੇਨਤੀ ਕਿਸ ਤਰ੍ਹਾਂ ਕਰਾਂ, (ਕਿਉਂਕਿ) ਮੈਨੂੰ ਤਾਂ ਬੇਨਤੀ ਕਰਨ ਦੀ ਜਾਚ ਹੀ ਕੋਈ ਨਹੀਂ।

੩. (ਹਾਂ) ਜੇ ਤੂੰ ਕ੍ਰਿਪਾ ਦ੍ਰਿਸ਼ਟੀ ਕਰੇਂ, ਮੈਂ ਤਾਂ ਹੀ ਤੇਰੇ ਸਦਾ ਸੱਚ ਸਰੂਪ ਨਾਮ ਨੂੰ ਪਛਾਣ ਸਕਦਾ ਹਾਂ।

੪. (ਹਾਂ) ਤੇਰੇ ਸਦਾ ਕਾਇਮ ਰਹਿਣ ਵਾਲੇ ਸੱਚੇ ਨਾਮ ਨੂੰ (ਮੈਂ) ਤਦੋਂ ਹੀ ਪਛਾਣ ਸਕਦਾ ਹਾਂ, ਜਦੋਂ ਤੂੰ (ਮੈਨੂੰ) ਆਪ ਹੀ ਸੋਝੀ ਬਖ਼ਸ਼ੇਂ, ਭਾਵ ਇਸ ਦੀ ਕਦਰ ਮੈਂ ਤਾਂ ਹੀ ਕਰ ਸਕਾਂਗਾ, ਜਦੋਂ ਤੇਰੀ ਬਖ਼ਸ਼ਸ਼ ਹੋਵੇ।

੫. ਹੇ ਮੇਰੇ ਸਾਈਂ ਜੀ ! ਇਹ ਦੁੱਖ ਭੁੱਖ ਸਹਸਾ (ਜੋ ਤੁਸਾਂ) ਸੰਸਾਰ ਵਿਚ ਆਪ ਹੀ ਬਣਾਏ ਹੋਏ ਹਨ, (ਕਿਰਪਾ ਕਰ ਕੇ) ਇਨ੍ਹਾਂ ਨੂੰ ਦੂਰ ਕਰ ਦਿਓ।

੬. (ਗੁਰੂ) ਨਾਨਕ ਦੇਵ ਜੀ ਬੇਨਤੀ ਪੂਰਵਕ ਕਹਿੰਦੇ ਹਨ ਕਿ ਹੇ ਭਾਈਓ ! ਜਦੋਂ ਮਨੁੱਖ ਗੁਰੂ ਦੇ ਸ਼ਬਦ ਦੀ ਵੀਚਾਰ ਨੂੰ ਸਮਝਦਾ ਹੈ ਤਾਂ ਇਸ ਦੇ ਅੰਦਰੋਂ ਦੁੱਖ ਭੁੱਖ ਆਦਿਕ ਸਭ ਸੰਸਾ ਦੂਰ ਹੋ ਜਾਂਦਾ ਹੈ।

੭. (ਕਿਉਂਕਿ) ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਇਸ ਨੂੰ ਇਹ ਦਿੱਸ ਪੈਂਦਾ ਹੈ ਕਿ ਆਪ ਉਹ ਸਾਈਂ ਜੀ ਅਲਖ ਹੈ ਅਤੇ ਅਪਾਰ ਹੈ, (ਪਰ ਜੀਵਾਂ ਲਈ) ਉਹ ਵੱਡਾ ਸਾਹਿਬ ਹੈ।੬।

ਅਰਥ :

ਪ੍ਰ: ਸ੍ਰੀ ਜੀਓ ! ਸ਼ਬਦ ਦੀ ਵੀਚਾਰ ਦੁਆਰਾ ਜਿਸ ਦਰਸ਼ਕ ਨੂੰ ਉਹ ਸਾਈਂ ਜੀ ਹਰ ਥਾਂ ਸੂਖਮ ਰੂਪ ਵਿਚ ਵਿਆਪਕ ਪ੍ਰਤੀਤ ਹੋਣ ਲੱਗ ਪੈਂਦਾ ਹੈ, ਤਾਂ ਕੀ ਉਹ ਉਸ ਨੂੰ ਕਦੀ ਸਰਗੁਣ ਸਰੂਪ ਵਿਚ ਭੀ ਸਾਖਯਾਤ ਹੋ ਦੀਦਾਰ ਦੇਂਦਾ ਹੈ ?

ਉ: (ਹਾਂ ਜ਼ਰੂਰ ਦੇਂਦਾ ਹੈ) ਹੇ ਪਿਆਰਿਓ ! ਜਦੋਂ ਦਰਸ਼ਨ ਅਭਿਲਾਖੀ ਸਾਈਂ ਜੀ ਦੇ ਸਨਮੁਖ ਹੋ ਹਰੀ ਚਰਨਾਂ ਵਿਚ ਇਉਂ ਸਨਿਮਰ ਜੋਦੜੀ ਕਰਦਾ ਹੈ ਕਿ ਹੇ ਅਲੱਖ ਅਪਾਰ ! ਹੇ ਅਰੂਪ ਤੇ ਸਰਵ ਕਲਾ ਸਮਰੱਥ ਸਾਈਂ ਜੀਉ ! ਹੇ ਪ੍ਰੀਤਮ ਜੀ ! ਕਦੀ ਰੂਪਵਾਨ ਹੋ ਕੇ ਭੀ ਆਓ, ਕਦੀ ਪ੍ਰਤੱਖ ਜਾਮਾ ਪਹਿਨ ਕੇ ਵੀ ਦਰਸ਼ਨ ਦਿਓ। ਇਨ੍ਹਾਂ ਰੂਪ ਲਈ ਤਰਸ ਰਹੇ ਨੈਨਾਂ ਦੀ ਤਪਸ਼ ਨੂੰ ਦੂਰ ਕਰੋ ਅਤੇ ਮੇਰੇ ਦਿਲ ਦੀ ਤੜਫ ਮਿਟਾਓ ਜੀ। ਇਉਂ ਖਿੱਚ ਭਰੇ ਅਰਮਾਨਾਂ ਸਹਿਤ ਪ੍ਰੇਮ ਭਰੀ ਜੋਦੜੀ ਨੇਤਰ ਬੰਦ ਕੀਤੇ ਹੋਇਆਂ ਹੋ ਹੀ ਰਹੀ ਸੀ ਕਿ ਦਰਦਾਂ ਭਰੇ ਦਿਲ ਵਿਚੋਂ ਸੂਖਮ ਜਹੀ ਇਉਂ ਆਵਾਜ਼ ਆਈ—ਆ ਗਏ। ਬੱਸ ਵੈਰਾਗ ਭਰੇ ਨੇਤਰ ਖੁਲ੍ਹੇ। ਕੀ ਤਕਿਆ ਸੱਚ ਮੁੱਚ ਹੀ ਆ ਗਏ। ਭਾਵੇਂ ਹੈ ਤਾਂ ਉਹ ਅਰੂਪ, ਪਰ ਸਾਧਕਾਂ ਦੀ ਸੱਧਰ ਪੂਰੀ ਕਰਨ ਲਈ ਉਸ ਨੂੰ ਰੂਪਵਾਨ ਹੋ ਪ੍ਰਤੱਖ ਵੀ ਦਰਸ਼ਨ ਦੇਣਾ ਪੈਂਦਾ ਹੈ। ਸਾਹਮਣੇ ਕੋਟਾਨ ਕੋਟ ਸੂਰਜਾਂ ਤੋਂ ਵੱਧ ਸ਼ਾਂਤੀ ਪ੍ਰਦਾਨ ਕਰਨ ਵਾਲੇ ਪ੍ਰਕਾਸ਼ ਨੂੰ ਤੱਕਿਆ ਅਤੇ ਪ੍ਰੇਮ ਭਿੱਜੀ ਆਵਾਜ਼ ਦਿਲ ਦੀਆਂ ਡੂੰਘਾਈਆਂ ਵਿਚੋਂ ਇਉਂ ਨਿਕਲੀ—ਵਾਹ ਮੇਰੇ ਸੁੰਦਰਾਂ ਦੇ ਸੁੰਦਰ।

ਉ: ੧. ਤੇਰੇ ਨੈਣ ਬਾਂਕੇ ਹਨ, ਤੇਰੇ ਦੰਦ ਸੁਹਾਵਣੇ ਹਨ, ਸੁੰਦਰ ਹਨ।
੨. ਤੇਰਾ ਨੱਕ ਭੀ ਸੋਹਣਾ ਹੈ, ਜਿਸ ਤਰ੍ਹਾਂ ਇਹ ਅੰਗ ਸੋਹਣੇ ਹਨ, ਉਸੇ ਤਰ੍ਹਾਂ ਲੰਮੇਂ ਕੇਸ ਵੀ ਸੋਹਣੇ ਹਨ।
੩. ਤੇਰੀ ਕਾਇਆ ਇਉਂ ਦਮਕਦੀ ਹੈ ਜਿਵੇਂ ਕਿ ਢਲੇ ਹੋਏ ਸੋਨੇ ਦੀ ਬਣੀ ਹੋਈ ਹੈ।
੪. ਹਾਂ ਤੇਰੀ ਦੇਹ, ਢਲੇ ਹੋਏ ਸੋਨੇ ਦੀ (ਬਣੀ) ਹੈ, ਤੇਰੇ ਗਲੇ ਵਿਚ ਕ੍ਰਿਸ਼ਨ ਵਾਲੀ ਮਾਲਾ ਹੈ। ਹੇ ਸਹੇਲੀਓ! ਆਓ ਦਰਸ਼ਨ ਕਰੋ ਅਤੇ ਮੇਰੀ ਸਿੱਖਿਆ ਸੁਣੋ, ਤੁਸੀਂ ਵੀ ਇਸ ਨੂੰ ਜਪੋ।

ਪ੍ਰ: ਕਿਉਂ ਜੀ! ਕੀ ਸਾਨੂੰ ਵੀ ਇਸ ਤਰ੍ਹਾਂ ਜਪਣ ਨਾਲ ਕੁਝ ਲਾਭ ਹਾਸਲ ਹੋਵੇਗਾ?

ਉ: ੫. (ਹਾਂ) ਜ਼ਰੂਰ ਹੋਵੇਗਾ, ਹੇ ਜੀਵ ਰੂਪੀ ਇਸਤ੍ਰੀਓ! ਭਾਵ ਗੁਰਸਿੱਖੋ! ਜੇ ਤੁਸੀਂ ਉਸ ਅਰੋਗ ਤੇ ਸਡੌਲ ਸਰੂਪ ਵਾਲੇ ਵਿਆਪਕ ਸਿਰਜਨਹਾਰ ਦਾ ਨਾਮ ਜਪੋਗੀਆਂ ਤਾਂ (ਤੁਸੀਂ ਅੰਤ ਵੇਲੇ) ਜਮਰਾਜ ਦੇ ਦਰਵਾਜ਼ੇ 'ਤੇ ਖੜੀਆਂ ਨਹੀਂ ਹੋਵੋਗੀਆਂ (ਲੇਖਾ ਦੇਣ ਲਈ)।
੬. ਹੇ ਸਹੇਲੀਓ! ਗੁਰਸਿੱਖੋ! ਮੇਰੀ ਇਹ ਸਿੱਖਿਆ ਸੁਣੋ ਕਿ ਵਾਹਿਗੁਰੂ ਦਾ ਸਿਮਰਨ ਕਰਨ ਦੀ ਬਰਕਤ ਨਾਲ, ਮਨ ਦਾ ਜਾਲਾ ਲਹਿ ਜਾਂਦਾ ਹੈ, ਮਨ ਦੀ ਮੈਲ ਲਹਿ ਜਾਂਦੀ ਹੈ। ਹੇ ਸਹੇਲੀਓ! ਸਾਈਂ ਜੀ ਦੇ ਨਾਮ ਸਿਮਰਨ ਨਾਲ ਬਗਲਿਆਂ ਤੋਂ ਬਗਲੇ, (ਭਾਵ ਮਹਾਂ ਪਖੰਡੀ) ਹੰਸਾਂ ਦੇ ਹੰਸ, ਅਰਥਾਤ ਪੂਰਨ ਸੰਤ ਬਣ ਜਾਂਦੇ ਹਨ, ਭਾਵ ਉੱਚੇ ਜੀਵਨ ਵਾਲੇ ਗੁਰਮੁਖ ਬਣ ਜਾਂਦੇ ਹਨ।

ਪ੍ਰ: ਕਿਉਂ ਜੀ! ਗੁਰਮੁਖ ਬਣਨ ਦਾ ਅਸਲ ਕਾਰਣ ਕੀ ਬਣਿਆ?

ਉ: ੭. ਹੇ ਭਾਈਓ! (ਉਸ ਦੇ ਦਰਸ਼ਨ ਕਰ ਕੇ ਜਿਸਦੇ ਕਿ) ਬਾਂਕੇ ਨੈਣ ਤੇ ਸੁੰਦਰ ਦੰਦ ਹਨ।੭।

ਅਰਥ :

੧. ਹੇ ਭਾਈ! ਉਸ ਅਸਚਰਜ ਸਰੂਪ ਦੇ ਦਰਸ਼ਨ ਕਰਕੇ ਸਾਧਕ ਦੀ ਪ੍ਰੇਮ ਭਿੱਜੀ ਅੰਤਰ ਆਤਮਾ ਵਿਚੋਂ ਮਹਿਮਾ ਭਰੇ ਸ਼ਬਦ ਬਾਰ-ਬਾਰ ਇਉਂ ਹੀ ਨਿਕਲੀ ਜਾ ਰਹੇ ਹਨ—ਹੇ ਸਾਈਂ ਜੀਉ! ਤੇਰੀ (ਮਸਤ ਹਾਥੀ ਵਾਂਗ) ਚਾਲ ਬਹੁਤ ਸੁਹਾਵਣੀ ਹੈ, (ਤੇਰੀ) ਬਾਣੀ ਮਿੱਠੀ ਹੈ।
੨. (ਮਾਨੋਂ) ਕੋਇਲਾਂ ਕੂਕਦੀਆਂ ਹਨ, (ਤੇਰੀ ਉਪਮਾ) ਚੜ੍ਹਦੀ ਜੁਆਨੀ (ਵਾਲੀ ਆਪ ਦੀ ਅਵਸਥਾ ਹੈ)
੩. ਆਪ ਦੀ ਚੜ੍ਹਦੀ ਜੁਆਨੀ (ਮੈਨੂੰ) ਭਾਉਂਦੀ ਹੈ, (ਕਿਰਪਾ ਕਰਕੇ ਮੇਰੇ) ਮਨ ਦੀ ਇੱਛਾ ਭੀ ਪੂਰੀ ਕਰੋ।
੪. (ਆਪ) (ਸੰਧੂਰੇ) ਹਾਥੀ ਵਾਂਗੂੰ ਠੁਮਕ-ਠੁਮਕ ਪੈਰ ਧਰ ਕੇ ਆਪਣੇ ਆਪ ਵਿਚ (ਸੰਧੂਰਏ) ਮਸਤ ਚਾਲ ਚਲ ਰਹੇ ਹੋ।
੫. ਹੇ ਸਾਈਂ ਜੀ! ਜੋ ਜੀਵ ਰੂਪ ਇਸਤ੍ਰੀ (ਸ੍ਰੀ ਜੀ ਦੇ) ਪ੍ਰੇਮ ਰੰਗ ਵਿਚ ਰਤੀ ਗਈ ਹੈ, ਉਹ ਪੂਰਨ ਮਸਤ ਫਿਰਦੀ ਹੈ, (ਅਤੇ ਉਸਦੀ) (ਵਾਣੀ) ਬਾਣੀ ਗੰਗਾ ਦੇ (ਉਦਕ) ਪਾਣੀ ਵਾਂਗੂੰ (ਮਸਤ ਚਾਲ ਚਲਦੀ ਹੈ)।
੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਦਾਸ ਬੇਨਤੀ ਕਰਦਾ ਹੈ, ਤੇਰੀ ਚਾਲ ਸੁਹਾਵੀ ਹੈ ਅਤੇ ਬਾਣੀ ਮਿੱਠੀ ਹੈ।੮।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨੇ 'ਤੇਰਾ' 'ਤੂੰ' 'ਤੁਝ' 'ਤੇਰੇ' 'ਤੁਮਾਰੇ' ਆਦਿ ਨਾਮ ਵਰਤੇ ਹਨ, ਪਰ ਇਹ ਨਾਮ ਕਿਸ ਸੰਗਿਆ ਦੇ ਹਨ, ਉਹ ਅੱਗੇ ਚਲ ਕੇ 'ਮੁਰਾਰੇ' ਦਾ ਇਸ਼ਾਰਾ ਕੀਤਾ ਹੈ, ਪਰ ਇਸ ਮੁਰਾਰੇ ਸ਼ਬਦ ਨੂੰ ਖੋਹਲ ਕੇ ਦਰਸਾਇਆ ਹੈ ਕਿ ਇਹ ਮੁਰਾਰੀ ਉਹ ਨਹੀਂ, ਜੋ ਮੁਰ ਦੈਂਤ ਨੂੰ ਮਾਰਨ ਵਾਲਾ ਅਵਤਾਰ ਹੋਇਆ ਹੈ। ਉਸ ਦਾ ਖ਼ੁਲਾਸਾ ਕਰਦਿਆਂ 'ਸਾਚੇ ਮੁਰਾਰੀ' ਆਖਿਆ ਹੈ ਕਿ ਜੋ ਸਰਬੇ ਸਮਾਣਾ ਵੀ ਹੈ, ਭਾਵ ਸਰਵ ਵਿਆਪਕ ਪ੍ਰਭੂ ਹੈ।

ਵਡਹੰਸੁ ਮਹਲਾ ੩ ਛੰਤ

ੴ ਸਤਿਗੁਰ ਪ੍ਰਸਾਦਿ ॥

੧. ਆਪਣੇ ਪਿਰ ਕੈ ਰੰਗਿ ਰਤੀ ਮੁਈਏ
ਸੋਭਾਵੰਤੀ ਨਾਰੇ ॥
੨. ਸਚੈ ਸਬਦਿ ਮਿਲਿ ਰਹੀ ਮੁਈਏ
ਪਿਰੁ ਰਾਵੇ ਭਾਇ ਪਿਆਰੇ ॥
੩. ਸਚੈ ਭਾਇ ਪਿਆਰੀ ਕੰਤਿ ਸਵਾਰੀ
ਹਰਿ ਹਰਿ ਸਿਉ ਨੇਹੁ ਰਚਾਇਆ ॥
੪. ਆਪੁ ਗਵਾਇਆ ਤਾ ਪਿਰੁ ਪਾਇਆ
ਗੁਰ ਕੈ ਸਬਦਿ ਸਮਾਇਆ ॥
੫. ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ
ਅੰਤਰਿ ਪ੍ਰੀਤਿ ਪਿਆਰੀ ॥
੬. ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ
ਸਾਚੈ ਸਾਹਿ ਸਵਾਰੀ ॥੧॥

ਪਦ ਅਰਥ : ਪਿਰ—ਪਤੀ। ਕੈ ਰੰਗਿ—ਦੇ ਪ੍ਰੇਮ ਰੰਗ ਵਿਚ। ਰਤੀ—ਰੰਗੀ ਹੋਈ। ਮੁਈਏ—ਹੇ ਮੁਈਏ! ਹੇ ਮਾਇਆ ਦੇ ਮੋਹ ਵਲੋਂ ਅਛੋਹ ਹੋ ਚੁੱਕੀਏ। ਨਾਰੇ—ਹੇ ਜੀਵ-ਇਸਤ੍ਰੀਏ। ਸਚੈ—ਸਦਾ-ਥਿਰ ਪ੍ਰਭੂ ਵਿਚ। ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਰਾਵੇ—ਮਾਣਦਾ, ਮਿਲਿਆ ਹੋਇਆ। ਭਾਇ—ਪ੍ਰੇਮ ਦੇ ਕਾਰਣ। ਕੰਤਿ—ਕੰਤ ਨੇ। ਸਿਉ—ਨਾਲ। ਨੇਹੁ—ਪ੍ਰੇਮ। ਆਪੁ—ਆਪਾ ਭਾਵ। ਸਾ ਧਨ—ਜੀਵ-ਇਸਤ੍ਰੀ। ਸੁਹਾਈ—ਸੋਹਣੇ ਜੀਵਨ ਵਾਲੀ। ਕਸਾਈ—ਖਿੱਚੀ ਹੋਈ। ਪ੍ਰੇਮ ਕਸਾਈ—ਪ੍ਰੇਮ ਦੀ ਖਿੱਚੀ ਹੋਈ। ਪਿਰਿ—ਪਿਰ ਨੇ। ਸਾਹਿ—ਸਾਹਿ, ਸ਼ਾਹ ਨੇ।੧।

ਅਰਥ :

(ਹਜ਼ੂਰ ਜੀ) ਕਿਸੇ ਜੀਵ ਰੂਪ ਗੁਣਵੰਤੀ ਇਸਤ੍ਰੀ ਨੂੰ ਤੱਕ ਕੇ ਸਰਬ ਜੀਵਾਂ ਪ੍ਰਤੀ ਪਿਆਰ ਭਰਿਆ ਸਾਂਝਾ ਉਪਦੇਸ਼ ਉਚਾਰਨ ਕਰਦੇ ਹਨ।
੧. ਹੇ ਪਿਆਰੀ, ਮਾਇਆ ਦੇ ਮੋਹ ਵਲੋਂ ਅਛੋਹ ਹੋ ਚੁੱਕੀ, ਜੀਵ ਰੂਪੀ ਇਸਤ੍ਰੀਏ। ਤੂੰ ਸੋਭਾ ਵਾਲੀ ਹੋ ਗਈ ਏਂ, (ਕਿਉਂਕਿ) ਤੂੰ ਆਪਣੇ ਪ੍ਰਭੂ ਪਤੀ ਦੇ ਪ੍ਰੇਮ ਰੰਗ ਵਿਚ ਰੰਗੀ ਗਈ ਹੈਂ।

੨. ਹੇ ਸੱਚੇ ਸ਼ਬਦ ਵਿਚ ਮਿਲੀ ਰਹਿਣ ਵਾਲੀ ਪਿਆਰੀਏ! ਤੂੰ ਪ੍ਰਭੂ ਪਤੀ ਦੇ ਅਨੰਦ ਨੂੰ ਪਿਆਰ ਨਾਲ ਮਾਣ ਰਹੀ ਹੈਂ।

੩. ਹੇ ਬੀਬੀਏ! ਤੂੰ ਹਰਿ ਹਰਿ ਨਾਮ ਨਾਲ ਨੇਹੁ ਲਗਾਇਆ ਹੋਇਆ ਹੈ, ਤਾਂਹੀਏ ਤੂੰ ਸੱਚੇ ਪ੍ਰੇਮ ਕਰ ਕੇ ਕੰਤ ਦੀ ਸਵਾਗੀ ਹੋਈ ਹੈਂ।

ਪ੍ਰ: (ਕਿਉਂ ਜੀ) ਪਤੀ ਪਰਮੇਸ਼ਰ ਨੂੰ ਪ੍ਰਾਪਤ ਕਰਨ ਦਾ ਅਸਲ ਕਾਰਨ ਕੀ ਹੋਇਆ?

ਉ: ੪. ਹੇ ਭਾਈਓ! ਜਦੋਂ ਵੀ ਕਿਸੇ ਜੀਵ ਰੂਪ ਇਸਤ੍ਰੀ ਨੇ ਆਪਣੇ ਅੰਦਰੋਂ ਆਪਾ-ਭਾਵ ਗਵਾ ਲਿਆ, ਤਦ ਉਸ ਨੇ ਆਪਣੇ ਅੰਦਰੋਂ ਹੀ ਪ੍ਰਭੂ ਪਤੀ ਨੂੰ ਲੱਭ ਲਿਆ। ਗੁਰੂ ਦੇ ਸ਼ਬਦ ਦੀ ਬਰਕਤ ਨਾਲ (ਉਸ ਦਾ ਮਨ ਪ੍ਰਭੂ ਵਿਚ) ਲੀਨ ਹੋ ਗਿਆ।

੫. ਹੇ ਭਾਈ! ਪਤੀ ਪਰਮੇਸ਼ਰ ਦਾ ਇਹ ਬਿਰਦ ਹੈ ਕਿ ਜਿਸ ਇਸਤ੍ਰੀ ਨੂੰ ਸ਼ਬਦ ਦੁਆਰਾ ਪ੍ਰੇਮ ਦੀ ਖਿੱਚ ਪਈ ਹੈ, ਜਿਸ ਦੇ ਅੰਦਰ ਪਤੀ ਦੀ ਹੀ ਪ੍ਰੀਤ ਪਿਆਰੀ ਹੋ ਗਈ ਹੈ, ਉਹ ਇਸਤ੍ਰੀ ਪਤੀ ਪਰਮੇਸ਼ਰ ਨੇ ਆਪਣੇ ਆਪ ਨਾਲ ਮੇਲ ਲਈ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਉਹ ਸੱਚੇ ਸਾਹਿਬ ਨੇ ਆਪ ਹੀ ਸਵਾਰ ਲਈ ਹੈ।੧।

੧. ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ ॥
੨. ਗੁਰਮੁਖਿ ਜਿਨੀ ਰਾਵਿਆ ਮੁਈਏ
ਪਿਰੁ ਰਵਿ ਰਹਿਆ ਭਰਪੂਰੇ ਰਾਮ ॥
੩. ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ
ਜੁਗਿ ਜੁਗਿ ਏਕੋ ਜਾਤਾ ॥
੪. ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ
ਮਿਲਿਆ ਕਰਮ ਬਿਧਾਤਾ ॥
੫. ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ
ਹਰਿ ਸਰਿ ਰਹੀ ਭਰਪੂਰੇ ॥
੬. ਨਾਨਕ ਕਾਮਣਿ ਸਾ ਪਿਰ ਭਾਵੈ
ਸਬਦੇ ਰਹੈ ਹਦੂਰੇ ॥੨॥

ਪਦ ਅਰਥ : ਨਿਰਗੁਣਵੰਤੜੀਏ—ਹੇ ਗੁਣਾਂ ਤੋਂ ਸਖਣੀ ਜਿੰਦੇ। ਹਦੂਰੇ—ਹਾਜ਼ਰ ਨਾਜ਼ਰ, ਅੰਗ ਸੰਗ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਰਾਵਿਆ—ਹਿਰਦੇ ਵਿਚ ਵਸਾਇਆ ਹੈ। ਮੁਈਏ—ਵੇਖ ਨੀ ਮੁਈਏ, ਮੌਤ ਸਹੇੜ ਰਹੀਏ ਮੁਈਏ। ਰਵਿ ਰਹਿਆ—ਵਿਆਪਕ ਹੈ। ਹਜੂਰੇ—ਅੰਗ ਸੰਗ। ਜੁਗਿ ਜੁਗਿ—ਹਰੇਕ ਜੁਗ ਵਿਚ। ਏਕੋ—ਇਕ ਪ੍ਰਭੂ ਹੀ। ਜਾਤਾ—ਪ੍ਰਸਿੱਧ। ਧਨ—ਜੀਵ-ਇਸਤ੍ਰੀ। ਬਾਲੀ—ਬਾਲ ਸੁਭਾਵ ਵਾਲੀ। ਭੋਲੀ—ਭੋਲੇ ਸੁਭਾਵ ਵਾਲੀ, ਬਾਲਕ ਵਾਂਗੂੰ ਆਲੀ ਭੋਲੀ। ਸਹਜਿ—ਅਡੋਲਤਾ ਵਿਚ, ਸੁਭਾਵਕ ਹੀ। ਕਰਮ ਬਿਧਾਤਾ—ਜੀਵਾਂ ਦੇ ਕਰਮਾਂ ਅਨੁਸਾਰ ਫਲ ਪ੍ਰਦਾਤਾ। ਜਿਨਿ—ਜਿਸਨੇ, ਗੁਰੂ ਦੇ ਸ਼ਬਦ ਦੀ ਰਾਹੀਂ। ਸੁਭਾਖਿਆ—ਉਚਾਰਿਆ, ਸਿਫ਼ਤਿ-ਸਾਲਾਹ ਕੀਤੀ। ਹਰਿ ਸਰਿ—ਹਰੀ ਸਰੋਵਰ ਵਿਚ। ਕਾਮਣਿ—ਜੀਵ-ਇਸਤ੍ਰੀ। ਸਾ—ਉਹ। ਪਿਰ ਭਾਵੈ—ਪਿਰ ਨੂੰ ਚੰਗੀ ਲੱਗਦੀ ਹੈ।੨।

ਅਰਥ :

ਪ੍ਰ: ਹਜ਼ੂਰ ਜੀਉ! ਜਿਥੇ ਆਪ ਜੀ ਨੇ ਸੋਭਾਵੰਤੀ ਜੀਵ ਰੂਪ ਇਸਤ੍ਰੀ ਨੂੰ ਉਪਦੇਸ਼ ਦਿੱਤਾ ਹੈ, ਉਥੇ ਔਗੁਣਵੰਤੀ ਨੂੰ ਭੀ ਸਿੱਖਿਆ ਬਖ਼ਸ਼ੋ।

ਉ: ੧. (ਹੁਣ ਆਪ ਔਗੁਣਵੰਤੀ ਨੂੰ ਸਿੱਖਿਆ ਦੇ ਰਹੇ ਹਨ) ਹੇ ਗੁਣਾਂ ਤੋਂ ਹੀਣੀ ਜੀਵ ਰੂਪ ਪਿਆਰੀ ਇਸਤ੍ਰੀਏ (ਤੂੰ ਆਪਣੇ) ਪਤੀ ਪਰਮੇਸ਼ਰ ਨੂੰ ਹਾਜ਼ਰ ਹਜ਼ੂਰ ਅੰਗ ਸੰਗ ਕਰ ਕੇ ਜਾਣਿਆ ਕਰ।

ਪ੍ਰ: ਕਿਉਂ ਜੀ! ਜਿਨ੍ਹਾਂ ਜੀਵ ਰੂਪ ਇਸਤ੍ਰੀਆਂ ਨੇ ਉਸ ਪ੍ਰਭੂ ਪਤੀ ਨੂੰ ਹਿਰਦੇ ਵਿਚ ਵਸਾਇਆ ਹੈ, ਉਨ੍ਹਾਂ ਦੀ ਪਛਾਣ ਕੀ ਹੈ?

ਉ: ੨. ਹੇ ਪਿਆਰੀਏ! ਜਿਨ੍ਹਾਂ ਨੇ ਗੁਰੂ ਦੁਆਰਾ ਪਤੀ ਪਰਮੇਸ਼ਰ ਨੂੰ ਹਿਰਦੇ ਅੰਦਰ ਵਸਾਇਆ ਹੈ, ਉਸ ਦੇ ਅਨੰਦ ਨੂੰ ਮਾਣਿਆ ਹੈ, ਉਨ੍ਹਾਂ ਨੇ ਤਾਂ ਇਉਂ ਪ੍ਰਤੀਤ ਕਰ ਲਿਆ ਹੈ ਕਿ ਉਹ ਪਤੀ ਪਰਮੇਸ਼ਰ ਜ਼ੱਰੇ-ਜ਼ੱਰੇ ਵਿਚ ਵਿਆਪਕ ਹੋ ਰਿਹਾ ਹੈ।

੩. (ਉਨ੍ਹਾਂ ਨੇ) ਪਰਮੇਸ਼ਰ ਪਤੀ ਨੂੰ ਵਿਆਪਕ ਹੋ ਰਿਹਾ, ਭਰਪੂਰ ਹੋ ਰਿਹਾ, ਹਾਜ਼ਰ ਹਜ਼ੂਰ ਵੇਖ ਲਿਆ, ਉਸੇ ਨੂੰ ਉਨ੍ਹਾਂ ਨੇ ਹਰੇਕ ਜੁੱਗ ਵਿਚ (ਜੀਉਂਦਾ ਜਾਗਦਾ) ਪ੍ਰਸਿੱਧ ਤੱਕ ਲਿਆ ਹੈ।

ਪ੍ਰ: ਕਿਉਂ ਜੀ! ਉਸ ਨੂੰ ਹੋਰ ਕੀ ਫਲ ਮਿਲਦਾ ਹੈ?

ਉ: ੪. ਹੇ ਭਾਈ! ਜਿਹੜੀ ਜੀਵ ਰੂਪ ਇਸਤ੍ਰੀ ਬਾਲ ਸੁਭਾਵ ਕਰਕੇ, ਭਾਵ ਭੋਲੇ ਸੁਭਾਵ ਵਾਲੀ ਬਣ ਕੇ ਪਤੀ ਨੂੰ ਸਹਿਜੇ ਹੀ ਜਤਨ ਤੋਂ ਬਿਨਾ ਮਾਣਦੀ ਹੈ, ਉਸ ਨੂੰ ਕਰਮ ਫਲ ਦਾਤਾ ਪਰਮੇਸ਼ਰ ਆਪੇ ਹੀ ਆ ਮਿਲਦਾ ਹੈ।

੫. ਹੇ ਪਿਆਰੀਏ! ਇਸ ਜੀਵ ਰੂਪ ਇਸਤ੍ਰੀ ਨੇ ਹਰੀ ਦੇ ਨਾਮ ਦਾ ਰਸ ਚੱਖ ਲਿਆ ਹੈ। ਜਿਸ ਨੇ ਗੁਰੂ ਦੇ ਸ਼ਬਦ ਰਾਹੀਂ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨੀ ਆਰੰਭ ਕਰ ਦਿੱਤੀ ਹੈ, ਉਹ ਤਾਂ ਉਸ 'ਹਰੀ ਸਰੋਵਰ' ਪ੍ਰਭੂ ਵਿਚ ਹਰ ਵੇਲੇ ਚੁੱਭੀ ਲਾਈ ਰੱਖਦੀ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੀਏ! ਹਰੀ ਪਤੀ ਨੂੰ ਤਾਂ ਉਹੋ ਇਸਤ੍ਰੀ ਭਾਉਂਦੀ ਹੈ, ਜੋ ਗੁਰੂ ਦੇ ਸ਼ਬਦ ਰਾਹੀਂ ਹਰ ਵੇਲੇ ਉਸੇ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ।੨।

੧. ਸੋਹਾਗਣੀ ਜਾਇ ਪੂਛਹੁ ਮੁਈਏ
ਜਿਨੀ ਵਿਚਹੁ ਆਪੁ ਗਵਾਇਆ ॥
੨. ਪਿਰ ਕਾ ਹੁਕਮੁ ਨ ਪਾਇਓ ਮੁਈਏ
ਜਿਨੀ ਵਿਚਹੁ ਆਪੁ ਨ ਗਵਾਇਆ ॥
੩. ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ
ਰੰਗ ਸਿਉ ਰਲੀਆ ਮਾਣੈ ॥
੪. ਸਦਾ ਰੰਗਿ ਰਾਤੀ ਸਹਜੇ ਮਾਤੀ
ਅਨਦਿਨੁ ਨਾਮੁ ਵਖਾਣੈ ॥

੫. ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ
ਹਰਿ ਕਾ ਪ੍ਰੇਮੁ ਸੁਭਾਇਆ ॥
੬. ਨਾਨਕ ਕਾਮਣਿ ਸਹਜੇ ਰਾਤੀ
ਜਿਨਿ ਸਚੁ ਸੀਗਾਰੁ ਬਣਾਇਆ ॥੩॥

ਪਦ ਅਰਥ : ਸੁਹਾਗਣੀ—ਉਹ ਜੀਵ ਰੂਪ ਇਸਤ੍ਰੀਆਂ ਜਿਨ੍ਹਾਂ ਨੇ ਪ੍ਰਭੂ ਪਤੀ ਨੂੰ ਪ੍ਰਸੰਨ ਕਰ ਲਿਆ ਹੈ। ਜਾਇ—ਜਾ ਕੇ। ਮੁਈਏ—ਪਿਆਰੀ। ਆਪੁ—ਆਪਾ ਭਾਵ। ਰੰਗ ਸਿਉ—ਅਨੰਦ ਨਾਲ। ਰੰਗਿ—ਪ੍ਰੇਮ ਰੰਗ ਵਿਚ। ਰਾਤੀ—ਰੰਗੀ ਹੋਈ। ਮਾਤੀ—ਮਸਤ। ਅਨਦਿਨੁ—ਹਰ ਰੋਜ਼, ਹਰ ਵੇਲੇ। ਸੁਭਾਇਆ—ਪਸੰਦ ਆਇਆ। ਜਿਨਿ—ਜਿਸ ਨੇ। ਸਚੁ—ਸਦਾ ਸਥਿਰ ਹਰੀ ਨਾਮ।੩।

ਅਰਥ :

ਪ੍ਰ: ਹਜ਼ੂਰ! ਮੈਂ ਕਿਸ ਤੋਂ ਜਾ ਕੇ ਪੁੱਛਾਂ ਕਿ ਮੈਨੂੰ ਪਤੀ ਪਰਮੇਸ਼ਰ ਕਿਉਂ ਨਹੀਂ ਪ੍ਰਾਪਤ ਹੁੰਦਾ?

ਉ: ੧. ਹੇ ਪਿਆਰੀ! ਜੀਵ ਰੂਪੀ ਇਸਤ੍ਰੀਏ (ਤੂੰ ਇਉਂ ਕਰ) ਜਿਨ੍ਹਾਂ ਸੁਹਾਗਣਾਂ ਨੇ (ਆਪਣੇ ਮਨ) ਵਿਚੋਂ ਆਪਾ-ਭਾਵ, ਹੰਕਾਰ ਗੁਆ ਲਿਆ ਹੈ, ਉਨ੍ਹਾਂ ਨੂੰ ਤੂੰ ਜਾ ਕੇ ਪੁੱਛ, ਉਹ ਤੈਨੂੰ ਦੱਸਣਗੀਆਂ ਕਿ,

੨. ਹੇ ਪਿਆਰੀਏ! ਜਿਨ੍ਹਾਂ ਨੇ ਮਨ ਵਿਚੋਂ ਆਪਾ-ਭਾਵ (ਅਰਥਾਤ ਹੰਕਾਰ ਨਹੀਂ ਗਵਾਇਆ, ਉਨ੍ਹਾਂ ਨੇ ਪਤੀ ਦਾ ਹੁਕਮ ਨਹੀਂ ਪਾਇਆ, ਭਾਵ ਹੁਕਮ ਨਹੀਂ ਪਛਾਣਿਆ (ਉਹ ਖ਼ਾਲੀ ਹੀ ਰਹਿ ਗਈਆਂ) ਉਨ੍ਹਾਂ ਨੂੰ ਸਾਈਂ ਨਹੀਂ ਮਿਲ ਸਕਿਆ।

ਪ੍ਰ: ਕਿਉਂ ਜੀ! ਜਿਨ੍ਹਾਂ ਨੇ ਵਿਚੋਂ ਆਪਾ-ਭਾਵ ਗਵਾ ਲਿਆ, ਉਨ੍ਹਾਂ ਨੂੰ ਕੀ ਕੁਝ ਹਾਸਲ ਹੋਇਆ?

ਉ: ੩. ਹੇ ਸਖੀਏ! ਜਿਨ੍ਹਾਂ ਨੇ ਆਪਣੇ ਅੰਦਰੋਂ ਹੰਕਾਰ ਗਵਾ ਲਿਆ, ਉਨ੍ਹਾਂ ਨੇ ਹੀ ਪਤੀ ਪਰਮੇਸ਼ਰ ਨੂੰ ਪਾ ਲਿਆ ਹੈ, (ਉਹ ਸਾਈਂ ਜੀ ਦੀ ਪ੍ਰਾਪਤੀ ਦਾ ਸਦਕਾ) ਪ੍ਰੇਮ ਸਹਿਤ ਸਦਾ ਹੀ ਅਨੰਦ ਮਾਣ ਰਹੀਆਂ ਹਨ।

੪. ਹੇ ਪਿਆਰੇ! (ਉਹ ਐਸੀ ਸੁਹਾਗਣੀ) ਸਦਾ ਹੀ ਪ੍ਰੇਮ ਰੰਗ ਵਿਚ ਰਤੀ ਰਹਿੰਦੀ ਹੈ, ਸਦਾ ਹੀ ਆਤਮ ਸੁੱਖ ਵਿਚ ਮਸਤ ਰਹਿੰਦੀ ਹੈ ਅਤੇ ਉਹ ਸਦਾ ਹੀ ਨਾਮ ਉਚਾਰਨ ਕਰਦੀ ਰਹਿੰਦੀ ਹੈ।

੫. ਹੇ ਪਿਆਰੇ! ਉਹ ਜੀਵ ਰੂਪ ਇਸਤਰੀ ਵੱਡੇ ਭਾਗਾਂ ਵਾਲੀ ਹੈ, ਜਿਸ ਨੂੰ ਕਿ ਹਰੀ ਦਾ ਪ੍ਰੇਮ ਭਾ ਗਿਆ ਹੈ, ਜਿਸ ਦੇ ਅੰਦਰ ਪ੍ਰਭੂ ਦੇ ਚਰਨਾਂ ਦੀ ਲਗਨ ਲੱਗ ਗਈ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਸ ਨੇ ਆਪਣੀ ਜ਼ਿੰਦਗੀ ਦਾ ਸ਼ਿੰਗਾਰ ਸੱਚੇ ਪ੍ਰਭੂ ਦੇ ਨਾਮ ਨੂੰ ਬਣਾ ਲਿਆ ਹੈ, ਉਹ ਸਹਿਜੇ ਹੀ ਆਤਮ ਸੁੱਖ ਵਿਚ ਰਤੀ ਰਹਿੰਦੀ ਹੈ।੩।

੧. ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥
੨. ਹਰਿ ਵਰੁ ਰਾਵਹਿ ਸਦਾ ਮੁਈਏ
ਨਿਜ ਘਰਿ ਵਾਸਾ ਪਾਏ ॥
੩. ਨਿਜ ਘਰਿ ਵਾਸਾ ਪਾਏ ਸਬਦੁ ਵਜਾਏ
ਸਦਾ ਸੁਹਾਗਣਿ ਨਾਰੀ ॥
੪. ਪਿਰੁ ਰਲੀਆਲਾ ਜੋਬਨੁ ਬਾਲਾ
ਅਨਦਿਨੁ ਕੰਤਿ ਸਵਾਰੀ ॥
੫. ਹਰਿ ਵਰੁ ਸੋਹਾਗੋ ਮਸਤਕਿ ਭਾਗੋ
ਸਚੈ ਸਬਦਿ ਸੁਹਾਏ ॥
੬. ਨਾਨਕ ਕਾਮਣਿ ਹਰਿ ਰੰਗਿ ਰਾਤੀ
ਜਾ ਚਲੈ ਸਤਿਗੁਰ ਭਾਏ ॥੪॥੧॥

ਪਦ ਅਰਥ : ਗੁਰ ਕੈ ਭਾਏ—ਗੁਰੂ ਦੇ 'ਭਾਏ' ਪ੍ਰੇਮ ਵਿਚ, ਗੁਰੂ ਦੇ ਅਨੁਸਾਰ। ਵਰੁ—ਖ਼ਸਮ। ਰਾਵਹਿ—ਤੂੰ ਮਿਲਾਪ ਪ੍ਰਾਪਤ ਕਰ ਲਏਂਗੀ। ਨਿਜ ਘਰਿ—ਆਪਣੇ ਅਸਲ ਘਰ ਵਿਚ, ਆਪਣੇ ਸ੍ਵੈ-ਸਰੂਪ ਵਿਚ। ਪਾਏ—ਪਾਇ, ਪਾ ਕੇ। ਵਜਾਏ—ਵਜਾਂਦੀ ਹੈ, ਪ੍ਰਭਾਵ ਹਿਰਦੇ ਵਿਚ ਵਸਾਂਦੀ ਹੈ। ਰਲੀਆਲਾ—ਰਲੀਆਂ ਦਾ ਘਰ, ਅਨੰਦ ਦਾ ਸੋਮਾ। ਬਾਲਾ—ਜਵਾਨ। ਕੰਤਿ—ਕੰਤ ਨੇ। ਅਨਦਿਨੁ—ਹਰ ਰੋਜ਼। ਮਸਤਕਿ—ਮੱਥੇ ਉੱਤੇ। ਕਾਮਣਿ—ਜੀਵ ਰੂਪੀ ਇਸਤ੍ਰੀ। ਰੰਗਿ—ਪ੍ਰੇਮ ਵਿਚ।੪।

ਅਰਥ :

ਪ੍ਰ: ਹੇ ਗੁਰੋ! ਮੈਂ ਕਈ ਜਨਮਾਂ ਤੋਂ ਆਪਣੇ ਅਸਲ ਘਰ ਵਲੋਂ ਵਿਛੜੀ ਹੋਈ ਹਾਂ। ਕੋਈ ਸਾਧਨ ਦੱਸੋ, ਜਿਸ ਦੀ ਬਰਕਤ ਨਾਲ ਮੈਂ ਮੁੜ ਆਪਣੇ ਘਰ ਵਿਚ ਵਸੇਬਾ ਕਰ ਸਕਾਂ?

ਉ: ੧. ਹੇ ਪਿਆਰੀਏ! (ਤੂੰ) ਹਉਮੈ ਨੂੰ ਮਾਰ ਤੇ ਗੁਰੂ ਦੇ ਭਾਣੇ ਵਿਚ ਚਲ, ਭਾਵ ਸਦਾ ਗੁਰੂ ਦੇ ਅਨਸਾਰੀ ਹੋ ਕੇ ਚਲਦੀ ਰਹੁ।

ਪ੍ਰ: ਕਿਉਂ ਜੀ! ਇਸ ਤਰ੍ਹਾਂ ਚਲਣ ਨਾਲ ਮੈਨੂੰ ਹਾਸਲ ਕੀ ਹੋਵੇਗਾ?

ਉ: ੨. ਹੇ ਪਿਆਰੀਏ! ਜੇ ਤੂੰ ਗੁਰੂ ਦੇ ਅਨਸਾਰੀ ਹੋ ਕੇ ਜੀਵਨ ਗੁਜ਼ਾਰੇਂਗੀ ਤਾਂ ਫਿਰ ਤੂੰ ਆਪਣੇ ਸਰੂਪ ਵਿਚ ਵਾਸਾ ਪਾ ਲਏਂਗੀ। ਇਸ ਤਰ੍ਹਾਂ ਤੂੰ ਸਦਾ ਹੀ ਪ੍ਰਭੂ ਪਤੀ ਦੇ ਮਿਲਾਪ ਨੂੰ ਮਾਣਦੀ ਰਹੇਂਗੀ, ਭਾਵ ਆਪਣੇ ਪਤੀ ਪਰਮੇਸ਼ਰ ਦੇ ਮਿਲਾਪ ਦਾ ਸੁੱਖ ਮਾਣੇਂਗੀ।

੩. ਹੇ ਪਿਆਰੇ! ਜਿਹੜੀ ਜੀਵ ਰੂਪ ਇਸਤ੍ਰੀ ਆਪਣੇ ਹਿਰਦੇ ਵਿਚ ਸ਼ਬਦ ਨੂੰ ਵਜਾਉਂਦੀ ਹੈ, ਭਾਵ ਹਿਰਦੇ ਵਿਚ ਵਸਾ ਲੈਂਦੀ ਹੈ, ਉਹ ਫਿਰ ਆਪਣੇ ਸਰੂਪ ਵਿਚ ਵਾਸਾ ਪਾਏਗੀ ਅਤੇ ਸਦਾ ਲਈ ਸੁਹਾਗਣ ਹੋ ਜਾਏਗੀ।

੪. ਹੇ ਪਿਆਰੀ! ਉਹ ਪ੍ਰਭੂ ਸਦਾ ਅਨੰਦ ਦਾ ਸੋਮਾ ਹੈ, ਜਿਸਦਾ ਜੋਬਨ ਸਦਾ ਜੁਆਨ ਹੈ। ਉਸ ਕੰਤ ਤੋਂ ਉਹ ਉਸ ਭਾਗਾਂ ਵਾਲੀ ਇਸਤ੍ਰੀ ਸਵਾਰੀ ਜਾਏਗੀ, ਅਰਥਾਤ ਉਹ ਸਾਈਂ ਜੀ ਦੀ ਹਜ਼ੂਰੀ ਵਿਚ ਰਹਿਣ ਦਾ ਮਾਣ ਪ੍ਰਾਪਤ ਕਰੇਗੀ।

੫. ਹੇ ਪਿਆਰੇ! ਜਿਸ ਦੇ ਮੱਥੇ 'ਤੇ ਭਾਗ ਹੈ, ਉਹ ਸੱਚੇ ਸ਼ਬਦ ਦੁਆਰਾ ਹਰੀ ਪਤੀ ਰੂਪੀ ਸੋਹਾਗ ਪਾ ਕੇ ਸੋਭਾ ਵਾਲੀ ਹੋ ਜਾਂਦੀ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਇਸ

ਤਰ੍ਹਾਂ ਦੇ ਪ੍ਰੇਮ ਰੰਗ ਵਿਚ ਰਤੀ ਹੋਈ ਇਸਤ੍ਰੀ (ਤਾਂ ਬਣਦੀ ਹੈ) ਜਦੋਂ ਉਹ ਸਤਿਗੁਰੂ ਦੇ ਅਨਸਾਰੀ ਹੋ ਕੇ ਚਲੇ।੪।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਗੁਣਵੰਤੀ ਦੇ ਮਿਲਾਪ ਅਤੇ ਔਗੁਣਵੰਤੀ ਦੇ ਮਿਲਾਪ ਦੇ ਜਤਨ ਅੰਕਤ ਕਰ ਰਹੇ ਹਨ।

ਵਡਹੰਸੁ ਮਹਲਾ ੩ ॥

੧. ਗੁਰਮੁਖਿ ਸਭੁ ਵਾਪਾਰੁ ਭਲਾ
ਜੇ ਸਹਜੇ ਕੀਜੈ ਰਾਮ ॥
੨. ਅਨਦਿਨੁ ਨਾਮੁ ਵਖਾਣੀਐ
ਲਾਹਾ ਹਰਿ ਰਸੁ ਪੀਜੈ ਰਾਮ ॥
੩. ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ
ਅਨਦਿਨੁ ਨਾਮੁ ਵਖਾਣੈ ॥
੪. ਗੁਣ ਸੰਗ੍ਰਹਿ ਅਵਗਣ ਵਿਕਣਹਿ
ਆਪੈ ਆਪੁ ਪਛਾਣੈ ॥
੫. ਗੁਰਮਤਿ ਪਾਈ ਵਡੀ ਵਡਿਆਈ
ਸਚੈ ਸਬਦਿ ਰਸੁ ਪੀਜੈ ॥
੬. ਨਾਨਕ ਹਰਿ ਕੀ ਭਗਤਿ ਨਿਰਾਲੀ
ਗੁਰਮੁਖਿ ਵਿਰਲੈ ਕੀਜੈ ॥੧॥

ਪਦ ਅਰਥ : ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਵਪਾਰੁ—ਨਾਮ ਦਾ ਵਣਜ। ਅਨਦਿਨੁ—ਹਰ ਰੋਜ਼, ਹਰ ਵੇਲੇ। ਵਖਾਣੀਐ—ਉਚਾਰਨਾ ਚਾਹੀਦਾ ਹੈ। ਲਾਹਾ—ਲਾਭ। ਪੀਜੈ—ਪੀਣਾ ਚਾਹੀਦਾ ਹੈ। ਰਾਵੀਜੈ—ਹਿਰਦੇ ਵਿਚ ਵਸਾਣਾ ਚਾਹੀਦਾ ਹੈ। ਵਖਾਣੈ—ਉਚਾਰਦਾ ਹੈ। ਸੰਗ੍ਰਹਿ—ਇਕੱਠੇ ਕਰ ਕੇ। ਆਪੈ ਆਪੁ—ਆਪਣੇ ਆਪ ਨੂੰ। ਵਿਕਣਹਿ—ਵਿਕ ਜਾਂਦੇ ਹਨ, ਦੂਰ ਹੋ ਜਾਂਦੇ ਹਨ। ਨਿਰਾਲੀ—ਅਨੋਖੀ।੧।

ਅਰਥ :

ਪ੍ਰ: ਹਜ਼ੂਰ! ਸੰਸਾਰੀ ਲੋਕ ਵੱਖੋ-ਵੱਖ ਜਿਣਸਾਂ ਦੇ ਵਪਾਰ ਕਰਦੇ ਵੇਖੀਦੇ ਹਨ, ਪਰ ਗੁਰਮਤਿ ਅਨੁਸਾਰ ਕਿਹੜਾ ਵਪਾਰ ਚੰਗਾ ਹੈ?

ਉ: ੧. ਹੇ ਭਾਈਓ! ਜੋ ਗੁਰਮੁਖ ਹੋ ਕੇ ਨਾਮ ਦੇ ਸਿਮਰਨ ਕਰਨ ਦਾ ਵਪਾਰ ਕਰਨਾ ਹੈ, ਇਹ ਸਾਰੇ ਹੀ ਵਪਾਰਾਂ ਵਿਚੋਂ ਚੰਗਾ ਵਪਾਰ ਹੈ, ਪਰ ਉਹ ਤਾਂ ਜੇਕਰ ਸਹਿਜ ਦੁਆਰਾ, ਭਾਵ ਅਡੋਲਤਾ ਵਿਚ ਟਿਕ ਕੇ ਕੀਤਾ ਜਾਏ।

ਪ੍ਰ: ਕਿਉਂ ਜੀ! ਜਿਸ ਵਪਾਰ ਨੂੰ ਤੁਸੀਂ ਸਹਿਜ ਦੁਆਰਾ ਕਰਨ ਦਾ ਜ਼ਿਕਰ ਕਰਦੇ ਹੋ, ਉਸਦਾ ਰੂਪ ਕੀ ਹੈ?

ਉ: ੨-੩. ਹੇ ਭਾਈਓ! ਉਸ ਪਰਮੇਸ਼ਰ ਦਾ ਨਾਮ ਦਿਨੇ ਰਾਤ ਉਚਾਰਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਪ੍ਰਭੂ ਦਾ ਨਾਮ ਰਸ ਪੀਣਾ ਚਾਹੀਦਾ ਹੈ, ਇਹੋ ਹੀ ਮਨੁੱਖਾ ਜਨਮ ਦੀ ਖੱਟੀ ਹੈ। ਇਸ ਤਰ੍ਹਾਂ ਉਸ ਦਾ ਨਫ਼ਾ ਨਾਲੋ ਨਾਲ ਹੀ ਲਈਦਾ ਹੈ ਅਤੇ ਇਉਂ ਹਰੀ ਨੂੰ ਮਾਣੀਦਾ ਹੈ। ਇਹੋ ਸਹਿਜ ਦੁਆਰਾ ਵਪਾਰ ਕਰਨ ਦਾ ਰੂਪ ਹੈ।

ਪ੍ਰ: ਹਜ਼ੂਰ ਜੀਉ! ਉਹ ਕਿਸ ਤਰ੍ਹਾਂ?

ਉ: ੪. ਹੇ ਪਿਆਰਿਓ! (ਨਾਮ ਜਪਦੇ ਰਹਿਣ ਨਾਲ ਸਾਰੇ ਹੀ) ਗੁਣ ਇਕੱਠੇ ਕਰੀਦੇ ਹਨ ਤੇ ਔਗੁਣ ਤਿਆਗੀਦੇ ਹਨ, (ਬੱਸ) ਇਸ ਤਰ੍ਹਾਂ ਕਰਦੇ ਰਹਿਣ ਵਾਲਾ ਆਪਣੇ ਆਪ ਨੂੰ ਪਛਾਣ ਲੈਂਦਾ ਹੈ।

੫. ਹੇ ਭਾਈ! ਜਿਸ ਮਨੁੱਖ ਨੇ ਗੁਰੂ ਦੀ ਸਿੱਖਿਆ ਹਾਸਲ ਕਰ ਲਈ ਹੈ, ਉਸ ਨੂੰ (ਇਸੀ ਤਰ੍ਹਾਂ) ਵੱਡੀ ਇੱਜ਼ਤ ਪ੍ਰਾਪਤ ਹੋਈ ਹੈ, (ਸੋ) ਹੇ ਭਾਈਓ! ਤੁਸੀਂ ਵੀ ਸੱਚੇ ਸ਼ਬਦ ਵਿਚ ਜੁੜ ਕੇ ਹਰੀ ਦਾ ਨਾਮ ਰਸ ਪੀਣਾ ਕਰੋ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਸ ਪ੍ਰਭੂ ਦੀ ਪ੍ਰੀਤ ਇਕ ਨਿਰਾਲੀ ਪ੍ਰੀਤ ਹੈ, ਪਰ ਹਾਂ! ਇਹ ਕਿਸੇ ਵਿਰਲੇ ਪਾਸੋਂ ਹੀ ਗੁਰੂ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ।੧।

੧. ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ
ਹਰਿ ਲੀਜੈ ਸਰੀਰਿ ਜਮਾਏ ਰਾਮ ॥
੨. ਆਪਣੇ ਘਰ ਅੰਦਰਿ ਰਸੁ ਭੁੰਚੁ ਤੂ
ਲਾਹਾ ਲੈ ਪਰਥਾਏ ਰਾਮ ॥
੩. ਲਾਹਾ ਪਰਥਾਏ ਹਰਿ ਮੰਨਿ ਵਸਾਏ
ਧਨੁ ਖੇਤੀ ਵਾਪਾਰਾ ॥
੪. ਹਰਿ ਨਾਮੁ ਧਿਆਏ ਮੰਨਿ ਵਸਾਏ
ਬੂਝੈ ਗੁਰ ਬੀਚਾਰਾ ॥
੫. ਮਨਮੁਖ ਖੇਤੀ ਵਣਜੁ ਕਰਿ ਥਾਕੇ
ਤ੍ਰਿਸਨਾ ਭੁਖ ਨ ਜਾਏ ॥
੬. ਨਾਨਕ ਨਾਮੁ ਬੀਜਿ ਮਨ ਅੰਦਰਿ
ਸਚੈ ਸਬਦਿ ਸੁਭਾਏ ॥੨॥

ਪਦ ਅਰਥ : ਗੁਰਮੁਖਿ—ਗੁਰੂ ਦੇ ਸਨਮੁਖ ਰਹਿ ਕੇ। ਅੰਤਰਿ—(ਮਨ ਦੇ) ਅੰਦਰ। ਸਰੀਰਿ—ਸਰੀਰ ਵਿਚ, ਹਿਰਦੇ ਵਿਚ। ਲੀਜੈ ਜਮਾਇ—ਜਮਾਇ ਲੀਜੈ, ਉਗਾ ਲੈਣੀ ਚਾਹੀਦੀ ਹੈ। ਘਰ—ਹਿਰਦਾ। ਭੁੰਚੁ—ਖਾਹ। ਲਾਹਾ—ਲਾਭ। ਪਰਥਾਏ—ਪਰਾਇਆ ਥਾਂ, ਭਾਵ ਪ੍ਰਲੋਕ। ਮੰਨਿ—ਮਨ, ਮਨ ਵਿਚ। ਧਨੁ—ਧੰਨ, ਸਲਾਹੁਣ ਜੋਗ। ਬੂਝੈ—ਸਮਝ ਲੈਂਦਾ ਹੈ। ਮਨਮੁਖ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਮਨੁੱਖ। ਨ ਜਾਏ—ਦੂਰ ਨਹੀਂ ਹੁੰਦੀ। ਸੁਭਾਏ—ਸੁਭਾਇ, ਪ੍ਰੇਮ ਨਾਲ। ਸਬਦਿ—ਸ਼ਬਦ ਵਿਚ (ਜੁੜ ਕੇ)।੨।

ਅਰਥ :

ਪ੍ਰ: ਹਜ਼ੂਰ! ਜਿਵੇਂ ਆਪ ਜੀ ਨੇ ਵਪਾਰ ਕਰਨ ਦੇ ਰੂਪ ਵਿਚ ਉਪਦੇਸ਼ ਦਿੱਤਾ ਹੈ, ਇਸੀ ਤਰ੍ਹਾਂ ਦੇ ਖੇਤੀ ਕਰਨ ਦੇ ਰੂਪ ਵਿਚ ਭੀ ਭਗਤੀ ਕਰਨ ਦਾ ਉਪਦੇਸ਼ ਬਖ਼ਸ਼ਸ਼ ਕਰੋ।

ਉ: ੧. ਹੇ ਭਾਈਓ! ਗੁਰੂ ਦੁਆਰਾ ਹਰੀ ਭਗਤੀ ਦੀ ਖੇਤੀ ਮਨ ਦੇ ਅੰਦਰ ਬੀਜਣੀ ਚਾਹੀਦੀ ਹੈ ਤੇ ਹਰੀ ਦੀ ਪ੍ਰਾਪਤੀ ਰੂਪੀ ਉਸ ਦਾ ਫਲ ਸਰੀਰ ਵਿਚੋਂ ਹੀ ਪ੍ਰਾਪਤ ਕਰ ਲਈਦਾ ਹੈ, ਭਾਵ ਹੈ ਕਿ ਹਰੀ ਨੂੰ ਇਸ ਤਰ੍ਹਾਂ ਆਪਣੇ ਅੰਦਰੋਂ ਹੀ ਅਨੁਭਵ ਕਰ ਲਈਦਾ ਹੈ।

੨. ਸੋ, ਇਸ ਲਈ, ਹੇ ਪਿਆਰਿਆ! ਤੂੰ ਆਪਣੇ ਹਿਰਦੇ ਰੂਪੀ ਘਰ ਵਿਚ ਹੀ ਹਰੀ ਦੇ ਰਸ ਨੂੰ ਭੋਗ ਤੇ ਇਸ ਦਾ ਨਫ਼ਾ ਤੂੰ ਪ੍ਰਲੋਕ ਵਿਚ ਵੀ ਲੈ।

੩. ਹੇ ਸੱਜਨਾ! ਜੋ ਵੀ ਕੋਈ ਹਰੀ ਨੂੰ ਮਨ ਵਿਚ ਵਸਾਏਗਾ, ਉਹ ਪ੍ਰਲੋਕ ਵਿਚ ਨਫ਼ਾ ਲਏਗਾ। ਉਸ ਦਾ ਭਾਵੇਂ ਵਪਾਰ ਹੈ, ਭਾਵੇਂ ਖੇਤੀ ਹੈ, ਇਹ ਦੋਵੇਂ ਹੀ ਉਸ ਦੇ ਭਲੇ ਹਨ, ਧੰਨਤਾ ਯੋਗ ਹਨ।

੪. ਸੋ, ਹੇ ਭਾਈ! ਜੋ ਮਨੁੱਖ ਹਰੀ ਦਾ ਨਾਮ ਸਿਮਰਦਾ ਹੈ ਅਤੇ ਹਰੀ ਦਾ ਨਾਮ ਮਨ ਵਿਚ ਵਸਾਂਦਾ ਹੈ, ਉਹ ਗੁਰੂ-ਸ਼ਬਦ ਦੀ ਵੀਚਾਰ ਦੀ ਬਰਕਤ ਨਾਲ ਆਪਣੇ ਇਸ ਜੀਵਨ ਦੇ ਸਫਲਤਾ ਦੀ ਵੀਚਾਰ ਨੂੰ ਸਮਝ ਲੈਂਦਾ ਹੈ।

ਪ੍ਰ: ਸ੍ਰੀ ਜੀਉ! ਇਹ ਤਾਂ ਆਪ ਜੀ ਨੇ ਗੁਰੂ ਦੁਆਰਾ ਭਗਤੀ ਰੂਪੀ ਖੇਤੀ ਬੀਜਣ ਦਾ ਪ੍ਰਕਾਰ ਅੰਕਤ ਕੀਤਾ ਹੈ, ਪਰ ਇਸ ਨੂੰ ਤਾਂ ਸਾਰੇ ਹੀ ਲੋਕ ਨਹੀਂ ਕਰਦੇ, ਕਿਉਂਕਿ ਬਹੁਤੇ ਲੋਕ ਤਾਂ ਪ੍ਰਤੱਖ ਖੇਤੀ ਕਰਦੇ ਦਿੱਸਦੇ ਹਨ, (ਸੋ) ਉਨ੍ਹਾਂ ਬਾਰੇ ਭੀ ਕੁਝ ਵਰਣਨ ਕਰੋ।

ਉ: ੫. (ਸੋ) ਹੁਣ ਆਪ ਜੀ ਮਨਮੁਖ ਦੀ ਖੇਤੀ ਤੇ ਵਪਾਰ ਨੂੰ ਸਾਹਮਣੇ ਰੱਖ ਕੇ ਉਪਦੇਸ਼ ਕਰਦੇ ਹਨ ਕਿ ਹੇ ਪਿਆਰਿਓ! ਮਨਮੁਖ ਲੋਕ ਜੋ ਕਿ ਕੇਵਲ ਆਪਣੇ ਮਨ ਦੇ ਹੀ ਪਿੱਛੇ ਟੁਰਨ ਵਾਲੇ ਹਨ, ਉਹ ਨਿਰੀ ਸੰਸਾਰਕ ਖੇਤੀ, ਨਿਰਾ ਸੰਸਾਰਕ ਵਣਜ ਕਰ-ਕਰ ਕੇ ਥੱਕ ਜਾਂਦੇ ਹਨ, ਹੁੱਟ ਜਾਂਦੇ ਹਨ, ਉਨ੍ਹਾਂ ਦੀ ਤ੍ਰਿਸ਼ਨਾ ਰੂਪ ਭੁੱਖ ਕਦੇ ਲਹਿੰਦੀ ਹੀ ਨਹੀਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! (ਤੂੰ) ਮਨ ਦੇ ਅੰਦਰ ਨਾਮ ਨੂੰ ਪ੍ਰੇਮ ਨਾਲ ਬੀਜ ਅਤੇ ਗੁਰੂ ਦੇ ਦੱਸੇ ਸੱਚੇ ਸ਼ਬਦ ਵਿਚ ਜੁੜ ਜਾ।੨।

੧. ਹਰਿ ਵਾਪਾਰਿ ਸੇ ਜਨ ਲਾਗੇ
ਜਿਨਾ ਮਸਤਕਿ ਮਣੀ ਵਡਭਾਗੋ ਰਾਮ॥
੨. ਗੁਰਮਤੀ ਮਨੁ ਨਿਜ ਘਰਿ ਵਸਿਆ
ਸਚੈ ਸਬਦਿ ਬੈਰਾਗੋ ਰਾਮ॥
੩. ਮੁਖਿ ਮਸਤਕਿ ਭਾਗੋ ਸਚਿ ਬੈਰਾਗੋ
ਸਾਚਿ ਰਤੇ ਵੀਚਾਰੀ॥
੪. ਨਾਮ ਬਿਨਾ ਸਭੁ ਜਗੁ ਬਉਰਾਨਾ
ਸਬਦੇ ਹਉਮੈ ਮਾਰੀ॥
੫. ਸਾਚੈ ਸਬਦਿ ਲਾਗਿ ਮਤਿ ਉਪਜੈ
ਗੁਰਮੁਖਿ ਨਾਮੁ ਸੋਹਾਗੋ॥
੬. ਨਾਨਕ ਸਬਦਿ ਮਿਲੈ ਭਉ ਭੰਜਨੁ
ਹਰਿ ਰਾਵੈ ਮਸਤਕਿ ਭਾਗੋ॥੩॥

ਪਦ ਅਰਥ : ਵਾਪਾਰਿ—ਵਪਾਰ ਵਿਚ। ਮਸਤਕਿ—ਮੱਥੇ ਉੱਤੇ। ਨਿਜ ਘਰਿ—ਆਪਣੇ ਸ੍ਵੈ-ਸਰੂਪ। ਬੈਰਾਗੋ—ਲਗਨ। ਸਚਿ—ਸਦਾ ਥਿਰ ਪ੍ਰਭੂ। ਵੀਚਾਰੀ—ਵੀਚਾਰਵਾਨ। ਬਉਰਾਨਾ—ਝੱਲਾ, ਕਮਲਾ। ਸਬਦੇ—ਸ਼ਬਦ ਦੇ ਰਾਹੀਂ ਹੀ। ਭਉ ਭੰਜਨੁ—ਡਰ ਨਾਸ ਕਰਨ ਵਾਲਾ।੩।

ਅਰਥ :

ਪ੍ਰ: ਹਜ਼ੂਰ ਜੀਉ! ਜਦ ਕਿ ਹਰੀ ਦੀ ਭਗਤੀ ਕਰਨ ਰੂਪ ਵਪਾਰ ਕਰਨ ਦਾ ਲਾਭ ਲੋਕ-ਪ੍ਰਲੋਕ ਵਿਚ ਸੁਖਦਾਈ ਹੈ, ਤਾਂ ਫਿਰ ਸਾਰੇ ਹੀ ਲੋਕੀਂ ਇਸ ਸੱਚੇ ਵਪਾਰ ਕਰਨ ਵਿਚ ਕਿਉਂ ਨਹੀਂ ਲੱਗ ਜਾਂਦੇ?

ਉ: ੧. ਹੇ ਮਿੱਤਰੋ! ਇਸ ਪ੍ਰਭੂ ਦੀ ਭਗਤੀ ਕਰਨ ਦੇ (ਸੱਚੇ) ਵਪਾਰ ਵਿਚ ਉਹੋ ਮਨੁੱਖ ਹੀ ਲੱਗਦੇ ਹਨ, ਜਿਨ੍ਹਾਂ ਦੇ ਮੱਥੇ ਉੱਤੇ ਵੱਡੇ ਭਾਗਾਂ ਦੀ ਮਣੀ ਹੁੰਦੀ ਹੈ, ਭਾਵ ਜਿਨ੍ਹਾਂ ਦੇ ਚੰਗੇ ਭਾਗ ਹੁੰਦੇ ਹਨ।

੨. ਹੇ ਭਾਈਓ! ਉਨ੍ਹਾਂ ਦਾ ਮਨ ਹੀ ਗੁਰੂ ਦੀ ਮਤਿ ਦੁਆਰਾ ਆਪਣੇ ਸਰੂਪ ਵਿਚ ਟਿਕ ਜਾਂਦਾ ਹੈ ਅਤੇ ਉਹ ਸੱਚੇ ਸ਼ਬਦ ਦੇ ਧਾਰਨੀ ਹੋਣ ਕਰ ਕੇ (ਸਦਾ ਹੀ) ਵੈਰਾਗਵਾਨ ਰਹਿੰਦੇ ਹਨ।

੩. ਜਿਨ੍ਹਾਂ ਮਨੁੱਖਾਂ ਦੇ ਮੂੰਹ ਤੇ ਮੱਥੇ ਉੱਤੇ ਭਾਗ ਜਾਗ ਪੈਂਦੇ ਹਨ, ਉਨ੍ਹਾਂ ਦੇ ਅੰਦਰ ਸੱਚੇ ਪ੍ਰਭੂ ਦੀ ਲਗਨ ਲੱਗ ਜਾਂਦੀ ਹੈ। ਉਹ ਸੱਚੇ ਵਿਚ ਰਚੇ ਹੋਏ ਵੀਚਾਰਵਾਨ ਹੁੰਦੇ ਹਨ, ਭਾਵ ਹੈ ਕਿ ਉਹ ਨਿਰੇ ਗੱਲਾਂ ਦੇ ਵੀਚਾਰਵਾਨ ਹੀ ਨਹੀਂ, ਉਹ ਵਾਹਿਗੁਰੂ ਦੇ ਪ੍ਰੇਮ ਰੰਗ ਵਿਚ ਰੰਗੀਜ ਕੇ ਵੀਚਾਰਸ਼ੀਲ ਹੁੰਦੇ ਹਨ।

ਪ੍ਰ: ਕਿਉਂ ਜੀ! ਉਨ੍ਹਾਂ ਦੀ ਮਾਨਸਕ ਦ੍ਰਿਸ਼ਟੀ ਕਿਸ ਰੂਪ ਵਿਚ ਬਦਲ ਜਾਂਦੀ ਹੈ?

ਉ: ੪. ਹੇ ਪਿਆਰੇ! ਉਨ੍ਹਾਂ ਦੇ ਮਨ ਵਿਚ ਇਹ ਪੂਰਨ ਨਿਸਚਾ ਹੋ ਜਾਂਦਾ ਹੈ ਕਿ ਨਾਮ ਤੋਂ ਬਿਨਾ (ਇਹ) ਸਾਰਾ ਹੀ ਜਗਤ ਕਮਲਾ, ਝੱਲਾ ਹੋਇਆ ਫਿਰਦਾ ਹੈ, ਪਰ ਜਿਸ ਦੀ ਵੀ ਹਉਮੈ ਮਾਰੀ ਗਈ ਹੈ, ਸੋ ਸ਼ਬਦ ਦੁਆਰਾ ਹੀ ਮਾਰੀ ਗਈ ਹੈ।

ਪ੍ਰ: ਸ੍ਰੀ ਜੀਉ! ਇਹ ਸ੍ਰੇਸ਼ਟ ਮਤਿ ਸਾਰਿਆਂ ਦੇ ਅੰਦਰ ਕਿਉਂ ਨਹੀਂ ਉਪਜ ਆਉਂਦੀ?

ਉ: ੫. ਹੇ ਪਿਆਰਿਓ! ਅਸਲ ਵਿਚ ਇਹ ਸਹੀ ਬੁੱਧੀ ਸ਼ਬਦ ਵਿਚ ਲਗਨ ਨਾਲ ਹੀ ਪੈਦਾ ਹੁੰਦੀ ਹੈ, ਜਿਸ ਕਰ ਕੇ ਗੁਰਮੁਖ ਨੂੰ ਨਾਮ ਦੁਆਰਾ ਸੱਚੇ ਸੁਹਾਗ ਦਾ ਰਸ ਪ੍ਰਾਪਤ ਹੁੰਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਹੇ ਭਾਈਓ) ਜਿਸ ਮਨੁੱਖ ਦੇ ਮੱਥੇ ਉੱਤੇ ਭਾਗ ਜਾਗ ਪੈਂਦੇ ਹਨ, ਉਸ ਨੂੰ ਗੁਰੂ-ਸ਼ਬਦ ਦੇ ਰਾਹੀਂ ਡਰ ਨਾਸ ਕਰਨ ਵਾਲਾ ਪਰਮੇਸ਼ਰ ਮਿਲ ਜਾਂਦਾ ਹੈ। ਉਹ ਮਨੁੱਖ ਸਦਾ ਹੀ ਹਰਿ ਨਾਮ ਨੂੰ ਹਿਰਦੇ ਅੰਦਰ ਵਸਾਈ ਰੱਖਦਾ ਹੈ।੩।

੧. ਖੇਤੀ ਵਣਜੁ ਸਭੁ ਹੁਕਮੁ ਹੈ
ਹੁਕਮੇ ਮੰਨਿ ਵਡਿਆਈ ਰਾਮ॥
੨. ਗੁਰਮਤੀ ਹੁਕਮੁ ਬੂਝੀਐ
ਹੁਕਮੇ ਮੇਲਿ ਮਿਲਾਈ ਰਾਮ॥

੩. ਹੁਕਮਿ ਮਿਲਾਈ ਸਹਜਿ ਸਮਾਈ
ਗੁਰ ਕਾ ਸਬਦੁ ਅਪਾਰਾ ॥
੪. ਸਚੀ ਵਡਿਆਈ ਗੁਰ ਤੇ ਪਾਈ
ਸਚੁ ਸਵਾਰਣਹਾਰਾ ॥
੫. ਭਉ ਭੰਜਨੁ ਪਾਇਆ ਆਪੁ ਗਵਾਇਆ
ਗੁਰਮੁਖਿ ਮੇਲਿ ਮਿਲਾਈ ॥
੬. ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ
ਹੁਕਮੇ ਰਹਿਆ ਸਮਾਈ ॥੪॥੨॥

ਪਦ ਅਰਥ : ਹੁਕਮੇ—ਹੁਕਮ ਵਿਚ ਹੀ ਰਹਿ ਕੇ। ਮੰਨਿ—ਮਨਿ, ਮਨ ਵਿਚ, ਹੁਕਮ ਨੂੰ ਮਨ ਵਿਚ ਵਸਾ ਕੇ। ਮੇਲਿ—ਮੇਲ ਵਿਚ, ਪ੍ਰਭੂ ਚਰਨਾਂ ਵਿਚ। ਹੁਕਮਿ—ਹੁਕਮ ਵਿਚ। ਤੇ—ਤੋਂ। ਸਚੁ—ਸਦਾ ਥਿਰ ਰਹਿਣ ਵਾਲਾ। ਆਪੁ—ਆਪਾ ਭਾਵ।੧੪।

ਅਰਥ :

ਪ੍ਰ: ਕਿਉਂ ਜੀ! ਆਪ ਜੀ ਗੁਰਮਤਿ ਅਨੁਸਾਰ ਸੱਚੀ ਖੇਤੀ ਤੇ ਵਣਜ ਕਿਸ ਨੂੰ ਕਹਿੰਦੇ ਹੋ?

ਉ: ੧. ਹੇ ਪਿਆਰੇ! ਅਸਲ ਵਿਚ ਸੱਚੀ ਖੇਤੀ ਤੇ ਵਣਜ ਇਹੋ ਹੀ ਹੈ ਜੋ ਸਾਈਂ ਜੀ ਦਾ ਹੁਕਮ ਮੰਨਣਾ ਹੈ, ਭਾਵ ਜਿਸ ਮਨੁੱਖ ਨੇ ਪ੍ਰਭੂ ਜੀ ਦੀ ਰਜ਼ਾ ਨੂੰ ਆਪਣੀ ਖੇਤੀ ਵਣਜ ਬਣਾਇਆ ਹੈ, ਉਹ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ, ਰਜ਼ਾ ਨੂੰ ਮਨ ਵਿਚ ਵਸਾ ਕੇ, (ਲੋਕ-ਪ੍ਰਲੋਕ ਵਿਚ) ਵਡਿਆਈ ਹਾਸਲ ਕਰਦਾ ਹੈ।

ਪ੍ਰ: ਹੇ ਗੁਰੋ! ਉਸ ਸਾਈਂ ਜੀ ਦੇ ਹੁਕਮ ਨੂੰ ਕਿਵੇਂ ਬੁੱਝੀਏ?

ਉ: ੨. ਹੇ ਮਿੱਤਰ ਜਨੋ! ਗੁਰੂ ਦੀ ਮਤਿ ਉੱਤੇ ਤੁਰਿਆਂ ਹੀ ਸਾਈਂ ਜੀ ਦੀ ਰਜ਼ਾ ਨੂੰ ਸਮਝਿਆ ਜਾ ਸਕਦਾ ਹੈ ਅਤੇ ਹੁਕਮ ਨੂੰ ਬੁਝ ਲਿਆਂ ਹੀ ਹੁਕਮੀ ਆਪਣੇ ਮੇਲ ਵਿਚ ਮਿਲਾ ਲੈਂਦਾ ਹੈ, ਭਾਵ ਪ੍ਰਭੂ ਦੇ ਚਰਨਾਂ ਵਿਚ ਮਿਲਾਪ ਹੁੰਦਾ ਹੈ।

੩. ਹੇ ਪਿਆਰੇ! ਹੁਕਮ ਦੁਆਰਾ ਜੋ (ਮਿਲਾਈ) ਮਿਲਾਪ ਹੁੰਦਾ ਹੈ, ਉਸ ਦੀ ਸਮਾਈ ਸਹਿਜ ਸਰੂਪ ਵਿਚ ਹੋ ਜਾਂਦੀ ਹੈ। ਸੋ ਗੁਰੂ ਦਾ ਸ਼ਬਦ ਹੀ ਅਪਾਰ ਮਹਿਮਾ ਵਾਲਾ ਹੈ, ਜਿਸ ਦੁਆਰਾ ਵਾਹਿਗੁਰੂ ਜੀ ਨਾਲ ਸਦੈਵੀ ਮਿਲਾਪ ਹੁੰਦਾ ਹੈ।

੪. (ਇਸ ਲਈ) ਹੇ ਭਾਈਓ! ਸੱਚ ਹੀ ਸਦਾ ਸਵਾਰਨਹਾਰਾ ਹੈ। ਜਿਸ ਨੇ ਭੀ ਸੱਚੀ ਵਡਿਆਈ ਪਾਈ ਹੈ, ਉਸ ਨੇ ਗੁਰੂ ਤੋਂ ਹੀ ਸੱਚ ਪ੍ਰਾਪਤ ਕਰ ਕੇ ਪਾਈ ਹੈ।

੫. ਸੋ ਪਿਆਰਿਓ! ਅਸਲੀਅਤ ਇਹੋ ਹੀ ਸਮਝੋ ਕਿ ਜਿਨ੍ਹਾਂ ਮਨੁੱਖਾਂ ਨੇ ਆਪਾ ਭਾਵ ਹੰਕਾਰ ਗਵਾ ਲਿਆ ਹੈ; ਉਨ੍ਹਾਂ ਨੇ ਹੀ ਭੈ ਭੰਜਨ ਪਰਮੇਸ਼ਰ ਨੂੰ ਪਾ ਲਿਆ ਹੈ। ਉਨ੍ਹਾਂ ਦਾ ਇਹ ਮੇਲ ਮਿਲਾਪ ਗੁਰੂ ਦੁਆਰਾ ਹੀ ਹੋਇਆ ਹੈ।

ਪ੍ਰ: ਹਜ਼ੂਰ ਜੀ! ਦੱਸੋ ਆਖ਼ਰ ਮੇਰੇ ਕਰਨ ਯੋਗ ਕਰਤੱਬ ਕਿਹੜਾ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਤੂੰ ਭੀ ਉਸ ਪ੍ਰਭੂ ਦਾ ਨਾਮ ਸਿਮਰ, ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ, ਜੋ ਅਪਹੁੰਚ ਹੈ, (ਮਨੁੱਖੀ ਸਿਆਣਪ ਦੀ ਪਹੁੰਚ ਤੋਂ ਪਰੇ ਹੈ) ਜਿਸ ਤਕ ਗਿਆਨ-ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ, ਜੋ ਸਰਵ ਥਾਵਾਂ ਵਿਚ ਵਿਆਪਕ ਹੋ ਰਿਹਾ ਹੈ।੪।੨।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਜੀ ਨਾਮ ਜਪਣ ਨੂੰ ਭੀ ਇਕ ਖੇਤੀ ਤੇ ਵਪਾਰ ਵਾਂਗੂੰ ਇਕ ਕਿੱਤਾ ਬਿਆਨ ਕਰਦੇ ਹਨ, ਪਰ ਇਸ ਵਿਚ ਫ਼ਰਕ ਇਹੋ ਹੈ ਕਿ ਸੰਸਾਰਕ ਵਪਾਰ ਵਿਚ ਮਾਇਕੀ ਨਫ਼ਾ ਹੁੰਦਾ ਹੈ ਅਤੇ ਨਾਮ ਦੇ ਵਪਾਰ ਕਰਨ ਨਾਲ ਰੂਹਾਨੀ ਲਾਭ ਪ੍ਰਾਪਤ ਹੁੰਦਾ ਹੈ, ਜੋ ਕਿ ਲੋਕ-ਪ੍ਰਲੋਕ ਵਿਚ ਸੁੱਖਦਾਤਾ ਹੈ, ਪਰ ਇਸ ਦੀ ਪ੍ਰਾਪਤੀ ਗੁਰੂ ਦੁਆਰਾ ਹੋਣੀ ਦੱਸਦੇ ਹਨ, ਕਿਉਂਕਿ ਨਾਮ ਦੁਆਰਾ ਮਨ ਨਿਰਮਲ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਤੇ ਪ੍ਰਭੂ ਦਾ ਮਿਲਾਪ ਹੁੰਦਾ ਹੈ।

ਵਡਹੰਸੁ ਮਹਲਾ ੩ ॥

੧. ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥
੨. ਆਪਣੈ ਘਰਿ ਤੂ ਸੁਖਿ ਵਸਹਿ
ਪੋਹਿ ਨ ਸਕੈ ਜਮਕਾਲੁ ਜੀਉ ॥
੩. ਕਾਲੁ ਜਾਲੁ ਜਮੁ ਜੋਹਿ ਨ ਸਾਕੈ
ਸਾਚੈ ਸਬਦਿ ਲਿਵ ਲਾਏ ॥
੪. ਸਦਾ ਸਚਿ ਰਤਾ ਮਨੁ ਨਿਰਮਲੁ
ਆਵਣੁ ਜਾਣੁ ਰਹਾਏ ॥
੫. ਦੂਜੈ ਭਾਇ ਭਰਮਿ ਵਿਗੁਤੀ
ਮਨਮੁਖਿ ਮੋਹੀ ਜਮਕਾਲਿ ॥
੬. ਕਹੈ ਨਾਨਕੁ ਸੁਣਿ ਮਨ ਮੇਰੇ
ਤੂ ਸਦਾ ਸਚੁ ਸਮਾਲਿ ॥੧॥

ਪਦ ਅਰਥ : ਮਨ—ਹੇ ਮਨ! ਸਚੁ—ਸਦਾ ਅਚੱਲ ਪ੍ਰਭੂ। ਸਮਾਲਿ—ਹਿਰਦੇ ਵਿਚ ਵਸਾਈ ਰੱਖ। ਘਰ—ਹਿਰਦੇ ਵਿਚ। ਸੁਖਿ—ਅਨੰਦ ਨਾਲ। ਜਮਕਾਲੁ—ਮੌਤ। ਜੋਹਿ ਨ ਸਾਕੈ—ਤੱਕ ਨਹੀਂ ਸਕਦਾ। ਲਿਵ—ਲਗਨ। ਆਵਣੁ ਜਾਣੁ—ਜੰਮਣ ਮਰਣ ਦਾ ਗੇੜ। ਰਹਾਏ—ਮੁੱਕ ਜਾਂਦਾ ਹੈ। ਦੂਜੇ ਭਾਇ—ਮਾਇਆ ਦੇ ਪਿਆਰ ਵਿਚ। ਵਿਗੁਤੀ—ਖ਼ੁਆਰ ਹੋ ਰਹੀ ਹੈ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲੀ ਲੁਕਾਈ। ਜਮਕਾਲਿ—ਮੌਤ ਨੇ। ਮੋਹੀ—ਮੋਹ ਵਿਚ ਫਸਾ ਰੱਖੀ ਹੈ।੧।

ਅਰਥ :

ਪ੍ਰ: ਹੇ ਗੁਰੋ! ਇਸ ਅਮੋੜ ਮਨ ਨੂੰ ਸੰਸਾਰ ਵਲੋਂ ਮੋੜ ਕੇ ਸਿਮਰਨ ਵਿਚ ਜੋੜਨਾ ਤਾਂ ਚਾਹੁੰਦੇ ਹਾਂ, ਪਰ ਸਾਈਂ ਜੀ ਵੱਲ ਜੁੜਦਾ ਹੀ ਨਹੀਂ, ਕੋਈ ਸਾਧਨ ਦੱਸ ਦਿਓ?

ਉ: ੧. ਹੇ ਪਿਆਰਿਆ! ਇਸ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮੇਰੇ ਪਿਆਰੇ ਮਨ ਜੀਉ! ਤੂੰ ਸਦਾ ਹੀ ਸੱਚ ਸਰੂਪ ਪਰਮੇਸ਼ਰ ਜੀ ਨੂੰ ਸਿਮਰਦਾ ਰਹੁ।

੨. ਇਸ ਤਰ੍ਹਾਂ ਤੂੰ ਆਪਣੇ ਸਰੂਪ ਰੂਪੀ ਘਰ ਵਿਚ ਸਦਾ ਹੀ

ਸੁੱਖ ਨਾਲ ਵਸਦਾ ਰਹੇਂਗਾ। ਫੇਰ ਤੇਰੇ ਉੱਤੇ ਕਦੇ ਭੀ ਜਮਕਾਲ ਦਾ ਅਸਰ ਨਹੀਂ ਹੋਵੇਗਾ।

੩. ਹੇ ਪਿਆਰੇ! ਜਮ ਜੋ ਕਾਲ ਰੂਪੀ (ਜਾਲ) ਫਾਹੀ ਪਾਉਣ ਵਾਲਾ ਹੈ, ਇਹ ਤੇਰੇ ਵੱਲ ਤਕ ਵੀ ਨਹੀਂ ਸਕੇਗਾ, ਪਰ ਹਾਂ! ਉਹ ਤਾਂ ਜੇ ਤੂੰ ਸੱਚੇ ਸ਼ਬਦ ਦੁਆਰਾ ਵਾਹਿਗੁਰੂ ਵਿਚ ਲਿਵ ਲਾਈ ਰਖੇਂਗਾ।

੪. ਉਹ ਮਨ ਜੋ ਸਦਾ ਸੱਚ ਵਿਚ ਰਤਾ ਰਹਿੰਦਾ ਹੈ, ਉਹ ਪਵਿੱਤ੍ਰ ਹੋ ਜਾਂਦਾ ਹੈ, ਉਸ ਦੇ ਜੰਮਣ ਮਰਣ ਦਾ ਗੇੜ ਮੁੱਕ ਜਾਂਦਾ ਹੈ।

੫. ਪਰ, ਉਸ ਪ੍ਰਭੂ ਨੂੰ ਛੱਡ ਕੇ ਭਰਮ ਵਿਚ ਭੁੱਲੀ ਹੋਈ ਸ੍ਰਿਸ਼ਟੀ (ਸਦਾ) ਖ਼ੁਆਰ ਹੁੰਦੀ ਹੈ, (ਕਿਉਂਕਿ) ਉਸ ਨੂੰ ਜਮਕਾਲ ਨੇ ਮੋਹਤ ਕਰ ਲਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਨ! ਤੂੰ ਸਦਾ ਹੀ ਉਸ ਸੱਚੇ ਨਾਮ ਨੂੰ ਸਿਮਰਦਾ ਰਹੁ।੧।

੧. ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ
ਬਾਹਰਿ ਵਸਤੁ ਨ ਭਾਲਿ ॥
੨. ਜੋ ਭਾਵੈ ਸੋ ਭੁੰਚਿ ਤੂ
ਗੁਰਮੁਖਿ ਨਦਰਿ ਨਿਹਾਲਿ ॥
੩. ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ
ਅੰਤਰਿ ਹਰਿ ਨਾਮੁ ਸਖਾਈ ॥
੪. ਮਨਮੁਖ ਅੰਧੁਲੇ ਗਿਆਨ ਵਿਹੂਣੇ
ਦੂਜੈ ਭਾਇ ਖੁਆਈ ॥
੫. ਬਿਨੁ ਨਾਵੈ ਕੋ ਛੂਟੈ ਨਾਹੀ
ਸਭ ਬਾਧੀ ਜਮਕਾਲਿ ॥
੬. ਨਾਨਕ ਅੰਤਰਿ ਤੇਰੈ ਨਿਧਾਨੁ ਹੈ
ਤੂ ਬਾਹਰਿ ਵਸਤੁ ਨ ਭਾਲਿ ॥੨॥

ਪਦ ਅਰਥ : ਅੰਤਰਿ—ਅੰਦਰ। ਨਿਧਾਨੁ—ਖ਼ਜ਼ਾਨਾ। ਭਾਲਿ—ਢੂੰਡ। ਜੋ ਭਾਵੈ—ਜੋ ਪ੍ਰਭੂ ਨੂੰ ਚੰਗਾ ਲੱਗਦਾ ਹੈ, ਜੋ ਪ੍ਰਭੂ ਦੀ ਰਜ਼ਾ ਹੈ। ਸੋ ਭੁੰਚਿ—ਉਸ ਨੂੰ ਖਾਹ, ਉਸ ਨੂੰ ਆਪਣੀ ਖ਼ੁਰਾਕ ਬਣਾ। ਨਿਹਾਲਿ—ਵੇਖ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ। ਗੁਰਮੁਖਿ ਨਦਰਿ ਨਿਹਾਲਿ—ਗੁਰੂ ਦੇ ਸਨਮੁਖ ਰਹਿਣ ਵਾਲੇ ਬੰਦਿਆਂ ਦੀ ਨਿਗ੍ਹਾ ਨਾਲ ਵੇਖ। ਸਖਾਈ—ਮਿੱਤਰ। ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ। ਅੰਧੁਲੇ—ਅੰਨ੍ਹੇ। ਦੂਜੇ ਭਾਇ— ਮਾਇਆ ਦੇ ਮੋਹ ਵਿਚ। ਖੁਆਈ—ਖ਼ੁਆਰੀ। ਜਮ ਕਾਲਿ—ਮੌਤ ਨੇ।੨।

ਅਰਥ :

ਪ੍ਰ: ਹੇ ਗੁਰੋ! ਮਨ ਵਿਚ ਇਹ ਸੰਸਾ ਬਣਿਆ ਰਹਿੰਦਾ ਹੈ ਕਿ ਜੋ ਆਤਮ ਵਸਤੂ ਦਾ ਖ਼ਜ਼ਾਨਾ ਹੈ, ਉਹ ਕਿੱਥੋਂ ਪ੍ਰਾਪਤ ਹੋ ਸਕੇਗਾ, ਇਸ ਬਾਰੇ ਆਪ ਕੋਈ ਸੂਝ ਬਖ਼ਸ਼ੋ?

ਉ: ੧. ਹੇ ਭਾਈਓ! ਤੁਸਾਂ ਆਪਣੇ ਮਨ ਨੂੰ ਗੁਰਮਤਿ ਦੁਆਰਾ ਇਹ ਸੋਝੀ ਦਿਓ ਕਿ ਹੇ ਮੇਰੇ ਮਨ! ਸਾਰੇ ਸੁੱਖਾਂ ਦਾ ਖ਼ਜ਼ਾਨਾ ਆਤਮ ਵਸਤੂ ਤੇਰੇ ਅੰਦਰ ਹੀ ਹੈ, ਤੂੰ ਉਸ ਵਸਤੂ ਨੂੰ ਬਾਹਰ ਜੰਗਲਾਂ ਵਿਚ ਢੂੰਡਦਾ ਨਾ ਫਿਰ।

ਪ੍ਰ: ਹਜ਼ੂਰ! ਜੇ ਉਹ ਆਤਮ ਵਸਤੂ ਮੇਰੇ ਅੰਦਰ ਹੀ ਹੈ ਤਾਂ ਉਹ ਮੈਨੂੰ ਦਿੱਸਦੀ ਕਿਉਂ ਨਹੀਂ?

ਉ: ੨. ਐ ਪਿਆਰਿਆ! ਤੂੰ ਗੁਰੂ ਦੇ ਸਨਮੁਖ ਰਹਿਣ ਵਾਲੇ ਬੰਦਿਆਂ ਦੀ ਨਿਗਾਹ ਨਾਲ ਵੇਖ, ਇਸ ਤਰ੍ਹਾਂ ਤੂੰ ਜੋ ਵੀ ਕੁਝ ਚਾਹੇਂਗਾ, ਉਹੋ (ਖ਼ੁਰਾਕ ਤੈਨੂੰ) ਖਾਣ ਲਈ ਮਿਲੇਗੀ। (ਭਾਵ ਵੱਡੀ ਖ਼ੁਰਾਕ ਨਾਮ ਦੀ ਹੈ, ਉਹ ਵੀ ਤੈਨੂੰ ਮਿਲ ਸਕੇਗੀ)।

੩. ਹੇ ਮੇਰੇ ਮਨਾ! ਤੂੰ ਗੁਰਮੁਖ ਹੋ ਕੇ ਅੰਦਰ (ਹੀ) ਨਦਰੀ ਨੂੰ ਵੇਖ ਕੇ ਸਮਝ ਲੈ ਕਿ ਅਸਲੀ ਹਰੀ ਦਾ ਨਾਮ ਹੀ ਮਿੱਤ੍ਰ ਹੈ।

ਪ੍ਰ: ਕਿਉਂ ਜੀ! ਉਹ ਸਾਰੇ ਲੋਕਾਂ ਨੂੰ ਕਿਉਂ ਨਹੀਂ ਦਿੱਸਦਾ?

ਉ: ੪. ਹੇ ਭਾਈ! ਇਸ ਦਾ ਕਾਰਣ ਹੈ ਕਿ ਮਨਮੁਖ ਗਿਆਨ ਤੋਂ ਸੱਖਣੇ (ਇਕ ਤਰ੍ਹਾਂ) ਦੇ ਅੰਨ੍ਹੇ ਹਨ, ਉਹ ਦ੍ਵੈਤ-ਭਾਵ ਵਿਚ ਲੱਗੇ ਹੋਏ ਖ਼ੁਆਰ ਹੁੰਦੇ ਹਨ।

੫. ਸੋ ਇਸ ਤਰ੍ਹਾਂ ਇਕ ਦੋ ਨਹੀਂ, ਸਾਰੀ ਸ੍ਰਿਸ਼ਟੀ ਨੂੰ ਹੀ ਜਮਕਾਲ ਨੇ ਬੰਨ੍ਹਿਆ ਹੋਇਆ ਹੈ, ਨਾਮ ਤੋਂ ਬਿਨਾ ਉਸ ਤੋਂ ਕੋਈ ਵੀ ਛੁਟਕਾਰਾ ਨਹੀਂ ਪਾਉਂਦਾ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਆ! ਉਹ ਖ਼ਜ਼ਾਨਾ ਤੇਰੇ ਅੰਦਰ ਹੀ ਹੈ, ਉਸ ਖ਼ਜ਼ਾਨੇ ਦੀ ਵਸਤੂ ਨੂੰ ਕਿਤੇ ਬਾਹਰ ਜੰਗਲ ਆਦਿਕ ਵਿਚ ਨਾ ਭਾਲ।੨।

੧. ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ
ਇਕਿ ਸਚਿ ਲਗੇ ਵਾਪਾਰਾ ॥
੨. ਸਤਿਗੁਰੁ ਸੇਵਨਿ ਆਪਣਾ
ਅੰਤਰਿ ਸਬਦੁ ਅਪਾਰਾ ॥
੩. ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ
ਨਾਮੇ ਨਉ ਨਿਧਿ ਪਾਈ ॥
੪. ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ
ਦੂਜੈ ਪਤਿ ਗਵਾਈ ॥
੫. ਹਉਮੈ ਮਾਰਿ ਸਚਿ ਸਬਦਿ ਸਮਾਣੇ
ਸਚਿ ਰਤੇ ਅਧਿਕਾਈ ॥
੬. ਨਾਨਕ ਮਾਣਸ ਜਨਮੁ ਦੁਲੰਭੁ ਹੈ
ਸਤਿਗੁਰਿ ਬੂਝ ਬੁਝਾਈ ॥੩॥

ਪਦ ਅਰਥ : ਪਾਇਕੈ—ਪਾਇ ਕਰ। ਸਚਿ—ਪ੍ਰਭੂ ਦੇ ਸੱਚੇ ਨਾਮ ਵਿਚ। ਸੇਵਨਿ—ਸੇਵਦੇ ਹਨ। ਸਬਦੁ ਅਪਾਰਾ—ਬੇਅੰਤ ਹਰੀ ਦੀ ਸਿਫ਼ਤਿ-ਸਾਲਾਹ ਦਾ ਸ਼ਬਦ। ਨਾਮੇ—ਨਾਮ ਹੀ, ਨਾਮ ਵਿਚ ਹੀ। ਨੌ ਨਿਧਿ—ਨੌ ਖ਼ਜ਼ਾਨੇ। ਮੋਹਿ—ਮੋਹ ਵਿਚ। ਵਿਆਪੇ— ਫਸੇ ਹੋਏ। ਦੂਖਿ—ਦੁੱਖ ਵਿਚ। ਸੰਤਾਪੇ—ਵਿਆਕੁਲ। ਦੂਜੈ—ਮਾਇਆ (ਦੇ ਮੋਹ) ਵਿਚ। ਪਤਿ—ਇੱਜ਼ਤ। ਸਤਿਗੁਰਿ—ਗੁਰੂ ਨੇ। ਬੂਝ ਬੁਝਾਈ—ਸਮਝ ਬਖ਼ਸ਼ੀ।੩।

ਅਰਥ :

ਪ੍ਰ: ਸ੍ਰੀ ਜੀਉ! ਇਹ ਮਨ ਸਿਮਰਨ ਕਰਨ ਵਲੋਂ ਸਦਾ ਹੀ ਆਲਸ ਕਰਦਾ ਹੈ, ਦੱਸੋ ਇਸ ਨੂੰ ਕਿਵੇਂ ਸਮਝਾਈਏ ?

ਉ: ੧. ਹੇ ਮਿੱਤਰਾ! ਤੂੰ ਆਪਣੇ ਇਸ ਆਲਸੀ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਹੇ ਮੇਰੇ ਮਨਾ! (ਤੂੰ ਵੇਖ) ਕਈ ਲੋਕ ਇਸ ਕੀਮਤੀ ਮਨੁੱਖਾ ਜਨਮ ਰੂਪੀ ਪਦਾਰਥ ਨੂੰ ਪਾ ਕੇ ਉਸ ਸੱਚੇ ਦੇ ਨਾਮ ਸਿਮਰਨ ਦੇ ਵਪਾਰ ਵਿਚ ਲੱਗ ਪੈਂਦੇ ਹਨ।

੨. ਉਹ ਆਪਣੇ ਗੁਰੂ ਦੀ ਦੱਸੀ ਸੇਵਾ ਕਰਦੇ ਹਨ ਅਤੇ ਉਸ ਬੇਅੰਤ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਸ਼ਬਦ ਆਪਣੇ ਹਿਰਦੇ ਵਿਚ ਵਸਾਂਦੇ ਹਨ।

੩. ਉਨ੍ਹਾਂ ਦੇ ਅੰਦਰ ਅਪਾਰ ਸ਼ਬਦ ਹੈ, ਉਨ੍ਹਾਂ ਨੂੰ ਹਰੀ ਨਾਮ ਪਿਆਰਾ ਹੈ, ਨਾਮ ਦੀ ਬਰਕਤ ਨਾਲ ਹੀ ਉਨ੍ਹਾਂ ਨੇ ਨੌਂ ਨਿਧਾਂ, ਭਾਵ (ਸਾਰੇ ਸੁੱਖ) ਪਾ ਲਏ ਹਨ।

ਪ੍ਰ: ਹਜ਼ੂਰ! ਇਹ ਸਾਰੇ ਸੁੱਖ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲਦੇ ?

ਉ: ੪. ਹੇ ਪਿਆਰਿਓ! ਸਾਰਿਆਂ ਨੂੰ ਇਸ ਲਈ ਸਾਰੇ ਸੁੱਖ ਨਹੀਂ ਮਿਲਦੇ, (ਕਿਉਂਕਿ) ਮਨਮੁਖ ਲੋਕਾਂ ਨੂੰ ਮਾਇਆ ਦਾ ਮੋਹ ਚੰਬੜਿਆ ਹੋਇਆ ਹੈ, ਇਸੀ ਕਰ ਕੇ ਹੀ ਉਹ ਮਾਇਆ ਦੇ ਦੁੱਖ ਵਿਚ ਦੁਖੀ ਹੁੰਦੇ ਹਨ, ਇਕ ਹਰੀ ਤੋਂ ਛੁੱਟ ਹੋਰ ਵਿਚ ਲੱਗਣ ਕਰ ਕੇ ਉਨ੍ਹਾਂ ਨੇ ਆਪਣੀ ਆਬਰੂ ਗੁਆ ਲਈ ਹੈ।

੫. ਪਰ ਹਾਂ! ਇਨ੍ਹਾਂ ਦੇ ਟਾਕਰੇ 'ਤੇ ਜੋ ਹਉਮੈ ਨੂੰ ਮਾਰ ਕੇ ਸੱਚੇ ਸ਼ਬਦ ਵਿਚ ਸਮਾਏ ਹਨ, ਉਹ ਸੱਚ ਵਿਚ ਰਤੇ ਰਹਿਣ ਕਰਕੇ (ਪ੍ਰੇਮ ਰੰਗ ਵਿਚ) ਬਹੁਤ ਹੀ ਰੰਗੇ ਰਹਿੰਦੇ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਜੀ ਨੇ ਇਹ ਸਮਝ ਬਖ਼ਸ਼ ਦਿੱਤੀ ਹੁੰਦੀ ਹੈ ਕਿ ਇਹ ਮਨੁੱਖਾ ਜਨਮ ਬਹੁਤ ਔਖਿਆਈ ਨਾਲ ਮਿਲਦਾ ਹੈ, ਉਹ ਮਨੁੱਖ (ਆਪਣੇ ਅੰਦਰੋਂ) ਹਉਮੈ ਨੂੰ ਦੂਰ ਕਰ ਕੇ, ਹਰੀ ਦੀ ਸਿਫ਼ਤਿ-ਸਾਲਾਹ ਕਰਨ ਵਿਚ ਲੀਨ ਰਹਿੰਦੇ ਹਨ।੩।

੧. ਮਨ ਮੇਰੇ ਸਤਿਗੁਰੁ ਸੇਵਨਿ ਆਪਣਾ
ਸੇ ਜਨ ਵਡਭਾਗੀ ਰਾਮ ॥
੨. ਜੋ ਮਨੁ ਮਾਰਹਿ ਆਪਣਾ
ਸੇ ਪੁਰਖ ਬੈਰਾਗੀ ਰਾਮ ॥
੩. ਸੇ ਜਨ ਬੈਰਾਗੀ ਸਚਿ ਲਿਵ ਲਾਗੀ
ਆਪਣਾ ਆਪੁ ਪਛਾਣਿਆ ॥
੪. ਮਤਿ ਨਿਹਚਲ ਅਤਿ ਗੂੜੀ
ਗੁਰਮੁਖਿ ਸਹਜੇ ਨਾਮੁ ਵਖਾਣਿਆ ॥
੫. ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ
ਮਨਮੁਖ ਸੋਇ ਰਹੇ ਅਭਾਗੇ ॥
੬. ਨਾਨਕ ਸਹਜੇ ਸੇਵਹਿ ਗੁਰੁ ਆਪਣਾ
ਸੇ ਪੂਰੇ ਵਡਭਾਗੇ ॥੪॥੩॥

ਪਦ ਅਰਥ : ਸੇ ਜਨ—ਉਹ ਬੰਦੇ। ਮਾਰਹਿ—ਮਾਰ ਲੈਂਦੇ ਹਨ, ਵਸ ਕਰ ਲੈਂਦੇ ਹਨ। ਬੈਰਾਗੀ—ਨਿਰਮੋਹ। ਲਿਵ—ਲਗਨ। ਆਪਣਾ ਆਪੁ—ਆਪਣੇ ਆਤਮਕ ਜੀਵਨ ਨੂੰ। ਮਤਿ—ਅਕਲ। ਨਿਹਚਲ—ਅਡੋਲ। ਗੂੜੀ—(ਪ੍ਰੇਮ ਰੰਗ ਵਿਚ) ਗੂੜ੍ਹੀ (ਰੰਗੀ ਹੋਈ)। ਗੁਰਮੁਖਿ—ਗੁਰੂ ਦੇ ਸਨਮੁਖ ਰਹਿ ਕੇ। ਸਹਜੇ—ਅਡੋਲਤਾ ਵਿਚ। ਕਾਮਣਿ—ਇਸਤ੍ਰੀ। ਹਿਤਕਾਰੀ—ਹਿਤ ਕਰਨ ਵਾਲੇ। ਮੋਹਿ—ਮੋਹ ਵਿਚ। ਪਿਆਰੀ—ਪਿਆਰ ਕਰਨ ਵਾਲੀ।੪।

ਅਰਥ :

ਪ੍ਰ: ਹੇ ਗੁਰੋ! ਇਹ ਮਨ ਸਤਿਗੁਰੂ ਦੀ ਸੇਵਾ ਕਰਨ ਵਲੋਂ ਵੀ ਦਲਿਦਰੀ ਰਹਿੰਦਾ ਹੈ, ਦੱਸੋ ਕਿਵੇਂ ਸਮਝਾਵਾਂ ?

ਉ: ੧. ਹੇ ਸੱਜਣਾ! ਤੂੰ ਆਪਣੇ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ ਵੇਖ, ਹੇ ਮੇਰੇ ਮਨ! (ਜੋ) ਆਪਣੇ ਸਤਿਗੁਰੂ ਜੀ ਦੀ ਦੱਸੀ ਸੇਵਾ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹੋਇਆ ਕਰਦੇ ਹਨ।

ਪ੍ਰ: ਹਜ਼ੂਰ! ਆਪ ਗੁਰਮਤਿ ਅਨੁਸਾਰ ਵੈਰਾਗੀ ਕਿਸ ਨੂੰ ਮੰਨਦੇ ਹੋ ?

ਉ: ੨. ਹੇ ਪਿਆਰਿਆ! ਜਿਹੜੇ ਮਨੁੱਖ ਆਪਣੇ ਮਨ ਨੂੰ ਵਸ ਵਿਚ ਰੱਖਦੇ ਹਨ, ਉਹ ਸੰਸਾਰਕ ਕਿਰਿਆ ਕਰਦੇ ਹੋਏ ਵੀ ਮਾਇਆ ਦੇ ਮੋਹ ਵਲੋਂ (ਵੈਰਾਗੀ) ਨਿਰਮੋਹ ਰਹਿੰਦੇ ਹਨ।

੩. (ਕਿਉਂਕਿ) ਹੇ ਪਿਆਰੇ! ਉਨ੍ਹਾਂ ਦੀ ਸੁਰਤਿ ਸੱਚੇ ਪ੍ਰਭੂ ਵਿਚ ਜੁੜੀ ਰਹਿੰਦੀ ਹੈ, ਜਿਸ ਕਰ ਕੇ ਉਹ ਸੰਸਾਰਕ ਧੰਧਿਆਂ ਵਲੋਂ (ਪੂਰਨ) ਵਿਰਕਤ ਰਹਿੰਦੇ ਹਨ।

੪. ਅਤੇ ਉਨ੍ਹਾਂ ਦੀ ਮਤਿ ਮਾਇਆ ਵਲੋਂ ਅਡੋਲ ਰਹਿੰਦੀ ਹੈ, ਕਿਉਂਕਿ ਉਨ੍ਹਾਂ ਨੇ ਸਹਿਜੇ ਹੀ ਗੁਰੂ ਦੁਆਰਾ ਨਾਮ ਜਪਿਆ ਹੁੰਦਾ ਹੈ।

੫. (ਪਰ ਇਨ੍ਹਾਂ ਦੇ ਟਾਕਰੇ 'ਤੇ) ਇਕ ਐਸੇ ਲੋਕ ਹਨ ਜੋ ਕਿ ਇਸਤ੍ਰੀ (ਦੇ) ਪ੍ਰੇਮੀ ਹਨ ਤੇ ਉਨ੍ਹਾਂ ਨੂੰ ਮੋਹ ਵਿਚ (ਫਾਥਿਆਂ ਹੋਇਆਂ ਨੂੰ) ਮਾਇਆ ਹੀ ਪਿਆਰੀ ਲੱਗਦੀ ਹੈ। ਉਹ ਮਨਮੁਖ ਭਾਗ-ਹੀਣ ਅਗਿਆਨਤਾ ਦੀ ਨੀਂਦ ਵਿਚ ਸੁੱਤੇ ਹੀ ਰਹਿੰਦੇ ਹਨ, (ਭਾਵ ਹੈ ਕਿ ਉਹ ਅਗਿਆਨਤਾ ਵਿਚ ਹੀ ਆਪਣੀ ਸਾਰੀ ਉਮਰ ਗੁਜ਼ਾਰ ਲੈਂਦੇ ਹਨ)।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਵੱਡੇ ਤੇ ਪੂਰੇ ਭਾਗਾਂ ਵਾਲੇ ਉਹੋ ਸੇਵਕ ਹੁੰਦੇ ਹਨ, ਜੋ ਕਿ ਸਹਿਜ ਵਿਚ ਹੀ ਆਪਣੇ ਗੁਰੂ ਦੀ ਸੇਵਾ ਕਰਦੇ ਰਹਿੰਦੇ ਹਨ।੪।੩।

ਭਾਵਾਰਥ : ਇਸ ਸ਼ਬਦ ਦੇ ਚੌਹਾਂ ਹੀ ਅੰਕਾਂ ਵਿਚ ਗੁਰਮੁਖਤਾਈ ਧਾਰਨ ਦਾ ਉਪਦੇਸ਼ ਦਿੱਤਾ ਹੈ ਅਤੇ ਆਪਣੇ ਮਨ ਦੁਆਰਾ ਮਨਮੁਖਤਾਈ ਤਿਆਗ ਕਰਨ ਦੀ ਸਿੱਖਿਆ ਦਿੱਤੀ ਹੈ।

ਵਡਹੰਸੁ ਮਹਲਾ ੩ ॥

੧. ਰਤਨ ਪਦਾਰਥ ਵਣਜੀਅਹਿ
ਸਤਿਗੁਰਿ ਦੀਆ ਬੁਝਾਈ ਰਾਮ ॥

੨. ਲਾਹਾ ਲਾਭੁ ਹਰਿ ਭਗਤਿ ਹੈ
ਗੁਣ ਮਹਿ ਗੁਣੀ ਸਮਾਈ ਰਾਮ ॥
੩. ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ
ਲਾਹਾ ਭਗਤਿ ਸੈਸਾਰੇ ॥
੪. ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ
ਗੁਰਮਤਿ ਨਾਮੁ ਅਧਾਰੇ ॥
੫. ਵਖਰੁ ਨਾਮੁ ਸਦਾ ਲਾਭੁ ਹੈ
ਜਿਸ ਨੋ ਏਤੁ ਵਾਪਾਰਿ ਲਾਏ ॥
੬. ਰਤਨ ਪਦਾਰਥ ਵਣਜੀਅਹਿ
ਜਾਂ ਸਤਿਗੁਰੁ ਦੇਇ ਬੁਝਾਏ ॥੧॥

ਪਦ ਅਰਥ : ਰਤਨ ਪਦਾਰਥ—ਕੀਮਤੀ ਪੱਥਰ, ਜਵਾਹਰ, ਹੀਰੇ ਪੰਨੇ ਆਦਿ, ਭਾਵ ਹੈ ਕੀਮਤੀ, ਅਮੋਲਕ। ਵਣਜੀਅਹਿ—ਵਣਜੇ ਜਾਂਦੇ ਹਨ, ਖ਼ਰੀਦੇ ਜਾਂਦੇ ਹਨ। ਸਤਿਗੁਰਿ—ਗੁਰੂ ਨੇ। ਗੁਣ ਮਹਿ—ਗੁਣਾਂ ਵਿਚ, ਭਾਵ ਹੈ, ਵਾਹਿਗੁਰੂ ਦੇ ਗੁਣਾਂ ਵਿਚ, ਸਿਫ਼ਤਿ-ਸਾਲਾਹ ਵਿਚ ਜੁੜ ਕੇ। ਗੁਣੀ—ਗੁਣਾਂ ਦੇ ਮਾਲਕ ਪ੍ਰਭੂ ਵਿਚ। ਸਮਾਈ—ਲੀਨਤਾ। ਸਮਾਏ—ਲੀਨ ਹੋ ਜਾਂਦਾ ਹੈ। ਸੈਸਾਰੇ—ਜਗਤ ਵਿਚ (ਆ ਕੇ)। ਦੂਜੈ—ਮਾਇਆ ਵਿਚ। ਅਧਾਰੇ—ਆਸਰਾ। ਏਤੁ—ਇਸ। ਵਾਪਾਰਿ—ਵਪਾਰ ਵਿਚ। ਏਤੁ ਵਾਪਾਰਿ—ਇਸ ਵਪਾਰ ਵਿਚ।੧।

ਅਰਥ :

ਪ੍ਰ: (ਕਿਉਂ ਜੀ) ਸੰਸਾਰੀ ਲੋਕਾਂ ਨੂੰ ਤੱਕਦੇ ਹਾਂ ਕਿ ਹਰ ਬੰਦਾ ਵੱਖੋ-ਵੱਖ ਵਣਜ ਵਪਾਰਾਂ ਵਿਚ ਲੱਗ ਰਿਹਾ ਹੈ, ਪਰ ਗੁਰਮਤਿ ਅਨੁਸਾਰ ਗੁਰੂ ਨੇ ਕਿਹੜਾ ਸੱਚਾ ਵਣਜ ਕਰਨ ਦੀ ਸੂਝ ਦਿੱਤੀ ਹੈ?

ਉ: ੧. ਹੇ ਭਾਈਓ! ਸਤਿਗੁਰੂ ਜੀ ਨੇ ਤਾਂ ਸਾਰਿਆਂ ਜੀਵਾਂ ਨੂੰ ਇਕ ਇਹੋ ਗੱਲ ਸਮਝਾ ਦਿੱਤੀ ਹੈ ਕਿ (ਹੇ ਪਿਆਰਿਓ, ਸਭ ਤੋਂ) ਅਮੋਲਕ ਪਦਾਰਥ ਹਰੀ ਦਾ ਨਾਮ ਹੈ, ਉਸੇ ਦਾ ਵਣਜ ਵਪਾਰ ਕਰਨਾ ਚਾਹੀਦਾ ਹੈ।

ਪ੍ਰ: ਹਜ਼ੂਰ! ਸੰਸਾਰਕ ਵਪਾਰ ਕਰਨ ਨਾਲ ਤਾਂ ਮਾਇਆ ਦਾ ਲਾਭ ਪ੍ਰਾਪਤ ਹੁੰਦਾ ਹੈ, ਪਰ ਹਰੀ ਦੇ ਨਾਮ ਪਦਾਰਥ ਦਾ ਵਣਜ ਕਰਨ ਨਾਲ ਕੀ ਲਾਭ ਹਾਸਲ ਹੁੰਦਾ ਹੈ?

ਉ: ੨. ਹੇ ਸੱਜਨੋ! ਇਸ ਹਰੀ ਨਾਮ ਦੇ ਵਪਾਰ ਕਰਨ ਵਾਲੇ ਮਨੁੱਖ ਨੂੰ ਨਫ਼ਾ ਤੇ ਖੱਟੀ ਪਰਮੇਸ਼ਰ ਦੀ ਭਗਤੀ ਪ੍ਰਾਪਤ ਹੁੰਦੀ ਰਹਿੰਦੀ ਹੈ, ਜਿਸ ਭਗਤੀ ਦੀ ਬਰਕਤ ਨਾਲ ਉਸ (ਗੁਣੀ) ਗੁਣਾਂ ਦੇ ਮਾਲਕ ਪ੍ਰਭੂ ਵਿਚ ਉਸ ਦੀ ਲੀਨਤਾ ਹੋ ਜਾਂਦੀ ਹੈ।

ਪ੍ਰ: ਕਿਉਂ ਜੀ! ਇਹ ਸੋਝੀ ਸਾਰਿਆਂ ਨੂੰ ਕਿਉਂ ਨਹੀਂ ਹੋ ਆਉਂਦੀ?

ਉ: ੩. ਹੇ ਮਿੱਤਰੋ! ਜਿਸ ਨੂੰ ਪਰਮੇਸ਼ਰ ਆਪ ਇਹ ਸੋਝੀ ਬਖ਼ਸ਼ਦਾ ਹੈ, ਉਹ ਮਨੁੱਖ ਸੰਸਾਰ ਵਿਚ ਭਗਤੀ ਰੂਪੀ ਨਫ਼ਾ (ਕਮਾਉਂਦਾ) ਹੈ, ਅੰਤ ਵਿਚ ਉਹੋ ਹੀ ਗੁਣੀ ਹੋ ਕੇ ਪਰਮੇਸ਼ਰ ਦੇ ਗੁਣਾਂ ਵਿਚ ਸਮਾ ਜਾਂਦਾ ਹੈ।

ਪ੍ਰ: ਹੇ ਗੁਰੋ! ਸੰਸਾਰੀ ਲੋਕਾਂ ਵੱਲ ਵੇਖੀਦਾ ਹੈ ਕਿ ਉਹ ਸੁੱਖਾਂ ਦੀ ਪ੍ਰਾਪਤੀ ਕਰਨ ਲਈ ਮਾਇਆ ਦੇ ਵਪਾਰ ਕਰਨ ਵਿਚ ਦਿਨੇ ਰਾਤ ਰੁੱਝੇ ਰਹਿੰਦੇ ਹਨ, ਪਰ ਉਨ੍ਹਾਂ ਨੂੰ ਸੁੱਖਾਂ ਦੀ ਪ੍ਰਾਪਤੀ ਫਿਰ ਭੀ ਨਹੀਂ ਹੁੰਦੀ, ਇਹ ਕਿਉਂ ਹੁੰਦਾ ਹੈ?

ਉ: ੪. ਹੇ ਪਿਆਰਿਓ! ਇਹ ਇਕ ਅਟੱਲ ਨਿਯਮ ਹੈ ਕਿ ਭਗਤੀ ਕਰਨ ਤੋਂ ਬਿਨਾ ਸੁੱਖਾਂ ਦੀ ਪ੍ਰਾਪਤੀ ਨਹੀਂ ਹੁੰਦੀ। ਉਨ੍ਹਾਂ ਲੋਕਾਂ ਨੇ ਤਾਂ ਮਾਇਆ ਵਿਚ ਲੱਗ ਕੇ (ਸਗੋਂ) ਆਪਣੀ ਲੋਕ-ਪ੍ਰਲੋਕ ਵਿਚ ਇੱਜ਼ਤ ਹੀ ਗਵਾ ਲਈ ਹੈ, ਪਰ ਗੁਰੂ ਦੀ ਮਤਿ ਦੁਆਰਾ ਪ੍ਰਾਪਤ ਕੀਤਾ ਨਾਮ ਮਨੁੱਖ ਦੀ ਜ਼ਿੰਦਗੀ ਦਾ ਲੋਕ-ਪ੍ਰਲੋਕ ਵਿਚ ਆਸਰਾ ਬਣ ਖੜ੍ਹੋਂਦਾ ਹੈ।

੫. ਹੇ ਪਿਆਰਿਓ! ਨਾਮ ਦਾ ਸੌਦਾ ਸਦੀਵੀ ਕਾਲ ਲਾਭਵੰਤ ਹੈ, ਪਰ ਹਾਂ! ਜਿਸ ਨੂੰ ਇਸ ਵਪਾਰ ਵਿਚ ਪ੍ਰਭੂ ਆਪ ਲਾਏ, ਉਹੋ ਹੀ ਜੀਵ ਲੱਗਦਾ ਹੈ।

੬. (ਇਸ ਲਈ ਹੇ ਭਾਈਓ) ਜਦੋਂ ਕਦੀ ਸਤਿਗੁਰੂ (ਕਿਸੇ ਨੂੰ) ਆਪ ਹੀ ਸੋਝੀ ਦੇਂਦਾ ਹੈ, ਤਦੋਂ ਹੀ ਇਹ ਰਤਨ ਅਮੋਲਕ ਪਦਾਰਥ ਵਣਜੀਦਾ ਹੈ।੧।

੧. ਮਾਇਆ ਮੋਹੁ ਸਭੁ ਦੁਖੁ ਹੈ
ਖੋਟਾ ਇਹੁ ਵਾਪਾਰਾ ਰਾਮ ॥
੨. ਕੂੜੁ ਬੋਲਿ ਬਿਖੁ ਖਾਵਣੀ
ਬਹੁ ਵਧਹਿ ਵਿਕਾਰਾ ਰਾਮ ॥
੩. ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ
ਬਿਨੁ ਨਾਵੈ ਪਤਿ ਖੋਈ ॥
੪. ਪੜਿ ਪੜਿ ਪੰਡਿਤ ਵਾਦੁ ਵਖਾਣਹਿ
ਬਿਨੁ ਬੂਝੇ ਸੁਖੁ ਨ ਹੋਈ ॥
੫. ਆਵਣ ਜਾਣਾ ਕਦੇ ਨ ਚੂਕੈ
ਮਾਇਆ ਮੋਹ ਪਿਆਰਾ ॥
੬. ਮਾਇਆ ਮੋਹੁ ਸਭੁ ਦੁਖੁ ਹੈ
ਖੋਟਾ ਇਹੁ ਵਾਪਾਰਾ ॥੨॥

ਪਦ ਅਰਥ : ਸਭੁ ਦੁਖੁ—ਨਿਰਾ ਦੁੱਖ। ਖੋਟਾ—ਜੀਵਨ ਵਿਚ ਘਾਟਾ ਪਾਣ ਵਾਲਾ। ਬੋਲਿ—ਬੋਲ ਕੇ। ਬਿਖੁ—ਆਤਮਿਕ ਜੀਵਨ ਨੂੰ ਮਾਰ ਮੁਕਾਣ ਵਾਲੀ ਮਾਇਆ ਦੇ ਮੋਹ ਦੀ ਜ਼ਹਿਰ। ਵਧਹਿ—ਵਧਦੇ ਹਨ। ਸਹਸਾ—ਸਹਿਮ। ਪਤਿ—ਇੱਜ਼ਤ। ਵਾਦੁ—ਝਗੜਾ, ਬਹਿਸ। ਵਖਾਣਹਿ—ਉਚਾਰਦੇ ਹਨ। ਨ ਚੂਕੈ—ਨਹੀਂ ਮੁਕਦਾ।੨।

ਅਰਥ :

ਪ੍ਰ: ਹੇ ਗੁਰੋ! ਇਸ ਜਗਤ ਵਿਚ ਉਹ ਵਸਤੂ ਕਿਹੜੀ ਹੈ, ਜੋ ਮਨੁੱਖ ਨੂੰ ਹਮੇਸ਼ਾ ਹੀ ਦੁੱਖ ਰੂਪ ਹੋ ਸਾਬਤ ਹੁੰਦੀ ਹੈ?

ਉ: ੧. ਹੇ ਪਿਆਰਿਓ! ਇਹ ਜੋ ਮਾਇਆ ਦਾ ਮੋਹ ਹੈ, ਇਹ ਸਾਰੇ ਦਾ ਸਾਰਾ ਮਨੁੱਖ ਨੂੰ ਦੁੱਖ ਰੂਪ ਹੈ, ਸੋ ਇਸ ਲਈ ਨਿਰੀ ਮਾਇਆ ਦੀ ਖ਼ਾਤਰ ਦੌੜ ਭੱਜ ਕਰਦੇ ਰਹਿਣਾ ਮਨੁੱਖ ਦੇ ਆਤਮਿਕ ਜੀਵਨ ਵਿਚ ਘਾਟਾ ਪਾਉਣ ਵਾਲਾ ਵਪਾਰ ਹੈ।

ਪ੍ਰ: ਕਿਉਂ ਜੀ ! ਉਹ ਕਿਸ ਤਰ੍ਹਾਂ ?

ਉ: ੨. ਹੇ ਭਾਈਓ ! ਇਸ ਮਾਇਆ ਦੇ ਵਪਾਰ ਲਈ ਝੂਠ ਬੋਲ ਕੇ ਮਾਇਆ ਦੇ ਮੋਹ ਦੀ ਜ਼ਹਿਰ ਖਾਧੀ ਜਾਂਦੀ ਹੈ, ਜਿਸ ਕਰਕੇ ਮਨੁੱਖ ਦੇ ਅੰਦਰ ਹੋਰ ਬਹੁਤੇ ਵਿਕਾਰ ਵਧਦੇ ਹਨ, ਇਸੇ ਲਈ ਇਹ ਵਪਾਰ ਖੋਟਾ ਹੈ।

੩. ਸੋ (ਇਸ ਲਈ) ਇਕ ਤਾਂ ਕੂੜ ਨਾਲ ਹੋਰ ਬਹੁਤੇ ਵਿਕਾਰ ਵਧਦੇ ਹਨ ਅਤੇ ਦੂਜਾ ਇਹ ਜਗਤ ਭੀ (ਨਿਰਾ) ਸੰਸਯ ਦਾ ਰੂਪ ਹੀ ਨਜ਼ਰ ਆਉਂਦਾ ਹੈ, ਭਾਵ ਮਨ ਦਾ ਸੁਭਾਵ ਸਥਿਰ ਨਹੀਂ, ਡੋਲਦਾ ਹੀ ਰਹਿੰਦਾ ਹੈ। ਨਾਮ ਤੋਂ ਸਖਣੇ ਰਹਿ ਕੇ ਜੀਵਾਂ ਨੇ ਪ੍ਰਲੋਕ ਦੀ ਪੱਤ ਹੀ ਗਵਾ ਲਈ ਹੈ।

ਪ੍ਰ: ਹੇ ਗੁਰੋ ! ਵੇਦ ਸ਼ਾਸਤ੍ਰ ਨੂੰ ਪੜ੍ਹਨ ਵਾਲਿਆਂ ਪੰਡਤਾਂ ਦਾ ਮਨ ਤਾਂ ਡੋਲਣੋਂ ਹੱਟ ਜਾਂਦਾ ਹੋਵੇਗਾ ?

ਉ: ੪. ਹੇ ਪਿਆਰਿਓ ! ਜੇ ਕਦੀ ਤੁਸੀਂ ਇਹ ਸਮਝੋ ਕਿ ਵਧੇਰੇ ਪੜ੍ਹਾਈ ਪੜ੍ਹਨ ਨਾਲ ਮਨ ਡੋਲਣੋਂ ਹੱਟ ਜਾਂਦਾ ਹੈ, ਤਾਂ ਵੇਖ ਲਓ ਕਿ ਪੰਡਤ ਲੋਕ ਪੜ੍ਹ-ਪੜ੍ਹ ਕੇ ਝਗੜੇ ਹੀ ਕਰਦੇ ਰਹਿੰਦੇ ਹਨ, (ਕਿਉਂਕਿ) ਉਹ ਪੜ੍ਹ ਕੇ ਬੁਝਦੇ ਨਹੀਂ ਤੇ ਬੁੱਝੇ ਤੋਂ ਬਿਨਾ (ਕਿਸੇ ਨੂੰ ਭੀ) ਸੁੱਖ ਨਹੀਂ ਹੁੰਦਾ।

੫. ਇਹੋ ਹੀ ਇਕ ਕਾਰਨ ਹੈ ਕਿ ਉਨ੍ਹਾਂ ਦਾ ਜੰਮਣਾ ਮਰਨਾ ਕਦੇ ਮੁੱਕਦਾ ਹੀ ਨਹੀਂ, ਕਿਉਂਕਿ ਉਨ੍ਹਾਂ ਦੇ ਅੰਦਰ ਮਾਇਆ ਦੇ ਮੋਹ ਦਾ ਹੀ ਪਿਆਰ ਹੈ।

੬. ਸੋ, ਹੇ ਭਾਈਓ ! ਮਾਇਆ ਦਾ ਮੋਹ ਸਦਾ ਹੀ ਦੁੱਖ ਰੂਪ ਹੈ (ਕਿਉਂਕਿ) ਇਹ ਮਨੁੱਖ ਨੂੰ ਸਦਾ ਜਨਮ ਮਰਣ ਦਾ ਦੁੱਖ ਬਣਾਈ ਰੱਖਦਾ ਹੈ, ਇਸੇ ਲਈ ਇਹ ਵਪਾਰ ਖੋਟਾ ਹੈ, (ਮਨੁੱਖ ਦੇ ਜੀਵਨ ਵਿਚ ਘਾਟਾ ਪਾਉਣ ਵਾਲਾ ਹੈ)।

੧. ਖੋਟੇ ਖਰੇ ਸਭਿ ਪਰਖੀਅਨਿ
ਤਿਤੁ ਸਚੇ ਕੈ ਦਰਬਾਰਾ ਰਾਮ ॥
੨. ਖੋਟੇ ਦਰਗਹ ਸੁਟੀਅਨਿ
ਊਭੇ ਕਰਨਿ ਪੁਕਾਰਾ ਰਾਮ ॥
੩. ਊਭੇ ਕਰਨਿ ਪੁਕਾਰਾ ਮੁਗਧ ਗਵਾਰਾ
ਮਨਮੁਖਿ ਜਨਮੁ ਗਵਾਇਆ ॥
੪. ਬਿਖਿਆ ਮਾਇਆ ਜਿਨਿ ਜਗਤੁ
ਭੁਲਾਇਆ ਸਾਚਾ ਨਾਮੁ ਨ ਭਾਇਆ ॥
੫. ਮਨਮੁਖ ਸੰਤਾ ਨਾਲਿ ਵੈਰੁ ਕਰਿ
ਦੁਖੁ ਖਟੇ ਸੰਸਾਰਾ ॥
੬. ਖੋਟੇ ਖਰੇ ਪਰਖੀਅਨਿ
ਤਿਤੁ ਸਚੈ ਦਰਵਾਰਾ ਰਾਮ ॥੩॥

ਪਦ ਅਰਥ : ਸਭਿ—ਸਾਰੇ। ਪਰਖੀਅਨਿ—ਪਰਖੇ ਜਾਂਦੇ ਹਨ। ਤਿਤੁ—ਉਸ ਵਿਚ। ਤਿਤੁ ਦਰਬਾਰਾ—ਉਸ ਦਰਬਾਰ ਵਿਚ। ਸੁਟੀਅਨਿ—ਪਰੇ ਸੁੱਟੇ ਜਾਂਦੇ ਹਨ, ਰੱਦ ਕੀਤੇ ਜਾਂਦੇ ਹਨ। ਊਭੇ—ਖਲੋਤੇ। ਕਰਨਿ—ਕਰਦੇ ਹਨ। ਮੁਗਧ—ਮੂਰਖ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰ ਕੇ। ਬਿਖਿਆ—ਜ਼ਹਿਰ। ਜਿਨਿ— ਜਿਸ ਮਾਇਆ ਨੇ। ਭੁਲਾਇਆ—ਕੁਰਾਹੇ ਪਾ ਦਿੱਤਾ। ਸਾਚਾ—ਸਦਾ ਕਾਇਮ ਰਹਿਣ ਵਾਲਾ। ਭਾਇਆ—ਪਸੰਦ ਆਇਆ। ਕਰਿ—ਕਰ ਕੇ। ਤਿਤੁ ਸਚੈ ਦਰਵਾਰਾ—ਉਸ ਸਦਾ ਕਾਇਮ ਰਹਿਣ ਵਾਲੇ ਦਰਬਾਰ ਵਿਚ।

ਅਰਥ :

ਪ੍ਰ: (ਕਿਉਂ ਜੀ) ਇਸ ਜਗਤ ਦੇ ਦਰਬਾਰਾਂ ਵਿਚ ਵੇਖੀਦਾ ਹੈ ਕਿ ਖੋਟਿਆਂ ਨੂੰ ਖਰੇ ਤੇ ਖਰਿਆਂ ਨੂੰ ਖੋਟੇ ਸਮਝਣ ਦਾ ਮਨੁੱਖ ਭੁਲੇਖਾ ਖਾ ਜਾਂਦੇ ਹਨ, ਕੀ ਰੱਬੀ ਦਰਬਾਰ ਵਿਚ ਭੀ ਇਸੀ ਤਰ੍ਹਾਂ ਦਾ ਵਰਤਾਰਾ ਹੁੰਦਾ ਹੈ ?

ਉ: ੧. ਹੇ ਭਾਈਓ ! ਉਸ ਸੱਚੇ ਸਾਈਂ ਜੀ ਦੇ ਸੱਚੇ ਦਰਬਾਰ ਵਿਚ ਖੋਟੇ ਖਰੇ ਸਾਰੇ ਹੀ (ਸਹੀ ਸਹੀ) ਪਰਖੇ ਜਾਂਦੇ ਹਨ।

ਪ੍ਰ: ਕਿਉਂ ਜੀ ! ਪਰਖ ਕਿਸ ਰੂਪ ਵਿਚ ਕੀਤੀ ਜਾਂਦੀ ਹੈ ?

ਉ: ੨. ਹੇ ਪਿਆਰੇ ! ਖੋਟੇ ਲੋਕਾਂ ਨੂੰ ਦਰਗਾਹ ਵਿਚ ਧੱਕਿਆ ਜਾਂਦਾ, ਭਾਵ ਰੱਦ ਕੀਤਾ ਜਾਂਦਾ ਹੈ, ਉਹ ਪਰੇ ਖੜੇ ਪਏ ਪੁਕਾਰਾਂ ਕਰਦੇ ਹਨ, ਭਾਵ ਵਿਲਕਦੇ ਹਨ।

੩. ਹੇ ਭਾਈ ! ਉਹ ਮਨਮੁਖ ਗਵਾਰ ਉੱਥੇ ਖੜੇ ਪੁਕਾਰਾਂ ਕਰਦੇ ਹਨ, ਉਨ੍ਹਾਂ ਪਿੱਛੇ ਟੁਰਨ ਵਾਲਿਆਂ ਨੇ ਆਪਣਾ ਜਨਮ ਬੇਅਰਥ ਗਵਾ ਲਿਆ ਹੈ।

ਪ੍ਰ: ਇਸ ਦਾ ਅਸਲ ਕਾਰਣ ਕੀ ਹੈ ?

ਉ: ੪. ਹੇ ਪਿਆਰੇ ! ਉਹ ਮਾਇਆ ਜ਼ਹਿਰ ਹੈ, ਜਿਸ ਨੇ ਸਾਰੇ ਜਗਤ ਨੂੰ ਭੁਲੇਖੇ ਵਿਚ ਪਾ ਰਖਿਆ ਹੈ, ਇਸੀ ਕਰਕੇ ਇਨ੍ਹਾਂ ਜੀਵਾਂ ਨੂੰ ਸੱਚਾ ਪ੍ਰਭੂ ਦਾ ਨਾਮ ਨਹੀਂ ਭਾਉਂਦਾ।

੫. (ਹੇ ਪਿਆਰੇ !) ਸੰਤ ਜਨ ਐਸੇ ਮਨੁੱਖਾਂ ਨੂੰ ਉਪਦੇਸ਼ ਤਾਂ ਕਰਦੇ ਹਨ, ਪਰ ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਜਗਤ ਸੰਤਾਂ ਨਾਲ ਵੈਰ ਭਾਵ ਰੱਖਦਾ ਹੋਇਆ ਦੁੱਖ ਹੀ ਵਿਹਾਝਦਾ ਰਹਿੰਦਾ ਹੈ।

੬. ਮਨ ਦੇ ਪਿੱਛੇ ਟੁਰਨ ਵਾਲੇ ਮਨੁੱਖ ਇਸ ਗੱਲ ਦੀ ਸੋਝੀ ਹੀ ਨਹੀਂ ਰੱਖਦੇ ਕਿ ਭੈੜੇ ਅਤੇ ਚੰਗੇ (ਸਾਰੇ ਹੀ ਜੀਵ) ਉਸ ਸੱਚੇ ਸਾਈਂ ਜੀ ਦੇ ਦਰਬਾਰ ਵਿਚ ਪਰਖੇ ਜਾਂਦੇ ਹਨ।੩।

੧. ਆਪਿ ਕਰੇ ਕਿਸੁ ਆਖੀਐ
ਹੋਰੁ ਕਰਣਾ ਕਿਛੂ ਨ ਜਾਈ ਰਾਮ ॥
੨. ਜਿਤੁ ਭਾਵੈ ਤਿਤੁ ਲਾਇਸੀ
ਜਿਉ ਤਿਸ ਦੀ ਵਡਿਆਈ ਰਾਮ ॥
੩. ਜਿਉ ਤਿਸ ਦੀ ਵਡਿਆਈ ਆਪਿ ਕਰਾਈ
ਵਰੀਆਮੁ ਨ ਫੁਸੀ ਕੋਈ ॥
੪. ਜਗਜੀਵਨੁ ਦਾਤਾ ਕਰਮਿ ਬਿਧਾਤਾ
ਆਪੇ ਬਖਸੇ ਸੋਈ ॥
੫. ਗੁਰ ਪਰਸਾਦੀ ਆਪੁ ਗਵਾਈਐ
ਨਾਨਕ ਨਾਮਿ ਪਤਿ ਪਾਈ ॥
੬. ਆਪਿ ਕਰੇ ਕਿਸੁ ਆਖੀਐ
ਹੋਰੁ ਕਰਣਾ ਕਿਛੂ ਨ ਜਾਈ ॥੪॥੪॥

ਪਦ ਅਰਥ : ਹੋਰੁ—(ਉਸ ਦੀ ਰਜ਼ਾ ਤੋਂ ਉਲਟ ਕੋਈ) ਹੋਰ

(ਕੰਮ)। ਜਿਤੁ—ਜਿਸ (ਕੰਮ) ਵਿਚ। ਤਿਤੁ—ਉਸ (ਕੰਮ) ਵਿਚ। ਵਰੀਆਮੁ—ਸੂਰਮਾ। ਫੁਸੀ—ਕਮਜ਼ੋਰ, ਕਾਇਰ। ਕਰਮਿ—ਜੀਵ ਦੇ ਕੀਤੇ ਕਰਮ ਦੇ ਅਨੁਸਾਰ। ਬਿਧਾਤਾ—ਪੈਦਾ ਕਰਨ ਵਾਲਾ। ਪਰਸਾਦੀ—ਪਰਸਾਦਿ, ਕਿਰਪਾ ਨਾਲ। ਆਪੁ—ਆਪਾ ਭਾਵ। ਨਾਮਿ—ਨਾਮ ਵਿਚ (ਜੁੜ ਕੇ)। ਪਤਿ—ਇੱਜ਼ਤ।੪।

ਅਰਥ :

ਪ੍ਰ: ਹੇ ਗੁਰੋ ! ਜਗਤ ਦੇ ਜੀਵਾਂ ਨੂੰ ਉਥੇ ਵੀ ਗੱਲਾਂ ਕਰਦੇ ਸੁਣੀਦਾ ਹੈ। ਉਹ ਆਪਣੇ ਖੋਟਾਂ ਵਲ ਤਾਂ ਕਦੀ ਧਿਆਨ ਹੀ ਨਹੀਂ ਕਰਦੇ, ਪਰ ਉਹ ਦੂਜਿਆਂ ਦੇ ਖੋਟੇ-ਖਰੇ ਹੋਣ ਦੀ ਪਰਖ ਵਿਚ ਸਦਾ ਹੀ ਲੱਗੇ ਰਹਿੰਦੇ ਹਨ, ਇਹ ਕਿਉਂ ਹੋ ਰਿਹਾ ਹੈ ?

ਉ: ੧. ਹੇ ਭਾਈਓ ! ਅਸਲ ਵਿਚ ਉਨ੍ਹਾਂ ਲੋਕਾਂ ਨੂੰ ਇਹ ਸੋਝੀ ਹੀ ਨਹੀਂ ਕਿ ਉਹ ਸਾਈਂ ਜੀ ਜੀਵ ਨੂੰ ਖੋਟੇ-ਖਰੇ ਆਪ ਹੀ ਬਣਾਂਦਾ ਹੈ, (ਕਿਸੇ ਜੀਵ ਦੇ ਖੋਟੇ ਜਾਂ ਖਰੇ ਹੋਣ ਦਾ ਗਿਲਾ) ਕਿਸੇ ਪਾਸ ਕੀਤਾ ਹੀ ਨਹੀਂ ਜਾ ਸਕਦਾ।

੨. ਜਿਧਰ ਭੀ ਕਿਸੇ ਜੀਵ ਨੂੰ ਉਹ ਲਾਉਣਾ ਚਾਹੇ, ਉਹ ਉਧਰ ਹੀ ਲਾਵੇਗਾ, ਜਿਵੇਂ ਕਿ ਉਸ ਪ੍ਰਭੂ ਦੀ ਮਰਜ਼ੀ ਹੁੰਦੀ ਹੈ।

੩. ਜਿਵੇਂ ਉਸ ਦੀ ਮਰਜ਼ੀ ਹੁੰਦੀ ਹੈ, ਉਹ ਤਿਵੇਂ ਹੀ ਜੀਵਾਂ ਪਾਸੋਂ ਕੰਮ ਕਰਾਂਦਾ ਹੈ, ਸੋ ਆਪਣੇ ਆਪ ਵਿਚ ਨਾ ਹੀ ਕੋਈ ਜੀਵ ਸੂਰਮਾ ਹੈ ਨਾ ਹੀ ਕੋਈ ਕਮਜ਼ੋਰ ਹੈ।

੪. ਉਹ ਜਗਤ ਨੂੰ ਜੀਵਨ ਦਾਨ ਦੇਣ ਵਾਲਾ ਦਾਤਾ ਕਰਮਾਂ ਦਾ ਫਲ ਪ੍ਰਦਾਤਾ ਵੀ ਹੈ ਤੇ ਉਹ ਬਖ਼ਸ਼ਣ ਵਾਲਾ ਭੀ ਆਪ ਹੈ।

ਪ੍ਰ: ਹਜ਼ੂਰ! ਜੀਵ ਲਈ ਇੱਜ਼ਤ ਪ੍ਰਾਪਤ ਕਰਨ ਦਾ ਮਾਰਗ ਕਿਹੜਾ ਹੈ ?

ਉ: ੫. ਹੇ ਭਾਈਓ ! ਗੁਰਾਂ ਦੀ ਕਿਰਪਾ ਦੁਆਰਾ ਜੇ ਕਰ ਅੰਦਰੋਂ ਹੰਕਾਰ ਗੁਆ ਲਈਏ ਅਤੇ ਨਾਮ ਪ੍ਰਾਪਤ ਕਰੀਏ ਤਾਂ (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ, ਨਾਮ ਦੁਆਰਾ ਹੀ ਇੱਜ਼ਤ ਪ੍ਰਾਪਤ ਕਰੀਦੀ ਹੈ।

੬. (ਇਸ ਲਈ) ਉਹ ਆਪ ਕਰਦਾ ਹੈ, ਕਿਸ ਨੂੰ ਕਹੀਏ (ਕਿਸੇ ਤੋਂ) ਹੋਰ ਕੁਝ ਕੀਤਾ ਹੀ ਨਹੀਂ ਜਾ ਸਕਦਾ।੪।

ਭਾਵਾਰਥ : ਇਸ ਸ਼ਬਦ ਦੇ ਅਰੰਭ ਵਿਚ ਮਨੁੱਖ ਨੂੰ ਮਾਇਆ, ਮੋਹ, ਝੂਠ ਤੇ ਵਿਕਾਰਾਂ ਵਾਲੇ ਜੀਵਨ ਵਲੋਂ ਵਰਜ ਕੇ ਮਨੁੱਖ ਲਈ ਚੰਗੇ ਕਰਮ ਕਰਨ ਦੀ ਪ੍ਰੇਰਣਾ ਕੀਤੀ ਹੈ ਅਤੇ ਖੋਟੇ ਕਰਮਾਂ ਦਾ ਫਲ ਪ੍ਰਲੋਕ ਵਿਚ ਦੁੱਖ ਦਰਸਾਇਆ ਹੈ। ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਨਾਮ ਸਿਮਰਨ ਕਰਦੇ ਰਹਿਣ ਦੀ ਪ੍ਰੇਰਣਾ ਕੀਤੀ ਗਈ ਹੈ।

ਵਡਹੰਸੁ ਮਹਲਾ ੩ ॥

੧. ਸਚਾ ਸਉਦਾ ਹਰਿ ਨਾਮੁ ਹੈ
ਸਚਾ ਵਾਪਾਰਾ ਰਾਮ ॥

੨. ਗੁਰਮਤੀ ਹਰਿ ਨਾਮੁ ਵਣਜੀਐ
ਅਤਿ ਮੋਲੁ ਅਫਾਰਾ ਰਾਮ ॥

੩. ਅਤਿ ਮੋਲੁ ਅਫਾਰਾ ਸਚ ਵਾਪਾਰਾ
ਸਚਿ ਵਾਪਾਰਿ ਲਗੇ ਵਡਭਾਗੀ ॥

੪. ਅੰਤਰਿ ਬਾਹਰਿ ਭਗਤੀ ਰਾਤੇ
ਸਚਿ ਨਾਮਿ ਲਿਵ ਲਾਗੀ ॥

੫. ਨਦਰਿ ਕਰੇ ਸੋਈ ਸਚੁ ਪਾਏ
ਗੁਰ ਕੈ ਸਬਦਿ ਵੀਚਾਰਾ ॥

੬. ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ
ਸਾਚੈ ਕੇ ਵਾਪਾਰਾ ॥੧॥

ਪਦ ਅਰਥ : ਸਚਾ—ਸਦਾ ਨਾਲ ਨਿੱਭਣ ਵਾਲਾ। ਵਣਜੀਐ—ਖ਼ਰੀਦਿਆ ਜਾ ਸਕਦਾ ਹੈ। ਅਫਾਰਾ—ਬਹੁਤਾ, ਢੇਰ। ਸਚਿ ਵਾਪਾਰਿ—ਸੱਚੇ ਹਰੀ ਦੇ ਨਾਮ ਸਿਮਰਨ ਦੇ ਵਪਾਰ ਵਿਚ। ਅੰਤਰਿ—ਹਿਰਦੇ ਵਿਚ। ਬਾਹਰਿ—ਦੁਨੀਆ ਨਾਲ ਕਾਰ ਵਿਹਾਰ ਕਰਦਿਆਂ। ਲਿਵ—ਲਗਨ। ਸਚੁ—ਅਚੱਲ ਹਰਿ ਨਾਮ। ਸਬਦਿ—ਸ਼ਬਦ ਵਿਚ। ਨਾਮਿ—ਨਾਮ ਵਿਚ। ਸਾਚੈ—ਸਦਾ ਸਥਿਰ ਰਹਿਣ ਵਾਲੇ ਪ੍ਰਭੂ ਦੇ।੧।

ਅਰਥ :

ਪ੍ਰ: ਹੇ ਗੁਰੋ ! ਗੁਰਮਤਿ ਵਿਚ (ਸੱਚਾ) ਸਦਾ ਨਾਲ ਨਿੱਭਣ ਵਾਲਾ ਸੌਦਾ ਕਿਹੜਾ ਹੈ ?

ਉ: ੧. ਹੇ ਪਿਆਰੇ ! ਇਕ ਪਰਮੇਸ਼ਰ ਦਾ ਨਾਮ ਹੀ ਸਦਾ ਨਾਲ ਨਿੱਭਣ ਵਾਲਾ ਸੌਦਾ ਹੈ, ਇਸੇ ਨਾਮ ਦਾ ਵਪਾਰ ਕਰਨਾ ਹੀ ਸੱਚਾ ਵਪਾਰ ਹੈ।

ਪ੍ਰ: ਹਜ਼ੂਰ ! ਜਦ ਕਿ ਇਹ ਨਾਮ ਹੀ ਸੱਚਾ ਸੌਦਾ ਹੈ, ਤਾਂ ਇਸਦਾ ਸਾਰੇ ਲੋਕ ਹੀ ਵਣਜ ਕਿਉਂ ਨਹੀਂ ਕਰਦੇ ?

ਉ: ੨. ਹੇ ਸੱਜਣੋ ! ਇਸ ਵਣਜ ਨੂੰ ਗੁਰੂ ਦੀ ਮਤਿ ਉੱਤੇ ਤੁਰ ਕੇ ਹੀ ਵਣਜਿਆ ਜਾ ਸਕਦਾ ਹੈ, (ਕਿਉਂਕਿ) ਇਸ ਵਪਾਰ ਦਾ ਬਹੁਤ ਵੱਡਾ ਮੁੱਲ ਹੈ, (ਦੁਨੀਆ ਦਾ ਕੋਈ ਵੀ ਪਦਾਰਥ ਇਸ ਦੀ ਬਰਾਬਰੀ ਨਹੀਂ ਕਰ ਸਕਦਾ)।

੩. (ਇਸ ਲਈ) ਹੇ ਭਾਈ ! ਇਸ ਸੱਚੇ ਵਪਾਰ ਦਾ ਮੁੱਲ ਬਹੁਤ ਹੀ ਜ਼ਿਆਦਾ ਹੈ। ਇਸ ਸੱਚੇ ਵਪਾਰ ਵਿਚ ਲੱਗਣ ਵਾਲੇ ਵੱਡੇ ਭਾਗਾਂ ਵਾਲੇ ਹੋ ਜਾਂਦੇ ਹਨ।

ਪ੍ਰ: ਸ੍ਰੀ ਜੀਉ ! ਅਜਿਹੇ ਲੋਕਾਂ ਦੀ ਪਛਾਣ ਕੀ ਹੈ ?

ਉ: ੪. ਹੇ ਪਿਆਰੇ ! ਉਹ ਅੰਦਰੋਂ ਬਾਹਰੋਂ ਸਦਾ ਹੀ ਭਗਤੀ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਉਨ੍ਹਾਂ ਦੀ ਸੁਰਤ ਦੁਨੀਆ ਦੇ ਕਾਰ ਵਿਹਾਰ ਕਰਦਿਆਂ ਵੀ ਹਰੀ ਦੇ ਨਾਮ ਵਿਚ ਜੁੜੀ ਰਹਿੰਦੀ ਹੈ।

ਪ੍ਰ: ਹਜ਼ੂਰ ! ਇਹ ਦਾਤ ਸਾਰੇ ਜੀਵਾਂ ਨੂੰ ਕਿਉਂ ਨਹੀਂ ਪ੍ਰਾਪਤ ਹੋ ਜਾਂਦੀ ?

ਉ: ੫. ਭਾਈਓ ! ਜਿਸ ਉੱਤੇ ਉਹ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹੋ ਹੀ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਸੱਚੇ ਨਾਮ ਦਾ ਸੌਦਾ ਹਾਸਲ ਕਰਦਾ ਹੈ।

ਪ੍ਰ: ਕਿਉਂ ਜੀ ! ਇਸ ਸੱਚੇ ਨਾਮ ਦੇ ਵਪਾਰ ਕਰਨ ਵਾਲੇ ਨੂੰ ਆਖ਼ਰ ਫਲ ਕੀ ਮਿਲਦਾ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਜੋ ਮਨੁੱਖ ਪਰਮੇਸ਼ਰ ਦੇ ਨਾਮ ਰੰਗ ਵਿਚ ਰੰਗੇ ਜਾਂਦੇ ਹਨ, ਉਨ੍ਹਾਂ

ਨੇ ਹੀ ਅੰਤ ਨੂੰ ਸੱਚੇ ਨਾਮ ਦੇ ਵਪਾਰ ਵਿਚ ਲੱਗ ਕੇ ਸੱਚਾ ਆਤਮਿਕ ਸੁੱਖ ਪ੍ਰਾਪਤ ਕੀਤਾ ਹੈ।੧।

੧. ਹੰਉਮੈ ਮਾਇਆ ਮੈਲੁ ਹੈ
ਮਾਇਆ ਮੈਲੁ ਭਰੀਜੈ ਰਾਮ ॥
੨. ਗੁਰਮਤੀ ਮਨੁ ਨਿਰਮਲਾ
ਰਸਨਾ ਹਰਿ ਰਸੁ ਪੀਜੈ ਰਾਮ ॥
੩. ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ
ਸਾਚ ਸਬਦਿ ਬੀਚਾਰੀ ॥
੪. ਅੰਤਰਿ ਖੂਹਟਾ ਅੰਮ੍ਰਿਤਿ ਭਰਿਆ
ਸਬਦੇ ਕਾਢਿ ਪੀਐ ਪਨਿਹਾਰੀ ॥
੫. ਜਿਸੁ ਨਦਰਿ ਕਰੇ ਸੋਈ ਸਚਿ ਲਾਗੈ
ਰਸਨਾ ਰਾਮੁ ਰਵੀਜੈ ॥
੬. ਨਾਨਕ ਨਾਮਿ ਰਤੇ ਸੇ ਨਿਰਮਲ
ਹੋਰ ਹਉਮੈ ਮੈਲੁ ਭਰੀਜੈ ॥੨॥

ਪਦ ਅਰਥ : ਭਰੀਜੈ—ਭਰ ਜਾਂਦਾ ਹੈ, (ਲਿਬੜ ਜਾਂਦਾ ਹੈ) ਮੈਲਾ ਹੋ ਜਾਂਦਾ ਹੈ। ਰਸਨਾ—ਜੀਭ (ਨਾਲ)। ਪੀਜੈ—ਪੀਣਾ ਚਾਹੀਦਾ ਹੈ। ਅੰਤਰਿ—ਅੰਦਰ, ਮਨ ਵਿਚ। ਖੂਹਟਾ—ਸੋਹਣਾ ਜਿਹਾ ਖੂਹ, ਚਸ਼ਮਾ, ਭਾਵ ਹੈ ਅਕਾਲ ਪੁਰਖ ਜੋ ਮਨ ਬੁਧੀ, ਚਿੱਤ ਆਦਿ ਤੋਂ ਵੀ ਧੁਰ ਅੰਦਰ ਹੈ, ਉਸ ਅੰਮ੍ਰਿਤ ਰੂਪ, ਅਨੰਦ ਸਰੂਪ ਤਕ ਪਹੁੰਚ ਸ਼ਬਦ ਦੁਆਰਾ ਹੁੰਦੀ ਹੈ। ਅੰਮ੍ਰਿਤਿ—ਅੰਮ੍ਰਿਤ ਨਾਲ, ਅਮਰ ਜੀਵਣ ਦੇਣ ਵਾਲੇ ਨਾਮ ਜਲ ਨਾਲ। ਪੀਐ—ਪੀਂਦੀ ਹੈ। ਪਨਿਹਾਰੀ—ਪਾਣੀ ਭਰਨ ਵਾਲੀ, ਭਾਵ ਸੁਰਤ। ਰਵੀਜੈ—ਰਵੀਏ, ਉਚਾਰੀਏ, ਸਿਮਰੀਏ। ਹੋਰ—ਬਾਕੀ ਦੀ ਲੁਕਾਈ।੨।

ਅਰਥ :

ਪ੍ਰ: ਹੇ ਗੁਰੋ! ਆਪ ਕਹਿੰਦੇ ਹੋ ਕਿ ਮਨ ਮਾਇਆ ਦੀ ਮੈਲ ਨਾਲ ਮੈਲਾ ਹੋ ਰਿਹਾ ਹੈ, ਦੱਸੋ ਉਹ ਮੈਲ ਹੈ ਕਿਹੜੀ ?

ਉ: ੧. ਹੇ ਪਿਆਰਿਓ! ਮਾਇਆ ਦੀ ਮੈਲ ਹਉਮੈ ਹੈ, ਇਹੋ ਮਾਇਆ ਦੀ ਮਮਤਾ ਮਨੁੱਖਾਂ ਦੇ ਮਨਾਂ ਨੂੰ ਮੈਲਾ ਕਰਨ ਵਾਲੀ ਹੈ, ਇਸੇ ਮੈਲ ਨਾਲ ਹੀ ਮਨੁੱਖ ਦਾ ਮਨ (ਸਦਾ) ਲਿਬੜਿਆ ਰਹਿੰਦਾ ਹੈ।

ਪ੍ਰ: ਕਿਉਂ ਜੀ! ਇਸ ਮੈਲ ਵਲੋਂ ਮਨ ਪਵਿੱਤ੍ਰ ਕਿਸ ਤਰ੍ਹਾਂ ਹੋ ਸਕਦਾ ਹੈ ?

ਉ: ੨. ਹੇ ਪਿਆਰੇ! ਗੁਰੂ ਦੀ ਮਤਿ ਲੈ ਕੇ ਹਰੀ ਨਾਮ ਦਾ ਰਸ ਰਸਨਾ ਨਾਲ ਪੀਂਦੇ ਰਹੀਏ, ਤਾਂ ਇਹ ਮਨ ਪਵਿੱਤ੍ਰ ਹੋ ਜਾਂਦਾ ਹੈ।

੩. ਜੀਭ ਨਾਲ ਭੀ ਹਰੀ ਦਾ ਨਾਮ ਜਲ ਪੀਂਦੇ ਰਹਿਣਾ ਚਾਹੀਦਾ ਹੈ, (ਕਿਉਂਕਿ) ਇਸੇ (ਨਾਮ ਜਲ ਨਾਲ) ਹਿਰਦਾ ਤਰੋ-ਤਰ ਹੋ ਜਾਂਦਾ ਹੈ। ਇਸ ਤਰ੍ਹਾਂ ਸੱਚੇ ਸ਼ਬਦ ਦੀ ਵੀਚਾਰ ਕਰਦੇ ਰਹਿਣ ਨਾਲ (ਸਹਿਜੇ-ਸਹਿਜੇ) ਵੀਚਾਰਵਾਨ ਹੋ ਜਾਈਦਾ ਹੈ।

ਪ੍ਰ: ਕਿਉਂ ਜੀ! ਜਿਸ ਨਾਮ ਜਲ ਦਾ ਆਪ ਜ਼ਿਕਰ ਕਰਦੇ ਹੋ, ਉਹ ਹੈ ਕਿੱਥੇ ?

ਉ: ੪. ਹੇ ਸੱਜਨੋ! ਉਹ ਆਤਮਕ ਜੀਵਨ ਦਾਨ ਕਰਨ ਵਾਲੇ ਨਾਮ ਜਲ ਦਾ ਚਸ਼ਮਾ, ਖੂਹ, ਮਨੁੱਖ ਦੇ ਅੰਦਰ ਹੀ ਹੈ, ਪਰ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਦੀ ਰਾਹੀਂ ਇਸ ਨਾਮ ਜਲ ਨੂੰ ਭਰਨਾ ਜਾਣਦੀ ਹੈ, ਉਹ ਮਨੁੱਖ (ਆਪਣੇ ਅੰਦਰਲੇ ਚਸ਼ਮੇ ਵਿਚੋਂ ਨਾਮ ਜਲ) ਕੱਢ ਕੇ ਪੀਂਦਾ ਰਹਿੰਦਾ ਹੈ।

੫. ਹੇ ਭਾਈਓ! ਜਿਸ ਮਨੁੱਖ ਉੱਤੇ ਹਰੀ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹੋ ਹੀ ਸੱਚ ਵਿਚ ਲੱਗਦਾ ਹੈ, ਉਹੀਓ ਫਿਰ ਨਾਮ ਨੂੰ ਰਸਨਾ ਨਾਲ ਸਿਮਰਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੋ ਨਾਮ ਵਿਚ ਰੱਤੇ ਹੋਏ ਹਨ, ਉਹੀ ਪਵਿੱਤ੍ਰ ਹਨ, ਬਾਕੀ ਦੀ ਸਾਰੀ ਲੁਕਾਈ ਹਉਮੈ ਦੀ ਮੈਲ ਨਾਲ ਲਿਬੜੀ ਰਹਿੰਦੀ ਹੈ।੨।

੧. ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ
ਕਿਸੁ ਪਹਿ ਕਰਹਿ ਪੁਕਾਰਾ ਰਾਮ ॥
੨. ਮਾਇਆ ਮੋਹੁ ਅੰਤਰਿ ਮਲੁ ਲਾਗੈ
ਮਾਇਆ ਕੇ ਵਾਪਾਰਾ ਰਾਮ ॥
੩. ਮਾਇਆ ਕੇ ਵਾਪਾਰਾ ਜਗਤਿ ਪਿਆਰਾ
ਆਵਣਿ ਜਾਣਿ ਦੁਖੁ ਪਾਈ ॥
੪. ਬਿਖੁ ਕਾ ਕੀੜਾ ਬਿਖੁ ਸਿਉ ਲਾਗਾ
ਬਿਸ੍ਟਾ ਮਾਹਿ ਸਮਾਈ ॥
੫. ਜੋ ਧੁਰਿ ਲਿਖਿਆ ਸੋਇ ਕਮਾਵੈ
ਕੋਇ ਨ ਮੇਟਣਹਾਰਾ ॥
੬. ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ
ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥

ਪਦ ਅਰਥ : ਜੋਤਕੀ—ਜੋਤਸ਼ੀ। ਸਭਿ—ਸਾਰੇ। ਕੂਕਦੇ—ਉੱਚੀ-ਉੱਚੀ ਕੂਕ ਕੇ (ਹੋਰਨਾਂ ਨੂੰ ਹੀ ਸੁਣਾਉਂਦੇ ਹਨ)। ਪਹਿ—ਪਾਸ, ਕੋਲ। ਅੰਤਰਿ—ਉਨ੍ਹਾਂ ਦੇ ਅੰਦਰ। ਜਗਤਿ—ਜਗਤ ਵਿਚ। ਆਵਣਿ—ਆਉਣ ਵਿਚ। ਜਾਣਿ—ਜਾਣ ਵਿਚ। ਆਵਣਿ ਜਾਣਿ—ਜਨਮ ਮਰਨ ਦੇ ਗੇੜ ਵਿਚ। ਬਿਖ—ਜ਼ਹਿਰ। ਸਿਉ—ਨਾਲ। ਸਮਾਈ—ਗ਼ਰਕ ਹੋ ਜਾਂਦਾ ਹੈ, ਆਤਮਕ ਜੀਵਨ ਮੁਕਾ ਲੈਂਦਾ ਹੈ। ਧੁਰਿ—ਧੁਰ ਦਰਗਾਹ ਤੋਂ। ਨਾਮਿ—ਨਾਮ ਵਿਚ। ਹੋਰਿ—ਬਾਕੀ ਦੇ ਮਨੁੱਖ। ਕੂਕਿ—ਉੱਚੀ-ਉੱਚੀ ਹੋਰਨਾਂ ਨੂੰ ਉਪਦੇਸ਼ ਕਰ ਕਰਕੇ। ਮੁਏ—ਮੌਤੇ ਮਰਦੇ ਹਨ।੩।

ਅਰਥ :

ਪ੍ਰ: ਸ੍ਰੀ ਜੀਉ! ਆਪ ਇਹ ਤਾਂ ਸੱਚ ਫ਼ੁਰਮਾਨ ਕਰਦੇ ਹੋ ਕਿ ਹਰ ਪ੍ਰਾਣੀ ਮਾਤ੍ਰ ਦੇ ਅੰਦਰ ਮਾਇਆ ਮੋਹ ਦੀ ਮੈਲ ਲੱਗ ਰਹੀ ਹੈ, ਪਰ ਪੰਡਤ ਤੇ ਜੋਤਸ਼ੀ ਲੋਕ ਤਾਂ ਇਸ ਮਾਇਆ ਦੀ ਕਾਲਖ ਤੋਂ ਬਚ ਗਏ ਹੋਣਗੇ ?

ਉ: ੧. ਹੇ ਭਾਈਓ! ਇਹ ਤਾਂ ਤੁਹਾਨੂੰ ਇਕ ਭੁਲੇਖਾ ਹੀ ਹੈ, ਕਿਉਂਕਿ ਅਸੀਂ ਤਾਂ ਵੇਖਦੇ ਹਾਂ ਕਿ ਪੰਡਤ ਤੇ ਜੋਤਸ਼ੀ ਲੋਕ

ਬੇਦਾਂ, ਸ਼ਾਸਤ੍ਰਾਂ ਤੇ ਜੋਤਸ਼ ਦੀਆਂ ਪੁਸਤਕਾਂ ਨੂੰ ਪੜ੍ਹ-ਪੜ੍ਹ ਕੇ ਉੱਚੀ-ਉੱਚੀ ਹੋਰਨਾਂ ਨੂੰ ਉਪਦੇਸ਼ ਕਰਦੇ ਹਨ; (ਪਰ ਅਸੀਂ ਤਾਂ ਹੈਰਾਨ ਹਾਂ ਕਿ ਉਹ ਲੋਕ ਉੱਚੀ-ਉੱਚੀ ਕਿਸ ਅੱਗੇ ਪੁਕਾਰਾਂ ਕਰਦੇ ਹਨ)।

ਪ੍ਰ: ਹਜ਼ੂਰ ਜੀਓ! ਆਖ਼ਰ ਉਹ ਸ਼ਾਸਤ੍ਰ-ਗਿਆਤਾ ਲੋਕ ਸੰਸਾਰੀ ਜੀਵਾਂ (ਜੋ ਕਿ ਮਾਇਆ ਦੇ ਮੋਹ ਵਿਚ ਖੱਚਤ ਹੋ ਰਹੇ ਹਨ) ਉਨ੍ਹਾਂ ਨੂੰ ਮਾਇਆ ਤੋਂ ਨਿਰਲੇਪ ਹੋਣ ਲਈ ਉਪਦੇਸ਼ ਤਾਂ ਕਰਦੇ ਹੀ ਹਨ?

ਉ: ੨. ਹੇ ਭੋਲਿਓ! ਅਸੀਂ ਤਾਂ ਵੇਖ ਰਹੇ ਹਾਂ ਕਿ ਉਨ੍ਹਾਂ ਦੇ ਤਾਂ ਆਪਣੇ ਅੰਦਰ ਹੀ ਮਾਇਆ ਦੇ ਮੋਹ ਦੀ ਮੈਲ ਲੱਗੀ ਹੋਈ ਹੈ, (ਸੋ ਇਨ੍ਹਾਂ ਦਾ ਸਾਰਾ ਹੀ ਉਪਦੇਸ਼) ਕੇਵਲ ਮਾਇਆ ਦੇ ਹੀ ਵਾਪਾਰ ਹਨ।

ਪ੍ਰ: ਹਜ਼ੂਰ! ਕੀ ਇਨ੍ਹਾਂ ਦੇ ਧਾਰਮਕ ਉਪਦੇਸ਼ਾਂ ਦੀ ਇਨ੍ਹਾਂ ਪੰਡਤ ਲੋਕਾਂ ਵਿਚ ਆਪ ਜੀ ਕੋਈ ਵਿਸ਼ੇਸ਼ਤਾ ਨਹੀਂ ਸਮਝਦੇ?

ਉ: ੩. ਨਹੀਂ, ਹੇ ਭਾਈ! (ਕਿਉਂਕਿ ਇਨ੍ਹਾਂ ਲੋਕਾਂ ਨੂੰ) ਜਗਤ ਵਿਚ ਇਹ ਧਰਮ ਉਪਦੇਸ਼ ਮਾਇਆ ਦੇ ਵਾਪਾਰ ਵਾਂਗੂੰ ਇਸੇ ਤਰ੍ਹਾਂ ਪਿਆਰੇ ਲੱਗਦੇ ਹਨ, (ਜਿਵੇਂ ਕਿ ਕਿਸੇ ਸੰਸਾਰੀ ਲੋਕਾਂ ਨੂੰ ਮਾਇਕੀ ਵਾਪਾਰ ਪਿਆਰਾ ਹੈ)। ਇਹੀ ਇਕ ਕਾਰਣ ਹੈ, ਜਿਸ ਕਰ ਕੇ ਇਹ ਲੋਕ ਜੰਮਣ ਮਰਣ ਵਿਚ ਦੁੱਖ ਪਾਉਂਦੇ ਹਨ।

੪. ਹੇ ਭਾਈਓ! ਉਨ੍ਹਾਂ ਪੰਡਤ ਲੋਕਾਂ ਦੀ ਦਸ਼ਾ ਤਾਂ ਇਉਂ ਹੀ ਜਾਣੋ ਜਿਵੇਂ ਕਿ ਇਕ ਜ਼ਹਿਰ ਦਾ ਕੀੜਾ ਜ਼ਹਿਰ ਵਿਚ ਹੀ ਲੱਗਾ ਰਹਿੰਦਾ ਹੈ ਤੇ ਅੰਤ ਨੂੰ ਉਸੇ ਗੰਦ ਵਿਚ ਸਮਾ ਜਾਂਦਾ ਹੈ, ਭਾਵ ਹੈ ਕਿ ਉਹ ਬੰਦਾ ਸਾਰੀ ਉਮਰ ਹੀ ਮਾਇਆ ਦੇ ਮੋਹ ਰੂਪੀ ਜ਼ਹਿਰ ਵਿਚ ਚੰਬੜਿਆ ਰਹਿੰਦਾ ਹੈ, ਇਸੇ ਆਤਮਕ ਮੌਤ ਲਿਆਉਣ ਵਾਲੀ ਮਾਇਆ ਦੇ ਮੋਹ ਰੂਪੀ ਜ਼ਹਿਰ ਵਿਚ ਆਪਣਾ ਜੀਵਨ ਮੁਕਾ ਲੈਂਦਾ ਹੈ।

ਪ੍ਰ: ਕਿਉਂ ਜੀ! ਉਹ ਇਸ ਮਾਇਆ ਦੇ ਮੋਹ ਰੂਪੀ ਜ਼ਹਿਰ ਤੋਂ ਬਚ ਕਿਉਂ ਨਹੀਂ ਜਾਂਦਾ?

ਉ: ੫. ਹੇ ਭਾਈ! ਅਸਲ ਵਿਚ ਇਹ ਗੱਲ ਉਸ ਦੇ ਆਪਣੇ ਵੱਸ ਦੀ ਨਹੀਂ ਹੈ, (ਕਿਉਂਕਿ) ਪਰਮੇਸ਼ਰ ਨੇ ਐਸੇ ਮਨੁੱਖ ਦੇ ਪਿਛਲੇ ਕੀਤੇ ਕਰਮਾਂ ਅਨੁਸਾਰ, ਜੋ ਕੁਝ ਧੁਰ ਤੋਂ ਉਸ ਦੇ ਮੱਥੇ ਉੱਤੇ ਲਿਖ ਦਿੱਤਾ ਹੈ, ਉਹੋ ਹੀ ਉਹ ਜਗਤ ਵਿਚ ਆ ਕੇ ਕਾਰ ਕਮਾਂਦਾ ਰਹਿੰਦਾ ਹੈ। ਉਨ੍ਹਾਂ ਕਰਮਾਂ ਨੂੰ ਮੇਟ ਦੇਣ ਦੀ ਕਿਸੇ ਵਿਚ ਵੀ ਕੋਈ ਤਾਕਤ ਨਹੀਂ ਹੈ।

ਪ੍ਰ: ਹੇ ਗੁਰੋ! ਕੀ ਇਹ ਦੁਖਦਾਈ ਦਸ਼ਾ ਸਾਰੇ ਲੋਕਾਂ ਦੀ ਹੀ ਹੋਇਆ ਕਰਦੀ ਹੈ?

ਉ: ੬. ਨਹੀਂ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜੋ ਲੋਕ ਨਾਮ ਸਿਮਰਨ ਵਿਚ ਲੱਗੇ ਰਹਿੰਦੇ ਹਨ, ਉਨ੍ਹਾਂ ਲੋਕਾਂ ਨੇ ਸਦਾ ਹੀ ਸੁੱਖ ਪਾਇਆ ਹੈ। ਉਨ੍ਹਾਂ ਤੋਂ ਬਿਨਾ ਹੋਰ (ਸਾਰੇ) ਹੀ ਗੰਵਾਰ ਮੂਰਖ ਲੋਕ ਕੂਕਦੇ (ਪੁਕਾਰਦੇ) ਹੀ ਮਰ ਗਏ ਹਨ।੩।

੧. ਮਾਇਆ ਮੋਹਿ ਮਨੁ ਰੰਗਿਆ
ਮੋਹਿ ਸੁਧਿ ਨ ਕਾਈ ਰਾਮ॥
੨. ਗੁਰਮੁਖਿ ਇਹੁ ਮਨੁ ਰੰਗੀਐ
ਦੂਜਾ ਰੰਗੁ ਜਾਈ ਰਾਮ॥
੩. ਦੂਜਾ ਰੰਗੁ ਜਾਈ ਸਾਚਿ ਸਮਾਈ
ਸਚਿ ਭਰੇ ਭੰਡਾਰਾ॥
੪. ਗੁਰਮੁਖਿ ਹੋਵੈ ਸੋਈ ਬੂਝੈ
ਸਚਿ ਸਵਾਰਣਹਾਰਾ॥
੫. ਆਪੇ ਮੇਲੇ ਸੋ ਹਰਿ ਮਿਲੈ
ਹੋਰੁ ਕਹਣਾ ਕਿਛੂ ਨ ਜਾਏ॥
੬. ਨਾਨਕ ਵਿਣੁ ਨਾਵੈ ਭਰਮਿ ਭੁਲਾਇਆ
ਇਕਿ ਨਾਮਿ ਰਤੇ ਰੰਗੁ ਲਾਏ॥੪॥੫॥

ਪਦ ਅਰਥ : ਮੋਹਿ—ਮੋਹ ਵਿਚ। ਸੁਧਿ—ਜੀਵਨ-ਸਫਲਤਾ ਦੀ ਸਮਝ। ਗੁਰਮੁਖਿ—ਗੁਰੂ ਦੀ ਸ਼ਰਣ ਪੈ ਕੇ। ਜਾਈ—ਦੂਰ ਹੋ ਜਾਂਦਾ ਹੈ। ਸਾਚਿ—ਸਦਾ ਸਥਿਰ ਰਹਿਣ ਵਾਲੇ ਹਰਿ ਨਾਮ ਵਿਚ। ਭਰਮਿ—ਭਟਕਣਾ ਵਿਚ (ਪੈ ਕੇ)। ਇਕਿ—ਕਈ ਮਨੁੱਖ। ਲਾਏ—ਲਾਇ, ਲਾ ਕੇ।੪।

ਅਰਥ :

ਪ੍ਰ: ਗ਼ਰੀਬ ਨਿਵਾਜ਼ ਜੀਉ! ਮਨੁੱਖ ਨੂੰ ਇਸ ਜਗਤ ਵਿਚ ਪੈਦਾ ਹੋ ਕੇ, ਇਸ ਜੀਵਨ ਨੂੰ ਸਫਲਾ ਕਰਨ ਦੀ ਸੋਝੀ ਕਿਉਂ ਭੁੱਲ ਜਾਂਦੀ ਹੈ?

ਉ: ੧. ਹੇ ਭਾਈਓ! ਅਸਲ ਕਾਰਣ ਤਾਂ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਇਸ ਮਨੁੱਖ ਦਾ ਮਨ ਮਾਇਆ ਦੇ ਮੋਹ ਵਿਚ ਰੰਗਿਆ ਜਾਂਦਾ ਹੈ, ਉਸ ਮੋਹ ਵਿਚ ਫਸ ਕੇ ਇਸ ਜੀਵ ਨੂੰ ਆਪਣੇ ਜੀਵਨ-ਸਫਲਤਾ ਦੀ ਕੋਈ ਸਮਝ ਨਹੀਂ ਆਉਂਦੀ।

ਪ੍ਰ: ਹਜ਼ੂਰ ਜੀ! ਤਾਂ ਫਿਰ ਦੱਸੋ ਕੀ ਕੀਤਾ ਜਾਏ?

ਉ: ੨. ਹੇ ਪਿਆਰਿਓ! ਜੇ ਕਦੀ ਇਸ ਮਨ ਨੂੰ ਗੁਰੂ ਦੀ ਸ਼ਰਨ ਪੈ ਕੇ ਨਾਮ ਰੰਗ ਵਿਚ ਰੰਗ ਲਿਆ ਜਾਵੇ, ਤਾਂ ਫਿਰ ਇਸ ਤੋਂ ਮਾਇਆ ਦੇ ਮੋਹ ਦਾ ਰੰਗ ਉਤਰ ਜਾਂਦਾ ਹੈ।

ਪ੍ਰ: ਕਿਉਂ ਜੀ! ਇਸ ਮਾਇਆ ਦੇ ਮੋਹ ਦਾ ਰੰਗ ਲਹਿ ਜਾਣ ਤੋਂ ਆਖ਼ਰ ਹਾਸਲ ਕੀ ਹੁੰਦਾ ਹੈ?

ਉ: ੩. ਹੇ ਸੱਜਨੋ! ਜਦ ਕਿਸੇ ਦੇ ਮਨ ਤੋਂ ਮਾਇਆ ਦੇ ਮੋਹ ਦਾ ਰੰਗ ਲਹਿ ਜਾਏ ਤਾਂ ਫਿਰ ਉਸ ਦੀ ਸੱਚ ਵਿਚ ਸਮਾਈ ਹੋ ਜਾਵੇਗੀ। ਇਉਂ ਉਸ ਦੇ ਅੰਦਰਲੇ ਅੰਤਹਕਰਣ ਰੂਪ ਭੰਡਾਰੇ (ਸਦਾ ਹੀ) ਸੱਚ ਨਾਲ ਭਰੇ ਰਹਿਣਗੇ।

ਪ੍ਰ: ਕਿਉਂ ਜੀ! ਇਸ ਗੱਲ ਦੀ ਸਾਰੇ ਲੋਕਾਂ ਨੂੰ ਸੋਝੀ ਕਿਉਂ ਨਹੀਂ ਆ ਜਾਂਦੀ?

ਉ: ੪. ਹੇ ਮਿੱਤਰ ਜਨੋ! ਅਸਲ ਵਿਚ ਇਸ ਗੱਲ ਨੂੰ ਉਹੀ ਸਮਝ ਸਕੇਗਾ, ਜੋ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ ਅਤੇ ਉਹੀ ਮਨੁੱਖ ਸਦਾ-ਥਿਰ ਰਹਿਣ ਵਾਲੇ ਨਾਮ ਨਾਲ ਆਪਣੇ ਜੀਵਨ ਨੂੰ ਸੰਵਾਰ ਲੈਂਦਾ ਹੈ।

੫. ਹੇ ਪਿਆਰਿਓ! ਜਿਸ ਮਨੁੱਖ ਨੂੰ ਪਰਮੇਸ਼ਰ ਆਪ (ਆਪਣੇ ਨਾਲ) ਮਿਲਾਂਦਾ ਹੈ, ਉਹੀ ਪ੍ਰਭੂ ਨੂੰ ਮਿਲ ਸਕਦਾ ਹੈ, (ਸੋ ਪਰਮੇਸ਼ਰ ਦੀ ਆਪਣੀ ਮਿਹਰ ਤੋਂ ਬਿਨਾ ਕੋਈ ਹੋਰ ਉਪਾਉ ਦੱਸਿਆ ਹੀ ਨਹੀਂ ਜਾ ਸਕਦਾ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਇਹ ਜਗਤ ਨਾਮ ਤੋਂ ਸਖਣਾ ਭਟਕਣਾ ਵਿਚ ਪੈ ਕੇ ਕੁਰਾਹੇ ਪਿਆ ਰਹਿੰਦਾ ਹੈ, (ਪਰ ਹਾਂ) ਇਕ ਐਸੇ (ਲੋਕ ਭੀ) ਹਨ, ਜੋ ਪ੍ਰਭੂ ਚਰਨਾਂ ਵਿਚ ਪ੍ਰੀਤ ਜੋੜ ਕੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ।੪।੫।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਜੀ ਨੇ ਕਿਸੇ ਭਰਮਾਂ ਵਿਚ ਭੁਲੇ ਸੰਸਾਰੀ ਜੀਵ ਨੂੰ ਉਪਦੇਸ਼ ਦਿੱਤਾ ਹੈ ਅਤੇ ਮਾਇਆ ਦੇ ਮੋਹ ਵਲੋਂ ਸੁਰਤ ਨੂੰ ਉੱਚਾ ਕਰ ਕੇ ਨਾਮ ਦੁਆਰਾ ਪ੍ਰਭੂ ਜੀ ਦੀ ਪ੍ਰੇਮਾ-ਭਗਤੀ ਵਿਚ ਲਗਾਉਣ ਦੀ ਪ੍ਰੇਰਨਾ ਕੀਤੀ ਹੈ।

ਵਡਹੰਸੁ ਮਹਲਾ ੩ ॥

੧. ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ
ਅੰਤਿ ਸਚਿ ਨਿਬੇੜਾ ਰਾਮ ॥
੨. ਆਪੇ ਸਚਾ ਬਖਸਿ ਲਏ
ਫਿਰਿ ਹੋਇ ਨ ਫੇਰਾ ਰਾਮ ॥
੩. ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ
ਗੁਰਮੁਖਿ ਮਿਲੈ ਵਡਿਆਈ ॥
੪. ਸਾਚੈ ਰੰਗਿ ਰਾਤੇ ਸਹਜੇ ਮਾਤੇ
ਸਹਜੇ ਰਹੇ ਸਮਾਈ ॥
੫. ਸਚਾ ਮਨਿ ਭਾਇਆ ਸਚੁ ਵਸਾਇਆ
ਸਬਦਿ ਰਤੇ ਅੰਤਿ ਨਿਬੇਰਾ ॥
੬. ਨਾਨਕ ਨਾਮਿ ਰਤੇ ਸੇ ਸਚਿ ਸਮਾਣੇ
ਬਹੁਰਿ ਨ ਭਵਜਲਿ ਫੇਰਾ ॥੧॥

ਪਦ ਅਰਥ : ਆਵਾ ਗਉਣੁ—ਜਗਤ ਵਿਚ ਆਉਣਾ ਤੇ ਜਗਤ ਤੋਂ ਜਾਣਾ, ਜੰਮਣ ਮਰਣ। ਸੰਸਾਰੁ—ਜਗਤ (ਦਾ ਮੋਹ)। ਅੰਤਿ—ਆਖ਼ਰ ਨੂੰ। ਸਚਿ—ਸਦਾ ਥਿਰ ਰਹਿਣ ਵਾਲੇ ਪਰਮੇਸ਼ਰ ਵਿਚ (ਜੁੜਿਆਂ)। ਨਿਬੇੜਾ—ਆਵਾਗਉਣ ਦਾ (ਖ਼ਾਤਮਾ) ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਰੰਗਿ—ਪ੍ਰੇਮ ਰੰਗ ਵਿਚ। ਰਾਤੇ—ਰੰਗੇ ਹੋਏ। ਸਹਜਿ—ਅਡੋਲਤਾ ਵਿਚ। ਮਾਤੇ—ਮਸਤ। ਮਨਿ—ਮਨ ਵਿਚ। ਸਬਦਿ—ਗੁਰੂ ਦੇ ਸ਼ਬਦ ਵਿਚ। ਨਾਮਿ—ਨਾਮ ਵਿਚ। ਬਹੁਰਿ—ਮੁੜ, ਫਿਰ। ਭਵਜਲਿ—ਸੰਸਾਰ ਸਮੁੰਦਰ ਵਿਚ।੧।

ਅਰਥ :

ਪ੍ਰ: ਹੇ ਗੁਰੋ! ਇਸ ਜੀਵ ਦੇ ਜੰਮਣ ਮਰਣ ਦਾ ਅਸਲ ਕਾਰਣ ਕੀ ਹੈ?

ਉ: ੧. ਹੇ ਮੇਰੇ ਮਨ! ਇਸ ਜੀਵ ਵਾਸਤੇ ਜਗਤ ਦਾ ਮੋਹ ਜਨਮ ਮਰਣ ਦੇ ਗੇੜ ਵਿਚ ਲਿਆਉਣ ਦਾ ਕਾਰਨ ਹੈ। ਇਸ ਜਨਮ ਮਰਣ ਦੇ ਗੇੜ ਤੋਂ ਛੁਟਕਾਰਾ ਅੰਤ ਨੂੰ ਸੱਚ ਦੁਆਰਾ ਹੀ ਹੋ ਸਕਣਾ ਹੈ।

੨. ਜਦੋਂ ਸੱਚਾ ਪਰਮੇਸ਼ਰ ਜੀਵ ਨੂੰ ਆਪੇ ਬਖ਼ਸ਼ ਲਏਗਾ, ਫਿਰ ਉਸ ਦਾ ਇਸ ਸੰਸਾਰ ਵਿਚ ਫੇਰਾ ਨਹੀਂ ਪਵੇਗਾ, (ਭਾਵ ਜਨਮ ਨਹੀਂ ਹੋਵੇਗਾ)।

੩. ਹਾਂ! ਉਸਨੂੰ ਮੁੜ-ਮੁੜ ਜਨਮ ਮਰਣ ਦਾ ਗੇੜ ਨਹੀਂ ਮਿਲਦਾ। ਅੰਤ ਨੂੰ ਉਸ ਦਾ ਸੱਚ ਦੁਆਰਾ ਨਬੇੜਾ ਹੋਏਗਾ, ਪਰ ਇਹ ਵਡਿਆਈ ਗੁਰੂ ਦੁਆਰਾ ਹੀ ਮਿਲਦੀ ਹੈ।

੪. ਜਿਹੜੇ ਮਨੁੱਖ ਉਸ ਹਰੀ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ, ਉਹ ਸੁਭਾਵਕ ਹੀ ਮਸਤ ਰਹਿੰਦੇ ਹਨ ਅਤੇ ਸਹਿਜੇ ਹੀ ਆਤਮਿਕ ਅਨੰਦ ਵਿਚ ਸਮਾਏ ਰਹਿੰਦੇ ਹਨ।

ਪ੍ਰ: (ਕਿਉਂ ਜੀ) ਆਖ਼ਰ ਇਸ ਸੰਸਾਰ ਤੋਂ ਛੁਟਕਾਰਾ ਕਿਸ ਦਾ ਹੁੰਦਾ ਹੈ?

ਉ: ੫. ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ ਹਰੀ ਪ੍ਰਭੂ ਮਨ ਵਿਚ ਪਿਆਰਾ ਲੱਗਣ ਲੱਗ ਪੈਂਦਾ ਹੈ, ਜਿਹੜੇ ਮਨੁੱਖ ਸਦਾ-ਥਿਰ ਪ੍ਰਭੂ ਨੂੰ ਮਨ ਵਿਚ ਵਸਾ ਲੈਂਦੇ ਹਨ ਅਤੇ ਜੋ ਸੱਜਣ ਗੁਰੂ ਦੇ ਸ਼ਬਦ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਦੇ ਜਨਮ ਮਰਣ ਦਾ ਅੰਤ ਨੂੰ ਖ਼ਾਤਮਾ ਹੋ ਜਾਂਦਾ ਹੈ।

ਪ੍ਰ: ਕਿਉਂ ਜੀ, ਅੰਤ ਨੂੰ ਸੱਚ ਵਿਚ ਕੌਣ ਸਮਾਏ ਹਨ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! (ਜੋ ਮਨੁੱਖ ਸਦਾ ਹੀ) ਨਾਮ ਸਿਮਰਨ ਵਿਚ ਲੱਗੇ ਰਹਿੰਦੇ ਹਨ, ਉਹ ਸੱਚ ਵਿਚ ਸਮਾਉਂਦੇ ਹਨ। ਉਨ੍ਹਾਂ ਦਾ ਮੁੜ ਕੇ ਫਿਰ ਸੰਸਾਰ ਸਾਗਰ ਵਿਚ ਫੇਰਾ ਨਹੀਂ ਹੁੰਦਾ।੧।

੧. ਮਾਇਆ ਮੋਹੁ ਸਭੁ ਬਰਲੁ ਹੈ
ਦੂਜੈ ਭਾਇ ਖੁਆਈ ਰਾਮ ॥
੨. ਮਾਤਾ ਪਿਤਾ ਸਭੁ ਹੇਤੁ ਹੈ
ਹੇਤੇ ਪਲਚਾਈ ਰਾਮ ॥
੩. ਹੇਤੇ ਪਲਚਾਈ ਪੁਰਬਿ ਕਮਾਈ
ਮੇਟਿ ਨ ਸਕੈ ਕੋਈ ॥
੪. ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ
ਤਿਸੁ ਜੇਵਡੁ ਅਵਰੁ ਨ ਕੋਈ ॥
੫. ਮਨਮੁਖਿ ਅੰਧਾ ਤਪਿ ਤਪਿ ਖਪੈ
ਬਿਨੁ ਸਬਦੈ ਸਾਂਤਿ ਨ ਆਈ ॥
੬. ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ
ਮਾਇਆ ਮੋਹਿ ਖੁਆਈ ॥੨॥

ਪਦ ਅਰਥ : ਸਭੁ—ਸਾਰਾ, ਨਿਰਾ। ਬਰਲੁ—ਪਾਗ਼ਲਪਨ, ਝੱਲ। ਦੂਜੈ ਭਾਇ—ਮਾਇਆ ਦੇ ਮੋਹ ਵਿਚ। ਖੁਆਈ—ਕੁਰਾਹੇ ਪਈ ਹੋਈ ਹੈ। ਹੇਤੁ—ਮੋਹ। ਹੇਤੇ—ਮੋਹ ਵਿਚ ਹੀ। ਪਲਚਾਈ—ਉਲਝੀ ਹੋਈ, ਫਸੀ ਹੋਈ। ਪੁਰਬਿ—ਪਹਿਲੇ ਜਨਮ ਵਿਚ! ਜਿਨਿ—ਜਿਸ (ਕਰਤਾਰ) ਨੇ। ਕਰਿ—ਕਰ ਕੇ, ਮਾਇਆ ਦਾ ਮੋਹ ਰਚ ਕੇ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ। ਤਪਿ ਤਪਿ—ਸੜ-ਸੜ ਕੇ। ਖਪੈ—ਦੁਖੀ ਹੁੰਦਾ ਹੈ। ਮੋਹਿ—ਮੋਹ ਵਿਚ।

ਅਰਥ :

ਪ੍ਰ: ਸ੍ਰੀ ਜੀਉ! ਜਦ ਸੰਸਾਰੀ ਜੀਵਾਂ ਵੱਲ ਗਹੁ ਨਾਲ ਤੱਕਦੇ ਹਾਂ, ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਕ ਪਾਗ਼ਲ

ਆਪਣਾ ਸਹੀ ਰਸਤਾ ਛੱਡ ਕੇ ਕੁਰਾਹੇ ਪਿਆ ਖ਼ੁਆਰ ਹੁੰਦਾ ਹੈ, ਦੱਸੋ ਇਹ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ ?

ਉ: ੧. ਹੇ ਭਾਈਓ ! ਇਸ ਮਾਇਆ ਦਾ ਮੋਹ ਨਿਰਾ ਹੀ ਪਾਗਲ-ਪਨ ਹੈ (ਜੋ ਕਿ ਸਾਰੀ ਦੁਨੀਆ ਦੇ ਲੋਕਾਂ ਨੂੰ ਹੀ ਚੰਬੜਿਆ ਹੋਇਆ ਹੈ, ਇਹੋ ਹੀ ਇਕ ਕਾਰਨ ਹੈ ਕਿ) ਇਹ ਸਾਰੀ ਦੁਨੀਆ ਹੀ ਇਸ ਮਾਇਆ ਦੇ ਮੋਹ ਵਿਚ (ਖਚਤ ਹੋਈ) ਇਸ ਮਨੁੱਖਾ ਜੀਵਨ ਦੇ ਸਹੀ ਮਾਰਗ ਵੱਲੋਂ ਖੁੰਝੀ ਜਾ ਰਹੀ ਹੈ।

ਪ੍ਰ: ਹਜ਼ੂਰ ! ਜਿਸ ਮੋਹ ਦਾ ਆਪ ਜ਼ਿਕਰ ਕਰਦੇ ਹੋ, ਉਸ ਮੋਹ ਦਾ ਰੂਪ ਕੀ ਹੈ ?

ਉ: ੨. ਹੇ ਪਿਆਰਿਓ ! ਜੋ ਇਹ ਮਨੁੱਖ ਮਨ ਵਿਚ ਮੰਨੀ ਰੱਖਦਾ ਹੈ ਕਿ (ਇਹ ਮੇਰੀ) ਮਾਂ ਹੈ, (ਇਹ ਮੇਰਾ) ਪਿਤਾ ਹੈ, (ਇਹ ਮੇਰੀ) ਇਸਤਰੀ ਹੈ, ਇਹ ਮੇਰਾ ਪੁੱਤ੍ਰ ਹੈ, ਸੋ ਇਹ ਸਾਰੇ ਹੀ (ਸੰਬੰਧੀ) ਮੋਹ ਦਾ ਹੀ ਰੂਪ ਹਨ, ਇਸੇ ਮੋਹ ਵਿਚ ਸਾਰੀ ਦੁਨੀਆ ਉਲਝੀ ਪਈ ਹੈ।

ਪ੍ਰ: ਕਿਉਂ ਜੀ ! ਜਦੋਂ ਇਹ ਕਿਸੇ ਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਮੋਹ ਦੁੱਖ ਰੂਪ ਹੈ, ਤਾਂ ਫਿਰ ਜੀਵ ਇਸ ਮੋਹ ਦਾ ਤਿਆਗ ਕਿਉਂ ਨਹੀਂ ਕਰ ਦੇਂਦੇ ?

ਉ: ੩. ਹੇ ਮਿੱਤਰੋ ! ਅਸਲ ਵਿਚ ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਕਿਉਂਕਿ ਇਹ ਸਾਰੀ ਹੀ ਲੁਕਾਈ ਪੂਰਬਲੇ ਜਨਮਾਂ ਵਿਚ ਕੀਤੇ ਕਰਮਾਂ ਅਨੁਸਾਰ ਸੰਬੰਧੀਆਂ ਦੇ ਮੋਹ ਵਿਚ ਫਸੀ ਰਹਿੰਦੀ ਹੈ, ਪਰ ਇਹ ਕਿਸੇ ਮਨੁੱਖ ਵਿਚ ਵੀ ਤਾਕਤ ਨਹੀਂ ਕਿ ਉਹ ਆਪਣੀ ਕਿਸੇ ਚਾਤੁਰਤਾ ਨਾਲ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਨੂੰ ਮਿਟਾ ਸਕੇ।

ਪ੍ਰ: ਸ੍ਰੀ ਜੀਉ ! ਇਹ ਜੋ ਸਾਰੇ ਹੀ ਜਗਤ ਵਿਚ ਮੋਹ ਦਾ ਤਮਾਸ਼ਾ ਹੋ ਰਿਹਾ ਵੇਖਦੇ ਹਾਂ, ਇਸ ਦੇ ਹੋਣ ਦਾ ਅਸਲ ਕਾਰਣ ਕੀ ਹੈ ?

ਉ: ੪. ਹੇ ਪਿਆਰੇ ! ਵੇਖੋ, ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹੀ ਇਸ ਮਾਇਆ ਦੇ ਮੋਹ ਨੂੰ ਰਚ ਕੇ (ਤਮਾਸ਼ਾ) ਵੇਖ ਰਿਹਾ ਹੈ, ਉਸ ਦੇ ਰਾਹ ਵਿਚ ਕੋਈ ਵੀ ਰੋਕ ਨਹੀਂ ਪਾ ਸਕਦਾ, (ਕਿਉਂਕਿ) ਉਸ ਦੇ ਬਰਾਬਰ ਦਾ ਹੋਰ ਕੋਈ ਵੀ ਨਹੀਂ ਹੈ।

੫. ਪਰ, ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ ਇਸ ਮਾਇਆ ਮੋਹ ਦੇ ਵਿਚ ਅੰਨ੍ਹਾ ਹੋ ਕੇ ਮੋਹ ਵਿਚ ਹੀ ਸੜ-ਸੜ ਕੇ ਦੁਖੀਆ ਹੁੰਦਾ ਹੈ। ਉਹ ਜਿਤਨਾ ਚਿਰ ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਕਰਦਾ, ਉਸ ਨੂੰ ਕਦੇ ਵੀ ਸ਼ਾਂਤੀ ਨਹੀਂ ਆਉਂਦੀ।

ਪ੍ਰ: ਹਜ਼ੂਰ ! ਇਸ ਮਾਇਆ ਦੇ ਮੋਹ ਵਿਚ ਹਰ ਇਕ ਜੀਵ ਦਾ ਸਦਾ ਹੀ ਭੁਲੇ ਰਹਿਣ ਦਾ ਅਸਲ ਕਾਰਣ ਕੀ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਪਰਮੇਸ਼ਰ ਦੇ ਨਾਮ ਸਿਮਰਨ ਵੱਲੋਂ ਸੱਖਣਾ ਰਹਿ ਕੇ ਹਰੇਕ ਜੀਵ ਕੁਰਾਹੇ ਪੈ ਰਿਹਾ ਹੈ, ਇਸ ਮਾਇਆ ਦੇ ਮੋਹ ਨੇ ਇਸ ਜੀਵ ਨੂੰ ਜੀਵਨ ਦੇ ਸਹੀ ਮਾਰਗ ਵੱਲੋਂ ਖੁੰਝਾ ਛੱਡਿਆ ਹੈ।੨।

੧. ਏਹੁ ਜਗੁ ਜਲਤਾ ਦੇਖਿ ਕੈ
ਭਜਿ ਪਏ ਹਰਿ ਸਰਣਾਈ ਰਾਮ ॥
੨. ਅਰਦਾਸਿ ਕਰੀ ਗੁਰ ਪੂਰੇ ਆਗੈ
ਰਖਿ ਲੇਵਹੁ ਦੇਹੁ ਵਡਾਈ ਰਾਮ ॥
੩. ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ
ਤੁਧੁ ਜੇਵਡੁ ਅਵਰੁ ਨ ਦਾਤਾ ॥
੪. ਸੇਵਾ ਲਾਗੇ ਸੇ ਵਡਭਾਗੇ
ਜੁਗਿ ਜੁਗਿ ਏਕੋ ਜਾਤਾ ॥
੫. ਜਤੁ ਸਤੁ ਸੰਜਮੁ ਕਰਮ ਕਮਾਵੈ
ਬਿਨੁ ਗੁਰ ਗਤਿ ਨਹੀ ਪਾਈ ॥
੬. ਨਾਨਕ ਤਿਸ ਨੋ ਸਬਦੁ ਬੁਝਾਏ
ਜੋ ਜਾਇ ਪਵੈ ਹਰਿ ਸਰਣਾਈ ॥੩॥

ਪਦ ਅਰਥ : ਦੇਖਿ ਕੈ—ਦੇਖਿ ਕਰਿ, ਵੇਖ ਕੇ। ਕਰੀ—ਮੈਂ ਕਰਦਾ ਹਾਂ। ਵਡਾਈ—ਇੱਜ਼ਤ। ਦਾਤਾ—ਬਖ਼ਸ਼ਸ਼ਾਂ ਕਰਨ ਵਾਲਾ। ਅਵਰੁ—ਕੋਈ ਹੋਰ। ਜੁਗਿ ਜੁਗਿ ਏਕੋ—ਜੋ ਹਰੇਕ ਜੁਗ ਵਿਚ ਇਕ ਆਪ ਹੀ ਆਪ ਹੈ। ਜਾਤਾ—ਜਾਣਿਆ। ਜਤੁ—ਕਾਮ ਵਾਸ਼ਨਾ ਨੂੰ ਰੋਕਣ ਦਾ ਜਤਨ। ਸਤੁ—ਉੱਚਾ ਆਚਰਨ, ਦਾਨੀ ਹੋਣਾ, ਦਾਨ। ਸੰਜਮ—ਇੰਦ੍ਰੀਆਂ ਨੂੰ ਵਸ ਕਰਨ ਦਾ ਜਤਨ। ਗਤਿ—ਉੱਚੀ ਆਤਮਿਕ ਅਵਸਥਾ।੩।

ਅਰਥ :

ਪ੍ਰ: ਗੁਰਦੇਵ ਜੀਉ ! ਕੀ ਜਗਤ ਵਿਚ ਕੋਈ ਐਸੇ ਮਨੁੱਖ ਵੀ ਹਨ ਜੋ ਕਿ ਵਿਕਾਰਾਂ ਵਿਚ ਸੜਨੋਂ ਬਚ ਰਹਿ ਸਕੇ ਹੋਣ ?

ਉ: ੧. ਹੇ ਮਿੱਤਰੋ ! ਜੋ ਮਨੁੱਖ ਇਸ ਸੰਸਾਰ ਨੂੰ ਵਿਕਾਰਾਂ ਵਿਚ ਸੜਦਾ ਵੇਖ ਕੇ ਇਨ੍ਹਾਂ ਤੋਂ ਬਚਣ ਲਈ ਦੌੜ ਕੇ ਸਾਈਂ ਜੀ ਦੀ ਸ਼ਰਨ ਵਿਚ ਜਾ ਪੈਂਦੇ ਹਨ, (ਉਹ ਸੜਨੋਂ ਬਚ ਰਹਿੰਦੇ ਹਨ)।

੨. ਹੇ ਭਾਈਓ ! ਹੁਣ ਤਾਂ ਮੈਂ ਭੀ ਪੂਰੇ ਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ (ਹੇ ਗੁਰੋ) ਮੈਨੂੰ ਵੀ ਵਿਕਾਰਾਂ ਦੀ ਸੜਨ ਵਿਚੋਂ ਬਚਾ ਲੈ, ਮੈਨੂੰ ਇਹੋ ਹੀ ਵਡਿਆਈ ਬਖ਼ਸ਼।

੩. ਹੇ ਗੁਰੋ ! ਮੈਨੂੰ ਆਪਣੀ ਸ਼ਰਨ ਵਿਚ ਰੱਖ ਕੇ ਪਰਮੇਸ਼ਰ ਦੇ ਨਾਮ ਜਪਣ ਦੀ ਵਡਿਆਈ ਬਖ਼ਸ਼ਸ਼ ਕਰੋ, (ਕਿਉਂਕਿ) ਤੁਹਾਡੇ ਜੇਡਾ ਵੱਡਾ ਦਾਤਾ ਹੋਰ ਕੋਈ ਵੀ ਨਹੀਂ।

੪. ਹੇ ਗੁਰੋ ! ਮੈਨੂੰ ਇਹ ਪੂਰਨ ਭਰੋਸਾ ਹੋ ਆਇਆ ਹੈ ਕਿ ਜੋ ਇਸ ਤਰ੍ਹਾਂ ਗੁਰੂ ਦੀ ਸੇਵਾ ਵਿਚ ਲੱਗ ਪਏ ਹਨ, ਉਹ ਵੱਡੇ ਭਾਗਾਂ ਵਾਲੇ ਹੋ ਗਏ, (ਕਿਉਂਕਿ) ਉਨ੍ਹਾਂ ਨੇ ਜੁੱਗਾਂ-ਜੁੱਗਾਂ ਵਿਚ ਕਾਇਮ ਰਹਿਣ ਵਾਲੇ ਇਕੋ ਪ੍ਰਭੂ ਨੂੰ ਜਾਣ ਲਿਆ ਹੈ।

ਪ੍ਰ: ਸ੍ਰੀ ਜੀਉ ! ਬਹੁਤ ਲੋਕਾਂ ਨੂੰ ਵੇਖੀਦਾ ਹੈ ਕਿ ਉਹ ਮੁਕਤੀ ਪ੍ਰਾਪਤ ਕਰਨ ਲਈ ਜਤ, ਸਤ, ਸੰਜਮ ਆਦਿ ਕਰਮ ਕਰਦੇ ਹਨ, ਕੀ ਇਸ ਜੁੱਗ ਵਿਚ ਉਨ੍ਹਾਂ ਦੀ ਮੁਕਤੀ ਹੋ ਸਕੇਗੀ ?

ਉ: ੫. (ਨਹੀਂ) ਹੇ ਪਿਆਰੇ! ਇਹ ਜਤ, ਸਤ ਆਦਿ ਕਰਮ ਪਿਛਲੇ ਜੁੱਗਾਂ ਵਿਚ ਕਰਨ ਦਾ ਧਰਮ ਮੰਨਿਆ ਗਿਆ ਹੈ, ਪਰ ਇਸ ਕਲਜੁਗ ਵਿਚ ਜੇ ਕੋਈ ਇਨ੍ਹਾਂ ਕਰਮਾਂ ਨੂੰ ਕਰਦਾ ਹੈ, ਤਾਂ ਸਮਝ ਲਓ ਕਿ ਉਹ ਬਿਨਾ ਗੁਰੂ ਤੋਂ ਗਤਿ ਮੁਕਤੀ ਨਹੀਂ ਪਾ ਸਕੇਗਾ ਅਤੇ ਨਾ ਹੀ ਇਸ ਤਰ੍ਹਾਂ ਅੱਜ ਤਕ ਕੋਈ ਕਲਿਆਣ ਪਾ ਹੀ ਸਕਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜੋ ਉਪਰਲੇ ਕਥਨ ਅਨੁਸਾਰ ਹਰੀ ਦੀ ਸ਼ਰਨੀ ਜਾ ਪਵੇ, ਉਸ ਨੂੰ (ਗੁਰੂ) ਸ਼ਬਦ ਬੁਝਾ ਦੇਂਦਾ ਹੈ, ਭਾਵ ਪ੍ਰਭੂ ਉਸ ਨੂੰ ਗੁਰੂ ਦੇ ਸ਼ਬਦ ਸਮਝਣ ਦੀ ਦਾਤ ਬਖ਼ਸ਼ਸ਼ ਕਰ ਦੇਂਦਾ ਹੈ।੩।

੧. ਜੋ ਹਰਿ ਮਤਿ ਦੇਇ ਸਾ ਊਪਜੈ
ਹੋਰ ਮਤਿ ਨ ਕਾਈ ਰਾਮ॥
੨. ਅੰਤਰਿ ਬਾਹਰਿ ਏਕੁ ਤੂ
ਆਪੇ ਦੇਹਿ ਬੁਝਾਈ ਰਾਮ॥
੩. ਆਪੇ ਦੇਹਿ ਬੁਝਾਈ ਅਵਰ ਨ ਭਾਈ
ਗੁਰਮੁਖਿ ਹਰਿ ਰਸੁ ਚਾਖਿਆ॥
੪. ਦਰਿ ਸਾਚੈ ਸਦਾ ਹੈ
ਸਾਚਾ ਸਾਚੈ ਸਬਦਿ ਸੁਭਾਖਿਆ॥
੫. ਘਰ ਮਹਿ ਨਿਜ ਘਰੁ ਪਾਇਆ
ਸਤਿਗੁਰੁ ਦੇਇ ਵਡਾਈ॥
੬. ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ
ਮਤਿ ਪਰਵਾਣੁ ਸਚੁ ਸਾਈ॥੪॥੬॥

ਪਦ ਅਰਥ : ਦੇਇ—ਦੇਂਦਾ ਹੈ! ਦੇਹਿ—ਦੇਂਹਿ, ਤੂੰ ਦੇਂਦਾ ਹੈਂ। ਬੁਝਾਈ—ਸਮਝ। ਨ ਭਾਈ—ਪਸੰਦ ਨਹੀਂ ਆਉਂਦੀ। ਦਰਿ—ਦਰ ਵਿਚ। ਸਾਚੈ ਦਰਿ—ਪ੍ਰਭੂ ਦੇ ਸੱਚੇ ਦਰ 'ਤੇ। ਸਾਚੈ ਸਬਦਿ—ਸੱਚੇ ਪ੍ਰਭੂ ਦੇ ਸਿਫ਼ਤਿ-ਸਾਲਾਹ ਦੇ ਸ਼ਬਦ ਦੇ ਰਾਹੀਂ। ਸੁਭਾਖਿਆ—ਸਿਫ਼ਤਿ-ਸਾਲਾਹ ਕਰਦਾ ਹੈ। ਘਰਿ ਮਹਿ—ਹਿਰਦੇ ਵਿਚ। ਨਿਜ ਘਰੁ—ਆਪਣਾ ਅਸਲ ਘਰ। ਨਾਮਿ—ਨਾਮ ਵਿਚ। ਸੇਈ—ਉਹ ਬੰਦੇ ਹੀ। ਪਾਇਨਿ—ਪਾ ਲੈਂਦੇ ਹਨ। ਸਾਈ ਮਤਿ—ਉਹੀ ਅਕਲ।੪।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਕਈ ਲੋਕਾਂ ਦੇ ਅੰਦਰ ਤਾਂ ਅਕਲ ਦੇ ਬੇਅੰਤ ਖ਼ਜ਼ਾਨੇ ਹਨ, ਕਈ ਲੋਕ ਉੱਕਾ ਹੀ ਅਕਲ ਤੋਂ ਸਖਣੇ ਹਨ, ਦੱਸੋ ਇਹ ਵਿਤਕਰਾ ਵੇਖਣ ਵਿਚ ਕਿਉਂ ਆਉਂਦਾ ਹੈ?

ਉ: ੧. ਹੇ ਭਾਈਓ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ। ਉਹ ਪਰਮੇਸ਼ਰ ਜਿਤਨੀ ਕੁ ਅਕਲ ਕਿਸੇ ਮਨੁੱਖ ਨੂੰ ਦੇਂਦਾ ਹੈ, (ਪ੍ਰਭੂ ਦੀ ਦਿੱਤੀ ਅਕਲ ਤੋਂ ਬਿਨਾ) ਹੋਰ ਕੋਈ ਮਤਿ (ਮਨੁੱਖ ਗ੍ਰਹਿਣ) ਨਹੀਂ (ਕਰ ਸਕਦਾ)।

੨. ਹੇ ਸਾਈਂ ਜੀ! ਤੂੰ ਆਪੇ ਹੀ (ਗੁਰਮੁਖ ਨੂੰ) ਸਮਝਾ ਦੇਂਦਾ ਹੈਂ ਕਿ ਜੀਵਾਂ ਦੇ ਅੰਦਰ ਬਾਹਰ ਇਕੋ ਤੂੰ ਹੀ ਹੈਂ।

੩. ਹੇ ਸਾਈਂ ਜੀ! (ਜਿਨ੍ਹਾਂ ਨੂੰ ਤੂੰ) ਆਪੇ ਇਹ ਸਮਝ ਦਿੱਤੀ ਹੈ, ਉਨ੍ਹਾਂ ਨੂੰ ਹੋਰ ਕੋਈ ਗੱਲ ਚੰਗੀ ਹੀ ਨਹੀਂ ਲੱਗਦੀ, (ਕਿਉਂਕਿ) ਉਨ੍ਹਾਂ ਗੁਰਮੁਖਾਂ ਨੇ ਹਰੀ ਦੇ ਨਾਮ ਰਸ ਨੂੰ ਚਖਿਆ ਹੈ।

੪. ਹੇ ਪਿਆਰੇ! ਉਹ ਉਸ ਸੱਚੇ ਪ੍ਰਭੂ ਦੇ ਦਰਬਾਰ ਵਿਚ ਸਦਾ ਹੀ ਸੱਚਾ ਹੈ, ਜਿਸ ਨੇ ਕਿ ਸੱਚੇ ਸ਼ਬਦ ਦੁਆਰਾ ਹਰੀ ਨੂੰ ਉਚਾਰਿਆ ਹੈ, ਭਾਵ ਸਿਮਰਿਆ ਹੈ।

੫. ਸੋ, ਹੇ ਪਿਆਰਿਓ! ਜਿਸ ਨੂੰ ਸਤਿਗੁਰੂ ਨਾਮ ਦੀ ਵਡਿਆਈ ਦੇਵੇ, ਉਹ ਆਪਣੇ ਹਿਰਦੇ ਅੰਦਰ ਹੀ ਸ੍ਵੈ-ਸਰੂਪ ਦੀ ਲੱਖਤਾ ਪਾ ਲੈਂਦਾ ਹੈ।

ਪ੍ਰ: ਕਿਉਂ ਜੀ! ਆਖ਼ਰ ਉਹ ਕਿਹੜੇ ਬੰਦੇ ਹਨ, ਜੋ ਕਿ ਵਾਹਿਗੁਰੂ ਦੇ ਸਰੂਪ ਨੂੰ ਪਾ ਸਕਣਗੇ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਜੋ ਪੁਰਸ਼ ਵਾਹਿਗੁਰੂ ਜੀ ਦੇ ਨਾਮ ਸਿਮਰਨ ਵਿਚ ਰਤੇ ਜਾਂਦੇ ਹਨ, ਉਹੋ ਹੀ ਵਾਹਿਗੁਰੂ ਜੀ ਦੇ ਸਰੂਪ ਨੂੰ ਪਾ ਲੈਣਗੇ। ਸੋ ਬੁੱਧੀ ਵੀ ਉਹੋ ਹੀ ਪ੍ਰਵਾਣ ਹੈ, ਜੋ ਕਿ ਸੱਚ ਨੂੰ ਪੁਚਾ ਦੇਂਦੀ ਹੈ, ਭਾਵ ਵਾਹਿਗੁਰੂ ਜੀ ਦੇ ਸਰੂਪ ਵਿਚ ਲੈ ਜਾਂਦੀ ਹੈ।੪।੬।

ਭਾਵਾਰਥ : ਇਸ ਉਪ੍ਰੋਕਤ ਛੰਤ ਵਿਚ ਹਜ਼ੂਰ ਆਪਣੇ ਮਨ ਪ੍ਰਤੀ ਸੰਬੋਧਨ ਕਰਦਿਆਂ ਸਾਰਿਆਂ ਲਈ ਕਲਿਆਣਕਾਰੀ ਉਪਦੇਸ਼ ਕਰਦੇ ਹਨ ਤੇ ਮਾਇਆ ਦੇ ਮੋਹ ਨੂੰ ਝੱਲਪੁਣਾ ਦੱਸ ਕੇ ਆਵਾਗਵਣ ਦਾ ਕਾਰਣ ਦਰਸਾ ਰਹੇ ਹਨ, ਪਰ ਇਸ ਆਵਾਗਵਣ ਦੇ ਚੱਕ੍ਰ ਨੂੰ ਨਾਮ ਕੱਟਦਾ ਹੈ ਅਤੇ ਨਾਮ ਵੀ ਹਰੀ ਦੀ ਮਿਹਰ ਦੁਆਰਾ ਗੁਰੂ ਦੀ ਬਖ਼ਸ਼ਸ਼ ਨਾਲ ਹੀ ਮਿਲ ਸਕਦਾ ਹੈ।

ਵਡਹੰਸੁ ਮਹਲਾ ੪ ਛੰਤ

ੴ ਸਤਿਗੁਰ ਪ੍ਰਸਾਦਿ ॥

੧. ਮੇਰੈ ਮਨਿ ਮੇਰੈ ਮਨਿ ਸਤਿਗੁਰਿ
ਪ੍ਰੀਤਿ ਲਗਾਈ ਰਾਮ॥
੨. ਹਰਿ ਹਰਿ ਹਰਿ ਹਰਿ ਨਾਮੁ ਮੇਰੈ
ਮੰਨਿ ਵਸਾਈ ਰਾਮ॥
੩. ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ
ਸਭਿ ਦੂਖ ਵਿਸਾਰਣਹਾਰਾ॥
੪. ਵਡਭਾਗੀ ਗੁਰ ਦਰਸਨੁ ਪਾਇਆ
ਧਨੁ ਧਨੁ ਸਤਿਗੁਰੂ ਹਮਾਰਾ॥
੫. ਊਠਤ ਬੈਠਤ ਸਤਿਗੁਰੁ ਸੇਵਹ
ਜਿਤੁ ਸੇਵਿਐ ਸਾਂਤਿ ਪਾਈ॥
੬. ਮੇਰੈ ਮਨਿ ਮੇਰੈ ਮਨਿ
ਸਤਿਗੁਰ ਪ੍ਰੀਤਿ ਲਗਾਈ॥੧॥

ਪਦ ਅਰਥ : ਮੇਰੈ ਮਨਿ—ਮੇਰੇ ਮਨ ਵਿਚ। ਸਤਿਗੁਰਿ—ਗੁਰੂ ਨੇ। ਸਭਿ—ਸਾਰੇ। ਵਿਸਾਰਣਹਾਰਾ—ਦੂਰ ਕਰਨ ਜੋਗਾ। ਸੇਵਹ—

ਅਸੀਂ ਸੇਵਦੇ ਹਾਂ, ਅਸੀਂ ਸੇਵਾ ਕਰਦੇ ਹਾਂ। ਜਿਤੁ—ਜਿਸਦੀ ਰਾਹੀਂ। ਜਿਤੁ ਸੇਵਿਐ—ਜਿਸ ਦੀ ਸੇਵਾ ਰਾਹੀਂ। ਸਤਿਗੁਰ ਪ੍ਰੀਤਿ—ਗੁਰੂ ਦੀ ਪ੍ਰੀਤ।੧।

ਅਰਥ :

ਪ੍ਰ: ਸ੍ਰੀ ਜੀਉ ! ਅਸੀਂ ਸਾਰੇ ਹੀ ਲੋਕ ਪ੍ਰਭੂ ਦੀ ਪ੍ਰੀਤ ਮਨ ਵਿਚ ਪੈਦਾ ਕਰਨਾ ਚਾਹੁੰਦੇ ਹਾਂ, ਪਰ ਤਾਂ ਭੀ ਅਨੇਕਾਂ ਸਾਧਨ ਕਰਦਿਆਂ ਸਾਡੇ ਹਿਰਦੇ ਵਿਚ ਪ੍ਰਭੂ ਦੀ ਪ੍ਰੀਤ ਉਪਜਦੀ ਹੀ ਨਹੀਂ। ਅਸੀਂ ਵੇਖਦੇ ਹਾਂ ਕਿ ਆਪ ਜੀ ਹਰ ਵਕਤ ਹੀ ਪ੍ਰਭੂ ਪਿਆਰ ਵਿਚ ਭਿੱਜੇ ਰਹਿੰਦੇ ਹੋ। ਇਹ ਦਾਤ ਆਪ ਜੀ ਨੂੰ ਕਿੱਥੋਂ ਪ੍ਰਾਪਤ ਹੋਈ ਹੈ ?

ਉ: ੧. ਹੇ ਭਾਈਓ ! ਮੈਂ ਇਸ ਪ੍ਰੀਤ ਨੂੰ ਪੈਦਾ ਕਰਨ ਲਈ ਸਾਧਨ ਤਾਂ ਕੋਈ ਵੀ ਨਹੀਂ ਕਰ ਸਕਿਆ, ਪਰ ਮੇਰੇ ਮਨ ਵਿਚ (ਹਾਂ) ਮੇਰੇ ਮਨ ਵਿਚ ਸਤਿਗੁਰੂ ਜੀ ਨੇ ਪ੍ਰਭੂ ਦੀ ਪ੍ਰੀਤ ਲਗਾਈ ਹੈ।

ਪ੍ਰ: ਕਿਉਂ ਜੀ ! ਇਹ ਪ੍ਰੀਤ ਪੈਦਾ ਕਿਸ ਤਰ੍ਹਾਂ ਕਰ ਦਿੱਤੀ ਹੈ ?

ਉ: ੨. ਹੇ ਭਰਾਵੋ ! ਇਸ ਕਾਰਜ ਦੀ ਸਿੱਧੀ ਲਈ, ਉਸ ਗੁਰੂ ਨੇ ਮੇਰੇ ਮਨ ਵਿਚ ਹਰਿ ਹਰਿ ਹਰਿ ਹਰਿ ਨਾਮ ਵਸਾ ਦਿੱਤਾ।

ਪ੍ਰ: ਹਜ਼ੂਰ ! ਉਸ ਵਿਚ ਵਿਸ਼ੇਸ਼ਤਾਈ ਕੀ ਹੈ ?

ਉ: ੩. ਹੇ ਭਾਈ ! ਉਹ ਹਰਿ ਹਰਿ ਨਾਮ ਮੇਰੇ ਮਨ ਵਿਚ ਵਸਾ ਦਿੱਤਾ, ਜੋ ਕਿ ਸਾਰੇ ਹੀ ਦੁੱਖਾਂ ਨੂੰ ਦੂਰ ਕਰ ਦੇਣ ਵਾਲਾ ਹੈ।

ਪ੍ਰ: ਕਿਉਂ ਜੀ ! ਆਪ ਜੀ ਨੂੰ ਗੁਰੂ ਕਿਵੇਂ ਮਿਲਿਆ ?

ਉ: ੪. ਹੇ ਪਿਆਰਿਓ ! ਵੱਡੇ ਭਾਗਾਂ ਦੀ ਬਰਕਤ ਨਾਲ ਮੈਨੂੰ ਗੁਰੂ ਦਾ ਦਰਸ਼ਨ ਪ੍ਰਾਪਤ ਹੋਇਆ ਹੈ।

ਪ੍ਰ: ਉਹ ਆਪ ਜੀ ਦਾ ਗੁਰੂ ਹੈ ਕੈਸਾ ?

ਉ: ਹੇ ਪਿਆਰਿਓ ! ਉਹ ਸਾਡਾ ਗੁਰੂ ਧੰਨਤਾ ਜੋਗ ਹੈ, ਧੰਨਤਾ ਜੋਗ ਹੈ।

ਪ੍ਰ: ਸ੍ਰੀ ਜੀਉ ! ਹੁਣ ਆਪ ਜੀ ਦਾ ਗੁਰੂ ਨਾਲ ਵਰਤਾਰਾ ਕਿਸ ਪ੍ਰਕਾਰ ਦਾ ਹੈ ?

ਉ: ੫. ਹੇ ਭਰਾਵੋ ! ਹੁਣ ਮੈਂ ਉਠਦਿਆਂ-ਬੈਠਦਿਆਂ ਸਤਿਗੁਰੂ ਜੀ ਦੀ ਦੱਸੀ ਹੋਈ ਸੇਵਾ ਕਰਦਾ ਹਾਂ, ਜਿਸ ਸੇਵਾ ਦੀ ਬਰਕਤ ਨਾਲ ਮੈਂ ਆਤਮਕ ਸ਼ਾਂਤੀ ਪ੍ਰਾਪਤ ਕਰ ਲਈ ਹੈ।

੬. (ਇਸ ਲਈ ਹੇ ਸੱਜਨੋ, ਸੁਣੋ) ਮੇਰੇ ਮਨ ਵਿਚ (ਹਾਂ) ਮੇਰੇ ਮਨ ਵਿਚ ਸਤਿਗੁਰੂ ਜੀ ਨੇ ਪ੍ਰਭੂ ਦੀ ਪ੍ਰੀਤ ਲਗਾਈ ਹੈ।੧।

੧. ਹਉ ਜੀਵਾ ਹਉ ਜੀਵਾ ਸਤਿਗੁਰ
ਦੇਖਿ ਸਰਸੇ ਰਾਮ ॥
੨. ਹਰਿ ਨਾਮੋ ਹਰਿ ਨਾਮੁ ਦ੍ਰਿੜਾਏ
ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥
੩. ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ
ਹਰਿ ਨਾਮੁ ਨਵੰ ਨਿਧਿ ਪਾਈ ॥
੪. ਹਉਮੈ ਰੋਗੁ ਗਇਆ ਦੁਖੁ ਲਾਥਾ
ਹਰਿ ਸਹਜਿ ਸਮਾਧਿ ਲਗਾਈ ॥
੫. ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ
ਸੁਖੁ ਸਤਿਗੁਰ ਦੇਵ ਮਨੁ ਪਰਸੇ ॥
੬. ਹਉ ਜੀਵਾ ਹਉ ਜੀਵਾ
ਸਤਿਗੁਰ ਦੇਖਿ ਸਰਸੇ ॥੨॥

ਪਦ ਅਰਥ : ਹਉ—ਮੈਂ। ਜੀਵਾ—ਜੀਵਾਂ, ਜੀਉ ਪੈਂਦਾ ਹਾਂ। ਦੇਖਿ—ਵੇਖ ਕੇ। ਸਰਸੇ—ਸਾ-ਰਸੇ, ਰੱਸ ਨਾਲ ਭਰ ਜਾਂਦਾ ਹੈ, ਰਸਮਈ ਹੋ ਗਿਆ, ਖਿੜ ਗਿਆ। ਦ੍ਰਿੜਾਏ—ਹਿਰਦੇ ਵਿਚ ਪੱਕਾ ਟਿਕਾਅ ਦੇਂਦਾ ਹੈ। ਜਪਿ—ਜਪ ਕੇ। ਵਿਗਸੇ—ਖਿੜ ਆਉਂਦਾ ਹੈ। ਕਮਲ—ਕੌਲ ਫੁੱਲ। ਪਰਗਾਸੇ—ਖਿੜਦਾ ਹੈ। ਨਵੰ ਨਿਧਿ—ਨੌਂ ਨਿਧੀਆਂ, ਦੁਨੀਆ ਦੇ ਸਾਰੇ ਨੌਂ ਹੀ ਖ਼ਜ਼ਾਨੇ। ਸਮਾਧਿ—ਟਿਕਵੀਂ ਸੁਰਤਿ। ਤੇ—ਤੋਂ। ਪਰਸੇ—ਪਰਸਿ, ਛੂਹ ਕੇ।੨।

ਅਰਥ :

ਪ੍ਰ: ਕਿਉਂ ਜੀ ! ਹੁਣ ਤੁਹਾਡੇ ਅੰਦਰ ਗੁਰੂ ਜੀ ਦੇ ਦਰਸ਼ਨਾਂ ਦੀ ਕਿਤਨੀ ਕੁ ਲਗਨ ਹੈ ?

ਉ: ੧. ਹੇ ਪਿਆਰਿਓ ! ਹੁਣ ਤਾਂ ਮੈਂ ਗੁਰੂ ਦੇ ਦਰਸ਼ਨਾਂ ਨੂੰ ਦੇਖ-ਦੇਖ ਕੇ ਹੀ ਜੀਉਂਦਾ ਹਾਂ (ਅਤੇ ਗੁਰੂ ਦੇ ਦਰਸ਼ਨ ਕਰ ਕੇ ਮੇਰਾ ਮਨ) ਰਸ ਨਾਲ ਭਰ ਜਾਂਦਾ ਹੈ।

ਪ੍ਰ: ਹਜ਼ੂਰ ! ਤੁਸੀਂ ਆਪਣੇ ਗੁਰੂ ਤੋਂ ਇਤਨਾ ਸਦਕੇ ਕਿਉਂ ਜਾਂਦੇ ਹੋ ?

ਉ: ੨. ਹੇ ਭਾਈਓ ! (ਕਿਉਂਕਿ ਉਹ ਮੇਰਾ) ਗੁਰੂ ਮੇਰੇ ਮਨ ਵਿਚ ਪ੍ਰਭੂ ਦਾ ਨਾਮ ਪੱਕਾ ਕਰ ਕੇ ਟਿਕਾਅ ਦੇਂਦਾ ਹੈ, ਉਸੇ ਹਰੀ ਨਾਮ ਨੂੰ ਜਪ-ਜਪ ਕੇ ਮੇਰਾ ਮਨ ਖਿੜਿਆ ਰਹਿੰਦਾ ਹੈ।

੩. ਉਸ ਸਾਈਂ ਜੀ ਦਾ ਨਾਮ ਜਪ-ਜਪ ਕੇ ਮੇਰਾ ਹਿਰਦਾ ਕੌਲ ਫੁੱਲ ਵਾਂਗ ਖਿੜ ਪੈਂਦਾ ਹੈ। ਉਸੇ ਨਾਮ-ਪ੍ਰਾਪਤੀ ਦੀ ਬਰਕਤ ਨਾਲ ਹੀ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਮੈਂ ਦੁਨੀਆ ਦੇ ਨੌਂ ਹੀ ਖ਼ਜ਼ਾਨੇ ਹਾਸਲ ਕਰ ਲਏ ਹਨ।

ਪ੍ਰ: ਹੇ ਗੁਰੋ ! ਹੁਣ ਤੁਹਾਨੂੰ ਅੰਦਰੋਂ ਕਿਵੇਂ ਪ੍ਰਤੀਤ ਹੋ ਰਿਹਾ ਹੈ ?

ਉ: ੪. ਹੇ ਮਿੱਤਰੋ ! ਹੁਣ ਮੈਂ ਤਕ ਰਿਹਾ ਹਾਂ ਕਿ ਮੇਰੇ ਅੰਦਰੋਂ ਹਉਮੈ ਦਾ (ਵੱਡਾ) ਰੋਗ ਦੂਰ ਹੋ ਗਿਆ ਹੈ ਅਤੇ ਮੇਰਾ ਸਾਰਾ ਹੀ ਦੁੱਖ ਲੱਥ ਗਿਆ ਹੈ ਤੇ ਹਰਿ ਹਰਿ ਨਾਮ ਨੇ ਮੇਰੀ ਸੁਰਤਿ ਨੂੰ ਅਡੋਲਤਾ ਵਿਚ ਟਿਕਾਅ ਦਿੱਤਾ ਹੈ।

੫. ਹੇ ਭਾਈ ! ਇਹ ਹਰੀ ਨਾਮ ਦੀ ਵਡਿਆਈ ਮੈਂ ਸਤਿਗੁਰੂ ਪਾਸੋਂ ਪ੍ਰਾਪਤ ਕੀਤੀ ਹੈ ਅਤੇ ਸਤਿਗੁਰੂ ਦੇਵ ਜੀ ਦੇ ਦਰਸ਼ਨਾਂ ਨੂੰ ਪਰਸਨ ਨਾਲ ਹੀ ਮੇਰੇ ਮਨ ਵਿਚ ਅਨੰਦ ਅਨੁਭਵ ਹੁੰਦਾ ਹੈ।

੬. ਹੇ ਭਾਈਓ ! ਗੁਰੂ ਦਾ ਦਰਸ਼ਨ ਕਰ ਕੇ ਮੈਨੂੰ ਅਮਰ ਜੀਵਨ ਮਿਲ ਜਾਂਦਾ ਹੈ, (ਮੇਰਾ ਮਨ) ਰਸ ਨਾਲ ਭਰ ਜਾਂਦਾ ਹੈ।੨।

੧. ਕੋਈ ਆਨਿ ਕੋਈ ਆਨਿ ਮਿਲਾਵੈ
ਮੇਰਾ ਸਤਿਗੁਰੁ ਪੂਰਾ ਰਾਮ ॥
੨. ਹਉ ਮਨੁ ਤਨੁ ਹਉ ਮਨੁ ਤਨੁ ਦੇਵਾ
ਤਿਸੁ ਕਾਟਿ ਸਰੀਰਾ ਰਾਮ ॥

੩. ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ
ਜੋ ਸਤਿਗੁਰ ਬਚਨ ਸੁਣਾਏ ॥
੪. ਮੇਰੈ ਮਨਿ ਬੈਰਾਗੁ ਭਇਆ ਬੈਰਾਗੀ
ਮਿਲਿ ਗੁਰ ਦਰਸਨਿ ਸੁਖੁ ਪਾਏ ॥
੫. ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ
ਦੇਹੁ ਸਤਿਗੁਰ ਚਰਨ ਹਮ ਧੂਰਾ ॥
੬. ਕੋਈ ਆਨਿ ਕੋਈ ਆਨਿ ਮਿਲਾਵੈ
ਮੇਰਾ ਸਤਿਗੁਰੁ ਪੂਰਾ ॥੩॥

ਪਦ ਅਰਥ : ਆਨਿ—ਲਿਆ ਕੇ। ਹਉ—ਮੈਂ। ਦੇਵਾ—ਦੇਵਾਂ, ਮੈਂ ਦਿਆਂਗਾ। ਤਿਸੁ—ਉਸਨੂੰ। ਕਾਟਿ—ਕੱਟ ਕੇ। ਦੇਈ—ਦੇਈਂ, ਮੈਂ ਦਿਆਂਗਾ। ਮਨਿ—ਮਨ ਵਿਚ। ਬੈਰਾਗੁ—ਮਿਲਣ ਦੀ ਤਾਂਘ। ਬੈਰਾਗੀ ਮਨਿ—ਬੈਰਾਗੀ ਮਨ ਵਿਚ। ਮਿਲਿ ਗੁਰ—ਗੁਰੂ ਨੂੰ ਮਿਲ ਕੇ। ਦਰਸਨ—(ਗੁਰੂ ਦੇ) ਦਰਸ਼ਨ ਨਾਲ। ਹਰਿ ਹਰਿ—ਹੇ ਹਰੀ, ਹਮ, ਮੈਨੂੰ। ਧੂਰਾ—ਧੂੜ।੩।

ਅਰਥ :

ਪ੍ਰ: ਹੇ ਗੁਰੋ! ਜਦ ਪਹਿਲੋਂ-ਪਹਿਲ ਤੁਹਾਡੇ ਮਨ ਵਿਚ ਗੁਰੂ ਦਰਸ਼ਨਾਂ ਦੀ ਤਾਂਘ ਉਤਪੰਨ ਹੋਈ ਤਾਂ ਗੁਰੂ ਦਾ ਦਰਸ਼ਨ ਕਰਾਉਣ ਵਾਲੇ ਸੱਜਨ ਲਈ ਤੁਹਾਡੇ ਅੰਦਰ ਕਿਤਨੀ ਕੁ ਭਾਵਨਾ ਸੀ ?

ਉ: ੧. ਹੇ ਭਾਈਓ! ਜਦੋਂ ਮੇਰੇ ਮਨ ਅੰਦਰ ਗੁਰੂ ਦੇ ਦਰਸ਼ਨ ਕਰਨ ਲਈ ਖਿੱਚ ਪੈਦਾ ਹੋਈ ਤਾਂ ਮੇਰੇ ਮਨ ਵਿਚ ਇਉਂ ਭਾਵਨਾ ਪੈਦਾ ਹੋ ਰਹੀ ਸੀ ਕਿ ਜੇ ਕੋਈ ਗੁਰਮੁਖ ਮੈਨੂੰ ਪੂਰਾ ਗੁਰੂ ਲਿਆ ਕੇ ਮਿਲਾ ਦੇਵੇ, (ਮੈਂ ਉਸ ਨੂੰ ਆਪਣਾ) ਮਨ ਤੇ ਸਰੀਰ ਸਭੋ ਕੁਝ ਹਵਾਲੇ ਕਰ ਦਿਆਂ।

੨. ਮੈਂ ਉਸ ਨੂੰ (ਆਪਣਾ) ਮਨ ਤਨ (ਹਾਂ) ਤਨ ਤੇ ਮਨ ਦੇ ਦੇਵਾਂ। ਜੇ ਉਹ ਚਾਹੇ ਤਾਂ ਮੈਂ ਉਸ ਨੂੰ ਆਪਣਾ ਸਰੀਰ ਕੱਟ ਕੇ ਦੇ ਦਿਆਂ।

੩. ਪਰ ਹਾਂ! ਮੈਂ ਮਨ ਤੇ ਤਨ ਕੱਟ ਕੇ (ਭਾਵ ਹੈ ਕਿ ਮਨ ਤੇ ਤਨ ਦੀ ਅਪਣਤ ਦਾ ਮੋਹ ਕੱਟ ਕੇ) ਉਸ ਦੇ ਹਵਾਲੇ ਕਰ ਦਿਆਂ, ਜਿਹੜਾ ਮੈਨੂੰ ਗੁਰੂ ਦੇ ਬਚਨ ਸੁਣਾਵੇ।

੪. ਹੇ ਸੱਜਨੋ! ਮੇਰੇ ਉਤਾਵਲੇ ਹੋ ਰਹੇ ਮਨ ਵਿਚ (ਹੁਣ ਭੀ) ਗੁਰੂ ਦੇ ਦਰਸ਼ਨ ਕਰਨ ਦੀ ਤਾਂਘ ਪੈਦਾ ਹੋ ਰਹੀ ਹੈ, (ਸੋ ਇਸ ਲਈ) ਇਸ ਵਿਰਾਗੀ ਮਨ ਨੂੰ ਗੁਰੂ ਦੇ ਦਰਸ਼ਨ ਮਿਲਿਆਂ ਹੀ ਸੁੱਖ ਪ੍ਰਾਪਤ ਹੋਵੇਗਾ।

ਪ੍ਰ: ਸ੍ਰੀ ਜੀਉ! ਹੁਣ ਜਦੋਂ ਵੀ ਕਦੇ ਤੁਸੀਂ ਉਸ ਸੁੱਖ ਦਾਤੇ ਸਾਈਂ ਜੀ ਦੇ ਸਨਮੁਖ ਹੋ ਅਰਜ਼ੋਈ ਕਰਦੇ ਹੋ ਤਾਂ ਤੁਹਾਡੀ ਉਸ ਤੋਂ ਮੰਗ ਕੀ ਹੋਇਆ ਕਰਦੀ ਹੈ ?

ਉ: ੫. ਹੇ ਭਰਾਵੋ! ਮੇਰੀ ਤਾਂ ਉਸ ਸਾਈਂ ਜੀ ਤੋਂ ਕੇਵਲ ਇਕੋ ਇਹ ਮੰਗ ਹੁੰਦੀ ਹੈ ਕਿ ਹੇ ਹਰੀ! ਹੇ ਸੁੱਖ ਦਾਤੇ! ਮਿਹਰ ਕਰ, ਮੈਨੂੰ ਪੂਰੇ ਗੁਰੂ ਦੇ ਚਰਨਾਂ ਦੀ ਧੂੜ ਬਖ਼ਸ਼।

੬. ਹੇ ਸਾਈਂ ਜੀ! (ਮਿਹਰ ਕਰ ਕਿ ਕੋਈ ਗੁਰਮੁਖ ਸੱਜਨ) ਮੈਨੂੰ ਪੂਰਾ ਗੁਰੂ ਲਿਆ ਕੇ ਮਿਲਾ ਦੇਵੇ।੩।

੧. ਗੁਰ ਜੇਵਡੁ ਗੁਰ ਜੇਵਡੁ ਦਾਤਾ
ਮੈ ਅਵਰੁ ਨ ਕੋਈ ਰਾਮ ॥
੨. ਹਰਿ ਦਾਨੋ ਹਰਿ ਦਾਨੁ ਦੇਵੈ
ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥
੩. ਹਰਿ ਹਰਿ ਨਾਮੁ ਜਿਨੀ ਆਰਾਧਿਆ
ਤਿਨ ਕਾ ਦੂਖੁ ਭਰਮੁ ਭਉ ਭਾਗਾ ॥
੪. ਸੇਵਕ ਭਾਇ ਮਿਲੇ ਵਡਭਾਗੀ
ਜਿਨ ਗੁਰ ਚਰਨੀ ਮਨੁ ਲਾਗਾ ॥
੫. ਕਹੁ ਨਾਨਕ ਹਰਿ ਆਪਿ ਮਿਲਾਏ
ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥
੬. ਗੁਰ ਜੇਵਡੁ ਗੁਰ ਜੇਵਡੁ
ਦਾਤਾ ਮੈ ਅਵਰੁ ਨ ਕੋਈ ॥੪॥੧॥

ਪਦ ਅਰਥ : ਜੇਵਡੁ—ਬਰਾਬਰ ਦਾ। ਮੈ—ਮੈਨੂੰ। ਦਾਨੋ—ਦਾਨੁ। ਨਿਰੰਜਨੁ—(ਨਿਰ ਅੰਜਨ) ਮਾਇਆ ਮੋਹ ਦੀ ਕਾਲਖ ਤੋਂ ਰਹਿਤ। ਜਿਨਿ—ਜਿਨ੍ਹਾਂ ਨੇ। ਸੇਵਕ ਭਾਇ—ਸੇਵਕ ਵਾਲੀ ਭਾਵਨਾ ਨਾਲ, ਸੇਵਕ ਵਾਲੇ ਪਿਆਰ ਨਾਲ। ਮਿਲਿ—ਮਿਲ ਕੇ।੪।੧।

ਅਰਥ :

ਪ੍ਰ: ਸ੍ਰੀ ਜੀਉ! ਹੁਣ ਤੁਹਾਡੇ ਅੰਦਰ ਗੁਰੂ ਦੀ ਕਿਤਨੀ ਕੁ ਵੱਡੀ ਭਾਵਨਾ ਹੈ ?

ਉ: ੧. ਹੇ ਭਾਈਓ! (ਮੈਂ ਜਦੋਂ ਸਾਰੇ ਸੰਸਾਰ ਭਰ ਵਿਚ ਨਿਗਾਹ ਮਾਰ ਕੇ ਤੱਕਦਾ ਹਾਂ ਤਾਂ ਮੈਨੂੰ) ਗੁਰੂ ਦੇ ਬਰਾਬਰ ਦਾ ਦਾਤਾ ਹੋਰ ਕੋਈ ਵੀ ਨਹੀਂ ਦਿੱਸਦਾ।

ਪ੍ਰ: ਕਿਉਂ ਜੀ! ਉਹ ਕਿਉਂ ?

ਉ: ੨. ਉਹ ਇਸ ਲਈ, (ਕਿਉਂਕਿ) ਉਹ ਗੁਰੂ ਮੈਨੂੰ ਉਸ ਪਰਮੇਸ਼ਰ ਦੇ ਨਾਮ ਦਾ ਦਾਨ ਬਖ਼ਸ਼ਦਾ ਹੈ, ਜੋ ਸਰਬ ਵਿਆਪਕ ਹੈ ਅਤੇ ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ।

੩. ਹੇ ਸੱਜਨੋ! ਜਿਨ੍ਹਾਂ ਗੁਰਮੁਖਾਂ ਨੇ (ਗੁਰੂ ਦੀ ਕਿਰਪਾ ਨਾਲ) ਪਰਮੇਸ਼ਰ ਦਾ ਨਾਮ ਸਿਮਰਿਆ ਹੈ, ਉਨ੍ਹਾਂ ਦਾ ਹਰੇਕ ਪ੍ਰਕਾਰ ਦਾ ਭਰਮ ਤੇ ਭਉ ਤੇ ਇਨ੍ਹਾਂ ਤੋਂ ਉਪਜਿਆ ਸਭ ਤਰ੍ਹਾਂ ਦਾ ਦੁੱਖ ਨੱਠ ਜਾਂਦਾ ਹੈ।

੪. ਹੇ ਪਿਆਰੇ! ਉਹ ਮਨੁੱਖ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਦਾ ਮਨ ਦਾਸਾ ਭਾਵਨਾ ਨਾਲ ਗੁਰੂ ਦੇ ਚਰਨਾਂ ਵਿਚ ਜੁੜ ਗਿਆ ਹੈ।

੫.(ਗੁਰੂ) ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਹੇ ਭਾਈ! ਹਰੀ ਆਪ ਹੀ ਗੁਰੂ ਮਿਲਾਉਂਦਾ ਹੈ ਤੇ ਸਤਿਗੁਰ ਪੁਰਖ ਨੂੰ ਮਿਲ ਕੇ ਸੁੱਖ ਪ੍ਰਾਪਤ ਹੁੰਦਾ ਹੈ।

੬. ਇਸ ਲਈ, ਹੇ ਪਿਆਰੇ! ਗੁਰੂ ਜਿੱਡਾ ਵੱਡਾ (ਹਾਂ) ਗੁਰੂ ਜਿੱਡਾ ਵੱਡਾ ਦਾਤਾ ਮੇਰਾ ਹੋਰ ਕੋਈ ਵੀ ਨਹੀਂ ਹੈ।੪।੩।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਨੇ ਸਤਿਗੁਰੂ ਜੀ ਦੇ ਮਿਲਾਪ ਲਈ ਅਰਜ਼ੋਈਆਂ ਕੀਤੀਆਂ ਹਨ ਅਤੇ ਗੁਰੂ ਤੋਂ ਪ੍ਰਾਪਤ ਹੋਏ ਉੱਚੇ ਤੋਂ ਉੱਚੇ ਸੁੱਖਾਂ ਦਾ ਵਰਣਨ ਤੇ ਸ਼ੁਕਰ ਗੁਜ਼ਾਰੀ ਕੀਤੀ ਹੈ।

ਵਡਹੰਸੁ ਮਹਲਾ ੪ ॥

੧. ਹੰਉ ਗੁਰ ਬਿਨੁ ਹੰਉ ਗੁਰ ਬਿਨੁ
ਖਰੀ ਨਿਮਾਣੀ ਰਾਮ ॥
੨. ਜਗਜੀਵਨੁ ਜਗਜੀਵਨੁ ਦਾਤਾ
ਗੁਰ ਮੇਲਿ ਸਮਾਣੀ ਰਾਮ ॥
੩. ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ
ਜਪਿ ਹਰਿ ਹਰਿ ਨਾਮੁ ਧਿਆਇਆ ॥
੪. ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ
ਸੋ ਸਜਣੁ ਹਰਿ ਘਰਿ ਪਾਇਆ ॥
੫. ਏਕ ਦ੍ਰਿਸ੍ਟਿ ਹਰਿ ਏਕੋ ਜਾਤਾ
ਹਰਿ ਆਤਮ ਰਾਮੁ ਪਛਾਣੀ ॥
੬. ਹੰਉ ਗੁਰ ਬਿਨੁ ਹੰਉ ਗੁਰ ਬਿਨੁ
ਖਰੀ ਨਿਮਾਣੀ ॥੧॥

ਪਦ ਅਰਥ : ਹਉ—ਮੈਂ। ਖਰੀ—ਬਹੁਤ। ਨਿਮਾਣੀ—ਆਜਜ਼। ਜਗਜੀਵਨੁ—ਜਗਤ ਦਾ ਜੀਵਨ, ਜਗਤ ਨੂੰ ਜਿੰਦ ਦੇਣ ਵਾਲਾ। ਗੁਰ ਮੇਲਿ—ਗੁਰੂ ਦੇ ਮਿਲਾਪ ਦੀ ਰਾਹੀਂ। ਮੇਲਿ ਹਰਿ—ਹਰੀ ਦੇ ਮਿਲਾਪ ਵਿਚ। ਨਾਮਿ—ਨਾਮ ਵਿਚ। ਜਪਿ—ਜਪਿਆ। ਜਿਸੁ ਕਾਰਣ—ਜਿਸ (ਹਰਿ ਸਜਣ ਨੂੰ ਮਿਲਣ) ਦੀ ਖ਼ਾਤਰ। ਘਰਿ—ਹਿਰਦੇ ਵਿਚ। ਦ੍ਰਿਸ਼ਟਿ—ਨਿਗਾਹ। ਏਕੋ—ਇਕ ਨੂੰ ਹੀ। ਜਾਤਾ—ਪਛਾਣਿਆ। ਆਤਮ ਰਾਮੁ—ਸਰਵ ਵਿਆਪਕ ਪ੍ਰਭੂ।੧।

ਅਰਥ :

ਪ੍ਰ: ਸ੍ਰੀ ਜੀਉ! ਜਦੋਂ ਆਪ ਗੁਰੂ ਤੋਂ ਸਖਣੇ ਸਉ ਤਾਂ ਤੁਸੀਂ ਆਪਣੇ ਵਿਚ ਕੀ ਘਾਟ ਮਹਿਸੂਸ ਕਰਦੇ ਸੀ?

ਉ: ੧. ਹੇ ਭਾਈਓ! ਗੁਰੂ ਤੋਂ ਬਿਨਾ (ਹਾਂ) ਗੁਰੂ ਤੋਂ ਬਿਨਾ ਮੈਂ ਸੱਚ ਮੁੱਚ ਹੀ ਬਹੁਤ ਆਜਜ਼, ਨਿਮਾਣੀ ਸਾਂ।

ਪ੍ਰ: ਗੁਰੂ ਦੇ ਮਿਲਾਪ ਦੀ ਬਰਕਤ ਨਾਲ ਹੁਣ ਤੁਹਾਨੂੰ ਕੀ ਕੁਝ ਹਾਸਲ ਹੋ ਗਿਆ?

ਉ: ੨. ਹੇ ਭਾਈਓ! ਜਦੋਂ ਮੈਨੂੰ ਗੁਰੂ ਮਿਲ ਪਿਆ, ਤਦੋਂ ਮੈਨੂੰ ਜਗਤ ਦਾ ਜੀਵਨ ਰੂਪ ਦਾਤਾਰ ਪ੍ਰਭੂ ਮਿਲ ਗਿਆ। ਗੁਰੂ ਦੇ ਮਿਲਾਪ ਦੀ ਬਰਕਤ ਨਾਲ ਮੈਂ (ਜਗਤ ਦੇ ਜੀਵਨ ਰੂਪ ਪ੍ਰਭੂ ਵਿਚ) ਲੀਨ ਹੋ ਗਈ, ਭਾਵ ਹੈ ਕਿ ਗੁਰੂ ਦੀ ਮਤਿ ਵਿਚ ਮੇਰੀ ਮਤਿ ਲੀਨ ਹੋ ਗਈ।

੩. ਜਦੋਂ ਗੁਰੂ ਮਿਲਿਆ ਤਦੋਂ ਮੈਂ ਪਰਮੇਸ਼ਰ ਦੇ ਮਿਲਾਪ ਵਿਚ ਲੀਨ ਹੋ ਗਈ, ਤਾਂ ਮੈਂ ਪਰਮਾਤਮਾ ਦਾ ਨਾਮ ਜਪਣਾ ਆਰੰਭ ਕਰ ਦਿੱਤਾ।

ਪ੍ਰ: ਹਜ਼ੂਰ! ਲੀਨ ਕਿਵੇਂ ਹੋਈ?

ਉ: ੪. ਹੇ ਭਾਈਓ! ਜਦੋਂ ਮੈਂ ਨਾਮ ਅਰਾਧਨਾ ਸ਼ੁਰੂ ਕਰ ਦਿੱਤਾ, ਤਾਂ ਹੁਣ ਜਿਸ ਸੱਜਨ ਨੂੰ ਮਿਲਣ ਲਈ ਮੈਂ ਇਤਨੀ ਭਾਲ ਕਰਦੀ ਸਾਂ, ਉਹ ਸਾਈਂ ਜੀ ਮੈਂ ਆਪਣੇ ਹਿਰਦੇ ਵਿਚੋਂ ਹੀ ਲੱਭ ਲਿਆ।

ਪ੍ਰ: ਕਿਉਂ ਜੀ! ਹੁਣ ਉਸ ਹਰੀ ਸੱਜਨ ਨੂੰ ਹਿਰਦੇ ਵਿਚੋਂ ਹੀ ਪ੍ਰਾਪਤ ਕਰ ਕੇ ਕੀ ਤੁਹਾਡੀ ਮਾਨਸਕ ਦ੍ਰਿਸ਼ਟੀ ਵਿਚ ਭੀ ਕੋਈ ਬਦਲ ਆ ਗਈ ਹੈ?

ਉ: ੫. ਹਾਂ ਜਰੂਰ! ਹੇ ਭਾਈਓ, ਹੁਣ ਮੇਰੀ ਅਜਿਹੀ ਸਮ-ਦ੍ਰਿਸ਼ਟੀ ਹੋ ਆਈ ਹੈ ਕਿ ਮੈਨੂੰ ਹਰ ਥਾਂ ਹੀ ਉਹ ਵਿਆਪਕ ਸਾਈਂ ਵਸਦਾ ਨਜ਼ਰ ਆ ਰਿਹਾ ਹੈ ਤੇ ਮੈਂ ਹਰ ਜਗ੍ਹਾ ਹੀ ਉਸ ਰਾਮ ਨੂੰ ਵਸਦਾ ਪਛਾਣ ਲਿਆ ਹੈ।

੬. (ਇਸ ਲਈ) ਹੇ ਪਿਆਰਿਓ! ਸੱਚ ਹੀ ਜਾਣੋ ਕਿ ਮੈਂ ਪਹਿਲੋਂ ਗੁਰੂ ਤੋਂ ਬਿਨਾ ਬਹੁਤ ਹੀ ਆਜਜ਼ ਸਾਂ।੧।

੧. ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ
ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥
੨. ਤਿਨ ਚਰਣ ਤਿਨ ਚਰਣ ਸਰੇਵਹ
ਹਮ ਲਾਗਹ ਤਿਨ ਕੈ ਪਾਏ ਰਾਮ ॥
੩. ਹਰਿ ਹਰਿ ਚਰਣ ਸਰੇਵਹ ਤਿਨ ਕੇ
ਜਿਨ ਸਤਿਗੁਰੁ ਪੁਰਖੁ ਪ੍ਰਭੁ ਧਾਇਆ ॥
੪. ਤੂ ਵਡਦਾਤਾ ਅੰਤਰਜਾਮੀ
ਮੇਰੀ ਸਰਧਾ ਪੂਰਿ ਹਰਿ ਰਾਇਆ ॥
੫. ਗੁਰਸਿਖ ਮੇਲਿ ਮੇਰੀ ਸਰਧਾ ਪੂਰੀ
ਅਨਦਿਨੁ ਰਾਮ ਗੁਣ ਗਾਏ ॥
੬. ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ
ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥

ਪਦ ਅਰਥ : ਜਿਨ—ਜਿਨ੍ਹਾਂ ਨੇ। ਮੇਲਿ—ਮੇਲ ਵਿਚ, ਆਪਣੇ ਚਰਨਾਂ ਦੇ ਮਿਲਾਪ ਵਿਚ। ਸਰੇਵਹ—ਅਸੀਂ ਸੇਵਦੇ ਹਾਂ, ਸੇਵਾ ਕਰਨ ਨੂੰ ਤਿਆਰ ਹਾਂ। ਲਾਗਹ—ਅਸੀਂ ਲੱਗਦੇ ਹਾਂ। ਕੈ ਪਾਏ—ਚਰਨੀਂ। ਹਰਿ ਹਰਿ—ਹੇ ਹਰੀ। ਧ੍ਯਾਇਆ—ਅਰਾਧਿਆ, ਹਿਰਦੇ ਵਿਚ ਵਸਾਇਆ। ਅੰਤਰਜਾਮੀ—ਦਿਲ ਦੀ ਜਾਨਣ ਵਾਲਾ। ਸਰਧਾ—ਤਾਂਘ। ਪੂਰਿ—ਪੂਰੀ ਕਰ। ਹਰਿ ਰਾਇਆ—ਹੇ ਪ੍ਰਭੂ ਪਾਤਸ਼ਾਹ! ਗੁਰਸਿਖ ਮੇਲਿ—ਗੁਰਸਿੱਖਾਂ ਦੇ ਮਿਲਾਪ ਵਿਚ। ਪੂਰੀ—ਪੂਰੀ ਹੋ ਸਕਦੀ ਹੈ। ਅਨਦਿਨੁ—ਹਰ ਰੋਜ਼, ਹਰ ਵੇਲੇ। ਗਾਏ—ਗਾਂਦਾ ਹੈ।੨।

ਅਰਥ :

ਪ੍ਰ: ਕਿਉਂ ਜੀ! ਉਸ ਹਰੀ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣ ਦਾ ਅਸਲ ਵਸੀਲਾ ਕਿਹੜਾ ਹੈ?

ਉ: ੧. ਹੇ ਪਿਆਰਿਓ! ਅਸਲ ਵਿਚ ਤਾਂ ਜਿਨ੍ਹਾਂ ਵਡਭਾਗੀਆਂ ਨੇ, ਗੁਰੂ ਨੂੰ ਲੱਭ ਲਿਆ ਹੈ, ਸਤਿਗੁਰੂ ਨੂੰ ਭਾਲ ਲਿਆ ਹੈ, ਉਨ੍ਹਾਂ ਨੂੰ ਹੀ ਹਰੀ ਪ੍ਰਭੂ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ।

ਪ੍ਰ: ਹਜ਼ੂਰ! ਉਨ੍ਹਾਂ ਜੁੜੇ ਰਹਿਣ ਵਾਲਿਆਂ ਲਈ ਤੁਹਾਡੇ ਮਨ ਵਿਚ ਕਿਤਨਾ ਕੁ ਸਤਿਕਾਰ ਹੈ?

ਉ: ੨. ਹੇ ਭਰਾਵੋ ! ਅਸੀਂ ਤਾਂ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਨ ਨੂੰ ਤਿਆਰ ਹਾਂ, ਉਨ੍ਹਾਂ ਦੇ ਚਰਨੀਂ ਲੱਗਣ ਨੂੰ ਤਿਆਰ ਹਾਂ, ਅਸੀਂ ਤਾਂ ਉਨ੍ਹਾਂ ਦੇ (ਸਦਾ ਹੀ) ਪੈਰੀਂ ਲੱਗਾਂਗੇ।

੩. ਹੇ ਹਰਿ ਹਰਿ ! ਜਿਨ੍ਹਾ ਵੱਡਭਾਗੀਆਂ ਨੇ ਗੁਰੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ ਤੇ ਹੇ ਹਰੀ ! ਤੈਨੂੰ ਹਿਰਦੇ ਵਿਚ ਟਿਕਾਅ ਲਿਆ ਹੈ, ਮੈਂ ਉਨ੍ਹਾਂ ਦੇ ਚਰਨ ਜ਼ਰੂਰ ਸੇਵਾਂਗਾ।

੪. ਹੇ ਹਰੀ ਰਾਇ ! ਤੂੰ ਵੱਡਾ ਦਾਤਾ ਹੈਂ, ਅੰਤਰਜਾਮੀ ਹੈਂ, ਮੇਰੀ ਇਕ ਸ਼ਰਧਾ ਪੂਰੀ ਕਰੋ।

ਪ੍ਰ: ਉਹ ਤੁਹਾਡੀ ਸ਼ਰਧਾ ਕੀ ਹੈ ?

ਉ: ੫. ਹੇ ਸਾਈਂ ਜੀ ! ਮੈਨੂੰ ਗੁਰਸਿੱਖਾਂ ਦੇ ਮੇਲ ਵਿਚ ਮਿਲਾ ਦਿਓ, ਤਾਂ ਮੇਰੀ ਸ਼ਰਧਾ ਪੂਰੀ ਹੁੰਦੀ ਹੈ, ਪਰ ਉਹ ਤਦ, ਜਦੋਂ ਉਹ ਗੁਰਸਿੱਖ ਮਿਲ ਕੇ, ਹਰ ਰੋਜ਼ ਪ੍ਰਭੂ ਦੇ ਗੁਣ ਗਾਵਣ।

੬. (ਕਿਉਂਕਿ) ਇਹ ਪ੍ਰਤੱਖ ਹੈ ਕਿ ਜਿਨ੍ਹਾਂ ਨੇ ਸਤਿਗੁਰੂ (ਹਾਂ) ਜਿਨ੍ਹਾਂ ਨੇ ਸਤਿਗੁਰੂ ਪਾਇਆ ਹੈ, ਹੇ ਹਰੀ ਪ੍ਰਭੂ ਜੀ ! ਉਨ੍ਹਾਂ ਦੇ ਮੇਲ ਵਿਚ ਤੂੰ ਹੀ (ਮਿਹਰ ਕਰਕੇ) ਮਿਲਾਉਂਦਾ ਹੈਂ।੨।

੧. ਹੰਉ ਵਾਰੀ ਹੰਉ ਵਾਰੀ
ਗੁਰਸਿਖ ਮੀਤ ਪਿਆਰੇ ਰਾਮ ॥
੨. ਹਰਿ ਨਾਮੋ ਹਰਿ ਨਾਮੁ ਸੁਣਾਏ ਮੇਰਾ
ਪ੍ਰੀਤਮੁ ਨਾਮੁ ਅਧਾਰੇ ਰਾਮ ॥
੩. ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ
ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥
੪. ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ
ਗੁਰਮੁਖਿ ਅੰਮ੍ਰਿਤੁ ਪੀਵਾਂ ॥
੫. ਹਰਿ ਆਪੇ ਸਰਧਾ ਲਾਇ ਮਿਲਾਏ
ਹਰਿ ਆਪੇ ਆਪਿ ਸਵਾਰੇ ॥
੬. ਹੰਉ ਵਾਰੀ ਹੰਉ ਵਾਰੀ
ਗੁਰਸਿਖ ਮੀਤ ਪਿਆਰੇ ॥੩॥

ਪਦ ਅਰਥ : ਹੰਉ—ਮੈਂ ! ਵਾਰੀ—ਸਦਕੇ, ਕੁਰਬਾਨ। ਨਾਮੋ—ਨਾਮੁ ਹੀ। ਅਧਾਰੇ—ਆਸਰਾ, ਪ੍ਰਾਨ ਸਖਾਈ, ਜਿੰਦ ਦਾ ਸਾਥੀ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਆਪੇ—ਆਪ ਹੀ। ਸਰਧਾ—ਨਿਸ਼ਚਾ, ਤਾਂਘ। ਸਵਾਰੇ—ਜੀਵਨ ਸੁੰਦਰ ਬਣਾਂਦਾ ਹੈ।੩।

ਅਰਥ :

ਪ੍ਰ: ਹਜ਼ੂਰ ਜੀ ! ਮਨੁੱਖ ਦੇ ਮਿੱਤ੍ਰ ਤਾਂ ਬਹੁਤੇ ਬਣੇ ਹੁੰਦੇ ਹਨ, ਪਰ ਉਨ੍ਹਾਂ ਸਭਨਾਂ ਵਿਚੋਂ ਕੋਈ ਇਕ ਅੱਧ ਹੀ ਮਿੱਤ੍ਰ ਹੁੰਦਾ ਹੈ, ਜਿਸ ਉੱਤੋਂ ਮਨੁੱਖ ਆਪਣਾ ਆਪ ਹੀ ਕੁਰਬਾਨ ਕਰਨ ਲਈ ਤਿਆਰ ਹੁੰਦਾ ਹੈ। ਕੀ ਅਜਿਹਾ ਤੁਹਾਡਾ ਵੀ ਕੋਈ ਮਿੱਤ੍ਰ ਹੈ, ਜਿਸ ਤੋਂ ਤੁਸੀਂ ਆਪਣੇ ਆਪ ਨੂੰ ਕੁਰਬਾਨ ਕਰ ਦੇਣ ਲਈ ਵੀ ਤਿਆਰ ਹੋ ?

ਉ: ੧. (ਹਾਂ ਜ਼ਰੂਰ ਹੈ) ਹੇ ਭਾਈਓ ! ਮੈਂ ਉਸ ਪਿਆਰੇ ਗੁਰਸਿੱਖ ਮਿੱਤ੍ਰ ਤੋਂ ਸਦਕੇ ਜਾਂਦਾ ਹਾਂ, (ਹਾਂ) ਮੈਂ ਉਸ ਤੋਂ ਆਪਣੇ ਆਪ ਨੂੰ ਕੁਰਬਾਨ ਕਰ ਦੇਣ ਲਈ ਤਿਆਰ ਹਾਂ, ਜੋ ਕਿ ਮੈਨੂੰ ਹਰੀ

੨. ਨਾਮ ਹੀ ਹਰੀ ਨਾਮ ਹੀ ਸੁਣਾਵੇ, (ਕਿਉਂਕਿ) ਪਰਮੇਸ਼ਰ ਦਾ ਨਾਮ ਹੀ ਮੇਰਾ ਮਿੱਤ੍ਰ ਹੈ, ਮੇਰੀ ਜ਼ਿੰਦਗੀ ਦਾ ਆਸਰਾ ਹੈ।

੩. ਹੇ ਪਿਆਰੇ ! ਪਰਮਾਤਮਾ ਦਾ ਨਾਮ ਹੀ ਮੇਰੇ ਪ੍ਰਾਣਾਂ ਦਾ ਮਿੱਤ੍ਰ ਹੈ, ਜੀਵਨ ਦਾ ਸਹਾਇਕ ਹੈ, ਉਸ ਬਿਨਾ ਇਕ ਘੜੀ ਕੀ, ਇਕ ਪਲ ਮਾਤ੍ਰ ਭੀ ਨਹੀਂ ਜੀਅ ਸਕਦਾ।

੪. ਹੇ ਸੱਜਨੋ ! ਸੁੱਖਾਂ ਦੇ ਦੇਣ ਵਾਲਾ ਪ੍ਰਭੂ ਜੇ ਕਦੀ ਮਿਹਰ ਕਰੇ ਤਾਂ ਹੀ ਮੈਂ ਗੁਰੂ ਦੇ ਸਨਮੁਖ ਰਹਿ ਕੇ ਅਮਰ ਜੀਵਨ ਦੇਣ ਵਾਲਾ ਨਾਮ ਜਲ ਪੀ ਸਕਦਾ ਹਾਂ।

ਪ੍ਰ: (ਕਿਉਂ ਜੀ) ਇਹ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਪ੍ਰਾਪਤ ਹੁੰਦੀ ?

ਉ: ੫. ਹੇ ਭਰਾਵੋ ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ। (ਹਾਂ) ਹਰੀ ਆਪ ਹੀ ਸ਼ਰਧਾ ਲਾ ਕੇ ਮਿਲਾਉਂਦਾ ਹੈ, ਹਰੀ ਆਪਣੇ ਆਪ ਹੀ (ਮਿਲਾ ਕੇ) ਸੰਵਾਰਦਾ ਹੈ।

੬. ਹੇ ਪਿਆਰੇ ! ਮੈਂ ਗੁਰੂ ਦੇ ਸਿੱਖ ਤੋਂ, ਪਿਆਰੇ ਮਿੱਤ੍ਰ ਤੋਂ ਸਦਕੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ।੩।

੧. ਹਰਿ ਆਪੇ ਹਰਿ ਆਪੇ
ਪੁਰਖੁ ਨਿਰੰਜਨੁ ਸੋਈ ਰਾਮ ॥
੨. ਹਰਿ ਆਪੇ ਹਰਿ ਆਪੇ
ਮੇਲੈ ਕਰੈ ਸੋ ਹੋਈ ਰਾਮ ॥
੩. ਜੋ ਹਰਿ ਪ੍ਰਭ ਭਾਵੈ ਸੋਈ ਹੋਵੈ
ਅਵਰੁ ਨ ਕਰਣਾ ਜਾਈ ॥
੪. ਬਹੁਤੁ ਸਿਆਣਪ ਲਇਆ ਨ ਜਾਈ
ਕਰਿ ਥਾਕੇ ਸਭਿ ਚਤੁਰਾਈ ॥
੫. ਗੁਰ ਪ੍ਰਸਾਦਿ ਜਨ ਨਾਨਕ ਦੇਖਿਆ
ਮੈ ਹਰਿ ਬਿਨੁ ਅਵਰੁ ਨ ਕੋਈ ॥
੬. ਹਰਿ ਆਪੇ ਹਰਿ ਆਪੇ
ਪੁਰਖੁ ਨਿਰੰਜਨੁ ਸੋਈ ॥੪॥੨॥

ਪਦ ਅਰਥ : ਆਪੇ—ਆਪ ਹੀ। ਪੁਰਖੁ—ਸਰਵ ਵਿਆਪਕ। ਨਿਰੰਜਨ—(ਨਿਰ-ਅੰਜਨ) ਮਾਇਆ ਕਾਲਖ ਤੋਂ ਰਹਿਤ। ਪ੍ਰਭ ਭਾਵੈ—ਪ੍ਰਭੂ ਨੂੰ ਚੰਗਾ ਲੱਗਦਾ ਹੈ। ਅਵਰੁ—ਕੁਝ ਹੋਰ। ਸਭਿ—ਸਾਰੇ। ਪ੍ਰਸਾਦਿ—ਕਿਰਪਾ ਨਾਲ।੪।

ਅਰਥ :

ਪ੍ਰ: ਕਿਉਂ ਜੀ ! ਇਹ ਜੀਵ ਹਰ ਕਾਰਜ ਕਰਨ ਲਈ ਸੁਤੰਤ੍ਰ ਹੈ ਜਾਂ ਪਤੰਤ੍ਰ ਹੈ ?

ਉ: ੧. ਹੇ ਪਿਆਰੇ ! ਉਹ ਪਰਮੇਸ਼ਰ ਸਰਵ ਵਿਆਪਕ ਤੇ ਮਾਇਆ ਦੇ ਪ੍ਰਭਾਵ ਤੋਂ ਰਹਿਤ, (ਸਭੋ ਕੁਝ ਕਰਨ ਜੋਗ) ਆਪੇ ਹੀ ਆਪ ਹੈ।

੨. ਉਹ ਪਰਮਾਤਮਾ ਆਪੇ ਹੀ ਜੀਵਾਂ ਨੂੰ ਆਪਣੇ ਚਰਨਾਂ ਵਿਚ ਜੋੜਦਾ ਹੈ। ਜੋ ਵੀ ਕੁਝ ਉਹ ਕਰਦਾ ਹੈ, ਉਹੀ ਕੁਝ ਹੁੰਦਾ ਹੈ।

੩. ਜੋ ਪਰਮੇਸ਼ਰ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ, (ਉਸ ਦੀ ਰਜ਼ਾ ਤੋਂ ਉਲਟ) ਹੋਰ ਕੁਝ ਵੀ ਨਹੀਂ ਕੀਤਾ ਜਾ ਸਕਦਾ।

ਪ੍ਰ: ਕਿਉਂ ਜੀ! ਸੰਸਾਰ ਵਿਚ ਤਾਂ ਬਹੁਤ ਸਿਆਣੇ ਲੋਕ ਹਨ, ਜੋ ਕਿ ਆਪਣੀ ਚਾਤੁਰਤਾ ਨਾਲ ਬਹੁਤ ਕੁਝ ਹਾਸਲ ਕਰ ਸਕਦੇ ਹਨ?

ਉ: ੪. ਹੇ ਭਾਈਓ! ਸੰਸਾਰੀ ਸਿਆਣਪਾਂ ਨਾਲ ਸੰਸਾਰੀ ਵਸਤੂਆਂ ਤਾਂ ਭਾਵੇਂ ਲਈਆਂ ਜਾ ਸਕਦੀਆਂ ਹਨ, ਪਰ ਯਾਦ ਰੱਖੋ ਕਿ ਬਹੁਤੀਆਂ ਸੰਸਾਰੀ ਸਿਆਣਪਾਂ ਨਾਲ ਹਰੀ ਨੂੰ ਨਹੀਂ ਪ੍ਰਾਪਤ ਕੀਤਾ ਜਾ ਸਕਦਾ, (ਜੇ ਮਿਲ ਸਕਦਾ ਹੁੰਦਾ ਤਾਂ) ਸਭ ਲੋਕ ਚਤਰਾਈ ਕਰਦੇ ਥੱਕ ਗਏ ਹਨ, ਉਨ੍ਹਾਂ ਨੂੰ ਪ੍ਰਾਪਤ ਹੀ ਨਹੀਂ ਹੋ ਸਕਿਆ।

ਪ੍ਰ: ਸ੍ਰੀ ਜੀਓ! ਤੁਹਾਨੂੰ ਕਿਵੇਂ ਪ੍ਰਾਪਤ ਹੋਇਆ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਰਾਵੋ! ਮੈਂ ਭੀ ਉਸ ਗੁਰੂ ਦੀ ਕਿਰਪਾ ਨਾਲ ਹੀ ਉਸ ਪਰਮੇਸ਼ਰ ਦਾ ਦਰਸ਼ਨ ਕੀਤਾ ਹੈ, (ਹੁਣ ਮੈਨੂੰ) ਪਰਮੇਸ਼ਰ ਤੋਂ ਬਿਨਾ ਹੋਰ ਕੋਈ ਵੀ ਸਹਾਰਾ ਨਹੀਂ ਦਿੱਸਦਾ।

੬. ਹੇ ਭਾਈ! ਮੈਂ ਗੁਰੂ ਦੀ ਕਿਰਪਾ ਦੁਆਰਾ ਦੇਖਿਆ ਹੈ ਕਿ ਹਰੀ ਆਪ ਹੀ ਆਪ ਉਹੋ ਮਾਇਆ ਤੋਂ ਰਹਿਤ ਪੁਰਖ ਆਪ ਹੈ ਤੇ (ਸਭ ਕੁਝ ਕਰਨ ਜੋਗ ਹੈ)।੪।੨।

ਭਾਵਾਰਥ : ਸ਼ਬਦ ਦੇ ਆਰੰਭ ਵਿਚ ਹਜ਼ੂਰ, ਗੁਰੂ ਦੀ ਲੋੜ ਤੇ ਗੁਰੂ ਤੋਂ ਲਾਭ ਪ੍ਰਾਪਤੀ ਦਾ ਜ਼ਿਕਰ ਕਰਦੇ ਹਨ। ਸ਼ੁਰੂ ਵਿਚ ਦੱਸਦੇ ਹਨ ਕਿ ਪਹਿਲੋਂ ਮੈਂ ਨਿਮਾਣੀ ਸਾਂ, ਫਿਰ ਗੁਰੂ ਮਿਲੇ, ਉਨ੍ਹਾਂ ਤੋਂ ਨਾਮ ਪ੍ਰਾਪਤ ਹੋਇਆ ਤੇ ਨਾਮ ਦੁਆਰਾ ਪੂਰਨ ਅਵਸਥਾ ਤੱਕ ਅਪੜਨ ਦਾ ਵੀ ਜ਼ਿਕਰ ਕੀਤਾ ਹੈ। ਫਿਰ ਗੁਰੂ ਤੋਂ ਵਰੋਸਾਏ ਗੁਰਸਿੱਖਾਂ ਦੇ ਮੇਲ ਲਈ ਪ੍ਰਾਰਥਨਾ ਕੀਤੀ ਗਈ ਹੈ ਕਿ ਉਹ ਆ ਕੇ ਮੈਨੂੰ ਹਰੀ ਦੇ ਗੁਣ ਗਾ ਕੇ ਸੁਣਾਵੇ। ਅੰਤ ਵਿਚ ਅੰਕਤ ਕਰਦੇ ਹਨ ਕਿ ਉਹ ਸਾਈਂ ਸਰਵ ਸ਼ਕਤੀਮਾਨ ਹੈ, ਉਸ ਤੋਂ ਬਿਨਾ ਹੋਰ ਕੋਈ ਕਰਤਾਰ ਨਹੀਂ ਹੈ। ਉਸੇ ਇਕ 'ਤੇ ਹੀ ਸਿਧਕ ਧਾਰੋ, ਸ਼ਰਨ ਲਓ। ਚਤਰਾਈਆਂ ਤੋਂ ਵਰਜਨਾ ਕੀਤਾ ਹੈ।

ਵਡਹੰਸੁ ਮਹਲਾ ੪ ॥

੧. ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥

੨. ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥

੩. ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥

੪. ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥

੫. ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥

੬. ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥

ਪਦ ਅਰਥ : ਹਰਿ—ਹੇ ਹਰੀ। ਮੇਲਿ—ਮਿਲਾਪ ਵਿਚ। ਸਤਿਗੁਰ ਮੇਲ—ਗੁਰੂ ਦੇ ਮਿਲਾਪ ਵਿਚ (ਰੱਖ), ਗੁਰੂ ਦੇ ਚਰਨਾਂ ਵਿਚ ਰੱਖ। ਹਮ—ਮੈਨੂੰ। ਭਾਇਆ—ਚੰਗੇ ਲੱਗਦੇ ਹਨ। ਤਿਮਰ—ਹਨੇਰਾ। ਅਗਿਆਨੁ—ਬੇ-ਸਮਝੀ, ਪ੍ਰਮਾਰਥਕ ਜੀਵਨ ਵਲੋਂ ਬੇ-ਸਮਝੀ। ਗਿਆਨ—ਪ੍ਰਮਾਰਥਕ ਜੀਵਨ ਦੀ ਸੂਝ। ਅੰਜਨੁ—ਸੁਰਮਾ। ਗੁਰਿ—ਗੁਰੂ ਦੀ ਰਾਹੀਂ। ਸਤਿਗੁਰੂ—ਗੁਰੂ ਦੀ ਰਾਹੀਂ। ਅੰਧੇਰ—ਹਨੇਰੇ। ਸੇਵਿ—ਸੇਵਾ ਕਰਕੇ। ਪਰਮ ਪਦੁ—ਸਭ ਤੋਂ ਉੱਚਾ ਦਰਜਾ। ਸਾਸ ਗਿਰਾਸੇ—ਹਰੇਕ ਸਾਹ ਤੇ ਗਰਾਹੀ ਦੇ ਨਾਲ। ਪ੍ਰਭਿ—ਪ੍ਰਭੂ ਨੇ। ਤੇ—ਉਹ ਬੰਦੇ।੧।

ਅਰਥ :

ਪ੍ਰ: ਹਜ਼ੂਰ ਤੁਹਾਡੀ ਹਮੇਸ਼ਾਂ ਹਰੀ ਪਾਸੋਂ ਮੰਗ ਕੀ ਹੈ?

ਉ: ੧. ਹੇ ਭਾਈਓ! ਮੈਂ ਤਾਂ ਸਦਾ ਹਰੀ ਪਾਸੋਂ ਇਹੋ ਜਾਚਨਾ ਕਰਦਾ ਰਹਿੰਦਾ ਹਾਂ ਕਿ ਹੇ ਹਰੀ! ਮੈਨੂੰ ਗੁਰੂ ਦੇ ਚਰਨਾਂ ਵਿਚ ਰੱਖ, ਗੁਰੂ ਦੇ ਚਰਨਾਂ ਵਿਚ ਹੀ ਰੱਖ, (ਕਿਉਂਕਿ) ਗੁਰੂ ਦੇ ਚਰਨ ਹੀ ਮੈਨੂੰ ਚੰਗੇ ਲੱਗਦੇ ਹਨ।

ਪ੍ਰ: (ਕਿਉਂ ਜੀ) ਮਨੁੱਖ ਦੇ ਹਿਰਦੇ ਵਿਚ ਤਾਂ ਅਗਿਆਨਤਾ ਦਾ ਘੁੱਪ ਅੰਧੇਰਾ ਹੈ, ਤੁਸਾਂ ਇਸ ਨੂੰ ਕਿਵੇਂ ਦੂਰ ਕਰ ਲਿਆ?

ਉ: ੨. ਹੇ ਭਾਈਓ! ਉਸ ਮੇਰੇ ਸਤਿਗੁਰੂ ਦਾ ਗਿਆਨ (ਇਕ) ਪ੍ਰਕਾਰ ਦਾ ਸੁਰਮਾ ਹੈ, ਜੋ ਕਿ ਗੁਰੂ ਨੇ ਆਪ ਸਾਡੇ ਬੁੱਧੀ ਰੂਪੀ ਨੇਤ੍ਰਾਂ ਵਿਚ ਪਾਇਆ ਹੈ, ਜਿਸ ਦੀ ਬਰਕਤ ਨਾਲ ਅਗਿਆਨਤਾ ਦਾ ਅੰਧੇਰਾ ਅਸਾਂ ਦੂਰ ਕਰ ਲਿਆ ਹੈ।

੩. (ਹਾਂ) ਗੁਰੂ ਦਾ ਗਿਆਨ ਰੂਪੀ ਸੁਰਮਾ ਸਤਿਗੁਰੂ ਨੇ ਪਾਇਆ, ਜਿਸ ਨਾਲ ਅਗਿਆਨ ਦੇ ਅੰਧੇਰੇ ਦੂਰ ਹੋ ਗਏ।

੪. ਹੇ ਪਿਆਰਿਓ! ਇਸ ਤਰ੍ਹਾਂ ਸਤਿਗੁਰੂ ਦੀ ਸੇਵਾ ਕਰ ਕੇ ਅਸਾਂ ਪਰਮ ਪਦ ਪਾ ਲਿਆ ਹੈ, ਇਸੇ ਸੇਵਾ ਦੇ ਨਾਲ-ਨਾਲ ਅਸਾਂ ਵਾਹਿਗੁਰੂ ਨੂੰ ਸਾਸ ਗਿਰਾਸ ਜਪਿਆ ਹੈ।

ਪ੍ਰ: ਹਜ਼ੂਰ! ਸਾਰਿਆਂ ਸੁੱਖਾਂ ਦੀ ਦਾਤ ਜੋ ਗੁਰੂ ਦੀ ਸੇਵਾ ਹੈ, ਉਸ ਨੂੰ ਸਾਰੇ ਹੀ ਕਿਉਂ ਨਹੀਂ ਕਰਦੇ?

ਉ: ੫. ਹੇ ਪਿਆਰੇ! ਇਸ ਸੇਵਾ ਕਰਨ ਦੀ ਗੱਲ ਨੂੰ ਤਾਂ ਇਉਂ ਹੀ ਸਮਝ ਲਓ ਕਿ ਜਿਸ ਉੱਤੇ ਹਰੀ ਪ੍ਰਭੂ ਨੇ ਕਿਰਪਾ ਕੀਤੀ ਹੈ, ਉਨ੍ਹਾਂ ਨੂੰ ਹੀ ਸਤਿਗੁਰੂ ਦੀ ਸੇਵਾ ਵਿਚ ਲਾ ਦਿੱਤਾ ਹੈ।

੬. (ਇਸ ਲਈ) ਹੇ ਪਿਆਰੇ! ਅਸੀਂ ਤਾਂ ਹਰੀ ਅੱਗੇ ਇਉਂ ਹੀ ਅਰਜ਼ੋਈ ਕਰਦੇ ਹਾਂ ਕਿ ਹੇ ਹਰੀ! ਮੈਨੂੰ ਗੁਰੂ ਦੇ ਚਰਨਾਂ ਵਿਚ ਰੱਖ, ਗੁਰੂ ਦੇ ਚਰਨਾਂ ਵਿਚ ਹੀ ਰੱਖ, ਕਿਉਂਕਿ ਗੁਰੂ ਦੇ ਚਰਨ ਮੈਨੂੰ ਪਿਆਰੇ ਲੱਗਦੇ ਹਨ।੧।

੧. ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥

੨. ਹਰਿ ਨਾਮੋ ਹਰਿ ਨਾਮੁ ਦੇਵੈ
ਮੇਰਾ ਅੰਤਿ ਸਖਾਈ ਰਾਮ ॥
੩. ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥
੪. ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ
ਤਿਥੈ ਹਰਿ ਹਰਿ ਨਾਮਿ ਛਡਾਇਆ ॥
੫. ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ
ਜਿਤੁ ਮਿਲਿ ਹਰਿ ਨਾਮੁ ਧਿਆਈ ॥
੬. ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ
ਮੈ ਗੁਰ ਬਿਨੁ ਰਹਣੁ ਨ ਜਾਈ ॥੨॥

ਪਦ ਅਰਥ : ਨਾਮੋ—ਨਾਮੁ ਹੀ। ਅੰਤਿ—ਅਖ਼ੀਰ ਵੇਲੇ। ਸਖਾਈ—ਮਿੱਤਰ। ਗੁਰਿ—ਗੁਰੂ ਨੇ। ਸਤਿਗੁਰਿ—ਸਤਿਗੁਰ ਨੇ। ਕਲਤ੍ਰ—ਇਸਤ੍ਰੀ। ਬੇਲੀ—ਮਦਦਗਾਰ। ਨਾਮਿ—ਨਾਮ ਨੇ। ਜਿਤੁ—ਜਿਸ ਵਿਚ। ਮਿਲਿ—ਮਿਲ ਕੇ।੨।

ਅਰਥ :

ਪ੍ਰ: ਹੇ ਗੁਰੋ! ਜਿਸ ਗੁਰੂ ਨਾਲ ਹਰੀ ਨੇ ਤੁਹਾਡਾ ਮਿਲਾਪ ਕਰਵਾਇਆ ਹੈ, ਉਹ ਗੁਰੂ ਤੁਹਾਨੂੰ ਕਿਤਨਾ ਕੁ ਪਿਆਰਾ ਲੱਗਦਾ ਹੈ ?

ਉ: ੧. ਹੇ ਭਰਾਵੋ ! ਮੈਨੂੰ ਤਾਂ ਉਹ ਗੁਰੂ ਬਹੁਤ ਹੀ ਪਿਆਰਾ ਲੱਗਦਾ ਹੈ, (ਪਿਆਰਾ ਵੀ ਇਤਨਾ ਲੱਗਦਾ ਹੈ ਕਿ) ਹੁਣ ਉਸ ਗੁਰੂ ਤੋਂ ਬਿਨਾ ਮੈਥੋਂ ਰਿਹਾ ਹੀ ਨਹੀਂ ਜਾਂਦਾ।

ਪ੍ਰ: (ਕਿਉਂ ਜੀ) ਗੁਰੂ ਨਾਲ ਤੁਹਾਡੀ ਇਤਨੀ ਲਗਨ ਕਿਉਂ ਲੱਗ ਰਹੀ ਹੈ ?

ਉ: ੨. ਹੇ ਭਰਾਵੋ ! ਇਸ ਦਾ ਕਾਰਣ ਇਕੋ ਹੈ ਕਿ ਗੁਰੂ ਮੈਨੂੰ ਉਸ ਹਰੀ ਦੇ ਨਾਮ ਦੀ ਬਖ਼ਸ਼ਸ਼ ਕਰਦਾ ਹੈ, ਜਿਹੜਾ ਅੰਤ ਵੇਲੇ ਮੇਰਾ ਸਾਥੀ ਬਣੇਗਾ।

੩. ਹੇ ਸੱਜਨੋ ! ਗੁਰੂ ਨੇ ਉਹ ਹਰਿ ਨਾਮ ਮੇਰੇ ਹਿਰਦੇ ਵਿਚ ਪੱਕਾ ਕਰ ਦਿੱਤਾ ਹੈ, ਜਿਹੜਾ ਅੰਤ ਵੇਲੇ ਮੇਰਾ ਮਿੱਤਰ ਬਣਨ ਵਾਲਾ ਹੈ।

ਪ੍ਰ: ਸ੍ਰੀ ਜੀਉ ! ਉਸ ਹਰੀ ਦੇ ਨਾਮ ਬਾਰੇ ਤੁਹਾਡਾ ਕੀ ਨਿਸਚਾ ਹੈ ?

ਉ: ੪. ਹੇ ਪਿਆਰੇ ਸਿੱਖੋ ! ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਓ ਕਿ ਜਿੱਥੇ ਪੁੱਤ੍ਰ, ਇਸਤ੍ਰੀ ਕੋਈ ਵੀ ਤੁਹਾਡਾ ਬੇਲੀ ਨਹੀਂ ਬਣੇਗਾ, ਉਥੇ (ਇਕੋ) ਹਰੀ ਹਰਿ ਨਾਮ ਨੇ ਤੁਹਾਨੂੰ ਛੁਡਾ ਲੈਣਾ ਹੈ।

੫. ਹੇ ਪਿਆਰਿਓ ! ਉਹ ਮਾਇਆ ਰਹਿਤ ਸਤਿਗੁਰੂ ਮੇਰਾ ਪਿਆਰਾ ਧੰਨ ਹੈ, ਧੰਨ ਹੈ, ਜਿਸ ਨੂੰ ਮਿਲ ਕੇ ਹਰਿ ਹਰਿ ਨਾਮ ਧਿਆਈਦਾ ਹੈ।

੬. ਮੇਰਾ ਸਤਿਗੁਰੂ, ਮੇਰਾ ਪਿਆਰਾ ਸਤਿਗੁਰੂ ਮੈਨੂੰ ਪਿਆਰਾ ਲੱਗਦਾ ਹੈ। ਪਿਆਰਾ ਵੀ ਇਤਨਾ ਲੱਗ ਰਿਹਾ ਹੈ ਕਿ ਹੁਣ ਮੈਥੋਂ ਗੁਰੂ ਤੋਂ ਬਿਨਾ ਰਿਹਾ ਨਹੀਂ ਜਾਂਦਾ।੨।

੧. ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ
ਪੁਰਖ ਨ ਪਾਇਆ ਰਾਮ ॥
੨. ਤਿਨ ਨਿਹਫਲੁ ਤਿਨ ਨਿਹਫਲੁ ਜਨਮੁ
ਸਭੁ ਬ੍ਰਿਥਾ ਗਵਾਇਆ ਰਾਮ ॥
੩. ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ
ਤੇ ਸਾਕਤ ਮੁਏ ਮਰਿ ਝੂਰੇ ॥
੪. ਘਰਿ ਹੋਦੈ ਰਤਨਿ ਪਦਾਰਥਿ
ਭੂਖੇ ਭਾਗਹੀਣ ਹਰਿ ਦੂਰੇ ॥
੫. ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ
ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥
੬. ਜਿਨੀ ਦਰਸਨੁ ਜਿਨੀ ਦਰਸਨੁ
ਸਤਿਗੁਰ ਪੁਰਖ ਨ ਪਾਇਆ ॥੩॥

ਪਦ ਅਰਥ : ਨਿਹਫਲੁ—ਬੇ-ਫ਼ਾਇਦਾ, ਅਜਾਈਂ। ਸਭੁ—ਸਾਰਾ। ਬ੍ਰਿਥਾ—ਵਿਅਰਥ। ਤੇ—ਉਹ ਬੰਦੇ। ਸਾਕਤ—ਰੱਬ ਨਾਲੋਂ ਟੁੱਟੇ ਹੋਏ। ਮਰਿ—ਮੌਤ। ਝੂਰੇ—ਝੂਰਦੇ ਹਨ, ਦੁਖੀ ਹੁੰਦੇ ਰਹੇ। ਘਰਿ ਹੋਦੇ ਰਤਨਿ—ਘਰ ਵਿਚ ਰਤਨ ਦੇ ਹੁੰਦਿਆਂ। ਭੁਖੇ—ਤ੍ਰਿਸ਼ਨਾ ਦੇ ਅਧੀਨ। ਕਰੀਅਹੁ—ਤੁਸੀ ਨਾ ਕਰੋ।੩।

ਅਰਥ :

ਪ੍ਰ: ਹੇ ਗੁਰੋ ! ਆਪ ਜੀ ਦਾ ਤਾਂ ਸਤਿਗੁਰੂ ਨਾਲ ਇਤਨਾ ਅਥਾਹ ਪਿਆਰ ਹੈ, ਪਰ ਕਈ ਬੰਦੇ ਗੁਰੂ ਦੇ ਦਰਸ਼ਨਾਂ ਤੋਂ ਸਖਣੇ ਹੀ ਆਪਣਾ ਜੀਵਨ ਗੁਜ਼ਾਰ ਜਾਂਦੇ ਹਨ, ਉਨ੍ਹਾਂ ਬਾਰੇ ਆਪ ਜੀ ਦਾ ਕੀ ਵੀਚਾਰ ਹੈ ?

ਉ: ੧. ਹੇ ਭਾਈਓ ! ਜਿਨ੍ਹਾਂ ਮਨੁੱਖਾਂ ਨੇ ਗੁਰੂ ਮਹਾਂਪੁਰਖਾਂ ਦਾ ਦਰਸ਼ਨ ਨਹੀਂ ਪਾਇਆ, ਜਿਨ੍ਹਾਂ ਨੇ ਦਰਸ਼ਨ ਨਹੀਂ ਪਾਇਆ।

੨. ਸਮਝ ਲਓ ਕਿ ਉਨ੍ਹਾਂ ਬੰਦਿਆਂ ਨੇ ਆਪਣਾ ਜਨਮ ਵਿਅਰਥ ਹੀ ਗਵਾ ਲਿਆ ਹੈ, ਨਿਸਫਲ ਹੀ ਗਵਾ ਲਿਆ ਹੈ।

੩. ਉਨ੍ਹਾਂ ਨੇ ਆਪਣਾ ਜਨਮ ਬੇ-ਅਰਥ, ਅਕਾਰਥ ਹੀ ਗਵਾ ਲਿਆ ਹੈ। ਉਹ ਪੁਰਖ ਪਰਮੇਸ਼ਰ ਵਲੋਂ ਟੁੱਟੇ ਹੋਏ ਮਰ ਗਏ ਤੇ ਮਰ ਕੇ ਪਛੋਤਾਏ, ਉਹ ਸਾਰੀ ਉਮਰ ਦੁਖੀ ਹੀ ਰਹੇ।

੪. ਹੇ ਭਾਈਓ ! ਉਹ ਤਾਂ ਹਿਰਦੇ ਘਰ ਵਿਚ ਕੀਮਤੀ ਨਾਮ ਰਤਨ ਦੇ ਹੁੰਦਿਆਂ ਭੀ ਬਦਨਸੀਬ ਭੁੱਖੇ ਹੀ ਰਹੇ, ਮਰੂੰ-ਮਰੂੰ ਹੀ ਕਰਦੇ ਰਹੇ ਅਤੇ ਪਰਮਾਤਮਾ ਤੋਂ (ਸਦਾ ਹੀ) ਵਿਛੜੇ ਰਹੇ।

੫. ਹੇ ਹਰੀ ! ਮੇਰੀ ਤਾਂ ਆਪ ਪਾਸੋਂ ਇਹੋ ਹੀ ਇਕ ਮੰਗ ਹੈ ਕਿ ਉਨ੍ਹਾਂ ਲੋਕਾਂ ਦਾ ਦਰਸ਼ਨ ਮੈਨੂੰ ਨਾ ਕਰਵਾਇਓ, ਜਿਨ੍ਹਾਂ ਨੇ ਕਿ ਹਰੀ ਹਰਿ ਨਾਮ ਨੂੰ ਨਹੀਂ ਸਿਮਰਿਆ।

੬. ਅਤੇ ਜਿਨ੍ਹਾਂ ਨੇ ਸਤਿਗੁਰ ਪੁਰਖ ਦਾ ਦਰਸ਼ਨ ਨਹੀਂ ਪਾਇਆ, ਉਨ੍ਹਾਂ ਦੇ ਦਰਸ਼ਨ ਵੀ ਨਾ ਕਰਵਾਇਓ।੩।

੧. ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ
ਪਾਸਿ ਬੇਨੰਤੀ ਰਾਮ ॥

੨. ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ
ਹਮ ਸਤਿਗੁਰ ਕਰਹ ਭਗਤੀ ਰਾਮ ॥
੩. ਹਰਿ ਹਰਿ ਸਤਿਗੁਰ ਕਰਹ ਭਗਤੀ
ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥
੪. ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ
ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ ॥
੫. ਕਹੁ ਨਾਨਕ ਗੁਰਿ ਨਾਮੁ ਦ੍ਰਿੜਾਇਆ
ਹਰਿ ਹਰਿ ਨਾਮੁ ਹਰਿ ਸਤੀ ॥
੬. ਹਮ ਚਾਤ੍ਰਿਕ ਹਮ ਚਾਤ੍ਰਿਕ
ਦੀਨ ਹਰਿ ਪਾਸਿ ਬੇਨੰਤੀ ॥੪॥੩॥

ਪਦ ਅਰਥ : ਚਾਤ੍ਰਿਕ—ਪਪੀਹਾ। ਹਮ—ਅਸੀਂ। ਦੀਨ—ਨਿਮਾਣੇ। ਗੁਰ ਮਿਲਿ—ਗੁਰੂ ਨੂੰ ਮਿਲ ਕੇ। ਮੇਲਿ—ਮਿਲਾਪ। ਕਰਹ—ਅਸੀਂ ਕਰੀਏ, ਮੈਂ ਕਰਾਂਗਾ। (ਜਾ—ਜਦੋਂ)। ਪ੍ਰਾਣ ਹਮਾਰੇ—ਮੇਰੀ ਜਿੰਦ। ਗੁਰਿ—ਗੁਰੂ ਨੇ। ਸਤੀ—ਸਤਿ, ਸਦਾ ਕਾਇਮ ਰਹਿਣ ਵਾਲਾ।

ਅਰਥ :

ਪ੍ਰ: ਹਜ਼ੂਰ ! ਤੁਹਾਡਾ ਪ੍ਰਭੂ ਨਾਲ ਪਿਆਰ ਕਿਸ ਪ੍ਰਕਾਰ ਦਾ ਹੈ ?

ਉ: ੧. ਹੇ ਭਾਈਓ ! ਮੈਨੂੰ ਸਮਝੋ ਕਿ ਮੈਂ ਪਪੀਹਾ ਹਾਂ, ਭਾਵ ਪਪੀਹੇ ਵਾਂਗੂੰ ਦੁਖੀ ਹਾਂ, ਪਰਮੇਸ਼ਰ ਸਾਡਾ ਬਦਲ ਹੈ। ਜਿਵੇਂ ਪਪੀਹਾ ਬੱਦਲ ਅੱਗੇ ਸ੍ਵਾਂਤੀ ਬੂੰਦ ਲਈ ਅਰਦਾਸ ਕਰਦਾ ਹੈ, ਤਿਵੇਂ ਮੈਂ ਵੀ ਆਪਣੇ ਸਾਈਂ ਜੀ ਅੱਗੇ ਅਰਜ਼ੋਈ ਕਰਦਾ ਹਾਂ।

ਪ੍ਰ: ਸ੍ਰੀ ਜੀਉ ! ਉਹ ਅਰਜ਼ੋਈ ਕੀ ਹੈ ?

ਉ: ੨. ਹੇ ਭਰਾਵੋ ! ਸਾਡੀ ਤਾਂ ਅਰਜ਼ੋਈ ਹਰੀ ਅੱਗੇ ਇਹੋ ਹੀ ਹੈ ਕਿ ਹੇ ਸਾਈਂ ਜੀ ! (ਮੈਨੂੰ) ਮੇਰਾ ਪਿਆਰਾ ਗੁਰੂ ਮਿਲਾ, ਤਾਂ ਕਿ ਮੈਂ ਗੁਰੂ ਸਤਿਗੁਰੂ ਨੂੰ ਮਿਲ ਕੇ ਪਰਮੇਸ਼ਰ ਦੀ ਭਗਤੀ ਕਰਨ ਰੂਪ ਸੇਵਾ ਕਰਾਂ।

੩. ਹੇ ਹਰੀ ! ਹੇ ਹਰੀ ! (ਅਸੀਂ) ਤਦੋਂ ਹੀ ਗੁਰੂ ਦੀ ਭਗਤੀ ਕਰਾਂਗੇ, ਜਦੋਂ ਹਰੀ ਪ੍ਰਭੂ ਕਿਰਪਾ ਕਰੇਗਾ।

੪. ਹੇ ਪਿਆਰਿਓ ! ਮੇਰਾ ਤਾਂ ਗੁਰੂ ਤੋਂ ਬਿਨਾ ਹੋਰ ਕੋਈ ਬੇਲੀ ਨਹੀਂ, ਮਦਦਗਾਰ ਹੀ ਨਹੀਂ, ਗੁਰੂ ਹੀ ਮੇਰੇ ਪ੍ਰਾਣਾਂ ਦਾ ਆਸਰਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਗੁਰੂ ਨੇ ਹੀ ਸਾਨੂੰ ਸਦਾ ਸਤਿ ਰਹਿਣ ਵਾਲਾ ਨਾਮ ਮੇਰੇ ਹਿਰਦੇ ਵਿਚ ਪੱਕਾ ਕਰ ਦਿੱਤਾ ਹੈ।

੬. ਹੇ ਭਾਈਓ ! ਮੈਂ ਪਪੀਹਾ ਹਾਂ, ਪਰਮੇਸ਼ਰ ਮੇਰਾ ਬਦਲ ਰੂਪ ਹੈ, ਮੈਂ ਪਰਮੇਸ਼ਰ ਪਾਸ ਬੇਨਤੀ ਕਰਦਾ ਹਾਂ (ਕਿ ਮੈਨੂੰ ਗੁਰੂ ਮਿਲਾ)।੪।੩।

ਭਾਵਾਰਥ : ਸ਼ਬਦ ਦੇ ਆਰੰਭ ਵਿਚ ਗੁਰੂ ਨੂੰ ਹਰੀ ਦਾ ਸਰੂਪ ਵਰਣਨ ਕੀਤਾ ਹੈ, (ਕਿਉਂਕਿ) ਗੁਰੂ ਹੀ ਸਾਡਾ ਪਰਮੇਸ਼ਰ ਪ੍ਰਭੂ ਨਾਲ ਮਿਲਾਪ ਕਰਵਾਉਂਦਾ ਹੈ, ਗੁਰੂ ਦੇ ਪਾਸ ਹੀ ਗਿਆਨ ਰੂਪੀ ਸੁਰਮਾ ਹੈ ਜੋ ਕਿ ਸਿੱਖ ਦੇ ਮਨ ਬੁੱਧੀ ਰੂਪੀ ਨੇਤ੍ਰਾਂ ਵਿਚ ਗੁਰੂ ਆਪ ਹੀ ਪਾਉਂਦਾ ਹੈ, ਜਿਸ ਦੀ ਬਰਕਤ ਨਾਲ ਅਗਿਆਨਤਾ ਦਾ ਅੰਧੇਰਾ ਨਾਸ ਹੋ ਜਾਂਦਾ ਹੈ।

ਵਡਹੰਸੁ ਮਹਲਾ ੪ ॥

੧. ਹਰਿ ਕਿਰਪਾ ਹਰਿ ਕਿਰਪਾ ਕਰਿ
ਸਤਿਗੁਰੁ ਮੇਲਿ ਸੁਖਦਾਤਾ ਰਾਮ ॥
੨. ਹਮ ਪੂਛਹ ਹਮ ਪੂਛਹ
ਸਤਿਗੁਰ ਪਾਸਿ ਹਰਿ ਬਾਤਾ ਰਾਮ ॥
੩. ਸਤਿਗੁਰ ਪਾਸਿ ਹਰਿ ਬਾਤ ਪੂਛਹ
ਜਿਨਿ ਨਾਮੁ ਪਦਾਰਥੁ ਪਾਇਆ ॥
੪. ਪਾਇ ਲਗਹ ਨਿਤ ਕਰਹ ਬਿਨੰਤੀ
ਗੁਰਿ ਸਤਿਗੁਰਿ ਪੰਥੁ ਬਤਾਇਆ ॥
੫. ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ
ਹਰਿ ਹਰਿ ਨਾਮਿ ਹਰਿ ਰਾਤਾ ॥
੬. ਹਰਿ ਕਿਰਪਾ ਹਰਿ ਕਿਰਪਾ ਕਰਿ ਗੁਰੁ
ਸਤਿਗੁਰੁ ਮੇਲਿ ਸੁਖਦਾਤਾ ॥੧॥

ਪਦ ਅਰਥ : ਹਰਿ—ਹੇ ਹਰੀ। ਮੇਲਿ—ਮਿਲਾ। ਸੁਖ ਦਾਤਾ—ਅਬਿਨਾਸੀ ਅਨੰਦ ਦੇਣ ਵਾਲਾ ਗੁਰੂ। ਹਮ ਪੂਛਹ—ਅਸੀਂ ਪੁੱਛਦੇ ਹਾਂ, ਮੈਂ ਪੁੱਛਾਂਗਾ। ਹਰਿ ਬਾਤਾ—ਪਰਮੇਸ਼ਰ ਦੇ ਸਿਫ਼ਤਿ-ਸਾਲਾਹ ਦੀਆਂ ਗੱਲਾਂ। ਜਿਨਿ—ਜਿਸ ਗੁਰੂ ਨੇ। ਪਾਇ ਲਗਹ—ਅਸੀਂ ਪੈਰੀਂ ਲੱਗਦੇ ਹਾਂ, ਮੈਂ ਲੱਗਾਂਗਾ। ਕਰਹ—ਅਸੀਂ ਕਰਦੇ ਹਾਂ, ਮੈਂ ਕਰਾਂਗਾ। ਗੁਰਿ—ਗੁਰੂ ਨੇ। ਪੰਥ—ਸਹੀ ਜੀਵਨ ਦਾ ਮਾਰਗ। ਸੋਈ—ਉਹ (ਗੁਰੂ) ਹੀ। ਸਮਤੁ—ਇਕੋ ਜਿਹਾ, ਬਰਾਬਰ। ਨਾਮਿ—ਨਾਮ ਵਿਚ।੧।

ਅਰਥ :

ਪ੍ਰ: ਹਜ਼ੂਰ ! ਹਰ ਮਨੁੱਖ ਆਪੋ ਆਪਣੀ ਇੱਛਾ ਅਨੁਸਾਰ ਸਾਈਂ ਜੀ ਤੋਂ ਦਾਤ ਮੰਗਦਾ ਵੇਖੀਦਾ ਹੈ, ਪਰ ਤੁਹਾਡੀ ਮੰਗ ਕੀ ਹੈ ?

ਉ: ੧. ਹੇ ਪਿਆਰਿਓ ! ਮੇਰੀ ਤਾਂ ਸਦਾ ਇਹੋ ਹੀ ਮੰਗ ਰਹਿੰਦੀ ਹੈ ਕਿ ਹੇ ਹਰੀ ! (ਮੇਰੇ) ਉਪਰ ਕਿਰਪਾ ਕਰ, ਹੇ ਹਰੀ ! ਦਇਆ ਕਰ, ਮੇਰਾ ਸਾਰੇ ਸੁੱਖਾਂ ਦੇ ਦਾਤੇ ਸਤਿਗੁਰੂ ਜੀ ਨਾਲ ਮਿਲਾਪ ਕਰਵਾ ਦਿਓ।

ਪ੍ਰ: ਕਿਉਂ ਜੀ ! ਮਿਲਾਪ ਕਿਸ ਲਈ ਚਾਹੁੰਦੇ ਹੋ ?

ਉ: ੨. (ਕਿਉਂਕਿ) ਮੈਂ ਸਤਿਗੁਰੂ ਜੀ ਪਾਸੋਂ ਹਰੀ ਦੀਆਂ ਬਾਤਾਂ ਪੁੱਛਿਆ ਕਰਾਂਗਾ, ਹਾਂ ਸਤਿਗੁਰੂ ਪਾਸੋਂ ਹਰੀ ਦੀਆਂ ਗੱਲਾਂ ਪੁੱਛਿਆ ਕਰਾਂਗਾ।

੩. ਜਿਸ ਗੁਰੂ ਨੇ ਪਰਮੇਸ਼ਰ ਦਾ ਅਮੋਲਕ ਨਾਮ ਰਤਨ ਹਾਸਲ ਕੀਤਾ ਹੋਇਆ ਹੈ, ਉਸ ਗੁਰੂ ਪਾਸੋਂ ਮੈਂ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੀਆਂ ਗੱਲਾਂ ਪੁੱਛਿਆ ਕਰਾਂਗਾ।

੪. ਜਿਸ ਗੁਰੂ ਨੇ ਸਾਰੇ ਹੀ (ਭੁੱਲੇ ਹੋਏ ਜਗਤ ਨੂੰ ਜੀਵਨ ਦਾ ਸਹੀ) ਰਸਤਾ ਦੱਸਿਆ ਹੈ, ਮੈਂ ਉਸ ਗੁਰੂ ਦੀ ਸਦਾ ਹੀ ਚਰਨੀਂ ਲੱਗਾਂਗਾ। ਮੈਂ ਉਸ ਗੁਰੂ ਅੱਗੇ ਬੇਨਤੀ ਕਰਾਂਗਾ, (ਕਿ ਮੈਨੂੰ ਭੀ ਜੀਵਨ ਦਾ ਸਹੀ ਮਾਰਗ ਦੱਸ)।

ਪ੍ਰ: ਹਜ਼ੂਰ! ਆਪ ਸਹੀ ਭਗਤ ਕਿਸ ਨੂੰ ਮੰਨਦੇ ਹੋ?

ਉ: ੫. ਹੇ ਭਾਈਓ! ਅਸਲ ਵਿਚ ਤਾਂ ਉਹੋ ਹੀ ਸਹੀ ਭਗਤ ਹੈ, ਜੋ ਕਿ ਸੁੱਖ-ਦੁੱਖ ਨੂੰ ਇਕੋ ਕਰ ਕੇ ਜਾਣੇ ਅਤੇ ਹਰੀ ਦੇ ਹਰਿ ਹਰਿ ਨਾਮ ਵਿਚ ਸਦਾ ਹੀ ਰਤਾ ਰਹੇ।

੬. ਇਸ ਲਈ, ਹੇ ਹਰੀ! ਮਿਹਰ ਕਰ, ਮੈਨੂੰ ਆਤਮਿਕ ਅਨੰਦ ਦੇਣ ਵਾਲਾ ਗੁਰੂ ਮਿਲਾ।੧।

੧. ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੈ ਹੰਉਮੈ ਪਾਪਾ ਰਾਮ ॥
੨. ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥
੩. ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥
੪. ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥
੫. ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੇ ਦੁਖ ਲਾਥੇ ਪਾਪ ਸੰਤਾਪਾ ॥
੬. ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥੨॥

ਪਦ ਅਰਥ : ਗੁਰਮੁਖਿ—ਗੁਰੂ ਦੀ ਰਾਹੀਂ, ਗੁਰੂ ਦੀ ਸ਼ਰਨ ਪੈ ਕੇ। ਨਾਮਿ—ਨਾਮ ਦੀ ਰਾਹੀਂ। ਸਭਿ—ਸਾਰੇ। ਲਥਿਅੜੇ—ਲਹਿ ਗਏ। ਜਗਿ—ਜਗਤ ਵਿਚ। ਤਾਪਾ—ਦੁੱਖ, ਕਲੇਸ਼। ਨਿਵਾਰੇ—ਦੂਰ ਕਰ ਦੇਂਦਾ ਹੈ। ਸਤਿਗੁਰਿ—ਗੁਰੂ ਨੇ। ਖੜਗੁ—ਖੰਡਾ, ਤਲਵਾਰ। ਹਥਿ—ਹੱਥ ਵਿਚ। ਕੰਕਰ—ਸੇਵਕ। ਮਾਰਿ—ਮਾਰ ਕੇ। ਬਿਦਾਰੇ—ਚੀਰ ਦਿੱਤੇ, ਨਾਸ ਕਰ ਦਿੱਤੇ। ਪ੍ਰਭਿ—ਪ੍ਰਭੂ ਨੇ। ਸੰਤਾਪਾ—ਕਲੇਸ਼।੨।

ਅਰਥ :

ਪ੍ਰ: ਹੇ ਗੁਰੋ! ਕੋਈ ਐਸਾ ਸੁਖੈਨ ਸਾਧਨ ਦੱਸੋ, ਜਿਸ ਦੇ ਕਰਨ ਨਾਲ ਮੇਰੇ ਅੰਦਰੋਂ ਹਉਮੈ ਦਾ ਵੱਡਾ ਰੋਗ ਤੇ ਪਾਪ ਨਾਸ ਹੋ ਜਾਵਣ।

ਉ: ੧. ਹੇ ਸੱਜਨਾ! ਤੂੰ ਗੁਰੂ ਦੁਆਰਾ, ਭਾਵ ਗੁਰੂ ਦੀ ਸ਼ਰਨ ਪੈ ਕੇ (ਪਰਮੇਸ਼ਰ ਦਾ ਨਾਮ) ਸੁਣਿਆ ਕਰ, (ਕਿਉਂਕਿ ਜਿਹੜਾ ਵੀ ਮਨੁੱਖ ਨਾਮ ਸੁਣਦਾ ਹੈ) ਨਾਮ ਦੀ ਰਾਹੀਂ ਉਸ ਦੇ ਹਉਮੈ ਆਦਿ ਪਾਪ ਸਾਰੇ ਹੀ ਨਾਸ ਹੋ ਜਾਂਦੇ ਹਨ।

੨. ਹੇ ਪਿਆਰੇ! ਹਰੀ ਹਰਿ ਨਾਮ ਜਪ ਕੇ, ਹਾਂ! ਹਰੀ ਹਰਿ ਨਾਮ ਜਪ, ਕਿਉਂਕਿ ਇਸ ਤਰ੍ਹਾਂ ਨਾਮ ਜਪਣ ਦੀ ਬਰਕਤ ਨਾਲ ਜਗਤ ਵਿਚ ਜਿਤਨੇ ਭੀ ਕਲੇਸ਼ ਦੁੱਖ ਹਨ, ਉਹ ਸਾਰੇ ਹੀ ਲਹਿ ਜਾਂਦੇ ਹਨ।

੩. ਹੇ ਮਿੱਤਰ ਜਨੋ! ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਨਾਮ ਉਨ੍ਹਾਂ ਦੇ ਸਾਰੇ ਦੁੱਖ ਪਾਪ ਦੂਰ ਕਰ ਦੇਂਦਾ ਹੈ।

ਪ੍ਰ: ਹਜ਼ੂਰ! ਤੁਸਾਂ ਨੂੰ ਉਹ ਕਿਹੜੇ ਬੰਦੇ ਨਜ਼ਰ ਆਉਂਦੇ ਹਨ, ਜਿਨ੍ਹਾਂ ਨੇ ਕਿ ਜਮਾਂ ਦੇ ਦੂਤਾਂ ਨੂੰ ਮਾਰ ਕੇ ਭਜਾ ਦਿੱਤਾ ਹੋਵੇ?

ਉ: ੪. ਹੇ ਮਿੱਤਰੋ! ਜਿਨ੍ਹਾਂ ਮਨੁੱਖਾਂ ਦੇ ਹੱਥ ਵਿਚ ਸਤਿਗੁਰੂ ਨੇ ਗਿਆਨ ਰੂਪੀ ਖੰਡਾ ਪਕੜਾ ਦਿੱਤਾ ਹੈ, ਉਸ ਗਿਆਨ ਰੂਪੀ ਖੰਡੇ ਨਾਲ ਉਨ੍ਹਾਂ ਨੇ ਜਮਦੂਤਾਂ ਨੂੰ ਮਾਰ ਕੇ ਭਜਾ ਦਿੱਤਾ ਹੈ।

ਪ੍ਰ: ਕਿਉਂ ਜੀ! ਇਹ ਉਨ੍ਹਾਂ ਨੂੰ ਪ੍ਰਾਪਤੀ ਹੋਈ ਕਿਵੇਂ?

ਉ: ੫. ਹੇ ਪਿਆਰੇ! ਸੁੱਖਾਂ ਦੇ ਦਾਤੇ ਹਰੀ ਪ੍ਰਭੂ ਨੇ ਜਦੋਂ ਕਿਰਪਾ ਕੀਤੀ, ਉਸ ਦੇ ਸਾਰੇ ਦੁੱਖ ਪਾਪ ਕਲੇਸ਼ ਲਹਿ ਗਏ।

੬. ਹੇ ਪਿਆਰਿਆ! ਗੁਰੂ ਦੇ ਰਾਹੀਂ ਨਾਮ ਸੁਣਿਆ ਕਰ, (ਹਾਂ) ਗੁਰਮੁਖ ਤੋਂ ਨਾਮ ਸੁਣ (ਕਿਉਂਕਿ) ਜਿਹੜਾ ਸੁਣਦਾ ਹੈ, ਉਸ ਦੇ ਸਾਰੇ ਹਉਮੈ ਆਦਿਕ ਪਾਪ ਨਾਸ ਹੋ ਜਾਂਦੇ ਹਨ।੨।

੧. ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ ॥
੨. ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥
੩. ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥
੪. ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥
੫. ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥
੬. ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥੩॥

ਪਦ ਅਰਥ : ਮੇਰੈ ਮਨਿ—ਮੇਰੇ ਮਨ ਵਿਚ। ਭਾਇਆ—ਪਿਆਰਾ ਲੱਗ ਰਿਹਾ ਹੈ। ਮੁਖਿ—ਮੂੰਹ ਨਾਲ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਸਭਿ—ਸਾਰੇ। ਅਰੋਗਤ—ਨਰੋਆ। ਅਨਦਿਨੁ—ਹਰ ਰੋਜ਼, ਹਰ ਵੇਲੇ। ਗਹਿਰ—ਡੂੰਘਾ। ਗੰਭੀਰ—ਵੱਡੇ ਜਿਗਰੇ ਵਾਲਾ। ਅਜਾਤਿ—ਨੀਵੀਂ ਜਾਤ। ਪਰਮ—ਸਭ ਤੋਂ ਉੱਚਾ।

ਅਰਥ :

ਪ੍ਰ: ਸ੍ਰੀ ਜੀਉ! ਇਹ ਦੱਸੋ ਕਿ ਮੈਂ ਜਾਪ ਕਿਸ ਦਾ ਜਪਿਆ ਕਰਾਂ?

ਉ: ੧. ਹੇ ਪਿਆਰਿਆ! ਸਦਾ ਪਰਮੇਸ਼ਰ ਦਾ ਹਰਿ ਹਰਿ ਨਾਮ ਜਪਿਆ ਕਰ, ਹਾਂ! ਨਾਮ ਜਪਿਆ ਕਰ, ਕਿਉਂਕਿ ਮੇਰੇ ਮਨ ਵਿਚ ਤਾਂ ਪਰਮੇਸ਼ਰ ਦਾ ਨਾਮ ਹੀ ਪਿਆਰਾ ਲੱਗ ਰਿਹਾ ਹੈ।

੨. ਹੇ ਭਾਈਓ! ਗੁਰੂ ਦੀ ਸ਼ਰਨ ਪੈ ਕੇ ਮੂੰਹ ਨਾਲ ਹਰਿ ਨਾਮ ਜਪਿਆ ਕਰ, ਕਿਉਂਕਿ ਇਹ ਹਰੀ ਨਾਮ ਸਾਰੇ ਰੋਗ ਦੂਰ ਕਰ ਦੇਂਦਾ ਹੈ।

੩. ਹੇ ਸੱਜਨਾ! ਮੂੰਹ ਨਾਲ ਨਾਮ ਜਪ, ਕਿਉਂਕਿ ਨਾਮ ਸਾਰੇ ਰੋਗ ਦੂਰ ਕਰ ਦੇਂਦਾ ਹੈ ਅਤੇ ਸਰੀਰ ਭੀ ਨਵਾਂ ਨਰੋਆ ਹੋ ਜਾਂਦਾ ਹੈ।

ਪ੍ਰ: (ਹਜ਼ੂਰ)! ਉਸ ਸਾਈਂ ਜੀ ਦਾ ਨਾਮ ਜਪਿਆਂ ਫਲ ਕੀ ਹਾਸਲ ਹੋਵੇਗਾ?

ਉ: ੪. ਹੇ ਭਰਾਵਾ! ਉਸ ਡੂੰਘੇ ਤੇ ਵੱਡੇ ਜਿਗਰੇ ਵਾਲੇ ਪ੍ਰਭੂ ਜੀ

ਦਾ ਨਾਮ ਜਪਿਆਂ, ਸੁਰਤੀ ਹਰ ਵੇਲੇ ਨਾਮ ਜਪਣ ਵਿਚ ਅਡੋਲ ਹੋ ਕੇ ਜੁੜੀ ਰਹਿੰਦੀ ਹੈ, ਭਾਵ ਸਹਿਜ ਅਵਸਥਾ ਵਾਲੀ ਸਮਾਧੀ ਲੱਗੀ ਰਹਿੰਦੀ ਹੈ।

ਪ੍ਰ: ਸ੍ਰੀ ਜੀਉ! ਕੀ ਗੁਰਮਤਿ ਵਿਚ ਇਸ ਨਾਮ ਪਦਾਰਥ ਦੀ ਪ੍ਰਾਪਤੀ ਲਈ ਕਿਸੇ ਉੱਚੀ ਨੀਵੀਂ ਜਾਤ ਦਾ ਭੀ ਭੇਦ ਮੰਨਿਆ ਜਾਂਦਾ ਹੈ?

ੳ: ੫. ਐ ਮਿੱਤਰੋ! ਉਂਝ ਤਾਂ ਰੱਬ ਵਲੋਂ ਮਨੁੱਖ ਮਾਤ੍ਰ ਦੀ ਇਕੋ ਹੀ ਜਾਤ ਬਣੀ ਹੈ, ਪਰ ਤਾਂ ਭੀ ਜੋ ਲੋਕਾਂ ਦੀ ਭੇਦ ਬੁੱਧੀ ਵਾਲੀ ਸਮਝ ਨੇ ਉੱਚੀਆਂ ਨੀਵੀਆਂ ਜਾਤਾਂ ਮੰਨ ਲਈਆਂ ਹਨ, ਉਨ੍ਹਾਂ ਵਿਚੋਂ ਭਾਵੇਂ ਕੋਈ ਉੱਚੀ ਜਾਤੀ ਦੇ ਹੋਣ ਭਾਵੇਂ ਕੋਈ ਨੀਵੀਂ ਜਾਤੀ ਦੇ, ਸੋ ਜਿਨ੍ਹਾਂ ਨੇ ਭੀ ਨਾਮ ਜਪਿਆ ਹੈ, ਉਨ੍ਹਾਂ ਨੇ ਇਹ ਸਭ ਤੋਂ ਸਰੇਸ਼ਟ (ਨਾਮ) ਪਰਮ ਪਦਾਰਥ ਪ੍ਰਾਪਤ ਕਰ ਲਿਆ ਹੈ।

੬. ਹੇ ਭਾਈਓ! ਆਖ਼ਰ ਸਿੱਟੇ ਦੀ ਗੱਲ ਤਾਂ ਇਹੋ ਹੈ ਕਿ ਹਰੀ ਹਰਿ ਜਪ ਕੇ (ਦਿਨੋ ਦਿਨ) ਮੇਰੇ ਮਨ ਨੂੰ ਤਾਂ ਨਾਮ (ਵਧੇਰੇ) ਹੀ ਭਾਉਂਦਾ ਗਿਆ ਹੈ।

੧. ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ
ਕਿਰਪਾ ਲੇਹੁ ਉਬਾਰੇ ਰਾਮ ॥
੨. ਹਮ ਪਾਪੀ ਹਮ ਪਾਪੀ ਨਿਰਗੁਣ
ਦੀਨ ਤੁਮ੍ਾਰੇ ਰਾਮ ॥
੩. ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ
ਹਰਿ ਦੈਆਲ ਸਰਣਾਇਆ ॥
੪. ਤੂ ਦੁਖ ਭੰਜਨੁ ਸਰਬ ਸੁਖਦਾਤਾ
ਹਮ ਪਾਥਰ ਤਰੇ ਤਰਾਇਆ ॥
੫. ਸਤਿਗੁਰ ਭੇਟਿ ਰਾਮ ਰਸੁ ਪਾਇਆ
ਜਨ ਨਾਨਕ ਨਾਮਿ ਉਧਾਰੇ ॥
੬. ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ
ਕਿਰਪਾ ਲੇਹੁ ਉਬਾਰੇ ਰਾਮ ॥੪॥੪॥

ਪਦ ਅਰਥ : ਹਰਿ—ਹੇ ਹਰੀ! ਲੇਹੁ ਉਬਾਰੇ—ਉਬਾਰ ਲੇਹੁ, ਵਕਾਰਾਂ ਤੋਂ ਬਚਾ ਲੈ। ਨਿਰਗੁਣ—ਗੁਣ ਹੀਨ। ਦੀਨ—ਆਜਿਜ਼। ਦੈਆਲ—ਹੇ ਦਇਆ ਦੇ ਘਰ। ਦੁਖ ਭੰਜਨੁ—ਦੁੱਖਾਂ ਦਾ ਨਾਸ ਕਰਨ ਵਾਲਾ। ਪਾਥਰ—ਕਠੋਰ ਚਿੱਤ। ਤਰਾਇਆ—ਤੇਰੇ ਤਾਰੇ ਹੋਏ। ਸਤਿਗੁਰ ਭੇਟਿ—ਗੁਰੂ ਨੂੰ ਮਿਲ ਕੇ। ਨਾਮਿ—ਨਾਮ ਨੇ। ਉਧਾਰੇ—ਪਾਰ ਲੰਘਾ ਲਿਆ।੪।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਇਸ ਸੰਸਾਰ ਵਿਚ ਤਾਂ ਵਿਕਾਰ ਬਹੁਤ ਵੱਡੇ ਬਲਵਾਨ ਹਨ, ਜਿਨ੍ਹਾਂ ਤੋਂ ਬਚਣਾ ਬਹੁਤ ਕਠਨ ਹੈ, ਪਰ ਆਪ ਨੇ ਇਨ੍ਹਾਂ ਤੋਂ ਬਚਣ ਦਾ ਕਿਹੜਾ ਉਪਾਅ ਸੋਚਿਆ ਹੈ?

ੳ: ੧. ਹੇ ਸੱਜਣੋ! ਮੈਂ ਤਾਂ ਇਕੋ ਹੀ ਉਪਾਉ ਅਰਦਾਸ ਕਰਨਾ ਸੋਚਿਆ ਹੈ ਜੋ ਕਿ ਸਦਾ ਇਉਂ ਹੀ ਕਰਦਾ ਰਹਿੰਦਾ ਹਾਂ ਕਿ ਹੇ ਹਰੀ! ਕਿਰਪਾ ਕਰੋ, ਹੇ ਹਰੀ ਮਿਹਰ ਕਰੋ, ਤੁਸੀਂ ਮੈਨੂੰ ਕਿਰਪਾ ਕਰਕੇ (ਵਿਕਾਰਾਂ ਤੋਂ) ਬਚਾ ਲਓ।

੨. (ਕਿਉਂਕਿ) ਅਸੀਂ ਪਾਪੀ ਹਾਂ! ਅਸੀਂ ਪਾਪੀ ਹਾਂ! ਗੁਣਾਂ ਤੋਂ ਹੀਣੇ ਗ਼ਰੀਬ ਹਾਂ, ਪਰ (ਫਿਰ ਵੀ) ਤੁਹਾਡੇ ਹੀ ਹਾਂ।

੩. ਪਰ ਹੇ ਦਿਆਲੂ ਹਰੀ! ਅਸੀਂ ਤੇਰੀ ਸ਼ਰਨ ਵਿਚ ਆਏ ਹਾਂ, ਪਾਪੀ ਹਾਂ, ਗੁਣਾਂ ਤੋਂ ਹੀਣੇ ਆਜਿਜ਼ ਹਾਂ।

੪. ਹੇ ਸਾਈਂ ਜੀ! ਤੂੰ ਸਾਰੇ ਦੁੱਖ ਦੂਰ ਕਰਨ ਵਾਲਾ ਹੈਂ ਤੇ ਸਾਰੇ ਸੁੱਖਾਂ ਦਾ ਦਾਤਾ ਹੈਂ, ਅਸੀਂ ਪੱਥਰਾਂ ਵਤ ਕਾਰੇ ਪਾਪੀ ਹਾਂ, ਪਰ ਹਾਂ! ਤੇਰੇ ਤਾਰੇ ਹੀ ਤਰ ਸਕਦੇ ਹਾਂ, ਭਾਵ ਤੇਰੇ ਬਚਾਇਆਂ ਹੀ ਬਚ ਸਕਦੇ ਹਾਂ।

ਪ੍ਰ: (ਕਿਉਂ ਜੀ) ਸਤਿਗੁਰੂ ਪਾਸੋਂ ਬਚਣ ਦਾ ਸਾਧਨ ਕੀ ਪ੍ਰਾਪਤ ਹੋਇਆ?

ੳ: ੫. ਹੇ ਪਿਆਰੇ! ਸਤਿਗੁਰਾਂ ਨੂੰ ਮਿਲ ਕੇ ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਦਾ ਸੁਆਦ ਚਖਿਆ ਹੈ, ਉਨ੍ਹਾਂ ਨੂੰ ਹਰੀ ਦੇ ਨਾਮ ਨੇ ਵਿਕਾਰਾਂ ਵਿਚੋਂ ਡੁਬਦਿਆਂ ਨੂੰ ਬਚਾ ਲਿਆ ਹੈ, ਕਹਿੰਦੇ ਹਨ ਗੁਰੂ ਨਾਨਕ ਦੇਵ ਜੀ।

੬. (ਇਸ ਲਈ) ਹੇ ਹਰੀ, ਹੇ ਹਰੀ, ਕਿਰਪਾ ਕਰੋ, ਕਿਰਪਾ ਕਰੋ, (ਸਾਨੂੰ) ਵਿਕਾਰਾਂ ਤੋਂ ਬਚਾਅ ਲਓ।੪।੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਹਰੀ ਦੀ ਕਿਰਪਾ, ਪ੍ਰਭੂ ਦਾ ਨਾਮ, ਪਾਪਾਂ ਦੇ ਦੁੱਖਾਂ ਦਾ ਨਾਸ ਕਰਾਉਣ ਲਈ ਜਾਚਨਾ ਕੀਤੀ ਹੈ ਅਤੇ ਸਹਿਜ ਸਮਾਧੀ ਦੀ ਪ੍ਰਾਪਤੀ ਲਈ ਅਰਦਾਸ ਕੀਤੀ ਹੈ।

ਵਡਹੰਸੁ ਮਹਲਾ ੪ ਘੋੜੀਆ

ੴ ਸਤਿਗੁਰ ਪ੍ਰਸਾਦਿ ॥

੧. ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥
੨. ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥
੩. ਮਾਣਸ ਜਨਮੁ ਵਡ ਪੁੰਨੇ ਪਾਇਆ
ਦੇਹ ਸੁ ਕੰਚਨ ਚੰਗੜੀਆ ॥
੪. ਗੁਰਮੁਖਿ ਰੰਗੁ ਚਲੂਲਾ ਪਾਵੈ
ਹਰਿ ਹਰਿ ਹਰਿ ਨਵ ਰੰਗੜੀਆ ॥
੫. ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ
ਹਰਿ ਹਰਿ ਨਾਮਿ ਸੁਹਾਵੀਆ ॥
੬. ਵਡਭਾਗੀ ਪਾਈ ਨਾਮੁ ਸਖਾਈ
ਜਨ ਨਾਨਕ ਰਾਮਿ ਉਪਾਈਆ ॥੧॥

'ਘੋੜੀਆਂ' ਇਕ ਪੰਜਾਬੀ ਗੀਤ ਦਾ ਨਾਉਂ ਹੈਂ। ਜਦੋਂ ਲਾੜਾ ਵਿਆਹ ਕਰਨ ਵਾਸਤੇ ਘਰੋਂ ਤੁਰਦਾ ਹੈ ਤਾਂ ਉਹ ਘੋੜੀ 'ਤੇ ਚੜ੍ਹ ਕੇ ਜਾਂਦਾ ਹੈ। ਇਸ ਵੇਲੇ ਭੈਣਾਂ ਘੋੜੀ ਦੀ ਵਾਗ ਫੜ ਕੇ ਤੇ ਹੋਰ ਬੀਬੀਆਂ ਅਸ਼ੀਰਵਾਦੀ ਗੀਤ ਗਾਉਂਦੀਆਂ ਹਨ। ਇਨ੍ਹਾਂ ਗੀਤਾਂ ਨੂੰ ਘੋੜੀਆਂ ਕਹਿੰਦੇ ਹਨ।

ਇਥੇ 'ਸਿਰਨਾਮਾ' ਇਸ ਕਰ ਕੇ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ

ਨੇ ਤਦੋਂ ਦੀਆਂ ਗਾਈਆਂ ਜਾਂਦੀਆਂ ਘੋੜੀਆਂ ਵਿਚੋਂ ਕੋਈ ਇਕ ਅੱਧ ਦੀ ਤਰਜ਼ ਲੈ ਕੇ, ਰੂਹਾਨੀ ਵਿਆਹ ਦੇ ਇਹ ਦੋ ਸ਼ਬਦ ਰਚੇ ਹਨ।

ਇਹਨਾਂ ਸ਼ਬਦਾਂ ਵਿਚ ਆਤਮਾ ਤੇ ਪਰਮਾਤਮਾ ਨਾਲ ਮਿਲਾਪ ਦੀ ਜਾਚ ਦੱਸੀ ਹੈ। ਇਸ ਸ਼ਬਦ ਵਿਚ ਬਾਰ-ਬਾਰ ਘੋੜੀ ਸ਼ਬਦ ਆਉਣ ਕਰਕੇ ਇਸ ਦਾ ਨਾਮ ਘੋੜੀਆਂ ਲਿਖਿਆ ਹੈ।

ਪਦ ਅਰਥ : ਦੇਹ—ਸਗੀਰ, ਮਨੁੱਖਾ ਸਰੀਰ। ਤੇਜਨਿ—ਘੋੜੀ। ਰਾਮਿ—ਰਾਮ ਨੇ, ਪਰਮੇਸ਼ਰ ਨੇ। ਉਪਾਈਆ—ਉਪਾਈ, ਪੈਦਾ ਕੀਤੀ ਹੈ। ਧੰਨੁ—ਭਾਗਾਂ ਵਾਲਾ। ਪੁੰਨਿ—ਚੰਗੀ ਕਿਸਮਤ ਨਾਲ। ਪਾਈਆ—ਪਾਈ ਹੈ, ਲੱਭੀ ਹੈ (ਇਹ ਦੇਹ)। ਵਡ ਪੁੰਨੇ—ਵੱਡੀ ਕਿਸਮਤ ਨਾਲ। ਦੇਹ—ਕਾਇਆ। ਕੰਚਨ—ਸੋਨਾ। ਗੁਰਮੁਖਿ—ਗੁਰੂ ਦੀ ਰਾਹੀਂ। ਚਲੂਲਾ—ਗੂੜ੍ਹਾ। ਨਵ ਰੰਗਤ਼ੀਆ—ਨਵੇਂ ਰੰਗ ਨਾਲ ਰੰਗੀ ਗਈ। ਬਾਂਕੀ—ਸੋਹਣੀ। ਜਿਤੁ—ਜਿਸ ਦੀ ਬਰਕਤਿ ਨਾਲ। ਜਾਪੀ—ਜਾਪੀ, ਮੈਂ ਜਪ ਸਕਦਾ ਹਾਂ। ਨਾਮਿ—ਨਾਮ ਦੀ ਰਾਹੀਂ। ਪਾਈ—ਲੱਭੀ (ਇਹ ਦੇਹ)। ਸਖਾਈ—ਸਾਥੀ।੧।

ਅਰਥ :

ਪ੍ਰ: ਹਜ਼ੂਰ ਜੀਉ! ਇਹ ਦੱਸੋ ਕਿ ਘੋੜੀ ਪਦ ਤੋਂ ਆਪ ਦੀ ਅਸਲ ਮੁਰਾਦ ਕੀ ਹੈ?

ਉ: ੧. ਐ ਪਿਆਰਿਓ! ਮਨੁੱਖਾਂ ਦੀ ਇਹ ਕਾਇਆਂ (ਮਾਨੋਂ) ਇਕ ਘੋੜੀ ਹੈ। ਇਸ ਇਨਸਾਨ ਦੀ ਦੇਹ ਰੂਪ ਘੋੜੀ ਨੂੰ ਪਰਮੇਸ਼ਰ ਨੇ ਪੈਦਾ ਕੀਤਾ ਹੈ।

੨. ਹੇ ਭਾਈ! ਧੰਨ ਹੈ ਇਹ ਮਨੁੱਖ ਜਨਮ, ਜੋ ਇਨਸਾਨ ਨੂੰ ਪੁੰਨਾਂ ਦੁਆਰਾ ਪ੍ਰਾਪਤ ਹੋਇਆ ਹੈ।

੩. ਹੇ ਪਿਆਰੇ! ਇਹ ਮਨੁੱਖਾ ਜਨਮ ਵੱਡੀ ਕਿਸਮਤ ਨਾਲ ਹੀ ਲੱਭਦਾ ਹੈ, (ਪਰ ਇਸ ਮਨੁੱਖ ਸ਼ਰੇਣੀ ਵਿਚ) ਉਹ ਦੇਹ ਸੋਨੇ ਵਾਂਗੂੰ ਪਵਿੱਤਰ ਤੇ ਚੰਗੀ ਕੀਮਤੀ ਹੈ।

੪. (ਜੋ) ਗੁਰੂ ਦੀ ਰਾਹੀਂ ਪ੍ਰੇਮ ਰੂਪੀ ਗੂੜ੍ਹਾ ਰੰਗ ਪਾ ਲਵੇ ਤੇ ਹਰਿ ਹਰਿ ਹਰੀ ਦੇ ਨਾਮ ਰੰਗ ਵਿਚ ਸਦਾ ਰੰਗੀ ਰਵੇ।

੫. ਹੇ ਮਿੱਤਰੋ! ਇਹ ਦੇਹ ਬਹੁਤ ਸੋਹਣੀ ਹੈ, ਜਿਸ ਨਾਲ ਕਿ ਹਰੀ ਜਪਿਆ ਜਾਵੇ। ਹੇ ਭਾਈ! ਇਹ ਦੇਹ, ਹਰਿ ਹਰਿ ਨਾਮ ਨਾਲ ਹੀ ਸ਼ੋਭਨੀਕ ਹੈ।

੬. ਹੇ ਭਾਈਓ! ਯਾਦ ਰੱਖੋ, ਇਹ ਦੇਹ ਵੱਡੇ ਭਾਗਾਂ ਨਾਲ ਹੀ ਪਾਈ ਜਾਂਦੀ ਹੈ, ਪਰ ਇਸ ਦੇਹੀ ਦਾ ਮਿੱਤ੍ਰ (ਕੇਵਲ) ਹਰੀ (ਦਾ) ਨਾਮ ਹੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸੇ ਲਈ ਹੀ ਰਾਮ ਨੇ ਪੈਦਾ ਕੀਤੀ ਹੈ। (ਭਾਵ ਹੈ ਕਿ ਇਹ ਦੇਹ ਰਾਮ ਨੇ ਪੈਦਾ ਹੀ ਇਸ ਲਈ ਕੀਤੀ ਹੈ ਕਿ ਇਹ ਹਰੀ ਦੇ ਨਾਮ ਨੂੰ ਆਪਣਾ ਮਿੱਤ੍ਰ ਬਣਾ ਲਵੇ)।੧।

੧. ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥
੨. ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥
੩. ਬਿਖਮੁ ਭੁਇਅੰਗਾ ਅਨਤ ਤਰੰਗਾ
ਗੁਰਮੁਖਿ ਪਾਰਿ ਲੰਘਾਏ ॥
੪. ਹਰਿ ਬੋਹਿਥਿ ਚੜਿ ਵਡਭਾਗੀ ਲੰਘੈ
ਗੁਰੁ ਖੇਵਟੁ ਸਬਦਿ ਤਰਾਏ ॥
੫. ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ
ਹਰਿ ਰੰਗੀ ਹਰਿ ਰੰਗਾ ॥
੬. ਜਨ ਨਾਨਕ ਨਿਰਬਾਣ ਪਦੁ ਪਾਇਆ
ਹਰਿ ਉਤਮੁ ਹਰਿ ਪਦੁ ਚੰਗਾ ॥੨॥

ਪਦ ਅਰਥ : ਜੀਨੁ—(ਜੀਨ) ਕਾਠੀ। ਪਾਵਉ—ਪਾਵਉਂ, ਮੈਂ ਪਾਂਦਾ ਹਾਂ। ਬੁਝਿ—ਸਮਝ ਕੇ, ਪਰਖ ਕੇ। ਚੰਗਾ—ਚੰਗਿਆਈਆਂ, ਗੁਣ। ਚੜਿ—ਚੜ੍ਹ ਕੇ। ਲੰਘਾ—ਲੰਘਾਂ, ਮੈਂ ਲੰਘਦਾ ਹਾਂ। ਜੀ—ਹੇ ਭਾਈ। ਬਿਖਮੁ—ਔਖਾ। ਭੁਇਅੰਗਾ—ਸੰਸਾਰ ਸਮੁੰਦਰ, ਜੇ ਭੁਜੰਗ ਤੋਂ ਲਈਏ ਤਾਂ ਅਰਥ ਹੈ ਸੱਪ, ਸੰਸਾਰ ਕੁੰਡਲਾਕਾਰ ਹੈ। ਅਨਤ ਤਰੰਗਾ—ਬੇਅੰਤ ਲਹਿਰਾਂ ਵਾਲਾ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਬੋਹਿਥ—ਜਹਾਜ਼ ਵਿਚ। ਖੇਵਟੁ—ਮਲਾਹ। ਸਬਦਿ—ਸਬਦਿ ਦੇ ਰਾਹੀਂ। ਰੰਗਿ—ਰੰਗ ਵਿਚ। ਅਨਦਿਨੁ—ਹਰ ਰੋਜ਼। ਰੰਗੀ—ਰੰਗ ਵਾਲਾ। ਨਿਰਬਾਣ—ਵਾਸਨਾ ਰਹਿਤ। ਪਦ—ਦਰਜਾ।੨।

ਅਰਥ :

ਪ੍ਰ: ਹੇ ਗੁਰੋ! ਤੁਸੀਂ ਇਸ ਦੇਹ ਨੂੰ ਘੋੜੀ ਬਿਆਨ ਕੀਤਾ ਹੈ, ਪਰ ਘੋੜੀ ਉੱਤੇ ਤਾਂ ਕਾਠੀ ਪਾਈ ਜਾਂਦੀ ਹੈ, ਆਪ ਇਸ ਦੇਹੀ ਰੂਪ ਘੋੜੀ ਉੱਤੇ ਕਿਹੜੀ ਕਾਠੀ ਪਾਉਂਦੇ ਹੋ?

ਉ: ੧. ਹੇ ਭਾਈਓ! ਇਸ ਦੇਹ ਰੂਪ ਘੋੜੀ ਉੱਤੇ ਕਾਠੀ ਮੈਂ ਇਹ ਪਾਵਾਂ ਕਿ ਉਸ ਚੰਗੇ ਨੂੰ ਬੁੱਝ ਲਵਾਂ ਕਿ ਸਾਰਿਆਂ ਤੋਂ ਚੰਗਾ (ਇਕੋ ਪਰਮੇਸ਼ਰ ਹੈ)।

ਪ੍ਰ: ਕਿਉਂ ਜੀ! ਪ੍ਰਤੱਖ ਘੋੜੀ 'ਤੇ ਚੜ੍ਹ ਕੇ ਤਾਂ ਵਗਦੇ ਪਾਣੀ ਤੋਂ ਪਾਰ ਲੰਘ ਜਾਈਦਾ ਹੈ, ਪਰ ਇਸ ਦੇਹ ਰੂਪੀ ਘੋੜੀ 'ਤੇ ਚੜ੍ਹ ਕੇ ਤੁਸੀਂ ਕਿਹੜੀ ਮੰਜ਼ਲ ਪਾਰ ਕਰਦੇ ਹੋ?

ਉ: ੨. ਹੇ ਸੱਜਨੋ! ਇਸ ਦੇਹ ਰੂਪ ਘੋੜੀ 'ਤੇ ਚੜ੍ਹ ਕੇ (ਭਾਵ ਹੈ ਕਿ ਇਸ ਦੇਹ ਨੂੰ ਵਸ ਵਿਚ ਕਰ ਕੇ) ਇਸ ਔਖੇ ਤਰੇ ਜਾਣ ਵਾਲੇ ਸੰਸਾਰ ਸਮੁੰਦ੍ਰ ਤੋਂ ਮੈਂ ਪਾਰ ਲੰਘਦਾ ਹਾਂ।

੩. (ਹਾਂ) ਇਸ ਔਖੇ ਸੰਸਾਰ ਸਾਗਰ ਤੋਂ, ਜਿਸ ਦੀਆਂ ਕਿ ਲਹਿਰਾਂ ਬੇਅੰਤ ਹਨ, ਗੁਰਮੁਖ ਪਾਰ ਕਿਵੇਂ ਹੁੰਦਾ ਹੈ?

੪. ਹੇ ਭਾਈਓ! ਹਰੀ ਪਰਮੇਸ਼ਰ ਦਾ ਨਾਮ ਰੂਪੀ ਇਕ ਜਹਾਜ਼ ਹੈ, ਇਸ 'ਤੇ ਚੜ੍ਹ ਕੇ ਕੋਈ ਵੱਡੇ ਭਾਗਾਂ ਵਾਲੇ ਪਾਰ ਹੋਏ ਹਨ। ਇਸ ਜਹਾਜ਼ ਨੂੰ ਇਕ ਗੁਰੂ ਰੂਪੀ ਮਲਾਹ ਹੀ (ਆਪਣੇ) ਸ਼ਬਦ (ਉਪਦੇਸ਼) ਦੁਆਰਾ ਤਾਰਦਾ ਹੈ।

ਪ੍ਰ: ਕਿਉਂ ਜੀ! ਇਸ ਨਾਮ ਰੂਪੀ ਜਹਾਜ਼ 'ਤੇ ਚੜ੍ਹਨ ਵਾਲੇ ਦੀ ਪਛਾਣ ਕੀ ਹੈ?

ਉ: ੫. ਹੇ ਸੱਜਨੋ! ਜੋ ਇਸ ਨਾਮ ਰੂਪੀ ਜਹਾਜ਼ ਉੱਤੇ ਚੜ੍ਹਦਾ ਹੈ, ਉਸ ਦੀ ਨਿਸ਼ਾਨੀ ਹੈ ਕਿ ਉਹ ਹਮੇਸ਼ਾ ਹੀ ਹਰੀ ਦੇ ਪ੍ਰੇਮ (ਰੰਗ) ਵਿਚ ਰੰਗਿਆ ਹੋਇਆ ਹਰੀ ਦੇ ਰੰਗ ਦਾ, ਭਾਵ ਹਰੀ ਦੇ ਸਮਾਨ ਹੀ ਹੋ ਜਾਂਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਹ ਮਨੁੱਖ ਉੱਚੀ ਤੇ ਸੁੱਚੀ, ਸਭ ਤੋਂ ਚੰਗੀ ਹਰੀ ਪਦਵੀ ਜੋ 'ਨਿਰਬਾਣ ਪਦਵੀ' ਹੈ, ਉਸ ਨੂੰ ਪ੍ਰਾਪਤ ਕਰ ਲੈਂਦਾ ਹੈ।੨।

੧. ਕੜੀਆਲੁ ਮੁਖੇ ਗੁਰਿ ਗਿਆਨੁ
ਦ੍ਰਿੜਾਇਆ ਰਾਮ ॥
੨. ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
੩. ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ
ਮਨੁ ਜਿਣੈ ਗੁਰਮੁਖਿ ਜੀਤਿਆ ॥
੪. ਅਘੜੋ ਘੜਾਵੈ ਸਬਦੁ ਪਾਵੈ
ਅਪਿਉ ਹਰਿ ਰਸੁ ਪੀਤਿਆ ॥
੫. ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ
ਹਰਿ ਰੰਗੁ ਤੁਰੀ ਚੜਾਇਆ ॥
੬. ਮਹਾ ਮਾਰਗੁ ਪੰਥੁ ਬਿਖੜਾ
ਜਨ ਨਾਨਕ ਪਾਰਿ ਲੰਘਾਇਆ ॥੩॥

ਪਦ ਅਰਥ : ਕੜੀਆਲੁ—ਲਗਾਮ, ਉਹ ਲਗਾਮ ਜਿਸਨੂੰ ਕੰਡੇ ਵਰਗੇ ਲੋਹੇ ਦੇ ਸਖ਼ਤ ਜਿਹੇ ਕੁੰਡੇ ਲੱਗੇ ਹੁੰਦੇ ਹਨ। ਮੁਤਾਣੇ, ਮੂੰਹ ਜ਼ੋਰ ਘੋੜਿਆਂ ਦੇ ਮੂੰਹ ਇਹ ਲਗਾਮ ਪਾਉਂਦੇ ਹਨ। ਮੁਖੇ—ਮੁਖਿ, ਕਾਇਆਂ ਘੋੜੀ ਦੇ ਮੁਖ ਵਿਚ। ਗੁਰਿ—ਗੁਰੂ ਨੇ। ਗਿਆਨੁ—ਆਤਮਿਕ ਜੀਵਨ ਦੀ ਸੋਝੀ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ ਹੈ। ਤਨਿ—ਸਰੀਰ ਵਿਚ, ਹਿਰਦੇ ਵਿਚ। ਲਾਇ—ਲਾਂਦਾ ਹੈ। ਜਿਣੈ—ਜਿੱਤਦਾ ਹੈ। ਗੁਰਮੁਖਿ—ਗੁਰੂ ਦੀ ਰਾਹੀਂ। ਜੀਤਿਆ—ਜਿੱਤਿਆ ਜਾ ਸਕਦਾ ਹੈ। ਅਘੜੋ—ਅਘੜ, ਨਾ ਘੜਿਆ ਹੋਇਆ, ਅਲੜ (ਮਨ)। ਘੜਾਵੈ—ਜਤ, ਧੀਰਜ ਆਦਿਕ ਦੀ ਕੁਠਾਲੀ ਵਿਚ ਘੜਦਾ ਹੈ। ਅਪਿਉ—ਅੰਮ੍ਰਿਤ, ਅਮਰ ਜੀਵਨ ਦੇਣ ਵਾਲਾ। ਸੁਣਿ—ਸੁਣ ਕੇ। ਸ੍ਰਵਣ—ਕੰਨਾਂ ਨਾਲ। ਤੁਰੀ—(ਕਾਇਆਂ) ਘੋੜੀ। ਤੁਰੀ ਚੜਾਇਆ—ਕਾਇਆਂ ਘੋੜੀ ਉੱਤੇ ਸਵਾਰ ਹੁੰਦਾ ਹੈ, ਕਾਇਆਂ ਨੂੰ ਵਸ ਕਰਦਾ ਹੈ। ਮਾਰਗੁ—ਰਸਤਾ। ਪੰਥ—ਰਸਤਾ। ਬਿਖੜਾ—ਔਖਾ।

ਅਰਥ :

ਪ੍ਰ: ਹੇ ਗੁਰੋ ! ਆਪ ਜੀ ਨੇ ਇਸ ਦੇਹ ਨੂੰ ਘੋੜੀ ਦੇ ਰੂਪਕ ਵਿਚ ਬਿਆਨਿਆ ਹੈ, ਪਰ ਇਹ ਦੇਹ ਰੂਪੀ ਘੋੜੀ ਦੇ ਅੰਦਰ ਤਾਂ ਮੂਲ ਸਾਧਨ ਵਾਲੀ ਸ਼ੈਅ ਮਨ ਹੈ, ਸੋ ਉਸ ਮਨ ਨੂੰ ਆਪ ਜੀ ਨੇ ਕਿਵੇਂ ਸਾਧਿਆ ?

ਉ: ੧. ਹੇ ਭਰਾਵੋ ! ਗੁਰੂ ਜੀ ਨੇ ਸਾਡੀ ਇਸ ਦੇਹ ਰੂਪੀ ਘੋੜੀ ਦੇ ਮੂੰਹ ਵਿਚ, ਇਸ ਜੀਵਨ ਦੀ ਸੋਝੀ ਕਰਵਾ ਦੇਣ ਰੂਪ ਲਗਾਮ ਪਾਇਆ ਸੀ, (ਉਸ ਲਗਾਮ ਨੂੰ ਇਉਂ ਹੀ ਜਾਣੋ)।

੨. ਮਾਨੋ ਉਹ ਹਾਥੀ ਦੇ ਸਿਰ ਅੰਕਸ ਰਖਿਆ ਸੀ, (ਕਿਉਂਕਿ) ਮਨ ਹਾਥੀ ਹੈ ਜੋ ਗੁਰੂ ਦੇ ਸ਼ਬਦ ਦੁਆਰਾ ਵਸ ਵਿਚ ਆਇਆ ਹੈ।

੩. ਜਦੋਂ ਮਨ ਵਸੀਤ੍ਰਤ ਹੋ ਗਿਆ, ਤਾਂ ਸਭ ਤੋਂ ਉੱਚੀ ਪਦਵੀ ਪਾ ਲਈ, ਤਾਂ ਇਹ ਜਗਿਆਸੂ ਰੂਪੀ ਇਸਤ੍ਰੀ ਪਰਮੇਸ਼ਰ ਪਤੀ ਦੀ ਪਿਆਰੀ ਹੋ ਗਈ।

ਪ੍ਰ: ਕਿਉਂ ਜੀ ! ਕੀ ਮਨ ਵਸ ਆਉਂਦਿਆਂ ਹੀ ਪਰਮ ਪਦ ਦੀ ਪ੍ਰਾਪਤੀ ਹੋ ਗਈ ?

ਉ: ੪. ਹੇ ਭਾਈਓ ! (ਜਦੋਂ ਮਨ ਗੁਰੂ ਦੇ ਸ਼ਬਦ ਦੁਆਰਾ ਵਸ ਵਿਚ ਆ ਗਿਆ ਸੀ) ਬਸ, ਉਸੇ ਸ਼ਬਦ ਦੇ ਪ੍ਰਤਾਪ ਨਾਲ ਮਨ ਅੰਦਰ ਹਰੀ ਨਾਲ ਪ੍ਰੇਮ ਲੱਗ ਗਿਆ, ਤਦੋਂ ਹੀ ਉਹ ਜਗਿਆਸੂ ਰੂਪੀ ਇਸਤ੍ਰੀ ਹਰੀ ਦੇ ਸਰੂਪ ਵਿਚ ਸੁਭਾਇਮਾਨ ਹੋ ਗਈ।

੫. (ਹਾਂ) ਉਹ ਜਗਿਆਸੂ ਰੂਪ ਇਸਤ੍ਰੀ ਜੋ ਹਰੀ ਦੇ ਪ੍ਰੇਮ (ਰੰਗ) ਵਿਚ ਰਤੀ ਹੋਈ ਅਤੇ ਸਹਿਜ ਅਵਸਥਾ ਵਿਚ ਮਸਤ ਹੋਈ ਉਸੇ ਨੂੰ ਕਹੀਦਾ ਹੈ ਕਿ ਜਿਸ ਨੇ ਹਰਿ ਹਰਿ ਨੂੰ ਜਪ ਕੇ ਹਰੀ ਪ੍ਰਭੂ ਨੂੰ ਪਾ ਲਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਮੈਂ ਹਰੀ ਦੇ ਦਾਸਾ ਭਾਵ ਵਿਚ ਹੋ ਕੇ ਕਹਿ ਰਿਹਾ ਹਾਂ ਕਿ ਜਿਨ੍ਹਾਂ ਨੇ ਵੀ ਹਰਿ ਹਰਿ ਧਿਆਇਆ, ਉਨ੍ਹਾਂ ਨੇ ਵੱਡੇ ਭਾਗਾਂ ਕਰ ਕੇ ਹੀ ਪਾਇਆ ਹੈ।

੧. ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥
੨. ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ
ਧੰਨੁ ਤੁਖਾਈਆ ਰਾਮ ॥
੩. ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ
ਧੁਰਿ ਪਾਇਆ ਕਿਰਤੁ ਜੁੜੰਦਾ ॥
੪. ਚੜਿ ਦੇਹੜਿ ਘੋੜੀ ਬਿਖਮੁ ਲਘਾਏ
ਮਿਲੁ ਗੁਰਮੁਖਿ ਪਰਮਾਨੰਦਾ ॥
੫. ਹਰਿ ਹਰਿ ਕਾਜੁ ਰਚਾਇਆ ਪੂਰੈ
ਮਿਲਿ ਸੰਤ ਜਨਾ ਜੰਞ ਆਈ ॥
੬. ਜਨ ਨਾਨਕ ਹਰਿ ਵਰੁ ਪਾਇਆ ਮੰਗਲੁ
ਮਿਲਿ ਸੰਤ ਜਨਾ ਵਾਧਾਈ ॥੪॥੧॥੫॥

ਪਦ ਅਰਥ : ਦੇਹ—ਸਰੀਰ, ਕਾਇਆਂ। ਰਾਮਿ—ਰਾਮ ਨੇ। ਜਿਤੁ—ਜਿਸ ਕਾਇਆਂ ਦੀ ਰਾਹੀਂ। ਜਾਪੈ—ਜਾਪਦਾ ਹੈ। ਸਾ—ਉਹ (ਕਾਇਆਂ)। ਧਨੁ ਧੰਨੁ—ਭਾਗਾਂ ਵਾਲੀ। ਤੁਖਾਈਆ—ਤੁਖਾਈ, ਘੋੜੀ। ਧੁਰਿ—ਧੁਰ ਦਰਗਾਹ ਤੋਂ। ਕਿਰਤੁ—ਪਿਛਲੇ ਕੀਤੇ ਕਰਮਾਂ ਦੇ ਸੰਸਕਾਰ। ਜੁੜੰਦਾ—ਇਕੱਠਾ ਹੋਇਆ ਹੋਇਆ। ਕਿਰਤੁ ਜੁੜੰਦਾ—ਪਿਛਲੇ ਕੀਤੇ ਕਰਮਾਂ ਦੇ ਇਕੱਠੇ ਹੋਏ ਸੰਸਕਾਰ। ਦੇਹੜਿ—ਸੋਹਣੀ ਦੇਹ, ਸੋਹਣੀ ਕਾਇਆਂ। ਬਿਖਮੁ—ਔਖਾ (ਸੰਸਾਰ ਸਮੁੰਦਰ)। ਗੁਰਮੁਖਿ—ਗੁਰੂ ਦੀ ਰਾਹੀਂ। ਪਰਮਾਨੰਦਾ—ਪਰਮ ਅਨੰਦ ਦਾ ਮਾਲਕ ਪ੍ਰਭੂ। ਹਰਿ ਪੂਰੈ—ਪੂਰੇ ਹਰੀ ਨੇ। ਮਿਲਿ—ਮਿਲ ਕੇ। ਵਰ—ਖ਼ਸਮ। ਕਾਜੁ—ਵਿਆਹ ਦਾ ਕੰਮ। ਮੰਗਲੁ—ਖ਼ੁਸ਼ੀ।

ਅਰਥ :

ਪ੍ਰ: ਹੇ ਗੁਰੋ ! ਜਦੋਂ ਅਸੀਂ ਕਿਸੇ ਨੂੰ ਘੋੜੀ ਦੇਂਦੇ ਹਾਂ, ਤਾਂ ਇਸ ਦਾ ਭਾਵ ਹੁੰਦਾ ਹੈ ਕਿ ਮੁਸਾਫ਼ਰ ਇਸ 'ਤੇ ਅਸਵਾਰ ਹੋ ਕੇ, ਆਪਣਾ ਸਫ਼ਰ ਮੁਕਾ ਲਵੇ, ਪਰ ਉਸ ਪ੍ਰਭੂ ਜੀ ਵਲੋਂ ਮਨੁੱਖ ਨੂੰ ਇਸ ਦੇਹ ਰੂਪੀ ਘੋੜੀ ਦੇਣ ਦਾ ਅਸਲ ਕੀ ਪ੍ਰਯੋਜਨ ਹੈ ?

ਉ: ੧. ਹੇ ਭਾਈ ! ਉਸ ਪਰਮੇਸ਼ਰ ਨੇ ਜੋ ਮਨੁੱਖ ਨੂੰ ਇਹ ਦੇਹ ਰੂਪੀ ਘੋੜੀ ਪੈਦਾ ਕਰ ਕੇ ਦਿੱਤੀ ਹੈ, (ਇਹ ਇਸ ਲਈ ਹੈ ਕਿ) ਇਸ 'ਤੇ ਚੜ੍ਹ ਕੇ ਜੀਵ ਆਪਣੇ ਜੀਵਨ ਰੂਪੀ ਸਫ਼ਰ ਨੂੰ ਸਫਲਤਾ ਨਾਲ ਤੈਹ ਕਰ ਸਕੇ।

ਪ੍ਰ: ਹਜ਼ੂਰ! ਇਹ ਜੋ ਸਾਰੀਆਂ ਦੇਹਾਂ ਰੂਪੀ ਘੋੜੀਆਂ ਪ੍ਰਭੂ ਨੇ ਪੈਦਾ ਕੀਤੀਆਂ ਹੋਈਆਂ ਹਨ, ਕੀ ਆਪ ਜੀ ਇਨ੍ਹਾਂ ਸਾਰੀਆਂ ਨੂੰ ਹੀ ਧੰਨਤਾ ਯੋਗ ਸਮਝਦੇ ਹੋ?

ਉ: ੨. ਹੇ ਪਿਆਰੇ! ਧੰਨਤਾ ਜੋਗ ਤਾਂ ਉਸੇ ਦੇਹ ਰੂਪੀ ਘੋੜੀ ਨੂੰ ਕਿਹਾ ਜਾ ਸਕਦਾ ਹੈ, (ਜਿਸ ਸਰੀਰ ਰੂਪੀ ਘੋੜੀ) ਦੇ ਰਾਹੀਂ ਮਨੁੱਖ ਪਰਮੇਸ਼ਰ ਦਾ ਨਾਮ ਜਪਦਾ ਹੈ।

੩. ਹੇ ਮਿੱਤਰ ਜਨ! ਜਿਸ ਦੇਹ ਦੁਆਰਾ ਹਰੀ ਪ੍ਰਭੂ ਜਾਣਿਆ ਜਾਏ, ਉਸ ਨੂੰ ਧੰਨ, ਸ਼ਾਬਾਸ਼ ਹੈ, ਉਸ ਨੇ ਇਹ ਫਲ ਪਿਛਲੇ 'ਕੱਠੇ ਹੋਏ ਕਰਮਾਂ ਦੇ ਸੰਸਕਾਰਾਂ ਦੀ ਲਿਖਤ ਅਨੁਸਾਰ ਪਾਇਆ ਹੈ।

੪. (ਇਸ ਲਈ) ਹੇ ਪਿਆਰੇ! ਤੂੰ ਦੇਹ ਰੂਪੀ ਘੋੜੀ ਉੱਤੇ ਚੜ੍ਹ (ਭਾਵ ਇਸ ਨੂੰ ਵਿਕਾਰਾਂ ਵਲੋਂ ਕਾਬੂ ਕਰ) ਜੋ ਤੈਨੂੰ ਔਖੇ ਜਮ ਮਾਰਗ, ਜਾਂ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਵੇ ਤੇ ਇਸ ਦੇ ਰਾਹੀਂ ਗੁਰੂ ਦੀ ਸ਼ਰਨ ਪੈ ਕੇ ਪਰਮ ਅਨੰਦ ਦੇ ਮਾਲਕ ਪਰਮਾਤਮਾ ਨੂੰ ਮਿਲ।

ਪ੍ਰ: ਕਿਉਂ ਜੀ! ਇਸ ਸਾਰੇ ਕਾਰਜ ਦੀ ਸਫਲਤਾ ਕਿਵੇਂ ਹੋਈ?

ਉ: ੫. ਹੇ ਪਿਆਰੇ! ਪੂਰੇ ਗੁਰਾਂ ਨੇ ਜੋ ਹਰਿ ਨਾਮ ਦਾ ਉਪਦੇਸ਼ ਦਿੱਤਾ ਹੈ, ਇਹ ਹਰੀ ਪਤੀ ਦੀ ਪ੍ਰਾਪਤੀ ਦਾ ਸਾਧਨ ਰੂਪ ਵਿਆਹ ਰਚਾਇਆ ਹੈ ਅਤੇ ਜੋ ਸੰਤ ਜਨਾਂ ਦਾ ਮਿਲਾਪ ਕੀਤਾ ਹੈ, ਇਹੋ ਹੀ ਮਾਨੋ ਜੰਞ ਆਈ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ (ਮੰਗਲ) ਅਨੰਦ ਸਰੂਪ ਹਰੀ ਪਤੀ ਪਾਇਆ ਹੈ, ਪਰ ਸੰਤ ਜਨਾਂ ਦੇ ਮਿਲਿਆਂ ਹੀ ਇਹ ਖ਼ੁਸ਼ੀ ਪ੍ਰਗਟ ਹੋਈ ਹੈ।

ਭਾਵਾਰਥ : ਇਸ ਸ਼ਬਦ ਵਿਚ ਮਨੁੱਖਾ ਦੇਹੀ ਨੂੰ ਘੋੜੀ ਦੱਸਿਆ ਹੈ, ਜੋ ਸੋਹਣੀ ਤੇ ਕੀਮਤੀ ਹੈ, ਦੁਰਲੱਭ ਹੈ ਤੇ ਰਾਮ ਨੇ ਇਸ ਨੂੰ ਪੈਦਾ ਕੀਤਾ ਹੈ। ਇਸ ਦੇ ਪੈਦਾ ਕਰਨ ਦਾ ਅਸਲ ਪ੍ਰਯੋਜਨ ਪਰਮੇਸ਼ਰ ਦਾ ਨਾਮ ਚਿੰਤਨ ਕਰਨਾ ਹੈ।

ਵਡਹੰਸੁ ਮਹਲਾ ੪ ॥

੧. ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ ॥
੨. ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥
੩. ਗਿਆਨ ਮੰਗੀ ਹਰਿ ਕਥਾ ਚੰਗੀ
ਹਰਿ ਨਾਮੁ ਗਤਿ ਮਿਤਿ ਜਾਣੀਆ ॥
੪. ਸਭੁ ਜਨਮੁ ਸਫਲਿਉ ਕੀਆ ਕਰਤੈ
ਹਰਿ ਰਾਮ ਨਾਮਿ ਵਖਾਣੀਆ ॥
੫. ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ
ਹਰਿ ਭਗਤਿ ਹਰਿ ਜਨ ਮੰਗੀਆ ॥
੬. ਜਨੁ ਕਹੈ ਨਾਨਕੁ ਸੁਣਹੁ ਸੰਤਹੁ
ਹਰਿ ਭਗਤਿ ਗੋਵਿੰਦ ਚੰਗੀਆ ॥੧॥

ਪਦ ਅਰਥ : ਤੇਜਨੜੀ—ਸੋਹਣੀ, ਤਾਜੀ (ਅਰਬੀ ਘੋੜਾ) ਅਰਬੀ ਦੇਸ਼ ਦੀ ਘੋੜੀ, ਸਭ ਤੋਂ ਚੰਗੀ ਘੋੜੀ। ਨਵ ਰੰਗੀਆ—ਨਵੇਂ ਰੰਗ ਵਾਲੀ। ਚੰਗੀ—ਸੁੰਦਰ। ਗਤਿ—ਉੱਚੀ ਆਤਮਿਕ ਅਵਸਥਾ। ਮਿਤਿ—ਮਰਯਾਦਾ, ਮਾਪ। ਕਰਤੈ—ਕਰਤਾਰ ਨੇ। ਨਾਮਿ—ਨਾਮ ਵਿਚ। ਵਖਾਣੀਆ—ਉਚਾਰੀ। ਸਲਾਹਿ—ਸਲਾਹ ਕੇ। ਹਰਿ ਜਨ—ਹਰੀ ਦੇ ਭਗਤ।੧।

ਅਰਥ :

ਪ੍ਰ: ਸ੍ਰੀ ਜੀਉ! ਕਈ ਬੰਦੇ ਜੋ ਘੋੜੀਆਂ ਰੱਖਣ ਦੇ ਸ਼ੌਕੀਨ ਹਨ, ਉਹ ਆਪਣੀ ਘੋੜੀ ਨੂੰ ਬਹੁਤ ਸ਼ਿੰਗਾਰ ਕੇ ਰੱਖਦੇ ਹਨ, ਪਰ ਆਪ ਨੇ ਇਸ ਦੇਹ ਰੂਪੀ ਘੋੜੀ ਨੂੰ ਕਿਸ ਰੂਪ ਵਿਚ ਸ਼ਿੰਗਾਰਿਆ ਹੈ?

ਉ: ੧. ਹੇ ਭਾਈਓ! ਇਹ ਕਾਇਆਂ ਸੁੰਦਰ ਘੋੜੀ ਹੈ, (ਭਾਵ ਹੈ ਕਿ ਇਸ ਜੀਵ ਦੇ ਜੀਵਨ ਸਫ਼ਰ ਵਾਸਤੇ ਚੰਗੀ ਘੋੜੀ ਹੈ) ਜੋ ਕਿ ਹਰੀ ਦੇ (ਸ਼ੌਕੀਨ) ਪ੍ਰੇਮ ਰੰਗ ਵਿਚ ਰੰਗੀ ਰਹਿੰਦੀ ਹੈ। ਭਾਵ ਹੈ ਜਿਸ ਨੇ ਇਸ ਦੇਹ ਰੂਪ ਘੋੜੀ ਨੂੰ ਹਰੀ ਦੇ ਪ੍ਰੇਮ ਨਾਲ ਨਵਾਂ ਰੰਗ ਚਾੜ੍ਹਿਆ ਹੈ, ਉਹੋ ਚੰਗੀ ਹੈ।

ਪ੍ਰ: ਹਜ਼ੂਰ! ਉਹ ਪ੍ਰੇਮ ਰੰਗ ਚਾੜ੍ਹਿਆ ਕਿਵੇਂ ਹੈ?

ਉ: ੨. ਹੇ ਭਾਈ! ਅਸਾਂ ਗੁਰੂ ਪਾਸੋਂ ਗੁਰੂ (ਸਭ ਤੋਂ ਵੱਡਾ) ਗਿਆਨ (ਅਰਥਾਤ) ਹਰੀ ਦਾ ਗਿਆਨ ਮੰਗਿਆ ਹੈ।

੩. ਜਿਥੇ ਅਸੀਂ ਗਿਆਨ ਮੰਗਿਆ ਹੈ, ਉਥੇ ਗਿਆਨ ਦਾਤੀ ਹਰੀ ਦੀ ਸਿਫ਼ਤਿ-ਸਾਲਾਹ ਕਰਨ ਰੂਪੀ ਚੰਗੀ ਕਥਾ ਭੀ ਮੰਗੀ ਹੈ, ਨਾਲ ਹੀ ਹਰੀ ਦਾ ਨਾਮ ਮੰਗਿਆ ਹੈ। ਇਸ ਤਰ੍ਹਾਂ ਅਸੀਂ ਮੁਕਤੀ ਦੀ ਮਰਯਾਦਾ ਜਾਣ ਲਈ ਹੈ।

੪. ਇਸ ਤਰ੍ਹਾਂ ਕਰਤਾਰ ਨੇ ਸਾਡਾ ਸਾਰਾ ਜਨਮ ਹੀ ਸਫਲਾ ਕਰ ਦਿੱਤਾ ਹੈ। ਹੁਣ ਅਸੀਂ ਹਰੀ ਨੂੰ ਰਾਮ ਨਾਮ ਦੁਆਰਾ ਜਪ ਰਹੇ ਹਾਂ।

ਪ੍ਰ: ਹਜ਼ੂਰ! ਤੁਸੀਂ ਇਸ ਰਾਮ ਨਾਮ ਦੇ ਸਿਮਰਨ ਕਰਨ ਦਾ ਫਲ ਕੀ ਚਾਹੁੰਦੇ ਹੋ?

ਉ: ੫. ਹੇ ਮਿੱਤਰੋ! ਹਰੀ ਦੇ ਜਨ ਤਾਂ ਹਰੀ ਦਾ ਰਾਮ ਨਾਮ ਸਿਮਰ ਕੇ, ਹਰੀ ਪ੍ਰਭੂ ਨੂੰ ਸਲਾਹ ਕੇ, ਭਾਵ (ਉਸ ਦੇ ਗੁਣਾਂ ਨੂੰ ਗਾ-ਗਾ ਕੇ) ਹਰੀ ਦੀ ਭਗਤੀ ਹੀ ਫੇਰ-ਫੇਰ ਮੰਗਦੇ ਹਨ।

੬. (ਗੁਰੂ) ਜੀ ਕਹਿੰਦੇ ਹਨ ਕਿ ਹੇ ਸੰਤ ਜਨੋ! ਇਹ ਸੋਹਣੀ ਕਾਇਆਂ ਘੋੜੀ ਪ੍ਰਾਪਤ ਕਰ ਕੇ, ਪਰਮਾਤਮਾ ਦੀ ਸੋਹਣੀ ਭਗਤੀ ਕਰਦੇ ਰਹੋ।੧।

੧. ਦੇਹ ਕੰਚਨ ਜੀਨੁ ਸੁਵਿਨਾ ਰਾਮ ॥
੨. ਜੜਿ ਹਰਿ ਹਰਿ ਨਾਮੁ ਰਤੰਨਾ ਰਾਮ ॥
੩. ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ
ਮਿਲੇ ਹਰਿ ਗੁਣ ਸੁਖ ਘਣੇ ॥
੪. ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ
ਵਡਭਾਗੀ ਹਰਿ ਰੰਗ ਹਰਿ ਬਣੇ ॥
੫. ਹਰਿ ਮਿਲੇ ਸੁਆਮੀ ਅੰਤਰਜਾਮੀ
ਹਰਿ ਨਵਤਨ ਹਰਿ ਨਵ ਰੰਗੀਆ ॥
੬. ਨਾਨਕੁ ਵਖਾਣੈ ਨਾਮੁ ਜਾਣੈ
ਹਰਿ ਨਾਮੁ ਹਰਿ ਪ੍ਰਭ ਮੰਗੀਆ ॥੨॥

ਪਦ ਅਰਥ : ਦੇਹ—ਸਰੀਰ, ਕਾਇਆਂ (ਘੋੜੀ)। ਜੀਨੁ—ਕਾਠੀ। ਸੁਵਿਨਾ—ਸੋਨੇ ਦੀ। ਜੜਿ—ਜੜ੍ਹ ਕੇ। ਘਣੇ—ਬਹੁਤ। ਨਵ-ਤਨ—ਨਵਾਂ। ਨਵ ਰੰਗੀਆ—ਨਵ ਰੰਗੀ, ਨਵੇਂ ਰੰਗ ਵਾਲਾ।੨।

ਅਰਥ :

ਪ੍ਰ: ਹਜ਼ੂਰ! ਉਹ ਕਿਹੜੀ ਕਾਇਆਂ ਰੂਪੀ ਕੀਮਤੀ ਘੋੜੀ ਹੈ ਜਿਸ ਨੂੰ ਕਿ ਤੁਸੀਂ ਸੁੰਦਰ ਮੰਨਦੇ ਹੋ ?

ਉ: ੧. ਹੇ ਪਿਆਰਿਓ! ਉਹ ਕਾਇਆਂ ਰੂਪੀ ਘੋੜੀ ਤਾਂ ਮਾਨੋ ਸੋਨੇ ਦੀ ਹੈ, ਭਾਵ ਬਹੁਤ ਕੀਮਤ ਵਾਲੀ ਬਣ ਜਾਂਦੀ ਹੈ।

੨. ਜਿਸ ਉੱਤੇ ਕਿ ਪਰਮੇਸ਼ਰ ਦਾ ਨਾਮ ਰਤਨ ਜੜ੍ਹ ਕੇ ਸੋਨੇ ਦੀ ਕਾਠੀ ਪਾਈ ਜਾਂਦੀ ਹੈ, ਭਾਵ ਹੈ ਕਿ ਜਿਸ ਉੱਤੇ ਪ੍ਰਭੂ ਦੇ ਨਾਮ ਨਾਲ ਭਰਪੂਰ ਗੁਰ-ਸ਼ਬਦ ਦੀ ਕਾਠੀ ਪਾਈ ਜਾਂਦੀ ਹੈ।

੩. ਹੇ ਭਾਈ! ਜਿਸ ਮਨੁੱਖ ਨੇ ਨਾਮ ਰੂਪੀ ਰਤਨ ਜੜ੍ਹ ਕੇ ਗੁਰ-ਸ਼ਬਦ ਦੀ ਕਾਠੀ ਪਾ ਦਿੱਤੀ ਹੈ, ਉਸ ਨੂੰ ਪ੍ਰਭੂ ਮਿਲ ਪਏ, ਤਾਂ ਉਸ ਨੇ ਪਰਮੇਸ਼ਰ ਦੇ ਗੁਣ (ਆਪਣੇ ਅੰਦਰ ਵਸਾ ਲਏ) ਬਸ ਉਸ ਨੂੰ ਤਾਂ ਫਿਰ ਸੁੱਖ ਹੀ ਸੁੱਖ ਪ੍ਰਾਪਤ ਹੋ ਗਏ।

੪. ਹੇ ਪਿਆਰੇ! ਜਿਸ ਮਨੁੱਖ ਨੇ ਗੁਰੂ ਦਾ ਸ਼ਬਦ ਹਾਸਲ ਕਰ ਲਿਆ ਅਤੇ ਪ੍ਰਭੂ ਦਾ ਨਾਮ ਸਿਮਰਨਾ ਅਰੰਭ ਕਰ ਦਿੱਤਾ, ਉਹ ਵੱਡੇ ਭਾਗਾਂ ਵਾਲਾ ਬਣ ਗਿਆ, ਫਿਰ ਉਸ ਦੇ ਅੰਦਰ ਪਰਮੇਸ਼ਰ ਦਾ ਪ੍ਰੇਮ ਪ੍ਰਗਟ ਹੋ ਆਇਆ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਨਾਲ ਡੂੰਘੀ ਸਾਂਝ ਪਾਂਦਾ ਹੈ, ਜਿਹੜਾ ਮਨੁੱਖ ਹਰ ਵੇਲੇ ਪਰਮਾਤਮਾ ਦਾ ਨਾਮ ਮੰਗਦਾ ਹੈ, ਉਸ ਨੂੰ ਅੰਤਰਜਾਮੀ ਮਾਲਕ ਹਰੀ ਮਿਲ ਪੈਂਦਾ ਹੈ, (ਕਿਹੜੇ ਹਰੀ ਜੀ ਮਿਲੇ!) ਜੋ ਹਰੀ ਹਰੇਕ ਦੇ ਦਿਲ ਦੀ ਜਾਨਣ ਵਾਲਾ ਹੈ, ਜੋ ਸਦਾ ਹੀ ਨਵਾਂ ਨਰੋਆ ਰਹਿਣ ਵਾਲਾ ਹੈ, ਜੋ ਸਦਾ ਹੀ ਨਵੇਂ ਚੋਜਾਂ ਦਾ ਮਾਲਕ ਹੈ।੨।

੧. ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ॥
੨. ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ ॥
੩. ਮਨੁ ਵਸਗਤਿ ਆਇਆ ਪਰਮ ਪਦੁ ਪਾਇਆ
ਸਾ ਧਨ ਕੰਤਿ ਪਿਆਰੀ ॥
੪. ਅੰਤਰਿ ਪ੍ਰੇਮੁ ਲਗਾ ਹਰਿ ਸੇਤੀ
ਘਰਿ ਸੋਹੈ ਹਰਿ ਪ੍ਰਭ ਨਾਰੀ ॥
੫. ਹਰਿ ਰੰਗਿ ਰਾਤੀ ਸਹਜੇ ਮਾਤੀ
ਹਰਿ ਪ੍ਰਭੁ ਹਰਿ ਹਰਿ ਪਾਇਆ ॥
੬. ਨਾਨਕ ਜਨੁ ਹਰਿ ਦਾਸੁ ਕਹਤੁ ਹੈ
ਵਡਭਾਗੀ ਹਰਿ ਹਰਿ ਧਿਆਇਆ ॥੩॥

ਪਦ ਅਰਥ : ਕੜੀਆਲ—ਲਗਾਮ। ਮੁਖੇ—ਮੁਖਿ, ਕਾਇਆਂ ਘੋੜੀ ਦੇ ਮੂੰਹ ਵਿਚ। ਗੁਰਿ—ਗੁਰੂ ਨੇ। ਅੰਕਸੁ—ਹਾਥੀ ਨੂੰ ਚਲਾਣ ਵਾਸਤੇ ਵਰਤਣ ਵਾਲਾ ਲੋਹੇ ਦਾ ਕੁੰਡਾ। ਮੈਗਲੁ—ਹਾਥੀ। ਸਬਦਿ—ਸ਼ਬਦ ਦੇ ਰਾਹੀਂ। ਵਸਿ—ਵਸ ਵਿਚ। ਵਸਗਤਿ—ਵਸ ਵਿਚ। ਪਰਮ ਪਦੁ—ਸਭ ਤੋਂ ਉੱਚਾ ਆਤਮਿਕ ਦਰਜਾ। ਸਾ ਧਨ—ਜੀਵ-ਇਸਤ੍ਰੀ। ਕੰਤਿ—ਕੰਤ ਨੇ। ਅੰਤਰਿ—ਅੰਦਰ, ਹਿਰਦੇ ਵਿਚ। ਸੋਹੈ—ਸੋਹਣੀ ਲੱਗਦੀ ਹੈ। ਰੰਗੀ—ਪ੍ਰੇਮ ਰੰਗ ਵਿਚ। ਰਾਤੀ—ਰੰਗੀ ਹੋਈ। ਸਹਜੇ—ਸਹਿਜ, ਆਤਮਕ ਅਡੋਲਤਾ ਵਿਚ। ਮਾਤੀ—ਮਸਤ। ਹਰਿ ਦਾਸੁ—ਹਰੀ ਦਾ ਸੇਵਕ। ਜਨੁ—ਦਾਸ।੩।

ਅਰਥ :

ਪ੍ਰ: ਹੇ ਗੁਰੋ! ਕਈ ਘੋੜੀਆਂ ਬਹੁਤ ਚੰਚਲ ਹੁੰਦੀਆਂ ਹਨ, ਉਨ੍ਹਾਂ ਨੂੰ ਕਾਬੂ ਕਰਨ ਲਈ ਉਨ੍ਹਾਂ ਦੇ ਮੂੰਹ ਵਿਚ ਕੜਿਆਲਾ ਦਿੱਤਾ ਜਾਂਦਾ ਹੈ, ਪਰ ਇਸ ਚੰਚਲ ਮਨ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ ?

ਉ: ੧. ਹੇ ਪਿਆਰੇ! ਇਸ ਵਿਚ ਕੋਈ ਸ਼ੱਕ ਨਹੀਂ, ਕਿਉਂਕਿ ਇਹ ਮਨ ਬਹੁਤ ਚੰਚਲ ਹੈ), ਪਰ ਜਿਸ ਮਨੁੱਖ ਦੀ ਕਾਇਆਂ ਰੂਪੀ ਘੋੜੀ ਦੇ ਮਨ ਰੂਪੀ ਮੂੰਹ ਵਿਚ ਸ਼ਬਦ ਦੀ

੨. ਲਗਾਮ ਰੱਖ ਦਿੱਤੀ, ਕੁੰਡਾ ਰੱਖ ਦਿੱਤਾ, ਉਸ ਦਾ ਮਨ ਰੂਪੀ ਹਾਥੀ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਵਸ ਵਿਚ ਆ ਗਿਆ।

੩. ਜਦੋਂ ਮਨ ਵਸੀਕਾਰ ਹੋ ਗਿਆ ਤਾਂ ਸਭ ਤੋਂ ਉੱਚੀ ਪਦਵੀ ਪਾ ਲਈ, ਤਾਂ ਇਸ ਤਰ੍ਹਾਂ ਜਗਿਆਸੂ ਰੂਪੀ ਇਸਤ੍ਰੀ ਪਰਮੇਸ਼ਰ ਪਤੀ ਨੂੰ ਪਿਆਰੀ ਹੋ ਗਈ।

ਪ੍ਰ: ਕਿਉਂ ਜੀ! ਕੀ ਇਹ ਮਨ ਵਸ ਆਉਣ ਨਾਲ ਹੀ ਪਰਮ ਪਦ ਮਿਲ ਗਿਆ ?

ਉ: ੪. ਹੇ ਪਿਆਰੇ! ਜਦੋਂ ਮਨ ਵਸ ਵਿਚ ਆ ਗਿਆ, ਤਾਂ ਉਸੇ ਸ਼ਬਦ ਦੇ ਪ੍ਰਤਾਪ ਨਾਲ ਮਨ ਅੰਦਰ ਹਰੀ ਨਾਲ ਪ੍ਰੇਮ ਲੱਗ ਗਿਆ, ਤਦੋਂ ਉਹ ਜਗਿਆਸੂ ਰੂਪੀ ਨਾਰੀ ਹਰੀ ਪ੍ਰਭੂ ਦੇ ਸਰੂਪ ਵਿਚ ਸੁਭਾਏਮਾਨ ਹੋ ਗਈ।

੫. (ਹਾਂ) ਉਹ ਹਰੀ ਦੇ ਪ੍ਰੇਮ ਵਿਚ ਰਤੀ ਹੋਈ ਤੇ ਸਹਿਜ ਅਵਸਥਾ ਵਿਚ ਮਸਤ ਹੋਈ ਉਸ ਨੂੰ ਕਹੀਦਾ ਹੈ ਕਿ ਜਿਸ ਨੇ ਹਰਿ ਹਰਿ ਜਪ ਕੇ ਹਰੀ ਪ੍ਰਭੂ ਨੂੰ ਪਾ ਲਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਹਰੀ ਦਾ ਜਨ ਆਖਦਾ ਹਾਂ ਕਿ ਜਿਨ੍ਹਾਂ ਨੇ ਵੀ ਹਰਿ ਹਰਿ ਧਿਆਇਆ ਹੈ, ਵੱਡੇ ਭਾਗਾਂ ਕਰਕੇ (ਹੀ ਧਿਆਇਆ ਹੈ)।੩।

੧. ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ ॥
੨. ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ ॥
੩. ਹਰਿ ਗਾਇ ਮੰਗਲੁ ਰਾਮ ਨਾਮਾ
ਹਰਿ ਸੇਵ ਸੇਵਕ ਸੇਵਕੀ ॥
੪. ਪ੍ਰਭ ਜਾਇ ਪਾਵੈ ਰੰਗ ਮਹਲੀ
ਹਰਿ ਰੰਗੁ ਮਾਣੈ ਰੰਗ ਕੀ ॥
੫. ਗੁਣ ਰਾਮ ਗਾਏ ਮਨਿ ਸੁਭਾਏ
ਹਰਿ ਗੁਰਮਤੀ ਮਨਿ ਧਿਆਇਆ ॥
੬. ਜਨ ਨਾਨਕ ਹਰਿ ਕਿਰਪਾ ਧਾਰੀ
ਦੇਹ ਘੋੜੀ ਚੜਿ ਹਰਿ ਪਾਇਆ ॥੪॥੨॥੬॥

ਪਦ ਅਰਥ : ਦੇਹ—ਕਾਇਆਂ, ਸਰੀਰ। ਜੀ—ਹੇ ਭਾਈ! ਜਿਤੁ—ਜਿਸ (ਕਾਇਆਂ) ਘੋੜੀ ਦੇ ਰਾਹੀਂ। ਮਿਲਿ ਸਤਿਗੁਰ—

ਸਤਿਗੁਰੂ ਨੂੰ ਮਿਲ ਕੇ। ਮੰਗਲ—ਖੁਸ਼ੀ ਦਾ ਗੀਤ। ਸੇਵਕੀ—ਸੇਵਕ ਭਾਵਨਾ ਨਾਲ। ਜਾਇ—ਜਾ ਕੇ। ਪ੍ਰਭ ਰੰਗ ਮਹਲੀ—ਅਨੰਦ ਭਵਨ ਵਿਚ, ਭਾਵ ਹੈ ਸਰੂਪ ਵਿਚ। ਮਨਿ—ਮਨ ਵਿਚ। ਸੁਭਾਏ—ਸੁਭਾਇ, ਪ੍ਰੇਮ ਨਾਲ। ਚੜ—ਚੜ੍ਹ ਕੇ।੪।

ਅਰਥ :

ਪ੍ਰ: ਹੇ ਗੁਰੋ! ਤੁਸੀਂ ਇਸ ਕਾਇਆਂ ਨੂੰ ਘੋੜੀ ਦੇ ਰੂਪ ਵਿਚ ਬਿਆਨ ਕਰਦੇ ਹੋ, ਪਰ ਪ੍ਰਤੱਖ ਘੋੜੀ 'ਤੇ ਅਸਵਾਰ ਹੋਣ ਵਾਲਾ ਤਾਂ ਆਪਣੀ ਸਹੀ ਮੰਜ਼ਲ ਉੱਤੇ ਪਹੁੰਚ ਜਾਂਦਾ ਹੈ। ਇਹ ਕਾਇਆਂ ਰੂਪੀ ਘੋੜੀ ਮਨੁੱਖ ਨੂੰ ਕਿਸ ਸਹੀ ਟਿਕਾਣੇ 'ਤੇ ਪੁਚਾਉਂਦੀ ਹੈ ?

ਉ: ੧. ਹੇ ਪਿਆਰੇ! ਇਹ ਕਾਇਆਂ ਵੀ (ਮਨੁੱਖ ਦੇ ਜੀਵਨ ਸਫ਼ਰ ਵਿਚ ਮਾਨੋ) ਇਕ ਪ੍ਰਕਾਰ ਦੀ ਘੋੜੀ ਹੈ, (ਕਿਉਂਕਿ) ਇਸੇ ਕਾਇਆਂ ਰੂਪੀ ਘੋੜੀ ਦੇ ਰਾਹੀਂ ਮਨੁੱਖ ਪਰਮੇਸ਼ਰ ਦਾ ਮਿਲਾਪ ਹਾਸਲ ਕਰ ਲੈਂਦਾ ਹੈ।

੨. ਪਰ ਗੁਰੂ ਨੂੰ ਮਿਲ ਕੇ ਹੀ ਮਨੁੱਖ ਪਰਮੇਸ਼ਰ ਦੀ ਪ੍ਰਾਪਤੀ ਦਾ ਮੰਗਲਮਈ ਗੀਤ ਗਾਉਂਦਾ ਰਹਿੰਦਾ ਹੈ।

੩. ਹੇ ਭਾਈ! ਸੇਵਕ ਭਾਵ ਨਾਲ ਜਿਹੜਾ ਮਨੁੱਖ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾ ਕੇ ਪਰਮਾਤਮਾ ਦੀ ਸੇਵਾ ਭਗਤੀ ਕਰਦਾ ਹੈ।

੪. ਉਹ ਪ੍ਰਭੂ ਉਸ ਦੇ ਰੰਗ ਮਹੱਲ (ਸਰੂਪ) ਵਿਚ ਜਾ ਕੇ ਪਾ ਲਏਗਾ। ਉਥੇ ਉਹ (ਰੰਗ ਕੀ ਰੰਗਲੀ) ਪ੍ਰੇਮ ਸਰੂਪ ਹੋਇਆ ਪਰਮੇਸ਼ਰ ਦੇ ਮਿਲਾਪ ਦਾ ਅਨੰਦ ਮਾਣਦਾ ਹੈ।

੫. ਉਹ ਮਨੁੱਖ ਪ੍ਰੇਮ ਨਾਲ ਆਪਣੇ ਮਨ ਵਿਚ ਪ੍ਰਭੂ ਦੇ ਗੁਣ ਗਾਉਂਦਾ ਹੈ। ਉਹ ਗੁਰੂ ਦੀ ਮਤਿ ਉੱਤੇ ਤੁਰ ਕੇ, ਮਨ ਵਿਚ ਪਰਮੇਸ਼ਰ ਦਾ ਧਿਆਨ ਧਰਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਸ ਉੱਤੇ ਉਹ ਸਾਈਂ ਜੀ ਕਿਰਪਾ ਕਰਦਾ ਹੈ, ਉਹ ਆਪਣੀ ਇਸ ਕਾਇਆਂ ਰੂਪੀ ਘੋੜੀ ਉੱਤੇ ਚੜ੍ਹ ਕੇ ਪਰਮੇਸ਼ਰ ਨਾਲ ਮਿਲਾਪ ਕਰ ਲੈਂਦਾ ਹੈ।੪।੨।੬।

ਭਾਵਾਰਥ : ਇਸ ਸ਼ਬਦ ਵਿਚ ਇਹ ਭਾਵ ਅੰਕਤ ਕਰ ਰਹੇ ਹਨ ਕਿ ਜਗਿਆਸੂ ਪਹਿਲੋਂ ਸਰੀਰ ਰੂਪੀ ਘੋੜੇ ਨੂੰ ਕਰੜੇ ਸਾਧਨਾਂ ਨਾਲ ਮੰਦੇ ਕਰਮਾਂ ਵਲੋਂ ਰੋਕਦਾ ਹੈ। ਅੱਗੇ ਚਲ ਕੇ ਇਹ ਭੀ ਕਹਿ ਰਹੇ ਹਨ ਕਿ ਸਿਰਫ਼ ਸਰੀਰ ਨੂੰ ਹੀ ਨਹੀਂ ਵਸ ਕਰਨਾ, ਨਾਲ ਸਰੀਰ ਦੇ ਪ੍ਰੇਰਕ ਮਨ ਨੂੰ ਭੀ ਵਸ ਕਰਨਾ ਹੈ।

ਰਾਗੁ ਵਡਹੰਸੁ ਮਹਲਾ ੫ ਛੰਤੁ ਘਰੁ ੪

ੴ ਸਤਿਗੁਰ ਪ੍ਰਸਾਦਿ ॥

੧. ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ ॥
੨. ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ ॥
੩. ਤਨੁ ਮਨੁ ਦਿਤਾ ਭਵਜਲੁ ਜਿਤਾ
ਚੂਕੀ ਕਾਂਣਿ ਜਮਾਣੀ ॥
੪. ਅਸਥਿਰੁ ਥੀਆ ਅੰਮ੍ਰਿਤੁ ਪੀਆ
ਰਹਿਆ ਆਵਣ ਜਾਣੀ ॥
੫. ਸੋ ਘਰੁ ਲਧਾ ਸਹਜਿ ਸਮਧਾ
ਹਰਿ ਕਾ ਨਾਮੁ ਅਧਾਰਾ ॥
੬. ਕਹੁ ਨਾਨਕ ਸੁਖਿ ਮਾਣੇ ਰਲੀਆਂ
ਗੁਰ ਪੂਰੇ ਕੰਉ ਨਮਸਕਾਰਾ ॥੧॥

ਪਦ ਅਰਥ : ਗੁਰ ਮਿਲਿ—ਗੁਰੂ ਨੂੰ ਮਿਲ ਕੇ। ਲਧਾ—ਲਭ ਪਿਆ ਹੈ। ਜੀ—ਹੇ ਭਾਈ। ਵਾਰੋ ਵਾਰਾ—ਵਾਰ ਵਾਰ ਕੇ, ਸਦਕੇ ਕਰ ਕੇ। ਭਵਜਲੁ—ਸੰਸਾਰ ਸਮੁੰਦਰ। ਚੂਕੀ—ਮੁੱਕ ਜਾਂਦੀ ਹੈ। ਕਾਣਿ—ਕਨੌਂਡ, ਮੁਥਾਜੀ। ਜਮਾਣੀ—ਜਮਾਂ ਦੀ। ਅਸਥਿਰ—ਅਡੋਲ ਚਿਤ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਰਹਿਆ—ਮੁੱਕ ਗਿਆ। ਸਹਜਿ—ਆਤਮਕ ਅਡੋਲਤਾ ਵਿਚ। ਸਮਧਾ—ਸਮਾ ਗਿਆ, ਲੀਨਤਾ ਹੋ ਗਈ। ਅਧਾਰਾ—ਆਸਰਾ। ਸੁਖਿ—ਅਨੰਦ ਨਾਲ। ਰਲੀਆ—ਖੁਸ਼ੀਆਂ। ਕੰਉ—ਨੂੰ।੧।

ਅਰਥ :

ਪ੍ਰ: ਗੁਰਦੇਵ ਜੀਉ! ਉਸ ਸਾਈਂ ਜੀ ਨੂੰ ਲੱਭਣ ਲਈ ਤਾਂ ਲੋਕੀਂ ਬਹੁਤ ਜਤਨ ਕਰਦੇ ਹਨ, ਪਰ ਵੇਖੀਦਾ ਹੈ ਕਿ ਉਹ ਫਿਰ ਭੀ ਪ੍ਰਭੂ ਪ੍ਰਾਪਤੀ ਵਲੋਂ ਸਖਣੇ ਹੀ ਰਹਿੰਦੇ ਹਨ। ਸੋ ਆਪ ਜੀ ਨੇ ਉਸ ਰਾਮ ਪਿਆਰੇ ਨੂੰ ਲੱਭਣ ਲਈ ਕਿਹੜਾ ਸਾਧਨ ਕੀਤਾ ਹੈ ?

ਉ: ੧. ਹੇ ਭਾਈਓ! ਮੈਂ ਸਾਧਨ ਕਰਨ ਵਲੋਂ ਤਾਂ ਅਸਮਰੱਥ ਹੀ ਰਿਹਾ ਹਾਂ, ਪਰ ਗੁਰੂ ਨੂੰ ਮਿਲ ਕੇ (ਮੈਨੂੰ) ਉਹ ਰਾਮ ਪਿਆਰਾ ਲੱਭ ਪਿਆ ਹੈ।

੨. ਪਰ ਹੇ ਪਿਆਰੇ! ਉਹ ਰਾਮ ਪਿਆਰਾ ਲੱਭਾ ਤਦੋਂ ਹੀ, ਜਦ ਕਿ ਮੈਂ ਆਪਣਾ ਤਨ ਤੇ ਮਨ ਉਸ ਗੁਰੂ ਤੋਂ ਸਦਕੇ ਕਰ ਦਿੱਤਾ।

ਪ੍ਰ: ਗੁਰੂ ਨੂੰ ਤਨ ਮਨ ਅਰਪਨ ਕਰਨ ਦਾ ਫਲ ਕੀ ਪ੍ਰਾਪਤ ਹੋਇਆ ?

ਉ: ੩. ਹੇ ਭਾਈਓ! ਜਦੋਂ ਮੈਂ (ਗੁਰੂ) ਨੂੰ ਇਹ ਤਨ ਤੇ ਮਨ ਭੇਟਾ ਕਰ ਦਿੱਤਾ (ਤਾਂ) ਜਮਾਂ ਦੀ ਕਾਣ ਭੀ ਚੁੱਕ ਗਈ, ਭਾਵ ਮੌਤ ਦਾ ਡਰ ਦੂਰ ਹੋ ਗਿਆ।

੪. ਜਦੋਂ ਮੈਂ ਨਾਮ ਅੰਮ੍ਰਿਤ ਪੀ ਲਿਆ ਤਾਂ ਮੇਰਾ ਜਨਮ ਮਰਨ ਚੁੱਕ ਗਿਆ ਤੇ ਸਦਾ ਲਈ ਅਮਰ ਹੋ ਗਿਆ।

੫. ਹੁਣ ਮੈਨੂੰ ਉਹ ਸਹਿਜ ਅਵਸਥਾ ਵਿਚ ਟਿਕਾਈ ਰੱਖਣ ਵਾਲਾ ਟਿਕਾਣਾ ਲੱਭ ਪਿਆ ਹੈ, ਜਿਸ ਦਾ ਕਿ ਅਧਾਰ ਹਰੀ ਦਾ ਨਾਮ ਹੈ।

੬. (ਸ੍ਰੀ ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਹ ਮਨੁੱਖ ਸੁਖ ਵਿਚ ਰਹਿ ਕੇ ਸਦਾ ਆਤਮਕ ਖੁਸ਼ੀਆਂ ਮਾਣਦਾ ਹੈ। (ਇਹ ਸਾਰੀ ਬਰਕਤ ਗੁਰੂ ਦੀ ਹੀ ਹੈ) ਇਸ ਲਈ ਪੂਰੇ ਗੁਰੂ ਨੂੰ ਸਦਾ ਹੀ ਨਮਸ਼ਕਾਰ ਕਰਨੀ ਚਾਹੀਦੀ ਹੈ।੧।

੧. ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥
੨. ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥

੩. ਸਚੁ ਸਬਦੁ ਧਿਆਇਆ ਮੰਗਲੁ ਗਾਇਆ
ਚੂਕੇ ਮਨਹੁ ਅਦੇਸਾ॥
੪. ਸੋ ਪ੍ਰਭੁ ਪਾਇਆ ਕਤਹਿ ਨ ਜਾਇਆ
ਸਦਾ ਸਦਾ ਸੰਗਿ ਬੈਸਾ॥
੫. ਪ੍ਰਭ ਜੀ ਭਾਣਾ ਸਚਾ ਮਾਣਾ
ਪ੍ਰਭਿ ਹਰਿ ਧਨੁ ਸਹਜੇ ਦੀਤਾ॥
੬. ਕਹੁ ਨਾਨਕ ਤਿਸੁ ਜਨ ਬਲਿਹਾਰੀ
ਤੇਰਾ ਦਾਨੁ ਸਭਨੀ ਹੈ ਲੀਤਾ॥੨॥

ਪਦ ਅਰਥ : ਸਜਣ—ਹੇ ਸੱਜਣ। ਮੈਡੜੇ—ਮੇਰੇ। ਗੁਰਿ—ਗੁਰੂ ਨੇ। ਸਬਦੁ ਸਚ—ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲਾ ਸ਼ਬਦ। ਮੰਗਲੁ—ਸਿਫ਼ਤਿ-ਸਾਲਾਹ ਦਾ ਗੀਤ। ਮਨਹੁ—ਮਨ ਤੋਂ। ਅਦੇਸਾ—ਚਿੰਤਾ, ਫ਼ਿਕਰ। ਕਤਹਿ—ਕਿਸੇ ਭੀ ਹੋਰ ਥਾਂ। ਸੰਗਿ—ਪ੍ਰਭੂ ਦੇ ਨਾਲ। ਬੈਸਾ—ਬੈਠਾ ਰਹਿੰਦਾ ਹੈ, ਟਿਕਿਆ ਰਹਿੰਦਾ ਹੈ। ਪ੍ਰਭ ਭਾਣਾ—ਪ੍ਰਭੂ ਨੂੰ ਪਿਆਰਾ ਲੱਗਦਾ ਹੈ। ਪ੍ਰਭਿ—ਪ੍ਰਭੂ ਨੇ। ਸਹਜੇ—ਆਤਮਕ ਅਡੋਲਤਾ ਵਿਚ (ਟਿਕਾ ਕੇ)। ਬਲਿਹਾਰੀ—ਸਦਕੇ। ਸਭਨੀ—ਹੋਰ ਸਭ ਜੀਵਾਂ ਨੇ।੨।

ਅਰਥ :

ਪ੍ਰ: ਸ੍ਰੀ ਜੀਉ ! ਗੁਰੂ ਜੀ ਨੇ ਤੁਹਾਨੂੰ ਉਧਾਰਨ ਲਈ ਹੋਰ ਕਿਹੜਾ ਤਰੀਕਾ ਵਰਤਿਆ ਹੈ ?

ਉ: ੧. ਹੇ ਮੇਰੇ ਮਿੱਤਰੋ, ਹੇ ਸੱਜਨੋ ! (ਹੋਰ ਸੁਣੋ) ਕਿ ਗੁਰੂ ਜੀ ਨੇ ਸਾਨੂੰ ਤਾਰਨ ਲਈ ਹੋਰ

੨. ਕਿਹੜਾ ਢੰਗ ਵਰਤਿਆ ਹੈ, (ਗੁਰੂ ਜੀ ਨੇ ਮੈਨੂੰ ਉਧਾਰਨ ਲਈ) ਸੱਚਾ ਨਾਮ ਮੰਤਰ ਦਿੱਤਾ।

੩. ਮੈਂ ਉਸ ਸੱਚੇ ਨਾਮ ਨੂੰ ਸਿਮਰਿਆ ਅਤੇ ਉਸ ਸੱਚੇ ਪ੍ਰਭੂ ਦਾ ਜਸ ਗਾਵਿਆ, ਜਿਸ ਦੀ ਬਰਕਤ ਨਾਲ ਮੇਰੇ ਮਨ ਵਿਚੋਂ ਸਾਰੇ ਤੌਖਲੇ ਦੂਰ ਹੋ ਗਏ।

੪. (ਕਿਉਂਕਿ) ਹੁਣ ਮੈਂ ਉਹ ਪ੍ਰਭੂ ਪਾ ਲਿਆ ਹੈ, ਜੋ ਕਿ ਉਹ ਮੈਨੂੰ ਛੱਡ ਕੇ ਹੋਰ ਕਿਤੇ ਨਹੀਂ ਜਾਂਦਾ। ਉਹ ਸਦਾ-ਸਦਾ ਮੇਰੇ ਨਾਲ ਹੀ ਵਸਦਾ ਹੈ।

ਪ੍ਰ: ਕਿਉਂ ਜੀ ! ਪ੍ਰਭੂ ਜੀ ਨੂੰ ਸਦਾ ਹੀ ਨਾਲ ਵਸਦਾ ਸਮਝਣ ਵਾਲਾ ਮਾਣ ਕਿਸ ਨੂੰ ਪ੍ਰਾਪਤ ਹੁੰਦਾ ਹੈ ?

ਉ: ੫. ਹੇ ਪਿਆਰੇ ! ਇਹ ਪ੍ਰਭੂ ਪ੍ਰਾਪਤੀ ਦੀ ਸੱਚੀ ਦਾਤ ਉਸੇ ਨੂੰ ਹੀ ਮਿਲਦੀ ਹੈ, ਜੋ ਸੱਜਣ ਉਸ ਪ੍ਰਭੂ ਜੀ ਨੂੰ ਚੰਗਾ ਲੱਗ ਗਿਆ ਹੈ। ਇਹੋ ਸਹਿਜ ਅਵਸਥਾ ਵਾਲਾ ਸੱਚਾ ਨਾਮ ਧਨ ਉਸੇ ਨੂੰ ਹੀ ਬਖ਼ਸ਼ਸ਼ ਹੋਇਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਮੈਂ ਉਸ ਪੁਰਖ ਤੋਂ ਸਦਾ ਹੀ ਸਦਕੇ ਹਾਂ, ਜਿਸ ਪਾਸੋਂ ਸੱਚੇ ਨਾਮ ਦਾ ਦਾਨ ਸਭਨਾਂ ਲੋਕਾਂ ਪ੍ਰਾਪਤ ਕੀਤਾ ਹੈ।੨।

੧. ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ॥
੨. ਮਨੁ ਥੀਆ ਠੰਢਾ ਸਭ ਤ੍ਰਿਸਨ ਬੁਝਾਏ ਰਾਮ॥
੩. ਮਨੁ ਥੀਆ ਠੰਢਾ ਚੂਕੀ ਡੰਝਾ
ਪਾਇਆ ਬਹੁਤੁ ਖਜਾਨਾ॥
੪. ਸਿਖ ਸੇਵਕ ਸਭਿ ਭੁੰਚਣ ਲਗੇ
ਹੰਉ ਸਤਗੁਰ ਕੈ ਕੁਰਬਾਨਾ॥
੫. ਨਿਰਭਉ ਭਏ ਖਸਮ ਰੰਗਿ ਰਾਤੇ
ਜਮ ਕੀ ਤ੍ਰਾਸ ਬੁਝਾਏ॥
੬. ਨਾਨਕ ਦਾਸੁ ਸਦਾ ਸੰਗਿ ਸੇਵਕੁ
ਤੇਰੀ ਭਗਤਿ ਕਰੰਉ ਲਿਵ ਲਾਏ॥੩॥

ਪਦ ਅਰਥ : ਤਉ ਭਾਣਾ—ਜੇ ਤੈਨੂੰ ਚੰਗਾ ਲੱਗੇ, ਜੇ ਤੇਰੀ ਰਜ਼ਾ ਹੋਵੇ। ਅਘਾਏ—ਰਜ ਜਾਂਦਾ ਹੈ। ਠੰਢਾ—ਸ਼ਾਂਤ। ਤ੍ਰਿਸਨ—ਮਾਇਆ ਦੀ ਪਿਆਸ। ਡੰਝਾ—ਭੜਕੀ, ਕਦੇ ਨਾ ਮੁਕਣ ਵਾਲੀ ਪਿਆਸ, ਡੰਝ, ਬਹੁਤ ਕਰੜੀ ਪਿਆਸ। ਭੁੰਚਣ ਲਗੇ—ਖਾਣ ਲੱਗ ਪੈਂਦੇ ਹਨ। ਹੰਉ—ਮੈਂ। ਕੈ ਕੁਰਬਾਨਾ—ਤੋਂ ਸਦਕੇ। ਰੰਗਿ—ਪ੍ਰੇਮ ਰੰਗ ਵਿਚ। ਰਾਤੇ—ਰੰਗੇ ਜਾਂਦੇ ਹਨ। ਤ੍ਰਾਸ—ਸਹਿਮ, ਡਰ। ਸੰਗਿ—ਨਾਲ। ਕਰੰਉ—ਮੈਂ ਕਰਾਂ। ਲਾਏ—ਲਾਇ, ਲਾ ਕੇ।੩।

ਅਰਥ :

ਪ੍ਰ: ਹੇ ਗੁਰੋ ! ਜਦ ਕਿਸੇ ਪਦਾਰਥ ਵਲੋਂ ਕਿਸੇ ਮਨੁੱਖ ਦਾ ਮਨ ਭੁੱਖਾ ਹੋਵੇ, ਤਾਂ ਉਹ ਉੱਦਮ ਕਰ ਕੇ ਉਸ ਭੁੱਖ ਵਲੋਂ ਤ੍ਰਿਪਤ ਹੋ ਮਨ ਵਿਚ ਮਾਣ ਕਰਦਾ ਹੈ ਕਿ ਇਹ ਤ੍ਰਿਪਤੀ ਮੇਰੇ ਉੱਦਮ ਦਾ ਸਦਕਾ ਪ੍ਰਾਪਤ ਹੋਈ ਹੈ, ਕੀ ਇਸੀ ਤਰ੍ਹਾਂ ਤੁਸੀਂ ਵੀ ਇਹੋ ਆਪਣੇ ਅੰਦਰ ਅਨੁਭਵ ਕਰਦੇ ਹੋ ਕਿ ਇਹ ਮਨ ਦੀ ਤ੍ਰਿਪਤੀ ਸਾਨੂੰ ਆਪਣੇ ਹੀ ਉੱਦਮ ਨਾਲ ਮਿਲੀ ਹੈ ?

ਉ: ੧. (ਨਹੀਂ) ਹੇ ਸੱਜਨੋ ! ਮੇਰਾ ਤਾਂ ਇਹੋ ਹੀ ਵਿਸ਼ਵਾਸ ਹੈ ਅਤੇ ਇਉਂ ਹੀ ਅਨੁਭਵ ਕਰਦਾ ਹਾਂ ਕਿ ਹੇ ਸਾਈਂ ਜੀ ! ਜੇ (ਕਦੀ) ਤੇਰੀ ਰਜ਼ਾ ਹੋਵੇ, ਇਸ ਜੀਵ ਦਾ ਮਨ ਮਾਇਆ ਦੀ ਭੁੱਖ ਵਲੋਂ ਪੂਰਨ ਤੌਰ 'ਤੇ ਤਾਂਹੀਓਂ ਰੱਜ ਸਕਦਾ ਹੈ।

੨. ਹੇ ਭਾਈਓ ! ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਪ੍ਰਾਪਤ ਕਰ ਲਈ ਹੈ, ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ ਅਤੇ ਸਾਰੀ ਤ੍ਰਿਸ਼ਨਾ ਬੁੱਝ ਜਾਂਦੀ ਹੈ।

੩. (ਹਾਂ) ਮਨ ਠੰਡਾ ਹੋ ਗਿਆ ਅਤੇ ਕਦੇ ਨਾ ਮੁਕਣ ਵਾਲੀ ਮਾਇਆ ਦੀ ਪਿਆਸ ਉਸ ਦੇ ਅੰਦਰੋਂ (ਸਦਾ ਲਈ) ਬੁੱਝ ਜਾਂਦੀ ਹੈ, ਕਿਉਂਕਿ ਉਸ ਨੂੰ ਕਦੇ ਨ ਮੁਕਣ ਵਾਲਾ (ਜੋ) ਨਾਮ ਰੂਪੀ ਵੱਡਾ ਖ਼ਜ਼ਾਨਾ ਮਿਲ ਗਿਆ ਹੈ।

ਪ੍ਰ: ਕਿਉਂ ਜੀ ! ਤਾਂ ਫਿਰ ਉਹ ਨਾਮ ਦਾ ਖ਼ਜ਼ਾਨਾ ਤਾਂ ਕੇਵਲ ਉਸੇ ਲਈ ਹੋਵੇਗਾ ?

ਉ: ੪. (ਨਹੀਂ) ਹੇ ਮਿੱਤਰੋ ! ਉਹ ਉਸ ਨਾਮ ਦੇ ਖ਼ਜ਼ਾਨੇ ਨੂੰ ਸਾਰਿਆਂ ਲਈ ਸਾਂਝਾ ਸਮਝਦਾ ਹੈ, ਕਿਉਂਕਿ ਉਸ ਦੇ ਪਾਸ ਜੋ ਵੀ ਸਿੱਖ ਸੇਵਕ ਆਉਂਦੇ ਹਨ, ਉਹ ਸਾਰੇ ਹੀ ਰੱਜ-ਰੱਜ ਕੇ ਖਾਣ ਲੱਗ ਜਾਂਦੇ ਹਨ। ਹੇ ਸੱਜਨੋ ! ਮੈਂ ਭੀ ਆਪਣੇ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ, ਜਿਸ ਦੀ ਮਿਹਰ ਦਾ ਸਦਕਾ ਮੈਨੂੰ ਇਹ ਨਾਮ ਦੀ ਦਾਤ ਪ੍ਰਾਪਤ ਹੋਈ ਹੈ।

ਪ੍ਰ: ਹਜ਼ੂਰ! ਜਦ ਕੋਈ ਨਾਮ ਰੰਗ ਵਿਚ ਰਤ ਜਾਂਦਾ ਹੈ, ਉਸ ਦੀ ਪਛਾਣ ਕੀ ਹੈ ਅਤੇ ਉਸ ਨੂੰ ਅੰਤ ਵਿਚ ਫਲ ਕੀ ਪ੍ਰਾਪਤ ਹੁੰਦਾ ਹੈ?

ਉ: ੫. ਹੇ ਭਾਈਓ! ਜੋ ਮਨੁੱਖ ਉਸ ਪ੍ਰਭੂ ਜੀ ਦੇ ਰੰਗ ਵਿਚ ਰਤੇ ਰਹਿੰਦੇ ਹਨ, ਉਨ੍ਹਾਂ ਦੀ ਨਿਸ਼ਾਨੀ ਇਹੋ ਹੀ ਹੈ ਕਿ (ਉਹ ਸੰਸਾਰ ਦੇ ਸਾਰਿਆਂ ਡਰਾਂ ਵਲੋਂ) ਨਿਡਰ ਹੋ ਜਾਂਦੇ ਹਨ ਤੇ ਅੰਤ ਵਿਚ ਇਨ੍ਹਾਂ ਨੂੰ ਫਲ ਇਹ ਮਿਲਦਾ ਹੈ ਕਿ ਜਮਾਂ ਦਾ ਸਹਿਮ ਹੀ ਖ਼ਤਮ ਹੋ ਜਾਂਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ! ਮਿਹਰ ਕਰ ਕਿ ਮੈਂ ਦਾਸ ਭੀ ਉਸ ਸੇਵਕ ਦੇ ਸੰਗ ਵਿਚ ਹੋ ਕੇ ਸਦਾ ਹੀ ਸੁਰਤੀ ਨੂੰ ਜੋੜ ਕੇ ਤੇਰੀ ਭਗਤੀ ਕਰਦਾ ਰਹਾਂ।੩।

੧. ਪੂਰੀ ਆਸਾ ਜੀ ਮਨਸਾ ਮੇਰੇ ਰਾਮ॥
੨. ਮੋਹਿ ਨਿਰਗੁਣ ਜੀਉ
ਸਭਿ ਗੁਣ ਤੇਰੇ ਰਾਮ॥
੩. ਸਭਿ ਗੁਣ ਤੇਰੇ ਠਾਕੁਰ ਮੇਰੇ
ਕਿਤੁ ਮੁਖਿ ਤੁਧੁ ਸਾਲਾਹੀ॥
੪. ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ
ਬਖਸਿ ਲੀਆ ਖਿਨ ਮਾਹੀ॥
੫. ਨਉ ਨਿਧਿ ਪਾਈ ਵਜੀ ਵਾਧਾਈ
ਵਾਜੇ ਅਨਹਦ ਤੂਰੇ॥
੬. ਕਹੁ ਨਾਨਕ ਮੈ ਵਰੁ ਘਰਿ ਪਾਇਆ
ਮੇਰੇ ਲਾਥੇ ਜੀ ਸਗਲ ਵਿਸੂਰੇ॥੪॥੧॥

ਪਦ ਅਰਥ : ਜੀ—ਹੇ ਪ੍ਰਭੂ ਜੀ। ਮਨਸਾ—ਮਨ ਦੀ ਕਾਮਨਾ। ਮੋਹਿ—ਮੈਂ। ਜੀਉ—ਹੇ ਪ੍ਰਭੂ ਜੀ। ਸਭਿ—ਸਾਰੇ। ਠਾਕੁਰ ਮੇਰੇ—ਹੇ ਠਾਕਰ। ਕਿਤੁ—ਕਿਸ ਦੀ ਰਾਹੀਂ। ਮੁਖਿ—ਮੂੰਹ ਨਾਲ। ਕਿਤੁ ਮੁਖਿ—ਕਿਸ ਮੂੰਹ ਨਾਲ। ਸਾਲਾਹੀ—ਸਾਲਾਹੀਂ, ਮੈਂ ਉਸਤਤ ਕਰਾਂ। ਖਿਨ ਮਾਹੀ—ਇਕ ਛਿਨ ਵਿਚ। ਨਉ ਨਿਧਿ—(ਦੁਨੀਆ ਦੇ ਸਾਰੇ ਹੀ) ਨੌਂ ਖ਼ਜ਼ਾਨੇ। ਵਾਜੇ—ਵਜ ਪਏ ਹਨ। ਅਨਹਦ—ਇਕ ਰਸ, ਬਿਨਾ ਵਜਾਇਆਂ। ਤੂਰੇ—ਵਾਜੇ। ਘਰਿ—ਹਿਰਦੇ ਘਰ ਵਿਚ। ਵਿਸੂਰੇ—ਝੂਰੇ।੪।੧।

ਅਰਥ :

ਪ੍ਰ: ਹੇ ਗੁਰੋ! ਜਦੋਂ ਸੇਵਕ ਦੀ ਪ੍ਰਭੂ-ਪ੍ਰਾਪਤੀ ਦੀ ਆਸ਼ਾ ਪੂਰੀ ਹੋ ਜਾਂਦੀ ਹੈ, ਤਾਂ ਕੀ ਉਸ ਨੂੰ ਇਸ ਪ੍ਰਾਪਤੀ ਦਾ ਮਾਣ ਤਾਂ ਨਹੀਂ ਹੋ ਜਾਂਦਾ?

ਉ: ੧. (ਨਹੀਂ) ਹੇ ਪਿਆਰਿਓ! ਉਸ ਨੂੰ ਮਾਣ ਕੀ ਹੋਣਾ ਸੀ, ਉਹ ਤਾਂ ਸਗੋਂ ਆਪਣੇ ਠਾਕਰ ਅੱਗੇ ਸਦਾ ਹੀ ਸ਼ੁਕਰਗੁਜ਼ਾਰੀ ਦੀ ਅਰਦਾਸ ਕਰਦੇ ਰਹਿੰਦੇ ਹਨ ਕਿ ਹੇ ਠਾਕਰ ਜੀ! ਮੇਰੇ ਮਨ ਵਿਚ ਫੁਰੀਆਂ ਆਸਾਂ ਪੂਰੀਆਂ ਹੋ ਗਈਆਂ ਅਤੇ ਮਨ ਦੀਆਂ ਚਾਹੀਆਂ ਹੋਈਆਂ ਇੱਛਾਵਾਂ ਪੂਰੀਆਂ ਹੋ ਗਈਆਂ ਹਨ।

੨. ਹੇ ਪ੍ਰਭੂ ਜੀ! ਮੈਂ ਤਾਂ ਗੁਣ ਹੀਣ ਸਾਂ, (ਮੇਰੇ ਅੰਦਰ ਕੋਈ ਭੀ ਗੁਣ ਨਹੀਂ ਸੀ), ਪਰ

੩. ਤੇਰੇ ਅੰਦਰ ਸਾਰੇ ਹੀ ਗੁਣ ਹਨ। ਮੈਂ ਤੇਰੀ ਵਡਿਆਈ ਕਿਸ ਮੁਖ ਨਾਲ ਕਰਾਂ?

੪. ਹੇ ਸਾਈਂ ਜੀ! ਤੂੰ ਮੇਰੇ 'ਤੇ ਮਿਹਰ ਕੀਤੀ ਹੈ, ਕਿਉਂਕਿ ਤੂੰ ਮੇਰਾ ਕੋਈ ਔਗੁਣ ਨਹੀਂ ਵਿਚਾਰਿਆ, ਤੂੰ ਮੇਰਾ ਕੋਈ ਗੁਣ ਨਹੀਂ ਤਕਿਆ, ਤੂੰ ਤਾਂ ਇਕ ਛਿਨ ਵਿਚ ਹੀ ਮੇਰੇ ਉੱਤੇ ਮਿਹਰ ਕਰ ਦਿੱਤੀ ਤੇ ਮੈਨੂੰ ਬਚਾ ਲਿਆ ਹੈ।

੫. ਹੇ ਮਾਲਕ! ਤੇਰੀ ਮਿਹਰ ਨਾਲ ਮੈਂ ਮਾਨੋ ਦੁਨੀਆ ਦੇ ਸਾਰੇ ਹੀ ਖ਼ਜ਼ਾਨੇ ਹਾਸਲ ਕਰ ਲਏ ਹਨ। ਹੁਣ ਮੇਰੇ ਅੰਦਰ ਆਤਮਿਕ ਅਨੰਦ ਦੀ ਚੜ੍ਹਦੀ ਕਲਾ ਬਣ ਗਈ ਹੈ ਅਤੇ ਮੇਰੇ ਅੰਦਰ ਅਨੰਦ ਦੇ ਇਕ ਰਸ ਵਾਜੇ ਵਜਣ ਲੱਗ ਪਏ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ਜੀ! ਹੁਣ ਮੈਂ ਤੈਨੂੰ ਆਪਣੇ ਖ਼ਸਮ ਵਰ ਨੂੰ, ਆਪਣੇ ਹਿਰਦੇ ਰੂਪੀ ਘਰ ਵਿਚੋਂ ਹੀ ਲੱਭ ਲਿਆ ਹੈ, ਜਿਸ ਦਾ ਸਦਕਾ ਮੇਰੇ ਸਾਰੇ ਹੀ ਚਿੰਤਾ ਫ਼ਿਕਰ ਲਹਿ ਗਏ ਹਨ।੪।੧।

ਭਾਵਾਰਥ : ਇਸ ਸ਼ਬਦ ਦੇ ਅਰੰਭ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਸਾਨੂੰ ਆਤਮ ਅਨੰਦ ਦੀ ਪੂਰਨ ਅਵਸਥਾ ਪ੍ਰਾਪਤ ਹੋ ਗਈ ਹੈ, ਪਰ ਇਹ ਅਸਲ ਖ਼ੁਸ਼ੀ ਵਾਲੀ ਅਵਸਥਾ ਗੁਰੂ ਦੀ ਮਿਹਰ ਤੇ ਉਸ ਦੇ ਨਾਮ ਨਾਲ ਹੀ ਹਾਸਲ ਹੋ ਸਕੀ ਹੈ। ਇਨ੍ਹਾਂ ਛੰਤਾਂ ਵਿਚ ਜੋ ਚਾਉ, ਖ਼ੁਸ਼ੀ, ਅਨੰਦ ਦੇ ਰੰਗ ਭਰੇ ਹੋਏ ਹਨ, ਇਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਨਾਮ ਪ੍ਰਾਪਤੀ ਦੀ ਪੂਰਨ ਅਵਸਥਾ ਕਿਤਨੀ ਕੁ ਸੁਖਦਾਈ ਹੈ।

ਸਲੋਕੁ॥

੧. ਕਿਆ ਸੁਣੇਦੋ ਕੂੜੁ
ਵੰਞਨਿ ਪਵਣ ਝੁਲਾਰਿਆ॥
੨. ਨਾਨਕ ਸੁਣੀਅਰ ਤੇ ਪਰਵਾਣੁ
ਜੋ ਸੁਣੇਦੇ ਸਚੁ ਧਣੀ॥੧॥

ਪਦ ਅਰਥ : ਕੂੜੁ—ਝੂਠ, ਝੂਠੇ ਪਦਾਰਥਾਂ ਦੀ ਗੱਲ। ਵੰਞਨਿ—ਚਲੇ ਜਾਂਦੇ ਹਨ। ਝੁਲਾਰਿਆ—ਝੋਲੇ, ਬੁਲ੍ਹੇ, ਬੁਲ੍ਹਿਆਂ ਵਾਂਗ। ਸੁਣੀਅਰ—ਕੰਨ। ਤੇ—ਉਹ। ਧਣੀ—ਮਾਲਕ ਪ੍ਰਭੂ।੧।

ਅਰਥ :

ਪ੍ਰ: ਹੇ ਗੁਰੋ! ਜਦੋਂ ਮੈਂ ਸੰਸਾਰ ਦੇ ਸੁਖਦਾਈ ਪਦਾਰਥਾਂ ਦੀ ਸਿਫ਼ਤਿ-ਸਾਲਾਹ ਸੁਣਦਾ ਹਾਂ ਤਾਂ ਮੇਰੇ ਮਨ ਵਿਚ ਬਹੁਤ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਕੀ ਇਹ ਠੀਕ ਹੈ?

ਉ: ੧. (ਨਹੀਂ) ਹੇ ਭਰਾਵਾ! ਤੂੰ ਦੱਸ, ਇਨ੍ਹਾਂ ਸੰਸਾਰ ਦੇ ਨਾਸਵੰਤ ਪਦਾਰਥਾਂ ਦੀ ਸਿਫ਼ਤਿ-ਸਾਲਾਹ ਵਾਲੀ ਗੱਲ ਕੀ ਸੁਣਦਾ ਹੈਂ, ਕੀ ਤੈਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਇਹ ਸੰਸਾਰਕ ਪਦਾਰਥ ਤਾਂ (ਇੱਕ ਛਿਨ ਵਿਚ) ਹਵਾ ਦੇ ਬੁਲ੍ਹਿਆਂ ਵਾਂਗੂ ਚਲੇ ਜਾਂਦੇ ਹਨ, (ਭਾਵ ਅੱਜ ਹਨ ਕੱਲ ਕੋਈ ਨਹੀਂ)।

ਪ੍ਰ: ਕਿਉਂ ਜੀ! ਕੀ ਤੁਸੀਂ ਮਾਇਕੀ ਪਦਾਰਥਾਂ ਦੀ ਸਿਫ਼ਤ ਸੁਣਨ ਵਾਲੇ ਕੰਨਾਂ ਨੂੰ ਪ੍ਰਵਾਨ ਨਹੀਂ ਕਰਦੇ?

ਉ: ੨. (ਨਹੀਂ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਅਸਲ ਵਿਚ ਪਰਮੇਸ਼ਰ ਦੀ ਦਰਗਾਹ ਵਿਚ ਗਿਆਂ ਤਾਂ ਸਿਰਫ਼ ਉਹੋ ਹੀ ਕੰਨ ਕਬੂਲ ਹੋਣਗੇ, ਜੋ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਸਿਫ਼ਤਿ-ਸਾਲਾਹ ਤੇ ਨਾਮ ਨੂੰ ਸੁਣਦੇ ਹਨ।੧।

ਛੰਤੁ ॥

੧. ਤਿਨ ਘੋਲਿ ਘੁਮਾਈ
ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥
੨. ਸੇ ਸਹਜਿ ਸੁਹੇਲੇ
ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥
੩. ਸੇ ਸਹਜਿ ਸੁਹੇਲੇ ਗੁਣਹ ਅਮੋਲੇ
ਜਗਤ ਉਧਾਰਣ ਆਏ ॥
੪. ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ ॥
੫. ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ
ਤਿਨ ਕਾ ਲੇਖਾ ਨ ਗਣਿਆ ॥
੬. ਕਹੁ ਨਾਨਕ ਤਿਸੁ ਘੋਲਿ ਘੁਮਾਈ
ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥

ਪਦ ਅਰਥ : ਘੋਲਿ ਘੁਮਾਈ—ਮੈਂ ਕੁਰਬਾਨ ਜਾਂਦਾ ਹਾਂ। ਸ੍ਰਵਣੀ—ਕੰਨਾਂ ਨਾਲ। ਸਹਜਿ—ਆਤਮਕ ਅਡੋਲਤਾ ਵਿਚ। ਸੁਹੇਲੇ—ਸੁਖੀ। ਰਸਨਾ—ਜੀਭ (ਨਾਲ)। ਉਧਾਰਣ—ਪਾਰ ਲੰਘਾਣ ਵਾਸਤੇ। ਭੈ ਸਾਗਰ—ਭਿਆਨਕ ਸਮੁੰਦਰ। ਬੋਹਿਥ—ਜਹਾਜ਼। ਕੇਤੇ—ਬੇਅੰਤ। ਕੰਉ—ਨੂੰ। ਠਾਕੁਰਿ—ਠਾਕੁਰ ਨੇ। ਜਿਨਿ—ਜਿਸਨੇ।੧।

ਅਰਥ :

ਪ੍ਰ: ਹਜ਼ੂਰ ਜੀ! ਜੋ ਕੰਨ ਰੱਬੀ ਜਸ ਨੂੰ ਸੁਣਨ ਵਲੋਂ ਸਖਣੇ ਹਨ, ਉਨ੍ਹਾਂ ਨੂੰ ਤਾਂ ਆਪ ਅਪ੍ਰਮਾਣ ਦੱਸ ਰਹੇ ਹੋ, ਪਰ ਜੋ ਕੰਨ ਸਾਈਂ ਜੀ ਦੀ ਸਿਫ਼ਤ ਸੁਣਦੇ ਹਨ, ਉਨ੍ਹਾਂ ਬਾਰੇ ਆਪ ਜੀ ਦੀ ਕੀ ਰਾਇ ਹੈ?

ਉ: ੧. ਹੇ ਭਾਈਓ! ਜਿਨ੍ਹਾਂ ਮਨੁੱਖਾਂ ਨੇ ਆਪਣੇ ਕੰਨਾਂ ਨਾਲ ਪਰਮੇਸ਼ਰ ਜੀ ਦਾ ਨਾਮ ਸੁਣਿਆ ਹੈ, ਮੈਂ ਉਨ੍ਹਾਂ ਤੋਂ ਸਦਕੇ ਕੁਰਬਾਨ ਜਾਂਦਾ ਹਾਂ।

ਪ੍ਰ: ਕਿਉਂ ਜੀ! ਆਪ ਜੀ ਦੀ ਨਿਗਾਹ ਵਿਚ ਉਹ ਕੌਣ ਲੋਕ ਹਨ ਜੋ ਕਿ ਇਸ ਸੰਸਾਰ ਵਿਚ ਸਦਾ ਸੁਭਾਵਕ ਹੀ ਸੁਖੀਏ ਰਹਿੰਦੇ ਹਨ?

ਉ: ੨. ਹੇ ਮਿੱਤਰੋ! ਜੋ ਲੋਕ ਆਪਣੀ ਜੀਭ ਨਾਲ ਸਦਾ ਪਰਮਾਤਮਾ ਦਾ ਨਾਮ ਜਪਦੇ ਹਨ, ਉਹ ਮਨੁੱਖ ਆਤਮਕ ਅਡੋਲਤਾ ਵਿਚ ਰਹਿ ਕੇ ਸਦਾ ਹੀ ਸੁਖੀ ਜੀਵਨ ਜੀਉਂਦੇ ਹਨ।

੩. (ਹਾਂ) ਉਹ ਸਹਿਜੇ ਹੀ ਸੁਖੀਏ ਹਨ, ਉਹ ਗੁਣਾਂ ਕਰਕੇ ਅਮੋਲਕ ਹਨ। (ਹੇ ਭਾਈ! ਅਜਿਹੇ ਸੱਜਨਾਂ ਬਾਰੇ ਤਾਂ ਇਉਂ ਹੀ ਸਮਝਣਾ ਚਾਹੀਦਾ ਹੈ ਕਿ) ਉਹ ਤਾਂ ਇਸ ਜਗਤ ਦੇ ਲੋਕਾਂ ਦਾ ਉਧਾਰ ਕਰਨ ਆਏ ਹਨ।

੪. ਹੇ ਸੱਜਨੋ! ਇਸ ਭਿਆਨਕ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਵਾਸਤੇ ਪਰਮੇਸ਼ਰ ਦੇ ਚਰਨ ਜਹਾਜ਼ ਰੂਪ ਹੈਨ (ਪਰ ਆਪ ਨਾਮ ਜਪਣ ਵਾਲੇ ਮਨੁੱਖ) ਅਨੇਕਾਂ ਹੀ ਲੋਕਾਂ ਨੂੰ ਪ੍ਰਭੂ ਦੇ ਚਰਨਾਂ ਵਿਚ ਜੋੜ ਕੇ (ਜਿਥੇ ਉਹ ਆਪ ਉਧਾਰਦੇ ਹਨ ਉਥੇ) ਉਹ ਲੋਕਾਂ ਨੂੰ ਭੀ ਪਾਰ ਲੰਘਾ ਦੇਂਦੇ ਹਨ।

੫. (ਹਾਂ) ਜਿਨ੍ਹਾਂ ਉੱਤੇ ਮੇਰੇ ਮਾਲਕ ਨੇ ਕਿਰਪਾ ਕੀਤੀ ਹੈ, ਉਨ੍ਹਾਂ ਦੇ (ਕਰਮਾਂ ਧਰਮਾਂ ਦਾ) ਲੇਖਾ ਪ੍ਰਭੂ ਨੇ ਫੇਰ ਨਹੀਂ ਗਿਣਿਆ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਉਸ ਤੋਂ ਵਾਰਨੇ ਜਾਂਦਾ ਹਾਂ, ਜਿਸਨੇ ਆਪਣੇ ਕੰਨਾਂ ਨਾਲ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਨੂੰ ਸੁਣਿਆ ਹੈ।੧।

ਭਾਵਾਰਥ : ਹਜ਼ੂਰ ਜੀ ਨੇ ਇਸ ਸਲੋਕ ਤੇ ਛੰਤ ਵਿਚ ਸੁਣਨੇ ਦਾ ਜ਼ਿਕਰ ਕੀਤਾ ਹੈ। ਉਹ ਸੁਣਨਾ ਭੀ ਕੇਵਲ ਸੁਣਨ ਮਾਤ੍ਰ ਹੀ ਨਹੀਂ, (ਕਿਉਂਕਿ) ਉਸ ਦੇ ਨਾਮ ਨੂੰ ਤਾਂ ਨਾਸਤਕ ਵੀ ਸੁਣ ਲੈਂਦੇ ਹਨ, ਪਰ ਉਨ੍ਹਾਂ ਦਾ ਸੁਣਿਆ ਪ੍ਰਵਾਨ ਨਹੀਂ ਹੁੰਦਾ। ਸੁਣਨਾ ਉਹੋ ਹੀ ਪ੍ਰਵਾਣ ਹੈ ਜੋ ਸ਼ਰਧਾ ਨਾਲ ਸੁਣਿਆ ਜਾਂਦਾ ਹੈ।

ਸੋ, ਕੰਨ ਉਹ ਪ੍ਰਵਾਣ ਹਨ ਜੋ ਪਰਮੇਸ਼ਰ ਦੀ ਸਿਫ਼ਤ ਸੁਣਦੇ ਹਨ ਅਤੇ ਰਸਨਾ ਉਹ ਸਫਲ ਤੇ ਪ੍ਰਵਾਣੀਕ ਹੈ ਜੋ ਹਰੀ ਦਾ ਜਸ ਸੁਣਦੀ ਹੈ। ਸਿਫ਼ਤਿ-ਸਾਲਾਹ ਕਰਨ ਵਾਲਿਆਂ ਦਾ ਜੀਵਨ ਹੀ ਸਦਾ ਸੁਖਦਾਇਕ ਹੈ।

ਸਲੋਕੁ ॥

੧. ਲੋਇਣ ਲੋਈ ਡਿਠ
ਪਿਆਸ ਨ ਬੁਝੈ ਮੂ ਘਣੀ ॥
੨. ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੧॥

ਪਦ ਅਰਥ : ਲੋਇਣ—ਅੱਖਾਂ (ਨਾਲ)। ਲੋਈ—ਜਗਤ, ਲੋਕ, ਪ੍ਰਕਾਸ਼ ਸਰੂਪ ਪ੍ਰਭੂ। ਪਿਆਸ—ਵੇਖਣ ਦੀ ਲਾਲਸਾ। ਮੂ—ਮੈਨੂੰ, ਮੇਰੀ। ਘਣੀ—ਬਹੁਤੀ। ਬਿਅੰਨਿ—ਹੋਰ ਕਿਸਮ ਦੀਆਂ। ਮਾ ਪਿਰੀ—ਮੇਰਾ ਪਿਆਰਾ।੧।

ਅਰਥ :

ਪ੍ਰ: ਹੇ ਗੁਰੋ! ਜਿਸ ਪ੍ਰਕਾਸ਼ ਸਰੂਪ ਸਾਈਂ ਜੀ ਦੇ ਦਰਸ਼ਨਾਂ ਦੀ ਲਾਲਸਾ ਤੁਹਾਨੂੰ ਦਿਨੇ ਰਾਤ ਬਣੀ ਰਹਿੰਦੀ ਹੈ, ਕੀ ਤੁਸਾਂ ਉਸ ਨੂੰ ਕਦੀ ਅੱਖੀਂ ਭੀ ਡਿੱਠਾ ਹੈ?

ਉ: ੧. ਹਾਂ ਜ਼ਰੂਰ! ਹੇ ਪਿਆਰਿਓ, ਮੈਂ ਉਸ ਪ੍ਰਕਾਸ਼ ਸਰੂਪ ਪ੍ਰਭੂ ਨੂੰ (ਆਪਣੀਆਂ) ਇਨ੍ਹਾਂ ਅੱਖੀਆਂ ਨਾਲ ਪ੍ਰਤੱਖ ਵੇਖਿਆ ਹੈ।

ਪ੍ਰ: ਕਿਉਂ ਜੀ! ਫਿਰ ਤਾਂ ਹੁਣ ਤੁਹਾਡੇ ਅੰਦਰੋਂ ਦਰਸ਼ਨਾਂ ਦੀ ਪਿਆਸ ਬੁੱਝ ਗਈ ਹੋਵੇਗੀ?

ਉ: ਹੇ ਭਾਈਓ! ਉਹ ਸਾਈਂ ਜੀ ਦੇ ਦਰਸ਼ਨਾਂ ਦੀ ਪਿਆਸ ਤਾਂ ਬੁੱਝਦੀ ਹੀ ਨਹੀਂ, ਸੋ ਮੈਂ ਤਾਂ ਵੇਖ ਰਿਹਾ ਹਾਂ ਕਿ ਉਹ ਪਿਆਸ ਮੇਰੇ ਅੰਦਰ ਸਗੋਂ ਬਹੁਤੀ ਹੀ ਹੋ ਰਹੀ ਹੈ।

ਪ੍ਰ: ਗੁਰਦੇਵ ਜੀਓ ! ਜਿਵੇਂ ਤੁਸਾਂ ਉਸ ਸਾਈਂ ਜੀ ਨੂੰ ਇਨ੍ਹਾਂ ਆਪਣੀਆਂ ਪ੍ਰਤੱਖ ਅੱਖਾਂ ਨਾਲ ਵੇਖਿਆ ਹੈ, ਕਿਰਪਾ ਕਰੋ, ਸਾਨੂੰ ਭੀ ਇਨ੍ਹਾਂ ਪ੍ਰਤੱਖ ਅੱਖਾਂ ਨਾਲ ਉਸ ਸਾਈਂ ਜੀ ਨੂੰ ਵਿਖਾ ਦਿਓ।

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਰਾਵੋ ! ਸੁਣੋ, ਸਾਡੀ ਅੱਖੀਆਂ ਕਹਿਣ ਤੋਂ ਮੁਰਾਦ ਇਹ ਬਾਹਰਲੀਆਂ ਪ੍ਰਤੱਖ ਸਰੀਰਕ ਅੱਖਾਂ ਨਹੀਂ, ਸਗੋਂ ਉਹ ਹੋਰ ਅੱਖਾਂ (ਮਨ ਬੁਧ ਰੂਪ) ਹਨ, ਜਿਨ੍ਹਾਂ ਨਾਲ ਕਿ ਉਹ ਮੇਰਾ ਪਿਆਰਾ ਪਤੀ ਦਿੱਸਦਾ ਹੈ (ਭਾਵ ਹੈ ਕਿ ਉਨ੍ਹਾਂ ਅੰਤਰੀਵ ਅੱਖਾਂ ਨੂੰ ਦੁਨੀਆ ਦੇ ਪਦਾਰਥ ਵੇਖਣ ਦੀ ਲਾਲਸਾ ਨਹੀਂ ਹੁੰਦੀ।੧।

ਛੰਤੁ ॥

੧. ਜਿਨੀ ਹਰਿ ਪ੍ਰਭੁ ਡਿਠਾ
ਤਿਨ ਕੁਰਬਾਣੇ ਰਾਮ ॥
੨. ਸੇ ਸਾਚੀ ਦਰਗਹ ਭਾਣੇ ਰਾਮ ॥
੩. ਠਾਕੁਰਿ ਮਾਨੇ ਸੇ ਪਰਧਾਨੇ
ਹਰਿ ਸੇਤੀ ਰੰਗਿ ਰਾਤੇ ॥
੪. ਹਰਿ ਰਸਹਿ ਅਘਾਏ ਸਹਜਿ ਸਮਾਏ
ਘਟਿ ਘਟਿ ਰਮਈਆ ਜਾਤੇ ॥
੫. ਸੇਈ ਸਜਣ ਸੰਤ ਸੇ ਸੁਖੀਏ
ਠਾਕੁਰ ਅਪਣੇ ਭਾਣੇ ॥
੬. ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ
ਤਿਨ ਕੈ ਸਦ ਕੁਰਬਾਣੇ ॥੨॥

ਪਦ ਅਰਥ : ਕੁਰਬਾਣੇ—ਸਦਕੇ। ਸੇ—ਉਹ। ਭਾਣੇ—ਪਸੰਦ ਆਉਂਦੇ ਹਨ। ਠਾਕੁਰਿ—ਠਾਕੁਰ ਨੇ। ਮਾਨੇ—ਆਦਰ ਦਿੱਤਾ। ਪਰਧਾਨੇ—ਮੰਨੇ ਪ੍ਰਮੰਨੇ। ਸੇਤੀ—ਨਾਲ। ਰੰਗਿ—ਪ੍ਰੇਮ ਰੰਗ ਵਿਚ। ਰਾਤੇ—ਰੰਗੇ ਰਹਿੰਦੇ ਹਨ। ਰਸਹਿ—ਰਸ ਨਾਲ। ਅਘਾਏ—ਤ੍ਰਿਪਤ। ਸਹਜਿ—ਆਤਮਕ ਅਡੋਲਤਾ ਵਿਚ। ਘਟਿ ਘਟਿ—ਹਰੇਕ ਘਟ ਵਿਚ। ਤਿਨ ਕੈ—ਉਨ੍ਹਾਂ ਤੋਂ। ਸਦ—ਸਦਾ।੨।

ਅਰਥ :

ਪ੍ਰ: ਹੇ ਗੁਰੋ ! ਆਪ ਜੀ ਵਾਂਗੂੰ ਜਿਸ ਕਿਸੇ ਹੋਰ ਨੇ ਵੀ ਆਪਣੀਆਂ ਅੰਤਰੀਵ ਅੱਖਾਂ ਨਾਲ ਦਰਸ਼ਨ ਕੀਤਾ ਹੈ, ਉਨ੍ਹਾਂ ਲਈ ਤੁਹਾਡੇ ਮਨ ਵਿਚ ਕਿਤਨਾ ਕੁ ਸਤਿਕਾਰ ਹੈ ?

ਉ: ੧. ਹੇ ਭਰਾਵੋ ! ਜਿਨ੍ਹਾਂ ਸਾਦਕਾਂ ਨੇ ਆਪਣੀਆਂ ਅੰਤਰੀਵ (ਮਨ ਬੁੱਧੀ) ਰੂਪ ਅੱਖੀਆਂ ਦੁਆਰਾ ਉਸ ਪਿਆਰੇ ਹਰੀ ਜੀ ਨੂੰ ਵੇਖਿਆ ਹੈ, ਮੈਂ ਤਾਂ ਉਨ੍ਹਾਂ ਤੋਂ ਕੁਰਬਾਨ ਹਾਂ, ਸਦਕੇ ਹਾਂ।

ਪ੍ਰ: ਕਿਉਂ ਜੀ ! ਕੀ ਉਹ ਤੁਹਾਥੋਂ ਬਿਨਾ ਕਿਸੇ ਹੋਰ ਨੂੰ ਭੀ ਚੰਗੇ ਲੱਗਦੇ ਹਨ ?

ਉ: ੨. (ਹਾਂ ਜ਼ਰੂਰ) ਹੇ ਪਿਆਰਿਓ ! ਉਹ ਸਿਰਫ ਇਸੇ ਲੋਕ ਵਿਚ ਹੀ ਨਹੀਂ, ਉਹ ਤਾਂ ਸਗੋਂ ਜਦ ਇਸ ਲੋਕ ਨੂੰ ਛੱਡ ਰੱਬ ਦੀ ਸੱਚੀ ਦਰਗਾਹ ਵਿਚ ਜਾਂਦੇ ਹਨ, (ਉਹ ਵੱਡਭਾਗੀ) ਉਥੇ ਵੀ ਪਸੰਦ ਕੀਤੇ ਜਾਂਦੇ ਹਨ, (ਭਾਵ) ਸਾਰਿਆਂ ਨੂੰ ਹੀ ਚੰਗੇ ਲੱਗਦੇ ਹਨ।

੩. ਜਿਨ੍ਹਾਂ ਮਨੁੱਖਾਂ ਨੂੰ ਪਰਮੇਸ਼ਰ ਨੇ ਮਾਨੋ (ਪ੍ਰਵਾਨ) ਕਰ ਲਿਆ ਹੈ, ਉਹ (ਹਰ ਥਾਂ) ਹੀ ਮੰਨੇ ਪ੍ਰਮੰਨੇ ਜਾਂਦੇ ਹਨ, (ਉਹ ਸਦਾ ਹੀ) ਹਰੀ ਦੇ ਪ੍ਰੇਮ ਰੰਗ ਵਿਚ ਰਤੇ ਰਹਿੰਦੇ ਹਨ।

੪. ਉਨ੍ਹਾਂ ਮਨੁੱਖਾਂ ਨੂੰ ਉਸ ਸਾਈਂ ਜੀ ਦੇ ਨਾਮ ਦਾ ਅਜਿਹਾ ਰਸ ਆਇਆ ਹੈ ਕਿ ਉਹ ਨਾਮ ਰਸ ਦੀ ਬਰਕਤ ਨਾਲ (ਦੁਨੀਆ ਦੇ ਪਦਾਰਥਾਂ ਵਲੋਂ) ਰਜੇ ਰਹਿੰਦੇ ਹਨ, ਇਸੀ ਕਰ ਕੇ ਉਹ ਸਦਾ ਸਹਿਜ ਵਿਚ ਸਮਾਏ ਹੋਏ ਹਨ, ਭਾਵ ਅਡੋਲਤਾ ਵਿਚ ਟਿਕੇ ਰਹਿੰਦੇ ਹਨ, ਇਸ ਤਰ੍ਹਾਂ ਉਨ੍ਹਾਂ ਨੇ ਇਸ ਪਰਮੇਸ਼ਰ ਨੂੰ ਹਰ ਸਰੀਰ ਵਿਚ ਵਸਦਾ ਪਛਾਣ ਲਿਆ ਹੈ।

੫. ਹੇ ਪਿਆਰੇ ! ਅਸੀਂ ਤਾਂ ਇਉਂ ਹੀ ਸਮਝਿਆ ਹੈ ਕਿ ਉਹੀ ਸਹੀ ਸੰਤ ਹਨ, ਉਹੀ ਸੱਜਣ ਹਨ ਅਤੇ (ਸੰਸਾਰ ਵਿਚ) ਸੁਖੀਏ ਭੀ ਉਹੀ ਹਨ, ਜੋ ਕਿ ਉਸ ਆਪਣੇ ਪ੍ਰਭੂ ਨੂੰ ਭਾ ਗਏ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਇਸ ਤਰ੍ਹਾਂ ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਦੇਖਿਆ ਹੈ, ਮੈਂ ਉਨ੍ਹਾਂ ਤੋਂ ਸਦਾ ਹੀ ਸਦਕੇ ਜਾਂਦਾ ਹਾਂ।੨।

ਭਾਵਾਰਥ : ਹਜ਼ੂਰ ਉਪਰਲੀਆਂ ਸੱਤਰਾਂ ਵਿਚ ਦੋ ਤਰ੍ਹਾਂ ਦੀਆਂ ਅੱਖਾਂ ਦੱਸ ਰਹੇ ਹਨ। ਕੋਈ ਉਸ ਨੂੰ ਦ੍ਰਿਸ਼ਟਮਾਨ ਰੂਪ ਕਰ ਕੇ ਦੇਖ ਰਹੇ ਹਨ ਜਾਂ ਵਿੱਦਿਆ ਦੇ ਨੇਤ੍ਰਾਂ ਨਾਲ ਤੱਕ ਰਹੇ ਹਨ ਅਤੇ ਦਾਰਸ਼ਨਿਕ ਦਲੀਲਾਂ ਨਾਲ ਸਾਬਤ ਕਰਦੇ ਹਨ, ਪਰ ਅਸਲ ਦੇਖਣਾ ਹੋਰ ਹੈ, ਜੋ ਸਦਾ ਹੀ ਹਰੀ ਦੇ ਰੰਗ ਵਿਚ ਰਤੇ ਰਹਿਣਾ ਹੈ, ਜੋ ਹਰੀ ਦੇ ਰਸ ਵਿਚ ਤ੍ਰਿਪਤ ਰਹਿਣਾ ਹੈ, ਜੋ ਸਦੀਵੀ ਕਾਲ ਸਹਿਜ ਵਿਚ ਸਮਾਏ ਰਹਿਣਾ ਹੈ।

ਸਲੋਕੁ ॥

੧. ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ ॥
੨. ਨਾਨਕ ਸਫਲ ਜਨੰਮੁ
ਜੈ ਘਟਿ ਵੁਠਾ ਸਚੁ ਧਣੀ ॥੧॥

ਪਦ ਅਰਥ : ਦੇਹ—ਸਰੀਰ। ਅੰਧਾਰੀ ਅੰਧ—ਮੋਹ ਦੇ ਅੰਧੇਰੇ ਵਿਚ ਅੰਨ੍ਹੀ, ਦੋ ਵਾਰ 'ਅੰਧਾਰੀ ਅੰਧ' ਕਹਿਣ ਤੋਂ ਭਾਵ ਹੈ ਕਿ ਮੂਲੋਂ ਹੀ ਅੰਨ੍ਹੀ ਹੈ, ਭਾਵ ਹੈ ਕਿ ਉਸ ਵਿਚ ਮਨ ਬੁਧੀ ਦੇ ਹੁੰਦਿਆਂ ਭੀ ਉਹ ਅਗਿਆਨ ਵਿਚ ਹੈ, ਕਾਰਣ ਇਹ ਹੈ ਕਿ ਮਨ ਬੁਧੀ ਵਿਚ ਗਿਆਨ ਦਾ ਪ੍ਰਵੇਸ਼ ਨਾਮ ਦੀ ਵਿੱਦਿਆ ਨਾਲ ਹੋਣਾ ਸੀ, ਉਸ ਤੋਂ ਉਹ ਸਖਣੇ ਹਨ। ਵਿਹੂਣੀਆ—ਸਖਣੀ। ਜੈ ਘਟਿ—ਜਿਸ ਦੇ ਹਿਰਦੇ ਵਿਚ। ਵੁਠਾ—ਆ ਵਸਿਆ। ਸਚੁ ਧਣੀ—ਸੱਚਾ ਮਾਲਕ।੧।

ਅਰਥ :

ਪ੍ਰ: ਹੇ ਗੁਰੋ ! ਦੇਹਾਂ ਤਾਂ ਹਰ ਮਨੁੱਖ ਦੀਆਂ ਇਕ ਹੀ ਪੰਜਾਂ ਤੱਤਾਂ ਤੋਂ ਬਣੀਆਂ ਹਨ, ਕੀ ਆਪ ਇਸ ਵਿਚ ਭੀ ਕੋਈ ਅੰਤਰਾ ਸਮਝਦੇ ਹੋ ?

ਉ: ੧. (ਹਾਂ ਜ਼ਰੂਰ) ਹੇ ਭਾਈਓ! ਇਸ ਵਿਚ ਤਾਂ ਕੋਈ ਸੰਸਾ ਨਹੀਂ ਕਿ ਦੇਹਾਂ ਤਾਂ ਸਾਰੀਆਂ ਹੀ ਇਕੋ ਪੰਜਾਂ ਤੱਤਾਂ ਤੋਂ ਬਣੀਆਂ ਹਨ, ਪਰ ਜੋ ਦੇਹ ਪਰਮੇਸ਼ਰ ਦੇ ਨਾਮ (ਸਿਮਰਨ ਵਲੋਂ) ਸਖਣੀ ਹੈ, ਸਮਝੋ ਕਿ ਉਹ ਮਾਇਆ ਦੇ ਮੋਹ ਦੇ ਅੰਧੇਰੇ ਵਿਚ ਅੰਨ੍ਹੀ ਹੋਈ ਰਹਿੰਦੀ ਹੈ (ਜਿਸ ਕਰਕੇ) ਉਸ ਨੂੰ ਨਿਸਫਲ ਹੀ ਸਮਝਣਾ ਚਾਹੀਦਾ ਹੈ।

ਪ੍ਰ: ਕਿਉਂ ਜੀ! ਆਪ ਜੀ ਜਨਮ ਕਿਸ ਦਾ ਸਫਲਾ ਮੰਨਦੇ ਹੋ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਸ ਮਨੁੱਖ ਦਾ ਜੀਵਨ ਸਫਲ ਹੈ, ਜਿਸ ਦੇ ਹਿਰਦੇ ਅੰਦਰ ਸਦਾ ਸੱਚਾ ਕਾਇਮ ਰਹਿਣ ਵਾਲਾ ਮਾਲਕ ਆ ਵਸਦਾ ਹੈ।੧।

ਛੰਤੁ ॥

੧. ਤਿਨ ਖੰਨੀਐ ਵੰਞਾਂ
ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥
੨. ਜਨ ਚਾਖਿ ਅਘਾਣੇ
ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥
੩. ਹਰਿ ਮਨਹਿ ਮੀਠਾ ਪ੍ਰਭੂ ਤੂਠਾ
ਅਮਿਉ ਵੂਠਾ ਸੁਖ ਭਏ ॥
੪. ਦੁਖ ਨਾਸ ਭਰਮ ਬਿਨਾਸ
ਤਨ ਤੇ ਜਪਿ ਜਗਦੀਸ ਈਸਹ ਜੈ ਜਏ ॥
੫. ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥
੬. ਕਹੁ ਨਾਨਕ ਤਿਨ ਖੰਨੀਐ ਵੰਞਾ
ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥

ਪਦ ਅਰਥ : ਵੰਞਾ—ਵੰਞਾਂ, ਮੈਂ ਜਾਂਦਾ ਹਾਂ। ਖੰਨੀਐ ਵੰਞਾਂ—ਮੈਂ ਟੋਟੇ-ਟੋਟੇ ਹੋ ਕੇ ਸਦਕੇ ਜਾਂਦਾ ਹਾਂ। ਚਾਖਿ-(ਨਾਮ ਰਸ) ਚੱਖ ਕੇ। ਅਘਾਣੇ—ਰੱਜ ਜਾਂਦੇ ਹਨ। ਅੰਮ੍ਰਿਤੁ—ਅਮਰ ਕਰ ਦੇਣ ਵਾਲਾ ਨਾਮ ਜਲ। ਮਨਹਿ—ਮਨ ਵਿਚ। ਤੂਠਾ—ਪ੍ਰਸੰਨ ਹੁੰਦਾ ਹੈ। ਅਮਿਉ—ਅੰਮ੍ਰਿਤ। ਤਨ ਤੇ—ਤਨ ਤੋਂ। ਜਗਦੀਸ—ਜਗਤ ਦਾ ਮਾਲਕ। ਈਸਹ ਜੈ ਜਏ—ਮਾਲਕ ਦੀ ਜੈ ਜੈਕਾਰ। ਜਪਿ—ਜਪ ਕੇ, ਆਖ ਕੇ। ਸੰਗੁ—ਸਾਥ। ਜਿਨ ਘਟਿ—ਜਿਨ੍ਹਾਂ ਦੇ ਹਿਰਦੇ ਵਿਚ।੩।

ਅਰਥ :

ਪ੍ਰ: ਹਜ਼ੂਰ! ਉਹ ਲੋਕ ਤਾਂ ਬਹੁਤ ਹੀ ਘਟ ਹਨ, ਜਿਨ੍ਹਾਂ ਨੇ ਹਰੀ ਪ੍ਰਭੂ ਦੇ ਦਰਸ਼ਨ ਕੀਤੇ ਹੋਣ, ਪਰ ਜੋ ਮਨੁੱਖ ਦਰਸ਼ਨ ਕਰਨ ਵਾਲੇ ਹਨ, ਉਨ੍ਹਾਂ ਦਾ ਆਪ ਜੀ ਦੇ ਦਿਲ ਵਿਚ ਕਿਤਨਾ ਕੁ ਸਤਿਕਾਰ ਹੈ?

ਉ: ੧. ਹੇ ਸੱਜਨੋ! ਮੈਂ ਤਾਂ ਉਨ੍ਹਾਂ ਮਨੁੱਖਾਂ ਤੋਂ ਸਦਕੇ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਮੇਰੇ ਹਰੀ ਪ੍ਰਭੂ ਦਾ ਦਰਸ਼ਨ ਕਰ ਲਿਆ ਹੈ।

ਪ੍ਰ: (ਕਿਉਂ ਜੀ) ਉਨ੍ਹਾਂ ਦੀ ਪਛਾਣ ਕੀ ਹੈ?

ਉ: ੨. ਹੇ ਭਾਈਓ! ਉਹ ਮਨੁੱਖ ਪਰਮੇਸ਼ਰ ਦੇ ਨਾਮ ਦਾ ਰਸ ਚੱਖ ਕੇ, (ਦੁਨੀਆ ਦੇ ਪਦਾਰਥਾਂ ਵਲੋਂ) ਰੱਜ ਜਾਂਦੇ ਹਨ ਅਤੇ ਉਨ੍ਹਾਂ ਨੂੰ ਅਮਰ ਜੀਵਨ ਦੇਣ ਵਾਲਾ ਨਾਮ ਜਲ ਹੀ ਮਿੱਠਾ ਲੱਗਦਾ ਹੈ।

੩. ਹਾਂ! ਜਿਨ੍ਹਾਂ ਦੇ ਮਨ ਵਿਚ ਉਹ ਮਿੱਠਾ ਪ੍ਰਭੂ ਪ੍ਰਸੰਨ ਹੋ ਗਿਆ ਹੈ, (ਸਮਝੋ) ਉਥੇ ਅੰਮ੍ਰਿਤ ਵਸ ਪਿਆ ਹੈ ਅਤੇ ਉਨ੍ਹਾਂ ਨੂੰ ਸਾਰੇ ਸੁੱਖ ਪ੍ਰਾਪਤ ਹੋ ਆਏ ਹਨ।

੪. (ਕਿਉਂਕਿ) ਉਨ੍ਹਾਂ ਨੇ ਜਗਤ ਦੇ ਮਾਲਕ ਦਾ ਸਿਮਰਨ ਕੀਤਾ ਹੈ, ਇਸੇ ਲਈ ਉਨ੍ਹਾਂ ਦੇ ਮਨ ਦੇ ਭਰਮ ਮਿਟ ਗਏ ਹਨ ਅਤੇ ਤਨ ਤੋਂ ਵੀ ਸਾਰੇ ਦੁੱਖ ਨਾਸ ਹੋ ਗਏ ਹਨ। ਹੁਣ ਤ੍ਰਿਲੋਕੀ ਵਿਚ ਉਨ੍ਹਾਂ ਦਾ ਜੈ ਜੈਕਾਰ ਹੋ ਰਿਹਾ ਹੈ।

ਪ੍ਰ: ਕਿਉਂ ਜੀ! ਇਹ ਸਭੋ ਕੁਝ ਉਨ੍ਹਾਂ ਨੂੰ ਪ੍ਰਾਪਤ ਕਿਵੇਂ ਹੋ ਗਿਆ?

ਉ: ੫. ਹੇ ਭਾਈ! ਉਹ ਇਸ ਲਈ ਕਿ ਉਹ ਮੋਹ ਤੋਂ ਰਹਿਤ ਹੋ ਗਏ ਹਨ। (ਉਨ੍ਹਾਂ ਦੇ ਅੰਦਰ ਵਸ ਰਹੇ) ਵਿਕਾਰ ਵੀ ਥੱਕ ਗਏ, (ਅਰਥਾਤ) ਵਿਕਾਰ ਅੰਦਰੋਂ ਮਿਟ ਗਏ ਅਤੇ ਉਨ੍ਹਾਂ ਦਾ ਕਾਮ ਕ੍ਰੋਧ ਆਦਿ ਪੰਜਾਂ ਤੋਂ ਵੀ ਸੰਗ ਤੁਟ ਗਿਆ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਮੈਂ ਉਨ੍ਹਾਂ ਤੋਂ ਟੋਟੇ-ਟੋਟੇ ਹੋ ਕੇ ਸਦਕੇ ਹੋ ਜਾਵਾਂ, ਜਿਨ੍ਹਾਂ ਦੇ ਹਿਰਦੇ ਅੰਦਰ ਮੇਰਾ ਹਰੀ ਪ੍ਰਭੂ ਵਸ ਪਿਆ ਹੈ।੩।

ਭਾਵਾਰਥ : ਇਸ ਉਪਰੋਕਤ ਸਲੋਕ ਛੰਤੁ ਵਿਚ ਹਜ਼ੂਰ ਜੀ ਨੇ ਨਾਮ ਤੋਂ ਸਖਣੇ ਮਨੁੱਖਾਂ ਦੀ ਦਸ਼ਾ ਦਾ ਵਰਣਨ ਕੀਤਾ ਹੈ ਅਤੇ ਨਾਮ ਸਿਮਰਨ ਦੁਆਰਾ ਜੋ ਉੱਚੀ ਅਵਸਥਾ ਵਿਚ ਜਾ ਟਿਕੇ ਹਨ, ਉਨ੍ਹਾਂ ਦੀ ਅਵਸਥਾ ਦਾ ਭੀ ਜ਼ਿਕਰ ਕੀਤਾ ਹੈ।

ਸਲੋਕੁ ॥

੧. ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥
੨. ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥੧॥

ਪਦ ਅਰਥ : ਲੋੜੀਦੇ—ਰਾਮ ਨੂੰ ਚੰਗੇ ਲੱਗਦੇ ਹਨ। ਸੇਈ—ਓਹੀ। ਕਾਂਢਿਆ—ਅਖਵਾਂਦੇ ਹਨ। ਜਾਣੇ—ਜਾਣ, ਸਮਝ। ਸਤਿ—ਸੱਚ। ਬਾਹਰਾ—ਵਖਰਾ।੧।

ਅਰਥ :

ਪ੍ਰ: ਹੇ ਗੁਰੋ! ਆਪਣੇ ਆਪ ਨੂੰ ਸਾਈਂ ਜੀ ਦੇ ਸੇਵਕ ਅਖਵਾਉਣ ਵਾਲੇ ਤਾਂ ਕਈ ਰੂਪਾਂ ਵਿਚ ਵੇਖੀਦੇ ਹਨ, ਪਰ ਗੁਰਮਤਿ ਅਨੁਸਾਰ ਤੁਸੀਂ ਰਾਮ ਦੇ ਸੇਵਕ ਕਿਸ ਨੂੰ ਆਖਦੇ ਹੋ?

ਉ: ੧. ਹੇ ਭਾਈਓ! (ਗੁਰਮਤਿ ਅਨੁਸਾਰ ਤਾਂ) ਰਾਮ ਦੇ ਸੇਵਕ ਉਨ੍ਹਾਂ ਨੂੰ ਹੀ ਆਖੀਦਾ ਹੈ, ਜੋ (ਸਦਾ) ਹੀ ਰਾਮ ਨੂੰ ਲੋਚਦੇ ਹਨ, ਭਾਵ ਜੋ ਪਰਮੇਸ਼ਰ ਦੇ ਪਿਆਰੇ ਹਨ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਆ! (ਤੂੰ ਇਸ ਨੂੰ) ਸਤ ਕਰ ਕੇ ਜਾਣ ਕਿ ਵਾਹਿਗੁਰੂ ਅਜੇਹੇ ਸੇਵਕ ਸੰਤਾਂ ਤੋਂ ਵੱਖਰਾ ਨਹੀਂ।੧।

ਛੰਤੁ ॥

੧. ਮਿਲਿ ਜਲੁ ਜਲਹਿ ਖਟਾਨਾ ਰਾਮ ॥
੨. ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥
੩. ਸੰਮਾਇ ਪੂਰਨ ਪੁਰਖ ਕਰਤੇ
ਆਪਿ ਆਪਹਿ ਜਾਣੀਐ ॥

੪. ਤਹ ਸੁੰਨਿ ਸਹਜਿ ਸਮਾਧਿ ਲਾਗੀ
ਏਕੁ ਏਕੁ ਵਖਾਣੀਐ ॥
੫. ਆਪਿ ਗੁਪਤਾ ਆਪਿ ਮੁਕਤਾ
ਆਪਿ ਆਪੁ ਵਖਾਨਾ ॥
੬. ਨਾਨਕ ਭ੍ਰਮ ਭੈ ਗੁਣ ਬਿਨਾਸੇ
ਮਿਲਿ ਜਲੁ ਜਲਹਿ ਖਟਾਨਾ ॥੪॥੨॥

ਪਦ ਅਰਥ : ਮਿਲਿ—ਮਿਲ ਕੇ। ਜਲਹਿ—ਜਲ ਵਿਚ। ਖਟਾਨਾ—ਇਕ ਰੂਪ ਹੋ ਜਾਂਦਾ ਹੈ। ਸੰਗਿ—ਨਾਲ। ਜੋਤੀ—ਪਰਮਾਤਮਾ। ਜੋਤਿ—ਜੀਵ ਦੀ ਆਤਮਾ। ਸਮਾਇ—ਸਮਾ ਲਏ ਹਨ, ਮਿਲਾ ਲਏ ਹਨ। ਕਰਤੇ—ਕਰਤਾਰ ਨੇ। ਆਪਹਿ—ਆਪ ਹੀ। ਜਾਨਿਐ—ਜਾਣਿਆ ਜਾਂਦਾ ਹੈ। ਤਹ—ਉਥੇ, ਉਨ੍ਹਾਂ ਦੇ ਹਿਰਦੇ ਵਿਚ। ਸੁੰਨ—ਵਿਕਾਰਾਂ ਵਲੋਂ ਸੁੰਞ। ਸਹਜਿ—ਆਤਮਿਕ ਅਡੋਲਤਾ ਵਿਚ। ਵਖਾਣੀਐ—ਵਖਾਣਿਆ ਜਾਂਦਾ ਹੈ, ਸਿਫ਼ਤਿ-ਸਾਲਾਹ ਹੁੰਦੀ ਹੈ। ਗੁਪਤਾ—ਲੁਕਿਆ ਹੋਇਆ। ਮੁਕਤਾ—ਮਾਇਆ ਦੇ ਮੋਹ ਤੋਂ ਰਹਿਤ। ਆਪੁ—ਆਪਣੇ ਆਪ ਨੂੰ। ਗੁਣ—ਮਾਇਆ ਦੇ ਤਿੰਨ ਗੁਣ।੪।

ਅਰਥ :

ਪ੍ਰ: ਹਜ਼ੂਰ ਜੀਉ ! ਅਜੇਹੇ ਸੰਤਾਂ ਨੂੰ ਆਖ਼ਰ ਇਸ ਦਾ ਫਲ ਕੀ ਮਿਲਦਾ ਹੈ ?

ਉ: ੧. ਹੇ ਮਿੱਤਰੋ ! ਜਿਵੇਂ ਜਲ ਵਿਚ ਮਿਲ ਕੇ ਜਲ ਇਕ ਰੂਪ ਹੋ ਜਾਂਦਾ ਹੈ।
੨. ਤਿਵੇਂ ਹੀ ਸੰਤਾਂ ਦੀ ਜੋਤ, ਜੋਤੀ ਸਰੂਪ ਵਾਹਿਗੁਰੂ ਜੀ ਵਿਚ ਮਿਲ ਕੇ ਇਕੋ ਰੂਪ, ਭਾਵ ਅਭੇਦ ਹੋ ਜਾਂਦੀ ਹੈ।

ਪ੍ਰ: ਕਿਉਂ ਜੀ ! ਫਿਰ ਉਨ੍ਹਾਂ ਦੀ ਮਾਨਸਕ ਦਸ਼ਾ ਕਿਹੋ ਜਿਹੀ ਹੋ ਜਾਂਦੀ ਹੈ ?

ਉ: ੩. ਹੇ ਸੱਜਨ ਜਨੋ ! ਜਿਸ ਸੇਵਕ ਨੂੰ ਉਸ ਪੂਰਨ ਪੁਰਖ ਸਰਵ ਵਿਆਪਕ ਸਾਈਂ ਜੀ ਨੇ ਆਪਣੇ ਵਿਚ ਲੀਨ ਕਰ ਲਿਆ, ਉਸ ਨੂੰ ਇਹ ਸੋਝੀ ਆ ਜਾਂਦੀ ਹੈ ਕਿ (ਹਰ ਥਾਂ) ਪਰਮੇਸ਼ਰ ਆਪ ਹੀ ਆਪ ਹੈ।
੪. ਉਸ ਥਾਂ ਪੁੱਜ ਕੇ ਉਸ ਦੀ ਅਜੇਹੀ ਸਮਾਧੀ ਲੱਗ ਜਾਂਦੀ ਹੈ ਕਿ ਉਸ ਦੇ ਹਿਰਦੇ ਵਿਚ ਇਕੋ ਇਕ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਹੁੰਦੀ ਰਹਿੰਦੀ ਹੈ।

ਪ੍ਰ: ਹਜ਼ੂਰ ਜੀ ! ਇਹ ਦੱਸੋ ਕਿ ਉਸ ਦੇ ਅੰਦਰ ਪ੍ਰਪੱਕ ਨਿਸਚਾ ਕਿਸ ਰੂਪ ਵਿਚ ਬਣਿਆ ਰਹਿੰਦਾ ਹੈ ?

ਉ: ੫. ਹੇ ਪਿਆਰੇ ! ਉਸਦੇ ਅੰਤਰ ਆਤਮੇ ਇਹ ਦ੍ਰਿੜ੍ਹ ਵਿਸ਼ਵਾਸ ਬਣਿਆ ਰਹਿੰਦਾ ਹੈ ਕਿ ਉਹ ਸਾਈਂ ਜੀ ਸਾਰੇ ਜਗਤ ਵਿਚ ਆਪ ਹੀ ਲੁਕਿਆ ਹੋਇਆ ਹੈ ਅਤੇ ਆਪ ਹੀ ਉਹ ਮਾਇਆ ਦੇ ਮੋਹ ਤੋਂ ਨਿਰਲੇਪ ਵਰਤਦਾ ਹੈ, ਉਹ ਆਪ ਹੀ ਆਪ ਨੂੰ ਵਰਣਨ ਕਰਦਾ ਹੈ, ਭਾਵ ਸਿਮਰਦਾ ਹੈ।

ਪ੍ਰ: ਕਿਉਂ ਜੀ ! ਉਸ ਅਵਸਥਾ ਵਿਚ ਪੁੱਜੇ ਹੋਏ ਸਾਦਕ ਨੂੰ ਕੀ ਪ੍ਰਤੀਤੀ ਹੁੰਦੀ ਹੈ ?

ਉ: ੬. ਹੇ ਸੱਜਨੋ ! ਉਥੇ ਪ੍ਰਤੀਤੀ ਕੀ ਹੋਣੀ ਸੀ, (ਕਿਉਂਕਿ) ਉਸ ਅਵਸਥਾ ਵਿਚ ਪੁੱਜ ਕੇ ਤਾਂ ਮਨੁੱਖ ਦੇ ਅੰਦਰੋਂ ਭਰਮ, ਡਰ ਅਤੇ ਮਾਇਆ ਦੇ ਤਿੰਨੇ ਹੀ ਗੁਣ ਨਾਸ ਹੋ ਜਾਂਦੇ ਹਨ, ਇਸੀ ਕਰਕੇ ਉਸ ਮੇਲ ਨੂੰ ਕਹੀਦਾ ਹੈ ਕਿ ਜਲ ਵਿਚ ਮਿਲ ਕੇ ਤਤ ਰੂਪ ਹੋ ਗਿਆ ਹੈ।੪।੨।

ਭਾਵਾਰਥ : ਸਲੋਕ ਦੇ ਅਰੰਭ ਵਿਚ ਕਥਨ ਕਰਦੇ ਹਨ ਕਿ 'ਸੇਵਕ' ਕੌਣ ਹੈ ? ਸੇਵਕ ਉਸ ਨੂੰ ਕਹਿੰਦੇ ਹਨ ਕਿ ਜੋ ਸਦਾ ਹੀ ਉਸੇ ਸਾਈਂ ਜੀ ਨੂੰ ਪਿਆਰ ਕਰਦੇ ਹਨ, ਉਹ ਸੇਵਕ ਸੰਤ ਸਾਈਂ ਜੀ ਦਾ ਸਰੂਪ ਹੀ ਹਨ, ਉਹ ਉਸ ਤੋਂ ਵਖਰੇ ਨਹੀਂ ਹਨ।

ਵਡਹੰਸੁ ਮਹਲਾ ੫ ॥

੧. ਪ੍ਰਭ ਕਰਣ ਕਾਰਣ ਸਮਰਥਾ ਰਾਮ ॥
੨. ਰਖੁ ਜਗਤੁ ਸਗਲ ਦੇ ਹਥਾ ਰਾਮ ॥
੩. ਸਮਰਥ ਸਰਣਾ ਜੋਗੁ ਸੁਆਮੀ
ਕ੍ਰਿਪਾ ਨਿਧਿ ਸੁਖਦਾਤਾ ॥
੪. ਹੰਉ ਕੁਰਬਾਣੀ ਦਾਸ ਤੇਰੇ
ਜਿਨੀ ਏਕੁ ਪਛਾਤਾ ॥
੫. ਵਰਨੁ ਚਿਹਨੁ ਨ ਜਾਇ ਲਖਿਆ
ਕਥਨ ਤੇ ਅਕਥਾ ॥
੬. ਬਿਨਵੰਤਿ ਨਾਨਕ ਸੁਣਹੁ ਬਿਨਤੀ
ਪ੍ਰਭ ਕਰਣ ਕਾਰਣ ਸਮਰਥਾ ॥੧॥

ਪਦ ਅਰਥ : ਕਰਣ—ਸ੍ਰਿਸ਼ਟੀ। ਕਾਰਣ—ਮੂਲ। ਸਮਰਥਾ—ਸਭ ਤਾਕਤਾਂ ਵਾਲਾ। ਸਗਲ—ਸਾਰਾ। ਦੇ—ਦੇ ਕੇ। ਸਰਣਾ ਜੋਗੁ—ਸ਼ਰਨ ਆਏ ਦੀ ਸਹਾਇਤਾ ਕਰ ਸਕਣ ਵਾਲਾ। ਨਿਧਿ—ਖ਼ਜ਼ਾਨਾ। ਹਉ—ਮੈਂ। ਜਿਨੀ—ਜਿਨ੍ਹਾਂ ਨੇ। ਵਰਨੁ—ਰੰਗ। ਚਿਹਨੁ—ਨਿਸ਼ਾਨ। ਕਥਨ ਤੇ—ਬਿਆਨ ਕਰਨ ਤੋਂ।੧।

ਅਰਥ :

ਪ੍ਰ: ਹੇ ਗੁਰੋ ! ਉਹ ਐਸੇ ਸੇਵਕ ਸੰਤ ਜੋ ਸਾਈਂ ਜੀ ਵਿਚ ਅਭੇਦ ਹੋ ਚੁੱਕੇ ਹਨ, ਕੀ ਉਨ੍ਹਾਂ ਦੇ ਅੰਦਰ ਕੋਈ ਮੰਗ ਨਹੀਂ ਰਹਿ ਜਾਂਦੀ ?

ਉ: ੧. ਹੇ ਪਿਆਰਿਓ ! ਉਨ੍ਹਾਂ ਦੇ ਅੰਦਰ ਮੰਗ ਤਾਂ ਹੈ, ਪਰ ਉਨ੍ਹਾਂ ਦੇ ਅੰਤਰ ਆਤਮਾ ਵਿਚ ਕੇਵਲ ਆਪਣੇ ਹੀ ਲਈ ਮੰਗ ਨਹੀਂ, ਉਹ ਤਾਂ ਜਦੋਂ ਵੀ ਪ੍ਰਭੂ ਪਾਸੋਂ ਜਾਚਨਾ ਕਰਦੇ ਹਨ ਤਾਂ ਸਾਰੇ ਜਗਤ ਲਈ ਹੀ ਸਾਂਝੀ ਮੰਗ ਕਰਦੇ ਹਨ ਕਿ ਹੇ ਜਗਤ ਦੇ ਮੂਲ ਸਾਈਂ ਜੀ ! ਹੇ ਸਭਨਾਂ ਤਾਕਤਾਂ ਦੇ ਮਾਲਕ ! (ਤੂੰ ਆਪਣਾ) ਕਿਰਪਾ
੨. ਦਾ ਹੱਥ ਦੇ ਕੇ ਸਾਰੇ ਹੀ ਜਗਤ ਦੀ ਰੱਖਿਆ ਕਰੋ ਜੀ।
੩. ਹੇ ਸ਼ਰਨ ਵਿਚ ਆਏ ਨੂੰ ਸ਼ਰਨ ਦੇਣ ਜੋਗ ਅਤੇ ਸਮਰੱਥ ਸੁਆਮੀ, ਹੇ ਕਿਰਪਾ ਦੇ ਖ਼ਜ਼ਾਨੇ, ਹੇ ਸੁੱਖਾਂ ਦੇ ਦਾਤੇ।
੪. ਮੈਂ ਤੇਰੇ ਉਨ੍ਹਾਂ ਸੇਵਕਾਂ ਤੋਂ ਸਦਾ ਹੀ ਸਦਕੇ ਜਾਂਦਾ ਹਾਂ, ਜਿਨ੍ਹਾਂ ਨੇ ਤੈਨੂੰ ਇਕ ਨੂੰ ਪਛਾਣ ਲਿਆ ਹੈ।

ਪ੍ਰ: ਹਜ਼ੂਰ! ਉਸ ਦੇ ਸਰੂਪ ਬਾਰੇ ਕੁਝ ਲੱਖਤਾ ਤਾਂ ਕਰਾ ਦਿਓ, ਤਾਂਕਿ ਸਮਝ ਸਕੀਏ?

ਉ: ੫. ਹੇ ਭਾਈਓ! ਉਸ ਪ੍ਰਭੂ ਜੀ ਦਾ ਰੰਗ ਤੇ ਕੋਈ ਭੀ ਨਿਸ਼ਾਨ ਦੱਸਿਆ ਨਹੀਂ ਜਾ ਸਕਦਾ, ਕਿਉਂਕਿ ਉਸ ਦਾ ਸਰੂਪ ਹੈ ਹੀ ਬਿਆਨ ਕਰਨ ਤੋਂ ਬਾਹਰ।

ਪ੍ਰ: ਹਜ਼ੂਰ! ਤਾਂ ਫਿਰ ਆਪ ਆਪਣਾ ਉਸ ਬਾਰੇ ਨਿਸਚਾ ਤਾਂ ਕਹਿ ਦਿਓ?

ਉ: ੬. ਬੇਨਤੀ ਪੂਰਵਕ (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਪਿਆਰੇ! ਮੇਰੀ ਬੇਨਤੀ ਸੁਣੋ, (ਮੇਰਾ ਤਾਂ ਇਹੋ ਹੀ ਨਿਸਚਾ ਹੈ ਕਿ) ਉਹ ਪ੍ਰਭੂ ਕਾਰਣਾਂ ਦੇ ਕਰਣ ਵਾਲਾ ਸਮਰੱਥ ਸੁਆਮੀ ਜੀ ਹੈ।੧।

੧. ਏਹਿ ਜੀਅ ਤੇਰੇ ਤੂ ਕਰਤਾ ਰਾਮ ॥
੨. ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ ॥
੩. ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ ਰਖਿ ਲੇਹੁ ਦੀਨ ਦੈਆਲਾ ॥
੪. ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੋਪਾਲਾ ॥
੫. ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ ॥
੬. ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ ॥੨॥

ਪਦ ਅਰਥ : ਇਹਿ—'ਇਹ' ਤੋਂ ਬਹੁ-ਵਚਨ ਹੈ। ਜੀਅ—ਜੀਓ। ਹਰਤਾ—ਰਹਿਤ ਕਰਨ ਵਾਲਾ, ਬਚਾਣ ਵਾਲਾ। ਨਿਵਾਰਿ—ਦੂਰ ਕਰ ਕੇ। ਰਖਿ ਲੇਹੁ—ਬਚਾ ਲੈਂਦਾ ਹੈ। ਦੀਨ ਦੈਆਲਾ—ਦੀਨਾਂ ਉੱਤੇ ਦਇਆ ਕਰਨ ਵਾਲੇ। ਸੁਆਮੀ—ਮਾਲਕ। ਗੋਪਾਲਾ—ਹੇ ਗੋਪਾਲ। ਨਿਧਾਨ—ਖ਼ਜ਼ਾਨੇ। ਬਹੁੜਿ—ਮੁੜ। ਸਭਿ—ਸਾਰੇ।੨।

ਅਰਥ :

ਪ੍ਰ: ਹੇ ਗੁਰੋ! ਵੇਖਣ ਤੇ ਸੁਣਨ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਹਰ ਬੰਦੇ ਦੀ ਮੰਗ ਕੇਵਲ ਆਪਣੇ ਲਈ ਹੀ ਹੋਇਆ ਕਰਦੀ ਹੈ, ਪਰ ਸਾਈਂ ਜੀ ਦੇ ਸੇਵਕਾਂ ਦੀ ਮੰਗ ਸਾਰੇ ਜਗਤ ਲਈ ਸਾਂਝੀ ਹੋਣ ਵਿਚ ਕੀ ਰਾਜ਼ ਹੈ?

ਉ: ੧. ਹੇ ਭਾਈਓ! ਅਸਲ ਵਿਚ ਸਾਰੇ ਸੰਸਾਰ ਦੇ ਲੋਕਾਂ ਦੀ ਸਮ-ਦ੍ਰਿਸ਼ਟੀ ਨਹੀਂ, ਇਸੇ ਲਈ ਉਨ੍ਹਾਂ ਦੇ ਅੰਦਰੋਂ ਖ਼ੁਦਗਰਜ਼ੀ ਦੀ ਮੰਗ ਹੀ ਜਨਮ ਲੈਂਦੀ ਹੈ, ਪਰ ਹਾਂ! ਸਾਈਂ ਜੀ ਦੇ ਸੇਵਕਾਂ ਦੇ ਅੰਦਰੋਂ ਭੇਦ ਭਾਵ ਮਿੱਟ ਗਿਆ ਹੁੰਦਾ ਹੈ। ਉਨ੍ਹਾਂ ਦੀ ਸਮ-ਦ੍ਰਿਸ਼ਟੀ ਵਿਚੋਂ ਇਸੇ ਰੂਪ ਦੀ ਸਾਰਿਆਂ ਦੇ ਭਲੇ ਲਈ ਅਰਦਾਸ ਨਿਕਲਦੀ ਹੈ ਕਿ ਹੇ ਪ੍ਰਭੂ ਜੀ! ਇਹ ਸਾਰੇ ਹੀ (ਸੰਸਾਰ ਦੇ) ਜੀਵ ਤੇਰੇ ਹਨ, ਤੂੰ ਇਨ੍ਹਾਂ ਦੇ ਪੈਦਾ ਕਰਨ ਵਾਲਾ ਹੈਂ।

੨. ਹੇ ਸਾਈਂ ਜੀ! (ਇਨ੍ਹਾਂ ਜੀਵਾਂ ਨੂੰ) ਤੂੰ ਆਪ ਹੀ ਦੁੱਖਾਂ, ਕਲੇਸ਼ਾਂ, ਭਰਮਾਂ ਤੋਂ ਬਚਾਣ ਵਾਲਾ ਹੈਂ।

੩. ਹੇ ਦੀਨਾਂ ਉੱਤੇ ਦਇਆ ਕਰਨ ਵਾਲੇ, ਤੂੰ ਸਾਰੇ ਹੀ ਜੀਵਾਂ ਦੇ ਭਰਮ, ਦੁੱਖ, ਕਲੇਸ਼ ਇਕ ਖਿਨ ਵਿਚ ਦੂਰ ਕਰ ਕੇ ਬਚਾਅ ਲੈਂਦਾ ਹੈਂ, (ਮਿਹਰ ਕਰਕੇ ਇਨ੍ਹਾਂ ਸਭ ਨੂੰ ਰੱਖ ਲੈ)।

੪. ਹੇ ਪ੍ਰਿਥਵੀ ਦੇ ਮਾਲਕ ਜੀ! ਤੂੰਹੀ ਤਾਂ ਸਾਰੇ ਸੰਸਾਰ ਦੇ ਜੀਵਾਂ ਦਾ ਮਾਂ ਪਿਉ, ਮਾਲਕ ਤੇ (ਸੱਜਨ) ਮਿੱਤ੍ਰ ਹੈਂ, ਇਹ ਸਾਰਾ ਜਗਤ ਹੀ ਤੇਰੇ ਬੱਚੇ ਹਨ।

੫. ਹੇ ਸਾਈਂ ਜੀ! ਮੈਨੂੰ ਤਾਂ ਵਿਸ਼ਵਾਸ ਹੈ ਕਿ ਜਿਹੜਾ ਮਨੁੱਖ ਭੀ ਆਪ ਜੀ ਦੀ ਸ਼ਰਨ ਆਉਂਦਾ ਹੈ ਉਹ (ਤੇਰੇ ਦਰ ਤੋਂ ਤੇਰੇ) ਗੁਣਾਂ ਦੇ ਖ਼ਜ਼ਾਨੇ ਹਾਸਲ ਕਰ ਲੈਂਦਾ ਹੈ। ਉਹ ਮੁੜ ਕੇ ਨਾ ਕਦੀ ਜੰਮਦਾ ਹੈ, ਨਾ ਹੀ ਮਰਦਾ ਹੈ।

੬. ਹੇ ਪ੍ਰਭੂ! ਨਾਨਕ ਤੇਰਾ ਦਾਸ ਬੇਨਤੀ ਕਰਦਾ ਹੈ ਕਿ ਇਹ ਸਾਰੇ ਜੀਵ ਤੇਰੇ ਹਨ, ਤੂੰ ਇਨ੍ਹਾਂ ਸਭਨਾਂ ਦਾ ਪੈਦਾ ਕਰਨ ਵਾਲਾ ਹੈਂ।੨।

੧. ਆਠ ਪਹਰ ਹਰਿ ਧਿਆਈਐ ਰਾਮ ॥
੨. ਮਨ ਇਛਿਅੜਾ ਫਲੁ ਪਾਈਐ ਰਾਮ ॥
੩. ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ ॥
੪. ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ ॥
੫. ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
੬. ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥

ਪਦ ਅਰਥ : ਧਿਆਈਐ—ਸਿਮਰਨਾ ਚਾਹੀਦਾ ਹੈ। ਇਛਿਅੜਾ—ਚਿਤਵਿਆ। ਪਾਈਐ—ਪਾ ਲਈਦਾ ਹੈ। ਮਨ ਇਛ—ਮਨ ਦੀ ਕਾਮਨਾ। ਮਿਟਹਿ—ਮਿਟ ਜਾਂਦੇ ਹਨ। ਤ੍ਰਾਸਾ—ਡਰ। ਸਾਧ ਸੰਗਾਇਆ—ਸਾਧ ਸੰਗਤ ਵਿਚ। ਤਜਿ—ਤਜ ਕੇ, ਤਿਆਗ ਕੇ। ਸਗਲੇ—ਸਾਰੇ। ਮਨਿ—ਮਨ ਵਿਚ। ਭਾਈਐ—ਭਾ ਜਾਈਦਾ ਹੈ, ਪਿਆਰਾ ਲੱਗ ਪਈਦਾ ਹੈ। ਰੈਣੀ—ਰਾਤ।੩।

ਅਰਥ :

ਪ੍ਰ: ਸ੍ਰੀ ਜੀਉ! ਸਾਈਂ ਜੀ ਦੇ ਸਿਮਰਨ ਦਾ ਕੋਈ ਖ਼ਾਸ ਸਮਾਂ ਦੱਸੋ।

ਉ: ੧. ਹੇ ਭਾਈਓ! ਉਂਝ ਤਾਂ ਜਦੋਂ ਭੀ ਸਮਾਂ ਮਿਲ ਸਕੇ, ਸਿਮਰਨ ਕਰਦੇ ਰਹੋ, ਪਰ ਚਾਹੀਦਾ ਤਾਂ ਇਹੋ ਹੈ ਕਿ ਅੱਠੇ ਪਹਿਰ (ਹਰ ਵੇਲੇ) ਪਰਮੇਸ਼ਰ ਜੀ ਦਾ ਸਿਮਰਨ ਕਰਦੇ ਰਿਹਾ ਕਰੋ।

ਪ੍ਰ: ਇਸ ਸਿਮਰਨ ਦਾ ਫਲ ਕੀ ਮਿਲ ਸਕੇਗਾ?

ਉ: ੨. ਹੇ ਭਾਈ! ਅੱਠੇ ਪਹਿਰ ਸਿਮਰਨ ਦੀ ਬਰਕਤ ਨਾਲ (ਪ੍ਰਭੂ ਦੇ ਦਰ ਤੋਂ) ਮਨ ਵਿਚ ਜੋ ਭੀ ਚਿਤਵੀਏ, ਉਹੋ ਫਲ ਪ੍ਰਾਪਤ ਕਰ ਲਈਦਾ ਹੈ।

੩. (ਇਸ ਲਈ) ਹੇ ਭਾਈ! ਪਰਮੇਸ਼ਰ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ, ਜਿਸ ਕਰ ਕੇ ਮਨ ਦੀ ਇੱਛਾ ਪਾ

ਲਈਦੀ ਹੈ। ਇਸੇ ਸਿਮਰਨ ਦੁਆਰਾ ਜਮਾਂ ਦੇ ਡਰ ਦੂਰ ਹੋ ਜਾਂਦੇ ਹਨ।

੪. ਹੇ ਮਿੱਤਰੋ! ਜਿਸ ਮਨੁੱਖ ਨੇ ਸਾਧ ਸੰਗਤ ਵਿਚ ਜਾ ਕੇ ਗੋਬਿੰਦ ਦੇ ਗੁਣ ਗਾਇਨ ਕੀਤੇ ਹਨ, ਉਨ੍ਹਾਂ ਦੀ ਆਸਾ ਪੂਰਨ ਹੋ ਗਈ ਹੈ।

ਪ੍ਰ: ਕਿਉਂ ਜੀ! ਕੀ ਸਾਧ ਸੰਗਤ ਵਿਚ ਮਿਲ ਕੇ ਸਿਮਰਨ ਕਰਨ ਵਾਲੇ ਸਾਰੇ ਪ੍ਰਭੂ ਦੇ ਮਨ ਨੂੰ ਭਾ ਜਾਂਦੇ ਹਨ?

ਉ: ੫. ਹੇ ਪਿਆਰੇ! ਉਸ ਸਾਈਂ ਜੀ ਦੇ ਮਨ ਵਿਚ ਤਾਂ ਉਹੋ ਹੀ ਸਿਮਰਨ ਕਰਨ ਵਾਲੇ ਭਾਉਂਦੇ ਹਨ, ਜੋ ਹੰਕਾਰ, ਮੋਹ ਤੇ ਸਾਰੇ ਵਿਕਾਰਾਂ ਦਾ ਤਿਆਗ ਕਰਕੇ ਸਾਈਂ ਜੀ ਦਾ ਨਾਮ ਸਿਮਰਨ ਕਰਦੇ ਹਨ।

੬. (ਇਸ ਲਈ) ਸ੍ਰੀ (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਭਾਈਓ! ਦਿਨੇ ਰਾਤੀ ਸਦਾ ਹੀ ਪਰਮੇਸ਼ਰ ਦਾ ਸਿਮਰਨ ਕਰੀਏ, ਹਰਿ ਹਰਿ ਨੂੰ ਧਿਆਈਏ, (ਅਰਥਾਤ ਸਦਾ ਹੀ ਵਾਹਿਗੁਰੂ ਜੀ ਦਾ ਨਾਮ ਸਿਮਰੀਏ।੩।

੧. ਦਰਿ ਵਾਜਹਿ ਅਨਹਤ ਵਾਜੇ ਰਾਮ ॥
੨. ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥
੩. ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥
੪. ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ ॥
੫. ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ ॥
੬. ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥੪॥੩॥

ਪਦ ਅਰਥ : ਦਰਿ—ਦਰ ਵਿਚ, ਹਿਰਦੇ ਵਿਚ। ਵਾਜਹਿ—ਵਜਦੇ ਹਨ। ਅਨਹਦ—ਇਕ ਰਸ, ਲਗਾਤਾਰ, ਹਰ ਵੇਲੇ। ਵਾਜੇ—ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਵਾਜੇ। ਘਟਿ ਘਟਿ—ਹਰੇਕ ਘਟ ਵਿਚ। ਗਾਜੇ—ਗਜਦਾ (ਦਿੱਸਦਾ) ਹੈ, ਪ੍ਰਤੱਖ ਵਸਦਾ ਦਿੱਸਦਾ ਹੈ। ਬਿਰਾਜੇ—ਵਸਦਾ ਹੈ। ਅਗਮ—ਅਪਹੁੰਚ। ਅਗੋਚਰੁ—ਆ-ਗੋ-ਚਰੁ। ਗੋ—ਗਿਆਨ ਇੰਦ੍ਰੇ। ਚਰੁ—ਪਹੁੰਚ, ਜਿਸ ਤਕ ਗਿਆਨ-ਇੰਦ੍ਰੀਆਂ ਦੀ ਪਹੁੰਚ ਨਾ ਹੋ ਸਕੇ। ਨ ਸਕੈ ਪਹੂਚਾ—ਪਹੁੰਚ ਨਹੀਂ ਸਕਦਾ। ਉਪਾਏ—ਪੈਦਾ ਕਰਦਾ ਹੈ। ਪ੍ਰਤਿਪਾਲੈ—ਪਾਲਣਾ ਕਰਦਾ ਹੈ। ਸਭਿ—ਸਾਰੇ। ਨਾਮਿ—ਨਾਮ ਵਿਚ ਜੁੜਿਆਂ। ਵਜਹਿ—ਵਜਦੇ ਹਨ।੪।

ਅਰਥ :

ਪ੍ਰ: ਹੇ ਗੁਰਦੇਵ ਜੀਉ! ਤੁਸੀਂ ਫ਼ੁਰਮਾਂਦੇ ਹੋ ਕਿ ਉਹ ਪਰਮੇਸ਼ਰ ਹਰ ਸਰੀਰ ਵਿਚ ਵਸਦਾ ਹੈ, ਪਰ ਉਹ ਸਾਰਿਆਂ ਨੂੰ ਹੀ ਕਿਉਂ ਨਹੀਂ ਦਿੱਸਦਾ?

ਉ: ੧. ਹੇ ਪਿਆਰਿਓ! ਵਸਦਾ ਤਾਂ ਉਹ ਹਰ ਸਰੀਰ ਵਿਚ ਹੀ ਹੈ, ਪਰ ਜਿਸ ਮਨੁੱਖ ਦੇ ਹਿਰਦੇ ਵਿਚ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਦੇ ਸਦਾ ਹੀ ਵਾਜੇ ਵਜਦੇ ਹਨ,

੨. ਉਸੇ ਨੂੰ ਹੀ ਪਰਮੇਸ਼ਰ ਹਰੇਕ ਸਰੀਰ ਵਿਚ ਪ੍ਰਤੱਖ ਵਸਦਾ ਦਿੱਸ ਆਉਂਦਾ ਹੈ।

੩. (ਇਸ ਲਈ) ਹੇ ਪਿਆਰੇ! ਉਹ ਪਰਮਾਤਮਾ ਤਾਂ ਹਰ ਸਰੀਰ ਵਿਚ ਪ੍ਰਤੱਖ ਵਸ ਰਿਹਾ ਹੈ, ਪਰ ਹਾਂ! ਕਿਸੇ ਸਿਆਣਪ ਚਤਰਾਈ ਦੇ ਆਸਰੇ ਉਸ ਤਕ ਪਹੁੰਚ ਨਹੀਂ ਹੋ ਸਕਦੀ ਅਤੇ ਨਾ ਹੀ ਉਸ ਤਕ ਮਨੁੱਖ ਦੇ ਗਿਆਨ-ਇੰਦ੍ਰਿਆਂ ਦੀ ਪਹੁੰਚ ਹੀ ਹੋ ਸਕਦੀ ਹੈ, ਉਹ ਸਭ ਤੋਂ ਉੱਚਾ ਹੈ।

ਪ੍ਰ: ਕਿਉਂ ਜੀ! ਤਾਂ ਫਿਰ ਉਸ ਦੇ ਗੁਣ ਹੀ ਬਿਆਨ ਕਰੋ, ਤਾਂ ਕਿ ਕੁਝ ਸਮਝ ਪੈ ਸਕੇ।

ਉ: ੪. ਹੇ ਸੱਜਨੋ! ਉਸ ਸਾਈਂ ਜੀ ਵਿਚ ਬੇਅੰਤ ਗੁਣ ਹਨ ਅਤੇ ਉਸ ਦੇ ਸਰੂਪ ਬਾਰੇ ਵੀ ਕੁਝ ਕਿਹਾ ਨਹੀਂ ਜਾ ਸਕਦਾ, ਕੋਈ ਵੀ ਮਨੁੱਖ ਉਸ ਦੇ ਗੁਣਾਂ ਦੇ ਅਖ਼ੀਰ ਤਕ ਨਹੀਂ ਪਹੁੰਚ ਸਕਦਾ।

ਪ੍ਰ: ਹੇ ਗੁਰਦੇਵ ਜੀਉ! ਉਸ ਪ੍ਰਭੂ ਬਾਰੇ ਕੁਝ ਤਾਂ ਜ਼ਰੂਰ ਹੀ ਕਹੋ।

ਉ: ੫. ਹੇ ਭਾਈਓ! ਜੇ ਕੁਝ ਕਹਿਣਾ ਹੀ ਪਵੇ ਤਾਂ ਫਿਰ ਇਉਂ ਹੀ ਕਹਿ ਸਕਦੇ ਹਾਂ ਕਿ ਉਹ ਪਰਮੇਸ਼ਰ ਆਪ ਹੀ ਸਭ ਨੂੰ ਪੈਦਾ ਕਰਦਾ ਹੈ, ਆਪ ਹੀ ਪਾਲਣਾ ਕਰਦਾ ਹੈ (ਅਤੇ ਇਹ ਸਾਰੇ ਜਗਤ ਦੇ) ਜੀਵ ਜੰਤ ਉਸ ਦੇ ਆਪ ਹੀ ਬਣਾਏ ਹਨ।

ਪ੍ਰ: ਹਜ਼ੂਰ! ਸਦੀਵੀ ਸੁੱਖ ਪ੍ਰਾਪਤੀ ਲਈ ਆਪ ਦਾ ਨਿੱਜੀ ਤਜਰਬਾ ਕੀ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਸਾਈਂ ਜੀ ਦੇ ਨਾਮ ਸਿਮਰਨ ਦੁਆਰਾ ਕੀਤੀ ਹੋਈ ਭਗਤੀ ਵਿਚ ਹੀ ਸਦੀਵੀ ਸੁੱਖ ਹੈ ਤੇ ਇਸ ਤਰ੍ਹਾਂ ਹਿਰਦੇ ਵਿਚ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਇਕ ਰਸ ਮਾਨੋ ਵਾਜੇ ਵਜ ਪੈਂਦੇ ਹਨ।੪।੩।

ਭਾਵਾਰਥ : ਸ਼ਬਦ ਦੇ ਆਰੰਭ ਵਿਚ ਹਜ਼ੂਰ ਜੀ ਨੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਸਾਰੇ ਹੀ ਸੰਸਾਰ ਦੀ ਰੱਖਿਆ ਲਈ ਅਰਦਾਸ ਕੀਤੀ ਹੈ। ਵਾਹਿਗੁਰੂ ਜੀ ਨੂੰ ਮਾਤਾ ਪਿਤਾ ਰੂਪ ਬਿਆਨ ਕਰਦਿਆਂ ਜਗਤ ਨੂੰ ਉਸ ਦੇ ਬੱਚੇ ਕਥਨ ਕੀਤਾ ਹੈ ਅਤੇ ਕਰਤਾਰ ਨੂੰ ਜਗਤ ਦਾ ਕਰਤਾ ਸਿਰਜਣਹਾਰ ਕਹਿੰਦਿਆਂ ਜਗਤ ਦੇ ਲੋਕਾਂ ਦੀ ਰੱਖਿਆ ਲਈ ਸਿਫ਼ਾਰਸ਼ ਕੀਤੀ ਗਈ ਹੈ।

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ

ੴ ਸਤਿਗੁਰ ਪ੍ਰਸਾਦਿ ॥

੧. ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥
੨. ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥
੩. ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥

੪. ਕਾਂਇਆ ਹੰਸ ਥੀਆ ਵੇਛੋੜਾ
ਜਾਂ ਦਿਨ ਪੁੰਨੇ ਮੇਰੀ ਮਾਏ ॥
੫. ਜੇਹਾ ਲਿਖਿਆ ਤੇਹਾ ਪਾਇਆ
ਜੇਹਾ ਪੁਰਬਿ ਕਮਾਇਆ ॥
੬. ਧੰਨੁ ਸਿਰੰਦਾ ਸਚਾ ਪਾਤਿਸਾਹੁ
ਜਿਨਿ ਜਗੁ ਧੰਧੈ ਲਾਇਆ ॥੧॥

ਅਲਾਹਣੀਆਂ ਪਦ ਦਾ ਮੂਲ ਸੰਸਕ੍ਰਿਤ ਪਦ 'ਆਲਾਪਨ' ਹੈ, ਜਿਸ ਦੇ ਅਰਥ ਹਨ: ਗਾਇਨ ਵਿਚ ਕਥਨ ਕਰਨਾ, ਸੁਰਾਂ ਦਾ ਗਾਇਨ ਵਿਚ ਵਿਸਥਾਰ ਕਰਨਾ, ਜੋ ਅਕਸਰ ਰਾਗ ਭੇਦ ਕਰਕੇ ਹੁੰਦਾ ਹੈ। ਇਸ ਅਲਾਹਣੀਆਂ ਪਦ ਦਾ ਵਰਤਾਉ ਸ਼ੋਕਮਈ ਗੀਤਾਂ ਲਈ ਰੂੜ੍ਹੀ ਹੋ ਗਿਆ ਹੈ—ਕਿਸੇ ਪ੍ਰਾਣੀ ਦੇ ਮਰਨ 'ਤੇ ਗਾਏ ਜਾਣ ਵਾਲੇ ਗੀਤ। ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਭਾਈਚਾਰੇ ਦੀਆਂ ਜ਼ਨਾਨੀਆਂ ਮਿਲ ਕੇ ਰੋਂਦੀਆਂ ਹਨ, ਮਰਾਸਣ ਉਸ ਮਰੇ ਪ੍ਰਾਣੀ ਦੀ ਸਿਫ਼ਤ ਵਿਚ ਕਵਿਤਾ ਜਿਹੀ ਵਾਂਗ ਕੋਈ ਤੁੱਕ ਸੁਰ ਵਿਚ ਪੜ੍ਹਦੀ ਹੈ, ਉਸ ਦੇ ਪਿੱਛੇ-ਪਿੱਛੇ ਉਹੀ ਤੁੱਕ ਸਾਰੀਆਂ ਜ਼ਨਾਨੀਆਂ ਰਲ ਕੇ ਸੁਰ ਵਿਚ ਹੀ ਪੜ੍ਹਦੀਆਂ ਹਨ ਤੇ ਨਾਲ-ਨਾਲ ਥੋੜ੍ਹਾ-ਥੋੜ੍ਹਾ ਪਿੱਟਦੀਆਂ ਹਨ। ਉਹ ਪਿੱਟਣਾ ਭੀ ਤਾਲ ਸਿਰ ਹੁੰਦਾ ਹੈ। ਮਰਾਸਣ ਦੇ ਉਸ ਗੀਤ ਨੂੰ ਅਲਾਹਣੀਆਂ ਕਿਹਾ ਜਾਂਦਾ ਹੈ। ਇਨ੍ਹਾਂ ਅਲਾਹਣੀਆਂ ਵਿਚ ਗ਼ਮ ਵਧਣ ਦੇ ਭਾਵ, ਨਾ-ਸ਼ੁਕਰੀ ਦੇ ਖ਼ਿਆਲ ਤੇ ਵਾਪਰੇ ਦੁੱਖ ਉਪਰ ਹੋਰ ਦੁਖੀ ਹੋਣ ਦੀ ਤਾਸੀਰ ਹੁੰਦੀ ਹੈ। ਸਤਿਗੁਰੂ ਜੀ ਨੇ ਇਸ ਰੋਣ ਪਿਟਣ ਵਲੋਂ ਵਰਜ ਕੇ ਪਰਮੇਸ਼ਰ ਦੀ ਰਜ਼ਾ ਵਿਚ ਤੁਰਨ ਤੇ ਦੁਖਦਾਈ ਅਸਰਾਂ ਤੋਂ ਬਚਣ ਦੇ ਭਾਵ ਰੱਖੇ ਹਨ, ਵਾਹਿਗੁਰੂ ਜੀ ਦੇ ਗੁਣ ਕਥਨ ਕੀਤੇ ਹਨ ਤੇ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਨ ਦਾ ਉਪਦੇਸ਼ ਦਿੱਤਾ ਹੈ, ਜੋ ਕਿ ਪਿਆਰਿਆਂ ਤੋਂ ਵਿਛੜੇ ਦੁਖੀਏ ਉੱਚੇ ਖ਼ਿਆਲਾਂ ਵਿਚ ਆ ਕੇ ਪਰਮੇਸ਼ਰ ਦਾ ਭਾਣਾ ਮੰਨਣ ਜਾਂ ਇਉਂ ਹੀ ਸਮਝੋ ਕਿ ਪ੍ਰਾਣੀ ਦੇ ਮਰਨ ਤੋਂ ਗਾਵੀਆਂ ਅਲਾਹਣੀਆਂ ਲੱਗੇ ਘਾਉ ਨੂੰ ਵਧਾਉਂਦੀਆਂ ਹਨ ਤੇ ਇਹ ਅਲਾਹਣੀਆਂ ਮਲ੍ਹਮ ਹਨ ਜੋ ਕਿ ਲੱਗੇ ਘਾਉ ਨੂੰ ਠੰਡ ਪਾਉਂਦੀਆਂ ਹਨ। ਇਨ੍ਹਾਂ ਗੁਰੂ ਸਾਹਿਬ ਦੀਆਂ ਅਲਾਹਣੀਆਂ ਵਿਚ 'ਧੰਨੁ ਸਿਰੰਦਾ ਸਚਾ ਪਾਤਿਸਾਹੁ' ਤੋਂ ਸ਼ੁਰੂ ਕਰਨਾ ਹੀ ਪਰਗਟ ਕਰਦਾ ਹੈ ਕਿ ਇਨ੍ਹਾਂ ਵਿਚ ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਹੀ ਸਿਖਾਈ ਗਈ ਹੈ ਤੇ ਮਿਲੇ ਰਹਿਣ ਦਾ ਵਲ ਦੱਸਿਆ ਹੈ।

ਪਦ ਅਰਥ : ਧੰਨੁ—ਵਡਿਆਵਣ ਜੋਗ। ਸਿਰੰਦਾ—ਪੈਦਾ ਕਰਨ ਵਾਲਾ, ਸਿਰਜਨਹਾਰ, ਰਚਨਹਾਰ। ਸਚਾ—ਸਦਾ-ਥਿਰ ਰਹਿਣ ਵਾਲਾ। ਜਿਨਿ—ਜਿਸ ਪ੍ਰਭੂ ਨੇ। ਧੰਧੈ—(ਮਾਇਆ ਦੇ) ਆਹਰ ਵਿਚ। ਮੁਹਲਤਿ—ਮਿਲਿਆ ਸਮਾਂ, ਭਾਵ ਜਗਤ ਵਿਚ ਰਹਿਣ ਦਾ ਸਮਾਂ। ਪੁਨੀ—ਪੁੰਨੀ, ਪੁੱਜ ਗਈ, ਪੂਰੀ ਹੋ ਗਈ। ਪਾਈ—ਪੜੋਪੀ। ਭਰੀ—ਘੜੀ ਦੀ ਪਿਆਲੀ। ਇਸ ਦੇ ਹੇਠ ਛੇਕ ਹੁੰਦਾ ਹੈ ਜਿਸ ਦੇ ਰਾਹੀਂ ਪਿਆਲੀ ਵਿਚ ਪਾਣੀ ਆਉਂਦਾ ਰਹਿੰਦਾ ਹੈ। ਪੂਰੇ ਇਕ ਘੰਟੇ ਵਿਚ ਪਿਆਲੀ ਪਾਣੀ ਨਾਲ ਭਰ ਕੇ ਪਾਣੀ ਵਿਚ ਡੁੱਬ ਜਾਂਦੀ ਹੈ। ਖ਼ਾਲੀ ਕਰ ਕੇ ਪਿਆਲੀ ਫਿਰ ਪਾਣੀ ਉੱਤੇ ਰੱਖ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਇਕ-ਇਕ ਘੰਟੇ ਦਾ ਸਮਾਂ ਮਲੂਮ ਹੁੰਦਾ ਰਹਿੰਦਾ ਹੈ। ਜਾਨੀਅੜਾ—ਪਿਆਰਾ ਸਾਥੀ ਜੀਵਾਤਮਾ। ਘਤਿ—ਫੜ ਕੇ। ਚਲਾਇਆ—ਅੱਗੇ ਲਾ ਲਿਆ ਜਾਂਦਾ ਹੈ। ਵੀਰ ਸਬਾਏ—ਸਾਰੇ ਵੀਰ, ਸਾਰੇ ਸੱਜਣ ਸੰਬੰਧੀ। ਹੰਸ—ਜੀਵਾਤਮਾ। ਪੁੰਨੇ—ਪੁੱਗ ਗਏ, ਮੁੱਕ ਗਏ। ਮਾਏ—ਹੇ ਮਾਂ। ਪੁਰਬਿ—ਮਰਣ ਤੋਂ ਪਹਿਲੇ ਸਮੇਂ ਵਿਚ।੧।

ਅਰਥ :

ਪ੍ਰ: ਹੇ ਗੁਰੋ! ਜਦੋਂ ਅਸੀਂ ਸੰਸਾਰੀ ਲੋਕਾਂ ਨੂੰ ਜਗਤ ਦੇ ਮਨੁੱਖਾਂ ਦੀ ਮਹਿਮਾ ਕਰਦੇ ਸੁਣਦੇ ਹਾਂ, ਤਾਂ ਕੋਈ ਮਨੁੱਖ ਕਿਸੇ ਸੰਸਾਰੀ ਧਨਵਾਨ ਨੂੰ ਸਲਾਹ ਰਿਹਾ ਹੁੰਦਾ ਹੈ, ਕੋਈ ਕਿਸੇ ਸੰਸਾਰੀ ਪਾਤਸ਼ਾਹ ਨੂੰ ਧੰਨ ਧੰਨ ਕਹਿ ਕੇ ਪੁਕਾਰ ਰਿਹਾ ਹੁੰਦਾ ਹੈ, ਪਰ ਹਜ਼ੂਰ ਆਪ ਜੀ ਕਿਸ ਨੂੰ ਧੰਨਤਾ ਯੋਗ ਸਮਝਦੇ ਹੋ?

ਉ: ੧. ਹੇ ਭਾਈਓ! ਅਸੀਂ ਤਾਂ ਜਦੋਂ ਵੀਚਾਰ ਦ੍ਰਿਸ਼ਟੀ ਨਾਲ ਤੱਕਦੇ ਹਾਂ, ਤਾਂ ਸਾਨੂੰ ਨਾ ਹੀ ਕੋਈ ਧਨਵਾਨ ਹੀ ਧੰਨਤਾ ਜੋਗ ਨਜ਼ਰ ਆਉਂਦਾ ਹੈ ਅਤੇ ਨਾ ਹੀ ਕੋਈ ਸੰਸਾਰੀ ਪਾਤਸ਼ਾਹ, ਕਿਉਂਕਿ ਇਹ ਕੂੜੀ ਦੁਨੀਆ ਦੇ ਚਾਰ ਦਿਨਾਂ ਲਈ ਕੂੜੇ ਮਹਿਮਾਨ ਹਨ, ਸੋ ਕੂੜੀ ਵਸਤੂ ਨੂੰ ਧੰਨਤਾ ਯੋਗ ਕਹਿਣਾ ਅਗਿਆਨਤਾ ਹੈ। ਇਸ ਲਈ ਅਸੀਂ ਤਾਂ ਇਹੋ ਹੀ ਕਵਾਂਗੇ ਕਿ ਧੰਨ ਹੈ ਉਹ ਸੱਚਾ ਪਰਮੇਸ਼ਰ ਪਾਤਸ਼ਾਹ, ਜਿਸ ਰਚਨਹਾਰ ਕਰਤਾਰ ਨੇ ਇਸ ਜਗਤ ਨੂੰ (ਰਚ ਕੇ) ਮਾਇਆ ਦੇ ਧੰਦਿਆਂ ਵਿਚ ਲਾ ਰਖਿਆ ਹੈ, ਸੋ ਉਹੀ ਸੱਚਾ ਪਾਤਸ਼ਾਹ ਵਡਿਆਉਣੇ ਜੋਗ ਹੈ।

ਪ੍ਰ: ਕਿਉਂ ਜੀ! ਉਹ ਕਿਉਂ! (ਉਹ ਇਸ ਲਈ) ਕਿਉਂਕਿ, ਉਹ ਸਦਾ ਕਾਇਮ ਰਹਿਣ ਵਾਲਾ ਹੈ, ਜੀਵ ਵਿਚਾਰੇ ਦੀ ਤਾਂ ਕੋਈ ਪਾਂਇਆਂ ਹੀ ਨਹੀਂ?

ਉ: ੨. ਹੇ ਪਿਆਰਿਓ! ਵੇਖੀਦਾ ਹੈ ਕਿ ਜਦੋਂ ਜੀਵ ਦੇ ਜਗਤ ਵਿਚ ਰਹਿਣ ਦਾ ਸਮਾਂ ਮੁੱਕ ਜਾਂਦਾ ਹੈ, ਤਦ ਭਰੀ ਗਈ ਪੜੋਪੀ (ਦੇ ਪਲਟ ਦੇਣ ਵਾਂਗੂੰ) ਜਾਂ ਇਉਂ ਸਮਝੋ ਕਿ ਜਦੋਂ ਇਸ ਦੀ ਉਮਰ ਦੀ ਪਿਆਲੀ ਭਰ ਜਾਂਦੀ ਹੈ, ਤਾਂ ਇਸ ਸਰੀਰ ਦੇ ਪਿਆਰੇ ਸਾਥੀ, ਭਾਵ ਰੂਹ ਨੂੰ ਜਮਾਂ ਵੱਲੋਂ ਫੜ ਕੇ ਅੱਗੇ ਲਾ ਲਿਆ, ਅੱਗੇ ਤੋਰ ਲਿਆ ਜਾਂਦਾ ਹੈ।

੩. ਹੇ ਭਾਈਓ! ਉਮਰ ਦਾ ਸਮਾਂ ਮੁਕਣ 'ਤੇ, ਜਦੋਂ ਪਰਮੇਸ਼ਰ ਦਾ ਲਿਖਿਆ (ਹੁਕਮ) ਆਉਂਦਾ ਹੈ, ਤਦੋਂ ਜਮਾਂ ਨੇ ਪਿਆਰਾ (ਹੰਸ) ਫੜ ਕੇ ਅੱਗੇ ਤੋਰ ਲਿਆ, ਤਦ ਜਗਤ ਦੇ ਸਾਰੇ ਹੀ ਵੀਰ ਭਾਈ ਰੋਣ ਲੱਗ ਪਏ।

੪. ਹੇ ਮੇਰੀ ਮਾਂ! ਜਦੋਂ ਉਮਰ ਦੇ ਦਿਨ ਮੁੱਕ ਗਏ ਤਾਂ ਸਰੀਰ ਤੇ ਜੀਵਾਤਮਾ ਦਾ (ਸਦਾ ਲਈ) ਵਿਛੋੜਾ ਹੋ ਜਾਂਦਾ ਹੈ।

ਪ੍ਰ: ਹੇ ਗੁਰੋ! ਜ਼ਰਾ ਇਹ ਗੱਲ ਤਾਂ ਸਮਝਾਓ ਕਿ ਉਹ ਸਿਰਜਨਹਾਰ ਪਹਿਲੋਂ ਤਾਂ ਦੇਹ ਤੇ ਜੀਵਾਤਮਾ ਦਾ ਸੰਜੋਗ ਬਣਾ ਦੇਂਦਾ ਹੈ, ਫਿਰ ਉਸੇ ਸੰਜੋਗ ਨੂੰ ਵਿਯੋਗ ਵਿਚ ਬਦਲ ਦੇਂਦਾ ਹੈ, ਇਹ ਕਿਉਂ?

ਉ: ੫. ਹੇ ਭਾਈਓ! ਅਸਲ ਵਿਚ ਤਾਂ ਇਹ ਗੱਲ ਇਉਂ ਹੀ ਸਮਝੀ ਜਾਂਦੀ ਹੈ ਕਿ (ਜੀਵ ਨੇ ਪਹਿਲੇ ਜਨਮ ਵਿਚ) ਜੇਹੋ ਜੇਹੀ

ਕਮਾਈ ਕੀਤੀ ਸੀ, ਉਹੋ ਜੇਹੀ (ਲਿਖੀ ਗਈ ਸੀ) ਜਿਹੋ ਜੇਹੀ ਲਿਖੀ ਗਈ ਉਹੋ ਜੇਹੀ (ਏਸ ਜਨਮ ਵਿਚ ਪਾਈ ਸੀ)। ਸੋ ਜੇਹੋ ਜੇਹੀ ਕਮਾਈ ਹੁਣ ਕੀਤੀ ਤੇਹੋ ਜੇਹੀ ਅੱਗੇ ਮਿਲੇਗੀ।

੬. (ਇਸ ਲਈ) ਹੇ ਪਿਆਰਿਓ! ਆਖ਼ਰ ਵਿਚ ਤਾਂ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਧੰਨ ਹੈ ਉਹ ਸਿਰਜਨਹਾਰ ਸੱਚਾ ਪਾਤਸ਼ਾਹ ਜਿਸ ਨੇ ਇਸ ਜਗਤ ਨੂੰ (ਰਚ ਕੇ) ਮਾਇਆ ਦੇ ਕੰਮਾਂ ਧੰਦਿਆਂ ਵਿਚ ਲਾ ਛੱਡਿਆ ਹੈ।੧।

੧. ਸਾਹਿਬੁ ਸਿਮਰਹੁ ਮੇਰੇ ਭਾਈਹੋ
ਸਭਨਾ ਏਹੁ ਪਇਆਣਾ॥
੨. ਏਥੈ ਧੰਧਾ ਕੂੜਾ ਚਾਰਿ ਦਿਹਾ
ਆਗੈ ਸਰਪਰ ਜਾਣਾ॥
੩. ਆਗੈ ਸਰਪਰ ਜਾਣਾ ਜਿਉ ਮਿਹਮਾਣਾ
ਕਾਹੇ ਗਾਰਬੁ ਕੀਜੈ॥
੪. ਜਿਤੁ ਸੇਵਿਐ ਦਰਗਹ ਸੁਖੁ ਪਾਈਐ
ਨਾਮੁ ਤਿਸੈ ਕਾ ਲੀਜੈ॥
੫. ਆਗੈ ਹੁਕਮੁ ਨ ਚਲੈ ਮੂਲੇ
ਸਿਰਿ ਸਿਰਿ ਕਿਆ ਵਿਹਾਣਾ॥
੬. ਸਾਹਿਬੁ ਸਿਮਰਿਹੁ ਮੇਰੇ ਭਾਈਹੋ
ਸਭਨਾ ਏਹੁ ਪਇਆਣਾ॥੨॥

ਪਦ ਅਰਥ : ਪਇਆਣਾ—ਕੂਚ, ਚਲਾਣਾ, ਸੰਸਾਰ ਤੋਂ ਤੁਰ ਜਾਣਾ, ਭਾਵ ਮੌਤ। ਏਥੈ—ਇਸ ਸੰਸਾਰ ਵਿਚ। ਸਰਪਰ—ਜ਼ਰੂਰ। ਮਿਹਮਾਣਾ—ਪ੍ਰਾਹੁਣਾ। ਗਾਰਬੁ—ਹੰਕਾਰ। ਜਿਤੁ ਸੇਵਿਐ—ਜਿਸ ਦਾ ਸਿਮਰਨ ਕੀਤਿਆਂ। ਮੂਲੇ—ਬਿਲਕੁਲ। ਸਿਰਿ ਸਿਰਿ—ਹਰੇਕ ਦੇ ਸਿਰ ਉੱਤੇ। ਕਿਆ—ਕੀਤਾ, ਆਪੋ ਆਪਣਾ ਕੀਤਾ ਕਰਮ। ਵਿਹਾਣਾ—ਬੀਤਦਾ ਹੈ।੨।

ਅਰਥ :

ਪ੍ਰ: ਸ੍ਰੀ ਜੀਉ! ਆਪ ਜੀ ਨੇ ਉਪਰੋਕਤ ਸ਼ਬਦ ਵਿਚ ਇਹ ਗੱਲ ਸਮਝਾਈ ਹੈ ਕਿ ਜੀਵ ਦੀ ਉਮਰ ਦੇ ਦਿਨ ਪੂਰੇ ਹੋ ਜਾਣ 'ਤੇ ਜੀਵਾਤਮਾਂ ਦਾ ਦੇਹ ਨਾਲੋਂ ਵਿਯੋਗ ਅਵੱਸ਼ ਹੀ ਹੋ ਜਾਣਾ ਹੈ, ਪਰ ਇਸ ਆਪ ਦੇ ਦਿੱਤੇ ਉਪਦੇਸ਼ ਨੂੰ ਸੁਣ ਕੇ ਦੱਸੋ ਸਾਨੂੰ ਕੀ ਕਰਨਾ ਚਾਹੀਦਾ ਹੈ?

ਉ: ੧. ਹੇ ਮੇਰੇ ਭਾਈਓ! ਤੁਹਾਨੂੰ ਇਹੋ ਕੁਝ ਕਰਨਾ ਚਾਹੀਦਾ ਹੈ ਕਿ ਤੁਸੀਂ (ਉਸ ਸਿਰਜਨਹਾਰ) ਸਾਹਿਬ ਨੂੰ 'ਸਦਾ ਹੀ' ਸਿਮਰੋ, ਕਿਉਂਕਿ (ਇਸ ਦੁਨੀਆ ਤੋਂ) ਕੂਚ ਤਾਂ ਸਭਨਾਂ ਨੇ ਹੀ ਕਰ ਜਾਣਾ ਹੈ।

ਪ੍ਰ: ਹਜ਼ੂਰ ਜੀ! ਅਸੀਂ ਸਿਰਜਨਹਾਰ ਨੂੰ ਸਿਮਰਦੇ ਰਹਿਣਾ ਤਾਂ ਸਦਾ ਹੀ ਚਾਹੁੰਦੇ ਹਾਂ, ਪਰ ਇਸ ਸੰਸਾਰ ਦੇ ਧੰਧੇ ਇਸ 'ਤੇ ਟੁਰਨ ਹੀ ਨਹੀਂ ਦੇਂਦੇ।

ਉ: ੨. ਹੇ ਪਿਆਰਿਓ! ਤੁਸੀਂ ਆਪ ਹੀ ਵੀਚਾਰ ਕਰਕੇ ਵੇਖ ਲਓ ਕਿ ਇਸ ਦੁਨੀਆ ਵਿਚ ਮਾਇਆ ਦੇ ਕੰਮ ਕਾਜ ਝੂਠੇ ਅਤੇ ਚਾਰ ਕੁ ਦਿਨ ਰਹਿਣ ਵਾਲੇ ਹਨ, ਭਾਵ ਥੋੜ੍ਹੇ ਸਮੇਂ ਲਈ ਹਨ, (ਯਾਦ ਰੱਖੋ) ਅੱਗੇ (ਪ੍ਰਲੋਕ ਵਿਚ) ਜ਼ਰੂਰ ਹੀ ਚਲੇ ਜਾਣਾ ਹੈ।

੩. ਹੇ ਭਾਈ! ਇਹ ਜੀਵ ਇਸ ਲੋਕ ਵਿਚ (ਕਿਸੇ ਆਏ) ਪ੍ਰਾਹੁਣੇ ਵਾਂਗੂੰ ਹੈ, (ਇਸ ਲਈ) ਇਥੋਂ ਕਿਸੇ ਦਿਨ ਇਸ ਨੇ ਜ਼ਰੂਰ ਹੀ ਅੱਗੇ ਪ੍ਰਲੋਕ ਵਿਚ ਚਲੇ ਜਾਣਾ ਹੈ। ਸੋ (ਜਦੋਂ ਇਥੋਂ ਚਲੇ ਹੀ ਜਾਣਾ ਹੈ, ਤਾਂ ਫਿਰ ਦੱਸੋ, ਕਿਸੇ ਵੀ ਧਨ ਪਦਾਰਥ ਦਾ ਮਾਣ ਕਿਸ ਲਈ ਕਰੀਏ, ਭਾਵ ਮਾਣ ਕਰਨਾ ਵਿਅਰਥ ਹੈ।

ਪ੍ਰ: ਹਜ਼ੂਰ! ਦੱਸੋ ਆਖ਼ਰ ਕਰੀਏ ਕੀ?

ਉ: ੪. ਹੇ ਪਿਆਰੇ! ਉਸ ਪਰਮੇਸ਼ਰ ਦਾ ਨਾਮ ਹੀ ਸਿਮਰਦੇ ਰਹਿਣਾ ਚਾਹੀਦਾ ਹੈ, ਜਿਸ ਨਾਮ ਸਿਮਰਨ ਦੀ ਬਰਕਤ ਨਾਲ ਰੱਬੀ ਦਰਬਾਰ ਵਿਚ ਗਇਆਂ ਆਤਮਿਕ ਅਨੰਦ ਮਿਲਦਾ ਹੈ।

੫. ਹੇ ਮਿੱਤਰੋ! ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਜਗਤ ਵਿਚ ਤਾਂ ਧਨ ਪਦਾਰਥ ਵਾਲੇ ਦਾ ਹੁਕਮ ਚਲ ਸਕਦਾ ਹੈ, ਪਰ ਯਾਦ ਰੱਖੋ, ਉਸ ਰੱਬੀ ਦਰਬਾਰ ਵਿਚ ਕਿਸੇ ਦਾ ਵੀ ਹੁਕਮ ਉੱਕਾ ਹੀ ਨਹੀਂ ਚਲ ਸਕਦਾ। ਇਹ ਕੀ ਪਤਾ ਹੈ ਕਿ ਉਥੇ ਜੀਵ ਦੇ ਕੀਤੇ ਕਰਮਾਂ ਅਨੁਸਾਰ ਹਰੇਕ ਦੇ ਸਿਰ 'ਤੇ ਕੀਹ ਕੀਹ ਬੀਤੇਗੀ।

੬. (ਇਸ ਲਈ) ਹੇ ਭਾਈਓ! (ਉਸ ਸੱਚੇ) ਮਾਲਕ ਵਾਹਿਗੁਰੂ ਜੀ ਨੂੰ (ਹੀ) ਸਿਮਰੋ, (ਦੁਨੀਆ ਤੋਂ) ਕੂਚ ਸਭਨਾਂ ਨੇ ਹੀ ਕਰ ਜਾਣਾ ਹੈ।੨।

੧. ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ
ਹੀਲੜਾ ਏਹੁ ਸੰਸਾਰੋ॥
੨. ਜਲਿ ਥਲਿ ਮਹੀਅਲਿ ਰਵਿ ਰਹਿਆ
ਸਾਚੜਾ ਸਿਰਜਣਹਾਰੋ॥
੩. ਸਾਚਾ ਸਿਰਜਣਹਾਰੋ ਅਲਖ ਅਪਾਰੋ
ਤਾ ਕਾ ਅੰਤੁ ਨ ਪਾਇਆ॥
੪. ਆਇਆ ਤਿਨ ਕਾ ਸਫਲੁ ਭਇਆ ਹੈ
ਇਕ ਮਨਿ ਜਿਨੀ ਧਿਆਇਆ॥
੫. ਢਾਹੇ ਢਾਹਿ ਉਸਾਰੇ ਆਪੇ
ਹੁਕਮਿ ਸਵਾਰਣਹਾਰੋ॥
੬. ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ
ਹੀਲੜਾ ਏਹੁ ਸੰਸਾਰੋ॥੩॥

ਪਦ ਅਰਥ : ਸੰਮ੍ਰਥ—ਸਰਬ ਸ਼ਕਤੀਮਾਨ। ਹੀਲੜਾ—ਬਹਾਨਾ। ਸੰਸਾਰੋ—(ਭਾਵ) ਸੰਸਾਰੀ ਜੀਵਾਂ ਦੇ ਉੱਦਮ। ਮਹੀਅਲਿ—ਮਹੀ। ਤਲਿ—ਧਰਤੀ ਦੇ ਤਲ ਉਪਰ, ਧਰਤੀ ਦੇ ਉਪਰਲੇ ਪੁਲਾੜ ਵਿਚ, ਅਕਾਸ਼ ਵਿਚ। ਅਲਖ—ਅਦ੍ਰਿਸ਼ਟ। ਇਕ ਮਨਿ—ਇਕ ਮਨ ਦੇ ਰਾਹੀਂ, ਸੁਰਤ ਜੋੜ ਕੇ। ਢਾਹਿ—ਢਾਹ ਕੇ। ਹੁਕਮਿ—ਹੁਕਮ ਅਨੁਸਾਰ।੩।

ਅਰਥ :

ਪ੍ਰ: ਸ੍ਰੀ ਜੀਉ ! ਵੇਖੀਦਾ ਹੈ ਕਿ ਇਹ ਜੀਵ ਕਰਨਾ ਕੁਝ ਚਾਹੁੰਦਾ ਹੈ, ਪਰ ਇਸ ਪਾਸੋਂ ਹੋ ਕੁਝ ਹੋਰ ਹੀ ਜਾਂਦਾ ਹੈ, ਦੱਸੋ ਇਹ ਕਿਉਂ ਹੈ ?

ਉ: ੧. ਹੇ ਸੱਜਨੋ ! ਜਦੋਂ ਵੀਚਾਰ ਦ੍ਰਿਸ਼ਟੀ ਨਾਲ ਸੋਚਦੇ ਹਾਂ, ਤਾਂ ਸਾਨੂੰ ਅਸਲੀਅਤ ਇਉਂ ਦਿੱਸ ਆਉਂਦੀ ਹੈ ਕਿ ਜਗਤ ਦੇ ਜੀਵਾਂ ਦਾ ਉੱਦਮ ਤਾਂ ਇਕ ਬਹਾਨਾ ਹੀ ਹੈ, ਪਰ ਹੁੰਦਾ ਉਹੋ ਕੁਝ ਹੈ ਜੋ ਉਸ ਸਰਵ ਸ਼ਕਤੀਵਾਨ ਪਰਮੇਸ਼ਰ ਨੂੰ ਭਾਉਂਦਾ ਹੈ।

੨. ਹੇ ਪਿਆਰੇ ! ਉਹ ਸੱਚਾ ਸਿਰਜਨਹਾਰ ਪਾਣੀ ਵਿਚ, ਧਰਤੀ ਵਿਚ, ਅਕਾਸ਼ ਵਿਚ, ਹਰ ਥਾਂ ਹੀ ਮੌਜੂਦ ਹੈ।

੩. (ਹਾਂ) ਉਹ ਸੱਚਾ ਸਿਰਜਨਹਾਰ ਹੈ, ਪਾਰ ਤੋਂ ਰਹਿਤ, ਸਾਡੀ ਸਮਝ ਤੋਂ ਪਰੇ ਹੈ, ਉਸ ਦਾ ਅੰਤ ਕਿਸੇ ਨੇ ਵੀ ਨਹੀਂ ਪਾਇਆ।

ਪ੍ਰ: ਹੇ ਗੁਰੋ ! ਇਹ ਮਨੁੱਖ ਮਾਤ੍ਰ ਆਏ ਤਾਂ ਸੰਸਾਰ ਵਿਚ ਇਕੋ ਹੀ ਤਰ੍ਹਾਂ ਹਨ, ਪਰ ਤੁਸੀਂ ਇਨ੍ਹਾਂ ਵਿਚੋਂ ਸਫਲ ਆਇਆ ਕਿਸ ਦਾ ਮੰਨਦੇ ਹੋ ?

ਉ: ੪. ਹੇ ਭਾਈਓ ! ਅਸਲ ਵਿਚ ਉਨ੍ਹਾਂ ਹੀ ਮਨੁੱਖਾਂ ਦਾ ਆਇਆ ਏਥੇ ਸਫਲਾ ਹੈ, ਜਿਨ੍ਹਾਂ ਜੀਵਾਂ ਨੇ ਇਕ ਮਨ ਹੋ ਉਸ ਸਾਈਂ ਜੀ ਨੂੰ ਧਿਆਇਆ ਹੈ।

ਪ੍ਰ: ਕਿਉਂ ਜੀ ! ਉਹ ਦੁਨੀਆ ਦਾ ਮਾਲਕ ਕਿਤਨੀ ਕੁ ਤਾਕਤ ਦਾ ਮਾਲਕ ਹੈ ?

ਉ: ੫. ਹੇ ਪਿਆਰੇ ! ਸੰਪੂਰਨ ਸ਼ਕਤੀ ਤਾਂ ਉਸ ਦੀ ਬਿਆਨੀ ਨਹੀਂ ਜਾਂਦੀ, ਪਰ ਇਉਂ ਜਾਣੋ ਕਿ ਉਹ ਸਾਈਂ ਜੀ ! ਆਪੇ ਬਣਾਈ ਸੰਸਾਰਕ ਰਚਨਾ ਨੂੰ ਤੋੜਦਾ ਹੈ, ਢਾਹ ਕੇ ਤੋੜੀ ਹੋਈ ਨੂੰ, ਆਪੇ (ਫਿਰ) ਉਸਾਰਦਾ ਹੈ। ਉਹ ਤਾਂ ਜਦੋਂ ਵੀ ਚਾਹੇ ਆਪਣੇ ਹੁਕਮ ਨਾਲ (ਸਭੋ ਕੁਝ) ਸੰਵਾਰਨ ਵਾਲਾ ਹੈ।

੬. ਹੇ ਭਾਈਓ ! ਉਹ ਸਾਹਿਬ ਸਮਰੱਥ (ਸਰਬ ਸ਼ਕਤੀਮਾਨ) ਹੈ। ਜੋ ਉਸ ਨੂੰ ਭਾਉਂਦਾ ਹੈ, ਸੋਈ ਹੁੰਦਾ ਹੈ। ਇਨ੍ਹਾਂ ਜਗਤ ਦੇ ਜੀਵਾਂ ਦਾ ਉੱਦਮ ਤਾਂ (ਕੇਵਲ) ਇਕ ਬਹਾਨਾ ਹੀ ਹੈ।

੧. ਨਾਨਕ ਰੁੰਨਾ ਬਾਬਾ ਜਾਣੀਐ
ਜੇ ਰੋਵੈ ਲਾਇ ਪਿਆਰੋ ॥
੨. ਵਾਲੇਵੇ ਕਾਰਣਿ ਬਾਬਾ ਰੋਈਐ
ਰੋਵਣੁ ਸਗਲ ਬਿਕਾਰੋ ॥
੩. ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ
ਮਾਇਆ ਕਾਰਣਿ ਰੋਵੈ ॥
੪. ਚੰਗਾ ਮੰਦਾ ਕਿਛੁ ਸੂਝੈ ਨਾਹੀ
ਇਹੁ ਤਨੁ ਏਵੈ ਖੋਵੈ ॥
੫. ਐਥੈ ਆਇਆ ਸਭੁ ਕੋ ਜਾਸੀ
ਕੂੜਿ ਕਰਹੁ ਅਹੰਕਾਰੋ ॥
੬. ਨਾਨਕ ਰੁੰਨਾ ਬਾਬਾ ਜਾਣੀਐ
ਜੇ ਰੋਵੈ ਲਾਇ ਪਿਆਰੋ ॥੪॥੧॥

ਪਦ ਅਰਥ : ਬਾਬਾ—ਹੇ ਭਾਈ। ਰੁੰਨਾ ਜਾਣੀਐ—ਸਹੀ ਵੈਰਾਗ ਵਿਚ ਆਇਆ ਸਮਝੋ। ਵਾਲੇਵੇ ਕਾਰਣਿ—ਧਨ ਪਦਾਰਥ ਦੀ ਖ਼ਾਤਰ। ਬਿਕਾਰੋ—ਬੇ-ਕਾਰ, ਵਿਅਰਥ। ਗਾਫਲੁ—ਬੇ-ਖ਼ਬਰ, ਲਾ-ਪ੍ਰਵਾਹ। ਖੋਵੈ—ਨਾਸ ਕਰਦਾ ਹੈ। ਕੂੜਿ—ਨਾਸਵੰਤ ਜਗਤ ਦੀ ਖ਼ਾਤਰ।੪।

ਅਰਥ :

ਪ੍ਰ: ਕਿਉਂ ਜੀ ! ਜੋ ਲੋਕ ਕਿਸੇ ਮਰੇ ਪ੍ਰਾਣੀ ਤੋਂ ਬਾਅਦ ਰੋਂਦੇ ਹਨ, ਕੀ ਆਪ ਉਨ੍ਹਾਂ ਦੇ ਰੋਣੇ ਨੂੰ ਸੱਚਾ ਰੋਣਾ ਨਹੀਂ ਸਮਝਦੇ ?

ਉ: ੧. (ਨਹੀਂ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਬਾਬਾ ! ਸੱਚ ਮੁੱਚ ਰੋਣ ਵਾਲਾ ਤਾਂ ਉਸੇ ਨੂੰ ਹੀ ਜਾਣੋ, ਜੋ ਕਿ ਪਿਆਰ ਵਿਚ ਆ ਕੇ ਰੋਇਆ ਹੈ।

ਪ੍ਰ: ਸ੍ਰੀ ਜੀਉ ! ਜੋ ਲੋਕ ਸਾਹਮਣੇ ਜ਼ਾਰੋ-ਜ਼ਾਰ ਧਾਹਾਂ ਮਾਰ-ਮਾਰ ਕੇ ਰੋਂਦੇ ਦਿੱਸਦੇ ਹਨ, ਉਨ੍ਹਾਂ ਦਾ ਰੋਣਾ ਤੁਸੀਂ ਝੂਠਾ ਕਿਵੇਂ ਸਮਝਦੇ ਹੋ ?

ਉ: ੨. ਹੇ ਪਿਆਰੇ ! ਉਹ ਇਸ ਲਈ ਕਿ ਉਹ ਲੋਕ ਕੇਵਲ ਪਦਾਰਥਾਂ ਦੀ ਖ਼ਾਤਰ ਹੀ ਰੋਂਦੇ ਹਨ, ਸੋ ਹੇ ਬਾਬਾ ! ਜੋ ਸਿਰਫ਼ ਧਨ ਪਦਾਰਥਾਂ ਦੀ ਖ਼ਾਤਰ ਹੀ ਰੋਣਾ ਹੈ। ਇਹ ਸਾਰਾ ਰੁਦਨ ਵਿਅਰਥ ਹੈ।

੩. ਸੋ ਹੇ ਭਾਈਓ ! ਅਸੀਂ ਤਾਂ ਵੇਖ ਰਹੇ ਹਾਂ ਕਿ ਇਹ ਸੰਸਾਰ ਵਾਹਿਗੁਰੂ ਵਲੋਂ, ਗ਼ਾਫ਼ਲ ਹੋਇਆ, ਭੁੱਲਾ ਹੋਇਆ ਮਾਇਆ ਦੀ ਖ਼ਾਤਰ ਰੋਂਦਾ ਹੈ, (ਇਸੇ ਲਈ) ਇਸ ਦਾ ਰੋਣਾ ਸਾਰਾ ਹੀ ਵਿਅਰਥ ਹੈ।

੪. ਹੇ ਮਿੱਤਰੋ ! ਇਸ ਧਨ ਪਦਾਰਥਾਂ ਦੀ ਖ਼ਾਤਰ ਰੋਣ ਨਾਲ, ਮਨੁੱਖ ਨੂੰ ਚੰਗੇ ਮੰਦੇ ਕੰਮ ਦੀ ਪਛਾਣ ਨਹੀਂ ਆਉਂਦੀ, ਸੋ ਮਾਇਆ ਦੀ ਖ਼ਾਤਰ ਰੋ-ਰੋ ਕੇ ਇਸ ਮਨੁੱਖਾ ਸਰੀਰ ਨੂੰ ਵਿਅਰਥ ਹੀ ਗੁਆ ਲੈਣਾ ਹੁੰਦਾ ਹੈ।

੫. ਹੇ ਮਿੱਤਰ ਜਨੋ ! ਜੋ ਜੀਵ ਜਗਤ ਵਿਚ ਜਨਮ ਲੈ ਕੇ ਆਇਆ ਹੈ (ਉਹ) ਆਪਣਾ ਸਮਾਂ ਮੁਕਾ ਕੇ ਚਲਾ ਜਾਏਗਾ। ਤੁਸੀਂ ਜੋ ਨਾਸਵੰਤ ਜਗਤ ਦੇ ਮੋਹ ਵਿਚ ਫਸ ਕੇ ਮਾਣ ਕਰਦੇ ਹੋ, ਇਹ ਸਭ ਵਿਅਰਥ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਬਾਬਾ ! ਉਸੇ ਨੂੰ ਜਾਣੀਏ ਕਿ (ਸੱਚ ਮੁੱਚ) ਰੋਇਆ ਹੈ, ਜੋ ਪਿਆਰ ਲਾ ਕੇ (ਪਿਆਰ ਵਿਚ ਆ ਕੇ ਰੋਵੇ)।੪।੧।

ਭਾਵਾਰਥ : ਇਸ ਉਪ੍ਰੋਕਤ ਮਹਾਂਵਾਕ ਵਿਚ ਹਜ਼ੂਰ ਨੇ ਜਗਤ ਦਾ ਸੱਚਾ ਮਾਲਕ ਵਾਹਿਗੁਰੂ ਜੀ ਦੱਸਿਆ ਹੈ ਅਤੇ ਉਹੋ ਹੀ ਜਗਤ ਨੂੰ ਸਿਰਜਨ ਵਾਲਾ ਹੈ ਅਤੇ ਉਸ ਦੇ ਇਸ ਰਚੇ ਹੋਏ ਸੰਸਾਰ ਨੂੰ ਜਗਤ ਦੇ ਕੰਮਾਂ ਕਾਜਾਂ ਵਿਚ ਰੁਝਿਆਂ ਹੋਇਆ ਦਰਸਾ ਰਹੇ ਹਨ। ਪ੍ਰਭੂ ਨੇ ਜੀਵ ਦੇ ਇਸ ਜਗਤ ਵਿਚ ਰਹਿਣ ਦੀ ਮੁਹਲਤ ਮੁਕੱਰਰ ਕੀਤੀ ਹੋਈ ਦੱਸੀ ਹੈ। ਉਹ ਪੜੋਪੀ ਦੇ ਭਰ ਜਾਣ ਵਾਂਗੂੰ ਜਦੋਂ ਪੂਰੀ ਹੋ ਜਾਂਦੀ ਹੈ, ਉਹ ਸਰੀਰ ਰੂਪੀ ਪੜੋਪੀ ਵਿਚੋਂ ਪਲਟ ਦਿੱਤੀ ਜਾਂਦੀ ਹੈ। ਉਸ ਵੇਲੇ ਜਗਤ ਵਿਚ ਬਣਾਏ ਹੋਏ ਪਿਆਰੇ ਸਾਰੇ ਹੀ ਜ਼ਾਰੋ-ਜ਼ਾਰ ਰੋਂਦੇ ਹਨ, ਆਖ਼ਰ ਸਰੀਰ ਤੇ ਰੂਹ ਦਾ ਵਿਛੋੜਾ ਹੋ ਜਾਂਦਾ ਹੈ। ਅੰਤ

ਜੀਉਂਦੇ ਜੀ ਜੀਵ ਨੇ ਉਹੋ ਕੁਛ ਭੋਗਿਆ ਜੋ ਪਿਛਲੇ ਕੀਤੇ ਕਰਮਾਂ ਅਨੁਸਾਰ ਪ੍ਰਾਰਬਧ ਵਿਚ ਪੈ ਗਿਆ ਸੀ।

ਵਡਹੰਸੁ ਮਹਲਾ ੧ ॥

੧. ਆਵਹੁ ਮਿਲਹੁ ਸਹੇਲੀਹੋ
ਸਚੜਾ ਨਾਮੁ ਲਏਹਾਂ ॥
੨. ਰੋਵਹ ਬਿਰਹਾ ਤਨ ਕਾ ਆਪਣਾ
ਸਾਹਿਬੁ ਸੰਮ੍ਾਲੇਹਾਂ ॥
੩. ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ
ਅਸਾ ਭਿ ਓਥੈ ਜਾਣਾ ॥
੪. ਜਿਸ ਕਾ ਕੀਆ ਤਿਨ ਹੀ ਲੀਆ
ਹੋਆ ਤਿਸੈ ਕਾ ਭਾਣਾ ॥
੫. ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ
ਅਸੀ ਕਿ ਹੁਕਮੁ ਕਰੇਹਾ ॥
੬. ਆਵਹੁ ਮਿਲਹੁ ਸਹੇਲੀਹੋ
ਸਚੜਾ ਨਾਮੁ ਲਏਹਾ ॥੧॥

ਪਦ ਅਰਥ : ਲਏ ਹਾਂ—ਅਸੀਂ ਲਈਏ। ਸਚੜਾ—ਸਦਾ ਅਚੱਲ ਰਹਿਣ ਵਾਲਾ। ਰੋਵਹ—ਅਸੀਂ ਰੋਈਏ, ਅਸੀਂ ਅਫ਼ਸੋਸ ਕਰੀਏ। ਬਿਰਹਾ—ਵਿਛੋੜਾ। ਤਨ—ਸਰੀਰ। ਸਮਾਲਿਹ—ਅਸੀਂ ਯਾਦ ਕਰੀਏ। ਪੰਥੁ—ਰਸਤਾ। ਨਿਹਾਲਿਹ—ਅਸੀਂ ਵੇਖੀਏ। ਕੀਆ—ਪੈਦਾ ਕੀਤਾ। ਲੀਆ—ਵਾਪਸ ਲੈ ਲਿਆ। ਭਾਣਾ—ਰਜ਼ਾ। ਤਿਨਿ—ਉਸ ਜੀਵ ਨੇ।੧।

ਅਰਥ :

ਪ੍ਰ: ਹਜ਼ੂਰ ! ਇਸ ਵਿਚ ਤਾਂ ਕੋਈ ਭੀ ਸ਼ੱਕ ਨਹੀਂ, ਕਿਉਂਕਿ ਆਪ ਤਾਂ ਸਦਾ ਹੀ ਸੱਚੇ ਸਾਈਂ ਜੀ ਦਾ ਨਾਮ ਸਿਮਰਦੇ ਰਹਿੰਦੇ ਹੋ, ਪਰ ਕੀ ਇਹ ਨਾਮ ਸਿਮਰਨ ਕਰਨ ਦੀ ਤੁਸੀਂ ਕਦੀ ਕਿਸੇ ਹੋਰ ਨੂੰ ਭੀ ਪ੍ਰੇਰਣਾ ਕਰਦੇ ਹੋ ?

ਉ: ੧. (ਹਾਂ ਜ਼ਰੂਰ) ਹੇ ਭਾਈਓ ! ਸਾਡੀ ਤਾਂ ਸਦਾ ਹੀ ਏਹੋ ਪ੍ਰੇਰਣਾ ਰਹਿੰਦੀ ਹੈ ਕਿ ਹੇ ਸਹੇਲੀਓ ! (ਭਾਵ ਹੇ ਸਤਿਸੰਗੀ ਸੱਜਣੋ !) ਆਓ, ਰਲ ਕੇ ਬੈਠੀਏ ਅਤੇ ਉਸ ਸਾਈਂ ਜੀ ਦਾ ਸੱਚਾ ਨਾਮ ਸਿਮਰੀਏ।

ਪ੍ਰ: ਹੇ ਗੁਰੋ ! ਤੱਕੋ ਨਾ, ਔਹ ਸਾਹਮਣੇ ਕਿਸੇ ਪ੍ਰਾਣੀ ਦੇ ਮਰਣ 'ਤੇ ਲੋਕੀਂ ਰੁਦਨ ਕਰਦੇ ਹਨ, ਕੀ ਤੁਸੀਂ ਇਸ ਰੋਣੇ ਨੂੰ ਪਸੰਦ ਨਹੀਂ ਕਰਦੇ ?

ਉ: ੨. ਹੇ ਮਿੱਤਰੋ ! ਸੁਣੋ, ਅਸੀਂ ਰੋਣਾ ਪਸੰਦ ਤਾਂ ਜ਼ਰੂਰ ਕਰਦੇ ਹਾਂ, ਪਰ ਹਾਂ ! ਸਾਡਾ ਰੋਣਾ ਹੋਰ ਹੈ। ਅਸੀਂ ਤਾਂ ਇਹੋ ਹੀ ਆਖਦੇ ਹਾਂ ਕਿ ਉਸ ਵਿਛੋੜੇ ਨੂੰ (ਜ਼ਰੂਰ) ਰੋਈਏ ਜੋ ਆਪਣੇ ਸਰੀਰ ਦਾ ਹੈ, ਭਾਵ ਹੈ ਕਿ ਉਸ ਪ੍ਰਭੂ ਤੋਂ ਪਏ ਆਪਣੇ ਵਿਛੋੜੇ ਦਾ ਮੁੜ-ਮੁੜ ਅਫ਼ਸੋਸ ਨਾਲ ਚੇਤਾ ਕਰੀਏ, (ਕਿਉਂਕਿ) ਇਹ ਸਰੀਰ ਜੋ ਨਾਮ ਸਿਮਰਨ ਲਈ ਮਿਲਿਆ ਸੀ, ਉਸ ਦੀਆਂ ਮਾਇਕੀ ਭੋਗ-ਰੁਚੀਆਂ ਨੇ ਸਾਨੂੰ ਸਾਈਂ ਤੋਂ ਵਿਛੋੜੇ ਵਿਚ ਪਾ ਰਖਿਆ ਹੈ, ਸੋ ਇਸ ਸਾਈਂ ਦੇ ਵਿਛੋੜੇ ਨੂੰ ਜ਼ਰੂਰ ਰੋਈਏ ਅਤੇ ਆਪਣੇ ਮਾਲਕ ਨੂੰ ਸਮਾਲੀਏ, (ਯਾਦ ਕਰੀਏ)।

੩. (ਇਸ ਲਈ) ਹੇ ਭਾਈਓ ! ਆਓ, ਅਸੀਂ ਉਸ ਮਾਲਕ ਨੂੰ ਹਿਰਦੇ ਵਿਚ ਵਸਾਈਏ ਤੇ ਉਸੇ ਰਸਤੇ ਨੂੰ ਨਜ਼ਰ ਵਿਚ ਰੱਖੀਏ, (ਜਿਥੇ ਕਿ ਅਨੇਕਾਂ ਲੋਕ ਜਾ ਚੁੱਕੇ ਹਨ) ਭਾਵ ਇਹ ਸਮਝੀਏ ਕਿ ਇਹ ਜੀਵਨ ਇਕ ਰਸਤਾ ਹੈ, ਜਿਸ 'ਤੇ ਟੁਰਦੇ-ਟੁਰਦੇ ਅਸਾਂ ਭੀ ਉਥੇ ਹੀ ਜਾਣਾ ਹੈ ਜਿਥੇ ਕਿ ਮਰਨ ਵਾਲੇ ਚਲੇ ਗਏ ਹਨ।

ਪ੍ਰ: ਹੇ ਗੁਰੋ ! ਜਦੋਂ ਸਾਡਾ ਕੋਈ ਅਤਿ ਸਨੇਹੀ ਸਾਥੀ ਸਾਥੋਂ ਵਿਛੜ ਜਾਂਦਾ ਹੈ ਤਾਂ ਮਨ ਦੁਖਿਆਰਾ ਹੋ, ਡਾਵਾਂ ਡੋਲ ਹੋਇਆ ਦਿਨੇ ਰਾਤ ਵਿਲਕਦਾ ਰਹਿੰਦਾ ਹੈ, ਤਾਂ ਦੱਸੋ ਉਸ ਡਾਵਾਂ ਡੋਲ ਹੋ ਰਹੇ ਮਨ ਨੂੰ ਅਡੋਲ ਕਰਨ ਲਈ ਕੀ ਸਾਧਨ ਕਰੀਏ ?

ਉ: ੪. ਹੇ ਭਰਾਵੋ ! ਬੱਸ ਇਹ ਇਕੋ ਸਾਧਨ ਹੈ, ਜੋ ਕਿ ਰਾਜ਼ਕ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ, ਭਾਵ ਜੋ ਪ੍ਰਾਣੀ ਮਰ ਗਿਆ ਹੈ, ਉਸ ਬਾਬਤ ਇਉਂ ਹੀ ਸਮਝਣਾ ਚਾਹੀਦਾ ਹੈ ਕਿ ਜਿਸ ਪ੍ਰਭੂ ਦਾ ਇਹ ਪੈਦਾ ਕੀਤਾ ਹੋਇਆ ਸੀ, ਉਸੇ ਨੇ ਜਿੰਦ ਵਾਪਸ ਲੈ ਲਈ ਹੈ, ਇਹ ਤਾਂ ਉਸੇ ਦੀ ਰਜ਼ਾ ਹੋਈ ਹੈ। ਉਸੇ ਦਾ ਭਾਣਾ ਵਰਤਿਆ ਹੈ।

ਪ੍ਰ: ਕਿਉਂ ਜੀ ! ਤੁਹਾਡੇ ਖ਼ਿਆਲ ਅਨੁਸਾਰ ਮਰਨ ਵਾਲੇ ਜੀਵ ਲਈ ਕੋਈ ਵੀ ਕਿਸੇ ਤਰ੍ਹਾਂ ਦਾ ਚਾਰਾ ਨਹੀਂ ਕਰਨਾ ਚਾਹੀਦਾ ?

ਉ: ੫. ਹੇ ਮਿੱਤਰੋ ! ਦੱਸੋ, ਤੁਸੀਂ ਚਾਰਾ ਕਰ ਵੀ ਕੀ ਸਕਦੇ ਹੋ, (ਕਿਉਂਕਿ) ਇਥੇ ਜਗਤ ਵਿਚ ਉਸ (ਮਰਨਹਾਰੇ) (ਜੀਵ ਨੇ ਜਿਸ ਨੂੰ ਕਿ ਤੁਸੀਂ ਰੋਂਦੇ ਹੋ) ਕਰਮ ਕਰ ਕੇ ਪਾਇਆ ਹੈ, ਉਹੀ ਮਰਨ 'ਤੇ ਉਸਦੇ ਅੱਗੇ ਆ ਜਾਂਦਾ ਹੈ, ਸੋ ਦੱਸੋ, ਅਸੀਂ (ਤੁਸੀਂ) ਏਥੇ ਕੀ ਹੁਕਮ ਕਰੀਏ, ਭਾਵ ਅਸੀਂ ਕੁਝ ਵੀ ਨਹੀਂ ਕਰ ਸਕਦੇ ਤੇ ਨਾ ਹੀ ਹੁਕਮ ਸਾਡੇ ਵਸ ਵਿਚ ਹੈ ਅਤੇ ਨਾ ਉਸ ਜੀਵ ਦੀ ਕਰਨੀ ਸਾਡੇ ਵਸ ਵਿਚ ਹੈ।

੬. (ਇਸ ਲਈ) ਹੇ ਸਹੇਲੀਓ ! ਆਓ, ਰਲ ਕੇ ਬੈਠੀਏ ਅਤੇ ਉਸ ਸਦਾ-ਥਿਰ ਰਹਿਣ ਵਾਲੇ ਸੱਚੇ ਪ੍ਰਭੂ ਜੀ ਦਾ ਨਾਮ ਸਿਮਰੀਏ।੧।

੧. ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ ॥
੨. ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ ॥
੩. ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ
ਆਗੈ ਮਿਲੈ ਵਡਾਈ ॥
੪. ਭੇਟੈ ਸਿਉ ਜਾਵਹੁ ਸਚਿ ਸਮਾਵਹੁ
ਤਾਂ ਪਤਿ ਲੇਖੈ ਪਾਈ ॥

੫. ਮਹਲੀ ਜਾਇ ਪਾਵਹੁ ਖਸਮੈ ਭਾਵਹੁ
ਰੰਗ ਸਿਉ ਰਲੀਆ ਮਾਣੈ ॥
੬. ਮਰਣੁ ਨ ਮੰਦਾ ਲੋਕਾ ਆਖੀਐ
ਜੇ ਕੋਈ ਮਰਿ ਜਾਣੈ ॥੨॥

ਪਦ ਅਰਥ : ਲੋਕਾ—ਹੇ ਲੋਕੋ! ਐਸਾ—ਅਜੇਹੀ ਮੌਤ। ਸੰਮ੍ਰਥੁ—ਸਭ ਤਾਕਤਾਂ ਵਾਲਾ। ਸੁਹੇਲਾ—ਸੌਖਾ। ਪੰਥਿ ਸੁਹੇਲੈ—ਸੌਖੇ ਰਸਤੇ ਉੱਤੇ। ਆਗੈ—ਰੱਬੀ ਦਰਬਾਰ ਵਿਚ। ਵਡਾਈ—ਇੱਜ਼ਤ। ਭੇਟੈ ਸਿਉ—ਨਾਮ ਦੀ ਭੇਟਾ ਲੈ ਕੇ। ਸਚਿ—ਸਦਾ-ਥਿਰ ਪ੍ਰਭੂ ਵਿਚ। ਲੇਖੈ—ਕੀਤੇ ਕਰਮਾਂ ਦੇ ਹਿਸਾਬ ਹੋਣ ਵੇਲੇ। ਮਹਲੀ—ਹਜ਼ੂਰੀ ਵਿਚ। ਰੰਗ ਸਿਉ—ਪ੍ਰੇਮ ਨਾਲ।੨।

ਅਰਥ :

ਪ੍ਰ: ਸ੍ਰੀ ਜੀਉ! ਆਪ ਠੀਕ ਫ਼ੁਰਮਾਂਦੇ ਹੋ, ਪਰ ਕਿਸੇ ਦੀ ਮੌਤ ਆਉਣ ਸਮੇਂ ਹਰ ਪ੍ਰਾਣੀ ਦੇ ਮੂੰਹੋਂ ਸੁਭਾਵਕ ਹੀ ਨਿਕਲਦਾ ਹੈ ਕਿ ਬਹੁਤ ਮੰਦਾ ਹੋਇਆ ਹੈ?

ਉ: ੧. ਐ ਲੋਕੋ! ਮਰਨੇ ਨੂੰ ਮੰਦਾ ਹੋਇਆ, ਮਾੜਾ ਹੋਇਆ, ਇਹ ਸ਼ਬਦ ਨਾ ਆਖੋ, (ਕਿਉਂਕਿ) ਮੌਤ ਤਾਂ ਚੰਗੀ ਹੈ, (ਪਰ ਹਾਂ ਤਦੋਂ) ਜੇ ਕੋਈ ਐਸਾ ਮਰਨਾ ਜਾਣਦਾ ਹੋਵੇ, ਜੈਸਾ ਕਿ ਵਰਣਨ ਹੋ ਰਿਹਾ ਹੈ, (ਭਾਵ ਹੈ ਜੇ ਕੋਈ ਮਨੁੱਖ ਉਪਰ ਵਰਣਨ ਹੋ ਰਹੇ ਤਰੀਕੇ ਨਾਲ (ਜਿਊ ਕੇ) ਮਰਨਾ ਜਾਣਦਾ ਹੋਵੇ।

ਪ੍ਰ: ਹਜ਼ੂਰ! ਉਸ ਤਰੀਕੇ ਨੂੰ ਜ਼ਰਾ ਖੋਹਲ ਕੇ ਦਸ ਦਿਓ।

ਉ: ੨. ਹੇ ਭਾਈਓ! ਉਹ ਤਰੀਕਾ ਇਹੋ ਹੈ ਕਿ ਆਪਣੇ (ਉਸ) ਸਰਵ ਸ਼ਕਤੀਵਾਨ ਮਾਲਕ ਨੂੰ ਸਿਮਰੋ, (ਤਾਂਕਿ ਅੱਗੇ ਇਸ ਜੀਵਨ ਦੇ ਸਫ਼ਰ ਵਿਚ) ਰਸਤਾ ਸੌਖਾ ਹੋ ਜਾਏ।

ਪ੍ਰ: ਸ੍ਰੀ ਜੀਉ! ਇਸ ਤੁਹਾਡੇ ਦੱਸੇ ਮਾਰਗ 'ਤੇ ਤੁਰਦਿਆਂ ਕੋਈ ਫਲ ਭੀ ਹਾਸਲ ਹੋਵੇਗਾ?

ਉ: ੩. (ਹਾਂ ਜ਼ਰੂਰ) ਹੇ ਭਾਈਓ! ਜਦੋਂ ਤੁਸੀ ਸਿਮਰਨ ਦੀ ਬਰਕਤ ਨਾਲ ਜੀਵਨ ਦੇ ਸੌਖੇ ਰਸਤੇ ਟੁਰੋਗੇ, (ਇਸ ਦੇ ਪ੍ਰਤੱਖ ਹੀ ਦੋ ਫਲ ਮਿਲਣਗੇ)—ਇਕ ਤਾਂ ਪ੍ਰਲੋਕ ਦੇ ਸੁਖੱਲੇ ਰਸਤੇ ਜਾਓਗੇ, ਦੂਜਾ ਫਲ ਇਹ ਮਿਲੇਗਾ ਕਿ ਅੱਗੇ ਰੱਬੀ ਦਰਬਾਰ ਵਿਚ (ਜਾ ਕੇ) ਇੱਜ਼ਤ ਮਿਲੇਗੀ।

ਪ੍ਰ: ਕਿਉਂ ਜੀ! ਜਦੋਂ ਕਿਸੇ ਮਾਨ ਯੋਗ, ਵਡੇਰੇ ਮਨੁੱਖ ਨੂੰ ਕੁਝ ਭੇਟਾ ਲੈ ਕੇ ਹਾਜ਼ਰ ਹੋਈਏ, ਤਾਂ ਉਸ ਦਾ ਮਾਣ ਸਤਿਕਾਰ ਭੀ ਹੋਇਆ ਕਰਦਾ ਹੈ, ਕੀ ਰੱਬੀ ਦਰਬਾਰ ਵਿਚ ਭੀ ਕੋਈ ਖ਼ਾਸ ਭੇਟਾ ਹੈ ਜੋ ਕਿ ਸਤਿਕਾਰ ਸਹਿਤ ਕਬੂਲੀ ਜਾ ਸਕਦੀ ਹੋਵੇ ?

ਉ: ੪. (ਹਾਂ ਜ਼ਰੂਰ ਹੈ) ਹੇ ਭਾਈਓ! ਜੇ ਤੁਸੀਂ ਪ੍ਰਭੂ ਜੀ ਦੇ ਦਰਬਾਰ ਵਿਚ ਨਾਮ ਦੀ ਭੇਟਾ ਲੈ ਕੇ ਜਾਓਗੇ, (ਤਾਂ ਇਸ ਭੇਟਾ ਦਾ ਫਲ ਇਹ ਹੋਵੇਗਾ ਕਿ) ਤੁਸੀਂ ਸੱਚ ਸਰੂਪ ਵਿਚ ਸਮਾਉਗੇ, ਤੇ (ਤੁਹਾਡੀ) ਪਤ ਵੀ ਲੇਖੇ ਵਿਚ ਪਵੇਗੀ।

੫. ਇਉਂ ਤੁਸੀਂ ਮਾਲਕ ਨੂੰ ਚੰਗੇ ਲੱਗੋਗੇ ਤੇ ਵਾਹਿਗੁਰੂ ਜੀ ਦੇ ਮਹੱਲਾਂ ਵਿਚ ਥਾਂ ਮਿਲੇਗੀ ਤੇ ਉਸੇ ਨਾਲ ਤੁਸੀਂ ਸਦਾ ਅਨੰਦ ਖ਼ੁਸ਼ੀਆਂ ਮਾਣਦੇ ਰਹੋਗੇ।

੬. (ਇਸ ਲਈ) ਹੇ ਲੋਕੋ! ਮਰਨ ਨੂੰ ਮਾੜਾ ਨਾ ਕਹੋ, (ਪਰ) ਜੇ ਕੋਈ ਐਸਾ ਮਰਨਾ ਜਾਣਦਾ ਹੈ, (ਜੈਸਾ ਕਿ ਵਰਣਨ ਹੋ ਰਿਹਾ ਹੈ)।੨।

੧. ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ ॥
੨. ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ ॥
੩. ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ
ਆਗੈ ਦੂਖੁ ਨ ਲਾਗੈ ॥
੪. ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ ॥
੫. ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਜਾਣੋ ॥
੬. ਮਰਣੁ ਮੁਣਸਾਂ ਸੂਰਿਆ ਹਕੁ ਹੈ
ਜੋ ਹੋਇ ਮਰਹਿ ਪਰਵਾਣੋ ॥੩॥

ਪਦ ਅਰਥ : ਹਕੁ—ਬਰ-ਹੱਕ, ਪ੍ਰਵਾਨ, ਯੋਗ, ਅਸਲ ਹੈ। ਜੋ—ਜਿਹੜੇ। ਸੂਰੇ—ਸੂਰਮੇ। ਮਾਣੋ—ਇੱਜ਼ਤ। ਪਤਿ—ਇੱਜ਼ਤ। ਕਰਿ—ਕਰ ਕੇ, ਮੰਨ ਕੇ। ਊਚਾ—ਅਹੰਕਾਰ ਭਰੀ ਗੱਲ। ਜਾਣੋ—ਜਾਨਣਹਾਰ ਪ੍ਰਭੂ।੩।

ਅਰਥ :

ਪ੍ਰ: ਕਿਉਂ ਜੀ! ਤੁਸੀਂ ਇਸ ਜਗਤ ਵਿਚ ਸੱਚਾ ਮਰਨਾ ਕਿਨ੍ਹਾਂ ਲੋਕਾਂ ਦਾ ਮੰਨਦੇ ਹੋ?

ਉ: ੧. ਹੇ ਪਿਆਰਿਓ! ਅਸਲ ਵਿਚ ਤਾਂ ਜਿਹੜੇ ਲੋਕ (ਜੀਉਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ) ਕਬੂਲ ਹੋ ਕੇ ਮਰਦੇ ਹਨ, ਉਹੀ ਸੂਰਮੇ ਹਨ ਤੇ ਉਨ੍ਹਾਂ ਪੁਰਖਾਂ ਦਾ ਮਰਨਾ ਹੀ ਸੱਚਾ ਮਰਨਾ ਹੈ। (ਭਾਵ ਹੈ ਉਹ ਨਾਮ ਜਪਦੇ ਪ੍ਰਵਾਨ ਹੋਏ-ਹੋਏ ਜੀਵਤ ਭਾਵ ਤੋਂ ਮਾਨੋ ਮਰੇ ਰਹਿਣ ਵਾਲਾ ਜੀਵਨ ਬਸਰ ਕਰਦੇ ਹਨ)।

ਪ੍ਰ: ਹਜ਼ੂਰ ਜੀਉ! ਤੁਸਾਂ ਦੀ ਵੀਚਾਰ ਅਨੁਸਾਰ ਦੱਸੋ, ਸੂਰੇ ਕੌਣ ਹਨ?

ਉ: ੨. ਹੇ ਭਾਈ! ਅੱਗੇ, ਭਾਵ ਪ੍ਰਲੋਕ ਵਿਚ ਸੂਰਮੇ ਉਨ੍ਹਾਂ ਨੂੰ ਹੀ ਆਖਿਆ ਜਾਂਦਾ ਹੈ (ਜਿਨ੍ਹਾਂ ਨੂੰ) ਸੱਚੀ ਦਰਗਾਹ ਵਿਚ ਮਾਣ ਮਿਲਦਾ ਹੈ।

੩. (ਹਾਂ) ਉਹੀ ਸੱਚੇ ਸੂਰਮੇ ਦਰਗਾਹੇ ਮਾਣ ਪਾਉਣਗੇ ਅਤੇ ਉਹ ਉਥੇ ਜਾਣਗੇ ਭੀ ਸਤਿਕਾਰ ਨਾਲ। ਉਨ੍ਹਾਂ ਅੱਗੇ ਗਿਆਂ ਨੂੰ ਦੁੱਖ ਭੀ ਕੋਈ ਨਹੀਂ ਲੱਗੇਗਾ।

ਪ੍ਰ: ਉਨ੍ਹਾਂ ਦੀ ਨਿਸ਼ਾਨੀ ਕੀ ਹੈ?

ਉ: ੪. ਹੇ ਪਿਆਰੇ! ਉਹ ਬੰਦੇ ਪਰਮੇਸ਼ਰ ਨੂੰ (ਹਰ ਥਾਂ) ਵਿਆਪਕ ਜਾਣ ਕੇ ਸਿਮਰਦੇ ਹਨ ਤੇ ਉਸ ਪ੍ਰਭੂ ਦੇ ਦਰ ਤੋਂ ਫਲ ਪ੍ਰਾਪਤ ਕਰਦੇ ਹਨ, ਜਿਸ ਦਾ ਸਿਮਰਨ ਕੀਤਿਆਂ ਹਰ ਤਰ੍ਹਾਂ ਦਾ ਡਰ ਦੂਰ ਹੋ ਜਾਂਦਾ ਹੈ।

੫. (ਪਰ, ਹਾਂ) ਹੇ ਭਾਈ! ਯਾਦ ਰੱਖੋ! ਕਦੇ ਭੀ ਅਹੰਕਾਰ ਦਾ ਬੋਲ ਨਹੀਂ ਬੋਲਣਾ ਚਾਹੀਦਾ (ਸਗੋਂ) ਆਪਣੇ ਆਪ ਨੂੰ (ਸਦਾ ਹੀ) ਕਾਬੂ ਵਿਚ ਰੱਖਣਾ ਚਾਹੀਦਾ ਹੈ, ਕਿਉਂਕਿ ਉਹ ਅੰਤਰਜਾਮੀ ਹਰੇਕ ਦੇ ਦਿਲ ਦੀ ਆਪ ਹੀ ਜਾਣਦਾ ਹੈ।

੬. (ਇਸ ਲਈ) ਹੇ ਸੱਜਨੋ! ਜੋ ਮਨੁੱਖ ਜੀਊਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ, ਉਹ ਸੂਰਮੇ ਹਨ, ਉਨ੍ਹਾਂ ਦਾ ਹੀ ਮਰਨਾ (ਲੋਕ-ਪ੍ਰਲੋਕ ਵਿਚ) ਸਲਾਹਿਆ ਜਾਂਦਾ ਹੈ।੩।

੧. ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ ॥
੨. ਕੀਤਾ ਵੇਖੈ ਸਾਹਿਬੁ ਆਪਣਾ
ਕੁਦਰਤਿ ਕਰੇ ਬੀਚਾਰੋ ॥
੩. ਕੁਦਰਤਿ ਬੀਚਾਰੇ ਧਾਰਣ ਧਾਰੇ
ਜਿਨਿ ਕੀਆ ਸੋ ਜਾਣੈ ॥
੪. ਆਪੇ ਵੇਖੈ ਆਪੇ ਬੂਝੈ
ਆਪੇ ਹੁਕਮੁ ਪਛਾਣੈ ॥
੫. ਜਿਨਿ ਕਿਛੁ ਕੀਆ ਸੋਈ ਜਾਣੈ
ਤਾ ਕਾ ਰੂਪੁ ਅਪਾਰੋ ॥
੬. ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ ॥੪॥੨॥

ਪਦ ਅਰਥ : ਬਾਜੀ—ਖੇਡ। ਵੇਖੈ—ਸੰਭਾਲ ਕਰਦਾ ਹੈ। ਕੁਦਰਤਿ—ਰਚੀ ਸ੍ਰਿਸ਼ਟੀ। ਧਾਰਣ ਧਾਰੇ—ਆਸਰਾ ਦੇਂਦਾ ਹੈ।੪।

ਅਰਥ :

ਪ੍ਰ: ਗੁਰਦੇਵ ਜੀਉ! ਇਹ ਤਾਂ ਦੱਸੋ, ਕੀ ਤੁਹਾਡੇ ਮਤਿ ਅਨੁਸਾਰ ਕਿਸੇ ਦੇ ਵੀ ਮਰਨ 'ਤੇ ਰੋਣਾ ਨਹੀਂ ਚਾਹੀਦਾ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਬਾਬਾ! ਹੇ ਭਾਈਓ! ਤੁਸੀਂ ਇਹ ਦੱਸੋ ਕਿ) ਇਥੇ ਕਿਸ-ਕਿਸ ਨੂੰ ਰੋਈਏ, (ਇਹ ਤਾਂ) ਸਾਰਾ ਹੀ ਸੰਸਾਰ ਕਰਤਾ ਪੁਰਖ ਦੀ (ਇਕ) ਖੇਡ ਹੈ (ਖੇਡ ਬਣਦੀ ਰਹਿੰਦੀ ਹੈ ਅਤੇ ਢਹਿੰਦੀ ਵੀ ਰਹਿੰਦੀ ਹੈ) ਇਸ ਲਈ ਕਿਸੇ ਦੇ ਮਰਨ 'ਤੇ ਰੋਣਾ ਵਿਅਰਥ ਹੈ।

੨. ਅਤੇ ਇਸ ਬਾਰੇ ਫ਼ਿਕਰ ਵੀ ਕੋਈ ਨਾ ਕਰੋ, ਕਿਉਂਕਿ ਉਹ ਸਾਹਿਬ ਆਪਣੇ ਕੀਤੇ ਜਗਤ ਦੀ ਆਪ ਹੀ ਸੰਭਾਲ ਕਰਦਾ ਹੈ, ਉਹੀ ਆਪਣੀ ਰਚੀ ਇਸ ਸੰਸਾਰ ਰਚਨਾ ਦਾ ਆਪ ਹੀ ਧਿਆਨ ਰੱਖਦਾ ਹੈ।

੩. ਹੇ ਭਾਈ! ਉਹ ਆਪਣੀ ਰਚੀ ਰਚਨਾ ਦਾ ਪ੍ਰਭੂ ਆਪ ਹੀ ਖ਼ਿਆਲ ਰੱਖਦਾ ਹੈ ਅਤੇ ਇਸ ਨੂੰ (ਆਸਰਾ) ਸਹਾਰਾ ਦੇਂਦਾ ਹੈ। ਜਿਸ ਨੇ ਜਗਤ ਰਚਿਆ ਹੈ, ਉਹੀ ਇਸ ਦੀਆਂ ਲੋੜਾਂ (ਨੂੰ ਭੀ) ਜਾਣਦਾ ਹੈ।

੪. ਹੇ ਭਾਈ! ਉਹ ਪ੍ਰਭੂ ਆਪ ਹੀ ਸਾਰਿਆਂ ਦੇ ਕੀਤੇ ਕਰਮਾਂ ਨੂੰ ਵੇਖਦਾ ਹੈ, ਆਪ ਹੀ ਸਾਰਿਆਂ ਦੇ ਦਿਲਾਂ ਦੀ ਬੁੱਝਦਾ ਹੈ। ਆਪ ਹੀ (ਆਪਣੇ) ਹੁਕਮ ਨੂੰ ਪਛਾਣਦਾ ਹੈ ਕਿ ਕਿਵੇਂ ਇਹ ਹੁਕਮ ਜਗਤ ਵਿਚ ਵਰਤਿਆ ਜਾਣਾ ਹੈ।

੫. ਸੋ, ਹੇ ਪਿਆਰਿਓ! ਜਿਸ (ਸਾਈਂ ਜੀ ਨੇ) ਇਹ ਕੁਝ ਰਚਿਆ ਹੈ, ਉਹੋ ਹੀ ਇਸ ਨੂੰ ਜਾਣਦਾ ਹੈ, ਪਰ (ਹਾਂ) ਉਸ ਦਾ (ਆਪਣਾ) ਸਰੂਪ ਪਾਰ ਤੋਂ ਰਹਿਤ ਹੈ। ਕੋਈ ਉਸ ਦਾ ਅੰਤ ਨਹੀਂ ਪਾ ਸਕਦਾ।

੬. (ਗੁਰੂ) ਨਾਨਕ ਦੇਵ ਜੀ ਆਖਦੇ ਹਨ ਕਿ ਹੇ ਬਾਬਾ! (ਦੱਸੋ ਇਥੇ) ਕਿਸ-ਕਿਸ ਨੂੰ ਰੋਵੀਏ, ਇਹ ਤਾਂ ਸਾਰਾ ਸੰਸਾਰ ਹੀ (ਕਰਤਾਰ ਦੀ ਇਕ) ਖੇਡ ਹੈ। ਇਸ ਸੰਸਾਰ ਵਿਚ ਜੋ ਭੀ ਘੜਿਆ ਗਿਆ ਹੈ, ਆਖ਼ਰ ਉਸ ਨੇ ਭਜਣਾ ਹੈ, ਇਸ ਲਈ ਕਿਸੇ ਦੇ ਮਰਨ 'ਤੇ ਰੋਣਾ ਵਿਅਰਥ ਹੈ।੪।੨।

ਭਾਵਾਰਥ : ਇਸ ਉਪ੍ਰੋਕਤ ਸ਼ਬਦ ਦੀਆਂ ਪੰਗਤੀਆਂ ਨੂੰ ਪੜ੍ਹਨ ਤੇ ਸੁਣਨ ਮਾਤ੍ਰ ਤੋਂ ਇਉਂ ਹੀ ਜਾਪਦਾ ਹੈ ਕਿ ਹਜ਼ੂਰ ਕਿਸੇ ਦੇ ਮਰਨ ਤੇ ਰੋਣ ਵਾਲਿਆਂ ਮਰਦਾਂ ਤੀਵੀਆਂ ਨੂੰ ਸਹੀ-ਸਹੀ ਰੋਣ ਦੀ ਜਾਚ ਦੱਸ ਰਹੇ ਹਨ। ਆਪ ਜੀ ਰੋਣ ਵਾਲਿਆਂ ਵੱਲ ਤੱਕ ਕੇ ਕਹਿ ਰਹੇ ਹਨ ਕਿ ਐ ਪਿਆਰਿਓ! ਪਹਿਲੋਂ ਤਾਂ ਉਸ ਮਰ ਗਏ ਦੇ ਸ਼ੋਕ ਤੋਂ ਵੀਚਾਰ ਕਰੋ ਕਿ ਜਿਸ ਦਾ ਇਹ ਪ੍ਰਾਣੀ ਰਚਿਆ ਜੀਵ ਸੀ, ਉਸ ਨੇ ਲੈ ਲਿਆ, ਤੁਸੀਂ ਸ਼ੋਕ ਕਿਸ ਲਈ ਕਰਦੇ ਹੋ?

ਫਿਰ ਜੋ ਕੁਝ ਪ੍ਰਾਣੀ ਨੇ ਜਨਮ ਤੋਂ ਪਹਿਲੋਂ ਕੀਤਾ ਸੀ, ਉਸੇ ਦੇ ਅਨੁਸਾਰ ਜੀਵਨ ਗੁਜ਼ਾਰ ਕੇ ਸਮਾਂ ਪੂਰਾ ਹੋਇਆ ਤੇ ਤੁਰ ਗਿਆ, ਸੋ ਦੱਸੋ, ਨਾ ਉਸ ਦੇ ਕੀਤੇ ਕਰਮਾਂ 'ਤੇ ਸਾਡਾ ਕੋਈ ਵਸੀਕਾਰ ਹੈ ਅਤੇ ਨਾ ਹੀ ਉਸ ਫਲ ਪ੍ਰਦਾਤਾ ਪ੍ਰਭੂ ਉੱਤੇ ਸਾਡਾ ਹੁਕਮ ਚਲ ਸਕਦਾ ਹੈ, ਸੋ ਇਸ ਲਈ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਸਾਡੇ ਲਈ ਯੋਗ ਹੈ।

ਵਡਹੰਸੁ ਮਹਲਾ ੧ ਦਖਣੀ ॥

੧. ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥
੨. ਜਿਨਿ ਆਪੀਨੈ ਆਪੁ ਸਾਜਿਆ
ਸਚੜਾ ਅਲਖ ਅਪਾਰੋ ॥
੩. ਦੁਇ ਪੁੜ ਜੋੜਿ ਵਿਛੋੜਿਅਨੁ
ਗੁਰ ਬਿਨੁ ਘੋਰੁ ਅੰਧਾਰੋ ॥
੪. ਸੂਰਜੁ ਚੰਦੁ ਸਿਰਜਿਅਨੁ
ਅਹਿਨਿਸਿ ਚਲਤੁ ਵੀਚਾਰੋ ॥੧॥
੫. ਸਚੜਾ ਸਾਹਿਬੁ ਸਚੁ ਤੂ
ਸਚੜਾ ਦੇਹਿ ਪਿਆਰੋ ॥ ਰਹਾਉ ॥
੬. ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥
੭. ਨਾਰੀ ਪੁਰਖ ਸਿਰਜਿਐ
ਬਿਖੁ ਮਾਇਆ ਮੋਹੁ ਪਿਆਰੋ ॥
੮. ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥
੯. ਕੁਦਰਤਿ ਤਖਤੁ ਰਚਾਇਆ
ਸਚਿ ਨਿਬੇੜਣਹਾਰੋ ॥੨॥

੧੦. ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥
੧੧. ਜੰਮਣੁ ਮਰਣਾ ਆਇ ਗਇਆ
ਬਧਿਕੁ ਜੀਉ ਬਿਕਾਰੋ ॥
੧੨. ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥
੧੩. ਗੁਣ ਛੋਡਿ ਬਿਖੁ ਲਦਿਆ
ਅਵਗੁਣ ਕਾ ਵਣਜਾਰੋ ॥੩॥
੧੪. ਸਦੜੇ ਆਏ ਤਿਨਾ ਜਾਨੀਆ
ਹੁਕਮਿ ਸਚੇ ਕਰਤਾਰੋ ॥
੧੫. ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥
੧੬. ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥
੧੭. ਬਾਲਕ ਬਿਰਧਿ ਨ ਜਾਣਨੀ
ਤੋੜਨਿ ਹੇਤੁ ਪਿਆਰੋ ॥੪॥
੧੮. ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥
੧੯. ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ
ਮਿਰਤਕੜਾ ਅੰਙਨੜੇ ਬਾਰੇ ॥
੨੦. ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ ॥
੨੧. ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥੫॥
੨੨. ਜਲਿ ਮਲਿ ਜਾਨੀ ਨਾਵਾਲਿਆ
ਕਪੜਿ ਪਟਿ ਅੰਬਾਰੇ ॥
੨੩. ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
੨੪. ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ
ਧ੍ਰਿਗੁ ਜੀਵਣੁ ਸੰਸਾਰੇ ॥
੨੫. ਜੀਵਤੁ ਮਰੈ ਸੁ ਜਾਣੀਐ
ਪਿਰ ਸਚੜੈ ਹੇਤਿ ਪਿਆਰੇ ॥੬॥
੨੬. ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ ॥
੨੭. ਹਉ ਮੁਠੜੀ ਧੰਧੈ ਧਾਵਣੀਆ
ਪਿਰਿ ਛੋਡਿਅੜੀ ਵਿਧਣਕਾਰੇ ॥
੨੮. ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ ॥
੨੯. ਮੈ ਪਿਰੁ ਸਚੁ ਸਾਲਾਹਣਾ
ਹਉ ਰਹਸਿਅੜੀ ਨਾਮਿ ਭਤਾਰੇ ॥੭॥
੩੦. ਗੁਰਿ ਮਿਲਿਐ ਵੇਸੁ ਪਲਟਿਆ
ਸਾ ਧਨ ਸਚੁ ਸੀਗਾਰੋ ॥
੩੧. ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ ॥
੩੨. ਬਈਅਰਿ ਨਾਮਿ ਸੋੁਹਾਗਣੀ ਸਚੁ ਸਵਾਰਣਹਾਰੋ ॥
੩੩. ਗਾਵਹੁ ਗੀਤੁ ਨ ਬਿਰਹੜਾ
ਨਾਨਕ ਬ੍ਰਹਮ ਬੀਚਾਰੋ ॥੮॥੩॥

ਦਖਣੀ—ਇਕ ਰਾਗਨੀ ਦਾ ਨਾਮ ਹੈ।

ਪਦ ਅਰਥ : ਸਚੁ—ਸਦਾ ਕਾਇਮ ਰਹਿਣ ਵਾਲਾ। ਸਿਰੰਦਾ—ਸਿਰਜਨਹਾਰ, ਪੈਦਾ ਕਰਨ ਵਾਲਾ। ਪਰਵਦਗਾਰੋ—ਪਾਲਣਹਾਰ, ਫਾ: (ਪਰਵਰਦਗਾਰ)। ਜਿਨਿ—ਜਿਸ (ਸਿਰਜਨਹਾਰ) ਨੇ। ਆਪੀਨੈ—(ਆਪ ਹੀ ਨੈ) ਆਪ ਹੀ। ਆਪੁ—ਆਪਣੇ ਆਪ ਨੂੰ। ਅਲਖ—ਅਦ੍ਰਿਸ਼ਟ। ਦੁਇ ਪੁੜ—ਦੋਵੇਂ ਪੁੜ (ਧਰਤੀ ਤੇ ਅਕਾਸ਼)। ਵਿਛੋੜੀਅਨੁ—ਉਸ ਨੇ ਵੱਖ-ਵੱਖ ਕਰ ਦਿੱਤੇ ਹਨ। ਘੋਰ ਅੰਧਾਰੋ—ਘੁੱਪ ਹਨੇਰਾ। ਸਿਰਜਿਅਨੁ—ਉਸ ਨੇ ਪੈਦਾ ਕੀਤੇ ਹਨ। ਅਹਿ—ਦਿਨ। ਨਿਸਿ—ਰਾਤ। ਚਲਤੁ—(ਜਗਤ) ਤਮਾਸ਼ਾ।੧।

ਦੇਹਿ—ਤੂੰ ਦੇਂਦਾ ਹੈਂ।ਰਹਾਉ। ਸਿਰਜੀ—ਪੈਦਾ ਕੀਤੀ। ਮੇਦਨੀ—ਧਰਤੀ। ਸਿਰਜਿਐ—ਪੈਦਾ ਕਰਨ ਨਾਲ। ਬਿਖੁ—ਜ਼ਹਿਰ। ਖਾਣੀ—ਜਗਤ ਉਤਪਤੀ ਦੇ ਚਾਰ ਵਸੀਲੇ (ਅੰਡਜ, ਜੇਰਜ, ਸ੍ਵੇਤਜ, ਉਤਭਜ)। ਬਾਣੀ—ਜੀਵਾਂ ਦੀਆਂ ਬੋਲੀਆਂ। ਜੀਆ—ਜੀਵਾਂ ਨੂੰ। ਆਧਾਰੋ—ਆਸਰਾ। ਨਿਬੇੜਣਹਾਰੋ—ਫ਼ੈਸਲਾ ਕਰਨ ਵਾਲਾ, ਲੇਖਾ ਮੁਕਾਣ ਵਾਲਾ।੨।

ਆਵਾ ਗਵਣੁ—ਜਨਮ ਮਰਣ ਦਾ ਗੇੜ। ਥਿਰੁ—ਸਦਾ ਕਾਇਮ ਰਹਿਣ ਵਾਲਾ। ਆਇ ਗਇਆ—ਜੰਮਿਆਂ ਤੇ ਮਰ ਗਿਆ। ਬਧਿਕੁ—ਮੋਹ ਵਿਚ ਬੱਧਾ ਹੋਇਆ। ਜੀਉ—ਜੀਵਾਤਮਾ। ਭੂਡੜੈ—ਭੈੜੇ ਨੇ। ਬੂਡੜੈ—ਡੁੱਬੇ ਹੋਏ ਦਾ। ਚਾਰੋ—ਚਾਰਾ, ਜ਼ੋਰ। ਵਣਜਾਰੋ—ਵਪਾਰੀ।੩।

ਜਾਨੀਆ—(ਸਰੀਰ ਦੇ ਸਾਥੀ) ਜੀਵਾਤਮਾ ਨੂੰ। ਹੁਕਮਿ—ਹੁਕਮ ਅਨੁਸਾਰ। ਸੋਹਣੀਐ—ਸੁੰਦਰੀ ਦਾ। ਸਿਰਿ—ਸਿਰ ਉੱਤੇ।੪।

ਨਉ ਦਰ—ਨੌਂ ਦਰਵਾਜ਼ੇ, ਨੌਂ ਗੋਲਕਾਂ (ਮੂੰਹ, ਕੰਨ², ਨਾਸਾਂ², ਅੱਖਾਂ², ਗੁਦਾ, ਲਿੰਗ)। ਠਾਕੇ—ਬੰਦ ਕੀਤੇ ਗਏ। ਹੰਸੁ—ਜੀਵਾਤਮਾ। ਗੈਣਾਰੇ—ਅਕਾਸ਼ ਵਿਚ। ਸਾ ਧਨ—ਇਸਤ੍ਰੀ, ਕਾਇਆਂ (ਜੀਵਾਤਮਾ ਦੀ ਇਸਤ੍ਰੀ)। ਛੁਟੀ—ਇਕੱਲੀ ਰਹਿ ਗਈ। ਵਿਧਣੀਆ—(ਵਿ-ਧਣੀ) ਬਿਨਾ ਪਤੀ ਦੇ, ਪਤੀ ਵਿਹੂਣੀ, ਵਿਧਵਾ, ਨਿਖਸਮੀ। ਮਿਰਤਕੜਾ—ਲੋਥ, ਮੁਰਦਾ, ਭਾਵ ਪਤੀ ਦੀ ਲਾਸ਼। ਅੰਙਨੜੇ—ਵਿਹੜੇ ਵਿਚ। ਮਾਈਏ—ਹੇ ਮਾਏ। ਮਰੁ—ਮੌਤ। ਮਹਲ—ਇਸਤ੍ਰੀ। ਦਰਬਾਰੇ—ਦਹਿਲੀਜ਼ਾਂ ਵਿਚ, ਬੂਹੇ ਤੋਂ ਅੰਦਰ। ਸਾਰੇ—ਸਾਰਿ-ਸੰਭਾਲ ਕੇ, ਚੇਤੇ ਕਰਕੇ।੫।

ਜਲਿ—ਪਾਣੀ ਨਾਲ। ਮਲਿ—ਮਲ ਕੇ। ਜਾਨੀ—ਪਿਆਰੇ ਸੰਬੰਧੀਆਂ ਨੇ। ਪਟਿ—ਰੇਸ਼ਮ ਨਾਲ। ਅੰਬਾਰੇ—ਅੰਬਰਿ, ਕੱਪੜੇ ਨਾਲ। ਕਪੜਿ—ਕੱਪੜੇ ਨਾਲ। ਸਚੀ ਬਾਣੀ—ਸਦਾ ਕਾਇਮ ਰਹਿਣ ਵਾਲੀ ਬਾਣੀ, 'ਰਾਮ ਨਾਮ ਸਤਿ ਹੈ'। ਵਾਜੇ ਵਜੇ—ਬੋਲ ਬੋਲੇ ਜਾਣ ਲੱਗ ਪਏ। ਪੰਚ—(ਮਾਂ, ਪਿਉ, ਭਰਾ, ਇਸਤ੍ਰੀ, ਪੁੱਤ੍ਰ) ਸੰਬੰਧੀ। ਮੁਏ—ਗ਼ਮ ਨਾਲ ਮੋਇਆਂ ਵਰਗੇ ਹੋ ਗਏ। ਮਨੁ ਮਾਰੇ—ਮਨ ਮਾਰਿ, ਮਨ ਮਾਰ ਕੇ, ਗ਼ਮ ਖਾ ਕੇ।੬।

ਝੂਠਿ—ਕੂੜੇ ਮੋਹ ਨੇ। ਮੁਠੀ—ਲੁਟਿਆ ਹੈ। ਹਉ—ਮੈਂ। ਧਾਵਣੀਆ—ਮਾਇਆ ਦੀ ਦੌੜ ਭੱਜ ਵਿਚ। ਧੰਧੈ—ਮਾਇਆ ਦੇ ਆਹਰ ਵਿਚ। ਪਿਰਿ—ਪਿਰ ਨੇ, ਖਸਮ ਪ੍ਰਭੂ ਨੇ। (ਵਿ-ਧਣੀ) ਨਿਖਸਮੀ। ਵਿਧਣਕਾਰੇ—ਨਿਖਸਮਿਆਂ ਵਾਲੀ ਕਾਰ। ਘਰਿ ਘਰਿ—ਹਰੇਕ ਦੇ ਹਿਰਦੇ ਵਿਚ। ਮਹੇਲੀਆ—ਜੀਵ-ਇਸਤ੍ਰੀਆਂ। ਰੂੜੈ—ਸੁੰਦਰ (ਪ੍ਰਭੂ) ਦੇ। ਹੇਤਿ—ਪ੍ਰੇਮ ਵਿਚ। ਸਚੁ—ਸਦਾ-ਥਿਰ ਰਹਿਣ ਵਾਲਾ। ਹਉ—ਮੈਂ। ਰਹਸਿਅੜੀ—ਖਿੜੀ ਹੋਈ, ਪ੍ਰਸੰਨ। ਨਾਮਿ—ਨਾਮ ਵਿਚ (ਜੁੜ ਕੇ)।੭।

ਗੁਰ ਮਿਲਿਐ—ਜੇ ਗੁਰੂ ਮਿਲ ਪਏ। ਵੇਸੁ—ਕਾਇਆਂ। ਸਾ ਧਨ—ਜੀਵ-ਇਸਤ੍ਰੀ। ਬਈਅਰਿ—ਇਸਤ੍ਰੀ। ਨਾਮਿ—ਨਾਮ ਵਿਚ (ਜੁੜ ਕੇ)। ਬਿਰਹੜਾ—ਵਿਛੋੜਾ। ਬ੍ਰਹਮ ਬੀਚਾਰੋ—ਪਰਮੇਸ਼ਰ ਦੇ ਗੁਣਾਂ ਦਾ ਵੀਚਾਰ। ਸੋੁਹਾਗਣੀ—ਅੱਖਰ 'ਸ' ਦੇ ਨਾਲ ਦੋ ਲਗਾਂ ਹਨ— ੋ ਤੇ ੁ। ਅਸਲ ਲਫ਼ਜ਼ ਸੋਹਾਗਣੀ ਹੈ। ਇਥੇ 'ਸੁਹਾਗਣੀ' ਪੜ੍ਹਨਾ ਹੈ।੮।੩।

ਅਰਥ :

ਪ੍ਰ: ਸ੍ਰੀ ਜੀਉ! ਇਸ ਜਗਤ ਦੀ ਰਚਨਾ ਅਤੇ ਪਾਲਨਾ ਕਰਨ ਵਾਲਿਆਂ ਭਿੰਨ ਭਿੰਨ ਮੱਤਾਂ ਵਾਲਿਆਂ ਨੇ ਵੱਖੋ-ਵੱਖ ਸ਼ਕਤੀਆਂ ਮੰਨੀਆਂ ਹਨ, ਪਰ ਗੁਰਮਤਿ ਅਨੁਸਾਰ ਆਪ ਜੀ ਇਸ ਜਗਤ ਨੂੰ ਰਚਨਾ ਤੇ ਪਾਲਣਾ ਕਰਨ ਵਾਲੀ ਕਿਹੜੀ ਸ਼ਕਤੀ ਮੰਨਦੇ ਹੋ ?

ਉ: ੧. ਹੇ ਭਾਈਓ! ਨਿਸਚਾ ਕਰੋ ਕਿ ਇਸ ਜਗਤ ਨੂੰ ਪੈਦਾ ਕਰਨ ਵਾਲਾ ਕੇਵਲ ਇਕੋ ਹੀ ਸਿਰਜਨਹਾਰ ਪਰਮੇਸ਼ਰ ਹੈ ਅਤੇ ਉਸੇ ਨੂੰ ਸਾਰੇ ਸੰਸਾਰ ਦੀ ਪਾਲਣਾ ਕਰਨ ਵਾਲਾ ਜਾਨਣਾ ਚਾਹੀਦਾ ਹੈ, ਉਸੇ ਨੂੰ ਸਦਾ ਸੱਚਾ ਸਥਿਰ ਰਹਿਣ ਵਾਲਾ ਜਾਣੋ।

੨. ਜਿਸ ਨੇ ਆਪੇ ਹੀ ਆਪਣੇ ਆਪ ਨੂੰ (ਨਿਰਗੁਣ ਤੋਂ ਸਰਗੁਣ ਰੂਪ ਵਿਚ) ਸਾਜਿਆ ਹੈ, ਫਿਰ ਉਹ ਜਗਤ ਦੇ ਰੂਪ ਵਿਚ ਪ੍ਰਗਟ ਹੋ ਕੇ ਵੀ ਅਦ੍ਰਿਸ਼ਟ ਤੇ ਬੇ-ਅੰਤ ਹੈ।

੩. ਹੇ ਭਾਈਓ! ਜਿਸ ਨੇ ਦੋ ਪੁੜ ਜੋੜ ਕੇ ਵਿਛੋੜੇ ਹਨ, (ਭਾਵ ਹੈ ਧਰਤੀ ਤੇ ਅਕਾਸ਼ ਜਗਤ ਦੇ ਦੋਵੇਂ ਪੁੜ ਜੋੜ ਕੇ, ਅਰਥਾਤ ਜਗਤ ਰਚਨਾ ਕਰਕੇ, ਉਸ ਪ੍ਰਭੂ ਨੇ ਜੀਵਾਂ ਨੂੰ ਮਾਇਆ ਦੇ ਮੋਹ ਵਿਚ ਫਸਾ ਕੇ ਆਪਣੇ ਨਾਲੋਂ ਵਿਛੋੜ ਦਿੱਤਾ ਹੈ, ਪਰ ਇਸ ਗੱਲ ਦੀ ਗੁਰੂ ਤੋਂ ਬਿਨਾ ਸਮਝ ਨਹੀਂ ਪੈਂਦੀ, ਘੋਰ ਹਨੇਰਾ ਹੀ ਰਹਿੰਦਾ ਹੈ (ਭਾਵ ਜੀਵ ਦੇ ਅੰਦਰ ਮਾਇਆ ਦੇ ਮੋਹ ਦਾ ਘੁੱਪ ਅੰਧੇਰਾ ਹੀ ਬਣਿਆ ਰਹਿੰਦਾ ਹੈ)।

ਪ੍ਰ: ਹੇ ਗੁਰੋ! ਇਹ ਜੋ ਦਿਨ ਤੇ ਰਾਤ ਸਮੇਂ ਚਾਨਣਾ ਦੇਣ ਵਾਲੇ ਸੂਰਜ ਅਤੇ ਚੰਦ੍ਰਮਾ ਦੋਵੇਂ ਸ਼ਕਤੀਆਂ ਅਨਾਦੀ ਕਾਲ ਤੋਂ ਇਕ ਰਸ ਆਪੋ ਆਪਣੀਆਂ ਡਿਊਟੀਆਂ ਭੁਗਤਾ ਰਹੀਆਂ ਹਨ, ਕੀ ਇਹ ਆਪਣੇ ਆਪ ਹੀ ਪੈਦਾ ਹੋ ਗਏ ਹਨ, ਜਾਂ ਕਿ ਇਨ੍ਹਾਂ ਨੂੰ ਰਚਨ ਵਾਲਾ ਕੋਈ ਹੈ ?

ਉ: ੪. ਹੇ ਭਰਾਵੋ! ਇਹ ਸੂਰਜ ਤੇ ਚੰਦ੍ਰਮਾ, ਉਸੇ ਪ੍ਰਭੂ ਜੀ ਨੇ ਬਣਾਏ ਹਨ। (ਸੂਰਜ) ਦਿਨ ਵੇਲੇ (ਚੰਦ੍ਰਮਾ) ਰਾਤ ਵੇਲੇ ਚਾਨਣਾ ਦੇਂਦਾ ਹੈ, ਪਰ (ਯਾਦ ਰੱਖੋ) ਇਹ ਜਗਤ ਰਚਨਾ ਵਿਚ ਜੋ ਭੀ ਕੁਝ ਦ੍ਰਿਸ਼ਟਮਾਨ ਹੈ, ਇਹ ਸਭੋ ਕੁਝ ਉਸੇ ਸਾਈਂ ਜੀ ਦਾ ਇਕ ਤਮਾਸ਼ਾ ਹੈ।੧।

ਪ੍ਰ: ਹਜ਼ੂਰ! ਤੁਸੀਂ ਜਦ ਕਦੀ ਉਸ ਪਾਸੋਂ ਮੰਗ ਕਰਨੀ ਹੋਵੇ, ਤਾਂ ਕੀ ਮੰਗਦੇ ਹੋ ?

ਉ: ਪ. ਹੇ ਪਿਆਰਿਓ! ਸਾਡੀ ਤਾਂ ਕੇਵਲ ਇਕੋ ਹੀ ਅਰਦਾਸ ਹੁੰਦੀ ਹੈ ਕਿ ਐ ਸਾਈਂ ਜੀ! ਤੂੰ ਪਿੱਛੇ ਸੱਚ ਸਰੂਪ ਸੀ ਤੇ ਹੁਣ ਭੀ ਸਦਾ-ਥਿਰ ਰਹਿਣ ਵਾਲਾ ਸੱਚ ਸਰੂਪ ਹੈਂ। ਸਾਨੂੰ ਕਿਰਪਾ ਕਰਕੇ ਆਪਣਾ ਸੱਚਾ ਪਿਆਰ ਦੇਵੋ।ਰਹਾਉ।

੬. ਹੇ ਸਾਈਂ ਜੀ! ਤੁਸਾਂ ਹੀ ਇਹ ਸ੍ਰਿਸ਼ਟੀ ਸਾਜੀ ਹੈ, ਜੋ ਕਿ ਜੀਵਾਂ ਨੂੰ (ਕਦੀ) ਦੁੱਖ ਤੇ (ਕਦੀ) ਸੁੱਖ ਦੇਣ ਵਾਲੀ ਹੈ।

੭. ਜਗਤ ਵਿਚ ਇਸਤ੍ਰੀਆਂ ਅਤੇ ਮਰਦ ਭੀ ਤੁਸੀਂ ਆਪ ਹੀ ਪੈਦਾ ਕੀਤੇ ਹਨ (ਜੋ) ਮਾਇਆ ਜ਼ਹਿਰ ਰੂਪ ਦੇ ਮੋਹ ਪਿਆਰ ਵਿਚ ਵਰਤ ਰਹੇ ਹਨ।

੮. ਇਹ ਚਾਰੇ ਖਾਣੀਆਂ, ਚਾਰ ਬਾਣੀਆਂ ਵੀ ਤੇਰੀ ਹੀ ਰਚਨਾ ਹੈ ਅਤੇ ਇਨ੍ਹਾਂ ਸਾਰੇ ਸੰਸਾਰ ਦੇ ਜੀਵਾਂ ਨੂੰ ਅਧਾਰ ਵੀ ਤੂੰਹੀ ਦੇਣ ਵਾਲਾ ਹੈਂ।

੯. ਹੇ ਪ੍ਰਭੂ ਜੀ! ਆਪਣੇ ਬੈਠਣ ਲਈ ਇਹ ਸਾਰੀ ਰਚਨਾ ਰੂਪ ਤਖ਼ਤ ਤੂੰ ਆਪ ਹੀ ਬਣਾਇਆ ਹੈ, (ਇਸ ਤਖ਼ਤ 'ਤੇ ਬੈਠ ਕੇ) ਸੱਚ ਦੁਆਰਾ ਤੂੰ ਸਭ ਦੇ ਫ਼ੈਸਲੇ ਕਰਨ ਵਾਲਾ ਵੀ ਆਪ ਹੀ ਹੋ ਰਿਹਾ ਹੈਂ।੨।

੧੦. ਹੇ ਸਾਈਂ ਜੀ! ਇਨ੍ਹਾਂ (ਜੀਵਾਂ ਵਾਸਤੇ) ਜੰਮਣ ਮਰਣ ਦਾ ਗੇੜ ਤੂੰ ਆਪੇ ਹੀ ਪੈਦਾ ਕੀਤੇ ਹਨ, ਪਰ ਤੂੰ ਆਪ ਸਦਾ ਕਾਇਮ ਰਹਿਣ ਵਾਲਾ ਹੈਂ। (ਭਾਵ ਤੈਨੂੰ ਇਹ ਜਨਮ ਮਰਣ ਦਾ ਚੱਕ੍ਰ ਵਿਆਪ ਨਹੀਂ ਸਕਦਾ)।

ਪ੍ਰ: ਕਿਉਂ ਜੀ! ਜਦੋਂ ਕਿ ਇਨ੍ਹਾਂ ਜੀਵਾਂ ਨੂੰ ਰਚਨ ਵਾਲਾ ਆਪ ਸੱਚਾ ਹੈ ਤਾਂ ਫਿਰ ਇਹ ਜੀਵ ਕਿਉਂ ਜੰਮਣ ਮਰਣ ਵਿਚ ਆਉਂਦੇ ਜਾਂਦੇ ਹਨ ?

ਉ: ੧੧. ਹੇ ਪਿਆਰੇ! ਅਸਲ ਗੱਲ ਤਾਂ ਇਹੋ ਹੀ ਹੈ ਕਿ ਇਹ ਜੀਵ (ਮਾਇਆ ਮੋਹ ਦੇ ਕਾਰਣ) ਵਿਕਾਰਾਂ ਵਿਚ ਬੱਝਾ ਹੋਇਆ ਨਿਤਾ ਪ੍ਰਤੀ ਜੰਮਦਾ ਤੇ ਮਰਦਾ ਹੈ, ਭਾਵ ਇਸ ਨੂੰ ਇਹ ਜਨਮ ਮਰਣ ਦਾ ਚੱਕ੍ਰ ਪਿਆ ਹੀ ਰਹਿੰਦਾ ਹੈ।

ਪ੍ਰ: ਸ੍ਰੀ ਜੀਉ! ਇਸ ਜੀਵ ਦੀ ਇਹ ਦਸ਼ਾ ਕਿਉਂ ਹੁੰਦੀ ਹੈ ?

ਉ: ੧੨. ਐ ਪਿਆਰਿਓ! (ਅਸਲ ਵਿਚ ਮਾਇਆ ਦੇ ਮੋਹ ਵਿਚ ਫਸੇ) ਇਸ ਭੈੜੇ ਜੀਵ ਨੇ ਉਸ ਸੱਚੇ ਸਾਈਂ ਜੀ ਦੇ ਨਾਮ ਨੂੰ ਭੁਲਾ ਛੱਡਿਆ ਹੈ, (ਸੋ) ਹੁਣ ਉਸ ਮੋਹ ਵਿਚ ਡੁੱਬੇ ਹੋਏ ਦੀ ਕੋਈ ਪੇਸ਼ ਹੀ ਨਹੀਂ ਜਾਂਦੀ, ਕੋਈ ਚਾਰਾ ਨਹੀਂ ਚਲਦਾ।

੧੩. ਐ ਸੱਜਨੋ! ਅਸੀਂ ਤਾਂ ਇਸ ਜੀਵ ਵਲ ਤਕ ਰਹੇ ਹਾਂ ਕਿ ਇਸ ਨੇ (ਸ਼ੁਭ) ਗੁਣਾਂ ਨੂੰ ਛੱਡ ਕੇ (ਵਿਕਾਰਾਂ ਦਾ) ਜ਼ਹਿਰ ਇਕੱਠਾ ਕਰ ਲਿਆ ਹੈ ਅਤੇ ਸਾਰੀ ਉਮਰ ਹੀ ਜਗਤ ਵਿਚ ਆ ਕੇ ਔਗੁਣਾਂ ਦਾ ਹੀ ਵਣਜ ਕਰਦਾ ਰਹਿੰਦਾ ਹੈ।੩।

੧੪. ਹੇ ਪਿਆਰੇ! ਹੁਣ ਇਸੇ ਹੀ ਔਗੁਣਾਂ ਦੇ ਵਪਾਰੀ ਜੀਵ ਨੂੰ ਜਦੋਂ, ਉਸ ਸਦਾ ਕਾਇਮ ਰਹਿਣ ਵਾਲੇ ਕਰਤਾਰ ਦੇ ਹੁਕਮ ਵਿਚ ਉਨ੍ਹਾਂ ਪਿਆਰਿਆਂ ਨੂੰ (ਇਥੋਂ ਕੂਚ ਕਰਨ ਦੇ) ਸਦੇ ਆਉਂਦੇ ਹਨ।

੧੫. ਸੋ, ਜੋ ਇਥੇ ਇਕੱਠੇ ਜੀਵਨ ਨਿਰਬਾਹ ਕਰ ਰਹੇ ਹੁੰਦੇ ਹਨ, (ਉਨ੍ਹਾਂ ਇਕੱਠੇ ਰਹਿਣ ਵਾਲੇ) ਇਸਤ੍ਰੀ ਮਰਦਾਂ ਦੇ ਵਿਛੋੜੇ ਹੋ ਜਾਂਦੇ ਹਨ, ਪਰ ਇਸ ਵਿਛੋੜੇ ਨੂੰ ਕੋਈ ਹੁਣ ਮੇਟ ਵੀ ਨਹੀਂ ਸਕਦਾ।

ਪ੍ਰ: ਹਜ਼ੂਰ! ਇਨ੍ਹਾਂ ਵਿਛੜਿਆਂ ਨੂੰ ਕੀ ਕੋਈ ਮੇਲ ਨਹੀਂ ਸਕਦਾ ?

ਉ: ਹੇ ਭਾਈਓ! ਇਸ ਵਿਛੋੜੇ ਨੂੰ ਤਾਂ ਮੇਲਣ ਦੀ ਇਕ ਪਰਮਾਤਮਾ ਆਪ ਹੀ ਸਮਰੱਥਾ ਰੱਖਦਾ ਹੈ।

ਪ੍ਰ: ਹਜ਼ੂਰ ਜੀ ! ਕਈ ਵਾਰ ਤਾਂ ਸਾਡੀਆਂ ਅੱਖੀਆਂ ਦੇ ਸਾਹਮਣੇ ਅਜੇਹੇ ਜੋੜਿਆਂ ਦੇ ਵਿਛੋੜੇ ਹੁੰਦੇ ਹਨ, ਜਿਨ੍ਹਾਂ ਦਾ ਅਤਿ ਹੀ ਪਰਸਪਰ ਪਿਆਰ ਹੁੰਦਾ ਹੈ ਤੇ ਕਈਆਂ ਦੇ ਰੂਪ ਸੋਹਣੇ ਤੇ ਸ਼ਕਲਾਂ ਵੀ ਸੁੰਦਰ ਹੁੰਦੀਆਂ ਹਨ, ਉਨ੍ਹਾਂ ਨੂੰ ਤੱਕ ਕੇ ਦਰਦ-ਮੰਦਾਂ ਦੇ ਦਿਲਾਂ ਵਿਚ ਦਰਦ ਪੈਦਾ ਹੋ ਆਉਂਦਾ ਹੈ। ਕੀ ਉਨ੍ਹਾਂ ਜਮ ਰਾਜ ਦੇ ਭੇਜਿਆਂ ਦੂਤਾਂ ਨੂੰ ਜਾਣ ਸਮੇਂ ਕੋਈ ਤਰਸ ਨਹੀਂ ਆਉਂਦਾ ?

ਉ:੧੬. ਹੇ ਮਿੱਤਰੋ ! ਉਹ ਜਮ ਰਾਜ ਭੀ ਸੁਤੰਤ੍ਰ ਨਹੀਂ, ਉਹ ਵੀ ਪਤੰਤ੍ਰ ਹੈ, ਭਾਵ ਜਮ ਰਾਜ ਦੇ ਸਿਰ ਉੱਤੇ ਭੀ ਪਰਮੇਸ਼ਰ ਦੇ ਹੁਕਮ ਵਿਚ ਹੀ ਮੌਤ ਦੀ ਰਾਹੀਂ (ਜੀਵਾਂ ਦੇ ਵਿਛੋੜੇ ਕਰਨ ਦੀ) ਜ਼ਿੰਮੇਵਾਰੀ ਸੌਂਪੀ ਹੋਈ ਹੈ, ਭਾਵ ਜੋ ਜਮ ਆ ਕੇ ਵਿਛੋੜਦੇ ਹਨ, ਉਹ ਵੀ ਸੱਚੀ ਸਰਕਾਰ ਦੇ ਹੁਕਮ ਵਿਚ ਬੱਧੇ ਹੋਏ ਹੁੰਦੇ ਹਨ (ਇਸ ਲਈ) ਉਹ ਨਹੀਂ ਜਾਣਦੇ ਕਿ ਜਿਸ ਨੂੰ ਅਸੀਂ ਮਾਰਨ ਲੱਗੇ ਹਾਂ, ਉਸ ਦਾ ਰੂਪ ਸੋਹਣਾ ਹੈ, ਜਾਂ ਕਿ ਕੋਝਾ ਹੈ। ਇਸ ਲਈ ਉਹ ਕਿਸੇ ਸੁੰਦਰੀ ਦੇ ਰੂਪ ਦੀ ਪ੍ਰਵਾਹ ਨਹੀਂ ਕਰਦੇ।

੧੭. ਅਤੇ ਨਾ ਹੀ ਉਹ ਇਸ ਗੱਲ ਦੀ ਵੀਚਾਰ ਕਰਦੇ ਹਨ ਕਿ ਇਹ ਬੱਚਾ ਹੈ ਜਾਂ ਕਿ ਬੁੱਢਾ। ਬਸ, ਉਹ ਤਾਂ ਪਿਆਰਿਆਂ ਦੇ ਪਿਆਰ ਨੂੰ ਪਿਆਰ ਤੋਂ (ਝੱਟ ਹੀ) ਤੋੜ ਦੇਂਦੇ ਹਨ। ਭਾਵ ਹੈ ਕਿ ਉਨ੍ਹਾਂ ਜਮਦੂਤਾਂ ਨੂੰ ਸਭ ਦਾ (ਆਪੋ ਵਿਚ ਦਾ) ਪਿਆਰ ਤੋੜ ਦੇਣ ਦਾ ਹੁਕਮ ਹੈ।੪।

ਪ੍ਰ: ਹਜ਼ੂਰ ! ਅੰਤ ਸਮੇਂ ਮੌਤ ਆਉਣ ਸਮੇਂ ਦਾ ਕੋਈ ਦ੍ਰਿਸ਼ ਦੱਸੋ ਜੀ ?

ਉ:੧੮. ਹੇ ਮਿੱਤਰੋ ! ਜਦੋਂ ਸੱਚੇ ਪਰਮੇਸ਼ਰ ਦੇ ਹੁਕਮ ਵਿਚ ਆਖ਼ਰ ਮੌਤ ਦਾ ਸੱਦਾ ਆਉਂਦਾ ਹੈ ਤਾਂ ਸਰੀਰ ਦੇ ਨੌਂ ਹੀ ਦਰਵਾਜ਼ੇ ਬੰਦ ਹੋ ਜਾਂਦੇ ਹਨ, ਤਾਂ ਜੀਵਾਤਮਾ (ਕਿਤੇ) ਅਸਮਾਨ ਵਿਚ ਚਲਾ ਜਾਂਦਾ ਹੈ।

੧੯. (ਹੁਣ ਜਿਸ ਇਸਤ੍ਰੀ ਦਾ ਪਤੀ ਮਰ ਜਾਂਦਾ ਹੈ) ਉਹ ਇਸਤ੍ਰੀ ਇਕੱਲੀ ਰਹਿ ਜਾਂਦੀ ਹੈ। ਉਸ ਦੀ ਝੂਠੀ ਦੇਹ ਵਿਚ ਪਿਆਰ ਹੋਣ ਕਰ ਕੇ ਦੇਹ ਦੇ ਛੁੱਟ ਜਾਣ ਅਤੇ ਮੁੱਠੀ ਹੋਈ ਉਹ ਇਸਤ੍ਰੀ ਹੁਣ ਵਿਧਵਾ ਹੋ ਗਈ ਹੈ। ਭਾਵੇਂ ਉਹ ਦੇਹ, ਮੋਈ ਹੋਈ (ਅਜੇ) ਵੇਹੜੇ ਵਿਚ ਦਰਵਾਜ਼ਿਓਂ ਅੰਦਰ ਹੀ ਪਈ ਹੁੰਦੀ ਹੈ।

੨੦. (ਜਿਸ ਨੂੰ ਵੇਖ-ਵੇਖ ਕੇ) ਉਹ ਇਸਤ੍ਰੀ ਦਹਿਲੀਜ਼ਾਂ ਵਿਚ ਬੈਠੀ ਰੋਂਦੀ ਹੈ (ਤੇ ਆਖਦੀ ਹੈ ਕਿ) ਹੇ ਮਾਏ ! ਇਸ ਮੌਤ ਨੂੰ ਵੇਖ ਕੇ ਤਾਂ ਮੇਰੀ ਅਕਲ ਹੀ ਟਿਕਾਣੇ ਨਹੀਂ ਰਹੀ।

ਪ੍ਰ: ਹਜ਼ੂਰ ! ਆਖ਼ਰ ਹੁਣ ਸਾਡੇ ਲਈ ਕੀ ਹੁਕਮ ਹੈ ?

ਉ:੨੧. ਹੇ ਮੇਰੇ ਪ੍ਰਭੂ ਕੰਤ ਦੀਓ ਇਸਤ੍ਰੀਓ ! (ਹੇ ਜੀਵ-ਇਸਤ੍ਰੀਓ !) ਇਹ ਸਰੀਰਾਂ ਦੇ ਵਿਛੋੜਿਆਂ ਦਾ ਸਿਲਸਿਲਾ ਤਾਂ ਸਦਾ ਇਸੇ ਹੀ ਤਰ੍ਹਾਂ ਟਿਕਿਆ ਰਹਿਣਾ ਹੈ, (ਕਿਸੇ ਨੇ ਇਥੇ ਸਦਾ ਹੀ ਬੈਠ ਨਹੀਂ ਰਹਿਣਾ) (ਇਸ ਲਈ) ਤੁਸੀਂ ਸਦਾ ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਹਿਰਦੇ ਵਿਚ ਸੰਭਾਲ ਕੇ, (ਪ੍ਰਭੂ ਪਤੀ ਦੇ ਵਿਛੋੜੇ ਨੂੰ ਚੇਤੇ ਕਰਦਿਆਂ) ਵੈਰਾਗ ਅਵਸਥਾ ਵਿਚ ਆਓ ਤੇ (ਪ੍ਰੇਮਾ ਭਗਤੀ ਵਿਚ ਰੋਵੋ)। (ਤਦੋਂ ਹੀ ਇਹ ਜੀਵਨ ਸਫਲਾ ਹੋਵੇਗਾ)।੫।

੨੨. (ਹੁਣ ਮੁਰਦੇ ਦਾ ਅੰਤਮ ਨਕਸ਼ਾ ਬੰਨ੍ਹਦੇ ਹਨ) ਦੇਖੋ ਭਾਈਓ ! ਮਰੇ ਪ੍ਰਾਣੀ ਦੀ ਲੋਥ ਨੂੰ ਸਾਰੇ ਸਾਕ ਸੰਬੰਧੀ, ਪਾਣੀ ਨਾਲ ਮਲ ਕੇ ਇਸ਼ਨਾਨ ਕਰਾਉਂਦੇ ਹਨ ਤੇ ਰੇਸ਼ਮ ਦਿਆਂ ਕਪੜਿਆਂ ਤੇ ਸੂਤੀ ਕਪੜਿਆਂ ਵਿਚ ਲਪੇਟਿਆ ਅਤੇ ਮਸਾਣਾਂ ਵੱਲ ਤੁਰ ਪਏ।

੨੩. ਹੁਣ ਸੱਚੀ ਬਾਣੀ ਦੀ ਆਵਾਜ਼ (ਮਾਨੋ) ਵੱਜ ਪਈ, ਭਾਵ ਸਾਰੇ ਬੋਲ ਪਏ ਕਿ ਰਾਮ ਨਾਮ ਸਤ ਹੈ। ਮਾਂ, ਪਿਉ, ਭਰਾ, ਪੁੱਤ੍ਰ, ਇਸਤ੍ਰੀ ਆਦਿਕ, ਨਿਕਟੀ ਸੰਬੰਧੀ ਗ਼ਮ ਨਾਲ ਮੁਇਆਂ ਵਰਗੇ ਹੋ ਜਾਂਦੇ ਹਨ, ਭਾਵ ਇਹ ਸਾਰੇ ਸੰਬੰਧੀ ਇਉਂ ਕਹਿੰਦੇ ਹਨ ਕਿ ਐ ਭਰਾਵੋ ! (ਮਾਨੋ) ਅਸੀਂ ਤਾਂ ਸਾਰੇ ਹੀ ਮਾਰੇ ਗਏ ਹਾਂ।

੨੪. ਤੇ ਇਸਤ੍ਰੀ ਕਹਿੰਦੀ ਹੈ ਕਿ (ਹੇ ਮੇਰੇ ਪਿਆਰਿਓ ਸਾਥੀਓ) ਮੇਰੇ ਪਿਆਰੇ ਜੀ, (ਅੱਜ ਮੈਥੋਂ) ਵਿਛੜ ਗਏ ਹਨ, (ਸਮਝ ਲਓ) ਇਹ ਤਾਂ ਮੇਰਾ ਮਰਨ ਹੋ ਗਿਆ ਹੈ, ਹੁਣ ਤਾਂ ਪਿਆਰੇ ਪਤੀ ਦੇ ਪਿੱਛੋਂ, ਜਗਤ ਵਿਚ ਮੇਰੇ ਜੀਵਨ ਨੂੰ ਧ੍ਰਿਕਾਰ ਹੈ।

੨੫. (ਹੇ ਭਾਈਓ) ਇਹ ਮੋਹ ਤਾਂ ਜ਼ਰੂਰ ਦੁਖਦਾਈ ਹੈ, ਇਹ ਸਰੀਰਕ ਵਿਛੋੜੇ ਹੋਣੇ ਹੀ ਹਨ, (ਹਾਂ) ਜਿਹੜਾ ਜੀਵ ਸਦਾ ਸੱਚੇ ਪਰਮੇਸ਼ਰ ਦੇ ਪਿਆਰ ਵਿਚ, ਪ੍ਰੇਮ ਵਿਚ ਟਿੱਕ ਕੇ ਜਗਤ ਵਿਚ ਕਿਰਤ ਕਾਰ ਕਰਦਾ ਹੀ ਮੋਹ ਵਲੋਂ ਮਰਦਾ ਹੈ, ਉਹ ਪਰਮੇਸ਼ਰ ਦੀ ਸੱਚੀ ਦਰਗਾਹ ਵਿਚ ਆਦਰ ਪਾਉਂਦਾ ਹੈ।੬।

ਪ੍ਰ: ਕਿਉਂ ਜੀ ! ਤੁਸੀਂ ਕਿਉਂ ਨਹੀਂ ਰੋਂਦੇ ?

ਉ:੨੬-੨੭. ਇਸ ਲਈ ਕਿ ਅਸੀਂ ਅਸਲੀਅਤ ਨੂੰ ਸਮਝ ਲਿਆ ਹੈ, ਹਾਂ ਤੁਸੀਂ ਰੋਣ ਲਈ ਆਈਆਂ ਹੋ ! ਤੁਸੀਂ ਖ਼ੂਬ ਰੋਵੋ, ਕਿਉਂਕਿ ਤੁਸੀਂ ਝੂਠੇ ਸੰਸਾਰ ਵਿਚ ਠੱਗੀਆਂ ਗਈਆਂ ਹੋ, ਤੁਸੀਂ ਸੱਚੇ ਪਤੀ ਨੂੰ ਛੱਡ ਬੈਠੀਆਂ ਹੋ ਤੇ ਪਤੀ ਹੀਣੀਆਂ ਹੋ ਕੇ ਝੂਠੇ ਧੰਧਿਆਂ ਵਿਚ ਭਜੀਆਂ ਫਿਰਦੀਆਂ ਹੋ।

੨੮. ਹੇ ਭੁੱਲੀ ਹੋਈਓ ਇਸਤ੍ਰੀਓ ! (ਕੀ ਤੁਹਾਨੂੰ ਇਹ ਸੋਝੀ ਨਹੀਂ ਕਿ) ਉਹ ਸੱਚਾ ਪਤੀ ਤਾਂ ਘਰ-ਘਰ ਵਿਚ ਹੈ। ਉਸ ਦੀਆਂ ਇਹ ਸਭੇ ਜੀਵ ਰੂਪੀ ਇਸਤ੍ਰੀਆਂ ਹਨ, ਪਰ (ਹਾਂ), ਜੋ ਜੀਵ ਰੂਪ ਇਸਤ੍ਰੀ ਉਸ ਪਿਆਰੇ ਦੇ ਹਿੱਤ ਵਿਚ ਹੈ, ਉਹੋ ਹੀ ਸੁੰਦਰ ਹੈ।

ਪ੍ਰ: ਸ੍ਰੀ ਜੀਉ ! ਜਦੋਂ ਭੀ ਤੱਕਦੇ ਹਾਂ, ਤੁਹਾਡਾ ਤਨ ਤੇ ਮਨ ਹਰ ਵਕਤ ਹੀ ਅਨੰਦ ਵਿਚ ਖਿੜਿਆ ਰਹਿੰਦਾ ਹੈ, ਇਸ ਦਾ ਅਸਲ ਕਾਰਣ ਕੀ ਹੈ ?

ਉ:੨੯. ਹੇ ਪਿਆਰਿਓ ! ਮੈਂ ਜੀਵ-ਇਸਤ੍ਰੀ ਹਰ ਵਕਤ ਉਸ ਸਦਾ-ਥਿਰ ਰਹਿਣ ਵਾਲੇ ਪ੍ਰਭੂ ਪਤੀ ਦੀ ਸਿਫ਼ਤਿ-ਸਾਲਾਹ ਕਰਦੀ ਹਾਂ, ਇਹੋ ਹੀ ਕਾਰਣ ਹੈ ਕਿ ਉਸ ਮਾਲਕ ਦੇ ਨਾਮ ਵਿਚ ਸਦਾ ਜੁੜੇ ਰਹਿਣ ਦੇ ਕਾਰਨ ਮੇਰਾ ਮਨ ਤੇ ਤਨ ਸਦਾ ਹੀ ਅਨੰਦ ਵਿਚ ਖਿੜਿਆ ਰਹਿੰਦਾ ਹੈ।੭।

ਪ੍ਰ: ਹਜ਼ੂਰ ! ਇਹ ਦੱਸੋ ਕਿ ਇਹ ਸਦਾ ਹੀ ਖੇੜੇ ਵਿਚ ਖਿੜੇ ਰਹਿਣ ਦੀ ਜੁਗਤੀ ਤੁਹਾਨੂੰ ਕਿਵੇਂ ਹਾਸਲ ਹੋਈ ?

ਉ: ੩੦. ਹੇ ਭਾਈਓ ! ਇਹ ਨਿਸਚਤ ਗੱਲ ਹੈ, (ਕਿਉਂਕਿ) ਗੁਰੂ ਜੀ ਨੂੰ ਮਿਲਣ ਕਰਕੇ ਜੀਵ ਰੂਪੀ ਇਸਤ੍ਰੀ ਦੀ ਕਾਇਆਂ ਹੀ ਪਲਟ ਜਾਂਦੀ ਹੈ, (ਭਾਵ ਹੈ ਕਿ ਕੂੜੇ ਹਿੱਤ ਦੀ ਥਾਂ ਸੱਚੇ ਨਾਲ ਪ੍ਰੇਮ ਦਾ ਸੁਭਾਅ ਬਣ ਜਾਂਦਾ ਹੈ) ਇਸ ਲਈ, ਹੁਣ ਮੈਂ ਇਸਤ੍ਰੀ ਦਾ ਸ਼ਿੰਗਾਰ (ਹੀ) ਸੱਚ ਹੋ ਗਿਆ ਹੈ।

ਪ੍ਰ: ਹੇ ਗੁਰੋ ! ਹੁਣ ਜਦ ਕਦੀ ਤੁਸੀਂ ਆਪਣੇ ਉਪਕਾਰੀ ਸੁਭਾਉ ਅਨੁਸਾਰ ਕਿਸੇ ਹੋਰਨਾਂ ਜੀਵ ਰੂਪ ਇਸਤ੍ਰੀਆਂ ਨੂੰ ਉਪਦੇਸ਼ ਕਰਦੇ ਹੋ, ਤਾਂ ਉਹ ਕਿਸ ਰੂਪ ਵਿਚ ਕਰਿਆ ਕਰਦੇ ਹੋ ?

ਉ: ੩੧. ਹੇ ਭਰਾਵੋ ! ਸਾਡਾ ਤਾਂ ਸਾਰਿਆਂ ਨੂੰ ਸਾਂਝਾ ਇਕ ਇਹੋ ਹੀ ਉਪਦੇਸ਼ ਹੈ ਕਿ (ਹੇ ਸਹੇਲੀਓ ! ਹੇ ਸਤਿ ਸੰਗੀਓ !) ਆਓ ਰਲ ਕੇ ਬੈਠੀਏ ਅਤੇ ਰਲ ਕੇ ਸਿਰਜਨਹਾਰ ਦਾ ਸਿਮਰਨ ਕਰੀਏ।

੩੨. ਕਿਉਂਕਿ, ਜਿਹੜੀ ਵੀ ਜੀਵ ਰੂਪ ਇਸਤ੍ਰੀ ਪਰਮੇਸ਼ਰ ਦੇ ਨਾਮ ਵਿਚ ਜੁੜਦੀ ਹੈ, ਉਹੋ ਹੀ ਸੁਹਾਗਣ, ਭਾਵ ਸੁਹਾਗ ਭਾਗ ਵਾਲੀ ਇਸਤ੍ਰੀ ਹੋ ਜਾਂਦੀ ਹੈ, ਉਸੇ ਦੇ ਜੀਵਨ ਨੂੰ ਸੱਚਾ ਪਰਮੇਸ਼ਰ ਪਤੀ ਸੋਹਣਾ ਬਣਾ ਦੇਂਦਾ ਹੈ।

੩੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਬੀਬੀਓ, (ਜੀਵਾਂ ਨਾਲ) ਬਿਰਹੋਂ ਵਾਲਾ ਗੀਤ ਨਾ ਗਾਵੋ, ਸਗੋਂ (ਉਸ ਦੀ ਥਾਂ) ਬ੍ਰਹਮ ਦਾ ਵੀਚਾਰ ਕਰੋ, ਪ੍ਰਭੂ ਦੇ ਗੁਣਾਂ ਨੂੰ ਆਪਣੇ ਹਿਰਦੇ ਅੰਦਰ ਵਸਾਉ, ਫਿਰ ਇਉਂ ਉਸ ਤੋਂ ਕਦੀ ਵੀ ਤੁਹਾਡਾ ਵਿਛੋੜਾ ਨਹੀਂ ਹੋਵੇਗਾ। ਇਹ ਦੁਨੀਆ ਵਾਲੇ ਵਿਛੋੜੇ ਤਾਂ ਇਕ ਅਟੱਲ ਨਿਯਮ ਹੈ, ਇਹ ਸਦਾ ਹੁੰਦੇ ਹੀ ਰਹਿਣੇ ਹਨ।੮।੩।

ਭਾਵਾਰਥ : ਉਪ੍ਰੋਕਤ ਮਹਾਂਵਾਕ ਵਿਚ ਹਜ਼ੂਰ ਸੰਸਾਰਕ ਰਚਨਾ ਬਾਰੇ ਵੀਚਾਰ ਅੰਕਤ ਕਰਦੇ ਹਨ ਕਿ ਪਹਿਲੋਂ ਨਾ ਵਰਣਨ ਕਰਨ ਵਾਲੇ ਰੂਪ ਰੇਖ ਤੋਂ ਨਿਆਰੇ ਸਤਿ ਸਰੂਪ ਪ੍ਰਭੂ ਨੇ ਆਪ ਰਚਿਆ, ਭਾਵ ਸਦਾ ਸਤਿ ਰਹਿੰਦੇ ਹੋਏ, ਆਪਣਾ ਅਪਾਰ ਰੂਪ ਆਪ ਰਚਿਆ।

ਵਡਹੰਸੁ ਮਹਲਾ ੧ ॥

੧. ਜਿਨਿ ਜਗੁ ਸਿਰਜਿ ਸਮਾਇਆ
ਸੋ ਸਾਹਿਬੁ ਕੁਦਰਤਿ ਜਾਣੋਵਾ ॥

੨. ਸਚੜਾ ਦੂਰਿ ਨ ਭਾਲੀਐ
ਘਟਿ ਘਟਿ ਸਬਦੁ ਪਛਾਣੋਵਾ ॥

੩. ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ
ਜਿਨਿ ਏਹ ਰਚਨਾ ਰਾਚੀ ॥

੪. ਨਾਮੁ ਧਿਆਏ ਤਾ ਸੁਖੁ ਪਾਏ
ਬਿਨੁ ਨਾਵੈ ਪਿੜ ਕਾਚੀ ॥

੫. ਜਿਨਿ ਥਾਪੀ ਬਿਧਿ ਜਾਣੈ ਸੋਈ
ਕਿਆ ਕੋ ਕਹੈ ਵਖਾਣੋ ॥

੬. ਜਿਨਿ ਜਗੁ ਥਾਪਿ ਵਤਾਇਆ ਜਾਲੋ
ਸੋ ਸਾਹਿਬੁ ਪਰਵਾਣੋ ॥੧॥

ਪਦ ਅਰਥ : ਜਿਨਿ—ਜਿਸ ਪਰਮੇਸ਼ਰ ਨੇ। ਸਿਰਜਿ—ਪੈਦਾ ਕਰ ਕੇ। ਸਮਾਇਆ—(ਆਪਣੇ ਆਪ ਵਿਚ) ਲੀਨ ਕਰ ਲਿਆ। ਕੁਦਰਤਿ ਜਾਣੋ—ਕੁਦਰਤ ਵਿਚ ਵਸਦਾ ਜਾਣੋ। ਹੇ ਭਾਈ! ਸਚੜਾ—ਸਦਾ-ਥਿਰ ਰਹਿਣ ਵਾਲਾ। ਘਟਿ ਘਟਿ—ਹਰੇਕ ਘਟ ਵਿਚ। ਸਬਦੁ ਪਛਾਣੋ—ਹੇ ਭਾਈ! ਉਸ ਪਰਮੇਸ਼ਰ ਦਾ ਸ਼ਬਦ ਪਛਾਣ। ਸਬਦੁ—ਹੁਕਮ। ਜਿਨਿ—ਜਿਸ ਪਰਮਾਤਮਾ ਨੇ। ਰਾਚੀ—ਰਚੀ, ਬਣਾਈ। ਪਿੜ ਕਾਚੀ—ਪਿੜ ਦੀ ਕੱਚੀ, ਵਿਕਾਰਾਂ ਦੇ ਟਾਕਰੇ 'ਤੇ ਜਿੱਤਣ ਤੋਂ ਅਸਮਰਥ। ਬਿਧਿ—ਤਰੀਕਾ। ਵਖਾਣੋ—ਵਖਾਣ, ਉਪਦੇਸ਼। ਵਤਾਇਆ—ਵਿਛਾਇਆ। ਜਾਲੋ—(ਅਸਲ ਪਾਠ 'ਜਾਲੁ' ਹੈ, ਇਥੇ 'ਜਾਲੋ' ਪੜ੍ਹਨਾ ਹੈ)।੧।

ਅਰਥ :

ਪ੍ਰ: ਗੁਰਦੇਵ ਜੀਉ! ਜਿਸ ਸਾਈਂ ਜੀ ਨੇ ਇਸ ਜਗਤ ਨੂੰ ਰਚਿਆ ਹੈ, ਉਸ ਦੀ ਪਛਾਣ ਕਿਵੇਂ ਕਰੀਏ ?

ਉ: ੧. ਹੇ ਭਾਈਓ ! ਜਿਸ ਮਾਲਕ ਨੇ ਇਸ ਜਗਤ ਨੂੰ ਰਚ ਕੇ, ਇਸ ਦੇ ਵਿਚਕਾਰ ਆਪੇ ਨੂੰ ਸਮਾਇਆ ਹੋਇਆ ਹੈ, ਭਾਵ ਇਸੇ ਜਗਤ ਵਿਚ ਵਿਆਪਕ ਹੋ ਰਿਹਾ ਹੈ, ਉਸ ਮਾਲਕ ਨੂੰ ਇਸ ਕੁਦਰਤ ਦੇ ਰਸਤੇ ਪਛਾਣੋ।

੨. ਹੇ ਭਾਈਓ ! ਉਸ ਸੱਚੇ ਨੂੰ ਕਦੇ ਦੂਰ ਨਾ ਜਾਣੀਏ, ਹਿਰਦੇ ਵਿਚ ਹੀ ਉਸ ਸ਼ਬਦ ਰੂਪ ਨੂੰ ਪਛਾਣੋ।

੩. ਹੇ ਪਿਆਰੇ ! ਵੇਖੋ, ਜਿਸ ਸੱਚੇ ਨੇ ਇਹ ਰਚਨਾ ਰੱਚੀ ਹੈ, ਉਸੇ ਸੱਚੇ ਸ਼ਬਦ ਨੂੰ ਪਛਾਣੋ ਅਤੇ ਉਸ ਨੂੰ ਦੂਰ ਨ ਜਾਣੋ।

ਪ੍ਰ: ਹਜ਼ੂਰ ! ਇਸ ਰਚਨਾ ਵਿਚ ਵਸਦਿਆਂ ਸੁੱਖੀ ਕਿਵੇਂ ਰਹਿ ਸਕੀਏ ?

ਉ: ੪. ਹੇ ਪਿਆਰੇ ! ਜੋ ਮਨੁੱਖ (ਪ੍ਰਭੂ ਦਾ ਨਾਮ ਧਿਆਏਗਾ) ਉਹੋ ਹੀ ਸਦਾ ਅਬਨਾਸ਼ੀ ਸੁੱਖ ਪ੍ਰਾਪਤ ਕਰ ਲਏਗਾ, ਪਰ ਨਾਮ ਸਿਮਰਨ ਤੋਂ ਬਿਨਾ (ਸਮਝੋ) ਇਸ ਮਨੁੱਖਾ ਜਨਮ ਦੀ ਖੇਡ ਕੱਚੀ ਰਹਿ ਜਾਂਦੀ ਹੈ।

੫. ਹੇ ਸੱਜਣੋ ! ਜਿਸ (ਸਾਈਂ ਜੀ ਨੇ) ਇਹ ਸਾਰੀ ਰਚਨਾ ਰਚੀ ਹੈ, ਇਸ ਦੇ ਰੱਖਿਆ ਦੇ ਸਾਰੇ ਪ੍ਰਕਾਰ ਨੂੰ ਭੀ ਓਹੀ ਜਾਣਦਾ ਹੈ ਅਤੇ ਉਸ ਬਾਰੇ ਕੋਈ ਕੀ ਆਖੇ ਤੇ ਕੀ ਵਿਆਖਿਆ ਕਰੇ।

੬. ਇਸ ਲਈ, ਹੇ ਭਾਈਓ ! ਜਿਸ (ਪ੍ਰਭੂ ਨੇ) ਰਚ ਕੇ (ਇਸ 'ਤੇ) ਮੋਹ ਦਾ ਜਾਲ ਵਿਛਾਇਆ ਹੈ, ਉਸੇ ਨੂੰ ਹੀ ਆਪਣਾ ਮਾਲਕ ਕਰ ਕੇ ਪ੍ਰਵਾਨ ਕਰੋ। (ਕਿਉਂਕਿ ਓਹੀ ਇਸ ਮੋਹ ਦੇ ਜਾਲ ਵਿਚੋਂ ਜੀਵਾਂ ਨੂੰ ਕੱਢਣ ਦੀ ਸਮਰੱਥਾ ਰੱਖਦਾ ਹੈ)।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਪਰਮੇਸ਼ਰ ਜੀ ਨੂੰ ਜਗਤ ਦਾ ਰਚਨਹਾਰ ਦੱਸ ਕੇ, ਸਾਰੀ ਕੁਦਰਤ ਵਿਚ ਸਮਾਇਆ ਹੋਇਆ ਦਰਸਾ ਰਹੇ ਹਨ, ਭਾਵ ਉਹ ਕੁਦਰਤ ਤੋਂ ਵੱਖਰਾ ਤੇ ਦੂਰ ਨਹੀਂ, ਉਹ ਘਟ-ਘਟ ਵਿਚ ਵਿਆਪਕ ਹੈ।

੧. ਬਾਬਾ ਆਇਆ ਹੈ ਉਠਿ ਚਲਣਾ
ਅਧ ਪੰਧੈ ਹੈ ਸੰਸਾਰੋਵਾ ॥

੨. ਸਿਰਿ ਸਿਰਿ ਸਚੜੈ ਲਿਖਿਆ
ਦੁਖੁ ਸੁਖੁ ਪੁਰਬਿ ਵੀਚਾਰੋਵਾ ॥
੩. ਦੁਖੁ ਸੁਖੁ ਦੀਆ ਜੇਹਾ ਕੀਆ
ਸੋ ਨਿਬਹੈ ਜੀਅ ਨਾਲੇ ॥
੪. ਜੇਹੇ ਕਰਮ ਕਰਾਏ ਕਰਤਾ
ਦੂਜੀ ਕਾਰ ਨ ਭਾਲੇ ॥
੫. ਆਪਿ ਨਿਰਾਲਮੁ ਧੰਧੈ ਬਾਧੀ
ਕਰਿ ਹੁਕਮੁ ਛਡਾਵਣਹਾਰੋ ॥
੬. ਅਜੁ ਕਲਿ ਕਰਦਿਆ ਕਾਲੁ ਬਿਆਪੈ
ਦੂਜੈ ਭਾਇ ਵਿਕਾਰੋ ॥੨॥

ਪਦ ਅਰਥ : ਬਾਬਾ—ਹੇ ਭਾਈ। ਅਧ ਪੰਧੈ—ਅਧਵਾਟੇ, ਜਨਮ ਮਰਣ ਵਿਚ। ਸੰਸਾਰੋਵਾ—ਸੰਸਾਰੁ, ਜਗਤ। ਸਿਰਿ ਸਿਰਿ—ਹਰੇਕ ਦੇ ਸਿਰ ਉੱਤੇ। ਸਚੜੈ—ਸਦਾ-ਥਿਰ ਰਹਿਣ ਵਾਲੇ ਪ੍ਰਭੂ ਨੇ। ਪੁਰਬਿ ਵੀਚਾਰੋਵਾ—ਪੁਰਬ ਵੀਚਾਰੋ, ਪੂਰਬਲੇ ਸਮੇਂ ਵਿਚ ਕੀਤੇ ਕਰਮਾਂ ਦਾ ਵੀਚਾਰ। ਜੇਹਾ ਕੀਆ—ਜਿਹੋ ਜਿਹਾ ਕਿਸੇ ਨੇ ਕਰਮ ਕੀਤਾ। ਦੂਜੀ—ਕੋਈ ਹੋਰ। ਨਿਰਾਲਮੁ—ਨਿਰਲੇਪ। ਬਾਧੀ—ਬੱਝੀ ਹੋਈ। ਕਾਲੁ ਵਿਆਪੈ—ਮੌਤ ਆ ਦਬਾਉਂਦੀ ਹੈ। ਭਾਇ—ਪਿਆਰ ਵਿਚ। ਵਿਕਾਰੋ—ਵਿਕਾਰ, ਵਿਅਰਥ ਕੰਮ।੨।

ਅਰਥ :

ਪ੍ਰ: ਕਿਉ ਜੀ! ਇਸ ਜਗਤ ਵਿਚ ਜੋ ਭੀ ਦ੍ਰਿਸ਼ਟਮਾਨ ਪਦਾਰਥ ਨਜ਼ਰ ਆਉਂਦਾ ਹੈ, ਇਸ ਵਿਚ ਸਦਾ ਕਾਇਮ ਰਹਿਣ ਵਾਲੀ ਕੌਣ ਸ਼ੈਅ ਹੈ?

ਉ: ੧. ਹੇ ਬਾਬਾ! ਹੇ ਭਾਈ! (ਇਸ ਜਗਤ ਵਿਚ ਜਨਮ ਲੈ ਕੇ ਜੋ ਭੀ ਸ਼ੈਅ ਜਾਂ ਜੀਵ ਆਇਆ ਹੈ, ਉਸ ਨੇ ਜ਼ਰੂਰ ਇਥੋਂ ਚਲੇ ਜਾਣਾ ਹੈ, (ਕਿਉਂਕਿ) ਇਹ ਸੰਸਾਰ ਸਾਰਾ ਹੀ ਅੱਧ ਵਿਚਾਲੇ (ਜੇਹੇ) ਹੈ। ਭਾਵ ਇਹ ਜੀਵ ਆਇਆ ਤਾਂ ਨਾਮ ਜਪਣ ਲਈ ਹੈ) ਪਰ, ਨਾਮ ਤੋਂ ਬਿਨਾ ਇਹ ਜਗਤ ਜਨਮ ਮਰਣ ਦੇ ਗੇੜ ਵਿਚ ਪਿਆ ਰਹਿੰਦਾ ਹੈ।

੨. ਹੇ ਪਿਆਰਿਓ! ਵੇਖ ਲਓ ਕਿ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੇ ਹਰੇਕ ਜੀਵ ਦੇ ਸਿਰ ਉੱਤੇ ਉਸ ਦੇ ਪੂਰਬਲੇ ਸਮੇਂ ਵਿਚ ਕੀਤੇ ਕਰਮਾਂ ਦੇ ਵੀਚਾਰ ਅਨੁਸਾਰ ਦੁੱਖ ਅਤੇ ਸੁੱਖ ਭੋਗਣ ਦੇ ਲੇਖ ਲਿਖ ਦਿੱਤੇ ਹਨ।

੩. (ਹਾਂ) ਜਿਹੋ ਜਿਹਾ ਕਰਮ ਪਿੱਛੇ ਕੀਤਾ ਸੀ, ਉਸੇ ਅਨੁਸਾਰ ਉਸ ਨੇ ਦੁੱਖ-ਸੁੱਖ ਦਿੱਤਾ ਹੈ, ਉਹੋ ਹੀ ਜੀਅ ਦੇ ਨਾਲ ਨਿਭੇਗਾ।

੪. (ਹੁਣ ਚਾਹੀਦਾ ਹੈ ਕਿ ਜੀਵ) ਜਿਹੋ ਜਿਹੇ ਕਰਮ ਕਰਤਾਰ ਕਰਾਵੇ, ਉਹੋ ਜਿਹੇ ਕਰੇ, ਹੋਰ ਉਸ ਤੋਂ ਦੂਜੀ ਕਾਰ ਨਾ ਭਾਲੇ।

੫. ਹੇ ਭਾਈਓ! ਉਹ ਆਪ ਕੁਦਰਤ ਵਿਚ ਵਸਦਾ ਹੋਇਆ, ਫੇਰ ਭੀ ਉਹ ਨਿਰਲੇਪ ਬੈਠਾ ਹੈ। ਇਹ ਸਾਰੀ ਸ੍ਰਿਸ਼ਟੀ ਉਸ ਨੇ ਧੰਧੇ ਵਿਚ ਬੰਨ੍ਹੀ ਹੋਈ ਹੈ, ਪਰ (ਮਾਇਆ ਦੇ ਇਨ੍ਹਾਂ ਬੰਧਨਾਂ ਤੋਂ ਭੀ) ਪਰਮੇਸ਼ਰ ਹੁਕਮ ਕਰ ਕੇ ਆਪ ਹੀ ਛੁਡਾਉਣ ਦੀ ਸਮਰੱਥਾ ਰੱਖਦਾ ਹੈ।

੬. ਹੇ ਸੱਜਨੋ! ਵੇਖ ਲਓ, (ਇਹ ਜੀਵ ਮਾਇਆ ਦੇ ਪ੍ਰਭਾਵ ਹੇਠ ਦਬਿਆ ਨਾਮ ਸਿਮਰਨ ਵਲੋਂ ਆਲਸ ਕਰਦਾ ਰਹਿੰਦਾ ਹੈ) ਬੱਸ ਇਕ ਇਹੋ ਖ਼ਿਆਲ ਕਰਦੇ ਦੀ ਕਿ ਅੱਜ ਸਿਮਰਨ ਕਰਦਾ ਹਾਂ, ਭਲਕੇ ਕਰਾਂਗਾ, ਇਸੀ ਤਰ੍ਹਾਂ ਦੇ ਟਾਲ-ਮਟੋਲੇ ਕਰਦੇ ਨੂੰ ਆਖ਼ਰ ਮੌਤ ਆ ਜਾਂਦੀ ਹੈ। ਪ੍ਰਭੂ ਨੂੰ ਵਿਸਾਰ ਕੇ (ਜੀਵ) ਦ੍ਵੈਤ ਭਾਵ ਦੇ ਵਿਕਾਰਾਂ ਵਿਚ ਫਸਿਆ, ਵਿਅਰਥ ਕੰਮ ਕਰਦਾ ਹੀ ਆਖ਼ਰ ਟੁਰ ਜਾਂਦਾ ਹੈ।੨।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਜੀ ਇਹ ਵੀਚਾਰ ਅੰਕਤ ਕਰਦੇ ਹਨ ਕਿ ਹੇ ਭਾਈ! ਇਹ ਸੰਸਾਰ ਸਾਡਾ ਸਹੀ ਮੁਕਾਮ ਨਹੀਂ, ਮੰਜ਼ਲ ਨਹੀਂ, ਇਹ ਤਾਂ ਇਕ ਰਸਤੇ ਵਿਚ ਕੋਈ ਅਧਵਾਟੇ ਜੇਹਾ ਥਾਂ ਹੈ। ਇਹ ਤਾਂ ਕਿਤੋਂ ਆਇਆ ਹੈ, ਕਿਤੇ ਜਾਏਗਾ, ਇਹ ਤਾਂ ਰਾਹ ਵਿਚ ਇਕ ਆਰਜ਼ੀ ਟਿਕਾਣਾ ਹੈ। ਜੇ ਕਦੀ ਆਪਣੇ ਸਾਹਮਣੇ ਇਹ ਵੀਚਾਰ ਰੱਖੋ, ਤਾਂ ਫਿਰ ਮਨ ਇਥੇ ਫਸ ਕੇ ਕਦੀ ਵੀ ਮਾੜੇ ਕਰਮ ਨਹੀਂ ਕਰਦਾ।

ਜੋ ਦੁੱਖ-ਸੁੱਖ ਭੋਗੀਦੇ ਹਨ, ਉਹ ਉਸ ਕਰਤਾਰ ਨੇ ਹੀ ਲਿਖੇ ਹਨ, ਪਰ ਉਹ ਸਾਡੇ ਕਰਮਾਂ ਅਨੁਸਾਰ ਹੀ ਲਿਖੇ ਹਨ, ਸੋ ਉਹ ਸਾਨੂੰ ਅਵੱਸ਼ ਹੀ ਭੋਗਣੇ ਪੈਣੇ ਹਨ।

੧. ਜਮ ਮਾਰਗ ਪੰਥੁ ਨ ਸੁਝਈ
ਉਝੜੁ ਅੰਧ ਗੁਬਾਰੋਵਾ ॥
੨. ਨਾ ਜਲੁ ਲੇਫ ਤੁਲਾਈਆ
ਨਾ ਭੋਜਨ ਪਰਕਾਰੋਵਾ ॥
੩. ਭੋਜਨ ਭਾਉ ਨ ਠੰਢਾ ਪਾਣੀ
ਨਾ ਕਾਪੜੁ ਸੀਗਾਰੋ ॥
੪. ਗਲਿ ਸੰਗਲੁ ਸਿਰਿ ਮਾਰੇ ਊਭੌ
ਨਾ ਦੀਸੈ ਘਰ ਬਾਰੋ ॥
੫. ਇਬ ਕੇ ਰਾਹੇ ਜੰਮਨਿ ਨਾਹੀ
ਪਛੁਤਾਣੇ ਸਿਰਿ ਭਾਰੋ ॥
੬. ਬਿਨੁ ਸਾਚੇ ਕੋ ਬੇਲੀ ਨਾਹੀ
ਸਾਚਾ ਏਹੁ ਬੀਚਾਰੋ ॥੩॥

ਪਦ ਅਰਥ : ਮਾਰਗ—ਰਸਤਾ। ਪੰਥੁ—ਰਸਤਾ। ਉਝੜੁ—ਉਜਾੜ। ਅੰਧ ਗੁਬਾਰੋਵਾ—ਅੰਧ ਗੁਬਾਰ, ਘੁਪ ਹਨੇਰਾ। ਪਰਕਾਰੋਵਾ—ਪਰਕਾਰੁ, ਕਿਸਮ। ਨਾ ਭੋਜਨ ਪਰਕਾਰੋਵਾ—ਨਾ ਕਿਸੇ ਕਿਸਮ ਦਾ ਭੋਜਨ। ਗਲਿ—ਗਲ ਵਿਚ। ਸਿਰਿ—ਸਿਰ ਉੱਤੇ। ਊਭੌ—ਖਲੋਤਾ ਹੋਇਆ। ਘਰ ਬਾਰੋ—ਘਰ ਘਾਟ, ਕੋਈ ਆਸਰਾ। ਇਬ ਕੇ ਰਾਹੇ—ਹੁਣ ਦੇ ਬੀਜੇ ਹੋਏ। ਜੰਮਨਿ ਨਾਹੀ—ਨਹੀਂ ਉਗਦੇ।੩।

ਅਰਥ :

ਪ੍ਰ: ਹਜ਼ੂਰ ਜੀ! ਪੁਰਾਣਾਂ ਵਿਚ ਜਮਾਂ ਦੇ ਮਾਰਗ ਬਾਰੇ ਬਹੁਤ

ਕੁਝ ਲਿਖਿਆ ਹੋਇਆ ਸੁਣੀਦਾ ਹੈ, ਕਿਰਪਾ ਕਰੋ, ਕੁਝ ਆਪ ਭੀ ਸਾਨੂੰ ਉਸ ਮਾਰਗ ਬਾਰੇ ਜਾਣਕਾਰੀ ਕਰਾ ਦਿਓ।

ਉ: ੧. ਹੇ ਭਾਈਓ ! ਅਸਲ ਵਿਚ ਤਾਂ ਇਸ ਕਰਤਾਰ ਦੀ ਅਸਚਰਜ ਜਗਤ ਰਚਨਾ ਵਿਚ ਕਈ ਕੁ ਅਜੇਹੇ ਗੁਪਤ ਭੇਦ ਹਨ, ਜਿਨ੍ਹਾਂ ਨੂੰ ਪੂਰਨ ਤੌਰ 'ਤੇ ਬਿਆਨਿਆ ਨਹੀਂ ਜਾ ਸਕਦਾ, ਸੋ ਇਹ ਜਮ ਮਾਰਗ ਦੀ ਵੀ ਕੁਝ ਅਜੇਹੀ ਹੀ ਅਜੀਬ ਕਥਾ ਹੈ, ਜਿਸ ਨੂੰ ਸਹੀ ਰੂਪ ਵਿਚ ਬਿਆਨ ਕਰਨਾ ਤਾਂ ਅਤਿਅੰਤ ਹੀ ਕਠਨ ਹੈ, (ਪਰ, ਹਾਂ) ਥੋੜ੍ਹਾ ਮਾਤ੍ਰ ਸਮਝਣ ਲਈ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਹੇ ਪਿਆਰੇ ! ਉਸ ਜਮਾਂ ਦੇ ਮਾਰਗ ਵਿਚ ਕੋਈ ਵੀ ਰਸਤਾ ਨਹੀਂ ਦਿੱਸਦਾ, ਉਥੇ ਤਾਂ ਔਝੜ ਹੈ, ਘੁਪ ਹਨੇਰਾ ਹੈ।

ਪ੍ਰ: ਕਿਉਂ ਜੀ ! ਜਿਸ ਰਾਹੀ ਨੇ ਬਹੁਤ ਲੰਬੇਰਾ ਮਾਰਗ ਤਹਿ ਕਰਨਾ ਹੋਵੇ, ਉਸ ਲਈ ਤਾਂ ਰਸਤੇ ਵਿਚ ਪਿਆਸ ਬੁਝਾਉਣ ਲਈ ਪਾਣੀ ਅਤੇ ਸਰਦੀਆਂ ਤੋਂ ਬਚਣ ਵਾਸਤੇ ਲੇਫ ਤਲਾਈਆਂ, ਭੁੱਖ ਦੀ ਨਵਿਰਤੀ ਲਈ ਭੋਜਨ ਹੋਣਾ ਜ਼ਰੂਰੀ ਹੁੰਦਾ ਹੈ। ਕੀ ਉਸ ਜਮ ਮਾਰਗ ਵਿਚ ਇਹ ਉਪ੍ਰੋਕਤ ਸਭੋ ਕੁਝ ਮਿਲਦਾ ਹੈ ?

ਉ: ੨. (ਨਹੀਂ) ਹੇ ਮਿੱਤਰੋ ! (ਓਥੇ ਜਮ ਮਾਰਗ ਵਿਚ) ਨਾ ਪਾਣੀ ਮਿਲਦਾ ਹੈ, ਨਾ ਹੀ ਲੇਫ ਤਲਾਈਆਂ ਅਤੇ ਨਾ ਹੀ ਤਰ੍ਹਾਂ-ਤਰ੍ਹਾਂ ਦੇ ਭੋਜਨ ਹੀ ਮਿਲਦੇ ਹਨ, (ਭਾਵ ਹੈ ਉਥੇ ਤਾਂ ਕੋਈ ਵੀ ਆਦਰ ਨਹੀਂ ਕਰਦਾ)।

੩. ਹੇ ਭਾਈ ! ਉਸ ਮਾਰਗ ਵਿਚ ਨਾ ਭੋਜਨ, ਨਾ ਠੰਡਾ ਪਾਣੀ ਨਾ ਕਪੜੇ, ਨਾ ਸ਼ਿੰਗਾਰ ਦਾ ਸਾਮਾਨ ਹੀ ਮਿਲਦਾ ਹੈ।

ਪ੍ਰ: ਹਜ਼ੂਰ ! ਆਖ਼ਰ ਕੁਝ ਤਾਂ ਹੁੰਦਾ ਹੀ ਹੋਵੇਗਾ ?

ਉ: ੪. (ਹਾਂ) ਇਹ ਕੁਝ ਜ਼ਰੂਰ ਹੁੰਦਾ ਹੈ ਕਿ (ਉਸ ਥਾਂ) ਇਸ ਜੀਵ ਦੇ ਗਲ ਵਿਚ ਸੰਗਲ ਪਿਆ ਹੁੰਦਾ ਹੈ ਤੇ ਜਮ ਸਿਰ 'ਤੇ ਖੜਾ ਮਾਰ ਕਰਦਾ ਹੁੰਦਾ ਹੈ, (ਉਸ ਜਮਾਂ ਦੀ ਮਾਰ ਤੋਂ ਬਚਣ ਲਈ, ਭੱਜ ਕੇ ਲੁਕਣ ਵਾਸਤੇ) ਕੋਈ ਘਰ ਤੇ ਬਾਰ ਵੀ ਨਹੀਂ ਦਿੱਸਦਾ।

੫. ਹੇ ਭਾਈਓ ! ਉਸ ਵੇਲੇ ਜੀਵ ਆਪਣੇ ਸਿਰ ਉੱਤੇ ਪਾਪਾਂ ਦੀ ਪੰਡ ਵੇਖ ਕੇ ਪਛਤਾਉਂਦਾ ਹੈ ਕਿ ਹਾਂ ! ਮੇਰੇ ਪਾਸ ਤਾਂ ਦਾਨ ਪੁੰਨ ਕਰਨ ਲਈ ਬਹੁਤ ਧਨ ਪਦਾਰਥ ਸੀ, ਮੈਂ ਕਿਉਂ ਨਾ ਕਰ ਸਕਿਆ। ਇਉਂ ਪਛਤਾਉਂਦਾ ਹੋਇਆ ਆਖ਼ਰ ਜਮਾਂ ਪਾਸ ਅਰਜ਼ ਕਰਦਾ ਹੈ ! ਕਿਉਂ ਭਾਈਓ ! ਜੋ ਮੈਂ ਪਿਛੇ ਧਨ ਪਦਾਰਥ ਛੱਡ ਆਇਆ ਹਾਂ, ਕੀ ਮੈਂ ਹੁਣ ਉਨ੍ਹਾਂ ਦਾ ਦਾਨ ਪੁੰਨ ਕਰਨ ਲਈ ਸੰਕਲਪ ਕਰ ਸਕਦਾ ਹਾਂ ?

ਉ: ਜਮਾਂ ਵਲੋਂ ਇਹੋ ਉੱਤਰ ਆਉਂਦਾ ਹੈ ਕਿ ਹੁਣ ਤੇਰਾ ਕੀਤਾ ਪਛੋਤਾਵਾ ਕੁਝ ਵੀ ਨਹੀਂ ਸਵਾਰ ਸਕਦਾ, (ਕਿਉਂਕਿ) ਹੁਣ ਦੇ ਬੀਜੇ (ਪੁੰਨ ਦੇ ਬੀਜ) ਉੱਗ ਨਹੀਂ ਸਕਦੇ, ਹੁਣ ਤਾਂ ਜੋ ਤੇਰੇ ਕੀਤੇ ਪਾਪ ਕਰਮਾਂ ਦਾ ਭਾਰ ਸਿਰ ਉੱਤੇ ਪਿਆ ਹੈ ਇਹ ਲਹਿ ਨਹੀਂ ਸਕਦਾ।

ਪ੍ਰ: ਹਜ਼ੂਰ ! ਆਖ਼ਰ ਆਪਣਾ ਵੀਚਾਰ ਕਹੋ ?

ਉ: ੬. ਹੇ ਪਿਆਰੇ ! ਆਖ਼ਰ ਸੱਚਾ ਵੀਚਾਰ ਤਾਂ ਇਹੋ ਹੈ ਕਿ ਸੱਚੇ ਦੇ ਬਿਨਾ ਜੀਵ ਦਾ ਮਿੱਤਰ ਹੋਰ ਕੋਈ ਵੀ ਨਹੀਂ ਬਣਦਾ।੩।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਜਮ ਮਾਰਗ ਦਾ ਨਕਸ਼ਾ ਬੰਨ੍ਹਦੇ ਹਨ ਕਿ ਉਥੇ ਕੋਈ ਸੜਕ ਪਗ ਡੰਡੀ ਨਹੀਂ, ਔਜੜ ਹੈ, ਉਤੋਂ ਘੁੱਪ ਹਨੇਰਾ ਹੈ, ਦਿੱਸਦਾ ਕੁਝ ਵੀ ਨਹੀਂ, ਖ਼ੁਰਾਕ, ਰੋਟੀ, ਪਾਣੀ, ਲੇਫ, ਤਲਾਈ ਆਦਿ ਕੋਈ ਵੀ ਸ਼ੈਅ ਨਹੀ ਮਿਲ ਸਕੇਗੀ, ਉਥੇ ਤਾਂ ਪਾਪਾਂ ਦਾ ਭਾਰ, ਗਲ ਵਿਚ ਸੰਗਲ ਤੇ ਜਮਾਂ ਦੀ ਮਾਰ ਹੀ ਹੋਇਆ ਕਰਦੀ ਹੈ। ਉਸ ਵੇਲੇ ਬਚਾਓ ਦੀ ਸੂਰਤ ਭੀ ਕੋਈ ਨਹੀਂ ਹੁੰਦੀ, ਕੇਵਲ ਪਸਚਾਤਾਪ ਹੀ ਪਲੇ ਹੁੰਦਾ ਹੈ, ਪਰ ਉਸ ਵੇਲੇ ਪਛਤਾ ਕੇ ਨੇਕੀ, ਪੁੰਨ, ਭਜਨ ਕਰਨ ਦਾ ਸਮਾਂ ਨਹੀਂ ਹੁੰਦਾ, ਕਿਉਂਕਿ ਉਹ ਤਾਂ ਕੇਵਲ ਫਲ ਭੂਮੀ ਹੈ, ਕਰਮ ਭੂਮੀ ਤਾਂ ਕੇਵਲ ਇਕ ਮਨੁੱਖਾ ਦੇਹੀ ਹੀ ਹੈ, ਇਸ ਲਈ ਹੀ ਤਾਂ ਹੁਕਮ ਹੈ ਕਿ ਕਰਮ ਭੂਮੀ ਮਹਿ ਬੋਅਹੁ ਨਾਮੁ ॥

(ਗਉੜੀ ਮਹਲਾ ੫—੭੩)

੧. ਬਾਬਾ ਰੋਵਹਿ ਰਵਹਿ ਸੁ ਜਾਣੀਅਹਿ
ਮਿਲਿ ਰੋਵੈ ਗੁਣ ਸਾਰੇਵਾ ॥
੨. ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ ॥
੩. ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ ॥
੪. ਜਿਉ ਬਾਜੀਗਰੁ ਭਰਮੈ ਭੂਲੈ
ਝੂਠਿ ਮੁਠੀ ਅਹੰਕਾਰੋ ॥
੫. ਆਪੇ ਮਾਰਗਿ ਪਾਵਣਹਾਰਾ
ਆਪੇ ਕਰਮ ਕਮਾਏ ॥
੬. ਨਾਮਿ ਰਤੇ ਗੁਰਿ ਪੂਰੈ ਰਾਖੇ
ਨਾਨਕ ਸਹਜਿ ਸੁਭਾਏ ॥੪॥੪॥

ਪਦ ਅਰਥ : ਬਾਬਾ—ਹੇ ਭਾਈ ! ਰੋਵਹਿ—ਜੋ ਵੈਰਾਗ ਵਿਚ ਆਉਂਦੇ ਹਨ। ਰਵਹਿ—ਜੋ ਨਾਮ ਸਿਮਰਦੇ ਹਨ। ਸੁ—ਉਹ ਬੰਦੇ। ਜਾਣੀਅਹਿ—ਆਦਰ ਪਾਂਦੇ ਹਨ। ਮਿਲਿ—(ਸਾਧ ਸੰਗਤ ਵਿਚ) ਮਿਲ ਕੇ। ਰੋਵੈ—ਜੋ ਵੈਰਾਗਵਾਨ ਹੁੰਦਾ ਹੈ। ਸਾਰੇਵਾ—ਸੰਭਾਲਦਾ ਹੈ। ਰੋਵੈ—ਦੁਖੀ ਹੁੰਦਾ ਹੈ। ਮੁਠੜੀ—ਲੁਟੀ ਹੋਈ। ਸੁਪਨੰਤਰੁ—ਸੁਪਨ ਅੰਤਰ, ਇਕ ਹੋਰ ਸੁਪਨਾ। ਮਾਰਗਿ—ਰਸਤੇ ਉੱਤੇ। ਨਾਮਿ—ਨਾਮ ਵਿਚ। ਗੁਰਿ—ਗੁਰੂ ਨੇ। ਸਹਜਿ—ਆਤਮਿਕ ਅਡੋਲਤਾ ਵਿਚ। ਸੁਭਾਏ—ਸੁਭਾਇ, ਸ੍ਰੇਸ਼ਟ ਪ੍ਰੇਮ ਵਿਚ।੪।

ਅਰਥ :

ਪ੍ਰ: ਸ੍ਰੀ ਜੀਉ ! ਕੀ ਤੁਸੀਂ ਕਿਸੇ ਰੋਣੇ ਨੂੰ ਕਬੂਲ ਭੀ ਕਰਦੇ ਹੋ ?

ਉ: ੧. (ਹਾਂ ਜ਼ਰੂਰ) ਹੇ ਬਾਬਾ ! ਅਸਲ ਵਿਚ ਸਫਲ ਰੋਣੇ ਤਾਂ ਉਹੋ ਹੀ ਜਾਣੇ ਜਾਂਦੇ ਹਨ, ਜੋ ਨਾਮ ਉਚਾਰਦੇ ਤੇ ਸੰਤਾਂ ਦੀ ਸੰਗਤ ਵਿਚ ਮਿਲ ਕੇ ਪਰਮੇਸ਼ਰ ਦੇ ਗੁਣਾਂ ਨੂੰ ਸੰਭਾਲਦੇ ਹਨ (ਭਾਵ ਹਰੀ ਜਸ ਕਰਦੇ ਹਨ) (ਅਜੇਹੇ ਵੈਰਾਗਵਾਨ ਲੋਕ ਹੀ ਲੋਕ-ਪ੍ਰਲੋਕ ਵਿਚ ਆਦਰ ਪਾਉਂਦੇ ਹਨ)।

ਪ੍ਰ: ਕਿਉਂ ਜੀ ! ਬਾਕੀ ਮਨੁੱਖਾਂ ਦੇ ਰੋਣੇ ਬਾਰੇ ਆਪ ਦਾ ਕੀ ਵੀਚਾਰ ਹੈ ?

ਉ: ੨. ਹੇ ਪਿਆਰੇ ! ਜਿਸ ਜੀਵ ਰੂਪ ਇਸਤ੍ਰੀ ਨੂੰ ਮਾਇਆ ਦੇ ਮੋਹ ਨੇ ਲੁੱਟ ਲਿਆ ਹੈ, ਉਸ ਰੋਣ ਵਾਲੀ ਦਾ ਰੋਣਾ ਤਾਂ ਇਕ ਧੰਧੜਾ ਹੈ, ਭਾਵ ਅਸਫਲ ਹੈ, ਮਿਥਿਆ ਹੈ, ਕਿਉਂਕਿ ਉਹ ਰੋਂਦੀ ਹੀ ਕੇਵਲ ਮਾਇਆ ਵਾਸਤੇ ਹੈ।

ਪ੍ਰ: ਹਜ਼ੂਰ ! ਕੀ ਉਸ ਜੀਵ ਰੂਪ ਇਸਤ੍ਰੀ ਦਾ ਵੈਰਾਗ ਕਰਨਾ, ਰੁਦਨ ਕਰਨਾ, ਮਨ ਦੀ ਮੈਲ ਧੋਣ ਵਿਚ ਉਹ ਸਹਾਇਕ ਨਹੀਂ ਹੁੰਦਾ ?

ਉ: ੩. ਹੇ ਭਾਈਓ ! ਇਹ ਸੰਸਾਰ ਸੁਪਨੇ ਵਿਚ ਹੈ, (ਭਾਵ ਸੁਪਨੇ ਵਾਂਗੂ ਮਿਥਿਆ ਹੈ) ਜੋ ਇਸ ਦੇ ਮਾਇਕ ਧੰਧਿਆਂ ਲਈ ਰੋਣਾ ਹੈ, ਉਹ ਮਨ ਦੀ ਮੈਲ ਧੋਣ ਦਾ ਸਾਧਨ ਨਹੀਂ ਬਣਦਾ।

ਪ੍ਰ: ਸ੍ਰੀ ਜੀਉ ! ਜੇ ਕਰ ਇਹ ਸੰਸਾਰ ਹੈ ਹੀ ਸੁਪਨੇ ਵਾਂਗੂੰ, ਤਾਂ ਇਹ ਜੀਵ ਇਸ ਵਿਚ ਭਰਮ ਕਿਉਂ ਜਾਂਦਾ ਹੈ ?

ਉ: ੪. ਹੇ ਭਾਈਓ ! ਇਸ ਜੀਵ ਦਾ ਭਰਮ ਜਾਣਾ ਭੀ ਇਸੀ ਤਰ੍ਹਾਂ ਜਾਣੋ, ਜਿਵੇਂ ਕਿ ਬਾਜ਼ੀਗਰ ਭਰਮ ਵਿਚ ਪਾ ਕੇ ਭੁਲਾ ਦੇਂਦਾ ਹੈ, ਤਿਵੇਂ ਹੀ ਇਹ ਸਾਰੀ ਸ੍ਰਿਸ਼ਟੀ ਝੂਠ ਵਿਚ ਹੰਕਾਰ ਨਾਲ ਠੱਗੀ ਪਈ ਹੈ। ਭਾਵ ਹੈ, ਜਿਵੇਂ ਬਾਜ਼ੀਗਰ ਤਮਾਸ਼ਾ ਵਿਖਾਂਦਾ ਹੈ, ਉਸ ਨੂੰ ਵੇਖਣ ਵਾਲੇ ਸਾਰੇ ਹੀ ਮਨੁੱਖ ਉਸ ਦੇ ਤਮਾਸ਼ੇ ਵਿਚ ਰੁੱਝੇ ਰਹਿੰਦੇ ਹਨ, ਤਿਵੇਂ ਕੂੜ ਵਿਚ ਠੱਗੀ ਹੋਈ ਜੀਵ-ਰੂਪੀ ਇਸਤ੍ਰੀ ਭਟਕਣਾ ਵਿਚ ਪੈ ਕੇ ਕੁਰਾਹੇ ਪਈ ਰਹਿੰਦੀ ਹੈ ਤੇ (ਕੂੜੀ ਮਾਇਆ ਦਾ) ਮਾਣ ਕਰਦੀ ਹੈ।

ਪ੍ਰ: ਗੁਰਦੇਵ ਜੀਉ ! ਜਦ ਕਿ ਲੋਕਾਂ ਨੂੰ ਇਸ ਗੱਲ ਦੀ ਸਮਝ ਭੀ ਹੈ ਕਿ ਇਹ ਸੰਸਾਰ ਸੁਪਨੇ ਮਾਤ੍ਰ ਹੀ ਹੈ, ਤਾਂ ਇਹ ਕੁਮਾਰਗ ਨੂੰ ਛੱਡ ਕੇ ਸੁਮਾਰਗ ਵੱਲ ਕਿਉਂ ਨਹੀਂ ਟੁਰ ਪੈਂਦੀ ?

ਉ: ੫. ਹੇ ਭਾਈਓ ! ਅਸਲ ਵਿਚ ਇਹ ਗੱਲ ਇਨ੍ਹਾਂ ਜੀਵਾਂ ਦੇ ਵਸ ਦੀ ਨਹੀਂ। (ਕਿਉਂਕਿ) ਉਹ ਸਾਈਂ ਜੀ, ਆਪ ਹੀ ਜੀਵਾਂ ਨੂੰ ਸਹੀ ਮਾਰਗ ਵਿਚ ਪਾਉਣ ਵਾਲਾ ਹੈ ਤੇ ਆਪੇ ਹੀ (ਜੀਵਾਂ ਵਿਚ ਵਿਆਪਕ ਹੋ ਕੇ) ਕਰਮ ਕਰਾ ਰਿਹਾ ਹੈ।

ਪ੍ਰ: ਕਿਉਂ ਜੀ ! ਕੀ ਕੋਈ ਬੰਦਾ ਇਸ ਮਾਇਆ ਦੇ ਮੋਹ ਤੋਂ ਬਚਿਆ ਭੀ ਹੈ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਜਿਹੜੇ ਬੰਦੇ ਪ੍ਰਭੂ ਦੇ ਨਾਮ ਰੰਗ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਨੂੰ ਪੂਰੇ ਗੁਰੂ ਨੇ (ਮਾਇਆ ਦੇ ਮੋਹ ਤੋਂ) ਬਚਾ ਲਿਆ, ਉਹ ਮਨੁੱਖ ਸਹਿਜੇ ਹੀ ਪ੍ਰਭੂ ਜੀ ਦੇ ਪ੍ਰੇਮ ਰੰਗ ਵਿਚ ਰਚੇ ਰਹਿੰਦੇ ਹਨ।੪।੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਉਨ੍ਹਾਂ ਸੰਸਾਰਕ ਲੋਕਾਂ ਦਾ ਰੋਣਾ ਵਿਅਰਥ ਦਰਸਾ ਰਹੇ ਹਨ, ਜੋ ਲੋਕ ਕਿਸੇ ਸੰਬੰਧੀ ਦੀ ਦਿਲੀ ਹਮਦਰਦੀ ਨਹੀਂ, ਸਗੋਂ ਆਪਣੇ ਧੰਧੇ ਲਈ ਰੁਦਨ ਕਰਦੇ ਹਨ, ਇਹ ਰੋਣਾ ਵੀ ਉਨ੍ਹਾਂ ਦਾ ਇਸੀ ਤਰ੍ਹਾਂ ਹੈ, ਜਿਵੇਂ ਕਿਸੇ ਦੇ ਸੁਪਨੇ ਵਿਚ ਭੁਲੇ ਹੋਏ ਜਾਂ ਕਿਸੇ ਬਾਜ਼ੀਗਰ ਦੀ ਖੇਲ ਵਿਚ ਭਰਮ ਜਾਣਾ ਹੁੰਦਾ ਹੈ। ਇਹ ਮਾਇਆ ਮੋਹ ਦਾ ਵਿਰਲਾਪ ਕਿਸੇ ਦੇ ਮਨ ਦੀ ਮੈਲ ਉਤਾਰਨ ਦਾ ਕਾਰਣ ਨਹੀਂ ਬਣਦਾ। ਅੰਤ ਵਿਚ ਵਾਹਿਗੁਰੂ ਜੀ ਦੀ ਮਿਹਰ ਤੇ ਗੁਰੂ ਦੀ ਸਹਾਇਤਾ ਪ੍ਰਾਪਤ ਕਰਨ ਲਈ, ਜੋਦੜੀ ਕਰਦੇ ਰਹਿਣ ਲਈ ਉਪਰਾਲਾ ਕਰਨ ਲਈ ਪ੍ਰੇਰਣਾ ਕੀਤੀ ਗਈ ਹੈ।

ਵਡਹੰਸੁ ਮਹਲਾ ੧ ॥

੧. ਬਾਬਾ ਆਇਆ ਹੈ ਉਠਿ ਚਲਣਾ
ਇਹੁ ਜਗੁ ਝੂਠੁ ਪਸਾਰੋਵਾ ॥
੨. ਸਚਾ ਘਰੁ ਸਚੜੈ ਸੇਵੀਐ
ਸਚੁ ਖਰਾ ਸਚਿਆਰੋਵਾ ॥
੩. ਕੂੜਿ ਲਬਿ ਜਾਂ ਥਾਇ ਨ ਪਾਸੀ
ਅਗੈ ਲਹੈ ਨ ਠਾਓ ॥
੪. ਅੰਤਰਿ ਆਉ ਨ ਬੈਸਹੁ ਕਹੀਐ
ਜਿਉ ਸੁੰਞੈ ਘਰਿ ਕਾਓ ॥
੫. ਜੰਮਣੁ ਮਰਣੁ ਵਡਾ ਵੇਛੋੜਾ
ਬਿਨਸੈ ਜਗੁ ਸਬਾਏ ॥
੬. ਲਬਿ ਧੰਧੈ ਮਾਇਆ ਜਗਤੁ ਭੁਲਾਇਆ
ਕਾਲੁ ਖੜਾ ਰੂਆਏ ॥੧॥

ਪਦ ਅਰਥ : ਬਾਬਾ—ਹੇ ਭਾਈ ! ਝੂਠੁ—ਨਾਸਵੰਤ। ਪਸਾਰੋਵਾ—ਪਸਾਰੁ, ਖਿਲਾਰਾ। ਸਚਾ—ਸਦਾ-ਥਿਰ ਰਹਿਣ ਵਾਲਾ। ਸਚੜੈ—ਸਦਾ ਥਿਰ ਰਹਿਣ ਵਾਲੇ ਪਰਮੇਸ਼ਰ ਨੂੰ। ਖਰਾ—ਖ਼ਾਲਸ, ਨਿਰੋਲ। ਸਚਿਆਰੋਵਾ—ਸਚਿਆਰ। ਕੂੜਿ—ਮਾਇਆ ਦੇ ਮੋਹ ਵਿਚ। ਲਬਿ—ਵਿਚ। ਥਾਇ ਨ ਪਾਸੀ—ਪ੍ਰਵਾਨ ਨਹੀਂ ਹੁੰਦਾ। ਥਾਇ—ਥਾਂ ਵਿਚ। ਠਾਓ—ਥਾਂ। ਕਾਓ—ਕਾਂ। ਵਡਾ ਵੇਛੋੜਾ—ਪਰਮੇਸ਼ਰ ਨਾਲੋਂ ਵੱਡਾ ਵਿਛੋੜਾ। ਬਿਨਸੈ—ਮੌਤ ਦਾ ਮਾਰਿਆ ਮਰਦਾ ਹੈ। ਸਬਾਏ—ਸਾਰੇ ਜੀਵ। ਰੂਆਏ—ਰੁਆਉਂਦਾ ਹੈ।੧।

ਅਰਥ :

ਪ੍ਰ: ਹੇ ਗੁਰੋ ! ਇਸ ਜਗਤ ਵਿਚ ਜੋ ਭੀ ਜੀਵ-ਮਾਤ੍ਰ ਦ੍ਰਿਸ਼ਟੀ-ਗੋਚਰ ਹੋ ਰਿਹਾ ਹੈ ਅਤੇ ਕੀ ਇਸ ਵਿਚ ਕੋਈ ਸਥਿਰ ਰੂਪ ਭੀ ਹੈ ?

ਉ: ੧. ਹੇ ਬਾਬਾ ! ਹੇ ਭਾਈ ! ਜੋ ਵੀ ਕੋਈ ਇਸ ਜਗਤ ਵਿਚ ਜੀਵ ਜਨਮ ਲੈ ਕੇ ਆਇਆ ਹੈ, ਉਸ ਨੇ ਇਥੋਂ ਉੱਠ ਚਲਣਾ ਹੈ, (ਕਿਉਂਕਿ) ਇਹ ਸਾਰਾ ਜਗਤ ਹੀ ਝੂਠ ਦਾ ਫੈਲਾਉ ਹੈ, ਨਾਸਵੰਤ ਖਿਲਾਰਾ ਹੈ।

ਪ੍ਰ: ਕਿਉਂ ਜੀ ! ਕੋਈ ਐਸਾ ਭੀ ਟਿਕਾਣਾ ਹੈ, ਜਿਥੇ ਪੁੱਜ ਕੇ ਸਥਿਰ ਹੋ ਸਕੀਏ ?

ਉ: ੨. ਹੇ ਪਿਆਰਿਓ ! ਸੱਚਾ ਘਰ ਤਾਂ ਇਕੋ ਵਾਹਿਗੁਰੂ ਜੀ ਦਾ ਹੈ, ਪਰ ਉਹ ਤਾਂ ਹੀ ਮਿਲਦਾ ਹੈ, ਜੇ ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦਾ ਸਿਮਰਨ ਕਰੀਏ ਅਤੇ ਇਹ ਨਿਯਮ ਹੈ ਕਿ ਉਹ ਨਿਰੋਲ ਸੱਚ, ਸਚਿਆਰ ਹੋਇਆਂ ਹੀ ਮਿਲਦਾ ਹੈ।

ਪ੍ਰ: ਸ੍ਰੀ ਜੀਉ ! ਮਰਨ ਤੋਂ ਬਾਅਦ ਇਹ ਕੀ ਪਤਾ ਹੈ ਕਿ ਰੱਬੀ

ਦਰਬਾਰ ਵਿਚ ਕਿਸ ਨੂੰ ਕਬੂਲਿਆ ਜਾਏਗਾ, ਥਾਂ ਕਿਸ ਨੂੰ ਮਿਲੇਗਾ ?

ਉ: ੩. ਹੇ ਭਾਈਓ! ਜਿਹੜਾ ਮਨੁੱਖ ਕੂੜ ਵਿਚ ਜਾਂ ਮਾਇਆ ਦੇ ਲਬ ਵਿਚ ਫਸਿਆ ਰਹਿੰਦਾ ਹੈ, ਉਹ ਪਰਮੇਸ਼ਰ ਦੀ ਦਰਗਾਹ ਵਿਚ ਕਬੂਲ ਨਹੀਂ ਹੁੰਦਾ, ਉਸ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਨਹੀਂ ਮਿਲਦੀ।

ਪ੍ਰ: ਕਿਉਂ ਜੀ! ਆਖ਼ਰ ਅੱਗੇ ਗਿਆਂ, ਉਸ ਨਾਲ ਵਰਤਾਓ ਕਿਹੋ ਜਿਹਾ ਹੁੰਦਾ ਹੈ ?

ਉ: ੪. ਹੇ ਮਿੱਤਰੋ! ਇਉਂ ਹੀ ਸਮਝੋ ਕਿ ਜਿਵੇਂ ਸੁੰਞੇ ਘਰ ਵਿਚ ਗਏ ਕਾਂ ਨੂੰ ਕਿਸੇ ਨੇ ਵੀ ਰੋਟੀ ਦੀ ਗਰਾਹੀ ਆਦਿਕ ਨਹੀਂ ਪਾਉਣੀ, ਤਿਵੇਂ ਮਾਇਆ ਦੇ ਮੋਹ ਵਿਚ ਫਸੇ ਜੀਵ ਨੂੰ ਸਾਈਂ ਜੀ ਦੇ ਦਰਬਾਰ ਵਿਚ ਕਿਸੇ ਨੇ ਵੀ ਇਹ ਨਹੀਂ ਆਖਣਾ ਕਿ ਆਓ ਜੀ, ਅੰਦਰ ਲੰਘ ਆਵੋ ਤੇ ਬੈਠ ਜਾਓ, ਭਾਵ ਉਹ ਆਦਰ ਪ੍ਰਾਪਤੀ ਦਾ ਹੱਕਦਾਰ ਹੀ ਨਹੀਂ ਹੁੰਦਾ।

ਪ੍ਰ: ਸ੍ਰੀ ਜੀਉ! ਕੀ, ਆਖ਼ਰ ਉਸ ਨੂੰ ਕੋਈ ਇਸ ਗੁਨਾਹ ਦੀ ਸਜ਼ਾ ਭੀ ਮਿਲੇਗੀ ?

ਉ: ੫. (ਹਾਂ ਜ਼ਰੂਰ) ਹੇ ਭਾਈਓ! ਉਸ ਜੀਵ ਨੂੰ ਜਨਮ ਤੇ ਮਰਣ ਦਾ ਜੋ ਵੱਡਾ ਗੇੜਾ ਹੈ, ਇਹ ਭੁਗਤਣਾ ਪੈਂਦਾ ਹੈ, ਉਸ ਮਨੁੱਖ ਨੂੰ ਇਸ ਚੱਕ੍ਰ ਵਿਚ ਪਿਆਂ ਸਾਈਂ ਜੀ ਦੇ ਚਰਨਾਂ ਨਾਲੋਂ ਵੱਡਾ ਵਿਛੋੜਾ ਪੈ ਜਾਂਦਾ ਹੈ, (ਇਸ ਵਿਛੋੜੇ ਵਿਚ ਪੈਣ ਵਾਲੇ ਕੋਈ ਥੋੜ੍ਹੇ ਹੀ ਬੰਦੇ ਨਹੀਂ) ਸਗੋਂ ਸਾਰਾ ਹੀ ਜਗਤ ਇਸੇ ਵਿਛੋੜੇ ਦੇ ਦੁੱਖ ਨਾਲ ਹੀ ਨਾਸ ਹੁੰਦਾ ਜਾ ਰਿਹਾ ਹੈ।

ਪ੍ਰ: (ਹਜ਼ੂਰ) ਇਸ ਸਾਰੇ ਹੀ ਜਗਤ ਨੂੰ ਇਸ ਵਿਛੋੜੇ ਦੇ ਦੁੱਖ-ਪ੍ਰਾਪਤੀ ਦਾ ਅਸਲ ਕਾਰਣ ਕੀ ਹੈ ?

ਉ: ੬. ਹੇ ਪਿਆਰੇ! ਇਸ ਦਾ ਅਸਲ ਕਾਰਣ ਹੈ ਕਿ ਜੀਵ ਮਾਇਆ ਦੇ ਲੋਭ ਵਿਚ ਮਗਨ ਹੋਇਆ, ਉਸੇ ਮਾਇਆ ਦੀ ਪ੍ਰਾਪਤੀ ਲਈ ਕੀਤੇ ਧੰਧਿਆਂ ਵਿਚ ਇਹ ਸਾਰਾ ਜਗਤ ਹੀ ਭੁਲਿਆ ਹੋਇਆ ਹੈ, (ਭਾਵ ਇਹ ਸਾਰਾ ਹੀ ਜਗਤ ਜੀਵਨ ਦੇ ਸਹੀ ਮਾਰਗ ਤੋਂ ਖੁੰਝਿਆ ਰਹਿੰਦਾ ਹੈ) ਪਰ ਕਾਲ ਇਸ ਦੇ ਸਿਰ ਉੱਤੇ ਖੜਾ ਹੁਆ ਰਿਹਾ ਹੈ, ਭਾਵ ਇਸ ਨੂੰ ਦੁਖੀ ਕਰਦਾ ਰਹਿੰਦਾ ਹੈ।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਇਕ ਅਸਲੀਅਤ ਅੰਕਿਤ ਕਰਦੇ ਹਨ ਕਿ ਹੇ ਭਾਈਓ! ਇਹ ਸਾਰਾ ਹੀ ਸੰਸਾਰ ਨਾਸਵੰਤ ਹੈ, ਇਸ ਵਿਚ ਸੱਚਾ ਇਕੋ ਅਕਾਲ ਪੁਰਖ ਹੈ, ਪਰ ਉਸ ਦੀ ਪ੍ਰਾਪਤੀ ਕੇਵਲ ਸੇਵਾ ਭਾਵ ਨਾਲ ਹੀ ਹੋ ਸਕਦੀ ਹੈ।

੧. ਬਾਬਾ ਆਵਹੁ ਭਾਈਹੋ ਗਲਿ ਮਿਲਹ
ਮਿਲਿ ਮਿਲਿ ਦੇਹ ਆਸੀਸਾ ਹੇ ॥

੨. ਬਾਬਾ ਸਚੜਾ ਮੇਲੁ ਨ ਚੁਕਈ
ਪ੍ਰੀਤਮ ਕੀਆ ਦੇਹ ਅਸੀਸਾ ਹੇ ॥

੩. ਆਸੀਸਾ ਦੇਵਹੋ ਭਗਤਿ ਕਰੇਵਹੋ
ਮਿਲਿਆ ਕਾ ਕਿਆ ਮੇਲੋ ॥

੪. ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ
ਸਬਦੀ ਸਚੁ ਖੇਲੋ ॥

੫. ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ
ਜੁਗਿ ਜੁਗਿ ਸਾਚੈ ਵੇਸੇ ॥

੬. ਸਾਜਨ ਸੈਣ ਮਿਲਹੁ ਸੰਜੋਗੀ
ਗੁਰ ਮਿਲਿ ਖੋਲੇ ਫਾਸੇ ॥੨॥

ਪਦ ਅਰਥ : ਭਾਈਹੋ—ਹੇ ਭਾਈਹੋ। ਗਲਿ ਮਿਲਹ—ਆਓ ਇਕ ਦੂਜੇ ਦੇ ਗਲ ਨਾਲ ਮਿਲੀਏ, ਆਓ ਪਿਆਰ ਨਾਲ ਰਲ ਬੈਠੀਏ। ਦੇਹ—ਆਓ ਅਸੀਂ ਦੇਵੀਏ। ਸਚੜਾ—ਸਦਾ ਟਿਕੇ ਰਹਿਣ ਵਾਲਾ। ਦੇਵਹੋ—ਹੇ ਭਾਈ! ਦੇਵਹੁ ਕਰੇਵਹੋ—ਕਰੋ। ਇਕਿ—ਅਨੇਕਾਂ ਜੀਵ। ਨਾਵਹੁ—ਨਾਮ ਤੋਂ। ਖੇਲੋ—ਖੇਲੁ, ਖੇਡ, ਜੀਵਨ ਖੇਡ। ਮਾਰਗਿ—ਰਸਤੇ ਤੇ। ਸਬਦਿ—ਗੁਰੂ ਦੇ ਸ਼ਬਦ ਵਿਚ। ਸਾਚੈ ਵੇਸੇ—ਉਸ ਪ੍ਰਭੂ ਵਿਚ ਜਿਸ ਦਾ ਸਰੂਪ ਸਦਾ-ਥਿਰ ਰਹਿਣ ਵਾਲਾ ਹੈ। ਸਾਜਨ ਸੈਣ—ਹੇ ਸੱਜਣ ਮਿੱਤਰੋ! ਸੰਜੋਗੀ— ਸਤਸੰਗ ਵਿਚ।੨।

ਅਰਥ :

ਪ੍ਰ: ਹਜ਼ੂਰ! ਤੁਸੀਂ ਫ਼ੁਰਮਾਨ ਕਰਦੇ ਹੋ ਕਿ ਉਸ ਸਾਈਂ ਜੀ ਦੇ ਪਿਆਰੇ ਕਿਸੇ ਪ੍ਰਾਣੀ ਦੇ ਮਰਨ ਤੋਂ ਵਿਰਲਾਪ ਨਹੀਂ ਕਰਦੇ, ਆਖ਼ਰ ਉਹ ਕਰਦੇ ਕੀ ਹਨ ?

ਉ: ੧. ਹੇ ਭਾਈਓ! ਉਹ ਤਾਂ ਮਰਣ ਵਾਲੇ ਪ੍ਰਾਣੀ ਦਾ ਵੀ ਭਲਾ ਹੀ ਲੋਚਦੇ ਹਨ, ਉਹ ਤਾਂ ਆਪਣੇ ਸਾਥੀਆਂ ਨੂੰ ਸਦਾ ਇਉਂ ਹੀ ਕਹਿੰਦੇ ਰਹਿੰਦੇ ਹਨ ਕਿ ਹੇ ਬਾਬਾ! ਹੇ ਭਰਾਵੋ! ਆਓ (ਅਸੀਂ ਸਾਰੇ ਹੀ) ਗਲੇ ਲੱਗ ਕੇ ਮਿਲੀਏ ਅਤੇ (ਵਿਛੜਨ ਵਾਲੇ ਪ੍ਰਾਣੀ ਨੂੰ) ਮਿਲ-ਮਿਲ ਕੇ ਅਸੀਸਾਂ ਦੇਵੀਏ, ਭਾਵ ਹੈ ਕਿ ਵਿਛੜਨ ਵਾਲੇ ਪ੍ਰਾਣੀ ਲਈ ਮਿਲਾਪ ਦੀਆਂ ਅਰਦਾਸਾਂ ਕਰੀਏ।

੨. (ਕਿਉਂਕਿ) ਇਕ ਪ੍ਰੀਤਮ ਦਾ ਮੇਲ ਹੀ ਸੱਚਾ ਮਿਲਾਪ ਹੈ ਅਤੇ ਉਸ ਸੱਚੇ ਪ੍ਰੀਤਮ ਦਾ ਮੇਲ ਕਦੇ ਭੀ ਮੁਕਦਾ ਨਹੀਂ, (ਇਸ ਲਈ) ਪ੍ਰੀਤਮ ਦੇ ਮੇਲ ਦੀਆਂ ਅਸੀਸਾਂ ਦਿਓ।

੩. ਹੇ ਸਤਿਸੰਗੀ ਭਰਾਵੋ! ਰਲ ਕੇ ਵਿਛੜੇ ਸਾਥੀ ਲਈ ਅਰਦਾਸਾਂ ਕਰੋ ਅਤੇ ਆਪ ਭੀ ਪਰਮੇਸ਼ਰ ਦੀ ਭਗਤੀ ਕਰੋ ਤੇ ਕਰਾਓ, (ਕਿਉਂਕਿ) ਭਗਤੀ ਦੀ ਬਰਕਤ ਨਾਲ ਪ੍ਰਭੂ ਦੇ ਚਰਨਾਂ ਵਿਚ ਮਿਲਾਪ ਹੋ ਜਾਂਦਾ ਹੈ। ਜਿਹੜੇ ਸੱਜਨ ਭੀ ਇਕ ਪਰਮੇਸ਼ਰ ਦੇ ਚਰਨਾਂ ਨਾਲ ਮਿਲ ਜਾਂਦੇ ਹਨ, ਉਨ੍ਹਾਂ ਦਾ ਮੁੜ ਕਦੇ ਵਿਛੋੜਾ ਨਹੀਂ ਹੁੰਦਾ, ਪਰ ਯਾਦ ਰਖੋ ਜੋ ਅੱਗੇ ਹੀ ਸਾਈਂ ਜੀ ਨਾਲ ਮਿਲੇ ਹੋਏ ਹਨ, ਉਨ੍ਹਾਂ ਦਾ ਹੋਰ ਕੀ ਮਿਲਾਪ ਕਰਾਉਗੇ! (ਉਹ ਤਾਂ ਸਦਾ ਹੀ ਮਿਲੇ ਰਹਿੰਦੇ ਹਨ)।

ਪ੍ਰ: ਸ੍ਰੀ ਜੀਉ! ਹੋਰ ਉਹ ਕੌਣ ਲੋਕ ਹਨ, ਜਿਨ੍ਹਾਂ ਲਈ ਮਿਲਾਪ ਦੀਆਂ ਅਰਦਾਸਾਂ ਕਰਨੀਆਂ ਹਨ ?

ਉ: ੪. ਹੇ ਭਰਾਵੋ! ਮੇਲੋ ਉਨ੍ਹਾਂ ਨੂੰ ਜੋ ਕਿ ਇਕ ਐਸੇ ਲੋਕ ਹਨ, ਜੋ ਨਾਮ ਤੋਂ ਭੁਲੇ ਹੋਏ ਹਨ, ਜੋ ਕਿ ਇਥੋਂ ਦੇ ਥੇਹ, ਭਾਵ ਸਤਿਸੰਗਤ ਤੋਂ ਅਤੇ ਅਗੇ ਦੇ ਥਾਵਹੁ, ਵਾਹਿਗੁਰੂ ਸਰੂਪ

ਦੇ ਟਿਕਾਣੇ ਤੋਂ ਉਖੜੇ ਫਿਰਦੇ ਹਨ। ਉਨ੍ਹਾਂ ਨੂੰ ਆਖੋ ਕਿ ਹੇ ਭਾਈਓ! ਉਸ ਪ੍ਰਭੂ ਦਾ ਨਾਮ ਸਿਮਰਨ ਹੀ ਜੀਵਨ ਦੀ ਸਹੀ ਖੇਡ ਹੈ, ਇਸੇ ਨੂੰ ਹੀ ਖੇਡੋ, ਪਰ ਹਾਂ! ਇਹ ਜੀਵਨ ਸਫਲਤਾ ਦੀ ਖੇਡ ਗੁਰੂ ਦੇ ਸ਼ਬਦ ਵਿਚ ਜੁੜ ਕੇ ਹੀ ਖੇਡੀ ਜਾ ਸਕਦੀ ਹੈ।

੫. ਹੇ ਪਿਆਰਿਓ! ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦੇ ਹਨ, ਉਨ੍ਹਾਂ ਦਾ ਮੁੜ ਜਮਾਂ ਦੇ ਮਾਰਗ ਵਿਚ ਜਾਣਾ ਨਹੀਂ ਹੁੰਦਾ, ਉਹ ਤਾਂ ਸਦਾ ਲਈ ਹੀ ਉਸੇ ਪਰਮੇਸ਼ਰ ਵਿਚ ਜੁੜੇ ਰਹਿੰਦੇ ਹਨ, ਜਿਸ ਦਾ ਕਿ (ਵੇਸ) ਸਰੂਪ ਸਦਾ ਲਈ ਅਟੱਲ ਹੈ।

੬. ਇਸ ਲਈ, ਹੇ ਸੱਜਨ ਮਿੱਤਰੋ! ਸਤਸੰਗੀਓ! (ਆਓ) ਸਤਿ-ਸੰਗ ਵਿਚ ਰਲ ਬੈਠੋ। (ਕਿਉਂਕਿ) ਜੋ ਬੰਦੇ ਸਤਿਸੰਗ ਵਿਚ ਆਏ ਹਨ, ਉਨ੍ਹਾਂ ਨੇ ਗੁਰੂ ਨੂੰ ਮਿਲ ਕੇ ਮਾਇਆ ਮੋਹ ਦੇ ਫਾਹੇ ਖੋਹਲ ਲਏ ਹਨ।੨।

ਭਾਵਾਰਥ : ਹਜ਼ੂਰ ਜੀ ਨੇ ਇਸ ਅੰਕ ਵਿਚ ਮਾਇਆ ਮੋਹ ਦੇ ਫਾਹਿਆਂ ਨੂੰ ਕੱਟ ਕੇ ਪਰਮ ਗਤੀ ਪ੍ਰਾਪਤ ਹੋਣ ਦੀ ਜਾਚ ਦੱਸੀ ਹੈ। ਅੱਗੇ ਚੱਲ ਕੇ ਕੁਝ ਕੁ ਸਿਧਾਂਤਕ ਨਿਯਮ ਧਾਰਨ ਲਈ ਪ੍ਰੇਰਣਾ ਕਰਦੇ ਹਨ ਕਿ ਗੁਰੂ ਦੀ ਸ਼ਰਨ ਲਓ, ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰੋ। ਸੱਚ ਦੇ ਧਾਰਣੀ ਹੋਵੋ ਤੇ ਜੀਵਨ ਸੱਚ ਦਾ ਗੁਜ਼ਾਰੋ। ਅਸਲ ਸੱਚੀ ਖੇਡ ਇਹੋ ਹੈ, ਇਸੇ ਨੂੰ ਖੇਡੋ। ਉਨ੍ਹਾਂ ਕਰਮਾਂ ਦਾ ਉੱਕਾ ਹੀ ਤਿਆਗ ਕਰ ਦਿਓ, ਜਿਨ੍ਹਾਂ ਦੇ ਕਰਨ ਨਾਲ ਜਮਾਂ ਦੇ ਮਾਰਗ 'ਤੇ ਜਾਣਾ ਪਵੇ। ਇਸ ਲਈ ਗੁਰੂ ਦੇ ਸੱਚੇ ਸ਼ਬਦ ਵਿਚ ਸਮਾਏ ਰਹੋ, ਜਿਸ ਦੀ ਬਰਕਤ ਨਾਲ ਜੁਗੋ-ਜੁਗ ਸੱਚ ਸਰੂਪ ਵਿਚ ਟਿਕਾਣਾ ਪ੍ਰਾਪਤ ਕਰ ਲਓਗੇ। ਜੀਵਨ ਭਰ ਉਨ੍ਹਾਂ ਮਹਾਂਪੁਰਖਾਂ ਦੀ ਸੰਗਤ ਵਿਚ ਰਹੋ, ਜਿਨ੍ਹਾਂ ਨੇ ਗੁਰੂ ਨਾਲ ਮਿਲ ਕੇ ਮਾਇਆ ਦੇ ਮੋਹ ਵਲੋਂ ਜਿੱਤ ਪ੍ਰਾਪਤ ਕਰ ਲਈ।

੧. ਬਾਬਾ ਨਾਂਗੜਾ ਆਇਆ ਜਗ ਮਹਿ
ਦੁਖੁ ਸੁਖੁ ਲੇਖੁ ਲਿਖਾਇਆ ॥
੨. ਲਿਖਿਅੜਾ ਸਾਹਾ ਨਾ ਟਲੈ
ਜੇਹੜਾ ਪੁਰਬਿ ਕਮਾਇਆ ॥
੩. ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ
ਜਿਤੁ ਲਾਇਆ ਤਿਤੁ ਲਾਗਾ ॥
੪. ਕਾਮਣਿਆਰੀ ਕਾਮਣ ਪਾਏ
ਬਹੁ ਰੰਗੀ ਗਲਿ ਤਾਗਾ ॥
੫. ਹੋਛੀ ਮਤਿ ਭਇਆ ਮਨੁ ਹੋਛਾ
ਗੁੜੁ ਸਾ ਮਖੀ ਖਾਇਆ ॥
੬. ਨਾ ਮਰਜਾਦੁ ਆਇਆ ਕਲਿ ਭੀਤਰਿ
ਨਾਂਗੋ ਬੰਧਿ ਚਲਾਇਆ ॥੩॥

ਪਦ ਅਰਥ : ਲੇਖੁ—ਕੀਤੇ ਕਰਮਾਂ ਅਨੁਸਾਰ ਪ੍ਰਭੂ ਵਲੋਂ ਉਹ ਹੁਕਮ ਜੋ ਅਗਾਹਾਂ ਜਗਤ ਵਿਚ ਭੋਗਣਾ ਹੈ। ਸਾਹਾ—ਉਹ ਸਮਾਂ, ਜੋ ਜੀਵ ਦੀ ਮੌਤ ਲਈ ਨੀਅਤ ਹੋ ਚੁੱਕਾ ਹੈ। (ਨੋਟ : ਹਿੰਦੂ ਕੌਮ ਵਿਚ ਲੜਕੀ-ਲੜਕੇ ਦੇ ਵਿਆਹ ਦਾ ਸਮਾਂ ਪੰਡਤ ਸ਼ਾਸਤ੍ਰਾਂ ਅਨੁਸਾਰ ਵੀਚਾਰ ਕੇ ਮੁਕੱਰਰ ਕਰਦਾ ਹੈ। ਉਹ ਮੁਕੱਰਰ ਕੀਤਾ 'ਸਾਹਾ' ਅਗਾਹਾਂ-ਪਿਛਾਹਾਂ ਨਹੀਂ ਕੀਤਾ ਜਾ ਸਕਦਾ। ਜਿਵੇਂ ਵਿਆਹ ਦੇ ਰਾਹੀਂ ਲੜਕੀ ਨੂੰ ਮਾਪਿਆਂ ਦੇ ਘਰ ਤੋਂ ਸੋਧੇ ਹੋਏ 'ਸਾਹੇ' ਅਨੁਸਾਰ ਸਹੁਰੇ ਘਰ ਤੋਰ ਦੇਈਦਾ ਹੈ, ਤਿਵੇਂ ਜੀਵ-ਰੂਪੀ ਇਸਤ੍ਰੀ ਜਗਤ-ਰੂਪ ਮਾਪੇ ਘਰ ਤੋਂ ਤੁਰ ਪੈਂਦੀ ਹੈ)। ਪੁਰਬਿ—ਪੂਰਬਲੇ ਸਮੇਂ ਵਿਚ। ਬਹਿ—ਬੈਠ ਕੇ, ਵਿਚਾਰ ਕੇ। ਸਾਚੈ—ਸਦਾ-ਥਿਰ ਪ੍ਰਭੂ ਨੇ। ਅੰਮ੍ਰਿਤ—ਨਾਮ ਅੰਮ੍ਰਿਤ। ਬਿਖਿਆ—ਮਾਇਆ ਜ਼ਹਿਰ। ਜਿਤੁ—ਜਿਸ ਪਾਸੇ ਵੱਲ। ਕਾਮਣਿਆਰੀ—ਜਾਦੂ-ਟੂਣੇ ਕਰਨ ਵਾਲੀ (ਮਾਇਆ)। ਕਾਮਣ—ਟੂਣੇ, ਜਾਦੂ। ਗਲਿ—ਗਲ ਵਿਚ। ਹੋਛੀ—ਥੋੜੀ ਵਿਤੀ। ਸਾ—ਜਿਵੇਂ। ਨਾਮਰਜਾਦੁ—(ਨ-ਮਰਜਾਦ) ਮਰਜਾਦਾ ਰਹਿਤ, ਨੰਗਾ। ਕਲਿ—ਜਗਤ। ਬੰਧਿ—ਬੰਨ੍ਹ ਕੇ।੩।

ਅਰਥ :

ਪ੍ਰ: ਕਿਉਂ ਜੀ! ਵੇਖਣ ਵਿਚ ਤਾਂ ਏਹੋ ਕੁਝ ਆਉਂਦਾ ਹੈ ਕਿ ਇਹ ਜੀਵ ਜਗਤ ਵਿਚ ਜਨਮ ਲੈਣ ਸਮੇਂ ਨੰਗਾ ਹੀ ਆਉਂਦਾ ਹੈ, ਕੋਈ ਭੀ ਸ਼ੈਅ ਇਸ ਦੇ ਨਾਲ ਨਹੀਂ ਆਉਂਦੀ, ਪਰ ਕੀ ਕੋਈ ਐਸੀ ਗੁਪਤ ਸ਼ੈਅ ਭੀ ਹੈ, ਜੋ ਇਸ ਦੇ ਨਾਲ ਆਉਂਦੀ ਹੋਵੇ ?

ਉ: ੧. (ਹਾਂ ਹੈ) ਹੇ ਬਾਬਾ! (ਇਹ ਠੀਕ ਹੈ ਕਿ ਜੀਵ) ਜਗਤ ਵਿਚ ਜਦੋਂ ਨਵਾਂ ਜੀਵਨ ਧਾਰਨ ਕਰਦਾ ਹੈ, ਭਾਵ ਜਨਮ ਲੈਂਦਾ ਹੈ, ਤਾਂ ਇਹ ਨੰਗਾ ਹੀ ਆਉਂਦਾ ਹੈ, ਪਰ ਪਰਮੇਸ਼ਰ ਦੀ ਦਰਗਾਹ ਵਿਚ ਪੂਰਬਲੇ ਕੀਤੇ ਕਰਮਾਂ ਅਨੁਸਾਰ ਦੁੱਖ-ਸੁੱਖ ਦੇ ਲੇਖ ਆਪਣੇ ਮੱਥੇ 'ਤੇ ਲਿਖਾ ਕੇ ਜ਼ਰੂਰ ਨਾਲ ਲੈ ਆਉਂਦਾ ਹੈ।

੨. ਪਰ, ਹਾਂ! ਉਹਦੇ ਜਨਮ ਸਮੇਂ ਹੀ ਉਹ ਸਮਾਂ ਭੀ ਮੁਕੱਰਰ ਕੀਤਾ ਜਾਂਦਾ ਹੈ, ਜਦ ਕਿ ਜੀਵ ਨੇ ਇਸ ਜਗਤ ਵਿਚੋਂ ਵਾਪਸ ਤੁਰ ਪੈਣਾ ਹੁੰਦਾ ਹੈ। ਉਹ ਨੀਅਤ ਕੀਤਾ ਸਮਾਂ ਅੱਗੇ-ਪਿੱਛੇ ਨਹੀਂ ਹੋ ਸਕਦਾ, ਜਿਹੜਾ ਕਿ ਉਸ ਪੂਰਬਲੇ ਕਮਾਏ ਅਨੁਸਾਰ ਲਿਖਿਆ ਗਿਆ ਸੀ।

੩. ਹਾਂ! ਉਸ ਵਾਹਿਗੁਰੂ ਜੀ ਨੇ ਦੁੱਖ ਤੇ ਸੁੱਖ ਜੋ ਬੈਠ ਕੇ ਲਿਖਿਆ ਸੀ ਕਿ ਇਸ ਜੀਵ ਨੇ ਨਵੇਂ ਜੀਵਨ ਸਫ਼ਰ ਵਿਚ ਨਾਮ ਅੰਮ੍ਰਿਤ ਵਿਹਾਝਣਾ ਹੈ ਜਾਂ ਕਿ ਮਾਇਆ ਜ਼ਹਿਰ ਖੱਟਣੀ ਹੈ। ਉਸ ਅਨੁਸਾਰ ਜੀਵ ਜਿਧਰ ਲਾਇਆ ਗਿਆ, ਉਧਰ ਹੀ ਲੱਗਦਾ ਹੈ।

੪. (ਉਸੇ ਲਿਖੇ ਅਨੁਸਾਰ ਹੀ) ਜਾਦੂ-ਟੂਣੇ ਕਰਨ ਵਾਲੀ ਮਾਇਆ ਜੀਵ ਉੱਤੇ ਜਾਦੂ ਪਾ ਦੇਂਦੀ ਹੈ, ਇਹ ਜੀਵ ਦੇ ਗਲੇ ਵਿਚ ਕਈ ਰੰਗਾਂ ਵਾਲਾ ਧਾਗਾ ਪਾ ਦੇਂਦੀ ਹੈ, (ਭਾਵ ਕਈ ਤਰੀਕਿਆਂ ਨਾਲ ਇਸ ਨੂੰ ਮੋਹ ਲੈਂਦੀ ਹੈ)।

੫. ਇਸੇ ਮਾਇਆ ਦੇ ਪ੍ਰਭਾਵ ਕਰ ਕੇ ਇਸ ਜੀਵ ਦੀ ਬੁੱਧੀ ਭੀ ਹੋਛੀ ਹੈ ਤੇ ਮਨ ਵੀ ਹੋਛਾ ਹੋ ਗਿਆ ਹੈ। ਉਸੇ ਮਾਇਆ ਦੇ ਪ੍ਰਭਾਵ ਕਰ ਕੇ (ਇਹ ਮਾਇਕ ਰਸਾਂ ਨੂੰ ਇਉਂ ਖਾਂਦਾ

ਹੈ) ਜਿਵੇਂ ਕਿ ਗੁੜ ਨੂੰ ਮੱਖੀ ਖਾਂਦੀ ਹੈ, ਭਾਵ ਹੈ ਕਿ ਜਿਵੇਂ ਮੱਖੀ ਗੁੜ ਖਾਂਦੀ ਹੈ ਤੇ ਉਸ ਗੁੜ ਨਾਲ ਚੰਬੜ ਕੇ ਹੀ ਮਰ ਜਾਂਦੀ ਹੈ, ਤਿਵੇਂ ਇਹ ਜੀਵ ਇਸ ਮਾਇਆ ਨਾਲ ਚੰਬੜ ਕੇ ਸਦਾ ਲਈ ਮੌਤ ਨੂੰ ਹੀ ਸਹੇੜੀ ਰੱਖਦਾ ਹੈ।

੬. ਸੋ ਹੇ ਭਾਈ! ਇਹ ਜੀਵ ਜਗਤ ਵਿਚ (ਮਰਯਾਦਾ ਹੀਨ) ਨੰਗਾ ਹੀ ਆਇਆ ਹੈ, ਆਖ਼ਰ ਨੰਗਾ ਹੀ ਪ੍ਰਲੋਕ ਨੂੰ ਬੰਨ੍ ਕੇ ਤੋਰ ਦਿੱਤਾ ਜਾਂਦਾ ਹੈ।੩।

ਭਾਵਾਰਥ : ਇਸ ਅੰਕ ਵਿਚ ਹਜ਼ੂਰ ਇਹ ਉਪਦੇਸ਼ ਕਰਦੇ ਹਨ, ਕਿ ਇਹ ਜੀਵ ਜਗਤ ਵਿਚ ਖ਼ਾਲੀ ਹੱਥ ਆਉਂਦਾ ਹੈ ਤੇ ਖ਼ਾਲੀ ਹੱਥ ਟੁਰ ਜਾਂਦਾ ਹੈ। ਪਰ ਕੀਤੇ ਕਰਮਾਂ ਅਨੁਸਾਰ ਜੋ ਵਾਹਿਗੁਰੂ ਇਸ ਜੀਵ ਦੀ ਪਰਾਰਬਧ ਬਣਾ ਦੇਂਦਾ ਹੈ, ਉਸ ਨੂੰ ਨਾਲ ਲੈ ਕੇ ਜ਼ਰੂਰ ਆਉਂਦਾ ਹੈ, ਜਿਸ ਪਰਾਰਬਧ ਨੂੰ ਕਿਵੇਂ ਭੀ ਮਿਟਾਇਆ ਨਹੀਂ ਜਾ ਸਕਦਾ।

੧. ਬਾਬਾ ਰੋਵਹੁ ਜੇ ਕਿਸੈ ਰੋਵਣਾ
ਜਾਨੀਅੜਾ ਬੰਧਿ ਪਠਾਇਆ ਹੈ ॥
੨. ਲਿਖਿਅੜਾ ਲੇਖੁ ਨ ਮੇਟੀਐ
ਦਰਿ ਹਾਕਾਰੜਾ ਆਇਆ ਹੈ ॥
੩. ਹਾਕਾਰਾ ਆਇਆ ਜਾ ਤਿਸੁ ਭਾਇਆ
ਰੁੰਨੇ ਰੋਵਣਹਾਰੇ ॥
੪. ਪੁਤ ਭਾਈ ਭਾਤੀਜੇ ਰੋਵਹਿ
ਪ੍ਰੀਤਮ ਅਤਿ ਪਿਆਰੇ ॥
੫. ਭੈ ਰੋਵੈ ਗੁਣ ਸਾਰਿ ਸਮਾਲੇ
ਕੋ ਮਰੈ ਨ ਮੁਇਆ ਨਾਲੇ ॥
੬. ਨਾਨਕ ਜੁਗਿ ਜੁਗਿ ਜਾਣ ਸਿਜਾਣਾ
ਰੋਵਹਿ ਸਚੁ ਸਮਾਲੇ ॥੪॥੫॥

ਪਦ ਅਰਥ : ਰੋਵਹੁ—ਰੋ ਪਿਟ ਲਵੋ। ਜਾਨੀਅੜਾ—ਪਿਆਰਾ ਸੰਬੰਧੀ। ਪਠਾਇਆ ਹੈ—ਇਥੋਂ ਤੋਰ ਦਿੱਤਾ ਗਿਆ ਹੈ। ਦਰਿ—(ਪ੍ਰਭੂ ਦੇ) ਦਰ ਤੋਂ। ਹਾਕਾਰੜਾ—ਸੱਦਾ। ਜਾ—ਜਦੋਂ। ਤਿਸੁ—ਉਸ ਪ੍ਰਭੂ ਨੂੰ। ਰੋਵਣਹਾਰੇ—ਰੋਣ ਵਾਲੇ। ਭੈ—(ਆਪਣੀ ਕਿਸੇ ਮੁਸੀਬਤ ਦੇ) ਡਰ ਦੇ ਕਾਰਣ। ਸਾਰਿ—ਚੇਤੇ ਕਰ ਕੇ। ਕੋ—ਕੋਈ ਜੀਵ। ਜੁਗਿ ਜੁਗਿ—ਹਰੇਕ ਜੁਗ ਵਿਚ, ਸਦਾ ਹੀ। ਸਿ—ਸੇ, ਉਹ ਬੰਦੇ। ਜਾਣ ਸਿ ਜਾਣਾ—ਸਿਆਣਿਆਂ ਤੋਂ ਸਿਆਣੇ। ਰੋਵਹਿ—ਵੈਰਾਗ ਵਿਚ ਆਉਂਦੇ ਹਨ, ਪ੍ਰਭੂ ਨਾਲੋਂ ਵਿਛੋੜਾ ਅਨੁਭਵ ਕਰਦੇ ਹਨ। ਸਚੁ—ਸਦਾ-ਥਿਰ ਪ੍ਰਭੂ। ਸਮਾਲੇ—ਸਮਾਲਿ, ਚੇਤੇ ਕਰ ਕੇ।੪।

ਅਰਥ :

ਪ੍ਰ: ਕਿਉਂ ਜੀ! ਕੀ ਤੁਹਾਡੇ ਮਤਿ ਅਨੁਸਾਰ ਕਿਸੇ ਮਰੇ ਪ੍ਰਾਣੀ ਦੇ ਪਿੱਛੋਂ ਰੋਣਾ ਹੀ ਨਹੀਂ ਚਾਹੀਦਾ?

ਉ: ੧. ਹੇ ਪਿਆਰਿਓ! ਅਸੀਂ ਤਾਂ ਤੁਹਾਨੂੰ ਗੁਰਮਤਿ ਅਨੁਸਾਰ ਸਿਧਾਂਤਕ ਗੱਲ ਕਹਿ ਦਿੱਤੀ ਹੈ, ਪਰ ਹਾਂ ਇਹ ਕੁਝ ਵੀਚਾਰ ਕੇ, ਹੇ ਬਾਬਾ! ਜੇ ਕਿਸੇ ਨੇ ਅਜੇ ਭੀ ਮਰਨ ਵਾਲੇ ਦੇ ਪਿੱਛੇ ਰੋਣਾ ਹੋਵੇ ਤਾਂ ਪਏ ਰੋਵੋ, ਪਰ ਜ਼ਰਾ ਸੋਚ-ਵੀਚਾਰ ਕੇ ਵੇਖ ਲਓ (ਤੁਹਾਡੇ) ਉਸ ਪਿਆਰੇ ਨੂੰ ਤਾਂ ਬੰਨ੍ ਕੇ ਦਰਗਾਹ ਵੱਲ ਟੋਰ ਹੀ ਦਿੱਤਾ ਗਿਆ ਹੈ, (ਕਿਉਂਕਿ) ਇਹ ਅਟੱਲ ਨਿਯਮ ਹੈ, ਜੋ ਟਾਲਿਆ ਨਹੀਂ ਜਾ ਸਕਦਾ।

੨. ਹੇ ਭਾਈਓ! ਇਹ ਸੱਦਾ ਦਰਗਾਹ ਤੋਂ ਆਇਆ ਹੈ, (ਉਸ ਸੱਚੇ ਦਰਗਾਹ ਦਾ) ਲਿਖਿਆ ਲੇਖ (ਕਿਸੇ ਤਰ੍ਹਾਂ ਭੀ) ਮਿਟਾਇਆ ਨਹੀਂ ਜਾ ਸਕਦਾ।

ਪ੍ਰ: ਹਜ਼ੂਰ! ਇਸ ਸੱਦੇ ਨੂੰ ਆਖ਼ਰ ਨਾ ਟਾਲੇ ਜਾਣ ਦਾ ਅਸਲ ਕਾਰਣ ਕੀ ਹੈ?

ਉ: ੩. ਹੇ ਸੱਜਨ ਜੀ! ਅਸਲ ਵਿਚ ਇਹ ਸੱਦਾ ਆਇਆ ਹੀ ਉਸ ਵੇਲੇ ਹੈ, ਜਦ ਕਿ ਉਸ ਸੱਚੇ ਨੂੰ ਭਾ ਗਿਆ ਹੋਵੇ, ਇਸੇ ਲਈ ਉਸ ਸਾਈਂ ਜੀ ਦੀ ਰਜ਼ਾ ਵਿਚ ਕੂਚ ਦਾ ਸੱਦਾ ਆ ਹੀ ਜਾਂਦਾ ਹੈ, ਉਦੋਂ ਹੀ ਰੋਵਣ ਵਾਲੇ ਰੋਏ।

ਪ੍ਰ: ਕਿਉਂ ਜੀ! ਉਨ੍ਹਾਂ ਰੋਣ ਵਾਲਿਆਂ ਵਿਚੋਂ ਵਿਸ਼ੇਸ਼ ਕਰਕੇ ਕੌਣ-ਕੌਣ ਰੋਂਦੇ ਹਨ?

ਉ: ੪. ਹੇ ਪਿਆਰੇ! ਉਸ ਵੇਲੇ ਵੇਖਿਆ ਜਾਂਦਾ ਹੈ ਕਿ ਪੁੱਤ੍ਰ, ਭਰਾ, ਭਤੀਜੇ ਅਤੇ ਅਤੀ ਪਿਆਰੇ ਮਿੱਤ੍ਰ ਇਹ ਸਾਰੇ ਹੀ ਰੋਂਦੇ ਹਨ।

ਪ੍ਰ: ਹਜ਼ੂਰ ਜੀ! ਇਹ ਸਾਰੇ ਜਿਤਨੇ ਭੀ ਸੰਬੰਧੀ ਰੋਂਦੇ ਹਨ, ਆਖ਼ਰ ਇਨ੍ਹਾਂ ਨੂੰ ਉਸ ਪਿਆਰੇ ਦੇ ਵਿਛੜ ਜਾਣ ਦਾ ਦੁੱਖ ਹੁੰਦਾ ਹੈ, ਇਸੇ ਲਈ ਤਾਂ ਉਹ ਵਿਲਕਦੇ ਹਨ?

ਉ: ੫. (ਨਹੀਂ) ਹੇ ਭੋਲਿਓ! ਅਸਲ ਵਿਚ ਇਹ ਗੱਲ ਨਹੀਂ ਜੋ ਤੁਸੀਂ ਸਮਝ ਬੈਠੇ ਹੋ, ਅਸਲੀਅਤ ਇਹ ਹੈ ਕਿ ਜਦੋਂ ਭੀ ਕੋਈ ਜੀਵ ਦੁਨੀਆ ਤੋਂ ਕੂਚ ਕਰ ਜਾਂਦਾ ਹੈ, ਤਾਂ ਉਸਦੇ ਸੰਬੰਧੀਆਂ ਨੂੰ, ਜੋ ਉਸ ਦੇ ਵਿਛੜ ਜਾਣ ਤੋਂ ਪਿੱਛੋਂ ਦੁਨੀਆ ਵਿਚ ਅਨੇਕਾਂ ਪ੍ਰਕਾਰ ਦੇ ਦੁੱਖ ਵਾਪਰਨ ਦਾ ਡਰ ਹੈ, ਉਸੇ ਡਰ ਵਿਚ ਹੀ ਕੁਰਲਾਟ ਹੋ ਰਿਹਾ ਹੁੰਦਾ ਹੈ, (ਭਾਵ ਹੈ, ਸੰਬੰਧੀ ਉਸ ਵਿਛੜਨ ਵਾਲੇ ਦੇ ਗੁਣਾਂ (ਸੁੱਖਾਂ) ਨੂੰ ਮੁੜ-ਮੁੜ ਚੇਤੇ ਕਰਕੇ ਰੁਦਨ ਕਰਿਆ ਕਰਦੇ ਹਨ।

ਪ੍ਰ: ਕਿਉਂ ਜੀ! ਤੁਸੀਂ ਇਹ ਗੱਲ ਕਿਵੇਂ ਅਨੁਭਵ ਕੀਤੀ ਹੈ?

ਉ: ਹੇ ਪਿਆਰਿਓ! ਤੁਸੀਂ ਆਪ ਹੀ ਵੀਚਾਰ ਕੇ ਵੇਖ ਲਵੋ ਕਿ ਉਨ੍ਹਾਂ ਸਾਰੇ ਰੋਣ ਵਾਲਿਆਂ ਵਿਚੋਂ ਕੋਈ ਭੀ ਜੀਵ ਮਰਨ ਵਾਲੇ ਪ੍ਰਾਣੀਆਂ ਦੇ ਨਾਲ ਮਰਦਾ ਨਹੀਂ ਹੈ, (ਕਿਉਂਕਿ) ਜੀਊਣਾ ਹਰ ਬੰਦੇ ਨੂੰ ਹੀ ਪਿਆਰਾ ਲੱਗਦਾ ਹੈ। ਇਹ ਭੀ ਸੱਚ ਹੈ ਕਿ ਆਈ ਤੋਂ ਬਿਨਾ ਕੋਈ ਮਰ ਭੀ ਨਹੀਂ ਸਕਦਾ।

ਪ੍ਰ: ਹੇ ਗੁਰੋ! ਆਖ਼ਰ ਤੁਸੀਂ ਇਨ੍ਹਾਂ ਸਾਰਿਆਂ ਬੰਦਿਆਂ ਵਿਚੋਂ ਸਿਆਣਾ ਬੰਦਾ ਕਿਸ ਨੂੰ ਮੰਨਦੇ ਹੋ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! (ਇਹ ਮਰਨ ਤੇ ਜੰਮਣ ਦਾ ਸਿਲਸਿਲਾ ਤਾਂ ਸਦਾ ਹੀ ਚਲਦਾ ਰਹੇਗਾ) ਪਰ, (ਹਾਂ) ਉਹ ਬੰਦੇ ਜੁਗੋ-ਜੁਗ ਸਦਾ ਹੀ ਸਿਆਣੇ ਹਨ, ਜੋ ਸੱਚੇ ਪ੍ਰਭੂ ਦੇ ਗੁਣ ਹਿਰਦੇ ਅੰਦਰ ਵਸਾ ਕੇ ਰੋਂਦੇ ਹਨ ਤੇ ਮਾਇਆ ਦੇ ਮੋਹ ਵਲੋਂ ਉਪਰਾਮ ਹੋ ਜੀਵਨ ਗੁਜ਼ਾਰਦੇ ਹਨ।੪।੫।

ਭਾਵਾਰਥ : ਹਜ਼ੂਰ ਇਸ ਆਖ਼ਰੀ ਅੰਕ ਵਿਚ ਸਿੱਟਾ ਕੱਢਦੇ ਹਨ ਕਿ ਐ ਪਿਆਰਿਓ! ਉਸ ਪ੍ਰਭੂ ਦਾ ਸਦਾ ਹੁਕਮ ਅਟੱਲ ਹੈ, ਜਿਸ ਨੂੰ ਰੋਣ ਨਾਲ ਟਾਲਿਆ ਨਹੀਂ ਜਾ ਸਕਦਾ, ਪਰ ਇਨ੍ਹਾਂ ਸਾਰੇ ਸਾਕ-ਸੰਬੰਧੀਆਂ ਦਾ ਜੋ ਭੀ ਰੋਣਾ ਹੈ, ਇਹ ਕੇਵਲ ਸੁਆਰਥੀ ਰੋਣਾ ਹੈ, ਜੋ ਸੁਆਰ ਕੁਝ ਭੀ ਨਹੀਂ ਸਕਦਾ, ਕਿਉਂਕਿ ਰੋਣਾ ਮਰਨੇ ਦਾ ਹੈ ਤੇ ਉਸ ਮਰਨੇ ਨੂੰ ਕੋਈ ਟਾਲ ਹੀ ਨਹੀਂ ਸਕਦਾ, ਪਰ ਹਾਂ! ਜੇ ਪਰਮੇਸ਼ਰ ਦਾ ਭੈ ਮੰਨੇ, ਤਾਂ ਇਸ ਦਾ ਰੋਣਾ ਭੀ ਸਫਲ ਹੋ ਸਕਦਾ ਹੈ, ਭਾਵ ਹੈ ਕਿ ਇਹ ਮਾੜੇ ਕਰਮਾਂ ਵਲੋਂ ਮੂੰਹ ਮੋੜ ਕੇ ਵਾਹਿਗੁਰੂ ਜੀ ਦੇ ਭੈ ਵਿਚ ਜੀਵਨ ਗੁਜ਼ਾਰੇ ਤੇ ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਕਰਦਾ ਰਵੇ, ਉਸ ਬੰਦੇ ਨੂੰ ਸਿਆਣਾ, ਗਿਆਨਵਾਨ ਕਹੀਦਾ ਹੈ।

ਵਡਹੰਸੁ ਮਹਲਾ ੩ ਮਹਲਾ ਤੀਜਾ

੧ੴ ਸਤਿਗੁਰ ਪ੍ਰਸਾਦਿ ॥

੧. ਪ੍ਰਭੁ ਸਚੜਾ ਹਰਿ ਸਾਲਾਹੀਐ
ਕਾਰਜੁ ਸਭੁ ਕਿਛੁ ਕਰਣੈ ਜੋਗੁ ॥
੨. ਸਾ ਧਨ ਰੰਡ ਨ ਕਬਹੂ ਬੈਸਈ
ਨਾ ਕਦੇ ਹੋਵੈ ਸੋਗੁ ॥
੩. ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ
ਸਾ ਧਨ ਮਹਲਿ ਸਮਾਣੀ ॥
੪. ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ
ਬੋਲੇ ਅੰਮ੍ਰਿਤ ਬਾਣੀ ॥
੫. ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ
ਨਾ ਕਦੇ ਲਗੈ ਵਿਜੋਗੋ ॥
੬. ਸਚੜਾ ਪਿਰੁ ਸਾਲਾਹੀਐ
ਸਭੁ ਕਿਛੁ ਕਰਣੈ ਜੋਗੋ ॥੧॥

ਪਦ ਅਰਥ : ਸਚੜਾ—ਸਦੀਵੀ ਕਾਲ ਕਾਇਮ ਰਹਿਣ ਵਾਲਾ। ਸਾਲਾਹੀਐ—ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ। ਕਰਣੈ ਜੋਗ—ਕਰਨ ਦੀ ਸਮਰੱਥਾ ਰੱਖਣ ਵਾਲਾ। ਸਾ ਧਨ—ਇਸਤ੍ਰੀ, ਭਾਵ ਹੈ ਸੰਤ, ਗੁਰਮੁਖ। ਨ ਬੈਸਈ—ਨਾ ਬੈਸੇ, ਨਹੀਂ ਬੈਠਦੀ। ਸੋਗੁ—ਗ਼ਮ। ਅਨਦਿਨੁ—ਹਰ ਰੋਜ਼, ਹਰ ਵੇਲੇ। ਮਹਲਿ—ਪ੍ਰਭੂ ਦੀ ਦਰਗਾਹ ਵਿਚ। ਜਿਨਿ—ਜਿਸ ਜੀਵ-ਇਸਤ੍ਰੀ ਨੇ। ਪ੍ਰਿਉ ਜਾਤਾ—ਪ੍ਰੀਤਮ ਪ੍ਰਭੂ ਨਾਲ ਜਾਣ ਪਛਾਣ। ਕਰਮ ਬਿਧਾਤਾ—ਜੀਵਾਂ ਦੇ ਕਰਮਾਂ ਅਨੁਸਾਰ ਪੈਦਾ ਕਰਨ ਵਾਲਾ। ਅੰਮ੍ਰਿਤ—ਅਮਰ ਜੀਵਨ ਦੇਣ ਵਾਲੀ। ਸਾਰਹਿ—ਸੰਭਾਲਦੀਆਂ ਹਨ। ਸਮਾਲਹਿ—ਹਿਰਦੇ ਵਿਚ ਵਸਾਂਦੀਆਂ ਹਨ। ਵਿਜੋਗੋ—ਵਿਛੋੜਾ।੧।

ਅਰਥ :

ਪ੍ਰ: ਹੇ ਗੁਰੋ! ਆਪ ਕੋਈ ਅਜਿਹਾ ਸ਼ਕਤੀ ਸੰਪੰਨ ਦੇਵਤਾ ਦੱਸੋ, ਜਿਸ ਇਕੋ ਦੀ ਸਲਾਹੁਤ ਕਰਨ ਨਾਲ ਸਾਰੇ ਹੀ ਕਾਰਜ ਪੂਰਨ ਹੋ ਸਕਣ ?

ੳ: ੧. ਹੇ ਭਾਈਓ! ਅਜਿਹੀ ਸ਼ਕਤੀ ਰੱਖਣ ਵਾਲਾ ਤਾਂ ਇਕੋ ਹਰੀ ਪ੍ਰਭੂ ਸੱਚਾ ਹੈ, ਉਸੇ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਚਾਹੀਦਾ ਹੈ, (ਕਿਉਂਕਿ) ਉਹ ਇਕੋ ਹੀ ਸਭ ਕੁਝ, ਭਾਵ ਹਰੇਕ ਕੰਮ ਕਰਨ ਦੀ ਸਮਰੱਥਾ ਰੱਖਣ ਵਾਲਾ ਹੈ।

੨. ਜੋ ਐਸੇ ਸਮਰੱਥ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਾਲੀ ਜੀਵ-ਰੂਪ ਗੁਰਮੁਖ ਇਸਤ੍ਰੀ ਹੈ, ਉਹ ਗੁਰਮੁਖ ਰੂਪ ਇਸਤ੍ਰੀ ਤਾਂ ਸਦਾ ਹੀ ਸੁਹਾਗਣ ਹੈ, ਉਹ ਤਾਂ ਕਦੇ ਭੀ ਵਿਧਵਾ ਹੋ ਕੇ ਨਹੀਂ ਬੈਠੇਗੀ ਅਤੇ ਨਾ ਹੀ ਉਸ ਨੂੰ ਕਦੇ ਸੋਗ ਹੀ ਹੋਵੇਗਾ।

੩. ਹਾਂ! ਉਸ ਨੂੰ ਕਦੇ ਸੋਗ ਨਹੀਂ ਹੋਵੇਗਾ, ਉਹ ਤਾਂ ਸਦੀਵੀ ਕਾਲ ਰਸ ਮਾਣੇਗੀ, (ਕਿਉਂਕਿ) ਉਹ ਗੁਰਮੁਖ ਰੂਪ ਇਸਤ੍ਰੀ ਆਪਣੇ ਪਤੀ ਪਰਮੇਸ਼ਰ ਦੇ ਸਰੂਪ ਵਿਚ ਸਦਾ ਹੀ ਸਮਾਈ ਰਹਿੰਦੀ ਹੈ। ਕਦੇ ਵੀ ਵਿਛੜਦੀ ਨਹੀਂ ਹੈ।

੪. (ਹਾਂ) ਜਿਸ ਨੇ ਆਪਣੇ ਕਰਮ ਫਲ ਦਾਤਾ ਪਰਮੇਸ਼ਰ ਪਤੀ ਨੂੰ ਇਉਂ ਜਾਣ ਲਿਆ ਹੈ, ਉਹ ਤਾਂ ਸਦਾ ਹੀ ਅਮਰ ਜੀਵਨ ਦੇਣ ਵਾਲੀ ਬਾਣੀ ਉਚਾਰਦੀ ਹੈ।

੫. ਹੇ ਭਾਈਓ! ਉਹ ਐਸੀਆਂ ਗੁਰਮੁਖ ਰੂਪੀ ਗੁਣਵੰਤੀਆਂ ਆਪਣੇ ਪਤੀ ਪਰਮੇਸ਼ਰ ਦੇ ਗੁਣ ਗਾਉਂਦੀਆਂ, ਉਸੇ ਨੂੰ ਯਾਦ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਨੂੰ ਮੁੜ ਕਦੇ ਵਿਛੋੜਾ ਨਹੀਂ ਹੁੰਦਾ।

੬. ਤਾਂ ਤੇ ਹੇ ਭਾਈ! ਸੱਚੇ ਪਤੀ ਪਰਮੇਸ਼ਰ ਨੂੰ ਸਲਾਹੁੰਦੇ ਰਹੀਏ, ਜੋ ਕਿ ਸਭੋ ਕੁਝ ਕਰਨ ਦੀ ਸਮਰੱਥਾ ਰੱਖਦਾ ਹੈ।੧।

੧. ਸਚੜਾ ਸਾਹਿਬੁ ਸਬਦਿ ਪਛਾਣੀਐ
ਆਪੇ ਲਏ ਮਿਲਾਏ ॥
੨. ਸਾ ਧਨ ਪ੍ਰਿਅ ਕੈ ਰੰਗਿ ਰਤੀ
ਵਿਚਹੁ ਆਪੁ ਗਵਾਏ ॥
੩. ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ
ਗੁਰਮੁਖਿ ਏਕੋ ਜਾਤਾ ॥
੪. ਕਾਮਣਿ ਇਛ ਪੁੰਨੀ ਅੰਤਰਿ ਭਿੰਨੀ
ਮਿਲਿਆ ਜਗਜੀਵਨੁ ਦਾਤਾ ॥
੫. ਸਬਦ ਰੰਗਿ ਰਾਤੀ ਜੋਬਨਿ ਮਾਤੀ
ਪਿਰ ਕੈ ਅੰਕਿ ਸਮਾਏ ॥
੬. ਸਚੜਾ ਸਾਹਿਬੁ ਸਬਦਿ ਪਛਾਣੀਐ
ਆਪੇ ਲਏ ਮਿਲਾਏ ॥੨॥

ਪਦ ਅਰਥ : ਸਬਦਿ—ਗੁਰੂ ਦੇ ਸ਼ਬਦ ਵਿਚ ਜੁੜਿਆਂ। ਆਪੇ—ਆਪੇ ਹੀ। ਸਾ ਧਨ—ਜੀਵ-ਇਸਤ੍ਰੀ। ਪ੍ਰਿਅ ਕੈ ਰੰਗਿ—ਪਿਆਰੇ ਦੇ ਪ੍ਰੇਮ ਰੰਗ ਵਿਚ। ਰਤੀ—ਰੰਗੀ। ਆਪੁ—ਆਪਾ ਭਾਵ। ਕਾਲੁ—ਮੌਤ, ਮੌਤ ਦਾ ਡਰ। ਗੁਰਮੁਖਿ—ਗੁਰੂ ਦੀ ਰਾਹੀਂ। ਏਕੋ—ਇਕ ਪਰਮੇਸ਼ਰ ਨੂੰ ਹੀ। ਕਾਮਣਿ ਇਛ—ਜੀਵ ਇਸਤ੍ਰੀ ਦੀ ਇੱਛਾ। ਪੁੰਨੀ—ਪੂਰੀ ਹੋ ਜਾਂਦੀ ਹੈ। ਭਿੰਨੀ—ਭਿੱਜ ਜਾਂਦੀ ਹੈ। ਜੋਬਨਿ—ਨਾਮ ਦੇ ਜੋਬਨ ਵਿਚ, ਜੁਆਨੀ ਵਿਚ ਪਿਆਰ ਹੁਲਾਰੇ ਤ੍ਰਿਖੇ ਹੁੰਦੇ ਹਨ, ਭਾਵ ਹੈ ਪ੍ਰੇਮ ਦੇ ਹੁਲਾਰੇ ਵਿਚ ਮਗਨ। ਮਾਤੀ—ਮਸਤ। ਅੰਕਿ—ਅੰਕ ਵਿਚ, ਗੋਦ ਵਿਚ।

ਅਰਥ :

ਪ੍ਰ: ਹੇ ਗੁਰੋ! ਇਹ ਦੱਸੋ ਕਿ ਆਪਣੇ ਸੱਚੇ ਸਾਹਿਬ ਨੂੰ ਕਿਵੇਂ ਪਛਾਣ ਸਕੀਦਾ ਹੈ?

ਉ: ੧. ਹੇ ਭਰਾਵੋ! ਉਸ ਸੱਚੇ ਮਾਲਕ ਨੂੰ ਗੁਰੂ ਦੇ ਸੱਚੇ ਸ਼ਬਦ (ਨਾਮ) ਦੁਆਰਾ ਪਛਾਣੀਦਾ ਹੈ, ਉਹ ਆਪੇ ਹੀ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ।

੨. ਹੇ ਮਿੱਤਰੋ! ਉਹ ਗੁਰਮੁਖ ਰੂਪ ਇਸਤ੍ਰੀ ਸਦਾ ਹੀ ਆਪਣੇ ਪਤੀ ਦੇ ਪ੍ਰੇਮ ਵਿਚ ਰਤੀ ਰਹਿੰਦੀ ਹੈ, ਤੇ (ਆਪਣੇ ਅੰਦਰੋਂ) ਆਪਾ-ਭਾਵ ਦੂਰ ਕਰ ਦੇਂਦੀ ਹੈ।

ਪ੍ਰ: (ਕਿਉਂ ਜੀ) ਜਦੋਂ ਉਸ ਗੁਰਮੁਖ ਰੂਪ ਇਸਤ੍ਰੀ ਦੇ ਅੰਦਰੋਂ ਆਪਾ-ਭਾਵ ਮਿਟ ਗਿਆ, ਫਿਰ ਉਸ ਨੂੰ ਕੀ ਫਲ ਹਾਸਲ ਹੋਇਆ?

ਉ: ੩. ਹੇ ਭਾਈ! ਜਿਸਦੇ ਅੰਦਰੋਂ ਆਪਾ-ਭਾਵ ਮਿਟ ਗਿਆ, (ਭਾਵ ਹਉਮੈ ਮਿਟ ਗਈ) ਉਸ ਨੂੰ ਫਿਰ ਕਾਲ ਨਹੀਂ ਖਾਂਦਾ, ਭਾਵ ਉਸ ਦਾ ਜਨਮ ਮਰਨ ਮਿਟ ਜਾਂਦਾ ਹੈ, ਬਸ ਉਹ ਫਿਰ ਗੁਰੂ ਦੁਆਰਾ ਇਕੋ ਪ੍ਰਭੂ ਨੂੰ ਜਾਣ ਲੈਂਦੀ ਹੈ।

ਪ੍ਰ: ਹਜ਼ੂਰ! ਉਸ ਦੀ ਪਛਾਣ ਕਿਵੇਂ ਕੀਤੀ ਜਾਏ?

ਉ: ੪. ਹੇ ਪਿਆਰਿਓ! (ਉਹ ਹੁਣ) ਸਦਾ ਹੀ ਅੰਦਰੋਂ ਪ੍ਰੇਮ ਨਾਲ ਭਿੱਜੀ ਰਹਿੰਦੀ ਹੈ, ਉਸ ਨੂੰ ਜਗਤ ਤਾਈਂ ਜੀਵਨ ਦੇਣ ਵਾਲਾ ਮਿਲ ਪੈਂਦਾ ਹੈ, ਉਸ ਗੁਰਮੁਖ ਰੂਪ ਇਸਤ੍ਰੀ ਦੀ ਇਸ ਤਰ੍ਹਾਂ ਸਦਾ ਮਿਲੇ ਰਹਿਣ ਦੀ ਇੱਛਾ ਪੂਰੀ ਹੋ ਜਾਂਦੀ ਹੈ।

੫. ਹੇ ਭਾਈਓ! ਇਸ ਤਰ੍ਹਾਂ ਜਿਹੜੀ ਜੀਵ ਰੂਪੀ ਇਸਤ੍ਰੀ ਗੁਰੂ ਸ਼ਬਦ ਦੇ ਰੰਗ ਵਿਚ ਰੰਗੀ ਜਾਂਦੀ ਹੈ, ਉਹ ਪ੍ਰੇਮ ਦੇ ਹੁਲਾਰਿਆਂ ਵਿਚ ਮਸਤ ਰਹਿੰਦੀ ਹੈ, ਸੋ ਇਸ ਤਰ੍ਹਾਂ ਜੋ (ਸ਼ਬਦ) ਨਾਮ ਦੇ ਰੰਗ ਵਿਚ ਰਤੀ ਹੋਈ ਹੋਵੇ, ਉਹ ਪਤੀ ਦੇ ਅੰਕ (ਗੋਦ ਜਾਂ ਸਰੂਪ) ਵਿਚ ਸਮਾ ਜਾਂਦੀ ਹੈ।

੬. ਇਸ ਲਈ ਯਾਦ ਰੱਖੋ ਕਿ ਸੱਚਾ ਸਾਹਿਬ ਸ਼ਬਦ ਦੁਆਰਾ ਪਛਾਣੀਦਾ ਹੈ, (ਸ਼ਬਦ ਦੀ ਕਮਾਈ ਕਰਦਿਆਂ ਸੱਚਾ ਸਾਹਿਬ) ਆਪੇ (ਆਪਣੇ ਨਾਲ) ਮਿਲਾ ਲੈਂਦਾ ਹੈ।੨।

੧. ਜਿਨੀ ਆਪਣਾ ਕੰਤੁ ਪਛਾਣਿਆ
ਹਉ ਤਿਨ ਪੂਛਉ ਸੰਤਾ ਜਾਏ ॥
੨. ਆਪੁ ਛੋਡਿ ਸੇਵਾ ਕਰੀ
ਪਿਰੁ ਸਚੜਾ ਮਿਲੈ ਸਹਜਿ ਸੁਭਾਏ ॥
੩. ਪਿਰੁ ਸਚਾ ਮਿਲੈ ਆਏ ਸਾਚੁ ਕਮਾਏ
ਸਾਚਿ ਸਬਦਿ ਧਨ ਰਾਤੀ ॥
੪. ਕਦੇ ਨ ਰਾਂਡ ਸਦਾ ਸੋਹਾਗਣਿ
ਅੰਤਰਿ ਸਹਜ ਸਮਾਧੀ ॥
੫. ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ
ਰੰਗੁ ਮਾਣੇ ਸਹਜਿ ਸੁਭਾਏ ॥
੬. ਜਿਨੀ ਆਪਣਾ ਕੰਤੁ ਪਛਾਣਿਆ
ਹਉ ਤਿਨ ਪੂਛਉ ਸੰਤਾ ਜਾਏ ॥੩॥

ਪਦ ਅਰਥ : ਜਿਨੀ—ਜਿਨ੍ਹਾਂ ਨੇ। ਕੰਤ—ਖ਼ਸਮ ਪ੍ਰਭੂ। ਹਉ—ਮੈਂ। ਪੂਛਉ—ਪੂਛਉਂ, ਮੈਂ ਪੁੱਛਦਾ ਹਾਂ। ਜਾਇ—ਜਾਇ, ਜਾ ਕੇ। ਆਪੁ—ਆਪਾ-ਭਾਵ। ਕਰੀ—ਕਰੀਂ, ਮੈਂ ਕਰਦਾ ਹਾਂ। ਸਚੜਾ—ਸਦਾ ਕਾਇਮ ਰਹਿਣ ਵਾਲਾ। ਸੁਭਾਏ—ਸੁਭਾਇ, ਪਿਆਰ ਨਾਲ। ਆਏ—ਆਇ, ਆ ਕੇ। ਸਾਚੁ—ਸਦਾ-ਥਿਰ ਹਰੀ ਨਾਮ। ਸਬਦਿ—ਸ਼ਬਦ ਵਿਚ। ਧਨ—ਜੀਵ-ਇਸਤ੍ਰੀ। ਭਰਪੂਰੇ—ਹਰ ਥਾਂ ਵਿਆਪਕ। ਹਦੂਰੇ—ਅੰਗ-ਸੰਗ। ਮਾਣੇ—ਮਾਣਿ।੩।

ਅਰਥ :

ਪ੍ਰ: ਕਿਉਂ ਜੀ! ਜਦੋਂ ਪਹਿਲੋਂ-ਪਹਿਲ ਤੁਹਾਨੂੰ ਕੰਤ ਪ੍ਰਾਪਤੀ ਦੀ ਅੰਦਰ ਜਾਗ ਲੱਗੀ, ਤਦੋਂ ਉਹ ਕਿਵੇਂ ਆਰੰਭ ਹੋਈ? ਅਤੇ ਉਸ ਦੀ ਪੂਰਤੀ ਲਈ ਤੁਸੀਂ ਕੀ ਯਤਨ ਆਰੰਭ ਕੀਤਾ?

ਉ: ੧. ਹੇ ਭਾਈਓ! ਜਦੋਂ ਮੇਰੇ ਅੰਦਰ ਇਹ ਪਤੀ ਪਰਮੇਸ਼ਰ ਜੀ ਦੇ ਮਿਲਾਪ ਦਾ ਸ਼ੌਕ ਉਤਪੰਨ ਹੋਇਆ, ਤਦੋਂ ਮੈਂ ਇਉਂ ਸੋਚਿਆ ਕਿ ਮੈਂ (ਹੁਣ) ਉਨ੍ਹਾਂ ਸੰਤਾਂ (ਰੂਪ ਇਸਤ੍ਰੀਆਂ) ਨੂੰ ਜਾ ਕੇ ਪੁੱਛਦੀ ਹਾਂ, ਜਿਨ੍ਹਾਂ ਨੇ ਕਿ ਆਪਣੇ ਕੰਤ ਪਰਮੇਸ਼ਰ ਪਤੀ ਨੂੰ ਪਛਾਣ ਲਿਆ ਹੈ।

ਪ੍ਰ: ਕਿਉਂ ਜੀ! ਆਖ਼ਰ ਉਨ੍ਹਾਂ ਸੰਤ ਸੁਹਾਗਣਾਂ ਵਲੋਂ ਆਪ ਜੀ ਨੂੰ ਕੀ ਉੱਤਰ ਮਿਲਿਆ?

ਉ: ੨. ਹੇ ਮਿੱਤਰ ਜਨੋ! ਉਨ੍ਹਾਂ ਸੰਤ ਸੁਹਾਗਣ ਇਸਤ੍ਰੀਆਂ ਨੂੰ ਪੁੱਛਣ 'ਤੇ ਉਨ੍ਹਾਂ ਵਲੋਂ ਮੈਨੂੰ ਇਹੋ ਉੱਤਰ ਮਿਲਿਆ ਕਿ ਹੇ ਪਿਆਰਿਆ! ਅਸੀਂ ਤਾਂ ਆਪਾ-ਭਾਵ ਛੱਡ ਕੇ ਸੇਵਾ ਕੀਤੀ ਹੈ, ਇਉਂ ਸੇਵਾ ਦਾ ਸਦਕਾ ਉਹ ਸੱਚਾ ਪਤੀ ਪਰਮੇਸ਼ਰ ਸਹਜ ਸੁਭਾ ਹੀ (ਮਿਲੈ) ਆ ਮਿਲਦਾ ਹੈ, ਸੋ ਸਾਨੂੰ ਭੀ ਉਹ ਪਤੀ ਪਰਮੇਸ਼ਰ ਹੰਕਾਰ ਨੂੰ ਛੱਡਣ ਨਾਲ ਹੀ ਮਿਲਿਆ ਹੈ।

ਪ੍ਰ: ਹਜ਼ੂਰ! ਆਪ ਜੀ ਦਾ ਸੇਵਾ ਤੋਂ ਭਾਵ ਕੀ ਹੈ?

ਉ: ੩. ਅਸਲ ਭਾਵ ਹੈ ਕਿ ਜੀਵ ਰੂਪੀ ਇਸਤ੍ਰੀ ਸੱਚੇ ਸ਼ਬਦ ਵਿਚ ਰਚ ਜਾਂਦੀ ਹੈ ਤੇ ਸੱਚ ਦੀ ਹੀ ਕਮਾਈ ਕਰਦੀ ਹੈ, ਤਦ ਇਉਂ ਸੱਚਾ ਪਤੀ ਪਰਮੇਸ਼ਰ ਮਿਲ ਜਾਂਦਾ ਹੈ।

ਪ੍ਰ: ਹੇ ਗੁਰੋ! ਜਿਹੜੀ ਜੀਵ-ਇਸਤ੍ਰੀ ਗੁਰੂ ਦੇ ਸ਼ਬਦ ਵਿਚ ਰੰਗੀ ਰਹਿੰਦੀ ਹੈ, ਉਸ ਨੂੰ ਆਖ਼ਰ ਫਲ ਕੀ ਪ੍ਰਾਪਤ ਹੁੰਦਾ ਹੈ?

ਉ: ੪. ਹੇ ਪਿਆਰਿਓ! ਉਹ ਫਿਰ ਕਦੀ ਵਿਧਵਾ ਨਹੀਂ ਹੁੰਦੀ, ਭਾਵ ਨਿਖਸਮੀ ਨਹੀਂ ਹੋ ਸਕਦੀ। ਉਹ ਸਦਾ ਸੁਹਾਗਣ ਹੋ ਜਾਂਦੀ ਹੈ, ਕਿਉਂਕਿ ਉਸ ਦੇ ਅੰਤਰ-ਆਤਮੇ ਸਹਿਜ ਸਮਾਧੀ ਲੱਗੀ ਰਹਿੰਦੀ ਹੈ।

ਪ੍ਰ: ਹਜ਼ੂਰ! ਆਪ ਸਹਿਜ ਸਮਾਧੀ ਕਿਸ ਨੂੰ ਕਹਿੰਦੇ ਹੋ?

ਉ: ੫. ਹੇ ਭਾਈਓ! ਸਹਿਜ ਸਮਾਧੀ ਲੱਗਣ ਵਾਲੀ ਜੀਵ-ਇਸਤ੍ਰੀ ਦੀ ਇਕ ਇਹੋ ਹੀ ਨਿਸ਼ਾਨੀ ਹੈ ਕਿ ਉਹ ਪਤੀ ਪਰਮੇਸ਼ਰ ਜੋ ਕਿ ਸਾਰੇ ਭਰਪੂਰ ਹੋ ਰਿਹਾ ਹੈ, ਉਸ ਨੂੰ ਉਹ ਹਾਜ਼ਰਾ-ਹਜ਼ੂਰ ਵੇਖਦੀ ਹੈ ਅਤੇ ਸਹਿਜ ਸੁਭਾ ਹੀ ਉਹ ਉਸ ਦੇ ਪ੍ਰੇਮ ਨੂੰ ਮਾਣਦੀ ਹੈ। (ਹੇ ਗੁਰਮੁਖ ਸਖੀਏ! ਇਹੋ ਉੱਤਰ ਸੁਣਨ ਵਾਸਤੇ ਮੇਰੇ ਅੰਦਰ ਚਾਉ ਸੀ ਕਿ)

੬. ਜਿਨ੍ਹਾਂ ਨੇ ਆਪਣੇ ਪਤੀ ਪਰਮੇਸ਼ਰ ਨੂੰ ਜਾਣ ਲਿਆ ਹੈ, ਮੈਂ ਉਨ੍ਹਾਂ ਸੰਤਾਂ ਨੂੰ ਜਾ ਕੇ, ਉਨ੍ਹਾਂ ਪਾਸੋਂ ਪਤੀ ਪ੍ਰਾਪਤੀ ਦਾ ਤਜਰਬਾ ਵੀ ਪੁੱਛਾਂ।੩।

੧. ਪਿਰਹੁ ਵਿਛੁੰਨੀਆ ਭੀ ਮਿਲਹ
ਜੇ ਸਤਿਗੁਰ ਲਾਗਹ ਸਾਚੇ ਪਾਏ ॥
੨. ਸਤਿਗੁਰੁ ਸਦਾ ਦਇਆਲੁ ਹੈ
ਅਵਗੁਣ ਸਬਦਿ ਜਲਾਏ ॥
੩. ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ
ਸਚੇ ਹੀ ਸਚਿ ਰਾਤੀ ॥
੪. ਸਚੈ ਸਬਦਿ ਸਦਾ ਸੁਖੁ ਪਾਇਆ
ਹਉਮੈ ਗਈ ਭਰਾਤੀ ॥
੫. ਪਿਰੁ ਨਿਰਮਾਇਲੁ ਸਦਾ ਸੁਖਦਾਤਾ
ਨਾਨਕ ਸਬਦਿ ਮਿਲਾਏ ॥
੬. ਪਿਰਹੁ ਵਿਛੁੰਨੀਆ ਭੀ ਮਿਲਹ
ਜੇ ਸਤਿਗੁਰ ਲਾਗਹ ਸਾਚੇ ਪਾਏ ॥੪॥੧॥

ਪਦ ਅਰਥ : ਪਿਰਹੁ—ਪਿਰ ਤੋਂ, ਪ੍ਰਭੂ ਪਤੀ ਤੋਂ। ਭੀ—ਮੁੜ ਭੀ। ਮਿਲਹ—ਅਸੀਂ ਮਿਲ ਸਕਦੀਆਂ ਹਾਂ। ਜੇ ਲਾਗਹ—ਜੇ ਅਸੀਂ ਲੱਗੀਏ। ਸਾਚੇ ਸਤਿਗੁਰ ਪਾਏ—ਸੱਚੇ ਗੁਰੂ ਦੀ ਚਰਨੀਂ। ਸਬਦਿ—ਸ਼ਬਦ ਵਿਚ (ਜੋੜ ਕੇ)। ਦੂਜਾ ਭਾਉ—ਮਾਇਆ ਦਾ ਪਿਆਰ। ਸਚੇ ਹੀ ਸਚਿ—ਸਦਾ ਹੀ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਹੀ। ਰਾਤੀ—ਮਸਤ। ਭਰਾਤੀ—ਭਟਕਣਾ। ਨਿਰਮਾਇਲੁ—ਪਵਿਤ੍ਰ।੪।

ਅਰਥ :

ਪ੍ਰ: ਕਿਉਂ ਜੀ! ਕੀ ਪਤੀ ਨੂੰ ਮਿਲ ਕੇ ਵਿਛੜੀਆਂ ਜੀਵ ਰੂਪ ਇਸਤ੍ਰੀਆਂ ਦਾ ਵੀ ਮੁੜ ਮਿਲਾਪ ਲਈ ਉਪਰਾਲਾ ਹੋ ਸਕਦਾ ਹੈ ਜਾਂ ਕਿ ਉਹ ਨਿਮਾਣੀਆਂ ਸਦਾ ਲਈ ਵਿਛੜੀਆਂ ਹੀ ਰਹਿਣਗੀਆਂ ?

ਉ: ੧. ਹੇ ਭਾਈਓ! ਜੋ ਪਤੀ ਪਰਮੇਸ਼ਰ ਤੋਂ ਵਿਛੜੀਆਂ ਹੋਈਆਂ ਸਖੀਆਂ ਹਨ, ਉਹ ਭੀ ਫਿਰ ਮਿਲ ਪੈਣਗੀਆਂ, ਪਰ ਜੇ ਕਦੀ ਉਹ ਸਤਿਗੁਰੂ ਜੀ ਦੇ ਚਰਨੀਂ ਆ ਲੱਗਣ।

ਪ੍ਰ: ਕਿਉਂ ਜੀ! ਇਹ ਤਾਂ ਦੱਸੋ ਕਿ ਉਹ ਗੁਰੂ ਐਸੀਆਂ ਅਉਗੁਣਾਂ ਭਰਪੂਰ ਸਖੀਆਂ ਨੂੰ ਮਿਲਣਗੇ ਹੀ ਕਿਉਂ ?

ਉ: ੨. ਹੇ ਪਿਆਰਿਓ! ਉਹ ਇਸ ਲਈ ਕਿ ਸਤਿਗੁਰੂ ਜੀ ਦਇਆ ਦੇ ਘਰ ਹਨ। ਜੋ ਸਿੱਖ ਜਗਿਆਸੂ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ, ਉਹ ਗੁਰੂ (ਸਿੱਖ ਦੇ ਅਉਗੁਣਾਂ ਨੂੰ) ਸ਼ਬਦ ਦੁਆਰਾ ਸਾੜ ਦੇਂਦਾ ਹੈ।

੩. ਹੇ ਸਖੀ! ਗੁਰੂ ਸ਼ਰਨ ਪਿਆਂ ਦੇ ਅਉਗੁਣਾਂ ਨੂੰ ਸ਼ਬਦ ਰਾਹੀਂ ਸਾੜ ਦੇਂਦਾ ਹੈ ਤੇ ਅੰਦਰੋਂ ਮਾਇਆ ਦਾ ਪਿਆਰ ਦੂਰ ਕਰ ਦੇਂਦਾ ਹੈ। (ਗੁਰੂ ਦੀ ਚਰਨੀਂ ਲੱਗੀ ਹੋਈ ਜੀਵ-ਇਸਤ੍ਰੀ) ਸੱਚੇ ਪਰਮੇਸ਼ਰ (ਦੀ ਯਾਦ) ਵਿਚ ਸਦਾ ਹੀ ਰਤੀ ਰਹਿੰਦੀ ਹੈ।

੪. ਉਹ ਜੀਵ ਰੂਪ ਇਸਤ੍ਰੀ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਜੁੜੀ ਰਹਿਣ ਕਰਕੇ ਸਦਾ ਹੀ (ਅਬਿਨਾਸ਼ੀ) ਆਨੰਦ ਮਾਣਦੀ ਰਹਿੰਦੀ ਹੈ, ਕਿਉਂਕਿ ਸ਼ਬਦ ਦੀ ਬਰਕਤ ਨਾਲ ਉਸ ਦੇ ਅੰਦਰੋਂ ਹਉਮੈ ਤੇ ਭਟਕਣਾ ਮਿੱਟ ਜਾਂਦੀ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਉਹ ਪਤੀ ਪਰਮੇਸ਼ਰ ਪਵਿੱਤ੍ਰ ਕਰਨ ਵਾਲਾ ਹੈ, ਸਦਾ ਅਬਿਨਾਸ਼ੀ ਸੁੱਖ ਦੇਣ ਵਾਲਾ ਹੈ, ਗੁਰੂ ਆਪਣੇ ਸ਼ਬਦ ਦੀ ਰਾਹੀਂ ਉਸ ਪਰਮੇਸ਼ਰ ਪਤੀ ਨਾਲ ਮਿਲਾ ਦੇਂਦਾ ਹੈ।

੬. (ਇਸ ਲਈ) ਹੇ ਸਖੀਓ! ਅਸੀਂ ਜੀਵ ਰੂਪ ਇਸਤ੍ਰੀਆਂ ਪਰਮੇਸ਼ਰ ਪਤੀ ਤੋਂ ਵਿਛੜੀਆਂ ਹੋਈਆਂ, ਫਿਰ ਭੀ ਉਸ ਨੂੰ ਮਿਲ ਸਕਦੀਆਂ ਹਾਂ, ਪਰ (ਹਾਂ) ਜੇਕਰ ਅਸੀਂ ਸੱਚੇ ਸਤਿਗੁਰੂ ਦੀ ਚਰਨੀਂ ਲੱਗੀਏ।੪।੧।

ਭਾਵਾਰਥ : ਇਸ ਉਪ੍ਰੋਕਤ ਮਹਾਂਵਾਕ ਵਿਚ ਹਜ਼ੂਰ ਜੀ ਗੁਰਮੁਖ ਪੁਰਖ ਨੂੰ ਗੁਣਵੰਤੀ ਅਤੇ ਪ੍ਰਿਅ ਕੇ ਰੰਗ ਰਤੀ ਇਸਤ੍ਰੀ ਕਹਿੰਦੇ, ਉਸੇ ਸਾਈਂ ਜੀ ਦੇ ਨਾਲ ਮਿਲੇ ਰਹਿਣ ਦੇ ਲੱਛਣ ਤੇ ਯਤਨ ਅੰਕਤ ਕੀਤੇ ਹਨ। ਆਖ਼ਰੀ ਅੰਕ ਵਿਚ ਇਹ ਦੱਸ ਰਹੇ ਹਨ ਕਿ ਜੋ ਜੀਵ ਰੂਪ ਇਸਤ੍ਰੀਆਂ ਪ੍ਰਭੂ ਪਤੀ ਤੋਂ ਵਿਛੜ ਵੀ ਜਾਣ ਤਾਂ ਉਨ੍ਹਾਂ ਦਾ ਮਿਲਾਪ ਫਿਰ ਕਿਵੇਂ ਹੋ ਸਕਦਾ ਹੈ।

ਵਡਹੰਸੁ ਮਹਲਾ ੩ ॥

੧. ਸੁਣਿਅਹੁ ਕੰਤ ਮਹੇਲੀਹੋ
ਪਿਰੁ ਸੇਵਿਹੁ ਸਬਦਿ ਵੀਚਾਰਿ ॥
੨. ਅਵਗਣਵੰਤੀ ਪਿਰੁ ਨ ਜਾਣਈ
ਮੁਠੀ ਰੋਵੈ ਕੰਤ ਵਿਸਾਰਿ ॥
੩. ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ
ਨਾ ਪਿਰੁ ਮਰੈ ਨ ਜਾਏ ॥
੪. ਗੁਰਮੁਖਿ ਜਾਤਾ ਸਬਦਿ ਪਛਾਤਾ
ਸਾਚੈ ਪ੍ਰੇਮਿ ਸਮਾਏ ॥
੫. ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ
ਕੂੜਿ ਮੁਠੀ ਕੂੜਿਆਰੇ ॥
੬. ਸੁਣਿਅਹੁ ਕੰਤ ਮਹੇਲੀਹੋ
ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥

ਪਦ ਅਰਥ : ਕੰਤ ਮਹੇਲੀਹੋ—ਹੇ ਪ੍ਰਭੂ ਪਤੀ ਦੀ ਜੀਵ ਰੂਪ ਇਸਤ੍ਰੀਓ! ਭਾਵ ਹੈ ਚਾਹਨਾ ਵਾਲੀਓ, ਜਗਿਆਸੂਓ! ਸਬਦਿ—ਸ਼ਬਦ ਦੀ ਰਾਹੀਂ। ਜਾਣਈ—ਜਾਣਾ ਏ, ਜਾਣਦੀ। ਮੁਠੀ—ਠੱਗੀ ਹੋਈ, ਜੋ ਪ੍ਰਮਾਰਥ ਜੀਵਨ ਲੁਟਾ ਚੁੱਕੀ ਹੈ। ਰੋਵੈ—ਦੁਖੀ ਹੁੰਦੀ ਹੈ। ਸੰਮਾਲਿ—ਸੰਭਾਲ ਕੇ, ਹਿਰਦੇ ਵਿਚ ਵਸਾ ਕੇ। ਸਾਰਿ—ਸੰਭਾਲ ਕੇ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੀ ਜੀਵ ਰੂਪੀ ਇਸਤ੍ਰੀ। ਪ੍ਰੇਮਿ—ਪ੍ਰੇਮ ਵਿਚ। ਜਿਨਿ—ਜਿਸ ਨੇ। ਕਰਮ ਬਿਧਾਤਾ—ਜੀਵਾਂ ਦੇ ਕਰਮਾਂ ਅਨੁਸਾਰ ਫਲ ਦੇਣ ਵਾਲਾ। ਕੂੜਿ—ਕੂੜ ਵਿਚ, ਮਾਇਆ ਦੇ ਪਸਾਰੇ ਵਿਚ।

ਅਰਥ :

ਪ੍ਰ: ਹੇ ਗੁਰੋ ! ਆਪ ਸਦਾ ਹੀ ਸੇਵਾ ਤੇ ਭਗਤੀ ਭਾਵ ਕਰਨ ਲਈ ਪ੍ਰੇਰਣਾ ਕਰਦੇ ਹੋ, ਪਰ ਉਹ ਸੇਵਾ ਭੰਗਤੀ ਕੀਤੀ ਕਿਵੇਂ ਜਾ ਸਕਦੀ ਹੈ ?

ਉ: ੧. ਹੇ ਮੇਰੇ ਪਤੀ ਪਰਮੇਸ਼ਰ ਦੀ ਲੋਚਾ ਵਾਲੀ ਜੀਵ ਰੂਪ ਇਸਤ੍ਰੀਓ ! (ਜ਼ਰਾ ਮੇਰੀ ਗੱਲ) ਧਿਆਨ ਨਾਲ ਸੁਣ ਲੈਣੀ (ਉਹ ਇਹ ਹੈ ਕਿ) ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਜੀ ਦੇ ਗੁਣਾਂ ਦਾ ਵੀਚਾਰ ਕਰਦੀਆਂ ਰਹੋ ਤੇ ਸਦਾ ਹੀ ਪ੍ਰਭੂ ਜੀ ਦੀ ਸੇਵਾ ਭਗਤੀ ਕਰੋ।

ਪ੍ਰ: ਹਜ਼ੂਰ ! ਆਪ ਜੀ ਕੇਵਲ ਗੁਣਵੰਤੀ ਲਈ ਹੀ ਸੇਵਾ ਭਗਤੀ ਕਰਨ ਦੀ ਪ੍ਰੇਰਣਾ ਕਿਉਂ ਕਰਦੇ ਹੋ ?

ਉ: ੨. ਹੇ ਭਾਈਓ ! ਉਹ ਇਸ ਲਈ (ਕਿਉਂਕਿ) ਅਵਗੁਣਾਂ ਵਾਲੀ ਜੀਵ ਰੂਪ ਇਸਤ੍ਰੀ ਪਤੀ ਪਰਮੇਸ਼ਰ ਨੂੰ ਨਹੀਂ ਜਾਣਦੀ, ਉਹ ਤਾਂ ਪਤੀ ਨੂੰ ਵਿਸਾਰ ਕੇ, ਮਾਇਆ ਮੋਹ ਵਿਚ ਠੱਗੀ ਹੋਈ ਪ੍ਰਮਾਰਥਕ ਜੀਵਨ ਨੂੰ ਹੀ ਲੁਟਾ ਬੈਠਦੀ ਹੈ ਅਤੇ ਸਦਾ ਹੀ ਦੁਖੀ ਰਹਿੰਦੀ ਹੈ।

ਪ੍ਰ: ਕਿਉਂ ਜੀ ! ਕੀ ਗੁਰਮੁਖ ਰੂਪ ਇਸਤ੍ਰੀ ਨਹੀਂ ਰੋਇਆ ਕਰਦੀ ?

ਉ: ੩. ਹੇ ਭਰਾਵੋ ! ਉਹ ਰੋਂਦੀ ਤਾਂ ਹੈ, ਪਰ ਪਤੀ ਪਰਮੇਸ਼ਰ ਨੂੰ ਯਾਦ ਕਰਦੀ ਅਤੇ ਉਸ ਦੇ ਗੁਣਾਂ ਨੂੰ ਸਦਾ ਸਿਮਰਦੀ ਹੈ, ਸੋ ਉਸ ਦਾ ਪਤੀ ਨਾ ਕਦੇ ਮਰਦਾ ਹੈ ਨਾ ਕਦੇ ਵਿਛੜ ਸਕਦਾ ਹੈ। ਭਾਵ ਹੈ ਕਿ ਉਹ ਸਦਾ ਸੁਹਾਗਣ ਹੋ ਜਾਂਦੀ ਹੈ।

੪. ਹੇ ਪਿਆਰੇ ! ਅਜੇਹੀਆਂ ਗੁਰਮੁਖ ਰੂਪ ਇਸਤ੍ਰੀਆਂ ਨੇ ਪ੍ਰਭੂ ਨੂੰ ਜਾਣ ਲਿਆ ਹੈ, ਪਰ ਪਛਾਣਿਆ ਹੈ, ਗੁਰੂ ਦੇ ਸ਼ਬਦ (ਨਾਮ) ਦੀ ਕਮਾਈ ਕਰ ਕੇ, ਉਹ (ਇਸ ਤਰ੍ਹਾਂ) ਗੁਰਮੁਖ ਰੂਪ ਜੀਵ ਇਸਤ੍ਰੀ ਪ੍ਰਭੂ ਦੇ ਸੱਚੇ ਪ੍ਰੇਮ ਵਿਚ ਸਮਾਈ ਰਹਿੰਦੀ ਹੈ।

੫. ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਆਪਣੇ ਪਤੀ ਪਰਮੇਸ਼ਰ ਨੂੰ ਨਹੀਂ ਪਛਾਣਿਆ (ਅਤੇ ਇਹ ਵੀ ਨਹੀਂ ਜਾਣਿਆ ਕਿ) ਉਹ ਸਾਡੇ ਕਰਮਾਂ ਦਾ ਫਲ ਦੇਣ ਵਾਲਾ ਹੈ, ਉਹ ਤਾਂ ਕੂੜ ਵਿਚ ਠੱਗੀ ਗਈ ਕੂੜਿਆਰ ਹੈ।

੬. (ਇਸ ਲਈ) ਹੇ ਕੰਤ ਦੀ ਲੋਚਾ ਵਾਲੀ ਜੀਵ ਰੂਪ ਇਸਤ੍ਰੀ (ਬੀਬੀਓ) ਸੁਣੋ ! ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦੇ ਗੁਣਾਂ ਦੀ ਵੀਚਾਰ ਕਰਕੇ ਪ੍ਰਭੂ ਦੀ ਸੇਵਾ ਭਗਤੀ ਕਰਿਆ ਕਰੋ।੧।

੧. ਸਭੁ ਜਗੁ ਆਪਿ ਉਪਾਇਓਨੁ
ਆਵਣੁ ਜਾਣੁ ਸੰਸਾਰਾ ॥
੨. ਮਾਇਆ ਮੋਹੁ ਖੁਆਇਅਨੁ
ਮਰਿ ਜੰਮੈ ਵਾਰੋ ਵਾਰਾ ॥
੩. ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ
ਗਿਆਨ ਵਿਹੂਣੀ ਮੂਠੀ ॥
੪. ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ
ਰੋਵੈ ਅਵਗੁਣਿਆਰੀ ਝੂਠੀ ॥
੫. ਪਿਰੁ ਜਗਜੀਵਨੁ ਕਿਸ ਨੋ ਰੋਈਐ
ਰੋਵੈ ਕੰਤੁ ਵਿਸਾਰੇ ॥
੬. ਸਭੁ ਜਗੁ ਆਪਿ ਉਪਾਇਓਨੁ
ਆਵਣੁ ਜਾਣੁ ਸੰਸਾਰੇ ॥੨॥

ਪਦ ਅਰਥ : ਉਪਾਇਓਨੁ—ਉਸ ਨੇ ਪੈਦਾ ਕੀਤਾ ਹੈ। ਆਵਣੁ ਜਾਣੁ—ਜੰਮਣ ਮਰਨ। ਖੁਆਇਅਨੁ—ਉਸ ਨੇ ਕੁਰਾਹੇ ਪਾ ਦਿੱਤੇ ਹਨ। ਵਾਰੋ ਵਾਰਾ—ਮੁੜ-ਮੁੜ। ਮਰਿ ਜੰਮੈ—ਮਰ ਕੇ ਜੰਮਦਾ ਹੈ। ਵਧਹਿ—ਵਧਦੇ ਹਨ। ਵਿਹੂਣੀ—ਸੱਖਣੀ। ਮੂਠੀ—ਲੁੱਟੀ ਜਾਂਦੀ ਹੈ। ਰੋਵੈ—ਦੁਖੀ ਹੁੰਦੀ ਹੈ। ਅਵਗੁਣਿਆਰੀ—ਔਗੁਣਾਂ ਨਾਲ ਭਰੀ ਹੋਈ। ਝੂਠੀ—ਝੂਠੇ ਮੋਹ ਵਿਚ ਫਸੀ ਹੋਈ। ਜਗ ਜੀਵਨੁ—ਜਗਤ ਦਾ ਜੀਵਨ। ਕਿਸ ਨੋ ਰੋਈਐ—ਕਿਸੇ ਦੇ ਮਰਨੇ ਉੱਤੇ ਰੋਣ ਦੀ ਲੋੜ ਨਹੀਂ ਹੁੰਦੀ। ਵਿਸਾਰੇ—ਵਿਸਾਰ ਕੇ।੨।

ਅਰਥ :

ਪ੍ਰ: ਹੇ ਗੁਰੋ ! ਇਸ ਜਗਤ ਦੀ ਉਤਪਤੀ ਹਰ ਮਤਿ ਵਾਲਿਆਂ ਨੇ ਭਿੰਨ-ਭਿੰਨ ਕਥਨ ਕੀਤੀ ਹੈ, ਪਰ ਆਪ ਇਸ ਸੰਸਾਰ ਦੀ ਪੈਦਾਇਸ਼ ਕਿਵੇਂ ਮੰਨਦੇ ਹੋ ?

ਉ: ੧. ਹੇ ਭਾਈਓ ! ਗੁਰਮਤਿ ਅਨੁਸਾਰ ਤਾਂ ਇਉਂ ਹੀ ਸਮਝੋ ਕਿ ਇਹ ਸਾਰਾ ਜਗਤ ਉਸ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ, ਜੋ ਕਿ ਸੰਸਾਰ (ਸਦੀਵੀ ਕਾਲ) ਆਉਣ ਜਾਣ ਵਾਲਾ ਹੈ।

ਪ੍ਰ: ਹਜ਼ੂਰ ! ਇਸ ਜੀਵ ਨੇ ਉਸ ਜਗਤ ਰਚਨਹਾਰ ਨੂੰ ਭੁਲਾ ਕਿਉਂ ਦਿੱਤਾ ਹੈ ?

ਉ: ੨. ਹੇ ਭਾਈ ! ਅਸਲ ਵਿਚ ਇਹ ਉਸ ਕਰਤਾਰ ਨੂੰ ਭੁਲਾ ਦੇਣ ਵਾਲੀ ਗੱਲ ਜੀਵ ਦੇ ਆਪਣੇ ਅਧੀਨ ਦੀ ਨਹੀਂ, (ਕਿਉਂਕਿ) ਇਸ ਜੀਵ ਨੂੰ ਮਾਇਆ ਦੇ ਮੋਹ ਨੇ ਭੁਲਾ ਦਿੱਤਾ ਹੈ, ਇਹੋ ਹੀ ਇਕ ਕਾਰਣ ਹੈ, ਜਿਸ ਕਰ ਕੇ ਜੀਵ ਵਾਰ-ਵਾਰ ਜੰਮਦਾ ਮਰਦਾ ਰਹਿੰਦਾ ਹੈ।

੩. (ਇਸ ਮਾਇਆ ਦੇ) ਮੋਹ ਵਿਚ ਫਸ ਕੇ ਜੀਵ, ਮੁੜ-ਮੁੜ ਜੰਮਦਾ ਮਰਦਾ ਰਹਿੰਦਾ ਹੈ। (ਵਾਰ-ਵਾਰ ਜੰਮਦੇ ਮਰਦੇ ਰਹਿਣ ਨਾਲ ਇਸ ਦੇ) ਵਿਕਾਰ ਘਟਦੇ ਨਹੀਂ; ਸਗੋਂ ਵਧਦੇ ਹੀ ਰਹਿੰਦੇ ਹਨ, ਸੋ ਇਸ ਕਰ ਕੇ ਗਿਆਨ ਤੋਂ ਸਖਣੀ ਸ੍ਰਿਸ਼ਟੀ ਠੱਗੀ ਹੋਈ ਜਾਂਦੀ ਹੈ। ਭਾਵ ਹੈ ਕਿ ਪ੍ਰਮਾਰਥ ਜੀਵਨ ਦੀ ਰਾਸ ਪੂੰਜੀ ਲੁਟਾ ਬੈਠਦੀ ਹੈ।

੪. ਹੇ ਭਾਈਓ ! ਇਹ ਜੀਵ ਰੂਪ ਇਸਤ੍ਰੀ ਨੂੰ ਹਰ ਜਨਮ ਵਿਚ ਹੀ ਸ਼ਬਦ ਦੀ ਕਮਾਈ ਤੋਂ ਸਖਣੀ ਰਹਿ ਕੇ ਪਤੀ ਪਰਮੇਸ਼ਰ ਪ੍ਰਾਪਤ ਨਹੀਂ ਹੁੰਦਾ, ਸੋ ਇਸ ਕਰ ਕੇ ਔਗੁਣਹਾਰੀ ਤੇ ਝੂਠੀ ਸ੍ਰਿਸ਼ਟੀ ਵਿਚ ਜਨਮ ਗਵਾ ਕੇ ਰੋਂਦੀ ਹੀ ਰਹਿੰਦੀ ਹੈ।

੫. ਹੇ ਭਰਾਵੋ ! ਇਸ ਜਗਤ ਦਾ ਪਤੀ ਪਰਮੇਸ਼ਰ ਸਾਰੇ ਜਗਤ ਦਾ ਹੀ ਜੀਵਨ ਰੂਪ ਆਪ ਹੈ, (ਜੋ ਲੋਕ ਇਸ ਗੱਲ ਨੂੰ ਜਾਣ ਲੈਂਦੇ ਹਨ) ਉਹ ਸਮਝਦੇ ਹਨ ਕਿ ਅਸੀਂ ਕਿਉਂ ਤੇ ਕਿਸ ਨੂੰ ਰੋਵੀਏ। ਰੋਣ ਤਾਂ ਉਹ ਹੀ ਜੀਵ-ਇਸਤ੍ਰੀਆਂ ਜੋ ਕੰਤ ਨੂੰ ਵਿਸਾਰ ਦੇਣ ਵਾਲੀਆਂ ਹੋਣ।

੬. (ਇਸ ਲਈ) ਹੇ ਭਾਈਓ ! ਇਹ ਸਾਰਾ ਜਗਤ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ, ਜੋ ਕਿ ਸੰਸਾਰ ਸਦਾ ਹੀ ਆਉਣ ਜਾਣ ਵਾਲਾ ਹੈ।੨।

੧. ਸੋ ਪਿਰੁ ਸਚਾ ਸਦ ਹੀ ਸਾਚਾ ਹੈ
ਨਾ ਓਹੁ ਮਰੈ ਨ ਜਾਏ ॥
੨. ਭੂਲੀ ਫਿਰੈ ਧਨ ਇਆਣੀਆ
ਰੰਡ ਬੈਠੀ ਦੂਜੈ ਭਾਏ ॥
੩. ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ
ਆਵ ਘਟੈ ਤਨੁ ਛੀਜੈ ॥
੪. ਜੋ ਕਿਛੁ ਆਇਆ ਸਭੁ ਕਿਛੁ ਜਾਸੀ
ਦੁਖੁ ਲਾਗਾ ਭਾਇ ਦੂਜੈ ॥
੫. ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ
ਲਬਿ ਲੋਭਿ ਚਿਤੁ ਲਾਏ ॥
੬. ਸੋ ਪਿਰੁ ਸਾਚਾ ਸਦ ਹੀ ਸਾਚਾ
ਨਾ ਓਹੁ ਮਰੈ ਨ ਜਾਏ ॥੩॥

ਪਦ ਅਰਥ : ਸਚਾ—ਸਦਾ ਜੀਉਂਦਾ। ਸਦ ਹੀ—ਸਦਾ ਹੀ। ਨ ਜਾਏ—ਨ ਜੰਮਦਾ ਹੈ। ਭੂਲੀ ਫਿਰੈ—ਖੁੰਝੀ ਫਿਰਦੀ ਹੈ। ਧਨ—ਜੀਵ-ਇਸਤ੍ਰੀ। ਰੰਡੀ—ਨਿਖਸਮੀ, ਵਿਛੜੀ ਹੋਈ। ਦੂਜੇ ਭਾਏ—ਮਾਇਆ ਦੇ ਪਿਆਰ ਵਿਚ। ਆਵ—ਉਮਰ। ਤਨੁ—ਸਰੀਰ। ਛੀਜੈ—ਕਮਜ਼ੋਰ ਹੁੰਦਾ ਜਾਂਦਾ ਹੈ। ਜਾਸੀ—ਨਾਸ ਹੋ ਜਾਏਗਾ। ਲੂਝੈ—ਝਗੜਦਾ ਰਹਿੰਦਾ ਹੈ। ਲਬਿ—ਲਾਲਚ ਵਿਚ।੩।

ਅਰਥ :

ਪ੍ਰ: ਹੇ ਗੁਰੋ ! ਆਪ ਕਹਿੰਦੇ ਹੋ ਕਿ ਉਸ ਪ੍ਰਭੂ ਦੀ ਇਹ ਸਾਰੀ ਜਗਤ-ਰਚਨਾ ਜੰਮਦੀ ਅਤੇ ਮਰਦੀ ਰਹਿੰਦੀ ਹੈ, ਕੀ ਇਸ ਰਚਨਾ ਨੂੰ ਰਚਨ ਵਾਲਾ ਭੀ ਜੰਮਦਾ ਮਰਦਾ ਹੋਵੇਗਾ ?

ਉ: ੧. ਹੇ ਭਾਈਓ ! ਉਹ ਪਰਮੇਸ਼ਰ ਪਤੀ ਸਦਾ ਹੀ ਸੱਚਾ ਹੈ, ਹਾਂ ਸਦਾ ਹੀ ਸੱਚਾ ਹੈ, (ਭਾਵ ਸਦਾ ਹੀ ਜੀਉਂਦਾ ਹੈ) ਉਹ ਨਾ ਮਰਦਾ ਹੈ, ਨਾ ਹੀ ਜੰਮਦਾ ਹੈ।

੨. ਪਰ ਇਹ ਅੰਞਾਣ ਜੀਵ ਰੂਪੀ ਇਸਤ੍ਰੀ ਉਸ ਤੋਂ ਐਵੇਂ ਖੁੰਝੀ ਫਿਰਦੀ ਹੈ। ਦ੍ਵੈਤ-ਭਾਵਨਾ ਵਿਚ ਫਸ ਕੇ ਪ੍ਰਭੂ ਤੋਂ ਵਿਛੜੀ ਰਹਿੰਦੀ ਹੈ, ਭਾਵ ਨਿਖਸਮੀ ਹੋਈ ਫਿਰਦੀ ਹੈ।

੩. ਹਾਂ ! ਦ੍ਵੈਤ-ਭਾਵਨਾ ਕਰ ਕੇ ਰੰਡੀ ਹੋਈ ਬੈਠੀ ਹੈ, ਭਾਵ ਹੋਰ-ਹੋਰ ਪਿਆਰ ਕਰ ਕੇ ਪ੍ਰਭੂ ਤੋਂ ਵਿਛੜੀ ਰਹਿੰਦੀ ਹੈ, ਇਸੀ ਕਰਕੇ ਦੁੱਖ ਪਾ ਰਹੀ ਹੈ। (ਇਸੇ ਤਰ੍ਹਾਂ ਦੁੱਖ ਪਾਉਂਦਿਆਂ) ਉਮਰਾ ਘਟਦੀ ਜਾਂਦੀ ਹੈ ਤੇ ਸਰੀਰ ਖੀਣ ਹੁੰਦਾ ਜਾਂਦਾ ਹੈ। ਭਾਵ ਕਮਜ਼ੋਰ ਹੁੰਦਾ ਜਾਂਦਾ ਹੈ।

੪. ਹੇ ਪਿਆਰਿਓ ! ਇਸ ਜਗਤ ਦਾ ਤਾਂ ਨਿਯਮ ਹੀ ਇਹੋ ਹੈ ਕਿ ਜੋ ਕੁਝ ਵੀ ਇਥੇ ਜੰਮਿਆ ਹੈ, ਉਹ ਸਭੋ ਕੁਝ ਨਾਸ ਹੋ ਜਾਂਦਾ ਹੈ, ਪਰ ਦ੍ਵੈਤ-ਭਾਵਨਾ ਕਰ ਕੇ ਸਾਰਿਆਂ ਨੂੰ ਹੀ ਦੁੱਖ ਲੱਗਾ ਹੋਇਆ ਹੈ।

੫. ਹੇ ਭਾਈਓ ! ਦੇਖੀਦਾ ਹੈ ਕਿ ਇਹ ਸਾਰਾ ਹੀ ਜਗਤ ਮਾਇਆ ਦੀ ਖ਼ਾਤਰ ਲੜਦਾ ਝਗੜਦਾ ਹੈ ਤੇ ਲਭ ਲੋਭ ਵਿਚ ਚਿੱਤ ਲਾਈ ਰੱਖਦਾ ਹੈ, ਪਰ ਇਸ ਭੁੱਲੇ ਹੋਏ ਜੀਵ ਨੂੰ ਕਦੇ ਵੀ ਜਮਕਾਲ ਖ਼ਿਆਲ ਵਿਚ ਨਹੀਂ ਆਉਂਦਾ।

੬. (ਇਸ ਲਈ) ਹੇ ਭਾਈਓ ! ਉਹ ਪ੍ਰਭੂ ਪਤੀ ਸਦਾ ਹੀ ਜੀਉਂਦਾ ਹੈ, ਸਦਾ ਹੀ ਜੀਉਂਦਾ ਹੈ, ਉਹ ਨਾ ਮਰਦਾ ਹੈ, ਨਾ ਜੰਮਦਾ ਹੈ।੩।

੧. ਇਕਿ ਰੋਵਹਿ ਪਿਰਹਿ ਵਿਛੁੰਨੀਆ
ਅੰਧੀ ਨਾ ਜਾਣੈ ਪਿਰੁ ਨਾਲੇ ॥
੨. ਗੁਰ ਪਰਸਾਦੀ ਸਾਚਾ ਪਿਰੁ ਮਿਲੈ
ਅੰਤਰਿ ਸਦਾ ਸਮਾਲੇ ॥
੩. ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ
ਮਨਮੁਖਿ ਜਾਤਾ ਦੂਰੇ ॥
੪. ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ
ਜਿਨਿ ਖਸਮੁ ਨ ਜਾਤਾ ਹਦੂਰੇ ॥
੫. ਨਾਨਕ ਸਾ ਧਨ ਮਿਲੈ ਮਿਲਾਈ
ਪਿਰੁ ਅੰਤਰਿ ਸਦਾ ਸਮਾਲੇ ॥
੬. ਇਕਿ ਰੋਵਹਿ ਪਿਰਹਿ ਵਿਛੁੰਨੀਆ
ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥

ਪਦ ਅਰਥ : ਰੋਵਹਿ—ਦੁਖੀ ਹੁੰਦੀਆਂ ਹਨ। ਪਿਰਹਿ—ਪਿਰ ਤੋਂ, ਪ੍ਰਭੂ ਪਤੀ ਤੋਂ। ਅੰਧੀ—ਮਾਇਆ ਦੇ ਮੋਹ ਵਿਚ ਅੰਨ੍ਹੀ ਹੋ ਚੁੱਕੀ ਜੀਵ-ਇਸਤ੍ਰੀ। ਪਰਸਾਦੀ—ਪ੍ਰਸਾਦਿ, ਕਿਰਪਾ ਨਾਲ। ਅੰਤਰਿ—ਹਿਰਦੇ ਵਿਚ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲੀ ਜੀਵ-ਇਸਤ੍ਰੀ। ਜਾਤਾ—ਸਮਝਦੀ ਹੈ। ਕਾਮਿ—ਕਿਸੇ ਕੰਮ ਵਿਚ। ਜਿਨਿ—ਜਿਸ (ਜੀਵ-ਇਸਤ੍ਰੀ) ਨੇ। ਹਦੂਰੇ—ਅੰਗ-ਸੰਗ ਵਸਦਾ। ਸਾ ਧਨ—ਜੀਵ-ਇਸਤ੍ਰੀ।੪।੨।

ਅਰਥ :

ਪ੍ਰ: ਸ੍ਰੀ ਜੀਉ ! ਜਗਤ ਵਿਚ ਵੇਖੀਦਾ ਹੈ ਕਿ ਕਈ ਜੀਵ ਜੀਵਨ ਭਰ ਹੀ ਦੁਖੀਏ ਰਹਿੰਦੇ ਹਨ, ਇਹ ਕਿਉਂ ਹੈ ?

ਉ: ੧. ਹੇ ਭਾਈਓ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਜੀਵ ਰੂਪ ਇਸਤ੍ਰੀਆਂ ਪਤੀ ਪਰਮੇਸ਼ਰ ਤੋਂ ਵਿਛੜੀਆਂ ਦੁਖੀਆ ਹੀ ਰਹਿੰਦੀਆਂ ਹਨ, ਪਰ ਉਹ ਪਤੀ ਪ੍ਰਭੂ ਤਾਂ ਸਦਾ ਹੀ ਅੰਗ-ਸੰਗ ਹੈ। ਇਸ ਵੀਚਾਰ ਨੂੰ ਅੰਨ੍ਹੀਆਂ ਨਹੀਂ ਸਮਝਦੀਆਂ ਕਿ ਉਹ ਪਤੀ ਪਰਮੇਸ਼ਰ ਸਦਾ ਹੀ ਨਾਲ ਹੈ।

ਪ੍ਰ: ਕਿਉਂ ਜੀ ! ਉਹ ਇਸ ਵੀਚਾਰ ਤੋਂ ਸਖਣੀਆਂ ਕਿਉਂ ਰਹਿੰਦੀਆਂ ਹਨ ?

ਉ: ੨. ਹੇ ਪਿਆਰੇ ! ਉਨ੍ਹਾਂ ਨੂੰ ਇਹ ਸੋਝੀ ਹੀ ਨਹੀਂ ਕਿ ਉਹ ਸੱਚਾ ਪਤੀ ਗੁਰੂ ਦੀ ਕਿਰਪਾ ਦੁਆਰਾ ਹੀ ਮਿਲ ਸਕਦਾ ਹੈ ਅਤੇ ਉਸ ਨੂੰ ਮਨ ਵਿਚ ਸਦਾ ਹੀ ਯਾਦ ਕਰਦੇ ਰਹਿਣਾ ਚਾਹੀਦਾ ਹੈ।

੩. (ਹਾਂ) ਹੇ ਪਿਆਰੇ! ਉਹ ਪਤੀ ਤਾਂ ਸਦਾ ਹੀ ਨਾਲ ਹੈ, (ਚਾਹੀਦਾ ਹੈ ਕਿ ਉਸ ਨੂੰ ਆਪਣੇ ਮਨ) ਵਿਚ ਸਦਾ ਸੰਭਾਲਣ, ਪਰ ਮਨਮੁਖਾਂ ਨੇ ਤਾਂ ਉਸ ਨੂੰ ਦੂਰ ਹੀ ਜਾਣ ਛੱਡਿਆ ਹੈ।

੪. ਹੇ ਭਾਈਓ! ਇਸ ਜੀਵ ਰੂਪੀ ਇਸਤ੍ਰੀ ਨੇ ਆਪਣੇ ਉਸ ਪਤੀ ਪਰਮੇਸ਼ਰ ਨੂੰ ਅੰਗ-ਸੰਗ ਵਸਦਾ ਨਹੀਂ ਸਮਝਿਆ, ਉਸ ਦਾ ਇਹ ਸਰੀਰ (ਵਿਕਾਰਾਂ ਵਿਚ) ਰੁਲਾਇਆ ਰੁਲਦਾ ਹੈ ਅਤੇ ਕਿਸੇ ਵੀ ਕੰਮ ਨਹੀਂ ਆਉਂਦਾ।

ਪ੍ਰ: ਕਿਉਂ ਜੀ! ਉਹ ਅਜੇਹੀ ਕਿਹੜੀ ਜੀਵ ਰੂਪ ਇਸਤ੍ਰੀ ਹੈ, ਜੋ ਕਿ ਪਤੀ ਨੂੰ ਮਿਲ ਸਕਦੀ ਹੋਵੇ ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਉਹ ਜੀਵ ਰੂਪੀ ਇਸਤ੍ਰੀ (ਗੁਰੂ ਦੀ) ਮਿਲਾਈ ਪਰਮੇਸ਼ਰ ਪਤੀ ਨੂੰ ਮਿਲ ਪੈਂਦੀ ਹੈ, ਜੋ ਕਿ ਆਪਣੇ ਮਨ ਅੰਦਰ ਪ੍ਰਭੂ ਪਤੀ ਨੂੰ ਯਾਦ ਰੱਖਦੀ ਹੈ।

੬. (ਹਾਂ) ਹੇ ਭਾਈਓ! ਇਹ ਜੀਵ ਰੂਪ ਇਸਤ੍ਰੀਆਂ ਪਤੀ ਨੂੰ ਭੁਲਾ ਕੇ (ਸਦਾ ਹੀ) ਰੋਂਦੀਆਂ ਰਹਿੰਦੀਆਂ ਹਨ, ਉਹ ਅੰਨ੍ਹੀਆਂ ਨਹੀਂ ਜਾਣਦੀਆਂ ਕਿ ਪਤੀ (ਤਾਂ ਸਦਾ) ਹੀ ਨਾਲ ਹੈ।੪।੨।

ਭਾਵਾਰਥ : ਇਹ ਉਪ੍ਰੋਕਤ ਸਾਰਾ ਸ਼ਬਦ (ਅਵਗੁਣਵੰਤੀ) ਦੇ ਪ੍ਰਥਾਇ ਹੀ ਉਚਾਰਨ ਹੋ ਰਿਹਾ ਹੈ। (ਗੁਣਵੰਤੀ) ਦੱਸ-ਦੱਸ ਕੇ ਵੀ (ਅਵਗੁਣਵੰਤੀ) ਦੇ ਹੀ ਦੁੱਖ ਦੱਸੇ ਗਏ ਹਨ।

ਵਡਹੰਸੁ ਮ: ੩ ॥

੧. ਰੋਵਹਿ ਪਿਰਹਿ ਵਿਛੁੰਨੀਆ
ਮੈ ਪਿਰੁ ਸਚੜਾ ਹੈ ਸਦਾ ਨਾਲੇ ॥
੨. ਜਿਨੀ ਚਲਣੁ ਸਹੀ ਜਾਣਿਆ
ਸਤਿਗੁਰੁ ਸੇਵਹਿ ਨਾਮੁ ਸਮਾਲੇ ॥
੩. ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ
ਸਤਿਗੁਰੁ ਸੇਵਿ ਸੁਖੁ ਪਾਇਆ ॥
੪. ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ
ਫਿਰਿ ਆਵਣ ਜਾਣੁ ਨ ਹੋਇਆ ॥
੫. ਸਚਾ ਸਾਹਿਬੁ ਸਚੀ ਨਾਈ
ਵੇਖੈ ਨਦਰਿ ਨਿਹਾਲੇ ॥
੬. ਰੋਵਹਿ ਪਿਰਹੁ ਵਿਛੁੰਨੀਆ
ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥

ਪਦ ਅਰਥ : ਰੋਵਹਿ—ਦੁਖੀ ਹੁੰਦੀਆਂ ਹਨ। ਪਿਰਹਿ—ਪਿਰ ਤੋਂ, ਪ੍ਰਭੂ ਪਤੀ ਤੋਂ। ਮੈ ਪਿਰੁ-- ਮੇਰਾ ਪ੍ਰਭੂ ਪਤੀ। ਸਚੜਾ—ਸਦਾ ਜੀਉਂਦਾ ਜਾਗਦਾ। ਚਲਣੁ—ਕੂਚ, ਮੌਤ। ਸੇਵਹਿ--ਸੇਵਦੀਆਂ ਹਨ। ਸਮਾਲੇ—ਸਮਾਲਿ, ਹਿਰਦੇ ਵਿਚ ਵਸਾ ਕੇ। ਸਬਦੇ—ਸ਼ਬਦਿ, ਸ਼ਬਦ ਦੀ ਰਾਹੀਂ। ਕਾਲੁ—ਮੌਤ, ਮੌਤ ਦਾ ਡਰ। ਮਾਰਿ—ਮਾਰ ਕੇ, ਮੁਕਾ ਕੇ। ਉਰਿ—ਹਿਰਦੇ ਵਿਚ। ਧਾਰਿ—ਰੱਖ ਕੇ। ਸਚਾ—ਸਦਾ ਕਾਇਮ ਰਹਿਣ ਵਾਲਾ। ਨਾਈ—ਵਡਿਆਈ, ਸੱਚੀ ਵਡਿਆਈ ਕਰ ਕੇ। ਨਦਰਿ—ਮਿਹਰ ਦੀ ਨਿਗਾਹ ਨਾਲ। ਨਿਹਾਲੇ—ਵੇਖਦਾ ਹੈ।

ਅਰਥ :

ਪ੍ਰ: ਹੇ ਗੁਰੋ! ਇਨ੍ਹਾਂ ਜੀਵਾਂ ਦਾ ਹਰ ਵਕਤ ਹੀ ਦੁਖੀਏ ਰਹਿਣ ਦਾ ਅਸਲ ਕਾਰਣ ਕੀ ਹੈ ?

ਉ: ੧. ਹੇ ਭਾਈਓ! ਉਹ ਜੀਵ ਰੂਪ ਇਸਤ੍ਰਆਂ ਸਦਾ ਹੀ ਦੁਖੀਆ ਰਹਿੰਦੀਆਂ ਹਨ, ਜੋ ਕਿ ਆਪਣੇ ਪ੍ਰਭੂ ਪਤੀ ਤੋਂ ਸਦਾ ਹੀ ਵਿਛੜੀਆਂ ਹੋਣ, (ਕਿਉਂਕਿ) ਉਹ ਇਸ ਗੱਲ ਨੂੰ ਸਮਝਦੀਆਂ ਹੀ ਨਹੀਂ ਕਿ ਮੇਰਾ ਪ੍ਰਭੂ ਸੱਚਾ ਪਤੀ ਤਾਂ ਮੇਰੇ ਸਦਾ ਨਾਲ ਹੈ, (ਮੈਂ ਉਸ ਨੂੰ ਕਿਉਂ ਭੁਲੀ ਬੈਠੀ ਹਾਂ)।

੨. ਅਤੇ ਜਿਨ੍ਹਾਂ ਜੀਵਾਂ ਨੇ ਇਸ ਜਗਤ ਤੋਂ ਆਖ਼ਰ ਚਲੇ ਜਾਣ ਨੂੰ ਠੀਕ ਮੰਨ ਲਿਆ ਹੈ, ਉਹ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਸਦਾ ਵਸਾ ਕੇ ਗੁਰੂ ਦੀ ਦੱਸੀ ਹੋਈ ਸੇਵਾ (ਸਦਾ ਹੀ) ਕਰਦੇ ਰਹਿੰਦੇ ਹਨ।

੩. ਹੇ ਪਿਆਰਿਓ! ਜੋ ਮਨੁੱਖ ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਵਸਾਈ ਰੱਖਦਾ ਹੈ, ਗੁਰੂ ਉਸ ਦੇ ਸਦਾ ਹੀ ਅੰਗ-ਸੰਗ ਵਸਦਾ ਹੈ। ਉਹ ਗੁਰੂ ਦੀ ਦੱਸੀ ਹੋਈ ਸੇਵਾ ਕਰਕੇ (ਸਦੀਵੀ ਕਾਲ) ਸੁੱਖ ਮਾਣਦਾ ਹੈ।

੪. ਉਨ੍ਹਾਂ ਨੇ ਸੱਚ ਨੂੰ ਹਿਰਦੇ ਅੰਦਰ ਧਾਰਨ ਕਰ ਕੇ, ਸ਼ਬਦ ਦੀ ਬਰਕਤ ਨਾਲ ਕਾਲ ਨੂੰ ਮਾਰ ਲਿਆ ਹੈ। ਉਨ੍ਹਾਂ ਦਾ ਫਿਰ ਕਦੀ ਭੀ ਜੰਮਣ ਮਰਣ ਨਹੀਂ ਹੋਇਆ।

੫. (ਕਿਉਂਕਿ) ਉਨ੍ਹਾਂ ਉੱਤੇ, ਸੱਚਾ ਸਾਹਿਬ (ਜਿਸ ਦੀ) ਕਿ ਵਡਿਆਈ ਸੱਚੀ ਹੈ, ਉਸ ਨੇ ਮਿਹਰ ਦੀ ਨਜ਼ਰ ਪਾ ਕੇ ਉਨ੍ਹਾਂ ਨੂੰ ਨਿਹਾਲ ਕਰ ਦਿੱਤਾ ਹੈ।

੬. ਪਰ ਇਕ ਪ੍ਰਭੂ ਪਤੀ ਤੋਂ ਵਿਛੜੀਆਂ ਹੋਈਆਂ ਜੀਵ ਰੂਪੀ ਇਸਤ੍ਰੀਆਂ ਸਦਾ ਦੁਖੀ ਰਹਿੰਦੀਆਂ ਹਨ (ਕਿਉਂਕਿ) (ਉਹ ਨਹੀਂ ਜਾਣਦੀਆਂ ਕਿ) ਮੇਰਾ ਪ੍ਰਭੂ ਪਤੀ ਸਦਾ ਜੀਉਂਦਾ ਜਾਗਦਾ ਸਦਾ ਮੇਰੇ ਨਾਲ ਹੈ।

੧. ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ
ਕਿਵ ਮਿਲਾਂ ਪ੍ਰੀਤਮ ਪਿਆਰੇ ॥
੨. ਸਤਿਗੁਰਿ ਮੇਲੀ ਤਾਂ ਸਹਜਿ ਮਿਲੀ
ਪਿਰੁ ਰਾਖਿਆ ਉਰ ਧਾਰੇ ॥
੩. ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ
ਸਤਿਗੁਰ ਤੇ ਪਿਰੁ ਦਿਸੈ ॥
੪. ਮਾਇਆ ਮੋਹ ਕਾ ਕਚਾ ਚੋਲਾ
ਤਿਤੁ ਪੈਧੈ ਪਗੁ ਖਿਸੈ ॥
੫. ਪਿਰ ਰੰਗਿ ਰਾਤਾ ਸੋ ਸਚਾ ਚੋਲਾ
ਤਿਤੁ ਪੈਧੈ ਤਿਖਾ ਨਿਵਾਰੇ ॥
੬. ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ
ਕਿਉ ਮਿਲਾ ਪ੍ਰੀਤਮ ਪਿਆਰੇ ॥੨॥

ਪਦ ਅਰਥ : ਸਾਹਿਬੁ—ਮਾਲਕ। ਸਭ ਦੂ—ਸਭਨਾਂ ਤੋਂ। ਕਿਵ—ਕਿਸ ਤਰ੍ਹਾਂ ? ਸਤਿਗੁਰਿ—ਸਤਿਗੁਰੂ ਨੇ। ਸਹਜਿ—ਆਤਮਕ ਅਡੋਲਤਾ ਵਿਚ (ਟਿਕ ਕੇ)। ਉਰ—ਹਿਰਦਾ। ਤੇ—ਤੋਂ, ਦੀ ਰਾਹੀਂ। ਦਿਸੈ—ਦਿੱਸਦਾ ਹੈ, ਦਰਸ਼ਨ ਹੁੰਦਾ ਹੈ। ਕਚਾ ਚੋਲਾ—ਕੱਚੇ ਰੰਗ ਵਾਲਾ ਚੋਲਾ। ਤਿਤੁ—ਉਸ ਦੇ ਰਾਹੀਂ। ਤਿਤੁ ਪੈਧੈ—ਉਸ ਦੇ ਪਹਿਨਣ ਨਾਲ। ਪਗੁ—ਪੈਰ। ਖਿਸੈ—ਖਿਸਕਦਾ ਹੈ, ਤਿਲਕਦਾ ਹੈ, ਡੋਲਦਾ ਹੈ। ਰੰਗਿ—ਰੰਗ ਵਿਚ। ਰਾਤਾ—ਰੰਗਿਆ ਹੋਇਆ। ਸਚਾ ਚੋਲਾ—ਪੱਕੇ ਰੰਗ ਵਾਲਾ ਚੋਲਾ। ਤਿਖਾ—ਮਾਇਆ ਦੀ ਤ੍ਰਿਸ਼ਨਾ। ਨਿਵਾਰੇ—ਦੂਰ ਕਰ ਦੇਂਦਾ ਹੈ।੨।

ਅਰਥ :

ਪ੍ਰ: ਗੁਰਦੇਵ ਜੀਉ! ਜਦੋਂ ਆਰੰਭ ਕਾਲ ਵਿਚ ਤੁਹਾਡੇ ਮਨ ਅੰਦਰ ਉਸ ਮਾਲਕ ਨੂੰ ਮਿਲਣ ਦਾ ਉਤਸ਼ਾਹ ਪੈਦਾ ਹੋਇਆ, ਤਾਂ ਆਪ ਜੀ ਦੇ ਚਿੱਤ ਵਿਚ ਕਿਸ ਤਰ੍ਹਾਂ ਦੀ ਚਿਤਵਨੀ ਹੋ ਰਹੀ ਸੀ ?

ਉ: ੧. ਹੇ ਭਾਈਓ! ਉਸ ਸ਼ੌਕ ਅਵਸਥਾ ਵਿਚ ਮੇਰੇ ਅੰਦਰ ਇਉਂ ਸੰਸਕਾਰ ਪੈਦਾ ਹੁੰਦੇ ਸਨ ਕਿ ਮੇਰਾ ਮਾਲਕ ਪ੍ਰਭੂ ਸਭਨਾਂ ਨਾਲੋਂ ਉੱਚਾ ਹੈ (ਪਰ ਮੈਂ ਜੀਵ ਰੂਪ ਇਸਤ੍ਰੀ ਬੜੇ ਨੀਵੇਂ ਜੀਵਨ ਵਾਲੀ ਹਾਂ) (ਇਸ ਲਈ) ਮੈਂ ਉਸ ਪਿਆਰੇ ਪ੍ਰੀਤਮ ਨੂੰ ਕਿਵੇਂ ਮਿਲ ਸਕਦੀ ਹਾਂ। ਹੇ ਪਿਆਰਿਓ! (ਪਹਿਲੋਂ ਮੈਂ ਇਸੇ ਸੋਚ ਵਿਚ ਡੁੱਬੀ ਹੋਈ ਸਾਂ, ਤਾਂ ਇਉਂ ਸੋਚਦਿਆਂ-ਸੋਚਦਿਆਂ ਵਿਚਾਰ ਫੁਰ ਆਈ ਕਿ ਮੈਂ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰਾਂ, ਜਦੋਂ ਮੈਂ ਗੁਰੂ ਦੀ ਸ਼ਰਨ ਵਿਚ ਆਈ ਤਾਂ)।

੨. ਸਤਿਗੁਰੂ ਜੀ ਨੇ ਉਸ (ਸਾਈਂ ਜੀ) ਨਾਲ ਮਿਲਾ ਦਿੱਤਾ, ਇਸ ਤਰ੍ਹਾਂ (ਮੈਂ) ਸੁਖੱਲੀ ਹੀ ਮਿਲ ਪਈ, (ਮਿਲੀ ਭੀ ਇਸ ਤਰ੍ਹਾਂ ਕਿ) ਮੈਂ ਉਸ ਪਤੀ ਨੂੰ ਦਿਲ ਵਿਚ ਧਾਰਨ ਹੀ ਕਰ ਲੀਤਾ ਅਤੇ ਉਸ ਨੂੰ ਮੈਂ ਹਰ ਵਕਤ ਧਾਰਨ ਹੀ ਕਰੀ ਰਖਿਆ।

ਪ੍ਰ: ਹਜ਼ੂਰ! ਪਰ ਹੁਣ ਤੁਹਾਡੇ ਅੰਦਰ ਕਿਸ ਤਰ੍ਹਾਂ ਦੀ ਵੀਚਾਰ ਉਤਪੰਨ ਹੋ ਰਹੀ ਹੈ ?

ਉ: ੩. ਹੇ ਭਾਈਓ! ਮੇਰੇ ਅੰਦਰ ਤਾਂ ਹੁਣ ਇਹੋ ਹੀ ਵੀਚਾਰ ਆ ਰਹੀ ਹੈ ਕਿ ਸਭਨਾਂ ਨੂੰ ਇਹੋ ਹੀ ਕਰਨਾ ਚਾਹੀਦਾ ਹੈ ਕਿ ਹਰ ਪ੍ਰਾਣੀ ਮਾਤ੍ਰ ਉਸੇ ਪਿਆਰੇ ਨਾਲ ਪਿਆਰ ਲਾਵੇ ਤੇ ਸਦਾ ਹਿਰਦੇ ਵਿਚ ਉਸ ਨੂੰ ਧਾਰਨ ਕਰੀ ਰੱਖੇ। (ਕਿਉਂਕਿ) ਉਹ ਪਤੀ ਪਰਮੇਸ਼ਰ ਸਤਿਗੁਰੂ ਦੁਆਰਾ ਹੀ ਦਿਖਾਈ ਦੇਂਦਾ ਹੈ।

੪. ਪਰ ਇਹ ਵੀ ਯਾਦ ਰੱਖੋ ਕਿ ਮਾਇਆ ਦਾ ਮੋਹ ਮਾਨੋ ਕੱਚੇ ਰੰਗ ਵਾਲਾ ਚੋਲਾ ਹੈ, ਜੋ ਵੀ ਮਨੁੱਖ ਇਸ ਨੂੰ ਪਹਿਨੀਂ ਰੱਖਦਾ ਹੈ, ਉਸ ਦਾ ਰੱਬੀ ਮਾਰਗ ਵਿਚ ਮਨ ਰੂਪੀ ਪੈਰ ਥਿੜਕਦਾ, ਡਾਵਾਂ-ਡੋਲ ਹੀ ਰਹਿੰਦਾ ਹੈ।

ਪ੍ਰ: ਹਜ਼ੂਰ ਜੀ! ਜੇ ਮਾਇਆ ਦੇ ਮੋਹ ਵਾਲਾ ਚੋਲਾ ਕੱਚਾ ਹੈ, ਫਿਰ ਦੱਸੋ ਕਿ ਉਹ ਕਿਹੜਾ ਚੋਲਾ ਹੈ, ਜਿਸ ਨੂੰ ਪੱਕਾ ਮੰਨਿਆ ਜਾਵੇ ?

ਉ: ੫. ਹੇ ਪਿਆਰੇ! ਜੋ ਚੋਲਾ ਪ੍ਰਭੂ ਪਤੀ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹੈ, ਉਹ ਚੋਲਾ ਪੱਕੇ ਰੰਗ ਵਾਲਾ ਹੈ। ਇਸ ਚੋਲੇ ਨੂੰ ਜੇ ਪਹਿਨ ਲਿਆ ਜਾਵੇ, ਤਾਂ ਇਸ ਪ੍ਰਭੂ ਪਿਆਰ ਦੇ ਚੋਲੇ ਦੀ ਬਰਕਤ ਨਾਲ, ਹਿਰਦੇ ਵਿਚੋਂ ਮਾਇਆ ਦੀ ਤ੍ਰਿਸ਼ਨਾ ਨਵਿਰਤ ਹੋ ਜਾਂਦੀ ਹੈ।

੬. ਹੇ ਭਾਈਓ! ਮੇਰਾ ਮਾਲਕ ਪ੍ਰਭੂ ਸਭਨਾਂ ਨਾਲੋਂ ਉੱਚਾ ਹੈ, (ਪਰ ਮੈਂ ਜੀਵ ਰੂਪ ਇਸਤ੍ਰੀ ਬੜੇ ਨੀਵੇਂ ਜੀਵਨ ਵਾਲੀ ਹਾਂ) ਮੈਂ ਉਸ ਪਿਆਰੇ ਪ੍ਰੀਤਮ ਨੂੰ ਕਿਵੇਂ ਮਿਲ ਸਕਦੀ ਹਾਂ ?।੨।

੧. ਮੈ ਪ੍ਰਭੁ ਸਚੁ ਪਛਾਣਿਆ
ਹੋਰ ਭੂਲੀ ਅਵਗਣਿਆਰੇ ॥
੨. ਮੈ ਸਦਾ ਰਾਵੇ ਪਿਰੁ ਆਪਣਾ
ਸਚੜੈ ਸਬਦਿ ਵੀਚਾਰੇ ॥
੩. ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ
ਮਿਲਿ ਸਤਿਗੁਰ ਪ੍ਰੀਤਮੁ ਪਾਇਆ ॥
੪. ਅੰਤਰਿ ਰੰਗਿ ਰਾਤੀ ਸਹਜੇ ਮਾਤੀ
ਗਇਆ ਦੁਸਮਨੁ ਦੂਖੁ ਸਬਾਇਆ ॥
੫. ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ
ਤ੍ਰਿਸਨਾ ਦੂਖ ਨਿਵਾਰੇ ॥
੬. ਮੈ ਪਿਰੁ ਸਚੁ ਪਛਾਣਿਆ
ਹੋਰ ਭੂਲੀ ਅਵਗਣਿਆਰੇ ॥੩॥

ਪਦ ਅਰਥ : ਸਚੁ—ਸਦਾ ਕਾਇਮ ਰਹਿਣ ਵਾਲਾ। ਪਛਾਣਿਆ—ਸਾਂਝ ਪਾਈ ਹੈ। ਅਵਗਣਿਆਰੇ—ਔਗਣਾਂ ਨਾਲ ਭਰੀ ਹੋਈ। ਰਾਵੇ—ਆਤਮਕ ਅਨੰਦ ਬਖ਼ਸ਼ਦਾ ਹੈ, ਚਰਨਾਂ ਨਾਲ ਜੋੜੀ ਰੱਖਦਾ ਹੈ। ਸਬਦਿ—ਸ਼ਬਦ ਦੇ ਰਾਹੀਂ। ਵੀਚਾਰੇ—ਵੀਚਾਰਿ, ਵੀਚਾਰ ਕਰ ਕੇ। ਰੰਗਿ—ਪ੍ਰੇਮ ਰੰਗ ਵਿਚ। ਨਾਰੇ—ਨਾਰਿ, ਜੀਵ-ਇਸਤ੍ਰੀ। ਮਿਲਿ ਸਤਿਗੁਰੂ—ਗੁਰੂ ਨੂੰ ਮਿਲ ਕੇ। ਸਹਜੇ—ਆਤਮਕ ਅਡੋਲਤਾ ਵਿਚ। ਮਾਤੀ—ਮਸਤ। ਸਬਾਇਆ—ਸਾਰਾ। ਕੰਉ—ਨੂੰ। ਦੀਜੈ—ਦੇ ਦੇਣਾ ਚਾਹੀਦਾ ਹੈ। ਭੀਜੈ—ਭਿੱਜ ਜਾਂਦਾ ਹੈ; ਰਸ ਜਾਂਦਾ ਹੈ, ਪ੍ਰੇਮ ਵਿਚ ਦ੍ਰਵੀਭੂਤ ਹੁੰਦਾ ਹੈ।੩।

ਅਰਥ :

ਪ੍ਰ: ਹਜ਼ੂਰ! ਪਹਿਲੋਂ ਤਾਂ ਆਪ ਜੀ ਨੂੰ ਮੈਂ ਨੀਵੀਂ ਤੇ ਪ੍ਰਭੂ ਉੱਚਾ ਪ੍ਰਤੀਤ ਹੋ ਰਿਹਾ ਸੀ, ਪਰ ਹੁਣ ਪ੍ਰਭੂ ਪ੍ਰਾਪਤੀ ਕਾਲ ਵਿਚ ਆਪ ਦੀ ਮਾਨਸਕ ਅਵਸਥਾ ਕੈਸੀ ਹੋ ਗਈ ਹੈ ?

ਉ: ੧. ਹੇ ਭਰਾਵੋ! ਜਦੋਂ ਕਿ ਗੁਰੂ ਜੀ ਨੇ ਨੇ ਮੇਰੇ ਉੱਤੇ ਮਿਹਰ ਕਰ ਦਿੱਤੀ ਤਾਂ ਮੈਂ ਉਸ ਸੱਚ ਸਰੂਪ ਪ੍ਰਭੂ ਨੂੰ ਪਛਾਣ ਲਿਆ। ਹੁਣ ਮੈਨੂੰ ਇਉਂ ਹੀ ਪ੍ਰਤੀਤ ਹੋ ਰਿਹਾ ਹੈ ਕਿ ਗੁਰੂ ਦੀ ਮਿਹਰ ਤੋਂ ਬਿਨਾ ਹੋਰ ਸਾਰੀ (ਸ੍ਰਿਸ਼ਟੀ) ਭੁੱਲੀ ਫਿਰਦੀ ਹੈ।

ਪ੍ਰ: ਕਿਉਂ ਜੀ! ਤੁਹਾਡੇ ਅੰਦਰ ਉਸ ਸਾਈਂ ਜੀ ਨੇ ਕਿਹੜੇ ਸਾਧਨ ਤੱਕੇ, ਜਿਸ ਕਰ ਕੇ ਉਹ ਤੁਹਾਨੂੰ ਹੁਣ ਸਦਾ ਹੀ ਆਪਣੇ ਚਰਨਾਂ ਵਿਚ ਜੋੜੀ ਰੱਖਦਾ ਹੈ ?

ਉ: ੨. ਹੇ ਭਾਈਓ! ਮੈਂ ਸਾਧਨ ਤਾਂ ਕੋਈ ਭੀ ਨਹੀਂ ਕਰ ਸਕੀ, ਪਰ ਗੁਰੂ ਦੇ ਸ਼ਬਦ ਦੀ ਰਾਹੀਂ ਉਸ ਸੱਚੇ ਪਰਮੇਸ਼ਰ ਦੇ ਗੁਣਾਂ ਦੀ ਵੀਚਾਰ ਕਰਨ ਕਰ ਕੇ, ਮੇਰਾ ਪ੍ਰਭੂ ਪਤੀ ਮੈਨੂੰ ਹੁਣ ਸਦਾ ਆਪਣੇ ਚਰਨਾਂ ਵਿਚ ਜੋੜੀ ਰੱਖਦਾ ਹੈ। (ਭਾਵ ਪ੍ਰੇਮ ਕਰਦਾ ਹੈ)।

੩. (ਹਾਂ) ਹੇ ਭਰਾਵੋ, ਮੇਰੇ ਵਾਂਗੂੰ ਜੋ ਜੋ ਵੀ ਜੀਵ ਰੂਪੀ ਇਸਤ੍ਰੀ ਸੱਚੇ ਸ਼ਬਦ ਦੀ ਵੀਚਾਰ ਦੁਆਰਾ ਪ੍ਰਭੂ ਦੇ ਪ੍ਰੇਮ (ਰੰਗ) ਵਿਚ ਰਤੀ ਗਈ ਹੈ, ਸੋ ਉਸੇ ਨੇ ਹੀ (ਆਪਣੇ) ਪ੍ਰੀਤਮ ਨੂੰ ਪਾਇਆ ਹੈ। ਸੋ ਜਿਸ ਨੇ ਭੀ ਪਾਇਆ ਹੈ, ਸਤਿਗੁਰੂ ਨੂੰ ਮਿਲ ਕੇ ਹੀ ਪਾਇਆ ਹੈ।

ਪ੍ਰ: ਕਿਉਂ ਜੀ! ਉਸ ਦੀ ਪਛਾਣ ਕੀ ਹੈ?

ਉ: ੪. ਹੇ ਭਾਈਓ! ਉਹ ਜੀਵ ਰੂਪੀ ਇਸਤ੍ਰੀ, ਅੰਦਰੋਂ ਪ੍ਰੇਮ ਵਿਚ ਰੰਗੀ ਹੋਈ ਸਹਿਜੇ ਹੀ ਅਡੋਲਤਾ ਵਿਚ ਮਸਤ ਰਹਿੰਦੀ ਹੈ। ਉਸ ਦਾ ਵਿਕਾਰ ਆਦਿਕ, ਹਰੇਕ ਵੈਰੀ ਤੇ ਸਾਰਾ ਦੁੱਖ ਦੂਰ ਹੋ ਜਾਂਦਾ ਹੈ।

ਪ੍ਰ: ਹੇ ਗੁਰੋ! ਮਨ ਬੜਾ ਹੀ ਕਠੋਰ ਹੈ, ਇਹ ਕਿਵੇਂ ਭੀ ਭਿੱਜਦਾ ਨਹੀਂ, ਕੋਈ ਸਾਧਨ ਦੱਸ ਦਿਓ, ਜਿਵੇਂ ਕਿ ਇਹ ਕਠੋਰਤਾ ਨੂੰ ਛੱਡ ਸਕੇ?

ਉ: ੫. ਹੇ ਪਿਆਰਿਓ! ਸੁਣੋ, ਪਹਿਲੋਂ ਆਪਣੇ ਗੁਰੂ ਨੂੰ ਇਹ ਸਰੀਰ ਤੇ ਮਨ ਭੇਟ ਕਰ ਦੇਣਾ ਚਾਹੀਦਾ ਹੈ (ਜਦੋਂ ਤਨ ਤੇ ਮਨ ਗੁਰੂ ਨੂੰ ਅਰਪਨ ਕਰ ਦੇਵੀਏ) ਤਾਂ ਫਿਰ ਇਹ ਮਨ (ਪ੍ਰਭੂ ਦੇ ਨਾਮ ਤੇ ਪ੍ਰੇਮ ਵਿਚ) ਭਿੱਜਦਾ ਹੈ, ਭਾਵ ਰਚ ਜਾਂਦਾ ਹੈ, ਇਸ ਤਰ੍ਹਾਂ ਤ੍ਰਿਸ਼ਨਾ ਰੂਪੀ ਦੁੱਖ ਦੂਰ ਹੋ ਜਾਂਦਾ ਹੈ।

੬. ਮੈਂ ਸੱਚ ਸਰੂਪ ਪਤੀ ਨੂੰ ਪਛਾਣ ਲਿਆ ਹੈ, (ਹੁਣ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ) ਹੋਰ ਅਵਗੁਣਹਾਰੀ ਸਾਰੀ ਭੁੱਲੀ ਫਿਰਦੀ ਹੈ।੩।

੧. ਸਚੜੈ ਆਪਿ ਜਗਤੁ ਉਪਾਇਆ
ਗੁਰ ਬਿਨੁ ਘੋਰ ਅੰਧਾਰੋ ॥
੨. ਆਪਿ ਮਿਲਾਏ ਆਪਿ ਮਿਲੈ
ਆਪੇ ਦੇਇ ਪਿਆਰੋ ॥
੩. ਆਪੇ ਦੇਇ ਪਿਆਰੋ ਸਹਜਿ ਵਾਪਾਰੋ
ਗੁਰਮੁਖਿ ਜਨਮੁ ਸਵਾਰੇ ॥
੪. ਧਨੁ ਜਗ ਮਹਿ ਆਇਆ ਆਪੁ ਗਵਾਇਆ
ਦਰਿ ਸਾਚੈ ਸਚਿਆਰੋ ॥
੫. ਗਿਆਨਿ ਰਤਨਿ ਘਟਿ ਚਾਨਣੁ ਹੋਆ
ਨਾਨਕ ਨਾਮ ਪਿਆਰੋ ॥
੬. ਸਚੜੈ ਆਪਿ ਜਗਤੁ ਉਪਾਇਆ
ਗੁਰ ਬਿਨੁ ਘੋਰ ਅੰਧਾਰੋ ॥੪॥੩॥

ਪਦ ਅਰਥ : ਸਚੜੈ—ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੇ। ਘੋਰ ਅੰਧਾਰੋ—ਘੋਰ ਅੰਧਾਰ, ਘੁਪ ਹਨੇਰਾ। ਆਪੇ—ਆਪ ਹੀ। ਦੇਇ—ਦੇਂਦਾ ਹੈ। ਸਹਜਿ—ਆਤਮਕ ਅਡੋਲਤਾ ਵਿਚ। ਵਾਪਾਰੋ—ਵਪਾਰੁ, ਨਾਮ ਦਾ ਵਣਜ। ਗੁਰਮੁਖਿ—ਗੁਰੂ ਦੇ ਰਾਹੀਂ। ਧਨੁ—ਸਫਲ ਹੈ, ਧੰਨਤਾ ਯੋਗ ਹੈ। ਆਪੁ—ਆਪਾ-ਭਾਵ। ਦਰਿ—ਦਰ 'ਤੇ। ਸਚਿਆਰੋ—ਸੁਰਖ਼-ਰੂ। ਆਪੁ ਗਵਾਇਆ—ਜਿਸ ਨੇ ਆਪਾ ਗਵਾਇਆ, ਹਉਮੈ ਗਵਾ ਲਈ। ਗਿਆਨਿ—ਗਿਆਨ ਦੇ ਰਾਹੀਂ। ਰਤਨਿ—ਰਤਨਿ ਦੇ ਰਾਹੀਂ। ਘਟਿ—ਹਿਰਦੇ ਵਿਚ। ਨਾਮ ਪਿਆਰੋ—ਨਾਮ ਦਾ ਪਿਆਰ।੪।

ਅਰਥ :

ਪ੍ਰ: ਹੇ ਗੁਰੋ! ਇਸ ਜਗਤ ਵਿਚ ਹਰ ਮਨੁੱਖ ਨੂੰ ਆਤਮਕ ਜੀਵਨ ਵਲੋਂ ਅੰਧੇਰਾ ਹੀ ਬਣਿਆ ਰਹਿੰਦਾ ਹੈ, ਇਹ ਕਿਉਂ ਹੋ ਰਿਹਾ ਹੈ?

ਉ: ੧. ਹੇ ਭਾਈਓ! ਇਹ ਜਗਤ ਨੂੰ ਸੱਚੇ ਨੇ ਆਪੇ ਹੀ ਪੈਦਾ ਕੀਤਾ ਹੈ, ਪਰ ਇਸ ਵਿਚ ਜੋ ਅਗਿਆਨ ਦਾ ਅੰਧੇਰਾ ਹੈ, ਇਹ ਗੁਰੂ ਤੋਂ ਬਿਨਾ ਹਰ ਜੀਵ ਦੇ ਅੰਦਰ ਸਦਾ ਬਣਿਆ ਹੀ ਰਹਿੰਦਾ ਹੈ।

ਪ੍ਰ: ਕਿਉਂ ਜੀ! ਉਹ ਪ੍ਰਭੂ ਕਿਸੇ ਜੀਵ ਨੂੰ ਆਪਣੇ ਨਾਲ ਮੇਲਦਾ ਭੀ ਹੈ?

ਉ: ੨. (ਹਾਂ) ਜ਼ਰੂਰ! ਹੇ ਸੱਜਨੋ! ਗੁਰੂ ਦੀ ਸ਼ਰਨ ਪਾ ਕੇ, ਉਹ ਪਰਮਾਤਮਾ ਜੀਵ ਨੂੰ ਆਪਣੇ ਨਾਲ ਮਿਲਾਂਦਾ ਹੈ, ਆਪ ਹੀ ਜੀਵ ਨੂੰ ਮਿਲਦਾ ਹੈ, ਆਪ ਹੀ ਆਪਣੇ ਚਰਨਾਂ ਦਾ ਪਿਆਰ ਬਖ਼ਸ਼ਦਾ ਹੈ।

੩. (ਹਾਂ) ਉਹ ਪ੍ਰਭੂ ਆਪੇ ਹੀ ਜੀਵ ਨੂੰ ਪਿਆਰ ਦੇਂਦਾ ਹੈ, ਆਪੇ ਹੀ ਆਤਮਕ ਅਡੋਲਤਾ ਵਿਚ ਟਿਕਾਅ ਕੇ ਆਪਣੇ ਨਾਮ ਦਾ ਵਪਾਰ ਕਰਾਉਂਦਾ ਹੈ ਤੇ ਗੁਰੂ ਦੀ ਸ਼ਰਨ ਪਾ ਕੇ ਜੀਵ ਦਾ ਜਨਮ ਸਵਾਰਦਾ ਹੈ।

੪. ਹੇ ਭਾਈਓ! ਉਸ ਦਾ ਜਗਤ ਵਿਚ ਆਉਣਾ ਧੰਨ ਹੈ, ਜਿਸ ਨੇ ਕਿ ਆਪਾ-ਭਾਵ ਹਉਮੈ ਨੂੰ ਅੰਦਰੋਂ ਗਵਾ ਲਿਆ ਹੈ ਤੇ ਉਹੀ ਸੱਚੇ ਦੇ ਦਰ 'ਤੇ ਸਚਿਆਰ ਹੋ ਗਿਆ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਸ ਦੇ ਹਿਰਦੇ ਵਿਚ ਨਾਮ ਦੇ ਪਿਆਰ ਨਾਲ ਹੀ ਗਿਆਨ ਰੂਪੀ ਰਤਨ ਦਾ ਪ੍ਰਕਾਸ਼ ਹੋਇਆ ਹੈ।

੬. ਸੋ, ਹੇ ਭਾਈਓ! ਭਾਵੇਂ ਉਸ ਸੱਚੇ ਪਰਮੇਸ਼ਰ ਨੇ ਜਗਤ ਨੂੰ ਆਪੇ ਹੀ ਪੈਦਾ ਕੀਤਾ ਹੈ, ਪਰ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਜੀਵ ਨੂੰ ਇਸ ਵਿਚ ਆਤਮਕ ਜੀਵਨ ਵਲੋਂ ਸਦਾ ਹੀ ਘੁੱਪ ਹਨੇਰਾ ਬਣਿਆ ਰਹਿੰਦਾ ਹੈ।੪।੩।

ਭਾਵਾਰਥ : ਪਿਰਹੋ ਵਿਛੁਨੀਆਂ ਦੇ ਉਧਾਰ ਦਾ ਪ੍ਰਸੰਗ ਚਲ ਰਿਹਾ ਹੈ। ਇਸ ਵਿਚ ਦੋ ਪ੍ਰਕਾਰ ਦੀਆਂ ਪਿਰਹਿ ਵਿਛੁੰਨੀਆਂ ਦਾ ਜ਼ਿਕਰ ਆਇਆ ਹੈ। ਇਹ ਦੋਵੇਂ ਹੀ ਰੋਂਦੀਆਂ ਦੱਸੀਆਂ ਹਨ। ਪਹਿਲੀ ਨੂੰ ਅੰਨ੍ਹੀ ਕਿਹਾ ਹੈ, ਕਿਉਂਕਿ ਪਿਰ ਤਾਂ ਨਾਲ ਹੀ ਹੈ, ਪਰ ਉਸ ਨੂੰ ਜਾਣਦੀ ਨਹੀਂ।

ਦੂਸਰੀ ਦਾ ਲੱਛਣ ਦੱਸਿਆ ਹੈ ਕਿ ਉਹ ਜਾਣਦੀ ਹੈ ਕਿ ਮੇਰਾ ਸੱਚਾ ਪਿਰ ਮੇਰੇ ਨਾਲ ਹੈ। ਇਹ ਅੰਨ੍ਹੀ ਨਹੀਂ, ਸੁਜਾਖੀ ਹੈ। ਇਨ੍ਹਾਂ ਵਿਚ ਪਹਿਲੀ ਦਾ ਰੋਣਾ ਦੁੱਖ ਰੂਪ ਹੈ ਤੇ ਦੂਜੀ ਦਾ ਰੋਣਾ ਪਸਚਾਤਾਪੀ, ਵੈਰਾਗ ਤੇ ਪ੍ਰੇਮ ਨਾਲ ਭਿੱਜਾ ਹੈ।

ਵਡਹੰਸੁ ਮਹਲਾ ੩ ॥

੧. ਇਹੁ ਸਰੀਰੁ ਜਜਰੀ ਹੈ
ਇਸ ਨੋ ਜਰੁ ਪਹੁਚੈ ਆਏ ॥
੨. ਗੁਰਿ ਰਾਖੇ ਸੇ ਉਬਰੇ
ਹੋਰੁ ਮਰਿ ਜੰਮੈ ਆਵੈ ਜਾਏ ॥
੩. ਹੋਰਿ ਮਰਿ ਜੰਮਹਿ ਆਵਹਿ ਜਾਵਹਿ
ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥
੪. ਐਥੈ ਕਮਾਵੈ ਸੋ ਫਲੁ ਪਾਵੈ
ਮਨਮੁਖਿ ਹੈ ਪਤਿ ਖੋਈ ॥
੫. ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ
ਨਾ ਤਿਥੈ ਭੈਣ ਨ ਭਾਈ ॥
੬. ਇਹੁ ਸਰੀਰੁ ਜਜਰੀ ਹੈ
ਇਸ ਨੋ ਜਰੁ ਪਹੁਚੈ ਆਈ ॥੧॥

ਪਦ ਅਰਥ : ਜਜਰੀ—ਤ੍ਰੁੱਗਾ, ਨਾਸ ਹੋ ਜਾਣ ਵਾਲਾ, ਪਰਾਣਾ ਹੋ ਗਿਆ ਹੈ। ਜਰੁ—ਬੁਢੇਪਾ। ਪਹੁਚੈ ਆਏ—ਆ ਅਪੜਦਾ ਹੈ। ਗੁਰਿ—ਗੁਰੂ ਨੇ। ਸੇ—ਉਹ ਮਨੁੱਖ। ਉਬਰੇ—ਬਚ ਜਾਂਦੇ ਹਨ। ਹੋਰੁ—ਜਿਹੜਾ ਮਨੁੱਖ ਗੁਰੂ ਦੀ ਸ਼ਰਨ ਨਹੀਂ ਆਉਂਦਾ। ਆਵੈ—ਜੰਮਦਾ ਹੈ। ਜਾਏ—ਮਰਦਾ ਹੈ। ਹੋਰਿ—ਉਹ ਬੰਦੇ ਜੋ ਗੁਰੂ ਦੀ ਸ਼ਰਨ ਨਹੀਂ ਆਉਂਦੇ। ਜੰਮਹਿ—ਜੰਮਦੇ ਹਨ। ਆਵਹਿ—ਜੰਮਦੇ ਹਨ। ਜਾਵਹਿ—ਮਰ ਜਾਂਦੇ ਹਨ। ਅੰਤਿ—ਆਖ਼ਰ ਨੂੰ। ਗਏ—ਜਾਂਦੇ ਹੋਏ। ਐਥੈ—ਇਸ ਜਗਤ ਵਿਚ। ਕਮਾਵੈ—(ਮਨੁੱਖ ਜੇਹੜੀ) ਕਰਣੀ ਕਰਦਾ ਹੈ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ। ਪਤਿ—ਇੱਜ਼ਤ। ਜਮ ਪੁਰਿ—ਜਮਰਾਜ ਦੀ ਪੁਰੀ ਵਿਚ। ਘੋਰ ਅੰਧਾਰੁ—ਘੁੱਪ ਹਨੇਰਾ। ਮਹਾ ਗੁਬਾਰੁ—ਬਹੁਤ ਹਨੇਰਾ। ਤਿਥੈ—ਉਸ ਥਾਂ।੧।

ਅਰਥ :

ਪ੍ਰ: ਹੇ ਗੁਰੋ! ਮਨੁੱਖ ਦੇ ਅੰਦਰ ਇਸ ਸਰੀਰ ਦਾ ਹਰ ਵਕਤ ਹੀ ਅਭਿਮਾਨ ਬਣਿਆ ਰਹਿੰਦਾ ਹੈ, ਇਸ ਨੂੰ ਕਿਵੇਂ ਦੂਰ ਕੀਤਾ ਜਾ ਸਕੇ, ਕੋਈ ਸੋਝੀ ਦਿਓ?

ਉ: ੧. ਹੇ ਪਿਆਰਿਓ! ਇਸ ਸਰੀਰ ਦਾ ਅਭਿਮਾਨ ਤਿਆਗਣ ਲਈ ਤਾਂ ਮਨੁੱਖ ਨੂੰ ਹਰ ਵਕਤ ਇਉਂ ਹੀ ਵੀਚਾਰ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਭਾਈ! ਇਹ ਸਰੀਰ ਤਾਂ ਪੁਰਾਣਾ ਹੋ ਜਾਣ ਵਾਲਾ ਹੈ, ਆਖ਼ਰ ਇਸ ਨੂੰ ਬੁਢੇਪਾ ਜ਼ਰੂਰ ਆ ਦਬਾਂਦਾ ਹੈ। (ਪਰ, [ਕਾਸ਼] ਇਹ ਜਾਣਦਾ ਬੁੱਝਦਾ ਵੀ ਮਨੁੱਖ ਇਸ ਸਰੀਰ ਦੇ ਮੋਹ ਵਿਚ ਫਸਿਆ ਰਹਿੰਦਾ ਹੈ)।

ਪ੍ਰ: ਕਿਉਂ ਜੀ! ਕੀ ਕੋਈ ਇਸ ਮੋਹ ਦੇ ਚੱਕਰ ਤੋਂ ਬਚਿਆ ਵੀ ਹੈ?

ਉ: ੨. ਹੇ ਪਿਆਰੇ! ਜਿਨ੍ਹਾਂ ਮਨੁੱਖਾਂ ਦੀ ਗੁਰੂ ਨੇ ਰੱਖਿਆ ਕੀਤੀ ਹੈ, ਉਹ ਲੋਕ ਮੋਹ ਵਿਚ ਗਰਕ ਹੋਣ ਤੋਂ ਬਚ ਜਾਂਦੇ ਹਨ। ਜੋ ਮਨੁੱਖ ਗੁਰੂ ਦੀ ਸ਼ਰਨ ਨਹੀਂ ਆਉਂਦਾ, ਉਹ ਇਸ ਸਰੀਰ ਦੇ ਮੋਹ ਵਿਚ ਫਸ ਕੇ ਮਰਦਾ ਹੈ, ਜੰਮਦਾ ਹੈ, ਜੰਮਦਾ ਹੈ, ਮਰਦਾ ਹੈ।

੩. ਹੋਰ ਸਾਰੇ ਹੀ ਮਨੁੱਖ ਗੁਰੂ ਹੀ ਸ਼ਰਨ ਨਾ ਪੈਣ ਵਾਲੇ, ਸਰੀਰਕ ਮੋਹ ਵਿਚ ਫਸ ਕੇ, ਮੁੜ-ਮੁੜ ਜੰਮਦੇ ਮਰਦੇ ਰਹਿੰਦੇ ਹਨ, ਏਥੋਂ ਗਏ ਹੋਏ ਅੰਤ ਨੂੰ ਪਛੋਤਾਉਂਦੇ ਹਨ, (ਕਿਉਂਕਿ) ਨਾਮ ਤੋਂ ਵਿਹੂਣੇ ਹੋਣ ਕਰਕੇ ਉਨ੍ਹਾਂ ਨੂੰ ਸੁੱਖ ਨਹੀਂ ਹੁੰਦਾ।

੪. ਹੇ ਭਾਈ! ਇਸ ਲੋਕ ਵਿਚ ਮਨੁੱਖ ਜਿਹੜੀ ਕਰਣੀ ਕਮਾਉਂਦਾ ਹੈ, ਓਹੀ ਫਲ ਭੋਗਦਾ ਹੈ, ਐਸਾ ਪੁਰਖ ਮਨਮੁਖ ਕਹੀਦਾ ਹੈ। ਐਸਾ ਮਨਮੁਖ ਇਸ ਲੋਕ ਵਿਚ ਆਪਣੀ ਇੱਜ਼ਤ ਗਵਾ ਲੈਂਦਾ ਹੈ।

੫. ਜਿਥੇ ਉਹ ਮਨਮੁਖ ਮਰ ਕੇ ਜਮ ਪੁਰੀ ਵਿਚ ਜਾਂਦਾ ਹੈ, ਉਥੇ ਗੂੜ੍ਹਾ ਹਨੇਰਾ ਤੇ ਭਾਰੀ ਗ਼ੁਬਾਰ ਹੁੰਦਾ ਹੈ। ਉਥੇ ਨਾ ਭੈਣ ਨਾ ਭਰਾ ਕੋਈ ਵੀ ਬੇਲੀ ਨਹੀਂ ਹੁੰਦਾ।

੬. (ਇਸ ਲਈ) ਹੇ ਭਾਈ! ਇਹ ਸਰੀਰ ਪੁਰਾਣਾ ਹੋ ਜਾਣ ਵਾਲਾ ਹੈ। ਇਸ ਨੂੰ ਬੁਢੇਪਾ (ਜ਼ਰੂਰ) ਆ ਜਾਂਦਾ ਹੈ, ਪਰ ਮਨੁੱਖ ਇਸ ਸਰੀਰ ਦੇ ਮੋਹ ਵਿਚ ਫਸਿਆ ਰਹਿੰਦਾ ਹੈ।੧।

੧. ਕਾਇਆ ਕੰਚਨੁ ਤਾਂ ਥੀਐ
ਜਾਂ ਸਤਿਗੁਰੁ ਲਏ ਮਿਲਾਏ ॥
੨. ਭ੍ਰਮੁ ਮਾਇਆ ਵਿਚਹੁ ਕਟੀਐ
ਸਚੜੈ ਨਾਮਿ ਸਮਾਏ ॥
੩. ਸਚੈ ਨਾਮਿ ਸਮਾਏ ਹਰਿ ਗੁਣ ਗਾਏ
ਮਿਲਿ ਪ੍ਰੀਤਮ ਸੁਖੁ ਪਾਏ ॥
੪. ਸਦਾ ਅਨੰਦਿ ਰਹੈ ਦਿਨੁ ਰਾਤੀ
ਵਿਚਹੁ ਹੰਉਮੈ ਜਾਏ ॥
੫. ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ
ਤਿਨ ਕੈ ਹੰਉ ਲਾਗਉ ਪਾਏ ॥
੬. ਕਾਂਇਆ ਕੰਚਨੁ ਤਾਂ ਥੀਐ
ਜਾ ਸਤਿਗੁਰੁ ਲਏ ਮਿਲਾਏ ॥੨॥

ਪਦ ਅਰਥ : ਕਾਇਆ—ਸਰੀਰ। ਕੰਚਨੁ—ਸੋਨਾ, ਸੋਨੇ ਵਾਂਗ ਪਵਿੱਤ੍ਰ। ਤਾਂ—ਤਦੋਂ। ਲਏ ਮਿਲਾਏ—ਮਿਲਾ ਲੈਂਦਾ ਹੈ। ਭ੍ਰਮੁ—ਭਟਕਣਾ। ਨਾਮਿ—ਨਾਮ ਵਿਚ। ਸਮਾਏ—ਲੀਨ ਹੋ ਜਾਂਦਾ ਹੈ। ਮਿਲਿ ਪ੍ਰੀਤਮ—ਪ੍ਰੀਤਮ ਨੂੰ ਮਿਲ ਕੇ। ਅਨੰਦਿ—ਅਨੰਦ ਵਿਚ। ਪੁਰਖੀ—ਪੁਰਖੀਂ, ਪੁਰਖਾਂ ਨੇ। ਹੰਉ—ਮੈਂ। ਤਿਨ ਕੈ ਪਾਇ—ਉਨ੍ਹਾਂ ਦੀ ਚਰਣੀ। ਲਾਗਉ—ਮੈਂ ਲੱਗਦਾ ਹਾਂ।੨।

ਅਰਥ :

ਪ੍ਰ: ਹਜ਼ੂਰ! ਇਸ ਸਰੀਰ ਨੂੰ ਆਪ ਭਜਣ ਵਾਲੀ, ਨਾਸਵੰਤ ਸ਼ੈਅ ਕਹਿੰਦੇ ਹੋ, ਪਰ ਇਹ ਵੀ ਤਾਂ ਦੱਸੋ ਕਿ ਇਹ ਸਰੀਰ ਪਵਿੱਤ੍ਰ ਕਿਵੇਂ ਹੁੰਦਾ ਹੈ?

ਉ: ੧. ਹੇ ਭਾਈਓ! ਇਸ ਮਨੁੱਖ ਦਾ ਇਹ ਸਰੀਰ ਤਦੋਂ ਹੀ ਸੋਨੇ ਵਾਂਗ ਪਵਿੱਤ੍ਰ ਹੁੰਦਾ ਹੈ, ਜਦੋਂ ਸਤਿਗੁਰੂ ਜੀ ਇਸ ਨੂੰ ਆਪਣੇ ਨਾਲ ਮਿਲਾ ਲੈਣ, ਭਾਵ ਹੈ ਕਿ ਇਹ ਕਾਇਆਂ ਤਦੋਂ ਹੀ ਸੋਨੇ ਵਰਗੀ ਕੀਮਤੀ, ਸ਼ੁੱਧ ਤੇ ਸੁੰਦਰ ਹੋ ਜਾਂਦੀ ਹੈ।

ਪ੍ਰ: ਕਿਉਂ ਜੀ! ਅਜਿਹੇ ਸਿੱਖ ਦੇ ਮਨ ਦੀ ਦਸ਼ਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੨. ਹੇ ਭਾਈ! ਉਸ ਸਿੱਖ ਦੇ ਮਨ ਵਿਚੋਂ ਮਾਇਆ ਦਾ ਭਰਮ ਕਟਿਆ ਜਾਂਦਾ ਹੈ ਤੇ ਉਹ ਮਨ ਸੱਚੇ ਪ੍ਰਭੂ ਦੇ ਨਾਮ ਵਿਚ ਸਮਾ ਜਾਂਦਾ ਹੈ।

੩. (ਹਾਂ, ਸਤਿਗੁਰੂ ਦਾ ਮਿਲਾਇਆ ਇਸ ਪ੍ਰਕਾਰ ਸਿੱਖ) ਸੱਚੇ ਨਾਮ ਵਿਚ ਸਮਾ ਜਾਂਦਾ ਹੈ ਤੇ ਸੱਚੇ ਹਰੀ ਦੇ ਗੁਣ ਗਾਉਂਦਾ ਹੋਇਆ ਪ੍ਰੀਤਮ ਪ੍ਰਭੂ ਨੂੰ ਮਿਲ ਕੇ ਸੁੱਖ ਪਾਉਂਦਾ ਹੈ।

੪. ਉਸ ਸਿੱਖ ਦਾ ਮਨ ਦਿਨੇ ਰਾਤ ਸਦਾ ਹੀ ਸੁੱਖ ਪਾਉਂਦਾ ਹੈ, (ਕਿਉਂਕਿ) ਦੁੱਖਾਂ ਦੀ ਦਾਤੀ ਹਉਮੈ ਵਿਚੋਂ ਦੂਰ ਹੋ ਜਾਂਦੀ ਹੈ।

੫. ਸੋ, ਹੇ ਪਿਆਰਿਓ! ਜਿਨ੍ਹਾਂ ਪੁਰਖਾਂ ਨੇ ਹਰੀ ਨਾਮ ਵਿਚ ਚਿੱਤ ਲਾਇਆ ਹੈ, ਮੈਂ ਉਨ੍ਹਾਂ ਮਨੁੱਖਾਂ ਦੇ ਚਰਨੀਂ ਲੱਗਦਾ ਹਾਂ (ਭਾਵ ਮੈਂ ਉਨ੍ਹਾਂ ਨੂੰ ਸਦਾ ਹੀ ਮੱਥਾ ਟੇਕਦਾ ਹਾਂ)।

੬. ਸੋ, ਹੇ ਭਾਈਓ! ਮਨੁੱਖਾ ਸਰੀਰ ਇਹ ਤਦੋਂ ਹੀ ਪਵਿੱਤ੍ਰ ਹੋ ਜਾਂਦਾ ਹੈ, ਜਦੋਂ ਗੁਰੂ ਮਨੁੱਖ ਨੂੰ ਪਰਮੇਸ਼ਰ ਦੇ ਚਰਨਾਂ ਵਿਚ ਜੋੜ ਦੇਂਦਾ ਹੈ।੨।

੧. ਸੋ ਸਚਾ ਸਚੁ ਸਲਾਹੀਐ
ਜੇ ਸਤਿਗੁਰੁ ਦੇਇ ਬੁਝਾਏ ॥
੨. ਬਿਨੁ ਸਤਿਗੁਰ ਭਰਮਿ ਭੁਲਾਣੀਆ
ਕਿਆ ਮੁਹੁ ਦੇਸਨਿ ਆਗੈ ਜਾਏ ॥
੩. ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ
ਦੁਖੋ ਦੁਖੁ ਕਮਾਏ ॥
੪. ਨਾਮਿ ਰਤੀਆ ਸੇ ਰੰਗਿ ਚਲੂਲਾ
ਪਿਰ ਕੈ ਅੰਕਿ ਸਮਾਏ ॥
੫. ਤਿਸੁ ਜੇਵਡੁ ਅਵਰੁ ਨ ਸੂਝਈ
ਕਿਸੁ ਆਗੈ ਕਹੀਐ ਜਾਏ ॥
੬. ਸੋ ਸਚਾ ਸਚੁ ਸਲਾਹੀਐ
ਜੇ ਸਤਿਗੁਰੁ ਦੇਇ ਬੁਝਾਏ ॥੩॥

ਪਦ ਅਰਥ : ਸਚਾ—ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਸਲਾਹੀਐ—ਸਲਾਹਿਆ ਜਾ ਸਕਦਾ ਹੈ। ਦੇਇ ਬੁਝਾਏ—ਸਮਝਾ ਦੇਵੇ, ਸਿਫ਼ਤਿ-ਸਾਲਾਹ ਕਰਨ ਦੀ ਜਾਚ ਬਖ਼ਸ਼ ਦੇਵੇ। ਭਰਮ—ਮਾਇਆ ਦੀ ਭਟਕਣਾ ਵਿਚ। ਭੁਲਾਣੀਆ—ਕੁਰਾਹੇ ਪੈ ਜਾਂਦੀਆਂ ਹਨ। ਦੇਸਨਿ—ਦੇਣਗੀਆਂ। ਆਗੈ—ਪ੍ਰਲੋਕ ਵਿਚ। ਜਾਏ—ਜਾ ਕੇ। ਦੇਨਿ—ਦੇਂਦੀਆਂ ਹਨ। ਅਵਗੁਣਿ—ਔਗਣ ਦੇ ਕਾਰਣ। ਪਛੁਤਾਏ—ਜੀਵ-ਇਸਤ੍ਰੀ ਪਛਤਾਂਦੀ ਹੈ। ਕਮਾਏ—ਸਹੇੜਦੀ ਹੈ। ਨਾਮਿ—ਨਾਮ ਵਿਚ। ਰੰਗਿ—ਰੰਗ ਵਿਚ। ਚਲੂਲਾ—ਗੂੜ੍ਹਾ। ਅੰਕਿ—ਗੋਦ ਵਿਚ, ਗਲਵਕੜੀ ਵਿਚ। ਸਮਾਏ—ਲੀਨ ਹੋ ਕੇ। ਤਿਸੁ ਜੇਵਡੁ—ਉਸ ਪਰਮੇਸ਼ਰ ਦੇ ਦਰਬਾਰ ਦਾ। ਜਾਏ—ਜਾਇ, ਜਾ ਕੇ।੩।

ਅਰਥ :

ਪ੍ਰ: ਹੇ ਗੁਰੋ! ਜਿਸ ਸੱਚੇ ਸਾਈਂ ਜੀ ਦੀ ਸੱਚੀ ਸਿਫ਼ਤ ਸਲਾਹੁਣੇ ਯੋਗ ਹੈ, ਸਾਰੇ ਬੰਦੇ ਉਸ ਦੀ ਸਲਾਹੁਤਾ ਕਿਉਂ ਨਹੀਂ ਕਰਨ ਲੱਗ ਜਾਂਦੇ?

ਉ: ੧. ਹੇ ਪਿਆਰੇ! ਸੱਚੇ ਦੀ ਸਲਾਹੁਤਾ ਨੂੰ ਕਰਨਾ ਤਾਂ ਸਭ ਕੋਈ ਚਾਹੁੰਦਾ ਹੈ, ਪਰ ਉਸ ਸੱਚੇ ਪਰਮਾਤਮਾ ਦੀ ਸੱਚੀ ਸਿਫ਼ਤਿ-ਸਾਲਾਹ ਤਦੋਂ ਹੀ ਕੀਤੀ ਜਾ ਸਕਦੀ ਹੈ, ਜੇ ਕਰ ਗੁਰੂ (ਕਿਸੇ ਨੂੰ) ਸਿਫ਼ਤਿ-ਸਾਲਾਹ ਕਰਨ ਦੀ ਸੋਝੀ ਦੇਵੇ, ਅਕਲ ਬਖ਼ਸ਼ੇ।

ਪ੍ਰ: ਹਜ਼ੂਰ! ਜਿਨ੍ਹਾਂ ਜੀਵਾਂ ਨੂੰ ਇਹ ਸਿਫ਼ਤ ਕਰਨ ਦੀ ਸੋਝੀ ਨਹੀਂ ਆ ਸਕੀ, ਤੁਸੀਂ ਉਨ੍ਹਾਂ ਨੂੰ ਕਿਵੇਂ ਪਛਾਣਦੇ ਹੋ?

ਉ: ੨. ਹੇ ਭਾਈਓ! ਤੁਸੀਂ ਆਪ ਹੀ ਤੱਕ ਲਓ ਕਿ ਜਿਨ੍ਹਾਂ ਜੀਵ ਰੂਪ ਇਸਤ੍ਰੀਆਂ ਨੂੰ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਇਹ ਅਕਲ ਨਹੀਂ ਆਈ, ਉਹ ਇਸਤ੍ਰੀਆਂ ਮਾਇਆ ਦੀ ਭਟਕਣਾ ਵਿਚ ਪੈ ਕੇ ਕੁਰਾਹੇ ਪੈ ਜਾਂਦੀਆਂ ਹਨ। ਉਹ ਪ੍ਰਲੋਕ ਵਿਚ ਜਾ ਕੇ ਸ਼ਰਮਸਾਰ ਹੁੰਦੀਆਂ ਹਨ ਅਤੇ ਨਾ ਹੀ ਉਹ ਅੱਗੇ ਰੱਬੀ ਦਰਬਾਰ ਵਿਚ ਜਾ ਕੇ ਮੂੰਹ ਹੀ ਵਿਖਾ ਸਕਦੀਆਂ ਹਨ।

੩. (ਹਾਂ) ਅੱਗੇ ਜਾ ਕੇ ਕੀ ਮੂੰਹ ਦੇਣਗੀਆਂ। ਉਹ ਤਾਂ ਆਪਣੇ ਕੀਤੇ ਕਰਮਾਂ ਕਰ ਕੇ ਪਛਤਾਉਣਗੀਆਂ ਹੀ ਅਤੇ ਦੁੱਖ ਹੀ ਦੁੱਖ ਪਾਉਣਗੀਆਂ।

ਪ੍ਰ: ਹਜ਼ੂਰ! ਜੋ ਇਨ੍ਹਾਂ ਦੇ ਮੁਕਾਬਲੇ ਵਿਚ ਨਾਮ ਰੰਗ ਵਿਚ ਰਤੀਆਂ ਹਨ, ਉਨ੍ਹਾਂ ਨੂੰ ਕੀ ਫਲ ਪ੍ਰਾਪਤ ਹੋਵੇਗਾ?

ਉ: ੪. ਹੇ ਪਿਆਰਿਓ! ਜੋ ਜੀਵ ਰੂਪ ਇਸਤ੍ਰੀਆਂ ਨਾਮ ਰੰਗ ਵਿਚ ਰਤੀਆਂ ਹੋਣਗੀਆਂ, ਉਨ੍ਹਾਂ ਨੂੰ ਪ੍ਰੇਮ ਦਾ ਗੂੜ੍ਹਾ ਲਾਲ ਰੰਗ ਚੜ੍ਹਿਆ ਹੋਵੇਗਾ। ਅੰਤ ਨੂੰ ਉਹ ਪਰਮੇਸ਼ਰ ਪਤੀ ਦੇ ਸਰੂਪ ਵਿਚ ਸਮਾ ਜਾਣਗੀਆਂ।

੫. (ਇਸ ਲਈ) ਐ ਭਾਈਓ! ਮੈਨੂੰ ਤਾਂ ਉਸ ਸੱਚੇ ਪਰਮੇਸ਼ਰ ਜੇਡਾ ਵੱਡਾ ਹੋਰ (ਕੋਈ) ਦਿੱਸਦਾ ਹੀ ਨਹੀਂ। ਦੱਸੋ, ਕਿਸ ਅੱਗੇ ਜਾ ਕੇ (ਦੁੱਖ ਰੋਣੀਆਂ) ਆਖੀਏ, ਭਾਵ ਪਰਮੇਸ਼ਰ ਤੋਂ ਬਿਨਾ ਹੋਰ ਕਿਸੇ ਪਾਸ ਕੋਈ ਵੀ ਦੁੱਖ-ਸੁੱਖ ਦੱਸਿਆ ਨਹੀਂ ਜਾ ਸਕਦਾ।

੬. (ਇਸ ਵਾਸਤੇ) ਹੇ ਪਿਆਰੇ! ਜੇ ਸਤਿਗੁਰੂ ਸੋਝੀ ਦੇਵੇ ਤਾਂ ਉਸ ਸੱਚੇ ਪਰਮੇਸ਼ਰ ਦੀ ਸੱਚੀ ਸਿਫ਼ਤਿ-ਸਾਲਾਹ ਤਦੋਂ ਹੀ ਕੀਤੀ ਜਾ ਸਕਦੀ ਹੈ (ਸੋ ਸੱਚੇ ਦੀ ਸੱਚੀ ਸਿਫ਼ਤਿ-ਸਾਲਾਹ ਕਰਨ ਲਈ ਵੀ ਉਸੇ ਦੀ ਬਖ਼ਸ਼ਸ਼ ਚਾਹੀਦੀ ਹੈ)।੩।

੧. ਜਿਨੀ ਸਚੜਾ ਸਚੁ ਸਲਾਹਿਆ
ਹੰਉ ਤਿਨ ਲਾਗਉ ਪਾਏ ॥
੨. ਸੇ ਜਨ ਸਚੇ ਨਿਰਮਲੇ
ਤਿਨ ਮਿਲਿਆ ਮਲੁ ਸਭ ਜਾਏ ॥
੩. ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ
ਸਚੈ ਸਹਜਿ ਸੁਭਾਏ ॥

੪. ਨਾਮੁ ਨਿਰੰਜਨੁ ਅਗਮੁ ਅਗੋਚਰੁ
ਸਤਿਗੁਰਿ ਦੀਆ ਬੁਝਾਏ ॥
੫. ਅਨਦਿਨੁ ਭਗਤਿ ਕਰਹਿ ਰੰਗਿ ਰਾਤੇ
ਨਾਨਕ ਸਚਿ ਸਮਾਏ ॥
੬. ਜਿਨੀ ਸਚੜਾ ਸਚੁ ਧਿਆਇਆ
ਹੰਉ ਤਿਨ ਕੈ ਲਾਗਉ ਪਾਏ ॥੪॥੪॥

ਪਦ ਅਰਥ : ਸਚੇ—ਸਦਾ-ਥਿਰ, ਅਡੋਲ ਚਿੱਤ। ਸਰਿ—ਸਰੋਵਰ ਵਿਚ। ਨਾਏ—ਨ੍ਹਾਏ, ਇਸ਼ਨਾਨ ਕਰ ਲੈਂਦਾ ਹੈ। ਸਹਜਿ—ਆਤਮਕ ਅਡੋਲਤਾ ਵਿਚ। ਸੁਭਾਏ—ਸੁਭਾਇ, ਪ੍ਰੇਮ ਵਿਚ। ਸਤਿਗੁਰਿ—ਗੁਰੂ ਨੇ। ਅਨਦਿਨੁ—ਹਰ ਰੋਜ਼। ਸਚਿ—ਸਦਾ-ਥਿਰ ਹਰੀ ਵਿਚ। ਸਮਾਏ—ਸਮਾਇ, ਲੀਨ ਰਹਿ ਕੇ।੪।

ਅਰਥ :

ਪ੍ਰ: ਸ੍ਰੀ ਜੀਓ ! ਜੋ ਮਨੁੱਖ ਉਸ ਸੱਚੇ ਦੀ ਸਿਫ਼ਤਿ-ਸਾਲਾਹ ਵਿਚ ਸਦਾ ਹੀ ਜੁੜੇ ਰਹਿੰਦੇ ਹਨ, ਉਨ੍ਹਾਂ ਲਈ ਤੁਹਾਡੇ ਅੰਦਰ ਕਿਤਨਾ ਕੁ ਸਤਿਕਾਰ ਹੈ ?

ਉ: ੧. ਹੇ ਭਰਾਵੋ ! ਜਿਨ੍ਹਾਂ ਮਨੁੱਖਾਂ ਨੇ ਉਸ ਸਦਾ-ਥਿਰ ਰਹਿਣ ਵਾਲੇ ਪਰਮੇਸ਼ਰ ਦੀ ਸਦਾ ਹੀ ਸਿਫ਼ਤਿ-ਸਾਲਾਹ ਕੀਤੀ ਹੈ, ਮੈਂ ਉਨ੍ਹਾਂ ਦੇ ਚਰਨੀਂ ਲੱਗਦਾ ਹਾਂ।

ਪ੍ਰ: ਕਿਉਂ ਜੀ ! ਤੁਸੀਂ ਚਰਨੀਂ ਕਿਉਂ ਲੱਗਦੇ ਹੋ ?

ਉ: ੨. (ਕਿਉਂਕਿ) ਉਹ ਜਨ ਸੱਚੇ ਤੇ ਪਵਿੱਤ੍ਰ ਹਨ। ਉਨ੍ਹਾਂ ਦੇ ਮਿਲਣ ਨਾਲ ਹਉਮੈ, ਮੋਹ, ਮਾਇਆ ਤੇ ਵਿਕਾਰਾਂ ਦੀ, ਸਾਰੀ ਮੈਲ ਦੂਰ ਹੋ ਜਾਂਦੀ ਹੈ। ਉਹ ਸਮਝੋ ਸੱਚ

੩. ਦੇ ਸਰੋਵਰ ਹਨ, ਉਨ੍ਹਾਂ ਨੂੰ ਮਿਲਣਾ, ਸੱਚ ਦੇ ਸਰੋਵਰ ਵਿਚ ਇਸ਼ਨਾਨ ਕਰਨਾ ਹੈ। ਇਸ ਇਸ਼ਨਾਨ ਨਾਲ, ਆਪ ਸੱਚੇ ਹੋ ਕੇ ਆਤਮਿਕ ਅਡੋਲਤਾ ਵਿਚ ਟਿਕ ਜਾਈਦਾ ਹੈ ਅਤੇ ਪ੍ਰੇਮ ਰੰਗ ਵਿਚ ਮਸਤ ਹੋ ਰਹੀਦਾ ਹੈ।

ਪ੍ਰ: ਇਸ ਦਾਤ-ਪ੍ਰਾਪਤੀ ਦਾ ਅਸਲ ਕਾਰਣ ਕੀ ਹੈ ?

ਉ: ੪. ਹੇ ਪਿਆਰੇ ! ਇਹ ਦਾਤ ਨਾਮ ਦੁਆਰਾ ਪ੍ਰਾਪਤ ਹੁੰਦੀ ਹੈ, ਪਰ ਹੇ ਭਾਈ ! ਉਹ ਨਾਮ ਮਾਇਆ ਦੀ ਕਾਲਖ ਤੋਂ ਰਹਿਤ ਕਰਨ ਵਾਲਾ ਹੈ, ਪਰ ਉਹ ਪ੍ਰਭੂ ਸਿਆਣਪਾਂ ਤੇ ਚਤਰਾਈ ਦੀ ਰਾਹੀਂ ਅਪਹੁੰਚ ਹੈ। ਗਿਆਨ-ਇੰਦ੍ਰੀਆਂ ਦੀ ਭੀ ਉਸ ਤੱਕ ਪਹੁੰਚ ਨਹੀਂ, ਪਰ ਸਤਿਗੁਰੂ ਨੇ ਉਨ੍ਹਾਂ ਨੂੰ ਇਹ ਨਾਮ ਬੁਝਾ ਦਿੱਤਾ ਹੈ।

੫. ਸੋ, ਉਹ ਜਨ ਹਰ ਰੋਜ਼ ਪ੍ਰੇਮ ਵਿਚ ਰਤੇ ਹੋਏ, ਉਸ ਨਾਮ ਦੁਆਰਾ ਭਗਤੀ ਕਰਦੇ ਹਨ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਹ ਮਨੁੱਖ ਅੰਤ ਨੂੰ ਸੱਚ ਵਿਚ ਸਮਾ ਜਾਂਦੇ ਹਨ।

੬. ਹੇ ਭਾਈ ! ਜਿਨ੍ਹਾਂ ਨੇ ਸਦਾ ਕਾਇਮ ਰਹਿਣ ਵਾਲੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਨ ਦਾ ਉੱਦਮ ਕੀਤਾ ਹੈ, ਮੈਂ ਉਨ੍ਹਾਂ ਦੀ ਚਰਨੀਂ ਲੱਗਦਾ ਹਾਂ।੪।੪।

ਭਾਵਾਰਥ : ਇਸ ਅੰਕ ਵਿਚ ਹਜ਼ੂਰ ਜੀ ਨੇ ਇਸ ਸਰੀਰ ਨੂੰ ਜਜਰੀ ਕਿਹਾ ਹੈ। ਇਕ ਭਾਂਡੇ ਪਿੱਤਲ ਦੇ ਹੁੰਦੇ ਹਨ, ਇਕ ਤਰਾਮੇਂ ਦੇ ਹੁੰਦੇ ਹਨ। ਜੋ ਕਿ ਠੋਕਰ ਲੱਗਣ ਤੋਂ ਟੁੱਟਦੇ ਨਹੀਂ। ਦੂਜੇ ਭਾਂਡੇ ਮਿੱਟੀ ਦੇ ਹੁੰਦੇ ਹਨ ਜੋ ਅੱਗ ਵਿਚ ਪਕਾਏ ਵੀ ਹੁੰਦੇ ਹਨ, ਪਰ ਉਹ ਠੋਕਰ ਲੱਗਿਆਂ ਟੁੱਟ ਜਾਂਦੇ ਹਨ। ਸੋ ਸਰੀਰ ਨੂੰ ਇਸ ਮਿੱਟੀ ਦੇ ਬਰਤਨ ਨਾਲ ਮਿਸਾਲ ਦਿੱਤੀ ਹੈ, ਜੋ ਕਿ ਰਤਾ ਕੁ ਰੋਗ ਰੂਪ ਠਣਕਾ ਲੱਗ ਜਾਣ ਤੋਂ ਨਾਸ ਹੋ ਜਾਂਦਾ ਹੈ।

ਸ਼ਬਦ ਦੇ ਅੰਤ ਵਿਚ ਨਾਮ ਰਤੇ ਗੁਰਮੁਖਾਂ ਦਾ ਜ਼ਿਕਰ ਕੀਤਾ ਹੈ, ਜੋ ਕਿ ਸਦਾ ਹੀ ਸਿਫ਼ਤਿ-ਸਾਲਾਹ ਵਿਚ ਰਤੇ ਰਹਿੰਦੇ ਹੋਏ ਸਦੀਵੀ ਸੁੱਖ ਪ੍ਰਾਪਤ ਕਰਦੇ ਹਨ ਅਤੇ ਹਰ ਪ੍ਰਾਣੀ ਮਾਤ੍ਰ ਨੂੰ ਸਤਿਸੰਗ ਕਰਨ ਦੀ ਪ੍ਰੇਰਣਾ ਕੀਤੀ ਹੈ, ਜਿਸ ਦੁਆਰਾ ਸੱਚ ਵਿਚ ਸਮਾਈ ਹੁੰਦੀ ਹੈ।

ਵਡਹੰਸ ਕੀ ਵਾਰ ਮਹਲਾ ੪
ਲਲਾਂ ਬਹਲੀਮਾ ਕੀ ਧੁਨਿ ਗਾਵਣੀ

ੴ ਸਤਿਗੁਰ ਪ੍ਰਸਾਦਿ ॥

ਸਲੋਕ ਮ: ੩ ॥

੧. ਸਬਦਿ ਰਤੇ ਵਡ ਹੰਸ ਹੈ
ਸਚੁ ਨਾਮੁ ਉਰਿ ਧਾਰਿ ॥
੨. ਸਚੁ ਸੰਗ੍ਰਹਹਿ ਸਦ ਸਚਿ ਰਹਹਿ
ਸਚੈ ਨਾਮਿ ਪਿਆਰਿ ॥
੩. ਸਦਾ ਨਿਰਮਲ ਮੈਲੁ ਨ ਲਗਈ
ਨਦਰਿ ਕੀਤੀ ਕਰਤਾਰਿ ॥
੪. ਨਾਨਕ ਹਉ ਤਿਨ ਕੈ ਬਲਿਹਾਰਣੈ
ਜੋ ਅਨਦਿਨੁ ਜਪਹਿ ਮੁਰਾਰਿ ॥੧॥

ਇਸ ਵਾਰ ਦੀਆਂ ੨੧ ਪਉੜੀਆਂ ਹਨ, ਜੋ ਸ੍ਰੀ ਗੁਰੂ ਰਾਮਦਾਸ ਜੀ ਕ੍ਰਿਤ ਹਨ। ਪਉੜੀਆਂ ਨਾਲ ਸਲੋਕ ਜੋ ਹਨ, ਉਨ੍ਹਾਂ ਵਿਚੋਂ ੪੦ ਸਲੋਕ ਤੀਸਰੀ ਪਾਤਸ਼ਾਹੀ ਦੇ ਹਨ। ਇਸ ਵਾਰ ਨੂੰ ਲਲਾਂ ਬਹਲੀਮਾ ਦੀ ਵਾਰ ਦੀ ਚਾਲ 'ਤੇ ਗਾਉਣਾ ਹੈ।

ਲਲਾਂ ਬਹਲੀਮਾ ਦੇ ਬਾਰੇ *(ਬਾਣੀ ਬਿਉਰੇ)* ਵਿਚ ਜੋ ਖੋਜ ਦਿੱਤੀ ਹੈ, ਸਾਰੀਆਂ ਪਉੜੀਆਂ ਤਾਂ ਵਾਰ ਦੀਆਂ ਨਹੀਂ ਮਿਲਦੀਆਂ, ਦੋ ਇਕ ਪਉੜੀਆਂ ਜੋ ਲੱਭੀਆਂ, ਉਹ *(ਬਾਣੀ ਬਿਉਰੇ)* ਅੰਦਰ ਅੰਕਤ ਕੀਤੀਆਂ ਹਨ। ਨਾਲ ਹੀ ਲਲਾਂ ਬਹਲੀਮਾ ਦੇ ਜੁਧ ਦੀ ਵਾਰਤਾ ਵੀ ਦਿੱਤੀ ਹੈ, ਜੋ ਇਉਂ ਹੈ : ਇਹ ਦੋਵੇਂ ਲਲਾਂ ਅਤੇ ਬਹਲੀਮਾ ਕਾਂਗੜੇ ਦੇਸ਼ ਦੇ ਰਾਜਪੂਤ ਜ਼ਿਮੀਂਦਾਰ ਸਨ, ਪ੍ਰੰਤੂ ਲਲਾਂ ਦੀ ਜ਼ਮੀਨ ਵਿਚ ਸਦਾ ਹੀ ਪਾਣੀ ਵਲੋਂ ਸੋਕਾ ਰਹਿੰਦਾ ਸੀ। ਦੇਵਨੇਤ ਨਾਲ ਇਕ ਸਾਲ ਭਾਰੀ ਔੜ ਲੱਗ ਗਈ, ਇਸੇ ਔੜ ਦੀ ਔਕੜ ਵੇਲੇ ਲਲਾਂ ਨੇ ਬਹਲੀਮਾ ਨੂੰ ਆਖਿਆ : ਮੇਰਾ ਜ਼ਿਮੀਂਦਾਰਾ ਇਸ ਔਕੜ ਵਿਚ ਰੁੜ੍ਹਿਆ ਜਾਂਦਾ ਹੈ, ਜੇ ਤੂੰ ਆਪਣੀਆਂ ਕੂਲਾਂ ਥਾਣੀ ਮੇਰੀ ਜ਼ਮੀਨ ਨੂੰ ਵੀ ਪਾਣੀ ਦੇ ਦੇਵੇਂ ਤਾਂ ਮੇਰਾ ਵੀ ਬੇੜਾ ਬੰਨੇ ਲੱਗ ਜਾਵੇ।

ਬਹਲੀਮਾ ਨੇ ਆਖਿਆ : ਇਸ ਪਾਣੀ ਦਾ ਮਾਮਲਾ ਪੈਦਾਵਾਰ ਦਾ ਛੇਵਾਂ ਹਿੱਸਾ ਤੈਨੂੰ ਦੇਣਾ ਪਏਗਾ। ਇਹ ਗੱਲ ਲਲੇ ਨੇ ਪ੍ਰਵਾਨ ਕਰ ਕੇ ਪਾਣੀ ਦੇ ਖਾਲ ਪੁੱਟ ਲਿਆਂਦੇ ਅਤੇ ਆਪਣੀ ਸਾਰੀ ਜ਼ਮੀਨ

ਸਿੰਜ ਲਈ। ਫ਼ਸਲ ਚੰਗੀ ਹੋ ਗਈ, ਵੱਢ ਗਾਹ ਕੇ ਦਾਣਾ ਫੱਕਾ ਸਾਰਾ ਹੀ ਲਲੇ ਨੇ ਸਾਂਭ ਲਿਆ, ਬਹਲੀਮੇਂ ਨੂੰ ਮਾਮਲਾ ਜੋ ਛੇਵਾਂ ਹਿੱਸਾ ਦੇਣਾ ਸੀ, ਉਹ ਨਾ ਦਿੱਤਾ। ਇਸ ਗੱਲ ਤੋਂ ਗੱਲ ਬਾਹਲੀ ਵੱਧ ਗਈ, ਇਥੋਂ ਤਕ ਕਿ ਇਕ ਵੱਡੀ ਭਾਰੀ ਜਾਨ-ਤੋੜਵੀਂ ਤੇ ਬਹਾਦਰਾਂ ਦੇ ਮੂੰਹ ਮੋੜਵੀਂ ਲੜਾਈ ਹੋਈ। ਭਾਵੇਂ ਲਲਾਂ ਬੜਾ ਬਹਾਦਰ ਰਾਜਪੂਤ ਸੀ, ਪਰ ਬਹਲੀਮੇਂ ਦੀ ਬਹਾਦਰੀ ਅੱਗੇ ਸ਼ਿਕਸਤ ਖਾ ਗਿਆ, ਜੀਉਂਦਾ ਹੀ ਫੜਿਆ ਗਿਆ। ਬਹਲੀਮੇਂ ਨੇ ਥੋੜ੍ਹੇ ਚਿਰ ਵਾਸਤੇ ਕੈਦ ਰਖਿਆ ਅਤੇ ਆਪਣਾ ਮਾਮਲਾ, ਜੋ ਛੇਵਾਂ ਹਿੱਸਾ ਕਣ ਲੈਣਾ ਸੀ, ਲੈ ਕੇ ਲਲੇ ਨੂੰ ਛੱਡ ਦਿੱਤਾ ਅਤੇ ਉਸ ਦੀ ਜ਼ਮੀਨ ਉਸ ਨੂੰ ਮੋੜ ਦਿੱਤੀ।

ਇਨ੍ਹਾਂ ਦੀ ਇਸ ਜਾਨ ਤੋੜ ਬਹਾਦਰੀ ਉਪਰ ਢਾਡੀਆਂ ਨੇ ਵਾਰ ਬਣਾਈ ਅਤੇ ਬਹਾਦਰਾਂ ਨੂੰ ਸੁਣਾ-ਸੁਣਾ ਕੇ ਇਨਾਮ ਰੋਜ਼ੀਨੇ ਪ੍ਰਾਪਤ ਕੀਤੇ।

ਇਸੇ ਵਾਰ ਦੇ ਗਾਉਣ ਦੀ ਰੀਤ 'ਤੇ ਵਡਹੰਸ ਦੀ ਵਾਰ ਗਾਉਣ ਲਈ ਗੁਰੂ ਜੀ ਨੇ ਆਗਿਆ ਕੀਤੀ।

ਲਲਾਂ ਬਹਲੀਮਾ ਦੀ ਸਾਰੀ ਵਾਰ ਤਾਂ ਲੱਭਦੀ ਨਹੀਂ, ਪਰ ਵਿਚੋਂ ਕਿ ਅੰਤ ਤੋਂ ਜੋ ਸੱਤਰਾਂ ਲੱਭਦੀਆਂ ਹਨ, ਉਹ ਹੇਠ ਲਿਖੇ ਅਨੁਸਾਰ ਇਉਂ ਹਨ:

ਧਾਈ ਧਾਈ ਆਕੀਐ ਗਹਿਰੀ ਸੱਟ ਪਈ ਜਿਉਂ ਵਦਾਣੋਂ॥
ਧੂਹ ਮਿਆਨੋ ਕਢੀਐ ਤ੍ਰਿਖਾ ਤੀਰ ਭਥਾ ਤ੍ਰਗਾਣੋਂ॥
ਐਰਾਕਣ ਤੇ ਤਲਵਾਰ ਹੈ, ਦੋਹੀ ਮਨ ਬੈਠਾ ਅਰਕਾਣੋਂ॥
ਤੇਗਾ ਮਾਰਿਆ ਲਲਾ ਬਹਲੀਮ ਕੀ ਭੁੱਖਾ ਸ਼ੀਹ ਫਿਰੈ ਵੈਰਾਣੋਂ॥

ਕਾਲ ਲਲਾ ਦੇ ਦੇਸ ਦਾ ਖੋਆ ਬਹਿਲੀਮਾ॥
ਹਿਸਾ ਛਠਾ ਮਨਾਇਕੈ ਜਲ ਨਹਿਰੋਂ ਦੀਮਾ॥
ਫਿਰਾਹੁਨ ਹੋਇ ਲਲਾਂ ਨੇ ਰਣ ਮੰਡਿਆ ਧੀਮਾ॥
ਭੇੜ ਦੁਹੂੰ ਦਿਸ ਮਚਿਆ ਸੱਟ ਪਈ ਅਜੀਮਾ॥
ਸਿਰ ਧੜ ਡਿਗੇ ਖੇਤ ਵਿਚ ਜਿਉਂ ਵਾਹਣ ਢੀਮਾ॥
ਦੇਖ ਮਾਰੇ ਲਲਾ ਬਹਲੀਮ ਨੇ ਰਣ ਮੈਂ ਧਰ ਸੀਮਾ॥

ਨੋਟ : ਇਹ ਪਉੜੀ ਛੇ ਤੁੱਕੀ ਹੈ, ਇਸ ਦੀ ਚਾਲ ਵੀ ਵਡਹੰਸ ਦੀ ਵਾਰ ਦੀਆਂ ਪਉੜੀਆਂ ਨਾਲ ਮਿਲਦੀ ਹੈ।

ਪਦ ਅਰਥ : ਵਡਹੰਸ—ਵੱਡੇ ਹੰਸ, ਵੱਡੇ ਵਿਵੇਕੀ। ਉਰਿ—ਹਿਰਦੇ ਵਿਚ। ਸੰਗ੍ਰਹਿ—ਇਕੱਠਾ ਕਰਦੇ ਹਨ। ਸਚਿ—ਸੱਚ ਵਿਚ। ਪਿਆਰਿ—ਪਿਆਰ ਦੇ ਕਾਰਣ। ਕਰਤਾਰਿ—ਕਰਤਾਰ ਨੇ। ਮੁਰਾਰਿ—ਪਰਮਾਤਮਾ।

ਅਰਥ :

ਪ੍ਰ: ਸ੍ਰੀ ਜੀਉ! ਤੁਸੀਂ ਗੁਰਮਤਿ ਅਨੁਸਾਰ ਵੱਡੇ ਹੰਸ, ਭਾਵ ਵੱਡੇ ਵਿਵੇਕੀ, ਪੂਰਨ ਤਤ ਵੇਤਾ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈਓ! ਜੋ (ਮਨੁੱਖ) ਗੁਰੂ ਦੇ ਸ਼ਬਦ ਵਿਚ ਰਤੇ ਹੋਏ ਹਨ ਅਤੇ ਜੋ ਸੱਚੇ ਨਾਮ ਨੂੰ ਹਿਰਦੇ ਵਿਚ ਧਾਰਨ ਕਰੀ ਰੱਖਦੇ ਹਨ, ਉਹੀ ਵਡਹੰਸ, ਵੱਡੇ ਵਿਵੇਕੀ ਪੂਰਨ ਪੁਰਖ, ਤੱਤ ਵੇਤਾ ਸੰਤ ਕਹੀਦੇ ਹਨ।

ਪ੍ਰ: ਕਿਉਂ ਜੀ! ਉਨ੍ਹਾਂ ਦੀ ਨਿਸ਼ਾਨੀ ਕੀ ਹੈ?

ਉ: ੨. ਹੇ ਪਿਆਰੇ! ਉਨ੍ਹਾਂ ਨੂੰ ਪਰਖਣ ਲਈ ਕਈ ਨਿਸ਼ਾਨੀਆਂ ਹਨ। ਪਹਿਲੀ ਨਿਸ਼ਾਨੀ ਹੈ ਕਿ ਉਹ ਆਪਣੇ ਹਿਰਦੇ ਅੰਦਰ ਸੱਚੇ ਨਾਮ ਰੂਪੀ ਧਨ ਨੂੰ ਇਕੱਠਾ ਕਰਦੇ ਹਨ, (ਦੂਜਾ) ਉਹ ਸੱਚ ਨੂੰ ਹੀ ਸੋਹਣੀ ਤਰ੍ਹਾਂ ਇਕੱਤ੍ਰ ਕਰਦੇ ਹਨ ਅਤੇ ਤੀਜਾ, ਉਹ ਸਦਾ ਸੱਚ ਵਿਚ ਹੀ ਨਿਵਾਸ ਕਰੀ ਰੱਖਦੇ ਹਨ, ਅਤੇ ਚੌਥੀ ਨਿਸ਼ਾਨੀ ਹੈ ਕਿ ਉਹ ਸੱਚ ਨੂੰ ਹੀ ਪਿਆਰ ਕਰਦੇ ਹਨ। ਇਸੇ ਸੱਚੇ ਨਾਮ ਵਿਚ ਪਿਆਰ ਕਰਨ ਦੀ ਬਰਕਤ ਨਾਲ ਉਹ ਸੱਚ ਵਿਚ ਹੀ ਲੀਨ ਰਹਿੰਦੇ ਹਨ।

੩. ਹੇ ਭਾਈਓ! ਉਨ੍ਹਾਂ ਉੱਤੇ ਕਰਤਾਰ ਨੇ ਮਿਹਰ ਕੀਤੀ ਹੈ, ਜਿਸ ਕਰਕੇ ਉਹ ਸਦਾ ਲਈ ਪਵਿੱਤ੍ਰ ਹੋ ਗਏ ਹਨ। ਹੁਣ ਉਨ੍ਹਾਂ ਨੂੰ ਕੋਈ ਵੀ ਵਿਕਾਰਾਂ ਦੀ ਮੈਲ ਨਹੀਂ ਲੱਗਦੀ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਮੈਂ ਉਨ੍ਹਾਂ ਤੋਂ ਸਦਾ ਹੀ ਬਲਿਹਾਰਨੇ ਹਾਂ, ਜੋ ਮਨੁੱਖ ਹਰ ਵੇਲੇ ਪ੍ਰਭੂ ਨੂੰ ਸਿਮਰਦੇ ਹਨ।੧।

ਮ: ੩॥

੧. ਮੈ ਜਾਨਿਆ ਵਡ ਹੰਸੁ ਹੈ
ਤਾ ਮੈ ਕੀਆ ਸੰਗੁ॥
੨. ਜੇ ਜਾਣਾ ਬਗੁ ਬਪੁੜਾ
ਤ ਜਨਮਿ ਨ ਦੇਦੀ ਅੰਗੁ॥੨॥

ਪਦ ਅਰਥ : ਬਗੁ—ਬਗਲਾ, ਪਖੰਡੀ ਮਨੁੱਖ। ਜਨਮਿ—ਜਨਮ ਤੋਂ ਹੀ, ਮੁੱਢ ਤੋਂ ਹੀ। ਅੰਗੁ ਨ ਦੇਦੀ—ਪਾਸ ਨਾ ਬੈਠਦੀ।

ਅਰਥ :

ਪ੍ਰ: ਕਿਉਂ ਜੀ! ਜਗਤ ਵਿਚ ਤਾਂ ਵੇਖੀਦਾ ਹੈ ਕਿ (ਵਡਹੰਸ) ਤਤ ਵੇਤਿਆਂ ਦੇ ਲਿਬਾਸ ਵਿਚ ਜੱਥਿਆਂ ਦੇ ਜੱਥੇ ਫਿਰਦੇ ਹਨ, ਕੀ ਇਨ੍ਹਾਂ ਸਾਰਿਆਂ ਨੂੰ ਪੂਰਨ ਪੁਰਖ ਸੰਤ ਮੰਨ ਲਿਆ ਜਾਵੇ?

ਉ: ਨਹੀਂ, ਹੇ ਭਾਈ! ਖ਼ਬਰਦਾਰ ਰਹਿਣਾ, ਕਿਤੇ ਹੰਸ ਦੇ ਭੁਲੇਖੇ ਬਗਲੇ ਦਾ ਸੰਗ ਨਹੀਂ ਕਰ ਬੈਠਣਾ, (ਕਿਉਂਕਿ) ਉਨ੍ਹਾਂ ਬਗਲਿਆਂ ਦਾ ਸੰਗ ਕਰ ਕੇ ਆਖ਼ਰ ਪਸਚਾਤਾਪ ਕਰਦਿਆਂ ਇਉਂ ਆਖਣਾ ਪੈਂਦਾ ਹੈ:

੧. ਕਿ ਹੈਂ! ਮੈਂ ਤਾਂ (ਅਮਕੇ ਸੰਤ ਨੂੰ) ਵਡਹੰਸ (ਤਤਵੇਤਾ ਸੰਤ) ਸਮਝਿਆ ਸੀ, ਇਸ ਲਈ ਤਾਂ ਮੈਂ (ਉਸ ਦਾ) ਸੰਗ ਕਰ ਬੈਠਾ।

੨. ਜੇ ਕਦੀ ਮੈਨੂੰ ਪਤਾ ਹੁੰਦਾ ਕਿ ਇਹ ਤਾਂ ਨਿਕਾਰਾ ਬਗਲਾ (ਪਖੰਡੀ ਸੰਤ) ਹੈ ਤਾਂ ਮੈਂ ਕਦੇ ਵੀ ਇਸ ਦੇ ਨੇੜੇ ਨਹੀਂ ਸੀ ਢੁਕਣਾ।੨।

ਮ: ੩॥

੧. ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ॥
੨. ਡੁਬਿ ਮੁਏ ਬਗ ਬਪੁੜੇ
ਸਿਰੁ ਤਲਿ ਉਪਰਿ ਪਾਉ॥੩॥

ਪਦ ਅਰਥ : ਤਲਿ—ਹੇਠਾਂ। ਸਿਰੁ ਤਲਿ ਉਪਰਿ ਪਾਉ—ਸਿਰ ਹੇਠਾਂ ਤੇ ਪੈਰ ਉਤਾਹਾਂ ਨੂੰ, ਸਿਰ ਪਰਨੇ ਹੋ ਕੇ।

ਅਰਥ :

ਪ੍ਰ: ਕਿਉਂ ਜੀ ! ਪਖੰਡੀ ਲੋਕ ਤੱਤ ਵੇਤਿਆਂ ਦੀ ਰੀਸ ਕਿਉਂ ਕਰਦੇ ਹਨ ?

ਉ: ੧. ਹੇ ਭਾਈਓ ! ਜਿਵੇਂ ਕਿ ਹੰਸਾਂ ਨੂੰ ਤਰਦਿਆਂ ਤੱਕ ਕੇ ਬਗਲਿਆਂ ਨੂੰ ਵੀ ਚਾਉ ਆ ਜਾਂਦਾ ਹੈ ਕਿ ਅਸੀਂ ਭੀ ਨਦੀ ਤੋਂ ਪਾਰ ਹੋ ਜਾਈਏ, ਪਰ ਉਨ੍ਹਾਂ ਵਿਚਾਰਿਆਂ ਦੇ ਪਰਾਂ ਵਿਚ ਤਾਕਤ ਨਾ ਹੁੰਦਿਆਂ ਸਿਰ ਪਰਨੇ ਹੋ ਕੇ ਡੁੱਬ ਮਰਦੇ ਹਨ, ਇਸੇ ਤਰ੍ਹਾਂ ਹੇ ਪਿਆਰੇ ! 'ਹੰਸ' ਜੋ ਤੱਤ ਵੇਤਾ ਸੰਤ ਹਨ, ਉਨ੍ਹਾਂ ਨੂੰ ਮਾਇਕ ਨਦੀ ਉੱਤੇ ਤਰਦਿਆਂ ਵੇਖ ਕੇ, (ਇਨ੍ਹਾਂ) ਬਗਲਿਆਂ ਪਖੰਡੀਆਂ ਸੰਤਾਂ ਨੂੰ ਵੀ ਚਾਉ ਆ ਜਾਂਦਾ ਹੈ ਕਿ ਅਸੀਂ ਭੀ ਇਸ ਮਾਇਕ ਨਦੀ ਤੋਂ ਪਾਰ ਹੋ ਜਾਵੀਏ।

੨. ਪਰ ਉਹ ਬਗਲੇ ਵਿਚਾਰੇ ਨਿਕਾਰੇ ਪਖੰਡੀ ਸੰਤ ਸਿਰ ਹੇਠਾਂ ਤੇ ਪੈਰ ਉਪਰ ਹੋ ਕੇ, ਭਾਵ ਪੁੱਠੇ ਹੋ ਕੇ ਮਾਇਕ ਨਦੀ ਵਿਚ ਹੀ ਡੁੱਬ ਮਰਦੇ ਹਨ।੩।

ਨੋਟ : ਇਨ੍ਹਾਂ ਉਪਰਲੇ ਦੋ ਸਲੋਕਾਂ ਉੱਤੇ ਮਹਲਾ ੩ ਲਿਖਿਆ ਹੈ, ਸੋ ਇਹ ਨਿਸਚਤ ਤੀਸਰੀ ਪਾਤਸਾਹੀ ਦੇ ਹੀ ਸਲੋਕ ਹਨ। ਇਹ ਦੋਵੇਂ ਸਲੋਕ ਅੱਗੇ ਚਲ ਕੇ ਫ਼ਰੀਦ ਜੀ ਦੇ ਸਲੋਕਾਂ ਵਿਚ ਜ਼ਰਾ-ਜ਼ਰਾ ਫ਼ਰਕ ਕਰਕੇ ਆਉਂਦੇ ਹਨ। ਦੇਖੋ ਸਲੋਕ ੧੨੨, ੧੨੩।

ਪਉੜੀ ॥

੧. ਤੂ ਆਪੇ ਹੀ ਆਪਿ ਆਪਿ ਹੈ
ਆਪਿ ਕਾਰਣੁ ਕੀਆ ॥
੨. ਤੂ ਆਪੇ ਆਪਿ ਨਿਰੰਕਾਰੁ ਹੈ
ਕੋ ਅਵਰੁ ਨ ਬੀਆ ॥
੩. ਤੂ ਕਰਣ ਕਾਰਣ ਸਮਰਥੁ ਹੈ
ਤੂ ਕਰਹਿ ਸੁ ਥੀਆ ॥
੪. ਤੂ ਅਣਮੰਗਿਆ ਦਾਨੁ ਦੇਵਣਾ
ਸਭਨਾਹਾ ਜੀਆ ॥
੫. ਸਭਿ ਆਖਹੁ ਸਤਿਗੁਰੁ ਵਾਹੁ ਵਾਹੁ
ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥

ਪਦ ਅਰਥ : ਕਾਰਣੁ—ਮੁੱਢ। ਨਿਰੰਕਾਰੁ—ਨਿਰਗੁਣ ਰੂਪ, ਜਿਸ ਦਾ ਕੋਈ ਖ਼ਾਸ ਸਰੂਪ ਨਹੀਂ। ਬੀਆ—ਦੂਜਾ। ਵਾਹੁ ਵਾਹੁ—ਧੰਨ।

ਅਰਥ :

ਪ੍ਰ: ਹਜ਼ੂਰ ! ਜਦੋਂ ਆਪ ਜੀ ਉਸ ਨਿਰੰਕਾਰ ਦੀ ਉਸਤਤ ਕਰਨਾ ਚਾਹੁੰਦੇ ਹੋ ਤਾਂ ਉਹ ਕਿਸ ਰੂਪ ਵਿਚ ਕਰਦੇ ਹੋ ?

ਉ: ੧. ਹੇ ਭਾਈਓ ! ਅਸੀਂ ਤਾਂ ਉਸ ਕਰਤਾਰ ਦੀ ਸਿਫ਼ਤ ਕਰਨ ਸਮੇਂ ਇਉਂ ਹੀ ਕਹਿੰਦੇ ਹਾਂ ਕਿ ਹੇ ਪ੍ਰਭੂ ! ਇਸ ਸੰਸਾਰ ਦਾ ਮੁੱਢ ਤੂੰ ਆਪ ਹੀ ਬਣਾਇਆ ਹੈ, (ਕਿਉਂਕਿ) ਇਸ ਤੋਂ ਪਹਿਲਾਂ ਦਾ ਵੀ ਤੂੰ ਆਪ ਹੀ ਆਪ ਹੈਂ, ਤੂੰ ਆਪ ਹੀ ਇਕ ਅਦੁੱਤੀ ਹੈਂ।

੨. ਕਾਰਨ ਕਰਕੇ ਵੀ ਤੂੰ ਆਪਣੇ ਆਪ ਵਿਚ ਨਿਰੰਕਾਰ ਹੈਂ। ਤੇਰੇ ਸਿਵਾ ਦੂਜਾ ਹੋਰ ਕੋਈ ਤੇਰੇ ਜਿਹਾ ਨਹੀਂ ਹੈ (ਜੋ ਮੈਂ ਬਿਆਨ ਕਰ ਸਕਾਂ)।

੩. ਸ੍ਰਿਸ਼ਟੀ ਦੀ ਉਤਪਤੀ ਕਰਨ ਦੇ ਤੂੰ ਹੀ ਸਮਰੱਥ ਹੈਂ। ਜੋ ਕੁਝ ਤੂੰ ਕਰਦਾ ਹੈਂ, ਓਹੀ ਹੁੰਦਾ ਹੈ।

੪. ਸਾਰੇ ਜੀਵਾਂ ਨੂੰ (ਉਨ੍ਹਾਂ ਦੇ) ਮੰਗਣ ਤੋਂ ਬਿਨਾ ਹੀ ਸਭ ਦਾਤਾਂ ਦੇ ਰਿਹਾ ਹੈਂ।

੫. ਹੇ ਭਾਈ ! ਇਸ ਸੋਝੀ ਦੇ ਦਾਤੇ ਸਤਿਗੁਰੂ ਨੂੰ ਸਾਰੇ ਵਾਹ ਵਾਹ, ਧੰਨ ਧੰਨ ਆਖੋ, ਜਿਸ ਨੇ (ਸਾਨੂੰ) ਹਰੀ ਨਾਮ ਦਾ ਸ੍ਰੇਸ਼ਟ ਦਾਨ ਦਿੱਤਾ ਹੈ।੧।

ਭਾਵਾਰਥ : ਉਪ੍ਰੋਕਤ ਪਹਿਲੇ ਸਲੋਕ ਵਿਚ ਹਜ਼ੂਰ ਜੀ ਨੇ ਤੱਤ ਵੇਤਾ ਮਹਾਂਪੁਰਖਾਂ ਦੀ ਮਹਿਮਾ ਅੰਕਤ ਕੀਤੀ ਅਤੇ ਉਨ੍ਹਾਂ ਸੰਤਾਂ ਦੀ ਉਸਤਤ ਕੀਤੀ ਹੈ। ਦੂਜੇ ਵਿਚ ਪਖੰਡੀ ਸੰਤ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਤੀਸਰੇ ਵਿਚ ਪਖੰਡੀਆਂ ਦਾ ਅੰਤ ਦਰਸਾਇਆ ਹੈ ਅਤੇ ਪਉੜੀ ਵਿਚ ਉਸ ਪ੍ਰਭੂ ਦੀ ਉਸਤਤ ਕਰਦੇ ਹਨ ਕਿ ਹੇ ਪਿਆਰਿਓ ! ਤੱਕੋ ਜਿਸ ਪਰਮੇਸ਼ਰ ਜੀ ਨੇ ਅਦ੍ਰਿਸ਼ਟ ਰੂਪ ਤੋਂ ਸਰੂਪ ਵਾਲਾ ਹੋ ਕੇ ਇਸ ਜਗਤ ਦੀ ਰਚਨਾ ਕੀਤੀ ਹੈ, ਜੋ ਸਭੋ ਕੁਝ ਕਰਨ ਦੀ ਸਮਰੱਥਾ ਰੱਖਦਾ ਹੈ ਤੇ ਜੋ ਸਾਰੇ ਜੀਵਾਂ ਨੂੰ ਅਣਮੰਗਿਆ ਦਾਨ ਦੇਂਦਾ ਹੈ, ਹੇ ਭਾਈਓ ! ਉਸ ਦੀ ਬੰਦਗੀ ਦਾ ਦਾਨ ਸਤਿਗੁਰੂ ਪਾਸੋਂ ਹੀ ਮਿਲਦਾ ਹੈ।

ਸਲੋਕੁ ਮ: ੩ ॥

੧. ਭੈ ਵਿਚਿ ਸਭੁ ਆਕਾਰੁ ਹੈ
ਨਿਰਭਉ ਹਰਿ ਜੀਉ ਸੋਇ ॥
੨. ਸਤਿਗੁਰਿ ਸੇਵਿਐ ਹਰਿ ਮਨਿ ਵਸੈ
ਤਿਥੈ ਭਉ ਕਦੇ ਨ ਹੋਇ ॥
੩. ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ
ਪੋਹਿ ਨ ਸਕੈ ਕੋਇ ॥
੪. ਗੁਰਮੁਖਿ ਮਨਿ ਵੀਚਾਰਿਆ
ਜੋ ਤਿਸੁ ਭਾਵੈ ਸੁ ਹੋਇ ॥
੫. ਨਾਨਕ ਆਪੇ ਹੀ ਪਤਿ ਰਖਸੀ
ਕਾਰਜ ਸਵਾਰੇ ਸੋਇ ॥੧॥

ਪਦ ਅਰਥ : ਸਤਿਗੁਰਿ ਸੇਵਿਐ—ਜੇ ਗੁਰੂ ਦੀ ਦੱਸੀ ਕਾਰ ਕਰੀਏ, ਜੇ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰੀਏ। ਗੁਰਮੁਖਿ—ਜੋ ਮਨੁੱਖ ਗੁਰੂ ਦੇ ਰਾਹ 'ਤੇ ਤੁਰਦਾ ਹੈ, ਗੁਰੂ ਦੇ ਸਨਮੁੱਖ ਮਨੁੱਖ। ਤਿਸੁ—ਪ੍ਰਭੂ ਨੂੰ।

ਅਰਥ :

ਪ੍ਰ: ਹਜ਼ੂਰ ! ਇਸ ਸਾਰੇ ਜਗਤ ਵਿਚ ਉਹ ਕਿਹੜੀ-ਕਿਹੜੀ ਸ਼ੈਅ ਹੈ, ਜਿਸ ਨੂੰ ਕਿ ਭੈ ਤੋਂ ਬਿਨਾ ਮੰਨਿਆ ਜਾਵੇ ?

ੳ: ੧. ਹੇ ਭਾਈਓ! ਇਸ ਜਗਤ ਦਾ ਸਾਰਾ ਅਕਾਰ, ਭਾਵ ਜਗਤ ਵਿਚ ਜੋ ਵੀ ਕੁਝ ਦਿੱਸ ਰਿਹਾ ਹੈ, ਇਹ ਸਭ ਡਰ ਦੇ ਅਧੀਨ ਹੈ। ਇਕ ਉਹ ਪਰਮੇਸ਼ਰ ਹੀ, ਜਿਸ ਨੇ ਕਿ ਇਹ ਜਗਤ ਬਣਾਇਆ, ਡਰ ਤੋਂ ਰਹਿਤ ਹੈ।

ਪ੍ਰ: ਕਿਉਂ ਜੀ! ਉਹ ਡਰ ਰਹਿਤ ਪ੍ਰਭੂ ਮਨ ਵਿਚ ਕਿਵੇਂ ਵਸ ਸਕਦਾ ਹੈ?

ੳ: ੨. ਜੇ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰੀਏ, ਤਾਂ (ਉਹ ਡਰ ਰਹਿਤ) ਪ੍ਰਭੂ ਮਨ ਵਿਚ ਆ ਵਸਦਾ ਹੈ। ਬਸ ਫਿਰ ਉਸ ਮਨ ਵਿਚ ਕਦੇ ਕੋਈ ਡਰ ਨਹੀਂ ਵਿਆਪਦਾ।

੩. ਉਸ ਦੇ ਨੇੜੇ ਕੋਈ ਦੁਸ਼ਮਣ ਤੇ ਦੁੱਖ ਵੀ ਨਹੀਂ ਆ ਸਕਦਾ, ਨਾ ਹੀ ਕਦੇ ਆਪਣਾ ਮਾੜਾ ਅਸਰ ਪਾ ਸਕਦਾ ਹੈ।

੪. ਗੁਰਮੁਖ ਮਨ ਵਿਚ ਇਹ ਵੀਚਾਰ ਰੱਖਦਾ ਹੈ ਕਿ ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਸੋ ਹੁੰਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਹ ਆਪੇ ਹੀ ਪਤਿ ਰਖੇਗਾ, ਆਪੇ ਹੀ ਕਾਰਜ ਸਵਾਰੇਗਾ।੧।

ਮ: ੩ ॥

੧. ਇਕਿ ਸਜਣ ਚਲੇ ਇਕਿ ਚਲਿ ਗਏ
ਰਹਦੇ ਭੀ ਫੁਨਿ ਜਾਹਿ ॥
੨. ਜਿਨੀ ਸਤਿਗੁਰੁ ਨ ਸੇਵਿਓ
ਸੇ ਆਇ ਗਏ ਪਛੁਤਾਹਿ ॥
੩. ਨਾਨਕ ਸਚਿ ਰਤੇ ਸੇ ਨ ਵਿਛੁੜਹਿ
ਸਤਿਗੁਰੁ ਸੇਵਿ ਸਮਾਹਿ ॥੨॥

ਅਰਥ :

ਪ੍ਰ: ਹਜ਼ੂਰ! ਇਸ ਜਗਤ ਵਿਚ ਸਦਾ ਅਟੱਲ ਰਹਿਣ ਵਾਲਾ ਕਿਸ ਨੂੰ ਮੰਨਿਆ ਜਾਵੇ?

ੳ: ੧. ਹੇ ਮਿੱਤਰੋ! ਇਸ ਜਗਤ ਅੰਦਰ ਸਦਾ ਕੋਈ ਵੀ ਨਹੀਂ ਰਹਿੰਦਾ, (ਕਿਉਂਕਿ) ਵੇਖ ਲਓ, ਇਕ ਸੱਜਣ ਤੁਰ ਰਹੇ ਹਨ, ਭਾਵ ਹੈ ਕਿ ਤੁਰਨ ਨੂੰ ਤਿਆਰ ਹਨ, (ਤੱਕ ਲੌ, ਸਾਡੀਆਂ ਅੱਖੀਆਂ ਦੇ ਸਾਹਮਣੇ) ਕਈ ਕੂਚ ਕਰ ਗਏ ਹਨ ਅਤੇ ਜੋ ਬਾਕੀ ਨਜ਼ਰ ਆਉਂਦੇ ਹਨ, ਉਹ ਵੀ ਚਲੇ ਜਾਣਗੇ। (ਭਾਵ ਹੈ ਜਗਤ ਵਿਚ ਜੋ ਭੀ ਆਇਆ ਹੈ, ਉਹ ਇਥੇ ਸਦਾ ਨਹੀਂ ਰਹਿ ਸਕਦਾ)।

ਪ੍ਰ: ਕਿਉਂ ਜੀ! ਆਪ ਜੀ ਦੇ ਕਥਨ ਅਨੁਸਾਰ ਜੋ ਵੀ ਇਥੇ ਆਇਆ, ਉਹ ਚਲਾ ਗਿਆ ਹੈ। ਕੀ ਇਨ੍ਹਾਂ ਆਉਣ ਵਾਲਿਆਂ ਵਿਚ ਕੋਈ ਵੀ ਅੰਤਰਾ ਨਹੀਂ?

ੳ: ੨. ਹੇ ਭਾਈਓ! ਅੰਤਰਾ ਤਾਂ ਜ਼ਰੂਰ ਹੈ। ਉਹ ਇਉਂ ਸਮਝੋ ਕਿ ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਨੂੰ ਨਹੀਂ ਸੇਵਿਆ, ਭਾਵ ਸਤਿਗੁਰਾਂ ਦੀ ਦੱਸੀ ਹੋਈ ਕਾਰ ਨਹੀਂ ਕੀਤੀ, ਉਹ ਇਸ ਜਗਤ ਵਿਚ ਆ ਕੇ ਇਥੋਂ ਸਦਾ ਹੀ ਪਛਤਾਉਂਦੇ ਚਲੇ ਜਾਂਦੇ ਹਨ।

ਪ੍ਰ: ਹਜ਼ੂਰ ਜੀਉ! ਜੋ ਮਨੁੱਖ ਸਤਿਗੁਰੂ ਦੀ ਸੇਵਾ ਕਰਦੇ ਹਨ, ਉਨ੍ਹਾਂ ਨੂੰ ਕੀ ਫਲ ਮਿਲਦਾ ਹੈ?

ੳ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜੋ ਮਨੁੱਖ ਸੱਚੇ ਨਾਮ ਵਿਚ ਰਤੇ ਹੋਏ ਹਨ, ਉਹ ਸਾਈਂ ਜੀ ਤੋਂ ਕਦੇ ਵੀ ਨਹੀਂ ਵਿਛੜਦੇ। ਉਹ ਤਾਂ ਗੁਰੂ ਦੀ ਦੱਸੀ ਹੋਈ ਸੇਵਾ ਕਰਕੇ, ਸਦਾ ਪ੍ਰਭੂ ਵਿਚ ਹੀ ਜੁੜੇ ਰਹਿੰਦੇ ਹਨ।੨।

ਪਉੜੀ ॥

੧. ਤਿਸੁ ਮਿਲੀਐ ਸਤਿਗੁਰ ਸਜਣੈ
ਜਿਸੁ ਅੰਤਰਿ ਹਰਿ ਗੁਣਕਾਰੀ ॥
੨. ਤਿਸੁ ਮਿਲੀਐ ਸਤਿਗੁਰ ਪ੍ਰੀਤਮੈ
ਜਿਨਿ ਹੰਉਮੈ ਵਿਚਹੁ ਮਾਰੀ ॥
੩. ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ
ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ ॥
੪. ਨਿਤ ਜਪਿਅਹੁ ਸੰਤਹੁ ਰਾਮ ਨਾਮੁ
ਭਉਜਲ ਬਿਖੁ ਤਾਰੀ ॥
੫. ਗੁਰਿ ਪੂਰੈ ਹਰਿ ਉਪਦੇਸਿਆ
ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥

ਪਦ ਅਰਥ : ਭਉਜਲ—ਸੰਸਾਰ ਸਮੁੰਦਰ। ਬਿਖੁ—ਜ਼ਹਿਰ। ਉਪਦੇਸਿਆ—ਨੇੜੇ ਵਿਖਾਇਆ।

ਅਰਥ :

ਪ੍ਰ: ਹਜ਼ੂਰ ਜੀਉ! ਜਗਤ ਵਿਚ ਗੁਰੂ ਤਾਂ ਵੇਖਣ ਵਿਚ ਬਹੁਤ ਆਉਂਦੇ ਹਨ, ਪਰ ਆਪ ਜੀ ਕਿਸੇ ਸੱਚੇ ਸੁੱਚੇ ਗੁਰੂ ਦੀ ਸਹੀ ਨਿਸ਼ਾਨੀ ਦੱਸੋ, ਜਿਸ ਨੂੰ ਕਿ ਮਿਲ ਸਕੀਏ?

ੳ: ੧. ਹੇ ਪਿਆਰਿਓ! ਅਸਲ ਵਿਚ ਤਾਂ ਉਸੇ ਸੱਜਣ ਸਤਿਗੁਰੂ ਨੂੰ ਮਿਲਣਾ ਚਾਹੀਦਾ ਹੈ, ਜਿਸ ਦੇ ਹਿਰਦੇ ਵਿਚ ਗੁਣਾਂ ਦਾ ਸੋਮਾ ਪਰਮੇਸ਼ਰ ਵਸ ਰਿਹਾ ਹੈ

੨. ਅਤੇ ਉਸ ਪ੍ਰੀਤਮ ਸਤਿਗੁਰੂ ਦੀ ਸ਼ਰਨ ਪੈਣਾ ਚਾਹੀਦਾ ਹੈ, ਜਿਸ ਨੇ ਆਪਣੇ ਅੰਦਰੋਂ ਹੰਕਾਰ ਦੂਰ ਕਰ ਲਿਆ ਹੈ।

੩. ਹੇ ਭਾਈਓ! ਉਹ ਪੂਰਾ ਸਤਿਗੁਰੂ ਧੰਨਤਾ ਯੋਗ ਹੈ, ਜਿਸ ਨੇ ਹਰੀ ਦਾ ਉਪਦੇਸ਼ ਦੇ ਕੇ ਸਾਰੀ ਸ੍ਰਿਸ਼ਟੀ ਸਵਾਰ ਦਿੱਤੀ ਹੈ।

੪. (ਇਸ ਲਈ) ਹੇ ਸੰਤ ਜਨੋ! ਜੋ ਸੰਸਾਰ ਸਮੁੰਦ੍ਰ ਦੀ (ਮਾਇਆ ਰੂਪ) ਜ਼ਹਿਰ ਤੋਂ ਪਾਰ ਲੰਘਾਉਣ ਵਾਲਾ ਹੈ, ਉਸੇ ਹਰੀ ਨਾਮ ਨੂੰ ਜਪੋ।

੫. (ਸਾਨੂੰ) ਤਾਂ ਪੂਰੇ ਗੁਰੂ ਨੇ ਹਰੀ ਨਾਮ ਦਾ ਉਪਦੇਸ਼ ਦਿੱਤਾ ਹੈ (ਇਸ ਲਈ) ਮੈਂ ਸਦਾ ਹੀ ਗੁਰੂ ਤੋਂ ਸਦਕੇ ਜਾਂਦਾ ਹਾਂ।੨।

ਭਾਵਾਰਥ : ਸਲੋਕ ਦੇ ਆਰੰਭ ਵਿਚ ਉਸ ਨਿਰੰਕਾਰ ਪ੍ਰਭੂ ਨੂੰ ਭੈ ਤੋਂ ਰਹਿਤ ਦੱਸਿਆ ਹੈ ਤੇ ਬਾਕੀ ਦਾ ਸਾਰਾ ਆਕਾਰ ਉਸ ਦੇ ਭੈ ਵਿਚ ਚਲ ਰਿਹਾ ਹੈ। ਅੱਗੇ ਨਿਰਭਉ ਹੋਣ ਦੀ ਜਾਚ ਦੱਸਦੇ ਹਨ ਕਿ ਉਸ ਨਿਰਭਉ ਪਰਮੇਸ਼ਰ ਨੂੰ ਆਪਣੇ ਹਿਰਦੇ ਵਿਚ ਵਸਾਓ।

ਜਗਤ ਵਿਚ ਪੈਦਾ ਹੋਣ ਵਾਲਾ ਹਰ ਪ੍ਰਾਣੀ ਮਾਤ੍ਰ ਟੁਰਿਆ ਜਾ ਰਿਹਾ ਹੈ, ਪਰ ਜੋ ਸਤਿਗੁਰੂ ਦੀ ਸੇਵਾ ਤੋਂ ਸਖਣੇ ਹਨ, ਉਹ ਇਥੋਂ ਪਸਚਾਤਾਪ ਹੀ ਕਰਦੇ ਟੁਰ ਜਾਂਦੇ ਹਨ।

(ਹਾਂ) ਇਕ ਉਹ ਸੱਜਣ ਭੀ ਹਨ, ਜੋ ਸਤਿਗੁਰੂ ਦੀ ਸੇਵਾ ਕਰਦੇ ਹੋਏ ਕਦੇ ਭੀ ਵਾਹਿਗੁਰੂ ਜੀ ਤੋਂ ਵਿਛੜਦੇ ਨਹੀਂ, ਸਦਾ ਸਾਈਂ ਜੀ ਵਿਚ ਹੀ ਸਮਾਏ ਰਹਿੰਦੇ ਹਨ।

ਆਖ਼ਰ ਪਉੜੀ ਵਿਚ ਸਿਧਾਂਤ ਅੰਕਤ ਕਰਦੇ ਹਨ ਕਿ ਸਤਿਗੁਰੂ ਦੇ ਅੰਦਰ ਪਰਮੇਸ਼ਰ ਪ੍ਰਤੱਖ ਪ੍ਰਗਟ ਹੈ, ਕਿਉਂਕਿ ਗੁਰੂ ਅਪਣੱਤ ਮਿਟਾ ਕੇ ਪਰਮੇਸ਼ਰ ਨਾਲ ਇਕ ਰੂਪ ਹੋ ਜਾਂਦਾ ਹੈ। ਉਹ ਗੁਰੂ ਹੋਰ ਲੋਕਾਂ ਨੂੰ ਭੀ ਪਰਮਾਤਮਾ ਦੇ ਨੇੜੇ ਅੰਗ-ਸੰਗ ਵਿਖਾ ਕੇ ਵਿਕਾਰਾਂ ਤੋਂ ਬਚਾ ਲੈਂਦਾ ਹੈ ਅਤੇ ਸਿੱਧੇ ਮਾਰਗ ਪਾ ਦੇਂਦਾ ਹੈ।

ਸਲੋਕੁ ਮ: ੩ ॥

੧. ਸਤਿਗੁਰ ਕੀ ਸੇਵਾ ਚਾਕਰੀ
ਸੁਖੀ ਹੂੰ ਸੁਖ ਸਾਰੁ ॥
੨. ਐਥੈ ਮਿਲਨਿ ਵਡਿਆਈਆ
ਦਰਗਹ ਮੋਖ ਦੁਆਰੁ ॥
੩. ਸਚੀ ਕਾਰ ਕਮਾਵਣੀ
ਸਚੁ ਪੈਨਣੁ ਸਚੁ ਨਾਮੁ ਅਧਾਰੁ ॥
੪. ਸਚੀ ਸੰਗਤਿ ਸਚਿ ਮਿਲੈ
ਸਚੈ ਨਾਇ ਪਿਆਰੁ ॥
੫. ਸਚੈ ਸਬਦਿ ਹਰਖੁ ਸਦਾ
ਦਰਿ ਸਚੈ ਸਚਿਆਰੁ ॥
੬. ਨਾਨਕ ਸਤਿਗੁਰ ਕੀ ਸੇਵਾ ਸੋ ਕਰੈ
ਜਿਸ ਨੋ ਨਦਰਿ ਕਰੈ ਕਰਤਾਰੁ ॥੧॥

ਪਦ ਅਰਥ : ਸਾਰੁ—ਤੱਤ, ਨਿਚੋੜ। ਸੁਖੀ ਹੂੰ ਸੁਖ—ਚੰਗੇ ਤੋਂ ਚੰਗੇ ਸੁੱਖ ਦਾ। ਐਥੇ—ਜਗਤ ਵਿਚ।

ਅਰਥ :

ਪ੍ਰ: ਗ਼ਰੀਬ ਨਿਵਾਜ਼! ਇਹ ਦੱਸੋ ਕਿ ਸੰਸਾਰ ਵਿਚ ਵੱਡੇ ਤੋਂ ਵੱਡੇ ਹਰ ਪ੍ਰਕਾਰ ਦੇ ਸੁੱਖਾਂ ਦੀ ਦਾਤੀ ਕਿਸ ਦੀ ਸੇਵਾ ਹੈ?

ਉ: ੧. ਹੇ ਭਾਈਓ! ਇਸ ਸਾਰੇ ਜਗਤ ਵਿਚ ਜੋ ਸਤਿਗੁਰੂ ਦੀ ਦੱਸੀ ਹੋਈ ਸੇਵਾ ਚਾਕਰੀ ਹੈ, ਇਸ ਨੂੰ ਕਰਦੇ ਰਹਿਣਾ ਇਹੋ ਹੀ (ਵੱਡੇ ਤੋਂ ਵੱਡੇ) ਸੁੱਖਾਂ ਵਿਚੋਂ ਸਾਰੇ ਸੁੱਖ ਦੇਣ ਵਾਲੀ ਹੈ, (ਭਾਵ ਹੈ ਕਿ ਸਾਰੇ ਸੁੱਖਾਂ ਦਾ ਤੱਤ ਸੁੱਖ ਦੇਣ ਵਾਲੀ ਸਤਿਗੁਰੂ ਦੀ ਸੇਵਾ ਹੈ)।

ਪ੍ਰ: ਹਜ਼ੂਰ! ਕੋਈ ਪ੍ਰਤੱਖ ਸਬੂਤ ਦਿਓ।

ਉ: ੨. ਹੇ ਪਿਆਰਿਓ! ਗੁਰੂ ਦੀ ਦੱਸੀ ਸੇਵਾ ਕਰਦੇ ਰਹਿਣ ਵਾਲੇ ਸੇਵਕ ਨੂੰ, ਇਸ ਜਗਤ ਵਿਚ ਆਦਰ ਮਿਲਦਾ ਹੈ ਅਤੇ ਰੱਬੀ ਦਰਬਾਰ ਗਇਆਂ ਮੁਕਤੀ ਦਾ ਦਰਵਾਜ਼ਾ (ਖੁੱਲ੍ਹਾ ਪ੍ਰਾਪਤ ਹੁੰਦਾ ਹੈ)।

੩. ਹੇ ਭਾਈ! (ਗੁਰੂ ਦੀ ਸੇਵਾ) ਸੱਚੀ ਕਾਰ ਕਮਾਉਣ ਜੋਗ ਹੈ (ਕਿਉਂਕਿ) ਇਸ ਨੂੰ ਕਰਦੇ ਰਹਿਣ ਨਾਲ (ਮਨੁੱਖ ਨੂੰ ਪੜਦੇ ਕੱਜਣ ਲਈ) ਸੱਚਾ ਨਾਮ ਰੂਪੀ ਪੁਸ਼ਾਕਾ ਮਿਲਦਾ ਹੈ ਅਤੇ ਸੱਚਾ ਨਾਮ ਰੂਪ ਆਸਰਾ ਮਿਲ ਜਾਂਦਾ ਹੈ।

੪. ਇਸ ਤਰ੍ਹਾਂ, ਉਸ ਸੱਚੇ ਸੇਵਕ ਨੂੰ, ਗੁਰੂ ਦੀ ਸੱਚੀ ਸੰਗਤ ਦੁਆਰਾ ਸੱਚੇ ਵਾਹਿਗੁਰੂ ਨਾਲ ਪਿਆਰ ਪੈ ਜਾਂਦਾ ਹੈ। ਇਸੇ ਤਰ੍ਹਾਂ ਹੀ ਉਸ ਨੇ ਸੱਚੇ ਸਰੂਪ ਵਿਚ ਜਾ ਮਿਲਣਾ ਹੈ।

੫. ਹੇ ਭਾਈਓ! ਗੁਰੂ ਦੇ ਸੱਚੇ ਸ਼ਬਦ ਦੀ ਬਰਕਤ ਨਾਲ ਮਨੁੱਖ ਦੇ ਮਨ ਵਿਚ ਸਦੀਵੀ ਕਾਲ ਖ਼ੁਸ਼ੀ ਬਣੀ ਰਹਿੰਦੀ ਹੈ ਤੇ ਪ੍ਰਭੂ ਦੀ ਹਜ਼ੂਰੀ ਵਿਚ ਉਹ ਸੁਰਖ਼ਰੂ ਹੋ ਜਾਂਦਾ ਹੈ।

ਪ੍ਰ: ਕਿਉਂ ਜੀ! ਅਜੇਹੀ ਸੁੱਖਾਂ ਦੀ ਦਾਤੀ ਸੇਵਾ ਨੂੰ ਹਰ ਮਨੁੱਖ ਕਿਉਂ ਨਹੀਂ ਕਰਦਾ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਸਤਿਗੁਰੂ ਦੀ ਸੇਵਾ ਉਹ ਮਨੁੱਖ ਹੀ ਕਰਦਾ ਹੈ, ਜਿਸ ਉੱਤੇ ਉਹ ਕਰਤਾਰ ਆਪ ਹੀ ਕ੍ਰਿਪਾ ਦ੍ਰਿਸ਼ਟੀ ਕਰੇ।੧।

ਮ: ੩ ॥

੧. ਹੋਰ ਵਿਡਾਣੀ ਚਾਕਰੀ
ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥
੨. ਅੰਮ੍ਰਿਤੁ ਛੋਡਿ ਬਿਖੁ ਲਗੇ
ਬਿਖੁ ਖਟਣਾ ਬਿਖੁ ਰਾਸਿ ॥
੩. ਬਿਖੁ ਖਾਣਾ ਬਿਖੁ ਪੈਨਣਾ
ਬਿਖੁ ਕੇ ਮੁਖਿ ਗਿਰਾਸ ॥
੪. ਐਥੈ ਦੁਖੋ ਦੁਖੁ ਕਮਾਵਣਾ
ਮੁਇਆ ਨਰਕਿ ਨਿਵਾਸੁ ॥
੫. ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ
ਕਾਮ ਕਰੋਧਿ ਵਿਣਾਸੁ ॥
੬. ਸਤਿਗੁਰ ਕਾ ਭਉ ਛੋਡਿਆ
ਮਨਹਠਿ ਕੰਮੁ ਨ ਆਵੈ ਰਾਸਿ ॥
੭. ਜਮ ਪੁਰਿ ਬਧੇ ਮਾਰੀਅਹਿ
ਕੋ ਨ ਸੁਣੇ ਅਰਦਾਸਿ ॥
੮. ਨਾਨਕ ਪੂਰਬਿ ਲਿਖਿਆ ਕਮਾਵਣਾ
ਗੁਰਮੁਖਿ ਨਾਮਿ ਨਿਵਾਸੁ ॥੨॥

ਅਰਥ :

ਪ੍ਰ: ਸ੍ਰੀ ਜੀਉ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਗੁਰੂ ਦੀ ਸੇਵਾ ਕਰਨੀ ਛੱਡ ਕੇ ਹੋਰ-ਹੋਰ ਦੇਵੀ ਦੇਵਤਿਆਂ ਦੀ ਸੇਵਾ ਕਰਨ ਵਿਚ ਲੋਕੀਂ ਰੁੱਝੇ ਰਹਿੰਦੇ ਹਨ, ਉਨ੍ਹਾਂ ਲੋਕਾਂ ਬਾਰੇ ਆਪ ਦੇ ਕੀ ਵੀਚਾਰ ਹਨ?

ਉ: ੧. ਹੇ ਮਿੱਤਰੋ! ਮੈਂ ਤਾਂ ਗੁਰਮਤਿ ਅਨੁਸਾਰ ਇਉਂ ਹੀ ਸਮਝਿਆ ਹੈ ਕਿ ਜੋ ਐਸੇ ਗੁਰੂ ਨੂੰ ਛੱਡ ਕੇ, ਹੋਰ ਬਿਗਾਨੀ ਸੇਵਾ ਕਰਦੇ ਰਹਿਣ ਵਿਚ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦਾ ਜੀਵਨ ਧ੍ਰਿਕਾਰ ਹੈ ਤੇ ਉਸ ਸੇਵਕ ਦਾ ਇਸ ਜਗਤ ਵਿਚ ਵਸਦੇ ਰਹਿਣਾ ਵੀ ਫਿਟਕਾਰ ਜੋਗ ਹੈ।

ਪ੍ਰ: ਹਜ਼ੂਰ! ਆਪ ਬਿਗਾਨੀ ਕਾਰ ਕਰਨ ਵਾਲੇ ਸੇਵਕਾਂ ਦੇ ਜੀਵਨ ਨੂੰ ਧ੍ਰਿਕਾਰ ਕਿਉਂ ਕਰਦੇ ਹੋ?

ਉ: ੨. ਕਿਉਂਕਿ ਉਹ ਮਨੁੱਖ (ਨਾਮ ਰੂਪੀ) ਅੰਮ੍ਰਿਤ ਨੂੰ ਛੱਡ ਕੇ, (ਮਾਇਆ ਰੂਪੀ ਜ਼ਹਿਰ) ਇਕੱਠਾ ਕਰਨ ਵਿਚ ਲੱਗੇ ਹੋਏ ਹਨ, ਜ਼ਹਿਰ ਹੀ ਉਨ੍ਹਾਂ ਦੀ ਖੱਟੀ ਕਮਾਈ ਹੈ ਤੇ ਜ਼ਹਿਰ ਹੀ ਉਨ੍ਹਾਂ ਦੀ ਪੂੰਜੀ ਹੈ।

੩. (ਮਾਇਆ ਰੂਪੀ ਜ਼ਹਿਰ ਹੀ) ਉਨ੍ਹਾਂ ਦੀ ਖ਼ੁਰਾਕ ਹੈ। ਇਹੋ ਜ਼ਹਿਰ ਹੀ ਉਨ੍ਹਾਂ ਦੀ ਪੁਸ਼ਾਕ ਹੈ ਅਤੇ ਉਹ ਮੂੰਹ ਵਿਚ ਗਿਰਾਹੀਆਂ ਭੀ ਵਿਹੁ ਦੀਆਂ ਹੀ ਲੈਂਦੇ ਹਨ।

ਪ੍ਰ: ਕਿਉਂ ਜੀ! ਆਖ਼ਰ ਉਨ੍ਹਾਂ ਨੂੰ ਫਲ ਕੀ ਮਿਲਦਾ ਹੈ?

ਉ: ੪. ਹੇ ਭਾਈ! ਐਸੇ ਬੰਦੇ ਇਸ ਜਗਤ ਵਿਚ (ਸਦੀਵੀ ਕਾਲ) ਦੁੱਖ ਹੀ ਭੋਗਦੇ ਹਨ ਅਤੇ ਮੋਇਆਂ ਦਾ ਨਿਵਾਸ ਵੀ ਉਨ੍ਹਾਂ ਦਾ ਨਰਕਾਂ ਵਿਚ ਹੀ ਹੁੰਦਾ ਹੈ।

੫. ਹੇ ਭਾਈਓ! ਐਸੇ ਚਾਕਰਾਂ ਨੂੰ ਮਨਮੁਖ ਕਿਹਾ ਜਾਂਦਾ ਹੈ, ਕਿਉਂਕਿ ਉਨ੍ਹਾਂ ਦੇ ਮੂੰਹ ਮੈਲੇ ਹੁੰਦੇ ਹਨ ਅਤੇ ਨਾ ਹੀ ਉਹ ਸ਼ਬਦ (ਨਾਮ) ਨੂੰ ਹੀ ਜਾਣਦੇ ਹਨ। ਸਦਾ ਉਹ ਕਾਮ ਕ੍ਰੋਧ ਵਿਚ ਹੀ ਰਹਿੰਦੇ ਹਨ, ਜਿਸ ਕਰ ਕੇ ਇਨ੍ਹਾਂ ਵਿਕਾਰਾਂ ਵਿਚ ਹੀ ਉਨ੍ਹਾਂ ਦਾ ਨਾਸ ਹੋ ਜਾਂਦਾ ਹੈ।

੬. ਹੇ ਪਿਆਰਿਓ! ਉਨ੍ਹਾਂ ਨੇ ਸਤਿਗੁਰੂ ਦਾ ਭਉ (ਉੱਕਾ ਹੀ) ਛੱਡ ਦਿੱਤਾ ਹੈ, ਮਨ ਦੇ ਹੱਠ ਕਰ ਕੇ ਉਨ੍ਹਾਂ ਦਾ (ਕੋਈ ਵੀ) ਕੰਮ ਰਾਸ ਨਹੀਂ ਆਉਂਦਾ।

੭. (ਇਸੀ ਕਰਕੇ) ਉਹ ਐਸੇ ਮਨਮੁਖ ਮਨੁੱਖ ਜਮਾਂ ਦੀ ਪੁਰੀ ਵਿਚ ਬੱਧੇ ਮਾਰ ਖਾਂਦੇ ਹਨ ਅਤੇ (ਉਸ ਵੇਲੇ) ਉਨ੍ਹਾਂ ਦੀ ਕੋਈ ਵੀ ਪੁਕਾਰ ਨਹੀਂ ਸੁਣਦਾ (ਭਾਵ ਕੋਈ ਉਨ੍ਹਾਂ ਦੀ ਸਹਾਇਤਾ ਨਹੀਂ ਕਰ ਸਕਦਾ)।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਇਹ ਕਿਸੇ ਦੇ ਵਸ ਦੀ ਗੱਲ ਨਹੀਂ। ਇਹ ਤਾਂ ਮੁੱਢ ਤੋਂ (ਕੀਤੇ ਕਰਮਾਂ ਦੇ ਅਨੁਸਾਰ) ਲਿਖਿਆ ਲੇਖ ਜੀਵ ਕਮਾਉਂਦੇ ਹਨ, ਪਰ ਗੁਰੂ ਦੇ ਸਨਮੁਖ ਰਹਿਣ ਵਾਲੇ ਬੰਦਿਆਂ ਦੀ ਸੁਰਤਿ (ਸਦਾ) ਨਾਮ ਵਿਚ ਜੁੜੀ ਰਹਿੰਦੀ ਹੈ।

ਪਉੜੀ ॥

੧. ਸੋ ਸਤਿਗੁਰੁ ਸੇਵਿਹੁ ਸਾਧ ਜਨੁ
ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥
੨. ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ
ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥
੩. ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ
ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥
੪. ਤਿਸੁ ਸਤਿਗੁਰ ਕੀ ਸਭ ਪਗੀ ਪਵਹੁ
ਜਿਨਿ ਮੋਹ ਅੰਧੇਰੁ ਚੁਕਾਇਆ ॥
੫. ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ
ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥੩॥

ਪਦ ਅਰਥ : ਦ੍ਰਿੜਾਇਆ—ਪੱਕਾ ਕਰ ਦਿੱਤਾ ਹੈ। ਜਗਦੀਸੁ—ਜਗਤ ਦਾ ਮਾਲਕ (ਜਗਤ+ਈਸ)। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਨਿਮਖ ਨਿਮਖ—(ਭਾਵ) ਹਰ ਵੇਲੇ। ਪੰਥੁ—ਰਸਤਾ। ਪਗੀ—ਪੈਰੀਂ। ਭੰਡਾਰ—ਖ਼ਜ਼ਾਨੇ।

ਅਰਥ :

ਪ੍ਰ: ਹੇ ਗੁਰੋ! ਆਪ ਕਹਿੰਦੇ ਹੋ ਕਿ ਹੋਰ-ਹੋਰ ਸੇਵਾ ਕਰਨੀ ਛੱਡ ਦਿਓ, ਤਾਂ ਫਿਰ ਦੱਸੋ ਸੇਵਾ ਕਿਸ ਦੀ ਕੀਤੀ ਜਾਵੇ?

ਉ: ੧. ਹੇ ਭਾਈ, ਗੁਰ ਸਿੱਖੋ! ਉਸ ਸਾਧੂ ਪੁਰਖ ਸਤਿਗੁਰੂ ਜੀ ਨੂੰ ਹੀ ਸੇਵਦੇ ਰਹੋ, ਜਿਸ ਨੇ ਕਿ ਹਰੀ ਹਰਿ ਨਾਮ ਦ੍ਰਿੜ੍ਹ ਕਰਵਾਇਆ ਹੈ।

੨. ਅਤੇ ਦਿਨੇ ਰਾਤ ਉਸ ਸਤਿਗੁਰੂ ਦੀ ਪੂਜਨਾ ਕਰਦੇ ਰਹੋ, ਜਿਸ ਨੇ ਜਗਤ ਦੇ ਮਾਲਕ ਤੇ ਜਗਤ ਦੇ ਈਸ਼ਰ ਦੇ ਨਾਮ ਨੂੰ ਜਪਾਇਆ ਹੈ।

੩. ਹੇ ਭਾਈਓ! ਉਸ ਸਤਿਗੁਰੂ ਨੂੰ ਖਿਨ-ਖਿਨ ਕਾਲ ਵਿਚ ਦੇਖੋ, (ਭਾਵ ਧਿਆਨ ਵਿਚ ਰੱਖੋ) ਜਿਸ ਨੇ ਹਰੀ ਦਾ (ਹਰਿ) ਪਾਪ ਹਰਨੇ ਵਾਲਾ ਰਸਤਾ ਦੱਸਿਆ ਹੈ।

੪. ਹੇ ਪਿਆਰਿਓ! ਸਾਰੇ ਹੀ ਉਸ ਸਤਿਗੁਰੂ ਦੀ ਚਰਨੀਂ ਪਵੋ, ਜਿਸ ਨੇ ਹਿਰਦੇ ਵਿਚੋਂ ਮੋਹ ਰੂਪ ਅੰਧੇਰਾ ਦੂਰ ਕੀਤਾ ਹੈ।

੫. ਹੇ ਭਾਈ! ਸਾਰੇ ਹੀ ਉਸ ਸਤਿਗੁਰੂ ਨੂੰ ਧੰਨ ਧੰਨ ਆਖੋ, ਜਿਸ ਨੇ ਕਿ ਵਾਹਿਗੁਰੂ ਜੀ ਦੀ ਭਗਤੀ ਦਾ ਭੰਡਾਰਾ (ਸਾਨੂੰ ਸਭਨਾਂ ਨੂੰ) ਲਭਾ ਦਿੱਤਾ ਹੈ।੩।

ਭਾਵਾਰਥ : ਪਹਿਲੇ ਸਲੋਕ ਵਿਚ ਸਤਿਗੁਰੂ ਦੀ ਸੇਵਾ ਦਾ ਪ੍ਰਕਾਰ ਤੇ ਫਲ ਦਸਿਆ ਹੈ, ਇਸੇ ਸੇਵਾ ਨਾਲ ਨਾਮ ਤੇ ਕਰਣੀ ਦੀ ਸਚਿਆਈ ਦੁਆਰਾ ਉੱਚੀ ਤੋਂ ਉੱਚੀ ਪਦਵੀ ਪ੍ਰਾਪਤ ਹੋਣ ਦਾ ਜ਼ਿਕਰ ਕੀਤਾ ਹੈ।

ਗੁਰੂ ਨੂੰ ਛੱਡ ਕੇ ਹੋਰ ਦੇਵੀ ਦੇਵਤਿਆਂ ਦੀ ਚਾਕਰੀ ਕਰਨ ਤੋਂ ਵਰਜਿਆ ਹੈ। ਪਉੜੀ ਵਿਚ ਫ਼ੁਰਮਾਨ ਕਰਦੇ ਹਨ ਕਿ ਇਕ ਸਤਿਗੁਰੂ ਹੀ ਮਨੁੱਖ ਨੂੰ ਪਰਮੇਸ਼ਰ ਦੇ ਮਿਲਣ ਦਾ ਮਾਰਗ ਦੱਸਦਾ ਹੈ। ਮਨੁੱਖ ਦੇ ਮਨ ਵਿਚੋਂ ਮੋਹ ਦਾ ਅੰਧੇਰਾ ਦੂਰ ਕਰ ਕੇ ਉਸ ਨੂੰ ਪ੍ਰਭੂ ਦੀ ਯਾਦ ਵਿਚ ਜੋੜਦਾ ਹੈ।

ਸਲੋਕੁ ਮ: ੩ ॥

੧. ਸਤਿਗੁਰਿ ਮਿਲਿਐ ਭੁਖ ਗਈ
ਭੇਖੀ ਭੁਖ ਨ ਜਾਇ ॥
੨. ਦੁਖਿ ਲਗੈ ਘਰਿ ਘਰਿ ਫਿਰੈ
ਅਗੈ ਦੂਣੀ ਮਿਲੈ ਸਜਾਇ ॥
੩. ਅੰਦਰਿ ਸਹਜੁ ਨ ਆਇਓ
ਸਹਜੇ ਹੀ ਲੈ ਖਾਇ ॥
੪. ਮਨਹਠਿ ਜਿਸ ਤੇ ਮੰਗਣਾ
ਲੈਣਾ ਦੁਖੁ ਮਨਾਇ ॥
੫. ਇਸੁ ਭੇਖੈ ਥਾਵਹੁ ਗਿਰਹੋ ਭਲਾ
ਜਿਥਹੁ ਕੋ ਵਰਸਾਇ ॥
੬. ਸਬਦਿ ਰਤੇ ਤਿਨਾ ਸੋਝੀ ਪਈ
ਦੂਜੈ ਭਰਮਿ ਭੁਲਾਇ ॥

੭. ਪਇਐ ਕਿਰਤਿ ਕਮਾਵਣਾ
ਕਹਣਾ ਕਛੂ ਨ ਜਾਇ ॥
੮. ਨਾਨਕ ਜੋ ਤਿਸੁ ਭਾਵਹਿ ਸੇ ਭਲੇ
ਜਿਨ ਕੀ ਪਤਿ ਪਾਵਹਿ ਥਾਇ ॥੧॥

ਪਦ ਅਰਥ : ਭੇਖੀ—ਭੇਖ ਧਾਰਨ ਕੀਤਿਆਂ। ਅਗੈ—ਪ੍ਰਲੋਕ ਵਿਚ। ਸਹਜ—ਅਡੋਲਤਾ, ਸੰਤੋਖ। ਦੁਖੁ ਮਨਾਇ—ਦੁੱਖ ਪੈਦਾ ਕਰਦੇ। ਥਾਵਹੁ—ਨਾਲੋਂ। ਵਰਸਾਇ—ਕੰਮ ਸਵਾਰਦਾ ਹੈ। ਪਾਵਹਿ—ਤੂੰ ਪਾਉਂਦਾ ਹੈਂ।

ਅਰਥ :

ਪ੍ਰ: ਹੇ ਗੁਰੋ! ਬਹੁਤ ਲੋਕ ਮਨ ਦੀ ਭੁੱਖ ਨਵਿਰਤ ਕਰਨ ਲਈ ਸਰੀਰ 'ਤੇ ਕਈ ਤਰ੍ਹਾਂ ਦੇ ਭੇਖ ਧਾਰਨ ਕਰਦੇ ਹਨ, ਕੀ ਇਸ ਤਰ੍ਹਾਂ ਉਨ੍ਹਾਂ ਦੇ ਅੰਦਰੋਂ ਤ੍ਰਿਸ਼ਨਾ ਦੀ ਭੁੱਖ ਨਵਿਰਤ ਹੋ ਜਾਂਦੀ ਹੈ?

ਉ: ੧. (ਨਹੀਂ) ਹੇ ਪਿਆਰੇ! ਭੁੱਖੇ ਮਨ ਦੀ ਤ੍ਰਿਸ਼ਨਾ ਦੀ ਭੁੱਖ ਤਾਂ ਕੇਵਲ ਸਤਿਗੁਰੂ ਦੇ ਮਿਲਣ ਕਰ ਕੇ ਹੀ ਦੂਰ ਹੁੰਦੀ ਹੈ। ਭੇਖਾਂ ਦੇ ਧਾਰਨ ਨਾਲ (ਮਨ ਵਿਚੋਂ) ਤ੍ਰਿਸ਼ਨਾ ਦੀ ਭੁੱਖ ਦੂਰ ਨਹੀਂ ਹੁੰਦੀ।

੨. (ਕਿਉਂਕਿ) ਭੇਖੀ ਸਾਧੂ ਤ੍ਰਿਸ਼ਨਾ ਦੀ ਭੁੱਖ ਵਿਚ ਕਲਪਦਾ ਰਹਿੰਦਾ ਹੈ, ਘਰ-ਘਰ ਭਟਕਦਾ ਫਿਰਦਾ ਹੈ ਤੇ ਪਰਲੋਕ ਵਿਚ ਗਇਆਂ ਇਸ ਨਾਲੋਂ ਭੀ ਵਧੀਕ ਸਜ਼ਾ ਭੁਗਤਦਾ ਹੈ।

੩. ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਭੇਖੀ ਸਾਧੂ ਦੇ ਮਨ ਵਿਚ ਸ਼ਾਂਤੀ ਨਹੀਂ ਆਉਂਦੀ, ਜਿਸ ਸ਼ਾਂਤੀ ਦੀ ਬਰਕਤ ਨਾਲ ਉਹ ਜੋ ਕੁਝ ਉਸ ਨੂੰ ਕਿਸੇ ਪਾਸੋਂ ਮਿਲੇ, ਲੈ ਕੇ ਖਾ ਲਏ, ਭਾਵ ਤ੍ਰਿਪਤ ਹੋ ਜਾਵੇ।

੪. ਪਰ ਭੇਖੀ ਸਾਧੂ ਬੰਦਾ ਤਾਂ ਹਰ ਪਦਾਰਥ ਲੈਣ ਲਈ ਹੱਠ ਕਰਦਾ ਹੈ। ਸੋ ਮਨ ਦਾ ਹੱਠ ਕਰ ਕੇ ਜਿਸ ਪਾਸੋਂ ਮੰਗਣਾ ਹੈ, ਉਸ ਨੂੰ ਤਾਂ ਦੁਖੀ ਕਰਨਾ ਹੈ ਅਤੇ ਜੋ ਇਉਂ ਲੈਣਾ ਹੈ, ਉਹ ਆਪ ਵੀ ਦੁੱਖ ਮਨਾ ਕੇ ਲੈਣਾ ਹੁੰਦਾ ਹੈ, ਭਾਵ ਹੈ ਕਿ ਜੋ ਮਨ ਦੇ ਹੱਠ ਕਰਕੇ ਭਿਖਿਆ ਦਾ ਮੰਗਣਾ ਹੈ, ਇਹ (ਦੋਹੀਂ ਧਿਰੀਂ) ਕਲੇਸ਼ ਪੈਦਾ ਕਰਦਾ ਹੈ।

੫. (ਇਸ ਲਈ) ਹੇ ਭਾਈਓ! ਇਸ ਭੇਖ ਨਾਲੋਂ ਤਾਂ ਗ੍ਰਿਹਸਤ ਚੰਗਾ ਹੈ, ਜਿਥੋਂ ਕੋਈ (ਲੋੜਵੰਦ) ਵਰੋਸਾਇਆ ਜਾਂਦਾ ਹੈ ਅਤੇ ਉਹ ਆਪਣੀ ਆਸ ਭੀ ਪੂਰੀ ਕਰ ਸਕਦਾ ਹੈ। (ਭਾਵ ਉਹ ਗ੍ਰਿਹਸਤੀ ਆਪ ਕਮਾ ਕੇ ਖਾਂਦਾ ਹੈ ਤੇ ਕਿਸੇ ਨਾ ਕਿਸੇ ਨੂੰ ਆਪਣੀ ਕਮਾਈ ਵਿਚੋਂ ਦੇਂਦਾ ਹੈ)।

ਪ੍ਰ: ਸ੍ਰੀ ਜੀਉ! ਇਹ ਸੋਝੀ ਸਾਰੇ ਹੀ ਭੇਖੀ ਲੋਕਾਂ ਨੂੰ ਕਿਉਂ ਨਹੀਂ ਆ ਜਾਂਦੀ?

ਉ: ੬. ਹੇ ਪਿਆਰੇ! ਅਸਲ ਵਿਚ ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਰਤੇ ਜਾਂਦੇ ਹਨ, ਉਨ੍ਹਾਂ ਨੂੰ ਹੀ ਇਸ ਉੱਚੀ ਵੀਚਾਰ ਦੀ ਸੋਝੀ ਆਉਂਦੀ ਹੈ, ਪਰ ਜੋ ਮਨੁੱਖ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ, (ਉਹ ਸਦਾ ਹੀ) ਭਟਕਦੇ ਫਿਰਦੇ ਹਨ।

ਪ੍ਰ: ਹਜ਼ੂਰ! ਵੇਖਣ ਵਿਚ ਤਾਂ ਇਉਂ ਆਉਂਦਾ ਹੈ ਕਿ ਕੋਈ ਚੰਗੇ ਰਾਹ ਪਿਆ ਹੈ ਅਤੇ ਕੋਈ ਮੰਦੇਂ ਪਾਸੇ, ਪਰ ਇਹ ਕਿਉਂ ਹੋ ਰਿਹਾ ਹੈ?

ਉ: ੭. ਹੇ ਭਾਈਓ! ਇਸ ਦੇ ਬਾਰੇ ਕੁਝ ਆਖਿਆ ਨਹੀਂ ਜਾਂਦਾ, (ਕਿਉਂਕਿ) ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਾਰ ਕਮਾਉਣੀ ਪੈਂਦੀ ਹੈ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰੋ! ਜੋ ਉਸ ਨੂੰ ਭਾਉਂਦੇ ਹਨ, ਉਹ ਚੰਗੇ ਹਨ, ਜਿਨ੍ਹਾਂ ਦੀ ਪਤਿ ਰੱਬੀ ਦਰਬਾਰ ਵਿਚ ਪਰਵਾਨ ਪੈਂਦੀ ਹੈ।੧।

ਮ: ੩ ॥

੧. ਸਤਿਗੁਰਿ ਸੇਵਿਐ ਸਦਾ ਸੁਖੁ
ਜਨਮ ਮਰਣ ਦੁਖੁ ਜਾਇ ॥
੨. ਚਿੰਤਾ ਮੂਲਿ ਨ ਹੋਵਈ
ਅਚਿੰਤੁ ਵਸੈ ਮਨਿ ਆਇ ॥
੩. ਅੰਤਰਿ ਤੀਰਥੁ ਗਿਆਨੁ ਹੈ
ਸਤਿਗੁਰਿ ਦੀਆ ਬੁਝਾਇ ॥
੪. ਮੈਲੁ ਗਈ ਮਨੁ ਨਿਰਮਲੁ ਹੋਆ
ਅੰਮ੍ਰਿਤ ਸਰਿ ਤੀਰਥਿ ਨਾਇ ॥
੫. ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
੬. ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥
੭. ਪਾਖੰਡਿ ਜਮਕਾਲੁ ਨ ਛੋਡਈ
ਲੈ ਜਾਸੀ ਪਤਿ ਗਵਾਇ ॥
੮. ਨਾਨਕ ਨਾਮਿ ਰਤੇ ਸੇ ਉਬਰੇ
ਸਚੇ ਸਿਉ ਲਿਵ ਲਾਇ ॥੨॥

ਪਦ ਅਰਥ : ਜਨਮ ਮਰਣ ਦੁਖੁ—ਜੰਮਣ ਤੋਂ ਲੈ ਕੇ ਮਰਣ ਤਕ ਦਾ ਦੁੱਖ, ਸਾਰੀ ਉਮਰ ਦਾ ਦੁੱਖ, ਜੰਮਣ ਮਰਣ ਦਾ ਸਹਿਮ ਜੋ ਸਾਰੀ ਉਮਰ ਪਿਆ ਰਹਿੰਦਾ ਹੈ।

ਅਰਥ :

ਪ੍ਰ: ਸ੍ਰੀ ਜੀਉ! ਸਤਿਗੁਰਾਂ ਦੀ ਸੇਵਾ ਕਰਨ ਨਾਲ ਕਿਤਨੇ ਕੁ ਫਲਾਂ ਦੀ ਪ੍ਰਾਪਤੀ ਹੁੰਦੀ ਹੈ?

ਉ: ੧. ਹੇ ਭਾਈਓ! ਸਤਿਗੁਰੂ ਦੀ ਸੇਵਾ ਕਰਨ ਨਾਲ ਤਾਂ ਅਨੰਤ ਹੀ ਫਲਾਂ ਦੀ ਪ੍ਰਾਪਤੀ ਹੁੰਦੀ ਹੈ, ਜੋ ਕਿ ਗਿਣਤੀ ਵਿਚ ਨਹੀਂ ਆ ਸਕਦੇ, ਪਰ ਜੇ ਸੁਭਾਵਕ ਵੀਚਾਰ ਦ੍ਰਿਸ਼ਟੀ ਨਾਲ ਤਕੀਏ ਤਾਂ ਅਸਥੂਲ ਫਲਾਂ ਦੀ ਗਿਣਤੀ ਇਉਂ ਨੌਂ ਰੂਪਾਂ ਵਿਚ ਗਿਣੀ ਜਾ ਸਕਦੀ ਹੈ।

੧. ਹੇ ਭਾਈ! ਸਤਿਗੁਰੂ ਦੀ ਸੇਵਾ ਕਰਨ ਨਾਲ, ਭਾਵ ਗੁਰੂ ਜੀ ਦੇ ਦੱਸੇ ਮਾਰਗ 'ਤੇ ਚਲਦੇ ਰਹਿਣ ਨਾਲ ਸਦਾ ਹੀ ਸੁੱਖ ਪ੍ਰਾਪਤ ਹੁੰਦਾ ਹੈ।

੨. ਜਨਮ ਮਰਣ ਦਾ ਦੁੱਖ ਨਵਿਰਤ ਹੋ ਜਾਇਆ ਕਰਦਾ ਹੈ।

੨. ੩. ਚਿੰਤਾ ਉੱਕਾ ਹੀ ਨਹੀਂ ਰਹਿ ਜਾਂਦੀ, (ਕਿਉਂਕਿ) ੪. ਚਿੰਤਾ ਰਹਿਤ ਪ੍ਰਭੂ

੩. ਉਨ੍ਹਾਂ ਦੇ ਮਨ ਵਿਚ ਆ ਵਸਦਾ ਹੈ। ੫. ਸਤਿਗੁਰੂ ਜੀ ਨੇ ਉਨ੍ਹਾਂ ਨੂੰ (ਜੀਵ ਦੇ)

੪. ਅੰਦਰ ਜੋ ਗਿਆਨ ਦਾ ਤੀਰਥ ਹੈ, ਉਸ ਦੀ ਸੋਝੀ ਬਖ਼ਸ਼ਸ਼ ਕਰ ਦਿੱਤੀ ਹੈ।

੫. ੬.ਉਨ੍ਹਾਂ ਦੇ ਮਨ ਵਿਚੋਂ ਹਰ ਤਰ੍ਹਾਂ ਦੀ ਮੈਲ ਨਵਿਰਤ ਹੋ ਗਈ। ਉਨ੍ਹਾਂ ਦਾ ਮਨ ਪਵਿੱਤ੍ਰ ਹੋ ਗਿਆ, (ਗੁਰੂ ਦੀ ਸੇਵਾ ਦੀ ਬਰਕਤ ਨਾਲ) ਉਹ ਨਾਮ ਅੰਮ੍ਰਿਤ ਦੇ ਤੀਰਥ ਵਿਚ

੬. ਸਦਾ ਹੀ ਇਸ਼ਨਾਨ ਕਰਦੇ ਹਨ। ੭. ਸਤਿਗੁਰੂ ਦੇ ਸੱਚੇ ਸ਼ਬਦ ਦੀ ਬਰਕਤ ਨਾਲ, ਸੁਭਾਵਕ ਹੀ ਸਤਿਸੰਗੀ ਸਤ-ਸੰਗੀਆਂ ਨੂੰ ਮਿਲ ਜਾਂਦੇ ਹਨ। ੮. ਸਤਿਗੁਰੂ ੯. ਦੀ ਸੇਵਾ ਦਾ ਸਦਕਾ ਉਨ੍ਹਾਂ ਨੇ (ਆਪਣੇ) ਮਨ ਵਿਚ ਹੀ ਗਿਆਨ ਦਾ ਪਰਚਾ ਪ੍ਰਾਪਤ ਕਰ ਲਿਆ ਹੈ। ਪ੍ਰਭੂ ਵਿਚ ਬ੍ਰਿਤੀ ਜੋੜ ਕੇ ਉਨ੍ਹਾਂ ਨੂੰ ਹਿਰਦੇ ਘਰ ਵਿਚ ਹੀ ਪ੍ਰਭੂ ਸਿਮਰਨ ਰੂਪ ਅਹਾਰ ਮਿਲ ਜਾਂਦਾ ਹੈ। ਇਉਂ ਜੋਤੀ ਸਰੂਪ ਵਾਹਿਗੁਰੂ ਨਾਲ ਉਨ੍ਹਾਂ ਨੇ ਆਪਣੀ ਜੋਤ ਆਤਮਾ ਨੂੰ ਮਿਲਾ ਲਿਆ ਹੈ।

ਪ੍ਰ: ਹਜ਼ੂਰ! ਜੋ ਐਸੇ ਸਤਿਗੁਰੂ ਦੀ ਸੇਵਾ ਤੋਂ ਸਖਣੇ ਹਨ, ਕੀ ਉਨ੍ਹਾਂ ਨੂੰ ਕੋਈ ਸਜ਼ਾ ਵੀ ਮਿਲੇਗੀ?

ਉ: ੭. ਹੇ ਭਾਈ! ਐਸੇ ਗੁਰੂ ਦੀ ਸੇਵਾ ਵਲੋਂ ਜੋ ਪਖੰਡੀ ਲੋਕ ਸਖਣੇ ਹਨ, ਉਨ੍ਹਾਂ ਨੂੰ ਤਾਂ ਜਮਕਾਲ ਕਦੇ ਛੱਡੇਗਾ ਹੀ ਨਹੀਂ। ਉਸ ਦੀ ਜੋ ਪਖੰਡ ਦੁਆਰਾ ਇੱਜ਼ਤ ਹੋ ਰਹੀ ਹੈ, ਉਸ ਨੂੰ ਮਿਟਾ ਕੇ ਫੜ ਲੈ ਜਾਏਗਾ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੋ ਨਾਮ ਵਿਚ ਰਤੇ ਹੋਏ ਹਨ, ਉਹ ਬਚ ਜਾਂਦੇ ਹਨ, ਸੱਚੇ ਪ੍ਰਭੂ ਨਾਲ ਲਿਵ ਲਾ ਕੇ।੨।

ਪਉੜੀ ॥

੧. ਤਿਤੁ ਜਾਇ ਬਹਹੁ ਸਤਸੰਗਤੀ
ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
੨. ਸਹਜੇ ਹੀ ਹਰਿ ਨਾਮੁ ਲੇਹੁ
ਹਰਿ ਤਤੁ ਨ ਖੋਈਐ ॥
੩. ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ
ਹਰਿ ਦਰਗਹ ਢੋਈਐ ॥
੪. ਸੋ ਪਾਏ ਪੂਰਾ ਸਤਗੁਰੂ
ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ ॥
੫. ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ
ਜਿਨਿ ਹਰਿ ਕੀ ਹਰਿ ਗਾਲ ਗਲੋਈਐ ॥੪॥

ਪਦ ਅਰਥ : ਬਿਲੋਈਐ—ਰਿੜਕੀਦਾ ਹੈ, ਵੀਚਾਰੀਦਾ ਹੈ। ਸਹਜੇ—ਟਿਕੇ ਹੋਏ ਮਨ ਨਾਲ। ਤਤੁ—ਅਸਲੀ ਚੀਜ਼। ਲਿਲਾਟਿ—ਮੱਥੇ ਉੱਤੇ। ਗਲੋਈਐ—ਆਖਦਾ ਹੈ।

ਅਰਥ :

ਪ੍ਰ: ਹਜ਼ੂਰ ਜੀ! ਸੰਸਾਰ ਵਿਚ ਭਿੰਨ-ਭਿੰਨ ਖ਼ਿਆਲਾਂ ਵਾਲੇ ਮਨੁੱਖਾਂ ਦੇ ਬੈਠਣ ਲਈ ਵੱਖੋ-ਵੱਖ ਟਿਕਾਣੇ ਵੇਖੀਦੇ ਹਨ, ਪਰ ਆਪ ਕਿਸ ਥਾਂ ਬੈਠਣ ਨੂੰ ਪਸੰਦ ਕਰਦੇ ਹੋ?

ਉ: ੧. ਹੇ ਭਾਈਓ! ਚੰਗਾ ਤਾਂ ਇਹੋ ਹੀ ਹੈ ਕਿ ਉਸ ਸਤਿਸੰਗ ਵਿਚ ਜਾ ਕੇ ਬੈਠੋ, ਜਿਥੇ ਹਰਿ ਹਰਿ ਦਾ ਨਾਮ ਧਿਆਇਆ ਜਾ ਰਿਹਾ ਹੈ, ਪ੍ਰਭੂ ਦੇ ਨਾਮ ਦੀ ਹੀ ਵੀਚਾਰ ਹੁੰਦੀ ਹੈ।

੨. ਉਸ ਸਤਿ ਸੰਗਤ ਵਿਚ ਜਾ ਕੇ ਸਹਿਜੇ ਹੀ ਮਨ ਨੂੰ ਟਿਕਾਅ ਕੇ ਹਰੀ ਦਾ ਨਾਮ ਜਪੋ, (ਜਿਸ ਕਰਕੇ) ਹਰੀ ਰੂਪ (ਮੱਖਣ) ਤਤੁ ਗਵਾਚ ਨਾ ਜਾਵੇ।

੩. ਉਸ ਸਤਿਸੰਗਤ ਵਿਚ ਜਾ ਕੇ ਸਦਾ ਦਿਨ ਰਾਤ ਹਰੀ ਦਾ ਨਾਮ ਜਪੋ, ਤਾਂ ਜੋ ਹਰੀ ਦੀ ਦਰਗਾਹ ਵਿਚ ਢੋਈ ਮਿਲੇ।

ਪ੍ਰ: ਕਿਉਂ ਜੀ! ਕੀ ਸਤਿਸੰਗ ਵਿਚ ਪੁੱਜਣ ਵਾਲੇ ਸਾਰਿਆਂ ਨੂੰ ਹੀ ਪੂਰੇ ਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ?

ਉ: ੪. (ਨਹੀਂ) ਹੇ ਭਾਈ! ਸਤਿਸੰਗ ਵਿਚ ਵੀ ਉਸੇ ਮਨੁੱਖ ਨੂੰ ਪੂਰੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੇ ਮੱਥੇ ਉੱਤੇ (ਭਲੇ ਕਰਮਾਂ ਦੇ ਸੰਸਕਾਰਾਂ ਦਾ ਲੇਖ) ਲਿਖਿਆ ਹੋਇਆ ਹੈ।

੫. (ਇਸ ਲਈ) ਹੇ ਭਾਈਓ! ਉਸ ਸਤਿਗੁਰੂ ਨੂੰ ਸਾਰੇ ਹੀ ਸਿਰ ਨਿਵਾਓ, ਜੋ ਸਦਾ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀਆਂ ਗੱਲਾਂ ਕਰਦਾ ਹੈ।੪।

ਭਾਵਾਰਥ : ਸਲੋਕ ਦੇ ਅਰੰਭ ਵਿਚ ਭੇਖੀ ਸਾਧੂਆਂ ਦਾ ਜ਼ਿਕਰ ਕਰਦੇ ਹਨ, ਜੋ ਕਿ ਪੇਟ ਦੀ ਖ਼ਾਤਰ ਆਪਣੇ ਸਰੀਰ 'ਤੇ ਕੋਈ ਨਾ ਕੋਈ ਲਿਬਾਸ ਬਦਲ ਲੈਂਦੇ ਹਨ, ਕੋਈ ਵੀ ਕਿਰਤ ਨਹੀਂ ਕਰਦੇ, ਉਹ ਕੇਵਲ ਮੰਗ-ਮੰਗ ਖਾਣ ਵਿਚ ਹੀ ਅਸ਼ਾਂਤ ਰਹਿੰਦੇ ਹਨ, ਇਸ ਲਈ ਉਹ ਸਦਾ ਅਸ਼ਾਂਤ ਚਿੱਤ ਹੀ ਭਟਕਦੇ ਫਿਰਦੇ ਰਹਿੰਦੇ ਹਨ। ਗੁਰੂ ਜੀ ਇਸ ਤਰ੍ਹਾਂ ਦੇ ਪਖੰਡੀ ਭੇਖ ਤੋਂ ਵਰਜਦੇ ਹਨ ਅਤੇ ਆਪ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਭੇਖ ਧਾਰਨ ਕਰਨ ਨਾਲੋਂ ਤਾਂ ਗ੍ਰਿਹਸਤ ਧਰਮ ਸ੍ਰੇਸ਼ਟ ਹੈ।

ਦੂਜੇ ਮਹਲੇ ਵਿਚ ਸ਼ਬਦ ਵਿਚ ਰਤੇ ਜਾਣ ਦੀ ਜਾਚ ਦੱਸੀ ਹੈ, ਜਿਸ ਦੁਆਰਾ ਅੰਦਰ ਗਿਆਨ ਰੂਪੀ ਤੀਰਥ ਪ੍ਰਗਟ ਹੁੰਦਾ ਹੈ।

ਪਉੜੀ ਵਿਚ ਸਤਿਸੰਗ ਵਿਚ ਜਾਣ ਦਾ ਉਪਦੇਸ਼ ਦਿੱਤਾ ਹੈ ਅਤੇ ਅੰਤ ਵਿਚ ਸਤਿਗੁਰੂ ਦਾ ਸਤਿਕਾਰ ਸਿਖਾਲਿਆ ਹੈ ਤੇ ਦੱਸਿਆ ਹੈ ਕਿ ਪੂਰਾ ਗੁਰੂ ਧੁਰ ਦੇ ਲੇਖਾਂ ਨਾਲ ਲੱਭਦਾ ਹੈ।

ਸਲੋਕ ਮ: ੩ ॥

੧. ਸਜਣ ਮਿਲੇ ਸਜਣਾ
ਜਿਨ ਸਤਗੁਰ ਨਾਲਿ ਪਿਆਰੁ ॥
੨. ਮਿਲਿ ਪ੍ਰੀਤਮ ਤਿਨੀ ਧਿਆਇਆ
ਸਚੈ ਪ੍ਰੇਮਿ ਪਿਆਰੁ ॥
੩. ਮਨ ਹੀ ਤੇ ਮਨੁ ਮਾਨਿਆ
ਗੁਰ ਕੈ ਸਬਦਿ ਅਪਾਰਿ ॥
੪. ਏਹਿ ਸਜਣ ਮਿਲੇ ਨ ਵਿਛੁੜਹਿ
ਜਿ ਆਪਿ ਮੇਲੇ ਕਰਤਾਰਿ ॥

੫. ਇਕਨਾ ਦਰਸਨ ਕੀ ਪਰਤੀਤਿ ਨ ਆਈਆ
ਸਬਦਿ ਨ ਕਰਹਿ ਵੀਚਾਰੁ ॥
੬. ਵਿਛੁੜਿਆ ਕਾ ਕਿਆ ਵਿਛੁੜੈ
ਜਿਨਾ ਦੂਜੈ ਭਾਇ ਪਿਆਰੁ ॥
੭. ਮਨਮੁਖ ਸੇਤੀ ਦੋਸਤੀ
ਥੋੜੜਿਆ ਦਿਨ ਚਾਰਿ ॥
੮. ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ
ਇਤੁ ਦੋਸਤੀ ਚਲਨਿ ਵਿਕਾਰ ॥
੯. ਜਿਨਾ ਅੰਦਰਿ ਸਚੇ ਕਾ ਭਉ ਨਾਹੀ
ਨਾਮਿ ਨ ਕਰਹਿ ਪਿਆਰੁ ॥
੧੦. ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ
ਜਿ ਆਪਿ ਭੁਲਾਏ ਕਰਤਾਰਿ ॥੧॥

ਪਦ ਅਰਥ : ਕਰਤਾਰਿ—ਕਰਤਾਰ ਨੇ। ਦੂਜੈ ਭਾਇ—(ਪ੍ਰਭੂ ਤੋਂ ਬਿਨਾ) ਹੋਰ ਦੇ ਪਿਆਰ ਵਿਚ। ਵਿਲਮੁ—ਦੇਰ, ਢਿਲ। ਚਲਨਿ—ਪੈਦਾ ਹੁੰਦੇ ਹਨ।

ਅਰਥ :

ਪ੍ਰ: ਕਿਉਂ ਜੀ ! ਸਤਿ ਸੰਗੀਆਂ ਨੂੰ ਮਿਲਣ ਦੀ ਕਿਸ ਦੇ ਅੰਦਰ ਸੱਧਰ ਪੈਦਾ ਹੁੰਦੀ ਹੈ ?

ਉ: ੧. ਹੇ ਭਾਈਓ ! ਜਿਨ੍ਹਾਂ ਸਤਿਸੰਗੀਆਂ ਦੇ ਅੰਤਰ ਆਤਮੇਂ ਗੁਰੂ ਨਾਲ ਪਿਆਰ ਹੁੰਦਾ ਹੈ, ਉਹੀ ਜਾ ਕੇ ਸਤਿਸੰਗੀਆਂ ਨੂੰ ਮਿਲਦੇ ਹਨ।

੨. ਅਤੇ ਸਤਿਸੰਗੀਆਂ ਨੂੰ ਮਿਲ ਕੇ ਉਹੀ ਮਨੁੱਖ ਪ੍ਰਭੂ ਪ੍ਰੀਤਮ ਨੂੰ ਸਿਮਰਦੇ ਹਨ, ਕਿਉਂਕਿ ਸੱਚੇ ਦੇ ਪਿਆਰ ਵਿਚ ਉਨ੍ਹਾਂ ਦੀ ਬਿਰਤੀ ਜੁੜੀ ਰਹਿੰਦੀ ਹੈ।

੩. ਸਤਿਗੁਰੂ ਦੇ ਅਪਾਰ ਸ਼ਬਦ ਦੀ ਬਰਕਤ ਨਾਲ ਉਨ੍ਹਾਂ ਦਾ ਮਨ ਆਪਣੇ ਆਪ ਤੋਂ ਹੀ ਪ੍ਰਭੂ ਪਿਆਰ ਵਿਚ ਪਤੀਜ ਜਾਂਦਾ ਹੈ।

੪. ਹੇ ਭਾਈ ! ਅਜੇਹੇ ਸਤਿਸੰਗੀ ਮਨੁੱਖ (ਇਕ ਵਾਰੀ) ਸਾਈਂ ਜੀ ਨੂੰ ਮਿਲੇ ਹੋਏ ਫਿਰ ਵਿਛੜਦੇ ਨਹੀਂ ਹਨ, ਕਿਉਂਕਿ ਕਰਤਾਰ ਨੇ ਇਨ੍ਹਾਂ ਨੂੰ ਆਪ ਜੋ ਮਿਲਾ ਦਿੱਤਾ ਹੈ।

ਪ੍ਰ: ਕਿਉਂ ਜੀ ! ਕਰਤਾਰ ਸਾਰਿਆਂ ਨੂੰ ਕਿਉਂ ਨਹੀਂ ਮਿਲਾਉਂਦਾ ?

ਉ: ੫. ਹੇ ਪਿਆਰਿਓ ! ਉਹ ਇਸ ਲਈ (ਕਿਉਂਕਿ) ਇਹਨਾਂ ਨੂੰ ਗੁਰੂ ਦੇ ਦਰਸ਼ਨ ਦੀ ਪ੍ਰਤੀਤ ਹੀ ਨਹੀਂ ਆਈ ਅਤੇ ਨਾ ਹੀ ਉਹ ਗੁਰੂ ਦੇ ਸ਼ਬਦ ਦੁਆਰਾ ਵੀਚਾਰ ਹੀ ਕਰਦੇ ਹਨ।

ਪ੍ਰ: ਹਜ਼ੂਰ ਜੀ ! ਕੀ ਤੁਸੀਂ ਸਮਝਦੇ ਹੋ ਕਿ ਇਨ੍ਹਾਂ ਦਾ ਸਾਈਂ ਜੀ ਨਾਲੋਂ ਵਿਛੋੜਾ ਹੋ ਜਾਏਗਾ ?

ਉ: ੬. ਹੇ ਪਿਆਰੇ ! ਜਿਨ੍ਹਾਂ ਮਨੁੱਖਾਂ ਦੀ ਸੁਰਤਿ ਮਾਇਆ ਦੇ ਮੋਹ ਵਿਚ ਸਦਾ ਹੀ ਜੁੜੀ ਰਹਿੰਦੀ ਹੈ, ਉਨ੍ਹਾਂ ਮਨੁੱਖਾਂ ਦਾ ਹੋਰ ਵਿਛੋੜਾ ਵੀ ਦੱਸੋ ਕੀ ਹੋਣਾ ਹੈ, (ਭਾਵ ਉਹ ਐਸੇ ਮਨੁੱਖ ਪਹਿਲੋਂ ਹੀ ਵਿਛੜੇ ਹੋਏ ਹਨ, ਕਿਉਂਕਿ ਉਨ੍ਹਾਂ ਦਾ ਪਿਆਰ ਦ੍ਵੈਤ-ਭਾਵਨਾ ਵਿਚ ਲੱਗ ਰਿਹਾ ਹੈ)।

ਪ੍ਰ: ਹਜ਼ੂਰ ! ਕੀ ਤੁਸੀਂ ਐਸੇ ਮਨੁੱਖਾਂ ਨਾਲ ਮਿੱਤ੍ਰਚਾਰਾ ਪਾਉਣਾ ਪਸੰਦ ਨਹੀਂ ਕਰਦੇ ?

ਉ: ੭. ਹੇ ਪਿਆਰਿਓ ! ਐਸੇ ਮਨਮੁਖਾਂ ਨਾਲ ਮਿੱਤ੍ਰਚਾਰਾ ਕੀ ਕਰਨਾ ਹੋਇਆ, ਕਿਉਂਕਿ ਇਨ੍ਹਾਂ ਨਾਲ ਤਾਂ ਮਿੱਤ੍ਰਤਾ ਚਾਰ ਕੁ ਦਿਨ (ਅਰਥਾਤ) ਥੋੜ੍ਹੇ ਦਿਨ ਹੀ ਰਹਿੰਦੀ ਹੈ।

੮. ਹੇ ਭਾਈ ! ਇਸ ਪ੍ਰੀਤ ਦੇ ਟੁੱਟਦਿਆਂ ਦੇਰ ਨਹੀਂ ਲੱਗਦੀ ਅਤੇ ਇਸ ਮਿੱਤ੍ਰਤਾ ਨਾਲ ਅੱਗੇ ਕਈ ਵਿਕਾਰ ਪੈਦਾ ਹੁੰਦੇ ਹਨ। (ਭਾਵ ਕਈ ਬੁਰਾਈਆਂ ਨਿਕਲਦੀਆਂ ਹਨ)।

੯. ਹੇ ਭਾਈਓ ! ਜਿਨ੍ਹਾਂ ਦੇ ਅੰਦਰ ਸੱਚੇ ਵਾਹਿਗੁਰੂ ਜੀ ਦਾ ਡਰ ਨਹੀਂ ਅਤੇ ਨਾ ਹੀ ਨਾਮ ਵਿਚ ਪਿਆਰ ਹੀ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! (ਦੱਸੋ) ਉਨ੍ਹਾਂ ਮਨੁੱਖਾਂ ਨਾਲ ਕੀ ਦੋਸਤੀ ਕਰੀਏ, ਜਿਨ੍ਹਾਂ ਨੂੰ ਉਸ ਸਾਈਂ ਜੀ ਨੇ ਆਪਣੇ ਵਲੋਂ ਆਪ ਹੀ ਭੁਲਾ ਦਿੱਤਾ ਹੈ।੧।

ਮ: ੩ ॥

੧. ਇਕਿ ਸਦਾ ਇਕਤੈ ਰੰਗਿ ਰਹਹਿ
ਤਿਨ ਕੈ ਹਉ ਸਦ ਬਲਿਹਾਰੈ ਜਾਉ ॥
੨. ਤਨੁ ਮਨੁ ਧਨੁ ਅਰਪੀ ਤਿਨ ਕਉ
ਨਿਵਿ ਨਿਵਿ ਲਾਗਉ ਪਾਇ ॥
੩. ਤਿਨ ਮਿਲਿਆ ਮਨੁ ਸੰਤੋਖੀਐ
ਤ੍ਰਿਸਨਾ ਭੁਖ ਸਭ ਜਾਇ ॥
੪. ਨਾਨਕ ਨਾਮਿ ਰਤੇ ਸੁਖੀਏ ਸਦਾ
ਸਚੇ ਸਿਉ ਲਿਵ ਲਾਇ ॥੨॥

ਪਦ ਅਰਥ : ਇਕਿ—ਕਈ ਮਨੁੱਖ। ਇਕਤੈ ਰੰਗਿ—ਇਕੋ ਰੰਗ ਵਿਚ ਹੀ। ਅਰਪੀ—ਮੈਂ ਹਵਾਲੇ ਕਰ ਦਿਆਂ। ਪਾਇ—ਪੈਰੀਂ।੨।

ਅਰਥ :

ਪ੍ਰ: ਹੇ ਗੁਰੋ ! ਸਾਰੇ ਮਨੁੱਖ ਤਾਂ ਇਕੋ ਸਮਾਨ ਨਜ਼ਰ ਆਉਂਦੇ ਹਨ, ਪਰ ਇਨ੍ਹਾਂ ਸਾਰਿਆਂ ਵਿਚੋਂ ਤੁਸੀਂ ਕਿਸ ਨੂੰ ਪਸੰਦ ਕਰਦੇ ਹੋ ?

ਉ: ੧. ਹੇ ਭਾਈਓ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰੇ ਮਨੁੱਖਾਂ ਦੇ ਸਰੀਰ ਪੰਜ ਭੂਤਕ, ਭਾਵ ਪੰਜ ਹੀ ਤੱਤਾਂ ਦੇ ਬਣੇ ਹੋਏ ਹਨ, ਪਰ ਇਨ੍ਹਾਂ ਸਾਰਿਆਂ ਵਿਚੋਂ ਕਈ ਸੱਜਣ ਪੁਰਖ ਐਸੇ ਹਨ, ਜੋ ਸਦਾ ਹੀ ਇਕੋ ਪ੍ਰਭੂ ਦੇ ਪ੍ਰੇਮ ਰੰਗ ਵਿਚ (ਮਸਤ) ਰਹਿੰਦੇ ਹਨ, ਮੈਂ ਉਨ੍ਹਾਂ (ਵਡਭਾਗੀ) ਮਨੁੱਖਾਂ ਤੋਂ ਸਦਾ ਹੀ ਸਦਕੇ, ਕੁਰਬਾਨ ਹਾਂ।

ਪ੍ਰ: ਤੁਹਾਡੇ ਮਨ ਵਿਚ ਉਨ੍ਹਾਂ ਲਈ ਕਿਤਨੀ ਕੁ ਸ਼ਰਧਾ, ਭਾਵਨਾ ਹੈ ?

ਉ: ੨. ਹੇ ਪਿਆਰੇ ! ਮੇਰੇ ਮਨ ਵਿਚ ਤਾਂ ਉਨ੍ਹਾਂ ਲਈ ਇਤਨੀ ਸ਼ਰਧਾ ਹੈ ਕਿ ਮੈਂ ਉਨ੍ਹਾਂ ਨੂੰ ਆਪਣਾ ਤਨ, ਮਨ ਤੇ ਧਨ ਭੇਟਾ ਚੜ੍ਹਾ ਦੇਵਾਂ ਅਤੇ ਮੈਂ ਨਿਉਂ-ਨਿਉਂ ਕੇ ਉਨ੍ਹਾਂ ਦੇ ਪੈਰੀਂ ਪਵਾਂ।

ਪ੍ਰ: ਕਿਉਂ ਜੀ! ਤੁਸੀਂ ਆਪਣਾ ਤਨ ਤੇ ਮਨ ਉਨ੍ਹਾਂ ਦੇ ਕਿਉਂ ਨਿਛਾਵਰ ਕਰਦੇ ਹੋ?

ਉ: ੩. ਹੇ ਭਾਈਓ! ਉਹ ਇਸ ਲਈ ਕਿ ਉਨ੍ਹਾਂ ਦੀ ਸੰਗਤ ਵਿਚ ਮਿਲ ਪਿਆਂ, ਮਨ ਨੂੰ ਸੰਤੋਖ ਆ ਜਾਂਦਾ ਹੈ, (ਕਿਉਂਕਿ) ਮਨ ਵਿਚੋਂ ਤ੍ਰਿਸ਼ਨਾ ਦੀ ਭੁੱਖ ਸਾਰੀ ਦੂਰ ਹੋ ਜਾਂਦੀ ਹੈ।

ਪ੍ਰ: ਹਜ਼ੂਰ! ਐਸੇ ਸੱਜਨਾਂ ਨੂੰ ਆਖ਼ਰ ਫਲ ਕੀ ਮਿਲਦਾ ਹੈ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜੋ ਨਾਮ ਵਿਚ ਰਤੇ ਹੋਏ (ਸੱਜਣ ਪੁਰਖ) ਹਨ, ਉਹ ਸੱਚੇ ਵਾਹਿਗੁਰੂ ਜੀ ਨਾਲ ਲਿਵ ਲਾਈ ਰੱਖਦੇ ਹਨ, ਜਿਸ ਲਿਵ ਦਾ ਸਦਕਾ ਉਹ ਸਦਾ ਹੀ ਸੁਖੀਏ ਰਹਿੰਦੇ ਹਨ।੨।

ਪਉੜੀ ॥

੧. ਤਿਸੁ ਗੁਰ ਕਉ ਹਉ ਵਾਰਿਆ
ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥
੨. ਤਿਸੁ ਗੁਰ ਕਉ ਸਦ ਬਲਿਹਾਰਣੈ
ਜਿਨਿ ਹਰਿ ਸੇਵਾ ਬਣਤ ਬਣਾਈ ॥
੩. ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ
ਜਿਥੈ ਕਿਥੈ ਮੈਨੋ ਲਏ ਛਡਾਈ ॥
੪. ਤਿਸੁ ਗੁਰ ਕਉ ਸਾਬਾਸਿ ਹੈ
ਜਿਨਿ ਹਰਿ ਸੋਝੀ ਪਾਈ ॥
੫. ਨਾਨਕੁ ਗੁਰ ਵਿਟਹੁ ਵਾਰਿਆ ਜਿਨਿ
ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ ॥੫॥

ਪਦ ਅਰਥ : ਬਣਤ—ਰੀਤ, ਮਰਯਾਦਾ। ਜਿਥੈ ਕਿਥੈ—ਹਰ ਥਾਂ।

ਅਰਥ :

ਪ੍ਰ: ਹਜ਼ੂਰ ਜੀ! ਜਿਸ ਨੂੰ ਵੀ ਪੁੱਛੋ ਉਹੋ ਹੀ ਆਪਣੇ ਆਪ ਨੂੰ ਗੁਰੂ ਹੋਣ ਦਾ ਦਾਅਵੇਦਾਰ ਮੰਨੀ ਬੈਠਾ ਹੈ, ਪਰ ਆਪ ਕਿਸ ਗੁਰੂ ਤੋਂ ਵਾਰਨੇ ਜਾਂਦੇ ਹੋ?

ਉ: ੧. ਹੇ ਭਾਈਓ! ਮੈਂ ਤਾਂ ਉਸੇ ਗੁਰੂ ਤੋਂ ਵਾਰਨੇ ਜਾਂਦਾ ਹਾਂ, ਜਿਸ ਨੇ ਕਿ (ਮੈਨੂੰ) ਹਰੀ ਹਰਿ ਨਾਮ ਦੀ ਕਥਾ ਸੁਣਾਈ ਹੈ।

੨. ਮੈਂ ਉਸ ਗੁਰੂ ਤੋਂ ਸਦਾ ਹੀ ਸਦਕੇ ਹਾਂ, ਜਿਸ ਨੇ ਕਿ ਹਰੀ ਦੀ ਸੇਵਾ ਕਰਨ ਦੀ (ਮੈਨੂੰ) ਬਣਤ ਬਣਾ ਦਿੱਤੀ, ਭਾਵ ਜੁਗਤੀ ਸਿਖਾਲ ਦਿੱਤੀ ਹੈ।

ਪ੍ਰ: ਹਜ਼ੂਰ! ਜਿਸ ਆਪਣੇ ਗੁਰੂ ਦਾ ਤੁਸੀਂ ਜ਼ਿਕਰ ਕਰਦੇ ਹੋ, ਉਸ ਦਾ ਟਿਕਾਣਾ ਕਿੱਥੇ ਹੈ?

ਉ: ੩. ਹੇ ਭਾਈਓ! ਉਹ ਮੇਰਾ ਪਿਆਰਾ ਗੁਰੂ (ਹਰ ਵੇਲੇ) ਮੇਰੇ ਨਾਲ ਹੀ ਹੈ। ਜਿੱਥੇ ਕਿੱਥੇ (ਭੀੜ ਪਵੇ) (ਉਹ ਮੈਨੂੰ ਝੱਟ ਹੀ) ਛੁਡਾ ਲੈਂਦਾ ਹੈ।

੪. ਹੇ ਸੱਜਨੋ! ਉਸ ਗੁਰੂ ਨੂੰ ਸ਼ਾਬਾਸ਼ ਹੈ, (ਭਾਵ ਉਸ ਗੁਰੂ ਦਾ ਸ਼ੁਕਰੀਆ ਹੈ) ਜਿਸ ਨੇ ਕਿ ਮੈਨੂੰ ਵਾਹਿਗੁਰੂ ਜੀ ਦੀ ਸਮਝ ਪਾ ਦਿੱਤੀ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! (ਮੈਂ ਉਸ) ਗੁਰੂ ਉਤੋਂ ਵਾਰਨੇ ਜਾਂਦਾ ਹਾਂ, ਜਿਸ ਨੇ ਹਰੀ ਦਾ ਨਾਮ ਦਿੱਤਾ ਅਤੇ ਮੇਰੇ ਮਨ ਦੀ ਆਸ਼ਾ ਪੂਰੀ ਕਰ ਦਿੱਤੀ ਹੈ।੫।

ਭਾਵਾਰਥ : ਪਹਿਲੇ ਸਲੋਕ ਵਿਚ ਗੁਰੂ ਅਮਰ ਦਾਸ ਜੀ ਨੇ ਇਕੋ ਸਤਿਗੁਰੂ ਨਾਲ ਪਿਆਰ ਕਰਨ ਵਾਲੇ ਸੱਜਣਾਂ ਦਾ ਪ੍ਰਸਪਰ ਮਿੱਤ੍ਰਤਾ ਦਾ ਰਿਸ਼ਤਾ ਵਰਣਨ ਕੀਤਾ ਹੈ, ਮਹਲੇ ਵਿਚ ਪੁਗੇ ਹੋਏ ਗੁਰਮੁਖ ਦੇ ਲੱਛਣ ਬਿਆਨੇ ਹਨ, ਜੋ ਕਿ ਨਾਮ ਵਿਚ ਰਤੇ ਹੋਏ ਸਦਾ ਹੀ ਸੁਖੀਏ ਹਨ, ਉਨ੍ਹਾਂ ਦੇ ਮਿਲਾਪ ਨਾਲ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ।

ਪਉੜੀ ਵਿਚ ਗੁਰੂ ਦੀ ਮਹਿਮਾ ਵਰਣਨ ਕੀਤੀ ਹੈ, ਜਿਸ ਦੁਆਰਾ ਨਾਮ ਪ੍ਰਾਪਤ ਹੋਇਆ ਹੈ।

ਸਲੋਕ ਮ: ੩ ॥

੧. ਤ੍ਰਿਸਨਾ ਦਾਧੀ ਜਲਿ ਮੁਈ
ਜਲਿ ਜਲਿ ਕਰੇ ਪੁਕਾਰ ॥
੨. ਸਤਿਗੁਰ ਸੀਤਲ ਜੇ ਮਿਲੈ
ਫਿਰਿ ਜਲੈ ਨ ਦੂਜੀ ਵਾਰ ॥
੩. ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ
ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥

ਪਦ ਅਰਥ : ਦਾਧੀ—ਸਾੜੀ ਹੋਈ। ਸੀਤਲ—ਠੰਡ ਪਾਉਣ ਵਾਲਾ।

ਅਰਥ :

ਪ੍ਰ: ਹੇ ਗੁਰੋ! ਜਦੋਂ ਸਾਰੀ ਦੁਨੀਆ ਵੱਲ ਨਜ਼ਰ ਮਾਰੀਏ, ਤਾਂ ਸਾਰੀ ਦੁਨੀਆ ਦੇ ਜੀਵ ਹੀ ਦੁਖੀਏ ਹੋਏ ਵਿਲਕਦੇ ਹਨ, ਇਸ ਦਾ ਅਸਲ ਕਾਰਨ ਕੀ ਹੈ?

ਉ: ੧. ਹੇ ਭਾਈਓ! ਇਸ ਦਾ ਅਸਲ ਕਾਰਨ ਇਕੋ ਤ੍ਰਿਸ਼ਨਾ ਹੈ, (ਕਿਉਂਕਿ) ਇਹ ਦੁਨੀਆ ਤ੍ਰਿਸ਼ਨਾ ਦੀ ਸਾੜੀ ਹੋਈ ਦੁਖੀ ਹੋ ਰਹੀ ਹੈ ਅਤੇ ਫਿਰ-ਫਿਰ ਸੜਦੀ ਹੋਈ ਵਿਲਕਦੀ ਪੁਕਾਰ ਕਰਦੀ ਰਹਿੰਦੀ ਹੈ।

ਪ੍ਰ: ਹਜ਼ੂਰ! ਇਸ ਦਾ ਸੜਨ ਤੋਂ ਕਿਵੇਂ ਬਚਾਅ ਹੋ ਸਕੇ?

ਉ: ੨. ਹੇ ਭਾਈਓ! ਜੇ ਕਦੀ ਇਹ ਠੰਡ ਪਾਉਣ ਵਾਲੇ ਗੁਰੂ ਨੂੰ ਮਿਲ ਪਵੇ, ਤਾਂ ਫਿਰ ਇਹ ਦੂਜੀ ਵਾਰ ਮੁੜ-ਮੁੜ ਨਾ ਸੜੇ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਬਿਨਾ ਨਾਮ ਦੇ (ਇਸ ਜਲ-ਜਲ ਮਰਨੇ, ਭਾਵ ਜਨਮ ਮਰਨ ਤੋਂ) ਕੋਈ ਨਿਰਭਉ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਗੁਰੂ ਦੇ ਉਪਦੇਸ਼ ਦੁਆਰਾ (ਨਾਮ ਦਾ) ਵੀਚਾਰ ਨਾ ਕਰੇ।੧।

ਮ: ੩ ॥

੧. ਭੇਖੀ ਅਗਨਿ ਨ ਬੁਝਈ
ਚਿੰਤਾ ਹੈ ਮਨ ਮਾਹਿ ॥
੨. ਵਰਮੀ ਮਾਰੀ ਸਾਪੁ ਨ ਮਰੈ
ਤਿਉ ਨਿਗੁਰੇ ਕਰਮ ਕਮਾਹਿ ॥

੩. ਸਤਿਗੁਰੁ ਦਾਤਾ ਸੇਵੀਐ
ਸਬਦੁ ਵਸੈ ਮਨਿ ਆਇ ॥
੪. ਮਨੁ ਤਨੁ ਸੀਤਲੁ ਸਾਂਤਿ ਹੋਇ
ਤ੍ਰਿਸਨਾ ਅਗਨਿ ਬੁਝਾਇ ॥
੫. ਸੁਖਾ ਸਿਰਿ ਸਦਾ ਸੁਖੁ ਹੋਇ
ਜਾ ਵਿਚਹੁ ਆਪੁ ਗਵਾਇ ॥
੬. ਗੁਰਮੁਖਿ ਉਦਾਸੀ ਸੋ ਕਰੇ
ਜਿ ਸਚਿ ਰਹੈ ਲਿਵ ਲਾਇ ॥
੭. ਚਿੰਤਾ ਮੂਲਿ ਨ ਹੋਵਈ
ਹਰਿ ਨਾਮਿ ਰਜਾ ਆਘਾਇ ॥
੮. ਨਾਨਕ ਨਾਮ ਬਿਨਾ ਨਹ ਛੂਟੀਐ
ਹਉਮੈ ਪਚਹਿ ਪਚਾਇ ॥੨॥

ਪਦ ਅਰਥ : ਆਪੁ—ਆਪਾ ਭਾਵ, ਅਪਣੱਤ, ਸੁਆਰਥ। ਆਘਾਇ ਰਜਾ—ਚੰਗੀ ਤਰ੍ਹਾਂ ਰਜਿਆ ਰਹਿੰਦਾ ਹੈ। ਪਚਹਿ—ਸੜਦੇ ਹਨ।

ਅਰਥ :

ਪ੍ਰ: ਸ੍ਰੀ ਜੀਉ ! ਬਹੁਤੇ ਲੋਕ ਇਸ ਤ੍ਰਿਸ਼ਨਾ ਦੀ ਅਗਨ ਬੁਝਾਉਣ ਲਈ, ਆਪਣਾ ਘਰ ਬਾਰ ਤਿਆਗ ਕੇ ਸਰੀਰ ਉਪਰ ਅਨੇਕਾਂ ਹੀ ਤਰ੍ਹਾਂ ਦੇ ਭੇਖ ਧਾਰਨ ਕਰੀ ਫਿਰਦੇ ਹਨ। ਕੀ ਇਉਂ ਇਨ੍ਹਾਂ ਦੇ ਅੰਦਰੋਂ ਤ੍ਰਿਸ਼ਨਾ ਦੀ ਅਗਨੀ ਬੁੱਝ ਜਾਂਦੀ ਹੈ ?

ਉ: ੧. (ਨਹੀਂ) ਹੇ ਮਿੱਤਰੋ ! ਸਰੀਰ ਉਪਰ ਬਹੁਤੇ ਭੇਖ ਧਾਰਿਆਂ ਅੰਦਰੋਂ (ਤ੍ਰਿਸ਼ਨਾ ਦੀ) ਅੱਗ ਨਹੀਂ ਬੁਝਦੀ, ਮਨ ਵਿਚ ਸਦਾ ਹੀ ਚਿੰਤਾ ਟਿਕੀ ਰਹਿੰਦੀ ਹੈ। ਭਾਵ ਹੈ ਕਿ ਭੇਖੀਆਂ ਦੇ ਮਨ ਵਿਚ (ਪਾਜ ਨਿਭਾਉਣ ਦੀ) ਹਰ ਵਕਤ ਚਿੰਤਾ ਬਣੀ ਰਹਿੰਦੀ ਹੈ।

ਪ੍ਰ: ਕਿਉਂ ਜੀ ! ਕੀ ਉਨ੍ਹਾਂ ਦੇ ਬਾਹਰਲੇ ਕੀਤੇ ਹੋਏ ਕਰਮਾਂ ਦਾ ਉਨ੍ਹਾਂ ਨੂੰ ਕੋਈ ਲਾਭ ਨਹੀਂ ?

ਉ: ੨. ਹੇ ਭਾਈ ! ਉਨ੍ਹਾਂ ਨਿਗੁਰੇ ਲੋਕਾਂ, ਭਾਵ ਮਨਮੁਖਾਂ ਦੇ ਉਹ ਕਰਮ ਕਰਨੇ ਵੀ ਇਸੀ ਤਰ੍ਹਾਂ ਦੇ ਵਿਅਰਥ ਜਾਣੋ ਜਿਵੇਂ ਕਿ ਸਰਪ ਦੀ ਵਰਮੀਂ ਖੁੱਡ ਨੂੰ ਬੰਦ ਕੀਤਿਆਂ ਸਰਪ ਨਹੀਂ ਮਰਦਾ, ਭਾਵ ਜਿਵੇਂ ਕੋਈ ਬਰਮੀ ਨੂੰ ਮਾਰ ਕੇ ਸਮਝ ਲਵੇ ਕਿ ਸੱਪ ਮਰ ਗਿਆ ਹੈ, ਪਰ ਸੱਪ ਕੋਈ ਨਹੀਂ ਮਰਦਾ, ਇਸੀ ਤਰ੍ਹਾਂ ਸਰੀਰ ਮਾਨੋ ਇਕ ਖੁੱਡ ਹੈ, ਮਾੜਾ ਮਨ ਸਰਪ ਦੀ ਨਿਆਈਂ ਹੈ, ਭੇਖ ਧਾਰ ਕੇ ਜੋ ਘਰ ਬਾਰ ਛੱਡਦਾ ਹੈ ਤੇ ਜ਼ਰੂਰੀ ਤਤਿੱਖਯਾ ਕਰਦਾ ਹੈ, ਉਹ ਸਰੀਰ ਰੂਪੀ ਖੁੱਡ ਨੂੰ ਕੁੱਟ ਰਿਹਾ ਹੈ, ਇਸ ਤਰ੍ਹਾਂ ਉਸਦੇ ਮਨ ਦਾ ਮਾੜਾ ਸੁਭਾਅ ਨਹੀਂ ਬਦਲੇਗਾ।

ਪ੍ਰ: ਕਿਉਂ ਜੀ ! ਕੋਈ ਐਸਾ ਸਾਧਨ ਹੈ, ਜਿਸ ਦੁਆਰਾ ਇਹ ਤ੍ਰਿਸ਼ਨਾ ਦੀ ਅਗਨ ਬੁੱਝ ਜਾਵੇ ?

ਉ: ੩. (ਹਾਂ ਹੈ) ਹੇ ਭਾਈਓ ! ਜੇ ਸਤਿਗੁਰੂ ਦਾਤੇ ਦੀ ਸੇਵਾ ਕਰੀਏ, ਤਾਂ ਉਸ ਦਾ ਸ਼ਬਦ ਮਨ ਵਿਚ ਆ ਵਸਦਾ ਹੈ।

੪. ਇਉਂ ਉਸ ਮਨੁੱਖ ਦਾ ਮਨ ਅਤੇ ਤਨ ਠੰਡਾ ਠਾਰ ਹੋ ਜਾਂਦਾ ਹੈ, (ਕਿਉਂਕਿ) ਉਸ ਦੇ ਅੰਦਰੋਂ ਤ੍ਰਿਸ਼ਨਾ ਦੀ ਅਗਨੀ ਬੁੱਝ ਜਾਂਦੀ ਹੈ।

੫. ਹੇ ਭਾਈਓ ! ਇਉਂ ਜਦ ਕੋਈ (ਗੁਰੂ ਦੀ ਸੇਵਾ ਕਰਦਾ ਹੋਇਆ) ਆਪਣੇ ਅੰਦਰੋਂ ਹੰਕਾਰ ਗਵਾ ਲੈਂਦਾ ਹੈ, ਤਾਂ ਉਸ ਨੂੰ ਸੁੱਖਾਂ ਦੇ ਸਿਰ (ਸੁੱਖ) ਸਦੈਵ ਸੁੱਖ, ਸ੍ਰੇਸ਼ਟ ਸੁੱਖ ਪ੍ਰਾਪਤ ਹੋ ਜਾਏਗਾ।

੬. ਪਰ ਹੇ ਸੱਜਨੋ ! ਇਸ ਤਰ੍ਹਾਂ ਦੀ ਉਦਾਸੀ ਉਹ ਗੁਰਮੁਖ ਕਰਦਾ ਹੈ ਜੋ ਕਿ ਸਦਾ ਹੀ ਸੱਚ ਵਿਚ ਲਿਵ ਲਾਈ ਰੱਖਦਾ ਹੈ। (ਸੱਚ ਵਿਚ ਸੁਰਤੀ ਨੂੰ ਜੋੜੀ ਰੱਖਦਾ ਹੈ)।

ਪ੍ਰ: ਹਜ਼ੂਰ ! ਉਸ ਦੀ ਫਿਰ ਨਿਸ਼ਾਨੀ ਕੀ ਹੈ ?

ਉ: ੭. ਹੇ ਪਿਆਰਿਓ ! ਉਸ ਨੂੰ ਫਿਰ ਕਦੀ ਵੀ ਉੱਕਾ ਹੀ ਚਿੰਤਾ ਨਹੀਂ ਹੁੰਦੀ, (ਕਿਉਂਕਿ) ਉਹ ਹਰੀ ਨਾਮ ਵਿਚ ਰਜਿਆ ਤੇ ਤ੍ਰਿਪਤ ਹੋਇਆ ਰਹਿੰਦਾ ਹੈ।

ਪ੍ਰ: ਹਜ਼ੂਰ ! ਆਖ਼ਰ ਕੋਈ ਸੁਖੈਨ ਸਾਧਨ ਦੱਸੋ, ਜਿਸ ਦੁਆਰਾ ਚੌਰਾਸੀ ਦੇ ਗੇੜ ਤੋਂ ਛੁੱਟ ਸਕੀਏ ?

ਉ: ੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! ਨਾਮ ਸਿਮਰਨ ਤੋਂ ਬਿਨਾ ਚੌਰਾਸੀ ਦੇ ਚੱਕ੍ਰ ਤੋਂ ਨਹੀਂ ਛੁੱਟ ਸਕੀਦਾ। ਨਾਮ ਤੋਂ ਸਖਣੇ ਜੀਵ ਤਾਂ ਆਪ ਹੰਕਾਰ ਵਿਚ ਸੜਦੇ ਹਨ ਅਤੇ ਹੋਰਨਾਂ ਨੂੰ ਵੀ ਸਾੜਦੇ ਰਹਿੰਦੇ ਹਨ।੨।

ਪਉੜੀ ॥

੧. ਜਿਨੀ ਹਰਿ ਹਰਿ ਨਾਮੁ ਧਿਆਇਆ
ਤਿਨੀ ਪਾਇਅੜੇ ਸਰਬ ਸੁਖਾ ॥
੨. ਸਭੁ ਜਨਮੁ ਤਿਨਾ ਕਾ ਸਫਲੁ ਹੈ
ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥
੩. ਜਿਨੀ ਗੁਰ ਕੈ ਬਚਨਿ ਆਰਾਧਿਆ
ਤਿਨ ਵਿਸਰਿ ਗਏ ਸਭਿ ਦੁਖਾ ॥
੪. ਤੇ ਸੰਤ ਭਲੇ ਗੁਰਸਿਖ ਹੈ
ਜਿਨ ਨਾਹੀ ਚਿੰਤ ਪਰਾਈ ਚੁਖਾ ॥
੫. ਧਨੁ ਧੰਨੁ ਤਿਨਾ ਕਾ ਗੁਰੂ ਹੈ
ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥

ਪਦ ਅਰਥ : ਚਿੰਤ—ਆਸ। ਚੁਖਾ—ਰਤਾ ਭੀ।

ਅਰਥ :

ਪ੍ਰ: ਹਜ਼ੂਰ ! ਜੋ ਮਨੁੱਖ ਸਦਾ ਹੀ ਹਰਿ ਹਰਿ ਨਾਮ ਧਿਆਉਂਦੇ ਰਹਿੰਦੇ ਹਨ, ਉਨ੍ਹਾਂ ਨੂੰ ਆਖ਼ਰ ਫਲ ਕੀ ਮਿਲਦਾ ਹੈ ?

ਉ: ੧. ਹੇ ਪਿਆਰਿਓ ! ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਹਰਿ ਹਰਿ ਨਾਮ ਸਿਮਰਿਆ ਹੈ, ਉਨ੍ਹਾਂ ਨੂੰ (ਸਮਝੋ) ਸਾਰੇ ਹੀ ਸੁੱਖ ਮਿਲ ਗਏ ਹਨ।

੨. ਉਨ੍ਹਾਂ ਦਾ ਸਾਰਾ ਹੀ ਮਨੁੱਖਾ ਜਨਮ ਸਫਲ ਹੋਇਆ ਹੈ, ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦੇ ਨਾਮ ਦੀ ਭੁੱਖ ਲੱਗੀ ਹੋਈ ਹੈ, ਭਾਵ ਨਾਮ ਜਿਨ੍ਹਾਂ ਦੀ ਜ਼ਿੰਦਗੀ ਦਾ ਆਸਰਾ ਹੋ ਜਾਂਦਾ ਹੈ।

੩. (ਹਾਂ) ਜਿਨ੍ਹਾਂ ਨੇ ਗੁਰੂ ਦੇ ਬਚਨ ਦੁਆਰਾ ਪ੍ਰਭੂ ਦਾ ਨਾਮ ਸਿਮਰਨ ਕੀਤਾ ਹੈ, ਉਨ੍ਹਾਂ ਦੇ ਸਾਰੇ ਹੀ ਦੁੱਖ ਦੂਰ ਹੋ ਗਏ।

੪. ਗੁਰੂ ਦੇ ਉਹ ਸੰਤ ਤੇ ਸਿੱਖ ਭਲੇ ਹਨ, ਜਿਨ੍ਹਾਂ ਨੇ (ਪ੍ਰਭੂ ਤੋਂ ਬਿਨਾ) ਹੋਰ ਕਿਸੇ ਦੀ ਰਤਾ ਭੀ ਆਸ ਨਹੀਂ ਰੱਖੀ।

੫. ਹੇ ਭਾਈਓ! ਉਨ੍ਹਾਂ ਦਾ ਗੁਰੂ ਭੀ ਧੰਨ ਹੈ, ਵੱਡੇ ਭਾਗਾਂ ਵਾਲਾ ਹੈ, ਜਿਸ ਦੇ ਮੂੰਹ ਨੂੰ (ਪ੍ਰਭੂ ਦੀ ਸਿਫ਼ਤਿ-ਸਾਲਾਹ ਰੂਪ) ਅਮਰ ਕਰਨ ਵਾਲੇ ਫਲ ਲੱਗੇ ਹੋਏ ਹਨ (ਭਾਵ ਜਿਸ ਦੀ ਰਸਨਾ ਤੋਂ ਜਗਿਆਸੂਆਂ ਨੂੰ ਹਰਿ ਨਾਮ ਰੂਪੀ ਅੰਮ੍ਰਿਤ ਫਲ ਪ੍ਰਾਪਤ ਹੁੰਦਾ ਹੈ।੬।

ਭਾਵਾਰਥ : ਪਹਿਲੇ ਸਲੋਕ ਵਿਚ ਨਾਮ ਤੋਂ ਗੁਰੂ ਵਿਹੂਣਾ ਜਗਤ ਦੁਖੀਆ ਦੱਸਿਆ ਹੈ, ਦੂਸਰੇ ਵਿਚ ਉਨ੍ਹਾਂ ਲੋਕਾਂ ਦਾ ਜ਼ਿਕਰ ਕਰਦੇ ਹਨ, ਜੋ ਲੋਕ ਭੇਖ ਧਾਰਦੇ, ਘਰ ਬਾਰ ਛੱਡਦੇ, ਭੇਖ ਬਣਾਈ ਰੱਖਣ ਲਈ ਔਖ ਝੱਲਦੇ, ਉਨ੍ਹਾਂ ਨੂੰ ਕਹਿ ਰਹੇ ਹਨ ਕਿ ਉਹ ਕਾਲ ਚੱਕ੍ਰ ਤੋਂ ਨਹੀਂ ਛੁੱਟ ਸਕਦੇ।

ਪਉੜੀ ਦੇ ਅੰਤ ਵਿਚ ਗੁਰੂ ਦਾ ਸ਼ੁਕਰਾਨਾ ਕੀਤਾ ਹੈ।

ਸਲੋਕ ਮ: ੩ ॥

੧. ਕਲਿ ਮਹਿ ਜਮੁ ਜੰਦਾਰੁ ਹੈ
ਹੁਕਮੇ ਕਾਰ ਕਮਾਇ ॥
੨. ਗੁਰਿ ਰਾਖੇ ਸੇ ਉਬਰੇ
ਮਨਮੁਖਾ ਦੇਇ ਸਜਾਇ ॥
੩. ਜਮਕਾਲੈ ਵਸਿ ਜਗੁ ਬਾਂਧਿਆ
ਤਿਸ ਦਾ ਫਰੂ ਨ ਕੋਇ ॥
੪. ਜਿਨਿ ਜਮੁ ਕੀਤਾ ਸੋ ਸੇਵੀਐ
ਗੁਰਮੁਖਿ ਦੁਖੁ ਨ ਹੋਇ ॥
੫. ਨਾਨਕ ਗੁਰਮੁਖਿ ਜਮੁ ਸੇਵਾ ਕਰੇ
ਜਿਨ ਮਨਿ ਸਚਾ ਹੋਇ ॥੧॥

ਪਦ ਅਰਥ : ਜੰਦਾਰੁ—ਗਵਾਰ, ਡਾਢਾ ਕਰੜਾ, ਦੰਡ ਦੇਣ ਵਾਲਾ।

ਅਰਥ :

ਪ੍ਰ: ਕਿਉਂ ਜੀ! ਕਲਜੁਗ ਵਿਚ ਤੁਸੀਂ ਸਭ ਤੋਂ ਅਵੈੜਾ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈਓ! ਕਲਜੁਗ ਵਿਚ (ਇਕ) ਜਮ ਹੀ ਡਾਢਾ ਕਰੜਾ ਤੇ ਅਵੈੜਾ ਹੈ। (ਪਰ ਹਾਂ) ਇਹ ਭੀ ਜਮ ਸਾਈਂ ਜੀ ਦੇ ਹੁਕਮ ਵਿਚ ਕੰਮ ਕਰਦਾ ਹੈ।

ਪ੍ਰ: ਹਜ਼ੂਰ! ਕੀ ਇਸ ਅਵੈੜੇ ਕਾਲ ਤੋਂ ਕੋਈ ਬਚਿਆ ਵੀ ਹੈ?

ਉ: ੨. (ਹਾਂ ਜ਼ਰੂਰ) ਹੇ ਭਾਈ! ਇਸ ਅਵੈੜੇ ਕਾਲ ਤੋਂ ਉਹ ਬਚੇ ਹਨ ਜੋ ਗੁਰੂ ਨੇ ਬਚਾ ਲਏ, ਪਰ ਮਨਮੁਖਾਂ ਨੂੰ ਇਹ ਸਹਿਮ ਦੀ ਸਜ਼ਾ ਦੇਂਦਾ ਹੈ।

੩. ਜਗਤ (ਭਾਵ, ਪ੍ਰਭੂ ਤੋਂ ਵਿਛੜਿਆ ਜੀਵ) ਜਮਕਾਲ ਦੇ ਵਸ ਵਿਚ ਬੱਧਾ ਪਿਆ ਹੈ, ਉਸ ਦਾ ਕੋਈ (ਫਰੂ) ਰਾਖਾ ਨਹੀਂ ਬਣਦਾ।

੪. (ਪਰ ਹਾਂ) ਜੇ ਗੁਰੂ ਦੇ ਸਨਮੁਖ ਹੋ ਕੇ ਉਸ ਪ੍ਰਭੂ ਦੀ ਬੰਦਗੀ ਕਰੀਏ, ਜਿਸ ਨੇ ਕਿ ਜਮ ਪੈਦਾ ਕੀਤਾ ਹੈ, ਤਾਂ ਫਿਰ ਜਮ ਦਾ ਦੁੱਖ ਨਹੀਂ ਪੋਂਹਦਾ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਸੱਚਾ ਪ੍ਰਭੂ ਵਸਦਾ ਹੈ, ਉਨ੍ਹਾਂ ਦੀ ਸੇਵਾ ਤਾਂ (ਸਗੋਂ) ਜਮ ਭੀ ਕਰਦਾ ਹੈ।੧।

ਮ: ੩ ॥

੧. ਏਹਾ ਕਾਇਆ ਰੋਗਿ ਭਰੀ ਬਿਨੁ ਸਬਦੈ
ਦੁਖੁ ਹਉਮੈ ਰੋਗੁ ਨ ਜਾਇ ॥
੨. ਸਤਿਗੁਰੁ ਮਿਲੈ ਤਾ ਨਿਰਮਲ ਹੋਵੈ
ਹਰਿ ਨਾਮੋ ਮੰਨਿ ਵਸਾਇ ॥
੩. ਨਾਨਕ ਨਾਮੁ ਧਿਆਇਆ ਸੁਖਦਾਤਾ
ਦੁਖੁ ਵਿਸਰਿਆ ਸਹਜਿ ਸੁਭਾਇ ॥੨॥

ਪਦ ਅਰਥ : ਕਾਇਆ—ਸਰੀਰ। ਰੋਗਿ—ਰੋਗ ਨਾਲ। ਮੰਨਿ—ਮਨ ਵਿਚ।

ਅਰਥ :

ਪ੍ਰ: ਕਿਉਂ ਜੀ! ਕੀ ਆਪ ਜੀ ਦਾ ਕੋਈ ਇਹ ਭੀ ਅੰਦਾਜ਼ਾ ਹੈ ਕਿ ਇਸ ਸਰੀਰ ਵਿਚ ਕਿਤਨੇ ਕੁ ਗਿਣਤੀ ਦੇ ਰੋਗ ਹਨ?

ਉ: ੧. ਹੇ ਭਾਈ! (ਇਸ ਸਰੀਰ ਵਿਚ ਤਾਂ ਭਾਵੇਂ ਹੋਰ ਵੀ ਅਨੇਕਾਂ ਰੋਗ ਹਨ, ਪਰ ਜਦੋਂ ਵੀਚਾਰ ਕਰ ਕੇ ਵੇਖੀਏ) ਤਾਂ ਇਹ ਕਾਇਆ (ਹਉਮੈ ਦੇ ਵੱਡੇ) ਰੋਗ ਨਾਲ ਭਰੀ ਹੋਈ ਹੈ, ਪਰ ਗੁਰੂ ਦੇ ਸ਼ਬਦ ਦੀ ਕਮਾਈ ਤੋਂ ਬਿਨਾ ਇਹ ਨਿਰੀ ਦੁੱਖ ਰੂਪ ਹੈ। ਸੋ ਇਹ ਹਉਮੈ ਦਾ ਦੁੱਖ ਗੁਰੂ ਤੋਂ ਬਿਨਾ ਦੂਰ ਨਹੀਂ ਹੁੰਦਾ।

੨. (ਹਾਂ) ਜੇ ਗੁਰੂ ਮਿਲ ਪਏ ਤਾਂ ਮਨੁੱਖ ਦਾ ਮਨ ਪਵਿੱਤ੍ਰ ਹੋ ਜਾਂਦਾ ਹੈ, (ਕਿਉਂਕਿ) ਗੁਰੂ ਦੇ ਮਿਲਿਆਂ ਮਨੁੱਖ ਪਰਮੇਸ਼ਰ ਦਾ ਨਾਮ ਮਨ ਵਿਚ ਵਸਾਂਦਾ ਹੈ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਜਿਨ੍ਹਾਂ ਨੇ ਸੁਖਦਾਈ ਹਰੀ ਦਾ ਨਾਮ ਸਿਮਰਿਆ ਹੈ, ਉਨ੍ਹਾਂ ਦਾ ਹਉਮੈ ਦਾ ਦੁੱਖ ਸਹਿਜ ਸੁਭਾਉ ਹੀ ਦੂਰ ਹੋ ਜਾਂਦਾ ਹੈ।੨।

ਪਉੜੀ ॥

੧. ਜਿਨਿ ਜਗਜੀਵਨੁ ਉਪਦੇਸਿਆ
ਤਿਸੁ ਗੁਰ ਕਉ ਹਉ ਸਦਾ ਘੁਮਾਇਆ ॥
੨. ਤਿਸੁ ਗੁਰ ਕਉ ਹਉ ਖੰਨੀਐ
ਜਿਨਿ ਮਧੁਸੂਦਨੁ ਹਰਿ ਨਾਮੁ ਸੁਣਾਇਆ ॥

੩. ਤਿਸੁ ਗੁਰ ਕਉ ਹਉ ਵਾਰਣੈ
ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥
੪. ਤਿਸੁ ਸਤਿਗੁਰ ਕਉ ਵਡ ਪੁੰਨੁ ਹੈ
ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥
੫. ਸੋ ਸਤਿਗੁਰੁ ਤਿਨ ਕਉ ਭੇਟਿਆ
ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ ॥੭॥

ਪਦ ਅਰਥ : ਜਿਨਿ ਉਪਦੇਸਿਆ—ਜਿਸ ਗੁਰੂ ਨੇ ਰੱਬ ਨੇੜੇ ਵਿਖਾ ਦਿੱਤਾ ਹੈ। ਗੁਣੀ—ਗੁਣਾਂ ਦਾ ਖ਼ਜ਼ਾਨਾ।

ਅਰਥ :

ਪ੍ਰ: ਹਜ਼ੂਰ ! ਤੁਹਾਡੇ ਅੰਦਰ ਗੁਰੂ ਦਾ ਕਿਤਨਾ ਕੁ ਸਤਿਕਾਰ ਹੈ ?

ੳ: ੧. ਹੇ ਭਾਈ ! ਜਿਸ ਗੁਰੂ ਨੇ ਮੈਨੂੰ ਜਗਤ ਦੇ ਜੀਵਨ ਵਾਹਿਗੁਰੂ ਜੀ ਦਾ ਉਪਦੇਸ਼ ਦਿੱਤਾ ਹੈ, ਭਾਵ ਪ੍ਰਭੂ ਨੂੰ ਨੇੜੇ ਹੀ ਵਿਖਾ ਦਿੱਤਾ ਹੈ, ਉਸ ਗੁਰੂ ਤੋਂ ਤਾਂ ਮੈਂ ਸਦਾ ਹੀ ਸਦਕੇ ਹਾਂ, ਕੁਰਬਾਨ ਹਾਂ।

੨. ਹੇ ਭਾਈ ! ਉਸ ਗੁਰੂ ਤੋਂ ਮੈਂ ਟੋਟੇ-ਟੋਟੇ ਹੋ ਕੇ ਕੁਰਬਾਨ ਹੋ ਜਾਵਾਂ, ਜਿਸ ਨੇ ਮੈਨੂੰ ਇਹ ਹਰੀ ਦਾ ਮਧੂ ਸੂਦਨ ਨਾਮ ਸੁਣਾਇਆ ਹੈ।

੩. ਉਸ ਗੁਰੂ ਤੋਂ ਮੈਂ ਵਾਰੀ ਸਦਕੇ ਹਾਂ, ਜਿਸ ਨੇ ਹਉਮੈ ਦਾ ਜ਼ਹਿਰ ਅਤੇ ਉਸ ਤੋਂ ਉਪਜਿਆ ਮੇਰਾ ਸਾਰਾ ਰੋਗ ਦੂਰ ਕਰ ਦਿੱਤਾ।

੪. ਹੇ ਭਾਈਓ ! ਉਸ ਗੁਰੂ ਦਾ ਇਹ ਭਾਰੀ ਪੁੰਨ ਹੈ, ਜਿਸ ਨੇ ਕਿ ਮੇਰੇ ਔਗੁਣ ਕੱਟ ਕੇ ਮੈਨੂੰ ਗੁਣਾਂ ਵਾਲੇ ਪ੍ਰਭੂ ਦਾ ਧਿਆਨ ਸਮਝਾ ਦਿੱਤਾ।

ਪ੍ਰ: ਸ੍ਰੀ ਜੀਉ ! ਅਜੇਹਾ ਉਪਕਾਰੀ ਗੁਰੂ ਸਾਰਿਆਂ ਨੂੰ ਕਿਉਂ ਨਹੀਂ ਮਿਲਦਾ ?

ੳ: ੫. ਹੇ ਸੱਜਨੋ ! ਪਰ ਉਹ ਸਤਿਗੁਰੂ ਉਨ੍ਹਾਂ ਨੂੰ ਹੀ ਮਿਲਿਆ ਹੈ, ਜਿਨ੍ਹਾਂ ਦੇ ਮੂੰਹ ਮੱਥੇ 'ਤੇ (ਇਸ ਮੇਲ ਦਾ) ਭਾਗ (ਅਰਥਾਤ) ਲੇਖ ਧੁਰੋਂ ਲਿਖ ਕੇ ਪਾ ਦਿੱਤਾ ਹੈ।੭।

ਭਾਵਾਰਥ : ਸਲੋਕ ਵਿਚ ਕਹਿੰਦੇ ਹਨ ਕਿ ਕਲਜੁਗ ਵਿਚ ਜਮਕਾਲ ਡਾਢਾ ਹੈ। ਉਸ ਤੋਂ ਬਚਣ ਲਈ ਇਕੋ ਉਪਾਉ ਹੈ ਕਿ ਜਿਸ ਨੇ ਉਹ ਜਮ ਪੈਦਾ ਕੀਤਾ ਹੈ, ਉਸ ਦੀ ਸੇਵਾ ਕਰੋ, ਉਸ ਨੂੰ ਸਿਮਰੋ।

ਦੂਜੇ ਸਲੋਕ ਵਿਚ ਹਉਮੈ ਦੀ ਨਵਿਰਤੀ ਨਾਮ ਦੁਆਰਾ ਦੱਸੀ ਹੈ ਅਤੇ ਪਉੜੀ ਵਿਚ ਨਾਮ ਦੇ ਦਾਤੇ ਸਤਿਗੁਰੂ ਦੀ ਉਪਮਾ ਅੰਕਤ ਕੀਤੀ ਹੈ।

ਸਲੋਕੁ ਮਃ ੩ ॥

੧. ਭਗਤਿ ਕਰਹਿ ਮਰਜੀਵੜੇ
ਗੁਰਮੁਖਿ ਭਗਤਿ ਸਦਾ ਹੋਇ ॥
੨. ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ
ਮੇਟਿ ਨ ਸਕੈ ਕੋਇ ॥
੩. ਗੁਣ ਨਿਧਾਨੁ ਮਨਿ ਪਾਇਆ
ਏਕੋ ਸਚਾ ਸੋਇ ॥
੪. ਨਾਨਕ ਗੁਰਮੁਖਿ ਮਿਲਿ ਰਹੇ
ਫਿਰਿ ਵਿਛੋੜਾ ਕਦੇ ਨ ਹੋਇ ॥੧॥

ਪਦ ਅਰਥ : ਨਿਧਾਨੁ—ਖ਼ਜ਼ਾਨਾ। ਪਾਇਆ—ਲੱਭ ਪਿਆ।

ਅਰਥ :

ਪ੍ਰ: ਹਜ਼ੂਰ ! ਸੱਚੇ ਰੱਬ ਦੀ ਸੱਚੀ ਭਗਤੀ ਕੌਣ ਕਰਦੇ ਹਨ ?

ੳ: ੧. ਹੇ ਪਿਆਰਿਓ ! ਰੱਬ ਦੀ ਭਗਤੀ ਕਰਨੀ ਬਹੁਤ ਕਠਨ ਹੈ। ਇਸ ਨੂੰ ਤਾਂ ਓਹੀ ਮਨੁੱਖ ਕਰ ਸਕਦਾ ਹੈ, (ਜੋ ਮਰ ਜੀਉੜਾ ਹੋਵੇ) (ਭਾਵ ਸੰਸਾਰ ਵਲੋਂ) ਮਰ ਕੇ (ਰੱਬ ਵੱਲ) ਜੀਉਣ ਵਾਲਾ ਹੋਵੇ। ਅਸਲੀ ਭਗਤੀ ਉਨ੍ਹਾਂ ਪਾਸੋਂ ਹੀ ਹੋ ਸਕਦੀ ਹੈ, ਜੋ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਂਦੇ ਹਨ।

੨. ਅਸਲ ਵਿਚ ਐਸੇ ਬੰਦਿਆਂ ਨੂੰ ਧੁਰੋਂ ਪਰਮੇਸ਼ਰ ਨੇ ਭਗਤੀ ਦੇ ਖ਼ਜ਼ਾਨੇ ਦੀ ਦਾਤ ਬਖ਼ਸ਼ਸ਼ ਕੀਤੀ ਹੋਈ ਹੈ, ਕੋਈ ਭੀ ਉਸ ਬਖ਼ਸ਼ਸ਼ ਨੂੰ ਮਿਟਾ ਨਹੀਂ ਸਕਦਾ।

੩. ਹੇ ਭਾਈਓ ! ਉਨ੍ਹਾਂ ਨੇ ਆਪਣੇ ਮਨ ਵਿਚੋਂ ਉਹ ਇਕੋ ਸੱਚਾ (ਵਾਹਿਗੁਰੂ) ਗੁਣਾਂ ਦਾ ਖ਼ਜ਼ਾਨਾ ਪਾ ਲਿਆ ਹੁੰਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਐਸੇ ਗੁਰਮੁਖ ਉਸ ਵਾਹਿਗੁਰੂ ਜੀ ਨਾਲ ਮਿਲੇ ਰਹਿੰਦੇ ਹਨ, ਜਿਨ੍ਹਾਂ ਦਾ ਫਿਰ ਕਦੇ ਵਿਛੋੜਾ ਨਹੀਂ ਹੁੰਦਾ।੧।

ਮ: ੩ ॥

੧. ਸਤਿਗੁਰ ਕੀ ਸੇਵ ਨ ਕੀਨੀਆ
ਕਿਆ ਓਹੁ ਕਰੇ ਵੀਚਾਰੁ ॥
੨. ਸਬਦੈ ਸਾਰ ਨ ਜਾਣਈ
ਬਿਖੁ ਭੂਲਾ ਗਾਵਾਰੁ ॥
੩. ਅਗਿਆਨੀ ਅੰਧੁ ਬਹੁ ਕਰਮ ਕਮਾਵੈ
ਦੂਜੈ ਭਾਇ ਪਿਆਰੁ ॥
੪. ਅਣਹੋਦਾ ਆਪੁ ਗਣਾਇਦੇ
ਜਮੁ ਮਾਰਿ ਕਰੇ ਤਿਨ ਖੁਆਰੁ ॥
੫. ਨਾਨਕ ਕਿਸ ਨੋ ਆਖੀਐ
ਜਾ ਆਪੇ ਬਖਸਣਹਾਰੁ ॥੨॥

ਅਰਥ :

ਪ੍ਰ: ਹਜ਼ੂਰ ! ਕਈ ਬੰਦੇ ਵੇਖੀਦੇ ਹਨ ਕਿ ਉਹ ਵੀਚਾਰ ਕਰਨ ਵਿਚ ਬਹੁਤ ਚਤਰ ਹਨ। ਕੀ ਉਨ੍ਹਾਂ ਦੀ ਇਸ ਵੀਚਾਰ ਦੀ ਭੀ ਕੋਈ ਕੀਮਤ ਹੈ ?

ੳ: ੧. ਉੱਕਾ ਹੀ ਨਹੀਂ, ਹੇ ਪਿਆਰੇ ! ਜਿਸ ਮਨੁੱਖ ਨੇ ਗੁਰੂ ਦੀ ਦੱਸੀ ਹੋਈ ਸੇਵਾ ਭਗਤੀ ਦੀ ਕਾਰ ਨਹੀਂ ਕੀਤੀ, ਦੱਸੋ ਉਹ ਹੋਰ ਵੀਚਾਰ ਕੀ ਕਰਦਾ ਹੈ, ਭਾਵ ਉਸ ਦੀ ਹੋਰ ਵੀਚਾਰ ਕਰਨ ਦਾ ਕੋਈ ਭੀ ਗੁਣ ਨਹੀਂ।

੨. ਉਹ ਗੁਰੂ ਦੇ ਸ਼ਬਦ ਦੀ (ਠੀਕ) ਪਛਾਣ ਨਹੀਂ ਜਾਣਦਾ। ਉਹ ਤਾਂ ਮਾਇਆ ਜ਼ਹਿਰ (ਵਿਚ) ਭੁਲਾ ਹੋਇਆ ਗੰਵਾਰ, ਮੂਰਖ ਹੈ।

੩. ਸੋ ਉਹ ਤਾਂ ਅਗਿਆਨੀ ਅੰਨ੍ਹਾ ਹੈ। ਉਹ ਭਾਵੇਂ ਕਰਮ ਵੀ ਬਥੇਰੇ ਕਰਦਾ ਹੈ, ਪਰ ਉਸ ਦੇ ਉਹ ਕਰਮ ਸਾਰੇ ਹੀ ਬਿਰਥਾ ਹਨ, (ਕਿਉਂਕਿ) ਉਸ ਦਾ ਇਹ ਪਿਆਰ ਦ੍ਵੈਤ-ਭਾਵਨਾ ਵਿਚ ਹੈ।

੪. (ਉਸ ਵਾਂਗੂੰ ਹੋਰ ਵੀ) ਜਿਹੜੇ ਗਿਆਨ ਦੀ ਸੋਝੀ ਤੋਂ ਬਿਨਾਂ ਆਪਣੇ ਆਪ ਨੂੰ (ਗੁਣਵਾਨ) ਸਦਾਉਂਦੇ ਹਨ, ਉਨ੍ਹਾਂ ਨੂੰ ਵੀ ਜਮ ਮਾਰ ਕੇ ਖ਼ੁਆਰ ਕਰਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਇਨ੍ਹਾਂ 'ਤੇ ਮਿਹਰਵਾਨ ਹੋਣ ਲਈ ਹੋਰ ਕਿਸ ਨੂੰ ਕਹੀਏ, ਜਦ ਕਿ (ਉਹ ਪ੍ਰਭੂ) ਆਪ ਹੀ ਬਖ਼ਸ਼ਣਹਾਰ ਹੈ। ਭਾਵ ਹੈ ਕਿ ਇਸ ਮਨਮੁਖਤਾ ਵਲੋਂ ਪ੍ਰਭੂ ਆਪ ਹੀ ਬਚਾਉਣ ਦੇ ਸਮਰੱਥ ਹੈ।੨।

ਪਉੜੀ ॥

੧. ਤੂ ਕਰਤਾ ਸਭੁ ਕਿਛੁ ਜਾਣਦਾ
ਸਭਿ ਜੀਅ ਤੁਮਾਰੇ ॥
੨. ਜਿਸੁ ਤੂ ਭਾਵੈ ਤਿਸੁ ਤੂ ਮੇਲਿ ਲੈਹਿ
ਕਿਆ ਜੰਤ ਵਿਚਾਰੇ ॥
੩. ਤੂ ਕਰਣ ਕਾਰਣ ਸਮਰਥੁ ਹੈ
ਸਚੁ ਸਿਰਜਣਹਾਰੇ ॥
੪. ਜਿਸੁ ਤੂ ਮੇਲਹਿ ਪਿਆਰਿਆ
ਸੋ ਤੁਧੁ ਮਿਲੈ ਗੁਰਮੁਖਿ ਵੀਚਾਰੇ ॥
੫. ਹਉ ਬਲਿਹਾਰੀ ਸਤਿਗੁਰ ਆਪਣੇ
ਜਿਨਿ ਮੇਰਾ ਹਰਿ ਅਲਖੁ ਲਖਾਰੇ ॥੮॥

ਪਦ ਅਰਥ : ਸਭੁ ਕਿਛੁ—(ਜੀਵਾਂ ਦੇ ਦਿਲਾਂ ਦੀ) ਹਰੇਕ ਗੱਲ। ਭਾਵੈ—ਚਾਹੇ। ਕਰਣ—ਜਗਤ। ਕਾਰਣ—ਮੂਲ, ਕਰਨ ਵਾਲਾ। ਅਲਖੁ—ਅਦ੍ਰਿਸਟ।

ਅਰਥ :

ਪ੍ਰ: ਹਜ਼ੂਰ! ਜਦ ਕਦੀ ਤੁਸੀਂ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਦੇ ਹੋ ਤਾਂ ਉਹ ਕਿਸ ਰੂਪ ਵਿਚ ਕਰਿਆ ਕਰਦੇ ਹੋ?

ਉ: ੧. ਹੇ ਪਿਆਰਿਓ! ਅਸੀਂ ਤਾਂ ਉਸ ਸਾਈਂ ਜੀ ਦੀ ਜਦੋਂ ਭੀ ਸਿਫ਼ਤ ਕਰਦੇ ਹਾਂ ਤਾਂ ਇਉਂ ਹੀ ਕਰਦੇ ਹਾਂ ਕਿ ਹੇ ਸਿਰਜਨਹਾਰ! ਤੂੰ ਸਭੋ ਕੁਝ ਜਾਣਦਾ ਹੈਂ ਤੇ ਇਹ ਸਾਰੇ ਹੀ ਜੀਵ ਤੇਰੇ ਹਨ।

੨. ਇਨ੍ਹਾਂ ਜੀਵਾਂ ਵਿਚਾਰਿਆਂ ਦੇ ਕੀ ਵਸ ਹੈ? ਜੋ ਤੈਨੂੰ ਭਾਉਂਦਾ ਹੈ, ਉਸ ਨੂੰ ਤੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈਂ।

੩. ਹੇ ਸਦੀਵੀ ਕਾਲ ਕਾਇਮ ਰਹਿਣ ਵਾਲੇ ਕਰਤਾਰ! ਤੂੰ ਸਭੋ ਕੁਝ ਕਰਨ ਦੀ ਤਾਕਤ ਰੱਖਦਾ ਹੈਂ।

੪. (ਸੋ) ਹੇ ਪਿਆਰੇ! ਗੁਰਮੁਖ ਤਾਂ ਇਹੋ ਵੀਚਾਰਦਾ ਹੈ (ਕਿ) ਜਿਸ ਨੂੰ ਤੂੰ ਮੇਲ ਲਵੇਂ, ਉਹੋ ਹੀ ਤੈਨੂੰ ਮਿਲਦਾ ਹੈ।

੫. (ਇਸ ਲਈ) ਹੇ ਭਾਈਓ! ਮੈਂ ਆਪਣੇ ਸਤਿਗੁਰੂ ਤੋਂ ਸਦਕੇ ਹਾਂ, ਜਿਸ ਨੇ (ਮੈਨੂੰ) ਮੇਰਾ ਨਾ ਲਖਿਆ ਜਾਣ ਵਾਲਾ ਹਰੀ ਲਖਾ ਦਿੱਤਾ ਹੈ।੮।

ਭਾਵਾਰਥ : ਸਲੋਕ ਵਿਚ ਹਜ਼ੂਰ ਇਹ ਸਿਧਾਂਤ ਬਿਆਨ ਕਰਦੇ ਹਨ ਕਿ ਜਿਨ੍ਹਾਂ ਨੂੰ ਵਾਹਿਗੁਰੂ ਧੁਰੋਂ ਬਖ਼ਸ਼ਸ਼ ਦਾ ਖ਼ਜ਼ਾਨਾ ਬਖ਼ਸ਼ਦਾ ਹੈ, ਉਨ੍ਹਾਂ ਦਾ ਜੀਵਨ ਭਗਤੀ ਕਰਨ ਵਿਚ ਗੁਜ਼ਰਦਾ ਹੈ।

ਦੂਸਰੇ ਸਲੋਕ ਵਿਚ ਪ੍ਰਮਾਰਥ ਤੋਂ ਭੁਲੇ ਹੰਕਾਰੀ ਮਨਮੁਖਾਂ ਦਾ ਵਰਣਨ ਕੀਤਾ ਹੈ ਕਿ ਉਹ ਸਦਾ ਹੀ ਕਾਲ ਚੱਕ੍ਰ ਵਿਚ ਫਸੇ ਰਹਿੰਦੇ ਹਨ।

ਪਉੜੀ ਵਿਚ ਜਗਤ ਜੀਵਾਂ ਲਈ ਅਰਦਾਸ ਹੈ ਕਿ ਹੇ ਸਾਈਂ! ਇਨ੍ਹਾਂ ਨੂੰ ਆਪਣੇ ਨਾਲ ਮੇਲ ਲੈ। ਅੰਤ ਵਿਚ ਸਤਿਗੁਰੂ ਦਾ ਸ਼ੁਕਰੀਆ ਹੈ, ਜੋ ਅਲੱਖ ਸਰੂਪ ਨੂੰ ਲਖਾ ਦੇਣ ਦਾ ਕਾਰਣ ਬਣਿਆ ਹੈ।

ਸਲੋਕ ਮ: ੩ ॥

੧. ਰਤਨਾ ਪਾਰਖੁ ਜੋ ਹੋਵੈ
ਸੁ ਰਤਨਾ ਕਰੇ ਵੀਚਾਰੁ ॥
੨. ਰਤਨਾ ਸਾਰ ਨ ਜਾਣਈ
ਅਗਿਆਨੀ ਅੰਧੁ ਅੰਧਾਰੁ ॥
੩. ਰਤਨੁ ਗੁਰੂ ਕਾ ਸਬਦੁ ਹੈ
ਬੂਝੈ ਬੂਝਣਹਾਰੁ ॥
੪. ਮੂਰਖ ਆਪੁ ਗਣਾਇਦੇ
ਮਰਿ ਜੰਮਹਿ ਹੋਇ ਖੁਆਰੁ ॥
੫. ਨਾਨਕ ਰਤਨਾ ਸੋ ਲਹੈ
ਜਿਸੁ ਗੁਰਮੁਖਿ ਲਗੈ ਪਿਆਰੁ ॥
੬. ਸਦਾ ਸਦਾ ਨਾਮੁ ਉਚਰੈ
ਹਰਿ ਨਾਮੋ ਨਿਤ ਬਿਉਹਾਰੁ ॥
੭. ਕ੍ਰਿਪਾ ਕਰੇ ਜੇ ਆਪਣੀ
ਤਾ ਹਰਿ ਰਖਾ ਉਰ ਧਾਰਿ ॥੧॥

ਪਦ ਅਰਥ : ਪਾਰਖੁ—ਕਦਰ ਜਾਨਣ ਵਾਲਾ। ਸਾਰ—ਕਦਰ। ਬੂਝਣਹਾਰੁ—ਸੂਝ ਵਾਲਾ। ਆਪੁ—ਆਪਣੇ ਆਪ ਨੂੰ। ਹੋਇ ਖੁਆਰੁ—ਖ਼ੁਆਰ ਹੋ ਹੋ ਕੇ। ਲਹੈ—ਲੱਭਦਾ ਹੈ, ਪ੍ਰਾਪਤ ਕਰਦਾ ਹੈ। ਰਖਾ—ਮੈਂ ਰੱਖਾਂ। ਉਰ ਧਾਰਿ—ਹਿਰਦੇ ਵਿਚ ਟਿਕਾ ਕੇ।

ਅਰਥ :

ਪ੍ਰ: ਹਜ਼ੂਰ! ਆਪ ਜੀ ਦੇ ਵਿਚਾਰ ਅਨੁਸਾਰ ਰਤਨਾਂ ਦਾ ਪਾਰਖੂ ਕੌਣ ਹੋ ਸਕਦਾ ਹੈ?

ਉ: ੧. ਹੇ ਭਾਈ! ਜੋ ਮਨੁੱਖ ਰਤਨਾਂ ਦੀ ਕਦਰ ਜਾਣਦਾ ਹੈ, ਉਹੀ ਰਤਨਾਂ ਦੀ ਸੋਚ ਵੀਚਾਰ ਜਾਣਦਾ ਹੈ।

੨. (ਪਰ ਜੋ ਰਤਨਾਂ ਦੀ ਪਰਖ ਤੋਂ) ਅਗਿਆਨੀ ਹੈ, ਉਹ ਰਤਨਾਂ ਦੀ ਸਾਰ (ਪਛਾਣ) ਨਹੀਂ ਜਾਣਦਾ, ਉਸ ਨੂੰ ਤਾਂ ਰਤਨਾਂ ਦੀ ਪਰਖ ਵਲੋਂ ਹਨੇਰਾ ਹੀ ਹਨੇਰਾ, ਭਾਵ (ਅਗਿਆਨ) ਰਹਿੰਦਾ ਹੈ।

ਪ੍ਰ: ਹਜ਼ੂਰ! ਆਪ ਜੀ ਦਾ ਰਤਨਾਂ ਤੋਂ ਕੀ ਭਾਵ ਹੈ?

ਉ: ੩. ਹੇ ਭਰਾਵੋ! ਅਸਲ ਵਿਚ ਗੁਰੂ ਦਾ ਸ਼ਬਦ ਹੀ ਰਤਨ ਹੈ, ਪਰ ਇਸ ਗੱਲ ਨੂੰ ਕੋਈ ਸਮਝ ਵਾਲਾ ਹੀ ਸਮਝਦਾ ਹੈ।

੪. ਪਰ ਕਈ ਮੂਰਖ ਬੰਦੇ (ਗੁਰੂ ਦੇ ਸ਼ਬਦ ਰੂਪ ਰਤਨ ਨੂੰ ਸਮਝਣ ਦੇ ਥਾਂ) ਆਪਣੇ ਆਪ ਨੂੰ ਵੱਡਾ ਜਤਾਉਂਦੇ ਹਨ ਤੇ ਖ਼ੁਆਰ ਹੋ ਹੋ ਮਰਦੇ ਜੰਮਦੇ ਰਹਿੰਦੇ ਹਨ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਰਤਨਾਂ ਦੀ ਸਾਰ ਉਹ ਲਖ ਲੈਂਦਾ ਹੈ, ਜਿਸ ਨੂੰ ਗੁਰੂ ਦੁਆਰਾ ਪ੍ਰਭੂ ਨਾਲ ਪਿਆਰ ਪੈ ਜਾਂਦਾ ਹੈ।

੬. ਅਤੇ ਜੋ ਸਦਾ ਹੀ ਸਦਾ ਨਾਮ ਉਚਾਰਦਾ ਹੈ, ਹਰਿ ਨਾਮ ਨਾਲ ਹੀ ਉਸ ਦਾ ਨਿੱਤ ਦਾ ਵਿਉਹਾਰ ਰਹਿੰਦਾ ਹੈ, ਭਾਵ ਉਹ ਆਪ ਸਿਮਰਦਾ ਤੇ ਅੱਗੋਂ ਹੋਰਨਾਂ ਨੂੰ ਸਿਮਰਾਉਂਦਾ ਹੈ।

੭. ਹੇ ਭਾਈ! ਜੇ ਉਹ ਆਪਣੀ ਕਿਰਪਾ ਮੇਰੇ 'ਤੇ ਕਰੇ (ਤਾਂ ਮੈਂ ਵੀ) ਹਰੀ ਨੂੰ ਹਿਰਦੇ ਵਿਚ ਧਾਰਨ ਕਰੀ ਰੱਖਾਂ।

ਮ: ੩ ॥

੧. ਸਤਿਗੁਰ ਕੀ ਸੇਵ ਨ ਕੀਨੀਆ
ਹਰਿ ਨਾਮਿ ਨ ਲਗੋ ਪਿਆਰੁ ॥
੨. ਮਤ ਤੁਮ ਜਾਣਹੁ ਓਇ ਜੀਵਦੇ
ਓਇ ਆਪਿ ਮਾਰੇ ਕਰਤਾਰਿ ॥
੩. ਹਉਮੈ ਵਡਾ ਰੋਗੁ ਹੈ
ਭਾਇ ਦੂਜੈ ਕਰਮ ਕਮਾਇ ॥
੪. ਨਾਨਕ ਮਨਮੁਖਿ ਜੀਵਦਿਆ ਮੁਏ
ਹਰਿ ਵਿਸਰਿਆ ਦੁਖੁ ਪਾਇ ॥੨॥

ਪਦ ਅਰਥ : ਨਾਮਿ—ਨਾਮ ਵਿਚ। ਓਇ—ਉਹ ਬੰਦੇ। ਕਰਤਾਰਿ—ਕਰਤਾਰ ਨੇ। ਕਮਾਇ—ਕਮਾ ਕੇ।

ਅਰਥ :

ਪ੍ਰ: ਹਜ਼ੂਰ! ਕੀ ਕੋਈ ਆਪ ਜੀ ਦੀ ਨਿਗ੍ਹਾ ਵਿਚ ਐਸੇ ਬੰਦੇ ਵੀ ਹਨ, ਜੋ ਕਿ ਜੀਉਂਦੇ ਹੋਏ ਹੀ ਮਰਿਆਂ ਸਮਾਨ ਹੋਣ?

ਉ: ੧. (ਹਾਂ) ਜ਼ਰੂਰ ਹਨ! ਹੇ ਭਾਈਓ! ਜਿਨ੍ਹਾਂ ਮਨੁੱਖਾਂ ਵਿਚ ਦੋ ਦੋਸ਼ ਵੇਖੇ ਜਾਣ, ਭਾਵ ਜਿਨ੍ਹਾਂ (ਬੰਦਿਆਂ ਨੇ) ਸਤਿਗੁਰੂ ਦੀ ਸੇਵਾ ਨਹੀਂ ਕੀਤੀ ਅਤੇ ਨਾ ਹੀ (ਜੀਉਂਦੇ ਜੀ) ਉਨ੍ਹਾਂ ਦਾ ਹਰੀ ਨਾਮ ਵਿਚ ਪਿਆਰ ਲੱਗਿਆ।

੨. ਹੇ ਪਿਆਰੇ! ਤੁਸੀਂ ਉਨ੍ਹਾਂ ਨੂੰ ਮਤ ਜਾਣੋ ਕਿ ਉਹ ਜੀਉਂਦੇ ਹਨ, ਉਹ ਤਾਂ ਕਰਤਾਰ ਨੇ ਆਪ ਹੀ ਮਾਰੇ ਹੋਏ ਹਨ।

ਪ੍ਰ: ਸ੍ਰੀ ਜੀਉ! ਉਨ੍ਹਾਂ ਦੀ ਮੌਤ ਦਾ ਰੂਪ ਕੀ ਹੈ?

ਉ: ੩. ਹੇ ਭਾਈ! ਉਨ੍ਹਾਂ ਦੀ ਮੌਤ ਦਾ ਪ੍ਰਤੱਖ ਰੂਪ ਏਹੋ ਹੀ ਵੇਖੀਦਾ ਹੈ ਕਿ ਉਨ੍ਹਾਂ ਦੇ ਅੰਦਰ ਹਉਮੈ ਰੂਪ ਵੱਡਾ ਰੋਗ ਲੱਗਾ ਹੋਇਆ ਹੈ, ਜਿਸ ਕਰਕੇ ਉਹ ਦਵੈਤ-ਭਾਵਨਾ ਵਿਚ ਕਰਮ ਕਮਾ ਰਹੇ ਹਨ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਉਨ੍ਹਾਂ ਲੋਕਾਂ ਨੂੰ ਹਰੀ ਵਿਸਰ ਰਿਹਾ ਹੈ ਤੇ ਦੁੱਖ ਪਾ ਰਹੇ ਹਨ। ਇਸ ਤਰ੍ਹਾਂ ਮਨਮੁਖ ਜੀਉਂਦਿਆਂ ਹੀ ਮਰੇ ਹੋਏ ਹਨ।੨।

ਪਉੜੀ ॥

੧. ਜਿਸੁ ਅੰਤਰੁ ਹਿਰਦਾ ਸੁਧੁ ਹੈ
ਤਿਸੁ ਜਨ ਕਉ ਸਭਿ ਨਮਸਕਾਰੀ ॥
੨. ਜਿਸੁ ਅੰਦਰਿ ਨਾਮੁ ਨਿਧਾਨੁ ਹੈ
ਤਿਸੁ ਜਨ ਕਉ ਹਉ ਬਲਿਹਾਰੀ ॥
੩. ਜਿਸੁ ਅੰਦਰਿ ਬੁਧਿ ਬਿਬੇਕੁ ਹੈ
ਹਰਿ ਨਾਮੁ ਮੁਰਾਰੀ ॥
੪. ਸੋ ਸਤਿਗੁਰੁ ਸਭਨਾ ਕਾ ਮਿਤੁ ਹੈ
ਸਭ ਤਿਸਹਿ ਪਿਆਰੀ ॥
੫. ਸਭੁ ਆਤਮ ਰਾਮੁ ਪਸਾਰਿਆ
ਗੁਰ ਬੁਧਿ ਬੀਚਾਰੀ ॥੯॥

ਪਦ ਅਰਥ : ਅੰਤਰੁ—ਅੰਦਰਲਾ। ਬਿਬੇਕੁ—ਪਰਖ। ਮੁਰਾਰੀ—ਪਰਮੇਸ਼ਰ। ਗੁਰ ਬੁਧਿ—ਗੁਰੂ ਦੀ ਅਕਲ ਨੇ। ਬੀਚਾਰੀ—ਵਿਚਾਰਿਆ ਹੈ।੯।

ਅਰਥ :

ਪ੍ਰ: ਹੇ ਗੁਰੋ! ਜਿਸ ਮਨੁੱਖ ਦਾ ਅੰਤਰ ਆਤਮਾ ਸ਼ੁੱਧ ਹੈ, ਉਸ ਦੀ ਪਛਾਣ ਕੀ ਹੈ?

ਉ: ੧. ਹੇ ਭਾਈਓ! ਜਿਸ ਮਨੁੱਖ ਦਾ ਅੰਦਰਲਾ ਹਿਰਦਾ ਪਵਿੱਤ੍ਰ ਹੈ, ਉਸ ਪ੍ਰਭੂ ਦੇ ਦਾਸ ਨੂੰ ਤਾਂ ਸਾਰੇ ਲੋਕ ਹੀ ਨਮਸਕਾਰ ਕਰਦੇ ਹਨ, ਮੱਥਾ ਟੇਕਦੇ ਤੇ ਆਦਰ ਕਰਦੇ ਹਨ।

ਪ੍ਰ: ਹਜ਼ੂਰ! ਹਰੀ ਦੇ ਜਨਾਂ ਲਈ ਤੁਹਾਡੇ ਅੰਦਰ ਕਿਤਨਾ ਕੁ ਸਤਿਕਾਰ ਹੈ?

ਉ: ੨. ਹੇ ਪਿਆਰੇ! ਜਿਸ ਸੇਵਕ ਦੇ ਅੰਦਰ ਨਾਮ ਰੂਪ ਖ਼ਜ਼ਾਨਾ ਹੈ, ਉਸ ਹਰੀ ਦੇ ਜਨ ਤੋਂ ਤਾਂ ਮੈਂ (ਸਦਾ ਹੀ) ਸਦਕੇ ਹਾਂ।

੩. ਹੇ ਮਿੱਤਰੋ! ਜਿਸ ਦਾਸ ਦੇ ਅੰਦਰ ਵਾਹਿਗੁਰੂ ਜੀ ਦਾ ਹਰੀ ਨਾਮ ਹੈ, (ਤੇ ਆਤਮ

੪. ਅਨਾਤਮ ਦੀ) ਵਿਚਾਰ ਬੁੱਧੀ ਹੈ, ਉਹ ਸਤਿਗੁਰੂ ਜੀ ਤਾਂ ਸਾਰਿਆਂ ਦਾ ਮਿੱਤ੍ਰ ਹੈ ਅਤੇ ਸਾਰੀ ਸ੍ਰਿਸ਼ਟੀ ਉਸ ਨੂੰ ਪਿਆਰੀ ਲੱਗਦੀ ਹੈ।

੫. (ਕਿਉਂਕਿ) ਸਤਿਗੁਰੂ ਦੀ ਸਮਝ ਨੇ ਤਾਂ ਇਹੋ ਸਮਝਿਆ ਹੈ ਕਿ ਸਭ ਥਾਂਈਂ ਪਰਮਾਤਮਾ ਨੇ ਆਪਣਾ ਆਪ ਹੀ ਪਸਾਰਿਆ ਹੋਇਆ ਹੈ।੯।

ਭਾਵਾਰਥ : ਹਜ਼ੂਰ ਨੇ ਪਹਿਲੇ ਸਲੋਕ ਵਿਚ ਨਾਮ ਵਾਲੇ ਤੇ ਵਿਵੇਕ ਬੁੱਧੀ ਵਾਲੇ ਬਣਨ ਦੀ ਤਰਕੀਬ ਦੱਸੀ ਹੈ।

੧. ਗੁਰੂ ਦੁਆਰਾ ਸਾਈਂ ਨਾਲ ਪਿਆਰ।
੨. ਸਦੀਵੀ ਕਾਲ ਨਾਮ ਦਾ ਉਚਾਰਨ।
੩. ਨਾਮ ਦਾ ਹਿਰਦੇ ਵਿਚ ਸਦੈਵੀ ਧਾਰਨੀ ਹੋਣਾ।

ਪਉੜੀ ਵਿਚ ਕਹਿੰਦੇ ਹਨ ਕਿ ਸਤਿਗੁਰੂ ਦਾ ਮਨ ਪਵਿੱਤ੍ਰ ਹੁੰਦਾ ਹੈ। ਗੁਰੂ ਸ਼ਾਹਾਂ ਦਾ ਸ਼ਾਹ ਹੈ। ਜਿਸ ਪਾਸ ਪ੍ਰਭੂ ਦੇ ਨਾਮ ਦਾ ਖ਼ਜ਼ਾਨਾ ਹੈ, ਗੁਰੂ ਦੇ ਅੰਦਰ ਬਿਬੇਕ ਵਾਲੀ ਬੁੱਧੀ ਹੋਣ ਕਰਕੇ ਉਸ ਨੂੰ ਹਰ ਥਾਂ ਪਰਮੇਸ਼ਰ ਹੀ ਪਰਮੇਸ਼ਰ ਦਿੱਸਦਾ ਹੈ।

ਸਲੋਕ ਮ: ੩ ॥

੧. ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ
ਵਿਚਿ ਹਉਮੈ ਕਰਮ ਕਮਾਹਿ ॥
੨. ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ
ਮਰਿ ਜੰਮਹਿ ਆਵਹਿ ਜਾਹਿ ॥
੩. ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ
ਨਾਮੁ ਨ ਵਸੈ ਮਨ ਮਾਹਿ ॥
੪. ਨਾਨਕ ਬਿਨੁ ਸਤਿਗੁਰ ਸੇਵੇ
ਜਮ ਪੁਰਿ ਬਧੇ ਮਾਰੀਅਨਿ
ਮੁਹਿ ਕਾਲੈ ਉਠਿ ਜਾਹਿ ॥੧॥

ਪਦ ਅਰਥ : ਠਉਰ—ਟਿਕਾਣਾ, ਇਸਥਿਤੀ, ਭਟਕਣਾ ਤੋਂ ਖ਼ਲਾਸੀ, ਵਾਹਿਗੁਰੂ ਦੇ ਦਰ ਸੋਹਣਾ ਥਾਉਂ। ਮੁਹਿ ਕਾਲੈ—ਕਾਲੇ ਮੂੰਹ ਨਾਲ, ਮੁਕਾਲਖ ਖੱਟ ਕੇ।

ਅਰਥ :

ਪ੍ਰ: ਹੇ ਗੁਰੋ! ਬਹੁਤ ਲੋਕ ਵੇਖੀਦੇ ਹਨ ਕਿ ਉਹ ਕਰਮ ਤਾਂ ਕਈ ਪ੍ਰਕਾਰ ਦੇ ਕਰਦੇ ਹਨ, ਪਰ ਸਤਿਗੁਰੂ ਦੀ ਸੇਵਾ ਕਰਨ ਵਲੋਂ ਉੱਕਾ ਹੀ ਸਖਣੇ ਹਨ, ਦੱਸੋ ਉਨ੍ਹਾਂ ਨੂੰ ਕੀ ਫਲ ਮਿਲੇਗਾ ?

ਉ: ੧. ਹੇ ਭਾਈ! ਜੋ ਲੋਕ ਸਤਿਗੁਰੂ ਦੀ ਸੇਵਾ ਵਲੋਂ ਖੁੰਝ ਕੇ ਹੰਕਾਰ ਦੇ ਆਸਰੇ ਹੋ ਕਰਮ ਕਰਦੇ ਹਨ, (ਉਹ ਬੰਦੇ) ਸਤ (੭) ਤਰ੍ਹਾਂ ਦੀ ਸਜ਼ਾ ਭੋਗਣ ਦੇ ਹੱਕਦਾਰ ਹੁੰਦੇ ਹਨ।

੧. ਹਉਮੈ ਸਹਿਤ ਕੀਤੇ ਹੋਏ ਕਰਮ ਉਨ੍ਹਾਂ ਦੀ ਆਤਮਾ ਲਈ ਬੰਧਨ ਰੂਪ ਹੋ ਜਾਂਦੇ ਹਨ।

੨. ੨. ਸਤਿਗੁਰੂ ਦੀ ਸੇਵਾ ਤੋਂ ਬਿਨਾ ਉਹ ਪ੍ਰਲੋਕ ਵਿਚ ਟਿਕਣ ਲਈ ਟਿਕਾਣਾ ਨਹੀਂ ਪ੍ਰਾਪਤ ਕਰਨਗੇ।

੩. ਉਹ ਮਰਦੇ ਜੰਮਦੇ ਆਉਂਦੇ ਜਾਂਦੇ ਰਹਿਣਗੇ।

੩. ੪. ਸਤਿਗੁਰੂ ਦੀ ਸੇਵਾ ਤੋਂ ਸਖਣੇ ਰਹਿਣ ਕਰਕੇ ਉਨ੍ਹਾਂ ਦਾ ਬੋਲਣਾ, ਭਾਵ ਕਥਾ ਵਾਰਤਾ ਆਦਿ ਕਰਨਾ ਸਭੋ ਹੀ ਫਿੱਕਾ ਹੈ।

੫. ਇਸ ਤਰ੍ਹਾਂ ਉਨ੍ਹਾਂ ਦੇ ਅੰਦਰ ਨਾਮ ਵੀ ਆ ਕੇ ਨਹੀਂ ਵਸ ਸਕਦਾ।

੪. ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਹ ਲੋਕ ਸਤਿਗੁਰੂ ਨੂੰ ਸੇਵੇ ਤੋਂ ਬਿਨਾ ਇੱਥੋਂ ਕਾਲੇ ਮੂੰਹ ਲੈ ਕੇ ਉਠ ਜਾਣਗੇ।

੭. ਇਸ ਤਰ੍ਹਾਂ ਉਹ ਜਮਾਂ ਦੀ ਪੁਰੀ ਵਿਚ ਬੱਧੇ ਹੋਏ ਮਾਰ ਖਾਣਗੇ।੧।

ਮਹਲਾ ੧ ॥

੧. ਜਾਲਉ ਐਸੀ ਰੀਤਿ
ਜਿਤੁ ਮੈ ਪਿਆਰਾ ਵੀਸਰੈ ॥
੨. ਨਾਨਕ ਸਾਈ ਭਲੀ ਪਰੀਤਿ
ਜਿਤੁ ਸਾਹਿਬ ਸੇਤੀ ਪਤਿ ਰਹੈ ॥੨॥

ਪਦ ਅਰਥ : ਜਾਲਉ—ਜਾਲਉਂ, ਮੈਂ ਸਾੜ ਦਿਆਂ। ਮੈ—ਮੈਨੂੰ। ਜਿਤੁ—ਜਿਸ ਦੀ ਰਾਹੀਂ।

ਅਰਥ :

ਪ੍ਰ: ਸ੍ਰੀ ਜੀਉ! ਜਿਨ੍ਹਾਂ ਕਰਮ ਕਰਨ ਦੀ ਰੀਤ ਦੁਆਰਾ ਸਾਈਂ ਜੀ ਵਿਸਰਦਾ ਹੋਵੇ, ਉਨ੍ਹਾਂ ਦੇ ਬਾਰੇ ਆਪ ਜੀ ਦੇ ਅੰਦਰ ਕੀ ਖ਼ਿਆਲ ਆਉਂਦਾ ਹੈ ?

ਉ: ੧. ਹੇ ਭਾਈਓ! ਮੇਰੇ ਅੰਦਰ ਤਾਂ ਇਹੋ ਹੀ ਵੀਚਾਰ ਪੈਦਾ ਹੁੰਦੇ ਹਨ ਕਿ ਮੈਂ ਐਹੋ ਜਿਹੀ ਕਰਮ ਕਰਨ ਵਾਲੀ ਰੀਤ ਨੂੰ ਸਾੜ ਦਿਆਂ, ਜਿਸ ਦੇ ਕਰਨ ਨਾਲ ਮੈਨੂੰ ਉਹ ਮੇਰਾ ਪਿਆਰਾ ਸਾਈਂ ਭੁੱਲ ਜਾਵੇ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਪ੍ਰੇਮ ਤਾਂ ਉਹੋ ਹੀ ਚੰਗਾ ਹੈ, ਜਿਸ ਦੇ ਰਾਹੀਂ ਉਸ ਮਾਲਕ ਦੇ ਨਾਲ ਇੱਜ਼ਤ ਬਣੀ ਰਹੇ।੨।

ਪਉੜੀ ॥

੧. ਹਰਿ ਇਕੋ ਦਾਤਾ ਸੇਵੀਐ
ਹਰਿ ਇਕੁ ਧਿਆਈਐ ॥
੨. ਹਰਿ ਇਕੋ ਦਾਤਾ ਮੰਗੀਐ
ਮਨ ਚਿੰਦਿਆ ਪਾਈਐ ॥
੩. ਜੇ ਦੂਜੇ ਪਾਸਹੁ ਮੰਗੀਐ
ਤਾ ਲਾਜ ਮਰਾਈਐ ॥
੪. ਜਿਨਿ ਸੇਵਿਆ ਤਿਨਿ ਫਲੁ ਪਾਇਆ
ਤਿਸੁ ਜਨ ਕੀ ਸਭ ਭੁਖ ਗਵਾਈਐ ॥
੫. ਨਾਨਕੁ ਤਿਨ ਵਿਟਹੁ ਵਾਰਿਆ ਜਿਨ ਅਨਦਿਨੁ
ਹਿਰਦੈ ਹਰਿ ਨਾਮੁ ਧਿਆਈਐ ॥੧੦॥

ਪਦ ਅਰਥ : ਭੁਖ—ਤ੍ਰਿਸ਼ਨਾ ਦੀ।

ਅਰਥ :

ਪ੍ਰ: ਹਜ਼ੂਰ! ਸੇਵਾ ਕਿਸ ਦੀ ਕਰਨੀ ਚਾਹੀਦੀ ਹੈ ਤੇ ਆਰਾਧੀਏ ਕਿਸ ਨੂੰ ?

ਉ: ੧. ਹੇ ਮਿੱਤਰੋ! ਇਕੋ ਹਰੀ ਦਾਤੇ ਨੂੰ ਸੇਵਨਾ ਚਾਹੀਦਾ ਹੈ ਅਤੇ ਉਸੇ ਇਕੋ ਹਰੀ ਦਾਤੇ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ, (ਭਾਵ ਅਰਾਧਣਾ ਚਾਹੀਦਾ ਹੈ)।

ਪ੍ਰ: ਹਜ਼ੂਰ! ਸਭ ਤੋਂ ਵੱਡਾ ਦਾਤਾ ਕੌਣ ਹੈ, ਜਿਸ ਤੋਂ ਮੰਗਦੇ ਰਹੀਏ ?

ਉ: ੨. ਹੇ ਭਾਈ! ਇਕੋ ਹੀ ਹਰੀ (ਸਭ ਤੋਂ ਵੱਡਾ) ਦਾਤਾ ਹੈ। ਉਸੇ ਤੋਂ ਹੀ ਦਾਨ ਮੰਗਣਾ ਕਰੀਏ, ਜਿਸ ਪਾਸੋਂ ਕਿ ਮਨ ਮੰਗੀਆਂ ਮੁਰਾਦਾਂ ਮਿਲ ਜਾਣ।

ਪ੍ਰ: ਹਜ਼ੂਰ! ਹੋਰ ਅਨੇਕਾਂ ਹੀ ਦੇਵੀ ਦੇਵਤੇ ਦਾਤੇ ਹਨ, ਕੀ ਉਨ੍ਹਾਂ ਤੋਂ ਨਹੀ ਮੰਗਣਾ ਚਾਹੀਦਾ ?

ਉ: ੩. ਹੇ ਪਿਆਰਿਓ! ਜੇ ਉਸ ਇਕ ਹਰੀ ਵੱਡੇ ਦਾਤੇ ਨੂੰ ਛੱਡ ਕੇ ਕਿਸੇ ਹੋਰ ਕੋਲੋਂ ਕੁਝ ਮੰਗਣਾ ਕਰੀਏ, ਤਾਂ ਹੋਰ ਪਾਸੋਂ ਮੰਗਣ ਨਾਲੋਂ ਤਾਂ ਸ਼ਰਮ ਨਾਲ ਮਰ ਜਾਣਾ ਚੰਗਾ ਹੈ।

੪. ਹੇ ਪਿਆਰੇ ! ਜਿਸ ਨੇ ਉਸ ਇਕ ਹਰੀ ਨੂੰ ਸੇਵਿਆ ਹੈ, ਉਸੇ ਨੇ ਫਲ ਪਾ ਲਿਆ ਹੈ। ਉਸ ਪੁਰਖ ਦੀ ਸਾਰੀ ਤ੍ਰਿਸ਼ਨਾ ਦੀ ਭੁੱਖ ਦੂਰ ਹੋ ਜਾਂਦੀ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਮੈਂ ਉਨ੍ਹਾਂ ਮਨੁੱਖਾਂ ਤੋਂ (ਸਦਾ ਹੀ) ਸਦਕੇ ਹਾਂ, ਜੋ ਹਰ ਵੇਲੇ ਹਿਰਦੇ ਵਿਚ ਪ੍ਰਭੂ ਜੀ ਦਾ ਨਾਮ ਸਿਮਰਦੇ ਹਨ।੧੦।

ਭਾਵਾਰਥ : ਪਹਿਲੇ ਸਲੋਕ ਵਿਚ ਦੱਸਿਆ ਹੈ ਕਿ ਸਤਿਗੁਰੂ ਦੇ ਸਤਿਸੰਗ ਨਾਲ ਮਿਲ ਕੇ ਨਾਮ ਜਪਦੇ ਰਹਿਣਾ ਚਾਹੀਦਾ ਹੈ, (ਕਿਉਂਕਿ) ਨਾਮ ਦੀ ਅਰਾਧਣਾ ਭੀ ਸਤਿਗੁਰੂ ਤੋਂ ਪ੍ਰਾਪਤ ਹੁੰਦੀ ਹੈ।

ਦੂਜਾ ਸਲੋਕ ਪਹਿਲੀ ਪਾਤਸ਼ਾਹੀ ਦਾ ਹੈ। ਉਸ ਵਿਚ ਉਸੇ ਪਿਆਰੇ ਪ੍ਰਭੂ ਦੀ ਅਰਾਧਨਾ ਕਰਨ ਦੀ ਹਦਾਇਤ ਕੀਤੀ ਹੈ।

ਪਉੜੀ ਵਿਚ ਭੀ ਇਕੋ ਵਾਹਿਗੁਰੂ ਜੀ ਨੂੰ ਸਿਮਰਦੇ ਰਹਿਣ ਦੀ ਪ੍ਰੇਰਣਾ ਕੀਤੀ ਹੈ।

ਸਲੋਕੁ ਮ: ੩ ॥

੧. ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ
ਆਪੇ ਲਇਅਨੁ ਜਨ ਲਾਇ ॥
੨. ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ
ਸਿਰਿ ਛਤੁ ਸਚਾ ਹਰਿ ਬਣਾਇ ॥
੩. ਸਦਾ ਸੁਖੀਏ ਨਿਰਮਲੇ
ਸਤਿਗੁਰ ਕੀ ਕਾਰ ਕਮਾਇ ॥
੪. ਰਾਜੇ ਓਇ ਨ ਆਖੀਅਹਿ
ਭਿੜਿ ਮਰਹਿ ਫਿਰਿ ਜੂਨੀ ਪਾਹਿ ॥
੫. ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ
ਸੋਭਾ ਮੂਲਿ ਨ ਪਾਹਿ ॥੧॥

ਪਦ ਅਰਥ : ਲਇਅਨੁ—ਲਾ ਲਏ ਹਨ ਉਸ ਨੇ। ਦਿਤੀਅਨੁ—ਦਿੱਤੀ ਹੈ ਉਸ ਨੇ।

ਅਰਥ :

ਪ੍ਰ: ਹਜ਼ੂਰ ! ਜੋ ਭਗਤ ਜਨ ਸਦਾ ਹੀ ਉਸ ਆਪਣੇ ਮਾਲਕ ਨਾਲ ਜੁੜੇ ਰਹਿੰਦੇ ਹਨ, ਇਹ ਦਾਤ ਉਨ੍ਹਾਂ ਨੂੰ ਕਿੱਥੋਂ ਹਾਸਲ ਹੋਈ ਹੈ ?

ਉ: ੧. ਹੇ ਭਾਈਓ ! ਅਸਲ ਵਿਚ ਉਹ ਮੇਰਾ ਪਿਆਰਾ ਪ੍ਰਭੂ ਆਪਣੇ ਭਗਤਾਂ 'ਤੇ ਆਪ ਹੀ ਪ੍ਰਸੰਨ ਹੁੰਦਾ ਹੈ ਤੇ ਆਪ ਹੀ ਉਸ ਨੇ ਉਨ੍ਹਾਂ ਭਗਤਾਂ ਨੂੰ ਆਪਣੇ ਨਾਲ ਜੋੜੀ ਰਖਿਆ ਹੈ।

੨. ਹਰੀ ਨੇ ਆਪ ਹੀ ਭਗਤ ਜਨਾਂ ਦੇ ਸਿਰ 'ਤੇ ਭਗਤੀ ਦਾ ਸੱਚਾ ਛੱਤਰ ਬਣਾ ਕੇ ਉਨ੍ਹਾਂ ਨੂੰ ਸੱਚੀ ਪਾਤਸ਼ਾਹੀ ਦਿੱਤੀ ਹੈ।

੩. (ਉਹ ਭਗਤ ਭੀ) ਸਤਿਗੁਰੂ ਦੀ ਦੱਸੀ ਕਾਰ ਕਮਾ ਕੇ ਉਹ ਸਦਾ ਸੁਖੀਏ ਤੇ ਪਵਿੱਤ੍ਰ ਰਹਿੰਦੇ ਹਨ।

ਪ੍ਰ: ਹਜ਼ੂਰ ! ਜੋ ਰਾਜੇ ਰਾਜ ਤਖ਼ਤਾਂ 'ਤੇ ਬੈਠ ਕੇ ਰਾਜ ਦੇ ਕਾਜ ਚਲਾਉਂਦੇ ਹਨ, ਕੀ ਤੁਸੀਂ ਉਨ੍ਹਾਂ ਨੂੰ ਰਾਜੇ ਨਹੀਂ ਆਖਦੇ ?

ਉ: ੪. (ਨਹੀਂ) ਹੇ ਭਾਈਓ ! ਅਸਲ ਵਿਚ ਰਾਜੇ ਉਨ੍ਹਾਂ ਨੂੰ ਨਹੀਂ ਆਖੀਦਾ, ਜੋ ਕਿ ਆਪੋ ਵਿਚ ਲੜ ਮਰਦੇ ਹਨ ਤੇ ਫਿਰ ਜੂਨਾਂ ਵਿਚ ਪੈ ਜਾਂਦੇ ਹਨ।

ਪ੍ਰ: ਹਜ਼ੂਰ ! ਉਨ੍ਹਾਂ ਰਾਜਿਆਂ ਦੀ ਲੋਕਾਂ ਵਿਚ ਸੋਭਾ ਤਾਂ ਬਹੁਤ ਹੁੰਦੀ ਵੇਖੀਦੀ ਹੈ ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਉਹ ਨਾਮ ਤੋਂ ਸਖਣੇ ਰਾਜੇ ਭੀ ਨੱਕ ਵਢੇ ਹੋਏ ਫਿਰਦੇ ਹਨ ਅਤੇ ਉਹ ਰੱਬੀ ਦਰਬਾਰ ਗਿਆਂ ਕਦੇ ਭੀ ਸੋਭਾ ਨਹੀਂ ਪਾਉਂਦੇ।੧।

ਮ: ੩ ॥

੧. ਸੁਣਿ ਸਿਖਿਐ ਸਾਦੁ ਨ ਆਇਓ
ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥
੨. ਸਤਿਗੁਰਿ ਸੇਵਿਐ ਨਾਮੁ ਮਨਿ ਵਸੈ
ਵਿਚਹੁ ਭ੍ਰਮੁ ਭਉ ਭਾਗੈ ॥
੩. ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ
ਤਾ ਸਚਿ ਨਾਮਿ ਲਿਵ ਲਾਗੈ ॥
੪. ਨਾਨਕ ਨਾਮਿ ਮਿਲੈ ਵਡਿਆਈ
ਹਰਿ ਦਰਿ ਸੋਹਨਿ ਆਗੈ ॥੨॥

ਅਰਥ :

ਪ੍ਰ: ਕਿਉਂ ਜੀ ! ਸਤਿਗੁਰੂ ਦੇ ਦਰ ਪੁੱਜ ਕੇ ਗੁਰੂ ਦੀ ਸਿੱਖਿਆ ਤਾਂ ਬਹੁਤ ਲੋਕ ਸੁਣਦੇ ਹਨ। ਕੀ ਉਨ੍ਹਾਂ ਸੁਣਨ ਵਾਲੇ ਸਾਰਿਆਂ ਨੂੰ ਹੀ ਨਾਮ ਰਸ ਆ ਜਾਂਦਾ ਹੈ ?

ਉ: ੧. ਹੇ ਪਿਆਰਿਓ ! ਗੁਰੂ ਦੀ ਸ਼ਰਨ ਵਿਚ ਪੁੱਜ ਕੇ ਸਤਿਗੁਰੂ ਦੀ ਨਿਰੀ ਸਿੱਖਿਆ ਸੁਣ ਕੇ ਹੀ (ਨਾਮ ਦਾ) ਸੁਆਦ ਨਹੀਂ ਆਉਂਦਾ, ਜਦ ਤਾਈਂ ਕਿ ਸਤਿਗੁਰੂ ਦੇ ਸਨਮੁਖ ਹੋ ਕੇ ਮਨੁੱਖ ਗੁਰੂ ਦੇ ਸ਼ਬਦ ਵਿਚ ਨਹੀਂ ਜੁੜਦਾ।

੨. ਹੇ ਭਾਈ ! ਸਤਿਗੁਰੂ ਦੀ ਦੱਸੀ ਸੇਵਾ ਕੀਤਿਆਂ ਹੀ ਨਾਮ ਧਨ ਹਿਰਦੇ ਵਿਚ ਵਸਦਾ ਹੈ ਅਤੇ ਅੰਦਰੋਂ ਭਰਮ ਤੇ ਡਰ ਦੂਰ ਹੋ ਜਾਂਦਾ ਹੈ।

੩. ਹੇ ਪਿਆਰੇ ! ਜਿਹੋ ਜਿਹਾ (ਕੋਈ ਸੇਵਕ) ਸਤਿਗੁਰੂ ਨੂੰ ਜਾਣਦਾ ਹੈ, ਜਦੋਂ ਉਹ ਆਪ ਮਨ ਕਰ ਕੇ ਉਹੋ ਜਿਹਾ ਹੋ ਜਾਂਦਾ ਹੈ, ਤਦ ਸੱਚੇ ਨਾਮ ਵਿਚ ਲਿਵ ਲੱਗ ਜਾਂਦੀ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! (ਮਨੁੱਖ ਨੂੰ ਸਦਾ) ਨਾਮ ਦੁਆਰਾ ਹੀ ਵਡਿਆਈ ਮਿਲਦੀ ਹੈ। (ਇਸ ਨਾਮ ਦੁਆਰਾ ਮਿਲੀ ਵਡਿਆਈ ਵਾਲੇ ਹੀ) ਅੱਗੇ ਹਰੀ ਦੇ ਦਰ ਜਾ ਕੇ ਸੋਭਾ ਪਾਉਂਦੇ ਹਨ।੨।

ਪਉੜੀ ॥

੧. ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ
ਗੁਰੁ ਪੂਜਣ ਆਵਹਿ ॥
੨. ਹਰਿ ਨਾਮੁ ਵਣੰਜਹਿ ਰੰਗ ਸਿਉ
ਲਾਹਾ ਹਰਿ ਨਾਮੁ ਲੈ ਜਾਵਹਿ ॥

੩. ਗੁਰਸਿਖਾ ਕੇ ਮੁਖ ਉਜਲੇ
ਹਰਿ ਦਰਗਹ ਭਾਵਹਿ ॥
੪. ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ
ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥
੫. ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥

ਅਰਥ :

ਪ੍ਰ: ਸ੍ਰੀ ਜੀਓ! ਵੇਖਣ ਵਿਚ ਤਾਂ ਗੁਰੂ ਦੇ ਸਿੱਖ ਬਹੁਤ ਨਜ਼ਰ ਆਉਂਦੇ ਹਨ, ਪਰ ਉਹ ਸਾਰੇ ਹੀ ਗੁਰੂ ਦੀ ਪੂਜਨਾ ਕਰਨ ਲਈ ਕਿਉਂ ਨਹੀਂ ਆਉਂਦੇ?

ਉ: ੧. ਹੇ ਭਾਈਓ! ਅਸਲ ਵਿਚ ਤਾਂ ਜਿਨ੍ਹਾਂ ਗੁਰਸਿੱਖਾਂ ਦੇ ਮਨ ਵਿਚ ਹਰੀ ਦਾ ਪਿਆਰ ਹੁੰਦਾ ਹੈ, (ਉਸੇ ਪਿਆਰ ਦਾ ਸਦਕਾ ਉਹੋ) ਗੁਰਸਿੱਖ ਆਪਣੇ ਸਤਿਗੁਰੂ ਦੀ ਪੂਜਾ ਕਰਨ, ਭਾਵ ਸੇਵਾ ਕਰਨ ਆਉਂਦੇ ਹਨ।

ਪ੍ਰ: ਕਿਉਂ ਜੀ! ਗੁਰੂ ਕੋਲ ਆ ਕੇ ਉਹ ਕਰਤਬ ਕੀ-ਕੀ ਕਰਦੇ ਹਨ?

ਉ: ੨. ਹੇ ਭਾਈ! ਉਹ ਸਤਿਗੁਰੂ ਦੀ ਸ਼ਰਨ ਵਿਚ ਆ ਕੇ ਪਿਆਰ ਸਹਿਤ ਹਰੀ ਨਾਮ ਦਾ ਵਪਾਰ ਕਰਦੇ ਹਨ ਅਤੇ ਹਰੀ ਨਾਮ ਦਾ ਹੀ ਲਾਭ ਖੱਟ ਕੇ, ਰੱਬੀ ਦਰਬਾਰ ਵਿਚ ਪੁੱਜਦੇ ਹਨ।

੩. ਹੇ ਪਿਆਰਿਓ! (ਐਹੋ ਜਿਹੇ) ਗੁਰਸਿੱਖਾਂ ਦੇ ਮੂੰਹ ਰੱਬੀ ਦਰਬਾਰ ਵਿਚ ਗਿਆਂ ਉੱਜਲੇ ਹੁੰਦੇ ਹਨ। ਹਰੀ ਦੀ ਦਰਗਾਹ ਵਿਚ ਭੀ ਉਹੋ ਹੀ ਪਿਆਰੇ ਲੱਗਦੇ ਹਨ, ਭਾਵ ਉਹ ਰੱਬੀ ਦਰਬਾਰ ਵਿਚ ਪ੍ਰਵਾਨ ਹੁੰਦੇ ਹਨ।

੪. ਹੇ ਭਾਈਓ! ਗੁਰੂ ਸਤਿਗੁਰੂ ਹਰੀ ਨਾਮ ਦਾ (ਮਾਨੋਂ) ਬੋਹਲ ਹੈ। ਵੱਡੇ ਭਾਗਾਂ ਵਾਲੇ ਸਿੱਖ ਆ ਕੇ ਗੁਣਾਂ ਦੀ ਭਿਆਲੀ, ਗੁਣਾਂ ਦੀ ਸਾਂਝ ਪਾਉਂਦੇ ਹਨ।

ਪ੍ਰ: ਹਜ਼ੂਰ ਜੀਓ! ਐਸੇ ਗੁਰਸਿੱਖਾਂ ਦਾ ਤੁਹਾਡੇ ਅੰਦਰ ਕਿਤਨਾ ਕੁ ਸਤਿਕਾਰ ਹੈ?

ਉ: ੫. ਹੇ ਮਿੱਤਰੋ! ਮੈਂ ਤਾਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਹਾਂ, ਜੋ ਬਹਿੰਦਿਆਂ ਉਠਦਿਆਂ ਭਾਵ ਹਰ ਵੇਲੇ ਹੀ ਹਰੀ ਦਾ ਨਾਮ ਸਿਮਰਦੇ ਹਨ।੧੧।

ਭਾਵਾਰਥ : ਪਹਿਲੇ ਸਲੋਕ ਅੰਦਰ ਹਜ਼ੂਰ ਜੀ ਨੇ ਸਤਿਗੁਰੂ ਦਾ ਰੂਪ ਦਰਸਾਇਆ ਹੈ, ਜਿਸ ਪਾਸੋਂ ਕਿ ਗੁਰਸਿੱਖਾਂ ਨੇ ਹਰੀ ਦੇ ਨਾਮ ਦਾ ਲਾਹਾ ਲੈਣਾ ਹੈ।

ਦੂਜੇ ਸਲੋਕ ਵਿਚ, ਸਤਿਗੁਰੂ ਤੋਂ ਨਾਮ ਲੈ ਕੇ ਉਸੇ ਵਿਚ ਲੱਗ ਜਾਣ ਦੀ ਪ੍ਰੇਰਣਾ ਕੀਤੀ ਹੈ। ਪਉੜੀ ਵਿਚ ਹਰੀ ਨਾਮ ਦੇ ਉਪਾਸ਼ਕ ਉਜਲੇ ਮੁੱਖ ਵਾਲਿਆਂ ਦਾ ਰੂਪ ਬੱਧਾ ਹੈ।

ਸਲੋਕ ਮ: ੩ ॥

੧. ਨਾਨਕ ਨਾਮੁ ਨਿਧਾਨੁ ਹੈ
ਗੁਰਮੁਖਿ ਪਾਇਆ ਜਾਇ ॥
੨. ਮਨਮੁਖ ਘਰਿ ਹੋਦੀ ਵਥੁ ਨ ਜਾਣਨੀ
ਅੰਧੇ ਭਉਕਿ ਮੁਏ ਬਿਲਲਾਇ ॥੧॥

ਅਰਥ :

ਪ੍ਰ: ਹੇ ਗੁਰੋ! ਰਾਜੇ ਮਹਾਰਾਜਿਆਂ ਦੇ ਕੋਲ ਹੀਰੇ ਮੋਤੀਆਂ ਤੇ ਦੌਲਤ ਦੇ ਅਨੇਕਾਂ ਹੀ ਖ਼ਜ਼ਾਨੇ ਹੁੰਦੇ ਹਨ, ਪਰ ਤੁਸੀਂ ਅਸਲ ਖ਼ਜ਼ਾਨਾ ਕਿਹੜਾ ਮੰਨਦੇ ਹੋ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਇਕ ਨਾਮ ਹੀ (ਅਸਲ) ਖ਼ਜ਼ਾਨਾ ਹੈ, ਪਰ ਇਹ ਖ਼ਜ਼ਾਨਾ ਗੁਰੂ ਦੇ ਸਨਮੁਖ ਹੋਇਆਂ ਹੀ ਮਿਲ ਸਕਦਾ ਹੈ।

ਪ੍ਰ: ਕਿਉਂ ਜੀ! ਕੀ ਇਹ ਖ਼ਜ਼ਾਨਾ ਸਾਰਿਆਂ ਦੇ ਅੰਦਰ ਨਹੀਂ ਹੈ?

ਉ: ੨. ਹੇ ਭਾਈਓ! ਹੈ ਤਾਂ ਇਹ ਖ਼ਜ਼ਾਨਾ ਸਾਰਿਆਂ ਦੇ ਅੰਦਰ ਹੀ, ਪਰ ਮਨਮੁਖ ਅੰਧੇ (ਇਸ ਨਾਮ ਵਸਤੂ ਦੇ ਹਿਰਦੇ ਰੂਪ ਘਰ ਵਿਚ ਹੁੰਦਿਆਂ ਭੀ) ਇਸ ਵਸਤੂ ਨੂੰ ਨਹੀਂ ਪਛਾਣਦੇ ਤੇ (ਬਾਹਰ ਮਾਇਆ ਦੇ ਪਿੱਛੇ) ਵਿਲਕਦੇ ਅਤੇ ਭੌਂਦੇ ਮਰ ਜਾਂਦੇ ਹਨ।੧।

ਮ: ੩ ॥

੧. ਕੰਚਨ ਕਾਇਆ ਨਿਰਮਲੀ
ਜੋ ਸਚਿ ਨਾਮਿ ਸਚਿ ਲਾਗੀ ॥
੨. ਨਿਰਮਲ ਜੋਤਿ ਨਿਰੰਜਨੁ ਪਾਇਆ
ਗੁਰਮੁਖਿ ਭ੍ਰਮੁ ਭਉ ਭਾਗੀ ॥
੩. ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ
ਅਨਦਿਨੁ ਹਰਿ ਬੈਰਾਗੀ ॥੨॥

ਪਦ ਅਰਥ : ਕੰਚਨ—ਸੋਨਾ। ਨਿਰੰਜਨ—ਮਾਇਆ ਤੋਂ ਰਹਿਤ। ਬੈਰਾਗੀ—ਵੈਰਾਗਵਾਨ ਹੋ ਕੇ।

ਅਰਥ :

ਪ੍ਰ: ਹਜ਼ੂਰ! ਸਰੀਰ ਤਾਂ ਹਰ ਮਨੁੱਖ ਦਾ ਹੀ ਇਕ ਸਮਾਨ ਵੇਖੀਦਾ ਹੈ, ਪਰ ਤੁਸੀਂ ਕਿਸ ਸਰੀਰ ਨੂੰ ਪਵਿੱਤ੍ਰ ਸਮਝਦੇ ਹੋ?

ਉ: ੧. ਹੇ ਪਿਆਰੇ! ਅਸੀਂ ਤਾਂ ਉਸੇ ਸਰੀਰ ਨੂੰ ਸੋਨੇ ਵਰਗਾ ਸ਼ੁੱਧ ਰੂਪ ਸਮਝਦੇ ਹਾਂ, ਜੋ ਸੱਚੇ ਨਾਮ ਦੁਆਰਾ ਸਤਿ ਸਰੂਪ ਵਿਚ ਲੱਗਾ ਹੋਇਆ ਹੈ।

੨. ਉਸ ਨੂੰ ਨਿਰਮਲ ਜੋਤ (ਰੂਪ) ਮਾਇਆ ਤੋਂ ਰਹਿਤ ਪ੍ਰਭੂ ਮਿਲ ਪੈਂਦਾ ਹੈ ਤੇ ਸਤਿਗੁਰੂ ਦੇ ਸਨਮੁਖ ਹੋ ਕੇ ਉਸ ਦਾ ਡਰ ਤੇ ਭਰਮ ਦੂਰ ਹੋ ਜਾਂਦਾ ਹੈ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ! ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹਰ ਵੇਲੇ ਰਹਿੰਦੇ ਹਨ, ਉਹ ਵੈਰਾਗੀ ਹੋ ਕੇ ਸਦਾ ਸੁੱਖ ਪਾਉਂਦੇ ਹਨ ਭਾਵ ਜੋ ਹਰੀ ਦੇ ਪ੍ਰੇਮ ਵਿਚ ਹੀ ਵੈਰਾਗੀ ਰਹਿੰਦੇ ਹਨ, ਉਹ ਸਦੈਵੀ ਸੁੱਖ ਪਾਉਂਦੇ ਹਨ।੨।

ਪਉੜੀ ॥

੧. ਸੇ ਗੁਰਸਿਖ ਧਨੁ ਧੰਨੁ ਹੈ
ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
੨. ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ
ਤਿਨਿ ਹੰਉਮੈ ਦੁਬਿਧਾ ਭੰਨੀ ॥
੩. ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ
ਵੀਚਾਰਿ ਡਿਠਾ ਹਰਿ ਜੰਨੀ ॥
੪. ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ
ਤਿਨੀ ਸਤਿਗੁਰ ਕੀ ਗਲ ਮੰਨੀ ॥
੫. ਜੋ ਗੁਰਮੁਖਿ ਨਾਮੁ ਧਿਆਇਦੇ
ਤਿਨੀ ਚੜੀ ਚਵਗਣਿ ਵੰਨੀ ॥੧੨॥

ਪਦ ਅਰਥ : ਕੰਨੀ ਸੁਣਿਆ—ਗਹੁ ਨਾਲ ਸੁਣਿਆ ਹੈ। ਤਿਨਿ—ਉਸ ਨੇ। ਭੰਨੀ—ਨਾਸ ਕੀਤੀ ਹੈ।

ਅਰਥ :

ਪ੍ਰ: ਹੇ ਗੁਰੋ! ਗੁਰੂ ਦੀ ਸੰਗਤ ਵਿਚ ਤਾਂ ਬਹੁਤ ਗੁਰਸਿੱਖ ਆਉਂਦੇ ਹਨ, ਪਰ ਤੁਸੀਂ ਕਿਨ੍ਹਾਂ ਸਿੱਖਾਂ ਨੂੰ ਧੰਨਤਾ ਜੋਗ ਸਮਝਦੇ ਹੋ?

ਉ: ੧. ਹੇ ਪਿਆਰਿਓ! ਅਸੀਂ ਤਾਂ ਸਮਝਦੇ ਹਾਂ ਕਿ ਉਹ ਗੁਰਸਿੱਖ ਧੰਨ ਹਨ, ਜਿਨ੍ਹਾਂ ਨੇ ਸਤਿਗੁਰੂ ਦਾ ਉਪਦੇਸ਼ ਗਹੁ ਨਾਲ ਸੁਣਿਆ ਹੈ।

੨. ਹੇ ਪਿਆਰੇ! ਸਤਿਗੁਰੂ ਨੇ (ਜਿਸ ਦੇ ਭੀ ਹਿਰਦੇ ਵਿਚ) ਨਾਮ ਦ੍ਰਿੜ੍ਹ ਕਰਵਾ ਦਿੱਤਾ ਹੈ, ਉਸ ਨੇ ਹਿਰਦੇ ਵਿਚੋਂ ਹਉਮੈ ਤੇ ਦੁਬਿਧਾ ਭੰਨ ਸੁੱਟੀ ਹੈ, (ਨਾਸ ਕਰ ਦਿੱਤੀ ਹੈ)।

ਪ੍ਰ: ਹਜ਼ੂਰ! ਉਨ੍ਹਾਂ ਗੁਰਸਿੱਖਾਂ ਦੀ ਨਿਸ਼ਾਨੀ ਕੀ ਹੈ?

ਉ: ੩. ਹੇ ਭਾਈਓ! ਪ੍ਰਭੂ ਦਾ ਸਿਮਰਨ ਕਰਨ ਵਾਲਿਆਂ (ਗੁਰਸਿੱਖਾਂ ਨੇ) ਇਹ ਗੱਲ ਵੀਚਾਰ ਕੇ ਵੇਖ ਲਈ ਹੈ ਕਿ ਪਰਮੇਸ਼ਰ ਦੇ ਨਾਮ ਤੋਂ ਬਿਨਾ (ਮਨੁੱਖ ਦਾ) ਕੋਈ ਵੀ ਸੱਚਾ ਮਿੱਤ੍ਰ ਨਹੀਂ ਹੈ।

੪. ਹੇ ਪਿਆਰਿਓ! ਜਿਨ੍ਹਾਂ ਗੁਰਸਿੱਖਾਂ 'ਤੇ ਪ੍ਰਭੂ ਪ੍ਰਸੰਨ ਹੁੰਦਾ ਹੈ, ਉਹੋ ਹੀ ਸਤਿਗੁਰੂ ਦੀ ਸਿੱਖਿਆ 'ਤੇ ਟੁਰਦੇ ਹਨ।

੫. ਹੇ ਭਾਈ! ਜੋ ਗੁਰਸਿੱਖ ਗੁਰੂ ਦੇ ਸਨਮੁਖ ਹੋ ਕੇ ਨਾਮ ਜਪਦੇ ਹਨ, ਉਨ੍ਹਾਂ ਨੂੰ ਪ੍ਰੇਮ ਦੀ (ਵੰਨੀ) ਰੰਗਣ ਚੌਗਣੀ ਚੜ੍ਹਦੀ ਹੈ।੧੨।

ਭਾਵਾਰਥ : ਪਹਿਲੇ ਸਲੋਕ ਵਿਚ ਦੱਸਿਆ ਹੈ ਕਿ ਜੋ ਨਾਮ ਸਦ-ਗਤੀ ਕਰਦਾ ਹੈ, ਉਹ ਗੁਰੂ ਤੋਂ ਮਿਲਦਾ ਹੈ।

ਦੂਸਰੇ ਸਲੋਕ ਵਿਚ ਗੁਰਮੁਖ ਦਾ ਵਰਣਨ ਹੈ, ਜੋ ਸੱਚੇ ਨਾਮ ਦੀ ਲਿਵ ਦੁਆਰਾ ਮਾਇਆ ਰਹਿਤ ਜੋਤੀ ਸਰੂਪ ਪ੍ਰਭੂ ਨੂੰ ਪਾ ਕੇ ਸਦਾ ਸੁੱਖ ਵਿਚ ਟਿਕੇ ਰਹਿੰਦੇ ਹਨ।

ਪਉੜੀ ਵਿਚ ਉਨ੍ਹਾਂ ਗੁਰਸਿੱਖਾਂ ਦਾ ਵਰਣਨ ਹੈ, ਜੋ ਗੁਰੂ ਦਾ ਉਪਦੇਸ਼ ਪਾ ਕੇ, ਨਾਮ ਜਪ ਕੇ ਪਰਮ ਪਦ ਨੂੰ ਪਹੁੰਚੇ ਹਨ ਅਤੇ ਵਾਹਿਗੁਰੂ ਜੀ ਦੀ ਮਿਹਰ ਦੇ ਪਾਤਰ ਬਣ ਗਏ ਹਨ।

ਸਲੋਕ ਮ: ੩ ॥

੧. ਮਨਮੁਖੁ ਕਾਇਰੁ ਕਰੂਪੁ ਹੈ
ਬਿਨੁ ਨਾਵੈ ਨਕੁ ਨਾਹਿ ॥
੨. ਅਨਦਿਨੁ ਧੰਧੈ ਵਿਆਪਿਆ
ਸੁਪਨੈ ਭੀ ਸੁਖੁ ਨਾਹਿ ॥
੩. ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ
ਨਾਹਿ ਤ ਬਧੇ ਦੁਖ ਸਹਾਹਿ ॥੧॥

ਪਦ ਅਰਥ : ਕਰੂਪੁ—ਭੈੜੇ ਮੂੰਹ ਵਾਲਾ, ਭੈੜਾ ਮੱਥਾ, ਭਰਿਸ਼ਟੇ ਮੂੰਹ ਵਾਲਾ। ਨਕੁ ਨਾਹਿ—ਨੱਕ ਵੱਢਾ, ਬੇ-ਇੱਜ਼ਤ ਨੂੰ ਆਖਦੇ ਹਨ।

ਅਰਥ :

ਪ੍ਰ: ਹੇ ਗੁਰੋ! ਆਪ ਜੀ ਮਨਮੁਖ ਵਿਚ ਕਿਹੜੇ-ਕਿਹੜੇ ਦੋਸ਼ ਵੇਖਦੇ ਹੋ?

ਉ: ੧. ਹੇ ਭਾਈਓ! ਜਿਸ ਮਨੁੱਖ ਵਿਚ ਹੇਠ ਲਿਖੇ ਪੰਜ ਦੋਸ਼ ਹੋਣ, ਉਸ ਨੂੰ ਸਮਝੋ ਕਿ ਇਹ ਮਨਮੁਖ ਹੈ:

੧. ਮਨਮੁਖ ਕਾਇਰ ਹੁੰਦਾ ਹੈ, ਭਾਵ ਬੁਜ਼ਦਿਲ, ਕਮਜ਼ੋਰ, ਡਰਪੋਕ ਹੈ।

੨. ਕਰੂਪ ਹੈ, ਭੈੜੇ ਮੂੰਹ ਵਾਲਾ, ਭਾਵ ਹੈ ਕਿ ਇਖ਼ਲਾਕੀ ਗਿਰਾਉ ਵਾਲੇ ਦੇ ਚਿਹਰੇ 'ਤੇ ਆਖ਼ਰ ਝੁਰੀਆਂ ਪੈਂਦੀਆਂ ਹਨ।

੩. ਨਾਮ ਤੋਂ ਬਿਨਾਂ ਉਸ ਨੂੰ ਕਿਤੇ ਆਦਰ ਨਹੀਂ ਮਿਲਦਾ, ਭਾਵ ਬੇ-ਪਤਿ ਹੈ।

੨. ੪. ਉਹ ਹਰ ਵਕਤ ਮਾਇਆ ਦੇ ਕਜ਼ੀਏ ਵਿਚ ਹੀ ਰੁੱਝਾ ਰਹਿੰਦਾ ਹੈ।

੫. ਇਸੀ ਕਰ ਕੇ ਉਸ ਨੂੰ ਕਦੀ ਸੁਪਨੇ ਵਿਚ ਭੀ ਸੁਖੀ ਨਹੀਂ ਵੇਖੋਗੇ।

ਪ੍ਰ: ਕਿਉਂ ਜੀ! ਕੀ ਇਨ੍ਹਾਂ ਮਨਮੁਖਾਂ ਦਾ ਭੀ ਕਿਵੇਂ ਬਚਾਅ ਹੋ ਸਕਦਾ ਹੈ?

ਉ: ੩. (ਹਾਂ ਜ਼ਰੂਰ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜੇ ਕਦੀ ਇਹ ਮਨਮੁਖ ਲੋਕ ਵੀ ਇਨ੍ਹਾਂ ਉਪਰ ਦੱਸੇ ਪੰਜਾਂ ਦੋਸ਼ਾਂ ਤੋਂ ਰਹਿਤ ਹੋ ਕੇ ਗੁਰਮੁਖ ਬਣ ਜਾਣ, ਤਾਂ ਇਹ ਵੀ ਬਚ ਸਕਦੇ ਹਨ, ਨਹੀਂ ਤਾਂ ਅੱਗੇ ਜਾ ਕੇ (ਬੰਨ੍ਹੇ ਹੋਏ) ਦੁੱਖ ਹੀ ਸਹਾਰਨਗੇ।੧।

ਮ: ੩ ॥

੧. ਗੁਰਮੁਖਿ ਸਦਾ ਦਰਿ ਸੋਹਣੇ
ਗੁਰ ਕਾ ਸਬਦੁ ਕਮਾਹਿ ॥
੨. ਅੰਤਰਿ ਸਾਂਤਿ ਸਦਾ ਸੁਖੁ
ਦਰਿ ਸਚੈ ਸੋਭਾ ਪਾਹਿ ॥
੩. ਨਾਨਕ ਗੁਰਮੁਖਿ ਹਰਿ ਨਾਮੁ ਪਾਇਆ
ਸਹਜੇ ਸਚਿ ਸਮਾਹਿ ॥੨॥

ਅਰਥ :

ਪ੍ਰ: ਹਜ਼ੂਰ! ਆਪ ਗੁਰਮੁਖਾਂ ਵਿਚ ਕੀ ਵਿਸ਼ੇਸ਼ਤਾ ਵੇਖਦੇ ਹੋ?

ਉ: ੧. ਹੇ ਪਿਆਰਿਓ! ਜੋ ਗੁਰਮੁਖ ਗੁਰੂ ਦਾ ਉਪਦੇਸ਼ ਕਮਾਉਂਦੇ ਹਨ, ਉਨ੍ਹਾਂ ਨੂੰ ਹੀ ਗੁਰਮੁਖ ਕਿਹਾ ਜਾਂਦਾ ਹੈ। ਉਹ ਰੱਬੀ ਦਰਬਾਰ ਵਿਚ ਗਿਆਂ ਵੀ ਸਦਾ ਹੀ ਸੋਹਣੇ ਹੋਣਗੇ, ਭਾਵ ਸੋਭਾ ਪਾਉਂਦੇ ਹਨ।

੨. ਹੇ ਭਾਈ! ਉਨ੍ਹਾਂ ਦੇ ਹਿਰਦੇ ਵਿਚ ਸਦਾ ਸ਼ਾਂਤੀ ਤੇ ਸੁੱਖ ਹੁੰਦਾ ਹੈ, ਇਸੇ ਕਰ ਕੇ ਉਹ ਸੱਚੀ ਦਰਗਾਹ ਵਿਚ ਗਿਆਂ ਸੋਭਾ ਪਾਉਂਦੇ ਹਨ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਉਨ੍ਹਾਂ ਗੁਰਮੁਖਾਂ ਨੇ ਜਗਤ ਵਿਚ ਹੁੰਦਿਆਂ ਹੀ ਹਰੀ ਨਾਮ ਪ੍ਰਾਪਤ ਕੀਤਾ ਹੈ, ਇਸੇ ਕਰ ਕੇ ਉਹ ਸਹਿਜੇ ਹੀ ਸੱਚ ਸਰੂਪ ਵਿਚ ਸਮਾ ਜਾਂਦੇ ਹਨ।੨।

ਪਉੜੀ ॥

੧. ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥
੨. ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥
੩. ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥
੪. ਬਿਨੁ ਗੁਰ ਹਰਿ ਨਾਮੁ ਨ
ਕਿਨੈ ਪਾਇਆ ਮੇਰੇ ਭਾਈ ॥
੫. ਗੁਰਮੁਖਿ ਹਰਿ ਭਗਤਿ
ਹਰਿ ਆਪਿ ਲਹਾਈ ॥੧੩॥

ਪਦ ਅਰਥ : ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਲਹਾਈ—ਲਭਾਈ, ਦਿੱਤੀ ਹੈ।

ਅਰਥ :

ਪ੍ਰ: ਹਜ਼ੂਰ ਜੀ! ਕਿਸੇ ਦਾ ਉਦਾਰਹਣ ਦੇ ਕੇ ਸਮਝਾਓ, ਜਿਸ ਨੇ ਕਿ ਗੁਰੂ ਦੇ ਸਨਮੁਖ ਹੋ ਕੇ ਮੁਕਤੀ ਪ੍ਰਾਪਤ ਕੀਤੀ ਹੋਵੇ?

ਉ: ੧. ਹੇ ਪਿਆਰਿਓ! ਤੱਕੋ, ਪ੍ਰਹਿਲਾਦ ਭਗਤ ਨੇ ਗੁਰੂ ਦੁਆਰਾ ਹੀ ਹਰੀ ਦਾ ਸਿਮਰਨ ਕਰਕੇ ਮੁਕਤੀ ਪਾਈ ਸੀ।

ਪ੍ਰ: ਕੋਈ ਹੋਰ ਮਿਸਾਲ ਦਿਓ।

ਉ: ੨. ਹੇ ਭਾਈਓ! ਵੇਖੋ, ਜਨਕ ਰਾਜੇ ਨੇ ਗੁਰੂ ਦੇ ਸਨਮੁਖ ਹੋ ਹਰੀ ਦੇ ਨਾਮ ਵਿਚ ਲਿਵ ਲਾਈ ਸੀ।

੩. ਹੇ ਪਿਆਰਿਓ! ਸਤਿਗੁਰੂ ਦੇ ਸਨਮੁਖ ਹੋ ਕੇ ਹੀ ਵਸ਼ਿਸ਼ਟ ਨੇ ਹਰੀ ਦਾ ਉਪਦੇਸ਼ ਹੋਰਨਾਂ ਨੂੰ ਸੁਣਾਇਆ ਸੀ।

੪. ਹੇ ਮਿੱਤਰੋ! ਇਹ ਸੱਚ ਜਾਣੋ ਕਿ ਬਿਨਾ ਗੁਰੂ ਦੇ ਹਰੀ ਦਾ ਨਾਮ ਕਿਸੇ ਨੇ ਭੀ ਨਹੀਂ ਪਾਇਆ।

੫. ਪਰ ਹੇ ਭਾਈਓ! ਇਹ ਭੀ ਨਿਯਮ ਹੈ ਕਿ ਹਰੀ ਦੀ ਭਗਤੀ ਜਿਸ ਕਿਸੇ ਨੂੰ ਲੱਭੀ ਹੈ, ਉਸ ਨੂੰ ਹਰੀ ਨੇ ਆਪ ਹੀ ਗੁਰੂ ਦੁਆਰਾ ਲਭਾਈ ਹੈ।੧੩।

ਭਾਵਾਰਥ : ਪਹਿਲੇ ਸਲੋਕ ਵਿਚ ਉਨ੍ਹਾਂ ਦਾ ਜ਼ਿਕਰ ਕੀਤਾ ਹੈ, ਜੋ ਗੁਰੂ ਦੁਆਰਾ ਭਗਤੀ ਤੋਂ ਵਿਹੂਣੇ ਮਨਮਤ ਵਿਚ ਰਹੇ ਅਤੇ ਮਨਮੁਖ ਹੀ ਬਣੇ ਰਹੇ। ਉਹ ਲੋਕ-ਪ੍ਰਲੋਕ ਵਿਚ ਸਦਾ ਦੁਖੀਏ ਹੀ ਰਹੇ। ਮਹਲੇ ਵਿਚ ਗੁਰਮੁਖਾਂ ਦਾ ਅੰਤਰੀਵ ਸੁੱਖ ਇਸ ਜਗਤ ਵਿਚ ਅਤੇ ਪ੍ਰਲੋਕ ਵਿਚ ਦੱਸਿਆ ਹੈ ਅਤੇ ਕਹਿੰਦੇ ਹਨ ਕਿ ਉਹ ਸੱਚੇ ਦਰ ਉੱਜਲ ਮੁਖ ਜਾਣਗੇ ਅਤੇ ਸੋਭਾ ਪਾਉਣਗੇ।

ਪਉੜੀ ਵਿਚ ਪਿਛਲੇ ਭਗਤਾਂ ਦੀਆਂ ਮਿਸਾਲਾਂ ਦੇ ਕੇ ਇਹ ਸਿਧਾਂਤ ਅੰਕਤ ਕੀਤਾ ਹੈ ਕਿ ਗੁਰੂ ਦੁਆਰਾ ਨਾਮ ਪ੍ਰਾਪਤ ਕਰ ਕੇ ਮੁਕਤੀ ਪ੍ਰਾਪਤ ਹੁੰਦੀ ਹੈ।

ਸਲੋਕੁ ਮ: ੩ ॥

੧. ਸਤਿਗੁਰ ਕੀ ਪਰਤੀਤਿ ਨ ਆਈਆ
ਸਬਦਿ ਨ ਲਾਗੋ ਭਾਉ ॥
੨. ਓਸ ਨੋ ਸੁਖੁ ਨ ਉਪਜੈ
ਭਾਵੈ ਸਉ ਗੇੜਾ ਆਵਉ ਜਾਉ ॥
੩. ਨਾਨਕ ਗੁਰਮੁਖਿ ਸਹਜਿ ਮਿਲੈ
ਸਚੇ ਸਿਉ ਲਿਵ ਲਾਉ ॥੧॥

ਅਰਥ :

ਪ੍ਰ: ਕਿਉਂ ਜੀ! ਸੰਸਾਰ ਵਿਚ ਉਹ ਕੌਣ ਲੋਕ ਹਨ, ਜਿਨ੍ਹਾਂ ਨੂੰ ਕਿ ਤੁਸੀਂ ਇਹ ਸਮਝਦੇ ਹੋ ਕਿ ਕਦੀ ਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ?

ਉ: ੧. ਹੇ ਭਾਈਓ! ਅਸੀਂ ਤਾਂ ਸਮਝਦੇ ਹਾਂ ਕਿ ਜਿਨ੍ਹਾਂ ਬੰਦਿਆਂ ਵਿਚ ਦੋ ਦੋਸ਼ ਵੇਖੇ ਜਾਣ, ਉਨ੍ਹਾਂ ਨੂੰ ਕਦੇ ਭੀ ਸੁੱਖ ਨਹੀਂ ਪ੍ਰਾਪਤ ਹੋ ਸਕਦਾ, ਜਿਵੇਂ ਕਿ :

੧. ਜਿਸ ਮਨੁੱਖ ਨੂੰ ਸਤਿਗੁਰੂ 'ਤੇ ਭਰੋਸਾ ਨਹੀਂ ਬੱਝਾ ਤੇ
੨. ਸਤਿਗੁਰੂ ਦੇ ਸ਼ਬਦ ਵਿਚ ਜਿਸ ਦਾ ਪਿਆਰ ਨਹੀਂ ਲੱਗਾ।

੨. ਉਨ੍ਹਾਂ ਨੂੰ ਤਾਂ ਸੁੱਖ ਕਦੇ ਭੀ ਨਹੀਂ ਹੋਵੇਗਾ, ਉਹ ਭਾਵੇਂ ਸੌ (ਚੱਕਰ) ਜਨਮ ਮਰਨ ਦੇ ਲਾਉਂਦੇ ਰਹਿਣ।

ਪ੍ਰ: ਹਜ਼ੂਰ! ਕੀ, ਕਿਵੇਂ ਉਨ੍ਹਾਂ ਲੋਕਾਂ ਦਾ ਭੀ ਸਾਈਂ ਜੀ ਨਾਲ ਮਿਲਾਪ ਹੋ ਸਕਦਾ ਹੈ?

ਉ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜੇ ਕਦੀ ਉਹ ਭੀ ਸਾਈਂ ਜੀ ਨਾਲ ਸੁਰਤੀ ਜੋੜੀ ਰੱਖਣ ਤਾਂ ਉਨ੍ਹਾਂ ਦਾ ਭੀ ਸੁਭਾਵਕ ਹੀ ਪ੍ਰਭੂ ਨਾਲ ਮਿਲਾਪ ਹੋ ਜਾਵੇਗਾ।੧।

ਮ: ੩ ॥

੧. ਏ ਮਨ ਐਸਾ ਸਤਿਗੁਰੁ ਖੋਜਿ ਲਹੁ
ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥
੨. ਸਹਸਾ ਮੂਲਿ ਨ ਹੋਵਈ
ਹਉਮੈ ਸਬਦਿ ਜਲਾਇ ॥
੩. ਕੂੜੈ ਕੀ ਪਾਲਿ ਵਿਚਹੁ ਨਿਕਲੈ
ਸਚੁ ਵਸੈ ਮਨਿ ਆਇ ॥
੪. ਅੰਤਰਿ ਸਾਂਤਿ ਮਨਿ ਸੁਖੁ ਹੋਇ
ਸਚ ਸੰਜਮਿ ਕਾਰ ਕਮਾਇ ॥

੫. ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ
ਹਰਿ ਜੀਉ ਕਿਰਪਾ ਕਰੇ ਰਜਾਇ ॥੨॥

ਪਦ ਅਰਥ : ਜਨਮ ਮਰਣ—ਜੰਮਣ ਤੋਂ ਮਰਣ ਤੱਕ ਦਾ। ਸਹਸਾ—ਤੌਖਲਾ। ਮੂਲਿ—ਕਦੇ ਭੀ। ਪਾਲਿ—ਕੰਧ। ਮਨਿ—ਮਨ ਵਿਚ। ਸੰਜਮਿ—ਜੁਗਤ ਨਾਲ।

ਅਰਥ :

ਪ੍ਰ: ਹੇ ਗੁਰੋ ! ਇਹ ਮਨ ਗੁਰੂ ਦੀ ਖੋਜ ਵਿਚ ਪਿਆ ਕਈ ਨਾਮ-ਧਰੀਕ ਗੁਰੂਆਂ ਦੇ ਦਰ ਦਰ 'ਤੇ ਭਟਕਦਾ ਹੈ, ਇਸ ਨੂੰ ਕਿਵੇਂ ਸਮਝਾਈਏ ਕਿ ਇਹ ਕਿਸ ਸਤਿਗੁਰੂ ਦੀ ਖੋਜ ਕਰੇ ?

ਉ: ੧. ਹੇ ਭਾਈਓ ! ਇਸ ਮਨ ਨੂੰ ਇਉਂ ਸਮਝਾਓ ਕਿ ਐ ਮਨਾ ! ਤੂੰ ਐਸਾ ਸਤਿਗੁਰੂ ਖੋਜ ਕੇ ਲੱਭ ਲੈ, ਜਿਸ ਨੂੰ ਕਿ ਸੇਵਨੇ ਕਰਕੇ ਜਨਮ ਮਰਨ ਦਾ ਦੁੱਖ ਦੂਰ ਹੋ ਜਾਵੇ।

ਪ੍ਰ: ਹਜ਼ੂਰ ! ਇਹ ਜਨਮ ਮਰਣ ਦੇ ਦੁੱਖ ਦਾ ਅਸਲ ਕਾਰਣ ਕੀ ਹੈ ਜੀ ?

ਉ: ੨. ਹੇ ਪਿਆਰੇ ! ਜਨਮ ਮਰਣ ਦਾ ਦੁੱਖ ਹਉਮੈ ਕਰ ਕੇ ਹੈ। ਇਹ ਹਉਮੈ ਨੂੰ ਸਤਿਗੁਰੂ ਦੇ ਦਿੱਤੇ ਉਪਦੇਸ਼ ਦੁਆਰਾ ਸਾੜ ਲਵੇ, ਤਾਂ ਫਿਰ ਕੋਈ ਭੀ ਸੰਸਾ ਉੱਕਾ ਹੀ ਨਹੀਂ ਰਹੇਗਾ।

ਪ੍ਰ: ਕਿਉਂ ਜੀ ! ਉਹ ਕਿਵੇਂ ?

ਉ: ੩. ਹੇ ਭਾਈ ! ਉਹ ਇਸ ਲਈ ਕਿ ਸੰਸੇ ਪਾਉਣ ਵਾਲੀ ਕੂੜ ਦੀ ਕੰਧ (ਦਿਲ) ਵਿਚੋਂ ਨਿਕਲ ਜਾਵੇਗੀ ਅਤੇ ਸੱਚ ਮਨ ਵਿਚ ਆ ਵਸੇਗਾ।

੪. ਜਦੋਂ ਮਨ ਵਿਚ ਸੱਚ ਆ ਵਸਿਆ ਤਾਂ ਉਸ ਦੇ ਫਿਰ ਇਹ ਲੱਛਣ ਹੋਣਗੇ : ਮਨ ਵਿਚ ਸ਼ਾਂਤੀ ਅਤੇ ਸੁੱਖ ਹੋਵੇਗਾ ਤੇ ਬਾਹਰ ਉਹ ਜੋ ਵੀ ਕੁਝ ਕਰੇਗਾ, ਉਹ ਸੱਚ ਅਤੇ ਸੰਜਮ ਦੀ ਕਾਰ ਕਰੇਗਾ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! ਸਤਿਗੁਰੂ ਵੀ ਪੂਰੇ ਭਾਗਾਂ ਨਾਲ ਮਿਲਦਾ ਹੈ, ਜਦ ਕਿ ਹਰਿ ਜੀਉ ! ਆਪਣੀ (ਰਜ਼ਾ) ਮਰਜ਼ੀ ਨਾਲ ਕਿਰਪਾ ਕਰਦਾ ਹੈ।੨।

ਪਉੜੀ ॥

੧. ਜਿਸ ਕੈ ਘਰਿ ਦੀਬਾਨੁ ਹਰਿ ਹੋਵੈ
ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ ॥
੨. ਤਿਸ ਕਉ ਤਲਕੀ ਕਿਸੈ ਦੀ ਨਾਹੀ
ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ ॥
੩. ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ
ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥
੪. ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ
ਤਿਨਿ ਰਹਦੇ ਖੁਹਦੇ ਆਣਿ ਸਭਿ
ਭਗਤਾ ਅਗੈ ਖਲਵਾਇਆ ॥
੫. ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ
ਗੁਰਮੁਖਿ ਵਿਰਲੈ ਕਿਨੈ ਧਿਆਇਆ ॥੧੪॥

ਪਦ ਅਰਥ : ਦੀਬਾਨੁ—ਹਾਕਮ, ਦਰਬਾਰ, ਕਚਿਹਰੀ, ਸਭਾ, ਨਿਆਇ ਕਰਤਾ, ਮਾਲ ਦਾ ਵਜ਼ੀਰ। ਤਲਕੀ—ਮੁਥਾਜੀ। ਦੀਬਾਨਿ—ਹਾਕਮ ਨੇ। ਰਹਦੇ ਖੁਹਦੇ—ਬਾਕੀ ਬਚੇ ਹੋਏ। ਆਣਿ—ਲਿਆ ਕੇ। ਖਲਵਾਇਆ—ਖੜੇ ਕਰ ਦਿੱਤੇ।

ਅਰਥ :

ਪ੍ਰ: ਹਜ਼ੂਰ ! ਕੀ ਕਿਸੇ ਵਿਚ ਇਤਨੀ ਤਾਕਤ ਭੀ ਆ ਸਕਦੀ ਹੈ ਕਿ ਉਸ ਦੇ ਵਸ ਵਿਚ ਸਾਰਾ ਸੰਸਾਰ ਆ ਜਾਵੇ ?

ਉ: ੧. (ਹਾਂ ਜ਼ਰੂਰ) ਹੇ ਭਾਈਓ ! ਜਿਸ ਮਨੁੱਖ ਦੇ ਹਿਰਦੇ ਰੂਪੀ ਘਰ ਵਿਚ ਹਰੀ ਰੂਪ ਹਾਕਮ ਰਹਿੰਦਾ ਹੋਵੇ, ਸਮਝੋ ਸਾਰਾ ਹੀ ਜਗਤ ਉਸ ਦੀ ਮੁੱਠੀ ਵਿਚ ਆ ਗਿਆ, ਭਾਵ ਵਸ ਵਿਚ ਆ ਜਾਂਦਾ ਹੈ।

ਪ੍ਰ: ਉਸ ਦੀ ਮਾਨਸਕ ਦਸ਼ਾ ਕਿਸ ਰੂਪ ਵਿਚ ਬਦਲ ਜਾਂਦੀ ਹੈ ?

ਉ: ੨. ਹੇ ਭਾਈ ! ਉਸ ਨੂੰ ਕਿਸੇ ਦੀ ਕਾਣ, ਅਧੀਨਤਾ ਨਹੀਂ ਰਹਿੰਦੀ, (ਕਿਉਂਕਿ) ਹਰੀ ਰੂਪ ਹਾਕਮ ਨੇ ਸਭ ਨੂੰ ਲਿਆ ਕੇ ਉਸ ਦੀ ਪੈਰੀਂ ਪਾ ਦਿੱਤਾ ਹੈ।

ਪ੍ਰ: ਹਜ਼ੂਰ ! ਵੇਖੀਦਾ ਹੈ ਕਿ ਕਈ ਬੰਦੇ ਇਸ ਸੰਸਾਰਕ ਕਚਹਿਰੀਆਂ ਵਿਚੋਂ ਨੱਸ ਭੱਜ ਕੇ ਬਚ ਰਹਿੰਦੇ ਹਨ। ਕੀ ਕੋਈ ਇਸੇ ਤਰ੍ਹਾਂ ਰੱਬ ਦੀ ਹਕੂਮਤ ਤੋਂ ਭੱਜ ਕੇ ਬਚ ਸਕਦਾ ਹੈ ?

ਉ: ੩. ਹੇ ਭਾਈਓ ! ਸੁਣੋ, ਮਨੁੱਖਾਂ ਦੀ ਕਚਹਿਰੀ ਵਿਚੋਂ ਤਾਂ ਮਨੁੱਖ ਨੱਸ ਭਜ ਕੇ ਵੀ ਕਿਤੇ ਖਿਸਕ ਸਕਦਾ ਹੈ, ਪਰ ਇਹ ਦੱਸੋ, ਉਸ ਰੱਬੀ ਹਕੂਮਤ ਤੋਂ ਕੋਈ ਭਜ ਕੇ ਕਿੱਥੇ ਜਾ ਸਕਦਾ ਹੈ ?

੪. ਸੋ ਹੇ ਭਾਈ ! ਐਸਾ ਹਾਕਮ ਜਦੋਂ ਭਗਤਾਂ ਦੇ ਹਿਰਦੇ ਵਿਚ ਆ ਵਸਿਆ, (ਤਾਂ) ਉਸ ਨੇ ਰਹਿੰਦੇ ਖੂੰਹਦੇ ਸਾਰੇ ਲਿਆ ਕੇ ਭਗਤਾਂ ਦੇ ਅੱਗੇ ਖੜੇ ਕਰ ਦਿੱਤੇ, ਭਾਵ ਤਾਬਿਆ ਕਰ ਦਿੱਤੇ, ਚਰਨੀਂ ਲਿਆ ਪਾਇਆ।

੫. ਹੇ ਭਾਈਓ ! (ਇਹ ਹੈ) ਹਰੀ ਨਾਮ ਦੀ ਵਡਿਆਈ, ਜੋ ਕਿ ਬਖ਼ਸ਼ਿਸ਼ ਦੁਆਰਾ ਪ੍ਰਾਪਤ ਹੁੰਦੀ ਹੈ, ਪਰ ਕਿਸੇ ਵਿਰਲੇ ਨੇ ਹੀ ਗੁਰੂ ਦੁਆਰਾ (ਹਰੀ ਨਾਮ) ਧਿਆਇਆ ਹੈ।੧੪।

ਭਾਵਾਰਥ : ਪਹਿਲੇ ਸਲੋਕ ਵਿਚ ਸਤਿਗੁਰੂ ਦੁਆਰਾ ਨਾਮ ਦੀ ਪ੍ਰਾਪਤੀ ਦਾ ਫਲ ਸੁੱਖ ਦੀ ਪ੍ਰਾਪਤੀ ਦੱਸਿਆ ਹੈ।

ਦੂਸਰੇ ਵਿਚ ਇਹ ਹਿਦਾਇਤ ਕੀਤੀ ਗਈ ਹੈ ਕਿ ਐਸਾ ਸੱਚਾ ਗੁਰੂ ਢੂੰਡ ਭਾਲ ਕੇ ਲੱਭੋ, ਕਿਉਂਕਿ ਉਸ ਦੀ ਸੇਵਾ ਕਰਨ ਨਾਲ ਨਾਮ ਪ੍ਰਾਪਤ ਹੁੰਦਾ ਹੈ।

ਪਉੜੀ ਵਿਚ ਫ਼ੁਰਮਾਇਆ ਹੈ ਕਿ ਜਿਨ੍ਹਾਂ ਭਗਤਾਂ ਦੇ ਅੰਦਰ ਵਾਹਿਗੁਰੂ ਜੀ ਵਸ ਰਿਹਾ ਹੈ, ਉਨ੍ਹਾਂ ਦੇ ਅੰਦਰ ਅਨੰਤ ਸ਼ਕਤੀਆਂ ਆ ਕੇ ਪ੍ਰਵੇਸ਼ ਕਰ ਜਾਂਦੀਆਂ ਹਨ। ਉਨ੍ਹਾਂ ਨੂੰ ਕਿਸੇ ਦੀ ਵੀ ਕਨੌਡ ਨਹੀਂ ਰਹਿ ਜਾਂਦੀ।

ਸਲੋਕੁ ਮ: ੩ ॥

੧. ਬਿਨੁ ਸਤਿਗੁਰ ਸੇਵੇ ਜਗਤੁ ਮੁਆ
ਬਿਰਥਾ ਜਨਮੁ ਗਵਾਇ ॥
੨. ਦੂਜੈ ਭਾਇ ਅਤਿ ਦੁਖੁ ਲਗਾ
ਮਰਿ ਜੰਮੈ ਆਵੈ ਜਾਇ ॥

੩. ਵਿਸਟਾ ਅੰਦਰਿ ਵਾਸੁ ਹੈ
ਫਿਰਿ ਫਿਰਿ ਜੂਨੀ ਪਾਇ ॥
੪. ਨਾਨਕ ਬਿਨੁ ਨਾਵੈ ਜਮੁ ਮਾਰਸੀ
ਅੰਤਿ ਗਇਆ ਪਛੁਤਾਇ ॥੧॥

ਅਰਥ :

ਪ੍ਰ: ਹੇ ਗੁਰੋ ! ਇਸ ਜਗਤ ਦੇ ਬਾਰ-ਬਾਰ ਜੰਮਦੇ ਮਰਦੇ ਰਹਿਣ ਦਾ ਅਸਲ ਕਾਰਣ ਕੀ ਹੈ ?

ਉ: ੧. ਹੇ ਪਿਆਰਿਓ ! ਅਸਲ ਕਾਰਣ ਤਾਂ ਇਹੋ ਹੀ ਦਿੱਸਦਾ ਹੈ ਕਿ ਇਹ ਜਗਤ ਸਤਿਗੁਰੂ ਦੀ ਸੇਵਾ ਕੀਤੇ ਬਿਨਾ ਜਨਮ ਵਿਅਰਥਾ ਗੁਆ-ਗੁਆ ਕੇ ਮਰ ਰਿਹਾ ਹੈ।

੨. ਅਤੇ ਇਸ ਨੂੰ ਦ੍ਵੈਤ-ਭਾਵਨਾ ਵਿਚ ਰਹਿਣ ਕਰ ਕੇ ਬਹੁਤ ਹੀ ਦੁੱਖ ਲੱਗਾ ਹੋਇਆ ਹੈ। ਇਸੇ ਕਲੇਸ਼ ਵਿਚ ਮਰਦਾ ਹੈ, ਫੇਰ ਜੰਮਦਾ ਹੈ, ਆਉਂਦਾ ਹੈ, ਫੇਰ ਜਾਂਦਾ ਹੈ।

੩. ਇਉਂ ਇਸ ਦਾ ਵਿਸਟਾ ਵਿਚ, ਭਾਵ ਗੰਦ ਵਿਚ ਵਾਸਾ ਰਹਿੰਦਾ ਹੈ, (ਕਿਉਂਕਿ) ਵਾਰ-ਵਾਰ ਜਨਮ ਪਾਉਂਦਾ ਰਹਿੰਦਾ ਹੈ, ਭਾਵ ਇਹ ਮੁਕਤ ਨਹੀਂ ਹੁੰਦਾ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਨਾਮ ਤੋਂ ਬਿਨਾ (ਇੱਥੋਂ ਗਏ ਜੀਵ ਨੂੰ) ਜਮ ਮਾਰੇਗਾ, (ਸੋ) ਅੰਤ ਨੂੰ ਐਸਾ ਹਰ ਜੀਵ ਅੱਗੇ ਜਾ ਕੇ ਪਛਤਾਵੇਗਾ।੧।

ਮ: ੩ ॥

੧. ਇਸੁ ਜਗ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰਿ ਸਬਾਈ ॥
੨. ਸਭਿ ਘਟ ਭੋਗਵੈ ਅਲਿਪਤੁ ਰਹੈ
ਅਲਖੁ ਨ ਲਖਣਾ ਜਾਈ ॥
੩. ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥
੪. ਪੁਰਖੈ ਸੇਵਹਿ ਸੇ ਪੁਰਖ ਹੋਵਹਿ
ਜਿਨੀ ਹਉਮੈ ਸਬਦਿ ਜਲਾਈ ॥
੫. ਤਿਸ ਕਾ ਸਰੀਕੁ ਕੋ ਨਹੀ
ਨਾ ਕੋ ਕੰਟਕੁ ਵੈਰਾਈ ॥
੬. ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ
ਨਾ ਆਵੈ ਨਾ ਜਾਈ ॥
੭. ਅਨਦਿਨੁ ਸੇਵਕੁ ਸੇਵਾ ਕਰੇ
ਹਰਿ ਸਚੇ ਕੇ ਗੁਣ ਗਾਈ ॥
੮. ਨਾਨਕੁ ਵੇਖਿ ਵਿਗਸਿਆ
ਹਰਿ ਸਚੇ ਕੀ ਵਡਿਆਈ ॥੨॥

ਪਦ ਅਰਥ : ਪੁਰਖੁ—ਪਤੀ, ਮਰਦ। ਸਗਲੀ—ਸਾਰੀ ਸ੍ਰਿਸ਼ਟੀ। ਸਬਾਈ—ਸਾਰੀ। ਸਭਿ ਘਟ—ਸਾਰੇ ਸਰੀਰ। ਅਲਿਪਤੁ—ਵਖਰਾ, ਨਿਰਾਲਾ। ਗੁਰਿ—ਗੁਰੂ ਨੇ। ਸਬਦੇ—ਗੁਰ ਸ਼ਬਦ ਦੇ ਰਾਹੀਂ। ਸੇਵਹਿ—ਸਿਮਰਦੇ ਹਨ। ਜਿਨੀ—ਜਿਨ੍ਹਾਂ ਮਨੁੱਖਾਂ ਨੇ। ਜਲਾਈ—ਸਾੜ ਦਿੱਤੀ। ਕੰਟਕ—ਕੰਡਾ। ਵਿਗਸਿਆ—ਖਿੜ ਰਿਹਾ ਹੈ।੨।

ਅਰਥ :

ਪ੍ਰ: ਕਿਉਂ ਜੀ ! ਕੀ ਉਸ ਪਰਮੇਸ਼ਰ ਦੇ ਬਰਾਬਰ ਦਾ ਕੋਈ ਹੋਰ ਵੀ ਪੁਰਖ ਹੈ ?

ਉ: ੧. ਹੇ ਭਾਈਓ ! ਇਸ ਜਗਤ ਵਿਚ ਪਤੀ ਇਕੋ ਪਰਮਾਤਮਾ ਹੀ ਹੈ, ਹੋਰ ਸਾਰੀ ਸ੍ਰਿਸ਼ਟੀ ਉਸਦੀਆਂ ਇਸਤ੍ਰੀਆਂ ਹਨ।

੨. ਉਹ ਪਰਮਾਤਮਾ ਪਤੀ ਸਾਰੇ ਘਟਾਂ ਨੂੰ ਭੋਗਦਾ ਹੈ (ਭਾਵ ਸਾਰੇ ਸਰੀਰਾਂ ਵਿਚ ਵਿਆਪਕ ਹੈ) ਤੇ ਨਿਰਲੇਪ ਵੀ ਹੈ, ਇਸ ਅਲੱਖ ਪ੍ਰਭੂ ਦੀ ਸਮਝ ਨਹੀਂ ਪੈਂਦੀ।

ਪ੍ਰ: ਕਿਉਂ ਜੀ ! ਉਸ ਨੂੰ ਕਿਸੇ ਨੇ ਵੇਖਿਆ ਭੀ ਹੈ ?

ਉ: ੩. ਹੇ ਭਾਈਓ ! ਉਸ ਸਾਈਂ ਜੀ ਨੂੰ ਜਿਸ ਨੇ ਭੀ ਵੇਖਿਆ ਹੈ, ਉਸ ਨੂੰ ਪੂਰੇ ਗੁਰੂ ਨੇ ਹੀ ਵਿਖਾਇਆ ਹੈ, ਉਸ ਨੂੰ ਪੂਰੇ ਗੁਰੂ ਦੁਆਰਾ ਹੀ ਸੋਝੀ ਪਾਈ ਹੈ।

੪. ਹੇ ਪਿਆਰੇ ! ਜੋ ਪ੍ਰਭੂ ਪੁਰਖ ਨੂੰ ਜਪਦੇ ਹਨ, ਉਹ ਭੀ ਉਸ ਪੁਰਖ ਦਾ ਰੂਪ ਹੀ ਹੋ ਜਾਂਦੇ ਹਨ, (ਕਿਉਂਕਿ) ਉਸ ਨੇ ਗੁਰੂ ਦੇ ਸ਼ਬਦ ਰਾਹੀਂ ਅੰਦਰੋਂ ਹਉਮੈ ਜੋ ਸਾੜ ਦਿੱਤੀ ਹੈ।

੫. ਪਰ ਉਸ ਇਕੋ ਪੁਰਖ ਦਾ ਸ਼ਰੀਕ ਕੋਈ ਨਹੀਂ, ਨਾ ਹੀ ਕੋਈ (ਉਸ ਨੂੰ) ਦੁੱਖ ਦੇਣ ਵਾਲਾ ਵੈਰੀ ਹੈ।

੬. ਉਸ ਦਾ ਰਾਜ ਸਦਾ ਅਟੱਲ ਹੈ। ਨਾ ਉਹ ਜੰਮਦਾ ਹੈ, ਨਾ ਮਰਦਾ ਹੈ।

੭. ਪਰ ਸੇਵਾ ਕਰਨ ਵਾਲਾ ਸੇਵਕ, ਜਿਸ ਨੇ ਸੇਵਾ ਕਰ ਕੇ ਪੁਰਖ ਬਣਨਾ ਹੈ, ਉਹ ਨਿੱਤ ਉਸ ਇਕ ਪੁਰਖ ਦੀ ਸੇਵਾ ਕਰਦਾ ਹੈ ਅਤੇ ਉਹ ਉਸ ਸੱਚੇ ਹਰੀ ਦੇ ਗੁਣ ਗਾਉਂਦਾ ਹੈ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਮੈਂ ਤਾਂ ਇਸ ਕੌਤਕ ਵਿਚ ਸੱਚੇ ਹਰੀ ਦੀ ਵਡਿਆਈ ਨੂੰ ਹੀ ਵੇਖ ਕੇ ਪ੍ਰਸੰਨ ਹੋ ਰਿਹਾ ਹਾਂ।੨।

ਪਉੜੀ ॥

੧. ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ
ਹਰਿ ਨਾਮੋ ਤਿਨ ਕੰਉ ਰਖਣਹਾਰਾ ॥
੨. ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ
ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥
੩. ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ
ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥
੪. ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ
ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥
੫. ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ
ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥

ਪਦ ਅਰਥ : ਹਮਾਰਾ—ਭਾਵ ਭਗਤ ਜਨਾਂ ਦਾ। ਮਸਲਤਿ—ਸਲਾਹ। ਗੁਰਿ—ਗੁਰੂ ਨੇ। ਹਲਤਿ—ਇਸ ਲੋਕ ਵਿਚ। ਪਲਤਿ—ਪ੍ਰਲੋਕ ਵਿਚ।੧੫।

ਅਰਥ :

ਪ੍ਰ: ਹਜ਼ੂਰ! ਹਰੀ ਦਾ ਨਾਮ ਜਪਣ ਵਾਲਿਆਂ ਨੂੰ ਫਲ ਕੀ ਮਿਲਦਾ ਹੈ।

ਉ: ੧. ਹੇ ਭਾਈਓ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਅੰਦਰ ਹਰੀ ਦਾ ਨਾਮ ਵਸਦਾ ਹੈ, ਉਨ੍ਹਾਂ ਦਾ ਹਰੀ ਨਾਮ ਹੀ ਰੱਖਣ ਵਾਲਾ ਹੁੰਦਾ ਹੈ, ਭਾਵ ਹਰ ਦੁੱਖ, ਬਿਪਤਾ ਕਾਲ ਵਿਚ ਉਨ੍ਹਾਂ ਦੀ ਰਾਖੀ ਹਰੀ ਨਾਮ ਹੀ ਕਰਦਾ ਹੈ।

੨. ਉਨ੍ਹਾਂ ਭਗਤ ਜਨਾਂ ਦਾ ਹਰ ਵਕਤ ਇਹੋ ਯਕੀਨ ਬੱਝਾ ਰਹਿੰਦਾ ਹੈ ਕਿ ਹਰੀ ਦਾ ਨਾਮ ਹੀ ਸਾਡਾ ਮਾਂ ਪਿਉ ਹੈ ਤੇ ਨਾਮ ਹੀ ਸਾਡਾ ਸਖਾ ਤੇ ਮਿੱਤ੍ਰ ਹੈ।

੩. ਹਰੀ ਦੇ ਨਾਮ ਨਾਲ ਹੀ ਸਾਡੀਆਂ ਗੱਲਾਂ ਹੁੰਦੀਆਂ ਹਨ। ਹਰੀ ਨਾਮ ਨਾਲ ਹੀ ਸਾਡੇ ਸਲਾਹ ਮਸ਼ਵਰੇ ਹੁੰਦੇ ਹਨ, ਹਰੀ ਨਾਮ ਹੀ ਸਾਡੀ ਨਿੱਤ ਸੰਭਾਲ ਕਰਦਾ ਹੈ।

੪. ਹਰੀ ਦਾ ਨਾਮ ਹੀ ਸਾਡੀ ਅਤਿ ਪਿਆਰੀ ਸੰਗਤ ਹੈ। ਹਰਿ ਨਾਮ ਹੀ ਸਾਡੀ ਕੁਲ ਤੇ ਹਰੀ ਨਾਮ ਹੀ ਸਾਡਾ ਪਰਿਵਾਰ ਹੈ।

ਪ੍ਰ: ਹਜ਼ੂਰ! ਇਹ ਹਰੀ ਨਾਮ ਦੀ ਦਾਤ ਤੁਹਾਨੂੰ ਕਿੱਥੋਂ ਪ੍ਰਾਪਤ ਹੋਈ ਹੈ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੈਨੂੰ ਤਾਂ ਹਰੀ ਰੂਪ ਗੁਰੂ ਨੇ ਹਰੀ ਨਾਮ ਦੀ ਦਾਤ ਬਖ਼ਸ਼ੀ ਹੈ, ਜੋ ਲੋਕ-ਪ੍ਰਲੋਕ ਵਿਚ ਹਰੀ ਦਾ ਨਾਮ ਸਦਾ ਹੀ ਨਿਸਤਾਰਾ ਕਰੇਗਾ।੧੫।

ਭਾਵਾਰਥ : ਪਹਿਲੇ ਸਲੋਕ ਵਿਚ ਦੱਸਿਆ ਹੈ ਕਿ ਸਤਿਗੁਰੂ ਦੀ ਸੇਵਾ ਤੋਂ ਬਿਨਾ ਮਨੁੱਖ ਦੇ ਅੰਦਰੋਂ ਦੂਜਾ ਭਾਵ ਦੂਰ ਨਹੀਂ ਹੁੰਦਾ।

ਦੂਜੇ ਮਹਲੇ ਵਿਚ ਇਕੋ ਪਰਮੇਸ਼ਰ ਨੂੰ ਸੁਆਮੀ ਰੂਪ ਬਿਆਨਿਆ ਹੈ ਅਤੇ ਉਹ ਸਾਰਿਆਂ ਵਿਚ ਹੁੰਦਾ ਹੋਇਆ, ਫੇਰ ਅਲਿਪਤ ਰਹਿੰਦਾ ਹੈ। ਪਉੜੀ ਵਿਚ ਦੱਸਦੇ ਹਨ ਕਿ ਬੰਦਗੀ ਕਰਨ ਨਾਲ ਮਨੁੱਖ ਇਸ ਨਿਸਚੇ 'ਤੇ ਆ ਟਿਕਦਾ ਹੈ ਕਿ ਅਸਲ ਅੰਗ ਸਾਕ ਪਰਮੇਸ਼ਰ ਹੀ ਹੈ। ਦੁੱਖ ਸੁੱਖ ਵੇਲੇ ਅਸਲ ਸਲਾਹਕਾਰ ਤੇ ਸਾਥੀ ਉਸ ਦਾ ਨਾਮ ਹੀ ਹੈ।

ਸਲੋਕੁ ਮ ੩ ॥

੧. ਜਿਨ ਕੰਉ ਸਤਿਗੁਰੁ ਭੇਟਿਆ
ਸੇ ਹਰਿ ਕੀਰਤਿ ਸਦਾ ਕਮਾਹਿ ॥
੨. ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ
ਸਚੈ ਸਬਦਿ ਸਮਾਹਿ ॥
੩. ਕੁਲੁ ਉਧਾਰਹਿ ਆਪਣਾ
ਮੋਖ ਪਦਵੀ ਆਪੇ ਪਾਹਿ ॥
੪. ਪਾਰਬ੍ਰਹਮੁ ਤਿਨ ਕੰਉ ਸੰਤੁਸਟੁ
ਭਇਆ ਜੋ ਗੁਰ ਚਰਨੀ ਜਨ ਪਾਹਿ ॥
੫. ਜਨੁ ਨਾਨਕੁ ਹਰਿ ਕਾ ਦਾਸੁ ਹੈ
ਕਰਿ ਕਿਰਪਾ ਹਰਿ ਲਾਜ ਰਖਾਹਿ ॥੧॥

ਪਦ ਅਰਥ : ਪਦਵੀ—ਦਰਜਾ। ਪਾਹਿ—ਪੈਂਦੇ ਹਨ।

ਅਰਥ :

ਪ੍ਰ: ਹੇ ਗੁਰੋ! ਜਿਨ੍ਹਾਂ ਨੂੰ ਸਹੀ ਰੂਪ ਵਿਚ ਸਤਿਗੁਰੂ ਮਿਲਿਆ ਹੈ, ਉਨ੍ਹਾਂ ਦੀ ਪਛਾਣ ਕੀ ਹੈ?

ਉ: ੧. ਹੇ ਭਾਈਓ! ਜਿਨ੍ਹਾਂ ਨੂੰ ਸਤਿਗੁਰੂ ਜੀ ਮਿਲਿਆ ਹੈ, ਉਹ ਤਾਂ ਸਦਾ ਹੀ ਹਰੀ ਦੀ ਸਿਫ਼ਤਿ-ਸਾਲਾਹ ਕਰਦੇ ਰਹਿੰਦੇ ਹਨ।

੨. ਹਰੀ ਦਾ ਨਾਮ ਉਨ੍ਹਾਂ ਦੇ ਮਨ ਵਿਚ ਵਸ ਪਿਆ ਹੈ ਅਤੇ ਉਹ ਵਾਹਿਗੁਰੂ ਦੇ ਸੱਚੇ ਸ਼ਬਦ ਵਿਚ ਸਮਾਏ ਰਹਿੰਦੇ ਹਨ।

੩. ਉਹ ਆਪ ਤਾਂ ਮੁਕਤੀ ਦੀ ਪਦਵੀ ਪਾ ਹੀ ਲੈਂਦੇ ਹਨ ਅਤੇ ਉਹ ਆਪਣੇ ਨਾਲ ਆਪਣੀ ਕੁਲ ਨੂੰ ਵੀ ਉਧਾਰ ਲੈਂਦੇ ਹਨ।

੪. ਹੇ ਭਾਈਓ! ਗੱਲ ਕੀ, ਜੋ ਪੁਰਖ ਗੁਰੂ ਦੀ ਚਰਨੀਂ ਆ ਪੈਂਦੇ ਹਨ, ਪਾਰਬ੍ਰਹਮ ਉਨ੍ਹਾਂ 'ਤੇ ਪ੍ਰਸੰਨ ਹੋ ਗਿਆ (ਸਮਝੋ)।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਂ ਦਾਸ (ਭੀ) ਉਸੇ ਹਰੀ ਦਾ ਦਾਸ ਹਾਂ। ਹਰੀ ਮਿਹਰ ਕਰਕੇ (ਆਪਣੇ ਦਾਸ ਦੀ) ਲਾਜ ਰਖੇਗਾ।੧।

ਮ: ੩ ॥

੧. ਹੰਉਮੈ ਅੰਦਰਿ ਖੜਕੁ ਹੈ
ਖੜਕੇ ਖੜਕਿ ਵਿਹਾਇ ॥
੨. ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥
੩. ਜਿਨ ਕਉ ਪੂਰਬਿ ਲਿਖਿਆ
ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥
੪. ਨਾਨਕ ਗੁਰ ਪਰਸਾਦੀ ਉਬਰੇ
ਹਉਮੈ ਸਬਦਿ ਜਲਾਇ ॥੨॥

ਅਰਥ :

ਪ੍ਰ: ਹਜ਼ੂਰ! ਇਹ ਜੀਵ ਜੰਮਦੇ ਮਰਦੇ, ਆਉਂਦੇ ਜਾਂਦੇ ਕਿਉਂ ਹਨ?

ਉ: ੧. ਹੇ ਪਿਆਰੇ! ਹੰਗਤਾ ਕਰਨ ਵਿਚ ਜੀਵ ਦੇ ਅੰਦਰ ਖੜਕਾ (ਧੜਕਾ) ਰਹਿੰਦਾ ਹੈ, ਇਸੇ ਕਰ ਕੇ ਮਨੁੱਖ ਦੇ ਅੰਦਰ ਅਸ਼ਾਂਤੀ ਬਣੀ ਰਹਿੰਦੀ ਹੈ ਅਤੇ ਉਸ ਦੀ ਇਸ ਅੰਦਰਲੇ ਖਟਕੇ ਕਰਕੇ ਸਾਰੀ ਉਮਰ ਅਸ਼ਾਂਤੀ ਵਿਚ ਹੀ ਗੁਜ਼ਰ ਜਾਂਦੀ ਹੈ।

੨. ਇਹ ਹੰਕਾਰ ਮਨੁੱਖ ਦੇ ਅੰਦਰ ਇਕ ਬਹੁਤ ਵੱਡਾ ਰੋਗ ਹੈ। ਇਸ ਰੋਗ ਵਿਚ ਹੀ ਮਨੁੱਖ ਮਰਦਾ ਹੈ, ਜੰਮਦਾ ਹੈ, ਆਉਂਦਾ ਹੈ, ਫਿਰ ਜਾਂਦਾ ਹੈ, (ਭਾਵ ਜੰਮਣ ਮਰਣ ਦੇ ਗੇੜ ਵਿਚ ਪਿਆ ਰਹਿੰਦਾ ਹੈ)।

ਪ੍ਰ: ਹਜ਼ੂਰ! ਇਸ ਹਉਮੈ ਦੇ ਵੱਡੇ ਰੋਗ ਤੋਂ ਮਨੁੱਖ ਦਾ ਕਿਵੇਂ ਛੁਟਕਾਰਾ ਭੀ ਹੁੰਦਾ ਹੈ?

ਉ: ੩. (ਹਾਂ ਜ਼ਰੂਰ) ਹੇ ਭਾਈ! ਜਿਨ੍ਹਾਂ ਲਈ ਪਹਿਲੋਂ ਤੋਂ ਹੀ ਲਿਖਿਆ ਸੀ, ਉਨ੍ਹਾਂ ਨੂੰ ਗੁਰੂ ਸੁਆਮੀ ਆ ਮਿਲਿਆ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਹ ਬੰਦੇ ਗੁਰੂ ਦੀ ਕਿਰਪਾ ਨਾਲ ਜੰਮਣ ਮਰਣ ਤੋਂ ਬਚ ਗਏ

ਹਨ, (ਕਿਉਂਕਿ) ਉਨ੍ਹਾਂ ਨੇ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਅੰਦਰੋਂ ਹਉਮੈ ਨੂੰ ਸਾੜ ਦਿੱਤਾ ਹੈ।੨।

ਪਉੜੀ ॥

੧. ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ
ਅਬਿਨਾਸੀ ਪੁਰਖੁ ਬਿਧਾਤਾ ॥
੨. ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ
ਹਰਿ ਨਾਮੇ ਹੀ ਮਨੁ ਰਾਤਾ ॥
੩. ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ
ਹਰਿ ਨਾਮੋ ਅੰਤਿ ਛਡਾਤਾ ॥
੪. ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
੫. ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੬॥

ਪਦ ਅਰਥ : ਅਬਿਗਤੁ—ਅਵਿਅਕਤ, ਅਦ੍ਰਿਸ਼ਟ, ਜਿਸ ਦੀ ਗਤੀ ਨ ਜਾਣੀ ਜਾਏ। ਅਗੋਚਰੁ—ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਅਬਿਨਾਸੀ—ਨਾਸ ਰਹਿਤ, ਸਦੈਵੀ। ਬਿਧਾਤਾ—ਰਚਨਹਾਰ, ਕਰਤਾ, ਕਰਮ ਫਲ ਪ੍ਰਦਾਤਾ। ਅੰਤਿ—ਅਖ਼ੀਰ ਵੇਲੇ। ਗੁਰਿ—ਗੁਰੂ ਨੇ। ਜਾਤਾ—ਪਛਾਣਿਆ, ਸਮਝਿਆ।

ਅਰਥ :

੧. ਹੇ ਭਾਈਓ! ਹਰੀ ਨਾਮ ਹੀ ਸਾਡਾ ਪ੍ਰਭੂ ਹੈ, ਜੋ ਪ੍ਰਭੂ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ, ਨਾਸ ਤੋਂ ਰਹਿਤ ਹੈ ਤੇ ਰਚਨਹਾਰ ਪੁਰਖ ਹੈ, ਭਾਵ ਕਰਤਾ ਪੁਰਖ ਹੈ।

੨. ਹਰੀ ਨਾਮ ਦੀ ਹੀ ਅਸੀਂ ਸੇਵਾ ਕਰਦੇ ਹਾਂ, ਹਰੀ ਨਾਮ ਨੂੰ ਹੀ ਅਸੀਂ ਪੂਜਦੇ ਹਾਂ, ਹਰੀ ਨਾਮ ਵਿਚ ਹੀ ਸਾਡਾ ਮਨ ਰਤਾ ਹੋਇਆ ਹੈ।

੩. ਹੇ ਭਾਈ! ਹਰੀ ਦੇ ਨਾਮ ਤੁਲ ਮੈਨੂੰ ਹੋਰ ਕੋਈ ਵੀ ਨਹੀਂ ਦਿੱਸਦਾ, (ਕਿਉਂਕਿ) ਸਾਨੂੰ ਵਿਸ਼ਵਾਸ ਹੈ ਕਿ ਹਰੀ ਦਾ ਨਾਮ ਹੀ ਅੰਤ ਨੂੰ ਛੁਡਾਉਂਦਾ ਹੈ।

ਪ੍ਰ: ਸ੍ਰੀ ਜੀਉ! ਇਹ ਅਮੋਲਕ ਨਾਮ ਤੁਹਾਨੂੰ ਕਿੱਥੋਂ ਪ੍ਰਾਪਤ ਹੋਇਆ ਹੈ?

ਉ: ੪. ਹੇ ਭਾਈਓ! ਇਹ ਹਰੀ ਦਾ ਨਾਮ ਸਾਨੂੰ ਸਾਡੇ ਉਪਕਾਰੀ ਸਤਿਗੁਰੂ ਜੀ ਨੇ ਦਿੱਤਾ ਹੈ। ਉਸ ਗੁਰੂ ਦੇ ਪਿਤਾ ਤੇ ਮਾਤਾ ਧੰਨਤਾ ਯੋਗ ਹਨ।

੫. ਹੇ ਪਿਆਰੇ! ਮੈਂ ਐਸੇ ਉਪਕਾਰੀ ਸਤਿਗੁਰੂ ਨੂੰ ਸਦਾ ਨਮਸ਼ਕਾਰ ਕਰਦਾ ਹਾਂ, ਜਿਸ ਦੇ ਮਿਲਿਆਂ ਕਿ ਮੈਂ ਹਰੀ ਦੇ ਨਾਮ ਨੂੰ ਸਮਝ ਸਕਿਆ ਹਾਂ।

ਭਾਵਾਰਥ : ਪਹਿਲੇ ਸਲੋਕ ਵਿਚ ਹਜ਼ੂਰ ਨੇ ਸਤਿਗੁਰੂ ਤੇ ਨਾਮ ਦੀ ਮਹਿਮਾ ਅੰਕਤ ਕੀਤੀ ਹੈ।

ਦੂਜੇ ਸਲੋਕ ਵਿਚ ਜੋ ਨਾਮ ਦੇ ਮਾਰਗ ਵਿਚ ਹਉਮੈ ਦੀ ਰੋਕ ਹੈ, ਉਸ ਦਾ ਜ਼ਿਕਰ ਕੀਤਾ ਗਿਆ ਹੈ। ਅੱਗੇ ਜ਼ਿਕਰ ਕਰਦੇ ਹਨ ਕਿ ਇਹ ਹਉਮੈ ਗੁਰੂ ਦੇ ਸ਼ਬਦ ਦੁਆਰਾ ਦੂਰ ਹੁੰਦੀ ਹੈ। ਅੱਗੇ ਪਉੜੀ ਵਿਚ ਨਾਮ ਦੀ ਮਹਿਮਾ ਅੰਕਤ ਕੀਤੀ ਹੈ।

ਸਲੋਕੁ ਮ: ੩ ॥

੧. ਗੁਰਮੁਖਿ ਸੇਵ ਨ ਕੀਨੀਆ
ਹਰਿ ਨਾਮਿ ਨ ਲਗੋ ਪਿਆਰੁ ॥
੨. ਸਬਦੈ ਸਾਦੁ ਨ ਆਇਓ
ਮਰਿ ਜਨਮੈ ਵਾਰੋ ਵਾਰ ॥
੩. ਮਨਮੁਖਿ ਅੰਧੁ ਨ ਚੇਤਈ
ਕਿਤੁ ਆਇਆ ਸੈਸਾਰਿ ॥
੪. ਨਾਨਕ ਜਿਨ ਕਉ ਨਦਰਿ ਕਰੇ
ਸੇ ਗੁਰਮੁਖਿ ਲੰਘੇ ਪਾਰਿ ॥੧॥

ਪਦ ਅਰਥ : ਕਿਤੁ—ਕਾਹਦੇ ਲਈ। ਸੰਸਾਰਿ—ਸੰਸਾਰ ਵਿਚ।

ਅਰਥ :

ਪ੍ਰ: ਸ੍ਰੀ ਜੀਉ! ਉਹ ਕਿਹੜੇ ਦੋਸ਼ ਹਨ, ਜਿਨ੍ਹਾਂ ਕਰ ਕੇ ਜੀਵ ਵਾਰ-ਵਾਰ ਜੰਮਦਾ ਮਰਦਾ ਹੈ?

ਉ: ੧. ਪਹਿਲਾ ਦੋਸ਼ ਹੈ, ਜਿਸ ਨੇ ਸਤਿਗੁਰੂ ਦੇ ਸਨਮੁਖ ਸੇਵਾ ਨਹੀਂ ਕੀਤੀ, ਦੂਜਾ ਨਾ ਹੀ ਉਸ ਦਾ ਨਾਮ ਵਿਚ ਪਿਆਰ ਹੀ ਲੱਗਾ ਹੈ।

੨. ਤੀਜਾ ਦੋਸ਼ ਹੈ, ਜਿਸ ਨੂੰ ਗੁਰੂ ਦੇ ਸ਼ਬਦ ਦਾ ਰਸ ਭੀ ਨਹੀਂ ਆਇਆ। ਹੇ ਭਾਈਓ! ਇਨ੍ਹਾਂ ਤਿੰਨਾਂ ਦੋਸ਼ਾਂ ਵਾਲਾ ਵਾਰ-ਵਾਰ ਜੰਮਦਾ ਤੇ ਮਰਦਾ ਹੈ।

ਪ੍ਰ: ਹਜ਼ੂਰ! ਤੁਸੀਂ ਉਸ ਦੇ ਸੰਸਾਰ ਵਿਚ ਆਉਣ ਬਾਰੇ ਕੀ ਵੀਚਾਰ ਕਰਦੇ ਹੋ?

ਉ: ੩. ਹੇ ਪਿਆਰਿਓ! ਅਸੀਂ ਤਾਂ ਇਹੋ ਹੀ ਵੀਚਾਰ ਕਰਦੇ ਹਾਂ ਕਿ ਜੋ ਐਸਾ ਮਨਮੁਖ ਮਾਇਆ ਮਦ ਵਿਚ ਅੰਨ੍ਹਾ ਹੋਇਆ ਸਾਈਂ ਜੀ ਨੂੰ ਯਾਦ ਨਹੀਂ ਕਰਦਾ, ਉਹ ਇਸ ਸੰਸਾਰ ਵਿਚ ਆਇਆ ਹੀ ਕਿਸ ਲਈ ਹੈ?

ਪ੍ਰ: ਹਜ਼ੂਰ ਜੀਉ! ਤੁਹਾਡੇ ਵੀਚਾਰ ਅਨੁਸਾਰ ਉਹ ਕਿਹੜੇ ਲੋਕ ਹਨ ਜੋ ਕਿ ਇਸ ਸੰਸਾਰ ਤੋਂ ਪਾਰ ਹੋ ਸਕਣਗੇ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਮਿੱਤਰੋ! ਉਹ ਲੋਕ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ, ਜਿਨ੍ਹਾਂ ਉੱਤੇ ਸਾਈਂ ਜੀ ਮਿਹਰ ਕਰ ਦੇਵੇ।੧।

ਮ: ੩ ॥

੧. ਇਕੋ ਸਤਿਗੁਰੁ ਜਾਗਤਾ
ਹੋਰੁ ਜਗੁ ਸੂਤਾ ਮੋਹਿ ਪਿਆਸਿ ॥
੨. ਸਤਿਗੁਰੁ ਸੇਵਨਿ ਜਾਗੰਨਿ ਸੇ
ਜੋ ਰਤੇ ਸਚਿ ਨਾਮਿ ਗੁਣਤਾਸਿ ॥
੩. ਮਨਮੁਖਿ ਅੰਧ ਨ ਚੇਤਨੀ
ਜਨਮਿ ਮਰਿ ਹੋਹਿ ਬਿਨਾਸਿ ॥
੪. ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ
ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥

ਪਦ ਅਰਥ : ਗੁਣਤਾਸਿ—ਗੁਣਾਂ ਦੇ ਖ਼ਜ਼ਾਨੇ ਪ੍ਰਭੂ ਵਿਚ।

ਅਰਥ :

ਪ੍ਰ: ਹਜ਼ੂਰ! ਤੁਹਾਡਾ ਆਪਣਾ ਤਜਰਬਾ ਕਿਸ ਨੂੰ ਜਾਗਦਾ ਸਮਝ ਸਕਿਆ ਹੈ ?

ੳ: ੧. ਹੇ ਭਾਈਓ ! ਅਸੀਂ ਤਾਂ ਵੇਖ ਰਹੇ ਹਾਂ ਕਿ ਕੇਵਲ ਇਕੋ ਹੀ ਸਤਿਗੁਰੂ ਜੀ ਜਾਗਦਾ ਹੈ, ਭਾਵ ਸੁਚੇਤ ਹੈ, ਹੋਰ ਸਾਰਾ ਹੀ ਸੰਸਾਰ (ਮਾਇਆ ਦੇ) ਮੋਹ ਵਿਚ ਅਤੇ ਤ੍ਰਿਸਨਾ ਵਿਚ ਸੁੱਤਾ ਹੋਇਆ ਹੈ।

ਪ੍ਰ: ਕੀ ਤੁਹਾਡੇ ਖ਼ਿਆਲ ਵਿਚ ਕੋਈ ਹੋਰ ਵੀ ਜਾਗਦਾ ਹੈ ?

ੳ: ੨. (ਹਾਂ ਜ਼ਰੂਰ) ਹੇ ਭਾਈ ! ਜੋ ਮਨੁੱਖ ਸਤਿਗੁਰੂ ਦੀ ਸੇਵਨਾ ਕਰਦੇ ਹਨ ਤੇ ਗੁਣਾਂ ਦੇ ਖ਼ਜ਼ਾਨੇ ਸੱਚੇ ਨਾਮ ਵਿਚ ਰਤੇ ਹੋਏ ਹਨ, (ਉਹ) ਭੀ ਜਾਗਦੇ ਹਨ।

੩. ਜੋ ਅੰਨ੍ਹੇ ਮਨਮੁਖ ਹਨ, ਉਹ ਹਰੀ ਨੂੰ ਸਿਮਰਦੇ ਹੀ ਨਹੀਂ। ਉਹ ਜਨਮ ਮਰਣ ਦੇ ਗੇੜ ਵਿਚ ਪੈ ਕੇ ਤਬਾਹ ਹੋ ਰਹੇ ਹਨ।

ਪ੍ਰ: ਕਿਉਂ ਜੀ ! ਉਹ ਮਨਮੁਖ ਅੰਨ੍ਹੇ ਨਾਮ ਦਾ ਚਿੰਤਨ ਕਿਉਂ ਨਹੀਂ ਕਰਦੇ ?

ੳ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਇਹ ਗੱਲ ਉਨ੍ਹਾਂ ਦੇ ਵਸ ਦੀ ਨਹੀਂ, (ਕਿਉਂਕਿ) ਗੁਰੂ ਦੇ ਸਨਮੁਖ ਹੋ ਕੇ ਉਨ੍ਹਾਂ ਨੇ ਹੀ ਨਾਮ ਸਿਮਰਿਆ ਹੈ, ਜਿਨ੍ਹਾਂ ਨੂੰ ਪਹਿਲੋਂ ਤੋਂ ਹੀ ਧੁਰੋਂ (ਸਾਈਂ ਵਲੋਂ) ਲਿਖਿਆ ਹੋਇਆ ਸੀ।੨।

ਪਉੜੀ ॥

੧. ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥
੨. ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ ॥
੩. ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ
ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥
੪. ਹਰਿ ਨਾਮੈ ਕਾ ਹਮ ਲੇਖਾ ਲਿਖਿਆ
ਸਭ ਜਮ ਕੀ ਅਗਲੀ ਕਾਣਿ ਗਈ ॥
੫. ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ
ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ ॥੧੭॥

ਪਦ ਅਰਥ : ਤ੍ਰਿਪਤ—ਰੱਜ। ਪੈਨਣ—ਪੁਸ਼ਾਕ। ਸਰਧ—ਚਾਹ, ਇੱਛਾ।

ਅਰਥ :

ਪ੍ਰ: ਹੇ ਗੁਰੋ ! ਹੁਣ ਨਾਮ ਬਾਰੇ ਆਪ ਜੀ ਦੇ ਅੰਤਰ ਆਤਮੇਂ ਕੀ ਵਿਸ਼ਵਾਸ ਹੈ ?

ੳ: ੧. ਹੇ ਭਾਈਓ ! ਸਾਡੇ ਅੰਦਰ ਤਾਂ ਹੁਣ ਇਹੋ ਹੀ ਯਕੀਨ ਬੱਝ ਗਿਆ ਹੈ ਕਿ ਹਰੀ ਦਾ ਨਾਮ ਹੀ ਸਾਡਾ ਛੱਤੀ ਪ੍ਰਕਾਰ ਦਾ ਭੋਜਨ ਹੈ, ਜਿਸ ਨੂੰ ਖਾ ਕੇ ਅਸੀਂ ਰੱਜ ਗਏ ਹਾਂ, (ਭਾਵ ਹੈ ਕਿ ਮਾਇਕੀ ਪਦਾਰਥਾਂ ਵਲੋਂ ਤ੍ਰਿਪਤ ਹੋ ਗਏ ਹਾਂ)।

੨. ਹਰੀ ਦਾ ਨਾਮ ਹੀ ਸਾਡੀ ਪੁਸ਼ਾਕ ਹੋ ਗਈ ਹੈ, ਜਿਸ ਦੇ ਪਹਿਨਿਆਂ, ਫਿਰ ਨੰਗੇ ਨਹੀਂ ਹੋਏ, ਸਗੋਂ ਹੋਰਨਾਂ ਪੁਸ਼ਾਕਿਆਂ ਦੀ ਸਾਡੀ ਇੱਛਾ ਹੀ ਦੂਰ ਹੋ ਗਈ ਹੈ, (ਭਾਵ ਸਾਨੂੰ ਵਿਸ਼ਵਾਸ ਹੈ ਕਿ ਇਸ ਨਾਮ ਰੂਪੀ ਪੁਸ਼ਾਕ ਨੂੰ ਪਹਿਨ ਕੇ ਕਦੇ ਵੀ ਬੇ-ਪੜਦ ਨਾ ਹੋਵਾਂਗੇ)।

੩. ਹਰੀ ਨਾਮ ਹੀ ਸਾਡਾ ਵਣਜ ਹੈ, ਹਰੀ ਨਾਮ ਹੀ ਸਾਡਾ ਵਪਾਰ ਹੈ, ਸਤਿਗੁਰੂ ਜੀ ਨੇ ਹਰੀ ਨਾਮ ਦੀ ਹੀ ਸਾਨੂੰ (ਕਾਰਕੁਨੀ) ਕਾਰਦਾਰੀ (ਕੰਮ ਕਰਨ ਦੀ ਮੁਖ਼ਤਿਆਰੀ) ਦਿੱਤੀ ਹੈ।

੪. ਹਰੀ ਦੇ ਨਾਮ ਦਾ ਹੀ ਅਸੀਂ ਲੇਖਾ ਲਿਖਿਆ ਹੈ, (ਜਿਸ ਕਰ ਕੇ ਹੁਣ ਸਾਡੇ ਅੰਦਰੋਂ) ਜਮ ਦੀ ਸਾਰੀ (ਕਨੌਡ ਜਾਂ) ਮੁਥਾਜੀ ਅੱਗੇ ਲਈ ਮੁੱਕ ਗਈ, ਜਾਂ ਜਮਾਂ ਦੀ ਪਹਿਲੀ ਖ਼ੁਸ਼ਾਮਦ ਦੂਰ ਹੋ ਗਈ ਹੈ।

ਪ੍ਰ: ਕਿਉਂ ਜੀ ! ਤਾਂ ਫਿਰ ਇਸ ਹਰੀ ਦੇ ਨਾਮ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਸਿਮਰਦੇ ?

ੳ: ੫. ਪਰ, ਹੇ ਭਾਈਓ ! ਇਹ ਹਰੀ ਦਾ ਨਾਮ ਕਿਸੇ ਵਿਰਲੇ ਗੁਰਮੁਖ ਨੇ ਹੀ ਧਿਆਇਆ ਹੈ, (ਭਾਵ ਉਹੀ ਸਿਮਰਦੇ ਹਨ) ਜਿਨ੍ਹਾਂ ਨੂੰ ਧੁਰੋਂ ਬਖ਼ਸ਼ਸ਼ ਦੀ ਰਾਹੀਂ (ਪਿਛਲੇ ਕੀਤੇ ਕੰਮਾਂ ਦੇ ਸੰਸਕਾਰਾਂ ਅਨੁਸਾਰ ਉਕਰੇ ਹੋਏ) ਲੇਖ ਦੀ ਪ੍ਰਾਪਤੀ ਹੋਈ ਹੈ।੧੭।

ਭਾਵਾਰਥ : ਪਹਿਲੇ ਸਲੋਕ ਵਿਚ ਨਾਮ ਵਿਹੂਣੇ ਲੋਕਾਂ ਦੀ ਦਸ਼ਾ ਤੇ ਗੁਰੂ ਤੋਂ ਬੇ-ਮੁਖਤਾਈ ਦੇ ਅਵਗੁਣ ਦਰਸਾਏ ਹਨ।

ਦੂਜੇ ਸਲੋਕ ਵਿਚ ਗੁਰਮੁਖਤਾ ਦੇ ਨਫ਼ੇ ਤੇ ਮਨਮੁਖਤਾ ਦੇ ਅਵਗੁਣ ਦਰਸਾਏ ਹਨ।

ਪਉੜੀ ਵਿਚ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜਗਤ ਵਿਚ ਕੋਈ ਤਾਂ ਸੋਹਣੇ ਸੁਆਦਲੇ ਖਾਣੇ ਖਾਣ ਵਿਚ ਮਸਤ ਹੈ, ਕੋਈ ਸੋਹਣੇ ਕਪੜੇ ਪਹਿਨਣ ਵਿਚ ਮਗਨ ਹੈ, ਕੋਈ ਨਿਰਾ ਵਣਜ ਵਪਾਰ ਵਿਚ ਰੁੱਝਾ ਪਿਆ ਹੈ, ਪਰ ਬੰਦਗੀ ਵਾਲੇ ਨੂੰ ਜੋ ਰਸ 'ਨਾਮ' ਵਿਚ ਹੈ, ਉਹ ਇਨ੍ਹਾਂ ਚੀਜ਼ਾਂ ਵਿਚ ਨਹੀਂ ਮਿਲਦਾ। ਇਸ ਨਾਮ ਦੀ ਲਗਨ ਵਾਲਾ ਹੁੰਦਾ ਕੋਈ ਵਿਰਲਾ ਹੈ, ਜਿਸ 'ਤੇ ਮਿਹਰ ਹੋਵੇ ਤੇ ਗੁਰੂ ਦੀ ਸ਼ਰਨੀਂ ਆਵੇ।

ਸਲੋਕ ਮ: ੩ ॥

੧. ਜਗਤੁ ਅਗਿਆਨੀ ਅੰਧੁ ਹੈ
ਦੂਜੈ ਭਾਇ ਕਰਮ ਕਮਾਇ ॥
੨. ਦੂਜੈ ਭਾਇ ਜੇਤੇ ਕਰਮ ਕਰੇ
ਦੁਖੁ ਲਗੈ ਤਨਿ ਧਾਇ ॥
੩. ਗੁਰ ਪਰਸਾਦੀ ਸੁਖੁ ਊਪਜੈ
ਜਾ ਗੁਰ ਕਾ ਸਬਦੁ ਕਮਾਇ ॥
੪. ਸਚੀ ਬਾਣੀ ਕਰਮ ਕਰੇ
ਅਨਦਿਨੁ ਨਾਮੁ ਧਿਆਇ ॥
੫. ਨਾਨਕ ਜਿਤੁ ਆਪੇ ਲਾਏ ਤਿਤੁ ਲਗੇ
ਕਹਣਾ ਕਿਛੂ ਨ ਜਾਇ ॥੧॥

ਅਰਥ :

ਪ੍ਰ: ਹਜ਼ੂਰ! ਜੋ ਮਨੁੱਖ ਨਾਮ ਸਿਮਰਨ ਦੁਆਰਾ ਉੱਚੀ ਸੁਰਤਿ ਵਾਲੇ ਹੋ ਗਏ ਹਨ, ਉਨ੍ਹਾਂ ਦੇ ਮਨ ਵਿਚ ਇਸ ਸੰਸਾਰ ਬਾਰੇ ਕੀ ਵਿਚਾਰ ਪ੍ਰਪੱਕ ਹੋ ਜਾਂਦੇ ਹਨ?

ਉ: ੧. ਹੇ ਭਰਾਵੋ! ਉਹ ਤਾਂ ਫਿਰ ਇਉਂ ਹੀ ਤੱਕਦਾ ਹੈ ਕਿ (ਇਹ ਸਾਰਾ) ਜਗਤ 'ਅੰਨ੍ਹਾ' (ਕਹੀਦਾ ਹੈ, ਕਿਉਂਕਿ ਇਹ) ਅਗਿਆਨੀ ਹੈ।

ਪ੍ਰ: ਕਿਉਂ ਜੀ ਅਗਿਆਨੀ ਕਿਉਂ ਹੈ?

ਉ: ਉਹ ਇਸ ਲਈ ਕਿ ਇਹ (ਸਾਰੇ ਕੰਮ) ਮਾਇਆ ਦੇ ਮੋਹ ਵਿਚ ਕਰਦਾ ਹੈ।

੨. ਤਾਂ ਫਿਰ ਇਹ ਜ਼ਰੂਰੀ ਹੈ ਕਿ ਜਿਤਨੇ ਭੀ ਕੰਮ ਮਾਇਆ ਦੇ ਪਿਆਰ ਵਿਚ ਕੋਈ ਕਰਦਾ ਹੈ, (ਉਨ੍ਹਾਂ ਨਾਲ ਉਸ ਦੇ) ਤਨ ਨੂੰ ਦੁੱਖ ਦੌੜ ਕੇ ਆ ਲੱਗਦਾ ਹੈ।

ਪ੍ਰ: ਕਿਉਂ ਜੀ! ਕੀ ਇਸ ਤਰ੍ਹਾਂ ਦੇ ਦੁਖੀਏ ਬੰਦੇ ਨੂੰ ਕਿਵੇਂ ਸੁੱਖ ਦੀ ਪ੍ਰਾਪਤੀ ਭੀ ਹੋ ਸਕਦੀ ਹੈ?

ਉ: ੩. (ਹਾਂ, ਜ਼ਰੂਰ) ਹੇ ਪਿਆਰੇ! ਉਸ ਨੂੰ ਵੀ ਫਿਰ ਇਉਂ ਸੁੱਖ ਉਪਜ ਪਵੇਗਾ, ਜਦੋਂ ਕਿ ਉਹ ਗੁਰੂ ਦੀ ਮਿਹਰ ਦੁਆਰਾ ਗੁਰੂ ਦੇ ਸ਼ਬਦ ਦੀ ਕਮਾਈ ਕਰੇਗਾ।

ਪ੍ਰ: ਸ੍ਰੀ ਜੀਉ! ਕੀ ਉਹ ਹੋਰ ਭੀ ਕੁਝ ਨਿਤ ਕਰਮ ਕਰਦਾ ਰਵੇ?

ਉ: ੪. (ਹਾਂ ਜ਼ਰੂਰ) ਉਹ ਸੱਚੀ ਬਾਣੀ ਦਾ ਪਾਠ ਕਰਨ ਰੂਪ ਕਰਮ ਕਰੇ ਅਤੇ ਨਾਲ ਹੀ ਨਿਤਾ ਪ੍ਰਤੀ ਨਾਮ ਦਾ ਸਿਮਰਨ ਕਰਦਾ ਰਹੇ।

ਪ੍ਰ: ਕਿਉਂ ਜੀ! ਤੁਹਾਡੇ ਇਸ ਸੱਚੇ ਉਪਦੇਸ਼ ਦੀ ਸਾਰੇ ਲੋਕ ਹੀ ਕਿਉਂ ਨਹੀਂ ਕਮਾਈ ਕਰਦੇ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਅਸਲੀਅਤ ਤਾਂ ਇਹੋ ਹੈ ਕਿ ਇਹ (ਜੀਵ) ਉਸੇ ਪਾਸੇ ਲੱਗਦਾ ਹੈ, ਜਿਸ ਪਾਸੇ ਇਸ ਨੂੰ ਪ੍ਰਭੂ ਆਪ ਹੀ ਲਾਉਂਦਾ ਹੈ, ਹੋਰ (ਇਸ ਤੋਂ ਉਲਟ) ਕੁਝ ਕਿਹਾ ਹੀ ਨਹੀਂ ਜਾ ਸਕਦਾ।੧।

ਮ: ੩ ॥

੧. ਹਮ ਘਰਿ ਨਾਮੁ ਖਜਾਨਾ ਸਦਾ ਹੈ
ਭਗਤਿ ਭਰੇ ਭੰਡਾਰਾ ॥
੨. ਸਤਗੁਰੁ ਦਾਤਾ ਜੀਅ ਕਾ
ਸਦ ਜੀਵੈ ਦੇਵਣਹਾਰਾ ॥
੩. ਅਨਦਿਨੁ ਕੀਰਤਨੁ ਸਦਾ ਕਰਹਿ
ਗੁਰ ਕੈ ਸਬਦਿ ਅਪਾਰਾ ॥
੪. ਸਬਦੁ ਗੁਰੂ ਕਾ ਸਦ ਉਚਰਹਿ
ਜੁਗੁ ਜੁਗੁ ਵਰਤਾਵਣਹਾਰਾ ॥
੫. ਇਹੁ ਮਨੂਆ ਸਦਾ ਸੁਖਿ ਵਸੈ
ਸਹਜੇ ਕਰੇ ਵਾਪਾਰਾ ॥
੬. ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ
ਮੁਕਤਿ ਕਰਾਵਣਹਾਰਾ ॥
੭. ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ
ਸੋ ਹੋਵੈ ਦਰਿ ਸਚਿਆਰਾ ॥੨॥

ਪਦ ਅਰਥ : ਜੀਅ ਕਾ ਦਾਤਾ--ਜਿੰਦ ਦਾਤਾ, ਆਤਮਕ ਜੀਵਨ ਦਾਨ ਦੇਣ ਵਾਲਾ।

ਅਰਥ :

ਪ੍ਰ: ਹਜ਼ੂਰ! ਜਦੋਂ ਭੀ ਆਪ ਜੀ ਦੇ ਦੀਦਾਰ ਕਰਦੇ ਹਾਂ, ਤਾਂ ਤੁਸਾਂ ਦੇ ਚਿਹਰੇ 'ਤੇ ਸਦਾ ਹੀ ਪ੍ਰਸੰਨਤਾ ਅਤੇ ਖੇੜਾ ਵੇਖੀਦਾ ਹੈ, ਇਸ ਦਾ ਅਸਲ ਕਾਰਣ ਕੀ ਹੈ?

ਉ: ੧. ਹੇ ਭਾਈਓ! ਸਾਡੇ ਉਪਰ ਗੁਰੂ ਦੀ ਬਖ਼ਸ਼ਸ਼ ਹੈ, ਕਿਉਂਕਿ ਸਾਡੇ ਹਿਰਦੇ ਰੂਪੀ ਘਰ ਵਿਚ ਸਦਾ ਹੀ ਨਾਮ ਦਾ ਖ਼ਜ਼ਾਨਾ ਮੌਜੂਦ ਹੈ, ਅਤੇ ਇਹ ਸਦਾ ਹੀ ਭਗਤੀ ਦੇ ਭੰਡਾਰੇ ਭਰੇ ਰਹਿੰਦੇ ਹਨ।

ਪ੍ਰ: ਹਜ਼ੂਰ! ਇਸ ਦਾਤ ਨੂੰ ਦੇਣ ਵਾਲਾ ਦਾਤਾ ਕੌਣ ਹੈ?

ਉ: ੨. ਹੇ ਪਿਆਰਿਓ! (ਇਸ ਨਾਮ ਦੇ ਭਗਤੀ ਵਾਲੇ) ਜੀਵਨ ਦੇ ਦਾਤਾ ਸਤਿਗੁਰੂ ਜੀ ਆਪ ਹੀ ਹਨ, (ਕਿਉਂਕਿ) ਉਹ ਸਤਿਗੁਰੂ ਆਤਮਕ ਜੀਵਨ ਦੇਣ ਵਾਲਾ ਸਦਾ ਹੀ ਅਸਾਡੇ ਸਿਰ 'ਤੇ ਕਾਇਮ ਹੈ।

੩. ਐ ਭਾਈਓ! ਅਸੀਂ ਹੁਣ ਉਸੇ ਨਾਮ ਖ਼ਜ਼ਾਨੇ ਦੀ ਬਰਕਤ ਨਾਲ ਸਤਿਗੁਰੂ ਦੇ ਅਪਾਰ ਸ਼ਬਦ ਦੇ ਰਾਹੀਂ ਸਦਾ ਹਰ ਵੇਲੇ ਹਰੀ ਦੇ ਗੁਣ ਗਾਉਂਦੇ ਹਾਂ, ਭਾਵ ਕੀਰਤਨ ਸਦਾ ਹੀ ਕਰਦੇ ਹਾਂ।

੪. (ਹਾਂ) ਉਹ ਗੁਰੂ ਦਾ ਸ਼ਬਦ ਅਸੀਂ ਹੁਣ ਸਦਾ ਹੀ ਉਚਾਰਦੇ ਹਾਂ, ਉਹ ਜੁਗ-ਜੁਗ ਤੋਂ ਸ਼ਬਦ ਵਰਤਾਣ ਵਾਲਾ ਹੈ, ਭਾਵ ਨਾਮ ਦਾ ਦਾਤਾ ਹੈ।

੫. ਹੇ ਪਿਆਰਿਓ! ਇਸੇ ਨਾਮ ਦੀ ਬਰਕਤ ਨਾਲ ਇਹ ਸਾਡਾ ਮਨ ਹੁਣ ਸਦਾ ਹੀ ਸੁੱਖ ਵਿਚ ਵਸਦਾ ਹੈ ਤੇ ਅੱਗੋਂ ਲਈ ਭੀ ਇਸੇ ਨਾਮ ਦਾ ਵਪਾਰ ਸੁਭਾਵਕ ਹੀ ਪਿਆ ਕਰਦਾ ਹੈ, (ਭਾਵ ਕਿਸੇ ਖ਼ਾਸ ਜਤਨ ਤੋਂ ਬਿਨਾ ਹੀ) ਨਾਮ ਦਾ ਵਪਾਰ ਕਰਦਾ ਹੈ।

੬. ਹੇ ਭਾਈਓ! ਇਹ ਭੀ ਮੇਰੇ ਗੁਰੂ ਦੀ ਬਖ਼ਸ਼ਸ਼ ਹੈ ਕਿ ਮਨ ਦੇ ਅੰਦਰ ਸਤਿਗੁਰੂ ਦਾ ਬਖ਼ਸ਼ਿਆ ਹੋਇਆ ਗਿਆਨ ਤੇ ਮੁਕਤੀ ਕਰਵਾਉਣ ਵਾਲਾ ਹਰੀ ਨਾਮ ਰੂਪੀ ਰਤਨ (ਅਸਾਡੇ) ਹਿਰਦੇ ਅੰਦਰ ਵਸਦਾ ਹੈ।

ਪ੍ਰ: ਹਜ਼ੂਰ! ਇਹ ਨਾਮ ਰਤਨ ਦੀ ਦਾਤ ਜੋ ਤੁਹਾਨੂੰ ਪ੍ਰਾਪਤ ਹੋਈ ਹੈ, ਇਸ ਨੂੰ ਸਾਰੇ ਹੀ ਕਿਉਂ ਨਹੀਂ ਲੈ ਸਕਦੇ?

ਉ: ੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ! ਇਹ ਦਾਤ ਉਸੇ ਨੂੰ ਨਸੀਬ ਹੁੰਦੀ ਹੈ, ਜਿਸ 'ਤੇ ਉਹ ਸਾਈਂ ਜੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਅਤੇ ਉਹ ਫਿਰ ਰੱਬੀ ਦਰਬਾਰ ਵਿਚ ਗਿਆਂ ਸੁਰਖ਼ਰੂ ਹੋ ਜਾਂਦਾ ਹੈ।੨।

ਪਉੜੀ ॥

੧. ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ ॥
੨. ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥
੩. ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥
੪. ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥
੫. ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥

ਅਰਥ :

ਪ੍ਰ: ਹਜ਼ੂਰ! ਸਤਿਗੁਰੂ ਦੇ ਨਾਮ ਧਰੀਕ ਸਿੱਖ ਤਾਂ ਅਨੰਤ ਹੀ ਹਨ, ਪਰ ਆਪ ਧੰਨਤਾ ਯੋਗ ਗੁਰਸਿੱਖ ਕਿਸ ਨੂੰ ਕਹਿੰਦੇ ਹੋ ?

ਉ: ੧. ਹੇ ਭਾਈਓ ! ਅਸੀਂ ਤਾਂ ਸਮਝਦੇ ਹਾਂ ਕਿ ਉਸ ਗੁਰਸਿੱਖ ਨੂੰ ਧੰਨ ਆਖਣਾ ਚਾਹੀਦਾ ਹੈ, ਜੋ ਕਿ ਆਪਣੇ ਸਤਿਗੁਰੂ ਦੀ ਚਰਨੀਂ ਜਾ ਲੱਗਦਾ ਹੈ।

੨. ਹੇ ਪਿਆਰੇ ! ਉਸ ਗੁਰਸਿੱਖ ਨੂੰ ਵੀ ਧੰਨ-ਧੰਨ ਆਖਣਾ ਚਾਹੀਦਾ ਹੈ, ਜਿਸ ਨੇ ਕਿ ਹਰੀ ਦਾ ਨਾਮ 'ਰਾਮ' ਮੂੰਹੋਂ ਕਿਹਾ ਹੈ।

੩. ਉਸ ਗੁਰਸਿੱਖ ਨੂੰ ਭੀ ਧੰਨ-ਧੰਨ ਕਹਿਣਾ ਚਾਹੀਦਾ ਹੈ, ਜਿਸਦੇ ਕਿ ਮਨ ਵਿਚ ਹਰੀ ਦਾ ਨਾਮ ਸੁਣ ਕੇ ਚਾਅ ਅਤੇ ਅਨੰਦ ਪੈਦਾ ਹੁੰਦਾ ਹੈ।

੪. ਉਹ ਗੁਰਸਿੱਖ ਨੂੰ ਭੀ ਧੰਨ-ਧੰਨ ਕਹਿਣਾ ਚਾਹੀਦਾ ਹੈ, ਜਿਸ ਨੇ ਕਿ ਸਤਿਗੁਰੂ ਦੀ ਸੇਵਾ ਕਰਦੇ ਪਰਮੇਸ਼ਰ ਦਾ ਨਾਮ ਲੱਭਾ ਹੈ।

੫. ਹੇ ਭਾਈਓ! ਮੈਂ ਤਾਂ ਉਸ ਗੁਰਸਿੱਖ ਨੂੰ ਸਦਾ ਹੀ ਸਿਰ ਨਿਵਾਉਂਦਾ ਹਾਂ, ਜੋ ਕਿ ਗੁਰੂ ਦਾ ਸਿੱਖ (ਸਦਾ ਹੀ) ਗੁਰੂ ਦੇ ਭਾਣੇ ਵਿਚ ਚਲਦਾ ਹੈ।੧੮।

ਭਾਵਾਰਥ : ਹਜ਼ੂਰ ਨੇ ਪਹਿਲੇ ਸਲੋਕ ਵਿਚ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਦੀ ਜਾਚ ਦੱਸੀ ਹੈ।

ਦੂਸਰੇ ਸਲੋਕ ਵਿਚ ਨਾਮ ਦੇ ਸੁੱਖ ਫਲ ਦਰਸਾਏ ਹਨ।

ਪਉੜੀ ਵਿਚ ਉਸ ਮਨੁੱਖ ਨੂੰ ਭਾਗਾਂ ਵਾਲਾ ਕਹਿੰਦੇ ਹਨ, ਜੋ ਗੁਰੂ ਦੀ ਸ਼ਰਨ ਪੈ ਕੇ, ਗੁਰੂ ਦੀ ਰਜ਼ਾ ਵਿਚ ਤੁਰ ਕੇ ਪਰਮੇਸ਼ਰ ਦਾ ਨਾਮ ਸਿਮਰਦਾ ਹੈ। ਸਿਮਰਨ ਦੀ ਬਰਕਤ ਨਾਲ ਉਸ ਦੇ ਮਨ ਵਿਚ ਖ਼ੁਸ਼ੀ ਅਤੇ ਖਿੜਾਉ ਪੈਦਾ ਹੁੰਦਾ ਹੈ।

ਸਲੋਕੁ ਮ: ੩ ॥

੧. ਮਨਹਠਿ ਕਿਨੈ ਨ ਪਾਇਓ
ਸਭ ਥਕੇ ਕਰਮ ਕਮਾਇ ॥
੨. ਮਨਹਠਿ ਭੇਖ ਕਰਿ ਭਰਮਦੇ
ਦੁਖੁ ਪਾਇਆ ਦੂਜੈ ਭਾਇ ॥
੩. ਰਿਧਿ ਸਿਧਿ ਸਭੁ ਮੋਹੁ ਹੈ
ਨਾਮੁ ਨ ਵਸੈ ਮਨਿ ਆਇ ॥
੪. ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ
ਅਗਿਆਨੁ ਅੰਧੇਰਾ ਜਾਇ ॥
੫. ਨਾਮੁ ਰਤਨੁ ਘਰਿ ਪਰਗਟੁ ਹੋਆ
ਨਾਨਕ ਸਹਜਿ ਸਮਾਇ ॥੧॥

ਅਰਥ :

ਪ੍ਰ: ਹਜ਼ੂਰ ! ਰੱਬ ਨੂੰ ਪ੍ਰਾਪਤ ਕਰਨ ਲਈ ਬਹੁਤ ਲੋਕ ਕਈ ਤਰ੍ਹਾਂ ਦੇ ਹੱਠ ਕਰਦੇ ਹਨ। ਕੀ ਉਹ ਇਸ ਤਰ੍ਹਾਂ ਪ੍ਰਭੂ ਦੀ ਪ੍ਰਾਪਤੀ ਕਰ ਸਕਣਗੇ ?

ਉ: ੧. ਹੇ ਭਾਈਓ ! ਆਦਿ ਤੋਂ ਹੀ ਸ਼ਾਸਤਰਾਂ ਦੁਆਰਾ ਸੁਣਦੇ ਆਏ ਹਾਂ ਤੇ ਇਹੋ ਕੁਝ ਤੱਕ ਵੀ ਰਹੇ ਹਾਂ ਕਿ ਅੱਜ ਤਕ ਮਨ ਦੇ ਹੱਠ ਕਰ ਕੇ ਕਿਸੇ ਨੇ ਭੀ (ਪ੍ਰਭੂ) ਨੂੰ ਨਹੀਂ ਲੱਭਿਆ। (ਐਸੇ ਮਨ ਦੇ ਹਠੀਏ) ਸਾਰੇ ਲੋਕ ਕਰਮ ਕਰਦੇ-ਕਰਦੇ ਥੱਕ ਗਏ।

੨. ਹੇ ਭਾਈ ! ਮਨ ਦੇ ਹੱਠ ਕਰ ਕੇ ਕਈ ਲੋਕ (ਕਈ ਤਰ੍ਹਾਂ ਦੇ) ਭੇਖ ਕਰ ਕੇ ਭਟਕਦੇ ਹਨ ਅਤੇ ਮਾਇਆ ਦੇ ਮੋਹ ਵਿਚ ਦੁੱਖ ਉਠਾਉਂਦੇ ਹਨ।

ਪ੍ਰ: ਹਜ਼ੂਰ ! ਕਈ ਲੋਕ ਵੇਖੀਦੇ ਹਨ ਕਿ ਉਨ੍ਹਾਂ ਕਰਮ-ਕਾਂਡੀਆਂ ਵਿਚੋਂ ਬਹੁਤ ਰਿੱਧੀਆਂ ਸਿੱਧੀਆਂ ਪ੍ਰਾਪਤ ਕਰ ਲੈਂਦੇ ਹਨ, ਜਿਨ੍ਹਾਂ ਦੁਆਰਾ ਉਨ੍ਹਾਂ ਦੀ ਲੋਕਾਂ ਵਿਚ ਮਾਨ ਪ੍ਰਤਿਸ਼ਟਾ ਹੁੰਦੀ ਹੈ, ਕੀ ਆਪ ਰਿੱਧੀਆਂ ਸਿੱਧੀਆਂ ਨੂੰ ਪਸੰਦ ਨਹੀਂ ਕਰਦੇ ?

ਉ: ੩. ਹੇ ਭਾਈਓ ! ਇਹ ਰਿੱਧੀਆਂ ਸਿੱਧੀਆਂ ਭੀ ਨਿਰੋਲ ਮੋਹ ਰੂਪ ਹਨ, ਜੋ ਲੋਕ ਇਨ੍ਹਾਂ ਰਿੱਧੀਆਂ ਸਿੱਧੀਆਂ ਲਈ ਹੱਠ ਜੋਗ ਆਦਿ ਕਰਮ ਕਰਦੇ ਹਨ, ਇਹ ਭੀ ਸਾਰੇ ਹੀ ਦ੍ਵੈਤ-ਭਾਵਨਾ ਵਿਚ ਰਹਿ ਜਾਂਦੇ ਹਨ, (ਕਿਉਂਕਿ) ਇਸ ਲਟਕ ਵਾਲਿਆਂ ਦੇ ਮਨ ਵਿਚ ਨਾਮ ਨਹੀਂ ਆ ਕੇ ਵਸਦਾ, ਇਸ ਲਈ ਇਨ੍ਹਾਂ ਦਾ ਮਨ ਭੀ ਦ੍ਵੈਤ ਭਾਵਨਾ ਦੀ ਮੈਲ ਕਰਕੇ ਮੈਲਾ ਹੀ ਰਹਿੰਦਾ ਹੈ।

ਪ੍ਰ: ਸ੍ਰੀ ਜੀਉ ! ਤਾਂ ਫਿਰ ਦੱਸੋ, ਇਹ ਮਨ ਮਲੀਨਤਾ ਵਲੋਂ ਕਿਵੇਂ ਪਵਿੱਤ੍ਰ ਹੋਵੇ ?

ਉ: ੪. ਹੇ ਭਾਈਓ ! ਇਸ ਮਨ ਦੀ ਮੈਲ ਤਾਂ (ਕੇਵਲ) ਗੁਰੂ ਦੀ ਸੇਵਾ ਦੁਆਰਾ ਹੀ ਦੂਰ ਹੁੰਦੀ ਹੈ ਤੇ ਅਗਿਆਨ ਰੂਪ ਅੰਧੇਰਾ ਦੂਰ ਹੁੰਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਰਾਵੋ ! ਜਦੋਂ ਕਿਸੇ ਨੂੰ ਨਾਮ ਰੂਪੀ ਰਤਨ ਹਿਰਦੇ ਵਿਚ ਪ੍ਰਤੱਖ ਹੋ ਆਉਂਦਾ ਹੈ, ਤਾਂ ਉਹ ਮਨੁੱਖ ਸਹਿਜੇ ਹੀ (ਆਤਮਕ ਸੁੱਖ) ਵਿਚ ਸਮਾ ਜਾਂਦਾ ਹੈ।੧।

ਮ: ੩ ॥

੧. ਸਬਦੈ ਸਾਦੁ ਨ ਆਇਓ
ਨਾਮਿ ਨ ਲਗੋ ਪਿਆਰੁ ॥
੨. ਰਸਨਾ ਫਿਕਾ ਬੋਲਣਾ
ਨਿਤ ਨਿਤ ਹੋਇ ਖੁਆਰੁ ॥
੩. ਨਾਨਕ ਕਿਰਤਿ ਪਇਐ ਕਮਾਵਣਾ
ਕੋਇ ਨ ਮੇਟਣਹਾਰੁ ॥੨॥

ਅਰਥ :

ਪ੍ਰ: ਹੇ ਗੁਰੋ! ਤੁਹਾਡੇ ਵਿਚਾਰਾਂ ਅਨੁਸਾਰ ਉਹ ਕੌਣ ਮਨੁੱਖ ਹੈ, ਜੋ ਕਿ ਸਦਾ ਹੀ ਖ਼ੁਆਰ ਹੁੰਦਾ ਹੈ?

ਉ: ੧. ਹੇ ਭਾਈਓ! ਜਿਸ ਬੰਦੇ ਵਿਚ ਹੇਠ ਲਿਖੇ ਤਿੰਨ ਦੋਸ਼ ਹੋਣ, ਉਹ ਬੰਦਾ ਸਦਾ ਹੀ ਖ਼ੁਆਰ ਹੁੰਦਾ ਹੈ:
੧. ਜਿਸ ਮਨੁੱਖ ਨੂੰ ਗੁਰੂ ਦਾ ਸ਼ਬਦ ਸੁਣ ਕੇ ਰਸ ਨਹੀਂ ਆਉਂਦਾ।
੨. ਨਾਮ ਵਿਚ ਜਿਸ ਦਾ (ਉੱਕਾ ਹੀ) ਪਿਆਰ ਨਹੀਂ ਹੈ।
੨. ੩. ਜੋ ਰਸਨਾ ਨਾਲ ਸਦਾ ਫਿੱਕੇ ਬਚਨ ਹੀ ਬੋਲਦਾ ਰਹਿੰਦਾ ਹੈ। ਇਹ ਤਿੰਨ ਦੋਸ਼ ਜਿਸ ਮਨੁੱਖ ਵਿਚ ਹੋਣ, ਉਹ ਸਦਾ-ਸਦਾ ਖ਼ੁਆਰ ਹੀ ਹੁੰਦਾ ਹੈ।

ਪ੍ਰ: ਕਿਉਂ ਜੀ! ਉਹ ਇਨ੍ਹਾਂ ਖ਼ੁਆਰ ਕਰਨ ਵਾਲੇ ਦੋਸ਼ਾਂ ਨੂੰ ਤਿਆਗ ਕਿਉਂ ਨਹੀਂ ਦੇਂਦਾ?

ਉ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਸਦੇ ਵੀ ਕੀ ਵਸ ਹੈ? ਪਿਛਲੇ ਉਕਰੇ ਹੋਏ ਸੰਸਕਾਰਾਂ ਦੇ ਅਨੁਸਾਰ, ਉਸ ਨੂੰ ਹੁਣ ਭੀ ਅਜੇਹੀ ਕਾਰ ਕਰਨੀ ਪੈਂਦੀ ਹੈ ਅਤੇ ਕੋਈ ਵੀ ਮਨੁੱਖ ਉਸ ਦੇ ਸੰਸਕਾਰਾਂ ਨੂੰ ਮਿਟਾ ਨਹੀਂ ਸਕਦਾ।੨।

ਪਉੜੀ ॥

੧. ਧਨੁ ਧਨੁ ਸਤ ਪੁਰਖੁ ਸਤਿਗੁਰੁ ਹਮਾਰਾ
ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
੨. ਧਨੁ ਧਨੁ ਸਤ ਪੁਰਖੁ ਸਤਿਗੁਰੁ ਹਮਾਰਾ
ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥
੩. ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ
ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥
੪. ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰੁ ਹਮ ਕਉ
ਸਭ ਸਮ ਦ੍ਰਿਸਟਿ ਦਿਖਾਈ ॥
੫. ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ
ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥

ਅਰਥ :

ਪ੍ਰ: ਹਜ਼ੂਰ ਜੀ! ਆਪ ਜੀ ਦੇ ਜੀਵਨ ਵਿਚ ਆਪ ਨੂੰ ਅਨੇਕਾਂ ਹੀ ਸਤਿਕਾਰ ਯੋਗ ਹਸਤੀਆਂ ਦਾ ਮਿਲਾਪ ਹੋਇਆ ਹੋਵੇਗਾ, ਪਰ ਉਨ੍ਹਾਂ ਸਾਰਿਆਂ ਵਿਚੋਂ ਤੁਸੀਂ ਕਿਸ ਨੂੰ ਧੰਨਤਾ ਯੋਗ ਸਮਝਦੇ ਹੋ?

ਉ: ੧. ਹੇ ਭਾਈਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੇ ਜੀਵਨ ਭਰ ਵਿਚ ਅਨੇਕਾਂ ਮਹਾਪੁਰਖਾਂ ਦਾ ਸੰਜੋਗ ਹੋਇਆ ਹੈ, ਪਰ ਮੈਂ ਤਾਂ ਉਸੇ ਸਤਿਗੁਰੂ ਨੂੰ ਜੋ ਕਿ (ਸਤ ਪੁਰਖ ਦਾ ਹੀ ਸਰੂਪ ਹੈ), ਨੂੰ ਧੰਨ ਹੈ, ਧੰਨ ਹੈ, ਕਹਿੰਦਾ ਹਾਂ, ਜਿਸਦੇ ਮਿਲਣ ਨਾਲ ਸਾਨੂੰ ਸ਼ਾਂਤੀ ਪ੍ਰਾਪਤ ਹੋਈ ਹੈ।
੨. ਹੇ ਭਾਈ! ਉਹ ਸਾਡਾ ਸਤਿ ਪੁਰਖ ਸਤਿਗੁਰੂ ਧੰਨ ਧੰਨ ਹੈ, ਜਿਸ ਦੇ ਮਿਲ ਪਿਆਂ ਅਸਾਂ ਹਰੀ ਦੀ ਭਗਤੀ ਪ੍ਰਾਪਤ ਕੀਤੀ ਹੈ।
੩. ਉਹ ਹਰੀ ਦਾ ਭਗਤ ਸਾਡਾ ਸਤਿਗੁਰੂ ਧੰਨ ਧੰਨ ਹੈ, ਜਿਸ ਦੀ ਸੇਵਾ ਕਰਕੇ ਅਸਾਂ ਹਰੀ ਦੇ ਨਾਮ ਵਿਚ ਬਿਰਤੀ ਜੋੜੀ ਹੈ।
੪. ਉਹ ਹਰੀ ਗਿਆਨ ਵਾਲਾ ਸਾਡਾ ਸਤਿਗੁਰੂ ਧੰਨ ਧੰਨ ਹੈ ਜਿਸ ਨੇ ਵੈਰੀ ਕੀ ਤੇ ਸੱਜਨ ਕੀ, ਸਭ ਵੱਲ ਸਾਨੂੰ ਏਕਤਾ ਦੀ ਨਜ਼ਰ (ਨਾਲ ਵੇਖਣ ਦੀ ਜਾਚ ਸਿਖਾਈ ਹੈ)।
੫. ਉਹ ਸਾਡਾ ਸੱਜਣ ਸਤਿਗੁਰੂ ਧੰਨ ਹੈ, ਧੰਨ ਹੈ, ਜਿਸਨੇ ਹਰੀ ਦੇ ਨਾਮ ਨਾਲ ਸਾਡਾ ਪਿਆਰ ਬਣਾ ਦਿੱਤਾ ਹੈ।੧੯।

ਭਾਵਾਰਥ : ਪਹਿਲੇ ਸਲੋਕ ਵਿਚ ਗੁਰੂ ਦੀ ਸੇਵਾ ਦਾ ਜ਼ਿਕਰ ਕੀਤਾ ਹੈ, ਜਿਸ ਦੇ ਦਿੱਤੇ ਹੋਏ ਨਾਮ ਤੋਂ ਅਗਿਆਨ ਨਾਸ ਹੁੰਦਾ ਹੈ।

ਦੂਸਰੇ ਸਲੋਕ ਵਿਚ ਨਾਮ ਦੀ ਮਹਿਮਾ ਅੰਕਤ ਕੀਤੀ ਹੈ। ਪਉੜੀ ਵਿਚ ਆਪਣੇ ਸਤਿਗੁਰੂ ਦੀ ਸ਼ੁਕਰ ਗੁਜ਼ਾਰੀ ਕੀਤੀ ਹੈ ਅਤੇ ਉਸਦੇ ਉਪਕਾਰ ਤੇ ਗੁਣਾਂ ਦਾ ਵਰਣਨ ਕੀਤਾ ਹੈ। ਉਸ ਗੁਰੂ ਨੂੰ ਸਤਿਪੁਰਖ ਵਾਹਿਗੁਰੂ ਜੀ ਦਾ ਰੂਪ ਹੀ ਬਿਆਨ ਕੀਤਾ ਹੈ।

ਸਲੋਕੁ ਮ: ੧ ॥

੧. ਘਰ ਹੀ ਮੁੰਧਿ ਵਿਦੇਸਿ ਪਿਰੁ
ਨਿਤ ਝੂਰੇ ਸੰਮ੍ਾਲੇ ॥
੨. ਮਿਲਦਿਆ ਢਿਲ ਨ ਹੋਵਈ
ਜੇ ਨੀਅਤਿ ਰਾਸਿ ਕਰੇ ॥੧॥

ਪਦ ਅਰਥ : ਮੁੰਧਿ—ਇਸਤ੍ਰੀ। ਝੂਰੇ—ਝੂਰਦੀ ਹੈ, ਦੁੱਖ ਰੋਣੀਆਂ ਰੋਂਦੀ ਹੈ।

ਅਰਥ :

ਪ੍ਰ: ਹਜ਼ੂਰ! ਬਹੁਤ ਲੋਕ ਉਸ ਸਾਈਂ ਜੀ ਨੂੰ ਪ੍ਰਾਪਤ ਕਰਨ ਲਈ ਘਰ ਬਾਰ ਛੱਡ ਕੇ ਦੇਸ ਪ੍ਰਦੇਸ ਜੰਗਲਾਂ ਵਿਚ ਜਾਂਦੇ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ?

ਉ: ੧. ਹੇ ਭਾਈਓ! ਉਨ੍ਹਾਂ ਦੀ ਦਸ਼ਾ ਤਾਂ ਉਸੇ ਇਸਤ੍ਰੀ ਵਾਂਗੂੰ ਜਾਣੋ, ਜਿਸ ਦਾ ਪਤੀ ਤਾਂ ਘਰ ਵਿਚ ਹੋਵੇ, ਪਰ ਉਸ ਦੀ ਭਾਲ ਕਰਨ ਪ੍ਰਦੇਸ਼ਾਂ ਵਿਚ ਜਾਵੇ। ਇਸੇਤਰ੍ਹਾਂ ਹੇ ਪਿਆਰਿਓ! ਉਹ ਪਤੀ ਪਰਮੇਸ਼ਰ ਤਾਂ ਹਿਰਦੇ ਰੂਪ ਘਰ ਵਿਚ ਹੀ ਹੈ, ਪਰ ਇਹ ਜੀਵ ਰੂਪੀ ਇਸਤ੍ਰੀ ਉਸ ਨੂੰ ਪ੍ਰਦੇਸ ਗਿਆ (ਭਾਵ ਦੂਰ)

ਜਾਣਦੀ ਹੈ, ਇਸ ਕਰ ਕੇ ਉਹ ਝੂਰਦੀ ਤੇ ਯਾਦ ਕਰਦੀ ਹੈ, ਭਾਵ ਬਿਰਹੋਂ ਦੇ ਦੁੱਖ ਰੋ-ਰੋ ਕੇ ਯਾਦ ਕਰਦੀ ਹੈ।

੨. ਪਰ ਐ ਪਿਆਰਿਓ! ਇਸ ਜੀਵ ਰੂਪ ਇਸਤ੍ਰੀ ਨੂੰ ਪਤੀ ਪਰਮੇਸ਼ਰ ਨਾਲ ਮਿਲਦਿਆਂ ਦੇਰ ਨਾ ਲੱਗੇ, ਜੇ ਉਹ ਨੀਅਤ ਰਾਸ ਕਰ ਲਵੇ। ਨੀਅਤ ਸਾਫ਼ ਕਰਨ ਨਾਲ ਸ਼ੀਘਰ ਹੀ ਪ੍ਰਾਪਤੀ ਹੋ ਜਾਂਦੀ ਹੈ।

ਮ: ੧ ॥

੧. ਨਾਨਕ ਗਾਲੀ ਕੂੜੀਆ
ਬਾਝੁ ਪਰੀਤਿ ਕਰੇਇ ॥
੨. ਤਿਚਰੁ ਜਾਣੈ ਭਲਾ ਕਰਿ
ਜਿਚਰੁ ਲੇਵੈ ਦੇਇ ॥੨॥

ਅਰਥ :

ਪ੍ਰ: ਹੇ ਗੁਰੋ! ਕਈ ਲੋਕ ਗੱਲਾਂ ਕਰਨੀਆਂ ਤਾਂ ਬਹੁਤ ਜਾਣਦੇ ਹਨ, ਪਰ ਹੈਨ ਪ੍ਰਭੂ ਪਿਆਰ ਤੋਂ ਸੱਖਣੇ, ਉਨ੍ਹਾਂ ਬਾਰੇ ਆਪ ਦੇ ਵੀਚਾਰ ਕੀ ਹਨ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਹਰੀ ਨਾਲ ਪਿਆਰ ਕਰਨ ਤੋਂ ਬਿਨਾ, ਹੋਰ ਗੱਲਾਂ ਕਰਨੀਆਂ ਸਭ ਝੂਠੀਆਂ ਹਨ।

੨. (ਕਿਉਂਕਿ) ਜਿਤਨਾ ਚਿਰ ਕਰਤਾ ਪੁਰਖ ਦੇਂਦਾ ਹੈ ਅਤੇ ਇਹ ਜੀਵ ਲੈਂਦਾ ਰਹੇ, ਤਦ ਤੱਕ ਹੀ ਇਹ ਭਲਾ ਮਨਾਉਂਦਾ ਹੈ।੨।

ਪਉੜੀ ॥

੧. ਜਿਨਿ ਉਪਾਏ ਜੀਅ ਤਿਨਿ ਹਰਿ ਰਾਖਿਆ ॥
੨. ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ ॥
੩. ਤਿਪਤਿ ਰਹੇ ਆਘਾਇ ਮਿਟੀ ਭਭਾਖਿਆ ॥
੪. ਸਭ ਅੰਦਰਿ ਇਕੁ ਵਰਤੈ
ਕਿਨੈ ਵਿਰਲੈ ਲਾਖਿਆ ॥
੫. ਜਨ ਨਾਨਕ ਭਏ ਨਿਹਾਲੁ
ਪ੍ਰਭ ਕੀ ਪਾਖਿਆ ॥੨੦॥

ਪਦ ਅਰਥ : ਜਿਨਿ—ਜਿਸ ਨੇ। ਤਿਨਿ—ਉਸ ਨੇ। ਭਭਾਖਿਆ—ਖਾਣ ਦੀ ਇੱਛਾ।

ਅਰਥ :

ਪ੍ਰ: ਕਿਉਂ ਜੀ! ਕੀ ਇਨ੍ਹਾਂ ਜੀਵਾਂ ਨੂੰ ਪੈਦਾ ਕਰਨ ਵਾਲਾ ਕੋਈ ਹੋਰ ਤੇ ਰੱਖਿਆ ਕਰਨ ਵਾਲਾ ਕੋਈ ਹੋਰ ਹੈ?

ਉ: ੧. ਹੇ ਭਾਈ! ਜਿਸ ਹਰੀ ਨੇ ਇਹ ਜੀਵ ਪੈਦਾ ਕੀਤੇ ਹਨ, ਉਸੇ ਪ੍ਰਭੂ ਨੇ ਹੀ ਇਨ੍ਹਾਂ ਦੀ ਰੱਖਿਆ ਕੀਤੀ ਹੈ।

੨. ਜੋ ਜੀਵ ਉਸ ਹਰੀ ਦਾ ਅਮਰ ਜੀਵਨ ਦੇਣ ਵਾਲਾ ਸੱਚਾ ਨਾਮ ਰੂਪ ਭੋਜਨ ਛੱਕਦੇ ਹਨ।

੩. ਉਹ ਤ੍ਰਿਪਤ ਹੋ ਰਹੇ ਹਨ ਤੇ ਉਨ੍ਹਾਂ ਦੀ ਸਾਰੀ ਭੁੱਖ (ਤ੍ਰਿਸ਼ਨਾ) ਮਿਟ ਗਈ ਹੈ।

੪. (ਕਿਉਂਕਿ) ਉਨ੍ਹਾਂ ਨੇ ਸਭ ਦੇ ਅੰਦਰ ਵਰਤ ਰਹੇ ਇਕ ਨੂੰ ਲੱਖ ਲਿਆ ਹੈ, ਪਰ ਐਸੇ ਸਭ ਦੇ ਅੰਦਰ ਇਕ ਵਰਤ ਰਹੇ ਨੂੰ ਕਿਸੇ ਵਿਰਲੇ ਨੇ ਹੀ ਲਖਿਆ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! (ਉਹ ਵਿਰਲਾ) ਦਾਸ ਪ੍ਰਭੂ ਦੇ ਪੱਖ ਕਰਕੇ ਖਿੜਿਆ ਹੈ।੨੦।

ਭਾਵਾਰਥ : ਪਹਿਲੇ ਸਲੋਕ ਵਿਚ ਉਸ ਜਗਿਆਸੂ ਦਾ ਜ਼ਿਕਰ ਹੈ, ਜੋ ਯਾਦ ਤਾਂ ਕਰਦਾ ਹੈ, ਪਰ ਝੂਰਦਾ ਹੈ ਕਿ ਪ੍ਰਤੱਖ ਦਰਸ਼ਨ ਨਹੀਂ ਹੁੰਦਾ, ਪਰ ਹਜ਼ੂਰ ਉਸ ਦੀ ਨੀਅਤ ਵਿਚ ਫ਼ਰਕ ਦੱਸਦੇ ਹਨ। ਜੇ ਐਸਾ ਜਗਿਆਸੂ ਨੀਅਤ ਸ਼ੁੱਧ ਕਰ ਲਵੇ ਤਾਂ ਉਹ ਪ੍ਰਭੂ ਉਸ ਨੂੰ ਅੰਦਰੋਂ ਹੀ ਅਨੁਭਵ ਹੋ ਆਉਂਦਾ ਹੈ।

ਪਉੜੀ ਵਿਚ ਕਹਿੰਦੇ ਹਨ ਕਿ ਜੋ ਮਨੁੱਖ ਪਰਮੇਸ਼ਰ ਦੇ ਨਾਮ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾ ਲੈਂਦਾ ਹੈ, ਉਸ ਦੀਆਂ ਹੋਰ ਸਾਰੀਆਂ ਲਾਲਸਾਵਾਂ ਮਿਟ ਜਾਂਦੀਆਂ ਹਨ। ਉਸ ਨੂੰ ਹਰੇਕ ਵਿਚ ਪ੍ਰਭੂ ਹੀ ਵਸਦਾ ਨਜ਼ਰ ਆਉਣ ਲੱਗ ਪੈਂਦਾ ਹੈ।

ਸਲੋਕੁ ਮਃ ੩ ॥

੧. ਸਤਿਗੁਰ ਨੋ ਸਭੁ ਕੋ ਵੇਖਦਾ
ਜੇਤਾ ਜਗਤੁ ਸੰਸਾਰੁ ॥
੨. ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ ॥
੩. ਹਉਮੈ ਮੈਲੁ ਨ ਚੁਕਈ
ਨਾਮਿ ਨ ਲਗੈ ਪਿਆਰੁ ॥
੪. ਇਕਿ ਆਪੇ ਬਖਸਿ ਮਿਲਾਇਅਨੁ
ਦੁਬਿਧਾ ਤਜਿ ਵਿਕਾਰ ॥
੫. ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ
ਸਤਿਗੁਰ ਹੇਤਿ ਪਿਆਰਿ ॥੧॥

ਅਰਥ :

ਪ੍ਰ: ਹੇ ਗੁਰੋ! ਜਗਤ ਦਾ ਹਰ ਜੀਵ ਸਤਿਗੁਰੂ ਦੇ ਦਰਸ਼ਨ ਕਰਦਾ ਹੈ। ਕੀ ਇਹ ਸਾਰੇ ਦਰਸ਼ਨ ਕਰਨ ਵਾਲੇ ਮੁਕਤੀ ਪ੍ਰਾਪਤ ਕਰ ਸਕਣਗੇ?

ਉ: ੧. ਹੇ ਪਿਆਰਿਓ! ਇਹ ਜਿਤਨਾ ਭੀ ਜਗਤ ਹੈ, ਇਹ ਸਾਰਾ ਹੀ ਸਤਿਗੁਰੂ ਨੂੰ ਵੇਖਦਾ ਹੈ।

੨. ਪਰ ਯਾਦ ਰੱਖੋ ਕਿ ਨਿਰੇ ਦੇਖਿਆਂ ਹੀ ਮੁਕਤੀ ਹਾਸਲ ਨਹੀਂ ਹੋ ਸਕਦੀ, ਜਿਤਨਾ ਚਿਰ ਕਿ ਕੋਈ ਗੁਰੂ ਦੇ ਦਿੱਤੇ ਸ਼ਬਦ ਦੁਆਰਾ ਵੀਚਾਰ ਨਹੀਂ ਕਰਦਾ, (ਭਾਵ ਗੁਰੂ ਦੇ ਸ਼ਬਦ ਦੁਆਰਾ ਸਤਿ ਅਸਤਿ ਦੀ ਵੀਚਾਰ ਨਹੀਂ ਕਰਦਾ)।

੩. (ਕਿਉਂਕਿ) ਹੇ ਭਾਈਓ! ਗੁਰੂ ਦੇ ਸ਼ਬਦ ਦੀ ਵੀਚਾਰ ਕਰਨ ਤੋਂ ਬਿਨਾ, ਮਨ ਵਿਚੋਂ ਹੰਕਾਰ ਰੂਪੀ ਮੈਲ ਨਹੀਂ ਉਤਰਦੀ ਅਤੇ ਨਾਮ ਵਿਚ ਪਿਆਰ ਨਹੀਂ ਬਣਦਾ।

ਪ੍ਰ: ਕਿਉਂ ਜੀ! ਉਹ ਕੌਣ ਮਨੁੱਖ ਹਨ, ਜਿਨ੍ਹਾਂ ਨੇ ਪ੍ਰਭੂ ਨੂੰ ਆਪਣੇ ਨਾਲ ਮਿਲਾ ਲਿਆ ਹੈ?

ਉ: ੪. ਹੇ ਭਾਈਓ! ਕਈ ਮਨੁੱਖ ਪ੍ਰਭੂ ਨੇ ਆਪ ਹੀ ਮਿਹਰ ਕਰ ਕੇ (ਆਪਣੇ ਨਾਲ) ਮਿਲਾ ਲਏ ਹਨ, ਪਰ ਮਿਲਾਇਆ ਉਨ੍ਹਾਂ ਨੂੰ ਹੀ ਹੈ, ਜਿਨ੍ਹਾਂ ਨੇ ਮੇਰ-ਤੇਰ ਤੇ ਵਿਕਾਰ ਛੱਡੇ ਹਨ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਕਈ ਮਨੁੱਖ ਸਤਿਗੁਰੂ ਦਾ ਦਰਸ਼ਨ ਕਰ ਕੇ ਸਤਿਗੁਰੂ ਦੇ ਪਿਆਰ ਵਿਚ ਬਿਰਤੀ ਜੋੜ ਕੇ (ਮਰ ਕੇ) ਭਾਵ ਆਪਾ ਗਵਾ ਕੇ ਹਰੀ ਵਿਚ ਮਿਲ ਗਏ ਹਨ।੧।

ਮ: ੩ ॥

੧. ਸਤਿਗੁਰੂ ਨ ਸੇਵਿਓ ਮੂਰਖ ਅੰਧ ਗਵਾਰਿ ॥
੨. ਦੂਜੈ ਭਾਇ ਬਹੁਤੁ ਦੁਖੁ ਲਾਗਾ
ਜਲਤਾ ਕਰੇ ਪੁਕਾਰ ॥
੩. ਜਿਨ ਕਾਰਣਿ ਗੁਰੂ ਵਿਸਾਰਿਆ
ਸੇ ਨ ਉਪਕਰੇ ਅੰਤੀ ਵਾਰ ॥
੪. ਨਾਨਕ ਗੁਰਮਤੀ ਸੁਖੁ ਪਾਇਆ
ਬਖਸੇ ਬਖਸਣਹਾਰ ॥੨॥

ਪਦ ਅਰਥ : ਗਵਾਰਿ—ਗਵਾਰ ਨੇ। ਜਿਨ ਕਾਰਣਿ—ਜਿਨ੍ਹਾਂ ਦੀ ਖ਼ਾਤਰ। ਉਪਕਰੇ—ਪੁੱਕਰੇ, ਬਹੁੜੇ।

ਅਰਥ :

ਪ੍ਰ: ਹਜ਼ੂਰ! ਜੋ ਮਨੁੱਖ ਸਤਿਗੁਰੂ ਦੀ ਸੇਵਾ ਤੋਂ ਸਖਣੇ ਹਨ, ਉਨ੍ਹਾਂ ਵਿਚ ਤੁਸੀਂ ਕਿਹੜੇ-ਕਿਹੜੇ ਦੋਸ਼ ਵੇਖਦੇ ਹੋ?

ਉ: ੧. ਹੇ ਭਾਈਓ! ਸਤਿਗੁਰਾਂ ਦੀ ਸੇਵਾ ਤੋਂ ਸਖਣੇ ਮਨੁੱਖਾਂ ਵਿਚ ਤਿੰਨ ਦੋਸ਼ ਵੇਖੀਦੇ ਹਨ:
੧. ਉਹ ਮੂਰਖ ਹਨ।
੨. ਅੰਨ੍ਹੇ ਅਗਿਆਨੀ ਹਨ।
੩. ਗਵਾਰ ਬੇ-ਸਮਝ ਹਨ।

ਪ੍ਰ: ਕਿਉਂ ਜੀ! ਕੀ ਉਨ੍ਹਾਂ ਨੂੰ ਕੋਈ ਸਜ਼ਾ ਭੀ ਹੋਵੇਗੀ?

ਉ: ੨. (ਹਾਂ ਜ਼ਰੂਰ) ਹੇ ਭਾਈ! ਉਹ ਦ੍ਵੈਤ-ਭਾਵਨਾ ਵਿਚ ਹੋਣ ਕਰਕੇ, ਉਨ੍ਹਾਂ ਨੂੰ ਬਹੁਤ ਦੁੱਖ ਲੱਗਦਾ ਹੈ, ਤਦ ਉਹ ਦੁੱਖਾਂ ਵਿਚ ਸੜਦਾ ਪੁਕਾਰ ਕਰਦਾ ਹੈ, ਹਾੜੇ ਕੱਢਦਾ ਹੈ।

ਪ੍ਰ: ਕਿਉਂ ਜੀ! ਜਿਨ੍ਹਾਂ ਦੇ ਮੋਹ ਪਿਆਰ ਵਿਚ ਖਚਤ ਹੋਇਆਂ ਗੁਰੂ ਤੋਂ ਸਖਣਾ ਰਿਹਾ ਹੈ, ਕੀ ਉਹ ਉਨ੍ਹਾਂ ਦੀ ਸਹਾਇਤਾ ਨਹੀਂ ਕਰਨਗੇ?

ਉ: ੩. ਹੇ ਸੱਜਨੋ! ਜਿਨ੍ਹਾਂ ਦੇ ਮੋਹ ਪਿਆਰ ਦੇ ਵਸ ਪਿਆਂ ਗੁਰੂ ਨੂੰ ਵਿਸਾਰ ਰਖਿਆ ਸੀ, ਉਹ (ਖ਼ੁਦਗ਼ਰਜ਼) ਬੰਦੇ ਅੰਤ ਦੇ ਸਮੇਂ ਨਹੀਂ ਬਹੁੜਦੇ, ਭਾਵ ਸਹਾਈ ਨਹੀਂ ਹੁੰਦੇ।

ਪ੍ਰ: ਹਜ਼ੂਰ ਜੀਉ! ਤਾਂ ਫਿਰ ਸੁੱਖ ਕਿਵੇਂ ਪ੍ਰਾਪਤ ਹੋਵੇ?

ਉ: ੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਸੁੱਖ ਤਾਂ ਗੁਰੂ ਦੀ ਮਤਿ ਲਿਆਂ ਹੀ ਮਿਲਦਾ ਹੈ ਤੇ ਬਖ਼ਸ਼ਣ ਵਾਲਾ ਹਰੀ ਬਖ਼ਸ਼ਦਾ ਹੈ।੨।

ਪਉੜੀ ॥

੧. ਤੂ ਆਪੇ ਆਪਿ ਆਪਿ ਸਭੁ ਕਰਤਾ
ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥
੨. ਹਰਿ ਆਪੇ ਬੋਲੈ ਆਪਿ ਬੁਲਾਵੈ
ਹਰਿ ਆਪੇ ਜਲਿ ਥਲਿ ਰਵਿ ਰਹੀਐ ॥
੩. ਹਰਿ ਆਪੇ ਮਾਰੈ ਹਰਿ ਆਪੇ ਛੋਡੈ
ਮਨ ਹਰਿ ਸਰਣੀ ਪੜਿ ਰਹੀਐ ॥
੪. ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ
ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥
੫. ਉਠਦਿਆ ਬਹਦਿਆ ਸੁਤਿਆ
ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ
ਗੁਰਮੁਖਿ ਹਰਿ ਲਹੀਐ ॥੨੧॥੧॥ਸੁਧੁ

ਅਰਥ :

ਪ੍ਰ: ਸ੍ਰੀ ਜੀਉ! ਜਦੋਂ ਆਪ ਉਸ ਸਾਈਂ ਜੀ ਦੀ ਸਿਫ਼ਤ ਕਰਦੇ ਹੋ ਤਾਂ ਉਹ ਕਿਸ ਰੂਪ ਵਿਚ ਕਰਿਆ ਕਰਦੇ ਹੋ?

ਉ: ੧. ਹੇ ਪਿਆਰੇ! ਉਸ ਦੀ ਪੂਰਨ ਮਹਿਮਾ ਤਾਂ ਕਹੀ ਨਹੀਂ ਜਾ ਸਕਦੀ, ਪਰ ਜਦੋਂ ਅਸੀਂ ਉਸ ਦੀ ਉਸਤਤ ਕਰੀਏ ਤਾਂ ਇਉਂ ਕਰਦੇ ਹਾਂ ਕਿ ਹੇ ਹਰੀ! ਤੂੰ ਆਪ ਹੀ ਆਪ ਹੈਂ ਤੇ ਆਪ ਹੀ ਸਭੋ ਕੁਝ ਪੈਦਾ ਕਰਦਾ ਹੈਂ, ਕਿਸੇ ਹੋਰ ਦੂਜੇ ਨੂੰ ਪੈਦਾ ਕਰਨ ਵਾਲਾ ਤਾਂ ਹੀ ਆਖੀਏ, ਜੇ ਕੋਈ ਹੋਰ ਹੋਵੇ।

੨. ਹੇ ਪਿਆਰਿਓ! ਹਰੀ ਆਪ ਹੀ (ਸਭ ਜੀਵਾਂ ਵਿਚ) ਬੋਲਦਾ ਹੈ, ਆਪ ਹੀ ਸਭ ਨੂੰ ਬੁਝਾਉਂਦਾ ਹੈ ਅਤੇ ਆਪ ਹੀ ਜਲ ਵਿਚ, ਥਲ ਵਿਚ ਵਿਆਪਕ ਹੋ ਰਿਹਾ ਹੈ।

੩. ਹੇ ਮਨ! ਉਹ ਹਰੀ ਆਪ ਹੀ ਮਾਰਦਾ ਹੈ ਅਤੇ ਆਪ ਹੀ ਬਖ਼ਸ਼ਦਾ ਹੈ, ਇਸ ਲਈ ਹਰੀ ਦੀ ਸ਼ਰਨ ਵਿਚ ਪਿਆ ਰਹੁ।

੪. ਹੇ ਮੇਰੇ ਮਨਾ! ਇਹ ਵਿਸ਼ਵਾਸ ਕਰ ਲੈ ਕਿ ਉਸ ਹਰੀ ਤੋਂ ਬਗ਼ੈਰ ਕੋਈ ਹੋਰ ਨਾ ਮਾਰ ਸਕਦਾ ਹੈ, ਨਾ ਹੀ ਜੀਵਾਲ ਸਕਦਾ ਹੈ (ਇਸ ਵਾਸਤੇ) ਨਿਸਚਿੰਤ ਹੋ ਰਹੁ ਤੇ ਲੰਮੀਆਂ ਤਾਣ ਛੱਡ, ਭਾਵ ਹੇ ਮਨ! ਬੇ-ਫ਼ਿਕਰ ਹੋ ਕੇ ਨਿੱਸਲ ਹੋ ਸੌਂ ਰਹੀਏ।

ਪ੍ਰ: ਕਿਉਂ ਜੀ! ਹਰੀ ਨਾਮ ਧਿਆਉਣ ਦਾ ਕੋਈ ਸਮਾਂ ਭੀ ਦੱਸ ਦਿਓ।

ਉ: ੫. ਹੇ ਭਾਈਓ! ਉਠਦਿਆਂ, ਬਹਿੰਦਿਆਂ ਤੇ ਸੁੱਤਿਆਂ, (ਗੱਲ ਕੀ) ਸਦਾ-ਸਦਾ ਨਾਮ ਧਿਆਉਂਦੇ ਰਹੀਏ।
ਹੇ ਭਾਈਓ! (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐਉਂ ਗੁਰੂ ਦੁਆਰਾ ਹਰੀ ਨੂੰ ਮਿਲ ਰਹੀਏ! ਭਾਵ ਇਉਂ ਸਨਮੁਖ ਹੋ ਕੇ ਹਰੀ ਮਿਲ ਪੈਂਦਾ ਹੈ।੨੧।

ਭਾਵਾਰਥ : ਪਹਿਲੇ ਸਲੋਕ ਵਿਚ ਸਤਿਗੁਰੂ ਨਾਲ ਹਿੱਤ ਤੇ ਨਾਮ ਨਾਲ ਪਿਆਰ ਕਰਨ ਦੀ ਲੋੜ ਦਰਸਾਈ ਹੈ।

ਦੂਸਰੇ ਸਲੋਕ ਵਿਚ ਸਤਿਗੁਰੂ ਨੂੰ ਨਾ ਸੇਵਨ ਦੇ ਮਾੜੇ ਫਲ ਦੱਸੇ

ਹਨ ਅਤੇ ਸਮਝਾਇਆ ਹੈ ਕਿ ਜਿਸ ਮਾਇਆ ਮੋਹ ਵਿਚ ਲੱਗ ਕੇ ਗੁਰੂ ਤੋਂ ਬੇਮੁਖ ਰਹਿੰਦੇ ਹੋ, ਉਹ ਅੰਤ ਨੂੰ ਸਹਾਇਕ ਨਹੀਂ ਹੋਣਗੇ।

ਪਉੜੀ ਵਿਚ ਦੱਸਦੇ ਹਨ ਕਿ ਜੋ ਮਨੁੱਖ ਗੁਰੂ ਦੇ ਸਨਮੁੱਖ ਹੋ ਕੇ ਨਾਮ ਜਪਦਾ ਹੈ, ਉਸ ਨੂੰ ਇਹ ਨਿਸਚਾ ਹੋ ਜਾਂਦਾ ਹੈ ਕਿ ਪਰਮਾਤਮਾ ਆਪ ਹੀ ਸਭ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਹਰੇਕ ਵਿਚ ਮੌਜੂਦ ਹੈ। ਆਪ ਹੀ ਉਹ ਮਾਰਨ ਵਾਲਾ ਹੈ ਤੇ ਰੱਖਣ ਵਾਲਾ ਭੀ ਉਹ ਆਪ ਹੈ। ਇਸ ਸ਼ਰਧਾ ਨਾਲ ਉਹ ਜਿਉਂ-ਜਿਉਂ ਸਿਮਰਨ ਕਰਦਾ ਹੈ, ਤਿਉਂ-ਤਿਉਂ ਉਸ ਨੂੰ ਕੋਈ ਭੀ ਚਿੰਤਾ ਪੋਹ ਨਹੀਂ ਸਕਦੀ।੨੧।੧।ਸੁਧੁ

ਨੋਟ : ਇਹ ਵਾਰ ਗੁਰੂ ਰਾਮ ਦਾਸ ਜੀ ਦੀ ਉਚਾਰੀ ਹੋਈ ਹੈ। ਇਸ ਦੀਆਂ ੨੧ ਪਉੜੀਆਂ ਹਨ। ਪਹਿਲੀ ਪਉੜੀ ਨਾਲ ੩ ਸਲੋਕ ਹਨ, ਬਾਕੀ ਹਰੇਕ ਪਉੜੀ ਨਾਲ ਦੋ-ਦੋ ਸਲੋਕ ਹਨ, ਕੁਲ ੪੩ ਸਲੋਕ ਹਨ।

ਸਲੋਕਾਂ ਦਾ ਵੇਰਵਾ

ਸਲੋਕ ਮਹਲਾ	੩—੪੦।
ਸਲੋਕ ਮਹਲਾ	੧— ੩।
ਜੋੜ	੪੩

ਗੁਰੂ ਰਾਮਦਾਸ ਜੀ ਦਾ, ਜਿਨ੍ਹਾਂ ਦੀ ਇਹ ਵਾਰ ਹੈ, ਇਕ ਭੀ ਸਲੋਕ ਨਹੀਂ ਹੈ।

ਸੋ 'ਵਾਰ' ਦਾ ਅਸਲ ਸਰੂਪ ਸਿਰਫ਼ 'ਪਉੜੀਆਂ' ਹੈ।

(ਰਾਗੁ ਵਡਹੰਸ ਸਮਾਪਤ)

ਰਾਗੁ ਸੋਰਠਿ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸੋਰਠਿ ਮਹਲਾ ੧ ਘਰੁ ੧ ਚਉਪਦੇ ॥

੧. ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥
੨. ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥
੩. ਜਿਨ ਮੇਰਾ ਸਾਹਿਬੁ ਵੀਸਰੈ
ਵਡੜੀ ਵੇਦਨ ਤਿਨਾਹ ॥੧॥
੪. ਭੀ ਸਾਲਾਹਿਹੁ ਸਾਚਾ ਸੋਇ ॥
੫. ਜਾ ਕੀ ਨਦਰਿ ਸਦਾ ਸੁਖੁ ਹੋਇ ॥ ਰਹਾਉ ॥
੬. ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ ॥
੭. ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ ॥
੮. ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ॥੨॥
੯. ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥
੧੦. ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥
੧੧. ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥੩॥
੧੨. ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥
੧੩. ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥
੧੪. ਅਗੈ ਗਏ ਨ ਮੰਨੀਅਨਿ
ਮਾਰਿ ਕਢਹੁ ਵੇਪੀਰ ॥੪॥੧॥

ਸੋਰਠਿ ਇਕ ਰਾਗਨੀ ਹੈ। ਗੁਰਮਤਿ ਵਿਚ ਇਹ ਮੇਘ ਰਾਗ ਦੀ ਇਸਤ੍ਰੀ ਹੈ। ਨਾਦ ਬਿਨੋਦ ਵਿਚ ਵੀ ਮੇਘ ਰਾਗ ਦੀ ਰਾਗਨੀ ਦੱਸੀ ਹੈ 'ਸੋਰਠੀ'। ਸੋਰਾਖਰ ਕਾਠੀਆਵਾੜ ਦਾ ਨਾਮ ਹੈ। ਹੋ ਸਕਦਾ ਹੈ ਸੋਰਠਿ ਪਦ ਉਸ ਤੋਂ ਬਣਿਆ ਹੋਵੇ ਤੇ ਇਸ ਰਾਗ 'ਸੋਰਠਿ' ਦਾ ਅਰੰਭ ਉਸੇ ਇਲਾਕੇ ਤੋਂ ਹੋਇਆ ਹੋਵੇ। ਸੋਰਠਿ ਰਾਗਨੀ ਸਬੰਧੀ ਜੋ ਖੋਜ ਸੰਗੀਤ ਗ੍ਰੰਥਾਂ ਵਿਚ ਸਤਿਕਾਰ ਯੋਗ ਡਾਕਟਰ ਚਰਨ ਸਿੰਘ ਜੀ ਨੇ ਕੀਤੀ ਹੈ ਤੇ ਉਨ੍ਹਾਂ ਦੇ ਰਚਤ ਗ੍ਰੰਥ 'ਬਾਣੀ ਬਿਉਰਾ' ਵਿਚ ਛਪੀ ਸੀ, ਉਹ ਇਸ ਹੇਠ ਲਿਖੇ ਅਨੁਸਾਰ ਹੈ। ਸ੍ਰੀ ਮੁਖਵਾਕ ਹੈ:

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥

(ਵਾਰ ਸੋਰਠਿ ਮ: ੧-੧)

ਤਥਾ—

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥

(ਵਾਰਾਂ ਤੇ ਵਧੀਕ ਸਲੋਕ ਮ: ੫-੫)

ਨਾਦ ਬਿਨੋਦ ਵਿਚ ਮੇਘ ਰਾਗ ਦੀ ਰਾਗਨੀ ਸੋਰਠੀ ਲਿਖੀ ਹੈ। ਅੰਸ ਨਯਾਸ ਗ੍ਰਹਿ ਇਸ ਦਾ ਖਰਜ ਹੈ। ਅੱਧੀ ਰਾਤ ਨੂੰ ਗਾਈਦੀ ਹੈ, ਪ੍ਰੰਤੂ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਨਟ ਨਾਰਾਇਨ ਦੀ ਇਸਤ੍ਰੀ ਲਿਖੀ ਹੈ। ਨਟ ਦੀ ਛਾਯਾ ਸਮੇਤ ਹੈ, ਅੱਧੀ ਰਾਤ ਨੂੰ ਗਾਈਦੀ ਹੈ। ਸੰਪੂਰਨ ਹੈ—ਸਾ, ਰੇ, ਗਾ, ਮਾ, ਪਾ, ਧਾ, ਨੀ, ਸਾ। ਇਹ ਸਾਰਾ ਰਾਗਾਰਣਵ ਦਾ ਮਤ ਹੈ। ਹਰਬੱਲਭ ਲਿਖਦਾ ਹੈ:

ਤੀਨੋ ਪੰਚਮ ਸੁਰਹਿਤੇ ਖਾਡ ਖਾਡਵ ਰਿਖਭ ਬਹੀਨ ॥
ਪ੍ਰਿਥਮ ਪਹਿਰ ਪਰ ਸੋਰਠੀ ਗਾਵੈ ਬੜੈ ਪ੍ਰਬੀਨ ॥

ਅੰਸ ਗ੍ਰਹਿ ਨਯਾਸ ਪੰਚਮ ਹੈ। ਰਿਖਕ ਵਰਜਿਤ ਖਾਡਵ ਹੈ। ਪਾ, ਧਾ, ਨੀ, ਸਾ, ਗਾ, ਮਾ, ਪਾ। ਪਹਿਰ ਰਾਤ ਗਈ ਗਾਈਦੀ ਹੈ। ਇਸਦਾ ਨਾਉ ਸੋਰਾਸ਼ਟਰੀ ਵੀ ਕਹਿੰਦੇ ਹਨ। ਮਾਨ ਕੰਤੂਹਲ ਵਿਚ ਲਿਖਿਆ ਹੈ: ਬੰਗਲਾ, ਗੂਜਰੀ, ਪੰਚਮ, ਗੰਧਾਰ, ਭੈਰਵੀ ਇਹ ਸਭੇ ਮਿਲ ਕੇ ਸੋਰਠੀ ਬਣਦੀ ਹੈ, ਪ੍ਰੰਤੂ ਬੁਧ ਪ੍ਰਕਾਸ਼ ਵਿਚ ਮੇਘ ਰਾਗ ਦੀ ਇਸਤ੍ਰੀ ਕਹੀ ਹੈ, ਜੇਹਾ ਕੁ:

ਸਾਰਸ ਕੀ ਸੁਰ ਤੇ ਸੁਰ ਸੋਧ ਲਈ ਸਭ ਮਹਿ ਅਧਿਕਾਨੀ ॥
ਸਿਧਵੀ ਕਾਨਰ ਕਾਫੀ ਮਲਾਰ ਮਿਲੇ ਬਡਹੰਸ ਤੇ ਸੋਰਠ ਜਾਨੀ ॥
ਸੁਰਠੀ ਕੀ ਸੁਰ ਸੋਧਿਕੈ ਰੂਪ ਰੇਖ ਮਨ ਲਾਇ ॥
ਤੀਨ ਪਹਿਰ ਦਿਨ ਟਾਰਿ ਕੈ ਤਬ ਸੋਰਠੀ ਸੁਨਾਇ ॥

ਰਾਗ ਮਾਲਾ ਵਿਚ ਇਸ ਨੂੰ ਮੇਘ ਦੀ ਇਸਤ੍ਰੀ ਕਰ ਕੇ ਲਿਖਿਆ ਹੈ:

ਜੇਹਾ ਕੁ ਸੋਰਠਿ ਗੋਂਡ ਮਲਾਰੀ ਧੁਨੀ ॥

ਸੁਰ ਤਾਲ ਸੰਬੂਹ ਵਿਚ ਭੈਰਵਾਂ ਦੀ ਨੂੰਹ ਕਰਕੇ ਲਿਖੀ ਹੋਈ ਹੈ।

ਸੁਰਗੁਰੁ—ਨਿਖਾਧ ਹੈ। ਬਾਦੀ—ਨਿਖਾਧ ਕੋਮਲ ਹੈ। ਸੰਬਾਦੀ—ਧੈਵਤ ਤੀਬਰ ਹੈ। ਅਨਬਾਦੀ—ਰਿਖਭ ਤੀਬਰ ਹੈ। ਮਧਮ, ਪੰਚਮ ਸ਼ੁੱਧ ਹੈ। ਖਰਜ, ਮਧਮ, ਪੰਚਮ ਸ਼ੁਧ ਹੈ। ਰਿਖਭ, ਗੰਧਾਰ, ਧੈਵਤ ਤੀਬਰ ਹੈ। ਨਿਖਾਧ—ਕੋਮਲ।

ਖਾੜਵ ਹੈ—ਨੀ, ਮਾ, ਰੇ, ਮਾ, ਪਾ, ਧਾ,

ਸਾਰੰਗ, ਗੂਜਰੀ, ਪੰਚਮ ਗੰਧਾਰ; ਭੈਰਵੀ ਤੇ ਬੰਗਾਲੀ ਮਿਲ ਕੇ ਸੋਰਠਿ ਬਣਦੀ ਹੈ।

ਵੇਲਾ—ਪਹਿਰ ਰਾਤ ਗਈ ਗਾਈਦੀ ਹੈ।

ਸੋਰਠੀ, ਸੋਰਠ ਇਕੋ ਨਾਉਂ ਹੈ।

ਇਸਦੇ ਦੋ ਭੇਦ ਹਨ:—

੧. ਸਾਰੰਗ ਸੋਰਠ।
੨. ਗਿਰਧਾਰੀ ਸੋਰਠ।

ਮੌਸਮ ਇਸਦਾ ਸਰਦ ਰਿਤੂ ਹੈ।

ਠਾਠ ਮੂਜਬ ਵਰਣਨ ਕਰਨ ਵਾਲੇ ਇਉਂ ਕਰਦੇ ਹਨ:

ਅਰੋਹੀ : ਸਾ, ਰੇ, ਮਾ, ਪਾ, ਨੀ, ਸਾ।

ਅਵਰੋਹੀ : ਸਾ, ਨੀ, ਧਾ, ਪਾ, ਮਾ, ਗਾ, ਰੇ, ਸਾ।

(ਬਾਣੀ ਸਫ਼ਾ ੪੭੩ ਤੋਂ ਗੁਰੂ ਗ੍ਰੰਥ ਬਾਣੀ ਬਿਉਰਾ)

ਪਦ ਅਰਥ : ਆਇਆ—ਆਇਆ, ਜੋ ਜੰਮਦੇ ਹਨ। ਮਰਣਾ—ਮੌਤ। ਮਰਣਾ ਆਇਆ—ਜੰਮਦੇ ਹਨ ਤੇ ਮਰਦੇ ਹਨ, ਜੋ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਵਿਛੋੜਾ—ਪ੍ਰਭੂ ਚਰਨਾਂ ਤੋਂ ਵਿਛੋੜਾ। ਆਗੈ—ਪ੍ਰਭੂ ਦੀ ਹਜ਼ੂਰੀ ਵਿਚ। ਕਿਨਾਹ—ਕਿਹੜੇ ਬੰਦਿਆਂ ਨੂੰ। ਵੇਦਨ—ਪੀੜ, ਮਾਨਸਕ ਦੁੱਖ।੧।

ਭੀ—ਮੁੜ-ਮੁੜ। ਸਾਚਾ—ਸਦਾ-ਥਿਰ ਰਹਿਣ ਵਾਲਾ। ਜਾ ਕੀ—ਜਿਸ ਪ੍ਰਭੂ ਦੀ।ਰਹਾਉ।

ਵਡਾ ਕਰਿ—ਵੱਡੋ ਕਰਕੇ, ਇਹ ਆਖ ਕੇ ਕਿ ਉਹ ਸਭ ਤੋਂ ਵੱਡਾ ਹੈ। ਕਿ ਹੋਇ—ਕੀ ਲਾਭ ਹੋ ਸਕਦਾ ਹੈ ? ਕੋਈ ਭੀ ਲਾਭ ਨਹੀਂ ਹੋ ਸਕਦਾ। ਰੁੰਨੈ—ਰੋਇਆ।੨।

ਕੋਟ—ਕਿਲ੍ਹੇ। ਗੜ—ਕਿਲ੍ਹੇ। ਕੇਤੀ—ਬਥੇਰੀ ਲੁਕਾਈ। ਵਜਾਇ—(ਨੌਬਤ) ਵਜਾ ਕੇ। ਅਸਮਾਨਿ—ਅਕਾਸ਼ ਤਕ। ਨ ਮਾਵਨੀ—ਨ ਮਾਵਨਿ, ਨਹੀਂ ਮਿਉਂਦੇ। ਤਿਨ ਨਕਿ—ਉਨ੍ਹਾਂ ਦੇ ਨੱਕ ਵਿਚ। ਨਥਾ ਪਾਇ—ਨਥਾਂ ਪਾਂਦਾ ਹੈ, ਆਕੜ ਭੰਨਦਾ ਹੈ। ਮਨ—ਹੇ ਮਨ। ਸੂਲੀਆ—ਦੁੱਖ ਕਲੇਸ਼। ਕਾਹੇ—ਕਿਉਂ ? ਮਿਠਾ ਖਾਹਿ—ਤੂੰ ਮਿੱਠਾ ਖਾਂਦਾ ਹੈਂ, ਤੂੰ ਦੁਨੀਆ ਦੇ ਭੋਗ ਭੋਗਦਾ ਹੈਂ।੩।

ਅਉਗਣ—ਵਿਕਾਰ, ਪਾਪ। ਤੇਰੇ—ਇਹ ਸਾਰੇ। ਗਲੀ—ਗਲਾਂ ਵਿਚ। ਜੰਜੀਰ—ਫਾਹੀਆਂ। ਕਟੀਅਨਿ—ਕਟੇ ਜਾਂਦੇ ਹਨ। ਸਿ-ਏਹੀ। ਅਗੈ ਗਏ—ਸਾਡੇ ਨਾਲੇ ਗਏ ਹੋਏ। ਮੰਨੀਅਨਿ—ਮੰਨੇ ਜਾਂਦੇ ਹਨ, ਆਦਰ ਪਾਂਦੇ ਹਨ। ਵੇਪੀਰ—ਬੇ-ਮੁਰਸ਼ਦੇ, ਵਸ ਵਿਚ ਨਾ ਆਉਣ ਵਾਲੇ।੪।

ਅਰਥ :

ਪ੍ਰ: ਹੇ ਗੁਰੋ! ਜੋ ਸੰਸਾਰ ਵਿਚ ਜਨਮ ਧਾਰ ਕੇ ਆਇਆ ਹੈ, ਉਨ੍ਹਾਂ ਵਿਚੋਂ ਉਹ ਕੌਣ ਹੈ, ਜਿਸ ਦਾ ਮਰਨਾ ਤੇ ਵਿਛੋੜਾ ਨਾ ਹੁੰਦਾ ਹੋਵੇ ?

ਉ: ੧. ਹੇ ਭਾਈਓ! ਜੋ ਵੀ ਜੀਵ ਧਾਰੀ ਸੰਸਾਰ ਵਿਚ ਆਇਆ ਹੈ, ਉਸਨੂੰ ਮਰਨਾ (ਅਵੱਸ਼ ਹੀ ਪੇਸ਼) ਆਉਂਦਾ ਹੈ ਅਤੇ ਸਭਨਾਂ ਨੂੰ ਵਿਛੋੜਾ ਹੁੰਦਾ ਹੈ, ਭਾਵ ਹੈ ਕਿ ਐ ਪਿਆਰਿਓ! ਮੌਤ ਸਭ ਦੇ ਸਿਰ 'ਤੇ ਖੜੀ ਹੈ ਤੇ ਆਪੋ ਵਿਚ ਸਭਨਾਂ ਨੂੰ ਹੀ ਇਕ ਦੂਜੇ ਤੋਂ ਵਿਛੜਨਾ ਪੈਂਦਾ ਹੈ।

ਪ੍ਰ: ਹਜ਼ੂਰ! ਇਹ ਭੀ ਦੱਸ ਦਿਓ ਕਿ ਜੋ ਮਰਨ ਵਾਲੇ ਵਿਛੜ ਕੇ ਚਲੇ ਗਏ ਹਨ, ਉਨ੍ਹਾਂ ਵਿਚੋਂ ਅੱਗੇ ਜਾ ਕੇ ਰੱਬੀ ਮਿਲਾਪ ਕਿਨ੍ਹਾਂ ਦਾ ਹੋਵੇਗਾ ?

ਉ: ੨. ਹੇ ਭਰਾਵੋ! ਅਸਲ ਵਿਚ ਇਹ ਗੱਲ ਜਾ ਕੇ ਸਿਆਣਿਆਂ ਨੂੰ ਪੁੱਛੋ ਕਿ ਅੱਗੇ ਜਾ ਕੇ ਕਿਨ੍ਹਾਂ ਦਾ ਮੇਲ ਹੋਵੇਗਾ।

ਪ੍ਰ: ਹਜ਼ੂਰ! ਸਿਆਣੇ ਤਾਂ ਆਪ ਹੀ ਹੋ, ਕਿਰਪਾ ਕਰ ਕੇ ਤੁਸੀਂ ਦੱਸ ਦਿਓ।

ਉ: ੩. ਹੇ ਭਾਈ! ਅਸਲ ਗੱਲ ਤਾਂ ਇਹੋ ਹੈ ਕਿ ਜਿਨ੍ਹਾਂ ਨੂੰ (ਜੀਉਂਦੇ ਜੀ) ਮੇਰਾ ਮਾਲਕ (ਵਾਹਿਗੁਰੂ) ਭੁੱਲਿਆ ਰਹਿੰਦਾ ਹੈ, ਉਨ੍ਹਾਂ ਨੂੰ ਵੱਡੀ ਪੀੜਾ (ਵਿਛੜਨ ਦਾ ਸਲ) ਹੁੰਦੀ ਹੈ।੧।

ਪ੍ਰ: ਕਿਉਂ ਜੀ! ਤਾਂ ਫਿਰ ਸੁੱਖ ਕਿਵੇਂ ਪ੍ਰਾਪਤ ਹੋਵੇ ?

ਉ: ੪-੫. ਹੇ ਭਾਈਓ! ਤਾਂ ਤੇ ਹੁਣ ਜੀਉਂਦੇ ਜੀਅ, ਉਸ ਸੱਚੇ ਨੂੰ ਬਾਰ-ਬਾਰ ਸਲਾਹੋ, ਜਿਸ ਦੀ ਮਿਹਰ ਦੀ ਨਜ਼ਰ ਨਾਲ ਸਦਾ ਸੁੱਖ ਪ੍ਰਾਪਤ ਹੁੰਦਾ ਹੈ।ਰਹਾਉ।

ਪ੍ਰ: ਸ੍ਰੀ ਜੀਉ! ਉਸਦੀ ਸਿਫ਼ਤ ਕਰਨ ਵੇਲੇ ਮਨ ਵਿਚ ਵਿਸ਼ਵਾਸ ਕੀ ਹੋਵੇ ?

ਉ: ੬. ਉਸ ਨੂੰ ਮਨ ਵਿਚ ਸਭ ਤੋਂ ਵਡੇਰਾ ਜਾਣ ਕੇ ਉਸ ਦੀ ਸਿਫ਼ਤਿ-ਸਾਲਾਹ ਕਰਦੇ ਰਹੋ, (ਕਿਉਂਕਿ ਉਹ ਹੁਣ) ਵੀ ਹੈ ਤੇ ਅੱਗੋਂ ਨੂੰ ਵੀ ਹੋਵੇਗਾ।

੭. (ਯਕੀਨ ਇਹੋ ਰੱਖੋ) ਕਿ ਹੇ ਪ੍ਰਭੂ! ਸਭਨਾਂ ਦਾ ਦਾਤਾ ਇਕ ਤੂੰਹੀ ਹੈਂ। ਕਿਸੇ ਮਨੁੱਖ ਦੀ ਦਿੱਤੀ ਹੋਈ ਦਾਤ (ਤੇਰੀ ਦਾਤ ਦੇ ਬਰਾਬਰ) ਹੋ ਹੀ ਨਹੀਂ ਸਕਦੀ।

੮. ਅੰਦਰ ਵਿਸ਼ਵਾਸ ਭੀ ਇਉਂ ਪੱਕਾ ਹੋਵੇ ਕਿ ਜੋ ਵੀ ਉਸ ਨੂੰ ਭਾਉਂਦਾ ਹੈ, ਉਹੋ ਕੁਝ ਹੁੰਦਾ ਹੈ, ਇਸਤ੍ਰੀਆਂ ਵਾਂਗੂੰ ਰੋਣੇ ਨਾਲ ਕੀ ਬਣਦਾ ਹੈ।੨।

ਪ੍ਰ: ਹਜ਼ੂਰ! ਬੜਾ ਜਤਨ ਕਰਦੇ ਹਾਂ ਕਿ ਸੰਸਾਰ ਦੇ ਮਹਿਲ ਮਾੜੀਆਂ ਤੇ ਹਕੂਮਤਾਂ ਦਾ ਮਾਣ ਛੱਡ ਦਿੱਤਾ ਜਾਏ ਤੇ ਕਾਲ ਹਰ ਵਕਤ ਚੇਤੇ ਰਹੇ ਅਤੇ ਵੈਰਾਗ ਪੈਦਾ ਹੋਵੇ, ਪਰ ਇਹ ਕੁਝ ਸਾਡੇ ਪਾਸੋਂ ਹੋ ਹੀ ਨਹੀਂ ਸਕਦਾ, ਕੋਈ ਆਪ ਹੀ ਉਪਾਉ ਦੱਸ ਦਿਓ।

ਉ: ੯. ਹੇ ਪਿਆਰਿਓ! ਇਸ ਦਾ ਤਾਂ ਇਕ ਇਹੋ ਹੀ ਸਾਧਨ ਹੈ ਕਿ ਇਕੱਲਿਆਂ ਬੈਠ ਕੇ ਇਉਂ ਵੀਚਾਰ ਕਰਦੇ ਰਹੋ ਕਿ ਹੇ ਮਨਾ! ਵੇਖ ਇਸ ਧਰਤੀ ਉੱਤੇ (ਇਕ ਨਹੀਂ) ਅਨੇਕਾਂ ਆਏ, ਜੋ ਕਿਲ੍ਹੇ ਆਦਿਕ ਬਣਾ ਕੇ, ਆਪਣੀਆਂ ਰਾਜ ਭਾਗ ਦੀਆਂ ਤਾਕਤਾਂ ਦਾ ਢੋਲ ਵਜਾ ਕੇ (ਆਖ਼ਰ) ਚਲੇ ਗਏ।

੧੦. ਹੇ ਮਿੱਤਰਾ ਵੇਖ! ਜੋ ਕਿ ਐਡੇ ਹੰਕਾਰੇ ਹੋਏ ਸਨ ਕਿ ਮਾਨੋ ਅਸਮਾਨ ਵਿਚ ਭੀ ਨਹੀਂ ਸਨ ਸਮਾਉਂਦੇ, ਉਨ੍ਹਾਂ ਦੇ ਨੱਕਾਂ ਵਿਚ ਵੀ ਅੰਤ ਨੂੰ ਕਾਲ ਨੇ ਨੱਥਾਂ ਪਾਈਆਂ ਹਨ। (ਭਾਵ ਪ੍ਰਭੂ ਨੇ ਉਨ੍ਹਾਂ ਦੀ ਵੀ ਆਕੜ ਭੰਨ ਦਿੱਤੀ)।

ਪ੍ਰ: ਹਜ਼ੂਰ! ਇਹ ਤਾਂ ਠੀਕ ਹੈ, ਪਰ ਮਨ ਇਹ ਸਭ ਕੁਝ ਸੁਣਦਾ ਹੋਇਆ ਵੀ ਸਮਝਦਾ ਨਹੀਂ, ਕੋਈ ਸੁਖੈਨ ਸਾਧਨ ਦੱਸ ਦਿਓ।

ਉ: ੧੧. ਹੇ ਪਿਆਰਿਓ! ਇਕੱਲਿਆਂ ਬੈਠ ਕੇ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰੋ ਕਿ ਹੇ ਮਨ! ਜੇ ਕਰ (ਤੂੰ ਹੁਣ) ਇਹ ਗੱਲ ਸਮਝ ਲਵੇਂ ਕਿ ਇਸ ਦੁਨੀਆ ਦੇ ਮੌਜ ਮੇਲਿਆਂ ਦਾ ਨਤੀਜਾ (ਪਾਪਾਂ ਦਾ ਫਲ) ਸੂਲੀਆਂ ਵਰਗਾ ਦੁੱਖ ਹੁੰਦਾ ਹੈ ਤਾਂ ਤੂੰ ਵਿਸ਼ਿਆਂ ਦੇ ਭੋਗਾਂ ਵਿਚ ਮਸਤ ਕਿਉਂ ਰਹੇਂ, ਭਾਵ ਵਿਸ਼ੇ ਸੁੱਖ ਕਿਉਂ ਭੋਗੇਂ।੩।

ਪ੍ਰ: ਹੇ ਗੁਰੋ! ਤਾਂ ਫਿਰ ਦੱਸੋ ਕਿ ਇਨ੍ਹਾਂ ਗੁਨਾਹਾਂ ਵਲੋਂ ਮਨ ਵਿਚ ਵੈਰਾਗ ਕਿਵੇਂ ਉਪਜੇ ?

ਉ: ੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮਨ ਨੂੰ ਇਉਂ ਸਮਝਾਓ ਕਿ ਹੇ ਮਨਾ! ਵੇਖ, ਇਹ (ਜੀਵ) ਜਿਤਨੇ ਭੀ ਔਗੁਣ (ਕਮਾਉਂਦੇ ਹਨ) ਇਹ ਉਤਨੇ ਹੀ (ਇਨ੍ਹਾਂ ਜੀਵਾਂ

ਦੇ) ਗਲੇ ਵਿਚ ਸੰਗਲ ਪਏ ਹੋਏ ਜਾਣੋ। ਇਹ ਹੋਰ-ਹੋਰ ਪਾਪਾਂ ਵੱਲ ਧਰੂਹ ਕੇ ਲੈ ਜਾਂਦੇ ਹਨ।

ਪ੍ਰ: ਹਜ਼ੂਰ! ਤਾਂ ਫਿਰ ਇਹ ਜੀਵ ਦੇ ਗਲੇ ਵਿਚ ਪਾਪਾਂ ਦੇ ਪਏ ਹੋਏ ਸੰਗਲ ਕਿਵੇਂ ਕੱਟੇ ਜਾਣ ?

ਉ: ੧੩. ਪਰ ਹਾਂ, ਜੇ ਜੀਵ ਦੇ ਪਲੇ ਗੁਣ ਹੋਣ ਤਾਂ (ਉਹ ਸੰਗਲ) ਕੱਟੇ ਜਾਂਦੇ ਹਨ, ਤਾਂ ਫਿ ਸਮਝ ਲਓ ਕਿ ਉਹੋ ਹੀ ਗੁਣ ਜੀਵ ਦੇ ਮਿੱਤ੍ਰ ਹਨ, ਓਹੀ ਭਰਾ ਹਨ।

੧੪. ਹੇ ਭਾਈਓ! ਯਾਦ ਰੱਖੋ ਕਿ ਜੋ ਲੋਕ ਬੇ-ਪੀਰ ਨਿਗੁਰੇ ਹਨ, ਉਹ ਅੱਗੇ ਜਾ ਕੇ ਆਦਰ ਨਹੀਂ ਪਾਉਂਦੇ। ਉਨ੍ਹਾਂ ਲਈ ਤਾਂ ਇਹੋ ਹੁਕਮ ਹੁੰਦਾ ਹੈ ਕਿ ਇਨ੍ਹਾਂ ਨਿਗੁਰੇ ਲੋਕਾਂ ਨੂੰ ਦਰਗਾਹੋਂ ਮਾਰ-ਮਾਰ ਕੇ ਕੱਢ ਦਿਓ।੪।੧।

ਭਾਵਾਰਥ : ਸ਼ਬਦ ਦੇ ਆਰੰਭ ਵਿਚ ਹਜ਼ੂਰ ਨੇ ਜਗਤ ਵਿਚ ਪੈਦਾ ਹੋਣ ਵਾਲੇ ਹਰ ਜੀਵ ਦਾ ਅਵੱਸ਼ ਸੰਸਾਰਕ ਸੰਬੰਧੀਆਂ ਤੇ ਮਾਇਕੀ ਪਦਾਰਥਾਂ ਦਾ ਵਿਛੋੜਾ ਹੋ ਜਾਣਾ ਬਿਆਨ ਕੀਤਾ ਹੈ। ਜੀਉਂਦੇ ਜੀਅ ਜਿਨ੍ਹਾਂ ਮਨੁੱਖਾਂ ਦਾ ਵਾਹਿਗੁਰੂ ਜੀ ਤੋਂ ਵਿਛੋੜਾ ਰਹਿੰਦਾ ਹੈ, ਉਨ੍ਹਾਂ ਨੂੰ ਉਸ ਵਿਛੋੜੇ ਦਾ ਸਲ ਸਦਾ ਹੀ ਬਣਿਆ ਰਹਿੰਦਾ ਹੈ।

ਰਹਾਉ ਵਿਚ ਉਸ ਸੱਚੇ ਸਾਹਿਬ ਦੀ ਹੀ ਸਿਫ਼ਤਿ-ਸਾਲਾਹ ਕਰਨ ਦੀ ਪ੍ਰੇਰਣਾ ਕਰਦੇ ਹਨ, ਜਿਸ ਸਾਈਂ ਦੀ ਮਿਹਰ ਦੀ ਨਜ਼ਰ ਦੁਆਰਾ ਸਦਾ ਹੀ ਅਬਿਨਾਸੀ ਸੁੱਖ ਪ੍ਰਾਪਤ ਹੁੰਦਾ ਹੈ।

ਫਿਰ ਸੰਸਾਰ ਦੇ ਮਾਇਕੀ ਪਦਾਰਥਾਂ ਵਲੋਂ ਵੈਰਾਗ ਪੈਦਾ ਕਰਨ ਲਈ ਹਰ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਐ ਭਾਈਓ! ਇਸ ਧਰਤੀ 'ਤੇ ਕਿਤਨੇ ਹੀ ਲੋਕ ਕਿਲ੍ਹੇ ਕੋਟ ਬਣਾ ਕੇ ਚਲੇ ਗਏ ਹਨ। ਉਹ ਰਾਜ-ਭਾਗ ਦੀਆਂ ਨੌਬਤਾਂ ਕੁਝ ਦਿਨ ਵਜਾ ਕੇ ਤੁਰ ਗਏ, ਜੋ ਇਤਨੇ ਵੱਡੇ ਹੰਕਾਰੀ ਸਨ ਕਿ ਮਾਨੋ ਅਕਾਸ਼ ਵਿਚ ਭੀ ਨਹੀਂ ਸਨ ਸਮਾਉਂਦੇ, ਅੰਤ ਨੂੰ ਕਾਲ ਨੇ ਉਨ੍ਹਾਂ ਦੇ ਵੀ ਨੱਕ ਵਿਚ ਨੱਥਾਂ ਪਾਈਆਂ ਹਨ।

ਇਸ ਲਈ ਪ੍ਰੇਰਣਾ ਕਰਦੇ ਹਨ ਕਿ ਐ ਜੀਵੋ! ਜਿਤਨੇ ਭੀ ਔਗੁਣ ਕਰਦੇ ਹੋ, ਇਹ ਉਤਨੇ ਹੀ ਗਲੇ ਵਿਚ ਸੰਗਲ ਪੈ ਰਹੇ ਜਾਣੋ, ਪਰ ਇਹ ਔਗੁਣਾਂ ਦੇ ਸੰਗਲ ਤਾਂ ਹੀ ਕੱਟੇ ਜਾ ਸਕਦੇ ਹਨ, ਜੇਕਰ ਮਨੁੱਖ ਦੇ ਪੱਲੇ ਗੁਣ ਹੋਣ। ਇਹੋ ਹੀ ਗੁਣ ਮਨੁੱਖ ਦੇ ਮਿੱਤ੍ਰ ਦੋਸਤ ਬਣ ਕੇ ਸਹਾਇਕ ਹੁੰਦੇ ਹਨ, ਪਰ ਨਿਗੁਰੇ ਰੱਬੀ ਦਰਬਾਰ ਵਿਚੋਂ ਮਾਰ ਕੇ ਬਾਹਰ ਕੱਢ ਦਿੱਤੇ ਜਾਣਗੇ।

ਸੋਰਠਿ ਮਹਲਾ ੧ ਘਰੁ ੧ ॥

੧. ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤੁ ॥

੨. ਨਾਮੁ ਬੀਜੁ ਸੰਤੋਖੁ ਸੁਹਾਗਾ
ਰਖੁ ਗਰੀਬੀ ਵੇਸੁ ॥

੩. ਭਾਉ ਕਰਮ ਕਰਿ ਜੰਮਸੀ
ਸੇ ਘਰ ਭਾਗਠ ਦੇਖੁ ॥੧॥

੪. ਬਾਬਾ ਮਾਇਆ ਸਾਥਿ ਨ ਹੋਇ ॥

੫. ਇਨਿ ਮਾਇਆ ਜਗੁ ਮੋਹਿਆ
ਵਿਰਲਾ ਬੂਝੈ ਕੋਇ ॥ ਰਹਾਉ ॥

੬. ਹਾਣੁ ਹਟੁ ਕਰਿ ਆਰਜਾ
ਸਚੁ ਨਾਮੁ ਕਰਿ ਵਥੁ ॥

੭. ਸੁਰਤਿ ਸੋਚ ਕਰਿ ਭਾਂਡਸਾਲ
ਤਿਸੁ ਵਿਚਿ ਤਿਸ ਨੋ ਰਖੁ ॥

੮. ਵਣਜਾਰਿਆ ਸਿਉ ਵਣਜੁ ਕਰਿ
ਲੈ ਲਾਹਾ ਮਨ ਹਸੁ ॥੨॥

੯. ਸੁਣਿ ਸਾਸਤ ਸਉਦਾਗਰੀ
ਸਤੁ ਘੋੜੇ ਲੈ ਚਲੁ ॥

੧੦. ਖਰਚੁ ਬੰਨੁ ਚੰਗਿਆਈਆ
ਮਤੁ ਮਨ ਜਾਣਹਿ ਕਲੁ ॥

੧੧. ਨਿਰੰਕਾਰ ਕੈ ਦੇਸਿ ਜਾਹਿ
ਤਾ ਸੁਖਿ ਲਹਹਿ ਮਹਲੁ ॥੩॥

੧੨. ਲਾਇ ਚਿਤੁ ਕਰਿ ਚਾਕਰੀ
ਮੰਨਿ ਨਾਮੁ ਕਰਿ ਕੰਮੁ ॥

੧੩. ਬੰਨੁ ਬਦੀਆ ਕਰਿ ਧਾਵਣੀ
ਤਾ ਕੋ ਆਖੈ ਧੰਨੁ ॥

੧੪. ਨਾਨਕ ਵੇਖੈ ਨਦਰਿ ਕਰਿ
ਚੜੈ ਚਵਗਣ ਵੰਨੁ ॥੪॥੨॥

ਪਦ ਅਰਥ : ਹਾਲੀ—ਹਲ ਵਾਹੁਣ ਵਾਲਾ। ਕਿਰਸਾਣੀ—ਵਾਹੀ ਦਾ ਕੰਮ। ਕਰਣੀ—ਉੱਚਾ ਆਚਰਨ। ਸਰਮ—ਲਾਜ, ਮਿਹਨਤ, ਉੱਦਮ। ਰਖੁ—ਰਾਖਾ। ਗਰੀਬੀ ਵੇਸੁ—ਸਾਦਾ ਲਿਬਾਸ, ਸਾਦਗੀ, ਸਾਦਾ ਜੀਵਨ। ਭਾਉ—ਪ੍ਰੇਮ। ਕਰਮ—ਬਖ਼ਸ਼ਸ਼। ਕਰਮ ਕਰਿ—ਪਰਮੇਸ਼ਰ ਦੀ ਮਿਹਰ ਨਾਲ। ਜੰਮਸੀ—ਉਗੇਗਾ, ਪੈਦਾ ਹੋਵੇਗਾ। ਭਾਗਠ—ਭਾਗਾਂ ਵਾਲੇ, ਧਨਾਢ।੧।

ਬਾਬਾ—ਹੇ ਭਾਈ! ਇਨਿ—ਇਸ ਨੇ।ਰਹਾਉ।

ਹਾਣੁ—ਬੀਤਣਾ, ਗੁਜ਼ਰਨਾ। ਆਰਜਾ ਹਾਣੁ—ਉਮਰ ਦਾ ਬੀਤਣਾ, ਸੁਆਸਾਂ ਦਾ ਚਲਣਾ, ਹਰੇਕ ਸੁਆਸ ਦੇ ਨਾਲ ਨਾਮ ਨੂੰ ਪਾਉਣਾ। ਹਟੁ—ਦੁਕਾਨ। ਵਥੁ—ਸੌਦਾ। ਸੋਚ—ਵਿਚਾਰ। ਭਾਂਡਸਾਲ—ਭਾਂਡਿਆਂ ਦੀ ਕਤਾਰ, ਸੌਦੇ ਦੇ ਮਾਲ ਦੇ ਭਰੇ ਭਾਂਡੇ ਰੱਖਣ ਦੀ ਥਾਂ। ਤਿਸੁ ਵਿਚਿ—ਉਸ ਭਾਂਡਸਾਲ ਵਿਚ। ਤਿਸ ਨੋ—ਉਸ ਨਾਮ ਵਥ ਨੂੰ। ਵਣਜਾਰੇ—ਸਤਸੰਗੀ। ਮਨ ਹਸ—ਮਨ ਦਾ ਹਾਸਾ, ਮਨ ਦਾ ਖਿੜਾਉ।੨।

ਸਾਸਤ—ਧਰਮ ਪੁਸਤਕ। ਸਤੁ—ਉੂਚਾ ਆਚਰਨ। ਮਨ—ਹੇ ਮਨ! ਮਤ ਜਾਣਹਿ ਕਲੁ—ਮਤਾਂ ਕਲ ਜਾਣੇ, ਕੱਲ 'ਤੇ ਨਾ ਪਾਈਂ। ਦੇਸਿ—ਦੇਸ ਵਿਚ। ਸੁਖਿ—ਸੁਖ ਵਿਚ, ਆਤਮਿਕ ਅਨੰਦ ਵਿਚ। ਮਹਲੁ—ਟਿਕਾਣਾ।੩।

ਚਾਕਰੀ—ਨੌਕਰੀ। ਕੰਮੁ—ਨੌਕਰੀ ਦਾ ਕੰਮ। ਬੰਨੁ—ਰੋਕ ਰੱਖ। ਧਾਵਣੀ—ਨੌਕਰੀ ਦੀ ਦੌੜ ਭੱਜ। ਤਾਂ—ਤਦੋਂ ਹੀ। ਧੰਨੁ—ਸਾਬਾਸੇ। ਚਵਗਣ—ਚੌਗਣਾ। ਵੰਨੁ—ਰੰਗ।੪।

ਉਥਾਨਕਾ : ਇਕ ਦਫ਼ਾ ਪਿਤਾ ਕਾਲੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਪੁੱਤ੍ਰ ਤੂੰ ਸਦਾ ਉਪਰਾਮ ਹੀ ਦੇਖੀਦਾ ਹੈਂ ਅਤੇ ਇਸ ਲਈ ਤੁਸੀਂ ਆਪਣੇ ਮਨ ਦੇ ਪ੍ਰਚਾਵੇ ਲਈ ਖੇਤੀ ਦਾ ਹੀ ਕੰਮ ਕਰਵਾਉਣਾ ਆਰੰਭ ਲਓ, ਤਾਂ ਆਪ ਜੀ ਨੇ ਕਿਹਾ, ਪਿਤਾ ਜੀ ਮੈਂ ਤਾਂ ਖੇਤੀ ਦਾ ਕੰਮ ਅੱਗੇ ਹੀ ਆਰੰਭ ਰਖਿਆ ਹੈ, ਤਾਂ ਪਿਤਾ ਜੀ ਨੇ ਕਿਹਾ ਕਿ ਪੁੱਤ੍ਰ ਜੋ ਖੇਤੀ ਕਰਨ ਕਰਾਉਣ ਦੇ ਸੰਦ ਹੁੰਦੇ ਹਨ, ਉਹ ਤੁਹਾਡੇ ਪਾਸ ਕੋਈ ਵੀ ਨਜ਼ਰ ਨਹੀਂ ਆਉਂਦੇ, ਤਾਂ ਆਪ ਜੀ ਨੇ ਕਿਹਾ ਕਿ ਹੇ ਪਿਤਾ ਜੀ ! ਤੁਸੀਂ ਤਾਂ ਅਸਥੂਲ ਖੇਤੀ ਦਾ ਜ਼ਿਕਰ ਕਰਦੇ ਹੋ ਜੋ ਕਿ ਇਨ੍ਹਾਂ ਬਾਹਰਲੇ ਨੇਤ੍ਰਾਂ ਨਾਲ ਦੇਖੀ ਜਾਂਦੀ ਹੈ, ਪਰ ਸਾਡੀ ਖੇਤੀ ਅੰਤ੍ਰੀਵ ਸੂਖਮ ਹੈ, ਜੋ ਸੂਖਮ ਨੇਤ੍ਰਾਂ ਮਨ ਬੁਧੀ ਨਾਲ ਹੀ ਦੇਖੀ ਜਾ ਸਕਦੀ ਹੈ।

ਪ੍ਰ: ਹੇ ਪੁੱਤ੍ਰ ! ਦੇਖ ਕਿਰਸਾਣ ਦਾ ਖੇਤ ਹੁੰਦਾ ਹੈ, ਉਸ ਨੂੰ ਉਹ ਪਾਣੀ ਦੇਂਦਾ ਹੈ, ਰਾਖੀ ਕਰਦਾ ਹੈ, ਫਿਰ ਇਕ ਕਿਰਸਾਣ ਹਲ ਵਾਹੁਣ ਵਾਲਾ ਹੁੰਦਾ ਹੈ। ਇਹ ਪ੍ਰਤੱਖ ਖੇਤੀ ਦੀ ਪ੍ਰਤੱਖ ਸਮੱਗਰੀ ਵੇਖੀਦੀ ਹੈ, ਪਰ ਜਿਸ ਸੂਖਮ ਖੇਤੀ ਦਾ ਤੁਸੀਂ ਜ਼ਿਕਰ ਕਰਦੇ ਹੋ, ਉਸ ਦੀ ਸੂਖਮ ਸਮੱਗਰੀ ਕਿਹੜੀ ਹੈ, ਜ਼ਰਾ ਉਸ ਦਾ ਵੀ ਨਿਰਣਾ ਕਰ ਦਿਓ ਤਾਂਕਿ ਸਾਨੂੰ ਵੀ ਸਮਝ ਪੈ ਸਕੇ, ਤਾਂ ਆਪ ਜੀ ਪਿਤਾ ਜੀ ਨੂੰ ਆਤਮਿਕ ਉੱਚਤਾ ਪ੍ਰਾਪਤ ਕਰਾਉਣ ਵਾਲੀ ਦੈਵੀ ਗੁਣਾਂ ਵਾਲੀ ਕਿਰਸਾਣੀ ਕਰਨ ਦੀ ਪ੍ਰੇਰਣਾ ਕਰਦੇ ਹਨ, ਜੋ ਕਿ ਸਾਰਿਆਂ ਦੇ ਕਰਨ ਯੋਗ ਹੈ :

ਉ: ੧. ਪਿਤਾ ਜੀ ! ਜੋ ਮੈਂ ਕਿਰਸਾਣੀ ਕਰਦਾ ਹਾਂ, ਤੁਸੀਂ ਭੀ ਉਹੋ ਹੀ ਕਰਦੇ ਰਿਹਾ ਕਰੋ ! ਪੁੱਤਰ ਜੀ ! ਦੱਸੋ, ਉਹ ਕਿਹੜੀ ਖੇਤੀ ਹੈ, ਜਿਸ ਨੂੰ ਮੈਂ ਭੀ ਕਰਦਾ ਰਹਾਂ। ਸੁਣੋ, ਪਿਤਾ ਜੀ ! (ਆਪਣੇ) ਮਨ ਨੂੰ ਹਲ ਵਾਹੁਣ ਵਾਲਾ ਹਾਲੀ ਬਣਾਓ। (ਮਨ ਨੂੰ ਹਾਲੀ ਇਸ ਲਈ ਕਿਹਾ ਹੈ ਕਿ ਅਨਘੜਤ ਮਨ ਨੂੰ, ਮਨ ਹੀ ਸੁਰੱਖਿਅਤ ਕਰਦਾ ਤੇ ਸ਼ੁਭ ਗੁਣਾਂ ਨਾਲ ਭਰਪੂਰ ਕਰਦਾ ਹੈ) ਤੇ ਇਸ ਸਰੀਰ ਨੂੰ ਖੇਤ ਬਣਾਓ ਅਤੇ ਸ਼ਰਮ ਨੂੰ ਪਾਣੀ ਬਣਾ ਲਓ। (ਪਾਣੀ ਨੂੰ ਸ਼ਰਮ ਤਾਂ ਕਿਹਾ ਕਿ ਮਾੜੇ ਕਰਮ ਕਰਨ ਤੋਂ ਜੀਵ ਨੂੰ ਸ਼ਰਮ ਆਵੇ ਕਿ ਮੈਂ ਇਨਸਾਨ ਹੋ ਕੇ ਐਸੇ ਮਾੜੇ ਕਰਮ ਕਰਾਂ ਮੈਨੂੰ ਸ਼ਰਮ ਹੈ, ਭਾਵ ਹੈ ਜਦੋਂ ਇਨਸਾਨ ਨੂੰ ਬਹੁਤ ਤ੍ਰਿਖੀ ਸ਼ਰਮ ਆਵੇ ਤਾਂ ਮੁੜਕਾ-ਮੁੜਕਾ ਹੋ ਜਾਂਦਾ ਹੈ, ਕਿਹਾ ਵੀ ਇਸੀ ਤਰ੍ਹਾਂ ਜਾਇਆ ਕਰਦਾ ਹੈ ਕਿ ਮੈਨੂੰ ਤਾਂ ਐਨੀ ਸ਼ਰਮ ਆਈ ਕਿ ਮੈਂ ਪਾਣੀ-ਪਾਣੀ ਹੋ ਗਿਆ)।

ਪ੍ਰ: ਪੁੱਤ੍ਰ ਜੀ ! ਤੁਸਾਂ ਹਾਲੀ, ਖੇਤ, ਪਾਣੀ ਦਾ ਅੰਤ੍ਰੀਵ ਭਾਵ ਤਾਂ ਕਹਿ ਦਿੱਤਾ ਹੈ, ਪਰ ਕਿਰਸਾਣ ਬੀਜ ਬੀਜਦਾ ਹੈ, ਫਿਰ ਸੁਹਾਗਾ ਦਿਆ ਕਰਦਾ ਹੈ, ਖੇਤੀ ਦੀ ਰਾਖੀ ਲਈ ਰਾਖਾ ਵੀ ਬਿਠਾਇਆ ਕਰਦਾ ਹੈ, ਇਸ ਤਰ੍ਹਾਂ ਦੀ ਖੇਤੀ ਬਹੁਤ ਜੰਮਦੀ ਹੈ ਅਤੇ ਉਹ ਲੋਕ ਸ਼ਾਹੂਕਾਰ ਹੋ ਜਾਇਆ ਕਰਦੇ ਹਨ, ਇਸ ਦੇ ਬਾਰੇ ਵੀ ਸਮਝਾ ਦਿਓ।

ਉ: ੨. ਪਿਤਾ ਜੀ ! ਇਸ ਅੰਤਰੀਵ ਕਿਰਸਾਣੀ ਵਿਚ, ਬੀਜ ਨਾਮ ਦਾ ਪਾਓ, (ਨਾਮ ਨੂੰ ਬੀਜ ਇਸ ਲਈ ਕਿਹਾ ਹੈ ਕਿ ਮੂਲ ਵਸਤੂ ਇਹੋ ਹੀ ਹੈ, ਜਿਸ ਦੀ ਕਿ ਫ਼ਸਲ ਤਿਆਰ ਕਰਨੀ ਹੈ, ਜਿਵੇਂ ਖੇਤੀ ਵਿਚ ਬੀਜ ਮੂਲ ਵਸਤੂ ਹੁੰਦੀ ਹੈ) ਪਿਤਾ ਜੀ ! ਸੁਹਾਗਾ ਸੰਤੋਖ ਦਾ ਫੇਰੋ (ਸੁਹਾਗਾ, ਭਾਰਾ ਲੰਮਾ ਲਕੜੀ ਦਾ ਟੁੱਕੜਾ ਜੋ ਬੀਜ ਬੀਜ ਕੇ ਖੇਤ ਵਿਚ ਫੇਰਦੇ ਹਨ ਕਿ ਬੀਜ ਗੱਡ ਜਾਵੇ ਅਤੇ ਜਦ ਫੁਟੇ ਤਾਂ ਜੜ੍ਹ ਪੱਕੀ ਰਹੇ। ਦੂਜਾ ਉਸ ਦਾ ਭਾਵ ਹੁੰਦਾ ਹੈ ਕਿ ਚਿੜੀਆਂ ਬੀਜ ਨਾ ਖਾ ਜਾਣ। ਤੀਜੇ ਖੇਤ ਵਿਚ ਜੋ ਮੋਟੇ ਡਲੇ ਮਿੱਟੀ ਦੇ ਰਹਿ ਗਏ ਹਨ, ਉਹ ਫਿਸ ਜਾਣ ਤੇ ਮਿੱਟੀ ਹੋ ਕੇ ਵਿੱਛ ਜਾਣ। ਖੇਤ ਪੱਧਰਾ ਹੋ ਜਾਏ) ਤੇ ਗ਼ਰੀਬੀ, ਨਿਮ੍ਰਤਾ ਨੂੰ ਆਪਣਾ ਹਾਲੀਆਂ ਵਾਲਾ ਵੇਸ ਬਣਾ (ਗ਼ਰੀਬੀ ਵੇਸ ਤੋਂ ਭਾਵ ਹੈ ਕਿ ਹਾਲੀਆਂ ਨੂੰ ਮਿੱਟੀ ਵਿਚ ਕੰਮ ਕਰਦਿਆਂ ਰਹਿਣ ਕਰ ਕੇ ਉਨ੍ਹਾਂ ਦੇ ਕੱਪੜੇ ਮੈਲੇ ਰਹਿੰਦੇ ਹੈਨ ਅਤੇ ਸਿਧ ਪਧਰੇ ਹੁੰਦੇ ਹਨ। ਇਸ ਤੋਂ ਮੁਰਾਦ ਹੈ ਕਿ ਅੰਤ੍ਰੀਵ ਖੇਤੀ ਲਈ ਗ਼ਰੀਬੀ ਵੇਸ ਤੋਂ ਭਾਵ ਨਿਮ੍ਰਤਾ ਦੀ ਹੈ)।

ਪ੍ਰ: ਇਸ ਤਰ੍ਹਾਂ ਕਰਨ ਨਾਲ ਹੇ ਪੁੱਤ੍ਰ ਜੀ ਲਾਭ ਕੀ ਹੋਵੇਗਾ ?

ਉ: ੩. ਪਿਤਾ ਜੀ ! ਇਸ ਤਰ੍ਹਾਂ (ਤੇਰੇ) ਪ੍ਰੇਮ ਤੇ ਪ੍ਰਭੂ ਦੀਆਂ ਮਿਹਰਾਂ ਨਾਲ ਇਹ ਬੀਜ ਉਗੇਗਾ, ਪਿਤਾ ਜੀਉ ! ਜਿੱਥੇ ਇਹ ਬੀਜ ਉਗ ਪਵੇ, ਉਹ ਜ਼ਿਮੀਂਦਾਰੇ ਜਾਂ ਕਿਰਸਾਨ ਘਰ ਭਾਗਾਂ ਵਾਲੇ ਦੇਖੇਂਗਾ।੧।

ਪ੍ਰ: ਹੇ ਪੁੱਤ੍ਰ ! ਜਿਸ ਖੇਤੀ ਕਰਨ ਦੀ ਤੂੰ ਪ੍ਰੇਰਣਾ ਕਰਦਾ ਹੈਂ, ਇਸ ਨਾਲ ਮਾਇਆ ਦੀ ਪ੍ਰਾਪਤੀ ਤਾਂ ਨਹੀਂ ਹੋ ਸਕਦੀ, ਮਾਇਆ ਤੋਂ ਬਿਨਾ ਕੋਈ ਕਿਸੇ ਦਾ ਸਾਥੀ ਨਹੀਂ ਬਣਦਾ, ਇਸ ਲਈ ਕੋਈ ਅਜੇਹੀ ਖੇਤੀ ਕਰਨ ਦੀ ਸੋਝੀ ਦਿਓ, ਜਿਸਦੇ ਕਰਨ ਨਾਲ ਮਾਇਆ ਵਧੇਰੇ ਪ੍ਰਾਪਤ ਹੋ ਸਕੇ ?

ਉ: ੪. ਹੇ ਪਿਤਾ ਜੀ ! ਤੁਸੀਂ ਜਿਸ ਸੰਸਾਰਕ ਮਾਇਆ ਪ੍ਰਾਪਤੀ ਲਈ ਇੱਛਾ ਕਰਦੇ ਹੋ, (ਸੱਚ ਜਾਣੋ) ਇਹ ਤਾਂ ਮਨੁੱਖ ਦੇ ਸਾਥ (ਉੱਕਾ ਹੀ) ਨਹੀਂ ਜਾਂਦੀ।

੫. ਹੇ ਪਿਤਾ ਜੀ ! ਵੇਖੀਦਾ ਇਹੋ ਹੈ ਕਿ ਇਸ ਮਾਇਆ ਨੇ (ਸਾਰੇ ਹੀ) ਜਗਤ ਨੂੰ ਠੱਗ ਲਿਆ ਹੈ, ਪਰ ਇਹ ਗੱਲ ਕਿ ਮਾਇਆ ਨਾਲ ਨਹੀਂ ਜਾਂਦੀ, ਇਸ ਨੂੰ ਕੋਈ ਵਿਰਲਾ ਹੀ ਸਮਝਦਾ ਹੈ।ਰਹਾਉ।

ਪ੍ਰ: ਹੇ ਪੁੱਤ੍ਰ ਜੀ ! ਜੇ ਤੁਸੀਂ ਖੇਤੀ ਕਰਨਾ ਪਸੰਦ ਨਹੀਂ ਕਰਦੇ ਤਾਂ ਫਿਰ ਤੁਹਾਨੂੰ ਹੱਟੀ ਦੇਂਦੇ ਹਾਂ, ਉਸ ਥਾਂ ਬੈਠ ਕੇ ਦੁਕਾਨਦਾਰੀ ਕਰਦੇ ਰਿਹਾ ਕਰੋ।

ਉ: ੬. ਹੇ ਪਿਤਾ ਜੀ ! ਮੈਂ ਦੁਕਾਨਦਾਰੀ ਵੀ ਕਰਦਾ ਹਾਂ, ਪਰ ਮੇਰੀ ਦੁਕਾਨਦਾਰੀ ਵੀ ਖੇਤੀ ਦੇ ਕਰਨ ਵਾਂਗੂੰ ਅੰਤਰੀਵ ਗੁਰਮਤਿ ਅਨੁਸਾਰ ਹੀ ਹੈ।

ਪ੍ਰ: ਉਹ ਕਿਵੇਂ ਹੈ ?

ਉ: ਹੇ ਪਿਤਾ ਜੀ ! ਮੈਂ ਉਮਰ ਨੂੰ ਜੋ ਹੀਣ ਹੋਣ ਵਾਲੀ ਜਾਂ ਘਟਦੀ ਰਹਿਣ ਵਾਲੀ ਜਾਣਿਆ ਹੈ, ਇਸ ਨੂੰ ਮੈਂ ਹੱਟੀ ਬਣਾਇਆ ਹੈ। ਹੱਟ ਨੂੰ ਹੀਣ ਹੁੰਦੀ ਰਹਿਣ ਵਾਲੀ ਤਾਂ ਕਿਹਾ ਹੈ ਕਿ ਰੋਜ਼ ਸੌਦਾ ਵਿਕਣ ਨਾਲ ਮਾਲ ਹੱਟ ਦਾ ਘਟਦਾ ਰਹਿੰਦਾ ਹੈ, ਦੁਕਾਨਦਾਰ ਉਸ ਨੂੰ ਫੇਰ ਸੌਦਾ ਲਿਆ,

ਲਿਆ ਭਰਦਾ ਰਹਿੰਦਾ ਹੈ। ਸੋ ਅੰਦਰਲੀ ਦੁਕਾਨਦਾਰੀ ਵਾਲਾ ਉਮਰਾਂ ਦੇ ਦਿਨ ਘਟਦੇ ਲਖਦਾ ਤੇ ਨਾਮ ਸਿਮਰਨ ਕੀਰਤਨ ਤੇ ਸ਼ੁਭ ਕਰਮਾਂ ਨਾਲ ਆਪਣੀ ਆਰਜਾ ਨੂੰ ਸਫਲ ਕਰਦਾ ਮਾਨੋ ਭਰਦਾ ਰਹਿੰਦਾ ਹੈ।

ਪ੍ਰ: ਇਸ ਤੁਹਾਡੀ ਅੰਤ੍ਰੀਵ ਦੁਕਾਨਦਾਰੀ ਵਿਚ ਵੱਥ, ਵਸਤੂ, ਸ਼ੈਅ ਸੌਦਾ ਕਿਹੜਾ ਹੈ?

ਉ: ਹੇ ਪਿਤਾ ਜੀ! ਮੈਂ ਇਸ ਵਿਚ ਸੌਦਾ ਸੱਚੇ ਨਾਮ ਦਾ ਪਾਇਆ ਹੈ।

ਪ੍ਰ: ਹੇ ਪੁੱਤ੍ਰ! ਉਸ ਦੁਕਾਨ ਵਿਚ ਸੌਦੇ ਰੱਖਣ ਦੇ ਭਾਂਡਿਆਂ ਦਾ ਥਾਂ, (ਭਾਵ ਮਾਲ ਗੁਦਾਮ) ਕਿਹੜਾ ਬਣਾਇਆ ਹੈ?

ਉ: ੭. ਹੇ ਪਿਤਾ ਜੀ! ਆਪਣੀ ਸੁਰਤਿ ਤੇ ਵੀਚਾਰ ਮੰਡਲ ਨੂੰ ਮੈਂ ਭਾਂਡਿਆਂ ਦੇ ਰੱਖਣ ਲਈ (ਮਾਲ ਗੁਦਾਮ) ਬਣਾਇਆ ਹੈ। ਇਸ ਭਾਂਡਸਾਲ ਵਿਚ ਉਸ ਸਦਾ-ਥਿਰ ਰਹਿਣ ਵਾਲੇ ਨਾਮ ਰੂਪ ਸੌਦੇ ਨੂੰ ਪਾ ਕੇ ਰਖਿਆ ਹੈ।

੮. ਹੇ ਪਿਤਾ ਜੀ! ਇਸ ਤਰ੍ਹਾਂ ਦੇ ਨਾਮ ਵਣਜ ਕਰਨ ਵਾਲੇ ਸਤਿਸੰਗੀਆਂ ਨਾਲ ਮਿਲ ਕੇ ਤੂੰ ਭੀ ਹਰੀ ਨਾਮ ਦਾ ਵਣਜ ਕਰਦਾ ਰਹੁ। ਇਸ ਵਣਜ ਵਿਚੋਂ ਖੱਟੀ ਮਿਲੇਗੀ, ਮਨ ਦਾ ਖਿੜਾਓ, ਭਾਵ ਹੈ ਕਿ ਹੇ ਮਨ! ਖ਼ੁਸ਼ ਹੋ ਕਿ ਮੇਰੀ ਵਪਾਰਕ ਜ਼ਿੰਦਗੀ ਵਿਚ ਆਤਮ ਵਪਾਰ ਵੀ ਨਫ਼ੇਵੰਦ ਹੋ ਰਿਹਾ ਹੈ।੨।

ਪ੍ਰ: ਹੇ ਪੁੱਤ੍ਰ! ਜੇ ਤੁਹਾਨੂੰ ਦੇਸ਼ ਦਿਸ਼ਾਂਤਰਾ ਦੀ ਸੈਰ ਕਰਦੇ ਰਹਿਣ ਦਾ ਹੀ ਸ਼ੌਕ ਹੈ, ਤਾਂ ਤੁਹਾਨੂੰ ਘੋੜੇ ਲੈ ਦੇਂਦੇ ਹਾਂ, ਤਾਂ ਤੁਸੀਂ ਘੋੜਿਆਂ ਦੀ ਸੌਦਾਗਰੀ ਕਰਦੇ ਰਹੋ।

ਉ: ੯. ਪਿਤਾ ਜੀਉ! ਮੈਂ ਘੋੜਿਆਂ ਦੀ ਸੁਦਾਗਰੀ ਭੀ ਕਰਦਾ ਹਾਂ, ਪਰ ਉਹ ਸੁਦਾਗਰੀ ਭੀ ਮੇਰੀ ਗੁਰਮਤਿ ਅਨੁਸਾਰ ਹੀ ਹੈ, ਭਾਵ ਜੋ ਧਾਰਮਕ ਪੁਸਤਕਾਂ ਦਾ ਉਪਦੇਸ਼ ਸੁਣਨਾ ਹੈ, ਇਹੋ ਘੋੜਿਆਂ ਦੀ ਸੁਦਾਗਰੀ ਹੈ ਅਤੇ ਘੋੜੇ ਸਤ ਸੰਤੋਖ ਆਦਿ ਗੁਣ ਇਹੋ ਧਾਰਨ ਕਰਨ ਰੂਪ ਘੋੜੇ ਲੈ ਕੇ ਤੁਰੇ ਹਾਂ, ਭਾਵ ਕਿ ਸ਼ਾਸਤ੍ਰ ਪੜ੍ਹ-ਪੜ੍ਹ ਕੇ ਝੂਠ ਤੇ ਕਪਟ ਦੇ ਰਸਤੇ ਨਾ ਪੈਣਾ ਕਰੋ।

ਪ੍ਰ: ਹੇ ਪੁੱਤ੍ਰ! ਸੌਦਾਗਰ ਤਾਂ ਸੌਦਾਗਰੀ ਕਰਨ ਜਾਣ ਸਮੇਂ ਨਾਲ ਖ਼ਰਚ ਲੈ ਕੇ ਤੁਰਦੇ ਹਨ, ਤੁਸੀਂ ਕਿਹੜਾ ਖ਼ਰਚ ਲੈ ਕੇ ਤੁਰਦੇ ਹੋ?

ਉ: ੧੦. ਹੇ ਪਿਤਾ ਜੀਉ! ਜ਼ਿੰਦਗੀ ਦੇ ਸਫ਼ਰ ਵਿਚ ਭੀ ਖ਼ਰਚ ਦੀ ਲੋੜ ਹੈ, ਸੋ ਇਸ ਲਈ ਚੰਗੇ ਗੁਣਾਂ ਨੂੰ ਜੀਵਨ-ਸਫ਼ਰ ਦਾ ਖ਼ਰਚ ਬਣਾ, ਭਾਵ ਹੈ ਦੂਜਿਆਂ ਨਾਲ ਵਰਤੋਂ ਵਿਚ ਨੇਕੀਆਂ ਧਾਰਨ ਕਰ, ਇਹੋ ਹੀ ਮਾਨੋ ਖ਼ਰਚ ਹੋਵੇਗਾ, ਪਰ ਹੇ ਮਨ! ਨੇਕੀਆਂ ਕਮਾਉਂਦਿਆਂ ਕੱਲ 'ਤੇ ਰੱਖਣਾ ਨਾ ਜਾਣੀ ਭਾਵ ਨੇਕੀ ਦੇ ਕੰਮ ਕਰਨ ਵਿਚ ਦੇਰੀ ਨਹੀਂ ਕਰਨੀ ਚਾਹੀਦੀ, ਇਸ ਵਪਾਰ ਦੇ ਉੱਦਮ ਨੂੰ ਕੱਲ 'ਤੇ ਨਾ ਪਾਈਂ।

ਪ੍ਰ: ਹੇ ਪੁੱਤ੍ਰ ਜੀ! ਵੇਖ, ਪ੍ਰਤੱਖ ਘੋੜਿਆਂ ਦੀ ਸੁਦਾਗਰੀ ਕਰਨ ਨਾਲ ਤਾਂ ਮਾਇਆ ਪ੍ਰਾਪਤ ਹੁੰਦੀ ਹੈ, ਪਰ ਜਿਸ ਸੁਦਾਗਰੀ ਦਾ ਤੁਸੀਂ ਜ਼ਿਕਰ ਕਰਦੇ ਹੋ, ਇਸ ਦੇ ਕਰਨ ਨਾਲ ਲਾਭ ਕੀ ਹੋਵੇਗਾ?

ਉ: ੧੧. ਪਿਤਾ ਜੀਉ! ਜੇ ਤੁਸੀਂ ਇਹ ਗੁਰਮਤਿ ਦੀ ਸੁਦਾਗਰੀ ਕਰਦੇ ਰਹੋ, ਤਾਂ ਤੁਹਾਡਾ ਵਾਹਿਗੁਰੂ ਜੀ ਦੇ ਦੇਸ਼ ਵਿਚ ਵਾਸਾ ਹੋ ਜਾਏਗਾ ਅਤੇ ਉਥੇ ਪਰਮਾਤਮਾ ਸਰੂਪ ਦੀ ਪ੍ਰਾਪਤੀ ਦਾ ਸੁੱਖ ਮਾਣੋਗੇ।੩।

ਪ੍ਰ: ਹੇ ਪੁੱਤ੍ਰ! ਚਲੋ; ਜੇ ਤੁਸੀਂ ਹੋਰ ਕੁਝ ਭੀ ਨਹੀਂ ਕਰਨਾ ਚਾਹੁੰਦੇ, ਜੇ ਚਾਹੋ ਤਾਂ ਕਿਸੇ ਰਾਜੇ ਦੀ ਨੌਕਰੀ ਕਰ ਲਓ, ਮੈਂ ਯਤਨ ਕਰ ਦੇਂਦਾ ਹਾਂ।

ਉ: ੧੨. ਹੇ ਪਿਤਾ ਜੀਉ! ਮੈਂ ਤਾਂ ਨੌਕਰੀ ਅੱਗੇ ਹੀ ਕਰਦਾ ਹਾਂ, ਪਰ ਉਹ ਮੇਰੀ ਨੌਕਰੀ ਕਿਸੇ ਦੁਨਿਆਵੀ ਰਾਜੇ ਦੀ ਨਹੀਂ। ਮੈਂ ਉਸ ਰਾਜਿਆਂ ਦੇ ਰਾਜੇ ਪਰਮੇਸ਼ਰ ਦੀ ਨੌਕਰੀ ਕਰਦਾ ਹਾਂ। ਤੁਸੀਂ ਭੀ ਪੂਰੇ ਧਿਆਨ ਨਾਲ ਪ੍ਰਭੂ ਮਾਲਕ ਦੀ ਨੌਕਰੀ ਕਰੋ। ਜਿਵੇਂ ਆਪਣੇ ਮਾਲਕ ਦੇ ਹੁਕਮ ਨੂੰ ਨੌਕਰ ਭੁਲਾਂਦਾ ਨਹੀਂ, ਤੁਸੀਂ ਭੀ ਮਾਲਕ ਦੇ ਨਾਮ ਨੂੰ ਮਨ ਵਿਚ ਪੱਕਾ ਕਰ ਕੇ ਰੱਖੋ, ਇਹੀ ਹੈ ਉਸਦੀ ਸੇਵਾ।

੧੩. ਪਿਤਾ ਜੀਉ! ਜਿਵੇਂ ਨੌਕਰੀ ਵਿਚ ਦੌੜ-ਭੱਜ ਬਣੀ ਰਹਿੰਦੀ ਹੈ, ਉਸ ਦੌੜ ਦੀ ਥਾਂ ਅੰਦਰੋਂ ਬਦੀਆਂ ਨੂੰ ਰੋਕੋ, ਭਾਵ ਹੈ ਹਰ ਸਮੇਂ ਮਾੜੇ ਕਰਮਾਂ ਨੂੰ ਰੋਕਦੇ ਰਹਿਣਾ, ਇਹੋ ਹੀ ਦੌੜ-ਭੱਜ ਬਣਾਉ।

ਪ੍ਰ: ਇਸ ਦਾ ਫਲ ਕੀ ਹੋਵੇਗਾ?

ਉ: ਪਿਤਾ ਜੀ! ਜੇ ਇਹ ਉੱਦਮ ਕਰੋਗੇ ਤਾਂ ਹਰ ਕੋਈ ਤੁਹਾਨੂੰ ਸ਼ਾਬਾਸ਼ੇ ਆਖੇਗਾ, ਸਾਰੇ ਲੋਕ ਤੁਹਾਡੀ ਸਲਾਹੁਤਾ ਕਰਨਗੇ।

੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਤਾ ਜੀ! ਇਹੋ ਨੌਕਰੀ ਕੀਤਿਆਂ ਤੁਹਾਨੂੰ ਪਰਮਾਤਮਾ ਮਿਹਰ ਦੀ ਨਜ਼ਰ ਨਾਲ ਵੇਖੇਗਾ, ਤੁਹਾਡੀ ਜਿੰਦ ਉੱਤੇ ਚੌਗਣਾ ਆਤਮਕ ਰੂਪ ਰੰਗ ਚੜ੍ਹੇਗਾ, ਭਾਵ ਤੁਹਾਨੂੰ ਦੀਨ ਦਿਆਲ ਪ੍ਰਭੂ ਦੀ ਪ੍ਰਾਪਤੀ ਹੋਵੇਗੀ, ਪਰਮੇਸ਼ਰ ਤੁਹਾਡੀ ਆਤਮਾ ਨੂੰ ਆਪਣੇ ਵਿਚ ਮੇਲ ਲਏਗਾ।੪।੨।

ਭਾਵਾਰਥ : ਸੰਸਾਰ ਵਿਚ ਧਨ ਕਮਾਉਣ ਦੇ ਚਾਰ ਵਸੀਲੇ ਹਨ—ਵਾਹੀ, ਦੁਕਾਨਦਾਰੀ, ਵਪਾਰ ਤੇ ਨੌਕਰੀ। ਇਨ੍ਹਾਂ ਕਿੱਤਿਆਂ ਨੂੰ ਚਾਰ ਦੀ ਵੰਡ ਵਿਚ ਲੈ ਕੇ ਉਨ੍ਹਾਂ ਕਿੱਤਿਆਂ ਦੇ ਪਦਾਂ ਵਿਚ ਅੰਤ੍ਰੀਵ ਜੀਵਨ ਨੂੰ ਸਵਾਰਨ ਦੀ ਜਾਚ ਦੱਸੀ ਹੈ, ਜਿਸ ਨਾਲ ਕਲਿਆਣ ਭੀ ਪ੍ਰਾਪਤ ਹੋ ਸਕੇ।

ਹਜ਼ੂਰ ਦਾ ਇਸ ਸ਼ਬਦ ਵਿਚ ਭਾਵ ਹੈ ਕਿ ਦੁਨੀਆ ਦਾ ਧਨ ਤਾਂ ਇੱਥੋਂ ਤੁਰਨ ਵੇਲੇ ਸਾਥ ਛੱਡ ਦੇਵੇਗਾ, ਨਾਲ ਨਿੱਭਣ ਵਾਲਾ ਤਾਂ ਨਾਮ ਧਨ ਹੀ ਹੈ, ਉਸ ਨੂੰ ਇਕੱਠਾ ਕਰਨ ਲਈ ਉਸੇ ਤਰ੍ਹਾਂ ਹੀ ਮਿਹਨਤ ਕਰਨੀ ਹੈ, ਜਿਵੇਂ ਕਿਸਾਨ ਵਾਹੀ ਦੀ ਮਿਹਨਤ ਕਰਦਾ ਹੈ, ਜਿਵੇਂ ਦੁਕਾਨਦਾਰ ਦੁਕਾਨ ਵਿਚ, ਜਿਵੇਂ ਵਪਾਰੀ ਵਪਾਰ ਵਿਚ, ਜਿਵੇਂ ਮੁਲਾਜ਼ਮ ਨੌਕਰੀ ਵਿਚ।

ਸੋਰਠਿ ਮ: ੧ ਚਉਤੁਕੇ ॥

੧. ਮਾਇ ਬਾਪ ਕੋ ਬੇਟਾ ਨੀਕਾ
ਸਸੁਰੈ ਚਤੁਰੁ ਜਵਾਈ ॥
੨. ਬਾਲ ਕੰਨਿਆ ਕੌ ਬਾਪੁ ਪਿਆਰਾ
ਭਾਈ ਕੌ ਅਤਿ ਭਾਈ ॥

੩. ਹੁਕਮੁ ਭਇਆ ਬਾਹਰੁ ਘਰੁ ਛੋਡਿਆ
ਖਿਨ ਮਹਿ ਭਈ ਪਰਾਈ ॥
੪. ਨਾਮੁ ਦਾਨੁ ਇਸਨਾਨੁ ਨ ਮਨਮੁਖਿ
ਤਿਤੁ ਤਨਿ ਧੂੜਿ ਧੁਮਾਈ ॥੧॥
੫. ਮਨੁ ਮਾਨਿਆ ਨਾਮੁ ਸਖਾਈ ॥
੬. ਪਾਇ ਪਰਉ ਗੁਰ ਕੈ ਬਲਿਹਾਰੈ
ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥
੭. ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ
ਜਨ ਸਿਉ ਵਾਦੁ ਰਚਾਈ ॥
੮. ਮਾਇਆ ਮਗਨੁ ਅਹਿਨਿਸਿ ਮਗੁ ਜੋਹੈ
ਨਾਮੁ ਨ ਲੇਵੈ ਮਰੈ ਬਿਖੁ ਖਾਈ ॥
੯. ਗੰਧਣ ਵੈਣਿ ਰਤਾ ਹਿਤਕਾਰੀ
ਸਬਦੈ ਸੁਰਤਿ ਨ ਆਈ ॥
੧੦. ਰੰਗਿ ਨ ਰਾਤਾ ਰਸਿ ਨਹੀ ਬੇਧਿਆ
ਮਨਮੁਖਿ ਪਤਿ ਗਵਾਈ ॥੨॥
੧੧. ਸਾਧ ਸਭਾ ਮਹਿ ਸਹਜੁ ਨ ਚਾਖਿਆ
ਜਿਹਬਾ ਰਸੁ ਨਹੀ ਰਾਈ ॥
੧੨. ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ
ਦਰ ਕੀ ਖਬਰਿ ਨ ਪਾਈ ॥
੧੩. ਅਖੀ ਮੀਟਿ ਚਲਿਆ ਅੰਧਿਆਰਾ
ਘਰੁ ਦਰੁ ਦਿਸੈ ਨ ਭਾਈ ॥
੧੪. ਜਮ ਦਰਿ ਬਾਧਾ ਠਉਰ ਨ ਪਾਵੈ
ਅਪੁਨਾ ਕੀਆ ਕਮਾਈ ॥੩॥
੧੫. ਨਦਰਿ ਕਰੇ ਤਾ ਅਖੀ ਵੇਖਾ
ਕਹਣਾ ਕਥਨੁ ਨ ਜਾਈ ॥
੧੬. ਕੰਨੀ ਸੁਣਿ ਸੁਣਿ ਸਬਦਿ ਸਲਾਹੀ
ਅੰਮ੍ਰਿਤੁ ਰਿਦੈ ਵਸਾਈ ॥
੧੭. ਨਿਰਭਉ ਨਿਰੰਕਾਰੁ ਨਿਰਵੈਰੁ
ਪੂਰਨ ਜੋਤਿ ਸਮਾਈ ॥
੧੮. ਨਾਨਕ ਗੁਰ ਵਿਣੁ ਭਰਮੁ ਨ ਭਾਗੈ
ਸਚਿ ਨਾਮਿ ਵਡਿਆਈ ॥੪॥੩॥

ਪਦ ਅਰਥ : ਨੀਕਾ—ਚੰਗਾ, ਪਿਆਰਾ। ਸਸੁਰੈ—ਸਹੁਰੇ ਦਾ। ਚਤੁਰ—ਸਿਆਣਾ। ਕੌ—ਨੂੰ, ਵਾਸਤੇ। ਕੌ—ਦਾ। ਬਾਹਰੁ ਘਰੁ—ਘਰ ਬਾਹਰ, ਘਰ ਘਾਟ। ਦਾਨੁ—ਸੇਵਾ (ਦੂਜਿਆਂ ਦੀ)। ਇਸਨਾਨੁ—ਪਵਿੱਤ੍ਰਤਾ, ਪਵਿੱਤ੍ਰ ਆਚਰਨ। ਤਿਤੁ—ਉਸ ਵਿਚ, ਉਸ ਦੇ ਰਾਹੀਂ। ਤਨਿ—ਸਰੀਰ ਦੇ ਰਾਹੀਂ। ਤਿਤੁ ਤਨਿ—ਉਸ ਸਰੀਰ ਦੇ ਰਾਹੀਂ। ਧੂੜਿ ਧੁਮਾਈ—ਖੇਹ ਹੀ ਉਡਾਈ।੧।

ਸਖਾਈ—ਮਿੱਤ੍ਰ। ਪਰਉ—ਮੈਂ ਪੈਂਦਾ ਹਾਂ। ਜਿਨਿ—ਜਿਸ ਗੁਰੂ ਨੇ।ਰਹਾਉ।

ਬੇਧਿਆ—ਵਿੰਨ੍ਹਿਆ। ਜਨ—ਪ੍ਰਭੂ ਦੇ ਦਾਸ, ਸੰਤ ਜਨ। ਵਾਦੁ—ਝਗੜਾ। ਮਗਨੁ—ਮਸਤ। ਅਹਿ—ਦਿਨ। ਨਿਸਿ—ਰਾਤ। ਮਗੁ—ਰਸਤਾ। ਜੋਹੈ—ਤੱਕਦਾ ਹੈ। ਬਿਖੁ—ਜ਼ਹਿਰ। ਗੰਧਣ ਵੈਣ—ਗੰਦੇ ਬੋਲ ਵਿਚ। ਰਤਾ—ਮਸਤ। ਹਿਤਕਾਰੀ—ਪਿਆਰ ਕਰਨ ਵਾਲਾ। ਰੰਗਿ—(ਪ੍ਰਭੂ ਦੇ) ਰੰਗ ਵਿਚ। ਰਸਿ—ਰਸ ਵਿਚ। ਮਨਮੁਖਿ—ਜਿਸ ਮਨੁੱਖ ਦਾ ਮੂੰਹ ਆਪਣੇ ਹੀ ਮਨ ਵਲ ਹੈ, ਜੋ ਆਪਣੇ ਮਨ ਦੇ ਪਿੱਛੇ ਟੁਰਦਾ ਹੈ। ਪਤਿ—ਇੱਜ਼ਤ।੨।

ਸਾਧ ਸਭਾ—ਸਤਿ ਸੰਗ। ਸਹਜ—ਅਡੋਲਤਾ ਦਾ ਅਨੰਦ, ਸ਼ਾਂਤੀ ਦਾ ਰਸ। ਰਾਈ—ਰਤਾ ਭੀ। ਦਰ—ਪਰਮਾਤਮਾ ਦਾ ਦਰਵਾਜ਼ਾ। ਮੀਟਿ—ਮੀਟ ਕੇ। ਅਖੀ ਮੀਟਿ ਚਲਿਆ—ਅੱਖਾਂ ਬੰਦ ਕਰ ਕੇ ਹੀ ਤੁਰਦਾ ਰਿਹਾ। ਅੰਧਿਆਰਾ—ਅੰਨ੍ਹਾ। ਘਰੁ ਦਰੁ—ਪ੍ਰਭੂ ਦਾ ਘਰ, ਪ੍ਰਭੂ ਦਾ ਦਰ। ਦਰਿ—ਦਰ ਤੇ।੩।

ਅਖੀ ਵੇਖਾ—ਮੈਂ ਅੱਖਾਂ ਨਾਲ ਵੇਖ ਸਕਦਾ ਹਾਂ। ਕੰਨੀ—ਕੰਨਾਂ ਨਾਲ। ਸਾਲਾਹੀ—ਮੈਂ ਸਿਫ਼ਤਿ-ਸਾਲਾਹ ਕਰ ਸਕਦਾ ਹਾਂ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ। ਵਸਾਈ—ਮੈਂ ਵਸਾ ਸਕਦਾ ਹਾਂ। ਸਮਾਈ—ਵਿਆਪਕ। ਸਤਿ—ਸਚ ਵਿਚ। ਨਾਮਿ—ਨਾਮ ਵਿਚ (ਜੁੜਿਆਂ)।੪।

ਨੋਟ : ਇਸ ਸ਼ਬਦ ਦੇ ਸਾਰੇ ਬੰਦ ਚਉਤੁੱਕੇ ਹਨ। ਹਰੇਕ ਬੰਦ ਵਿਚ ਚਾਰ-ਚਾਰ ਤੁੱਕਾਂ ਹਨ। ਪਹਿਲੇ ਦੋ ਸ਼ਬਦਾਂ ਦੇ ਹਰੇਕ ਬੰਦ ਵਿਚ ਤਿੰਨ-ਤਿੰਨ ਤੁੱਕਾਂ ਹਨ।

ਅਰਥ :

ਪ੍ਰ: ਹੇ ਗੁਰੋ! ਜਿਸ ਜੀਵ ਨੇ ਆਪਣਾ ਸਾਰਾ ਹੀ ਜੀਵਨ ਸੰਸਾਰ ਦੇ ਮੋਹ ਪਿਆਰ ਵਿਚ ਗੁਜ਼ਾਰ ਦਿੱਤਾ, ਆਖ਼ਰ ਉਸ ਦੀ ਅੰਤ ਸਮੇਂ ਕੀ ਦਸ਼ਾ ਹੁੰਦੀ ਹੈ?

ਉ: ੧. ਹੇ ਪਿਆਰਿਓ! ਅਸੀਂ ਤਾਂ ਅਜਿਹੇ ਜੀਵ ਦੀ ਦਸ਼ਾ ਪ੍ਰਤੱਖ ਹੀ ਵੇਖਦੇ ਹਾਂ ਕਿ ਜੋ ਮਨੁੱਖ ਕਿਸੇ ਸਮੇਂ ਮਾਂ ਪਿਉ ਦਾ ਪਿਆਰਾ ਪੁੱਤ੍ਰ ਸੀ, ਭਾਵ ਮਾਪਿਆਂ ਨੂੰ ਪਿਆਰਾ ਲੱਗਦਾ ਸੀ ਤੇ ਕਦੇ ਸਹੁਰੇ ਦਾ ਸਿਆਣਾ ਜਵਾਈ ਅਖਵਾਂਦਾ ਸੀ।

੨. ਜੋ ਕਦੀ ਪੁੱਤ੍ਰ ਧੀ ਵਾਸਤੇ ਪਿਆਰਾ ਪਿਉ ਸੀ ਅਤੇ ਭਰਾ ਦਾ ਬੜਾ (ਸਨੇਹੀ) ਭਰਾ ਸੀ।

੩. ਪਰ ਹੇ ਭਰਾਵੋ! ਅਸੀਂ ਤਾਂ ਵੇਖਦੇ ਹਾਂ ਕਿ ਜਦੋਂ ਅਕਾਲ ਪੁਰਖ ਦਾ ਹੁਕਮ ਹੋਇਆ, ਹੁਕਮ ਸਤ ਭਇਆ, ਭਾਵ ਮਰ ਗਿਆ ਤਾਂ ਉਸ ਨੂੰ ਘਰ ਤੋਂ ਉਠਾ ਕੇ ਬਾਹਰ ਮਸਾਣ ਭੂਮੀ ਵਿਚ ਛੱਡ ਦਿੱਤਾ। ਜੋ ਇਸ ਨੇ ਆਪਣੀ-ਆਪਣੀ ਬਣਾਈ ਹੋਈ ਸੀ, ਉਹ ਇਕ ਪਲਕ ਵਿਚ ਸਭੋ ਕੁਝ ਪਰਾਇਆ ਹੋ ਗਿਆ, (ਭਾਵ ਸਭੋ ਕੁਝ ਹਕੀਆਂ ਨੇ ਝੱਟ ਹੀ ਸਾਂਭ ਲਿਆ)

ਪ੍ਰ: ਗੁਰਦੇਵ ਜੀਉ! ਉਸ ਦੀ ਇਹ ਦਸ਼ਾ ਹੋਈ ਕਿਉਂ?

ਉ: ੪. ਹੇ ਭਾਈਓ! ਅਸਲ ਵਿਚ ਐਨੇ ਮਨ ਦੇ ਪਿੱਛੇ ਟੁਰਨ ਵਾਲੇ ਮਨਮੁਖ ਨੇ ਨਾ ਨਾਮ ਜਪਿਆ ਸੀ, ਨਾ ਹੀ ਸੇਵਾ ਹੀ ਕੀਤੀ ਸੀ, ਨਾ ਇਸ਼ਨਾਨ ਕੀਤਾ ਭਾਵ ਪਵਿੱਤ੍ਰ ਆਚਰਨ ਬਣਾਇਆ ਸੀ, ਸਗੋਂ ਇਸ ਸਰੀਰ ਦੇ ਰਾਹੀਂ ਖੇਹ ਖ਼ੁਆਰੀ

ਹੀ ਕਰਦਾ ਰਿਹਾ, ਇਸੇ ਲਈ ਇਸ ਦੇ ਸੁੰਦਰ ਤਨ 'ਤੇ (ਅੱਜ) ਖੇਹ ਉੱਡਦੀ ਹੈ। ਭਾਵ ਭਸਮ ਹੋ ਗਿਆ।

ਪ੍ਰ: ਹਜ਼ੂਰ ਜੀਉ! ਇਹ ਮਨਮੁਖਾਂ ਦੀ ਦਸ਼ਾ ਹੁੰਦੀ ਵੇਖ ਕੇ ਤੁਸੀਂ ਆਖ਼ਰ ਕੀ ਵੀਚਾਰ ਹਾਸਲ ਕੀਤੀ ਹੈ?

ਉ: ੫. ਹੇ ਭਾਈਓ! ਮੈਂ ਤਾਂ ਮਨਮੁਖਾਂ ਦੀ ਇਹ ਦਸ਼ਾ ਹੁੰਦੀ ਵੇਖ ਕੇ, ਨਾਮ ਨੂੰ ਆਪਣਾ (ਸੱਚਾ) ਮਿੱਤਰ ਬਣਾ ਲਿਆ ਹੈ, ਤਾਂ ਹੁਣ ਮੇਰਾ ਮਨ ਮੰਨ ਗਿਆ ਹੈ, ਭਾਵ ਤਸੱਲੀ ਪਾ ਗਿਆ ਹੈ ਕਿ ਨਾਮ ਸਿਮਰਨ ਕਰਨ ਨਾਲ ਮਨਮੁਖਾਂ ਵਾਲਾ ਹਾਲ ਨਹੀਂ ਹੋਵੇਗਾ।

੬. ਸੋ, ਹੇ ਭਾਈ! ਮੈਂ ਤਾਂ ਗੁਰੂ ਦੇ ਚਰਨੀਂ ਲੱਗਦਾ ਹਾਂ ਤੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੇ ਕਿ ਮੈਨੂੰ ਇਹ ਸੱਚੀ ਮਤਿ ਦਿੱਤੀ ਹੈ ਕਿ ਅਸਲ ਵਿਚ ਸੱਚਾ ਮਿੱਤ੍ਰ ਪਰਮੇਸ਼ਰ ਹੀ ਹੈ।ਰਹਾਉ।

ਪ੍ਰ: ਹੇ ਗੁਰੋ! ਜੋ ਮਨਮੁਖ ਦੀ ਇਤਨੀ ਜਗਤ ਵਿਚ ਬੇ-ਪਤੀ ਹੋ ਰਹੀ ਹੈ, ਉਸ ਵਿਚ ਐਸੇ ਕਿਹੜੇ ਦੋਸ਼ ਹਨ?

੭. ਹੇ ਭਾਈਓ! ਸੁਣੋ, ਮਨਮੁਖ ਵਿਚ (੧੦) ਦੋਸ਼ ਪਾਏ ਜਾਂਦੇ ਹਨ—੧. ਦੋਸ਼ ਹੈ ਕਿ ਮਨਮੁਖ ਦਾ ਮਨ ਜਗਤ ਨਾਲ ਝੂਠੇ ਪਿਆਰ ਵਿਚ ਪ੍ਰੋਇਆ ਰਹਿੰਦਾ ਹੈ। ੨. ਦੋਸ਼ ਹੈ ਕਿ ਉਹ ਸੰਤ ਜਨਾ ਨਾਲ ਝਗੜਾ ਖੜਾ ਕਰੀ ਰੱਖਦਾ ਹੈ। ੩. ਦੋਸ਼

੮. ਹੈ ਮਾਇਆ ਦੇ ਮੋਹ ਵਿਚ ਮਸਤ, ਉਹ ਦਿਨੇ ਰਾਤ ਮਾਇਆ ਦਾ ਹੀ ਰਾਹ ਤੱਕਦਾ ਰਹਿੰਦਾ ਹੈ, ੪. ਦੋਸ਼ ਹੈ ਉਹ ਨਾਮ ਨਹੀਂ ਜਪਦਾ। ਵਿਕਾਰਾਂ ਰੂਪੀ ਜ਼ਹਿਰ ਹੀ ਖਾ ਕੇ ਮਰਦਾ ਰਹਿੰਦਾ ਹੈ।

੯. ੫. ਦੋਸ਼ ਹੈ ਕਿ ਉਹ ਗੰਦੇ ਗੀਤਾਂ ਦੇ ਹੀ (ਗਾਵਣ ਸੁਣਨ) ਵਿਚ ਮਸਤ ਰਹਿੰਦਾ ਹੈ ਤੇ ਗੰਦੇ ਗੀਤਾਂ ਨਾਲ ਹੀ ਉਹ ਹਿੱਤ ਕਰਦਾ ਹੈ, ੬. ਦੋਸ਼ ਹੈ ਕਿ ਉਹ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਵਾਲੀ ਬਾਣੀ ਵਿਚ ਕਦੀ ਸੁਰਤਿ ਹੀ ਨਹੀਂ ਲਾਉਂਦਾ। (ਭਾਵ ਹੈ ਕਿ ਉਹ ਸ਼ਬਦ ਦੀ ਸੋਝੀ ਤੋਂ ਸਖਣਾ ਹੀ ਰਹਿ ਗਿਆ।)

੧੦. ੭. ਦੋਸ਼ ਹੈ ਕਿ ਉਹ ਮਨਮੁਖ ਪ੍ਰਭੂ ਦੇ ਪਿਆਰ ਵਿਚ ਰੰਗਿਆ ਹੀ ਨਹੀਂ ਗਿਆ ਅਤੇ ਨਾ ਹੀ ਉਹ ਨਾਮ ਰਸ ਵਿਚ ਕਦੇ ਮਗਨ ਹੋਇਆ ਹੈ। ਹੇ ਭਾਈਓ! ਇਨ੍ਹਾਂ ਸੱਤ ਦੋਸ਼ਾਂ ਦੇ ਕਾਰਣ ਮਨਮੁਖ ਨੇ ਇਉਂ (ਲੋਕ-ਪ੍ਰਲੋਕ) ਵਿਚ ਆਪਣੀ ਇੱਜ਼ਤ ਗਵਾ ਲਈ ਹੈ।੨।

ਪ੍ਰ: ਕਿਉਂ ਜੀ! ਕੀ ਇਨ੍ਹਾਂ ਦੋਸ਼ਾਂ ਤੋਂ ਇਲਾਵਾ ਕੋਈ ਹੋਰ ਵੀ ਉਸ ਵਿਚ ਦੋਸ਼ ਹੈ?

ਉ: ੧੧. (ਹਾਂ ਹੋਰ ਭੀ ਹੈ) ਹੁਣ ਅੱਗੇ ਇੱਥੋਂ ਦੀ ਦਸ਼ਾ ਬਿਆਨ ਕਰਦੇ ਹਨ। ਹੇ ਭਾਈ! ੮. ਦੋਸ਼ ਹੈ ਕਿ ਉਸ ਮਨਮੁਖ ਨੇ ਕਦੇ ਵੀ ਸੰਤਾਂ ਦੀ ਸੰਗਤ ਵਿਚ ਬੈਠ ਕੇ (ਸਹਜ) ਗਿਆਨ ਰਸ ਨੂੰ ਨਹੀਂ ਚਖਿਆ, ਭਾਵ ਪੀਣਾ ਨਹੀਂ ਕੀਤਾ। ੯. ਉਸ ਵਿਚ ਦੋਸ਼ ਹੈ ਕਿ ਉਸ ਦੀ ਜੀਭ ਨੂੰ ਨਾਮ ਜਪਣ ਦਾ (ਰਸ) ਸੁਆਦ ਕਦੇ ਰਤਾ ਭਰ ਭੀ ਨਹੀਂ ਆਉਂਦਾ।

੧੨. (੧੦) ਦੋਸ਼ ਹੈ ਕਿ ਉਸ ਮਨਮੁਖ ਨੇ ਆਪਣੇ ਮਨ ਨੂੰ, ਤਨ ਨੂੰ ਤੇ ਧਨ ਨੂੰ ਹੀ ਆਪਣਾ ਸਮਝ ਰਖਿਆ ਹੈ, ਪਰਮੇਸ਼ਰ ਦੇ ਦਰ ਦੀ ਉਸ ਨੂੰ ਖ਼ਬਰ ਹੀ ਨਹੀਂ ਪੈਂਦੀ। (ਇਹ ਉਸ ਵਿਚ ਪ੍ਰਤੱਖ ਦਸ ਦੋਸ਼ ਵੇਖੀਦੇ ਹਨ)।

ਪ੍ਰ: ਕਿਉਂ ਜੀ! ਆਖ਼ਰ ਹੋਇਆ ਕੀ?

ਉ: ੧੩. ਹੇ ਪਿਆਰਿਓ! ਇਉਂ ਅੱਖਾਂ ਮੀਟ ਕੇ (ਭਾਵ ਮਰ ਕੇ ਜਦ) ਤੁਰ ਪਿਆ ਤਾਂ (ਚੁਤਰਫੇ) ਅੰਧੇਰਾ ਛਾ ਗਿਆ, ਜੋ ਹਨੇਰ ਕਿ ਸਾਰੀ ਉਮਰ ਦਰ ਦੀ ਸੋਝੀ ਵਲੋਂ ਛਾਇਆ ਰਿਹਾ ਸੀ, ਹੁਣ ਛੱਡੇ ਹੋਏ ਘਰ ਬਾਰ ਤੇ ਭਾਈ ਬੰਦ ਵੀ ਨਹੀਂ ਦਿੱਸਣ ਦੇਂਦਾ।

੧੪. (ਸਗੋਂ) ਜਮ ਦੇ ਦੁਆਰਾ ਬੱਧਾ ਜਾ ਕੇ ਨਾ ਲੋਕ ਵਿਚ ਤੇ ਨਾ ਪ੍ਰਲੋਕ ਵਿਚ ਟਿਕਾਓ ਦਾ ਕੋਈ ਟਿਕਾਣਾ ਲੱਭਦਾ ਹੈ, ਪਰ ਹੇ ਭਾਈਓ! ਇਹ ਉਸ ਦੀ ਆਪਣੀ ਹੀ ਕੀਤੀ ਕਮਾਈ ਦਾ ਫਲ ਹੈ, ਭਾਵ ਆਪਣੀ (ਮਾੜੀ) ਕੀਤੀ ਹੁਣ ਕੰਮ ਆ ਰਹੀ ਹੈ।੩।

ਪ੍ਰ: ਸ੍ਰੀ ਜੀਉ! ਤੁਸੀਂ ਤਾਂ ਉੱਦਮ ਦੁਆਰਾ ਸਾਈਂ ਜੀ ਦੇ ਦਰਸ਼ਨ ਪ੍ਰਾਪਤ ਕਰ ਲਏ ਹਨ।

ਉ: ੧੫. ਹੇ ਭਾਈਓ! ਅਸਲ ਵਿਚ ਸਾਡੇ ਜੀਵਾਂ ਦੇ ਕੁਝ ਵਸ ਨਹੀਂ। ਜੇ ਪ੍ਰਭੂ ਮਿਹਰ ਕਰੇ ਤਾਂ ਹੀ ਉਸ ਨੂੰ ਅੱਖਾਂ ਨਾਲ ਵੇਖ ਸਕਦਾ ਹਾਂ। ਉਸ ਦੇ ਗੁਣਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ।

੧੬. ਉਸ ਦੀ ਮਿਹਰ ਹੋਵੇ ਤਾਂ ਹੀ ਕੰਨਾਂ ਨਾਲ ਉਸ ਦੀ ਸਿਫ਼ਤਿ-ਸਾਲਾਹ ਸੁਣ-ਸੁਣ ਕੇ ਗੁਰੂ ਦੇ ਸ਼ਬਦ ਦੇ ਰਾਹੀਂ ਉਸ ਦੀ ਸਿਫ਼ਤਿ-ਸਾਲਾਹ ਮੈਂ ਕਰ ਸਕਦਾ ਹਾਂ ਤੇ ਅਮਰ ਕਰਨ ਵਾਲਾ ਨਾਮ ਹਿਰਦੇ ਵਿਚ ਵਸਾਇਆ ਜਾ ਸਕਦਾ ਹੈ।

੧੭. ਹੇ ਭਾਈ! ਇਉਂ ਕਰਦਿਆਂ, ਨਿਰਭਉ ਤੇ ਨਿਰਵੈਰ ਦੀ ਨਿਰੰਕਾਰ ਪਰੀ ਪੂਰਨ ਹੋ ਰਹੀ ਜੋਤ ਨੂੰ ਲਖ ਲਵਾਂ।

੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਗੁਰੂ ਤੋਂ ਬਿਨਾ ਭਰਮ ਦੂਰ ਨਹੀਂ ਹੁੰਦਾ। (ਵਡਿਆਈ ਸੱਚੇ ਨਾਮ ਦੁਆਰਾ ਹੀ ਹੁੰਦੀ ਹੈ, ਭਾਵ ਗੁਰੂ ਤੇ ਗੁਰੂ ਦੇ ਦਿੱਤੇ ਨਾਮ ਨਾਲ ਹੀ ਸਦਗਤੀ ਹੁੰਦੀ ਹੈ।੪।

ਭਾਵਾਰਥ : ਸ਼ਬਦ ਦੇ ਅਰੰਭ ਵਿਚ ਜੀਵਾਂ ਦਾ ਪਰਸਪਰ ਸਾਕਾ ਬੰਦੀ ਦੇ ਮੋਹ ਦਾ ਵਰਣਨ ਹੈ, ਜਿਸ ਵਿਚ ਮਗਨ ਹੋਇਆ ਜੀਵ ਦਾ ਪ੍ਰਮਾਰਥ ਵੱਲ ਰੁੱਖ਼ ਨਹੀਂ ਹੁੰਦਾ ਤੇ ਜੀਵਨ ਮਾਇਆ ਮੋਹ ਦੀ ਮਗਨਤਾ ਵਿਚ ਸਾਈਂ ਜੀ ਵਲੋਂ ਬੇ-ਮੁਖ ਰਹਿ ਕੇ ਅਜਾਈਂ ਚਲਾ ਜਾਂਦਾ ਹੈ।

ਅੱਗੇ ਮਨਮੁਖ ਦੀ ਦਸ਼ਾ ਬਿਆਨ ਕਰਦੇ ਹਨ ਕਿ ਝੂਠੇ ਜਗਤ ਨਾਲ ਪਿਆਰ ਪਾ ਕੇ ਝੂਠੀ ਪ੍ਰੀਤ ਵਿਚ ਬੰਨ੍ਹਿਆ ਰਹਿੰਦਾ ਹੈ ਤੇ ਸੰਤ ਜਨਾਂ ਨਾਲ ਸਦਾ ਹੀ ਝਗੜਾ ਬੰਨ੍ਹੀ ਰੱਖਦਾ ਹੈ, ਇਤਿਆਦਿ ਔਗੁਣਾਂ ਕਰ ਕੇ ਇਹ ਆਪਣੀ ਪਤਿ ਗਵਾ ਬੈਠਦਾ ਹੈ। ਸੰਤਾਂ ਦੀ ਸੰਗਤ ਵਿਚ ਮਿਲ ਕੇ ਜਿਸ ਨੇ ਕਦੀ ਗਿਆਨ ਦੇ ਰਸ ਨੂੰ ਨਹੀਂ ਪੀਤਾ, ਅੱਗੇ ਜਮਾਂ ਦੇ ਦਰ 'ਤੇ ਗਿਆਂ ਥਾਂ ਨਹੀਂ ਪ੍ਰਾਪਤ ਕਰ ਸਕੇਗਾ।

ਪਰ ਜੇ ਕਦੀ ਸਾਈਂ ਜੀ ਮਿਹਰ ਕਰਨ, ਅੱਖਾਂ ਨਾਲ ਤਦ ਹੀ

ਸਾਈਂ ਜੀ ਦੇ ਦਰਸ਼ਨ ਕੀਤੇ ਜਾ ਸਕਦੇ ਹਨ, ਪਰ ਉਹ ਤਦ ਜਦੋਂ ਪ੍ਰਭੂ ਜੀ ਦੇ ਨਾਮ ਨੂੰ ਹਿਰਦੇ ਅੰਦਰ ਵਸਾ ਲਿਆ ਜਾਵੇ। ਇਹ ਸਾਰੀ ਦਾਤ ਗੁਰੂ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦੀ।

ਸੋਰਠਿ ਮਹਲਾ ੧ ਦੁਤੁਕੇ ॥

੧. ਪੁੜੁ ਧਰਤੀ ਪੁੜੁ ਪਾਣੀ ਆਸਣੁ
ਚਾਰਿ ਕੁੰਟ ਚਉਬਾਰਾ ॥
੨. ਸਗਲ ਭਵਣ ਕੀ ਮੂਰਤਿ ਏਕਾ
ਮੁਖਿ ਤੇਰੈ ਟਕਸਾਲਾ ॥੧॥
੩. ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥
੪. ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਆਪੇ ਸਰਬ ਸਮਾਣਾ ॥ ਰਹਾਉ ॥
੫. ਜਹ ਜਹ ਦੇਖਾ ਤਹ ਜੋਤਿ ਤੁਮਾਰੀ
ਤੇਰਾ ਰੂਪੁ ਕਿਨੇਹਾ ॥
੬. ਇਕਤੁ ਰੂਪਿ ਫਿਰਹਿ ਪਰਛੰਨਾ
ਕੋਇ ਨ ਕਿਸ ਹੀ ਜੇਹਾ ॥੨॥
੭. ਅੰਡਜ ਜੇਰਜ ਉਤਭੁਜ ਸੇਤਜ
ਤੇਰੇ ਕੀਤੇ ਜੰਤਾ ॥
੮. ਏਕੁ ਪੁਰਬੁ ਮੈ ਤੇਰਾ ਦੇਖਿਆ
ਤੂ ਸਭਨਾ ਮਾਹਿ ਰਵੰਤਾ ॥੩॥
੯. ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ
ਮੈ ਮੂਰਖ ਕਿਛੁ ਦੀਜੈ ॥
੧੦. ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ
ਡੁਬਦਾ ਪਥਰੁ ਲੀਜੈ ॥੪॥੪॥

ਪਦ ਅਰਥ : ਦੁਤੁਕੇ—ਦੋ-ਦੋ ਤੁਕਾਂ ਵਾਲੇ ਚਾਰੇ 'ਬੰਦ'। ਪੁੜੁ—ਚੱਕੀ ਦਾ ਪੁੜ। ਪਾਣੀ—ਬਦਲ, ਅਕਾਸ਼। ਕੁੰਟ—ਕੂਟ, ਪਾਸਾ। ਆਸਣੁ—ਨਿਵਾਸ ਥਾਂ, ਸਥਿਰ ਹੋ ਕੇ ਬੈਠਣਾ, ਭਲੀ ਪ੍ਰਕਾਰ ਬੈਠਣਾ। ਭਵਣ—ਸ੍ਰਿਸ਼ਟੀ। ਮੂਰਤਿ—ਮੂਰਤੀਆਂ, ਜੀਅ ਜੰਤ। ਮੁਖਿ—ਮੁਖੀ, ਸ੍ਰੇਸ਼ਟ। ਤੇਰੈ ਮੁਖਿ ਟਕਸਾਲਾ—ਤੇਰੇ ਸ੍ਰੇਸ਼ਟ ਟਕਸਾਲ ਵਿਚੋਂ ਘੜੇ ਗਏ ਹਨ।੧।

ਚੋਜ—ਕੌਤਕ, ਤਮਾਸ਼ੇ। ਮਹੀਅਲਿ—ਮਹੀ, ਤਲਿ, ਧਰਤੀ ਦੇ ਤਲ ਉੱਤੇ, ਅਕਾਸ਼ ਵਿਚ। ਭਰਿਪੁਰਿ—ਭਰਪੂਰ, ਨਕਾ ਨੱਕ।ਰਹਾਉ।

ਕਿਨੇਹਾ—ਕਿਹੋ ਜਿਹਾ ? ਬਿਆਨ ਤੋਂ ਪਰੇ। ਇਕਤੁ ਰੂਪਿ—ਇਕੋ ਰੂਪ ਵਿਚ (ਹੁੰਦਿਆਂ), ਇਕ ਆਪ ਹੀ ਆਪ ਹੁੰਦਿਆਂ। ਪਰਛੰਨਾ—ਲੁਕਿਆ ਹੋਇਆ।੨।

ਅੰਡਜ—ਅੰਡੇ ਤੋਂ ਜਨਮੇ ਹੋਏ। ਜੇਰਜ—ਜਿਓਰ ਤੋਂ ਜੰਮੇ ਹੋਏ। ਉਤਭੁਜ—ਪਾਣੀ ਦੀ ਰਾਹੀਂ ਧਰਤੀ ਤੋਂ ਜੰਮੇਂ ਹੋਏ। ਸੇਤਜ—ਸ੍ਵੇਤ ਮੁੜਕੇ ਤੋਂ ਪੈਦਾ ਹੋਏ। ਪੁਰਬੁ—ਵਡਿਆਈ, ਅਸਚਰਜ ਖੇਡ, ਖ਼ੂਬੀ। ਪਰਛੰਨਾ—ਲੁਕਿਆ ਹੋਇਆ, ਗੁਪਤ। ਰਵੰਤਾ—ਰਮਿਆ ਹੋਇਆ, ਵਿਆਪਕ।੩।

ਕਿਛੁ—ਕੋਈ ਚੰਗੀ ਅਕਲ। ਲੀਜੈ—ਕੱਢ ਲੈ।੪।

ਅਰਥ :

ਪ੍ਰ: ਹੇ ਗੁਰੋ! ਆਪ ਜੀ ਇਸ ਸ੍ਰਿਸ਼ਟੀ ਨੂੰ ਕਿਸ ਰੂਪ ਵਿਚ ਵੇਖਦੇ ਹੋ ?

ਉ: ੧. ਹੇ ਭਾਈ! ਅਸੀਂ ਤਾਂ ਇਉਂ ਅਨੁਭਵ ਕਰਦੇ ਹਾਂ ਕਿ ਹੇ ਸਾਈਂ ਜੀ! ਇਹ ਸ੍ਰਿਸ਼ਟੀ ਤੇਰਾ ਇਕ ਚੌਬਾਰਾ ਹੈ।

ਪ੍ਰ: ਹਜ਼ੂਰ! ਚੌਬਾਰੇ ਦੀਆਂ ਚਾਰ ਬਾਰੀਆਂ ਹੋਇਆ ਕਰਦੀਆਂ ਹਨ, ਇਸ ਦੀਆਂ ਚਾਰ ਬਾਰੀਆਂ ਕਿਹੜੀਆਂ ਹਨ ?

ਉ: ਹੇ ਭਾਈ! ਚਾਰ ਕੁੰਟਾਂ ਜਿਸ ਦੀਆਂ ਚਾਰ ਬਾਰੀਆਂ ਹਨ, ਜਾਂ ਚਾਰ ਕੰਧਾਂ ਹਨ। ਇਸ ਚੌਬਾਰੇ ਦਾ ਹੇਠਲਾ ਪੁੜ ਧਰਤੀ ਹੈ, ਭਾਵ ਧਰਤੀ ਹੇਠਲਾ (ਫ਼ਰਸ਼ ਹੈ) ਅਕਾਸ਼ ਇਸ ਚੌਬਾਰੇ ਦਾ ਉਪਰਲਾ ਪੁੜ ਹੈ, ਛੱਤ ਹੈ। ਹੇ ਸਾਈਂ ਜੀ! ਇਸ ਚੌਬਾਰੇ ਵਿਚ ਤੇਰਾ ਨਿਵਾਸ ਹੈ।

੨. ਸਾਰੀ ਸ੍ਰਿਸ਼ਟੀ (ਦੇ ਜੀਆਂ ਜੰਤਾਂ) ਦੀਆਂ ਮੂਰਤੀਆਂ ਤੇਰੀ ਹੀ ਸ੍ਰੇਸ਼ਟ ਟਕਸਾਲ ਵਿਚ ਘੜੀਆਂ ਗਈਆਂ ਹਨ। ਭਾਵ ਹੈ ਕਿ ਤੇਰਾ ਮੁਖ ਹੀ ਟਕਸਾਲ ਹੈ, ਅਰਥਾਤ ਜੋ ਵਾਕ ਤੇਰੇ ਮੂੰਹ ਵਿਚੋਂ ਨਿਕਲਦਾ, ਉਹੀ ਘਾੜਤ ਘੜ ਦੇਂਦਾ ਹੈ।

੩. ਹੇ ਮੇਰੇ ਮਾਲਕ! ਤੇਰੇ ਅਸਚਰਜ ਕੌਤਕ ਹਨ।

੪. ਤੂੰ ਜਲ ਵਿਚ, ਧਰਤੀ ਵਿਚ, ਧਰਤੀ ਦੇ ਉਪਰ, ਸਾਰੇ ਪੁਲਾੜ ਵਿਚ ਵਿਆਪਕ ਹੈਂ, ਤੂੰ ਆਪੇ ਹੀ ਸਰਬ ਥਾਂ ਭਰਪੂਰ ਹੈਂ।ਰਹਾਉ।

੫. ਹੇ ਸਾਈਂ ਜੀ! ਮੈਂ ਜਿਥੇ ਦੇਖਦਾ ਹਾਂ, ਉਥੇ ਤੁਹਾਡੀ ਹੀ ਜੋਤ ਦਿੱਸਦੀ ਹੈ, ਪਰ ਤੇਰਾ ਸਰੂਪ ਕੈਸਾ ਹੈ, (ਇਹ ਬਿਆਨ ਤੋਂ ਪਰੇ ਹੈ।)

੬. ਤੂੰ ਇਕੋ ਹੀ ਰੂਪ ਵਿਚ ਕਾਇਮ ਰਹਿੰਦਿਆਂ ਹੋਇਆਂ, ਤੂੰ ਇਨ੍ਹਾਂ ਬੇਅੰਤ ਜੀਵਾਂ ਵਿਚ ਲੁਕ ਕੇ, ਗੁਪਤ ਰੂਪ ਹੋ ਕੇ ਫਿਰ ਰਿਹਾ ਹੈਂ (ਪਰ ਹਾਂ) ਅਸਚਰਜਤਾ ਇਹੋ ਹੈ ਕਿ ਕੋਈ ਇਕ ਜੀਵ ਕਿਸੇ ਦੂਜੇ ਵਰਗਾ ਨਹੀਂ ਹੈ।੨।

੭. ਇਹ ਸਾਰੇ ਜੀਵ ਜੰਤੂ ਤੇਰੇ ਰਚੇ ਹੋਏ ਹਨ, (ਹਾਂ) (ਚਾਹੇ) ਉਹ ਅੰਡਿਆਂ ਤੋਂ, (ਚਾਹੇ ਉਹ) ਜੇਰ ਤੋਂ, ਭਾਵੇਂ ਉਹ ਪ੍ਰਿਥਵੀ ਤੋਂ, (ਚਾਹੇ ਉਹ) ਪ੍ਰਸੀਨੇ ਤੋਂ ਪੈਦਾ ਹੋਏ ਹਨ।

੮. ਪਰ ਹੇ ਮੇਰੇ ਸਾਈਂ! ਮੈਂ ਇਕ ਖ਼ੂਬੀ ਤੇਰੀ ਦੇਖੀ ਹੈ ਕਿ ਤੂੰ ਸਭ ਵਿਚ ਰਵ ਰਿਹਾ ਹੈਂ।੩।

੯. ਸੋ ਇਸੇ ਲਈ ਮੈਂ ਕਹਿੰਦਾ ਹਾਂ ਕਿ ਤੇਰੇ ਗੁਣ ਬਹੁਤੇ ਹਨ, (ਪਰ) ਮੈਂ ਇਕ ਵੀ ਨਹੀਂ ਪਛਾਣਿਆ, ਭਾਵ ਮੈਨੂੰ ਕਿਸੇ ਇਕ ਦੀ ਵੀ ਪਛਾਣ ਨਹੀਂ, ਸੋ ਹੇ ਮੇਰੇ ਮਾਲਕ! ਮੈਨੂੰ ਮੂਰਖ ਨੂੰ ਵੀ ਕੋਈ ਚੰਗੀ ਅਕਲ ਦੇਹ, ਤਾਂਕਿ ਮੈਂ ਤੇਰੇ ਗੁਣਾਂ ਦੀ ਪਛਾਣ ਕਰ ਸਕਾਂ।

੧੦. (ਗੁਰੂ) ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਮੇਰੇ ਸਾਹਿਬ ਸੁਣ! ਮੈਂ ਇਕ ਭਵ ਸਾਗਰ ਵਿਚ ਡੁੱਬ ਰਿਹਾ ਪੱਥਰ ਹਾਂ। (ਮੈਨੂੰ) ਕਿਰਪਾ ਕਰ ਕੇ ਬਚਾਅ ਲਓ।੪।੪।

ਭਾਵਾਰਥ : ਇਸ ਸ਼ਬਦ ਵਿਚ ਇਸ ਸ੍ਰਿਸ਼ਟੀ ਦੀ ਰਚਨਾ ਨੂੰ ਕਰਤਾਰ ਦੀ ਕੀਤੀ ਹੋਈ ਦੱਸਦੇ ਹਨ, ਫੇਰ ਇਸ ਕੀਤੀ ਹੋਈ

ਅਨੇਕਤਾ ਵਿਚ ਇੱਕੋ ਰੂਪ ਸਾਈਂ ਜੀ ਦਾ ਦੱਸ ਕੇ ਉਸ ਦੇ ਗੁਣਾਂ ਦੀ ਪਛਾਣ ਲਈ ਅਰਦਾਸ ਕਰਦੇ ਹਨ। ਸਾਰਾ ਸ਼ਬਦ ਅਰਦਾਸ ਦੇ ਰੂਪ ਵਿਚ ਸਨਮੁਖ ਉਚਾਰਨ ਕੀਤਾ ਗਿਆ ਹੈ।

ਸੋਰਠਿ ਮਹਲਾ ੧ ॥

੧. ਹਉ ਪਾਪੀ ਪਤਿਤੁ ਪਰਮ ਪਾਖੰਡੀ
ਤੂ ਨਿਰਮਲੁ ਨਿਰੰਕਾਰੀ ॥
੨. ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ
ਠਾਕੁਰ ਸਰਣਿ ਤੁਮਾਰੀ ॥੧॥
੩. ਕਰਤਾ ਤੂ ਮੈ ਮਾਣੁ ਨਿਮਾਣੇ ॥
੪. ਮਾਣੁ ਮਹਤੁ ਨਾਮੁ ਧਨੁ ਪਲੈ
ਸਾਚੈ ਸਬਦਿ ਸਮਾਣੇ ॥ ਰਹਾਉ ॥
੫. ਤੂ ਪੂਰਾ ਹਮ ਊਰੇ ਹੋਛੇ
ਤੂ ਗਉਰਾ ਹਮ ਹਉਰੇ ॥
੬. ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ
ਹਰਿ ਰਸਨਾ ਜਪਿ ਮਨ ਰੇ ॥੨॥
੭. ਤੁਮ ਸਾਚੇ ਹਮ ਤੁਮ ਹੀ ਰਾਚੇ
ਸਬਦਿ ਭੇਦਿ ਫੁਨਿ ਸਾਚੇ ॥
੮. ਅਹਿਨਿਸਿ ਨਾਮਿ ਰਤੇ ਸੇ ਸੂਚੇ
ਮਰਿ ਜਨਮੇ ਸੇ ਕਾਚੇ ॥੩॥
੯. ਅਵਰੁ ਨ ਦੀਸੈ ਕਿਸੁ ਸਾਲਾਹੀ
ਤਿਸਹਿ ਸਰੀਕੁ ਨ ਕੋਈ ॥
੧੦. ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਗੁਰਮਤਿ ਜਾਨਿਆ ਸੋਈ ॥੪॥੫॥

ਪਦ ਅਰਥ : ਹਉ—ਮੈਂ। ਪਤਿਤੁ—ਡਿਗਾ ਹੋਇਆ, ਵਿਕਾਰਾਂ ਵਿਚ ਪਿਆ ਹੋਇਆ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ, ਨਾਮ ਰਸ ਵਿਚ। ਠਾਕੁਰ—ਹੇ ਠਾਕਰ।੧।

ਕਰਤਾ—ਹੇ ਕਰਤਾਰ। ਮਹਤੁ—ਮਹੱਤਤਾ, ਵਡਿਆਈ।ਰਹਾਉ।

ਊਰੇ—ਊਣੇ। ਹੋਛੇ—ਥੋੜ ਵਿਤੇ। ਗਉਰਾ—ਗੰਭੀਰ, ਭਾਰਾ। ਹਉਰੇ—ਹਉਲੇ। ਮਨ—ਜਿਨ੍ਹਾਂ ਦੇ ਮਨ। ਰਸਨਾ—ਜੀਭ। ਮਨ ਰੇ—ਹੇ ਮੇਰੇ ਮਨ। ਭੇਦਿ—ਵਿਝਕੇ। ਫੁਨਿ—ਮੁੜ, ਭੀ। ਅਹਿ—ਦਿਨ। ਨਿਸਿ—ਰਾਤ। ਨਾਮਿ—ਨਾਮ ਵਿਚ। ਕਾਚੇ—ਕੱਚੀ ਘਾੜਤ ਵਾਲੇ, ਕੋਝੀ ਘਾੜਤ ਵਾਲੇ।੩।

ਸਾਲਾਹੀ—ਮੈਂ ਸਿਫ਼ਤਿ ਕਰਾਂ। ਸਰੀਕੁ—ਬਰਾਬਰ ਦਾ।੪।

ਅਰਥ :

ਪ੍ਰ: ਹੇ ਗੁਰੋ! ਅਸੀਂ ਤਾਂ ਕਲਜੁਗੀ ਜੀਵ ਹਾਂ। ਸਾਨੂੰ ਤਾਂ ਸਾਈਂ ਜੀ ਅੱਗੇ ਅਰਦਾਸ ਕਰਨ ਦੀ ਵੀ ਸੋਝੀ ਨਹੀਂ, ਕਿਰਪਾ ਕਰੋ, ਸਾਨੂੰ ਬੇਨਤੀ ਕਰਨ ਦੀ ਜਾਚ ਦੱਸ ਦਿਓ।

ਉ: ੧. ਹੇ ਭਰਾਵੋ! ਉਸ ਸਾਈਂ ਜੀ ਅੱਗੇ ਇਸ ਪ੍ਰਕਾਰ ਅਰਦਾਸ ਕਰਿਆ ਕਰੋ ਕਿ ਹੇ ਮੇਰੇ ਠਾਕਰ! ਮੈਂ (ਮਾੜੇ ਕਰਮ ਕਰਨ ਵਾਲਾ) ਪਾਪੀ ਹਾਂ, ਧਰਮ ਕਰਮ ਤੋਂ ਡਿੱਗਾ ਹੋਇਆ ਹਾਂ ਅਤੇ ਭਾਰਾ ਪਾਖੰਡੀ ਹਾਂ, ਤੂੰ ਪਵਿੱਤ੍ਰ ਤੇ ਅਕਾਰ ਤੋਂ ਰਹਿਤ ਹੈਂ, ਅਰਥਾਤ ਰੂਪ ਰੇਖ ਤੋਂ ਨਿਆਰਾ ਹੈਂ, ਸ਼ੁੱਧ ਆਤਮ ਸਰੂਪ ਹੈਂ। (ਇਤਨੀ ਵੱਡੀ ਵਿੱਥ ਦੇ ਹੁੰਦਿਆਂ; (ਹੇ ਸਾਈਂ!) ਮੈਂ ਚਰਨਾਂ ਵਿਚ ਕਿਵੇਂ ਪਹੁੰਚਾਂ ?) ਪਰ ਮੈਨੂੰ ਵਿਸ਼ਵਾਸ ਹੈ ਕਿ ਤੂੰ ਸ਼ਰਨ ਪਏ ਦੀ ਲਾਜ ਰੱਖਣ ਵਾਲਾ ਹੈਂ।

੨. ਜਿਹੜੇ ਬੰਦੇ ਤੇਰੀ ਸ਼ਰਨ ਪੈਂਦੇ ਹਨ, ਕੀ ਉਹ ਅੰਮ੍ਰਿਤ ਰਸ ਚਖ ਕੇ ਮਹਾਨ ਰਸ ਵਿਚ ਰਤੇ ਗਏ ਹਨ ?।੧।

੩. ਹੇ ਮੇਰੇ ਕਰਤਾਰ! ਮੈਂ ਵੇਖਦਾ ਹਾਂ ਕਿ ਕਿਸੇ ਨੂੰ ਦੁਨੀਆ ਵਿਚ ਧਨ ਦਾ ਮਾਣ ਹੈ, ਕਿਸੇ ਨੂੰ (ਆਪਣੇ ਅੰਦਰ ਵਧੇਰੇ) ਗੁਣਾਂ ਦਾ ਫ਼ਖ਼ਰ ਹੈ, ਮੇਰੇ ਪਲੇ ਤਾਂ ਗੁਣ ਨਹੀਂ ਹਨ, ਮੇਰੇ ਨਿਮਾਣੇ ਵਾਸਤੇ ਤੂੰਹੀ ਮਾਣ ਹੈਂ, ਆਸਰਾ ਹੈਂ।

੪. ਜਿਨ੍ਹਾਂ ਦੇ ਪੱਲੇ ਪਰਮੇਸ਼ਰ ਦਾ ਨਾਮ ਧਨ ਹੈ, ਜੋ ਗੁਰ-ਸ਼ਬਦ ਦੇ ਰਾਹੀਂ ਸੱਚੇ ਪ੍ਰਭੂ ਵਿਚ ਲੀਨ ਰਹਿੰਦੇ ਹਨ, ਉਨ੍ਹਾਂ ਨੂੰ ਹੀ ਮਾਣ ਮਿਲਦਾ ਹੈ, ਉਨ੍ਹਾਂ ਨੂੰ ਹੀ ਵਡਿਆਈ ਮਿਲਦੀ ਹੈ।ਰਹਾਉ।

੫. ਹੇ ਪ੍ਰਭੂ! ਤੂੰ ਗੁਣਾਂ ਨਾਲ ਭਰਪੂਰ ਹੈਂ, ਅਸੀਂ ਜੀਵ ਊਣੇ ਹਾਂ ਤੇ ਥੋੜ ਵਿਤੇ ਹਾਂ। ਤੂੰ ਗੰਭੀਰ ਹੈ, ਅਸੀਂ ਹਉਲੇ ਹਾਂ।

੬. ਹੇ ਪ੍ਰਭੂ! ਜਿਨ੍ਹਾਂ ਦੇ ਮਨ ਦਿਨ ਰਾਤ ਹਰ ਵੇਲੇ ਤੇਰੇ ਪਿਆਰ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਨੂੰ ਤੂੰ ਆਪਣੇ ਚਰਨਾਂ ਵਿਚ ਜੋੜ ਕੇ ਪੂਰਾ ਤੇ ਗੰਭੀਰ ਬਣਾ ਲੈਂਦਾ ਹੈਂ। ਹੇ ਮਨ! ਤੂੰ ਭੀ ਜੀਭ ਨਾਲ ਪਰਮੇਸ਼ਰ ਦਾ ਨਾਮ ਜਪ (ਤੇਰੇ ਅੰਦਰ ਭੀ ਉਸ ਦੀ ਮਿਹਰ ਨਾਲ ਗੁਣ ਪੈਦਾ ਹੋ ਜਾਣਗੇ)।੨।

੭. ਹੇ ਪ੍ਰਭੂ! ਤੂੰ ਸਦਾ-ਥਿਰ ਰਹਿਣ ਵਾਲਾ ਹੈਂ, ਜੇ ਅਸੀਂ ਜੀਵ ਤੇਰੀ ਯਾਦ ਵਿਚ ਹੀ ਟਿਕੇ ਰਹੀਏ, ਜੇ ਅਸੀਂ ਤੇਰੀ ਸਿਫ਼ਤਿ-ਸਾਲਾਹ ਦੇ ਸ਼ਬਦ ਵਿਚ ਵਿਝੇ ਰਹੀਏ, ਤਾਂ ਅਸੀਂ ਭੀ (ਤੇਰੀ ਮਿਹਰ ਨਾਲ) ਅਡੋਲ ਚਿੱਤ ਹੋ ਸਕਦੇ ਹਾਂ।

੮. ਹੇ ਪ੍ਰਭੂ! ਜਿਹੜੇ ਮਨੁੱਖ ਦਿਨੇ ਰਾਤ ਤੇਰੇ ਨਾਮ ਰੰਗ ਵਿਚ ਰੰਗੇ ਰਹਿੰਦੇ ਹਨ, ਉਹ ਪਵਿੱਤ੍ਰ ਆਤਮਾ ਹਨ, (ਪਰ ਨਾਮ ਵਿਸਾਰ ਕੇ) ਜੋ ਜਨਮ ਮਰਣ ਦੇ ਗੇੜ ਵਿਚ ਪਏ ਹੋਏ ਹਨ, ਉਨ੍ਹਾਂ ਦੇ ਮਨ ਦੀ ਘਾੜਤ ਅਜੇ ਕੋਝੀ ਹੈ।੩।

੯. ਹੇ ਭਾਈਓ! ਮੈਨੂੰ ਤਾਂ ਉਸ ਨਿਰਮਲ ਨਿਰੰਕਾਰ ਵਰਗਾ ਕੋਈ ਵੀ ਨਹੀਂ ਦਿੱਸਦਾ, (ਕਿਉਂਕਿ) ਉਸ ਦੇ ਬਰਾਬਰ ਦਾ ਹੋਰ ਕੋਈ ਹੈ ਹੀ ਨਹੀਂ, ਇਸ ਲਈ ਮੈਂ ਹੋਰ ਕਿਸ ਦੀ ਸਲਾਹੁਤਾ ਕਰਾਂ।

੧੦. (ਗੁਰੂ) ਨਾਨਕ ਦੇਵ ਜੀ ਬੇਨਤੀ ਪੂਰਵਕ ਕਹਿੰਦੇ ਹਨ ਕਿ ਹੇ ਭਾਈ! ਉਸ ਨਿਰਮਲ ਨਿਰੰਕਾਰ ਨੂੰ ਮੈਂ ਗੁਰੂ ਦੀ ਮਤਿ ਦੁਆਰਾ ਜਾਣਿਆ ਹੈ, ਉਸ ਦੇ ਦਾਸਾਂ ਦਾ ਮੈਂ ਦਾਸ ਹਾਂ।੪।੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਮਨ ਨੂੰ ਸੰਬੋਧਨ ਕੀਤਾ ਹੈ ਤੇ ਅਰਦਾਸ ਕੀਤੀ ਹੈ। ਖੋਟਿਆਂ ਦੀ ਸੰਗਤ ਤੋਂ ਵਰਜ ਕੇ ਭਲਿਆਂ ਦੀ ਸੰਗਤ ਵਿਚ ਬੈਠਣ ਦਾ ਉਪਦੇਸ਼ ਦਿੱਤਾ ਹੈ।

ਸੋਰਠਿ ਮਹਲਾ ੧ ॥

੧. ਅਲਖ ਅਪਾਰ ਅਗੰਮ ਅਗੋਚਰ
ਨਾ ਤਿਸੁ ਕਾਲੁ ਨ ਕਰਮਾ ॥
੨. ਜਾਤਿ ਅਜਾਤਿ ਅਜੋਨੀ ਸੰਭਉ
ਨਾ ਤਿਸੁ ਭਾਉ ਨ ਭਰਮਾ ॥੧॥
੩. ਸਾਚੇ ਸਚਿਆਰ ਵਿਟਹੁ ਕੁਰਬਾਣੁ ॥
੪. ਨਾ ਤਿਸੁ ਰੂਪ ਵਰਨੁ ਨਹੀ ਰੇਖਿਆ
ਸਾਚੈ ਸਬਦਿ ਨੀਸਾਣੁ ॥ ਰਹਾਉ ॥
੫. ਨਾ ਤਿਸੁ ਮਾਤ ਪਿਤਾ ਸੁਤ ਬੰਧਪ
ਨਾ ਤਿਸੁ ਕਾਮੁ ਨ ਨਾਰੀ ॥
੬. ਅਕੁਲ ਨਿਰੰਜਨ ਅਪਰ ਪਰੰਪਰੁ
ਸਗਲੀ ਜੋਤਿ ਤੁਮਾਰੀ ॥੨॥
੭. ਘਟ ਘਟ ਅੰਤਰਿ ਬ੍ਰਹਮੁ ਲੁਕਾਇਆ
ਘਟਿ ਘਟਿ ਜੋਤਿ ਸਬਾਈ ॥
੮. ਬਜਰ ਕਪਾਟ ਮੁਕਤੇ ਗੁਰਮਤੀ
ਨਿਰਭੈ ਤਾੜੀ ਲਾਈ ॥੩॥
੯. ਜੰਤ ਉਪਾਇ ਕਾਲੁ ਸਿਰਿ ਜੰਤਾ
ਵਸਗਤਿ ਜੁਗਤਿ ਸਬਾਈ ॥
੧੦. ਸਤਿਗੁਰੁ ਸੇਵਿ ਪਦਾਰਥੁ ਪਾਵਹਿ
ਛੂਟਹਿ ਸਬਦੁ ਕਮਾਈ ॥੪॥
੧੧. ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥
੧੨. ਤੰਤੈ ਕਉ ਪਰਮ ਤੰਤੁ ਮਿਲਾਇਆ
ਨਾਨਕ ਸਰਣਿ ਤੁਮਾਰੀ ॥੫॥੬॥

ਪਦ ਅਰਥ : ਅਲਖ—ਅਦ੍ਰਿਸ਼। ਅਗੰਮ—ਅਪਹੁੰਚ। ਅਗੋਚਰ ਗੋ—ਗਿਆਨ-ਇੰਦ੍ਰੇ। ਗੋਚਰ—ਜਿਸ ਤਕ ਗਿਆਨ-ਇੰਦ੍ਰੇ ਪਹੁੰਚ ਸਕਣ, ਜਿਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਾ ਹੋ ਸਕੇ। ਕਾਲੁ—ਮੌਤ। ਕਰਮਾ—ਕਰਮ, ਕੰਮ। ਅਜਾਤਿ—ਜਿਸ ਦੀ ਕੋਈ ਜਾਤ ਨਹੀਂ। ਸੰਭਉ—ਆਪਣੇ ਆਪ ਤੋਂ ਪ੍ਰਗਟ ਹੋਣ ਵਾਲਾ। ਭਾਉ—ਮੋਹ।੧।

ਸਚਿਆਰ—ਸੱਚ ਦਾ ਸੋਮਾ। ਵਿਟਹੁ—ਤੋਂ। ਵਰਨੁ—ਰੰਗ। ਰੇਖਿਆ—ਚਿਹਨ। ਨੀਸਾਣੁ—ਥਹੁ, ਪਤਾ।ਰਹਾਉ।

ਸੁਤ—ਪੁੱਤਰ। ਬੰਧਪ—ਰਿਸ਼ਤੇਦਾਰ। ਕਾਮੁ—ਕਾਮ ਵਾਸ਼ਨਾ। ਅਕੁਲ—ਜਿਸ ਦੀ ਕੋਈ ਖ਼ਾਸ ਕੁਲ ਨਹੀਂ। ਪਰੰਪਰੁ—ਪਰੇ ਤੋਂ ਪਰੇ, ਬੇਅੰਤ।੨।

ਅੰਤਰਿ—ਅੰਦਰ। ਘਟਿ ਘਟਿ—ਹਰੇਕ ਘਟ ਵਿਚ। ਸਬਾਈ—ਹਰ ਥਾਂ। ਬਜਰ—ਪੱਥਰ ਵਰਗੇ ਕਰੜੇ। ਕਪਾਟ—ਕਵਾੜ, ਭਿੱਤ। ਮੁਕਤੇ—ਖੁਲ੍ਹ ਜਾਂਦੇ। ਨਿਰਭੈ—ਨਿਡਰ ਅਵਸਥਾ ਵਿਚ। ਤਾੜੀ—ਸਮਾਧੀ।੩।

ਸਿਰਿ ਜੰਤਾ—ਸਭ ਜੀਵਾਂ ਦੇ ਸਿਰ 'ਤੇ। ਸਬਾਈ—ਸਾਰੀ। ਵਸਗਤਿ—ਵਸ ਵਿਚ ਕੀਤੀ ਹੋਈ। ਪਾਵਹਿ—ਜੀਵ ਪ੍ਰਾਪਤ ਕਰਦੇ ਹਨ। ਕਮਾਈ—ਕਮਾਇ, ਕਮਾ ਕੇ।੪।

ਭਾਡੈ—ਭਾਂਡੇ ਵਿਚ। ਸੂਚਾਚਾਰੀ—ਸੁੱਚੇ ਅਚਾਰ ਵਾਲੇ। ਤੰਤੈ ਕਉ—ਜੀਵਾਤਮਾ ਨੂੰ। ਪਰਮ ਤੰਤੁ—ਪਰਮ ਆਤਮਾ।੫।

ਅਰਥ :

ਪ੍ਰ: ਹੇ ਗੁਰੋ! ਜਿਸ ਸਾਈਂ ਜੀ ਨੂੰ ਆਪ ਪਿਛਲੇ ਸ਼ਬਦ ਵਿਚ (ਨਿਰਮਲ ਨਿਰੰਕਾਰੀ) ਕਹਿ ਆਏ ਹੋ, ਉਸ ਦੇ ਗੁਣਾਂ ਦਾ ਕੁਝ ਵਿਸ਼ੇਸ਼ ਕਰਕੇ ਨਿਰਨਾ ਕਰਕੇ ਸਮਝਾਓ।

ਉ: ੧. ਹੇ ਭਾਈਓ! ਉਸ ਪ੍ਰਭੂ ਜੀ ਦੇ ਸੰਪੂਰਨ ਗੁਣ ਤਾਂ ਕਥਨ ਨਹੀਂ ਕੀਤੇ ਜਾ ਸਕਦੇ, ਪਰ ਜੇ ਨਾਮ ਮਾਤ੍ਰ ਕਥਨ ਵੀ ਕਰੀਏ ਤਾਂ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਉਹ ਪਰਮਾਤਮਾ ਅਦ੍ਰਿਸ਼ ਹੈ, ਬੇ-ਅੰਤ ਹੈ, ਮਨੁੱਖ ਦੇ ਗਿਆਨ-ਇੰਦ੍ਰੇ ਉਸ ਨੂੰ ਸਮਝ ਨਹੀਂ ਸਕਦੇ, (ਭਾਵ ਹੈ ਕਿ 'ਮਨ ਬੁਧੀ' ਹੱਦ ਵਾਲੇ ਹੋਣ ਕਰ ਕੇ ਉਹ ਬੇ-ਹੱਦ ਨੂੰ ਸਮਝ ਨਹੀਂ ਸਕਦੇ) ਮੌਤ ਉਸ ਨੂੰ ਪੋਹ ਨਹੀਂ ਸਕਦੀ ਤੇ ਕਰਮਾਂ ਦਾ ਉਸ ਉੱਤੇ ਕੋਈ ਦਬਾਉ ਨਹੀਂ (ਭਾਵ ਹੈ ਕਿ ਜਿਵੇਂ ਜੀਵ ਕਰਮਾਂ ਅਧੀਨ ਹੈ, ਇਸ ਤਰ੍ਹਾਂ ਉਹ ਕਰਮਾਂ ਦੇ ਅਧੀਨ ਨਹੀਂ ਹੈ)।

੨. ਹੇ ਭਾਈਓ! (ਕਾਲ ਰਹਿਤ ਹੋਣ ਕਰ ਕੇ ਉਹ) ਜੂਨ ਵਿਚ ਕਦੇ ਨਹੀਂ ਆਉਂਦਾ, ਇਸੀ ਕਰਕੇ ਉਸ ਦੀ ਉੱਚੀ ਜਾਤ ਕਿ ਨੀਵੀਂ ਜਾਤ ਕੋਈ ਨਹੀਂ, ਉਹ ਆਪਣੇ ਆਪ ਤੋਂ ਆਪ ਹੀ ਵਿਦਮਾਨ ਹੈ, (ਸ੍ਵਯੰ ਹੋਣ ਕਰ ਕੇ) ਉਸ ਨੂੰ ਨਾ ਮੋਹ ਹੈ ਨਾ ਭਰਮ ਭਟਕਣਾ ਹੈ।੧।

੩. ਇਸ ਲਈ ਮੈਂ ਉਸ ਪਰਮਾਤਮਾ ਤੋਂ ਸਦਾ ਹੀ ਕੁਰਬਾਨ ਹਾਂ, ਜੋ ਕਿ ਸਦਾ ਹੀ ਕਾਇਮ ਰਹਿਣ ਵਾਲਾ ਹੈ ਅਤੇ ਸਚਾਈ ਦਾ ਸੋਮਾ ਹੈ।

ਪ੍ਰ: (ਕਿਉਂ ਜੀ) ਉਸ ਦਾ ਕੋਈ ਰੂਪ ਰੰਗ ਤਾਂ ਬਿਆਨ ਕਰੋ ਤਾਂਕਿ ਕੁਝ ਸਮਝ ਪੈ ਸਕੇ?

ਉ: ੪. ਹੇ ਪਿਆਰੇ! ਉਸ ਪ੍ਰਭੂ ਦਾ ਨਾ ਕੋਈ ਰੂਪ ਹੈ, ਨਾ ਕੋਈ ਰੰਗ ਹੈ ਅਤੇ ਨਾ ਹੀ ਕੋਈ ਉਸਦਾ ਚੱਕ੍ਰ ਚਿਹਨ ਹੈ।

ਪ੍ਰ: ਹਜ਼ੂਰ! ਉਹ ਕਿਵੇਂ ਪ੍ਰਗਟ ਵੀ ਹੋ ਸਕਦਾ ਹੈ?

ਉ: ਹਾਂ ਜ਼ਰੂਰ! ਹੇ ਭਾਈ! ਉਹ ਸੱਚੇ ਸ਼ਬਦ ਦੁਆਰਾ ਪ੍ਰਗਟ (ਹੁੰਦਾ ਹੈ)।ਰਹਾਉ।

ਪ੍ਰ: ਕਿਉਂ ਜੀ! ਕੀ ਉਸਦਾ ਕੋਈ ਸੰਬੰਧੀ ਭੀ ਨਹੀਂ ਹੈ?

ਉ: ੫. ਹੇ ਪਿਆਰਿਓ! ਉਸ ਪ੍ਰਭੂ ਦੀ ਨਾ ਮਾਂ, ਨਾ ਪਿਉ, ਨਾ ਹੀ ਉਸ ਦਾ ਕੋਈ ਪੁੱਤ੍ਰ, ਨਾ ਰਿਸ਼ਤੇਦਾਰ, ਨਾ ਉਸ ਨੂੰ ਕਾਮ ਵਾਸ਼ਨਾ ਫੁਰਦੀ ਹੈ, ਨਾ ਕੋਈ ਉਸ ਦੀ ਇਸਤ੍ਰੀ ਹੈ।

੬. ਉਸ ਦੀ ਕੋਈ ਖ਼ਾਸ ਕੁਲ ਭੀ ਨਹੀਂ, ਉਹ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਬੇਅੰਤ ਹੈ, ਪਰੇ ਤੋਂ ਪਰੇ ਹੈ। (ਹੇ ਐਸੇ ਪ੍ਰਭੂ) ਸਭ ਥਾਂ ਤੇਰੀ ਹੀ ਜੋਤ ਪ੍ਰਕਾਸ਼ ਕਰ ਰਹੀ ਹੈ।੨।

੭. ਹੇ ਪਿਆਰਿਓ! ਘਟਾਂ ਘਟਾਂ ਵਿਚ ਬ੍ਰਹਮ ਲੁਕਿਆ ਹੋਇਆ ਹੈ, ਹਾਂ! ਉਸ ਦੀ ਸਰਬ ਵਿਆਪੀ ਜੋਤ ਘਟ-ਘਟ ਵਿਚ ਸਮਾਈ ਹੋਈ ਹੈ।

ਪ੍ਰ: ਹਜ਼ੂਰ! ਜੇ ਉਸ ਦੀ ਜੋਤ ਘਟ-ਘਟ ਵਿਚ ਵਿਆਪਕ ਹੋ ਰਹੀ ਹੈ, ਤਾਂ ਉਹ ਨਜ਼ਰ ਕਿਉਂ ਨਹੀਂ ਆਉਂਦੀ?

ਉ: ੮. ਹੇ ਪਿਆਰੇ! ਹੈ ਤਾਂ ਉਹ ਸਾਰਿਆਂ ਦੇ ਅੰਦਰ ਵਿਆਪਕ ਪਰ ਮਾਇਆ ਮੋਹ ਦੇ ਪੱਥਰ ਵਰਗੇ ਕਰੜੇ ਕਵਾੜ ਲੱਗੇ ਹੋਣ ਕਰ ਕੇ, (ਜੀਵ ਨੂੰ ਇਹ ਸਮਝ ਨਹੀਂ ਆਉਂਦੀ)।

ਪ੍ਰ: ਕਿਉਂ ਜੀ! ਕੀ ਇਹ ਕਵਾੜ ਕਿਸੇ ਦੇ ਖੁਲ੍ਹਦੇ ਵੀ ਹਨ?

ਉ: ਹਾਂ ਜ਼ਰੂਰ! ਹੇ ਭਾਈ! ਗੁਰੂ ਦੀ ਮਤਿ 'ਤੇ ਚਲ ਕੇ ਜਿਸ ਮਨੁੱਖ ਦੇ ਇਹ ਕਰੜੇ ਕੁਆੜ ਖੁੱਲ੍ਹਦੇ ਹਨ, ਉਸੇ ਨੂੰ ਇਹ ਸਮਝ ਆਉਂਦੀ ਹੈ ਕਿ ਹਰੇਕ ਜੀਵ ਵਿਚ ਵਿਆਪਕ ਹੁੰਦਾ ਹੋਇਆ ਵੀ ਉਹ ਪ੍ਰਭੂ ਨਿਰਭਉ ਅਵਸਥਾ ਵਿਚ ਟਿਕਿਆ ਬੈਠਾ ਹੈ।੩।

੯. ਹੇ ਭਾਈਓ! ਉਸ ਸਾਈਂ ਜੀ ਨੇ ਸਾਰੇ ਜੀਵਾਂ ਨੂੰ ਪੈਦਾ ਕਰ ਕੇ ਸਭ ਦੇ ਸਿਰ 'ਤੇ ਮੌਤ ਨੂੰ ਭੀ ਟਿਕਾਈ ਰਖਿਆ ਹੈ, ਸਭ ਜੀਵਾਂ ਦੀ ਜੀਵਨ ਜੁਗਤ ਪ੍ਰਭੂ ਨੇ ਆਪਣੇ ਹੱਥ ਵਿਚ ਰੱਖੀ ਹੋਈ ਹੈ।

ਪ੍ਰ: ਸ੍ਰੀ ਜੀਉ! ਇਹ ਬਜਰ ਕਪਾਟ ਕਿਵੇਂ ਖੁੱਲ੍ਹ ਸਕਣਗੇ?

ਉ: ੧੦. ਹੇ ਭਰਾਵੋ! ਜਿਹੜੇ ਮਨੁੱਖ ਗੁਰੂ ਦੇ ਦੱਸੇ ਭਗਤੀ ਮਾਰਗ 'ਤੇ ਤੁਰ ਕੇ ਨਾਮ ਪਦਾਰਥ ਪ੍ਰਾਪਤ ਕਰ ਲੈਂਦੇ ਹਨ, ਉਹ ਗੁਰੂ ਦੇ ਸ਼ਬਦ ਨੂੰ ਕਮਾ ਕੇ (ਭਾਵ ਗੁਰੂ ਦੇ ਸ਼ਬਦ ਅਨੁਸਾਰ ਜੀਵਨ ਨੂੰ ਢਾਲ ਕੇ ਮਾਇਆ ਦੇ ਬੰਧਨਾਂ ਤੋਂ) ਅਜ਼ਾਦ ਹੋ ਜਾਂਦੇ ਹਨ।੪।

ਪ੍ਰ: ਹੇ ਗੁਰੋ! ਜਿਸ ਸੱਚੇ ਨਾਮ ਸਿਮਰਨ ਦੀ ਕਮਾਈ ਦੁਆਰਾ ਮਾਇਆ ਦੇ ਬੰਧਨ ਟੁੱਟਦੇ ਹਨ, ਉਹ ਨਾਮ ਸਾਰਿਆਂ ਦੇ ਹਿਰਦੇ ਵਿਚ ਕਿਉਂ ਨਹੀਂ ਸਮਾਉਂਦਾ?

ਉ: ੧੧. ਹੇ ਪਿਆਰੇ! ਪਵਿੱਤ੍ਰ ਹਿਰਦੇ ਵਿਚ ਹੀ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ ਨਾਮ ਟਿਕ ਸਕਦਾ ਹੈ, ਪਰ ਜਗਤ ਵਿਚ ਸੁੱਚੇ ਆਚਰਨ ਵਾਲੇ (ਭਾਵ ਪਵਿੱਤ੍ਰ ਹਿਰਦੇ ਵਾਲੇ) ਕੋਈ ਵਿਰਲੇ ਹੀ ਬੰਦੇ ਹੁੰਦੇ ਹਨ।

੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਜਿਨ੍ਹਾਂ ਨੇ ਆਪ ਦੀ ਸ਼ਰਨ ਵਿਚ ਆ ਕੇ ਆਪਣੇ ਜੀਵ ਤੱਤ ਨੂੰ (ਆਪ ਦੇ) ਪਰਮ ਤੱਤ ਵਿਚ ਮਿਲਾ ਲਿਆ ਹੈ, (ਉਹ ਬੰਦੇ ਸੰਸਾਰ ਵਿਚ ਵਿਰਲੇ ਹੀ ਹਨ।੫।੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਪਿਛਲੇ ਸ਼ਬਦ ਵਿਚ ਆਏ 'ਨਿਰਮਲ ਨਿਰੰਕਾਰੀ' ਸ਼ਬਦ ਦੀ ਖੁਲਾਸੇ ਨਾਲ ਵਿਆਖਿਆ ਕੀਤੀ ਹੈ, ਪਰ ਉਸ ਦੀ ਪ੍ਰਾਪਤੀ ਕੇਵਲ ਸੱਚੇ ਸ਼ਬਦ ਰਾਹੀਂ ਦੱਸੀ ਹੈ।

ਸੋਰਠਿ ਮਹਲਾ ੧ ॥

੧. ਜਿਉ ਮੀਨਾ ਬਿਨੁ ਪਾਣੀਐ
ਤਿਉ ਸਾਕਤੁ ਮਰੈ ਪਿਆਸ ॥
੨. ਤਿਉ ਹਰਿ ਬਿਨੁ ਮਰੀਐ ਰੇ ਮਨਾ
ਜੋ ਬਿਰਥਾ ਜਾਵੈ ਸਾਸੁ ॥੧॥
੩. ਮਨ ਰੇ ਰਾਮ ਨਾਮ ਜਸੁ ਲੇਇ ॥
੪. ਬਿਨੁ ਗੁਰ ਇਹੁ ਰਸੁ ਕਿਉ ਲਹਉ
ਗੁਰੁ ਮੇਲੈ ਹਰਿ ਦੇਇ ॥ ਰਹਾਉ ॥
੫. ਸੰਤ ਜਨਾ ਮਿਲੁ ਸੰਗਤੀ
ਗੁਰਮੁਖਿ ਤੀਰਥੁ ਹੋਇ ॥
੬. ਅਠਸਠਿ ਤੀਰਥ ਮਜਨਾ
ਗੁਰ ਦਰਸੁ ਪਰਾਪਤਿ ਹੋਇ ॥੨॥
੭. ਜਿਉ ਜੋਗੀ ਜਤ ਬਾਹਰਾ
ਤਪੁ ਨਾਹੀ ਸਤੁ ਸੰਤੋਖੁ ॥
੮. ਤਿਉ ਨਾਮੈ ਬਿਨੁ ਦੇਹੁਰੀ
ਜਮੁ ਮਾਰੈ ਅੰਤਰਿ ਦੋਖੁ ॥੩॥
੯. ਸਾਕਤ ਪ੍ਰੇਮੁ ਨ ਪਾਈਐ
ਹਰਿ ਪਾਈਐ ਸਤਿਗੁਰ ਭਾਇ ॥
੧੦. ਸੁਖ ਦੁਖ ਦਾਤਾ ਗੁਰੁ ਮਿਲੈ
ਕਹੁ ਨਾਨਕ ਸਿਫਤਿ ਸਮਾਇ ॥੪॥੭॥

ਪਦ ਅਰਥ : ਮੀਨਾ—ਮੱਛੀ। ਸਾਕਤ—ਰੱਬ ਨਾਲੋਂ ਟੁੱਟਿਆ ਹੋਇਆ ਮਨੁੱਖ, ਮਾਇਆ ਵੇੜ੍ਹਿਆ ਜੀਅ। ਪਿਆਸ—ਮਾਇਆ ਦੀ ਤ੍ਰਿਸ਼ਨਾ। ਬਿਰਥਾ—ਖ਼ਾਲੀ।੧।

ਜਸੁ—ਸੋਭਾ, ਵਡਿਆਈ। ਕਿਉ ਲਹਉ—ਮੈਂ ਕਿਵੇਂ ਲੱਭਾਂ? ਮੈਨੂੰ ਨਹੀਂ ਲੱਭ ਸਕਦਾ। ਦੇਇ—ਦੇਂਦਾ ਹੈ।ਰਹਾਉ।

ਮਜਨਾ—ਇਸ਼ਨਾਨ। ਗੁਰ ਦਰਸੁ—ਗੁਰੂ ਦਾ ਦਰਸ਼ਨ।੨।

ਜਤ—ਇੰਦ੍ਰੀਆਂ ਨੂੰ ਵਸ ਵਿਚ ਰੱਖਣਾ। ਦੇਹੁਰੀ—ਸਰੀਰ। ਜਮੁ—ਮੌਤ ਦਾ ਡਰ। ਦੋਖੁ—ਵਿਕਾਰ।੩।

ਸਾਕਤ—ਸਾਕਤਾਂ ਪਾਸੋਂ। ਭਾਇ—ਪ੍ਰੇਮ ਵਿਚ। ਸਮਾਇ—ਲੀਨ ਰਹਿੰਦਾ ਹੈ।੪।

ਅਰਥ :

ਪ੍ਰ: ਹਜ਼ੂਰ! ਆਪ ਜੀ ਦੇ ਵਿਚਾਰ ਅਨੁਸਾਰ ਨਾਮ ਤੋਂ ਸੱਖਣੇ ਜੀਵ ਕਿਵੇਂ ਤੜਫ-ਤੜਫ ਕੇ ਮਰਦੇ ਹਨ?

ਉ: ੧. ਹੇ ਪਿਆਰਿਓ! ਜਿਵੇਂ ਪਾਣੀ ਤੋਂ ਬਿਨਾ ਮੱਛੀ (ਤੜਫ-ਤੜਫ ਕੇ) ਮਰ ਜਾਂਦੀ ਹੈ, ਤਿਵੇਂ ਹੀ ਮਾਇਆ ਦਾ ਉਪਾਸ਼ਕ ਤ੍ਰਿਸ਼ਨਾ ਦੇ ਅਧੀਨ ਰਹਿ ਕੇ ਦੁਖੀ ਹੁੰਦਾ ਹੈ।

੨. ਇਸੇ ਹੀ ਤਰ੍ਹਾਂ, ਹੇ ਮਨਾ! ਹਰੀ ਸਿਮਰਨ ਤੋਂ ਬਿਨਾ ਜਿਹੜਾ ਭੀ ਸੁਆਸ ਖ਼ਾਲੀ ਜਾਂਦਾ ਹੈ, (ਉਸ ਸਮੇਂ ਵਿਚ ਦੁਖੀ ਹੋ ਹੋ ਕੇ) ਮਰ ਜਾਈਦਾ ਹੈ।੧।

੩. ਇਸ ਲਈ! ਹੇ ਮਨ! ਨਾਮ ਦੀ ਸਿਫ਼ਤਿ-ਸਾਲਾਹ ਕਰ।

੪. ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਇਹ ਅਨੰਦ ਨਹੀਂ ਮਿਲ ਸਕਦਾ, (ਪਰ, ਹਾਂ) ਜੇ ਗੁਰੂ ਨਾਲ ਪ੍ਰਭੂ ਮਿਲਾਪ ਕਰਾ ਦੇਵੇ, ਤਾਂ ਫਿਰ ਗੁਰੂ ਹਰੀ ਦਾ ਨਾਮ ਦੇਵੇ।ਰਹਾਉ।

੫. ਹੇ ਮਨ! ਸੰਤ ਜਨਾਂ ਦੀ ਸੰਗਤ ਵਿਚ ਮਿਲ, (ਭਾਵ ਸੰਤ ਸੰਗਤ ਵਿਚ ਰਹੁ, (ਕਿਉਂਕਿ) ਗੁਰੂ ਦੇ ਸਨਮੁਖ ਰਹਿਣਾ ਹੀ ਅਸਲ ਤੀਰਥ ਇਸ਼ਨਾਨ ਹੈ।

੬. ਹੇ ਭਾਈ! ਜਿਸ ਨੂੰ ਗੁਰੂ ਦਾ ਦਰਸ਼ਨ ਹੋ ਜਾਂਦਾ ਹੈ, ਉਸ ਨੂੰ ਅਠਾਹਠ ਤੀਰਥਾਂ ਦਾ ਇਸ਼ਨਾਨ ਪ੍ਰਾਪਤ ਹੋ ਜਾਂਦਾ ਹੈ।੨।

ਪ੍ਰ: ਹਜ਼ੂਰ! ਤੁਸੀਂ ਇਹ ਮਨੁੱਖਾ-ਸਰੀਰ ਕਿਸ ਦਾ ਨਿਸਫਲ ਸਮਝਦੇ ਹੋ?

ਉ: ੭. ਹੇ ਪਿਆਰਿਓ! ਜਿਵੇਂ ਉਸ ਜੋਗੀ ਦਾ ਜੋਗ ਨਿਸਫਲ ਹੈ, ਜਿਸ ਨੇ ਕਿ ਆਪਣੀਆਂ ਇੰਦ੍ਰੀਆਂ ਨੂੰ ਕਾਬੂ ਨਹੀਂ ਕੀਤਾ ਅਤੇ ਉਸ ਤਪੀਏ ਦਾ ਤਪ ਵੀ ਵਿਅਰਥ ਜਾਣੋ, ਜਿਸ ਦੇ ਅੰਦਰ ਸੰਤੋਖ ਨਹੀਂ, ਉੱਚਾ ਆਚਰਣ ਨਹੀਂ।

੮. ਤਿਵੇਂ ਹੇ ਭਾਈਓ! ਜਿਸ ਮਨੁੱਖ ਨੇ ਪ੍ਰਭੂ ਦਾ ਨਾਮ ਨਹੀਂ ਸਿਮਰਿਆ ਤਾਂ ਸਮਝੋ ਉਸ ਦਾ ਇਹ ਮਨੁੱਖਾ-ਸਰੀਰ ਭੀ ਵਿਅਰਥ ਹੈ, ਨਾਮੋ ਹੀਣੇ ਮਨੁੱਖ ਦੇ ਅੰਦਰ ਵਿਕਾਰ ਹੀ ਵਿਕਾਰ ਹੈ, ਕਿਉਂਕਿ ਨਾਮ ਤੋਂ ਸੱਖਣੇ ਮਨੁੱਖ ਅੰਦਰ ਦੂਸ਼ਣ ਰਹਿ ਜਾਂਦਾ ਹੈ, ਜਿਸ ਕਰ ਕੇ ਜਮਰਾਜ ਉਸ ਨੂੰ ਸਜ਼ਾ ਦੇਂਦਾ ਹੈ।੩।

ਪ੍ਰ: ਸ੍ਰੀ ਜੀਉ! ਪ੍ਰਭੂ ਦੀ ਪ੍ਰਾਪਤੀ ਸਾਰਿਆਂ ਨੂੰ ਕਿਉਂ ਨਹੀਂ ਹੋ ਜਾਂਦੀ?

ਉ: ੯. ਹੇ ਭਾਈ! ਸ਼ਕਤੀ ਦੀ ਉਪਾਸ਼ਨਾ ਕਰਦੇ ਰਹਿਣ ਨਾਲ ਪ੍ਰਭੂ ਜੀ ਦਾ ਪ੍ਰੇਮ ਨਹੀਂ ਮਿਲਦਾ, ਪਰਮੇਸ਼ਰ ਤਾਂ ਗੁਰੂ ਨਾਲ ਪਿਆਰ ਕਰਨ ਨਾਲ ਹੀ ਮਿਲਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਸ ਨੂੰ ਗੁਰੂ ਮਿਲ ਪੈਂਦਾ ਹੈ, ਉਹ ਤਾਂ ਸਦਾ ਹੀ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਲੀਨ ਰਹਿੰਦਾ ਹੈ।੪।੭।

ਭਾਵਾਰਥ : ਇਸ ਮਹਾਂਵਾਕ ਅੰਦਰ ਇਹ ਸਿਧਾਂਤ ਦਰਸਾ ਰਹੇ ਹਨ ਕਿ ਜਿਵੇਂ ਪਾਣੀ ਦਾ ਪ੍ਰੇਮ ਮੱਛੀ ਦਾ ਜੀਵਨ ਹੈ, ਮਾਇਆਧਾਰੀ ਦਾ ਜੀਵਨ ਮਾਇਆ ਪ੍ਰੇਮ ਹੈ, ਤਿਵੇਂ ਹਰੀ ਜਨ ਦਾ ਜੀਵਨ ਹਰੀ ਪ੍ਰੇਮ ਹੈ, ਜੋ ਸੁਆਸ ਉਸਦੇ ਹਰੀ ਦੀ ਯਾਦ ਤੋਂ ਸਖਣੇ ਗੁਜ਼ਰਦੇ ਹਨ, ਉਹ ਉਸ ਨੂੰ ਮਰ ਜਾਣ ਦੇ ਤੁਲ ਪ੍ਰਤੀਤ ਹੁੰਦੇ ਹਨ, ਪਰ ਇਸ ਨਾਮ ਦੀ ਪ੍ਰਾਪਤੀ ਗੁਰੂ ਦੁਆਰਾ ਹੀ ਹੋਣੀ ਦਰਸਾਈ ਹੈ।

ਸੋਰਠਿ ਮਹਲਾ ੧ ॥

੧. ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ
ਹਮ ਥਾਰੇ ਭੇਖਾਰੀ ਜੀਉ ॥
੨. ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ
ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥
੩. ਘਟਿ ਘਟਿ ਰਵਿ ਰਹਿਆ ਬਨਵਾਰੀ ॥
੪. ਜਲਿ ਥਲਿ ਮਹੀਅਲਿ ਗੁਪਤੋ ਵਰਤੈ
ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
੫. ਮਰਤ ਪਇਆਲ ਅਕਾਸੁ ਦਿਖਾਇਓ
ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥
੬. ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ
ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥
੭. ਜਨਮ ਮਰਨ ਕਉ ਇਹੁ ਜਗੁ ਬਪੁੜੋ
ਇਨਿ ਦੂਜੈ ਭਗਤਿ ਵਿਸਾਰੀ ਜੀਉ ॥
੮. ਸਤਿਗੁਰੁ ਮਿਲੈ ਤ ਗੁਰਮਤਿ ਪਾਈਐ
ਸਾਕਤ ਬਾਜੀ ਹਾਰੀ ਜੀਉ ॥੩॥
੯. ਸਤਿਗੁਰ ਬੰਧਨ ਤੋੜਿ ਨਿਰਾਰੇ
ਬਹੁੜਿ ਨ ਗਰਭ ਮਝਾਰੀ ਜੀਉ ॥
੧੦. ਨਾਨਕ ਗਿਆਨ ਰਤਨੁ ਪਰਗਾਸਿਆ
ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥

ਪਦ ਅਰਥ : ਪ੍ਰਭ—ਹੇ ਪ੍ਰਭੂ। ਦਾਨਿ—ਦਾਨ ਦੇਣ ਵਿਚ। ਮਤਿ ਪੂਰਾ—ਮਤਿ ਦਾ ਪੂਰਾ, ਕਦੇ ਨਾ ਖੁੰਝਣ ਵਾਲਾ। ਥਾਰੇ—ਤੇਰੇ। ਭੇਖਾਰੀ—ਮੰਗਤੇ। ਮਾਗਉ—ਮੈਂ ਮੰਗਾਂ। ਥਿਰੁ—ਸਦਾ ਟਿਕੇ ਰਹਿਣ ਵਾਲਾ। ਨ ਰਹਾਈ—ਨਾ ਰਹੈ, ਨਹੀਂ ਰਹਿੰਦਾ। ਹਰਿ—ਹੇ ਹਰੀ! ਪਿਆਰੀ—ਮੈਂ ਪਿਆਰ ਕਰਾਂ।੧।

ਰਵਿ ਰਹਿਆ—ਵਿਆਪਕ ਹੋ ਰਿਹਾ ਹੈ। ਬਨਵਾਰੀ—ਪਰਮਾਤਮਾ। ਮਹੀਅਲਿ—ਮਹੀ—ਤਲਿ—ਧਰਤੀ ਦੇ ਤਲ ਉੱਤੇ, ਪੁਲਾੜ ਵਿਚ, ਅਕਾਸ਼ ਵਿਚ। ਦੇਖਿ ਨਿਹਾਰੀ—ਦੇਖਿ ਨਿਹਾਰਿ, ਚੰਗੀ ਤਰ੍ਹਾਂ ਵੇਖ।ਰਹਾਉ।

ਮਰਤ—ਮਾਤ ਲੋਕ, ਇਹ ਧਰਤੀ। ਪਇਆਲ—ਪਾਤਾਲ। ਗੁਰਿ—ਗੁਰੂ ਨੇ। ਸਤਿਗੁਰਿ—ਸਤਿਗੁਰੂ ਨੇ। ਹੈ ਭੀ—ਹੁਣ ਭੀ ਮੌਜੂਦ ਹੈ। ਹੋਨੀ—ਅਗਾਹਾਂ ਨੂੰ ਭੀ ਮੌਜੂਦ ਰਹੇਗਾ।੨।

ਬਪੁੜੋ—ਵਿਚਾਰਾ। ਇਨਿ—ਇਸ ਜਗਤ ਨੇ। ਦੂਜੈ—ਦੂਜੇ (ਮੋਹ) ਵਿਚ ਫਸ ਕੇ। ਸਾਕਤ—ਸਾਕਤਾਂ ਨੇ, ਮਾਇਆ ਵੇੜ੍ਹੇ ਬੰਦਿਆਂ ਨੇ।੩।

ਸਤਿਗੁਰ—ਹੇ ਸਤਿਗੁਰ। ਤੋੜਿ—ਤੋੜ ਕੇ। ਨਿਰਾਰੇ—ਨਿਰਾਲੇ, ਨਿਰਲੇਪ। ਬਹੁੜਿ—ਮੁੜ। ਮਝਾਰੀ—ਵਿਚ। ਪਰਗਾਸਿਆ—ਚਮਕਿਆ, ਰੌਸ਼ਨ ਹੋਇਆ। ਮਨਿ—ਮਨ ਵਿਚ।੪।

ਅਰਥ :

ਪ੍ਰ: ਹੇ ਗੁਰੋ! ਸਾਈਂ ਜੀ ਤੋਂ ਦਾਨ ਮੰਗਣ ਸਮੇਂ ਕਿਵੇਂ ਅਰਦਾਸ ਕੀਤੀ ਜਾਵੇ?

ਉ: ੧. ਹੇ ਭਾਈਓ! ਇਉਂ ਅਰਦਾਸ ਕਰਦੇ ਰਹੋ ਕਿ ਹੇ ਪ੍ਰਭੂ! ਤੂੰ ਦਾਨ ਦੇਣ ਵਿਚ ਆਪਣੀ ਪੂਰਨ ਮਤਿ ਰੱਖਦਾ ਹੈਂ, ਭਾਵ ਤੂੰ ਸਾਨੂੰ ਜੀਵਾਂ ਨੂੰ ਪਦਾਰਥ ਦੇਣ ਵਿਚ ਕਦੇ ਨਹੀਂ ਖੁੰਝਦਾ, ਅਰਥਾਤ ਉਕਾਈ ਨਹੀਂ ਕਰਦਾ, ਅਸੀਂ ਤੇਰੇ ਮੰਗਤੇ ਹਾਂ, (ਹੇ ਪਿਆਰੇ ਜੀ)।

ਪ੍ਰ: ਮੰਗੋ ਕੀ ਮੰਗਦੇ ਹੋ?

ਉ: ੨. ਹੇ ਸਾਈਂ ਜੀ! ਮੈਂ ਆਪ ਜੀ ਤੋਂ ਕੀ ਮੰਗਾਂ, (ਕਿਉਂਕਿ ਮੈਂ ਵੇਖਦਾ ਹਾਂ ਕਿ) ਕੋਈ ਵੀ ਸ਼ੈਅ ਜਗਤ ਦੀ ਅਟੱਲ ਨਹੀਂ ਰਹਿੰਦੀ।

ਪ੍ਰ: ਹੇ ਮੰਗਣ ਵਾਲੇ ਸਾਦਕ! ਮੰਗਤੇ ਬਣ ਕੇ ਜੋ ਆਏ ਹੋ, ਕੁਝ ਤਾਂ ਮੰਗੋ?

ਉ: ਹੇ ਸਾਈਂ ਜੀ! ਜੇ ਆਪ ਤਰੁੱਠੇ ਹੋ ਤੇ ਕੁਝ ਦਾਨ ਦੇਣਾ

ਹੀ ਚਾਹੁੰਦੇ ਹੋ ਤਾਂ ਮੈਨੂੰ ਹਰੀ ਦਾ ਨਾਮ ਦਿਓ ਜੋ ਸਦਾ ਥਿਰ ਰਹਿਣ ਵਾਲਾ ਹੈ, ਜੋ ਕਿ ਨਾਮ ਵਸਤੂ ਤੁਹਾਨੂੰ ਪਿਆਰੀ ਹੈ।੧।

ਪ੍ਰ: ਹੇ ਗੁਰੋ! ਜਿਸ ਸਾਈਂ ਜੀ ਤੋਂ ਇਹ ਨਾਮ ਦੀ ਦਾਤ ਮੰਗਣੀ ਹੈ, ਉਸ ਦਾ ਟਿਕਾਣਾ ਕਿਸ ਥਾਂ ਹੈ?

ਉ: ੩. ਹੇ ਪਿਆਰੇ! ਉਹ ਦਾਨ ਮਤ ਪੂਰਾ, ਵਾਹਿਗੁਰੂ ਘਟ ਘਟ ਵਿਚ ਵਿਆਪਕ ਹੋ ਰਿਹਾ ਹੈ।

੪. (ਹਾਂ) ਉਹ ਜਲ ਥਲ ਤੇ ਆਕਾਸ਼, ਧਰਤੀ ਦੇ ਵਿਚਾਲੇ ਸਭ ਥਾਈਂ ਗੁਪਤ ਰਹਿ ਕੇ ਵਰਤ ਰਿਹਾ ਹੈ।

ਪ੍ਰ: ਤੁਸਾਂ ਉਸ ਨੂੰ ਵੇਖਿਆ ਕਿਵੇਂ ਹੈ?

ਉ: ਹੇ ਭਾਈ! ਮੈਂ ਉਸ ਨੂੰ ਗੁਰੂ ਦੇ ਸ਼ਬਦ ਦੁਆਰਾ ਤੱਕ ਕੇ ਵੇਖ ਲਿਆ ਹੈ।ਰਹਾਉ।

ਪ੍ਰ: ਸ੍ਰੀ ਜੀਉ! ਗੁਰੂ ਜੀ ਨੇ ਤੁਹਾਨੂੰ ਕਿਸ-ਕਿਸ ਥਾਂ ਵਿਖਾ ਦਿੱਤਾ ਹੈ?

ਉ: ੫. ਹੇ ਭਰਾਵੋ! (ਜਿਸ ਵੀ ਮਨੁੱਖ ਉੱਤੇ) ਗੁਰੂ ਨੇ, ਹਾਂ ਸੱਚੇ ਸਤਿਗੁਰੂ ਜੀ ਨੇ ਕਿਰਪਾ ਕੀਤੀ ਹੈ, ਉਸ ਨੂੰ ਉਸ ਨੇ ਧਰਤੀ, ਆਕਾਸ਼, ਪਾਤਾਲ (ਸਾਰਾ ਜਗਤ ਪਰਮੇਸ਼ਰ ਦੀ ਹੋਂਦ ਨਾਲ ਭਰਪੂਰ) ਵਿਖਾ ਦਿੱਤਾ ਹੈ।

੬. ਹੇ ਭਾਈ! ਉਹ ਜਨਮ ਮਰਨ ਤੋਂ ਰਹਿਤ ਬ੍ਰਹਮ ਜੋ (ਹੁਣ) ਹੈ (ਤੇ ਸਦਾ) ਹੋਵੇਗਾ, ਉਸ (ਮੁਰਾਰੀ) ਵਾਹਿਗੁਰੂ ਨੂੰ ਤੁਸੀਂ ਭੀ ਆਪਣੇ ਹਿਰਦੇ ਵਿਚ ਵੇਖ ਲਓ।੨।

ਪ੍ਰ: ਜੇ ਉਹ ਸਾਈਂ ਜੀ ਸਾਰੇ ਜਗਤ ਵਿਚ ਵਿਆਪਕ ਹੈ, ਤਾਂ ਉਹ ਇਸ ਜਗਤ ਨੂੰ ਦਿੱਸਦਾ ਕਿਉਂ ਨਹੀਂ?

ਉ: ੭. ਹੇ ਪਿਆਰੇ! ਉਹ ਇਸ ਜਗਤ ਨੂੰ ਇਸ ਲਈ ਨਹੀਂ ਦਿੱਸਦਾ ਕਿ ਇਹ ਵਿਚਾਰਾ ਜਗਤ ਤਾਂ ਕੇਵਲ ਜਨਮ ਮਰਨ ਵਿਚ ਫਿਰਦੇ ਰਹਿਣ ਲਈ ਹੀ ਹੈ, ਕਿਉਂਕਿ ਇਸ ਨੇ ਦੂਜੇ ਭਾਵ ਵਿਚ ਲੱਗ ਕੇ ਭਗਤੀ ਨੂੰ ਵਿਸਾਰ ਦਿੱਤਾ ਹੈ।

ਪ੍ਰ: ਇਸ ਦਾ ਕੋਈ ਇਲਾਜ ਦੱਸ ਦਿਓ।

ਉ: ੮. ਪਿਆਰਿਓ! ਇਸ ਦਾ ਇਲਾਜ ਇਹੋ ਹੀ ਹੈ ਕਿ ਜੇ ਸਤਿਗੁਰੂ ਮਿਲ ਪਵੇ ਤਾਂ (ਉਸ ਤੋਂ ਇਹ ਕਲਿਆਣਕਾਰੀ) ਗੁਰਮਤਿ ਮਿਲਦੀ ਹੈ, ਨਹੀਂ ਤਾਂ ਮਾਇਆ ਵੇੜ੍ਹੇ ਜੀਵ ਭਗਤੀ ਤੋਂ ਖੁੰਝ ਕੇ ਮਨੁੱਖ ਜਨਮ ਦੀ ਵਾਰੀ ਹਾਰ ਜਾਂਦੇ ਹਨ।੩।

ਪ੍ਰ: ਹੇ ਗੁਰੋ! ਉਹ ਬੰਦੇ ਕੌਣ ਹਨ ਜੋ ਬਾਰ-ਬਾਰ ਗਰਭ ਵਿਚ ਨਹੀਂ ਆਉਂਦੇ?

ਉ: ੯. ਹੇ ਭਾਈਓ! ਜਿਨ੍ਹਾਂ ਬੰਦਿਆਂ ਦੇ ਸਤਿਗੁਰੂ ਜੀ ਨੇ ਮਾਇਆ ਦੇ ਬੰਧਨ ਤੋੜ ਦਿੱਤੇ ਹਨ, ਭਾਵ ਮਾਇਆ ਤੋਂ ਨਿਰਲੇਪ ਕਰ ਦਿੱਤਾ ਹੈ, ਉਹ ਮੁੜ ਕੇ ਗਰਭ ਵਿਚ ਨਹੀਂ ਆਉਂਦੇ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਨ੍ਹਾਂ ਦੇ ਹਿਰਦੇ ਵਿਚ ਗਿਆਨ ਰੂਪ ਰਤਨ ਚਮਕ ਉਠਿਆ ਸੀ, ਜਿਸ ਦੀ ਬਰਕਤ ਨਾਲ ਉਨ੍ਹਾਂ ਦੇ ਮਨ ਵਿਚ ਨਿਰੰਕਾਰ ਹਰੀ ਵਸ ਪਿਆ ਸੀ।

ਭਾਵਾਰਥ : ਇਸ ਸ਼ਬਦ ਵਿਚ ਗੁਪਤ ਵਰਤ ਰਹੇ ਨਿਰੰਕਾਰ ਦੀ ਲਖਤ ਦਾ ਸਾਧਨ ਕੇਵਲ ਗੁਰੂ ਦੀ ਦਿੱਤੀ ਹੋਈ ਮਤਿ ਨੂੰ ਦਰਸਾਇਆ ਹੈ ਤੇ ਜਨਮ ਮਰਨ ਦਾ ਗੇੜ ਕੱਟ ਕੇ ਕਲਿਆਣ ਪ੍ਰਾਪਤ ਹੋਣੀ ਦਰਸਾਈ ਹੈ।

ਸੋਰਠਿ ਮਹਲਾ ੧ ॥

੧. ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
੨. ਛੋਡਹੁ ਵੇਸੁ ਭੇਖ ਚਤੁਰਾਈ
ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥
੩. ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
੪. ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ
ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
੫. ਅਵਗੁਣ ਛੋਡਿ ਗੁਣਾ ਕਉ ਧਾਵਹੁ
ਕਰਿ ਅਵਗੁਣ ਪਛੁਤਾਹੀ ਜੀਉ ॥
੬. ਸਰ ਅਪਸਰ ਕੀ ਸਾਰ ਨ ਜਾਣਹਿ
ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
੭. ਅੰਤਰਿ ਮੈਲੁ ਲੋਭ ਬਹੁ ਝੂਠੇ
ਬਾਹਰਿ ਨਾਵਹੁ ਕਾਹੀ ਜੀਉ ॥
੮. ਨਿਰਮਲ ਨਾਮੁ ਜਪਹੁ ਸਦ ਗੁਰਮੁਖਿ
ਅੰਤਰ ਕੀ ਗਤਿ ਤਾਹੀ ਜੀਉ ॥੩॥
੯. ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ
ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
੧੦. ਜਿਉ ਭਾਵੈ ਤਿਉ ਰਾਖਹੁ ਹਰਿ ਜੀਉ
ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥

ਪਦ ਅਰਥ : ਜਲ ਨਿਧਿ—ਜਲ ਦਾ ਖ਼ਜ਼ਾਨਾ, ਅਰਥਾਤ ਸਮੁੰਦਰ, ਭਾਵ ਨਾਮ ਅੰਮ੍ਰਿਤ, ਜਲ ਦਾ ਖ਼ਜ਼ਾਨਾ, (ਜਿਵੇਂ ਅੱਗ ਬੁਝਾਣ ਲਈ ਪਾਣੀ ਚਾਹੀਦਾ ਹੈ, ਤਿਵੇਂ ਤ੍ਰਿਸ਼ਨਾ ਦੀ ਅੱਗ ਸ਼ਾਂਤ ਕਰਨ ਲਈ ਨਾਮ ਜਲ ਦੀ ਲੋੜ ਹੈ) ਅੰਮ੍ਰਿਤ ਦਾ ਖ਼ਜ਼ਾਨਾ। ਜਗਿ—ਜਗਤ ਵਿਚ। ਪਾਹੀ—ਪਾਸ। ਵੇਸੁ—ਪਹਿਰਾਵਾ। ਵੇਸੁ ਭੇਖ—ਧਾਰਮਿਕ ਭੇਖ ਦਾ ਪਹਿਰਾਵਾ। ਚਤੁਰਾਈ—ਚਲਾਕੀ। ਦੁਬਿਧਾ—ਦੋ-ਰੁਖ਼ੀ।੧।

ਕਤ—ਕਿਤੇ ਬਾਹਰ। ਮਤੁ ਜਾਹੀ—ਨਾ ਜਾਈਂ। ਘਰਿ—ਘਰ ਵਿਚ। ਘਟ ਮਾਹੀ—ਹਿਰਦੇ ਵਿਚ।ਰਹਾਉ।

ਧਾਵਹੁ—ਦੌੜੋ, ਜਤਨ ਕਰੋ। ਕਰਿ—ਕਰ ਕੇ। ਸਰ ਅਪਸਰ—ਚੰਗਾ ਅਤੇ ਮੰਦਾ। ਸਾਰ—ਸਮਝ। ਕੀਚ—ਚਿੱਕੜ ਵਿਚ। ਬੁਡਾਹੀ—ਤੂੰ ਡੁੱਬਦਾ ਹੈਂ।੨।

ਕਾਹੀ—ਕਾਹਦੇ ਵਾਸਤੇ? ਅੰਤਰਿ—ਤੇਰੇ ਅੰਦਰ। ਅੰਤਰ ਕੀ—ਅੰਦਰ ਦੀ। ਤਾਹੀ—ਤਦੋਂ ਹੀ, ਤਾਂ ਹੀ।੩।

ਪਰਹਰਿ—ਤਿਆਗ ਕੇ। ਸਚੁ ਫਲੁ—ਸਚਾ, ਟਿਕੇ ਰਹਿਣ ਵਾਲਾ ਫਲ। ਪਾਹੀ—ਹਾਸਲ ਕਰੇਂਗਾ। ਸਲਾਹੀ—ਮੈਂ ਸਲਾਹੁੰਦਾ ਰਹਾਂ।੪।

ਅਰਥ :

ਪ੍ਰ: ਹੇ ਗੁਰੋ ! ਅਸੀਂ ਜੀਵ ਜਿਸ ਸ਼ੈਅ ਵਾਸਤੇ ਜਗਤ ਵਿਚ ਆਏ ਹਾਂ, ਉਹ ਕੌਣ ਸੱਚੀ ਵਸਤੂ ਹੈ ਅਤੇ ਉਹ ਸਾਨੂੰ ਪ੍ਰਾਪਤ ਕਿੱਥੋਂ ਹੋ ਸਕੇਗੀ ? ਇਸ ਬਾਰੇ ਸੋਝੀ ਦਿਓ।

ਉ: ੧. ਹੇ ਭਾਈਓ ! ਜਿਸ ਅੰਮ੍ਰਿਤ ਦੇ ਖ਼ਜ਼ਾਨੇ ਭਾਵ ਨਾਮ ਅੰਮ੍ਰਿਤ ਦੇ ਪ੍ਰਾਪਤ ਕਰਨ ਖ਼ਾਤਰ ਤੁਸੀਂ ਜਗਤ ਵਿਚ ਆਏ ਹੋ, ਉਸੇ ਨੂੰ ਪ੍ਰਾਪਤ ਕਰੋ, (ਪਰ ਹਾਂ) ਉਹ ਨਾਮ ਰੂਪੀ ਅੰਮ੍ਰਿਤ ਗੁਰਾਂ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ।

ਪ੍ਰ: ਹਜ਼ੂਰ ! ਕੀ ਇਸ ਨਾਮ ਅੰਮ੍ਰਿਤ ਨੂੰ ਗੁਰਾਂ ਪਾਸੋਂ ਪ੍ਰਾਪਤ ਕਰਨ ਲਈ ਕੋਈ ਬੰਧੇਜ ਵੀ ਕਰਨਾ ਪੈਂਦਾ ਹੈ ?

ਉ: ੨. (ਹਾਂ ਜ਼ਰੂਰ) ਹੇ ਪਿਆਰੇ ! ਧਾਰਮਿਕ ਭੇਖ ਦਾ ਪਹਿਰਾਵਾ ਛੱਡੋ, ਮਨ ਦੀ ਚਲਾਕੀ ਭੀ ਤਿਆਗੋ, (ਭਾਵ ਹੈ ਬਾਹਰੋਂ ਸ਼ਕਲ ਧਰਮੀਆਂ ਵਾਲੀ ਤੇ ਅੰਦਰ ਦੁਨੀਆ ਨੂੰ ਠੱਗਣ ਦੀ ਚਲਾਕੀ) ਇਸ ਦੋ-ਰੁਖ਼ੀ ਦੁਬਿਧਾ ਨੂੰ ਛੱਡੋ, (ਕਿਉਂਕਿ) ਇਸ ਦੁਬਿਧਾ ਵਿਚ ਪਿਆਂ ਇਹ ਨਾਮ ਅੰਮ੍ਰਿਤ ਫਲ ਗੁਰਾਂ ਪਾਸੋਂ ਪ੍ਰਾਪਤ ਨਹੀਂ ਹੋ ਸਕੇਗਾ।੧।

ਪ੍ਰ: ਸ੍ਰੀ ਜੀਉ ! ਇਹ ਮਨ ਬੜਾ ਹੀ ਚੰਚਲ ਹੈ, ਘਰ ਬਾਹਰ ਛੱਡ ਕੇ, ਅੰਦਰ ਵਸ ਰਹੇ ਪ੍ਰਭੂ ਨੂੰ ਬਾਹਰ ਭਾਲਨ ਲਈ ਜਾਂਦਾ ਹੈ, ਕੋਈ ਸਾਧਨ ਦੱਸੋ, ਜਿਸ ਦੁਆਰਾ ਇਹ ਟਿਕ ਜਾਏ ?

ਉ: ੩. ਹੇ ਭਰਾਵੋ ! ਇਸ ਚੰਚਲ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰੋ ਕਿ ਹੇ ਮੇਰੇ ਮਨ, ਉਹ ਪ੍ਰਭੂ ਤੇਰੇ ਅੰਦਰ ਹੀ ਹੈ, ਤੂੰ (ਅੰਦਰ ਹੀ ਪ੍ਰਭੂ ਦੇ ਚਰਨਾਂ ਵਿਚ) ਟਿਕਿਆ ਰਹੁ, (ਵੇਖੀਂ ਤੂੰ ਨਾਮ ਅੰਮ੍ਰਿਤ ਦੀ ਭਾਲ ਵਿਚ) ਕਿਤੇ ਬਾਹਰ ਨਾ ਭਟਕਦਾ ਫਿਰੀਂ। (ਕਿਉਂਕਿ)

੪. (ਯਾਦ ਰੱਖ) ਜੇ ਤੂੰ ਉਸ ਸਾਈਂ ਜੀ ਨੂੰ ਬਾਹਰ ਭਾਲਣ ਟੁਰ ਪਿਆ ਤਾਂ ਤੂੰ ਬਹੁਤ ਦੁੱਖ ਪਾਏਂਗਾ, (ਕਿਉਂਕਿ) ਉਹ ਨਾਮ ਅੰਮ੍ਰਿਤ ਤਾਂ ਤੇਰੇ ਹਿਰਦੇ ਵਿਚ ਹੀ ਹੈ, ਇਸ ਲਈ ਤੂੰ ਘਰ ਅੰਦਰ ਹੀ ਬੈਠਾ ਰਹੁ ।ਰਹਾਉ।

ਪ੍ਰ: ਹਜ਼ੂਰ ! ਉਸ ਨਾਮ ਅੰਮ੍ਰਿਤ ਨੂੰ ਹਿਰਦੇ ਵਿਚੋਂ ਪ੍ਰਾਪਤ ਕਰਨ ਲਈ ਵਿਧੀ ਕੀ ਹੈ ?

ਉ: ੫. ਹੇ ਭਰਾਵੋ ! ਵਿਧੀ ਇਹ ਹੈ ਕਿ ਅਵਗੁਣਾਂ ਨੂੰ ਛੱਡ ਕੇ ਗੁਣਾਂ ਵੱਲ ਦੌੜੋ, (ਭਾਵ ਗੁਣ ਹਾਸਲ ਕਰਨ ਦਾ ਜਤਨ ਕਰੋ) ਜੇ ਔਗੁਣ ਹੀ ਕਰਦੇ ਰਹੋਗੇ, ਤਾਂ ਯਾਦ ਰੱਖੋ (ਸਦਾ) ਪਛਤਾਉਣਾ ਹੀ ਪਵੇਗਾ।

੬. ਹੇ ਪਿਆਰੇ ! ਮਨ ਨੂੰ ਇਉਂ ਸਮਝਾਉਂਦੇ ਰਹੋ ਕਿ ਐ ਮਨਾ, ਵੇਖ ! ਤੂੰ ਚੰਗੇ ਮੰਦੇ ਕਰਮ ਦੀ ਪਰਖ ਕਰਨਾ ਹੀ ਨਹੀਂ ਜਾਣਦਾ, ਤੂੰ ਮੁੜ-ਮੁੜ ਮੋਹ ਦੇ ਚਿੱਕੜ ਵਿਚ ਡੁੱਬ ਰਿਹਾ ਹੈਂ। (ਭਾਵ ਹੈ ਕਿ ਤੂੰ ਧਾਰਮਿਕ ਵੇਸ ਧਾਰਨ ਕਰ ਕੇ ਵੀ ਮਾੜੇ ਕਰਮ ਹੀ ਕਰਦਾ ਹੈਂ)।੨।

ਪ੍ਰ: (ਕਿਉਂ ਜੀ) ਕੀ, ਮੋਹ ਆਦਿ ਵਿਕਾਰਾਂ ਦੀ ਮੈਲ ਤੀਰਥਾਂ ਵਿਚ ਇਸ਼ਨਾਨ ਕਰਨ ਨਾਲ ਨਵਿਰਤ ਨਹੀਂ ਹੋ ਸਕਦੀ ?

ਉ: ੭. (ਨਹੀਂ) ਹੇ ਪਿਆਰੇ ! ਸੁਣੋ ! ਜੇ ਕਰ ਅੰਦਰ ਝੂਠੇ ਪਦਾਰਥਾਂ ਦੇ ਲੋਭ ਦੀ ਮੈਲ ਵਧੇਰੇ (ਲੱਗੀ ਹੋਈ ਹੈ) ਤਾਂ ਦੱਸੋ, ਬਾਹਰੋਂ ਕਿਉਂ ਪਏ ਤੀਰਥਾਂ ਵਿਚ ਨ੍ਹਾਉਂਦੇ ਹੋ, (ਭਾਵ ਹੈ ਲੋਭ ਅਧੀਨ ਹੋ ਕੇ) ਕਈ ਪ੍ਰਕਾਰ ਦੇ ਠੱਗੀ ਦੇ ਕੰਮ ਕਰਦੇ ਹੋ, ਇਸ ਤਰ੍ਹਾਂ ਦੀ ਕਰਤੂਤ ਕਰਦਿਆਂ ਤੀਰਥਾਂ ਦਾ ਇਸ਼ਨਾਨ ਕਿਸੇ ਕੰਮ ਨਹੀਂ।

ਪ੍ਰ: ਗੁਰਦੇਵ ਜੀ! ਤਾਂ ਫਿਰ ਦੱਸੋ, ਅੰਤਰ ਆਤਮਾ ਦੀ ਪਵਿੱਤਰਤਾ ਕਿਵੇਂ ਪ੍ਰਾਪਤ ਹੋਵੇ ?

ਉ: ੮. ਹੇ ਪਿਆਰੇ ! (ਅੰਦਰ ਦੀ ਪਵਿੱਤਰਤਾ ਤਦੋਂ ਹੀ ਪ੍ਰਾਪਤ ਹੋਵੇਗੀ ਜੇ ਤੁਸੀਂ) ਇਸ ਬਾਹਰ ਮੁਖੀ ਤੀਰਥਾਂ ਵਿਚ ਪਖੰਡ ਦਾ ਇਸ਼ਨਾਨ ਕਰਨਾ ਛੱਡ ਕੇ, ਗੁਰੂ ਦੁਆਰਾ ਪਵਿੱਤਰ ਨਾਮ ਨੂੰ ਸਦਾ ਹੀ ਜਪਦੇ ਰਹੋ।੩।

ਪ੍ਰ: ਹਜ਼ੂਰ ! ਨਾਮ ਜਪਣ ਲਈ ਬੰਧੇਜ ਕੀ ਹੈ ?

ਉ: ੯. ਹੇ ਪਿਆਰੇ ! ਲੋਭ ਨੂੰ ਛੱਡ ਦੇ, ਨਿੰਦਾ ਤੇ ਝੂਠ ਦਾ ਭੀ ਤਿਆਗ ਕਰ ਦੇ, ਇਸ ਤਰ੍ਹਾਂ ਗੁਰੂ ਦੇ ਬਚਨਾਂ 'ਤੇ ਟੁਰਦਿਆਂ ਸੱਚ ਰੂਪੀ ਫਲ ਪਾਓਗੇ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! ਅਰਦਾਸ ਇਉਂ ਕਰਦੇ ਰਹੋ ਕਿ ਹੇ ਹਰੀ ਜੀਉ ! ਜਿਵੇਂ ਤੈਨੂੰ ਭਾਵੇ ਤਿਵੇਂ ਸਾਨੂੰ ਰੱਖ ਲੈ, ਪਰ ਐਸੀ ਮਿਹਰ ਕਰ ਕਿ ਅਸੀਂ ਗੁਰੂ ਦੇ ਸ਼ਬਦ ਵਿਚ ਜੁੜ ਕੇ (ਸਦਾ) ਤੇਰੀ ਹੀ ਸਿਫ਼ਤਿ-ਸਾਲਾਹ ਕਰਦੇ ਰਹੀਏ।੪।੯।

ਭਾਵਾਰਥ : ਇਸ ਸ਼ਬਦ ਦੁਆਰਾ ਹਜ਼ੂਰ ਕਿਸੇ ਭੇਖਧਾਰੀ ਸਾਧੂ ਨੂੰ ਉਪਦੇਸ਼ ਕਰਦੇ ਹਨ ਕਿ ਹੇ ਭਾਈ ! ਨਿਰਮਲ ਆਚਰਨ ਵਾਲੇ ਹੋ ਜਾਓ ਤੇ ਗੁਰੂ ਦੀ ਸ਼ਰਨ ਲੈ ਕੇ ਨਾਮ ਅੰਮ੍ਰਿਤ ਪ੍ਰਾਪਤ ਕਰੋ, ਇਸ ਤਰ੍ਹਾਂ ਮੁਕਤੀ ਪ੍ਰਾਪਤ ਕਰ ਲਓਗੇ।

ਸੋਰਠਿ ਮਹਲਾ ੧ ਪੰਚਪਦੇ ॥

੧. ਅਪਨਾ ਘਰੁ ਮੂਸਤ ਰਾਖਿ ਨ ਸਾਕਹਿ
ਕੀ ਪਰ ਘਰੁ ਜੋਹਨ ਲਾਗਾ ॥
੨. ਘਰੁ ਦਰੁ ਰਾਖਹਿ ਜੇ ਰਸੁ ਚਾਖਹਿ
ਜੋ ਗੁਰਮੁਖਿ ਸੇਵਕੁ ਲਾਗਾ ॥੧॥
੩. ਮਨ ਰੇ ਸਮਝੁ ਕਵਨ ਮਤਿ ਲਾਗਾ ॥
੪. ਨਾਮੁ ਵਿਸਾਰਿ ਅਨ ਰਸ ਲੋਭਾਨੇ
ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥
੫. ਆਵਤ ਕਉ ਹਰਖ ਜਾਤ ਕਉ ਰੋਵਹਿ
ਇਹੁ ਦੁਖੁ ਸੁਖੁ ਨਾਲੇ ਲਾਗਾ ॥
੬. ਆਪੇ ਦੁਖ ਸੁਖ ਭੋਗਿ ਭੋਗਾਵੈ
ਗੁਰਮੁਖਿ ਸੋ ਅਨਰਾਗਾ ॥੨॥
੭. ਹਰਿ ਰਸ ਊਪਰਿ ਅਵਰੁ ਕਿਆ ਕਹੀਐ
ਜਿਨਿ ਪੀਆ ਸੋ ਤ੍ਰਿਪਤਾਗਾ ॥
੮. ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ
ਜਾ ਸਾਕਤ ਦੁਰਮਤਿ ਲਾਗਾ ॥੩॥
੯. ਮਨ ਕਾ ਜੀਉ ਪਵਨਪਤਿ ਦੇਹੀ
ਦੇਹੀ ਮਹਿ ਦੇਉ ਸਮਾਗਾ ॥

੧੦. ਜੇ ਤੂ ਦੇਹਿ ਤ ਹਰਿ ਰਸੁ ਗਾਈ
ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥
੧੧. ਸਾਧਸੰਗਤਿ ਮਹਿ ਹਰਿ ਰਸੁ ਪਾਈਐ
ਗੁਰਿ ਮਿਲਿਐ ਜਮ ਭਉ ਭਾਗਾ ॥
੧੨. ਨਾਨਕ ਰਾਮ ਨਾਮੁ ਜਪਿ ਗੁਰਮੁਖਿ
ਹਰਿ ਪਾਏ ਮਸਤਕਿ ਭਾਗਾ ॥੫॥੧੦॥

ਪਦ ਅਰਥ : ਪੰਚ ਪਦੇ—ਪੰਜ-ਪੰਜ ਪਦਾਂ ਵਾਲੇ ਸ਼ਬਦ। ਘਰੁ—ਆਤਮਕ ਜੀਵਨ। ਮੂਸਤ—ਚੁਰਾਇਆ ਜਾ ਰਿਹਾ ਹੈ। ਕੀ—ਕਿਉਂ ? ਜੋਹਨ ਲਾਗਾ—ਤਕ ਰਿਹਾ ਹੈਂ, ਛਿੱਦ੍ਰ ਲੱਭ ਰਿਹਾ ਹੈਂ।੧।

ਅਨ ਰਸ—ਹੋਰ ਰਸਾਂ ਵਿਚ। ਅਭਾਗਾ—ਭਾਗ ਹੀਣ।ਰਹਾਉ।

ਹਰਖ—ਖ਼ੁਸ਼ੀ। ਨਾਲੇ—ਨਾਲ ਹੀ, ਸਦਾ ਨਾਲ। ਭੋਗਿ—ਵਿਚ। ਅਨਰਾਗਾ—ਰਾਗ ਰਹਿਤ, ਨਿਰਮੋਹ।੨।

ਊਪਰਿ—ਵਧੀਆ। ਜਿਨਿ—ਜਿਸ ਨੇ। ਤ੍ਰਿਪਤਾਸਾ—ਰਜ ਗਿਆ। ਖੋਇਆ—ਗਵਾ ਲਿਆ। ਜਾ—ਜਾਏ, ਜਾ ਕੇ। ਸਾਕਤ—ਮਾਇਆ ਵੇੜ੍ਹੇ ਮਨੁੱਖ।੩।

ਜੀਉ—ਜਿੰਦ, ਆਸਰਾ। ਪਵਨ—ਪ੍ਰਾਣ। ਦੇਹੀ—ਦੇਹ ਦਾ ਮਾਲਕ। ਦੇਹੀ—ਸਰੀਰ। ਦੇਉ—ਪ੍ਰਕਾਸ਼ ਰੂਪ ਪ੍ਰਭੂ। ਗਾਈ—ਮੈਂ ਗਾਵਾਂ।੪।

ਗੁਰਿ—ਗੁਰੂ ਦੀ ਰਾਹੀਂ। ਮਿਲਿਐ—ਮਿਲੇ ਦੀ ਰਾਹੀਂ। ਗੁਰਿ ਮਿਲਿਐ—ਜੇ ਗੁਰੂ ਮਿਲ ਪਏ। ਮਸਤਕਿ—ਮੱਥੇ ਉੱਤੇ।੫।

ਅਰਥ :

ਪ੍ਰ: ਇਸ ਸ਼ਬਦ ਰਾਹੀਂ ਹਜ਼ੂਰ ਗੁਰੂ ਨਾਨਕ ਦੇਵ ਜੀ ਕਿਸੇ ਉਸ ਸਾਧੂ ਪ੍ਰਤੀ ਉਪਦੇਸ਼ ਕਰਦੇ ਹਨ, ਜੋ ਕਿ ਉਪਦੇਸ਼ ਤਾਂ ਲੋਕਾਂ ਨੂੰ ਕਰਦਾ ਹੈ, ਪਰ ਉਹ ਆਪ ਪੰਜਾਂ ਵਿਕਾਰਾਂ ਦੇ ਹੱਥ ਵਿਚ ਵਿਕਿਆ ਹੋਇਆ ਹੈ, ਜਿਸ ਨੂੰ ਪੰਜੇ ਹੀ ਵਿਕਾਰ ਚੋਰਾਂ ਦੀ ਤਰ੍ਹਾਂ ਚਿੰਬੜੇ ਹੋਏ ਹਨ, ਪਰ ਉਸ ਨੂੰ ਇਹ ਚੋਰ ਆਪਣੇ ਵਿਚ ਲੱਗੇ ਹੋਏ ਪ੍ਰਤੱਖ ਨਹੀਂ ਭਾਸਦੇ, ਪਰ ਉਹ ਲੋਕਾਂ ਨੂੰ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਬਚਾਉ ਦੇ ਉਪਰਾਲੇ ਦੱਸਦਾ ਹੈ। ਇਸ ਦੀ ਦਸ਼ਾ ਵੱਲ ਤਕ ਕੇ ਹਜ਼ੂਰ ਆਪਣੇ ਮਨ ਪ੍ਰਤੀ ਸੰਬੋਧਨ ਕਰਦੇ ਹੋਏ, ਇਸ ਪ੍ਰਤੀ ਇਉਂ ਕਹਿੰਦੇ ਹਨ :

ਉ: ੧. ਹੇ ਸੱਜਨਾ! ਵੇਖ, ਤੇਰਾ ਆਪਣਾ ਘਰ, ਭਾਵ ਆਤਮਕ ਜੀਵਨ ਤਾਂ ਲੁਟਿਆ ਜਾ ਰਿਹਾ ਹੈ, ਉਸ ਨੂੰ ਤੂੰ ਬਚਾਅ ਕੇ ਰੱਖ ਨਹੀਂ ਸਕਦਾ, ਤੂੰ ਪਰਾਏ ਘਰਾਂ ਨੂੰ ਕੀ ਤਾੜਦਾ ਪਿਆ ਹੈਂ, ਭਾਵ ਪਰਾਏ ਐਬ ਕਿਉਂ ਫੋਲਦਾ ਫਿਰਦਾ ਹੈਂ।

ਪ੍ਰ: ਹਜ਼ੂਰ ਜੀ ਦੇ ਇਤਨੇ ਬਚਨ ਸੁਣਦਿਆਂ ਹੀ ਇਸ ਦੀ ਆਤਮਾ ਸ਼ੁੱਧ ਹੋ ਗਈ ਤੇ ਬੇਨਤੀ ਕਰਨ ਲੱਗਾ, ਸ੍ਰੀ ਜੀਉ ! ਦੱਸੋ ਮੈਂ ਆਪਣਾ ਆਤਮਕ ਜੀਵਨ ਰੂਪੀ ਘਰ ਕਿਵੇਂ ਬਚਾਅ ਸਕਦਾ ਹਾਂ ?

ਉ: ੨. ਹੇ ਪਿਆਰੇ ! ਤੂੰ ਆਪਣਾ ਘਰ ਦਰ ਲੁਟੇ ਜਾਣ ਤੋਂ ਤਦੋਂ ਹੀ ਬਚਾਅ ਸਕਦਾ ਹੈਂ, ਜੇ ਤੂੰ ਪ੍ਰਭੂ ਦੇ ਨਾਮ ਦਾ ਰਸ, ਸੁਆਦ ਚਖੇਂਗਾ, (ਕਿਉਂਕਿ) ਨਾਮ ਰਸ ਉਹੀ ਸੇਵਕ ਚਖਦਾ ਹੈ, ਜੋ ਗੁਰੂ ਦੇ ਸਨਮੁਖ ਰਹਿ ਕੇ ਸੇਵਾ ਵਿਚ ਲੱਗਦਾ ਹੈ।੧।

੩. ਆਪਣੇ ਮਨ ਪ੍ਰਤੀ ਸੰਬੋਧਨ ਕਰਦੇ ਹੋਏ, ਇਸ ਸਾਧੂ ਨੂੰ ਉਪਦੇਸ਼ ਕਰਦੇ ਹਨ ਕਿ ਹੇ ਮੇਰੇ ਮਨ ! ਸਮਝ ਕਰ, ਤੂੰ ਕਿਸ ਭੈੜੀ ਮਤਿ ਵਿਚ ਲੱਗ ਪਿਆ ਹੈਂ।

੪. ਹੇ ਭਾਗ ਹੀਣ ! ਤੂੰ ਪਰਮੇਸ਼ਰ ਦਾ ਨਾਮ ਭੁਲਾ ਕੇ ਹੋਰ-ਹੋਰ ਰਸਾਂ ਵਿਚ ਮਸਤ ਹੋ ਰਿਹਾ ਹੈਂ। ਹੇ ਅਭਾਗਿਆ ! ਵੇਲਾ ਬੀਤ ਜਾਣ ਤੋਂ ਇਸ ਦਾ ਫਲ ਇਹ ਹੋਵੇਗਾ ਕਿ ਫਿਰ ਅੰਤ ਨੂੰ ਤੈਨੂੰ ਪਸਚਾਤਾਪ ਕਰਨਾ ਪਵੇਗਾ।ਰਹਾਉ।

੫. ਹੇ ਮਨਾ ! ਵੇਖ, ਤੂੰ ਆਉਂਦੇ ਧਨ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈਂ ਤੇ ਕੋਲ ਆਏ ਧਨ ਨੂੰ ਜਾਂਦਾ ਦੇਖ ਕੇ ਰੋਂਦਾ ਹੈਂ, ਇਹ ਦੁੱਖ ਤੇ ਸੁੱਖ ਸਦਾ ਤੇਰੇ ਨਾਲ ਹੀ ਚੰਬੜਿਆ ਆ ਰਿਹਾ ਹੈ।

ਪ੍ਰ: (ਕਿਉਂ ਜੀ) ਕੀ ਅਜੇਹੀ ਦਸ਼ਾ ਸਾਰੇ ਮਨੁੱਖਾਂ ਦੀ ਹੀ ਹੁੰਦੀ ਹੈ ?

ਉ: ੬. (ਨਹੀਂ) ਹੇ ਭਾਈਓ ! ਜੋ ਗੁਰਮੁਖ ਹਨ, ਉਹ ਰਾਗ ਰਹਿਤ ਹਨ; ਭਾਵ ਉਹ ਵੈਰਾਗਵਾਨ ਹੁੰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਵਾਹਿਗੁਰੂ ਦੁੱਖਾਂ ਸੁੱਖਾਂ ਦੇ ਭੋਗਣ ਵਿਚ ਆਪ ਹੀ (ਵਿਚ) ਹੋ ਕੇ ਭੁਗਤਾਉਂਦਾ ਹੈ। ਭਾਵ ਜੋ ਗੁਰਮੁਖ ਹੈ, ਉਹ ਗੁਰੂ ਦੇ ਮਾਰਗ 'ਤੇ ਤੁਰਦਾ ਹੋਇਆ ਸਦਾ ਨਿਰਮੋਹ ਜੀਵਨ ਗੁਜ਼ਾਰਦਾ ਹੈ।੨।

ਪ੍ਰ: ਸ੍ਰੀ ਜੀਉ ! ਜੋ ਨਿਰਮੋਹ ਗੁਰਮੁਖਾਂ ਨੂੰ ਨਾਮ ਰਸ ਆਇਆ ਹੈ, ਉਹ ਹੈ ਕੈਸਾ ?

ਉ: ੭. ਹੇ ਪਿਆਰੇ ! ਹਰੀ ਦੇ ਨਾਮ ਰਸ ਤੋਂ ਵਧੀਆ ਹੋਰ ਕੋਈ ਰਸ ਕਿਹਾ ਨਹੀਂ ਜਾਂਦਾ। (ਹਾਂ) ਇਹ ਨਾਮ ਰਸ ਤਾਂ ਜਿਸ ਮਨੁੱਖ ਨੇ ਪੀਤਾ ਹੈ, (ਬਸ) (ਉਹ ਸਦਾ ਲਈ) ਤ੍ਰਿਪਤ ਹੋ ਗਿਆ ਹੈ।

੮. ਪਰ ਜਿਸ ਮਨੁੱਖ ਨੇ ਮਾਇਆ ਦੇ ਮੋਹ ਵਿਚ ਫਸ ਕੇ ਇਹ ਨਾਮ ਰਸ ਗਵਾ ਲਿਆ ਹੈ, ਉਹ ਮਨੁੱਖ ਮਾਇਆ ਵੇੜ੍ਹੇ ਬੰਦਿਆਂ ਦੀ ਭੈੜੀ ਮਤਿ ਵਿਚ ਜਾ ਲੱਗਦਾ ਹੈ।੩।

ਪ੍ਰ: ਕਿਉਂ ਜੀ ! ਇਸ ਰਸ ਪ੍ਰਾਪਤੀ ਦੀ ਵਿਧੀ ਕੀ ਹੈ ?

ਉ: ੯. ਹੇ ਭਾਈ ! ਵੇਖੋ, ਮਨ ਦਾ ਜੀਉ (ਆਸਰਾ) ਪ੍ਰਾਣ ਹਨ (ਅਤੇ ਪ੍ਰਾਣਾਂ ਦਾ) ਪਤੀ ਸੁਆਮੀ, (ਦੇਹੀ) ਜੀਵਾਤਮਾ ਹੈ, ਉਸ ਦੇਹੀ ਵਿਚ (ਦੇਉ) ਪਰਮਾਤਮਾ ਸਮਾ ਰਿਹਾ ਹੈ, ਭਾਵ ਹੈ ਕਿ ਉਹ ਸਤ੍ਹਾ ਦੇ ਰਿਹਾ ਹੈ। (ਪਰ ਸਾਨੂੰ ਇਹ ਸਮਝ ਨਹੀਂ ਪੈਂਦੀ ਅਤੇ ਅਸੀਂ ਬਾਹਰ ਹੀ ਭਟਕਦੇ ਰਹਿੰਦੇ ਹਾਂ)।

੧੦. ਹੇ ਪ੍ਰਭੂ ! ਜੇ ਤੂੰ ਆਪ ਮੈਨੂੰ ਆਪਣੇ ਨਾਮ ਦਾ ਰਸ ਬਖ਼ਸ਼ੇਂ ਤਾਂ ਹੀ ਮੈਂ ਤੇਰੇ ਗੁਣ ਗਾ ਸਕਦਾ ਹਾਂ। ਜਿਸ ਮਨੁੱਖ ਦੀ ਸੁਰਤਿ ਹਰੀ ਰਸ ਵਿਚ ਜੁੜਦੀ ਹੈ, ਉਸ ਦਾ ਮਨ ਮਾਇਆ ਦੇ ਪਦਾਰਥਾਂ ਵਲੋਂ ਰੱਜ ਜਾਂਦਾ ਹੈ।੪।

ਪ੍ਰ: ਗੁਰਦੇਵ ਜੀਉ ! ਜਿਸ ਨਾਮ ਰਸ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਉਹ ਪ੍ਰਾਪਤ ਕਿੱਥੋਂ ਹੋ ਸਕਦਾ ਹੈ ?

ਉ: ੧੧. ਹੇ ਭਰਾਵੋ ! ਇਹ ਹਰੀ ਦਾ ਨਾਮ ਰਸ ਸਾਧ ਸੰਗਤ ਵਿਚੋਂ ਹੀ ਪ੍ਰਾਪਤ ਹੋ ਸਕਦਾ ਹੈ। ਉਸ ਸਾਧ ਸੰਗਤ ਵਿਚ ਜੇ ਗੁਰੂ ਦਾ ਮਿਲਾਪ ਹੋ ਜਾਏ, ਤਾਂ ਫਿਰ (ਯਕੀਨ ਕਰ ਲਓ) ਕਿ ਜਮਾਂ ਦਾ ਡਰ ਵੀ ਦੂਰ ਹੋ ਜਾਂਦਾ ਹੈ।

ਪ੍ਰ: ਹਜ਼ੂਰ! ਦੱਸੋ, ਆਖ਼ਰ ਹਰੀ ਦੀ ਪ੍ਰਾਪਤੀ ਕਿਸ ਨੂੰ ਹੋ ਸਕਦੀ ਹੈ?

ਉ:੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਗੁਰਮੁਖ ਰਾਮ ਨਾਮ ਜਪ ਕੇ ਹੀ ਹਰੀ ਨੂੰ ਪਾ ਲੈਂਦਾ ਹੈ, ਕਿਉਂਕਿ ਗੁਰਮੁਖ ਦੇ ਮੱਥੇ ਉੱਤੇ ਭਾਗ ਹੁੰਦਾ ਹੈ।੫।੧੦।

ਭਾਵਾਰਥ : ਇਸ ਸ਼ਬਦ ਵਿਚ ਆਪਣੇ ਮਨ ਨੂੰ ਸੰਬੋਧਨ ਕਰਦੇ ਹੋਏ ਕਿਸੇ ਵਿਕਾਰਾਂ ਵਿਚ ਖਚਤ ਹੋ ਰਹੇ ਭੇਖੀ ਸਾਧੂ ਨੂੰ ਉਪਦੇਸ਼ ਕਰਦੇ ਹਨ ਕਿ ਐ ਪਿਆਰਿਆ! ਮਾਇਆ ਖਚਤ ਪ੍ਰਾਣੀ ਹਰੀ ਦਾ ਨਾਮ ਰਸ ਪ੍ਰਾਪਤ ਨਹੀਂ ਕਰ ਸਕਦਾ, ਪਰ ਹਾਂ, ਜੋ ਨਾਮ ਤੇ ਹਰੀ ਜਸ ਵਿਚ ਲੱਗੇ ਹੋਏ ਹਨ, ਉਹ ਸਾਧ ਸੰਗਤ ਦੁਆਰਾ ਨਾਮ ਰਸ ਪਾ ਸਕਦੇ ਹਨ।

ਸੋਰਠਿ ਮਹਲਾ ੧ ॥

੧. ਸਰਬ ਜੀਆ ਸਿਰਿ ਲੇਖੁ ਧੁਰਾਹੂ
ਬਿਨੁ ਲੇਖੈ ਨਹੀ ਕੋਈ ਜੀਉ ॥
੨. ਆਪਿ ਅਲੇਖੁ ਕੁਦਰਤਿ ਕਰਿ ਦੇਖੈ
ਹੁਕਮਿ ਚਲਾਏ ਸੋਈ ਜੀਉ ॥੧॥
੩. ਮਨ ਰੇ ਰਾਮ ਜਪਹੁ ਸੁਖੁ ਹੋਈ ॥
੪. ਅਹਿਨਿਸਿ ਗੁਰ ਕੇ ਚਰਨ ਸਰੇਵਹੁ
ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥
੫. ਜੋ ਅੰਤਰਿ ਸੋ ਬਾਹਰਿ ਦੇਖਹੁ
ਅਵਰੁ ਨ ਦੂਜਾ ਕੋਈ ਜੀਉ ॥
੬. ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ
ਘਟਿ ਘਟਿ ਜੋਤਿ ਸਮੋਈ ਜੀਉ ॥੨॥
੭. ਚਲਤੌ ਠਾਕਿ ਰਖਹੁ ਘਰਿ ਅਪਨੈ
ਗੁਰ ਮਿਲਿਐ ਇਹ ਮਤਿ ਹੋਈ ਜੀਉ ॥
੮. ਦੇਖਿ ਅਦ੍ਰਿਸਟੁ ਰਹਉ ਬਿਸਮਾਦੀ
ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥
੯. ਪੀਵਹੁ ਅਪਿਉ ਪਰਮ ਸੁਖੁ ਪਾਈਐ
ਨਿਜ ਘਰਿ ਵਾਸਾ ਹੋਈ ਜੀਉ ॥
੧੦. ਜਨਮ ਮਰਣ ਭਵ ਭੰਜਨੁ ਗਾਈਐ
ਪੁਨਰਪਿ ਜਨਮੁ ਨ ਹੋਈ ਜੀਉ ॥੪॥
੧੧. ਤਤੁ ਨਿਰੰਜਨੁ ਜੋਤਿ ਸਬਾਈ
ਸੋਹੰ ਭੇਦੁ ਨ ਕੋਈ ਜੀਉ ॥
੧੨. ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

ਪਦ ਅਰਥ : ਸਿਰਿ—ਸਿਰ ਉੱਤੇ। ਧੁਰਾਹੂ—ਧੁਰ ਤੋਂ ਹੀ। ਅਲੇਖੁ—ਜਿਸ ਉੱਤੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਪ੍ਰਭਾਵ ਨਹੀਂ ਹੈ। ਕਰਿ—ਪੈਦਾ ਕਰ ਕੇ, ਬਣਾ ਕੇ। ਦੇਖੈ—ਸੰਭਾਲ ਕਰਦਾ ਹੈ। ਸੋਈ—ਉਹ ਪ੍ਰਭੂ ਆਪ ਹੀ। ਅਹਿ—ਦਿਨ। ਨਿਸਿ—ਰਾਤ। ਸਰੇਵਹੁ—ਸੇਵਾ ਕਰੋ। ਭੁਗਤਾ—ਭੋਗਣ ਵਾਲਾ। ਗੁਰ—ਸਭ ਤੋਂ ਵੱਡਾ ਮਾਲਕ।ਰਹਾਉ।

ਗੁਰਮੁਖਿ—ਗੁਰੂ ਦੇ ਰਾਹੀਂ, ਗੁਰੂ ਦੇ ਦੱਸੇ ਰਸਤੇ 'ਤੇ ਤੁਰ ਕੇ। ਏਕ ਦ੍ਰਿਸਟਿ—ਇਕ ਪ੍ਰਭੂ ਨੂੰ ਹੀ ਵੇਖਣ ਵਾਲੀ ਨਜ਼ਰ। ਕਰਿ—ਬਣਾ ਕੇ। ਸਮੋਈ—ਸਮਾਈ, ਮੌਜੂਦ।੨।

ਚਲਤੌ—ਭਟਕਦੇ (ਮਨ) ਨੂੰ। ਠਾਕਿ—ਰੋਕ ਕੇ। ਘਰਿ—ਘਰ ਵਿਚ। ਮਤਿ—ਅਕਲ। ਰਹਉ—ਮੈਂ ਰਹਿੰਦਾ ਹਾਂ। ਬਿਸਮਾਦੀ—ਹੈਰਾਨ, ਵਿਸਮਾਦ ਅਵਸਥਾ ਵਿਚ।੩।

ਅਪਿਉ—ਅੰਮ੍ਰਿਤ, ਅਟੱਲ ਜੀਵਨ ਦੇਣ ਵਾਲਾ ਰਸ। ਪਾਈਐ—ਪਾ ਲਈਦਾ ਹੈ। ਨਿਜ ਘਰਿ—ਆਪਣੇ ਘਰ ਵਿਚ। ਪੁਨਰਪਿ—ਪੁਨਹ ਅਪਿ। ਪੁਨਹ—ਮੁੜ। ਅਪਿ—ਭੀ, ਮੁੜ-ਮੁੜ।੪।

ਤਤੁ—ਸਾਰੇ ਜਗਤ ਦਾ ਅਸਲਾ। ਨਿਰੰਜਨੁ—ਮਾਇਆ ਕਾਲਖ ਤੋਂ ਰਹਿਤ। ਸਬਾਈ—ਸਭ ਥਾਂ। ਸੋਹੰ—ਮੈਂ ਉਹ ਹੈ। ਮੇਰੇ ਅਤੇ ਉਸ ਵਿਚ ਕੋਈ ਭੇਦ ਨਹੀਂ, ਆਤਮਾ ਦੀ ਅਭੇਦ ਅਭਿੰਨ ਅਵਸਥਾ। ਭੇਦੁ—ਵਿੱਥ। ਅਪਰੰਪਰ—ਪਰੇ ਤੋਂ ਪਰੇ। ਗੁਰ ਮਿਲਿਆ—ਜੋ ਮਨੁੱਖ ਗੁਰੂ ਨੂੰ ਮਿਲ ਪਿਆ ਹੈ। ਪਾਰਬ੍ਰਹਮ—ਜਗਤ ਤੋਂ ਪਰੇ, ਨਿਰਗੁਣ ਪਰਮਾਤਮਾ।੫।੧੧।

ਅਰਥ :

ਪ੍ਰ: ਹੇ ਗੁਰੋ! ਜਦੋਂ ਕਿ ਇਕੋ ਪਰਮੇਸ਼ਰ ਦੇ ਜੀਵ ਪੈਦਾ ਕੀਤੇ ਹੋਏ ਹਨ, ਤਾਂ ਫਿਰ ਇਨ੍ਹਾਂ ਵਿਚ ਵੱਖਰਾਪਨ ਕਿਉਂ ਹੈ, ਕੋਈ ਅਮੀਰ ਹੈ, ਕੋਈ ਗ਼ਰੀਬ ਹੈ, ਕੋਈ ਦੁਖੀ ਹੈ, ਕੋਈ ਸੁਖੀ ਹੈ, ਇਹ ਕਿਉਂ?

ਉ: ੧. ਹੇ ਭਾਈ! ਧੁਰੋਂ ਪਰਮੇਸ਼ਰ ਦੀ ਰਜ਼ਾ ਅਨੁਸਾਰ ਸਾਰੇ ਜੀਵਾਂ ਦੇ ਮੱਥੇ ਉੱਤੇ ਆਪੋ-ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਲੇਖ (ਉਕਰਿਆ ਪਿਆ ਹੈ) ਐਸਾ ਕੋਈ ਵੀ ਨਹੀਂ ਜੋ ਲੇਖੇ ਤੋਂ ਬਿਨਾ ਹੋਵੇ।

ਪ੍ਰ: ਹਜ਼ੂਰ! ਕੀ ਕੋਈ ਲੇਖੇ ਤੋਂ ਬਿਨਾ ਭੀ ਹੈ?

ਉ: ੨. (ਹਾਂ ਹੈ) ਹੇ ਭਾਈਓ! (ਕੇਵਲ ਕਰਤਾ ਪੁਰਖ) ਇਕ ਆਪ ਹੀ ਕਰਮ ਲੇਖੇ ਤੋਂ ਰਹਿਤ ਹੈ, ਜੋ ਇਸ ਕੁਦਰਤ ਨੂੰ ਰਚ ਕੇ ਇਸ ਦੀ ਸੰਭਾਲ ਕਰਦਾ ਹੈ ਤੇ ਆਪਣੇ ਹੁਕਮ ਵਿਚ ਇਸ (ਜਗਤ ਦੀ ਕਾਰ) ਚਲਾ ਰਿਹਾ ਹੈ।੧।

ਪ੍ਰ: (ਕਿਉਂ ਜੀ) ਇਸ ਜਗਤ ਵਿਚ ਸੁੱਖ ਪ੍ਰਾਪਤ ਕਿਵੇਂ ਹੋ ਸਕੇਗਾ?

ਉ: ੩. ਹੇ ਮੇਰੇ ਮਨਾ! ਜੇ ਤੂੰ ਸੁੱਖ ਚਾਹੁੰਦਾ ਹੈਂ ਤਾਂ ਉਸੇ ਪ੍ਰਭੂ ਕਰਤਾ ਪੁਰਖ ਨੂੰ ਜਪ ਤਾਂ ਸਦਾ ਸੁੱਖ ਪ੍ਰਾਪਤ ਹੋਵੇਗਾ।

੪. ਹੇ ਮਨਾ! ਦਿਨੇ-ਰਾਤ ਗੁਰੂ ਦੇ ਚਰਨਾਂ ਦੀ ਸੇਵਾ ਕਰਦਾ ਰਹੁ, ਫਿਰ ਤੈਨੂੰ ਇਹ ਪ੍ਰਤੀਤ ਹੋ ਆਵੇਗਾ ਕਿ ਉਹ ਹਰੀ ਆਪ ਹੀ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਆਪ ਹੀ ਸਾਰਿਆਂ ਵਿਚ ਵਿਆਪਕ ਹੋ ਕੇ ਭੋਗਣ ਵਾਲਾ ਹੈ।ਰਹਾਉ।

੫. (ਸੋ) ਹੇ ਭਾਈਓ! ਜੋ ਤੁਹਾਡੇ ਅੰਦਰ ਹੈ, ਉਸੇ ਨੂੰ (ਸਾਰੇ ਵਿਆਪਕ) ਦੇਖੋ, ਹੋਰ ਦੂਜਾ ਕੋਈ ਨਹੀਂ ਹੈ ਜੀ।

੬. ਹੇ ਪਿਆਰੇ! ਗੁਰੂ ਦੁਆਰਾ ਸਮ-ਦ੍ਰਿਸ਼ਟੀ ਭਾਵ ਇਕੋ ਦ੍ਰਿਸ਼ਟੀ ਕਰ ਕੇ ਦੇਖੋ, ਤਦ ਕੀ ਦੇਖੋਗੇ ਕਿ ਘਟ-ਘਟ ਵਿਚ ਉਸੇ ਦੀ ਜੋਤ ਸਮਾਈ ਹੋਈ ਹੈ ਜੀ।੨।

ਪ੍ਰ: ਸ੍ਰੀ ਜੀਉ! ਇਹ ਦਿੱਬ-ਦ੍ਰਿਸ਼ਟੀ ਪ੍ਰਾਪਤ ਕਿਵੇਂ ਹੋਵੇ?

ਉ: ੭. ਹੇ ਭਾਈਓ! ਇਸ ਦੌੜਦੇ ਮਨ ਨੂੰ ਆਪਣੇ ਅੰਦਰ ਹੀ ਇਕ ਟਿਕਾਣੇ ਟਿਕਾ ਕੇ ਰਖੋ, ਪਰ ਐ ਪਿਆਰੇ ਜੀਉ! ਇਹ ਮਤ ਗੁਰੂ ਨੂੰ ਮਿਲਿਆਂ ਹੀ (ਅੰਦਰ) ਪੈਦਾ ਹੋ ਆਉਂਦੀ ਹੈ।

ਪ੍ਰ: ਹਜ਼ੂਰ! ਤੁਹਾਨੂੰ ਇਹ ਸਮ-ਦ੍ਰਿਸ਼ਟੀ ਪ੍ਰਾਪਤ ਹੋਣ ਨਾਲ ਕੀ ਪ੍ਰਤੀਤ ਹੋਣ ਲੱਗ ਪਿਆ ਹੈ?

ਉ: ੮. ਹੇ ਪਿਆਰਿਓ! ਮੈਂ ਤਾਂ (ਗੁਰੂ ਦੀ ਕਿਰਪਾ ਨਾਲ) ਉਸ ਅਦ੍ਰਿਸ਼ਟ ਪ੍ਰਭੂ ਨੂੰ ਸਭ ਵਿਚ ਵਸਦਾ ਵੇਖ ਕੇ ਵਿਸਮਾਦ ਅਵਸਥਾ ਵਿਚ ਅਪੜ ਜਾਂਦਾ ਹਾਂ ਅਤੇ ਜਿਹੜਾ ਭੀ ਇਹ ਦਰਸ਼ਨ ਕਰਦਾ ਹੈ, ਉਸ ਦਾ ਦੁੱਖ ਮਿਟ ਜਾਂਦਾ ਹੈ ਤੇ ਉਸ ਨੂੰ ਆਤਮਕ ਅਨੰਦ ਮਿਲ ਜਾਂਦਾ ਹੈ।੩।

੯. (ਇਸ ਲਈ) ਹੇ ਭਾਈਓ! ਤੁਸੀਂ ਭੀ ਅਮਰ ਜੀਵਨ ਦੇਣ ਵਾਲਾ ਨਾਮ ਰਸ ਪੀਵੋ। ਇਸ ਦੇ ਪੀਤਿਆਂ ਸਭ ਤੋਂ ਉੱਚਾ ਆਤਮਕ ਅਨੰਦ ਮਿਲਦਾ ਹੈ ਤੇ ਆਪਣੇ ਸਰੂਪ ਰੂਪੀ ਘਰ ਵਿਚ ਵਾਸਾ ਹੋ ਜਾਂਦਾ ਹੈ (ਭਾਵ ਹੈ ਸੁੱਖਾਂ ਦੀ ਖ਼ਾਤਰ ਮਨ ਬਾਹਰ ਭਟਕਣ ਵਲੋਂ ਰੁਕ ਜਾਂਦਾ ਹੈ)। ਦੁੱਖ ਦੂਰ ਹੋ ਜਾਂਦਾ ਹੈ।

ਪ੍ਰ: ਹਜ਼ੂਰ! ਉਹ ਦੁੱਖ ਕਿਹੜਾ ਹੈ, ਜੋ ਸਦਾ ਲਈ ਦੂਰ ਹੋ ਜਾਂਦਾ ਹੈ?

ਉ:੧੦. ਹੇ ਭਾਈ! ਜਨਮ ਮਰਨ ਦਾ ਦੁੱਖ ਦੂਰ ਹੋ ਜਾਂਦਾ ਹੈ, (ਕਿਉਂਕਿ) ਜਨਮ ਮਰਨ ਦੇ ਭੈ ਨੂੰ ਕੱਟਣ ਵਾਲੇ ਕਰਤਾ ਪੁਰਖ ਦੀ ਸਿਫ਼ਤਿ-ਸਾਲਾਹ ਕਰੀਦੀ ਹੈ।੪।

ਪ੍ਰ: (ਕਿਉਂ ਜੀ) ਇਸ ਅਵਸਥਾ ਵਿਚ ਪੁੱਜ ਕੇ ਕੀ ਪ੍ਰਤੀਤ ਹੋਣ ਲੱਗ ਪੈਂਦਾ ਹੈ?

ਉ:੧੧. ਇਸ ਅਵਸਥਾ ਵਿਚ ਪੁੱਜਿਆਂ ਤਦੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਮੈਂ ਓਹੋ ਹੀ ਹਾਂ (ਜੋ) ਤਤੁ ਨਿਰੰਜਨ ਹੈ, ਜਿਸ ਦੀ ਜੋਤ ਸਭ ਵਿਚ ਹੈ ਤੇ ਮੇਰੇ ਅਤੇ ਉਸ ਵਿਚ ਕੋਈ ਭੇਦ ਨਹੀਂ।

ਪ੍ਰ: (ਕਿਉਂ ਜੀ) ਕੀ ਆਪ ਨੂੰ ਭੀ ਕਿਸੇ ਗੁਰੂ ਧਾਰਨ ਦੀ ਲੋੜ ਪਈ ਹੈ?

ਉ:੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੈਨੂੰ ਤਾਂ ਉਹ ਗੁਰੂ ਮਿਲ ਗਿਆ ਹੈ, ਜੋ ਪਰੇ ਤੋਂ ਪਰੇ ਪਾਰਬ੍ਰਹਮ ਪਰਮੇਸ਼ਰ ਹੈ। (ਭਾਵ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਵਾਹਿਗੁਰੂ ਆਪ ਹੈ)।੫।੧੧।

ਨੋਟ : ਇਹ ੧੧ ਸ਼ਬਦ 'ਘਰੁ ੧' ਦੇ ਹਨ। ਅਗਾਂਹ ੧ ਸ਼ਬਦ 'ਘਰੁ ੩' ਦਾ ਹੈ। ਤਾਂਹੀਓਂ ਉਸ ਦਾ ਵੱਖਰਾ ਅੰਕ ੧ ਦੇ ਕੇ ਸਾਰਾ ਜੋੜ ੧੨ ਲਿਖਿਆ ਹੈ।

ਭਾਵਾਰਥ : ਇਸ ਸ਼ਬਦ ਵਿਚ ਸਭ ਦੇ ਸਿਰਲੇਖ ਦੱਸ ਕੇ, ਫੇਰ ਜੀਵਾਂ ਦੇ ਕਰਨ ਯੋਗ ਉਪਰਾਲਾ ਨਾਮ ਹੀ ਦੱਸਿਆ ਹੈ। ਅੰਤ ਵਿਚ ਭਾਵ ਦੱਸਿਆ ਹੈ ਕਿ ਹਰ ਇਕ ਵਿਚ ਸ਼ੁੱਧ ਚੇਤਨ ਸਤ੍ਹਾ ਉਸੇ ਨਿਰਗੁਣ ਦੀ ਜੋਤ ਹੈ, ਭਗਤੀ ਦੁਆਰਾ ਜਦੋਂ ਨਿੱਜ ਘਰ ਵਿਚ ਟਿਕਾਣਾ ਮਿਲਦਾ ਹੈ ਤਾਂ ਜੀਵ ਨੂੰ ਪਤਾ ਲੱਗਦਾ ਹੈ ਕਿ ਉਸ ਵਿਚ ਤੇ ਪਰਮ ਤੱਤ ਪਰਮੇਸ਼ਰ ਵਿਚ ਕੋਈ ਵੀ ਭੇਦ ਨਹੀਂ।

ਸੋਰਠਿ ਮਹਲਾ ੧ ਘਰੁ ੩

੧ੴ ਸਤਿਗੁਰ ਪ੍ਰਸਾਦਿ ॥

੧. ਜਾ ਤਿਸੁ ਭਾਵਾ ਤਦ ਹੀ ਗਾਵਾ ॥
੨. ਤਾ ਗਾਵੇ ਕਾ ਫਲੁ ਪਾਵਾ ॥
੩. ਗਾਵੇ ਕਾ ਫਲੁ ਹੋਈ ॥
੪. ਜਾ ਆਪੇ ਦੇਵੈ ਸੋਈ ॥੧॥
੫. ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥
੬. ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ ॥
੭. ਗੁਰ ਸਾਖੀ ਅੰਤਰਿ ਜਾਗੀ ॥
੮. ਤਾ ਚੰਚਲ ਮਤਿ ਤਿਆਗੀ ॥
੯. ਗੁਰ ਸਾਖੀ ਕਾ ਉਜੀਆਰਾ ॥
੧੦. ਤਾ ਮਿਟਿਆ ਸਗਲ ਅੰਧ੍ਯਾਰਾ ॥੨॥
੧੧. ਗੁਰ ਚਰਨੀ ਮਨੁ ਲਾਗਾ ॥
੧੨. ਤਾ ਜਮ ਕਾ ਮਾਰਗੁ ਭਾਗਾ ॥
੧੩. ਭੈ ਵਿਚਿ ਨਿਰਭਉ ਪਾਇਆ ॥
੧੪. ਤਾ ਸਹਜੈ ਕੈ ਘਰਿ ਆਇਆ ॥੩॥
੧੫. ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥
੧੬. ਇਸੁ ਜਗ ਮਹਿ ਕਰਣੀ ਸਾਰੀ ॥
੧੭. ਕਰਣੀ ਕੀਰਤਿ ਹੋਈ ॥
੧੮. ਜਾ ਆਪੇ ਮਿਲਿਆ ਸੋਈ ॥੪॥੧॥੧੨॥

ਪਦ ਅਰਥ : ਜਾ—ਜਦੋਂ। ਤਿਸੁ—ਉਸ (ਪ੍ਰਭੂ) ਨੂੰ। ਭਾਵਾ—ਭਾਵਾਂ, ਮੈਂ ਚੰਗਾ ਲੱਗਾਂ। ਗਾਵਾ—ਮੈਂ ਗਾਵਾਂ, ਮੈਂ ਗਾ ਸਕਦਾ ਹਾਂ, ਸਿਫ਼ਤਿ-ਸਾਲਾਹ ਕਰ ਸਕਦਾ ਹਾਂ। ਤਾਂ—ਤਦੋਂ। ਗਾਵੇ ਕਾ—ਸਿਫ਼ਤਿ-ਸਾਲਾਹ ਦਾ। ਪਾਵਾ—ਮੈਂ ਪਾ ਸਕਦਾ ਹਾਂ। ਸੋਈ—ਉਹ ਪ੍ਰਭੂ ਹੀ।੧।

ਮਨ—ਹੇ ਮਨ। ਬਚਨੀ—ਬਚਨਾਂ ਦੇ ਰਾਹੀਂ। ਨਿਧਿ—ਖ਼ਜ਼ਾਨਾ, ਸਿਫ਼ਤਿ-ਸਾਲਾਹ ਦਾ ਖ਼ਜ਼ਾਨਾ। ਪਾਈ—(ਜਿਸ ਨੇ) ਪਾ ਲਿਆ ਹੈ। ਤਾ ਤੇ—ਉਸ ਖ਼ਜ਼ਾਨੇ ਤੋਂ, ਸਿਫ਼ਤਿ-ਸਾਲਾਹ ਦੇ ਉਸ ਖ਼ਜ਼ਾਨੇ ਦੀ ਬਰਕਤ ਨਾਲ।ਰਹਾਉ।

ਸਾਖੀ—ਸਿੱਖਿਆ। ਜਾਗੀ—ਜਾਗ ਪਈ, ਜੋਤ ਜਗ ਪਈ। ਤਾ—ਤਦੋਂ। ਚੰਚਲ—ਇਕ ਥਾਂ ਨਾ ਟਿਕਣ ਵਾਲੀ, ਭਟਕਣਾ ਵਿਚ ਪਾਈ ਰੱਖਣ ਵਾਲੀ। ਉਜੀਆਰਾ—ਚਾਨਣ (ਆਤਮਕ)। ਅੰਧ੍ਯਾਰਾ—(ਅਗਿਆਨਤਾ ਦਾ) ਹਨੇਰਾ।੨।

ਮਾਰਗੁ—ਰਸਤਾ। ਜਮ ਕਾ ਮਾਰਗੁ—ਉਹ ਜੀਵਨ ਰਸਤਾ ਜੋ ਆਤਮਕ ਮੌਤ ਵਲ ਲੈ ਜਾਂਦਾ ਹੈ। ਸਹਜ—ਅਡੋਲ ਆਤਮਕ ਅਵਸਥਾ, ਸ਼ਾਂਤੀ।੩।

ਭਣਤਿ—ਆਖਦਾ ਹੈ। ਕੋ ਬੀਚਾਰੀ—ਕੋਈ ਵੀਚਾਰਵਾਨ ਹੀ। ਕਰਣੀ—ਕਰਨ ਜੋਗ ਕੰਮ। ਸਾਰੀ—ਸ੍ਰੇਸ਼ਟ। ਕੀਰਤਿ—ਸਿਫ਼ਤਿ-ਸਾਲਾਹ। ਆਪੇ—(ਪ੍ਰਭੂ) ਆਪ ਹੀ।

ਅਰਥ :

ਪ੍ਰ: ਹੇ ਗੁਰੋ! ਤੁਸੀਂ ਉਸ ਪ੍ਰਭੂ ਦਾ ਜਸ ਗਾਇਨ ਕਰਨ ਲਈ ਕਿਹੜਾ ਸਾਧਨ ਕੀਤਾ ਸੀ?

ਉ: ੧. ਹੇ ਭਾਈਓ! ਅਸਲ ਵਿਚ ਮੈਂ ਸਾਧਨ ਤਾਂ ਕੋਈ ਨਹੀਂ ਕਰ ਸਕਿਆ, ਪਰ ਮੈਂ ਤਾਂ ਇਉਂ ਹੀ ਸਮਝਦਾ ਹਾਂ ਕਿ ਜਦੋਂ ਮੈਂ ਉਸ ਪ੍ਰਭੂ ਨੂੰ ਚੰਗਾ ਲੱਗਦਾ ਹਾਂ, ਭਾਵ ਜਦੋਂ ਮੇਰੇ ਉੱਤੇ ਉਹ ਪ੍ਰਭੂ ਖੁਸ਼ ਹੁੰਦਾ ਹੈ, ਤਦੋਂ ਹੀ ਮੈਂ ਉਸ ਦੀ ਸਿਫ਼ਤਿ-ਸਾਲਾਹ ਕਰ ਸਕਦਾ ਹਾਂ।

੨. (ਤਦੋਂ ਹੀ) ਭਾਵ ਉਸ ਦੀ ਮਿਹਰ ਨਾਲ ਹੀ ਉਸ ਦੀ ਕੀਤੀ ਸਿਫ਼ਤਿ-ਸਾਲਾਹ ਦਾ ਫਲ ਪ੍ਰਾਪਤ ਕਰ ਸਕਦਾ ਹਾਂ।

ਪ੍ਰ: ਹਜ਼ੂਰ! ਜਸ ਗਾਇਨ ਕਰਨ ਦਾ ਫਲ ਕੀ ਹੋਵੇਗਾ?

ਉ: ੩. ਹੇ ਭਾਈ! ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਨ ਦਾ ਜੋ ਫਲ ਹੈ, ਉਹ ਇਹ ਹੈ ਕਿ (ਸਦੀਵੀ ਕਾਲ ਉਸ ਸਾਈਂ ਜੀ ਦੇ ਚਰਨਾਂ ਵਿਚ ਲੀਨ ਰਹਿ ਸਕੀਦਾ ਹੈ)।

ਪ੍ਰ: ਇਹ ਦਾਤ ਮਿਲਦੀ ਕਿਸ ਨੂੰ ਹੈ?

ਉ: ੪. ਹੇ ਭਾਈਓ! ਇਹ ਦਾਤ ਵੀ ਤਦੋਂ ਹੀ ਮਿਲਦੀ ਹੈ, ਜਦੋਂ ਉਹ ਪ੍ਰਭੂ ਆਪ ਹੀ ਬਖ਼ਸ਼ਸ਼ ਕਰਦਾ ਹੈ।੧।

੫. ਹੇ ਮੇਰੇ ਮਨ! ਜਿਸ ਮਨੁੱਖ ਨੇ ਗੁਰੂ ਦੇ ਬਚਨਾਂ 'ਤੇ ਤੁਰ ਕੇ ਸਿਫ਼ਤਿ-ਸਾਲਾਹ ਦਾ ਖ਼ਜ਼ਾਨਾ ਲੱਭ ਲਿਆ ਹੈ।

੬. ਉਹ ਉਸ ਖ਼ਜ਼ਾਨੇ ਦੀ ਬਰਕਤ ਨਾਲ ਸਦਾ ਕਾਇਮ ਰਹਿਣ ਵਾਲੇ ਪ੍ਰਭੂ (ਦੀ ਯਾਦ) ਵਿਚ ਸਦਾ ਟਿਕਿਆ ਰਹਿੰਦਾ ਹੈ।ਰਹਾਉ।

ਪ੍ਰ: ਸ੍ਰੀ ਜੀਉ! ਬੁਧੀ ਵਿਚ ਤਾਂ ਚੰਚਲਤਾ ਬਹੁਤ ਹੈ, ਇਸ ਨੂੰ ਆਪ ਨੇ ਕਿਵੇਂ ਤਿਆਗਿਆ?

ਉ: ੭. ਹੇ ਪਿਆਰਿਓ! ਪਹਿਲੋਂ ਜਦੋਂ ਮੇਰੇ ਅੰਦਰ ਗੁਰੂ ਦੀ ਸਿੱਖਿਆ ਜਾਗ ਪਈ।

੮. ਤਦੋਂ ਹੀ ਮੈਂ ਆਪਣੇ ਅੰਦਰੋਂ ਚੰਚਲ ਬੁੱਧੀ ਦਾ ਤਿਆਗ ਕਰ ਦਿੱਤਾ।

੯. (ਹਾਂ) ਹੇ ਭਾਈ! ਹੁਣ (ਜਦੋਂ) ਗੁਰੂ ਦੀ ਸਿੱਖਿਆ ਦਾ ਚਾਨਣਾ ਅੰਦਰ ਹੋ ਆਇਆ।

੧੦. ਤਾਂ ਸਾਰਾ ਹੀ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ।੨।

੧੧. ਹੇ ਭਾਈਓ! ਜਦੋਂ ਜਿਸ ਮਨੁੱਖ ਦਾ ਮਨ ਗੁਰੂ ਦੇ ਚਰਨਾਂ ਵਿਚ ਜੁੜਦਾ ਹੈ।

੧੨. ਤਾਂ ਸਮਝੋ! ਉਸ ਦਾ ਜਮਾਂ ਦਾ ਰਸਤਾ ਦੂਰ ਚਲਾ ਗਿਆ।

੧੩. ਹੇ ਭਾਈ! ਜਦੋਂ ਮਨੁੱਖ ਪਰਮੇਸ਼ਰ ਦੇ ਡਰ ਅਦਬ ਵਿਚ ਰਹਿ ਕੇ ਪ੍ਰਭੂ ਨਾਲ ਮਿਲਾਪ ਹਾਸਲ ਕਰਦਾ ਹੈ।

੧੪. ਤਾਂ ਉਹ ਸਹਿਜ ਦੇ ਘਰ ਭਾਵ ਅਡੋਲਤਾ ਦੇ ਘਰ ਵਿਚ ਆ ਗਿਆ।੩।

੧੫. (ਗੁਰੂ) ਨਾਨਕ ਦੇਵ ਜੀ ਆਖਦੇ ਹਨ ਕਿ ਹੇ ਭਾਈਓ! ਇਸ ਗੱਲ ਨੂੰ ਕੋਈ ਵਿਰਲਾ ਵੀਚਾਰਵਾਨ ਹੀ ਸਮਝਦਾ ਹੈ।

ਪ੍ਰ: ਹਜ਼ੂਰ! ਉਹ ਗੱਲ ਕਿਹੜੀ ਹੈ?

ਉ: ੧੬. ਹੇ ਭਾਈਓ! ਉਹ ਗੱਲ ਇਹੋ ਹੀ ਹੈ ਕਿ ਇਸ ਜਗਤ ਵਿਚ ਸ੍ਰੇਸ਼ਟ ਕਰਨੀ (ਕੀ ਹੈ)।

੧੭. ਹੇ ਪਿਆਰੇ! ਉਹ ਕਰਨੀ ਪ੍ਰਭੂ ਦੀ ਕੀਰਤੀ ਹੁੰਦੀ ਹੈ।

੧੮. ਜਦੋਂ ਉਹ ਹਰੀ ਪ੍ਰਭੂ ਆਪੇ ਆ ਮਿਲੇ।੪।੧।੧੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਸ੍ਰੇਸ਼ਟ ਕਰਨੀ ਵਾਹਿਗੁਰੂ ਜੀ ਦਾ ਜਸ ਗਾਇਨ ਕਰਦੇ ਰਹਿਣਾ ਦੱਸਿਆ ਹੈ, ਪਰ ਇਹ ਉੱਤਮ ਵਸਤੂ ਗੁਰੂ ਦੀ ਸਿੱਖਿਆ ਦੁਆਰਾ ਪ੍ਰਾਪਤ ਹੁੰਦੀ ਹੈ। ਉਸ ਚਾਨਣੇ ਵਿਚ ਅਗਿਆਨ ਦੂਰ ਹੋ ਜਾਂਦਾ ਹੈ, ਤਦ ਸਹਿਜ ਅਵਸਥਾ ਪ੍ਰਾਪਤ ਹੋ ਆਉਂਦੀ ਹੈ, ਪਰ ਇਹ ਜਸ ਗਾਇਨ ਕਰਨਾ ਵਾਹਿਗੁਰੂ ਜੀ ਦੀ ਮਿਹਰ ਦੁਆਰਾ ਹੀ ਮਿਲ ਸਕਦਾ ਹੈ।

ਸੋਰਠਿ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

੧. ਸੇਵਕ ਸੇਵ ਕਰਹਿ ਸਭਿ ਤੇਰੀ
ਜਿਨ ਸਬਦੈ ਸਾਦੁ ਆਇਆ ॥

੨. ਗੁਰ ਕਿਰਪਾ ਤੇ ਨਿਰਮਲੁ ਹੋਆ
ਜਿਨਿ ਵਿਚਹੁ ਆਪੁ ਗਵਾਇਆ ॥

੩. ਅਨਦਿਨੁ ਗੁਣ ਗਾਵਹਿ ਨਿਤ ਸਾਚੇ
ਗੁਰ ਕੈ ਸਬਦਿ ਸੁਹਾਇਆ ॥੧॥

੪. ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥

੫. ਏਕੋ ਸਚਾ ਸਚੁ ਤੂ
ਕੇਵਲੁ ਆਪਿ ਮੁਰਾਰੀ ॥ ਰਹਾਉ ॥

੬. ਜਾਗਤ ਰਹੇ ਤਿਨੀ ਪ੍ਰਭੁ ਪਾਇਆ
ਸਬਦੇ ਹਉਮੈ ਮਾਰੀ ॥

੭. ਗਿਰਹੀ ਮਹਿ ਸਦਾ ਹਰਿ ਜਨ ਉਦਾਸੀ
ਗਿਆਨ ਤਤ ਬੀਚਾਰੀ ॥

੮. ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਹਰਿ ਰਾਖਿਆ ਉਰ ਧਾਰੀ ॥੨॥

੯. ਇਹੁ ਮਨੂਆ ਦਹ ਦਿਸਿ ਧਾਵਦਾ
ਦੂਜੈ ਭਾਇ ਖੁਆਇਆ ॥

੧੦. ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ
ਬਿਰਥਾ ਜਨਮੁ ਗਵਾਇਆ ॥

੧੧. ਸਤਿਗੁਰੁ ਭੇਟੇ ਤਾ ਨਾਉ ਪਾਏ
ਹਉਮੈ ਮੋਹੁ ਚੁਕਾਇਆ ॥੩॥

੧੨. ਹਰਿ ਜਨ ਸਾਚੇ ਸਾਚੁ ਕਮਾਵਹਿ
ਗੁਰ ਕੈ ਸਬਦਿ ਵੀਚਾਰੀ ॥

੧੩. ਆਪੇ ਮੇਲਿ ਲਏ ਪ੍ਰਭਿ ਸਾਚੈ
ਸਾਚੁ ਰਖਿਆ ਉਰ ਧਾਰੀ ॥

੧੪. ਨਾਨਕ ਨਾਵਹੁ ਗਤਿ ਮਤਿ ਪਾਈ
ਏਹਾ ਰਾਸਿ ਹਮਾਰੀ ॥੪॥੧॥

ਪਦ ਅਰਥ : ਸਭਿ—ਸਾਰੇ। ਸਬਦੈ—ਗੁਰੂ ਦੇ ਸ਼ਬਦ ਦਾ। ਸਾਦੁ—ਸੁਆਦ, ਰਸ। ਤੇ—ਤੋਂ, ਨਾਲ। ਜਿਨਿ—ਜਿਸ ਮਨੁੱਖ ਨੇ। ਆਪੁ—ਆਪਾ ਭਾਵ। ਅਨਦਿਨੁ—ਹਰ ਰੋਜ਼। ਗਾਵਹਿ—ਗਾਂਦੇ ਹਨ। ਸਾਚੇ—ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ। ਸਬਦਿ—ਸ਼ਬਦ ਦੇ ਰਾਹੀਂ। ਸੁਹਾਇਆ—ਸੋਹਣੇ ਜੀਵਨ ਵਾਲੇ ਹੋ ਜਾਂਦੇ ਹਨ।੧।

ਠਾਕੁਰ—ਹੇ ਮਾਲਕ।ਰਹਾਉ।

ਜਾਗਤ—ਵਿਕਾਰਾਂ ਵਲੋਂ ਸੁਚੇਤ। ਗਿਰਹੀ ਮਹਿ—ਗ੍ਰਿਹ ਵਿਚ ਹੀ, ਗ੍ਰਿਹਸਤ ਵਿਚ ਹੀ। ਉਰ—ਹਿਰਦਾ।੨।

ਮਨੂਆ—ਅੱਲੜ੍ਹ ਮਨ। ਦਹ ਦਿਸਿ—ਦਸੀਂ ਪਾਸੀਂ। ਦੂਜੈ ਭਾਇ—ਮਾਇਆ ਦੇ ਮੋਹ ਵਿਚ। ਖੁਆਇਆ—ਰਾਹੋਂ ਖੁੰਝ ਜਾਂਦਾ ਹੈ। ਮਨਮੁਖ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ। ਮੁਗਧੁ—ਮੂਰਖ। ਭੇਟੇ—ਮਿਲ ਪਏ।੩।

ਵੀਚਾਰੀ—ਵੀਚਾਰਵਾਨ (ਹੋ ਕੇ)। ਪ੍ਰਭਿ—ਪ੍ਰਭੂ ਨੇ। ਨਾਵਹੁ—ਨਾਮ ਤੋਂ ਹੀ। ਗਤਿ—ਉੱਚੀ ਆਤਮਕ ਅਵਸਥਾ। ਏਹਾ—ਇਹ (ਨਾਮ) ਹੀ। ਰਾਸਿ—ਪੂੰਜੀ ਸਰਮਾਇਆ।੪।

ਅਰਥ :

ਪ੍ਰ: ਹੇ ਗੁਰੋ! ਆਪ ਜੀ ਸੇਵਕ ਕਿਸ ਨੂੰ ਸਮਝਦੇ ਹੋ?

ਉ: ੧. ਹੇ ਭਾਈ! ਜਿਨ੍ਹਾਂ ਨੂੰ ਸ਼ਬਦ ਦਾ ਰਸ ਆਇਆ ਹੈ, ਉਹ ਸਾਰੇ ਹੀ ਸੇਵਕ ਹਨ, ਹੇ ਸਾਈਂ! ਉਹ ਆਪ ਜੀ ਦੀ ਹੀ ਸੇਵਾ ਕਰਦੇ ਹਨ।

੨. ਜਿਨ੍ਹਾਂ ਨੇ ਆਪਣੇ ਵਿਚੋਂ ਆਪਾ-ਭਾਵ ਗਵਾ ਲਿਆ, ਅਰਥਾਤ ਹੰਕਾਰ ਗਵਾ ਲਿਆ ਹੈ, ਉਹ ਗੁਰੂ ਦੀ ਕਿਰਪਾ ਨਾਲ ਨਿਰਮਲ ਹੋ ਗਏ ਹਨ।

੩. ਜਿਹੜੇ ਪ੍ਰਾਣੀ ਗੁਰੂ ਦੇ ਸ਼ਬਦ ਵਿਚ ਜੁੜ ਕੇ ਹਰ ਵੇਲੇ ਸੱਚੇ ਪ੍ਰਭੂ ਦੇ ਗੁਣ ਗਾਉਂਦੇ ਰਹਿੰਦੇ ਹਨ, ਉਹ ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ।੧।

੪. ਹੇ ਮੇਰੇ ਮਾਲਕ ਪ੍ਰਭੂ! ਅਸੀਂ ਜੀਵ ਤੇਰੇ ਬੱਚੇ ਹਾਂ, ਤੇਰੀ ਸ਼ਰਨ ਆਏ ਹਾਂ।

੫. ਸਿਰਫ਼ ਇਕ ਤੂੰ ਹੀ ਸਦੀਵੀ ਕਾਲ ਕਾਇਮ ਰਹਿਣ ਵਾਲਾ ਹੈਂ, (ਜੀਵ ਮਾਇਆ ਵਿਚ ਡੋਲ ਜਾਂਦੇ ਹਨ)।ਰਹਾਉ।

ਪ੍ਰ: ਹਜ਼ੂਰ! ਤੁਹਾਡੇ ਵੀਚਾਰ ਅਨੁਸਾਰ ਪ੍ਰਭੂ ਨੂੰ ਕਿਸ ਨੇ ਪਾਇਆ ਹੈ?

ਉ: ੬. ਹੇ ਭਾਈਓ! ਜੋ ਮਨੁੱਖ ਮੋਹ-ਰੂਪੀ ਨੀਂਦ ਤੋਂ ਜਾਗਦੇ ਰਹੇ ਅਤੇ ਜਿਨ੍ਹਾਂ ਨੇ ਸ਼ਬਦ ਦੁਆਰਾ ਹਉਮੈ ਨੂੰ ਮਾਰ ਲਿਆ, ਉਨ੍ਹਾਂ ਨੇ ਹੀ ਪ੍ਰਭੂ ਨੂੰ ਪਾ ਲਿਆ ਹੈ।

ਪ੍ਰ: ਹਜ਼ੂਰ! ਕੀ ਉਨ੍ਹਾਂ ਨੇ ਬਨਾਂ ਵਿਚ ਜਾ ਕੇ ਨਾਮ ਦੀ ਕਮਾਈ ਕੀਤੀ ਸੀ?

ਉ: ੭. (ਨਹੀਂ) ਹੇ ਪਿਆਰੇ! ਉਹ ਹਰੀ ਦੇ ਦਾਸ ਗ੍ਰਿਹਸਤ ਵਿਚ ਹੀ ਸਦਾ ਉਦਾਸ ਰਹਿੰਦੇ ਹਨ ਤੇ ਤੱਤ ਵੀਚਾਰ ਦੇ ਵਿਚਾਰਵਾਨ ਹੋ ਜਾਂਦੇ ਹਨ।

੮. ਹੇ ਪਿਆਰੇ! ਉਨ੍ਹਾਂ ਨੇ ਸਤਿਗੁਰੂ ਨੂੰ ਸੇਵ ਕੇ ਹਰੀ ਨੂੰ ਹਿਰਦੇ ਵਿਚ ਧਾਰਨ ਕਰੀ ਰਖਿਆ ਹੈ, ਜਿਸ ਦੀ ਬਰਕਤ ਨਾਲ ਉਨ੍ਹਾਂ ਨੇ ਸਦਾ ਸੁੱਖ ਪਾਇਆ ਹੈ।੨।

ਪ੍ਰ: ਇਹ ਸੁੱਖ ਸਾਰਿਆਂ ਜੀਵਾਂ ਨੂੰ ਕਿਉਂ ਨਹੀਂ ਮਿਲਦਾ?

ਉ: ੯. ਹੇ ਭਾਈ! ਇਕ ਅਜਿਹੇ ਅੱਲੜ੍ਹ ਮਨ ਵਾਲੇ ਮਨਮੁਖ ਹਨ, ਉਨ੍ਹਾਂ ਦਾ ਮਨ ਮਾਇਆ ਦੇ ਮੋਹ ਵਿਚ ਫਸ ਕੇ ਦਸੋਂ ਦਿਸ਼ਾਵਾਂ ਵਿਚ ਦੌੜਦਾ ਰਹਿੰਦਾ ਹੈ, ਇਸੇ ਕਰ ਕੇ ਉਹ ਜੀਵਨ ਦੇ ਸਹੀ ਰਸਤੇ ਤੋਂ ਖੁੰਝੇ ਰਹਿੰਦੇ ਹਨ।

੧੦. ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮੂਰਖ ਮਨੁੱਖ ਪਰਮੇਸ਼ਰ ਦਾ ਨਾਮ ਚੇਤੇ ਨਹੀਂ ਕਰਦਾ, ਆਪਣਾ ਜੀਵਨ ਬੇ-ਅਰਥ ਗਵਾ ਲੈਂਦਾ ਹੈ।

ਪ੍ਰ: ਕਿਉਂ ਜੀ! ਕਿਵੇਂ ਉਸ ਦੀ ਭੀ ਕਲਿਆਣ ਹੋ ਸਕਦੀ ਹੈ?

ਉ: ੧੧. ਹੇ ਭਾਈਓ! ਜਦੋਂ ਉਸ ਦਾ ਗੁਰੂ ਨਾਲ ਮਿਲਾਪ ਹੋ ਜਾਂਦਾ ਹੈ, ਤਦੋਂ ਉਹ ਗੁਰੂ ਤੋਂ ਹਰੀ ਦੇ ਨਾਮ ਦੀ ਦਾਤ ਹਾਸਲ ਕਰਦਾ ਹੈ, ਉਹ ਇਸ ਤਰ੍ਹਾਂ ਆਪਣੇ ਅੰਦਰੋਂ ਮਾਇਆ ਦਾ ਮੋਹ ਤੇ ਹਉਮੈ ਦੂਰ ਕਰ ਲੈਂਦਾ ਹੈ।੩।

੧੨. ਹੇ ਪਿਆਰੇ! ਹਰੀ ਦੇ ਜਨ ਗੁਰੂ ਦੇ ਸ਼ਬਦ ਦੁਆਰਾ ਵਿਚਾਰਵਾਨ ਹੋ ਕੇ ਸੱਚ ਕਮਾਉਂਦੇ ਸੱਚੇ ਹੋ ਜਾਂਦੇ ਹਨ।

੧੩. (ਕਿਉਂਕਿ ਉਹ) ਹਿਰਦੇ ਵਿਚ ਸੱਚ ਨੂੰ ਧਾਰਨ ਕਰੀ ਰੱਖਦੇ ਹਨ, ਸੱਚੇ ਪ੍ਰਭੂ ਨੇ ਉਨ੍ਹਾਂ ਨੂੰ ਆਪ ਆਪਣੇ ਨਾਲ ਮੇਲ ਲਿਆ ਹੈ।

੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਉਨ੍ਹਾਂ ਭਗਤਾਂ ਨੇ ਨਾਮ ਤੋਂ ਹੀ ਮੁਕਤੀ ਤੇ ਗਿਆਨ ਪ੍ਰਾਪਤ ਕੀਤਾ ਹੈ, ਸਾਡੀ ਭੀ ਇਹੋ ਨਾਮ ਹੀ ਰਾਸ ਹੈ।੪।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹੋ ਸਿਧਾਂਤ ਅੰਕਤ ਕਰਦੇ ਹਨ ਕਿ ਹੇ ਭਾਈਓ! ਵਾਹਿਗੁਰੂ ਜੀ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਦੁਆਰਾ ਹੁੰਦੀ ਹੈ। ਮਾਇਆ ਦਾ ਮੋਹ ਮਨੁੱਖ ਦਾ ਜਨਮ ਵਿਅਰਥ ਗਵਾ ਦੇਂਦਾ ਹੈ।

ਸੋਰਠਿ ਮਹਲਾ ੩ ॥

੧. ਭਗਤਿ ਖਜਾਨਾ ਭਗਤਨ ਕਉ ਦੀਆ
ਨਾਉ ਹਰਿ ਧਨੁ ਸਚੁ ਸੋਇ ॥

੨. ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ
ਕਿਨੈ ਨ ਕੀਮਤਿ ਹੋਇ ॥

੩. ਨਾਮ ਧਨਿ ਮੁਖ ਉਜਲੇ ਹੋਏ
ਹਰਿ ਪਾਇਆ ਸਚੁ ਸੋਇ ॥੧॥

੪. ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥

੫. ਬਿਨੁ ਸਬਦੈ ਜਗੁ ਭੁਲਦਾ ਫਿਰਦਾ
ਦਰਗਹ ਮਿਲੈ ਸਜਾਇ ॥ ਰਹਾਉ ॥

੬. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥

੭. ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ ॥
੮. ਅੰਧਾ ਜਗਤੁ ਅੰਧੁ ਵਰਤਾਰਾ
ਬਾਝੁ ਗੁਰੂ ਗੁਬਾਰਾ ॥੨॥
੯. ਹਉਮੈ ਮੇਰਾ ਕਰਿ ਕਰਿ ਵਿਗੁਤੇ
ਕਿਹੁ ਚਲੈ ਨ ਚਲਦਿਆ ਨਾਲਿ ॥
੧੦. ਗੁਰਮੁਖਿ ਹੋਵੈ ਸੁ ਨਾਮੁ ਧਿਆਵੈ
ਸਦਾ ਹਰਿ ਨਾਮੁ ਸਮਾਲਿ ॥
੧੧. ਸਚੀ ਬਾਣੀ ਹਰਿ ਗੁਣ ਗਾਵੈ
ਨਦਰੀ ਨਦਰਿ ਨਿਹਾਲਿ ॥੩॥
੧੨. ਸਤਿਗੁਰ ਗਿਆਨੁ ਸਦਾ ਘਟਿ ਚਾਨਣੁ
ਅਮਰੁ ਸਿਰਿ ਬਾਦਿਸਾਹਾ ॥
੧੩. ਅਨਦਿਨੁ ਭਗਤਿ ਕਰਹਿ ਦਿਨੁ ਰਾਤੀ
ਰਾਮ ਨਾਮੁ ਸਚੁ ਲਾਹਾ ॥
੧੪. ਨਾਨਕ ਰਾਮ ਨਾਮਿ ਨਿਸਤਾਰਾ
ਸਬਦਿ ਰਤੇ ਹਰਿ ਪਾਹਾ ॥੪॥੨॥

ਪਦ ਅਰਥ : ਕਉ—ਨੂੰ। ਅਖੁਟ—ਨਾ ਮੁਕਣ ਵਾਲਾ। ਕਿਨੈ—ਕਿਸੇ ਪਾਸੋਂ ਭੀ। ਧਨਿ—ਧਨ ਨਾਲ।੧।

ਸਬਦੀ—ਸ਼ਬਦ ਦੇ ਰਾਹੀਂ। ਸਜਾਇ—ਦੰਡ।ਰਹਾਉ।

ਦੇਹੀ—ਸਰੀਰ। ਵਸਹਿ—ਵਸਦੇ ਹਨ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਮਨਮੁਖ—ਆਪਣੇ ਮਨ ਦੇ ਪਿਛੇ ਟੁਰਨ ਵਾਲਾ ਮਨੁੱਖ। ਅੰਧਾ—ਮਾਇਆ ਦੇ ਮੋਹ ਵਿਚ ਅੰਨ੍ਹਾ। ਗੁਬਾਰਾ—ਹਨੇਰਾ।੨।

ਵਿਗੁਤੇ—ਖੁਆਰ ਹੁੰਦੇ ਹਨ। ਕਿਹੁ—ਕੁਝ ਭੀ। ਸਮਾਲਿ—ਸਾਂਭ ਕੇ। ਗੁਰਮੁਖਿ—ਗੁਰੂ ਦੇ ਸਨਮੁਖ। ਨਿਹਾਲਿ—ਪ੍ਰਸੰਨ, ਸੁਖੀ।੩।

ਘਟਿ—ਹਿਰਦੇ ਵਿਚ। ਅਮਰੁ—ਹੁਕਮ। ਸਿਰਿ—ਸਿਰ ਉੱਤੇ। ਅਨਦਿਨੁ—ਹਰ ਰੋਜ਼। ਲਾਹਾ—ਲਾਭ। ਨਾਮਿ—ਨਾਮ ਦੇ ਰਾਹੀਂ। ਪਾਹਾ—ਪਾਸ, ਨੇੜੇ।੪।

ਅਰਥ :

ਪ੍ਰ: ਹਜ਼ੂਰ! ਕੀ ਭਗਤ ਲੋਕ ਭਗਤੀ ਦਾ ਖ਼ਜ਼ਾਨਾ ਆਪਣੇ ਸਾਧਨਾਂ ਦੇ ਬਲ ਨਾਲ ਪ੍ਰਾਪਤ ਕਰਦੇ ਹਨ ?

ਉ: ੧. ਹੇ ਭਾਈਓ! (ਅਸਲ ਵਿਚ ਇਹ) ਭਗਤੀ ਰੂਪ ਖ਼ਜ਼ਾਨਾ (ਹਰੀ ਨੇ ਆਪਣਿਆਂ) ਭਗਤਾਂ ਨੂੰ (ਆਪ ਹੀ) ਦਿੱਤਾ ਹੈ, ਉਸ ਪਰਮੇਸ਼ਰ ਦਾ ਨਾਮ ਐਸਾ ਧਨ ਹੈ, ਜੋ ਸਦਾ ਕਾਇਮ ਰਹਿੰਦਾ ਹੈ।

ਪ੍ਰ: ਸ੍ਰੀ ਜੀਉ! ਕੀ ਸੰਸਾਰਕ ਧਨ ਵਾਂਗੂੰ ਇਹ ਨਾਮ ਧਨ ਵੀ ਨਿਖੁੱਟ ਜਾਂਦਾ ਹੈ ?

ਉ: ੨. (ਨਹੀਂ) ਹੇ ਭਾਈ! ਇਹ ਹਰਿ ਨਾਮ ਧਨ ਕਦੇ ਮੁੱਕਣ ਵਾਲਾ ਨਹੀਂ, ਇਹ ਧਨ ਕਦੇ ਨਹੀਂ ਮੁਕਦਾ ਅਤੇ ਕਿਸੇ ਪਾਸੋਂ ਇਸ ਦਾ ਮੁੱਲ ਭੀ ਨਹੀਂ ਪਾਇਆ ਜਾਂਦਾ, ਭਾਵ ਹੈ ਕਿ ਕੋਈ ਮਨੁੱਖ ਇਸ ਧਨ ਨੂੰ ਦੁਨਿਆਵੀ ਪਦਾਰਥਾਂ ਵਾਂਗੂੰ ਖ਼ਰੀਦ ਭੀ ਨਹੀਂ ਸਕਦਾ।

ਪ੍ਰ: ਹਜ਼ੂਰ! ਉਸ ਨਾਮ ਧਨ ਦੀ ਪ੍ਰਾਪਤੀ ਦਾ ਫਲ ਕੀ ਹੈ ?

ਉ: ੩. ਹੇ ਪਿਆਰਿਓ! ਜਿਸ ਮਨੁੱਖ ਨੇ ਇਹ ਨਾਮ ਧਨ ਪਾਇਆ ਹੈ, ਉਨ੍ਹਾਂ ਦੇ ਮੂੰਹ ਇਸ ਨਾਮ ਧਨ ਨਾਲ ਉੱਜਲੇ ਹੋਏ ਹਨ, ਉਨ੍ਹਾਂ ਨੇ ਲੋਕ-ਪ੍ਰਲੋਕ ਵਿਚ ਉਹ ਸਤ ਸਰੂਪ ਪਾ ਲਿਆ ਹੈ।੧।

ਪ੍ਰ: ਹਜ਼ੂਰ! ਹਰੀ ਦੀ ਪ੍ਰਾਪਤੀ ਕਿਸ ਸਾਧਨ ਦੁਆਰਾ ਹੁੰਦੀ ਹੈ ?

ਉ: ੪. ਹੇ ਮੇਰੇ ਮਨਾ! ਉਸ ਹਰੀ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਦੁਆਰਾ ਹੁੰਦੀ ਹੈ।

੫. ਸ਼ਬਦ ਦੀ ਕਮਾਈ ਤੋਂ ਸਖਣਾ (ਸਾਰਾ) ਜਗਤ ਭੁੱਲਿਆ ਫਿਰਦਾ ਹੈ, ਇਸੇ ਲਈ ਉਸ ਨੂੰ ਰੱਬੀ ਦਰਗਾਹ ਵਿਚ ਸਜ਼ਾ ਮਿਲਦੀ ਹੈ।ਰਹਾਉ।

ਪ੍ਰ: ਗੁਰਦੇਵ ਜੀ! ਆਪ ਜਿਸ ਨਾਮ ਅੰਮ੍ਰਿਤ ਦਾ ਜ਼ਿਕਰ ਕਰਦੇ ਆ ਰਹੇ ਹੋ, ਉਹ ਹੈ ਕਿੱਥੇ ?

ਉ: ੬. ਹੇ ਪਿਆਰਿਓ! ਉਹ ਨਾਮ ਅੰਮ੍ਰਿਤ ਇਸੇ ਦੇ ਹੀ ਅੰਦਰ ਹੈ।

ਪ੍ਰ: ਕਿਉਂ ਜੀ! ਉਹ ਅੰਦਰੋਂ ਪ੍ਰਾਪਤ ਕਿਉਂ ਨਹੀਂ ਹੁੰਦਾ ?

ਉ: ਕਿਉਂਕਿ ਇਸੇ ਦੇ ਹੀ ਅੰਦਰ ਪੰਜ ਚੋਰ ਵੀ ਵਸ ਰਹੇ ਹਨ, ਉਹ ਹਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

੭. ਇਹ ਪੰਜੇ ਕਾਮਾਦਿਕ ਮਨੁੱਖ ਦੇ ਅੰਦਰੋਂ ਨਾਮ ਅੰਮ੍ਰਿਤ ਨੂੰ ਲੁੱਟੀ ਜਾ ਰਹੇ ਹਨ, (ਜੇ ਕੋਈ) ਕੂਕ ਪੁਕਾਰ ਕਰਦਾ ਹੈ ਕਿ ਐ ਭਾਈਓ! ਲੁੱਟੇ ਜਾ ਰਹੇ ਹਾਂ ਤਾਂ ਕੋਈ ਮਨਮੁਖ ਸੁਣਦਾ ਹੀ ਨਹੀਂ।

ਪ੍ਰ: ਕਿਉਂ ਜੀ! ਤੁਸੀਂ ਕੂਕ ਪੁਕਾਰ ਕਿਸ ਨੂੰ ਕਹਿੰਦੇ ਹੋ ?

ਉ: ਹੇ ਭਾਈਓ! ਸੰਤ ਜਨ ਸਤਿਸੰਗ ਦੇ ਮੰਡਲ ਇਹ ਗੱਲ ਦੱਸ ਰਹੇ ਹਨ। ਮਿੱਤਰ, ਸੱਜਨ ਮਰਦੇ ਪ੍ਰਤੱਖ ਦੱਸੀ ਜਾਂਦੇ ਹਨ ਕਿ ਸੰਸਾਰ ਝੂਠਾ ਹੈ, ਜਗਤ ਨੂੰ ਸੱਚਾ ਸਮਝ ਕੇ ਮਾੜੇ ਕਰਮ ਕਰਦਿਆਂ ਅੰਦਰੋਂ ਆਵਾਜ਼ ਭੀ ਉਠਦੀ ਹੈ ਕਿ ਇਹ ਕੰਮ ਮਾੜੇ ਹਨ, ਤੂੰ ਸਦਾ ਇਥੇ ਨਹੀਂ ਰਹਿਣਾ ਆਦਿ। ਕਈ ਵਾਰ ਬੰਦਾ ਬੀਮਾਰੀ ਅੰਦਰ ਜਾਗ ਉਠਦਾ ਹੈ ਤੇ ਤੋਬਾ ਕਰਦਾ ਹੈ ਕਿ ਹੁਣ ਸਤਿਸੰਗ ਵਿਚ ਲੱਗਾਂਗਾ ਤੇ ਰਾਜ਼ੀ ਹੋ ਕੇ ਫੇਰ ਭੁੱਲ ਜਾਂਦਾ ਹੈ, ਇਹੋ ਜਾਣੋ ਇਕ ਪ੍ਰਕਾਰ ਦੀਆਂ ਕੂਕ ਪੁਕਾਰਾਂ ਹਨ।

ਪ੍ਰ: ਕਿਉਂ ਜੀ! ਇਨ੍ਹਾਂ ਪੁਕਾਰਾਂ ਦੇ ਨਾ ਸੁਣੇ ਜਾਣ ਦਾ ਅਸਲ ਕਾਰਣ ਕੀ ਹੈ ?

ਉ: ੮. ਹੇ ਭਾਈਓ! (ਅਸਲ ਵਿਚ ਇਹ ਸਾਰਾ ਹੀ) ਜਗਤ ਅੰਨ੍ਹਾ ਅਗਿਆਨੀ ਹੈ, ਇਸ ਦਾ ਸਾਰਾ ਹੀ ਵਰਤਾਰਾ, ਅਗਿਆਨਤਾ ਵਿਚ ਹੋ ਰਿਹਾ ਹੈ। (ਇਸੇ ਲਈ) ਗੁਰੂ ਤੋਂ ਬਿਨਾ ਇਸ ਜੀਵ ਦੇ ਅੱਗੇ (ਸਦਾ) ਹਨੇਰਾ ਹੀ ਛਾਇਆ ਰਹਿੰਦਾ ਹੈ।੨।

ਪ੍ਰ: ਹੇ ਗੁਰੋ! ਆਪ ਅਗਿਆਨਤਾ ਦਾ ਹਨੇਰਾ ਕਿਸ ਨੂੰ ਕਹਿੰਦੇ ਹੋ ?

ਉ: ੯. ਹੇ ਪਿਆਰੇ ! ਇਹੋ ਹੀ ਅਗਿਆਨ ਦਾ ਹਨੇਰਾ ਹੈ ਜਿਸ ਕਰਕੇ ਹਰ ਵਕਤ ਮਨੁੱਖ ਦੇ ਅੰਦਰੋਂ ਇਹ ਆਵਾਜ਼ ਆ ਰਹੀ ਹੈ ਕਿ ਮੈਂ ਵੱਡਾ ਹਾਂ, ਇਹ ਧਨ ਪਦਾਰਥ ਮੇਰਾ ਹੈ, ਇਹੋ ਆਖ-ਆਖ ਕੇ ਮਾਇਆ ਵੇੜ੍ਹੇ ਮਨੁੱਖ ਖ਼ੁਆਰ ਹੁੰਦੇ ਰਹਿੰਦੇ ਹਨ, (ਪਰ ਹੈਰਾਨਗੀ ਇਸ ਗੱਲ ਦੀ ਹੈ ਕਿ) ਜਗਤ ਤੋਂ ਤੁਰਨ ਵੇਲੇ ਕੋਈ ਚੀਜ਼ ਭੀ ਕਿਸੇ ਦੇ ਨਾਲ ਨਹੀਂ ਤੁਰਦੀ।

ਪ੍ਰ: ਸ੍ਰੀ ਜੀਉ ! ਕੀ ਇਸ ਅੰਧਤਾਈ ਵਿਚ ਕਿਸੇ ਨੂੰ ਸੋਝੀ ਵੀ ਆਉਂਦੀ ਹੈ ?

ਉ: ੧੦. (ਹਾਂ ਜ਼ਰੂਰ) ਹੇ ਭਾਈਓ ! ਜੋ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਉਹ ਪਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਵਸਾ ਕੇ (ਸਦਾ) ਨਾਮ ਸਿਮਰਦਾ ਰਹਿੰਦਾ ਹੈ।

੧੧. ਅਤੇ ਸੱਚੀ ਬਾਣੀ ਦੁਆਰਾ (ਸਦਾ ਹੀ) ਹਰੀ ਦੇ ਗੁਣ ਗਾਉਂਦਾ ਹੈ, ਇਸ ਤਰ੍ਹਾਂ ਦੀ ਰਹਿਣੀ ਵਿਚ ਰਹਿੰਦਿਆਂ ਮਿਹਰ ਦੀ ਨਜ਼ਰ ਵਾਲੇ (ਵਾਹਿਗੁਰੂ) ਦੀ ਮਿਹਰ ਨਾਲ ਮਨੁੱਖ ਸਦਾ ਲਈ ਸੁਖੀ ਹੋ ਜਾਂਦਾ ਹੈ।੩।

ਪ੍ਰ: ਹੇ ਗੁਰੋ ! ਜਿਨ੍ਹਾਂ ਦੇ ਅੰਦਰ ਗਿਆਨ ਦਾ ਚਾਨਣ ਪ੍ਰਕਾਸ਼ ਹੋ ਆਉਂਦਾ ਹੈ, ਉਨ੍ਹਾਂ ਦੇ ਅੰਦਰ ਕਿਤਨੀ ਕੁ ਤਾਕਤ ਹੋ ਆਉਂਦੀ ਹੈ ?

ਉ: ੧੨. ਹੇ ਮਿੱਤਰੋ ! ਜਿਨ੍ਹਾਂ ਦੇ ਹਿਰਦੇ ਅੰਦਰ ਗੁਰੂ ਦਾ ਬਖ਼ਸ਼ਿਆ ਗਿਆਨ ਸਦਾ ਚਾਨਣ ਕਰੀ ਰੱਖਦਾ ਹੈ, (ਉਨ੍ਹਾਂ ਦੇ ਅੰਦਰ ਤਾਂ ਇਤਨੀ ਤਾਕਤ ਹੋ ਆਉਂਦੀ ਹੈ ਕਿ) ਉਨ੍ਹਾਂ ਦਾ ਹੁਕਮ (ਦੁਨੀਆ ਦੇ) ਬਾਦਸ਼ਾਹਾਂ ਦੇ ਸਿਰ ਉੱਤੇ ਭੀ ਚਲਦਾ ਹੈ।

ਪ੍ਰ: ਹਜ਼ੂਰ ! ਇਹ ਇਤਨੀ ਤਾਕਤ ਉਨ੍ਹਾਂ ਅੰਦਰ ਕਿਵੇਂ ਆ ਗਈ ?

ਉ: ੧੩. ਹੇ ਭਰਾਵੋ ! ਉਹ ਹਰ ਦਿਲ ਜੋ (ਹਰੀ ਦੀ) ਭਗਤੀ ਕਰਦੇ ਹਨ ਅਤੇ ਰਾਮ ਨਾਮ ਰੂਪੀ ਸੱਚਾ ਨਫ਼ਾ ਉਹ ਲੈਂਦੇ ਰਹਿੰਦੇ ਹਨ।

੧੪. ਹੇ ਭਰਾਵੋ ! (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਇਉਂ ਰਾਮ ਨਾਮ ਵਿਚ ਰਤਿਆਂ ਉਨ੍ਹਾਂ ਦੀ ਮੁਕਤੀ ਹੋ ਜਾਂਦੀ ਹੈ ਅਤੇ ਸ਼ਬਦ ਵਿਚ ਰਤੇ ਰਿਹਾਂ ਇਉਂ ਹਰੀ ਪਾਸ ਪੁੱਜ ਜਾਈਦਾ ਹੈ।੪।੨।

ਭਾਵਾਰਥ : ਸ਼ਬਦ ਦੇ ਆਰੰਭ ਵਿਚ ਭਗਤੀ ਨੂੰ ਅਖੁੱਟ ਖ਼ਜ਼ਾਨਾ ਦੱਸਿਆ ਹੈ। ਉਹ ਖ਼ਜ਼ਾਨਾ ਹਰੀ ਦਾ ਨਾਮ ਹੈ ਜੋ ਅਮੋਲਕ ਹੈ। ਇਸ ਅਮੋਲਕ ਨਾਮ ਦੁਆਰਾ ਹਰੀ ਦੀ ਦਰਗਾਹ ਵਿਚ ਉੱਜਲਾ ਮੁਖ ਲੈ ਕੇ ਜਾਈਦਾ ਹੈ, ਪਰ ਇਹ ਨਾਮ ਧਨ ਮਿਲਦਾ ਗੁਰੂ ਦੇ ਉਪਦੇਸ਼ ਦੁਆਰਾ ਹੈ। ਇਸ ਨਾਮ ਤੋਂ ਸੱਖਣੇ ਮਨੁੱਖਾਂ ਨੂੰ ਰੱਬੀ ਦਰਗਾਹ ਵਿਚ ਸਜ਼ਾ ਭੁਗਤਣੀ ਪੈਂਦੀ ਹੈ।

ਸੋਰਠਿ ਮ: ੩ ॥

੧. ਦਾਸਨਿ ਦਾਸੁ ਹੋਵੈ ਤਾ ਹਰਿ ਪਾਏ
ਵਿਚਹੁ ਆਪੁ ਗਵਾਈ ॥
੨. ਭਗਤਾ ਕਾ ਕਾਰਜੁ ਹਰਿ ਅਨੰਦੁ ਹੈ
ਅਨਦਿਨੁ ਹਰਿ ਗੁਣ ਗਾਈ ॥
੩. ਸਬਦਿ ਰਤੇ ਸਦਾ ਇਕ ਰੰਗੀ
ਹਰਿ ਸਿਉ ਰਹੇ ਸਮਾਈ ॥੧॥
੪. ਹਰਿ ਜੀਉ ਸਾਚੀ ਨਦਰਿ ਤੁਮਾਰੀ ॥
੫. ਆਪਣਿਆ ਦਾਸਾ ਨੋ ਕ੍ਰਿਪਾ ਕਰਿ ਪਿਆਰੇ
ਰਾਖਹੁ ਪੈਜ ਹਮਾਰੀ ॥ ਰਹਾਉ ॥
੬. ਸਬਦਿ ਸਲਾਹੀ ਸਦਾ ਹਉ ਜੀਵਾ
ਗੁਰਮਤੀ ਭਉ ਭਾਗਾ ॥
੭. ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ
ਗੁਰੁ ਸੇਵਿਆ ਚਿਤੁ ਲਾਗਾ ॥
੮. ਸਾਚਾ ਸਬਦੁ ਸਚੀ ਸਚੁ ਬਾਣੀ
ਸੋ ਜਨੁ ਅਨਦਿਨੁ ਜਾਗਾ ॥੨॥
੯. ਮਹਾ ਗੰਭੀਰੁ ਸਦਾ ਸੁਖਦਾਤਾ
ਤਿਸ ਕਾ ਅੰਤੁ ਨ ਪਾਇਆ ॥
੧੦. ਪੂਰੇ ਗੁਰ ਕੀ ਸੇਵਾ ਕੀਨੀ
ਅਚਿੰਤੁ ਹਰਿ ਮੰਨਿ ਵਸਾਇਆ ॥
੧੧. ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ
ਵਿਚਹੁ ਭਰਮੁ ਚੁਕਾਇਆ ॥੩॥
੧੨. ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ
ਕੋ ਪਾਏ ਗੁਰ ਵੀਚਾਰਾ ॥
੧੩. ਹਰਿ ਕੈ ਰੰਗਿ ਰਾਤਾ ਸਬਦੇ ਮਾਤਾ
ਹਉਮੈ ਤਜੇ ਵਿਕਾਰਾ ॥
੧੪. ਨਾਨਕ ਨਾਮਿ ਰਤਾ ਇਕ ਰੰਗੀ
ਸਬਦਿ ਸਵਾਰਣਹਾਰਾ ॥੪॥੩॥

ਪਦ ਅਰਥ : ਦਾਸਨਿ ਦਾਸੁ—ਦਾਸਾਂ ਦਾ ਦਾਸ, ਬਹੁਤ ਹੀ ਗ਼ਰੀਬੀ ਸੁਭਾਉ ਵਾਲਾ। ਆਪੁ—ਆਪਾ-ਭਾਵ। ਗਵਾਈ—ਗਵਾਇ, ਦੂਰ ਕਰ ਕੇ। ਹਰਿ ਅਨੰਦੁ—ਹਰੀ ਦੇ ਮਿਲਾਪ ਦਾ ਅਨੰਦ। ਕਾਰਜੁ—ਮੁਖ ਕੰਮ। ਗਾਈ—ਗਾਇ, ਗਾ ਕੇ। ਇਕ ਰੰਗੀ—ਇਕ ਰਸ।੧।

ਪੈਜ—ਲਾਜ।ਰਹਾਉ।

ਸਲਾਹੀ—ਸਲਾਹੀਂ, ਮੈਂ ਸਿਫ਼ਤਿ-ਸਾਲਾਹ ਕਰਦਾ ਰਹਾਂ। ਹਉ—ਮੈਂ। ਜੀਵਾ—ਜੀਵਾਂ। ਸੁਆਲਿਉ—ਸੋਹਣਾ, ਸੁੰਦਰਤਾ ਦਾ ਘਰ। ਅਨਦਿਨੁ—ਹਰ ਰੋਜ਼, ਹਰ ਵੇਲੇ। ਜਾਗਾ—ਸੁਚੇਤ।੨।

ਗੰਭੀਰੁ—ਵੱਡੇ ਜਿਗਰੇ ਵਾਲਾ। ਅਚਿੰਤੁ—ਜਿਸ ਨੂੰ ਕੋਈ ਚਿੰਤਾ ਨਹੀਂ ਪੋਹ ਸਕਦੀ। ਮੰਨਿ—ਮਨਿ, ਮਨ ਵਿਚ। ਅੰਤਰਿ—ਹਿਰਦੇ ਵਿਚ।੩।

ਮਾਰਗੁ ਪੰਥੁ—ਰਸਤਾ। ਕੋ—ਕੋਈ ਵਿਰਲਾ। ਕੈ ਰੰਗਿ—ਦੇ ਪ੍ਰੇਮ ਰੰਗ ਵਿਚ। ਮਾਤਾ—ਮਸਤ। ਨਾਮਿ—ਨਾਮ ਵਿਚ। ਸਵਾਰਣਹਾਰ—ਸੰਵਾਰਨ ਜੋਗ।੪।

ਅਰਥ :

ਪ੍ਰ: ਗੁਰਦੇਵ ਜੀਉ ! ਹਰੀ ਪ੍ਰਾਪਤੀ ਦਾ ਕੋਈ ਸੁਖੈਨ ਸਾਧਨ ਦੱਸੋ ?

ਉ: ੧. ਹੇ ਪਿਆਰਿਓ ! ਜਦੋਂ ਕੋਈ ਹਰੀ ਦੇ ਦਾਸਾਂ ਦਾ ਦਾਸ ਹੋ ਜਾਵੇ ਤੇ ਵਿਚੋਂ ਆਪਾ-ਭਾਵ, ਹੰਕਾਰ ਗਵਾ ਲਵੇ, ਤਦੋਂ ਉਹ ਹਰੀ ਨੂੰ ਪਾ ਲੈਂਦਾ ਹੈ, (ਜੋ ਅਜਿਹਾ ਕਰਨ ਵਾਲਾ ਹੈ, ਉਹ ਹਰੀ ਦਾ ਭਗਤ ਜਨ ਹੈ)।

੨. ਪਰ ਭਗਤਾਂ ਦਾ ਕੰਮ ਭੀ ਹਰ ਰੋਜ਼ ਹਰੀ ਦੇ ਗੁਣ ਗਾਉਣਾ ਹੈ, ਉਹ ਇਉਂ ਹਰੀ ਦੇ ਗੁਣ ਗਾਉਣ ਵਿਚ ਮਸਤ ਹੋਇਆ ਹਰੀ ਵਿਚ ਹੀ ਅਨੰਦ (ਮਾਣਦਾ ਹੈ)।

੩. ਭਗਤ ਜਨ ਗੁਰੂ ਦੇ ਸ਼ਬਦ ਵਿਚ ਸਦਾ ਇਕ ਰਸ ਰੰਗੇ ਰਹਿ ਕੇ ਪਰਮੇਸ਼ਰ ਦੀ ਯਾਦ ਵਿਚ ਲੀਨ ਰਹਿੰਦੇ ਹਨ।

੪. ਹੇ ਸਾਈਂ ! ਜੇ ਤੇਰੀ ਮਿਹਰ ਹੋਵੇ ਤਾਂ ਮੈਂ ਵੀ ਗੁਰੂ ਦੇ ਸ਼ਬਦ ਵਿਚ ਜੁੜ ਕੇ ਤੇਰੀ ਸਿਫ਼ਤਿ-ਸਾਲਾਹ ਕਰਦਾ ਰਹਾਂ।

੫. ਹੇ ਸਾਈਂ ! ਮੈਨੂੰ ਵਿਸ਼ਵਾਸ ਹੈ ਕਿ ਤੇਰੀ ਮਿਹਰ ਦੀ ਨਿਗਾਹ ਆਪਣੇ ਸੇਵਕਾਂ ਉੱਤੇ ਸਦਾ ਹੀ ਟਿਕੀ ਰਹਿੰਦੀ ਹੈ। ਹੇ ਪਿਆਰੇ ! ਤੂੰ ਆਪਣੇ ਸੇਵਕਾਂ ਉੱਤੇ ਸਦਾ ਹੀ ਕਿਰਪਾ ਕਰਦਾ ਰਹਿੰਦਾ ਹੈਂ, ਇਸੇ ਤਰ੍ਹਾਂ ਮੇਰੀ ਭੀ ਇੱਜ਼ਤ ਰੱਖੋ।ਰਹਾਉ।

੬. ਹੇ ਪ੍ਰਭੂ ਜੀ ! ਜੇ ਤੇਰੀ ਮਿਹਰ ਹੋਵੇ ਤਾਂ ਮੈਂ ਗੁਰੂ ਦੇ ਸ਼ਬਦ ਵਿਚ ਜੁੜ ਕੇ ਤੇਰੀ ਸਿਫ਼ਤਿ-ਸਾਲਾਹ ਕਰਦਾ ਰਹਾਂ ਅਤੇ ਇਉਂ ਅਮਰ ਜੀਵਨ ਪ੍ਰਾਪਤ ਕਰਦਾ ਰਹਾਂ। ਜੋ ਇਉਂ ਗੁਰੂ ਦੀ ਮਤ ਅਨੁਸਾਰੀ ਹੋ ਜੀਵਨ ਗੁਜ਼ਾਰਦਾ ਹੈ, ਉਸ ਦਾ ਡਰ ਦੂਰ ਹੋ ਜਾਂਦਾ ਹੈ।

੭. ਹੇ ਭਰਾਵੋ ! ਉਹ ਮੇਰਾ ਪ੍ਰਭੂ ਸੋਹਣਾ ਹੈ ਤੇ ਸਦਾ ਕਾਇਮ ਰਹਿਣ ਵਾਲਾ ਹੈ। ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਸਦਾ ਚਿੱਤ ਉਸ ਸੋਹਣੇ ਪ੍ਰਭੂ ਵਿਚ ਮਗਨ ਰਹਿੰਦਾ ਹੈ।

੮. ਹੇ ਭਾਈ ! ਉਸ ਮੇਰੇ ਗੁਰੂ ਦਾ ਸ਼ਬਦ ਸੱਚਾ ਹੈ, ਉਸ ਦੀ ਬਾਣੀ ਵੀ ਸੱਚੋ-ਸੱਚ ਹੈ, ਜੋ ਮਨੁੱਖ ਵੀ ਇਸ ਵਿਚ ਲੱਗ ਗਿਆ, ਉਹ ਸਦਾ ਲਈ ਜਾਗਦਾ ਰਹਿੰਦਾ ਹੈ।੨।

੯. ਹੇ ਭਾਈਓ ! ਉਹ (ਮੇਰਾ) ਪਰਮੇਸ਼ਰ ਵੱਡੇ ਡੂੰਘੇ ਜਿਗਰੇ ਵਾਲਾ ਹੈ, ਸਦਾ ਹੀ ਜੀਵਾਂ ਨੂੰ ਸੁੱਖ ਦੇਣ ਵਾਲਾ ਹੈ, ਉਸ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ।

੧੦. ਹੇ ਪਿਆਰੇ ! ਜਿਹੜਾ ਮਨੁੱਖ ਪੂਰੇ ਗੁਰੂ ਦੀ ਦੱਸੀ ਸੇਵਾ ਕਰਦਾ ਹੈ, ਉਸ ਦੇ ਮਨ ਵਿਚ ਉਹ ਪਰਮੇਸ਼ਰ ਆ ਵਸਦਾ ਹੈ, ਜਿਸ ਨੂੰ ਕਿ ਕੋਈ ਚਿੰਤਾ ਪੋਹ ਨਹੀਂ ਸਕਦੀ।

ਪ੍ਰ: ਉਨ੍ਹਾਂ ਦੀ ਨਿਸ਼ਾਨੀ ਕੀ ਹੈ ?

ਉ: ੧੧. ਹੇ ਪਿਆਰੇ ! ਉਨ੍ਹਾਂ ਦਾ ਮਨ ਤੇ ਤਨ ਨਿਰਮਲ ਹੋ ਜਾਂਦਾ ਹੈ ਅਤੇ ਇਉਂ ਸਮਝੋ ਉਨ੍ਹਾਂ ਦੇ ਅੰਦਰ ਸਦੈਵੀ ਸੁੱਖ ਭੀ ਆ ਗਿਆ, (ਕਿਉਂਕਿ) ਉਨ੍ਹਾਂ ਦੇ ਮਨ ਵਿਚੋਂ ਭਰਮ ਨੂੰ ਜੋ ਦੂਰ ਕਰ ਦਿੱਤਾ ਹੈ।੩।

ਪ੍ਰ: ਹਜ਼ੂਰ ! ਆਪ ਕਹਿੰਦੇ ਹੋ ਕਿ ਹਰੀ ਦਾ ਮਾਰਗ ਸਦਾ ਹੀ ਸੁੱਖ ਦੇਣ ਵਾਲਾ ਹੈ, ਪਰ ਇਸ ਮਾਰਗ 'ਤੇ ਸਾਰੇ ਹੀ ਕਿਉਂ ਨਹੀਂ ਚਲਦੇ ?

ਉ: ੧੨. ਹੇ ਪਿਆਰੇ ! ਇਸ ਸਾਈਂ ਜੀ ਦੇ ਮਿਲਾਪ ਦੇ ਰਸਤੇ ਸਾਰਿਆਂ ਦੇ ਨਾ ਟੁਰਨ ਦਾ ਅਸਲ ਕਾਰਣ ਹੈ ਕਿ ਇਹ ਮਾਰਗ ਬਹੁਤ ਕਠਿਨ ਹੈ, ਕੋਈ ਉਹ ਵਿਰਲਾ ਮਨੁੱਖ ਹੈ ਜੋ ਇਸ ਰਸਤੇ ਨੂੰ ਲੱਭਦਾ ਹੈ। ਇਹ ਲੱਭਦਾ ਉਸੇ ਨੂੰ ਹੈ ਜੋ ਕਿ ਗੁਰੂ ਦੇ ਸ਼ਬਦ ਦੀ ਵਿਚਾਰ ਕਰਦਾ ਹੈ।

੧੩. ਉਹੋ ਮਨੁੱਖ ਪ੍ਰਭੂ ਦੇ ਪ੍ਰੇਮ ਰੰਗ ਵਿਚ ਸਦਾ ਹੀ ਰੰਗਿਆ ਰਹਿੰਦਾ ਹੈ, ਗੁਰੂ ਦੇ ਸ਼ਬਦ ਵਿਚ ਮਸਤ ਰਹਿੰਦਾ ਹੈ, ਜੋ ਆਪਣੇ ਅੰਦਰੋਂ ਹਉਮੈ ਆਦਿਕ ਵਿਕਾਰ ਦੂਰ ਕਰ ਦੇਂਦਾ ਹੈ।

੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਮਨੁੱਖ ਉਸ ਪ੍ਰਭੂ ਦੇ ਨਾਮ ਵਿਚ ਇਕ ਰਸ ਰਤਾ ਰਹਿੰਦਾ ਹੈ, ਜੋ ਗੁਰੂ ਦੇ ਸ਼ਬਦ ਦੇ ਰਾਹੀਂ ਉਸ ਦਾ ਜੀਵਨ ਸਵਾਰ ਦੇਂਦਾ ਹੈ ਜਾਂ ਉਹ ਗੁਰੂ ਦੇ ਸ਼ਬਦ ਦੇ ਰਾਹੀਂ ਹੋਰਨਾਂ ਨੂੰ ਸਵਾਰਨ ਵਾਲਾ ਹੋ ਜਾਂਦਾ ਹੈ।੪।੩।

ਭਾਵਾਰਥ : ਇਸ ਸ਼ਬਦ ਵਿਚ ਹਰੀ ਦੇ ਭਗਤ ਬਣਨ ਦੀ ਵਿਧੀ ਦਾਸਾਂ ਦਾ ਦਾਸ ਹੋਣਾ ਦੱਸੀ ਹੈ। ਫਿਰ ਉਨ੍ਹਾਂ ਦੇ ਪ੍ਰੇਮ ਰੰਗ ਵਿਚ ਮਸਤ ਰਹਿਣ ਦਾ ਜ਼ਿਕਰ ਕੀਤਾ ਹੈ।

ਸੋਰਠਿ ਮਹਲਾ ੩ ॥

੧. ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ
ਜਿਚਰੁ ਘਟ ਅੰਤਰਿ ਹੈ ਸਾਸਾ ॥

੨. ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ
ਜਾਣਉ ਬਰਸ ਪਚਾਸਾ ॥

੩. ਹਮ ਮੂੜ ਮੁਗਧ ਸਦਾ ਸੇ ਭਾਈ
ਗੁਰ ਕੈ ਸਬਦਿ ਪ੍ਰਗਾਸਾ ॥੧॥

੪. ਹਰਿ ਜੀਉ ਤੁਮ ਆਪੇ ਦੇਹੁ ਬੁਝਾਈ ॥

੫. ਹਰਿ ਜੀਉ ਤੁਧੁ ਵਿਟਹੁ ਵਾਰਿਆ
ਸਦ ਹੀ ਤੇਰੇ ਨਾਮ ਵਿਟਹੁ ਬਲਿ ਜਾਈ ॥ ਰਹਾਉ ॥

੬. ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ
ਸਬਦੇ ਹੀ ਮੁਕਤਿ ਪਾਈ ॥

੭. ਸਬਦੇ ਮਨੁ ਤਨੁ ਨਿਰਮਲੁ ਹੋਆ
ਹਰਿ ਵਸਿਆ ਮਨਿ ਆਈ ॥

੮. ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ
ਹਰਿ ਸਿਉ ਰਹਿਆ ਸਮਾਈ ॥੨॥

੯. ਸਬਦੁ ਨ ਜਾਣਹਿ ਸੇ ਅੰਨੇ ਬੋਲੇ
ਸੇ ਕਿਤੁ ਆਏ ਸੰਸਾਰਾ ॥

੧੦. ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ
ਜੰਮਹਿ ਵਾਰੋ ਵਾਰਾ ॥

੧੧. ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥
੧੨. ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ ॥
੧੩. ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥
੧੪. ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥

ਪਦ ਅਰਥ : ਸਾਲਾਹੀ—ਸਲਾਹੀਂ, ਮੈਂ ਸਲਾਹੁੰਦਾ ਰਹਾਂ। ਜਿਚਰੁ—ਜਿਤਨਾ ਚਿਰ। ਘਟ ਅੰਤਰਿ—ਸਰੀਰ ਵਿਚ। ਸਾਸਾ—ਸਾਹ, ਜਿੰਦ। ਜਾਣਉ—ਜਾਣਉਂ, ਮੈਂ ਜਾਣਦਾ ਹਾਂ। ਮੁਗਧ—ਮੂਰਖ। ਸੇ—ਸਾਂ।੧।

ਬੂਝਾਈ—ਸਮਝ। ਵਿਟਹੁ—ਤੋਂ। ਬਲਿ ਜਾਈ—ਬਲ ਜਾਈਂ, ਮੈਂ ਸਦਕੇ ਜਾਂਦਾ ਹਾਂ।ਰਹਾਉ।

ਮੁਏ—(ਵਿਕਾਰਾਂ ਵਲੋਂ) ਮਰ ਸਕਦੇ ਹਾਂ। ਜੀਵਾਲੇ—ਆਤਮਕ ਜੀਵਨ ਦੇਂਦਾ ਹੈ। ਮੁਕਤਿ—ਖ਼ਲਾਸੀ। ਆਈ—ਆਇ, ਆ ਕੇ। ਦਾਤਾ—ਨਾਮ ਦੀ ਦਾਤ ਦੇਣ ਵਾਲਾ। ਜਿਤੁ—ਜਿਸ ਵਿਚ।੨।

ਸੇ—ਉਹ ਬੰਦੇ। ਕਿਤੁ—ਕਾਹਦੇ ਲਈ? ਵਾਰੋ ਵਾਰਾ—ਮੁੜ-ਮੁੜ। ਮਨਮੁਖ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ। ਗੁਬਾਰਾ—ਹਨ੍ਹੇਰਾ।੩।

ਆਪੇ—ਆਪ ਹੀ। ਕਰਿ—ਪੈਦਾ ਕਰ ਕੇ। ਵੇਖੈ—ਸੰਭਾਲਦਾ ਹੈ। ਧੁਰਿ—ਧੁਰ ਦਰਗਾਹ ਤੋਂ। ਕਰਤਾ—ਕਰਤਾਰ।੪।

ਅਰਥ :

ਪ੍ਰ: ਹੇ ਗੁਰੋ! ਤੁਹਾਡੀ ਸਾਈਂ ਜੀ ਤੋਂ ਹਮੇਸ਼ਾ ਮੰਗ ਕੀ ਹੁੰਦੀ ਹੈ?

ਉ: ੧. ਹੇ ਭਾਈਓ! ਮੈਂ ਤਾਂ ਉਸ ਸਾਈਂ ਜੀ ਪਾਸੋਂ ਹਮੇਸ਼ਾ ਇਕ ਇਹੋ ਹੀ ਮੰਗ ਮੰਗਦਾ ਰਹਿੰਦਾ ਹਾਂ ਕਿ ਹੇ ਪਿਆਰੇ ਹਰੀ ਜੀਉ! ਜਿਤਨਾ ਚਿਰ ਮੇਰੇ ਸਰੀਰ ਵਿਚ ਸੁਆਸ ਹਨ, (ਉਤਨਾ ਚਿਰ) ਮੈਂ ਤੈਨੂੰ ਸਦਾ ਹੀ ਸਲਾਹੁੰਦਾ ਰਵ੍ਹਾਂ।

ਪ੍ਰ: ਸ੍ਰੀ ਜੀਉ! ਉਹ ਸਾਈਂ ਜਦ ਕਦੀ ਤੁਹਾਨੂੰ ਵਿਸਰ ਜਾਵੇ ਤਾਂ ਤੁਹਾਨੂੰ ਕਿਵੇਂ ਪ੍ਰਤੀਤ ਹੁੰਦਾ ਹੈ?

ਉ: ੨. ਹੇ ਮਾਲਕ ਪ੍ਰਭੂ! ਜਦੋਂ ਤੂੰ ਮੈਨੂੰ ਇਕ ਪਲ ਭਰ, ਇਕ ਛਿਨ ਭਰ ਵਿਸਰਦਾ ਹੈਂ, ਤਾਂ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਮਾਨੋ ਪੰਜਾਹ ਸਾਲ ਬੀਤ ਗਏ ਹਨ।

[ਹੁਣ ਜਿਸ ਜਗਿਆਸੂ ਨਾਲ ਵਿਚਾਰ ਵਟਾਂਦਰਾ ਹੋ ਰਿਹਾ ਹੈ, ਉਸ ਨੂੰ ਸਨਮੁਖ ਹੋ ਕਹਿ ਰਹੇ ਹਨ]

੩. ਹੇ ਭਾਈ! ਅਸੀਂ ਤਾਂ ਸਦਾ ਤੋਂ ਮੂਰਖ ਤੇ ਵੱਡੇ ਮੂਰਖ ਸਾਂ, ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦਾ ਇਹ ਪ੍ਰਕਾਸ਼ ਸਾਨੂੰ ਹੋਇਆ ਹੈ।੧।

੪. ਹੇ ਹਰੀ ਜੀਉ! ਜਿਸ 'ਤੇ ਤੁਸੀਂ ਮਿਹਰ ਕਰਦੇ ਹੋ, ਉਸ ਨੂੰ ਤੁਸੀਂ ਆਪੇ ਹੀ ਸਮਝਾ ਬੁਝਾ ਦੇਂਦੇ ਹੋ।

੫. ਹੇ ਹਰੀ ਜੀਉ! ਮੈਂ ਸਦਾ ਹੀ ਤੁਹਾਡੇ ਤੋਂ ਕੁਰਬਾਨ ਜਾਂਦਾ ਹਾਂ ਅਤੇ ਆਪ ਦੇ ਨਾਮ ਤੋਂ ਵੀ ਸਦਾ ਹੀ ਸਦਕੇ ਹੋ ਜਾਵਾਂ।ਰਹਾਉ।

ਪ੍ਰ: (ਕਿਉਂ ਜੀ) ਕੀ ਤੁਸੀਂ ਮੁਕਤੀ ਹਾਸਲ ਕਰ ਲਈ ਹੈ, ਜੇ ਕੀਤੀ ਹੈ ਤਾਂ ਉਹ ਕਿਸ ਯਤਨ ਦੁਆਰਾ ਕੀਤੀ ਹੈ?

ਉ: ੬. ਹੇ ਭਾਈ! ਅਸੀਂ (ਗੁਰ) ਸ਼ਬਦ ਕਰ ਕੇ ਜੀਵਤ ਭਾਵ ਤੋਂ ਮੋਏ ਹੋਏ ਹਾਂ ਅਤੇ ਸਾਨੂੰ ਗੁਰ ਸ਼ਬਦ ਨੇ ਮਾਰ ਕੇ ਆਤਮ ਪਦ ਵਿਚ ਜੀਵਾਲ ਦਿੱਤਾ ਹੈ, ਭਾਵ ਹੈ ਕਿ ਹੇ ਭਾਈਓ! ਅਸੀਂ ਹੋਰ ਕੋਈ ਸਾਧਨ ਨਹੀਂ ਕੀਤਾ, ਸ਼ਬਦ ਦੁਆਰਾ ਹੀ ਮੁਕਤੀ ਹਾਸਲ ਕੀਤੀ ਹੈ।

੭. ਹੇ ਪਿਆਰੇ! ਸ਼ਬਦ ਦੁਆਰਾ ਹੀ ਮਨ ਤੇ ਤਨ ਨਿਰਮਲ ਹੋ ਗਿਆ ਹੈ ਅਤੇ ਹਰੀ ਮਨ ਵਿਚ ਆ ਵਸਿਆ ਹੈ।

੮. ਹੇ ਭਾਈਓ! ਗੁਰੂ ਦਾ ਸ਼ਬਦ ਹੀ ਨਾਮ ਦੀ ਦਾਤ ਦੇਣ ਵਾਲਾ ਹੈ, ਜਦੋਂ ਸ਼ਬਦ ਵਿਚ ਮਨ ਰੰਗਿਆ ਜਾਂਦਾ ਹੈ ਤਾਂ ਹਰੀ ਦੇ ਵਿਚ ਸਮਾਈ ਹੋ ਜਾਂਦੀ ਹੈ।੨।

ਪ੍ਰ: ਹੇ ਗੁਰੋ! ਜਗਤ ਵਿਚ ਤਾਂ ਬਹੁਤ ਲੋਕ ਹਨ, ਜੋ ਗੁਰੂ ਦੇ ਸ਼ਬਦ ਨੂੰ ਨਹੀਂ ਜਾਣਦੇ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ?

ਉ: ੯. ਹੇ ਭਾਈ! ਜੋ ਮਨੁੱਖ ਗੁਰੂ ਦੇ ਸ਼ਬਦ ਨੂੰ ਨਹੀਂ ਜਾਣਦੇ, ਉਹ ਤਾਂ ਅੰਨ੍ਹੇ ਤੇ ਬੋਲੇ ਹਨ, (ਅਸੀਂ ਤਾਂ ਇਉਂ ਸੋਚਦੇ ਹਾਂ ਕਿ) ਉਹ ਜਗਤ ਵਿਚ ਆਏ ਹੀ ਕਿਉਂ ਹਨ?

੧੦. (ਕਿਉਂਕਿ) ਜਿਨ੍ਹਾਂ ਨੇ ਹਰੀ ਦਾ ਨਾਮ ਰਸ ਨਹੀਂ ਪਾਇਆ, ਉਨ੍ਹਾਂ ਨੇ ਤਾਂ ਆਪਣਾ ਜਨਮ ਹੀ ਬਿਰਥਾ ਗਵਾ ਲਿਆ ਹੈ, (ਉਹ ਤਾਂ) ਵਾਰ-ਵਾਰ ਜੰਮਦੇ ਮਰਦੇ ਹਨ।

੧੧. ਇਥੇ ਹੀ ਬਸ ਨਹੀਂ, ਉਹ ਤਾਂ ਗੰਦ ਦੇ ਕੀੜੇ ਗੰਦ ਵਿਚ ਹੀ ਸਮਾਏ ਰਹਿੰਦੇ ਹਨ, ਉਹ ਮਨਮੁਖ ਹਨ, ਉਹ ਮੂਰਖ ਹਨ ਅਤੇ (ਸਦਾ) ਅਗਿਆਨਤਾ ਦੇ ਅੰਧੇਰੇ ਵਿਚ ਹੀ ਮਸਤ (ਰਹਿੰਦੇ) ਹਨ।੩।

੧੨. ਹੇ ਭਾਈ! (ਇਨ੍ਹਾਂ ਜੀਵਾਂ ਦੇ ਭੀ ਕੀ ਵਸ ਹੈ) ਉਹ ਹਰੀ ਆਪੇ ਹੀ ਸੰਸਾਰ ਨੂੰ ਰਚਦਾ ਹੈ, ਆਪੇ ਹੀ ਉਸ ਦੀ ਸੰਭਾਲ ਕਰਦਾ ਹੈ, ਆਪ ਹੀ ਉਸ ਨੂੰ ਰਸਤੇ ਪਾਉਂਦਾ ਹੈ, ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ, (ਜੋ ਕਿ ਸਿੱਧੇ ਰਸਤੇ ਪਾਵੇ)।

੧੩. ਹੇ ਭਾਈ! ਜੋ ਧੁਰ ਤੋਂ ਲਿਖਿਆ ਹੁੰਦਾ ਹੈ, ਸੋ ਉਸ ਨੂੰ ਕੋਈ ਨਹੀਂ ਮੇਟ ਸਕਦਾ, ਉਹ ਕਰਤਾਰ ਜੋ ਕੁਝ ਕਰਦਾ ਹੈ, ਉਹੋ ਕੁਝ ਹੁੰਦਾ ਹੈ।

੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਸਾਡੇ ਮਨ ਅੰਦਰ ਤਾਂ ਉਸੇ ਕਰਤਾਰ ਦਾ ਨਾਮ ਵਸ ਗਿਆ ਹੈ, ਜਿਸ ਦੇ ਬਰਾਬਰ ਦਾ ਦੂਜਾ ਹੋਰ ਕੋਈ ਨਹੀਂ।੪।੪।

ਭਾਵਾਰਥ : ਇਸ ਸ਼ਬਦ ਵਿਚ ਹਰੀ ਅੱਗੇ ਅਰਦਾਸ ਕਰਦੇ ਹਨ ਕਿ ਹੇ ਹਰੀ ਜੀ! ਮੈਂ ਤੁਹਾਡੇ ਉਤੋਂ ਸਦਾ-ਸਦਾ ਕੁਰਬਾਨ ਹਾਂ ਅਤੇ ਤੇਰੇ ਨਾਮ ਤੋਂ ਭੀ ਬਲਿਹਾਰ ਜਾਂਦਾ ਹਾਂ।

ਸੋਰਠਿ ਮਹਲਾ ੩ ॥

੧. ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ
ਅਨਦਿਨੁ ਨਾਮੁ ਵਖਾਣੇ ॥
੨. ਭਗਤਾ ਕੀ ਸਾਰ ਕਰਹਿ ਆਪਿ ਰਾਖਹਿ
ਜੋ ਤੇਰੈ ਮਨਿ ਭਾਣੇ ॥
੩. ਤੂ ਗੁਣਦਾਤਾ ਸਬਦਿ ਪਛਾਤਾ
ਗੁਣ ਕਹਿ ਗੁਣੀ ਸਮਾਣੇ ॥੧॥
੪. ਮਨ ਮੇਰੇ ਹਰਿ ਜੀਉ ਸਦਾ ਸਮਾਲਿ ॥
੫. ਅੰਤ ਕਾਲਿ ਤੇਰਾ ਬੇਲੀ ਹੋਵੈ
ਸਦਾ ਨਿਬਹੈ ਤੇਰੈ ਨਾਲਿ ॥ ਰਹਾਉ ॥
੬. ਦੁਸਟ ਚਉਕੜੀ ਸਦਾ ਕੂੜੁ ਕਮਾਵਹਿ
ਨਾ ਬੂਝਹਿ ਵੀਚਾਰੇ ॥
੭. ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ
ਹਰਣਾਖਸ ਨਖਹਿ ਬਿਦਾਰੇ ॥
੮. ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ
ਹਰਿ ਜੀਉ ਲਏ ਉਬਾਰੇ ॥੨॥
੯. ਆਪਸ ਕਉ ਬਹੁ ਭਲਾ ਕਰਿ ਜਾਣਹਿ
ਮਨਮੁਖਿ ਮਤਿ ਨ ਕਾਈ ॥
੧੦. ਸਾਧੂ ਜਨ ਕੀ ਨਿੰਦਾ ਵਿਆਪੇ
ਜਾਸਨਿ ਜਨਮੁ ਗਵਾਈ ॥
੧੧. ਰਾਮ ਨਾਮੁ ਕਦੇ ਚੇਤਹਿ ਨਾਹੀ
ਅੰਤਿ ਗਏ ਪਛੁਤਾਈ ॥੩॥
੧੨. ਸਫਲੁ ਜਨਮੁ ਭਗਤਾ ਕਾ ਕੀਤਾ
ਗੁਰ ਸੇਵਾ ਆਪਿ ਲਾਏ ॥
੧੩. ਸਬਦੇ ਰਾਤੇ ਸਹਜੇ ਮਾਤੇ
ਅਨਦਿਨੁ ਹਰਿ ਗੁਣ ਗਾਏ ॥
੧੪. ਨਾਨਕ ਦਾਸੁ ਕਹੈ ਬੇਨੰਤੀ
ਹਉ ਲਾਗਾ ਤਿਨ ਕੈ ਪਾਏ ॥੪॥੫॥

ਪਦ ਅਰਥ : ਗੁਰਮੁਖਿ—ਗੁਰੂ ਦੀ ਸ਼ਰਨ ਪੈਣ ਵਾਲੇ ਮਨੁੱਖ। ਪ੍ਰਭ ਭਾਵਹਿ—ਪ੍ਰਭੂ ਨੂੰ ਪਿਆਰੇ ਲੱਗਦੇ ਹਨ। ਵਖਾਣੇ—ਵਖਾਣਿ, ਵਖਾਣ ਕੇ। ਸਾਰ—ਸੰਭਾਲ। ਕਰਹਿ—ਤੂੰ ਕਰਦਾ ਹੈਂ। ਮਨਿ—ਮਨ ਵਿਚ। ਸਬਦਿ—ਸ਼ਬਦ ਦੇ ਰਾਹੀਂ। ਗੁਣੀ—ਗੁਣਾਂ ਦੇ ਮਾਲਕ ਪ੍ਰਭੂ ਵਿਚ।੧।

ਸੰਮਾਲਿ—ਸੰਭਾਲ, ਚੇਤੇ ਰੱਖ। ਬੇਲੀ—ਮਦਦਗਾਰ।ਰਹਾਉ।

ਦੁਸਟ ਚਉਕੜੀ—ਦੁਸ਼ਟਾਂ ਦਾ ਟੋਲਾ, ਭੈੜੇ ਲੋਕਾਂ ਦੀ ਮੰਡਲੀ। ਵੀਚਾਰੇ—ਵੀਚਾਰਿ, ਵੀਚਾਰ ਕਰ ਕੇ। ਦੁਸਟੀ—ਚੰਦਰੀ। ਕਿਨਿ—ਕਿਸ ਨੇ ? ਨਖਹਿ—ਨਹੁੰਆਂ ਨਾਲ। ਬਿਦਾਰੇ—ਪਾੜਿਆ ਗਿਆ। ਲਏ ਉਬਾਰੇ—ਲਏ ਉਬਾਰ।੨।

ਆਪਸ ਕਉ—ਆਪਣੇ ਆਪ ਨੂੰ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ। ਵਿਆਪੇ—ਰੁਝੇ ਰਹਿੰਦੇ ਹਨ। ਜਾਸਨਿ—ਜਾਣਗੇ। ਗਵਾਈ—ਗਵਾਇ। ਅੰਤਿ—ਆਖ਼ਰ ਨੂੰ, ਅਖ਼ੀਰ ਵੇਲੇ।੩।

ਸਬਦੇ—ਸਬਦਿ, ਸ਼ਬਦ ਵਿਚ। ਰਾਤੇ—ਰੰਗੇ ਰਹਿੰਦੇ ਹਨ। ਸਹਜੇ—ਸਹਜਿ ਵਿਚ। ਮਾਤੇ—ਮਸਤ। ਗਾਏ—ਗਾਇ, ਗਾ ਕੇ। ਤਿਨ ਕੈ ਪਾਇ—ਉਨ੍ਹਾਂ ਦੇ ਪੈਰੀਂ।੪।

ਅਰਥ :

ਪ੍ਰ: ਹੇ ਗੁਰੋ! ਉਹ ਕੌਣ ਬੰਦੇ ਹਨ, ਜੋ ਪਰਮੇਸ਼ਰ ਨੂੰ ਪਿਆਰੇ ਲੱਗਦੇ ਹਨ ?

ਉ: ੧. ਹੇ ਪਿਆਰਿਓ! ਜੋ ਗੁਰੂ ਦੀ ਸ਼ਰਨ ਪੈਣ ਵਾਲੇ ਮਨੁੱਖ ਹਰ ਵੇਲੇ ਪ੍ਰਭੂ ਜੀ ਦਾ ਨਾਮ ਸਿਮਰ ਕੇ, (ਸਦਾ ਹੀ) ਭਗਤੀ ਕਰਦੇ ਹਨ, ਉਹ ਸਾਈਂ ਜੀ ਨੂੰ ਪਿਆਰੇ ਲੱਗਦੇ ਹਨ।

੨. ਹੇ ਮੇਰੇ ਪ੍ਰਭੂ! ਜੋ ਭਗਤ ਹਨ, ਉਨ੍ਹਾਂ ਦੀ ਸੰਭਾਲ ਤੂੰ ਆਪ ਕਰਦਾ ਹੈਂ, ਤੂੰ ਆਪੇ ਉਨ੍ਹਾਂ ਦੀ ਰੱਖਿਆ ਕਰਦਾ ਹੈਂ, ਕਿਉਂਕਿ ਉਹ ਤੇਰੇ ਮਨ ਵਿਚ ਪਿਆਰੇ ਲੱਗਦੇ ਹਨ।

੩. ਹੇ ਸਾਈਂ! ਤੂੰ ਗੁਣਾਂ ਦਾ ਦਾਤਾ ਹੈਂ, (ਤੈਨੂੰ) ਸ਼ਬਦ ਦੁਆਰਾ ਪਛਾਣੀਦਾ ਹੈ ਅਤੇ ਤੇਰੇ ਗੁਣਾਂ ਨੂੰ ਗਾ ਕੇ ਹੀ ਅੰਤ ਨੂੰ ਤੇਰੇ ਵਿਚ ਸਮਾ ਜਾਈਦਾ ਹੈ।੧।

੪. (ਇਸ ਲਈ) ਹੇ ਮੇਰੇ ਮਨ! ਉਸ ਪਰਮੇਸ਼ਰ ਨੂੰ ਸਦਾ ਚੇਤੇ ਕਰਦਾ ਰਹੁ।

੫. (ਕਿਉਂਕਿ) ਅੰਤ ਦੇ ਸਮੇਂ ਉਹੋ ਹੀ ਤੇਰਾ ਸਾਥੀ ਬਣੇਗਾ, ਉਹ ਹੀ ਤੇਰਾ ਮਦਦਗਾਰ ਹੋ ਸਕੇਗਾ।

ਪ੍ਰ: ਹਜ਼ੂਰ! ਸਾਰੇ ਹੀ ਲੋਕ ਉਸ ਸਾਈਂ ਜੀ ਵਿਚ ਲੀਨ ਕਿਉਂ ਨਹੀਂ ਹੁੰਦੇ ?

ਉ: ੬. ਹੇ ਭਾਈ! ਸਾਰੇ ਹੀ ਲੋਕ ਸਾਈਂ ਜੀ ਦੇ ਬਣਦੇ ਨਹੀਂ, (ਕਿਉਂਕਿ) ਬਹੁਤੇ ਲੋਕ ਭੈੜੇ ਹਨ, ਉਨ੍ਹਾਂ ਭੈੜਿਆਂ ਲੋਕਾਂ ਦੀ ਮੰਡਲੀ ਸਦਾ ਹੀ ਕੂੜ ਕਮਾਉਂਦੀ ਹੈ। ਨਾ ਉਹ ਕੁਝ ਆਪ ਸਮਝਦੇ ਹਨ ਅਤੇ ਨਾ ਹੀ ਉਹ ਕਿਸੇ ਦੇ ਸਮਝਾਇਆਂ ਵਿਚਾਰ ਕਰਦੇ ਹਨ ਕਿ

੭. ਭੈੜੀ ਨਿੰਦਾ ਆਦਿਕ ਤੋਂ ਕਿਸੇ ਨੇ ਕਦੇ ਵੀ ਚੰਗਾ ਫਲ ਨਹੀਂ ਪਾਇਆ, ਹੇ ਮਨ! ਦੇਖ ਹਰਨਾਖਸ਼ ਵੱਲ, ਉਹ ਦੁਸ਼ਟਤਾਈ ਕਰਨ ਕਰ ਕੇ ਨੌਂਹਾਂ ਦੇ ਨਾਲ ਪਾੜਿਆ ਗਿਆ ਸੀ।

੮. (ਇਸ ਦੇ ਮੁਕਾਬਲੇ 'ਤੇ) ਪ੍ਰਹਿਲਾਦ ਹਰੀ ਦਾ ਦਾਸ ਸਦਾ ਹਰੀ ਗੁਣ ਗਾਉਂਦਾ ਸੀ, ਪਰਮੇਸ਼ਰ ਨੇ ਉਸ ਨੂੰ (ਨਰ ਸਿੰਘ ਰੂਪ ਧਾਰ ਕੇ) ਬਚਾ ਲਿਆ (ਹਰਨਾਖ਼ਸ਼—ਇਕ ਬੇਮੁਖ ਤੇ ਭੈੜਾ ਰਾਜਾ ਸੀ, ਜੋ ਆਪਣੇ ਭਗਤ ਪੁੱਤਰ ਪ੍ਰਹਿਲਾਦ ਨੂੰ ਉਸ ਦੇ ਭਗਤ ਹੋਣ ਦੇ ਕਾਰਣ ਦੁੱਖ ਦੇਂਦਾ ਸੀ ਤੇ ਉਸ ਨੂੰ ਨਰ ਸਿੰਘ ਨੇ ਨੌਂਹਾਂ ਨਾਲ ਚੀਰ ਦਿੱਤਾ ਸੀ)।

ਪ੍ਰ: ਹਜ਼ੂਰ ਜੀਉ! ਆਪ ਜੀ ਮਨਮੁਖ ਕਿਸ ਨੂੰ ਕਹਿੰਦੇ ਹੋ ?

ਉ: ੯. ਹੇ ਭਾਈਓ! ਜੋ ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਮਨਮੁਖ ਲੋਕ ਹਨ, ਉਹ ਭਾਵੇਂ ਆਪਣੇ ਆਪ ਨੂੰ ਬਹੁਤ ਹੀ ਉੱਤਮ ਕਰ ਕੇ ਮੰਨਦੇ ਹਨ, (ਪਰ ਅਸਲ ਵਿਚ) ਉਨ੍ਹਾਂ ਨੂੰ ਕੋਈ ਅਕਲ ਸ਼ਊਰ ਨਹੀਂ ਹੁੰਦੀ।

ਪ੍ਰ: (ਕਿਉਂ ਜੀ) ਉਹ ਅਕਲ ਤੋਂ ਸੱਖਣੇ ਕਿਉਂ ਹਨ ?

ਉ:੧੦. (ਕਿਉਂਕਿ) ਉਹ ਸਾਧੂ ਜਨਾਂ ਦੀ ਨਿੰਦਾ ਕਰਨ ਵਿਚ ਹੀ ਰੁੱਝੇ ਰਹਿੰਦੇ ਹਨ, (ਉਹ ਇਸੇ ਨਿੰਦਾ ਦੇ ਦੋਸ਼ ਵਿਚ) ਆਪਣਾ ਜਨਮ ਵਿਅਰਥ ਗਵਾ ਜਾਣਗੇ।

੧੧. (ਹੋਰ ਦੋਸ਼ ਉਨ੍ਹਾਂ ਵਿਚ ਇਹ ਹੈ ਕਿ) ਉਹ ਰਾਮ ਨਾਮ ਕਦੇ ਸਿਮਰਦੇ ਹੀ ਨਹੀਂ, ਇਸ ਲਈ ਉਹ ਅੰਤ ਨੂੰ ਪਛਤਾਉਂਦੇ ਹੀ ਚਲੇ ਜਾਂਦੇ ਹਨ।੩।

ਪ੍ਰ: (ਕਿਉਂ ਜੀ) ਇਨ੍ਹਾਂ ਮਨਮੁਖਾਂ ਦੇ ਮੁਕਾਬਲੇ ਵਿਚ ਜੋ ਭਗਤ ਜਨ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਸ਼ੁਭ ਵੀਚਾਰ ਹਨ ?

ਉ:੧੨. ਹੇ ਭਾਈਓ! ਸਮਝੋ, ਵਾਹਿਗੁਰੂ ਜੀ ਨੇ ਭਗਤ ਜਨਾਂ ਦਾ ਜਨਮ ਸਫਲਾ ਕੀਤਾ ਹੈ, (ਕਿਉਂ ਜੋ) ਉਨ੍ਹਾਂ ਨੂੰ ਗੁਰੂ ਦੀ ਸੇਵਾ ਵਿਚ ਆਪ ਹੀ ਲਾ ਲਿਆ ਹੈ।

ਪ੍ਰ: ਹਜ਼ੂਰ! ਉਨ੍ਹਾਂ ਭਗਤਾਂ ਦੀ ਪਛਾਣ ਕੀ ਹੈ ?

ਉ:੧੩. ਹੇ ਸੱਜਨੋ! (ਉਹ ਭਗਤ ਜਨ) ਸ਼ਬਦ ਵਿਚ ਰਤੇ ਹੋਏ, ਸਹਜ ਅਵਸਥਾ ਵਿਚ ਮਸਤ ਹੋਏ-ਹੋਏ ਨਿਤਾ ਪ੍ਰਤੀ ਹਰੀ ਦੇ ਗੁਣ ਗਾਉਂਦੇ ਹਨ।

ਪ੍ਰ: ਸ੍ਰੀ ਜੀਉ! ਤੁਹਾਡੇ ਮਨ ਵਿਚ ਉਨ੍ਹਾਂ ਭਗਤਾਂ ਲਈ ਕਿਤਨਾ ਕੁ ਸਤਿਕਾਰ ਹੈ ?

ਉ:੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਦਾਸ ਬੇਨਤੀ ਕਰਦਾ ਹੈ ਕਿ ਮੈਂ ਉਨ੍ਹਾਂ ਭਗਤਾਂ ਦੇ ਸਦਾ ਹੀ ਚਰਨੀਂ ਲੱਗਾਂ।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਮਨ ਨੂੰ ਸੰਬੋਧਨ ਕਰਦਿਆਂ ਹੋਇਆਂ ਨਾਲ ਅਰਦਾਸ ਵੀ ਕੀਤੀ ਹੈ, ਖੋਟਿਆਂ ਦੀ ਸੰਗਤ ਤੋਂ ਵਰਜ ਕੇ ਭਲੇ ਪੁਰਸ਼ਾਂ ਦੀ ਸੰਗਤ ਵਿਚ ਬੈਠਣ ਦਾ ਉਪਦੇਸ਼ ਦਿੱਤਾ ਹੈ ਅਤੇ ਜੋ ਸ਼ਬਦ ਵਿਚ ਰਤੇ ਹੋਏ ਹਨ, ਉਨ੍ਹਾਂ ਦੀ ਮਹਿਮਾ ਅੰਕਤ ਕੀਤੀ ਹੈ।

ਸੋਰਠਿ ਮਹਲਾ ੩ ॥

੧. ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ ॥
੨. ਆਪਣੈ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ ॥
੩. ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ
ਫਿਰਿ ਫਿਰਿ ਪਛੋਤਾਵੈ ॥੧॥
੪. ਹਰਿ ਕੇ ਦਾਸ ਸੁਹੇਲੇ ਭਾਈ ॥
੫. ਜਨਮ ਜਨਮ ਕੇ ਕਿਲਬਿਖ ਦੁਖ ਕਾਟੇ
ਆਪੇ ਮੇਲਿ ਮਿਲਾਈ ॥ ਰਹਾਉ ॥
੬. ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ
ਭਰਮਿ ਭੁਲਾ ਸੈਂਸਾਰਾ ॥
੭. ਬਿਨੁ ਗੁਰ ਬੰਧਨ ਟੂਟਹਿ ਨਾਹੀ
ਗੁਰਮੁਖਿ ਮੋਖ ਦੁਆਰਾ ॥
੮. ਕਰਮ ਕਰਹਿ ਗੁਰ ਸਬਦੁ ਨ ਪਛਾਣਹਿ
ਮਰਿ ਜਨਮਹਿ ਵਾਰੋ ਵਾਰਾ ॥੨॥
੯. ਹਉ ਮੇਰਾ ਜਗੁ ਪਲਚਿ ਰਹਿਆ ਭਾਈ
ਕੋਇ ਨ ਕਿਸ ਹੀ ਕੇਰਾ ॥
੧੦. ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ
ਨਿਜ ਘਰਿ ਹੋਇ ਬਸੇਰਾ ॥
੧੧. ਐਥੈ ਬੂਝੈ ਸੁ ਆਪੁ ਪਛਾਣੈ
ਹਰਿ ਪ੍ਰਭੁ ਹੈ ਤਿਸੁ ਕੇਰਾ ॥੩॥
੧੨. ਸਤਿਗੁਰੂ ਸਦਾ ਦਇਆਲੁ ਹੈ ਭਾਈ
ਵਿਣੁ ਭਾਗਾ ਕਿਆ ਪਾਈਐ ॥
੧੩. ਏਕ ਨਦਰਿ ਕਰਿ ਵੇਖੈ ਸਭ ਊਪਰਿ
ਜੇਹਾ ਭਾਉ ਤੇਹਾ ਫਲੁ ਪਾਈਐ ॥
੧੪. ਨਾਨਕ ਨਾਮੁ ਵਸੈ ਮਨ ਅੰਤਰਿ
ਵਿਚਹੁ ਆਪੁ ਗਵਾਈਐ ॥੪॥੬॥

ਪਦ ਅਰਥ : ਸੋ—ਉਹ ਮਨੁੱਖ। ਸਖਾ—ਮਿੱਤਰ। ਬੰਧਪੁ—ਰਿਸ਼ਤੇਦਾਰ। ਜਿ—ਜਿਹੜਾ। ਭਾਣੈ—ਮਰਜ਼ੀ ਵਿਚ, ਮਰਜ਼ੀ ਅਨੁਸਾਰ। ਵਿਛੁੜਿ—ਵਿਛੜ ਕੇ।੧।

ਸੁਹੇਲੇ—ਸੁਖੀ। ਕਿਲਵਿਖ—ਪਾਪ। ਆਪੇ—ਪ੍ਰਭੂ ਆਪ ਹੀ।ਰਹਾਉ।

ਕੁਟੰਬੁ—ਪ੍ਰਵਾਰ। ਸਭੁ—ਸਾਰਾ। ਜੀਅ ਕੇ ਬੰਧਨ—ਜਿੰਦ ਵਾਸਤੇ ਬੰਧਨ। ਭੁਲਾ—ਕੁਰਾਹੇ ਪਿਆ ਰਹਿੰਦਾ ਹੈ। ਗੁਰਮੁਖਿ—ਗੁਰੂ ਦੀ ਸ਼ਰਨੀਂ ਪਿਆਂ। ਮੋਖ—ਖ਼ਲਾਸੀ। ਕਰਮ—ਦੁਨੀਆ ਦੇ ਕੰਮ-ਧੰਧੇ। ਵਾਰੋ ਵਾਰਾ—ਮੁੜ-ਮੁੜ।੨।

ਹਉ—ਮੈਂ (ਵੱਡਾ ਹਾਂ)। ਮੇਰਾ—(ਇਹ ਧਨ ਪਦਾਰਥ) ਮੇਰਾ ਹੈ। ਪਲਚਿ ਰਹਿਆ—ਉਲਝਿਆ ਪਿਆ ਹੈ। ਕੇਰਾ—ਦਾ। ਮਹਲੁ—ਪਰਮਾਤਮਾ ਦੀ ਹਜ਼ੂਰੀ। ਪਾਇਨਿ—ਪਾ ਲੈਂਦੇ ਹਨ। ਨਿਜ ਘਰਿ—ਆਪਣੇ ਘਰ ਵਿਚ। ਐਥੈ—ਇਸ ਜੀਵਨ ਵਿਚ। ਆਪੁ—ਆਪਣੇ ਆਪ ਨੂੰ।੩।

ਦਇਆਲੁ—ਦਇਆ ਦਾ ਘਰ। ਭਾਗਾ—ਚੰਗੀ ਕਿਸਮਤ। ਕਰਿ—ਕਰ ਕੇ, ਨਾਲ। ਭਾਉ—ਭਾਵਨਾ, ਨੀਅਤ। ਆਪੁ—ਆਪਾ ਭਾਵ।੪।

ਅਰਥ :

ਪ੍ਰ: ਹੇ ਗੁਰੋ! ਆਪ ਜੀ ਆਪਣਾ ਸਿੱਖ, ਮਿੱਤਰ, ਸਾਕ-ਸੰਬੰਧੀ ਕਿਸ ਨੂੰ ਮੰਨਦੇ ਹੋ ?

ਉ: ੧. ਹੇ ਭਾਈਓ! ਅਸਲ ਵਿਚ ਤਾਂ (ਸਾਡਾ) ਉਹੋ ਸਿੱਖ ਹੈ, ਉਹੋ ਮਿੱਤਰ ਹੈ, ਉਹੋ ਹੀ ਸਾਕ ਹੈ, ਜੋ ਗੁਰੂ ਦੇ ਭਾਣੇ ਵਿਚ ਆਵੇ, ਅਰਥਾਤ ਜੋ ਗੁਰੂ ਦੀ ਆਗਿਆ ਵਿਚ ਚਲਦਾ ਹੈ।

ਪ੍ਰ: ਹੇ ਗੁਰੋ! ਸਾਰੇ ਹੀ ਲੋਕ ਤਾਂ ਗੁਰੂ ਦੀ ਰਜ਼ਾ ਵਿਚ ਨਹੀਂ ਚਲਦੇ, ਬਹੁਤੇ ਲੋਕ ਉਹ ਹਨ ਜੋ ਕਿ ਆਪਣੀ ਮਰਜ਼ੀ ਅਨੁਸਾਰ ਹੀ ਜੀਵਨ ਗੁਜ਼ਾਰਦੇ ਹਨ, ਕੀ ਉਨ੍ਹਾਂ ਨੂੰ ਕੋਈ ਸਜ਼ਾ ਮਿਲੇਗੀ ?

ਉ: ੨. (ਹਾਂ ਜ਼ਰੂਰ) ਹੇ ਪਿਆਰਿਓ ! ਜਿਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਭਾਵ ਮਨ ਦੇ ਆਖੇ ਮੁਤਾਬਕ ਟੁਰਦਾ ਹੈ, ਉਹ ਪ੍ਰਭੂ ਤੋਂ ਵਿਛੜ ਕੇ ਦੁੱਖ ਸਹਾਰਦਾ ਹੈ।

੩. ਹੇ ਭਾਈ ! ਉਹ ਸਤਿਗੁਰੂ ਦੀ ਆਗਿਆ ਵਿਚ ਚਲਣ ਤੋਂ ਬਿਨਾ ਸੁੱਖ ਨਹੀਂ ਪਾਉਂਦਾ, (ਸਗੋਂ) ਮੁੜ-ਮੁੜ ਕੇ ਪਛਤਾਉਂਦਾ ਹੈ।੧।

ਪ੍ਰ: ਹਜ਼ੂਰ ! ਸੇਵਕਾਂ ਨੂੰ ਕਿਤਨਾ ਕੁ ਸੁੱਖ ਮਿਲਦਾ ਹੈ ?

ਉ: ੪. ਹੇ ਭਾਈਓ ! ਵਾਹਿਗੁਰੂ ਜੀ ਦੇ ਦਾਸ ਤਾਂ ਸਦਾ ਹੀ ਸੁਖੀ ਰਹਿੰਦੇ ਹਨ।

੫. (ਕਿਉਂਕਿ) ਉਨ੍ਹਾਂ ਦੇ ਵਾਹਿਗੁਰੂ ਜੀ ਨੇ ਜਨਮ ਜਨਮਾਤਰਾਂ ਦੇ ਦੁੱਖ ਕੱਟ ਦਿੱਤੇ ਹਨ, ਉਨ੍ਹਾਂ ਨੂੰ ਆਪਣੇ ਮੇਲ ਵਿਚ ਆਪ ਹੀ ਮਿਲਾ ਲੈਂਦਾ ਹੈ।ਰਹਾਉ।

ਪ੍ਰ: ਹਜ਼ੂਰ ਜੀ ! ਜਦੋਂ ਸਾਰਾ ਹੀ ਸੰਸਾਰ ਉਸੇ ਪ੍ਰਭੂ ਜੀ ਦਾ ਹੈ ਤਾਂ ਉਹ ਸਾਰੇ ਹੀ ਸੰਸਾਰ ਨੂੰ ਕਿਉਂ ਨਹੀਂ ਆਪਣੇ ਮੇਲ ਵਿਚ ਮਿਲਾ ਲੈਂਦਾ ?

ਉ: ੬. ਹੇ ਭਾਈ ! ਉਹ ਇਸ ਲਈ ਕਿ ਇਹ ਸਾਰਾ ਸੰਸਾਰ ਭਰਮ ਵਿਚ ਭੁੱਲਾ ਹੋਇਆ, (ਵਾਹਿਗੁਰੂ ਜੀ ਤੋਂ ਬੇਮੁਖ ਰਹਿੰਦਾ ਹੈ) ਇਹ ਨਹੀਂ ਸਮਝਦਾ ਕਿ ਵਾਹਿਗੁਰੂ ਦੀ ਰਜ਼ਾ ਵਿਚ ਟੁਰਨ ਤੋਂ ਬਿਨਾ ਇਹ ਸਾਰਾ ਹੀ ਆਪਣਾ ਪਰਿਵਾਰ ਇਸ ਜਿੰਦ ਵਾਸਤੇ ਨਿਰਾ ਹੀ ਮੋਹ ਦੇ ਬੰਧਨ ਬਣ ਜਾਂਦਾ ਹੈ।

੭. ਪਰ ਐ ਪਿਆਰਿਓ ! ਇਹ ਬੰਧਨ ਗੁਰੂ ਤੋਂ ਬਿਨਾ ਟੁੱਟਦੇ ਨਹੀਂ, (ਕਿਉਂਕਿ) ਮੁਕਤੀ ਦਾ ਦੁਆਰਾ ਗੁਰੂ ਦੁਆਰਾ ਹੀ ਮਿਲਦਾ ਹੈ।

ਪ੍ਰ: ਸ੍ਰੀ ਜੀਉ ! ਜੋ ਲੋਕ ਨਿਰੇ ਦੁਨੀਆ ਦੇ ਕੰਮ-ਧੰਧੇ ਹੀ ਕਰਦੇ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦੀ ਕੀ ਦਸ਼ਾ ਹੁੰਦੀ ਹੈ ?

ਉ: ੮. ਹੇ ਮਿੱਤਰੋ ! ਜੋ ਲੋਕ (ਦਿਨੇ ਰਾਤ) ਦੁਨੀਆ ਦੇ ਨਿਰੇ ਕੰਮ-ਧੰਧੇ ਤਾਂ ਕਰਦੇ ਹਨ, ਪਰ ਗੁਰੂ ਦੇ ਸ਼ਬਦ ਨੂੰ ਨਹੀਂ ਵੀਚਾਰਦੇ, ਉਹ ਮੁੜ-ਮੁੜ ਕੇ ਮਰਦੇ ਤੇ ਜੰਮਦੇ ਹਨ।੨।

ਪ੍ਰ: ਕਿਉਂ ਜੀ ! ਇਸ ਜਗਤ ਦੇ ਵਾਰ-ਵਾਰ ਜੰਮਦੇ ਰਹਿਣ ਦਾ ਅਸਲ ਕਾਰਣ ਕੀ ਹੈ ?

ਉ: ੯. ਹੇ ਭਰਾਵੋ ! ਅਸਲ ਵਿਚ ਇਹ ਸਾਰਾ ਜਗਤ ਹਉਂ-ਹਉਂ ਵਿਚ, ਮੇਰੀ-ਮੇਰੀ ਵਿਚ ਉਲਝ ਰਿਹਾ ਹੈ, (ਪਰ ਜਦੋਂ ਵਿਚਾਰ ਕਰ ਕੇ ਵੇਖੀਏ ਤਾਂ) ਕੋਈ ਵੀ ਕਿਸੇ ਦਾ ਸਾਥੀ ਨਹੀਂ।

ਪ੍ਰ: ਗੁਰਦੇਵ ਜੀਉ ! ਗੁਰਮੁਖ ਭੀ ਤਾਂ ਇਸੇ ਜਗਤ ਵਿਚ ਰਹਿੰਦੇ ਹਨ, ਪਰ ਉਨ੍ਹਾਂ ਦੀ ਅਵਸਥਾ ਕਿਸ ਤਰ੍ਹਾਂ ਦੀ ਹੋ ਜਾਂਦੀ ਹੈ ?

ਉ: ੧੦. ਹੇ ਪਿਆਰੇ ! ਉਨ੍ਹਾਂ ਗੁਰਮੁਖਾਂ ਨੇ ਸਦਾ ਲਈ ਆਪਣੇ ਸਰੂਪ ਰੂਪੀ ਘਰ ਵਿਚ ਵਸੇਬਾ ਕਰ ਲਿਆ, (ਕਿਉਂਕਿ) ਉਹ ਪ੍ਰਭੂ ਦੇ ਸਦਾ ਹੀ ਗੁਣ ਗਾਉਂਦੇ ਹਨ।

੧੧. ਹੇ ਭਾਈ ! ਜੋ ਉਪਰ ਕਹੀ ਵਾਰਤਾ ਨੂੰ ਇਥੇ ਸਮਝ ਲੈਂਦਾ ਹੈ, ਉਹ ਆਪਣੇ ਆਪ ਨੂੰ ਪਛਾਣ ਲੈਂਦਾ ਹੈ, (ਇਸ ਤਰ੍ਹਾਂ ਦੀ ਪਛਾਣ ਕਰਨ ਵਾਲੇ ਦਾ) ਹਰੀ ਪ੍ਰਭੂ ਉਸਦਾ ਆਪਣਾ ਹੀ ਹੋ ਜਾਂਦਾ ਹੈ।੩।

ਪ੍ਰ: ਕਿਉਂ ਜੀ ! ਇਹ ਬਖ਼ਸ਼ਸ਼ ਸਾਰਿਆਂ 'ਤੇ ਕਿਉਂ ਨਹੀਂ ਹੋ ਜਾਂਦੀ ?

ਉ: ੧੨. ਹੇ ਭਰਾਵੋ ! ਗੁਰੂ ਤਾਂ ਹਰ ਵੇਲੇ ਹੀ ਦਇਆਵਾਨ ਰਹਿੰਦਾ ਹੈ, (ਪਰ ਮਾਇਆ ਵੇਹੜਿਆ ਮਨੁੱਖ ਗੁਰੂ ਦੀ ਸ਼ਰਨ ਨਹੀਂ ਆਉਂਦਾ) ਦੱਸੋ ਕਿਸਮਤ ਤੋਂ ਬਿਨਾ ਗੁਰੂ ਪਾਸੋਂ ਕੀ ਮਿਲੇ ? (ਭਾਵ ਕੁਝ ਵੀ ਨਹੀਂ ਮਿਲ ਸਕਦਾ)।

੧੩. ਹੇ ਪਿਆਰਿਓ ! ਗੁਰੂ ਤਾਂ ਸਾਰਿਆਂ ਨੂੰ ਇਕ ਪਿਆਰ ਦੀ ਨਿਗਾਹ ਨਾਲ ਵੇਖਦਾ ਹੈ, (ਪਰ ਸਾਡੀ ਜੀਵਾਂ ਦੀ) ਜਿਹੋ ਜਿਹੀ ਭਾਵਨਾ ਹੁੰਦੀ ਹੈ, ਉਹੋ ਜਿਹਾ ਫਲ (ਸਾਨੂੰ ਗੁਰੂ ਪਾਸੋਂ) ਮਿਲ ਜਾਂਦਾ ਹੈ।

ਪ੍ਰ: ਹਜ਼ੂਰ ! ਬੜਾ ਜਤਨ ਕਰਦੇ ਹਾਂ ਕਿ ਸਾਈਂ ਜੀ ਦਾ ਨਾਮ ਮਨ ਵਿਚ ਆ ਵਸੇ, ਪਰ ਵਸਦਾ ਨਹੀਂ, ਕੋਈ ਸੁਖੈਨ ਸਾਧਨ ਦੱਸ ਦਿਓ।

ਉ: ੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ ! ਜੇ ਗੁਰੂ ਦੀ ਸ਼ਰਨ ਪੈ ਕੇ ਆਪਣੇ ਅੰਦਰੋਂ ਅਭਿਮਾਨ, ਆਪਾ-ਭਾਵ, ਹੰਕਾਰ ਨੂੰ ਦੂਰ ਕਰ ਲਈਏ ਤਾਂ ਸਹਿਜੇ ਹੀ ਪਰਮੇਸ਼ਰ ਦਾ ਨਾਮ ਮਨ ਵਿਚ ਆ ਵਸਦਾ ਹੈ।੪।੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਉਨ੍ਹਾਂ ਗੁਰੂ ਦੇ ਭਾਣੇ ਵਿਚ ਚਲਣ ਵਾਲੇ ਤੇ ਆਪਣੇ ਭਾਣੇ ਵਿਚ ਚਲਣ ਵਾਲਿਆਂ ਦਾ ਟਾਕਰਾ ਕਰਦਿਆਂ ਹੋਇਆਂ, ਆਖ਼ਰ ਗੁਰੂ ਦੇ ਭਾਣੇ ਵਿਚ ਚਲਣ ਵਾਲਿਆਂ ਨੂੰ ਹੀ ਸੁਖੀਏ ਜੀਵਨ ਵਾਲੇ ਦਰਸਾਇਆ ਹੈ।

ਸੋਰਠਿ ਮਹਲਾ ੩ ਚੌਤੁਕੇ ॥

੧. ਸਚੀ ਭਗਤਿ ਸਤਿਗੁਰ ਤੇ ਹੋਵੈ
ਸਚੀ ਹਿਰਦੈ ਬਾਣੀ ॥
੨. ਸਤਿਗੁਰੁ ਸੇਵੇ ਸਦਾ ਸੁਖੁ ਪਾਏ
ਹਉਮੈ ਸਬਦਿ ਸਮਾਣੀ ॥
੩. ਬਿਨੁ ਗੁਰ ਸਾਚੇ ਭਗਤਿ ਨ ਹੋਵੀ
ਹੋਰ ਭੂਲੀ ਫਿਰੈ ਇਆਣੀ ॥
੪. ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ
ਡੂਬਿ ਮੁਏ ਵਿਣੁ ਪਾਣੀ ॥੧॥
੫. ਭਾਈ ਰੇ ਸਦਾ ਰਹਹੁ ਸਰਣਾਈ ॥
੬. ਆਪਣੀ ਨਦਰਿ ਕਰੇ ਪਤਿ ਰਾਖੈ
ਹਰਿ ਨਾਮੋ ਦੇ ਵਡਿਆਈ ॥ ਰਹਾਉ ॥
੭. ਪੂਰੇ ਗੁਰ ਤੇ ਆਪੁ ਪਛਾਤਾ
ਸਬਦਿ ਸਚੈ ਵੀਚਾਰਾ ॥
੮. ਹਿਰਦੈ ਜਗਜੀਵਨੁ ਸਦ ਵਸਿਆ
ਤਜਿ ਕਾਮੁ ਕ੍ਰੋਧੁ ਅਹੰਕਾਰਾ ॥
੯. ਸਦਾ ਹਜੂਰਿ ਰਵਿਆ ਸਭ ਠਾਈ
ਹਿਰਦੈ ਨਾਮੁ ਅਪਾਰਾ ॥

੧੦. ਜੁਗਿ ਜੁਗਿ ਬਾਣੀ ਸਬਦਿ ਪਛਾਣੀ
ਨਾਉ ਮੀਠਾ ਮਨਹਿ ਪਿਆਰਾ ॥੨॥
੧੧. ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ
ਸਫਲ ਜਨਮੁ ਜਗਿ ਆਇਆ ॥
੧੨. ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ
ਗੁਣ ਗਾਵੈ ਗੁਣੀ ਅਘਾਇਆ ॥
੧੩. ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ
ਅਨਹਦ ਸਬਦੁ ਵਜਾਇਆ ॥
੧੪. ਤਨੁ ਮਨੁ ਨਿਰਮਲੁ ਨਿਰਮਲ ਬਾਣੀ
ਸਚੇ ਸਚਿ ਸਮਾਇਆ ॥੩॥
੧੫. ਰਾਮ ਨਾਮ ਕੀ ਗਤਿ ਕੋਇ ਨ ਬੂਝੈ
ਗੁਰਮਤਿ ਰਿਦੈ ਸਮਾਈ ॥
੧੬. ਗੁਰਮੁਖਿ ਹੋਵੈ ਸੁ ਮਗੁ ਪਛਾਣੈ
ਹਰਿ ਰਸਿ ਰਸਨ ਰਸਾਈ ॥
੧੭. ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ
ਹਿਰਦੈ ਨਾਮੁ ਵਸਾਈ ॥
੧੮. ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ
ਦਰਿ ਸਾਚੈ ਪਤਿ ਪਾਈ ॥੪॥੭॥

ਪਦ ਅਰਥ : ਚੌਤੁਕੇ—ਉਹ ਸ਼ਬਦ ਜਿਨ੍ਹਾਂ ਦੇ ਹਰੇਕ ਬੰਦ ਵਿਚ ਚਾਰ-ਚਾਰ ਤੁਕਾਂ ਹੁੰਦੀਆਂ ਹਨ।

ਸਚੀ ਭਗਤਿ—ਸਦਾ-ਥਿਰ ਪ੍ਰਭੂ ਦੀ ਭਗਤੀ। ਤੇ—ਤੋਂ, ਦੀ ਰਾਹੀਂ। ਸਚੀ ਬਾਣੀ—ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ। ਸਬਦਿ—ਸ਼ਬਦ ਵਿਚ। ਹੋਰ ਇਆਣੀ—ਉਹ ਅੰਞਾਣ ਲੁਕਾਈ ਜਿਹੜੀ ਗੁਰੂ ਦੀ ਸ਼ਰਨ ਨਹੀਂ ਪੈਂਦੀ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ।੧।

ਰਹਹੁ—ਟਿਕਿਆ ਰਹੁ। ਪਤਿ—ਇੱਜ਼ਤ।ਰਹਾਉ।

ਆਪੁ—ਆਪਣਾ ਆਪ। ਹਿਰਦੈ—ਹਿਰਦੇ ਵਿਚ। ਸਦ—ਸਦਾ। ਤਜਿ—ਤਜ ਕੇ। ਰਵਿਆ—ਵਿਆਪਕ। ਜੁਗਿ ਜੁਗਿ—ਹਰੇਕ ਜੁੱਗ ਵਿਚ। ਸਬਦਿ—ਸ਼ਬਦ ਦੇ ਰਾਹੀਂ। ਮਨਹਿ—ਮਨ ਵਿਚ। ਜਿਨਿ—ਜਿਸਨੇ। ਪਛਾਤਾ—ਪਛਾਣਿਆ।੨।

ਜਗਿ—ਜਗਤ ਵਿਚ। ਗੁਣੀ—ਗੁਣਾਂ ਦੇ ਰਾਹੀਂ। ਅਘਾਇਆ—ਮਾਇਆ ਵਲੋਂ ਰਜ ਜਾਂਦਾ ਹੈ। ਕਮਲੁ—ਹਿਰਦਾ ਕੌਲ ਫੁੱਲ। ਪ੍ਰਗਾਸਿ—ਖਿੜ ਕੇ। ਅਨਹਦ—ਇਕ ਰਸ।੩।

ਰਿਦੈ—ਹਿਰਦੇ ਵਿਚ। ਸਮਾਈ—ਟਿੱਕ ਜਾਂਦਾ ਹੈ। ਮਗੁ—ਰਸਤਾ। ਰਸਿ—ਰਸ ਨਾਲ। ਰਸਨ—ਜੀਭ। ਰਸਾਈ—ਰਸ ਜਾਂਦੀ ਹੈ। ਗੁਰ ਤੇ—ਗੁਰੂ ਪਾਸੋਂ। ਦਰਿ—ਦਰ ਤੇ।੪।

ਅਰਥ :

ਪ੍ਰ: ਸ੍ਰੀ ਜੀਉ! ਸਾਈਂ ਜੀ ਦੀ ਸੱਚੀ ਭਗਤੀ ਕਿੱਥੋਂ ਪ੍ਰਾਪਤ ਹੋ ਸਕਦੀ ਹੈ?

ਉ: ੧. ਹੇ ਭਾਈ! ਸੱਚੀ ਭਗਤੀ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਦੀ ਹੈ, (ਪਰ ਹਾਂ) ਪ੍ਰਾਪਤ ਹੁੰਦੀ ਹੈ ਉਨ੍ਹਾਂ ਨੂੰ ਜਿਨ੍ਹਾਂ ਦੇ ਹਿਰਦੇ ਵਿਚ ਗੁਰਾਂ ਦੀ ਸੱਚੀ ਬਾਣੀ ਵਸਦੀ ਹੈ।

੨. ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਹ ਸਦਾ ਸੁੱਖ ਮਾਣਦਾ ਹੈ, (ਕਿਉਂਕਿ) ਉਨ੍ਹਾਂ ਦੇ ਅੰਦਰੋਂ ਗੁਰੂ ਦੇ ਸ਼ਬਦ ਦੁਆਰਾ ਹਉਮੈ ਮੁਕ ਜਾਂਦੀ ਹੈ।

੩. ਸੱਚੇ ਗੁਰੂ ਤੋਂ ਬਿਨਾ ਸੱਚੀ ਭਗਤੀ ਪ੍ਰਾਪਤ ਹੋ ਨਹੀਂ ਸਕਦੀ, ਇਸ ਗੱਲ ਨੂੰ ਸਮਝਣ ਤੋਂ ਬਿਨਾ ਹੋਰ ਸ੍ਰਿਸ਼ਟੀ ਮੂਰਖ ਹੈ, ਜੋ ਐਵੇਂ ਭੁੱਲੀ ਫਿਰਦੀ ਹੈ।

੪. ਐਸੇ ਲੋਕ ਮਨਮੁਖ ਕਹੀਦੇ ਹਨ, ਉਹ ਸਦਾ ਹੀ ਦੁੱਖ ਪਾਉਂਦੇ ਹਨ, ਉਹ ਮਾਨੋ ਪਾਨੀ ਤੋਂ ਬਿਨਾ ਹੀ ਡੁੱਬ ਮਰਦੇ ਹਨ, (ਭਾਵ ਆਪਣੀਆਂ ਮੂਰਖਤਾਈਆਂ ਵਿਚ ਹੀ ਨਾਸ ਹੋ ਜਾਂਦੇ ਹਨ)।੧।

ਪ੍ਰ: ਹਜ਼ੂਰ! ਦੱਸੋ ਮੈਂ ਕੀ ਕਰਾਂ?

ਉ: ੫. ਹੇ ਭਾਈ! ਤੂੰ ਸਦਾ ਹੀ ਗੁਰੂ ਦੀ ਸ਼ਰਨ ਵਿਚ ਟਿਕਿਆ ਰਹੁ।

ਪ੍ਰ: ਕਿਉਂ ਜੀ! ਮੈਨੂੰ ਪ੍ਰਾਪਤ ਕੀ ਹੋਵੇਗਾ?

ਉ: ੬. ਹੇ ਮਿੱਤਰਾ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿਚ ਪਿਆ ਰਹਿੰਦਾ ਹੈ, ਉਸ ਉੱਤੇ ਗੁਰੂ ਮਿਹਰ ਦੀ ਨਜ਼ਰ ਕਰਦਾ ਹੈ, ਉਸ ਦੀ ਇੱਜ਼ਤ ਰਖਦਾ ਹੈ, ਉਸ ਨੂੰ ਪ੍ਰਭੂ ਦਾ ਨਾਮ ਬਖ਼ਸ਼ਸ਼ ਕਰਦਾ ਹੈ ਜੋ ਕਿ ਇਕ ਵੱਡੀ ਇੱਜ਼ਤ ਹੈ।ਰਹਾਉ।

ਪ੍ਰ: (ਕਿਉਂ ਜੀ) ਕੋਈ ਉਗਾਹੀ ਦਿਓ, ਜਿਨ੍ਹਾਂ ਨੂੰ ਪੂਰੇ ਗੁਰੂ ਦੁਆਰਾ ਆਪਣੇ ਆਪ ਦੀ ਪਛਾਣ ਹੋਈ ਹੈ?

ਉ: ੭. ਹੇ ਭਾਈਓ! ਪਿੱਛੇ ਹੋ ਗੁਜ਼ਰੇ ਭਗਤਾਂ ਵੱਲ ਨਿਗਾਹ ਮਾਰੋ। ਉਨ੍ਹਾਂ ਸਾਰਿਆਂ ਨੇ ਪੂਰੇ ਗੁਰੂ ਦੇ ਸੱਚੇ ਸ਼ਬਦ ਦੁਆਰਾ ਵਿਚਾਰ ਕੀਤੀ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ।

ਪ੍ਰ: ਹਜ਼ੂਰ! ਉਨ੍ਹਾਂ ਨੂੰ ਪ੍ਰਾਪਤ ਹੋਣ ਦਾ ਅਸਲ ਕਾਰਣ ਕੀ ਬਣਿਆ?

ਉ: ੮. ਹੇ ਭਾਈਓ! ਉਨ੍ਹਾਂ ਨੇ ਕਾਮ, ਕ੍ਰੋਧ, ਹੰਕਾਰ ਨੂੰ ਛੱਡ ਦਿੱਤਾ ਸੀ, ਜਿਸ ਦੀ ਬਰਕਤ ਨਾਲ ਉਨ੍ਹਾਂ ਦੇ ਅੰਦਰ ਜਗਤ ਦਾ ਜੀਵਨ (ਵਾਹਿਗੁਰੂ) ਵਸ ਪਿਆ।

ਪ੍ਰ: ਕਿਉਂ ਜੀ! ਫੇਰ ਉਨ੍ਹਾਂ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੯. ਹੇ ਪਿਆਰੇ! ਬੇਅੰਤ ਪ੍ਰਭੂ ਦਾ ਨਾਮ ਉਨ੍ਹਾਂ ਦੇ ਹਿਰਦੇ ਵਿਚ ਆ ਵਸਣ ਕਰ ਕੇ, ਪ੍ਰਭੂ ਉਨ੍ਹਾਂ ਨੂੰ ਹਰ ਵੇਲੇ ਹਰ ਥਾਂ ਅੰਗ-ਸੰਗ ਵਸਦਾ ਦਿੱਸ ਪੈਂਦਾ ਹੈ।

੧੦. ਗੁਰੂ-ਸ਼ਬਦ ਦੇ ਰਾਹੀਂ ਉਨ੍ਹਾਂ ਨੂੰ ਇਹ ਪਛਾਣ ਆ ਗਈ ਕਿ (ਪਰਮੇਸ਼ਰ ਨਾਲ ਮਿਲਾਪ ਦਾ ਵਸੀਲਾ) ਹਰੇਕ ਜੁੱਗ ਵਿਚ ਗੁਰੂ ਦੀ ਬਾਣੀ ਹੀ ਹੈ ਤੇ ਪਰਮਾਤਮਾ ਦਾ ਨਾਮ ਉਸ ਨੂੰ ਪਿਆਰਾ ਲੱਗਣ ਲੱਗ ਪਿਆ।੨।

੧੧. ਹੇ ਭਾਈ! ਜਿਸ ਮਨੁੱਖ ਨੇ ਭੀ ਸਤਿਗੁਰੂ ਨੂੰ ਸੇਵ ਕੇ ਨਾਮ ਨੂੰ ਪਛਾਣ ਲਿਆ ਹੈ, ਉਸ ਦਾ ਇਸ ਜਗਤ ਵਿਚ ਆਉਣਾ ਸਫਲਾ ਹੈ।

੧੨. (ਕਿਉਂਕਿ) ਹਰੀ ਦੇ ਨਾਮ ਰਸ ਨੂੰ ਚੱਖ ਕੇ ਉਨ੍ਹਾਂ ਦਾ ਮਨ ਸਦਾ ਤ੍ਰਿਪਤਿਆ ਰਹਿੰਦਾ ਹੈ, ਉਹ ਗੁਣੀ ਦੇ ਗੁਣਾਂ ਨੂੰ ਗਾਉਣ ਦੀ ਬਰਕਤ ਨਾਲ ਤ੍ਰਿਪਤ ਹੋ ਜਾਂਦਾ ਹੈ।

ਪ੍ਰ: ਉਸ ਦੀ ਪਛਾਣ ਕੀ ਹੈ ?

ਉ: ੧੩. ਹੇ ਭਾਈਓ ! ਉਸਦਾ ਹਿਰਦਾ ਕਮਲ ਖਿੜ ਆਉਂਦਾ ਹੈ ਅਤੇ ਉਹ ਸਦਾ ਹੀ ਪ੍ਰੇਮ ਵਿਚ ਰਤਾ ਰਹਿੰਦਾ ਹੈ ਤੇ ਉਸਦੇ ਅੰਦਰ ਅਨਾਹਤ ਸ਼ਬਦ ਵਜਦਾ ਹੈ।

੧੪. ਉਸ ਦਾ ਤਨ ਤੇ ਮਨ ਨਿਰਮਲ ਹੋ ਜਾਂਦਾ ਹੈ, ਉਸ ਦੀ ਬਾਣੀ ਨਿਰਮਲ ਹੋ ਜਾਂਦੀ ਹੈ, ਉਹ ਸੱਚੇ ਸਾਈਂ ਜੀ ਵਿਚ ਸੱਚਮੁੱਚ ਹੀ ਸਮਾ ਜਾਂਦਾ ਹੈ।੩।

੧੫. ਉਸ ਰਾਮ ਦੇ ਨਾਮ ਦੀ ਅਸਲੀਅਤ ਨੂੰ ਕੋਈ ਵੀ ਨਹੀਂ ਬੁੱਝ ਸਕਦਾ, ਪਰ ਹਾਂ, ਗੁਰੂ ਦੀ ਮਤਿ ਦੁਆਰਾ ਉਹ ਹਿਰਦੇ ਵਿਚ ਆ ਸਮਾਂਦੀ ਹੈ।

੧੬. ਹੇ ਭਾਈ ! ਇਉਂ ਗੁਰੂ ਦੀ ਮਤਿ ਲੈ ਕੇ ਜੋ ਗੁਰਮੁਖ ਹੋ ਜਾਵੇ, ਉਹ ਸਾਈਂ ਜੀ ਦੀ ਪ੍ਰਾਪਤੀ ਦਾ ਰਸਤਾ ਪਛਾਣਦਾ ਹੈ, ਉਸ ਦੀ ਰਸਨਾ ਹਰੀ ਰਸ ਨਾਲ ਰਸਮਈ ਹੋ ਜਾਂਦੀ ਹੈ।

ਪ੍ਰ: (ਕਿਉਂ ਜੀ) ਕੀ ਜਪ, ਤਪ, ਸੰਜਮ ਆਦਿ ਸਾਧਨ ਨਹੀਂ ਕਰਨੇ ਚਾਹੀਦੇ ?

ਉ: ੧੭. ਹੇ ਪਿਆਰਿਓ ! ਜਦੋਂ ਗੁਰੂ ਦੁਆਰਾ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਆ ਵਸਦਾ ਹੈ, (ਬੱਸ) ਸਮਝੋ ਇਹੀ ਹੈ ਜਪ, ਇਹੀ ਹੈ ਤਪ, ਇਹੀ ਹੈ ਸੰਜਮ।

ਪ੍ਰ: ਕਿਉਂ ਜੀ ! ਕੀ ਜਪ, ਤਪ, ਸੰਜਮ ਆਦਿ ਕਰਨ ਵਾਲੇ ਨੂੰ ਰੱਬੀ ਦਰਬਾਰ ਵਿਚ ਗਿਆਂ ਪਤਿ ਪ੍ਰਾਪਤ ਨਹੀਂ ਹੋਵੇਗੀ ?

ਉ: ੧੮. ਹੇ ਭਾਈਓ ! ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਜੋ ਮਨੁੱਖ ਨਾਮ ਦਾ ਸਿਮਰਨ ਕਰਦੇ ਹਨ, ਸੱਚੇ ਦਰ ਵਿਚ ਗਏ ਤਾਂ ਉਹੋ ਹੀ ਸ਼ੋਭਦੇ ਤੇ ਪਤਿ ਇੱਜ਼ਤ ਪਾਉਂਦੇ ਹਨ।੪।੭।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਹੇ ਭਾਈਓ ! ਸਾਰੇ ਗੁਣ ਪ੍ਰਭੂ ਦਾ ਸੱਚਾ ਨਾਮ, ਸਾਈਂ ਜੀ ਦੀ ਸੱਚੀ ਭਗਤੀ, ਸਤਿਗੁਰੂ ਦੁਆਰਾ ਹੀ ਪ੍ਰਾਪਤ ਹੁੰਦੀ ਹੈ।

ਸੋਰਠਿ ਮ: ੩ ਦੁਤੁਕੇ ॥

੧. ਸਤਿਗੁਰ ਮਿਲਿਐ ਉਲਟੀ ਭਈ ਭਾਈ
ਜੀਵਤ ਮਰੈ ਤਾ ਬੂਝ ਪਾਇ ॥
੨. ਸੋ ਗੁਰੂ ਸੋ ਸਿਖੁ ਹੈ ਭਾਈ
ਜਿਸੁ ਜੋਤੀ ਜੋਤਿ ਮਿਲਾਇ ॥੧॥
੩. ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥
੪. ਮਨ ਹਰਿ ਜਪਿ ਮੀਠਾ ਲਾਗੈ ਭਾਈ
ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥
੫. ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ
ਮਨਮੁਖਿ ਦੂਜੈ ਭਾਇ ॥
੬. ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ
ਪਲੈ ਕਿਛੂ ਨ ਪਾਇ ॥੨॥
੭. ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ
ਸਾਚੀ ਪ੍ਰੀਤਿ ਪਿਆਰਿ ॥
੮. ਸਦਾ ਹਰਿ ਕੇ ਗੁਣ ਰਵੈ ਭਾਈ
ਗੁਰ ਕੈ ਹੇਤਿ ਅਪਾਰਿ ॥੩॥
੯. ਆਇਆ ਸੋ ਪਰਵਾਣੁ ਹੈ ਭਾਈ
ਜਿ ਗੁਰ ਸੇਵਾ ਚਿਤੁ ਲਾਇ ॥
੧੦. ਨਾਨਕ ਨਾਮੁ ਹਰਿ ਪਾਈਐ ਭਾਈ
ਗੁਰ ਸਬਦੀ ਮੇਲਾਇ ॥੪॥੮॥

ਪਦ ਅਰਥ : ਸਤਿਗੁਰ ਮਿਲਿਐ—ਜੇ ਗੁਰੂ ਮਿਲ ਪਏ। ਉਲਟੀ ਭਈ—(ਵਿਕਾਰਾਂ ਵਲੋਂ ਸੁਰਤ) ਹਟ ਜਾਂਦੀ ਹੈ, ਬ੍ਰਿਤੀ, ਬੁਧੀ, ਮਤਿ, ਸੰਸਾਰ ਖਚਤ ਬ੍ਰਿਤੀ ਈਸ਼੍ਰਰ ਲਿਵ ਵਿਚ ਪਲਟ ਗਈ, ਮੁੜ ਪਈ। ਜੀਵਤ ਮਰੈ—ਜੀਉਂਦਾ ਮਰ ਜਾਂਦਾ ਹੈ, ਦੁਨੀਆ ਦੀ ਕਿਰਤ ਕਰਦਾ ਹੀ ਵਿਕਾਰਾਂ ਵਲੋਂ ਅਛੋਹ ਹੋ ਜਾਂਦਾ ਹੈ। ਬੂਝ—ਸੋਝੀ, ਸਮਝ। ਸੋ ਗੁਰੂ ਸੋ ਸਿਖੁ—ਉਹ ਮਨੁੱਖ ਗੁਰੂ ਦਾ ਅਸਲ ਸਿੱਖ ਹੈ। ਜਿਸੁ ਜੋਤਿ—ਜਿਸ ਦੀ ਆਤਮਾ ਨੂੰ। ਜੋਤੀ ਮਿਲਾਇ—ਗੁਰੂ ਪਰਮਾਤਮਾ ਵਿਚ ਮਿਲਾ ਦੇਂਦਾ ਹੈ।੧।

ਸੇਤੀ—ਨਾਲ। ਲਿਵ—ਲਗਨ। ਮਨ ਰੇ—ਹੇ ਮਨ। ਜਪਿ—ਜਪ ਜਪ ਕੇ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਥਾਇ—ਥਾਂ ਵਿਚ, ਹਜ਼ੂਰੀ ਵਿਚ। ਹਰਿ ਥਾਇ—ਪ੍ਰਭੂ ਦੀ ਹਜ਼ੂਰੀ ਵਿਚ।ਰਹਾਉ।

ਭਾਈ—ਹੇ ਭਾਈ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ। ਦੂਜੈ ਭਾਇ—(ਪ੍ਰਭੂ ਤੋਂ ਬਿਨਾ) ਕਿਸੇ ਹੋਰ ਪਿਆਰ ਵਿਚ। ਭਾਇ—ਪਿਆਰ। ਤੁਹ—ਦਾਣਿਆਂ ਉਪਰਲੇ ਛਿਲਕੇ, ਝੋਨਾ ਛੜਿਆਂ ਜੋ ਛਿਲੜ ਉਤਰਦੇ ਹਨ। ਕੁਟਹਿ—ਕੁੱਟਦੇ ਹਨ।੨।

ਮਨਿ—ਮਨ ਵਿਚ। ਰਵਿਆ—ਹਰ ਵੇਲੇ ਵਸਿਆ ਰਹਿੰਦਾ ਹੈ। ਪਿਆਰਿ—ਪਿਆਰ ਵਿਚ। ਰਵੈ—ਚੇਤੇ ਕਰਦਾ ਹੈ। ਹੇਤਿ—ਹਿਤ ਦੇ ਰਾਹੀਂ। ਅਪਾਰਿ ਹੇਤਿ—ਅਤੁੱਟ ਪਿਆਰ ਦੇ ਰਾਹੀਂ।੩।

ਸੋ—ਉਹ ਮਨੁੱਖ। ਪਰਵਾਣੁ—ਕਬੂਲ। ਜਿ—ਜਿਹੜਾ। ਪਾਈਐ—ਪਾ ਲਈਦਾ ਹੈ।੪।

ਅਰਥ :

ਪ੍ਰ: ਹੇ ਗੁਰੋ ! ਜਗਤ ਵਿਚ ਉਹ ਕੌਣ ਬੰਦੇ ਹਨ, ਜੋ ਕਿ ਇਸ ਆਪਣੇ ਜੀਵਨ ਨੂੰ ਸਫਲਾ ਕਰਨ ਦੀ ਸਮਝ ਹਾਸਲ ਕਰ ਲੈਂਦੇ ਹਨ ?

ਉ: ੧. ਹੇ ਭਾਈ ! ਸਤਿਗੁਰਾਂ ਨੂੰ ਮਿਲ ਕੇ (ਜਿਨ੍ਹਾਂ ਦੀ ਸੁਰਤਿ ਸੰਸਾਰ ਵਲੋਂ) ਉਲਟੀ ਹੋਈ ਹੈ, (ਉਨ੍ਹਾਂ ਨੂੰ) ਜੀਵਨ ਸਫਲਾਉਣ ਦੀ ਸਮਝ ਪਈ ਹੈ ਅਤੇ ਉਹੋ ਹੀ ਜੀਵਤ੍ਰ ਭਾਵ ਤੋਂ ਮਰੇ ਹਨ।

ਪ੍ਰ: ਹਜ਼ੂਰ ! ਆਪ ਗੁਰੂ ਕਿਸ ਨੂੰ ਮੰਨਦੇ ਹੋ ਤੇ ਸਿੱਖ ਕਿਸ ਨੂੰ ਸਮਝਦੇ ਹੋ ?

ਉ: ੨. ਹੇ ਭਾਈ ! ਜਿਸ ਨੇ (ਜੋਤਿ) ਵਾਹਿਗੁਰੂ ਵਿਚ ਆਪਣੀ (ਜੋਤਿ) ਆਤਮਾ ਮਿਲਾਈ ਹੈ, ਉਹ ਗੁਰੂ ਹੈ ਅਤੇ ਜਿਸ ਨੇ (ਜੋਤੀ) ਗੁਰ ਸਿੱਖਿਆ ਵਿਚ ਆਪਣੀ (ਜੋਤਿ) ਸੁਰਤਿ ਮਿਲਾਈ ਹੈ, ਉਹ ਸਿੱਖ ਹੈ।੧।

੩. ਆਪਣੇ ਮਨ ਪ੍ਰਤੀ ਸੰਬੋਧਨ ਕਰਦੇ ਹਨ ਕਿ ਹੇ ਮੇਰੇ ਮਨ! ਹਰਿ ਹਰਿ ਨਾਮ (ਨਾਲ) ਪ੍ਰੀਤੀ ਲਾਓ।

੪. ਹੇ ਮੇਰੇ ਮਨ! ਸਿਮਰਨ ਕਰਨ ਨਾਲ ਹਰੀ ਮਿੱਠਾ ਲੱਗਣ ਲੱਗ ਪੈਂਦਾ ਹੈ, ਪਰ ਹੇ ਭਾਈ! ਗੁਰੂ ਦੁਆਰਾ ਹੀ ਹਰੀ ਨਾਮ ਦੀ ਘਾਲ ਥਾਂ ਪਾਉਂਦਾ ਹੈ।ਰਹਾਉ।

ਪ੍ਰ: ਕਿਉਂ ਜੀ! ਗੁਰੂ ਵਾਲੇ ਹੋਣਾ ਜ਼ਰੂਰੀ ਕਿਉਂ ਹੈ?

ਉ: ੫. ਹੇ ਪਿਆਰੇ! (ਇਹ ਸੰਕੇਤ ਹੈ ਕਿ) ਗੁਰੂ ਤੋਂ ਬਿਨਾ (ਮਨੁੱਖ ਦਾ ਪ੍ਰਭੂ ਵਿਚ) ਪਿਆਰ ਪੈਦਾ ਨਹੀਂ ਹੁੰਦਾ। ਵੇਖੀਦਾ ਹੈ ਕਿ ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ, (ਪ੍ਰਭੂ ਨੂੰ ਛੱਡ ਕੇ) ਹੋਰ ਮਾਇਆ ਦੇ ਪਿਆਰ ਵਿਚ ਹੀ ਟਿਕਿਆ ਰਹਿੰਦਾ ਹੈ।

ਪ੍ਰ: ਸ੍ਰੀ ਜੀਉ! ਜਿਨ੍ਹਾਂ ਨੂੰ ਆਪ ਜੀ ਮਨਮੁਖ ਕਹਿੰਦੇ ਹੋ, ਉਹ ਵੇਖੀਦੇ ਹਨ ਕਿ ਧਾਰਮਕ ਕਰਮ ਧਰਮ ਬਹੁਤ ਕਰਦੇ ਹਨ। ਕੀ ਉਹ ਉਨ੍ਹਾਂ ਦੇ ਲੇਖੇ ਵਿਚ ਨਹੀਂ?

ਉ: ੬. ਹੇ ਭਾਈਓ! ਜੋ ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਮਨਮੁਖ ਹਨ, ਉਹ ਜੋ ਭੀ ਧਾਰਮਕ ਕਰਮ ਕਰਦੇ ਹਨ, ਉਹ (ਮਾਨੋ) ਤੁਹ ਕੁਟਦੇ ਹਨ। ਉਨ੍ਹਾਂ ਨੂੰ ਉਨ੍ਹਾਂ ਕਰਮਾਂ ਵਿਚੋਂ ਹਾਸਲ ਕੁਝ ਵੀ ਨਹੀਂ ਹੁੰਦਾ, ਜਿਵੇਂ ਕਿ ਤੁਹਾਂ ਵਿਚੋਂ ਕੁਝ ਪ੍ਰਾਪਤ ਨਹੀਂ ਹੋਇਆ ਕਰਦਾ।੨।

ਪ੍ਰ: ਹਜ਼ੂਰ! ਜੇ ਕਰਮ ਧਰਮ ਕਰਨ ਨਾਲ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ ਤਾਂ ਫਿਰ ਆਪ ਦੱਸੋ, ਨਾਮ ਮਨ ਵਿਚ ਕਿਵੇਂ ਵਸ ਸਕਦਾ ਹੈ?

ਉ: ੭. ਹੇ ਭਾਈਓ! ਜਿਸ ਮਨੁੱਖ ਨੂੰ ਗੁਰੂ ਮਿਲ ਪਵੇ, ਤਾਂ ਸਾਈਂ ਜੀ ਦਾ ਨਾਮ ਉਸ ਦੇ ਮਨ ਵਿਚ ਵਸਿਆ ਰਹਿੰਦਾ ਹੈ। ਇਸ ਤਰ੍ਹਾਂ ਮਨੁੱਖ ਸਦਾ ਹੀ ਪ੍ਰਭੂ ਦੇ ਪਿਆਰ ਪ੍ਰੀਤ ਵਿਚ ਮਗਨ ਰਹਿੰਦਾ ਹੈ।

੮. ਹੇ ਭਾਈ! ਗੁਰੂ ਦੇ ਬਖ਼ਸ਼ੇ ਅਤੁੱਟ ਪਿਆਰ ਦੀ ਬਰਕਤ ਨਾਲ ਉਹ ਸਦਾ ਹੀ ਪਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ।੩।

੯. ਹੇ ਪਿਆਰਿਓ! ਸਮਝ ਲਓ ਕਿ ਜਗਤ ਵਿਚ ਆਇਆ ਉਸੇ ਦਾ ਹੀ ਕਬੂਲ ਪੈਂਦਾ ਹੈ, ਜੋ ਕਿ ਗੁਰੂ ਦੀ ਸੇਵਾ ਵਿਚ ਚਿੱਤ ਲਾਉਂਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਗੁਰੂ ਦੇ ਰਾਹੀਂ ਪ੍ਰਭੂ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ ਅਤੇ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਉਸ ਸੱਚੇ ਸਾਈਂ ਜੀ ਨਾਲ ਮਿਲਾਪ ਹੋ ਜਾਂਦਾ ਹੈ।੪।੮।

ਭਾਵਾਰਥ : ਇਸ ਸ਼ਬਦ ਦੇ ਆਰੰਭ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਗੁਰੂ ਨੂੰ ਮਿਲ ਕੇ ਇਹ ਬ੍ਰਿਤੀ ਸੰਸਾਰ ਵਿਚ ਖਚਤ ਰਹਿਣ ਦੀ ਥਾਂ ਪ੍ਰਭੂ ਪਰਾਇਣ ਹੋ ਰਹਿੰਦੀ ਹੈ ਅਤੇ ਪਰਮਾਤਮਾ ਉਸ ਨੂੰ ਆਪਣੇ ਨਾਲ ਅਭੇਦ ਕਰ ਲੈਂਦਾ ਹੈ, ਇਸ ਲਈ ਸਦਾ ਨਾਮ ਵਿਚ ਲਿਵ ਲਾਈ ਰੱਖੋ।

ਸੋਰਠਿ ਮਹਲਾ ੩ ਘਰੁ ੧ ॥

੧. ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ
ਗੁਰਮੁਖਿ ਬੂਝ ਬੁਝਾਇ ॥
੨. ਰਾਮ ਨਾਮਿ ਲਗਿ ਛੂਟੀਐ ਭਾਈ
ਪੂਛਹੁ ਗਿਆਨੀਆ ਜਾਇ ॥੧॥
੩. ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥
੪. ਹਰਿ ਜੀਉ ਤੇਰੈ ਮਨਿ ਵਸੈ ਭਾਈ
ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥
੫. ਨਾਮੈ ਤੇ ਸਭਿ ਊਪਜੇ ਭਾਈ
ਨਾਇ ਵਿਸਰਿਐ ਮਰਿ ਜਾਇ ॥
੬. ਅਗਿਆਨੀ ਜਗਤੁ ਅੰਧੁ ਹੈ ਭਾਈ
ਸੂਤੇ ਗਏ ਮੁਹਾਇ ॥੨॥
੭. ਗੁਰਮੁਖਿ ਜਾਗੇ ਸੇ ਉਬਰੇ ਭਾਈ
ਭਵਜਲੁ ਪਾਰਿ ਉਤਾਰਿ ॥
੮. ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ
ਹਿਰਦੈ ਰਖਿਆ ਉਰ ਧਾਰਿ ॥੩॥
੯. ਗੁਰ ਸਰਣਾਈ ਉਬਰੇ ਭਾਈ
ਰਾਮ ਨਾਮਿ ਲਿਵ ਲਾਇ ॥
੧੦. ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ
ਜਿਤੁ ਲਗਿ ਪਾਰਿ ਜਨ ਪਾਇ ॥੪॥੯॥

ਪਦ ਅਰਥ : ਤਿਹੀ ਗੁਣੀ—ਮਾਇਆ ਦੇ ਤਿੰਨ ਗੁਣ (ਰਜੋ, ਸਤੋ, ਤਮੋ)। ਤ੍ਰਿਭਵਣੁ—ਤਿੰਨਾਂ ਭਵਨਾਂ ਵਾਲਾ ਜਗਤ, ਸਾਰਾ ਸੰਸਾਰ। ਵਿਆਪਿਆ—ਫਸਿਆ ਪਿਆ ਹੈ। ਬੂਝ—ਆਤਮਕ ਜੀਵਨ ਦੀ ਸਮਝ। ਗੁਰਮੁਖਿ—ਗੁਰੂ ਦੀ ਸ਼ਰਨ ਵਾਲਾ ਮਨੁੱਖ। ਨਾਮਿ—ਨਾਮ ਵਿਚ। ਗਿਆਨੀ—ਆਤਮਕ ਜੀਵਨ ਦੀ ਸੋਝੀ ਵਾਲਾ ਮਨੁੱਖ। ਜਾਇ—ਜਾ ਕੇ।੧।

ਛੋਡਿ—ਛੱਡ ਕੇ। ਚਉਥੈ—ਮਾਇਆ ਦੇ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਰਹਿਤ ਅਵਸਥਾ। ਮਨਿ—ਮਨ ਵਿਚ।ਰਹਾਉ।

ਨਾਮੈ ਤੇ—ਨਾਮ ਤੋਂ ਹੀ। ਸਭਿ—ਸਾਰੇ। ਉਪਜੇ—ਆਤਮਕ ਜੀਵਨ ਪ੍ਰਾਪਤ ਕਰਦੇ ਹਨ। ਨਾਇ ਵਿਸਰਿਐ—ਜੇ ਨਾਮ ਵਿਸਰ ਜਾਵੇ। ਮਰਿ ਜਾਇ—ਮਰ ਜਾਂਦੇ ਹਨ। ਅਗਿਆਨੀ—ਆਤਮਕ ਜੀਵਨ ਦੀ ਸੋਝੀ ਤੋਂ ਸਖਣਾ। ਅੰਧੁ—ਮਾਇਆ ਦੇ ਮੋਹ ਵਿਚ ਅੰਨ੍ਹਾ। ਮੁਹਾਇ—(ਆਤਮਕ ਜੀਵਨ ਦਾ ਸਰਮਾਇਆ) ਲੁਟਾ ਕੇ।੨।

ਭਵਜਲੁ—ਸੰਸਾਰ ਸਮੁੰਦਰ। ਉਤਾਰਿ—ਉਤਾਰੇ, ਲੰਘਾਂਦਾ ਹੈ। ਉਹ—ਹਿਰਦਾ। ਧਾਰਿ—ਟਿਕਾ ਕੇ।੩।

ਉਬਾਰੇ—ਸੰਸਾਰ (ਸਮੁੰਦਰ ਵਿਚ ਡੁਬਣੋ) ਬਚ ਜਾਂਦੇ ਹਨ। ਲਾਇ—ਲਾ ਕੇ। ਬੇੜਾ—ਜਹਾਜ਼। ਤੁਲਹੜਾ—ਸੋਹਣਾ ਤੁਲਹਾ। ਤੁਲਹਾ—ਕੱਖਾਂ ਕਾਨਿਆਂ ਆਦਿ ਦਾ ਬਣਾਇਆ ਨਦੀ ਪਾਰ ਹੋਣ ਲਈ ਇਕ ਮਾਮੂਲੀ ਪੂਲਾ ਜਿਹਾ। ਜਿਤੁ—ਜਿਸ ਵਿਚ। ਜਿਤੁ ਲਗਿ—ਜਿਸ ਵਿਚ ਚੜ੍ਹ ਕੇ।੪।

ਅਰਥ :

ਪ੍ਰ: ਹੇ ਗੁਰਦੇਵ ਜੀ! ਇਹ ਸੰਸਾਰ ਤੁਹਾਨੂੰ ਕਿਸ ਰੂਪ ਵਿਚ ਦ੍ਰਿਸ਼ਟੀ ਆਉਂਦਾ ਹੈ?

ਉ: ੧. ਹੇ ਭਾਈਓ ! ਅਸੀਂ ਤਾਂ ਵੇਖ ਰਹੇ ਹਾਂ ਕਿ ਇਹ ਸਾਰਾ ਹੀ ਸੰਸਾਰ ਮਾਇਆ ਦੇ ਤਿੰਨਾਂ ਗੁਣਾਂ ਵਿਚ ਵਿਆਪਿਆ ਹੋਇਆ, (ਭਾਵ ਫਸਿਆ ਹੋਇਆ ਹੈ)।

ਪ੍ਰ: ਇਹ ਸੋਝੀ ਤੁਹਾਨੂੰ ਕਿੱਥੋਂ ਪ੍ਰਾਪਤ ਹੋਈ ਹੈ ?

ਉ: ਹੇ ਭਾਈਓ ! ਇਹ ਗਿਆਨ ਗੁਰੂ ਬੁਝਾਉਂਦਾ ਹੈ, ਭਾਵ ਇਹ ਸੋਝੀ ਸਾਨੂੰ ਗੁਰਾਂ ਨੇ ਦਿੱਤੀ ਹੈ।

ਪ੍ਰ: ਹਜ਼ੂਰ ! ਇਨ੍ਹਾਂ ਤਿੰਨਾਂ ਗੁਣਾਂ ਤੋਂ ਛੁਟਕਾਰਾ ਕਿਵੇਂ ਹੋ ਸਕੇ ?

ਉ: ੨. ਹੇ ਭਾਈ ! ਇਨ੍ਹਾਂ ਤਿੰਨਾਂ ਗੁਣਾਂ ਤੋਂ ਰਾਮ ਨਾਮ ਵਿਚ ਲੱਗ ਕੇ ਛੁੱਟੀਦਾ ਹੈ। ਜੇ ਹੋਰ ਆਪਣੀ ਤਸੱਲੀ ਕਰਨਾ ਚਾਹੁੰਦੇ ਹੋ ਤਾਂ ਉਨ੍ਹਾਂ ਗਿਆਨੀਆਂ ਨੂੰ ਜਾ ਕੇ ਪੁੱਛ ਲਓ, ਜਿਨ੍ਹਾਂ ਨੂੰ ਕਿ ਆਤਮਕ ਜੀਵਨ ਦੀ ਸਮਝ ਆ ਗਈ ਹੈ।੧।

੩. ਹੇ ਮੇਰੇ ਮਨ ! (ਤੂੰ ਵੀ ਮਾਇਆ ਦੇ) ਤਿੰਨਾਂ ਗੁਣਾਂ ਦੇ ਪ੍ਰਭਾਵ ਨੂੰ ਛੱਡ ਦੇ ਤੇ ਉਸ ਚੌਥੀ ਅਵਸਥਾ ਵਿਚ ਟਿਕ ਜਾਹ, ਜਿੱਥੇ ਕਿ ਤਿੰਨਾਂ ਗੁਣਾਂ ਦਾ ਜ਼ੋਰ ਨਹੀਂ ਪੈ ਸਕਦਾ।

੪. ਹੇ ਭਾਈ ! ਤੂੰ ਸਦਾ ਹਰੀ ਦੇ ਗੁਣ ਗਾਉਂਦਾ ਰਹੁ, ਤਦ ਹੀ ਹਰਿ ਜੀ ਤੇਰੇ ਮਨ ਵਿਚ ਆ ਵਸੇਗਾ।ਰਹਾਉ।

੫. ਹੇ ਪਿਆਰਿਆ ! ਇਹ ਨਿਸ਼ਚਾ ਕਰ ਲੈ ਕਿ ਪਰਮੇਸ਼ਰ ਦੇ ਨਾਮ ਵਿਚ ਜੁੜ ਕੇ ਹੀ ਸਾਰੇ ਜੀਵ ਆਤਮਕ ਜੀਵਨ ਜੀਉ ਸਕਦੇ ਹਨ। ਯਾਦ ਰੱਖ, ਜਦੋਂ ਨਾਮ ਵਿਸਰ ਜਾਵੇ ਤਾਂ ਆਤਮਕ ਮੌਤੇ ਮਰ ਜਾਈਦਾ ਹੈ।

੬. ਹੇ ਪਿਆਰੇ ! ਇਹ ਸਾਰਾ ਜਗਤ ਅੰਨ੍ਹਾ ਹੈ, ਇਹ ਜੀਵ ਸਾਰੇ ਅਗਿਆਨ ਵਿਚ ਸੁੱਤੇ ਪਏ ਹੀ ਲੁੱਟੇ ਗਏ ਹਨ, (ਭਾਵ ਇਹ ਅਗਿਆਨ ਵਿਚ ਰਹਿ ਕੇ ਹੀ ਹਰੀ ਪ੍ਰਾਪਤੀ ਤੋਂ ਵਾਂਝੇ ਰਹੇ)।੨।

ਪ੍ਰ: ਹਜ਼ੂਰ ! ਕੀ ਇਸ ਸੰਸਾਰ ਤੋਂ ਕਿਸੇ ਦਾ ਵੀ ਪਾਰ ਉਤਾਰਾ ਨਹੀਂ ਹੋ ਸਕਿਆ ?

ਉ: ੭. ਹੇ ਪਿਆਰਿਓ ! ਜੋ ਗੁਰੂ ਦੁਆਰਾ ਇਸ ਨੀਂਦ ਤੋਂ ਜਾਗ ਪਏ ਹਨ, ਉਹ ਮਨੁੱਖ ਇਸ ਸੰਸਾਰ ਸਾਗਰੋਂ ਪਾਰ ਹੋ ਗਏ ਹਨ।

੮. (ਇਸ ਲਈ) ਐ ਪਿਆਰਿਓ ! ਇਸ ਜਗਤ ਵਿਚ ਮਨੁੱਖਾ ਜਨਮ ਧਾਰ ਕੇ ਆਉਣ ਦਾ ਇਹੋ ਹੀ ਲਾਭ ਹੈ ਕਿ ਹਰੀ ਦੇ ਨਾਮ ਦੀ ਪ੍ਰਾਪਤੀ ਕੀਤੀ ਜਾਵੇ, ਹਾਂ ਜੋ ਪ੍ਰਾਪਤੀ ਹਰੀ ਦੇ ਨਾਮ ਨੂੰ ਹਿਰਦੇ ਵਿਚ ਧਾਰੀ ਰੱਖਣ ਨਾਲ ਹੁੰਦੀ ਹੈ।੩।

੯. ਹੇ ਭਾਈ ! ਜਿਹੜੇ ਮਨੁੱਖਾਂ ਨੇ ਗੁਰੂ ਦੀ ਸ਼ਰਨ ਪੈ ਕੇ ਰਾਮ ਨਾਮ ਵਿਚ ਲਿਵ ਲਾਈ ਹੈ, ਉਹ (ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪੈਂਦੇ ਹਨ। ਉਹ (ਸੰਸਾਰ ਸਮੁੰਦਰ ਵਿਚ ਡੁਬਣੋਂ) ਬਚ ਜਾਂਦੇ ਹਨ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਪਰਮੇਸ਼ਰ ਦਾ ਨਾਮ ਹੀ ਜਹਾਜ਼ ਹੈ, ਨਾਮ ਹੀ ਤੁਲਹਾ ਹੈ, ਜਿਸ ਵਿਚ ਚੜ੍ਹ ਕੇ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ।੪।੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਮਨੁੱਖ ਦੇ ਇਸ ਸੰਸਾਰ ਸਮੁੰਦਰ ਵਿਚ ਫਸ ਜਾਣ ਦਾ ਕਾਰਣ ਤਿੰਨ ਗੁਣ ਦੱਸ ਰਹੇ ਹਨ, ਇਸ ਲਈ ਇਸ ਨੂੰ ਤਿਆਗੋ ਕਹਿ ਕੇ ਨਾਲ ਤਿਆਗਣ ਦੀ ਵਿਧੀ ਵੀ ਦੱਸ ਰਹੇ ਹਨ। ਵਿਧੀ ਹੈ ਸਾਈਂ ਜੀ ਦੇ ਨਾਮ ਦਾ ਸਿਮਰਨ, (ਕਿਉਂਕਿ) ਸਿਮਰਨ ਦੁਆਰਾ ਹੀ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨੂੰ ਸਹਿਜ ਅਵਸਥਾ ਕਿਹਾ ਜਾਂਦਾ ਹੈ।

ਸੋਰਠਿ ਮਹਲਾ ੩ ਘਰੁ ੧ ॥

੧. ਸਤਿਗੁਰੁ ਸੁਖ ਸਾਗਰੁ ਜਗ ਅੰਤਰਿ
ਹੋਰ ਥੈ ਸੁਖੁ ਨਾਹੀ ॥
੨. ਹਉਮੈ ਜਗਤੁ ਦੁਖਿ ਰੋਗਿ ਵਿਆਪਿਆ
ਮਰਿ ਜਨਮੈ ਰੋਵੈ ਧਾਹੀ ॥੧॥
੩. ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥
੪. ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ
ਨਾਹਿ ਤ ਜਾਹਿਗਾ ਜਨਮੁ ਗਵਾਇ ॥ ਰਹਾਉ ॥
੫. ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ
ਹਰਿ ਰਸ ਸਾਦੁ ਨ ਆਇਆ ॥
੬. ਸੰਧਿਆ ਤਰਪਣੁ ਕਰਹਿ ਗਾਇਤ੍ਰੀ
ਬਿਨੁ ਬੂਝੇ ਦੁਖੁ ਪਾਇਆ ॥੨॥
੭. ਸਤਿਗੁਰੁ ਸੇਵੇ ਸੋ ਵਡਭਾਗੀ
ਜਿਸ ਨੋ ਆਪਿ ਮਿਲਾਏ ॥
੮. ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ
ਵਿਚਹੁ ਆਪੁ ਗਵਾਏ ॥੩॥
੯. ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ
ਬਿਨੁ ਗੁਰ ਮਗੁ ਨ ਪਾਏ ॥
੧੦. ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ
ਘਰੈ ਅੰਦਰਿ ਸਚੁ ਪਾਏ ॥੪॥੧੦॥

ਪਦ ਅਰਥ : ਸੁਖ ਸਾਗਰੁ—ਸੁੱਖਾਂ ਦਾ ਸਮੁੰਦਰ। ਅੰਤਰਿ—ਵਿਚ। ਹੋਰ ਥੈ—ਕਿਸੇ ਹੋਰ ਥਾਂ ਵਿਚ। ਦੁਖਿ—ਦੁੱਖ ਵਿਚ। ਰੋਗਿ—ਰੋਗ ਵਿਚ। ਵਿਆਪਿਆ—ਗ੍ਰਸਿਆ ਹੋਇਆ। ਮਰਿ—ਮਰ ਕੇ। ਧਾਹੀ—ਧਾਹੀਂ, ਧਾਹਾਂ ਮਾਰ-ਮਾਰ ਕੇ।੧।

ਪ੍ਰਾਣੀ—ਹੇ ਬੰਦੇ ! ਸੇਵਿ—ਸੇਵਾ ਕਰ। ਗਵਾਇ—ਗਵਾ ਕੇ।ਰਹਾਉ।

ਧਾਤੁ—ਮਾਇਆ। ਕਰਮ—ਮਿੱਥੇ ਹੋਏ ਧਾਰਮਕ ਕੰਮ। ਕਮਾਵਹਿ—ਕਰਦੇ ਹਨ। ਸਾਦੁ—ਸੁਆਦ। ਸੰਧਿਆ—ਸਵੇਰੇ, ਦੁਪਹਿਰ ਤੇ ਸ਼ਾਮ ਦੀ ਪੂਜਾ। ਤਰਪਣੁ—ਪਿਤਰਾਂ ਤੇ ਦੇਵਤਿਆਂ ਨੂੰ ਜਲ ਭੇਟਾ ਕਰਨਾ।੨।

ਜਿਸ ਨੋ—ਜਿਸ ਨੂੰ। ਪੀ—ਪੀ ਕੇ। ਤ੍ਰਿਪਤ ਸੇ—ਰਜੇ ਰਹਿੰਦੇ ਹਨ। ਆਪੁ—ਆਪਾ-ਭਾਵ। ਗਵਾਏ—ਗਵਾਇ, ਗਵਾ ਕੇ।੩।

ਅੰਧੁ—ਅੰਨ੍ਹਿਆਂ ਵਾਲਾ ਕੰਮ। ਮਗੁ—ਰਸਤਾ। ਅਖੀ—(ਆਪਣੀਆਂ) ਅੱਖਾਂ ਨਾਲ। ਘਰੈ ਅੰਦਰਿ—ਘਰ ਹੀ ਵਿਚ। ਘਰ ਅੰਦਰਿ—ਘਰ ਵਿਚ। ਸਚੁ—ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਪਾਏ—ਲੱਭ ਲੈਂਦਾ ਹੈ।੪।

ਅਰਥ :

ਪ੍ਰ: ਹੇ ਦਿਆਲੂ ਜੀਉ! ਅਸੀਂ ਤਾਂ ਸੁੱਖਾਂ ਦੀ ਪ੍ਰਾਪਤੀ ਲਈ ਜਗਤ ਦੇ ਅਨੇਕਾਂ ਥਾਂ ਖੋਜ ਕਰ ਚੁੱਕੇ ਹਾਂ, ਸਾਨੂੰ ਤਾਂ ਸੁੱਖ ਕਿਤੋਂ ਭੀ ਨਹੀਂ ਮਿਲ ਸਕਿਆ; ਪਰ ਆਪ ਜੀ ਦਾ ਸੁੱਖ-ਪ੍ਰਾਪਤੀ ਲਈ ਕੀ ਤਜਰਬਾ ਹੈ?

ਉ: ੧. ਹੇ ਭਾਈਓ! ਅਸੀਂ ਤਾਂ ਇਹੋ ਤਜਰਬਾ ਕੀਤਾ ਹੈ ਕਿ ਸਾਰੇ ਜਗਤ ਵਿਚ ਇਕ ਸਤਿਗੁਰੂ ਜੀ ਹੀ ਸੁੱਖਾਂ ਦੇ ਸਮੁੰਦਰ ਹਨ, ਹੋਰ ਕਿਸੇ ਥਾਂ ਭੀ ਸੁੱਖ ਨਹੀਂ ਹੈ।

ਪ੍ਰ: ਹਜ਼ੂਰ! ਸਾਰੇ ਜਗਤ ਵਿਚ ਸੁੱਖ ਨਾ ਪ੍ਰਾਪਤੀ ਦਾ ਅਸਲ ਕਾਰਣ ਕੀ ਹੈ?

ਉ: ੨. ਹੇ ਪਿਆਰੇ! ਅਸਲ ਕਾਰਣ ਹੈ ਕਿ ਇਹ ਸਾਰਾ ਜਗਤ ਹਉਮੈ ਰੂਪੀ ਦੁੱਖ ਵਿਚ ਤੇ ਮੋਹ ਮਾਇਆ ਦੇ ਰੋਗ ਵਿਚ ਫਸਿਆ ਹੋਇਆ ਹੈ! ਇਹ ਮਰ-ਮਰ ਕੇ ਜੰਮਦਾ ਹੈ ਅਤੇ ਧਾਹਾਂ ਮਾਰ ਕੇ ਰੋਂਦਾ ਹੈ (ਇਸੀ ਕਰ ਕੇ ਇੱਥੋਂ ਸੁੱਖ ਨਹੀਂ ਲੱਭ ਸਕਦਾ।੧।

੩. (ਇਸ ਲਈ) ਐ ਮਨੁੱਖ! (ਤੂੰ) ਸਤਿਗੁਰੂ ਦੀ ਸੇਵਾ ਕਰ ਕੇ ਸੁੱਖ ਪਾ ਲੈ।

੪. (ਇਸ ਲਈ) ਐ ਮਿੱਤਰਾ! ਜੇ ਸਤਿਗੁਰੂ ਦੀ ਸੇਵਾ ਕਰੇਂਗਾ ਤਾਂ ਹੀ ਸੁੱਖ ਪਾਵੇਂਗਾ, (ਯਾਦ ਰੱਖ) ਨਹੀਂ ਤਾਂ ਤੂੰ ਇਹ ਆਪਣਾ ਅਮੋਲਕ ਜਨਮ ਬਿਰਥਾ ਗਵਾ ਜਾਏਂਗਾ।ਰਹਾਉ।

ਪ੍ਰ: ਕਿਉਂ ਜੀ! ਇਹ ਜੋ ਅਨੇਕਾਂ ਲੋਕ ਕਰਮ ਧਰਮ ਕਰਦੇ ਹਨ, ਕੀ ਇਨ੍ਹਾਂ ਨੂੰ ਨਾਮ ਰਸ ਦੀ ਪ੍ਰਾਪਤੀ ਨਹੀਂ ਹੋ ਸਕੇਗੀ?

ਉ: ੫. ਹੇ ਸੱਜਨਾ! ਕੋਈ ਮਨੁੱਖ ਭਾਵੇਂ ਤਿੰਨਾਂ ਗੁਣਾਂ ਵਾਲੀ ਭੱਜ ਦੌੜ ਕਰਨ ਵਾਲੇ ਬਹੁਤੇ ਕਰਮ ਵੀ ਕਰਦਾ ਹੈ, (ਪਰ ਯਾਦ ਰੱਖ) ਉਸ ਨੂੰ ਹਰੀ ਰਸ ਦਾ ਸੁਆਦ ਨਹੀਂ ਆਉਂਦਾ।

ਪ੍ਰ: ਹਜ਼ੂਰ! ਅਸੀਂ ਤਾਂ ਬਹੁਤ ਕਰਮ ਕਾਂਡੀ ਲੋਕਾਂ ਨੂੰ ਵੇਖਦੇ ਹਾਂ ਕਿ ਉਹ ਹਰ ਰੋਜ਼ ਨਿਯਮ ਨਾਲ ਸੰਧਿਆ ਕਰਦੇ ਹਨ, ਤਰਪਣ ਕਰਦੇ ਹਨ ਅਤੇ ਗਾਇਤ੍ਰੀ ਮੰਤਰ ਦਾ ਪਾਠ ਭੀ ਕਰਦੇ ਹਨ। ਕੀ ਉਨ੍ਹਾਂ ਨੂੰ ਆਪਣੇ ਸਰੂਪ ਦੀ ਸੋਝੀ ਨਹੀਂ ਹੋਵੇਗੀ?

ਉ: ੬. ਹੇ ਸੱਜਨੋ! ਉਹ ਲੋਕ ਭਾਵੇਂ ਤਿੰਨੇ ਵੇਲੇ ਸੰਧਿਆ ਪਾਠ ਕਰਦੇ ਹਨ, ਪਿਤਰਾਂ ਦੇਵਤਿਆਂ ਨੂੰ ਜਲ ਭੀ ਅਰਪਣ ਕਰਦੇ ਹਨ, ਗਾਇਤ੍ਰੀ-ਮੰਤਰ ਦਾ ਪਾਠ ਭੀ ਕਰਦੇ ਹਨ, ਪਰ ਆਪਣੇ ਸਰੂਪ ਦੀ ਸੋਝੀ ਤੋਂ ਸਖਣੇ ਹੋਣ ਕਰ ਕੇ ਉਨ੍ਹਾਂ ਨੂੰ ਦੁੱਖ ਹੀ ਮਿਲਦਾ ਹੈ।੨।

ਪ੍ਰ: ਹੇ ਗੁਰੋ! ਇਨ੍ਹਾਂ ਉਪਰ ਕਹੇ ਬੰਦਿਆਂ ਤੋਂ ਬਿਨਾ ਹੋਰ ਉਹ ਕਿਹੜੇ ਬੰਦੇ ਹਨ, ਜਿਨ੍ਹਾਂ ਨੂੰ ਤੁਸੀਂ ਵੱਡਭਾਗੀ ਕਹਿ ਸਕਦੇ ਹੋ?

ਉ: ੭. ਹੇ ਮਿੱਤਰੋ! ਅਸਲ ਵਿਚ ਉਹੋ ਬੰਦਾ ਵੱਡਭਾਗੀ ਹੈ, ਜੋ ਗੁਰੂ ਦੀ ਦੱਸੀ ਸੇਵਾ ਕਰਦਾ ਹੈ, (ਪਰ ਹਾਂ) ਗੁਰੂ ਵੀ ਉਸੇ ਨੂੰ ਮਿਲਦਾ ਹੈ, ਜਿਸ ਨੂੰ ਉਹ ਪ੍ਰਭੂ ਜੀ ਆਪ ਹੀ (ਕਿਰਪਾ ਕਰਕੇ) ਮਿਲਾ ਦੇਵੇ।

੮. ਹੇ ਭਾਈ! ਉਹ ਹਰੀ ਦੇ ਦਾਸ ਵੱਡਭਾਗੀ, ਹਰੀ ਰਸ ਪੀ ਕੇ ਸਦਾ ਹੀ ਤ੍ਰਿਪਤ ਰਹਿੰਦੇ ਹਨ, ਪਰ ਨਾਮ ਰਸ ਦੁਆਰਾ ਤ੍ਰਿਪਤੀ ਉਨ੍ਹਾਂ ਦਾਸਾਂ ਨੂੰ ਹੀ ਹੁੰਦੀ ਹੈ, ਜੋ ਪਹਿਲੋਂ ਵਿਚੋਂ ਆਪਾ-ਭਾਵ, (ਅਰਥਾਤ) ਹਉਮੈ ਨੂੰ ਵੀ ਗਵਾ ਲੈਂਦੇ ਹਨ।੩।

ਪ੍ਰ: ਹਜ਼ੂਰ! ਆਪ ਇਸ ਜਗਤ ਨੂੰ ਕਿਸ ਰੂਪ ਵਿਚ ਤੱਕਦੇ ਹੋ?

ਉ: ੯. ਹੇ ਭਾਈਓ! ਵੇਖੀਦਾ ਹੈ ਕਿ ਇਹ ਸਾਰਾ ਜਗਤ ਤਾਂ ਅੰਨ੍ਹਾ (ਭਾਵ ਅਗਿਆਨੀ ਹੈ)।

ਪ੍ਰ: ਕਿਉਂ ਜੀ! ਉਹ ਕਿਵੇਂ?

ਉ: ਹੇ ਪਿਆਰਿਓ! (ਇਹ ਸਾਰੇ ਦਾ ਸਾਰਾ ਜਗਤ) ਅਗਿਆਨਤਾ ਵਾਲੇ ਕੰਮ ਕਰਦਾ ਹੈ, (ਇਹੋ ਹੀ ਇਕ ਕਾਰਣ ਹੈ ਕਿ) ਇਹ ਜਗਤ ਗੁਰੂ ਤੋਂ ਬਿਨਾ ਕਲਿਆਣ ਪ੍ਰਾਪਤੀ ਦਾ ਰਸਤਾ ਹਾਸਲ ਨਹੀਂ ਕਰ ਸਕਦਾ।

ਪ੍ਰ: ਹਜ਼ੂਰ ਜੀ! (ਆਖ਼ਰ ਇਹ ਤਾਂ ਦੱਸੋ) ਕਿ ਸੱਚ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਉ: ੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜੇਕਰ ਸਤਿਗੁਰੂ ਜੀ ਮਿਲ ਪੈਣ, ਤਾਂ ਵਾਹਿਗੁਰੂ ਜੀ ਨੂੰ ਅੱਖਾਂ ਨਾਲ ਵੇਖ ਲਈਦਾ ਹੈ ਤੇ ਇਸ ਤਰ੍ਹਾਂ ਆਪਣੇ ਹਿਰਦੇ ਵਿਚ ਅੰਦਰ ਹੀ, ਸਦਾ ਕਾਇਮ ਰਹਿਣ ਵਾਲੇ ਪਰਮੇਸ਼ਰ ਨੂੰ ਲੱਭ ਲਈਦਾ ਹੈ।੪।੧੦।

ਭਾਵਾਰਥ : ਉਪ੍ਰੋਕਤ ਸ਼ਬਦ ਵਿਚ ਹਜ਼ੂਰ ਗੁਰੂ ਦੀ ਸੇਵਾ ਤੇ ਸੰਗਤ, ਗੁਰੂ ਤੋਂ ਨਾਮ ਪ੍ਰਾਪਤੀ ਦੁਆਰਾ ਆਤਮਕ ਸੁੱਖ ਪ੍ਰਾਪਤ ਹੁੰਦਾ ਦੱਸਦੇ ਹਨ ਅਤੇ ਮਿੱਥੇ ਹੋਏ ਕੀਤੇ ਕਰਮ ਸਾਰੇ ਮਾਇਕ ਪਕੜਾਂ ਵਿਚ ਹਨ, ਜੋ ਸੁੱਖ ਨਹੀਂ ਦੇਂਦੇ।

ਸੋਰਠਿ ਮਹਲਾ ੩ ॥

੧. ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ
ਜੁਗ ਚਾਰੇ ਭਰਮਾਈ ॥
੨. ਹਮ ਦੀਨ ਤੁਮ ਜੁਗੁ ਜੁਗੁ ਦਾਤੇ
ਸਬਦੇ ਦੇਹਿ ਬੁਝਾਈ ॥੧॥
੩. ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥
੪. ਸਤਿਗੁਰੁ ਦਾਤਾ ਮੇਲਿ ਮਿਲਾਵਹੁ
ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥
੫. ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ
ਪਾਇਆ ਨਾਮੁ ਅਪਾਰਾ ॥
੬. ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ
ਕਿਲਬਿਖ ਕਾਟਣਹਾਰਾ ॥੨॥
੭. ਸਬਦਿ ਮਰਹੁ ਫਿਰਿ ਜੀਵਹੁ ਸਦ ਹੀ
ਤਾ ਫਿਰਿ ਮਰਣੁ ਨ ਹੋਈ ॥
੮. ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ
ਸਬਦੇ ਪਾਵੈ ਕੋਈ ॥੩॥

੯. ਦਾਤੈ ਦਾਤਿ ਰਖੀ ਹਥਿ ਅਪਣੈ
ਜਿਸੁ ਭਾਵੈ ਤਿਸੁ ਦੇਈ ॥
੧੦. ਨਾਨਕ ਨਾਮਿ ਰਤੇ ਸੁਖੁ ਪਾਇਆ
ਦਰਗਹ ਜਾਪਹਿ ਸੇਈ ॥੪॥੧੧॥

ਪਦ ਅਰਥ : ਜੁਗ ਚਾਰੇ—ਚਹੁੰਆਂ ਜੁੱਗਾਂ ਵਿਚ। ਭਰਮਾਈ—ਭਟਕਦਾ ਹੈ। ਦੀਨ—ਕੰਗਾਲ, ਮੰਗਤੇ। ਸਬਦੇ—ਗੁਰੂ ਦੇ ਸ਼ਬਦ ਦੇ ਰਾਹੀਂ। ਦੇਹਿ—ਦੇਹਿ, ਤੂੰ ਦੇਂਦਾ ਹੈਂ। ਬੁਝਾਈ—ਸਮਝ।੧।

ਅਧਾਰੇ—ਆਸਰਾ।ਰਹਾਉ।

ਮਨਸਾ—ਵਾਸ਼ਨਾ ਤ੍ਰਿਸ਼ਨਾ ਆਦਿਕ ਮਨ ਦੀਆਂ ਮੰਗਾਂ। ਦੁਬਿਧਾ—ਡਾਵਾਂ ਡੋਲ ਹਾਲਤ। ਸਹਜਿ—ਆਤਮਕ ਅਡੋਲਤਾ ਵਿਚ। ਕਿਲਵਿਖ—ਪਾਪ। ਸਬਦਿ—ਸ਼ਬਦ ਦੇ ਰਾਹੀਂ। ਜੀਵਹੁ—ਆਤਮਕ ਜੀਵਨ ਹਾਸਲ ਕਰ ਲਓਗੇ। ਮਨਿ—ਮਨ ਵਿਚ।੩।

ਦਾਤੈ—ਦਾਤੇ ਨੇ। ਹਥਿ—ਹੱਥ ਵਿਚ। ਦੇਈ—ਦੇਂਦਾ ਹੈ। ਜਾਪਹਿ—ਜਾਪਦਾ ਹੈ, ਆਦਰ ਪਾਂਦੇ ਹਨ, ਪ੍ਰਗਟ ਹੁੰਦੇ ਹਨ।੪।੧੧।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਇਨ੍ਹਾਂ ਜੀਵਾਂ ਨੂੰ ਹਰ ਸਮੇਂ ਬਹੁਤਾ ਹੀ ਦੁੱਖ ਚੰਬੜਿਆ ਰਹਿੰਦਾ ਹੈ ਅਤੇ ਚੌਹਾਂ ਹੀ ਜੁੱਗਾਂ ਵਿਚ ਭਰਮਦੇ ਹਨ, ਇਹ ਕਿਉਂ ਹੋ ਰਿਹਾ ਹੈ ?

ਉ: ੧. ਹੇ ਭਾਈਓ! ਅਸਲ ਕਾਰਣ ਇਹੋ ਹੈ ਕਿ ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਇਨ੍ਹਾਂ ਜੀਵਾਂ ਨੂੰ) ਬਹੁਤਾ ਹੀ ਦੁੱਖ ਲੱਗਾ ਹੋਇਆ ਹੈ। ਇਕ (ਇਹੋ ਹੀ ਇਕ ਵੱਡਾ ਕਾਰਣ ਹੈ ਕਿ) ਜੀਵ ਅਨੇਕਾਂ ਜੂਨਾਂ ਅੰਦਰ, ਚੌਹਾਂ ਜੁੱਗਾਂ ਵਿਚ ਭਟਕਦਾ ਰਿਹਾ ਹੈ।

ਪ੍ਰ: ਹਜ਼ੂਰ! ਇਨ੍ਹਾਂ ਦੁੱਖਾਂ ਤੇ ਭਟਕਣਾ ਤੋਂ ਕਿਵੇਂ ਛੁਟਕਾਰਾ ਹੋ ਸਕੇ, ਕੋਈ ਯਤਨ ਦੱਸੋ।

ਉ: ੨. ਹੇ ਪਿਆਰੇ! ਇਕੋ ਯਤਨ ਅਰਦਾਸ ਹੈ, ਉਹ ਇਉਂ ਕਰਦੇ ਰਹੋ ਕਿ ਐ ਸਾਈਂ ਜੀ! ਅਸੀਂ ਗ਼ਰੀਬ ਹਾਂ, ਤੇਰੇ ਦਰ ਦੇ ਮੰਗਤੇ ਹਾਂ, ਤੂੰ ਸਦਾ ਹੀ (ਸਾਨੂੰ) ਦਾਤਾਂ ਦੇਣ ਵਾਲਾ ਹੈਂ। ਹੇ ਪ੍ਰਭੂ ਜੀ! ਮਿਹਰ ਕਰੋ (ਸਾਨੂੰ) ਗੁਰੂ ਦੇ ਸ਼ਬਦ ਵਿਚ ਜੋੜ ਕੇ ਆਤਮਕ ਜੀਵਨ ਦੀ ਸੋਝੀ ਦਿਓ।੧।

੩-੪. ਹੇ ਪਿਆਰੇ ਪ੍ਰਭੂ ਜੀ! (ਮੇਰੇ ਉੱਤੇ) ਮਿਹਰ ਕਰ। ਤੇਰੇ ਨਾਮ ਦੀ ਦਾਤ ਦੇਣ ਵਾਲਾ ਗੁਰੂ ਮੈਨੂੰ ਮਿਲਾ ਦਿਓ ਜੋ ਕਿ ਹਰੀ ਦਾ ਨਾਮ ਆਸਰਾ ਰੂਪ ਹੈ।ਰਹਾਉ।

ਪ੍ਰ: ਜਿਨ੍ਹਾਂ ਨੂੰ ਨਾਮ ਦੀ ਬਖ਼ਸ਼ਸ਼ ਹੋਈ ਹੈ, ਉਨ੍ਹਾਂ ਦੀ ਮਾਨਸਕ ਦਸ਼ਾ ਕੈਸੀ ਹੋ ਆਉਂਦੀ ਹੈ ?

ਉ: ੫. ਹੇ ਪਿਆਰੇ! ਜਿਨ੍ਹਾਂ ਨੇ ਗੁਰੂ ਤੋਂ ਅਪਾਰ ਨਾਮ ਦੀ ਦਾਤ ਪਾਈ ਹੈ, ਉਨ੍ਹਾਂ ਨੇ ਆਪਣੇ ਅੰਦਰੋਂ ਤ੍ਰਿਸ਼ਨਾ ਮਾਰ ਲਈ ਹੈ ਅਤੇ ਉਨ੍ਹਾਂ ਦੇ ਅੰਦਰੋਂ ਦ੍ਵੈਤ-ਭਾਵਨਾ ਵੀ ਸੁਭਾਵਕ ਹੀ ਸਮਾਪਤ ਹੋ ਗਈ ਹੈ।

੬. (ਕਿਉਂਕਿ) ਉਨ੍ਹਾਂ ਦਾ ਮਨ ਹਰੀ ਰਸ ਨੂੰ ਚੱਖ ਕੇ ਸ਼ੁੱਧ ਹੋ ਗਿਆ ਹੈ, ਇਹੋ ਹੀ ਹਰੀ ਰਸ ਪਾਪਾਂ ਨੂੰ ਕੱਟਣ ਵਾਲਾ ਹੈ।

ਪ੍ਰ: ਹਜ਼ੂਰ ਜੀਉ! ਕੋਈ ਐਸਾ ਸਾਧਨ ਦੱਸੋ, ਜਿਸ ਦੀ ਬਰਕਤ ਨਾਲ ਸਦੈਵੀ ਜੀਵਨ ਪ੍ਰਾਪਤ ਹੋ ਜਾਵੇ ?

ਉ: ੭. ਹੇ ਭਾਈਓ! ਜੇ ਤੁਸੀਂ ਗੁਰੂ ਦੇ ਸ਼ਬਦ ਵਿਚ ਜੁੜ ਕੇ ਮਰੋਗੇ, ਤਾਂ ਫਿਰ ਤੁਸੀਂ ਸਦਾ ਹੀ ਜੀਉਂਦੇ ਰਹੋਗੇ, ਫਿਰ ਕਦੀ ਮਰਨਾ ਨਹੀਂ ਹੋਵੇਗਾ।

੮. ਹੇ ਪਿਆਰੇ! ਨਾਮ ਅੰਮ੍ਰਿਤ ਜੋ ਸਦਾ ਮਨ ਵਿਚ ਮਿੱਠਾ ਲੱਗਦਾ ਹੈ, ਉਸ ਨੂੰ ਗੁਰੂ ਦੇ ਸ਼ਬਦ ਦੁਆਰਾ ਕੋਈ ਵਿਰਲਾ ਹੀ ਪਾਉਂਦਾ ਹੈ।

ਪ੍ਰ: ਕਿਉਂ ਜੀ! ਇਹ ਨਾਮ ਦੀ ਦਾਤ ਸਾਰੇ ਹੀ ਜੀਵਾਂ ਨੂੰ ਕਿਉਂ ਨਹੀਂ ਪ੍ਰਾਪਤ ਹੁੰਦੀ ?

ਉ: ੯. ਹੇ ਪਿਆਰੇ! ਇਸ ਦਾਤ ਦੀ ਪ੍ਰਾਪਤੀ ਕਿਸੇ ਜੀਵ ਦੇ ਆਪਣੇ ਹੱਥ ਵਿਚ ਨਹੀਂ। ਵਾਹਿਗੁਰੂ ਜੀ ਦਾਤੇ ਨੇ ਇਹ ਦਾਤ ਆਪਣੇ ਹੱਥ ਵਿਚ ਰੱਖੀ ਹੈ, ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਹੀ ਦਿੱਤੀ ਜਾਂਦੀ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਜੋ ਮਨੁੱਖ ਨਾਮ ਵਿਚ ਰਤੇ ਹੋਏ ਹਨ, ਉਨ੍ਹਾਂ ਨੇ ਹੀ ਏਥੇ ਸੁੱਖ ਪਾਇਆ ਹੈ ਅਤੇ ਉਹ ਰੱਬੀ ਦਰਬਾਰ ਵਿਚ ਵੀ ਪ੍ਰਵਾਨ ਹੋਏ ਦਿੱਸਦੇ ਹਨ।੪।੧੧।

ਭਾਵਾਰਥ : ਇਹ ਜਗਤ ਦੇ ਜੀਵ ਜੋ ਦਿਨੇ ਰਾਤ ਦੁਖੀਏ ਦਿੱਸਦੇ ਹਨ, ਇਹ ਸਤਿਗੁਰੂ ਦੀ ਸੇਵਾ ਤੋਂ ਸਖਣੇ ਹੋਣ ਕਰਕੇ ਹੀ ਦੁਖੀ ਵੇਖੀਦੇ ਹਨ। ਜੁੱਗਾਂ-ਜੁੱਗਾਂ ਵਿਚ ਜੂਨਾਂ ਅੰਦਰ ਭਟਕਣ ਦਾ ਭੀ ਇਹੋ ਹੀ ਇਕ ਕਾਰਣ ਹੈ। ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਇਕੋ ਗੁਰੂ ਦੇ ਚਰਨਾਂ ਵਿਚ ਅਰਦਾਸ ਕਰਨੀ ਬਣਦੀ ਹੈ, ਜਿਸ ਦੀ ਬਰਕਤ ਨਾਲ ਸ਼ਬਦ ਦੁਆਰਾ ਸਾਈਂ ਜੀ ਦਾ ਮਿਲਾਪ ਹੋ ਸਕਦਾ ਹੈ, ਪਰ ਮਿਲਾਪ ਗੁਰੂ ਜੀ ਦੀ ਦਿੱਤੀ ਨਾਮ ਦੀ ਦਾਤ ਦੁਆਰਾ ਹੀ ਹੋ ਸਕਦਾ ਹੈ।

ਸੋਰਠਿ ਮਹਲਾ ੩ ॥

੧. ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ
ਗਤਿ ਮਤਿ ਤਦ ਹੀ ਪਾਏ ॥
੨. ਹਰਿ ਕਾ ਨਾਮੁ ਸਚਾ ਮਨਿ ਵਸਿਆ
ਨਾਮੇ ਨਾਮਿ ਸਮਾਏ ॥੧॥
੩. ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥
੪. ਮਨਮੁਖਿ ਅੰਧਾ ਸਬਦੁ ਨ ਜਾਣੈ
ਝੂਠੈ ਭਰਮਿ ਭੁਲਾਨਾ ॥ ਰਹਾਉ ॥
੫. ਤ੍ਰੈ ਗੁਣ ਮਾਇਆ ਭਰਮਿ ਭੁਲਾਇਆ
ਹਉਮੈ ਬੰਧਨ ਕਮਾਏ ॥
੬. ਜੰਮਣੁ ਮਰਣੁ ਸਿਰ ਊਪਰਿ ਊਭਉ
ਗਰਭ ਜੋਨਿ ਦੁਖੁ ਪਾਏ ॥੨॥
੭. ਤ੍ਰੈ ਗੁਣ ਵਰਤਹਿ ਸਗਲ ਸੰਸਾਰਾ
ਹਉਮੈ ਵਿਚਿ ਪਤਿ ਖੋਈ ॥

੮. ਗੁਰਮੁਖਿ ਹੋਵੈ ਚਉਥਾ ਪਦੁ ਚੀਨੈ
ਰਾਮ ਨਾਮਿ ਸੁਖੁ ਹੋਈ ॥੩॥
੯. ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ
ਜੋ ਤੂ ਕਰਹਿ ਸੁ ਹੋਈ ॥
੧੦. ਨਾਨਕ ਰਾਮ ਨਾਮਿ ਨਿਸਤਾਰਾ
ਸਬਦੇ ਹਉਮੈ ਖੋਈ ॥੪॥੧੨॥

ਪਦ ਅਰਥ : ਸਹਜ ਧੁਨਿ—ਆਤਮਕ ਅਡੋਲਤਾ ਦੀ ਰੌਂ, ਸੁੱਤੇ ਹੀ ਆਤਮਾ ਨੂੰ ਆਪਣੇ ਆਤਮ ਰੰਗ ਵਿਚ ਰੱਖਣ ਵਾਲੀ ਲਗਾਤਾਰੀ ਅਵਸਥਾ ਜੋ ਧੁਨਿ ਵਾਂਗੂੰ ਸੰਗੀਤਕ ਤੇ ਲਗਾਤਾਰੀ ਅਵਿਰਲ ਤੁਰਦੀ ਹੈ। ਉਪਜੈ—ਪੈਦਾ ਹੋ ਜਾਂਦੀ ਹੈ। ਗਤਿ—ਮੁਕਤੀ। ਮਤਿ—ਸੋਝੀ, ਸਮਝ, ਬੂਝ, ਅਕਲ। ਤਦ ਹੀ—ਤਦੋਂ ਹੀ। ਮਨਿ—ਮਨ ਵਿਚ। ਨਾਮੇ ਨਾਮਿ—ਨਾਮ ਵਿਚ ਹੀ, ਨਾਮ ਵਿਚ, ਸਦਾ ਨਾਮ ਵਿਚ ਹੀ।੧।

ਬਉਰਾਨਾ—ਕਮਲਾ, ਝੱਲਾ। ਮਨਮੁਖਿ—ਆਪਣੇ ਮਨ ਦੇ ਪਿੱਛੇ ਤੁਰਨ ਵਾਲਾ। ਭਰਮਿ—ਭਟਕਣਾ ਵਿਚ।ਰਹਾਉ।

ਭੁਲਾਇਆ—ਕੁਰਾਹੇ ਪਿਆ ਰਹਿੰਦਾ ਹੈ। ਊਭਉ—ਖਲੋਤਾ ਹੋਇਆ।੨।

ਵਰਤਹਿ—ਪ੍ਰਭਾਵ ਪਾਈ ਰਖਦਾ ਹੈ। ਪਤਿ—ਇੱਜ਼ਤ। ਚਉਥਾ ਪਦੁ—ਉਹ ਆਤਮਕ ਦਰਜਾ ਜਿਥੇ ਮਾਇਆ ਦੇ ਤਿੰਨ ਗੁਣ ਆਪਣਾ ਅਸਰ ਨਹੀਂ ਪਾ ਸਕਦੇ। ਨਾਮਿ—ਨਾਮ ਦੇ ਰਾਹੀਂ।

ਸਭਿ—ਸਾਰੇ। ਆਪੇ—ਆਪ ਹੀ। ਨਿਸਤਾਰਾ—ਪਾਰ ਉਤਾਰਾ, ਪੂਰਨ ਖ਼ਲਾਸੀ।੪।

ਅਰਥ :

ਪ੍ਰ: ਹੇ ਗੁਰੋ! ਜਦੋਂ ਕੋਈ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਪੈਂਦਾ ਹੈ, ਤਾਂ ਇਸ ਦੇ ਅੰਤਰ ਆਤਮਾ ਵਿਚ ਕੀ ਬਦਲੀ ਆ ਜਾਂਦੀ ਹੈ?

ਉ: ੧. ਹੇ ਭਾਈਓ! ਜਦੋਂ ਵੀ ਕੋਈ ਮਨੁੱਖ ਗੁਰੂ ਦੀ ਸੇਵਾ ਕਰਦਾ ਹੈ, ਭਾਵ ਸ਼ਰਨ ਪ੍ਰਾਪਤ ਕਰਦਾ ਹੈ, ਤਾਂ ਉਸ ਦੇ ਅੰਦਰ ਸਹਿਜ ਧੁਨ ਉਪਜ ਆਉਂਦੀ ਹੈ, ਭਾਵ ਹੈ ਕਿ ਉਸ ਦੇ ਅੰਤਰ ਆਤਮਾ ਵਿਚ ਆਤਮਕ ਅਡੋਲਤਾ ਦੀ ਇਕ ਰੌ ਚਲ ਪੈਂਦੀ ਹੈ। ਤਦੋਂ ਹੀ ਸਿੱਖ (ਗੁਰੂ ਦੀ ਸ਼ਰਨ ਪੈ ਕੇ) ਮੁਕਤੀ ਵਾਲੀ ਸੋਝੀ ਹਾਸਲ ਕਰਦਾ ਹੈ।

੨. (ਤਦੋਂ ਹੀ ਜਾਣੋ) ਕਿ ਹਰੀ ਦਾ ਸੱਚਾ ਨਾਮ ਮਨ ਵਿਚ ਵਸਿਆ ਹੈ, ਇਸ ਤਰ੍ਹਾਂ ਸਿੱਖ ਨਾਮ ਦੁਆਰਾ (ਨਾਮੀ) ਵਾਹਿਗੁਰੂ ਵਿਚ ਸਮਾ ਜਾਂਦਾ ਹੈ।੧।

ਪ੍ਰ: ਹੇ ਗੁਰੋ! ਸਾਰਾ ਹੀ ਜਗਤ ਤਾਂ ਨਾਮ ਵਿਚ ਰਚਿਆ ਹੋਇਆ ਨਹੀਂ ਦਿਸਦਾ, ਪਰ ਨਾਮ ਤੋਂ ਸੱਖਣੇ ਜਗਤ ਨੂੰ ਤੁਸੀਂ ਕਿਸ ਨਜ਼ਰ ਨਾਲ ਵੇਖਦੇ ਹੋ?

ਉ: ੩. ਹੇ ਭਾਈਓ! ਸਤਿਗੁਰੂ ਦੁਆਰਾ ਨਾਮ ਪ੍ਰਾਪਤੀ ਤੋਂ ਸਖਣਾ ਸਾਰਾ ਹੀ ਜਗਤ (ਮਾਇਆ ਦੇ ਮੋਹ ਵਿਚ ਫਸਿਆ ਹੋਇਆ) ਝੱਲਾ, ਕਮਲਾ, ਸ਼ੁਦਾਈ ਹੋਇਆ ਫਿਰਦਾ ਹੈ।

੪. (ਕਿਉਂਕਿ) ਉਹ ਮਨਮੁਖ ਹੈ, ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਸ਼ਬਦ ਨੂੰ ਨਹੀਂ ਜਾਣਦਾ, ਝੂਠੇ ਭਰਮ ਵਿਚ ਭੁਲਿਆ ਹੋਇਆ ਫਿਰਦਾ ਹੈ।ਰਹਾਉ।

ਪ੍ਰ: ਹਜ਼ੂਰ! ਇਹ ਜਗਤ ਸ਼ਬਦ ਦੀ ਪਛਾਣ ਕਿਉਂ ਨਹੀਂ ਕਰਦਾ?

ਉ: ੫. ਹੇ ਭਾਈਓ! ਇਸ ਮਨੁੱਖ ਨੂੰ ਤ੍ਰੈ-ਗੁਣੀ ਮਾਇਆ ਨੇ ਭਟਕਣਾ ਵਿਚ ਪਾ ਛੱਡਿਆ ਹੈ, ਜਿਸ ਕਰ ਕੇ ਇਹ ਕੁਰਾਹੇ ਪਿਆ ਰਹਿੰਦਾ ਹੈ। ਹਉਮੈ ਦੇ ਕਾਰਣ ਮੋਹ ਦੇ ਬੰਧਨ ਵਧਾਣ ਵਾਲੇ ਕੰਮ ਹੀ ਕਰਦਾ ਹੈ। (ਇਸੀ ਕਰ ਕੇ ਇਸ ਨੂੰ ਸ਼ਬਦ ਦੀ ਪਛਾਣ ਨਹੀਂ ਹੋ ਸਕਦੀ)।

ਪ੍ਰ: ਕਿਉਂ ਜੀ! ਕੀ, ਇਸ ਹਉਮੈ ਦੇ ਬੰਧਨਾਂ ਵਿਚ ਬੰਧੇ ਹੋਏ ਨੂੰ ਕੋਈ ਸਜ਼ਾ ਵੀ ਮਿਲੇਗੀ?

ਉ: ੬. (ਹਾਂ ਜ਼ਰੂਰ!) ਹੇ ਮਿੱਤਰੋ! ਉਸ ਦੇ ਸਿਰ ਉਪਰ (ਸਦਾ ਹੀ) ਜੰਮਣਾ ਮਰਨਾ ਖੜਾ ਰਹਿੰਦਾ ਹੈ। ਉਹ ਗਰਭ ਜੋਨ ਵਿਚ (ਪੈ ਪੈ ਕੇ) (ਹਮੇਸ਼ਾਂ ਹੀ) ਦੁੱਖ ਪਾਉਂਦਾ ਹੈ।੨।

ਪ੍ਰ: ਹਜ਼ੂਰ! ਗਰਭ ਜੋਨ ਦੇ ਦੁੱਖ ਵਿਚ ਪੈਣ ਦਾ ਇਸ ਦਾ ਅਸਲ ਕਾਰਣ ਕੀ ਹੈ?

ਉ: ੭. ਹੇ ਭਰਾਵੋ! ਅਸੀਂ ਤਾਂ ਵੇਖਦੇ ਹਾਂ ਕਿ ਇਹ ਸਾਰਾ ਸੰਸਾਰ ਹੀ ਤ੍ਰੈ ਗੁਣਾਂ ਵਿਚ ਵਰਤ ਰਿਹਾ ਹੈ, ਭਾਵ ਤਿੰਨਾਂ ਗੁਣਾਂ ਦੇ ਪ੍ਰਭਾਵ ਹੇਠ ਦਬਿਆ ਹੋਇਆ ਹੈ ਅਤੇ ਹਉਮੈ ਵਿਚ (ਫਸਿਆ ਹੋਇਆ) ਇਹ ਆਪਣੀ ਇੱਜ਼ਤ ਗਵਾ ਰਿਹਾ ਹੈ।

ਪ੍ਰ: ਹਜ਼ੂਰ! ਇਸ ਜਗਤ ਵਿਚ ਜੀਵ ਨੂੰ ਸੁੱਖ ਕਿਵੇਂ ਪ੍ਰਾਪਤ ਹੋ ਸਕਦਾ ਹੈ?

ਉ: ੮. ਹੇ ਪਿਆਰਿਓ! ਜੇ ਕੋਈ ਗੁਰਮੁਖ ਹੋਵੇ, (ਅਰਥਾਤ ਗੁਰੂ ਤੋਂ ਨਾਮ ਲੈ ਕੇ ਗੁਰੂ ਦੀ ਆਗਿਆ ਵਿਚ ਤੁਰੇ) ਉਹ ਚਉਥੇ ਪਦ ਨੂੰ ਪਛਾਣੇਗਾ, ਉਸ ਨੂੰ ਰਾਮ ਨਾਮ ਦੁਆਰਾ ਸੁੱਖ ਪ੍ਰਾਪਤ ਹੋਵੇਗਾ।੩।

੯. (ਹੁਣ ਹਜ਼ੂਰ ਸਾਈਂ ਜੀ ਦੇ ਸਨਮੁਖ ਹੋ, ਸਾਈਂ ਨੂੰ ਸਰਵ ਵਿਆਪੀ ਸਮਝ ਕੇ ਉਚਾਰਨ ਕਰਦੇ ਹਨ) (ਹੇ ਵਾਹਿਗੁਰੂ) ਇਹ ਸਾਰੇ ਤ੍ਰੈਗੁਣ ਵੀ ਤੇਰੇ ਹੀ ਹਨ, ਸਭ ਕੁਝ ਦਾ ਕਰਤਾ ਤੂੰ ਆਪ ਹੈਂ, ਜੋ ਤੂੰ ਕਰਦਾ ਹੈਂ, ਉਹੋ ਹੀ ਹੁੰਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਉਚਾਰਨ ਕਰਦੇ ਹਨ ਕਿ ਐ ਪਿਆਰਿਓ! ਗੁਰੂ ਦੇ ਸ਼ਬਦ ਦੁਆਰਾ ਹਉਮੈ ਦੂਰ ਹੁੰਦੀ ਹੈ। ਇਸ ਤਰ੍ਹਾਂ ਹਉਮੈ ਤੋਂ ਰਹਿਤ ਹੋ ਨਾਮ ਜਪਣ ਦੀ ਬਰਕਤ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।੪।੧੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਾਰੰਸ਼ ਕਥਨ ਕਰਦੇ ਹਨ ਕਿ ਗੁਰੂ ਤੋਂ ਸਖਣਾ ਸਾਰਾ ਜਗਤ ਹੀ ਝੱਲਾ ਹੋਇਆ ਫਿਰਦਾ ਹੈ। ਸ਼ਬਦ ਤੋਂ ਸੱਖਣਾ ਮਨਮੁਖ ਇਸ ਝੂਠੇ ਭਰਮ ਵਿਚ ਭੁਲਾ ਹੋਇਆ ਅਗਿਆਨਤਾ ਵਿਚ ਅੰਨ੍ਹਾ ਹੋ ਰਿਹਾ ਹੈ। ਅੰਤ ਵਿਚ ਸਿਧਾਂਤ ਕਹਿੰਦੇ ਹਨ ਕਿ ਜਿਨ੍ਹਾਂ ਨੇ ਰਾਮ ਨਾਮ ਦਾ ਸਿਮਰਨ ਕਰਦਿਆਂ ਅੰਦਰੋਂ ਹਉਮੈ ਦਾ ਰੋਗ ਮਿਟਾ ਦਿੱਤਾ ਹੈ, ਉਨ੍ਹਾਂ ਦੀ ਜਨਮ ਮਰਨ ਵਲੋਂ ਖ਼ਲਾਸੀ ਹੋ ਗਈ।

ਸੋਰਠਿ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

੧. ਆਪੇ ਆਪਿ ਵਰਤਦਾ ਪਿਆਰਾ
ਆਪੇ ਆਪਿ ਅਪਾਹੁ ॥
੨. ਵਣਜਾਰਾ ਜਗੁ ਆਪਿ ਹੈ ਪਿਆਰਾ
ਆਪੇ ਸਾਚਾ ਸਾਹੁ ॥
੩. ਆਪੇ ਵਣਜੁ ਵਾਪਾਰੀਆ ਪਿਆਰਾ
ਆਪੇ ਸਚੁ ਵੇਸਾਹੁ ॥੧॥
੪. ਜਪਿ ਮਨ ਹਰਿ ਹਰਿ ਨਾਮੁ ਸਲਾਹ ॥
੫. ਗੁਰ ਕਿਰਪਾ ਤੇ ਪਾਈਐ ਪਿਆਰਾ
ਅੰਮ੍ਰਿਤੁ ਅਗਮ ਅਥਾਹ ॥ ਰਹਾਉ ॥
੬. ਆਪੇ ਸੁਣਿ ਸਭ ਵੇਖਦਾ ਪਿਆਰਾ
ਮੁਖਿ ਬੋਲੇ ਆਪਿ ਮੁਹਾਹੁ ॥
੭. ਆਪੇ ਉਝੜਿ ਪਾਇਦਾ ਪਿਆਰਾ
ਆਪਿ ਵਿਖਾਲੇ ਰਾਹੁ ॥
੮. ਆਪੇ ਹੀ ਸਭੁ ਆਪਿ ਹੈ ਪਿਆਰਾ
ਆਪੇ ਵੇਪਰਵਾਹੁ ॥੨॥
੯. ਆਪੇ ਆਪਿ ਉਪਾਇਦਾ ਪਿਆਰਾ
ਸਿਰਿ ਆਪੇ ਧੰਧੜੈ ਲਾਹੁ ॥
੧੦. ਆਪਿ ਕਰਾਏ ਸਾਖਤੀ ਪਿਆਰਾ
ਆਪਿ ਮਾਰੇ ਮਰਿ ਜਾਹੁ ॥
੧੧. ਆਪੇ ਪਤਣੁ ਪਾਤਣੀ ਪਿਆਰਾ
ਆਪੇ ਪਾਰਿ ਲੰਘਾਹੁ ॥੩॥
੧੨. ਆਪੇ ਸਾਗਰੁ ਬੋਹਿਥਾ ਪਿਆਰਾ
ਗੁਰੁ ਖੇਵਟੁ ਆਪਿ ਚਲਾਹੁ ॥
੧੩. ਆਪੇ ਹੀ ਚੜਿ ਲੰਘਦਾ ਪਿਆਰਾ
ਕਰਿ ਚੋਜ ਵੇਖੈ ਪਾਤਿਸਾਹੁ ॥
੧੪. ਆਪੇ ਆਪਿ ਦਇਆਲੁ ਹੈ ਪਿਆਰਾ
ਜਨ ਨਾਨਕ ਬਖਸਿ ਮਿਲਾਹੁ ॥੪॥੧॥

ਪਦ ਅਰਥ : ਆਪੇ—ਆਪ ਹੀ। ਵਰਤਦਾ—(ਹਰ ਥਾਂ) ਮੌਜੂਦ ਹੈ। ਅਪਾਹੁ—ਅ-ਪਹੁ, ਪਾਹ ਤੋਂ ਰਹਿਤ, ਨਿਰਲੇਪ। ਸਾਚਾ—ਸਦਾ ਕਾਇਮ ਰਹਿਣ ਵਾਲਾ। ਸਾਹੁ—ਸ਼ਾਹੂਕਾਰ, ਵਣਜਾਰਿਆਂ ਨੂੰ ਰਾਸ ਦੇਣ ਵਾਲਾ। ਸਚੁ—ਸਦਾ-ਥਿਰ। ਵੇਸਾਹੁ—ਰਾਸਿ, ਪੂੰਜੀ, ਸਰਮਾਇਆ।੧।

ਮਨ—ਹੇ ਮਨ! ਸਲਾਹ—ਸਿਫ਼ਤਿ-ਸਾਲਾਹ। ਤੇ—ਤੋਂ, ਦੀ ਰਾਹੀਂ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ। ਅਗਮ—ਅਪਹੁੰਚ। ਅਥਾਹ—ਜਿਸ ਦੀ ਹੋਂਦ ਦੀ ਡੂੰਘਾਈ ਨਹੀਂ ਲੱਭੀ ਜਾ ਸਕਦੀ।ਰਹਾਉ।

ਸੁਣਿ—ਸੁਣ ਕੇ। ਵੇਖਦਾ—ਸੰਭਾਲ ਕਰਦਾ ਹੈ। ਮੁਖਿ—ਮੂੰਹ ਤੋਂ। ਮੁਹਾਹੁ—ਮੋਹ ਲੈਣ ਵਾਲਾ ਬੋਲ, ਮਿੱਠਾ ਬੋਲ। ਉਝੜਿ—ਗ਼ਲਤ ਰਸਤੇ 'ਤੇ। ਸਭੁ—ਹਰ ਥਾਂ।੨।

ਸਿਰਿ—ਸਿਰਿ ਸਿਰਿ, ਹਰੇਕ ਦੇ ਸਿਰ ਉੱਤੇ। ਧੰਧੜੈ—ਧੰਧੇ ਵਿਚ। ਲਾਹੁ—ਲਾਂਦਾ ਹੈ। ਸਾਖਤੀ—ਬਣਤਰ, ਰਚਨਾ। ਮਰਿ ਜਾਹੁ—ਮਰ ਜਾਂਦਾ ਹੈ। ਪਾਤਣੀ—ਪਤਣ ਦਾ ਮਲਾਹ।੩।

ਸਾਗਰੁ—ਸਮੁੰਦਰ। ਬੋਹਿਥਾ—ਜਹਾਜ਼। ਖੇਵਟੁ—ਮਲਾਹ। ਚੜਿ—(ਜਹਾਜ਼ ਵਿਚ) ਚੜ੍ਹ ਕੇ। ਚੋਜ—ਕੌਤਕ ਤਮਾਸ਼ੇ। ਕਰਿ—ਕਰ ਕੇ। ਬਖਸਿ—ਬਖ਼ਸ਼ਸ਼ ਕਰ ਕੇ, ਦਇਆ ਕਰ ਕੇ।੪।

ਅਰਥ :

ਪ੍ਰ: ਹੇ ਗੁਰੋ! ਜਿਸ ਪ੍ਰਭੂ ਜੀ ਨੇ ਇਹ ਸਾਰੇ ਸੰਸਾਰ ਦੀ ਰਚਨਾ ਨੂੰ ਰਚਿਆ ਹੈ, ਕੀ ਉਸ ਦੇ ਰਹਿਣ ਦਾ ਕੋਈ ਇਕ ਖ਼ਾਸ ਟਿਕਾਣਾ ਹੈ?

ਉ: ੧. (ਨਹੀਂ) ਹੇ ਭਾਈ! ਉਹ ਪ੍ਰਭੂ ਆਪ ਹੀ ਹਰ ਥਾਂ ਮੌਜੂਦ ਹੈ, ਪਰ ਉਹ ਸਰਵ ਥਾਂ ਵਿਆਪਕ ਹੁੰਦਿਆਂ ਭੀ ਪ੍ਰਭੂ ਆਪ ਹੀ ਨਿਰਲੇਪ (ਭੀ) ਹੈ, ਭਾਵ ਉਸ ਦੇ ਰਹਿਣ ਲਈ ਕੋਈ ਇਕ ਟਿਕਾਣਾ ਨਹੀਂ, ਉਹ ਤਾਂ ਸਰਵ ਥਾਵਾਂ ਵਿਚ ਵਿਆਪਕ ਹੈ।

੨. ਉਹ ਪਿਆਰਾ (ਵਾਹਿਗੁਰੂ) ਆਪ ਹੀ ਸੱਚਾ ਸ਼ਾਹ ਹੈ ਤੇ ਆਪ ਹੀ ਜਗਤ ਰੂਪ ਵਣਜਾਰਾ ਹੈ।

੩. ਉਹ ਪਿਆਰਾ ਆਪ ਹੀ ਵਣਜ ਹੈ, ਆਪ ਹੀ ਵਪਾਰੀ ਹੈ, ਆਪੇ ਹੀ ਗੁਰੂ ਸ਼ਾਹ ਪਾਸੋਂ ਸੱਚੇ ਨਾਮ ਰੂਪੀ ਸੌਦੇ ਨੂੰ (ਵਿਸਾਹ) ਖ਼ਰੀਦਦਾ ਹੈ।੧।

੪. (ਇਸ ਲਈ) ਹੇ (ਮਨ) ਤੂੰ ਹਰੀ ਦਾ ਨਾਮ ਜਪ ਤੇ ਹਰੀ ਦੀ ਸਿਫ਼ਤਿ-ਸਾਲਾਹ ਕਰ।

੫. (ਹੇ ਭਾਈ) ਗੁਰੂ ਦੀ ਮਿਹਰ ਨਾਲ ਹੀ ਉਹ ਪਿਆਰਾ ਪ੍ਰਭੂ ਮਿਲ ਸਕਦਾ ਹੈ, ਜੋ ਕਿ ਅਮਰ ਆਤਮਕ ਜੀਵਨ ਦੇਣ ਵਾਲਾ ਹੈ, ਜੋ ਅਪਹੁੰਚ ਹੈ ਤੇ ਜੋ ਬਹੁਤ ਡੂੰਘਾ ਹੈ।ਰਹਾਉ।

੬. ਉਹ ਪਿਆਰਾ ਪ੍ਰਭੂ ਆਪੇ ਸਭ ਕੁਝ ਵੇਖਦਾ ਹੈ, ਆਪੇ ਸਭ ਸੁਣਦਾ ਹੈ ਅਤੇ ਸਾਰਿਆਂ ਦੇ ਮੂੰਹਾਂ ਦੁਆਰਾ ਆਪ ਹੀ ਮਾਨੋ ਮੁਖੋਂ ਬੋਲਦਾ ਹੈ।

੭. ਉਹ ਪਿਆਰਾ ਆਪੇ ਕੁਰਾਹੇ ਪਾਉਂਦਾ ਹੈ ਅਤੇ ਆਪੇ ਹੀ ਜੀਵਾਂ ਨੂੰ ਜ਼ਿੰਦਗੀ ਦਾ ਸਹੀ ਰਸਤਾ ਦਿਖਾਲਦਾ ਹੈ।

੮. ਹੇ ਭਾਈਓ! ਸਭ ਕੁਝ ਪਿਆਰਾ ਆਪ ਹੀ ਆਪ ਹੈ, ਫਿਰ ਆਪੇ ਹੀ ਵੇਪ੍ਰਵਾਹ ਹੈ।੨।

੯. ਉਹ ਆਪੇ ਹੀ ਪਿਆਰਾ ਸਭ ਜੀਵਾਂ ਨੂੰ ਪੈਦਾ ਕਰਦਾ ਹੈ, ਆਪੇ ਹੀ ਸਾਰੇ ਜੀਵਾਂ ਨੂੰ ਮਾਇਆ ਦੇ ਆਹਰ ਕੰਮਾਂ ਵਿਚ ਲਾਉਂਦਾ ਹੈ।

੧੦. ਉਹ ਪ੍ਰਭੂ ਆਪ ਹੀ ਜੀਵਾਂ ਦੀ ਬਣਤਰ ਬਣਾਂਦਾ ਹੈ, ਆਪ ਹੀ ਮਾਰਦਾ ਹੈ, ਤਾਂ ਉਸ ਦਾ ਪੈਦਾ ਕੀਤਾ ਜੀਵ ਮਰ ਜਾਂਦਾ ਹੈ।

੧੧. ਉਹ ਪਿਆਰਾ ਪ੍ਰਭੂ ਆਪ ਵੈਰਾਗ ਰੂਪ ਪੱਤਣ ਘਾਟ ਹੈ,

ਆਪ ਹੀ ਪਾਤਣੀ ਮਲਾਹ ਵੈਰਾਗਵਾਨ ਗੁਰੂ ਰੂਪ ਹੈ, ਆਪ ਹੀ ਪਾਰ ਲੰਘਣ ਵਾਲਾ ਜਗਿਆਸੂ ਰੂਪ ਹੈ ਤੇ ਪਾਰ ਲੰਘਾਉਣ ਵਾਲਾ ਗੁਰੂ ਰੂਪ ਮਲਾਹ ਹੈ।੩।

੧੨. ਉਹ ਪਿਆਰਾ ਆਪ ਹੀ (ਸੰਸਾਰ ਰੂਪ) ਸਮੁੰਦਰ ਹੈ, ਆਪ ਹੀ ਨਾਮ ਰੂਪ ਜਹਾਜ਼ ਹੈ ਤੇ ਆਪ ਹੀ ਗੁਰੂ ਰੂਪ ਮਲਾਹ ਹੋ ਕੇ ਜਹਾਜ਼ ਨੂੰ ਤੋਰਦਾ ਹੈ।

੧੩. ਆਪੇ ਹੀ ਸਿੱਖ ਹੋ ਕੇ ਇਸ ਜਹਾਜ਼ ਉੱਤੇ ਚੜ੍ਹ ਕੇ ਪਿਆਰਾ ਪਾਰ ਹੁੰਦਾ ਹੈ, ਇਸ ਤਰ੍ਹਾਂ ਉਹ ਪਿਆਰਾ ਚੋਜ ਕਰ-ਕਰ ਕੇ ਵੇਖਦਾ ਹੈ।

੧੪. ਉਹ ਪਿਆਰਾ ਆਪਣੇ ਆਪ ਦਿਆਲੂ ਹੈ, ਜੋ ਬਖ਼ਸ਼ਸ਼ ਕਰ ਕੇ ਮਿਲਾ ਲੈਂਦਾ ਹੈ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ।੪।੧।

ਭਾਵਾਰਥ : ਇਸ ਸੰਸਾਰ ਦੀ ਰਚਨਾ ਨੂੰ ਰਚਨ ਵਾਲਾ ਨਿਰੰਕਾਰ ਹਰ ਥਾਂ ਮੌਜੂਦ ਹੈ, ਪਰ ਉਹ ਜਿਸ ਉੱਤੇ ਮਿਹਰ ਦੀ ਨਜ਼ਰ ਕਰਦਾ ਹੈ, ਉਸ ਨੂੰ ਦਿਆਲੂ ਆਪਣੇ ਨਾਲ ਮੇਲ ਲੈਂਦਾ ਹੈ।

ਸੋਰਠਿ ਮਹਲਾ ੪ ਚਉਥਾ ॥

੧. ਆਪੇ ਅੰਡਜ ਜੇਰਜ ਸੇਤਜ ਉਤਭੁਜ
ਆਪੇ ਖੰਡ ਆਪੇ ਸਭ ਲੋਇ ॥
੨. ਆਪੇ ਸੂਤੁ ਆਪੇ ਬਹੁ ਮਣੀਆ
ਕਰਿ ਸਕਤੀ ਜਗਤੁ ਪਰੋਇ ॥
੩. ਆਪੇ ਹੀ ਸੂਤਧਾਰੁ ਹੈ ਪਿਆਰਾ
ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥
੪. ਮੇਰੇ ਮਨ ਮੈ ਹਰਿ ਬਿਨੁ ਅਵਰੁ ਨ ਕੋਇ ॥
੫. ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ
ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ ਰਹਾਉ ॥
੬. ਆਪੇ ਜਲ ਥਲਿ ਸਭਤੁ ਹੈ ਪਿਆਰਾ
ਪ੍ਰਭੁ ਆਪੇ ਕਰੇ ਸੁ ਹੋਇ ॥
੭. ਸਭਨਾ ਰਿਜਕੁ ਸਮਾਹਦਾ ਪਿਆਰਾ
ਦੂਜਾ ਅਵਰੁ ਨ ਕੋਇ ॥
੮. ਆਪੇ ਖੇਲ ਖੇਲਾਇਦਾ ਪਿਆਰਾ
ਆਪੇ ਕਰੇ ਸੁ ਹੋਇ ॥੨॥
੯. ਆਪੇ ਹੀ ਆਪਿ ਨਿਰਮਲਾ ਪਿਆਰਾ
ਆਪੇ ਨਿਰਮਲ ਸੋਇ ॥
੧੦. ਆਪੇ ਕੀਮਤਿ ਪਾਇਦਾ ਪਿਆਰਾ
ਆਪੇ ਕਰੇ ਸੁ ਹੋਇ ॥
੧੧. ਆਪੇ ਅਲਖੁ ਨ ਲਖੀਐ ਪਿਆਰਾ
ਆਪਿ ਲਖਾਵੈ ਸੋਇ ॥੩॥
੧੨. ਆਪੇ ਗਹਿਰ ਗੰਭੀਰੁ ਹੈ ਪਿਆਰਾ
ਤਿਸੁ ਜੇਵਡੁ ਅਵਰੁ ਨ ਕੋਇ ॥
੧੩. ਸਭਿ ਘਟ ਆਪੇ ਭੋਗਵੈ ਪਿਆਰਾ
ਵਿਚਿ ਨਾਰੀ ਪੁਰਖ ਸਭੁ ਸੋਇ ॥
੧੪. ਨਾਨਕ ਗੁਪਤੁ ਵਰਤਦਾ ਪਿਆਰਾ
ਗੁਰਮੁਖਿ ਪਰਗਟੁ ਹੋਇ ॥੪॥੨॥

ਨੋਟ : ਮਹਲਾ ੪ ਦੇ ਨਾਲ ਅੱਖਰਾਂ ਵਿਚ ਚਉਥਾ ਕਰ ਕੇ ਵੀ ਲਿਖਿਆ ਹੈ, ਇਸ ਤੋਂ ਇਹ ਆਗਿਆ ਸਹੀ ਹੁੰਦੀ ਹੈ ਕਿ ਜਿੱਥੇ ਮਹਲੇ ਦੇ ਨਾਲ ਕੇਵਲ ਅੰਗ ੪ ਦਿੱਤਾ ਹੈ, ਉਥੇ ਵੀ ਮਹਲਾ ਚੌਥਾ ਪੜ੍ਹਨਾ ਹੈ, ਮਹਲਾ ਚਾਰ ਨਹੀਂ ਪੜ੍ਹਨਾ, ਇਸੀ ਤਰ੍ਹਾਂ ੧, ੨, ੩, ੪, ੫, ੯, ਅੰਕਾਂ ਦੀ ਥਾਵੇਂ ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਤੇ ਨੌਵਾਂ ਕਰ ਕੇ ਪੜ੍ਹਨਾ ਹੈ, ਇਸ ਦਾ ਭਾਵ ਹੈ—ਗੁਰੂ ਨਾਨਕ ਪਹਿਲਾ ਸਰੀਰ, ਦੂਜਾ ਸਰੀਰ, ਤੀਜਾ, ਚੌਥਾ, ਪੰਜਵਾਂ, ਨੌਵਾਂ ਸਰੀਰ ਆਦਿਕ।

ਪਦ ਅਰਥ : ਆਪੇ—ਆਪ ਹੀ। ਅੰਡਜ—ਅੰਡੇ ਤੋਂ ਪੈਦਾ ਹੋਣ ਵਾਲੀ ਸ਼੍ਰੇਣੀ। ਜੇਰਜ—ਜੇਉਰ ਤੋਂ ਪੈਦਾ ਹੋਣ ਵਾਲੀ। ਸੇਤਜ—ਸ੍ਵੇਤ—ਮੁੜਕੇ ਤੋਂ ਪੈਦਾ ਹੋਣ ਵਾਲੀ। ਉਤਭੁਜ—ਉੱਗਣ ਵਾਲੀ (ਬਨਸਪਤੀ)। ਖੰਡ—ਧਰਤੀ ਦੇ ਹਿੱਸੇ। ਲੋਇ—ਲੋਕ, ਭਵਨ। ਸੂਤੁ—ਧਾਗਾ। ਮਣੀਆ—ਮਣਕੇ (ਜੀਵ)। ਕਰਿ—ਕਰ ਕੇ। ਸਕਤੀ—ਤਾਕਤ। ਪਰੋਇ—ਪਰੋਂਦਾ ਹੈ। ਸੂਤਧਾਰੁ—ਧਾਗੇ ਨੂੰ ਆਪਣੇ ਹੱਥ ਵਿਚ ਫੜੀ ਰੱਖਣ ਵਾਲਾ। ਖਿੰਚੇ—ਖਿਚਦਾ ਹੈ। ਢਹਿ—ਢਹਿ ਕੇ।੧।

ਨਿਧਾਨੁ—ਖ਼ਜ਼ਾਨਾ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਜਲ। ਮੁਖਿ—ਮੂੰਹ ਵਿਚ। ਚੋਇ—ਚੋਂਦਾ ਹੈ।ਰਹਾਉ।

ਜਲਿ ਥਲਿ—ਜਲ ਵਿਚ, ਥਲ ਵਿਚ। ਸਭਤੁ—ਹਰ ਥਾਂ। ਸਮਾਹਦਾ—ਅਪੜਾਂਦਾ ਹੈ।੨।

ਗੰਭੀਰੁ—ਡੂੰਘੇ ਜਿਗਰੇ ਵਾਲਾ। ਤਿਸੁ ਜੇਵਡੁ—ਉਸ ਜਿਤਨਾ ਵੱਡਾ। ਸਭਿ—ਸਾਰੇ। ਗੁਰਮੁਖਿ—ਗੁਰੂ ਦੇ ਰਾਹੀਂ।੪।

ਅਰਥ :

ਪ੍ਰ: ਸ੍ਰੀ ਜੀਉ ! ਇਹ ਜੋ ਚਾਰੇ ਖਾਣੀਆਂ ਦੇ ਭਿੰਨ-ਭਿੰਨ ਜੀਵ ਜੰਤ ਨਜ਼ਰ ਆਉਂਦੇ ਹਨ, ਕੀ ਇਨ੍ਹਾਂ ਵਿਚ ਵੱਖੋ-ਵੱਖਰੀ ਸ਼ਕਤੀ ਕੰਮ ਕਰਦੀ ਹੈ ?

ਉ: ੧. (ਨਹੀਂ) ਐ ਭਾਈਓ ! ਉਹ ਪਿਆਰਾ ਪ੍ਰਭੂ ਆਪੇ ਅੰਡਜ, ਜੇਰਜ, ਸੇਤਜ, ਉਤਭੁਜ, ਚਾਰੇ ਖਾਣੀਆਂ ਹੈ, ਉਹ ਆਪੇ ਸਾਰੇ ਖੰਡ ਅਤੇ ਲੋਕ ਹੈ।

੨. ਆਪੇ ਹੀ ਪ੍ਰਾਣਾਂ ਰੂਪ ਸੂਤਰ ਹੈ, ਆਪੇ ਦੇਹਾਂ ਰੂਪ ਬਹੁਤ ਤਰ੍ਹਾਂ ਦੇ ਮਣਕੇ ਅਤੇ ਆਪਣੀ ਸ਼ਕਤੀ (ਚੇਤਨ ਸਤ੍ਹਾ) ਵਿਚ ਜਗਤ ਨੂੰ ਪਰੋ ਰਖਿਆ ਹੈ।

੩. ਉਹ ਆਪੇ ਹੀ ਪਿਆਰਾ ਸੂਤ ਫੜੀ ਰੱਖਣ ਵਾਲਾ ਹੈ, (ਜੇ) ਸੂਤ ਖਿੱਚ ਲਵੇ ਤਾਂ ਸੂਤਰ ਵਿਚ ਪ੍ਰੋਤਾ ਹੋਇਆ ਸਾਰਾ ਕੁਝ ਢਹਿ ਕੇ ਢੇਰੀ ਹੋ ਜਾਂਦਾ ਹੈ।੧।

੪. ਹੇ ਮੇਰੇ ਮਨ ! ਮੈਨੂੰ ਪਰਮੇਸ਼ਰ ਤੋਂ ਬਿਨਾ ਕਿਤੇ ਵੀ ਕੋਈ ਹੋਰ ਨਹੀਂ ਦਿੱਸਦਾ। (ਸੂਤਰ ਧਾਰ) ਅਰਥਾਤ ਕਰਤਾ ਤੇ ਕਾਦਰ ਨਹੀਂ ਦਿੱਸਦਾ।

੫. ਐ ਪਿਆਰੇ ! ਸਤਿਗੁਰੂ ਵਿਚ ਨਾਮ ਰੂਪੀ ਖ਼ਜ਼ਾਨਾ ਹੈ। ਜੇ

ਉਹ ਪਿਆਰਾ ਇਹ ਅੰਮ੍ਰਿਤ (ਸਾਡੇ) ਮੂੰਹ ਵਿਚ ਚੋਵੇ ਤਾਂ (ਇਹ ਸਾਰਾ ਸੰਸਾਰ) ਵਾਹਿਗੁਰੂ ਦਾ ਖੇਲ ਦਿੱਸ ਪੈਂਦਾ ਹੈ।੧।

੬. ਉਹ ਪਿਆਰਾ ਜਲ, ਥਲ ਸਭ ਥਾਵਾਂ ਵਿਚ ਆਪੇ ਹੀ ਹੈ, ਜੋ ਕੁਝ ਉਹ ਪਿਆਰਾ ਪ੍ਰਭੂ ਕਰੇ, ਉਹ ਕੁਝ ਹੁੰਦਾ ਹੈ।

੭. ਉਹ ਮੇਰਾ ਪਿਆਰਾ! ਆਪੇ ਹੀ ਸਾਰਿਆਂ ਨੂੰ ਰਿਜ਼ਕ ਪੁਚਾਉਂਦਾ ਹੈ, ਦੂਜਾ ਹੋਰ ਕੋਈ ਵੀ (ਰਾਜ਼ਕ) ਨਹੀਂ ਹੈ।

੮. ਆਪੇ ਹੀ ਉਹ ਪਿਆਰਾ ਜਗਤ ਨੂੰ ਖੇਲਾਂ ਖਿਲਾਉਂਦਾ ਹੈ, ਜੋ ਆਪੇ ਕਰੇ ਸੋ ਹੁੰਦਾ ਹੈ।੨।

੯. ਉਹ ਪਵਿੱਤਰ ਪ੍ਰਭੂ (ਹਰ ਥਾਂ) ਆਪ ਹੀ ਆਪ ਹੈ, ਉਹ ਆਪੇ ਹੀ ਪਵਿੱਤਰ ਸੋਭਾ ਦਾ ਮਾਲਕ ਹੈ।

੧੦. ਉਹ ਪਿਆਰਾ ਆਪੇ ਹੀ ਆਪ ਆਪਣੀ ਕੀਮਤ ਪਾਉਂਦਾ ਹੈ, ਅਰਥਾਤ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ, ਆਪੇ ਹੀ ਜੋ ਕੁਝ ਕਰੇ ਸੋ ਹੁੰਦਾ ਹੈ।

੧੧. ਪ੍ਰਭੂ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਅਦ੍ਰਿਸ਼ਟ ਹੈ, ਆਪਣੇ ਸਰੂਪ ਦੀ ਸਮਝ ਉਹ ਆਪ ਹੀ ਦੇਣ ਵਾਲਾ ਹੈ, ਅਰਥਾਤ ਜੇ ਲਖਾਉਣਾ ਹੋਵੇ ਤਾਂ ਉਹ ਆਪ ਹੀ ਆਪਣੇ ਆਪ ਨੂੰ ਲਖਾਉਂਦਾ ਹੈ।੩।

੧੨. ਹੇ ਭਾਈ! ਉਹ ਪਿਆਰਾ ਆਪੇ ਹੀ ਮਾਨੋ, ਇਕ ਬੇਅੰਤ ਡੂੰਘਾ ਸਮੁੰਦਰ ਹੈ ਤੇ ਉਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ।

੧੩. ਉਹ ਪਿਆਰਾ ਸਾਰੇ ਘਟਾਂ ਵਿਚ ਆਪ ਹੀ ਭੋਗਦਾ ਹੈ, ਨਾਰੀਆਂ ਤੇ ਪੁਰਖਾਂ ਸਭ ਵਿਚ ਉਹੋ ਹੈ।

੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਉਹ ਪ੍ਰਭੂ ਸਾਰੇ ਜਗਤ ਵਿਚ ਲੁਕਿਆ ਹੋਇਆ ਮੌਜੂਦ ਹੈ। ਗੁਰੂ ਦੀ ਸ਼ਰਨ ਪਿਆਂ ਉਸ ਦੀ ਸਰਵ ਵਿਆਪਕਤਾ ਦਾ ਪ੍ਰਕਾਸ਼ ਹੁੰਦਾ ਹੈ।੪।੨।

ਭਾਵਾਰਥ : ਇਸ ਸ਼ਬਦ ਵਿਚ ਵੀ ਪਿੱਛੇ ਚਲੇ ਆ ਰਹੇ ਪ੍ਰਕਰਣ ਦਾ ਭਾਵ ਹੀ ਚਲ ਰਿਹਾ ਹੈ ਕਿ ਉਹ ਪ੍ਰਭੂ ਹਰ ਥਾਂ ਵਿਆਪਕ ਸਰੂਪ ਹੈ।

ਸੋਰਠਿ ਮਹਲਾ ੪ ॥

੧. ਆਪੇ ਹੀ ਸਭੁ ਆਪਿ ਹੈ ਪਿਆਰਾ
ਆਪੇ ਥਾਪਿ ਉਥਾਪੈ ॥
੨. ਆਪੇ ਵੇਖਿ ਵਿਗਸਦਾ ਪਿਆਰਾ
ਕਰਿ ਚੋਜ ਵੇਖੈ ਪ੍ਰਭੁ ਆਪੈ ॥
੩. ਆਪੇ ਵਣਿ ਤਿਣਿ ਸਭਤੁ ਹੈ ਪਿਆਰਾ
ਆਪੇ ਗੁਰਮੁਖਿ ਜਾਪੈ ॥੧॥
੪. ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥
੫. ਅੰਮ੍ਰਿਤ ਨਾਮੁ ਮਹਾ ਰਸੁ ਮੀਠਾ
ਗੁਰ ਸਬਦੀ ਚਖਿ ਜਾਪੈ ॥ ਰਹਾਉ ॥
੬. ਆਪੇ ਤੀਰਥੁ ਤੁਲਹੜਾ ਪਿਆਰਾ
ਆਪਿ ਤਰੈ ਪ੍ਰਭੁ ਆਪੈ ॥
੭. ਆਪੇ ਜਾਲੁ ਵਤਾਇਦਾ ਪਿਆਰਾ
ਸਭੁ ਜਗੁ ਮਛੁਲੀ ਹਰਿ ਆਪੈ ॥
੮. ਆਪਿ ਅਭੁਲੁ ਨ ਭੁਲਈ ਪਿਆਰਾ
ਅਵਰੁ ਨ ਦੂਜਾ ਜਾਪੈ ॥੨॥
੯. ਆਪੇ ਸਿੰਙੀ ਨਾਦੁ ਹੈ ਪਿਆਰਾ
ਧੁਨਿ ਆਪਿ ਵਜਾਏ ਆਪੈ ॥
੧੦. ਆਪੇ ਜੋਗੀ ਪੁਰਖੁ ਹੈ ਪਿਆਰਾ
ਆਪੇ ਹੀ ਤਪੁ ਤਾਪੈ ॥
੧੧. ਆਪੇ ਸਤਿਗੁਰੁ ਆਪਿ ਹੈ ਚੇਲਾ
ਉਪਦੇਸੁ ਕਰੈ ਪ੍ਰਭੁ ਆਪੈ ॥੩॥
੧੨. ਆਪੇ ਨਾਉ ਜਪਾਇਦਾ ਪਿਆਰਾ
ਆਪੇ ਹੀ ਜਪੁ ਜਾਪੈ ॥
੧੩. ਆਪੇ ਅੰਮ੍ਰਿਤੁ ਆਪਿ ਹੈ ਪਿਆਰਾ
ਆਪੇ ਹੀ ਰਸੁ ਆਪੈ ॥
੧੪. ਆਪੇ ਆਪਿ ਸਲਾਹਦਾ ਪਿਆਰਾ
ਜਨ ਨਾਨਕ ਹਰਿ ਰਸਿ ਧ੍ਰਾਪੈ ॥੪॥੩॥

ਪਦ ਅਰਥ : ਸਭੁ—ਹਰ ਥਾਂ। ਥਾਪਿ—ਪੈਦਾ ਕਰ ਕੇ। ਉਥਾਪੈ—ਨਾਸ ਕਰਦਾ ਹੈ। ਵੇਖਿ—ਵੇਖ ਕੇ। ਵਿਗਸਦਾ—ਖ਼ੁਸ਼ ਹੁੰਦਾ ਹੈ। ਕਰਿ—ਕਰ ਕੇ। ਚੋਜ—ਤਮਾਸ਼ੇ। ਆਪੈ—ਆਪਣੇ ਆਪ ਨੂੰ। ਵਣਿ—ਵਣ ਵਿਚ। ਤਿਣਿ—ਤ੍ਰਿਣ ਵਿਚ। ਸਭਤੁ—ਸਭ ਥਾਂ। ਗੁਰਮੁਖਿ—ਗੁਰਾਂ ਦੀ ਰਾਹੀਂ। ਜਾਪੈ—ਦਿੱਸਦਾ ਹੈ।੧।

ਰਸਿ—ਰਸ ਨਾਲ। ਧ੍ਰਾਪੈ—ਰਜ ਜਾਂਦਾ ਹੈ। ਚਖਿ—ਚੱਖ ਕੇ। ਜਾਪੈ—ਮਲੂਮ ਹੁੰਦਾ ਹੈ।ਰਹਾਉ।

ਆਪੇ—ਆਪ ਹੀ। ਤੀਰਥੁ—ਦਰਿਆ ਦਾ ਕੰਢਾ। ਤੁਲਹੜਾ—ਦਰਿਆ ਤੋਂ ਪਾਰ ਲੰਘਣ ਲਈ ਲੱਕੜ ਬੰਨ੍ਹ ਕੇ ਬਣਾਇਆ ਹੋਇਆ ਗੱਠਾ। ਵਤਾਇਦਾ—ਖਿਲਾਰਦਾ ਹੈ।੨।

ਨਾਦੁ—(ਸਿੰਙੀ ਦੀ) ਆਵਾਜ਼। ਧੁਨਿ—ਸੁਰ। ਤਾਪੈ—ਤਪਦਾ ਹੈ।੩।

ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਰਸੁ—ਰਸ ਨਾਲ। ਧ੍ਰਾਪੈ—ਰਜਦਾ ਹੈ।੪।

ਅਰਥ :

ਪ੍ਰ: ਹਜ਼ੂਰ! ਕੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੀ ਅਤੇ ਨਾਸ ਕਰਨ ਵਾਲੀ ਭਿੰਨ-ਭਿੰਨ ਸ਼ਕਤੀ ਹੈ?

ਉ: ੧. (ਨਹੀਂ) ਹੇ ਭਾਈਓ! ਉਹ ਪਿਆਰਾ ਸਭ ਕੁਝ ਆਪ ਹੀ ਆਪ ਹੈ। ਆਪ ਹੀ ਸਭ ਕੁਝ ਬਣਾਉਂਦਾ ਹੈ ਅਤੇ ਆਪ ਹੀ ਢਾਹੁੰਦਾ ਹੈ।

੨. ਉਹ ਪਿਆਰਾ ਆਪ ਹੀ ਇਸ ਜਗਤ ਦੀ ਰਚਨਾ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ। ਕੌਤਕ ਤਮਾਸ਼ੇ ਰਚ ਕੇ ਵੇਖਦਾ ਹੈ, ਆਪਣੇ ਆਪ ਨੂੰ ਹੀ ਵੇਖਦਾ ਹੈ।

੩. ਉਹ ਪਿਆਰਾ ਪ੍ਰਭੂ! ਆਪੇ ਹੀ (ਹਰੇਕ) ਬਨ ਵਿਚ (ਹਰੇਕ)

ਤੀਲੇ ਵਿਚ ਹਰ ਥਾਂ ਮੌਜੂਦ ਹੈ। ਗੁਰੂ ਦੀ ਸ਼ਰਨ ਪਿਆਂ ਉਹ ਪ੍ਰਭੂ ਦਿੱਸ ਪੈਂਦਾ ਹੈ।੧।

੪. ਹੇ ਮੇਰੇ ਮਨ! ਹਰੀ ਹਰਿ ਨਾਮ ਨੂੰ ਜਪ, ਭਾਵ ਵਾਹਿਗੁਰੂ ਨੂੰ ਜਪਣਾ ਕਰ। ਜਿਸ ਹਰੀ ਦੇ ਨਾਮ ਰਸ ਨਾਲ ਤੂੰ ਤ੍ਰਿਪਤ ਹੋ ਜਾਵੇਂ।

੫. ਉਹ ਨਾਮ ਅੰਮ੍ਰਿਤ ਹੈ, ਉਸ ਦਾ ਰਸ ਬਹੁਤ ਹੀ ਮਿੱਠਾ ਹੈ, ਪਰ ਗੁਰਾਂ ਦੇ ਸ਼ਬਦ ਦੁਆਰਾ ਚਖੀਏ ਤਾਂ ਉਸ ਦੀ ਸੋਝੀ ਪੈਂਦੀ ਹੈ।ਰਹਾਉ।

੬. ਉਹ ਆਪੇ ਹੀ ਪਿਆਰਾ ਤੀਰਥ ਹੈ, ਆਪੇ ਹੀ ਤੁਲਹਾ ਹੈ, ਹਾਂ ਉਹ ਪ੍ਰਭੂ ਆਪ ਹੀ ਤਰਦਾ ਹੈ।

੭. ਉਹ ਪਿਆਰਾ ਆਪੇ ਹੀ ਮੋਹ ਰੂਪ ਜਾਲ ਸੁੱਟਦਾ ਹੈ। ਸਾਰਾ ਜਗਤ ਮੱਛਲੀ ਰੂਪ ਵੀ ਹਰੀ ਆਪ ਹੈ।

੮. ਹੇ ਮਿੱਤਰਾ! ਵੇਖ, ਫਿਰ ਉਹ ਆਪ ਅਭੁੱਲ ਹੈ, ਕਦੇ ਭੁੱਲਦਾ ਨਹੀਂ। ਹੋਰ ਕੋਈ ਦੂਜਾ ਉਸ ਵਰਗਾ ਅਭੁੱਲ ਨਹੀਂ ਦਿੱਸਦਾ।੨।

੯. ਉਹ ਪਿਆਰਾ ਆਪੇ ਹੀ ਜੋਗੀ ਦੀ ਵਜਾਣ ਵਾਲੀ ਸਿੰਙੀ ਹੈ। ਆਪੇ ਹੀ ਉਸ ਸਿੰਙੀ ਦੀ ਅਵਾਜ਼ ਹੈ, ਆਪੇ ਹੀ ਸਿੰਙੀ ਦੀ ਸੁਰ ਵਜਾਂਦਾ ਹੈ ਤੇ ਆਪਣੇ ਆਪ ਨੂੰ ਹੀ ਵਜਾਂਦਾ ਹੈ।

੧੦. ਉਹ ਸਰਵ-ਵਿਆਪਕ ਪ੍ਰਭੂ ਆਪ ਹੀ ਜੋਗੀ ਹੈ, ਆਪੇ ਤਪ ਤਪਦਾ ਹੈ।

੧੧. ਉਹ ਪ੍ਰਭੂ ਆਪੇ ਹੀ ਸਤਿਗੁਰੂ ਹੈ, ਆਪ ਹੀ ਚੇਲਾ ਹੈ, ਉਪਦੇਸ਼ ਵੀ ਪ੍ਰਭੂ ਉਹ ਆਪ ਹੀ ਕਰਦਾ ਹੈ।੩।

੧੨. ਉਹ ਪਿਆਰਾ ਆਪੇ ਹੀ ਨਾਮ ਜਪਾਉਂਦਾ ਹੈ, ਆਪੇ ਹੀ ਨਾਮ ਨੂੰ ਜਪਦਾ ਹੈ।

੧੩. ਆਪ ਹੀ ਆਪ ਨਾਮ ਅੰਮ੍ਰਿਤ ਹੈ ਤੇ ਆਪ ਹੀ ਇਹ ਰਸ ਪੀਂਦਾ ਹੈ।

੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਉਹ ਆਪੇ ਹੀ (ਪ੍ਰੇਮੀ ਦੇ ਰੂਪ ਵਿਚ) ਸਿਫ਼ਤਿ-ਸਾਲਾਹ ਕਰਦਾ ਹੈ, ਆਪ ਹੀ ਹਰੀ ਦੇ ਰੂਪ ਵਿਚ ਉਸ ਰਸ ਨਾਲ ਤ੍ਰਿਪਤ ਹੁੰਦਾ ਹੈ।੪।੩।

ਭਾਵਾਰਥ : ਇਸ ਸ਼ਬਦ ਵਿਚ ਮਨ ਨੂੰ ਸੰਬੋਧਨ ਕਰਦੇ ਹਨ ਕਿ ਐ ਮਨਾ! ਤੂੰ ਹਰੀ ਹਰਿ ਦੇ ਨਾਮ ਦਾ ਚਿੰਤਨ ਕਰ, ਜਿਸ ਦੀ ਬਰਕਤ ਨਾਲ ਤੂੰ ਮਾਇਆ ਵਲੋਂ ਰਜ ਜਾਵੇਂਗਾ। ਜਦੋਂ ਤੇਰੀ ਨਾਮ ਦੁਆਰਾ ਤ੍ਰਿਪਤੀ ਹੋ ਗਈ ਤਾਂ ਤੈਨੂੰ ਸਾਰਿਆਂ ਹੀ ਥਾਵਾਂ ਵਿਚ ਇਕੋ ਹੀ ਪ੍ਰਭੂ ਵਿਆਪਕ ਨਜ਼ਰ ਆਵੇਗਾ।

ਸੋਰਠਿ ਮਹਲਾ ੪ ॥

੧. ਆਪੇ ਕੰਡਾ ਆਪਿ ਤਰਾਜੀ
ਪ੍ਰਭਿ ਆਪੇ ਤੋਲਿ ਤੋਲਾਇਆ ॥
੨. ਆਪੇ ਸਾਹੁ ਆਪੇ ਵਣਜਾਰਾ
ਆਪੇ ਵਣਜੁ ਕਰਾਇਆ ॥
੩. ਆਪੇ ਧਰਤੀ ਸਾਜੀਅਨੁ ਪਿਆਰੈ
ਪਿਛੈ ਟੰਕੁ ਚੜਾਇਆ ॥੧॥
੪. ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥
੫. ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ
ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥
੬. ਆਪੇ ਧਰਤੀ ਆਪਿ ਜਲੁ ਪਿਆਰਾ
ਆਪੇ ਕਰੇ ਕਰਾਇਆ ॥
੭. ਆਪੇ ਹੁਕਮਿ ਵਰਤਦਾ ਪਿਆਰਾ
ਜਲੁ ਮਾਟੀ ਬੰਧਿ ਰਖਾਇਆ ॥
੮. ਆਪੇ ਹੀ ਭਉ ਪਾਇਦਾ ਪਿਆਰਾ
ਬੰਨਿ ਬਕਰੀ ਸੀਹੁ ਹਢਾਇਆ ॥੨॥
੯. ਆਪੇ ਕਾਸਟ ਆਪਿ ਹਰਿ ਪਿਆਰਾ
ਵਿਚਿ ਕਾਸਟ ਅਗਨਿ ਰਖਾਇਆ ॥
੧੦. ਆਪੇ ਹੀ ਆਪਿ ਵਰਤਦਾ ਪਿਆਰਾ
ਭੈ ਅਗਨਿ ਨ ਸਕੈ ਜਲਾਇਆ ॥
੧੧. ਆਪੇ ਮਾਰਿ ਜੀਵਾਇਦਾ ਪਿਆਰਾ
ਸਾਹ ਲੈਦੇ ਸਭਿ ਲਵਾਇਆ ॥੩॥
੧੨. ਆਪੇ ਤਾਣੁ ਦੀਬਾਣੁ ਹੈ ਪਿਆਰਾ
ਆਪੇ ਕਾਰੈ ਲਾਇਆ ॥
੧੩. ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ
ਜਿਉ ਹਰਿ ਪ੍ਰਭ ਮੇਰੇ ਭਾਇਆ ॥
੧੪. ਆਪੇ ਜੰਤੀ ਜੰਤੁ ਹੈ ਪਿਆਰਾ
ਜਨ ਨਾਨਕ ਵਜਹਿ ਵਜਾਇਆ ॥੪॥੪॥

ਪਦ ਅਰਥ : ਕੰਡਾ—ਤਰਾਜ਼ੂ ਦੀ ਉਪਰਲੀ ਵਿਚਕਾਰਲੀ ਸੂਈ, ਜਾਂ ਸਰਾਫ਼ ਲੋਕ ਆਪਣੇ ਸੋਨਾ ਚਾਂਦੀ ਤੋਲਣ ਵਾਲੀ ਛੋਟੀ ਤੱਕੜੀ ਨੂੰ ਕੰਡਾ ਆਖਦੇ ਹਨ। ਤਰਾਜੂ—ਤਕੜੀ। ਪ੍ਰਭਿ—ਪ੍ਰਭੂ ਨੇ। ਤੋਲਿ—ਤੋਲ ਨਾਲ, ਵੱਟੇ ਨਾਲ। ਸਾਹੁ—ਸ਼ਾਹ, ਸ਼ਾਹੂਕਾਰ। ਸਾਜੀਅਨੁ—ਉਸ (ਪ੍ਰਭੂ) ਨੇ ਸਾਜੀ ਹੈ। ਪਿਆਰੈ—ਪਿਆਰੇ (ਪ੍ਰਭੂ) ਨੇ। ਪਿਛੈ—ਤੱਕੜੀ ਦੇ ਪਿਛਲੇ ਛਾਬੇ ਵਿਚ। ਟੰਕੁ—ਚਾਰ ਮਾਸੇ ਦਾ ਵੱਟਾ।੧।

ਮਨ—ਹੇ ਮਨ! ਨਿਧਾਨੁ—ਖ਼ਜ਼ਾਨਾ। ਗੁਰਿ ਪੂਰੇ—ਪੂਰੇ ਗੁਰੂ ਨੇ।ਰਹਾਉ।

ਆਪੇ—ਆਪ ਹੀ। ਹੁਕਮਿ—ਹੁਕਮ ਦੀ ਰਾਹੀਂ। ਵਰਤਦਾ—ਮੌਜੂਦ ਹੈ। ਬੰਧਿ—ਬੰਨ੍ਹ ਕੇ। ਭਉ—ਡਰ। ਬੰਨਿ—ਬੰਨ੍ਹ ਕੇ। ਸੀਹੁ—ਸ਼ੇਰ (ਨੂੰ)। ਹਢਾਇਆ—ਫਿਰਾ ਰਿਹਾ ਹੈ।੨।

ਕਾਸਟ—ਕਾਠ, ਲੱਕੜ। ਭੈ—ਡਰ ਦੇ ਕਾਰਣ। ਅਗਨਿ—ਅੱਗ। ਮਾਰਿ—ਮਾਰ ਕੇ। ਸਭਿ—ਸਾਰੇ।੩।

ਤਾਣੁ—ਤਾਕਤ। ਦੀਬਾਣੁ—ਦਰਬਾਰ ਲਾਣ ਵਾਲਾ, ਹਾਕਮ। ਕਾਰੈ—ਕਾਰ ਵਿਚ। ਚਲੀਐ—ਚਲ ਸਕੀਦਾ ਹੈ। ਪਿਆਰੇ—ਹੇ ਪਿਆਰੇ (ਭਾਈ)! ਪ੍ਰਭੂ ਭਾਇਆ—ਪ੍ਰਭ ਨੂੰ ਚੰਗਾ ਲੱਗਦਾ ਹੈ। ਜੰਤੀ—ਵਾਜਾ ਵਜਾਣ ਵਾਲਾ। ਜੰਤੁ—ਵਾਜਾ। ਵਜਹਿ—ਵਜਦੇ ਹਨ।੪।

ਅਰਥ :

ਪ੍ਰ: ਹੇ ਗੁਰੋ! ਆਪ ਕਹਿੰਦੇ ਹੋ ਕਿ ਸਭ ਇਕੋ ਹੀ ਰੂਪ ਹੈ, ਪਰ ਜਦੋਂ ਅਸੀਂ ਸਾਹਮਣੇ ਤੱਕਦੇ ਹਾਂ, ਤਾਂ ਵੇਖੀਦਾ ਹੈ ਕਿ ਕੰਡਾ, ਤੱਕੜੀ, ਵੱਟਾ, ਇਹ ਸਭ ਵੱਖੋ-ਵੱਖਰੇ ਰੂਪ ਨਜ਼ਰ ਆਉਂਦੇ ਹਨ, ਇਹ ਕਿਉਂ ਹੈ?

ਉ: ੧. ਹੇ ਭਾਈ! ਇਹ ਸਭੋ ਕੁਝ ਦ੍ਰਿਸ਼ਟੀ ਵਿਚ ਭੇਦ ਹੋਣ ਕਾਰਣ ਭਿੰਨਤਾ ਨਜ਼ਰ ਆਉਂਦੀ ਹੈ, ਪਰ ਜਦੋਂ ਵਿਚਾਰ ਦ੍ਰਿਸ਼ਟੀ ਨਾਲ ਤਕੀਏ ਤਾਂ ਫਿਰ ਇਉਂ ਪ੍ਰਤੀਤ ਹੋਵੇਗਾ ਕਿ ਉਹ ਪ੍ਰਭੂ ਆਪੇ ਕੰਡਾ ਹੈ, ਆਪੇ ਤੱਕੜੀ ਹੈ, ਆਪੇ ਹੀ ਵੱਟੇ ਨਾਲ ਤੋਲਦਾ ਹੈ।

੨. ਆਪੇ ਹੀ ਸ਼ਾਹ ਹੈ, ਆਪ ਹੀ (ਉਨ੍ਹਾਂ ਅੱਗੇ) ਵਣਜਾਰਾ ਹੈ, ਆਪੇ ਹੀ ਵਿਚ ਹੋ ਕੇ ਸੌਦਾ ਕਰਾਉਂਦਾ ਹੈ।

੩. ਪਿਆਰੇ ਨੇ ਆਪੇ ਹੀ ਧਰਤੀ ਬਣਾਈ ਹੈ, ਪਿੱਛੇ (ਤਕੜੀ ਵਿਚ) ਚਾਰ ਮਾਸੇ ਦਾ ਤੋਲ ਚਾੜ੍ਹਿਆ ਹੈ। ਜਾਂ ਇਉਂ ਸਮਝੋ ਕਿ ਉਹ ਪਿਆਰਾ ਪ੍ਰਭੂ ਆਪੇ ਪ੍ਰੇਮ ਰੂਪ ਕੰਡਾ ਹੈ, ਆਪੇ ਬੁੱਧੀ ਰੂਪੀ ਤੱਕੜੀ ਹੈ, ਆਪੇ ਹੀ ਵਿਚਾਰ ਰੂਪ ਤੋਲਿ=ਵੱਟੇ ਨਾਲ ਤੋਲਾਇਆ=ਵਿਚਾਰ ਕਰਾਉਂਦਾ ਹੈ।

ਆਪੇ ਸਾਹੁ—ਗੁਰੂ ਰੂਪ ਹੈ, ਆਪੇ ਹੀ ਵਣਜਾਰਾ ਜਗਿਆਸੂ ਰੂਪ ਹੈ, ਆਪੇ ਹੀ ਜਗਿਆਸੂ ਨੂੰ ਗੁਰਾਂ ਪਾਸੋਂ ਨਾਮ ਰੂਪ ਸੌਦਾ ਕਰਵਾਉਂਦਾ ਹੈ।

ਪਿਆਰੇ ਪ੍ਰਭੂ ਨੇ ਆਪ ਹੀ ਚਾਰ ਤੱਤਾਂ ਰੂਪ ਟੰਕੁ=ਚਾਰ ਮਾਸੇ ਨੂੰ ਪਿੱਛੇ ਚਾੜ੍ਹ ਕੇ, ਭਾਵ ਚਾਰ ਤੱਤਾਂ ਨੂੰ ਰਚ ਕੇ ਉਨ੍ਹਾਂ ਦੁਆਰਾ ਫਿਰ ਆਪ ਹੀ ਧਰਤੀ ਦੀ ਸਾਜਣਾ ਕੀਤੀ ਹੈ।੧।

੪. (ਇਸ ਲਈ) ਹੇ ਮੇਰੇ ਮਨ! ਤੂੰ ਸਦਾ ਹੀ ਪਰਮੇਸ਼ਰ ਦਾ ਸਿਮਰਨ ਕਰ, (ਕਿਉਂਕਿ) ਜਿਸ ਕਿਸੇ ਨੇ ਵੀ ਸਿਮਰਿਆ, ਉਸੇ ਨੇ ਹੀ ਸੁੱਖ ਪਾਇਆ ਹੈ।

੫. ਹੇ ਪਿਆਰੇ! ਪਰਮੇਸ਼ਰ ਦਾ ਨਾਮ (ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ)। ਜਿਹੜਾ ਵੀ ਮਨੁੱਖ ਗੁਰੂ ਦੀ ਸ਼ਰਨ ਪਿਆ ਹੈ, ਪੂਰੇ ਗੁਰੂ ਨੇ ਉਸ ਨੂੰ ਪਰਮਾਤਮਾ ਦਾ ਨਾਮ ਮਿੱਠਾ ਲਗਵਾ ਦਿੱਤਾ ਹੈ।ਰਹਾਉ।

੬. ਉਹ ਪਿਆਰਾ ਆਪੇ ਹੀ ਧਰਤੀ ਹੈ, ਆਪੇ ਹੀ ਜਲ (ਭਾਵ ਸਮੁੰਦਰ ਹੈ), ਆਪੇ ਹੀ ਸਭ ਕੁਝ ਕਰਦਾ ਤੇ ਕਰਵਾਉਂਦਾ ਹੈ।

੭. ਆਪੇ ਹੀ ਆਪਣੇ ਹੁਕਮ ਅਨੁਸਾਰ ਹਰ ਥਾਂ ਕਾਰ ਚਲਾ ਰਿਹਾ ਹੈ, ਪਾਣੀ ਨੂੰ ਮਿੱਟੀ ਨਾਲ ਉਸ ਨੇ ਆਪਣੇ ਹੁਕਮ ਨਾਲ ਹੀ ਬੰਨ੍ਹ ਰਖਿਆ ਹੈ, ਪਾਣੀ ਮਿੱਟੀ ਨੂੰ ਰੋੜ੍ਹ ਨਹੀਂ ਸਕਦਾ, ਭਾਵ ਸਮੁੰਦਰ ਬਹੁਤ ਵੱਡਾ ਹੋਣ ਕਰ ਕੇ ਵੀ ਧਰਤੀ ਨੂੰ ਗਾਲ ਨਹੀਂ ਰਿਹਾ।

੮. ਉਹ ਆਪੇ ਹੀ ਪਿਆਰਾ ਆਪਣਾ ਡਰ ਪਾ ਦੇਂਦਾ ਹੈ। ਬੱਕਰੀ ਅਤੇ ਸ਼ੇਰ ਵਰਗੇ ਵਿਰੋਧੀਆਂ ਨੂੰ ਇਕੱਠੇ ਬੰਨ੍ਹ ਕੇ ਫਿਰਾਉਂਦਾ ਹੈ (ਜਿਵੇਂ ਕਿ ਧਰਤੀ ਦੇ ਧੁਰ ਅੰਦਰ ਅਗਨੀ ਹੈ ਤੇ ਧਰਤੀ ਦੇ ਦੁਆਲੇ ਪਾਣੀ ਹੈ, ਇਹ ਅਗਨੀ ਤੇ ਪਾਣੀ ਇਕੱਠੇ ਸੂਰਜ ਦੀ ਪ੍ਰਕਰਮਾ ਕਰਦੇ ਹਨ, ਆਪਸ ਵਿਚ ਇਕ ਦੂਜੇ ਨੂੰ ਤਬਾਹ ਨਹੀਂ ਕਰਦੇ)।੨।

੯. ਉਹ ਪਿਆਰਾ ਹਰੀ ਆਪ ਹੀ ਕਾਠ (ਲੱਕੜੀ) ਹੈ, ਆਪ ਹੀ ਕਾਠ ਵਿਚ ਅਗਨੀ ਨੂੰ ਰਖਿਆ ਹੋਇਆ ਹੈ।

੧੦. ਉਹ ਪਿਆਰਾ ਸਾਰੇ ਆਪ ਹੀ ਆਪ ਵਰਤਦਾ ਹੈ। ਉਸ ਦੇ ਭੈ ਕਰਕੇ ਅਗਨੀ ਲੱਕੜ ਨੂੰ ਸਾੜ ਨਹੀਂ ਸਕਦੀ।

੧੧. ਉਹ ਪਿਆਰਾ ਆਪੇ ਮਾਰ ਕੇ ਜੀਵਾਲਦਾ ਹੈ। ਸਾਰੇ ਉਸ ਦੇ ਲਵਾਏ ਲੈਂਦੇ ਹਨ, ਭਾਵ ਸਾਰੇ ਜੀਵ ਉਸੇ ਦੇ ਹੀ ਪ੍ਰੇਰੇ ਹੋਏ ਸਾਹ ਲੈਂਦੇ ਹਨ।੩।

੧੨. ਪਿਆਰਾ ਆਪ ਹੀ ਸ਼ਕਤੀ ਹੈ, ਆਪ ਹੀ ਦੀਬਾਣ=ਸ਼ਕਤੀ ਧਾਰਨ ਵਾਲਾ ਹੈ, ਆਪੇ ਹੀ ਸਭ ਕਿਸੇ ਨੂੰ ਉਸ ਨੇ ਕੰਮਾਂ 'ਤੇ ਲਾਇਆ ਹੋਇਆ ਹੈ।

੧੩. ਹੇ ਪਿਆਰੇ! ਜਿਵੇਂ ਉਹ ਪਿਆਰਾ ਆਪ ਚਲਾਉਂਦਾ ਹੈ, ਉਸੇ ਤਰ੍ਹਾਂ ਚਲੀਦਾ ਹੈ, ਜਿਵੇਂ ਕਿ ਮੇਰੇ ਹਰੀ ਪ੍ਰਭੂ ਨੂੰ ਚੰਗਾ ਲੱਗਦਾ ਹੈ।

੧੪. ਉਹ ਪਿਆਰਾ ਆਪੇ ਵਜਾਉਣ ਵਾਲਾ ਹੈ, (ਆਪੇ) ਵਾਜਾ ਹੈ। ਸਭ ਉਸੇ ਦੇ ਵਜਾਏ ਵਜਦੇ ਹਨ, ਦਾਸ ਨਾਨਕ ਇਉਂ ਆਖਦੇ ਹਨ।੪।੪।

ਭਾਵਾਰਥ : ਇਸ ਸ਼ਬਦ ਦੇ ਰਹਾਉ ਵਿਚ ਉਸੇ ਸਾਈਂ ਜੀ ਦੇ ਸਭ ਰੂਪ ਵਰਣਨ ਕਰਦੇ ਹਨ ਤੇ ਉਪਦੇਸ਼ ਦੇਂਦੇ ਹਨ ਕਿ ਐ ਪਿਆਰੇ! ਉਸੇ ਸਾਈਂ ਜੀ ਦਾ ਨਾਮ ਸਿਮਰਦੇ ਰਹੋ, ਜਿਸ ਦੀ ਬਰਕਤ ਨਾਲ ਸੁੱਖ ਮਿਲੇਗਾ, ਪਰ ਇਸ ਨਾਮ ਦੀ ਪ੍ਰਾਪਤੀ ਲਈ ਗੁਰੂ ਨੂੰ ਮਿਲੋ।

ਗੁਰੂ ਦੁਆਰਾ ਇਹ ਗਿਆਨ ਹੁੰਦਾ ਹੈ ਕਿ ਜੇ ਸਾਈਂ ਜੀ ਨਿਰੀ ਧਰਤੀ ਹੀ ਸਾਜਦੇ ਤਾਂ ਉਹ ਚੰਦਰਮਾ ਵਾਂਗੂੰ ਉਜਾੜ ਬੀਆਬਾਨ ਹੁੰਦੀ, ਜਿੱਥੇ ਨਾ ਪਉਣ ਹੈ, ਨਾ ਪਾਣੀ ਹੈ, ਨਾ ਜੀਵ ਜੰਤੂ ਹਨ। ਏਡੀ ਵੱਡੀ ਧਰਤੀ ਨੂੰ ਸਾਜ ਕੇ ਉਸ ਨੂੰ ਤੱਕੜੀ ਦੇ ਇਕ ਛਾਬੇ ਵਾਂਗੂੰ ਨਿਰਾਰਥਕ ਨਹੀਂ ਰਖਿਆ, ਉਸ ਉੱਤੇ ਚਾਰ ਤੱਤ ਪੈਦਾ ਕਰ ਦਿੱਤੇ—ਜਲ, ਅਗਨੀ, ਵਾਯੂ ਤੇ ਅਕਾਸ਼। ਇਨ੍ਹਾਂ ਨੇ ਧਰਤੀ ਨੂੰ ਜੀਵ ਜੰਤੂਆਂ ਵਾਲੀ ਸਫਲ ਧਰਤੀ ਬਣਾ ਦਿੱਤਾ। ਹੋਰ ਵੀ ਕਈ ਉਦਾਹਰਣ ਦੇ ਕੇ ਉਸ ਸਾਈਂ ਦੀ ਬੇਅੰਤਤਾ ਸਿੱਧ ਕੀਤੀ ਹੈ।

ਸੋਰਠਿ ਮਹਲਾ ੪ ॥

੧. ਆਪੇ ਸ੍ਰਿਸਟਿ ਉਪਾਇਦਾ ਪਿਆਰਾ
ਕਰਿ ਸੂਰਜੁ ਚੰਦੁ ਚਾਨਾਣੁ ॥
੨. ਆਪਿ ਨਿਤਾਣਿਆ ਤਾਣੁ ਹੈ ਪਿਆਰਾ
ਆਪਿ ਨਿਮਾਣਿਆ ਮਾਣੁ ॥
੩. ਆਪਿ ਦਇਆ ਕਰਿ ਰਖਦਾ ਪਿਆਰਾ
ਆਪੇ ਸੁਘੜੁ ਸੁਜਾਣੁ ॥੧॥
੪. ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ ॥
੫. ਸਤਸੰਗਤਿ ਮਿਲਿ ਧਿਆਇ ਤੂ ਹਰਿ ਹਰਿ
ਬਹੁੜਿ ਨ ਆਵਣ ਜਾਣੁ ॥ ਰਹਾਉ ॥
੬. ਆਪੇ ਹੀ ਗੁਣ ਵਰਤਦਾ ਪਿਆਰਾ
ਆਪੇ ਹੀ ਪਰਵਾਣੁ ॥

੭. ਆਪੇ ਬਖਸ ਕਰਾਇਦਾ ਪਿਆਰਾ
ਆਪੇ ਸਚੁ ਨੀਸਾਣੁ ॥
੮. ਆਪੇ ਹੁਕਮਿ ਵਰਤਦਾ ਪਿਆਰਾ
ਆਪੇ ਹੀ ਫੁਰਮਾਣੁ ॥੨॥
੯. ਆਪੇ ਭਗਤਿ ਭੰਡਾਰ ਹੈ ਪਿਆਰਾ
ਆਪੇ ਦੇਵੈ ਦਾਣੁ ॥
੧੦. ਆਪੇ ਸੇਵ ਕਰਾਇਦਾ ਪਿਆਰਾ
ਆਪਿ ਦਿਵਾਵੈ ਮਾਣੁ ॥
੧੧. ਆਪੇ ਤਾੜੀ ਲਾਇਦਾ ਪਿਆਰਾ
ਆਪੇ ਗੁਣੀ ਨਿਧਾਨੁ ॥੩॥
੧੨. ਆਪੇ ਵਡਾ ਆਪਿ ਹੈ ਪਿਆਰਾ
ਆਪੇ ਹੀ ਪਰਧਾਣੁ ॥
੧੩. ਆਪੇ ਕੀਮਤਿ ਪਾਇਦਾ ਪਿਆਰਾ
ਆਪੇ ਤੁਲੁ ਪਰਵਾਣੁ ॥
੧੪. ਆਪੇ ਅਤੁਲੁ ਤੁਲਾਇਦਾ ਪਿਆਰਾ
ਜਨ ਨਾਨਕ ਸਦ ਕੁਰਬਾਣੁ ॥੪॥੫॥

ਪਦ ਅਰਥ : ਕਰਿ—ਕਰ ਕੇ, ਬਣਾ ਕੇ। ਚਾਨਾਣੁ—ਚਾਨਣ। ਤਾਣੁ—ਸਹਾਰਾ, ਆਸਰਾ। ਸੁਘੜੁ—ਸੁਚੱਜੀ ਆਤਮਕ ਘਾੜਤ ਵਾਲਾ। ਸੁਜਾਣੁ—ਸਿਆਣਾ, ਸਭ ਦੇ ਦਿਲਾਂ ਦੀਆਂ ਜਾਨਣ ਵਾਲਾ।੧।

ਨੀਸਾਣੁ—ਜੀਵਨ ਸਫ਼ਰ ਵਿਚ ਰਾਹਦਾਰੀ ਕਰਨ ਵਾਲਾ।ਰਹਾਉ।

ਵਰਤਦਾ—ਵੰਡਦਾ। ਪਰਵਾਣੁ—ਕਬੂਲ ਕਰਦਾ ਹੈ। ਬਖਸ—ਬਖ਼ਸ਼ਸ਼। ਸਚੁ—ਸਦਾ ਕਾਇਮ ਰਹਿਣ ਵਾਲਾ। ਨੀਸਾਣੁ—ਨਿਸ਼ਾਨ, ਝੰਡਾ, ਚਾਨਣ ਮਨਾਰਾ। ਹੁਕਮਿ—ਹੁਕਮ ਅਨੁਸਾਰ। ਫੁਰਮਾਣੁ—ਹੁਕਮ।੨।

ਭੰਡਾਰ—ਖ਼ਜ਼ਾਨੇ। ਦਾਣੁ—ਦਾਨ, ਬਖ਼ਸ਼ੀਸ਼। ਮਾਣੁ—ਆਦਰ। ਤਾੜੀ—ਸਮਾਧੀ। ਗੁਣੀ ਨਿਧਾਨੁ—ਗੁਣਾਂ ਦਾ ਖ਼ਜ਼ਾਨਾ।੩।

ਪਰਧਾਣੁ—ਮੰਨਿਆ ਪ੍ਰਮੰਨਿਆ। ਤੁਲੁ—ਤਰਾਜ਼ੂ। ਪਰਵਾਣੁ—ਵੱਟਾ, ਅੰਦਾਜ਼ਾ ਪੈਮਾਨਾ।

ਅਰਥ :

ਪ੍ਰ: ਹਜ਼ੂਰ ਜੀ! ਛੇ ਸ਼ਾਸਤਰਾਂ ਵਿਚ ਸ੍ਰਿਸ਼ਟੀ ਪੈਦਾ ਹੋਣ ਦੇ ਭਿੰਨ-ਭਿੰਨ ਵਿਚਾਰ ਹਨ, ਪਰ ਗੁਰਮਤਿ ਵਿਚ ਸ੍ਰਿਸ਼ਟੀ ਪੈਦਾ ਹੋਣ ਦਾ ਕੀ ਖ਼ਿਆਲ ਹੈ?

ਉ: ੧. ਹੇ ਭਾਈਓ! ਅਸਲ ਗੱਲ ਤਾਂ ਇਹੋ ਹੀ ਹੈ ਕਿ ਉਹ ਪਿਆਰਾ ਆਪੇ ਸ੍ਰਿਸ਼ਟੀ ਪੈਦਾ ਕਰਦਾ ਹੈ ਅਤੇ ਇਸ ਸ੍ਰਿਸ਼ਟੀ ਨੂੰ ਸੂਰਜ, ਚੰਦ ਚਾਨਣਾ ਕਰਨ ਲਈ ਬਣਾਂਦਾ ਹੈ।

੨. ਉਹ ਹਰੀ ਆਪੇ ਹੀ ਨਿਤਾਣਿਆਂ ਦਾ ਤਾਣ ਹੈ, ਆਪੇ ਹੀ ਨਿਮਾਣਿਆਂ ਦਾ ਮਾਣ ਹੈ।

੩. ਆਪੇ ਹੀ ਉਹ ਦਇਆ ਕਰ ਕੇ ਰੱਖਿਆ ਕਰਦਾ ਹੈ ਅਤੇ ਉਹ ਆਪੇ ਹੀ ਹਰ ਤਰ੍ਹਾਂ ਪ੍ਰਵੀਨ ਹੈ। (ਆਪ ਹੀ ਉਹ ਸਭ ਕੁਝ ਚੰਗੀ ਤਰ੍ਹਾਂ ਜਾਨਣ ਵਾਲਾ ਹੈ)।

੪. (ਇਸ ਲਈ) ਹੇ ਮੇਰੇ ਮਨ! ਪਰਮੇਸ਼ਰ ਦਾ ਨਾਮ ਸਿਮਰਿਆ ਕਰ, (ਕਿਉਂਕਿ) ਨਾਮ ਦਾ ਸਿਮਰਨ ਹੀ ਜੀਵਨ ਸਫ਼ਰ ਵਾਸਤੇ ਰਾਹਦਾਰੀ ਹੈ।

ਪ੍ਰ: ਸ੍ਰੀ ਜੀਉ! ਸਿਮਰਨ ਕਰਨ ਲਈ ਕਿਹੜੀ ਥਾਂ ਹੈ, ਜਿੱਥੇ ਕਿ ਬੈਠ ਕੇ ਮੈਂ ਨਾਮ ਦਾ ਸਿਮਰਨ ਕਰਾਂ?

ਉ: ੫. ਹੇ ਸੱਜਨਾ! ਸਾਧ ਸੰਗਤ ਵਿਚ ਮਿਲ ਕੇ ਤੂੰ ਹਰਿ ਹਰਿ ਦਾ ਸਿਮਰਨ ਕਰ। ਇਸ ਤਰ੍ਹਾਂ ਫੇਰ ਤੇਰਾ ਜਨਮ ਮਰਣ ਨਹੀਂ ਹੋਵੇਗਾ।ਰਹਾਉ।

੬. ਹੇ ਭਾਈ! ਉਹ ਪਿਆਰਾ ਪ੍ਰਭੂ ਆਪੇ ਹੀ ਜੀਵਾਂ ਨੂੰ ਆਪਣੇ ਸ਼ੁਭ ਗੁਣਾਂ ਦੀ ਦਾਤ ਬਖ਼ਸ਼ਸ਼ ਕਰਦਾ ਹੈ, ਆਪੇ ਹੀ ਜੀਵਾਂ ਲਈ ਸਦਾ ਚਾਨਣ ਮੁਨਾਰਾ ਹੈ।

੭. ਉਹ ਆਪੇ ਹੀ ਪਿਆਰਾ ਬਖ਼ਸ਼ਸ਼ ਕਰਦਾ ਹੈ, ਆਪੇ ਹੀ ਸੱਚੇ ਹੋਣ ਦਾ ਚਿੰਨ੍ਹ ਪਾਉਂਦਾ ਹੈ।

੮. ਆਪੇ ਹੀ ਪਿਆਰਾ ਹੁਕਮ ਦੁਆਰਾ ਵਰਤਦਾ ਹੈ, ਆਪੇ ਹੀ ਫ਼ੁਰਮਾਣ=ਹੁਕਮ ਹੈ।੨।

੯. ਉਹ ਆਪੇ ਹੀ ਪਿਆਰਾ ਭਗਤੀ ਦਾ ਖ਼ਜ਼ਾਨਾ ਹੈ, ਆਪੇ ਹੀ ਉਹ ਭਗਤੀ ਦਾ ਦਾਨ ਦੇਂਦਾ ਹੈ।

੧੦. ਉਹ ਪਿਆਰਾ ਆਪੇ ਹੀ ਸੇਵਕਾਂ ਤੋਂ ਸੇਵਾ ਕਰਾਉਂਦਾ ਹੈ, ਉਨ੍ਹਾਂ ਨੂੰ ਆਪ ਹੀ ਮਾਣ, ਆਦਰ ਦਿਵਾਉਂਦਾ ਹੈ।

੧੧. ਉਹ ਪਿਆਰਾ ਆਪੇ ਹੀ ਸਮਾਧੀ ਲਾਉਂਦਾ ਹੈ, ਆਪੇ ਹੀ ਗੁਣਾਂ ਦਾ ਖ਼ਜ਼ਾਨਾ ਹੈ।੩।

੧੨. ਉਹ ਪਿਆਰਾ ਆਪ ਹੀ ਸਭ ਤੋਂ ਵੱਡਾ ਹੈ ਤੇ ਮੰਨਿਆ ਪ੍ਰਮੰਨਿਆ ਹੈ। ਆਪੇ ਹੀ ਸਰਵ ਸ਼੍ਰੋਮਣੀ ਹੈ।

੧੩. ਉਹ ਆਪੇ ਹੀ ਤੋਲ ਤੇ ਪੈਮਾਨਾ ਵਰਤ ਕੇ, ਆਪਣੇ ਪੈਦਾ ਕੀਤੇ ਜੀਵਾਂ ਦੇ ਜੀਵਨ ਦਾ ਮੁੱਲ ਪਾਉਂਦਾ ਹੈ।

੧੪. ਉਹ ਪ੍ਰਭੂ ਆਪ ਹੀ ਨਾ ਤੋਲੇ ਜਾ ਸਕਣ ਵਾਲੇ ਨੂੰ ਤੋਲਦਾ ਹੈ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੋ ਇੰਨੀ ਵੱਡੀ ਸਾਰੀ ਰਚਨਾ ਹੈ ਕਿ ਤੋਲੀ ਨਹੀਂ ਜਾ ਸਕਦੀ, ਉਸ ਨੂੰ ਜੋ ਵੀ ਤੋਲ ਸਕਣ ਵਾਲਾ ਹੈ, ਮੈਂ ਉਸ ਤੋਂ ਕੁਰਬਾਨ ਸਦਕੇ ਹਾਂ।੪।੫।

ਭਾਵਾਰਥ : ਇਸ ਸ਼ਬਦ ਦੇ ਰਹਾਉ ਵਿਚ ਆਪਣੇ ਮਨ ਨੂੰ ਸੰਬੋਧਨ ਕਰਦੇ ਹਨ ਕਿ ਤੂੰ ਉਸ ਦੇ ਨਾਮ ਨੂੰ ਸਾਧ-ਸੰਗਤ ਵਿਚ ਮਿਲ ਕੇ ਜਪ, ਜਿਸ ਦੀ ਬਰਕਤ ਨਾਲ ਤੂੰ ਮੁੜ ਜਨਮ ਮਰਣ ਵਿਚ ਨਹੀਂ ਆਵੇਂਗਾ।

ਸੋਰਠਿ ਮਹਲਾ ੪ ॥

੧. ਆਪੇ ਸੇਵਾ ਲਾਇਦਾ ਪਿਆਰਾ
ਆਪੇ ਭਗਤਿ ਉਮਾਹਾ ॥
੨. ਆਪੇ ਗੁਣ ਗਾਵਾਇਦਾ ਪਿਆਰਾ
ਆਪੇ ਸਬਦਿ ਸਮਾਹਾ ॥
੩. ਆਪੇ ਲੇਖਣਿ ਆਪਿ ਲਿਖਾਰੀ
ਆਪੇ ਲੇਖੁ ਲਿਖਾਹਾ ॥੧॥

੪. ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥
੫. ਅਨਦਿਨੁ ਅਨਦੁ ਹੋਵੈ ਵਡਭਾਗੀ
ਲੈ ਗੁਰਿ ਪੂਰੈ ਹਰਿ ਲਾਹਾ ॥ ਰਹਾਉ ॥
੬. ਆਪੇ ਗੋਪੀ ਕਾਨੁ ਹੈ ਪਿਆਰਾ
ਬਨਿ ਆਪੇ ਗਊ ਚਰਾਹਾ ॥
੭. ਆਪੇ ਸਾਵਲ ਸੁੰਦਰਾ ਪਿਆਰਾ
ਆਪੇ ਵੰਸੁ ਵਜਾਹਾ ॥
੮. ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ
ਕਰਿ ਬਾਲਕ ਰੂਪਿ ਪਚਾਹਾ ॥੨॥
੯. ਆਪਿ ਅਖਾੜਾ ਪਾਇਦਾ ਪਿਆਰਾ
ਕਰਿ ਵੇਖੈ ਆਪਿ ਚੋਜਾਹਾ ॥
੧੦. ਕਰਿ ਬਾਲਕ ਰੂਪ ਉਪਾਇਦਾ ਪਿਆਰਾ
ਚੰਡੂਰੁ ਕੰਸੁ ਕੇਸੁ ਮਾਰਾਹਾ ॥
੧੧. ਆਪੇ ਹੀ ਬਲੁ ਆਪਿ ਹੈ ਪਿਆਰਾ
ਬਲੁ ਭੰਨੈ ਮੂਰਖ ਮੁਗਧਾਹਾ ॥੩॥
੧੨. ਸਭੁ ਆਪੇ ਜਗਤੁ ਉਪਾਇਦਾ ਪਿਆਰਾ
ਵਸਿ ਆਪੇ ਜੁਗਤਿ ਹਥਾਹਾ ॥
੧੩. ਗਲਿ ਜੇਵੜੀ ਆਪੇ ਪਾਇਦਾ ਪਿਆਰਾ
ਜਿਉ ਪ੍ਰਭੁ ਖਿੰਚੈ ਤਿਉ ਜਾਹਾ ॥
੧੪. ਜੋ ਗਰਬੈ ਸੋ ਪਚਸੀ ਪਿਆਰੇ
ਜਪਿ ਨਾਨਕ ਭਗਤਿ ਸਮਾਹਾ ॥੪॥੬॥

ਪਦ ਅਰਥ : ਉਮਾਹਾ—ਉਤਸ਼ਾਹ। ਸਬਦਿ—ਸ਼ਬਦ ਵਿਚ। ਸਮਾਹਾ—ਲੀਨਤਾ, ਪੈਦਾ ਕਰਦਾ ਹੈ। ਲੇਖਣਿ—ਕਲਮ।੧।

ਉਮਾਹਾ—ਉਤਸ਼ਾਹ (ਨਾਲ)। ਅਨਦਿਨੁ—ਹਰ ਰੋਜ਼, ਹਰ ਵੇਲੇ। ਗੁਰਿ ਪੂਰੈ—ਪੂਰੇ ਗੁਰੂ ਦੇ ਰਾਹੀਂ।ਰਹਾਉ।

ਗੋਪੀ—ਗੁਆਲਿਆਂ ਦੀਆਂ ਇਸਤ੍ਰੀਆਂ। ਕਾਨੁ—ਕ੍ਰਿਸ਼ਨ। ਬਨਿ—ਜੰਗਲ ਵਿਚ, ਬਿੰਦ੍ਰਾਬਨ ਵਿਚ। ਸਾਵਲ ਸੁੰਦਰਾ—ਸਾਵਲੇ ਰੰਗ ਵਾਲਾ ਸੋਹਣਾ (ਕ੍ਰਿਸ਼ਨ)। ਵੰਸੁ—ਬੰਸਰੀ। ਕੁਵਲੀਆ ਪੀੜੁ—ਕੰਸ ਦਾ ਭੇਜਿਆ ਹੋਇਆ ਹਾਥੀ ਕ੍ਰਿਸ਼ਨ ਨੂੰ ਮਾਰਨ ਵਾਸਤੇ। ਰੂਪਿ—ਰੂਪ ਵਿਚ। ਪਚਾਹਾ—ਨਾਸ।੨।

ਅਖਾੜਾ—(ਜਗਤ) ਪਿੜ। ਚੋਜਾਹਾ—ਤਮਾਸ਼ੇ, ਖੇਡਾਂ। ਚੰਡੂਰੁ—ਕੰਸ ਦੇ ਪਹਿਲਵਾਨ ਦਾ ਨਾਮ। ਕੇਸੁ—ਕੇਸੀ। ਮੁਗਧਾਹਾ—ਮੂਰਖਾਂ ਦਾ।੩।

ਸਭੁ—ਸਾਰਾ। ਵਸਿ—ਵਸ ਵਿਚ। ਗਲਿ—ਗਲ ਵਿਚ। ਜੇਵੜੀ—ਰੱਸੀ। ਖਿੰਚੈ—ਖਿੱਚਦਾ ਹੈ। ਗਰਬੈ—ਹੰਕਾਰ ਕਰਦਾ ਹੈ। ਪਚਸੀ—ਨਾਸ ਹੋ ਜਾਏਗਾ।੪।

ਅਰਥ :

ਪ੍ਰ: ਕਿਉਂ ਜੀ! ਜਦ ਕਿ ਸੇਵਾ ਭਗਤੀ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ ਤਾਂ ਇਸ ਨੂੰ ਸਾਰੇ ਜੀਵ ਹੀ ਕਿਉਂ ਨਹੀਂ ਕਰਦੇ ?

ਉ: ੧. ਹੇ ਭਾਈਓ! ਇਹ ਕਿਸੇ ਦੇ ਆਪਣੇ ਵਸ ਦੀ ਗੱਲ ਨਹੀਂ। ਅਸਲ ਵਿਚ ਉਹ ਪਿਆਰਾ ਜੀਵਾਂ ਨੂੰ ਆਪੇ ਹੀ ਸੇਵਾ ਵਿਚ ਲਾ ਲੈਂਦਾ ਹੈ, ਆਪੇ ਹੀ ਉਹ ਭਗਤੀ ਦੀ ਉਛਾਲਾ ਦੇਂਦਾ ਹੈ।

੨. ਆਪੇ ਹੀ ਪਿਆਰਾ ਗੁਣਾਂ ਦਾ ਗਾਇਨ ਕਰਵਾਉਂਦਾ ਹੈ, ਆਪੇ ਹੀ ਸ਼ਬਦ ਵਿਚ ਸਮਾਇਆ ਹੋਇਆ ਹੈ।

੩. ਉਹ ਪ੍ਰਭੂ ਆਪੇ ਹੀ ਕਲਮ ਹੈ, ਆਪ ਹੀ ਕਲਮ ਚਲਾਣ ਵਾਲਾ ਹੈ ਤੇ ਆਪੇ ਹੀ ਜੀਵਾਂ ਦੇ ਮੱਥੇ ਉੱਤੇ ਭਗਤੀ ਦਾ ਲੇਖ ਲਿਖਦਾ ਹੈ।੧।

੪-੫. (ਇਸ ਲਈ) ਹੇ ਮੇਰੇ ਮਨ! ਪਰਮੇਸ਼ਰ ਦੇ ਨਾਮ ਨੂੰ ਚਾਉ ਨਾਲ ਜਪ। (ਤਾਂ ਜੋ) ਹੇ ਵੱਡਭਾਗੀ! ਤੈਨੂੰ ਹਰ ਰੋਜ਼ ਅਨੰਦ ਪ੍ਰਾਪਤ ਹੋਵੇ, ਸੋ ਪੂਰੇ ਗੁਰਾਂ ਦੁਆਰਾ ਹਰੀ ਦਾ ਨਾਮ ਲਾਹਾ ਲੈ।ਰਹਾਉ।

੬. ਹੇ ਪਿਆਰੇ! ਵੇਖ, ਪ੍ਰਭੂ ਹੀ ਗੋਪੀਆਂ ਹੈ, ਆਪ ਹੀ ਕ੍ਰਿਸ਼ਨ ਹੈ ਅਤੇ ਆਪ ਹੀ (ਬਿੰਦ੍ਰਾਬਨ) ਜੰਗਲ ਵਿਚ ਗਊਆਂ ਚਾਰਦਾ ਹੈ।

੭. ਪ੍ਰਭੂ ਆਪੇ ਹੀ ਸਾਂਵਲੇ ਰੰਗ ਵਾਲਾ ਸੋਹਣਾ ਕ੍ਰਿਸ਼ਨ ਹੈ, ਆਪ ਹੀ ਬੰਸਰੀ ਵਜਾਣ ਵਾਲਾ ਹੈ।

੮. ਉਹ ਪ੍ਰਭੂ ਆਪ ਹੀ ਬਾਲਕ ਰੂਪ (ਕ੍ਰਿਸ਼ਨ ਰੂਪ) ਵਿਚ (ਕੰਸ ਦੇ ਭੇਜੇ ਹੋਏ ਹਾਥੀ) ਕੁਵਲੀਆ ਪੀੜ ਨੂੰ ਨਾਸ ਕਰਨ ਵਾਲਾ ਹੈ।

੯. ਹੇ ਭਾਈ! ਪ੍ਰਭੂ ਆਪ ਹੀ ਇਸ ਜਗਤ ਦਾ ਅਖਾੜਾ ਬਨਾਣ ਵਾਲਾ ਹੈ, (ਇਸ ਜਗਤ ਅਖਾੜੇ ਵਿਚ) ਆਪ ਹੀ ਕੌਤਕ ਤਮਾਸ਼ੇ ਰਚ ਕੇ ਵੇਖ ਰਿਹਾ ਹੈ।

੧੦. ਆਪ ਹੀ ਪ੍ਰਭੂ ਬਾਲਕ ਰੂਪ ਕ੍ਰਿਸ਼ਨ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਉਸ ਪਾਸੋਂ ਚੰਡੂਰ ਕੇਸੀ ਅਤੇ ਕੰਸ ਨੂੰ ਮਰਵਾਣ ਵਾਲਾ ਹੈ।

੧੧. ਆਪੇ ਹੀ ਤਾਕਤ ਦੇਣ ਵਾਲਾ ਹੈ ਤੇ ਆਪੇ ਹੀ ਮੂਰਖਾਂ ਦੀ ਤਾਕਤ ਭੰਨ ਦੇਂਦਾ ਹੈ।੩।

੧੨. ਉਹ ਪਿਆਰਾ ਆਪੇ ਹੀ ਸਾਰਾ ਜਗਤ ਪੈਦਾ ਕਰਦਾ ਹੈ, ਜਗਤ ਨੂੰ ਆਪੇ ਹੀ ਆਪਣੇ ਵਸ ਵਿਚ ਰੱਖਦਾ ਹੈ। ਭਾਵ ਜੀਵਾਂ ਦੀ (ਜੀਵਨ ਜੁਗਤ) ਆਪਣੇ ਹੱਥ ਵਿਚ ਰੱਖਦਾ ਹੈ।

੧੩. ਉਹ ਪ੍ਰਭੂ ਆਪੇ ਹੀ ਜੀਵਾਂ ਦੇ ਗਲ ਵਿਚ ਰੱਸੀ ਪਾਉਂਦਾ ਹੈ। ਉਸ ਰੱਸੀ ਨੂੰ ਜਿਵੇਂ ਪ੍ਰਭੂ ਖਿੱਚਦਾ ਹੈ, ਤਿਵੇਂ ਹੀ ਜੀਵ ਜੀਵਨ ਰਾਹ 'ਤੇ ਤੁਰਦੇ ਹਨ।

੧੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜੋ ਵੀ ਹੰਕਾਰ ਕਰੇਗਾ, ਉਹ (ਜ਼ਰੂਰ ਹੀ) ਨਸ਼ਟ ਹੋਵੇਗਾ, ਪਰ ਜੋ ਪ੍ਰਭੂ ਨੂੰ ਜਪੇਗਾ, ਉਹ ਜਪ ਕੇ ਭਗਤੀ ਦੁਆਰਾ ਪ੍ਰਭੂ ਵਿਚ ਸਮਾ ਜਾਏਗਾ।੪।੬।

ਭਾਵਾਰਥ : ਸਾਰਿਆਂ ਰੂਪਾਂ ਰੰਗਾਂ ਤੇ ਸਰਵ ਥਾਵਾਂ ਵਿਚ ਵਸਣ ਵਾਲੇ ਵਿਆਪਕ ਸਰੂਪ ਨੂੰ ਜਪਣ ਦੀ ਪ੍ਰੇਰਣਾ ਕਰਦੇ ਹਨ, ਜਿਸ ਨਾਮ ਜਪਣ ਦੁਆਰਾ ਮੁੜ ਜੰਮਣ ਮਰਣ ਦੇ ਚੱਕਰ ਵਿਚ ਨਹੀਂ ਆਈਦਾ।

ਸੋਰਠਿ ਮ: ੪ ਦੁਤੁਕੇ ॥

੧. ਅਨਿਕ ਜਨਮ ਵਿਛੁੜੇ ਦੁਖੁ ਪਾਇਆ
ਮਨਮੁਖਿ ਕਰਮ ਕਰੈ ਅਹੰਕਾਰੀ ॥
੨. ਸਾਧੂ ਪਰਸਤ ਹੀ ਪ੍ਰਭੁ ਪਾਇਆ
ਗੋਬਿਦ ਸਰਣਿ ਤੁਮਾਰੀ ॥੧॥
੩. ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥
੪. ਜਬ ਸਤਸੰਗ ਭਏ ਸਾਧੂ ਜਨ ਹਿਰਦੈ
ਮਿਲਿਆ ਸਾਂਤਿ ਮੁਰਾਰੀ ॥ ਰਹਾਉ ॥
੫. ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ
ਤੇਰਾ ਭਾਉ ਨ ਬੁਝਹਿ ਗਵਾਰੀ ॥
੬. ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ
ਗੁਣ ਗਾਵੈ ਗੁਣ ਵੀਚਾਰੀ ॥੨॥
੭. ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ
ਦੁਰਮਤਿ ਬੁਧਿ ਨਿਵਾਰੀ ॥
੮. ਆਤਮ ਬ੍ਰਹਮੁ ਚੀਨਿ ਸੁਖੁ ਪਾਇਆ
ਸਤਸੰਗਤਿ ਪੁਰਖ ਤੁਮਾਰੀ ॥੩॥
੯. ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ
ਜਿਨ ਕਉ ਕਿਰਪਾ ਭਈ ਤੁਮਾਰੀ ॥
੧੦. ਨਾਨਕ ਅਤੁਲੁ ਸਹਜ ਸੁਖੁ ਪਾਇਆ
ਅਨਦਿਨੁ ਜਾਗਤੁ ਰਹੈ ਬਨਵਾਰੀ ॥੪॥੭॥

ਪਦ ਅਰਥ : ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ। ਅਹੰਕਾਰੀ—ਅਹੰਕਾਰ ਦੇ ਅਸਰ ਹੇਠ। ਸਾਧੂ—ਗੁਰੂ। ਪਰਸਤ—ਛੂੰਹਦਿਆਂ।੧।

ਅਤਿ—ਬਹੁਤ। ਸਤਸੰਗ—ਸਾਧ ਸੰਗਤਿ। ਹਿਰਦੈ—ਹਿਰਦੇ ਵਿਚ। ਮੁਰਾਰੀ—(ਮੁਰ-ਅਰੀ) ਪਰਮਾਤਮਾ।ਰਹਾਉ।

ਭਾਉ—ਪਿਆਰ। ਗਵਾਰੀ—ਮੂਰਖ ਬੰਦੇ। ਨ ਬੂਝਹਿ—ਨਹੀਂ ਸਮਝਦੇ। ਵੀਚਾਰੀ—ਵੀਚਾਰ, ਵੀਚਾਰ ਕੇ, ਸੁਰਤਿ ਜੋੜ ਕੇ।੨।

ਗੁਰਮੁਖਿ—ਗੁਰੂ ਦੀ ਸ਼ਰਨ ਪੈਣ ਵਾਲਾ ਮਨੁੱਖ। ਸਾਤਿ—ਸ਼ਾਂਤੀ, ਠੰਡ। ਦੁਰਮਤਿ—ਭੈੜੀ ਮਤਿ। ਨਿਵਾਰੀ—ਦੂਰ ਕਰ ਲਈ। ਆਤਮ—ਸਭ ਜੀਵਾਂ ਵਿਚ। ਚੀਨਿ—ਪਛਾਣ ਕੇ।੩।

ਪੁਰਖੈ—ਉਸ ਮਨੁੱਖ ਨੂੰ। ਪੁਰਖ—ਅਕਾਲ ਪੁਰਖ, ਸਰਵ ਵਿਆਪਕ ਪਰਮਾਤਮਾ। ਸਹਜ ਸੁਖੁ—ਆਤਮਕ ਅਡੋਲਤਾ ਦਾ ਸੁਖ। ਅਨਦਿਨੁ—ਹਰ ਰੋਜ਼, ਹਰ ਵੇਲੇ। ਜਾਗਤ ਰਹੈ—(ਮਾਇਆ ਦੇ ਮੋਹ ਵਲੋਂ) ਸੁਚੇਤ ਰਹਿੰਦਾ ਹੈ। ਬਨਵਾਰੀ—ਪਰਮਾਤਮਾ ਵਿਚ ਲੀਨ ਰਹਿ ਕੇ।੪।

ਅਰਥ :

ਪ੍ਰ: ਹੇ ਗੁਰੋ! ਪ੍ਰਭੂ ਤੋਂ ਵਿਛੜ ਕੇ ਇਹ ਮਨੁੱਖ ਅਨੇਕਾਂ ਜਨਮ ਧਾਰਦਾ ਹੋਇਆ, ਕਿਸ ਦੋਸ਼ ਕਰ ਕੇ ਦੁੱਖ ਪਾਉਂਦਾ ਹੈ?

ਉ: ੧. ਹੇ ਭਾਈਓ! ਅਸਲ ਕਾਰਣ ਇਹ ਹੈ ਕਿ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਨੇ ਹੰਕਾਰ ਵਾਲੇ ਕਰਮ ਕਰ ਕਰ ਕੇ, ਸਾਈਂ ਜੀ ਤੋਂ ਵਿਛੜ ਕੇ ਹੀ ਦੁੱਖ ਪਾਇਆ ਹੈ।

ਪ੍ਰ: ਪਰ ਕਿਉਂ ਜੀ! ਕੀ ਉਸ ਮਨੁੱਖ ਨੂੰ ਵੀ ਕਿਵੇਂ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ?

ਉ: ੨. (ਹਾਂ ਜ਼ਰੂਰ) ਹੇ ਪਿਆਰੇ! ਜਦੋਂ ਉਹ ਸਾਧੂ ਨੂੰ ਛੁਹਾਇਆ, ਭਾਵ ਮਿਲ ਗਿਆ, ਹੇ ਗੋਬਿੰਦ! ਆਪ ਜੀ ਦੀ ਸ਼ਰਨ ਵਿਚ (ਪੈ ਕੇ ਉਸਨੇ) ਪ੍ਰਭੂ ਜੀ ਨੂੰ ਪਾ ਲਿਆ।੧।

ਪ੍ਰ: ਹਜ਼ੂਰ! ਉਹ ਮਿਲਿਆ ਕਿਸ ਸਾਧਨ ਦੁਆਰਾ?

ਉ: ੩. ਹੇ ਭਾਈਓ! ਸਾਧੂ ਨੂੰ ਮਿਲਦਿਆਂ ਹੀ, ਉਸ ਨੂੰ ਗੋਬਿੰਦ ਦੀ ਪ੍ਰੀਤ ਬਹੁਤ ਪਿਆਰੀ ਲੱਗ ਪਈ।

੪. (ਸੋ ਇਸ ਤਰ੍ਹਾਂ) ਜਦੋਂ ਸਾਧੂ ਜਨਾਂ ਦੇ ਸਤਿਸੰਗ ਹੋਏ ਤਾਂ ਸ਼ਾਂਤੀ ਰੂਪ ਪਰਮੇਸ਼ਰ ਹਿਰਦੇ ਵਿਚੋਂ ਹੀ ਮਿਲ ਪਿਆ।ਰਹਾਉ।

ਪ੍ਰ: ਕਿਉਂ ਜੀ! ਹਿਰਦੇ ਵਿਚੋਂ ਹੀ ਪਰਮੇਸ਼ਰ ਮਿਲਣ ਨਾਲ ਉਸ ਦੀ ਵੀਚਾਰਧਾਰਾ ਵਿਚ ਕੀ ਬਦਲ ਆ ਗਈ?

ਉ: ੫. ਹੇ ਪਿਆਰੇ! ਉਸ ਦੀ ਤਾਂ ਇਸ ਤਰ੍ਹਾਂ ਦਿੱਬ ਦ੍ਰਿਸ਼ਟੀ ਜਾਗ ਆਉਂਦੀ ਹੈ ਕਿ ਹੇ ਪ੍ਰਭੂ! ਤੂੰ ਤਾਂ ਦਿਨੇ ਰਾਤ ਹਿਰਦੇ ਅੰਦਰ ਗੁਪਤ ਰੂਪ ਹੋ ਕੇ ਵਸ ਰਿਹਾ ਹੈਂ, ਪਰ ਮਨਮੁਖ ਲੋਕ ਮੂਰਖ ਹਨ, ਜੋ ਕਿ ਤੇਰੇ ਅੰਦਰ ਵਸ ਰਹੇ ਦੀ ਸੋਝੀ ਨਹੀਂ ਪਾ ਸਕਦੇ। ਭਾਵ ਤੇਰੇ ਨਾਲ ਪਿਆਰ ਕਰਨ ਦੀ ਸਮਝ ਨਹੀਂ ਰੱਖਦੇ।

ਪ੍ਰ: ਹਜ਼ੂਰ ਜੀ! ਕੀ ਐਸੇ ਮਨੁੱਖਾਂ ਦੇ ਅੰਦਰ ਵੀ ਕਿਵੇਂ ਸਾਈਂ ਜੀ ਦੀ ਪ੍ਰਗਟਤਾ ਹੋ ਸਕਦੀ ਹੈ?

ਉ: ੬. (ਹਾਂ ਜ਼ਰੂਰ) ਹੇ ਪਿਆਰੇ! ਜਦੋਂ ਐਸੇ ਗਵਾਰਾਂ ਨੂੰ ਵੀ ਸਤਿਗੁਰੂ ਪੁਰਖ ਮਿਲ ਪਿਆ, ਤਾਂ ਉਨ੍ਹਾਂ ਦੇ ਅੰਦਰ ਵੀ ਤਦੋਂ (ਝੱਟ ਹੀ) ਪ੍ਰਗਟ ਹੋ ਆਇਆ। ਤਾਂ ਫਿਰ ਉਹ ਸਦਾ ਸਾਈਂ ਜੀ ਦੇ ਹੀ ਗੁਣ ਗਾਉਂਦੇ ਹਨ ਤੇ ਗੁਣਾਂ ਦੀ ਹੀ ਵੀਚਾਰ ਕਰਦੇ ਰਹਿੰਦੇ ਹਨ।੨।

੭. (ਹਾਂ) ਉਨ੍ਹਾਂ ਦੇ ਅੰਦਰ ਗੁਰਾਂ ਦੁਆਰਾ ਗਿਆਨ ਦਾ ਚਾਨਣ ਹੋ ਗਿਆ ਤੇ ਅੰਤਰ ਆਤਮੇਂ ਸ਼ਾਂਤੀ ਆ ਗਈ ਤੇ ਉਨ੍ਹਾਂ ਦੀ ਖੋਟੀ ਮਤਿ ਵਿਚ ਲੱਗੀ ਰਹਿਣ ਵਾਲੀ ਜੋ ਮਨਮੁੱਖਤਾ ਵਾਲੀ ਬੁੱਧੀ ਸੀ, ਉਹ ਦੂਰ ਹੋ ਗਈ।

੮. ਹੁਣ ਉਹ ਮਨੁੱਖ ਆਪਣੇ ਅੰਦਰ ਪਰਮੇਸ਼ਰ ਨੂੰ ਪਛਾਣ ਕੇ ਆਤਮਕ ਅਨੰਦ ਪ੍ਰਾਪਤ ਕਰ ਲੈਂਦਾ ਹੈ। (ਹੇ ਸਤਿਗੁਰ) ਪੁਰਖ ਜੀ, ਤੁਹਾਡੀ ਸਤਿਸੰਗਤ (ਐਸੀ ਪ੍ਰਕਾਸ਼ ਦਾਤੀ) ਹੈ।੩।

੯. ਹੇ ਸਾਈਂ ਜੀ! ਜਿਨ੍ਹਾਂ ਉੱਤੇ ਤੁਹਾਡੀ ਕਿਰਪਾ ਦ੍ਰਿਸ਼ਟੀ ਹੋਈ ਹੈ, ਉਨ੍ਹਾਂ (ਪੁਰਖਾਂ) ਨੂੰ ਅਕਾਲ ਪੁਰਖ ਮਿਲ ਪਿਆ।

੧੦. (ਗੁਰੂ) ਨਾਨਕ ਦੇਵ ਜੀ ਆਖਦੇ ਹਨ ਕਿ ਐ ਭਾਈਓ! ਉਨ੍ਹਾਂ ਨੇ ਨਾ ਤੋਲਿਆ ਜਾ ਸਕਣ ਵਾਲਾ ਸਹਿਜ ਦਾ ਸੁੱਖ ਪਾਇਆ ਹੈ, (ਹੁਣ ਉਹ) ਦਿਨੇ ਰਾਤ (ਬਨਵਾਰੀ) ਸੰਸਾਰ ਬਾਗ਼ ਦੇ ਮਾਲੀ ਪਰਮੇਸ਼ਰ ਵਿਚ ਸਦਾ ਹੀ ਜਾਗਦੇ ਰਹਿੰਦੇ ਹਨ।੪।੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਹੰਕਾਰ ਦੀ ਨਵਿਰਤੀ ਤੇ ਸਹਿਜ ਸੁੱਖ ਦੀ ਪ੍ਰਾਪਤੀ ਦਾ ਸਾਧਨ ਦੱਸਦੇ ਹਨ। ਹੰਕਾਰ ਦੇ

ਕਾਰਣ ਕਰ ਕੇ ਮਨਮੁਖਤਾ ਵਧੀ ਹੈ ਤੇ ਉਸ ਦਾ ਫਲ ਦੁੱਖ ਨਿਕਲਿਆ, ਸਾਧੂ ਦੀ ਸੰਗਤ ਕਰ ਕੇ ਹੰਕਾਰ ਵਿਚ ਸੜਦੇ ਬਲਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ, ਜਿਸ ਦਾ ਸਦਕਾ ਗੋਬਿੰਦ ਹਿਰਦੇ ਵਿਚੋਂ ਹੀ ਪ੍ਰਾਪਤ ਹੋ ਗਿਆ।

ਸੋਰਠਿ ਮਹਲਾ ੪ ॥

੧. ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ
ਹਰਿ ਬਿਨੁ ਰਹਣੁ ਨ ਜਾਈ ॥
੨. ਜਿਉ ਮਛੁਲੀ ਬਿਨੁ ਨੀਰੈ ਬਿਨਸੈ
ਤਿਉ ਨਾਮੈ ਬਿਨੁ ਮਰਿ ਜਾਈ ॥੧॥
੩. ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥
੪. ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ
ਨਾਮੇ ਹੀ ਸਾਂਤਿ ਪਾਈ ॥ ਰਹਾਉ ॥
੫. ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ
ਬਿਨੁ ਜਲ ਪਿਆਸ ਨ ਜਾਈ ॥
੬. ਗੁਰਮੁਖਿ ਜਲੁ ਪਾਵੈ ਸੁਖ ਸਹਜੇ
ਹਰਿਆ ਭਾਇ ਸੁਭਾਈ ॥੨॥
੭. ਮਨਮੁਖ ਭੂਖੇ ਦਹ ਦਿਸ ਡੋਲਹਿ
ਬਿਨੁ ਨਾਵੈ ਦੁਖੁ ਪਾਈ ॥
੮. ਜਨਮਿ ਮਰੈ ਫਿਰਿ ਜੋਨੀ ਆਵੈ
ਦਰਗਹਿ ਮਿਲੈ ਸਜਾਈ ॥੩॥
੯. ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ
ਹਰਿ ਰਸੁ ਅੰਤਰਿ ਪਾਈ ॥
੧੦. ਨਾਨਕ ਦੀਨ ਦਇਆਲ ਭਏ ਹੈ
ਤ੍ਰਿਸਨਾ ਸਬਦਿ ਬੁਝਾਈ ॥੪॥੮॥

ਪਦ ਅਰਥ : ਸਿਉ—ਨਾਲ। ਅੰਤਰੁ—ਅੰਦਰਲਾ। ਬੇਧਿਆ—ਵਿੱਝ ਗਿਆ। ਨੀਰ—ਪਾਣੀ।੧।

ਪ੍ਰਭ—ਹੇ ਪ੍ਰਭੂ! ਹਰਿ—ਹੇ ਹਰੀ। ਨਾਈ—ਵਡਿਆਈ, ਸਿਫ਼ਤਿ-ਸਾਲਾਹ। ਹਉ—ਮੈਂ। ਅੰਤਰਿ—ਅੰਦਰ, ਦਿਲ ਵਿਚ। ਮੰਗਾ—ਮੰਗਾਂ, ਮੈਂ ਮੰਗਦਾ ਹਾਂ।ਰਹਾਉ।

ਚਾਤ੍ਰਿਕੁ—ਪਪੀਹਾ। ਗੁਰਮੁਖਿ—ਗੁਰੂ ਦੀ ਸ਼ਰਨ ਪੈਣ ਵਾਲਾ ਮਨੁੱਖ। ਸੁਖ ਜਲੁ—ਆਤਮਕ ਸੁੱਖ ਦੇਣ ਵਾਲਾ ਨਾਮ ਜਲ। ਸਹਜੇ—ਸਹਿਜ, ਆਤਮਕ ਅਡੋਲਤਾ ਵਿਚ। ਭਾਇ—ਪ੍ਰੇਮ ਦੇ ਰਾਹੀਂ। ਸੁਭਾਈ—ਸ੍ਰੇਸ਼ਟ ਪਿਆਰ ਦੇ ਰਾਹੀਂ।੨।

ਮਨਮੁਖ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ। ਦਹ ਦਿਸ—ਦਸੀਂ ਪਾਸੀਂ। ਪਾਈ—ਪਾਏ, ਪਾਂਦਾ ਹੈ। ਮਰੈ—ਮਰਦਾ ਹੈ।੩।

ਗਾਵਹ—(ਅਸੀਂ ਜੀਵ) ਗਾਂਦੇ ਹਾਂ। ਪਾਇ—ਪਾ ਕੇ। ਸਬਦਿ—ਸ਼ਬਦ ਦੇ ਰਾਹੀਂ।੪।

ਅਰਥ :

ਪ੍ਰ: ਸ੍ਰੀ ਜੀਉ! ਆਪ ਜੀ ਦਾ ਅੰਤਰ ਆਤਮੇ ਹਰੀ ਨਾਲ ਕਿਤਨਾ ਕੁ ਪਿਆਰ ਹੈ ?

ਉ: ੧. ਐ ਪਿਆਰਿਓ! ਹੁਣ ਮੇਰੇ ਅੰਦਰ ਦੀ ਪ੍ਰੀਤੀ ਕਰ ਕੇ ਹਰੀ ਨਾਲ ਮੇਰਾ ਮਨ ਵਿੰਨ੍ਹਿਆ ਗਿਆ ਹੈ। ਹੁਣ ਮੇਰੇ ਪਾਸੋਂ ਹਰੀ ਤੋਂ ਬਿਨਾ ਰਿਹਾ ਭੀ ਨਹੀਂ ਜਾਂਦਾ।

ਪ੍ਰ: ਹਜ਼ੂਰ! ਉਹ ਕਿਵੇਂ ਨਹੀਂ ਰਿਹਾ ਜਾਂਦਾ ? ਕੋਈ ਉਦਾਹਰਣ ਦੇ ਕੇ ਸਮਝਾਓ।

ਉ: ੨. ਹੇ ਪਿਆਰਿਓ! ਜਿਵੇਂ ਕਿ ਮੱਛੀ ਪਾਣੀ ਤੋਂ ਬਿਨਾ ਬਿਨਸ ਜਾਂਦੀ ਹੈ, ਤਿਵੇਂ ਨਾਮ ਤੋਂ ਬਿਨਾ ਮੇਰਾ ਵੀ ਮਰ ਜਾਣਾ ਹੁੰਦਾ ਹੈ।੧।

੩. (ਇਸ ਲਈ) ਮੈਂ ਹਰੀ ਜੀ ਪਾਸੋਂ ਸਦਾ ਇਹੋ ਮੰਗਦਾ ਹਾਂ ਕਿ ਹੇ ਮੇਰੇ ਪ੍ਰਭੂ! ਆਪ ਜੀ ਮੈਨੂੰ ਕਿਰਪਾ ਦ੍ਰਿਸ਼ਟੀ ਕਰ ਕੇ ਹਰੀ ਦਾ ਨਾਮ ਰੂਪੀ ਜਲ ਦੇਣਾ ਕਰੋ।

੪. ਹੇ ਸਾਈਂ! ਮੈਂ ਆਪਣੇ ਹਿਰਦੇ ਵਿਚ ਦਿਨ ਰਾਤ ਤੇਰਾ ਨਾਮ ਹੀ ਮੰਗਦਾ ਹਾਂ, ਕਿਉਂਕਿ ਨਾਮ ਵਿਚ ਜੁੜਿਆਂ ਹੀ ਅੰਦਰ ਆਤਮਕ ਠੰਡ ਪ੍ਰਾਪਤ ਹੋ ਸਕਦੀ ਹੈ।ਰਹਾਉ।

ਪ੍ਰ: ਹਜ਼ੂਰ ਜੀ! ਉਸ ਨਾਲ ਜਲ ਪ੍ਰਾਪਤ ਕਰਨ ਲਈ ਤੁਹਾਡੇ ਅੰਦਰ ਕਿਤਨੀ ਕੁ ਖਿੱਚ ਹੈ ?

ਉ: ੫. ਹੇ ਭਾਈਓ! ਜਿਵੇਂ ਕਿ ਪਪੀਹਾ ਸ੍ਵਾਂਤੀ ਬੂੰਦ ਤੋਂ ਬਿਨਾ ਵਿਲਕਦਾ ਹੈ, ਉਸ ਵਰਖਾ ਦੀ ਬੂੰਦ ਤੋਂ ਬਿਨਾ ਉਸ ਦੀ ਤ੍ਰੇਹ ਨਹੀਂ ਮਿੱਟਦੀ।

੬. ਤਿਵੇਂ ਗੁਰਮੁਖ ਨਾਮ ਜਲ ਤੋਂ ਬਿਨਾ ਦੁਖੀ ਹੁੰਦਾ ਹੈ, ਪਰ ਗੁਰੂ ਦੁਆਰਾ ਨਾਮ ਜਲ ਨੂੰ ਪ੍ਰਾਪਤ ਕਰ ਕੇ ਸਹਿਜ ਸੁੱਖ (ਆਤਮਕ ਜੀਵਨ ਵਾਲਾ) ਬਣਦਾ ਹੈ, ਪ੍ਰੇਮ ਸਹਿਤ ਹਰਿਆ ਹੋ ਕੇ ਸੋਭਾ ਵਾਲਾ ਹੁੰਦਾ ਹੈ।

੭. ਹੇ ਪਿਆਰਿਓ! ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਮਨੁੱਖ ਮਾਇਆ ਦੇ ਭੁੱਖ ਦੇ ਮਾਰੇ ਦਸੀਂ ਪਾਸੀਂ ਡੋਲਦੇ ਫਿਰਦੇ ਹਨ। ਨਾਮ ਤੋਂ ਬਿਨਾ ਉਹ ਦੁੱਖ ਹੀ ਪਾਉਂਦੇ ਹਨ।

੮. ਉਹ ਜੰਮਦੇ ਮਰਦੇ ਹਨ, ਮੁੜ-ਮੁੜ ਜੂਨਾਂ ਵਿਚ ਪਏ ਰਹਿੰਦੇ ਹਨ। ਰੱਬੀ ਦਰਬਾਰ ਵਿਚ ਉਨ੍ਹਾਂ ਨੂੰ ਇਹ ਸਜ਼ਾ ਮਿਲਦੀ ਹੈ।੩।

੯. ਪਰ ਹੇ ਸਾਈਂ ਜੀ! ਜੇ ਤੂੰ ਆਪੇ ਮਿਹਰ ਕਰੇਂਗਾ, ਤਾਂ ਹੀ ਅਸੀਂ ਜੀਵ ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗਾ ਸਕਦੇ ਹਾਂ। ਜਿਸ ਉੱਤੇ ਮਿਹਰ ਹੋਵੇ ਉਹੀ ਮਨੁੱਖ ਆਪਣੇ ਅੰਦਰ ਹਰੀ ਨਾਮ ਦਾ ਸੁਆਦ ਅਨੁਭਵ ਕਰ ਸਕਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈਓ! ਜਿਸ ਗ਼ਰੀਬ ਉੱਤੇ ਗੁਰੂ ਜੀ ਦਿਆਲੂ ਹੋਏ ਹਨ, ਉਨ੍ਹਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦੇ ਅੰਦਰੋਂ ਤ੍ਰਿਸ਼ਨਾ ਦੀ ਅਗਨ ਬੁਝਾ ਦਿੱਤੀ।੪।੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਉਨ੍ਹਾਂ ਪਿਆਰਿਆਂ ਦੀ ਅੰਤਰ ਆਤਮੇਂ ਦੀ ਪ੍ਰੀਤ ਦਾ ਜ਼ਿਕਰ ਕਰਦੇ ਹਨ ਕਿ ਉਹ ਹਰੀ ਦੇ ਪਿਆਰ ਤੋਂ ਸਖਣੇ ਰਹਿ ਨਹੀਂ ਸਕਦੇ। ਜਿਵੇਂ ਮੱਛੀ ਪਾਣੀ ਤੋਂ ਬਿਨਾ ਤੜਫਦੀ ਹੈ, ਪਪੀਹਾ ਸ੍ਵਾਂਤੀ ਬੂੰਦ ਤੋਂ ਸਖਣਾ ਵਿਲਕਦਾ ਹੈ, ਨਾਮ ਦੇ ਪਿਆਰ ਪਾਲੇ ਮਨਾਂ ਦੀ ਵੀ ਇਹੋ ਹੀ ਦਸ਼ਾ ਹੋਇਆ ਕਰਦੀ ਹੈ, ਇਸ ਲਈ ਹਜ਼ੂਰ ਜੀ ਨੇ ਉਸ ਸਾਈਂ ਜੀ ਪਾਸੋਂ ਨਾਮ ਰੂਪ ਜਲ

ਪ੍ਰਾਪਤੀ ਲਈ ਮੰਗ ਕੀਤੀ ਹੈ, ਜੋ ਕਿ ਨਾਮ ਮਨ ਵਿਚੋਂ ਤ੍ਰਿਸ਼ਨਾ ਦੀ ਅੱਗ ਨੂੰ ਬੁਝਾ ਕੇ ਸਦਾ ਲਈ ਮਨ ਅੰਦਰ ਆਤਮਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਸੋਰਠਿ ਮਹਲਾ ੪ ਪੰਚਪਦਾ ॥

੧. ਅਚਰੁ ਚਰੈ ਤਾ ਸਿਧਿ ਹੋਈ
ਸਿਧੀ ਤੇ ਬੁਧਿ ਪਾਈ ॥
੨. ਪ੍ਰੇਮ ਕੇ ਸਰ ਲਾਗੇ ਤਨ ਭੀਤਰਿ
ਤਾ ਭ੍ਰਮੁ ਕਾਟਿਆ ਜਾਈ ॥੧॥
੩. ਮੇਰੇ ਗੋਬਿਦ ਅਪੁਨੇ ਜਨ ਕਉ
ਦੇਹਿ ਵਡਿਆਈ ॥
੪. ਗੁਰਮਤਿ ਰਾਮ ਨਾਮੁ ਪਰਗਾਸਹੁ
ਸਦਾ ਰਹਹੁ ਸਰਣਾਈ ॥ ਰਹਾਉ ॥
੫. ਇਹੁ ਸੰਸਾਰੁ ਸਭੁ ਆਵਣ ਜਾਣਾ
ਮਨ ਮੂਰਖ ਚੇਤਿ ਅਜਾਣਾ ॥
੬. ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ
ਤਾ ਹਰਿ ਨਾਮਿ ਸਮਾਣਾ ॥੨॥
੭. ਜਿਸ ਕੀ ਵਥੁ ਸੋਈ ਪ੍ਰਭੁ ਜਾਣੈ
ਜਿਸ ਨੋ ਦੇਇ ਸੁ ਪਾਏ ॥
੮. ਵਸਤੁ ਅਨੂਪ ਅਤਿ ਅਗਮ ਅਗੋਚਰ
ਗੁਰੁ ਪੂਰਾ ਅਲਖੁ ਲਖਾਏ ॥੩॥
੯. ਜਿਨਿ ਇਹ ਚਾਖੀ ਸੋਈ ਜਾਣੈ
ਗੂੰਗੇ ਕੀ ਮਿਠਿਆਈ ॥
੧੦. ਰਤਨੁ ਲੁਕਾਇਆ ਲੂਕੈ ਨਾਹੀ
ਜੇ ਕੋ ਰਖੈ ਲੁਕਾਈ ॥੪॥
੧੧. ਸਭੁ ਕਿਛੁ ਤੇਰਾ ਤੂ ਅੰਤਰਜਾਮੀ
ਤੂ ਸਭਨਾ ਕਾ ਪ੍ਰਭੁ ਸੋਈ ॥
੧੨. ਜਿਸ ਨੋ ਦਾਤਿ ਕਰਹਿ ਸੋ ਪਾਏ
ਜਨ ਨਾਨਕ ਅਵਰੁ ਨ ਕੋਈ ॥੫॥੯॥

ਪਦ ਅਰਥ : ਅਚਰੁ ਚਰੈ—ਨਾ ਚਰੇ ਜਾਣ ਵਾਲੇ ਕਾਮਾਦਿਕਾਂ ਨੂੰ (ਚਰੈ=ਅਭਾਵ ਕਰੇ) ਨਾ ਜਿੱਤਿਆ ਜਾਣ ਵਾਲਾ ਮਨ। ਸਿਧਿ—ਜੀਵਨ-ਸੰਗਰਾਮ ਵਿਚ ਕਾਮਯਾਬੀ। ਤੇ—ਤੋਂ। ਬੁਧਿ—ਅਕਲ। ਸਰ—ਤੀਰ। ਤਨ—ਸਰੀਰ, ਹਿਰਦਾ। ਭ੍ਰਮੁ—ਮਨ ਦੀ ਭਟਕਣਾ।੧।

ਕਉ—ਨੂੰ। ਪਰਗਾਸਹੁ—ਪਰਗਟ ਕਰੋ, ਉਜਾਗਰ ਕਰ ਦਿਓ। ਰਹਹੁ—ਰੱਖੋ।ਰਹਾਉ।

ਸੰਸਾਰੁ—ਜਗਤ (ਦਾ ਮੋਹ)। ਆਵਣ ਜਾਣਾ—ਜਨਮ ਮਰਣ (ਦਾ ਮੂਲ)। ਮਨ—ਹੇ ਮਨ! ਨਾਮਿ—ਨਾਮ ਵਿਚ।੨।

ਵਥੁ—ਵਸਤੂ, ਨਾਮ ਵਸਤ। ਸੋਈ—ਓਹੀ (ਪ੍ਰਭੂ)। ਸੁ—ਉਹ ਮਨੁੱਖ। ਅਨੂਪ—ਸੁੰਦਰ, ਬੇ-ਮਿਸਾਲ, (ਅਨ—ਊਪ) ਉਪਮਾ ਰਹਿਤ। ਅਗਮ—ਅਪਹੁੰਚ। ਅਗੋਚਰ—(ਅ-ਗੋ-ਚਰ) ਜਿਸ ਤਕ ਗਿਆਨ-ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ। ਅਲਖੁ—ਅਦ੍ਰਿਸ਼ਟ ਪ੍ਰਭੂ। ਲਖਾਏ—ਲਿਖਾ ਦੇਂਦਾ ਹੈ।੩।

ਜਿਨਿ—ਜਿਸ ਮਨੁੱਖ ਨੇ। ਇਹ—ਇਹ ਵਸਤੂ। ਕੋ—ਕੋਈ ਮਨੁੱਖ।੪।

ਅੰਤਰਜਾਮੀ—ਦਿਲ ਦੀ ਜਾਨਣ ਵਾਲਾ। ਸੋਈ—ਸਾਰ ਰੱਖਣ ਵਾਲਾ।੫।

ਅਰਥ :

ਪ੍ਰ: ਸ੍ਰੀ ਜੀਉ! ਇਸ ਜੀਵ ਨੂੰ ਇਸ ਦੇ ਸਹੀ ਕਾਰਜ ਦੀ ਸਿੱਧੀ ਕਿਵੇਂ ਪ੍ਰਾਪਤ ਹੋਵੇਗੀ?

ਉ: ੧. ਹੇ ਭਾਈ! ਜਦੋਂ ਇਹ ਮਨੁੱਖ ਨਾ ਚਰੇ ਜਾਣ ਵਾਲੇ ਮਨ ਨੂੰ, ਜਾਂ ਕਾਮਾਦਿਕਾਂ ਨੂੰ ਜਦੋਂ ਚਰ ਜਾਵੇ, ਅਰਥਾਤ ਅਭਾਵ ਕਰ ਦੇਵੇ, ਜਿੱਤ ਲਵੇ ਤਾਂ ਇਸ ਨੂੰ ਇਸ ਦੇ ਸਹੀ ਕਾਰਜ ਦੀ ਸਿੱਧੀ ਹੋਵੇਗੀ। ਸਿੱਧੀ ਇਹੀ ਹੋਵੇਗੀ ਕਿ ਇਸ ਨੂੰ ਆਤਮ ਵਸੈਣੀ ਬੁੱਧੀ ਪ੍ਰਾਪਤ ਹੋਵੇਗੀ।

੨. ਇਸ ਕਾਮਯਾਬੀ ਦਾ ਸਦਕਾ ਇਸ ਦੇ ਸੂਖਮ ਸਰੀਰ ਵਿਚ ਪ੍ਰੇਮ ਦੇ ਤੀਰ, ਭਾਵ ਮਨ ਅੰਦਰ ਪ੍ਰੇਮ ਦੇ ਤੀਰ ਲੱਗਦੇ ਹਨ, ਤਾਂ ਸਾਰਾ ਭਰਮ ਕੱਟਿਆ ਜਾਂਦਾ ਹੈ।੧।

ਪ੍ਰ: ਹਜ਼ੂਰ ਜੀ! ਜਿਸ ਦੇ ਅੰਦਰ ਪ੍ਰੇਮ ਦੇ ਤੀਰ ਲੱਗ ਜਾਣ, ਉਸ ਦੇ ਅੰਦਰ ਫਿਰ ਮੰਗ ਕੀ ਰਹਿ ਜਾਂਦੀ ਹੈ?

ਉ: ੩. ਹੇ ਪਿਆਰਿਓ! ਉਹ ਤਾਂ ਫਿਰ ਇਹੋ ਹੀ ਮੰਗ ਕਰਦਾ ਹੈ ਕਿ ਹੇ ਮੇਰੇ ਗੋਬਿੰਦ! ਤੁਸੀਂ ਆਪਣੇ ਦਾਸ ਨੂੰ ਨਾਮ ਦੀ ਦਾਤ ਬਖ਼ਸ਼ਣ ਦੀ ਵਡਿਆਈ ਦੇਣਾ ਕਰੋ।

੪. ਗੁਰਾਂ ਦੀ ਸਿੱਖਿਆ ਦੁਆਰਾ ਮੇਰੇ ਹਿਰਦੇ ਵਿਚ ਰਾਮ ਨਾਮ ਦਾ ਪ੍ਰਕਾਸ਼ ਕਰੋ, ਤਾਂਕਿ ਮੈਂ ਸਦਾ ਹੀ ਆਪ ਦੀ ਸ਼ਰਨ ਵਿਚ ਪਿਆ ਰਹਾਂ।ਰਹਾਉ।

ਪ੍ਰ: ਕਿਉਂ ਜੀ! ਇਹ ਮਨ ਤਾਂ ਬਹੁਤ ਬੇ-ਸਮਝ ਹੈ, ਇਸ ਨੂੰ ਕਿਵੇਂ ਸਮਝਾਈਏ?

ਉ: ੫. ਹੇ ਭਾਈਓ! ਇਸ ਮੂਰਖ ਮਨ ਨੂੰ ਇਉਂ ਸਮਝਾਂਦੇ ਰਹੋ ਕਿ ਹੇ ਮੇਰੇ ਮੂਰਖ ਮਨਾ! ਇਹ ਸੰਸਾਰ ਦਾ ਮੋਹ ਸਦਾ ਜੰਮਣ ਮਰਣ ਦਾ ਕਾਰਨ ਬਣਿਆ ਰਹਿੰਦਾ ਹੈ, (ਇਸ ਲਈ) ਇਸ ਤੋਂ ਬਚਣ ਲਈ ਪਰਮੇਸ਼ਰ ਦਾ ਨਾਮ ਸਿਮਰਦਾ ਰਹੁ।

੬. ਅਤੇ ਇਸ ਤਰ੍ਹਾਂ ਅਰਦਾਸ ਕਰਿਆ ਕਰ ਕਿ ਹੇ ਹਰੀ ਜੀਉ! ਤੁਸੀਂ ਵੀ ਮੇਰੇ ਉੱਤੇ ਮਿਹਰ ਕਰੋ, ਮੈਨੂੰ ਗੁਰੂ ਦਾ ਮਿਲਾਪ ਕਰਵਾ ਦਿਓ, (ਕਿਉਂਕਿ) ਤਦੋਂ ਹੀ ਤੇਰੇ ਵਿਚ ਲੀਨਤਾ ਹੋ ਸਕਦੀ ਹੈ।੨।

ਪ੍ਰ: ਕਿਉਂ ਜੀ! ਇਹ ਨਾਮ ਦੀ ਅਮੋਲਕ ਦਾਤ ਸਾਰਿਆਂ ਨੂੰ ਕਿਉਂ ਨਹੀਂ ਮਿਲਦੀ?

ਉ: ੭. ਹੇ ਪਿਆਰਿਓ! ਇਹ ਗੱਲ ਕਿਸੇ ਜੀਵ ਦੇ ਆਪਣੇ ਹੱਥ ਦੀ ਨਹੀਂ ਹੈ, ਕਿਉਂਕਿ ਇਹ ਨਾਮ ਵਸਤੂ ਜਿਸ (ਪਰਮੇਸ਼ਰ) ਦੀ (ਮਲਕੀਅਤ) ਹੈ, ਉਹੀ ਜਾਣਦਾ ਹੈ ਕਿ ਇਹ ਵਸਤੂ ਕਿਸ ਨੂੰ ਦੇਣੀ ਹੈ। ਜਿਸ ਨੂੰ ਪ੍ਰਭੂ ਜੀ ਆਪ ਕਿਰਪਾ ਕਰ ਕੇ ਦੇਂਦਾ ਹੈ, ਉਹੀ ਇਸ ਨਾਮ ਵਸਤੂ ਨੂੰ ਪਾਉਂਦਾ ਹੈ।

ਪ੍ਰ: ਹਜ਼ੂਰ ! ਇਸ ਨਾਮ ਵਸਤੂ ਬਾਰੇ ਕੋਈ ਸੋਝੀ ਦਿਓ ਕਿ ਇਹ ਹੈ ਕੈਸੀ ?

ਉ: ੮. ਹੇ ਭਾਈ ! ਇਹ ਵਸਤੂ ਐਸੀ ਸੁੰਦਰ ਹੈ ਕਿ ਜਗਤ ਵਿਚ ਇਸ ਦੇ ਬਰਾਬਰ ਹੋਰ ਕੋਈ ਵੀ ਵਸਤੂ ਨਹੀਂ। ਕਿਸੇ ਚਤਰਾਈ ਸਿਆਣਪ ਦੇ ਰਾਹੀਂ ਇਸ ਤਕ ਪਹੁੰਚ ਨਹੀਂ ਸਕੀਦਾ, ਮਨੁੱਖ ਦੇ ਗਿਆਨ-ਇੰਦ੍ਰਿਆਂ ਦੀ ਵੀ ਇਸ ਤਕ ਪਹੁੰਚ ਨਹੀਂ ਹੈ।

(ਹਾਂ) ਜੇ ਕਰ ਪੂਰਾ ਗੁਰੂ ਮਿਲ ਪਵੇ ਤਾਂ ਉਹੀ ਅਦ੍ਰਿਸ਼ਟ ਪ੍ਰਭੂ ਦਾ ਦੀਦਾਰ ਕਰਵਾ ਸਕਦਾ ਹੈ।੩।

ਪ੍ਰ: ਹਜ਼ੂਰ ਜੀ ! ਇਸ ਨਾਮ ਵਸਤੂ ਦਾ ਸੁਆਦ ਤਾਂ ਦੱਸ ਦਿਓ ?

ਉ: ੯. ਹੇ ਪਿਆਰਿਓ ! ਅਸਲ ਵਿਚ ਜਿਸ ਮਨੁੱਖ ਨੇ ਇਹ ਨਾਮ ਵਸਤੂ ਚਖੀ ਹੈ, (ਇਸ ਦਾ ਸੁਆਦ) ਓਹੀ ਬੰਦਾ ਜਾਣਦਾ ਹੈ, ਜਿਵੇਂ ਕਿ ਕਿਸੇ ਗੁੰਗੇ ਦੀ ਖਾਧੀ ਮਠਿਆਈ ਦਾ ਸੁਆਦ ਉਹ ਕਿਸੇ ਨੂੰ ਦੱਸ ਨਹੀਂ ਸਕਦਾ, ਪਰ ਉਹ ਗੁੰਗਾ ਆਪ ਜ਼ਰੂਰ ਅਨੁਭਵ ਕਰਦਾ ਹੈ।

ਪ੍ਰ: ਕਿਉਂ ਜੀ ! ਜਦੋਂ ਇਹ ਨਾਮ ਰਤਨ ਕਿਸੇ ਨੂੰ ਪ੍ਰਾਪਤ ਹੋ ਜਾਵੇ, ਤਾਂ ਉਸ ਨੂੰ ਉਹ ਲੋਕਾਂ ਪਾਸੋਂ ਲੁਕਾ ਕੇ ਤਾਂ ਰੱਖ ਸਕਦਾ ਹੋਵੇਗਾ ?

ਉ: ੧੦. (ਨਹੀਂ) ਹੇ ਭਰਾਵੋ ! ਜੇ ਕਿਸੇ ਮਨੁੱਖ ਨੂੰ ਇਹ ਨਾਮ ਰਤਨ ਹਾਸਲ ਹੋ ਜਾਵੇ, ਤਾਂ ਜੇ ਉਹ ਮਨੁੱਖ ਇਸ ਨਾਮ ਰਤਨ ਨੂੰ ਆਪਣੇ ਅੰਦਰ ਲੁਕਾ ਕੇ ਰੱਖਣਾ ਚਾਹੇ, ਤਾਂ ਇਹ ਰਤਨ ਲੁਕਾਇਆਂ ਲੁਕਦਾ ਨਹੀਂ, (ਕਿਉਂਕਿ) ਉਸ ਦੀ ਜੀਵਨ ਜੁਗਤੀ ਤੋਂ ਨਾਮ ਰਤਨ ਪ੍ਰਾਪਤੀ ਦੇ ਲੱਛਣ ਦਿੱਸ ਹੀ ਪੈਂਦੇ ਹਨ।੪।

ਪ੍ਰ: ਹਜ਼ੂਰ ! ਉਨ੍ਹਾਂ ਲੱਛਣਾਂ ਵਿਚੋਂ ਕੋਈ ਲੱਛਣ ਬਿਆਨ ਕਰੋ।

ਉ: ੧੧. ਹੇ ਭਾਈ ! ਉਹ ਜਦੋਂ ਵੀ ਬੋਲਦੇ ਹਨ, ਉਹ ਇਉਂ ਹੀ ਕਹਿੰਦੇ ਹਨ ਕਿ ਹੇ ਪ੍ਰਭੂ ਜੀ ! ਇਹ ਸਾਰਾ ਜਗਤ ਤੇਰਾ ਹੀ ਬਣਾਇਆ ਹੋਇਆ ਹੈ। ਤੂੰ ਸਾਰੇ ਜੀਵਾਂ ਦੇ ਦਿਲ ਦੀ ਜਾਨਣ ਵਾਲਾ ਹੈਂ। ਤੂੰ ਸਾਰਿਆਂ ਦੀ ਸਾਰ ਲੈਣ ਵਾਲਾ (ਸਭ ਦਾ) ਮਾਲਕ ਹੈਂ।

੧੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਉਹੀ ਮਨੁੱਖ ਤੇਰੇ ਨਾਮ ਦੀ ਦਾਤ ਪ੍ਰਾਪਤ ਕਰ ਸਕਦਾ ਹੈ, ਜਿਸ ਨੂੰ ਕਿ ਤੂੰ ਇਹ ਦਾਤ ਬਖ਼ਸ਼ਦਾ ਹੈਂ, ਹੋਰ ਕੋਈ ਵੀ ਐਸਾ ਜੀਵ ਨਹੀਂ ਜੋ ਕਿ ਤੇਰੀ ਬਖ਼ਸ਼ਸ਼ ਤੋਂ ਬਿਨਾ ਤੇਰੇ ਨਾਮ ਦੀ ਦਾਤ ਨੂੰ ਪਾ ਸਕਦਾ ਹੋਵੇ।੫।੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਮਨ ਨੂੰ ਵਿਕਾਰਾਂ ਵਲੋਂ ਮੋੜ ਕੇ ਹੀ ਗਿਆਨ ਪ੍ਰਾਪਤੀ ਵਾਲੀ ਅਕਲ ਹਾਸਲ ਹੁੰਦੀ ਹੈ, ਇਸ ਲਈ ਮਨ ਨੂੰ ਸੰਬੋਧਨ ਕਰਦੇ ਹਨ ਕਿ ਐ ਮਨਾ ! ਸਾਈਂ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਨ ਲਈ ਅਰਦਾਸ ਕਰਦਾ ਰਹੁ, ਕਿਉਂਕਿ ਨਾਮ ਦੁਆਰਾ ਹੀ ਮਨੁੱਖ ਨੂੰ ਲੋਕ-ਪ੍ਰਲੋਕ ਵਿਚ ਵਡਿਆਈ ਹਾਸਲ ਹੁੰਦੀ ਹੈ। ਅੰਤ ਵਿਚ ਇਹ ਦੱਸਦੇ ਹਨ ਕਿ ਨਾਮ ਵਸਤੂ ਉਸ ਨੂੰ ਪ੍ਰਾਪਤ ਹੁੰਦੀ ਹੈ, ਜਿਸ ਉੱਤੇ ਉਹ ਸਾਈਂ ਜੀ ਮਿਹਰ ਕਰਦਾ ਹੈ।

ਸੋਰਠਿ ਮਹਲਾ ੫ ਘਰੁ ੧ ਤਿਤੁਕੇ

ੴ ਸਤਿਗੁਰ ਪ੍ਰਸਾਦਿ ॥

੧. ਕਿਸ ਹਉ ਜਾਚੀ ਕਿਸੁ ਆਰਾਧੀ
ਜਾ ਸਭੁ ਕੋ ਕੀਤਾ ਹੋਸੀ ॥
੨. ਜੋ ਜੋ ਦੀਸੈ ਵਡਾ ਵਡੇਰਾ
ਸੋ ਸੋ ਖਾਕੂ ਰਲਸੀ ॥
੩. ਨਿਰਭਉ ਨਿਰੰਕਾਰੁ ਭਵ ਖੰਡਨੁ
ਸਭਿ ਸੁਖ ਨਵ ਨਿਧਿ ਦੇਸੀ ॥੧॥
੪. ਹਰਿ ਜੀਉ ਤੇਰੀ ਦਾਤੀ ਰਾਜਾ ॥
੫. ਮਾਣਸੁ ਬਪੁੜਾ ਕਿਆ ਸਾਲਾਹੀ
ਕਿਆ ਤਿਸ ਕਾ ਮੁਹਤਾਜਾ ॥ ਰਹਾਉ ॥
੬. ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ
ਤਿਸ ਕੀ ਭੂਖ ਗਵਾਈ ॥
੭. ਐਸਾ ਧਨੁ ਦੀਆ ਸੁਖਦਾਤੈ
ਨਿਖੁਟਿ ਨ ਕਬ ਹੀ ਜਾਈ ॥
੮. ਅਨਦੁ ਭਇਆ ਸੁਖ ਸਹਜਿ ਸਮਾਣੇ
ਸਤਿਗੁਰਿ ਮੇਲਿ ਮਿਲਾਈ ॥੨॥
੯. ਮਨ ਨਾਮੁ ਜਪਿ ਨਾਮੁ ਆਰਾਧਿ
ਅਨਦਿਨੁ ਨਾਮੁ ਵਖਾਣੀ ॥
੧੦. ਉਪਦੇਸੁ ਸੁਣਿ ਸਾਧ ਸੰਤਨ ਕਾ
ਸਭ ਚੂਕੀ ਕਾਣਿ ਜਮਾਣੀ ॥
੧੧. ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ
ਸੇ ਲਾਗੇ ਗੁਰ ਕੀ ਬਾਣੀ ॥੩॥
੧੨. ਕੀਮਤਿ ਕਉਣੁ ਕਰੈ ਪ੍ਰਭ ਤੇਰੀ
ਤੂ ਸਰਬ ਜੀਆ ਦਇਆਲਾ ॥
੧੩. ਸਭੁ ਕਿਛੁ ਕੀਤਾ ਤੇਰਾ ਵਰਤੈ
ਕਿਆ ਹਮ ਬਾਲ ਗੁਪਾਲਾ ॥
੧੪. ਰਾਖਿ ਲੇਹੁ ਨਾਨਕੁ ਜਨੁ ਤੁਮਰਾ
ਜਿਉ ਪਿਤਾ ਪੂਤ ਕਿਰਪਾਲਾ ॥੪॥੧॥

ਨੋਟ : ਤਿਤੁਕੇ—ਤਿ-ਤੁਕੇ, ਤਿੰਨ-ਤਿੰਨ ਤੁੱਕਾਂ ਵਾਲੇ ਬੰਦ। ਇਸ ਸ਼ਬਦ ਦੇ ਹਰੇਕ ਬੰਦ ਵਿਚ ਤਿੰਨ-ਤਿੰਨ ਤੁੱਕਾਂ ਹਨ।

ਪਦ ਅਰਥ : ਹਉ ਜਾਚੀ—ਹਉ ਜਾਚੀਂ, ਮੈਂ ਮੰਗਾਂ। ਅਰਾਧੀ—ਅਰਾਧੀਂ, ਮੈਂ ਆਰਾਧਨਾ ਕਰਾਂ। ਸਭੁ ਕੋ—ਹਰੇਕ ਜੀਵ। ਕੀਤਾ—(ਪਰਮਾਤਮਾ ਦਾ) ਬਣਾਇਆ ਹੋਇਆ। ਹੋਸੀ—ਹੋਵੇਗਾ, ਹੈ। ਖਾਕੂ—ਖ਼ਾਕ ਵਿਚ। ਨਵ ਨਿਧਿ—ਜਗਤ ਦੇ ਨੌਂ ਹੀ ਖ਼ਜ਼ਾਨੇ। ਦੇਸੀ—ਦੇਵੇਗਾ, ਦੇਂਦਾ ਹੈ।੧।

ਹਰਿ—ਹੇ ਹਰੀ ! ਦਾਤੀ—ਦਾਤੀਂ, ਦਾਤਾਂ ਨਾਲ। ਰਾਜਾ—ਰੱਜਾਂ, ਮੈਂ ਰੱਜਦਾ ਹਾਂ। ਬਪੁੜਾ—ਵਿਚਾਰਾ। ਸਾਲਾਹੀ—ਸਲਾਹੀਂ, ਮੈਂ ਸਲਾਹਾਂ।ਰਹਾਉ।

ਜਿਨਿ—ਜਿਸ ਮਨੁੱਖ ਨੇ। ਸਭੁ ਕਿਛੁ—ਹਰੇਕ ਚੀਜ਼। ਸੁਖ-ਦਾਤੈ—ਸੁੱਖ ਦੇਣ ਵਾਲੇ (ਪ੍ਰਭੂ) ਨੇ। ਸਹਜਿ—ਆਤਮਕ ਅਡੋਲਤਾ ਦੇ ਕਾਰਣ। ਸਤਿਗੁਰਿ—ਗੁਰੂ ਨੇ। ਮੇਲਿ—ਮਿਲਾਪ ਵਿਚ।੨।

ਮਨ—ਹੇ ਮਨ! ਅਨਦਿਨੁ—ਹਰ ਰੋਜ਼। ਵਖਾਣੀ—ਵਖਾਣਿ, ਉਚਾਰਦਾ ਰਹੁ। ਕਾਣਿ—ਮੁਥਾਜੀ। ਜਮਾਣੀ—ਜਮਾਂ ਦੀ। ਕਉ—ਨੂੰ।੩।

ਗੁਪਾਲਾ—ਹੇ ਗੋਪਾਲ! ਕਿਆ ਹਮ—ਸਾਡੀ ਕੀ ਤਾਕਤ ਹੈ? ਜਨ—ਦਾਸ।੪।

ਅਰਥ :

ਪ੍ਰ: ਹੇ ਗੁਰੋ! ਸਾਡਾ ਸੰਸਾਰੀ ਜੀਵਾਂ ਦਾ ਮਨ ਸਾਨੂੰ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਮਜਬੂਰ ਕਰਦਾ ਹੈ; ਕੋਈ ਸਾਧਨ ਦੱਸੋ ਕਿ ਇਸ ਮਨ ਨੂੰ ਕਿਵੇਂ ਸਮਝਾਈਏ?

ਉ: ੧. ਹੇ ਪਿਆਰਿਓ! ਇਸ ਭੋਲੇ ਮਨ ਨੂੰ ਇਉਂ ਸਮਝਾਇਆ ਕਰੋ ਕਿ ਐ ਮੇਰੇ ਮਨਾ! ਤੂੰ ਇਸ ਤਰ੍ਹਾਂ ਸਾਈਂ ਜੀ ਦੇ ਚਰਨਾਂ ਵਿਚ ਜੋਦੜੀਆਂ ਕਰਿਆ ਕਰ ਕਿ ਹੇ ਪ੍ਰਭੂ ਜੀ! ਜਦ ਕਿ ਹਰੇਕ ਜੀਵ ਤੇਰਾ ਹੀ ਪੈਦਾ ਕੀਤਾ ਹੋਇਆ ਹੈ, ਤਾਂ ਮੈਂ ਤੈਨੂੰ ਛੱਡ ਕੇ ਹੋਰ ਕਿਸ ਪਾਸੋਂ ਕੁਝ ਮੰਗਾਂ? ਮੈਂ ਹੋਰ ਕਿਸ ਦੀ ਆਸ ਰੱਖਦਾ ਫਿਰਾਂ?

੨. (ਕਿਉਂਕਿ) ਜੋ ਜੋ ਵੀ ਵੱਡੇ ਤੋਂ ਵੱਡਾ ਕੋਈ ਧਨਾਢ ਮਨੁੱਖ ਦਿੱਸਦਾ ਹੈ, ਇਨ੍ਹਾਂ ਸਭ ਨੇ ਮਰ ਕੇ ਮਿੱਟੀ ਵਿਚ ਰਲ ਜਾਣਾ ਹੈ।

੩. ਇਕ ਪਰਮੇਸ਼ਰ ਹੀ ਸਦਾ ਸਲਾਮਤ ਰਹਿਣ ਵਾਲਾ ਦਾਤਾ ਹੈ। ਹੇ ਨਿਰਭਉ ਨਿਰੰਕਾਰ! ਤੂੰ ਹੀ ਭਵ ਖੰਡਨ, ਡਰ ਦੇ ਨਾਸ ਕਰਨ ਵਾਲਾ ਹੈਂ, ਸਾਰੇ ਸੁੱਖ ਅਤੇ ਨੌਂ ਹੀ ਖ਼ਜ਼ਾਨੇ ਦੇਣ ਵਾਲਾ ਹੈਂ।

੪. ਹੇ ਪ੍ਰਭੂ ਜੀ! ਮੈਂ ਤਾਂ ਤੇਰੀਆਂ ਦਿੱਤੀਆਂ ਦਾਤਾਂ ਨਾਲ ਹੀ ਰੱਜ ਸਕਦਾ ਹਾਂ।

੫. ਮੈਂ ਕਿਸੇ ਵਿਚਾਰੇ ਮਨੁੱਖ ਦੀ ਵਡਿਆਈ ਕਿਉਂ ਕਰਦਾ ਫਿਰਾਂ?

੬. ਹੇ ਭਾਈਓ! ਜਿਸ ਮਨੁੱਖ ਨੇ ਉਸ ਪ੍ਰਭੂ ਜੀ ਦਾ ਨਾਮ ਸਿਮਰਿਆ, ਜਗਤ ਦੀ ਹਰੇਕ ਚੀਜ਼ ਹੀ ਉਸੇ ਦੀ ਬਣ ਜਾਂਦੀ ਹੈ ਅਤੇ ਪਰਮੇਸ਼ਰ ਉਸ ਦੇ ਅੰਦਰੋਂ ਸਾਰੀ ਮਾਇਆ ਦੀ ਭੁੱਖ ਦੂਰ ਕਰ ਦੇਂਦਾ ਹੈ।

ਪ੍ਰ: ਕਿਉਂ ਜੀ! ਉਹ ਸਾਈਂ ਉਸ ਨੂੰ ਕਿਤਨੀ ਕੁ ਦੌਲਤ ਬਖ਼ਸ਼ ਦੇਂਦਾ ਹੈ?

ਉ: ੭. ਹੇ ਭਾਈਓ! ਸੰਸਾਰਕ ਮਾਇਆ ਦੇ ਖ਼ਜ਼ਾਨੇ ਤਾਂ ਆਖ਼ਰ ਮੁੱਕ ਹੀ ਜਾਂਦੇ ਹਨ, ਪਰ ਸੁੱਖ ਦਾਤੇ ਪ੍ਰਭੂ ਜੀ ਨੇ ਉਸ ਨੂੰ ਅਜਿਹਾ (ਨਾਮ) ਧਨ ਬਖ਼ਸ਼ ਦਿੱਤਾ ਹੈ, ਜੋ ਕਿ ਉਸ ਸੇਵਕ ਪਾਸੋਂ ਕਦੇ ਮੁੱਕਦਾ ਹੀ ਨਹੀਂ।

੮. ਗੁਰੂ ਜੀ ਨੇ ਜਦੋਂ ਸੇਵਕ ਦੀ ਸੁਰਤੀ ਨੂੰ ਸਾਈਂ ਜੀ ਦੇ ਚਰਨਾਂ ਵਿਚ ਜੋੜ ਦਿੱਤਾ, ਤਦੋਂ ਉਸ ਦੇ ਅੰਦਰ ਅਨੰਦ ਤੇ ਸਾਰੇ ਸੁੱਖ ਆ ਵਸਦੇ ਹਨ।੨।

੯. (ਇਸ ਲਈ) ਹੇ ਮੇਰੇ ਮਨਾ! ਤੂੰ ਹਰ ਸਮੇਂ ਪਰਮੇਸ਼ਰ ਦਾ ਨਾਮ ਜਪਿਆ ਕਰ, ਸਿਮਰਿਆ ਕਰ, ਉਚਾਰਿਆ ਕਰ ਅਤੇ ਰਾਤ ਦਿਨ ਜੀਭ ਨਾਲ (ਕੇਵਲ) ਨਾਮ ਨੂੰ ਹੀ ਕਥਨ ਕਰਦਾ ਰਹੁ।

ਪ੍ਰ: ਕਿਉਂ ਜੀ! ਕੁਝ ਹੋਰ ਭੀ ਕਰਨਾ ਚਾਹੀਦਾ ਹੈ?

ਉ: ੧੦. ਹੇ ਪਿਆਰਿਆ! ਤੂੰ ਸੰਤ ਜਨਾਂ ਦੀ (ਸੰਗਤ ਵਿਚ ਮਿਲ ਕੇ) ਉਪਦੇਸ਼ ਸੁਣਿਆ ਕਰ, ਜਿਸ ਸੰਗਤ ਵਿਚ ਸੁਣੇ ਉਪਦੇਸ਼ ਦੀ ਬਰਕਤ ਨਾਲ, ਜਮਾਂ ਦੀ ਸਾਰੀ ਮੁਥਾਜੀ ਮੁੱਕ ਜਾਂਦੀ ਹੈ।

ਪ੍ਰ: ਕਿਉਂ ਜੀ! ਸਾਧੂਆਂ ਦੀ ਸੰਗਤ ਵਿਚ ਮਿਲ ਕੇ ਹਰ ਬੰਦਾ ਹੀ ਗੁਰੂ ਦੀ ਬਾਣੀ ਨੂੰ ਕਿਉਂ ਨਹੀਂ ਸੁਣਦਾ?

ਉ: ੧੧. ਹੇ ਭਾਈ! ਸਾਧੂਆਂ ਦੀ ਸੰਗਤ ਵਿਚ ਮਿਲ ਕੇ ਉਹੀ ਮਨੁੱਖ ਸਤਿਗੁਰੂ ਦੀ ਬਾਣੀ ਵਿਚ ਸੁਰਤਿ ਜੋੜਦੇ ਹਨ, ਜਿਨ੍ਹਾਂ ਉੱਤੇ ਪਿਆਰਾ ਪ੍ਰਭੂ ਆਪ ਦਇਆਵਾਨ ਹੁੰਦਾ ਹੈ।੩।

ਪ੍ਰ: ਹੇ ਗੁਰੋ! ਗੁਰੂ ਦੀ ਬਾਣੀ ਵਿਚ ਜੋ ਸੁਰਤੀ ਜੋੜਨ ਵਾਲੇ ਹਨ, ਉਨ੍ਹਾਂ ਦੀ ਮਾਨਸਕ ਅਵਸਥਾ ਕਿਸ ਪ੍ਰਕਾਰ ਦੀ ਹੋ ਜਾਂਦੀ ਹੈ?

ਉ: ੧੨. ਹੇ ਪਿਆਰੇ! ਸੁਰਤੀ ਜੁੜੇ ਹੋਏ ਸਾਧਕਾਂ ਦੀ ਇਹੋ ਇਕ ਵੱਡੀ ਨਿਸ਼ਾਨੀ ਹੈ ਕਿ ਉਨ੍ਹਾਂ ਦੇ ਅੰਦਰੋਂ ਸਦਾ ਇਹੋ ਹੀ ਆਵਾਜ਼ ਨਿਕਲਦੀ ਹੈ ਕਿ ਹੇ ਪ੍ਰਭੂ! ਤੇਰੀ ਕੀਮਤ ਕੌਣ ਜਾਣ ਸਕਦਾ ਹੈ? ਤੂੰ ਸਾਰੇ ਹੀ ਜੀਵਾਂ ਉੱਤੇ ਮਿਹਰ ਕਰਨ ਵਾਲਾ ਹੈਂ।

੧੩. ਹੇ ਗੁਪਾਲ! ਸਾਰੇ ਸੰਸਾਰ ਅੰਦਰ ਸਭੋ ਕੁਝ ਤੇਰਾ ਹੀ ਕੀਤਾ ਵਰਤ ਰਿਹਾ ਹੈ। ਅਸੀਂ ਅਗਿਆਤ ਬਾਲਕੇ ਕੀ ਕਰ ਸਕਦੇ ਹਾਂ?

ਪ੍ਰ: ਅਗੰਮੀ ਆਵਾਜ਼ ਆਈ ਕਿ ਆਪ ਮੰਗਣਾ ਕੀ ਚਾਹੁੰਦੇ ਹੋ?

ਉ: ੧੪. ਪੰਜਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਕਿਰਪਾਲੂ ਪ੍ਰਭੂ! ਮੈਂ ਤੇਰਾ ਦਾਸ ਹਾਂ, ਇਸ ਆਪਣੇ ਦਾਸ ਦੀ ਰੱਖਿਆ ਉਸੇ ਤਰ੍ਹਾਂ ਕਰਦਾ ਰਹੁ ਜਿਵੇਂ ਪਿਤਾ ਆਪਣੇ ਪੁੱਤਰਾਂ ਉੱਤੇ ਕਿਰਪਾਲੂ ਹੋ ਕੇ ਕਰਦਾ ਹੈ।੪।੧।

ਭਾਵਾਰਥ : ਇਸ ਡਾਵਾਂ ਡੋਲ ਹੋ ਰਹੇ ਮਨ ਨੂੰ ਸਥਿਰ ਕਰਨ ਲਈ ਸੰਬੋਧਨ ਕਰ ਰਹੇ ਹਨ ਕਿ ਹੇ ਮਨਾ! ਸਾਰੇ ਸੁੱਖ ਦੇਣ ਵਾਲਾ ਇਕੋ ਨਿਰਭਉ ਸਾਈਂ ਜੀ ਹੈ, ਉਸ ਨੂੰ ਛੱਡ ਕੇ ਜੇ ਕਿਸੇ ਹੋਰ ਅੱਗੇ ਜਾ ਕੇ ਜਾਚਨਾ ਕਰਦਾ ਹੈਂ ਤਾਂ ਇਹ ਸਾਰੇ ਵੱਡੇ-ਵੱਡੇ ਲੋਕ ਮਿੱਟੀ ਵਿਚ ਰਲ ਜਾਣ ਵਾਲੇ ਹਨ, ਹਰੀ ਦਾ ਚਿੰਤਨ ਹੀ ਇਕ ਮਨ ਵਿਚੋਂ ਤ੍ਰਿਸ਼ਨਾ ਦੀ ਭੁੱਖ ਦੂਰ ਕਰਨ ਵਾਲਾ ਹੈ, ਪਰ ਇਹ ਚਿੰਤਨ ਸਾਧੂਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ, ਇਸ ਲਈ ਸੰਗਤ ਵਿਚ ਮਿਲ ਕੇ ਸਾਈਂ ਜੀ ਤੋਂ ਕੇਵਲ ਨਾਮ ਦੀ ਹੀ ਜਾਚਨਾ ਕਰਦੇ ਰਹੋ, ਜੋ ਕਿ ਸਰਵ ਜੀਵਾਂ ਦੀ ਪ੍ਰਤਿਪਾਲਨਾ ਕਰਨ ਵਾਲਾ ਹੈ।

ਸੋਰਠਿ ਮਹਲਾ ੫ ਘਰੁ ੧ ਚੌਤੁਕੇ॥

੧. ਗੁਰੁ ਗੋਵਿੰਦੁ ਸਲਾਹੀਐ ਭਾਈ
ਮਨਿ ਤਨਿ ਹਿਰਦੈ ਧਾਰ॥
੨. ਸਾਚਾ ਸਾਹਿਬੁ ਮਨਿ ਵਸੈ ਭਾਈ
ਏਹਾ ਕਰਣੀ ਸਾਰ॥

੩. ਜਿਤੁ ਤਨਿ ਨਾਮੁ ਨ ਊਪਜੈ ਭਾਈ
ਸੇ ਤਨ ਹੋਏ ਛਾਰ ॥
੪. ਸਾਧਸੰਗਤਿ ਕਉ ਵਾਰਿਆ ਭਾਈ
ਜਿਨ ਏਕੰਕਾਰ ਅਧਾਰ ॥੧॥
੫. ਸੋਈ ਸਚੁ ਅਰਾਧਣਾ ਭਾਈ
ਜਿਸ ਤੇ ਸਭੁ ਕਿਛੁ ਹੋਇ ॥
੬. ਗੁਰਿ ਪੂਰੈ ਜਾਣਾਇਆ ਭਾਈ
ਤਿਸੁ ਬਿਨੁ ਅਵਰੁ ਨ ਕੋਇ ॥ ਰਹਾਉ ॥
੭. ਨਾਮ ਵਿਹੂਣੇ ਪਚਿ ਮੁਏ ਭਾਈ
ਗਣਤ ਨ ਜਾਇ ਗਣੀ ॥
੮. ਵਿਣੁ ਸਚ ਸੋਚ ਨ ਪਾਈਐ ਭਾਈ
ਸਾਚਾ ਅਗਮ ਧਣੀ ॥
੯. ਆਵਣ ਜਾਣੁ ਨ ਚੁਕਈ ਭਾਈ
ਝੂਠੀ ਦੁਨੀ ਮਣੀ ॥
੧੦. ਗੁਰਮੁਖਿ ਕੋਟਿ ਉਧਾਰਦਾ ਭਾਈ
ਦੇ ਨਾਵੈ ਏਕ ਕਣੀ ॥੨॥
੧੧. ਸਿੰਮ੍ਰਿਤਿ ਸਾਸਤ ਸੋਧਿਆ ਭਾਈ
ਵਿਣੁ ਸਤਿਗੁਰ ਭਰਮੁ ਨ ਜਾਇ ॥
੧੨. ਅਨਿਕ ਕਰਮ ਕਰਿ ਥਾਕਿਆ ਭਾਈ
ਫਿਰਿ ਫਿਰਿ ਬੰਧਨ ਪਾਇ ॥
੧੩. ਚਾਰੇ ਕੁੰਡਾ ਸੋਧੀਆ ਭਾਈ
ਵਿਣੁ ਸਤਿਗੁਰ ਨਾਹੀ ਜਾਇ ॥
੧੪. ਵਡਭਾਗੀ ਗੁਰੁ ਪਾਇਆ ਭਾਈ
ਹਰਿ ਹਰਿ ਨਾਮੁ ਧਿਆਇ ॥੩॥
੧੫. ਸਚੁ ਸਦਾ ਹੈ ਨਿਰਮਲਾ ਭਾਈ
ਨਿਰਮਲ ਸਾਚੇ ਸੋਇ ॥
੧੬. ਨਦਰਿ ਕਰੇ ਜਿਸੁ ਆਪਣੀ ਭਾਈ
ਤਿਸੁ ਪਰਾਪਤਿ ਹੋਇ ॥
੧੭. ਕੋਟਿ ਮਧੇ ਜਨੁ ਪਾਈਐ ਭਾਈ
ਵਿਰਲਾ ਕੋਈ ਕੋਇ ॥
੧੮. ਨਾਨਕ ਰਤਾ ਸਚਿ ਨਾਮਿ ਭਾਈ
ਸੁਣਿ ਮਨੁ ਤਨੁ ਨਿਰਮਲੁ ਹੋਇ ॥੪॥੨॥

ਨੋਟ : ਚੌ-ਤੁਕੇ ਚਾਰ-ਚਾਰ ਤੁੱਕਾਂ ਵਾਲੇ 'ਬੰਦ'। ਇਸ ਸ਼ਬਦ ਦੇ ਹਰੇਕ 'ਬੰਦ' ਵਿਚ ਚਾਰ ਤੁੱਕਾਂ ਹਨ।

ਪਦ ਅਰਥ : ਸਲਾਹੀਐ—ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ। ਮਨਿ—ਮਨ ਵਿਚ। ਤਨਿ—ਤਨ ਵਿਚ। ਧਾਰਿ—ਧਾਰ ਕੇ, ਟਿਕਾਅ ਕੇ। ਸਾਚਾ—ਸਦਾ ਹੀ ਕਾਇਮ ਰਹਿਣ ਵਾਲਾ। ਸਾਰ—ਸਰੇਸ਼ਟ। ਕਰਨੀ—ਕਰਤੱਬ। ਜਿਤੁ—ਜਿਸ ਵਿਚ। ਜਿਤੁ ਤਨਿ—ਜਿਸ ਸਰੀਰ ਵਿਚ। ਸੇ ਤਨ—ਉਹ (ਸਾਰੇ) ਸਰੀਰ। ਛਾਰ—ਸੁਆਹ। ਕਉ—ਤੋਂ। ਵਾਰਿਆ—ਕੁਰਬਾਨ। ਸਾਧ ਸੰਗਤਿ ਕਉ—ਉਨ੍ਹਾਂ ਗੁਰਮੁਖਾਂ ਦੀ ਸੰਗਤ ਤੋਂ। ਅਧਾਰ—ਆਸਰਾ।੧।

ਗੁਰਿ—ਗੁਰੂ ਨੇ।ਰਹਾਉ।

ਪਚਿ—ਮਾਇਆ ਦੇ ਮੋਹ ਵਿਚ, ਖ਼ੁਆਰ ਹੋ ਹੋ, ਉਲਝ ਕੇ। ਮੁਏ—ਆਤਮਕ ਮੌਤ ਮਰ ਗਏ। ਗਣਤ—ਗਿਣਤੀ। ਵਿਣੁ ਸਚ—ਸਥਿਰ ਪ੍ਰਭੂ ਦੇ ਨਾਮ ਤੋਂ ਬਿਨਾ। ਸੋਚ—ਆਤਮਕ ਪਵਿੱਤਰਤਾ। ਅਗਮ—ਅਪਹੁੰਚ। ਧਣੀ—ਮਾਲਕ। ਦੁਨੀ ਮਣੀ—ਦੁਨੀਆ ਦੇ (ਪਦਾਰਥਾਂ) ਦਾ ਮਾਣ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਕੋਟਿ—ਕਰੋੜਾਂ ਨੂੰ। ਨਾਵੈ—ਨਾਮ ਦੀ।੨।

ਸੋਧਿਆ—ਵੀਚਾਰ ਵੇਖੇ ਹਨ। ਭਰਮੁ—ਭਟਕਣਾ। ਨ ਜਾਇ—ਨਹੀਂ ਜਾਂਦੀ। ਪਾਇ—ਸਹੇੜਦਾ ਹੈ। ਜਾਇ—ਥਾਂ। ਧਿਆਇ—ਧਿਆਉਂਦਾ ਹੈ।੩।

ਸਚੁ—ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਨਿਰਮਲਾ—ਪਵਿੱਤਰ। ਸਾਚੇ ਸੋਇ—ਸੱਚੇ ਪ੍ਰਭੂ ਦੀ ਸੋਭਾ, ਸਿਫ਼ਤਿ-ਸਾਲਾਹ। ਮਧੇ—ਵਿਚ। ਸੁਣਿ—(ਸੋਇ) ਸੁਣ ਕੇ।੪।

ਅਰਥ :

ਪ੍ਰ: ਹੇ ਗੁਰੋ! ਗੁਰਾਂ ਦੁਆਰਾ ਉਪਦੇਸ਼ ਸੁਣਨ ਦਾ ਅਸਲ ਭਾਵ ਕੀ ਹੈ?

ਉ: ੧. ਹੇ ਪਿਆਰਿਓ! ਗੁਰੂ ਦੀ ਸੰਗਤ ਵਿਚੋਂ ਗੁਰੂ ਦਾ ਉਪਦੇਸ਼ ਸੁਣ ਕੇ ਅਤੇ ਹਿਰਦੇ ਵਿਚ ਵਸਾ ਕੇ ਉਸੇ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਉਪਮਾ ਮਨ ਤਨ ਕਰ ਕੇ ਕਰਨੀ ਚਾਹੀਦੀ ਹੈ।

੨. ਹੇ ਪਿਆਰੇ! ਗੁਰੂ ਦੁਆਰਾ ਸਿਫ਼ਤਿ-ਸਾਲਾਹ ਕਰਦਿਆਂ ਜਦੋਂ ਸਦਾ ਕਾਇਮ ਰਹਿਣ ਵਾਲਾ ਮਾਲਕ ਮਨ ਵਿਚ ਵਸ ਜਾਵੇ ਤਾਂ ਸਮਝੋ ਮਨੁੱਖ ਲਈ ਇਹੋ ਹੀ ਸ੍ਰੇਸ਼ਟ ਕਰਣੀ ਹੈ, ਇਹ ਉਸ ਲਈ ਸ੍ਰੇਸ਼ਟ ਕਰਤੱਬ ਹੈ।

ਪ੍ਰ: ਹੇ ਗੁਰੋ! ਸਰੀਰ ਤਾਂ ਸਾਰੇ ਪ੍ਰਾਣੀਆਂ ਦੇ ਇਕੋ ਸਮਾਨ ਵੇਖੀਦੇ ਹਨ, ਪਰ ਜਿਸ ਮਨੁੱਖ ਅੰਦਰ ਨਾਮ ਨਹੀਂ ਪੈਦਾ ਹੁੰਦਾ, ਉਸ ਬਾਰੇ ਆਪ ਜੀ ਦਾ ਕੀ ਵੀਚਾਰ ਹੈ?

ਉ: ੩. ਹੇ ਭਾਈ! ਜਿਸ-ਜਿਸ ਸਰੀਰ ਵਿਚ ਉਸ ਸੱਚੇ ਪਰਮਾਤਮਾ ਦਾ ਨਾਮ ਨਹੀਂ ਪ੍ਰਗਟ ਹੁੰਦਾ, ਅਰਥਾਤ ਨਾਮ ਨਹੀਂ ਜਪਿਆ ਜਾਂਦਾ, ਉਹ ਤਾਂ ਸਰੀਰ ਖ਼ਾਕ ਵਾਂਗੂੰ ਨਿਸਫਲ ਹੁੰਦੇ ਹਨ।

੪. ਇਸ ਲਈ, ਹੇ ਪਿਆਰਿਓ! ਮੈਂ ਤਾਂ ਉਨ੍ਹਾਂ ਗੁਰਮੁਖਾਂ ਦੀ ਸੰਗਤ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਇਕ ਪਰਮੇਸ਼ਰ ਦੇ ਨਾਮ ਨੂੰ ਹੀ ਆਪਣੀ ਜ਼ਿੰਦਗੀ ਦਾ ਆਸਰਾ ਬਣਾਇਆ ਹੋਇਆ ਹੈ।੧।

੫. ਇਸ ਲਈ, ਐ ਪਿਆਰਿਓ! ਉਸੇ ਸੱਚੇ ਸਾਈਂ ਜੀ ਨੂੰ ਸਿਮਰਨਾ ਚਾਹੀਦਾ ਹੈ, ਜਿਸ ਤੋਂ ਜਗਤ ਦੀ ਸਾਰੀ ਸਮੱਗਰੀ ਹੋਂਦ ਵਿਚ ਆਈ ਹੈ।

ਪ੍ਰ: ਹਜ਼ੂਰ! ਇਹ ਸਮਝ ਪਵੇ ਕਿਸ ਪਾਸੋਂ?

ਉ: ੬. ਹੇ ਸੱਜਨੋ! ਸਾਨੂੰ ਤਾਂ ਪੂਰੇ ਗੁਰੂ ਨੇ ਇਹ ਗੱਲ ਸਮਝਾ ਦਿੱਤੀ

ਹੈ ਕਿ ਉਸ ਪ੍ਰਭੂ ਜੀ ਤੋਂ ਬਿਨਾ ਹੋਰ ਕੋਈ (ਪੂਜਾ ਕਰਨ ਦੇ ਯੋਗ) ਹੀ ਨਹੀਂ ਹੈ।ਰਹਾਉ।

ਪ੍ਰ: ਹਜ਼ੂਰ! ਕੀ ਜਿਤਨੇ ਕੁ ਲੋਕ ਨਾਮ ਤੋਂ ਸੱਖਣੇ ਰਹਿ ਕੇ ਮਰ ਚੁੱਕੇ ਹਨ, ਉਨ੍ਹਾਂ ਦੀ ਭੀ ਕੋਈ ਗਿਣਤੀ ਹੋ ਸਕਦੀ ਹੈ?

ਉ: ੭. ਹੇ ਭਾਈਓ! ਉਨ੍ਹਾਂ ਲੋਕਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਗਿਣੀ ਜਾਂਦੀ, ਜਿਹੜੇ ਉਸ ਸਾਈਂ ਜੀ ਦੇ ਨਾਮ ਤੋਂ ਵਾਂਝੇ ਰਹਿ ਕੇ (ਮਾਇਆ ਦੇ ਮੋਹ ਵਿਚ) ਉਲਝ ਕੇ ਸੜ ਮੋਏ ਹਨ।

੮. ਹੇ ਪਿਆਰੇ! ਸੱਚੀ ਗੱਲ ਤਾਂ ਇਹੋ ਹੈ ਕਿ ਸੱਚਾ ਪਰਮੇਸ਼ਰ ਜੋ ਅਗਮ ਹੈ, ਉਸ ਦੇ ਨਾਮ ਤੋਂ ਬਿਨਾ ਤਾਂ ਮਾਨਸਿਕ ਪਵਿੱਤਰਤਾ ਪ੍ਰਾਪਤ ਨਹੀਂ ਹੁੰਦੀ।

੯. ਇਸ ਲਈ ਉਸ ਪ੍ਰਭੂ ਦੇ ਨਾਮ ਤੋਂ ਸੱਖਣੇ ਰਹਿ ਕੇ ਜੰਮਣ ਮਰਨ ਦਾ ਗੇੜ ਨਹੀਂ ਮੁੱਕਦਾ, (ਕਿਉਂਕਿ) ਦੁਨੀਆ ਦੇ ਪਦਾਰਥਾਂ ਦਾ ਮਾਣ ਕੂੜਾ ਹੈ। ਇਹ ਮਾਣ ਮਨੁੱਖ ਨੂੰ ਲੈ ਡੁੱਬਦਾ ਹੈ, ਸਦਾ ਜਨਮ ਮਰਣ ਵਿਚ ਪਾਈ ਰੱਖਦਾ ਹੈ।

ਪ੍ਰ: ਕਿਉਂ ਜੀ! ਗੁਰੂ ਦੀ ਸ਼ਰਨ ਵਿਚ ਆਉਣ ਦਾ ਕੀ ਲਾਭ ਹੈ?

ਉ: ੧੦. ਹੇ ਪਿਆਰੇ! ਮੁਖੀ ਗੁਰੂ ਇਕ ਨਾਮ ਦੀ ਕਣੀ ਦੇ ਕੇ ਕਰੋੜਾਂ ਨੂੰ (ਜਨਮ ਮਰਨ ਦੇ ਗੇੜ ਵਿਚੋਂ) ਬਚਾਅ ਲੈਂਦਾ ਹੈ।੨।

ਪ੍ਰ: ਹਜ਼ੂਰ! ਬਹੁਤ ਲੋਕ ਭਰਮ ਦੀ ਨਵਿਰਤੀ ਲਈ ਸ਼ਾਸਤ੍ਰ ਤੇ ਸਿੰਮ੍ਰਿਤੀਆਂ ਨੂੰ ਹੀ ਵੀਚਾਰਦੇ ਰਹਿੰਦੇ ਹਨ, ਕੀ ਉਨ੍ਹਾਂ ਦੀ ਇਸ ਤਰ੍ਹਾਂ ਭਰਮ ਨਵਿਰਤੀ ਹੋ ਜਾਂਦੀ ਹੈ?

ਉ: ੧੧. ਹੇ ਭਾਈਓ! ਅਸੀਂ ਤਾਂ ਛੇ ਸ਼ਾਸਤ੍ਰ ਸਤਾਈ ਸਿੰਮ੍ਰਿਤੀਆਂ ਨੂੰ (ਚੰਗੀ ਤਰ੍ਹਾਂ) ਸੋਧ ਕੇ ਵੇਖਿਆ ਹੈ ਕਿ ਉਨ੍ਹਾਂ ਪਾਸੋਂ ਮਨੁੱਖ ਦੇ ਅੰਦਰੋਂ ਭਰਮ ਦੀ ਨਵਿਰਤੀ ਨਹੀਂ ਹੁੰਦੀ, ਇਸ ਲਈ ਨਿਸ਼ਚਾ ਕਰੋ ਕਿ ਸਤਿਗੁਰੂ ਤੋਂ ਬਿਨਾ ਭਰਮ ਕਿਵੇਂ ਭੀ ਦੂਰ ਨਹੀਂ ਹੁੰਦਾ।

ਉ: ੧੨. ਹੇ ਸੱਜਨੋ! ਅਸੀਂ ਤਾਂ ਵੇਖ ਰਹੇ ਹਾਂ ਕਿ ਸ਼ਾਸਤਰਾਂ ਦੇ ਦੱਸੇ ਹੋਏ ਅਨੇਕਾਂ ਕਰਮਾਂ ਨੂੰ ਕਰ-ਕਰ ਕੇ ਵੀ ਮਨੁੱਖ ਥੱਕ ਜਾਂਦਾ ਹੈ, ਸਗੋਂ ਮੁੜ-ਮੁੜ ਬੰਧਨਾਂ ਵਿਚ ਬੰਧੇ ਜਾਣਾ ਹੀ ਸਹੇੜਦਾ ਹੈ।

ਉ: ੧੩. ਹੇ ਪਿਆਰਿਓ! ਅਸੀਂ ਤਾਂ ਸਾਰਾ ਹੀ ਜਗਤ ਢੂੰਡ ਕੇ ਵੇਖ ਲਿਆ ਹੈ, ਪਰ ਇਸ ਭਟਕਣਾ ਨੂੰ ਦੂਰ ਕਰਨ ਲਈ ਗੁਰੂ ਤੋਂ ਬਿਨਾ ਹੋਰ ਕੋਈ ਵੀ ਥਾਂ ਨਹੀਂ ਹੈ।

੧੪. ਹੇ ਮਿੱਤਰੋ! ਜਿਸ ਵੱਡਭਾਗੀ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਹ ਫਿਰ ਸਦਾ ਹੀ ਹਰੀ ਦਾ ਨਾਮ ਸਿਮਰਦਾ ਰਹਿੰਦਾ ਹੈ।੩।

੧੫. ਹੇ ਭਾਈਓ! ਉਹ ਸਥਿਰ ਰਹਿਣ ਵਾਲਾ ਪਰਮਾਤਮਾ ਹੀ ਸਦਾ ਪਵਿੱਤਰ ਹੈ ਅਤੇ ਉਸ ਸੱਚੇ ਦੀ ਸਿਫ਼ਤਿ-ਸਾਲਾਹ ਵੀ ਪਵਿੱਤਰ ਹੈ।

੧੬. ਪਰ ਹਾਂ, ਉਸ ਸੱਚੇ ਦੀ ਪਵਿੱਤਰ ਸਿਫ਼ਤਿ-ਸਾਲਾਹ ਉਸੇ ਮਨੁੱਖ ਨੂੰ ਮਿਲਦੀ ਹੈ, ਜਿਸ ਉੱਤੇ ਉਹ ਆਪ ਹੀ ਮਿਹਰ ਦੀ ਨਜ਼ਰ ਕਰਦਾ ਹੈ।

੧੭. ਪਰ, ਇਹੋ ਜਿਹਾ ਸੱਜਣ ਕਰੋੜਾਂ ਵਿਚੋਂ ਹੀ ਕੋਈ ਇਕ ਲੱਭਦਾ ਹੈ।

੧੮. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੋ ਸੱਚੇ ਨਾਮ ਵਿਚ ਰਤਾ ਹੋਇਆ ਹੈ, ਜਦੋਂ (ਉਸ ਤੋਂ ਉਪਦੇਸ਼) ਸੁਣੀਏ ਤਾਂ ਮਨ ਤਨ ਨਿਰਮਲ ਹੋ ਜਾਂਦਾ ਹੈ।੪।੨।

ਭਾਵਾਰਥ : ਇਸ ਸ਼ਬਦ ਵਿਚ ਹਰ ਪ੍ਰਾਣੀ ਮਾਤ੍ਰ ਨੂੰ ਗੋਬਿੰਦ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਦੀ ਪ੍ਰੇਰਣਾ ਕੀਤੀ ਗਈ ਹੈ ਅਤੇ ਮਨੁੱਖ ਮਾਤ੍ਰ ਲਈ ਸਰੇਸ਼ਟ ਕਰਤਬ ਵੀ ਇਹੋ ਦੱਸਿਆ ਗਿਆ ਹੈ, ਪਰ ਇਸ ਸਿਫ਼ਤਿ-ਸਾਲਾਹ ਦੀ ਪ੍ਰਾਪਤੀ ਸਾਧ ਸੰਗਤ ਵਿਚੋਂ ਹੁੰਦੀ ਹੈ, ਕਿਉਂਕਿ ਪੂਰੇ ਗੁਰੂ ਸੰਗਤ ਵਿਚੋਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਣਾ ਦੇਂਦੇ ਹਨ ਕਿ ਹੇ ਭਾਈਓ! ਉਸ ਪ੍ਰਭੂ ਤੋਂ ਬਿਨਾ ਹੋਰ ਕੋਈ ਜੀਵਾਂ ਦਾ ਆਸਰਾ ਹੀ ਨਹੀਂ।

ਨਾਮ ਤੋਂ ਸੱਖਣੇ ਰਹਿਣ ਵਾਲੇ ਅਨਗਿਣਤ ਹੀ ਲੋਕ ਮਾਇਆ ਦੇ ਮੋਹ ਵਿਚ ਖੱਚਤ ਹੋ ਹੋ ਮਰ ਗਏ ਹਨ, ਕਿਉਂਕਿ ਆਤਮਕ ਪਵਿੱਤਰਤਾ ਸੱਚੇ ਨਾਮ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦੀ। ਇਕ ਨਾਮ ਹੀ ਹੈ ਜਿਸ ਦੀ ਕਣੀ ਦੁਆਰਾ ਗੁਰੂ ਕਰੋੜਾਂ ਦਾ ਉਧਾਰ ਕਰਦਾ ਹੈ। ਸਤਿਗੁਰੂ ਦੀ ਮਿਹਰ ਤੋਂ ਬਿਨਾ ਭਰਮ ਦੀ ਨਵਿਰਤੀ ਨਹੀਂ ਹੁੰਦੀ, ਭਾਵੇਂ ਕੋਈ ਸ਼ਾਸਤਰਾਂ ਤੇ ਸਿੰਮ੍ਰਿਤੀਆਂ ਨੂੰ ਚੰਗੀ ਤਰ੍ਹਾਂ ਸੋਧ ਕੇ ਵੇਖ ਲਵੇ, ਨਾਮ ਤੋਂ ਸੱਖਣੇ ਕਰਮ ਧਰਮ ਸਾਰੇ ਹੀ ਬੰਧਨਾਂ ਵਿਚ ਬੰਨ੍ਹਣ ਵਾਲੇ ਹਨ, ਇਸ ਲਈ ਮਨੁੱਖ ਦੇ ਮਲੀਨ ਮਨ ਨੂੰ ਪਵਿੱਤਰ ਕਰਨ ਵਾਲਾ ਕੇਵਲ ਨਾਮ ਹੀ ਹੈ, ਜਿਸ ਨੂੰ ਕਰੋੜਾਂ ਵਿਚੋਂ ਕੋਈ-ਕੋਈ ਜਨ ਹੀ ਪ੍ਰਾਪਤ ਕਰ ਸਕਦਾ ਹੈ।

ਸੋਰਠਿ ਮਹਲਾ ੫ ਦੁਤੁਕੇ ॥

੧. ਜਉ ਲਉ ਭਾਉ ਅਭਾਉ ਇਹੁ ਮਾਨੈ
ਤਉ ਲਉ ਮਿਲਣੁ ਦੂਰਾਈ ॥
੨. ਆਨ ਆਪਨਾ ਕਰਤ ਬੀਚਾਰਾ
ਤਉ ਲਉ ਬੀਚੁ ਬਿਖਾਈ ॥੧॥
੩. ਮਾਧਵੇ ਐਸੀ ਦੇਹੁ ਬੁਝਾਈ ॥
੪. ਸੇਵਉ ਸਾਧ ਗਹਉ ਓਟ ਚਰਨਾ
ਨਹ ਬਿਸਰੈ ਮੁਹਤੁ ਚਸਾਈ ॥ ਰਹਾਉ ॥
੫. ਰੇ ਮਨ ਮੁਗਧ ਅਚੇਤ ਚੰਚਲ ਚਿਤ
ਤੁਮ ਐਸੀ ਰਿਦੈ ਨ ਆਈ ॥
੬. ਪ੍ਰਾਨਪਤਿ ਤਿਆਗਿ ਆਨ ਤੂ ਰਚਿਆ
ਉਰਝਿਓ ਸੰਗਿ ਬੈਰਾਈ ॥੨॥
੭. ਸੋਗੁ ਨ ਬਿਆਪੈ ਆਪੁ ਨ ਥਾਪੈ
ਸਾਧਸੰਗਤਿ ਬੁਧਿ ਪਾਈ ॥
੮. ਸਾਕਤ ਕਾ ਬਕਨਾ ਇਉ ਜਾਨਉ
ਜੈਸੇ ਪਵਨੁ ਝੁਲਾਈ ॥੩॥
੯. ਕੋਟਿ ਪਰਾਧ ਅਛਾਦਿਓ ਇਹੁ ਮਨੁ
ਕਹਣਾ ਕਛੂ ਨ ਜਾਈ ॥
੧੦. ਜਨ ਨਾਨਕ ਦੀਨ ਸਰਨਿ ਆਇਓ ਪ੍ਰਭ
ਸਭੁ ਲੇਖਾ ਰਖਹੁ ਉਠਾਈ ॥੪॥੩॥

ਨੋਟ : ਦੁ-ਤੁਕੇ—ਦੋ-ਦੋ ਤੁਕਾਂ ਵਾਲੇ 'ਬੰਦ'।

ਪਦ ਅਰਥ : ਜਉ ਲਉ—ਜਦ ਤਕ। ਭਾਉ—ਪਿਆਰ। ਅਭਾਉ—ਵੈਰ। ਤਉ ਲਉ—ਤਦ ਤਕ। ਦੂਰਾਈ—ਦੂਰ, ਮੁਸ਼ਕਲ। ਆਨ—ਬਿਗਾਨਾ। ਬੀਚੁ—ਵਿਥ, ਪਰਦਾ। ਬਿਖਾਈ—ਬਿਖਿਆ ਦਾ, ਮਾਇਆ ਦੇ ਮੋਹ ਦਾ।੧।

ਮਾਧਵੇ—(ਮਾ-ਮਾਇਆ। ਧਵ—ਪਤੀ) ਹੇ ਲਛਮੀ ਪਤੀ! ਹੇ ਪ੍ਰਭੂ। ਬੁਝਾਈ—ਮਤਿ, ਸਮਝ। ਸੇਵਉ—ਮੈਂ ਸੇਵਾ ਕਰਦਾ ਰਹਾਂ। ਸਾਧ—ਗੁਰੂ। ਗਹਉ—ਗਹਉਂ, ਮੈਂ ਫੜੀ ਰੱਖਾਂ। ਬਿਸਰੈ—ਭੁੱਲ ਜਾਏ। ਮਹਤੁ—ਮਹੂਰਤ, ਰਤਾ ਭਰ ਸਮੇਂ ਲਈ ਭੀ।ਰਹਾਉ।

ਮੁਗਧ—ਮੂਰਖ। ਅਚੇਤ—ਗ਼ਾਫ਼ਲ। ਚਿਤ—ਹੇ ਚਿੱਤ। ਰਿਦੈ—ਹਿਰਦੇ ਵਿਚ। ਰਿਦੈ ਨ ਆਈ—ਨਾ ਸੁੱਝੀ। ਤਿਆਗਿ—ਛੱਡ ਕੇ। ਆਨ—ਹੋਰਨਾਂ ਨਾਲ। ਸੰਗਿ—ਨਾਲ। ਬੈਰਾਈ—ਵੈਰੀ।੨।

ਨਾ ਬਿਆਪੈ—ਜ਼ੋਰ ਨਹੀਂ ਪਾਂਦਾ। ਆਪੁ—ਅਪਣੱਤ, ਹਉਮੈ। ਥਾਪੈ—ਸਾਂਭੀ ਰੱਖਦਾ। ਸਾਕਤ—ਪਰਮੇਸ਼ਰ ਨਾਲੋਂ ਟੁੱਟਾ ਹੋਇਆ ਮਨੁੱਖ। ਜਾਨਉ—ਜਾਨਉਂ, ਮੈਂ ਜਾਣਦਾ ਹਾਂ। ਪਵਨ ਝੁਲਾਈ—ਹਵਾ ਦਾ ਝੋਕਾ।੩।

ਕੋਟਿ—ਕਰੋੜਾਂ। ਅਛਾਦਿਓ—ਢਕਿਆ ਹੋਇਆ, ਦਬਾਇਆ ਹੋਇਆ। ਰਖਹੁ ਉਠਾਈ—ਮੁਕਾ ਦੇਹ।੪।

ਅਰਥ :

ਪ੍ਰ: ਹੇ ਗੁਰੋ! ਹਰ ਮਹਾਂ ਪੁਰਸ਼ਾਂ ਪਾਸੋਂ ਇਹੋ ਸੁਣਿਆ ਜਾਂਦਾ ਹੈ, ਕਿ ਜਿਸ ਸਾਈਂ ਜੀ ਤੋਂ ਇਸ ਜੀਵ ਦਾ ਵਿਛੋੜਾ ਪੈ ਚੁੱਕਾ ਹੈ, ਉਸ ਨਾਲ ਮੁੜ ਮਿਲਾਪ ਹੋਣਾ ਬਹੁਤ ਹੀ ਕਠਿਨ ਹੈ, ਇਸ ਦਾ ਅਸਲ ਕਾਰਣ ਕੀ ਹੈ?

ਉ: ੧. ਹੇ ਭਾਈ! ਇਸ ਜੀਵ ਦਾ ਜਦ ਤਕ ਕਿਸੇ ਨਾਲ ਰਾਗ, ਮੋਹ ਤੇ ਕਿਸੇ ਨਾਲ ਦ੍ਵੈਸ਼ ਭਾਵ ਜਾਂ ਵੈਰ ਭਾਵ ਹੈ ਤਦੋਂ ਤਕ ਇਸ ਦਾ ਪ੍ਰੇਮਸ਼ਰ ਨਾਲ ਮਿਲਾਪ ਹੋਣਾ ਬਹੁਤ ਦੂਰ ਦੀ ਗੱਲ ਹੈ, ਭਾਵ ਅਤੀ ਕਠਿਨ ਹੈ।

੨. ਕਿਉਂਕਿ ਜਦੋਂ ਤਕ ਇਹ ਕਿਸੇ ਨੂੰ ਆਪਣਾ ਤੇ ਕਿਸੇ ਨੂੰ ਬਿਗਾਨਾ ਮੰਨਣ ਦੀਆਂ ਸੋਚਾਂ ਸੋਚਦਾ ਹੈ, ਤਦੋਂ ਤਕ ਹੀ ਇਸ ਦੇ ਅੰਦਰ ਮਾਇਆ ਦੇ ਮੋਹ ਦਾ ਪਰਦਾ ਬਣਿਆ ਰਹਿੰਦਾ ਹੈ, ਜੋ ਕਿ ਇਸ ਜੀਵ ਨੂੰ ਪ੍ਰਭੂ ਜੀ ਵਲੋਂ ਵਿਛੋੜੀ ਰੱਖਦਾ ਹੈ।੧।

ਪ੍ਰ: ਹਜ਼ੂਰ! ਇਸ ਵਿਖਮਤਾ ਤੋਂ ਛੁੱਟਣ ਲਈ ਸਾਧਨ ਕੀ ਕੀਤਾ ਜਾਵੇ?

ਉ: ੩. ਹੇ ਭਾਈਓ! ਇਸ ਤਰ੍ਹਾਂ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਸਾਈਂ ਜੀ! ਮੈਨੂੰ ਐਸੀ ਸਿੱਖਿਆ ਸਮਝਾ ਦਿਓ, ਭਾਵ ਐਸੀ ਅਕਲ ਬਖ਼ਸ਼ ਦਿਓ ਕਿ ਮੈਂ

੪. ਗੁਰੂ ਦੀ ਦੱਸੀ ਸੇਵਾ ਕਰਦਾ ਰਹਾਂ ਤੇ ਗੁਰੂ ਦੇ ਚਰਨਾਂ ਦਾ ਹੀ ਆਸਰਾ ਫੜੀ ਰੱਖਾਂ। ਇਹ ਆਸਰਾ ਮੈਨੂੰ ਅੱਧੀ ਘੜੀ ਤੇ ਚਸਾ ਭਰ ਭੀ ਨਾ ਵਿਸਰੇ, ਭਾਵ ਸੁਆਸ-ਸੁਆਸ ਤੇਰਾ ਹੀ ਸਿਮਰਨ ਕਰਦਾ ਰਵਾਂ।

ਪ੍ਰ: ਸ੍ਰੀ ਜੀਉ! ਇਹ ਵੀਚਾਰ ਤਾਂ ਆਪ ਜੀ ਦੀ ਉੱਤਮ ਹੈ, ਪਰ ਚੰਚਲ ਮਨ ਇਸ ਨੂੰ ਸਮਝ ਕੇ ਧਾਰਨ ਨਹੀਂ ਕਰਦਾ, ਦੱਸੋ, ਕੀ ਯਤਨ ਕਰਾਂ?

ਉ: ੫. ਹੇ ਮਿੱਤਰਾ! ਤੂੰ ਮਨ ਨੂੰ ਇਸ ਤਰ੍ਹਾਂ ਸੰਬੋਧਨ ਕਰਦਾ ਰਹੁ ਕਿ ਐ ਮੂਰਖ, ਗ਼ਾਫ਼ਲ ਮਨ, ਹੇ ਚੰਚਲ ਮਨਾ, ਤੂੰ ਹਰ ਵਕਤ ਚੰਚਲਤਾਈਆਂ ਨੂੰ ਹੀ ਚਿਤਵਦਾ ਰਹਿੰਦਾ ਹੈਂ, ਕੀ ਤੇਰੇ ਅੰਦਰ ਕਦੇ ਭੀ ਇਹ ਵੀਚਾਰ ਨਹੀਂ ਆਈ ਕਿ ਇਹ ਚੰਚਲਤਾਈਆਂ ਸਦਾ ਹੀ ਮਨੁੱਖ ਲਈ ਦੁੱਖਾਂ ਦਾ ਕਾਰਨ ਹਨ।

੬. ਦੇਖ ਤੂੰ, ਪ੍ਰਾਨਾਂ ਦੇ ਪਤੀ ਪਰਮੇਸ਼ਰ ਨੂੰ ਭੁਲਾ ਕੇ ਹੋਰਨਾਂ ਦੇ ਮੋਹ ਵਿਚ ਮਸਤ ਰਹਿੰਦਾ ਹੈਂ ਤੇ ਕਾਮਾਦਿਕ ਵੈਰੀਆਂ ਦੇ ਨਾਲ ਸੰਬੰਧ ਜੋੜੀ ਰੱਖਦਾ ਹੈਂ।੨।

ਪ੍ਰ: ਕਿਉਂ ਜੀ! ਸਾਰੇ ਹੀ ਸੰਸਾਰੀ ਲੋਕ ਸੋਗ, ਚਿੰਤਾ, ਫ਼ਿਕਰ ਵਿਚ ਉਲਝ ਰਹੇ ਹਨ, ਇਸ ਤੋਂ ਛੁਟਕਾਰਾ ਕਿਵੇਂ ਹੋ ਸਕਦਾ ਹੈ, ਕੋਈ ਨਿੱਜੀ ਤਜਰਬਾ ਦੱਸੋ।

ਉ: ੭. ਹੇ ਪਿਆਰਿਓ! ਮੈਂ ਤਾਂ ਸਾਧ ਸੰਗਤ ਵਿਚੋਂ ਇਹ ਅਕਲ ਸਿੱਖੀ ਹੈ ਕਿ ਜੋ ਮਨੁੱਖ ਆਪਾ-ਭਾਵ ਤਿਆਗ ਦੇਂਦਾ ਹੈ, ਭਾਵ ਨਿਰਹੰਕਾਰ ਹੋ ਰਹਿੰਦਾ ਹੈ, ਉਸ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਭੀ ਸੋਗ, ਫ਼ਿਕਰ ਨਹੀਂ ਵਿਆਪਦਾ।

ਪ੍ਰ: ਹਜ਼ੂਰ! ਕਈ ਸਾਕਤ ਅਜਿਹੇ ਭੀ ਵੇਖੀਦੇ ਹਨ, ਜੋ ਕਿ ਨਿਰਹੰਕਾਰ ਰਹਿਣ ਵਾਲੇ ਸਾਈਂ ਜੀ ਦੇ ਪਿਆਰਿਆਂ ਦੀ ਨਿੰਦਾ ਹੀ ਕਰਦੇ ਰਹਿੰਦੇ ਹਨ। ਕੀ ਲੋਕਾਂ 'ਤੇ ਉਨ੍ਹਾਂ ਦਾ ਭੀ ਕੁਝ ਅਸਰ ਹੁੰਦਾ ਹੈ?

ਉ: ੮. (ਨਹੀਂ) ਹੇ ਭਾਈਓ! ਰੱਬ ਤੋਂ ਟੁੱਟੇ ਹੋਏ ਮਨੁੱਖਾਂ ਦੀ ਕੀਤੀ ਗੱਲ ਨੂੰ ਤਾਂ ਇਉਂ ਹੀ ਸਮਝੋ, ਜਿਵੇਂ ਕਿ ਇਹ ਹਵਾ ਦਾ ਹੀ ਝੋਕਾ ਹੁੰਦਾ ਹੈ, ਇਕ ਪਾਸਿਓਂ ਆਇਆ, ਦੂਜੇ ਪਾਸੇ ਲੰਘ ਗਿਆ, ਭਾਵ ਜਿਵੇਂ ਹਵਾ ਦੇ ਜ਼ੋਰ ਨਾਲ ਦਰੱਖ਼ਤਾਂ ਦੇ ਹਿਲਣ ਤੋਂ (ਸਾਂ ਸਾਂ) ਦੀ ਆਵਾਜ਼ ਹੁੰਦੀ ਹੈ।੩।

ਪ੍ਰ: ਕਿਉਂ ਜੀ! ਇਹ ਮਨ ਪ੍ਰਭੂ ਦੇ ਸਿਮਰਨ ਵਲੋਂ ਸਦਾ ਸਖਣਾ ਹੀ ਕਿਉਂ ਰਹਿੰਦਾ ਹੈ?

ਉ: ੯. ਹੇ ਭਾਈ! ਸੱਚੀ ਗੱਲ ਤਾਂ ਇਹੋ ਹੈ ਕਿ ਇਹ ਮਨ ਕਰੋੜਾਂ ਪਾਪਾਂ ਕਰ ਕੇ ਦੱਬਿਆ ਰਹਿੰਦਾ ਹੈ, ਇਸੇ ਲਈ ਇਸ ਕੋਲੋਂ ਸਿਮਰਨ ਨਹੀਂ ਕੀਤਾ ਜਾਂਦਾ। ਸੋ ਇਸ ਦੀ ਮੰਦ ਭਾਗਤਾ ਬਾਰੇ ਭੀ ਕੁਝ ਕਿਹਾ ਨਹੀਂ ਜਾ ਸਕਦਾ।

ਪ੍ਰ: ਹੇ ਗੁਰੋ! ਸਿਮਰਨ ਦੀ ਦਾਤ ਪ੍ਰਾਪਤ ਕਰਨ ਲਈ ਕੋਈ ਸਾਧਨ ਦੱਸ ਦਿਓ।

ਉ: ੧੦. ਹੇ ਪਿਆਰੇ! ਸਾਧਨ ਤਾਂ ਇਕੋ ਹੀ ਹੈ ਕਿ ਸਾਈਂ ਜੀ ਅੱਗੇ ਅਰਦਾਸ ਕਰੋ ਕਿ ਐ ਪ੍ਰਭੂ! ਦਾਸ ਦੀਨ ਹੋ ਕੇ ਤੇਰੀ ਸ਼ਰਨ ਆਇਆ ਹੈ, ਸੋ ਆਪ ਮੇਰੇ ਵਿਕਾਰਾਂ ਦਾ ਸਾਰਾ ਹੀ ਲੇਖਾ ਮੁਕਾ ਦਿਓ।੪।੩।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਸ ਚੰਚਲ ਮਨ ਨੂੰ ਸਾਈਂ ਜੀ ਦੇ ਅੱਗੇ ਜੋਦੜੀ ਕਰਨ ਦੀ ਪ੍ਰੇਰਨਾ ਕਰਦੇ ਹਨ ਕਿ ਐ ਪ੍ਰਭੂ! ਮੈਨੂੰ ਇਹੋ ਇਕ ਦਾਤ ਬਖ਼ਸ਼ ਕਿ ਮੈਂ ਗੁਰੂ ਦੀ ਸੇਵਾ ਕਰਦਾ ਰਵ੍ਹਾਂ ਤੇ ਗੁਰੂ ਦੇ ਚਰਨਾਂ ਦਾ ਹੀ ਆਸਰਾ ਫੜੀ ਰੱਖਾਂ। ਇਹ ਦਾਤਾ

ਮੈਨੂੰ ਕਦੇ ਭੀ ਭੁੱਲੇ ਨਾ ਅਤੇ ਨਿਰਹੰਕਾਰ ਜੀਵਨ ਬਿਤਾਉਣ ਲਈ ਸਾਧ ਸੰਗਤ ਬਖ਼ਸ਼ੋ, ਜਿਸ ਦੁਆਰਾ ਮੇਰੇ ਅੰਦਰੋਂ ਸਦਾ ਲਈ ਸੋਗ ਚਿੰਤਾ ਦਾ ਰੋਗ ਮਿਟ ਜਾਵੇ।

ਸੋਰਠਿ ਮਹਲਾ ੫ ॥

੧. ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ
ਮਾਇਆ ਸਨਬੰਧੇਹੀ ॥
੨. ਅੰਤ ਕੀ ਬਾਰ ਕੋ ਖਰਾ ਨ ਹੋਸੀ
ਸਭ ਮਿਥਿਆ ਅਸਨੇਹੀ ॥੧॥
੩. ਰੇ ਨਰ ਕਾਹੇ ਪਪੋਰਹੁ ਦੇਹੀ ॥
੪. ਊਡਿ ਜਾਇਗੋ ਧੂਮੁ ਬਾਦਰੋ
ਇਕੁ ਭਾਜਹੁ ਰਾਮੁ ਸਨੇਹੀ ॥ ਰਹਾਉ ॥
੫. ਤੀਨਿ ਸੰਙਿਆ ਕਰਿ ਦੇਹੀ ਕੀਨੀ
ਜਲ ਕੂਕਰ ਭਸਮੇਹੀ ॥
੬. ਹੋਇ ਆਮਰੋ ਗ੍ਰਿਹ ਮਹਿ ਬੈਠਾ
ਕਰਣ ਕਾਰਣ ਬਿਸਰੋਹੀ ॥੨॥
੭. ਅਨਿਕ ਭਾਤਿ ਕਰਿ ਮਣੀਏ ਸਾਜੇ
ਕਾਚੈ ਤਾਗਿ ਪਰੋਹੀ ॥
੮. ਤੂਟਿ ਜਾਇਗੋ ਸੂਤੁ ਬਾਪੁਰੇ
ਫਿਰਿ ਪਾਛੈ ਪਛੁਤੋਹੀ ॥੩॥
੯. ਜਿਨਿ ਤੁਮ ਸਿਰਜੇ ਸਿਰਜਿ ਸਵਾਰੇ
ਤਿਸੁ ਧਿਆਵਹੁ ਦਿਨੁ ਰੈਨੇਹੀ ॥
੧੦. ਜਨ ਨਾਨਕ ਪ੍ਰਭ ਕਿਰਪਾ ਧਾਰੀ
ਮੈ ਸਤਿਗੁਰ ਓਟ ਗਹੇਹੀ ॥੪॥੪॥

ਪਦ ਅਰਥ : ਕਲਤ੍ਰ—ਇਸਤਰੀ। ਲੋਕ ਗ੍ਰਿਹ—ਘਰ ਦੇ ਲੋਕ। ਬਨਤਾ—ਇਸਤਰੀ। ਸਨਬੰਧੇਹੀ—ਸੰਬੰਧੀ ਹੀ। ਬਾਰ—ਵੇਲੇ। ਖਰਾ—ਮਦਦਗਾਰ। ਹੋਸੀ—ਹੋਵੇਗਾ। ਮਿਥਿਆ—ਝੂਠਾ। ਅਸਨੇਹੀ—ਪਿਆਰ ਕਰਨ ਵਾਲੇ।੧।

ਪਪੋਰਹੁ ਦੇਹੀ—ਸਰੀਰ ਨੂੰ ਲਾਡਾਂ ਨਾਲ ਪਾਲਦੇ ਹੋ। ਧੂਮੁ—ਧੂੰਆਂ। ਬਾਦਰੋ—ਬੱਦਲ। ਇਕੁ—ਸਿਰਫ਼। ਭਾਜਹੁ—ਭਜਹੁ, ਸਿਮਰੋ। ਸਨੇਹੀ—ਪਿਆਰ ਕਰਨ ਵਾਲਾ।ਰਹਾਉ।

ਤੀਨਿ ਸੰਙਿਆ ਕਰਿ—ਮਾਇਆ ਦੇ ਤਿੰਨ ਗੁਣ ਰਲਾ ਕੇ। ਦੇਹੀ—ਸਰੀਰ। ਕੂਕਰ—ਕੁੱਤੇ। ਭਸਮੇਹੀ—ਸੁਆਹ ਮਿੱਟੀ। ਆਮਰੋ—ਅਮਰ। ਕਰਣ ਕਾਰਣ—ਜਗਤ ਦਾ ਮੂਲ। ਬਿਸਰੋਹੀ—ਤੈਨੂੰ ਭੁੱਲ ਗਿਆ ਹੈ।੨।

ਮਣੀਏ—(ਸਾਰੇ ਅੰਗ) ਮਣਕੇ। ਸਾਜੇ—ਬਣਾਏ। ਤਾਗਿ—ਧਾਗੇ ਵਿਚ। ਸੂਤ—ਧਾਗਾ। ਬਾਪਰੇ—ਹੇ ਨਿਮਾਣੇ (ਜੀਵ)।੩।

ਜਿਨਿ—ਜਿਸ ਪਰਮਾਤਮਾ ਨੇ। ਤੁਮ—ਤੈਨੂੰ। ਸਿਰਜ—ਪੈਦਾ ਕਰਕੇ। ਸਵਾਰੇ—ਸਜਾਇਆ ਹੈ, ਸੋਹਣਾ ਬਣਾਇਆ ਹੈ। ਰੈਨੇਹੀ—ਰਾਤ। ਪ੍ਰਭ—ਹੇ ਪ੍ਰਭੂ! ਧਾਰੀ—ਧਾਰਿ। ਗਹੇਹੀ—ਫੜਾ।੪।

ਅਰਥ :

ਪ੍ਰ: ਹਜ਼ੂਰ ਜੀ! ਤੁਸੀਂ ਕਹਿੰਦੇ ਹੋ ਕਿ ਘਰ ਦੇ ਸਾਰੇ ਸੰਬੰਧੀਆਂ ਦਾ ਸੰਬੰਧ ਝੂਠਾ ਹੈ, ਪਰ ਮੈਂ ਤਾਂ ਵੇਖਦਾ ਹਾਂ ਕਿ ਇਹ ਮੇਰੇ ਹੀ ਮੇਰੀ ਦਿਲੀ ਹਮਦਰਦੀ ਰੱਖਣ ਵਾਲੇ ਹਨ?

ਉ: ੧. ਹੇ ਪਿਆਰਿਆ! ਵੇਖ, ਪੁੱਤਰ, ਪੁੱਤਰ ਦੀ ਇਸਤਰੀ (ਨੂੰਹ) ਅਤੇ ਘਰ ਦੇ ਸੰਬੰਧੀ ਤੇ ਆਪਣੀ ਇਸਤਰੀ ਇਹ ਸਭ ਮਾਇਆ ਦਾ ਹੀ ਸਾਕ ਹਨ।

੨. (ਯਾਦ ਰੱਖ) ਅੰਤ ਵੇਲੇ ਇਨ੍ਹਾਂ ਸਾਰਿਆਂ ਵਿਚੋਂ ਤੇਰਾ ਕੋਈ ਭੀ ਮਦਦਗਾਰ ਨਹੀਂ ਹੋਵੇਗਾ, ਇਸੇ ਲਈ ਸਾਰਿਆਂ ਸੰਬੰਧੀਆਂ ਦਾ (ਅਸਨੇਹੀ) ਪ੍ਰੇਮ ਮਿਥਿਆ ਹੈ।੧।

੩. ਸੋ, ਹੇ ਮਨੁੱਖ! ਤੂੰ ਇਸ ਸਰੀਰ ਨੂੰ ਹੀ ਕਿਉਂ ਲਾਡਾਂ ਨਾਲ ਪਾਲਦਾ ਪੋਸਦਾ ਰਹਿੰਦਾ ਹੈਂ।

੪. ਸੋ ਸੱਜਨਾ! ਯਾਦ ਰੱਖ, ਇਹ ਤੇਰੀ ਦੇਹ ਤਾਂ ਧੂੰਏਂ ਦੇ ਬੱਦਲ ਵਾਂਗੂੰ ਉਡ ਜਾਏਗੀ, ਇਸ ਲਈ ਐ ਪਿਆਰਿਆ! ਤੂੰ ਇਕ ਰਾਮ ਨੂੰ ਹੀ ਪਿਆਰ ਨਾਲ ਭਜਦਾ ਰਿਹਾ ਕਰ, ਉਹੀ ਅਸਲ ਪਿਆਰ ਕਰਨ ਵਾਲਾ ਹੈ।ਰਹਾਉ।

੫. ਹੇ ਭਾਈ! (ਪਰਮੇਸ਼ਰ ਨੇ) ਮਾਇਆ ਦੇ ਤਿੰਨ ਗੁਣਾਂ ਦੇ ਅਸਰ ਹੇਠ ਰਹਿਣ ਵਾਲਾ ਸਰੀਰ ਬਣਾ ਦਿੱਤਾ ਹੈ, ਭਾਵ ਜਲ (ਸਤੋਗੁਣ)। ਕੂ—ਪ੍ਰਿਥਵੀ (ਰਜੋ ਗੁਣ) (ਭਸਮੇਹੀ) (ਤਮੋਗੁਣ) ਇਨ੍ਹਾਂ ਤਿੰਨਾਂ ਹੀ ਗੁਣਾਂ ਤੋਂ ਸਰੀਰ ਨੂੰ ਪੈਦਾ ਕਰ=ਕੀਤਾ ਹੈ, ਪਰ ਅੰਤ ਨੂੰ ਇਹ ਪਾਣੀ ਦੇ, ਕੁੱਤਿਆਂ ਦੇ ਜਾਂ ਮਿੱਟੀ ਦੇ ਹਵਾਲੇ ਹੋ ਜਾਂਦਾ ਹੈ। ਹੇ ਬੰਦੇ! ਤੂੰ ਇਸ ਸਰੀਰ ਘਰ ਵਿਚ ਆਪਣੇ ਆਪ ਨੂੰ ਅਮਰ ਸਮਝ ਕੇ

੬. ਬੈਠਾ ਰਹਿੰਦਾ ਹੈਂ ਤੇ ਜਗਤ ਦੇ ਮੂਲ ਪਰਮੇਸ਼ਰ ਨੂੰ ਤੂੰ ਭੁਲਾ ਰਿਹਾ ਹੈਂ।੨।

੭. ਐ ਬੰਦੇ ਵੇਖ! ਪਰਮੇਸ਼ਰ ਨੇ ਅਨੇਕਾਂ ਤਰੀਕਿਆਂ ਨਾਲ ਤੇਰੇ ਸਾਰੇ ਅੰਗ, ਮਣਕੇ ਬਣਾਏ ਹਨ, ਪਰ ਸੁਆਸਾਂ ਦੇ ਕੱਚੇ ਧਾਗੇ ਵਿਚ ਪ੍ਰੋਏ ਹੋਏ ਹਨ।

੮. ਹੇ ਵਿਚਾਰੇ ਨਿਮਾਣੇ ਜੀਵ ਵੇਖ, ਜਿਸ ਵੇਲੇ ਇਹ ਪ੍ਰਾਣਾਂ ਰੂਪੀ ਸੂਤਰ ਟੁੱਟ ਗਿਆ, ਅਰਥਾਤ ਸਵਾਸ ਪੂਰੇ ਹੋ ਗਏ ਤਾਂ ਫਿਰ ਸਮਾਂ ਬੀਤ ਜਾਣ ਤੋਂ ਮਗਰੋਂ ਤੂੰ ਪਸਚਾਤਾਪ ਹੀ ਕਰਦਾ ਰਹੇਂਗਾ।੩।

ਪ੍ਰ: ਹਜ਼ੂਰ! ਆਖ਼ਰ ਦੱਸੋ ਮੈਂ ਕਰਾਂ ਕੀ?

ਉ: ੯. ਹੇ ਸੱਜਨਾ! ਜਿਸ ਨੇ ਪੰਜਾਂ ਤੱਤਾਂ ਨੂੰ ਸਿਰਜ ਕੇ ਤੇਰੇ ਸਰੀਰ ਨੂੰ ਸਿਰਜਿਆ ਹੈ ਤੇ ਕਪੜਿਆਂ ਰਾਹੀਂ, ਜਾਂ ਅੰਗਾਂ ਪ੍ਰਤੰਗਾਂ ਦੁਆਰਾ ਰਚ ਕੇ ਤੈਨੂੰ ਸੋਹਣਾ ਬਣਾਇਆ ਹੈ, ਉਸ ਨੂੰ ਦਿਨੇ ਰਾਤ ਹਰ ਵੇਲੇ ਸਿਮਰਦਾ ਰਿਹਾ ਕਰ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੇਰੇ ਉੱਤੇ ਤਾਂ ਮੇਰੇ ਪ੍ਰਭੂ ਨੇ ਕਿਰਪਾ ਕੀਤੀ ਹੈ, ਇਸੇ ਲਈ ਮੈਂ ਸਦਾ ਹੀ ਗੁਣਾਂ ਦਾ ਆਸਰਾ ਫੜੀ ਰੱਖਦਾ ਹਾਂ।੪।੪।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਉਪਦੇਸ਼ ਦੇਂਦੇ ਹਨ, ਜੋ ਕਿ ਇਸ ਦੇਹੀ ਦੀ ਹੀ ਪਾਲਣਾ ਪੋਸਣਾ ਵਿਚ ਲੱਗੇ ਹੋਏ, ਸੱਚੇ ਮਾਲਕ ਨੂੰ ਵਿਸਾਰੀ ਬੈਠੇ

ਹਨ। ਇਨ੍ਹਾਂ ਸਾਰੇ ਸੰਬੰਧੀਆਂ ਦੇ ਮੋਹ ਨੂੰ ਝੂਠਾ ਦਰਸਾ ਕੇ ਸੱਚੇ ਸਾਥੀ ਸਾਈਂ ਜੀ ਨਾਲ ਪਿਆਰ ਕਰਨ ਦੀ ਪ੍ਰੇਰਣਾ ਕਰਦੇ ਹਨ, ਕਿਉਂਕਿ ਦੇਹੀ ਧੂੰਏਂ ਦੇ ਬੱਦਲਾਂ ਵਾਂਗੂੰ ਸ਼ੀਘਰ ਹੀ ਉੱਡ ਜਾਣ ਵਾਲੀ ਹੈ। ਜਿਸ ਸਿਰਜਨਹਾਰ ਨੇ ਇਸ ਦੇਹੀ ਦੀ ਬਣਤਰ ਬਣਾਈ ਹੈ, ਉਸੇ ਨੂੰ ਦਿਨੇ ਰਾਤ ਸਿਮਰਦੇ ਰਹਿਣਾ ਚਾਹੀਦਾ ਹੈ।

ਸੋਰਠਿ ਮਹਲਾ ੫ ॥

੧. ਗੁਰੁ ਪੂਰਾ ਭੇਟਿਓ ਵਡਭਾਗੀ
ਮਨਹਿ ਭਇਆ ਪਰਗਾਸਾ ॥
੨. ਕੋਇ ਨ ਪਹੁਚਨਹਾਰਾ ਦੂਜਾ
ਅਪੁਨੇ ਸਾਹਿਬ ਕਾ ਭਰਵਾਸਾ ॥੧॥
੩. ਅਪੁਨੇ ਸਤਿਗੁਰ ਕੈ ਬਲਿਹਾਰੈ ॥
੪. ਆਗੈ ਸੁਖੁ ਪਾਛੈ ਸੁਖ ਸਹਜਾ
ਘਰਿ ਆਨੰਦੁ ਹਮਾਰੈ ॥ ਰਹਾਉ ॥
੫. ਅੰਤਰਜਾਮੀ ਕਰਣੈਹਾਰਾ
ਸੋਈ ਖਸਮੁ ਹਮਾਰਾ ॥
੬. ਨਿਰਭਉ ਭਏ ਗੁਰ ਚਰਣੀ ਲਾਗੇ
ਇਕ ਰਾਮ ਨਾਮ ਆਧਾਰਾ ॥੨॥
੭. ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ
ਹੈ ਭੀ ਹੋਵਨਹਾਰਾ ॥
੮. ਕੰਠਿ ਲਗਾਇ ਅਪੁਨੇ ਜਨ ਰਾਖੇ
ਅਪੁਨੀ ਪ੍ਰੀਤਿ ਪਿਆਰਾ ॥੩॥
੯. ਵਡੀ ਵਡਿਆਈ ਅਚਰਜ ਸੋਭਾ
ਕਾਰਜੁ ਆਇਆ ਰਾਸੇ ॥
੧੦. ਨਾਨਕ ਕਉ ਗੁਰੁ ਪੂਰਾ ਭੇਟਿਓ
ਸਗਲੇ ਦੂਖ ਬਿਨਾਸੇ ॥੪॥੫॥

ਪਦ ਅਰਥ : ਭੇਟਿਓ—ਮਿਲਿਆ ਹੈ। ਵਡਭਾਗੀ—ਵੱਡੇ ਭਾਗਾਂ ਨਾਲ। ਮਨਹਿ—ਮਨ ਵਿਚ। ਪਰਗਾਸਾ—ਗਿਆਨ ਦਾ ਚਾਨਣਾ। ਸਾਹਿਬ—ਮਾਲਕ। ਭਰਵਾਸਾ—ਭਰੋਸਾ, ਸਹਾਰਾ।੧।

ਕੈ—ਤੋਂ। ਬਲਿਹਾਰੈ—ਸਦਕੇ। ਆਗੈ ਪਾਛੈ—ਲੋਕ-ਪ੍ਰਲੋਕ ਵਿਚ, ਹਰ ਥਾਂ। ਸਹਜਾ—ਸੁਭਾਵਕ ਹੀ। ਘਰਿ—ਹਿਰਦੇ ਘਰ ਵਿਚ।ਰਹਾਉ।

ਅੰਤਰਜਾਮੀ—ਸਭ ਦੇ ਦਿਲਾਂ ਦੀਆਂ ਜਾਨਣ ਵਾਲਾ। ਕਰਣੈਹਾਰਾ—ਪੈਦਾ ਕਰਨ ਵਾਲਾ। ਸੋਈ—ਉਹੋ ਹੀ। ਅਧਾਰਾ—ਆਸਰਾ।੨।

ਸਫਲ ਦਰਸਨੁ—ਜਿਸ ਪ੍ਰਭੂ ਦਾ ਦਰਸ਼ਨ ਜੀਵਨ-ਮਨੋਰਥ ਪੂਰਾ ਕਰਦਾ ਹੈ। ਅਕਾਲ ਮੂਰਤਿ—ਜਿਸ ਦੀ ਹਸਤੀ ਮੌਤ ਤੋਂ ਰਹਿਤ ਹੈ। ਹੋਵਨਹਾਰਾ—ਸਦਾ ਹੀ ਜੀਉਂਦੇ ਰਹਿਣ ਵਾਲਾ। ਕੰਠਿ—ਗਲ ਨਾਲ। ਲਗਾਇ—ਲਾ ਕੇ।੩।

ਕਾਰਜੁ—ਜ਼ਿੰਦਗੀ ਦਾ ਮਨੋਰਥ। ਆਇਆ ਰਾਸੇ—ਰਾਸਿ ਆਇਆ, ਸਿਰੇ ਚੜ੍ਹ ਗਿਆ ਹੈ। ਸਗਲੇ—ਸਾਰੇ।੪।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਆਪ ਜੀ ਦੇ ਅੰਦਰ ਹਰ ਵਕਤ ਗਿਆਨ ਦੀ ਪ੍ਰਾਪਤੀ ਦਾ ਸਦਕਾ ਸਦਾ ਹੀ ਖੇੜਾ ਰਹਿੰਦਾ ਹੈ, ਇਹ ਤੁਹਾਨੂੰ ਕਿਸ ਸਾਧਨ ਦਾ ਫਲ ਮਿਲਿਆ ਹੈ ?

ਉ: ੧. ਹੇ ਪਿਆਰਿਓ! ਵੱਡੀ ਕਿਸਮਤ ਨਾਲ ਮੈਨੂੰ ਪੂਰਾ ਗੁਰੂ ਮਿਲ ਗਿਆ ਹੈ, ਜਿਸ ਦਾ ਸਦਕਾ ਮੇਰੇ ਮਨ ਵਿਚ ਆਤਮਕ ਜੀਵਨ ਦੀ ਸੋਝੀ ਪੈਦਾ ਹੋ ਗਈ ਹੈ, ਸੋ ਇਕ ਇਹੋ ਹੀ ਮਨ ਵਿਚ ਖਿੜਾਵਟ ਦਾ ਕਾਰਣ ਹੈ।

੨. ਹੁਣ ਮੈਨੂੰ ਆਪਣੇ ਮਾਲਕ ਦਾ ਸਹਾਰਾ ਹੋ ਗਿਆ ਹੈ, ਜਿਸ ਮਾਲਕ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ, ਜਾਂ ਇਉਂ ਕਹੋ ਕਿ ਸਾਨੂੰ ਦੁੱਖ ਦੇਣ ਵਾਲਾ ਸਾਡੇ ਪਾਸ ਹੋਰ ਕੋਈ ਪਹੁੰਚਣ ਵਾਲਾ ਹੀ ਨਹੀਂ ਹੈ।

੩. ਹੇ ਭਾਈਓ! ਅਸੀਂ ਆਪਣੇ ਸਤਿਗੁਰਾਂ ਤੋਂ ਕੁਰਬਾਨ ਬਲਿਹਾਰ ਜਾਂਦੇ ਹਾਂ।

੪. ਉਸੇ ਗੁਰੂ ਦੀ ਕਿਰਪਾ ਨਾਲ ਸਾਡੇ ਹਿਰਦੇ ਘਰ ਵਿਚ (ਸਦਾ ਹੀ) ਅਨੰਦ ਬਣਿਆ ਰਹਿੰਦਾ ਹੈ। ਹੁਣ ਇਸ ਲੋਕ ਵਿਚ ਭੀ ਮੈਨੂੰ ਆਤਮਕ ਅਡੋਲਤਾ ਦਾ ਅਨੰਦ ਬਣਿਆ ਰਹਿੰਦਾ ਹੈ ਅਤੇ ਪ੍ਰਲੋਕ ਵਿਚ ਭੀ ਇਹੋ ਸੁੱਖ ਬਣਿਆ ਰਹਿਣ ਵਾਲਾ ਹੈ।ਰਹਾਉ।

੫. ਹੇ ਪਿਆਰੇ! ਜੋ ਸਾਰੇ ਪ੍ਰਪੰਚ ਦੇ ਕਰਨ ਵਾਲਾ ਹੈ ਤੇ ਸਾਰਿਆਂ ਦੇ ਅੰਦਰ ਦੀ ਜਾਨਣ ਵਾਲਾ ਹੈ, ਉਹੋ ਹੀ ਸਾਡਾ ਮਾਲਕ ਹੈ।

੬. ਹੇ ਭਾਈਓ! ਅਸੀਂ ਹੁਣ ਪੂਰੇ ਗੁਰਾਂ ਦੀ ਚਰਨੀਂ ਲੱਗ ਕੇ ਇਕੋ ਰਾਮ ਨਾਮ ਦਾ ਆਸਰਾ ਲੈ ਲਿਆ ਹੈ, ਇਸ ਲਈ ਹੁਣ ਅਸੀਂ ਨਿਰ+ਭਉ=ਡਰ ਤੋਂ ਰਹਿਤ ਹੋ ਗਏ ਹਾਂ।੨।

੭. ਐ ਪਿਆਰਿਓ! ਅਕਾਲ ਸਰੂਪ ਪ੍ਰਭੂ ਦਾ ਦਰਸ਼ਨ ਗਿਆਨ ਫਲ ਦੇ ਸਹਿਤ ਹੈ, ਹੁਣ ਹੈ ਭੀ—ਪਿਛੇ ਸੀ, ਹੋਵਨਹਾਰਾ=ਅੱਗੇ ਨੂੰ ਭੀ ਹੋਵੇਗਾ।

੮. ਉਹ ਪ੍ਰਭੂ! ਆਪਣੀ ਪ੍ਰੀਤ ਦੀ, ਆਪਣੇ ਪਿਆਰ ਦੀ ਦਾਤ ਦੇ ਕੇ ਆਪਣੇ ਸੇਵਕਾਂ ਨੂੰ ਆਪਣੇ ਗਲ ਨਾਲ ਲਾ ਕੇ ਰੱਖਦਾ ਹੈ।੩।

੯. ਹੇ ਭਾਈਓ! ਜਿਸ ਪ੍ਰਭੂ ਦੀ ਵਡਿਆਈ ਸਭ ਤੋਂ ਵੱਡੀ ਹੈ, ਉਸ ਦੀ ਜਦੋਂ ਅਚਰਜ ਸੋਭਾ ਕੀਤੀ ਹੈ ਤਾਂ ਕਾਰਜ ਰਾਸ ਆ ਗਿਆ।

੧੦. ਸਤਿਗੁਰੂ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਮੈਨੂੰ ਪੂਰਾ ਗੁਰੂ ਮਿਲ ਗਿਆ, ਇਸ ਕਰ ਕੇ ਮੇਰੇ ਸਾਰੇ ਦੁੱਖ ਨਾਸ ਹੋ ਗਏ ਹਨ।੪।੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਆਪਣੇ ਸਤਿਗੁਰੂ ਤੋਂ ਸਦਕੇ ਵਾਰਨੇ ਜਾਂਦੇ ਹਨ, ਪਰ ਉਹ ਸਤਿਗੁਰੂ ਮਿਲਦਾ ਹੈ ਪੂਰਨ ਭਾਗਾਂ ਦੁਆਰਾ। ਉਸੇ ਪੂਰਨ ਸਤਿਗੁਰੂ ਦੀ ਰਹਿਮਤ ਦਾ ਸਦਕਾ ਮਨ ਵਿਚ ਗਿਆਨ ਦੀ ਰੌਸ਼ਨੀ ਹੋ ਆਉਂਦੀ ਹੈ। ਉਸ ਰੌਸ਼ਨੀ ਦੀ ਬਰਕਤ ਨਾਲ ਇਸ ਲੋਕ ਤੇ ਪ੍ਰਲੋਕ ਵਿਚ ਮਹਾਂ ਸੁੱਖ ਪ੍ਰਾਪਤ ਹੁੰਦਾ

ਹੈ। ਇਸ ਤਰ੍ਹਾਂ ਜਿਨ੍ਹਾਂ ਨੂੰ ਰਾਮ ਨਾਮ ਦਾ ਆਸਰਾ ਮਿਲ ਗਿਆ ਹੈ, ਉਨ੍ਹਾਂ ਦੀ ਸੁਰਤੀ ਹਰ ਵਕਤ ਗੁਰੂ ਦੇ ਚਰਨਾਂ ਵਿਚ ਲੀਨ ਰਹਿੰਦੀ ਹੈ। ਹਰੀ ਉਨ੍ਹਾਂ ਗੁਰੂ ਚਰਨਾਂ ਦੇ ਪਿਆਰਿਆਂ ਨੂੰ ਸਦਾ ਹੀ ਆਪਣੇ ਕੰਠ ਨਾਲ ਲਾਈ ਰੱਖਦੇ ਹਨ ਤੇ ਉਨ੍ਹਾਂ ਦੇ ਸਾਰੇ ਹੀ ਦੁੱਖ ਨਾਸ ਹੋ ਜਾਂਦੇ ਹਨ।

ਸੋਰਠਿ ਮਹਲਾ ੫ ॥

੧. ਸੁਖੀਏ ਕਉ ਪੇਖੈ ਸਭ ਸੁਖੀਆ
ਰੋਗੀ ਕੈ ਭਾਣੈ ਸਭ ਰੋਗੀ ॥
੨. ਕਰਣ ਕਰਾਵਨਹਾਰ ਸੁਆਮੀ
ਆਪਨ ਹਾਥਿ ਸੰਜੋਗੀ ॥੧॥
੩. ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥
੪. ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥
੫. ਸੰਤ ਸੰਗਿ ਜਾ ਕਾ ਮਨੁ ਸੀਤਲੁ
ਓਹੁ ਜਾਣੈ ਸਗਲੀ ਠਾਂਢੀ ॥
੬. ਹਉਮੈ ਰੋਗਿ ਜਾ ਕਾ ਮਨੁ ਬਿਆਪਿਤ
ਓਹੁ ਜਨਮਿ ਮਰੈ ਬਿਲਲਾਤੀ ॥੨॥
੭. ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ
ਤਾ ਕਉ ਸਰਬ ਪ੍ਰਗਾਸਾ ॥
੮. ਅਗਿਆਨਿ ਅੰਧੇਰੈ ਸੂਝਸਿ ਨਾਹੀ
ਬਹੁੜਿ ਬਹੁੜਿ ਭਰਮਾਤਾ ॥੩॥
੯. ਸੁਣਿ ਬੇਨੰਤੀ ਸੁਆਮੀ ਅਪੁਨੇ
ਨਾਨਕੁ ਇਹੁ ਸੁਖੁ ਮਾਗੈ ॥
੧੦. ਜਹ ਕੀਰਤਨੁ ਤੇਰਾ ਸਾਧੂ ਗਾਵਹਿ
ਤਹ ਮੇਰਾ ਮਨੁ ਲਾਗੈ ॥੪॥੬॥

ਪਦ ਅਰਥ : ਸੁਖੀਆ—(ਆਤਮਕ) ਸੁਖ ਮਾਨਣ ਵਾਲਾ। ਕਉ—ਨੂੰ। ਪੇਖੈ—ਦਿੱਸਦਾ ਹੈ। ਕੈ ਭਾਣੈ—ਦੇ ਖ਼ਿਆਲ ਵਿਚ। ਰੋਗੀ—ਵਿਕਾਰਾਂ ਦੇ ਰੋਗ ਵਿਚ ਫਸਿਆ ਹੋਇਆ। ਕਰਾਵਨਹਾਰ—(ਜੀਵਾਂ ਪਾਸੋਂ) ਕਰਾਵਣ ਦੀ ਸਮਰੱਥਾ ਰੱਖਣ ਵਾਲਾ। ਹਥਿ—ਹੱਥ ਵਿਚ। ਸੰਜੋਗੀ—ਆਤਮਕ ਸੁੱਖ ਦਾ ਮੇਲ।੧।

ਜਿਨਿ—ਜਿਸ ਮਨੁੱਖ ਨੇ। ਭਰਮੁ—ਭਟਕਣਾ। ਸਗਲੋ—ਸਭ ਵਿਚ।ਰਹਾਉ।

ਸੰਗਿ—ਸੰਗਤਿ ਵਿਚ। ਸੀਤਲੁ—ਸ਼ਾਂਤ, ਠੰਡਾ। ਸਗਲੀ—ਸਾਰੀ ਲੁਕਾਈ। ਰੋਗਿ—ਰੋਗ ਵਿਚ। ਬਿਆਪਿਤ—ਫਸਿਆ ਹੋਇਆ। ਜਨਮਿ ਮਰੈ—ਜੰਮਦਾ ਮਰਦਾ ਰਹਿੰਦਾ ਹੈ। ਬਿਲਲਾਤੀ—ਵਿਲਕਦਾ, ਦੁਖੀ ਹੁੰਦਾ ਹੈ।੨।

ਗਿਆਨ ਅੰਜਨੁ—ਆਤਮਿਕ ਗਿਆਨ ਦੀ ਸੂਝ ਦਾ ਸੁਰਮਾ। ਨੇਤ੍ਰੀ—ਅੱਖਾਂ ਵਿਚ। ਪ੍ਰਗਾਸਾ—ਚਾਨਣ। ਅਗਿਆਨਿ—ਗਿਆਨ ਹੀਣ ਮਨੁੱਖ ਨੂੰ। ਅੰਧੇਰੈ—ਹਨ੍ਹੇਰੇ ਵਿਚ। ਬਹੁੜਿ ਬਹੁੜਿ—ਮੁੜ-ਮੁੜ।੩।

ਸੁਆਮੀ ਅਪੁਨੇ—ਹੇ ਮੇਰੇ ਸੁਆਮੀ। ਨਾਨਕੁ ਮਾਗੈ—ਨਾਨਕ ਮੰਗਦਾ ਹੈ। ਜਹ—ਜਿਥੇ। ਗਾਵਹਿ—ਗਾਉਂਦੇ ਹਨ। ਲਾਗੈ—ਪਰਚਿਆ ਰਹੇ।੪।੬।

ਅਰਥ :

ਪ੍ਰ: ਸ੍ਰੀ ਜੀਓ ! ਜਦੋਂ ਅਸੀਂ ਸੰਸਾਰਕ ਜੀਵਾਂ ਵੱਲ ਨਜ਼ਰ ਮਾਰਦੇ ਹਾਂ, ਤਾਂ ਕਈਆਂ ਨੂੰ ਸੁਖੀਏ ਤੇ ਕਈਆਂ ਨੂੰ ਦੁਖੀਏ ਤਕਦੇ ਹਾਂ। ਇਹ ਭਿੰਨਤਾ ਕਿਉਂ ਹੈ ?

ਉ: ੧. ਹੇ ਭਾਈਓ ! ਅਸਲ ਵਿਚ ਜਦੋਂ ਸੋਚ ਕੇ ਵੇਖੀਏ ਤਾਂ ਇਉਂ ਸਿੱਧ ਹੁੰਦਾ ਹੈ ਕਿ ਜੋ ਆਤਮਕ ਸੁੱਖ ਦੀ ਪ੍ਰਾਪਤੀ ਵਾਲਾ ਹੈ, ਉਸ ਨੂੰ ਹਰੇਕ ਮਨੁੱਖ ਆਤਮਕ ਸੁੱਖ ਮਾਣਦਾ ਹੀ ਦਿੱਸਦਾ ਹੈ ਤੇ ਜੋ ਵਿਕਾਰਾਂ ਦੇ ਰੋਗ ਵਿਚ ਖੱਚਤ ਹੋ ਰਿਹਾ ਹੈ, ਉਸ ਦੇ ਖ਼ਿਆਲ ਵਿਚ ਸਾਰੀ ਹੀ ਲੁਕਾਈ ਵਿਕਾਰਾਂ ਦੇ ਰੋਗ ਵਿਚ ਗ੍ਰਸੀ ਹੋਈ ਹੈ।

ਪ੍ਰ: ਹਜ਼ੂਰ ! ਇਸ ਆਤਮਕ ਸੁੱਖ ਤੇ ਵਿਕਾਰਾਂ ਦੇ ਰੋਗ ਨਾਲ ਸੰਜੋਗ ਕਰਾਉਣ ਦੀ ਸ਼ਕਤੀ ਕਿਸ ਦੇ ਹੱਥ ਵਿਚ ਹੈ ?

ਉ: ੨. ਹੇ ਭਾਈ ! ਜੋ ਸੁਆਮੀ ਸਭ ਦੇ ਪੈਦਾ ਕਰਨ ਵਾਲਾ ਹੈ ਤੇ ਸਭਨਾਂ ਤੋਂ ਕਰਮ ਕਰਾਉਣ ਵਾਲਾ ਹੈ, ਇਹ ਸਭੋ ਕੁਝ ਉਸੇ ਦੇ ਹੱਥ ਵਿਚ ਹੈ ਅਤੇ ਓਹੀ ਸਾਰਿਆਂ ਦੇ ਨਾਲ ਮਿਲ ਰਿਹਾ ਹੈ।

ਪ੍ਰ: ਕਿਉਂ ਜੀ ! ਇਹ ਸੋਝੀ ਸਾਰਿਆਂ ਨੂੰ ਕਿਉਂ ਨਹੀਂ ਆ ਜਾਂਦੀ ?

ਉ: ੩. ਹੇ ਮੇਰੇ ਮਨਾ ! ਜਿਸ ਮਨੁੱਖ ਨੇ ਭੀ ਆਪਣੇ ਅੰਦਰੋਂ ਮੇਰ-ਤੇਰ ਦਾ ਭਰਮ ਗਵਾ ਲਿਆ ਹੈ, ਭਾਵ ਜਿਸ ਨੇ ਸਾਰਿਆਂ ਜੀਵਾਂ ਵਿਚ ਪ੍ਰਭੂ ਵਸਦਾ ਪਛਾਣ ਲਿਆ ਹੈ।

੪. ਉਸ ਦੇ ਖ਼ਿਆਲ ਵਿਚ ਤਾਂ ਕੋਈ ਭੀ ਜੀਵ ਭੁਲਾ ਹੋਇਆ, ਭਾਵ ਕੁਰਾਹੇ ਨਹੀਂ ਜਾ ਰਿਹਾ, ਜਿਨ੍ਹਾਂ ਨੇ ਸਾਈਂ ਜੀ ਦੀ ਜੋਤ ਨੂੰ ਸਾਰਿਆਂ ਵਿਚ ਪਛਾਣ ਲਿਆ ਹੈ।ਰਹਾਉ।

ਪ੍ਰ: ਹਜ਼ੂਰ ! ਹਰ ਮਨੁੱਖ ਦਾ ਮਨ ਵਿਕਾਰਾਂ ਕਰ ਕੇ ਤਪਦਾ ਵੇਖੀਦਾ ਹੈ। ਕੋਈ ਹੈ, ਜਿਸ ਦਾ ਮਨ ਵਿਕਾਰਾਂ ਵਲੋਂ ਸ਼ਾਂਤ ਹੋ ਗਿਆ ਹੋਵੇ ?

ਉ: ੫. ਹੇ ਪਿਆਰੇ ! ਸਾਧ ਸੰਗਤ ਵਿਚ ਰਹਿ ਕੇ ਮਨੁੱਖ ਦਾ ਮਨ ਵਿਕਾਰਾਂ ਵਲੋਂ ਸੀਤਲ ਹੋ ਜਾਂਦਾ ਹੈ। ਜਿਸਦਾ ਮਨ ਇਉਂ ਵਿਕਾਰਾਂ ਵਲੋਂ ਸੀਤਲ ਹੋ ਜਾਂਦਾ ਹੈ, ਉਹ ਫਿਰ ਸਾਰੀ ਦੁਨੀਆ ਨੂੰ ਹੀ ਠੰਡੀ ਸੀਤਲ ਸਰੂਪ ਸਮਝਦਾ ਹੈ।

੬. ਪਰ ਜਿਸ ਮਨੁੱਖ ਦਾ ਮਨ ਹਉਮੈ ਦੇ ਰੋਗ ਵਿਚ ਗ੍ਰਸਿਆ ਰਹਿੰਦਾ ਹੈ, ਉਹ ਸਦਾ ਹੀ ਦੁਖੀ ਰਹਿੰਦਾ ਹੈ। ਉਹ ਆਪ ਜੰਮਦਾ ਮਰਦਾ ਹੈ ਤੇ ਸਾਰੀ ਦੁਨੀਆ ਨੂੰ ਭੀ ਵਿਰਲਾਪ ਕਰਦਿਆਂ ਤੱਕਦਾ ਹੈ।੨।

੭. ਹੇ ਭਾਈਓ ! ਜਿਸ ਦੇ ਮਨ ਬੁੱਧੀ ਰੂਪ ਨੇਤ੍ਰਾਂ ਵਿਚ ਗਿਆਨ ਰੂਪ ਸੁਰਮਾ ਪਿਆ ਹੈ ਅਤੇ ਉਸ ਨੂੰ ਸਾਰੇ ਪਾਸੇ ਰੋਸ਼ਨੀ ਹੀ ਦਿੱਸਦੀ ਹੈ, ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਉਂਦਾ ਹੈ।

੮. ਪਰ ਗਿਆਨਹੀਨ ਪੁਰਸ਼ ਨੂੰ ਅਗਿਆਨਤਾ ਦੇ ਅੰਧੇਰੇ ਵਿਚ

(ਸਹੀ ਜੀਵਨ ਬਾਰੇ) ਕੁਝ ਵੀ ਨਹੀਂ ਸੁੱਝਦਾ, ਜਿਸ ਕਰਕੇ ਉਹ ਮੁੜ-ਮੁੜ ਭਟਕਦਾ ਰਹਿੰਦਾ ਹੈ।੩।

ਪ੍ਰ: (ਅਗੰਮੀ ਆਵਾਜ਼ ਆਈ) ਆਪ ਮੰਗਦੇ ਕੀ ਹੋ ?

ਉ: ੯. (ਹੇ ਸੁਆਮੀ ਜੀ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਮੇਰੀ ਇਕ ਇਹੋ ਹੀ ਬੇਨਤੀ ਹੈ ਤੇ ਮੈਂ ਆਪ ਜੀ ਤੋਂ ਇਸੇ ਸੁੱਖ ਦੀ ਮੰਗ ਕਰਦਾ ਹਾਂ

੧੦. ਕਿ ਜਿਥੇ ਸੰਤ ਜਨ ਤੇਰੀ ਸਿਫ਼ਤਿ-ਸਾਲਾਹ ਦਾ ਗੀਤ ਗਾਉਂਦੇ ਹਨ, ਮੇਰਾ ਮਨ ਸਦਾ ਹੀ ਉਨ੍ਹਾਂ ਸਾਧੂਆਂ ਦੀ ਸੰਗਤ ਵਿਚ ਪਰਚਿਆ ਰਹੇ।

ਭਾਵਾਰਥ : ਇਸ ਸ਼ਬਦ ਵਿਚ ਆਪਣੇ ਮਨ ਨੂੰ ਸੰਬੋਧਨ ਕਰਦੇ ਹਨ ਕਿ ਐ ਮੇਰੇ ਮਨਾ! ਜਿਨ੍ਹਾਂ ਨੇ ਆਪਣੇ ਅੰਦਰੋਂ ਭਰਮ ਦੀ ਨਵਿਰਤੀ ਕਰ ਦਿੱਤੀ ਹੈ, ਉਨ੍ਹਾਂ ਨੇ ਹਰ ਥਾਂ ਹੀ ਪਰਮੇਸ਼ਰ ਜੀ ਦੀ ਜੋਤ ਨੂੰ ਵਿਆਪਕ ਅਨੁਭਵ ਕਰ ਲਿਆ ਹੈ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕੋਈ ਵੀ ਭੁਲਾ ਹੋਇਆ ਨਹੀਂ। ਉਸ ਮਨੁੱਖ ਤੋਂ ਬਿਨਾ ਹੋਰ ਸਾਰੇ ਜੀਵਾਂ ਦੀਆਂ ਨਜ਼ਰਾਂ ਭਿੰਨ-ਭਿੰਨ ਹਨ, ਜਿਵੇਂ ਸੁਖੀ ਮਨੁੱਖ ਨੂੰ ਹਰ ਇਕ ਸੁਖੀਆ ਹੀ ਨਜ਼ਰ ਆਉਂਦਾ ਹੈ ਅਤੇ ਰੋਗ ਗ੍ਰੱਸਤ ਮਨੁੱਖ ਨੂੰ ਹਰ ਕੋਈ ਰੋਗੀ ਹੀ ਦਿੱਸਦਾ ਹੈ। ਜਿਨ੍ਹਾਂ ਦਾ ਮਨ ਸਤਿਸੰਗ ਦੁਆਰਾ ਸੀਤਲ ਹੋ ਚੁੱਕਾ ਹੈ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰਾ ਵਿਸ਼ਵ ਹੀ ਠੰਡਕ ਰੂਪ ਦਿੱਸਦਾ ਹੈ। ਹਉਮੈ ਗ੍ਰੱਸਤ ਪ੍ਰਾਨੀ ਸਦਾ ਹੀ ਜੰਮਣ ਮਰਣ ਵਿਚ ਵਿਰਲਾਪ ਕਰਦਾ ਨਜ਼ਰੀਂ ਆਉਂਦਾ ਹੈ। ਅੰਤ ਵਿਚ ਹਜ਼ੂਰ ਸਾਈਂ ਜੀ ਪਾਸ ਇਕ ਸਾਧੂਆਂ ਦੀ ਸੰਗਤ ਵਿਚ ਸਦੀਵੀ ਕਾਲ ਰਹਿਣ ਦੀ ਮੰਗ ਕਰਦੇ ਹਨ, ਜਿਸ ਮੰਗ ਵਿਚ ਆਪ ਜੀ ਨੂੰ ਸੰਪੂਰਨ ਸੁੱਖਾਂ ਦੀ ਪ੍ਰਾਪਤੀ ਨਜ਼ਰੀਂ ਆਉਂਦੀ ਹੈ।

ਸੋਰਠਿ ਮਹਲਾ ੫ ॥

੧. ਤਨੁ ਸੰਤਨ ਕਾ ਧਨੁ ਸੰਤਨ ਕਾ
ਮਨੁ ਸੰਤਨ ਕਾ ਕੀਆ ॥
੨. ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ
ਸਰਬ ਕੁਸਲ ਤਬ ਥੀਆ ॥੧॥
੩. ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥
੪. ਜੋ ਜੋ ਸਰਣਿ ਪਰੈ ਸਾਧੂ ਕੀ
ਸੋ ਪਾਰਗਰਾਮੀ ਕੀਆ ॥ ਰਹਾਉ ॥
੫. ਕੋਟਿ ਪਰਾਧ ਮਿਟਹਿ ਜਨ ਸੇਵਾ
ਹਰਿ ਕੀਰਤਨੁ ਰਸਿ ਗਾਈਐ ॥
੬. ਈਹਾ ਸੁਖੁ ਆਗੈ ਮੁਖ ਊਜਲ
ਜਨ ਕਾ ਸੰਗੁ ਵਡਭਾਗੀ ਪਾਈਐ ॥੨॥
੭. ਰਸਨਾ ਏਕ ਅਨੇਕ ਗੁਣ ਪੂਰਨ
ਜਨ ਕੀ ਕੇਤਕ ਉਪਮਾ ਕਹੀਐ ॥
੮. ਅਗਮ ਅਗੋਚਰ ਸਦ ਅਬਿਨਾਸੀ
ਸਰਣਿ ਸੰਤਨ ਕੀ ਲਹੀਐ ॥੩॥
੯. ਨਿਰਗੁਨ ਨੀਚ ਅਨਾਥ ਅਪਰਾਧੀ
ਓਟ ਸੰਤਨ ਕੀ ਆਹੀ ॥
੧੦. ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ
ਨਾਨਕ ਲੇਹੁ ਨਿਬਾਹੀ ॥੪॥੭॥

ਪਦ ਅਰਥ : ਕਾ ਕੀਆ—ਦਾ ਬਣਾ ਦਿੱਤਾ, ਭੇਟਾ ਕਰ ਦਿੱਤਾ। ਪ੍ਰਸਾਦਿ—ਕਿਰਪਾ ਨਾਲ। ਸਰਬ ਕੁਸਲ—ਸਾਰੇ ਸੁੱਖ।੧।

ਦਾਤਾ—ਨਾਮ ਦੀ ਦਾਤ ਦੇਣ ਵਾਲਾ। ਬੀਆ—ਦੂਜਾ। ਸਾਧੂ—ਗੁਰੂ। ਪਾਰਗਰਾਮੀ—ਸੰਸਾਰ ਸਮੁੰਦਰ ਤੋਂ ਪਾਰ ਲੰਘਣ ਜੋਗਾ। ਥੀਆ—ਹੋ ਜਾਂਦਾ ਹੈ।ਰਹਾਉ।

ਕੋਟਿ ਪਰਾਧ—ਕਰੋੜਾਂ ਪਾਪ। ਜਨ ਸੇਵਾ—ਸੰਤ ਜਨਾਂ ਦੀ ਸੇਵਾ ਕੀਤਿਆਂ। ਰਸਿ—ਰਸ ਨਾਲ, ਪ੍ਰੇਮ ਨਾਲ। ਈਹਾ—ਇਸ ਲੋਕ ਵਿਚ। ਆਗੈ—ਪ੍ਰਲੋਕ ਵਿਚ। ਮੁਖ ਊਜਲ—ਉੱਜਲ ਮੂੰਹ ਵਾਲੇ ਸੁਰਖ਼ਰੂ।੨।

ਰਸਨਾ—ਜੀਭ। ਕੇਤਕ—ਕਿਤਨੀ ਕੁ। ਉਪਮਾ—ਵਡਿਆਈ, ਸੋਭਾ। ਅਗਮ—ਅਪਹੁੰਚ। ਅਗੋਚਰ—ਜਿਸ ਤਕ ਗਿਆਨ-ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ। ਸਦਾ—ਸਦਾ। ਲਹੀਐ—ਲੱਭਦਾ ਹੈ।੩।

ਨਿਰਗੁਨ—ਗੁਣ ਹੀਣ। ਅਨਾਥ—ਨਿਆਸਰਾ। ਓਟ—ਆਸਰਾ, ਸ਼ਰਨ। ਆਹੀ—ਮੰਗੀ ਹੈ, ਮੈਂ ਮੰਗਦਾ ਹਾਂ। ਗ੍ਰਿਹ—ਗ੍ਰਿਹਸਤ। ਅੰਧ ਕੂਪ ਮਹਿ—ਅੰਨ੍ਹੇ ਖੂਹ ਵਿਚ। ਲੇਹੁ ਨਿਬਾਹੀ—ਤੋੜ ਤਕ ਸਾਥ ਕਰੋ।੪।

ਅਰਥ :

ਪ੍ਰ: ਹੇ ਗੁਰੋ! ਆਪ ਜੀ ਸੰਤਾਂ ਉਪਰ ਕਿਤਨੀ ਕੁ ਸ਼ਰਧਾ ਰੱਖਦੇ ਹੋ ?

ਉ: ੧. ਹੇ ਪਿਆਰੇ! ਸਾਡਾ ਤਾਂ ਤਨ ਭੀ ਸੰਤਾਂ ਦਾ ਹੈ, ਸਾਰਾ ਧਨ ਭੀ ਸੰਤਾਂ ਦਾ ਹੈ ਅਤੇ ਅਸੀਂ ਆਪਣਾ ਮਨ ਭੀ ਸੰਤਾਂ ਨੂੰ ਹੀ ਅਰਪਨ ਕਰ ਦਿੱਤਾ ਹੈ।

ਪ੍ਰ: ਕਿਉਂ ਜੀ! ਇਹ ਸਭੋ ਕੁਝ ਭੇਟਾ ਕਰ ਦੇਣ ਦੀ ਬਦਲ ਵਿਚ ਆਪ ਜੀ ਨੂੰ ਪ੍ਰਾਪਤ ਕੀ ਕੁਝ ਹੋਇਆ ਹੈ ?

ਉ: ੨. ਹੇ ਪਿਆਰੇ! ਇਸ ਤਰ੍ਹਾਂ ਦੀ ਭੇਟ ਕਰ ਦੇਣ ਦਾ ਹੀ ਸਦਕਾ, ਸੰਤਾਂ ਦੀ ਕਿਰਪਾ ਨਾਲ ਹੀ ਅਸੀਂ ਹਰੀ ਦਾ ਨਾਮ ਜਪਿਆ ਹੈ, ਇਸੇ ਲਈ ਹੁਣ ਸਾਨੂੰ ਹਰ ਤਰ੍ਹਾਂ ਦਾ ਸੁੱਖ ਪ੍ਰਾਪਤ ਹੋ ਆਇਆ ਹੈ।੧।

੩. ਹੇ ਪਿਆਰਿਓ! ਅਸੀਂ ਤਾਂ ਵੇਖਦੇ ਹਾਂ ਕਿ ਸੰਤ ਜਨਾਂ ਤੋਂ ਬਿਨਾ ਪਰਮੇਸ਼ਰ ਦੇ ਨਾਮ ਦੀ ਦਾਤ ਦੇਣ ਵਾਲਾ ਹੋਰ ਕੋਈ ਨਹੀਂ ਹੈ।

੪. ਹੇ ਭਾਈਓ! ਵੇਖਣ ਵਿਚ ਤਾਂ ਇਹੋ ਕੁਝ ਹੀ ਆ ਰਿਹਾ ਹੈ ਕਿ ਜਿਹੜਾ-ਜਿਹੜਾ ਮਨੁੱਖ ਭੀ ਸੰਤ ਜਨਾਂ ਦੀ ਸ਼ਰਨ ਵਿਚ ਪੈਂਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋਣ ਜੋਗ ਹੋ ਜਾਂਦਾ ਹੈ।ਰਹਾਉ।

੫. ਹੇ ਸੱਜਨੋ! ਸੰਤ ਜਨਾਂ ਦੀ ਸੇਵਾ ਕਰਨ ਨਾਲ ਕਰੋੜਾਂ ਅਪਰਾਧ, ਪਾਪ ਮਿਟ ਜਾਂਦੇ ਹਨ ਅਤੇ ਪ੍ਰੇਮ ਸਹਿਤ ਹਰੀ ਦਾ ਕੀਰਤਨ ਭੀ ਗਾਇਆ ਜਾਂਦਾ ਹੈ।

੬. ਇਸ ਦਾ ਇਹ ਫਲ ਹੁੰਦਾ ਹੈ ਕਿ ਇਸ ਲੋਕ ਵਿਚ ਸੁੱਖ ਪ੍ਰਾਪਤ ਹੁੰਦਾ ਹੈ ਅਤੇ ਅੱਗੇ ਰੱਬੀ ਦਰਬਾਰ ਵਿਚ ਭੀ ਮੁੱਖ ਉੱਜਲਾ ਹੁੰਦਾ ਹੈ, ਪਰ ਸੰਤਾਂ ਦਾ ਸੰਗ ਵੱਡੇ ਭਾਗਾਂ ਦੁਆਰਾ ਹੀ ਪਾਇਆ ਜਾਂਦਾ ਹੈ।੨।

ਪ੍ਰ: ਕਿਉਂ ਜੀ ! ਅਜਿਹੇ ਸੰਤਾਂ ਦੀ ਉਪਮਾ ਬਿਆਨ ਕਰੋ।

ਉ: ੭. ਹੇ ਪਿਆਰਿਓ ! ਮੇਰੀ ਜੀਭ ਇਕ ਹੈ, ਉਹ ਸੰਤ ਜਨ ਅਨੇਕਾਂ ਗੁਣਾਂ ਕਰ ਕੇ ਭਰਪੂਰ ਹਨ, (ਇਸ ਲਈ) ਸੰਤ ਜਨਾਂ ਦੀ ਵਡਿਆਈ ਕਿਤਨੀ ਕੁ ਦੱਸੀ ਜਾਵੇ, ਭਾਵ ਨਹੀਂ ਦੱਸੀ ਜਾ ਸਕਦੀ।

੮. ਹੇ ਪਿਆਰੇ ! ਜੋ ਵਾਹਿਗੁਰੂ ਅਗਮ ਅਗੋਚਰ ਹੈ, ਸਦਾ ਹੀ ਨਾਸ ਤੋਂ ਰਹਿਤ ਹੈ, ਐਸਾ ਵਾਹਿਗੁਰੂ ਸੰਤਾਂ ਦੀ ਸ਼ਰਨੀ ਪੈ ਕੇ ਪ੍ਰਾਪਤ ਕਰ ਲਈਦਾ ਹੈ।੩।

੯. ਹੇ ਭਾਈਓ ! ਮੈਂ ਗੁਣਾਂ ਤੋਂ ਹੀਣ ਹਾਂ, ਨੀਚ ਤੇ ਅਪਰਾਧੀ ਨੇ ਸੰਤਾਂ ਦੀ ਓਟ ਪਕੜੀ ਹੈ।

ਪ੍ਰ: ਆਪ ਜੀ ਮੰਗਦੇ ਕੀ ਹੋ ?

ਉ: ੧੦. ਸਤਿਗੁਰੂ ਜੀ ਕਹਿੰਦੇ ਹਨ ਕਿ ਐ ਸੰਤੋ ! ਮੈਨੂੰ ਗ੍ਰਿਹਸਤ ਰੂਪ ਅੰਨ੍ਹੇ ਖੂਹ ਦੇ ਮੋਹ ਰੂਪ ਚਿੱਕੜ ਵਿਚ ਡੁੱਬਦੇ ਜਾਂਦੇ ਨੂੰ ਕੱਢ ਲਵੋ, ਭਾਵ ਮੈਂ ਆਪ ਜੀ ਦਾ ਪੱਲਾ ਪਕੜਿਆ ਹੈ, ਆਪ ਮੇਰਾ ਸਾਥ ਤੋੜ ਤਕ ਨਿਬਾਹੋ।੪।੭।

ਭਾਵਾਰਥ : ਸਤਿਗੁਰੂ ਜੀ ਇਸ ਸ਼ਬਦ ਦੁਆਰਾ ਸੰਤਾਂ ਦੀ ਮਹਿਮਾ ਉਚਾਰਨ ਕਰਦੇ ਹਨ ਕਿ ਐ ਭਾਈਓ ! ਸੰਸਾਰ ਵਿਚ ਸੰਤਾਂ ਤੋਂ ਬਿਨਾ ਹਰੀ ਦੇ ਨਾਮ ਦੀ ਦਾਤ ਦੇਣ ਵਾਲਾ ਹੋਰ ਕੋਈ ਭੀ ਦਾਤਾ ਨਹੀਂ ਹੈ। ਸੰਤਾਂ ਦੀ ਕਿਰਪਾ ਦੁਆਰਾ ਜਿਨ੍ਹਾਂ ਨਾਮ ਦਾ ਅਰਾਧਨ ਕੀਤਾ ਹੈ, ਉਨ੍ਹਾਂ ਨੂੰ ਹਰ ਪ੍ਰਕਾਰ ਦਾ ਸੁੱਖ ਅਨੰਦ ਪ੍ਰਾਪਤ ਹੋਇਆ ਹੈ ਅਤੇ ਉਹ ਇਸ ਸੰਸਾਰ-ਸਮੁੰਦਰ ਤੋਂ ਸਹਿਜੇ ਹੀ ਪਾਰ ਉੱਤਰ ਗਏ ਹਨ। ਉਨ੍ਹਾਂ ਨੂੰ ਲੋਕ-ਪ੍ਰਲੋਕ ਵਿਚ ਮਾਣ ਸਤਿਕਾਰ ਹਾਸਲ ਹੁੰਦਾ ਹੈ। ਸ਼ਬਦ ਦੇ ਅੰਤ ਵਿਚ ਹਜ਼ੂਰ ਆਪ ਨਿਮਰਤਾ ਸਹਿਤ ਜੋਦੜੀ ਕਰਨ ਦੀ ਜਾਚ ਦੱਸਦੇ ਹਨ ਕਿ ਇਸ ਮੋਹ ਦੇ ਅੰਨ੍ਹੇ ਖੂਹ ਤੋਂ ਪਾਰ ਹੋਣ ਲਈ ਸਾਈਂ ਦੇ ਚਰਨਾਂ ਵਿਚ ਇਉਂ ਅਰਦਾਸ ਕਰਦੇ ਰਹੋ।

ਸੋਰਠਿ ਮਹਲਾ ੫ ਘਰੁ ੧ ॥

੧. ਜਾ ਕੈ ਹਿਰਦੈ ਵਸਿਆ ਤੂ ਕਰਤੇ
ਤਾ ਕੀ ਤੈਂ ਆਸ ਪੁਜਾਈ ॥
੨. ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ
ਚਰਣ ਧੂਰਿ ਮਨਿ ਭਾਈ ॥੧॥
੩. ਤੇਰੀ ਅਕਥ ਕਥਾ ਕਥਨੁ ਨ ਜਾਈ ॥
੪. ਗੁਣ ਨਿਧਾਨ ਸੁਖਦਾਤੇ ਸੁਆਮੀ
ਸਭ ਤੇ ਊਚ ਬਡਾਈ ॥ ਰਹਾਉ ॥
੫. ਸੋ ਸੋ ਕਰਮ ਕਰਤ ਹੈ ਪ੍ਰਾਣੀ
ਜੈਸੀ ਤੁਮ ਲਿਖਿ ਪਾਈ ॥
੬. ਸੇਵਕ ਕਉ ਤੁਮ ਸੇਵਾ ਦੀਨੀ
ਦਰਸਨੁ ਦੇਖਿ ਅਘਾਈ ॥੨॥
੭. ਸਰਬ ਨਿਰੰਤਰਿ ਤੁਮਹਿ ਸਮਾਨੇ
ਜਾ ਕਉ ਤੁਧੁ ਆਪਿ ਬੁਝਾਈ ॥
੮. ਗੁਰ ਪਰਸਾਦਿ ਮਿਟਿਓ ਅਗਿਆਨਾ
ਪ੍ਰਗਟ ਭਏ ਸਭ ਠਾਈ ॥੩॥
੯. ਸੋਈ ਗਿਆਨੀ ਸੋਈ ਧਿਆਨੀ
ਸੋਈ ਪੁਰਖੁ ਸੁਭਾਈ ॥
੧੦. ਕਹੁ ਨਾਨਕ ਜਿਸੁ ਭਏ ਦਇਆਲਾ
ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥

ਪਦ ਅਰਥ : ਜਾ ਕੈ ਹਿਰਦੈ—ਜਿਸ ਦੇ ਹਿਰਦੇ ਵਿਚ। ਕਰਤੇ—ਹੇ ਕਰਤਾਰ। ਕਉ—ਨੂੰ। ਮਨਿ—ਮਨ ਵਿਚ। ਭਾਈ—ਪਿਆਰੀ ਲੱਗੀ ਹੈ।੧।

ਅਕੱਥ—ਅ-ਕਥ, ਜੋ ਬਿਆਨ ਨਹੀਂ ਹੋ ਸਕਦੀ। ਗੁਣ ਨਿਧਾਨ—ਹੇ ਗੁਣਾਂ ਦੇ ਖ਼ਜ਼ਾਨੇ। ਸਭ ਤੇ—ਸਭਨਾਂ ਤੋਂ।ਰਹਾਉ।

ਲਿਖਿ—ਲਿਖ ਕੇ। ਦੇਖਿ—ਵੇਖ ਕੇ। ਅਘਾਈ—ਰੱਜ ਜਾਂਦਾ ਹੈ।੨।

ਨਿਰੰਤਰਿ—(ਨਿਰ-ਅੰਤਰ। ਅੰਤਰੁ—ਵਿੱਥ) ਵਿੱਥ ਤੋਂ ਬਿਨਾ, ਇਕ ਰਸ। ਤੁਮਹਿ—ਤੂੰ ਹੀ। ਬੁਝਾਈ—ਸਮਝ ਦੇ ਦਿੱਤੀ। ਪਰਸਾਦਿ—ਕਿਰਪਾ ਨਾਲ। ਸਭ ਠਾਈ—ਸਭ ਥਾਈਂ।੩।

ਗਿਆਨੀ—ਗਿਆਨਵਾਨ। ਧਿਆਨੀ—ਸੁਰਤਿ ਜੋੜਨ ਵਾਲਾ। ਸੁਭਾਈ—ਸ੍ਰੇਸ਼ਟ ਪ੍ਰੇਮ ਨਾਲ। ਮਨ ਤੇ—ਮਨ ਤੋਂ।੪।

ਅਰਥ :

ਪ੍ਰ: ਹੇ ਗੁਰੋ ! ਹਰ ਮਨੁੱਖ ਦੇ ਅੰਦਰ ਕਈ ਤਰ੍ਹਾਂ ਦੀਆਂ ਆਸਾਂ ਉਪਜਦੀਆਂ ਰਹਿੰਦੀਆਂ ਹਨ, ਪਰ ਗੁਰਮਤਿ ਅਨੁਸਾਰ ਕਿਸ ਸੱਜਨ ਦੀਆਂ ਸ਼ੁਭ ਇੱਛਾਵਾਂ ਪੂਰਨ ਹੁੰਦੀਆਂ ਹਨ ?

ਉ: ੧. ਹੁਣ ਆਪ ਜੀ ਸਾਈਂ ਜੀ ਦੇ ਸਨਮੁਖ ਹੋ ਆਪਣਾ ਨਿੱਜੀ ਤਜਰਬਾ ਸ਼ਬਦ ਰੂਪ ਵਿਚ ਉਚਾਰਨ ਕਰਦੇ ਹਨ, ਹੇ ਸਾਈਂ ਜੀ ! ਜਿਸ ਮਨੁੱਖ ਦੇ ਹਿਰਦੇ ਅੰਦਰ ਤੂੰ ਆ ਵਸਦਾ ਹੈਂ, ਉਸ ਦੀ ਤੂੰ ਹਰੇਕ ਆਸ ਪੂਰੀ ਕਰ ਦੇਂਦਾ ਹੈਂ।

੨. ਤੂੰ ਆਪਣੇ ਉਸ ਦਾਸ ਨੂੰ ਕਦੇ ਭੁੱਲਦਾ ਨਹੀਂ, (ਤੇਰਾ ਸੇਵਕ ਕਦੀ ਤੈਨੂੰ ਵੀ ਨਹੀਂ ਭੁਲਾਂਦਾ)। ਉਸ ਦੇ ਮਨ ਵਿਚ ਤੇਰੇ ਚਰਨਾਂ ਦੀ ਧੂੜ ਪਿਆਰੀ ਲੱਗਦੀ ਹੈ।੧।

੩. ਹੇ ਮੇਰੇ ਪ੍ਰਭੂ ਜੀ ! ਆਪ ਜੀ ਦੀ ਕਥਾ ਅਕੱਥ ਹੈ, ਮੇਰੇ ਪਾਸੋਂ ਉਹ ਅਕੱਥ ਕਥਾ ਕਥਨ ਨਹੀਂ ਕੀਤੀ ਜਾ ਸਕਦੀ।

੪. ਹੇ ਸਾਰੇ ਗੁਣਾਂ ਦੇ ਖ਼ਜ਼ਾਨੇ ! ਹੇ ਸੁੱਖਾਂ ਦੇ ਦਾਤੇ ਮਾਲਕ ! ਤੇਰੀ ਵਡਿਆਈ ਸਭ ਤੋਂ ਉੱਚੀ ਹੈ, (ਤੂੰ ਸਭਨਾਂ ਤੋਂ ਵੱਡਾ ਹੈਂ)।ਰਹਾਉ।

੫. ਪਰ, ਹੇ ਪ੍ਰਭੂ ! ਇਹ ਜੀਵ ਉਹੀ-ਉਹੀ ਕਰਮ ਕਰਦੇ ਹਨ, ਜਿਹੋ ਜਿਹੀ (ਆਗਿਆ) ਤੂੰ ਉਸ ਦੇ ਮੱਥੇ 'ਤੇ ਲਿਖ ਕੇ ਰੱਖ ਦਿੱਤੀ ਹੈ।

੬. ਆਪਣੇ ਸੇਵਕ ਨੂੰ ਤੂੰ ਆਪਣੀ ਸੇਵਾ ਭਗਤੀ ਦੀ ਦਾਤ ਬਖ਼ਸ਼ੀ ਹੋਈ ਹੈ। ਉਹੀ ਸੇਵਕ ਤੇਰਾ ਦਰਸ਼ਨ ਕਰਕੇ ਰੱਜਿਆ ਰਹਿੰਦਾ ਹੈ।੨।

੭. ਹੇ ਪ੍ਰਭੂ ਜੀ ! ਜਿਸ ਨੂੰ ਤੂੰ ਆਪ ਸਮਝ ਬਖ਼ਸ਼ਦਾ ਹੈਂ, ਉਸ ਨੂੰ ਤੂੰ ਸਾਰੇ ਹੀ ਜੀਵਾਂ ਦੇ ਅੰਦਰ ਇਕ ਰਸ ਸਮਾਇਆ ਦਿੱਸਦਾ ਹੈਂ।

੮. ਗੁਰੂ ਦੀ ਕਿਰਪਾ ਦਾ ਸਦਕਾ ਉਸ ਮਨੁੱਖ ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ। ਉਸ ਦੀ ਸੋਭਾ ਹਰ ਥਾਈਂ ਪਸਰ ਜਾਂਦੀ ਹੈ।੩।

ਪ੍ਰ: ਹਜ਼ੂਰ ! ਗੁਰਮਤਿ ਅਨੁਸਾਰ ਤੁਸੀਂ ਗਿਆਨੀ, ਧਿਆਨੀ ਤੇ ਪ੍ਰੇਮੀ ਪੁਰਖ ਕਿਸ ਨੂੰ ਮੰਨਦੇ ਹੋ ?

ਉ: ੯. ਹੇ ਭਾਈ ! ਉਹੀ ਪੁਰਖ ਗਿਆਨਵਾਨ ਹੈ ਤੇ ਉਹੀ ਪੁਰਖ ਸੁਰਤਿ ਅਭਿਆਸੀ ਹੈ ਅਤੇ ਉਹੀ ਪੁਰਖ ਪਿਆਰ ਸੁਭਾਉ ਵਾਲਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! ਜਿਸ ਪੁਰਖ ਉੱਤੇ ਪਰਮੇਸ਼ਰ ਆਪ ਦਇਆਵਾਨ ਹੁੰਦਾ ਹੈ, ਉਸ ਮਨੁੱਖ ਨੂੰ ਪ੍ਰਮੇਸਰ ਕਦੇ ਭੀ ਮਨ ਤੋਂ ਨਹੀਂ ਵਿਸਾਰਦਾ।੪।੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਕਰਤੇ ਪੁਰਖ ਦੀ ਵਡਿਆਈ ਉਚਾਰਨ ਕਰਦੇ ਹਨ ਕਿ ਜਿਸ ਮਨੁੱਖ ਦੇ ਅੰਤਰ ਆਤਮੇਂ ਸਾਈਂ ਜੀ ਦਾ ਨਿਵਾਸ ਹੋ ਜਾਏ, ਉਸ ਦੀਆਂ ਸਾਰੀਆਂ ਹੀ ਆਸ਼ਾਵਾਂ ਪੂਰਨ ਹੋ ਜਾਂਦੀਆਂ ਹਨ।

ਪਰ ਸਾਈਂ ਜੀ ਦਾ ਭੀ ਉਸੇ ਹਿਰਦੇ ਅੰਦਰ ਨਿਵਾਸ ਹੁੰਦਾ ਹੈ, ਜਿਸ ਉਪਰ ਉਸ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ। ਉਸੇ ਦੇ ਅੰਦਰੋਂ ਗੁਰਾਂ ਦੀ ਕਿਰਪਾ ਦਾ ਸਦਕਾ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ, ਉਸੇ ਨੂੰ ਗਿਆਨੀ ਤੇ ਉਸੇ ਨੂੰ ਧਿਆਨੀ ਕਹਿਆ ਜਾਂਦਾ ਹੈ। ਇਸ ਤਰ੍ਹਾਂ ਜਿਸ ਜੀਵ ਉੱਤੇ ਦਇਆਵਾਨ ਦਇਆ ਕਰਦਾ ਹੈ, ਉਸ ਨੂੰ ਮਨ ਤੋਂ ਕਦੇ ਵੀ ਵਿਸਰਦਾ ਨਹੀਂ।

ਸੋਰਠਿ ਮਹਲਾ ੫ ॥

੧. ਸਗਲ ਸਮਗ੍ਰੀ ਮੋਹਿ ਵਿਆਪੀ
ਕਬ ਊਚੇ ਕਬ ਨੀਚੇ ॥
੨. ਸੁਧੁ ਨ ਹੋਈਐ ਕਾਹੂ ਜਤਨਾ
ਓੜਕਿ ਕੋ ਨ ਪਹੂਚੇ ॥੧॥
੩. ਮੇਰੇ ਮਨ ਸਾਧ ਸਰਣਿ ਛੁਟਕਾਰਾ ॥
੪. ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ
ਫਿਰਿ ਆਵਤ ਬਾਰੋ ਬਾਰਾ ॥ ਰਹਾਉ ॥
੫. ਓਹੁ ਜੁ ਭਰਮੁ ਭੁਲਾਵਾ ਕਹੀਅਤ
ਤਿਨ ਮਹਿ ਉਰਝਿਓ ਸਗਲ ਸੰਸਾਰਾ ॥
੬. ਪੂਰਨ ਭਗਤੁ ਪੁਰਖ ਸੁਆਮੀ ਕਾ
ਸਰਬ ਥੋਕ ਤੇ ਨਿਆਰਾ ॥੨॥
੭. ਨਿੰਦਉ ਨਾਹੀ ਕਾਹੂ ਬਾਤੈ
ਏਹੁ ਖਸਮ ਕਾ ਕੀਆ ॥
੮. ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ
ਮਿਲਿ ਸਾਧਸੰਗਤਿ ਨਾਉ ਲੀਆ ॥੩॥
੯. ਪਾਰਬ੍ਰਹਮ ਪਰਮੇਸੁਰ ਸਤਿਗੁਰ
ਸਭਨਾ ਕਰਤ ਉਧਾਰਾ ॥
੧੦. ਕਹੁ ਨਾਨਕ ਗੁਰ ਬਿਨੁ ਨਹੀ ਤਰੀਐ
ਇਹੁ ਪੂਰਨ ਤਤੁ ਬੀਚਾਰਾ ॥੪॥੯॥

ਪਦ ਅਰਥ : ਸਮਗ੍ਰੀ—ਰਚਨਾ, ਦੁਨੀਆ। ਮੋਹਿ—ਮੋਹ ਵਿਚ। ਵਿਆਪੀ—ਫਸੀ ਹੋਈ ਹੈ। ਕਬ—ਕਦੇ। ਸੁਧੁ—ਪਵਿੱਤ੍ਰ। ਕਾਹੂ ਜਤਨਾ—ਕਿਸੇ ਦੇ ਭੀ ਜਤਨ ਨਾਲ। ਓੜਕਿ—ਅਖ਼ੀਰ ਤੱਕ, ਸਿਰੇ ਤੱਕ, ਪ੍ਰਭੂ ਤੱਕ। ਕੋ—ਕੋਈ ਭੀ।੧।

ਮਨ—ਹੇ ਮਨ। ਛੁਟਕਾਰਾ—ਮੋਹ ਤੋਂ ਛੁਟਕਾਰਾ। ਸਾਧ—ਗੁਰੂ। ਨ ਰਹਈ—ਨਹੀਂ ਮੁੱਕਦਾ। ਬਾਰੋ ਬਾਰਾ—ਮੁੜ ਮੁੜ।ਰਹਾਉ।

ਭਰਮੁ—ਭਟਕਣਾ। ਭੁਲਾਵਾ—ਭੁਲੇਖਾ। ਤਿਨ ਮਹਿ—ਉਨ੍ਹਾਂ (ਭਰਮ ਭੁਲਾਵਿਆਂ) ਵਿਚ। ਪੁਰਖ—ਸਰਵ ਵਿਆਪਕ। ਥੋਕ—ਪਦਾਰਥ। ਤੇ—ਤੋਂ। ਨਿਆਰਾ—ਵੱਖਰਾ।੨।

ਨਿੰਦਉ—ਨਿੰਦਉਂ, ਮੈਂ ਨਿੰਦਦਾ ਹਾਂ। ਕਾਹੂ ਬਾਤੈ—ਕਿਸੇ ਭੀ ਗੱਲੇ। ਇਹੁ—ਇਹ (ਸੰਸਾਰ)। ਪ੍ਰਭਿ—ਪ੍ਰਭੂ ਨੇ। ਮਿਲਿ—ਮਿਲ ਕੇ।੩।

ਨਹੀ ਤਰੀਐ—ਪਾਰ ਨਹੀਂ ਲੰਘ ਸਕੀਦਾ। ਤਤੁ—ਅਸਲੀਅਤ।੪।

ਅਰਥ :

ਪ੍ਰ: ਹੇ ਗੁਰੋ ! ਦੁਨੀਆ ਦਾ ਹਰ ਜੀਵ ਹੀ ਉੱਚੇ ਨੀਵੇਂ ਸੰਕਲਪਾਂ ਵਿਚ ਵਿਆਪਿਆ ਹੋਇਆ ਹੈ, ਭਾਵ ਕਦੇ ਇਹ ਹੰਕਾਰ ਵਿਚ ਆ ਜਾਂਦਾ ਹੈ, ਕਦੀ ਘਬਰਾਹਟ ਵਿਚ ਪੈ ਜਾਂਦਾ ਹੈ, ਇਸ ਦਾ ਅਸਲ ਕਾਰਣ ਕੀ ਹੈ ?

ਉ: ੧. ਹੇ ਭਾਈਓ ! ਇਹ ਸਾਰੀ ਸ੍ਰਿਸ਼ਟੀ ਹੀ ਪਦਾਰਥਾਂ ਦੇ ਮੋਹ ਵਿਚ ਫਸੀ ਹੋਈ ਹੈ, ਇਹੋ ਹੀ ਇਕ ਕਾਰਨ ਹੈ ਕਿ ਕਦੇ ਜੀਵ ਅਹੰਕਾਰ ਵਿਚ ਆ ਜਾਂਦਾ ਹੈ, ਕਦੇ ਘਬਰਾਂਹਟ ਵਿਚ ਪੈ ਜਾਂਦਾ ਹੈ, ਭਾਵ ਉੱਚੇ ਨੀਵੇਂ ਸੰਕਲਪਾਂ ਵਿਚ ਡੁੱਬਿਆ ਹੀ ਰਹਿੰਦਾ ਹੈ।

ਪ੍ਰ: ਹਜ਼ੂਰ ! ਕਈ ਲੋਕ ਸੰਕਲਪਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਯਤਨ ਤਾਂ ਬਹੁਤ ਕਰਦੇ ਹਨ, ਪਰ ਉਨ੍ਹਾਂ ਵਿਚ ਉਨ੍ਹਾਂ ਦੀ ਸਫਲਤਾ ਨਹੀਂ ਹੁੰਦੀ, ਇਹ ਕਿਉਂ ਹੋ ਰਿਹਾ ਹੈ ?

ਉ: ੨. ਹੇ ਪਿਆਰਿਓ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕੀਂ ਜਤਨ ਤਾਂ ਬਹੁਤ ਕਰਦੇ ਹਨ, ਪਰ ਆਪਣੇ ਕਿਸੇ ਭੀ ਯਤਨ ਨਾਲ ਨਾਮ ਤੋਂ ਸੱਖਣੇ ਰਹਿ ਕੇ ਮੋਹ ਦੀ ਮੈਲ ਵਲੋਂ ਪਵਿੱਤ੍ਰ ਨਹੀਂ ਹੋ ਸਕਦੇ। ਕੋਈ ਵੀ ਮਨੁੱਖ (ਆਪਣੇ ਜਤਨ ਨਾਲ ਮੋਹ ਦੇ) ਪਾਰਲੇ ਬੰਨੇ ਨਹੀਂ ਪਹੁੰਚ ਸਕਦਾ, ਇਸੇ ਲਈ ਹੀ ਉਨ੍ਹਾਂ ਦਾ ਓੜਕ, ਮੋਖ ਪਦਵੀ ਤਕ ਪੁੱਜਣਾ ਕਠਨ ਹੈ।

ਪ੍ਰ: ਹੇ ਗੁਰਦੇਵ ਜੀਓ ! ਤਾਂ ਫਿਰ ਆਪ ਜੀ ਨੇ ਮੋਹ ਦੀ ਪਰਬਲਤਾ ਤੋਂ ਛੁਟਕਾਰਾ ਪਾਉਣ ਲਈ ਕੀ ਕੀ ਯਤਨ ਸੋਚਿਆ ਹੈ ?

ਉ: ੩. ਹੇ ਮੇਰੇ ਮਨਾ ! ਇਸ ਮੋਹ ਤੋਂ ਖ਼ਲਾਸੀ ਤਾਂ ਕੇਵਲ ਗੁਰੂ ਸ਼ਰਨ ਪਿਆਂ ਹੀ ਹੋ ਸਕਦੀ ਹੈ।

੪. ਕਿਉਂਕਿ, ਪੂਰਿਆਂ ਗੁਰਾਂ ਤੋਂ ਬਿਨਾ ਜੰਮਣ ਮਰਨ ਦੇ ਗੇੜ ਵਲੋਂ ਛੁਟਕਾਰਾ ਨਹੀਂ ਹੋ ਸਕਦਾ, ਇਸ ਲਈ ਨਿਗੁਰਾ ਜੀਵ ਮੁੜ-ਮੁੜ ਕੇ ਚੌਰਾਸੀ ਦੇ ਫੇਰੇ ਵਿਚ ਆਉਂਦਾ ਹੈ।ਰਹਾਉ।

੫. ਹੇ ਪਿਆਰੇ! ਇਹ ਜੋ ਭਰਮ ਰੂਪ ਭੁਲੇਖਾ ਕਿਹਾ ਜਾਂਦਾ ਹੈ, ਜਾਂ ਭੁਲਾਣੇ ਵਾਲਾ ਅਗਿਆਨ ਤੇ ਭਰਮ ਕਹੀਦਾ ਹੈ, ਇਸ ਵਿਚ ਸਾਰਾ ਸੰਸਾਰ ਹੀ ਫਸਿਆ ਹੋਇਆ ਹੈ।

੬. ਪਰ ਹਾਂ! ਸਰਵ ਵਿਆਪਕ ਮਾਲਕ ਪ੍ਰਭੂ ਦਾ ਪੂਰਨ ਭਗਤ ਹੀ ਇਕ ਦੁਨੀਆ ਦੇ ਸਾਰੇ ਪਦਾਰਥਾਂ ਦੇ ਮੋਹ ਜਾਲ ਤੋਂ ਵੱਖਰਾ ਰਹਿੰਦਾ ਹੈ।੨।

ਪ੍ਰ: ਕਿਉਂ ਜੀ! ਕੀ ਇਹ ਸੰਸਾਰ ਫਿਰ ਨਿੰਦਨੇ ਜੋਗ ਹੀ ਹੋਇਆ ਨਾ?

ਉ: ੭. ਹੇ ਭਾਈਓ! ਸੰਸਾਰ ਭਾਵੇਂ ਕਿਸੇ ਰੂਪ ਵਿਚ ਭੀ ਹੈ, ਫਿਰ ਭੀ ਇਹ ਸਾਰਾ ਜਗਤ ਉਸੇ ਪ੍ਰਭੂ ਮਾਲਕ ਦਾ ਕੀਤਾ ਹੋਇਆ ਹੈ, ਮੈਂ ਤਾਂ ਇਸ ਨੂੰ ਕਿਸੇ ਗਲੇ ਭੀ ਮਾੜਾ ਨਹੀਂ ਆਖ ਸਕਦਾ।

੮. ਹੇ ਸੱਜਨੋ! ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਹੀ, ਜਿਸ ਉੱਤੇ ਮੇਰੇ ਸਾਈਂ ਜੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਸ ਨੇ ਸਤਿਸੰਗਤ ਵਿਚ ਮਿਲ ਕੇ ਵਾਹਿਗੁਰੂ ਜੀ ਦਾ ਨਾਮ ਲੈਣਾ ਕੀਤਾ ਹੈ ਤੇ ਉਹੀ ਮੋਹ ਤੋਂ ਬਚ ਨਿਕਲਦਾ ਹੈ।੩।

੯. ਹੇ ਭਾਈ! ਮਨੁੱਖ ਦਾ ਉਧਾਰ ਕਰਨ ਵਾਲੇ ਤਾਂ ਇਕ ਪਾਰਬ੍ਰਹਮ ਦਾ ਸਰੂਪ ਸਤਿਗੁਰੂ ਹੀ ਹਨ, ਜੋ ਸਭਨਾਂ ਦਾ ਉਧਾਰ ਕਰਦੇ ਹਨ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਪੂਰਨ ਗੁਰਾਂ ਤੋਂ ਬਿਨਾ ਨਹੀਂ ਤਰ ਸਕੀਦਾ, ਅਸੀਂ ਇਹ ਪੂਰਨ ਅਸਲੀਅਤ ਵੀਚਾਰ ਲਈ ਹੈ।੪।੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਕਥਨ ਕਰਦੇ ਹਨ ਕਿ ਸਾਰਾ ਸੰਸਾਰ ਪਦਾਰਥਕ ਮੋਹ ਵਿਚ ਉਲਝਿਆ ਹੋਇਆ ਹੈ, ਇਸੇ ਕਰਕੇ ਇਹ ਸ਼ੁੱਧ ਨਹੀਂ ਹੋ ਸਕਦਾ। ਇਉਂ ਮੋਖ ਪਦਵੀ ਤਕ ਪੁੱਜਣਾ ਭੀ ਇਸ ਦਾ ਕਠਿਨ ਹੋ ਰਿਹਾ ਹੈ, ਪਰ ਜਿਸ ਨੇ ਸੰਗਤ ਦੁਆਰਾ ਨਾਮ ਸਿਮਰਿਆ ਹੈ, ਉਸ ਦਾ ਉਧਾਰ ਸਹਿਜੇ ਹੀ ਹੋ ਜਾਂਦਾ ਹੈ।

ਸੋਰਠਿ ਮਹਲਾ ੫ ॥

੧. ਖੋਜਤ ਖੋਜਤ ਖੋਜਿ ਬੀਚਾਰਿਓ
ਰਾਮ ਨਾਮੁ ਤਤੁ ਸਾਰਾ ॥
੨. ਕਿਲਬਿਖ ਕਾਟੇ ਨਿਮਖ ਅਰਾਧਿਆ
ਗੁਰਮੁਖਿ ਪਾਰਿ ਉਤਾਰਾ ॥੧॥
੩. ਹਰਿ ਰਸੁ ਪੀਵਹੁ ਪੁਰਖ ਗਿਆਨੀ ॥
੪. ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ
ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥
੫. ਮੁਕਤਿ ਭੁਗਤਿ ਜੁਗਤਿ ਸਚੁ ਪਾਈਐ
ਸਰਬ ਸੁਖਾ ਕਾ ਦਾਤਾ ॥
੬. ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ
ਪੂਰਨ ਪੁਰਖੁ ਬਿਧਾਤਾ ॥੨॥
੭. ਸ੍ਰਵਣੀ ਸੁਣੀਐ ਰਸਨਾ ਗਾਈਐ
ਹਿਰਦੈ ਧਿਆਈਐ ਸੋਈ ॥
੮. ਕਰਣ ਕਾਰਣ ਸਮਰਥ ਸੁਆਮੀ
ਜਾ ਤੇ ਬ੍ਰਿਥਾ ਨ ਕੋਈ ॥੩॥
੯. ਵਡੈ ਭਾਗਿ ਰਤਨ ਜਨਮੁ ਪਾਇਆ
ਕਰਹੁ ਕ੍ਰਿਪਾ ਕਿਰਪਾਲਾ ॥
੧੦. ਸਾਧਸੰਗਿ ਨਾਨਕੁ ਗੁਣ ਗਾਵੈ
ਸਿਮਰੈ ਸਦਾ ਗੁੋਪਾਲਾ ॥੪॥੧੦॥

ਪਦ ਅਰਥ : ਖੋਜਤ—ਖੋਜਦਿਆਂ। ਖੋਜਿ—ਖੋਜ ਕੇ। ਤਤੁ—ਅਸਲੀਅਤ। ਸਾਰਾ—ਸਰੇਸ਼ਟ। ਕਿਲਵਿਖ—ਪਾਪ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ।੧।

ਪੁਰਖ ਗਿਆਨੀ—ਹੇ ਗਿਆਨ ਪੁਰਖ। ਸੁਣਿ ਸੁਣਿ—ਮੁੜ-ਮੁੜ ਸੁਣ ਕੇ। ਤ੍ਰਿਪਤਿ—ਰਜੇਵਾਂ, ਸੰਤੋਖ। ਸਾਧੂ—ਗੁਰੂ। ਅੰਮ੍ਰਿਤ ਬਾਨੀ—ਅਮਰ ਜੀਵਨ ਦੇਣ ਵਾਲੀ ਬਾਣੀ ਦੇ ਰਾਹੀਂ।ਰਹਾਉ।

ਮੁਕਤਿ—ਮਾਇਆ ਦੇ ਮੋਹ ਤੋਂ ਖ਼ਲਾਸੀ। ਭੁਗਤਿ—ਆਤਮਾ ਦੀ ਖ਼ੁਰਾਕ। ਜੁਗਤਿ—ਜੀਉਣ ਦਾ ਸੁਚੱਜਾ ਢੰਗ। ਕਉ—ਨੂੰ। ਪੂਰਨ—ਸਰਵ ਵਿਆਪਕ। ਬਿਧਾਤਾ—ਕਰਤਾਰ।੨।

ਸ੍ਰਵਣੀ—ਕੰਨੀਂ ਨਾਲ। ਰਸਨਾ—ਜੀਭ (ਨਾਲ)। ਸੋਈ—ਉਹ (ਪ੍ਰਭੂ) ਹੀ। ਕਰਣ ਕਾਰਣ—ਜਗਤ ਦਾ ਮੂਲ। ਜਾ ਤੇ—ਜਿਸ ਤੋਂ, ਜਿਸ ਦੇ ਦਰ ਤੋਂ। ਬ੍ਰਿਥਾ—ਖ਼ਾਲੀ।੩।

ਭਾਗਿ—ਕਿਸਮਤ ਨਾਲ। ਕਿਰਪਾਲਾ—ਹੇ ਕਿਰਪਾਲ। ਗਾਵੈ—ਗਾਉਂਦੇ ਰਹੇ। ਗੋਪਾਲ—ਹੇ ਗੁਪਾਲ।੪।

ਅਰਥ :

ਪ੍ਰ: ਹੇ ਗੁਰੋ! ਆਪ ਇਸ ਜੀਵਨ ਦਾ ਅਸਲ ਮਨੋਰਥ ਕੀ ਸਮਝਦੇ ਹੋ?

ਉ: ੧. ਹੇ ਭਾਈਓ! ਅਸੀਂ ਤਾਂ ਖੋਜਦਿਆਂ-ਖੋਜਦਿਆਂ ਆਖ਼ਰ ਇਸੇ ਵੀਚਾਰ 'ਤੇ ਪੁੱਜੇ ਹਾਂ ਕਿ ਪਰਮੇਸ਼ਰ ਦਾ ਨਾਮ ਸਿਮਰਨ ਕਰਨਾ ਹੀ ਮਨੁੱਖ-ਜੀਵਨ ਦਾ ਸਾਰ ਤੱਤ ਹੈ, ਭਾਵ ਅਸਲੀਅਤ ਹੈ।

ਪ੍ਰ: ਹਜ਼ੂਰ! ਇਸ ਨਾਮ ਸਿਮਰਨ ਦਾ ਅੰਤ ਵਿਚ ਫਲ ਕੀ ਮਿਲਦਾ ਹੈ ਜੀ?

ਉ: ੨. ਹੇ ਭਾਈਓ! ਗੁਰੂ ਦੀ ਸ਼ਰਨ ਪੈ ਕੇ ਜਿਨ੍ਹਾਂ ਮਨੁੱਖਾਂ ਨੇ ਹਰੀ ਦਾ ਨਾਮ ਸਿਮਰਿਆ ਹੈ, ਉਨ੍ਹਾਂ ਦੇ ਪਾਪ ਇਕ ਅੱਖ ਦੇ ਫਰਕੇ ਵਿਚ ਕੱਟ ਦਿੰਦਾ ਹੈ ਅਤੇ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ।੧।

੩. (ਇਸ ਲਈ) ਹੇ ਗਿਆਨੀ ਪੁਰਖੋ! ਹਰੀ ਦੇ ਨਾਮ ਦਾ ਰਸ ਸਦਾ ਹੀ ਪੀਆ ਕਰੋ।

੪. ਹੇ ਭਾਈ! ਅਮਰ ਜੀਵਨ ਦੇਣ ਵਾਲੀ ਬਾਣੀ ਦੇ ਰਾਹੀਂ ਪ੍ਰਭੂ ਦਾ ਨਾਮ ਬਾਰ-ਬਾਰ ਸੁਣ ਕੇ ਮਨੁੱਖ ਦਾ ਮਨ ਸਭ ਤੋਂ ਉੱਚਾ ਸੰਤੋਖ ਹਾਸਲ ਕਰ ਲੈਂਦਾ ਹੈ।ਰਹਾਉ।

੫. ਹੇ ਪਿਆਰਿਓ! ਸਾਰੇ ਸੁੱਖਾਂ ਦੇ ਦੇਣ ਵਾਲਾ, ਸਦਾ ਅਚੱਲ ਪ੍ਰਭੂ ਜੇ ਮਿਲ ਜਾਏ ਤਾਂ ਇਹੋ ਹੀ ਮੁਕਤੀ ਹੈ, ਇਹੋ ਆਤਮਾ ਦੀ ਖ਼ੁਰਾਕ ਹੈ, ਇਹੋ ਹੀ ਜੀਉਣ ਦਾ ਸੁਚੱਜਾ ਢੰਗ ਹੈ।

੬. ਉਹ ਫਲ ਪ੍ਰਦਾਤਾ ਜੋ ਪੂਰਨ ਪੁਰਖ ਪਰਮੇਸ਼ਰ ਹੈ, ਉਹ ਆਪਣੇ ਦਾਸ ਨੂੰ ਭਗਤੀ ਦਾ ਦਾਨ ਦੇਂਦਾ ਹੈ।੨।

ਪ੍ਰ: ਕਿਉਂ ਜੀ! ਉਸ ਦੇ ਨਾਮ ਸਿਮਰਨ ਕਰਨ ਦਾ ਆਰੰਭ ਕਿਸ ਰੂਪ ਵਿਚ ਕੀਤਾ ਜਾਵੇ?

ਉ: ੭. ਹੇ ਪਿਆਰੇ! ਆਰੰਭ ਇਸ ਪ੍ਰਕਾਰ ਕੀਤਾ ਕਰੋ ਕਿ ਪਹਿਲਾਂ ਨਾਮ ਕੰਨਾਂ ਨਾਲ ਸੁਣਨਾ ਕਰੀਏ, ਫਿਰ ਜੀਭ ਨਾਲ ਗਾਉਣਾ ਚਾਹੀਦਾ ਹੈ ਅਤੇ ਅੰਤ ਵਿਚ ਹਿਰਦੇ ਅੰਦਰ ਉਸਦੀ ਅਰਾਧਨਾ ਕਰਦੇ ਰਹੀਏ।

ਪ੍ਰ: ਹਜ਼ੂਰ! ਇਉਂ ਕਰਦੇ ਰਹਿਣ ਨਾਲ ਨਿਸ਼ਚਾ ਕਿਵੇਂ ਆਵੇ ਕਿ ਇਸ ਦਾ ਫਲ ਜ਼ਰੂਰ ਹੀ ਮਿਲ ਸਕੇਗਾ?

ਉ: ੮. ਹੇ ਪਿਆਰੇ! ਇਹ ਨਿਸ਼ਚਾ ਕਰੋ ਕਿ ਉਸ ਜਗਤ ਦੇ ਮੂਲ ਸਭ ਤਾਕਤਾਂ ਦੇ ਮਾਲਕ ਪ੍ਰਭੂ ਦੇ ਦਰ ਤੋਂ ਕੋਈ ਜੀਵ ਭੀ ਖ਼ਾਲੀ ਹੱਥ ਨਹੀਂ ਮੁੜਦਾ।੩।

੯. ਅਤੇ ਅਰਦਾਸ ਇਉਂ ਕਰਦੇ ਰਹੋ ਕਿ ਹੇ ਸਾਈਂ ਜੀ! ਕਿਰਪਾ ਦ੍ਰਿਸ਼ਟੀ ਕਰੋ ਕਿ ਇਹ ਰਤਨ ਅਮੋਲਕ ਮਨੁੱਖਾ ਜਨਮ ਵੱਡਿਆਂ ਭਾਗਾਂ ਨਾਲ ਪਾਇਆ ਹੈ, ਹੁਣ (ਇਸ ਨੂੰ ਸਫਲ ਕਰ ਦਿਓ)।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਸਾਈਂ ਜੀ! (ਹੁਣ) ਮਿਹਰ ਕਰ, ਤੇਰਾ ਸੇਵਕ ਸਾਧ ਸੰਗਤ ਵਿਚ ਰਹਿ ਕੇ ਤੇਰੇ ਹੀ ਗੁਣ ਗਾਂਦਾ ਰਹੇ, ਤੇਰਾ ਹੀ ਨਾਮ ਸਦਾ ਸਿਮਰਦਾ ਰਹੇ।੪।੧੦।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਆਪਣਾ ਨਿੱਜੀ ਤਜਰਬਾ ਅੰਕਤ ਕਰਦੇ ਹਨ ਕਿ ਹੇ ਪਿਆਰੇ! ਇਸ ਜੀਵਨ ਦਾ ਤੱਤ ਸਾਰ ਨਾਮ ਦਾ ਸਿਮਰਨ ਕਰਨਾ ਹੈ, ਜੋ ਕਿ ਸਾਰੇ ਪਾਪਾਂ ਦਾ ਅੱਖ ਦੇ ਫਰਕੇ ਅੰਦਰ ਨਾਸ ਕਰ ਦੇਣ ਵਾਲਾ ਹੈ। ਸਿਮਰਨ ਕਰਨ ਦਾ ਢੰਗ ਇਉਂ ਅਪਨਾਓ

ਕਿ ਕੰਨਾਂ ਨਾਲ ਸੁਣੋ ਤੇ ਰਸਨਾ ਨਾਲ ਗਾਓ ਅਤੇ ਹਿਰਦੇ ਅੰਦਰ ਉਸੇ ਦਾ ਹੀ ਚਿੰਤਨ ਕਰਦੇ ਰਹੋ, ਇਸ ਦਾ ਫਲ ਅਵੱਸ਼ ਹੀ ਮਿਲੇਗਾ। ਯਾਦ ਰੱਖੋ ਇਹ ਮਨੁੱਖਾ ਜਨਮ ਵੱਡਿਆਂ ਭਾਗਾਂ ਦਾ ਸਦਕਾ ਪ੍ਰਾਪਤ ਹੋਇਆ ਹੈ। ਇਸ ਨੂੰ ਸਾਧ ਸੰਗਤ ਵਿਚ ਮਿਲ ਕੇ ਸਫਲਾ ਕਰੋ।

ਸੋਰਠਿ ਮਹਲਾ ੫ ॥

੧. ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ ॥
੨. ਕੋਟਿ ਬਿਘਨ ਲਾਥੇ ਪ੍ਰਭ ਸਰਣਾ
ਪ੍ਰਗਟੇ ਭਲੇ ਸੰਜੋਗਾ ॥੧॥
੩. ਪ੍ਰਭ ਬਾਣੀ ਸਬਦੁ ਸੁਭਾਖਿਆ ॥
੪. ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ ॥ ਰਹਾਉ ॥
੫. ਸਾਚਾ ਸਾਹਿਬੁ ਅਮਿਤਿ ਵਡਾਈ
ਭਗਤਿ ਵਛਲ ਦਇਆਲਾ ॥
੬. ਸੰਤਾ ਕੀ ਪੈਜ ਰਖਦਾ ਆਇਆ
ਆਦਿ ਬਿਰਦੁ ਪ੍ਰਤਿਪਾਲਾ ॥੨॥
੭. ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ
ਸਰਬ ਵੇਲਾ ਮੁਖਿ ਪਾਵਹੁ ॥
੮. ਜਰਾ ਮਰਾ ਤਾਪੁ ਸਭੁ ਨਾਠਾ
ਗੁਣ ਗੋਬਿੰਦ ਨਿਤ ਗਾਵਹੁ ॥੩॥
੯. ਸੁਣੀ ਅਰਦਾਸਿ ਸੁਆਮੀ ਮੇਰੈ
ਸਰਬ ਕਲਾ ਬਣਿ ਆਈ ॥
੧੦. ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ ॥੪॥੧੧॥

ਪਦ ਅਰਥ : ਕਰਿ—ਕਰਕੇ। ਸਿਮਰਿ—ਸਿਮਰ ਕੇ। ਅਰੋਗਾ—ਨਰੋਏ। ਕੋਟਿ—ਕਰੋੜਾਂ। ਵਿਘਨ—(ਜ਼ਿੰਦਗੀ ਦੇ ਰਾਹ ਵਿਚ) ਰੁਕਾਵਟਾਂ। ਪ੍ਰਗਟੇ—ਉੱਘੜ ਪੈਂਦੇ ਹਨ। ਭਲੇ ਸੰਜੋਗਾ—ਪ੍ਰਭੂ ਨਾਲ ਮਿਲਾਪ ਦੇ ਚੰਗੇ ਅਵਸਰ।੧।

ਪ੍ਰਭ ਬਾਣੀ—ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ। ਸੁਭਾਖਿਆ—ਸੋਹਣਾ ਉਚਾਰਿਆ ਹੋਇਆ। ਭਾਈ—ਹੇ ਭਾਈ। ਤੂ—ਤੈਨੂੰ। ਗੁਰ ਪੂਰੈ—ਪੂਰੇ ਗੁਰੂ ਨੇ। ਰਾਖਿਆ—(ਜੀਵਨ ਬਿਘਨਾਂ ਤੋਂ) ਬਚਾ ਲਿਆ।ਰਹਾਉ।

ਅਮਿਤਿ—(ਮਿਤਿ-ਮਾਪ, ਹੱਦ) ਜਿਸ ਦੀ ਮਿਣਤੀ ਦੱਸੀ ਨਾ ਜਾ ਸਕੇ। ਵਛਲ—ਪਿਆਰ ਕਰਨ ਵਾਲਾ। ਪੈਜ—ਇੱਜ਼ਤ। ਆਦਿ—ਸ਼ੁਰੂ ਤੋਂ। ਬਿਰਦੁ—ਮੁੱਢ ਕਦੀਮਾਂ ਦਾ ਸੁਭਾਉ।੨।

ਭੁੰਚਹੁ—ਖਾਵੋ। ਮੁੱਖ—ਮੂੰਹ ਵਿਚ। ਜਰਾ—ਬੁਢੇਪਾ। ਮਰਾ—ਮੌਤ। ਤਾਪ—ਦੁੱਖ ਕਲੇਸ਼।੩।

ਸੁਆਮੀ ਮੇਰੈ—ਮੇਰੇ ਮਾਲਕ ਨੇ। ਸਰਬ ਕਲਾ—ਸਾਰੀ ਤਾਕਤ। ਬਣਿ ਆਈ—ਪੈਦਾ ਹੋ ਜਾਂਦੀ ਹੈ। ਸਗਲੇ ਜੁਗ ਅੰਤਰਿ—ਸਾਰੇ ਜੁੱਗਾਂ ਵਿਚ, ਸਦਾ ਹੀ। ਗੁਰ ਨਾਨਕ ਕੀ—ਹੇ ਨਾਨਕ ਗੁਰੂ ਦੀ।੪।੧੧।

ਅਰਥ :

ਪ੍ਰ: ਕਿਉਂ ਜੀ! ਪ੍ਰਭੂ ਦੇ ਸਿਮਰਨ ਕਰਨ ਦੀ ਆਰੰਭਤਾ ਕਿਵੇਂ ਕਰਨੀ ਚਾਹੀਦੀ ਹੈ?

ਉ: ੧. ਹੇ ਪਿਆਰੇ! ਪਹਿਲੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਫਿਰ ਪ੍ਰਭੂ ਦੇ ਸਿਮਰਨ ਦਾ ਆਰੰਭ ਕਰੋ, ਇਸ ਤਰ੍ਹਾਂ ਮਨ ਤੇ ਤਨ ਦੋਵੇਂ ਅਰੋਗ ਹੋ ਜਾਂਦੇ ਹਨ, (ਕਿਉਂਕਿ) ਇਸ਼ਨਾਨ ਕਰਨ ਨਾਲ ਸਰੀਰ ਤੇ ਨਾਮ ਸਿਮਰਨ ਕਰਨ ਦਾ ਸਦਕਾ ਮਨ ਵਿਕਾਰਾਂ ਵਲੋਂ ਅਰੋਗ ਹੋ ਜਾਂਦੇ ਹਨ।

੨. ਹੇ ਭਾਈ! ਇਸ ਤਰ੍ਹਾਂ ਜਦੋਂ ਕੋਈ ਪ੍ਰਭੂ ਜੀ ਦੀ ਸ਼ਰਨ ਗ੍ਰਹਿਣ ਕਰ ਲੈਂਦਾ ਹੈ ਤਾਂ ਉਸ ਦੇ ਜੀਵਨ ਵਿਚ ਆਉਣ ਵਾਲੀਆਂ ਕਰੋੜਾਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ ਅਤੇ ਪ੍ਰਭੂ ਨਾਲ ਮਿਲਾਪ ਹੋ ਜਾਣ ਦੇ ਚੰਗੇ ਅਵਸਰ ਉਘੜ ਪੈਂਦੇ ਹਨ।੧।

੩. ਹੇ ਪਿਆਰੇ ! (ਗੁਰੂ ਨੇ ਆਪਣਾ) ਸ਼ਬਦ ਸੋਹਣਾ ਉਚਾਰਿਆ ਹੋਇਆ ਹੈ ਅਤੇ ਇਹ ਸ਼ਬਦ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਹੈ।

੪. (ਇਸ ਲਈ) ਇਸ ਸ਼ਬਦ ਨੂੰ ਸਦਾ ਗਾਉਂਦੇ ਰਹੋ, ਸੁਣਦੇ ਰਹੋ ਤੇ ਪੜ੍ਹਦੇ ਰਹੋ। ਹੇ ਭਾਈ ! ਜੇ ਇਸ ਤਰ੍ਹਾਂ ਦਾ ਉੱਦਮ ਕਰਦੇ ਰਹੋਗੇ, ਤਾਂ ਫਿਰ ਯਕੀਨ ਰੱਖੋ, ਪੂਰੇ ਗੁਰੂ ਨੇ ਤੁਹਾਨੂੰ ਜੀਵਨ ਵਿਚ ਆਉਣ ਵਾਲੀਆਂ ਅਨੇਕਾ ਰੁਕਾਵਟਾਂ ਤੋਂ ਬਚਾ ਲਿਆ ਹੈ।ਰਹਾਉ।

੫. ਹੇ ਪਿਆਰਿਓ ! ਉਹ ਮਾਲਕ ਪ੍ਰਭੂ ਸਦਾ ਹੀ ਕਾਇਮ ਰਹਿਣ ਵਾਲਾ ਹੈ। ਉਸ ਦੀ ਵਡਿਆਈ ਭੀ ਅਮਿਤ ਹੈ, ਭਾਵ ਬੇਅੰਤ ਹੈ, ਉਹ ਦਿਆਲੂ ਭਗਤਾਂ ਦਾ ਪਿਆਰਾ ਹੈ।

੬. ਉਹ ਹਮੇਸ਼ਾਂ ਸੰਤਾਂ ਦੀ ਇੱਜ਼ਤ ਰੱਖਦਾ ਆਇਆ ਹੈ। ਉਹ ਆਦਿ ਤੋਂ ਹੀ ਆਪਣੇ ਧਰਮ ਨੂੰ ਪਾਲਦਾ ਆਇਆ ਹੈ।੨।

ਪ੍ਰ: ਸ੍ਰੀ ਜੀਉ ! ਬੁਢੇਪੇ ਦਾ ਦੁੱਖ, ਮਰਨੇ ਦਾ ਕਸ਼ਟ ਤੇ ਆਧੀ, ਬਿਆਧੀ, ਉਪਾਧੀ ਦਾ ਕਲੇਸ਼ ਸਦਾ ਹੀ ਬਣਿਆ ਰਹਿੰਦਾ ਹੈ। ਕੋਈ ਉਪਾਅ ਦੱਸੋ, ਜਿਸ ਰਾਹੀਂ ਇਨ੍ਹਾਂ ਤੋਂ ਛੁਟਕਾਰਾ ਹੋ ਸਕੇ ?

ਉ: ੭. ਹੇ ਭਾਈਓ ! ਹਰੀ ਨਾਮ ਰੂਪੀ ਅੰਮ੍ਰਿਤ ਭੋਜਨ ਨੂੰ ਨਿਤਾ ਪ੍ਰਤੀ ਛਕਦੇ ਰਹੋ। ਹਰ ਵੇਲੇ ਹੀ ਇਸ ਦੀ ਗ੍ਰਾਹੀ ਨੂੰ ਮੁੱਖ ਵਿਚ ਪਾਉਂਦੇ ਰਹੋ, ਅਰਥਾਤ ਹਰ ਵੇਲੇ ਨਾਮ ਸਿਮਰਦੇ ਰਿਹਾ ਕਰੋ।

੮. ਇਸ ਤਰ੍ਹਾਂ ਜਦੋਂ ਤੁਸੀਂ ਨਿਤਾ ਪ੍ਰਤੀ ਗੋਬਿੰਦ ਦੇ ਗੁਣ ਗਾਉਣ ਲੱਗ ਪਏ, ਤਾਂ ਤੁਹਾਨੂੰ ਬੁਢਾਪੇ, ਮਰਨ ਤੇ ਹੋਰ ਸਭ ਤਰ੍ਹਾਂ ਦੇ ਕਸ਼ਟ ਨਹੀਂ ਵਾਪਰਨਗੇ।੩।

੯. ਹੇ ਭਾਈ ! ਜਿਸ ਵੀ ਮਨੁੱਖ ਦੀ ਕੀਤੀ ਅਰਦਾਸ ਸੁਆਮੀ ਜੀ ਨੇ ਸੁਣ ਲਈ ਹੈ, ਉਸ ਦੇ ਅੰਦਰ ਕਰੋੜਾਂ ਵਿਘਨਾਂ ਦਾ ਟਾਕਰਾ ਕਰਨ ਲਈ ਪੂਰੀ ਤਾਕਤ ਪੈਦਾ ਹੋ ਜਾਂਦੀ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਗੁਰੂ ਦੀ ਇਹ ਅਜ਼ਮਤ ਸਾਰੇ ਜੁੱਗਾਂ ਵਿਚ ਪ੍ਰਗਟ ਹੋ ਰਹਿੰਦੀ ਹੈ।੪।੧੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨਾਮ ਸਿਮਰਨ ਕਰਨ ਦੀ ਅਰੰਭਤਾ ਦਰਸਾ ਰਹੇ ਹਨ ਕਿ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿਕ ਕ੍ਰਿਆ ਕਰੋ, ਫਿਰ ਪ੍ਰਭੂ ਦੇ ਸਿਮਰਨ ਵਿਚ ਜੁੜ ਜਾਓ, ਇਸ ਤਰ੍ਹਾਂ ਕਰੋੜਾਂ ਹੀ ਵਿਘਨਾਂ ਦਾ ਨਾਸ ਹੋ ਜਾਏਗਾ ਤੇ ਮਨ ਸੰਕਲਪਾਂ ਵਿਕਲਪਾਂ ਵਲੋਂ ਸ਼ਾਂਤ ਹੋ ਰਹਿੰਦਾ ਹੈ। ਉਸ ਸੱਚੇ ਮਾਲਕ ਦੀ ਵਡਿਆਈ ਉੱਚੀ ਹੈ ਅਤੇ ਉਹ ਭਗਤ ਜਨਾਂ ਨਾਲ ਸਦਾ ਹੀ ਪਿਆਰ ਕਰਨ ਵਾਲਾ ਹੈ। ਆਪਣੇ ਸੰਤਾਂ ਦੀ ਉਹ ਸਦਾ ਹੀ ਇੱਜ਼ਤ ਰੱਖਦਾ ਆ ਰਿਹਾ ਹੈ, ਉਸੇ ਦੇ ਨਾਮ ਰੂਪ ਅੰਮ੍ਰਿਤ ਨੂੰ ਸਦਾ ਪੀਵੋ ਜੋ ਕਿ ਮਰਣ ਆਦਿ ਕਸ਼ਟਾਂ ਤੋਂ ਸਦਾ ਹੀ ਬਚਾਅ ਲੈਣ ਵਾਲਾ ਹੈ।

ਸੋਰਠਿ ਮਹਲਾ ੫ ਘਰੁ ੨ ਚਉਪਦੇ

੧ਓ ਸਤਿਗੁਰ ਪ੍ਰਸਾਦਿ ॥

੧. ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ ॥

੨. ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ
ਹਰਿ ਦਰਸਨੁ ਦੇਹੁ ਦਿਖਾਈ ॥੧॥

੩. ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥

੪. ਇਹੁ ਮਨੁ ਤੇਰਾ ਭਾਈ ॥ ਰਹਾਉ ॥

੫. ਪਾਵ ਮਲੋਵਾ ਮਲਿ ਮਲਿ ਧੋਵਾ
ਇਹੁ ਮਨੁ ਤੈ ਕੂ ਦੇਸਾ ॥

੬. ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ
ਪ੍ਰਭ ਮਿਲਉ ਦੇਹੁ ਉਪਦੇਸਾ ॥੨॥

੭. ਮਾਨੁ ਨ ਕੀਜੈ ਸਰਣਿ ਪਰੀਜੈ
ਕਰੈ ਸੁ ਭਲਾ ਮਨਾਈਐ ॥

੮. ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ
ਇਉ ਦਰਸਨੁ ਹਰਿ ਜੀਉ ਪਾਈਐ ॥੩॥

੯. ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ
ਹਰਿ ਨਾਮਾ ਹੈ ਮੀਠਾ ॥

੧੦. ਜਨ ਨਾਨਕ ਕਉ ਗੁਰਿ ਕਿਰਪਾ ਧਾਰੀ
ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥

ਨੋਟ : ਇਥੋਂ 'ਘਰੁ' ਦੋ ਦੇ ਸ਼ਬਦ ਸ਼ੁਰੂ ਹੁੰਦੇ ਹਨ। ਪਹਿਲੇ ਸ਼ਬਦਾਂ ਦਾ ਸੰਗ੍ਰਹਿ ੧੧ ਹੈ।

ਪਦ ਅਰਥ : ਗੁਰਹਾਈ—ਗੁਰ ਭਾਈ। ਮੀਤਾ—ਹੇ ਮਿੱਤਰ। ਜੀਉ—ਜਿੰਦ। ਬਲਿ ਜਾਸੀ—ਸਦਕੇ ਜਾਵੇਗੀ।੧।

ਕਉ—ਤੋਂ। ਬਲਿ ਜਾਈ—ਬਲਿ ਜਾਈਂ, ਮੈਂ ਸਦਕੇ ਜਾਂਦਾ ਹਾਂ। ਭਾਈ—ਹੇ ਭਾਈ।ਰਹਾਉ।

ਪਾਵ—ਦੋਵੇਂ ਪੈਰ। ਮਲੋਵਾ—ਮਲੋਵਾਂ, ਮੈਂ ਮਲਾਂਗਾ। ਮਲਿ—ਮਲ ਕੇ। ਧੋਵਾ—ਧੋਵਾਂ, ਮੈਂ ਧੋਵਾਂਗਾ। ਤੈ ਕੂ—ਤੈਨੂੰ। ਦੇਸਾ—ਦੇਸਾਂ, ਮੈਂ ਦਿਆਂਗਾ। ਹਉ—ਮੈਂ। ਪ੍ਰਭ ਮਿਲਉ—ਮੈਂ ਪ੍ਰਭੂ ਨੂੰ ਮਿਲ ਪਵਾਂ, ਮਿਲਉ।੨।

ਮਾਨੁ—ਅਹੰਕਾਰ। ਕੀਜੈ—ਕਰਨਾ ਚਾਹੀਦਾ ਹੈ। ਪਰੀਜੈ—ਪੈਣਾ ਚਾਹੀਦਾ ਹੈ। ਪਿੰਡੁ—ਸਰੀਰ। ਅਰਪੀਜੈ—ਭੇਟ ਕਰ ਦੇਣਾ ਚਾਹੀਦਾ ਹੈ। ਇਉ—ਇਉਂ, ਇਸ ਤਰ੍ਹਾਂ।੩।

ਅਨੁਗ੍ਰਹੁ—ਮਿਹਰ, ਕਿਰਪਾ। ਪ੍ਰਸਾਦਿ—ਕਿਰਪਾ ਨਾਲ। ਗੁਰਿ—ਗੁਰੂ ਨੇ। ਅਕੁਲ—ਅ-ਕੁਲ, ਜਿਸ ਦੀ ਕੋਈ ਖ਼ਾਸ ਕੁਲ ਨਹੀਂ। ਨਿਰੰਜਨੁ—(ਨਿਰ-ਅੰਜਨੁ। ਅੰਜਨੁ—ਸੁਰਮਾ, ਮਾਇਆ ਦੀ ਕਾਲਖ) ਮਾਇਆ ਦੇ ਪ੍ਰਭਾਵ ਤੋਂ ਰਹਿਤ।੪।

ਅਰਥ :

ਇਕ ਸਮੇਂ ਸਿੱਖਾਂ ਨੇ ਗੁਰੂ ਸਾਹਿਬ ਜੀ ਦੇ ਸਨਮੁਖ ਹੋ ਅਰਜ਼ ਕੀਤੀ ਕਿ ਹੇ ਗੁਰੋ ! ਕਈ ਵਾਰ ਆਪ ਜੀ ਦੀ ਸ਼ਰਨ ਵਿਚ ਕਈ ਗੁਰਮੁਖ ਸੱਜਨ ਪ੍ਰਮਾਰਥਕ ਵੀਚਾਰਾਂ ਕਰਦੇ ਰਹਿੰਦੇ ਹਨ, ਉਨ੍ਹਾਂ ਵਿਚੋਂ ਕਈ ਸੂਖਮ ਵੀਚਾਰਾਂ ਨੂੰ ਅਸੀਂ ਸਮਝਣ ਵਲੋਂ ਭੀ ਅਸਮ੍ਰਥ ਹੁੰਦੇ ਹਾਂ। ਜੋ ਅੱਜ ਦੇ ਜਗਿਆਸੂ ਤੇ ਗੁਰਮੁਖਾਂ ਦਾ ਵੀਚਾਰ ਵਟਾਂਦਰਾ ਹੋ ਰਿਹਾ ਸੀ, ਉਹ ਸਾਨੂੰ

ਕਿਰਪਾ ਕਰ ਕੇ ਆਪਣੀ ਪਵਿੱਤ੍ਰ ਰਸਨਾ ਦੁਆਰਾ ਸਾਧਾਰਨ ਰੂਪ ਵਿਚ ਸਮਝਾਉਣ ਦੀ ਕਿਰਪਾ ਦ੍ਰਿਸ਼ਟੀ ਕਰੋ। ਤਾਂ ਆਪ ਜੀ ਜਗਿਆਸੂ ਤੇ ਗੁਰਮੁਖ ਵਿਚ ਹੋਈ ਵੀਚਾਰ ਨੂੰ ਇਸ ਸ਼ਬਦ ਵਿਚ ਅੰਕਤ ਕਰਦੇ ਹਨ। ਇਸ਼ ਸ਼ਬਦ ਵਿਚ ਇਕ ਜਗਿਆਸੂ ਵਲੋਂ ਸਵਾਲ ਹੈ ਤੇ ਦੂਜੇ ਪਾਸੇ ਕਿਸੇ ਗੁਰਮੁਖ ਪਾਸੋਂ ਉੱਤਰ ਦਿਵਾ ਕੇ ਪਰਮੇਸ਼ਰ ਦੇ ਮਿਲਾਪ ਦੀ ਜੁਗਤੀ ਉਚਾਰਨ ਕਰ ਰਹੇ ਹਨ।

ਪ੍ਰ: ਹੇ ਗੁਰੋ ! ਇਹ ਦੱਸੋ ਕਿ ਪਹਿਲੇ ਜਗਿਆਸੂ ਨੇ ਗੁਰਮੁਖ ਅੱਗੇ ਕੀ ਕੁਝ ਕਿਹਾ ਸੀ ?

ਉ: ੧. ਹੇ ਪਿਆਰਿਓ ! ਜਗਿਆਸੂ ਨੇ ਕਿਹਾ ਸੀ ਕਿ ਹੇ ਗੁਰਮੁਖ ਜੀ ! ਵੇਖੋ ਸਾਡਾ ਇਕੋ ਹੀ ਪ੍ਰਭੂ ਪਰਮੇਸ਼ਰ ਪਿਤਾ ਹੈ, ਅਸੀਂ ਇਕੋ ਹੀ ਪ੍ਰਭੂ ਪਿਤਾ ਦੇ ਬੱਚੇ ਹਾਂ, ਫਿਰ ਤੂੰ ਵੇਖ ਅਸੀਂ ਇਕੋ ਹੀ ਪਿਤਾ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਤੂੰ ਮੇਰਾ ਗੁਰਭਾਈ ਭੀ ਹੈਂ।

੨. ਇਸ ਲਈ ਹੇ ਮਿੱਤਰਾ ! ਸੁਣ ਮੈਨੂੰ ਪਰਮੇਸ਼ਰ ਦੇ ਦਰਸ਼ਨ ਕਰਵਾ ਦੇਹ, ਬਸ ਫਿਰ ਮੇਰਾ ਜੀਉ ਤੈਥੋਂ ਮੁੜ-ਮੁੜ ਸਦਕੇ ਜਾਇਆ ਕਰੇਗਾ।੧।

੩. ਹੇ ਮਿੱਤਰ ਜੀ ! ਮੇਰੀ ਬੇਨਤੀ ਸੁਣ। ਮੈਂ ਤੇਰੇ ਚਰਨਾਂ ਦੀ ਧੂੜ ਤੋਂ ਕੁਰਬਾਨ ਜਾਂਦਾ ਹਾਂ।

੪. (ਹੇ ਮੇਰੇ) ਭਰਾਵਾ ! ਮੈਂ ਆਪਣਾ ਇਹ ਮਨ ਤੇਰਾ ਆਗਿਆਕਾਰ ਬਨਾਣ ਨੂੰ ਤਿਆਰ ਹਾਂ।ਰਹਾਉ।

੫. ਹੇ ਭਰਾਵਾਂ ! ਮੈਂ ਤੇਰੇ ਦੋਵੇਂ ਪੈਰ ਮਲਾਂਗਾ ਤੇ ਇਨ੍ਹਾਂ ਨੂੰ ਮਲ ਮਲ ਕੇ ਧੋਵਾਂਗਾ, ਮੈਂ ਆਪਣਾ ਇਹ ਮਨ ਤੇਰੇ ਹਵਾਲੇ ਕਰ ਦਿਆਂਗਾ।

੬. ਹੇ ਮੇਰੇ ਮਿੱਤਰ ਜੀ ! ਤੂੰ ਮੇਰੀ ਬੇਨਤੀ ਸੁਣ, ਮੈਂ ਤੇਰੀ ਸ਼ਰਣ ਆਇਆ ਹਾਂ, ਮੈਨੂੰ ਅਜੇਹਾ ਉਪਦੇਸ਼ ਦੇਹ ਤਾਂ ਕਿ ਮੈਂ ਪ੍ਰਭੂ ਨੂੰ ਮਿਲ ਸਕਾਂ।੨।

(ਇਥੋਂ ਤਕ ਜਗਿਆਸੂ ਵਲੋਂ ਬੇਨਤੀ ਕੀਤੀ ਗਈ ਹੈ)। (ਹੁਣ ਅੱਗੇ ਗੁਰਮੁਖ, ਜਗਿਆਸੂ ਨੂੰ ਪ੍ਰਭੂ ਮਿਲਾਪ ਦੀ ਜੁਗਤੀ ਦੱਸਦਾ ਹੈ)।

੭. ਹੇ ਮਿੱਤਰ ਜੀ ਸੁਣ ! ਪਹਿਲੋਂ ਤਾਂ ਇਹ ਗੁਣ ਧਾਰਨ ਕਰ ਕਿ ਕਿਸੇ ਪ੍ਰਕਾਰ ਦਾ ਵੀ ਹੰਕਾਰ ਨਹੀਂ ਕਰਨਾ ਚਾਹੀਦਾ ਅਤੇ ਸਦਾ ਹੀ ਪ੍ਰਭੂ ਦੀ ਸ਼ਰਨ ਵਿਚ ਪਏ ਰਹਿਣਾ ਚਾਹੀਦਾ ਹੈ। ਜੋ ਕੁਝ ਵੀ ਪਰਮੇਸ਼ਰ ਕਰ ਰਿਹਾ ਹੈ, ਉਸ ਨੂੰ (ਹਮੇਸ਼ਾ ਹੀ) ਭਲਾ ਕਰ ਕੇ ਮੰਨਣਾ ਚਾਹੀਦਾ ਹੈ।

੮. ਹੇ ਮਿੱਤਰ ਜੀ ! ਇਹ ਜਿੰਦ ਤੇ ਇਹ ਸਰੀਰ ਸਭੋ ਕੁਝ ਉਸੇ ਸਾਈਂ ਜੀ ਦੀ ਭੇਟ ਕਰ ਦੇਣਾ ਚਾਹੀਦਾ ਹੈ, ਇਸ ਤਰ੍ਹਾਂ ਕਰਨ ਦੇ ਨਾਲ ਹਰੀ ਜੀ ਦੇ ਦਰਸ਼ਨ ਹੋ ਜਾਂਦੇ ਹਨ।੩।

ਪ੍ਰ: ਹੇ ਗੁਰਮੁਖ ਜੀ ! ਨਾਮ ਸਿਮਰਦੇ ਤਾਂ ਹਾਂ, ਪਰ ਨਾਮ ਦਾ ਮਿਠਾਸ ਹਾਸਲ ਨਹੀਂ ਹੁੰਦਾ, ਇਹ ਦਾਤ ਕਿਵੇਂ ਪ੍ਰਾਪਤ ਹੋ ਸਕਦੀ ਹੈ ?

ਉ: ੯. ਹੇ ਪਿਆਰਿਆ ! ਸੰਤ ਜਨਾਂ ਦੀ ਕਿਰਪਾ ਨਾਲ, ਜਿਸ ਮਨੁੱਖ ਉੱਤੇ ਪ੍ਰਭੂ ਦੀ ਮਿਹਰ ਹੋਵੇ, ਉਸ ਨੂੰ ਉਸ ਸਾਈਂ ਜੀ ਦਾ ਨਾਮ ਪਿਆਰਾ ਲੱਗਣ ਲੱਗ ਜਾਂਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰਾ ! ਦਾਸ ਨਾਨਕ ਉੱਤੇ ਗੁਰੂ ਨੇ ਮਿਹਰ ਕੀਤੀ ਹੈ, ਜਿਸ ਮਿਹਰ ਦਾ ਸਦਕਾ ਹੁਣ ਮੈਨੂੰ ਹਰ ਥਾਂ ਉਹ ਪ੍ਰਭੂ ਹੀ ਦਿੱਸਣ ਲੱਗ ਪਿਆ ਹੈ, ਜਿਸ ਪ੍ਰਭੂ ਦੀ ਕੋਈ ਖ਼ਾਸ ਕੁਲ ਨਹੀਂ, ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ।੪।੧।੧੨।

ਭਾਵਾਰਥ : ਇਸ ਉਪ੍ਰੋਕਤ ਸ਼ਬਦ ਵਿਚ ਇਕ ਜਗਿਆਸੂ ਪਾਸੋਂ ਸਵਾਲ ਕਰਵਾ ਕੇ, ਕਿਸੇ ਗੁਰਮੁਖ ਪਾਸੋਂ ਉੱਤਰ ਦਿਵਾਇਆ ਹੈ, ਜਿਸ ਵਿਚ ਪਰਮੇਸ਼ਰ ਦੇ ਮਿਲਾਪ ਦੀ ਜੁਗਤੀ ਉਚਾਰਨ ਕੀਤੀ ਹੈ।

ਸੋਰਠਿ ਮਹਲਾ ੫ ॥

੧. ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ
ਸਰਬ ਜੀਆ ਕਾ ਦਾਤਾ ਰੇ ॥
੨. ਪ੍ਰਤਿਪਾਲੈ ਨਿਤ ਸਾਰਿ ਸਮਾਲੈ
ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥
੩. ਹਰਿ ਆਰਾਧਿ ਨ ਜਾਨਾ ਰੇ ॥
੪. ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
੫. ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥
੬. ਦੀਨ ਦਇਆਲ ਕ੍ਰਿਪਾਲ ਸੁਖ ਸਾਗਰ
ਸਰਬ ਘਟਾ ਭਰਪੂਰੀ ਰੇ ॥
੭. ਪੇਖਤ ਸੁਨਤ ਸਦਾ ਹੈ ਸੰਗੇ
ਮੈ ਮੂਰਖ ਜਾਨਿਆ ਦੂਰੀ ਰੇ ॥੨॥
੮. ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ ॥
੯. ਕਰਉ ਬੇਨਤੀ ਸਤਿਗੁਰ ਅਪੁਨੇ
ਮੈ ਮੂਰਖ ਦੇਹੁ ਉਪਦੇਸੋ ਰੇ ॥੩॥
੧੦. ਮੈ ਮੂਰਖ ਕੀ ਕੇਤਕ ਬਾਤ ਹੈ
ਕੋਟਿ ਪਰਾਧੀ ਤਰਿਆ ਰੇ ॥
੧੧. ਗੁਰੁ ਨਾਨਕੁ ਜਿਨ ਸੁਨਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥

ਪਦ ਅਰਥ : ਬ੍ਰਹਮੰਡ—ਸ੍ਰਿਸ਼ਟੀ। ਕੋ—ਦਾ। ਠਾਕੁਰੁ—ਪਾਲਣਹਾਰ। ਰੇ—ਹੇ ਭਾਈ। ਸਾਰਿ—ਸਾਰ ਲੈ ਕੇ। ਸਮਾਲੈ—ਸੰਭਾਲ ਕਰਦਾ ਹੈ। ਮੂਰਖਿ—ਮੂਰਖ ਨੇ।੧।

ਆਰਾਧਿ ਨ ਜਾਨਾ—(ਮੈਂ) ਅਰਾਧਨਾ ਕਰਨੀ ਨਹੀਂ ਜਾਣਦਾ। ਕਰਤ—ਕਰਦਾ ਹਾਂ। ਰੇ—ਹੇ ਭਾਈ। ਹਰਿ ਜੀਉ—ਹੇ ਪ੍ਰਭੂ ਜੀ ! ਪਰਿਓ—ਪੈ ਗਿਆ ਹੈ। ਰਾਮਦਾਸੁ—ਰਾਮ ਦਾ ਦਾਸ।ਰਹਾਉ।

ਸੁਖ ਸਾਗਰ—ਸੁੱਖਾਂ ਦਾ ਸਮੁੰਦਰ। ਭਰਪੂਰੀ—ਵਿਆਪਕ। ਸਰਬ ਘਟਾ—ਸਾਰੇ ਸਰੀਰਾਂ ਵਿਚ। ਸੰਗੇ—ਨਾਲ ਹੀ।੨।

ਹਉ—ਮੈਂ। ਮਿਤਿ—ਹੱਦਬੰਦੀ। ਕਰਿ—ਕਰਕੇ। ਵਰਨਉ—ਵਰਨਉਂ, ਮੈਂ ਬਿਆਨ ਕਰਦਾ ਹਾਂ। ਕਿਆ ਜਾਨਾ—ਮੈਂ ਕੀ ਜਾਣਦਾ ਹਾਂ ? ਕਰਉ—ਕਰਉਂ। ਮੈਂ ਮੂਰਖ—ਮੈਨੂੰ ਮੂਰਖ ਨੂੰ।੩।

ਕੇਤਕ ਬਾਤ ਹੈ—ਕੋਈ ਵੱਡੀ ਗੱਲ ਨਹੀਂ। ਕੋਟਿ—ਕਰੋੜਾਂ। ਜਿਨ—ਜਿਨ੍ਹਾਂ ਨੇ। ਗਰਭਾਸਿ—ਗਰਭ ਜੋਨ ਵਿਚ।੪।

ਅਰਥ :

ਪ੍ਰ: ਹੇ ਗੁਰੋ! ਆਪ ਜੀ, ਜਿਸ ਸਾਈਂ ਦੇ ਅਰਾਧਨਾ ਕਰਨ ਦੀ ਪ੍ਰੇਰਣਾ ਕਰਦੇ ਹੋ, ਉਹ ਕਿਤਨੀ ਕੁ ਤਾਕਤ ਦਾ ਮਾਲਕ ਹੈ।

ਉ: ੧. ਹੇ ਭਾਈ! ਉਹ ਸਾਈਂ ਜੀ ਤਾਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ ਅਤੇ ਉਹ ਸਾਰਿਆਂ ਹੀ ਜੀਵਾਂ ਦਾ ਦਾਤਾ ਹੈ, ਭਾਵ ਸਾਰਿਆਂ ਜੀਵਾਂ ਨੂੰ ਰਿਜ਼ਕ ਆਦਿ ਦਾਤਾਂ ਦੇਣ ਵਾਲਾ ਹੈ।

੨. ਜੋ ਸਭ ਦੀ ਪ੍ਰਤਿਪਾਲਨਾ ਕਰਦਾ ਹੈ ਅਤੇ ਨਿੱਤ ਹੀ ਖ਼ਬਰ ਸਾਰ ਰੱਖਦਾ ਹੈ, ਪਰ ਮੈਂ ਮੂਰਖ ਨੇ ਉਸ ਦੇ ਇਕ ਭੀ ਉਪਕਾਰ ਨੂੰ ਨਹੀਂ ਜਾਣਿਆ।੧।

੩. ਹੇ ਪਿਆਰੇ! ਮੈਨੂੰ ਤਾਂ ਪਰਮੇਸ਼ਰ ਦੇ ਸਿਮਰਨ ਕਰਨ ਦੀ ਜਾਚ ਹੀ ਨਹੀਂ ਹੈ।

੪. ਮੈਂ (ਤਾਂ ਜ਼ਬਾਨੀ-ਜ਼ਬਾਨੀ ਹੀ) ਹਰੀ-ਹਰੀ, ਗੁਰੂ-ਗੁਰੂ ਕਰਦਾ ਰਹਿੰਦਾ ਹਾਂ।

੫. ਹੇ ਹਰੀ ਜੀਉ! ਮੇਰਾ ਨਾਮ ਤਾਂ ਹਰੀ ਦਾ ਦਾਸ ਪੈ ਗਿਆ ਹੈ।ਰਹਾਉ।

੬. ਹੇ ਪਿਆਰੇ! ਜੋ ਦੀਨਾਂ 'ਤੇ ਦਇਆ ਕਰਨ ਵਾਲਾ ਕਿਰਪਾਲੂ ਹੈ ਤੇ ਸੁੱਖਾਂ ਦਾ ਸਾਗਰ ਹੈ ਅਤੇ ਸਾਰਿਆਂ ਹੀ ਘਟਾਂ ਵਿਚ ਪੂਰਨ ਹੋ ਰਿਹਾ ਹੈ।

੭. ਜੋ ਸਦਾ ਹੀ ਮੇਰੇ ਨਾਲ ਰਹਿ ਕੇ ਸਭੋ ਕੁਝ ਦੇਖਦਾ ਹੈ, ਪਰ ਮੈਂ ਮੂਰਖ ਨੇ ਉਸ ਨੂੰ ਦੂਰ ਜਾਣਿਆ ਹੈ।੨।

੮. ਹੇ ਭਾਈ! ਪਰਮੇਸ਼ਰ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ। ਮੈਂ ਉਸ ਦੇ ਗੁਣਾਂ ਨੂੰ ਹੱਦਬੰਦੀ ਵਿਚ ਲਿਆ ਕੇ ਬਿਆਨ ਕਰਦਾ ਹਾਂ, ਪਰ ਮੈਂ ਕੀ ਜਾਣ ਸਕਦਾ ਹਾਂ ਕਿ ਉਹ ਪ੍ਰਭੂ ਕੈਸਾ ਹੋਵੇਗਾ।

੯. ਇਸ ਲਈ ਹੇ ਭਾਈ! ਮੈਂ ਆਪਣੇ ਗੁਰੂ ਪਾਸ ਬੇਨਤੀ ਕਰਦਾ ਹਾਂ ਕਿ ਮੈਨੂੰ ਮੂਰਖ ਨੂੰ ਆਪ ਜੀ ਸਿੱਖਿਆ ਦੇਣਾ ਕਰੋ।੩।

੧੦. ਹੇ ਪਿਆਰੇ! ਮੈਨੂੰ ਇਕ ਮੂਰਖ ਨੂੰ ਪਾਰ ਲੰਘਾਣਾ ਤਾਂ (ਗੁਰੂ ਵਾਸਤੇ) ਕੋਈ ਵੱਡੀ ਗੱਲ ਨਹੀਂ, ਉਸ ਦੇ ਦਰ 'ਤੇ ਆ ਕੇ ਤਾਂ ਕਰੋੜਾਂ ਪਾਪੀ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਰਹੇ ਹਨ।

੧੧. ਹੇ ਭਾਈਓ! ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਜਿਨ੍ਹਾਂ ਮਨੁੱਖਾਂ ਨੇ ਸੁਣਿਆ ਹੈ ਅਤੇ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕੀਤਾ ਹੈ, ਉਹ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ।੪।੨।੧੩।

ਭਾਵਾਰਥ : ਇਸ ਸ਼ਬਦ ਵਿਚ ਉਸ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਸਾਈਂ ਜੀ ਦੀ ਮਹਿਮਾ ਬਿਆਨੀ ਹੈ ਜੋ ਕਿ ਸਾਰਿਆਂ ਦੀ ਸਰਬ ਸਮੇਂ ਪ੍ਰਤਿਪਾਲਨਾ ਕਰਦਾ ਹੈ।

ਸੋਰਠਿ ਮਹਲਾ ੫ ॥

੧. ਜਿਨਾ ਬਾਤ ਕੋ ਬਹੁਤੁ ਅੰਦੇਸਰੋ
ਤੇ ਮਿਟੇ ਸਭਿ ਗਇਆ ॥

੨. ਸਹਜ ਸੈਨ ਅਰੁ ਸੁਖਮਨ ਨਾਰੀ
ਊਧ ਕਮਲ ਬਿਗਸਇਆ ॥੧॥

੩. ਦੇਖਹੁ ਅਚਰਜੁ ਭਇਆ ॥

੪. ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ
ਸੋ ਰਿਦੈ ਗੁਰਿ ਦਇਆ ॥ ਰਹਾਉ ॥

੫. ਜੋਇ ਦੂਤ ਮੋਹਿ ਬਹੁਤੁ ਸੰਤਾਵਤ
ਤੇ ਭਇਆਨਕ ਭਇਆ ॥

੬. ਕਰਹਿ ਬੇਨਤੀ ਰਾਖੁ ਠਾਕੁਰ ਤੇ
ਹਮ ਤੇਰੀ ਸਰਨਇਆ ॥੨॥

੭. ਜਹ ਭੰਡਾਰੁ ਗੋਬਿੰਦ ਕਾ ਖੁਲਿਆ
ਜਿਹ ਪ੍ਰਾਪਤਿ ਤਿਹ ਲਇਆ ॥

੮. ਏਕੁ ਰਤਨੁ ਮੋ ਕਉ ਗੁਰਿ ਦੀਨਾ
ਮੇਰਾ ਮਨੁ ਤਨੁ ਸੀਤਲੁ ਥਿਆ ॥੩॥

੯. ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ
ਤਾ ਅਟਲੁ ਅਮਰੁ ਨ ਮੁਆ ॥

੧੦. ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥

ਪਦ ਅਰਥ : ਕੋ—ਦਾ। ਜਿਨਾ ਬਾਤ ਕੋ—ਜਿਨ੍ਹਾਂ ਗੱਲਾਂ ਦਾ। ਅੰਦੇਸਰੋ—ਚਿੰਤਾ, ਫ਼ਿਕਰ। ਤੇ ਸਭਿ—ਉਹ ਸਾਰੀਆਂ ਗੱਲਾਂ। ਸਹਜ—ਆਤਮਕ ਅਡੋਲਤਾ। ਸੈਨ—ਲੀਨਤਾ। ਸਹਜ—ਆਤਮਕ ਅਡੋਲਤਾ ਵਿਚ ਲੀਨਤਾ। ਸੁਖਮਨ—ਮਨ ਨੂੰ ਸੁੱਖ ਦੇਣ ਵਾਲੀਆਂ। ਨਾਰੀ—ਨਾਰੀਆਂ, ਇੰਦਰੀਆਂ। ਊਧ—ਉਲਟਾ। ਬਿਗਸਇਆ—ਖਿੜ ਪਿਆ।੧।

ਅਚਰਜੁ—ਅਨੋਖਾ ਤਮਾਸ਼ਾ। ਜਿਹ ਕਉ—ਜਿਸ ਨੂੰ। ਅਗਾਧਿ—ਅਥਾਹ, ਬਹੁਤ ਹੀ ਡੂੰਘਾ। ਬੋਧਿ—ਅਕਲ ਦੇ ਰਾਹੀਂ। ਅਗਾਧਿ ਬੋਧਿ—ਸਮਝ ਲਈ ਅਥਾਹ। ਰਿਦੈ—ਹਿਰਦੇ ਵਿਚ। ਗੁਰਿ—ਗੁਰੂ ਨੂੰ।ਰਹਾਉ।

ਜੋਇ ਦੂਤ—ਜੇਹੜੇ ਵੈਰੀ। ਮੋਹਿ—ਮੈਨੂੰ। ਤੇ—ਉਹ। ਭਇਆਨਕ—ਭੈ ਭੀਤ। ਕਰਹਿ—ਕਰਦੇ ਹਨ। ਤੇ—ਤੋਂ। ਰਾਖੁ—ਬਚਾ ਲੈ।੨।

ਜਹ—ਜਿਥੇ, ਜਿਸ ਅਵਸਥਾ ਵਿਚ। ਭੰਡਾਰੁ—ਖ਼ਜ਼ਾਨਾ। ਜਿਹ—ਜਿਸ ਨੂੰ। ਤਿਹ—ਉਸ ਨੇ।੩।

ਗੁਰਿ—ਗੁਰੂ ਨੇ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਅਟਲੁ—ਅਡੋਲ। ਅਮਰੁ—ਮਰਨ ਵਲੋਂ ਬਚਿਆ ਹੋਇਆ। ਨ ਮੁਆ—ਨਹੀਂ ਮਰਦਾ, ਆਤਮਿਕ ਮੌਤ ਨੇੜੇ ਨਹੀਂ ਆਉਂਦੀ। ਭੰਡਾਰ—ਖ਼ਜ਼ਾਨੇ। ਕਉ—ਨੂੰ। ਲੇਖਾ—ਕਰਮਾਂ ਦਾ ਹਿਸਾਬ। ਮੂਲਿ ਨ—ਬਿਲਕੁਲ ਨਹੀਂ।

ਅਰਥ :

ਪ੍ਰ: ਹੇ ਗੁਰੋ! ਗੁਰੂ ਦੀ ਕਿਰਪਾ ਦਾ ਸਦਕਾ ਨਾਮ ਸਿਮਰਨ ਦੁਆਰਾ ਆਪ ਜੀ ਦੇ ਅੰਦਰ ਹੁਣ ਕੀ ਬਦਲੀ ਆ ਗਈ ਹੈ? ਮਿਹਰ ਕਰਕੇ ਸਮਝਾ ਦਿਓ।

ਉ: ੧. ਹੇ ਭਾਈਓ! ਨਾਮ ਸਿਮਰਨ ਤੋਂ ਪਹਿਲੋਂ ਮੈਨੂੰ ਕਈ ਪ੍ਰਕਾਰ ਦੀ ਚਿੰਤਾ ਤੇ ਫ਼ਿਕਰ ਲੱਗਾ ਰਹਿੰਦਾ ਸੀ, ਪਰ ਹੁਣ ਗੁਰੂ ਦੀ ਕਿਰਪਾ ਨਾਲ ਉਹ ਸਾਰੀ ਚਿੰਤਾ, ਗ਼ਮ, ਫ਼ਿਕਰ ਮਿਟ ਹੀ ਗਏ ਹਨ।

੨. ਮਨ ਨੂੰ ਸੁੱਖ ਦੇਣ ਵਾਲੀ ਜੋ ਭਗਤੀ ਰੂਪੀ ਨਾਰੀ ਹੈ, ਉਸ ਵਿਚ ਸੁਭਾਵਕ ਹੀ (ਸੈਨ) ਇਸਥਿਤੀ ਹੋ ਗਈ ਹੈ ਅਤੇ ਮੂਧਾ ਪਿਆ ਜੋ ਹਿਰਦਾ ਕਮਲ ਸੀ ਉਹ ਖਿੜ ਗਿਆ ਹੈ।੧।

੩. ਹੇ ਭਾਈਓ! ਦੇਖੋ ਕੈਸਾ ਅਸਚਰਜ ਹੋ ਆਇਆ ਹੈ।

ਪ੍ਰ: ਹਜ਼ੂਰ! ਉਹ ਅਨੋਖਾ ਕੌਤਕ ਕਿਹੜਾ ਹੋ ਆਇਆ ਹੈ?

ਉ: ੪. ਹੇ ਪਿਆਰਿਓ! ਜਿਸ ਦੇ ਬਾਰੇ ਹੁਣ ਤਕ ਅਸੀਂ ਇਹ ਸੁਣਦੇ ਆ ਰਹੇ ਸਾਂ ਕਿ ਉਹ ਪਰਮੇਸ਼ਰ ਜੀ ਮਨੁੱਖੀ ਸਮਝ ਤੋਂ ਬਹੁਤ ਪਰੇ ਹੈ, ਹੁਣ ਉਹ ਪ੍ਰਭੂ ਗੁਰੂ ਨੇ ਮੈਨੂੰ ਹਿਰਦੇ ਅੰਦਰ ਪ੍ਰਤੱਖ ਹੀ ਵਿਖਾ ਦਿੱਤਾ ਹੈ।ਰਹਾਉ।

ਪ੍ਰ: ਕਿਉਂ ਜੀ! ਕੁਝ ਹੋਰ ਭੀ ਲਾਭ ਹੋਇਆ ਹੈ?

ਉ: ੫. ਹੇ ਭਾਈ! ਇਕ ਹੋਰ ਬਹੁਤ ਵੱਡਾ ਲਾਭ ਇਹ ਹੋਇਆ ਕਿ ਜਿਨ੍ਹਾਂ ਕਾਮਾਦਿਕ ਵੈਰੀਆਂ ਨੇ ਮੈਨੂੰ ਪਹਿਲੋਂ ਬਹੁਤ ਹੀ ਸਤਾਇਆ ਸੀ, ਭਾਵ ਦੁਖੀ ਕਰ ਰਖਿਆ ਸੀ, ਉਹ ਹੁਣ ਮੇਰੇ ਨੇੜੇ ਢੁਕਣੋਂ ਭੀ ਡਰਦੇ ਹਨ, ਅਰਥਾਤ ਹੁਣ ਉਨ੍ਹਾਂ ਨੂੰ ਮੈਥੋਂ ਡਰ ਹੋ ਗਿਆ ਹੈ।

੬. ਉਹ ਤਾਂ ਸਗੋਂ ਹੁਣ ਮੇਰੇ ਅੱਗੇ ਬੇਨਤੀਆਂ, ਤਰਲੇ ਕਰਦੇ ਹਨ ਕਿ ਸਾਨੂੰ ਮਾਲਕ ਪ੍ਰਭੂ ਦੀ (ਕ੍ਰੋਪੀ ਤੋਂ) ਬਚਾਅ ਲੈ, ਅਸੀਂ ਅਗੋਂ ਲਈ ਤੇਰੇ ਅਧੀਨ ਹੋ ਕੇ ਰਹਾਂਗੇ।੨।

ਪ੍ਰ: ਕਿਉਂ ਜੀ! ਇਹ ਦਾਤ ਸਾਰਿਆਂ ਨੂੰ ਕਿਉਂ ਨਹੀਂ ਪ੍ਰਾਪਤ ਹੁੰਦੀ?

ਉ: ੭. ਹੇ ਭਾਈਓ! ਜਿਥੇ ਗੋਬਿੰਦ ਦਾ ਸਤਿਸੰਗਤ ਰੂਪ ਭੰਡਾਰਾ ਖੁਲ੍ਹਿਆ ਹੋਇਆ ਹੈ, ਇਹ ਖ਼ਜ਼ਾਨਾ ਉਸ ਮਨੁੱਖ ਨੂੰ ਹੀ ਮਿਲਦਾ ਹੈ, ਜਿਸ ਦੇ ਭਾਗਾਂ ਵਿਚ ਇਸ ਦੀ ਪ੍ਰਾਪਤੀ ਲਿਖੀ ਹੋਈ ਹੈ।

੮. ਹੇ ਪਿਆਰਿਓ! ਗੁਰੂ ਨੇ ਮੈਨੂੰ (ਪਰਮੇਸ਼ਰ ਦਾ ਨਾਮ) ਇਕ ਐਸਾ ਨਾਮ ਰਤਨ ਦੇ ਦਿੱਤਾ ਹੈ ਕਿ ਹੁਣ ਉਸ ਦੀ (ਬਰਕਤ ਨਾਲ) ਮੇਰਾ ਮਨ ਠੰਢਾ ਠਾਰ ਹੋ ਗਿਆ ਹੈ ਅਤੇ ਮੇਰਾ ਸਰੀਰ ਭੀ ਸ਼ਾਂਤ ਹੋ ਗਿਆ ਹੈ।੩।

੯. ਹੇ ਭਾਈ! ਗੁਰੂ ਨੇ ਮੈਨੂੰ ਅਮਰ ਜੀਵਨ ਦੇਣ ਵਾਲੀ ਨਾਮ ਜਲ ਦੀ ਇਕ ਬੂੰਦ ਦਿੱਤੀ ਹੈ, ਜਿਸ ਦੀ ਬਰਕਤ ਨਾਲ ਹੁਣ ਮੈਂ ਅਡੋਲ ਹੋ ਗਿਆ ਹਾਂ, ਤੇ ਆਤਮਕ ਮੌਤ ਵਲੋਂ ਬਚ ਗਿਆ ਹਾਂ। ਹੁਣ ਮੌਤ ਮੇਰੇ ਨੇੜੇ ਨਹੀਂ ਢੁੱਕਦੀ।

੧੦. ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਹੇ ਭਾਈਓ! ਜਦ ਤੋਂ ਮੈਨੂੰ ਗੁਰੂ ਰਾਮਦਾਸ ਜੀ ਨੇ ਭਗਤੀ ਦਾ ਭੰਡਾਰਾ ਸੌਂਪਿਆ ਹੈ, ਉਸ ਤੋਂ ਪਿਛੋਂ ਕੀਤੇ ਕਰਮਾਂ ਦਾ ਹਿਸਾਬ ਉੱਕਾ ਹੀ ਨਹੀਂ ਮੰਗਿਆ।੪।੩।੧੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਆਪਣੀ ਅਸਚਰਜ ਅਵਸਥਾ ਦੀ ਪ੍ਰਾਪਤੀ ਦਾ ਜ਼ਿਕਰ ਕਰ ਰਹੇ ਹਨ, ਜੋ ਕਿ ਗੁਰੂ ਦੀ ਮਿਹਰ ਦੁਆਰਾ ਪ੍ਰਾਪਤ ਹੋਈ ਹੈ। ਨਾਮ ਦੀ ਪ੍ਰਾਪਤੀ ਦਾ ਸਦਕਾ ਹੀ ਅੰਦਰੋਂ ਗ਼ਮ, ਫ਼ਿਕਰ ਤੇ ਚਿੰਤਾ ਦਾ ਨਾਸ ਹੋ ਜਾਣਾ ਦੱਸ ਰਹੇ ਹਨ ਅਤੇ ਕਾਮਾਦਿਕ ਵਿਕਾਰ ਜੋ ਪਹਿਲੋਂ ਭੈ-ਭੀਤ ਕਰ ਰਹੇ ਸਨ, ਉਹ ਹੁਣ ਆਪ ਹੀ ਡਰ ਵਿਚ ਚਲਦੇ ਹਨ ਅਤੇ ਆਪਣੀ ਰੱਖਿਆ ਲਈ ਅਰਦਾਸ ਕਰਦੇ ਹਨ, ਪਰ ਪ੍ਰਾਪਤੀ ਤਦੋਂ ਹੀ ਹੋਈ ਜਦ ਕਿ ਗੁਰੂ ਨੇ ਹਿਰਦੇ ਅੰਦਰ ਨਾਮ ਅੰਮ੍ਰਿਤ ਦੀ ਬੂੰਦ ਬਖ਼ਸ਼ਸ਼ ਕਰ ਦਿੱਤੀ।

ਸੋਰਠਿ ਮਹਲਾ ੫ ॥

੧. ਚਰਨ ਕਮਲ ਸਿਉ ਜਾ ਕਾ ਮਨੁ ਲੀਨਾ
ਸੇ ਜਨ ਤ੍ਰਿਪਤਿ ਅਘਾਈ ॥
੨. ਗੁਣ ਅਮੋਲ ਜਿਸੁ ਰਿਦੈ ਨ ਵਸਿਆ
ਤੇ ਨਰ ਤ੍ਰਿਸਨ ਤ੍ਰਿਖਾਈ ॥੧॥
੩. ਹਰਿ ਆਰਾਧੇ ਅਰੋਗ ਅਨਦਾਈ ॥
੪. ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ
ਤਿਸੁ ਲਾਖ ਬੇਦਨ ਜਣੁ ਆਈ ॥ ਰਹਾਉ ॥
੫. ਜਿਹ ਜਨ ਓਟ ਗਹੀ ਪ੍ਰਭ ਤੇਰੀ
ਸੇ ਸੁਖੀਏ ਪ੍ਰਭ ਸਰਣੇ ॥
੬. ਜਿਹ ਨਰ ਬਿਸਰਿਆ ਪੁਰਖੁ ਬਿਧਾਤਾ
ਤੇ ਦੁਖੀਆ ਮਹਿ ਗਨਣੇ ॥੨॥
੭. ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ
ਤਿਹ ਮਹਾ ਅਨੰਦ ਰਸੁ ਕਰਿਆ ॥
੮. ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ
ਤੇ ਨਰਕ ਘੋਰ ਮਹਿ ਪਰਿਆ ॥੩॥
੯. ਜਿਤੁ ਕੋ ਲਾਇਆ ਤਿਤ ਹੀ ਲਾਗਾ
ਤੈਸੋ ਹੀ ਵਰਤਾਰਾ ॥
੧੦. ਨਾਨਕ ਸਹ ਪਕਰੀ ਸੰਤਨ ਕੀ
ਰਿਦੈ ਭਏ ਮਗਨ ਚਰਨਾਰਾ ॥੪॥੪॥੧੫॥

ਪਦ ਅਰਥ : ਜਾ ਕਾ ਮਨੁ—ਜਿਨ੍ਹਾਂ ਮਨੁੱਖਾਂ ਦਾ ਮਨ। ਸੇ ਜਨ—ਉਹ ਬੰਦੇ। ਤ੍ਰਿਪਤ ਅਘਾਈ—(ਮਾਇਆ ਵਲੋਂ) ਪੂਰੇ ਤੌਰ 'ਤੇ ਰੱਜਦੇ ਹਨ। ਜਿਸੁ ਰਿਦੈ—ਜਿਸ-ਜਿਸ ਰਿਦੇ ਵਿਚ, ਜਿਸ-ਜਿਸ ਦੇ ਹਿਰਦੇ ਵਿਚ। ਤੇ ਨਰ—ਉਹ ਬੰਦੇ। ਤ੍ਰਿਖਾਈ—ਤਿਹਾਏ।੧।

ਅਰੋਗ—ਨਰੋਏ। ਅਨਦਾਈ—ਪ੍ਰਸੰਨ, ਅਨੰਦਮਈ। ਸਨੇਹੀ—ਪਿਆਰਾ। ਬੇਦਨ—ਪੀੜਾਂ, ਦੁੱਖ। ਜਣੁ—ਜਾਣੋ, ਸਮਝੋ, ਮਾਨੋ।ਰਹਾਉ।

ਓਟ—ਆਸਰਾ। ਗਹੀ—ਫੜੀ। ਪ੍ਰਭ—ਹੇ ਪ੍ਰਭੂ। ਗਨਣੇ—ਗਿਣੇ ਜਾਂਦੇ ਹਨ।੨।

ਗੁਰ ਮਾਨਿ—ਗੁਰੂ ਦਾ ਹੁਕਮ ਮੰਨ ਕੇ। ਲਿਵ ਲਾਈ—ਸੁਰਤਿ ਜੋੜੀ। ਗੁਰ ਤੇ—ਗੁਰੂ ਤੋਂ। ਤੇ—ਉਹ ਬੰਦੇ। ਘੋਰ—ਭਿਆਨਕ।੩।

ਜਿਤੁ—ਜਿਸ (ਕੰਮ) ਵਿਚ। ਕੋ—ਕੋਈ ਬੰਦਾ। ਤਿਤ ਹੀ—ਉਸ ਕੰਮ ਵਿਚ ਹੀ। ਸਹ—ਓਟ, ਸ਼ਰਨ। ਮਗਨ—ਮਸਤ।੪।

ਅਰਥ :

ਪ੍ਰ: ਹਜ਼ੂਰ ਜੀਉ! ਦੁਨੀਆ ਦਾ ਹਰ ਮਨੁੱਖ ਹੀ ਮਾਇਆ ਕਰ ਕੇ ਭੁੱਖਾ ਵੇਖੀਦਾ ਹੈ, ਕੋਈ ਹੈ ਜਿਸ ਦਾ ਮਨ ਮਾਇਆ ਵਲੋਂ ਸੰਤੋਖੀ ਹੋ ਸਕਿਆ ਹੋਵੇ?

ਉ: ੧. (ਹਾਂ ਜ਼ਰੂਰ) ਹੇ ਪਿਆਰੇ ! ਜਿਨ੍ਹਾਂ ਮਨੁੱਖਾਂ ਦਾ ਮਨ ਉਸ ਸਾਈਂ ਜੀ ਦੇ ਕੌਲ ਫੁੱਲਾਂ ਵਰਗੇ ਕੋਮਲ ਚਰਨਾਂ ਨਾਲ ਪਰਚ ਜਾਂਦਾ ਹੈ, ਉਨ੍ਹਾਂ ਮਨੁੱਖਾਂ ਦਾ ਮਨ (ਮਾਇਆ ਵਲੋਂ) ਪੂਰੇ ਤੌਰ 'ਤੇ ਸੰਤੋਖੀ ਹੋ ਰਹਿੰਦਾ ਹੈ।

੨. ਪਰ ਹਾਂ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮੇਸ਼ਰ ਦੇ ਅਮੋਲਕ ਗੁਣ ਨਹੀਂ ਵਸਦੇ, ਉਹ ਮਨੁੱਖ ਮਾਇਆ ਦੀ ਤ੍ਰਿਸ਼ਨਾ ਵਿਚ (ਸਦਾ ਹੀ) ਫਸੇ ਰਹਿੰਦੇ ਹਨ।੧।

੩. ਅਤੇ ਉਨ੍ਹਾਂ ਨੂੰ ਹਰੀ ਦੀ ਅਰਾਧਨਾ ਕਰਨ ਨਾਲ ਅਰੋਗਤਾ ਹੋ ਆਉਂਦੀ ਹੈ ਤੇ ਉਨ੍ਹਾਂ ਨੂੰ ਆਤਮਕ ਅਨੰਦ ਬਣਿਆ ਰਹਿੰਦਾ ਹੈ।

ਪ੍ਰ: ਗੁਰਦੇਵ ਜੀਉ ! ਸੰਸਾਰ ਦਾ ਹਰ ਜੀਵ ਅਨੇਕਾਂ ਤਰ੍ਹਾਂ ਦੀਆਂ ਪੀੜਾਂ ਕਰਕੇ ਦਿਨੇ ਰਾਤ ਪੀੜਤ ਹੋ ਰਿਹਾ ਹੈ, ਇਸ ਦਾ ਅਸਲ ਕਾਰਨ ਕੀ ਹੈ ?

ਉ: ੪. ਹੇ ਭਾਈ ! ਜਿਸ ਮਨੁੱਖ ਨੂੰ ਮੇਰਾ ਉਹ ਪਿਆਰਾ ਪ੍ਰਭੂ ਵਿਸਰ ਜਾਂਦਾ ਹੈ, ਉਸ ਉੱਤੇ ਤਾਂ ਇਉਂ ਜਾਣੋ ਜਿਵੇਂ ਕਿ ਲੱਖਾਂ ਹੀ ਤਕਲੀਫ਼ਾਂ ਆ ਪੈਂਦੀਆਂ ਹਨ, ਲੱਖਾਂ ਹੀ ਪੀੜਾਂ ਉਸ ਨੂੰ ਉਤਪੰਨ ਹੋ ਆਉਂਦੀਆਂ ਹਨ।

੫. ਹੇ ਸਾਈਂ ਜੀ ! ਜਿਨ੍ਹਾਂ ਮਨੁੱਖਾਂ ਨੇ ਤੇਰਾ ਆਸਰਾ ਲਿਆ ਹੈ, ਉਹ ਤੇਰੀ ਸ਼ਰਨ ਵਿਚ ਰਹਿ ਕੇ (ਸਦਾ ਹੀ) ਸੁੱਖ ਮਾਣਦੇ ਹਨ। ਭਾਵ ਉਹ ਸਦਾ ਹੀ ਸੁਖੀਏ ਹਨ।

੬. ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਉਹ ਸਰਵ ਵਿਆਪਕ ਕਰਤਾਰ ਭੁੱਲ ਜਾਂਦਾ ਹੈ, ਉਹ ਪੁਰਖ ਦੁੱਖੀਆਂ ਵਿਚ ਗਿਣੇ ਜਾਂਦੇ ਹਨ।

੭. ਜਿਨ੍ਹਾਂ ਨੇ ਗੁਰੂ ਦੀ ਆਗਿਆ ਮੰਨ ਕੇ ਪ੍ਰਭੂ ਜੀ ਵਿਚ ਸੁਰਤੀ ਜੋੜੀ ਹੈ, ਉਨ੍ਹਾਂ ਨੇ ਬੜਾ ਅਨੰਦ, ਬੜਾ ਰਸ ਪ੍ਰਾਪਤ ਕਰ ਲਿਆ ਹੈ।

੮. ਪਰ ਜਿਹੜੇ ਮਨੁੱਖ ਪਰਮੇਸ਼ਰ ਨੂੰ ਭੁਲਾ ਕੇ ਗੁਰੂ ਵਲੋਂ ਮੂੰਹ ਮੋੜ ਰੱਖਦੇ ਹਨ, ਉਹ ਬੰਦੇ (ਸਦਾ ਹੀ) ਭਿਆਨਕ ਨਰਕ ਵਿਚ ਪਏ ਰਹਿੰਦੇ ਹਨ।੩।

ਪ੍ਰ: ਕਿਉਂ ਜੀ ! ਜਿਨ੍ਹਾਂ ਕਰਮਾਂ ਕਰ ਕੇ ਬੰਦੇ ਘੋਰ ਨਰਕ ਵਿਚ ਪੈਂਦੇ ਹਨ, ਉਹ ਉਨ੍ਹਾਂ ਕਰਮਾਂ ਦਾ ਤਿਆਗ ਕਿਉਂ ਨਹੀਂ ਕਰ ਦੇਂਦੇ ?

ਉ: ੯. ਹੇ ਪਿਆਰਿਓ ! ਇਨ੍ਹਾਂ ਜੀਵਾਂ ਦੇ ਕੀ ਵਸ ਹੈ ? ਜਿਸ ਕਰਮ ਕਰਨ ਵਿਚ ਪਰਮੇਸ਼ਰ ਕਿਸੇ ਜੀਵ ਨੂੰ ਲਾਉਂਦਾ ਹੈ, ਉਸੇ ਕਰਮ ਵਿਚ ਉਹ ਲੱਗਾ ਰਹਿੰਦਾ ਹੈ, ਹਰ ਜੀਵ ਉਹੋ ਜਿਹੀ ਵਰਤੋਂ ਵਿਚ ਹੀ ਵਰਤਦਾ ਹੈ।

ਪ੍ਰ: ਕਿਉਂ ਜੀ ! ਇਨ੍ਹਾਂ ਮਨੁੱਖਾਂ ਦਾ ਮੰਦ ਕਰਮਾਂ ਵਲੋਂ ਬਚਾਅ ਕਿਵੇਂ ਹੋ ਸਕਦਾ ਹੈ ?

ਉ: ੧੦. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦੀ ਪ੍ਰੇਰਣਾ ਅਨੁਸਾਰ ਸੰਤ ਜਨਾਂ ਦਾ ਆਸਰਾ ਲਿਆ ਹੈ, ਉਹ ਮਨ ਕਰ ਕੇ ਸਾਈਂ ਦੇ ਹੀ ਚਰਨਾਂ ਵਿਚ ਮਗਨ ਰਹਿੰਦੇ ਹਨ।੪।੪।੧੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਮਾਇਆ ਦੀ ਭੁੱਖ ਵਲੋਂ ਤ੍ਰਿਪਤੀ ਦਾ ਸਾਧਨ ਕੇਵਲ ਪ੍ਰਭੂ ਦੇ ਚਰਨ ਕਵਲਾਂ ਦਾ ਪਿਆਰ ਹੀ ਉਚਾਰਨ ਕਰਦੇ ਹਨ। ਸਾਈਂ ਜੀ ਵਲੋਂ ਜਿਨ੍ਹਾਂ ਦਾ ਮਨ ਬੇਮੁੱਖ ਹੋ ਰਿਹਾ ਹੈ, ਉਹ ਸੰਸਾਰ ਵਿਚ ਸਦਾ ਹੀ ਦੁਖੀਏ ਰਹਿੰਦੇ ਹਨ ਅਤੇ ਅੰਤ ਨੂੰ ਘੋਰ ਨਰਕਾਂ ਦਾ ਦੁੱਖ ਸਹਾਰਦੇ ਹਨ, ਪਰ ਅੰਤ ਵਿਚ ਜੀਵ ਨੂੰ ਪਰਾਧੀਨ ਦੱਸਦੇ ਹੋਏ, ਸਾਈਂ ਜੀ ਦੇ ਚਰਨਾਂ ਕਵਲਾਂ ਵਿਚ ਮਸਤ ਹੋ ਰਹਿਣ ਦੀ ਪ੍ਰੇਰਣਾ ਕਰਦੇ ਹਨ।

ਸੋਰਠਿ ਮਹਲਾ ੫ ॥

੧. ਰਾਜਨ ਮਹਿ ਰਾਜਾ ਉਰਝਾਇਓ
ਮਾਨਨ ਮਹਿ ਅਭਿਮਾਨੀ ॥
੨. ਲੋਭਨ ਮਹਿ ਲੋਭੀ ਲੋਭਾਇਓ
ਤਿਉ ਹਰਿ ਰੰਗਿ ਰਚੇ ਗਿਆਨੀ ॥੧॥
੩. ਹਰਿ ਜਨ ਕਉ ਇਹੀ ਸੁਹਾਵੈ ॥
੪. ਪੇਖਿ ਨਿਕਟਿ ਕਰਿ ਸੇਵਾ ਸਤਿਗੁਰ
ਹਰਿ ਕੀਰਤਨਿ ਹੀ ਤ੍ਰਿਪਤਾਵੈ ॥ ਰਹਾਉ ॥
੫. ਅਮਲਨ ਸਿਉ ਅਮਲੀ ਲਪਟਾਇਓ
ਭੂਮਨ ਭੂਮਿ ਪਿਆਰੀ ॥
੬. ਖੀਰ ਸੰਗਿ ਬਾਰਿਕੁ ਹੈ ਲੀਨਾ
ਪ੍ਰਭ ਸੰਤ ਐਸੇ ਹਿਤਕਾਰੀ ॥੨॥
੭. ਬਿਦਿਆ ਮਹਿ ਬਿਦੁਅੰਸੀ ਰਚਿਆ
ਨੈਨ ਦੇਖਿ ਸੁਖੁ ਪਾਵਹਿ ॥
੮. ਜੈਸੇ ਰਸਨਾ ਸਾਦਿ ਲੁਭਾਨੀ
ਤਿਉ ਹਰਿ ਜਨ ਹਰਿ ਗੁਣ ਗਾਵਹਿ ॥੩॥
੯. ਜੈਸੀ ਭੂਖ ਤੈਸੀ ਕਾ ਪੂਰਕੁ
ਸਗਲ ਘਟਾ ਕਾ ਸੁਆਮੀ ॥
੧੦. ਨਾਨਕ ਪਿਆਸ ਲਗੀ ਦਰਸਨ ਕੀ
ਪ੍ਰਭੁ ਮਿਲਿਆ ਅੰਤਰਜਾਮੀ ॥੪॥੫॥੧੬॥

ਪਦ ਅਰਥ : ਰਾਜਨ ਮਹਿ—ਰਾਜ ਦੇ ਕੰਮਾਂ ਵਿਚ। ਉਰਝਾਇਓ—ਮਗਨ ਰਹਿੰਦਾ ਹੈ। ਮਾਨਨ ਮਹਿ—ਮਾਣ ਵਧਾਣ ਦੇ ਕੰਮਾਂ ਵਿਚ। ਅਭਿਮਾਨੀ—ਅਹੰਕਾਰੀ, ਮਾਣ ਦਾ ਭੁੱਖਾ। ਲੋਭਨ ਮਹਿ—ਲਾਲਚ ਵਧਾਣ ਵਾਲੇ ਅਹੰਕਾਰਾਂ ਵਿਚ। ਗਿਆਨੀ—ਆਤਮਕ ਗਿਆਨ ਦੀ ਸੂਝ ਵਾਲੇ ਬੰਦੇ।੧।

ਸੁਹਾਵੈ—ਸੁਖਦਾਈ ਹੈ। ਪੇਖਿ—ਵੇਖ ਕੇ। ਨਿਕਟਿ—ਨੇੜੇ, ਅੰਗ ਸੰਗ। ਕੀਰਤਨਿ—ਕੀਰਤਨ ਵਿਚ। ਤ੍ਰਿਪਤਾਵੈ—ਪ੍ਰਸੰਨ ਰਹਿੰਦਾ ਹੈ।ਰਹਾਉ।

ਅਮਲਨ ਸਿਉ—ਨਸ਼ਿਆਂ ਨਾਲ। ਅਮਲੀ—ਨਸ਼ਿਆਂ ਦਾ ਪ੍ਰੇਮੀ। ਭੂਮਨ—ਜ਼ਮੀਨ ਦੇ ਮਾਲਕ। ਭੂਮਿ—ਜ਼ਮੀਨ। ਖੀਰ—ਦੁੱਧ। ਬਾਰਿਕੁ—ਬੱਚਾ। ਹਿਤਕਾਰੀ—ਪਿਆਰ ਕਰਨ ਵਾਲੇ।੨।

ਬਿਦੁਅੰਸੀ—ਵਿਦਵਾਨ। ਰਚਿਆ—ਮਸਤ। ਨੈਨ—ਅੱਖਾਂ। ਦੇਖਿ—ਵੇਖ-ਵੇਖ ਕੇ। ਸਾਦਿ—ਸੁਆਦ ਵਿਚ। ਲੁਭਾਨੀ—ਮਸਤ ਰਹਿੰਦੀ ਹੈ।੩।

ਭੁਖ—ਲੋਭ, ਲਾਲਸਾ। ਪੂਰਕੁ—ਪੂਰੀ ਕਰਨ ਵਾਲਾ। ਘਟ—ਸਰੀਰ। ਅੰਤਰਜਾਮੀ—ਦਿਲ ਦੀ ਜਾਨਣ ਵਾਲਾ।੪।

ਅਰਥ :

ਪ੍ਰ: ਹੇ ਗੁਰੋ! ਆਪ ਜੀ ਕਹਿੰਦੇ ਹੋ ਕਿ ਆਤਮਕ ਗਿਆਨੀ ਹਰੀ ਦੇ ਪ੍ਰੇਮ ਵਿਚ ਸਦਾ ਹੀ ਰਚੇ ਰਹਿੰਦੇ ਹਨ, ਪਰ ਕੋਈ ਦੁਨਿਆਵੀ ਮਿਸਾਲ ਦੇ ਕੇ ਸਮਝਾਓ।

ਉ: ੧. ਹੇ ਭਾਈਓ! ਸੁਣੋ, ਜਿਵੇਂ ਇਕ ਰਾਜਾ ਰਾਜ ਦੇ ਕੰਮਾਂ ਕਾਰਾਂ ਵਿਚ ਤੇ ਪਦਾਰਥਾਂ ਵਿਚ ਮਗਨ ਰਹਿੰਦਾ ਹੈ, ਜਿਵੇਂ ਮਾਣ ਵਧਾਣ ਦੇ ਕੰਮਾਂ ਵਿਚ ਆਦਰ ਮਾਣ ਦਾ ਭੁੱਖਾ ਆਦਮੀ ਪਰਚਿਆ ਰਹਿੰਦਾ ਹੈ।

੨. ਜਿਵੇਂ ਲਾਲਚੀ ਮਨੁੱਖ ਲਾਲਚ ਵਧਾਣ ਵਾਲੇ ਆਹਰਾਂ ਵਿਚ ਫਸਿਆ ਰਹਿੰਦਾ ਹੈ, ਤਿਵੇਂ ਹੀ ਆਤਮਕ ਜੀਵਨ ਦੀ ਸੋਝੀ ਵਾਲਾ ਮਨੁੱਖ ਪ੍ਰਭੂ ਦੇ ਪ੍ਰੇਮ ਰੰਗ ਵਿਚ ਮਸਤ ਰਹਿੰਦਾ ਹੈ।੧।

੩. ਹੇ ਭਾਈ! ਹਰੀ ਦੇ ਭਗਤ ਨੂੰ ਇਹੋ ਹੀ ਕਾਰ ਚੰਗੀ ਲੱਗਦੀ ਹੈ।

੪. ਭਗਤ ਜਨ ਪ੍ਰੇਮਸ਼ਰ ਨੂੰ ਅੰਗ ਸੰਗ ਵੇਖ ਕੇ ਤੇ ਗੁਰੂ ਦੀ ਸੇਵਾ ਕਰ ਕੇ, ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਵਿਚ ਹੀ ਤ੍ਰਿਪਤ ਰਹਿੰਦਾ ਹੈ।ਰਹਾਉ।

੫. ਹੇ ਪਿਆਰੇ! ਜਿਵੇਂ ਨਸ਼ਿਆਂ ਦਾ ਪ੍ਰੇਮੀ ਮਨੁੱਖ ਨਸ਼ਿਆਂ ਨਾਲ ਚੰਬੜਿਆ ਰਹਿੰਦਾ ਹੈ, ਜ਼ਮੀਨ ਦੇ ਮਾਲਕਾਂ ਨੂੰ ਜ਼ਮੀਨ ਪਿਆਰੀ ਲੱਗਦੀ ਹੈ।

੬. ਅਤੇ ਬੱਚਾ (ਸਦਾ ਹੀ) ਦੁੱਧ ਨਾਲ ਪਰਚਿਆ ਰਹਿੰਦਾ ਹੈ, ਇਸੇ ਤਰ੍ਹਾਂ ਹੀ ਸੰਤ ਜਨ ਪ੍ਰਭੂ ਨਾਲ ਪਿਆਰ ਕਰਦੇ ਹਨ।੧।

੭. ਹੇ ਪਿਆਰਿਓ! ਹੋਰ ਸੁਣੋ, ਜਿਵੇਂ ਇਕ ਵਿਦਵਾਨ ਮਨੁੱਖ ਵਿੱਦਿਆ ਦੇ (ਪੜ੍ਹਨ ਪੜ੍ਹਾਉਣ) ਵਿਚ ਖ਼ੁਸ਼ ਰਹਿੰਦਾ ਹੈ ਅਤੇ ਅੱਖਾਂ (ਪਦਾਰਥਾਂ) ਨੂੰ ਵੇਖ-ਵੇਖ ਕੇ ਸੁੱਖ ਮਾਣਦੀਆਂ ਹਨ।

੮. ਹੇ ਭਾਈ! (ਇਥੇ ਹੀ ਬੱਸ ਨਹੀਂ, ਹੋਰ ਸੁਣੋ) ਜਿਵੇਂ ਰਸਨਾ ਸੁਆਦਲੇ (ਪਦਾਰਥਾਂ ਦੇ) ਸੁਆਦ (ਚੱਖਣ) ਵਿਚ ਖ਼ੁਸ਼ ਰਹਿੰਦੀ ਹੈ, ਤਿਵੇਂ ਪ੍ਰਭੂ ਦੇ ਪਿਆਰੇ ਭਗਤ ਜਨ ਹਰੀ ਦੇ ਗੁਣ ਗਾਉਂਦੇ ਹਨ।੩।

੯. ਹੇ ਪਿਆਰੇ! ਜਿਸ ਤਰ੍ਹਾਂ ਦੀ ਕਿਸੇ ਨੂੰ ਭੁੱਖ ਹੈ, ਉਸੇ ਤਰ੍ਹਾਂ ਹੀ ਉਹ ਪੂਰੀ ਕਰਨ ਵਾਲਾ ਹੈ ਅਤੇ ਉਹ ਸਾਰੇ ਜੀਵਾਂ ਦਾ ਮਾਲਕ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਿਸ ਮਨੁੱਖ ਨੂੰ ਪਰਮੇਸ਼ਰ ਦੇ ਦਰਸ਼ਨਾਂ ਦੀ ਭੁੱਖ ਹੈ, ਭਾਵ ਪਿਆਸ ਲੱਗੀ ਹੈ, ਉਸ ਮਨੁੱਖ ਨੂੰ ਦਿਲਾਂ ਦੀ ਜਾਨਣ ਵਾਲਾ ਪਰਮੇਸ਼ਰ ਆਪ ਹੀ ਆ ਕੇ ਮਿਲਿਆ ਹੈ।੪।੫।੧੬।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਉਸ ਆਤਮਕ ਗਿਆਨੀ ਦਾ ਜ਼ਿਕਰ ਕਰਦੇ ਹਨ, ਜੋ ਕਿ ਹਰ ਵਕਤ ਹੀ ਪ੍ਰਭੂ ਦੇ ਪਿਆਰ-ਰੰਗ ਵਿਚ ਮਸਤ ਰਹਿੰਦੇ ਹਨ। ਉਸ ਪਿਆਰ ਦਾ ਸਬੂਤ ਸੰਸਾਰਕ ਸ਼ੈਆਂ ਦੇ ਉਦਾਹਰਣ ਦੇ ਕੇ ਸਮਝਾਇਆ ਹੈ। ਉਹ ਸਾਰੀਆਂ ਹੀ ਇੱਛਾਵਾਂ ਦੇ ਪੂਰਨ ਕਰਨ ਵਾਲਾ ਸਾਈਂ ਘਟ-ਘਟ ਵਿਚ ਹੀ ਵਿਆਪਕ ਹੈ ਤੇ ਉਸੇ ਦੇ ਦਰਸ਼ਨਾਂ ਦੀ ਲਾਲਸਾ ਹੀ ਆਪਣੇ ਅੰਦਰ ਉਤਪੰਨ ਹੋ ਰਹੀ ਬਿਆਨ ਕਰਦੇ ਹਨ।

ਸੋਰਠਿ ਮਹਲਾ ੫ ॥

੧. ਹਮ ਮੈਲੇ ਤੁਮ ਊਜਲ ਕਰਤੇ
ਹਮ ਨਿਰਗੁਨ ਤੂ ਦਾਤਾ ॥
੨. ਹਮ ਮੂਰਖ ਤੁਮ ਚਤੁਰ ਸਿਆਣੇ
ਤੂ ਸਰਬ ਕਲਾ ਕਾ ਗਿਆਤਾ ॥੧॥
੩. ਮਾਧੋ ਹਮ ਐਸੇ ਤੂ ਐਸਾ ॥
੪. ਹਮ ਪਾਪੀ ਤੁਮ ਪਾਪ ਖੰਡਨ
ਨੀਕੋ ਠਾਕੁਰ ਦੇਸਾ ॥ ਰਹਾਉ ॥
੫. ਤੁਮ ਸਭ ਸਾਜੇ ਸਾਜਿ ਨਿਵਾਜੇ
ਜੀਉ ਪਿੰਡੁ ਦੇ ਪ੍ਰਾਨਾ ॥
੬. ਨਿਰਗੁਨੀਆਰੇ ਗੁਨੁ ਨਹੀ ਕੋਈ
ਤੁਮ ਦਾਨੁ ਦੇਹੁ ਮਿਹਰਵਾਨਾ ॥੨॥
੭. ਤੁਮ ਕਰਹੁ ਭਲਾ ਹਮ ਭਲੋ ਨ ਜਾਨਹ
ਤੁਮ ਸਦਾ ਸਦਾ ਦਇਆਲਾ ॥
੮. ਤੁਮ ਸੁਖਦਾਈ ਪੁਰਖ ਬਿਧਾਤੇ
ਤੁਮ ਰਾਖਹੁ ਅਪੁਨੇ ਬਾਲਾ ॥੩॥
੯. ਤੁਮ ਨਿਧਾਨ ਅਟਲ ਸੁਲਿਤਾਨ
ਜੀਅ ਜੰਤ ਸਭਿ ਜਾਚੈ ॥
੧੦. ਕਹੁ ਨਾਨਕ ਹਮ ਇਹੈ ਹਵਾਲਾ
ਰਾਖੁ ਸੰਤਨ ਕੈ ਪਾਛੈ ॥੪॥੬॥੧੭॥

ਪਦ ਅਰਥ : ਮੈਲੇ—ਵਿਕਾਰਾਂ ਦੀ ਮੈਲ ਨਾਲ ਭਰੇ ਹੋਏ। ਉਜਲ—ਸਾਫ਼-ਸੁਥਰੇ, ਪਵਿੱਤ੍ਰ। ਕਰਤੇ—ਕਰਨ ਵਾਲੇ। ਦਾਤਾ—ਗੁਣ ਦੇਣ ਵਾਲਾ। ਚਤਰ—ਸਿਆਣਾ। ਕਲਾ—ਹੁਨਰ। ਗਿਆਤਾ—ਜਾਨਣ ਵਾਲਾ।੧।

ਮਾਧੋ—(ਮਾਇਆ ਦਾ ਪਤੀ) ਹੇ ਪ੍ਰਭੂ। ਪਾਪ ਖੰਡਨ—ਪਾਪਾਂ ਦੇ ਨਾਸ ਕਰਨ ਵਾਲੇ। ਨੀਕੋ—ਸੋਹਣਾ, ਚੰਗਾ। ਠਾਕੁਰ—ਹੇ ਪਾਲਣਹਾਰ ਪ੍ਰਭੂ।ਰਹਾਉ।

ਸਾਜਿ—ਪੈਦਾ ਕਰ ਕੇ। ਨਿਵਾਜੇ—ਆਦਰ ਮਾਣ ਦਿੱਤਾ। ਜੀਉ—ਜਿੰਦ। ਪਿੰਡੁ—ਸਰੀਰ। ਦੇ—ਦੇ ਕੇ। ਦੇਹੁ—ਤੂੰ ਦੇਂਦਾ ਹੈਂ। ਮਿਹਰਵਾਨਾ—ਹੇ ਮਿਹਰਵਾਨ।੨।

ਨ ਜਾਨਹ—ਅਸੀਂ ਨਹੀਂ ਜਾਣਦੇ, ਅਸੀਂ ਕਦਰ ਨਹੀਂ ਜਾਣਦੇ। ਬਿਧਾਤੇ—ਹੇ ਸਿਰਜਣਹਾਰ। ਬਾਲਾ—ਬੱਚੇ।੩।

ਨਿਧਾਨੁ—ਖ਼ਜ਼ਾਨੇ। ਅਟਲ—ਸਦਾ ਕਾਇਮ ਰਹਿਣ ਵਾਲਾ। ਸੁਲਿਤਾਨ—ਬਾਦਸ਼ਾਹ। ਸਭਿ—ਸਾਰੇ। ਜਾਚੈ—ਜਾਚੈਂ, ਮੰਗਦੇ ਹਨ। ਇਹੈ—ਇਹ ਹੀ। ਹਵਾਲਾ—ਹਾਲ। ਕੈ ਪਾਛੈ—ਦੇ ਆਸਰੇ।੪।੬।੧੭।

ਅਰਥ :

ਪ੍ਰ: ਹੇ ਗੁਰੋ! ਸਾਨੂੰ ਮਲੀਨ ਬੁੱਧੀ ਵਾਲਿਆਂ ਨੂੰ ਆਪਣੇ ਭਲੇ ਲਈ ਅਰਦਾਸ ਕਰਨ ਦੀ ਭੀ ਜਾਚ ਨਹੀਂ, ਕਿਰਪਾ ਕਰਕੇ ਕੋਈ ਤਰੀਕਾ ਦੱਸ ਦਿਓ।

ਉ: ੧. ਹੇ ਭਾਈਓ! ਹਮੇਸ਼ਾ ਹੀ ਪ੍ਰਭੂ ਅੱਗੇ ਇਉਂ ਅਰਦਾਸ ਕਰਦੇ ਰਿਹਾ ਕਰੋ ਕਿ ਹੇ ਸਾਈਂ ਜੀ! ਅਸੀਂ ਜੀਵ ਵਿਕਾਰਾਂ ਦੀ ਮੈਲ ਕਰਕੇ ਭਰੇ ਹੋਏ ਹਾਂ, ਤੂੰ ਸਾਨੂੰ ਪਵਿੱਤ੍ਰ ਕਰਨ ਵਾਲਾ ਹੈਂ, ਅਸੀਂ ਗੁਣ ਹੀਣ ਹਾਂ, ਤੂੰ ਸਾਨੂੰ ਗੁਣ ਬਖ਼ਸ਼ਣ ਵਾਲਾ ਹੈਂ।

੨. ਅਸੀਂ ਜੀਵ ਮੂਰਖ ਹਾਂ, ਤੂੰ ਦਾਨਾ ਹੈਂ, ਤੂੰ ਸਿਆਣਾ ਹੈਂ, ਤੂੰ (ਸਾਨੂੰ ਚੰਗਾ ਬਨਾਣ ਵਾਲੇ) ਸਾਰੇ ਹੁਨਰਾਂ ਦਾ ਜਾਨਣ ਵਾਲਾ ਹੈਂ।੧।

੩. ਹੇ ਸਾਈਂ ਜੀ! ਅਸੀਂ ਜੀਵ ਇਹੋ ਜਿਹੇ (ਵਿਕਾਰੀ) ਹਾਂ ਤੇ ਤੂੰ ਇਹੋ ਜਿਹਾ ਉਪਕਾਰੀ ਹੈਂ।

੪. ਸ੍ਰੀ ਜੀਉ! ਅਸੀਂ ਪਾਪ ਕਮਾਣ ਵਾਲੇ ਹਾਂ, ਤੂੰ ਸਾਡੇ ਪਾਪਾਂ ਦਾ ਨਾਸ ਕਰਨ ਵਾਲਾ ਹੈਂ। ਹੇ ਠਾਕਰ! ਤੇਰਾ ਦੇਸ਼ ਸੋਹਣਾ ਹੈ (ਉਹ ਦੇਸ਼ ਸਾਧ ਸੰਗਤਿ ਸੋਹਣਾ ਹੈ, ਜਿਥੇ ਤੂੰ ਵਸਦਾ ਹੈਂ)।ਰਹਾਉ।

੫. ਤੁਸਾਂ ਨੇ ਸਾਰੇ ਸਰੀਰ ਬਣਾਏ ਹਨ, ਬਣਾ ਕੇ ਨਿਵਾਜੇ ਵਡਿਆਏ ਹਨ, (ਫਿਰ ਤੁਸਾਂ ਨੇ ਇਨ੍ਹਾਂ ਨੂੰ) ਦੇਹ ਤੇ ਪ੍ਰਾਣ ਦਿੱਤੇ ਹਨ।

੬. ਅਸੀਂ ਗੁਣਾਂ ਤੋਂ ਹੀਣ ਹਾਂ, ਸਾਡੇ ਵਿਚ ਕੋਈ ਭੀ ਗੁਣ ਨਹੀਂ ਹੈ, ਤੁਸੀਂ ਹੀ ਮਿਹਰਵਾਨ ਹੋ ਕੇ ਸਭਨਾਂ ਨੂੰ ਦਾਨ ਦੇਂਦੇ ਹੋ।੨।

੭. ਤੁਸੀਂ ਸਾਡੇ ਉੱਤੇ ਸਦਾ ਹੀ ਭਲਿਆਈ ਕਰਦੇ ਹੋ, ਅਸੀਂ ਤੁਹਾਡੇ ਕੀਤੇ ਹੋਏ ਭਲੇ ਨੂੰ ਜਾਣਦੇ ਨਹੀਂ ਹਾਂ, ਪਰ ਤੁਸੀਂ ਫਿਰ ਭੀ ਦਿਆਲੂ ਹੀ ਰਹਿੰਦੇ ਹੋ।

੮. ਹੇ ਸਰਵ ਵਿਆਪਕ ਸਿਰਜਨਹਾਰ, ਤੂੰ ਸਾਨੂੰ ਸੁੱਖ ਦੇਣ ਵਾਲਾ ਹੈਂ ਤੇ ਸਾਡੀ ਬੱਚਿਆਂ ਦੀ ਸਦਾ ਹੀ ਰਾਖੀ ਕਰਦਾ ਹੈਂ।

੯. ਹੇ ਪ੍ਰਭੂ ਜੀ! ਤੁਸੀਂ ਸਾਰੇ ਹੀ ਗੁਣਾਂ ਦੇ ਖ਼ਜ਼ਾਨੇ ਹੋ, ਤੁਸੀਂ ਸਦਾ ਸਲਾਮਤ ਰਹਿਣ ਵਾਲੇ ਬਾਦਸ਼ਾਹ ਹੋ, ਸਾਰੇ ਹੀ ਜੀਵ ਤੇਰੇ ਹੀ ਦਰ ਤੋਂ ਮੰਗਦੇ ਹਨ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ਜੀ! ਸਾਡੇ ਜੀਵਾਂ ਦਾ ਤਾਂ ਇਹੋ ਹੀ ਹਾਲ ਹੈ, ਸਾਨੂੰ ਸੰਤ ਜਨਾਂ ਦੇ ਆਸਰੇ ਵਿਚ ਰੱਖ।੪।੬।੧੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਨੇ ਆਪਣੇ ਔਗੁਣ ਤੇ ਪਰਮੇਸ਼ਰ ਜੀ ਦੇ ਗੁਣ ਉਚਾਰਨ ਕੀਤੇ ਹਨ ਅਤੇ ਅੰਤ ਵਿਚ ਸਾਧ ਸੰਗਤ ਦੇ ਆਸਰੇ ਵਿਚ ਰਹਿਣ ਲਈ ਜਾਚਨਾ ਕੀਤੀ ਹੈ।

ਸੋਰਠਿ ਮਹਲਾ ੫ ਘਰੁ ੨ ॥

੧. ਮਾਤ ਗਰਭ ਮਹਿ ਆਪਨ ਸਿਮਰਨੁ ਦੇ
ਤਹ ਤੁਮ ਰਾਖਨਹਾਰੇ ॥

੨. ਪਾਵਕ ਸਾਗਰ ਅਥਾਹ ਲਹਰਿ ਮਹਿ
ਤਾਰਹੁ ਤਾਰਨਹਾਰੇ ॥੧॥

੩. ਮਾਧੌ ਤੂ ਠਾਕੁਰੁ ਸਿਰਿ ਮੋਰਾ ॥

੪. ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥

੫. ਕੀਤੇ ਕਉ ਮੇਰੈ ਸੰਮਾਨੈ
ਕਰਣਹਾਰੁ ਤ੍ਰਿਣੁ ਜਾਨੈ ॥

੬. ਤੂ ਦਾਤਾ ਮਾਗਨ ਕਉ ਸਗਲੀ
ਦਾਨੁ ਦੇਹਿ ਪ੍ਰਭ ਭਾਨੈ ॥੨॥

੭. ਖਿਨ ਮਹਿ ਅਵਰੁ ਖਿਨੈ ਮਹਿ ਅਵਰਾ
ਅਚਰਜ ਚਲਤ ਤੁਮਾਰੇ ॥

੮. ਰੂੜੋ ਗੂੜੋ ਗਹਿਰ ਗੰਭੀਰੋ
ਊਚੌ ਅਗਮ ਅਪਾਰੇ ॥੩॥

੯. ਸਾਧਸੰਗਿ ਜਉ ਤੁਮਹਿ ਮਿਲਾਇਓ
ਤਉ ਸੁਨੀ ਤੁਮਾਰੀ ਬਾਣੀ ॥

੧੦. ਅਨਦੁ ਭਇਆ ਪੇਖਤ ਹੀ ਨਾਨਕ
ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥

ਪਦ ਅਰਥ : ਗਰਭ ਮਹਿ—ਪੇਟ ਵਿਚ। ਆਪਨ—ਆਪਣਾ। ਦੇ—ਦੇਕੇ। ਤਹ—ਉਥੇ, ਮਾਂ ਦੇ ਪੇਟ ਵਿਚ। ਰਾਖਨਹਾਰੇ—ਬਚਾਣ ਦੀ ਸਮਰੱਥਾ ਵਾਲੇ। ਪਾਵਕ—(ਵਿਕਾਰਾਂ) ਦੀ ਅੱਗ। ਸਾਗਰ—ਸਮੁੰਦਰ। ਅਥਾਹ—ਬਹੁਤ ਡੂੰਘਾ। ਤਾਰਨਹਾਰੇ—ਹੇ ਪਾਰ ਲੰਘਾ ਸਕਣ ਵਾਲੇ।੧।

ਮਾਧੋ—(ਮਾ-ਧਵ—ਮਾਇਆ ਦੇ ਪਤੀ) ਹੇ ਪ੍ਰਭੂ। ਸਿਰਿ ਮੋਰਾ—ਮੇਰੇ ਸਿਰ ਉੱਤੇ। ਈਹਾ—ਇਸ ਲੋਕ ਵਿਚ। ਊਹਾ—ਉਸ ਲੋਕ ਵਿਚ। ਧੋਰਾ—ਆਸਰਾ।ਰਹਾਉ।

ਕੀਤੇ ਕਉ—ਬਣਾਈਆਂ ਚੀਜ਼ਾਂ ਨੂੰ। ਮੇਰੈ ਸੰਮਾਨੈ—ਮੇਰੈ ਸਮ ਮਾਨੈ, ਮੇਰੂ ਪਹਾੜ ਦੇ ਬਰਾਬਰ ਮੰਨਦਾ ਹੈ। ਤ੍ਰਿਣੁ—ਤੀਲਾ, ਤੁੱਛ। ਮਾਗਨ ਕਉ—ਮੰਗਣ ਵਾਲੀ। ਸਗਲੀ—ਸਾਰੀ ਲੁਕਾਈ। ਦੇਹਿ—ਤੂੰ ਦੇਂਦਾ ਹੈਂ। ਪ੍ਰਭ—ਹੇ ਪ੍ਰਭੂ। ਭਾਨੈ—ਆਪਣੀ ਰਜ਼ਾ ਵਿਚ।੨।

ਖਿਨ—ਰਤਾ ਕੁ ਹੀ ਸਮਾਂ। ਅਵਰੁ—ਹੋਰ। ਖਿਨੈ ਮਹਿ—ਖਿਨ ਵਿਚ ਹੀ। ਅਚਰਜ—ਹੈਰਾਨ ਕਰ ਦੇਣ ਵਾਲੇ। ਚਲਤ—ਕੌਤਕ। ਰੂੜੋ—ਸੋਹਣਾ। ਗੂੜੋ—(ਸਾਰੇ ਹੀ ਸੰਸਾਰ ਵਿਚ) ਲੁਕਿਆ ਹੋਇਆ। ਗੰਭੀਰੋ—ਵੱਡੇ ਜਿਗਰੇ ਵਾਲਾ। ਅਗਮ—ਹੇ ਅਪਹੁੰਚ। ਅਪਾਰੇ—ਹੇ ਅਪਾਰ, ਹੇ ਬੇਅੰਤ।੩।

ਸਾਧਸੰਗਿ—ਸਾਧ ਸੰਗਤ ਵਿਚ। ਜਉ—ਜਦੋਂ। ਤੁਮਹਿ—ਤੂੰ ਆਪ ਹੀ। ਤਉ—ਤਦੋਂ। ਪੇਖਤ ਹੀ—ਵੇਖਦਿਆਂ ਹੀ। ਪੁਰਖ—ਸਰਵ-ਵਿਆਪਕ। ਨਿਰਬਾਣੀ—ਵਾਸਨਾ ਤੋਂ ਰਹਿਤ।੪।

ਅਰਥ :

ਪ੍ਰ: ਹੇ ਗੁਰੋ! ਜਦੋਂ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਨੀ ਹੋਵੇ ਤਾਂ ਕਿਸ ਰੂਪ ਵਿਚ ਕਰਨੀ ਚਾਹੀਦੀ ਹੈ?

ਉ: ੧. ਹੇ ਪਿਆਰੇ! ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਇਉਂ ਕਰਦੇ ਰਹੋ ਕਿ ਹੇ ਸਾਈਂ ਜੀ! ਮਾਂ ਦੇ ਪੇਟ ਵਿਚ ਸਾਨੂੰ ਤੂੰ ਆਪਣਾ ਸਿਮਰਨ ਦੇ ਕੇ ਉਥੇ ਸਾਡੀ ਰੱਖਿਆ ਕਰਨ ਵਾਲਾ (ਇਕ ਤੂੰ ਆਪ ਹੀ) ਹੈਂ।

੨. (ਹੁਣ ਤੂੰ ਇਥੇ ਭੀ ਵਿਕਾਰਾਂ ਦੀ) ਅੱਗ ਦੇ ਸਮੁੰਦਰ ਦੀਆਂ ਡੂੰਘੀਆਂ ਲਹਿਰਾਂ ਵਿਚ ਡਿੱਗੇ ਪਏ ਨੂੰ ਮੈਨੂੰ ਪਾਰ ਲੰਘਾ ਲੈ।੧।

੩. ਹੇ ਮਾਇਆ ਦੇ ਪਤੀ (ਪਰਮੇਸ਼ਰ)! ਤੂੰ ਮੇਰੇ ਸਿਰ ਦਾ ਠਾਕਰ ਹੈਂ ਤੇ ਤੂੰ ਸਾਰਿਆਂ ਦਾ (ਸਿਰਮੌਰਾ) ਭਾਵ ਸ਼ਰੋਮਣੀ ਹੈਂ।

੪. ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਮੈਨੂੰ ਤੇਰਾ ਹੀ ਆਸਰਾ ਹੈ।ਰਹਾਉ।

੫. ਹੇ ਮੇਰੇ ਸਾਈਂ ਜੀ! ਮੇਰੇ ਵਿਚ ਇਕ ਇਹ ਬਹੁਤ ਹੀ ਵੱਡੀ ਘਾਟ ਹੈ ਕਿ ਮੈਂ ਤੇਰੇ ਪੈਦਾ ਕੀਤੇ ਹੋਏ ਪਦਾਰਥਾਂ ਨੂੰ ਮੇਰੂ ਪਰਬਤ ਜੇਡੇ ਸਮਝਦਾ ਹਾਂ, ਪਰ ਤੈਨੂੰ ਜੋ ਤੂੰ ਸਭ ਦਾ ਪੈਦਾ ਕਰਨ ਵਾਲਾ ਹੈਂ, ਇਕ ਤੀਲੇ ਵਰਗਾ ਜਾਣਦਾ ਹਾਂ।

੬. ਹੇ ਸਾਈਂ ਜੀ! ਤੂੰ ਸਾਰੀਆਂ ਦਾਤਾਂ ਦੇਣ ਵਾਲਾ ਹੈਂ ਤੇ ਸਾਰੀ ਹੀ ਲੁਕਾਈ ਤੇਰੇ ਹੀ ਦਰ ਤੋਂ ਮੰਗਣ ਵਾਲੀ ਹੈ। ਤੂੰ ਆਪਣੀ ਰਜ਼ਾ ਵਿਚ ਸਭ ਨੂੰ ਦਾਨ ਦੇਂਦਾ ਹੈਂ।੨।

੭. ਹੇ ਪ੍ਰਭੂ ਜੀ! ਤੇਰੇ ਕੌਤਕ ਹੈਰਾਨ ਕਰ ਦੇਣ ਵਾਲੇ ਹਨ। ਇਕ ਖਿਨ ਵਿਚ ਕੁਝ ਹੋਰ ਹੁੰਦਾ ਹੈ, ਦੂਜੀ ਖਿਨ ਵਿਚ ਕੁਝ ਹੋਰ ਹੋ ਜਾਂਦਾ ਹੈਂ, ਭਾਵ ਇਕ ਖਿਨ ਵਿਚ ਹੀ ਤੂੰ ਕੁਝ ਹੋਰ ਦਾ ਹੋਰ ਬਣਾ ਦੇਂਦਾ ਹੈਂ।

੮. ਹੇ ਅਪਹੁੰਚ! ਹੇ ਬੇਅੰਤ! ਤੂੰ ਸਭ ਤੋਂ ਉੱਚਾ ਹੈਂ, ਤੂੰ ਸੋਹਣਾ ਹੈਂ, ਤੂੰ ਵੱਡੇ ਜਿਗਰੇ ਵਾਲਾ ਹੈਂ, ਤੂੰ ਸਾਰੇ ਸੰਸਾਰ ਵਿਚ ਗੁਪਤ ਵਸ ਰਿਹਾ ਹੈਂ।੩।

੯. ਹੇ ਸਰਵ ਵਿਆਪੀ ਪ੍ਰਭੂ! ਜਦੋਂ ਤੂੰ ਆਪ ਹੀ (ਕਿਸੇ ਜੀਵ ਨੂੰ) ਸਾਧ ਸੰਗਤ ਵਿਚ ਮਿਲਾਂਦਾ ਹੈਂ, ਤਦੋਂ ਉਹ ਸਿਫ਼ਤਿ-ਸਾਲਾਹ ਦੀ ਤੇਰੀ ਬਾਣੀ ਸੁਣਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਦੋਂ ਕੋਈ ਵਾਸ਼ਨਾ ਰਹਿਤ ਸਰਵ ਵਿਆਪਕ ਪ੍ਰਭੂ ਦਾ ਪਰਤਾਪ ਵੇਖਦਾ ਹੈ, ਤਦੋਂ ਹੀ ਉਸ ਦੇ ਅੰਦਰ ਅਨੰਦ ਪ੍ਰਾਪਤ ਹੋ ਆਉਂਦਾ ਹੈ।

ਭਾਵਾਰਥ : ਇਸ ਸ਼ਬਦ ਵਿਚ ਭੀ ਪਿਆਰੇ ਪ੍ਰਭੂ ਦੀ ਉਸਤਤ ਬਿਆਨ ਕੀਤੀ ਗਈ ਹੈ, ਜੋ ਕਿ ਮਾਂ ਦੇ ਪੇਟ ਵਿਚ ਆਪਣਾ ਸਿਮਰਨ ਕਰਵਾ ਕੇ ਰੱਖਿਆ ਕਰਦਾ ਹੈ ਅਤੇ ਅੱਗ ਦੇ ਸਮੁੰਦਰ ਤ੍ਰਿਸ਼ਨਾ ਵਿਚ ਸੜਨ ਤੋਂ ਬਚਾਉਂਦਾ ਹੈ। ਅੰਤ ਵਿਚ ਉਸ ਸਾਈਂ ਜੀ ਦੇ ਚਰਨਾਂ ਦੀ ਪ੍ਰਾਪਤੀ ਸਾਧ ਸੰਗਤ ਦੁਆਰਾ ਹੀ ਪ੍ਰਾਪਤ ਹੋਣੀ ਦਰਸਾ ਰਹੇ ਹਨ।

ਸੋਰਠਿ ਮਹਲਾ ੫ ॥

੧. ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥

੨. ਸੰਤ ਹਮਾਰੀ ਓਟ ਸਤਾਣੀ
ਸੰਤ ਹਮਾਰਾ ਗਹਣਾ ॥੧॥

੩. ਹਮ ਸੰਤਨ ਸਿਉ ਬਣਿ ਆਈ ॥

੪. ਪੂਰਬਿ ਲਿਖਿਆ ਪਾਈ ॥

੫. ਇਹੁ ਮਨੁ ਤੇਰਾ ਭਾਈ ॥ ਰਹਾਉ ॥

੬. ਸੰਤਨ ਸਿਉ ਮੇਰੀ ਲੇਵਾ ਦੇਵੀ
ਸੰਤਨ ਸਿਉ ਬਿਉਹਾਰਾ ॥

੭. ਸੰਤਨ ਸਿਉ ਹਮ ਲਾਹਾ ਖਾਟਿਆ
ਹਰਿ ਭਗਤਿ ਭਰੇ ਭੰਡਾਰਾ ॥੨॥

੮. ਸੰਤਨ ਮੋ ਕਉ ਪੂੰਜੀ ਸਉਪੀ
ਤਉ ਉਤਰਿਆ ਮਨ ਕਾ ਧੋਖਾ ॥

੯. ਧਰਮ ਰਾਇ ਅਬ ਕਹਾ ਕਰੈਗੋ
ਜਉ ਫਾਟਿਓ ਸਗਲੋ ਲੇਖਾ ॥੩॥

੧੦. ਮਹਾ ਅਨੰਦ ਭਏ ਸੁਖੁ ਪਾਇਆ
ਸੰਤਨ ਕੈ ਪਰਸਾਦੇ ॥

੧੧. ਕਹੁ ਨਾਨਕ ਹਰਿ ਸਿਉ ਮਨੁ ਮਾਨਿਆ
ਰੰਗਿ ਰਤੇ ਬਿਸਮਾਦੇ ॥੪॥੮॥੧੯॥

ਪਦ ਅਰਥ : ਰੇਨ—ਚਰਨ ਧੂੜ। ਪਿਆਰੇ—ਹੇ ਪਿਆਰੇ ਪ੍ਰਭੂ। ਓਟ—ਆਸਰਾ। ਸਤਾਣੀ—ਸ-ਤਾਣੀ, ਤਾਣ ਵਾਲੀ, ਤਕੜੀ।੧।

ਸਿਉ—ਨਾਲ। ਬਣਿ ਆਈ—ਪ੍ਰੀਤ ਬਣ ਗਈ ਹੈ। ਪੂਰਬਿ ਲਿਖਿਆ—ਪੂਰਬਲੇ ਭਾਗਾਂ ਅਨੁਸਾਰ ਲਿਖਿਆ ਲੇਖ। ਭਾਈ—ਪ੍ਰੇਮੀ।ਰਹਾਉ।

ਲੇਵਾ ਦੇਵੀ—ਲੈਣ ਦੇਣ। ਬਿਉਹਾਰਾ—ਵਰਤਣ ਵਿਹਾਰ। ਲਾਹਾ—ਲਾਭ। ਭੰਡਾਰਾ—ਖ਼ਜ਼ਾਨੇ।੨।

ਮੋ ਕਉ—ਮੈਨੂੰ। ਪੂੰਜੀ—ਹਰੀ ਨਾਮ ਦਾ ਸਰਮਾਇਆ। ਸਉਪੀ—ਹਵਾਲੇ ਕੀਤੀ, ਦਿੱਤੀ। ਧੋਖਾ—ਫ਼ਿਕਰ। ਕਹਾ ਕਰੈਗੋ—ਕੁਝ ਭੀ ਨਹੀਂ ਕਰ ਸਕੇਗਾ। ਫਾਟਿਓ—ਪਾਟ ਗਿਆ ਹੈ। ਸਗਲੋ—ਸਾਰਾ।੩।

ਪਰਸਾਦੇ—ਪਰਸਾਦ, ਕਿਰਪਾ ਨਾਲ। ਮਾਨਿਆ—ਪਤੀਜ ਗਿਆ ਹੈ। ਰੰਗਿ—ਪ੍ਰੇਮ ਰੰਗ ਵਿਚ। ਰਤੇ—ਰੰਗਿਆ ਗਿਆ। ਬਿਸਮਾਦੇ—ਅਸਚਰਜ ਪ੍ਰਭੂ ਦੇ।੪।

ਅਰਥ :

ਪ੍ਰ: ਹੇ ਗੁਰੋ! ਜਦੋਂ ਭੀ ਆਪ ਜੀ ਸਾਈਂ ਜੀ ਤੋਂ ਕੋਈ ਮੰਗ ਮੰਗਦੇ ਹੋ ਤਾਂ ਆਪ ਜੀ ਦੀ ਉਹ ਸਹੀ ਮੰਗ ਕਿਹੜੀ ਹੋਇਆ ਕਰਦੀ ਹੈ?

ਉ: ੧. ਹੇ ਭਾਈਓ! ਮੇਰੀ ਤਾਂ ਉਸ ਸੱਚੇ ਸਾਈਂ ਜੀ ਤੋਂ ਕੇਵਲ ਇਹੋ ਇਕ ਮੰਗ ਹੁੰਦੀ ਹੈ ਕਿ ਹੇ ਮੇਰੇ ਪਿਆਰੇ ਪ੍ਰਭੂ! (ਮਿਹਰ ਕਰ) ਮੈਂ ਤੇਰੇ ਸੰਤ ਜਨਾਂ ਦੀ ਚਰਨ ਧੂੜ ਬਣਿਆ ਰਹਾਂ, ਸੰਤਾਂ ਦੀ ਹੀ (ਸਦਾ ਚਰਨ) ਸ਼ਰਨ ਪਿਆ ਰਹਾਂ।

੨. (ਕਿਉਂਕਿ) ਉਹ ਸੰਤ ਹੀ ਮੇਰਾ ਤਕੜਾ ਬਲ ਵਾਲਾ ਸਹਾਰਾ ਹੈ, ਸੰਤ ਹੀ ਮੇਰਾ ਗਹਿਣਾ ਰੂਪ ਹੈ, ਭਾਵ ਮੇਰੇ ਜੀਵਨ ਨੂੰ ਸੋਹਣਾ ਬਣਾਣ ਵਾਲੇ ਹਨ।੧।

੩. ਹੇ ਸਾਈਂ ਜੀ! ਤੇਰੇ ਸੰਤ ਜਨਾਂ ਨਾਲ ਮੇਰੀ ਪ੍ਰੀਤ ਬਣ ਗਈ ਹੈ।

ਪ੍ਰ: ਕਿਉਂ ਜੀ! ਇਸ ਪ੍ਰੀਤੀ ਦੇ ਪ੍ਰਾਪਤੀ ਦਾ ਕਾਰਨ ਕੀ ਹੋਇਆ? ਕੀ ਤੁਸੀਂ ਕੋਈ ਖ਼ਾਸ ਸਾਧਨ ਕੀਤਾ ਸੀ?

ਉ: ੪. ਹੇ ਭਾਈਓ! ਅਸਲ ਵਿਚ ਸਾਧਨ ਤਾਂ ਮੈਂ ਕੋਈ ਭੀ ਨਹੀਂ ਕੀਤਾ, ਇਹ ਤਾਂ ਮੈਨੂੰ ਪਿਛਲੇ ਲਿਖੇ ਲੇਖ ਅਨੁਸਾਰ ਹੀ ਪ੍ਰਾਪਤੀ ਹੋਈ ਹੈ।

੫. ਹੇ ਪਿਆਰੇ! ਜੇ ਕਦੀ ਤੇਰਾ ਮਨ ਭੀ ਇਸ ਤਰ੍ਹਾਂ ਦਾ ਪ੍ਰੇਮੀ ਬਣ ਜਾਵੇ ਤਾਂ ਤੈਨੂੰ ਭੀ ਇਸੇ ਪ੍ਰਕਾਰ ਦੇ ਅਚੱਲ ਸੁੱਖ ਦੀ ਪ੍ਰਾਪਤੀ ਹੋ ਜਾਵੇਗੀ।ਰਹਾਉ।

੬. ਹੇ ਭਾਈਓ! (ਅਸਲ ਵਿਚ ਮੇਰਾ ਸੰਸਾਰਕ ਲੈਣਾ ਦੇਣਾ ਬੰਦ ਹੋ ਗਿਆ ਹੈ) ਹੁਣ ਮੇਰੀ ਲੇਵਾ ਦੇਵੀ ਸੰਤਾਂ ਨਾਲ ਹੀ ਹੈ, ਭਾਵ ਸੰਤਾਂ ਨਾਲ ਹੀ ਮੇਰਾ ਲੈਣ ਦੇਣ ਹੈ ਤੇ ਸੰਤ ਜਨਾਂ ਨਾਲ ਹੀ ਮੇਰਾ ਵਿਹਾਰ ਹੈ।

ਪ੍ਰ: ਕਿਉਂ ਜੀ! ਇਉਂ ਕਰਨ ਨਾਲ ਤੁਹਾਨੂੰ ਲਾਭ ਕੀ ਪ੍ਰਾਪਤ ਹੋਇਆ ਹੈ?

ਉ: ੭. ਹੇ ਭਾਈਓ! ਸੰਤ ਜਨਾਂ ਨਾਲ ਰਹਿ ਕੇ ਮੈਂ ਇਹ ਲਾਭ ਖਟਿਆ ਹੈ ਕਿ ਹੁਣ ਮੇਰੇ ਅੰਦਰ ਭਗਤੀ ਦੇ ਖ਼ਜ਼ਾਨੇ ਭਰ ਗਏ ਹਨ।੨।

ਪ੍ਰ: ਕਿਉਂ ਜੀ! ਕੁਝ ਹੋਰ ਵੀ ਪ੍ਰਾਪਤ ਹੋਇਆ?

ਉ: ੮. ਹਾਂ ਜ਼ਰੂਰ, ਹੇ ਪਿਆਰਿਓ! ਜਦੋਂ ਤੋਂ ਸੰਤ ਜਨਾਂ ਨੇ ਮੈਨੂੰ ਪਰਮੇਸ਼ਰ ਦੀ ਭਗਤੀ ਦੀ ਰਾਸ ਪੂੰਜੀ ਦਿੱਤੀ ਹੈ, ਤਦੋਂ ਤੋਂ ਹੀ ਮੇਰੇ ਮਨ ਦਾ ਚਿੰਤਾ ਫ਼ਿਕਰ ਲਹਿ ਗਿਆ ਹੈ।

ਪ੍ਰ: ਕਿਉਂ ਜੀ! ਹਰ ਮਨੁੱਖ ਦੇ ਕਰਮਾਂ ਧਰਮਾਂ ਦਾ ਹਿਸਾਬ ਕਿਤਾਬ ਧਰਮ ਰਾਇ ਦੇ ਦਰ 'ਤੇ ਹੋਣਾ ਹੈ, ਇਸ ਬਾਰੇ ਆਪ ਜੀ ਦਾ ਹੁਣ ਕੀ ਵੀਚਾਰ ਹੈ?

ਉ: ੯. ਹੇ ਪਿਆਰੇ! ਦੱਸੋ, ਧਰਮ ਰਾਇ ਹੁਣ ਕੀ ਕਰੇਗਾ, ਭਾਵ ਸਾਡੇ ਪਾਸੋਂ ਕੀ ਲੇਖਾ ਲਵੇਗਾ, ਜਦੋਂ ਕਿ (ਮੇਰੇ ਜਨਮਾਂ ਜਨਮਾਤਰਾਂ ਦੇ ਕੀਤੇ ਕਰਮਾਂ ਦਾ) ਸਾਰਾ ਹੀ ਹਿਸਾਬ ਦਾ ਕਾਗ਼ਜ਼ ਪਾਟ ਚੁੱਕਾ ਹੈ, ਭਾਵ ਅਸੀਂ ਤਾਂ ਹੁਣ ਸ਼ੁੱਭ ਅਸ਼ੁੱਭ ਕਰਮਾਂ ਤੋਂ ਅਸੰਗ ਹੋ ਗਏ ਹਾਂ।੩।

ਪ੍ਰ: ਕਿਉਂ ਜੀ! ਹੁਣ ਤੁਹਾਨੂੰ ਇਸ ਹੋਈ ਸਾਰੀ ਪ੍ਰਾਪਤੀ ਦਾ ਆਪਣੇ ਅੰਦਰ ਕਿਸ ਰੂਪ ਵਿਚ ਅਨੁਭਵ ਹੋ ਰਿਹਾ ਹੈ?

ਉ: ੧੦. ਹੇ ਭਾਈਓ! ਮੈਂ ਵੇਖਦਾ ਹਾਂ ਕਿ ਸੰਤ ਜਨਾਂ ਦੀ ਕਿਰਪਾ ਨਾਲ ਹੁਣ ਮੇਰੇ ਅੰਦਰ ਬੜਾ ਆਤਮਕ ਅਨੰਦ ਬਣਿਆ ਰਹਿੰਦਾ ਹੈ, (ਕਿਉਂਕਿ) ਸੰਤਾਂ ਦੀ ਬਖ਼ਸ਼ਸ਼ ਦੁਆਰਾ ਮੈਨੂੰ ਪ੍ਰਭੂ ਪ੍ਰਾਪਤੀ ਦਾ ਅਬਿਨਾਸ਼ੀ ਸੁੱਖ ਪ੍ਰਾਪਤ ਹੋ ਆਇਆ ਹੈ।

੧੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੇਰਾ ਮਨ ਹਰੀ ਨਾਲ ਤਦੋਂ ਹੀ ਮੰਨਿਆ ਜਦੋਂ ਕਿ ਅਸੀਂ ਅਸਚਰਜ ਰੂਪ ਪਰਮੇਸ਼ਰ ਦੇ ਪ੍ਰੇਮ-ਰੰਗ ਵਿਚ ਰੰਗੇ ਗਏ।੪।੮।੧੯।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਸੰਤ ਜਨਾਂ ਦੀ ਮਹਿਮਾ ਉਚਾਰਨ ਕਰਦੇ ਹੋਏ ਆਪਣਾ ਨਿਸ਼ਚਾ ਉਚਾਰਨ ਕਰਦੇ ਹਨ ਕਿ ਸਾਨੂੰ ਹਰ ਤਰ੍ਹਾਂ ਦੇ ਸੁੱਖ ਦੀ ਪ੍ਰਾਪਤੀ ਸੰਤਾਂ ਦੀ ਕਿਰਪਾ ਦਾ ਸਦਕਾ ਹੋਈ ਹੈ। ਅੰਤ ਵਿਚ ਹਜ਼ੂਰ ਇਸ ਸਾਰੀ ਪ੍ਰਾਪਤੀ ਦਾ ਅਸਲ ਕਾਰਨ ਆਪਣੇ ਮਨ ਨੂੰ ਪਰਮੇਸ਼ਰ ਦੇ ਪ੍ਰੇਮ-ਰੰਗ ਵਿਚ ਰੰਗੇ ਰਹਿਣਾ ਦੱਸਦੇ ਹਨ।

ਸੋਰਠਿ ਮ: ੫ ॥

੧. ਜੇਤੀ ਸਮਗ੍ਰੀ ਦੇਖਹੁ ਰੇ ਨਰ
ਤੇਤੀ ਹੀ ਛਡਿ ਜਾਨੀ ॥
੨. ਰਾਮ ਨਾਮ ਸੰਗਿ ਕਰਿ ਬਿਉਹਾਰਾ
ਪਾਵਹਿ ਪਦੁ ਨਿਰਬਾਨੀ ॥੧॥
੩. ਪਿਆਰੇ ਤੂ ਮੇਰੋ ਸੁਖਦਾਤਾ ॥
੪. ਗੁਰਿ ਪੂਰੈ ਦੀਆ ਉਪਦੇਸਾ
ਤੁਮ ਹੀ ਸੰਗਿ ਪਰਾਤਾ ॥ ਰਹਾਉ ॥
੫. ਕਾਮ ਕ੍ਰੋਧ ਲੋਭ ਮੋਹ ਅਭਿਮਾਨਾ
ਤਾ ਮਹਿ ਸੁਖੁ ਨਹੀ ਪਾਈਐ ॥
੬. ਹੋਹੁ ਰੇਨ ਤੂ ਸਗਲ ਕੀ ਮੇਰੇ ਮਨ
ਤਉ ਅਨਦ ਮੰਗਲ ਸੁਖੁ ਪਾਈਐ ॥੨॥
੭. ਘਾਲ ਨ ਭਾਨੈ ਅੰਤਰ ਬਿਧਿ ਜਾਨੈ
ਤਾ ਕੀ ਕਰਿ ਮਨ ਸੇਵਾ ॥
੮. ਕਰਿ ਪੂਜਾ ਹੋਮਿ ਇਹੁ ਮਨੂਆ
ਅਕਾਲ ਮੂਰਤਿ ਗੁਰਦੇਵਾ ॥੩॥
੯. ਗੋਬਿਦ ਦਾਮੋਦਰ ਦਇਆਲ ਮਾਧਵੇ
ਪਾਰਬ੍ਰਹਮ ਨਿਰੰਕਾਰਾ ॥
੧੦. ਨਾਮੁ ਵਰਤਨਿ ਨਾਮੋ ਵਾਲੇਵਾ
ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥

ਪਦ ਅਰਥ : ਜੇਤੀ—ਜਿਤਨੀ ਹੀ। ਸਮਗ੍ਰੀ—ਸਾਮਾਨ। ਤੇਤੀ ਹੀ—ਇਹ ਸਾਰੀ ਹੀ। ਸੰਗਿ—ਨਾਲ। ਪਦ—ਆਤਮਕ ਦਰਜਾ। ਨਿਰਬਾਨੀ—ਵਾਸ਼ਨਾ ਰਹਿਤ।੧।

ਪਿਆਰੇ—ਹੇ ਪਿਆਰੇ ਪ੍ਰਭੂ! ਗੁਰਿ ਪੂਰੈ—ਪੂਰੇ ਗੁਰੂ ਨੇ। ਪਰਾਤਾ—ਪ੍ਰੋਤਾ ਗਿਆ ਹਾਂ।ਰਹਾਉ।

ਤਾ ਮਹਿ—ਇਨ੍ਹਾਂ ਵਿਚ ਫਸੇ ਰਿਹਾਂ। ਰੇਨ—ਚਰਣ ਧੂੜ। ਸਗਲ ਕੀ—ਸਭਨਾਂ ਦੀ।੨।

ਘਾਲ—ਮਿਹਨਤ। ਭਾਨੈ—ਭੰਨਦਾ, ਨਾਸ ਕਰਦਾ। ਅੰਤਰ ਬਿਧਿ—ਅੰਦਰਲੀ ਹਾਲਤ। ਮਨ—ਹੇ ਮਨ। ਹੋਮਿ—ਹਵਨ ਕਰ ਦੇਹ, ਭੇਟਾ ਕਰ ਦੇਹ। ਅਕਾਲ ਮੂਰਤਿ—ਜਿਸ ਦੀ ਹਸਤੀ ਮੌਤ ਰਹਿਤ ਹੈ।੩।

ਦਾਮੋਦਰ—(ਦਾਮ—ਰੱਸੀ ਉਦਰ—ਪੇਟ) ਪਰਮਾਤਮਾ। ਮਾਧਵੇ—ਮਾਇਆ ਦਾ ਪਤੀ ਪ੍ਰਭੂ। ਵਰਤਨਿ—ਹਰ ਰੋਜ਼ ਕੰਮ ਆਉਣ ਵਾਲੀ ਚੀਜ਼। ਵਾਲੇਵਾ—ਹਿਰਦੇ ਘਰ ਦਾ ਸਾਮਾਨ। ਅਧਾਰਾ—ਆਸਰਾ। ਨਾਮੋ—ਨਾਮ ਹੀ।੪।

ਅਰਥ :

ਪ੍ਰ: ਹੇ ਗੁਰੋ! ਇਹ ਮਨ ਸੰਸਾਰ ਦੀ ਦੁਨਿਆਵੀ ਸਮਗ੍ਰੀ ਦੇ ਮੋਹ ਵਿਚ ਸਦਾ ਹੀ ਗ਼ਲਤਾਨ ਹੋ ਰਿਹਾ ਹੈ, ਇਸ ਵਲੋਂ ਨਿਰਮੋਹ ਹੋਣ ਲਈ ਕੋਈ ਵੈਰਾਗਮਈ ਉਪਦੇਸ਼ ਦੇਣ ਦੀ ਕਿਰਪਾ ਕਰੋ।

ਉ: ੧. ਹੇ ਮਨੁੱਖ! ਸੁਣ, ਇਹ ਜਿਤਨਾ ਭੀ ਦੁਨੀਆ ਦਾ ਸਾਜ਼ੋ ਸਾਮਾਨ ਦੇਖ ਰਿਹਾ ਹੈਂ, ਇਹ ਸਾਰਾ ਅੰਤ ਨੂੰ (ਏਥੇ ਹੀ) ਛੱਡ ਕੇ ਚਲੇ ਜਾਣਾ ਹੈ।

ਪ੍ਰ: ਹਜ਼ੂਰ! ਦੱਸੋ, ਤਾਂ ਫਿਰ ਮੇਰੇ ਕਰਨ ਯੋਗ ਕੀ ਕਰਤੱਬ ਹੈ?

ਉ: ੨. ਹੇ ਪਿਆਰੇ! ਤੂੰ ਕੇਵਲ ਪਰਮੇਸ਼ਰ ਦੇ ਨਾਮ ਨਾਲ ਆਪਣਾ ਵਿਵਹਾਰ ਕਰ, ਅਰਥਾਤ ਤੂੰ ਰਾਮ ਦਾ ਨਾਮ ਹੀ ਸਥਿਰ ਰੂਪ ਜਾਣ, ਇਸ ਤਰ੍ਹਾਂ ਤੂੰ ਆਤਮਕ ਦਰਜਾ, ਭਾਵ ਮੁਕਤੀ ਨੂੰ ਪਾ ਲਵੇਂਗਾ, ਜਿਥੇ ਕੋਈ ਭੀ ਵਾਸਨਾ ਪੋਹ ਨਹੀਂ ਸਕੇਗੀ।੧।

੩. ਅਤੇ ਬੇਨਤੀ ਇਉਂ ਕਰਦਾ ਰਹੁ ਕਿ ਹੇ ਮੇਰੇ ਪਿਆਰੇ ਵਾਹਿਗੁਰੂ! ਇਕ ਤੂੰ ਹੀ ਮੈਨੂੰ ਸੁੱਖ ਦੇਣ ਵਾਲਾ ਹੈਂ।

੪. ਹੇ ਸਾਈਂ! ਮੈਨੂੰ ਜਦ ਤੋਂ ਪੂਰੇ ਗੁਰੂ ਨੇ ਉਪਦੇਸ਼ ਦੇ ਦਿੱਤਾ ਹੈ, ਉਦੋਂ ਤੋਂ ਮੈਂ ਤੇਰੇ ਨਾਲ ਹੀ ਪ੍ਰੋਤਾ ਗਿਆ ਹਾਂ।

੫. (ਨਾਲ ਹੀ ਗੁਰੂ ਜੀ ਨੇ ਇਹ ਭੀ ਉਪਦੇਸ਼ ਦਿੱਤਾ ਹੈ ਕਿ) ਹੇ ਪਿਆਰੇ! ਯਾਦ ਰੱਖ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜੋ ਹਨ, ਇਨ੍ਹਾਂ ਵਿਚ ਰਹਿਣ ਕਰ ਕੇ ਸੁੱਖ ਨਹੀਂ ਪਾਈਦਾ, (ਇਸ ਲਈ ਇਨ੍ਹਾਂ ਵਿਕਾਰਾਂ ਦੀ ਸੰਗਤ ਛੱਡ ਕੇ ਹੀ ਸੁੱਖ ਪਾ ਸਕੀਦਾ ਹੈ)।

ਪ੍ਰ: ਕਿਉਂ ਜੀ! ਅਸਲ ਸੁੱਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਉ: ੬. ਹੇ ਮੇਰੇ ਮਨ! ਤੂੰ ਸਾਰਿਆਂ ਦੇ ਚਰਨਾਂ ਦੀ ਧੂੜ ਬਣਿਆ ਰਹੁ, ਤਾਂ ਹੀ ਤੈਨੂੰ ਆਤਮਿਕ ਅਨੰਦ, ਖ਼ੁਸ਼ੀ ਤੇ ਸੁੱਖ ਪ੍ਰਾਪਤ ਹੋ ਸਕਦਾ ਹੈ।

੭. ਹੇ ਮਨਾ! ਤੂੰ ਪਰਮੇਸ਼ਰ ਦੀ ਸੇਵਾ ਭਗਤੀ ਕਰਿਆ ਕਰ, ਕਿਉਂਕਿ ਉਹ ਕਿਸੇ ਦੀ ਕੀਤੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦੇਂਦਾ ਅਤੇ ਉਹ ਸਾਰਿਆਂ ਦੇ ਅੰਦਰ ਦੀਆਂ ਵਿਧੀਆਂ ਨੂੰ ਜਾਨਣ ਵਾਲਾ ਹੈ, ਭਾਵ ਸਭਨਾਂ ਦੀ ਅੰਦਰੂਨੀ ਹਾਲਤ ਨੂੰ ਜਾਣਦਾ ਹੈ।

੮. ਹੇ ਭਾਈ! ਜਿਹੜਾ ਪ੍ਰਕਾਸ਼ ਸਰੂਪ ਪ੍ਰਭੂ ਸਭਨਾਂ ਤੋਂ ਵੱਡਾ ਹੈ, ਜਿਸ ਦਾ ਸਰੂਪ ਮੌਤ ਤੋਂ ਰਹਿਤ ਹੈ, ਉਸ ਦੀ ਪੂਜਾ ਭਗਤੀ ਕਰ ਤੇ ਭੇਟਾ ਵਜੋਂ ਇਹ ਮਨ ਉਸ ਦੇ ਹਵਾਲੇ ਕਰ ਦੇ, ਭਾਵ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਪਾ ਕੇ ਇਸ ਮਨ ਨੂੰ ਹਵਨ ਕਰ ਦੇ, ਅਰਥਾਤ ਦੇਹ ਅਧਿਆਸ ਤਿਆਗ ਦੇ।੩।

੯-੧੦. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਆ! ਤੂੰ ਗੋਬਿੰਦ ਦਾਮੋਦਰ ਦਇਆ ਦੇ ਘਰ, ਮਾਇਆ ਦੇ ਪਤੀ, ਪਾਰਬ੍ਰਹਮ ਨਿਰੰਕਾਰ ਦੇ ਨਾਮ ਨੂੰ ਜਪਣਾ ਕਰ, ਭਾਵ ਇਸੇ ਨਾਮ ਨੂੰ ਹਰ ਵੇਲੇ ਕੰਮ ਆਉਣ ਵਾਲੀ ਵਸਤੂ ਬਣਾ ਅਤੇ ਨਾਮ ਨੂੰ ਹੀ ਤੂੰ ਹਿਰਦੇ ਘਰ ਦੀ ਸਾਮੱਗਰੀ ਬਣਾ, ਕਿਉਂਕਿ ਨਾਮ ਹੀ ਜਿੰਦ ਦਾ ਆਸਰਾ ਹੈ।੪।੯।੨੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਭਰਮ ਭੁਲੇਖੇ ਵਿਚ ਪਏ ਜੀਵ ਨੂੰ ਸੰਬੋਧਨ ਕਰਦੇ ਹਨ ਕਿ ਐ ਮਨੁੱਖ! ਤੂੰ ਜਿਤਨੀ ਭੀ ਇਸ ਜਗਤ ਦੀ ਮਾਇਕੀ ਸਮੱਗ੍ਰੀ ਵੇਖ ਰਿਹਾ ਹੈਂ, ਇਹ ਸਾਰੀ ਦੀ ਸਾਰੀ ਇਥੇ ਹੀ ਛੱਡ ਕੇ ਤੁਰ ਜਾਣਾ ਹੈ, ਇਸ ਲਈ ਸਦਾ ਨਿਭਣ ਵਾਲਾ ਸੱਚਾ ਧਨ ਨਾਮ ਦਾ ਹੀ ਹੈ, ਇਸੇ ਨੂੰ ਆਪਣੇ ਹਿਰਦੇ ਅੰਦਰ ਸੰਚਨ ਕਰ। ਉਹ ਸਾਈਂ ਜੀ ਕਿਸੇ ਦੀ ਕੀਤੀ ਹੋਈ ਕਮਾਈ ਨੂੰ ਅਜਾਈਂ ਨਹੀਂ ਜਾਣ ਦੇਂਦਾ।

ਸੋਰਠਿ ਮਹਲਾ ੫ ॥

੧. ਮਿਰਤਕ ਕਉ ਪਾਇਓ ਤਨਿ ਸਾਸਾ
ਬਿਛੁਰਤ ਆਨਿ ਮਿਲਾਇਆ ॥
੨. ਪਸੂ ਪਰੇਤ ਮੁਗਧ ਭਏ ਸ੍ਰੋਤੇ
ਹਰਿ ਨਾਮਾ ਮੁਖਿ ਗਾਇਆ ॥੧॥
੩. ਪੂਰੇ ਗੁਰ ਕੀ ਦੇਖੁ ਵਡਾਈ ॥
੪. ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥
੫. ਦੂਖ ਸੋਗ ਕਾ ਢਾਹਿਓ ਡੇਰਾ
ਅਨਦ ਮੰਗਲ ਬਿਸਰਾਮਾ ॥
੬. ਮਨ ਬਾਂਛਤ ਫਲ ਮਿਲੇ ਅਚਿੰਤਾ
ਪੂਰਨ ਹੋਏ ਕਾਮਾ ॥੨॥
੭. ਈਹਾ ਸੁਖੁ ਆਗੈ ਮੁਖ ਊਜਲ
ਮਿਟਿ ਗਏ ਆਵਣ ਜਾਣੇ ॥
੮. ਨਿਰਭਉ ਭਏ ਹਿਰਦੈ ਨਾਮੁ ਵਸਿਆ
ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥
੯. ਊਠਤ ਬੈਠਤ ਹਰਿ ਗੁਣ ਗਾਵੈ
ਦੂਖੁ ਦਰਦੁ ਭ੍ਰਮੁ ਭਾਗਾ ॥
੧੦. ਕਹੁ ਨਾਨਕ ਤਾ ਕੇ ਪੂਰ ਕਰੰਮਾ
ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥

ਪਦ ਅਰਥ : ਮਿਰਤਕ—(ਆਤਮਕ ਜੀਵਨ ਵਲੋਂ) ਮਰਿਆ ਹੋਇਆ। ਤਨਿ—ਸਰੀਰ ਵਿਚ, ਹਿਰਦੇ ਵਿਚ। ਸਾਸਾ—ਸਾਹ, ਜਿੰਦ, ਆਤਮਕ ਜੀਵਨ ਦੇਣ ਵਾਲਾ ਨਾਮ। ਆਨਿ—ਲਿਆ ਕੇ। ਮੁਗਧ—ਮੂਰਖ। ਸ੍ਰੋਤੇ—ਸਿਫ਼ਤਿ-ਸਾਲਾਹ ਨੂੰ ਸੁਣਨ ਵਾਲੇ। ਮੁਖਿ—ਮੂੰਹ ਨਾਲ।੧।

ਤਾ ਕੀ—ਉਸ (ਵਡਿਆਈ) ਦੀ।ਰਹਾਉ।

ਸੋਗ—ਗਮ। ਬਿਸਰਾਮਾ—ਟਿਕਾਣਾ, ਨਿਵਾਸ। ਬਾਂਛਤ—ਇੱਛਤ। ਅਚਿੰਤਾ—ਅਚਨਚੇਤ।੨।

ਈਹਾ—ਇਸ ਲੋਕ ਵਿਚ। ਆਗੈ—ਪ੍ਰਲੋਕ ਵਿਚ। ਹਿਰਦੈ—ਹਿਰਦੇ ਵਿਚ। ਮਨਿ—ਮਨ ਵਿਚ। ਭਾਣੇ—ਪਿਆਰੇ ਲੱਗੇ।੩।

ਦਰਦ—ਪੀੜ। ਭ੍ਰਮੁ—ਭਟਕਣਾ। ਪੂਰ—ਪੂਰੇ, ਸਫਲ। ਕਰੰਮਾ—ਕੰਮ।੪।

ਅਰਥ :

ਪ੍ਰ: ਗੁਰਦੇਵ ਜੀਉ! ਪੂਰਨ ਸਤਿਗੁਰੂ ਵਿਚ ਖ਼ਾਸ ਵਿਸ਼ੇਸ਼ਤਾ ਕਿਹੜੀ ਹੈ?

ਉ: ੧. ਹੇ ਭਾਈਓ! ਪੂਰਨ ਗੁਰੂ ਵਿਚ ਵੱਡੀ ਵਿਸ਼ੇਸ਼ਤਾ ਇਹੋ ਹੈ ਕਿ ਉਹ ਗੁਰੂ (ਆਤਮਕ ਤੌਰ 'ਤੇ) ਮਰੇ ਹੋਏ ਮਨੁੱਖਾਂ ਦੇ ਸਰੀਰਾਂ ਵਿਚ ਨਾਮ ਰੂਪ ਜਿੰਦ ਪਾ ਦੇਂਦਾ ਹੈ, ਪ੍ਰਭੂ ਤੋਂ ਵਿਛੜੇ ਹੋਏ ਮਨੁੱਖ ਨੂੰ ਲਿਆ ਕੇ (ਪ੍ਰਭੂ ਨਾਲ) ਮਿਲਾ ਦੇਂਦਾ ਹੈ।

੨. ਹੇ ਪਿਆਰੇ ! ਗੁਰੂ ਦੇ ਮਿਲਾਪ ਤੋਂ ਪਹਿਲੋਂ ਜੋ ਮਨੁੱਖ ਪਸ਼ੂਆਂ, ਪ੍ਰੇਤਾਂ ਵਾਂਗ ਮੂਰਖ ਸਨ, ਉਹ ਜਿਸ ਵੇਲੇ ਗੁਰੂ ਉਪਦੇਸ਼ ਦੇ ਸਰੋਤੇ ਹੋ ਗਏ ਤਾਂ ਉਨ੍ਹਾਂ ਨੇ ਮੂੰਹ ਨਾਲ ਹਰਿ ਹਰਿ ਨਾਮ ਨੂੰ ਗਾਉਣਾ ਆਰੰਭ ਕਰ ਦਿੱਤਾ।੧।

ਪ੍ਰ: ਸ੍ਰੀ ਜੀਉ ! ਪੂਰਨ ਗੁਰਾਂ ਦੀ ਵਡਿਆਈ ਤਾਂ ਕਥਨ ਕਰੋ।

ਉ: ੩. ਹੇ ਭਾਈ ! ਤੂੰ ਪੂਰਨ ਗੁਰਾਂ ਦੀ ਵਡਿਆਈ ਨੂੰ ਦੇਖਣਾ ਕਰ, ਜੋ ਕਿ ਬਹੁਤ ਹੀ ਅਸਚਰਜ ਹੈ।

੪. ਉਨ੍ਹਾਂ ਦੀ ਕੀਮਤ ਕੁਝ ਭੀ ਕਹੀ ਨਹੀਂ ਜਾ ਸਕਦੀ।ਰਹਾਉ।

੫. ਹੇ ਪਿਆਰੇ ! ਗੁਰੂ ਨੇ ਹੋਰ ਭੀ ਕਿਰਪਾ ਕਰ ਦਿੱਤੀ ਹੈ ਕਿ ਦੁੱਖਾਂ ਤੇ ਸੋਗਾਂ ਦਾ ਡੇਰਾ ਜੋ ਅਗਿਆਨ ਸੀ, ਉਸ ਨੂੰ (ਉੱਕਾ ਹੀ) ਅੰਦਰੋਂ ਢਾਹ ਦਿੱਤਾ, ਜਿਸ ਕਿਰਪਾ ਦੀ ਬਰਕਤ ਨਾਲ ਜੋ ਪ੍ਰਭੂ ਮੰਗਲਾਂ ਦੇ ਕਰਨ ਵਾਲਾ ਹੈ, ਉਸ ਵਿਚ ਸਦੀਵੀ ਸਥਿਤੀ, ਭਾਵ ਬਿਸ਼ਰਾਮ ਕਰਵਾ ਦਿੱਤਾ।

੬. ਹੁਣ ਸਾਨੂੰ ਅਚਨਚੇਤ ਹੀ ਮਨ ਇੱਛਤ ਫਲ ਮਿਲ ਗਏ ਹਨ ਅਤੇ ਇਸ ਤਰ੍ਹਾਂ ਸਾਰੇ ਹੀ ਕੰਮ ਸਿਰੇ ਚੜ੍ਹ ਜਾਂਦੇ ਹਨ।੨।

੭. (ਇਸ ਤਰ੍ਹਾਂ) ਸਾਡਾ ਇਸ ਲੋਕ ਵਿਚ ਭੀ ਸੁੱਖ ਅਤੇ ਪ੍ਰਲੋਕ ਵਿਚ ਭੀ ਮੁੱਖ ਉੱਜਲਾ ਹੋਵੇਗਾ। ਇਸ ਤਰ੍ਹਾਂ ਹੁਣ ਸਾਡਾ ਜਨਮ ਮਰਨ ਦਾ ਦੁੱਖ ਭੀ ਮਿਟ ਗਿਆ ਹੈ।

੮. ਹੁਣ ਜਦੋਂ ਸਾਡੇ ਹਿਰਦੇ ਅੰਦਰ ਨਾਮ ਦਾ ਨਿਵਾਸ ਹੋ ਗਿਆ, ਤਾਂ ਅਸੀਂ ਜਮਾਂ ਦੇ ਡਰ ਤੋਂ ਭੀ ਰਹਿਤ ਹੋ ਗਏ ਹਾਂ, ਪਰ ਇਹ ਦਾਤ ਤਦੋਂ ਹੀ ਪ੍ਰਾਪਤ ਹੋਈ, ਜਦੋਂ ਅਸੀਂ ਆਪਣੇ ਸਤਿਗੁਰਾਂ ਦੇ ਮਨ ਵਿਚ ਭਾ ਗਏ ਹਾਂ।

੯. ਹੇ ਮਿੱਤਰੋ ! ਜੋ ਮਨੁੱਖ ਉਠਦਿਆਂ ਬਹਿੰਦਿਆਂ ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ, ਉਸ ਦੇ ਅੰਦਰੋਂ ਹਰੇਕ ਦੁੱਖ, ਪੀੜਾ, ਭਟਕਣਾ ਮੁੱਕ ਜਾਂਦੀ ਹੈ।

੧੦. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਉਸ ਦੇ ਸਾਰੇ ਕਰਮ ਸਫਲ ਹੋ ਜਾਂਦੇ ਹਨ, ਜਿਸ ਦਾ ਮਨ ਗੁਰੂ ਦੇ ਚਰਨਾਂ ਨਾਲ ਲੱਗ ਗਿਆ ਹੋਵੇ।੪।੧੦।੨੧।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ, ਗੁਰੂ ਦੀ ਮਹਿਮਾ ਅੰਕਤ ਕਰਦੇ ਹਨ ਜੋ ਕਿ ਮਨੁੱਖਾਂ ਨੂੰ ਆਤਮਕ ਤੌਰ 'ਤੇ ਮਰਿਆਂ ਹੋਇਆਂ ਨੂੰ ਸਦਾ ਲਈ ਅਮਰ ਜੀਵਨ ਬਖ਼ਸ਼ ਕੇ, ਸਾਈਂ ਜੀ ਦਾ ਸੰਜੋਗੀ ਬਣਾ ਦੇਣ ਵਾਲੇ ਹਨ, ਉਨ੍ਹਾਂ ਦੀ ਵਡਿਆਈ ਕਥਨ ਕਰਨੋਂ ਬਾਹਰ ਹੈ। ਜਿਨ੍ਹਾਂ ਦੇ ਹਿਰਦੇ ਅੰਦਰ ਸਤਿਗੁਰੂ ਦਾ ਦਿੱਤਾ ਨਾਮ ਵਸ ਗਿਆ ਹੈ, ਉਹ ਹਰ ਤਰ੍ਹਾਂ ਦੇ ਡਰ ਤੋਂ ਰਹਿਤ ਹੋਏ ਲੋਕ-ਪ੍ਰਲੋਕ ਵਿਚ ਸੁਖੀਏ ਹੁੰਦੇ ਹਨ।

ਸੋਰਠਿ ਮਹਲਾ ੫ ॥

੧. ਰਤਨੁ ਛਾਡਿ ਕਉਡੀ ਸੰਗਿ ਲਾਗੇ
ਜਾ ਤੇ ਕਛੂ ਨ ਪਾਈਐ ॥
੨. ਪੂਰਨ ਪਾਰਬ੍ਰਹਮ ਪਰਮੇਸੁਰ
ਮੇਰੇ ਮਨ ਸਦਾ ਧਿਆਈਐ ॥੧॥
੩. ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥
੪. ਬਿਨਸੈ ਕਾਚੀ ਦੇਹ ਅਗਿਆਨੀ ॥ ਰਹਾਉ ॥
੫. ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ
ਤਾ ਕੀ ਕਛੁ ਨ ਵਡਾਈ ॥
੬. ਰਾਮ ਭਜਨ ਬਿਨੁ ਕਾਮਿ ਨ ਆਵਸਿ
ਸੰਗਿ ਨ ਕਾਹੂ ਜਾਈ ॥੨॥
੭. ਹਉ ਹਉ ਕਰਤ ਬਿਹਾਇ ਅਵਰਦਾ
ਜੀਅ ਕੋ ਕਾਮੁ ਨ ਕੀਨਾ ॥
੮. ਧਾਵਤ ਧਾਵਤ ਨਹ ਤ੍ਰਿਪਤਾਸਿਆ
ਰਾਮ ਨਾਮੁ ਨਹੀ ਚੀਨਾ ॥੩॥
੯. ਸਾਦ ਬਿਕਾਰ ਬਿਖੈ ਰਸ ਮਾਤੋ
ਅਸੰਖ ਖਤੇ ਕਰਿ ਫੇਰੇ ॥
੧੦. ਨਾਨਕ ਕੀ ਪ੍ਰਭ ਪਾਹਿ ਬਿਨੰਤੀ
ਕਾਟਹੁ ਅਵਗੁਣ ਮੇਰੇ ॥੪॥੧੧॥੨੨॥

ਪਦ ਅਰਥ : ਰਤਨੁ—ਹੀਰੇ ਵਰਗਾ ਕੀਮਤੀ ਪ੍ਰਭੂ-ਨਾਮ। ਕਉਡੀ—ਕੌਡੀ ਵਰਗੀ ਤੁੱਛ ਮਾਇਆ। ਸੰਗਿ—ਨਾਲ। ਜਾ ਤੇ—ਜਿਸ (ਮਾਇਆ) ਪਾਸੋਂ। ਮਨ—ਹੇ ਮਨ।੧।

ਪਰਾਨੀ—ਹੇ ਬੰਦੇ। ਕਾਚੀ—ਸਦਾ ਕਾਇਮ ਨਾ ਰਹਿਣ ਵਾਲੀ। ਦੇਹ—ਸਰੀਰ। ਅਗਿਆਨੀ—ਹੇ ਮੂਰਖ।ਰਹਾਉ।

ਮ੍ਰਿਗ ਤ੍ਰਿਸਨਾ—ਠਗ ਨੀਰਾ, ਉਹ ਰੇਤ ਥਲ ਜੋ ਤਿਹਾਏ ਹਰਨ ਨੂੰ ਪਾਣੀ ਜਾਪਦਾ ਹੈ। ਸੁਪਨ ਮਨੋਰਥ—ਸੁਪਨੇ ਵਿਚ ਮਿਲੇ ਪਦਾਰਥ। ਤਾ ਕੀ—ਇਸ (ਮਾਇਆ) ਦੀ। ਕਾਮਿ—ਕੰਮ ਵਿਚ। ਨ ਆਵਸਿ—ਨਹੀਂ ਆਵੇਗੀ। ਕਾਹੂ ਸੰਗਿ—ਕਿਸੇ ਦੇ ਭੀ ਨਾਲ।੨।

ਹਉ ਹਉ ਕਰਤ—ਮੈਂ-ਮੈਂ ਕਥਦਿਆਂ, ਸਦਾ ਮਾਣ ਕਰਦਿਆਂ। ਬਿਹਾਇ—ਗੁਜ਼ਰ ਜਾਂਦੀ ਹੈ। ਅਵਰਦਾ—ਉਮਰ। ਜੀਅ ਕੋ—ਜਿੰਦ ਦਾ, ਜਿੰਦ ਦੇ ਲਾਭ ਵਾਸਤੇ। ਧਾਵਤ ਧਾਵਤ—ਦੌੜਦਾ ਭਟਕਦਾ। ਤ੍ਰਿਪਤਾਸਿਆ—ਰੱਜਦਾ। ਚੀਨਾ—ਪਛਾਣਿਆ। ਸਾਦ—ਚਸਕੇ। ਬਿਖੈ ਰਸ—ਪਦਾਰਥਾਂ ਦੇ ਸੁਆਦ। ਮਾਤੋ—ਮਸਤ। ਖਤੇ—ਪਾਪ। ਕਰਿ—ਕਰ ਕੇ। ਫੇਰੇ—ਜਨਮ ਮਰਨ ਦੇ ਗੇੜਾਂ ਵਿਚ। ਪਾਹਿ—ਪਾਸਿ, ਪਾਸ।੪।

ਅਰਥ :

ਪ੍ਰ: ਹੇ ਗੁਰੋ ! ਸੰਸਾਰ ਦਾ ਹਰ ਜੀਵ ਦੁਖੀਆ ਹੀ ਵੇਖੀਦਾ ਹੈ, ਇਸ ਦਾ ਅਸਲ ਕਾਰਨ ਕੀ ਹੈ ?

ਉ: ੧. ਹੇ ਭਾਈਓ ! ਇਹ ਸਾਰੇ ਜੀਵ ਵਾਹਿਗੁਰੂ ਜੀ ਦੇ ਅਮੋਲਕ ਨਾਮ ਪਦਾਰਥ ਨੂੰ ਛੱਡ ਕੇ ਜੋ ਕੌਡੀ ਦੇ ਮੁੱਲ ਦੀ ਮਾਇਆ ਹੈ, ਇਹ ਇਸ ਨਾਲ ਚੰਬੜੇ ਰਹਿੰਦੇ ਹਨ, ਜਿਸ ਵਿਚੋਂ ਅੰਤ ਨੂੰ ਕੁਝ ਭੀ ਪ੍ਰਾਪਤ ਨਹੀਂ ਹੁੰਦਾ, ਇਸੀ ਕਰਕੇ ਸੰਸਾਰ ਦਾ ਹਰ ਮਨੁੱਖ ਹੀ ਦੁਖੀਆ ਵੇਖੀਦਾ ਹੈ।

ਪ੍ਰ: ਕਿਉਂ ਜੀ ! ਮੇਰੇ ਕਰਨ ਜੋਗ ਅਸਲ ਕਰਮ ਕਿਹੜਾ ਹੈ ?

ਉ: ੨. ਹੇ ਮੇਰੇ ਪਿਆਰੇ ! ਜੋ ਪਾਰਬ੍ਰਹਮ ਪਰਮੇਸ਼ਰ ਸਾਰਿਆਂ ਵਿਚ ਪਰੀ ਪੂਰਨ ਹੈ, ਉਸ ਨੂੰ ਹੀ ਸਦਾ ਸਿਮਰਦਾ ਰਹੁ।੧।

੩. ਹੇ ਬੰਦੇ ! ਤੂੰ ਸਦਾ ਹੀ ਪਰਮਾਤਮਾ ਦਾ ਨਾਮ ਸਿਮਰਿਆ ਕਰ।

੪. ਹੇ ਅਗਿਆਨੀਆ ! ਇਹ ਸਰੀਰ ਸਦਾ ਕਾਇਮ ਰਹਿਣ

ਵਾਲਾ ਨਹੀਂ ਹੈ, ਇਸਨੇ ਆਖ਼ਰ ਜ਼ਰੂਰ ਨਾਸ ਹੋ ਜਾਣਾ ਹੈ।ਰਹਾਉ।

ਪ੍ਰ: ਹਜ਼ੂਰ! ਆਪ ਜੀ ਤਾਂ ਸੱਚ ਹੀ ਕਹਿੰਦੇ ਹੋ, ਪਰ ਮਾਇਆ ਦਾ ਚਮਤਕਾਰ ਭੀ ਅਜੇਹਾ ਪ੍ਰਭਾਵਸ਼ਾਲੀ ਹੈ ਜੋ ਕਿ ਮਨੁੱਖ ਦੇ ਮਨ ਨੂੰ ਕਈ ਰੂਪਾਂ ਵਿਚ ਖਿੱਚ ਪਾਉਂਦਾ ਹੈ।

ਉ: ੫. ਹੇ ਭੋਲਿਆ! ਵੇਖ, ਤੂੰ ਜਿਸ ਮਾਇਆ ਦੇ ਚਮਤਕਾਰ ਨੂੰ ਵੇਖ-ਵੇਖ ਕੇ ਮੋਹਤ ਹੋ ਰਿਹਾ ਹੈਂ, ਇਹ ਤਾਂ ਚਮਤਕਾਰ, ਠੱਗ ਨੀਰਾ ਦੀ ਤਰ੍ਹਾਂ ਹੈ, ਭਾਵ ਮ੍ਰਿਗ ਤ੍ਰਿਸ਼ਨਾ ਦਾ ਪਾਣੀ ਹੈ ਜੋ ਕਿ ਤਿਹਾਏ ਹਰਨ ਨੂੰ ਤੜਫਾ-ਤੜਫਾ ਕੇ ਮਾਰ ਮੁਕਾਂਦਾ ਹੈ, ਜਾਂ ਇਉਂ ਸਮਝ ਜਿਵੇਂ ਸੁਪਨੇ ਵਿਚ ਮਿਲੇ ਪਦਾਰਥ ਹਨ, ਜੋ ਕਿ ਅਸਲ ਵਿਚ ਨਹੀਂ ਹੁੰਦੇ। ਇਸ ਲਈ ਆਤਮਕ ਜੀਵਨ ਵਾਲੇ ਦੇਸ਼ ਵਿਚ ਇਸ ਮਾਇਆ ਨੂੰ ਕੁਝ ਵੀ ਇੱਜ਼ਤ ਨਹੀਂ ਮਿਲਦੀ, (ਕਿਉਂਕਿ ਇਹ ਝੂਠੀ ਹੈ।)।

੬. ਹੇ ਪਿਆਰੇ! ਤੂੰ ਇਹ ਨਿਸ਼ਚਾ ਕਰ ਲੈ ਕਿ ਪਰਮੇਸ਼ਰ ਦੇ ਭਜਨ ਤੋਂ ਬਿਨਾ ਹੋਰ ਕੋਈ ਭੀ ਮਾਇਕੀ ਚੀਜ਼ ਕੰਮ ਨਹੀਂ ਆਉਂਦੀ, ਭਾਵ ਪ੍ਰਮਾਰਥ ਜੀਵਨ ਵਿਚ ਇਹ ਸਹਾਇਕ ਨਹੀਂ ਹੁੰਦੀ ਅਤੇ ਅੰਤ ਨੂੰ ਇਹ ਮਾਇਆ ਕਿਸੇ ਦੇ ਨਾਲ ਭੀ ਨਹੀਂ ਜਾਂਦੀ।੨।

ਪ੍ਰ: ਕਿਉਂ ਜੀ! ਫਿਰ ਇਸ ਧੋਖਾ ਦੇਣ ਵਾਲੀ ਮਾਇਆ ਦੇ ਭੁਲਾਵੇ ਨੂੰ ਇਹ ਮਨੁੱਖ ਸਮਝਦਾ ਕਿਉਂ ਨਹੀਂ?

ਉ: ੭. ਹੇ ਭਾਈ! ਉਹ ਇਸ ਲਈ ਕਿ ਇਸ ਮਾਇਆ ਮੋਹਤ ਜੀਵ ਦੀ ਸਾਰੀ ਉਮਰ ਹੀ ਮੈਂ-ਮੈਂ ਕਰਦਿਆਂ ਦੀ ਬੀਤ ਜਾਂਦੀ ਹੈ, ਇਹ ਕੋਈ ਐਸਾ ਕੰਮ ਹੀ ਨਹੀਂ ਕਰਦਾ ਜੋ ਕਿ ਇਸ ਦੇ ਜੀਵਨ ਲਈ ਲਾਭਦਾਇਕ ਹੋਵੇ। ਮਾਇਆ ਦੇ ਭੁਲਾਵੇ ਵਿਚ ਪਿਆ ਇਹ ਜੀਵ ਅਸਲੀ ਵੀਚਾਰ ਕਰਨ ਵਲੋਂ ਸੱਖਣਾ ਹੀ ਰਹਿੰਦਾ ਹੈ।

੮. ਹੇ ਪਿਆਰੇ! ਇਹ ਮਾਇਆ ਵੇੜ੍ਹੇ ਜੀਵ ਦੀ ਸਾਰੀ ਉਮਰ ਮਾਇਕੀ ਪਦਾਰਥਾਂ ਦੀ ਖ਼ਾਤਰ ਦੌੜਦਿਆਂ ਭਟਕਦਿਆਂ ਬੀਤ ਜਾਂਦੀ ਹੈ, ਪਰ ਤਾਂ ਭੀ ਇਸ ਦਾ ਮਨ ਤ੍ਰਿਪਤ ਨਹੀਂ ਹੁੰਦਾ, (ਕਿਉਂਕਿ) ਜਿਸ ਰਾਮ ਨਾਮ ਦੇ ਸਿਮਰਨ ਦੁਆਰਾ ਇਸ ਨੂੰ ਤ੍ਰਿਪਤੀ ਹੋਣੀ ਸੀ, ਉਸ ਨੂੰ ਇਸ ਨੇ ਪਛਾਨਿਆ ਹੀ ਨਹੀਂ, ਭਾਵ ਉਸ ਨਾਲ ਸਾਂਝ ਹੀ ਨਹੀਂ ਪਾ ਸਕਿਆ।੩।

੯. ਹੇ ਭਾਈ! ਇਹ ਮਾਇਆ ਵੇੜ੍ਹਿਆ ਜੀਵ ਚਸਕਿਆਂ ਵਿਚ, ਵਿਕਾਰਾਂ ਵਿਚ, ਪਦਾਰਥਾਂ ਦੇ ਸੁਆਦਾਂ ਵਿਚ ਮਸਤ ਰਹਿੰਦਾ ਹੈ, (ਇਨ੍ਹਾਂ ਦੇ ਪ੍ਰਭਾਵ ਹੇਠ ਦਬਿਆ ਹੋਇਆ) ਬੇਅੰਤ ਹੀ ਪਾਪ ਕਰਮ ਕਰ ਕਰ ਕੇ ਜਨਮ ਮਰਨ ਦੇ ਗੇੜਾਂ ਵਿਚ ਪਿਆ ਰਹਿੰਦਾ ਹੈ।

ਪ੍ਰ: ਕਿਉਂ ਜੀ! ਇਨ੍ਹਾਂ ਪਾਪਾਂ ਤੋਂ ਬਚਣ ਲਈ ਸਾਧਨ ਕੀ ਕਰਨਾ ਚਾਹੀਦਾ ਹੈ?

ਉ: ੧੦. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੇਰੀ ਬੇਨਤੀ ਤਾਂ ਇਕ ਪ੍ਰਭੂ ਜੀ ਦੇ ਪਾਸ ਹੀ ਹੈ, ਭਾਵ ਮੈਂ ਤਾਂ ਪ੍ਰਭੂ ਨੂੰ ਹੀ ਆਖਦਾ ਹਾਂ ਕਿ ਹੇ ਸਾਈਂ ਜੀ! ਆਪ ਜੀ ਮੇਰੇ ਔਗੁਣ ਕੱਟ ਦੇਵੋ।੪।੧੧।੨੨।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਉਨ੍ਹਾਂ ਲੋਕਾਂ ਦਾ ਜ਼ਿਕਰ ਕੀਤਾ ਹੈ, ਜੋ ਕਿ ਪਰਮੇਸ਼ਰ ਦੇ ਨਾਮ ਨੂੰ ਤਿਆਗ ਕੇ ਤੁੱਛ ਰੂਪ ਮਾਇਆ ਦੇ ਪਿੱਛੇ ਪਏ ਆਪਣਾ ਅਮੋਲਕ ਜੀਵਨ ਵਿਅਰਥ ਗਵਾ ਰਹੇ ਹਨ। ਅੰਤ ਵਿਚ ਸਿਧਾਂਤਕ ਗੱਲ ਕਹਿੰਦੇ ਹਨ ਕਿ ਇਸ ਮਨੁੱਖ ਦੇ ਮਨ ਦੀ ਤ੍ਰਿਪਤੀ ਮਾਇਕੀ ਪਦਾਰਥਾਂ ਨਾਲ ਨਹੀਂ ਹੁੰਦੀ, ਇਸ ਲਈ ਭੁੱਖੇ ਮਨ ਨੂੰ ਤ੍ਰਿਪਤ ਕਰਨ ਲਈ ਨਾਮ ਦਾ ਚਿੰਤਨ ਕਰਦੇ ਰਹਿਣਾ ਚਾਹੀਦਾ ਹੈ।

ਸੋਰਠਿ ਮਹਲਾ ੫ ॥

੧. ਗੁਣ ਗਾਵਹੁ ਪੂਰਨ ਅਬਿਨਾਸੀ
ਕਾਮ ਕ੍ਰੋਧ ਬਿਖੁ ਜਾਰੇ ॥
੨. ਮਹਾ ਬਿਖਮੁ ਅਗਨਿ ਕੋ ਸਾਗਰੁ
ਸਾਧੂ ਸੰਗਿ ਉਧਾਰੇ ॥੧॥
੩. ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥
੪. ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥
੫. ਹਰਿ ਹਰਿ ਨਾਮੁ ਨਿਧਾਨ ਰਸੁ ਪੀਆ
ਮਨ ਤਨ ਰਹੇ ਅਘਾਈ ॥
੬. ਜਤ ਕਤ ਪੂਰਿ ਰਹਿਓ ਪਰਮੇਸਰੁ
ਕਤ ਆਵੈ ਕਤ ਜਾਈ ॥੨॥
੭. ਜਪ ਤਪ ਸੰਜਮ ਗਿਆਨ ਤਤ ਬੇਤਾ
ਜਿਸੁ ਮਨਿ ਵਸੈ ਗੁੋਪਾਲਾ ॥
੮. ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ
ਤਾ ਕੀ ਪੂਰਨ ਘਾਲਾ ॥੩॥
੯. ਕਲਿ ਕਲੇਸ ਮਿਟੇ ਦੁਖ ਸਗਲੇ
ਕਾਟੀ ਜਮ ਕੀ ਫਾਸਾ ॥
੧੦. ਕਹੁ ਨਾਨਕ ਪ੍ਰਭਿ ਕਿਰਪਾ ਧਾਰੀ
ਮਨ ਤਨ ਭਏ ਬਿਗਾਸਾ ॥੪॥੧੨॥੨੩॥

ਪਦ ਅਰਥ : ਬਿਖੁ—ਜ਼ਹਿਰ। ਜਾਰੇ—ਸਾੜ ਦੇਂਦਾ ਹੈ। ਬਿਖਮੁ—ਔਖਾ। ਕੋ—ਦਾ। ਅਗਨਿ ਕੋ ਸਾਗਰੁ—ਅੱਗ ਦਾ ਸਮੁੰਦਰ। ਸੰਗਿ—ਸੰਗਤ ਵਿਚ। ਉਧਾਰੇ—ਪਾਰ ਲੰਘਾ ਦੇਂਦਾ ਹੈ।੧।

ਗੁਰਿ—ਗੁਰੂ ਨੇ। ਭਰਮੁ—ਭਟਕਣਾ। ਅੰਧੇਰਾ—ਮਾਇਆ ਦੇ ਮੋਹ ਦਾ ਹਨੇਰਾ। ਭਜੁ—ਸਿਮਰ। ਨੇਰਾ—ਨੇੜੇ, ਅੰਗ ਸੰਗ।ਰਹਾਉ।

ਨਿਧਾਨ—ਖ਼ਜ਼ਾਨੇ। ਰਹੇ ਅਘਾਈ—ਰੱਜ ਗਏ, ਤ੍ਰਿਪਤ ਹੋ ਗਏ। ਜਤ ਕਤ—ਜਿਥੇ ਕਿਥੇ, ਹਰ ਥਾਂ।੨।

ਬੇਤਾ—ਜਾਨਣ ਵਾਲਾ। ਤਤ ਬੇਤਾ—ਅਸਲੀਅਤ ਦਾ ਜਾਨਣ ਵਾਲਾ। ਜਿਸੁ ਮਨਿ—ਜਿਸ ਦੇ ਮਨ ਵਿਚ। ਗੁੋਪਾਲਾ—(ਅੱਖਰ 'ਗ' ਦੇ ਨਾਲ ਦੋ ਲੱਗਾਂ ਹਨ— ੋ, ਅਤੇ ੁ। ਅਸਲ ਲਫ਼ਜ਼ 'ਗੋਪਾਲਾ' ਹੈ, ਇਥੇ ਇਸ ਨੂੰ ਗੁਪਾਲਾ ਪੜ੍ਹਨਾ ਹੈ)। ਜਿਨਿ—ਜਿਸ ਮਨੁੱਖ ਨੇ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਘਾਲਾ—ਮਿਹਨਤ।੩।

ਕਲਿ—ਝਗੜੇ। ਸਗਲੇ—ਸਾਰੇ। ਫਾਸਾ—ਫਾਹੀ। ਪ੍ਰਭਿ—ਪ੍ਰਭੂ ਨੇ। ਬਿਗਾਸਾ—ਪ੍ਰਸੰਨ।੪।

ਅਰਥ :

ਪ੍ਰ: ਹੇ ਗੁਰੋ! ਕਾਮਾਦਿਕ ਵਿਕਾਰ ਸੱਪਾਂ ਦੀ ਨਿਆਈਂ ਬਹੁਤ ਜ਼ਹਿਰੀਲੇ ਹਨ, ਇਨ੍ਹਾਂ ਦੀ ਜ਼ਹਿਰ ਤੋਂ ਕਿਵੇਂ ਬਚਿਆ ਜਾਵੇ ?

ਉ: ੧. ਹੇ ਪਿਆਰੇ! (ਪੂਰੇ ਗੁਰੂ ਦੀ ਸ਼ਰਨ ਪੈ ਕੇ) ਸਰਵ ਵਿਆਪਕ, ਨਾਸ ਰਹਿਤ ਪ੍ਰਭੂ ਜੀ ਦੇ ਗੁਣ ਗਾਇਆ ਕਰ। ਜਿਹੜਾ ਮਨੁੱਖ ਇਸ ਤਰ੍ਹਾਂ ਦਾ ਉੱਦਮ ਕਰਦਾ ਹੈ, ਉਹ ਆਪਣੇ ਅੰਦਰੋਂ (ਬਾਰ-ਬਾਰ ਮੌਤ ਲਿਆਉਣ ਵਾਲੇ) ਕਾਮਾਦਿਕਾਂ ਦੀ ਜ਼ਹਿਰ ਨੂੰ ਸਾੜ ਦੇਂਦਾ ਹੈ।

੨. ਹੇ ਭਾਈ! ਇਹ ਜਗਤ ਵਿਕਾਰਾਂ ਦੀ ਅੱਗ ਦਾ ਸਮੁੰਦਰ ਹੈ, ਇਸ ਤੋਂ ਪਾਰ ਲੰਘਣਾ ਬਹੁਤ ਕਠਿਨ ਹੈ, (ਸਿਫ਼ਤਿ-ਸਾਲਾਹ ਕਰਨ ਵਾਲੇ ਮਨੁੱਖ ਨੂੰ ਗੁਰੂ) ਸਾਧ ਸੰਗਤ ਵਿਚ ਰੱਖ ਕੇ, ਇਸ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਾ ਲੈਂਦਾ ਹੈ।੧।

੩. ਇਸ ਲਈ, ਹੇ ਪਿਆਰੇ! ਤੂੰ ਭੀ ਪੂਰੇ ਗੁਰੂ ਦੀ ਸ਼ਰਨ ਵਿਚ ਪੈ ਜਾ। ਜਿਹੜਾ ਮਨੁੱਖ ਪੂਰੇ ਗੁਰੂ ਦੀ ਸ਼ਰਨ ਵਿਚ ਪਿਆ ਹੈ, ਪੂਰੇ ਗੁਰੂ ਨੇ ਉਸ ਦੇ ਅੰਦਰੋਂ ਭਰਮ ਮਿਟਾ ਦਿੱਤਾ ਤੇ ਉਸ ਦਾ ਮਾਇਆ ਦੇ ਮੋਹ ਦਾ ਹਨੇਰਾ ਭੀ ਦੂਰ ਕਰ ਦਿੱਤਾ ਹੈ।

੪. ਹੇ ਭਾਈ! ਤੂੰ ਭੀ ਗੁਰੂ ਦੀ ਸ਼ਰਨ ਪੈ ਕੇ, ਪ੍ਰੇਮ ਭਰੀ ਭਗਤੀ ਨਾਲ ਪ੍ਰਭੂ ਦਾ ਭਜਨ ਕਰਿਆ ਕਰ, (ਜਿਨ੍ਹਾਂ ਨੇ ਇਉਂ ਉੱਦਮ ਕੀਤਾ ਹੈ ਉਸ ਨੇ) ਪ੍ਰਭੂ ਜੀ ਨੂੰ ਨੇੜੇ ਹੀ ਵੇਖ ਲਿਆ ਹੈ।ਰਹਾਉ।

੫. ਹੇ ਪਿਆਰੇ! ਪਰਮੇਸ਼ਰ ਦਾ ਨਾਮ ਸਾਰਿਆਂ ਰਸਾਂ ਦਾ ਖ਼ਜ਼ਾਨਾ ਹੈ। ਜਿਹੜਾ ਮਨੁੱਖ ਗੁਰੂ ਦੁਆਰਾ ਇਸ ਖ਼ਜ਼ਾਨੇ ਦਾ ਰਸ ਪੀਂਦਾ ਹੈ, ਉਸ ਦਾ ਮਨ, ਉਸ ਦਾ ਤਨ ਮਾਇਆ ਦੇ ਰਸਾਂ ਵਲੋਂ ਰੱਜ ਜਾਂਦਾ ਹੈ।

੬. ਹੇ ਪਿਆਰੇ! ਜੋ ਮਨੁੱਖ ਮਾਇਕੀ ਰਸਾਂ ਵਲੋਂ ਰੱਜ ਜਾਂਦਾ ਹੈ, ਉਸ ਨੂੰ ਹਰ ਥਾਂ ਪ੍ਰਭੂ ਵਿਆਪਕ ਦਿੱਸ ਪੈਂਦਾ ਹੈ। ਉਹ ਮਨੁੱਖ ਨਾ ਜੰਮਦਾ ਹੈ ਤੇ ਨਾ ਹੀ ਮਰਦਾ ਹੈ।੨।

੭. ਹੇ ਭਾਈ! ਜਿਸ ਦੇ ਮਨ ਵਿਚ ਸ੍ਰਿਸ਼ਟੀ ਦੇ ਪਾਲਣ ਵਾਲਾ ਪ੍ਰਭੂ ਜੀ ਵਸ ਜਾਂਦਾ ਹੈ, ਉਹ ਮਨੁੱਖ ਅਸਲੀ ਜਪ ਤਪ ਦੇ ਭੇਤ ਨੂੰ ਸਮਝਣ ਵਾਲਾ ਹੋ ਜਾਂਦਾ ਹੈ ਅਤੇ ਉਹੀ ਮਨੁੱਖ ਆਤਮਕ ਜੀਵਨ ਦੀ ਸੂਝ ਦਾ ਗਿਆਤਾ ਹੋ ਜਾਂਦਾ ਹੈ।੩।

੮. ਅਜੇਹੇ, ਜਿਸ ਮਨੁੱਖ ਨੇ ਨਾਮ ਅਮੋਲਕ ਪਾਇਆ ਹੈ, ਉਸੇ ਦੀ ਕਮਾਈ ਪੂਰਨ ਹੈ।

੯. ਉਸ ਦੇ ਕਲਪਣਾ ਆਦਿ ਦੁੱਖ ਅਤੇ ਜੋ ਪੰਜ ਕਲੇਸ਼ ਸਨ, ਉਹ ਸਾਰੇ ਹੀ ਮਿਟ ਗਏ ਅਤੇ ਉਸ ਦੇ ਗਲੋਂ ਮਾਇਆ ਦੇ ਮੋਹ ਦੀ ਫਾਂਸੀ ਭੀ ਕੱਟੀ ਗਈ, ਜੋ ਕਿ ਆਤਮਕ ਮੌਤ ਲਿਆ ਕੇ ਬਾਰ ਬਾਰ ਜਮਾਂ ਦੇ ਵਸ ਵਿਚ ਪਾਉਂਦੀ ਸੀ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਿਨ੍ਹਾਂ ਮਨੁੱਖਾਂ 'ਤੇ ਪ੍ਰਭੂ ਜੀ ਨੇ ਮਿਹਰ ਕੀਤੀ ਹੈ, ਉਹ ਮਨੋ ਤਨੋ (ਸਦੀਵੀ ਕਾਲ ਲਈ) ਪ੍ਰਸੰਨ ਹੋ ਗਏ ਹਨ।੪।੧੨।੨੩।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਨਾਨਕ ਦੇਵ ਜੀ ਅਬਿਨਾਸ਼ੀ ਪ੍ਰਭੂ ਦੇ ਗੁਣ ਗਾਉਣ ਦੀ ਪ੍ਰੇਰਣਾ ਕਰਦੇ ਹਨ, ਜਿਸ ਦੀ ਬਰਕਤ ਨਾਲ ਅੰਦਰੋਂ ਕਾਮਾਦਿਕ ਵਿਕਾਰ ਸੜ ਜਾਂਦੇ ਹਨ। ਅੰਤ ਵਿਚ ਕਹਿੰਦੇ ਹਨ ਕਿ ਜਿਸ ਦੇ ਮਨ ਵਿਚ ਪ੍ਰਿਥਵੀ ਦਾ ਪਾਲਣਹਾਰ ਵਸ ਜਾਵੇ, ਉਹੀ ਸਹੀ ਜਪ, ਤਪ, ਸੰਜਮੀ ਤੇ ਤੱਤ ਸਰੂਪ ਦੇ ਜਾਨਣ ਵਾਲਾ ਕਿਹਾ ਜਾ ਸਕਦਾ ਹੈ।

ਸੋਰਠਿ ਮਹਲਾ ੫ ॥

੧. ਕਰਣ ਕਰਾਵਣਹਾਰ ਪ੍ਰਭੁ ਦਾਤਾ
ਪਾਰਬ੍ਰਹਮ ਪ੍ਰਭੁ ਸੁਆਮੀ ॥
੨. ਸਗਲੇ ਜੀਅ ਕੀਏ ਦਇਆਲਾ
ਸੋ ਪ੍ਰਭੁ ਅੰਤਰਜਾਮੀ ॥੧॥
੩. ਮੇਰਾ ਗੁਰੁ ਹੋਆ ਆਪਿ ਸਹਾਈ ॥
੪. ਸੂਖ ਸਹਜ ਆਨੰਦ ਮੰਗਲ ਰਸ
ਅਚਰਜ ਭਈ ਬਡਾਈ ॥ ਰਹਾਉ ॥
੫. ਗੁਰ ਕੀ ਸਰਣਿ ਪਏ ਭੈ ਨਾਸੇ
ਸਾਚੀ ਦਰਗਹ ਮਾਨੇ ॥
੬. ਗੁਣ ਗਾਵਤ ਆਰਾਧਿ ਨਾਮੁ ਹਰਿ
ਆਏ ਅਪੁਨੈ ਥਾਨੇ ॥੨॥
੭. ਜੈ ਜੈ ਕਾਰੁ ਕਰੈ ਸਭ ਉਸਤਤਿ
ਸੰਗਤਿ ਸਾਧ ਪਿਆਰੀ ॥
੮. ਸਦ ਬਲਿਹਾਰਿ ਜਾਉ ਪ੍ਰਭ ਅਪੁਨੇ
ਜਿਨਿ ਪੂਰਨ ਪੈਜ ਸਵਾਰੀ ॥੩॥
੯. ਗੋਸਟਿ ਗਿਆਨੁ ਨਾਮੁ ਸੁਣਿ ਉਧਰੇ
ਜਿਨਿ ਜਿਨਿ ਦਰਸਨੁ ਪਾਇਆ ॥
੧੦. ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ
ਅਨਦ ਸੇਤੀ ਘਰਿ ਆਇਆ ॥੪॥੧੩॥੨੪॥

ਪਦ ਅਰਥ : ਕਰਣਹਾਰ—ਸਭੋ ਕੁਝ ਕਰ ਸਕਣ ਵਾਲਾ। ਕਰਾਵਣਹਾਰ—ਜੀਵਾਂ ਪਾਸੋਂ ਸਭ ਕੁਝ ਕਰਾ ਸਕਣ ਵਾਲਾ। ਦਾਤਾ—ਦਾਤਾਂ ਦੇਣ ਵਾਲਾ। ਸੁਆਮੀ—ਮਾਲਕ। ਕੀਏ—ਪੈਦਾ ਕੀਤੇ। ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਨਣ ਵਾਲਾ।੧।

ਸਹਾਈ—ਮਦਦਗਾਰ। ਮੰਗਲ—ਖ਼ੁਸ਼ੀਆਂ। ਰਸ—ਸੁਆਦ। ਅਚਰਜ—ਹੈਰਾਨ ਕਰ ਦੇਣ ਵਾਲੀ। ਬਡਾਈ—ਇੱਜ਼ਤ।ਰਹਾਉ।

ਮਾਨੇ—ਆਦਰ ਪਾਂਦੇ ਹਨ। ਅਰਾਧਿ—ਸਿਮਰ ਕੇ। ਅਪਨੈ ਥਾਨੇ—ਉਸ ਥਾਂ 'ਤੇ ਜਿਥੋਂ ਕੋਈ ਵਿਕਾਰ ਭਟਕਣਾ ਵਿਚ ਨਹੀਂ ਪਾ ਸਕਦਾ।੨।

ਜੈ ਜੈ ਕਾਰੁ—ਵਡਿਆਈ, ਆਦਰ, ਮਾਣ। ਸਭ—ਸਾਰੀ ਲੁਕਾਈ। ਉਸਤਤਿ—ਸੋਭਾ। ਸਾਧੂ—ਗੁਰੂ। ਸਦ—ਸਦਾ। ਬਲਿਹਾਰਿ ਜਾਉ—ਮੈਂ ਸਦਕੇ ਜਾਂਦਾ ਹਾਂ (ਜਾਉਂ)। ਜਿਨਿ—ਜਿਸ (ਪ੍ਰਭੂ) ਨੇ। ਪੈਜ—ਇੱਜ਼ਤ।੩।

ਗੋਸਟਿ—ਮਿਲਾਪ। ਗਿਆਨ—ਆਤਮਕ ਜੀਵਨ ਦੀ ਸੋਝੀ। ਸੁਣਿ—ਸੁਣ ਕੇ। ਉਧਾਰੇ—ਵਿਕਾਰਾਂ ਤੋਂ ਬਚ ਜਾਂਦੇ ਹਨ। ਜਿਨਿ ਜਿਨਿ—ਜਿਸ-ਜਿਸ ਮਨੁੱਖ ਨੇ। ਸੇਤੀ—ਨਾਲ। ਘਰਿ—ਘਰ ਵਿਚ, ਹਿਰਦੇ ਘਰ ਵਿਚ।੪।

ਅਰਥ :

ਪ੍ਰ: ਹੇ ਗੁਰੋ! ਜਦੋਂ ਕਿਸੇ ਮਨੁੱਖ ਦਾ ਸਹਾਇਕ ਗੁਰੂ ਬਣ ਜਾਂਦਾ ਹੈ, ਤਾਂ ਉਸ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੧. ਹੇ ਪਿਆਰੇ! ਉਸ ਮਨੁੱਖ ਨੂੰ ਇਉਂ ਵਿਸ਼ਵਾਸ ਹੋ ਜਾਂਦਾ ਹੈ ਕਿ ਉਹ ਪਰਮੇਸ਼ਰ ਸਭੋ ਕੁਝ ਕਰਨ ਅਤੇ ਜੀਵਾਂ ਪਾਸੋਂ ਕਰਾ ਸਕਣ ਵਾਲਾ ਹੈ ਅਤੇ ਹਰ ਜੀਵ ਨੂੰ ਹਰ ਪ੍ਰਕਾਰ ਦੀ ਦਾਤ ਬਖ਼ਸ਼ਸ਼ ਕਰਨ ਵਾਲਾ ਹੈ ਤੇ ਸਭਨਾਂ ਦਾ ਮਾਲਕ ਹੈ।

੨. ਉਸੇ ਦਿਆਲੂ ਨੇ ਸਭਨਾਂ ਜੀਵਾਂ ਨੂੰ ਪੈਦਾ ਕੀਤਾ ਹੈ, ਉਹੋ ਸਮਰੱਥ ਅੰਤਰ ਹੋਇਕੇ ਸਭਨਾਂ ਨੂੰ ਪ੍ਰੇਰ ਰਿਹਾ ਹੈ।੧।

੩. ਹੇ ਪਿਆਰੇ! ਮੇਰਾ ਗੁਰੂ ਜਿਸ ਮਨੁੱਖ ਦਾ ਆਪ ਮਦਦਗਾਰ ਬਣਦਾ ਹੈ, ਉਸ ਮਨੁੱਖ ਦੇ

੪. ਅੰਦਰ ਆਤਮਕ ਅਡੋਲਤਾ ਦੇ ਸੁੱਖ, ਅਨੰਦ, ਖ਼ੁਸ਼ੀਆਂ ਤੇ ਸੁਆਦ ਉਤਪੰਨ ਹੋ ਆਉਂਦੇ ਹਨ। ਉਸ ਮਨੁੱਖ ਨੂੰ (ਲੋਕ-ਪ੍ਰਲੋਕ ਵਿਚ) ਐਸੀ ਇੱਜ਼ਤ ਮਿਲਦੀ ਹੈ ਜੋ ਕਿ ਸਭਨਾਂ ਨੂੰ ਹੈਰਾਨ ਕਰ ਦੇਣ ਵਾਲੀ ਹੋਇਆ ਕਰਦੀ ਹੈ।ਰਹਾਉ।

੫. ਹੇ ਪਿਆਰਿਓ! ਜੋ ਮਨੁੱਖ ਗੁਰੂ ਦੀ ਸ਼ਰਨ ਆ ਪੈਂਦੇ ਹਨ, ਉਨ੍ਹਾਂ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ। ਉਨ੍ਹਾਂ ਨੂੰ ਸੱਚੀ ਰੱਬੀ ਦਰਗਾਹ ਵਿਚ ਮਾਨ ਪ੍ਰਾਪਤ ਹੁੰਦਾ ਹੈ।

੬. ਉਹ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾ ਕੇ ਤੇ ਪ੍ਰਭੂ ਜੀ ਦਾ ਨਾਮ ਸਿਮਰ-ਸਿਮਰ ਕੇ ਆਪਣੇ (ਉਸ ਹਿਰਦੇ) ਥਾਂ ਵਿਚ ਆ ਟਿਕਦੇ ਹਨ, ਜਿਥੋਂ ਉਨ੍ਹਾਂ ਨੂੰ ਕੋਈ ਵੀ ਵਿਕਾਰ ਕਿਸੇ ਤਰ੍ਹਾਂ ਦੀ ਭਟਕਣਾ ਵਿਚ ਨਹੀਂ ਪਾ ਸਕਦਾ।੨।

੭. ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਦੀ ਸੰਗਤ ਪਿਆਰੀ ਲੱਗਦੀ ਹੈ, ਸਾਰੀ ਹੀ ਲੁਕਾਈ ਉਸ ਦੀ ਵਡਿਆਈ ਕਰਦੀ ਹੈ, ਸੋਭਾ ਕਰਦੀ ਹੈ।

੮. ਹੇ ਭਾਈਓ! ਮੈਂ ਭੀ ਆਪਣੇ ਪ੍ਰਭੂ ਤੋਂ ਸਦਾ ਹੀ ਸਦਕੇ ਜਾਂਦਾ ਹਾਂ, ਜਿਸ ਨੇ ਮੈਨੂੰ ਗੁਰੂ ਦੀ ਸ਼ਰਨ ਵਿਚ ਪਾ ਕੇ, ਮੇਰੀ ਪੂਰਨ ਤੌਰ 'ਤੇ ਇੱਜ਼ਤ ਰੱਖ ਲਈ ਹੈ।੩।

ਪ੍ਰ: ਕਿਉਂ ਜੀ! ਗੁਰੂ ਦੇ ਦਰਸ਼ਕਾਂ ਨੂੰ ਕਿਹੜਾ-ਕਿਹੜਾ ਲਾਭ ਹਾਸਲ ਹੁੰਦਾ ਹੈ?

ਉ: ੯. ਹੇ ਪਿਆਰੇ! ਜਿਸ-ਜਿਸ ਮਨੁੱਖ ਨੂੰ ਗੁਰੂ ਦਾ ਦਰਸ਼ਨ ਪ੍ਰਾਪਤ ਹੋਇਆ ਹੈ, ਉਨ੍ਹਾਂ ਨੂੰ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਗਿਆ ਅਤੇ ਆਤਮਕ ਜੀਵਨ ਦੀ ਸੋਝੀ ਹਾਸਲ ਹੋ ਆਈ। ਉਹ ਪ੍ਰਭੂ ਦਾ ਨਾਮ ਸੁਣ-ਸੁਣ ਕੇ, ਵਿਕਾਰਾਂ ਦੇ ਹਮਲਿਆਂ ਤੋਂ ਬਚ ਗਏ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜਿਸ ਮਨੁੱਖ ਉੱਤੇ ਪ੍ਰਭੂ ਜੀ ਦਿਆਲੂ ਹੋਇਆ ਹੈ, ਉਹ ਮਨੁੱਖ ਆਤਮਕ ਆਨੰਦ ਸਹਿਤ ਪ੍ਰਭੂ ਜੀ ਦੇ ਚਰਨਾਂ ਵਿਚ ਲੀਨ ਹੋ ਗਿਆ ਹੈ।੪।੧੩।੨੪।

ਭਾਵਾਰਥ : ਇਸ ਸ਼ਬਦ ਵਿਚ ਉਨ੍ਹਾਂ ਦਰਸ਼ਕਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ 'ਤੇ ਮੇਰੇ ਉਹ ਸਤਿਗੁਰੂ ਜੀ ਦਇਆਵਾਨ ਹੋਏ ਹਨ। ਉਹ ਗੁਰੂ ਦੀ ਕਿਰਪਾ ਦਾ ਸਦਕਾ ਉਸ ਅਚਲ ਅਵਸਥਾ ਵਿਚ ਜਾ ਟਿਕੇ ਹਨ, ਜਿਥੋਂ ਕਿ ਉਨ੍ਹਾਂ ਨੂੰ ਉਸ ਅਵਸਥਾ ਵਿਚੋਂ ਕੋਈ ਡਾਵਾਂ-ਡੋਲ ਨਹੀਂ ਕਰ ਸਕਦਾ।

ਸੋਰਠਿ ਮਹਲਾ ੫ ॥

੧. ਪ੍ਰਭ ਕੀ ਸਰਣਿ ਸਗਲ ਭੈ ਲਾਥੇ
ਦੁਖ ਬਿਨਸੇ ਸੁਖੁ ਪਾਇਆ ॥
੨. ਦਇਆਲੁ ਹੋਆ ਪਾਰਬ੍ਰਹਮੁ ਸੁਆਮੀ
ਪੂਰਾ ਸਤਿਗੁਰੁ ਧਿਆਇਆ ॥੧॥
੩. ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥
੪. ਕਰਿ ਕਿਰਪਾ ਪ੍ਰਭ ਦੀਨ ਦਇਆਲਾ
ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥
੫. ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ
ਚਿੰਤਾ ਸਗਲ ਬਿਨਾਸੀ ॥
੬. ਕਰਿ ਕਿਰਪਾ ਅਪੁਨੋ ਕਰਿ ਲੀਨਾ
ਮਨਿ ਵਸਿਆ ਅਬਿਨਾਸੀ ॥੨॥
੭. ਤਾ ਕਉ ਬਿਘਨੁ ਨ ਕੋਊ ਲਾਗੈ
ਜੋ ਸਤਿਗੁਰਿ ਅਪੁਨੈ ਰਾਖੇ ॥
੮. ਚਰਨ ਕਮਲ ਬਸੇ ਰਿਦ ਅੰਤਰਿ
ਅੰਮ੍ਰਿਤ ਹਰਿ ਰਸੁ ਚਾਖੇ ॥੩॥
੯. ਕਰਿ ਸੇਵਾ ਸੇਵਕ ਪ੍ਰਭ ਅਪੁਨੇ
ਜਿਨਿ ਮਨ ਕੀ ਇਛ ਪੁਜਾਈ ॥
੧੦. ਨਾਨਕ ਦਾਸ ਤਾ ਕੈ ਬਲਿਹਾਰੈ
ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥

ਪਦ ਅਰਥ : ਭੈ—ਭਉ, ਡਰ। ਪੂਰਾ—ਸਾਰੇ ਗੁਣਾਂ ਦਾ ਮਾਲਕ।੧।

ਪ੍ਰਭ—ਹੇ ਪ੍ਰਭੂ! ਸਾਹਿਬੁ—ਮਾਲਕ। ਗਾਵਉ—ਗਾਵਉਂ, ਮੈਂ ਗਾਵਾਂ। ਰੰਗਿ—ਪ੍ਰੇਮ-ਰੰਗ ਵਿਚ। ਰਾਤਾ—(ਪ੍ਰੇਮ-ਰੰਗ ਵਿਚ) ਰੰਗਿਆ ਹੋਇਆ।ਰਹਾਉ।

ਸਤਿਗੁਰਿ—ਗੁਰੂ ਨੇ। ਨਿਧਾਨੁ—ਖ਼ਜ਼ਾਨਾ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ। ਕਰਿ ਲੀਨਾ—ਬਣਾ ਲਿਆ। ਮਨਿ—ਮਨ ਵਿਚ।੨।

ਕਉ—ਨੂੰ। ਬਿਘਨੁ—ਰੁਕਾਵਟ। ਰਿਦ—ਹਿਰਦਾ।੩।

ਸੇਵਕ—ਸੇਵਕਾਂ ਵਾਂਗ। ਜਿਨਿ—ਜਿਸ (ਪ੍ਰਭੂ) ਨੇ। ਇਛ—ਕਾਮਨਾ। ਪੁਜਾਈ—ਪੂਰੀ ਕਰ ਦਿੱਤੀ। ਤਾ ਕੈ—ਉਸ ਤੋਂ। ਪੈਜ—ਇੱਜ਼ਤ। ਪੂਰਨ—ਪੂਰੇ ਤੌਰ 'ਤੇ।੪।

ਅਰਥ :

ਪ੍ਰ: ਕਿਉਂ ਜੀ! ਜੋ ਮਨੁੱਖ ਪਰਮੇਸ਼ਰ ਦੀ ਚਰਨ ਸ਼ਰਨ ਵਿਚ ਆ ਪੈਂਦਾ ਹੈ, ਉਸ ਨੂੰ ਫਲ ਕੀ ਪ੍ਰਾਪਤ ਹੋਇਆ ਕਰਦਾ ਹੈ?

ਉ: ੧. ਹੇ ਭਾਈ! ਜੋ ਵੀ ਮਨੁੱਖ ਪਰਮਾਤਮਾ ਦੀ ਸ਼ਰਨ ਵਿਚ ਆ ਜਾਂਦਾ ਹੈ, ਉਸ ਦੇ ਸਾਰੇ ਹੀ ਡਰ ਲਹਿ ਜਾਂਦੇ ਹਨ, ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਉਹ ਸਦਾ ਹੀ ਆਤਮਕ ਸੁੱਖ ਮਾਣਦਾ ਹੈ।੧।

੨. (ਇਸ ਤਰ੍ਹਾਂ ਜਿਸ ਮਨੁੱਖ ਨੇ ਪੂਰੇ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰ ਕੇ) ਉਸੇ ਗੁਰੂ ਦਾ ਧਿਆਨ ਧਰਿਆ ਹੈ, ਉਸ ਉੱਤੇ ਮਾਲਕ ਦਇਆਵਾਨ ਹੁੰਦਾ ਹੈ।੧।

੩. ਉਸ ਪ੍ਰਭੂ ਦੀ ਸ਼ਰਨ ਪ੍ਰਾਪਤ ਕਰਨ ਵਾਲਾ ਉਹ ਸਦਾ ਇਉਂ ਹੀ ਜੋਦੜੀਆਂ ਕਰਦਾ ਰਹਿੰਦਾ ਹੈ ਕਿ ਹੇ ਪ੍ਰਭੂ ਜੀ! ਤੂੰ ਮੇਰਾ ਮਾਲਕ ਹੈਂ, ਤੂੰ ਹੀ ਮੈਨੂੰ ਸਾਰੀਆਂ ਦਾਤਾਂ ਬਖ਼ਸ਼ਸ਼ ਕਰਦਾ ਹੈਂ।

੪. ਹੇ ਦੀਨਾ ਉੱਤੇ ਦਇਆ ਕਰਨ ਵਾਲੇ ਸਾਈਂ ਜੀ! ਤੂੰ ਮੇਰੇ ਉੱਤੇ ਮਿਹਰ ਕਰ, ਮੈਂ ਤੇਰੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਤੇਰੇ ਹੀ ਗੁਣ ਗਾਉਂਦਾ ਰਵ੍ਹਾਂ।ਰਹਾਉ।

ਪ੍ਰ: ਸ੍ਰੀ ਜੀਉ! ਚਿੰਤਾ ਇਕ ਬਹੁਤ ਵੱਡਾ ਰੋਗ ਹੈ, ਜਿਸ ਨੇ ਹਰ ਪ੍ਰਾਣੀ ਮਾਤ੍ਰ ਨੂੰ ਗ੍ਰਸਿਆ ਹੋਇਆ ਹੈ, ਇਸ ਤੋਂ ਕਿਵੇਂ ਖ਼ਲਾਸੀ ਹੋਵੇ?

ਉ: ੫. ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਅੰਦਰ ਗੁਰੂ ਨੇ ਪ੍ਰਭੂ ਜੀ ਦਾ ਨਾਮ, ਜੋ ਕਿ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ, ਇਹ ਦ੍ਰਿੜ੍ਹ ਕਰਵਾ ਦਿੱਤਾ, ਉਸ ਦੀ ਸਾਰੀ ਹੀ ਚਿੰਤਾ ਦੂਰ ਹੋ ਗਈ ਹੈ।

੬. ਹੇ ਮਿੱਤਰੋ! ਉਸ ਉੱਤੇ ਪਰਮੇਸ਼ਰ ਜੀ ਮਿਹਰ ਕਰਦਾ ਹੈ ਤੇ ਉਸ ਨੂੰ ਆਪਣਾ (ਸੇਵਕ) ਬਣਾ ਲੈਂਦਾ ਹੈ। ਉਸੇ ਸੇਵਕ ਦੇ ਮਨ ਵਿਚ ਨਾਸ ਰਹਿਤ ਪਰਮੇਸ਼ਰ ਆ ਵਸਦਾ ਹੈ।੨।

੭. ਇਉਂ ਜੋ ਸਤਿਗੁਰੂ ਜੀ ਨੇ ਆਪਣੇ ਸੇਵਕ ਬਣਾ ਰੱਖੇ ਹਨ, ਉਸ ਸੇਵਕ ਦੇ ਪ੍ਰਮਾਰਥਕ ਮਾਰਗ ਵਿਚ ਕੋਈ ਭੀ ਵਿਘਨ (ਰੁਕਾਵਟ) ਨਹੀਂ ਪਾ ਸਕਦਾ।

੮. (ਕਿਉਂਕਿ) ਉਨ੍ਹਾਂ ਦੇ ਹਿਰਦੇ ਅੰਦਰ ਪ੍ਰਭੂ ਜੀ ਦੇ ਚਰਨ ਕਮਲ ਵਸ ਰਹੇ ਹਨ। ਉਹ ਮਨੁੱਖ ਅਮਰ ਜੀਵਨ ਦੇਣ ਵਾਲਾ ਨਾਮ ਰਸ ਸਦਾ ਹੀ ਚਖਦਾ ਰਹਿੰਦਾ ਹੈ।੩।

੯. ਹੇ ਪਿਆਰੇ! ਜਿਨ੍ਹਾਂ ਨੇ ਉਸ ਪਿਆਰੇ ਪ੍ਰਭੂ ਦੇ ਸੇਵਕ ਬਣ ਕੇ ਸੇਵਾ ਕੀਤੀ ਹੈ, ਉਨ੍ਹਾਂ ਦੇ ਮਨ ਦੀ (ਰੱਬੀ ਮਾਰਗ 'ਤੇ ਟੁਰਨ ਦੀ) ਇੱਛਾ ਸਾਈਂ ਜੀ ਨੇ ਪੂਰੀ ਕਰ ਦਿੱਤੀ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਿਨ੍ਹਾਂ ਦੀ ਉਸ ਪੂਰਨ ਪਰਮੇਸ਼ਰ ਨੇ ਇੱਜ਼ਤ ਰੱਖੀ ਹੈ, ਮੈਂ ਉਨ੍ਹਾਂ ਤੋਂ ਸਦਾ ਹੀ ਸਦਕੇ ਜਾਂਦਾ ਹਾਂ।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਪ੍ਰਭੂ ਦੀ ਸ਼ਰਨ ਪ੍ਰਾਪਤੀ ਦੁਆਰਾ ਸਾਰੇ ਭੈ ਤੇ ਦੁੱਖਾਂ ਕਲੇਸ਼ਾਂ ਦਾ ਨਾਸ ਹੋ ਜਾਣਾ ਤੇ ਸੁੱਖ ਦੀ ਪ੍ਰਾਪਤੀ ਹੋ ਜਾਣ ਦਾ ਜ਼ਿਕਰ ਕਰਦੇ ਹਨ ਅਤੇ ਉਸ ਦੀਨ ਦਿਆਲੂ ਜੀ ਦੇ ਪਾਸੋਂ ਪ੍ਰੇਮ-ਰੰਗ ਵਿਚ ਰਤੇ ਹੋਏ ਪ੍ਰਭੂ ਜੀ ਦੇ ਗੁਣ ਗਾਉਂਦੇ ਰਹਿਣ ਦੀ ਜਾਚਨਾ ਕਰਦੇ ਹਨ। ਅੰਤ ਵਿਚ ਉਸ ਪੂਰਨ ਪਰਮੇਸ਼ਰ ਤੋਂ ਸਦਕੇ ਜਾਂਦੇ ਹਨ, ਜਿਸ ਨੇ ਆਪਣੇ ਸੇਵਕਾਂ ਦੀ ਪੂਰਨ ਤੌਰ 'ਤੇ ਇੱਜ਼ਤ ਰੱਖੀ ਹੈ।

ਸੋਰਠਿ ਮਹਲਾ ੫ ॥

੧. ਮਾਇਆ ਮੋਹ ਮਗਨੁ ਅੰਧਿਆਰੈ
ਦੇਵਨਹਾਰੁ ਨ ਜਾਨੈ ॥
੨. ਜੀਉ ਪਿੰਡੁ ਸਾਜਿ ਜਿਨਿ ਰਚਿਆ
ਬਲੁ ਅਪੁਨੋ ਕਰਿ ਮਾਨੈ ॥੧॥
੩. ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥
੪. ਜੋ ਕਿਛੁ ਕਰਹਿ ਸੋਈ ਸੋਈ ਜਾਣੈ
ਰਹੈ ਨ ਕਛੂਐ ਛਾਨੀ ॥ ਰਹਾਉ ॥
੫. ਜਿਹਵਾ ਸੁਆਦ ਲੋਭ ਮਦਿ ਮਾਤੋ
ਉਪਜੇ ਅਨਿਕ ਬਿਕਾਰਾ ॥
੬. ਬਹੁਤੁ ਜੋਨਿ ਭਰਮਤ ਦੁਖੁ ਪਾਇਆ
ਹਉਮੈ ਬੰਧਨ ਕੇ ਭਾਰਾ ॥੨॥
੭. ਦੇਇ ਕਿਵਾੜ ਅਨਿਕ ਪੜਦੇ ਮਹਿ
ਪਰ ਦਾਰਾ ਸੰਗਿ ਫਾਕੈ ॥
੮. ਚਿਤ੍ਰ ਗੁਪਤੁ ਜਬ ਲੇਖਾ ਮਾਗਹਿ
ਤਬ ਕਉਣੁ ਪੜਦਾ ਤੇਰਾ ਢਾਕੈ ॥੩॥
੯. ਦੀਨ ਦਇਆਲ ਪੂਰਨ ਦੁਖ ਭੰਜਨ
ਤੁਮ ਬਿਨੁ ਓਟ ਨ ਕਾਈ ॥
੧੦. ਕਾਢਿ ਲੇਹੁ ਸੰਸਾਰ ਸਾਗਰ ਮਹਿ
ਨਾਨਕ ਪ੍ਰਭ ਸਰਣਾਈ ॥੪॥੧੫॥੨੬॥

ਪਦ ਅਰਥ : ਮਗਨੁ—ਮਸਤ। ਅੰਧਿਆਰੈ—ਹਨੇਰੇ ਵਿਚ। ਜੀਉ—ਜਿੰਦ। ਪਿੰਡ—ਸਰੀਰ। ਸਾਜਿ—ਬਣਾ ਕੇ। ਰਚਿਆ—ਪੈਦਾ ਕੀਤਾ ਹੈ। ਮਾਨੈ—ਮੰਨਦਾ ਹੈ।੧।

ਮਨ—ਹੇ ਮਨਾ। ਮੂੜੇ—ਹੇ ਮੂਰਖ। ਕਰਹਿ—ਤੂੰ ਕਰਦਾ ਹੈਂ। ਕਛੂਐ—ਕੋਈ ਕਰਤੂਤ। ਛਾਨੀ—ਲੁਕੀ।ਰਹਾਉ।

ਮਦਿ—ਨਸ਼ੇ ਵਿਚ। ਮਾਤੋ—ਮਸਤ। ਉਪਜੇ—ਪੈਦਾ ਹੋ ਗਏ। ਭਰਮਤ—ਭਟਕਦਿਆਂ। ਬੰਧਨ—ਜ਼ੰਜੀਰ।੨।

ਦੇਇ—ਦੇ ਕੇ। ਦੇਇ ਕਿਵਾੜ—ਦਰਵਾਜ਼ੇ ਬੰਦ ਕਰ ਕੇ। ਦਾਰਾ—ਇਸਤ੍ਰੀ। ਸੰਗਿ—ਨਾਲ। ਫਾਕੈ—ਕੁਕਰਮ ਕਰਦਾ ਹੈ। ਚਿਤ੍ਰ ਗੁਪਤੁ—(ਧਰਮ ਰਾਜ ਦੇ ਮੁਨਸ਼ੀ)। ਮਾਗਹਿ—ਮੰਗਦੇ ਹਨ, ਮੰਗਣਗੇ।੩।

ਦੁਖ ਭੰਜਨ—ਹੇ ਦੁੱਖਾਂ ਦੇ ਨਾਸ ਕਰਨ ਵਾਲੇ! ਓਟ—ਆਸਰਾ। ਸਾਗਰ—ਸਮੁੰਦ੍ਰ।੪।

ਅਰਥ :

ਪ੍ਰ: ਹੇ ਗੁਰੋ! ਜਦ ਕਿ ਸਾਰੇ ਹੀ ਮਹਾਂ ਪੁਰਖ ਇਉਂ ਕਥਨ ਕਰਦੇ

ਹਨ ਕਿ ਸਾਰੇ ਜੀਵਾਂ ਨੂੰ ਰੋਜ਼ੀ ਦੇਣ ਵਾਲਾ ਇਕੋ ਹੀ ਪਰਮੇਸ਼ਰ ਹੈ, ਤਾਂ ਇਸ ਸਿਧਾਂਤ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਸਮਝ ਸਕਦੇ ? ਇਸ ਦਾ ਅਸਲ ਕੀ ਕਾਰਣ ਹੈ ?

ਉ: ੧. ਹੇ ਭਾਈ ! ਇਸ ਦਾ ਅਸਲ ਕਾਰਣ ਇਕ ਇਹੋ ਹੀ ਹੈ ਕਿ ਸਾਰੀ ਲੁਕਾਈ ਮਾਇਆ ਦੇ ਮੋਹ ਰੂਪ ਅੰਧੇਰੇ ਵਿਚ ਮਸਤ ਹੋ (ਡੁੱਬ) ਰਹੀ ਹੈ। ਦੇਵਣ ਵਾਲਾ ਜੋ ਪਰਮੇਸ਼ਰ ਹੈ, ਉਸ ਨੂੰ ਜਾਣਦੀ ਹੀ ਨਹੀਂ।

੨. (ਉਸ ਮਾਇਆ ਦੀ ਐਸੀ ਪ੍ਰਬਲਤਾ ਹੈ ਕਿ ਜਿਸ ਪਰਮੇਸ਼ਰ ਨੇ ਪੰਜਾਂ ਤੱਤਾਂ ਨੂੰ ਸਾਜ ਕੇ ਇਸ ਜੀਵ ਦੇ ਸਰੀਰ ਨੂੰ ਰਚਿਆ ਹੈ, ਉਸ ਨੂੰ ਭੁਲਾ ਕੇ, ਹਰਿਕ ਕਰਮ ਕਰਨ ਵਿਚ ਆਪਣਾ ਹੀ ਬਲ ਮੰਨਦਾ ਹੈ, ਭਾਵ ਆਪਣੀ ਤਾਕਤ ਨੂੰ ਹੀ ਵੱਡੀ ਸਮਝਦਾ ਹੈ।੧।

੩. ਹੇ ਮੂਰਖ ਮਨਾ ! (ਯਾਦ ਰੱਖ) ਉਹ ਮਾਲਕ ਪ੍ਰਭੂ ਜੀ ਤੇਰੀਆਂ ਸਾਰੀਆਂ ਕਰਤੂਤਾਂ ਨੂੰ ਹਰ ਵੇਲੇ ਵੇਖ ਰਿਹਾ ਹੈ।

੪. ਜੋ ਭੀ ਤੂੰ ਲੁਕ ਛਿਪ ਕੇ ਕਰਦਾ ਹੈਂ, ਉਸ ਨੂੰ ਉਹ (ਸੁਆਮੀ) ਮਾਲਕ ਦੇਖ ਰਿਹਾ ਹੈ। ਉਸ ਪਾਸੋਂ ਤਾਂ ਤੇਰੀ ਕੋਈ ਵੀ ਬਾਤ ਛਿਪੀ ਨਹੀਂ ਰਹਿੰਦੀ, (ਕਿਉਂਕਿ ਉਹ ਅੰਤਰਜਾਮੀ ਹੈ)।ਰਹਾਉ।

ਪ੍ਰ: ਹਜ਼ੂਰ ! ਵੇਖੀਦਾ ਹੈ ਕਿ ਜੀਵਾਂ ਦੇ ਅੰਦਰ ਦਿਨੇ ਰਾਤ ਅਨੇਕਾਂ ਪ੍ਰਕਾਰ ਦੇ ਵਿਕਾਰ ਪੈਦਾ ਹੁੰਦੇ ਰਹਿੰਦੇ ਹਨ, ਇਹ ਕਿਉਂ ਹੋ ਰਿਹਾ ਹੈ ?

ਉ: ੫. ਹੇ ਭਾਈ ! ਇਹ ਮਨੁੱਖ ਜੀਭ ਦੇ ਸੁਆਦਾਂ ਵਿਚ ਤੇ ਲੋਭ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ, ਜਿਸ ਕਰ ਕੇ ਇਸ ਦੇ ਅੰਦਰ ਅਨੇਕਾਂ ਵਿਕਾਰ ਪੈਦਾ ਹੋ ਜਾਂਦੇ ਹਨ।

੬. ਇਸ ਤਰ੍ਹਾਂ ਇਹ ਜੀਵ ਹਉਮੈ ਦੀਆਂ ਜ਼ੰਜੀਰਾਂ ਦੇ ਭਾਰ ਹੇਠ ਦਬ ਜਾਂਦਾ ਹੈ, (ਇਹੋ ਹੀ ਇਕ ਕਾਰਣ ਹੈ ਕਿ) ਜੀਵ ਬਹੁਤ ਜੂਨਾਂ ਵਿਚ ਭਟਕਦਾ ਫਿਰਦਾ ਹੈ ਤੇ ਦੁੱਖ ਸਹਾਰਦਾ ਰਹਿੰਦਾ ਹੈ।੨।

੭. ਹੇ ਭਾਈ ! ਦੇਖੋ, ਇਹ ਬੰਦਾ ਮਾਇਆ ਮੋਹ ਦੇ ਹਨੇਰੇ ਵਿਚ ਉਲਝਿਆ ਹੋਇਆ, ਦਰਵਾਜ਼ੇ ਬੰਦ ਕਰਕੇ ਅਨੇਕਾਂ ਪਰਦਿਆਂ ਦੇ ਪਿਛੇ ਪਰਾਈ ਇਸਤ੍ਰੀ ਨਾਲ ਕੁਕਰਮ ਕਰਦਾ ਹੈ।

੮. ਪਰ ਹੇ ਜੀਵ ! ਇਹ ਦੱਸ ਜਦੋਂ ਤੇਰੇ ਪਾਸੋਂ ਧਰਮ ਰਾਜ ਦੇ ਮੁਨਸ਼ੀ ਚਿਤ੍ਰ ਗੁਪਤ ਤੇਰੀਆਂ ਕਰਤੂਤਾਂ ਦਾ ਲੇਖਾ ਮੰਗਣਗੇ, ਉਸ ਵੇਲੇ ਤੇਰਾ ਪਰਦਾ ਕੌਣ ਢਕੇਗਾ ? ਭਾਵ ਕੋਈ ਵੀ ਨਹੀਂ ਢੱਕ ਸਕੇਗਾ।

ਪ੍ਰ: ਹਜ਼ੂਰ ਜੀ ! ਤਾਂ ਫਿਰ ਦੱਸੋ, ਹੁਣ ਮੈਂ ਕਰਾਂ ਕੀ ?

ਉ: ੯. ਹੇ ਸੱਜਨਾ ! ਉਸੇ ਸਾਈਂ ਜੀ ਅੱਗੇ ਇਉਂ ਬੇਨਤੀਆਂ ਕਰਦਾ ਰਹੁ, ਹੇ ਦੀਨਾਂ ਉੱਤੇ ਦਇਆ ਕਰਨ ਵਾਲੇ ਹੇ ਸਰਵ ਵਿਆਪਕ ! ਹੇ ਦੁੱਖਾਂ ਦੇ ਨਾਸ ਕਰਨ ਵਾਲੇ ! (ਮੇਰਾ) ਆਪ ਜੀ ਤੋਂ ਬਿਨਾ ਹੋਰ ਕੋਈ ਭੀ ਆਸਰਾ ਨਹੀਂ ਹੈ।

ਪ੍ਰ: ਅਕਾਸ਼ ਬਾਣੀ ਹੋਈ ਕਿ ਆਪ ਚਾਹੁੰਦੇ ਕੀ ਹੋ ?

ਉ: ੧੦. ਹੇ ਪ੍ਰਭੂ ਜੀ ! ਮੈਂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਸੰਸਾਰ-ਸਮੁੰਦਰ ਵਿਚੋਂ ਡੁੱਬਦੇ ਨੂੰ ਬਾਂਹ ਫੜ ਕੇ ਕੱਢ ਲਵੋ।੪।੧੫।੨੬।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਜੀ ਮਾਇਆ ਮੋਹ ਦੀ ਪ੍ਰਬਲਤਾ ਦੱਸ ਰਹੇ ਹਨ, ਜਿਸ ਦੇ ਅੰਧੇਰੇ ਵਿਚ ਭਟਕਦੇ ਹੋਏ ਜੀਵ ਨੇ ਉਸ ਦੇਣਹਾਰ ਦਾਤਾਰ ਦੀ ਸੋਝੀ ਹੀ ਨਹੀਂ ਪਾਈ, ਜਿਸ ਨੇ ਕਿ ਇਸ ਜੀਵ ਦੇ ਸਰੀਰ ਨੂੰ ਸੰਵਾਰਿਆ ਅਤੇ ਸ਼ਿੰਗਾਰਿਆ ਹੈ। ਉਸ ਨੂੰ ਅਲਪਗ ਰੂਪ ਜਾਣ ਕੇ ਅਨੇਕਾਂ ਪ੍ਰਕਾਰ ਦੇ ਵਿਕਾਰ ਕਰਦਾ ਹੈ, ਪਰ ਉਹ ਅੰਤਰਜਾਮੀ ਮਨੁੱਖ ਦੇ ਹਰ ਇਕ ਗੁਪਤ ਸੰਕਲਪ ਦਾ ਜਾਨਣਹਾਰ ਹੈ। ਮਾਇਆ ਦੀ ਪ੍ਰਬਲਤਾ ਕਰਕੇ ਹੁਣ ਤਾਂ ਭਾਵੇਂ ਇਸ ਨੂੰ ਸੋਝੀ ਨਹੀਂ, ਪਰ ਜਦੋਂ ਰੱਬੀ ਦਰਬਾਰ ਵਿਚ ਗਿਆਂ ਇਸ ਪਾਸੋਂ ਹਿਸਾਬ ਮੰਗਿਆ ਗਿਆ, ਉਸ ਵੇਲੇ ਇਸ ਦਾ ਕੋਈ ਵੀ ਪੜਦਾ ਨਹੀਂ ਢੱਕ ਸਕੇਗਾ। ਅੰਤ ਵਿਚ ਸਾਈਂ ਜੀ ਦੇ ਦਰ 'ਤੇ ਅਰਦਾਸ ਕਰਨ ਦੀ ਪ੍ਰੇਰਣਾ ਕਰਦੇ ਹਨ, ਜਿਸ ਜੋਦੜੀ ਦੀ ਬਰਕਤ ਦੁਆਰਾ ਇਸ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੋ ਸਕਦਾ ਹੈ।

ਸੋਰਠਿ ਮਹਲਾ ੫ ॥

੧. ਪਾਰਬ੍ਰਹਮੁ ਹੋਆ ਸਹਾਈ
ਕਥਾ ਕੀਰਤਨੁ ਸੁਖਦਾਈ ॥
੨. ਗੁਰ ਪੂਰੇ ਕੀ ਬਾਣੀ
ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥
੩. ਹਰਿ ਸਾਚਾ ਸਿਮਰਹੁ ਭਾਈ ॥
੪. ਸਾਧਸੰਗਿ ਸਦਾ ਸੁਖੁ ਪਾਈਐ
ਹਰਿ ਬਿਸਰਿ ਨ ਕਬਹੂ ਜਾਈ ॥ ਰਹਾਉ ॥
੫. ਅੰਮ੍ਰਿਤ ਨਾਮੁ ਪਰਮੇਸਰੁ ਤੇਰਾ
ਜੋ ਸਿਮਰੈ ਸੋ ਜੀਵੈ ॥
੬. ਜਿਸ ਨੋ ਕਰਮਿ ਪਰਾਪਤਿ ਹੋਵੈ
ਸੋ ਜਨੁ ਨਿਰਮਲੁ ਥੀਵੈ ॥੨॥
੭. ਬਿਘਨ ਬਿਨਾਸਨ ਸਭਿ ਦੁਖ ਨਾਸਨ
ਗੁਰ ਚਰਣੀ ਮਨੁ ਲਾਗਾ ॥
੮. ਗੁਣ ਗਾਵਤ ਅਚੁਤ ਅਬਿਨਾਸੀ
ਅਨਦਿਨੁ ਹਰਿ ਰੰਗਿ ਜਾਗਾ ॥੩॥
੯. ਮਨ ਇਛੇ ਸੇਈ ਫਲ ਪਾਏ
ਹਰਿ ਕੀ ਕਥਾ ਸੁਹੇਲੀ ॥
੧੦. ਆਦਿ ਅੰਤਿ ਮਧਿ ਨਾਨਕ ਕਉ
ਸੋ ਪ੍ਰਭੁ ਹੋਆ ਬੇਲੀ ॥੪॥੧੬॥੨੭॥

ਪਦ ਅਰਥ : ਸਹਾਈ—ਮਦਦਗਾਰ। ਸੁਖਦਾਈ—ਸੁੱਖ ਦੇਣ ਵਾਲਾ, ਆਤਮਕ ਅਨੰਦ ਦੇਣ ਵਾਲਾ। ਜਪਿ—ਜਪ ਕੇ, ਪੜ੍ਹ ਕੇ। ਅਨਦੁ ਕਰਹੁ—ਆਤਮਕ ਅਨੰਦ ਮਾਣੋ। ਪ੍ਰਾਣੀ—ਹੇ ਪ੍ਰਾਣੀ !।੧।

ਸਾਧਸੰਗਿ—ਸਾਧ ਸੰਗਤ ਵਿਚ। ਬਿਸਰ ਨ ਜਾਈ—ਭੁੱਲਦਾ ਨਹੀਂ।ਰਹਾਉ।

ਅੰਮ੍ਰਿਤ—ਅਮਰ ਜੀਵਨ ਦੇਣ ਵਾਲਾ। ਜੀਵੈ—ਅਮਰ ਜੀਵਨ ਹਾਸਲ ਕਰ ਲੈਂਦਾ ਹੈ। ਕਰਮਿ—(ਤੇਰੀ) ਬਖ਼ਸ਼ਸ਼ ਨਾਲ। ਨਿਰਮਲੁ—ਪਵਿੱਤ੍ਰ ਜੀਵਨ ਵਾਲਾ। ਥੀਵੈ—ਹੋ ਜਾਂਦਾ ਹੈ।੨।

ਬਿਘਨ—ਰੁਕਾਵਟਾਂ। ਸਭਿ—ਸਾਰੇ। ਚਰਣੀ—ਚਰਨਾਂ ਵਿਚ। ਅਚੁਤ—ਅਚੁੱਤ, ਨਾ ਨਾਸ ਹੋਣ ਵਾਲਾ। ਅਨਦਿਨੁ—ਹਰ ਰੋਜ਼, ਹਰ ਵੇਲੇ। ਜਾਗਾ—ਮਾਇਆ ਦੇ ਹਲਿਆਂ ਵਲੋਂ ਸੁਚੇਤ ਰਹਿੰਦਾ ਹੈ।੩।

ਸੁਹੇਲੀ—ਸੁਖ ਦੇਣ ਵਾਲੀ। ਆਦਿ, ਅੰਤਿ, ਮਧਿ—ਸ਼ੁਰੂ ਵਿਚ, ਅਖ਼ੀਰ ਵਿਚ, ਵਿਚਕਾਰ, ਹਰ ਵੇਲੇ। ਬੇਲੀ—ਮਦਦਗਾਰ।੪।

ਅਰਥ :

ਪ੍ਰ: ਹਜ਼ੂਰ ਜੀ ! ਇਹ ਦੱਸੋ, ਮਨੁੱਖ ਲਈ ਜਗਤ ਵਿਚ ਸੁਖਦਾਈ ਸਾਧਨ ਕਿਹੜਾ ਹੈ ?

ਉ: ੧. ਹੇ ਭਾਈ ! ਪ੍ਰਭੂ ਸਬੰਧੀ ਕਥਾ ਤੇ ਕੀਰਤਨ, ਭਾਵ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਹੀ ਮਨੁੱਖ ਲਈ ਸੁਖਦਾਇਕ ਸਾਧਨ ਹੈ, ਪਰ ਇਹ ਪ੍ਰਾਪਤ ਹੁੰਦਾ ਉਸੇ ਨੂੰ ਹੀ ਹੈ, ਜਿਸ ਦਾ ਸਹਾਇਕ ਪਾਰਬ੍ਰਹਮ ਆਪ ਹੀ ਹੋਇਆ ਹੋਵੇ।

੨. (ਇਸ ਲਈ) ਹੇ ਪ੍ਰਾਣੀਓ ! ਪੂਰੇ ਗੁਰਾਂ ਦੀ ਬਾਣੀ ਨੂੰ ਨਿਤਾ ਪ੍ਰਤੀ ਜਪ ਕੇ ਅਨੰਦ ਲੈਣਾ ਕਰੋ।

੩. ਹੇ ਭਾਈ ! ਸੱਚੇ ਹਰੀ ਨੂੰ ਸਿਮਰਨਾ ਕਰੋ, ਜੋ ਤਿੰਨਾਂ ਕਾਲਾਂ ਵਿਚ ਇਕ ਰਸ ਰਹਿੰਦਾ ਹੈ।

੪. (ਉਸ ਸਿਮਰਨ ਦੀ ਬਰਕਤ ਨਾਲ) ਸਾਧ ਸੰਗਤ ਵਿਚ ਸਦਾ ਹੀ ਆਤਮਕ ਅਨੰਦ ਮਾਣਦੇ ਰਹੀਦਾ ਹੈ ਅਤੇ ਪਰਮੇਸ਼ਰ ਜੀ ਕਦੇ ਭੀ ਭੁੱਲਦਾ ਨਹੀਂ ਹੈ।ਰਹਾਉ।

੫. ਹੇ ਸਾਰਿਆਂ ਤੋਂ ਉੱਚੇ ਮਾਲਕ ਪਰਮੇਸ਼ਰ ! ਤੇਰਾ ਨਾਮ ਅਮਰ ਜੀਵਨ ਦੇਣ ਵਾਲਾ ਹੈ। ਜਿਹੜਾ ਮਨੁੱਖ ਤੇਰਾ ਨਾਮ ਸਿਮਰਦਾ ਹੈ, ਉਹ ਸਦੀਵੀ ਕਾਲ ਲਈ ਅਮਰ ਜੀਵਨ ਹਾਸਲ ਕਰ ਲੈਂਦਾ ਹੈ।

੬. ਹੇ ਸਾਈਂ ! ਜਿਸ ਮਨੁੱਖ 'ਤੇ ਤੇਰੀ ਮਿਹਰ ਹੁੰਦੀ ਹੈ, ਉਸੇ ਨੂੰ ਹੀ ਤੇਰਾ ਨਾਮ ਪ੍ਰਾਪਤ ਹੁੰਦਾ ਹੈ, ਉਹੋ ਹੀ ਮਨੁੱਖ ਪਵਿੱਤਰ ਜੀਵਨ ਵਾਲਾ ਬਣ ਜਾਂਦਾ ਹੈ।੨।

੭. ਹੇ ਭਾਈਓ ! ਜਿਸ ਮਨੁੱਖ ਦਾ ਮਨ ਗੁਰੂ ਦੇ ਚਰਨਾਂ ਵਿਚ ਲੱਗਾ ਹੈ, ਉਹ ਆਪਣੇ ਜੀਵਨ-ਪੰਧ ਦੀਆਂ ਸਾਰੀਆਂ ਰੁਕਾਵਟਾਂ ਨਾਸ ਕਰ ਬੈਠਾ ਹੈ, (ਕਿਉਂਕਿ) ਗੁਰੂ ਦੇ ਚਰਨ ਸਾਰਿਆਂ ਦੁੱਖਾਂ ਦੇ ਨਾਸ ਕਰਨ ਵਾਲੇ ਹਨ।

੮. ਹੇ ਪਿਆਰੇ ! ਉਹ ਉਸ ਅਗਿੜ ਅਬਿਨਾਸ਼ੀ ਦੇ ਗੁਣ ਗਾਉਂਦਾ ਹੋਇਆ ਰਾਤ ਦਿਨ ਹਰੀ ਦੇ ਪ੍ਰੇਮ-ਰੰਗ ਵਿਚ ਸਦਾ ਹੀ ਜਾਗਦਾ ਰਹਿੰਦਾ ਹੈ।੩।

੯. ਹੇ ਭਾਈ ! ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਆਤਮਕ ਅਨੰਦ ਦੇਣ ਵਾਲੀ ਹੈ। (ਸਿਫ਼ਤਿ-ਸਾਲਾਹ ਕਰਨ ਵਾਲਾ ਮਨੁੱਖ) ਉਹੋ ਹੀ ਫਲ ਪ੍ਰਾਪਤ ਕਰ ਲੈਂਦਾ ਹੈ, ਜਿਨ੍ਹਾਂ ਫਲਾਂ ਦੀ ਕਾਮਨਾ ਉਨ੍ਹਾਂ ਦਾ ਮਨ ਕਰਦਾ ਹੋਵੇ।

੧੦. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਸਾਨੂੰ ਤਾਂ ਆਦਿ, ਅੰਤ, ਮਧ ਤਿੰਨਾਂ ਕਾਲਾਂ ਵਿਚ ਉਹ ਪ੍ਰਭੂ ਹੀ (ਬੇਲੀ) ਮਿੱਤ੍ਰ ਹੋ ਕੇ ਸਹਾਇਕ ਹੋਇਆ ਹੈ।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਮਨੁੱਖ ਲਈ ਸੁਖਦਾਈ ਪਦਾਰਥ ਕਥਾ ਕੀਰਤਨ ਹੀ ਉਚਾਰਨ ਕਰਦੇ ਹਨ। ਉਸ ਪਰਮੇਸ਼ਰ ਦਾ ਨਾਮ ਜੋ ਸਾਧ ਸੰਗਤ ਵਿਚ ਮਿਲ ਕੇ ਸਿਮਰਦੇ ਹਨ, ਉਨ੍ਹਾਂ ਨੂੰ ਅਮਰ ਜੀਵਨ ਹਾਸਲ ਹੁੰਦਾ ਦੱਸ ਰਹੇ ਹਨ। ਨਾਮ ਦੀ ਪ੍ਰਾਪਤੀ ਵਾਲਾ ਹੀ ਮਨੁੱਖ ਪਵਿੱਤ੍ਰ ਜੀਵਨ ਵਾਲਾ ਹੋਇਆ ਕਰਦਾ ਹੈ। ਗੁਰੂ ਦੇ ਚਰਨਾਂ ਨਾਲ ਜਿਨ੍ਹਾਂ ਦਾ ਮਨ ਜੁੜ ਗਿਆ ਹੈ, ਉਨ੍ਹਾਂ ਦੇ ਸਾਰੇ ਹੀ ਦੁੱਖ, ਕਲੇਸ਼ ਅਤੇ ਵਿਘਨ ਨਾਸ ਹੋ ਜਾਂਦੇ ਹਨ।

ਅੰਤ ਵਿਚ ਹਜ਼ੂਰ ਹਰ ਸਮੇਂ ਉਨ੍ਹਾਂ ਦਾ ਸਹਾਇਕ ਉਸੇ ਪ੍ਰਭੂ ਨੂੰ ਦੱਸ ਕੇ ਉਸੇ ਦੇ ਚਿੰਤਨ ਕਰਨ ਦੀ ਪ੍ਰੇਰਣਾ ਕਰਦੇ ਹਨ।

ਸੋਰਠਿ ਮਹਲਾ ੫ ਪੰਚਪਦਾ ॥

੧. ਬਿਨਸੈ ਮੋਹੁ ਮੇਰਾ ਅਰੁ ਤੇਰਾ
ਬਿਨਸੈ ਅਪਨੀ ਧਾਰੀ ॥੧॥
੨. ਸੰਤਹੁ ਇਹਾ ਬਤਾਵਹੁ ਕਾਰੀ ॥
੩. ਜਿਤੁ ਹਉਮੈ ਗਰਬੁ ਨਿਵਾਰੀ ॥੧॥ ਰਹਾਉ ॥
੪. ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ
ਹੋਵਾਂ ਸਗਲ ਰੇਨਾਰੀ ॥੨॥
੫. ਪੇਖਿਓ ਪ੍ਰਭ ਜੀਉ ਅਪੁਨੈ ਸੰਗੇ
ਚੂਕੈ ਭੀਤਿ ਭ੍ਰਮਾਰੀ ॥੩॥
੬. ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ
ਪਾਈਐ ਗੁਰੂ ਦੁਆਰੀ ॥੪॥
੭. ਕਹੁ ਨਾਨਕ ਜਿਸੁ ਮਸਤਕਿ ਲਿਖਿਆ
ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥

ਨੋਟ : ਪੰਚਪਦਾ—ਪੰਜਾਂ ਬੰਦਾਂ ਵਾਲਾ ਸ਼ਬਦ।

ਪਦ ਅਰਥ : ਬਿਨਸੈ—ਮੁੱਕ ਜਾਏ। ਮੇਰਾ ਅਰੁ ਤੇਰਾ—ਮੇਰ-ਤੇਰ ਵਾਲਾ ਵਿਤਕਰਾ। ਅਪਨੀ ਧਾਰੀ—ਅਪਣਤ, ਮਾਇਆ ਨਾਲ ਪਕੜ।੧।

ਇਹਾ—ਇਹੋ ਜਿਹੀ। ਕਾਰੀ—ਇਲਾਜ। ਜਿਤੁ—ਜਿਸ ਨਾਲ। ਗਰਬੁ—ਅਹੰਕਾਰ। ਨਿਵਾਰੀ—ਨਿਵਾਰੀਂ, ਮੈਂ ਦੂਰ ਕਰ ਲਵਾਂ।ਰਹਾਉ।

ਭੂਤ—ਜੀਵ। ਮਾਨਿਆ—ਮੰਨਿਆ ਜਾ ਸਕੇ। ਰੇਨਾਰੀ—ਚਰਨ ਧੂੜ।੨।

ਪੇਖਿਓ—ਵੇਖਿਆ ਜਾ ਸਕੇ। ਚੂਕੈ—ਮੁੱਕ ਜਾਏ। ਭੀਤਿ—ਕੰਧ। ਭ੍ਰਮਾਰੀ—ਭਟਕਣਾ ਦੀ।੩।

ਅਉਖਧੁ—ਦਵਾਈ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ। ਦੁਆਰੀ—ਦਰ 'ਤੇ।੪।

ਜਿਸ ਮਸਤਕਿ—ਜਿਸ ਮਨੁੱਖ ਦੇ ਮੱਥੇ ਉੱਤੇ। ਤਿਸੁ ਰੋਗ—ਉਸ ਦੇ ਰੋਗ। ਗੁਰ ਮਿਲਿ—ਗੁਰੂ ਨੂੰ ਮਿਲ ਕੇ। ਬਿਦਾਰੀ—ਦੂਰ ਕੀਤੇ ਜਾਂਦੇ ਹਨ।੫।

ਅਰਥ :

ਪ੍ਰ: ਹੇ ਗੁਰੋ! ਮੇਰੇ ਅੰਦਰ ਮਾਇਆ ਦਾ ਮੋਹ ਅਤੇ ਮੇਰ-ਤੇਰ ਦਾ ਵਿਤਕਰਾ ਅਤੀ ਦੁੱਖ ਰੂਪ ਹੈ, ਇਸ ਦੀ ਨਵਿਰਤੀ ਲਈ ਕੋਈ ਇਲਾਜ ਦੱਸੋ?

ਉ: ੧. ਹੇ ਭਾਈ! ਤੂੰ ਸਾਧ ਸੰਗਤ ਅੱਗੇ ਜਾ ਕੇ ਇਉਂ ਪੁਕਾਰ ਕਰਦਾ ਰਹੁ ਕਿ ਹੇ ਸੰਤ ਜਨੋ! ਮੇਰੇ 'ਤੇ ਰਹਿਮ ਕਰੋ ਕਿ ਜਿਸ ਦੁਆਰਾ ਮੇਰੇ ਅੰਦਰੋਂ ਮੋਹ ਨਾਸ ਹੋ ਜਾਏ ਅਤੇ ਮੇਰ-ਤੇਰ ਵਾਲਾ ਜੋ ਵਿਤਕਰਾ, ਭਾਵ ਜੋ ਮੇਰੇ ਅੰਦਰ ਮਾਇਆ ਦੀ ਪਕੜ ਹੈ, ਇਹ ਸਾਰੀ ਦੂਰ ਹੋ ਜਾਏ।੧।

੨-੩. ਹੇ ਸੰਤ ਜਨੋ! (ਮੈਨੂੰ ਕੋਈ) ਇਹੋ ਜਿਹੀ ਦਵਾਈ, ਇਲਾਜ ਦੱਸੋ, ਜਿਸ ਕਰ ਕੇ ਮੈਂ (ਆਪਣੇ ਅੰਦਰੋਂ) ਹਉਮੈ ਅਹੰਕਾਰ ਦੂਰ ਕਰ ਸਕਾਂ।ਰਹਾਉ।

ਪ੍ਰ: ਕਿਉਂ ਜੀ! ਇਸ ਤੋਂ ਬਿਨਾ ਕੁਝ ਹੋਰ ਭੀ ਮੰਗਾਂ?

ਉ: ੪. ਹਾਂ ਜ਼ਰੂਰ! ਇਹ ਭੀ ਮੰਗ ਕਰਨੀ ਕਿ ਹੇ ਸੰਤ ਜਨੋ! ਇਹ ਭੀ ਇਲਾਜ ਦੱਸ ਦਿਓ ਕਿ ਜਿਸ ਨਾਲ ਮੈਂ ਸਾਰੇ ਜੀਵਾਂ ਵਿਚ ਪਰਮੇਸ਼ਰ ਨੂੰ ਹੀ ਵਸਦਾ ਮੰਨ ਸਕਾਂ, ਮੈਂ ਸਾਰਿਆਂ ਦੀ ਹੀ ਚਰਨ ਧੂੜ ਬਣਿਆ ਰਵਾਂ।੨।

੫. (ਅਤੇ ਇਹ ਭੀ ਇਲਾਜ ਦੱਸ ਦਿਓ ਕਿ) ਜਿਸ ਨਾਲ ਪਰਮੇਸ਼ਰ ਨੂੰ ਸਦਾ ਹੀ ਆਪਣੇ ਅੰਗ-ਸੰਗ ਵੇਖਿਆ ਜਾਏ ਅਤੇ ਮੇਰੇ ਅੰਦਰੋਂ ਜੋ ਮਾਇਆ ਦੇ ਖ਼ਾਤਰ ਭਟਕਣ ਵਾਲੀ ਕੰਧ ਹੈ, ਇਹ ਦੂਰ ਹੋ ਜਾਏ (ਜੋ ਕਿ ਪਰਮੇਸ਼ਰ ਵਲੋਂ ਸਦਾ ਹੀ ਵਿੱਥ ਪਾਈ ਰੱਖਦੀ ਹੈ)।੩।

ਪ੍ਰ: ਸ੍ਰੀ ਜੀਉ! ਇਨ੍ਹਾਂ ਸਾਰੇ ਰੋਗਾਂ ਦੀ ਦੁਆਈ ਕਿਹੜੀ ਹੈ ਤੇ ਮਿਲ ਕਿੱਥੋਂ ਸਕਦੀ ਹੈ?

ਉ: ੬. ਹੇ ਸੱਜਨ ਜੀ! ਉਹ ਦਵਾਈ ਤਾਂ ਪ੍ਰਭੂ ਜੀ ਦਾ ਨਾਮ ਹੀ ਹੈ, ਜੋ ਕਿ ਅਮਰ ਜੀਵਨ ਦੇਣ ਵਾਲਾ ਪਵਿੱਤਰ ਨਾਮ ਜਲ ਹੈ, (ਪਰ ਹਾਂ) ਇਹ ਪਵਿੱਤ੍ਰ ਨਾਮ-ਜਲ ਗੁਰੂ ਦੇ ਦਰ ਤੋਂ ਹੀ ਪਾਈਦਾ ਹੈ।

ਪ੍ਰ: ਹੇ ਗੁਰੋ! ਜੋ ਨਾਮ ਸਾਰੇ ਹੀ ਰੋਗਾਂ ਦੀ ਨਵਿਰਤੀ ਕਰਦਾ ਹੈ, ਉਸ ਨੂੰ ਸਾਰੇ ਹੀ ਜੀਵ ਪ੍ਰਾਪਤ ਕਿਉਂ ਨਹੀਂ ਕਰ ਲੈਂਦੇ?

ਉ: ੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਇਸ ਨਾਮ ਦੀ ਦਾਤ ਪ੍ਰਾਪਤ ਕਰਨੀ ਕਿਸੇ ਦੇ ਆਪਣੇ ਵਸ ਵਿਚ ਨਹੀਂ। ਹਾਂ, ਇਹ ਤਾਂ ਜਿਸ ਮਨੁੱਖ ਦੇ ਮੱਥੇ ਉੱਤੇ (ਨਾਮ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੋਵੇ) ਉਸ ਨੂੰ ਹੀ ਗੁਰੂ ਪਾਸੋਂ ਮਿਲਦਾ ਹੈ। (ਇਸ ਤਰ੍ਹਾਂ) ਗੁਰੂ ਨੂੰ ਮਿਲ ਕੇ ਉਸ ਦੇ ਸਾਰੇ ਹੀ ਰੋਗ ਕੱਟੇ ਜਾਂਦੇ ਹਨ।੪।੧੭।੨੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਇਹ ਦੱਸ ਰਹੇ ਹਨ ਕਿ ਹਰ ਮਨੁੱਖ ਦੇ ਅੰਤਰ ਆਤਮੇ ਮੋਹ ਤੇ ਮੇਰ-ਤੇਰ ਦਾ ਵਿਤਕਰਾ ਹੈ, ਇਹੋ ਹੀ ਵਿਤਕਰਾ ਮਨੁੱਖਾਂ ਦੇ ਜਨਮ ਮਰਣ ਦਾ ਕਾਰਣ ਬਣ ਰਿਹਾ ਹੈ, ਜਿਸ ਦੀ ਪ੍ਰਬਲਤਾ ਕਰ ਕੇ ਪਰਮੇਸ਼ਰ ਨੂੰ ਅੰਗ-ਸੰਗ ਨਹੀਂ ਦੇਖ ਸਕਦਾ। ਇਸ ਹਉਮੈ ਤੇ ਹੰਕਾਰ ਦੀ ਨਵਿਰਤੀ ਦਾ ਇਲਾਜ ਇਕੋ ਹੀ ਦੱਸ ਰਹੇ ਹਨ ਕਿ ਸਾਧ ਸੰਗਤ ਵਿਚੋਂ ਨਾਮ ਰੂਪੀ ਪਵਿੱਤ੍ਰ ਜਲ ਪ੍ਰਾਪਤ ਕਰੋ, ਜਿਸ ਦਾ ਸਦਕਾ ਤੁਹਾਡੇ ਅੰਦਰੋਂ ਸਾਰੇ ਹੀ ਰੋਗ ਨਵਿਰਤ ਹੋ ਸਕਦੇ ਹਨ।

ਸੋਰਠਿ ਮਹਲਾ ੫ ਘਰੁ ੨ ਦੁਪਦੇ

੧ੴ ਸਤਿਗੁਰ ਪ੍ਰਸਾਦਿ ॥

੧. ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ ॥
੨. ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ ॥੧॥
੩. ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥
੪. ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥
੫. ਗੁਣ ਨਿਧਾਨ ਨਾਨਕੁ ਜਸੁ ਗਾਵੈ
ਸਤਿਗੁਰਿ ਭਰਮੁ ਚੁਕਾਇਓ ॥
੬. ਸਰਬ ਨਿਵਾਸੀ ਸਦਾ ਅਲੇਪਾ
ਸਭ ਮਹਿ ਰਹਿਆ ਸਮਾਇਓ ॥੨॥੧॥੨੯॥

ਨੋਟ : ਦੁਪਦੇ–ਦੋ ਪਦਾਂ ਵਾਲੇ, ਦੋ ਬੰਦਾਂ ਵਾਲੇ।

ਪਦ ਅਰਥ : ਸਗਲ ਬਨਸਪਤਿ–ਸਾਰੀ ਬਨਾਸਪਤੀ, ਸਾਰੇ ਹੀ ਬੂਟੇ। ਬੈਸੰਤਰੁ–ਅੱਗ। ਘੀਆ–ਘਿਓ। ਸਮਾਣੀ–ਸਮਾਈ ਹੋਈ ਹੈ। ਘਟਿ ਘਟਿ–ਹਰੇਕ ਸਰੀਰ ਵਿਚ। ਮਾਧਉ–ਮਾਧਵ, ਮਾਇਆ ਦਾ ਪਤੀ, ਪਰਮੇਸ਼ਰ। ਜੀਆ–ਸਭ ਜੀਆਂ ਵਿਚ।੧।

ਰਹਿਆ ਸਮਾਹਿਓ–ਸਮਾ ਰਿਹਾ ਹੈ। ਪੂਰਨ–ਪੂਰੇ ਤੌਰ 'ਤੇ। ਜਲਿ–ਪਾਣੀ ਵਿਚ। ਆਹਿਓ–ਹੈ।੧।ਰਹਾਉ।

ਗੁਣ ਨਿਧਾਨ–ਗੁਣਾਂ ਦੇ ਖ਼ਜ਼ਾਨੇ। ਜਸ–ਪ੍ਰਭੂ ਦਾ ਜਸ। ਸਤਿਗੁਰਿ–ਗੁਰੂ ਨੇ। ਭਰਮ–ਭੁਲੇਖਾ। ਚੁਕਾਇਓ–ਦੂਰ ਕਰ ਦਿੱਤਾ। ਅਲੇਪਾ–ਨਿਰਲੇਪ।੨।

ਅਰਥ :

ਪ੍ਰ: ਹੇ ਗੁਰੋ! ਗੁਰਮਤਿ ਵਿਚ ਹਰ ਥਾਂ ਪਰਮੇਸ਼ਰ ਨੂੰ ਗੁਪਤ ਰੂਪ ਵਿਚ ਵਿਆਪਕ ਦੱਸਿਆ ਗਿਆ ਹੈ, ਪਰ ਆਪ ਜੀ ਸਾਨੂੰ ਕਿਸੇ ਸੁਖੈਨ ਉਦਾਹਰਣ ਦੁਆਰਾ ਸਮਝਾਉਣ ਦੀ ਕਿਰਪਾ ਕਰੋ।

ਉ: ੧. ਹੇ ਭਾਈਓ! ਵੇਖੋ, ਜਿਵੇਂ ਸਾਰੀ ਬਨਾਸਪਤੀ, ਭਾਵ ਬੂਟਿਆਂ ਵਿਚ (ਸਾਮਾਨ) ਅਗਨੀ ਗੁਪਤ ਰੂਪ ਵਿਚ ਮੌਜੂਦ ਹੈ, ਜਿਵੇਂ ਹਰ ਕਿਸਮ ਦੇ ਦੁੱਧ ਵਿਚ ਘਿਉ (ਮੱਖਣ) ਗੁਪਤ ਮੌਜੂਦ ਹੈ,

੨. ਤਿਵੇਂ ਊਚ ਨੀਚ, ਚੰਗੇ ਮੰਦੇ ਸਭ ਜੀਵਾਂ ਵਿਚ (ਉਸ) ਪ੍ਰਭੂ ਦੀ ਜੋਤ ਸਮਾਈ ਹੋਈ ਹੈ। ਪਰਮੇਸ਼ਰ ਹਰੇਕ ਸਰੀਰ ਵਿਚ ਹੈ ਤੇ ਸਾਰੇ ਜੀਵਾਂ ਵਿਚ ਹੈ।੧।

੩. ਹੇ ਸੰਤ ਜਨੋ! ਉਹ ਪਰਮਾਤਮਾ ਹਰੇਕ ਸਰੀਰ ਵਿਚ ਮੌਜੂਦ ਹੈ।

੪. ਉਹ ਪੂਰੀ ਤਰ੍ਹਾਂ ਸਾਰਿਆਂ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ, ਉਹ ਰਾਮ ਪਾਣੀ ਵਿਚ ਹੈ, ਧਰਤੀ ਵਿਚ ਹੈ।੧।ਰਹਾਉ।

ਪ੍ਰ: ਹਜ਼ੂਰ! ਉਸ ਵਿਆਪਕ ਸਰੂਪ ਪ੍ਰਭੂ ਨੂੰ ਸਾਰੇ ਹੀ ਕਿਉਂ ਨਹੀਂ ਦੇਖ ਸਕਦੇ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਮੈਂ ਤਾਂ ਉਸੇ ਪਰਮੇਸ਼ਰ ਗੁਣਾਂ ਦੇ ਖ਼ਜ਼ਾਨੇ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦਾ ਹਾਂ, (ਕਿਉਂਕਿ) ਮੇਰਾ ਭੁਲੇਖਾ ਸਤਿਗੁਰੂ ਜੀ ਨੇ ਦੂਰ ਕਰ ਦਿੱਤਾ ਹੈ।

੬. ਸੋ (ਇਸੇ ਲਈ ਹੁਣ ਮੈਨੂੰ ਯਕੀਨ ਹੈ ਕਿ) ਉਹ ਪਰਮਾਤਮਾ ਸਭ ਜੀਵਾਂ ਵਿਚ ਵਸਦਾ ਹੈ। ਸਾਰਿਆਂ ਵਿਚ ਵਸਦਾ ਹੋਇਆ ਭੀ ਸਦਾ (ਮਾਇਆ ਦੇ ਮੋਹ ਤੋਂ) ਨਿਰਲੇਪ ਹੈ ਤੇ ਸਾਰੇ ਜੀਵਾਂ ਵਿਚ ਸਮਾ ਰਿਹਾ ਹੈ।੨।੧।੨੯।

ਭਾਵਾਰਥ : ਇਸ ਸ਼ਬਦ ਵਿਚ ਦੁੱਧ ਅੰਦਰ ਘਿਉ ਤੇ ਬੂਟਿਆਂ ਵਿਚ ਅੱਗ ਦੇ ਸਮਾਏ ਹੋਣ ਦਾ ਉਦਾਹਰਣ ਦੇ ਕੇ ਪਰਮੇਸ਼ਰ ਦੀ ਵਿਆਪਕਤਾ ਸਿੱਧ ਕਰਦੇ ਹਨ, ਪਰ ਇਸ ਗਿਆਨ ਦੀ ਲੱਖਤਾ ਗੁਰੂ ਦੁਆਰਾ ਹੀ ਹੁੰਦੀ ਹੈ। ਸਤਿਗੁਰੂ ਮਨੁੱਖ ਦੇ ਅੰਦਰੋਂ ਭਰਮ ਦੀ ਨਵਿਰਤੀ ਕਰਕੇ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੀ ਸਰਬ ਥਾਂ ਮੌਜੂਦਗੀ ਹੋਣ ਦਾ ਉਪਦੇਸ਼ ਦ੍ਰਿੜ੍ਹ ਕਰਵਾ ਦੇਂਦੇ ਹਨ।

ਸੋਰਠਿ ਮਹਲਾ ੫ ॥

੧. ਜਾ ਕੈ ਸਿਮਰਣਿ ਹੋਇ ਅਨੰਦਾ
ਬਿਨਸੈ ਜਨਮ ਮਰਣ ਭੈ ਦੁਖੀ ॥
੨. ਚਾਰਿ ਪਦਾਰਥ ਨਵ ਨਿਧਿ ਪਾਵਹਿ
ਬਹੁਰਿ ਨ ਤ੍ਰਿਸਨਾ ਭੁਖੀ ॥੧॥
੩. ਜਾ ਕੋ ਨਾਮੁ ਲੈਤ ਤੂ ਸੁਖੀ ॥
੪. ਸਾਸਿ ਸਾਸਿ ਧਿਆਵਹੁ ਠਾਕੁਰ ਕਉ
ਮਨ ਤਨ ਜੀਅਰੇ ਮੁਖੀ ॥੧॥ ਰਹਾਉ ॥
੫. ਸਾਂਤਿ ਪਾਵਹਿ ਹੋਵਹਿ ਮਨ ਸੀਤਲ
ਅਗਨਿ ਨ ਅੰਤਰਿ ਧੁਖੀ ॥
੬. ਗੁਰ ਨਾਨਕ ਕਉ ਪ੍ਰਭੂ ਦਿਖਾਇਆ
ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥

ਪਦ ਅਰਥ : ਜਾ ਕੈ ਸਿਮਰਣਿ—ਜਿਸ ਪ੍ਰਭੂ ਦੇ ਸਿਮਰਣ ਕਰ ਕੇ। ਦੁਖੀ—ਦੁੱਖ ਭੀ। ਨਵ ਨਿਧਿ—(ਧਰਤੀ ਦੇ ਸਾਰੇ) ਨੌਂ ਖ਼ਜ਼ਾਨੇ। ਪਾਵਹਿ—ਤੂੰ ਪ੍ਰਾਪਤ ਕਰ ਸਕਦਾ ਹੈਂ। ਬਹੁਰਿ—ਮੁੜ। ਤ੍ਰਿਸਨਾ—ਤ੍ਰੇਹ। ਭੁਖੀ—ਭੁੱਖ।੧।

ਕੋ—ਦਾ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਕਉ—ਨੂੰ। ਜੀਅਰੇ—ਹੇ ਜੀਵ। ਮੁਖੀ—ਮੁਖਿ, ਮੂੰਹ ਨਾਲ।੧।ਰਹਾਉ।

ਹੋਵਹਿ—ਤੂੰ ਹੋ ਜਾਏਂਗਾ। ਅੰਤਰਿ—(ਤੇਰੇ) ਅੰਦ੍ਰ। ਧੁਖੀ—ਧੁਖਦੀ। ਗੁਰਿ—ਗੁਰੂ ਨੇ। ਜਲਿ—ਜਲ ਵਿਚ। ਥਲਿ—ਧਰਤੀ ਵਿਚ। ਤ੍ਰਿਭਵਣ—ਸਾਰੇ ਸੰਸਾਰ ਵਿਚ, ਤਿੰਨਾਂ ਭਵਨਾਂ ਵਾਲੇ ਜਗਤ ਵਿਚ। ਰੁਖੀ—ਰੁੱਖਾਂ ਵਿਚ।੨।

ਅਰਥ :

ਪ੍ਰ: ਹੇ ਗੁਰੋ! ਜਿਸ ਨਾਮ ਸਿਮਰਨ ਦੀ ਆਪ ਜੀ ਸਦਾ ਹੀ ਪ੍ਰੇਰਣਾ ਕਰਦੇ ਰਹਿੰਦੇ ਹੋ, ਇਸ ਦਾ ਫਲ ਕੀ ਪ੍ਰਾਪਤ ਹੁੰਦਾ ਹੈ?

ਉ: ੧. ਹੇ ਭਾਈ! (ਨਾਮ ਸਿਮਰਨ ਦੀ ਬਰਕਤ ਨਾਲ ਤਾਂ ਬੇਅੰਤ ਹੀ ਫਲ ਪ੍ਰਾਪਤ ਹੁੰਦੇ ਹਨ, ਪਰ ਅੱਠ ਫਲ ਤਾਂ ਪ੍ਰਤੱਖ ਹੀ ਪ੍ਰਾਪਤ ਹੁੰਦੇ ਨਜ਼ਰ ਆਉਂਦੇ ਹਨ, ਜਿਵੇਂ ਕਿ : ਨਾਮ ਦੇ ਸਿਮਰਨ ਦੁਆਰਾ ਮਨੁੱਖ ਖ਼ੁਸ਼ੀਆਂ ਭਰਿਆ ਜੀਵਨ ਜੀਉਂਦਾ ਹੈ ਅਤੇ ਜਨਮ ਮਰਣ ਦੇ ਸਾਰੇ ਡਰ ਤੇ ਦੁੱਖ ਦੂਰ ਹੋ ਸਕਦੇ ਹਨ।

੨. ਹੇ ਮਨੁੱਖ! ਤੂੰ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਤੇ ਦੁਨੀਆ ਦੇ ਨੌਂ ਹੀ ਖ਼ਜ਼ਾਨੇ ਹਾਸਲ ਕਰ ਸਕਦਾ ਹੈਂ, ਜਿਸ ਦੇ ਸਿਮਰਨ ਨਾਲ ਤੈਨੂੰ ਮਾਇਆ ਦੀ ਤ੍ਰੇਹ ਭੁੱਖ ਫਿਰ ਨਹੀਂ ਵਿਆਪੇਗੀ।੧।

੩. ਹੇ ਪਿਆਰੇ! ਜਿਸ ਦਾ ਨਾਮ ਲੈਣ ਨਾਲ ਤੂੰ ਸਦਾ ਹੀ ਸੁਖੀ ਹੋ ਸਕਦਾ ਹੈਂ।

੪. ਉਸ ਪਾਲਣਹਾਰ ਪ੍ਰਭੂ ਨੂੰ ਤੂੰ ਮਨੋ ਤਨੋ ਮੂੰਹ ਨਾਲ ਹਰੇਕ ਸਾਸ ਨਾਲ ਸਿਮਰਿਆ ਕਰ।੧।ਰਹਾਉ।

੫. ਹੇ ਪਿਆਰਿਆ! ਇਸੇ ਸਿਮਰਨ ਦੀ ਬਰਕਤ ਨਾਲ ਤੂੰ ਸ਼ਾਂਤੀ ਹਾਸਲ ਕਰ ਲਵੇਂਗਾ, ਤੂੰ ਅੰਤਰ ਆਤਮੇਂ ਠੰਡਾ ਠਾਰ ਹੋ ਜਾਵੇਂਗਾ, ਮੁੜ ਕੇ ਤੇਰੇ ਅੰਦਰ ਫਿਰ ਤ੍ਰਿਸ਼ਨਾ ਦੀ ਅਗਨੀ ਨਹੀਂ ਧੁਖੇਗੀ।

ਪ੍ਰ: ਹਜ਼ੂਰ ਜੀ! ਨਾਮ ਸਿਮਰਨ ਦੀ ਬਰਕਤ ਨਾਲ ਦੱਸੋ, ਆਪ ਜੀ ਨੂੰ ਕੀ ਪ੍ਰਤੀਤੀ ਹੋ ਆਈ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰੋ! ਸਿਮਰਨ ਦੀ ਬਰਕਤ ਨਾਲ ਮੈਨੂੰ ਤਾਂ ਗੁਰੂ ਨੇ ਉਹ ਪਰਮਾਤਮਾ ਪਾਣੀ ਵਿਚ, ਧਰਤੀ ਵਿਚ, ਰੁੱਖਾਂ ਵਿਚ, ਸਾਰੇ ਹੀ ਸੰਸਾਰ ਵਿਚ (ਵਸਦਾ) ਵਿਖਾ ਦਿੱਤਾ ਹੈ।੨।੨।੩੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨਾਮ ਸਿਮਰਨ ਦੀ ਮਹਿਮਾ ਉਚਾਰਨ ਕਰਦੇ ਹਨ ਕਿ ਇਸ ਨਾਮ ਸਿਮਰਨ ਦੁਆਰਾ ਆਨੰਦ, ਖ਼ੁਸ਼ੀਆਂ, ਖੇੜਾਂ, ਚਾਰੇ ਪਦਾਰਥ, ਨੌਂ ਹੀ ਤਰ੍ਹਾਂ ਦੇ ਖ਼ਜ਼ਾਨੇ ਹਾਸਲ ਹੁੰਦੇ ਹਨ। ਤ੍ਰਿਸ਼ਨਾ ਦੀ ਭੁੱਖ ਨਾਲ ਜੋ ਅੰਦਰ ਧੁੱਖਦਾ ਰਹਿੰਦਾ ਹੈ, ਇਸ ਦੀ ਨਵਿਰਤੀ ਹੁੰਦੀ ਹੈ। ਮਾਨਸਕ ਅਵਸਥਾ ਇਤਨੀ ਉੱਚੀ ਹੋ ਜਾਂਦੀ ਹੈ ਕਿ ਜਲਾਂ, ਥਲਾਂ, ਰੁੱਖਾਂ ਵਿਚ ਉਹ ਸਾਈਂ ਜੀ ਹੀ ਵਿਆਪਕ ਨਜ਼ਰ ਆਉਂਦਾ ਹੈ।

ਸੋਰਠਿ ਮਹਲਾ ੫ ॥

੧. ਕਾਮ ਕ੍ਰੋਧ ਲੋਭ ਝੂਠ ਨਿੰਦਾ
ਇਨ ਤੇ ਆਪਿ ਛਡਾਵਹੁ ॥
੨. ਇਹ ਭੀਤਰ ਤੇ ਇਨ ਕਉ ਡਾਰਹੁ
ਆਪਨ ਨਿਕਟਿ ਬੁਲਾਵਹੁ ॥੧॥
੩. ਅਪੁਨੀ ਬਿਧਿ ਆਪਿ ਜਨਾਵਹੁ ॥
੪. ਹਰਿ ਜਨ ਮੰਗਲ ਗਾਵਹੁ ॥੧॥ ਰਹਾਉ ॥
੫. ਬਿਸਰੁ ਨਾਹੀ ਕਬਹੂ ਹੀਏ ਤੇ
ਇਹ ਬਿਧਿ ਮਨ ਮਹਿ ਪਾਵਹੁ ॥
੬. ਗੁਰੁ ਪੂਰਾ ਭੇਟਿਓ ਵਡਭਾਗੀ
ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥

ਪਦ ਅਰਥ : ਇਨ ਤੇ—ਇਨ੍ਹਾਂ ਪਾਸੋਂ। ਇਹ ਭੀਤਰ ਤੇ—ਇਸ ਮਨ ਦੇ ਭੀਤਰ ਤੋਂ, ਇਸ ਮਨ ਵਿਚੋਂ। ਡਾਰਹੁ—ਕੱਢ ਦੇ। ਨਿਕਟਿ—ਨੇੜੇ।੧।

ਬਿਧਿ—ਜੁਗਤਿ। ਅਪਨੀ ਬਿਧਿ—ਆਪਣੀ ਭਗਤੀ ਦੀ ਜਾਚ। ਜਨਾਵਹੁ—ਸਿਖਾ ਦੇਹ। ਗਾਵਹੁ—ਗਵਾਵਹੁ, ਪ੍ਰੇਰਣਾ ਦੇਹੋ ਕਿ ਮੈਂ ਗਾ ਸਕਾਂ।੧।ਰਹਾਉ।

ਕਬਹੂ—ਕਦੇ ਭੀ। ਹੀਏ ਤੇ—ਹਿਰਦੇ ਵਿਚੋਂ। ਬਿਧਿ—ਜਾਚ। ਪਾਵਹੁ—ਪਾ ਦੇ। ਧਾਵਹੁ—ਦੌੜ।੨।

ਅਰਥ :

ਪ੍ਰ: ਹੇ ਗੁਰੋ! ਜਦ ਕਿ ਹੁਣ ਆਪ ਜੀ ਦੀ ਮਾਨਸਕ ਅਵਸਥਾ ਇਤਨੀ ਉਚੇਰੀ ਹੋ ਚੁੱਕੀ ਹੈ ਕਿ ਜਲਾਂ, ਥਲਾਂ ਤੇ ਰੁੱਖਾਂ ਵਿਚ ਉਸੇ ਪ੍ਰਭੂ ਨੂੰ ਵਿਆਪਕ ਵੇਖਦੇ ਹੋ, ਕੀ ਤੁਸਾਂ ਨੂੰ ਉਸ ਸਾਈਂ ਜੀ ਦੇ ਸਨਮੁਖ ਹੋ, ਹੁਣ ਭੀ ਜੋਦੜੀ ਕਰਨ ਦੀ ਲੋੜ ਪੈਂਦੀ ਹੈ?

ਉ: ੧. ਹਾਂ ਜ਼ਰੂਰ, ਹੇ ਪਿਆਰਿਓ! ਮੈਂ ਤਾਂ ਸਾਈਂ ਜੀ ਅੱਗੇ ਹੁਣ ਭੀ ਇਸੇ ਤਰ੍ਹਾਂ ਦੀਆਂ ਅਰਜ਼ਾਂ ਕਰਦਾ ਰਹਿੰਦਾ ਹਾਂ ਕਿ ਹੇ ਮੇਰੇ ਮਾਲਕ ਜੀ! ਜੋ ਕਿ ਕਾਮ, ਕ੍ਰੋਧ, ਲੋਭ, ਝੂਠ, ਨਿੰਦਾ (ਆਦਿਕ) ਵਿਕਾਰ (ਹਰ ਪ੍ਰਾਣੀ ਮਾਤ੍ਰ ਦੇ ਅੰਦਰ ਸੂਖਮ ਰੂਪ ਹੋ ਕੇ ਵਸਦੇ ਹਨ), ਇਨ੍ਹਾਂ ਵਿਕਾਰਾਂ ਤੋਂ ਤੂੰ ਮੈਨੂੰ ਆਪ ਹੀ ਛੁਡਾ ਲੈ।

੨. ਮੇਰੇ ਮਨ ਵਿਚੋਂ ਇਨ੍ਹਾਂ (ਵਿਕਾਰਾਂ) ਨੂੰ ਕੱਢ ਅਤੇ ਮੈਨੂੰ (ਤੂੰ ਸਦਾ ਹੀ) ਆਪਣੇ ਨੇੜੇ ਰੱਖ, ਭਾਵ ਆਪਣੇ ਚਰਨਾਂ ਵਿਚ ਜੋੜੀ ਰੱਖ।੧।

ਪ੍ਰ: ਅਕਾਸ਼ ਬਾਣੀ ਹੋਈ ਕਿ ਨੇੜੇ ਰਹਿਣ ਲਈ ਭਗਤੀ ਕਰਨ ਦੀ ਜਾਚ ਸਿੱਖੋ।

ਉ: ੩. ਹੇ ਸਾਈਂ ਜੀ! ਮੈਂ ਤਾਂ ਇਸ ਵਿਧੀ ਵਲੋਂ ਭੀ ਸਖਣਾ ਹਾਂ, ਕਿਰਪਾ ਕਰੋ ਇਹ ਭਗਤੀ ਕਰਨ ਦੀ ਜਾਚ ਭੀ ਮੈਨੂੰ ਆਪ ਹੀ ਸਿਖਾਲ ਦਿਓ।

੪. ਤਾਂ ਕਿ ਮੈਂ ਤੇਰੇ ਸੰਤ ਜਨਾਂ ਨਾਲ ਮਿਲ ਕੇ ਤੇਰੀ ਸਿਫ਼ਤਿ-ਸਾਲਾਹ ਦੇ (ਸਦਾ ਹੀ) ਗੀਤ ਗਾਂਦਾ ਰਵਾਂ।੧।ਰਹਾਉ।

੫. ਹੇ ਸਾਈਂ ਜੀ! ਮਿਹਰ ਕਰ, ਤੂੰ ਮੇਰੇ ਹਿਰਦੇ ਵਿਚੋਂ ਕਦੇ ਭੀ ਵਿਸਰੇਂ ਨਾ। ਮੇਰੇ ਮਨ ਵਿਚ ਤੂੰ ਇਸ ਪ੍ਰਕਾਰ ਦੀ ਸਿੱਖਿਆ ਧਾਰਨ ਕਰਵਾ ਦੇ।

ਪ੍ਰ: ਕਿਉਂ ਜੀ! ਹੁਣ ਆਪ ਜੀ ਦਾ ਵਿਸ਼ਵਾਸ ਕੀ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਮੈਂ ਤਾਂ ਆਪਣੇ ਮਨ ਨੂੰ ਹਰ ਸਮੇਂ ਇਹੋ ਹੀ ਗੱਲ ਸਮਝਾਉਂਦਾ ਹਾਂ ਕਿ ਹੇ ਮਨਾ! ਤੈਨੂੰ ਵੱਡੇ ਭਾਗਾਂ ਦੀ ਬਰਕਤ ਨਾਲ ਪੂਰਾ ਗੁਰੂ ਮਿਲ ਗਿਆ ਹੈ ਤੇ ਹੁਣ ਤੂੰ ਹੋਰ ਕਿਸੇ ਪਾਸੇ ਨਾ ਦੌੜਦਾ ਫਿਰ।੨।੩।੩੧।

ਭਾਵਾਰਥ : ਇਸ ਸ਼ਬਦ ਅੰਦਰ ਹਜ਼ੂਰ ਮਾਨਸਕ ਅਵਸਥਾ ਨੂੰ ਸਥਿਰ ਰੱਖਣ ਲਈ ਬੇਨਤੀ ਕਰਦੇ ਰਹਿਣ ਦੀ ਸਿੱਖਿਆ ਦੇ ਰਹੇ ਹਨ ਕਿ ਹੇ ਸਾਈਂ ਜੀ! ਮੇਰੇ ਮਨ ਵਿਚੋਂ ਵਿਕਾਰਾਂ ਦੇ ਸੰਸਕਾਰ ਦੂਰ ਕਰ ਕੇ ਆਪਣੀ ਭਗਤੀ ਕਰਦੇ ਰਹਿਣ ਵਿਚ ਜੋੜੀ ਰੱਖੋ। ਮੈਂ ਭਗਤੀ ਕਰਨ ਦੀ ਜਾਚ ਵਲੋਂ ਭੀ ਸੱਖਣਾ ਹਾਂ, ਇਹ ਸਿੱਖਿਆ ਭੀ ਮੈਨੂੰ ਆਪ ਹੀ ਸਿਖਾਲ ਦਿਓ, ਪਰ ਇਹ ਵਿਧੀ ਭੀ ਵੱਡੇ ਭਾਗਾਂ ਦੁਆਰਾ ਗੁਰੂ ਰਾਹੀਂ ਮਿਲ ਸਕਦੀ ਹੈ, (ਭਾਵ ਹੈ ਕਿ ਗੁਰੂ ਦਾ ਸੰਜੋਗ ਬਖ਼ਸ਼ੋ)।

ਸੋਰਠਿ ਮਹਲਾ ੫ ॥

੧. ਜਾ ਕੈ ਸਿਮਰਣਿ ਸਭੁ ਕਛੁ ਪਾਈਐ
ਬਿਰਥੀ ਘਾਲ ਨ ਜਾਈ ॥
੨. ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ
ਜੋ ਸਭ ਮਹਿ ਰਹਿਆ ਸਮਾਈ ॥੧॥
੩. ਹਰਿ ਹਰਿ ਸਿਮਰਹੁ ਸੰਤ ਗੋਪਾਲਾ ॥
੪. ਸਾਧਸੰਗਿ ਮਿਲਿ ਨਾਮੁ ਧਿਆਵਹੁ
ਪੂਰਨ ਹੋਵੈ ਘਾਲਾ ॥੧॥ ਰਹਾਉ ॥
੫. ਸਾਰਿ ਸਮਾਲੈ ਨਿਤਿ ਪ੍ਰਤਿਪਾਲੈ
ਪ੍ਰੇਮ ਸਹਿਤ ਗਲਿ ਲਾਵੈ ॥
੬. ਕਹੁ ਨਾਨਕ ਪ੍ਰਭ ਤੁਮਰੇ ਬਿਸਰਤ
ਜਗਤ ਜੀਵਨੁ ਕੈਸੇ ਪਾਵੈ ॥੨॥੪॥੩੨॥

ਪਦ ਅਰਥ : ਜਾ ਕੈ ਸਿਮਰਣਿ—ਜਿਸ (ਪ੍ਰਭੂ) ਦੇ ਸਿਮਰਨ ਦੇ ਰਾਹੀਂ। ਬਿਰਥੀ—ਵਿਅਰਥ, ਖ਼ਾਲੀ। ਘਾਲ—ਮਿਹਨਤ। ਤਿਆਗਿ—ਭੁਲਾ ਕੇ। ਅਵਰ ਕਤ—ਹੋਰ ਕਿਸ ਪਾਸੇ। ਰਾਚਹੁ—ਤੂੰ ਮਸਤ ਹੋ ਰਿਹਾ ਹੈਂ।੧।

ਸੰਤ—ਹੇ ਸੰਤ ਜਨੋ। ਗੁਪਾਲਾ—ਸ੍ਰਿਸ਼ਟੀ ਦੇ ਪਾਲਣ ਵਾਲਾ। ਪੂਰਨ—ਸਫਲ।੧।ਰਹਾਉ।

ਸਾਰਿ—ਸਾਰ ਲੈ ਕੇ। ਸਮਾਲੈ—ਸੰਭਾਲ ਕਰਦਾ ਹੈ। ਸਹਿਤ—ਨਾਲ। ਗਲਿ—ਗਲ ਨਾਲ। ਪ੍ਰਭ—ਹੇ ਪ੍ਰਭੂ। ਜਗਤ ਜੀਵਨੁ—ਜਗਤ ਦਾ ਜੀਵਨ, ਸਾਰੇ ਹੀ ਜੀਵਾਂ ਦੀ ਜ਼ਿੰਦਗੀ ਦਾ ਸਹਾਰਾ।੨।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਬਹੁਤ ਲੋਕ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਦਿ ਦੇਵੀ ਦੇਵਤਿਆਂ ਦੀ ਪੂਜਨਾ ਕਰਦੇ ਹਨ, ਪਰ ਆਪ ਦੱਸੋ ਗੁਰਮਤਿ ਅਨੁਸਾਰ ਕਿਸ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ?

ਉ: ੧. ਹੇ ਭਾਈ! ਗੁਰਮਤਿ ਅਨੁਸਾਰ ਤਾਂ ਕੇਵਲ ਇਕੋ ਹੀ ਪ੍ਰਭੂ ਜੀ ਦਾ ਸਿਮਰਨ ਕਰਦੇ ਰਹੋ, (ਕਿਉਂਕਿ) ਜਿਸ ਪ੍ਰਭੂ ਦੇ ਸਿਮਰਨ ਕਰਨ ਦੀ ਬਰਕਤ ਨਾਲ ਹਰ ਪਦਾਰਥ ਹੀ ਮਿਲ ਸਕਦਾ ਹੈ ਤੇ ਉਸ ਸਾਈਂ ਜੀ ਦੇ ਸਿਮਰਨ ਦੀ ਕੀਤੀ ਹੋਈ ਮਿਹਨਤ (ਕਦੇ ਭੀ) ਵਿਅਰਥ ਨਹੀਂ ਜਾਂਦੀ।

੨. ਹੇ ਪਿਆਰਿਓ! ਜੋ ਪ੍ਰਭੂ ਸਾਰੀ ਸ੍ਰਿਸ਼ਟੀ ਵਿਚ ਮੌਜੂਦ ਹੈ, ਉਸ ਨੂੰ ਤਿਆਗ ਕੇ (ਦੱਸੋ) ਤੁਸੀਂ ਹੋਰ ਕਿਹੜੇ ਪਾਸੇ ਮਸਤ ਹੋ ਰਹੇ ਹੋ।੧।

੩. ਹੇ ਭਾਈ! ਸੰਤ ਜਨੋ, ਉਸੇ ਸ੍ਰਿਸ਼ਟੀ ਦੇ ਪਾਲਣਹਾਰ ਨੂੰ ਸਦਾ ਹੀ ਸਿਮਰਦੇ ਰਹੋ।

੪. ਸਾਧ ਸੰਗਤ ਨਾਲ ਮਿਲ ਕੇ (ਉਸੇ) ਪ੍ਰਭੂ ਦਾ ਨਾਮ ਸਿਮਰਿਆ ਕਰੋ, ਕਿਉਂਕਿ ਇਸ ਵਿਧੀ ਅਨੁਸਾਰ ਜਦੋਂ ਨਾਮ ਧਿਆਉਂਦੇ ਰਹੋਗੇ ਤਾਂ ਤੁਹਾਡੀ ਕਮਾਈ ਕੀਤੀ ਹੋਈ ਵਿਅਰਥ ਨਹੀਂ ਜਾਵੇਗੀ, ਭਾਵ ਸਫਲ ਹੋਵੇਗੀ।੧।ਰਹਾਉ।

੫. ਹੇ ਭਾਈਓ! ਵੇਖੋ, ਉਹ ਪਰਮਾਤਮਾ ਸਾਰੇ ਜੀਵਾਂ ਦੀ ਸਾਰ ਲੈ ਕੇ ਸੰਭਾਲ ਕਰਦਾ ਹੈ ਅਤੇ ਸਦਾ ਹੀ ਪਾਲਣਾ ਕਰਦਾ ਹੈ। ਸਿਮਰਨ ਕਰਨ ਵਾਲਿਆਂ ਨੂੰ ਪ੍ਰੇਮ ਸਹਿਤ ਆਪਣੇ ਗਲੇ ਲਾਉਂਦਾ ਹੈ, ਭਾਵ ਆਪਣੇ ਨਾਲ ਅਭੇਦ ਕਰ ਲੈਂਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ਜੀ! ਇਹ ਜੀਵ ਤੈਨੂੰ ਵਿਸਾਰ ਕੇ ਕਿਵੇਂ ਤੇਰੇ ਨਾਲ ਮਿਲ ਸਕਦਾ ਹੈ, (ਕਿਉਂਕਿ) ਤੂੰ ਹੀ ਤਾਂ ਸਾਰੇ ਜੀਵਾਂ ਦੀ ਜ਼ਿੰਦਗੀ ਦਾ ਆਸਰਾ ਹੈਂ।੨।੪।੩੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸੰਤਾਂ ਨੂੰ ਸੰਬੋਧਨ ਕਰਦੇ ਹੋਏ ਹਰ ਪ੍ਰਾਣੀ ਮਾਤ੍ਰ ਨੂੰ ਉਪਦੇਸ਼ ਕਰਦੇ ਹਨ ਕਿ ਐ ਭਾਈਓ! ਇਕੋ ਹੀ ਹਰੀ ਦਾ ਸਿਮਰਨ ਕਰਦੇ ਰਹੋ, ਜਿਸ ਦੇ ਸਿਮਰਨ ਦੀ ਬਰਕਤ ਨਾਲ ਸਭੋ ਕੁਝ ਪ੍ਰਾਪਤ ਹੁੰਦਾ ਹੈ ਤੇ ਮਨੁੱਖ ਦੀ ਕੀਤੀ ਹੋਈ ਮਿਹਨਤ ਕਦੀ ਵਿਅਰਥ ਨਹੀਂ ਜਾਂਦੀ, ਪਰ ਇਹ ਦਾਤ ਮਿਲਦੀ ਹੈ ਸਾਧ ਸੰਗਤ ਦੁਆਰਾ, ਇਸ ਲਈ ਸੰਗਤ ਵਿਚ ਮਿਲ ਕੇ ਉਸੇ ਸਾਈਂ ਜੀ ਦਾ ਚਿੰਤਨ ਕਰਦੇ ਰਹੋ।

ਸੋਰਠਿ ਮਹਲਾ ੫ ॥

੧. ਅਬਿਨਾਸੀ ਜੀਅਨ ਕੋ ਦਾਤਾ
ਸਿਮਰਤ ਸਭ ਮਲੁ ਖੋਈ ॥
੨. ਗੁਣ ਨਿਧਾਨ ਭਗਤਨ ਕਉ ਬਰਤਨਿ
ਬਿਰਲਾ ਪਾਵੈ ਕੋਈ ॥੧॥
੩. ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥
੪. ਜਾ ਕੀ ਸਰਣਿ ਪਇਆਂ ਸੁਖੁ ਪਾਈਐ
ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥
੫. ਵਡਭਾਗੀ ਸਾਧਸੰਗੁ ਪਰਾਪਤਿ
ਤਿਨ ਭੇਟਤ ਦੁਰਮਤਿ ਖੋਈ ॥
੬. ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ
ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥

ਪਦ ਅਰਥ : ਅਬਿਨਾਸੀ—ਨਾਸ ਤੋਂ ਰਹਿਤ। ਜੀਅਨ ਕੋ—ਸਭ ਜੀਵਾਂ ਦਾ। ਸਭ ਮਲੁ—ਸਾਰੀ ਮੈਲ। ਨਿਧਾਨ—ਖ਼ਜ਼ਾਨਾ। ਕਉ—ਵਾਸਤੇ। ਬਰਤਨਿ—ਹਰ ਵੇਲੇ ਕੰਮ ਆਉਣ ਵਾਲੀ ਚੀਜ਼।੧।

ਬਹੁੜਿ—ਫਿਰ, ਮੁੜ।੧।ਰਹਾਉ।

ਸਾਧਸੰਗੁ—ਭਲੇ ਮਨੁੱਖਾਂ ਦੀ ਸੰਗਤ। ਤਿਨ ਭੇਟਤ—ਉਨ੍ਹਾਂ ਨੂੰ ਮਿਲਿਆਂ। ਦੁਰਮਤਿ—ਖੋਟੀ ਮਤਿ। ਬਾਂਛੈ—ਮੰਗਦਾ ਹੈ, ਚਾਹੁੰਦਾ ਹੈ। ਜਿਨ—ਜਿਨ੍ਹਾਂ ਨੇ। ਰਿਦੈ—ਹਿਰਦੇ ਵਿਚ।੨।

ਅਰਥ :

ਪ੍ਰ: ਹੇ ਦਿਆਲੂ ਜੀ! ਕੋਈ ਅਜੇਹਾ ਸਾਧਨ ਦੱਸੋ, ਜਿਸ ਦੀ ਬਰਕਤ ਨਾਲ ਜਨਮ-ਜਨਮਾਤਰਾਂ ਦੇ ਪਾਪ ਦਘਧ ਹੋ ਸਕਣ?

ਉ: ੧. ਹੇ ਪਿਆਰੇ! ਜੋ ਨਾਸ ਤੋਂ ਰਹਿਤ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਉਸੇ ਅਬਿਨਾਸ਼ੀ ਪ੍ਰਭੂ ਦਾ ਸਿਮਰਨ ਕਰੋ, ਜਿਸ ਦੇ ਸਿਮਰਨ ਰਾਹੀਂ ਸਾਰੇ ਹੀ ਜਨਮਾਂ-ਜਨਮਾਤ੍ਰਾਂ ਦੇ ਪਾਪਾਂ ਦੀ ਮੈਲ ਲਹਿ ਜਾਂਦੀ ਹੈ।

੨. ਉਹ ਪ੍ਰਭੂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ ਤੇ ਭਗਤਾਂ ਵਾਸਤੇ ਹਰ ਵੇਲੇ ਦਾ ਸਹਾਰਾ ਹੈ, ਪਰ ਉਸ ਨੂੰ ਕੋਈ ਵਿਰਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ।੧।

੩. ਹੇ ਮੇਰੇ ਮਨਾ! ਤੂੰ ਉਸੇ ਪ੍ਰਭੂ ਨੂੰ ਜਪਿਆ ਕਰ, ਜੋ ਸਭ ਤੋਂ ਵੱਡਾ ਹੈ, ਜੋ ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ।

੪. ਜਿਸ ਦੀ ਸ਼ਰਨ ਵਿਚ ਪਿਆਂ ਸਦਾ ਹੀ ਸੁੱਖ ਪ੍ਰਾਪਤ ਕਰੀਦਾ ਹੈ ਅਤੇ ਫਿਰ ਕਦੇ ਭੀ ਦੁੱਖ ਨਹੀਂ ਵਿਆਪ ਸਕਦਾ।੧।ਰਹਾਉ।

੫. ਇਹ ਦਾਤ ਪ੍ਰਾਪਤ ਹੁੰਦੀ ਹੈ ਸਾਧੂਆਂ ਦੇ ਸੰਗ ਵਿਚੋਂ, ਪਰ ਭਲੇ ਪੁਰਸ਼ਾਂ ਦੀ ਸੰਗਤ ਭੀ ਵੱਡੇ ਭਾਗਾਂ ਦੁਆਰਾ ਹਾਸਲ ਹੁੰਦੀ ਹੈ। ਉਨ੍ਹਾਂ ਦੇ ਮਿਲਿਆਂ ਹੀ ਖੋਟੀ ਬੁੱਧੀ ਨਾਸ ਹੋ ਜਾਂਦੀ ਹੈ।

ਪ੍ਰ: ਹਜ਼ੂਰ ਜੀ! ਆਖ਼ਰ ਤੁਹਾਡੀ ਸਾਈਂ ਜੀ ਤੋਂ ਮੰਗ ਕੀ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਦਾਸ ਨਾਨਕ ਤਾਂ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ, ਜਿਨ੍ਹਾਂ ਨੇ ਹਰੀ ਦੇ ਨਾਮ ਨੂੰ ਆਪਣੇ ਹਿਰਦੇ ਅੰਦਰ ਪ੍ਰੋ ਰੱਖਿਆ ਹੈ।੨।੫।੩੩।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਆਪਣੇ ਮਨ ਨੂੰ ਸੰਬੋਧਨ ਕਰਦੇ ਹਨ ਕਿ ਐ ਮਨਾ! ਤੂੰ ਉਸੇ ਪ੍ਰਿਥਵੀ ਦੇ ਪਾਲਕ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਰਹੁ, ਜਿਸ ਦੀ ਸ਼ਰਨ-ਪ੍ਰਾਪਤੀ ਵਿਚ ਸਾਰੇ ਸੁੱਖ ਹਾਸਲ ਹੁੰਦੇ ਹਨ, ਫਿਰ ਕੋਈ ਭੀ ਮੁੜ ਕੇ ਦੁੱਖ ਨਹੀਂ ਲੱਗ ਸਕਦਾ।

ਸੋਰਠਿ ਮਹਲਾ ੫ ॥

੧. ਜਨਮ ਜਨਮ ਕੇ ਦੂਖ ਨਿਵਾਰੈ
ਸੂਕਾ ਮਨੁ ਸਾਧਾਰੈ ॥
੨. ਦਰਸਨੁ ਭੇਟਤ ਹੋਤ ਨਿਹਾਲਾ
ਹਰਿ ਕਾ ਨਾਮੁ ਬੀਚਾਰੈ ॥੧॥
੩. ਮੇਰਾ ਬੈਦੁ ਗੁਰੂ ਗੋਵਿੰਦਾ ॥
੪. ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ ॥੧॥ ਰਹਾਉ ॥
੫. ਸਮਰਥ ਪੁਰਖ ਪੂਰਨ ਬਿਧਾਤੇ
ਆਪੇ ਕਰਣੈਹਾਰਾ ॥
੬. ਅਪੁਨਾ ਦਾਸੁ ਹਰਿ ਆਪਿ ਉਬਾਰਿਆ
ਨਾਨਕ ਨਾਮ ਅਧਾਰਾ ॥੨॥੬॥੩੪॥

ਪਦ ਅਰਥ : ਨਿਵਾਰੈ—ਦੂਰ ਕਰ ਦੇਂਦਾ ਹੈ। ਸੂਕਾ—ਸੁੱਕਾ ਹੋਇਆ, ਪਾਰਬ੍ਰਹਮ ਦੇ ਪ੍ਰੇਮ ਦੀ ਹਰਿਆਵਲਤਾ ਤੋਂ ਸੱਖਣਾ।

ਸਾਧਾਰੈ—ਸਹਾਰਾ ਦੇਂਦਾ ਹੈ। ਭੇਟਤ—ਮਿਲਦਿਆਂ, ਪ੍ਰਾਪਤ ਹੁੰਦਿਆਂ। ਨਿਹਾਲਾ—ਪ੍ਰਸੰਨ ਚਿੱਤ। ਬੀਚਾਰੈ—ਵੀਚਾਰਦਾ ਹੈ, ਸੋਚ ਮੰਡਲ ਵਿਚ ਵਸਾ ਲੈਂਦਾ ਹੈ।੧।

ਬੈਦੁ—ਹਕੀਮ। ਅਉਖਧੁ—ਦਵਾਈ। ਮੁਖਿ—ਮੂੰਹ ਵਿਚ। ਫੰਧਾ—ਫਾਹੀ।੧।ਰਹਾਉ।

ਸਮਰਥ—ਹੇ ਸਭ ਤਾਕਤਾਂ ਦੇ ਮਾਲਕ। ਪੁਰਖ—ਹੇ ਸਰਵ ਵਿਆਪਕ। ਪੂਰਨ—ਹੇ ਭਰਪੂਰ। ਬਿਧਾਤੇ—ਹੇ ਸਿਰਜਨਹਾਰ। ਆਪੇ—(ਤੂੰ) ਆਪੇ ਹੀ। ਕਰਣੈਹਾਰਾ—(ਗੁਰੂ ਨੂੰ) ਬਨਾਣ ਵਾਲਾ। ਉਬਾਰਿਆ—(ਜਮ ਦੀ ਫਾਹੀ ਤੋਂ) ਬਚਾ ਲਿਆ। ਅਧਾਰਾ—ਆਸਰਾ।੨।

ਅਰਥ :

ਪ੍ਰ: ਹੇ ਗੁਰੋ! ਜਦ ਕੋਈ ਰੋਗੀ ਕਿਸੇ ਵੈਦ, ਹਕੀਮ ਦੀ ਸ਼ਰਨ ਵਿਚ ਪੁੱਜਦਾ ਹੈ, ਤਾਂ ਉਸ ਦੇ ਰੋਗ ਦੀ ਨਵਿਰਤੀ ਹੁੰਦੀ ਹੈ, ਪਰ ਗੁਰੂ ਵੈਦ ਦੀ ਸ਼ਰਨ ਵਿਚ ਪੁੱਜਿਆਂ ਮਨੁੱਖ ਨੂੰ ਕੀ ਲਾਭ ਪ੍ਰਾਪਤ ਹੁੰਦਾ ਹੈ?

ਉ: ੧. ਹੇ ਸੱਜਨ ਜਨੋ! ਜੋ ਮਨੁੱਖ ਗੁਰੂ ਦੀ ਸ਼ਰਨ ਪ੍ਰਾਪਤ ਕਰਦਾ ਹੈ ਤਾਂ ਗੁਰੂ ਉਸ ਦੇ ਜਨਮਾਂ-ਜਨਮਾਤਰਾਂ ਦੇ ਦੁੱਖ ਦੂਰ ਕਰ ਦੇਂਦਾ ਹੈ ਅਤੇ ਜੋ ਮਨੁੱਖ ਸ਼ੁਭ ਗੁਣਾਂ ਦੀ ਹਰਿਆਵਲਤਾ ਤੋਂ ਸੱਖਣੇ ਹਨ, ਉਸ ਦੇ ਮਨ ਨੂੰ (ਨਾਮ ਦਾਰੂ ਦਾ) ਸਹਾਰਾ ਦੇ ਕੇ ਆਤਮਕ ਜੀਵਨ ਦੀ ਹਰਿਆਵਲਤਾ ਬਖ਼ਸ਼ਦਾ ਹੈ, ਭਾਵ ਸ਼ੁਭ ਗੁਣਾਂ ਦੀ ਦਾਤ ਪ੍ਰਦਾਨ ਕਰਦਾ ਹੈ।

੨. ਹੇ ਭਾਈ! ਉਨ੍ਹਾਂ ਗੁਰਾਂ ਦੇ ਦਰਸ਼ਨ ਕਰਦਿਆਂ ਹੀ ਮਨੁੱਖ ਖਿੜ ਆਉਂਦਾ ਹੈ, ਕਿਉਂਕਿ ਗੁਰੂ ਦੇ ਦਰਸ਼ਨ ਕਰਦਿਆਂ ਹੀ ਹਰੀ ਦੇ ਨਾਮ ਨੂੰ ਵੀਚਾਰ ਸਹਿਤ ਧਾਰਨ ਕਰ ਲਈਦਾ ਹੈ।੧।

੩. ਹੇ ਭਾਈ! ਗੋਬਿੰਦ ਦਾ ਰੂਪ ਮੇਰਾ ਗੁਰੂ (ਪੂਰਾ) ਹਕੀਮ ਹੈ।

ਪ੍ਰ: ਕਿਉਂ ਜੀ! ਇਸ ਗੁਰੂ ਹਕੀਮ ਵਿਚ ਵਿਸ਼ੇਸ਼ਤਾ ਕੀ ਹੈ?

ਉ: ੪. ਹੇ ਪਿਆਰੇ! ਉਹ ਗੁਰੂ ਹਕੀਮ ਜਿਸ ਮਨੁੱਖ ਦੇ ਮੂੰਹ ਵਿਚ ਹਰੀ ਨਾਮ ਦੀ ਦੁਆਈ ਪਾਉਂਦਾ ਹੈ, ਉਸ ਦੀ ਜਮਾਂ ਦੀ ਫਾਹੀ ਕੱਟ ਦੇਂਦਾ ਹੈ।੧।ਰਹਾਉ।

ਪ੍ਰ: ਹਜ਼ੂਰ! ਤੁਹਾਡਾ ਗੁਰੂ ਬਾਰੇ ਆਪਣਾ ਵਿਸ਼ਵਾਸ ਕੀ ਹੈ?

ਉ: ੫. ਹੇ ਭਾਈਓ! ਉਹ ਗੁਰੂ ਸਮਰੱਥ ਪੁਰਖ ਪੂਰਨ ਕਰਮਾਂ ਦੇ ਫਲ ਪਰਦਾਤੇ ਦਾ ਸਰੂਪ ਹੀ ਹੈ, ਜੋ ਸਭ ਕੁਝ ਆਪੇ ਹੀ ਕਰਣੇਹਾਰਾ ਹੈ, ਭਾਵ ਸਰਬ ਕਲਾ ਸਮਰੱਥ ਹੈ।

੬. ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਹਰੀ ਰੂਪ ਗੁਰੂ ਨੇ ਨਾਮ ਦਾ ਆਸਰਾ ਦੇ ਕੇ ਆਪਣੇ ਦਾਸ ਨੂੰ ਜਨਮ ਮਰਨ ਵਲੋਂ ਆਪ ਹੀ ਰੱਖ ਲਿਆ ਹੈ।੨।੬।੩੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਗੁਰੂ ਵੈਦ ਦੀ ਮਹਿਮਾ ਉਚਾਰਨ ਕਰਦੇ ਹਨ ਜੋ ਕਿ ਸ਼ੁਭ ਗੁਣਾਂ ਦੀ ਹਰਿਆਵਲਤਾ ਤੋਂ ਸੱਖਣੇ ਮਨ ਨੂੰ ਸ਼ੁਭ ਗੁਣ ਬਖ਼ਸ਼ ਕੇ ਜਨਮ-ਜਨਮਾਤਰਾਂ ਦੇ ਦੁੱਖ ਦੀ ਨਵਿਰਤੀ ਕਰਦਾ ਹੈ ਅਤੇ ਹਰੀ ਦੇ ਨਾਮ ਦੀ ਦੁਆਈ ਬਖ਼ਸ਼ ਕੇ ਜਮਾਂ ਦੀ ਫਾਹੀ ਨੂੰ ਕੱਟ ਦੇਂਦਾ ਹੈ।

ਸੋਰਠਿ ਮਹਲਾ ੫ ॥

੧. ਅੰਤਰ ਕੀ ਗਤਿ ਤੁਮ ਹੀ ਜਾਨੀ
ਤੁਝ ਹੀ ਪਾਹਿ ਨਿਬੇਰੋ ॥
੨. ਬਖਸਿ ਲੈਹੁ ਸਾਹਿਬ ਪ੍ਰਭ ਅਪਨੇ
ਲਾਖ ਖਤੇ ਕਰਿ ਫੇਰੋ ॥੧॥
੩. ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ ॥
੪. ਹਰਿ ਚਰਣ ਸਰਣ ਮੋਹਿ ਚੇਰੋ ॥੧॥ ਰਹਾਉ ॥
੫. ਬੇਸੁਮਾਰ ਬੇਅੰਤ ਸੁਆਮੀ ਊਚੋ ਗੁਨੀ ਗਹੇਰੋ ॥
੬. ਕਾਟਿ ਸਿਲਕ ਕੀਨੋ ਅਪੁਨੋ ਦਾਸਰੋ
ਤਉ ਨਾਨਕ ਕਹਾ ਨਿਹੋਰੋ ॥੨॥੭॥੩੫॥

ਪਦ ਅਰਥ : ਗਤਿ—ਗਤੀ, ਹਾਲਤ, ਅਵਸਥਾ। ਪਾਹਿ—ਪਾਸ। ਨਿਬੇਰੋ—ਨਬੇੜਾ, ਫ਼ੈਸਲਾ। ਸਾਹਿਬ—ਮਾਲਕ। ਖਤੇ—ਪਾਪ। ਕਰ ਫੇਰੋ—ਕਰਦਾ ਫਿਰਦਾ ਹਾਂ।੧।

ਠਾਕੁਰੁ—ਪਾਲਣਹਾਰ। ਨੇਰੋ—ਨੇੜੇ, ਅੰਗ ਸੰਗ। ਮੋਹਿ—ਮੈਨੂੰ। ਚੇਰੋ—ਚੇਰਾ, ਦਾਸ।੧।ਰਹਾਉ।

ਸੁਆਮੀ—ਹੇ ਮਾਲਕ। ਗੁਨੀ—ਗੁਣਾਂ ਦਾ ਮਾਲਕ। ਗਹੇਰੋ—ਡੂੰਘਾ। ਸਿਲਕ—ਫਾਹੀ। ਦਾਸਰੋ—ਨਿੱਕਾ ਜਿਹਾ ਦਾਸ। ਤਉ—ਤਦੋਂ। ਨਿਹੋਰੋ—ਮੁਥਾਜੀ।੨।

ਅਰਥ :

ਪ੍ਰ: ਹੇ ਗੁਰੋ! ਅਸੀਂ ਕਲਜੁਗੀ ਮਲੀਨ ਬੁੱਧੀ ਵਾਲੇ ਜੀਵ ਹਾਂ, ਸਾਨੂੰ ਤਾਂ ਆਪਣੀ ਭਲਾਈ ਲਈ ਅਰਦਾਸ ਕਰਨ ਦੀ ਭੀ ਸੋਝੀ ਨਹੀਂ, ਕਿਰਪਾ ਕਰ ਕੇ ਜਾਚ ਦੱਸ ਦਿਓ।

ਉ: ੧. ਹੇ ਭਾਈ! ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਜੋਦੜੀ ਕੀਤਾ ਕਰੋ ਕਿ ਹੇ ਸਾਈਂ ਜੀ! ਮੇਰੇ ਆਪਣੇ ਮਾਲਕ ਪ੍ਰਭੂ! ਮੇਰੇ ਅੰਦਰ ਦੀ ਹਾਲਤ ਨੂੰ ਤੁਸੀਂ ਹੀ ਜਾਣਦੇ ਹੋ, (ਤੇਰੀ ਸ਼ਰਨ ਵਿਚ ਪਿਆਂ ਹੀ ਮੇਰੀ ਅੰਦਰਲੀ ਮੰਦੀ ਹਾਲਤ ਦਾ) ਫ਼ੈਸਲਾ ਭਾਵ ਖ਼ਾਤਮਾ ਹੋਣਾ ਹੈ।

੨. ਹੇ ਮੇਰੇ ਸਾਈਂ ਜੀ! ਮੈਂ ਲੱਖਾਂ ਹੀ ਪਾਪ ਕਰਮ ਕਰਦਾ ਫਿਰਦਾ ਹਾਂ, ਹੇ ਮੇਰੇ ਮਾਲਕ ਜੀਉ! ਮੈਨੂੰ (ਕਿਰਪਾ ਕਰ ਕੇ) ਬਖ਼ਸ਼ ਲਓ।੧।

੩. ਹੇ ਪ੍ਰਭੂ ਜੀ! ਤੂੰ ਮੇਰਾ ਪਾਲਣਹਾਰ ਮਾਲਕ ਹੈਂ, ਮੇਰੇ (ਸਦਾ ਹੀ) ਅੰਗ-ਸੰਗ ਵਸਦਾ ਹੈਂ।

੪. ਹੇ ਹਰੀ ਜੀ! ਮੈਂ ਤੇਰਾ ਟਹਿਲੀਆ ਹਾਂ, ਮੈਨੂੰ ਆਪਣੇ ਚਰਨਾਂ ਦੀ ਸ਼ਰਨ ਵਿਚ ਰੱਖ, ਮੈਨੂੰ ਆਪਣਾ ਦਾਸ ਬਣਾਈ ਰੱਖ।੧।ਰਹਾਉ।

੫. ਹੇ ਗਿਣਤੀ ਰਹਿਤ ਪ੍ਰਭੂ! ਹੇ ਬੇਅੰਤ! ਹੇ ਮੇਰੇ ਮਾਲਕ, ਤੂੰ ਗੁਣਾਂ ਦਾ (ਊਚੋ) ਬਹੁਤ ਵੱਡਾ ਸਮੁੰਦਰ ਹੈਂ।

੬. ਸਤਿਗੁਰੂ ਜੀ ਕਹਿੰਦੇ ਹਨ ਕਿ ਜਦੋਂ ਤੂੰ ਕਿਸੇ ਮਨੁੱਖ ਦੀ ਮੋਹ ਦੀ ਫਾਹੀ ਕੱਟ ਕੇ ਉਸ ਨੂੰ ਆਪਣਾ ਦਾਸ ਬਣਾ ਲੈਂਦਾ ਹੈਂ, ਤਦੋਂ ਉਸ ਤੇਰੇ ਦਾਸ ਨੂੰ ਕਿਸੇ ਦੀ ਭੀ ਮੁਥਾਜੀ ਨਹੀਂ ਰਹਿ ਜਾਂਦੀ।੨।੭।੩੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸਾਈਂ ਜੀ ਅੱਗੇ ਅਰਦਾਸ ਕਰਨ ਦੀ ਜਾਚ ਦੱਸ ਰਹੇ ਹਨ।

ਸੋਰਠਿ ਮ: ੫ ॥

੧. ਭਏ ਕ੍ਰਿਪਾਲ ਗੁਰੂ ਗੋਵਿੰਦਾ
ਸਗਲ ਮਨੋਰਥ ਪਾਏ ॥
੨. ਅਸਥਿਰ ਭਏ ਲਾਗਿ ਹਰਿ ਚਰਣੀ
ਗੋਵਿੰਦ ਕੇ ਗੁਣ ਗਾਏ ॥੧॥
੩. ਭਲੋ ਸਮੂਰਤੁ ਪੂਰਾ ॥
੪. ਸਾਂਤਿ ਸਹਜ ਆਨੰਦ ਨਾਮੁ ਜਪਿ
ਵਾਜੇ ਅਨਹਦ ਤੂਰਾ ॥੧॥ ਰਹਾਉ ॥
੫. ਮਿਲੇ ਸੁਆਮੀ ਪ੍ਰੀਤਮ ਅਪੁਨੇ
ਘਰ ਮੰਦਰ ਸੁਖਦਾਈ ॥
੬. ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ
ਸਗਲੀ ਇਛ ਪੁਜਾਈ ॥੨॥੮॥੩੬॥

ਪਦ ਅਰਥ : ਕ੍ਰਿਪਾਲ—ਦਇਆਵਾਨ। ਗੋਵਿੰਦਾ—ਪਰਮੇਸ਼ਰ। ਸਗਲ—ਸਾਰੇ। ਮਨੋਰਥ—ਮਨ ਦੀਆਂ ਮੁਰਾਦਾਂ। ਅਸਥਿਰ—ਅਡੋਲ। ਗਾਏ—ਗਾ ਕੇ।੧।

ਭਲੋ—ਭਲਾ, ਚੰਗਾ। ਪੂਰਾ—ਸ਼ੁੱਭ। ਸਮੂਰਤੁ—ਉਹ ਸਮਾਂ। ਸਹਜ—ਆਤਮਕ ਅਡੋਲਤਾ। ਜਪਿ—ਜਪ ਕੇ। ਵਾਜੇ—ਵੱਜ ਪਏ। ਅਨਹਦ—ਬਿਨਾ ਵਜਾਏ, ਇਕ ਰਸ। ਤੂਰਾ—ਤੂਰੇ, ਵਾਜੇ।੧।ਰਹਾਉ।

ਨਿਧਾਨ—ਖ਼ਜ਼ਾਨਾ। ਪੁਜਾਈ—ਪੂਰੀ ਹੋ ਗਈ।੨।

ਅਰਥ :

ਪ੍ਰ: ਦਿਆਲੂ ਜੀਉ! ਕੀ ਕੋਈ ਐਸਾ ਭੀ ਸਾਧਨ ਹੈ, ਜਿਸ ਦੇ ਰਾਹੀਂ ਮਨ ਦੇ ਸਾਰੇ ਹੀ ਮਨੋਰਥ ਪੂਰਨ ਹੋ ਸਕਦੇ ਹੋਣ?

ਉ: ੧. (ਹਾਂ ਹੈ) ਹੇ ਪਿਆਰੇ! ਜਿਸ ਮਨੁੱਖ ਉੱਤੇ ਪਰਮੇਸ਼ਰ ਦਾ ਰੂਪ ਗੁਰੂ ਮਿਹਰਵਾਨ ਹੋ ਜਾਵੇ, ਉਸ ਦੇ ਮਨ ਦੀਆਂ ਸਾਰੀਆਂ ਹੀ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ।

੨. (ਕਿਉਂਕਿ) ਉਹ ਮਨੁੱਖ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾ-ਗਾ ਕੇ ਤੇ ਪ੍ਰਭੂ ਜੀ ਦੇ ਚਰਣਾਂ ਵਿਚ ਸੁਰਤੀ ਜੋੜ ਕੇ (ਮਾਇਆ ਦੇ ਡੁਲਾਵਿਆਂ) ਵਲੋਂ ਅਡੋਲ ਹੋ ਜਾਂਦਾ ਹੈ, ਭਾਵ ਸਥਿਰ ਚਿੱਤ ਹੋ ਜਾਂਦਾ ਹੈ।੧।

ਪ੍ਰ: ਸ੍ਰੀ ਜੀਉ! ਤੁਸੀਂ ਮਨੁੱਖ ਦੇ ਜੀਵਨ ਵਿਚ ਕਿਹੜਾ ਸਮਾਂ ਚੰਗਾ ਸਮਝਦੇ ਹੋ?

ਉ: ੩. ਹੇ ਪਿਆਰਿਓ! ਮਨੁੱਖ ਦੇ ਜੀਵਨ ਵਿਚ ਤਾਂ ਉਹੀ ਸਮਾਂ ਸੁਹਾਵਣਾ ਹੁੰਦਾ ਹੈ, ਚੰਗੇਰਾ ਹੁੰਦਾ ਹੈ।

੪. ਜਦੋਂ ਕਿ ਪ੍ਰਭੂ ਦਾ ਨਾਮ ਜਪ ਕੇ ਉਸ ਦੇ ਅੰਦਰ ਸ਼ਾਂਤੀ, ਆਤਮਕ ਅਡੋਲਤਾ ਤੇ ਅਨੰਦ-ਪ੍ਰਾਪਤੀ ਦੇ ਇਕ ਰਸ ਵਾਜੇ ਵਜਦੇ ਹਨ।੧।ਰਹਾਉ।

੫. (ਹੇ ਭਾਈ!) ਜਦ ਕਿਸੇ ਮਨੁੱਖ ਨੂੰ (ਉਸ ਦੇ) ਆਪਣੇ ਮਾਲਕ ਪ੍ਰੀਤਮ ਪ੍ਰਭੂ ਜੀ ਮਿਲ ਪੈਂਦੇ ਹਨ, ਤਦ ਉਸ ਨੂੰ ਇਹ ਸਾਰੇ ਘਰ ਤੇ ਮੰਦਰ ਸੁਖਦਾਈ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਪ੍ਰ: ਸ੍ਰੀ ਜੀਉ! ਤੁਹਾਡਾ ਆਪਣਾ ਨਿਸ਼ਚਾ ਕੀ ਹੈ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਸਾਡਾ ਤਾਂ ਇਹ ਵਿਸ਼ਵਾਸ ਹੈ ਕਿ ਜਿਸ ਮਨੁੱਖ ਨੇ ਗੁਰੂ ਪਾਸੋਂ ਪਰਮੇਸ਼ਰ ਦੇ ਨਾਮ ਦਾ ਖ਼ਜ਼ਾਨਾ ਲੱਭ ਲਿਆ ਹੈ, ਉਸ ਦੀ ਸਾਰੀ ਹੀ ਮਨੋਕਾਮਨਾ ਪੂਰੀ ਹੋ ਜਾਂਦੀ ਹੈ।੨।੮।੩੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਜੀ ਗੋਬਿੰਦ ਦੇ ਸਰੂਪ ਗੁਰੂ ਦੀ ਮਿਹਰ ਦਾ ਜ਼ਿਕਰ ਕਰਦੇ ਹਨ ਕਿ ਗੁਰੂ ਦੀ ਕਿਰਪਾ ਦੁਆਰਾ ਸਾਡੇ ਹੀ ਮਨ ਦੇ ਮਨੋਰਥ ਪੂਰਨ ਹੋ ਜਾਂਦੇ ਹਨ, ਕਿਉਂਕਿ ਗੁਰੂ ਦੀ ਸ਼ਰਨ ਵਿਚ ਚਲ ਕੇ ਜਿਨ੍ਹਾਂ ਨੇ ਉਸ ਸਾਈਂ ਜੀ ਦੇ ਗੁਣ ਗਾਏ ਹਨ, ਉਹ ਸਦਾ ਹੀ ਮਾਇਆ ਦੇ ਡੁਲਾਵਿਆਂ ਤੋਂ ਅਡੋਲ ਹੋ ਰਹਿੰਦੇ ਹਨ। ਇਸੇ ਅਡੋਲਤਾ ਦੇ ਸਮੇਂ ਨੂੰ ਜੀਵਨ ਦਾ ਸੁਨਹਿਰੀ ਸਮਾਂ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚ ਪੁੱਜੇ ਮਨੁੱਖ ਨੂੰ ਉਹ ਘਰ ਮੰਦਰ ਸੁਖਦਾਈ ਰੂਪ ਨਜ਼ਰ ਆਉਣ ਲੱਗ ਪੈਂਦੇ ਹਨ, ਜਿਥੇ ਕਿ ਉਹ ਵਸਦਾ ਹੈ।

ਸੋਰਠਿ ਮਹਲਾ ੫ ॥

੧. ਗੁਰ ਕੇ ਚਰਨ ਬਸੇ ਰਿਦ ਭੀਤਰਿ
ਸੁਭ ਲਖਣ ਪ੍ਰਭਿ ਕੀਨੇ ॥
੨. ਭਏ ਕ੍ਰਿਪਾਲ ਪੂਰਨ ਪਰਮੇਸਰ
ਨਾਮ ਨਿਧਾਨ ਮਨਿ ਚੀਨੇ ॥੧॥
੩. ਮੇਰੋ ਗੁਰੁ ਰਖਵਾਰੋ ਮੀਤ ॥
੪. ਦੂਣ ਚਊਣੀ ਦੇ ਵਡਿਆਈ
ਸੋਭਾ ਨੀਤਾ ਨੀਤ ॥੧॥ ਰਹਾਉ ॥
੫. ਜੀਅ ਜੰਤ ਪ੍ਰਭਿ ਸਗਲ ਉਧਾਰੇ
ਦਰਸਨੁ ਦੇਖਣਹਾਰੇ ॥
੬. ਗੁਰ ਪੂਰੇ ਕੀ ਅਚਰਜ ਵਡਿਆਈ
ਨਾਨਕ ਸਦ ਬਲਿਹਾਰੇ ॥੨॥੯॥੩੭॥

ਪਦ ਅਰਥ : ਰਿਦ ਭੀਤਰਿ—ਹਿਰਦੇ ਵਿਚ। ਸੁਭ ਲਖਣ—ਸਫਲਤਾ ਦੇਣ ਵਾਲੇ ਲੱਛਣ। ਪ੍ਰਭਿ—ਪ੍ਰਭੂ ਨੇ। ਮਨਿ—ਮਨ ਵਿਚ। ਚੀਨੇ—ਪਛਾਣ ਲਏ।੧।

ਮੇਰੋ—ਮੇਰਾ। ਰਖਵਾਰੋ—ਰਖਵਾਲਾ। ਚਊਣੀ—ਚਉ ਗੁਣੀ। ਦੇ—ਦੇਂਦਾ ਹੈ। ਨੀਤਾ ਨੀਤ—ਸਦਾ ਹੀ।੧।ਰਹਾਉ।

ਜੀਅ ਜੰਤ ਸਗਲੇ—ਸਾਰੇ ਹੀ ਜੀਵ। ਪ੍ਰਭਿ—ਪ੍ਰਭੂ ਨੇ। ਦੇਖਣਹਾਰੇ—ਵੇਖਣ ਵਾਲੇ। ਅਚਰਜ—ਹੈਰਾਨ ਕਰ ਦੇਣ ਵਾਲੀ। ਵਡਿਆਈ—ਵੱਡਾ ਦਰਜਾ। ਸਦ—ਸਦਾ। ਬਲਿਹਾਰੇ—ਕੁਰਬਾਨ।੨।

ਅਰਥ :

ਪ੍ਰ: ਸੁਆਮੀ ਜੀ! ਇਹ ਦੱਸੋ, ਜਦ ਕਿਸੇ ਸਾਦਕ ਦੇ ਮਨ ਅੰਦਰ ਗੁਰੂ ਦੇ ਚਰਨਾਂ ਦਾ ਨਿਵਾਸ ਹੋ ਜਾਏ, ਤਾਂ ਉਸ ਦੀ ਨਿਸ਼ਾਨੀ ਕੀ ਹੈ ਅਤੇ ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

ਉ: ੧. ਹੇ ਪਿਆਰਿਓ! ਜਿਸ ਮਨੁੱਖ ਦੇ ਹਿਰਦੇ ਅੰਦਰ ਗੁਰੂ ਦੇ ਚਰਨ ਵਸ ਗਏ ਹੋਣ, (ਤਾਂ ਇਉਂ ਸਮਝ ਲਓ ਕਿ) ਉਸ ਦੀ ਜ਼ਿੰਦਗੀ ਵਿਚ ਪ੍ਰਭੂ ਜੀ ਨੇ ਉਸ ਨੂੰ ਹਰ ਤਰ੍ਹਾਂ ਦੀ ਸਫਲਤਾ

ਪੈਦਾ ਕਰਨ ਵਾਲੇ (ਸਾਰੇ ਹੀ) ਲੱਛਣ ਉਤਪੰਨ ਕਰ ਦਿੱਤੇ ਹਨ।

੨. ਹੇ ਭਾਈ! ਸਰਵ ਵਿਆਪਕ ਪ੍ਰਭੂ ਜੀ ਜਿਸ ਮਨੁੱਖ ਉੱਤੇ ਮਿਹਰਵਾਨ ਹੋ ਗਏ, ਉਸ ਮਨੁੱਖ ਨੇ ਉਸ ਪ੍ਰਭੂ ਦੇ ਨਾਮ ਦਾ ਖ਼ਜ਼ਾਨਾ ਆਪਣੇ ਮਨ ਅੰਦਰ ਹੀ ਜਾਣ ਲਿਆ ਹੈ।੧।

ਪ੍ਰ: ਸ੍ਰੀ ਜੀਓ! ਹੁਣ ਆਪ ਜੀ ਨੂੰ ਆਪਣੇ ਅੰਦਰ ਕੀ ਪ੍ਰਤੀਤ ਹੋ ਰਿਹਾ ਹੈ?

ਉ: ੩. ਹੇ ਪਿਆਰਿਓ! ਮੈਨੂੰ ਤਾਂ ਹੁਣ ਇਹੋ ਹੀ ਪ੍ਰਤੀਤ ਹੋ ਰਿਹਾ ਹੈ ਕਿ ਮੇਰਾ ਗੁਰੂ ਹੀ ਮੇਰਾ ਰਾਖਾ ਹੈ, ਉਹੀ ਮੇਰਾ ਮਿੱਤਰ ਹੈ, (ਕਿਉਂਕਿ) ਉਹ ਗੁਰੂ ਪ੍ਰਭੂ ਜੀ ਦਾ ਨਾਮ ਦੇ ਕੇ

੪. ਮੈਨੂੰ ਉਹ ਵਡਿਆਈ ਬਖ਼ਸ਼ਦਾ ਹੈ, (ਜੋ ਕਿ ਦਿਨੋ-ਦਿਨ) ਦੂਣੀ ਚੌਣੀ ਹੁੰਦੀ ਜਾਂਦੀ ਹੈ, ਭਾਵ ਸਦਾ ਹੀ ਵਧਦੀ ਜਾਂਦੀ ਹੈ ਅਤੇ ਉਹ ਸਦਾ ਹੀ ਮੈਨੂੰ ਸੋਭਾ ਦਿਵਾਉਂਦਾ ਹੈ।੧।ਰਹਾਉ।

੫. ਹੇ ਭਾਈ! ਜੋ ਭੀ ਗੁਰੂ ਦਾ ਦਰਸ਼ਨ ਕਰਨ ਵਾਲੇ ਹਨ, ਉਨ੍ਹਾਂ ਸਾਰੇ ਮਨੁੱਖਾਂ ਨੂੰ ਪ੍ਰਭੂ ਜੀ ਨੇ ਵਿਕਾਰਾਂ ਤੋਂ ਬਚਾ ਲਿਆ।

੬. ਹੇ ਭਾਈਓ! ਪੂਰੇ ਗੁਰੂ ਦੀ ਵਡਿਆਈ ਜਾਂ ਦਰਜਾ ਇਤਨਾ ਵੱਡਾ ਹੈ ਕਿ (ਵੇਖ ਕੇ) ਹੈਰਾਨ ਹੋ ਜਾਈਦਾ ਹੈ। (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਐ ਮਿੱਤਰ ਜਨੋ), ਮੈਂ ਤਾਂ ਐਸੇ ਗੁਰੂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।੨।੯।੩੭।

ਭਾਵਾਰਥ : ਇਸ ਸ਼ਬਦ ਅੰਦਰ ਭੀ ਹਜ਼ੂਰ ਗੁਰੂ ਦੀ ਮਹਿਮਾ ਅੰਕਤ ਕਰਦੇ ਹਨ, ਜੋ ਕਿ ਸੇਵਕਾਂ ਦਾ ਸਦਾ ਹੀ ਰਖਵਾਲਾ ਹੈ। ਐਸੇ ਗੁਰੂ ਦੇ ਸ਼ਬਦ ਰੂਪ ਚਰਨਾਂ ਨੂੰ ਜਿਨ੍ਹਾਂ ਨੇ ਆਪਣੇ ਅੰਤਰ ਆਤਮੇ ਵਸਾ ਲਿਆ ਹੈ, ਉਨ੍ਹਾਂ ਦੀ ਸੋਭਾ ਦਿਨ ਦੂਣੀ ਤੇ ਰਾਤ ਚੌਗੁਣੀ ਵਧਦੀ ਚਲੀ ਜਾਂਦੀ ਹੈ।

ਸੋਰਠਿ ਮਹਲਾ ੫ ॥

੧. ਸੰਚਨਿ ਕਰਉ ਨਾਮ ਧਨੁ ਨਿਰਮਲ
ਥਾਤੀ ਅਗਮ ਅਪਾਰ ॥
੨. ਬਿਲਛਿ ਬਿਨੋਦ ਆਨੰਦ ਸੁਖ ਮਾਣਹੁ
ਖਾਇ ਜੀਵਹੁ ਸਿਖ ਪਰਵਾਰ ॥੧॥
੩. ਹਰਿ ਕੇ ਚਰਨ ਕਮਲ ਆਧਾਰ ॥
੪. ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ
ਚੜਿ ਲੰਘਉ ਬਿਖੁ ਸੰਸਾਰ ॥੧॥ ਰਹਾਉ ॥
੫. ਭਏ ਕ੍ਰਿਪਾਲ ਪੂਰਨ ਅਬਿਨਾਸੀ
ਆਪਹਿ ਕੀਨੀ ਸਾਰ ॥
੬. ਪੇਖਿ ਪੇਖਿ ਨਾਨਕ ਬਿਗਸਾਨੋ
ਨਾਨਕ ਨਾਹੀ ਸੁਮਾਰ ॥੨॥੧੦॥੩੮॥

ਪਦ ਅਰਥ : ਸੰਚਨਿ ਕਰਉ—ਕਰਉਂ, ਮੈਂ ਇਕੱਠਾ ਕਰਦਾ ਹਾਂ। ਨਾਮ ਧਨੁ ਨਿਰਮਲ—ਨਿਰਮਲ ਨਾਮ ਧਨ, ਪ੍ਰਭੂ ਦੇ ਪਵਿੱਤ੍ਰ ਨਾਮ ਦਾ ਧਨ। ਥਾਤੀ—ਥੈਲੀ, ਟਿਕਾਉ। ਅਗਮ—ਅਪਹੁੰਚ। ਅਪਾਰ—ਬੇਅੰਤ। ਬਿਲਛਿ—ਪ੍ਰਸੰਨ, ਖੇਡਦੇ। ਬਿਨੋਦ—(ਆਤਮਕ) ਚੋਜ ਤਮਾਸ਼ੇ। ਜੀਵਹੁ—ਆਤਮਕ ਜੀਵਨ ਪ੍ਰਾਪਤ ਕਰੋ। ਸਿਖ ਪਰਵਾਰ—ਹੇ (ਗੁਰੂ ਕੇ) ਸਿੱਖ ਪਰਵਾਰ।੧।

ਆਧਾਰ—ਆਸਰਾ। ਸੰਤ ਪ੍ਰਸਾਦਿ—ਗੁਰੂ ਦੀ ਕਿਰਪਾ ਨਾਲ। ਸਚ—ਸਦਾ ਹੀ ਕਾਇਮ ਰਹਿਣ ਵਾਲਾ। ਬੋਹਿਥ—ਜਹਾਜ਼। ਚੜਿ—ਚੜ੍ਹ ਕੇ। ਲੰਘਉ—ਲੰਘਉਂ, ਮੈਂ ਲੰਘਦਾ ਹਾਂ। ਬਿਖੁ—ਜ਼ਹਿਰ।੧।ਰਹਾਉ।

ਆਪਹਿ—ਆਪ ਹੀ। ਸਾਰ—ਸੰਭਾਲ। ਪੇਖਿ—ਵੇਖ ਕੇ। ਨਾਨਕ ਬਿਗਸਾਨੋ—ਨਾਨਕ ਖ਼ੁਸ਼ ਹੋ ਰਿਹਾ ਹੈ। ਨਾਨਕ—ਹੇ ਨਾਨਕ! ਸੁਮਾਰ—ਮਿਣਤੀ, ਹੱਦ।੨।

ਅਰਥ :

ਪ੍ਰ: ਕਿਉਂ ਜੀ! ਵੇਖੀਦਾ ਹੈ ਕਿ ਦੁਨੀਆ ਦਾ ਹਰ ਮਨੁੱਖ ਇਕ ਦੂਜੇ ਤੋਂ ਵਧ-ਵਧ ਕੇ ਧਨ ਇਕੱਤਰ ਕਰਦਾ ਹੈ, ਕੀ ਆਪ ਭੀ ਇਸ ਧਨ ਨੂੰ ਇਕੱਠਾ ਕਰਨ ਦਾ ਉਪਰਾਲਾ ਕਰਦੇ ਹੋ?

ਉ: ੧. ਹੇ ਭਾਈਓ! ਅਸੀਂ ਇਸ ਨਾਸ਼ਵਾਨ ਦੁਨਿਆਵੀ ਧਨ ਨੂੰ ਇਕੱਤਰ ਨਹੀਂ ਕਰਦੇ, ਪਰ ਹਾਂ, ਅਸੀਂ ਤਾਂ (ਗੁਰੂ ਦੀ ਕਿਰਪਾ ਦੁਆਰਾ) ਉਸ ਪਰਮੇਸ਼ਰ ਦੇ ਪਵਿੱਤ੍ਰ ਨਾਮ ਧਨ ਨੂੰ ਇਕੱਤਰ ਕਰਦੇ ਹਾਂ। (ਜਿਥੇ ਭੀ ਇਹ ਨਾਮ ਧਨ ਇਕੱਠਾ ਕੀਤਾ ਜਾਏ, ਉਥੇ) ਅਪਹੁੰਚ ਅਤੇ ਬੇਅੰਤ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ।

੨. ਹੇ (ਗੁਰੂ ਕੇ) ਸਿੱਖ ਪਰਵਾਰ! ਹੇ ਗੁਰ ਸਿੱਖੋ! ਤੁਸੀਂ ਭੀ (ਆਤਮਕ ਜੀਵਨ ਵਾਸਤੇ ਇਹ ਨਾਮ ਭੋਜਨ) ਖਾ ਕੇ ਆਤਮਕ ਜੀਵਨ ਹਾਸਲ ਕਰੋ, ਖ਼ੁਸ਼ ਹੋ ਕੇ ਆਤਮਕ ਚੋਜ ਅਨੰਦ ਸੁੱਖ ਮਾਣਿਆ ਕਰੋ।੧।

੩. ਹੇ ਪਿਆਰੇ! ਮੈਂ ਤਾਂ ਹੁਣ ਪਰਮੇਸ਼ਰ ਦੇ ਕੋਮਲ ਚਰਨਾਂ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾ ਲਿਆ ਹੈ।

੪. ਹੇ ਭਾਈ! ਹੁਣ ਤਾਂ ਮੈਂ ਗੁਰੂ ਦੀ ਕਿਰਪਾ ਨਾਲ ਸਦਾ-ਥਿਰ ਪ੍ਰਭੂ ਦਾ ਨਾਮ ਰੂਪੀ ਜਹਾਜ਼ ਲੱਭ ਲਿਆ ਹੈ। ਉਸ ਵਿਚ ਚੜ੍ਹ ਕੇ ਮੈਂ ਵਿਕਾਰਾਂ ਦੇ ਜ਼ਹਿਰ ਭਰੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਰਿਹਾ ਹਾਂ।੧।ਰਹਾਉ।

ਪ੍ਰ: ਹਜ਼ੂਰ! ਇਹ ਦਾਤ ਸਭ ਨੂੰ ਕਿਉਂ ਨਹੀਂ ਪ੍ਰਾਪਤ ਹੁੰਦੀ?

ਉ: ੫. ਹੇ ਭਾਈਓ! ਜਿਸ ਮਨੁੱਖ ਉੱਤੇ ਉਹ ਸਰਵ ਵਿਆਪਕ ਪ੍ਰਭੂ ਜੀ ਦਇਆਵਾਨ ਹੁੰਦੇ ਹਨ, ਉਸ ਦੀ ਸੰਭਾਲ ਉਹ ਆਪ ਹੀ ਕਰਦੇ ਹਨ, ਉਸੇ ਨੂੰ ਇਹ ਦਾਤ ਮਿਲਦੀ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਂ ਨਾਨਕ ਤਾਂ (ਉਸ ਦਾ ਇਹ ਕੌਤਕ) ਵੇਖ-ਵੇਖ ਕੇ ਖ਼ੁਸ਼ ਹੁੰਦਾ ਹਾਂ ਕਿ (ਉਹ ਜੋ ਸੇਵਕ ਦੀ ਸੰਭਾਲ ਕਰਨ) ਰੂਪ ਪ੍ਰਭੂ ਦੀ ਦਇਆ ਹੈ, ਉਸ ਦਾ ਤਾਂ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ।੨।੧੦।੩੮।

ਭਾਵਾਰਥ : ਇਸ ਸ਼ਬਦ ਵਿਚ ਗੁਰਦੇਵ ਜੀ ਕੱਚੇ ਦੁਨਿਆਵੀ ਧਨ ਤੋਂ ਸੁਰਤਿ ਨੂੰ ਉੱਚੀ ਉਠਾ ਕੇ ਸੱਚੇ ਪਰਮੇਸ਼ਰ ਦੇ ਨਾਮ ਰੂਪ ਧਨ ਨੂੰ ਇਕੱਤਰ ਕਰਨ ਦਾ ਉਪਦੇਸ਼ ਕਰਦੇ ਹਨ, ਜੋ ਕਿ ਮਨੁੱਖ ਦੀ ਲੋਕ-ਪ੍ਰਲੋਕ ਵਿਚ ਸਦਾ ਹੀ ਸਹਾਇਤਾ ਕਰਨ ਵਾਲਾ ਹੈ।

ਸੋਰਠਿ ਮਹਲਾ ੫ ॥

੧. ਗੁਰਿ ਪੂਰੈ ਅਪਨੀ ਕਲ ਧਾਰੀ
ਸਭ ਘਟ ਉਪਜੀ ਦਇਆ ॥
੨. ਆਪੇ ਮੇਲਿ ਵਡਾਈ ਕੀਨੀ
ਕੁਸਲ ਖੇਮ ਸਭ ਭਇਆ ॥੧॥
੩. ਸਤਿਗੁਰੁ ਪੂਰਾ ਮੇਰੈ ਨਾਲਿ ॥
੪. ਪਾਰਬ੍ਰਹਮੁ ਜਪਿ ਸਦਾ ਨਿਹਾਲ ॥ ਰਹਾਉ ॥
੫. ਅੰਤਰਿ ਬਾਹਰਿ ਥਾਨ ਥਨੰਤਰਿ
ਜਤ ਕਤ ਪੇਖਉ ਸੋਈ ॥
੬. ਨਾਨਕ ਗੁਰੁ ਪਾਇਓ ਵਡਭਾਗੀ
ਤਿਸੁ ਜੇਵਡੁ ਅਵਰੁ ਨ ਕੋਈ ॥੨॥੧੧॥੩੯॥

ਪਦ ਅਰਥ : ਗੁਰਿ ਪੂਰੈ—ਪੂਰੇ ਗੁਰੂ ਨੇ। ਕਲ—ਕਲਾ, ਸਤਿਆ, ਤਾਕਤ। ਸਭ ਘਟ—ਸਾਰੇ ਸਰੀਰਾਂ ਵਾਸਤੇ। ਉਪਜੀ—ਪੈਦਾ ਹੋ ਗਈ। ਆਪੇ—ਆਪ ਹੀ। ਮੇਲਿ—(ਪ੍ਰਭੂ ਚਰਨਾਂ ਵਿਚ) ਮਿਲਾਕੇ। ਵਡਾਈ—ਉੱਚਾ ਆਤਮਕ ਦਰਜਾ। ਕੁਸਲ ਖੇਮ—ਖ਼ੁਸ਼ੀ, ਪ੍ਰਸੰਨਤਾ।੧।

ਜਪਿ—ਜਪ ਕੇ। ਨਿਹਾਲ—ਪ੍ਰਸੰਨ ਚਿੱਤ।ਰਹਾਉ।

ਥਾਨ ਥਨੰਤਰਿ—ਥਾਨ ਥਾਨ ਅੰਤਰਿ, ਹਰ ਥਾਂ ਵਿਚ। ਜਤ ਕਤ—ਜਿਥੇ ਕਿਥੇ। ਪੇਖਉ—ਪੇਖਉਂ, ਮੈਂ ਵੇਖਦਾ ਹਾਂ। ਸੋਈ—(ਉਹੀ) ਪਰਮੇਸ਼ਰ ਹੀ। ਜੇਵਡੁ—ਜੇਡਾ, ਬਰਾਬਰ ਦਾ। ਅਵਰੁ—ਹੋਰ।੨।

ਅਰਥ :

ਪ੍ਰ: ਹੇ ਕ੍ਰਿਪਾਲੂ ਜੀ! ਗੁਰੂ ਵਲੋਂ ਜੋ ਆਪ ਜੀ ਨੂੰ ਨਾਮ ਪ੍ਰਾਪਤ ਹੋਇਆ ਹੈ, ਉਸ ਨਾਮ ਦੇ ਚਿੰਤਨ ਦੁਆਰਾ ਆਪ ਜੀ ਦੇ ਅੰਦਰ ਕੀ ਬਦਲੀ ਆਈ ਹੈ?

ਉ: ੧. ਹੇ ਪਿਆਰਿਓ! ਹੁਣ ਪੂਰੇ ਗੁਰੂ ਨੇ ਮੇਰੇ ਅੰਦਰ ਆਪਣੀ ਅਜੇਹੀ ਤਾਕਤ ਭਰ ਦਿੱਤੀ ਹੈ ਕਿ ਹੁਣ ਮੇਰੀ ਆਤਮਾ ਵਿਚ ਸਭ ਜੀਵਾਂ ਲਈ ਦਇਆ ਪੈਦਾ ਹੋ ਗਈ ਹੈ, ਭਾਵ ਹੈ ਕਿ ਮੇਰੇ ਮਨ ਵਿਚ ਹਰ ਜੀਵ ਮਾਤ੍ਰ ਲਈ ਰਹਿਮ-ਦਿਲੀ ਉਤਪੰਨ ਹੋ ਆਈ ਹੈ।

੨. ਹੇ ਭਾਈ! (ਗੁਰੂ ਨੇ) ਆਪ ਹੀ ਮੈਨੂੰ ਪ੍ਰਭੂ ਚਰਨਾਂ ਵਿਚ ਜੋੜ ਕੇ ਆਤਮਕ ਉੱਚਤਾ ਬਖ਼ਸ਼ੀ ਹੈ। ਹੁਣ ਮੇਰੇ ਅੰਦਰ ਅਨੰਦ ਹੀ ਅਨੰਦ ਬਣਿਆ ਰਹਿੰਦਾ ਹੈ।ਰਹਾਉ।

੩. ਹੁਣ ਮੈਨੂੰ ਇਉਂ ਪ੍ਰਤੀਤ ਹੋ ਰਿਹਾ ਹੈ ਕਿ ਪੂਰਾ ਗੁਰੂ (ਹਰ ਵੇਲੇ) ਮੇਰੇ ਨਾਲ ਹੀ (ਮਦਦਗਾਰ) ਹੈ।

੪. ਉਸੇ ਦੀ ਮਿਹਰ ਨਾਲ ਪਰਮੇਸ਼ਰ ਦਾ ਨਾਮ ਜਪ ਕੇ ਮੈਂ ਸਦਾ ਹੀ ਪ੍ਰਸੰਨ ਚਿੱਤ ਰਹਿੰਦਾ ਹਾਂ।ਰਹਾਉ।

੫. ਹੇ ਪਿਆਰੇ! (ਹੁਣ ਮੇਰੇ ਅੰਤਰ ਆਤਮੇਂ ਐਸੀ ਦਿੱਬ-ਦ੍ਰਿਸ਼ਟੀ ਜਾਗ ਪਈ ਹੈ) ਕਿ ਆਪਣੇ ਅੰਦਰ ਤੇ ਬਾਹਰ (ਸਾਰੇ ਜਗਤ ਵਿਚ) ਹਰ ਥਾਂ ਵਿਚ, ਮੈਂ ਜਿਥੇ ਕਿਤੇ ਭੀ ਦੇਖਦਾ ਹਾਂ ਉਸ ਪਰਮੇਸ਼ਰ ਨੂੰ ਹੀ ਵਸਦਾ ਤੱਕਦਾ ਹਾਂ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਨੂੰ ਵੱਡੇ ਭਾਗਾਂ ਨਾਲ ਐਸਾ ਗੁਰੂ ਮਿਲ ਪਿਆ ਹੈ, (ਇਸੇ ਲਈ) ਮੈਨੂੰ ਹੁਣ ਪ੍ਰਤੀਤ ਹੋ ਆਈ ਹੈ ਕਿ ਇਸ ਤਰ੍ਹਾਂ ਦੀ ਦਾਤ ਬਖ਼ਸ਼ਣ ਵਾਲਾ (ਗੁਰੂ ਦੇ ਬਰਾਬਰ ਦਾ) ਹੋਰ ਕੋਈ ਨਹੀਂ ਹੈ।੨।੧੧।੩੯।

ਭਾਵਾਰਥ : ਇਸ ਸ਼ਬਦ ਅੰਦਰ ਭੀ ਹਜ਼ੂਰ ਗੁਰੂ ਦੀ ਮਹਿਮਾ ਉਚਾਰਨ ਕਰਦੇ ਹਨ ਕਿ ਜਿਸ ਮਨੁੱਖ ਦੇ ਉਪਰ ਗੁਰੂ ਜੀ ਨੇ ਕਿਰਪਾ ਕਰ ਦਿੱਤੀ ਹੈ, ਉਸਦੇ ਅੰਦਰ ਹਰ ਜੀਵ ਮਾਤਰ ਲਈ ਰਹਿਮ-ਦਿਲੀ ਪੈਦਾ ਹੋ ਆਉਂਦੀ ਹੈ ਅਤੇ ਉਸ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਪੂਰਾ ਸਤਿਗੁਰ ਹਰ ਸਮੇਂ ਹੀ ਮੇਰੇ ਅੰਗ-ਸੰਗ ਰਹਿੰਦਾ ਹੈ, ਪਰ ਅਜਿਹਾ ਸਤਿਗੁਰੂ ਵੱਡੇ ਭਾਗਾਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ।

ਸੋਰਠਿ ਮਹਲਾ ੫ ॥

੧. ਸੂਖ ਮੰਗਲ ਕਲਿਆਣ ਸਹਜ ਧੁਨਿ
ਪ੍ਰਭ ਕੇ ਚਰਣ ਨਿਹਾਰਿਆ ॥
੨. ਰਾਖਨਹਾਰੈ ਰਾਖਿਓ ਬਾਰਿਕੁ
ਸਤਿਗੁਰਿ ਤਾਪੁ ਉਤਾਰਿਆ ॥੧॥
੩. ਉਬਰੇ ਸਤਿਗੁਰ ਕੀ ਸਰਣਾਈ ॥
੪. ਜਾ ਕੀ ਸੇਵ ਨ ਬਿਰਥੀ ਜਾਈ ॥ ਰਹਾਉ ॥
੫. ਘਰ ਮਹਿ ਸੂਖ ਬਾਹਰਿ ਫੁਨਿ ਸੂਖਾ
ਪ੍ਰਭ ਅਪੁਨੇ ਭਏ ਦਇਆਲਾ ॥
੬. ਨਾਨਕ ਬਿਘਨੁ ਨ ਲਾਗੈ ਕੋਊ
ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥

ਪਦ ਅਰਥ : ਮੰਗਲ—ਖ਼ੁਸ਼ੀਆਂ। ਕਲਿਆਣ—ਸੁੱਖ। ਸਹਜ ਧੁਨਿ—ਆਤਮਕ ਅਡੋਲਤਾ ਦੀ ਰੌਂ। ਨਿਹਾਰਿਆ—ਵੇਖੇ। ਰਾਖਨਹਾਰੈ—ਰੱਖਿਆ ਕਰਨ ਦੀ ਸਮਰੱਥਾ ਵਾਲੇ ਨੇ। ਸਤਿਗੁਰਿ—ਸਤਿਗੁਰੂ ਨੇ।੧।

ਉਬਰੇ—ਬਚ ਗਏ। ਜਾ ਕੀ—ਜਿਸ ਗੁਰੂ ਦੀ। ਬਿਰਥੀ—ਖ਼ਾਲੀ।ਰਹਾਉ।

ਘਰ ਮਹਿ—ਹਿਰਦੇ ਵਿਚ। ਫੁਨਿ—ਭੀ। ਬਿਘਨੁ—ਰੁਕਾਵਟ।੨।

ਅਰਥ :

ਪ੍ਰ: ਸ੍ਰੀ ਜੀਉ! ਗੁਰੂ ਦੀ ਬਰਕਤ ਨਾਲ ਜਿਨ੍ਹਾਂ ਨੇ ਪ੍ਰਭੂ ਦੇ ਚਰਨਾਂ ਦਾ ਦਰਸ਼ਨ ਕਰ ਲਿਆ ਹੋਵੇ, ਉਸ ਨੂੰ ਕੀ ਫਲ ਮਿਲਦਾ ਹੈ?

ਉ: ੧. ਹੇ ਪਿਆਰੇ! ਗੁਰੂ ਦੀ ਸ਼ਰਨ ਪੈ ਕੇ ਜਿਸ ਮਨੁੱਖ ਨੇ ਪਰਮੇਸ਼ਰ ਜੀ ਦੇ ਚਰਨਾਂ ਦਾ ਦਰਸ਼ਨ ਕਰ ਲਿਆ ਹੋਵੇ, ਉਸ ਦੇ ਅੰਦਰ ਤਾਂ ਸੁੱਖ, ਖ਼ੁਸ਼ੀ, ਅਨੰਦ ਅਤੇ ਸਦੀਵੀ ਕਾਲ ਲਈ ਆਤਮਕ ਅਡੋਲਤਾ ਪ੍ਰਾਪਤ ਹੋ ਆਉਂਦੀ ਹੈ।੧।

੨. ਉਸ ਬਾਰਕ ਦਾ, ਭਾਵ ਸਾਧਕ ਜਗਿਆਸੂ ਦਾ ਗੁਰੂ ਨੇ ਤਾਪ, ਦੁੱਖ, ਕਲੇਸ਼ ਭੀ ਲਾਹ ਦਿੱਤਾ ਤੇ ਰੱਖਿਆ ਕਰਨ ਦੀ ਸਮਰੱਥਾ ਵਾਲੇ ਗੁਰੂ ਨੇ ਉਸ ਨੂੰ (ਸਾਰੇ ਹੀ) ਬਿਘਨਾਂ

ਤੋਂ ਬਚਾ ਲਿਆ, (ਉਸ ਨੂੰ ਬਚਾਇਆ ਭੀ ਇਸੀ ਤਰ੍ਹਾਂ ਹੈ, ਜਿਵੇਂ ਕਿ ਇਕ ਪਿਤਾ ਆਪਣੇ ਬਾਰਕ ਦੀ ਰੱਖਿਆ ਕਰਦਾ ਹੈ)।

੩. ਹੇ ਪਿਆਰੇ! ਅਸੀਂ ਤਾਂ ਉਸ ਸਤਿਗੁਰੂ ਦੀ ਸ਼ਰਨ ਪੈ ਕੇ ਹੀ ਬਚੇ ਹਾਂ।

੪. ਜਿਸ ਗੁਰੂ ਦੀ ਸੇਵਾ ਕੀਤੀ ਹੋਈ ਕਦੇ ਭੀ ਖ਼ਾਲੀ ਨਹੀਂ ਜਾਂਦੀ।ਰਹਾਉ।

੫. ਜਿਹੜੇ ਮਨੁੱਖ ਗੁਰੂ ਦੀ ਸ਼ਰਨ ਪ੍ਰਾਪਤ ਕਰ ਲੈਂਦੇ ਹਨ, ਉਸ ਦੇ ਹਿਰਦੇ ਘਰ ਵਿਚ ਆਤਮਕ ਆਨੰਦ ਬਣਿਆ ਰਹਿੰਦਾ ਹੈ ਅਤੇ ਬਾਹਰ ਦੁਨੀਆ ਵਿਚ ਭੀ ਵਿਵਹਾਰ ਕਰਦਿਆਂ ਉਸ ਨੂੰ ਆਤਮਕ ਅਡੋਲਤਾ ਦਾ ਸੁੱਖ ਮਿਲਿਆ ਰਹਿੰਦਾ ਹੈ, (ਕਿਉਂਕਿ) ਉਨ੍ਹਾਂ ਦੇ ਉਪਰ ਆਪਣੇ ਪ੍ਰਭੂ ਦਿਆਲੂ ਹੋ ਗਏ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਜਿਨ੍ਹਾਂ 'ਤੇ ਉਹ ਮੇਰਾ ਪ੍ਰਭੂ ਮਿਹਰਵਾਨ ਹੋਇਆ ਹੈ, ਉਨ੍ਹਾਂ ਨੂੰ ਤਾਂ ਕੋਈ ਭੀ ਵਿਘਨ ਨਹੀਂ ਲੱਗਦਾ, ਭਾਵ ਉਨ੍ਹਾਂ ਦੇ ਜੀਵਨ ਵਿਚ ਕੋਈ ਭੀ ਵਿਕਾਰ ਰੋਕ ਨਹੀਂ ਪਾ ਸਕਦਾ।

ਭਾਵਾਰਥ : ਇਸ ਮਹਾਂਵਾਕ ਅੰਦਰ ਭੀ ਹਜ਼ੂਰ ਉਨ੍ਹਾਂ ਮਨੁੱਖਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਨੇ ਗੁਰੂ ਦੀ ਚਰਨ ਸ਼ਰਨ ਦਾ ਸਦਕਾ ਪ੍ਰਭੂ ਦੇ ਚਰਨਾਂ ਦਾ ਦਰਸ਼ਨ ਕੀਤਾ ਹੈ। ਉਨ੍ਹਾਂ ਦਾ ਦੁੱਖ, ਕਲੇਸ਼ ਅਤੇ ਆਧੀ ਬਿਆਧੀ ਤਾਪ ਸਦਾ ਲਈ ਉਤਰ ਜਾਂਦੇ ਹਨ। ਉਹ ਸਤਿਗੁਰੂ ਦੀ ਚਰਨ ਸ਼ਰਨ ਦੁਆਰਾ ਹਰ ਤਰ੍ਹਾਂ ਦੇ ਬਿਘਨਾਂ ਤੋਂ ਬਚੇ ਰਹਿੰਦੇ ਹਨ, ਕਿਉਂਕਿ ਗੁਰੂ ਦੀ ਸੇਵਾ ਕੀਤੀ ਹੋਈ ਕਦੇ ਭੀ ਬਿਰਥੀ ਨਹੀਂ ਜਾਂਦੀ।

ਸੋਰਠਿ ਮਹਲਾ ੫ ॥

੧. ਸਾਧੂ ਸੰਗਿ ਭਇਆ ਮਨਿ ਉਦਮੁ
ਨਾਮੁ ਰਤਨੁ ਜਸੁ ਗਾਈ ॥
੨. ਮਿਟਿ ਗਈ ਚਿੰਤਾ ਸਿਮਰਿ ਅਨੰਤਾ
ਸਾਗਰੁ ਤਰਿਆ ਭਾਈ ॥੧॥
੩. ਹਿਰਦੈ ਹਰਿ ਕੇ ਚਰਣ ਵਸਾਈ ॥
੪. ਸੁਖੁ ਪਾਇਆ ਸਹਜ ਧੁਨਿ ਉਪਜੀ
ਰੋਗਾ ਘਾਣਿ ਮਿਟਾਈ ॥ ਰਹਾਉ ॥
੫. ਕਿਆ ਗੁਣ ਤੇਰੇ ਆਖਿ ਵਖਾਣਾ
ਕੀਮਤਿ ਕਹਣੁ ਨ ਜਾਈ ॥
੬. ਨਾਨਕ ਭਗਤ ਭਏ ਅਬਿਨਾਸੀ
ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥

ਪਦ ਅਰਥ : ਸਾਧੂ ਸੰਗਿ—ਗੁਰੂ ਦੀ ਸੰਗਤ ਵਿਚ। ਮਨਿ—ਮਨ ਵਿਚ। ਜਸੁ—ਸਿਫ਼ਤਿ-ਸਾਲਾਹ ਦਾ ਗੀਤ। ਗਾਈ—ਗਾਏ, ਗਾਉਣ ਲੱਗ ਪੈਂਦਾ ਹੈ। ਸਿਮਰਿ—ਸਿਮਰ ਕੇ। ਅਨੰਤਾ—ਬੇਅੰਤ ਪ੍ਰਭੂ। ਸਾਗਰੁ—ਸਮੁੰਦਰ। ਭਾਈ—ਹੇ ਭਾਈ।੧।

ਹਿਰਦੈ—ਹਿਰਦੇ ਵਿਚ। ਵਸਾਈ—ਵਸਾਇ, ਵਸਾ ਰੱਖ, ਟਿਕਾਅ ਰੱਖ। ਸਹਜ ਧੁਨਿ—ਆਤਮਕ ਅਡੋਲਤਾ ਦੀ ਰੌ। ਘਾਣਿ—ਘਾਣੀ, ਢੇਰ।ਰਹਾਉ।

ਆਖਿ—ਆਖ ਕੇ। ਵਖਾਣਾ—ਵਖਾਣਾਂ, ਮੈਂ ਦੱਸਾਂ। ਅਬਿਨਾਸੀ—ਨਾਸ ਰਹਿਤ।੨।

ਅਰਥ :

ਪ੍ਰ: ਹੇ ਗੁਰੋ! ਮਨੁੱਖ ਦੇ ਮਨ ਵਿਚ ਨਾਮ ਜਪਣ ਦੀ ਜਾਗ ਕਿਵੇਂ ਲੱਗਦੀ ਹੈ?

ਉ: ੧. ਹੇ ਪਿਆਰੇ! ਗੁਰੂ ਦੀ ਸੰਗਤ ਵਿਚ ਰਿਹਾਂ ਮਨ ਅੰਦਰ ਉੱਦਮ ਜਾਗ ਆਉਂਦਾ ਹੈ, (ਇਸ ਉੱਦਮ ਦੀ ਬਰਕਤ ਨਾਲ ਮਨੁੱਖ) ਸ੍ਰੇਸ਼ਟ ਨਾਮ ਜਪਣ ਲੱਗ ਪੈਂਦਾ ਹੈ ਅਤੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਣ ਲੱਗ ਪੈਂਦਾ ਹੈ।

੨. ਇਸ ਤਰ੍ਹਾਂ ਹੇ ਭਾਈ! ਮਨੁੱਖ ਬੇਅੰਤ ਪ੍ਰਭੂ ਦਾ ਸਿਮਰਨ ਕਰਕੇ ਅਚਿੰਤ ਹੋ ਜਾਂਦਾ ਹੈ, ਭਾਵ ਉਸ ਦੀ ਹਰ ਪ੍ਰਕਾਰ ਦੀ ਚਿੰਤਾ ਮਿਟ ਜਾਂਦੀ ਹੈ। ਇਸ ਤਰ੍ਹਾਂ ਦੇ ਉੱਦਮ ਦੀ ਬਰਕਤ ਨਾਲ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

ਪ੍ਰ: ਹਜ਼ੂਰ ਜੀ! ਦੱਸੋ, ਹੁਣ ਮੈਂ ਕੀ ਸਾਧਨ ਕਰਦਾ ਰਵਾਂ?

ਉ: ੩. ਹੇ ਸੱਜਣਾ! ਤੂੰ (ਗੁਰੂ ਦੀ ਸੰਗਤ ਵਿਚ ਮਿਲ ਕੇ) ਪਰਮੇਸ਼ਰ ਦੇ ਚਰਨ ਆਪਣੇ ਹਿਰਦੇ ਅੰਦਰ ਵਸਾਈ ਰੱਖ (ਅਤੇ ਨਿਮਰਤਾ ਵਿਚ ਰਹਿ ਕੇ ਸਾਈਂ ਜੀ ਦਾ ਸਿਮਰਨ ਕਰਿਆ ਕਰ)।

ਪ੍ਰ: ਸ੍ਰੀ ਜੀਉ! ਇਸ ਤਰ੍ਹਾਂ ਉੱਦਮ ਕਰਨ ਵਾਲੇ ਕਿਸੇ ਮਨੁੱਖ ਨੂੰ ਕਦੇ ਕੁਝ ਮਿਲਿਆ ਭੀ ਹੈ?

ਉ: ੪. ਐ ਪਿਆਰੇ! ਜਿਸ ਨੇ ਭੀ ਇਹ ਉੱਦਮ ਕੀਤਾ ਹੈ, ਉਸ ਨੇ (ਸਦੀਵੀ ਕਾਲ ਲਈ) ਆਤਮਕ ਅਨੰਦ ਪ੍ਰਾਪਤ ਕਰ ਲਿਆ, ਉਸ ਦੇ ਅੰਦਰ ਆਤਮਕ ਅਡੋਲਤਾ ਦੀ ਰੌ ਪੈਦਾ ਹੋ ਗਈ ਅਤੇ ਉਸ ਨੇ ਆਪਣੇ ਅੰਦਰੋਂ ਰੋਗਾਂ ਦੇ ਭੀ ਢੇਰ ਮਿਟਾ ਲਏ।ਰਹਾਉ।

ਪ੍ਰ: ਕਿਉਂ ਜੀ! ਕੀ ਇਸ ਅਵਸਥਾ ਵਿਚ ਪੁੱਜ ਕੇ ਭੀ ਕੁਝ ਕਰਨਾ ਪੈਂਦਾ ਹੈ?

ਉ: ੫. ਹਾਂ ਜ਼ਰੂਰ! ਹੇ ਭਾਈ! ਪ੍ਰਭੂ ਅੱਗੇ ਇਸ ਪ੍ਰਕਾਰ ਦੀ ਅਰਦਾਸ ਤਾਂ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਪ੍ਰਭੂ ਜੀ! ਮੈਂ ਤੇਰੇ ਕਿਹੜੇ-ਕਿਹੜੇ ਗੁਣ ਬਿਆਨ ਕਰਕੇ ਦੱਸਾਂ। ਤੇਰਾ ਤਾਂ ਮੁੱਲ ਦੱਸਿਆ ਹੀ ਨਹੀਂ ਜਾ ਸਕਦਾ, ਭਾਵ ਹੈ ਕਿ ਤੂੰ ਕਿਸੇ ਦੁਨਿਆਵੀ ਪਦਾਰਥ ਦੇ ਵੱਟੇ ਨਹੀਂ ਮਿਲ ਸਕਦਾ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਪਿਆਰਾ ਪ੍ਰਭੂ ਜਿਨ੍ਹਾਂ ਮਨੁੱਖਾਂ ਦਾ ਮਦਦਗਾਰ ਬਣਦਾ ਹੈ, ਉਹ ਭਗਤ ਜਨ (ਸਦਾ ਹੀ) ਮੌਤ ਤੋਂ ਰਹਿਤ ਹੋ ਜਾਂਦੇ ਹਨ।੨।੧੩।੪੧।

ਭਾਵਾਰਥ : ਸਾਧੂਆਂ ਦੀ ਸੰਗਤ ਵਿਚ ਰਲ ਕੇ ਜਿਨ੍ਹਾਂ ਨੇ ਨਾਮ ਜਪਣ ਦਾ ਉੱਦਮ ਕੀਤਾ ਹੈ, ਉਹ ਨਾਮ ਸਿਮਰਨ ਦਾ ਸਦਕਾ ਸਦਾ ਲਈ ਚਿੰਤਾ ਰਹਿਤ ਹੋ ਜਾਂਦੇ ਹਨ, (ਕਿਉਂਕਿ) ਉਨ੍ਹਾਂ ਨੇ ਆਪਣੇ

ਹਿਰਦੇ ਅੰਦਰ ਸਾਈਂ ਜੀ ਦੇ ਚਰਨਾਂ ਨੂੰ ਵਸਾਈ ਰਖਿਆ ਹੈ, ਜਿਸ ਦਾ ਸਦਕਾ ਉਨ੍ਹਾਂ ਨੂੰ ਅਬਿਨਾਸ਼ੀ ਸੁੱਖ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਦਾ ਪ੍ਰਭੂ ਸਦਾ ਹੀ ਸਹਾਈ ਹੁੰਦਾ ਹੈ ਅਤੇ ਉਹ ਭਗਤ ਜਨ ਸਦਾ ਹੀ ਅਬਿਨਾਸ਼ੀ ਪ੍ਰਭੂ ਵਿਚ ਅਭੇਦ ਹੋਏ ਰਹਿੰਦੇ ਹਨ।

ਸੋਰਠਿ ਮ: ੫ ॥

੧. ਗਏ ਕਲੇਸ ਰੋਗ ਸਭਿ ਨਾਸੇ
ਪ੍ਰਭਿ ਅਪੁਨੈ ਕਿਰਪਾ ਧਾਰੀ ॥
੨. ਆਠ ਪਹਰ ਆਰਾਧਹੁ ਸੁਆਮੀ
ਪੂਰਨ ਘਾਲ ਹਮਾਰੀ ॥੧॥
੩. ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥
੪. ਰਾਖਿ ਲੈਹੁ ਭਾਈ ਮੇਰੇ ਕਉ
ਪ੍ਰਭ ਆਗੈ ਅਰਦਾਸਿ ॥ ਰਹਾਉ ॥
੫. ਜੋ ਮਾਗਉ ਸੋਈ ਸੋਈ ਪਾਵਉ
ਅਪਨੇ ਖਸਮ ਭਰੋਸਾ ॥
੬. ਕਹੁ ਨਾਨਕ ਗੁਰੁ ਪੂਰਾ ਭੇਟਿਓ
ਮਿਟਿਓ ਸਗਲ ਅੰਦੇਸਾ ॥੨॥੧੪॥੪੨॥

ਪਦ ਅਰਥ : ਕਲੇਸ—ਮਾਨਸਕ ਦੁੱਖ। ਸਭਿ—ਸਾਰੇ। ਪ੍ਰਭਿ—ਪ੍ਰਭੂ ਨੇ। ਆਠ ਪਹਰ—ਸਦਾ, ਹਰ ਵੇਲੇ, ਸਾਰਾ ਦਿਨ। ਘਾਲ—ਮਿਹਨਤ। ਹਮਾਰੀ—ਸਾਡੀ, ਅਸਾਂ ਜੀਵਾਂ ਦੀ।੧।

ਸੰਪਤਿ—ਧਨ। ਰਾਸਿ—ਸਰਮਾਇਆ। ਭਾਈ—ਹੇ ਭਾਈ। ਮੇਰੇ ਕਉ—ਮੈਨੂੰ।ਰਹਾਉ।

ਮਾਗਉ—ਮਾਗਉਂ, ਮੈਂ ਮੰਗਦਾ ਹਾਂ। ਪਾਵਉ—ਪਾਵਉਂ, ਪ੍ਰਾਪਤ ਕਰ ਲੈਂਦਾ ਹਾਂ। ਭਰੋਸਾ—ਸਹਾਰਾ।੨।

ਅਰਥ :

ਪ੍ਰ: ਹੇ ਗੁਰੋ ! ਜਿਸ ਮਨੁੱਖ ਉੱਤੇ ਪ੍ਰਭੂ ਦੀ ਮਿਹਰ ਹੋ ਗਈ ਹੋਵੇ, ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

ਉ: ੧. ਹੇ ਪਿਆਰੇ ! ਜਿਸ ਮਨੁੱਖ ਉੱਤੇ ਉਸ ਪਿਆਰੇ ਪ੍ਰਭੂ ਦੀ ਮਿਹਰ ਹੋ ਗਈ ਹੈ, ਸਮਝੋ ਉਸ ਦੇ ਸਾਰੇ ਹੀ ਕਲੇਸ਼ ਤੇ ਰੋਗ ਦੂਰ ਹੋ ਗਏ ਹਨ।

੨. ਇਸ ਲਈ, ਹੇ ਭਾਈਓ ! ਤੁਸੀਂ ਭੀ ਅੱਠੇ ਪਹਿਰ ਉਸੇ ਮਾਲਕ ਪ੍ਰਭੂ ਨੂੰ ਯਾਦ ਕਰਦੇ ਰਿਹਾ ਕਰੋ। ਇਸ ਤਰ੍ਹਾਂ ਅਸਾਂ ਜੀਵਾਂ ਦੀ ਮਿਹਨਤ ਕੀਤੀ ਹੋਈ (ਜ਼ਰੂਰ ਹੀ) ਸਫਲ ਹੁੰਦੀ ਹੈ।੧।

੩. ਹੇ ਮੇਰੇ ਪ੍ਰਭੂ ਜੀ ! ਮੈਨੂੰ ਤੂੰ ਹੀ ਆਤਮਕ ਅਨੰਦ ਦਾ ਧਨ ਸਰਮਾਇਆ ਦੇਣ ਵਾਲਾ ਹੈਂ।

੪. ਅਤੇ ਬੇਨਤੀ ਇਉਂ ਕਰਦੇ ਰਹੋ ਕਿ ਹੇ ਪ੍ਰਭੂ ਜੀ ! ਮੈਨੂੰ ਕਲੇਸ਼ਾਂ ਅੰਦੇਸ਼ਿਆਂ ਤੋਂ ਬਚਾ ਲੈ, ਹੇ ਪ੍ਰਭੂ ! ਮੇਰੀ ਤਾਂ ਕੇਵਲ ਤੇਰੇ ਹੀ ਅੱਗੇ ਜੋਦੜੀ ਹੈ।ਰਹਾਉ।

੫. ਹੇ ਭਾਈਓ ! ਮੈਂ ਤਾਂ ਜੋ ਭੀ ਪ੍ਰਭੂ ਪਾਸੋਂ ਮੰਗਦਾ ਹਾਂ, ਉਹੋ ਕੁਝ ਹੀ ਪ੍ਰਾਪਤ ਕਰ ਲੈਂਦਾ ਹਾਂ, (ਕਿਉਂਕਿ) ਮੈਨੂੰ ਆਪਣੇ ਮਾਲਕ ਪ੍ਰਭੂ ਉੱਤੇ ਯਕੀਨ ਬਣ ਚੁੱਕਾ ਹੈ।

ਪ੍ਰ: ਸ੍ਰੀ ਜੀਉ ! ਮਨ ਵਿਚ ਸਦਾ ਹੀ ਸੰਸਾ ਬਣਿਆ ਰਹਿੰਦਾ ਹੈ, ਇਸ ਦੀ ਨਵਿਰਤੀ ਕਿਵੇਂ ਹੋਵੇ ?

ਉ: ੬. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਗਿਆ, ਉਸ ਦੇ ਸਾਰੇ ਚਿੰਤਾ ਫ਼ਿਕਰ ਦੂਰ ਹੋ ਜਾਂਦੇ ਹਨ।੨।੧੪।੪੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਉਨ੍ਹਾਂ ਮਨੁੱਖਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਉੱਤੇ ਪਰਮੇਸ਼ਰ ਨੇ ਕਿਰਪਾ ਕੀਤੀ ਹੈ। ਉਨ੍ਹਾਂ ਦੇ ਕਲੇਸ਼ ਅਤੇ ਰੋਗ ਸਾਰੇ ਹੀ ਦੂਰ ਹੋ ਜਾਂਦੇ ਹਨ, ਇਸ ਲਈ ਹਜ਼ੂਰ ਸਾਰਿਆਂ ਮਨੁੱਖਾਂ ਨੂੰ ਪ੍ਰੇਰਨਾ ਕਰਦੇ ਹਨ ਕਿ ਹਰ ਸਮੇਂ ਉਸੇ ਸੁਆਮੀ ਦੀ ਸਦਾ ਆਰਾਧਨਾ ਕਰੋ, ਜਿਸ ਦੀ ਸੇਵਾ ਕੀਤੀ ਹੋਈ ਕਦੇ ਬਿਰਥੀ ਨਹੀਂ ਜਾਂਦੀ।

ਸੋਰਠਿ ਮਹਲਾ ੫ ॥

੧. ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ
ਸਗਲਾ ਦੂਖੁ ਮਿਟਾਇਆ ॥
੨. ਤਾਪ ਰੋਗ ਗਏ ਗੁਰ ਬਚਨੀ
ਮਨ ਇਛੇ ਫਲ ਪਾਇਆ ॥੧॥
੩. ਮੇਰਾ ਗੁਰੁ ਪੂਰਾ ਸੁਖਦਾਤਾ ॥
੪. ਕਰਣ ਕਾਰਣ ਸਮਰਥ ਸੁਆਮੀ
ਪੂਰਨ ਪੁਰਖੁ ਬਿਧਾਤਾ ॥ ਰਹਾਉ ॥
੫. ਅਨੰਦ ਬਿਨੋਦ ਮੰਗਲ ਗੁਣ ਗਾਵਹੁ
ਗੁਰ ਨਾਨਕ ਭਏ ਦਇਆਲਾ ॥
੬. ਜੈ ਜੈ ਕਾਰ ਭਏ ਜਗ ਭੀਤਰਿ
ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥

ਪਦ ਅਰਥ : ਸਿਮਰਿ ਸਿਮਰਿ—ਮੁੜ-ਮੁੜ ਯਾਦ ਕਰਕੇ। ਸਗਲਾ—ਸਾਰਾ। ਗੁਰ ਬਚਨੀ—ਗੁਰੂ ਦੇ ਬਚਨਾਂ ਉੱਤੇ ਤੁਰ ਕੇ।੧।

ਕਰਣ ਕਾਰਣ—ਜਗਤ ਦਾ ਮੂਲ। ਸਮਰਥ—ਸਾਰੀਆਂ ਤਾਕਤਾਂ ਦਾ ਮਾਲਕ। ਬਿਧਾਤਾ—ਸਿਰਜਨਹਾਰ।ਰਹਾਉ।

ਬਿਨੋਦ—ਕੌਤਕ, ਤਮਾਸ਼ੇ, ਖ਼ੁਸ਼ੀਆਂ। ਜੈ ਜੈ ਕਾਰ—ਸੋਭਾ। ਭੀਤਰਿ—ਵਿਚ।੨।

ਅਰਥ :

ਪ੍ਰ: ਹੇ ਗੁਰਦੇਵ ਜੀਉ ! ਉਹ ਜਗਤ ਵਿਚ ਕਿਹੜਾ ਮਨੁੱਖ ਹੈ, ਜਿਸ ਨੇ ਕਿ ਆਪਣਾ ਹਰ ਤਰ੍ਹਾਂ ਦਾ ਹੀ ਦੁੱਖ ਮਿਟਾ ਲਿਆ ਹੋਵੇ ?

ਉ: ੧. ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਬਾਰ-ਬਾਰ ਪ੍ਰਭੂ ਦਾ ਸਿਮਰਨ ਕਰਦਾ ਹੈ, ਉਹ ਆਪਣਾ ਹਰੇਕ ਤਰ੍ਹਾਂ ਦਾ ਦੁੱਖ ਦੂਰ ਕਰ ਲੈਂਦਾ ਹੈ।

੨. ਗੁਰੂ ਦੇ ਬਚਨਾਂ ਉੱਤੇ ਤੁਰਨ ਦੀ ਬਰਕਤ ਨਾਲ ਉਸ ਦੇ ਸਾਰੇ ਕਲੇਸ਼ ਤੇ ਸਾਰੇ ਰੋਗ ਮਿਟ ਜਾਂਦੇ ਹਨ। ਉਹ ਮਨ ਇੱਛਤ ਫਲ ਪਾ ਲੈਂਦਾ ਹੈ।੧।

੩. ਹੇ ਪਿਆਰੇ ! ਮੇਰਾ ਗੁਰੂ ਅਜਿਹਾ ਹੈ ਜੋ ਕਿ ਸਾਰੇ ਹੀ ਗੁਣਾਂ

ਨਾਲ ਭਰਿਆ ਹੋਇਆ ਹੈ ਅਤੇ ਸਾਰੇ ਹੀ ਸੁੱਖਾਂ ਦੇ ਬਖ਼ਸ਼ਣ ਵਾਲਾ ਹੈ।

੪. ਹੇ ਭਾਈ! ਉਹ ਮੇਰਾ ਗੁਰੂ ਉਸ ਵਿਆਪਕ ਸਿਰਜਨਹਾਰ ਦਾ ਰੂਪ ਹੀ ਹੈ, ਜੋ ਸਾਰੇ ਹੀ ਜਗਤ ਦਾ ਮੂਲ ਰੂਪ ਹੈ ਅਤੇ ਉਹ ਸਾਰੀਆਂ ਤਾਕਤਾਂ ਦਾ ਮਾਲਕ ਹੈ।ਰਹਾਉ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੇ ਤੇਰੇ ਉੱਤੇ ਸਤਿਗੁਰੂ ਜੀ ਦਇਆਵਾਨ ਹੋਏ ਹਨ, ਤਾਂ ਤੂੰ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਂਦਾ ਰਿਹਾ ਕਰ, ਇਸੇ ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਤੇਰੇ ਅੰਦਰ ਅਨੰਦ, ਖ਼ੁਸ਼ੀਆਂ ਤੇ ਸਦਾ ਹੀ ਸੁੱਖ ਬਣੇ ਰਹਿਣਗੇ।

੬. ਹੇ ਭਾਈ! ਇਸੇ ਸਿਫ਼ਤਿ-ਸਾਲਾਹ ਕਰਦੇ ਰਹਿਣ ਨਾਲ, ਜਗਤ ਵਿਚ ਸੋਭਾ ਮਿਲਦੀ ਹੈ ਅਤੇ ਇਹ ਭੀ ਨਿਸ਼ਚਾ ਬਣਿਆ ਹੈ ਕਿ ਉਹ ਪਾਰਬ੍ਰਹਮ ਮੇਰੇ (ਸਿਰ ਉੱਤੇ ਸਦਾ ਹੀ) ਰਾਖਾ ਹੈ।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਜੀ ਉਸ ਕਰਤਾਰ ਨੂੰ ਬਾਰ-ਬਾਰ ਸਿਮਰਦੇ ਰਹਿਣ ਦੀ ਪ੍ਰੇਰਣਾ ਕਰਦੇ ਹਨ ਕਿ ਇਉਂ ਸਿਮਰਨ ਦੀ ਬਰਕਤ ਨਾਲ ਸਾਰੇ ਦੁੱਖ ਕਲੇਸ਼ ਮਿਟ ਜਾਂਦੇ ਹਨ ਤੇ ਸਮੂੰਹ ਮਨ ਇੱਛਤ ਫਲ ਪ੍ਰਾਪਤ ਹੁੰਦੇ ਰਹਿੰਦੇ ਹਨ।

ਸੋਰਠਿ ਮਹਲਾ ੫ ॥

੧. ਹਮਰੀ ਗਣਤ ਨ ਗਣੀਆ ਕਾਈ
ਅਪਣਾ ਬਿਰਦੁ ਪਛਾਣਿ ॥
੨. ਹਾਥ ਦੇਇ ਰਾਖੇ ਕਰਿ ਅਪੁਨੇ
ਸਦਾ ਸਦਾ ਰੰਗੁ ਮਾਣਿ ॥੧॥
੩. ਸਾਚਾ ਸਾਹਿਬੁ ਸਦ ਮਿਹਰਵਾਣ ॥
੪. ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ
ਹੋਈ ਸਰਬ ਕਲਿਆਣ ॥ ਰਹਾਉ ॥
੫. ਜੀਉ ਪਾਇ ਪਿੰਡੁ ਜਿਨਿ ਸਾਜਿਆ
ਦਿਤਾ ਪੈਨਣੁ ਖਾਣੁ ॥
੬. ਅਪਣੇ ਦਾਸ ਕੀ ਆਪਿ ਪੈਜ ਰਾਖੀ
ਨਾਨਕ ਸਦ ਕੁਰਬਾਣੁ ॥੨॥੧੬॥੪੪॥

ਪਦ ਅਰਥ : ਹਮਰੀ—ਅਸਾਂ ਜੀਵਾਂ ਦੀ। ਗਣਤ—ਕੀਤੇ ਕਰਮਾਂ ਦਾ ਹਿਸਾਬ। ਨ ਗਣੀਆ—ਨਹੀਂ ਗਿਣਦਾ। ਕਾਈ ਗਣਤ—ਕੋਈ ਭੀ ਲੇਖਾ। ਬਿਰਦੁ—ਮੁੱਢ ਕਦੀਮਾਂ ਦਾ (ਪਿਆਰ ਕਰਨ ਵਾਲਾ) ਸੁਭਾਉ। ਪਛਾਣਿ—ਪਛਾਣੈ, ਚੇਤੇ ਰੱਖਦਾ ਹੈ। ਦੇਇ—ਦੇ ਕੇ। ਰਾਖੇ—(ਕੁਕਰਮਾਂ ਤੋਂ) ਬਚਾਈ ਰੱਖਦਾ ਹੈ। ਮਾਣਿ—ਮਾਣੈ, ਮਾਣਦਾ ਹੈ।੧।

ਸਾਚਾ—ਸਦਾ ਕਾਇਮ ਰਹਿਣ ਵਾਲਾ। ਸਦ—ਸਦਾ। ਬੰਧੁ—ਰੋਕ, ਬੰਨ੍ਹ, ਕੁਕਰਮਾਂ ਦੇ ਰਾਹ ਵਿਚ (ਰੁਕਾਵਟ)। ਸਤਿਗੁਰਿ—ਗੁਰੂ ਨੇ। ਕਲਿਆਣ—ਆਤਮਕ ਸੁਖ।ਰਹਾਉ।

ਜੀਉ—ਜਿੰਦ। ਪਾਇ—ਪਾ ਕੇ। ਪਿੰਡੁ—ਸਰੀਰ। ਜਿਨਿ—ਜਿਸ (ਪ੍ਰਭੂ)ਨੇ। ਸਾਜਿਆ—ਪੈਦਾ ਕੀਤਾ। ਪੈਜ—ਇੱਜ਼ਤ। ਸਦ—ਸਦਾ।੨।

ਅਰਥ :

ਪ੍ਰ: ਹੇ ਗੁਰੋ! ਆਪ ਜੀ ਉਸ ਸੱਚੇ ਮਾਲਕ ਵਿਚ ਵੱਡੀ ਵਿਸ਼ੇਸ਼ਤਾ ਕਿਹੜੀ ਤੱਕਦੇ ਹੋ?

ਉ: ੧. ਹੇ ਭਾਈ! ਉਸ ਸੱਚੇ ਮਾਲਕ ਵਿਚ ਵੱਡੀ ਵਿਸ਼ੇਸ਼ਤਾ ਇਹੋ ਹੈ ਕਿ ਉਹ ਸਾਡੇ ਜੀਵਾਂ ਦੇ ਕੀਤੇ ਹੋਏ ਮੰਦ ਕਰਮਾਂ ਦਾ ਕਦੇ ਭੀ ਕੋਈ ਖ਼ਿਆਲ ਹੀ ਨਹੀਂ ਕਰਦਾ, (ਅਸੀਂ ਵੇਖ ਰਹੇ ਹਾਂ ਕਿ) ਉਹ ਸਾਈਂ ਜੀ ਜੋ ਉਸ ਦੇ ਪਿਆਰ ਕਰਨ ਵਾਲਾ ਮੁੱਢ ਕਦੀਮਾਂ ਦਾ ਸੁਭਾਉ ਹੈ, ਸਦਾ ਉਸੇ ਨੂੰ ਹੀ ਚੇਤੇ ਰੱਖਦਾ ਹੈ।

੨. ਉਹ ਤਾਂ ਸਗੋਂ ਸਾਨੂੰ ਗੁਰੂ ਦਾ ਸੰਜੋਗ ਬਖ਼ਸ਼ ਕੇ ਆਪਣਾ ਸੇਵਕ ਬਣਾ ਆਪਣੇ ਹੱਥ ਦੇ ਕੇ ਸਾਨੂੰ ਵਿਕਾਰਾਂ ਵਲੋਂ (ਸਦਾ ਹੀ) ਬਚਾਉਂਦਾ ਹੈ। ਅਜਿਹਾ ਗੁਰੂ ਦਾ ਸੰਜੋਗੀ ਵੱਡੇ ਭਾਗਾਂ ਵਾਲਾ ਸਦਾ ਹੀ ਆਤਮਕ ਅਨੰਦ ਮਾਣਦਾ ਹੈ।੧।

੩. ਹੇ ਭਾਈ! ਉਹ ਸਦਾ ਕਾਇਮ ਰਹਿਣ ਵਾਲਾ ਮਾਲਕ ਪ੍ਰਭੂ ਤਾਂ ਸਦਾ ਹੀ ਦਇਆਵਾਨ ਰਹਿੰਦਾ ਹੈ।

੪. ਹੇ ਪਿਆਰੇ! ਉਹ ਤਾਂ ਵਿਕਾਰਾਂ ਵੱਲ ਧਾ ਰਹੇ ਬੰਦਿਆਂ ਨੂੰ (ਵਿਕਾਰਾਂ ਵਲੋਂ ਰੋਕਣ ਲਈ) ਗੁਰੂ ਦਾ ਸੰਜੋਗੀ ਬਣਾਂਦਾ ਹੈ, ਜਿਸ ਗੁਰੂ ਨੇ ਉਸ ਦੇ ਵਿਕਾਰਾਂ ਦੇ ਰਸਤੇ ਵਿਚ ਬੰਨ੍ਹ ਮਾਰ ਦਿੱਤਾ ਹੈ, (ਇਸ ਤਰ੍ਹਾਂ ਉਸ ਦੇ ਅੰਦਰ) ਸਾਰੇ ਅਨੰਦ ਪੈਦਾ ਹੋ ਗਏ।ਰਹਾਉ।

੫. ਹੇ ਮਿੱਤਰੋ! ਦੇਖੋ, ਜਿਸ ਪਰਮੇਸ਼ਰ ਨੇ ਜਿੰਦ ਪਾ ਕੇ (ਸਾਡਾ ਇਹ) ਸਰੀਰ ਪੈਦਾ ਕੀਤਾ ਹੈ ਅਤੇ ਫਿਰ ਸਰੀਰ ਦੀ ਪਰਵਰਸ਼ ਕਰਨ ਲਈ ਸਾਨੂੰ (ਹਰ ਵੇਲੇ) ਖ਼ੁਰਾਕ ਅਤੇ ਪੁਸ਼ਾਕ ਦੇ ਰਿਹਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਹ ਪਰਮਾਤਮਾ ਗੁਰੂ ਮਿਲਾ ਕੇ ਸੰਸਾਰ-ਸਮੁੰਦਰ ਦੀਆਂ ਵਿਕਾਰ ਲਹਿਰਾਂ ਤੋਂ ਆਪਣੇ ਸੇਵਕ ਦੀ ਆਪ ਹੀ ਇੱਜ਼ਤ ਰੱਖਦਾ ਹੈ, ਇਸੇ ਲਈ ਹੇ ਭਾਈ! (ਮੈਂ ਉਸ ਪ੍ਰਭੂ ਜੀ ਤੋਂ) ਸਦਾ ਹੀ ਕੁਰਬਾਨ ਜਾਂਦਾ ਹਾਂ।੨।੧੬।੪੪।

ਭਾਵਾਰਥ : ਇਸ ਸ਼ਬਦ ਵਿਚ ਗੁਰਦੇਵ ਜੀ ਉਸ ਪਰਮੇਸ਼ਰ ਦੀ ਵਡਿਆਈ ਦੱਸ ਰਹੇ ਹਨ, ਜੋ ਕਿ ਕਦੇ ਭੀ ਜੀਵਾਂ ਦੇ ਕੀਤੇ ਮੰਦ ਕਰਮਾਂ ਦਾ ਖ਼ਿਆਲ ਹੀ ਨਹੀਂ ਕਰਦਾ। ਉਹ ਆਪਣੇ ਸੇਵਕਾਂ ਨੂੰ ਸਦਾ ਹੀ ਹੱਥ ਦੇ ਕੇ ਰੱਖਦਾ ਹੈ ਅਤੇ ਉਹ ਆਪਣੇ ਦਾਸਾਂ ਨੂੰ ਵਿਕਾਰਾਂ ਵਲੋਂ ਸਦਾ ਹੀ ਰੋਕ ਪਾਈ ਰੱਖਦਾ ਹੈ, ਇਸੇ ਲਈ ਸਤਿਗੁਰੂ ਜੀ ਉਸ ਸਾਈਂ ਜੀ ਤੋਂ ਸਦਕੇ ਜਾਂਦੇ ਹਨ।

ਸੋਰਠਿ ਮਹਲਾ ੫ ॥

੧. ਦੂਰਤੁ ਗਵਾਇਆ ਹਰਿ ਪ੍ਰਭਿ ਆਪੇ
ਸਭੁ ਸੰਸਾਰੁ ਉਬਾਰਿਆ ॥
੨. ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ
ਅਪਣਾ ਬਿਰਦੁ ਸਮਾਰਿਆ ॥੧॥
੩. ਹੋਈ ਰਾਜੇ ਰਾਮ ਕੀ ਰਖਵਾਲੀ ॥

੪. ਸੂਖ ਸਹਜ ਆਨਦ ਗੁਣ ਗਾਵਹੁ
ਮਨੁ ਤਨੁ ਦੇਹ ਸੁਖਾਲੀ ॥ ਰਹਾਉ ॥
੫. ਪਤਿਤ ਉਧਾਰਣੁ ਸਤਿਗੁਰੁ ਮੇਰਾ
ਮੋਹਿ ਤਿਸ ਕਾ ਭਰਵਾਸਾ ॥
੬. ਬਖਸਿ ਲਏ ਸਭਿ ਸਚੈ ਸਾਹਿਬਿ
ਸੁਣਿ ਨਾਨਕ ਕੀ ਅਰਦਾਸਾ ॥੨॥੧੭॥੪੫॥

ਪਦ ਅਰਥ : ਦੂਰਤੁ—ਪਾਪ। ਪ੍ਰਭਿ—ਪ੍ਰਭੂ ਨੇ। ਆਪੇ—ਆਪ ਹੀ। ਸਭੁ—ਸਾਰਾ। ਉਬਾਰਿਆ—(ਪਾਪਾਂ ਤੋਂ) ਬਚਾਇਆ। ਪਾਰਬ੍ਰਹਮਿ—ਪਾਰਬ੍ਰਹਮ ਨੇ। ਬਿਰਦੁ—ਮੁੱਢ ਕਦੀਮਾਂ ਦਾ ਸੁਭਾਉ। ਸਮਾਰਿਆ—ਚੇਤੇ ਰਖਿਆ।੧।

ਰਾਜੇ ਰਾਮ ਕੀ—ਰਾਮ ਰਾਜੇ ਕੀ, ਪ੍ਰਭੂ ਪਾਤਸ਼ਾਹਾਂ ਦੀ। ਰਖਵਾਲੀ—ਰਾਖੀ, ਸਹਾਇਤਾ। ਸੁਖਾਲੀ—ਸੁਖੀ।ਰਹਾਉ।

ਪਤਿਤ ਉਧਾਰਣੁ—ਪਾਪੀਆਂ ਦਾ ਉਧਾਰ ਕਰਨ ਵਾਲਾ। ਮੋਹਿ—ਮੈਨੂੰ। ਭਰਵਾਸਾ—ਆਸਰਾ। ਸਭਿ—ਸਾਰੇ। ਸੁਣਿ—ਸੁਣੈ, ਸੁਣਦਾ ਹੈ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਕਿਸੇ ਮਨੁੱਖ 'ਤੇ ਪ੍ਰਭੂ ਦੀ ਮਿਹਰ ਹੋ ਜਾਏ, ਤਾਂ ਉਸ ਨੂੰ ਹਾਸਲ ਕੀ ਹੁੰਦਾ ਹੈ?

ਉ: ੧. ਹੇ ਪਿਆਰੇ! ਜਿਸ ਜੀਵ ਵੱਲ ਉਸ ਪਾਰਬ੍ਰਹਮ ਪ੍ਰਭੂ ਨੇ ਮਿਹਰ ਦੀ ਨਜ਼ਰ ਨਾਲ ਤੱਕਿਆ ਹੈ, (ਉਸ ਨੂੰ ਪਹਿਲੋਂ ਗੁਰੂ ਦਾ ਸੰਜੋਗ ਬਖ਼ਸ਼ਦਾ ਹੈ) ਇਉਂ ਉਸ ਦਾ ਕੀਤਾ ਪਿਛਲਾ ਪਾਪ (ਉਸ ਦੇ ਅੰਦਰੋਂ) ਸਾਰਾ ਹੀ ਦੂਰ ਕਰ ਦਿੰਦਾ ਹੈ। ਉਹ ਪ੍ਰਭੂ ਆਪ ਹੀ ਸਾਰੇ ਸੰਸਾਰ ਨੂੰ (ਵਿਕਾਰਾਂ ਤੋਂ) ਬਚਾਂਦਾ ਹੈ।

੨. (ਇਸੇ ਹੀ ਤਰ੍ਹਾਂ) ਉਹ ਆਪਣਾ ਮੁੱਢ ਕਦੀਮਾਂ ਦਾ ਜੋ ਸੁਭਾਉ ਦਇਆ ਤੇ ਪਿਆਰ ਕਰਨ ਵਾਲਾ ਹੈ, ਉਸ ਨੂੰ ਉਹ ਸਦਾ ਹੀ ਚੇਤੇ ਰੱਖਦਾ ਹੈ।੧।

੩. ਹੇ ਭਾਈਓ! ਜਿਸ ਮਨੁੱਖ ਦੀ ਪਰਮੇਸ਼ਰ ਪਾਪਾਂ ਵਲੋਂ ਰਾਖੀ ਕਰਦਾ ਹੈ, ਉਸ ਦਾ ਮਨ

੪. ਸੁਖੀ ਹੋ ਜਾਂਦਾ ਹੈ, ਉਸ ਦਾ ਸਰੀਰ ਸੁਖੀਆ ਹੋ ਜਾਂਦਾ ਹੈ, ਇਸ ਲਈ ਹੇ ਭਾਈ! ਤੁਸੀਂ ਭੀ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਇਆ ਕਰੋ, ਤਾਂਕਿ ਤੁਹਾਨੂੰ ਭੀ ਸੁੱਖ ਮਿਲਣਗੇ ਅਤੇ ਤੁਸੀਂ ਭੀ ਆਤਮਕ ਅਡੋਲਤਾ ਦੇ ਅਨੰਦ ਮਾਣਦੇ ਰਹੋਗੇ।ਰਹਾਉ।

੫. ਹੇ ਭਾਈ! ਉਹ ਮੇਰਾ ਗੁਰੂ ਪਾਪੀਆਂ ਦੇ ਉਧਾਰ ਕਰਨ ਵਾਲਾ ਹੈ, ਮੈਨੂੰ ਭੀ ਉਸੇ ਦਾ ਹੀ ਭਰੋਸਾ ਹੈ।

੬. ਗੁਰੂ ਜੀ ਕਥਨ ਕਰਦੇ ਹਨ ਕਿ ਐ ਪਿਆਰੇ! ਮੈਂ ਨਾਨਕ ਦੀ ਅਰਦਾਸ ਸੁਣ ਕੇ ਸੱਚੇ ਮਾਲਕ ਨੇ ਮੇਰੇ ਭੀ ਸਾਰੇ ਅਉਗਣ ਬਖ਼ਸ਼ ਲਏ ਹਨ।੨।੧੭।੪੫।

ਭਾਵਾਰਥ : ਇਸ ਸ਼ਬਦ ਅੰਦਰ ਭੀ ਸਤਿਗੁਰੂ ਜੀ ਹਰੀ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ ਕਿ ਉਹ ਸਾਈਂ ਜੀ ਹੀ ਸਾਰੇ ਪਾਪਾਂ ਦਾ ਨਾਸ਼ਕ ਹੈ। ਇਹ ਉਸ ਦਾ ਧਰਮ ਹੈ ਕਿ ਉਹ ਕਿਸੇ ਦੇ ਗੁਨਾਹਾਂ ਵਲ ਭੀ ਤੱਕਦਾ ਹੋਇਆ, ਉਸ ਉੱਤੇ ਮਿਹਰ ਦੀ ਨਜ਼ਰ ਰੱਖਦਾ ਹੈ, ਹੇ ਭਾਈ! ਜੋ ਪ੍ਰਭੂ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ, ਮੈਂ ਭੀ ਉਸੇ ਦਾ ਮਨ ਵਿਚ ਭਰੋਸਾ ਰਖਿਆ ਹੈ।

ਸੋਰਠਿ ਮਹਲਾ ੫ ॥

੧. ਬਖਸਿਆ ਪਾਰਬ੍ਰਹਮ ਪਰਮੇਸਰਿ
ਸਗਲੇ ਰੋਗ ਬਿਦਾਰੇ ॥
੨. ਗੁਰ ਪੂਰੇ ਕੀ ਸਰਣੀ ਉਬਰੇ
ਕਾਰਜ ਸਗਲ ਸਵਾਰੇ ॥੧॥
੩. ਹਰਿ ਜਨਿ ਸਿਮਰਿਆ ਨਾਮ ਅਧਾਰਿ ॥
੪. ਤਾਪੁ ਉਤਾਰਿਆ ਸਤਿਗੁਰਿ ਪੂਰੈ
ਅਪਣੀ ਕਿਰਪਾ ਧਾਰਿ ॥ ਰਹਾਉ ॥
੫. ਸਦਾ ਅਨੰਦ ਕਰਹ ਮੇਰੇ ਪਿਆਰੇ
ਹਰਿ ਗੋਵਿਦੁ ਗੁਰਿ ਰਾਖਿਆ ॥
੬. ਵਡੀ ਵਡਿਆਈ ਨਾਨਕ ਕਰਤੇ ਕੀ
ਸਾਚੁ ਸਬਦੁ ਸਤਿ ਭਾਖਿਆ ॥੨॥੧੮॥੪੬॥

ਪਦ ਅਰਥ : ਪਰਮੇਸਰਿ—ਪਰਮੇਸ਼ਰ ਨੇ। ਬਿਦਾਰੇ—ਦੂਰ ਕਰ ਦਿੱਤੇ। ਸਗਲ—ਸਾਰੇ।੧।

ਜਨਿ—ਜਨ ਨੇ। ਅਧਾਰਿ—ਆਸਰੇ 'ਤੇ। ਸਤਿਗੁਰਿ—ਗੁਰੂ ਨੇ।ਰਹਾਉ।

ਕਰਹ—ਕਰਹਿੰ, ਅਸੀਂ ਕਰਦੇ ਹਾਂ। ਪਿਆਰੇ—ਹੇ ਪਿਆਰੇ। ਗੁਰਿ—ਗੁਰੂ ਨੇ। ਕਰਤੇ ਕੀ—ਕਰਤਾਰ ਦੀ। ਸਾਚੁ—ਸਦਾ ਕਾਇਮ ਰਹਿਣ ਵਾਲਾ। ਸਤਿ—ਠੀਕ, ਸੱਚ। ਭਾਖਿਆ—ਉਚਾਰਿਆ।੨।

ਅਰਥ :

ਪ੍ਰ: ਸ੍ਰੀ ਜੀਉ! ਪਰਮੇਸ਼ਰ ਦੀ ਕੁਝ ਹੋਰ ਵੀ ਬਖ਼ਸ਼ਸ਼ ਦਾ ਤੁਸੀਂ ਉਚਾਰਨ ਕਰੋ।

ਉ: ੧. ਹੇ ਸੱਜਨੋ! ਸੁਣੋ, (ਜਿਸ ਸੇਵਕ ਉੱਤੇ) ਪਾਰਬ੍ਰਹਮ ਪਰਮੇਸ਼ਰ ਨੇ ਆਪਣੀ ਬਖ਼ਸ਼ਸ਼ ਕੀਤੀ ਹੈ, ਉਸ ਦੇ ਉਸ ਨੇ ਸਾਰੇ ਰੋਗ ਦੂਰ ਕਰ ਦਿੱਤੇ।

੨. ਜਿਹੜੇ ਮਨੁੱਖ ਗੁਰੂ ਦੀ ਸ਼ਰਨ ਪ੍ਰਾਪਤ ਕਰਦੇ ਹਨ, ਉਹ ਦੁੱਖਾਂ ਕਲੇਸ਼ਾਂ ਤੋਂ ਭੀ ਬਚ ਜਾਂਦੇ ਹਨ, ਗੁਰੂ ਉਨ੍ਹਾਂ ਦੇ ਸਾਰੇ ਹੀ ਕੰਮ ਸਵਾਰ ਦਿੰਦਾ ਹੈ।੧।

੩. ਹੇ ਪਿਆਰੇ! ਪਰਮੇਸ਼ਰ ਦੇ ਜਿਸ ਭੀ ਸੇਵਕ ਨੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਨਾਮ ਦੇ

੪. ਆਸਰੇ ਵਿਚ (ਆਪਣੇ ਆਪ ਨੂੰ ਤੋਰਿਆ ਹੈ) ਪੂਰੇ ਗੁਰੂ ਨੇ ਆਪਣੀ ਕਿਰਪਾ ਕਰ ਕੇ (ਉਸ ਦਾ) ਤਾਪ ਵੀ ਲਾਹ ਦਿੱਤਾ।ਰਹਾਉ।

੫. ਹੇ ਮੇਰੇ ਪਿਆਰਿਓ! ਗੁਰੂ ਦੀ ਸ਼ਰਨ ਪੈ ਕੇ ਅਸੀਂ ਤਾਂ ਸਦਾ ਹੀ ਅਨੰਦ ਲੈਣਾ ਕਰਦੇ ਹਾਂ, (ਕਿਉਂਕਿ) ਤਾਪ ਤੋਂ, ਹਰਿਗੋਬਿੰਦ ਨੂੰ ਪੂਰੇ ਗੁਰਾਂ ਨੇ ਹੀ ਰੱਖ ਲਿਆ ਹੈ। ਭਾਵ ਤਾਪ ਤੋਂ ਬਚਾਇਆ ਹੈ।

੬. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਉਸ ਕਰਤੇ ਦੀ ਵਡਿਆਈ ਵੱਡੀ ਹੈ। ਉਸ ਸਦਾ ਥਿਰ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਸ਼ਬਦ (ਸਹੀ ਬਚਨ) ਉਚਾਰਿਆ ਹੈ। ਠੀਕ ਉਪਦੇਸ਼ ਦਿੱਤਾ ਹੈ।੨।੧੮।੪੬।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਪ੍ਰਭੂ ਦੀ ਬਖ਼ਸ਼ਸ਼ ਦਾ ਜ਼ਿਕਰ ਕੀਤਾ ਹੈ। ਜਿਸ ਉੱਤੇ ਪਰਮੇਸ਼ਰ ਨੇ ਮਿਹਰ ਕਰੀ ਹੈ, ਉਸ ਦਾ ਸਾਰਾ ਹੀ ਰੋਗ ਦੂਰ ਕਰ ਦਿੱਤਾ ਅਤੇ ਉਸ ਦੇ ਸਾਰੇ ਹੀ ਕਾਰਜ ਸਵਾਰ ਦਿੱਤੇ। ਉਸ ਕਰਤੇ ਦੀ ਵਡਿਆਈ ਵੱਡੀ ਹੈ ਤੇ ਇਹ ਗੁਰੂ ਦਾ ਦਿੱਤਾ ਉਪਦੇਸ਼ ਸਹੀ ਰੂਪ ਜਾਣ ਕੇ ਧਾਰਨ ਯੋਗ ਹੈ।

ਸੋਰਠਿ ਮਹਲਾ ੫ ॥

੧. ਭਏ ਕ੍ਰਿਪਾਲ ਸੁਆਮੀ ਮੇਰੇ
ਤਿਤੁ ਸਾਚੈ ਦਰਬਾਰਿ ॥
੨. ਸਤਿਗੁਰਿ ਤਾਪੁ ਗਵਾਇਆ ਭਾਈ
ਠਾਂਢਿ ਪਈ ਸੰਸਾਰਿ ॥
੩. ਅਪਣੇ ਜੀਅ ਜੰਤ ਆਪੇ ਰਾਖੇ
ਜਮਹਿ ਕੀਓ ਹਟਤਾਰਿ ॥੧॥
੪. ਹਰਿ ਕੇ ਚਰਣ ਰਿਦੈ ਉਰਿ ਧਾਰਿ ॥
੫. ਸਦਾ ਸਦਾ ਪ੍ਰਭੁ ਸਿਮਰੀਐ ਭਾਈ
ਦੁਖ ਕਿਲਬਿਖ ਕਾਟਣਹਾਰੁ ॥੧॥ ਰਹਾਉ ॥
੬. ਤਿਸ ਕੀ ਸਰਣੀ ਊਬਰੈ ਭਾਈ
ਜਿਨਿ ਰਚਿਆ ਸਭੁ ਕੋਇ ॥
੭. ਕਰਣ ਕਾਰਣ ਸਮਰਥੁ ਸੋ ਭਾਈ
ਸਚੈ ਸਚੀ ਸੋਇ ॥
੮. ਨਾਨਕ ਪ੍ਰਭੂ ਧਿਆਈਐ ਭਾਈ
ਮਨੁ ਤਨੁ ਸੀਤਲੁ ਹੋਇ ॥੨॥੧੯॥੪੭॥

ਪਦ ਅਰਥ : ਤਿਤੁ—ਉਸ ਵਿਚ। ਤਿਤੁ ਦਰਬਾਰਿ—ਉਸ ਦਰਬਾਰ ਵਿਚ। ਤਿਤੁ ਸਾਚੈ ਦਰਬਾਰਿ—ਉਸ ਸਦਾ ਕਾਇਮ ਰਹਿਣ ਵਾਲੇ ਦਰਬਾਰ ਵਿਚ। ਸਤਿਗੁਰਿ—ਗੁਰੂ ਨੇ। ਠਾਂਢਿ—ਠੰਡ। ਸੰਸਾਰਿ—ਸੰਸਾਰ ਵਿਚ। ਜਮਹਿ—ਜਮ ਨੇ। ਹਟਤਾਰਿ—ਹੜਤਾਲ, ਹੱਟੀ ਨੂੰ ਤਾਲਾ, ਦੁਕਾਨ ਬੰਦੀ।੧।

ਰਿਦੈ—ਹਿਰਦੇ ਵਿਚ। ਉਰਿ ਧਾਰਿ—ਹਿਰਦੇ ਵਿਚ ਟਿਕਾਈ ਰੱਖ। ਸਿਮਰੀਐ—ਸਿਮਰਨਾ ਚਾਹੀਦਾ ਹੈ। ਭਾਈ—ਹੇ ਭਾਈ। ਕਿਲਬਿਖ—ਪਾਪ। ਕਾਟਣਹਾਰੁ—ਕੱਟਣ ਦੀ ਤਾਕਤ ਰੱਖਣ ਵਾਲਾ।੧।ਰਹਾਉ।

ਊਬਰੈ—ਬਚ ਜਾਂਦਾ ਹੈ। ਜਿਨਿ—ਜਿਸ ਪ੍ਰਭੂ ਨੇ। ਸਭੁ ਕੋਇ—ਹਰੇਕ ਜੀਵ। ਕਰਣ ਕਾਰਣ—ਜਗਤ ਦਾ ਮੂਲ। ਸਚੈ—ਸਦਾ ਕਾਇਮ ਰਹਿਣ ਵਾਲੇ ਦੀ। ਸਚੀ—ਸਦਾ ਕਾਇਮ ਰਹਿਣ ਵਾਲੀ। ਸੋਇ—ਸੋਭਾ। ਸੀਤਲੁ—ਸ਼ਾਂਤ।੨।

ਅਰਥ :

ਪ੍ਰ: ਹੇ ਗੁਰੋ! ਕੋਈ! ਐਸਾ ਕਰਮ ਦੱਸੋ, ਜਿਸ ਦੁਆਰਾ ਮਨੁੱਖ ਦੀ ਉਸ ਸੱਚੇ ਸਾਈਂ ਦੇ ਦਰਬਾਰ ਵਿਚ ਪਹੁੰਚ ਹੋ ਸਕੇ।

ਉ: ੧. ਹੇ ਭਾਈ! ਜਿਸ ਮਨੁੱਖ 'ਤੇ ਮੇਰੇ ਉਸ ਮਾਲਕ ਪ੍ਰਭੂ ਦੀ ਬਖ਼ਸ਼ਸ਼ ਹੋ ਜਾਏ, (ਬਸ ਇਹੋ ਇਕ ਵੱਡਾ ਕਰਮ ਹੈ) ਉਸਦੀ ਸਾਈਂ ਜੀ ਦੇ ਸੱਚੇ ਦਰਬਾਰ ਵਿਚ ਪਹੁੰਚ ਹੋ ਜਾਂਦੀ ਹੈ, ਭਾਵ ਉਹ ਮਨੁੱਖ ਬਿਨਾ ਕਿਸੇ ਝਿਜਕ ਤੋਂ ਸੱਚੀ ਦਰਗਾਹ ਵਿਚ ਪੁੱਜ ਜਾਂਦਾ ਹੈ। ਭਾਵ ਹੈ ਉਸ ਦੀ ਸੁਰਤ ਪ੍ਰਭੂ ਚਰਨਾਂ ਵਿਚ ਜੁੜਨ ਲੱਗ ਪੈਂਦੀ ਹੈ।

੨. ਹੇ ਭਾਈ! ਪ੍ਰਭੂ ਦੀ ਕਿਰਪਾ ਦੁਆਰਾ ਜਦੋਂ ਉਸ ਦਾ ਆਧੀ ਬਿਆਧੀ ਤਾਪ ਗਵਾ ਦਿੱਤਾ ਗਿਆ ਤਾਂ ਉਸ ਦੇ ਵਾਸਤੇ ਤਾਂ ਸਾਰੇ ਸੰਸਾਰ ਵਿਚ ਠੰਡ ਹੀ ਵਰਤ ਜਾਂਦੀ ਹੈ, ਭਾਵ ਸੰਸਾਰ ਦਾ ਦੁੱਖ ਪਾਪ ਉਸ ਨੂੰ ਪੋਹ ਹੀ ਨਹੀਂ ਸਕਦਾ।

੩. ਹੇ ਭਾਈ! ਉਹ ਪ੍ਰਭੂ ਆਪ ਹੀ ਆਪਣੇ ਸੇਵਕਾਂ ਦੀ (ਦੁੱਖਾਂ ਪਾਪਾਂ ਵਲੋਂ) ਰਾਖੀ ਕਰਦਾ ਹੈ। ਉਨ੍ਹਾਂ ਨੂੰ ਮੌਤ ਪੋਹ ਨਹੀਂ ਸਕਦੀ। ਜਮਾਂ ਨੇ ਤਾਂ ਸਮਝੋ, ਉਨ੍ਹਾਂ ਵਲੋਂ ਹੜਤਾਲ ਕਰ ਲਈ ਹੈ, (ਅਰਥਾਤ ਸ਼ੋਕ ਨਾਲ ਬੂਹੇ ਬੰਦ ਕਰ ਲਏ ਹਨ), ਭਾਵ ਹੈ ਜਮਾਂ ਨੇ ਉਨ੍ਹਾਂ ਉੱਤੇ ਆਪਣਾ ਪ੍ਰਭਾਵ ਪਾਣ ਦਾ ਜਤਨ ਛੱਡ ਦਿੱਤਾ ਹੈ।੧।

ਪ੍ਰ: ਹੇ ਗੁਰੋ! ਦੱਸੋ, ਮੈਂ ਹੁਣ ਕਿਹੜਾ ਸਾਧਨ ਕਰਾਂ?

ਉ: ੪. ਐ ਪਿਆਰੇ! ਤੂੰ ਉਸੇ ਪਰਮੇਸ਼ਰ ਦੇ ਚਰਣ ਆਪਣੇ ਹਿਰਦੇ ਅੰਦਰ ਵਸਾਈ ਰੱਖ।

ਪ੍ਰ: ਹੇ ਗੁਰੋ! ਕੀ ਉਸ ਸਾਈਂ ਨੂੰ ਸਿਮਰਨ ਦਾ ਕੋਈ ਖ਼ਾਸ ਵਕਤ ਹੈ?

ਉ: ੫. (ਨਹੀਂ) ਹੇ ਭਾਈ! ਉਸ ਪਰਮੇਸ਼ਰ ਨੂੰ ਤਾਂ ਸਦਾ-ਸਦਾ ਹੀ ਸਿਮਰਦੇ ਰਹਿਣਾ ਚਾਹੀਦਾ ਹੈ, (ਕਿਉਂਕਿ) ਉਹ ਪਰਮਾਤਮਾ ਹੀ ਸਾਰੇ ਦੁੱਖਾਂ, ਕਲੇਸ਼ਾਂ, ਪਾਪਾਂ ਦਾ ਨਾਸ ਕਰਨ ਵਾਲਾ ਹੈ।੧।ਰਹਾਉ।

੬. ਹੇ ਭਾਈ! ਜਿਸ ਪਰਮੇਸ਼ਰ ਨੇ ਹਰ ਇਕ ਜੀਵ ਨੂੰ ਪੈਦਾ ਕੀਤਾ ਹੈ ਅਤੇ ਜੋ ਮਨੁੱਖ ਉਸ ਦੀ ਸ਼ਰਨ ਵਿਚ ਪੈਂਦਾ ਹੈ, ਉਹ ਸੰਸਾਰ ਦੇ ਸਾਰੇ ਹੀ ਦੁੱਖਾਂ ਕਲੇਸ਼ਾਂ ਤੋਂ ਬਚ ਜਾਂਦਾ ਹੈ।

੭. ਹੇ ਪਿਆਰੇ! ਉਹ ਪਰਮੇਸ਼ਰ ਸਾਰੇ ਜਗਤ ਦਾ ਮੂਲ ਰੂਪ ਹੈ, ਸਭੇ ਤਾਕਤਾਂ ਦਾ ਮਾਲਕ ਹੈ ਤੇ ਉਸ ਸੱਚੇ ਦੀ ਸੋਭਾ ਭੀ ਸਦਾ ਕਾਇਮ ਰਹਿਣ ਵਾਲੀ ਹੈ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਸੇ ਪ੍ਰਭੂ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ, (ਕਿਉਂਕਿ) ਉਸ ਸਿਮਰਨ ਦੀ ਬਰਕਤ ਨਾਲ ਮਨੁੱਖ ਦਾ ਮਨ ਅਤੇ ਤਨ (ਵਿਕਾਰਾਂ ਵਲੋਂ) ਸ਼ਾਂਤ ਹੋ ਜਾਂਦਾ ਹੈ।੨।੧੯।੪੭।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਉਸ ਪਰਮੇਸ਼ਰ ਦੀ ਮਿਹਰ ਦਾ ਜ਼ਿਕਰ ਕਰਦੇ ਹਨ ਕਿ ਉਸ ਸਾਈਂ ਦੀ ਕਿਰਪਾ ਦਾ ਸਦਕਾ ਮਨੁੱਖ ਦੀ ਪਹੁੰਚ ਉਸ ਸੱਚੇ ਦੀ ਸੱਚੀ ਦਰਗਾਹ ਵਿਚ ਹੋ ਆਉਂਦੀ ਹੈ, ਇਸ ਲਈ ਉਸੇ ਦੇ ਚਰਨਾਂ ਨੂੰ ਸਦੀਵੀ ਕਾਲ ਹਿਰਦੇ ਵਿਚ ਧਾਰਨ ਕਰਨਾ ਚਾਹੀਦਾ ਹੈ।

ਸੋਰਠਿ ਮਹਲਾ ੫ ॥

੧. ਸੰਤਹੁ ਹਰਿ ਹਰਿ ਨਾਮੁ ਧਿਆਈ ॥
੨. ਸੁਖ ਸਾਗਰ ਪ੍ਰਭੁ ਵਿਸਰਉ ਨਾਹੀ
ਮਨ ਚਿੰਦਿਅੜਾ ਫਲੁ ਪਾਈ ॥੧॥ ਰਹਾਉ ॥
੩. ਸਤਿਗੁਰਿ ਪੂਰੈ ਤਾਪੁ ਗਵਾਇਆ
ਅਪਣੀ ਕਿਰਪਾ ਧਾਰੀ ॥
੪. ਪਾਰਬ੍ਰਹਮ ਪ੍ਰਭ ਭਏ ਦਇਆਲਾ
ਦੁਖੁ ਮਿਟਿਆ ਸਭ ਪਰਵਾਰੀ ॥੧॥
੫. ਸਰਬ ਨਿਧਾਨ ਮੰਗਲ ਰਸ ਰੂਪਾ
ਹਰਿ ਕਾ ਨਾਮੁ ਅਧਾਰੋ ॥
੬. ਨਾਨਕ ਪਤਿ ਰਾਖੀ ਪਰਮੇਸਰਿ
ਉਧਰਿਆ ਸਭੁ ਸੰਸਾਰੋ ॥੨॥੨੦॥੪੮॥

ਪਦ ਅਰਥ : ਸੰਤਹੁ—ਹੇ ਸੰਤ ਜਨੋ। ਧਿਆਈ—ਧਿਆਈਂ, ਮੈਂ ਧਿਆਉਂਦਾ ਰਹਾਂ। ਸਾਗਰ—ਸਮੁੰਦਰ। ਵਿਸਰਉ—ਭੁਲ ਨਾ ਜਾਏ। ਚਿੰਦਿਅੜਾ—ਚਿਤਵਿਆ। ਪਾਈ—ਪਾਈਂ, ਮੈਂ ਪ੍ਰਾਪਤ ਕਰਾਂ।੧।

ਸਤਿਗੁਰਿ—ਗੁਰੂ ਨੇ। ਪਰਵਾਰੀ—ਪਰਿਵਾਰ ਦਾ।੧।

ਨਿਧਾਨ—ਖ਼ਜ਼ਾਨੇ। ਅਧਾਰੋ—ਆਸਰਾ। ਪਤਿ—ਇੱਜ਼ਤ। ਪਰਮੇਸਰਿ—ਪਰਮੇਸ਼ਰ ਨੇ। ਸਭੁ—ਸਾਰਾ। ਉਧਰਿਆ—ਬਚਾ ਲਿਆ।੨।

ਅਰਥ :

ਪ੍ਰ: ਹੇ ਸੁਆਮੀ ਜੀ ! ਆਪ ਸਦਾ ਹੀ ਪਰਮੇਸ਼ਰ ਦੇ ਨਾਮ ਸਿਮਰਨ ਦੀ ਪ੍ਰੇਰਣਾ ਕਰਦੇ ਕਹਿੰਦੇ ਹੋ, ਪਰ ਮਨ ਨਾਮ ਧਿਆਉਣ ਵਲ ਨੂੰ ਰੁੱਚੀ ਹੀ ਨਹੀਂ ਕਰਦਾ। ਕੋਈ ਸਾਧਨ ਦੱਸੋ।

ਉ: ੧. ਹੇ ਸੱਜਨਾ ! (ਤੂੰ ਇਉਂ ਸਾਧ ਸੰਗਤ ਵਿਚ ਜਾ ਕੇ ਅਰਦਾਸ ਕਰਿਆ ਕਰ) ਕਿ ਹੇ ਸੰਤ ਜਨੋ ! ਤੁਸੀਂ ਮੇਰੇ ਲਈ (ਅਰਦਾਸ ਕਰੋ ਕਿ) ਮੈਂ ਸਦਾ ਹੀ ਪਰਮੇਸ਼ਰ ਦਾ ਹਰਿ ਹਰਿ ਨਾਮ ਸਿਮਰਦਾ ਰਵਾਂ।

੨. ਅਤੇ ਉਹ ਸੁੱਖਾਂ ਦਾ ਸਮੁੰਦਰ ਵਾਹਿਗੁਰੂ ਜੀ ਮੈਨੂੰ ਕਦੇ ਭੀ ਭੁੱਲੇ ਨਾ। ਉਸ ਦੇ ਦਰੋਂ ਮੈਂ ਸਦਾ ਹੀ ਮਨ ਇੱਛਤ ਫਲ ਪਾਉਂਦਾ ਰਵਾਂ।੧।ਰਹਾਉ।

੩. ਹੇ ਸੰਤ ਜਨੋ ! ਪੂਰੇ ਸਤਿਗੁਰੂ ਜੀ ਨੇ ਆਪਣੀ ਕਿਰਪਾ ਕੀਤੀ ਹੈ ਕਿ ਬਾਲਕ ਹਰਿ ਗੋਬਿੰਦ ਦਾ ਤਾਪ ਲਾਹ ਦਿੱਤਾ ਹੈ।

੪. ਉਹ ਪਰਮੇਸ਼ਰ ਦਇਆਵਾਨ ਹੋਇਆ (ਇਸ ਲਈ) ਸਾਰੇ ਹੀ ਪਰਿਵਾਰ ਦਾ ਦੁੱਖ ਮਿਟ ਗਿਆ ਹੈ।੧।

ਪ੍ਰ: ਕਿਉਂ ਜੀ ! ਇਸ ਦੁੱਖ ਦੀ ਨਵਿਰਤੀ ਲਈ ਤੁਸੀਂ ਕਿਸੇ ਦੇਵੀ ਦੇਵ ਦਾ ਆਸਰਾ ਲਿਆ ਸੀ ?

ਉ: ੫. (ਨਹੀਂ) ਹੇ ਸੰਤ ਜਨੋ ! ਸਾਡਾ ਆਸਰਾ ਤਾਂ ਪਰਮੇਸ਼ਰ ਦਾ ਨਾਮ ਹੀ ਹੈ, (ਕਿਉਂਕਿ) ਨਾਮ ਹੀ ਸਾਰੀਆਂ ਖ਼ੁਸ਼ੀਆਂ, ਰਸਾਂ, ਰੂਪਾਂ ਦਾ ਖ਼ਜ਼ਾਨਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! (ਸਾਡੀ ਤਾਂ) ਉਸ ਪਰਮੇਸ਼ਰ ਨੇ ਇੱਜ਼ਤ ਰੱਖੀ ਹੈ, (ਜਿਸ ਦੀ ਕਿਰਪਾ ਨਾਲ) ਸਾਰਾ ਹੀ ਸੰਸਾਰ ਤਰਿਆ ਹੈ ਜਾਂ ਉਹੀ ਸਾਰੇ ਸੰਸਾਰ ਦੀ ਰੱਖਿਆ ਕਰਨ ਵਾਲਾ ਹੈ।੨।੨੦।੪੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਤਪ ਰਹੇ ਮਨ ਨੂੰ ਸ਼ਾਂਤ ਕਰਨ ਲਈ ਸਾਧ ਸੰਗਤ ਵਿਚ ਜਾ ਕੇ ਅਰਦਾਸ ਕਰਨ ਦੀ ਪ੍ਰੇਰਣਾ ਕਰਦੇ ਹਨ, ਜਿਸ ਦੀ ਕਿਰਪਾ ਦਾ ਸਦਕਾ ਹਰੀ ਦਾ ਨਾਮ ਸਿਮਰਿਆ ਜਾਏ ਅਤੇ ਸੁੱਖ ਦਾ ਸਾਗਰ ਪ੍ਰਭੂ ਕਦੇ ਭੀ ਵਿਸਰੇ ਨਾ, ਜਿਸ ਤੋਂ ਮਨ ਇੱਛੇ ਫਲ ਪ੍ਰਾਪਤ ਹੁੰਦੇ ਹਨ।

ਸੋਰਠਿ ਮਹਲਾ ੫ ॥

੧. ਮੇਰਾ ਸਤਿਗੁਰੁ ਰਖਵਾਲਾ ਹੋਆ ॥
੨. ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ
ਹਰਿ ਗੋਵਿਦੁ ਨਵਾ ਨਿਰੋਆ ॥੧॥ ਰਹਾਉ ॥
੩. ਤਾਪੁ ਗਇਆ ਪ੍ਰਭਿ ਆਪਿ ਮਿਟਾਇਆ
ਜਨ ਕੀ ਲਾਜ ਰਖਾਈ ॥
੪. ਸਾਧਸੰਗਤਿ ਤੇ ਸਭ ਫਲ ਪਾਏ
ਸਤਿਗੁਰ ਕੈ ਬਲਿ ਜਾਂਈ ॥੧॥
੫. ਹਲਤੁ ਪਲਤੁ ਪ੍ਰਭ ਦੋਵੈ ਸਵਾਰੇ
ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥
੬. ਅਟਲ ਬਚਨੁ ਨਾਨਕ ਗੁਰ ਤੇਰਾ
ਸਫਲ ਕਰੁ ਮਸਤਕਿ ਧਾਰਿਆ ॥੨॥੨੧॥੪੯॥

ਪਦ ਅਰਥ : ਧਾਰਿ—ਧਾਰ ਕੇ। ਪ੍ਰਭਿ—ਪ੍ਰਭੂ ਨੇ। ਨਵਾ ਨਿਰੋਆ—ਬਿਲਕੁਲ ਅਰੋਗ।੧।ਰਹਾਉ।

ਪ੍ਰਭਿ—ਪ੍ਰਭੂ ਨੇ। ਲਾਜ—ਇੱਜ਼ਤ। ਤੇ—ਤੋਂ, ਪਾਸੋਂ। ਬਲਿ ਜਾਂਈ—ਮੈਂ ਕੁਰਬਾਨ ਜਾਂਦਾ ਹਾਂ।੧।

ਹਲਤੁ—ਇਹ ਲੋਕ। ਪਲਤੁ—ਪਰਲੋਕ। ਹਮਰਾ—ਅਸਾਂ ਜੀਵਾਂ ਦਾ। ਅਟਲ—ਕਦੇ ਨਾ ਟਲਣ ਵਾਲਾ। ਸਫਲ—ਫਲ ਦੇਣ ਵਾਲਾ, ਬਰਕਤ ਵਾਲਾ। ਕਰੁ—ਹੱਥ। ਮਸਤਕਿ—ਮੱਥੇ ਉੱਤੇ।੨।

ਅਰਥ :

ਪ੍ਰ: ਹੇ ਗੁਰੋ ! ਬਾਲਕ ਹਰਿ ਗੋਬਿੰਦ ਨੂੰ ਅਰੋਗ ਕਰਨ ਵਿਚ ਵਧੇਰੇ ਕਿਸ ਦੀ ਬਖ਼ਸ਼ਸ਼ ਹੋਈ ਹੈ ?

ਉ: ੧. ਹੇ ਭਾਈਓ ! ਅਸਲ ਵਿਚ ਤਾਂ ਮੇਰਾ ਗੁਰੂ ਹੀ ਮੇਰਾ ਸਹਾਈ ਬਣਿਆ ਹੈ।

੨. (ਗੁਰੂ ਸ਼ਰਨ ਪ੍ਰਾਪਤੀ ਦੀ ਬਰਕਤ ਨਾਲ) ਉਸ ਪ੍ਰਭੂ ਨੇ ਕਿਰਪਾ ਕਰ ਕੇ (ਆਪਣੇ) ਹੱਥ ਦੇ ਕੇ ਬਾਲਕ ਹਰਿ ਗੋਬਿੰਦ ਨੂੰ ਬਚਾ ਲਿਆ ਹੈ। ਹੁਣ ਬਾਲਕ ਬਿਲਕੁਲ ਰਾਜ਼ੀ ਬਾਜ਼ੀ ਹੋ ਗਿਆ ਹੈ, (ਤੰਦਰੁਸਤ ਹੈ)।੧।

੩. ਹੇ ਭਾਈ ! (ਬਾਲਕ ਹਰਿ ਗੋਬਿੰਦ ਦਾ) ਤਾਪ ਲਹਿ ਗਿਆ ਹੈ, ਇਹ ਪ੍ਰਭੂ ਨੇ ਆਪ ਹੀ ਉਤਾਰਿਆ ਹੈ। ਇਸ ਤਰ੍ਹਾਂ ਉਸ ਪ੍ਰਭੂ ਨੇ ਆਪਣੇ ਸੇਵਕ ਦੀ ਇੱਜ਼ਤ ਰੱਖ ਲਈ ਹੈ।

੪. ਹੇ ਭਾਈਓ ! ਇਹ ਸਾਰੇ ਫਲ ਮੈਂ ਗੁਰੂ ਦੀ ਸੰਗਤ ਤੋਂ ਪ੍ਰਾਪਤ ਕੀਤੇ ਹਨ, ਇਸ ਲਈ ਮੈਂ (ਸਦਾ) ਗੁਰੂ ਤੋਂ ਹੀ ਕੁਰਬਾਨ ਜਾਂਦਾ ਹਾਂ।੧।

੫. ਹੇ ਭਾਈ! ਜੋ ਮਨੁੱਖ ਭੀ ਗੁਰੂ ਦੀ ਸ਼ਰਨ ਪ੍ਰਾਪਤ ਕਰਦਾ ਹੈ, ਉਸਦਾ ਇਹ ਲੋਕ ਤੇ ਪ੍ਰਲੋਕ ਪਰਮੇਸ਼ਰ ਦੋਵੇਂ ਹੀ ਸਵਾਰ ਦੇਂਦਾ ਹੈ। ਅਸਾਂ ਜੀਵਾਂ ਦਾ ਕੋਈ ਗੁਣ ਜਾਂ ਔਗੁਣ ਪਰਮੇਸ਼ਰ ਜੀ ਚਿੱਤ ਵਿਚ ਨਹੀਂ ਰੱਖਦਾ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਗੁਰੂ! ਤੇਰਾ ਇਹ ਬਚਨ ਕਦੇ ਟਲਣ ਵਾਲਾ ਨਹੀਂ ਕਿ ਪਰਮੇਸ਼ਰ ਹੀ ਜੀਵਾਂ ਦਾ ਹਲਤ ਪਲਤ ਵਿਚ ਆਪੇ ਹੀ ਰਾਖਾ ਹੈ। ਹੇ ਗੁਰੂ! ਤੂੰ ਬਖ਼ਸ਼ਸ਼ ਭਰਿਆ ਹੱਥ ਸਾਡੇ ਜੀਵਾਂ ਦੇ ਮੱਥੇ 'ਤੇ ਸਦਾ ਹੀ ਰੱਖਦਾ ਹੈਂ।੨।੨੧।੪੯।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਜੀ ਸਤਿਗੁਰੂ ਦੀ ਬਖ਼ਸ਼ਸ਼ ਹੋ ਜਾਣ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਦੀ ਮਿਹਰ ਦਾ ਸਦਕਾ ਬਾਲਕ ਹਰਿ ਗੋਬਿੰਦ ਦਾ ਤਾਪ ਉਤਰਿਆ ਹੈ ਅਤੇ ਸਾਧ ਸੰਗਤ ਦੁਆਰਾ ਸਾਰੇ ਫਲਾਂ ਦੀ ਪ੍ਰਾਪਤੀ ਹੋਣ ਦਾ ਭੀ ਸ਼ੁਕਰਾਨਾ ਕਰ ਰਹੇ ਹਨ।

ਸੋਰਠਿ ਮਹਲਾ ੫ ॥

੧. ਜੀਅ ਜੰਤ੍ਰ ਸਭਿ ਤਿਸ ਕੇ ਕੀਏ
ਸੋਈ ਸੰਤ ਸਹਾਈ ॥
੨. ਅਪੁਨੇ ਸੇਵਕ ਕੀ ਆਪੇ ਰਾਖੈ
ਪੂਰਨ ਭਈ ਬਡਾਈ ॥੧॥
੩. ਪਾਰਬ੍ਰਹਮੁ ਪੂਰਾ ਮੇਰੈ ਨਾਲਿ ॥
੪. ਗੁਰਿ ਪੂਰੈ ਪੂਰੀ ਸਭ ਰਾਖੀ
ਹੋਏ ਸਰਬ ਦਇਆਲ ॥੧॥ ਰਹਾਉ ॥
੫. ਅਨਦਿਨੁ ਨਾਨਕੁ ਨਾਮੁ ਧਿਆਏ
ਜੀਅ ਪ੍ਰਾਨ ਕਾ ਦਾਤਾ ॥
੬. ਅਪੁਨੇ ਦਾਸ ਕਉ ਕੰਠਿ ਲਾਇ ਰਾਖੈ
ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥

ਪਦ ਅਰਥ : ਸਭਿ—ਸਾਰੇ। ਸੋਈ—ਉਹ (ਪ੍ਰਭੂ) ਹੀ। ਸਹਾਈ—ਮਦਦਗਾਰ। ਆਪੇ—ਆਪ ਹੀ। ਬਡਾਈ—ਇੱਜ਼ਤ।੧।

ਗੁਰਿ ਪੂਰੈ—ਪੂਰੇ ਗੁਰੂ ਨੇ। ਸਰਬ—ਸਾਰਿਆਂ ਉੱਤੇ।੧।ਰਹਾਉ।

ਅਨਦਿਨੁ—ਹਰ ਰੋਜ਼, ਹਰ ਵੇਲੇ। ਨਾਨਕੁ ਧਿਆਏ—ਨਾਨਕ ਧਿਆਉਂਦਾ ਹੈ। ਜੀਅ ਕਾ ਦਾਤਾ—ਜਿੰਦ ਦਾ ਦੇਣ ਵਾਲਾ। ਕਉ—ਨੂੰ। ਕੰਠਿ—ਗਲ ਨਾਲ। ਲਾਇ—ਲਾ ਕੇ। ਪਿਤ—ਪਿਤਾ।੨।

ਅਰਥ :

ਪ੍ਰ: ਹੇ ਗੁਰੋ! ਸੰਤਾਂ ਦਾ ਸਹਾਇਕ ਗੁਰਮਤਿ ਵਿਚ ਕਿਸ ਨੂੰ ਮੰਨਿਆ ਹੈ?

ਉ: ੧. ਹੇ ਭਾਈ! ਇਹ ਸਾਰੇ ਜੀਵ ਉਸ (ਪਰਮੇਸ਼ਰ) ਦੇ ਹੀ ਪੈਦਾ ਕੀਤੇ ਹੋਏ ਹਨ। ਉਹੀ ਪ੍ਰਭੂ ਆਪ ਸੰਤ ਜਨਾਂ ਦਾ ਮਦਦਗਾਰ ਬਣਿਆ ਰਹਿੰਦਾ ਹੈ।

੨. ਉਹ ਪਰਮੇਸ਼ਰ ਆਪਣੇ ਸੇਵਕ ਦੀ ਇੱਜ਼ਤ ਆਪ ਹੀ ਰੱਖਦਾ ਹੈ। (ਉਸ ਦੀ ਕਿਰਪਾ ਨਾਲ ਹੀ ਸੇਵਕ ਦੀ) ਵਡਿਆਈ ਪੂਰਨ ਤੌਰ 'ਤੇ ਬਣੀ ਰਹਿੰਦੀ ਹੈ।੧।

੩. ਹੇ ਭਾਈਓ! ਮੈਨੂੰ ਹੁਣ ਇਹ ਪੂਰਨ ਨਿਸ਼ਚਾ ਹੈ ਕਿ ਉਹ ਪੂਰਨ ਪਰਮੇਸ਼ਰ ਸਦਾ ਹੀ ਮੇਰੇ ਅੰਗ-ਸੰਗ ਹੈ ਅਤੇ ਮੇਰਾ ਸਹਾਇਕ ਹੈ।

੪. ਪੂਰੇ ਗੁਰੂ ਨੇ ਮੇਰੀ ਪੂਰੀ ਤਰ੍ਹਾਂ ਇੱਜ਼ਤ ਰੱਖ ਲਈ ਹੈ, ਕਿਉਂਕਿ ਉਹ ਪੂਰੇ ਗੁਰੂ ਤਾਂ ਸਦਾ ਸਾਰਿਆਂ ਉੱਤੇ ਹੀ ਦਇਆਵਾਨ ਰਹਿੰਦੇ ਹਨ।੧।ਰਹਾਉ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ! ਮੈਂ ਨਾਨਕ ਤਾਂ ਉਸ ਪਰਮੇਸ਼ਰ ਦਾ ਨਾਮ ਹਰ ਵੇਲੇ ਹੀ ਸਿਮਰਦਾ ਰਹਿੰਦਾ ਹਾਂ, ਜੋ ਕਿ ਜਿੰਦ ਅਤੇ ਸਵਾਸਾਂ ਨੂੰ ਦੇਣ ਵਾਲਾ ਹੈ।

੬. ਹੇ ਭਾਈਓ! ਜਿਵੇਂ ਮਾਪੇ ਆਪਣੇ ਬੱਚਿਆਂ ਦਾ ਸਦਾ ਹੀ ਧਿਆਨ ਰੱਖਦੇ ਹਨ, ਤਿਵੇਂ ਪਰਮੇਸ਼ਰ ਆਪਣੇ ਸੇਵਕਾਂ ਨੂੰ ਸਦਾ (ਆਪਣੇ) ਗਲ ਨਾਲ ਲਾ ਕੇ ਰੱਖਦਾ ਹੈ।੨।੨੨।੫੦।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਸੰਤਾਂ ਦੀ ਮਦਦ ਕਰਨ ਵਾਲਾ ਉਸੇ ਪ੍ਰਭੂ ਨੂੰ ਦੱਸ ਰਹੇ ਹਨ ਜੋ ਕਿ ਸਾਰੇ ਹੀ ਜੀਵਾਂ ਦਾ ਪ੍ਰਤਿਪਾਲਕ ਹੈ। ਉਹ ਸੇਵਕਾਂ ਦਾ ਸਦਾ ਹੀ ਅੰਗ-ਸੰਗ ਹੋ ਸਹਾਇਕ ਬਣਿਆ ਰਹਿੰਦਾ ਹੈ ਅਤੇ ਸੰਸਾਰ ਵਿਚ ਸੇਵਕ ਦੀ ਵਡਿਆਈ ਭੀ ਪੂਰਨ ਤੌਰ 'ਤੇ ਹਰ ਸਮੇਂ ਬਣਾਈ ਰੱਖਦਾ ਹੈ।

ਸੋਰਠਿ ਮਹਲਾ ੫ ਘਰੁ ੩ ਚਉਪਦੇ

ੴ ਸਤਿਗੁਰ ਪ੍ਰਸਾਦਿ ॥

੧. ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥
੨. ਸਿਕਦਾਰਹੁ ਨਹ ਪਤੀਆਇਆ ॥
੩. ਉਮਰਾਵਹੁ ਆਗੈ ਝੇਰਾ ॥
੪. ਮਿਲਿ ਰਾਜਨ ਰਾਮ ਨਿਬੇਰਾ ॥੧॥
੫. ਅਬ ਢੂਢਨ ਕਤਹੁ ਨ ਜਾਈ ॥
੬. ਗੋਬਿਦ ਭੇਟੇ ਗੁਰ ਗੋਸਾਈ ॥ ਰਹਾਉ ॥
੭. ਆਇਆ ਪ੍ਰਭ ਦਰਬਾਰਾ ॥
੮. ਤਾ ਸਗਲੀ ਮਿਟੀ ਪੂਕਾਰਾ ॥
੯. ਲਬਧਿ ਆਪਣੀ ਪਾਈ ॥
੧੦. ਤਾ ਕਤ ਆਵੈ ਕਤ ਜਾਈ ॥੨॥
੧੧. ਤਹ ਸਾਚ ਨਿਆਇ ਨਿਬੇਰਾ ॥
੧੨. ਊਹਾ ਸਮ ਠਾਕੁਰੁ ਸਮ ਚੇਰਾ ॥
੧੩. ਅੰਤਰਜਾਮੀ ਜਾਨੈ ॥
੧੪. ਬਿਨੁ ਬੋਲਤ ਆਪਿ ਪਛਾਨੈ ॥੩॥
੧੫. ਸਰਬ ਥਾਨ ਕੋ ਰਾਜਾ ॥
੧੬. ਤਹ ਅਨਹਦ ਸਬਦ ਅਗਾਜਾ ॥
੧੭. ਤਿਸੁ ਪਹਿ ਕਿਆ ਚਤੁਰਾਈ ॥
੧੮. ਮਿਲੁ ਨਾਨਕ ਆਪੁ ਗਵਾਈ ॥੪॥੧॥੫੧॥

ਪਦ ਅਰਥ : ਮਿਲਿ—ਮਿਲ ਕੇ। ਮਿਲਿ ਪੰਚਹੁ—(ਨਗਰ ਦੇ)

ਪੈਂਚਾਂ ਨੂੰ ਮਿਲ ਕੇ। ਸਹਸਾ—(ਕਾਮਾਦਿਕ ਵੈਰੀਆਂ ਵਲੋਂ ਪੈ ਰਿਹਾ) ਸਹਿਮ। ਚੁਕਾਇਆ—ਮੁਕਾਇਆ। ਸਿਕਦਾਰਹੁ—ਸਰਦਾਰਾਂ ਤੋਂ। ਪਤੀਆਇਆ—ਪਤੀਜ ਸਕਿਆ। ਉਮਰਾਵਹੁ ਆਗੈ—ਸਰਕਾਰੀ ਹਾਕਮਾਂ ਦੇ ਸਾਹਮਣੇ। ਝੇਰਾ—ਝਗੜਾ। ਰਾਜਨ ਰਾਮ—ਪ੍ਰਭੂ ਪਾਤਸ਼ਾਹ। ਨਿਬੇਰਾ—ਨਬੇੜਾ, ਫ਼ੈਸਲਾ।੧।

ਕਤਹੁ—ਕਿਤੇ ਭੀ। ਭੇਟੇ—ਮਿਲ ਪਏ। ਗੋਸਾਈ—ਧਰਤੀ ਦਾ ਮਾਲਕ।ਰਹਾਉ।

ਪੂਕਾਰਾ—(ਕਾਮਾਦਿਕ ਵੈਰੀਆਂ ਦੇ ਵਿਰੁੱਧ) ਸ਼ਕਾਇਤ। ਲਬਧਿ—ਜਿਸ ਚੀਜ਼ ਦੇ ਪ੍ਰਾਪਤ ਕਰਨ ਦੀ ਲੋੜ ਸੀ। ਕਤ—ਕਿਥੇ? ਤਾ—ਤਦੋਂ।੨।

ਤਹ—ਉਥੇ, ਪ੍ਰਭੂ ਦੇ ਦਰਬਾਰ ਵਿਚ। ਸਾਚ ਨਿਆਇ—ਸਦਾ ਕਾਇਮ ਰਹਿਣ ਵਾਲੇ ਨਿਆਂ ਅਨੁਸਾਰ। ਸਮ—ਬਰਾਬਰ। ਠਾਕੁਰੁ—ਮਾਲਕ। ਚੇਰਾ—ਨੌਕਰ। ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਨਣ ਵਾਲਾ।੩।

ਕੋ—ਦਾ। ਤਹ—ਉਥੇ। ਅਨਹਦ—ਇਕ ਰਸ, ਬਿਨਾ ਵਜਾਏ, ਲਗਾਤਾਰ। ਸਬਦ—ਸਿਫ਼ਤਿ-ਸਾਲਾਹ ਦੀ ਬਾਣੀ। ਅਗਾਜਾ—ਗੱਜ ਪਈ, ਪੂਰਾ ਪ੍ਰਭਾਵ ਪਾਂਦੀ ਹੈ। ਪਹਿ—ਪਾਸ। ਆਪੁ—ਆਪਾ-ਭਾਵ। ਗਵਾਈ—ਗਵਾ ਕੇ।੫।

ਅਰਥ :

ਪ੍ਰ: ਹੇ ਗੁਰੋ! ਇਹ ਜੋ ਮਨੁੱਖ ਨੂੰ ਜੰਮਣ ਮਰਣ ਦਾ ਹਰ ਵਕਤ ਝਗੜਾ ਬਣਿਆ ਰਹਿੰਦਾ ਹੈ, ਇਸ ਝਗੜੇ ਨੂੰ ਨਿਬੇੜਨ ਲਈ ਆਪ ਜੀ ਨੇ ਕਿਹੜੇ-ਕਿਹੜੇ ਯਤਨ ਕੀਤੇ ਹਨ ਅਤੇ ਅੰਤ ਨੂੰ ਸਫਲਤਾ ਕਿਸ ਸਾਧਨ ਦੁਆਰਾ ਹੋਈ ਹੈ?

ਉ: ੧. ਹੇ ਭਾਈ! ਪਹਿਲੋਂ ਜਗਿਆਸੂ ਬਣ ਕੇ ਪੰਡਤ ਲੋਕਾਂ ਨੂੰ ਮਿਲਿਆ। ਉਨ੍ਹਾਂ ਨੇ ਭੀ ਮੇਰਾ ਇਹ ਜੰਮਣ ਮਰਣ ਦਾ ਸੰਸਾ ਦੂਰ ਨਾ ਕੀਤਾ।

੨. ਫਿਰ ਮੈਂ ਸੋਚਿਆ ਚਲੋ ਜੋਤਸ਼ੀ ਲੋਕਾਂ ਨੂੰ ਮਿਲੀਏ। ਜਦੋਂ ਮੈਂ ਉਨ੍ਹਾਂ ਜੋਤਸ਼ੀ ਲੋਕਾਂ ਨੂੰ ਮਿਲਿਆ ਤਾਂ ਮੈਨੂੰ ਉਨ੍ਹਾਂ ਨੇ ਭੀ ਪਤੀਆਇਆ ਨਾ, ਭਾਵ ਨਿਰਸੰਦੇਹ ਨਾ ਕੀਤਾ। ਭਾਵ ਉਨ੍ਹਾਂ ਕੋਲ ਜਾਣ 'ਤੇ ਭੀ ਕਰਮਾਂ ਦਾ ਝਗੜਾ ਬਣਿਆ ਹੀ ਰਿਹਾ।

੩. ਆਖ਼ਰ ਮੈਂ, ਉਮਰਾਵ ਜੋ ਦੇਵਤੇ ਹਨ, ਉਨ੍ਹਾਂ ਅੱਗੇ ਭੀ ਜਾ ਕੇ ਝਗੜਾ ਕੀਤਾ, ਪਰ ਨਿਬੇੜਾ ਉਨ੍ਹਾਂ ਪਾਸੋਂ ਭੀ ਨਾ ਹੋ ਸਕਿਆ।

ਪ੍ਰ: (ਕਿਉਂ ਜੀ) ਆਖ਼ਰ ਇਹ ਝਮੇਲਾ ਨਿਬੜਿਆ ਕਿਵੇਂ?

ਉ: ੪. ਹੇ ਪਿਆਰਿਓ! ਜਦੋਂ ਮੈਂ ਗੁਰਾਂ ਨੂੰ ਮਿਲਿਆ ਅਤੇ ਸਾਰਾ ਆਪਣਾ ਦੁੱਖ ਉਨ੍ਹਾਂ ਅੱਗੇ ਫੋਲਿਆ ਤਾਂ ਉਨ੍ਹਾਂ ਨੇ ਰਾਜਾ ਰਾਮ ਨੂੰ ਮਿਲਾ ਦਿੱਤਾ, ਜਿਸ ਕਰਕੇ ਇਹ ਜੰਮਣ ਮਰਣ ਦਾ ਝਗੜਾ ਗਲੋਂ ਲਹਿ ਗਿਆ।੧।

ਪ੍ਰ: ਕਿਉਂ ਜੀ! ਕੀ ਹੁਣ ਤੁਹਾਡੇ ਮਨ ਵਿਚੋਂ ਕਿਸੇ ਹੋਰ ਥਾਂ ਜਾ ਕੇ ਢੂੰਡ ਕਰਨ ਦਾ ਖ਼ਿਆਲ ਮੁੱਕ ਗਿਆ ਹੈ?

ਉ: ੫. (ਹਾਂ ਜ਼ਰੂਰ) ਹੇ ਭਾਈਓ! ਹੁਣ ਮੇਰਾ ਮਨ ਢੂੰਡ ਕਰਨ ਵਾਸਤੇ ਹੋਰ ਕਿਸੇ ਭੀ ਥਾਂ ਨਹੀਂ ਜਾਂਦਾ।

੬. (ਕਿਉਂਕਿ) ਗੁਰੂ ਦੀ ਕਿਰਪਾ ਨਾਲ, ਹੁਣ ਗੋਬਿੰਦ ਗੁਸਾਈਂ (ਜੀ ਘਰ ਹੀ ਵਿਚ ਆ) ਮਿਲੇ ਹਨ।

੭. ਹੇ ਭਾਈ! ਜਦੋਂ ਦਾ ਮੈਂ ਪ੍ਰਭੂ ਦੇ ਦਰਬਾਰ ਵਿਚ ਆ ਗਿਆ ਹਾਂ, ਭਾਵ ਸਤਿ ਸੰਗਤ ਵਿਚ ਆ ਪੁੱਜਾ ਹਾਂ,

੮. ਤਦੋਂ ਤੋਂ ਇਹ ਮੇਰੀ ਸਾਰੀ (ਥਾਂ-ਥਾਂ ਜਾ ਕੇ) ਪੁਕਾਰ ਕਰਨੀ ਹੀ ਮਿਟ ਗਈ ਹੈ।

੯. ਹੇ ਭਾਈ! ਅਸੀਂ ਜਿਸ ਵਸਤੂ ਨੂੰ ਖੋਜ ਰਹੇ ਸਾਂ, ਉਹ ਆਪਣੀ ਵਸਤੂ ਜਦੋਂ ਅਸੀਂ ਘਰ ਵਿਚੋਂ ਹੀ ਪਾ ਲਈ।

੧੦. ਤਾਂ ਫਿਰ ਦੱਸੋ ਔਣਾ ਕਿੱਥੇ ਤੇ ਜਾਣਾ ਕਿੱਥੇ ਹੈ।੨।

ਪ੍ਰ: ਹੇ ਗੁਰੋ! ਹੁਣ ਤੁਹਾਡੇ ਮਨ ਦੀ ਪਹੁੰਚ ਕਿਸ ਅਵਸਥਾ ਵਿਚ ਪੁੱਜ ਗਈ ਹੈ?

ਉ: ੧੧. ਹੇ ਪਿਆਰੇ ਹੁਣ ਸਾਡੇ ਮਨ ਦੀ ਪਹੁੰਚ ਤਾਂ ਸੱਚ ਵਿਚ ਪੁੱਜ ਗਈ ਹੈ। ਜਿਥੇ ਕਿ ਸੱਚੇ ਹੀ ਨਿਆਉਂ ਦਾ ਨਬੇੜਾ ਹੁੰਦਾ ਹੈ, ਉਥੇ ਸਤਿ ਅਸਤਿ ਦਾ ਨਿਬੇੜਾ ਹੁੰਦਾ ਹੈ, ਭਾਵ ਨਿਰਨਾ ਹੁੰਦਾ ਹੈ।

੧੨. ਕਿਉਂਕਿ ਉਥੇ ਜੈਸਾ ਠਾਕੁਰ ਹੈ, ਤੈਸਾ ਹੀ ਦਾਸ ਹੈ (ਭਾਵ ਉਥੇ ਊਚ ਨੀਚ ਦਾ ਭੇਦ ਨਹੀਂ ਹੈ)।

੧੩. ਹੇ ਭਾਈ! ਹਰੇਕ ਦੇ ਦਿਲ ਦੀ ਜਾਨਣ ਵਾਲਾ ਪ੍ਰਭੂ (ਹਜ਼ੂਰੀ ਵਿਚ ਪਹੁੰਚੇ ਹੋਏ ਸਵਾਲੀਏ ਦੇ ਦਿਲ ਦੀ) ਜਾਣਦਾ ਹੈ।

੧੪. ਉਸ ਦੇ ਬੋਲਣ ਤੋਂ ਬਿਨਾ ਹੀ ਉਹ ਪ੍ਰਭੂ ਆਪ ਉਸਦੇ ਦਿਲ ਦੀ ਪੀੜਾ ਨੂੰ ਸਮਝ ਲੈਂਦਾ ਹੈ।੩।

੧੫. ਹੇ ਪਿਆਰੇ! (ਜੋ) ਸਾਰੇ ਸਥਾਨਾਂ ਦਾ ਰਾਜਾ (ਸ਼ਬਦ) ਵਾਹਿਗੁਰੂ ਹੈ।

੧੬. ਉਹ ਉਥੇ (ਸਤਿਸੰਗ ਵਿਚ) ਇਕ ਰਸ (ਅਗਾਜਾ) ਪ੍ਰਗਟ ਹੈ।

੧੭. ਹੇ ਭਾਈਓ! ਉਸ ਸਤਿਸੰਗਤ ਵਿਚ ਜਾ ਕੇ ਕਿਸੇ ਨੇ ਕੀ ਚਤੁਰਾਈ ਕਰਨੀ ਹੈ।

੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਸਤਿ-ਸੰਗਤ ਵਿਚ ਜਾ ਕੇ ਹੀ ਹੰਗਤਾ ਗਵਾਈਦੀ ਹੈ।੪।੧।੫੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸਤਿਗੁਰੂ ਦੀ ਅਤੇ ਸਤਿਸੰਗਤ ਦੀ ਮਹਿਮਾ ਉਚਾਰਨ ਕਰਦੇ ਹਨ ਕਿ ਅਨੇਕਾਂ ਹੀ ਪ੍ਰਕਾਰ ਦੇ ਸਾਧਨ ਕਰਨ ਨਾਲ ਮਨੁੱਖ ਜੰਮਣ ਮਰਣ ਦੇ ਚੱਕਰ ਵਿਚੋਂ ਨਿਕਲ ਹੀ ਨਹੀਂ ਸਕਦਾ, ਜਿਤਨਾ ਚਿਰ ਕਿ ਉਹ ਗੁਰੂ ਦੀ ਸ਼ਰਨ ਦੁਆਰਾ ਸਾਈਂ ਜੀ ਦੇ ਸਰੂਪ ਵਿਚ ਅਭੇਦ ਨਹੀਂ ਹੋ ਜਾਂਦਾ।

ਸੋਰਠਿ ਮਹਲਾ ੫ ॥

੧. ਹਿਰਦੈ ਨਾਮੁ ਵਸਾਇਹੁ ॥
੨. ਘਰਿ ਬੈਠੇ ਗੁਰੂ ਧਿਆਇਹੁ ॥
੩. ਗੁਰਿ ਪੂਰੈ ਸਚੁ ਕਹਿਆ ॥
੪. ਸੋ ਸੁਖੁ ਸਾਚਾ ਲਹਿਆ ॥੧॥
੫. ਅਪੁਨਾ ਹੋਇਓ ਗੁਰੁ ਮਿਹਰਵਾਨਾ ॥
੬. ਅਨਦ ਸੂਖ ਕਲਿਆਣ ਮੰਗਲ ਸਿਉ ਘਰਿ ਆਏ ਕਰਿ ਇਸਨਾਨਾ ॥ ਰਹਾਉ ॥

੭. ਸਾਚੀ ਗੁਰ ਵਡਿਆਈ ॥
੮. ਤਾ ਕੀ ਕੀਮਤਿ ਕਹਣੁ ਨ ਜਾਈ ॥
੯. ਸਿਰਿ ਸਾਹਾ ਪਾਤਿਸਾਹਾ ॥
੧੦. ਗੁਰ ਭੇਟਤ ਮਨਿ ਓਮਾਹਾ ॥੨॥
੧੧. ਸਗਲ ਪਰਾਛਤ ਲਾਥੇ ॥
੧੨. ਮਿਲਿ ਸਾਧਸੰਗਤਿ ਕੈ ਸਾਥੇ ॥
੧੩. ਗੁਣ ਨਿਧਾਨ ਹਰਿ ਨਾਮਾ ॥
੧੪. ਜਪਿ ਪੂਰਨ ਹੋਏ ਕਾਮਾ ॥੩॥
੧੫. ਗੁਰਿ ਕੀਨੋ ਮੁਕਤਿ ਦੁਆਰਾ ॥
੧੬. ਸਭ ਸ੍ਰਿਸਟਿ ਕਰੈ ਜੈਕਾਰਾ ॥
੧੭. ਨਾਨਕ ਪ੍ਰਭੁ ਮੇਰੈ ਸਾਥੇ ॥
੧੮. ਜਨਮ ਮਰਣ ਭੈ ਲਾਥੇ ॥੪॥੨॥੫੨॥

ਪਦ ਅਰਥ : ਹਿਰਦੈ—ਹਿਰਦੇ ਵਿਚ। ਘਰਿ—ਘਰ ਵਿਚ, ਹਿਰਦੇ ਵਿਚ, ਅੰਤਰ ਆਤਮੇ। ਬੈਠੇ—ਟਿਕ ਕੇ। ਗੁਰਿ—ਗੁਰੂ ਨੇ। ਸਚੁ—ਸਦਾ ਥਿਰ ਰਹਿਣ ਵਾਲਾ ਹਰੀ ਦਾ ਸਿਮਰਨ। ਲਹਿਆ—ਲੱਭਾ।੧।

ਕਲਿਆਣ—ਖ਼ੈਰੀਅਤ। ਸਿਉ—ਨਾਲ। ਘਰਿ—ਘਰ ਵਿਚ, ਹਿਰਦੇ ਵਿਚ। ਕਰਿ ਇਸਨਾਨਾ—ਇਸ਼ਨਾਨ ਕਰ ਕੇ, ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਵਿਚ ਚੁੱਭੀ ਲਾ ਕੇ, ਨਾਮ-ਜਲ ਨਾਲ ਮਨ ਨੂੰ ਪਵਿੱਤ੍ਰ ਕਰ ਕੇ।ਰਹਾਉ।

ਵਡਿਆਈ—ਆਤਮਕ ਉੱਚਤਾ। ਸਿਰਿ—ਸਿਰ ਉੱਤੇ। ਗੁਰ ਭੇਟਤ—ਗੁਰੂ ਨੂੰ ਮਿਲਦਿਆਂ। ਮਨਿ—ਮਨ ਵਿਚ। ਓਮਾਹਾ—ਉਤਸ਼ਾਹ।੨।

ਸਗਲ—ਸਾਰੇ। ਪਰਾਛਤ—ਪਾਪ। ਮਿਲਿ—ਮਿਲ ਕੇ। ਸਾਥੇ—ਸਾਥ ਵਿਚ, ਨਾਲ। ਨਿਧਾਨ—ਖ਼ਜ਼ਾਨੇ।੩।

ਗੁਰਿ—ਗੁਰੂ ਨੇ। ਕੀਨੋ—ਬਣਾ ਦਿੱਤਾ। ਮੁਕਤਿ ਦੁਆਰਾ—ਪਾਪਾਂ ਤੋਂ ਖ਼ਲਾਸੀ ਪ੍ਰਾਪਤ ਕਰਨ ਦਾ ਦਰਵਾਜ਼ਾ। ਜੈਕਾਰਾ—ਸੋਭਾ।੪।੨।੫੨।

ਅਰਥ :

ਪ੍ਰ: ਗੁਰਦੇਵ ਜੀਉ! ਇਸ ਜੰਮਣ ਮਰਣ ਦੀ ਘੁੰਮਣ-ਘੇਰੀ ਵਿਚੋਂ ਨਿਕਲਣ ਦਾ ਕੋਈ ਸੁਖੈਨ ਸਾਧਨ ਦੱਸੋ ?

ਉ: ੧. ਹੇ ਪਿਆਰੇ, ਤੁਸੀਂ ਹਰ ਵਕਤ ਆਪਣੇ ਹਿਰਦੇ ਅੰਦਰ ਪਰਮੇਸ਼ਰ ਦਾ ਨਾਮ ਵਸਾਈ ਰੱਖੋ।

੨. ਅਤੇ ਆਪਣੇ ਅੰਤਰ ਆਤਮੇ ਵਿਚ ਟਿਕ ਕੇ ਗੁਰੂ ਦਾ ਧਿਆਨ ਧਰਿਆ ਕਰੋ। (ਹੇ ਪਿਆਰਿਓ ! ਇਹੋ ਇਕ ਜੰਮਣ ਮਰਣ ਤੋਂ ਬਚਣ ਦਾ ਸੁਖੈਨ ਸਾਧਨ ਹੈ।)

੩. ਹੇ ਭਾਈ ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਸੱਚੇ ਹਰੀ ਨਾਮ ਦੇ ਸਿਮਰਨ ਦਾ ਉਪਦੇਸ਼ ਦਿੱਤਾ ਹੈ,

੪. ਉਸ ਨੇ ਉਹ ਅਨੰਦ ਪ੍ਰਾਪਤ ਕਰ ਲਿਆ ਹੈ, ਜੋ ਕਿ ਸਦਾ ਹੀ ਕਾਇਮ ਰਹਿੰਦਾ ਹੈ।੧।

੫. (ਹੇ ਮਿੱਤਰ ਜਨੋ !) ਜਿਸ ਮਨੁੱਖ ਉੱਤੇ ਆਪਣਾ ਪਿਆਰਾ ਗੁਰੂ ਮਿਹਰਵਾਨ ਹੋਇਆ ਹੈ।

੬. ਉਸ ਨੇ ਆਤਮਕ ਅਨੰਦ, ਸੁੱਖ ਤੇ ਖ਼ੁਸ਼ੀਆਂ ਨਾਲ ਭਰਪੂਰ ਹੋ ਕੇ ਨਾਮ-ਜਲ ਵਿਚ ਇਸ਼ਨਾਨ ਕਰ ਕੇ ਆਪਣੇ ਅੰਤਰ ਆਤਮਾ ਵਿਚ ਟਿਕਾਅ ਪ੍ਰਾਪਤ ਕਰ ਲਿਆ ਹੈ।ਰਹਾਉ।

੭-੮. ਹੇ ਪਿਆਰੇ ! ਐਸੇ ਗੁਰੂ ਦੀ ਵਡਿਆਈ, ਭਾਵ ਆਤਮਕ ਉੱਚਤਾ ਵੱਡੀ ਹੈ, ਸਦਾ ਥਿਰ ਰਹਿਣ ਵਾਲੀ ਹੈ, ਉਸ ਦੀ ਕੀਮਤ ਨਹੀਂ ਕਹੀ ਜਾ ਸਕਦੀ।

੯. (ਕਿਉਂਕਿ) ਗੁਰੂ (ਦੁਨੀਆ ਦੇ) ਬਾਦਸ਼ਾਹਾਂ ਦੇ ਸਿਰ ਉੱਤੇ ਪਾਤਸ਼ਾਹ ਹੈ।

ਪ੍ਰ: ਕਿਉਂ ਜੀ ! ਐਸੇ ਗੁਰੂ ਦੇ ਮਿਲਾਪ ਹੋ ਜਾਣ ਨਾਲ ਕੀ ਪ੍ਰਾਪਤੀ ਹੁੰਦੀ ਹੈ ?

ਉ: ੧੦. ਹੇ ਭਾਈਓ ! ਜਿਸ ਮਨੁੱਖ ਨੂੰ ਐਸੇ ਗੁਰੂ ਦਾ ਮਿਲਾਪ ਹੋ ਜਾਂਦਾ ਹੈ, ਉਸ ਦੇ ਮਨ ਅੰਦਰ ਹਰੀ ਦੇ ਨਾਮ ਸਿਮਰਨ ਕਰਨ ਦਾ ਚਾਉ ਪੈਦਾ ਹੋ ਜਾਂਦਾ ਹੈ।੨।

ਪ੍ਰ: ਕਿਉਂ ਜੀ ! ਕੀ ਕੁਝ ਹੋਰ ਭੀ ਪ੍ਰਾਪਤ ਹੁੰਦਾ ਹੈ ?

ਉ: ੧੧. ਹੇ ਪਿਆਰੇ ! ਉਸ ਦੇ ਸਾਰੇ ਹੀ ਪਾਪ ਨਾਸ ਹੋ ਜਾਂਦੇ ਹਨ।

੧੨. (ਇਸ ਲਈ) ਜੋ ਭੀ ਸੰਗਤ ਵਿਚ ਮਿਲਦਾ ਹੈ, ਉਸ ਦੇ ਸਾਰੇ ਹੀ ਪਾਪ ਲਹਿ ਗਏ ਹਨ।

੧੩. ਹੇ ਭਾਈਓ ! (ਗੁਰੂ ਸੰਗਤ ਦੀ ਬਰਕਤ ਨਾਲ) ਸਾਰੇ ਗੁਣਾਂ ਦੇ ਖ਼ਜ਼ਾਨੇ ਹਰੀ

੧੪. ਰਾਮ ਨੂੰ ਜਪ-ਜਪ ਕੇ (ਜ਼ਿੰਦਗੀ ਦੇ) ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ।੩।

੧੫. ਹੇ ਪਿਆਰਿਓ ! (ਗੁਰੂ ਨੇ ਹਰੀ ਦੇ ਨਾਮ ਸਿਮਰਨ ਦਾ ਇਕ ਐਸਾ) ਦਰਵਾਜ਼ਾ ਤਿਆਰ ਕਰ ਦਿੱਤਾ ਹੈ, ਭਾਵ ਅਸਾਂ ਗੁਰੂ ਤੋਂ ਮੁਕਤੀ ਦਾ ਦਰਵਾਜ਼ਾ ਗਿਆਨ ਪ੍ਰਾਪਤ ਕੀਤਾ ਹੈ।

੧੬. ਇਸੇ ਲਈ ਸਾਰੀ ਸ੍ਰਿਸ਼ਟੀ ਜੈ ਜੈ ਕਾਰ ਕਰਦੀ ਹੈ।

ਪ੍ਰ: ਕਿਉਂ ਜੀ ! ਜਨਮ ਮਰਨ ਦਾ ਭੈ ਤਾਂ ਬਹੁਤ ਦੁਖਦਾਈ ਹੈ, ਇਹ ਕਿਸ ਤਰ੍ਹਾਂ ਆਪ ਦੇ ਅੰਦਰੋਂ ਦੂਰ ਹੋਇਆ ਹੈ ?

ਉ: ੧੭. ਹੇ ਭਾਈਓ ! ਗੁਰੂ ਨੇ ਜਦੋਂ ਹਰੀ ਨਾਮ ਮੇਰੇ ਹਿਰਦੇ ਵਿਚ ਵਸਾਇਆ ਤਾਂ ਉਹ ਪਰਮੇਸ਼ਰ ਮੈਨੂੰ ਮੇਰੇ ਸਦਾ ਅੰਗ-ਸੰਗ ਵਸਦਾ ਦਿੱਸ ਆਇਆ।

੧੮. ਹੇ ਪਿਆਰਿਓ ! ਇਸ ਤਰ੍ਹਾਂ ਮੇਰੇ ਅੰਦਰੋਂ ਜਨਮ ਮਰਣ ਦਾ ਭੈ ਦੂਰ ਹੋ ਗਿਆ ਹੈ।੪।੨।੫੨।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਨਾਮ ਸਿਮਰਨ ਦੀ ਜਾਚ ਦੱਸ ਰਹੇ ਹਨ ਕਿ ਹੇ ਪਿਆਰੇ ! ਆਪਣੇ ਹਿਰਦੇ ਅੰਦਰ ਟਿਕ ਕੇ ਨਾਮ ਦਾ ਸਿਮਰਨ ਕਰਦੇ ਰਹੋ। ਜਦੋਂ ਤੁਸੀਂ ਹਿਰਦੇ ਘਰ ਵਿਚ ਟਿਕ ਕੇ ਗੁਰੂ ਨੂੰ ਧਿਆਉਂਦੇ ਰਹੋਗੇ ਤਾਂ ਤੁਹਾਨੂੰ ਸਦਾ ਸੁੱਖਾਂ ਦੀ ਪ੍ਰਾਪਤੀ ਹੋ ਆਵੇਗੀ। ਇਸ ਤਰ੍ਹਾਂ ਗੁਰਾਂ ਦੁਆਰਾ ਗਿਆਨ ਪ੍ਰਾਪਤ ਹੋਵੇਗਾ, ਜਿਸ ਦੀ ਬਰਕਤ ਨਾਲ ਸਾਰੇ ਸੰਸਾਰ ਅੰਦਰ ਜੈ ਜੈ ਕਾਰ ਹੋਵੇਗੀ ਅਤੇ ਉਸ ਪ੍ਰਭੂ ਨੂੰ ਭੀ ਅੰਗ-ਸੰਗ ਵਸਦਾ ਵੇਖੋਗੇ। ਇਸ ਤਰ੍ਹਾਂ ਜਨਮ ਮਰਨ ਦਾ ਭੈ ਭੀ ਮਿਟ ਜਾਵੇਗਾ।

ਸੋਰਠਿ ਮਹਲਾ ੫ ॥

੧. ਗੁਰਿ ਪੂਰੈ ਕਿਰਪਾ ਧਾਰੀ ॥
੨. ਪ੍ਰਭਿ ਪੂਰੀ ਲੋਚ ਹਮਾਰੀ ॥
੩. ਕਰਿ ਇਸਨਾਨੁ ਗ੍ਰਿਹਿ ਆਏ ॥
੪. ਅਨਦ ਮੰਗਲ ਸੁਖ ਪਾਏ ॥੧॥
੫. ਸੰਤਹੁ ਰਾਮ ਨਾਮਿ ਨਿਸਤਰੀਐ ॥
੬. ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥
੭. ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
੮. ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥
੯. ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
੧੦. ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥
੧੧. ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
੧੨. ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥

ਪਦ ਅਰਥ : ਗੁਰਿ—ਗੁਰੂ ਨੇ। ਪ੍ਰਭਿ—ਪ੍ਰਭੂ ਨੇ। ਲੋਚ—ਤਾਂਘ। ਕਰਿ ਇਸਨਾਨੁ—ਮਨ ਨੂੰ ਨਾਮ ਜਲ ਵਿਚ ਪਵਿੱਤ੍ਰ ਕਰਕੇ। ਗ੍ਰਿਹਿ ਆਏ—ਅੰਤਰ ਆਤਮੇਂ ਟਿਕ ਗਏ ਹਾਂ। ਮਾਇਆ ਦੀ ਖ਼ਾਤਰ ਭਟਕਣ ਤੋਂ ਬਚ ਗਏ ਹਾਂ।੧।

ਨਾਮਿ—ਨਾਮ ਵਿਚ (ਜੁੜ ਕੇ ਹੀ) ਨਿਸਤਰੀਐ—ਪਾਰ ਲੰਘ ਸਕੀਦਾ ਹੈ। ਧਿਆਈਐ—ਧਿਆਉਣਾ ਚਾਹੀਦਾ ਹੈ। ਅਨਦਿਨੁ—ਹਰ ਰੋਜ਼, ਹਰ ਵੇਲੇ। ਸੁਕ੍ਰਿਤੁ—ਨੇਕ ਕਰਮ। ਕਰੀਐ—ਕਰਨਾ ਚਾਹੀਦਾ ਹੈ।ਰਹਾਉ।

ਮਾਰਗੁ—ਜੀਵਨ ਦਾ ਰਸਤਾ। ਕੋ—ਕੋਈ, ਵਿਰਲਾ। ਕੋਟਿ—ਕਰੋੜਾਂ। ਕਿਲਬਿਖ—ਪਾਪ।੨।

ਉਸਤਤਿ—ਸਿਫ਼ਤਿ-ਸਾਲਾਹ। ਜਿਨਿ—ਜਿਸ (ਪ੍ਰਭੂ) ਨੇ। ਕਲ—ਕਲਾ, ਤਾਕਤ। ਸਭਿ—ਸਾਰੇ। ਸਾਖੀ—ਸਿਖਿਆ। ਸਚੁ—ਸਦਾ ਥਿਰ ਹਰੀ ਨਾਮ (ਦਾ ਸਿਮਰਨ)।੩।

ਸਤਿਗੁਰਿ—ਗੁਰੂ ਨੇ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ। ਸਭਿ—ਸਾਰੇ। ਪਾਵਨ—ਪਵਿਤ੍ਰ। ਸੁਖਿ—ਅਨੰਦ ਨਾਲ। ਘਰਿ—ਘਰ ਵਿਚ, ਹਿਰਦੇ ਵਿਚ, ਅੰਤਰ ਆਤਮੇਂ।੪।

ਅਰਥ :

ਪ੍ਰ: ਹੇ ਗੁਰੋ! ਸੰਸਾਰ ਅੰਦਰ ਬਹੁਤ ਐਸੇ ਸਾਧਕ ਲੋਕ ਹਨ, ਜਿਨ੍ਹਾਂ ਦੇ ਅੰਦਰ ਨਾਮ ਸਿਮਰਨ ਦੀ ਲੋਚਾ ਤਾਂ ਬਣੀ ਰਹਿੰਦੀ ਹੈ, ਪਰ ਇਹ ਉਨ੍ਹਾਂ ਦੀ ਇੱਛਾ ਪੂਰੀ ਨਹੀਂ ਹੁੰਦੀ, ਸੋ ਤੁਹਾਡੀ ਇਹ ਸੱਧਰ ਦੱਸੋ ਕਿਵੇਂ ਪੂਰੀ ਹੋ ਸਕੀ ਹੈ?

ਉ: ੧. ਹੇ ਸੰਤ ਜਨੋ! ਸੁਣੋ, ਜਦੋਂ ਪੂਰੇ ਗੁਰੂ ਨੇ ਸਾਡੇ ਉੱਤੇ ਮਿਹਰ ਕਰ ਦਿੱਤੀ।

੨. ਤਾਂ ਸਾਡੇ ਅੰਦਰ ਜੋ ਨਾਮ ਸਿਮਰਨ ਕਰਦੇ ਰਹਿਣ ਦੀ ਲੋਚਾ ਸੀ, ਉਹ ਪ੍ਰਭੂ ਨੇ ਹੀ ਪੂਰੀ ਕਰ ਦਿੱਤੀ ਹੈ।

ਪ੍ਰ: ਕਿਉਂ ਜੀ! ਇਸ ਨਾਮ ਸਿਮਰਨ ਦੀ ਬਰਕਤ ਨਾਲ ਤੁਹਾਨੂੰ ਪ੍ਰਾਪਤੀ ਕੀ ਹੋਈ?

ਉ: ੩. ਹੇ ਭਾਈਓ! ਪ੍ਰਾਪਤੀ ਇਹ ਹੋ ਆਈ ਹੈ ਕਿ ਅਸੀਂ ਹੁਣ ਨਾਮ-ਜਲ ਵਿਚ ਇਸ਼ਨਾਨ ਕਰ ਕੇ ਆਪਣੇ ਅੰਤਰ ਆਤਮੇਂ, ਭਾਵ ਸਰੂਪ ਰੂਪੀ ਘਰ ਵਿਚ ਟਿਕੇ ਰਹਿੰਦੇ ਹਾਂ।

੪. ਜਿਸ ਘਰ ਵਿਚ ਹੁਣ ਅਸੀਂ ਅਨੰਦ ਮੰਗਲ ਤੇ ਸੁਖਦਾਇਕ ਖ਼ੁਸ਼ੀਆਂ ਮਾਣ ਰਹੇ ਹਾਂ।

੫. (ਇਸ ਲਈ) ਹੇ ਸੰਤ ਜਨੋ! ਸੁਣੋ, ਇਕ ਪਰਮੇਸ਼ਰ ਦਾ ਨਾਮ ਹੀ ਹੈ, ਜਿਸ ਦੇ ਨਾਲ ਜੁੜੇ ਰਹਿਣ ਨਾਲ ਹੀ ਸੰਸਾਰ-ਸਮੁੰਦਰ ਤੋਂ ਪਾਰ ਉਤਰ ਸਕੀਦਾ ਹੈ।

ਪ੍ਰ: ਹਜ਼ੂਰ ਜੀ! ਨਾਮ ਸਿਮਰਨ ਦਾ ਕੋਈ ਢੰਗ ਦੱਸ ਦਿਓ।

ਉ: ੬. ਹੇ ਭਾਈ! ਨਾਮ ਸਿਮਰਨ ਕਰਨ ਦਾ ਕੇਵਲ ਇਕੋ ਹੀ ਤਰੀਕਾ ਹੈ ਕਿ ਉਠਦਿਆਂ ਬੈਠਦਿਆਂ ਹਰ ਵੇਲੇ ਹਰੀ ਦਾ ਨਾਮ ਸਿਮਰਦੇ ਰਹਿਣਾ ਚਾਹੀਦਾ ਹੈ (ਅਤੇ ਇਹ ਜੋ ਹਰ ਵੇਲੇ ਨਾਮ ਸਿਮਰਨ ਦੀ) ਨੇਕ ਕਮਾਈ ਹੈ, ਇਸ ਨੂੰ ਹਰ ਵੇਲੇ ਹੀ ਕਰਦੇ ਰਹੋ।ਰਹਾਉ।

ਪ੍ਰ: ਹੇ ਗੁਰੋ! ਆਪਣੇ ਸਰੂਪ ਰੂਪੀ ਮਹੱਲ ਵਿਚ ਪਹੁੰਚਣ ਲਈ ਅਸਲ ਧਾਰਮਕ ਪਉੜੀ ਆਪ ਜੀ ਕਿਸ ਨੂੰ ਮੰਨਦੇ ਹੋ?

ਉ: ੭. ਹੇ ਸੰਤ ਜਨੋ! ਅਸਲ ਵਿਚ ਤਾਂ ਜੋ ਨਾਮ ਦਾ ਸਿਮਰਨ ਕਰਨਾ ਹੈ, ਇਹੋ ਹੀ ਗੁਰੂ ਦਾ ਦੱਸਿਆ ਹੋਇਆ ਸਹੀ ਮਾਰਗ ਹੈ। ਇਹੋ ਹੀ ਸਿਮਰਨ ਧਰਮ ਦੀ ਪਉੜੀ ਹੈ। ਇਸੇ ਦੇ ਰਾਹੀਂ ਮਨੁੱਖ ਆਪਣੇ ਸਰੂਪ ਰੂਪੀ ਮਹੱਲ ਵਿਚ ਜਾ ਪ੍ਰਵੇਸ਼ ਹੁੰਦਾ ਹੈ, ਪਰ ਹਾਂ, ਕੋਈ ਵਿਰਲਾ ਹੀ ਵੱਡੇ ਭਾਗਾਂ ਵਾਲਾ ਇਸ ਪੌੜੀ ਨੂੰ ਲੱਭਦਾ ਹੈ।

੮. ਇਸ ਤਰ੍ਹਾਂ ਜੋ ਮਨੁੱਖ ਭੀ ਪ੍ਰਭੂ ਦੇ ਚਰਨਾਂ ਵਿਚ ਚਿੱਤ ਨੂੰ ਜੋੜ ਲੈਂਦਾ ਹੈ, ਤਾਂ ਉਸ ਦੇ ਕਰੋੜਾਂ ਹੀ ਜਨਮਾਂ ਦੇ ਪਾਪ ਨਾਸ ਹੋ ਜਾਂਦੇ ਹਨ।੨।

੯. (ਇਸ ਲਈ) ਹੇ ਸੰਤੋ! ਜਿਸ ਪਰਮੇਸ਼ਰ ਨੇ (ਇਸ ਸਾਰੇ ਸੰਸਾਰ ਅੰਦਰ ਆਪਣੀ) ਪੂਰੀ ਸੱਤਿਆ ਟਿਕਾਅ ਰੱਖੀ ਹੈ, ਉਸੇ ਦੀ ਸਿਫ਼ਤਿ-ਸਾਲਾਹ (ਤੁਸੀਂ ਭੀ) ਸਦਾ ਹੀ ਕਰਦੇ ਰਿਹਾ ਕਰੋ।

੧੦. ਹੇ ਭਾਈਓ! ਉਹ ਸਾਰੇ ਮਨੁੱਖ ਹੀ ਪਵਿੱਤ੍ਰ ਜੀਵਨ ਵਾਲੇ ਬਣ ਜਾਂਦੇ ਹਨ, ਜਿਹੜੇ ਗੁਰੂ ਦੀ ਨਾਮ ਸਿਮਰਨ ਵਾਲੀ ਸੱਚੀ ਸਿੱਖਿਆ ਨੂੰ ਆਪਣੇ ਅੰਤਰ ਆਤਮੇਂ ਧਾਰਨ ਕਰ ਲੈਂਦੇ ਹਨ।੩।

ਪ੍ਰ: ਹਜ਼ੂਰ ਜੀ! ਵੇਖੀਦਾ ਹੈ ਕਿ ਸੰਸਾਰੀ ਹਰ ਮਨੁੱਖ ਦੇ ਜੀਵਨ ਭਰ ਵਿਚ ਅਨੇਕਾਂ ਹੀ ਤਰ੍ਹਾਂ ਦੇ ਵਿਘਨ ਆਉਂਦੇ ਰਹਿੰਦੇ

ਹਨ, ਜਿਸ ਕਰਕੇ ਇਹ ਜੀਵ ਅਨੇਕਾਂ ਪ੍ਰਕਾਰ ਦੇ ਦੁੱਖਾਂ ਨਾਲ ਦੁਖੀਆ ਜੀਵਨ ਗੁਜ਼ਾਰਦੇ ਹਨ, ਕੀ ਕੋਈ ਇਨ੍ਹਾਂ ਤੋਂ ਬਚਣ ਦਾ ਭੀ ਸਾਧਨ ਹੈ ?

ਉ:੧੧. (ਹਾਂ ਜ਼ਰੂਰ ਹੈ) ਹੇ ਸੰਤ ਜਨੋ ! ਜਿਨ੍ਹਾਂ ਮਨੁੱਖਾਂ ਨੂੰ ਗੁਰੂ ਨੇ ਸੱਚਾ ਨਾਮ ਹਿਰਦੇ ਵਿਚ ਦ੍ਰਿੜ੍ਹ ਕਰਾ ਦਿੱਤਾ, ਉਨ੍ਹਾਂ ਦੇ ਜੀਵਨ ਰਾਹ ਵਿਚ ਆਉਣ ਵਾਲੇ ਸਾਰੇ ਹੀ ਵਿਘਨ ਅਤੇ ਅਨੇਕਾਂ ਤਰ੍ਹਾਂ ਦੇ ਦੁੱਖ ਨਾਸ ਹੋ ਜਾਂਦੇ ਹਨ।

੧੨. ਉਨ੍ਹਾਂ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ ਅਤੇ ਉਹ ਪਵਿੱਤ੍ਰ ਜੀਵਨ ਵਾਲੇ ਬਣ ਜਾਂਦੇ ਹਨ। ਉਹ ਸੁੱਖ ਨਾਲ ਆਪਣੇ ਸਰੂਪ ਰੂਪੀ ਘਰ ਵਿਚ ਆ ਟਿਕਦੇ ਹਨ।੪।੩।੫੩।

ਭਾਵਾਰਥ : ਇਸ ਸ਼ਬਦ ਅੰਦਰ ਹਜ਼ੂਰ ਗੁਰੂ ਦੀ ਕ੍ਰਿਪਾਲਤਾ ਦਾ ਜ਼ਿਕਰ ਕਰਦੇ ਹਨ, ਜਿਸ ਦਾ ਸਦਕਾ ਸਾਰੀਆਂ ਸ਼ੁਭ ਇੱਛਾਵਾਂ ਪੂਰੀਆਂ ਹੋਈਆਂ ਹਨ। ਉਸੇ ਗੁਰੂ ਦਾ ਦੱਸਿਆ ਨਾਮ ਸਿਮਰਨ ਦਾ ਮਾਰਗ ਅਸਲ ਧਰਮ ਦੀ ਪੌੜੀ ਹੈ, ਜਿਸ ਦੀ ਬਰਕਤ ਨਾਲ ਮਨੁੱਖ ਆਪਣੇ ਸਰੂਪ ਰੂਪੀ ਮਹੱਲ ਵਿਚ ਪਹੁੰਚ ਜਾਂਦਾ ਹੈ, ਪਰ ਇਹ ਦਾਤ ਵੱਡੇ ਭਾਗਾਂ ਵਾਲਿਆਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ। ਉਹ ਐਸੇ ਜੀਵ ਪਵਿੱਤ੍ਰ ਜੀਵਨ ਵਾਲੇ ਹੋ ਆਪਣੇ ਜੀਵਨ ਮਾਰਗ ਦੀਆਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰ ਕੇ ਆਪਣੇ ਸੁਖਦਾਈ ਘਰ ਵਿਚ ਜਾ ਪੁੱਜਦੇ ਹਨ।

ਸੋਰਠਿ ਮਹਲਾ ੫ ॥

੧. ਸਾਹਿਬੁ ਗੁਨੀ ਗਹੇਰਾ ॥
੨. ਘਰੁ ਲਸਕਰੁ ਸਭੁ ਤੇਰਾ ॥
੩. ਰਖਵਾਲੇ ਗੁਰ ਗੋਪਾਲਾ ॥
੪. ਸਭਿ ਜੀਅ ਭਏ ਦਇਆਲਾ ॥੧॥
੫. ਜਪਿ ਅਨਦਿ ਰਹਉ ਗੁਰ ਚਰਣਾ ॥
੬. ਭਉ ਕਤਹਿ ਨਹੀ ਪ੍ਰਭ ਸਰਣਾ ॥ ਰਹਾਉ ॥
੭. ਤੇਰਿਆ ਦਾਸਾ ਰਿਦੈ ਮੁਰਾਰੀ ॥
੮. ਪ੍ਰਭਿ ਅਬਿਚਲ ਨੀਵ ਉਸਾਰੀ ॥
੯. ਬਲੁ ਧਨੁ ਤਕੀਆ ਤੇਰਾ ॥
੧੦. ਤੂ ਭਾਰੋ ਠਾਕੁਰੁ ਮੇਰਾ ॥੨॥
੧੧. ਜਿਨਿ ਜਿਨਿ ਸਾਧਸੰਗੁ ਪਾਇਆ ॥
੧੨. ਸੋ ਪ੍ਰਭਿ ਆਪਿ ਤਰਾਇਆ ॥
੧੩. ਕਰਿ ਕਿਰਪਾ ਨਾਮ ਰਸੁ ਦੀਆ ॥
੧੪. ਕੁਸਲ ਖੇਮ ਸਭ ਥੀਆ ॥੩॥
੧੫. ਹੋਏ ਪ੍ਰਭੂ ਸਹਾਈ ॥
੧੬. ਸਭ ਉਠਿ ਲਾਗੀ ਪਾਈ ॥
੧੭. ਸਾਸਿ ਸਾਸਿ ਪ੍ਰਭੁ ਧਿਆਈਐ ॥
੧੮. ਹਰਿ ਮੰਗਲੁ ਨਾਨਕ ਗਾਈਐ ॥੪॥੪॥੫੪॥

ਪਦ ਅਰਥ : ਗੁਨੀ—ਗੁਣਾਂ ਦਾ ਮਾਲਕ। ਗਹੇਰਾ—ਗਹਿਰਾ, ਡੂੰਘਾ। ਘਰੁ ਲਸਕਰੁ—ਘਰ ਅਤੇ ਪ੍ਰਵਾਰ ਆਦਿਕ। ਗੁਰ—ਹੇ ਗੁਰੂ ! ਗੋਪਾਲਾ—ਹੇ ਗੋਪਾਲਾ ! ਰਖਵਾਲਾ—ਹੇ ਰਾਖੇ ! ਸਭ ਜੀਅ—ਸਾਰੇ ਜੀਵਾਂ ਉੱਤੇ।੧।

ਅਨਦਿ—ਆਤਮਕ ਅਨੰਦ ਵਿਚ। ਰਹਉ—ਰਹਉਂ, ਮੈਂ ਰਹਿੰਦਾ ਹਾਂ। ਕਤਹਿ—ਕਿਤੇ ਭੀ।ਰਹਾਉ।

ਮੁਰਾਰੀ—(ਮੁਰ-ਅਰਿ) ਪਰਮੇਸ਼ਰ। ਰਿਦੈ—ਹਿਰਦੇ ਵਿਚ। ਪ੍ਰਭਿ—ਪ੍ਰਭੂ ਨੇ। ਅਬਿਚਲ ਨੀਵ—(ਭਗਤੀ ਦੀ) ਕਦੇ ਨਾ ਹਿਲਣ ਵਾਲੀ ਨੀਂਹ। ਤਕੀਆ—ਆਸਰਾ। ਭਾਰੋ—ਵੱਡਾ। ਠਾਕੁਰੁ—ਮਾਲਕ।੨।

ਜਿਨਿ—ਜਿਸ (ਮਨੁੱਖ) ਨੇ। ਪ੍ਰਭਿ—ਪ੍ਰਭੂ ਨੇ। ਤਰਾਇਆ—ਪਾਰ ਲੰਘਾ ਲਿਆ। ਰਸੁ—ਸੁਆਦ। ਕੁਸਲ ਖੇਮ—ਸੁਖ ਅਨੰਦ।੩।

ਸਹਾਈ—ਮਦਦਗਾਰ। ਪਾਈ—ਪੈਰੀਂ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਮੰਗਲੁ—ਸਿਫ਼ਤਿ-ਸਾਲਾਹ ਦਾ ਗੀਤ।੪।

ਅਰਥ :

ਪ੍ਰ: ਹੇ ਗੁਰੋ ! ਅਸੀਂ ਕਲਜੁਗੀ ਜੀਵ ਮਲੀਨ ਬੁੱਧੀ ਵਾਲੇ ਹਾਂ, ਜਿਸ ਕਰਕੇ ਸਾਨੂੰ ਉਸ ਨਿਰੰਕਾਰ ਦੀ ਸਿਫ਼ਤਿ-ਸਾਲਾਹ ਕਰਨ ਦੀ ਭੀ ਸੋਝੀ ਨਹੀਂ, ਇਸ ਲਈ ਕਿਰਪਾ ਕਰੋ, ਉਸ ਪ੍ਰਭੂ ਦੀ ਸਲਾਹੁਤਾ ਕਰਨ ਦੀ ਸਾਨੂੰ ਵੀ ਕੋਈ ਜਾਚ ਦੱਸ ਦਿਓ।

ਉ:੧-੨. ਹੇ ਪਿਆਰਿਓ ! ਤੁਸੀਂ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਇਨ੍ਹਾਂ ਸ਼ਬਦਾਂ ਰਾਹੀਂ ਕਰਿਆ ਕਰੋ ਕਿ ਹੇ ਮੇਰੇ ਸਾਈਂ ਜੀ ! ਤੂੰ ਸਭ ਦਾ ਮਾਲਕ ਹੈਂ ! ਤੂੰ ਸਾਰੇ ਗੁਣਾਂ ਦਾ ਸਮੁੰਦਰ ਹੈਂ ! (ਇਹ ਜੀਵਾਂ ਨੂੰ) ਸਾਰਾ ਹੀ ਘਰ ਘਾਟ ਲਸ਼ਕਰ ਤੇਰਾ ਹੀ ਦਿੱਤਾ ਹੋਇਆ ਹੈ।

੩. ਹੇ ਜਗਤ ਦੇ ਮਾਲਕ ! (ਤੁਸੀਂ ਹੀ) ਵੱਡੇ ਰਖਵਾਲੇ ਹੋ।

੪. ਹੇ ਦਿਆਲੂ ! (ਇਹ) ਸਾਰੇ ਜੀਵ (ਤੈਥੋਂ) ਹੀ ਪੈਦਾ ਹੋਏ ਹਨ।

ਪ੍ਰ: ਸ੍ਰੀ ਜੀਉ ! ਗੁਰੂ ਦੀ ਚਰਨ ਸ਼ਰਨ ਪ੍ਰਾਪਤ ਹੋਣ ਨਾਲ ਤੁਹਾਨੂੰ ਕੀ ਪ੍ਰਾਪਤੀ ਹੋਈ ਹੈ ?

ਉ: ੫. ਹੇ ਭਾਈਓ ! ਗੁਰੂ ਦੀ ਚਰਨ ਸ਼ਰਨ ਪ੍ਰਾਪਤ ਕਰ ਕੇ ਹੁਣ ਮੈਂ ਸਦਾ ਹੀ ਆਤਮਕ ਅਨੰਦ ਵਿਚ ਟਿਕਿਆ ਰਹਿੰਦਾ ਹਾਂ।

੬. ਹੇ ਪਿਆਰੇ ! (ਮੈਨੂੰ ਤਾਂ ਇਹ ਭਰੋਸਾ ਹੋ ਆਇਆ ਹੈ ਕਿ) ਪ੍ਰਭੂ ਦੀ ਸ਼ਰਨ ਵਿਚ ਪਿਆਂ ਕਿਤੇ ਭੀ ਕੋਈ ਡਰ ਨਹੀਂ ਪੋਹ ਸਕਦਾ।ਰਹਾਉ।

੭. ਹੇ ਪ੍ਰਭੂ ਜੀ ! ਤੇਰੇ ਸੇਵਕਾਂ ਦੇ ਹਿਰਦੇ ਵਿਚ (ਸਦਾ ਹੀ) ਪਰਮੇਸ਼ਰ ਦਾ ਨਾਮ ਵਸਦਾ ਹੈ।

੮. ਅਤੇ ਹੇ ਪ੍ਰਭੂ ਜੀਉ ! (ਤੂੰ ਆਪਣੇ ਦਾਸਾਂ ਦੇ ਹਿਰਦੇ ਵਿਚ ਆਪ ਹੀ ਭਗਤੀ ਦੀ) ਨੀਂਹ ਰੱਖ ਦਿੱਤੀ ਹੋਈ ਹੈ, ਜੋ ਕਿ ਕਦੇ ਭੀ ਨਾ ਹਿਲਣ ਵਾਲੀ ਹੈ।

੯-੧੦. (ਇਸ ਲਈ) ਤੂੰ ਹੀ ਮੇਰਾ ਬਲ ਹੈਂ ! ਤੂੰ ਹੀ ਮੇਰਾ ਧਨ ਹੈਂ ! ਤੇਰਾ ਹੀ ਮੈਨੂੰ ਆਸਰਾ ਹੈ ! ਤੂੰ ਹੀ ਮੇਰਾ ਸਭ ਤੋਂ ਵੱਡਾ ਮਾਲਕ ਹੈਂ।੨।

੧੧. ਹੇ ਭਰਾਵੋ ! ਜਿਸ-ਜਿਸ ਮਨੁੱਖ ਨੇ ਭੀ ਗੁਰੂ ਦੀ ਸੰਗਤ ਪ੍ਰਾਪਤ ਕੀਤੀ ਹੈ।

੧੨. ਉਸ-ਉਸ ਮਨੁੱਖ ਨੂੰ ਪ੍ਰਭੂ ਨੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦਿੱਤਾ ਹੈ।

੧੩. ਹੇ ਪਿਆਰੇ! ਜਿਸ ਮਨੁੱਖ ਨੂੰ ਪ੍ਰਭੂ ਨੇ ਮਿਹਰ ਕਰ ਕੇ ਆਪਣੇ ਨਾਮ ਦਾ ਰਸ ਦਿੱਤਾ ਹੈ,

੧੪. ਉਸਦੇ ਅੰਦਰ ਸਦਾ ਹੀ ਆਤਮਕ ਅਨੰਦ ਬਣਿਆ ਰਹਿੰਦਾ ਹੈ।

੧੫. ਹੇ ਭਾਈਓ! ਜਿਸ ਮਨੁੱਖ ਦੇ ਸਹਾਇਕ ਪਰਮੇਸ਼ਰ ਜੀ ਆਪ ਬਣ ਜਾਂਦੇ ਹਨ,

੧੬. ਉਸ ਦੇ ਚਰਨਾਂ ਵਿਚ ਤਾਂ ਸਾਰੀ ਹੀ ਲੁਕਾਈ ਉਠ ਕੇ ਆ ਲੱਗਦੀ ਹੈ।

ਪ੍ਰ: ਅਗੰਮੀ ਆਵਾਜ਼ ਆਈ ਕਿ ਆਪ ਚਾਹੁੰਦੇ ਕੀ ਹੋ?

ਉ: ੧੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਸਾਈਂ ਜੀ! ਮੇਰੇ 'ਤੇ ਆਪ ਇਹੋ ਹੀ ਕਿਰਪਾ ਕਰੋ ਕਿ ਮੈਂ ਸੁਆਸ-ਸੁਆਸ ਤੁਹਾਨੂੰ ਹੀ ਧਿਆਉਂਦਾ ਰਵਾਂ

੧੮. ਅਤੇ ਆਪ ਜੀ ਦਾ ਹੀ ਜਸ ਗਾਉਂਦਾ ਰਹਾਂ।੪।੪।੫੪।

ਭਾਵਾਰਥ: ਇਸ ਸ਼ਬਦ ਵਿਚ ਭੀ ਹਜ਼ੂਰ ਜੀ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦਾ ਜਸ ਗਾਇਨ ਕਰਨ ਦਾ ਢੰਗ ਬਿਆਨ ਕਰਦੇ ਹਨ ਕਿ ਹੇ ਸਾਈਂ ਜੀ! ਸਾਨੂੰ ਤੇਰਾ ਹੀ ਸਹਾਰਾ ਹੈ, ਕਿਰਪਾ ਕਰੋ ਮੈਨੂੰ ਇਹ ਦਾਤ ਬਖ਼ਸ਼ੋ ਕਿ ਮੈਂ ਸੁਆਸ-ਸੁਆਸ ਤੇਰੀ ਹੀ ਅਰਾਧਨਾ ਕਰਦਾ ਰਹਾਂ।

ਸੋਰਠਿ ਮਹਲਾ ੫ ॥

੧. ਸੂਖ ਸਹਜ ਆਨੰਦਾ ॥
੨. ਪ੍ਰਭੁ ਮਿਲਿਓ ਮਨਿ ਭਾਵੰਦਾ ॥
੩. ਪੂਰੈ ਗੁਰਿ ਕਿਰਪਾ ਧਾਰੀ ॥
੪. ਤਾ ਗਤਿ ਭਈ ਹਮਾਰੀ ॥੧॥
੫. ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ॥
੬. ਨਿਤ ਬਾਜੇ ਅਨਹਤ ਬੀਨਾ ॥ ਰਹਾਉ ॥
੭. ਹਰਿ ਚਰਣ ਕੀ ਓਟ ਸਤਾਣੀ ॥
੮. ਸਭ ਚੂਕੀ ਕਾਣਿ ਲੋਕਾਣੀ ॥
੯. ਜਗਜੀਵਨੁ ਦਾਤਾ ਪਾਇਆ ॥
੧੦. ਹਰਿ ਰਸਕਿ ਰਸਕਿ ਗੁਣ ਗਾਇਆ ॥੨॥
੧੧. ਪ੍ਰਭ ਕਾਟਿਆ ਜਮ ਕਾ ਫਾਸਾ ॥
੧੨. ਮਨ ਪੂਰਨ ਹੋਈ ਆਸਾ ॥
੧੩. ਜਹ ਪੇਖਾ ਤਹ ਸੋਈ ॥
੧੪. ਹਰਿ ਪ੍ਰਭ ਬਿਨੁ ਅਵਰੁ ਨ ਕੋਈ ॥੩॥
੧੫. ਕਰਿ ਕਿਰਪਾ ਪ੍ਰਭਿ ਰਾਖੇ ॥
੧੬. ਸਭਿ ਜਨਮ ਜਨਮ ਦੁਖ ਲਾਥੇ ॥
੧੭. ਨਿਰਭਉ ਨਾਮੁ ਧਿਆਇਆ ॥
੧੮. ਅਟਲ ਸੁਖੁ ਨਾਨਕ ਪਾਇਆ ॥੪॥੫॥੫੫॥

ਪਦ ਅਰਥ: ਸਹਜ—ਆਤਮਕ ਅਡੋਲਤਾ। ਮਨਿ—ਮਨ ਵਿਚ। ਭਾਵੰਦਾ—ਪਿਆਰਾ ਲੱਗਣ ਵਾਲਾ। ਗੁਰਿ—ਗੁਰੂ ਨੇ। ਗਤਿ—ਉੱਚੀ ਆਤਮਕ ਅਵਸਥਾ।੧।

ਪ੍ਰੇਮ ਭਗਤਿ—ਪਿਆਰ ਭਰੀ ਭਗਤੀ। ਬਾਜੇ—ਵਜਦੀ ਹੈ। ਅਨਹਤ—ਇਕ ਰਸ, ਲਗਾਤਾਰ।ਰਹਾਉ।

ਓਟ—ਆਸਰਾ। ਸਤਾਣੀ—ਸ-ਤਾਣੀ, ਤਾਣ ਵਾਲੀ, ਤਕੜੀ। ਕਾਣਿ—ਮੁਥਾਜੀ। ਲੋਕਾਣੀ—ਲੋਕਾਂ ਦੀ। ਜਗਜੀਵਨੁ—ਜਗਤ ਦਾ ਜੀਵਨ, ਜਗਤ ਦਾ ਜੀਵਨ ਦਾਤਾ। ਰਸਕਿ—ਪ੍ਰੇਮ ਨਾਲ, ਰਸ ਲੈ ਲੈ ਕੇ।੨।

ਫਾਸਾ—ਫਾਹੀ। ਜਹ—ਜਿਥੇ। ਪੇਖਾ—ਪੇਖਾਂ, ਦੇਖਾਂ, ਮੈਂ ਦੇਖਦਾ ਹਾਂ। ਤਹ—ਉਥੇ।੩।

ਪ੍ਰਭਿ—ਪ੍ਰਭੂ ਨੇ। ਸਭਿ—ਸਾਰੇ। ਅਟਲ—ਕਦੇ ਨਾ ਮੁੱਕਣ ਵਾਲਾ।੪।

ਅਰਥ:

ਪ੍ਰ: ਹੇ ਗੁਰੋ! ਜਦੋਂ ਭੀ ਆਪ ਜੀ ਦੇ ਦਰਸ਼ਨ ਕਰੀਦੇ ਹਨ, ਤਾਂ ਆਪ ਜੀ ਦਾ ਟਿਕਾਅ ਕਿਸੇ ਉੱਚੀ ਆਤਮਕ ਅਵਸਥਾ ਵਿਚ ਵੇਖੀਦਾ ਹੈ। ਇਹ ਆਪ ਜੀ ਨੂੰ ਕਿਹੜੇ ਸਾਧਨ ਦਾ ਫਲ ਪ੍ਰਾਪਤ ਹੋਇਆ ਹੈ?

ਉ: ੧. ਹੇ ਭਾਈਓ! ਇਹ ਜੋ ਤੁਸੀਂ ਮੇਰੀ ਆਤਮਕ ਉੱਚੀ ਅਵਸਥਾ ਹੋਈ ਤੱਕਦੇ ਹੋ ਅਤੇ ਅਚੁੱਤ ਸੁੱਖ ਦਾ ਅਨੰਦ ਪ੍ਰਾਪਤ ਦੇਖ ਰਹੇ ਹੋ,

੨. ਇਹ ਇਸ ਲਈ ਹੈ ਕਿ ਮੈਨੂੰ ਮੇਰੇ ਮਨ ਵਿਚ ਪਿਆਰਾ ਲੱਗਣ ਵਾਲਾ ਪ੍ਰਭੂ ਜੀ ਮਿਲ ਗਿਆ ਹੈ।

੩. ਜਦੋਂ ਹੀ ਪੂਰਿਆਂ ਗੁਰਾਂ ਨੇ ਮੇਰੇ ਉਪਰ ਕਿਰਪਾ ਕੀਤੀ।

੪. ਤਦੋਂ ਦੀ ਹੀ ਮੇਰੀ ਆਤਮਕ ਅਵਸਥਾ ਉੱਚੀ ਬਣ ਗਈ ਹੈ। ਭਾਵ ਮੁਕਤਿ ਹੋ ਗਏ ਹਾਂ।੧।

ਪ੍ਰ: ਕਿਉਂ ਜੀ! ਤੁਸੀਂ ਪੂਰੇ ਗੁਰਾਂ ਦੀ ਕਿਰਪਾ ਦੇ ਪਾਤਰ ਕਿਵੇਂ ਬਣ ਗਏ?

ਉ: ੫. ਹੇ ਪਿਆਰਿਓ! ਜਦੋਂ ਹਰੀ ਦੇ ਪ੍ਰੇਮਾ-ਭਗਤੀ ਵਿਚ ਮੇਰਾ ਮਨ ਲੀਨ ਹੋ ਗਿਆ, ਭਾਵ ਤਦਾਕਾਰ ਹੋ ਗਿਆ।

੬. ਤਾਂ ਸਮਝੋ ਹੁਣ ਸਾਡੇ ਅੰਦਰ ਇਕ ਰਸ ਆਤਮਕ ਅਨੰਦ ਦੀ ਵੀਣਾ ਵਜਦੀ ਰਹਿੰਦੀ ਹੈ। (ਇਹ ਬਖ਼ਸ਼ਸ਼ ਮੇਰੇ ਗੁਰੂ ਦੀ ਹੈ)।ਰਹਾਉ।

੭. ਹੇ ਭਾਈ! ਜਿਸ ਮਨੁੱਖ ਨੇ ਪਰਮੇਸ਼ਰ ਦੇ ਚਰਨਾਂ ਦਾ ਬਲਵਾਨ ਆਸਰਾ ਲਿਆ ਹੈ।

੮. ਉਸ ਦੇ ਅੰਦਰੋਂ ਤਾਂ ਦੁਨੀਆ ਦੇ ਲੋਕਾਂ ਵਾਲੀ ਸਾਰੀ ਮੁਥਾਜੀ, ਕਨੌਂਡ ਹੀ ਮੁੱਕ ਗਈ ਹੈ।

੯. ਕਿਉਂਕਿ ਉਸ ਨੇ ਸਾਰੇ ਜਗਤ ਦਾ ਸਹਾਰਾ ਦਾਤਾਰ ਪ੍ਰਭੂ ਨੂੰ ਪਾ ਲਿਆ ਹੈ।

੧੦. ਉਹ ਹੁਣ ਬੜੇ ਪ੍ਰੇਮ ਨਾਲ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦਾ ਰਹਿੰਦਾ ਹੈ।੨।

੧੧. ਹੇ ਭਾਈ! ਸਾਡੇ ਉੱਤੇ ਭੀ ਪ੍ਰਭੂ ਜੀ ਨੇ ਅਤਿ ਮਿਹਰ ਕੀਤੀ ਹੈ ਕਿ ਸਾਡੇ ਗਲੋਂ ਪ੍ਰਭੂ ਨੇ ਜਮਾਂ ਦਾ ਫਾਹਾ ਕੱਟ ਦਿੱਤਾ ਹੈ।

੧੨. ਹੇ ਪਿਆਰਿਓ! ਇਹ ਮੇਰੇ ਮਨ ਦੀ ਚਿਰਾਂ ਦੀ ਆਸਾ ਸੀ ਜੋ ਕਿ ਪੂਰੀ ਹੋ ਗਈ ਹੈ।

ਪ੍ਰ: ਹਜ਼ੂਰ ਜੀ! ਹੁਣ ਤੁਸੀਂ ਆਪਣੀ ਮਾਨਸਕ ਅਵਸਥਾ ਕਿਸ ਰੂਪ ਵਿਚ ਤਕਦੇ ਹੋ?

ੳ: ੧੩. ਹੇ ਭਾਈਓ! ਹੁਣ ਮੈਂ ਜਿਧਰ ਭੀ ਦੇਖਦਾ ਹਾਂ, ਉਧਰ ਉਹੀ ਪ੍ਰਭੂ ਜੀ ਹੈ।

ੳ: ੧੪. ਸਮਝੋ ਕਿ ਮੈਨੂੰ ਹੁਣ ਉਸ ਪਰਮੇਸ਼ਰ ਤੋਂ ਬਿਨਾ ਹੋਰ ਕੋਈ ਦਿਖਾਈ ਹੀ ਨਹੀਂ ਦੇਂਦਾ।੩।

ਪ੍ਰ: ਕਿਉਂ ਜੀ! ਇਹ ਅਵਸਥਾ ਸਾਰਿਆਂ ਨੂੰ ਹੀ ਕਿਉਂ ਨਹੀਂ ਪ੍ਰਾਪਤ ਹੁੰਦੀ?

ੳ: ੧੫. ਹੇ ਭਾਈ! ਚਾਹੁੰਦੇ ਤਾਂ ਸਾਰੇ ਹੀ ਲੋਕ ਹਨ, ਪਰ ਪ੍ਰਾਪਤ ਉਨ੍ਹਾਂ ਨੂੰ ਹੀ ਹੁੰਦੀ ਹੈ, ਜਿਸ ਨੂੰ ਪ੍ਰਭੂ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਰੱਖ ਲਿਆ ਹੈ।

੧੬. (ਜਿਨ੍ਹਾਂ ਦੇ ਰਾਖੇ ਪ੍ਰਭੂ ਜੀ ਹੋ ਗਏ) ਜਾਣੋ ਉਨ੍ਹਾਂ ਦੇ ਜਨਮ-ਜਨਮਾਤਰਾਂ ਦੇ ਦੁੱਖ ਲਹਿ ਗਏ।

੧੭. ਗੁਰੂ ਜੀ ਕਹਿੰਦੇ ਹਨ ਕਿ ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਨਿਰਭਉ ਦੇ ਨਾਮ ਨੂੰ ਧਿਆਇਆ ਹੈ।

੧੮. ਉਨ੍ਹਾਂ ਨੇ ਫਿਰ ਉਸ ਆਤਮਕ ਅਨੰਦ ਨੂੰ ਪ੍ਰਾਪਤ ਕਰ ਲਿਆ ਹੈ, ਜੋ ਕਿ ਕਦੇ ਦੂਰ ਹੀ ਨਹੀਂ ਹੁੰਦਾ।੪।੫।੫੫।

ਭਾਵਾਰਥ : ਇਸ ਸ਼ਬਦ ਵਿਚ ਭੀ ਹਜ਼ੂਰ ਪੂਰੇ ਗੁਰਾਂ ਦੀ ਮਿਹਰ ਦਾ ਜ਼ਿਕਰ ਕਰਦੇ ਹਨ, ਜਿਸ ਕਿਰਪਾ ਦਾ ਸਦਕਾ ਮਨੁੱਖ ਨੂੰ ਕਲਿਆਣ ਪ੍ਰਾਪਤ ਹੁੰਦੀ ਹੈ ਅਤੇ ਉਸ ਸੁੱਖ ਨੂੰ ਹਾਸਲ ਕਰ ਲਈਦਾ ਹੈ, ਜਿਸ ਸੁੱਖ ਦਾ ਕਦੇ ਅਭਾਵ ਹੀ ਨਹੀਂ ਹੁੰਦਾ।

ਸੋਰਠਿ ਮਹਲਾ ੫ ॥

੧. ਠਾਢਿ ਪਾਈ ਕਰਤਾਰੇ ॥
੨. ਤਾਪੁ ਛੋਡਿ ਗਇਆ ਪਰਵਾਰੇ ॥
੩. ਗੁਰਿ ਪੂਰੈ ਹੈ ਰਾਖੀ ॥
੪. ਸਰਣਿ ਸਚੇ ਕੀ ਤਾਕੀ ॥੧॥
੫. ਪਰਮੇਸਰੁ ਆਪਿ ਹੋਆ ਰਖਵਾਲਾ ॥
੬. ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥
੭. ਹਰਿ ਹਰਿ ਨਾਮੁ ਦੀਓ ਦਾਰੂ ॥
੮. ਤਿਨਿ ਸਗਲਾ ਰੋਗੁ ਬਿਦਾਰੂ ॥
੯. ਅਪਣੀ ਕਿਰਪਾ ਧਾਰੀ ॥
੧੦. ਤਿਨਿ ਸਗਲੀ ਬਾਤ ਸਵਾਰੀ ॥੨॥
੧੧. ਪ੍ਰਭਿ ਅਪਨਾ ਬਿਰਦੁ ਸਮਾਰਿਆ ॥
੧੨. ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥
੧੩. ਗੁਰ ਕਾ ਸਬਦੁ ਭਇਓ ਸਾਖੀ ॥
੧੪. ਤਿਨਿ ਸਗਲੀ ਲਾਜ ਰਾਖੀ ॥੩॥
੧੫. ਬੋਲਾਇਆ ਬੋਲੀ ਤੇਰਾ ॥
੧੬. ਤੂ ਸਾਹਿਬੁ ਗੁਣੀ ਗਹੇਰਾ ॥
੧੭. ਜਪਿ ਨਾਨਕ ਨਾਮੁ ਸਚੁ ਸਾਖੀ ॥
੧੮. ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥

ਪਦ ਅਰਥ : ਠਾਢਿ—ਠੰਢ, ਸ਼ਾਂਤੀ। ਕਰਤਾਰੇ—ਕਰਤਾਰਿ, ਕਰਤਾਰ ਨੇ। ਪਰਵਾਰੇ—ਪ੍ਰਵਾਰ ਨੂੰ। ਗੁਰਿ—ਗੁਰੂ ਨੇ। ਸਚੇ ਕੀ—ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ। ਤਾਕੀ—ਤੱਕੀ।੧।

ਰਖਵਾਲਾ—ਰਾਖਾ। ਸਹਜ ਸੁਖ—ਆਤਮਕ ਅਡੋਲਤਾ ਦੇ ਸੁੱਖ। ਉਪਜੇ—ਪੈਦਾ ਹੋ ਗਏ। ਸੁਖਾਲਾ—ਸੁਖੀ।ਰਹਾਉ।

ਦਾਰੂ—ਦਵਾਈ। ਤਿਨਿ—ਉਸ (ਦਾਰੂ) ਨੇ। ਬਿਦਾਰੂ—ਨਾਸ ਕਰ ਦਿੱਤਾ। ਬਾਤ—(ਜੀਵਨ ਦੀ) ਕਹਾਣੀ।੨।

ਪ੍ਰਭਿ—ਪ੍ਰਭੂ ਨੇ। ਬਿਰਦੁ—ਮੁੱਢ ਕਦੀਮਾਂ ਦਾ (ਪਿਆਰ ਦਾ) ਸੁਭਾਉ। ਸਮਾਰਿਆ—ਚੇਤੇ ਰਖਿਆ। ਹਮਰਾ—ਅਸਾਂ ਜੀਵਾਂ ਦਾ। ਸਾਖੀ—ਸਾਖਿਆਤ। ਤਿਨਿ—ਉਸ (ਸ਼ਬਦ) ਨੇ। ਲਾਜ—ਇੱਜ਼ਤ।੩।

ਬੋਲੀ—ਬੋਲੀ, ਮੈਂ ਬੋਲਦਾ ਹਾਂ, ਮੈਂ ਤੇਰੀ ਸਿਫ਼ਤਿ-ਸਾਲਾਹ ਕਰਦਾ ਹਾਂ। ਗੁਣੀ—ਗੁਣਾਂ ਦਾ ਮਾਲਕ। ਗਹੇਰਾ—ਡੂੰਘਾ। ਸਚੁ ਸਾਖੀ—ਸਦਾ ਨਾਲ ਨਿਭਣ ਵਾਲਾ ਮਦਦਗਾਰ। ਸਾਖੀ—ਸਾਖ ਭਰਨ ਵਾਲਾ। ਪੈਜ—ਇੱਜ਼ਤ।੪।

ਉਥਾਨਕਾ : ਸ੍ਰੀ ਹਰਗੋਬਿੰਦ ਜੀ ਦੇ ਬੁਖ਼ਾਰ ਦੇ ਦੁੱਖ ਨਾਲ ਸਾਰਾ ਹੀ ਪਰਿਵਾਰ ਦੁਖੀ ਹੋ ਰਿਹਾ ਸੀ। ਜਦੋਂ ਸਾਹਿਬਜ਼ਾਦੇ ਦਾ ਬੁਖ਼ਾਰ ਉੱਤਰ ਗਿਆ ਤਾਂ ਪਰਮੇਸ਼ਰ ਦੇ ਸਨਮੁਖ ਹੋ ਸ਼ੁਕਰਾਨੇ ਵਜੋਂ ਇਹ ਮਹਾਂਵਾਕ ਉਚਾਰਨ ਕਰਦੇ ਹਨ।

ਅਰਥ :

ਪ੍ਰ: ਸਿੱਖਾਂ ਵਲੋਂ ਬੇਨਤੀ ਹੋਈ ਕਿ ਹਜ਼ੂਰ ਸਾਹਿਬਜ਼ਾਦਾ ਬੁਖ਼ਾਰ ਦੇ ਦੁੱਖ ਨਾਲ ਦੁਖੀ ਹੋ ਰਹੇ ਸਨ, ਹੁਣ ਉਨ੍ਹਾਂ ਦੀ ਹਾਲਤ ਕਿਵੇਂ ਹੈ?

ੳ: ੧. ਹੇ ਪਿਆਰਿਓ! ਕਰਤਾਰ ਨੇ ਸਾਰੇ ਹੀ ਪਰਿਵਾਰ ਵਿਚ ਠੰਢ ਪਾ ਦਿੱਤੀ ਹੈ।

੨. (ਕਿਉਂਕਿ) ਸ੍ਰੀ ਹਰਿਗੋਬਿੰਦ ਸਾਹਿਬਜ਼ਾਦੇ ਨੂੰ ਬੁਖ਼ਾਰ ਛੱਡ ਗਿਆ ਹੈ।

੩. (ਸਾਡੇ ਪੂਰੇ ਉਸੇ ਗੁਰੂ ਨੇ) ਰਾਖੀ ਕੀਤੀ ਹੈ।

੪. ਜਿਸ ਸੱਚੇ ਦੀ (ਸ਼ਰਨ) ਓਟ ਅਸਾਂ ਤੱਕੀ ਸੀ।

੫. ਇਸ ਕਾਰਜ ਵਿਚ ਪਰਮੇਸ਼ਰ ਆਪ ਹੀ ਰਖਵਾਲਾ ਹੋਇਆ ਹੈ।

੬. (ਜਿਸ ਦੀ ਬਰਕਤ ਨਾਲ) ਹੁਣ ਸ਼ਾਂਤੀ ਤੇ ਆਤਮਕ ਸੁੱਖ ਇਕ ਖਿਨ ਵਿਚ ਪੈਦਾ ਹੋ ਗਿਆ, ਇਸੇ ਲਈ ਸਾਡਾ ਮਨ ਹੁਣ ਸਦਾ ਸੁਖੀ ਹੋ ਆਇਆ ਹੈ।

ਪ੍ਰ: ਹਜ਼ੂਰ ਜੀ! ਗੁਰੂ ਜੀ ਨੇ ਵਰਤਣ ਲਈ ਦਵਾਈ ਕਿਹੜੀ ਦਿੱਤੀ ਸੀ?

ੳ: ੭. ਹੇ ਭਾਈ! ਗੁਰੂ ਜੀ ਨੇ ਹੋਰ ਦੁਨਿਆਵੀ ਦੁਆਈ ਤਾਂ ਕੋਈ ਨਹੀਂ ਦਿੱਤੀ। (ਆਪ ਜੀ ਨੇ ਤਾਂ) ਇਕੋ ਹਰਿ ਹਰਿ ਨਾਮ ਸਿਮਰਨ ਕਰਨ ਲਈ ਦੁਆਈ ਦਿੱਤੀ ਹੈ।

੮. (ਉਸੇ ਇਕੋ ਹਰੀ ਨਾਮ ਸਿਮਰਨ ਦੀ) ਦੁਆਈ ਨੇ ਸਾਰਾ ਹੀ ਰੋਗ ਕੱਟ ਦਿੱਤਾ ਹੈ।

੯. (ਅਸਲ ਵਿਚ ਤਾਂ) ਪ੍ਰਭੂ ਨੇ ਆਪਣੀ ਹੀ ਕਿਰਪਾ ਕੀਤੀ ਹੈ।

੧੦. ਇਹ ਅਰੋਗਤਾ ਹੋ ਜਾਣ ਦੀ ਸਾਰੀ ਗੱਲ ਉਸੇ ਨੇ ਸਵਾਰ ਦਿੱਤੀ ਹੈ।੨।

੧੧. ਹੇ ਭਾਈ! ਇਹ ਤਾਂ ਪ੍ਰਭੂ ਜੀ ਨੇ ਆਪਣਾ ਹੀ ਬਿਰਦ ਸੰਭਾਲਿਆ ਹੈ।

੧੨. ਮੇਰਾ ਗੁਣ ਤੇ ਅਉਗਣ ਕੋਈ ਵੀ ਨਹੀਂ ਵਿਚਾਰਿਆ।

੧੩. ਗੁਰੂ ਦਾ ਸ਼ਬਦ ਭਾਵ ਉਪਦੇਸ਼ (ਵਿਚ) (ਸਾਖੀ) ਗਵਾਹ ਹੋਇਆ ਹੈ।

੧੪. ਉਸਨੇ ਮੇਰੀ ਹਰ ਤਰ੍ਹਾਂ ਦੀ ਇੱਜ਼ਤ ਰੱਖ ਲਈ ਹੈ।

੧੫. ਹੇ ਗੁਣਾਂ ਦੇ ਸਮੁੰਦਰ ਮੈਂ ਤੇਰਾ ਹੀ ਬੁਲਾਇਆ ਬੋਲਦਾ ਹਾਂ।

੧੬. (ਕਿਉਂਕਿ) ਮੈਨੂੰ ਇਹ ਪੂਰਨ ਭਰੋਸਾ ਹੈ ਕਿ ਤੂੰ ਹੀ ਗੁਣਾਂ ਦਾ ਸਮੁੰਦਰ ਹੈਂ ਤੇ ਤੂੰ ਹੀ ਸਭਨਾਂ ਦਾ ਮਾਲਕ ਹੈਂ।

ਪ੍ਰ: ਹਜ਼ੂਰ ਜੀ! ਸਾਡੇ ਕਰਨ ਯੋਗ ਭੀ ਕੋਈ ਕਰਤਬ ਦੱਸ ਦਿਓ, ਜੋ ਕਿ ਅਸੀਂ ਕਰਦੇ ਰਹੀਏ।

ਉ: ੧੭. ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਐ ਭਾਈਓ! ਤੁਸੀਂ ਵੀ ਸੱਚ ਸਰੂਪ ਪ੍ਰਭੂ ਦੇ ਨਾਮ ਨੂੰ ਸਦਾ ਜਪਦੇ ਰਿਹਾ ਕਰੋ, (ਕਿਉਂਕਿ) ਇਹੋ ਹੀ ਅੰਤ ਸਮੇਂ ਸੱਚੀ ਹਾਮੀ ਭਰਨ ਵਾਲਾ ਹੈ।

੧੮. ਉਸ ਨੇ ਹੀ ਆਪਣੇ ਸੇਵਕਾਂ ਦੀ (ਸਦਾ) ਇੱਜ਼ਤ ਰੱਖੀ ਹੈ।੪।੬।੫੬।

(ਇਸੇ ਹੀ ਸ਼ਬਦ ਦਾ ਅੰਤ੍ਰੀਵ ਅਰਥ ਇਸ ਤਰ੍ਹਾਂ ਹੈ):

ਪ੍ਰ: ਹਜ਼ੂਰ ਜੀਉ! ਹਰ ਮਨੁੱਖ ਦੇ ਹਰ ਸਰੀਰਕ ਇੰਦਰੇ ਨੂੰ ਭਿੰਨ-ਭਿੰਨ ਵਿਕਾਰਾਂ ਦਾ ਤਾਪ ਲੱਗ ਰਿਹਾ ਹੈ, ਜਿਸ ਕਰਕੇ ਹਰ ਮਨੁੱਖ ਹੀ ਆਪਣੀ ਅੰਤਰ ਆਤਮਾ ਵਿਚ ਤੱਪਦਾ ਰਹਿੰਦਾ ਹੈ, ਕੀ ਕੋਈ ਅਜਿਹਾ ਇਲਾਜ ਹੈ ਜਿਸ ਦੀ ਬਰਕਤ ਨਾਲ ਤਪ ਰਹੇ ਹਿਰਦੇ ਨੂੰ ਸ਼ਾਂਤੀ ਪ੍ਰਾਪਤ ਹੋ ਸਕਦੀ ਹੋਵੇ?

ਉ: ੧. (ਹਾਂ ਜ਼ਰੂਰ ਹੈ) ਹੇ ਭਾਈ! ਜਿਸ ਮਨੁੱਖ ਦੇ ਅੰਦਰ ਕਰਤਾਰ ਨੇ (ਨਾਮ ਦੀ ਦਾਤ) ਬਖ਼ਸ਼ ਕੇ ਠੰਢ ਵਰਤਾ ਦਿੱਤੀ।

੨. ਉਸ ਦੇ ਪਰਿਵਾਰ ਨੂੰ (ਭਾਵ ਉਸ ਦੇ ਗਿਆਨ-ਇੰਦ੍ਰਿਆਂ ਰੂਪੀ ਪਰਿਵਾਰ ਨੂੰ ਵਿਕਾਰਾਂ ਦਾ) ਤਾਪ ਛੱਡ ਗਿਆ ਹੈ।

ਪ੍ਰ: (ਕਿਉਂ ਜੀ) ਇਹ ਵਿਕਾਰਾਂ ਦਾ ਤਾਪ ਲਹਿਣਾ ਤਾਂ ਬਹੁਤ ਕਠਿਨ ਹੈ, ਇਹ ਕਿਸੇ ਮਨੁੱਖ ਨੂੰ ਛੱਡ ਕੇ ਕਿਵੇਂ ਦੂਰ ਹੋ ਗਿਆ?

ਉ: ੩. ਹੇ ਭਾਈ! ਪੂਰੇ ਗੁਰੂ ਨੇ ਜਿਸ ਮਨੁੱਖ ਦੀ ਮਦਦ ਕੀਤੀ,

੪. ਉਸਨੇ ਸੱਚੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਆਸਰਾ ਤਕ ਲਿਆ, (ਇਸੇ ਆਸਰੇ ਦੀ ਬਰਕਤ ਨਾਲ ਉਸ ਨੂੰ ਵਿਕਾਰਾਂ ਦਾ ਤਾਪ ਛੱਡ ਗਿਆ ਹੈ)।੧।

੫. ਹੇ ਭਾਈਓ! ਵੇਖੋ, ਜਿਸ ਮਨੁੱਖ ਦਾ ਪਰਮੇਸ਼ਰ ਆਪ ਹੀ ਰਾਖਾ ਬਣ ਜਾਂਦਾ ਹੈ।

੬. ਉਸ ਦਾ ਮਨ ਤਾਂ ਸਦਾ ਵ੍ਹਾਸਤੇ ਹੀ ਸੁਖੀ ਹੋ ਜਾਂਦਾ ਹੈ, (ਕਿਉਂਕਿ) ਉਸ ਦੇ ਅੰਦਰ, ਇਕ ਛਿਨ ਵਿਚ ਆਤਮਕ ਅਡੋਲਤਾ ਦੇ ਸੁੱਖ ਤੇ ਸ਼ਾਂਤੀ ਪੈਦਾ ਹੋ ਜਾਂਦੇ ਹਨ।ਰਹਾਉ।

ਪ੍ਰ: (ਕਿਉਂ ਜੀ) ਉਸ ਨੂੰ ਸਦੀਵੀ, ਅਚੱਲ ਸੁੱਖ-ਪ੍ਰਾਪਤੀ ਦਾ ਅਸਲ ਕਾਰਣ ਕੀ ਹੋਇਆ?

ਉ: ੭. ਹੇ ਪਿਆਰੇ! ਜਿਸ ਮਨੁੱਖ ਨੂੰ ਗੁਰੂ ਨੇ ਪਰਮੇਸ਼ਰ ਦਾ ਨਾਮ ਦਵਾਈ ਦਿੱਤੀ ਹੈ।

੮. ਉਸ ਨਾਮ ਦਾਰੂ ਨੇ ਉਸ ਦੇ ਸਾਰੇ ਵਿਕਾਰਾਂ ਦਾ ਰੋਗ ਕੱਟ ਦਿੱਤਾ।

੯. ਜਦੋਂ ਪ੍ਰਭੂ ਨੇ ਕਿਸੇ ਮਨੁੱਖ ਉੱਤੇ ਆਪਣੀ (ਆਪ ਹੀ) ਮਿਹਰ ਕਰ ਦਿੱਤੀ।

੧੦. (ਤਾਂ ਜਾਣੋ) ਉਸ ਨੇ ਤਾਂ ਆਪਣੀ ਸਾਰੀ ਜੀਵਨ-ਕਹਾਣੀ ਹੀ ਸਵਾਰ ਲਈ, ਭਾਵ ਉਸ ਨੇ ਆਪਣਾ ਸਾਰਾ ਜੀਵਨ ਸਵਾਰ ਲਿਆ ਹੈ।

ਪ੍ਰ: ਕਿਉਂ ਜੀ! ਉਸ ਮਨੁੱਖ ਨੇ ਆਪਣੀ ਜੀਵਨ-ਕਹਾਣੀ ਸਵਾਰਨ ਲਈ ਕੋਈ ਸਾਧਨ ਤਾਂ ਜ਼ਰੂਰ ਕੀਤਾ ਹੋਵੇਗਾ?

ਉ: ੧੧. ਹੇ ਭਾਈ! (ਉਸ ਨੇ ਸਾਧਨ ਤਾਂ ਕੋਈ ਭੀ ਨਹੀਂ ਸੀ ਕੀਤਾ, ਅਸਲ ਵਿਚ ਤਾਂ) ਉਸ ਪ੍ਰਭੂ ਨੇ (ਸਦਾ ਹੀ) ਆਪਣੇ ਮੁੱਢ ਕਦੀਮਾਂ ਦੇ (ਪਿਆਰ ਕਰਨ ਵਾਲੇ) ਸੁਭਾਉ ਨੂੰ ਹੀ ਚੇਤੇ ਰਖਿਆ ਹੈ।

੧੨. (ਕਿਉਂਕਿ) ਉਹ ਪ੍ਰਭੂ ਜੀ ਦਿਆਲੂ ਹੈ, ਸਾਡਾ ਜੀਵਾਂ ਦਾ ਉਹ ਕੋਈ ਵੀ ਗੁਣ ਜਾਂ ਔਗੁਣ ਆਪਣੇ ਦਿਲ 'ਤੇ ਲਾ ਨਹੀਂ ਰੱਖਦਾ (ਭਾਵ ਚਿਤਾਰਦਾ ਹੀ ਨਹੀਂ)।

੧੩. ਹੇ ਭਾਈਓ! (ਪ੍ਰਭੂ ਦੀ ਕਿਰਪਾ ਨਾਲ ਜਿਸ ਕਿਸੇ ਮਨੁੱਖ ਦੇ ਅੰਦਰ) ਗੁਰੂ ਦੇ ਸ਼ਬਦ ਨੇ ਆਪਣਾ ਪ੍ਰਭਾਵ ਪਾਇਆ ਹੈ, ਭਾਵ ਹੈ ਕਿ ਅਸਰ ਕਬੂਲ ਲਿਆ ਹੈ, (ਬਸ ਫਿਰ) ਉਸੇ ਹੀ

੧੪. ਸ਼ਬਦ ਨੇ ਉਸ ਦੀ (ਹਰ ਪ੍ਰਕਾਰ ਹੀ) ਸਾਰੀ ਇੱਜ਼ਤ ਰੱਖ ਲਈ, (ਭਾਵ ਹੈ ਕਿ ਉਸ ਨੂੰ ਹਰ ਤਰ੍ਹਾਂ ਦੇ ਵਿਕਾਰਾਂ ਵਲੋਂ ਬਚਾਈ ਰਖਿਆ ਹੈ।੩।

ਪ੍ਰ: ਕਿਉਂ ਜੀ! ਕੀ ਅਜਿਹੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਾਲੇ ਬੰਦਿਆਂ ਦੇ ਅੰਦਰ ਸਾਈਂ ਦੀ ਸ਼ਲਾਘਾ ਕਰਨ ਵਾਲੇ ਬੋਲ ਬੋਲਣ ਦਾ ਅਭਿਮਾਨ ਭੀ ਪੈਦਾ ਹੋ ਜਾਂਦਾ ਹੈ?

ਉ: ੧੫. ਉੱਕਾ ਹੀ ਨਹੀਂ, ਹੇ ਭਾਈ! ਉਹ ਤਾਂ ਸਾਈਂ ਜੀ ਦੀ ਸਿਫ਼ਤਿ-ਸਾਲਾਹ ਦੇ ਬੋਲ ਬੋਲਦਿਆਂ ਸਦਾ ਇਉਂ ਹੀ ਨਿਮਰਤਾ ਸਹਿਤ ਕਹਿੰਦੇ ਰਹਿੰਦੇ ਹਨ ਕਿ ਐ ਸਾਈਂ ਜੀ! ਮੈਂ ਤਾਂ ਤੇਰੀ ਸਿਫ਼ਤਿ-ਸਾਲਾਹ ਦੇ ਬੋਲ ਤੇਰਾ ਹੀ ਬੁਲਾਇਆ ਬੋਲਦਾ ਹਾਂ।

੧੬. ਹੇ ਪ੍ਰਭੂ ਜੀ! ਤੂੰ ਸਾਡਾ ਮਾਲਕ ਹੈਂ। ਤੂੰ ਹੀ ਗੁਣਾਂ ਦਾ ਖ਼ਜ਼ਾਨਾ ਹੈਂ, ਤੂੰ ਹੀ ਡੂੰਘੇ ਜਿਗਰੇ ਵਾਲਾ ਹੈਂ।

੧੭. (ਗੁਰੂ) ਜੀ ਕਹਿੰਦੇ ਹਨ ਕਿ ਐ ਪਿਆਰੇ ਮਨੁੱਖ! ਤੂੰ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਜਪਿਆ ਕਰ, (ਕਿਉਂਕਿ) ਇਹੋ ਹੀ ਨਾਮ ਅੰਤ ਨੂੰ ਸਦਾ ਹਾਮੀ ਭਰਨ ਵਾਲਾ ਹੈ। (ਨਿਸ਼ਚਾ ਰੱਖੋ ਕਿ)

੧੮. ਉਹ ਪ੍ਰਭੂ ਆਪਣੇ ਸੇਵਕਾਂ ਦੀ (ਸਦਾ) ਆਪ ਹੀ ਇੱਜ਼ਤ ਰੱਖਦਾ ਆਇਆ ਹੈ।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਜੀ ਜੀਵਾਂ ਦੇ ਵਿਕਾਰਾਂ ਅੰਦਰ ਤੱਪ ਰਹੇ ਮਨਾਂ ਨੂੰ ਸ਼ਾਂਤ ਕਰਨ ਵਾਲਾ ਸੱਚਾ ਇਲਾਜ ਪਰਮੇਸ਼ਰ ਦਾ ਸੱਚਾ ਨਾਮ ਹੀ ਉਚਾਰਨ ਕਰਦੇ ਹਨ, ਪਰ ਇਹ ਸੱਚੇ ਨਾਮ ਦੀ ਦਾਤ ਭੀ ਉਸੇ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ, ਜਿਸ ਉੱਤੇ ਉਸ ਸਾਈਂ ਜੀ ਦੀ ਮਿਹਰ ਹੋਵੇ।

ਸੋਰਠਿ ਮਹਲਾ ੫ ॥

੧. ਵਿਚਿ ਕਰਤਾ ਪੁਰਖੁ ਖਲੋਆ ॥
੨. ਵਾਲੁ ਨ ਵਿੰਗਾ ਹੋਆ ॥
੩. ਮਜਨੁ ਗੁਰ ਆਂਦਾ ਰਾਸੇ ॥
੪. ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥
੫. ਸੰਤਹੁ ਰਾਮਦਾਸ ਸਰੋਵਰੁ ਨੀਕਾ ॥
੬. ਜੋ ਨਾਵੈ ਸੋ ਕੁਲੁ ਤਰਾਵੈ
ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥
੭. ਜੈ ਜੈ ਕਾਰੁ ਜਗੁ ਗਾਵੈ ॥
੮. ਮਨ ਚਿੰਦਿਅੜੇ ਫਲ ਪਾਵੈ ॥
੯. ਸਹੀ ਸਲਾਮਤਿ ਨਾਇ ਆਏ ॥
੧੦. ਅਪਣਾ ਪ੍ਰਭੂ ਧਿਆਏ ॥੨॥
੧੧. ਸੰਤ ਸਰੋਵਰ ਨਾਵੈ ॥
੧੨. ਸੋ ਜਨੁ ਪਰਮ ਗਤਿ ਪਾਵੈ ॥
੧੩. ਮਰੈ ਨ ਆਵੈ ਜਾਈ ॥
੧੪. ਹਰਿ ਹਰਿ ਨਾਮੁ ਧਿਆਈ ॥੩॥
੧੫. ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥
੧੬. ਜਿਸੁ ਦਇਆਲੁ ਹੋਇ ਭਗਵਾਨੈ ॥
੧੭. ਬਾਬਾ ਨਾਨਕ ਪ੍ਰਭ ਸਰਣਾਈ ॥
੧੮. ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥

ਪਦ ਅਰਥ : ਕਰਤਾ—ਕਰਤਾਰ। ਪੁਰਖੁ—ਸਰਵ ਵਿਆਪਕ। ਵਿਚਿ ਖਲੋਆ—ਆਪ ਸਹਾਇਤਾ ਕਰਦਾ ਹੈ। ਵਾਲੁ ਨ ਵਿੰਗਾ ਹੋਆ—ਰਤਾ ਭੀ ਨੁਕਸਾਨ ਨਹੀਂ ਹੁੰਦਾ। ਮਜਨੁ—ਇਸ਼ਨਾਨ, ਰਾਮ ਦੇ ਦਾਸਾਂ ਦੇ ਸਰੋਵਰ ਵਿਚ ਇਸ਼ਨਾਨ, ਨਾਮ-ਜਲ ਨਾਲ ਆਤਮਕ ਇਸ਼ਨਾਨ। ਗੁਰਿ—ਗੁਰੂ ਨੇ। ਆਂਦਾ ਰਾਸੇ—ਰਾਸ ਆਂਦਾ, ਸਫਲ ਕਰ ਦਿੱਤਾ। ਜਪਿ—ਜਪ ਕੇ। ਕਿਲਵਿਖ—ਪਾਪ।੧।

ਰਾਮ ਦਾਸ ਸਰੋਵਰੁ—ਰਾਮ ਦੇ ਦਾਸਾਂ ਦਾ ਸਰੋਵਰ, ਸਾਧ ਸੰਗਤ। ਨੀਕਾ—ਚੰਗਾ, ਸੋਹਣਾ। ਨਾਵੈ—ਨ੍ਹਾਵੈ, ਇਸ਼ਨਾਨ ਕਰਦਾ ਹੈ। ਉਧਾਰੁ—ਪਾਰ ਉਤਾਰਾ। ਜੀ ਕਾ—ਜਿੰਦ ਦਾ।੧।ਰਹਾਉ।

ਜੈ ਜੈ ਕਾਰੁ—ਸੋਭਾ। ਜਗੁ—ਜਗਤ ਵਿਚ। ਮਨਿ—ਮਨ ਵਿਚ। ਚਿੰਦਿਅੜੇ—ਚਿਤਵੇ ਹੋਏ। ਸਹੀ ਸਲਾਮਤਿ—ਆਤਮਕ ਜੀਵਨ ਨੂੰ ਸਹੀ ਸਲਾਮਤ ਬਚਾ ਕੇ। ਨਾਇ—ਨ੍ਹਾਇ, ਇਸ਼ਨਾਨ ਕਰ ਕੇ। ਪਰਮਗਤਿ—ਸਭ ਤੋਂ ਉੱਚੀ ਆਤਮਕ ਅਵਸਥਾ। ਨ ਆਵੈ ਜਾਈ—ਨਾ ਆਵੈ ਨਾ ਜਾਈ, ਜੰਮਦਾ ਮਰਦਾ ਨਹੀਂ।੩।

ਬ੍ਰਹਮ ਬਿਚਾਰੁ—ਪਰਮੇਸ਼ਰ ਨਾਲ ਸਾਂਝ ਦੀ ਵੀਚਾਰ। ਸੁ—ਉਹ ਮਨੁੱਖ। ਬਾਬਾ—ਹੇ ਭਾਈ। ਗਣਤ—ਗਿਣਤੀ, ਫ਼ਿਕਰ।੪।

ਅਰਥ :

ਪ੍ਰ: ਹੇ ਗੁਰੋ ! ਆਪ ਜੀ ਇਹ ਉਪਦੇਸ਼ ਸਦਾ ਹੀ ਕਰਦੇ ਹੋ ਕਿ ਅਸਲ ਸੱਚਾ ਸਰੋਵਰ ਸਾਧ ਸੰਗਤ ਹੈ ਅਤੇ ਇਸੇ ਵਿਚ ਹੀ ਆਤਮਕ ਇਸ਼ਨਾਨੀ ਹੋਣਾ ਪਾਪਾਂ ਦਾ ਨਾਸ਼ਕ ਹੈ, ਪਰ ਇਸ ਸਾਧ ਸੰਗਤ ਰੂਪੀ ਸਰੋਵਰ ਵਿਚ ਆਤਮਕ ਇਸ਼ਨਾਨ ਕਰਨ ਦੇ ਕਾਰਜ ਕਰਨ ਦਾ ਹਰ ਮਨੁੱਖ ਹੀ ਉੱਦਮ ਕਿਉਂ ਨਹੀਂ ਕਰਦਾ ?

ਉ: ੧. ਹੇ ਭਾਈ ! ਇਸ ਸਾਧ ਸੰਗਤ ਰੂਪੀ ਸੱਚੇ ਸਰੋਵਰ ਵਿਚ ਆਤਮਕ ਇਸ਼ਨਾਨ ਕਰਨ ਦੀ ਦਾਤ ਉਸੇ ਮਨੁੱਖ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਸ ਵਿਚ ਕਿ ਕਰਤਾ ਪੁਰਖ ਆਪ ਹੀ ਖਲੋਤਾ ਹੋਵੇ, ਭਾਵ ਪ੍ਰਭੂ ਆਪ ਹੀ ਸਹਾਇਕ ਹੋਵੇ।

ਪ੍ਰ: ਸ੍ਰੀ ਜੀਉ ! ਜਿਸ ਮਨੁੱਖ ਦੇ ਆਤਮਕ ਇਸ਼ਨਾਨ ਕਰਨ ਰੂਪ ਕਾਰਜ ਵਿਚ ਕਰਤਾ ਆਪ ਹੀ ਸਹਾਇਕ ਹੋਵੇ, ਉਸ ਨੂੰ ਲਾਭ ਕੀ ਪ੍ਰਾਪਤ ਹੁੰਦਾ ਹੈ ?

ਉ: ੨. ਹੇ ਭਾਈਓ ! (ਸਰਵ ਵਿਆਪਕ ਕਰਤਾਰ ਜਿਸ ਦਾ ਸਹਾਇਕ ਆਪ ਹੀ ਹੋ ਜਾਵੇ, ਉਸ ਦੇ ਅੰਦਰ ਤਾਂ ਜੋ ਸ਼ੁਭ ਗੁਣਾਂ ਦੀ ਆਤਮਕ ਰਾਸ-ਪੂੰਜੀ ਹੈ) ਉਸ ਪੂੰਜੀ ਦਾ ਕਦੇ ਕੋਈ ਰਤਾ ਭਰ ਭੀ ਨੁਕਸਾਨ ਨਹੀਂ ਕਰ ਸਕਦਾ।

ਪ੍ਰ: ਹੇ ਗੁਰੋ ! ਜਿਸ ਮਨੁੱਖ ਦਾ ਸਾਧ ਸੰਗਤ ਵਿਚ ਕੀਤਾ ਹੋਇਆ, ਆਤਮਕ ਇਸ਼ਨਾਨ ਗੁਰੂ ਨੇ ਰਾਸ ਲੈ ਆਂਦਾ ਹੋਵੇ, ਭਾਵ ਸਫਲ ਕਰ ਦਿੱਤਾ ਹੋਵੇ, ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

ਉ: ੩. ਹੇ ਭਾਈਓ ! ਗੁਰੂ ਨੇ ਜਿਸ ਮਨੁੱਖ ਦਾ ਸਾਧ ਸੰਗਤ ਵਿਚ ਕੀਤਾ ਆਤਮਕ ਇਸ਼ਨਾਨ ਸਫਲ ਕਰ ਦਿੱਤਾ ਹੋਵੇ।

੪. ਉਹ ਨਾਮ-ਜਲ ਵਿਚ ਆਤਮਕ ਇਸ਼ਨਾਨ ਕਰਦਾ ਹੋਇਆ ਹਰਿ ਹਰਿ ਨਾਮ ਨੂੰ ਜਪਦਿਆਂ ਆਪਣੇ ਸਾਰੇ ਜਨਮ-ਜਨਮਾਤਰਾਂ ਦੇ ਪਾਪਾਂ ਨੂੰ ਨਾਸ਼ ਕਰ ਲੈਂਦਾ ਹੈ। (ਆਤਮਕ ਇਸ਼ਨਾਨੀ ਨੂੰ ਨਾਮ ਜਲ 'ਚ ਇਸ਼ਨਾਨ ਕਰਨ ਦਾ ਇਹੋ ਹੀ ਵੱਡਾ ਫਲ ਹੈ)।

ਪ੍ਰ: ਹੇ ਗੁਰੋ ! ਸਾਰਿਆਂ ਸਰੋਵਰਾਂ ਵਿਚੋਂ ਆਪ ਜੀ ਸੁੰਦਰ ਸਰੋਵਰ ਕਿਸ ਨੂੰ ਮੰਨਦੇ ਹੋ ?

ਉ: ੫. ਹੇ ਸੰਤ ਜਨੋ ! ਰਾਮ ਦੇ ਦਾਸਾਂ ਦਾ ਸਰੋਵਰ ਜੋ ਸਾਧ ਸੰਗਤ (ਅਸਥਾਨ) ਹੈ, (ਇਹੋ ਸਭਨਾਂ ਸਰੋਵਰਾਂ ਦਾ ਸ਼ਰੋਮਣੀ) ਸੁੰਦਰ ਸਰੋਵਰ ਹੈ।

ਪ੍ਰ: ਸ੍ਰੀ ਜੀਉ ! ਲੋਕੀ ਤਾਂ ਬਾਹਰਲੇ ਤੀਰਥਾਂ, ਸਰੋਵਰਾਂ ਵਿਚ ਇਸ਼ਨਾਨ ਕਰਨ ਨੂੰ ਆਪਣੇ ਅਤੇ ਆਪਣੀਆਂ ਕੁਲਾਂ ਦੇ ਉਧਾਰ ਕਰਨ ਦਾ ਸਾਧਨ ਮੰਨਦੇ ਹਨ, ਕੀ ਆਪ ਭੀ ਇਸ ਖ਼ਿਆਲ ਨਾਲ ਸਹਿਮਤ ਹੋ ?

ਉ: ੬. (ਨਹੀਂ) ਹੇ ਭਰਾਵੋ! ਅਸਲ ਵਿਚ ਗੁਰਮਤਿ ਅਨੁਸਾਰ ਤਾਂ ਜਿਹੜਾ ਮਨੁੱਖ ਸਾਧ ਸੰਗਤ ਵਿਚ ਨਾਮ-ਜਲ ਰਾਹੀਂ ਆਤਮਕ ਇਸ਼ਨਾਨ ਕਰਦਾ ਹੈ, ਭਾਵ ਨਾਮ ਜਲ ਨਾਲ ਮਨ ਨੂੰ ਪਵਿੱਤ੍ਰ ਕਰਦਾ ਹੈ, ਉਹ ਆਪਣੀ ਜਿੰਦ ਦਾ ਉਧਾਰ ਕਰ ਲੈਂਦਾ ਹੈ ਅਤੇ ਉਹ ਆਪਣੀ ਸਾਰੀ ਕੁਲ ਨੂੰ ਭੀ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ।੧।ਰਹਾਉ।

ਪ੍ਰ: ਕਿਉਂ ਜੀ! ਜੋ ਮਨੁੱਖ ਆਤਮਕ ਇਸ਼ਨਾਨੀ ਨਾਮ-ਜਲ ਵਿਚ ਇਸ਼ਨਾਨ ਕਰਦਾ ਹੈ, ਉਸ ਨੂੰ ਫਲ ਪ੍ਰਾਪਤ ਹੋਇਆ ਲੋਕ ਕਿਸ ਰੂਪ ਵਿਚ ਅਨੁਭਵ ਕਰਦੇ ਹਨ?

ਉ: ੭. ਹੇ ਪਿਆਰੇ! (ਉਸ ਆਤਮਕ ਇਸ਼ਨਾਨੀ ਮਨੁੱਖ ਦੇ) ਜਸ ਰੂਪੀ ਗੀਤਾਂ ਨੂੰ ਤਾਂ ਸਾਰਾ ਜਗਤ ਹੀ ਗਾਉਂਦਾ ਹੈ।

੮. ਅਤੇ ਉਹ ਮਨੁੱਖ ਮਨ ਇਛੇ (ਸਾਰੇ ਹੀ) ਫਲ ਪ੍ਰਾਪਤ ਕਰ ਲੈਂਦਾ ਹੈ।੨।

੯. ਹੇ ਭਾਈਓ! ਜਿਹੜਾ ਮਨੁੱਖ ਰਾਮ ਦੇ ਦਾਸਾਂ ਦੇ ਸਰੋਵਰ ਵਿਚ ਭਾਵ ਸਾਧ ਸੰਗਤ ਵਿਚ ਸਥਿਰ ਹੋ ਕੇ

੧੦. ਆਪਣੇ ਪਰਮੇਸ਼ਰ ਦਾ ਅਰਾਧਨ ਕਰਦਾ ਹੈ।

੧੧. (ਉਹ ਮਨੁੱਖ ਇਸ) ਸਤਿਸੰਗ ਵਿਚ ਆਤਮਕ ਇਸ਼ਨਾਨ ਕਰ ਕੇ, ਉਹ ਆਪਣੀ ਆਤਮਕ ਸ਼ੁਭ ਗੁਣਾਂ ਦੀ ਪੂੰਜੀ ਨੂੰ ਪੂਰਨ ਤੌਰ 'ਤੇ ਬਚਾ ਲੈਂਦਾ ਹੈ।

੧੨. ਹੇ ਪਿਆਰਿਓ! ਜਿਹੜਾ ਮਨੁੱਖ ਸੰਤਾਂ ਦੇ ਸਰੋਵਰ, ਸਾਧ ਸੰਗਤ ਵਿਚ ਆਤਮਕ ਇਸ਼ਨਾਨ ਕਰਦਾ ਹੈ, ਉਹ ਮਨੁੱਖ ਸਭ ਤੋਂ ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ।

ਪ੍ਰ: ਕਿਉਂ ਜੀ! ਉੱਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਣ ਤੋਂ ਆਪ ਜੀ ਦੀ ਕੀ ਮੁਰਾਦ ਹੈ?

ਉ: ੧੩. ਹੇ ਪਿਆਰੇ! ਉੱਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਣ ਦਾ ਇਹੋ ਹੀ ਭਾਵ ਹੈ ਕਿ ਜਿਹੜਾ ਮਨੁੱਖ ਸਦਾ ਹੀ ਪਰਮੇਸ਼ਰ ਦਾ ਨਾਮ ਸਿਮਰਦਾ ਰਹਿੰਦਾ ਹੈ, ਉਹ ਫਿਰ ਮੁੜ ਕੇ ਜਨਮ ਮਰਣ ਦੇ ਗੇੜ ਵਿਚ ਨਹੀਂ ਪੈਂਦਾ।

੧੪. (ਕਿਉਂਕਿ) ਉਹ ਸਦਾ ਹੀ (ਸਾਧ ਸੰਗਤ ਵਿਚ ਜੁੜ ਕੇ) ਸਾਈਂ ਜੀ ਦੇ ਹਰਿ ਹਰਿ ਨਾਮ ਦੀ ਆਰਾਧਨਾ ਕਰਦਾ ਰਹਿੰਦਾ ਹੈ।੩।

ਪ੍ਰ: ਸ੍ਰੀ ਜੀਉ! ਇਹ ਉਪ੍ਰੋਕਤ ਸਦੀਵੀ ਕਾਲ ਸੁੱਖ ਪ੍ਰਾਪਤੀ ਦੀ ਬ੍ਰਹਮ ਵੀਚਾਰ ਜੋ ਆਪ ਜੀ ਨੇ ਦਰਸਾਈ ਹੈ, ਇਸ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਅਪਨਾ ਲੈਂਦੇ?

ਉ: ੧੫. ਹੇ ਪਿਆਰੇ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ। ਇਸ ਪਰਮੇਸ਼ਰ ਦੇ ਮਿਲਾਪ ਦੀ ਬ੍ਰਹਮ ਵੀਚਾਰ ਨੂੰ ਉਹੀ ਮਨੁੱਖ ਸਮਝ ਕੇ ਆਪਣੇ ਅੰਤਰ ਆਤਮੇਂ ਧਾਰਨ ਕਰ ਸਕਦਾ ਹੈ,

੧੬. ਜਿਸ ਮਨੁੱਖ ਉੱਤੇ ਪਰਮਾਤਮਾ ਆਪ ਹੀ ਦਇਆਵਾਨ ਹੁੰਦਾ ਹੈ।

ਪ੍ਰ: ਹਜ਼ੂਰ ਜੀਉ! ਆਖ਼ਰ ਆਪ ਜੀ ਦਾ ਗੁਰਮਤਿ ਅਨੁਸਾਰ ਪੂਰਨ ਵਿਸ਼ਵਾਸ ਕੀ ਹੈ?

ਉ: ੧੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਬਾਬਾ! ਜੋ ਮਨੁੱਖ ਪਰਮੇਸ਼ਰ ਦੀ ਸ਼ਰਨ ਪਿਆ ਰਹਿੰਦਾ ਹੈ,

੧੮. ਉਹ ਮਨੁੱਖ ਆਪਣਾ ਹਰੇਕ ਪ੍ਰਕਾਰ ਦਾ ਚਿੰਤਾ-ਫ਼ਿਕਰ ਦੂਰ ਕਰ ਲੈਂਦਾ ਹੈ।੪।੭।੫੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸਾਧ ਸੰਗਤ ਰੂਪੀ ਸੱਚੇ ਸਰੋਵਰ ਵਿਚ ਕੀਤੇ ਹੋਏ ਆਤਮਕ ਇਸ਼ਨਾਨ ਨੂੰ ਹੀ ਸਾਰੇ ਪਾਪਾਂ ਦਾ ਨਾਸ਼ਕ ਫ਼ੁਰਮਾ ਰਹੇ ਹਨ। ਇਸ ਸਾਧ ਸੰਗਤ ਰੂਪੀ ਸਰੋਵਰ ਵਿਚ ਆਤਮਕ ਇਸ਼ਨਾਨ ਕਰਨ ਵਾਲਾ ਜਿਥੇ ਸੰਸਾਰ-ਸਮੁੰਦਰ ਤੋਂ ਆਪਣਾ ਉਧਾਰ ਕਰਦਾ ਹੈ, ਉਥੇ ਆਪਣੀਆਂ ਕੁਲਾਂ ਦਾ ਭੀ ਪਾਰ ਉਤਾਰਾ ਕਰ ਲੈਂਦਾ ਹੈ। ਅਜਿਹੇ ਆਤਮਕ ਇਸ਼ਨਾਨੀ ਦਾ ਸਾਰਾ ਸੰਸਾਰ ਹੀ ਜੈ ਜੈ ਕਾਰ ਕਰਦਾ ਹੈ, ਪਰ ਇਸ ਦਾਤ ਦੀ ਪ੍ਰਾਪਤੀ ਸਾਈਂ ਜੀ ਦੀ ਬਖ਼ਸ਼ਸ਼ ਦੁਆਰਾ ਹੀ ਹੁੰਦੀ ਹੈ।

ਸੋਰਠਿ ਮਹਲਾ ੫ ॥

੧. ਪਾਰਬ੍ਰਹਮਿ ਨਿਬਾਹੀ ਪੂਰੀ ॥
੨. ਕਾਈ ਬਾਤ ਨ ਰਹੀਆ ਊਰੀ ॥
੩. ਗੁਰਿ ਚਰਨ ਲਾਇ ਨਿਸਤਾਰੇ ॥
੪. ਹਰਿ ਹਰਿ ਨਾਮੁ ਸਮ੍ਾਰੇ ॥੧॥
੫. ਅਪਨੇ ਦਾਸ ਕਾ ਸਦਾ ਰਖਵਾਲਾ ॥
੬. ਕਰਿ ਕਿਰਪਾ ਅਪੁਨੇ ਕਰਿ ਰਾਖੇ
ਮਾਤ ਪਿਤਾ ਜਿਉ ਪਾਲਾ ॥੧॥ ਰਹਾਉ ॥
੭. ਵਡਭਾਗੀ ਸਤਿਗੁਰੁ ਪਾਇਆ ॥
੮. ਜਿਨਿ ਜਮ ਕਾ ਪੰਥੁ ਮਿਟਾਇਆ ॥
੯. ਹਰਿ ਭਗਤਿ ਭਾਇ ਚਿਤੁ ਲਾਗਾ ॥
੧੦. ਜਪਿ ਜੀਵਹਿ ਸੇ ਵਡਭਾਗਾ ॥੨॥
੧੧. ਹਰਿ ਅੰਮ੍ਰਿਤ ਬਾਣੀ ਗਾਵੈ ॥
੧੨. ਸਾਧਾ ਕੀ ਧੂਰੀ ਨਾਵੈ ॥
੧੩. ਅਪੁਨਾ ਨਾਮੁ ਆਪੇ ਦੀਆ ॥
੧੪. ਪ੍ਰਭ ਕਰਣਹਾਰ ਰਖਿ ਲੀਆ ॥੩॥
੧੫. ਹਰਿ ਦਰਸਨ ਪ੍ਰਾਨ ਅਧਾਰਾ ॥
੧੬. ਇਹੁ ਪੂਰਨ ਬਿਮਲ ਬੀਚਾਰਾ ॥
੧੭. ਕਰਿ ਕਿਰਪਾ ਅੰਤਰਜਾਮੀ ॥
੧੮. ਦਾਸ ਨਾਨਕ ਸਰਣਿ ਸੁਆਮੀ ॥੪॥੮॥੫੮॥

ਪਦ ਅਰਥ : ਪਾਰਬ੍ਰਹਮਿ—ਪਾਰਬ੍ਰਹਮ ਨੇ। ਊਰੀ—ਊਣੀ, ਘਟ। ਗੁਰਿ—ਗੁਰੂ ਨੇ। ਨਿਸਤਾਰੇ—(ਸੰਸਾਰ ਸਾਗਰ ਤੋਂ) ਪਾਰ ਲੰਘਾ ਦਿੱਤੇ। ਸਮ੍ਾਰੇ—ਸੰਭਾਲਦਾ ਹੈ, ਹਿਰਦੇ ਵਿਚ ਵਸਾਈ ਰੱਖਦਾ ਹੈ।੧।

ਕਰਿ—ਬਣਾ ਕੇ। ਜਿਉ—ਜਿਉਂ, ਵਾਂਗ।੧।ਰਹਾਉ।

ਵਡਭਾਗੀ—ਵੱਡੇ ਭਾਗਾਂ ਵਾਲਿਆਂ ਨੇ। ਜਿਨਿ—ਜਿਸ (ਗੁਰੂ) ਨੇ। ਪੰਥੁ—ਰਸਤਾ। ਭਾਇ—ਪਿਆਰ ਵਿਚ। ਜੀਵਹਿ—ਜੀਉਂਦੇ ਹਨ।੨।

ਅੰਮ੍ਰਿਤ—ਆਤਮਕ ਜੀਵਨ ਦੇਣ ਵਾਲੀ। ਨਾਵੈ—ਨ੍ਹਾਵੈ। ਆਪੇ—ਆਪ ਹੀ।੩।

ਅਧਾਰਾ—ਆਸਰਾ। ਬਿਮਲ—ਸ਼ੁੱਧ, ਪਵਿੱਤ੍ਰ। ਅੰਤਰਜਾਮੀ—ਹੇ ਹਰੇਕ ਦੇ ਦਿਲ ਦੀ ਜਾਨਣ ਵਾਲੇ।੪।

ਅਰਥ :

ਪ੍ਰ: ਹੇ ਗੁਰੋ! ਜਿਸ ਸੇਵਕ ਨੇ ਉਸ ਆਪਣੇ ਪਿਆਰੇ ਪ੍ਰਭੂ ਨਾਲ ਪ੍ਰੀਤ ਕੀਤੀ ਹੈ, ਇਸ ਪ੍ਰੀਤੀ ਦੇ ਬਦਲ ਵਿਚ ਉਸ ਸਾਈਂ ਜੀ ਵਲੋਂ ਸੇਵਕ ਨਾਲ ਕੀ ਵਰਤਾਵਾ ਕੀਤਾ ਜਾਂਦਾ ਹੈ?

ਉ: ੧. ਹੇ ਭਾਈ! ਐਸੇ ਸੇਵਕ ਨਾਲ ਤਾਂ ਸਦਾ ਤੋਂ ਹੀ ਪ੍ਰਭੂ ਜੀ ਨੇ ਭੀ ਆਪਣੇ ਵਲੋਂ ਪ੍ਰੀਤੀ ਤੋੜ ਤਕ ਨਿਬਾਹੀ ਹੈ।

ਪ੍ਰ: ਹਜ਼ੂਰ! ਉਹ ਕਿਸ ਰੂਪ ਵਿਚ ਪ੍ਰੀਤੀ ਨੂੰ ਨਿਭਾਉਂਦਾ ਹੈ? ਕੋਈ ਉਦਾਹਰਣ ਦਿਓ।

੨. ਹੇ ਭਾਈਓ! ਇਸ ਵਿਚ ਇਕ ਇਹੋ ਹੀ ਵੱਡਾ ਸਬੂਤ ਹੈ ਕਿ ਉਹ ਸਾਈਂ ਜੀ ਆਪਣੇ ਸੇਵਕ ਨੂੰ ਕਿਸੇ ਗਲੇ ਭੀ ਕੋਈ ਕਮੀ ਨਹੀਂ ਰਹਿਣ ਦੇਂਦਾ, ਭਾਵ ਹਰ ਕਾਰਜ ਵਿਚ ਉਸ ਨੂੰ ਕੋਈ ਥੁੜ੍ਹ ਨਹੀਂ ਰਹਿੰਦੀ, ਹਰ ਤਰ੍ਹਾਂ ਦੀ ਸਫਲਤਾ ਹਾਸਲ ਹੁੰਦੀ ਹੈ।

੩. (ਗੁਰੂ ਨੇ ਆਪਣੇ ਸੇਵਕ ਨੂੰ ਸਦਾ ਹੀ) ਚਰਨੀਂ ਲਾ ਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲਿਆ ਹੈ।

੪. (ਕਿਉਂਕਿ) ਸੇਵਕ ਸਦਾ ਹੀ ਪਰਮੇਸ਼ਰ ਦਾ ਨਾਮ ਆਪਣੇ ਹਿਰਦੇ ਅੰਦਰ ਸੰਭਾਲੀ ਰੱਖਦਾ ਹੈ।੧।

੫. ਐਸੇ ਸੇਵਕ ਦਾ ਪਰਮਾਤਮਾ ਸਦਾ ਹੀ ਰਾਖਾ ਬਣਿਆ ਰਹਿੰਦਾ ਹੈ।

੬. ਹੇ ਭਾਈ! ਉਹ ਪ੍ਰਭੂ ਕਿਰਪਾ ਕਰ ਕੇ ਆਪਣੇ ਸੇਵਕਾਂ ਨੂੰ ਇਵੇਂ ਹੀ ਆਪਣੇ ਬਣਾਈ ਰੱਖਦਾ ਹੈ, (ਅਤੇ ਉਨ੍ਹਾਂ ਦੀ) ਪ੍ਰਤਿਪਾਲਨਾ ਭੀ ਇਵੇਂ ਹੀ ਕਰਦਾ ਰਹਿੰਦਾ ਹੈ, ਜਿਵੇਂ ਕਿ ਮਾਤਾ ਪਿਤਾ ਬੱਚਿਆਂ ਨੂੰ ਪਾਲਦੇ ਹਨ।੧।ਰਹਾਉ।

ਪ੍ਰ: ੭. ਹਜ਼ੂਰ ਜੀਉ! ਇਹ ਦਾਤ ਪ੍ਰਾਪਤ ਕਿੱਥੋਂ ਹੋ ਸਕਦੀ ਹੈ?

ਉ: ਹੇ ਪਿਆਰੇ! ਇਹ ਦਾਤ ਹਾਸਲ ਹੁੰਦੀ ਹੈ ਗੁਰੂ ਦੁਆਰਾ, ਪਰ ਉਹ ਗੁਰੂ ਕਿਸੇ ਵੱਡੇ ਭਾਗਾਂ ਵਾਲੇ ਮਨੁੱਖ ਨੇ ਹੀ ਲੱਭਿਆ ਹੈ।

੮. ਉਨ੍ਹਾਂ ਨੇ ਉਸ ਗੁਰੂ ਨੂੰ ਲੱਭ ਲਿਆ, ਜਿਸ ਗੁਰੂ ਨੇ ਉਨ੍ਹਾਂ ਵਾਸਤੇ ਜਮ ਦੇ ਦੇਸ਼ ਨੂੰ ਲੈ ਜਾਣ ਵਾਲਾ ਰਸਤਾ ਹੀ ਮਿਟਾ ਦਿੱਤਾ ਹੈ।

ਪ੍ਰ: ਕਿਉਂ ਜੀ! ਆਪ ਵੱਡੇ ਭਾਗਾਂ ਵਾਲਾ ਕਿਸ ਨੂੰ ਮੰਨਦੇ ਹੋ?

ਉ: ੯. ਹੇ ਭਾਈ! ਜਿਨ੍ਹਾਂ ਮਨੁੱਖਾਂ ਦਾ ਚਿੱਤ ਹਰੀ ਦੀ ਪ੍ਰੇਮਾ ਭਗਤੀ ਵਿਚ (ਸਦਾ ਹੀ) ਲੱਗਾ ਰਹਿੰਦਾ ਹੈ।

੧੦. ਉਹੋ ਹੀ ਵੱਡੇ ਭਾਗਾਂ ਵਾਲੇ ਹਨ, (ਉਹ ਸਦਾ ਹੀ ਪ੍ਰਭੂ ਪਿਆਰ ਵਿਚ ਮਗਨ ਰਹਿੰਦੇ ਹੋਏ), ਨਾਮ ਨੂੰ ਜਪ-ਜਪ ਕੇ ਸਦੀਵੀ ਕਾਲ ਅਮਰ ਜੀਵਨ ਜੀਉਂਦੇ ਹਨ।੨।

ਪ੍ਰ: ਕਿਉਂ ਜੀ! ਉਨ੍ਹਾਂ ਵੱਡਭਾਗੀਆਂ ਦੀ ਰਹਿਣੀ ਕੀ ਹੈ?

ਉ: ੧੧. ਹੇ ਪਿਆਰੇ! ਉਹ ਵੱਡਭਾਗੀ ਪਰਮੇਸ਼ਰ ਦਾ ਸੇਵਕ, ਉਸ ਪਰਮਾਤਮਾ ਦੀ ਆਤਮਕ ਜੀਵਨ ਦੇਣ ਵਾਲੀ ਬਾਣੀ ਨੂੰ ਸਦਾ ਹੀ ਗਾਉਂਦਾ ਰਹਿੰਦਾ ਹੈ।

੧੨. ਅਤੇ ਗੁਰਮੁਖ, ਸੇਵਕ, ਸੰਤਾਂ ਦੇ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕਰਦਾ ਹੈ (ਭਾਵ ਹੈ ਕਿ ਉਹ ਆਪਾ-ਭਾਵ ਮਿਟਾ ਕੇ ਸੰਤ ਜਨਾਂ ਦੀ ਸ਼ਰਨ ਪਿਆ ਰਹਿੰਦਾ ਹੈ।

ਪ੍ਰ: ਹਜ਼ੂਰ! ਉਸ ਵੱਡਭਾਗੀ ਸੇਵਕ ਨੂੰ ਇਹ ਨਾਮ ਦੀ ਦਾਤ ਕਿੱਥੋਂ ਪ੍ਰਾਪਤ ਹੋਈ?

ਉ: ੧੩. ਹੇ ਪਿਆਰਿਓ! ਉਸ (ਆਪਣੇ ਸੇਵਕ ਨੂੰ) ਪਰਮੇਸ਼ਰ ਜੀ ਨੇ ਆਪਣਾ ਨਾਮ ਆਪ ਹੀ ਬਖ਼ਸ਼ਸ਼ ਕੀਤਾ ਹੈ। (ਇਹ ਦਾਤ ਕੋਈ ਆਪਣੇ ਬਲ ਨਾਲ ਨਹੀਂ ਹਾਸਲ ਕਰ ਸਕਦਾ)।

੧੪. ਉਸ ਸੇਵਕ ਨੂੰ ਸਿਰਜਨਹਾਰ ਪ੍ਰਭੂ ਨੇ ਆਪ ਹੀ ਜੰਮਣ ਮਰਣ ਦੇ ਦੁੱਖ ਤੋਂ ਰੱਖ ਲਿਆ ਹੈ।੩।

ਪ੍ਰ: ਹਜ਼ੂਰ ਜੀ! ਉਨ੍ਹਾਂ ਸੇਵਕਾਂ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ੧੫. ਹੇ ਭਾਈਓ! (ਹਰੀ ਦੇ ਸੇਵਕਾਂ ਦੀ ਮਾਨਸਕ ਅਵਸਥਾ ਇਥੇ ਪੁੱਜ ਕੇ ਹੁਣ ਇਸ ਪ੍ਰਕਾਰ ਦੀ ਹੋ ਜਾਂਦੀ ਹੈ ਕਿ) ਉਨ੍ਹਾਂ ਦੀ ਜ਼ਿੰਦਗੀ ਦਾ ਆਸਰਾ ਹਰੀ ਦੇ ਦਰਸ਼ਨ ਹੀ ਹੋ ਜਾਂਦਾ ਹੈ।

੧੬. ਇਹੋ ਹੀ ਪੂਰਨ ਤੇ ਪਵਿੱਤ੍ਰ ਵੀਚਾਰ ਸੇਵਕਾਂ ਦਾ ਸਦਾ ਹੀ ਬਣਿਆ ਰਹਿੰਦਾ ਹੈ।

ਪ੍ਰ: ਕਿਉਂ ਜੀ! ਸੇਵਕ ਨੂੰ ਇਸ ਟਿਕਾਅ ਵਿਚ ਪੁੱਜ ਕੇ ਕੀ ਕੋਈ ਹੋਰ ਸਾਧਨ ਵੀ ਕਰਨਾ ਪੈਂਦਾ ਹੈ?

ਉ: ੧੭. ਹੇ ਪਿਆਰਿਓ! ਉਸ ਨੂੰ ਹੋਰ ਜਪ ਤਪ ਸਾਧਨ ਕਰਨ ਦੀ ਤਾਂ ਕੋਈ ਵੀ ਲੋੜ ਨਹੀਂ ਰਹਿੰਦੀ, ਪਰ ਹਾਂ, ਕੇਵਲ ਇਕ ਅਰਦਾਸ ਕਰਦੇ ਰਹਿਣ ਦਾ ਸਾਧਨ ਉਸ ਦਾ ਸਦਾ ਹੀ ਬਣਿਆ ਰਹਿੰਦਾ ਹੈ ਜੋ ਕਿ ਉਹ ਇਸ ਰੂਪ ਵਿਚ ਕਰਦਾ ਰਹਿੰਦਾ ਹੈ ਕਿ ਹੇ ਪ੍ਰਭੂ ਅੰਤਰਜਾਮੀ! ਤੂੰ ਮੇਰੇ 'ਤੇ ਕਿਰਪਾ ਦ੍ਰਿਸ਼ਟੀ ਕਰ।

੧੮. ਗੁਰੂ ਜੀ ਕਥਨ ਕਰਦੇ ਹਨ ਕਿ ਹੇ ਸੁਆਮੀ! ਦਾਸ ਨੇ (ਕੇਵਲ) ਆਪ ਜੀ ਦੀ ਹੀ ਸ਼ਰਨ ਗ੍ਰਹਿਣ ਕੀਤੀ ਹੈ।੪।

ਭਾਵਾਰਥ : ਇਸ ਸ਼ਬਦ ਵਿਚ ਸਤਿਗੁਰੂ ਜੀ ਪਰਮੇਸ਼ਰ ਦਾ ਆਦਿ ਤੋਂ ਆ ਰਿਹਾ ਬਿਰਦ ਦਰਸਾ ਰਹੇ ਹਨ ਕਿ ਉਹ ਸਾਈਂ ਜੀ ਆਪਣੇ ਸੇਵਕਾਂ ਦੀ ਹਰ ਸਮੇਂ, ਹਰ ਪ੍ਰਕਾਰ ਹੀ ਸਹਾਇਤਾ ਕਰਦਾ ਆ ਰਿਹਾ ਹੈ। ਆਪਣੇ ਸੇਵਕਾਂ ਨੂੰ ਗੁਰੂ ਆਪਣੇ ਚਰਨਾਂ ਦੀ ਸ਼ਰਨ ਵਿਚ ਰੱਖ ਕੇ ਸੰਸਾਰ ਸਾਗਰੋਂ ਪਾਰ ਕਰਦਾ ਹੈ। ਸੇਵਕ ਵੀ ਉਹੀ ਹੈ, ਜਿਸ ਨੇ ਸਾਈਂ ਜੀ ਦੀ ਪ੍ਰੇਮਾ ਭਗਤੀ ਵਿਚ ਚਿੱਤ ਜੋੜੀ ਰਖਿਆ ਹੋਵੇ।

ਸੋਰਠਿ ਮਹਲਾ ੫ ॥

੧. ਗੁਰਿ ਪੂਰੈ ਚਰਨੀ ਲਾਇਆ ॥
੨. ਹਰਿ ਸੰਗਿ ਸਹਾਈ ਪਾਇਆ ॥
੩. ਜਹ ਜਾਈਐ ਤਹਾ ਸੁਹੇਲੇ ॥
੪. ਕਰਿ ਕਿਰਪਾ ਪ੍ਰਭਿ ਮੇਲੇ ॥੧॥
੫. ਹਰਿ ਗੁਣ ਗਾਵਹੁ ਸਦਾ ਸੁਭਾਈ ॥

੬. ਮਨ ਚਿੰਦੇ ਸਗਲੇ ਫਲ ਪਾਵਹੁ
ਜੀਅ ਕੈ ਸੰਗਿ ਸਹਾਈ ॥੧॥ ਰਹਾਉ ॥
੭. ਨਾਰਾਇਣ ਪ੍ਰਾਣ ਅਧਾਰਾ ॥
੮. ਹਮ ਸੰਤ ਜਨਾਂ ਰੇਨਾਰਾ ॥
੯. ਪਤਿਤ ਪੁਨੀਤ ਕਰਿ ਲੀਨੇ ॥
੧੦. ਕਰਿ ਕਿਰਪਾ ਹਰਿ ਜਸੁ ਦੀਨੇ ॥੨॥
੧੧. ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥
੧੨. ਸਦ ਜੀਅ ਸੰਗਿ ਰਖਵਾਲਾ ॥
੧੩. ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
੧੪. ਬਹੁੜਿ ਨ ਜੋਨੀ ਪਾਈਐ ॥੩॥
੧੫. ਜਿਸੁ ਦੇਵੈ ਪੁਰਖੁ ਬਿਧਾਤਾ ॥
੧੬. ਹਰਿ ਰਸੁ ਤਿਨ ਹੀ ਜਾਤਾ ॥
੧੭. ਜਮਕੰਕਰੁ ਨੇੜਿ ਨ ਆਇਆ ॥
੧੮. ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥

ਪਦ ਅਰਥ : ਗੁਰਿ ਪੂਰੈ—ਪੂਰੇ ਗੁਰੂ ਨੇ। ਸੰਗਿ—(ਆਪਣੇ) ਨਾਲ। ਸਹਾਈ—ਮਦਦਗਾਰ, ਸਾਥੀ। ਜਹ—ਜਿਥੇ। ਸੁਹੇਲੇ—ਸੁਖੀ। ਪ੍ਰਭਿ—ਪ੍ਰਭੂ ਨੇ।੧।

ਸੁਭਾਈ—ਸੁਭਾਇ, ਪਿਆਰ ਨਾਲ। ਮਨ ਚਿੰਦੇ—ਮਨ ਇੱਛਤ, ਮਨ ਮੰਗੇ। ਸਗਲੇ—ਸਾਰੇ। ਜੀਅ ਕੈ ਸੰਗਿ—ਜਿੰਦ ਦੇ ਨਾਲ।੧।ਰਹਾਉ।

ਹਮ—ਅਸੀਂ, ਮੈਂ। ਰੇਨਾਰਾ—ਰੇਣ, ਚਰਣ ਧੂੜ। ਅਧਾਰਾ—ਆਸਰਾ। ਪਤਿਤ—ਵਿਕਾਰਾਂ ਵਿਚ ਡਿਗੇ ਹੋਏ। ਪੁਨੀਤ—ਪਵਿੱਤ੍ਰ। ਜਸੁ—ਸਿਫ਼ਤਿ-ਸਾਲਾਹ।੨।

ਸਦ—ਸਦਾ। ਰੈਨਿ—ਰਾਤ। ਬਹੁੜਿ—ਮੁੜ।੩।

ਬਿਧਾਤਾ—ਕਰਤਾਰ, ਰਚਨਹਾਰ। ਰਸੁ—ਸੁਆਦ। ਤਿਨ ਹੀ—ਤਿਨਿ ਹੀ, ਉਸ ਮਨੁੱਖ ਨੇ ਹੀ। ਜੰਮ ਕੰਕਰੁ—ਜਮਾਂ ਦਾ ਸੇਵਕ, ਜਮਦੂਤ।੪।

ਅਰਥ :

ਪ੍ਰ: ਹੇ ਗੁਰੋ ! ਜਿਸ ਪਰਮੇਸ਼ਰ ਨੂੰ ਆਪ ਸਦਾ ਅੰਗ-ਸੰਗ ਵਸਦਾ ਦੱਸ ਰਹੇ ਹੋ, ਉਸ ਨੂੰ ਸੁਖੈਨ ਪ੍ਰਾਪਤ ਕਰ ਲੈਣ ਦਾ ਕਿਹੜਾ ਤਰੀਕਾ ਹੈ ?

ਉ: ੧. ਹੇ ਭਾਈ ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਉਸ ਪਰਮੇਸ਼ਰ ਜੀ ਦੇ ਚਰਨਾਂ ਵਿਚ ਜੋੜ ਦਿੱਤਾ ਹੈ।

੨. ਉਸ ਪੁਰਸ਼ ਨੇ ਉਸ ਪਰਮਾਤਮਾ ਨੂੰ ਸੁਖੈਨ ਹੀ ਪ੍ਰਾਪਤ ਕਰ ਲਿਆ ਹੈ, ਜੋ ਕਿ ਸਾਈਂ ਹਰ ਵੇਲੇ ਸਾਡੇ ਅੰਗ-ਸੰਗ ਵਸੁਦਾ ਹੈ ਅਤੇ ਜਿੰਦ ਦਾ ਜੋ ਹਰ ਵੇਲੇ ਹੀ ਮਦਦਗਾਰ ਹੈ।

੩. ਹੇ ਪਿਆਰਿਓ ! ਜੇ ਕਦੀ ਹਰੀ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹੀਏ, ਤਾਂ ਜਿਥੇ ਭੀ ਜਾਓ ਉਥੇ ਸਦਾ ਹੀ ਸੁਖੀਏ ਰਹੀਦਾ ਹੈ।

੪. (ਪਰ ਹੇ ਭਰਾਵੋ ! ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ ਚਰਨਾਂ ਵਿਚ ਮਿਲਾਇਆ) ਪ੍ਰਭੂ ਨੇ ਆਪ ਹੀ ਕਿਰਪਾ ਕਰ ਕੇ ਮਿਲਾਇਆ ਹੈ।੧।

ਪ੍ਰ: ਹੇ ਗੁਰੋ ! ਕਿਰਪਾ ਕਰਕੇ ਸਾਨੂੰ ਭੀ ਸਦਾ ਸੁਖੀਏ ਰਹਿਣ ਦਾ ਕੋਈ ਢੰਗ ਦੱਸ ਦਿਓ।

ਉ: ੫. ਹੇ ਮਿੱਤਰੋ ! ਤੁਸੀਂ ਪਿਆਰ ਨਾਲ ਸਦਾ ਹੀ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਂਦੇ ਰਿਹਾ ਕਰੋ।

੬. (ਕਿਉਂਕਿ) ! (ਇਸੇ ਹੀ ਸਿਫ਼ਤਿ-ਸਾਲਾਹ ਦੀ ਬਰਕਤ ਨਾਲ) ਉਸ ਸਾਈਂ ਜੀ ਦੇ ਦਰ ਤੋਂ ਮਨ ਮੰਗੇ ਫਲ ਪ੍ਰਾਪਤ ਕਰ ਲਓਗੇ ਅਤੇ ਉਹ ਪ੍ਰਭੂ ਜੀ ਤੁਸਾਂ ਨੂੰ ਜਿੰਦ ਦੇ ਨਾਲ ਵਸਦਾ (ਸਦਾ ਹੀ) ਪ੍ਰਤੀਤ ਹੁੰਦਾ ਰਹੇਗਾ।੧।ਰਹਾਉ।

ਪ੍ਰ: ਕਿਉਂ ਜੀ ! ਜੋ ਮਨੁੱਖ ਸਦਾ ਹੀ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਨ੍ਹਾਂ ਦੇ ਅੰਦਰ ਨਿਸ਼ਚਾ ਕਿਸ ਰੂਪ ਵਿਚ ਬਣਿਆ ਰਹਿੰਦਾ ਹੈ ?

ਉ: ੭. ਹੇ ਭਾਈ ! (ਸੰਤ ਜਨਾਂ ਦੀ ਕਿਰਪਾ ਨਾਲ ਉਨ੍ਹਾਂ ਨੂੰ) ਪਰਮੇਸ਼ਰ ਹੀ ਜਿੰਦ ਦਾ ਆਸਰਾ ਪ੍ਰਤੀਤ ਹੁੰਦਾ ਰਹਿੰਦਾ ਹੈ।

੮. ਅਤੇ ਉਨ੍ਹਾਂ ਦੇ ਅੰਦਰੋਂ ਭੀ ਇਹੋ ਆਵਾਜ਼ ਆਉਂਦੀ ਹੈ ਕਿ ਹੇ ਭਾਈਓ ! ਮੈਂ ਤਾਂ ਸਦਾ ਹੀ ਸੰਤਾਂ ਦੇ ਚਰਨਾਂ ਦੀ ਧੂੜੀ ਚਾਹੁੰਦਾ ਹਾਂ।

੯. (ਕਿਉਂਕਿ) ਉਹ ਸੰਤ ਜਨ ਕਿਰਪਾ ਕਰ ਕੇ ਪਾਪੀਆਂ ਨੂੰ ਭੀ ਪਵਿੱਤਰ ਕਰ ਲੈਂਦੇ ਹਨ।

੧੦. (ਤੇ ਉਹ) ਸੰਤ ਜਨ ਕਿਰਪਾ ਕਰਕੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਦੀ ਦਾਤ ਭੀ ਬਖ਼ਸ਼ਸ਼ ਕਰਦੇ ਹਨ।੨।

੧੧. ਹੇ ਪਿਆਰੇ ! ਜੋ ਪਾਰਬ੍ਰਹਮ ਸਾਰਿਆਂ ਦੀ ਪ੍ਰਤਿਪਾਲਣਾ ਕਰਦਾ ਹੈ।

੧੨. ਉਹ ਸਦਾ ਹੀ ਜੀਵਾਂ ਦਾ ਸੰਗੀ ਰਹਿ ਕੇ ਰਖਵਾਲੀ ਕਰਦਾ ਹੈ।

ਪ੍ਰ: ਹੇ ਗੁਰੋ ! ਜੰਮਣ ਮਰਣ ਦਾ ਚੱਕ੍ਰ ਬਹੁਤ ਦੁਖਦਾਈ ਹੈ, ਕੋਈ ਐਸਾ ਸਾਧਨ ਕਹੋ, ਜਿਸ ਕਰ ਕੇ ਮੁੜ ਜੂਨਾਂ ਦੇ ਗੇੜ ਵਿਚ ਪੈਣਾ ਨਾ ਪਵੇ ?

ਉ: ੧੩. ਹੇ ਭਾਈਓ ! ਦਿਨ ਰਾਤ (ਹਰ ਵੇਲੇ) ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦੇ ਰਹਿਣਾ ਚਾਹੀਦਾ ਹੈ।

੧੪. (ਇਸੇ ਸਿਫ਼ਤਿ-ਸਾਲਾਹ ਦੀ ਬਰਕਤ ਨਾਲ) ਮੁੜ ਜਨਮ ਮਰਣ ਦੇ ਗੇੜ ਵਿਚ ਨਹੀਂ ਪੈ ਸਕੀਦਾ।੩।

ਪ੍ਰ: ਹਜ਼ੂਰ ਜੀ ! ਇਹ ਹਰੀ ਕੀਰਤਨ ਦੀ ਦਾਤ ਹਰ ਮਨੁੱਖ ਕਿਉਂ ਨਹੀਂ ਪ੍ਰਾਪਤ ਕਰਦਾ ?

ਉ: ੧੫. ਹੇ ਪਿਆਰੇ ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਇਹ ਤਾਂ ਉਸੇ ਨੂੰ ਹੀ ਹਾਸਲ ਹੋ ਸਕਦੀ ਹੈ, ਜਿਸ ਨੂੰ ਕਿ ਸਿਰਜਨਹਾਰ ਸਰਵ ਵਿਆਪਕ ਪ੍ਰਭੂ ਆਪ ਹੀ (ਇਹ ਦਾਤ) ਬਖ਼ਸ਼ਸ਼ ਕਰਦਾ ਹੈ।

੧੬. ਉਹ ਫਿਰ ਪਰਮਾਤਮਾ ਦੀ ਸ਼ਰਨ ਪਿਆ ਰਹਿ ਕੇ (ਸਦਾ ਹੀ) ਆਤਮਕ ਅਨੰਦ ਮਾਣਦਾ ਰਹਿੰਦਾ ਹੈ।

੧੭. ਉਸੇ ਆਤਮਕ ਰਸ ਦੀ ਬਰਕਤ ਨਾਲ, ਉਸ ਦੇ ਨੇੜੇ ਜਮਦੂਤ ਭੀ ਢੁੱਕਦਾ ਨਹੀਂ।

੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ (ਕਿਉਂਕਿ) ਉਸ ਨੇ ਗੁਰੂ ਦੀ ਸ਼ਰਨ ਵਿਚ ਆ ਕੇ ਸੁੱਖ ਸਰੂਪ ਪਰਮੇਸ਼ਰ ਨੂੰ ਪਾਇਆ ਹੈ।੪।੯।੫੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਉਸ ਸੰਗੀ ਰਹਿ ਕੇ ਸਹਾਇਤਾ ਕਰਨ ਵਾਲੇ ਪਰਮੇਸ਼ਰ ਦੀ ਪ੍ਰਾਪਤੀ ਹੋਣਾ ਕੇਵਲ ਗੁਰੂ ਦੀ ਚਰਨ ਸ਼ਰਨ ਹੀ ਦੱਸਦੇ ਹਨ ਅਤੇ ਸਦੀਵੀ ਕਾਲ ਸੁੱਖ ਪ੍ਰਾਪਤੀ ਦਾ ਸਾਧਨ ਭੀ ਕੇਵਲ ਪ੍ਰਭੂ ਜੀ ਦੀ ਬਾਣੀ ਦਾ ਕੀਰਤਨ ਉਚਾਰਨ ਕਰਦੇ ਹਨ। ਇਹੋ ਇਕ ਨਿਰਬਾਣ ਕੀਰਤਨ ਦੀ ਦਾਤ ਹੈ, ਜਿਸ ਦੀ ਬਰਕਤ ਨਾਲ ਮਨੁੱਖ ਸਦਾ ਹੀ ਸੁਖੀਆ ਰਹਿ ਸਕਦਾ ਹੈ।

ਸੋਰਠਿ ਮਹਲਾ ੫ ॥

੧. ਗੁਰਿ ਪੂਰੈ ਕੀਤੀ ਪੂਰੀ ॥
੨. ਪ੍ਰਭੁ ਰਵਿ ਰਹਿਆ ਭਰਪੂਰੀ ॥
੩. ਖੇਮ ਕੁਸਲ ਭਇਆ ਇਸਨਾਨਾ ॥
੪. ਪਾਰਬ੍ਰਹਮ ਵਿਟਹੁ ਕੁਰਬਾਨਾ ॥੧॥
੫. ਗੁਰ ਕੇ ਚਰਨ ਕਵਲ ਰਿਦ ਧਾਰੇ ॥
੬. ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ ॥੧॥ ਰਹਾਉ ॥
੭. ਮਿਲਿ ਸਾਧੂ ਦੁਰਮਤਿ ਖੋਏ ॥
੮. ਪਤਿਤ ਪੁਨੀਤ ਸਭ ਹੋਏ ॥
੯. ਰਾਮਦਾਸਿ ਸਰੋਵਰ ਨਾਤੇ ॥
੧੦. ਸਭ ਲਾਥੇ ਪਾਪ ਕਮਾਤੇ ॥੨॥
੧੧. ਗੁਨ ਗੋਬਿੰਦ ਨਿਤ ਗਾਈਐ ॥
੧੨. ਸਾਧਸੰਗਿ ਮਿਲਿ ਧਿਆਈਐ ॥
੧੩. ਮਨ ਬਾਂਛਤ ਫਲ ਪਾਏ ॥
੧੪. ਗੁਰੁ ਪੂਰਾ ਰਿਦੈ ਧਿਆਏ ॥੩॥
੧੫. ਗੁਰ ਗੋਪਾਲ ਆਨੰਦਾ ॥
੧੬. ਜਪਿ ਜਪਿ ਜੀਵੈ ਪਰਮਾਨੰਦਾ ॥
੧੭. ਜਨ ਨਾਨਕ ਨਾਮੁ ਧਿਆਇਆ ॥
੧੮. ਪ੍ਰਭ ਅਪਨਾ ਬਿਰਦੁ ਰਖਾਇਆ ॥੪॥੧੦॥੬੦॥

ਪਦ ਅਰਥ : ਗੁਰਿ ਪੂਰੈ—ਪੂਰੇ ਗੁਰੂ ਨੇ। ਪੂਰੀ—ਸਫਲਤਾ। ਭਰਪੂਰੀ—ਹਰ ਥਾਂ ਮੌਜੂਦ। ਖੇਮ ਕੁਸਲ—ਆਤਮਕ ਸੁੱਖ ਅਨੰਦ। ਵਿਟਹੁ—ਤੋਂ।੧।

ਰਿਦ—ਰਿਦੈ, ਹਿਰਦੇ ਵਿਚ। ਤਿਲ ਕਾ—ਤਿਲ ਜਿਤਨਾ ਭੀ, ਰਤਾ ਭੀ। ਸਗਲ—ਸਾਰੇ।੧।ਰਹਾਉ।

ਮਿਲਿ ਸਾਧੂ—ਗੁਰੂ ਨੂੰ ਮਿਲ ਕੇ। ਦੁਰਮਤਿ—ਖੋਟੀ ਅਕਲ। ਪਤਿਤ—ਵਿਕਾਰਾਂ ਵਿਚ ਡਿਗੇ ਹੋਏ। ਪੁਨੀਤ—ਪਵਿੱਤ੍ਰ। ਰਾਮਦਾਸ ਸਰੋਵਰਿ—ਰਾਮ ਦੇ ਦਾਸਾਂ ਦੇ ਸਰੋਵਰ ਵਿਚ, ਸਾਧ ਸੰਗਤ ਵਿਚ। ਨਾਤੇ—ਨ੍ਹਾਤੇ, ਇਸ਼ਨਾਨ ਕੀਤਾ।੨।

ਸਾਧਸੰਗਿ—ਸਾਧ ਸੰਗਤ ਵਿਚ। ਮਨ ਬਾਂਛਤ—ਮਨ ਇੱਛੇ। ਰਿਦੈ—ਹਿਰਦੇ ਵਿਚ।੩।

ਪਰਮਾਨੰਦ—ਸਭ ਤੋਂ ਉੱਚੇ ਆਨੰਦ ਦਾ ਮਾਲਕ ਪ੍ਰਭੂ। ਬਿਰਦੁ—ਮੁੱਢ ਕਦੀਮਾਂ ਦਾ ਸੁਭਾਉ।੪।

ਅਰਥ :

ਪ੍ਰ: ਹੇ ਗੁਰੋ! ਅਸੀਂ ਆਪ ਜੀ ਦੀ ਹਰ ਪੱਖ ਤੋਂ ਹੀ ਪੂਰਨ ਸਫਲਤਾ ਪ੍ਰਾਪਤ ਹੋਈ ਤਕਦੇ ਹਾਂ, ਪਰ ਇਸ ਸਫਲਤਾ ਨੂੰ ਹਾਸਲ ਕਰਨ ਲਈ ਆਪ ਜੀ ਨੇ ਕਿਹੜਾ ਸਾਧਨ ਕੀਤਾ ਹੈ?

ਉ: ੧. ਹੇ ਭਾਈਓ! ਅਸਲ ਵਿਚ ਮੈਂ ਸਾਧਨ ਤਾਂ ਕੋਈ ਭੀ ਨਹੀਂ ਕਰ ਸਕਿਆ, ਪਰ ਇਹ ਮੇਰੇ ਆਤਮਕ ਜੀਵਨ ਵਿਚ ਹਰ ਤਰ੍ਹਾਂ ਦੀ ਪੂਰੀ ਸਫਲਤਾ, ਮੈਨੂੰ ਮੇਰੇ ਪੂਰੇ ਗੁਰੂ ਨੇ ਹੀ ਬਖ਼ਸ਼ਸ਼ ਕੀਤੀ ਹੈ।

੨. (ਇਸੇ ਹੀ ਗੁਰੂ ਦੀ ਮਿਹਰ ਦਾ ਸਦਕਾ ਹੁਣ ਮੈਨੂੰ) ਉਹ ਪਰਮੇਸ਼ਰ ਹਰ ਥਾਂ ਹੀ ਵਿਆਪਕ ਨਜ਼ਰ ਆ ਰਿਹਾ ਹੈ।

੩. ਹੁਣ ਮੇਰੇ ਅੰਦਰ ਆਤਮਕ ਸੁੱਖ ਅਨੰਦ ਬਣ ਗਿਆ ਹੈ, ਇਹੋ ਹੀ ਇਕ ਪਵਿੱਤਰ ਇਸ਼ਨਾਨ ਹੈ, (ਜੋ ਕਿ ਮੈਂ ਗੁਰੂ ਸਰ ਵਿਚ ਕੀਤਾ ਹੈ)।

੪. ਹੇ ਭਾਈਓ! ਜਿਸ ਸਾਈਂ ਜੀ ਨੇ ਮੈਨੂੰ ਗੁਰੂ ਜੀ ਦਾ ਮਿਲਾਪ ਕਰਵਾ ਦਿੱਤਾ ਹੈ, ਮੈਂ ਉਸੇ ਹੀ ਪਾਰਬ੍ਰਹਮ ਤੋਂ ਕੁਰਬਾਨ ਜਾਂਦਾ ਹਾਂ।੧।

੫. (ਕਿਉਂਕਿ) ਉਸੇ ਪਰਮੇਸ਼ਰ ਦੀ ਮਿਹਰ ਦਾ ਸਦਕਾ ਮੈਂ ਗੁਰੂ ਜੀ ਦੇ ਕੌਲ ਫੁੱਲ ਵਰਗੇ ਕੋਮਲ ਚਰਨ ਆਪਣੇ ਹਿਰਦੇ ਅੰਦਰ ਵਸਾ ਲਏ ਹਨ।

੬. ਹੇ ਪਿਆਰੇ! ਜਿਸ ਕਿਸੇ ਭੀ ਗੁਰੂ ਦੇ ਚਰਨ ਕਮਲਾਂ ਨੂੰ ਹਿਰਦੇ ਅੰਦਰ ਵਸਾ ਲਿਆ ਹੈ, ਉਸ ਦੀ ਜ਼ਿੰਦਗੀ ਦੇ ਸਫ਼ਰ ਵਿਚ ਤਾਂ ਰਤਾ ਭਰ ਭੀ ਕੋਈ ਰੋਕ ਨਹੀਂ ਆ ਸਕਦੀ, (ਕਿਉਂਕਿ) ਗੁਰੂ ਉਸ ਦੇ ਸਾਰੇ ਹੀ ਕੰਮ (ਸਦਾ) ਆਪ ਸਵਾਰਦਾ ਰਹਿੰਦਾ ਹੈ।੧।ਰਹਾਉ।

ਪ੍ਰ: ਕਿਉਂ ਜੀ! ਮਨੁੱਖਾਂ ਅੰਦਰ ਤਾਂ ਖੋਟੀ ਮਤਿ ਦੀ ਐਸੀ ਪ੍ਰਬਲਤਾ ਛਾਈ ਰਹਿੰਦੀ ਹੈ, ਜਿਸ ਦੇ ਪ੍ਰਭਾਵ ਹੇਠ ਦਬਿਆਂ ਮਨੁੱਖਾਂ ਦੇ ਜੀਵਨ-ਸਫ਼ਰ ਵਿਚ ਅਨੇਕਾਂ ਹੀ ਰੁਕਾਵਟਾਂ ਆਉਂਦੀਆਂ ਰਹਿੰਦੀਆਂ ਹਨ, ਪਰ ਸੇਵਕ ਇਨ੍ਹਾਂ ਰੁਕਾਵਟਾਂ ਤੋਂ ਕਿਵੇਂ ਬਚੇ ਰਹਿੰਦੇ ਹਨ?

ਉ: ੭. ਹੇ ਭਾਈਓ! ਗੁਰੂ ਦੇ ਸੇਵਕਾਂ ਨੇ ਗੁਰੂ ਨੂੰ ਮਿਲ ਕੇ ਆਪਣੇ ਅੰਦਰੋਂ ਖੋਟੀ ਮਤਿ ਨੂੰ ਦੂਰ ਕਰ ਲਿਆ ਹੈ।

੮. ਇਸ ਤਰ੍ਹਾਂ ਸਾਰੇ ਵਿਕਾਰੀ ਮਨੁੱਖ ਭੀ ਗੁਰੂ ਨੂੰ ਮਿਲ ਕੇ ਪਵਿੱਤ੍ਰ ਜੀਵਨ ਵਾਲੇ ਹੋ ਜਾਂਦੇ ਹਨ।

ਪ੍ਰ: ਸ੍ਰੀ ਜੀਉ! ਇਹ ਦੱਸੋ ਕਿ ਉਹੁ ਸੱਚਾ ਸਰੋਵਰ ਕਿਹੜਾ ਹੈ, ਜਿਸ ਵਿਚ ਇਸ਼ਨਾਨ ਕੀਤਿਆਂ ਮਨੁੱਖ ਦੇ ਸਾਰੇ ਹੀ ਪਾਪ ਲਹਿ ਜਾਂਦੇ ਹਨ?

ਉ: ੯. ਹੇ ਭਾਈਓ! (ਸੱਚਾ ਸਰੋਵਰ ਤਾਂ ਕੇਵਲ ਇਕ) ਰਾਮ ਦੇ ਦਾਸਾਂ ਦਾ, ਭਾਵ ਸਾਧ ਸੰਗਤ ਹੈ, ਜੋ ਇਸ ਵਿਚ ਆਤਮਕ ਇਸ਼ਨਾਨ ਕਰਦੇ ਹਨ, ਅਰਥਾਤ, (ਜੋ ਆਪਣੇ ਮਨ ਨੂੰ ਸੰਗਤ ਵਿਚ ਨਾਮ-ਜਲ ਨਾਲ ਇਸ਼ਨਾਨ ਕਰਾਂਦੇ ਹਨ)।

੧੦. ਐਸੇ ਸੱਚੇ ਸਰੋਵਰ, ਸਾਧ ਸੰਗਤ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਸਾਰੇ ਪਿਛਲੇ ਕਮਾਏ ਹੋਏ ਪਾਪ ਲਹਿ ਜਾਂਦੇ ਹਨ।੨।

੧੧. ਹੇ ਭਾਈਓ! ਗੁਰੂ ਦੀ ਸੰਗਤ ਵਿਚ ਮਿਲ ਕੇ ਉਸ ਗੋਬਿੰਦ ਦੇ ਗੁਣ ਗਾਉਂਦੇ ਰਹੋ।

੧੨. ਅਤੇ ਸਦਾ ਸੰਗਤ ਵਿਚ ਮਿਲ ਕੇ ਪਰਮੇਸ਼ਰ ਦਾ ਨਾਮ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।

੧੩. ਹੇ ਪਿਆਰੇ! ਫਿਰ ਉਹ ਪੁਰਸ਼ ਮਨ ਇੱਛੇ ਫਲ ਹੀ ਪ੍ਰਾਪਤ ਕਰਦਾ ਹੈ।

੧੪. ਜਿਹੜਾ ਕਿ ਮਨੁੱਖ ਪੂਰੇ ਗੁਰੂ ਨੂੰ ਆਪਣੇ ਹਿਰਦੇ ਅੰਦਰ ਵਸਾਂਦਾ ਹੈ।੩।

ਪ੍ਰ: ਹਜ਼ੂਰ! ਇਹ ਦੱਸੋ ਕਿ ਗੁਰਮਤਿ ਅਨੁਸਾਰ ਮਨੁੱਖ ਨੂੰ ਅਸਲ ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ?

ਉ: ੧੫. ਹੇ ਪਿਆਰੇ! ਉਹ ਪਰਮੇਸ਼ਰ ਜੋ ਸ੍ਰਿਸ਼ਟੀ ਦਾ ਪਾਲਕ ਹੈ, ਜੇ ਉਸ ਨੂੰ ਗੁਰਾਂ ਦੁਆਰਾ ਜਪਦੇ ਰਹੀਏ ਤਾਂ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ।

੧੬. ਹੇ ਭਾਈਓ! ਜੋ ਗੁਰਮੁਖ ਹਨ, ਉਹ ਤਾਂ ਪਰਮ ਅਨੰਦ ਸਰੂਪ ਪ੍ਰਭੂ ਨੂੰ (ਸਦਾ ਹੀ) ਜਪ-ਜਪ ਕੇ ਜੀਉਂਦੇ ਹਨ।

੧੭. ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਪਿਆਰੇ! ਜਿਨ੍ਹਾਂ ਪੁਰਖਾਂ ਨੇ ਨਾਮ ਨੂੰ ਧਿਆਇਆ ਹੈ, (ਉਨ੍ਹਾਂ ਲਈ)

੧੮. ਪਰਮੇਸ਼ਰ ਆਪਣਾ ਮੁੱਢ ਕਦੀਮਾਂ ਦਾ ਪਿਆਰ ਕਰਨ ਵਾਲਾ ਸੁਭਾਉ ਕਾਇਮ ਰੱਖਦਾ ਹੈ, ਭਾਵ ਉਹ ਆਪਣੇ ਸੇਵਕਾਂ ਦੀ ਹਰ ਸਮੇਂ ਹਰ ਤਰ੍ਹਾਂ ਹੀ ਰੱਖਿਆ ਕਰਦਾ ਰਹਿੰਦਾ ਹੈ।੪।੧੦।੬੦।

ਭਾਵਾਰਥ : ਗੁਰੂ ਜੀ ਇਸ ਸ਼ਬਦ ਵਿਚ ਉਨ੍ਹਾਂ ਸੇਵਕਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਨੇ ਆਪਣੇ ਹਿਰਦੇ ਅੰਦਰ ਉਸ ਸੱਚੇ ਸਾਈਂ ਜੀ ਦੇ ਚਰਨ ਵਸਾਏ ਹਨ। ਐਸੇ ਸੇਵਕਾਂ ਨੂੰ ਉਨ੍ਹਾਂ ਦੇ ਜੀਵਨ-ਸਫ਼ਰ ਵਿਚ ਕਿਸੇ ਪ੍ਰਕਾਰ ਦੀ ਵੀ ਰੋਕ ਨਹੀਂ ਆਉਂਦੀ ਅਤੇ ਉਨ੍ਹਾਂ ਦੇ ਹਰ ਕਾਰਜ ਵਿਚ ਪ੍ਰਭੂ ਜੀ ਆਪ ਹੀ ਸਹਾਇਕ ਹੁੰਦਾ ਹੈ।

ਸਾਧ ਸੰਗਤ ਰੂਪੀ ਸੱਚੇ ਸਰੋਵਰ ਵਿਚ ਇਸ਼ਨਾਨ ਕਰਨ ਵਾਲਾ ਆਤਮਕ ਇਸ਼ਨਾਨੀ ਜਨਮਾਂ-ਜਨਮਾਂ ਦੇ ਪਾਪਾਂ ਦਾ ਨਾਸ਼ਕ ਹੁੰਦਾ ਹੈ, ਇਸੇ ਲਈ ਹਜ਼ੂਰ ਇਸ ਸ਼ਬਦ ਵਿਚ ਹਦਾਇਤ ਕਰਦੇ ਹਨ ਕਿ ਸਾਧ ਸੰਗਤ ਵਿਚ ਮਿਲ ਕੇ ਸਦਾ ਪਰਮੇਸ਼ਰ ਜੀ ਦੇ ਗੁਣ ਗਾਉਂਦੇ ਰਹੋ, ਜਿਸ ਦੀ ਬਰਕਤ ਨਾਲ ਮਨ ਬਾਂਛਤ ਫਲ ਪ੍ਰਾਪਤ ਹੋ ਸਕਣਗੇ।

ਰਾਗੁ ਸੋਰਠਿ ਮਹਲਾ ੫ ॥

੧. ਦਹ ਦਿਸ ਛਤ੍ਰ ਮੇਘ ਘਟਾ ਘਟ
ਦਾਮਨਿ ਚਮਕਿ ਡਰਾਇਓ ॥
੨. ਸੇਜ ਇਕੇਲੀ ਨੀਦ ਨਹੁ ਨੈਨਹ
ਪਿਰੁ ਪਰਦੇਸਿ ਸਿਧਾਇਓ ॥੧॥
੩. ਹੁਣਿ ਨਹੀ ਸੰਦੇਸਰੋ ਮਾਇਓ ॥
੪. ਏਕ ਕੋਸਰੋ ਸਿਧਿ ਕਰਤ ਲਾਲੁ
ਤਬ ਚਤੁਰ ਪਾਤਰੋ ਆਇਓ ॥ ਰਹਾਉ ॥
੫. ਕਿਉ ਬਿਸਰੈ ਇਹੁ ਲਾਲੁ ਪਿਆਰੋ
ਸਰਬ ਗੁਣਾ ਸੁਖਦਾਇਓ ॥
੬. ਮੰਦਰਿ ਚਰਿ ਕੈ ਪੰਥੁ ਨਿਹਾਰਉ
ਨੈਨ ਨੀਰਿ ਭਰਿ ਆਇਓ ॥੨॥
੭. ਹਉ ਹਉ ਭੀਤਿ ਭਇਓ ਹੈ ਬੀਚੋ
ਸੁਨਤ ਦੇਸਿ ਨਿਕਟਾਇਓ ॥
੮. ਭਾਂਭੀਰੀ ਕੇ ਪਾਤ ਪਰਦੋ
ਬਿਨੁ ਪੇਖੇ ਦੂਰਾਇਓ ॥੩॥
੯. ਭਇਓ ਕਿਰਪਾਲੁ ਸਰਬ ਕੋ ਠਾਕੁਰੁ
ਸਗਰੋ ਦੂਖੁ ਮਿਟਾਇਓ ॥
੧੦. ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ
ਤਉ ਦਇਆਰੁ ਬੀਠਲੋ ਪਾਇਓ ॥੪॥
੧੧. ਸਭੁ ਰਹਿਓ ਅੰਦੇਸਰੋ ਮਾਇਓ ॥
੧੨. ਜੋ ਚਾਹਤ ਸੋ ਗੁਰੂ ਮਿਲਾਇਓ ॥
੧੩. ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥੧੧॥੬੧॥

ਪਦ ਅਰਥ : ਦਹ ਦਿਸ—ਦਸੀਂ ਪਾਸੀਂ। ਦਹ—ਦਸ। ਦਿਸ—ਪਾਸਾ। ਮੇਘ—ਬੱਦਲ। ਛਤ੍ਰ—ਛਤਰੀ। ਘਟਾ ਘਟ—ਘਟਾਂ ਹੀ ਘਟਾਂ। ਦਾਮਨਿ—ਬਿਜਲੀ। ਚਮਕਿ—ਚਮਕ ਕੇ। ਨਹੁ—ਨਹੀਂ। ਨੈਨਹ—ਅੱਖਾਂ ਵਿਚ। ਪਿਰੁ—ਪਤੀ। ਪਰਦੇਸਿ—ਬਿਗਾਨੇ ਦੇਸ਼ ਵਿਚ।੧।

ਸੰਦੇਸਰੋ—ਸਨੇਹਾ। ਮਾਇਓ—ਹੇ ਮਾਂ। ਕੋਸਰੋ—ਕੋਹ। ਸਿਧਿ ਕਰਤ—ਤੈਹ ਕਰਦਾ ਸੀ। ਚਤੁਰ ਪਾਤਰੋ—ਚਾਰ ਪਤੀਆਂ, ਚਾਰ ਚਿੱਠੀਆਂ।ਰਹਾਉ।

ਬਿਸਰੈ—ਭੁੱਲ ਜਾਏ। ਸੁਖਦਾਇਓ—ਸੁੱਖ ਦੇਣ ਵਾਲਾ। ਮੰਦਰਿ—ਮੰਦਰ ਉੱਤੇ, ਕੋਠੇ ਉੱਤੇ। ਚਰਿ ਕੈ—ਚੜ੍ਹ ਕੇ। ਪੰਥੁ—ਰਸਤਾ। ਨਿਹਾਰਉ—ਨਿਹਾਰਉਂ, ਮੈਂ ਦੇਖਦੀ ਹਾਂ। ਨੀਰਿ—ਨੀਰ ਨਾਲ, (ਵੈਰਾਗ) ਜਲ ਨਾਲ।੨।

ਭੀਤਿ—ਕੰਧ। ਹਉ ਹਉ ਭੀਤਿ—ਹਉਮੈ ਦੀ ਕੰਧ। ਬੀਚੋ—ਵਿਚਕਾਰ। ਦੇਸਿ—ਦੇਸ਼ ਵਿਚ, ਹਿਰਦੇ ਵਿਚ। ਨਿਕਟਾਇਓ—ਨਿਕਟ ਹੀ, ਨੇੜੇ ਹੀ। ਕੇ—ਦੇ। ਪਾਤ—ਖੰਡ। ਪਰਦੋ—ਪਰਦਾ।੩।

ਕੋ—ਦਾ। ਸਗਰੋ—ਸਾਰਾ। ਗੁਰਿ—ਗੁਰੂ ਨੇ। ਤਉ—ਤਦੋਂ। ਦਇਆਰੁ—ਦਇਆਲ। ਬੀਠਲੋ—ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲਾ, ਪਰਮਾਤਮਾ।੪।

ਅੰਦੇਸਰੋ—ਫ਼ਿਕਰ। ਗੁਨਾ ਨਿਧਿ—ਗੁਣਾਂ ਦਾ ਖ਼ਜ਼ਾਨਾ। ਰਾਇਓ—ਪ੍ਰਭ, ਪਾਤਸ਼ਾਹ, ਰਾਜਾ। ਰਹਾਉ ਦੂਜਾ।

ਉਥਾਨਕਾ : ਸ੍ਰੀ ਗੁਰੂ ਰਾਮ ਦਾਸ ਜੀ ਦੀ ਆਗਿਆ ਮੰਨ ਕੇ ਗੁਰੂ ਅਰਜਨ ਸਾਹਿਬ ਜੀ ਆਪਣੇ ਤਾਏ (ਸਹਾਰੀ ਮਲ) ਜੀ ਨਾਲ ਜਿਸ ਵੇਲੇ ਵਿਆਹ ਦਾ ਕਾਰਜ ਨਿਭਾਉਣ ਵਾਸਤੇ ਲਾਹੌਰ ਗਏ ਹਨ। ਵਿਆਹ ਹੋਣ ਤੋਂ ਬਾਅਦ ਭੀ ਜਦ ਬਹੁਤ ਸਮਾਂ ਬੀਤ ਗਿਆ ਤਾਂ ਸ੍ਰੀ ਗੁਰੂ ਰਾਮ ਦਾਸ ਜੀ ਨੇ ਨਾ ਕੋਈ ਪਤ੍ਰਕਾ ਭੇਜੀ ਤੇ ਨਾ ਹੀ ਕੋਈ ਸਿੱਖ ਭੇਜ ਕੇ ਬੁਲਾਇਆ। ਉਸ ਵੇਲੇ ਪਿਆਰੇ ਗੁਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਬ੍ਰਿਹਣੀ ਇਸਤ੍ਰੀ ਦੇ ਅਲੰਕਾਰ ਵਿਚ ਇਹ ਸ਼ਬਦ ਉਚਾਰਿਆ।

ਅਰਥ :

ਪ੍ਰ: ਸ੍ਰੀ ਗੁਰੂ ਜੀਓ! ਜਦੋਂ ਆਪ ਜੀ ਪਿਤਾ ਗੁਰੂ ਰਾਮ ਦਾਸ ਜੀ ਦੀ ਆਗਿਆ ਦਾ ਪਾਲਨ ਕਰਦੇ ਹੋਏ ਲਾਹੌਰ ਪਹੁੰਚੇ ਸਉ, ਤਾਂ ਆਪ ਜੀ ਨੂੰ ਪਿਤਾ ਨੇ ਉਥੋਂ ਬਹੁਤ ਦੇਰ ਕਾਲ ਤਕ ਨਹੀਂ ਸੀ ਬੁਲਾਇਆ ਤਾਂ ਉਸ ਵੇਲੇ ਤੁਹਾਡੇ ਪਿਆਰ ਭਰੇ ਦਿਲ ਵਿਚ ਵਿਛੋੜੇ ਅੰਦਰ ਕੀ ਵਲਵਲੇ ਉੱਠ ਰਹੇ ਸਨ, ਭਾਵ ਉਸ ਵੇਲੇ ਤੁਹਾਡੀ ਮਾਨਸਕ ਦਸ਼ਾ ਕਿਸ ਰੂਪ ਵਿਚ ਵਰਤ ਰਹੀ ਸੀ ?

ਉ: ੧. ਹੇ ਪਿਆਰਿਓ! ਪਿਆਰ ਭਰੇ ਦਿਲ ਵਿਚ ਜੋ ਵਿਛੋੜੇ ਦਾ ਦੁੱਖ ਹੋਇਆ ਕਰਦਾ ਹੈ, ਉਸ ਨੂੰ ਸਹੀ ਰੂਪ ਵਿਚ ਤਾਂ ਬਿਆਨਿਆ ਨਹੀਂ ਜਾ ਸਕਦਾ, ਪਰ ਹਾਂ, ਉਸ ਨੂੰ ਇਸ਼ਾਰੇ ਮਾਤਰ ਸਮਝਾਉਣ ਲਈ ਇਉਂ ਹੀ ਕਹਿ ਸਕਦੇ ਹਾਂ ਕਿ ਹੇ ਭਾਈ! ਜਦ ਦਸੀਂ ਪਾਸੀਂ ਬੱਦਲਾਂ ਦੀਆਂ (ਕਾਲੀਆਂ-ਕਾਲੀਆਂ) ਘਟਾਂ ਹੀ ਘਟਾਂ ਛੱਤਰੀ ਵਾਂਗੂੰ (ਪਸਰੀਆਂ) ਹੁੰਦੀਆਂ ਹਨ ਅਤੇ ਬਿਜਲੀ ਚਮਕ-ਚਮਕ ਕੇ ਡਰਾਉਂਦੀ ਹੈ।

੨. ਹੇ ਭਾਈ! ਐਸੇ ਭਿਆਨਕ ਡਰਾਉਣੇ ਸਮੇਂ ਵਿਚ, ਜਿਸ ਇਸਤਰੀ ਦਾ ਪਤੀ ਪ੍ਰਦੇਸਾਂ ਵਿਚ ਗਿਆ ਹੋਵੇ, ਉਸ ਦੀ ਸੇਜਾ (ਪਤੀ ਤੋਂ ਬਿਨਾ) ਸੁੰਞੀਂ ਹੁੰਦੀ ਹੈ, ਉਸ ਦੁਖਿਆਰਨ ਦੀਆਂ ਅੱਖਾਂ ਵਿਚ ਨੀਂਦ ਨਹੀਂ ਆਉਂਦੀ (ਇਸੇ ਰੂਪ ਵਿਚ ਗੁਰੂ ਤੋਂ ਵਿਛੜ ਕੇ ਸਾਡੀ ਦਸ਼ਾ ਹੋ ਰਹੀ ਸੀ)।੧।

ਪ੍ਰ: ਕਿਉਂ ਜੀ! ਉਹ ਇਸਤਰੀ ਇਸ ਭਿਆਨਕ ਦੁੱਖ ਭਰੇ ਸਮੇਂ ਵਿਚ ਕਿਸੇ ਨੂੰ ਆਪਣੀ ਇਹ ਦਸ਼ਾ ਕਹਿ ਕੇ ਕਿਉਂ ਨਹੀਂ ਸਮਝਾ ਦੇਂਦੀ ਤਾਂਕਿ ਇਸ ਦੀ ਕੋਈ ਮਦਦ ਕਰ ਸਕੇ ?

ਉ: ੩. ਹੇ ਭਾਈਓ! (ਉਹ ਤਾਂ ਪਤੀ ਤੋਂ ਵਿਛੜ ਕੇ ਘਬਰਾਈ ਹੋਈ ਉੱਚੀ-ਉੱਚੀ ਪੁਕਾਰ ਕੇ ਇਉਂ ਆਖਦੀ ਰਹਿੰਦੀ ਹੈ ਕਿ ਹੇ ਮਾਂ! ਹੇ ਭਾਈਓ! ਹੁਣ ਤਾਂ (ਪਤੀ ਵਲੋਂ) ਕੋਈ ਸੁਨੇਹਾ ਭੀ ਨਹੀਂ ਆਉਂਦਾ।

੪. (ਪਹਿਲੋਂ ਜਦੋਂ ਕਦੇ ਘਰੋਂ ਜਾ ਕੇ ਪਤੀ) ਇਕ ਕੋਹ ਪੈਂਡਾ ਭੀ (ਸਫ਼ਰ) ਕਰਦਾ ਸੀ ਤਦੋਂ (ਉਸ ਦੀਆਂ) (ਮੈਨੂੰ) ਚਾਰ ਚਿੱਠੀਆਂ ਆ ਜਾਂਦੀਆਂ ਸਨ (ਪਰ ਹੁਣ ਨਾ ਕੋਈ ਸੁਨੇਹਾ ਤੇ ਨਾ ਹੀ ਕੋਈ ਪਤ੍ਰਕਾ ਹੀ ਆਉਂਦੀ ਹੈ, ਪਤਾ ਨਹੀਂ ਮੈਨੂੰ ਉਸ ਪਿਆਰੇ ਜੀ ਨੇ ਕਿਉਂ ਵਿਸਾਰ ਦਿੱਤਾ ਹੈ।ਰਹਾਉ।

ਪ੍ਰ: ਹੇ ਭੈਣੇ! ਤੂੰ ਭੀ ਛੱਡ ਪਰੇ, ਜੇ ਉਸ ਨੇ ਤੈਨੂੰ ਭੁਲਾ ਦਿੱਤਾ ਹੈ, ਤੂੰ ਭੀ ਉਸ ਨੂੰ ਵਿਸਾਰ ਦੇ।

ਉ: ੫. ਹੇ ਮਾਂ! ਤੂੰ ਹੀ ਦੱਸ ਕਿ ਮੈਨੂੰ ਉਹ ਮੇਰਾ ਸੋਹਣਾ ਪਿਆਰਾ ਲਾਲ ਪ੍ਰਭੂ ਕਿਵੇਂ ਭੁੱਲ ਸਕਦਾ ਹੈ ? (ਕਿਉਂਕਿ) ਉਹ ਤਾਂ ਸਾਰੇ ਹੀ ਗੁਣਾਂ ਦਾ ਮਾਲਕ ਹੈ, ਸਾਰੇ ਸੁੱਖ ਦੇਣ ਵਾਲਾ ਹੈ।

ਪ੍ਰ: ਹੇ ਭੈਣੇ ਦੱਸ, ਕੀ ਤੂੰ ਉਸ ਆਪਣੇ ਪਿਆਰੇ ਦੇ ਮਿਲਣ ਦਾ ਕੋਈ ਉੱਦਮ ਨਹੀਂ ਕਰਦੀ ?

ਉ: ੬. ਹੇ ਮਾਂ! ਮੈਂ ਉੱਦਮ ਤਾਂ ਬਹੁਤ ਕਰਦੀ ਹਾਂ ਕਿ ਜਿਵੇਂ ਇਕ ਪਤੀ ਤੋਂ ਵਿਛੜੀ ਨਾਰ ਹੈ, ਉਹ ਕੋਠੇ ਉੱਤੇ ਚੜ੍ਹ ਕੇ (ਪਤੀ ਦਾ ਰਾਹ) ਤੱਕਦੀ ਹੈ ਅਤੇ ਉਸ ਦੀਆਂ ਅੱਖਾਂ ਨੀਰ ਨਾਲ ਭਰ ਆਉਂਦੀਆਂ ਹਨ, ਮੇਰੀ ਭੀ ਇਸੇ ਪ੍ਰਕਾਰ ਦੀ ਦਸ਼ਾ ਹੋ ਰਹੀ ਹੈ ਕਿ ਕੋਠੇ ਉੱਤੇ ਚੜ੍ਹ ਕੇ (ਅੰਮ੍ਰਿਤਸਰ ਦੇ) ਰਾਹ ਵੱਲ ਤਕਦੇ ਹਾਂ ਅਤੇ ਅੱਖਾਂ ਵਿਚ ਪਾਣੀ ਭਰ-ਭਰ ਆਉਂਦਾ ਹੈ।

ਪ੍ਰ: ਹੇ ਭੈਣੇ! ਜਦ ਤੇਰੇ ਅੰਦਰ ਮਿਲਣ ਦੀ ਇਤਨੀ ਖਿੱਚ ਹੈ ਅਤੇ ਇਤਨਾ ਵੈਰਾਗ ਹੈ, ਤਾਂ ਉਸ ਦੇ ਮਿਲਾਪ ਨਾ ਹੋਣ ਦਾ ਅਸਲ ਕਾਰਣ ਕੀ ਹੈ ?

ਉ: ੭. ਹੇ ਮਾਂ! ਮੈਂ ਸੁਣਦੀ ਤਾਂ ਇਹੋ ਹਾਂ ਕਿ (ਉਹ ਪਤੀ ਪ੍ਰਭੂ) ਮੇਰੇ ਹਿਰਦੇ ਦੇਸ਼ ਵਿਚ ਮੇਰੇ ਨੇੜੇ ਹੀ ਵਸਦਾ ਹੈ, (ਪਰ ਅਸਲ ਕਾਰਣ ਇਹ ਹੈ ਕਿ) (ਮੇਰੇ ਤੇ ਉਸ ਦੇ) ਵਿਚਕਾਰ ਮੇਰੀ ਹਉਮੈ ਦੀ ਕੰਧ ਖੜੀ ਹੋ ਗਈ ਹੈ।

ਪ੍ਰ: ਹੇ ਭੈਣੇ! ਕੀ ਉਹ ਪਰਦਾ ਇਤਨਾ ਤਕੜਾ, ਤਾਕਤ ਵਾਲਾ ਹੈ ਜੋ ਕਿ ਤੋੜਿਆ ਨਹੀਂ ਜਾ ਸਕਦਾ ? (ਨਹੀਂ ਐਸੀ ਤਾਂ ਗੱਲ ਹੀ ਕੋਈ ਨਹੀਂ)।

ਉ: ੮. ਹੇ ਮਾਂ! ਕਹਿੰਦੇ ਤਾਂ ਇਉਂ ਹੀ ਸੁਣੀਦੇ ਹਨ ਕਿ ਭੰਬੀਰੀ ਦੇ ਖੰਭ ਵਾਂਗ (ਬੜਾ ਹੀ ਬਰੀਕ) ਪੜਦਾ ਮੇਰੇ ਤੇ ਉਸ ਪਤੀ ਪ੍ਰਭੂ ਦੇ ਵਿਚਕਾਰ ਹੈ, ਪਰ ਹਾਂ, ਉਸ ਦਾ ਦਰਸ਼ਨ ਕੀਤੇ ਬਿਨਾ ਉਹ ਕਿਤੇ ਦੂਰ ਵਸਦਾ ਜਾਪਦਾ ਹੈ।੩।

ਪ੍ਰ: ਕਿਉਂ ਜੀ! ਕੀ ਇਹ ਵਿਛੋੜੇ ਦਾ ਦੁੱਖ ਕਿਸੇ ਦਾ ਕਿਵੇਂ ਦੂਰ ਭੀ ਹੋ ਸਕਦਾ ਹੈ ?

ਉ: ੯. (ਹਾਂ ਜ਼ਰੂਰ ਹੋ ਸਕਦਾ ਹੈ) ਹੇ ਮਾਂ! ਜਿਸ ਸੁਭਾਗਣ ਉੱਤੇ ਸਾਰੇ ਹੀ ਜੀਵਾਂ ਦਾ ਮਾਲਕ ਦਇਆਵਾਨ ਹੋ ਜਾਂਦਾ ਹੈ, ਉਸਦਾ ਉਹ ਸਾਰਾ (ਵਿਛੋੜੇ ਦਾ) ਦੁੱਖ ਦੂਰ ਕਰ ਦੇਂਦਾ ਹੈ।

ਪ੍ਰ: ਕਿਉਂ ਜੀ! ਇਹ ਦੱਸੋ ਕਿ ਆਪ ਜੀ ਦੇ ਅੰਦਰੋਂ ਹਉਮੈ ਦੀ ਕੰਧ ਕਿਵੇਂ ਦੂਰ ਹੋਈ ਹੈ, ਜਿਸ ਦੀ ਬਰਕਤ ਨਾਲ ਤੁਸਾਂ ਦਿਆਲੂ ਪਰਮੇਸ਼ਰ ਨੂੰ ਪਾ ਲਿਆ ਹੈ ?

ਉ:੧੦. ਪੰਜਵੇਂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਗੁਰੂ ਰਾਮਦਾਸ ਜੀ ਨੇ ਮੇਰੇ ਜੀਵ ਰੂਪ ਇਸਤਰੀ ਦੇ ਅੰਦਰੋਂ ਹਉਮੈ ਦੀ ਕੰਧ ਢਾਹ ਦਿੱਤੀ, ਜਿਸ ਦੀ ਬਰਕਤ ਨਾਲ ਮੈਂ ਮਾਇਆ ਰਹਿਤ ਦਿਆਲੂ (ਪ੍ਰਭੂ ਪਤੀ) ਨੂੰ (ਆਪਣੇ ਅੰਦਰੋਂ ਹੀ ਲੱਭ ਲਿਆ ਹੈ।੪।

ਪ੍ਰ: ਕਿਉਂ ਜੀ! ਹੁਣ ਤੁਹਾਨੂੰ ਕਿਵੇਂ ਪ੍ਰਤੀਤ ਹੋ ਰਿਹਾ ਹੈ ?

ਉ:੧੧. ਹੇ ਮਾਂ! ਮੈਨੂੰ ਹੁਣ ਇਉਂ ਪ੍ਰਤੀਤ ਹੋ ਰਿਹਾ ਹੈ ਕਿ ਮੇਰੇ ਅੰਦਰੋਂ ਮੇਰੀ ਚਿੰਤਾ ਫ਼ਿਕਰ ਮੁੱਕ ਗਿਆ ਹੈ।

੧੨. ਅਤੇ ਜਿਸ ਦੀ ਅੰਦਰ ਚਾਹਤ ਤਾਂਘ ਲੱਗ ਰਹੀ ਸੀ, ਗੁਰੂ ਨੇ ਉਹ ਮਿਲਾ ਦਿੱਤਾ।

੧੩. ਜੋ ਕਿ ਪ੍ਰਭੂ ਪਾਤਸ਼ਾਹ ਸਾਰੇ ਹੀ ਗੁਣਾਂ ਦਾ ਖ਼ਜ਼ਾਨਾ ਹੈ। ਰਹਾਉ ਦੂਜਾ।੧੧।੬੧।

ਭਾਵਾਰਥ : ਇਸ ਸ਼ਬਦ ਅੰਦਰ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਆਪਣੇ ਅੰਦਰੂਨੀ ਗੁਰੂ ਪਿਆਰ ਨੂੰ ਇਕ ਬ੍ਰਿਹਣੀ ਇਸਤਰੀ ਦੇ ਅਲੰਕਾਰ ਦੁਆਰਾ ਅੰਕਤ ਕੀਤਾ ਹੈ, ਜੋ ਕਿ ਪਰਦੇਸ ਗਏ ਪਤੀ ਦੇ ਵਿਜੋਗ ਵਿਚ ਦਿਨੇ ਰਾਤ ਵਿਲਕਦੀ ਤੇ ਸਾਰੀ-ਸਾਰੀ ਰਾਤ ਜਾਗਦੀ ਹੋਈ ਗੁਜ਼ਾਰਦੀ ਹੈ। ਇਸੀ ਤਰ੍ਹਾਂ ਹੀ ਜਿਤਨਾ ਚਿਰ ਸਿੱਖ

ਦੇ ਅੰਦਰ ਗੁਰੂ ਮਿਲਾਪ ਲਈ ਇਤਨੀ ਤੜਪ ਨਹੀਂ ਜਾਗ ਆਉਂਦੀ, ਉਤਨਾ ਚਿਰ ਉਸ ਪਿਆਰੇ ਗੁਰੂ ਦਾ ਸਾਖਿਆਤ ਰੂਪ ਵਿਚ ਦੀਦਾਰ ਨਹੀਂ ਹੁੰਦਾ, ਉਤਨਾ ਚਿਰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਜਦੋਂ ਗੁਰੂ ਨੇ ਸਿੱਖ ਦੇ ਅੰਦਰੋਂ ਹਉਮੈ ਦਾ ਪੜਦਾ ਦੂਰ ਕਰ ਦਿੱਤਾ ਤਾਂ ਸਿੱਖ ਦੇ ਅੰਦਰ ਜੋ ਗੁਰੂ ਦੇ ਦਰਸ਼ਨਾਂ ਦੀ ਤਾਂਘ ਸੀ, ਉਹ ਪੂਰੀ ਹੋ ਗਈ।

ਸੋਰਠਿ ਮਹਲਾ ੫ ॥

੧. ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥
੨. ਕਰਮੁ ਨ ਜਾਨਾ ਧਰਮੁ ਨ ਜਾਨਾ
ਲੋਭੀ ਮਾਇਆਧਾਰੀ ॥
੩. ਨਾਮੁ ਪਰਿਓ ਭਗਤੁ ਗੋਵਿੰਦ ਕਾ
ਇਹ ਰਾਖਹੁ ਪੈਜ ਤੁਮਾਰੀ ॥੧॥
੪. ਹਰਿ ਜੀਉ ਨਿਮਾਣਿਆ ਤੂ ਮਾਣੁ ॥
੫. ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ
ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥
੬. ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ ॥
੭. ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ ॥
੮. ਪਿਛਲੇ ਅਉਗੁਣ ਬਖਸਿ ਲਏ ਪ੍ਰਭੁ
ਆਗੈ ਮਾਰਗਿ ਪਾਵੈ ॥੨॥
੯. ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖਿ ਸੁਣਾਈਐ ॥
੧੦. ਕਹਣੈ ਕਥਨਿ ਨ ਭੀਜੈ ਗੋਬਿੰਦੁ
ਹਰਿ ਭਾਵੈ ਪੈਜ ਰਖਾਈਐ ॥
੧੧. ਅਵਰ ਓਟ ਮੈ ਸਗਲੀ ਦੇਖੀ
ਇਕ ਤੇਰੀ ਓਟ ਰਹਾਈਐ ॥੩॥
੧੨. ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ
ਆਪੇ ਸੁਣੈ ਬੇਨੰਤੀ ॥
੧੩. ਪੂਰਾ ਸਤਗੁਰੁ ਮੇਲਿ ਮਿਲਾਵੈ
ਸਭ ਚੂਕੈ ਮਨ ਕੀ ਚਿੰਤੀ ॥
੧੪. ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ
ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥

ਪਦ ਅਰਥ : ਗਈ ਬਹੋੜੁ—(ਆਤਮਕ ਜੀਵਨ ਦੀ) ਗਵਾਚੀ ਹੋਈ (ਰਾਸ ਪੂੰਜੀ) ਨੂੰ ਵਾਪਸ ਦਿਵਾਉਣ ਵਾਲਾ। ਬੰਦੀ ਛੋੜੁ—(ਵਿਕਾਰਾਂ ਦੀ) ਕੈਦ ਵਿਚੋਂ ਛੁਡਾਉਣ ਵਾਲਾ। ਦੁਖਦਾਰੀ—ਦੁੱਖਾਂ ਵਿਚ ਦਾਰੀ ਕਰਨ ਵਾਲਾ, ਦੁੱਖਾਂ ਵਿਚ ਧੀਰਜ ਦੇਣੇ ਵਾਲਾ। ਪੈਜ—ਇੱਜ਼ਤ, ਲਾਜ।੧।

ਨਿਚੀਜਿਆ—ਨਕਾਰਿਆਂ ਨੂੰ। ਚੀਜ ਕਰੇ—ਆਦਰ ਯੋਗ ਬਣਾ ਦੇਂਦਾ ਹੈ।ਰਹਾਉ।

ਭਾਇ—ਪ੍ਰੇਮ ਨਾਲ, ਆਪਣੀ ਲਗਨ ਨਾਲ। ਸੁਭਾਈ—ਆਪਣੇ ਸੁਭਾਵ ਅਨੁਸਾਰ। ਕਰਿ—ਕਰ ਕੇ। ਬਹੁ ਭਾਤੀ—ਕਈ ਤਰੀਕਿਆਂ ਨਾਲ। ਬਹੁੜਿ—ਮੁੜ, ਫਿਰ। ਗਲਿ—ਗਲ ਨਾਲ। ਮਾਰਗਿ—(ਸਿਧੇ) ਰਸਤੇ ਉੱਤੇ।

ਅੰਤਰਜਾਮੀ—ਦਿਲ ਦੀ ਜਾਨਣ ਵਾਲਾ। ਸਭ ਬਿਧਿ—(ਹਰੇਕ) ਆਤਮਕ ਹਾਲਤ। ਪਹਿ—ਪਾਸ। ਕਥਨਿ—ਕਥਨ ਕਰਨ ਨਾਲ, ਜ਼ਬਾਨੀ ਕਹਿ ਦੇਣ ਨਾਲ। ਭੀਜੈ—ਖ਼ੁਸ਼ ਹੁੰਦਾ। ਭਾਵੈ—ਚੰਗਾ ਲੱਗਦਾ ਹੈ। ਪੈਜ—ਇੱਜ਼ਤ। ਓਟ—ਆਸਰਾ। ਰਹਾਈਐ—ਰੱਖੀ ਹੋਈ ਹੈ। ਹੋਇ—ਹੋ ਕੇ। ਆਪੇ—ਆਪ ਹੀ। ਮੇਲਿ—ਮੇਲੇ, ਮੇਲਦਾ ਹੈ। ਚੂਕੈ—ਮੁੱਕ ਜਾਂਦੀ ਹੈ। ਚਿੰਤੀ—ਚਿੰਤਾ। ਅਵਖਧੁ—ਦਵਾਈ। ਮੁਖਿ—ਮੂੰਹ ਵਿਚ। ਸੁਖਿ—ਆਤਮਕ ਅਨੰਦ ਵਿਚ। ਵਸੰਤੀ—ਵਸਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਅਸੀਂ ਕਲਜੁਗੀ ਜੀਵ ਮਾਇਆ ਦੇ ਪ੍ਰਭਾਵ ਹੇਠ ਦਬੇ ਹੋਏ ਸਦਾ ਮਾਇਕੀ ਪਦਾਰਥਾਂ ਦੀ ਹੀ ਮੰਗ ਕਰਦੇ ਰਹਿੰਦੇ ਹਾਂ, ਜਿਸ ਦਾ ਫਲ ਸਾਨੂੰ ਹਮੇਸ਼ਾ ਦੁੱਖ ਰੂਪ ਵਿਚ ਹੀ ਹਾਸਲ ਹੁੰਦਾ ਹੈ, ਪਰ ਆਪ ਸਾਨੂੰ ਕੋਈ ਸਾਈਂ ਜੀ ਤੋਂ ਅਜਿਹੀ ਮੰਗ ਮੰਗਣ ਦੀ ਜਾਚ ਦੱਸੋ, ਜਿਸ ਦੀ ਬਰਕਤ ਨਾਲ ਅਸੀਂ ਸਦੀਵੀ ਕਾਲ ਸੁਖੀ ਰਹਿ ਸਕੀਏ ?

ਉ: ੧. ਹੇ ਭਾਈਓ! ਤੁਸੀਂ ਉਸ ਸਾਈਂ ਜੀ ਪਾਸੋਂ ਹਮੇਸ਼ਾ ਹੀ ਇਉਂ ਜਾਚਨਾ ਕਰਦੇ ਰਹੋ ਕਿ ਹੇ ਸਾਈਂ ਜੀ! ਤੂੰ ਨਿਰੰਕਾਰ ਹੈਂ, (ਵਿਕਾਰਾਂ ਦੀ) ਕੈਦ ਵਿਚੋਂ ਛੁਡਾਉਣ ਵਾਲਾ ਹੈਂ, ਤੇਰਾ ਕੋਈ ਖ਼ਾਸ ਰੂਪ ਭੀ ਨਹੀਂ ਦੱਸਿਆ ਜਾ ਸਕਦਾ, ਤੂੰ ਜੀਵਾਂ ਨੂੰ ਦੁੱਖਾਂ ਵਿਚ ਢਾਰਸ ਦੇਣ ਵਾਲਾ ਹੈਂ। ਤੂੰ ਕਿਰਪਾ ਕਰਕੇ ਸਾਡੀ ਆਤਮ ਜੀਵਨ ਦੀ ਗਵਾਚੀ ਹੋਈ ਸ਼ੁਭ ਗੁਣਾਂ ਦੀ ਰਾਸ ਪੂੰਜੀ ਨੂੰ ਵਾਪਸ ਦਿਵਾ ਦਿਓ, ਸਾਡੀ ਇਹੋ ਇਕ ਮੰਗ ਹੈ।

ਪ੍ਰ: ਅਗੰਮੀ ਆਵਾਜ਼ ਆਈ ਕਿ ਐ ਪਿਆਰੇ! ਆਤਮਕ ਜੀਵਨ ਦੀ ਰਾਸ ਪ੍ਰਾਪਤ ਕਰਨ ਲਈ ਤਾਂ ਕਰਮਾਂ ਧਰਮਾਂ ਦੀ ਕਮਾਈ ਕਰਨੀ ਪੈਂਦੀ ਹੈ, ਉਹ ਕਰਨੀ ਆਰੰਭ ਕਰ ਲੈ।

ਉ: ੨. ਹੇ ਪਿਆਰੇ! ਜੇ ਕਦੀ ਇਸ ਰੂਪ ਵਿਚ ਭੀ ਅਗੰਮੀ ਆਵਾਜ਼ ਆਵੇ ਤਾਂ ਇਉਂ ਜੋਦੜੀ ਕਰਿਆ ਕਰ ਕਿ ਹੇ ਸਾਈਂ ਜੀ! ਮੈਂ ਕੋਈ ਚੰਗਾ ਕਰਮ, ਕੋਈ ਚੰਗਾ ਧਰਮ ਕਰਨਾ ਨਹੀਂ ਜਾਣਦਾ, (ਮੈਂ ਤਾਂ ਸਦਾ ਹੀ) ਲੋਭ ਵਿਚ ਫਸਿਆ ਰਹਿੰਦਾ ਹਾਂ ਅਤੇ ਮਾਇਆ ਦੇ ਮੋਹ ਵਿਚ ਗ੍ਰਸਿਆ ਰਹਿੰਦਾ ਹਾਂ।

੩. ਪਰ ਹੇ ਪ੍ਰਭੂ ਜੀ! ਮੇਰਾ ਨਾਮ ਗੋਬਿੰਦ ਦਾ ਭਗਤ ਪੈ ਗਿਆ ਹੈ, ਸੋ ਇਸ ਲਈ ਤੂੰ ਆਪਣੇ ਨਾਮ ਦੀ ਆਪ ਹੀ ਲੱਜਾ ਰੱਖ।੧।

੪. ਹੇ ਹਰੀ ਜੀਉ! (ਮੈਨੂੰ ਇਹ ਪੂਰਨ ਯਕੀਨ ਹੈ) ਕਿ ਤੂੰ ਉਨ੍ਹਾਂ ਨਿਮਾਣਿਆਂ ਬੰਦਿਆਂ ਨੂੰ ਭੀ ਮਾਣ ਦੇਂਦਾ ਹੈਂ, (ਜਿਨ੍ਹਾਂ ਦਾ ਸੰਸਾਰ ਭਰ ਵਿਚ) ਹੋਰ ਕੋਈ ਮਾਣ ਹੀ ਨਹੀਂ ਕਰਦਾ।

੫. ਹੇ ਪਿਆਰਿਓ! ਮੇਰਾ ਉਹ ਗੋਬਿੰਦ (ਇਤਨੀ ਸਮਰੱਥਾ ਰੱਖਦਾ ਹੈ ਕਿ) ਨਿਕਾਰਿਆਂ ਨੂੰ ਭੀ ਆਦਰ ਜੋਗ ਬਣਾ ਦੇਂਦਾ ਹੈ। ਹੇ ਸਾਈਂ ਜੀ! ਇਸੀ ਕਰਕੇ ਤਾਂ ਮੈਂ ਤੇਰੀ ਸ਼ਕਤੀ ਤੋਂ ਕੁਰਬਾਨ ਜਾਂਦਾ ਹਾਂ।ਰਹਾਉ॥

ਪ੍ਰ: ਹੇ ਗੁਰੋ! ਜਦ ਮੈਂ ਅਰਦਾਸ ਕਰਨ ਲੱਗਦਾ ਹਾਂ ਤਾਂ ਮੇਰੇ ਕੀਤੇ ਲੱਖਾਂ ਹੀ ਅਪਰਾਧ ਮੇਰੇ ਅੱਗੇ ਆ ਖਲੋਂਦੇ ਹਨ ਤੇ ਮੈਨੂੰ ਇਉਂ ਕਹਿੰਦੇ ਪ੍ਰਤੀਤ ਹੁੰਦੇ ਹਨ ਕਿ ਐ ਵੱਡੇ ਅਪਰਾਧੀ! ਤੈਨੂੰ ਤੇਰਾ ਸਾਈਂ ਦਸ ਕਿਵੇਂ ਗਲ ਨਾਲ ਲਾ ਸਕਦਾ ਹੈ, ਜਦ ਕਿ ਤੂੰ ਇਤਨਾ ਵੱਡਾ ਗੁਨਾਹਗਾਰ ਹੈਂ?

ਉ: ੬. ਹੇ ਪਿਆਰੇ! ਤੂੰ ਆਪਣੇ ਗੁਨਾਹਾਂ ਵਲ ਤਕ ਕੇ ਉਪਰਾਮ ਨਾ ਹੋਇਆ ਕਰ (ਕਿਉਂਕਿ) ਵੇਖ, ਜਿਵੇਂ ਇਕ ਬੱਚਾ ਆਪਣੀ ਲਗਨ ਅਨੁਸਾਰ, ਆਪਣੇ ਸੁਭਾਵ ਅਨੁਸਾਰ, ਸੁਭਾਵਕ ਹੀ ਲੱਖਾਂ ਗ਼ਲਤੀਆਂ ਕਰਦਾ ਹੈ (ਕੀ ਇਸ ਦਾ ਤੈਨੂੰ ਗਿਆਨ ਨਹੀਂ ਕਿ) ਉਸ ਦਾ ਪਿਤਾ ਉਸ ਨੂੰ ਸਿੱਖਿਆ

੭. ਦੇ ਦੇ ਕੇ ਕਈਆਂ ਤਰੀਕਿਆਂ ਨਾਲ ਝਿੜਕਦਾ ਭੀ ਹੈ, ਪਰ, ਆਖ਼ਰ ਉਸ ਨੂੰ ਫਿਰ ਆਪਣੇ ਗਲੇ ਨਾਲ ਲਾ ਲੈਂਦਾ ਹੈ।

੮. ਹੇ ਭਾਈ! ਇਸੇ ਤਰ੍ਹਾਂ ਪ੍ਰਭੂ ਪਿਤਾ ਭੀ ਜੀਵਾਂ ਦੇ ਪਿਛਲੇ ਗੁਨਾਹ ਬਖ਼ਸ਼ ਲੈਂਦਾ ਹੈ ਅਤੇ ਅੱਗੇ ਲਈ ਜੀਵ ਨੂੰ ਜੀਵਨ ਦੇ ਸਹੀ ਮਾਰਗ ਉੱਤੇ ਪਾ ਦੇਂਦਾ ਹੈਂ।੨।

ਪ੍ਰ: ਹੇ ਗੁਰੋ! ਜੋ ਸਾਡੇ ਮਨ ਦੀ ਦਸ਼ਾ ਹੈ, ਉਹ ਸਾਨੂੰ ਕਿਸੇ ਪਾਸ ਤਾਂ ਆਖਣੀ ਹੀ ਪਵੇਗੀ ਤਾਂਕਿ ਉਹ ਸਾਡੀ ਪੁਕਾਰ ਸਾਈਂ ਜੀ ਪਾਸ ਪੁਚਾ ਦੇਵੇ?

ਉ: ੯. ਹੇ ਪਿਆਰੇ! ਇਹ ਗੱਲ ਨਹੀਂ (ਕਿਉਂਕਿ) ਉਹ ਪਰਮਾਤਮਾ ਤਾਂ ਹਰ ਇਕ ਜੀਵ ਦੇ ਦਿਲ ਦੀ ਆਤਮਕ ਹਾਲਤ ਨੂੰ ਜਾਣਦਾ ਹੈ, (ਤਾਂ ਫਿਰ ਦੱਸੋ) ਉਸ ਪ੍ਰਭੂ ਨੂੰ ਛੱਡ ਕੇ ਹੋਰ ਕਿਸ ਪਾਸ ਆਪਣੇ ਮਨ ਦੀ ਬਿਰਥਾ ਆਖ ਕੇ ਸੁਣਾਈ ਜਾ ਸਕਦੀ ਹੈ?

ਪ੍ਰ: ਕਿਉਂ ਜੀ, ਜੋ ਲੋਕ ਵੇਦ ਸ਼ਾਸਤ੍ਰਾਂ ਦੇ ਕਥਾਕਾਰ ਵਧੇਰੇ ਕਥਾਵਾਂ ਕਰਦੇ ਹਨ, ਕੀ ਉਹ ਮਾਲਕ ਉਨ੍ਹਾਂ 'ਤੇ ਪ੍ਰਸੰਨ ਨਹੀਂ ਹੋਵੇਗਾ?

ਉ:੧੦. ਹੇ ਭਾਈ! ਉਹ ਅੰਤਰਜਾਮੀ, ਨਿਰੀਆਂ ਜ਼ਬਾਨੀ-ਜ਼ਬਾਨੀ ਵਧੇਰੇ ਗੱਲਾਂ ਕਰਨ ਵਾਲੇ 'ਤੇ ਖ਼ੁਸ਼ ਨਹੀਂ ਹੁੰਦਾ, ਪਰ ਹਾਂ, ਜਿਹੜਾ ਮਨੁੱਖ ਕਰਣੀ ਕਰਕੇ ਪਰਮੇਸ਼ਰ ਨੂੰ ਚੰਗਾ ਲੱਗ ਪੈਂਦਾ ਹੈ, ਉਸ ਦੀ ਉਹ ਇੱਜ਼ਤ ਰਖ ਲੈਂਦਾ ਹੈ।

ਪ੍ਰ: ਅਗੰਮੀ ਆਵਾਜ਼ ਆਈ ਕਿ ਐ ਭਲਿਆ ਲੋਕਾ! ਕਿਸੇ ਹੋਰ ਦੇਵੀ ਦੇਵਤੇ ਦੀ ਓਟ ਕਿਉਂ ਨਹੀਂ ਲੈ ਲੈਂਦਾ? ਸ੍ਰੀ ਜੀਉ ਦੱਸੋ ਮੈਂ ਇਸ ਦੇ ਉੱਤਰ ਵਿਚ ਕੀ ਆਖਾਂ?

ਉ:੧੧. ਹੇ ਭਾਈ, ਇਸਦੇ ਉੱਤਰ ਵਿਚ ਇਉਂ ਆਖ ਕਿ ਹੇ ਪ੍ਰਭੂ ਜੀ! ਮੈਂ ਹੋਰ ਸਾਰੇ ਆਸਰੇ ਵੇਖੇ ਹਨ, ਪਰ ਉਹ ਸਾਰੇ ਆਸਰੇ (ਨਿਕੰਮੇ) ਵੇਖੇ ਗਏ ਹਨ, (ਇਸ ਲਈ ਹੁਣ ਮੈਂ) ਇਕੋ ਤੇਰਾ ਹੀ ਆਸਰਾ ਰਖਿਆ ਹੋਇਆ ਹੈ।੩।

ਪ੍ਰ: ਹੇ ਗੁਰੋ! ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦੇ ਰਹਿਣ ਲਈ ਆਖ਼ਰ ਕਿਤਨਾ ਕੁ ਸਮਾਂ ਲਗੇਗਾ, ਜਦੋਂ ਕਿ ਉਹ ਸਾਡੀਆਂ ਕੀਤੀਆਂ ਜੋਦੜੀਆਂ ਨੂੰ ਸੁਣ ਸਕੇਗਾ?

ਉ:੧੨. ਹੇ ਭਾਈ! ਤੂੰ ਇਹ ਸੰਸਾ ਨਾ ਕਰ, ਉਹ ਮਾਲਕ ਪ੍ਰਭੂ ਦਇਆਵਾਨ ਹੈ, ਉਹ ਆਪੇ ਹੀ ਕ੍ਰਿਪਾਲੂ ਹੋ ਕੇ (ਜਿਸ ਮਨੁੱਖ ਦੀ) ਬੇਨਤੀ ਸੁਣ ਲੈਂਦਾ ਹੈ,

੧੩. ਬਸ ਫਿਰ ਉਸ ਦਾ ਉਹ ਪੂਰੇ ਗੁਰੂ ਨਾਲ ਮਿਲਾਪ ਕਰਵਾ ਦੇਂਦਾ ਹੈ। ਇਸੇ ਮਿਲਾਪ ਦਾ ਸਦਕਾ ਉਸ ਮਨੁੱਖ ਦੇ ਮਨ ਦੀ ਹਰੇਕ ਚਿੰਤਾ ਮੁੱਕ ਜਾਂਦੀ ਹੈ।

੧੪. ਹਰਿ ਨਾਮ ਰੂਪ ਦਵਾਈ ਮੂੰਹ ਵਿਚ ਪਾ ਕੇ ਆਤਮਕ ਅਨੰਦ ਵਿਚ ਵਸਦਾ ਹੈ।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਸਾਹਿਬ ਜੀ ਮਨੁੱਖ ਲਈ ਇਹੋ ਹੀ ਇਕ ਪ੍ਰੇਰਣਾ ਕਰਦੇ ਹਨ ਕਿ ਐ ਪਿਆਰੇ! ਤੂੰ ਉਸ ਦਿਆਲੂ ਪ੍ਰਭੂ ਜੀ ਪਾਸੋਂ ਮਾਇਕੀ ਝੂਠੇ ਪਦਾਰਥਾਂ ਦੀਆਂ ਮੰਗਾਂ ਮੰਗਣੀਆਂ ਛੱਡ ਕੇ ਕੇਵਲ ਇਹੋ ਹੀ ਜਾਚਨਾ ਕਰਿਆ ਕਰ ਕਿ ਹੇ ਸਾਈਂ ਜੀ! ਜੇ ਮੇਰੀ ਸ਼ੁਭ ਗੁਣਾਂ ਦੀ ਆਤਮਕ ਪੂੰਜੀ ਮੇਰੇ ਪਾਸੋਂ ਖੁੱਸੀ ਹੋਈ ਹੈ ਤਾਂ ਕਿਰਪਾ ਕਰ ਕੇ ਉਸ ਨੂੰ ਵਾਪਸ ਕਰ ਦਿਓ, ਭਾਵ ਹੈ ਕਿ ਮੇਰੀ ਅਨਾਤਮਾਕਾਰ ਬ੍ਰਿਤੀ ਨੂੰ ਆਤਮਾਕਾਰ ਕਰ ਦਿਓ। ਇਸ ਵਿਚ ਕੋਈ ਸੰਦੇਹ ਨਹੀਂ ਕਿ ਮੈਂ ਕਰਮ ਧਰਮ ਕਰਨਾ ਕੋਈ ਭੀ ਨਹੀਂ ਜਾਣਦਾ, ਕੇਵਲ ਮੇਰਾ ਨਾਮ ਲੋਕਾਂ ਵਿਚ ਤੇਰਾ ਭਗਤ ਮਸ਼ਹੂਰ ਹੋ ਗਿਆ ਹੈ, ਇਸ ਲਈ ਮੇਰੀ ਨਾਮ ਧਰੀਕ ਦੀ ਵਿਕਾਰਾਂ ਵਲੋਂ ਜ਼ਰੂਰ ਰੱਖਿਆ ਕਰੋ।

ਸੋਰਠਿ ਮਹਲਾ ੫ ॥

੧. ਸਿਮਰਿ ਸਿਮਰਿ ਪ੍ਰਭ ਭਏ ਅਨੰਦਾ
ਦੂਖ ਕਲੇਸ ਸਭਿ ਨਾਠੇ ॥
੨. ਗੁਨ ਗਾਵਤ ਧਿਆਵਤ ਪ੍ਰਭੁ ਅਪਨਾ
ਕਾਰਜ ਸਗਲੇ ਸਾਂਠੇ ॥੧॥
੩. ਜਗਜੀਵਨ ਨਾਮੁ ਤੁਮਾਰਾ ॥
੪. ਗੁਰ ਪੂਰੇ ਦੀਓ ਉਪਦੇਸਾ
ਜਪਿ ਭਉਜਲੁ ਪਾਰਿ ਉਤਾਰਾ ॥ ਰਹਾਉ ॥
੫. ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ
ਸਭੁ ਕਿਛੁ ਕਰਣੈਹਾਰਾ ॥
੬. ਤੂ ਆਪੇ ਦਾਤਾ ਆਪੇ ਭੁਗਤਾ
ਕਿਆ ਇਹੁ ਜੰਤੁ ਵਿਚਾਰਾ ॥੨॥
੭. ਕਿਆ ਗੁਣ ਤੇਰੇ ਆਖਿ ਵਖਾਣੀ
ਕੀਮਤਿ ਕਹਣੁ ਨ ਜਾਈ ॥
੮. ਪੇਖਿ ਪੇਖਿ ਜੀਵੈ ਪ੍ਰਭੁ ਅਪਨਾ
ਅਚਰਜੁ ਤੁਮਹਿ ਵਡਾਈ ॥੩॥
੯. ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ
ਪਤਿ ਮਤਿ ਕੀਨੀ ਪੂਰੀ ॥
੧੦. ਸਦਾ ਸਦਾ ਨਾਨਕ ਬਲਿਹਾਰੀ
ਬਾਛਉ ਸੰਤਾ ਧੂਰੀ ॥੪॥੧੩॥੬੩॥

ਪਦ ਅਰਥ : ਸਿਮਰਿ ਸਿਮਰਿ—ਮੁੜ-ਮੁੜ ਸਿਮਰ ਕੇ। ਕਲੇਸ਼—ਝਗੜੇ। ਸਾਂਠੇ—ਸਾਧ ਲਏ। ਜਗ ਜੀਵਨ—ਜਗਤ (ਦੇ ਜੀਵਾਂ ਨੂੰ) ਜੀਵਨ ਦੇਣ ਵਾਲਾ। ਜਪਿ—ਜਪ ਕੇ। ਭਉਜਲੁ—ਸੰਸਾਰ-ਸਮੁੰਦਰ।ਰਹਾਉ।

ਮੰਤ੍ਰੀ—ਸਲਾਹਕਾਰ। ਸੁਨਹਿ—ਤੂੰ ਸੁਣਦਾ ਹੈਂ। ਕਰਣੈਹਾਰਾ—ਕਰ ਸਕਣ ਦੀ ਸਮਰੱਥਾ ਵਾਲਾ। ਆਪੇ—ਆਪ ਹੀ। ਭੁਗਤਾ—ਭੋਗਣ ਵਾਲਾ। ਕਿਆ ਵਿਚਾਰਾ—ਕੋਈ ਪਾਂਇਆਂ ਨਹੀਂ।੨।

ਵਖਾਣੀ—ਵਖਾਣੀਂ, ਮੈਂ ਬਿਆਨ ਕਰਾਂ। ਪੇਖਿ—ਵੇਖ ਕੇ। ਜੀਵੈ—ਜੀਵਨ ਪ੍ਰਾਪਤ ਕਰ ਲੈਂਦਾ ਹੈ। ਤੁਮਹਿ—ਤੇਰੀ। ਵਡਾਈ—ਵਡੱਪਣ।੩।

ਅਨੁਗ੍ਰਹੁ—ਕਿਰਪਾ। ਧਾਰਿ—ਕਰ ਕੇ। ਪ੍ਰਭ—ਹੇ ਪ੍ਰਭੂ। ਪਤਿ—ਇੱਜ਼ਤ। ਮਤਿ—ਅਕਲ। ਬਲਿਹਾਰੀ—ਸਦਕੇ। ਬਾਛਉ—ਬਾਛਉਂ, ਮੈਂ ਚਾਹੁੰਦਾ ਹਾਂ। ਧੂਰੀ—ਚਰਣ ਧੂੜ।੪।

ਅਰਥ :

ਪ੍ਰ: ਸ੍ਰੀ ਜੀਉ! ਜੋ ਮਨੁੱਖ ਦਿਨੇ ਰਾਤ ਸਾਈਂ ਜੀ ਦਾ ਸਿਮਰਨ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

ਉ: ੧. ਹੇ ਭਾਈ! ਜੋ ਮਨੁੱਖ ਪ੍ਰਭੂ ਦਾ ਮਨ ਬਾਣੀ ਕਰਕੇ ਸਿਮਰਨ ਕਰਦੇ ਹਨ, (ਉਨ੍ਹਾਂ ਸਿਮਰਨ ਕਰਨ ਵਾਲਿਆਂ ਨੂੰ) ਮਨ ਕਰ ਕੇ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ, ਭਾਵ ਉਹ ਸਦਾ ਹੀ ਪ੍ਰਸੰਨ ਚਿੱਤ ਰਹਿੰਦੇ ਹਨ ਅਤੇ (ਉਨ੍ਹਾਂ ਦੇ ਅੰਦਰੋਂ) ਸਾਰੇ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ।

੨. ਹੇ ਪਿਆਰੇ! (ਉਹ ਵਡਭਾਗੀ ਮਨੁੱਖ) ਆਪਣੇ ਪ੍ਰਭੂ ਦੇ ਗੁਣ ਗਾਉਂਦਿਆਂ ਅਤੇ ਉਸ ਦਾ ਧਿਆਨ ਧਰਦਿਆਂ ਆਪਣੇ ਸਾਰੇ ਕੰਮ ਸਵਾਰ ਲੈਂਦੇ ਹਨ।੧।

੩. ਹੇ ਸਾਈਂ ਜੀ! ਤੇਰਾ ਨਾਮ ਜਗਤ ਦੇ ਜੀਵਾਂ ਨੂੰ ਜੀਵਨ ਦਾ ਦਾਨ ਦੇਣ ਵਾਲਾ ਹੈ।

੪. ਹੇ ਪ੍ਰਭੂ ਜੀ! ਪੂਰੇ ਗੁਰੂ ਨੇ (ਜਿਸ ਮਨੁੱਖ ਨੂੰ ਤੇਰਾ ਨਾਮ ਸਿਮਰਨ ਦਾ) ਉਪਦੇਸ਼ ਦਿੱਤਾ ਹੈ, ਉਹ ਮਨੁੱਖ ਨਾਮ ਦਾ ਸਿਮਰਨ ਕਰ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ ਹੈ।੧।ਰਹਾਉ।

੫. ਹੇ ਸਾਈਂ ਜੀ! ਮੇਰਾ (ਮੰਤਰੀ) ਸਲਾਹਕਾਰ ਭੀ ਤੂੰ ਹੀ ਹੈਂ, ਮੇਰੀ ਬੇਨਤੀ ਭੀ ਤੂੰ ਹੀ ਸੁਣਦਾ ਹੈਂ ਅਤੇ ਤੂੰ ਹੀ ਸਭ ਕੁਝ ਕਰਨ ਵਾਲਾ ਹੈਂ।

੬. ਤੂੰ ਜੀਵਾਂ ਨੂੰ ਦਾਤਾ ਦੇਣ ਵਾਲਾ ਭੀ ਆਪ ਹੈਂ, ਤੂੰ ਆਪੇ ਹੀ (ਹਰੇਕ ਜੀਵ ਵਿਚ ਬੈਠਾ ਪਦਾਰਥਾਂ ਨੂੰ) ਭੋਗਣ ਵਾਲਾ ਹੈਂ। ਇਹ ਵਿਚਾਰਾ ਜੀਵ (ਤੇਰੀ ਸੱਤ੍ਹਾ ਤੋਂ ਬਿਨਾ) ਕੀ ਕਰ ਸਕਦਾ ਹੈ? (ਭਾਵ ਇਸ ਜੀਵ ਦੀ ਕੋਈ ਪਾਂਇਆਂ ਹੀ ਨਹੀਂ।੨।

੭. ਹੇ ਸਾਈਂ ਜੀ! ਮੈਂ ਤੇਰੇ ਕਿਹੜੇ-ਕਿਹੜੇ ਗੁਣ ਕਹਿ ਕੇ ਸੁਣਾਵਾਂ, ਮੈਂ ਤੇਰੀ ਕਦਰ ਕੀਮਤ ਦਸਣ ਜੋਗਾ ਹੀ ਨਹੀਂ।

੮. ਹੇ ਪ੍ਰਭੂ ਜੀ! ਮੈਂ ਤੇਰੀ ਅਸਚਰਜ ਵਡਿਆਈ ਨੂੰ ਵੇਖ-ਵੇਖ ਕੇ ਜੀਉਂਦਾ ਹਾਂ, ਭਾਵ ਤੇਰਾ ਵਡੱਪਣ ਹੈਰਾਨ ਕਰ ਦੇਣ ਵਾਲਾ ਹੈ।

੯. ਹੇ ਪ੍ਰਭੂ! ਹੇ ਸੁਆਮੀ ਜੀ! ਤੂੰ ਆਪ ਹੀ (ਸੇਵਕ ਉੱਤੇ) ਕਿਰਪਾ ਕਰ ਕੇ ਉਸ ਨੂੰ ਲੋਕ-ਪ੍ਰਲੋਕ ਵਿਚ ਇੱਜ਼ਤ ਬਖ਼ਸ਼ਦਾ ਹੈਂ, ਉਸ ਨੂੰ ਤੂੰ ਪੂਰੀ ਅਕਲ ਦੇ ਦੇਂਦਾ ਹੈਂ।

ਪ੍ਰ: ਕਿਉਂ ਜੀ! ਉਸ ਸਾਈਂ ਜੀ ਦੇ ਦਰ ਤੋਂ ਆਪ ਮੰਗਦੇ ਕੀ ਹੋ?

ਉ: ੧੦. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! (ਮੈਂ ਤਾਂ ਉਸ ਪ੍ਰਭੂ ਦੇ ਦਰ ਤੋਂ ਇਹੋ ਹੀ ਇਕ ਮੰਗ ਕਰਦਾ ਹਾਂ) ਕਿ ਐ ਸਾਈਂ ਜੀ! ਮੈਂ ਤੈਥੋਂ ਸਦਾ ਹੀ ਸਦਕੇ ਜਾਂਦਾ ਹਾਂ ਅਤੇ ਨਾਲ ਹੀ ਇਹ ਜਾਚਨਾ ਕਰਦਾ ਹਾਂ ਕਿ ਮੈਨੂੰ ਆਪਣੇ ਦਰ ਤੋਂ ਇਹ ਦਾਨ ਬਖ਼ਸ਼ਸ਼ ਕਰੋ ਕਿ ਤੇਰੇ ਸੰਤਾਂ ਦੇ ਚਰਨਾਂ ਦੀ ਧੂੜੀ ਪ੍ਰਾਪਤ ਹੋਵੇ।੪।੧੩।੬੩।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਨਾਮ ਦੇ ਸਿਮਰਨ ਵਾਲਿਆਂ ਨੂੰ ਸਦਾ ਅਨੰਦ ਤੇ ਪ੍ਰਸੰਨਤਾ ਪ੍ਰਾਪਤ ਹੁੰਦੀ ਦੱਸ ਰਹੇ ਹਨ। ਇਸੇ ਨਾਮ ਸਿਮਰਨ ਦਾ ਸਦਕਾ ਮਨੁੱਖ ਦੇ ਸਾਰੇ ਕਾਰਜਾਂ ਵਿਚ ਸਫਲਤਾ ਹਾਸਲ ਹੁੰਦੀ ਹੈ। ਸਰਵ ਰੂਪ ਸਰਵ ਥਾਵਾਂ ਵਿਚ ਉਸੇ ਸਾਈਂ ਜੀ ਨੂੰ ਵਿਆਪਕ ਦਸਦੇ ਹੋਏ, ਉਸ ਪਾਸੋਂ ਉਸ ਦੇ ਸੇਵਕਾਂ ਦੀ ਚਰਨ ਧੂੜ ਪ੍ਰਾਪਤ ਕਰਨ ਲਈ ਜਾਚਨਾ ਕਰਦੇ ਹਨ।

ਸੋਰਠਿ ਮਃ ੫ ॥

੧. ਗੁਰੁ ਪੂਰਾ ਨਮਸਕਾਰੇ ॥
੨. ਪ੍ਰਭਿ ਸਭੇ ਕਾਜ ਸਵਾਰੇ ॥
੩. ਹਰਿ ਅਪਣੀ ਕਿਰਪਾ ਧਾਰੀ ॥
੪. ਪ੍ਰਭ ਪੂਰਨ ਪੈਜ ਸਵਾਰੀ ॥੧॥
੫. ਅਪਨੇ ਦਾਸ ਕੋ ਭਇਓ ਸਹਾਈ ॥
੬. ਸਗਲ ਮਨੋਰਥ ਕੀਨੇ ਕਰਤੈ
ਊਣੀ ਬਾਤ ਨ ਕਾਈ ॥ ਰਹਾਉ ॥
੭. ਕਰਤੈ ਪੁਰਖਿ ਤਾਲੁ ਦਿਵਾਇਆ ॥
੮. ਪਿਛੈ ਲਗਿ ਚਲੀ ਮਾਇਆ ॥
੯. ਤੋਟਿ ਨ ਕਤਹੂ ਆਵੈ ॥
੧੦. ਮੇਰੇ ਪੂਰੇ ਸਤਗੁਰ ਭਾਵੈ ॥੨॥
੧੧. ਸਿਮਰਿ ਸਿਮਰਿ ਦਇਆਲਾ ॥
੧੨. ਸਭਿ ਜੀਅ ਭਏ ਕਿਰਪਾਲਾ ॥
੧੩. ਜੈ ਜੈ ਕਾਰੁ ਗੁਸਾਈ ॥
੧੪. ਜਿਨਿ ਪੂਰੀ ਬਣਤ ਬਣਾਈ ॥੩॥
੧੫. ਤੂ ਭਾਰੋ ਸੁਆਮੀ ਮੋਰਾ ॥
੧੬. ਇਹੁ ਪੁੰਨੁ ਪਦਾਰਥੁ ਤੇਰਾ ॥
੧੭. ਜਨ ਨਾਨਕ ਏਕੁ ਧਿਆਇਆ ॥
੧੮. ਸਰਬ ਫਲਾ ਪੁੰਨੁ ਪਾਇਆ ॥੪॥੧੪॥੬੪॥

ਪਦ ਅਰਥ : ਨਮਸਕਾਰੇ—ਸਿਰ ਨਿਵਾਂਦਾ ਹਾਂ, ਸ਼ਰਣ ਪੈਂਦਾ ਹਾਂ। ਪ੍ਰਭਿ—ਪ੍ਰਭੂ ਨੇ। ਪੈਜ—ਇੱਜ਼ਤ।੧।

ਕੋ—ਦਾ। ਸਹਾਈ—ਮਦਦਗਾਰ। ਕਰਤੈ—ਕਰਤਾਰ ਨੇ। ਊਨੀ ਬਾਤ—ਘਾਟ, ਕਮੀ।ਰਹਾਉ।

ਪੁਰਖਿ—ਪੁਰਖ ਨੇ, ਸਰਵ ਵਿਆਪਕ ਪ੍ਰਭੂ ਨੇ। ਤਾਲੁ—ਸਰੋਵਰ, ਤਾਲਾ, ਜੰਦਰਾ, ਗੁਪਤ ਨਾਮ ਖ਼ਜ਼ਾਨਾ। ਦਿਵਾਇਆ—ਦਿਵਾ ਦਿੱਤਾ (ਗੁਰੂ ਦੀ ਰਾਹੀਂ)। ਤੋਟਿ—ਕਮੀ। ਕਤਹੂ—ਕਿਤੇ ਭੀ। ਸਤਿਗੁਰ ਭਾਵੈ—ਗੁਰੂ ਨੂੰ ਚੰਗੀ ਲੱਗਦੀ ਹੈ।੨।

ਦਇਆਲਾ—ਦਇਆ ਦਾ ਘਰ ਪ੍ਰਭੂ। ਸਭਿ—ਸਾਰੇ। ਕਿਰਪਾਲਾ—ਕਿਰਪਾ ਦੇ ਘਰ ਪ੍ਰਭੂ ਦਾ ਰੂਪ। ਜੈ ਜੈ ਕਾਰੁ—ਸੋਭਾ, ਸਿਫ਼ਤਿ-ਸਾਲਾਹ। ਗੁਸਾਈ—ਸ੍ਰਿਸ਼ਟੀ ਦਾ ਮਾਲਕ। ਜਿਨਿ—ਜਿਸ (ਗੁਸਾਈ) ਨੇ। ਬਣਤ—ਵਿਉਂਤ।੩।

ਮੋਰਾ—ਮੇਰਾ। ਪੁੰਨੁ—ਬਖ਼ਸ਼ੀਸ਼। ਪਦਾਰਥੁ—ਨਾਮ ਵਸਤੂ। ਤੋਰਾ—ਤੇਰਾ। ਸਰਬ ਫਲਾ—ਸਾਰੇ ਫਲ ਦੇਣ ਵਾਲਾ।੪।

ਅਰਥ :

ਪ੍ਰ: ਹਜ਼ੂਰ ਜੀ! ਉਹ ਕਿਹੜਾ ਸਾਧਨ ਹੈ, ਜਿਸ ਦੇ ਕਰਨ ਨਾਲ ਸਾਰੇ ਹੀ ਕਾਜ ਸੌਰ ਸਕਦੇ ਹੋਣ?

ਉ: ੧. ਹੇ ਭਾਈ! ਜਿਹੜਾ ਵੀ ਮਨੁੱਖ ਪੂਰੇ ਗੁਰਾਂ ਦੀ ਸ਼ਰਨ ਗ੍ਰਹਿਣ ਕਰਦਾ ਹੈ, ਭਾਵਨਾ ਸਹਿਤ ਨਮਸਕਾਰ

੨. ਕਰਦਾ ਹੈ (ਵਿਸ਼ਵਾਸ ਕਰੋ ਕਿ) ਪ੍ਰਭੂ ਉਸ ਦੇ ਸਾਰੇ ਹੀ ਕੰਮ ਸਵਾਰ ਦਿੰਦਾ ਹੈ।

੩. ਅਤੇ ਪ੍ਰਭੂ ਜੀ ਨੇ ਉਸ ਉੱਤੇ ਮਿਹਰ ਦੀ ਨਿਗਾਹ ਕੀਤੀ ਹੈ।

੪. (ਲੋਕ-ਪ੍ਰਲੋਕ ਵਿਚ) ਉਸਦੀ ਚੰਗੀ ਤਰ੍ਹਾਂ ਲਾਜ ਰੱਖ ਲਈ।੧।

੫. ਹੇ ਭਾਈ! ਉਹ ਪਰਮੇਸ਼ਰ ਆਪਣੇ ਸੇਵਕ ਦਾ ਆਪ ਮਦਦਗਾਰ ਬਣਦਾ ਹੈ।

੬. ਹੇ ਪਿਆਰੇ! ਉਸ ਕਰਤਾਰ ਨੇ (ਸਦਾ ਤੋਂ ਹੀ ਆਪਣੇ ਦਾਸ ਦੀਆਂ) ਸਾਰੀਆਂ ਮਨੋਂ ਕਾਮਨਾਵਾਂ ਪੂਰੀਆਂ ਕੀਤੀਆਂ ਹਨ ਅਤੇ ਸੇਵਕ ਨੂੰ (ਕਿਸੇ ਪ੍ਰਕਾਰ ਦੀ) ਕੋਈ ਭੀ ਥੁੜ ਨਹੀਂ ਰਹਿੰਦੀ।

ਪ੍ਰ: ਹੇ ਗੁਰੋ! ਇਸ ਸਰੋਵਰ ਲਾਉਣ ਵਿਚ ਆਪ ਨੂੰ ਬੜਾ ਹੀ ਉਪਰਾਲਾ ਕਰਨਾ ਪਿਆ ਹੈ ਅਤੇ ਇਸ ਉਪਰ ਮਾਇਆ ਦਾ ਭੀ ਬਹੁਤ ਖ਼ਰਚ ਹੋਇਆ ਹੈ?

ਉ: ੭. ਹੇ ਭਾਈਓ! ਮੇਰਾ ਇਸ ਵਿਚ ਕੋਈ ਉਪਰਾਲਾ ਨਹੀਂ, ਇਹ ਤਾਂ ਕਰਤੇ ਪੁਰਖ ਨੇ ਆਪ ਹੀ (ਕਿਰਪਾ ਕਰਕੇ) (ਤਾਲੁ) ਸਰੋਵਰ ਲਗਵਾਇਆ ਹੈ।

੮. ਉਸੇ ਪ੍ਰਭੂ ਦੀ ਕਿਰਪਾ ਦਾ ਸਦਕਾ ਇਹ ਮਾਇਆ ਸਾਡੇ ਪਿੱਛੇ-ਪਿੱਛੇ ਲੱਗ ਕੇ ਚਲੀ ਆ ਰਹੀ ਹੈ। ਭਾਵ ਹੈ ਜਿਸ ਨੂੰ ਗੁਰੂ ਰਾਹੀਂ ਨਾਮ ਦਾ ਗੁਪਤ ਖ਼ਜ਼ਾਨਾ ਮਿਲ ਗਿਆ, ਉਸ ਨੂੰ ਮਾਇਆ ਦੀ ਲਾਲਸਾ ਹੀ ਨਹੀਂ ਰਹਿ ਜਾਂਦੀ।

੯. ਉਸ ਨੂੰ ਮਾਇਆ ਵਲੋਂ ਕਿਤੇ ਭੀ ਘਾਟ ਮਹਿਸੂਸ ਨਹੀਂ ਹੁੰਦੀ।

੧੦. (ਕਿਉਂਕਿ) ਮੇਰੇ ਪੂਰੇ ਸਤਿਗੁਰੂ ਨੂੰ (ਉਸ ਵੱਡਭਾਗੀ ਮਨੁੱਖ ਵਾਸਤੇ ਇਹੋ ਹੀ ਗੱਲ) ਚੰਗੀ ਲੱਗਦੀ ਹੈ।੨।

੧੧. ਹੇ ਪਿਆਰੇ! ਉਸ ਦਇਆ ਦੇ ਘਰ ਪਰਮੇਸ਼ਰ ਦਾ ਨਾਮ ਸਿਮਰ ਸਿਮਰ ਕੇ (ਸਿਮਰਨ ਕਰਨ

੧੨. ਵਾਲੇ) ਸਾਰੇ ਹੀ ਜੀਵ ਉਸੇ ਕ੍ਰਿਪਾਲੂ ਪ੍ਰਭੂ ਜੀ ਦਾ ਸਰੂਪ ਬਣ ਜਾਂਦੇ ਹਨ।

੧੩. (ਇਸ ਵਾਸਤੇ ਹੇ ਭਾਈਓ) ਉਸ ਸ੍ਰਿਸ਼ਟੀ ਦੇ ਮਾਲਕ ਪ੍ਰਭੂ ਦੀ (ਸਾਰੇ ਹੀ ਸਿਫ਼ਤਿ-ਸਾਲਾਹ ਕਰਦੇ ਰਿਹਾ ਕਰੋ।

੧੪. ਜਿਸ ਨੇ ਕਿ (ਜੀਵਾਂ ਨੂੰ ਆਪਣੇ ਨਾਲ ਮਿਲਾਉਣ ਦੀ) ਇਹ ਸਾਰੀ ਵਿਉਂਤ ਬਣਾ ਦਿੱਤੀ ਹੈ।੩।

੧੫. ਹੇ ਪ੍ਰਭੂ ਜੀ! ਤੂੰ ਮੇਰਾ ਸਭ ਤੋਂ ਵੱਡਾ ਸੁਆਮੀ ਹੈਂ।

੧੬. (ਇਹ ਤੇਰਾ ਨਾਮ ਪਦਾਰਥ) ਜੋ ਮੈਨੂੰ ਗੁਰੂ ਰਾਹੀਂ ਮਿਲਿਆ ਹੈ, ਇਹ ਸਭੋ ਤੇਰੀ ਬਖ਼ਸ਼ਸ਼ ਹੈ।

੧੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਜਿਸ ਮਨੁੱਖ ਨੇ (ਗੁਰੂ ਦੀ ਸ਼ਰਨ ਪੈ ਕੇ) ਪਰਮੇਸ਼ਰ ਦਾ ਸਿਮਰਨ ਆਰੰਭ ਕਰ ਦਿੱਤਾ ਹੈ।

੧੮. ਉਸ ਮਨੁੱਖ ਨੇ ਸਾਰੇ ਹੀ ਫਲ ਦੇਣ ਵਾਲੀ (ਰੱਬੀ) ਬਖ਼ਸ਼ਸ਼ ਪ੍ਰਾਪਤ ਕਰ ਲਈ ਹੈ।੪।੧੪।੬੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਹਰ ਕਾਰਜ ਦੀ ਸਫਲਤਾ ਦਾ ਕਾਰਨ ਭਾਵਨਾ ਸਹਿਤ ਗੁਰੂ ਨੂੰ ਨਮਸ਼ਕਾਰ ਕਰਦੇ ਰਹਿਣਾ ਹੈ। ਉਹ ਪ੍ਰਭੂ ਆਪਣੇ ਦਾਸਾਂ ਦਾ ਆਦਿ ਕਾਲ ਤੋਂ ਹੀ ਸਹਾਈ ਹੁੰਦਾ ਆਇਆ ਹੈ ਅਤੇ ਸਦਾ ਹੀ ਸਹਾਇਕ ਹੁੰਦਾ ਰਵੇਗਾ।

ਸੋਰਠਿ ਮਹਲਾ ੫ ਘਰੁ ੩ ਦੁਪਦੇ

੧ਓ ਸਤਿਗੁਰ ਪ੍ਰਸਾਦਿ ॥

੧. ਰਾਮਦਾਸ ਸਰੋਵਰਿ ਨਾਤੇ ॥
੨. ਸਭਿ ਉਤਰੇ ਪਾਪ ਕਮਾਤੇ ॥
੩. ਨਿਰਮਲ ਹੋਏ ਕਰਿ ਇਸਨਾਨਾ ॥
੪. ਗੁਰਿ ਪੂਰੈ ਕੀਨੇ ਦਾਨਾ ॥੧॥
੫. ਸਭਿ ਕੁਸਲ ਖੇਮ ਪ੍ਰਭਿ ਧਾਰੇ ॥
੬. ਸਹੀ ਸਲਾਮਤਿ ਸਭਿ ਥੋਕ ਉਬਾਰੇ
ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥
੭. ਸਾਧਸੰਗਿ ਮਲੁ ਲਾਥੀ ॥
੮. ਪਾਰਬ੍ਰਹਮੁ ਭਇਓ ਸਾਥੀ ॥
੯. ਨਾਨਕ ਨਾਮੁ ਧਿਆਇਆ ॥
੧੦. ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥

ਪਦ ਅਰਥ : ਰਾਮਦਾਸ ਸਰੋਵਰਿ—ਰਾਮ ਦੇ ਦਾਸਾਂ ਦੇ ਸਰੋਵਰ ਵਿਚ, ਸਾਧ ਸੰਗਤ ਵਿਚ ਜਿਥੇ ਨਾਮ-ਜਲ ਦਾ ਪ੍ਰਵਾਹ ਚਲਦਾ ਹੈ। ਨਾਤੇ—ਨ੍ਹਾਤੇ। ਸਭਿ—ਸਾਰੇ। ਕਮਾਤੇ—ਕਮਾਏ ਹੋਏ, ਕੀਤੇ ਹੋਏ। ਕਰਿ—ਕਰਕੇ। ਗੁਰਿ—ਗੁਰੂ ਨੇ। ਦਾਨਾ—ਬਖ਼ਸ਼ਸ਼।੧।

ਸਭਿ—ਸਾਰੇ। ਕੁਸਲ ਖੇਮ—ਸੁਖ ਅਨੰਦ। ਪ੍ਰਭਿ—ਪ੍ਰਭੂ ਨੇ। ਸਭਿ ਥੋਕ—ਸਾਰੀਆਂ ਚੀਜ਼ਾਂ, ਆਤਮਕ ਜੀਵਨ ਦੇ ਸਾਰੇ ਹੀ ਸ਼ੁਭ ਗੁਣ। ਉਬਾਰੇ—ਬਚਾ ਲਏ। ਬੀਚਾਰੇ—ਬੀਚਾਰਿ, ਵਿਚਾਰ ਕੇ।ਰਹਾਉ।

ਸਾਧਸੰਗਿ—ਸਾਧ ਸੰਗਤ ਵਿਚ। ਮਲੁ—ਵਿਕਾਰਾਂ ਦੀ ਮੈਲ। ਸਾਥੀ—ਸਹਾਈ।੨।

ਅਰਥ :

ਪ੍ਰ: ਹੇ ਗੁਰੋ ! ਅਨੇਕਾਂ ਲੋਕ ਸੰਸਾਰ ਦੇ ਭਿੰਨ-ਭਿੰਨ ਤੀਰਥਾਂ ਵਿਚ ਇਸ਼ਨਾਨ ਕਰਨ ਨੂੰ ਪਾਪਾਂ ਦਾ ਨਾਸ਼ਕ ਮੰਨਦੇ ਹਨ, ਪਰ ਗੁਰਮਤਿ ਅਨੁਸਾਰ ਉਹ ਸੱਚਾ ਸਰੋਵਰ ਕਿਹੜਾ ਹੈ, ਜਿਸ ਵਿਚ ਕਿ ਇਸ਼ਨਾਨ ਕਰਨ ਨਾਲ ਸਾਰੇ ਜਨਮ-ਜਨਮਾਤਰਾਂ ਦੇ ਪਾਪ ਉੱਤਰ ਸਕਦੇ ਹੋਣ ?

ਉ: ੧. ਹੇ ਪਿਆਰਿਓ ! ਅਸਲ ਸਰੋਵਰ ਤਾਂ ਰਾਮ ਦੇ ਦਾਸਾਂ ਦਾ ਹੈ। ਜੋ ਮਨੁੱਖ ਭੀ ਇਸ ਰਾਮ ਦੇ ਦਾਸਾਂ ਦੇ ਸਰੋਵਰ ਵਿਚ (ਭਾਵ ਹੈ ਸਾਧ ਸੰਗਤ ਵਿਚ ਨਾਮ ਅੰਮ੍ਰਿਤ ਜਲ ਨਾਲ) ਇਸ਼ਨਾਨ ਕਰਦੇ ਹਨ,

੨. ਉਨ੍ਹਾਂ ਦੇ ਸਾਰੇ ਪਿਛਲੇ ਜਨਮ-ਜਨਮਾਤਰਾਂ ਦੇ ਕੀਤੇ ਹੋਏ ਪਾਪ ਉਤਰ ਜਾਂਦੇ ਹਨ।

੩. ਇਸ ਤਰ੍ਹਾਂ ਉਹ ਮਨੁੱਖ (ਹਰੀ ਨਾਮ ਜਲ ਨਾਲ) ਇਸ਼ਨਾਨ ਕਰਕੇ ਪਵਿੱਤ੍ਰ ਜੀਵਨ ਵਾਲੇ ਹੋ ਜਾਂਦੇ ਹਨ।

ਪ੍ਰ: ਕਿਉਂ ਜੀ ! ਕੀ ਉਨ੍ਹਾਂ ਨੇ ਇਸ ਸਾਧ ਸੰਗਤਿ ਰੂਪੀ ਸਰੋਵਰ ਵਿਚ ਇਸ਼ਨਾਨ ਕਰਨ ਲਈ ਕੋਈ ਖ਼ਾਸ ਉੱਦਮ ਕੀਤਾ ਸੀ ?

ਉ: ੪. (ਨਹੀਂ) ਹੇ ਭਾਈ ! ਐਸੇ ਇਸ਼ਨਾਨੀਆਂ 'ਤੇ ਇਹ ਪੂਰੇ ਗੁਰੂ ਨੇ ਹੀ ਉਨ੍ਹਾਂ ਉਪਰ ਬਖ਼ਸ਼ਸ਼ ਕੀਤੀ ਹੁੰਦੀ ਹੈ।੧।

੫. ਹੇ ਪਿਆਰੇ ! (ਜਿਸ ਮਨੁੱਖ 'ਤੇ ਗੁਰੂ ਨੇ ਇਹ ਬਖ਼ਸ਼ਸ਼ ਕੀਤੀ ਹੈ) ਪ੍ਰਭੂ ਨੇ (ਉਸ ਦੇ ਹਿਰਦੇ ਵਿਚ) ਸਾਰੇ ਹੀ ਆਤਮਕ ਸੁੱਖ ਅਨੰਦ ਪੈਦਾ ਕਰ ਦਿੱਤੇ ਹਨ।ਰਹਾਉ।

੬. ਜਿਸ ਸੇਵਕ ਨੇ ਗੁਰੂ ਦੇ ਸ਼ਬਦ ਨੂੰ ਵੀਚਾਰ ਕੇ ਅੰਤਰ ਆਤਮੇਂ ਧਾਰਨ ਕੀਤਾ ਹੈ, ਉਨ੍ਹਾਂ ਨੇ ਆਪਣੇ ਅੰਦਰ ਸਾਰੇ ਸ਼ੁਭ ਗੁਣਾਂ ਰੂਪ ਪਦਾਰਥਾਂ ਨੂੰ (ਵਿਕਾਰਾਂ ਦੇ ਢਹੇ ਚੜ੍ਹਨ ਤੋਂ) ਠੀਕ ਠਾਕ ਬਚਾ ਲਿਆ ਹੈ।ਰਹਾਉ।

੭. ਹੇ ਭਾਈਓ ! ਸਾਧ ਸੰਗਤਿ ਵਿਚ ਨਿਵਾਸ ਰੱਖਣ ਵਾਲੇ ਦੇ ਅੰਦਰੋਂ ਵਿਕਾਰਾਂ ਦੀ ਸਾਰੀ ਮੈਲ ਦੂਰ ਹੋ ਜਾਂਦੀ ਹੈ।

੮. (ਇਸੇ ਸਾਧ ਸੰਗਤਿ ਦੀ ਬਰਕਤ ਨਾਲ) ਸੇਵਕ ਦਾ ਪਰਮੇਸ਼ਰ (ਸਦੀਵੀ ਕਾਲ ਲਈ) ਮਦਦਗਾਰ ਬਣ ਜਾਂਦਾ ਹੈ, ਭਾਵ ਸਦਾ ਹੀ ਉਸ ਦੇ ਅੰਗ-ਸੰਗ ਰਹਿੰਦਾ ਹੈ।

੯. ਹੇ ਭਾਈਓ ! ਜਿਸ ਮਨੁੱਖ ਨੇ ਰਾਮਦਾਸ ਦੇ ਸਰੋਵਰ (ਸਾਧ ਸੰਗਤ ਵਿਚ ਆ ਕੇ) ਪਰਮੇਸ਼ਰ ਜੀ ਦਾ ਨਾਮ ਸਿਮਰਿਆ ਹੈ,

੧੦. ਉਸ (ਮਨੁੱਖ ਨੇ) ਉਸ ਪ੍ਰਭੂ ਨੂੰ ਲੱਭ ਲਿਆ ਹੈ, ਜੋ ਸਾਰਿਆਂ ਦਾ ਮੁੱਢ ਹੈ ਅਤੇ ਸਰਵ ਵਿਆਪਕ ਹੈ।੨।੧।੬੫।

ਨੋਟ : ਇਥੋਂ 'ਘਰੁ ੩' ਦੇ ਸ਼ਬਦ ਦੋ ਬੰਦਾਂ ਵਾਲੇ ਸ਼ੁਰੂ ਹੋਏ ਹਨ। ਦੁ-ਪਦੇ—ਦੋ ਬੰਦਾਂ ਵਾਲੇ।

ਭਾਵਾਰਥ : ਗੁਰੂ ਅਰਜਨ ਸਾਹਿਬ ਜੀ ਇਸ ਸ਼ਬਦ ਵਿਚ ਸੱਚਾ ਸਰੋਵਰ ਸਾਧ ਸੰਗਤਿ ਨੂੰ ਹੀ ਦਰਸਾ ਰਹੇ ਹਨ, ਜੋ ਕਿ ਜੀਵਾਂ ਦੇ ਕੀਤੇ ਜਨਮ-ਜਨਮਾਤਰਾਂ ਦੇ ਪਾਪਾਂ ਨੂੰ ਨਾਮ-ਜਲ ਦੁਆਰਾ ਨਾਸ ਕਰਦਾ ਹੈ।

ਸੋਰਠਿ ਮਹਲਾ ੫ ॥

੧. ਜਿਤੁ ਪਾਰਬ੍ਰਹਮੁ ਚਿਤਿ ਆਇਆ ॥
੨. ਸੋ ਘਰੁ ਦਯਿ ਵਸਾਇਆ ॥
੩. ਸੁਖ ਸਾਗਰੁ ਗੁਰੁ ਪਾਇਆ ॥
੪. ਤਾ ਸਹਸਾ ਸਗਲ ਮਿਟਾਇਆ ॥੧॥
੫. ਹਰਿ ਕੇ ਨਾਮ ਕੀ ਵਡਿਆਈ ॥
੬. ਆਠ ਪਹਰ ਗੁਣ ਗਾਈ ॥
੭. ਗੁਰ ਪੂਰੇ ਤੇ ਪਾਈ ॥ ਰਹਾਉ ॥
੮. ਪ੍ਰਭ ਕੀ ਅਕਥ ਕਹਾਣੀ ॥
੯. ਜਨ ਬੋਲਹਿ ਅੰਮ੍ਰਿਤ ਬਾਣੀ ॥
੧੦. ਨਾਨਕ ਦਾਸ ਵਖਾਣੀ ॥
੧੧. ਗੁਰ ਪੂਰੇ ਤੇ ਜਾਣੀ ॥੨॥੨॥੬੬॥

ਪਦ ਅਰਥ : ਜਿਤੁ—ਜਿਸ ਵਿਚ। ਚਿਤਿ—ਚਿੱਤ ਵਿਚ, ਹਿਰਦੇ ਵਿਚ। ਸੋ ਘਰੁ—ਉਹ ਹਿਰਦਾ ਘਰ। ਦਯਿ—ਪਿਆਰ ਕਰਨ ਵਾਲੇ ਪ੍ਰਭੂ ਨੇ। ਸੁਖ ਸਾਗਰੁ—ਸੁੱਖਾਂ ਦਾ ਸਮੁੰਦਰ। ਤਾ—ਤਦੋਂ। ਸਹਸਾ—ਸਹਮ।੧।

ਵਡਿਆਈ—ਸੋਭਾ, ਸਿਫ਼ਤਿ-ਸਾਲਾਹ। ਆਠ ਪਹਰ—ਹਰ ਵੇਲੇ। ਤੇ—ਤੋਂ। ਪਾਈ—ਪ੍ਰਾਪਤ ਕੀਤੀ।ਰਹਾਉ।

ਅਕਥ—ਬਿਆਨ ਨਾ ਹੋ ਸਕਣ ਵਾਲੀ। ਕਹਾਣੀ—ਸਰੂਪ ਦਾ ਵਰਣਨ। ਬੋਲਹਿ—ਬੋਲਦੇ ਹਨ। ਅੰਮ੍ਰਿਤ—ਅਮਰ ਜੀਵਨ ਦੇਣ ਵਾਲੀ। ਵਖਾਣੀ—ਉਚਾਰੀ। ਤੇ—ਤੋਂ।੨।

ਅਰਥ :

ਪ੍ਰ: ਹੇ ਦਿਆਲੂ ਜੀ ! ਬਹੁਤ ਲੋਕ ਆਪਣੇ ਅੰਦਰ ਆਤਮਕ ਗੁਣਾਂ ਨੂੰ ਧਾਰਨ ਕਰਨ ਦਾ ਜਤਨ ਕਰਦੇ ਹਨ, ਪਰ ਉਹ ਫਿਰ ਭੀ ਸ਼ੁਭ ਗੁਣਾਂ ਤੋਂ ਸੱਖਣੇ ਰਹਿੰਦੇ ਹਨ, ਕੋਈ ਆਪ ਹੀ ਸਾਧਨ ਦੱਸ ਦਿਓ।

ਉ: ੧. ਹੇ ਭਾਈ ! ਅਸਲ ਵਿਚ ਤਾਂ ਜਿਸ ਮਨੁੱਖ ਦੇ ਹਿਰਦੇ ਘਰ ਵਿਚ ਪਰਮੇਸ਼ਰ ਜੀ ਆ ਵਸਿਆ ਹੈ।

੨. ਸਮਝ ਲਓ ਕਿ ਪ੍ਰੀਤਮ ਪ੍ਰਭੂ ਨੇ ਉਸ ਹਿਰਦੇ ਘਰ ਨੂੰ ਆਤਮਕ ਗੁਣਾਂ ਨਾਲ ਲਬਾ ਲਬ ਭਰਪੂਰ ਕਰ ਦਿੱਤਾ ਹੈ।

੩. ਜਦੋਂ ਭੀ ਕਿਸੇ ਵੱਡਭਾਗੀ ਨੂੰ ਸੁੱਖਾਂ ਦਾ ਸਮੁੰਦਰ ਗੁਰੂ ਮਿਲ ਗਿਆ।

੪. (ਤਾਂ ਸਮਝ ਲਓ ਕਿ) ਉਸ ਨੇ ਆਪਣਾ ਸਾਰਾ ਹੀ ਸਹਿਮ (ਅੰਦਰੋਂ) ਦੂਰ ਕਰ ਲਿਆ।੧।

੫. ਹੇ ਭਾਈ ! ਪਰਮੇਸ਼ਰ ਦੇ ਨਾਮ ਦੀ ਸਿਫ਼ਤਿ-ਸਾਲਾਹ ਕਰਨੀ

੬. ਅਤੇ ਅੱਠੇ ਪਹਿਰ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਹੀ ਗੀਤ ਗਾਉਣੇ।

੭. ਇਹ (ਉੱਤਮ) ਦਾਤ ਪੂਰੇ ਗੁਰਾਂ ਦੁਆਰਾ ਹੀ ਮਿਲਦੀ ਹੈ।ਰਹਾਉ।

੮. ਹੇ ਪਿਆਰਿਓ ! ਉਸ ਪਰਮੇਸ਼ਰ ਦੇ ਸਰੂਪ ਦੀ ਗੱਲ ਬਾਤ ਦੱਸੀ ਹੀ ਨਹੀਂ ਜਾ ਸਕਦੀ।

੯. ਪਰ ਹਾਂ! ਪ੍ਰਭੂ ਦੇ ਜੋ ਸੇਵਕ ਹਨ, ਉਹ ਆਤਮਕ ਜੀਵਨ ਦੇਣ ਵਾਲੀ ਸਿਫ਼ਤਿ-ਸਾਲਾਹ ਦੀ ਬਾਣੀ ਨੂੰ (ਸਦਾ ਹੀ) ਉਚਾਰਦੇ ਰਹਿੰਦੇ ਹਨ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਇਹ ਬਾਣੀ ਉਹੋ ਹੀ ਸੇਵਕ ਉਚਾਰਦੇ ਹਨ,

੧੧. ਜਿਨ੍ਹਾਂ ਨੇ ਕਿ ਪੂਰੇ ਗੁਰਾਂ ਪਾਸੋਂ ਇਹ ਸਮਝ ਹਾਸਲ ਕੀਤੀ ਹੈ।੨।੨।੬੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਘਰ ਵਿਚ ਪਰਮੇਸ਼ਰ ਜੀ ਆ ਵਸਦਾ ਹੈ, ਉਸ ਹਿਰਦੇ ਅੰਦਰ ਸਾਰੇ ਹੀ ਆਤਮਕ ਗੁਣ ਆ ਨਿਵਾਸ ਕਰ ਲੈਂਦੇ ਹਨ, ਪਰ ਸੁੱਖਾਂ ਦੇ ਸਮੁੰਦਰ ਸਾਈਂ ਜੀ ਦੀ ਪ੍ਰਾਪਤੀ ਗੁਰਾਂ ਦੁਆਰਾ ਹੀ ਹੋ ਸਕਦੀ ਹੈ, (ਕਿਉਂਕਿ) ਗੁਰੂ ਦੀ ਮਿਹਰ ਦਾ ਸਦਕਾ ਸੇਵਕ ਦੇ ਅੰਦਰੋਂ ਸਾਰਾ ਸੰਸਾ ਦੂਰ ਹੋ ਜਾਂਦਾ ਹੈ।

ਸੋਰਠਿ ਮਹਲਾ ੫ ॥

੧. ਆਗੈ ਸੁਖੁ ਗੁਰਿ ਦੀਆ ॥
੨. ਪਾਛੈ ਕੁਸਲ ਖੇਮ ਗੁਰਿ ਕੀਆ ॥
੩. ਸਰਬ ਨਿਧਾਨ ਸੁਖ ਪਾਇਆ ॥
੪. ਗੁਰੁ ਅਪੁਨਾ ਰਿਦੈ ਧਿਆਇਆ ॥੧॥
੫. ਅਪਨੇ ਸਤਿਗੁਰ ਕੀ ਵਡਿਆਈ ॥
੬. ਮਨ ਇਛੇ ਫਲ ਪਾਈ ॥
੭. ਸੰਤਹੁ ਦਿਨੁ ਦਿਨੁ ਚੜੈ ਸਵਾਈ ॥ ਰਹਾਉ ॥
੮. ਜੀਅ ਜੰਤ ਸਭਿ ਭਏ ਦਇਆਲਾ
ਪ੍ਰਭਿ ਅਪਨੇ ਕਰਿ ਦੀਨੇ ॥
੯. ਸਹਜ ਸੁਭਾਇ ਮਿਲੇ ਗੋਪਾਲਾ
ਨਾਨਕ ਸਾਚਿ ਪਤੀਨੇ ॥੨॥੩॥੬੭॥

ਪਦ ਅਰਥ : ਆਗੈ—ਪ੍ਰਲੋਕ ਵਿਚ, ਅੱਗੇ ਆਉਣ ਵਾਲੇ ਜੀਵਨ-ਸਮੇਂ ਵਿਚ। ਗੁਰਿ—ਗੁਰੂ ਨੇ। ਪਾਛੈ—ਇਸ ਲੋਕ ਵਿਚ, ਬੀਤੇ ਸਮੇਂ ਵਿਚ। ਕੁਸਲ ਖੇਮ—ਸੁਖ ਅਨੰਦ। ਨਿਧਾਨ—ਖ਼ਜ਼ਾਨੇ। ਰਿਦੈ—ਹਿਰਦੇ ਵਿਚ।੧।

ਵਡਿਆਈ—ਵਡੱਪਣ, ਵੱਡਾ ਜਿਗਰਾ। ਦਿਨੁ ਦਿਨੁ—ਹਰ ਰੋਜ਼, ਦਿਨੋ ਦਿਨ। ਸਵਾਈ—ਵਧੀਕ।ਰਹਾਉ।

ਸਭਿ—ਸਾਰੇ। ਦਇਆਲਾ—ਦਇਆ ਦਾ ਘਰ, ਦਇਆ ਭਰਪੂਰ। ਪ੍ਰਭਿ—ਪ੍ਰਭੂ ਨੇ। ਸਹਜ—ਆਤਮਕ ਅਡੋਲਤਾ। ਸੁਭਾਇ—ਪ੍ਰੇਮ ਨਾਲ। ਸਾਚਿ—ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਵਿਚ। ਪਤੀਨੇ—ਪਤੀਜੇ, ਮਸਤ ਹੋ ਗਏ।੨।

ਅਰਥ :

ਪ੍ਰ: ਕਿਉਂ ਜੀ! ਜੋ ਗੁਰੂ ਦੇ ਉਪਦੇਸ਼ ਆਪਣੇ ਹਿਰਦੇ ਅੰਦਰ ਵਸਾ ਲੈਂਦੇ ਹਨ, ਉਨ੍ਹਾਂ ਨੂੰ ਗੁਰੂ ਕੀ ਬਖ਼ਸ਼ਸ਼ ਕਰਦਾ ਹੈ?

ਉ: ੧. ਹੇ ਭਾਈ! ਗੁਰੂ ਉਨ੍ਹਾਂ ਨੂੰ ਅੱਗੇ ਪਰਲੋਕ ਵਿਚ ਭੀ ਸੁੱਖ ਬਖ਼ਸ਼ਦਾ ਹੈ।

੨. ਅਤੇ ਇਸ ਲੋਕ ਵਿਚ ਭੀ ਗੁਰੂ ਨੇ ਉਨ੍ਹਾਂ ਨੂੰ ਸੁੱਖ ਅਤੇ ਰੱਖਿਆ ਬਖ਼ਸ਼ਸ਼ ਕੀਤੀ ਹੈ। ਭਾਵ ਆਉਣ ਵਾਲੇ ਸਮੇਂ ਵਿਚ ਅਤੇ ਜੀਵਨ ਦੇ ਬੀਤ ਚੁੱਕੇ ਸਮੇਂ ਵਿਚ ਭੀ ਉਨ੍ਹਾਂ ਨੂੰ ਸੁੱਖ ਅਨੰਦ ਹੀ ਬਖ਼ਸ਼ਿਆ ਹੈ।

੩. ਉਸ ਨੇ ਸਾਰੇ ਆਤਮਕ ਖ਼ਜ਼ਾਨੇ ਅਤੇ ਅਨੰਦ ਪ੍ਰਾਪਤ ਕਰ ਲਏ ਹਨ।

੪. ਜਿਸ ਵੀ ਮਨੁੱਖ ਨੇ ਆਪਣੇ ਗੁਰੂ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ।੧।

੫. ਹੇ ਭਾਈ! ਤੱਕੋ ਇਹ ਆਪਣੇ ਸਤਿਗੁਰੂ ਦੀ ਵੱਡੀ ਵਡਿਆਈ ਹੈ।

੬. (ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਹ) ਮਨ ਮੰਗੀਆਂ ਮੁਰਾਦਾਂ ਗੁਰੂ ਤੋਂ ਪ੍ਰਾਪਤ ਕਰਦਾ ਹੈ।

੭. ਹੇ ਭਾਈਓ! ਗੁਰੂ ਦੀ ਇਹ ਉਦਾਰਤਾ ਦਿਨੋ-ਦਿਨ ਵਧਦੀ ਚਲੀ ਜਾਂਦੀ ਹੈ।ਰਹਾਉ।

੮. ਹੇ ਭਾਈ! ਛੋਟੇ ਵੱਡੇ ਜੀਵ ਸਾਰੇ ਹੀ ਉਸ 'ਤੇ ਦਿਆਲੂ ਹੋ ਜਾਂਦੇ ਹਨ, (ਕਿਉਂਕਿ) ਪ੍ਰਭੂ ਨੇ ਉਨ੍ਹਾਂ ਸਭਨਾਂ ਨੂੰ ਸਾਡੇ ਸੱਜਨ ਬਣਾ ਦਿੱਤਾ ਹੈ।

੯. ਹੇ ਭਾਈ! ਗਿਆਨ ਕਰ ਕੇ ਸੁਭਾਵਕ ਹੀ (ਉਨ੍ਹਾਂ ਨੂੰ) ਪ੍ਰਿਥਵੀ ਦਾ ਪਾਲਕ ਵਾਹਿਗੁਰੂ ਜੀ ਮਿਲ ਜਾਂਦਾ ਹੈ। ਕਹਿੰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ ਉਹ ਸਦਾ-ਥਿਰ ਰਹਿਣ ਵਾਲੇ ਪਰਮੇਸ਼ਰ ਜੀ ਦੀ ਯਾਦ ਵਿਚ ਸਦਾ ਹੀ ਮਗਨ ਰਹਿੰਦੇ ਹਨ।੨।੩।੬੭।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਦੀ ਮਹਿਮਾ ਉਚਾਰਨ ਕਰਦੇ ਹਨ, ਜਿਨ੍ਹਾਂ ਦੀ ਕਿਰਪਾ ਦਾ ਸਦਕਾ ਮਨੁੱਖ ਨੂੰ ਲੋਕ-ਪ੍ਰਲੋਕ ਵਿਚ ਅਬਿਨਾਸ਼ੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਹੋ ਸੱਚੇ ਸਤਿਗੁਰੂ ਦੀ ਵੱਡੀ ਵਡਿਆਈ ਹੈ ਕਿ ਉਨ੍ਹਾਂ ਦੀ ਬਖ਼ਸ਼ਸ਼ ਦਿਨੋ-ਦਿਨ ਦੂਣੀ ਸਵਾਈ ਚੜ੍ਹਦੀ ਰਹਿੰਦੀ ਹੈ।

ਸੋਰਠਿ ਮਹਲਾ ੫ ॥

੧. ਗੁਰ ਕਾ ਸਬਦੁ ਰਖਵਾਰੇ ॥
੨. ਚਉਕੀ ਚਉਗਿਰਦ ਹਮਾਰੇ ॥
੩. ਰਾਮ ਨਾਮਿ ਮਨੁ ਲਾਗਾ ॥
੪. ਜਮੁ ਲਜਾਇ ਕਰਿ ਭਾਗਾ ॥੧॥
੫. ਪ੍ਰਭ ਜੀ ਤੂ ਮੇਰੋ ਸੁਖਦਾਤਾ ॥
੬. ਬੰਧਨ ਕਾਟਿ ਕਰੇ ਮਨੁ ਨਿਰਮਲੁ
ਪੂਰਨ ਪੁਰਖੁ ਬਿਧਾਤਾ ॥ ਰਹਾਉ ॥
੭. ਨਾਨਕ ਪ੍ਰਭੁ ਅਬਿਨਾਸੀ ॥
੮. ਤਾ ਕੀ ਸੇਵ ਨ ਬਿਰਥੀ ਜਾਸੀ ॥ ॥
੯. ਅਨਦ ਕਰਹਿ ਤੇਰੇ ਦਾਸਾ ॥
੧੦. ਜਪਿ ਪੂਰਨ ਹੋਈ ਆਸਾ ॥੨॥੪॥੬੮॥

ਪਦ ਅਰਥ : ਰਖਵਾਰੇ—ਰਾਖਾ। ਚਉਕੀ—ਪਹਿਰਾ।

ਚਉਗਿਰਦ—ਚੌਹੀਂ ਪਾਸੀਂ, ਚੁਫੇਰੇ। ਨਾਮਿ—ਨਾਮ ਵਿਚ। ਲਜਾਇ ਕਰਿ—ਸ਼ਰਮਿੰਦਾ ਹੋ ਕੇ।੧।

ਪ੍ਰਭੁ—ਹੇ ਪ੍ਰਭੂ। ਬੰਧਨ—(ਮਾਇਆ ਦੇ ਮੋਹ ਆਦਿ ਦੇ) ਜ਼ੰਜੀਰ। ਕਾਟਿ—ਕੱਟ ਕੇ। ਨਿਰਮਲੁ—ਪਵਿੱਤਰ। ਪੁਰਖੁ—ਸਰਵ ਵਿਆਪਕ। ਬਿਧਾਤਾ—ਸਿਰਜਨਹਾਰ ਪ੍ਰਭੂ।ਰਹਾਉ।

ਤਾ ਕੀ—ਉਸ (ਪ੍ਰਭੂ) ਦੀ। ਸੇਵ—ਸੇਵਾ ਭਗਤੀ। ਬਿਰਥੀ—ਬੇ-ਅਰਥ, ਖ਼ਾਲੀ। ਜਾਸੀ—ਜਾਏਗੀ। ਕਰਹਿ—ਕਰਦੇ ਹਨ। ਜਪਿ—ਜਪ ਕੇ। ਆਸਾ—ਕਾਮਨਾ।੨।

ਅਰਥ :

ਪ੍ਰ: ਹੇ ਗੁਰੋ! ਜਿਵੇਂ ਕਿ ਰਾਜੇ ਮਹਾਰਾਜੇ ਆਪਣੀ ਰੱਖਿਆ ਲਈ ਆਪਣੇ ਚੌਹੀਂ ਪਾਸੀਂ ਪਹਿਰੇ 'ਤੇ ਰਾਖੇ ਬੈਠਾਲਦੇ ਹਨ, ਇਸੇ ਤਰ੍ਹਾਂ ਆਪ ਜੀ ਵਿਕਾਰਾਂ ਤੋਂ ਰੱਖਿਆ ਕਰਨ ਲਈ ਆਪਣੀ ਚੌਹੀਂ ਪਾਸੀਂ ਕਿਹੜੇ ਪਹਿਰੇਦਾਰ ਬੈਠਾਲਦੇ ਹੋ?

ਉ: ੧. ਹੇ ਭਾਈ! (ਅਸਾਡੇ ਜੀਵਾਂ ਦੀ ਵਿਕਾਰਾਂ ਤੋਂ ਰੱਖਿਆ ਕਰਨ ਲਈ ਤਾਂ ਕੇਵਲ) ਗੁਰੂ ਦਾ ਸ਼ਬਦ ਹੀ ਰਾਖਾ ਹੈ।

੨. (ਇਹੋ ਹੀ ਗੁਰੂ ਦਾ ਸ਼ਬਦ ਵਿਕਾਰਾਂ ਤੋਂ ਸਾਨੂੰ ਬਚਾਣ ਲਈ) ਸਾਡੇ ਚੌਹੀਂ ਪਾਸੀਂ ਪਹਿਰਾ ਹੈ।

੩. ਹੇ ਪਿਆਰੇ! (ਇਸੇ ਹੀ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਜਿਸ ਮਨੁੱਖ ਦਾ) ਮਨ ਉਸ ਪਰਮੇਸ਼ਰ ਦੇ ਨਾਮ ਵਿਚ ਜੁੜ ਜਾਂਦਾ ਹੈ।

੪. ਹੇ ਭਾਈ! ਉਸ ਪਾਸੋਂ ਵਿਕਾਰ ਤਾਂ ਇਕ ਪਾਸੇ ਰਹੇ, ਜਮ ਭੀ ਸ਼ਰਮਿੰਦਾ ਹੋ ਕੇ ਭੱਜ ਜਾਂਦਾ ਹੈ।੧।

੫. ਹੇ ਭਰਾਵੋ! (ਇਸ ਲਈ) (ਅਸੀਂ ਤਾਂ ਸਦਾ ਇਵੇਂ ਹੀ ਜੋਦੜੀਆਂ ਕਰਦੇ ਰਹਿੰਦੇ ਹਾਂ ਕਿ) ਹੇ ਪ੍ਰਭੂ ਜੀ! ਮੇਰੇ ਵਾਸਤੇ ਤਾਂ ਤੂੰ ਹੀ ਇਕ ਸੁੱਖਾਂ ਦਾ ਦਾਤਾ ਹੈਂ।

੬. ਹੇ ਭਾਈ! (ਜਿਹੜਾ ਮਨੁੱਖ ਉਸ ਆਪਣੇ ਪ੍ਰਭੂ ਦੇ ਨਾਮ ਵਿਚ ਮਨ ਜੋੜਦਾ ਹੈ) ਉਸਦੇ ਸਰਵ-ਵਿਆਪਕ ਸਿਰਜਨਹਾਰ ਪ੍ਰਭੂ ਮਾਇਆ ਦੇ ਮੋਹ ਆਦਿਕ ਦੇ ਸਾਰੇ ਬੰਧਨ ਕੱਟ ਕੇ ਉਸ ਦੇ ਮਨ ਨੂੰ ਪਵਿੱਤਰ ਕਰ ਦੇਂਦਾ ਹੈ।ਰਹਾਉ।

੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਉਹ ਅਬਿਨਾਸ਼ੀ ਪੁਰਖ ਪ੍ਰਭੂ

੮. (ਅਜਿਹਾ ਉਦਾਰ ਚਿੱਤ ਹੈ ਕਿ) ਉਸ ਦੀ ਕੀਤੀ ਹੋਈ ਸੇਵਾ ਭਗਤੀ ਕਦੀ ਭੀ ਖ਼ਾਲੀ ਨਹੀਂ ਜਾਂਦੀ, ਭਾਵ ਵਿਅਰਥ ਨਹੀਂ ਜਾ ਸਕਦੀ।

੯. ਹੇ ਸਾਈਂ ਜੀ! ਤੇਰੇ ਸੇਵਕ ਤਾਂ (ਸਦਾ) ਹੀ ਆਤਮਕ ਅਨੰਦ ਮਾਣਦੇ ਰਹਿੰਦੇ ਹਨ।

੧੦. ਤੇਰਾ ਨਾਮ ਜਪ ਜਪ ਕੇ ਉਨ੍ਹਾਂ ਦੀ ਹਰੇਕ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ।੨।੪।੬੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਵਿਕਾਰਾਂ ਦੇ ਟਾਕਰੇ 'ਤੇ ਇਕ ਗੁਰੂ ਦਾ ਦਿੱਤਾ ਉਪਦੇਸ਼ ਹੀ ਦਰਸਾ ਰਹੇ ਹਨ ਜੋ ਕਿ ਜੀਵਾਂ ਦੀ ਹਰ ਸਮੇਂ ਰਾਖੀ ਕਰਦਾ ਹੈ। ਗੁਰੂ ਦੇ ਸ਼ਬਦ ਦੀ ਕੀਤੀ ਹੋਈ ਕਮਾਈ ਹੀ ਮਨ ਨੂੰ ਪਵਿੱਤਰ ਕਰਨ ਦਾ ਸਾਧਨ ਅਤੇ ਸਾਰੇ ਹੀ ਮਨ ਇੱਛਤ ਫਲਾਂ ਦੀ ਦਾਤੀ ਹੈ।

ਸੋਰਠਿ ਮਹਲਾ ੫ ॥

੧. ਗੁਰ ਅਪੁਨੇ ਬਲਿਹਾਰੀ ॥
੨. ਜਿਨਿ ਪੂਰਨ ਪੈਜ ਸਵਾਰੀ ॥
੩. ਮਨ ਚਿੰਦਿਆ ਫਲੁ ਪਾਇਆ ॥
੪. ਪ੍ਰਭੁ ਅਪੁਨਾ ਸਦਾ ਧਿਆਇਆ ॥੧॥
੫. ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥
੬. ਕਰਣ ਕਾਰਣ ਪ੍ਰਭੁ ਸੋਈ ॥ ਰਹਾਉ ॥
੭. ਪ੍ਰਭਿ ਅਪਨੈ ਵਰ ਦੀਨੇ ॥
੮. ਸਗਲ ਜੀਅ ਵਸਿ ਕੀਨੇ ॥
੯. ਜਨ ਨਾਨਕ ਨਾਮੁ ਧਿਆਇਆ ॥
੧੦. ਤਾ ਸਗਲੇ ਦੂਖ ਮਿਟਾਇਆ ॥੨॥੫॥੬੯॥

ਪਦ ਅਰਥ : ਬਲਿਹਾਰੀ—ਸਦਕੇ ਹਾਂ। ਜਿਨਿ—ਜਿਸ (ਗੁਰੂ) ਨੇ। ਪੂਰਨ—ਪੂਰੀ ਤਰ੍ਹਾਂ। ਪੈਜ—ਲਾਜ, ਇੱਜ਼ਤ। ਚਿੰਦਿਆ—ਚਿਤਵਿਆ।੧।

ਤਿਸੁ ਬਿਨੁ—ਉਸ ਪਰਮੇਸ਼ਰ ਤੋਂ ਬਿਨਾ। ਕਰਣ—ਜਗਤ। ਕਾਰਣ—ਮੂਲ। ਸੋਈ—ਓਹੀ।ਰਹਾਉ।

ਪ੍ਰਭਿ—ਪ੍ਰਭੂ ਨੇ। ਵਰ—ਬਖ਼ਸ਼ਸ਼ਾਂ। ਵਸਿ—ਆਪਣੇ ਵਸ ਵਿਚ।੨।

ਅਰਥ :

ਪ੍ਰ: ਹੇ ਗੁਰੋ! ਅਸੀਂ ਵੇਖ ਰਹੇ ਹਾਂ ਕਿ ਜਗਤ ਦਾ ਹਰ ਜੀਵ ਉਸ ਆਪਣੇ ਮਿੱਤਰ ਤੋਂ ਕੁਰਬਾਨ ਜਾਂਦਾ ਹੈ, ਜਿਸ ਨੇ ਕਿਸੇ 'ਤੇ ਕੋਈ ਅਹਿਸਾਨ ਕੀਤਾ ਹੋਵੇ। ਕੀ ਕੋਈ ਤੁਹਾਡਾ ਭੀ ਅਜੇਹਾ ਪਿਆਰਾ ਹੈ, ਜਿਸ ਤੋਂ ਆਪ ਸਦਾ ਹੀ ਬਲਿਹਾਰ ਕੁਰਬਾਨ ਜਾਂਦੇ ਹੋ?

ਉ: ੧. ਹੇ ਸੰਤ ਜਨੋ! ਮੈਂ ਤਾਂ ਸਦਾ ਉਸੇ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ,

੨. ਜਿਸ ਨੇ ਕਿ ਮੈਨੂੰ (ਪ੍ਰਭੂ ਦੇ ਨਾਮ ਦੀ ਦਾਤ ਬਖ਼ਸ਼ ਕੇ) ਮੇਰੀ ਪੂਰੀ ਤਰ੍ਹਾਂ ਇੱਜ਼ਤ ਰੱਖ ਲਈ ਹੈ।

੩. ਹੇ ਪਿਆਰੇ! ਉਹ ਮਨੁੱਖ ਆਪਣੇ ਮਨ ਦੀਆਂ ਸਾਰੀਆਂ ਹੀ ਮੁਰਾਦਾਂ ਪੂਰੀਆਂ ਕਰ ਲੈਂਦਾ ਹੈ।

੪. ਜਿਹੜਾ ਕਿ ਮਨੁੱਖ ਸਦਾ ਆਪਣੇ ਗੁਰੂ ਦਾ ਹੀ ਧਿਆਨ ਧਰਦਾ ਹੈ।੧।

੫. ਹੇ ਸੰਤ ਜਨੋ! ਉਸ ਪ੍ਰਭੂ ਜੀ ਤੋਂ ਬਿਨਾ ਜੀਵਾਂ ਦਾ ਹੋਰ ਕੋਈ ਭੀ ਰਾਖਾ ਨਹੀਂ ਹੈ।

੬. ਉਹੋ ਹੀ ਪ੍ਰਭੂ ਜਗਤ ਦਾ ਮੂਲ ਰੂਪ ਹੈ।ਰਹਾਉ।

੭. ਹੇ ਸੰਤ ਜਨੋ! ਉਸ ਪ੍ਰਭੂ ਜੀ ਨੇ (ਜੀਵਾਂ ਨੂੰ) ਸਾਰੀਆਂ ਦਾਤਾਂ ਬਖ਼ਸ਼ਸ਼ ਕੀਤੀਆਂ ਹੋਈਆਂ ਹਨ।

੮. ਉਸੇ ਸਾਈਂ ਜੀ ਨੇ ਸਾਰੇ ਜੀਵਾਂ ਨੂੰ ਆਪਣੇ ਵਸ ਵਿਚ ਰਖਿਆ ਹੋਇਆ ਹੈ।

੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜਦੋਂ ਭੀ ਕਿਸੇ ਨੇ ਉਸ ਪ੍ਰਭੂ ਜੀ ਦਾ ਨਾਮ ਧਿਆਇਆ ਹੈ।

੧੦. ਤਦੋਂ ਹੀ ਉਸ ਮਨੁੱਖ ਨੇ ਆਪਣੇ ਸਾਰੇ ਦੁੱਖ ਦੂਰ ਕਰ ਲਏ।੨।੫।੬੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਆਪਣੇ ਉਸ ਗੁਰੂ ਰਾਮਦਾਸ ਜੀ ਤੋਂ ਸਦਕੇ ਜਾਂਦੇ ਹਨ, ਜਿਨ੍ਹਾਂ ਨੇ ਨਾਮ ਦੀ ਦਾਤ ਬਖ਼ਸ਼ਸ਼ ਕਰਕੇ ਪੂਰਨ ਪੈਜ ਰੱਖੀ ਹੈ ਅਤੇ ਮਨ ਇੱਛਤ ਸਾਰੇ ਹੀ ਫਲ ਪ੍ਰਾਪਤ ਕੀਤੇ ਹਨ। ਉਸ ਗੁਰੂ ਦਾ ਦਿੱਤਾ ਹੋਇਆ ਨਾਮ ਸਿਮਰ ਕੇ ਸਾਰੇ ਦੁੱਖ ਕਲੇਸ਼ਾਂ ਦਾ ਨਾਸ ਹੁੰਦਾ ਹੈ।

ਸੋਰਠਿ ਮਹਲਾ ੫ ॥

੧. ਤਾਪੁ ਗਵਾਇਆ ਗੁਰਿ ਪੂਰੇ ॥
੨. ਵਾਜੇ ਅਨਹਦ ਤੂਰੇ ॥
੩. ਸਰਬ ਕਲਿਆਣ ਪ੍ਰਭਿ ਕੀਨੇ ॥
੪. ਕਰਿ ਕਿਰਪਾ ਆਪਿ ਦੀਨੇ ॥੧॥
੫. ਬੇਦਨ ਸਤਿਗੁਰਿ ਆਪਿ ਗਵਾਈ ॥
੬. ਸਿਖ ਸੰਤ ਸਭਿ ਸਰਸੇ ਹੋਏ
ਹਰਿ ਹਰਿ ਨਾਮੁ ਧਿਆਈ ॥ ਰਹਾਉ ॥
੭. ਜੋ ਮੰਗਹਿ ਸੋ ਲੇਵਹਿ ॥
੮. ਪ੍ਰਭ ਅਪਣਿਆ ਸੰਤਾ ਦੇਵਹਿ ॥
੯. ਹਰਿ ਗੋਵਿਦੁ ਪ੍ਰਭਿ ਰਾਖਿਆ ॥
੧੦. ਜਨ ਨਾਨਕ ਸਾਚੁ ਸੁਭਾਖਿਆ ॥੨॥੬॥੭੦॥

ਪਦ ਅਰਥ : ਗੁਰਿ—ਗੁਰੂ ਨੇ। ਤਾਪੁ—ਦੁਖ ਕਲੇਸ਼। ਵਾਜੇ—ਵੱਜ ਪਏ। ਅਨਹਦ—ਇਕ ਰਸ, ਬਿਨਾ ਵਜਾਏ। ਤੂਰੇ—ਵਾਜੇ। ਕਲਿਆਣ—ਸੁੱਖ। ਪ੍ਰਭਿ—ਪ੍ਰਭੂ ਨੇ। ਕਰਿ—ਕਰਕੇ।੧।

ਬੇਦਨ—ਪੀੜਾ। ਸਤਿਗੁਰਿ—ਸਤਿਗੁਰੂ ਨੇ। ਸਭਿ—ਸਾਰੇ। ਸਰਸੇ—ਸ-ਰਸ, ਰਸ ਸਹਿਤ, ਅਨੰਦ ਭਰਪੂਰ। ਧਿਆਈ—ਧਿਆਇ, ਸਿਮਰ ਕੇ।ਰਹਾਉ।

ਮੰਗਹਿ—ਮੰਗਦੇ ਹਨ। ਲੇਵਹਿ—ਹਾਸਲ ਕਰਦੇ ਹਨ। ਪ੍ਰਭ—ਹੇ ਪ੍ਰਭੂ। ਦੇਵਹਿ—ਤੂੰ ਦੇਂਦਾ ਹੈਂ। ਪ੍ਰਭਿ—ਪ੍ਰਭੂ ਨੇ। ਸੁਭਾਖਿਆ—ਉਚਾਰਿਆ ਹੈ।

ਅਰਥ :

ਪ੍ਰ: ਸ੍ਰੀ ਜੀਉ ! ਆਪ ਕਹਿੰਦੇ ਹੋ ਕਿ ਨਾਮ ਅਭਿਆਸੀ ਦੇ ਅੰਦਰ ਆਤਮਿਕ ਅਨੰਦ ਦੇ ਇਕ ਰਸ ਵਾਜੇ ਵੱਜਣ ਲੱਗ ਪੈਂਦੇ ਹਨ, ਉਸ ਲਈ ਅਭਿਆਸੀ ਨੂੰ ਕਿਹੜਾ ਸਾਧਨ ਕਰਨਾ ਪੈਂਦਾ ਹੈ ?

ਉ: ੧. ਹੇ ਪਿਆਰੇ ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਨਾਮ ਦੀ ਦੁਆਈ ਦੇ ਕੇ, ਉਸ ਦੇ ਅੰਦਰੋਂ ਆਧੀ, ਬਿਆਧੀ, ਉਪਾਧੀ ਦਾ ਤਾਪ ਗਵਾ ਦਿੱਤਾ।

੨. ਉਸ ਦੇ ਅੰਦਰ ਤਾਂ ਸਮਝੋ ਆਤਮਿਕ ਅਨੰਦ ਦੇ ਸੁਭਾਵਕ ਹੀ ਇਕ ਰਸ ਵਾਜੇ ਵੱਜਣ ਲੱਗ ਪੈਂਦੇ ਹਨ।

੩. ਪ੍ਰਭੂ ਜੀ ਨੇ ਆਪ ਹੀ ਕਿਰਪਾ ਕਰ ਕੇ ਉਸ ਨੂੰ ਸਾਰੇ ਸੁੱਖ ਬਖ਼ਸ਼ ਦਿੱਤੇ ਹਨ।

੪. ਇਹ ਕੋਈ ਉਸ ਦੇ ਸਾਧਨਾਂ ਦਾ ਫਲ ਨਹੀਂ, ਇਹ ਤਾਂ ਉਸ ਨੂੰ ਕਿਰਪਾ ਕਰ ਕੇ ਪ੍ਰਭੂ ਜੀ ਨੇ ਆਪ ਹੀ ਬਖ਼ਸ਼ਸ਼ ਕਰ ਦਿੱਤੀ ਹੈ।੧।

੫. ਹੇ ਪਿਆਰੇ ! ਸੰਸਾਰ ਦਾ ਹਰ ਮਨੁੱਖ ਕਿਸੇ ਨਾ ਕਿਸੇ ਪੀੜਾ ਕਰਕੇ ਪੀੜਤ ਹੋ ਰਿਹਾ ਹੈ, ਪਰ ਸਤਿਗੁਰੂ ਨੇ ਆਪਣੇ ਸੇਵਕ ਦੀ ਪੀੜਾ ਨੂੰ (ਮਿਹਰ ਕਰ ਕੇ) ਆਪ ਹੀ ਗਵਾ ਦਿੱਤਾ ਹੈ।

੬. ਹਰਿ ਹਰਿ ਨਾਮ ਦੇ ਧਿਆਉਣ ਵਾਲੇ ਸਿੱਖ, ਸੰਤ, ਸਾਰੇ ਹੀ ਅਧਿਕ ਅਨੰਦ ਵਾਲੇ ਹੋ ਗਏ।ਰਹਾਉ।

੭. ਹੇ ਪ੍ਰਭੂ ! ਤੇਰੇ ਸੰਤ ਜਨ ਜੋ ਭੀ ਤੇਰੇ ਦਰ ਤੋਂ ਮੰਗਦੇ ਹਨ, ਉਹੋ ਕੁਝ ਹਾਸਲ ਕਰ ਲੈਂਦੇ ਹਨ।

੮. (ਕਿਉਂਕਿ) ਪ੍ਰਭੂ ਆਪਣਿਆਂ ਸੰਤਾਂ ਨੂੰ ਮੂੰਹੋਂ ਮੰਗੀ ਦਾਤ ਬਖ਼ਸ਼ਸ਼ ਕਰਦਾ ਹੈ।

੯. ਹੇ ਭਾਈ ! ਬਾਲਕ ਹਰਿਗੋਬਿੰਦ ਨੂੰ (ਭੀ) ਪ੍ਰਭੂ ਨੇ ਆਪ ਹੀ ਬਚਾਇਆ ਹੈ।

੧੦. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈਓ ! (ਮੈਨੂੰ ਪ੍ਰਭੂ 'ਤੇ ਪੂਰਨ ਵਿਸ਼ਵਾਸ ਹੈ) ਇਸੇ ਹੀ ਕਰਕੇ ਮੈਂ ਉਸੇ ਸੱਚੇ ਪ੍ਰਭੂ ਦਾ ਨਾਮ ਹੀ ਉਚਾਰਨ ਕਰਦਾ ਹਾਂ।੨।੬।੭੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਗੁਰੂ ਦੀ ਮਹਿਮਾ ਅੰਕਤ ਕਰਦੇ ਹਨ, ਜਿਸ ਦੀ ਕਿਰਪਾ ਦ੍ਰਿਸ਼ਟੀ ਦਾ ਸਦਕਾ ਮਨੁੱਖ ਦੇ ਅੰਦਰੋਂ ਹਰ ਪ੍ਰਕਾਰ ਦੀ ਪੀੜਾ ਮਿਟ ਜਾਂਦੀ ਹੈ। ਸੇਵਕ ਜੋ ਭੀ ਆਪਣੇ ਪ੍ਰਭੂ ਪਾਸੋਂ ਮੰਗਦੇ ਹਨ, ਉਹ ਮਨ ਇੱਛਤ ਫਲ ਪ੍ਰਾਪਤ ਕਰ ਲੈਂਦੇ ਹਨ।

ਸੋਰਠਿ ਮਹਲਾ ੫ ॥

੧. ਸੋਈ ਕਰਾਇ ਜੋ ਤੁਧੁ ਭਾਵੈ ॥
੨. ਮੋਹਿ ਸਿਆਣਪ ਕਛੂ ਨ ਆਵੈ ॥
੩. ਹਮ ਬਾਰਿਕ ਤਉ ਸਰਣਾਈ ॥
੪. ਪ੍ਰਭਿ ਆਪੇ ਪੈਜ ਰਖਾਈ ॥੧॥
੫. ਮੇਰਾ ਮਾਤ ਪਿਤਾ ਹਰਿ ਰਾਇਆ ॥
੬. ਕਰਿ ਕਿਰਪਾ ਪ੍ਰਤਿਪਾਲਣ ਲਾਗਾ
ਕਰੀਂ ਤੇਰਾ ਕਰਾਇਆ ॥ ਰਹਾਉ ॥
੭. ਜੀਅ ਜੰਤ ਤੇਰੇ ਧਾਰੇ ॥
੮. ਪ੍ਰਭ ਡੋਰੀ ਹਾਥਿ ਤੁਮਾਰੇ ॥
੯. ਜਿ ਕਰਾਵੈ ਸੋ ਕਰਣਾ ॥
੧੦. ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥

ਪਦ ਅਰਥ : ਸੋਈ—ਉਹੀ ਕੰਮ। ਕਰਾਇ—ਤੂੰ ਕਰਾਈਂ। ਭਾਵੈ—ਚੰਗਾ ਲੱਗਦਾ ਹੈ। ਮੋਹਿ—ਮੈਨੂੰ। ਤਉ—ਤੇਰੀ। ਪ੍ਰਭਿ—ਪ੍ਰਭੂ ਨੇ। ਆਪੇ—ਆਪ ਹੀ। ਪੈਜ—ਇੱਜ਼ਤ। ਹਰਿ ਰਾਇਆ—ਹੇ ਪ੍ਰਭੂ ਪਾਤਿਸ਼ਾਹ। ਕਰੀ—ਮੈਂ ਕਰਦਾ ਹਾਂ।ਰਹਾਉ।

ਧਾਰੇ—ਸਹਾਰੇ ਹੋਏ। ਹਾਥਿ—ਹੱਥ ਵਿਚ। ਕਰਾਵੈ—ਕਰਾਂਦਾ ਹੈ।੨।

ਅਰਥ :

ਪ੍ਰ: ਸ੍ਰੀ ਜੀਉ ! ਜਦੋਂ ਕਦੀ ਤੁਸੀਂ ਸਾਈਂ ਜੀ ਤੋਂ ਮੰਗ ਕਰਦੇ ਹੋ, ਤਾਂ ਉਹ ਆਪ ਜੀ ਦੀ ਕਿਹੜੀ ਮੰਗ ਹੋਇਆ ਕਰਦੀ ਹੈ ?

ਉ: ੧. ਹੇ ਭਾਈ ! ਮੈਂ ਤਾਂ ਉਸ ਪਿਆਰੇ ਪ੍ਰਭੂ ਜੀ ਪਾਸੋਂ ਸਦਾ ਇਹੋ ਮੰਗ ਕਰਦਾ ਰਹਿੰਦਾ ਹਾਂ ਕਿ ਹੇ ਪ੍ਰਭੂ ! ਪਾਤਿਸ਼ਾਹ ! ਤੂੰ ਮੇਰੇ ਪਾਸੋਂ ਉਹੀ ਕੰਮ ਕਰਾਇਆ ਕਰ ਜੋ ਕਿ ਤੈਨੂੰ ਚੰਗਾ ਲੱਗਦਾ ਹੋਵੇ।

੨. (ਕਿਉਂਕਿ) ਮੈਨੂੰ ਕੋਈ ਅਕਲ ਦੀ ਗੱਲ ਕਰਨੀ ਨਹੀਂ ਆਉਂਦੀ (ਇਸ ਲਈ ਜਦੋਂ ਭੀ ਮੈਂ ਕੋਈ ਕੰਮ ਕਰਾਂਗਾ, ਉਹ ਗ਼ਲਤ ਹੀ ਕਰਾਂਗਾ)।

੩. ਹੇ ਸਾਈਂ ਜੀ ! ਅਸੀਂ ਤੇਰੇ ਬੱਚੇ ਹਾਂ, ਤੇਰੀ ਹੀ ਸ਼ਰਨ ਵਿਚ ਆਏ ਹਾਂ।

੪. ਹੇ ਭਾਈਓ ! (ਸ਼ਰਨ ਪਏ ਜੀਵ ਦੀ) ਪ੍ਰਭੂ ਨੇ ਆਪੇ ਹੀ ਸਦਾ ਇੱਜ਼ਤ ਰਖਾਈ ਹੈ।੧।

੫. ਹੇ ਪ੍ਰਭੂ ਪਾਤਿਸ਼ਾਹ ! ਤੂੰ ਹੀ ਮੇਰੀ ਮਾਂ ਹੈਂ ਅਤੇ ਤੂੰ ਹੀ ਮੇਰਾ ਪਿਉ ਹੈਂ।

੬. ਮਿਹਰ ਕਰ ਕੇ ਤੂੰ ਆਪੇ ਹੀ ਮੇਰੀ ਪਾਲਣਾ ਕਰ ਰਿਹਾ ਹੈਂ। ਹੇ ਪ੍ਰਭੂ ਜੀ ! ਮੈਂ ਉਹੋ ਹੀ ਕੁਝ ਕਰਦਾ ਹਾਂ, ਜੋ ਤੂੰ ਮੇਰੇ ਪਾਸੋਂ ਕਰਾਉਂਦਾ ਹੈਂ।ਰਹਾਉ।

੭. ਹੇ ਸਾਈਂ ਜੀ ! ਇਹ ਜੀਅ ਜੰਤ ਸਾਰੇ ਤੇਰੇ ਹੀ ਆਸਰੇ ਹਨ।

੮. ਹੇ ਪ੍ਰਭੂ ਜੀ ! ਅਸਾਂ ਜੀਵਾਂ ਦੀ ਪਰਾਰਬਧ ਜਾਂ ਪ੍ਰਾਣਾਂ ਦੀ ਡੋਰ ਤੇਰੇ ਹੀ ਹੱਥ ਵਿਚ ਹੈ।

੯. ਅਸੀਂ ਜੀਵ ਉਹੋ ਕੁਝ ਕਰ ਸਕਦੇ ਹਾਂ, ਜੋ ਕੁਝ ਪਰਮੇਸ਼ਰ ਸਾਡੇ ਪਾਸੋਂ ਕਰਾਂਦਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ਜੀ ! ਤੇਰੇ ਦਾਸ ਤਾਂ ਸਦਾ ਤੇਰੀ ਸ਼ਰਨ ਵਿਚ ਹੀ ਪਏ ਰਹਿੰਦੇ ਹਨ।੨।੭।੭੧।

ਭਾਵਾਰਥ : ਇਸ ਸ਼ਬਦ ਅੰਦਰ ਹਜ਼ੂਰ ਉਸ ਪ੍ਰਭੂ ਦੇ ਸੇਵਕਾਂ ਦੀ ਮੰਗ ਦਾ ਜ਼ਿਕਰ ਕਰਦੇ ਹਨ, ਜੋ ਸੇਵਕ ਬਾਰਕਾਂ ਦੀ ਨਿਆਈਂ ਸਾਈਂ ਜੀ ਤੋਂ ਜਾਚਨਾ ਕਰਦੇ ਰਹਿੰਦੇ ਹਨ। ਉਨ੍ਹਾਂ ਦੀ ਮੰਗ ਕੇਵਲ ਇਹੋ ਹੁੰਦੀ ਹੈ ਕਿ ਐ ਪਿਆਰੇ ਪ੍ਰਭੂ ਜੀ ! ਸਾਡੇ ਪਾਸ ਅਕਲ ਸਿਆਣਪ ਕੋਈ ਨਹੀਂ, ਕਿਰਪਾ ਕਰ ਕੇ ਸਾਡੇ ਪਾਸੋਂ ਉਹੋ ਜੇਹੀ ਕਿਰਤ ਹੀ ਕਰਾਂਦੇ ਰਹੋ, ਜੋ ਆਪ ਜੀ ਨੂੰ ਚੰਗੀ ਲੱਗੇ, ਕਿਉਂਕਿ ਇਹ ਸਾਰੇ ਹੀ ਛੋਟੇ ਵੱਡੇ ਜੀਵ ਆਪ ਜੀ ਦੀ ਸ਼ਰਨ ਹਨ, ਇਨ੍ਹਾਂ ਦੀ ਪ੍ਰਾਣਾਂ ਰੂਪੀ ਡੋਰੀ ਆਪ ਜੀ ਦੇ ਹੱਥ ਵਿਚ ਹੈ।

ਸੋਰਠਿ ਮਹਲਾ ੫ ॥

੧. ਹਰਿ ਨਾਮੁ ਰਿਦੈ ਪਰੋਇਆ ॥
੨. ਸਭੁ ਕਾਜੁ ਹਮਾਰਾ ਹੋਇਆ ॥
੩. ਪ੍ਰਭ ਚਰਣੀ ਮਨੁ ਲਾਗਾ ॥
੪. ਪੂਰਨ ਜਾ ਕੇ ਭਾਗਾ ॥੧॥
੫. ਮਿਲਿ ਸਾਧਸੰਗਿ ਹਰਿ ਧਿਆਇਆ ॥
੬. ਆਠ ਪਹਰ ਅਰਾਧਿਓ ਹਰਿ ਹਰਿ
ਮਨ ਚਿੰਦਿਆ ਫਲੁ ਪਾਇਆ ॥ ਰਹਾਉ ॥
੭. ਪਰਾ ਪੂਰਬਲਾ ਅੰਕੁਰੁ ਜਾਗਿਆ ॥
੮. ਰਾਮ ਨਾਮਿ ਮਨੁ ਲਾਗਿਆ ॥
੯. ਮਨਿ ਤਨਿ ਹਰਿ ਦਰਸਿ ਸਮਾਵੈ ॥
੧੦. ਨਾਨਕ ਦਾਸ ਸਚੇ ਗੁਣ ਗਾਵੈ ॥੨॥੮॥੭੨॥

ਪਦ ਅਰਥ : ਰਿਦੈ—ਹਿਰਦੇ ਵਿਚ। ਪਰੋਇਆ—ਚੰਗੀ ਤਰ੍ਹਾਂ ਵਸਾ ਲਿਆ। ਸਭੁ—ਸਾਰਾ। ਕਾਜੁ—ਜੀਵਨ-ਮਨੋਰਥ। ਜਾ ਕੇ—ਜਿਸ ਮਨੁੱਖ ਦੇ।੧।

ਮਿਲਿ—ਮਿਲ ਕੇ। ਸਾਧ ਸੰਗਿ—ਸਾਧ ਸੰਗਤ ਵਿਚ। ਅਰਾਧਿਓ—ਸਿਮਰਿਆ। ਮਨ ਚਿੰਦਿਆ—ਮਨ ਇੱਛਤ।ਰਹਾਉ।

ਪਰਾ ਪੂਰਬਲਾ—ਅਨੇਕਾਂ ਪਹਿਲੇ ਜਨਮਾਂ ਦਾ। ਅੰਕੁਰੁ—ਅੰਗੂਰ। ਜਾਗਿਆ—ਫੁਟ ਪਿਆ। ਨਾਮਿ—ਨਾਮ ਵਿਚ। ਮਨਿ ਤਨਿ—ਮਨ ਦੇ ਰਾਹੀਂ, ਤਨ ਦੇ ਰਾਹੀਂ, ਪੂਰਨ ਤੌਰ 'ਤੇ। ਦਰਸਿ—ਦਰਸ਼ਨ ਵਿਚ। ਸਚੇ—ਸਦਾ ਥਿਰ ਹਰੀ ਦੇ।੨।

ਅਰਥ :

ਪ੍ਰ: ਹੇ ਗੁਰੋ ! ਅਸੀਂ ਆਪ ਜੀ ਦੇ ਹਰ ਕਾਰਜ ਵਿਚ ਸਫਲਤਾ ਵੇਖਦੇ ਹਾਂ। ਇਸ ਸਫਲਤਾ ਲਈ ਆਪ ਜੀ ਕਿਹੜਾ ਸਾਧਨ ਕਰਦੇ ਹੋ ?

ਉ: ੧. ਹੇ ਭਾਈਓ ! ਅਸਾਂ ਨੇ ਹਰੀ ਦਾ ਨਾਮ ਹਿਰਦੇ ਵਿਚ ਪਰੋ ਲਿਆ ਹੈ, ਇਸ ਤਰ੍ਹਾਂ ਜਦੋਂ ਭੀ ਕਿਸੇ ਨੇ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਚੰਗੀ ਤਰ੍ਹਾਂ ਪਰੋ ਲਿਆ ਹੋਵੇ।

੨. ਤਦੋਂ ਅਸਾਂ ਜੀਵਾਂ ਦਾ ਸਾਰਾ ਜੀਵਨ ਦਾ ਮਨੋਰਥ ਸਫਲ ਹੋ ਜਾਂਦਾ ਹੈ।

੩. ਪਰ ਇਹ ਹੁੰਦਾ ਤਦ ਹੀ ਹੈ, ਜਦੋਂ ਕਿਸੇ ਦਾ ਮਨ ਪ੍ਰਭੂ ਜੀ ਦੇ ਚਰਨਾਂ ਵਿਚ ਲੱਗ ਜਾਵੇ।

੪. ਪਰਮੇਸ਼ਰ ਦੇ ਚਰਨਾਂ ਵਿਚ ਮਨ ਭੀ ਤਾਂ ਹੀ ਲੀਨ ਰਹਿੰਦਾ ਹੈ, ਜਿਸ ਮਨੁੱਖ ਦੇ ਭਾਗ ਚੰਗੀ ਤਰ੍ਹਾਂ ਜਾਗ ਪੈਂਦੇ ਹਨ।

੫. ਹੇ ਭਾਈ ! ਜਿਸ ਮਨੁੱਖ ਨੇ ਸਾਧ ਸੰਗਤ ਵਿਚ ਮਿਲ ਕੇ ਪਰਮੇਸ਼ਰ ਦਾ ਨਾਮ ਸਿਮਰਿਆ ਹੈ।

੬. ਜਦੋਂ ਅੱਠੇ ਪਹਿਰ ਪਰਮਾਤਮਾ ਦਾ ਨਾਮ ਯਾਦ ਕੀਤਾ ਤਾਂ ਸਮਝੋ ਉਸ ਨੇ ਹਰੇਕ ਮਨ ਮੰਗੀ ਮੁਰਾਦ ਪਾ ਲਈ ਹੈ।ਰਹਾਉ।

੭. ਹੇ ਭਾਈ ! ਸਾਧ ਸੰਗਤ ਵਿਚ ਮਿਲ ਕੇ ਜਦੋਂ ਭੀ ਕਿਸੇ ਮਨੁੱਖ ਦੇ ਅਨੇਕਾਂ ਪੂਰਬਲੇ ਜਨਮਾਂ ਦੇ ਸੰਸਕਾਰਾਂ ਦਾ ਬੀਜ ਉੱਗ ਪੈਂਦਾ ਹੈ, ਭਾਵ ਪੂਰਬਲੇ ਸੰਸਕਾਰ ਜਾਗ ਪੈਂਦੇ ਹਨ।

੮. ਤਦੋਂ ਉਸ ਦਾ ਮਨ ਪ੍ਰਭੂ ਦੇ ਨਾਮ ਵਿਚ ਲੱਗਣ ਲੱਗ ਪੈਂਦਾ ਹੈ।

੯. ਉਸ ਮਨੁੱਖ ਦਾ ਮਨ ਪਰਮੇਸ਼ਰ ਦੇ ਦੀਦਾਰ ਵਿਚ ਮਨ ਤਨ ਕਰ ਕੇ ਮਸਤ ਰਹਿੰਦਾ ਹੈ।

੧੦. ਉਹ ਮਨੁੱਖ ਫਿਰ ਸਦਾ ਹੀ ਪਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ।੨।੮।੭੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਹਰੀ ਦੇ ਨਾਮ ਨੂੰ ਹਿਰਦੇ ਵਿਚ ਪਰੋਈ ਰੱਖਣ ਵਾਲੇ ਸੇਵਕਾਂ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਸੇਵਕਾਂ ਦੇ ਨਾਮ ਦਾ ਸਦਕਾ ਸਾਰੇ ਕਾਰਜ ਸੌਰ ਜਾਂਦੇ ਹਨ ਅਤੇ ਉਹ ਸਾਰੇ ਜੀਵਨ ਭਰ ਵਿਚ ਸੰਗਤ ਨਾਲ ਮਿਲ ਕੇ ਨਾਮ ਨੂੰ ਧਿਆਉਂਦੇ ਹੋਏ, ਅੰਤ ਨੂੰ ਹਰੀ ਦੇ ਸੱਚ ਸਰੂਪ ਵਿਚ ਸਮਾ ਜਾਂਦੇ ਹਨ।

ਸੋਰਠਿ ਮਹਲਾ ੫ ॥

੧. ਗੁਰ ਮਿਲਿ ਪ੍ਰਭੂ ਚਿਤਾਰਿਆ ॥
੨. ਕਾਰਜ ਸਭਿ ਸਵਾਰਿਆ ॥
੩. ਮੰਦਾ ਕੋ ਨ ਅਲਾਏ ॥
੪. ਸਭ ਜੈ ਜੈ ਕਾਰੁ ਸੁਣਾਏ ॥੧॥
੫. ਸੰਤਹੁ ਸਾਚੀ ਸਰਣਿ ਸੁਆਮੀ ॥
੬. ਜੀਅ ਜੰਤ ਸਭਿ ਹਾਥਿ ਤਿਸੈ ਕੈ
ਸੋ ਪ੍ਰਭੁ ਅੰਤਰਜਾਮੀ ॥ ਰਹਾਉ ॥
੭. ਕਰਤਬ ਸਭਿ ਸਵਾਰੇ ॥
੮. ਪ੍ਰਭਿ ਅਪੁਨਾ ਬਿਰਦੁ ਸਮਾਰੇ ॥
੯. ਪਤਿਤ ਪਾਵਨ ਪ੍ਰਭ ਨਾਮਾ ॥
੧੦. ਜਨ ਨਾਨਕ ਸਦ ਕੁਰਬਾਨਾ ॥੨॥੯॥੭੩॥

ਪਦ ਅਰਥ : ਗੁਰ ਮਿਲਿ—ਗੁਰੂ ਨੂੰ ਮਿਲ ਕੇ। ਸਭਿ—ਸਾਰੇ। ਮੰਦਾ ਕੋ—ਕੋਈ ਭੈੜਾ ਬੋਲ। ਅਲਾਏ—ਬੋਲਦਾ। ਸਭ—ਸਾਰੀ (ਲੁਕਾਈ) ਨੂੰ। ਜੈ ਜੈ ਕਾਰੁ—ਪਰਮੇਸ਼ਰ ਦੀ ਸਿਫ਼ਤਿ-ਸਾਲਾਹ। ਸੁਣਾਏ—ਸੁਣਾਂਦਾ ਹੈ।

ਸਾਚੀ—ਸਦਾ ਕਾਇਮ ਰਹਿਣ ਵਾਲੀ। ਸਭਿ—ਸਾਰੇ। ਹਾਥਿ—ਹੱਥ ਵਿਚ। ਤਿਸੈ ਕੈ ਹਾਥਿ—ਉਸ ਦੇ ਹੱਥ ਵਿਚ। ਅੰਤਰਜਾਮੀ—ਦਿਲ ਦੀ ਜਾਨਣ ਵਾਲਾ।ਰਹਾਉ।

ਪ੍ਰਭਿ—ਪ੍ਰਭੂ ਨੇ। ਬਿਰਦੁ—ਮੁੱਢ ਕਦੀਮਾਂ ਦਾ (ਪਿਆਰ ਵਾਲਾ) ਸੁਭਾਉ। ਸਮਾਰੇ—ਚੇਤੇ ਰਖਿਆ ਹੋਇਆ ਹੈ। ਪਤਿਤ ਪਾਵਨ—ਪਾਪੀਆਂ ਨੂੰ ਪਵਿੱਤਰ ਕਰਨ ਵਾਲਾ।੨।

ਅਰਥ :

ਪ੍ਰ: ਹੇ ਗੁਰੋ! ਅਸੀਂ ਕਈ ਬੰਦਿਆਂ ਨੂੰ ਵੇਖਦੇ ਹਾਂ ਕਿ ਉਨ੍ਹਾਂ ਨੂੰ ਸਾਰੇ ਜੀਵਨ ਭਰ ਵਿਚ ਕਿਸੇ ਕਾਰਜ ਅੰਦਰ ਭੀ ਸਫਲਤਾ ਨਹੀਂ ਹੁੰਦੀ ਅਤੇ ਕੁਝ ਬੰਦੇ ਐਸੇ ਭੀ ਹਨ, ਜਿਨ੍ਹਾਂ ਦੇ ਕਾਰਜ ਸੁਭਾਵਕ ਹੀ ਸੌਰਦੇ ਰਹਿੰਦੇ ਹਨ, ਇਸ ਵਿਚ ਕੀ ਭੇਦ ਹੈ ?

ਉ: ੧. ਹੇ ਭਾਈਓ! ਇਹ ਨਿਸ਼ਚਾ ਕਰੋ ਕਿ ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ ਉਸ ਪਰਮੇਸ਼ਰ ਨੂੰ ਸਿਮਰਨਾ, ਚੇਤੇ ਕਰਨਾ ਆਰੰਭ ਦਿੱਤਾ ਹੈ।

੨. (ਸਮਝ ਲਓ) ਉਸ ਨੇ ਸਾਰੇ ਆਪਣੇ ਕੰਮ ਸਵਾਰ ਲਏ।

ਪ੍ਰ: ਹਜ਼ੂਰ ਜੀਉ! ਉਸ ਦੀ ਨਿਸ਼ਾਨੀ ਕੀ ਹੈ ?

ਉ: ੩. ਹੇ ਭਾਈ! ਉਸ ਦੀ ਨਿਸ਼ਾਨੀ ਇਹੋ ਹੀ ਹੈ ਕਿ ਉਹ ਮਨੁੱਖ ਕਦੇ ਭੀ ਕਿਸੇ ਬੰਦੇ ਨੂੰ ਕੋਈ ਮੰਦੇ, ਭੈੜੇ, ਫਿੱਕੇ ਬਚਨ ਨਹੀਂ ਬੋਲਦਾ।

੪. ਉਹ ਤਾਂ ਜਦੋਂ ਭੀ ਕਿਸੇ ਨੂੰ ਕੋਈ ਬਚਨ ਬੋਲਦਾ ਹੈ, ਸਾਰੀ ਲੁਕਾਈ ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਸ਼ਬਦ ਹੀ ਬੋਲਦਾ ਰਹਿੰਦਾ ਹੈ।੧।

੫. ਹੇ ਸੰਤ ਜਨੋ! (ਅਸਲ ਵਿਚ ਤਾਂ) ਉਸ ਮਾਲਕ-ਪ੍ਰਭੂ ਦਾ ਆਸਰਾ ਹੀ ਪੱਕਾ ਆਸਰਾ ਹੈ।

੬. (ਕਿਉਂਕਿ) ਵੇਖ ਲਓ, ਸਾਰੇ ਜੀਵ ਜੰਤ ਉਸ ਪ੍ਰਭੂ ਦੇ ਹੱਥ ਵਿਚ ਹੀ ਹਨ ਅਤੇ ਉਹੋ ਪ੍ਰਭੂ ਸਾਰੇ ਜੀਵਾਂ ਦੇ ਦਿਲਾਂ ਦੀ ਜਾਨਣ ਵਾਲਾ ਹੈ।ਰਹਾਉ।

ਪ੍ਰ: ਕਿਉਂ ਜੀ, ਜਿਸ ਮਨੁੱਖ ਨੇ ਉਸ ਪ੍ਰਭੂ ਦਾ ਪੱਕਾ ਆਸਰਾ ਲੈ ਲਿਆ ਹੈ, ਉਸ ਨੂੰ ਕੀ ਫਲ ਪ੍ਰਾਪਤ ਹੋਇਆ ਕਰਦਾ ਹੈ ?

ਉ: ੭. ਹੇ ਭਾਈਓ! ਉਸ ਪ੍ਰਭੂ ਦਾ ਆਸਰਾ ਲੈਣ ਵਾਲੇ ਮਨੁੱਖ ਦੇ ਸਾਈਂ ਜੀ ਨੇ ਸਭੇ ਹੀ ਕੰਮ ਸਵਾਰ ਦਿੱਤੇ, (ਭਾਵ ਉਸ ਦੇ ਕਿਸੇ ਕਾਰਜ ਵਿਚ ਭੀ ਵਿਘਨ ਨਹੀਂ ਪੈਂਦਾ)।

੮. (ਕਿਉਂਕਿ) ਪਰਮੇਸ਼ਰ ਜੀ ਨੇ (ਪਿਆਰ ਕਰਨ) ਵਾਲਾ ਸੁਭਾਉ ਮੁੱਢ ਕਦੀਮਾਂ ਤੋਂ ਹੀ ਚੇਤੇ ਰਖਿਆ ਹੋਇਆ ਹੈ।

੯. ਹੇ ਸੰਤ ਜਨੋ! ਉਸ ਪਰਮੇਸ਼ਰ ਦਾ ਨਾਮ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੈਂ ਦਾਸ ਤਾਂ ਉਸ ਸਾਈਂ ਜੀ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।੨।੯।੭੩।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸੇਵਕਾਂ ਦੇ ਹਰ ਕਾਰਜ ਵਿਚ ਸਫਲਤਾ ਦਾ ਰਾਜ਼ ਕੇਵਲ ਪਰਮੇਸ਼ਰ ਦੇ ਨਾਮ ਨੂੰ ਹੀ ਸਦਾ ਚੇਤੇ ਕਰਦੇ ਰਹਿਣਾ ਦਰਸਾ ਰਹੇ ਹਨ। ਪ੍ਰਭੂ ਦੇ ਨਾਮ ਦਾ ਚਿੰਤਨ ਕਰਨ ਵਾਲਾ ਕਦੇ ਭੀ ਕਿਸੇ ਨੂੰ ਮੰਦਾ ਬਚਨ ਨਹੀਂ ਬੋਲਦਾ, ਉਹ ਤਾਂ ਸਾਰਿਆਂ ਨੂੰ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਸੁਣਾਉਂਦੇ ਰਹਿਣਾ ਆਪਣਾ ਫ਼ਰਜ਼ ਸਮਝਦਾ ਹੈ। ਉਸ ਦਾ ਵਿਸ਼ਵਾਸ ਹੀ ਸਦਾ ਇਹੋ ਬਣਿਆ ਰਹਿੰਦਾ ਹੈ ਕਿ ਸੰਸਾਰ ਦੇ ਸਾਰੇ ਜੀਅ ਜੰਤਾਂ ਦੀ ਕਿਰਿਆ ਉਸੇ ਸਾਈਂ ਜੀ ਦੇ ਆਸਰੇ ਚੱਲ ਰਹੀ ਹੈ, ਇਸ ਲਈ ਉਹ ਉਸ ਸਾਈਂ ਜੀ ਦੇ ਨਾਮ ਤੋਂ ਸਦਾ ਹੀ ਸਦਕੇ ਜਾਂਦਾ ਰਹਿੰਦਾ ਹੈ।

ਸੋਰਠਿ ਮਹਲਾ ੫ ॥

੧. ਪਾਰਬ੍ਰਹਮਿ ਸਾਜਿ ਸਵਾਰਿਆ ॥
੨. ਇਹੁ ਲਹੁੜਾ ਗੁਰੂ ਉਬਾਰਿਆ ॥
੩. ਅਨਦ ਕਰਹੁ ਪਿਤ ਮਾਤਾ ॥
੪. ਪਰਮੇਸਰੁ ਜੀਅ ਕਾ ਦਾਤਾ ॥੧॥
੫. ਸੁਭ ਚਿਤਵਨਿ ਦਾਸ ਤੁਮਾਰੇ ॥
੬. ਰਾਖਹਿ ਪੈਜ ਦਾਸ ਅਪੁਨੇ ਕੀ
ਕਾਰਜ ਆਪਿ ਸਵਾਰੇ ॥ ਰਹਾਉ ॥
੭. ਮੇਰਾ ਪ੍ਰਭੁ ਪਰਉਪਕਾਰੀ ॥
੮. ਪੂਰਨ ਕਲ ਜਿਨਿ ਧਾਰੀ ॥
੯. ਨਾਨਕ ਸਰਣੀ ਆਇਆ ॥
੧੦. ਮਨ ਚਿੰਦਿਆ ਫਲੁ ਪਾਇਆ ॥੨॥੧੦॥੭੪॥

ਪਦ ਅਰਥ : ਪਾਰਬ੍ਰਹਮਿ—ਪਰਮੇਸ਼ਰ ਨੇ। ਸਾਜਿ—ਸਾਜ ਕੈ, ਪੈਦਾ ਕਰ ਕੇ। ਸਵਾਰਿਆ—ਸੋਹਣਾ ਬਣਾ ਦਿੱਤਾ। ਲਹੁੜਾ—ਛੋਟਾ ਬੱਚਾ। ਉਬਾਰਿਆ—ਬਚਾਅ ਲਿਆ ਹੈ। ਕਰਹੁ—ਕਰਨ, ਬੇਸ਼ਕ ਕਰਨ। ਪਿਤ ਮਾਤਾ—ਮਾਪੇ। ਜੀਅ ਕਾ ਦਾਤਾ— ਜਿੰਦ ਦਾ ਦੇਣ ਵਾਲਾ।੧।

ਸੁਭ—ਭਲਾਈ, ਸਭ ਦੀ ਭਲਾਈ। ਚਿਤਵਨਿ—ਚਿਤਵਦੇ ਹਨ। ਰਾਖਹਿ—ਤੂੰ ਰੱਖਦਾ ਹੈਂ। ਪੈਜ—ਲਾਜ। ਸਵਾਰੇ—ਸਵਾਰਿ, ਸਵਾਰ ਕੇ, ਸਿਰੇ ਚਾੜ੍ਹ ਕੇ।ਰਹਾਉ।

ਪਰਉਪਕਾਰੀ—ਦੂਜਿਆਂ ਦੀ ਭਲਾਈ ਕਰਨ ਵਾਲਾ। ਕਲ— ਸਤਿਆ, ਸ਼ਕਤੀ। ਜਿਨਿ—ਜਿਸ (ਪ੍ਰਭੂ) ਨੇ। ਮਨ ਚਿੰਦਿਆ—ਮਨ ਇੱਛਤ। ਚਿੰਦਿਆ—ਚਿਤਵਿਆ।੨।

ਅਰਥ :

ਪ੍ਰ: ਹੇ ਗੁਰੋ! ਹਰ ਗ੍ਰਿਹਸਤੀ ਆਪਣੇ ਪਰਿਵਾਰ ਵਿਚ ਅਰੋਗਤਾ ਚਾਹੁੰਦਾ ਹੈ। ਜਦੋਂ ਭੀ ਕਿਸੇ ਬੱਚੇ ਨੂੰ ਰੋਗ ਆ ਗ੍ਰਸਦਾ ਹੈ ਤਾਂ ਉਹ ਡਾਵਾਂ-ਡੋਲ ਹੋ ਦੁਖੀ ਹੁੰਦਾ ਹੈ, ਪਰ ਆਪ ਜੀ ਦਾ ਅਜੇਹਾ ਸਮੇਂ ਕੀ ਨਿਸ਼ਚਾ ਹੁੰਦਾ ਹੈ?

ਉ: ੧. ਹੇ ਭਾਈ! ਮੇਰਾ ਤਾਂ ਇਹੋ ਨਿਸ਼ਚਾ ਹੈ ਕਿ ਪਰਮੇਸ਼ਰ ਨੇ ਹੀ ਇਸ ਸਾਡੇ ਬੱਚੇ ਨੂੰ ਪਹਿਲੋਂ ਭੀ ਸਾਜਿਆ ਅਤੇ ਸਵਾਰਿਆ ਸੀ।

੨. ਅਤੇ ਹੁਣ ਭੀ ਉਸੇ ਪਾਰਬ੍ਰਹਮ ਨੇ ਇਸ ਸਾਡੇ ਛੋਟੇ ਬੱਚੇ (ਹਰਿਗੋਬਿੰਦ) ਨੂੰ ਗੁਰੂ ਦੀ ਮਿਹਰ ਦਾ ਸਦਕਾ ਬਚਾਅ ਲਿਆ ਹੈ।

੩. ਹੇ ਭਾਈ! ਅਸੀਂ ਜੋ ਮਾਤਾ ਪਿਤਾ ਹਾਂ, ਹੁਣ ਅਸੀਂ ਅਨੰਦ ਕਰਦੇ ਹਾਂ।

੪. (ਕਿਉਂਕਿ) ਸਾਨੂੰ ਵਿਸ਼ਵਾਸ ਹੈ ਕਿ ਪਰਮੇਸ਼ਰ ਹੀ ਜਿੰਦ ਦਾ ਦਾਤਾ ਹੈ (ਰਾਖਾ ਹੈ)।

੫. ਹੇ ਪ੍ਰਭੂ ਜੀ! ਤੇਰੇ ਸੇਵਕ ਸਭ ਦਾ ਹੀ ਭਲਾ ਮੰਗਦੇ ਹਨ।

੬. (ਆਪਣੇ ਸੇਵਕਾਂ ਦੀ ਮੰਗ ਅਨੁਸਾਰ) ਹੇ ਪ੍ਰਭੂ ਜੀ! ਤੂੰ ਉਨ੍ਹਾਂ ਦੇ ਕੰਮ ਸਵਾਰ ਕੇ ਆਪਣੇ ਸੇਵਕਾਂ ਦੀ ਇੱਜ਼ਤ ਰੱਖ ਲੈਂਦਾ ਹੈਂ।ਰਹਾਉ।

੭. ਹੇ ਪਿਆਰਿਓ! ਉਹ ਮੇਰਾ ਪ੍ਰਭੂ ਜੀ ਪਰਉਪਕਾਰੀ ਹੈ, ਜੋ ਕਿ ਸਭ ਦੀ ਭਲਾਈ ਕਰਦਾ ਹੈ।

੮. (ਉਹੀ ਮੇਰਾ ਪ੍ਰਭੂ ਹੈ) ਜਿਸ ਨੇ ਕਿ ਇਸ ਸਾਰੇ ਜਗਤ ਵਿਚ ਆਪਣੀ ਸ਼ਕਤੀ ਟਿਕਾਅ ਰੱਖੀ ਹੈ।

੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ! ਜਿਹੜਾ ਮਨੁੱਖ ਭੀ ਉਸ ਦੀ ਸ਼ਰਨੀ ਆ ਪੈਂਦਾ ਹੈ,

੧੦. (ਉਹ ਮਨੁੱਖ ਸਾਈਂ ਜੀ ਤੋਂ) ਮਨ ਮੰਗੀ ਮੁਰਾਦ ਪਾ ਲੈਂਦਾ ਹੈ।੨।੧੦।੭੪।

ਭਾਵਾਰਥ : ਇਸ ਸ਼ਬਦ ਦੁਆਰਾ ਹਜ਼ੂਰ ਹਰ ਮਨੁੱਖ ਮਾਤਰ ਲਈ ਸਾਂਝਾ ਪਰਉਪਕਾਰੀ ਉਪਦੇਸ਼ ਕਰਦੇ ਹਨ ਕਿ ਐ ਭਾਈ! ਗ੍ਰਿਹਿਸਤ ਵਿਚ ਦੁੱਖ ਕਸ਼ਟ ਤਾਂ ਹਮੇਸ਼ਾ ਬਣੇ ਹੀ ਰਹਿੰਦੇ ਹਨ, ਪਰ ਅਜਿਹੇ ਸਮਿਆਂ ਵਿਚ ਉਸੇ ਸਾਈਂ ਜੀ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ, ਕਿਉਂਕਿ ਉਹ ਪ੍ਰਭੂ ਆਪਣੇ ਸੇਵਕਾਂ ਦੀ ਹਰ ਸਮੇਂ ਹਰ ਕਾਰਜ ਵਿਚ ਆਪ ਹੀ ਸਹਾਇਤਾ ਕਰਦਾ ਹੈ। ਉਹ ਮੇਰਾ ਪ੍ਰਭੂ ਪਰਉਪਕਾਰੀ ਹੈ ਤੇ ਸਦਾ ਹੀ ਉਪਕਾਰ ਕਰਦਾ ਹੈ, ਇਸ ਲਈ ਉਸੇ ਦੀ ਸ਼ਰਨ ਪ੍ਰਾਪਤ ਕਰੋ, ਜਿਸ ਤੋਂ ਕਿ ਹਰ ਮਨ ਇੱਛੇ ਫਲਾਂ ਦੀ ਪ੍ਰਾਪਤੀ ਕਰ ਸਕੀਦੀ ਹੈ।

ਸੋਰਠਿ ਮਹਲਾ ੫ ॥

੧. ਸਦਾ ਸਦਾ ਹਰਿ ਜਾਪੇ ॥
੨. ਪ੍ਰਭ ਬਾਲਕ ਰਾਖੇ ਆਪੇ ॥
੩. ਸੀਤਲਾ ਠਾਕਿ ਰਹਾਈ ॥
੪. ਬਿਘਨ ਗਏ ਹਰਿ ਨਾਈ ॥੧॥
੫. ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥
੬. ਅਰਦਾਸਿ ਸੁਣੀ ਭਗਤ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ ॥ ਰਹਾਉ ॥
੭. ਪ੍ਰਭ ਕਰਣ ਕਾਰਣ ਸਮਰਾਥਾ ॥
੮. ਹਰਿ ਸਿਮਰਤ ਸਭੁ ਦੁਖੁ ਲਾਥਾ ॥
੯. ਅਪਣੇ ਦਾਸ ਕੀ ਸੁਣੀ ਬੇਨੰਤੀ ॥
੧੦. ਸਭ ਨਾਨਕ ਸੁਖਿ ਸਵੰਤੀ ॥੨॥੧੧॥੭੫॥

ਪਦ ਅਰਥ : ਜਾਪੇ—ਜਾਪਿ, ਜਪਿਆ ਕਰ। ਆਪੇ—ਆਪ ਹੀ। ਠਾਕਿ—ਰੋਕ ਕੇ। ਨਾਈ—ਨਾਮ।੧।

ਸਭ ਜੀਅ—ਸਾਰੇ ਜੀਵਾਂ ਉੱਤੇ।ਰਹਾਉ।

ਕਰਣ ਕਾਰਣ—ਜਗਤ ਦਾ ਮੂਲ। ਸਮਰਾਥਾ—ਸਭ ਤਾਕਤਾਂ ਦਾ ਮਾਲਕ। ਸੁਖਿ—ਸੁੱਖ ਵਿਚ, ਸੁੱਖ ਨਾਲ।੨।

ਅਰਥ :

ਪ੍ਰ: ਹੇ ਗੁਰੋ! ਜਦੋਂ ਭੀ ਕਿਸੇ ਬਾਲਕੇ ਨੂੰ ਰੋਗ ਆ ਗ੍ਰਸੇ ਤਾਂ ਕੀ ਉਪਚਾਰ ਕੀਤਾ ਕਰੀਏ?

ਉ:੧-੨. ਹੇ ਭਾਈਓ! ਅਜਿਹੇ ਸਮਿਆਂ ਵਿਚ (ਕੇਵਲ) ਪਰਮੇਸ਼ਰ ਦਾ ਨਾਮ ਹੀ ਜਪਿਆ ਕਰੋ, (ਕਿਉਂਕਿ) ਪ੍ਰਭੂ ਜੀ ਆਪ ਹੀ ਬਾਲਕਾਂ ਦੇ ਰਾਖੇ ਹਨ।

੩. ਦੇਖੋ, ਹੇ ਭਾਈ! (ਬਾਰਕੇ ਹਰਿਗੋਬਿੰਦ ਤੋਂ ਪ੍ਰਭੂ ਨੇ ਆਪ ਹੀ) ਸੀਤਲਾ (ਚੇਚਕ) ਰੋਕ ਲਈ ਹੈ।

੪. ਹਰੀ ਦੇ ਨਾਮ ਸਿਮਰਨ ਦੀ ਬਰਕਤ ਨਾਲ ਸਾਡੇ ਸਾਰੇ ਹੀ ਵਿਘਨ ਦੂਰ ਹੋ ਗਏ ਹਨ, ਭਾਵ ਜੀਵਨ-ਸਫ਼ਰ ਵਿਚ ਰੱਬੀ ਮਾਰਗ 'ਤੇ ਚਲਦਿਆਂ ਕੋਈ ਭੀ ਰੁਕਾਵਟ ਨਹੀਂ ਆਉਂਦੀ।੧।

੫. ਹੇ ਭਾਈ! ਉਹ ਮੇਰਾ ਪ੍ਰਭੂ ਤਾਂ ਸਦਾ ਹੀ ਦਇਆਵਾਨ ਰਹਿੰਦਾ ਹੈ।

੬. ਉਹ ਸਾਰੇ ਜੀਵਾਂ ਉੱਤੇ ਹੀ ਦਇਆਵਾਨ ਰਹਿੰਦਾ ਹੈ, ਉਹ ਆਪਣੇ ਸੇਵਕਾਂ ਦੀ ਸਦਾ ਹੀ ਅਰਜ਼ੋਈ ਸੁਣਦਾ ਹੈ।ਰਹਾਉ।

੭. ਹੇ ਭਾਈਓ! ਉਹ ਪ੍ਰਭੂ (ਸਾਰੇ) ਜਗਤ ਦਾ ਮੂਲ ਰੂਪ ਹੈ ਤੇ ਸਭੇ ਤਾਕਤਾਂ ਦਾ ਮਾਲਕ ਹੈ।

੮. ਹੇ ਪਿਆਰੇ ! ਉਸ ਪ੍ਰਭੂ ਜੀ ਦਾ ਨਾਮ ਸਿਮਰਿਆਂ ਸਾਰਾ ਦੁੱਖ ਦੂਰ ਹੋ ਜਾਂਦਾ ਹੈ।

੯. ਸਤਿਗੁਰੂ ਜੀ ਆਖਦੇ ਹਨ ਕਿ ਐ ਪਿਆਰੇ ! ਉਸ ਵਾਹਿਗੁਰੂ ਜੀ ਨੇ ਆਪਣੇ ਸੇਵਕ ਦੀ ਸਦਾ ਹੀ ਬੇਨਤੀ ਸੁਣੀ ਹੈ।

੧੦. ਹੇ ਸੱਜਨੋ ! ਇਹ ਨਿਸ਼ਚਾ ਕਰੋ ਕਿ ਸਾਰੀ ਹੀ ਲੁਕਾਈ (ਉਸੇ ਪ੍ਰਭੂ ਦੀ ਮਿਹਰ ਨਾਲ) ਸੁਖੀ ਵੱਸਦੀ ਹੈ।੨।੧੧।੭੫।

ਭਾਵਾਰਥ : ਇਸ ਸ਼ਬਦ ਅੰਦਰ ਭੀ ਹਜ਼ੂਰ ਉਪਰੋਕਤ ਸਿਧਾਂਤ ਅੰਕਤ ਕਰਦੇ ਹਨ ਕਿ ਹਰ ਪ੍ਰਕਾਰ ਦੇ ਆਏ ਸੰਕਟ ਸਮੇਂ ਹਰੀ ਨਾਮ ਦੀ ਹੀ ਅਰਾਧਨਾ ਕਰਦੇ ਰਹੋ, ਜੋ ਕਿ ਸਾਰੇ ਵਿਘਨਾਂ ਦਾ ਨਾਸ਼ਕ ਹੈ, ਕਿਉਂਕਿ ਉਹ ਪ੍ਰਭੂ ਜੀ ਆਪਣੇ ਸੇਵਕਾਂ ਦੀ ਸਦਾ ਹੀ ਅਰਦਾਸ ਸੁਣਦਾ ਆਇਆ ਹੈ।

ਸੋਰਠਿ ਮਹਲਾ ੫ ॥

੧. ਅਪਨਾ ਗੁਰੂ ਧਿਆਏ ॥
੨. ਮਿਲਿ ਕੁਸਲ ਸੇਤੀ ਘਰਿ ਆਏ ॥
੩. ਨਾਮੈ ਕੀ ਵਡਿਆਈ ॥
੪. ਤਿਸੁ ਕੀਮਤਿ ਕਹਣੁ ਨ ਜਾਈ ॥੧॥
੫. ਸੰਤਹੁ ਹਰਿ ਹਰਿ ਹਰਿ ਆਰਾਧਹੁ ॥
੬. ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥
੭. ਪ੍ਰੇਮ ਭਗਤਿ ਪ੍ਰਭ ਲਾਗੀ ॥
੮. ਸੋ ਪਾਏ ਜਿਸੁ ਵਡਭਾਗੀ ॥
੯. ਜਨ ਨਾਨਕ ਨਾਮੁ ਧਿਆਇਆ ॥
੧੦. ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥

ਪਦ ਅਰਥ : ਧਿਆਏ—ਧਿਆਨ ਧਰਦਾ ਹੈ। ਮਿਲਿ—(ਗੁਰੂ ਚਰਨਾਂ ਵਿਚ) ਜੁੜ ਕੇ। ਕੁਸਲ ਸੇਤੀ—ਆਤਮਕ ਅਨੰਦ ਨਾਲ। ਘਰਿ—ਘਰ ਵਿਚ, ਹਿਰਦੇ ਘਰ ਵਿਚ, ਅੰਤਰ ਆਤਮੇ। ਵਡਿਆਈ—ਬਰਕਤ।੧।

ਸੰਤਹੁ—ਹੇ ਸੰਤ ਜਨੋ। ਅਰਾਧਿ—ਅਰਾਧ ਕੇ, ਸਿਮਰ ਕੇ। ਸਭੋ ਕਿਛੁ—ਹਰੇਕ ਚੀਜ਼। ਸਾਧਹੁ—ਸਫਲ ਕਰੋ।ਰਹਾਉ।

ਪ੍ਰੇਮ ਭਗਤਿ—ਪਿਆਰ ਭਰੀ ਭਗਤੀ। ਤਿਨਿ—ਉਸ ਮਨੁੱਖ ਨੇ। ਸਰਬ ਸੁਖਾ—ਸਾਰੇ ਸੁੱਖ ਦੇਣ ਵਾਲੇ।੨।

ਅਰਥ :

ਪ੍ਰ: ਹੇ ਗੁਰੋ ! ਇਹ ਮਨ ਬਾਹਜ਼ ਮੁਖ ਹੋ ਕੇ ਸਦਾ ਹੀ ਭਟਕਦਾ ਰਹਿੰਦਾ ਹੈ, ਦੱਸੋ ਇਹ ਆਪਣੇ ਸਹੀ ਸਰੂਪ ਘਰ ਵਿਚ ਕਿਵੇਂ ਆ ਕੇ ਟਿਕ ਸਕਦਾ ਹੈ ?

ਉ: ੧. ਹੇ ਭਾਈ ! ਜੋ ਮਨੁੱਖ ਆਪਣੇ ਗੁਰੂ ਦਾ ਧਿਆਨ ਧਰਦਾ ਹੈ, ਭਾਵ ਹੈ ਕਿ ਗੁਰੂ ਉਪਦੇਸ਼ ਦਾ ਧਾਰਨੀ ਹੁੰਦਾ ਹੈ,

੨. ਉਹ ਗੁਰੂ ਦੇ ਚਰਨਾਂ ਵਿਚ ਜੁੜ ਕੇ ਆਤਮਕ ਅਨੰਦ ਨਾਲ ਆਪਣੇ ਸੱਚੇ ਹਿਰਦੇ ਘਰ ਵਿਚ ਟਿਕ ਜਾਂਦਾ ਹੈ, (ਅਰਥਾਤ ਬਾਹਰ ਭਟਕਣੋਂ ਬਚ ਜਾਂਦਾ ਹੈ)।

੩. ਇਹ ਨਾਮ ਦੀ ਹੀ ਬਰਕਤ ਹੈ (ਕਿ ਮਨੁੱਖ ਹੋਰ-ਹੋਰ ਆਸਰੇ ਲੈਣ ਦੀ ਭਾਲ ਛੱਡ ਦਿੰਦਾ ਹੈ)।

੪. (ਪਰ) ਇਸ ਨਾਮ ਦੀ ਕੀਮਤ ਨਹੀਂ ਕਹੀ ਜਾ ਸਕਦੀ। ਇਹ ਨਾਮ ਅਮੋਲਕ ਹੈ, (ਇਹ ਕਿਸੇ ਦੁਨਿਆਵੀ ਪਦਾਰਥ ਦੇ ਵੱਟੇ ਨਹੀਂ ਮਿਲ ਸਕਦਾ)।੧।

੫. (ਇਸ ਲਈ) ਹੇ ਸੰਤ ਜਨੋ ! ਸਦਾ ਹੀ ਪਰਮੇਸ਼ਰ ਦਾ ਨਾਮ ਸਿਮਰਿਆ ਕਰੋ।

੬. ਪਰਮਾਤਮਾ ਦਾ ਨਾਮ ਅਰਾਧ ਕੇ ਹਰੇਕ ਚੀਜ਼ ਪ੍ਰਾਪਤ ਕਰ ਲਈਦੀ ਹੈ। ਹੇ ਭਾਈ ! (ਤੁਸੀਂ ਭੀ ਪਰਮੇਸ਼ਰ ਦਾ ਨਾਮ ਸਿਮਰ ਕੇ ਆਪਣੇ) ਸਾਰੇ ਕੰਮ ਸਵਾਰੋ।ਰਹਾਉ।

ਪ੍ਰ: ਕਿਉਂ ਜੀ ! ਭਗਤੀ ਤਾਂ ਬਹੁਤ ਲੋਕ ਕਰਦੇ ਹਨ, (ਪਰ) ਉਨ੍ਹਾਂ ਸਾਰਿਆਂ ਦਾ ਮਨ ਭਗਤੀ ਵਿਚ ਕਿਉਂ ਨਹੀਂ ਲੱਗਦਾ ?

ਉ: ੭. ਹੇ ਭਾਈ ! ਪ੍ਰਭੂ ਦੀ ਪਿਆਰ ਭਰੀ ਭਗਤੀ ਵਿਚ ਉਸੇ ਦਾ ਹੀ ਮਨ ਲੱਗਦਾ ਹੈ,

੮. ਜਿਸ ਦੇ ਕਿ ਵੱਡੇ ਭਾਗ ਹੋਣ, ਭਾਵ ਹੈ ਕਿ ਇਸ ਪ੍ਰੇਮਾ-ਭਗਤੀ ਦੀ ਉੱਤਮ ਦਾਤ ਵੱਡੇ ਭਾਗਾਂ ਦੁਆਰਾ ਹੀ ਹਾਸਲ ਹੁੰਦੀ ਹੈ।

੯. ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਜਿਸ ਮਨੁੱਖ ਨੇ ਪਰਮੇਸ਼ਰ ਦਾ ਨਾਮ ਸਿਮਰਿਆ ਹੈ,

੧੦. ਉਸ ਨੇ ਸਾਰੇ ਸੁੱਖ ਦੇਣ ਵਾਲੇ ਫਲ ਪ੍ਰਾਪਤ ਕਰ ਲਏ ਹਨ।੨।੧੨।੭੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜੋ ਗੁਰੂ ਉਪਦੇਸ਼ ਦਾ ਧਾਰਨੀ ਹੋ ਜਾਂਦਾ ਹੈ, ਉਹ ਅਨੰਦ ਪੂਰਵਕ ਆਪਣੇ ਸਰੂਪ ਰੂਪੀ ਘਰ ਵਿਚ ਜਾ ਟਿਕਦਾ ਹੈ, (ਪਰ) ਇਹ ਤਾਂ ਨਾਮ ਦੁਆਰਾ ਹੀ ਹਾਸਲ ਹੁੰਦਾ ਹੈ। ਇਸ ਲਈ ਹਜ਼ੂਰ ਹਰ ਪ੍ਰਾਣੀ ਮਾਤ੍ਰ ਨੂੰ ਉਪਦੇਸ਼ ਦੇਂਦੇ ਹਨ ਕਿ ਐ ਪਿਆਰਿਓ ! ਹਰਿ ਹਰਿ ਨਾਮ ਦੀ ਅਰਾਧਨਾ ਕਰਦੇ ਰਹੋ, ਜਿਸ ਦੀ ਬਰਕਤ ਨਾਲ ਤੁਸੀਂ ਸਾਰੇ ਹੀ ਫਲ ਪ੍ਰਾਪਤ ਕਰ ਸਕੋਗੇ।

ਸੋਰਠਿ ਮਹਲਾ ੫ ॥

੧. ਪਰਮੇਸਰਿ ਦਿਤਾ ਬੰਨਾ ॥
੨. ਦੁਖ ਰੋਗ ਕਾ ਡੇਰਾ ਭੰਨਾ ॥
੩. ਅਨਦ ਕਰਹਿ ਨਰ ਨਾਰੀ ॥
੪. ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥
੫. ਸੰਤਹੁ ਸੁਖੁ ਹੋਆ ਸਭ ਥਾਈ ॥
੬. ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥
੭. ਧੁਰ ਕੀ ਬਾਣੀ ਆਈ ॥
੮. ਤਿਨਿ ਸਗਲੀ ਚਿੰਤ ਮਿਟਾਈ ॥
੯. ਦਇਆਲ ਪੁਰਖ ਮਿਹਰਵਾਨਾ ॥
੧੦. ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥

ਪਦ ਅਰਥ : ਪਰਮੇਸਰਿ—ਪਰਮੇਸ਼ਰ ਨੇ। ਬੰਨਾ—ਪੁੱਤਰ, ਡਕਾ, ਰੁਕਾਵਟ, ਬੰਨ੍ਹ। ਭੰਨਾ—ਭੰਨ ਦਿੱਤਾ, ਤੋੜ ਦਿੱਤਾ। ਕਰਹਿ—ਕਰਦੇ ਹਨ। ਨਰ ਨਾਰੀ—(ਉਹ ਸਾਰੇ) ਨਰ ਨਾਰ, ਉਹ ਸਾਰੇ ਜੀਵ। ਪ੍ਰਭਿ—ਪ੍ਰਭੂ ਨੇ।੧।

ਰਵਿ ਰਹਿਆ—ਮੌਜੂਦ ਹੈ। ਸਭਨੀ ਜਾਈ—ਸਭ ਥਾਵਾਂ ਵਿਚ।ਰਹਾਉ।

ਧੁਰ ਕੀ ਬਾਣੀ—ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੀ ਬਾਣੀ। ਆਈ—ਆ ਵੱਸੀ। ਤਿਨਿ—ਤਿਨ (ਮਨੁੱਖ) ਨੇ। ਸਾਚ—ਸਦਾ ਥਿਰ ਪ੍ਰਭੂ ਦਾ ਨਾਮ। ਵਖਾਨਾ—ਉਚਾਰਿਆ।੨।

ਉਥਾਨਕਾ : ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਿਸ ਵੇਲੇ (ਸ੍ਰੀ) ਹਰਿ ਗੋਬਿੰਦ ਜੀ ਦੇ ਪ੍ਰਗਟ ਹੋਣ ਦੀ ਖ਼ਬਰ ਸੁਣੀ ਤਾਂ ਹਜ਼ੂਰ ਜੀ ਨੇ ਪਰਮੇਸ਼ਰ ਦੇ ਸ਼ੁਕਰਾਨੇ ਵਜੋਂ ਇਹ ਸ਼ਬਦ ਉਚਾਰਨ ਕੀਤਾ।

ਅਰਥ :

ਪ੍ਰ: ਹਜ਼ੂਰ ਜੀ! ਜਦੋਂ ਵੀ ਕਿਸੇ ਗ੍ਰਿਹਸਤੀ ਦੇ ਘਰ ਪੁੱਤਰ ਪੈਦਾ ਹੁੰਦਾ ਹੈ, ਉਸ ਨੂੰ ਬਹੁਤ ਵੱਡੀ ਖ਼ੁਸ਼ੀ ਹੋਇਆ ਕਰਦੀ ਹੈ, (ਪਰ) ਆਪ ਜੀ ਨੂੰ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਕਿਤਨੀ ਕੁ ਵੱਡੀ ਖ਼ੁਸ਼ੀ ਹੋਈ ਹੈ?

ਉ: ੧. ਹੇ ਭਾਈਓ! ਇਸ ਵਿਚ ਕੋਈ ਸ਼ੱਕ ਨਹੀਂ ਕਿ ਪੁੱਤਰ ਪ੍ਰਗਟ ਹੋਣ ਦੀ ਹਰ ਗ੍ਰਿਹਸਤੀ ਨੂੰ ਖ਼ੁਸ਼ੀ ਹੁੰਦੀ ਹੈ, (ਪਰ) ਅਸੀਂ ਤਾਂ ਸਮਝਦੇ ਹਾਂ ਕਿ ਇਹ ਪ੍ਰਭੂ ਦੀ ਦਾਤ ਹੈ, ਉਸ ਪਰਮੇਸ਼ਰ ਨੇ ਕਿਰਪਾ ਕਰ ਕੇ ਇਹ ਪ੍ਰਤੱਖ (ਬੰਨਾ) ਪੁੱਤਰ ਹਰਿਗੋਬਿੰਦ ਦੇਣਾ ਕੀਤਾ ਹੈ। ਇਸੀ ਤਰ੍ਹਾਂ ਜਿਸ ਮਨੁੱਖ ਦੇ ਆਤਮਕ ਜੀਵਨ ਵਾਸਤੇ ਪਰਮੇਸ਼ਰ ਨੇ (ਵਿਕਾਰਾਂ ਦੇ ਰਾਹ ਵਿਚ) ਡੱਕਾ, ਬੰਨਾ ਮਾਰ ਦਿੱਤਾ।

੨. (ਉਸ ਮਨੁੱਖ ਦੇ ਅੰਦਰੋਂ) ਪਰਮੇਸ਼ਰ ਨੇ ਦੁੱਖਾਂ ਤੇ ਰੋਗਾਂ ਦਾ ਡੇਰਾ ਹੀ ਮੁਕਾ ਦਿੱਤਾ।

੩-੪. ਉਹ ਸਾਰੇ ਜੀਵ ਹੀ ਅਨੰਦ ਮਾਣਦੇ ਹਨ, ਜਿਨ੍ਹਾਂ ਜੀਵਾਂ ਉੱਤੇ ਪ੍ਰਭੂ ਨੇ ਕਿਰਪਾ ਕਰ ਦਿੱਤੀ।੧।

੫. ਹੇ ਸੰਤ ਜਨੋ! ਉਨ੍ਹਾਂ ਮਨੁੱਖਾਂ ਨੂੰ ਸਭ ਥਾਵਾਂ ਵਿਚ ਸੁੱਖ ਹੀ ਪ੍ਰਾਪਤ ਹੋਇਆ ਹੈ।

੬. ਜਿਨ੍ਹਾਂ ਮਨੁੱਖਾਂ ਨੂੰ ਇਹ ਯਕੀਨ ਹੋ ਆਉਂਦਾ ਹੈ ਕਿ ਪਾਰਬ੍ਰਹਮ ਪੂਰਨ ਪਰਮੇਸ਼ਰ ਸਭੇ ਥਾਵਾਂ ਵਿਚ ਵਿਆਪਕ ਹੈ।ਰਹਾਉ।

ਪ੍ਰ: ਕਿਉਂ ਜੀ! ਹਰ ਮਨੁੱਖ ਦਾ ਮਨ ਚਿੰਤਾਤੁਰ ਹੋਇਆ ਦੁਖੀਆ ਰਹਿੰਦਾ ਹੈ, ਇਹ ਚਿੰਤਾ ਕਿਵੇਂ ਦੂਰ ਹੋ ਸਕਦੀ ਹੈ?

ਉ: ੭. ਹੇ ਸੰਤ ਜਨੋ! ਇਹ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੀ ਬਾਣੀ ਜਿਸ ਦੇ ਅੰਦਰ ਆ ਵਸੀ,

੮. ਉਸ ਨੇ ਆਪਣੇ ਅੰਦਰੋਂ ਸਾਰੀ ਚਿੰਤਾ ਦੂਰ ਕਰ ਲਈ ਹੈ।

੯. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਐ ਪਿਆਰਿਓ! ਦਇਆ ਦਾ ਸੋਮਾ ਪ੍ਰਭੂ ਉਸ ਉੱਤੇ ਸਦਾ ਹੀ ਮਿਹਰਬਾਨ ਰਹਿੰਦਾ ਹੈ,

੧੦. ਜਿਸ ਨੇ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਨਾਮ ਨੂੰ ਸਦਾ ਹੀ ਉਚਾਰਨ ਕੀਤਾ ਹੈ।੨।੧੩।੭੭।

ਭਾਵਾਰਥ : ਇਸ ਸ਼ਬਦ ਦੇ ਅੰਦਰ ਹਜ਼ੂਰ ਇਹੋ ਹੀ ਸਿਧਾਂਤ ਕਹਿੰਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਪਰਮੇਸ਼ਰ ਨੇ ਗਿਆਨ ਰੂਪੀ ਪੁੱਤਰ ਪੈਦਾ ਕਰ ਦਿੱਤਾ ਹੈ, ਉਸ ਦੇ ਅੰਦਰੋਂ ਦੁੱਖਾਂ ਰੋਗਾਂ ਦਾ ਡੇਰਾ ਜੋ ਅਗਿਆਨ ਹੈ, ਉਹ ਭੰਨਿਆ ਗਿਆ। ਹੁਣ ਉਸ ਉੱਤੇ ਇਸਤਰੀ ਪੁਰਸ਼ ਸਾਰੇ ਹੀ ਪ੍ਰਸੰਨ ਹੁੰਦੇ ਹਨ, ਕਿਉਂਕਿ ਉਸ ਉੱਤੇ ਪ੍ਰਭੂ ਜੀ ਨੇ ਕਿਰਪਾ ਕਰ ਦਿੱਤੀ ਹੈ।

ਮਨੁੱਖ ਨੂੰ ਜੋ ਚਿੰਤਾ ਹੀ ਦੁੱਖ ਰੂਪ ਹੈ, ਇਸ ਨੂੰ ਮਿਟਾਉਣ ਦਾ ਕਾਰਨ ਕੇਵਲ ਗੁਰੂ ਦੀ ਗੁਰਬਾਣੀ ਹੈ ਜੋ ਕਿ ਧੁਰਾ ਰੂਪ ਪਰਮੇਸ਼ਰ ਤੋਂ ਆਈ ਹੋਈ ਹੈ।

ਸੋਰਠਿ ਮਹਲਾ ੫ ॥

੧. ਐਥੈ ਓਥੈ ਰਖਵਾਲਾ ॥
੨. ਪ੍ਰਭ ਸਤਿਗੁਰ ਦੀਨ ਦਇਆਲਾ ॥
੩. ਦਾਸ ਅਪਨੇ ਆਪਿ ਰਾਖੇ ॥
੪. ਘਟਿ ਘਟਿ ਸਬਦੁ ਸੁਭਾਖੇ ॥੧॥
੫. ਗੁਰ ਕੇ ਚਰਣ ਊਪਰਿ ਬਲਿ ਜਾਈ ॥
੬. ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ ॥ ਰਹਾਉ ॥
੭. ਆਪਿ ਸਹਾਈ ਹੋਆ ॥
੮. ਸਚੇ ਦਾ ਸਚਾ ਢੋਆ ॥
੯. ਤੇਰੀ ਭਗਤਿ ਵਡਿਆਈ ॥
੧੦. ਪਾਈ ਨਾਨਕ ਪ੍ਰਭ ਸਰਣਾਈ ॥੨॥੧੪॥੭੮॥

ਪਦ ਅਰਥ : ਐਥੈ—ਇਸ ਲੋਕ ਵਿਚ। ਓਥੈ—ਪਰਲੋਕ ਵਿਚ। ਦਇਆਲਾ—ਦਇਆ ਕਰਨ ਵਾਲਾ। ਘਟਿ ਘਟਿ—ਹਰੇਕ ਸਰੀਰ ਵਿਚ। ਸਬਦੁ—ਬਚਨ, ਬੋਲ। ਸੁਭਾਖੇ—ਚੰਗੀ ਤਰ੍ਹਾਂ ਬੋਲ ਰਿਹਾ ਹੈ।੧।

ਬਲਿ ਜਾਈ—ਬਲਿ ਜਾਈਂ, ਮੈਂ ਸਦਕੇ ਜਾਂਦਾ ਹਾਂ। ਰੈਨਿ—ਰਾਤ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਸਮਾਲੀ—ਸਮਾਲੀਂ, ਮੈਂ ਯਾਦ ਕਰਦਾ ਹਾਂ। ਸਭਨੀ ਥਾਈ—ਸਭ ਥਾਵਾਂ ਵਿਚ। ਪੂਰਨ—ਵਿਆਪਕ।ਰਹਾਉ।

ਸਹਾਈ—ਮਦਦਗਾਰ। ਸਚੇ ਦਾ—ਸਦਾ ਕਾਇਮ ਰਹਿਣ ਵਾਲੇ ਪਰਮੇਸ਼ਰ ਦਾ। ਢੋਆ—ਆਸਰਾ, ਮਿਲਾਪ, ਬਖ਼ਸ਼ਸ਼, ਤੋਹਫ਼ਾ। ਵਡਿਆਈ—ਸੋਭਾ, ਸਿਫ਼ਤਿ-ਸਾਲਾਹ। ਪ੍ਰਭ—ਹੇ ਪ੍ਰਭੂ!।੨।

ਅਰਥ :

ਪ੍ਰ: ਹੇ ਗੁਰੋ! ਆਪ ਜਿਸ ਨਿਰੰਕਾਰ ਦੀ ਸਿਫ਼ਤਿ-ਸਾਲਾਹ ਕਰਨ ਦੀ ਪ੍ਰੇਰਣਾ ਕਰਦੇ ਹੋ, ਉਸ ਅੰਦਰ ਖ਼ਾਸ ਵਿਸ਼ੇਸ਼ਤਾ ਕਿਹੜੀ ਹੈ?

ਉ: ੧. ਹੇ ਭਾਈ! ਜੋ ਸੇਵਕ ਉਸ ਪ੍ਰਭੂ ਦਾ ਦਾਸ ਬਣ ਜਾਂਦਾ ਹੈ, ਉਹ ਸ਼ਰਨ ਪਏ ਸੇਵਕ ਦੀ ਲੋਕ-ਪ੍ਰਲੋਕ ਵਿਚ ਰੱਖਿਆ ਕਰਦਾ ਹੈ।

੨. (ਕਿਉਂਕਿ) ਉਹ ਗੁਰੂ ਪ੍ਰਭੂ (ਸਦਾ ਹੀ) ਗ਼ਰੀਬਾਂ ਉੱਤੇ ਦਇਆ ਕਰਨ ਵਾਲਾ ਹੈ।

੩. ਹੇ ਪਿਆਰੇ ! ਉਹ ਪ੍ਰਭੂ ਆਪਣੇ ਸੇਵਕਾਂ ਦੀ ਆਪੇ ਰਾਖੀ ਕਰਦਾ ਹੈ।

੪. ਅਤੇ ਉਸ (ਸੇਵਕ ਨੂੰ ਭੀ ਸਦਾ ਇਹੋ ਨਿਸ਼ਚਾ ਬਣਿਆ ਰਹਿੰਦਾ ਹੈ ਕਿ) ਉਹ ਪ੍ਰਭੂ ਹਰੇਕ ਸਰੀਰ ਵਿਚ ਆਪ ਹੀ ਬਚਨ ਬੋਲਦਾ ਹੈ।੧।

ਪ੍ਰ: ਹਜ਼ੂਰ ! ਤੁਹਾਡਾ ਆਪਣਾ ਗੁਰੂ ਉੱਤੇ ਕਿਤਨਾ ਕੁ ਨਿਸ਼ਚਾ ਹੈ ?

ਉ: ੫. ਹੇ ਭਾਈਓ ! ਮੈਂ ਤਾਂ ਆਪਣੇ ਗੁਰੂ ਦੇ ਚਰਨਾਂ ਤੋਂ ਸਦਾ ਹੀ ਸਦਕੇ ਜਾਂਦਾ ਹਾਂ।

੬. (ਕਿਉਂਕਿ) ਉਸੇ ਗੁਰੂ ਦੀ ਕਿਰਪਾ ਨਾਲ ਹੀ ਮੈਂ ਆਪਣੇ ਹਰੇਕ ਸਾਹ ਨਾਲ ਦਿਨ ਰਾਤ ਉਸੇ ਪਰਮੇਸ਼ਰ ਨੂੰ ਚੇਤੇ ਕਰਦਾ ਰਹਿੰਦਾ ਹਾਂ, ਜੋ ਕਿ ਸਭਨਾਂ ਥਾਵਾਂ ਵਿਚ ਭਰਪੂਰ ਹੋ ਰਿਹਾ ਹੈ।੧।ਰਹਾਉ।

੭. ਹੇ ਪਿਆਰੇ ! ਗੁਰੂ ਦੀ ਕਿਰਪਾ ਨਾਲ ਉਹ ਪਰਮੇਸ਼ਰ ਸੇਵਕਾਂ ਦਾ ਸਦਾ ਆਪ ਹੀ ਮਦਦਗਾਰ ਬਣਦਾ ਹੈ।

੮. ਹੇ ਭਾਈ ! (ਗੁਰੂ ਦੀ ਕਿਰਪਾ ਨਾਲ ਹੀ ਉਸ ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਦੀ) ਸੱਚੀ ਦਾਤ ਮਿਲਦੀ ਹੈ।

੯-੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਗੁਰੂ ਦੀ ਕਿਰਪਾ ਨਾਲ ਤੇਰੀ ਸ਼ਰਨ ਪਿਆਂ ਤੇਰੀ ਭਗਤੀ ਅਤੇ ਤੇਰੀ ਸਿਫ਼ਤਿ-ਸਾਲਾਹ ਪ੍ਰਾਪਤ ਹੁੰਦੀ ਹੈ।੨।੧੪।੭੮।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਪ੍ਰਭੂ ਸਰੂਪ ਸਤਿਗੁਰਾਂ ਦੀ ਮਹੱਤਤਾ ਦਰਸਾ ਰਹੇ ਹਨ, ਜੋ ਕਿ ਆਪਣੇ ਸੇਵਕ ਦੀ ਲੋਕ-ਪ੍ਰਲੋਕ ਵਿਚ ਰੱਖਿਆ ਕਰਦੇ ਹਨ ਅਤੇ ਉਸੇ ਗੁਰੂ ਦੇ ਚਰਨਾਂ ਤੋਂ ਕੁਰਬਾਨ ਜਾਂਦੇ ਹਨ, ਜੋ ਕਿ ਦਾਸਾਂ ਦੀ ਹਰ ਥਾਂ ਹੀ ਸਮ੍ਹਾਲਨਾ ਕਰਦੇ ਹਨ।

ਸੋਰਠਿ ਮਹਲਾ ੫ ॥

੧. ਸਤਿਗੁਰ ਪੂਰੇ ਭਾਣਾ ॥
੨. ਤਾ ਜਪਿਆ ਨਾਮੁ ਰਮਾਣਾ ॥
੩. ਗੋਬਿੰਦ ਕਿਰਪਾ ਧਾਰੀ ॥
੪. ਪ੍ਰਭਿ ਰਾਖੀ ਪੈਜ ਹਮਾਰੀ ॥੧॥
੫. ਹਰਿ ਕੇ ਚਰਨ ਸਦਾ ਸੁਖਦਾਈ ॥
੬. ਜੋ ਇਛਹਿ ਸੋਈ ਫਲੁ ਪਾਵਹਿ
ਬਿਰਥੀ ਆਸ ਨ ਜਾਈ ॥੧॥ ਰਹਾਉ ॥
੭. ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ
ਸੋਈ ਸੰਤੁ ਗੁਣ ਗਾਵੈ ॥
੮. ਪ੍ਰੇਮ ਭਗਤਿ ਤਾ ਕਾ ਮਨੁ ਲੀਣਾ
ਪਾਰਬ੍ਰਹਮ ਮਨਿ ਭਾਵੈ ॥੨॥
੯. ਆਠ ਪਹਰ ਹਰਿ ਕਾ ਜਸੁ ਰਵਣਾ
ਬਿਖੈ ਠਗਉਰੀ ਲਾਥੀ ॥
੧੦. ਸੰਗਿ ਮਿਲਾਇ ਲੀਆ ਮੇਰੈ ਕਰਤੈ
ਸੰਤ ਸਾਧ ਭਏ ਸਾਥੀ ॥੩॥
੧੧. ਕਰੁ ਗਹਿ ਲੀਨੇ ਸਰਬਸੁ ਦੀਨੇ
ਆਪਹਿ ਆਪੁ ਮਿਲਾਇਆ ॥
੧੨. ਕਹੁ ਨਾਨਕ ਸਰਬ ਥੋਕ ਪੂਰਨ
ਪੂਰਾ ਸਤਿਗੁਰੁ ਪਾਇਆ ॥੪॥੧੫॥੭੯॥

ਪਦ ਅਰਥ : ਸਤਿਗੁਰ ਭਾਣਾ—ਗੁਰੂ ਨੂੰ ਚੰਗਾ ਲੱਗਾ। ਤਾ—ਤਦੋਂ। ਰਮਾਣਾ—ਰਾਮ ਦਾ। ਪ੍ਰਭਿ—ਪ੍ਰਭੂ ਨੇ। ਪੈਜ—ਲਾਜ।੧।

ਸੁਖਦਾਈ—ਸੁਖ ਦੇਣ ਵਾਲੇ। ਇਛਹਿ—ਇੱਛਾ ਕਰਦੇ ਹਨ। ਬਿਰਥੀ—ਖ਼ਾਲੀ।੧।ਰਹਾਉ।

ਪ੍ਰਾਨਪਤਿ—ਜਿੰਦ ਦਾ ਮਾਲਕ। ਤਾ ਕਾ—ਉਸ (ਮਨੁੱਖ) ਦਾ। ਲੀਣਾ—ਮਸਤ। ਪਾਰਬ੍ਰਹਮ ਮਨਿ—ਪਾਰਬ੍ਰਹਮ ਦੇ ਮਨ ਵਿਚ। ਭਾਵੈ—ਪਿਆਰਾ ਲੱਗਣ ਲੱਗ ਪੈਂਦਾ ਹੈ।੨।

ਰਵਣਾ—ਸਿਮਰਨ ਕਰਨਾ। ਜਸੁ ਰਵਣਾ—ਸਿਫ਼ਤਿ-ਸਾਲਾਹ ਕਰਨੀ। ਬਿਖੈ ਠਗਉਰੀ—ਵਿਸ਼ਿਆਂ ਦੀ ਠਗਮੂਰੀ, ਵਿਸ਼ਿਆਂ ਦੀ ਠੱਗ ਬੂਟੀ। ਸੰਗਿ—ਨਾਲ। ਕਰਤੈ—ਕਰਤਾਰ ਨੇ। ਸਾਥੀ—ਮਦਦਗਾਰ, ਸੰਗੀ।੩।

ਕਰੁ—ਹੱਥ। ਗਹਿ—ਫੜ ਕੇ। ਸਰਬਸੁ—ਸਭ ਕੁਝ। ਆਪਹਿ—ਆਪ ਹੀ। ਆਪੁ—ਆਪਣਾ ਆਪ। ਥੋਕ—ਪਦਾਰਥ, ਕੰਮ।੪।

ਅਰਥ :

ਪ੍ਰ: ਹੇ ਗੁਰੋ ! ਬਹੁਤ ਲੋਕ ਪ੍ਰਭੂ ਦੇ ਨਾਮ ਸਿਮਰਨ ਦੀ ਲੋਚਾ ਕਰਦੇ ਹਨ, ਪਰ ਇਹ ਲੋਚਨਾ ਉਨ੍ਹਾਂ ਦੀ ਪੂਰੀ ਕਿਉਂ ਨਹੀਂ ਹੁੰਦੀ ?

ਉ: ੧. ਹੇ ਭਾਈਓ ! ਜਦੋਂ ਗੁਰੂ ਨੂੰ ਚੰਗਾ ਲੱਗਦਾ ਹੈ, ਭਾਵ ਗੁਰੂ ਤਰੁੱਠਦਾ ਹੈ।

੨. ਤਾਹੀਓਂ ਰਾਮ ਦਾ ਨਾਮ ਜਪਿਆ ਜਾ ਸਕਦਾ ਹੈ।

੩. ਹੇ ਪਿਆਰੇ ! ਜਦੋਂ ਪਰਮੇਸ਼ਰ ਜੀ ਨੇ ਮਿਹਰ ਕੀਤੀ (ਤਾਂ ਗੁਰੂ ਦਾ ਮਿਲਾਪ ਹੁੰਦਾ ਹੈ)।

੪. ਗੁਰੂ ਦੀ ਕਿਰਪਾ ਨਾਲ ਅਸਾਂ ਨਾਮ ਜਪਿਆ, ਤਾਂ ਉਸ ਕਰਤਾਰ ਨੇ ਸਾਡੀ ਲਾਜ ਰੱਖ ਲਈ।੧।

੫. ਹੇ ਭਾਈਓ ! ਹਰੀ ਦੇ ਚਰਨ ਸਦਾ ਹੀ ਸੁੱਖ ਦੇਣ ਵਾਲੇ ਹਨ।

੬. ਜੋ ਭੀ ਪੁਰਸ਼ ਉਨ੍ਹਾਂ ਚਰਨਾਂ ਨੂੰ ਚਾਹੁੰਦਾ ਹੈ, ਉਹ ਉਹੀ ਫਲ ਪ੍ਰਾਪਤ ਕਰਦੇ ਹਨ। ਜੋ ਭੀ ਉਹ ਇੱਛਾ ਕਰਦੇ ਹਨ, ਉਨ੍ਹਾਂ ਦੀ ਕੋਈ ਭੀ ਆਸ਼ਾ ਕੀਤੀ ਹੋਈ ਵਿਅਰਥ ਨਹੀਂ ਜਾਂਦੀ।੧।ਰਹਾਉ।

੭. ਹੇ ਪਿਆਰੇ ! ਜੀਵਨ ਦਾ ਮਾਲਕ ਦਾਤਾਰ ਪ੍ਰਭੂ ਜਿਸ ਮਨੁੱਖ ਉੱਤੇ ਮਿਹਰ ਕਰਦਾ ਹੈ, ਉਹੀ ਸੰਤ (ਸੁਭਾਵ ਵਾਲਾ ਬਣ ਜਾਂਦਾ ਹੈ) ਤੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦਾ ਹੈ।

੮. ਉਸ ਮਨੁੱਖ ਦਾ ਮਨ ਪਰਮੇਸ਼ਰ ਦੀ ਪਿਆਰ ਭਰੀ ਭਗਤੀ ਵਿਚ ਮਸਤ ਹੋ ਜਾਂਦਾ ਹੈ ਅਤੇ ਉਹੋ ਹੀ ਮਨੁੱਖ ਪਰਮੇਸ਼ਰ ਦੇ ਮਨ ਵਿਚ ਪਿਆਰਾ ਲੱਗਣ ਲੱਗ ਪੈਂਦਾ ਹੈ।੨।

ਪ੍ਰ: ਕਿਉਂ ਜੀ ! ਸੰਸਾਰ ਦੇ ਵਿਸ਼ੇ-ਵਿਕਾਰਾਂ ਦੀ ਠੱਗ ਬੂਟੀ ਬਹੁਤ

ਜ਼ਹਿਰੀਲੀ ਤੇ ਜ਼ੋਰਾਵਰ ਹੈ, ਇਸ ਨੂੰ ਲਾਹੁਣ ਦਾ ਕੋਈ ਉਪਰਾਲਾ ਦੱਸੋ।

ਉ: ੯. ਹੇ ਭਾਈ! ਅੱਠੇ ਪਹਿਰ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣ ਨਾਲ ਇਨ੍ਹਾਂ ਵਿਕਾਰਾਂ ਦੀ ਠੱਗ ਬੂਟੀ ਦੀ (ਅਤਿ ਜ਼ਹਿਰੀਲੀ) ਜ਼ਹਿਰ ਲਹਿ ਜਾਂਦੀ ਹੈ।

੧੦. ਹੇ ਭਾਈਓ! (ਜਿਸ ਕਿਸੇ ਭੀ ਮਨੁੱਖ ਨੇ ਉਸ ਕਰਤਾਰ ਦੀ ਸਿਫ਼ਤਿ-ਸਾਲਾਹ ਕਰਨ ਵਿਚ ਆਪਣਾ ਮਨ ਜੋੜਿਆ ਹੈ) ਸਾਈਂ ਜੀ ਨੇ ਉਸ ਨੂੰ ਆਪਣੇ ਨਾਲ ਮੇਲ ਲਿਆ ਅਤੇ ਸੰਤ ਜਨ ਉਸ ਦੇ ਸੰਗੀ ਸਾਥੀ ਬਣ ਗਏ।੩।

ਪ੍ਰ: ਸ੍ਰੀ ਜੀਉ! ਕਰਤਾਰ ਨੇ ਆਪ ਜੀ ਨੂੰ ਆਪਣੇ ਨਾਲ ਮੇਲਿਆ ਕਿਸ ਸਾਧਨ ਦੁਆਰਾ?

ਉ: ੧੧. ਹੇ ਪਿਆਰੇ ਜੀ! ਮੈਂ ਸਾਧਨ ਤਾਂ ਕੋਈ ਵੀ ਨਹੀਂ ਕਰ ਸਕਿਆ, (ਪਰ) ਮੈਂ ਜਦੋਂ ਗੁਰੂ ਦੀ ਸ਼ਰਨ ਪੈ ਕੇ ਗੁਰੂ ਦੇ ਚਰਨਾਂ ਦੀ ਅਰਾਧਨਾ ਕੀਤੀ ਤਾਂ ਪ੍ਰਭੂ ਜੀ ਨੇ ਮੇਰੇ ਮਨ ਰੂਪੀ ਹੱਥ ਨੂੰ ਫੜ ਲਿਆ ਤੇ ਮੈਨੂੰ ਸਭੋ ਕੁਝ ਬਖ਼ਸ਼ਸ਼ ਕਰ ਦਿੱਤਾ। ਇਸ ਤਰ੍ਹਾਂ ਉਸ ਪ੍ਰਭੂ ਨੇ ਮੈਨੂੰ ਆਪ ਹੀ ਆਪਣੇ ਨਾਲ ਮਿਲਾ ਲਿਆ ਹੈ।

ਪ੍ਰ: ਕਿਉਂ ਜੀ! ਉਹ ਮਿਲਿਆ ਕਦੋਂ?

ਉ: ੧੨. ਸਤਿਗੁਰੂ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜੋ ਸਤਿਗੁਰੂ ਸਾਰਿਆਂ ਪਦਾਰਥਾਂ ਕਰ ਕੇ ਪੂਰਨ ਹਨ, ਉਨ੍ਹਾਂ ਪੂਰਿਆਂ ਸਤਿਗੁਰਾਂ ਨੂੰ ਜਦੋਂ ਪਾਇਆ (ਤਦੋਂ ਮਿਲਾਪ ਹੋਇਆ)।੪।੧੫।੭੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜਦੋਂ ਗੁਰੂ ਨੂੰ ਭਾ ਜਾਵੇ, ਨਾਮ ਦਾ ਅਰਾਧਨ ਤਦੋਂ ਹੀ ਕੀਤਾ ਜਾ ਸਕਦਾ ਹੈ। ਨਾਮ ਅਰਾਧਨ ਦਾ ਸਦਕਾ ਹਰੀ ਦੇ ਚਰਨ ਹਿਰਦੇ ਵਿਚ ਆ ਵੱਸਦੇ ਹਨ, ਜਿਨ੍ਹਾਂ ਦੀ ਬਰਕਤ ਨਾਲ ਮਨੁੱਖ ਨੂੰ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ, ਜਿਸ ਦਾ ਕਿ ਕਦੀ ਅਭਾਵ ਹੀ ਨਹੀਂ ਹੁੰਦਾ। ਉਹ ਜੋ ਵੀ ਇੱਛਾ ਕਰਦਾ ਹੈ, ਉਸ ਦੀ ਇੱਛਾ ਪੂਰਨ ਹੁੰਦੀ ਹੈ, ਕੋਈ ਵੀ ਆਸ਼ਾ ਉਸ ਦੀ ਅਧੂਰੀ ਨਹੀਂ ਰਹਿੰਦੀ।

ਸੋਰਠਿ ਮਹਲਾ ੫ ॥

੧. ਗਰੀਬੀ ਗਦਾ ਹਮਾਰੀ ॥
੨. ਖੰਨਾ ਸਗਲ ਰੇਨੁ ਛਾਰੀ ॥
੩. ਇਸੁ ਆਗੈ ਕੋ ਨ ਟਿਕੈ ਵੇਕਾਰੀ ॥
੪. ਗੁਰ ਪੂਰੇ ਏਹ ਗਲ ਸਾਰੀ ॥੧॥
੫. ਹਰਿ ਹਰਿ ਨਾਮੁ ਸੰਤਨ ਕੀ ਓਟਾ ॥
੬. ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ ॥੧॥ ਰਹਾਉ ॥
੭. ਸੰਤ ਸੰਗਿ ਜਸੁ ਗਾਇਆ ॥
੮. ਇਹੁ ਪੂਰਨ ਹਰਿ ਧਨੁ ਪਾਇਆ ॥
੯. ਕਹੁ ਨਾਨਕ ਆਪੁ ਮਿਟਾਇਆ ॥
੧੦. ਸਭੁ ਪਾਰਬ੍ਰਹਮੁ ਨਦਰੀ ਆਇਆ ॥੨॥੧੬॥੮੦॥

ਪਦ ਅਰਥ : ਗਰੀਬੀ—ਨਿੰਮ੍ਰਤਾ-ਸੁਭਾਉ। ਗਦਾ—ਗੁਰਜ। ਖੰਨਾ—ਖੰਡਾ। ਰੇਨੁ—ਚਰਨ ਧੂੜ। ਛਾਰੀ—ਛਾਰ, ਮਿੱਟੀ। ਨ ਟਿਕੈ—ਖਲੋ ਨਹੀਂ ਸਕਦਾ, ਠਹਿਰ ਨਹੀਂ ਸਕਦਾ। ਵੇਕਾਰੀ—ਕੁਕਰਮੀ। ਸਾਰੀ—ਸਮਝਾਈ।੧।

ਓਟਾ—ਆਸਰਾ। ਗਤਿ—ਉੱਚੀ ਆਤਮਕ ਅਵਸਥਾ। ਉਧਰਹਿ—(ਵਿਕਾਰਾਂ ਤੋਂ) ਬਚ ਜਾਂਦੇ ਹਨ। ਕੋਟਾ—ਕਰੋੜਾਂ ਹੀ।ਰਹਾਉ।

ਸੰਗਿ—ਸੰਗਤ ਵਿਚ। ਜਸੁ—ਸਿਫ਼ਤਿ-ਸਾਲਾਹ ਦਾ ਗੀਤ। ਆਪੁ—ਆਪਾ ਭਾਵ। ਸਭੁ—ਹਰ ਥਾਂ। ਨਦਰੀ ਆਇਆ—ਦਿੱਸਿਆ।੨।

ਉਥਾਨਕਾ : ਜਿਸ ਵੇਲੇ ਪ੍ਰਿਥੀ ਚੰਦ ਦੀ ਮਦਦ ਵਾਸਤੇ 'ਸੁਲਹੀ' ਦਿੱਲੀ ਤੋਂ ਤੁਰਿਆ ਤਾਂ ਸਿੱਖਾਂ ਨੇ ਸੁਣਿਆ ਤੇ ਗੁਰੂ ਜੀ ਨੂੰ ਆ ਕੇ ਕਿਹਾ—ਹਜ਼ੂਰ ਦੁਸ਼ਮਣ ਨਾਲ ਮੁਕਾਬਲਾ ਕਰਨ ਵਾਸਤੇ ਧਨ ਤੇ ਸ਼ਸਤਰ ਆਦਿਕ 'ਕੱਠੇ ਕਰਾਓ, ਤਾਂਕਿ ਜਦੋਂ ਲੋੜ ਪਵੇ ਕੰਮ ਦੇਣਗੇ। ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ, ਹੇ ਭਾਈ! 'ਸਾਡੇ ਪਾਸ ਸ਼ਸਤਰ ਹਨ', ਸਿੱਖਾਂ ਨੇ ਕਿਹਾ ਕਿ ਹਜ਼ੂਰ! ਉਹ ਸ਼ਸਤਰ ਕਿੱਥੇ ਹਨ, ਸਾਨੂੰ ਤਾਂ ਦਿਖਦੇ ਕੋਈ ਨਹੀਂ, ਤਾਂ ਆਪ ਜੀ ਅੰਤ੍ਰੀਵ ਸ਼ਸਤਰ ਉਚਾਰਨ ਕਰਦੇ ਹਨ, ਜਿਨ੍ਹਾਂ ਰਾਹੀਂ ਅੰਤ੍ਰੀਵ ਵਿਕਾਰੀ ਦੁਸ਼ਮਣਾਂ ਦਾ ਮੁਕਾਬਲਾ ਕਰੀਦਾ ਹੈ।

ਅਰਥ :

ਪ੍ਰ: ਸ੍ਰੀ ਜੀਉ! ਦੁਸ਼ਮਣਾਂ ਪਾਸ ਗੁਰਜ ਹੋਵੇਗੀ, ਤੁਸੀਂ ਉਸ ਦੇ ਮੁਕਾਬਲੇ ਵਿਚ ਕਿਹੜੀ ਗੁਰਜ ਵਰਤੋਗੇ?

ਉ: ੧. ਹੇ ਭਾਈ! ਜੋ ਅਸਾਂ ਗ਼ਰੀਬੀ ਸੁਭਾਉ, ਭਾਵ ਨਿਮਰਤਾ ਧਾਰਨ ਕਰ ਰੱਖੀ ਹੈ, ਇਹ ਸਾਡੀ ਇਕ ਗਦਾ

੨. ਅਤੇ ਸਾਰਿਆਂ ਦੇ ਚਰਨਾਂ ਦੀ ਚਰਨ ਧੂੜ ਬਣੇ ਰਹਿਣਾ, ਇਹ ਸਾਡੇ ਪਾਸ ਖੰਡਾ ਹੈ।

੩. ਹੁਣ ਇਸ ਗਦਾ ਅੱਗੇ ਤੇ ਇਸ ਖੰਡੇ ਅੱਗੇ ਕੋਈ ਵੀ ਕੁਕਰਮੀ ਟਿਕ ਨਹੀਂ ਸਕਦਾ।

ਪ੍ਰ: ਹਜ਼ੂਰ! ਇਹ ਗੱਲ ਆਪ ਜੀ ਨੂੰ ਸਮਝਾਈ ਕਿਸ ਨੇ ਹੈ?

ਉ: ੪. ਹੇ ਪਿਆਰਿਓ! ਇਹ ਗੱਲ ਸਾਨੂੰ ਪੂਰੇ ਗੁਰਾਂ ਨੇ ਸਮਝਾ ਦਿੱਤੀ ਹੈ।੧।

੫. ਹੇ ਭਾਈ! ਪਰਮੇਸ਼ਰ ਦਾ ਨਾਮ ਸੰਤ ਜਨਾਂ ਦਾ ਆਸਰਾ ਹੈ।

੬. ਜਿਹੜਾ ਪੁਰਸ਼ ਭੀ ਪਰਮੇਸ਼ਰ ਦਾ ਨਾਮ ਸਿਮਰਦਾ ਹੈ, ਉਸ ਦੀ ਕਲਿਆਣ ਹੋਵੇਗੀ ਤੇ ਅੱਗੋਂ ਭੀ ਸਾਰੇ ਕਰੋੜਾਂ ਪੁਰਸ਼ ਉਧਰ ਜਾਣਗੇ।੧।ਰਹਾਉ।

੭. ਹੇ ਪਿਆਰੇ! ਜਿਸ ਪੁਰਸ਼ ਨੇ ਸੰਤਾਂ ਦੀ ਸੰਗਤ ਵਿਚ (ਬੈਠ ਕੇ) ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਹੈ,

੮. ਉਸ ਨੇ ਇਹ ਹਰੀ ਨਾਮ ਧਨ ਪ੍ਰਾਪਤ ਕਰ ਲਿਆ ਹੈ ਜੋ ਕਦੇ ਭੀ ਨਹੀਂ ਮੁੱਕਦਾ।

ਪ੍ਰ: ਕਿਉਂ ਜੀ! ਆਖ਼ਰ ਇਸ ਨਾਮ ਧਨ ਦਾ ਫਲ ਕੀ ਪ੍ਰਾਪਤ ਹੋਇਆ?

ਉ: ੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ ! ਜਿਸ ਨੇ ਨਾਮ ਦਾ ਚਿੰਤਨ ਕਰਦਿਆਂ ਆਪਣੇ ਅੰਦਰੋਂ ਆਪਾ ਭਾਵ ਹੰਕਾਰ ਮਿਟਾ ਲਿਆ।

੧੦. ਬਸ ਫਿਰ ਉਸ ਨੂੰ ਹਰ ਥਾਂ ਪਰਮੇਸ਼ਰ ਹੀ (ਵਸਦਾ) ਦਿੱਸ ਆਇਆ।੨।੧੬।੮੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜਿਵੇਂ ਬਾਹਰਲੇ ਦੁਸ਼ਮਨਾਂ ਦਾ ਮੁਕਾਬਲਾ ਕਰਨ ਲਈ ਗਦਾ ਤੇ ਖੰਡਾ ਆਦਿ ਸ਼ਸਤਰ ਹੁੰਦੇ ਹਨ, ਉਸੇ ਤਰ੍ਹਾਂ ਵਿਕਾਰਾਂ ਨੂੰ ਫ਼ਤਹਿ ਕਰਨ ਲਈ ਗ਼ਰੀਬੀ ਤੇ ਸਾਰਿਆਂ ਦੇ ਚਰਨਾਂ ਦੀ ਚਰਨ ਧੂੜ ਬਣੇ ਰਹਿਣਾ ਵੀ ਅਤਿ ਜ਼ਰੂਰੀ ਹੈ, ਇਸ ਵਿਚਾਰ ਨੂੰ ਭੀ ਪੂਰੇ ਗੁਰੂ ਹੀ ਸਮਝਾਉਂਦੇ ਹਨ।

ਜਿਨ੍ਹਾਂ ਨੇ ਅੰਤਰੀਵ ਦੈਵੀ ਗੁਣਾਂ ਨੂੰ ਧਾਰ ਕੇ ਨਾਮ ਦਾ ਚਿੰਤਨ ਕੀਤਾ ਹੈ, ਉਨ੍ਹਾਂ ਦੇ ਅੰਦਰੋਂ ਆਪਾ-ਭਾਵ ਮਿਟ ਜਾਂਦਾ ਹੈ, ਜਿਸ ਦੀ ਬਰਕਤ ਨਾਲ ਉਨ੍ਹਾਂ ਨੂੰ ਹਰ ਥਾਂ ਵਿਚ ਹੀ ਹਰੀ ਵਿਆਪਕ ਰੂਪ ਦਿੱਸ ਆਉਂਦਾ ਹੈ।

ਸੋਰਠਿ ਮਹਲਾ ੫ ॥

੧. ਗੁਰਿ ਪੂਰੈ ਪੂਰੀ ਕੀਨੀ ॥
੨. ਬਖਸ ਅਪੁਨੀ ਕਰਿ ਦੀਨੀ ॥
੩. ਨਿਤ ਅਨੰਦ ਸੁਖ ਪਾਇਆ ॥
੪. ਥਾਵ ਸਗਲੇ ਸੁਖੀ ਵਸਾਇਆ ॥੧॥
੫. ਹਰਿ ਕੀ ਭਗਤਿ ਫਲ ਦਾਤੀ ॥
੬. ਗੁਰਿ ਪੂਰੈ ਕਿਰਪਾ ਕਰਿ ਦੀਨੀ
ਵਿਰਲੈ ਕਿਨ ਹੀ ਜਾਤੀ ॥ ਰਹਾਉ ॥
੭. ਗੁਰਬਾਣੀ ਗਾਵਹ ਭਾਈ ॥
੮. ਓਹ ਸਫਲ ਸਦਾ ਸੁਖਦਾਈ ॥
੯. ਨਾਨਕ ਨਾਮੁ ਧਿਆਇਆ ॥
੧੦. ਪੂਰਬਿ ਲਿਖਿਆ ਪਾਇਆ ॥੨॥੧੭॥੮੧॥

ਪਦ ਅਰਥ : ਗੁਰਿ ਪੂਰੈ—ਪੂਰੇ ਗੁਰੂ ਨੇ। ਪੂਰੀ ਕੀਨੀ—ਪੂਰੀ ਕਿਰਪਾ ਕੀਤੀ। ਬਖਸ—ਬਖ਼ਸ਼ਸ਼, ਭਗਤੀ ਦੀ ਦਾਤ। ਨਿਤ—ਸਦਾ। ਸਗਲੇ—ਸਾਰੇ। ਥਾਵ ਸਗਲੇ—ਸਾਰੇ ਥਾਂ, ਸਾਰੇ ਇੰਦ੍ਰੇ।੧।

ਫਲ ਦਾਤੀ—ਫਲ ਦੇਣ ਵਾਲੀ। ਕਿਨ ਹੀ—ਕਿਸੇ ਨੇ ਹੀ।ਰਹਾਉ।

ਗਾਵਹ—ਆਓ ਅਸੀਂ ਗਾਵੀਏ। ਓਹ—ਉਹ ਗੁਰਬਾਣੀ। ਪੂਰਬਿ—ਪੂਰਬਲੇ ਜਨਮ ਵਿਚ।੨।

ਅਰਥ :

ਪ੍ਰ: ਹੇ ਗੁਰੋ ! ਪ੍ਰਭੂ ਭਗਤੀ ਦੀ ਦਾਤ ਕਿੱਥੋਂ ਪ੍ਰਾਪਤ ਹੋ ਸਕਦੀ ਹੈ ?

ਉ: ੧. ਹੇ ਪਿਆਰੇ ! ਜਿਸ ਮਨੁੱਖ ਉੱਤੇ ਪੂਰੇ ਗੁਰੂ ਨੇ ਪੂਰਨ ਕਿਰਪਾ ਕੀਤੀ ਹੈ।

੨. ਉਸ ਨੂੰ ਗੁਰੂ ਨੇ ਆਪਣੇ ਦਰ ਤੋਂ ਪ੍ਰਭੂ-ਭਗਤੀ ਦੀ ਦਾਤ ਬਖ਼ਸ਼ਸ਼ ਕਰ ਦਿੱਤੀ।

੩. ਉਹ ਮਨੁੱਖ ਨਿੱਤ ਹੀ ਆਤਮਕ ਅਨੰਦ ਅਤੇ ਆਤਮਕ ਸੁੱਖ ਮਾਣਦਾ ਹੈ।

੪. ਅਤੇ ਗੁਰੂ ਨੇ ਉਸ ਦੇ ਸਾਰੇ ਗਿਆਨ-ਇੰਦ੍ਰਿਆਂ ਨੂੰ (ਵਿਕਾਰਾਂ ਵਲੋਂ ਬਚਾ ਕੇ) ਸ਼ਾਂਤੀ ਵਿਚ ਟਿਕਾਅ ਦਿੱਤਾ।੧।

੫. ਹੇ ਭਾਈਓ ! ਹਰੀ ਦੀ ਭਗਤੀ ਸਾਰੇ ਹੀ ਫਲ ਦੇਣ ਵਾਲੀ ਹੈ।

੬. (ਪਰ) ਗੁਰੂ ਪੂਰੇ ਨੇ ਜਿਸ ਮਨੁੱਖ ਉੱਤੇ ਮਿਹਰ ਕਰ ਦਿੱਤੀ, ਉਸੇ ਨੇ ਹੀ ਪ੍ਰਭੂ ਦੀ ਭਗਤੀ ਕਰਨੀ ਆਰੰਭ ਕਰ ਦਿੱਤੀ। ਹੇ ਭਾਈ ! ਕਿਸੇ ਵਿਰਲੇ ਮਨੁੱਖ ਨੇ ਹੀ ਪ੍ਰਭੂ ਭਗਤੀ ਦੀ ਕਦਰ ਸਮਝੀ ਹੈ।ਰਹਾਉ।

੭. ਹੇ ਭਾਈਓ ! ਆਓ, ਅਸੀਂ ਭੀ ਗੁਰੂ ਜੀ ਦੀ ਬਾਣੀ ਨੂੰ ਗਾਵਿਆ ਕਰੀਏ।

੮. (ਕਿਉਂਕਿ) ਗੁਰੂ ਦੀ ਬਾਣੀ ਸਦਾ ਹੀ ਸਾਰੇ ਫਲ ਦੇਣ ਵਾਲੀ ਹੈ ਤੇ ਸੁੱਖਾਂ ਦੀ ਦਾਤੀ ਹੈ।

੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ ! ਗੁਰਬਾਣੀ ਦੇ ਰਾਹੀਂ ਉਸੇ ਹੀ ਮਨੁੱਖ ਨੇ ਪਰਮੇਸ਼ਰ ਦਾ ਨਾਮ ਧਿਆਇਆ,

੧੦. ਜਿਸ ਨੇ ਕਿ ਪੂਰਬਲੇ ਜਨਮ ਵਿਚ ਲਿਖਿਆ ਭਗਤੀ ਦਾ ਲੇਖ ਪ੍ਰਾਪਤ ਕੀਤਾ ਹੈ।੨।੧੭।੮੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹੋ ਸਿਧਾਂਤ ਅੰਕਤ ਕਰਦੇ ਹਨ ਕਿ ਇਹ ਭਗਤੀ ਦੀ ਦਾਤ ਉਨ੍ਹਾਂ ਮਨੁੱਖਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਦੇ ਉਪਰ ਪੂਰਨ ਗੁਰਾਂ ਦੀ ਪੂਰਨ ਬਖ਼ਸ਼ਸ਼ ਹੁੰਦੀ ਹੈ। ਜੋ ਮਨੁੱਖ ਗੁਰਬਾਣੀ ਰਾਹੀਂ ਸੰਗਤ ਵਿਚ ਮਿਲ ਕੇ ਨਾਮ ਦੀ ਅਰਾਧਨਾ ਕਰਦੇ ਹਨ, ਉਨ੍ਹਾਂ ਨੂੰ ਸਫਲ ਗਿਆਨ ਦੀ ਪ੍ਰਾਪਤੀ ਤੇ ਪੂਰਨ ਸੁੱਖ ਹਾਸਲ ਹੁੰਦਾ ਹੈ।

ਸੋਰਠਿ ਮਹਲਾ ੫ ॥

੧. ਗੁਰੁ ਪੂਰਾ ਆਰਾਧੇ ॥
੨. ਕਾਰਜ ਸਗਲੇ ਸਾਧੇ ॥
੩. ਸਗਲ ਮਨੋਰਥ ਪੂਰੇ ॥
੪. ਬਾਜੇ ਅਨਹਦ ਤੂਰੇ ॥੧॥
੫. ਸੰਤਹੁ ਰਾਮੁ ਜਪਤ ਸੁਖੁ ਪਾਇਆ ॥
੬. ਸੰਤ ਅਸਥਾਨਿ ਬਸੇ ਸੁਖ ਸਹਜੇ
ਸਗਲੇ ਦੂਖ ਮਿਟਾਇਆ ॥੧॥ ਰਹਾਉ ॥
੭. ਗੁਰ ਪੂਰੇ ਕੀ ਬਾਣੀ ॥
੮. ਪਾਰਬ੍ਰਹਮ ਮਨਿ ਭਾਣੀ ॥
੯. ਨਾਨਕ ਦਾਸਿ ਵਖਾਣੀ ॥
੧੦. ਨਿਰਮਲ ਅਕਥ ਕਹਾਣੀ ॥੨॥੧੮॥੮੨॥

ਪਦ ਅਰਥ : ਸਾਧੇ—ਸਫਲ ਕਰ ਲੈਂਦਾ ਹੈ। ਮਨੋਰਥ—ਮਨੋ-ਕਾਮਨਾ। ਬਾਜੇ—ਵੱਜ ਪੈਂਦੇ ਹਨ। ਅਨਹਦ—ਇਕ ਰਸ, ਬਿਨਾ ਵਜਾਇਆਂ। ਤੂਰੇ—ਵਾਜੇ।੧।

ਸੰਤਹੁ—ਹੇ ਸੰਤ ਜਨੋ! ਸੰਤ ਅਸਥਾਨਿ—ਸੰਤਾਂ ਦੇ ਅਸਥਾਨ ਵਿਚ, ਸਾਧ ਸੰਗਤ ਵਿਚ। ਸਹਜੇ—ਆਤਮਕ ਅਡੋਲਤਾ ਵਿਚ।੧।ਰਹਾਉ।

ਪਾਰਬ੍ਰਹਮ ਮਨਿ—ਪਾਰਬ੍ਰਹਮ ਦੇ ਮਨ ਵਿਚ। ਭਾਣੀ—ਚੰਗੀ ਲੱਗਦੀ ਹੈ। ਦਾਸਿ—ਦਾਸ ਨੇ। ਨਿਰਮਲ—ਪਵਿੱਤਰ (ਕਰਨ ਵਾਲੇ)। ਅਕਥ ਕਹਾਣੀ—ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ, ਜਿਸ ਦਾ ਸਰੂਪ ਬਿਆਨ ਤੋਂ ਪਰੇ ਹੈ।੨।

ਅਰਥ :

ਪ੍ਰ: ਹੇ ਗੁਰੋ! ਸੰਸਾਰ ਵਿਚ ਕੀ ਕੋਈ ਅਜਿਹਾ ਭੀ ਸਾਧਨ ਹੈ, ਜਿਸ ਦੇ ਕਰਨ ਨਾਲ ਮਨੁੱਖ ਦੇ ਸਾਰੇ ਹੀ ਕਾਰਜ ਸੌਰ ਸਕਦੇ ਹੋਣ ?

ਉ: ੧. (ਹਾਂ ਜ਼ਰੂਰ ਹੈ) ਹੇ ਸੰਤ ਜਨੋ! ਜਿਨ੍ਹਾਂ ਮਨੁੱਖਾਂ ਨੇ ਪੂਰੇ ਗੁਰੂ ਦੀ ਅਰਾਧਨਾ ਕੀਤੀ ਹੈ, ਉਸ ਨੇ ਸਾਰੇ ਹੀ ਕਾਰਜ ਸਵਾਰ ਲਏ, ਸਫਲ ਕਰ ਲਏ।

੨. ਅਤੇ ਉਨ੍ਹਾਂ ਦੀਆਂ ਸਾਰੀਆਂ ਹੀ ਮਨੋ-ਕਾਮਨਾਵਾਂ ਪੂਰੀਆਂ ਹੋ ਗਈਆਂ ਹਨ।

੪. ਹੇ ਭਾਈ! ਉਨ੍ਹਾਂ ਦੇ ਅੰਦਰ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਵਾਜੇ ਇਕ ਰਸ (ਸਦਾ ਹੀ) ਵੱਜਦੇ ਰਹਿੰਦੇ ਹਨ।੧।

੫. ਹੇ ਸੰਤ ਜਨੋ! ਉਨ੍ਹਾਂ ਮਨੁੱਖਾਂ ਨੇ ਤਾਂ (ਸਦਾ ਹੀ) ਅਬਿਨਾਸ਼ੀ ਆਤਮਕ ਅਨੰਦ ਨੂੰ ਮਾਣਿਆ ਹੈ।

੬. (ਕਿਉਂਕਿ) ਉਹ ਸਾਧ ਸੰਗਤ ਵਿਚ ਆ ਟਿਕਦੇ ਹਨ, ਜਿਸ ਦੀ ਬਰਕਤ ਨਾਲ ਉਹ ਸਦਾ ਹੀ ਆਤਮਕ ਅਡੋਲਤਾ ਵਿਚ ਵੱਸਦੇ ਹਨ। ਇਸ ਤਰ੍ਹਾਂ ਉਹ ਆਪਣੇ ਸਾਰੇ ਹੀ ਦੁੱਖਾਂ ਨੂੰ ਦੂਰ ਕਰ ਲੈਂਦੇ ਹਨ।੧।ਰਹਾਉ।

ਪ੍ਰ: ਕਿਉਂ ਜੀ! ਇਸ ਪਵਿੱਤਰ ਬਾਣੀ ਦੀ ਮਹਾਨਤਾ ਨੂੰ ਆਪ ਜੀ ਕਿਤਨਾ ਕੁ ਅਨੁਭਵ ਕਰਦੇ ਹੋ ?

ਉ: ੭. ਹੇ ਪਿਆਰਿਓ! ਇਹ ਜੋ ਪੂਰੇ ਗੁਰਾਂ ਦੀ ਬਾਣੀ ਹੈ।

੮. ਇਹ ਤਾਂ ਪਾਰਬ੍ਰਹਮ ਪਰਮੇਸ਼ਰ ਦੇ ਮਨ ਨੂੰ ਭੀ ਪਿਆਰੀ ਲੱਗਦੀ ਹੈ।

੯. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਇਸ ਪੂਰੇ ਗੁਰੂ ਦੀ ਬਾਣੀ ਨੂੰ (ਕਿਸੇ ਵਿਰਲੇ) ਦਾਸ ਨੇ ਹੀ ਇਕਾਗ੍ਰਤਾ ਵਿਚ ਟਿਕ ਕੇ ਉਚਾਰਨ ਕੀਤਾ ਹੈ।

੧੦. ਤੇ ਜਿਸ ਬਾਣੀ ਵਿਚ ਪ੍ਰਭੂ ਜੀ ਦੀ ਸਿਫ਼ਤਿ-ਸਾਲਾਹ ਹੈ, ਇਸਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਭਾਵ ਇਸ ਬਾਣੀ ਦੀ ਵਾਰਤਾ ਅਕਥ ਹੈ।੨।੧੮।੮੨।

ਭਾਵਾਰਥ : ਉਪਰੋਕਤ ਸ਼ਬਦ ਵਿਚ ਸਿਧਾਂਤ ਹੈ ਕਿ ਜੋ ਮਨੁੱਖ ਗੁਰੂ ਦੇ ਉਪਦੇਸ਼ ਨੂੰ ਧਾਰਨ ਕਰ ਕੇ ਪ੍ਰਭੂ ਦੇ ਧਿਆਨ ਵਿਚ ਜੁੜਿਆ ਰਹਿੰਦਾ ਹੈ, ਉਸ ਦੇ ਸਾਰੇ ਹੀ ਕਾਰਜ ਸਫਲ ਹੁੰਦੇ ਹਨ ਤੇ ਪਰਮੇਸ਼ਰ ਨੂੰ ਜਪਦਿਆਂ ਉਹ ਅਬਿਨਾਸ਼ੀ ਸੁੱਖ ਹਾਸਲ ਕਰ ਲੈਂਦਾ ਹੈ।

ਸੋਰਠਿ ਮਹਲਾ ੫ ॥

੧. ਭੂਖੇ ਖਾਵਤ ਲਾਜ ਨ ਆਵੈ ॥
੨. ਤਿਉ ਹਰਿ ਜਨੁ ਹਰਿ ਗੁਣ ਗਾਵੈ ॥੧॥
੩. ਅਪਨੇ ਕਾਜ ਕਉ ਕਿਉ ਅਲਕਾਈਐ ॥
੪. ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ ॥੧॥ ਰਹਾਉ ॥
੫. ਜਿਉ ਕਾਮੀ ਕਾਮਿ ਲੁਭਾਵੈ ॥
੬. ਤਿਉ ਹਰਿ ਦਾਸ ਹਰਿ ਜਸੁ ਭਾਵੈ ॥੨॥
੭. ਜਿਉ ਮਾਤਾ ਬਾਲਿ ਲਪਟਾਵੈ ॥
੮. ਤਿਉ ਗਿਆਨੀ ਨਾਮੁ ਕਮਾਵੈ ॥੩॥
੯. ਗੁਰ ਪੂਰੇ ਤੇ ਪਾਵੈ ॥
੧੦. ਜਨ ਨਾਨਕ ਨਾਮੁ ਧਿਆਵੈ ॥੪॥੧੯॥੮੩॥

ਪਦ ਅਰਥ : ਲਾਜ—ਸ਼ਰਮ। ਗਾਵੈ—ਗਾਂਦਾ ਹੈ।੧।

ਕਉ—ਵਾਸਤੇ। ਅਲਕਾਈਐ—ਆਲਸ ਕੀਤਾ ਜਾਏ। ਜਿਤੁ—ਜਿਸ ਦੇ ਰਾਹੀਂ। ਸਿਮਰਨਿ—ਸਿਮਰਨ ਦੇ ਰਾਹੀਂ। ਜਿਤੁ ਸਿਮਰਨਿ—ਜਿਸ ਸਿਮਰਨ ਦੇ ਰਾਹੀਂ।੧।ਰਹਾਉ।

ਕਾਮੀ—ਵਿਸ਼ਈ ਮਨੁੱਖ। ਕਾਮਿ—ਕਾਮ ਵਾਸ਼ਨਾ ਵਿਚ। ਲੁਭਾਵੈ—ਮਗਨ ਰਹਿੰਦਾ ਹੈ। ਭਾਵੈ—ਪਸੰਦ ਆਉਂਦਾ ਹੈ।੨।

ਬਾਲਿ—ਬਾਲ (ਦੇ ਮੋਹ) ਵਿਚ। ਲਪਟਾਵੈ—ਚੰਬੜੀ ਰਹਿੰਦੀ ਹੈ। ਗਿਆਨੀ—ਗਿਆਨਵਾਨ, ਆਤਮਕ ਜੀਵਨ ਦੀ ਸੋਝੀ ਵਾਲਾ।੩।

ਤੇ—ਤੋਂ ਪਾਸੋਂ।੪।

ਅਰਥ :

ਪ੍ਰ: ਹੇ ਗੁਰੋ! ਬਹੁਤ ਸਾਰੇ ਲੋਕਾਂ ਵੱਲ ਤੱਕੀਦਾ ਹੈ ਕਿ ਉਹ ਰੱਬੀ ਮਾਰਗ 'ਤੇ ਟੁਰ ਕੇ ਨਾਮ ਦਾ ਚਿੰਤਨ ਕਰਨਾ ਤਾਂ ਚਾਹੁੰਦੇ ਹਨ, ਪਰ ਲੋਕ-ਲਾਜ ਤੋਂ ਭੈ-ਭੀਤ ਹੋ ਸ਼ਰਮਸਾਰ ਹੁੰਦੇ ਹਨ ਕਿ ਲੋਕ ਕੀ ਆਖਣਗੇ ਕਿ ਇਹ ਸੰਸਾਰੀ ਰਹੁ-ਰੀਤ ਨੂੰ ਛੱਡ ਕੇ ਰੱਬ ਪ੍ਰਸਤ ਹੋ ਟੁਰਿਆ ਹੈ, ਇਸ ਬਾਰੇ ਕੋਈ ਸ਼ੁਭ ਉਪਦੇਸ਼ ਬਖ਼ਸ਼ੋ।

ਉ: ੧. ਹੇ ਭਾਈ! ਜੋ ਮਨੁੱਖ ਸੰਸਾਰੀ ਲੋਕਾਂ ਦੀ ਲੋਕ-ਲਾਜ ਵਿਚ ਜਕੜਿਆ ਹੋਇਆ ਹੈ, ਸਮਝੋ ਕਿ ਉਹ ਰੱਬੀ ਮਾਰਗ 'ਤੇ ਨਹੀਂ ਟੁਰ ਸਕਦਾ, ਇਸ ਲਈ ਸਾਈਂ ਜੀ ਦੇ ਮਾਰਗ 'ਤੇ ਟੁਰਨ ਲਈ ਲੋਕ-ਲਾਜ ਨੂੰ ਤਿਆਗਣਾ ਪੈਂਦਾ ਹੈ। ਵੇਖੋ : ਹੇ ਭਾਈ! ਜਿਵੇਂ ਕਿ ਇਕ ਭੁੱਖਾ ਮਨੁੱਖ ਹੈ, ਉਸ ਨੂੰ ਕੁਝ ਖਾਣ ਲਈ ਮਿਲ ਜਾਵੇ ਤਾਂ ਉਹ ਭੁੱਖਾ ਮਨੁੱਖ ਖਾਂਦਿਆਂ ਕੋਈ ਸ਼ਰਮ ਮਹਿਸੂਸ ਨਹੀਂ ਕਰਦਾ।

੨. ਹੇ ਪਿਆਰਿਓ! ਤਿਵੇਂ ਹੀ ਹਰੀ ਦੇ ਸੇਵਕ ਆਪਣੀ ਆਤਮਕ ਭੁੱਖ ਮਿਟਾਉਣ ਲਈ ਬੜੇ ਚਾਉ ਨਾਲ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦੇ ਹਨ, (ਭਾਵ ਸੇਵਕ ਹਰੀ ਦੀ ਸਿਫ਼ਤਿ-ਸਾਲਾਹ ਕਰਦੇ ਹੋਏ ਸ਼ਰਮ ਨਹੀਂ ਕਰਦੇ, ਉਹ ਇਸ ਨੂੰ ਆਪਣਾ ਮੁਖ ਪ੍ਰਯੋਜਨ ਸਮਝਦੇ ਹਨ)।੧।

੩. ਹੇ ਭਾਈਓ! ਇਹੋ ਤਾਂ ਸਾਡਾ ਅਸਲੀ ਮੰਤਵ ਹੈ। ਦੱਸੋ, ਇਸ ਨੂੰ ਕਰਨ ਵਿਚ ਕਿਉਂ ਆਲਸ ਕਰਨਾ ਹੈ। (ਭਾਵ ਆਲਸ ਨਹੀਂ ਕਰਨਾ ਚਾਹੀਦਾ)।

ਪ੍ਰ: ਹਜ਼ੂਰ! ਇਸ ਨਾਮ ਸਿਮਰਨ ਨਾਲ ਆਖ਼ਰ ਹਾਸਲ ਕੀ ਹੋਵੇਗਾ ?

ਉ: ੪. ਹੇ ਭਾਈ! ਇਸ ਨਾਮ ਸਿਮਰਨ ਦੀ ਬਰਕਤ ਨਾਲ ਰੱਬੀ ਦਰਬਾਰ ਵਿਚ ਗਇਆਂ ਸੁਰਖ਼ਰੂ ਹੋਈਦਾ ਹੈ ਅਤੇ ਸਦਾ ਸਦਾ ਹੀ ਆਤਮਕ ਅਨੰਦ ਮਾਣੀਦਾ ਹੈ।੧।ਰਹਾਉ।

ਪ੍ਰ: ਹਜ਼ੂਰ! ਇਸੇ ਸਿਧਾਂਤ ਦੀ ਪ੍ਰਪੱਕਤਾ ਲਈ ਕੋਈ ਹੋਰ ਉਦਾਹਰਣ ਦਿਓ।

ਉ: ੫. ਹੇ ਭਾਈਓ! ਵੇਖੋ, ਜਿਵੇਂ ਕਿ ਇਕ ਵਿਸ਼ਈ ਪੁਰਸ਼ ਕਾਮ-ਵਾਸ਼ਨਾ ਵਿਚ ਹੀ (ਸਦਾ) ਮਗਨ ਰਹਿੰਦਾ ਹੈ,

੬. ਤਿਵੇਂ ਪਰਮੇਸ਼ਰ ਦੇ ਸੇਵਕਾਂ ਨੂੰ (ਸਦਾ ਉਸ ਸਾਈਂ ਜੀ ਦੀ) ਸਿਫ਼ਤ ਕਰਨੀ ਹੀ ਚੰਗੀ ਲੱਗਦੀ ਹੈ।੨।

ਪ੍ਰ: ਕਿਉਂ ਜੀ! ਕੋਈ ਹੋਰ ਦ੍ਰਿਸ਼ਟਾਂਤ ਦਿਓ।

ਉ: ੭. ਹੇ ਪਿਆਰਿਓ! ਸੁਣੋ, ਜਿਵੇਂ ਕਿ ਮਾਂ ਆਪਣੇ ਬੱਚੇ (ਦੇ ਮੋਹ) ਨਾਲ ਹੀ ਚੰਬੜੀ ਰਹਿੰਦੀ ਹੈ,

੮. ਤਿਵੇਂ ਆਤਮਕ ਸੋਝੀ ਵਾਲਾ ਗਿਆਨਵਾਨ ਪੁਰਸ਼ (ਨਾਮ ਸਿਮਰਨ) ਦੀ ਕਮਾਈ ਕਰਦਾ ਹੈ।੩।

ਪ੍ਰ: ਕਿਉਂ ਜੀ! ਇਹ ਦਾਤ ਪ੍ਰਾਪਤ ਕਿੱਥੋਂ ਹੁੰਦੀ ਹੈ?

ਉ: ੯. ਹੇ ਪਿਆਰੇ! ਇਹ ਦਾਤ ਪੂਰੇ ਗੁਰੂ ਰਾਹੀਂ ਹੀ ਪ੍ਰਾਪਤ ਹੁੰਦੀ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜੋ ਸੇਵਕ ਗੁਰੂ ਨੂੰ ਮਿਲ ਕੇ ਨਾਮ ਧਿਆਉਂਦਾ ਹੈ, ਇਹ ਦਾਤ ਉਸੇ ਨੂੰ ਹੀ ਹਾਸਲ ਹੁੰਦੀ ਹੈ।੪।੧੯।੮੩।

ਭਾਵਾਰਥ : ਉਪਰੋਕਤ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਐ ਭਾਈਓ! ਨਾਮ ਦਾ ਸਿਮਰਨ ਲੋਕ-ਲਾਜ ਨੂੰ ਤਿਆਗ ਕੇ ਹੀ ਕੀਤਾ ਜਾ ਸਕਦਾ ਹੈ ਅਤੇ ਇਸੇ ਭਾਵ ਨੂੰ ਸਿੱਧ ਕਰਨ ਲਈ ਆਪ ਜੀ ਨੇ ਲੌਕਿਕ ਤਿੰਨ ਉਦਾਹਰਣ ਦਿੱਤੇ ਹਨ।

ਸੋਰਠਿ ਮਹਲਾ ੫ ॥

੧. ਸੁਖ ਸਾਂਦਿ ਘਰਿ ਆਇਆ ॥
੨. ਨਿੰਦਕ ਕੈ ਮੁਖਿ ਛਾਇਆ ॥
੩. ਪੂਰੈ ਗੁਰਿ ਪਹਿਰਾਇਆ ॥
੪. ਬਿਨਸੇ ਦੁਖ ਸਬਾਇਆ ॥੧॥
੫. ਸੰਤਹੁ ਸਾਚੇ ਕੀ ਵਡਿਆਈ ॥
੬. ਜਿਨਿ ਅਚਰਜ ਸੋਭ ਬਣਾਈ ॥੧॥ ਰਹਾਉ ॥
੭. ਬੋਲੇ ਸਾਹਿਬ ਕੈ ਭਾਣੈ ॥
੮. ਦਾਸੁ ਬਾਣੀ ਬ੍ਰਹਮੁ ਵਖਾਣੈ ॥
੯. ਨਾਨਕ ਪ੍ਰਭ ਸੁਖਦਾਈ ॥
੧੦. ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥

ਪਦ ਅਰਥ : ਸੁਖ ਸਾਂਦਿ—ਸੁਖ ਸਾਂਦ ਨਾਲ, ਆਤਮ ਅਰੋਗਤਾ ਨਾਲ। ਘਰਿ—ਹਿਰਦੇ ਘਰ ਵਿਚ। ਕੈ ਮੁਖਿ—ਦੇ ਮੂੰਹ ਵਿਚ। ਛਾਇਆ—ਸੁਆਹ। ਗੁਰਿ—ਗੁਰੂ ਨੇ। ਪਹਿਰਾਇਆ—ਸਿਰੋਪਾ ਦਿੱਤਾ, ਆਦਰ ਮਾਣ ਬਖ਼ਸ਼ਿਆ। ਸਬਾਇਆ—ਸਾਰੇ।੧।

ਸਾਚੇ ਕੀ—ਸਦਾ ਕਾਇਮ ਰਹਿਣ ਵਾਲੇ ਪਰਮੇਸ਼ਰ ਦੀ। ਵਡਿਆਈ—ਵੱਡੀ ਸ਼ਾਨ, ਵੱਡੀ ਤਾਕਤ। ਜਿਨਿ—ਜਿਸ (ਸੱਚੇ) ਨੇ। ਅਚਰਜ—ਹੈਰਾਨ ਕਰ ਦੇਣ ਵਾਲੀ। ਸੋਭ—(ਆਪਣੇ ਦਾਸ ਦੀ) ਸੋਭਾ।੧।ਰਹਾਉ।

ਬੋਲੇ—ਬੋਲਦਾ ਹੈ। ਕੈ ਭਾਣੈ—ਦੀ ਰਜ਼ਾ ਵਿਚ। ਵਖਾਣੈ—ਉਚਾਰਦਾ ਹੈ। ਬ੍ਰਹਮੁ—ਪਰਮੇਸ਼ਰ (ਦਾ ਨਾਮ)। ਜਿਨਿ—ਜਿਸ ਪ੍ਰਭੂ ਨੇ। ਪੂਰੀ ਬਣਤ—ਉਕਾਈ ਨਾ ਖਾਣ ਵਾਲੀ ਵਿਉਂਤ।

ਅਰਥ :

ਪ੍ਰ: ਹੇ ਗੁਰੋ! ਜਿਸ ਉੱਤੇ ਗੁਰੂ ਦੀ ਮਿਹਰ ਹੋ ਜਾਏ, ਉਸ ਨੂੰ ਕੀ ਫਲ ਪ੍ਰਾਪਤ ਹੁੰਦਾ ਹੈ?

ਉ: ੧. ਹੇ ਪਿਆਰੇ! ਜਿਸ ਉੱਤੇ ਗੁਰੂ ਦੀ ਬਖ਼ਸ਼ਸ਼ ਹੋ ਜਾਏ, ਉਹ ਪੂਰਨ ਅਰੋਗਤਾ ਨਾਲ ਆਪਣੇ ਹਿਰਦੇ ਘਰ ਵਿਚ ਟਿਕ ਜਾਂਦਾ ਹੈ।

੨. ਜੋ ਨਿੰਦਕ ਲੋਕ ਉਨ੍ਹਾਂ ਦੀ ਨਿੰਦਾ ਕਰਦੇ ਹਨ, ਉਨ੍ਹਾਂ ਦੇ ਮੂੰਹ ਉੱਤੇ ਸੁਆਹ ਹੀ ਪਈ, ਭਾਵ ਹੈ ਕਿ ਪ੍ਰਭੂ ਦੇ ਦਾਸ ਦੇ ਨਿੰਦਕ ਨੇ ਸਦਾ ਬਦਨਾਮੀ ਹੀ ਕਰਵਾਈ ਹੈ।੧।

੩. ਹੇ ਸੰਤ ਜਨੋ! ਪਰਮੇਸ਼ਰ ਦੀ ਕਿਰਪਾ ਨਾਲ ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਆਦਰ ਮਾਣ ਬਖ਼ਸ਼ਿਆ ਹੈ,

੪. ਉਸ ਦੇ ਸਾਰੇ ਹੀ ਦੁਖ ਦੂਰ ਹੋ ਗਏ।੧।

੫. ਹੇ ਸੰਤ ਜਨੋ! ਵੇਖੋ, ਉਸ ਕਾਇਮ ਰਹਿਣ ਵਾਲੇ ਪਰਮੇਸ਼ਰ ਦੀ ਵੱਡੀ ਸ਼ਾਨ,

੬. ਜਿਸ ਨੇ ਕਿ (ਆਪਣੇ ਦਾਸ ਦੀ ਸਦਾ ਹੀ) ਹੈਰਾਨ ਕਰ ਦੇਣ ਵਾਲੀ ਸੋਭਾ ਬਣਾ ਦਿੱਤੀ।੧।ਰਹਾਉ।

ਪ੍ਰ: ਐਸੇ ਸੇਵਕ ਦੀ ਪਛਾਣ ਕੀ ਹੈ?

ਉ: ੭. ਹੇ ਭਾਈ! ਜਿਸ ਸੇਵਕ ਨੂੰ ਗੁਰੂ ਨੇ ਇੱਜ਼ਤ ਬਖ਼ਸ਼ੀ ਹੈ, ਉਹ ਸੇਵਕ ਸਦਾ ਉਸ ਪਰਮੇਸ਼ਰ ਦੀ ਰਜ਼ਾ ਵਿਚ (ਹਰ) ਬਚਨ ਬੋਲਦਾ ਹੈ।

੮. ਹੇ ਭਾਈ! ਮੈਂ ਦਾਸ ਬਾਣੀ ਦੁਆਰਾ (ਸਦਾ) ਬ੍ਰਹਮ ਨੂੰ ਹੀ ਉਚਾਰਨ ਕਰਦਾ ਹਾਂ।

੯. ਹੇ ਪਿਆਰੇ! ਉਹ ਪ੍ਰਭੂ ਆਪਣੇ ਸੇਵਕ ਨੂੰ (ਸਦਾ ਹੀ) ਅਬਿਨਾਸ਼ੀ ਸੁੱਖ ਦੇਂਦਾ ਹੈ।

੧੦. ਹੇ ਭਾਈ! (ਜਿਸ ਪਰਮਾਤਮਾ ਨੇ (ਗੁਰੂ ਦੀ ਸ਼ਰਨ ਦੁਆਰਾ) ਨਾਮ ਸਿਮਰਨ ਦੀ ਇਹ) ਉਕਾਈ ਨਾ ਖਾਣ ਵਾਲੀ ਵਿਉਂਤ ਬਣਾ ਦਿੱਤੀ ਹੈ (ਉਹ ਸਦਾ ਆਪਣੇ ਸੇਵਕ ਨੂੰ) ਸਦੀਵੀ ਕਾਲ ਸੁੱਖ ਦੇਣ ਵਾਲਾ ਹੈ।੨।੨੦।੮੪।

ਭਾਵਾਰਥ : ਇਸ ਸ਼ਬਦ ਵਿਚ ਗੁਰੂ ਦੁਆਰਾ ਜਿਨ੍ਹਾਂ ਦਾ ਟਿਕਾਅ ਆਪਣੇ ਸਰੂਪ ਰੂਪੀ ਘਰ ਵਿਚ ਹੋਇਆ ਹੈ, ਉਨ੍ਹਾਂ ਦੀ ਨਿੰਦਾ ਕਰਨ ਵਾਲੇ ਨਿੰਦਕਾਂ ਦੇ ਮੂੰਹ 'ਤੇ ਅਪਜਸ ਰੂਪੀ ਕਾਲਖ ਦਾ ਹੀ ਟਿੱਕਾ ਲੱਗਦਾ ਹੈ। ਪੂਰੇ ਗੁਰੂ ਨੇ ਜਿਨ੍ਹਾਂ ਨੂੰ ਜਸ ਰੂਪ ਸਿਰੋਪਾ ਪਹਿਨਾ ਦਿੱਤਾ, ਉਸ ਦੇ ਸਾਰੇ ਹੀ ਦੁੱਖ ਦੂਰ ਹੋ ਗਏ ਹਨ।

ਸੋਰਠਿ ਮਹਲਾ ੫ ॥

੧. ਪ੍ਰਭੁ ਅਪੁਨਾ ਰਿਦੈ ਧਿਆਏ ॥
੨. ਘਰਿ ਸਹੀ ਸਲਾਮਤਿ ਆਏ ॥

੩. ਸੰਤੋਖੁ ਭਇਆ ਸੰਸਾਰੇ ॥
੪. ਗੁਰਿ ਪੂਰੈ ਲੈ ਤਾਰੇ ॥੧॥
੫. ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥
੬. ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ ॥੧॥ ਰਹਾਉ ॥
੭. ਹਰਿ ਨਾਮੁ ਰਿਦੈ ਉਰਿ ਧਾਰੇ ॥
੮. ਤਿਨਿ ਸਭੇ ਥੋਕ ਸਵਾਰੇ ॥
੯. ਗੁਰਿ ਪੂਰੈ ਤੁਸਿ ਦੀਆ ॥
੧੦. ਫਿਰਿ ਨਾਨਕ ਦੂਖੁ ਨ ਥੀਆ ॥੨॥੨੧॥੮੫॥

ਪਦ ਅਰਥ : ਰਿਦੈ—ਹਿਰਦੇ ਘਰ ਵਿਚ। ਸਹੀ ਸਲਾਮਤਿ—ਪੂਰੀ ਤਰ੍ਹਾਂ। ਸੰਸਾਰੇ—ਸੰਸਾਰ ਵਿਚ ਵਿਚਰਦਿਆਂ, ਦੁਨੀਆ ਦੀ ਕਿਰਤ ਕਰਦਿਆਂ। ਗੁਰਿ—ਗੁਰੂ ਨੇ। ਲੈ—ਲੈ ਕੇ, ਉਸ ਦੀ ਬਾਂਹ ਫੜ ਕੇ। ਗਣਤ—ਲੇਖਾ। ਨ ਗਣਈ—ਨਹੀਂ ਗਿਣਦਾ। ਗੁਪਾਲਾ—ਸ੍ਰਿਸ਼ਟੀ ਦਾ ਪਾਲਕ ਪ੍ਰਭੂ।੧।ਰਹਾਉ।

ਰਿਦੈ—ਹਿਰਦੇ ਵਿਚ। ਉਰਿ—ਹਿਰਦੇ ਵਿਚ। ਤਿਨਿ—ਉਸ ਮਨੁੱਖ ਨੇ। ਸਭੇ ਥੋਕ—ਸਾਰੀਆਂ ਚੀਜ਼ਾਂ, ਸਾਰੇ ਆਤਮਿਕ ਗੁਣ। ਤੁਸਿ—ਤੁੱਠ ਕੇ, ਪ੍ਰਸੰਨ ਹੋ ਕੇ। ਨ ਥੀਆ—ਨਾ ਹੋਇਆ।੨।

ਅਰਥ :

ਪ੍ਰ: ਹੇ ਗੁਰੋ! ਮਨੁੱਖ ਦਾ ਮਨ ਹਰ ਵਕਤ ਬਾਹਜ਼ ਮੁਖ ਹੋਇਆ ਭਟਕਦਾ ਰਹਿੰਦਾ ਹੈ। ਕੋਈ ਅਜਿਹਾ ਸਾਧਨ ਦੱਸੋ, ਜਿਸ ਦੀ ਬਰਕਤ ਨਾਲ ਇਹ ਆਪਣੇ ਨਿਜ ਘਰ ਵਿਚ ਆ ਵਸੇ ?

ਉ: ੧. ਹੇ ਭਾਈ! ਜੋ ਮਨੁੱਖ ਸਾਈਂ ਜੀ ਦੇ ਨਾਮ ਨੂੰ ਆਪਣੇ ਹਿਰਦੇ ਵਿਚ (ਸਦਾ ਹੀ) ਵਸਾਈ ਰੱਖਦਾ ਹੈ।

੨. ਉਹ ਮਨੁੱਖ ਆਪਣੀ ਸ਼ੁਭ ਗੁਣਾਂ ਦੀ ਪੂੰਜੀ ਨੂੰ ਵਿਕਾਰਾਂ ਤੋਂ ਪੂਰੀ ਤਰ੍ਹਾਂ ਬਚਾ ਕੇ ਆਪਣੇ ਸਹੀ ਹਿਰਦੇ ਘਰ ਵਿਚ ਟਿਕਿਆ ਰਹਿੰਦਾ ਹੈ।

ਪ੍ਰ: ਕਿਉਂ ਜੀ! ਉਨ੍ਹਾਂ ਦੀ ਪਛਾਣ ਕੀ ਹੈ ?

ਉ: ੩. ਹੇ ਪਿਆਰੇ! ਉਨ੍ਹਾਂ ਦੀ ਇਹੋ ਹੀ ਪਛਾਣ ਹੈ ਕਿ ਉਹ ਸੰਸਾਰ ਦੀ ਕਿਰਤ ਕਾਰ ਕਰਦਿਆਂ ਭੀ (ਮਾਇਆ ਵੱਲੋਂ ਉਨ੍ਹਾਂ ਦੇ ਮਨ ਵਿਚ) ਸੰਤੋਖ ਬਣਿਆ ਰਹਿੰਦਾ ਹੈ।

੪. ਕਿਉਂਕਿ ਪੂਰਨ ਗੁਰੂ ਨੇ ਉਸ ਦੀ ਬਿਰਤੀ ਰੂਪੀ ਬਾਂਹ ਨੂੰ ਫੜ ਕੇ ਉਸ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲਿਆ ਹੁੰਦਾ ਹੈ।੧।

੫. ਹੇ ਸੰਤ ਜਨੋ! ਉਹ ਮੇਰਾ ਪ੍ਰਭੂ ਜੀ (ਆਪਣੇ ਸੇਵਕਾਂ ਉੱਤੇ) ਸਦਾ ਹੀ ਮਿਹਰਵਾਨ ਰਹਿੰਦਾ ਹੈ।

੬. ਹੇ ਭਾਈ! ਉਹ ਮੇਰਾ ਪ੍ਰਭੂ ਆਪਣੇ ਭਗਤਾਂ ਦੇ ਕਰਮਾਂ ਦਾ ਕਦੇ ਲੇਖਾ ਨਹੀਂ ਵੀਚਾਰਦਾ, ਕਿਉਂਕਿ ਉਹ ਜਗਤ ਪਾਲਕ ਪ੍ਰਭੂ ਆਪਣੇ ਭਗਤਾਂ ਨੂੰ ਬੱਚਿਆਂ ਵਾਂਗ ਵਿਕਾਰਾਂ ਵੱਲੋਂ ਬਚਾਈ ਰੱਖਦਾ ਹੈ, ਇਸੀ ਕਰ ਕੇ ਉਨ੍ਹਾਂ ਦੇ ਵਿਕਾਰਾਂ ਦਾ ਕੋਈ ਲੇਖਾ ਰਹਿ ਹੀ ਨਹੀਂ ਜਾਂਦਾ।੧।ਰਹਾਉ।

੭. ਹੇ ਸੰਤ ਜਨੋ! ਜੋ ਮਨੁੱਖ ਪਰਮੇਸ਼ਰ ਦਾ ਨਾਮ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹੈ।

੮. ਹੇ ਪਿਆਰੇ! ਯਕੀਨ ਰੱਖੋ ਕਿ ਉਸ ਨੇ ਆਪਣੇ ਸਾਰੇ ਸ਼ੁਭ ਗੁਣ ਸੋਹਣੇ ਬਣਾ ਲਏ ਹਨ।

ਪ੍ਰ: ਕਿਉਂ ਜੀ! ਆਖ਼ਰ ਉਨ੍ਹਾਂ ਦੇ ਦੁੱਖਾਂ ਦੀ ਨਵਿਰਤੀ ਕਿਵੇਂ ਹੋਈ ?

ਉ: ੯. ਹੇ ਭਾਈ! ਪੂਰੇ ਗੁਰੂ ਨੇ (ਜਿਸ ਮਨੁੱਖ ਨੂੰ) ਪ੍ਰਸੰਨ ਹੋ ਕੇ ਨਾਮ ਦੀ ਦਾਤ ਬਖ਼ਸ਼ੀ,

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਉਸ ਨੂੰ ਮੁੜ ਕੇ ਕਦੇ ਭੀ ਕੋਈ ਦੁੱਖ ਨਹੀਂ ਪੋਹ ਸਕਿਆ।੨।੨੧।੮੫।

ਭਾਵਾਰਥ : ਇਸ ਸ਼ਬਦ ਵਿਚ ਭਟਕਦੇ ਮਨ ਨੂੰ ਨਿੱਜ ਘਰ ਵਿਚ ਟਿਕਾਈ ਰੱਖਣ ਦਾ ਸਾਧਨ ਕੇਵਲ ਸਾਈਂ ਜੀ ਦੇ ਨਾਮ ਨੂੰ ਹਿਰਦੇ ਵਿਚ ਵਸਾਈ ਰੱਖਣਾ ਦੱਸ ਰਹੇ ਹਨ।

ਸੋਰਠਿ ਮਹਲਾ ੫ ॥

੧. ਹਰਿ ਮਨਿ ਤਨਿ ਵਸਿਆ ਸੋਈ ॥
੨. ਜੈ ਜੈ ਕਾਰੁ ਕਰੇ ਸਭੁ ਕੋਈ ॥
੩. ਗੁਰ ਪੂਰੇ ਕੀ ਵਡਿਆਈ ॥
੪. ਤਾ ਕੀ ਕੀਮਤਿ ਕਹੀ ਨ ਜਾਈ ॥੧॥
੫. ਹਉ ਕੁਰਬਾਨੁ ਜਾਈ ਤੇਰੇ ਨਾਵੈ ॥
੬. ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥
੭. ਤੂੰ ਭਾਰੋ ਸੁਆਮੀ ਮੇਰਾ ॥
੮. ਸੰਤਾਂ ਭਰਵਾਸਾ ਤੇਰਾ ॥
੯. ਨਾਨਕ ਪ੍ਰਭ ਸਰਣਾਈ ॥
੧੦. ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥

ਪਦ ਅਰਥ : ਮਨਿ—ਮਨ ਵਿਚ। ਤਨਿ—ਤਨ ਵਿਚ। ਸੋਈ—ਉਹ ਪਰਮੇਸ਼ਰ ਹੀ। ਜੈ ਜੈ ਕਾਰੁ—ਸੋਭਾ। ਸਭੁ ਕੋਈ—ਹਰੇਕ ਜੀਵ। ਵਡਿਆਈ—ਬਰਕਤ, ਬਖ਼ਸ਼ਸ਼। ਤਾ ਕੀ—ਉਸ (ਪੂਰੇ ਗੁਰੂ ਦੀ ਬਖ਼ਸ਼ਸ਼) ਦੀ।੧।

ਹਉ ਜਾਈ—ਹਉ ਜਾਈਂ, ਮੈਂ ਜਾਂਦਾ ਹਾਂ। ਨਾਵੈ—ਨਾਮ ਤੋਂ। ਪਿਆਰੇ—ਹੇ ਪਿਆਰੇ। ਜਸੁ—ਸਿਫ਼ਤਿ-ਸਾਲਾਹ ਦਾ ਗੀਤ।੧।ਰਹਾਉ।

ਭਾਰੋ—ਵੱਡਾ। ਸੁਆਮੀ—ਮਾਲਕ। ਭਰਵਾਸਾ—ਭਰੋਸਾ, ਸਹਾਰਾ। ਕੈ ਮੁਖਿ—ਦੇ ਮੂੰਹ ਉੱਤੇ। ਛਾਈ—ਸੁਆਹ। ਨਿੰਦਕ—ਨਿੰਦਾ ਕਰਨ ਵਾਲਾ, ਦੋਖੀ।੨।

ਅਰਥ :

ਪ੍ਰ: ਹੇ ਗੁਰੋ! ਉਹ ਕੌਣ ਮਨੁੱਖ ਹੈ, ਜਿਸ ਦੀ ਕਿ ਹਰ ਸੰਸਾਰ ਦਾ ਬੰਦਾ ਹੀ ਜੈ-ਜੈ ਕਾਰ ਕਰਦਾ ਹੋਵੇ ?

ਉ: ੧. ਹੇ ਪਿਆਰੇ! ਜਿਸ ਮਨੁੱਖ ਦੇ ਮਨ ਵਿਚ ਅਤੇ ਤਨ ਵਿਚ ਉਹ ਪਰਮੇਸ਼ਰ ਹੀ ਸਦਾ ਵਸਿਆ ਰਹਿੰਦਾ ਹੈ।

੨. ਉਸ ਦੀ ਸੋਭਾ ਤਾਂ ਹਰ ਬੰਦਾ ਹੀ ਕਰਦਾ ਰਹਿੰਦਾ ਹੈ।

੩. (ਪਰ ਹਾਂ) ਹੇ ਪਿਆਰੇ! ਇਹ ਬਖ਼ਸ਼ਸ਼ ਪੂਰੇ ਗੁਰੂ ਦੀ ਹੀ ਹੈ, (ਜਿਸ ਦੀ ਮਿਹਰ ਨਾਲ ਉਸ ਪ੍ਰਭੂ ਦੀ ਯਾਦ ਅੰਤਰ-ਆਤਮੇਂ ਆ ਵੱਸਦੀ ਹੈ)।

੪. ਉਸ ਗੁਰੂ ਦੀ ਬਖ਼ਸ਼ਸ਼ ਦਾ ਮੁੱਲ ਨਹੀਂ ਕਿਹਾ ਜਾ ਸਕਦਾ।

੫. (ਇਸੇ ਲਈ) ਹੇ ਮੇਰੇ ਪਿਆਰੇ ਪ੍ਰਭੂ ਜੀ! ਮੈਂ ਤੇਰੇ ਨਾਮ ਤੋਂ ਸਦਕੇ ਜਾਂਦਾ ਹਾਂ।

੬. ਹੇ ਸਾਈਂ ਜੀ! ਤੂੰ ਜਿਸ ਮਨੁੱਖ 'ਤੇ ਬਖ਼ਸ਼ਸ਼ ਕਰਦਾ ਹੈਂ, ਉਹੀ ਮਨੁੱਖ ਸਦਾ ਤੇਰੀ ਸਿਫ਼ਤਿ-ਸਾਲਾਹ ਦਾ ਗੀਤ ਗਾਉਂਦਾ ਹੈ।੧।ਰਹਾਉ।

੭. ਹੇ ਪ੍ਰਭੂ ਜੀ! ਤੂੰ ਮੇਰਾ ਵੱਡਾ ਮਾਲਕ ਹੈਂ।

੮. ਤੇਰੇ ਜੋ ਸੰਤ ਜਨ ਹਨ, ਉਨ੍ਹਾਂ ਨੂੰ (ਭੀ) ਤੇਰਾ ਹੀ ਸਹਾਰਾ ਰਹਿੰਦਾ ਹੈ।

੯. ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਐ ਪਿਆਰੇ! ਜੋ ਮਨੁੱਖ ਪ੍ਰਭੂ ਦੀ ਸ਼ਰਨ ਪਿਆ ਰਹਿੰਦਾ ਹੈ,

੧੦. (ਉਸ ਨੂੰ ਦੁਖੀ ਕਰਨ ਵਾਲਾ ਜੋ ਨਿੰਦਕ ਹੈ) ਉਸ ਦੇ ਮੂੰਹ ਉੱਤੇ ਸੁਆਹ ਹੀ ਪੈਂਦੀ ਹੈ (ਕਿਉਂਕਿ) ਪਰਮੇਸ਼ਰ ਦੀ ਸ਼ਰਨ ਪਏ ਸੇਵਕ ਦਾ ਕੋਈ ਭੀ ਕੁਝ ਵਿਗਾੜ ਨਹੀਂ ਸਕਦਾ।੨।੨੨।੮੬।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਅੰਦਰ ਸਾਈਂ ਜੀ ਵੱਸਦੇ ਹਨ, ਉਨ੍ਹਾਂ ਦੀ ਸੋਭਾ ਸਾਰੇ ਹੀ ਜਗਤ ਦੇ ਲੋਕ ਕਰਦੇ ਹਨ। ਉਨ੍ਹਾਂ ਦੀ ਨਿੰਦਾ ਕਰਨ ਵਾਲੇ ਨਿੰਦਕ ਲੋਕਾਂ ਦਾ ਮੂੰਹ ਸਦਾ ਹੀ ਕਾਲਾ ਹੁੰਦਾ ਹੈ।

ਸੋਰਠਿ ਮਹਲਾ ੫ ॥

੧. ਆਗੈ ਸੁਖੁ ਮੇਰੇ ਮੀਤਾ ॥

੨. ਪਾਛੇ ਆਨਦੁ ਪ੍ਰਭਿ ਕੀਤਾ ॥

੩. ਪਰਮੇਸੁਰਿ ਬਣਤ ਬਣਾਈ ॥

੪. ਫਿਰਿ ਡੋਲਤ ਕਤਹੂ ਨਾਹੀ ॥੧॥

੫. ਸਾਚੇ ਸਾਹਿਬ ਸਿਉ ਮਨੁ ਮਾਨਿਆ ॥

੬. ਹਰਿ ਸਰਬ ਨਿਰੰਤਰਿ ਜਾਨਿਆ ॥੧॥ ਰਹਾਉ ॥

੭. ਸਭ ਜੀਅ ਤੇਰੇ ਦਇਆਲਾ ॥

੮. ਅਪਨੇ ਭਗਤ ਕਰਹਿ ਪ੍ਰਤਿਪਾਲਾ ॥

੯. ਅਚਰਜੁ ਤੇਰੀ ਵਡਿਆਈ ॥

੧੦. ਨਿਤ ਨਾਨਕ ਨਾਮੁ ਧਿਆਈ ॥੨॥੨੩॥੮੭॥

ਪਦ ਅਰਥ : ਆਗੈ—ਅੱਗੇ ਪਰਲੋਕ ਵਿਚ। ਪਾਛੈ—ਪਿੱਛੇ ਇਸ ਲੋਕ ਵਿਚ। ਮੀਤਾ—ਹੇ ਮਿੱਤਰਾ। ਪ੍ਰਭਿ—ਪ੍ਰਭੂ ਨੇ। ਪਰਮੇਸਰਿ—ਪਰਮੇਸ਼ਰ ਨੇ। ਬਣਤ—ਵਿਉਂਤ। ਕਤਹੂ—ਕਿਤੇ ਭੀ।੧।

ਸਾਚੇ ਸਿਉ—ਸਦਾ ਕਾਇਮ ਰਹਿਣ ਵਾਲੇ ਨਾਲ। ਸਿਉ—ਸਾਥ, ਨਾਲ। ਮਾਨਿਆ—ਪਤੀਜ ਗਿਆ। ਨਿਰੰਤਰਿ—[ਨਿਰ-ਅੰਤਰ]। ਅੰਤਰੁ—ਵਿੱਥ, ਇਕ ਰਸ, ਬਿਨਾ ਵਿੱਥ ਦੇ।੧।ਰਹਾਉ।

ਦਇਆਲਾ—ਹੇ ਦਇਆ ਦੇ ਘਰ! ਕਰਹਿ—ਤੂੰ ਕਰਦਾ ਹੈਂ। ਅਚਰਜੁ—ਹੈਰਾਨ ਕਰ ਦੇਣ ਵਾਲਾ। ਵਡਿਆਈ—ਬਖ਼ਸ਼ਸ਼। ਧਿਆਈ—ਧਿਆਉਂਦਾ ਹਾਂ।

ਅਰਥ :

ਪ੍ਰ: ਹੇ ਗੁਰੋ! ਆਪ ਜਿਸ ਪ੍ਰਭੂ ਜੀ ਦੀ ਯਾਦ ਵਿਚ ਦਿਨੇ ਰਾਤ ਗੁਜ਼ਾਰਦੇ ਹੋ, ਉਸ ਤੋਂ ਤੁਹਾਨੂੰ ਕਿਸ ਸੁੱਖ ਦੀ ਪ੍ਰਾਪਤੀ ਹੋਣ ਦਾ ਅਹਿਸਾਸ ਹੋ ਰਿਹਾ ਹੈ?

ਉ: ੧. ਹੇ ਮਿੱਤਰੋ! ਮੈਨੂੰ ਤਾਂ ਉਸ ਪ੍ਰਭੂ ਦੀ ਯਾਦ ਵਿਚ ਸਮਾਂ ਗੁਜ਼ਾਰਨ ਦਾ ਸੁੱਖ ਇਉਂ ਪ੍ਰਤੀਤ ਹੋ ਰਿਹਾ ਹੈ ਕਿ

੨. ਪਰਲੋਕ ਦਾ ਸੁੱਖ ਤੇ ਇਸ ਲੋਕ ਦਾ ਭੀ ਅਨੰਦ ਮੈਨੂੰ ਪ੍ਰਭੂ ਜੀ ਨੇ ਬਖ਼ਸ਼ਸ਼ ਕਰ ਦਿੱਤਾ ਹੈ।

੩. ਹੇ ਭਾਈ! ਜਿਸ ਭੀ ਮਨੁੱਖ ਵਾਸਤੇ ਪ੍ਰਭੂ ਜੀ ਨੇ ਇਹੋ ਜਿਹੀ ਵਿਉਂਤ ਬਣਾ ਰੱਖੀ ਹੈ।

੪. ਉਹ ਮਨੁੱਖ ਫਿਰ ਲੋਕ-ਪਰਲੋਕ ਵਿਚ ਕਦੇ ਭੀ ਡੋਲਦਾ ਨਹੀਂ ਹੈ।੧।

੫. ਹੇ ਪਿਆਰੇ! ਜਿਸ ਮਨੁੱਖ ਦਾ ਮਨ ਸਦਾ ਕਾਇਮ ਰਹਿਣ ਵਾਲੇ ਸੱਚੇ ਮਾਲਕ ਨਾਲ ਪਤੀਜ ਗਿਆ,

੬. ਉਹ ਮਨੁੱਖ ਉਸ ਮਾਲਕ ਪ੍ਰਭੂ ਨੂੰ ਸਾਰਿਆਂ ਵਿਚ ਇਕ ਰਸ ਵਸਦਾ ਪਛਾਣ ਲੈਂਦਾ ਹੈ।੧।ਰਹਾਉ।

੭. ਉਸ ਦੀ ਫਿਰ ਇਸ ਰੂਪ ਵਿਚ ਦਿੱਬ ਦ੍ਰਿਸ਼ਟੀ ਜਾਗ ਆਉਂਦੀ ਹੈ ਤੇ ਉਹ ਇਉਂ ਕਹਿੰਦਾ ਹੈ ਕਿ ਹੇ ਦਇਆ ਦੇ ਘਰ ਪ੍ਰਭੂ ਇਹ ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ।

੮. ਤੂੰ ਆਪਣੇ ਭਗਤਾਂ ਦੀ ਰਖਵਾਲੀ ਆਪ ਹੀ ਕਰਦਾ ਹੈਂ।

੯. ਹੇ ਪ੍ਰਭੂ ਜੀ! ਤੂੰ ਅਚਰਜ ਸਰੂਪ ਹੈਂ, ਤੇਰੀ (ਵਡਿਆਈ) ਬਖ਼ਸ਼ਸ਼ ਭੀ ਹੈਰਾਨ ਕਰ ਦੇਣ ਵਾਲੀ ਹੈ।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜਿਸ ਮਨੁੱਖ ਉੱਤੇ ਉਸ ਪ੍ਰਭੂ ਨੇ ਬਖ਼ਸ਼ਸ਼ ਕੀਤੀ ਹੈ, ਉਹ ਸਦਾ ਹੀ ਉਸ ਦਾ ਨਾਮ ਸਿਮਰਦਾ ਰਹਿੰਦਾ ਹੈ।੨।੨੩।੮੭।

ਭਾਵਾਰਥ : ਇਸ ਸ਼ਬਦ ਦੇ ਅੰਦਰ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜਿਸ ਮਨੁੱਖ ਦਾ ਮਨ ਉਸ ਸੱਚੇ ਮਾਲਕ ਨਾਲ ਪਤੀਜ ਜਾਂਦਾ ਹੈ, ਉਹ ਉਸ ਮਾਲਕ ਨੂੰ ਸਾਰਿਆਂ ਵਿਚ ਵਸਦਾ ਅਨੁਭਵ ਕਰ ਲੈਂਦਾ ਹੈ।

ਸੋਰਠਿ ਮਹਲਾ ੫ ॥

੧. ਨਾਲਿ ਨਰਾਇਣੁ ਮੇਰੈ ॥

੨. ਜਮਦੂਤੁ ਨ ਆਵੈ ਨੇਰੈ ॥

੩. ਕੰਠਿ ਲਾਇ ਪ੍ਰਭ ਰਾਖੈ ॥

੪. ਸਤਿਗੁਰ ਕੀ ਸਚੁ ਸਾਖੈ ॥੧॥

੫. ਗੁਰਿ ਪੂਰੈ ਪੂਰੀ ਕੀਤੀ ॥

੬. ਦੁਸਮਨ ਮਾਰਿ ਵਿਡਾਰੇ ਸਗਲੇ
ਦਾਸ ਕਉ ਸੁਮਤਿ ਦੀਤੀ ॥੧॥ ਰਹਾਉ ॥

੭. ਪ੍ਰਭਿ ਸਗਲੇ ਥਾਨ ਵਸਾਏ ॥

੮. ਸੁਖਿ ਸਾਂਦਿ ਫਿਰਿ ਆਏ ॥
੯. ਨਾਨਕ ਪ੍ਰਭ ਸਰਣਾਏ ॥
੧੦. ਜਿਨਿ ਸਗਲੇ ਰੋਗ ਮਿਟਾਏ ॥੨॥੨੪॥੮੮॥

ਪਦ ਅਰਥ : ਨਰਾਇਣੁ—ਪਰਮੇਸ਼ਰ। ਕੰਠਿ—ਗਲ ਨਾਲ। ਲਾਇ—ਲਾ ਕੇ। ਸਾਖੈ—ਸਾਖੀ, ਸਿੱਖਿਆ। ਸਚੁ—ਸਦਾ-ਥਿਰ ਪ੍ਰਭੂ ਦਾ ਨਾਮ।੧।

ਗੁਰਿ—ਗੁਰੂ ਨੇ। ਪੂਰੀ—ਸਫਲਤਾ। ਦੁਸਮਨ—(ਕਾਮਾਦਿਕ) ਵੈਰੀ। ਮਾਰਿ—ਮਾਰ ਕੇ। ਵਿਚਾਰੇ—ਨਾਸ ਕਰ ਦਿੱਤੇ। ਕਉ—ਨੂੰ।੧।ਰਹਾਉ।

ਪ੍ਰਭਿ—ਪ੍ਰਭੂ ਨੇ। ਸਗਲੇ ਥਾਨ—ਸਾਰੇ ਥਾਂ, ਸਾਰੇ ਗਿਆਨ-ਇੰਦ੍ਰੇ। ਵਸਾਏ—ਆਤਮਕ ਗੁਣਾਂ ਨਾਲ ਵਸਾ ਦਿੱਤੇ। ਸੁਖਿ ਸਾਂਦਿ—ਆਤਮਕ ਅਨੰਦ ਵਿਚ, ਸ਼ਾਂਤ ਅਵਸਥਾ ਵਿਚ। ਆਏ—ਆ ਟਿਕੇ। ਜਿਨਿ—ਜਿਸ ਪ੍ਰਭੂ ਨੇ।੨।

ਅਰਥ :

ਪ੍ਰ: ਹੇ ਗੁਰੋ! ਜਿਸ ਤਰ੍ਹਾਂ ਹਰ ਮਨੁੱਖ ਦੇ ਮਨ ਅੰਦਰ ਅੰਤ ਸਮੇਂ ਹੋਣ ਵਾਲਾ ਜਮਦੂਤਾਂ ਦਾ ਭੈ ਬਣਿਆ ਰਹਿੰਦਾ ਹੈ, ਪਰ ਆਪ ਉਨ੍ਹਾਂ ਜਮਦੂਤਾਂ ਬਾਰੇ ਕੀ ਅਨੁਭਵ ਕਰਦੇ ਹੋ?

ਉ: ੧. ਹੇ ਭਾਈਓ! ਉਹ ਪਰਮੇਸ਼ਰ ਸਦਾ ਹੀ ਮੇਰੇ ਨਾਲ ਹੈ, ਭਾਵ ਉਹ ਸਦਾ ਹੀ ਮੇਰੇ ਹਿਰਦੇ ਵਿਚ ਵਸਦਾ ਹੈ।
੨. (ਇਸ ਲਈ) ਉਸ ਦੀ ਬਰਕਤ ਨਾਲ ਜਮਦੂਤ ਮੇਰੇ ਨੇੜੇ ਨਹੀਂ ਢੁੱਕਦਾ, ਭਾਵ ਹੈ ਕਿ ਹੁਣ ਮੈਨੂੰ ਮੌਤ ਦਾ ਕੋਈ ਖ਼ਤਰਾ ਨਹੀਂ ਰਿਹਾ। (ਕਿਉਂਕਿ) ਮੈਨੂੰ ਗੁਰਾਂ ਦੀ ਸਿੱਖਿਆ ਮਿਲ ਗਈ ਹੈ।
੩. ਹੇ ਭਾਈ! ਪ੍ਰਭੂ ਤਾਂ ਉਸ ਨੂੰ ਸਦਾ ਆਪਣੇ ਕੰਠ ਨਾਲ ਲਾਈ ਰੱਖਦਾ ਹੈ।
੪. ਕਿਉਂਕਿ ਉਸ ਨੂੰ ਸਦਾ-ਥਿਰ ਰਹਿਣ ਵਾਲੀ ਸਤਿਗੁਰੂ ਦੀ ਨਾਮ ਦੀ ਸਿੱਖਿਆ ਮਿਲ ਜਾਂਦੀ ਹੈ।੧।
੫. ਪੂਰੇ ਗੁਰਾਂ ਨੇ ਉਸ 'ਤੇ ਪੂਰਨ ਕਿਰਪਾ ਕੀਤੀ ਹੈ।
੬. ਜਿਸ ਦਾ ਸਦਕਾ ਪ੍ਰਭੂ ਨੇ ਉਸ ਦੇ (ਕਾਮਾਦਿਕ ਵੈਰੀ) ਸਾਰੇ ਹੀ ਮਾਰ ਮੁਕਾਏ ਹਨ ਅਤੇ ਦਾਸ ਨੂੰ ਸ੍ਰੇਸ਼ਟ ਮਤੀ ਦੇ ਦਿੱਤੀ ਹੈ।੧।ਰਹਾਉ।
੭. ਜਿਨ੍ਹਾਂ ਮਨੁੱਖਾਂ ਨੂੰ ਗੁਰੂ ਨੇ ਜੀਵਨ ਵਿਚ ਸਫਲਤਾ ਬਖ਼ਸ਼ੀ ਹੈ, ਪ੍ਰਭੂ ਨੇ ਉਨ੍ਹਾਂ ਦੇ ਸਾਰੇ ਹੀ ਗਿਆਨ-ਇੰਦ੍ਰੇ ਸ਼ੁਭ ਗੁਣਾਂ ਨਾਲ ਭਰਪੂਰ ਕਰ ਦਿੱਤੇ।
੮. ਉਹ ਮਨੁੱਖ (ਕਾਮਾਦਿਕਾਂ ਵਲੋਂ) ਪਰਤ ਕੇ ਆਤਮਕ ਅਨੰਦ ਵਿਚ ਆ ਟਿਕੇ ਹਨ।
੯. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਅਸੀਂ ਉਸ ਪ੍ਰਭੂ ਦੀ ਸ਼ਰਨ ਵਿਚ ਆਏ ਹਾਂ,
੧੦. ਜਿਸ ਨੇ ਕਿ ਸਾਡੇ ਸਾਰੇ ਹੀ ਰੋਗ ਨਵਿਰਤ ਕਰ ਦਿੱਤੇ ਹਨ।੨।੨੪।੮੮।

ਭਾਵਾਰਥ : ਜਿਨ੍ਹਾਂ ਦੇ ਹਿਰਦੇ ਅੰਦਰ ਉਸ ਪਰਮੇਸ਼ਰ ਦਾ ਨਿਵਾਸ ਹੈ, ਉਨ੍ਹਾਂ ਦੇ ਜਮਦੂਤ ਕਦੇ ਨੇੜੇ ਭੀ ਨਹੀਂ ਢੁੱਕਦਾ, ਕਿਉਂਕਿ ਪ੍ਰਭੂ ਨੇ ਉਸ ਨੂੰ ਸ੍ਰੇਸ਼ਟ ਮੱਤੀ ਦੀ ਦਾਤ ਬਖ਼ਸ਼ੀ ਹੈ ਅਤੇ ਜਿਸ ਦਾ ਸਦਕਾ ਉਸ ਨੇ ਕਾਮਾਦਿਕ ਵੈਰੀਆਂ ਦਾ ਨਾਸ਼ ਕਰ ਦਿੱਤਾ।

ਸੋਰਠਿ ਮਹਲਾ ੫ ॥

੧. ਸਰਬ ਸੁਖਾ ਕਾ ਦਾਤਾ ਸਤਿਗੁਰੁ
ਤਾ ਕੀ ਸਰਨੀ ਪਾਈਐ ॥
੨. ਦਰਸਨੁ ਭੇਟਤ ਹੋਤ ਅਨੰਦਾ
ਦੂਖੁ ਗਇਆ ਹਰਿ ਗਾਈਐ ॥੧॥
੩. ਹਰਿ ਰਸੁ ਪੀਵਹੁ ਭਾਈ ॥
੪. ਨਾਮੁ ਜਪਹੁ ਨਾਮੋ ਆਰਾਧਹੁ
ਗੁਰ ਪੂਰੇ ਕੀ ਸਰਨਾਈ ॥ ਰਹਾਉ ॥
੫. ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ
ਸੋਈ ਪੂਰਨੁ ਭਾਈ ॥
੬. ਨਾਨਕ ਕੀ ਬੇਨੰਤੀ ਪ੍ਰਭ ਜੀ
ਨਾਮਿ ਰਹਾ ਲਿਵ ਲਾਈ ॥੨॥੨੫॥੮੯॥

ਪਦ ਅਰਥ : ਦਾਤਾ—ਦੇਣ ਵਾਲਾ। ਤਾ ਕੀ—ਉਸ (ਗੁਰੂ) ਦੀ। ਭੇਟਤ—ਮਿਲਦਿਆਂ। ਗਾਈਐ—ਗਾਣਾ ਚਾਹੀਦਾ ਹੈ।੧।

ਭਾਈ—ਹੇ ਭਾਈ। ਨਾਮੋ—ਨਾਮ ਹੀ।ਰਹਾਉ।

ਤਿਸਹਿ—ਤਿਸੁ ਹੀ, ਉਸੇ ਨੂੰ ਹੀ। ਧੁਰਿ—ਪ੍ਰਭੂ ਦੀ ਦਰਗਾਹ ਤੋਂ। ਪ੍ਰਭ—ਹੇ ਪ੍ਰਭੂ। ਨਾਮਿ—ਨਾਮ ਵਿਚ। ਰਹਾ—ਰਹਾਂ। ਲਿਵ-ਲਗਨ।੨।

ਅਰਥ :

ਪ੍ਰ: ਹਜ਼ੂਰ ਜੀ! ਇਹ ਦੱਸੋ ਕਿ ਕਿਸ ਦੀ ਸ਼ਰਨੀ ਪੈਣਾ ਚਾਹੀਦਾ ਹੈ, ਜਿਸ ਦੀ ਬਰਕਤ ਨਾਲ ਸਾਰੇ ਹੀ ਸੁੱਖ ਪ੍ਰਾਪਤ ਹੋ ਸਕਦੇ ਹੋਣ?

ਉ: ੧. ਹੇ ਭਾਈਓ! ਇਕ ਗੁਰੂ ਹੀ ਸਾਰੇ ਸੁੱਖਾਂ ਦਾ ਦਾਤਾ ਹੈ, ਉਸੇ ਗੁਰੂ ਦੀ ਸ਼ਰਨ ਵਿਚ ਪੈਣਾ ਚਾਹੀਦਾ ਹੈ।
੨. ਹੇ ਪਿਆਰੇ! ਗੁਰੂ ਦਾ ਦਰਸ਼ਨ ਕਰਦਿਆਂ ਹੀ ਆਤਮਕ ਅਨੰਦ ਪ੍ਰਾਪਤ ਹੋ ਜਾਂਦਾ ਹੈ ਅਤੇ ਹਰੇਕ ਦੁੱਖ ਦੂਰ ਹੋ ਜਾਂਦਾ ਹੈ, ਇਸ ਲਈ (ਗੁਰੂ ਦੀ ਸ਼ਰਨ ਪੈ ਕੇ) ਪ੍ਰਭੂ ਦੀ ਹੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਚਾਹੀਦਾ ਹੈ।੧।
੩. ਹੇ ਭਾਈਓ! (ਗੁਰੂ ਦੀ ਸ਼ਰਨ ਪੈ ਕੇ) ਹਰੀ ਦਾ ਨਾਮ ਰਸ ਪੀਂਦੇ ਰਹੋ।
੪. ਹੇ ਭਾਈ! ਪੂਰੇ ਗੁਰੂ ਦੀ ਸ਼ਰਨ ਵਿਚ ਪੈ ਕੇ, ਪਰਮੇਸ਼ਰ ਦਾ ਨਾਮ ਜਪਿਆ ਕਰੋ ਅਤੇ ਹਰ ਵੇਲੇ ਨਾਮ ਹੀ ਸਿਮਰਿਆ ਕਰੋ।ਰਹਾਉ।

ਪ੍ਰ: ਹਜ਼ੂਰ! ਇਹ ਨਾਮ ਦੀ ਦਾਤ ਸਾਰਿਆਂ ਨੂੰ ਕਿਉਂ ਨਹੀਂ ਪ੍ਰਾਪਤ ਹੁੰਦੀ?

ਉ: ੫. ਹੇ ਪਿਆਰਿਓ! ਇਹ ਨਾਮ ਦੀ ਦਾਤ ਗੁਰੂ ਦੇ ਦਰ ਤੋਂ ਉਸੇ ਮਨੁੱਖ ਨੂੰ ਹੀ ਮਿਲਦੀ ਹੈ, ਜਿਸ ਦੀ ਕਿਸਮਤ ਵਿਚ ਰੱਬੀ ਦਰਬਾਰ ਤੋਂ ਲਿਖੀ ਹੋਈ ਹੈ, ਇਸੇ ਦਾਤ ਦੀ ਪ੍ਰਾਪਤੀ ਵਾਲਾ ਹੀ ਮਨੁੱਖ ਸਾਰੇ ਗੁਣਾਂ ਵਾਲਾ ਹੋ ਜਾਂਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸਾਈਂ ਜੀ! ਮੈਂ ਤੇਰੇ ਦਾਸ ਦੀ ਤਾਂ ਤੇਰੇ ਦਰ 'ਤੇ ਇਹੋ ਹੀ ਬੇਨਤੀ ਹੈ ਕਿ ਮੈਂ (ਸਦਾ ਹੀ) ਤੇਰੇ ਨਾਮ ਵਿਚ ਸੁਰਤੀ ਨੂੰ ਜੋੜੀ ਰੱਖਾਂ।੨।੨੫।੮੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸਰਵ ਸੁੱਖਾਂ ਦੀ ਪ੍ਰਾਪਤੀ ਲਈ ਪੂਰਨ ਗੁਰਾਂ ਦੀ ਸ਼ਰਨ ਪ੍ਰਾਪਤ ਕਰਨ ਦੀ ਪ੍ਰੇਰਣਾ ਕਰਦੇ ਹਨ।

ਸੋਰਠਿ ਮਹਲਾ ੫ ॥

੧. ਕਰਨ ਕਰਾਵਨ ਹਰਿ ਅੰਤਰਜਾਮੀ
ਜਨ ਅਪੁਨੇ ਕੀ ਰਾਖੈ ॥
੨. ਜੈ ਜੈ ਕਾਰੁ ਹੋਤੁ ਜਗ ਭੀਤਰਿ
ਸਬਦੁ ਗੁਰੂ ਰਸੁ ਚਾਖੈ ॥੧॥
੩. ਪ੍ਰਭ ਜੀ ਤੇਰੀ ਓਟ ਗੁਸਾਈ ॥
੪. ਤੂ ਸਮਰਥੁ ਸਰਨਿ ਕਾ ਦਾਤਾ
ਆਠ ਪਹਰ ਤੁਮ੍ ਧਿਆਈ ॥ ਰਹਾਉ ॥
੫. ਜੋ ਜਨੁ ਭਜਨੁ ਕਰੇ ਪ੍ਰਭ ਤੇਰਾ
ਤਿਸੈ ਅੰਦੇਸਾ ਨਾਹੀ ॥
੬. ਸਤਿਗੁਰ ਚਰਨ ਲਗੇ ਭਉ ਮਿਟਿਆ
ਹਰਿ ਗੁਨ ਗਾਏ ਮਨ ਮਾਹੀ ॥੨॥
੭. ਸੂਖ ਸਹਜ ਆਨੰਦ ਘਨੇਰੇ
ਸਤਿਗੁਰ ਦੀਆ ਦਿਲਾਸਾ ॥
੮. ਜਿਣਿ ਘਰਿ ਆਏ ਸੋਭਾ ਸੇਤੀ
ਪੂਰਨ ਹੋਈ ਆਸਾ ॥੩॥
੯. ਪੂਰਾ ਗੁਰੁ ਪੂਰੀ ਮਤਿ ਜਾ ਕੀ
ਪੂਰਨ ਪ੍ਰਭ ਕੇ ਕਾਮਾ ॥
੧੦. ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ
ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥

ਪਦ ਅਰਥ : ਕਰਨ ਕਰਾਵਨ—ਸਭੋ ਕੁਝ ਕਰ ਸਕਣ ਵਾਲਾ ਅਤੇ ਜੀਵਾਂ ਪਾਸੋਂ ਕਰਾਉਣ ਵਾਲਾ। ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਨਣ ਵਾਲਾ। ਜੈ ਜੈ ਕਾਰੁ—ਸੋਭਾ। ਭੀਤਰਿ—ਅੰਦਰ, ਵਿਚ।੧।

ਪ੍ਰਭ—ਹੇ ਪ੍ਰਭੂ। ਓਟ—ਆਸਰਾ। ਗੁਸਾਈ—ਹੇ ਧਰਤੀ ਦੇ ਮਾਲਕ। ਸਰਨਿ—ਆਸਰਾ। ਧਿਆਈ—ਧਿਆਈਂ, ਮੈਂ ਧਿਆਵਾਂ।ਰਹਾਉ।

ਪ੍ਰਭ—ਹੇ ਪ੍ਰਭੂ। ਅੰਦੇਸਾ—ਚਿੰਤਾ, ਫ਼ਿਕਰ। ਮਾਹੀ—ਵਿਚ।੨।

ਸਹਜ—ਆਤਮਕ ਅਡੋਲਤਾ। ਘਨੇਰੇ—ਬਹੁਤੇ। ਦਿਲਾਸਾ—ਹੌਸਲਾ। ਜਿਣਿ—ਜਿੱਤ ਕੇ। ਸੇਤੀ—ਨਾਲ।੩।

ਮਤਿ—ਅਕਲ, ਸਿੱਖਿਆ। ਪੂਰੀ—ਉਕਾਈ ਹੀਣ। ਜਾ ਕੀ—ਜਿਸ (ਗੁਰੂ) ਦੀ। ਲਾਗਿ—ਲੱਗ ਕੇ। ਭਵ ਸਾਗਰ—ਸੰਸਾਰ-ਸਮੁੰਦਰ। ਜਪਿ—ਜਪ ਕੇ।੪।

ਅਰਥ :

ਪ੍ਰ: ਹੇ ਗੁਰੋ! ਜਿਸ ਕਰਤਾਰ ਦੀ ਤੁਸੀਂ ਹਰ ਵਕਤ ਅਰਾਧਨਾ ਕਰਨ ਦੀ ਪ੍ਰੇਰਣਾ ਕਰਦੇ ਹੋ, ਉਹ ਕਿਤਨੀ ਕੁ ਵੱਡੀ ਤਾਕਤ ਦਾ ਮਾਲਕ ਹੈ?

ਉ: ੧. ਹੇ ਭਾਈਓ! (ਉਹ ਮੇਰਾ ਸਾਈਂ ਜੀ) ਸਭੋ ਕੁਝ ਕਰ ਸਕਣ ਵਾਲਾ ਹੈ ਅਤੇ ਜੀਵਾਂ ਪਾਸੋਂ ਪ੍ਰੇਰ ਕੇ ਕਰਾ ਸਕਦਾ ਹੈ ਉਹ ਹਰ ਇਕ ਦੇ ਦਿਲ ਦੀ ਜਾਨਣ ਵਾਲਾ ਹੈ, (ਤੇ ਉਹ ਪ੍ਰਭੂ) ਸਦਾ ਹੀ ਆਪਣੇ ਸੇਵਕ ਦੀ ਲਾਜ ਰੱਖਦਾ ਹੈ।

ਪ੍ਰ: ਹਜ਼ੂਰ! ਜੇ ਕੋਈ ਉਸ ਦੀ ਅਰਾਧਨਾ ਕਰਦਾ ਹੈ, ਉਸ ਨੂੰ ਕੀ ਫਲ ਮਿਲੇਗਾ?

ਉ: ੨. ਹੇ ਪਿਆਰੇ! ਜੋ ਵੀ ਸੇਵਕ ਗੁਰੂ ਦੇ ਸ਼ਬਦ ਨੂੰ ਹਿਰਦੇ ਅੰਦਰ ਵਸਾਉਂਦਾ ਹੈ, ਉਹ ਪ੍ਰਭੂ ਦੇ ਨਾਮ ਦਾ ਰਸ ਚੱਖਦਾ ਹੈ ਅਤੇ ਉਸ ਦੀ ਸੋਭਾ ਸਾਰੇ ਸੰਸਾਰ ਵਿਚ ਹੁੰਦੀ ਹੈ।੧।

ਪ੍ਰ: ਕਿਉਂ ਜੀ! ਆਪ ਜੀ ਵਲੋਂ ਉਸ ਸਾਈਂ ਦੇ ਦਰ 'ਤੇ ਅਰਦਾਸ ਕਿਸ ਰੂਪ ਵਿਚ ਹੁੰਦੀ ਹੈ?

ਉ: ੩. ਹੇ ਭਾਈਓ! ਮੇਰੇ ਅੰਦਰੋਂ ਤਾਂ ਸਦਾ ਇਹੋ ਹੀ ਅਰਦਾਸ ਨਿਕਲਦੀ ਹੈ ਕਿ ਐ ਸਾਈਂ ਜੀ! ਹੇ ਧਰਤੀ ਦੇ ਮਾਲਕ! ਮੈਨੂੰ (ਤਾਂ ਕੇਵਲ) ਤੇਰਾ ਹੀ ਆਸਰਾ ਹੈ।

੪. (ਕਿਉਂਕਿ) ਤੂੰ ਸਾਰੀਆਂ ਤਾਕਤਾਂ ਦਾ ਮਾਲਕ ਹੈਂ, ਤੂੰ ਹੀ ਸਾਰੇ ਜੀਵਾਂ ਨੂੰ ਸਹਾਰਾ ਦੇਣ ਵਾਲਾ ਹੈਂ, (ਇਸ ਲਈ) ਹੇ ਸਾਈਂ ਜੀ! ਤੂੰ ਮੇਰੇ ਉੱਤੇ ਮਿਹਰ ਕਰ, ਮੈਂ ਅੱਠੇ ਪਹਿਰ ਤੈਨੂੰ ਹੀ ਚੇਤੇ ਕਰਦਾ ਰਹਾਂ।ਰਹਾਉ।

੫. ਹੇ ਮੇਰੇ ਸਾਈਂ ਜੀ! ਮੈਨੂੰ ਇਹ ਪੂਰਨ ਯਕੀਨ ਹੈ ਕਿ ਜਿਹੜਾ ਮਨੁੱਖ ਭੀ ਤੇਰੀ ਭਗਤੀ ਕਰਦਾ ਹੈ, ਉਸ ਨੂੰ ਕੋਈ ਭੀ ਚਿੰਤਾ ਫ਼ਿਕਰ ਪੋਹ ਨਹੀਂ ਸਕਦਾ।

ਪ੍ਰ: ਹਜ਼ੂਰ! ਗੁਰੂ ਦੇ ਚਰਨ ਪਰਸਨ ਦੀ ਬਰਕਤ ਨਾਲ ਕੀ ਕੁਝ ਹਾਸਲ ਹੁੰਦਾ ਹੈ?

ਉ: ੬. ਹੇ ਭਾਈਓ! ਜਿਸ ਮਨੁੱਖ ਦੇ ਮਸਤਕ ਨੂੰ ਗੁਰੂ ਦੇ ਚਰਨ ਛੋਹ ਜਾਂਦੇ ਹਨ, ਉਸ ਦਾ ਤਾਂ ਹਰ ਤਰ੍ਹਾਂ ਦਾ ਹੀ ਡਰ ਮਿਟ ਜਾਂਦਾ ਹੈ, (ਉਹ ਪੁਰਸ਼ ਹਰ ਸਮੇਂ ਹੀ) ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਮਨ ਵਿਚ ਗੀਤ ਗਾਉਂਦਾ ਰਹਿੰਦਾ ਹੈ।੨।

ਪ੍ਰ: ਕਿਉਂ ਜੀ! ਜਦ ਕਿਸੇ ਮਨੁੱਖ ਦੇ ਸਤਿਗੁਰੂ ਪੱਖ ਵਿਚ ਹੋ ਜਾਣ ਤਾਂ ਉਸਨੂੰ ਕੀ ਕੁਝ ਹਾਸਲ ਹੋ ਜਾਂਦਾ ਹੈ?

ਉ: ੭. ਹੇ ਭਾਈ! ਜਿਸ ਮਨੁੱਖ ਦੇ ਅੰਤਰ ਆਤਮੇਂ ਸਤਿਗੁਰੂ ਜੀ ਨੇ (ਵਿਕਾਰਾਂ ਦਾ ਟਾਕਰਾ ਕਰਨ ਲਈ) ਧੀਰਜਤਾ ਦਿੱਤੀ ਹੈ, ਉਸ ਦੇ ਅੰਦਰ ਆਤਮਕ ਅਡੋਲਤਾ ਦੇ ਬਹੁਤੇ ਸੁੱਖ ਤੇ ਅਨੰਦ ਪ੍ਰਾਪਤ ਹੋ ਜਾਂਦੇ ਹਨ।

੮. (ਸਮਝੋ) ਉਹ ਮਨੁੱਖ ਤਾਂ ਇਸ ਆਪਣੀ ਜੀਵਨ ਖੇਡ ਵਿਚ ਜਿੱਤ ਪ੍ਰਾਪਤ ਕਰ ਕੇ ਸੋਭਾ ਖਟ ਕੇ ਆਪਣੇ ਹਿਰਦੇ ਰੂਪੀ ਘਰ ਵਿਚ ਟਿਕਿਆ ਰਹਿੰਦਾ ਹੈ, ਉਸ ਦੀ ਹਰ ਪ੍ਰਕਾਰ ਦੀ ਆਸਾ ਪੂਰੀ ਹੋ ਜਾਂਦੀ ਹੈ।੩।

ਪ੍ਰ: ਕਿਉਂ ਜੀ! ਆਪ ਜੀ ਕਿਸ ਗੁਰੂ 'ਤੇ ਪੂਰਨ ਯਕੀਨ ਰੱਖਦੇ ਹੋ?

ਉ: ੯. ਹੇ ਭਾਈ ! ਜਿਹੜਾ ਪੂਰਨ ਗੁਰੂ ਹੈ, ਭਾਵ ਜਿਹੜਾ ਕਦੇ ਭੀ ਕੋਈ ਉਕਾਈ ਖਾਣ ਵਾਲਾ ਨਹੀਂ ਅਤੇ ਜਿਸ ਦੀ ਸਿੱਖਿਆ ਵਿਚ ਭੀ ਕੋਈ ਭੁਲੇਖਾ ਨਹੀਂ ਅਤੇ ਜਿਹੜਾ ਗੁਰੂ ਪੂਰਨ ਪ੍ਰਭੂ (ਦਾ ਨਾਮ ਸਿਮਰਨ ਦੇ) ਆਹਰਾਂ ਵਿਚ ਲਾਂਦਾ ਹੈ।

੧੦. ਹੇ ਭਾਈ ! ਮੈਂ ਤਾਂ ਅਜਿਹੇ ਗੁਰੂ ਦੇ ਚਰਨੀਂ ਲੱਗ ਕੇ ਅਤੇ ਸਦਾ ਪਰਮੇਸ਼ਰ ਦਾ ਨਾਮ ਜਪ ਕੇ ਸੰਸਾਰ-ਸਮੁੰਦਰ ਤੋਂ (ਸਹੀ ਸਲਾਮਤ) ਪਾਰ ਲੰਘ ਰਿਹਾ ਹਾਂ।੪।੨੬।੯੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰ ਰਹੇ ਹਨ ਕਿ ਜੋ ਭੀ ਮਨੁੱਖ ਉਸ ਸਾਈਂ ਜੀ ਦੀ ਅਰਾਧਨਾ ਕਰਦਾ ਹੈ, ਉਸ ਦਾ ਹਰ ਤਰ੍ਹਾਂ ਦਾ ਸੰਸਾ ਮਿਟ ਜਾਂਦਾ ਹੈ, ਉਹ ਗੁਰੂ ਦੇ ਚਰਨਾਂ ਦਾ ਆਸਰਾ ਲੈ ਕੇ ਇਸ ਭੈ ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

ਸੋਰਠਿ ਮਹਲਾ ੫ ॥

੧. ਭਇਓ ਕਿਰਪਾਲੁ ਦੀਨ ਦੁਖ ਭੰਜਨੁ
ਆਪੇ ਸਭ ਬਿਧਿ ਥਾਟੀ ॥
੨. ਖਿਨ ਮਹਿ ਰਾਖਿ ਲੀਓ ਜਨੁ ਅਪੁਨਾ
ਗੁਰ ਪੂਰੈ ਬੇੜੀ ਕਾਟੀ ॥੧॥
੩. ਮੇਰੇ ਮਨ ਗੁਰ ਗੋਵਿੰਦੁ ਸਦ ਧਿਆਈਐ ॥
੪. ਸਗਲ ਕਲੇਸ ਮਿਟਹਿ ਇਸੁ ਤਨ ਤੇ
ਮਨ ਚਿੰਦਿਆ ਫਲੁ ਪਾਈਐ ॥ ਰਹਾਉ ॥
੫. ਜੀਅ ਜੰਤ ਜਾ ਕੇ ਸਭਿ ਕੀਨੇ
ਪ੍ਰਭੁ ਊਚਾ ਅਗਮ ਅਪਾਰਾ ॥
੬. ਸਾਧਸੰਗਿ ਨਾਨਕ ਨਾਮੁ ਧਿਆਇਆ
ਮੁਖ ਊਜਲ ਭਏ ਦਰਬਾਰਾ ॥੨॥੨੭॥੯੧॥

ਪਦ ਅਰਥ : ਕਿਰਪਾਲੁ—ਦਇਆਵਾਨ। ਦੀਨ ਦੁਖ ਭੰਜਨੁ—ਗ਼ਰੀਬਾਂ ਦੇ ਦੁਖ ਨਾਸ ਕਰਨ ਵਾਲਾ। ਆਪੇ—ਆਪ ਹੀ। ਸਭ ਬਿਧਿ—ਸਾਰੀ ਵਿਉਂਤ। ਥਾਟੀ—ਬਣਾਈ। ਰਾਖਿ ਲੀਓ—ਬਚਾਅ ਲਿਆ। ਜਨੁ—ਦਾਸ। ਗੁਰ ਪੂਰੈ—ਪੂਰੇ ਗੁਰੂ ਨੇ। ਬੇੜੀ—ਪੈਰਾਂ ਦੀ ਜ਼ੰਜੀਰ।੧।

ਗੋਵਿੰਦੁ—ਧਰਤੀ ਦਾ ਮਾਲਕ ਪਰਮੇਸ਼ਰ। ਸਦ—ਸਦਾ। ਕਲੇਸ—ਦੁੱਖ ਝਗੜੇ। ਮਿਟਹਿ—ਮਿੱਟ ਜਾਂਦੇ ਹਨ। ਤੇ—ਤੋਂ। ਮਨ ਚਿੰਦਿਆ—ਮਨ ਇੱਛਤ। ਚਿੰਦਿਆ—ਚਿਤਵਿਆ ਹੋਇਆ।ਰਹਾਉ।

ਜਾ ਕੇ—ਜਿਸ ਪਰਮੇਸ਼ਰ ਦੇ। ਸਭਿ—ਸਾਰੇ। ਕੀਨੇ—ਪੈਦਾ ਕੀਤੇ ਹੋਏ ਹਨ। ਅਗਮ—ਅਪਹੁੰਚ। ਅਪਾਰਾ—ਬੇਅੰਤ। ਸਾਧ ਸੰਗਿ—ਸਾਧ ਸੰਗਤ ਵਿਚ। ਮੁਖ ਊਜਲ—ਉੱਜਲ ਮੂੰਹ ਵਾਲੇ, ਸੁਰਖ਼ਰੂ। ਦਰਬਾਰਾ—ਰੱਬੀ ਦਰਬਾਰ ਵਿਚ।੨।

ਅਰਥ :

ਪ੍ਰ: ਹੇ ਗੁਰੋ ! ਉਸ ਪਰਮੇਸ਼ਰ ਜੀ ਦੀ ਕੋਈ ਸਿਫ਼ਤ ਉਚਾਰਨ ਕਰੋ ?

ਉ: ੧. ਹੇ ਭਾਈ ! ਉਹ ਸਾਈਂ ਜੀ, ਜੋ ਗ਼ਰੀਬਾਂ ਦੇ ਦੁੱਖ ਨਾਸ ਕਰਨ ਵਾਲਾ ਹੈ, ਉਹ (ਆਪਣੇ ਸੇਵਕ ਉੱਤੇ ਸਦਾ) ਹੀ ਦਇਆਵਾਨ ਹੁੰਦਾ ਆਇਆ ਹੈ, ਉਹ ਆਪਣੇ ਸੇਵਕ ਦੀ ਰੱਖਿਆ ਕਰਨ ਲਈ ਆਪੇ ਹੀ ਸਾਰੀ ਵਿਉਂਤ ਬਣਾਈ ਰੱਖਦਾ ਹੈ।

੨. ਹੇ ਪਿਆਰੇ ! ਉਸ ਨੂੰ ਜਦੋਂ ਭੀ ਲੋੜ ਪਈ, ਉਸ ਨੇ ਆਪਣੇ ਸੇਵਕ ਨੂੰ ਇਕ ਪਲ ਵਿਚ ਹੀ ਬਚਾਅ ਲਿਆ, (ਉਸੇ ਦੀ ਮਿਹਰ ਨਾਲ) ਪੂਰੇ ਗੁਰੂ ਨੇ ਸੇਵਕ ਦੀ (ਮੋਹ ਰੂਪ) ਬੇੜੀ ਨੂੰ ਕੱਟ ਦਿੱਤਾ।

੩. (ਇਸ ਲਈ) ਹੇ ਮੇਰੇ ਮਨ ! ਸਦਾ ਹੀ ਗੁਰਾਂ ਦਾ ਧਿਆਨ ਧਰਦੇ ਰਹੀਏ ਅਤੇ ਪਰਮੇਸ਼ਰ ਦਾ ਹੀ ਨਾਮ ਸਿਮਰਨ ਕਰਨਾ ਚਾਹੀਦਾ ਹੈ।

੪. (ਇਸ ਤਰ੍ਹਾਂ ਉੱਦਮ ਕਰਦੇ ਰਹਿਣ ਨਾਲ) ਸਰੀਰ ਵਿਚੋਂ ਸਾਰੇ ਦੁੱਖ ਕਲੇਸ਼ ਮਿੱਟ ਜਾਂਦੇ ਹਨ ਅਤੇ ਮਨ ਮੰਗੀ ਮੁਰਾਦ ਹਾਸਲ ਕਰ ਲਈਦੀ ਹੈ।ਰਹਾਉ।

ਪ੍ਰ: ਉਸ ਸਾਈਂ ਜੀ ਦਾ ਸਰੂਪ ਬਿਆਨ ਕਰੋ।

ਉ: ੫. ਹੇ ਭਾਈ ! ਜਿਸ ਪਰਮੇਸ਼ਰ ਨੇ ਸਾਰੇ ਜੀਵ-ਜੰਤ ਪੈਦਾ ਕੀਤੇ ਹਨ, (ਉਸ ਨੂੰ ਬਿਆਨ ਨਹੀਂ ਕਰ ਸਕੀਦਾ) ਕਿਉਂਕਿ ਉਹ ਪ੍ਰਭੂ ਸਭ ਤੋਂ ਉੱਚਾ ਹੈ, ਅਪਹੁੰਚ ਤੇ ਬੇਅੰਤ ਹੈ।

੬. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈਓ ! ਸਾਧ ਸੰਗਤ ਵਿਚ ਮਿਲ ਕੇ ਜਿਸ ਮਨੁੱਖ ਨੇ ਉਸ ਪਰਮੇਸ਼ਰ ਦੇ ਨਾਮ ਦੀ ਅਰਾਧਨਾ ਕੀਤੀ ਹੈ, ਉਹ ਰੱਬੀ ਦਰਬਾਰ ਵਿਚ ਸੁਰਖ਼ਰੂ ਹੋ ਗਏ ਹਨ।੨।੨੭।੯੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਮਨ ਨੂੰ ਸੰਬੋਧਨ ਕਰਦੇ ਹੋਏ ਹਰ ਪ੍ਰਾਣੀ ਮਾਤਰ ਲਈ ਪਰਮੇਸ਼ਰ ਦੇ ਨਾਮ ਦੀ ਅਰਾਧਨਾ ਕਰਨ ਦੀ ਪ੍ਰੇਰਣਾ ਕਰਦੇ ਹਨ, ਜਿਸ ਦੀ ਬਰਕਤ ਨਾਲ ਸਰੀਰ ਦੇ ਹਰ ਪ੍ਰਕਾਰ ਦੇ ਦੁੱਖ ਤੇ ਕਲੇਸ਼ਾਂ ਦਾ ਨਾਸ ਹੁੰਦਾ ਹੈ ਅਤੇ ਮਨ ਇੱਛਤ ਫਲ ਹਾਸਲ ਕਰ ਲਈਦੇ ਹਨ।

ਸੋਰਠਿ ਮਹਲਾ ੫ ॥

੧. ਸਿਮਰਉ ਅਪੁਨਾ ਸਾਂਈ ॥
੨. ਦਿਨਸੁ ਰੈਨਿ ਸਦ ਧਿਆਈ ॥
੩. ਹਾਥ ਦੇਇ ਜਿਨਿ ਰਾਖੇ ॥
੪. ਹਰਿ ਨਾਮ ਮਹਾ ਰਸ ਚਾਖੇ ॥੧॥
੫. ਅਪਨੇ ਗੁਰ ਊਪਰਿ ਕੁਰਬਾਨੁ ॥
੬. ਭਏ ਕਿਰਪਾਲ ਪੂਰਨ ਪ੍ਰਭ ਦਾਤੇ
ਜੀਅ ਹੋਏ ਮਿਹਰਵਾਨ ॥ ਰਹਾਉ ॥
੭. ਨਾਨਕ ਜਨ ਸਰਨਾਈ ॥
੮. ਜਿਨਿ ਪੂਰਨ ਪੈਜ ਰਖਾਈ ॥
੯. ਸਗਲੇ ਦੂਖ ਮਿਟਾਈ ॥
੧੦. ਸੁਖੁ ਭੁੰਚਹੁ ਮੇਰੇ ਭਾਈ ॥੨॥੨੮॥੯੨॥

ਪਦ ਅਰਥ : ਸਿਮਰਉ—ਸਿਮਰਉਂ, ਮੈਂ ਸਿਮਰਦਾ ਹਾਂ।

ਸਾਂਈ—ਖਸਮ, ਪ੍ਰਭੂ। ਰੈਨਿ—ਰਾਤ। ਸਦ—ਸਦਾ। ਧਿਆਈ—ਧਿਆਈਂ, ਮੈਂ ਧਿਆਨ ਧਰਦਾ ਹਾਂ। ਦੇਇ—ਦੇ ਕੇ। ਜਿਨਿ—ਜਿਸ (ਖਸਮ ਪ੍ਰਭੂ) ਨੇ।੧।

ਗੁਰ ਊਪਰਿ—ਗੁਰੂ ਤੋਂ। ਕੁਰਬਾਨ—ਸਦਕੇ। ਜੀਅ—ਸਾਰੇ ਜੀਵਾਂ ਉੱਤੇ।ਰਹਾਉ।

ਜਿਨਿ—ਜਿਸ ਪਰਮੇਸ਼ਰ ਨੇ। ਪੂਰਨ—ਚੰਗੀ ਤਰ੍ਹਾਂ। ਪੈਜ—ਇੱਜ਼ਤ। ਸਗਲੇ—ਸਾਰੇ। ਭੁੰਚਹੁ—ਖਾਵੋ, ਮਾਣੋ। ਭਾਈ—ਹੇ ਭਾਈ।੨।

ਅਰਥ :

ਪ੍ਰ: ਹੇ ਗੁਰੋ ! ਆਪ ਜੀ ਕਿਸ ਦੇ ਸਿਮਰਨ ਕਰਨ ਵਿਚ ਨਿਸ਼ਚਾ ਰੱਖਦੇ ਹੋ ?

ਉ: ੧. ਹੇ ਪਿਆਰਿਓ ! ਮੈਂ ਤਾਂ ਆਪਣੇ ਉਸ ਖਸਮ ਪ੍ਰਭੂ (ਦਾ ਨਾਮ) ਹੀ ਸਿਮਰਦਾ ਹਾਂ

੨. ਅਤੇ ਦਿਨੇ ਰਾਤ ਸਦਾ ਉਸੇ ਦਾ ਧਿਆਨ ਧਰਦਾ ਹਾਂ,

੩. ਜਿਸ ਨੇ ਕਿ ਆਪਣਾ ਹੱਥ ਦੇ ਕੇ (ਉਨ੍ਹਾਂ ਮਨੁੱਖਾਂ ਨੂੰ ਦੁੱਖ ਤੇ ਵਿਕਾਰਾਂ ਤੋਂ) ਬਚਾ ਲਿਆ ਹੈ।

੪. ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਦਾ ਸ੍ਰੇਸ਼ਟ ਰਸ ਚਖਿਆ ਹੈ।੧।

੫. ਹੇ ਪਿਆਰਿਓ ! ਮੈਂ ਤਾਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ,

੬. ਜਿਸ ਦੀ ਕਿਰਪਾ ਨਾਲ ਸਰਵ-ਵਿਆਪਕ ਦਾਤਾਰ ਪ੍ਰਭੂ ਜੀ ਸਾਰੇ ਸੇਵਕਾਂ ਉੱਤੇ ਮਿਹਰਵਾਨ ਹੁੰਦੇ ਹਨ।ਰਹਾਉ।

੭. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਉਸ ਪਰਮੇਸ਼ਰ ਦੀ ਸ਼ਰਨ ਵਿਚ ਪਏ ਰਹੋ।

੮. (ਜਿਸ ਨੇ ਕਿ ਸ਼ਰਨ ਪਏ ਮਨੁੱਖ ਦੀ) ਇੱਜ਼ਤ ਦੁੱਖਾਂ ਵਿਕਾਰਾਂ ਵਲੋਂ ਪੂਰੀ ਤਰ੍ਹਾਂ ਰੱਖ ਲਈ ਹੈ ਅਤੇ

੯. ਜਿਸ ਨੇ ਉਨ੍ਹਾਂ ਦੇ ਸਾਰੇ ਦੁੱਖ ਦੂਰ ਕਰ ਦਿੱਤੇ ਹਨ।

੧੦. ਹੇ ਭਰਾਵੋ ! ਤੁਸੀਂ ਭੀ ਉਸ ਦੀ ਸ਼ਰਨ ਵਿਚ ਪਵੋ ਅਤੇ ਆਤਮਕ ਅਨੰਦ ਮਾਣਦੇ ਰਹੋ।੨।੨੮।੯੨।

ਭਾਵਾਰਥ : ਹਜ਼ੂਰ ਇਸ ਸ਼ਬਦ ਵਿਚ ਆਪਣਾ ਨਿਸ਼ਚਾ ਬਿਆਨ ਕਰਦੇ ਹੋਏ ਹਰ ਪ੍ਰਾਣੀ ਮਾਤਰ ਨੂੰ ਸਾਈਂ ਜੀ ਦੇ ਸਿਮਰਨ ਕਰਨ ਦੀ ਪ੍ਰੇਰਣਾ ਕਰਦੇ ਹਨ, ਜਿਸ ਨੇ ਕਿ ਆਪਣੇ ਸੇਵਕਾਂ ਨੂੰ ਹੱਥ ਦੇ ਕੇ ਰਖਿਆ ਹੈ।

ਸੋਰਠਿ ਮਹਲਾ ੫ ॥

੧. ਸੁਨਹੁ ਬਿਨੰਤੀ ਠਾਕੁਰ ਮੇਰੇ
ਜੀਅ ਜੰਤ ਤੇਰੇ ਧਾਰੇ ॥
੨. ਰਾਖੁ ਪੈਜ ਨਾਮ ਅਪੁਨੇ ਕੀ
ਕਰਨ ਕਰਾਵਨਹਾਰੇ ॥੧॥
੩. ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥
੪. ਬੁਰੇ ਭਲੇ ਹਮ ਥਾਰੇ ॥ ਰਹਾਉ ॥
੫. ਸੁਣੀ ਪੁਕਾਰ ਸਮਰਥ ਸੁਆਮੀ
ਬੰਧਨ ਕਾਟਿ ਸਵਾਰੇ ॥
੬. ਪਹਿਰਿ ਸਿਰਪਾਉ ਸੇਵਕ ਜਨ ਮੇਲੇ
ਨਾਨਕ ਪ੍ਰਗਟ ਪਹਾਰੇ ॥੨॥੨੯॥੯੩॥

ਪਦ ਅਰਥ : ਠਾਕੁਰ ਮੇਰੇ—ਹੇ ਮੇਰੇ ਪਾਲਣਹਾਰ ਪ੍ਰਭੂ। ਜੀਅ ਜੰਤ—ਨਿੱਕੇ-ਵੱਡੇ ਸਾਰੇ ਜੀਵ। ਧਾਰੇ—ਆਸਰੇ। ਪੈਜ—ਲਾਜ, ਇੱਜ਼ਤ। ਕਰਨ ਕਰਾਵਨਹਾਰੇ—ਹੇ ਸਭ ਕੁਝ ਕਰ ਸਕਣ ਵਾਲੇ ਤੇ ਜੀਵਾਂ ਪਾਸੋਂ ਕਰਾ ਸਕਣ ਵਾਲੇ।੧।

ਖਸਮਾਨਾ—ਖਸਮ ਵਾਲਾ ਫ਼ਰਜ਼। ਥਾਰੇ—ਤੇਰੇ।ਰਹਾਉ।

ਸਮਰਥ—ਸਾਰੀਆਂ ਤਾਕਤਾਂ ਦਾ ਮਾਲਕ। ਕਾਟਿ—ਕੱਟ ਕੇ। ਸਵਾਰੇ—ਸੋਹਣੇ ਜੀਵਨ ਵਾਲੇ ਬਣਾ ਦਿੱਤੇ। ਪਹਿਰਿ—ਪਹਿਨਾ ਕੇ। ਸਿਰਪਾਉ—ਸਿਰੋਪਾ, ਆਦਰ ਮਾਣ ਵਾਲਾ ਪੁਸ਼ਾਕਾ। ਪ੍ਰਗਟ—ਉੱਘੇ। ਪਹਾਰੇ—ਜਗਤ ਵਿਚ।੨।

ਅਰਥ :

ਪ੍ਰ: ਹੇ ਗੁਰੋ ! ਸਾਈਂ ਜੀ ਦੇ ਦਰ 'ਤੇ ਅਰਦਾਸ ਕਰਨ ਦੀ ਜਾਚ ਬਖ਼ਸ਼ਸ਼ ਕਰੋ।

ਉ: ੧. ਹੇ ਭਾਈ ! ਉਸ ਪ੍ਰਭੂ ਜੀ ਦੇ ਸਨਮੁਖ ਹੋ ਇਉਂ ਜੋਦੜੀ ਕੀਤਾ ਕਰੋ ਕਿ ਹੇ ਮੇਰੇ ਠਾਕੁਰ ਜੀ ! (ਇਕ) ਮੇਰੀ ਬੇਨਤੀ ਸੁਣ, ਇਹ ਛੋਟੇ-ਵੱਡੇ ਜੀਵ ਸਭ ਤੇਰੇ ਹੀ ਆਸਰੇ ਹਨ।

੨. ਹੇ ਠਾਕੁਰ ਜੀ ! ਤੇਰਾ ਨਾਮ ਸ਼ਰਨ ਜੋਗ ਹੈ, ਅਸੀਂ ਜੀਵ ਤੇਰੇ ਆਸਰੇ ਹਾਂ, ਤੂੰ ਆਪਣੇ ਇਸ ਨਾਮ ਦੀ ਲਾਜ ਰੱਖ, (ਕਿਉਂਕਿ) ਤੂੰ ਸਭ ਕੁਝ ਕਰਨ ਤੇ ਕਰਾਉਣ ਦੀ ਸਮਰੱਥਾ ਰੱਖਣ ਵਾਲਾ ਹੈਂ।

੩. ਹੇ ਪਿਆਰੇ ਪ੍ਰਭੂ ਜੀ ! ਤੂੰ ਸਾਡਾ ਪੱਖ ਕਰ, ਭਾਵ ਤੂੰ ਸਾਡਾ ਖਸਮ ਹੈਂ, ਇਸ ਲਈ ਤੂੰ ਖਸਮ ਵਾਲਾ ਫ਼ਰਜ਼ ਪੂਰਾ ਕਰ।

੪. ਸੋ, ਹੇ ਸਾਈਂ ਜੀ ! ਅਸੀਂ ਭਾਵੇਂ ਭੈੜੇ ਹਾਂ, ਚਾਹੇ ਅਸੀਂ ਚੰਗੇ ਹਾਂ, ਫਿਰ ਵੀ ਅਸੀਂ ਤੇਰੇ ਹੀ ਹਾਂ।ਰਹਾਉ।

੫. ਹੇ ਭਾਈ ! ਇਸ ਤਰ੍ਹਾਂ ਦੀ ਜਿਸ ਦੀ ਕੀਤੀ ਹੋਈ ਪੁਕਾਰ ਉਸ ਸਮਰੱਥ ਸੁਆਮੀ ਨੇ ਸੁਣ ਲਈ, ਉਨ੍ਹਾਂ ਦੇ ਮਾਇਆ ਦੇ ਬੰਧਨ ਕੱਟ ਕੇ ਪ੍ਰਭੂ ਨੇ ਉਨ੍ਹਾਂ ਦੇ ਜੀਵਨ ਸੋਹਣੇ ਬਣਾ ਦਿੱਤੇ।

੬. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈਓ ! ਜਿਸ ਸੇਵਕ ਜਨ ਨੂੰ (ਉਸ ਪ੍ਰਭੂ ਨੇ) ਭਗਤੀ ਰੂਪੀ ਸਿਰੋਪਾਉ ਪਹਿਨਾ ਕੇ ਆਪਣੇ ਨਾਲ ਮੇਲ ਲਿਆ ਹੈ, ਉਹ ਸਾਰੇ ਹੀ ਸੰਸਾਰ ਵਿਚ ਪ੍ਰਗਟ ਹੋ ਗਿਆ ਹੈ।੨।੨੯।੯੩।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਉਸ ਸਾਈਂ ਜੀ ਦੇ ਦਰ 'ਤੇ ਅਰਦਾਸ ਕਰਨ ਦੀ ਜਾਚ ਦੱਸ ਰਹੇ ਹਨ ਕਿ ਉਸ ਪਿਆਰੇ ਪ੍ਰਭੂ ਦੇ ਅੱਗੇ ਸਦਾ ਇਉਂ ਹੀ ਜੋਦੜੀਆਂ ਕਰਦੇ ਰਹੋ ਕਿ ਐ ਸਾਈਂ ਜੀ ! ਅਸੀਂ ਭਾਵੇਂ ਭੈੜੇ ਹਾਂ ਭਾਵੇਂ ਚੰਗੇ ਹਾਂ, ਤੇਰੇ ਨਾਮ ਧਰੀਕ ਸੇਵਕ ਹਾਂ, ਸਾਡੀ ਸ਼ਰਨ ਪਿਆਂ ਦੀ ਲਾਜ ਰੱਖੋ।

ਸੋਰਠਿ ਮਹਲਾ ੫ ॥

੧. ਜੀਅ ਜੰਤ ਸਭਿ ਵਸਿ ਕਰਿ ਦੀਨੇ
ਸੇਵਕ ਸਭਿ ਦਰਬਾਰੇ ॥
੨. ਅੰਗੀਕਾਰੁ ਕੀਓ ਪ੍ਰਭ ਅਪੁਨੇ
ਭਵ ਨਿਧਿ ਪਾਰਿ ਉਤਾਰੇ ॥੧॥

੩. ਸੰਤਨ ਕੇ ਕਾਰਜ ਸਗਲ ਸਵਾਰੇ ॥
੪. ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ
ਪੂਰਨ ਖਸਮ ਹਮਾਰੇ ॥ ਰਹਾਉ ॥
੫. ਆਉ ਬੈਠੁ ਆਦਰੁ ਸਭ ਥਾਈ
ਊਨ ਨ ਕਤਹੂੰ ਬਾਤਾ ॥
੬. ਭਗਤਿ ਸਿਰਪਾਉ ਦੀਓ ਜਨ ਅਪੁਨੇ
ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥

ਪਦ ਅਰਥ : ਜੀਅ ਜੰਤ ਸਭਿ—ਸਾਰੇ ਜੀਵ, ਸਾਰੇ ਜੰਤ। ਵਸਿ—ਵਸ ਵਿਚ। ਦਰਬਾਰੇ—ਦਰਬਾਰ ਵਿਚ (ਥਾਂ ਦੇਂਦਾ ਹੈ)। ਅੰਗੀਕਾਰੁ—ਪੱਖ, ਸਹਾਇਤਾ। ਭਵ ਨਿਧਿ—ਸੰਸਾਰ ਸਮੁੰਦਰ। ਪਾਰਿ ਉਤਾਰੇ—ਪਾਰ ਲੰਘਾ ਲਏ, ਪਾਰ ਲੰਘਾ ਦੇਂਦਾ ਹੈ।੧।

ਸਗਲ—ਸਾਰੇ। ਸਵਾਰੇ—ਸਵਾਰ ਦੇਂਦਾ ਹੈ। ਕ੍ਰਿਪਾਲ—ਕਿਰਪਾ ਦਾ ਘਰ। ਕ੍ਰਿਪਾ ਨਿਧਿ—ਕਿਰਪਾ ਦਾ ਖ਼ਜ਼ਾਨਾ। ਪੂਰਨ—ਸਭ ਤਾਕਤਾਂ ਵਾਲੇ।ਰਹਾਉ।

ਸਭ ਥਾਈ—ਸਭ ਥਾਈਂ, ਸਭ ਥਾਵਾਂ 'ਤੇ। ਊਨ—ਕਮੀ, ਥੁੜ। ਕਤਹੂੰ ਬਾਤਾ—ਕਿਸੇ ਭੀ ਗੱਲੋਂ। ਪ੍ਰਤਾਪ—ਤੇਜ। ਜਾਤਾ—ਜਾਣਿਆ ਜਾਂਦਾ ਹੈ, ਉੱਘੜ ਪੈਂਦਾ ਹੈ।੨।

ਅਰਥ :

ਪ੍ਰ: ਕਿਉਂ ਜੀ! ਪ੍ਰਭੂ ਜੀ ਦਾ ਚਿੰਤਨ ਕਰਨ ਵਾਲਿਆਂ ਨੂੰ ਵਿਸ਼ੇਸ਼ ਫਲ ਕੀ ਮਿਲਦਾ ਹੈ?

ਉ: ੧. ਹੇ ਭਾਈਓ! ਉਹ ਪਿਆਰਾ ਪ੍ਰਭੂ ਆਪਣੇ ਸੇਵਕਾਂ ਨੂੰ ਆਪਣੇ ਦਰਬਾਰ ਵਿਚ ਗਿਆਂ ਆਦਰ ਮਾਣ ਦੇਂਦਾ ਹੈ ਅਤੇ (ਦੁਨੀਆ ਦੇ) ਸਾਰੇ ਹੀ ਛੋਟੇ-ਵੱਡੇ ਜੀਵਾਂ ਨੂੰ ਉਨ੍ਹਾਂ ਦੇ ਆਗਿਆਕਾਰ ਬਣਾ ਦੇਂਦਾ ਹੈ।

੨. ਉਹ ਪ੍ਰਭੂ ਆਪਣੇ ਸੇਵਕਾਂ ਦਾ ਸਦਾ ਹੀ ਪੱਖ ਕਰਦਾ ਹੈ ਤੇ ਉਨ੍ਹਾਂ ਨੂੰ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।੧।

੩. ਹੇ ਭਾਈ! (ਸਾਡਾ ਉਹ ਮਾਲਕ) ਸੰਤ ਜਨਾਂ ਦੇ ਸਾਰੇ ਕਾਰਜ ਸਵਾਰ ਦੇਂਦਾ ਹੈ।ਰਹਾਉ।

੪. ਉਹ ਸਾਡਾ ਖਸਮ ਗ਼ਰੀਬਾਂ ਉੱਤੇ ਦਇਆ ਕਰਨ ਵਾਲਾ ਹੈ, ਕਿਰਪਾ ਦਾ ਘਰ, ਕਿਰਪਾ ਦਾ ਖ਼ਜ਼ਾਨਾ ਤੇ ਸਾਰੀਆਂ ਤਾਕਤਾਂ ਦਾ ਉਹ ਮਾਲਕ ਹੈ।ਰਹਾਉ।

੫. ਹੇ ਪਿਆਰੇ! ਹਰੀ ਦੇ ਸੇਵਕ ਸੰਤ ਜਨਾਂ ਨੂੰ ਹਰ ਥਾਂ ਹੀ ਆਦਰ ਮਿਲਦਾ ਹੈ ਅਤੇ ਹਰ ਥਾਂ (ਗਿਆਂ ਹੀ) ਲੋਕੀਂ ਜੀਅ ਆਇਆਂ ਆਖਦੇ ਹਨ। ਉਨ੍ਹਾਂ ਸੰਤ ਜਨਾਂ ਨੂੰ ਕਿਸੇ ਗੱਲੋਂ ਭੀ ਕਿਸੇ ਪ੍ਰਕਾਰ ਦੀ ਥੁੜ ਨਹੀਂ ਰਹਿੰਦੀ।

੬. ਹੇ ਭਾਈ! ਉਨ੍ਹਾਂ ਸਾਈਂ ਜੀ ਦੇ ਸੇਵਕਾਂ ਨੂੰ ਪਰਮੇਸ਼ਰ ਭਗਤੀ ਦਾ ਸਿਰੋਪਾਉ ਬਖ਼ਸ਼ਸ਼ ਕਰਦਾ ਹੈ, ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਐ ਪਿਆਰਿਓ! ਇਸ ਤਰ੍ਹਾਂ ਉਸ ਪਰਮੇਸ਼ਰ ਦਾ ਤੇਜ ਪ੍ਰਤਾਪ (ਸਾਰੇ ਹੀ ਸੰਸਾਰ ਵਿਚ) ਪ੍ਰਗਟ ਹੋ ਜਾਂਦਾ ਹੈ।੨।੩੦।੯੪।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸੇਵਕਾਂ ਦਾ ਤੇਜ ਪ੍ਰਤਾਪ ਨਿਰੂਪਨ ਕਰਦੇ ਹਨ ਕਿ ਉਨ੍ਹਾਂ ਦਾ ਸਾਈਂ ਦੇ ਦਰਬਾਰ ਵਿਚ ਗਿਆਂ ਮੁਖ ਉੱਜਲ ਹੁੰਦਾ ਹੈ, ਸਾਈਂ ਜੀ ਉਨ੍ਹਾਂ ਦਾ ਹਰ ਥਾਂ ਹੀ ਪੱਖ ਕਰਦਾ ਹੈ ਤੇ ਉਨ੍ਹਾਂ ਨੂੰ ਇਸ ਭੈ ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ, ਉਹ ਅਜਿਹੇ ਸੰਤ ਲੋਕ ਕਿਸੇ ਥਾਂ ਭੀ ਜਾਣ, ਉਨ੍ਹਾਂ ਦਾ ਹਰ ਥਾਂ ਹੀ ਮਾਣ ਸਤਿਕਾਰ ਹੁੰਦਾ ਹੈ।

ਸੋਰਠਿ ਮਹਲਾ ੯ ॥

ੴ ਸਤਿਗੁਰ ਪ੍ਰਸਾਦਿ ॥

੧. ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
੨. ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥
੩. ਕਰਿ ਸਾਧਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥
੪. ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ॥੧॥
੫. ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥
੬. ਕਹੈ ਨਾਨਕੁ ਰਾਮੁ ਭਜਿ ਲੈ
ਜਾਤੁ ਅਉਸਰੁ ਬੀਤ ॥੨॥੧॥

ਪਦ ਅਰਥ : ਸਿਉ—ਨਾਲ। ਪ੍ਰੀਤਿ—ਪਿਆਰ। ਸ੍ਰਵਨ—ਕੰਨਾਂ ਨਾਲ। ਗੋਬਿੰਦ ਗੁਨੁ—ਗੋਬਿੰਦ ਦੇ ਗੁਣ, ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ। ਅਰੁ—ਅਤੇ। ਰਸਨਾ—ਜੀਭ ਨਾਲ।੧।ਰਹਾਉ।

ਮਾਧੋ—ਮਾਧਵ, ਮਾਇਆ ਦਾ ਪਤੀ, ਪ੍ਰਭੂ। ਹੋਹਿ—ਹੋ ਜਾਂਦੇ ਹਨ। ਪਤਿਤ—ਅਪਵਿਤ੍ਰ ਵਿਕਾਰੀ ਬੰਦੇ। ਪੁਨੀਤ—ਪਵਿੱਤਰ। ਬਿਆਲੁ—ਸੱਪ। ਜਿਉ—ਵਾਂਗ। ਪਰਿਓ ਡੋਲੈ—ਫਿਰ ਰਿਹਾ ਹੈ। ਪਸਾਰੇ—ਪਸਾਰਿ, ਪਸਾਰ ਕੇ, ਖਿਲਾਰ ਕੇ, ਖੋਲ੍ਹ ਕੇ। ਮੀਤ—ਹੇ ਮਿੱਤਰ।

ਆਜ ਕਾਲਿ—ਅੱਜ ਭਲਕ, ਛੇਤੀ ਹੀ। ਫੁਨਿ ਤੋਹਿ—ਤੈਨੂੰ ਭੀ। ਗ੍ਰਸਿ ਹੈ—ਗ੍ਰਸ ਲਏਗਾ, ਹੜੱਪ ਲਏਗਾ। ਚੀਤਿ—ਚਿੱਤ ਵਿਚ। ਜਾਤੁ ਬੀਤ—ਬੀਤਦਾ ਜਾ ਰਿਹਾ ਹੈ। ਅਉਸਰੁ—ਜ਼ਿੰਦਗੀ ਦਾ ਸਮਾਂ।੨।

ਅਰਥ :

ਪ੍ਰ: ਹਜ਼ੂਰ! ਇਸ ਮਨੁੱਖ ਦੇ ਮਨੁੱਖ ਜਾਮੇ ਵਿਚ ਆਉਣ ਦੇ ਮੁੱਖ ਪ੍ਰਯੋਜਨ ਕੀ ਹਨ, ਜੋ ਇਸ ਨੂੰ ਸਦਾ ਹੀ ਨਿਭਾਉਂਦੇ ਰਹਿਣਾ ਚਾਹੀਦਾ ਹੈ, ਤਾਂ ਇਸਦੇ ਉੱਤਰ ਰੂਪ ਵਿਚ ਹਜ਼ੂਰ ਆਪਣੇ ਮਨ ਪ੍ਰਤੀ ਸੰਬੋਧਨ ਕਰਦੇ ਹੋਏ ਹਰ ਪ੍ਰਾਣੀ ਮਾਤਰ ਲਈ ਸਰਲ ਸ਼ਬਦਾਂ ਵਿਚ ਕਲਿਆਣਕਾਰੀ ਉਪਦੇਸ਼ ਕਰਦੇ ਹਨ ਕਿ ਹੇ ਮੇਰੇ ਮਨ! (ਤੇਰਾ

ਉ: ੧. ਮੁੱਖ ਫ਼ਰਜ਼ ਹੈ ਕਿ ਤੂੰ) ਰਮੇ ਹੋਏ ਰਾਮ ਨਾਲ ਪਿਆਰ ਕਰ।

੨. ਹੇ ਭਾਈ ! ਤੂੰ ਕੰਨਾਂ ਨਾਲ ਪਰਮੇਸ਼ਰ ਦੀ ਉਸਤਤਿ ਸੁਣਿਆ ਕਰ ਅਤੇ ਜੀਭ ਨਾਲ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦਾ ਰਿਹਾ ਕਰ।੧।ਰਹਾਉ।

ਪ੍ਰ: ਹਜ਼ੂਰ ! ਕੀ ਕੁਝ ਹੋਰ ਭੀ ਕਰਨਾ ਪਵੇਗਾ ?

ਉ: ੩. ਹੇ ਪਿਆਰੇ ! ਗੁਰਮੁਖ ਸਾਧੂਆਂ ਦੀ ਸੰਗਤ ਕਰਿਆ ਕਰ ਅਤੇ ਪਰਮੇਸ਼ਰ ਦਾ ਸਿਮਰਨ ਕਰਦਾ ਰਹੁ (ਵੇਖ ਇਸੇ ਸਿਮਰਨ ਦੀ ਬਰਕਤ ਨਾਲ) ਪਾਪੀ ਭੀ ਪਵਿੱਤਰ ਬਣ ਜਾਂਦੇ ਹਨ।

ਪ੍ਰ: ਕਿਉਂ ਜੀ ! ਪ੍ਰਭੂ ਜੀ ਦਾ ਸਿਮਰਨ ਤਾਂ ਅੰਤ ਸਮੇਂ ਭੀ ਕੀਤਾ ਜਾ ਸਕੇਗਾ ?

ਉ: ੪. ਹੇ ਮਿੱਤਰਾ ! ਤੂੰ ਇਸ ਭਰੋਸੇ ਤੇ ਨਾ ਰਹੁ ਕਿ ਅੰਤ ਦੇ ਸਮੇਂ ਨਾਮ ਸਿਮਰਨ ਕਰ ਲਵਾਂਗਾ, (ਕਿਉਂਕਿ) ਵੇਖ ਤੇਰੀ ਮੌਤ, ਸੱਪ ਵਾਂਗੂੰ ਮੂੰਹ ਖੋਹਲ ਕੇ (ਤੇਰੇ ਦੁਆਲੇ) ਫਿਰਦੀ ਹੈ।੧।

੫. ਹੇ ਭਾਈ ! ਤੂੰ ਆਪਣੇ ਮਨ ਵਿਚ ਸਮਝ ਰੱਖ ਕਿ ਇਹ ਮੌਤ ਤੈਨੂੰ ਭੀ ਛੇਤੀ ਹੀ ਹੜੱਪ ਕਰ ਲਏਗੀ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ ! ਹੁਣ ਅਜੇ ਭੀ ਵੇਲਾ ਹੈ ਕਿ ਪਰਮੇਸ਼ਰ ਦਾ ਭਜਨ ਕਰ ਲੈ, ਕਿਉਂਕਿ ਇਹ ਅਮੋਲਕ ਸਮਾਂ ਲੰਘਦਾ ਹੀ ਜਾ ਰਿਹਾ ਹੈ।੨।੧।

ਭਾਵਾਰਥ : ਇਸ ਸ਼ਬਦ ਵਿਚ ਇਸ ਅਭੋਲ ਜੀਵ ਨੂੰ ਪ੍ਰਭੂ ਜੀ ਦੇ ਨਾਮ ਸਿਮਰਨ ਕਰਨ ਦਾ ਚੇਤਾ ਕਰਵਾ ਰਹੇ ਹਨ ਜੋ ਕਿ ਇਸ ਦਾ ਮੁਖ ਪ੍ਰਯੋਜਨ ਹੈ। ਇਹ ਸਮਾਂ ਅਮੋਲਕ ਹੈ ਜੋ ਕਿ ਦਿਨੇ ਰਾਤ ਗੁਜ਼ਰਦਾ ਜਾ ਰਿਹਾ ਹੈ, ਕਾਲ ਇਸ ਨੂੰ ਗ੍ਰਸਨ ਲਈ ਇਸ ਦੇ ਉਦਾਲੇ ਮੂੰਹ ਪਸਾਰ ਕੇ ਚੱਕਰ ਲੱਗਾ ਰਿਹਾ ਹੈ, ਇਸ ਲਈ ਹਜ਼ੂਰ ਇਸ ਜੀਵ ਨੂੰ ਸ਼ੀਘਰ ਹੀ ਸਾਈਂ ਜੀ ਦੇ ਚਿੰਤਨ ਕਰਨ ਦੀ ਪ੍ਰੇਰਣਾ ਕਰਦੇ ਹਨ।

ਸੋਰਠਿ ਮਹਲਾ ੯ ॥

੧. ਮਨ ਕੀ ਮਨ ਹੀ ਮਾਹਿ ਰਹੀ ॥
੨. ਨਾ ਹਰਿ ਭਜੇ ਨ ਤੀਰਥ ਸੇਵੇ
ਚੋਟੀ ਕਾਲਿ ਗਹੀ ॥੧॥ ਰਹਾਉ ॥
੩. ਦਾਰਾ ਮੀਤ ਪੂਤ ਰਥ ਸੰਪਤਿ
ਧਨ ਪੂਰਨ ਸਭ ਮਹੀ ॥
੪. ਅਵਰ ਸਗਲ ਮਿਥਿਆ ਏ ਜਾਨਉ
ਭਜਨੁ ਰਾਮੁ ਕੋ ਸਹੀ ॥੧॥
੫. ਫਿਰਤ ਫਿਰਤ ਬਹੁਤੇ ਜੁਗ ਹਾਰਿਓ
ਮਾਨਸ ਦੇਹ ਲਹੀ ॥
੬. ਨਾਨਕ ਕਹਤ ਮਿਲਨ ਕੀ ਬਰੀਆ
ਸਿਮਰਤ ਕਹਾ ਨਹੀ ॥੨॥੨॥

ਪਦ ਅਰਥ : ਮਾਹਿ—ਵਿਚ। ਰਹੀ—ਰਹਿ ਗਈ। ਭਜੇ—ਭਜਨ ਕੀਤਾ। ਤੀਰਥ—[1]ਸੰਤ ਜਨ। ਸੇਵੇ—ਸੇਵਾ ਕੀਤੀ। ਚੋਟੀ—ਬੋਦੀ। ਕਾਲਿ—ਕਾਲ ਨੇ। ਗਹੀ—ਫੜ ਲਈ।੧।ਰਹਾਉ।

ਦਾਰਾ—ਇਸਤਰੀ। ਪੂਤ—ਪੁੱਤਰ। ਰਥ—ਗੱਡੀਆਂ। ਸੰਪਤਿ—ਮਾਲ ਅਸਬਾਬ। ਸਭ ਮਹੀ—ਸਾਰੀ ਧਰਤੀ। ਅਵਰ—ਹੋਰ। ਸਗਲ—ਸਾਰਾ। ਮਿਥਿਆ—ਨਾਸਵੰਤ। ਜਾਨਹੁ—ਸਮਝੋ। ਕੋ—ਦਾ। ਸਹੀ—ਠੀਕ, ਸਾਥ ਨਿਭਾਉਣ ਵਾਲਾ, ਅਸਲ (ਸਾਥੀ)।੧।

ਜੁਗ—ਜੁੱਗਾਂ ਵਿਚ। ਹਾਰਿਓ—ਥੱਕ ਗਿਆ। ਮਾਨਸ ਦੇਹ—ਮਨੁੱਖਾ ਸਰੀਰ। ਲਹੀ—ਲੱਭਾ। ਬਰੀਆ—ਵਾਰੀ। ਕਹਾ ਨਹੀ—ਕਿਉਂ ਨਹੀਂ।੨।

ਅਰਥ :

ਪ੍ਰ: ਹੇ ਗੁਰੋ ! ਜੋ ਲੋਕ ਜੀਵਨ ਭਰ ਮਾਇਆ ਹੀ 'ਕੱਠੀ ਕਰਦੇ ਹਨ, ਉਨ੍ਹਾਂ ਦੀ ਅੰਤ ਸਮੇਂ ਕੀ ਦਸ਼ਾ ਹੋਇਆ ਕਰਦੀ ਹੈ ?

ਉ: ੧. ਹੇ ਪਿਆਰਿਓ ! ਵੇਖ ਲਓ, ਉਸ ਮਾਇਆਧਾਰੀ ਦੀ ਦਸ਼ਾ, ਉਸ ਦੀ ਕਿਤਨੀ ਮੰਦ ਭਾਗਤਾ ਹੈ ਕਿ ਉਸ ਦੇ ਮਨ ਦੀ ਆਸਾ ਮਨ ਵਿਚ ਹੀ ਰਹਿ ਗਈ।

੨. (ਕਿਉਂਕਿ) ਨਾ ਉਸ ਨੇ ਪਰਮੇਸ਼ਰ ਦਾ ਭਜਨ ਕੀਤਾ ਅਤੇ ਨਾ ਹੀ ਉਸ ਨੇ ਸੰਤ ਜਨਾਂ ਦੀ ਸੇਵਾ ਹੀ ਕੀਤੀ ਤੇ (ਆਖ਼ਰ ਨੂੰ) ਮੌਤ ਨੇ (ਉਸ ਦੀ) ਬੋਦੀ ਆ ਫੜੀ।੧।ਰਹਾਉ।

ਪ੍ਰ: ਕਿਉਂ ਜੀ ! ਇਹ ਬਾਹਰਲੀ ਜਿਤਨੀ ਭੀ ਸਮੱਗਰੀ ਹੈ ਕੀ ਇਨ੍ਹਾਂ ਵਿਚੋਂ ਮਨੁੱਖ ਦਾ ਕੋਈ ਭੀ ਸਾਥ ਨਹੀਂ ਨਿਭਾਵੇਗਾ ?

ਉ: ੩. (ਨਹੀਂ) ਹੇ ਭਾਈ ! ਵੇਖੋ, ਇਸਤਰੀ, ਮਿੱਤਰ, ਪੁੱਤਰ, ਗੱਡੀਆਂ, ਮਾਲ-ਅਸਬਾਬ, ਧਨ

੪. ਪਦਾਰਥ, ਸਾਰੀ ਹੀ ਧਰਤੀ ਇਹ ਸਭੋ ਕੁਝ ਨਾਸਵੰਤ ਹੈ, (ਇਸ ਵਿਚ ਕੇਵਲ) ਇਕ ਰਾਮ ਦਾ ਹੀ ਭਜਨ ਸਹੀ ਸਾਥੀ ਹੈ (ਜੋ ਕਿ ਅੰਤ ਨੂੰ ਸਾਥ ਨਿਭਾਉਂਦਾ ਹੈ)।੧।

੫. ਹੇ ਭਾਈ ! ਵੇਖ, ਕਈ ਜੁੱਗ (ਜੂਨਾਂ ਵਿਚ) ਭਟਕ-ਭਟਕ, ਫਿਰ-ਫਿਰ ਕੇ ਥੱਕ ਗਿਆ ਸੀ, (ਬਹੁਤ ਹੀ ਮੁਸ਼ਕਲਾਂ ਨਾਲ) ਹੁਣ ਤੈਨੂੰ ਮਨੁੱਖਾ ਜਨਮ ਲੱਭਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਆ ! ਉਸ ਪਰਮੇਸ਼ਰ ਨੂੰ ਮਿਲਣ ਦੀ ਤੇਰੀ ਇਹੋ ਹੁਣ ਵਾਰੀ ਹੈ, ਸੋ ਦੱਸ ਤੂੰ (ਸਾਈਂ ਦਾ) ਸਿਮਰਨ ਕਿਉਂ ਨਹੀਂ ਕਰਦਾ ?।੨।੨।

ਭਾਵਾਰਥ : ਜੋ ਮਾਇਆਧਾਰੀ ਸੰਸਾਰਕ ਮਾਇਕੀ ਧੰਧਿਆਂ ਵਿਚ ਗ਼ਲਤਾਨ ਹੋ ਆਪਣੀ ਸਾਰੀ ਜ਼ਿੰਦਗੀ ਬਿਤਾ ਦੇਂਦੇ ਹਨ, ਉਨ੍ਹਾਂ ਦੀ ਦਸ਼ਾ ਅੰਤ ਵਿਚ ਪਸਚਾਤਾਪ ਕਰਦਿਆਂ ਹੀ ਗੁਜ਼ਰ ਜਾਂਦੀ ਹੈ, ਉਹ ਭਜਨ ਤੋਂ ਸੱਖਣੇ ਇਸਤਰੀ, ਪੁੱਤਰ, ਧਨ ਪਦਾਰਥਾਂ ਵਿਚ ਉਲਝੇ ਇਹ ਮਨੁੱਖਾ ਸਰੀਰ ਜੈਸੀ ਅਮੋਲਕ ਦਾਤ ਨੂੰ ਵਿਅਰਥ ਗਵਾ ਜਾਂਦੇ ਹਨ, ਉਨ੍ਹਾਂ ਨੂੰ ਸੰਬੋਧਨ ਕਰਦੇ ਹਨ ਕਿ ਐ ਪਿਆਰੇ ! ਸਾਈਂ ਜੀ ਦੇ ਮਿਲਾਪ ਦਾ ਸਮਾਂ ਕੇਵਲ ਇਹ ਇਕੋ ਹੀ ਮਨੁੱਖਾ ਜਨਮ ਹੈ।

ਸੋਰਠਿ ਮਹਲਾ ੯ ॥

੧. ਮਨ ਰੇ ਕਉਨੁ ਕੁਮਤਿ ਤੈ ਲੀਨੀ ॥
੨. ਪਰ ਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥

---

੧. ਨੋਟ: ਬਾਣੀ ਵਿਚ, ਨਾਮਿ ਰਤੇ ਤੀਰਥ ਸੇ ਨਿਰਮਲ, ਦੁਖੁ ਹਉਮੈ ਮੈਲ ਚੁਕਾਇਆ ॥ ਜ਼ਿਕਰ ਆਇਆ ਹੈ। *(ਪ੍ਰਭਾਤੀ ਮ: ੧, ਪੰਨਾ ੧੩੪੫)*

੩. ਮੁਕਤਿ ਪੰਥੁ ਜਾਨਿਓ ਤੈ ਨਾਹਨਿ
ਧਨ ਜੋਰਨ ਕਉ ਧਾਇਆ ॥
੪. ਅੰਤਿ ਸੰਗ ਕਾਹੂ ਨਹੀ ਦੀਨਾ
ਬਿਰਥਾ ਆਪੁ ਬੰਧਾਇਆ ॥੧॥
੫. ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ ॥
੬. ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ ॥੨॥
੭. ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ ॥
੮. ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ ॥੩॥੩॥

ਪਦ ਅਰਥ : ਕੁਮਤਿ—ਭੈੜੀ ਮੱਤ। ਦਾਰਾ—ਇਸਤਰੀ। ਰਸਿ—ਰਸ ਵਿਚ। ਰਚਿਓ—ਮਸਤ ਹੈ।੧।ਰਹਾਉ।

ਮੁਕਤਿ ਪੰਥੁ—ਮੁਕਤੀ ਦਾ ਰਸਤਾ। ਨਾਹਿਨ—ਨਹੀਂ। ਧਾਇਆ—ਦੌੜਿਆ ਫਿਰਦਾ ਹੈਂ। ਸੰਗੁ—ਸਾਥ। ਕਾਹੂ—ਕਿਸੇ ਨੇ ਭੀ। ਬਿਰਥਾ—ਵਿਅਰਥ ਹੀ। ਆਪੁ—ਆਪਣੇ ਆਪ ਨੂੰ।੧।

ਗਿਆਨਾ—ਆਤਮਕ ਗਿਆਨ। ਘਟ—ਹਿਰਦਾ। ਤੇਰੇ ਘਰ ਹੀ ਮਾਹਿ—ਤੇਰੇ ਹਿਰਦੇ ਵਿਚ ਹੀ। ਉਦਿਆਨਾ—ਜੰਗਲ।੨।

ਤੈ ਹਾਰਿਓ—ਤੂੰ (ਮਨੁੱਖਾ ਜਨਮ ਦੀ ਬਾਜ਼ੀ) ਹਾਰ ਲਈ ਹੈ। ਅਸਥਿਰ—ਅਡੋਲਤਾ ਵਿਚ ਰੱਖਣ ਵਾਲੀ। ਮਾਨਸ ਦੇਹ ਪਦ—ਮਨੁੱਖਾ ਸਰੀਰ ਦਾ ਦਰਜਾ। ਪਾਇ—ਹਾਸਲ ਕਰ ਕੇ।੩।

ਅਰਥ :

ਪ੍ਰ: ਹੇ ਗੁਰੋ! ਇਸ ਆਲਸੀ ਮਨ ਨੂੰ ਰੱਬੀ ਮਾਰਗ 'ਤੇ ਟੋਰਨ ਲਈ ਬਹੁਤ ਚਾਰਾ ਕਰਦੇ ਹਾਂ, ਪਰ ਇਹ ਅਮੋੜ ਮਨ ਵਿਕਾਰਾਂ ਵਲ ਦਿਨੇ ਰਾਤ ਧਉਂਦਾ ਰਹਿੰਦਾ ਹੈ, ਕੋਈ ਇਸ ਮਨ ਨੂੰ ਸੁਮੱਤ ਦੇਣ ਲਈ ਸਾਧਨ ਦੱਸੋ?

ਉ: ੧. ਹੇ ਭਾਈ! ਇਸ ਵਿਕਾਰੀ ਮਨ ਨੂੰ ਰੱਬੀ ਮਾਰਗ 'ਤੇ ਟੋਰਨ ਲਈ ਇਉਂ ਡਾਂਟ ਕੇ ਸਮਝਾਉਣ ਦਾ ਯਤਨ ਕੀਤਾ ਕਰੋ ਕਿ ਹੇ ਮੇਰੇ ਮਨ! ਦੱਸ, ਤੂੰ ਕਿਹੜੀ ਭੈੜੀ ਸਿੱਖਿਆ ਲੈ ਲਈ ਹੈ?

੨. ਵੇਖ, ਤੂੰ ਪਰਾਈ ਇਸਤਰੀ, ਪਰਾਈ ਨਿੰਦਾ (ਕਰਨ ਦੇ) ਰਸ ਵਿਚ ਮਸਤ ਰਹਿੰਦਾ ਹੈਂ ਅਤੇ ਤੂੰ ਪ੍ਰਭੂ ਦੀ ਭਗਤੀ ਕਦੇ ਨਹੀਂ ਕੀਤੀ।੧।ਰਹਾਉ।

੩. ਹੇ ਭੋਲਿਆ! ਤੂੰ ਦੱਸ ਕਿ ਮੁਕਤੀ ਪਾਉਣ ਦਾ ਰਸਤਾ ਤੂੰ (ਅਜੇ ਤੱਕ) ਨਹੀਂ ਸਮਝਿਆ ਅਤੇ ਧਨ ਇਕੱਠਾ ਕਰਨ ਲਈ ਤੂੰ ਸਦਾ ਹੀ ਭੱਜ ਦੌੜ ਕਰ ਰਿਹਾ ਹੈਂ।

੪. ਪਰ ਐ ਭੋਲਿਆ! ਇਹ ਗੱਲ ਤੂੰ ਸਦਾ ਯਾਦ ਰੱਖ ਕਿ ਇਨ੍ਹਾਂ ਦੁਨੀਆ ਦੇ ਪਦਾਰਥਾਂ ਵਿਚੋਂ ਕਿਸੇ ਦਾ ਭੀ ਆਖ਼ਰ ਕਿਸੇ ਨੇ ਸਾਥ ਨਹੀਂ ਦਿੱਤਾ, ਪਰ ਤੂੰ ਵਿਅਰਥ ਹੀ ਆਪਣੇ ਆਪ ਨੂੰ (ਮਾਇਆ ਦੇ ਮੋਹ ਵਿਚ) ਜਕੜ ਰਖਿਆ ਹੈ।੧।

ਪ੍ਰ: ਹੇ ਗੁਰੋ! ਮਾਇਆ ਦੇ ਮੋਹ ਵਿਚ ਜਕੜੇ ਹੋਏ ਮੈਨੂੰ ਤਾਂ ਇਹ ਭੀ ਸੋਝੀ ਨਹੀਂ ਕਿ ਮੈਨੂੰ ਕਰਨਾ ਕੀ ਚਾਹੀਦਾ ਸੀ, ਕਿਰਪਾ ਕਰ ਕੇ ਸਮਝਾ ਦਿਓ।

ਉ: ੫. ਹੇ ਭੋਲਿਆ! ਵੇਖ, ਕਿਤਨਾ ਸਮਾਂ ਗੁਜ਼ਰ ਗਿਆ ਹੈ ਤੂੰ ਅਜੇ ਤਕ ਨਾ ਪਰਮੇਸ਼ਰ ਦੀ ਭਗਤੀ ਕੀਤੀ ਹੈ, ਨਾ ਹੀ ਗੁਰੂ ਜਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ ਅਤੇ ਨਾ ਹੀ ਤੈਨੂੰ ਆਤਮਕ ਜੀਵਨ ਪ੍ਰਾਪਤ ਕਰਨ ਦੀ ਸੋਝੀ ਹੀ ਪਈ ਹੈ।

ਪ੍ਰ: ਹਜ਼ੂਰ ਜੀਉ! ਆਪ ਜੀ ਜਿਸ ਪਰਮੇਸ਼ਰ ਦੀ ਭਗਤੀ ਕਰਨ ਲਈ ਕਹਿੰਦੇ ਹੋ, ਮੈਂ ਤਾਂ ਉਸ ਨੂੰ ਦੇਰ ਕਾਲ ਤੋਂ ਜੰਗਲਾਂ ਵਿਚ ਖੋਜ ਰਿਹਾ ਹਾਂ, ਪਰ ਮੈਨੂੰ ਹੁਣ ਤਕ ਉਸ ਦੀ ਪ੍ਰਾਪਤੀ ਨਹੀਂ ਹੋਈ, ਇਸ ਦਾ ਕੀ ਕਾਰਨ ਹੈ?

ਉ: ੬. ਹੇ ਭੋਲਿਆ! ਤੂੰ ਜਿਸ ਮਾਇਆ ਦੇ ਮੋਹ ਤੋਂ ਨਿਰਲੇਪ ਵਾਹਿਗੁਰੂ ਜੀ ਨੂੰ ਜੰਗਲਾਂ ਵਿਚ ਲੱਭਦਾ ਫਿਰਦਾ ਹੈਂ, ਉਹ ਤਾਂ ਤੇਰੇ ਹਿਰਦੇ ਅੰਦਰ ਹੀ ਵਸ ਰਿਹਾ ਹੈ।੨।

੭. ਹੇ ਭਾਈ! ਅਨੇਕਾਂ ਜਨਮਾਂ ਵਿਚ ਭਟਕ-ਭਟਕ ਕੇ ਤੂੰ ਮਨੁੱਖਾ ਜਨਮ ਦੀ ਬਾਜ਼ੀ ਹਾਰ ਬੈਠਾ ਹੈਂ, (ਤੂੰ ਅਜੇ ਤੱਕ) ਅਜਿਹੀ ਅਕਲ ਨਹੀਂ ਸਿਖੀ, ਜਿਸ ਦੀ ਬਰਕਤ ਨਾਲ ਤੈਨੂੰ ਜਨਮਾਂ ਦੇ ਗੇੜਿਆਂ ਵਿਚੋਂ ਅਡੋਲਤਾ ਪ੍ਰਾਪਤ ਹੋ ਸਕਣੀ ਸੀ।

ਪ੍ਰ: ਹਜ਼ੂਰ ਜੀ! ਦੱਸੋ ਹੁਣ ਆਖ਼ਰ ਮੈਂ ਕਰਾਂ ਕੀ?

ਉ: ੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਗੁਰੂ ਨੇ ਤਾਂ ਆਖ਼ਰ ਇਹੋ ਹੀ ਗੱਲ ਸਮਝਾਈ ਹੈ ਕਿ ਹੇ ਭਾਈ! ਇਹ ਮਨੁੱਖਾ ਜਨਮ ਦੀ ਉੱਚੀ ਪਦਵੀ ਪ੍ਰਾਪਤ ਕਰਕੇ ਕੇਵਲ ਪਰਮੇਸ਼ਰ ਦੀ ਬੰਦਗੀ ਕੀਤਾ ਕਰੋ।੩।੩।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਸ ਕੁਮੱਤੀ ਦੇ ਅਧੀਨ ਹੋਇਆ ਜੋ ਮਨ ਵਿਸ਼ਿਆਂ ਵਿਕਾਰਾਂ ਦੇ ਰਸਾਂ ਵਿਚ ਤਦਾਕਾਰ ਹੋ ਪ੍ਰਭੂ ਦੀ ਭਗਤੀ ਤੋਂ ਸੱਖਣਾ ਹੈ, ਇਸ ਨੂੰ ਸਾਈਂ ਜੀ ਦੀ ਭਗਤੀ ਕਰਨ ਵੱਲ ਪ੍ਰੇਰਦੇ ਹਨ, ਜਿਸ ਦੀ ਬਰਕਤ ਨਾਲ ਇਸ ਨੂੰ ਮੁਕਤੀ ਮਾਰਗ ਪ੍ਰਾਪਤ ਹੋ ਜਾਣ ਦੀ ਸੋਝੀ ਹੋ ਸਕੇ। ਆਖ਼ਰ ਸਿਧਾਂਤਕ ਗੱਲ ਦੱਸਦੇ ਹਨ ਕਿ ਹੇ ਭਾਈ! ਉਹ ਵਾਹਿਗੁਰੂ ਜੀ ਤੇਰੇ ਅੰਦਰ ਹੀ ਹੈ, ਉਸ ਨੂੰ ਜੰਗਲਾਂ ਵਿਚ ਲੱਭਣ ਦੀ ਲੋੜ ਨਹੀਂ। ਇਸ ਮਨੁੱਖਾ ਸਰੀਰ ਵਿਚ ਆਉਣ ਦਾ ਇਹੋ ਹੀ ਪ੍ਰਯੋਜਨ ਹੈ ਕਿ ਪ੍ਰਭੂ ਦੀ ਬੰਦਗੀ ਕਰੋ।

ਸੋਰਠਿ ਮਹਲਾ ੯ ॥

੧. ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
੨. ਜਿਹ ਸਿਮਰਤ ਗਨਕਾ ਸੀ ਉਧਰੀ
ਤਾ ਕੋ ਜਸੁ ਉਰ ਧਾਰੋ ॥੧॥ ਰਹਾਉ ॥
੩. ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ ॥
੪. ਦੁਖ ਹਰਤਾ ਇਹ ਬਿਧਿ ਕੋ ਸੁਆਮੀ
ਤੈ ਕਾਹੇ ਬਿਸਰਾਇਆ ॥੧॥
੫. ਜਬ ਹੀ ਸਰਨਿ ਗਹੀ ਕਿਰਪਾ ਨਿਧਿ
ਗਜ ਗਰਾਹ ਤੇ ਛੂਟਾ ॥

੬. ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ ॥੨॥
੭. ਅਜਾਮਲੁ ਪਾਪੀ ਜਗੁ ਜਾਨੇ
ਨਿਮਖ ਮਾਹਿ ਨਿਸਤਾਰਾ ॥
੮. ਨਾਨਕ ਕਹਤ ਚੇਤ ਚਿੰਤਾਮਨਿ
ਤੈ ਭੀ ਉਤਰਹਿ ਪਾਰਾ ॥੩॥੪॥

ਪਦ ਅਰਥ : ਬਿਚਾਰੋ—ਵੀਚਾਰ ਕਰੋ, ਨਾਮ ਸਿਮਰਨ ਦੀ ਵੀਚਾਰ ਕਰੋ। ਜਿਹ ਸਿਮਰਤ—ਜਿਸ ਨੂੰ ਸਿਮਰਦਿਆਂ। ਗਨਕਾ—ਵੇਸਵਾ (ਵੇਖੋ ਭਾਈ ਗੁਰਦਾਸ ਜੀ ਦੀ ਵਾਰ ੧੦) ਕਿਸੇ ਸੰਤ ਨੇ ਇਸ ਨੂੰ ਤੋਤਾ ਦਿੱਤਾ ਸੀ ਜੋ ਰਾਮ-ਰਾਮ ਉਚਾਰਦਾ ਸੀ। ਉਸ ਤੋਂ ਰਾਮ ਨਾਮ ਸਿਮਰਨ ਦੀ ਲਗਨ ਇਸ ਵੇਸਵਾ ਨੂੰ ਭੀ ਲੱਗ ਗਈ ਸੀ। ਉਰਿ—ਹਿਰਦੇ ਵਿਚ। ਧ੍ਰੂਅ—ਧ੍ਰੂ (ਵੇਖੋ ਭਾਈ ਗੁਰਦਾਸ ਜੀ ਦੀ ਵਾਰ ੧੦) ਰਾਜਾ ਉਤਾਨਪਾਦ ਦਾ ਪੁੱਤਰ, ਮਤਰੇਈ ਮਾਂ ਦੇ ਨਿਰਾਦਰ ਤੋਂ ਉਪਰਾਮ ਹੋ ਕੇ ਜੰਗਲ ਵਿਚ ਭਗਤੀ ਕਰਨ ਜਾ ਲੱਗਾ ਤੇ ਸਦਾ ਲਈ ਅਟੱਲ ਸੋਭਾ ਖੱਟ ਗਿਆ। ਸਿਮਰਨਿ—ਸਿਮਰਨ ਨਾਲ। ਨਿਰਭੈ ਪਦੁ—ਨਿਰਭੈਤਾ ਦਾ ਆਤਮਕ ਦਰਜਾ। ਇਹ ਬਿਧਿ ਕੋ—ਇਸ ਤਰ੍ਹਾਂ ਦਾ। ਹਰਤਾ—ਦੂਰ ਕਰਨ ਵਾਲਾ। ਕਾਹੇ—ਕਿਉਂ ?।੧।

ਗਹੀ—ਫੜੀ। ਗਜੁ—ਹਾਥੀ (ਵੇਖੋ ਭਾਈ ਗੁਰਦਾਸ ਜੀ ਦੀ ਵਾਰ ੧੦) ਇਕ ਗੰਧਰਬ ਸਰਾਪ ਦੇ ਕਾਰਨ ਹਾਥੀ ਦੀ ਜੂਨੇ ਜਾ ਪਿਆ ਸੀ। ਜਦੋਂ ਇਹ ਵਰੁਣ ਦੇ ਤਲਾਬ ਵਿਚ ਵੜਿਆ ਤਾਂ ਇਕ ਤੰਦੂਏ ਨੇ ਇਸ ਨੂੰ ਫੜ ਲਿਆ, ਰਾਮ ਨਾਮ ਦੀ ਬਰਕਤ ਨਾਲ ਇਹ ਤੰਦੂਏ ਦੇ ਪੰਜੇ ਤੋਂ ਬਚਿਆ।੨।

ਅਜਾਮਲ—ਕਲੌਜ ਦਾ ਇਕ ਵੇਸਵਾ ਗਾਮੀ ਬ੍ਰਾਹਮਣ। ਕਿਸੇ ਮਹਾਤਮਾ ਦੇ ਕਹਿਣ 'ਤੇ ਇਸ ਨੇ ਆਪਣੇ ਇਕ ਪੁੱਤਰ ਦਾ ਨਾਮ 'ਨਾਰਾਇਣ' ਰਖਿਆ, ਉਥੋਂ ਹੀ ਨਾਰਾਇਣ ਦਾ ਸਿਮਰਨ ਕਰਨ ਦੀ ਲਗਨ ਲੱਗ ਗਈ ਅਤੇ ਵਿਕਾਰਾਂ ਵਿਚੋਂ ਬਚ ਨਿਕਲਿਆ। ਚੇਤ—ਸਿਮਰ। ਚਿੰਤਾਮਨਿ—ਪਰਮਾਤਮਾ, ਉਹ ਮਣੀ ਜੋ ਹਰੇਕ ਚਿਤਵਨੀ ਪੂਰੀ ਕਰਦੀ ਹੈ।੩।

ਅਰਥ :

ਪ੍ਰ: ਹਜ਼ੂਰ ! ਸਾਡਾ ਕਲਜੁਗੀ ਜੀਵਾਂ ਦਾ ਪ੍ਰਮਾਦੀ ਮਨ ਦਿਨੇ-ਰਾਤ ਸੰਸਾਰਕ ਵਿਵਹਾਰਾਂ ਦੀਆਂ ਵੀਚਾਰਾਂ ਵਿਚ ਹੀ ਸਦਾ ਉਲਝਿਆ ਰਹਿੰਦਾ ਹੈ, ਇਸ ਨੂੰ ਸਾਈਂ ਜੀ ਦੇ ਸਿਮਰਨ ਦੀ ਪ੍ਰੇਰਣਾ ਕਰਨ ਲਈ ਕੋਈ ਸਾਧਨ ਦੱਸੋ।

ਉ: ੧. ਹੇ ਭਾਈਓ ! ਇਸ ਭੋਲੇ ਮਨ ਨੂੰ ਇਸ ਤਰ੍ਹਾਂ ਡਾਂਟ ਕੇ ਤਾੜਨਾ ਕਰਿਆ ਕਰੋ ਕਿ ਹੇ ਮਨਾ ! (ਤੂੰ ਸੰਸਾਰਕ ਮਾਇਕੀ ਵਿਚਾਰਾਂ ਨੂੰ ਛੱਡ ਕੇ) ਪਰਮੇਸ਼ਰ ਜੀ ਦੇ ਨਾਮ ਸਿਮਰਨ ਦਾ ਹੀ ਵੀਚਾਰ ਕਰਿਆ ਕਰ, ਭਾਵ ਨਾਮ ਦਾ ਹੀ ਧਿਆਨ ਕੀਤਾ ਕਰ।

ਪ੍ਰ: ਹਜ਼ੂਰ ! ਇਹ ਮਨ ਪ੍ਰੇਮ ਤੇ ਸ਼ਰਧਾ ਤੋਂ ਸੱਖਣਾ ਹੈ। ਇਹ ਕੇਵਲ ਇਤਨੀ ਗੱਲ ਕਹਿਣ ਨਾਲ ਹੀ ਨਹੀਂ ਪ੍ਰੇਰਤ ਹੁੰਦਾ, ਜਿਤਨਾ ਚਿਰ ਇਸ ਨੂੰ ਕੋਈ ਹੋ ਗੁਜ਼ਰੀ ਸਹੀ ਵਾਰਤਾ ਨਾ ਦੱਸੀ ਜਾਏ ?

ਉ: ੨. ਹੇ ਪਿਆਰੇ ! ਅਜਿਹੀਆਂ ਤਾਂ ਹੋ ਗੁਜ਼ਰੀਆਂ ਪੁਰਾਤਨ ਅਨੇਕਾਂ ਹੀ ਮਿਸਾਲਾਂ ਹਨ, ਜਿਸ ਦੁਆਰਾ ਇਸ ਮਨ ਨੂੰ ਸਮਝਾਇਆ ਜਾ ਸਕਦਾ ਹੈ। ਇਸ ਨੂੰ ਇਉਂ ਕਿਹਾ ਕਰੋ ਕਿ ਐ ਮੇਰੇ ਮਨਾ ! ਵੇਖ, ਜਿਸ ਪਰਮੇਸ਼ਰ ਦਾ ਨਾਮ ਸਿਮਰਦਿਆਂ ਗਨਕਾ ਵਿਕਾਰਾਂ ਵਿਚ (ਡੁਬਣੋਂ) ਬਚ ਗਈ ਸੀ, ਤੂੰ ਭੀ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਆਪਣੇ ਹਿਰਦੇ ਅੰਦਰ ਵਸਾਈ ਰੱਖ।੧।ਰਹਾਉ।

ਪ੍ਰ: ਹਜ਼ੂਰ ! ਕੋਈ ਹੋਰ ਉਦਾਹਰਣ ਦਿਓ। (ਹੋਰ ਇਉਂ ਭੀ ਇਸ ਮਨ ਨੂੰ ਕਿਹਾ ਕਰੋ) ਕਿ,

ਉ: ੩. ਹੇ ਮੇਰੇ ਮਨਾ ! ਵੇਖ, ਜਿਸ ਹਰੀ ਨਾਮ ਸਿਮਰਨ ਦੀ ਬਰਕਤ ਨਾਲ ਧ੍ਰੂ ਸਦਾ ਲਈ ਅਟੱਲ ਹੋ ਗਿਆ ਹੈ ਅਤੇ ਉਸ ਨੇ ਨਿਰਭੈਤਾ ਦਾ ਉੱਚਾ ਆਤਮਕ ਦਰਜਾ ਹਾਸਲ ਕਰ ਲਿਆ ਸੀ।

੪. (ਹੇ ਭੋਲੇ ਮਨਾ ਦੱਸ) ਤੂੰ ਉਸ ਪਰਮੇਸ਼ਰ ਨੂੰ ਕਿਉਂ ਭੁਲਾਇਆ ਹੈ, (ਉਹ ਤਾਂ ਸੁਆਮੀ) ਇਸ ਤਰ੍ਹਾਂ ਦੇ ਦੁੱਖਾਂ ਨੂੰ (ਸਦਾ ਹੀ) ਨਾਸ ਕਰਨ ਵਾਲਾ ਹੈ।੧।

ਪ੍ਰ: ਹਜ਼ੂਰ ! ਮੇਰੇ ਭਾਵਨਾ ਤੋਂ ਸੱਖਣੇ ਮਨ ਦੀ ਪ੍ਰਪੱਕਤਾ ਲਈ ਕੋਈ ਹੋਰ ਮਿਸਾਲ ਦਿਓ।

ਉ: ੫. ਹੇ ਭਾਈ ! ਇਸ ਮਨ ਨੂੰ ਫਿਰ ਇਉਂ ਕਿਹਾ ਕਰ ਕਿ ਐ ਮਨਾ ! ਸੁਣ, ਜਿਸ ਵੇਲੇ (ਗਜ) ਹਾਥੀ ਨੇ (ਉਸ) ਕਿਰਪਾ ਦੇ ਸਮੁੰਦਰ ਪ੍ਰਭੂ ਦਾ ਆਸਰਾ ਲਿਆ, ਉਹ (ਹਾਥੀ) ਤੰਦੂਏ ਦੀ ਫਾਹੀ ਤੋਂ (ਝੱਟ ਹੀ) ਨਿਕਲ ਗਿਆ ਸੀ।

੬. ਹੇ ਪਿਆਰੇ ! ਮੈਂ ਕਿੱਥੋਂ ਤਕ ਪਰਮੇਸ਼ਰ ਦੇ ਨਾਮ ਦੀ ਮਹਿਮਾ ਦੱਸਾਂ ? ਉਸ ਸਾਈਂ ਜੀ ਦਾ ਨਾਮ ਉਚਾਰ ਕੇ ਉਸ (ਹਾਥੀ) ਦੇ ਬੰਧਨ ਟੁੱਟ ਗਏ ਸਨ।੨।

ਪ੍ਰ: ਕਿਉਂ ਜੀ ! ਕੋਈ ਹੋਰ ਭੀ ਮਿਸਾਲ ਹੈ ?

ਉ: ੭. ਹੇ ਪਿਆਰਿਆ ! (ਕੀ ਤੂੰ ਨਹੀਂ ਜਾਣਦਾ, ਇਸ ਗੱਲ ਨੂੰ ਤਾਂ ਸਾਰਾ) ਜਗਤ ਹੀ ਜਾਣਦਾ ਹੈ ਕਿ ਅਜਾਮਲ ਵਿਕਾਰੀ ਸੀ, (ਪਰਮੇਸ਼ਰ ਦੇ ਨਾਮ ਦਾ ਸਿਮਰਨ ਕਰ ਕੇ) ਅੱਖ ਦੇ ਝਮਕਣ ਜਿਤਨੇ ਸਮੇਂ ਵਿਚ ਹੀ ਉਸ ਦਾ ਪਾਰ ਉਤਾਰਾ ਹੋ ਗਿਆ ਸੀ।

ਪ੍ਰ: ਸ੍ਰੀ ਜੀਉ ! ਦੱਸੋ, ਹੁਣ ਮੇਰੇ ਕਰਨ ਯੋਗ ਕਿਹੜਾ ਕਰਤੱਬ ਹੈ, ਜਿਸ ਨੂੰ ਕਿ ਮੈਂ ਸਦਾ ਹੀ ਕਰਦਾ ਰਵਾਂ ?

ਉ: ੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਤੂੰ ਸਾਰੀਆਂ ਹੀ ਹੋਰ ਚਿਤਵਨੀਆਂ ਨੂੰ ਛੱਡ ਦੇ, (ਉਹ ਸਾਈਂ ਜੀ) ਜੋ ਕਿ ਮਨ ਦੀਆਂ ਸਾਰੀਆਂ ਹੀ ਚਿਤਵਨੀਆਂ ਪੂਰੀਆਂ ਕਰਨ ਵਾਲਾ ਹੈ, ਉਸੇ ਦੇ ਨਾਮ ਦਾ ਹੀ ਚਿੰਤਨ ਕਰਦਾ ਰਹੁ। ਇਸੇ ਸਿਮਰਨ ਦੀ ਬਰਕਤ ਨਾਲ ਤੂੰ ਭੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਵੇਂਗਾ।੩।੪।

ਭਾਵਾਰਥ : ਹਜ਼ੂਰ ਇਸ ਸ਼ਬਦ ਵਿਚ ਮਨੁੱਖ ਨੂੰ ਕਈ ਹੋ ਗੁਜ਼ਰੀਆਂ ਮਿਸਾਲਾਂ ਦੇ ਕੇ ਨਾਮ ਸਿਮਰਨ ਕਰਨ ਦੀ ਪ੍ਰੇਰਣਾ ਕਰਦੇ ਹਨ ਅਤੇ ਇਹੋ ਹੀ ਇਕ ਸਾਧਨ ਹੈ ਜੋ ਕਿ ਸੰਸਾਰ-ਸਾਗਰ ਤੋਂ ਪਾਰ ਕਰਨ ਵਾਲਾ ਹੈ।

ਸੋਰਠਿ ਮਹਲਾ ੯ ॥

੧. ਪ੍ਰਾਨੀ ਕਉਨੁ ਉਪਾਉ ਕਰੈ ॥
੨. ਜਾ ਤੇ ਭਗਤਿ ਰਾਮ ਕੀ ਪਾਵੈ
ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥
੩. ਕਉਨੁ ਕਰਮ ਬਿਦਿਆ ਕਹੁ ਕੈਸੀ
ਧਰਮੁ ਕਉਨੁ ਫੁਨਿ ਕਰਈ ॥
੪. ਕਉਨੁ ਨਾਮੁ ਗੁਰ ਜਾ ਕੈ ਸਿਮਰੈ
ਭਵ ਸਾਗਰ ਕਉ ਤਰਈ ॥੧॥
੫. ਕਲ ਮੈ ਏਕੁ ਨਾਮੁ ਕਿਰਪਾ ਨਿਧਿ
ਜਾਹਿ ਜਪੈ ਗਤਿ ਪਾਵੈ ॥
੬. ਅਉਰ ਧਰਮ ਤਾ ਕੈ ਸਮ ਨਾਹਨਿ
ਇਹ ਬਿਧਿ ਬੇਦੁ ਬਤਾਵੈ ॥੨॥
੭. ਸੁਖੁ ਦੁਖੁ ਰਹਤ ਸਦਾ ਨਿਰਲੇਪੀ
ਜਾ ਕਉ ਕਹਤ ਗੁਸਾਈ ॥
੮. ਸੋ ਤੁਮ ਹੀ ਮਹਿ ਬਸੈ ਨਿਰੰਤਰਿ
ਨਾਨਕ ਦਰਪਨਿ ਨਿਆਈ ॥੩॥੫॥

ਪਦ ਅਰਥ : ਕਉਨ ਉਪਾਉ—ਕਿਹੜਾ ਹੀਲਾ ? ਜਾ ਤੇ—ਜਿਸ ਨਾਲ, ਜਿਸ ਦੇ ਰਾਹੀਂ। ਕੋ—ਦਾ। ਤ੍ਰਾਸ—ਡਰ। ਹਰੈ—ਦੂਰ ਕਰ ਲਏ।੧।

ਕਉਨੁ ਕਰਮ—ਕਿਹੜਾ ਕਰਮ। ਕਹੁ—ਦੱਸੋ। ਕਰਈ—ਕਰੇ। ਕਉਨੁ ਨਾਮ ਗੁਰ—ਗੁਰੂ ਦਾ ਕਿਹੜਾ ਨਾਮ। ਜਾ ਕੈ ਸਿਮਰੈ—ਜਿਸ ਦੇ ਸਿਮਰਨ ਨਾਲ। ਕਉ—ਨੂੰ। ਤਰਈ—ਪਾਰ ਲੰਘ ਜਾਏ।੧।

ਕਲਿ ਮਹਿ—ਕਲਜੁਗ ਵਿਚ, ਜਗਤ ਵਿਚ। ਕਿਰਪਾ ਨਿਧਿ ਨਾਮੁ—ਕਿਰਪਾ ਦੇ ਖ਼ਜ਼ਾਨੇ ਪ੍ਰਭੂ ਦਾ ਨਾਮ। ਜਾਹਿ—ਜਿਸਨੂੰ। ਸਮ—ਬਰਾਬਰ। ਨਾਹਿਨ—ਨਹੀਂ। ਬਿਧਿ—ਜੁਗਤਿ।੨।

ਸੁਖ ਦੁਖ ਰਹਤ—ਸੁੱਖਾਂ ਦੁੱਖਾਂ ਤੋਂ ਵੱਖਰਾ। ਜਾ ਕਉ—ਜਿਸ ਨੂੰ। ਗੁਸਾਈ—ਧਰਤੀ ਦਾ ਮਾਲਕ। ਨਿਰੰਤਰਿ—ਇਕ ਰਸ, ਬਿਨਾ ਵਿੱਥ ਦੇ। ਦਰਪਨਿ ਨਿਆਈ—ਸ਼ੀਸ਼ੇ ਵਾਂਗ।੩।

ਅਰਥ :

ਪ੍ਰ: ਅਰੰਭ ਵਿਚ ਸਤਿਗੁਰੂ ਜੀ ਜਗਿਆਸੂ ਵੱਲੋਂ ਆਪ ਹੀ ਪ੍ਰਸ਼ਨ ਕਰਦੇ ਹਨ ਅਤੇ ਅੰਤ ਵਿਚ ਪ੍ਰਸ਼ਨਾਂ ਦੇ ਉੱਤਰ ਭੀ ਆਪ ਹੀ ਬਖ਼ਸ਼ਸ਼ ਕਰਨਗੇ ? ਪ੍ਰਸ਼ਨ ਹੈ ?

੧. ਹੇ ਗੁਰੋ ! ਦੱਸੋ, ਉਹ ਕਿਹੜਾ ਹੀਲਾ, ਜਤਨ ਹੈ, ਜਿਸ ਨੂੰ ਇਹ ਮਨੁੱਖ ਕਰੇ ?

੨. ਜਿਸ ਜਤਨ ਕਰਨ ਨਾਲ ਕਿ ਇਹ ਮਨੁੱਖ ਪਰਮੇਸ਼ਰ ਦੀ ਭਗਤੀ ਪ੍ਰਾਪਤ ਕਰ ਸਕੇ ਅਤੇ ਜਮਾਂ ਦਾ ਡਰ ਭੀ ਦੂਰ ਹੋ ਜਾਏ ?।੧।ਰਹਾਉ।

੩. ਹੇ ਗੁਰੋ ! ਇਹ ਭੀ ਦੱਸੋ ਕਿ ਉਹ ਕਿਹੜੇ (ਧਾਰਮਿਕ) ਕਰਮ ਹਨ, ਉਹ ਕਿਸ ਤਰ੍ਹਾਂ ਦੀ ਵਿੱਦਿਆ ਹੈ, ਉਹ ਕਿਹੜਾ ਧਰਮ ਹੈ, ਜਿਸ ਨੂੰ ਮਨੁੱਖ ਕਰੇ ?

੪. ਅਤੇ ਉਹ ਕਿਹੜਾ ਗੁਰੂ ਦਾ (ਦੱਸਿਆ) ਨਾਮ ਹੈ, ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕਦਾ ਹੈ।੧।

ਉ: ੫. ਇਨ੍ਹਾਂ ਸਭਨਾਂ ਪ੍ਰਸ਼ਨਾਂ ਦਾ ਹਜ਼ੂਰ ਇਕੋ ਉੱਤਰ ਬਖ਼ਸ਼ਦੇ ਹਨ ਕਿ ਹੇ ਭਾਈ ! ਉਸ ਕਿਰਪਾ ਦੇ ਖ਼ਜ਼ਾਨੇ ਪਰਮੇਸ਼ਰ ਦਾ ਹੀ ਇਕੋ ਨਾਮ ਜਗਤ ਵਿਚ ਹੈ, ਜਿਸ ਨੂੰ (ਜਿਹੜਾ ਮਨੁੱਖ) ਜਪਦਾ ਹੈ, (ਉਹ) ਇਸ ਸੰਸਾਰ ਵੱਲੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

੬. ਹੇ ਪਿਆਰੇ ! ਹੋਰ ਕਿਸੇ ਭੀ ਤਰ੍ਹਾਂ ਦੇ ਧਰਮ ਕਰਮ ਇਸ (ਨਾਮ) ਦੇ ਬਰਾਬਰ ਨਹੀਂ ਹਨ, (ਹੇ ਪਿਆਰੇ) ਵੇਦ ਭੀ ਇਹੋ ਹੀ ਜੁਗਤੀ ਦੱਸਦਾ ਹੈ।੨।

ਪ੍ਰ: ਹਜ਼ੂਰ ਜੀਉ ! ਆਪ ਜਿਸ ਪਰਮੇਸ਼ਰ ਦੇ ਨਾਮ ਦੀ ਇਤਨੀ ਮਹਿਮਾ ਵਰਣਨ ਕਰਦੇ ਹੋ, ਉਸ ਵਾਹਿਗੁਰੂ ਜੀ ਦਾ ਰੂਪ ਕੀ ਹੈ ?

ਉ: ੭. ਹੇ ਭਾਈ ! ਜਿਸ ਨੂੰ ਜਗਤ ਦਾ ਮਾਲਕ ਕਹੀਦਾ ਹੈ, ਉਹ (ਜਗਤ ਦੇ) ਸੁੱਖਾਂ-ਦੁੱਖਾਂ ਤੋਂ ਵੱਖਰਾ ਰਹਿੰਦਾ ਹੈ। ਉਹ ਸਦਾ ਮਾਇਆ ਤੋਂ ਨਿਰਲੇਪ ਰਹਿੰਦਾ ਹੈ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਐ ਪਿਆਰੇ) ! ਉਹ ਤਾਂ ਤੇਰੇ ਅੰਦਰ ਹੀ ਇਕ ਰਸ ਵਸ ਰਿਹਾ ਹੈ। ਉਹ ਵਸਦਾ ਭੀ ਇਸੇ ਤਰ੍ਹਾਂ ਹੈ, ਜਿਵੇਂ ਕਿ ਸ਼ੀਸ਼ੇ ਵਿਚ ਅਕਸ ਵੱਸਦਾ ਹੈ। (ਸੋ ਭਾਈ ਉਸੇ ਦਾ ਸਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ)।੩।੫।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਸਾਰੇ ਹੀ ਕਰਮਾਂ ਧਰਮਾਂ ਦਾ ਸ਼ਿਰੋਮਣੀ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਉਚਾਰਨ ਕਰਦੇ ਹਨ। ਇਸੇ ਨਾਮ ਦੇ ਸਿਮਰਨ ਦੀ ਹਰ ਪ੍ਰਾਣੀ ਮਾਤ੍ਰ ਨੂੰ ਪ੍ਰੇਰਣਾ ਕਰਦੇ ਹਨ, ਜੋ ਸਾਈਂ ਜੀ ਸਾਰਿਆਂ ਵਿਚ ਇਕ ਰਸ ਨਿਵਾਸ ਕਰਦਾ ਹੈ।

ਸੋਰਠਿ ਮਹਲਾ ੯ ॥

੧. ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥
੨. ਮਹਾ ਮੋਹ ਅਗਿਆਨਿ ਤਿਮਰਿ
ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥
੩. ਸਗਲ ਜਨਮ ਭਰਮ ਹੀ ਭਰਮ ਖੋਇਓ
ਨਹ ਅਸਥਿਰੁ ਮਤਿ ਪਾਈ ॥
੪. ਬਿਖਿਆਸਕਤ ਰਹਿਓ ਨਿਸ ਬਾਸੁਰ
ਨਹ ਛੂਟੀ ਅਧਮਾਈ ॥੧॥
੫. ਸਾਧਸੰਗੁ ਕਬਹੂ ਨਹੀ ਕੀਨਾ
ਨਹ ਕੀਰਤਿ ਪ੍ਰਭ ਗਾਈ ॥
੬. ਜਨ ਨਾਨਕ ਮੈ ਨਾਹਿ ਕੋਊ ਗੁਨੁ
ਰਾਖਿ ਲੇਹੁ ਸਰਨਾਈ ॥੨॥੬॥

ਪਦ ਅਰਥ : ਮਾਈ—ਹੇ ਮਾਂ ! ਕਿਹ ਬਿਧਿ—ਕਿਸ ਤਰ੍ਹਾਂ। ਲਖਉ—ਲਖਉਂ, ਮੈਂ ਪਛਾਣਾਂ। ਅਗਿਆਨੀ—ਅਗਿਆਨ ਵਿਚ। ਤਿਮਰਿ—ਹਨੇਰੇ ਵਿਚ। ਮੋ ਮਨੁ—ਮੇਰਾ ਮਨ।੧।

ਭ੍ਰਮ ਹੀ—ਭਟਕਣਾ ਵਿਚ ਹੀ। ਖੋਇਓ—ਗਵਾ ਲਿਆ ਹੈ। ਅਸਥਿਰ—ਅਡੋਲ ਰਹਿਣ ਵਾਲੀ। ਬਿਖਿਆ ਸਕਤ—(ਬਿਖਿਆ—ਅਗਨਤ) ਮਾਇਆ ਵਿਚ ਲੰਪਟ। ਨਿਸਿ—ਰਾਤ। ਬਾਸੁਰ—ਦਿਨ। ਅਧਮਾਈ—ਨੀਚਤਾ।੧।

ਸੰਗੁ—ਸਾਥ, ਮੇਲ ਮਿਲਾਪ, ਸੰਗਤ। ਕੀਰਤਿ—ਸਿਫ਼ਤਿ-ਸਾਲਾਹ। ਪ੍ਰਭ—ਪ੍ਰਭੂ ਦੀ।੨।

ਅਰਥ :

ਪ੍ਰ: ਹੇ ਗੁਰੋ! ਮੈਂ ਬਹੁਤ ਜਤਨ ਕਰਦਾ ਹਾਂ ਕਿ ਉਸ ਸਾਈਂ ਜੀ ਦੀ ਪਛਾਣ ਕਰ ਸਕਾਂ, ਪਰ ਮੇਰਾ ਕੋਈ ਭੀ ਸਾਧਨ ਸਫਲ ਨਹੀਂ ਹੁੰਦਾ, ਕੋਈ ਆਪ ਹੀ ਤਰੀਕਾ ਦੱਸ ਦਿਓ।

ੳ: ੧. ਹੇ ਪਿਆਰਿਓ! (ਤੂੰ ਸਾਈਂ ਜੀ ਦੇ ਪਿਆਰੇ ਸੰਤ ਜਨਾਂ ਪਾਸ ਜਾ ਕੇ ਇਉਂ ਬੇਨਤੀ ਕਰਿਆ ਕਰ ਕਿ) ਹੇ ਮੇਰੀ ਮਾਂ, (ਭਾਵ ਹੇ ਮੇਰੇ ਮਾਤਾ ਪਿਤਾ ਰੂਪ ਸੰਤ ਜਨੋ!) ਤੁਸੀਂ ਹੀ ਦੱਸੋ ਕਿ ਮੈਂ ਉਸ ਧਰਤੀ ਦੇ ਮਾਲਕ ਪ੍ਰਭੂ ਨੂੰ ਕਿਸ ਤਰ੍ਹਾਂ ਪਛਾਣਾਂ।

੨. ਕਿਉਂਕਿ, ਮੇਰਾ ਮਨ (ਤਾਂ) ਵੱਡੇ ਮੋਹ ਦੀ ਅਗਿਆਨਤਾ ਵਿਚ, ਮੋਹ ਦੇ ਅੰਧੇਰੇ ਵਿਚ ਸਦਾ ਹੀ ਫਸਿਆ ਰਹਿੰਦਾ ਹੈ।੧।ਰਹਾਉ।

੩. ਸਾਰਾ ਜਨਮ ਮੈਂ ਭਰਮ ਦੀ ਭਟਕਣਾ ਵਿਚ ਹੀ ਗਵਾ ਲਿਆ ਹੈ। ਮੈਂ ਅਜੇ ਤਕ ਅਜਿਹੀ ਮਤਿ ਹਾਸਲ ਨਹੀਂ ਕੀਤੀ ਜੋ ਕਿ ਮੈਨੂੰ ਅਡੋਲ ਰੱਖ ਸਕੇ।

੪. ਦਿਨ ਰਾਤ ਮਾਇਆ ਵਿਚ ਹੀ ਖੱਚਤ ਰਿਹਾ, ਇਹ ਨੀਚਤਾ ਵਾਲੀ ਆਦਤ ਨਾ ਛੁੱਟੀ।

੫. ਹੇ ਮਾਂ! ਮੈਂ ਨਾ ਹੀ ਕਦੀ ਗੁਰਮੁਖ ਸੰਤਾਂ ਦੀ ਸੰਗਤ ਕੀਤੀ ਹੈ ਅਤੇ ਨਾ ਹੀ ਕਦੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਹੀ ਗਾਏ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਤੂੰ ਇਉਂ ਅਰਦਾਸ ਕਰਦਾ ਰਹੁ ਕਿ ਹੇ ਪ੍ਰਭੂ ਜੀ! ਮੇਰੇ ਵਿਚ ਕੋਈ ਭੀ ਗੁਣ ਨਹੀਂ, ਮੈਨੂੰ ਆਪਣੀ ਸ਼ਰਨ ਵਿਚ ਰੱਖ।੨।੬।

ਭਾਵਾਰਥ : ਇਸ ਸ਼ਬਦ ਅੰਦਰ ਆਪਣੇ ਸਾਈਂ ਜੀ ਨੂੰ ਨਾ ਪਛਾਣ ਸਕਣ ਦਾ ਕਾਰਨ ਇਕ ਅਗਿਆਨਤਾ ਦਾ ਅੰਧੇਰਾ ਦੱਸ ਰਹੇ ਹਨ। ਇਸੇ ਭਰਮ ਦੀ ਭਟਕਣਾ ਵਿਚ ਮਨੁੱਖ ਨੇ ਅਨੇਕਾਂ ਤਰ੍ਹਾਂ ਦੇ ਦੁੱਖ ਸਹਾਰੇ, ਕਿਉਂਕਿ ਦਿਨੇ ਰਾਤ ਵਿਸ਼ੇ-ਵਿਕਾਰਾਂ ਵਿਚ ਹੀ ਖੱਚਤ ਰਿਹਾ। ਇਹ ਵਿਕਾਰਾਂ ਵਿਚ ਖੱਚਤ ਹੋਣ ਦੀ ਨੀਚਤਾ ਇਸ ਤੋਂ ਕਦੀ ਛੁੱਟ ਹੀ ਨਹੀਂ ਸਕੀ, ਇਸੇ ਲਈ ਹਜ਼ੂਰ ਆਖ਼ਰ ਵਿਚ ਸਾਈਂ ਜੀ ਦੇ ਸਨਮੁਖ ਹੋ ਰੱਖਿਆ ਲਈ ਅਰਦਾਸ ਕਰਨ ਦੀ ਪ੍ਰੇਰਣਾ ਕਰਦੇ ਹਨ।

ਸੋਰਠਿ ਮਹਲਾ ੯ ॥

੧. ਮਾਈ ਮਨੁ ਮੇਰੋ ਬਸਿ ਨਾਹਿ ॥

੨. ਨਿਸ ਬਾਸੁਰ ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥

੩. ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ
ਨਿਮਖ ਨ ਹੀਏ ਬਸਾਵੈ ॥

੪. ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ ॥੧॥

੫. ਮਦਿ ਮਾਇਆ ਕੈ ਭਇਓ ਬਾਵਰੋ
ਸੂਝਤ ਨਹ ਕਛੁ ਗਿਆਨਾ ॥

੬. ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ ॥੨॥

੭. ਜਬ ਹੀ ਸਰਨਿ ਸਾਧ ਕੀ ਆਇਓ
ਦੁਰਮਤਿ ਸਗਲ ਬਿਨਾਸੀ ॥

੮. ਤਬ ਨਾਨਕ ਚੇਤਿਓ ਚਿੰਤਾਮਨਿ
ਕਾਟੀ ਜਮ ਕੀ ਫਾਸੀ ॥੩॥੭॥

ਪਦ ਅਰਥ : ਮਾਈ—ਹੇ ਮਾਂ। ਮੇਰੋ—ਮੇਰਾ। ਬਸਿ—ਵਸ ਵਿਚ। ਨਿਸਿ—ਰਾਤ। ਬਾਸੁਰ—ਦਿਨ। ਬਿਖਿਅਨ ਕਉ—ਵਿਸ਼ਿਆਂ ਦੀ ਖ਼ਾਤਰ, ਪਦਾਰਥਾਂ ਦੀ ਖ਼ਾਤਰ। ਧਾਵਤ—ਦੌੜਦਾ ਹੈ। ਕਿਹ ਬਿਧਿ—ਕਿਸੇ ਤਰੀਕੇ ਨਾਲ। ਰੋਕਉ—ਰੋਕਊਂ, ਮੈਂ ਰੋਕਾਂ। ਤਾਹਿ—ਉਸ ਨੂੰ।੧।ਰਹਾਉ।

ਕੇ—ਦਾ। ਮਤ—ਉਪਦੇਸ, ਖ਼ਿਆਲ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਹੀਏ—ਹਿਰਦੇ ਵਿਚ। ਦਾਰਾ—ਇਸਤਰੀ। ਸਿਉ—ਨਾਲ। ਸਿਰਾਵੈ—ਗੁਜ਼ਾਰਦਾ ਹੈ।੧।

ਮਦਿ—ਨਸ਼ੇ ਵਿਚ। ਬਾਵਰੋ—ਕਮਲਾ, ਝੱਲਾ। ਗਿਆਨਾ—ਆਤਮ ਗਿਆਨ ਦੀ ਸੋਝੀ। ਭੀਤਰਿ—ਵਿਚ। ਮਰਮੁ—ਭੇਦ। ਕੋ—ਦਾ।੨।

ਅਰਥ :

ਪ੍ਰ: ਹੇ ਗੁਰੋ! ਮੇਰਾ ਚੰਚਲ ਮਨ ਮੇਰੇ ਕਾਬੂ ਵਿਚ ਨਹੀਂ ਰਹਿੰਦਾ, ਕੋਈ ਯਤਨ ਦੱਸੋ।

ੳ: ੧. ਹੇ ਸੱਜਣਾ! ਤੂੰ ਸੰਤਾਂ ਦੀ ਸੰਗਤ ਵਿਚ ਜਾਹ ਤੇ ਉਨ੍ਹਾਂ ਅੱਗੇ ਇਉਂ ਅਰਦਾਸ ਕਰ ਕਿ ਹੇ ਮੇਰੇ ਮਾਤਾ ਪਿਤਾ ਰੂਪ ਸੰਤ ਜਨੋ! (ਇਹ ਮੇਰਾ ਚੰਚਲ) ਮਨ ਮੇਰੇ ਕਾਬੂ ਵਿਚ ਨਹੀਂ ਹੈ।

੨. (ਕਿਉਂਕਿ) ਮੈਂ ਤੱਕਦਾ ਹਾਂ ਕਿ ਇਹ ਮਨ ਦਿਨੇ-ਰਾਤ ਪਦਾਰਥਾਂ ਨੂੰ (ਪ੍ਰਾਪਤ ਕਰਨ ਲਈ) ਦੌੜਦਾ-ਫਿਰਦਾ ਹੈ, (ਕਿਰਪਾ ਕਰਕੇ ਦੱਸੋ ਮੈਂ ਇਸਨੂੰ ਇਸਦੀ ਇਸ ਭੈੜੀ ਆਦਤ ਵੱਲੋਂ) ਕਿਸ ਤਰੀਕੇ ਨਾਲ ਰੋਕਾਂ।੧।ਰਹਾਉ।

ਪ੍ਰ: ਹੇ ਪਿਆਰੇ! ਤੂੰ ਇਸ ਮਨ ਨੂੰ ਕੂੜੇ ਪਦਾਰਥਾਂ ਪਿੱਛੇ ਦੌੜਨੋਂ ਰੋਕਣ ਲਈ ਵੇਦਾਂ ਸ਼ਾਸਤਰਾਂ ਦਾ ਇਸ ਨੂੰ ਸ਼ੁਭ ਉਪਦੇਸ਼ ਸੁਣਾਇਆ ਕਰ?

ੳ: ੩. ਹੇ ਸੰਤ ਜਨੋ! (ਇਹ ਮੇਰਾ ਚੰਚਲ ਮਨ) ਵੇਦਾਂ, ਪੁਰਾਣਾਂ ਤੇ ਸਿੰਮ੍ਰਿਤੀਆਂ ਦੇ ਉਪਦੇਸ਼ ਨੂੰ ਸੁਣਦਾ ਤਾਂ ਹੈ, ਪਰ (ਉਸ ਸ਼ੁਭ ਉਪਦੇਸ਼ ਨੂੰ) ਸੁਣ ਕੇ ਇਕ ਰਤਾ ਭਰ ਸਮੇਂ ਲਈ (ਭੀ) ਆਪਣੇ ਹਿਰਦੇ ਅੰਦਰ ਨਹੀਂ ਧਾਰਨ ਕਰਦਾ।

ਪ੍ਰ: ਹੇ ਸੱਜਣਾ! ਇਹ ਦੱਸ, ਹੁਣ ਤੈਨੂੰ ਤੇਰਾ ਮਨ ਅੰਦਰੋਂ ਕੀ ਕੁਝ ਕਰਦਾ ਅਨੁਭਵ ਹੁੰਦਾ ਹੈ?

ੳ: ੪. ਹੇ ਸੰਤ ਜਨੋ! ਬਸ ਕਰਦਾ ਇਹੋ ਕੁਝ ਹੈ ਕਿ ਪਰਾਇਆ

ਧਨ, ਪਰਾਈ ਇਸਤਰੀ ਇਨ੍ਹਾਂ ਦੇ ਮੋਹ ਵਿਚ ਮਸਤ ਰਹਿੰਦਾ ਹੈ, ਸੋ (ਇਸੇ ਮਗਨਤਾ ਵਿਚ) ਆਪਣਾ ਅਮੋਲਕ ਜਨਮ ਬਿਰਥਾ ਗੁਜ਼ਾਰੀ ਜਾ ਰਿਹਾ ਹੈ।੧।

ਪ੍ਰ: ਹੇ ਭਾਈ! ਇਹ ਦੱਸ ਤੇਰੇ ਇਸ ਮਨ ਨੂੰ ਵੇਦਾਂ ਸ਼ਾਸਤਰਾਂ ਦਾ ਉਪਦੇਸ਼ ਸੁਣ ਕੇ ਗਿਆਨ ਕਿਉਂ ਨਹੀਂ ਉਪਜਦਾ?

ਉ: ੫. ਹੇ ਗੁਰੋ! ਉਹ ਇਸ ਲਈ ਕਿ ਇਹ ਮੇਰਾ ਮਨ ਮਾਇਆ ਦੇ ਨਸ਼ੇ ਵਿਚ ਝੱਲਾ ਤੇ ਪਾਗ਼ਲ ਹੋ ਰਿਹਾ ਹੈ, ਜਿਸ ਕਰਕੇ ਇਸ ਨੂੰ ਆਪਣੇ ਆਤਮਕ ਜੀਵਨ ਦਾ ਗਿਆਨ ਨਹੀਂ ਸੁੱਝਦਾ, ਭਾਵ ਗਿਆਨ-ਪ੍ਰਾਪਤੀ ਦੀ ਕੋਈ ਸੂਝ ਨਹੀਂ ਪੈਂਦੀ।

ਪ੍ਰ: ਕਿਉਂ ਜੀ! ਗਿਆਨ-ਪ੍ਰਾਪਤੀ ਤੋਂ ਆਪ ਜੀ ਦੀ ਕੀ ਮੁਰਾਦ ਹੈ?

ਉ: ੬. ਹੇ ਭਾਈ! ਗਿਆਨ-ਪ੍ਰਾਪਤੀ ਦੀ ਸੋਝੀ ਤੋਂ ਭਾਵ ਹੈ ਕਿ ਮਾਇਆ ਤੋਂ ਨਿਰਲੇਪ ਪ੍ਰਭੂ ਜੀ ਇਸ ਦੇ ਹਿਰਦੇ ਵਿਚ ਹੀ ਵਸਦਾ ਹੈ, ਪਰ ਇਹ ਉਸ ਦੇ ਭੇਦ ਨੂੰ ਨਹੀਂ ਸਮਝਦਾ।੨।

ਪ੍ਰ: ਹਜ਼ੂਰ ਜੀਓ! ਪਰ ਦੱਸੋ ਇਹ ਗਿਆਨ ਦੀ ਤੁਹਾਨੂੰ ਲੱਖਤਾ ਕਿਵੇਂ ਹੋ ਆਈ?

ਉ: ੭. ਹੇ ਭਾਈ! ਜਿਸ ਖੋਟੀ ਮਤਿ ਦੇ ਅਸਰ ਹੇਠਾਂ ਦਬਿਆਂ ਹੋਇਆਂ ਗਿਆਨ ਦੀ ਸੋਝੀ ਨਹੀਂ ਸੀ ਪੈਂਦੀ, ਉਹ ਖੋਟੀ ਮਤਿ ਤਦੋਂ ਹੀ ਸਾਰੀ ਨਾਸ ਹੋ ਗਈ, ਜਦੋਂ ਕਿ ਮੈਂ ਗੁਰੂ ਦੀ ਸ਼ਰਨ ਪ੍ਰਾਪਤ ਕਰ ਲਈ।

ਪ੍ਰ: ਇਸ ਦਾ ਫਲ ਕੀ ਮਿਲਿਆ?

ਉ: ੮. ਹੇ ਪਿਆਰੇ! ਗੁਰੂ ਜੀ ਕਹਿੰਦੇ ਹਨ ਕਿ ਹੁਣ ਮੈਂ ਸਾਰੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਵਾਲੇ ਪਰਮੇਸ਼ਰ ਨੂੰ ਸਿਮਰਦਾ ਹਾਂ, ਜਿਸ ਨੇ ਕਿ ਮੇਰੀ ਸਾਰੀ ਹੀ ਜਮਾਂ ਦੀ ਫਾਂਸੀ ਕੱਟ ਦਿੱਤੀ ਹੈ।੩।੭।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ, ਬੇ ਵਸੇ ਮਨ ਨੂੰ ਕਾਬੂ ਕਰਨ ਦਾ ਸਾਧਨ ਕੇਵਲ ਗੁਰੂ ਦੁਆਰਾ ਗਿਆਨ ਪ੍ਰਾਪਤੀ ਦਾ ਹੀ ਉਪਦੇਸ਼ ਕਰਦੇ ਹਨ, ਕਿਉਂਕਿ ਇਹ ਚੰਚਲ ਮਨ ਵੇਦਾਂ ਪੁਰਾਨਾਂ ਦੇ ਉਪਦੇਸ਼ ਨੂੰ ਸੁਣ ਕੇ ਭੀ ਵਿਕਾਰਾਂ ਵਲ ਦੌੜਦਾ ਹੈ, ਪ੍ਰਭੂ ਦੇ ਭਗਤੀ ਮਾਰਗ ਨੂੰ ਨਹੀਂ ਅਪਨਾਉਂਦਾ। ਮਾਇਆ ਦੇ ਮਦ ਵਿਚ ਪਾਗਲ ਹੋਇਆ ਗਿਆਨ ਤੋਂ ਸੱਖਣਾ ਹੀ ਰਹਿੰਦਾ ਹੈ, ਪਰ ਜਦੋਂ ਇਸ ਨੂੰ ਗੁਰੂ ਦੀ ਸ਼ਰਨ ਪ੍ਰਾਪਤ ਹੋ ਜਾਏ ਤਾਂ ਇਸ ਨੂੰ ਅੰਦਰ ਵਸ ਰਹੇ ਪ੍ਰਭੂ ਦੀ ਸੋਝੀ ਪ੍ਰਾਪਤ ਹੁੰਦੀ ਹੈ, ਜਿਸ ਦੀ ਬਰਕਤ ਨਾਲ ਇਸ ਦੇ ਗਲੋਂ ਜਮਾਂ ਦੀ ਫਾਂਸੀ ਕੱਟੀ ਜਾਂਦੀ ਹੈ।

ਸੋਰਠਿ ਮਹਲਾ ੯ ॥

੧. ਰੇ ਨਰ ਇਹ ਸਾਚੀ ਜੀਅ ਧਾਰਿ ॥
੨. ਸਗਲ ਜਗਤੁ ਹੈ ਜੈਸੇ ਸੁਪਨਾ
ਬਿਨਸਤ ਲਗਤ ਨ ਬਾਰ ॥੧॥ ਰਹਾਉ ॥
੩. ਬਾਰੂ ਭੀਤਿ ਬਨਾਈ ਰਚਿ ਪਚਿ
ਰਹਤ ਨਹੀ ਦਿਨ ਚਾਰਿ ॥
੪. ਤੈਸੇ ਹੀ ਇਹ ਸੁਖ ਮਾਇਆ ਕੇ
ਉਰਝਿਓ ਕਹਾ ਗਵਾਰ ॥੧॥
੫. ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ
ਭਜਿ ਲੇ ਨਾਮੁ ਮੁਰਾਰਿ ॥
੬. ਕਹੁ ਨਾਨਕ ਨਿਜ ਮਤੁ ਸਾਧਨ ਕਉ
ਭਾਖਿਓ ਤੋਹਿ ਪੁਕਾਰਿ ॥੨॥੮॥

ਪਦ ਅਰਥ : ਸਾਚੀ—ਅਟੱਲ, ਸਦਾ ਕਾਇਮ ਰਹਿਣ ਵਾਲੀ। ਜੀਅ—ਦਿਲ ਵਿਚ। ਧਾਰਿ—ਟਿਕਾਅ ਲੈ। ਸਗਲ—ਸਾਰਾ। ਬਿਨਸਤ—ਨਾਸ ਹੁੰਦਿਆਂ। ਬਾਰ—ਚਿਰ, ਦੇਰੀ।੧।ਰਹਾਉ।

ਬਾਰੂ—ਰੇਤ। ਭੀਤਿ—ਕੰਧ। ਰਚਿ—ਰਚ ਕੇ, ਉਸਾਰ ਕੇ। ਪਚਿ—ਪੋਚ ਕੇ। ਉਰਝਿਓ—ਮਸਤ ਹੋਇਆ। ਕਹਾ—ਕਿਉਂ? ਗਵਾਰ—ਹੇ ਮੂਰਖ।੧।

ਅਜਹੂ—ਅੱਜ ਹੀ, ਹੁਣ ਹੀ, ਅਜੇ ਭੀ। ਨਾਹਿਨ—ਨਹੀਂ। ਮੁਰਾਰਿ—(ਮੁਰ-ਅਰਿ) ਪਰਮੇਸ਼ਰ। ਨਿਜ—ਆਪਣਾ। ਮਤੁ—ਖ਼ਿਆਲ, ਸਿਧਾਂਤ। ਕੋ—ਦਾ। ਤੋਹਿ—ਤੈਨੂੰ। ਪੁਕਾਰਿ—ਪੁਕਾਰ ਕੇ।੨।

ਅਰਥ :

ਪ੍ਰ: ਹੇ ਗੁਰੋ! ਆਪ ਸਦਾ ਹੀ ਵਧੇਰੇ ਇਸ ਸਿਧਾਂਤ 'ਤੇ ਜ਼ੋਰ ਦੇਂਦੇ ਹੋ ਕਿ ਇਹ ਸੰਸਾਰ ਹਮੇਸ਼ਾ ਕਾਇਮ ਰਹਿਣ ਵਾਲਾ ਨਹੀਂ, ਪਰ ਜਦੋਂ ਅਸੀਂ ਤੱਕਦੇ ਹਾਂ ਤਾਂ ਵੇਖਣ ਵਿਚ ਸਭੋ ਕੁਝ ਰਸਦਾ ਵਸਦਾ ਸਤਿ ਪ੍ਰਤੀਤ ਹੁੰਦਾ ਹੈ। ਇਸ ਸਾਡੇ ਮਨ ਦੇ ਭਰਮ ਦੀ ਨਵਿਰਤੀ ਕਰਨ ਲਈ ਕੋਈ ਉਪਦੇਸ਼ ਬਖ਼ਸ਼ੋ।

ਉ: ੧. ਹੇ ਭਾਈ ਪੁਰਸ਼ਾ! ਤੂੰ ਇਹ ਗੱਲ ਆਪਣੇ ਦਿਲ ਵਿਚ ਪੱਕੀ ਤਰ੍ਹਾਂ ਧਾਰਨ ਕਰ ਲੈ।

੨. (ਕਿ) ਇਹ ਸਾਰਾ ਸੰਸਾਰ ਸੁਪਨੇ ਵਰਗਾ (ਝੂਠਾ) ਹੈ। ਜਿਵੇਂ ਜਾਗ ਖੁਲ੍ਹਿਆਂ ਸੁਪਨੇ ਦੇ ਨਾਸ ਹੋਣ ਨੂੰ ਦੇਰੀ ਨਹੀਂ ਲੱਗਦੀ, ਇਸੇ ਹੀ ਤਰ੍ਹਾਂ ਇਸ ਜਗਤ ਨੂੰ ਨਾਸ ਹੋਣ ਲੱਗਿਆਂ ਕੋਈ ਚਿਰ ਨਹੀਂ ਲੱਗਦਾ।੧।ਰਹਾਉ।

ਪ੍ਰ: ਹਜ਼ੂਰ! ਇਸ ਦੀ ਪੁਸ਼ਟੀ ਲਈ ਕੋਈ ਹੋਰ ਉਦਾਹਰਣ ਦਿਓ।

ਉ: ੩. ਹੇ ਭਾਈ! ਵੇਖ, ਜਿਵੇਂ ਕਿਸੇ ਨੇ ਰੇਤ ਦੀ ਕੰਧ ਉਸਾਰ ਕੇ, ਪੋਚ ਕੇ ਤਿਆਰ ਕੀਤੀ ਹੋਵੇ, ਪਰ ਉਹ ਕੰਧ ਚਾਰ ਦਿਨ ਭੀ (ਟਿਕੀ) ਨਹੀਂ ਰਹਿੰਦੀ।

੪. ਹੇ ਪਿਆਰੇ! (ਇਸੇ ਹੀ ਤਰ੍ਹਾਂ) ਇਸ ਮਾਇਆ ਦੇ ਸੁੱਖ ਭੀ ਉਸ (ਰੇਤ ਦੀ ਕੰਧ) ਵਰਗੇ ਹੀ ਹਨ, (ਇਸ ਲਈ) ਹੇ ਮੂਰਖਾ! ਤੂੰ ਇਨ੍ਹਾਂ ਸੁੱਖਾਂ ਵਿਚ ਕਿਉਂ ਮਸਤ ਹੋ ਰਿਹਾ ਹੈਂ।੧।

ਪ੍ਰ: ਹਜ਼ੂਰ! ਦੱਸੋ ਹੁਣ ਮੈਂ ਕੀ ਕਰ ਸਕਦਾ ਹਾਂ, ਕਿਉਂਕਿ ਮੇਰੀ ਉਮਰ ਤਾਂ ਪਿੱਛੇ ਬਹੁਤ ਗੁਜ਼ਰ ਚੁੱਕੀ ਹੈ, ਹੁਣ ਤਾਂ ਨਾਮ ਦਾ ਭਜਨ ਕਰਨਾ ਭੀ ਮੁਸ਼ਕਲ ਹੈ।

ਉ: ੫. ਹੇ ਭਾਈ! ਜੋ ਸਮਾਂ ਪਿੱਛੇ ਗੁਜ਼ਰ ਚੁਕਿਆ ਹੈ, ਇਸ ਦਾ ਪਛਤਾਵਾ ਛੱਡ ਦੇ, ਕਿਉਂਕਿ ਇਸ ਦਾ ਲਾਭ ਕੋਈ ਨਹੀਂ। ਅਜੇ ਭੀ ਸਮਝ ਜਾ, ਅਜੇ ਵੀ ਕੁਝ ਵਿਗੜਿਆ ਨਹੀਂ, ਪਰਮੇਸ਼ਰ ਦਾ ਨਾਮ ਸਿਮਰਨ ਕਰਨਾ ਆਰੰਭ ਦੇ।

ਪ੍ਰ: ਹਜ਼ੂਰ! ਕੀ ਇਹ ਉਪਰੋਕਤ ਦੱਸਿਆ ਸਿਧਾਂਤ ਕੇਵਲ ਤੁਹਾਡਾ ਆਪਣਾ ਨਿੱਜੀ ਖ਼ਿਆਲ ਹੀ ਹੈ ਜਾਂ ਕਿ ਇਸ ਵਿਚ ਕਿਸੇ ਹੋਰ ਸਿਆਣੇ ਸੱਜਣ ਦਾ ਭੀ ਇਹੋ ਵੀਚਾਰ ਹੈ ?

ਉ: ੬. (ਗੁਰੂ) ਨੌਵੇਂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਮੈਂ ਤੈਨੂੰ ਸਾਧੂਆਂ, ਗੁਰਮੁਖਾਂ ਦਾ ਜੋ ਆਪਣਾ ਮਤਿ ਹੈ, ਭਾਵ ਸੰਤਾਂ ਦਾ ਜੋ ਨਿੱਜੀ ਮਤਿ ਹੈ, ਉਹ ਪੁਕਾਰ ਕੇ ਸੁਣਾ ਰਿਹਾ ਹਾਂ। (ਭਾਵ ਹੈ ਕਿ ਸਾਰੇ ਸੰਤ ਮਹਾਤਮਾਵਾਂ ਦਾ ਇਹੋ ਹੀ ਸੱਚਾ ਉਪਦੇਸ਼ ਹੈ)।

ਭਾਵਾਰਥ : ਇਸ ਨਾਸਵੰਤ ਸੰਸਾਰ ਵਿਚ ਜੋ ਮਨ ਸਤਿ ਸਮਝ ਕੇ ਮਸਤ ਹੋ ਰਿਹਾ ਹੈ, ਇਸ ਨੂੰ ਸੋਝੀ ਦੇਣ ਲਈ ਹਜ਼ੂਰ ਸੁਪਨੇ ਤੇ ਰੇਤ ਦੀ ਕੰਧ ਦੇ ਉਦਾਹਰਣ ਦੇ ਕੇ ਸਮਝਾ ਰਹੇ ਹਨ ਕਿ ਹੇ ਪਿਆਰੇ! ਸਮਾਂ ਗੁਜ਼ਰਦਾ ਜਾ ਰਿਹਾ ਹੈ, ਇਸ ਨੂੰ ਸਫਲ ਕਰਨ ਲਈ ਸਾਈਂ ਜੀ ਦਾ ਨਾਮ ਸਿਮਰਨਾ ਕਰ।੨।੮।

ਸੋਰਠਿ ਮਹਲਾ ੯ ॥

੧. ਇਹ ਜਗਿ ਮੀਤੁ ਨ ਦੇਖਿਓ ਕੋਈ ॥
੨. ਸਗਲ ਜਗਤੁ ਅਪਨੈ ਸੁਖਿ ਲਾਗਿਓ
ਦੁਖ ਮੈ ਸੰਗਿ ਨ ਹੋਈ ॥੧॥ ਰਹਾਉ ॥
੩. ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉ ਲਾਗੇ ॥
੪. ਜਬ ਹੀ ਨਿਰਧਨ ਦੇਖਿਓ ਨਰ ਕਉ
ਸੰਗੁ ਛਾਡਿ ਸਭ ਭਾਗੇ ॥੧॥
੫. ਕਹੰਉ ਕਹਾ ਯਿਆ ਮਨ ਬਉਰੇ ਕਉ
ਇਨ ਸਿਉ ਨੇਹੁ ਲਗਾਇਓ ॥
੬. ਦੀਨਾ ਨਾਥ ਸਕਲ ਭੈ ਭੰਜਨ
ਜਸੁ ਤਾ ਕੋ ਬਿਸਰਾਇਓ ॥੨॥
੭. ਸੁਆਨ ਪੂਛ ਜਿਉ ਭਇਓ ਨ ਸੂਧਉ
ਬਹੁਤੁ ਜਤਨੁ ਮੈ ਕੀਨਉ ॥
੮. ਨਾਨਕ ਲਾਜ ਬਿਰਦ ਕੀ ਰਾਖਹੁ
ਨਾਮੁ ਤੁਹਾਰਉ ਲੀਨਉ ॥੩॥੯॥

ਪਦ ਅਰਥ : ਜਗਿ—ਜਗਤ ਵਿਚ। ਸੁਖਿ—ਸੁਖ ਵਿਚ। ਸੰਗਿ—ਨਾਲ।੧।ਰਹਾਉ।

ਦਾਰਾ—ਇਸਤਰੀ। ਸਨਬੰਧੀ—ਰਿਸ਼ਤੇਦਾਰ। ਸਗਰੇ—ਸਾਰੇ। ਸਿਉ—ਨਾਲ। ਨਿਰਧਨੁ—ਕੰਗਾਲ। ਕਉ—ਨੂੰ। ਸੰਗੁ—ਸਾਥ। ਛਾਡਿ—ਛੱਡਕੇ। ਸਭਿ—ਸਾਰੇ।੧।

ਕਹਉ ਕਹਾ—ਮੈ ਕੀਹ ਆਖਾਂ। ਯਿਆ ਮਨ ਕਉ—ਇਸ ਮਨ ਨੂੰ। ਦੀਨਾ ਨਾਥ—ਗਰੀਬਾਂ ਦਾ ਖ਼ਸਮ। ਸਕਲ—ਸਾਰੇ। ਭੈ ਭੰਜਨ—ਡਰਾਂ ਦਾ ਨਾਸ ਕਰਨ ਵਾਲਾ। ਤਾ ਕੋ—ਉਸ ਦਾ।੨।

ਸੁਆਨ ਪੂਛ—ਕੁੱਤੇ ਦੀ ਪੂਛਲ। ਸੂਧਉ—ਸਿਧੀ। ਮੈ ਕੀਨਉ—ਮੈਂ ਕੀਤਾ ਹੈ। ਬਿਰਦ—ਮੁੱਢ ਕਦੀਮਾਂ ਦਾ (ਪਿਆਰ ਕਰਨ ਵਾਲਾ) ਸੁਭਾਉ। ਲੀਨਉ—ਮੈਂ ਲੈ ਸਕਦਾ ਹਾਂ।੩।

ਅਰਥ :

ਪ੍ਰ: ਹਜ਼ੂਰ! ਵੇਖਦੇ ਹਾਂ ਕਿ ਜਗਤ ਵਿਚ ਜਿਤਨਾ ਭੀ ਕੋਈ ਵੱਡਾ ਸਰਮਾਏਦਾਰ ਮਨੁੱਖ ਹੈ, ਉਤਨੇ ਉਸ ਦੇ ਮਿੱਤਰ ਭੀ ਵਧੇਰੇ ਹੁੰਦੇ ਹਨ ਅਤੇ ਉਹ ਮਾਇਆਧਾਰੀ ਭੀ ਆਪਣੇ ਬਹੁਤੇ ਮਿੱਤਰਾਂ 'ਤੇ ਬਹੁਤਾ ਮਾਣ ਕਰਦਾ ਹੈ ਕਿ ਇਹ ਸਮੇਂ ਸਿਰ ਮੇਰੇ ਕੰਮ ਆਉਣਗੇ, ਪਰ ਇਸ ਬਾਰੇ ਆਪ ਜੀ ਦੇ ਗੁਰਮਤਿ ਅਨੁਸਾਰ ਕੀ ਵੀਚਾਰ ਹਨ ?

ਉ: ੧. ਹੇ ਭਾਈਓ! ਮੈਂ ਤਾਂ ਇਸ ਜਗਤ ਵਿਚ ਕੋਈ ਭੀ ਤੋੜ ਤਕ ਸਾਥ ਨਿਭਾਉਣ ਵਾਲਾ ਮਿੱਤਰ ਨਹੀਂ ਵੇਖਿਆ।

ਪ੍ਰ: ਕਿਉਂ ਜੀ! ਇਕ ਦੂਜੇ ਦੇ ਮਿੱਤਰ ਬਣੇ ਹੋਏ ਤਾਂ ਬਹੁਤ ਹੀ ਵੇਖੀਦੇ ਹਨ ?

ਉ: ੨. ਹੇ ਪਿਆਰਿਓ! ਇਹ ਸਭ ਭਰਮ ਭੁਲੇਖਾ ਹੈ, ਕਿਉਂਕਿ ਅਸੀਂ ਤਾਂ ਵੇਖਦੇ ਹਾਂ ਕਿ ਇਹ ਸਾਰਾ ਜਗਤ ਹੀ ਆਪਣੇ-ਆਪਣੇ ਸੁੱਖ ਵਿਚ ਜੁਟਿਆ ਪਿਆ ਹੈ, ਪਰ ਦੁੱਖ ਵਿਚ (ਕੋਈ ਭੀ ਕਿਸੇ ਦੇ) ਨਾਲ ਸਾਥ ਨਿਭਾਉਣ ਲਈ ਤਿਆਰ ਨਹੀਂ ਹੁੰਦਾ।੧।ਰਹਾਉ।

ਪ੍ਰ: ਕਿਉਂ ਜੀ! ਇਹ ਜੋ ਸਾਰੇ ਇਸਤਰੀ, ਮਿੱਤਰ, ਪੁੱਤਰ, ਸੰਬੰਧੀ ਇਤਨਾ ਪਿਆਰ ਕਰਦੇ ਹਨ ਅਤੇ ਮੋਹ ਪਿਆਰ ਕਰਕੇ ਇਕ ਦੂਜੇ ਨਾਲ ਸੱਚ ਮੁੱਚ ਹੀ ਜੁੜੇ ਹੋਏ ਲੱਗਦੇ ਹਨ, ਇਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

ਉ: ੩. ਹੇ ਪਿਆਰਿਓ! ਇਹ ਜੋ ਇਸਤਰੀ, ਮਿੱਤਰ, ਪੁੱਤਰ, ਰਿਸ਼ਤੇਦਾਰ (ਮੋਹ ਪਿਆਰ ਕਰਦੇ ਦਿੱਸਦੇ ਹਨ) ਇਹ ਸਾਰੇ ਧਨ ਨਾਲ ਹੀ ਪਿਆਰ ਕਰਦੇ ਹਨ।

ਪ੍ਰ: ਕਿਉਂ ਜੀ! ਇਹ ਨਿਸ਼ਚਾ ਕਿਵੇਂ ਆਵੇ ?

ਉ: ੪. ਐ ਪਿਆਰੇ! ਇਹ ਗੱਲ ਤਾਂ ਪ੍ਰਤੱਖ ਹੀ ਵੇਖ ਲਵੋ ਕਿ ਜਦੋਂ ਹੀ ਇਨ੍ਹਾਂ ਉਪਰੋਕਤ ਸੰਬੰਧੀਆਂ ਨੇ ਮਨੁੱਖ ਨੂੰ ਕੰਗਾਲ ਵੇਖਿਆ, ਤਦੋਂ (ਝੱਟ ਹੀ) ਸਾਥ ਛੱਡ ਕੇ (ਸਾਰੇ) ਨੱਸ ਜਾਂਦੇ ਹਨ।੧।ਰਹਾਉ।

ਪ੍ਰ: ਹਜ਼ੂਰ! ਕੀ ਇਸ ਕੂੜੇ ਮੋਹ-ਪਿਆਰ ਵਿਚ ਮਸਤ ਹੋਏ ਮਨ ਨੂੰ ਸਮਝਾਇਆ ਨਹੀਂ ਜਾ ਸਕਦਾ ?

ਉ: ੫. ਹੇ ਭਰਾਵੋ! ਦੱਸੋ, ਮੈਂ ਇਸ ਝੱਲੇ ਮਨ ਨੂੰ ਕੀ ਸਮਝਾਵਾਂ ? (ਕਿਉਂਕਿ) ਇਸ ਪਾਗਲ ਮਨ ਨੇ ਤਾਂ ਇਨ੍ਹਾਂ (ਕੱਚੇ ਸਾਥੀਆਂ) ਨਾਲ ਪਿਆਰ ਪਾਇਆ ਹੋਇਆ ਹੈ।

੬. ਇਸੇ ਮੋਹ ਵਿਚ ਗ਼ਲਤਾਨ ਹੋਇਆਂ ਇਸ ਨੇ ਉਸ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਨੀ ਭੁਲਾਈ ਹੋਈ ਹੈ, ਜੋ ਪ੍ਰਭੂ ਗ਼ਰੀਬਾਂ ਦਾ ਰਾਖਾ ਤੇ ਹਰ ਤਰ੍ਹਾਂ ਦੇ ਡਰ ਨੂੰ ਨਾਸ ਕਰਨ ਵਾਲਾ ਹੈ।੨।

ਪ੍ਰ: ਕਿਉਂ ਜੀ! ਮਹਾਂਪੁਰਸ਼ਾਂ ਨੇ ਮਨ ਨੂੰ ਸੁਧਾਰਨ ਲਈ ਹੋਰ-ਹੋਰ ਕਈ ਸਾਧਨ ਦੱਸੇ ਹਨ, ਉਨ੍ਹਾਂ ਵਿਚੋਂ ਕੋਈ ਜਤਨ ਕਰ ਕੇ ਵੇਖ ਲੈਣਾ ਸੀ ?

ਉ: ੭. ਹੇ ਪਿਆਰੇ! ਇਕ ਦੋ ਨਹੀਂ, ਮੈਂ ਤਾਂ ਬਹੁਤ ਹੀ ਜਤਨ ਕਰ ਬੈਠਾ ਹਾਂ। ਮੇਰੇ ਮਨ ਦੀ ਦਸ਼ਾ ਭੀ ਇਸੇ ਤਰ੍ਹਾਂ ਦੀ ਹੈ, ਜਿਵੇਂ ਕਿ ਕੁੱਤੇ ਦੀ ਪੂਛਲ ਨੂੰ ਕਿਸੇ ਨੇ ਬਾਰ੍ਹਾਂ ਸਾਲ ਬਾਂਸ ਦੀ

ਨਲਕੀ ਵਿਚ ਪਾਈ ਰਖਿਆ ਸੀ, ਪਰ ਉਹ ਸਿੱਧੀ ਨਾ ਹੋਈ, ਇਸੇ ਤਰ੍ਹਾਂ ਇਸ ਮਨ ਦੀ ਜੋ ਪਰਮੇਸ਼ਰ ਵੱਲੋਂ ਲਾ-ਪਰਵਾਹੀ ਹੈ, ਅਨੇਕਾਂ ਜਤਨ ਕਰਨ ਨਾਲ ਭੀ ਹੱਟਦੀ ਨਹੀਂ।

ਪ੍ਰ: ਹਜ਼ੂਰ! ਇਸ ਬਾਰੇ ਆਖ਼ਰ ਆਪ ਜੀ ਨੇ ਸੋਚਿਆ ਕੀ ਹੈ?

ਉ: ੮. ਨੌਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੈਂ ਤਾਂ ਇਕੋ ਸਾਧਨ ਸੋਚਿਆ ਹੈ ਅਰਦਾਸ, ਜੋ ਇਉਂ ਕੀਤੀ ਜਾਵੇ ਕਿ ਹੇ ਮੇਰੇ ਪ੍ਰਭੂ ਜੀ! ਤੂੰ ਆਪਣੇ ਮੁੱਢ-ਕਦੀਮਾਂ ਦੇ ਪਿਆਰ ਕਰਨ ਵਾਲੇ ਸੁਭਾਉ ਦੀ ਲਾਜ ਰੱਖ, ਮੇਰੀ ਮਦਦ ਕਰ, ਤਾਹੀਓਂ ਮੈਂ ਤੇਰਾ ਨਾਮ ਜਪ ਸਕਦਾ ਹਾਂ।੩।੯।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਇਸ ਮਾਇਆ ਵਿਚ ਮਸਤ ਹੋਏ ਪਾਗਲ ਮਨ ਨੂੰ ਇਹ ਸਿਧਾਂਤ ਦ੍ਰਿੜ੍ਹ ਕਰਵਾ ਰਹੇ ਹਨ ਕਿ ਹੇ ਪਾਗਲਾ! ਇਸ ਸੰਸਾਰ ਵਿਚ ਹਰ ਬੰਦਾ ਹੀ ਆਪਣੀ-ਆਪਣੀ ਗ਼ਰਜ਼-ਸਿਧੀ ਲਈ ਸਾਥੀ ਬਣਦਾ ਹੈ, ਵਾਸਤਵ ਵਿਚ ਕੋਈ ਭੀ ਕਿਸੇ ਦਾ ਮਿੱਤਰ ਦੋਸਤ, ਇਸਤਰੀ, ਪੁੱਤਰ, ਭਰਾ ਨਹੀਂ। ਇਸ ਲਈ ਸੱਚੇ ਮਿੱਤਰ ਪ੍ਰਭੂ ਦੀ ਸ਼ਰਨ ਗ੍ਰਹਿਣ ਕਰੋ, ਜਿਸਦੀ ਬਰਕਤ ਨਾਲ ਲੋਕ-ਪ੍ਰਲੋਕ ਵਿਚ ਲਾਜ ਰਹਿ ਸਕੇ।

ਸੋਰਠਿ ਮਹਲਾ ੯ ॥

੧. ਮਨ ਰੇ ਗਹਿਓ ਨ ਗੁਰ ਉਪਦੇਸੁ ॥
੨. ਕਹਾ ਭਇਓ ਜਉ ਮੂਡੁ ਮੁਡਾਇਓ
ਭਗਵਉ ਕੀਨੋ ਭੇਸੁ ॥੧॥ ਰਹਾਉ ॥
੩. ਸਾਚ ਛਾਡਿ ਕੈ ਝੂਠਹ ਲਾਗਿਓ
ਜਨਮੁ ਅਕਾਰਥੁ ਖੋਇਓ ॥
੪. ਕਰਿ ਪਰਪੰਚ ਉਦਰ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ ॥੧॥
੫. ਰਾਮ ਭਜਨ ਕੀ ਗਤਿ ਨਹੀ ਜਾਨੀ
ਮਾਇਆ ਹਾਥਿ ਬਿਕਾਨਾ ॥
੬. ਉਰਝਿ ਰਹਿਓ ਬਿਖਿਅਨ ਸੰਗਿ ਬਉਰਾ
ਨਾਮੁ ਰਤਨੁ ਬਿਸਰਾਨਾ ॥੨॥
੭. ਰਹਿਓ ਅਚੇਤੁ ਨ ਚੇਤਿਓ ਗੋਬਿੰਦ
ਬਿਰਥਾ ਅਉਧ ਸਿਰਾਨੀ ॥
੮. ਕਹੁ ਨਾਨਕ ਹਰਿ ਬਿਰਦੁ ਪਛਾਨਉ
ਭੂਲੇ ਸਦਾ ਪਰਾਨੀ ॥੩॥੧੦॥

ਪਦ ਅਰਥ : ਗਹਿਓ—ਫੜਿਆ, ਗ੍ਰਹਿਣ ਕਰਿਆ। ਕਹਾ ਭਇਓ—ਕੀ ਹੋਇਆ। ਮੂਡੁ—ਸਿਰ। ਭੇਸੁ—ਭੇਖ।੧।ਰਹਾਉ।

ਸਾਚੁ—ਸਦਾ-ਥਿਰ ਹਰਿ ਨਾਮ। ਝੂਠਹਿ—ਨਾਸਵੰਤ (ਪਦਾਰਥ) ਵਿਚ। ਅਕਾਰਥ—ਵਿਅਰਥ। ਪਰਪੰਚ—ਪਖੰਡ, ਛਲ। ਉਦਰ ਨਿਜ—ਆਪਣਾ ਪੇਟ। ਪੋਖਿਓ—ਪਾਲਿਆ। ਪਸੁ ਕੀ ਨਿਆਈ—ਪਸ਼ੂਆਂ ਵਾਂਗ।੧।

ਗਤਿ—ਜੁਗਤਿ। ਹਾਥਿ—ਹਥ ਵਿਚ। ਉਰਝਿ ਰਹਿਓ—ਮਗਨ ਰਿਹਾ। ਬਿਖਿਅਨ ਸੰਗਿ—ਮਾਇਕ ਪਦਾਰਥਾਂ ਨਾਲ।੨।

ਅਚੇਤੁ—ਗ਼ਾਫ਼ਲ, ਅਵੇਸਲਾ। ਅਉਧ—ਉਮਰ। ਸਿਰਾਨੀ—ਗੁਜ਼ਾਰ ਦਿੱਤੀ। ਹਰਿ—ਹੇ ਹਰੀ! ਬਿਰਦੁ—ਮੁੱਢ-ਕਦੀਮਾਂ ਦਾ ਪਿਆਰ ਕਰਨ ਵਾਲਾ ਸੁਭਾਉ। ਪਰਾਨੀ—ਜੀਵ।੩।

ਅਰਥ :

ਪ੍ਰ: ਇਕ ਸਿਰ ਮੂੰਹ ਮੁਨਾ, ਭਗਵੇ ਵਸਤਰ ਪਹਿਰੇ ਹੋਏ ਸਾਧੂ ਨੇ ਹਜ਼ੂਰ ਅੱਗੇ ਆ ਬੇਨਤੀ ਕੀਤੀ ਕਿ ਹਜ਼ੂਰ! ਮੇਰਾ ਮਨ ਮੇਰੇ ਵਸ ਵਿਚ ਨਹੀਂ, ਕੋਈ ਉਪਦੇਸ਼ ਦਿਓ।

ਉ: ੧. ਹੇ ਭਾਈ! ਤੂੰ ਇਕਾਂਤ ਜਗ੍ਹਾ ਬੈਠ ਕੇ ਇਸ ਕਮਲੇ ਮਨ ਨੂੰ ਤਾੜ ਕੇ ਇਉਂ ਪੁੱਛਿਆ ਕਰ ਕਿ ਐ ਮਨਾ! ਤੂੰ ਦੱਸ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਿਉਂ ਨਹੀਂ ਕਰਦਾ?

ਪ੍ਰ: ਹਜ਼ੂਰ! ਇਹ ਪੁੱਛ ਤਾਂ ਮੈਂ ਮਨ ਨੂੰ ਕਈ ਵਾਰ ਕਰਦਾ ਹਾਂ, ਪਰ ਅੱਗੋਂ ਅੰਦਰੋਂ ਮਨ ਵਲੋਂ ਇਹ ਆਵਾਜ਼ ਆਉਂਦੀ ਹੈ ਕਿ ਜਦੋਂ ਮੈਂ ਘਰ ਬਾਰ ਤਿਆਗ ਮੂੰਡ ਮੁਨਾ ਕੇ ਭਗਵੇ ਬਸਤਰ ਪਹਿਨ ਲਏ, ਤਾਂ ਮੇਰੇ ਕਰਨ ਲਈ ਦੱਸੋ ਹੋਰ ਬਾਕੀ ਕੀ ਰਹਿ ਗਿਆ, ਇਸ ਦਾ ਉੱਤਰ ਕੀ ਦੇਵਾਂ?

ਉ: ੨. ਹੇ ਪਿਆਰੇ! ਇਸ ਦੇ ਉੱਤਰ ਵਿਚ ਮਨ ਨੂੰ ਇਉਂ ਕਿਹਾ ਕਰ ਕਿ ਹੇ ਪਾਗਲ ਮਨਾ! ਤੂੰ (ਗੁਰੂ ਦਾ ਉਪਦੇਸ਼ ਭੁਲਾ ਕੇ) ਜੇ ਸਿਰ ਭੀ ਮੁਨਾ ਲਿਆ ਤੇ ਭਗਵੇ ਰੰਗ ਦੇ ਕੱਪੜੇ ਭੀ ਪਾ ਲਏ, ਦੱਸ ਤਾਂ ਭੀ ਤੂੰ ਕੀ ਖੱਟਿਆ? (ਭਾਵ ਕੁਝ ਭੀ ਹਾਸਲ ਨਹੀਂ ਹੋਇਆ, ਕਿਉਂਕਿ ਤੇਰੇ ਆਤਮਕ ਜੀਵਨ ਦਾ ਕੁਝ ਭੀ ਨਹੀਂ ਸੌਰ ਸਕਿਆ)।੧।ਰਹਾਉ।

ਪ੍ਰ: ਕਿਉਂ ਜੀ! ਕੀ ਇਸ ਬਾਹਰਲੇ ਲਿਬਾਸ ਪਹਿਰਨ ਦਾ ਮੈਨੂੰ ਕੋਈ ਲਾਭ ਨਹੀਂ ਹੋਵੇਗਾ?

ਉ: ੩. (ਨਹੀਂ) ਹੇ ਭਾਈ! ਤੂੰ ਭਗਵਾ ਭੇਖ ਤਾਂ ਧਾਰ ਲਿਆ, ਪਰ ਉਸ ਸੱਚੇ ਪਰਮੇਸ਼ਰ ਦਾ ਨਾਮ ਸਿਮਰਨ ਛੱਡ ਕੇ, ਨਾਸਵੰਤ ਪਦਾਰਥਾਂ ਵਿਚ ਹੀ ਸੁਰਤੀ ਨੂੰ ਜੋੜੀ ਰਖਿਆ, ਇਸ ਤਰ੍ਹਾਂ ਤੂੰ ਆਪਣਾ ਸਾਰਾ ਹੀ ਜਨਮ ਬਿਰਥਾ ਗਵਾ ਲਿਆ।

੪. ਇਥੇ ਹੀ ਬਸ ਨਹੀਂ, ਸੁਣ! ਤੂੰ ਲੋਕਾਂ ਨਾਲ ਵਲ ਛਲ (ਕਪਟ) ਕਰ ਕੇ ਆਪਣਾ ਪੇਟ ਪਾਲਦਾ ਰਿਹਾ ਅਤੇ (ਦਿਨੇ-ਰਾਤ) ਪਸ਼ੂਆਂ ਵਾਂਗੂੰ ਹੀ ਸੁੱਤਾ ਰਿਹਾ। (ਜੋ ਕੁਝ ਕਰਨ ਵਾਲਾ ਮੁਖ ਫ਼ਰਜ਼ ਸੀ, ਉਹ ਤੂੰ ਕੀਤਾ ਹੀ ਨਹੀਂ)।੧।

ਪ੍ਰ: ਹਜ਼ੂਰ! ਮੇਰੇ ਕਰਨ ਵਾਲਾ ਮੁੱਖ ਫ਼ਰਜ਼ ਕਿਹੜਾ ਹੈ, ਜੋ ਕਿ ਮੈਂ ਨਹੀਂ ਕਰਦਾ?

ਉ: ੫. ਹੇ ਭਾਈ! ਮਨੁੱਖ ਦਾ ਮੁੱਖ ਫ਼ਰਜ਼ ਹੈ ਪ੍ਰਭੂ ਜੀ ਦਾ ਭਜਨ ਕਰਨਾ, ਪਰ ਇਹ ਗ਼ਾਫ਼ਲ ਮਨੁੱਖ ਪਰਮੇਸ਼ਰ ਦੇ ਭਜਨ ਕਰਨ ਦੀ ਜੁਗਤੀ ਹੀ ਨਹੀਂ ਜਾਣਦਾ, (ਹਰ ਵਕਤ) ਮਾਇਆ ਦੇ ਹੱਥ ਵਿਚ ਹੀ ਵਿਕਿਆ ਰਹਿੰਦਾ ਹੈ। ਭਾਵ ਮਾਇਆ ਮਮਤਾ ਦੇ ਅਧੀਨ ਰਹਿੰਦਾ ਹੈ।

ਪ੍ਰ: ਕਿਉਂ ਜੀ! ਇਸ ਜੀਵ ਦੇ ਮਾਇਆ ਹੱਥ ਵਿਕੇ ਰਹਿਣ ਦਾ ਤੁਸਾਂ ਕਿਵੇਂ ਅਨੁਮਾਨ ਲਾਇਆ ਹੈ?

ਉ: ੬. ਹੇ ਭਾਈ! ਇਹ ਗੱਲ ਤਾਂ ਆਮ ਹੀ ਵੇਖਣ ਵਿਚ ਆਉਂਦੀ ਹੈ ਕਿ ਇਹ ਪਾਗਲ ਮਨੁੱਖ ਮਾਇਕੀ ਪਦਾਰਥਾਂ ਦੇ ਮੋਹ

ਵਿਚ (ਹਰ ਵਕਤ ਹੀ) ਮਗਨ ਰਹਿੰਦਾ ਹੈ, (ਅਤੇ ਉਸ ਪ੍ਰਭੂ ਦੇ) ਸ੍ਰੇਸ਼ਟ ਨਾਮ ਰਤਨ ਨੂੰ ਭੁਲਾਈ ਰੱਖਦਾ ਹੈ। (ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਮਾਇਆ ਦੇ ਹੱਥ ਵਿਕਿਆ ਹੋਇਆ ਹੈ)।੨।

੭. ਹੇ ਭਾਈ! ਇਹ ਕਮਲਾ ਮਨੁੱਖ ਮਾਇਆ ਦੇ ਮੋਹ ਵਿਚ ਫਸ ਕੇ ਅਵੇਸਲਾ ਹੋਇਆ ਰਹਿੰਦਾ ਹੈ, ਪਰਮੇਸ਼ਰ ਨੂੰ (ਕਦੀ) ਚੇਤੇ ਹੀ ਨਹੀਂ ਕਰਦਾ, (ਇਸੇ ਤਰ੍ਹਾਂ ਹੀ) ਇਹ ਸਾਰੀ ਉਮਰ ਅਜਾਈਂ ਗੁਜ਼ਾਰ ਬੈਠਦਾ ਹੈ। (ਆਖ਼ਰ ਨੂੰ ਪਸਚਾਤਾਪ ਕਰਦਾ ਹੈ)।

ਪ੍ਰ: ਹੇ ਗੁਰੋ! ਹੁਣ ਆਪ ਜੀ ਇਹ ਦੱਸੋ ਕਿ ਇਨ੍ਹਾਂ ਭੁੱਲੇ ਹੋਏ ਪ੍ਰਾਣੀਆਂ ਦੀ ਭਲਾਈ ਵਾਸਤੇ ਤੁਸਾਂ ਕੀ ਸੋਚਿਆ ਹੈ?

ਉ: ੮. ਨੌਂਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੈਂ ਤਾਂ ਇਕ ਇਹੋ ਹੀ ਸੋਚਿਆ ਹੈ ਕਿ ਇਨ੍ਹਾਂ ਜੀਵਾਂ ਦੀ ਭਲਾਈ ਇਕ ਅਰਦਾਸ ਕਰਨ ਵਿਚ ਹੀ ਹੈ, ਸੋ ਮੈਂ ਇਹ ਜੋਦੜੀ ਸਾਈਂ ਜੀ ਦੇ ਸਨਮੁਖ ਹੋ ਹਮੇਸ਼ਾ ਇਉਂ ਹੀ ਕਰਦਾ ਹਾਂ ਕਿ ਐ ਸਾਈਂ ਜੀ! ਤੁਸੀਂ ਆਪਣਾ ਪਤਿਤ ਪਾਵਨ ਬਿਰਦ ਪਛਾਣੋ, ਕਿਉਂਕਿ ਇਹ ਜੀਵ ਤਾਂ ਸਦਾ ਹੀ ਭੁੱਲੇ ਰਹਿੰਦੇ ਹਨ।੩।੧੦।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਗੁਰੂ ਦੇ ਉਪਦੇਸ਼ ਨੂੰ ਧਾਰਨ ਵਲੋਂ ਸੱਖਣੇ ਮਨ ਨੂੰ ਉਪਦੇਸ਼ ਕਰਦੇ ਹਨ ਕਿ ਐ ਪਿਆਰੇ! ਨਾਮ ਸਿਮਰਨ ਤੋਂ ਸੱਖਣੇ ਰਿਹਾਂ ਕੇਵਲ ਬਾਹਰਲੇ ਭੇਖ ਧਾਰਨ ਨਾਲ ਕੋਈ ਲਾਭ ਨਹੀਂ ਪ੍ਰਾਪਤ ਹੋ ਸਕੇਗਾ। ਮਾਇਆ ਦੀ ਮਗਨਤਾ ਵਿਚ ਇਹ ਅਮੋਲਕ ਜਨਮ ਵਿਅਰਥ ਹੀ ਬੀਤ ਜਾਂਦਾ ਹੈ, ਇਸ ਲਈ ਆਪਣੀ ਰੱਖਿਆ ਕਰਨ ਵਾਸਤੇ ਪ੍ਰਭੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਰਹਿਣ ਲਈ ਹੀ ਪ੍ਰੇਰਨਾ ਕਰਦੇ ਹਨ।

ਸੋਰਠਿ ਮਹਲਾ ੯ ॥

੧. ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
੨. ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥੧॥ ਰਹਾਉ ॥
੩. ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ॥
੪. ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥੧॥
੫. ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥
੬. ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥੨॥
੭. ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥
੮. ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥੧੧॥

ਪਦ ਅਰਥ : ਦੁਖ ਮਹਿ—ਦੁੱਖਾਂ ਵਿਚ (ਘਿਰਿਆ ਹੋਇਆ ਭੀ)। ਨਹੀਂ ਮਾਨੈ—ਨਹੀਂ ਪ੍ਰਤੀਤ ਕਰਦਾ, ਨਹੀਂ ਘਬਰਾਂਦਾ। ਸੁਖ ਸਨੇਹੁ—ਸੁੱਖਾਂ ਦਾ ਮੋਹ। ਭੈ—ਭਉ, ਡਰ। ਜਾ ਕੈ—ਜਿਸ ਦੇ ਮਨ ਵਿਚ। ਕੰਚਨ—ਸੋਨਾ।੧।ਰਹਾਉ।

ਨਿੰਦਿਆ—ਚੁਗਲੀ, ਬੁਰਾਈ। ਉਸਤਤਿ—ਖ਼ੁਸ਼ਾਮਦ। ਹਰਖ ਸੋਗ ਤੇ—ਖ਼ੁਸ਼ੀ ਗ਼ਮੀ ਤੋਂ। ਮਾਨ—ਆਦਰ। ਅਪਮਾਨਾ—ਨਿਰਾਦਰੀ।੧।

ਮਨਸਾ—ਮਨੋ ਕਾਮਨਾ। ਤੇ—ਤੋਂ। ਪਰਸੈ—ਛੂੰਹਦਾ। ਤਿਹ ਘਟਿ—ਉਸ ਦੇ ਹਿਰਦੇ ਵਿਚ। ਬ੍ਰਹਮ ਨਿਵਾਸਾ—ਪ੍ਰਭੂ ਦਾ ਨਿਵਾਸ ਹੈ।੨।

ਗੁਰਿ—ਗੁਰੂ ਨੇ। ਜਿਹ ਨਰ ਕਉ—ਜਿਸ ਮਨੁੱਖ ਉੱਤੇ। ਤਿਹ—ਉਸ ਨੇ। ਸਿਉ—ਨਾਲ, ਵਿਚ। ਸੰਗਿ—ਨਾਲ।੩।

ਅਰਥ :

ਪ੍ਰ: ਹੇ ਗੁਰੋ! ਸੰਸਾਰ ਦੇ ਅਨੇਕਾਂ ਹੀ ਮਤਿ ਹਨ, ਜੋ ਕਿ ਗਿਆਨਵਾਨਾਂ ਦੇ ਭਿੰਨ-ਭਿੰਨ ਲਖਣ ਦੱਸਦੇ ਹਨ, ਪਰ ਆਪ ਜੀ ਦੱਸੋ ਕਿ ਗੁਰਮਤਿ ਅਨੁਸਾਰ ਗਿਆਨਵਾਨ ਅੰਦਰ ਕਿਹੜੇ ਗੁਣ ਹੋਣੇ ਚਾਹੀਦੇ ਹਨ?

ਉ: ੧. ਹੇ ਭਾਈ! ਉਂਝ ਤਾਂ ਗਿਆਨਵਾਨ ਅਥਾਹ ਗੁਣਾਂ ਦਾ ਭੰਡਾਰ ਹੁੰਦਾ ਹੈ, ਉਹ ਸਾਰੇ ਦੇ ਸਾਰੇ ਬਿਆਨੇ ਨਹੀਂ ਜਾ ਸਕਦੇ, ਪਰ ਹਾਂ, ਅਠਾਰਾਂ ਗੁਣ ਤਾਂ ਉਸ ਵਿਚ ਪ੍ਰਤੱਖ ਹੀ ਦਿਖਾਈ ਦੇਂਦੇ ਹੋਣ? ਜਿਵੇਂ ਕਿ (੧) ਹੇ ਭਾਈ! ਜਿਹੜਾ ਮਨੁੱਖ ਦੁੱਖਾਂ ਵਿਚ ਆਪਣੇ ਆਪ ਨੂੰ ਦੁਖੀ ਨਹੀਂ ਮੰਨਦਾ, ਭਾਵ ਦੁੱਖਾਂ ਵਿਚ ਘਬਰਾਉਂਦਾ ਨਹੀਂ।

੨. (੨) ਜਿਸ ਮਨੁੱਖ ਦੇ ਹਿਰਦੇ ਵਿਚ ਸੁੱਖਾਂ ਨਾਲ ਮੋਹ ਨਹੀਂ। (੩) ਅਤੇ ਕਿਸੇ ਵੀ ਪ੍ਰਕਾਰ ਦਾ ਡਰ ਨਹੀਂ। (੪) ਅਤੇ ਜਿਹੜਾ ਪੁਰਖ ਸੋਨੇ ਨੂੰ ਮਿੱਟੀ ਸਮਾਨ ਸਮਝਦਾ ਹੈ।੧।ਰਹਾਉ।

੩. (੫) ਹੇ ਭਾਈ! ਜਿਸ ਦੇ ਅੰਦਰ ਕਿਸੇ ਦੀ ਚੁਗਲੀ ਬੁਰਾਈ ਨਹੀਂ। (੬) ਕਿਸੇ ਦੀ ਖ਼ੁਸ਼ਾਮਦ ਵੀ ਨਹੀਂ ਕਰਦਾ। (੭) ਜਿਸ ਦੇ ਅੰਦਰ ਨਾ ਲੋਭ ਹੈ। (੮) ਨਾ ਹੀ ਮੋਹ ਹੈ। (੯) ਅਤੇ ਨਾ ਹੀ ਹੰਕਾਰ ਹੀ ਹੈ।

੪. (੧੦) ਜਿਹੜਾ ਪੁਰਖ ਕਿਸੇ ਪਦਾਰਥ ਦੇ ਮਿਲਣ ਦੀ ਬਹੁਤੀ ਖ਼ੁਸ਼ੀ ਨਹੀਂ ਕਰਦਾ। (੧੧) ਅਤੇ ਕਿਸੇ ਪਦਾਰਥ ਦੇ ਚਲੇ ਜਾਣ ਦੀ ਗ਼ਮੀ ਤੋਂ ਭੀ ਨਿਰਲੇਪ ਰਹਿੰਦਾ ਹੈ। (੧੨) ਜਿਸ ਨੂੰ ਆਦਰ ਭੀ ਨਹੀਂ ਪੋਹ ਸਕਦਾ। (੧੩) ਅਤੇ ਨਾ ਹੀ ਨਿਰਾਦਰੀ, ਭਾਵ ਇਨ੍ਹਾਂ ਦੋਹਾਂ ਤੋਂ ਰਹਿਤ ਰਹਿੰਦਾ ਹੈ।੧।

੫. (੧੪) ਹੇ ਭਾਈ! ਜਿਹੜਾ ਮਨੁੱਖ ਆਸਾਂ ਉਮੀਦਾਂ ਸਭੇ ਤਿਆਗ ਦੇਂਦਾ ਹੈ। (੧੫) ਜੋ ਜਗਤ ਵਿਚ ਰਹਿੰਦਾ ਹੋਇਆ ਇਸ ਤੋਂ ਨਿਰਲੇਪ ਰਹਿੰਦਾ ਹੈ।

੬. (੧੬) ਜਿਸ ਪੁਰਸ਼ ਨੂੰ ਨਾ ਕਾਮ ਵਾਸ਼ਨਾ ਛੋਹ ਸਕਦੀ ਹੈ, ਅਤੇ (੧੭) ਨਾ ਹੀ ਜਿਸ ਨੂੰ ਕ੍ਰੋਧ ਛੋਹ ਸਕਦਾ ਹੈ, (੧੮) ਸਮਝੋ ਉਸ ਮਨੁੱਖ ਦੇ ਹਿਰਦੇ ਵਿਚ ਬ੍ਰਹਮ ਦਾ ਨਿਵਾਸ ਹੋ ਜਾਂਦਾ ਹੈ। ਭਾਵ ਹੈ ਉਸ ਨੂੰ ਬ੍ਰਹਮ ਦੀ ਸਾਖਿਅਤਤਾ ਹੋ ਜਾਂਦੀ ਹੈ।੨।

ਪ੍ਰ: ਹੇ ਗੁਰੋ! ਇਹ ਬ੍ਰਹਮ ਨੂੰ ਲਖ ਲੈਣ ਦੀ ਜੁਗਤੀ ਨੂੰ ਹਰ ਬੰਦਾ ਹੀ ਕਿਉਂ ਨਹੀਂ ਪਛਾਣ ਲੈਂਦਾ?

ਉ: ੭. ਹੇ ਪਿਆਰਿਓ! ਇਹ ਗੱਲ ਕਿਸੇ ਦੇ ਆਪਣੇ ਵੱਸ ਦੀ ਨਹੀਂ, ਅਸਲ ਵਿਚ ਜਿਸ ਉੱਤੇ ਗੁਰੂ ਜੀ ਨੇ ਮਿਹਰ ਕੀਤੀ ਹੈ, ਉਸੇ ਨੇ ਹੀ ਇਸ ਜੀਵਨ ਦੀ ਜੁਗਤ ਨੂੰ ਸਮਝਿਆ ਹੈ ਕਿ (ਇਹ ਜੋ ਦੂੰਦ ਵਾਦ ਰੂਪ ਪਦਾਰਥ ਹੈ, ਇਹ ਸਭ ਇਕੋ ਸਮਾਨ ਹਨ)।

ਪ੍ਰ: ਕਿਉਂ ਜੀ! ਇਹੋ ਜਿਹੀ ਸਮ-ਦ੍ਰਿਸ਼ਟੀ ਵਾਲੇ ਮਨੁੱਖ ਨੂੰ ਆਖ਼ਰ ਹਾਸਲ ਕੀ ਹੁੰਦਾ ਹੈ?

ਉ: ੮. (ਗੁਰੂ) ਨੌਂਵੇਂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਹ ਮਨੁੱਖ ਤਾਂ ਪਰਮੇਸ਼ਰ ਨਾਲ ਇਉਂ ਇਕ-ਮਿੱਕ ਹੋ ਜਾਂਦਾ ਹੈ, ਜਿਵੇਂ ਕਿ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ।੩।੧੧।

ਭਾਵਾਰਥ: ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਉਸ ਗਿਆਨਵਾਨ ਦੀ ਅਵਸਥਾ ਦਾ ਨਿਰੂਪਨ ਕੀਤਾ ਹੈ ਜੋ ਕਿ ਇਸ ਜਗਤ ਵਿਚ ਰਹਿੰਦਾ ਹੋਇਆ (ਪਾਣੀ ਵਿਚ ਰਹਿਣ ਵਾਲੇ ਕਮਲ ਵਾਂਗੂੰ) ਨਿਰਲੇਪ ਜੀਵਨ ਗੁਜ਼ਾਰਦਾ ਹੈ, ਉਹ ਤਾਂ ਇਕ ਘੜੇ ਦੇ ਪਾਣੀ ਨੂੰ ਸਮੁੰਦਰ ਦੇ ਪਾਣੀ ਵਿਚ ਮਿਲਾ ਦੇਣ ਵਾਂਗ ਬ੍ਰਹਮ ਦਾ ਸਰੂਪ ਹੀ ਹੋ ਜਾਂਦਾ ਹੈ।

ਸੋਰਠਿ ਮਹਲਾ ੯ ॥

੧. ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥
੨. ਅਪਨੇ ਸੁਖ ਸਿਉ ਹੀ ਜਗੁ ਫਾਂਧਿਓ
ਕੋ ਕਾਹੂ ਕੋ ਨਾਹੀ ॥੧॥ ਰਹਾਉ ॥
੩. ਸੁਖ ਮੈ ਆਨਿ ਬਹੁਤੁ ਮਿਲਿ ਬੈਠਤ
ਰਹਤ ਚਹੂ ਦਿਸਿ ਘੇਰੈ ॥
੪. ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ ॥੧॥
੫. ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ ॥
੬. ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ ॥੨॥
੭. ਇਹ ਬਿਧਿ ਕੋ ਬਿਉਹਾਰੁ ਬਨਿਓ ਹੈ
ਜਾ ਸਿਉ ਨੇਹੁ ਲਗਾਇਓ ॥
੮. ਅੰਤ ਬਾਰ ਨਾਨਕ ਬਿਨੁ ਹਰਿ ਜੀ
ਕੋਊ ਕਾਮਿ ਨ ਆਇਓ ॥੩॥੧੨॥੧੩੯॥

ਪਦ ਅਰਥ: ਪ੍ਰੀਤਮ—ਹੇ ਸੱਜਣ! ਮਾਹੀ—ਵਿਚ। ਸਿਉ—ਨਾਲ। ਫਾਧਿਓ—ਬੱਝਾ ਹੋਇਆ ਹੈ। ਕੋ—ਕੋਈ ਮਨੁੱਖ। ਕਾਹੂ ਕੋ—ਕਿਸੇ ਦਾ।੧।ਰਹਾਉ।

ਆਨਿ—ਆ ਕੇ। ਮਿਲਿ—ਮਿਲ ਕੇ। ਚਹੂ ਦਿਸਿ—ਚੌਹੀਂ ਪਾਸੀਂ। ਰਹਤ ਘੇਰੈ—ਘੇਰੀ ਰੱਖਦੇ ਹਨ। ਸੰਗੁ—ਸਾਥ। ਕੋਊ—ਕੋਈ ਭੀ।੧।

ਨਾਰਿ—ਇਸਤਰੀ। ਹਿਤੁ—ਪਿਆਰ। ਜਾ ਸਿਉ—ਜਿਸ ਨਾਲ। ਸੰਗਿ—ਨਾਲ। ਹੰਸ—ਜੀਵਾਤਮਾ। ਕਾਇਆ—ਸਰੀਰ। ਪ੍ਰੇਤ—ਗੁਜ਼ਰ ਚੁੱਕਾ, ਮਰ ਚੁੱਕਾ। ਕਰਿ—ਆਖ ਕੇ।੨।

ਇਹ ਬਿਧਿ ਕੋ—ਇਸ ਤਰ੍ਹਾਂ ਦਾ। ਬਿਉਹਾਰ—ਵਰਤਾਰਾ। ਅੰਤਿ ਬਾਰ—ਅਖ਼ੀਰਲੇ ਸਮੇਂ। ਕਾਮਿ—ਕੰਮ ਵਿਚ।੩।

ਅਰਥ:

ਪ੍ਰ: ਹੇ ਗੁਰੋ! ਪਰਿਵਾਰ ਦੇ ਮੋਹ ਪਿਆਰ ਵਿਚ ਬੱਝੇ ਹੋਏ ਮਨ ਨੂੰ ਨਿਰਮੋਹ ਕਰਨ ਦਾ ਬਹੁਤ ਜਤਨ ਕਰਦੇ ਹਨ, ਪਰ ਪੁੱਤਰ ਇਸਤਰੀ ਆਦਿਕ ਦੇ ਮੋਹ ਵਿਚ ਜਕੜਿਆ ਹੋਇਆ ਮਨ ਭਾਵੇਂ ਦਿਨੇ ਰਾਤ ਦੁਖੀਆ ਤਾਂ ਰਹਿੰਦਾ ਹੈ, ਪਰ ਮੋਹ ਦੇ ਜਾਲ ਵਿਚੋਂ ਨਿਕਲ ਨਹੀਂ ਸਕਦਾ, ਹਜ਼ੂਰ ਕਿਰਪਾ ਕਰ ਕੇ ਕੋਈ ਆਪ ਹੀ ਉਪਦੇਸ਼ ਬਖ਼ਸ਼ੋ।

ਉ: ੧. ਹੇ ਮੇਰੇ ਮਿੱਤਰ! ਇਸ ਗੱਲ ਨੂੰ ਪੱਕੀ ਤਰ੍ਹਾਂ ਸਮਝ ਲੈ
੨. ਕਿ ਇਹ ਸਾਰਾ ਸੰਸਾਰ ਆਪਣੇ ਸੁੱਖ ਨਾਲ ਬੱਝਾ ਹੋਇਆ ਹੈ, ਕੋਈ ਭੀ ਕਿਸੇ ਦਾ (ਤੋੜ ਨਿਭਾਉਣ ਵਾਲਾ ਸਾਥੀ) ਨਹੀਂ (ਬਣਦਾ)।੧।ਰਹਾਉ।

ਪ੍ਰ: ਹੇ ਗੁਰੋ! ਕੀ ਕਰਾਂ ਮੇਰੇ ਮਿੱਤ੍ਰ ਸੱਜਣ ਪਿਆਰ ਦੇ ਬੱਝੇ ਹੋਏ ਹਰ ਵਕਤ ਹੀ ਮੇਰੇ ਕੋਲ ਬੈਠੇ ਰਹਿੰਦੇ ਹਨ, ਉਹ ਤਾਂ ਮੈਨੂੰ ਕਿਸੇ ਵਕਤ ਭੀ ਛੱਡ ਕੇ ਦੂਰ ਨਹੀਂ ਹੁੰਦੇ?

ਉ: ੩. ਹੇ ਭੋਲਿਆ! ਇਹ ਮਨੁੱਖ ਜਦੋਂ ਸੁੱਖ ਵਿਚ ਹੁੰਦਾ ਹੈ, ਤਦੋਂ ਕਈ ਯਾਰ ਦੋਸਤ ਮਿਲ ਕੇ ਉਸੇ ਪਾਸ ਬੈਠਦੇ ਹਨ ਤੇ ਉਸ ਨੂੰ ਚੌਹੀਂ ਪਾਸੀਂ ਘੇਰੀ ਰੱਖਦੇ ਹਨ।
੪. ਪਰ ਇਹ ਗੱਲ ਸਭ ਦੇ ਦੇਖਣ ਵਿਚ ਆਉਂਦੀ ਹੈ ਕਿ ਜਦੋਂ ਭੀ ਉਸ ਮਨੁੱਖ ਨੂੰ ਮੁਸੀਬਤ ਪੈਂਦੀ ਹੈ, ਸਾਰੇ ਹੀ ਸਾਥ ਛੱਡ ਜਾਂਦੇ ਹਨ, ਫਿਰ ਕੋਈ ਭੀ (ਉਸ ਦੇ ਨੇੜੇ) ਨਹੀਂ ਢੁੱਕਦਾ।੧।

ਪ੍ਰ: ਹਜ਼ੂਰ ਜੀਉ! ਹੋਰਨਾਂ ਦੇ ਸੰਬੰਧ ਵਿਚ ਤਾਂ ਜਿਵੇਂ ਆਪ ਫ਼ੁਰਮਾਉਂਦੇ ਹੋ ਭਾਵੇਂ ਇਸੇ ਹੀ ਤਰ੍ਹਾਂ ਹੋਵੇਗਾ, ਪਰ ਮੇਰੀ ਜੀਵਨ ਸਾਥਣ ਦਾ ਤਾਂ ਪਿਆਰ ਮੈਨੂੰ ਸੱਚਾ ਪ੍ਰਤੀਤ ਹੁੰਦਾ ਹੈ, ਕਿਉਂਕਿ ਉਹ ਸਦਾ ਹੀ ਮੇਰਾ ਸਾਥ ਦੇਂਦੀ ਹੈ?

ਉ: ੫. ਹੇ ਪਿਆਰੇ ਮਿੱਤਰਾ! ਇਹ ਭੀ ਤੈਨੂੰ ਭੁਲੇਖਾ ਹੀ ਹੈ। ਵੇਖ, ਜਿਸ ਘਰ ਦੀ ਇਸਤਰੀ ਨਾਲ ਬਹੁਤਾ ਪਿਆਰ ਹੁੰਦਾ ਹੈ ਜਿਹੜੀ ਸਦਾ ਹੀ ਮਾਲਕ ਦੇ ਨਾਲ ਲੱਗੀ ਰਹਿੰਦੀ ਹੈ,
੬. ਪਰ ਇਹ ਦੱਸ ਕੀ ਤੂੰ ਵੇਖਦਾ ਨਹੀਂ ਕਿ ਜਿਸ ਵੇਲੇ (ਪਤੀ ਦਾ) ਜੀਵਾਤਮਾ ਇਸ ਸਰੀਰ ਨੂੰ ਛੱਡ ਦੇਂਦਾ ਹੈ, (ਤਾਂ ਉਹ ਸਦਾ ਨਾਲ ਰਹਿਣ ਵਾਲੀ ਇਸਤਰੀ ਭੀ) ਇਹ ਕਹਿ ਕੇ ਉਸ ਤੋਂ ਪਰੇ ਹੱਟ ਜਾਂਦੀ ਹੈ ਕਿ ਇਹ ਮਰ ਚੁੱਕਾ ਹੈ। ਇਹ ਮਰ ਗਿਆ ਹੈ ਜਾਂ ਇਉਂ ਭੀ ਸਮਝ ਲਓ ਕਿ ਭੂਤ-ਭੂਤ ਕਹਿ ਕੇ (ਕੋਲੋਂ) ਭੱਜ ਜਾਂਦੀ ਹੈ।੨।
੭. ਹੇ ਮਿੱਤਰ! ਵੇਖ, ਜਿਸ ਨਾਲ ਇਸ ਮਨੁੱਖ ਨੇ ਮੋਹ ਪਿਆਰ ਪਾਇਆ ਹੋਇਆ ਹੈ, ਉਸ ਦੁਨੀਆ ਦਾ ਤਾਂ ਇਸ ਤਰ੍ਹਾਂ ਦਾ ਵਰਤਾਰਾ ਬਣਿਆ ਹੋਇਆ ਹੈ।

ਪ੍ਰ: ਹਜ਼ੂਰ! ਆਖ਼ਰ ਆਪ ਜੀ ਦਾ ਗੁਰਮਤਿ ਅਨੁਸਾਰ ਕੀ ਨਿਸ਼ਚਾ ਹੈ?

ੳ: ੮. (ਗੁਰੂ) ਨੌਵੇਂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਿੱਤਰਾ! ਮੇਰਾ ਤਾਂ ਇਹੋ ਹੀ ਪੂਰਨ ਭਰੋਸਾ ਹੈ ਕਿ ਅਖ਼ੀਰਲੇ ਸਮੇਂ ਪਰਮੇਸ਼ਰ ਤੋਂ ਬਿਨਾ (ਇਸ ਮਨੁੱਖ ਦੀ) ਹੋਰ ਕੋਈ ਭੀ ਮਦਦ ਨਹੀਂ ਕਰ ਸਕਦਾ, ਭਾਵ ਹੈ ਅੰਤ ਦੇ ਸਮੇਂ ਵਾਹਿਗੁਰੂ ਜੀ ਦੇ ਭਜਨ ਤੋਂ ਬਿਨਾ ਹੋਰ ਕੋਈ ਭੀ ਕੰਮ ਨਹੀਂ ਆਉਂਦਾ।੩।੧੨।੧੩੯।

ਭਾਵਾਰਥ : ਉਪਰੋਕਤ ਆਖ਼ਰੀ ਸ਼ਬਦ ਵਿਚ ਹਜ਼ੂਰ ਗੁਰੂ ਤੇਗ਼ ਬਹਾਦਰ ਜੀ ਇਸ ਜੀਵ ਨੂੰ ਭਰਮ-ਭੁਲੇਖੇ ਦੇ ਜਾਲ ਵਿਚੋਂ ਕੱਢਣ ਲਈ ਉਪਕਾਰ ਮਈ ਉਪਦੇਸ਼ ਕਰਦੇ ਹਨ ਕਿ ਐ ਭੋਲਿਆ! ਇਨ੍ਹਾਂ ਨਾਮ ਧਰੀਕ ਸੰਬੰਧੀਆਂ ਦਾ ਸੰਬੰਧ ਕੇਵਲ ਆਪੋ ਆਪਣੇ ਸੁੱਖ ਪ੍ਰਾਪਤੀ ਲਈ ਹੀ ਜੁੜਿਆ ਹੋਇਆ ਹੈ। ਜਦੋਂ ਵੀ ਕਿਸੇ ਮਿੱਤਰ ਦੀ ਤੇਰੇ ਪਾਸੋਂ ਗ਼ਰਜ਼ ਪੂਰੀ ਹੁੰਦੀ ਨਜ਼ਰ ਨਹੀਂ ਆਵੇਗੀ, ਉਹ ਤੈਨੂੰ ਛੱਡ ਕੇ ਪਰੇ ਹੋ ਜਾਏਗਾ। ਇਸ ਲਈ ਯਾਦ ਰੱਖ ਕਿ ਅੰਤ ਦੇ ਸਮੇਂ ਕੇਵਲ ਇਕੋ ਹੀ ਪਰਮੇਸ਼ਰ ਦਾ ਪਵਿੱਤਰ ਨਾਮ ਹੈ ਜੋ ਤੇਰੀ ਮਦਦ ਕਰ ਸਕਦਾ ਹੈ, ਹੋਰ ਕਿਸੇ ਨੇ ਭੀ ਕੰਮ ਨਹੀਂ ਆਉਣਾ।

ਨੋਟ : ਸਾਰੇ ਸ਼ਬਦਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਸੋਰਠਿ ਮਹਲਾ ੧	੧੨
ਸੋਰਠਿ ਮਹਲਾ ੩	੧੨
ਸੋਰਠਿ ਮਹਲਾ ੪	੯
ਸੋਰਠਿ ਮਹਲਾ ੫	੯੪
ਸੋਰਠਿ ਮਹਲਾ ੯	੧੨
ਕੁਲ ਜੋੜ	੧੩੯

ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ

ੴ ਸਤਿਗੁਰ ਪ੍ਰਸਾਦਿ ॥

੧. ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ ॥
੨. ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ
ਤ੍ਰਿਸਨਾ ਨਾਮਿ ਬੁਝਾਈ ॥
੩. ਘਰ ਭੀਤਰਿ ਘਰੁ ਗੁਰੂ ਦਿਖਾਇਆ
ਸਹਜਿ ਰਤੇ ਮਨ ਭਾਈ ॥
੪. ਤੂ ਆਪੇ ਦਾਨਾ ਆਪੇ ਬੀਨਾ
ਤੂ ਦੇਵਹਿ ਮਤਿ ਸਾਈ ॥੧॥
੫. ਮਨੁ ਬੈਰਾਗਿ ਰਤਉ ਬੈਰਾਗੀ
ਸਬਦਿ ਮਨੁ ਬੇਧਿਆ ਮੇਰੀ ਮਾਈ ॥
੬. ਅੰਤਰਿ ਜੋਤਿ ਨਿਰੰਤਰਿ ਬਾਣੀ
ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥
੭. ਅਸੰਖ ਬੈਰਾਗੀ ਕਹਹਿ ਬੈਰਾਗ
ਸੋ ਬੈਰਾਗੀ ਜਿ ਖਸਮੈ ਭਾਵੈ ॥
੮. ਹਿਰਦੈ ਸਬਦਿ ਸਦਾ ਭੈ ਰਚਿਆ
ਗੁਰ ਕੀ ਕਾਰ ਕਮਾਵੈ ॥
੯. ਏਕੋ ਚੇਤੈ ਮਨੂਆ ਨ ਡੋਲੈ
ਧਾਵਤੁ ਵਰਜਿ ਰਹਾਵੈ ॥
੧੦. ਸਹਜੇ ਮਾਤਾ ਸਦਾ ਰੰਗਿ ਰਾਤਾ
ਸਾਚੇ ਕੇ ਗੁਣ ਗਾਵੈ ॥੨॥
੧੧. ਮਨੂਆ ਪਉਣੁ ਬਿੰਦੁ ਸੁਖਵਾਸੀ
ਨਾਮਿ ਵਸੈ ਸੁਖ ਭਾਈ ॥
੧੨. ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ
ਜਲਿ ਬੂਝੀ ਤੁਝਹਿ ਬੁਝਾਈ ॥
੧੩. ਆਸ ਨਿਰਾਸ ਰਹੈ ਬੈਰਾਗੀ
ਨਿਜ ਘਰਿ ਤਾੜੀ ਲਾਈ ॥
੧੪. ਭਿਖਿਆ ਨਾਮਿ ਰਜੇ ਸੰਤੋਖੀ
ਅੰਮ੍ਰਿਤੁ ਸਹਜਿ ਪੀਆਈ ॥੩॥
੧੫. ਦੁਬਿਧਾ ਵਿਚਿ ਬੈਰਾਗੁ ਨ ਹੋਵੀ
ਜਬ ਲਗੁ ਦੂਜੀ ਰਾਈ ॥
੧੬. ਸਭੁ ਜਗੁ ਤੇਰਾ ਤੂ ਏਕੋ ਦਾਤਾ
ਅਵਰੁ ਨ ਦੂਜਾ ਭਾਈ ॥
੧੭. ਮਨਮੁਖਿ ਜੰਤ ਦੁਖਿ ਸਦਾ ਨਿਵਾਸੀ
ਗੁਰਮੁਖਿ ਦੇ ਵਡਿਆਈ ॥
੧੮. ਅਪਰ ਅਪਾਰ ਅਗੰਮ ਅਗੋਚਰ
ਕਹਣੈ ਕੀਮ ਨ ਪਾਈ ॥੪॥
੧੯. ਸੁੰਨ ਸਮਾਧਿ ਮਹਾ ਪਰਮਾਰਥੁ
ਤੀਨਿ ਭਵਣ ਪਤਿ ਨਾਮੰ ॥
੨੦. ਮਸਤਕਿ ਲੇਖੁ ਜੀਆ ਜਗਿ ਜੋਨੀ
ਸਿਰਿ ਸਿਰਿ ਲੇਖੁ ਸਹਾਮੰ ॥
੨੧. ਕਰਮ ਸੁਕਰਮ ਕਰਾਏ ਆਪੇ
ਆਪੇ ਭਗਤਿ ਦ੍ਰਿੜਾਮੰ ॥
੨੨. ਮਨਿ ਮੁਖਿ ਜੂਠਿ ਲਹੈ ਭੈ ਮਾਨੰ
ਆਪੇ ਗਿਆਨੁ ਅਗਾਮੰ ॥੫॥
੨੩. ਜਿਨ ਚਾਖਿਆ ਸੇਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ ॥
੨੪. ਅਕਥੈ ਕਾ ਕਿਆ ਕਥੀਐ ਭਾਈ
ਚਾਲਉ ਸਦਾ ਰਜਾਈ ॥
੨੫. ਗੁਰੁ ਦਾਤਾ ਮੇਲੇ ਤਾ ਮਤਿ ਹੋਵੈ
ਨਿਗੁਰੇ ਮਤਿ ਨ ਕਾਈ ॥
੨੬. ਜਿਉ ਚਲਾਏ ਤਿਉ ਚਾਲਹ ਭਾਈ
ਹੋਰ ਕਿਆ ਕੋ ਕਰੇ ਚਤੁਰਾਈ ॥੬॥
੨੭. ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ
ਤੇਰਾ ਖੇਲੁ ਅਪਾਰਾ ॥

੨੮. ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ
ਤੂ ਹੁਕਮਿ ਚਲਾਵਣਹਾਰਾ ॥
੨੯. ਸੇਵਾ ਕਰੀ ਜੇ ਕਿਛੁ ਹੋਵੈ
ਅਪਣਾ ਜੀਉ ਪਿੰਡੁ ਤੁਮਾਰਾ ॥
੩੦. ਸਤਿਗੁਰਿ ਮਿਲਿਐ ਕਿਰਪਾ ਕੀਨੀ
ਅੰਮ੍ਰਿਤ ਨਾਮੁ ਅਧਾਰਾ ॥੭॥
੩੧. ਗਗਨੰਤਰਿ ਵਾਸਿਆ ਗੁਣ ਪਰਗਾਸਿਆ
ਗੁਣ ਮਹਿ ਗਿਆਨ ਧਿਆਨੰ ॥
੩੨. ਨਾਮੁ ਮਨਿ ਭਾਵੈ ਕਹੈ ਕਹਾਵੈ
ਤਤੋ ਤਤੁ ਵਖਾਨੰ ॥
੩੩. ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ॥
੩੪. ਪੂਰਾ ਬੈਰਾਗੀ ਸਹਜਿ ਸੁਭਾਗੀ
ਸਚੁ ਨਾਨਕ ਮਨੁ ਮਾਨੰ ॥੮॥੧॥

ਪਦ ਅਰਥ : ਦੁਬਿਧਾ—ਦੂ. ਪਾਸਾ. ਪਨ, ਪਰਮੇਸ਼ਰ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਭਾਲ। ਨ ਪੜਉ—ਮੈਂ ਨਹੀਂ ਪੈਂਦਾ। ਨ ਪੂਜਉ—ਮੈਂ ਨਹੀਂ ਪੂਜਦਾ। ਮੜੇ—ਸਮਾਧ, ਕਬਰ। ਮਸਾਣ—ਸ਼ਮਸ਼ਾਨ, ਜਿਥੇ ਮੁਰਦੇ ਫੂਕੀਦੇ ਹਨ। ਨ ਜਾਈ—ਮੈਂ ਨਹੀਂ ਜਾਂਦਾ। ਰਾਚਿ—ਫਸ ਕੇ। ਪਰ ਘਰਿ—ਪਰਾਏ ਘਰ ਵਿਚ, ਪਰਮੇਸ਼ਰ ਤੋਂ ਬਿਨਾ ਕਿਸੇ ਹੋਰ ਘਰ ਵਿਚ। ਨਾਮਿ—ਨਾਮ ਨੇ। ਬੁਝਾਈ—ਬੁਝਾ ਦਿੱਤੀ ਹੈ। ਭੀਤਰਿ—ਅੰਦਰ। ਘਰੁ—ਪਰਮੇਸ਼ਰ ਦਾ ਨਿਵਾਸ। ਸਹਜਿ—ਅਡੋਲ ਅਵਸਥਾ ਵਿਚ। ਮਨ—ਮਨ ਨੂੰ। ਭਾਈ—ਪਸੰਦ ਆ ਗਈ ਹੈ। ਦਾਨਾ-ਜਾਨਣ ਵਾਲਾ। ਬੀਨਾ—ਪਛਾਨਣ ਵਾਲਾ। ਸਾਈ—ਹੇ ਸਾਈਂ।੧।

ਵੈਰਾਗਿ—ਵਿਰਾਗ ਵਿਚ, ਵਿਛੋੜੇ ਦੇ ਅਹਿਸਾਸ ਵਿਚ, ਬਿਰਹੋਂ ਵਿਚ। ਰਤਉ—ਰੰਗਿਆ ਹੋਇਆ। ਬੈਰਾਗੀ—ਤਿਆਗੀ। ਬੇਧਿਆ—ਵਿਝਿਆ ਹੋਇਆ। ਨਿਰੰਤਰਿ—ਵਿੱਥ ਤੋਂ ਬਿਨਾ, ਇਕ-ਰਸ।ਰਹਾਉ।

ਅਸੰਖ—ਬੇਅੰਤ। ਬੈਰਾਗ—ਵੈਰਾਗ ਦੀਆਂ ਗੱਲਾਂ। ਭੈ—ਪਰਮੇਸ਼ਰ ਦੇ ਡਰ ਅਦਬ ਵਿਚ। ਧਾਵਤੁ—ਮਾਇਆ ਵਲ ਦੌੜਦੇ ਨੂੰ। ਰਹਾਵੈ—ਕਾਬੂ ਰੱਖਦਾ ਹੈ। ਸਹਜੇ—ਸਹਜ ਵਿਚ।੨।

ਪਉਣੁ—ਹਵਾ (ਵਾਂਗ ਚੰਚਲ)। ਬਿੰਦ—ਰਤਾ ਭਰ ਹੀ। ਸੋੜ੍ਹ—ਇੰਦਰੇ। ਜਲਿ—ਜਲਨ, ਤ੍ਰਿਸ਼ਨਾ, ਅੱਗ। ਭਾਈ—ਹੇ ਭਾਈ।੩।

ਦੂਜੀ—ਕੋਈ ਹੋਰ ਝਾਕ। ਰਾਈ—ਰਤਾ ਭੀ। ਦੁਖਿ—ਦੁਖ ਵਿਚ। ਦੇ—ਦੇਂਦਾ ਹੈ। ਅਗੋਚਰ—ਅ-ਗੋਚਰ, ਜਿਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਹੀਂ। ਕੀਮ—ਕੀਮਤ। ਕਹਣੈ—ਕਹਣ ਨਾਲ।੪।

ਸੁੰਨ—ਸੁੰਞ, ਜਿਥੇ ਫੁਰਨਿਆਂ ਵਲੋਂ ਸੁੰਞ ਹੈ, ਅਫੁਰ ਅਵਸਥਾ। ਸੁੰਨ ਸਮਾਧਿ—ਉਹ ਜਿਹੜਾ ਸਦਾ ਆਤਮਕ ਅਵਸਥਾ ਵਿਚ ਟਿਕਿਆ ਰਹਿੰਦਾ ਹੈ, ਜਿਸ ਉੱਤੇ ਮਾਇਆ ਵਾਲੇ ਫੁਰਨੇ ਜ਼ੋਰ ਨਹੀਂ ਪਾਉਂਦੇ। ਪਰਮਾਰਥੁ—ਪਰਮ ਅਰਥ, ਸਭ ਤੋਂ ਉੱਚਾ ਸ੍ਰੇਸ਼ਟ ਧਨ। ਪਤਿ—ਮਾਲਕ। ਮਸਤਕਿ—ਮੱਥੇ ਉੱਤੇ। ਜਗਿ—ਜਗਤ ਵਿਚ। ਸਿਰਿ ਸਿਰਿ—ਹਰੇਕ ਦੇ ਸਿਰ ਉੱਤੇ, ਹਰੇਕ ਜੀਵ ਆਪੋ ਆਪਣੇ ਸਿਰ ਉੱਤੇ। ਸਹਾਮੰ—ਸਹਾਰਦਾ ਹੈ। ਕਰਮ—ਕੰਮ। ਸਕਰਮ—ਚੰਗੇ ਕੰਮ। ਦ੍ਰਿੜਾਮੰ—(ਹਿਰਦੇ ਵਿਚ) ਪੱਕੇ ਤੌਰ 'ਤੇ ਟਿਕਾਂਦਾ ਹੈ। ਮਨਿ—ਮਨ ਵਿਚ। ਮੁਖਿ—ਮੂੰਹ ਵਿਚ। ਜੂਠਿ—ਮੈਲ। ਭੈ—ਡਰ ਵਿਚ। ਅਗਾਮੰ—ਅਗੰਮ ਪ੍ਰਭੂ।੫।

ਅਕਥ—ਜਿਸਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ। ਭਾਈ—ਹੇ ਭਾਈ। ਚਾਲਉ—ਮੈਂ ਚਲਦਾ ਹਾਂ। ਦਾਤਾ—ਦਾਤਾਰ ਪ੍ਰਭੂ। ਚਾਲਹ—ਅਸੀਂ (ਜੀਵ) ਚੱਲਦੇ ਹਾਂ।੬।

ਇਕਿ—'ਇਕਿ' ਤੋਂ ਭਾਵ ਬਹੁ ਵਚਨ, ਅਨੇਕਾਂ ਜੀਵ। ਭਰਮਿ—ਭਟਕਣਾ ਵਿਚ। ਰਾਤੇ—ਰੰਗੇ ਹੋਏ। ਜਿਤੁ—ਜਿਸ ਵਿਚ, ਜਿਸ ਪਾਸੇ, ਜਿਸ ਕੰਮ ਵਿਚ। ਹੁਕਮਿ—ਹੁਕਮ ਵਿਚ। ਕਰੀ—ਮੈਂ ਕਰਾਂ। ਜੀਉ—ਜਿੰਦ। ਪਿੰਡੁ—ਸਰੀਰ। ਸਤਿਗੁਰਿ ਮਿਲਿਐ—ਜੇ ਸਤਿਗੁਰੂ ਮਿਲ ਪਵੇ।੭।

ਗਗਨ—ਅਕਾਸ਼, ਚਿਤ ਅਕਾਸ਼, ਦਸਮ ਦੁਆਰਾ। ਅੰਤਰਿ—ਆਤਮਕ ਮੰਡਲ। ਗਗਨੰਤਰਿ—ਗਗਨ ਅੰਤਰਿ, ਆਤਮਕ ਮੰਡਲ ਵਿਚ, ਉਚੇ ਆਤਮਕ ਟਿਕਾਣੇ ਵਿਚ। ਮਹਿ—ਵਿਚ। ਧਿਆਨੰ—ਸੁਰਤਿ ਦਾ ਟਿਕਾਉ। ਗਹਿਰ ਗੰਭੀਰਾ—ਡੂੰਘੇ ਜਿਗਰੇ ਵਾਲਾ। ਤਤੋ ਤਤੁ—ਤੱਤ ਹੀ ਤੱਤ, ਜਗਤ ਦੇ ਮੂਲ ਪ੍ਰਭੂ ਨੂੰ ਹੀ। ਬਉਰਾਨੰ—ਕਮਲਾ, ਝੱਲਾ। ਸਹਜਿ—ਸਹਿਜ ਅਵਸਥਾ ਵਿਚ। ਸਚੁ—ਸਦਾ-ਥਿਰ ਪ੍ਰਭੂ।੮।

ਅਰਥ :

ਪ੍ਰ: ਹੇ ਗੁਰੋ ! ਬਹੁਤ ਲੋਕ ਇਸ ਮਨ ਦੀ ਭਟਕਣਾ ਮਿਟਾਉਣ ਲਈ ਅਨੇਕਾਂ ਹੀ ਤਰ੍ਹਾਂ ਦੇ ਗ੍ਰੰਥ ਪੜ੍ਹਦੇ ਹਨ। ਕਈ ਲੋਕ ਦੇਵੀ ਦੇਵਤਿਆਂ ਦੀ ਪੂਜਨਾ ਕਰਦੇ ਹਨ। ਬਹੁਤੇ ਲੋਕਾਂ ਨੂੰ ਵੇਖੀਦਾ ਹੈ ਕਿ ਉਹ ਸਮਾਧਾਂ ਤੇ ਮਸਾਣ ਭੂਮਕਾਂ ਵਿਚ ਹੀ ਨਿਵਾਸ ਰੱਖਦੇ ਹਨ, ਪਰ ਗੁਰਮਤਿ ਅਨੁਸਾਰ ਆਪ ਇਨ੍ਹਾਂ ਵਿਚੋਂ ਕਿਸ ਸਾਧਨ 'ਤੇ ਵਿਸ਼ਵਾਸ ਰੱਖਦੇ ਹੋ ?

ਉ: ੧. ਹੇ ਭਾਈਓ ! ਮੈਂ ਤਾਂ ਇਸ ਦੁਬਿਧਾ ਵਿਚ ਹੀ ਨਹੀਂ ਪੈਂਦਾ, ਭਾਵ ਹੈ ਕਿ ਮੈਂ ਅਜੇਹੇ ਦ੍ਵੈਤ ਬੋਧਿਕ ਗ੍ਰੰਥਾਂ ਨੂੰ ਪੜ੍ਹਦਾ ਹੀ ਨਹੀਂ ਅਤੇ ਨਾ ਹੀ ਮੈਂ ਹਰੀ ਨੂੰ ਛੱਡ ਕੇ ਕਿਸੇ ਹੋਰ ਦੇਵੀ ਦੇਵ ਨੂੰ ਹੀ ਪੂਜਦਾ ਹਾਂ ਅਤੇ ਨਾ ਹੀ ਮੈਂ ਸਮਾਧਾਂ ਤੇ ਮਸਾਣ ਭੂਮਕਾਂ ਅੰਦਰ ਜਾ ਵੱਸਣ ਵਿਚ ਹੀ ਯਕੀਨ ਰੱਖਦਾ ਹਾਂ।

੨. ਹੇ ਪਿਆਰਿਓ ! ਸੱਚ ਜਾਣੋ ਕਿ ਹੁਣ ਤਾਂ ਮੈਂ ਮਾਇਆ ਦੀ ਤ੍ਰਿਸ਼ਨਾ ਵਿਚ ਫਸ ਕੇ (ਸਾਈਂ ਜੀ ਦੇ ਦਰ ਤੋਂ ਬਿਨਾ) ਹੋਰ ਕਿਸੇ ਭੀ ਦੇਵੀ ਦੇਵਤਿਆਂ ਦੇ ਘਰ ਵਿਚ ਨਹੀਂ ਜਾਂਦਾ, ਭਾਵ ਮੈਂ ਕਿਸੇ ਭੀ ਦੇਵ ਪੂਜਾ ਕਰਨ ਵਿਚ ਯਕੀਨ ਨਹੀਂ ਰੱਖਦਾ, (ਕਿਉਂਕਿ) ਉਹ ਇਸ ਲਈ ਕਿ ਮੇਰੀ ਮਾਇਕ ਤ੍ਰਿਸ਼ਨਾ ਪਰਮਾਤਮਾ ਦੇ ਨਾਮ ਨੇ ਹੀ ਮਿਟਾ ਦਿੱਤੀ ਹੈ।

ਪ੍ਰ: ਕਿਉਂ ਜੀ ! ਇਸ ਤ੍ਰਿਸ਼ਨਾ ਦਾ ਵੇਗ ਤਾਂ ਬੜਾ ਹੀ ਪ੍ਰਬਲ ਹੈ, ਆਪ ਜੀ ਨੇ ਇਸ ਵੇਗ ਨੂੰ ਕਿਵੇਂ ਰੋਕਿਆ ?

ਉ: ੩. ਹੇ ਭਾਈਓ ! ਗੁਰੂ ਨੇ ਮੈਨੂੰ ਮੇਰੇ ਹਿਰਦੇ ਘਰ ਵਿਚ ਹੀ ਪਰਮੇਸ਼ਰ ਦਾ ਨਿਵਾਸ ਅਸਥਾਨ ਵਿਖਾ ਦਿੱਤਾ ਹੈ, (ਹੁਣ

ਉਸ) ਅਡੋਲ ਅਵਸਥਾ ਵਿਚ ਰਤੇ ਹੋਏ ਮੇਰੇ ਮਨ ਨੂੰ ਉਹੀ ਸਹਿਜ ਅਵਸਥਾ ਚੰਗੀ ਲੱਗਦੀ ਹੈ।

ਪ੍ਰ: ਕਿਉਂ ਜੀ! ਕੀ ਇਸ ਅਡੋਲ ਅਵਸਥਾ ਦੀ ਪ੍ਰਾਪਤੀ ਦਾ ਤੁਹਾਨੂੰ ਕਦੀ ਮਨ ਵਿਚ ਮਾਣ ਨਹੀਂ ਉਪਜਦਾ?

ਉ: ੪. (ਨਹੀਂ) ਹੇ ਭਾਈ! (ਦੱਸੋ ਮੈਨੂੰ ਮਾਣ ਕਿਵੇਂ ਪੈਦਾ ਹੋ ਸਕਦਾ ਹੈ, ਕਿਉਂਕਿ ਇਹ ਤਾਂ ਮੇਰੇ ਸਾਈਂ ਜੀ ਦੀ ਮੇਰੇ 'ਤੇ ਬਖ਼ਸ਼ਸ਼ ਹੈ, ਇਸ ਲਈ ਮੈਂ ਤਾਂ ਹਮੇਸ਼ਾ ਇਉਂ ਹੀ ਅਰਦਾਸ ਕਰਦਾ ਰਹਿੰਦਾ ਹਾਂ ਕਿ) ਹੇ ਮੇਰੇ ਸਾਈਂ ਜੀ! (ਇਹ ਸਭ ਤੇਰੀ ਹੀ ਮਿਹਰ ਹੈ) (ਕਿਉਂਕਿ) ਤੂੰ ਆਪੇ ਹੀ ਮੇਰੇ ਦਿਲ ਦੀ ਜਾਨਣ ਵਾਲਾ ਹੈਂ, ਆਪ ਹੀ ਪਛਾਨਣ ਵਾਲਾ ਹੈਂ, ਤੂੰ ਆਪੇ ਹੀ ਮੈਨੂੰ ਚੰਗੀ ਮਤਿ ਦੇਂਦਾ ਹੈਂ (ਇਸੇ ਚੰਗੀ ਮਤਿ ਦੀ ਬਰਕਤ ਹੈ ਕਿ ਮੈਂ ਤੇਰਾ ਦਰ ਛੱਡ ਕੇ ਕਿਸ ਹੋਰ ਦੇ ਦਰ-ਦਰ ਨਹੀਂ ਭਟਕਦਾ)।੧।

ਪ੍ਰ: ਕਿਉਂ ਜੀ! ਹੋਰਨਾਂ ਦੇ ਦਰ-ਬ-ਦਰ ਭਟਕਣ ਵੱਲੋਂ ਆਪ ਦਾ ਛੁਟਕਾਰਾ ਕਿਵੇਂ ਹੋ ਗਿਆ?

ਉ: ੫. ਹੇ ਮੇਰੇ ਮਾਤਾ ਪਿਤਾ ਰੂਪ ਸੰਤ ਜਨੋ! ਹੁਣ ਮੇਰਾ ਮਨ ਗੁਰੂ ਦੇ ਸ਼ਬਦ ਵਿਚ ਵਿਝ ਗਿਆ ਹੈ, (ਪ੍ਰੋਤਾ ਗਿਆ ਹੈ) ਸ਼ਬਦ ਦੀ ਬਰਕਤ ਨਾਲ ਮੇਰੇ ਅੰਦਰ ਪਰਮੇਸ਼ਰ ਦੇ ਵਿਛੋੜੇ ਦਾ ਅਹਿਸਾਸ ਪੈਦਾ ਹੋ ਗਿਆ ਹੈ, ਉਹੀ ਮਨੁੱਖ (ਅਸਲ) ਤਿਆਗੀ ਹੈ, ਜਿਸ ਦਾ ਮਨ ਪ੍ਰਭੂ ਦੇ ਬਿਰਹੋਂ ਰੰਗ ਵਿਚ ਰੰਗਿਆ ਗਿਆ ਹੋਵੇ।

ਪ੍ਰ: ਹਜ਼ੂਰ! ਅਜਿਹੇ ਵਿਰਾਗੀ ਦੀ ਪਛਾਣ ਕੀ ਹੈ?

ਉ: ੬. ਹੇ ਭਾਈ! ਉਸ ਦੇ ਅੰਦਰ ਤਿੰਨ ਵਿਸ਼ੇਸ਼ਤਾਈਆਂ ਵੇਖਣ ਵਿਚ ਆਉਂਦੀਆਂ ਹਨ: ੧. ਉਸ (ਵੈਰਾਗੀ) ਦੇ ਅੰਦਰ ਪ੍ਰਭੂ ਜੀ ਦੀ ਜੋਤਿ ਜਗ ਪੈਂਦੀ ਹੈ। ੨. ਉਹ ਇਕ ਰਸ ਪ੍ਰਭੂ ਦੇ ਸਿਫ਼ਤਿ-ਸਾਲਾਹ ਦੀ ਬਾਣੀ ਵਿਚ ਮਸਤ ਰਹਿੰਦਾ ਹੈ। ੩. ਅਤੇ ਉਸ ਦੀ ਸੁਰਤੀ ਕਾਇਮ ਰਹਿਣ ਵਾਲੇ ਪ੍ਰਭੂ ਜੀ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ।੧।ਰਹਾਉ।

ਪ੍ਰ: ਹੇ ਗੁਰੋ! ਵੇਖਣ ਵਿਚ ਅਨੇਕਾਂ ਹੀ ਵੈਰਾਗੀ ਲੋਕ ਆਉਂਦੇ ਹਨ, ਜੋ ਵੈਰਾਗ ਦੀਆਂ ਗੱਲਾਂ ਬਹੁਤ ਕਰਦੇ ਹਨ, ਪਰ ਉਨ੍ਹਾਂ ਵਿਚੋਂ ਸਹੀ ਵੈਰਾਗੀ ਕਿਸ ਨੂੰ ਸਮਝਿਆ ਜਾਵੇ?

ਉ: ੭. ਹੇ ਭਾਈਓ! ਅਨੇਕਾਂ ਹੀ ਵੈਰਾਗੀਆਂ ਦੇ ਲਿਬਾਸ ਵਿਚ ਵੈਰਾਗ ਦੀਆਂ ਗੱਲਾਂ ਕਰਨ ਵਾਲੇ ਨਾਮ ਧਰੀਕ ਲੋਕ ਵੇਖੇ ਜਾਂਦੇ ਹਨ, ਪਰ ਅਸਲ ਵੈਰਾਗੀ ਉਹੋ ਹੈ ਜੋ ਪ੍ਰਭੂ ਜੀ ਦੇ ਬਿਰਹੋਂ ਰੰਗ ਵਿਚ ਇਤਨਾ ਰੰਗਿਆ ਹੋਇਆ ਹੈ ਕਿ ਉਹ ਉਸ ਖਸਮ ਪ੍ਰਭੂ ਨੂੰ ਪਿਆਰਾ ਲੱਗਦਾ ਹੈ। (ਭਾਵ ਮਾਲਕ ਨੂੰ ਚੰਗਾ ਲੱਗਦਾ ਹੈ)।

ਪ੍ਰ: ਕਿਉਂ ਜੀ! ਉਸ ਦੀ ਨਿੱਤ ਦੀ ਕਾਰ ਕੀ ਹੈ?

ਉ: ੮. ਹੇ ਪਿਆਰੇ! ਉਸ ਗੁਰੂ ਦੇ ਸ਼ਬਦ ਦੇ ਰਾਹੀਂ ਆਪਣੇ ਹਿਰਦੇ ਵਿਚ (ਉਸੇ ਪਰਮੇਸ਼ਰ ਦੀ ਯਾਦ ਨੂੰ ਵਸਾਂਦਾ ਹੈ ਤੇ) ਸਦਾ ਹੀ ਪਰਮੇਸ਼ਰ ਦੇ ਡਰ-ਅਦਬ ਵਿਚ ਮਸਤ (ਰਹਿ ਕੇ) ਗੁਰੂ ਦੀ ਦੱਸੀ ਹੋਈ ਕਾਰ ਕਰਦਾ ਹੈ।

ਪ੍ਰ: ਕਿਉਂ ਜੀ! ਗੁਰੂ ਦੀ ਦੱਸੀ ਹੋਈ ਉਸ ਲਈ ਕਾਰ ਕਿਹੜੀ ਹੈ, ਜੋ ਕਿ ਉਹ ਸਦਾ ਹੀ ਕਰਦਾ ਰਹਿੰਦਾ ਹੈ?

ਉ: ੯. ਹੇ ਪਿਆਰੇ! ਕਾਰ ਹੈ ਉਸ ਦੀ ਇਹ ਕਿ ਉਹ ਵੈਰਾਗੀ ਸਦਾ ਪਰਮੇਸ਼ਰ ਨੂੰ ਹੀ ਚੇਤਦਾ ਹੈ, ਇਸੇ ਕਾਰ ਦਾ ਸਦਕਾ ਉਸ ਦਾ ਮਨ ਮਾਇਆ ਵਾਲੇ ਪਾਸੇ ਨਹੀਂ ਡੋਲਦਾ। ਉਹ ਵੈਰਾਗੀ ਤਾਂ (ਸਗੋਂ) ਮਾਇਆ ਵਲ ਦੌੜਦੇ ਮਨ ਨੂੰ ਰੋਕ ਕੇ ਪ੍ਰਭੂ ਦੇ ਚਰਨਾਂ ਵਿਚ ਜੋੜੀ ਰੱਖਦਾ ਹੈ।

੧੦. ਅਤੇ ਅਡੋਲ ਅਵਸਥਾ ਵਿਚ ਮਸਤ ਉਹ ਬੈਰਾਗੀ ਸਦਾ ਹੀ (ਪ੍ਰਭੂ ਦੇ ਨਾਮ) ਰੰਗ ਵਿਚ ਰੰਗਿਆ ਰਹਿੰਦਾ ਹੈ ਅਤੇ ਸਦਾ ਹੀ ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦਾ ਹੈ।੨।

੧੧. ਹੇ ਭਾਈ! ਜਿਸ ਮਨੁੱਖ ਦਾ ਪੌਣ ਦੀ ਨਿਆਈਂ ਚੰਚਲ ਮਨ ਰਤਾ ਭਰ ਭੀ ਆਤਮਕ ਅਨੰਦ ਵਿਚ ਨਿਵਾਸ ਦੇਣ ਵਾਲੇ ਨਾਮ ਵਿਚ ਵੱਸਦਾ ਹੈ, (ਉਹ ਪੁਰਸ਼ ਅਸਲ ਵੈਰਾਗੀ ਹੈ ਤੇ ਉਹੋ ਵੈਰਾਗੀ ਅਨੰਦ (ਮਾਣਦਾ ਹੈ)।

੧੨. ਹੇ ਪ੍ਰਭੂ ਜੀ! ਤੂੰ ਆਪ ਹੀ ਉਸ ਵੈਰਾਗੀ ਨੂੰ ਜੀਵਨ ਦੇ ਸਹੀ ਰਸਤੇ ਦੀ ਸੋਝੀ ਦਿੱਤੀ ਹੈ (ਜਿਸ ਦੀ ਬਰਕਤ ਨਾਲ ਉਸਦੀ ਤ੍ਰਿਸ਼ਨਾ) ਅੱਗ ਬੁਝ ਗਈ ਹੈ ਤੇ ਉਸ ਦੀ ਜੀਭ, ਉਸ ਦੀਆਂ ਅੱਖਾਂ (ਆਦਿਕ) ਇੰਦ੍ਰੇ ਸੱਚੇ ਨਾਮ ਵਿਚ ਰੰਗੇ ਰਹਿੰਦੇ ਹਨ।

੧੩. ਉਹ ਵੈਰਾਗੀ ਦੁਨੀਆ ਦੀਆਂ ਆਸਾਂ ਤੋਂ ਨਿਰਮੋਹ ਹੋ ਕੇ ਜੀਵਨ ਬਤੀਤ ਕਰਦਾ ਹੈ। ਉਹ ਦੁਨੀਆ ਦੇ ਘਰ-ਘਾਟ ਦੀ ਅਪਣੱਤ ਛੱਡ ਕੇ ਉਸ ਘਰ ਵਿਚ ਸੁਰਤੀ ਜੋੜੀ ਰੱਖਦਾ ਹੈ ਜੋ ਕਿ ਸੱਚ ਮੁੱਚ ਉਸ ਦਾ ਆਪਣਾ ਹੀ ਰਹੇਗਾ।

ਪ੍ਰ: ਕਿਉਂ ਜੀ! ਕੀ ਉਨ੍ਹਾਂ ਨੂੰ ਭਿਖਿਆ ਮੰਗਣ ਦੀ ਲੋੜ ਨਹੀਂ ਪੈਂਦੀ?

ਉ: ੧੪. (ਨਹੀਂ) ਹੇ ਭਾਈ! ਉਨ੍ਹਾਂ ਨੂੰ ਭਿਖਿਆ ਮੰਗਣ ਦੀ ਲੋੜ ਹੀ ਨਹੀਂ ਰਹੀ, (ਕਿਉਂਕਿ) ਉਸ ਵੈਰਾਗੀ ਨੂੰ ਗੁਰੂ ਦਰ ਤੋਂ ਅਜਿਹੀ ਨਾਮ ਦੀ ਭਿਖਿਆ ਮਿਲੀ ਹੈ ਕਿ ਉਹ ਇਸੇ ਨਾਮ ਨਾਲ ਸਦਾ ਹੀ ਰੱਜੇ ਰਹਿੰਦੇ ਹਨ, ਸਦਾ ਸੰਤੋਖੀ ਰਹਿੰਦੇ ਹਨ, ਕਿਉਂਕਿ ਗੁਰੂ ਨੇ ਉਨ੍ਹਾਂ ਨੂੰ ਆਤਮਕ ਅਵਸਥਾ ਵਿਚ ਟਿਕਾਅ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪਿਲਾ ਦਿੱਤਾ ਹੈ।੩।

ਪ੍ਰ: ਕਿਉਂ ਜੀ! ਇਹ ਜਿਤਨੇ ਭੀ ਲੋਕ ਵੈਰਾਗੀਆਂ ਦੇ ਲਿਬਾਸ ਵਿਚ ਵੇਖੀਦੇ ਹਨ, ਉਨ੍ਹਾਂ ਸਾਰਿਆਂ ਦੇ ਅੰਦਰ ਸਹੀ ਵੈਰਾਗ ਕਿਉਂ ਨਹੀਂ ਉਪਜਦਾ?

ਉ: ੧੫. ਹੇ ਭਾਈਓ! ਅਸਲ ਵਿਚ ਇਸ ਦਾ ਸਹੀ ਕਾਰਨ ਇਕ ਇਹੋ ਹੀ ਹੈ ਕਿ ਜਦੋਂ ਤੀਕ ਕਿਸੇ ਦੇ (ਮਨ ਵਿਚ) ਰਤਾ ਭਰ ਭੀ ਦ੍ਵੈਤ ਭਾਵ ਹੈ, ਕਿਸੇ ਹੋਰ ਆਸਰੇ ਦੀ ਝਾਕ ਹੈ, ਤਦੋਂ ਤਕ ਸਹੀ ਰੂਪ ਵਿਚ ਬਿਰਹੋਂ ਅਵਸਥਾ (ਅੰਦਰ) ਪੈਦਾ ਨਹੀਂ ਹੁੰਦੀ, ਭਾਵ ਵੈਰਾਗ ਨਹੀਂ ਉਪਜ ਸਕਦਾ।

ਪ੍ਰ: ਹਜ਼ੂਰ! ਤਾਂ ਫਿਰ ਆਪ ਹੀ ਵੈਰਾਗ ਉਪਜਣ ਦਾ ਕੋਈ ਸਾਧਨ ਦੱਸ ਦਿਓ।

ਉ:੧੬. ਹੇ ਭਾਈਓ! ਸਾਧਨ ਤਾਂ ਇਕੋ ਹੀ ਅਰਦਾਸ ਹੈ ਜੋ ਕਿ ਇਸ ਤਰ੍ਹਾਂ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਪ੍ਰਭੂ ਜੀ! ਇਸ ਬਿਰਹੋਂ ਦੀ ਦਾਤ ਦੇਣ ਵਾਲਾ ਇਕ ਤੂੰ ਆਪ ਹੀ ਹੈਂ, ਤੈਥੋਂ ਬਿਨਾ ਤਾਂ ਹੋਰ ਕੋਈ ਭੀ (ਇਹ ਦਾਤ) ਦੀ ਬਖ਼ਸ਼ਸ਼ ਕਰਨ ਵਾਲਾ ਨਹੀਂ ਹੈ। ਇਹ ਸਾਰਾ ਜਗਤ ਤੇਰਾ ਆਪਣਾ ਹੀ (ਰਚਿਆ ਹੋਇਆ) ਹੈ।

੧੭. ਇਹੋ ਹੀ ਇਕ ਕਾਰਨ ਹੈ ਕਿ ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਮਨੁੱਖ ਸਦਾ ਹੀ ਦੁੱਖ ਵਿਚ ਵੱਸਦੇ ਹਨ ਅਤੇ ਜਿਹੜੇ ਬੰਦੇ ਗੁਰੂ ਦੀ ਸ਼ਰਨ ਵਿਚ ਆ ਪੈਂਦੇ ਹਨ, ਉਨ੍ਹਾਂ ਨੂੰ ਪ੍ਰਭੂ ਨਾਮ ਦੀ ਦਾਤ ਦੇ ਕੇ ਆਦਰ ਮਾਣ ਬਖ਼ਸ਼ਦਾ ਹੈ।

ਪ੍ਰ: ਕਿਉਂ ਜੀ! ਜਿਸ ਪ੍ਰਭੂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਉਸ ਬਾਰੇ ਕੁਝ ਬਿਆਨ ਕਰੋ ਤਾਂ ਕਿ ਸਾਨੂੰ ਸਮਝ ਪੈ ਸਕੇ?

ਉ:੧੮. ਹੇ ਭਾਈਓ! ਉਹ ਵਾਹਿਗੁਰੂ ਜੀ ਬੇਅੰਤ ਹੈ, ਅਪਹੁੰਚ ਹੈ ਅਤੇ ਇੰਦ੍ਰੀਆਂ ਦੇ ਵਿਸ਼ੇ ਵਿਚ ਨਹੀਂ ਹੈ, ਇਸ ਲਈ ਉਸ ਪ੍ਰਭੂ ਦੀ ਕੀਮਤ (ਜੀਵਾਂ ਪਾਸੋਂ) ਬਿਆਨ ਕਰਕੇ ਨਹੀਂ ਦੱਸੀ ਜਾ ਸਕਦੀ, ਭਾਵ ਹੈ ਕਿ ਉਸ ਦੇ ਬਰਾਬਰ ਦਾ ਹੋਰ ਕੋਈ ਦੱਸਿਆ ਨਹੀਂ ਜਾ ਸਕਦਾ।੪।

ਪ੍ਰ: ਹਜ਼ੂਰ! ਉਸ ਸਾਈਂ ਜੀ ਬਾਰੇ ਕੁਝ ਥੋੜ੍ਹੀ ਮਾਤਰ ਤਾਂ ਸੋਧ ਦਿਓ ਤਾਂ ਕਿ ਕੁਝ ਸੋਝੀ ਪੈ ਸਕੇ?

ਉ:੧੯. ਹੇ ਭਾਈਓ! ਉਹ ਸਾਈਂ ਜੀ ਇਕ ਐਸੀ ਆਤਮਕ ਅਵਸਥਾ ਦਾ ਮਾਲਕ ਹੈ ਕਿ ਉਸ ਉੱਤੇ ਮਾਇਆ ਦੇ ਫੁਰਨੇ ਪ੍ਰਭਾਵਤ ਨਹੀਂ ਹੋ ਸਕਦੇ, ਭਾਵ ਉਸ ਨੂੰ ਕੋਈ ਭੀ ਫੁਰਨਾ ਦਬਾ ਨਹੀਂ ਸਕਦਾ। ਉਹ ਤਿੰਨਾਂ ਹੀ ਲੋਕਾਂ ਦਾ ਮਾਲਕ ਹੈ, ਸੋ ਉਸ ਦਾ ਨਾਮ ਹੀ ਜੀਵਾਂ ਵਾਸਤੇ ਮਹਾਨ ਸ੍ਰੇਸ਼ਟ ਉੱਚਾ ਧਨ ਹੈ, ਭਾਵ ਹੈ ਮਨੁੱਖ ਦਾ ਮੁੱਖ ਪ੍ਰਯੋਜਨ ਹੀ ਨਾਮ ਸਿਮਰਨਾ ਹੈ।

ਪ੍ਰ: ਕਿਉਂ ਜੀ! ਇਸ ਜਗਤ ਵਿਚ ਜੋ ਜੀਵ ਜਨਮ ਧਾਰ ਕੇ ਭਿੰਨ-ਭਿੰਨ ਕਰਮ ਕਰਦੇ ਨਜ਼ਰ ਆਉਂਦੇ ਹਨ, ਇਹ ਸਿਲਸਿਲਾ ਕੌਣ ਚਲਾ ਰਿਹਾ ਹੈ?

ਉ:੨੦. ਹੇ ਪਿਆਰੇ! ਇਸ ਜਗਤ ਵਿਚ ਜਿਤਨੇ ਭੀ ਜੀਵ ਜਨਮ ਲੈਂਦੇ ਹਨ, ਉਨ੍ਹਾਂ ਦੇ ਮੱਥੇ ਉੱਤੇ ਉਨ੍ਹਾਂ ਦੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਪਰਮੇਸ਼ਰ ਦੀ ਰਜ਼ਾ ਵਿਚ ਹੀ ਲੇਖ ਲਿਖਿਆ ਜਾਂਦਾ ਹੈ। ਹਰੇਕ ਜੀਵ ਨੂੰ ਆਪੋ-ਆਪਣੇ ਸਿਰ ਉੱਤੇ ਲਿਖਿਆ ਲੇਖ ਸਹਿਣਾ ਪੈਂਦਾ ਹੈ।

੨੧. ਉਹ ਪਰਮੇਸ਼ਰ ਜੀਵਾਂ ਪਾਸੋਂ ਆਪੇ ਹੀ ਕੁਕਰਮ ਤੇ ਸੁਕਰਮ ਕਰਾਉਂਦਾ ਹੈ, ਭਾਵ ਸਾਧਾਰਨ ਤੇ ਚੰਗੇ ਕਰਮ ਆਪ ਹੀ ਜੀਵਾਂ ਪਾਸੋਂ ਕਰਾਉਂਦਾ ਹੈ ਅਤੇ ਉਹ ਆਪੇ ਹੀ ਭਗਤਾਂ ਦੇ ਹਿਰਦੇ ਵਿਚ ਭਗਤੀ ਦ੍ਰਿੜ੍ਹ ਕਰਵਾਉਂਦਾ ਹੈ।

੨੨. ਹੇ ਭਾਈ! ਉਹ ਅਪਹੁੰਚ ਪ੍ਰਭੂ ਆਪੇ ਹੀ ਜੀਵਾਂ ਨੂੰ ਗਿਆਨ ਦੀ ਦਾਤ ਬਖ਼ਸ਼ਸ਼ ਕਰਦਾ ਹੈ। ਜੋ (ਸੱਚਾ ਵੈਰਾਗੀ) ਪਰਮੇਸ਼ਰ ਦੇ ਡਰ-ਅਦਬ ਵਿਚ ਗਿੱਝ ਜਾਂਦਾ ਹੈ, ਉਸਦੀ ਬਰਕਤ ਨਾਲ ਉਸ ਦੇ ਮਨ ਤੇ ਮੂੰਹ ਵਿਚ ਜੋ ਭੀ ਪਹਿਲੋਂ ਵਿਕਾਰਾਂ ਦੀ ਅਤੇ ਨਿੰਦਾ ਆਦਕ ਦੀ ਮੈਲ ਹੁੰਦੀ ਹੈ, ਉਹ ਸਾਰੀ ਹੀ ਦੂਰ ਹੋ ਜਾਂਦੀ ਹੈ।੫।

ਪ੍ਰ: ਕਿਉਂ ਜੀ! ਨਾਮ ਸਿਮਰਨ ਦੀ ਬਰਕਤ ਨਾਲ ਜਿਨ੍ਹਾਂ ਨੂੰ ਨਾਮ ਦਾ ਰਸ ਆਇਆ ਹੈ, ਉਸ ਰਸ ਬਾਰੇ ਕੁਝ ਨਿਰਨਾ ਦੱਸੋ ਕਿ ਉਹ ਰਸ ਕਿਹੋ ਜਿਹਾ ਹੁੰਦਾ ਹੈ?

ਉ:੨੩. ਹੇ ਪਿਆਰਿਓ! ਅਸਲ ਵਿਚ ਜਿਨ੍ਹਾਂ ਮਨੁੱਖਾਂ ਨੇ ਨਾਮ ਦਾ ਰਸ (ਚਖਿਆ) ਮਾਣਿਆ ਹੈ, ਉਸ ਦੇ ਸੁਆਦ ਨੂੰ ਉਹ ਨਾਮ-ਰਸੀਏ ਹੀ ਜਾਣਦੇ ਹਨ, ਪਰ (ਦੱਸ ਨਹੀਂ ਸਕਦੇ) ਜਿਵੇਂ ਕਿ ਗੂੰਗੇ ਮਨੁੱਖ ਦੀ ਖਾਧੀ ਹੋਈ ਮਠਿਆਈ (ਦਾ ਸੁਆਦ ਗੂੰਗਾ ਆਪ ਹੀ ਜਾਣਦਾ ਹੈ, ਪਰ ਕਿਸੇ ਨੂੰ ਦੱਸ ਨਹੀਂ ਸਕਦਾ)।

ਪ੍ਰ: ਹਜ਼ੂਰ ਜੀ! ਆਪ ਜੀ ਸਾਈਂ ਜੀ ਤੋਂ ਕੀ ਚਾਹੁੰਦੇ ਹੋ?

ਉ:੨੪. ਹੇ ਭਾਈ! ਅਸਲ ਵਿਚ ਨਾਮ ਰਸ ਤਾਂ ਹੈ ਹੀ ਅਕੱਥ, ਬਿਆਨ ਨਹੀਂ ਕੀਤਾ ਜਾ ਸਕਦਾ, ਪਰ ਮੈਂ ਤਾਂ ਹਮੇਸ਼ਾ ਇਹੋ ਹੀ ਤਾਂਘ ਰੱਖਦਾ ਹਾਂ ਕਿ ਮੈਂ ਉਸ ਮਾਲਕ ਪ੍ਰਭੂ ਦੀ ਰਜ਼ਾ ਵਿਚ ਹੀ ਤੁਰੀ ਚਲਾਂ।

ਪ੍ਰ: ਕਿਉਂ ਜੀ! ਉਸ ਸਾਈਂ ਜੀ ਦੀ ਰਜ਼ਾ ਵਿਚ ਟੁਰਦੇ ਰਹਿਣ ਦੀ ਮਤਿ ਸਾਰੇ ਹੀ ਲੋਕਾਂ ਨੂੰ ਕਿਉਂ ਨਹੀਂ ਆ ਜਾਂਦੀ?

ਉ:੨੫. ਹੇ ਪਿਆਰੇ! ਉਸ ਸਾਈਂ ਜੀ ਦੀ ਰਜ਼ਾ ਵਿਚ ਤੁਰੇ ਰਹਿਣ ਦੀ ਸੋਝੀ ਭੀ ਤਦੋਂ ਹੀ ਆਉਂਦੀ ਹੈ, ਜੇਕਰ ਦਾਤਾਰ ਪ੍ਰਭੂ ਗੁਰੂ ਨਾਲ ਮਿਲਾਪ ਕਰਵਾ ਦੇਵੇ। ਜਿਹੜਾ ਬੰਦਾ ਗੁਰੂ ਦੀ ਸ਼ਰਨ ਵਿਚ ਨਹੀਂ ਪਿਆ, ਉਸ ਨੂੰ ਤਾਂ ਇਹ ਸਮਝ ਰਤਾ ਭਰ ਭੀ ਨਹੀਂ ਆਉਂਦੀ।

ਪ੍ਰ: ਹੇ ਗੁਰੋ! ਬਹੁਤ ਲੋਕ ਆਪਣੀ ਸਿਆਣਪ 'ਤੇ ਬੜਾ ਹੀ ਮਾਣ ਕਰਦੇ ਹਨ ਕਿ ਅਸੀਂ ਉਸ ਪ੍ਰਭੂ ਨੂੰ ਆਪਣੀ ਵਧੇਰੇ ਸਿਆਣਪ ਨਾਲ ਹਾਸਲ ਕਰ ਸਕਦੇ ਹਾਂ?

ਉ:੨੬. ਹੇ ਪਿਆਰਿਓ! ਕੋਈ ਆਦਮੀ ਆਪਣੀ (ਬਹੁਤੀ) ਸਿਆਣਪ ਦਾ ਮਾਣ ਨਹੀਂ ਕਰ ਸਕਦਾ, (ਕਿਉਂਕਿ) ਉਹ ਪਰਮੇਸ਼ਰ ਸਾਨੂੰ ਜੀਵਾਂ ਨੂੰ (ਜਿਵੇਂ-ਜਿਵੇਂ ਜੀਵਨ ਮਾਰਗ ਉੱਤੇ) ਟੋਰਦਾ ਹੈ, ਤਿਵੇਂ-ਤਿਵੇਂ ਹੀ ਅਸੀਂ ਤੁਰਦੇ ਹਾਂ।੬।

੨੭. ਇਸ ਲਈ, (ਐ ਪਿਆਰਿਓ! ਜਦੋਂ ਉਸ ਅਪਾਰ ਪ੍ਰਭੂ ਦੀ ਅਪਾਰ ਰਚਨਾ ਵਲ ਤੱਕਦੇ ਹਾਂ, ਤਾਂ ਆਖ਼ਰ ਇਉਂ ਹੀ ਕਹਿਣਾ ਪੈਂਦਾ ਹੈ ਕਿ) ਹੇ ਅਪਾਰ ਪ੍ਰਭੂ! ਤੂੰ ਅਨੇਕਾਂ ਜੀਵਾਂ ਨੂੰ ਭਟਕਣਾ ਵਿਚ (ਪਾ ਕੇ) ਕੁਰਾਹੇ ਪਾ ਛੱਡਿਆ ਹੈ ਤੇ ਅਨੇਕਾਂ ਜੀਵ ਤੇਰੀ ਭਗਤੀ (ਦੇ ਰੰਗ) ਵਿਚ ਰੰਗੇ ਹੋਏ ਹਨ, ਇਹ ਸਭ ਤੇਰਾ ਹੀ ਖੇਲ ਰਚਿਆ ਹੋਇਆ ਹੈ।

੨੮. ਹੇ ਸਾਈਂ ਜੀ! ਜਿਸ ਪਾਸੇ ਤੂੰ ਜੀਵਾਂ ਨੂੰ ਲਾਇਆ ਹੋਇਆ ਹੈ, ਉਹੋ ਜਿਹਾ ਫਲ ਜੀਵ ਭੋਗ ਰਹੇ ਹਨ, (ਤੂੰ ਸਾਰੇ ਜੀਵਾਂ ਨੂੰ) ਆਪਣੇ ਹੁਕਮ ਵਿਚ ਚਲਾਣ ਦੇ ਸਮਰੱਥ ਹੈਂ।

ਪ੍ਰ: ਹੇ ਗੁਰੋ! ਜਦੋਂ ਆਮ ਲੋਕਾਂ ਵਲ ਤੱਕੀਏ ਤਾਂ ਉਹ ਥੋੜ੍ਹੀ ਸੇਵਾ ਕਰ ਕੇ ਬਹੁਤਾ ਮਾਣ ਕਰ ਬੈਠਦੇ ਹਨ, ਪਰ ਇਸ ਬਾਰੇ ਆਪ ਦੇ ਵੀਚਾਰ ਕੀ ਹਨ?

ਉ:੨੯. ਹੇ ਭਾਈਓ! ਮੈਂ ਤਾਂ ਕਈ ਵਾਰ ਇਉਂ ਸੋਚਿਆ ਕਰਦਾ

ਹਾਂ ਕਿ ਮੇਰੇ ਪਾਸ ਜੇ ਕੋਈ ਮੇਰੀ ਚੀਜ਼ ਆਪਣੀ ਹੋਵੇ, ਤਾਂ (ਮੈਂ ਇਹ ਆਖਣ ਦਾ ਫ਼ਖ਼ਰ ਕਰ ਸਕਾਂ ਕਿ) ਮੈਂ ਤੇਰੀ ਸੇਵਾ ਕਰ ਰਿਹਾ ਹਾਂ, ਪਰ ਮੈਂ ਜਦੋਂ ਵੀਚਾਰ ਕਰਦਾ ਹਾਂ ਤਾਂ ਇਸ ਸਿੱਟੇ 'ਤੇ ਪੁੱਜਦਾ ਹਾਂ ਕਿ ਹੇ ਸਾਈਂ ਜੀ! ਇਹ ਜਿੰਦ ਮੈਨੂੰ ਤੂੰ ਹੀ ਦਿੱਤੀ ਹੋਈ ਹੈ ਤੇ ਇਹ ਜੋ ਮੇਰਾ ਸਰੀਰ ਹੈ, ਇਹ ਭੀ ਤੇਰਾ ਹੀ ਦਿੱਤਾ ਹੋਇਆ ਹੈ।

੩੦. ਪਰ ਹਾਂ, ਜੇ ਕਰ ਗੁਰੂ ਮਿਲ ਪਏ ਤਾਂ ਉਹ ਕਿਰਪਾ ਕਰਦਾ ਹੈ ਤਾਂ ਆਤਮਕ ਜੀਵਨ ਦੇਣ ਵਾਲਾ ਤੇਰਾ ਨਾਮ ਮੈਨੂੰ (ਜ਼ਿੰਦਗੀ ਦਾ) ਆਸਰਾ ਦੇਂਦਾ ਹੈ।੭।

ਪ੍ਰ: ਹਜ਼ੂਰ ਜੀ! ਇਹ ਦੱਸੋ ਕਿ ਮਨੁੱਖ ਦੇ ਅੰਦਰ ਪ੍ਰਭੂ ਪ੍ਰਾਪਤੀ ਦੇ ਦੈਵੀ ਗੁਣ ਕਿਵੇਂ ਪ੍ਰਗਟ ਹੋ ਸਕਦੇ ਹਨ?

ਉ: ੩੧. ਹੇ ਭਾਈ! ਜਦੋਂ ਮਨੁੱਖ ਉੱਚੇ ਆਤਮਕ ਮੰਡਲ ਵਿਚ ਵਸਦਾ ਹੈ, (ਭਾਵ ਹੈ ਕਿ ਸੁਰਤੀ ਨੂੰ ਟਿਕਾਈ ਰੱਖਦਾ ਹੈ) ਉਸ ਸਮੇਂ ਉਸ ਦੇ ਅੰਤਰ ਆਤਮੇਂ ਆਤਮਕ ਗੁਣ ਪ੍ਰਗਟ ਹੋ ਆਉਂਦੇ ਹਨ। ਆਤਮਕ ਗੁਣਾਂ ਨਾਲ ਉਹ ਪੂਰਨ ਸਾਂਝ ਪਾਈ ਰੱਖਦਾ ਹੈ। ਆਤਮਕ ਗੁਣਾਂ ਵਿਚ ਹੀ ਉਸ ਦੀ ਸੁਰਤਿ ਜੁੜੀ ਰਹਿੰਦੀ ਹੈ। ਉਸੇ ਮਨੁੱਖ ਨੂੰ ਪੂਰਨ ਤਿਆਗੀ ਕਿਹਾ ਜਾ ਸਕਦਾ ਹੈ।

ਪ੍ਰ: ਕਿਉਂ ਜੀ ਉਸ ਦੀ ਨਿਸ਼ਾਨੀ ਕੀ ਹੈ?

ਉ: ੩੨. ਹੇ ਭਾਈ! ਚਾਰ ਨਿਸ਼ਾਨੀਆਂ ਤਾਂ ਉਸ ਵਿਚ ਪ੍ਰਤੱਖ ਹੀ ਪਾਈਆਂ ਜਾਂਦੀਆਂ ਹਨ, ਜਿਵੇਂ ਕਿ ੧. ਉਸ ਦੇ ਮਨ ਨੂੰ ਪਰਮੇਸ਼ਰ ਜੀ ਦਾ ਨਾਮ ਪਿਆਰਾ ਲੱਗਦਾ ਹੈ। ੨. ਉਹ ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਨਾਮ ਸਿਮਰਨ ਲਈ ਪ੍ਰੇਰਦਾ ਹੈ। ੩. ਉਹ ਸਦਾ ਪ੍ਰਭੂ ਦੀ ਹੀ ਸਿਫ਼ਤਿ-ਸਾਲਾਹ ਕਰਦਾ ਹੈ, ਜੋ ਕਿ ਪ੍ਰਭੂ ਜਗਤ ਦਾ ਮੂਲ ਕਾਰਨ ਹੈ।

੩੩. ੪. ਅਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਧਾਰਨ ਕਰ ਕੇ ਉਹ (ਗਹਿਰ-ਗੰਭੀਰ) ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ, ਪਰ ਵੇਖੀਦਾ ਹੈ ਕਿ ਗੁਰੂ ਦੇ ਸ਼ਬਦ ਤੋਂ ਖੁੰਝ ਕੇ ਇਹ ਜਗਤ (ਮਾਇਆ ਦੇ ਮੋਹ ਵਿਚ) ਕਮਲਾ ਹੋਇਆ ਫਿਰਦਾ ਹੈ।

੩੪. ਹੇ ਭਾਈ! ਉਹੀ ਮਨੁੱਖ ਪੂਰਨ ਵੈਰਾਗੀ ਹੈ ਅਤੇ ਸ੍ਰੇਸ਼ਟ ਭਾਗਾਂ ਵਾਲਾ ਭੀ ਓਹੀ ਹੈ, ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਜਿਸ ਨੇ ਸੱਚ ਨਾਮ ਨੂੰ ਮਨ ਵਿਚ ਮੰਨਣ ਕਰ ਲਿਆ ਹੈ, (ਭਾਵ ਹੈ ਕਿ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਬਣਾ ਲਿਆ ਹੈ)।੮।੧।

ਭਾਵਾਰਥ : ਹਜ਼ੂਰ ਇਸ ਸ਼ਬਦ ਦੀ ਰਹਾਉ ਦੀ ਪੰਗਤੀ ਵਿਚ ਇਹ ਸਿਧਾਂਤ ਕਹਿ ਰਹੇ ਹਨ ਕਿ ਹੇ ਮੇਰੀ ਮਾਂ! ਮੇਰਾ ਮਨ ਗੁਰੂ ਦੇ ਸ਼ਬਦ ਵਿਚ ਗਿੱਝ ਗਿਆ ਹੈ। ਇਹ ਸਾਰੀ ਸ਼ਬਦ ਦੀ ਬਰਕਤ ਹੈ, ਜਿਸ ਦੇ ਨਾਲ ਮੇਰੇ ਅੰਦਰ ਪਰਮੇਸ਼ਰ ਤੋਂ ਹੋਏ ਵਿਛੋੜੇ ਦਾ ਅਹਿਸਾਸ ਪੈਦਾ ਹੋ ਗਿਆ ਹੈ।

ਸੋਰਠਿ ਮਹਲਾ ੧ ਤਿਤੁਕੀ॥

੧. ਆਸਾ ਮਨਸਾ ਬੰਧਨੀ ਭਾਈ
ਕਰਮ ਧਰਮ ਬੰਧਕਾਰੀ॥
੨. ਪਾਪਿ ਪੁੰਨਿ ਜਗੁ ਜਾਇਆ ਭਾਈ
ਬਿਨਸੈ ਨਾਮੁ ਵਿਸਾਰੀ॥
੩. ਇਹ ਮਾਇਆ ਜਗਿ ਮੋਹਣੀ ਭਾਈ
ਕਰਮ ਸਭੇ ਵੇਕਾਰੀ॥੧॥
੪. ਸੁਣਿ ਪੰਡਿਤ ਕਰਮਾ ਕਾਰੀ॥
੫. ਜਿਤੁ ਕਰਮਿ ਸੁਖੁ ਊਪਜੈ ਭਾਈ
ਸੁ ਆਤਮ ਤਤੁ ਬੀਚਾਰੀ॥ ਰਹਾਉ॥
੬. ਸਾਸਤੁ ਬੇਦੁ ਬਕੈ ਖੜੋ ਭਾਈ
ਕਰਮ ਕਰਹੁ ਸੰਸਾਰੀ॥
੭. ਪਾਖੰਡਿ ਮੈਲੁ ਨ ਚੂਕਈ ਭਾਈ
ਅੰਤਰਿ ਮੈਲੁ ਵਿਕਾਰੀ॥
੮. ਇਨ ਬਿਧਿ ਡੂਬੀ ਮਾਕੁਰੀ ਭਾਈ
ਊਂਡੀ ਸਿਰ ਕੈ ਭਾਰੀ॥੨॥
੯. ਦੁਰਮਤਿ ਘਣੀ ਵਿਗੂਤੀ ਭਾਈ
ਦੂਜੈ ਭਾਇ ਖੁਆਈ॥
੧੦. ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮੁ ਨ ਜਾਈ॥
੧੧. ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ
ਆਵਣੁ ਜਾਣੁ ਰਹਾਈ॥੩॥
੧੨. ਸਾਚੁ ਸਹਜੁ ਗੁਰ ਤੇ ਊਪਜੈ ਭਾਈ
ਮਨੁ ਨਿਰਮਲੁ ਸਾਚਿ ਸਮਾਈ॥
੧੩. ਗੁਰੁ ਸੇਵੇ ਸੋ ਬੂਝੈ ਭਾਈ
ਗੁਰ ਬਿਨੁ ਮਗੁ ਨ ਪਾਈ॥
੧੪. ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ
ਕੂੜੁ ਬੋਲਿ ਬਿਖੁ ਖਾਈ॥੪॥
੧੫. ਪੰਡਿਤ ਦਹੀ ਵਿਲੋਈਐ ਭਾਈ
ਵਿਚਹੁ ਨਿਕਲੈ ਤਥੁ॥
੧੬. ਜਲੁ ਮਥੀਐ ਜਲੁ ਦੇਖੀਐ ਭਾਈ
ਇਹੁ ਜਗੁ ਏਹਾ ਵਥੁ॥
੧੭. ਗੁਰ ਬਿਨੁ ਭਰਮਿ ਵਿਗੂਚੀਐ ਭਾਈ
ਘਟਿ ਘਟਿ ਦੇਉ ਅਲਖੁ॥੫॥
੧੮. ਇਹੁ ਜਗੁ ਤਾਗੋ ਸੂਤ ਕੋ ਭਾਈ
ਦਹ ਦਿਸ ਬਾਧੋ ਮਾਇ॥
੧੯. ਬਿਨੁ ਗੁਰ ਗਾਠਿ ਨ ਛੂਟਈ ਭਾਈ
ਥਾਕੇ ਕਰਮ ਕਮਾਇ॥
੨੦. ਇਹੁ ਜਗੁ ਭਰਮਿ ਭੁਲਾਇਆ ਭਾਈ
ਕਹਣਾ ਕਿਛੂ ਨ ਜਾਇ॥੬॥

੨੧. ਗੁਰ ਮਿਲਿਐ ਭਉ ਮਨਿ ਵਸੈ ਭਾਈ
ਭੈ ਮਰਣਾ ਸਚੁ ਲੇਖੁ ॥
੨੨. ਮਜਨੁ ਦਾਨੁ ਚੰਗਿਆਈਆ ਭਾਈ
ਦਰਗਹ ਨਾਮੁ ਵਿਸੇਖੁ ॥
੨੩. ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ
ਮਨਿ ਵਸਿਆ ਚੂਕਾ ਭੇਖੁ ॥੭॥
੨੪. ਇਹੁ ਤਨੁ ਹਾਟੁ ਸਰਾਫ ਕੋ ਭਾਈ
ਵਖਰੁ ਨਾਮੁ ਅਪਾਰੁ ॥
੨੫. ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ
ਗੁਰ ਸਬਦਿ ਕਰੇ ਵੀਚਾਰੁ ॥
੨੬. ਧਨੁ ਵਾਪਾਰੀ ਨਾਨਕਾ ਭਾਈ
ਮੇਲਿ ਕਰੇ ਵਾਪਾਰੁ ॥੮॥੨॥

ਪਦ ਅਰਥ : ਆਸਾ ਮਨਸਾ—ਮਾਇਆ ਵਾਲੀਆਂ ਆਸਾਂ ਤੇ ਫੁਰਨੇ। ਬੰਧਨੀ—(ਮਾਇਆ ਦੇ ਮੋਹ ਵਿਚ) ਬੰਨ੍ਹਣ ਵਾਲੇ। ਭਾਈ—ਹੇ ਭਾਈ! ਹੇ ਪੰਡਤ! ਕਰਮ ਧਰਮ—ਉਹ ਕਰਮ ਜੋ ਧਾਰਮਿਕ ਮਿਥੇ ਹੋਏ ਹਨ, ਰਸਮੀ ਧਾਰਮਿਕ ਕਰਮ। ਬੰਧਕਾਰੀ—ਮਾਇਆ ਦੇ ਬੰਧਨ ਪੈਦਾ ਕਰਨ ਵਾਲੇ। ਪਾਪਿ ਪੁੰਨਿ—ਰਸਮੀ ਤੌਰ 'ਤੇ ਮੰਨੇ ਹੋਏ, ਪਾਪ ਅਤੇ ਪੁੰਨ ਦੇ ਕਾਰਨ। ਬਿਨਸੈ—ਮਰਦਾ ਹੈ। ਵਿਸਾਰੀ—ਵਿਸਾਰ ਕੇ। ਜਗਿ—ਜਗਤ ਵਿਚ। ਵੇਕਾਰੀ—ਵਿਅਰਥ।੧।

ਪੰਡਿਤ—ਹੇ ਪੰਡਤ! ਕਰਮਾ ਕਾਰੀ—ਕਰਮ-ਕਾਂਡੀ, ਤੀਰਥ ਵਰਤ ਆਦਿਕ ਮਿਥੇ ਹੋਏ ਧਾਰਮਿਕ ਕਰਮਾਂ ਦਾ ਵਿਸ਼ਵਾਸੀ। ਜਿਤੁ—ਜਿਸ ਦੀ ਰਾਹੀਂ। ਜਿਤੁ ਕਰਮਿ—ਜਿਸ ਕਰਮ ਦੇ ਰਾਹੀਂ। ਆਤਮ ਤਤੁ—ਆਤਮਾ ਦਾ ਮੂਲ।੧।ਰਹਾਉ।

ਬਕੈ ਖੜੋ—ਖਲੋਤਾ ਉਚਾਰਦਾ ਹੈਂ। ਕਰਹੁ—ਤੁਸੀਂ ਕਰਦੇ ਹੋ। ਸੰਸਾਰੀ—ਸੰਸਾਰ ਵਾਲੇ, ਮਾਇਆ ਵਿਚ ਹੀ ਪਰਵਿਰਤ ਕਰਨ ਵਾਲੇ। ਪਾਖੰਡਿ—ਪਖੰਡ ਨਾਲ। ਵਿਕਾਰੀ—ਵਿਕਾਰਾਂ ਦੀ। ਮਾਕੁਰੀ—ਮਕੜੀ, ਜਾਲਾ ਤਾਨਣ ਵਾਲਾ ਕਹਿਣਾ। ਉਂਡੀ—ਉਲਟੀ।੨।

ਘਣੀ—ਬਹੁਤ (ਲੁਕਾਈ)। ਭਾਇ—ਪਿਆਰ ਵਿਚ, ਮੋਹ ਵਿਚ। ਖੁਆਈ—ਖੁੰਝ ਗਈ। ਰਹਾਈ—ਰਹਿ ਜਾਂਦਾ ਹੈ।੩।

ਸਾਚੁ ਸਹਜੁ—ਸਦਾ ਕਾਇਮ ਰਹਿਣ ਵਾਲੀ ਅਡੋਲ ਆਤਮਕ ਅਵਸਥਾ। ਤੇ—ਤੋਂ। ਸਾਚਿ—ਸਦਾ-ਥਿਰ ਪ੍ਰਭੂ ਵਿਚ। ਮਗੁ—ਰਸਤਾ। ਅੰਤਰਿ—ਅੰਦਰ। ਬੋਲਿ—ਬੋਲ ਕੇ। ਬਿਖੁ—ਜ਼ਹਿਰ। ਖਾਈ—ਖਾਂਦਾ ਹੈ।੪।

ਪੰਡਿਤ—ਹੇ ਪੰਡਿਤ। ਵਿਲੋਈਐ—(ਜੇ) ਰਿੜਕੀਏ। ਤਥੁ—ਅਸਲ ਚੀਜ਼, ਮੱਖਣ। ਏਹਾ ਵਥੁ—ਇਹੀ ਚੀਜ਼, (ਪਾਣੀ ਹੀ ਪ੍ਰਾਪਤ ਕਰਦਾ ਹੈ)। ਵਿਗੁਚੀਐ—ਖੁਆਰ ਹੋਈਦਾ ਹੈ। ਦੇਉ—ਪ੍ਰਕਾਸ਼ ਰੂਪ ਪ੍ਰਭੂ। ਅਲਖੁ—ਜਿਸ ਦਾ ਸਰੂਪ ਸਮਝਿਆ ਨਹੀਂ ਜਾ ਸਕਦਾ।੫।

ਤਾਗੋ—ਧਾਗਾ। ਕੋ—ਦਾ। ਦਹ ਦਿਸ—ਦਸੀਂ ਪਾਸੀਂ। ਮਾਇ—ਮਾਇਆ (ਨਾਲ)। ਗਾਠਿ—ਗੰਢ। ਛੂਟਈ—ਖੁਲ੍ਹਈ। ਕਰਮ—ਰਸਮੀ ਧਾਰਮਿਕ ਕਰਮ।੬।

ਮਨਿ—ਮਨ ਵਿਚ। ਭੈ—(ਪਰਮਾਤਮਾ ਦੇ) ਡਰ ਅਦਬ ਵਿਚ। ਸਚੁ—ਅਟੱਲ (ਆਤਮਕ ਜੀਵਨ ਦੇਣ ਵਾਲਾ)। ਮਜਨੁ—ਤੀਰਥ ਇਸ਼ਨਨ। ਵਿਸੇਖੁ—ਵਿਸ਼ੇਸ਼ਤਾ ਦਾ ਹੱਕਦਾਰ। ਅੰਕਸੁ—ਕੁੰਡਾ, ਜੋ ਹਾਥੀ ਨੂੰ ਚਲਾਣ ਲਈ ਵਰਤੀਦਾ ਹੈ। ਜਿਨਿ—ਜਿਸ (ਗੁਰ ਨੇ)। ਮਨਿ—ਮਨ ਵਿਚ। ਭੇਖੁ—(ਦਿਖਾਵੇ ਦਾ) ਦਾ ਧਾਰਮਿਕ ਲਿਬਾਸ।੭।

ਹਾਟੁ—ਹੱਟ। ਸਰਾਫ—ਸ਼ਾਹ। ਕੋ—ਦਾ। ਦ੍ਰਿੜੈ—ਪੱਕੀ ਤਰ੍ਹਾਂ ਚੇਤੇ ਰੱਖਦਾ ਹੈ। ਧਨੁ—ਭਾਗਾਂ ਵਾਲਾ। ਮੇਲਿ—ਮੇਲ ਵਿਚ, ਸਤਿਸੰਗ ਵਿਚ।੮।

ਅਰਥ :

ਪ੍ਰ: ਕਿਸੇ ਕਰਮ-ਕਾਂਡੀ ਪੰਡਤ ਨੇ ਆ ਕੇ ਹਜ਼ੂਰ ਪਾਸੋਂ ਇਹ ਪੁੱਛ ਕੀਤੀ ਕਿ ਹੇ ਗੁਰੋ! ਜੋ ਸਿੰਮ੍ਰਿਤੀਆਂ ਆਦਿਕਾਂ ਵਿਚ ਕਰਮਾਂ ਧਰਮਾਂ ਦੇ ਵਿਧਾਨ ਕੀਤੇ ਗਏ ਹਨ, ਕੀ ਇਨ੍ਹਾਂ ਦੇ ਕਰਦੇ ਰਹਿਣ ਨਾਲ ਮਨੁੱਖ ਬੰਧਨਾਂ ਤੋਂ ਰਹਿਤ ਨਹੀਂ ਹੋ ਸਕੇਗਾ?

ਉ: ੧. ਹੇ ਪੰਡਤ ਜੀ! ਸੁਣੋ, ਜਦ ਕੋਈ ਮਨੁੱਖ ਤੀਰਥ ਵਰਤ ਆਦਿਕ ਧਾਰਮਿਕ ਕਰਮ ਕਰਦਾ ਹੈ, ਤਾਂ ਭੀ ਇਨ੍ਹਾਂ ਦੇ ਕਰਨ ਵਾਲੇ ਕਰਮ-ਕਾਂਡੀ ਦੇ ਅੰਦਰ ਜੋ ਮਾਇਕੀ ਆਸਾਂ ਹਨ, ਇਨ੍ਹਾਂ ਦੇ ਸੂਖਮ ਫੁਰਨੇ ਕਾਇਮ ਰਹਿੰਦੇ ਹਨ, ਇਸ ਲਈ ਹੇ ਪੰਡਿਤ ਜੀ! ਇਹ ਆਸਾਂ ਤੇ ਇਹ ਫੁਰਨੇ (ਮਨੁੱਖ ਨੂੰ) ਮਾਇਆ ਦੇ ਮੋਹ ਵਿਚ ਬੰਨ੍ਹਣ ਵਾਲੇ ਹਨ ਅਤੇ ਇਹ ਜੋ (ਰਸਮੀ) ਧਾਰਮਿਕ ਕਰਮ ਹਨ, ਇਹ (ਸਗੋਂ) ਮਾਇਆ ਦੇ ਬੰਧਨ ਪੈਦਾ ਕਰਨ ਵਾਲੇ ਹਨ।

ਪ੍ਰ: ਸ੍ਰੀ ਜੀਉ! ਇਸ ਜਗਤ ਦੇ ਉਤਪੰਨ ਹੋਣ ਦਾ ਮੂਲ ਕਾਰਨ ਕੀ ਹੈ?

ਉ: ੨. ਹੇ ਪਿਆਰੇ! ਅਸਲ ਵਿਚ ਜਗਤ ਦੇ ਪੈਦਾ ਹੋਣ ਦਾ ਕਾਰਨ (ਰਸਮੀ ਤੌਰ 'ਤੇ ਮੰਨੇ ਗਏ) ਪਾਪ ਅਤੇ ਪੁੰਨ ਹੀ ਹਨ, ਇਨ੍ਹਾਂ ਦੇ ਕਾਰਨ ਹੀ ਜਗਤ, ਜਨਮ ਮਰਨ ਦੇ ਗੇੜ ਵਿਚ ਆਉਂਦਾ ਹੈ ਅਤੇ ਪ੍ਰਭੂ ਜੀ ਦਾ ਨਾਮ (ਸਿਮਰਨ) ਭੁਲਾ ਕੇ ਮਰਦਾ ਹੈ।

ਪ੍ਰ: ਕਿਉਂ ਜੀ! ਮਾਇਆ ਦੀ ਸ਼ਕਤੀ ਬਿਆਨ ਕਰੋ, ਕਿਤਨੀ ਕੁ ਹੈ?

ਉ: ੩. ਹੇ ਭਾਈ! ਇਹ ਮਾਇਆ ਬਹੁਤ ਬਲਵਾਨ ਹੈ ਜੋ ਕਿ ਇਹ ਸਾਰੇ ਹੀ ਜਗਤ ਦੇ (ਜੀਵਾਂ ਨੂੰ) ਮੋਹਣ ਦਾ ਕੰਮ ਕਰਦੀ ਹੈ, (ਇਹੋ ਹੀ ਇਕ ਕਾਰਨ ਹੈ) ਜੋ ਕਿ ਜੀਵਾਂ ਦੇ ਮਿੱਥੇ ਹੋਏ ਕੀਤੇ ਧਾਰਮਕ ਕਰਮ ਵਿਅਰਥ ਹੀ ਚਲ ਜਾਂਦੇ ਹਨ।੧।

ਪ੍ਰ: ਹਜ਼ੂਰ ਜੀ! ਦੱਸੋ ਆਪ ਜੀ ਮੇਰੇ ਲਈ ਕੀ ਹਦਾਇਤ ਕਰਨਾ ਚਾਹੁੰਦੇ ਹੋ, ਜੋ ਮੈਂ ਕਰਦਾ ਰਵਾਂ?

ਉ: ੪. ਹੇ ਪੰਡਤ ਜੀ! ਸੁਣ, ਤੂੰ ਤੀਰਥ ਵਰਤ ਆਦਿਕ ਮਿੱਥੇ ਹੋਏ ਧਾਰਮਿਕ ਕਰਮਾਂ 'ਤੇ ਵਿਸ਼ਵਾਸ ਰੱਖੀ ਬੈਠਾ ਹੈਂ, ਪਰ ਯਾਦ ਰੱਖ ਇਹ ਕਰਮ ਧਰਮ ਅੰਦਰ ਆਤਮਕ ਅਨੰਦ ਨਹੀਂ ਪ੍ਰਾਪਤ ਕਰਵਾ ਸਕਦੇ।

ਪ੍ਰ: ਹਜ਼ੂਰ! ਤਾਂ ਫਿਰ ਉਹ ਕਰਮ ਦੱਸ ਦਿਓ, ਜਿਸ ਦੀ ਬਰਕਤ ਰਾਹੀਂ ਆਤਮਕ ਅਨੰਦ ਪ੍ਰਾਪਤ ਹੋ ਸਕਦਾ ਹੈ?

ਉ: ੫. ਹੇ ਭਾਈ! ਜਿਨ੍ਹਾਂ ਕਰਮਾਂ ਦੁਆਰਾ ਅੰਤਰ ਆਤਮੇਂ ਅਨੰਦ ਪੈਦਾ ਹੁੰਦਾ ਹੈ, ਉਹ ਇਹ ਹਨ, ਜੋ ਕਿ ਆਤਮਕ ਜੀਵਨ ਦੇਣ ਵਾਲੇ ਜਗਤ-ਮੂਲ ਰੂਪ (ਦੇ ਗੁਣਾਂ) ਨੂੰ ਆਪਣੇ ਅੰਦਰ ਵੀਚਾਰ ਦੁਆਰਾ ਧਾਰਨ ਕੀਤਾ ਜਾਏ।੧।ਰਹਾਉ।

ਪ੍ਰ: ਹਜ਼ੂਰ ਜੀਉ! ਮੈਂ ਜ਼ਿੰਦਗੀ ਦਾ ਬਹੁਤ ਸਮਾਂ ਵੇਦਾਂ ਸ਼ਾਸਤਰਾਂ ਨੂੰ ਪੜ੍ਹ ਕੇ ਇਨ੍ਹਾਂ ਦਾ ਹੀ ਅੱਗੇ ਲੋਕਾਂ ਨੂੰ ਉਪਦੇਸ਼ ਕਰਦਾ ਹਾਂ, ਕੀ ਇਸ ਦਾ ਮੈਨੂੰ ਕੋਈ ਵੀ ਫਲ ਨਹੀਂ ਮਿਲ ਸਕੇਗਾ?

ਉ: ੬. (ਨਹੀਂ) ਹੇ ਪੰਡਤ ਜੀ! ਇਸ ਵਿਚ ਕੋਈ ਸ਼ੱਕ ਨਹੀਂ ਕਿ ਤੂੰ (ਲੋਕਾਂ ਨੂੰ ਸੁਣਾਉਣ ਵਾਸਤੇ) ਵੇਦਾਂ ਤੇ ਸ਼ਾਸਤਰਾਂ ਨੂੰ (ਲੋਕਾਂ ਦੇ ਵੱਡੇ-ਵੱਡੇ ਦੰਗਲਾਂ ਵਿਚ ਖਲੋ ਕੇ ਉੱਚੀ-ਉੱਚੀ ਪੁਕਾਰ-ਪੁਕਾਰ ਕੇ) ਮਿੱਥੇ ਹੋਏ ਕਰਮ ਧਰਮਾਂ ਦਾ ਪ੍ਰਚਾਰ ਕਰਦਾ ਹੈਂ, ਪਰ ਤੂੰ ਆਪ ਭੀ ਉਹੀ ਕਰਮ ਕਰਦਾ ਹੈਂ, ਜੋ ਕਿ ਸੰਸਾਰੀ ਲੋਕ ਮਾਇਆ ਦੇ ਮੋਹ ਵਿਚ ਫਸਾਈ ਰੱਖਣ ਵਾਲੇ ਕਰਦੇ ਹਨ, ਭਾਵ ਹੈ ਕਿ ਤੂੰ ਭੀ ਮਾਇਆ ਦੇ ਮੋਹ ਵਿਚ ਫਸਾਈ ਰੱਖਣ ਵਾਲੇ ਹੀ ਕਰਮ ਕਕਦਾ ਹੈਂ।

੭. (ਇਸ ਲਈ) ਹੇ ਪੰਡਤ ਜੀ! ਯਾਦ ਰੱਖ, ਇਸ ਤਰ੍ਹਾਂ ਦੇ ਤੇਰੇ (ਬਾਹਰਲੇ) ਪਖੰਡ ਕਰਦੇ ਰਹਿਣ ਨਾਲ ਮਨ ਦੀ ਮੈਲ ਦੂਰ ਨਹੀਂ ਹੋ ਸਕਦੀ, ਵਿਕਾਰਾਂ ਦੀ ਮੈਲ ਤਾਂ ਸਗੋਂ ਅੰਦਰ ਉਸੇ ਤਰ੍ਹਾਂ ਹੀ ਟਿਕੀ ਰਹਿੰਦੀ ਹੈ।

੮. ਹੇ ਪੰਡਤ ਜੀ! ਵੇਖ, ਇਸ ਤਰ੍ਹਾਂ ਤਾਂ ਮੱਕੜੀ ਭੀ (ਆਪਣਾ ਜਾਲਾ ਆਪ ਤਣ ਕੇ ਉਸੇ ਹੀ ਜਾਲੇ ਵਿਚ) ਉਲਟੀ ਸਿਰ ਭਾਰ ਹੋ ਕੇ ਮਰਦੀ ਹੈ। ਭਾਵ ਹੈ ਜਿਵੇਂ ਮੱਕੜੀ ਧਾਨਾਂ ਵਿਚੋਂ ਜੀਆਂ ਨੂੰ ਖਾ ਕੇ ਜਾਲੇ ਨੂੰ ਪਸਾਰ ਕੇ ਉੱਡਦੀ ਹੈ, ਉਹ ਦੋ ਚਾਰ ਹੱਥ ਉੱਡੀ ਅਤੇ ਉੱਡ ਕੇ ਸਿਰ ਦੇ ਭਾਰੇ ਹੋਣ ਕਰ ਕੇ ਫਿਰ ਡਿੱਗ ਪੈਂਦੀ ਹੈ, ਕਿਉਂਕਿ ਜੀਆਂ ਦੇ ਖਾਣ ਕਰ ਕੇ ਉਸ ਦਾ ਸਿਰ ਭਾਰਾ ਹੋ ਜਾਂਦਾ ਹੈ, ਇਸੇ ਤਰ੍ਹਾਂ ਹੇ ਪੰਡਤ ਜੀ! ਇਹ ਜੀਵ ਰੂਪੀ ਇਸਤਰੀ ਸਕਾਮ ਕਰਮਾਂ ਨੂੰ ਕਰ ਕੇ ਸ੍ਵਰਗ ਵਿਚ ਜਾਂਦੀ ਹੈ, ਉਥੋਂ ਪੁੰਨ ਕਰਮਾਂ ਦਾ ਫਲ ਭੋਗ ਕੇ ਫਿਰ ਡਿੱਗ ਪੈਂਦੀ ਹੈ, ਇਸ ਤਰ੍ਹਾਂ ਸਕਾਮੀ ਨੂੰ ਜਨਮਾਂ ਦਾ ਚੱਕਰ ਬਣਿਆ ਹੀ ਰਹਿੰਦਾ ਹੈ।੨।

ਪ੍ਰ: ਕਿਉਂ ਜੀ! ਤੁਹਾਡੇ ਵੀਚਾਰ ਅਨੁਸਾਰ ਇਸ ਜਨਮ ਮਰਨ ਦੇ ਚੱਕ੍ਰ ਵਿਚ ਕਿਤਨੇ ਕੁ ਲੋਕ ਖ਼ਰਾਬ ਹੋ ਰਹੇ ਹਨ?

ਉ: ੯. ਹੇ ਪੰਡਤ ਜੀ! ਅਸੀਂ ਤਾਂ ਵੇਖਦੇ ਹਾਂ ਕਿ ਇਸ ਭੈੜੀ ਮਤਿ ਦੇ ਅਧੀਨ ਹੋਈ ਬੇਅੰਤ ਹੀ ਲੋਕਾਈ ਖ਼ੁਆਰ ਹੋ ਰਹੀ ਹੈ ਅਤੇ ਪਰਮੇਸ਼ਰ ਨੂੰ ਵਿਸਾਰ ਕੇ ਹੋਰ ਦੂਜੇ ਮਾਇਆ ਦੇ ਮੋਹ ਵਿਚ ਰੱਬ ਵਲੋਂ ਖੁੰਝੀ ਹੋਈ ਹੈ।

ਪ੍ਰ: ਕਿਉਂ ਜੀ! ਜੀਵ ਦੇ ਇਸ ਭਰਮ ਦੀ ਨਵਿਰਤੀ ਕਿਵੇਂ ਹੋਵੇ?

ਉ: ੧੦. ਹੇ ਪੰਡਤ ਜੀ! ਨਾਮ ਸਿਮਰਨ ਤੋਂ ਬਿਨਾ ਮਨੁੱਖ ਦੇ ਅੰਦਰੋਂ ਭਰਮ ਦੀ ਨਵਿਰਤੀ ਨਹੀਂ ਹੁੰਦੀ, ਪਰ ਨਾਮ ਸਤਿਗੁਰੂ ਦੀ ਸ਼ਰਨ ਪ੍ਰਾਪਤ ਕੀਤੇ ਬਿਨਾ ਨਹੀਂ ਹਾਸਲ ਹੁੰਦਾ।

੧੧. ਹੇ ਭਾਈ ਪੰਡਤ ਜੀ! ਜਦੋਂ ਮਨੁੱਖ ਗੁਰੂ ਦੀ (ਦੱਸੀ) ਸੇਵਾ ਕਰਦਾ ਹੈ, ਤਦੋਂ ਹੀ ਇਸ ਨੂੰ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ, ਜਿਸ ਸੇਵਾ ਦੀ ਬਰਕਤ ਨਾਲ ਇਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।੩।

੧੨. ਹੇ ਪੰਡਤ ਜੀ! ਗੁਰੂ ਦੀ ਕਿਰਪਾ ਨਾਲ ਹੀ ਸੱਚਾ ਗਿਆਨ ਅੰਦਰ ਉਤਪੰਨ ਹੁੰਦਾ ਹੈ, ਭਾਵ ਆਤਮਕ ਅਡੋਲਤਾ ਪੈਦਾ ਹੁੰਦੀ ਹੈ, (ਇਸ ਤਰ੍ਹਾਂ) ਪਵਿੱਤਰ (ਹੋਇਆ) ਮਨ ਸੱਚ ਸਰੂਪ ਵਿਚ ਲੀਨ ਹੁੰਦਾ ਹੈ।

ਪ੍ਰ: ਸ੍ਰੀ ਜੀਉ! ਇਸ ਪਵਿੱਤਰ ਮਾਰਗ ਨੂੰ ਹਰ ਪ੍ਰਾਣੀ ਕਿਉਂ ਨਹੀਂ ਸਮਝਦਾ?

ਉ: ੧੩. ਹੇ ਪੰਡਤ ਜੀ! ਅਸਲ ਵਿਚ ਇਹ ਜੀਵਨ ਦਾ ਸੱਚਾ ਮਾਰਗ ਉਹੋ ਹੀ ਮਨੁੱਖ ਸਮਝਦਾ ਹੈ, ਜੋ ਗੁਰੂ ਦੀ ਦੱਸੀ ਸੇਵਾ ਕਰਦਾ ਹੈ, ਗੁਰੂ ਤੋਂ ਬਿਨਾ ਇਹ ਰੱਬੀ ਮਾਰਗ ਨਹੀਂ ਲੱਭਦਾ।

ਪ੍ਰ: ਹੇ ਗੁਰੋ! ਜੋ ਲੋਕ ਧਰਮ ਦੇ ਕਰਮ ਕਰਦੇ ਹਨ, ਕੀ ਉਨ੍ਹਾਂ ਨੂੰ ਕੋਈ ਭੀ ਲਾਭ ਨਹੀਂ ਹੋਵੇਗਾ?

ਉ: ੧੪. ਹੇ ਪੰਡਤ ਜੀ! ਸੁਣੋਂ, ਜਿਸ ਮਨੁੱਖ ਦੇ ਅੰਦਰ ਪਦਾਰਥਾਂ ਦਾ ਲੋਭ ਹੈ, ਉਸ ਨੂੰ ਰਸਮੀ ਧਾਰਮਿਕ ਕਰਮ ਕਰਨ ਦਾ ਕੋਈ ਆਤਮਿਕ ਲਾਭ ਨਹੀਂ ਹੁੰਦਾ। (ਕਿਉਂਕਿ) ਉਹ (ਮਾਇਆ ਦੀ ਖ਼ਾਤਰ) ਝੂਠ ਬੋਲ-ਬੋਲ ਕੇ, ਝੂਠ ਰੂਪ ਹੀ ਜ਼ਹਿਰ ਖਾਂਦਾ ਰਹਿੰਦਾ ਹੈ।੪।

ਪ੍ਰ: ਸ੍ਰੀ ਜੀਉ! ਜੇ ਉਹ ਕਰਮ ਕਰਦਾ ਹੈ, ਤਾਂ ਉਸ ਨੂੰ ਉਸ ਕੀਤੀ ਹੋਈ ਸਕਾਮ ਕਿਰਤ ਦਾ ਫਲ ਤਾਂ ਅਵੱਸ਼ ਹੀ ਮਿਲਣਾ ਚਾਹੀਦਾ ਹੈ, (ਕਿਉਂਕਿ) ਆਖ਼ਰ ਉਹ ਮਿਹਨਤ ਤਾਂ ਕਰਦਾ ਹੀ ਹੈ?

ਉ: ੧੫. ਹੇ ਪੰਡਤ ਜੀ! ਸੁਣੋ, ਜੇਕਰ ਦਹੀਂ ਰਿੜਕੀਏ ਤਾਂ ਉਸ ਵਿਚੋਂ ਮੱਖਣ ਨਿਕਲਦਾ ਹੈ,

੧੬. ਪਰ ਜੇ ਕਦੀ ਪਾਣੀ ਹੀ ਰਿੜਕੀਏ, ਤਾਂ ਫਿਰ ਵੇਖਣ ਵਿਚ ਪਾਣੀ ਹੀ ਆਵੇਗਾ। ਐਸੇ ਹੀ, ਹੇ ਪੰਡਤ ਜੀ! ਜੇਕਰ ਨਿਸ਼ਕਾਮ ਕਰਮ ਰੂਪੀ ਦੁੱਧ ਤੇ ਉਪਾਸ਼ਨਾ ਰੂਪ ਦਹੀਂ ਨੂੰ ਰਿੜਕੀਏ, ਭਾਵ ਵੀਚਾਰੀਏ, ਤਾਂ ਵਿਚੋਂ ਗਿਆਨ ਰੂਪ ਮੱਖਣ ਨਿਕਲਦਾ ਹੈ ਅਤੇ ਜੇ ਸਕਾਮ ਕਰਮਾਂ ਰੂਪੀ ਜਲ ਨੂੰ ਹੀ ਰਿੜਕੀਏ ਤਾਂ ਫਿਰ ਕੋਈ ਸੰਸਾਰਕ ਸੁੱਖ ਰੂਪੀ ਜਲ ਹੀ ਵੇਖਣ ਵਿਚ ਆਉਂਦਾ ਹੈ। ਇਹ ਜਗ ਭੀ ਜਲ ਵਸਤੂ ਵਾਂਗੂੰ ਹੈ, ਜਿਵੇਂ ਜਲ 'ਚੋਂ ਕੁਝ ਨਹੀਂ ਨਿਕਲਦਾ, ਤਿਵੇਂ ਸੰਸਾਰ ਵਿਚ ਭੀ ਕੁਝ ਨਹੀਂ ਹੈ।

ਪ੍ਰ: ਹੇ ਗੁਰੋ! ਤਾਂ ਫਿਰ ਇਹ ਦੱਸੋ ਕਿ ਇਸ ਤਰ੍ਹਾਂ ਜੀਵਾਂ ਦੀ ਭਟਕਦੇ ਰਹਿਣ ਦੀ ਦੱਸ ਕਿਉਂ ਹੋ ਰਹੀ ਹੈ?

ਉ: ੧੭. ਹੇ ਪੰਡਤ ਜੀ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾ (ਇਨ੍ਹਾਂ ਜੀਵਾਂ ਨੂੰ ਮਾਇਆ ਦੀ ਭਟਕਣਾ ਵਿਚ ਹੀ ਖ਼ੁਆਰ ਹੋਣਾ ਪੈਂਦਾ ਹੈ। ਭਾਵੇਂ ਉਹ ਅਲਖ ਪਰਮੇਸ਼ਰ ਘਟਾਂ-ਘਟਾਂ ਵਿਚ ਹੀ ਵਿਆਪਕ ਹੈ, ਪਰ ਤਾਂ ਭੀ ਉਸ ਪ੍ਰਭੂ ਜੀ ਵਲੋਂ ਖੁੰਝੇ ਰਹੀਦਾ ਹੈ।੫।

੧੮. ਹੇ ਪੰਡਤ ਜੀ! ਤੁਸੀਂ ਇਸ ਜਗਤ ਨੂੰ ਸੂਤਰ ਦਾ ਧਾਗਾ ਹੀ (ਸਮਝ ਲਵੋ, ਜਿਵੇਂ ਕਿ ਧਾਗੇ ਨੂੰ ਗੰਢਾਂ ਪਈਆਂ ਹੋਈਆਂ ਹੋਣ, ਇਵੇਂ ਹੀ ਸੰਸਾਰਕ ਜੀਵਾਂ ਨੂੰ) ਮਾਇਆ ਦੇ

ਮੋਹ ਦੀਆਂ ਦਸੀਂ ਪਾਸੀਂ ਗੰਢਾਂ ਪਈਆਂ ਹੋਈਆਂ ਹਨ, (ਭਾਵ ਮੋਹ ਵਿਚ ਫਸੇ ਜੀਵ ਦਸੀਂ ਪਾਸੀਂ ਖਿੱਚੇ ਜਾ ਰਹੇ ਹਨ)।

੧੯. ਹੇ ਪੰਡਤ ਜੀ! ਅਸੀਂ ਤਾਂ ਵੇਖ ਰਹੇ ਹਾਂ ਕਿ ਅਨੇਕਾਂ ਹੀ ਜੀਵ ਇਨ੍ਹਾਂ ਰਸਮੀ ਧਾਰਮਿਕ ਕਰਮਾਂ ਨੂੰ ਕਰ-ਕਰ ਕੇ ਹਾਰ ਗਏ ਹਨ; ਪਰ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ (ਇਨ੍ਹਾਂ ਜੀਵਾਂ ਦੇ ਅੰਦਰੋਂ) ਮੋਹ ਦੀ ਗੰਢ ਖੁਲ੍ਹਦੀ ਹੀ ਨਹੀਂ।

੨੦. ਹੇ ਭਾਈ ਪੰਡਤ ਜੀ! ਅਸੀਂ ਤਾਂ ਤੱਕ ਰਹੇ ਹਾਂ ਕਿ ਇਹ ਜਗਤ ਰਸਮੀ ਧਾਰਮਿਕ ਕਰਮਾਂ ਨੂੰ ਕਰਦਾ ਹੋਇਆ ਭੀ ਮੋਹ ਦੀ ਭਟਕਣਾ ਵਿਚ ਸਾਈਂ ਜੀ ਵੱਲੋਂ ਇਤਨਾ ਖੁੰਝਿਆ ਹੋਇਆ ਹੈ ਕਿ ਕਥਨ ਹੀ ਨਹੀਂ ਕੀਤਾ ਜਾ ਸਕਦਾ।੬।

ਪ੍ਰ: ਕਿਉਂ ਜੀ! ਫਿਰ ਦੱਸੋ ਕਿ ਇਨ੍ਹਾਂ ਜੀਵਾਂ ਦੇ ਅੰਦਰੋਂ ਭਰਮ ਦੀ ਨਵਿਰਤੀ ਕਿਵੇਂ ਹੋਵੇ?

ਉ:੨੧. ਹੇ ਪੰਡਤ ਜੀ! ਅਸਲ ਗੱਲ ਤਾਂ ਇਹੋ ਹੈ ਕਿ ਜੇਕਰ ਗੁਰੂ ਦਾ ਮਿਲਾਪ ਹੋ ਜਾਵੇ ਤਾਂ ਪਰਮੇਸ਼ਰ ਦਾ ਡਰ-ਅਦਬ ਮਨ ਵਿਚ ਵਸ ਪੈਂਦਾ ਹੈ। ਉਸ ਡਰ-ਅਦਬ ਵਿਚ ਰਹਿ ਕੇ (ਮਾਇਆ ਦੇ ਮੋਹ ਵਲੋਂ) ਮਰਨਾ ਜੀਵ ਦੇ ਮਸਤਕ ਉੱਤੇ ਕੀਤੇ ਕਰਮਾਂ ਦਾ ਐਸਾ ਲੇਖ ਹੈ ਜੋ ਕਿ ਇਸ ਨੂੰ ਅਟੱਲ ਜੀਵਨ ਦੇਂਦਾ ਹੈ।

ਪ੍ਰ: ਕਿਉਂ ਜੀ! ਕੀ ਆਪ ਜੀ ਇਸ਼ਨਾਨ, ਦਾਨ, ਚੰਗਿਆਈਆਂ ਆਦਿ ਕਰਮ ਕਰਨ ਵਿਚ ਵਿਸ਼ਵਾਸ ਨਹੀਂ ਰੱਖਦੇ?

ਉ:੨੨. ਹੇ ਪੰਡਤ ਜੀ! ਸੁਣੋ, ਤੀਰਥ ਇਸ਼ਨਾਨ; ਦਾਨ, ਪੁੰਨ ਤੇ ਹੋਰ ਚੰਗਿਆਈਆਂ; ਅਸੀਂ ਤਾਂ ਪਰਮੇਸ਼ਰ ਦਾ ਨਾਮ ਹੀ ਸਮਝਦੇ ਹਾਂ, ਕਿਉਂਕਿ ਪ੍ਰਭੂ ਦੇ ਨਾਮ ਨੂੰ ਹੀ ਉਸ ਦੇ ਰੱਬੀ ਦਰਬਾਰ ਵਿਚ ਵਿਸ਼ੇਸ਼ਤਾ ਮਿਲਦੀ ਹੈ।

ਪ੍ਰ: ਹਜ਼ੂਰ! ਇਸ ਮਨ ਨੂੰ ਰੱਬੀ ਰਾਹ 'ਤੇ ਟੋਰਨ ਲਈ ਕਿਹੜਾ ਸਾਧਨ ਕਰਨਾ ਚਾਹੀਦਾ ਹੈ?

ਉ:੨੩. ਹੇ ਪੰਡਤ ਜੀ! ਇਸ ਮਾਇਆ ਵਿਚ ਮਸਤ ਮਨ ਰੂਪ ਹਾਥੀ ਨੂੰ ਪਰਮਾਰਥ ਦੇ ਸਿੱਧੇ ਰਾਹ ਟੋਰਨ ਲਈ ਕੇਵਲ ਇਕ ਗੁਰੂ ਦਾ ਸ਼ਬਦ ਹੀ ਕੁੰਡਾ ਹੈ ਅਤੇ ਗੁਰੂ ਨੇ ਹੀ ਸਾਈਂ ਜੀ ਦਾ ਨਾਮ ਮਨੁੱਖ ਨੂੰ ਦ੍ਰਿੜ੍ਹ ਕਰਵਾਇਆ ਹੈ। ਗੁਰੂ ਦੀ ਮਿਹਰ ਦਾ ਸਦਕਾ ਜਦੋਂ ਨਾਮ ਮਨ ਵਿਚ ਵਸ ਜਾਂਦਾ ਹੈ, ਤਾਂ ਫਿਰ ਧਾਰਮਿਕ ਵਿਖਾਵਾ ਮੁੱਕ ਜਾਇਆ ਕਰਦਾ ਹੈ।੭।

ਪ੍ਰ: ਹੇ ਗੁਰੋ! ਕਿਰਪਾ ਕਰੋ, ਮੈਨੂੰ ਸੁਮੱਤ ਬਖ਼ਸ਼ੋ ਤੇ ਇਹ ਦੱਸੋ ਕਿ ਮੇਰੇ ਕਰਨ ਲਈ ਕਿਹੜਾ ਕਰਮ ਹੈ?

ਉ:੨੪. ਹੇ ਪੰਡਤ ਜੀ! ਇਉਂ ਸਮਝੋ ਕਿ ਇਹ ਮਨੁੱਖਾ ਸਰੀਰ ਉਸ ਪਰਮੇਸ਼ਰ ਸਰਾਫ਼ ਦਾ ਦਿੱਤਾ ਹੋਇਆ ਇਕ ਹੱਟ ਹੈ ਅਤੇ ਇਸ ਵਿਚ ਕਦੇ ਨਾ ਮੁੱਕਣ ਵਾਲਾ ਨਾਮ ਰੂਪ ਸੌਦਾ ਕਰਨਾ ਚਾਹੀਦਾ ਹੈ।

ਪ੍ਰ: ਹਜ਼ੂਰ ਜੀਉ! ਦੱਸੋ ਤਾਂ ਫਿਰ ਇਸ ਨਾਮ ਰੂਪ ਸੌਦੇ ਨੂੰ ਹਰ ਪ੍ਰਾਣੀ ਕਿਉਂ ਨਹੀਂ ਵਣਜਦਾ?

ਉ:੨੫. ਹੇ ਪੰਡਤ ਜੀ! ਇਹ ਗੱਲ ਕਿਸੇ ਪ੍ਰਾਣੀ ਦੇ ਆਪਣੇ ਵਸ ਦੀ ਨਹੀਂ। ਇਸ ਨਾਮ ਰੂਪ ਸੌਦੇ ਨੂੰ ਉਹੀ ਜੀਵ ਰੂਪੀ ਵਪਾਰੀ (ਆਪਣੇ ਸਰੀਰ ਹੱਟ ਵਿਚ) ਦ੍ਰਿੜ੍ਹਤਾ ਨਾਲ ਵਣਜਦਾ ਹੈ, ਜਿਹੜਾ ਕਿ ਗੁਰੂ ਦੇ ਸ਼ਬਦ ਦੀ ਵੀਚਾਰ ਕਰਦਾ ਹੈ (ਭਾਵ ਹੈ ਕਿ ਇਹ ਮਨੁੱਖਾ ਸਰੀਰ ਸਰਾਫ਼ ਦੀ ਹੱਟੀ ਹੈ ਤੇ ਅਪਾਰ ਪਰਮੇਸ਼ਰ ਦਾ ਨਾਮ ਸੌਦਾ ਹੈ, ਅਰਥਾਤ ਜਿਵੇਂ ਸਰਾਫ਼ ਦੀ ਹੱਟੀ 'ਤੇ ਖੋਟੇ ਖਰੇ ਦੀ ਪਰਖ ਕੀਤੀ ਜਾਂਦੀ ਹੈ, ਸੋ ਖਰੇ ਮਾਲ ਨੂੰ ਸਰਾਫ਼ ਮੁੱਲ ਲੈ ਲੈਂਦਾ ਹੈ ਤੇ ਖੋਟੇ ਮਾਲ ਵਾਲੇ ਠੱਗ ਨੂੰ ਪੁਲਿਸ ਦੇ ਹਵਾਲੇ ਕਰ ਦੇਂਦਾ ਹੈ, ਇਵੇਂ ਹੀ ਵਾਹਿਗੁਰੂ ਸਰਾਫ਼ ਇਸ ਮਨੁੱਖ ਦੇਹ ਦੇ ਕੀਤੇ ਹੋਏ ਕਰਮਾਂ ਨੂੰ ਪਰਖਦਾ ਹੈ, ਸੋ ਜਿਨ੍ਹਾਂ ਨੇ ਅਪਾਰ ਪਰਮੇਸ਼ਰ ਦੇ ਨਾਮ ਸੌਦੇ ਨੂੰ ਇਥੋਂ ਵਣਜਿਆ ਹੈ, ਉਨ੍ਹਾਂ ਨੂੰ ਆਪਣੇ ਨਾਲ ਅਭੇਦ ਕਰ ਲਏਗਾ ਅਤੇ ਖੋਟਿਆਂ ਨੂੰ ਜਮਰਾਜ ਨਰਕ ਰੂਪ ਜੇਲ੍ਹ ਭੁਗਤਾਵੇਗਾ)।

ਪ੍ਰ: ਸ੍ਰੀ ਜੀਉ! ਸੰਸਾਰ ਵਿਚ ਵਪਾਰੀ ਤਾਂ ਅਨੇਕਾਂ ਹੀ ਵੇਖੀਦੇ ਹਨ; ਪਰ ਆਪ ਜੀ ਕਿਸ ਤਰ੍ਹਾਂ ਦੇ ਵਪਾਰੀ ਨੂੰ ਚੰਗਾ ਸਮਝਦੇ ਹੋ?

ਉ:੨੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪੰਡਤ ਜੀ! ਅਸਲ ਵਿਚ ਉਹੋ ਹੀ ਜੀਵ ਰੂਪ ਵਪਾਰੀ ਭਾਗਾਂ ਵਾਲਾ ਧੰਨਤਾ ਦੇ ਜੋਗ ਹੈ, ਜੋ ਕਿ ਸਾਧ ਸੰਗਤ ਵਿਚ ਰਹਿ ਕੇ ਮੇਲ ਦਾ ਵਪਾਰ ਕਰਦਾ ਹੈ, ਅਰਥਾਤ ਜਿਸ ਨੇ ਵਾਹਿਗੁਰੂ ਜੀ ਨਾਲ ਮਿਲਾਪ ਕਰਨ ਦਾ ਸਾਧਨ ਕੀਤਾ ਹੈ।੮।੨।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਕਿਸੇ ਕਰਮ ਕਾਂਡੀ ਪੰਡਤ ਨੂੰ ਸਕਾਮ ਕਰਮਾਂ ਵਲੋਂ ਰੋਕ ਕੇ ਸੱਚੇ ਨਾਮ ਸਿਮਰਨ ਦਾ ਉਪਦੇਸ਼ ਕਰਦੇ ਹਨ, ਜੋ ਕਿ ਮਨੁੱਖ ਦਾ ਲੋਕ-ਪ੍ਰਲੋਕ ਵਿਚ ਸਹਾਇਕ ਹੁੰਦਾ ਹੈ।

ਸੋਰਠਿ ਮਹਲਾ ੧ ॥

੧. ਜਿਨੀ ਸਤਿਗੁਰੁ ਸੇਵਿਆ ਪਿਆਰੇ
ਤਿਨ੍ ਕੇ ਸਾਥ ਤਰੇ ॥
੨. ਤਿਨਾ ਠਾਕ ਨ ਪਾਈਐ ਪਿਆਰੇ
ਅੰਮ੍ਰਿਤ ਰਸਨ ਹਰੇ ॥
੩. ਬੂਡੇ ਭਾਰੇ ਭੈ ਬਿਨਾ ਪਿਆਰੇ
ਤਾਰੇ ਨਦਰਿ ਕਰੇ ॥੧॥
੪. ਭੀ ਤੂਹੈ ਸਾਲਾਹਣਾ ਪਿਆਰੇ
ਭੀ ਤੇਰੀ ਸਾਲਾਹ ॥
੫. ਵਿਣੁ ਬੋਹਿਥ ਭੈ ਡੁਬੀਐ ਪਿਆਰੇ
ਕੰਧੀ ਪਾਇ ਕਹਾਹ ॥੧॥ ਰਹਾਉ ॥
੬. ਸਾਲਾਹੀ ਸਾਲਾਹਣਾ ਪਿਆਰੇ
ਦੂਜਾ ਅਵਰੁ ਨ ਕੋਇ ॥
੭. ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ
ਸਬਦਿ ਰਤੇ ਰੰਗੁ ਹੋਇ ॥
੮. ਤਿਸ ਕੀ ਸੰਗਤਿ ਜੇ ਮਿਲੈ ਪਿਆਰੇ
ਰਸੁ ਲੈ ਤਤੁ ਵਿਲੋਇ ॥੨॥

੯. ਪਤਿ ਪਰਵਾਨਾ ਸਾਚ ਕਾ ਪਿਆਰੇ
ਨਾਮੁ ਸਚਾ ਨੀਸਾਣੁ ॥
੧੦. ਆਇਆ ਲਿਖਿ ਲੈ ਜਾਵਣਾ ਪਿਆਰੇ
ਹੁਕਮੀ ਹੁਕਮੁ ਪਛਾਣੁ ॥
੧੧. ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ
ਸਾਚੇ ਸਾਚਾ ਤਾਣੁ ॥੩॥
੧੨. ਹੁਕਮੈ ਅੰਦਰਿ ਨਿੰਮਿਆ ਪਿਆਰੇ
ਹੁਕਮੈ ਉਦਰ ਮਝਾਰਿ ॥
੧੩. ਹੁਕਮੈ ਅੰਦਰਿ ਜੰਮਿਆ ਪਿਆਰੇ
ਊਧਉ ਸਿਰ ਕੈ ਭਾਰਿ ॥
੧੪. ਗੁਰਮੁਖਿ ਦਰਗਹ ਜਾਣੀਐ ਪਿਆਰੇ
ਚਲੈ ਕਾਰਜ ਸਾਰਿ ॥੪॥
੧੫. ਹੁਕਮੈ ਅੰਦਰਿ ਆਇਆ ਪਿਆਰੇ
ਹੁਕਮੇ ਜਾਦੋ ਜਾਇ ॥
੧੬. ਹੁਕਮੇ ਬੰਨਿ੍ ਚਲਾਈਐ ਪਿਆਰੇ
ਮਨਮੁਖਿ ਲਹੈ ਸਜਾਇ ॥
੧੭. ਹੁਕਮੇ ਸਬਦਿ ਪਛਾਣੀਐ ਪਿਆਰੇ
ਦਰਗਹ ਪੈਧਾ ਜਾਇ ॥੫॥
੧੮. ਹੁਕਮੇ ਗਣਤ ਗਣਾਈਐ ਪਿਆਰੇ
ਹੁਕਮੇ ਹਉਮੈ ਦੋਇ ॥
੧੯. ਹੁਕਮੇ ਭਵੈ ਭਵਾਈਐ ਪਿਆਰੇ
ਅਵਗਣਿ ਮੁਠੀ ਰੋਇ ॥
੨੦. ਹੁਕਮੁ ਸਿਵਾਪੈ ਸਾਹ ਕਾ ਪਿਆਰੇ
ਸਚੁ ਮਿਲੈ ਵਡਿਆਈ ਹੋਇ ॥੬॥
੨੧. ਆਖਣਿ ਅਉਖਾ ਆਖੀਐ ਪਿਆਰੇ
ਕਿਉ ਸੁਣੀਐ ਸਚੁ ਨਾਉ ॥
੨੨. ਜਿਨੀ ਸੋ ਸਾਲਾਹਿਆ ਪਿਆਰੇ
ਹਉ ਤਿਨ੍ ਬਲਿਹਾਰੈ ਜਾਉ ॥
੨੩. ਨਾਉ ਮਿਲੈ ਸੰਤੋਖੀਆਂ ਪਿਆਰੇ
ਨਦਰੀ ਮੇਲਿ ਮਿਲਾਉ ॥੭॥
੨੪. ਕਾਇਆ ਕਾਗਦੁ ਜੇ ਥੀਐ ਪਿਆਰੇ
ਮਨੁ ਮਸਵਾਣੀ ਧਾਰਿ ॥
੨੫. ਲਲਤਾ ਲੇਖਣਿ ਸਚ ਕੀ ਪਿਆਰੇ
ਹਰਿ ਗੁਣ ਲਿਖਹੁ ਵੀਚਾਰਿ ॥
੨੬. ਧਨੁ ਲੇਖਾਰੀ ਨਾਨਕਾ ਪਿਆਰੇ
ਸਾਚੁ ਲਿਖੈ ਉਰਿ ਧਾਰਿ ॥੮॥੩॥

ਪਦ ਅਰਥ : ਸਾਥ—ਕਾਫ਼ਲੇ, ਸੰਗੀ ਸਾਥੀ। ਠਾਕ—ਰੋਕ। ਰਸਨ—ਜੀਭ (ਨਾਲ)। ਅੰਮ੍ਰਿਤ ਹਰੇ—ਹਰੀ ਦਾ ਨਾਮ ਅੰਮ੍ਰਿਤ। ਭਾਰੇ—ਪਾਪਾਂ ਦੇ ਭਾਰ ਨਾਲ ਲੱਦੇ ਹੋਏ।੧। ਭੀ—ਸਦਾ ਹੀ। ਤੂ ਹੈ—ਤੈਨੂੰ ਹੀ। ਪਿਆਰੇ—ਹੇ ਸੱਜਣ ਪ੍ਰਭੂ। ਸਲਾਹ—ਸਿਫ਼ਤਿ-ਸਾਲਾਹ। ਬੋਹਿਥ—ਜਹਾਜ਼ (ਨਾਮ ਦਾ)। ਭੈ—ਭਉ (ਸਾਗਰ) ਵਿਚ। ਕੰਧੀ—ਕੰਢਾ। ਕਹਾਹ—ਕਿਥੇ ?।੧।ਰਹਾਉ।

ਸਾਲਾਹੀ—ਸਲਾਹਣ ਜੋਗ ਹਰੀ। ਸਾਲਾਹਨਿ—ਜਿਹੜੇ ਬੰਦੇ ਸਲਾਹੁੰਦੇ ਹਨ। ਸਬਦਿ—ਗੁਰੂ ਦੇ ਸ਼ਬਦ ਵਿਚ। ਰਸੁ ਲੈ—ਨਾਮ ਅੰਮ੍ਰਿਤ ਚਖਦਾ ਹੈ। ਵਿਲੋਇ—(ਨਾਮ ਦੁੱਧ ਨੂੰ) ਰਿੜਕ ਕੇ। ਤਤੁ—ਜਗਤ ਦਾ ਮੂਲ ਪ੍ਰਭੂ।੨।

ਤਤਿ—ਖਸਮ ਪ੍ਰਭੂ। ਪਰਵਾਨਾ—ਰਾਹਦਾਰੀ। ਸਾਚ ਕਾ—ਸਦਾ-ਥਿਰ ਰਹਿਣ ਵਾਲੇ ਪ੍ਰਭੂ ਨਾਮ ਦਾ। ਸਚਾ—ਸਦਾ-ਥਿਰ ਰਹਿਣ ਵਾਲਾ। ਨੀਸਾਣੁ—ਮੋਹਰ। ਹੁਕਮੀ ਹੁਕਮੁ—ਪਰਮੇਸ਼ਰ ਦੇ ਹੁਕਮ ਨੂੰ। ਤਾਣੁ—ਬਲ, ਤਾਕਤ।੩।

ਨਿੰਮਿਆ—ਮਾਂ ਦੇ ਪੇਟ ਵਿਚ ਟਿਕਿਆ। ਉਦਰ ਮਝਾਰਿ—ਪੇਟ ਵਿਚ। ਊਧਉ—ਪੁੱਠਾ, ਉਲਟਾ। ਕਾਰਜ—ਜਨਮ-ਮਨੋਰਥ, ਉਹ ਕੰਮ ਜਿਸ ਦੇ ਕਰਨ ਵਾਸਤੇ ਜਗਤ ਵਿਚ ਆਇਆ ਹੈ। ਸਾਰਿ—ਸੰਭਾਲ ਕੇ, ਸਵਾਰ ਕੇ।੪।

ਜਾਦੋ ਜਾਇ—ਚਲਾ ਜਾਂਦਾ ਹੈ। ਬੰਨਿ੍—ਬੰਨ੍ਹ ਕੇ। ਸਬਦਿ—ਸ਼ਬਦ ਦੇ ਰਾਹੀਂ।੫।

ਗਣਤ ਗਣਾਈਐ—ਗਿਣਤੀਆਂ ਗਿਣਦਾ ਹੈ। ਦੋਇ—ਦ੍ਵੈਤ, ਮੇਰ ਤੇਰ। ਭਵੈ—ਭਟਕਦਾ ਹੈ। ਭਵਾਈਐ—ਭਟਕਣਾ ਵਿਚ ਪਾਇਆ ਜਾਂਦਾ ਹੈ। ਅਵਗਣਿ—ਔਗਣਾਂ ਦੇ ਰਾਹੀਂ। ਮੁਠੀ—ਲੁੱਟੀ ਹੋਈ, ਠੱਗੀ ਹੋਈ। ਰੋਇ—ਰੋਂਦੀ ਹੈ (ਲੁਕਾਈ)।੬।

ਆਖਣਿ—ਆਖਣ ਵਿਚ। ਸੰਤੋਖੀਆਂ—ਮੈਨੂੰ ਸੰਤੋਖ ਆ ਜਾਏ। ਮਿਲਾਉ—ਮਿਲਉਂ, ਮੈਂ ਮਿਲ ਜਾਵਾਂ।੭।

ਕਾਇਆ—ਸਰੀਰ। ਮਸਵਾਣੀ—ਸਿਆਹੀ ਦੀ ਦਵਾਤ। ਲਲਤਾ—ਜੀਭ। ਲੇਖਣਿ—ਕਲਮ। ਧਨ—ਭਾਗਾਂ ਵਾਲਾ। ਉਰਿ—ਹਿਰਦੇ ਵਿਚ। ਧਾਰਿ—ਧਾਰ ਕੇ, ਟਿਕਾਅ ਕੇ।੮।

ਅਰਥ :

ਪ੍ਰ: ਹੇ ਗੁਰੋ! ਆਪ ਜੀ ਹਰ ਪ੍ਰਾਣੀ ਮਾਤਰ ਨੂੰ ਸਤਿਗੁਰਾਂ ਦੀ ਸੇਵਾ ਕਰਨ ਲਈ ਪ੍ਰੇਰਨਾ ਕਰਦੇ ਰਹਿੰਦੇ ਹੋ, ਪਰ ਇਹ ਤਾਂ ਦੱਸੋ ਕਿ ਸਤਿਗੁਰੂ ਦੀ ਸੇਵਾ ਕਰਨ ਵਾਲਿਆਂ ਵਿਚ ਕਿਤਨੀ ਕੁ ਕਰਾਂਤੀ ਆ ਜਾਇਆ ਕਰਦੀ ਹੈ?

ਉ: ੧. ਹੇ ਪਿਆਰੇ! ਜਿਨ੍ਹਾਂ ਬੰਦਿਆਂ ਨੇ ਸਤਿਗੁਰੂ ਦੀ ਸੇਵਨਾ ਕੀਤੀ ਹੈ, ਭਾਵ ਸਤਿਗੁਰਾਂ ਦਾ ਆਸਰਾ ਲਿਆ ਹੈ, ਉਨ੍ਹਾਂ ਦੇ ਆਪਣੇ ਉਧਾਰ ਹੋ ਜਾਣ ਵਿਚ ਤਾਂ ਕੋਈ ਸੰਸਾ ਹੀ ਨਹੀਂ, ਉਹ ਤਾਂ ਇਤਨੀ ਤਾਕਤ ਦੇ ਮਾਲਕ ਹਨ ਕਿ ਉਨ੍ਹਾਂ ਦੇ ਤਾਂ ਸੰਗੀ ਸਾਥੀ ਭੀ ਇਸ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦੇ ਹਨ।

੨. ਹੇ ਸੱਜਨਾ! ਜਿਨ੍ਹਾਂ ਮਨੁੱਖਾਂ ਦੀ ਜੀਭ ਸਾਈਂ ਜੀ ਦੇ ਨਾਮ ਅੰਮ੍ਰਿਤ ਨੂੰ ਚੱਖਦੀ ਹੈ, (ਉਨ੍ਹਾਂ ਦੇ ਜੀਵਨ ਸਫ਼ਰ ਵਿਚ ਤਾਂ ਕੋਈ ਭੀ ਵਿਕਾਰ) ਰੁਕਾਵਟ ਨਹੀਂ ਪਾ ਸਕਦਾ।

੩. ਪਰ, ਹੇ ਸੱਜਨ ਜੀ! ਜਿਹੜੇ ਮਨੁੱਖ ਪਰਮੇਸ਼ਰ ਦੇ ਡਰ-ਅਦਬ ਤੋਂ ਸੱਖਣੇ ਰਹਿੰਦੇ ਹਨ, ਉਹ ਵਿਕਾਰਾਂ ਦੇ ਭਾਰ ਨਾਲ ਲੱਦੇ

ਜਾਂਦੇ ਹਨ ਅਤੇ ਉਹ ਸੰਸਾਰ ਸਮੁੰਦਰ ਵਿਚ ਹੀ ਡੁੱਬ ਜਾਂਦੇ ਹਨ, ਪਰ ਹਾਂ, ਜਿਨ੍ਹਾਂ ਮਨੁੱਖਾਂ ਉੱਤੇ ਪਰਮੇਸ਼ਰ ਮਿਹਰ ਦੀ ਨਜ਼ਰ ਕਰਦਾ ਹੈ, ਉਹ ਉਨ੍ਹਾਂ ਨੂੰ ਭੀ ਇਸ ਸੰਸਾਰ ਤੋਂ ਪਾਰ ਲੰਘਾ ਲੈਂਦਾ ਹੈ।੧।

ਪ੍ਰ: ਹੇ ਗੁਰੋ! ਇਹ ਦੱਸੋ ਕਿ ਉਸ ਸਾਈਂ ਜੀ ਦੀ ਮਿਹਰ ਭਰੀ ਨਦਰ ਕਿਵੇਂ ਹੋ ਸਕਦੀ ਹੈ?

ਉ: ੪. ਹੇ ਪਿਆਰੇ! ਤੂੰ ਉਸ ਸਾਈਂ ਜੀ ਅੱਗੇ ਇਉਂ ਅਰਦਾਸ ਕਰਦਾ ਰਹੁ ਕਿ ਹੇ ਸਾਈਂ ਜੀ! ਸਾਡੇ 'ਤੇ ਮਿਹਰ ਕਰੋ। ਸਾਨੂੰ ਚਾਹੀਦਾ ਹੈ ਕਿ ਅਸੀਂ ਸਦਾ ਤੈਨੂੰ ਹੀ ਸਲਾਹੁਣਾ ਕਰੀਏ। (ਕਿਉਂਕਿ) ਸਾਨੂੰ ਤੇਰੀ ਹੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ (ਇਸ ਲਈ ਕਿ ਅਸੀਂ ਪਿੱਛੇ ਭੀ ਤੇਰੀ ਹੀ ਸ਼ਲਾਘਾ ਕਰਦੇ ਸੀ)। (ਕਿਉਂਕਿ)

੫. ਹੇ ਸਾਈਂ ਜੀ! ਇਸ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਣ ਲਈ (ਕੇਵਲ ਤੇਰੀ ਸਿਫ਼ਤਿ-ਸਾਲਾਹ ਹੀ) ਜੀਵਾਂ ਵਾਸਤੇ ਜਹਾਜ਼ ਰੂਪ ਹੈ। ਇਸ ਜਹਾਜ਼ ਤੋਂ ਬਿਨਾ ਇਸ ਭਵ ਸਾਗਰ ਵਿਚ ਹੀ ਡੁੱਬ ਜਾਈਦਾ ਹੈ (ਕੋਈ ਭੀ ਜੀਵ ਸਮੁੰਦਰ ਦਾ) ਪਾਰਲਾ ਕੰਢਾ ਲੱਭ ਨਹੀਂ ਸਕਦਾ। ਜਾਂ ਕੋਈ ਸੁਜਾਨ ਸੰਪ੍ਰਦਾਈ ਗਿਆਨੀ ਇਉਂ ਭੀ ਭਾਵ ਲੈਂਦੇ ਹਨ ਕਿ ਪ੍ਰਲੋਕ ਕੰਧੀ ਪਰ ਪਾਪ ਕਰਮਾਂ ਦਾ ਫਲ ਭੋਗਣ ਵਾਲੇ ਪਾਪੀਆਂ ਦਾ ਡੰਡ ਰੌਲਾ ਪੈ ਰਿਹਾ ਹੈ ਅਤੇ ਹਾ-ਹਾ-ਕਾਰ ਮੱਚ ਰਹੀ ਹੈ।੧।ਰਹਾਉ।

੬. ਹੇ ਪਿਆਰੇ! (ਤੈਨੂੰ ਤਾਂ ਕੇਵਲ) ਸਲਾਹੁਣੇ ਯੋਗ ਪਰਮੇਸ਼ਰ ਦੀ ਹੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਚਾਹੀਦਾ ਹੈ, (ਕਿਉਂਕਿ) ਉਸ ਵਰਗਾ ਹੋਰ ਕੋਈ ਭੀ ਨਹੀਂ ਹੈ।

੭. ਹੇ ਸੱਜਣਾ! ਜਿਹੜੇ ਬੰਦੇ ਉਸ ਪਿਆਰੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਹੀ ਭਾਗਾਂ ਵਾਲੇ ਭਲੇ ਪੁਰਸ਼ ਹਨ। ਜੋ ਗੁਰੂ ਦੇ ਸ਼ਬਦ ਵਿਚ ਪੂਰਨ ਲਗਨ ਰੱਖਣ ਵਾਲੇ ਬੰਦੇ ਹਨ, ਉਨ੍ਹਾਂ ਨੂੰ ਹੀ ਪਰਮਾਤਮਾ ਦਾ (ਗੂੜ੍ਹਾ) ਪ੍ਰੇਮ-ਰੰਗ ਚੜ੍ਹਦਾ ਹੈ।

ਪ੍ਰ: ਕਿਉਂ ਜੀ! ਕੀ ਉਨ੍ਹਾਂ ਨਾਮ ਰੰਗ ਵਿਚ ਰੰਗੇ ਹੋਏ ਪ੍ਰੇਮੀਆਂ ਤੋਂ ਕਿਸੇ ਹੋਰ ਨੂੰ ਭੀ ਕੁਝ ਲਾਭ ਪ੍ਰਾਪਤ ਹੁੰਦਾ ਹੈ?

ਉ: ੮. (ਹਾਂ ਜ਼ਰੂਰ) ਹੇ ਪਿਆਰੇ! ਅਜਿਹੇ ਗੁਰਮੁਖ ਪਿਆਰੇ ਦੀ ਸੰਗਤ ਜੇ ਕਿਸੇ ਨੂੰ ਪ੍ਰਾਪਤ ਹੋ ਜਾਏ ਤਾਂ ਉਹ ਭੀ ਹਰੀ ਨਾਮ ਦਾ ਰਸ ਪ੍ਰਾਪਤ ਕਰਦਾ ਹੈ ਤੇ (ਨਾਮ ਦੁੱਧ ਨੂੰ) ਰਿੜਕ ਕੇ ਉਹ ਜਗਤ ਦੇ ਮੂਲ ਰੂਪ ਪ੍ਰਭੂ ਨੂੰ ਮਿਲ ਪੈਂਦਾ ਹੈ।੨।

ਪ੍ਰ: ਹੇ ਗੁਰੋ! ਉਸ ਪਤੀ ਪਰਮੇਸ਼ਰ ਦੇ ਮਿਲਾਪ ਲਈ ਇਸ ਜੀਵਨ-ਸਫ਼ਰ ਵਿਚ ਕਿਹੜਾ ਸਾਧਨ ਹੈ, ਜਿਸ ਨੂੰ ਕਿ ਇਹ ਜੀਵ ਰੂਪੀ ਇਸਤਰੀ ਸਦਾ ਹੀ ਕਰਦੀ ਰਵੇ?

ਉ: ੯. ਹੇ ਭਾਈਓ! ਇਸ ਜੀਵਨ-ਸਫ਼ਰ ਵਿਚ ਪਰਮੇਸ਼ਰ ਪਤੀ ਨੂੰ ਮਿਲਣ ਵਾਸਤੇ ਤਾਂ ਇਕ ਪ੍ਰਭੂ ਦਾ ਨਾਮ ਹੀ ਚੰਗੀ ਰਾਹਦਾਰੀ ਹੈ। ਇਹੋ ਨਾਮ ਸਦਾ-ਥਿਰ ਰਹਿਣ ਵਾਲੀ (ਪੱਕੀ) ਮੋਹਰ ਹੈ, ਜੋ ਮਨੁੱਖ ਦੀ ਲੋਕ-ਪ੍ਰਲੋਕ ਵਿਚ ਸਹਾਇਤਾ ਕਰਦਾ ਹੈ।

ਪ੍ਰ: ਕਿਉਂ ਜੀ! ਇਸ ਬਾਰੇ ਉਸ ਹੁਕਮੀ ਪਰਮੇਸ਼ਰ ਜੀ ਦਾ ਹੁਕਮ ਕੀ ਹੈ?

ਉ:੧੦. ਹੇ ਭਾਈਓ! ਉਸ ਹੁਕਮੀ ਪ੍ਰਭੂ ਦਾ ਭੀ ਇਹੋ ਹੀ ਹੁਕਮ ਹੈ ਕਿ ਜਗਤ ਵਿਚ ਜੋ ਭੀ ਆਇਆ ਹੈ, ਉਸ ਨੇ ਪ੍ਰਭੂ ਨੂੰ ਮਿਲਣ ਵਾਸਤੇ ਇਹ ਨਾਮ ਰੂਪੀ ਰਾਹਦਾਰੀ ਲਿਖ ਕੇ ਰੱਬੀ ਦਰਬਾਰ ਵਿਚ ਆਪਣੇ ਨਾਲ ਲੈ ਜਾਣੀ ਹੈ, ਸੋ ਹੇ ਪਿਆਰੇ! ਤੂੰ ਹੁਕਮੀ ਦੇ ਇਸ ਹੁਕਮ ਨੂੰ ਪਛਾਣ।

ਪ੍ਰ: ਸ੍ਰੀ ਜੀਓ! ਮੈਂ ਉਸ ਹੁਕਮੀ ਦੇ ਹੁਕਮ ਨੂੰ ਪਛਾਨਣ ਵਲੋਂ ਅਸਮਰੱਥ ਹਾਂ, ਕੋਈ ਤਰੀਕਾ ਦੱਸ ਦਿਓ।

ਉ:੧੧. ਹੇ ਸੱਜਣਾ! ਇਸ ਹੁਕਮੀ ਦੇ ਹੁਕਮ ਨੂੰ ਸਮਝਣ ਲਈ ਗੁਰੂ ਦੀ ਸ਼ਰਨ ਵਿਚ ਪੈਣਾ ਪਵੇਗਾ, (ਕਿਉਂਕਿ) ਗੁਰੂ ਤੋਂ ਬਿਨਾ ਉਸ ਪ੍ਰਭੂ ਦੇ ਹੁਕਮ ਨੂੰ ਸਮਝਿਆ ਨਹੀਂ ਜਾ ਸਕਦਾ। ਹੇ ਭਾਈ! ਜਿਹੜਾ ਭੀ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਸਾਈਂ ਜੀ ਦੇ ਹੁਕਮ ਨੂੰ ਸਮਝ ਲੈਂਦਾ ਹੈ, ਉਸ ਦੇ ਅੰਦਰ ਵਿਕਾਰਾਂ ਦਾ ਟਾਕਰਾ ਕਰਨ ਲਈ ਸਦਾ-ਥਿਰ ਪ੍ਰਭੂ ਦਾ ਸੱਚਾ ਬਲ ਹਾਸਲ ਹੋ ਆਉਂਦਾ ਹੈ।੩।

ਪ੍ਰ: ਹਜ਼ੂਰ! ਉਸ ਹੁਕਮੀ ਦੇ ਹੁਕਮ ਸਬੰਧੀ ਕੋਈ ਵੀਚਾਰ ਕਥਨ ਕਰੋ।

ਉ:੧੨. ਹੇ ਭਾਈਓ! ਇਹ ਜੋ ਸੰਸਾਰ ਦੀ ਗੁਪਤ ਅਤੇ ਪ੍ਰਗਟ ਕਾਰ ਹੋ ਰਹੀ ਹੈ, ਇਹ ਸਭੋ ਹੀ ਹੁਕਮੀ ਦੇ ਹੁਕਮ ਵਿਚ ਹੈ। ਵੇਖੋ ਪਹਿਲੋਂ ਇਹ ਜੀਵ ਪਰਮੇਸ਼ਰ ਦੇ ਹੁਕਮ ਅਨੁਸਾਰ ਮਾਂ ਦੇ ਗਰਭ ਵਿਚ ਟਿਕਦਾ ਹੈ ਤੇ ਮਾਤਾ ਦੇ ਪੇਟ ਵਿਚ ਦਸ ਮਹੀਨੇ ਨਿਵਾਸ ਰੱਖਦਾ ਹੈ।

੧੩. ਹੇ ਪਿਆਰੇ! ਪ੍ਰਭੂ ਦੇ ਹੁਕਮ ਵਿਚ ਹੀ, ਪੁੱਠਾ ਸਿਰ ਭਾਰ ਰਹਿ ਕੇ (ਫਿਰ) ਜਨਮ ਲੈਂਦਾ ਹੈ।

ਪ੍ਰ: ਕਿਉਂ ਜੀ! ਸੰਸਾਰ ਵਿਚ ਜਿਤਨੇ ਭੀ ਜੀਵ ਆਉਂਦੇ ਹਨ, ਉਹ ਆਖ਼ਰ ਸਾਰੇ ਹੀ ਇੱਥੋਂ ਚਲੇ ਜਾਂਦੇ ਹਨ, ਪਰ ਇਨ੍ਹਾਂ ਵਿਚੋਂ ਉਹ ਕਿਹੜੇ ਲੋਕ ਹਨ, ਜੋ ਰੱਬੀ ਦਰਬਾਰ ਵਿਚ ਮਾਣ ਪਾਉਂਦੇ ਹਨ?

ਉ:੧੪. ਹੇ ਪਿਆਰਿਓ! (ਉਂਞ ਤਾਂ ਹਰ ਪ੍ਰਾਣੀ ਇਸ ਜਗਤ ਵਿਚ ਕਿਸੇ ਖ਼ਾਸ ਮਨੋਰਥ ਲਈ ਆਉਂਦਾ ਹੈ) ਪਰ ਜੋ ਜੀਵ ਗੁਰੂ ਦੀ ਸ਼ਰਨ ਪੈ ਕੇ ਇਸ ਆਪਣੇ ਜੀਵਨ-ਮਨੋਰਥ ਨੂੰ ਸਵਾਰ ਕੇ ਇਸ ਲੋਕ ਤੋਂ ਜਾਂਦੇ ਹਨ, ਉਹ ਰੱਬੀ ਦਰਬਾਰ ਵਿਚ ਮਾਣ ਆਦਰ ਪਾਉਂਦੇ ਹਨ।੪।

ਪ੍ਰ: ਹਜ਼ੂਰ! ਉਸ ਹੁਕਮੀ ਦੇ ਹੁਕਮ ਸਬੰਧੀ ਕੋਈ ਹੋਰ ਖ਼ੁਲਾਸਾ ਕਰੋ।

ਉ:੧੫. ਹੇ ਪਿਆਰੇ! ਇਹ ਜੀਵ ਪਰਮੇਸ਼ਰ ਦੇ ਹੁਕਮ ਵਿਚ ਹੀ ਜਗਤ ਵਿਚ ਆਉਂਦਾ ਹੈ, ਹੁਕਮ ਵਿਚ ਹੀ ਇੱਥੋਂ ਚਲਾ ਜਾਂਦਾ ਹੈ।

੧੬. ਹੇ ਭਾਈਓ! (ਜਿਹੜਾ ਮਨਮੁੱਖ) ਮਨੁੱਖ, ਆਪਣੇ ਮਨ ਦੇ ਪਿੱਛੇ ਟੁਰਦਾ ਹੈ ਤੇ ਮਾਇਆ ਦੇ ਮੋਹ ਵਿਚ ਫਸ ਜਾਂਦਾ ਹੈ, ਉਸ ਨੂੰ ਪ੍ਰਭੂ ਦੇ ਹੁਕਮ ਅਨੁਸਾਰ ਹੀ ਬੰਨ੍ਹ ਕੇ (ਭਾਵ ਜ਼ੋਰੋ-ਜ਼ੋਰੀ) ਇੱਥੋਂ ਟੋਰਿਆ ਜਾਂਦਾ ਹੈ, ਕਿਉਂਕਿ ਮੋਹ ਦੇ ਕਾਰਨ ਉਹ ਇਸ ਮਾਇਆ ਨੂੰ ਛੱਡਣਾ ਨਹੀਂ ਚਾਹੁੰਦਾ।

੧੭. ਹੇ ਭਾਈ! ਉਸ ਪ੍ਰਭੂ ਦੇ ਹੁਕਮ ਅਨੁਸਾਰ ਹੀ ਜਿਸ ਗੁਰਮੁਖ ਨੇ ਗੁਰੂ ਦੇ ਸ਼ਬਦ ਰਾਹੀਂ (ਇਸ ਮਨੁੱਖਾ ਜਨਮ ਦੇ ਫ਼ਰਜ਼ ਨੂੰ) ਪਛਾਣ ਲਿਆ ਹੈ, ਉਹ ਪ੍ਰਭੂ ਦੀ ਰੱਬੀ ਦਰਗਾਹ ਵਿਚ ਮਾਣ ਸਤਿਕਾਰ ਨਾਲ ਜਾਂਦਾ ਹੈ।੫।

੧੮. ਹੇ ਪਿਆਰੇ! ਇਹ ਜੀਵ, ਉਸ ਪਿਆਰੇ ਪ੍ਰਭੂ ਦੇ ਹੁਕਮ ਵਿਚ ਹੀ ਮਾਇਆ ਦੀ ਸੋਚ ਸੋਚੀ ਜਾਂਦਾ ਹੈ। ਪ੍ਰਭੂ ਦੀ ਰਜ਼ਾ ਵਿਚ ਹੀ ਕਿਤੇ ਹਉਮੈ ਹੈ, ਕਿਤੇ ਦ੍ਵੈਤ ਹੈ।

੧੯. ਪ੍ਰਭੂ ਦੇ ਹੁਕਮ ਵਿਚ ਹੀ (ਕਿਤੇ ਕੋਈ ਮਾਇਆ ਦੀ ਖ਼ਾਤਰ) ਭਟਕ ਰਿਹਾ ਹੈ, ਕਿਤੇ ਕੋਈ ਜਨਮ ਮਰਨ ਦੇ ਚੱਕ੍ਰ ਵਿਚ ਪਾਇਆ ਜਾਂਦਾ ਹੈ, ਕਿਤੇ ਪਾਪਾਂ ਦੀ ਠੱਗੀ ਹੋਈ ਲੋਕਾਈ (ਆਪਣੇ ਦੁੱਖਾਂ ਨੂੰ) ਰੋ ਰਹੀ ਹੈ।

ਪ੍ਰ: ਹੇ ਗੁਰੋ! ਜਦੋਂ ਕੋਈ ਮਨੁੱਖ ਉਸ ਹੁਕਮੀ ਦੇ ਹੁਕਮ ਨੂੰ ਸਹੀ ਰੂਪ ਵਿਚ ਪਛਾਣ ਲੈਂਦਾ ਹੈ ਤਾਂ ਉਸ ਨੂੰ ਕੀ ਫਲ ਹਾਸਲ ਹੋਇਆ ਕਰਦਾ ਹੈ?

ਉ: ੨੦. ਹੇ ਭਾਈਓ! ਜਿਸ ਮਨੁੱਖ ਨੂੰ ਉਸ ਮਾਲਕ ਪ੍ਰਭੂ ਦੇ ਸਹੀ ਹੁਕਮ ਦੀ ਸਮਝ ਆ ਜਾਂਦੀ ਹੈ, ਤਾਂ ਉਹ ਸੱਚੇ ਨੂੰ ਜਾ ਮਿਲੇਗਾ ਅਤੇ ਲੋਕ-ਪ੍ਰਲੋਕ ਵਿਚ ਵਡਿਆਈ ਹੁੰਦੀ ਹੈ।੬।

ਪ੍ਰ: ਹਜ਼ੂਰ ਜੀ! ਜਦੋਂ ਉਸ ਸੱਚੇ ਦੇ ਹੁਕਮ ਵਿਚ ਚਲਦਿਆਂ ਉਸ ਦੇ ਨਾਮ ਸਿਮਰਨ ਦੀ ਬਰਕਤ ਨਾਲ ਸਾਰੇ ਹੀ ਸੁੱਖ ਪ੍ਰਾਪਤ ਹੁੰਦੇ ਹਨ ਤਾਂ ਸਾਰਾ ਜਗਤ ਹੀ ਕਿਉਂ ਨਾਮ ਦਾ ਚਿੰਤਨ ਨਹੀਂ ਕਰਦਾ?

ਉ: ੨੧. ਐ ਭਾਈਓ! ਉਹ ਇਸ ਕਰਕੇ ਕਿ ਇਸ ਜਗਤ ਵਿਚ ਮਾਇਆ ਦਾ ਪ੍ਰਭਾਵ ਇਤਨਾ ਹੈ ਕਿ (ਇਨ੍ਹਾਂ ਜੀਵਾਂ ਪਾਸੋਂ) ਸਦਾ ਸੱਚੇ ਸਾਈਂ ਜੀ ਦਾ ਨਾਮ ਸਿਮਰਨਾ ਬੜਾ ਔਖਾ ਹੋ ਰਿਹਾ ਹੈ ਅਤੇ ਨਾ ਹੀ ਪ੍ਰਭੂ ਦਾ ਨਾਮ ਸੁਣਿਆ ਹੀ ਜਾ ਸਕਦਾ ਹੈ, (ਭਾਵ ਹੈ ਕਿ ਮਾਇਆ ਦੇ ਪ੍ਰਭਾਵ ਕਰਕੇ ਜੀਵ ਨਾਮ ਨੂੰ ਨਹੀਂ ਸਿਮਰਦੇ ਅਤੇ ਨਾ ਹੀ ਸੁਣਦੇ ਹੀ ਹਨ)।

ਪ੍ਰ: ਹੇ ਗੁਰੋ! ਜਿਨ੍ਹਾਂ ਮਨੁੱਖਾਂ ਨੇ ਉਸ ਪ੍ਰਭੂ ਦੀ ਸ਼ਲਾਘਾ ਕੀਤੀ ਹੈ, ਉਨ੍ਹਾਂ ਦਾ ਤੁਹਾਡੇ ਅੰਦਰ ਕਿਤਨਾ ਕੁ ਸਤਿਕਾਰ ਹੈ?

ਉ: ੨੨. ਹੇ ਪਿਆਰਿਓ! ਜਿਨ੍ਹਾਂ ਬੰਦਿਆਂ ਨੇ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕੀਤੀ ਹੈ, ਮੈਂ ਉਨ੍ਹਾਂ ਤੋਂ (ਸਦਾ ਹੀ) ਕੁਰਬਾਨ ਜਾਂਦਾ ਹਾਂ।

ਪ੍ਰ: ਹੇ ਗੁਰੋ! ਆਖ਼ਰ ਸਾਈਂ ਜੀ ਤੋਂ ਤੁਹਾਡੀ ਮੰਗ ਕੀ ਹੈ?

ਉ: ੨੩. ਹੇ ਪਿਆਰੇ! ਮੇਰੀ ਤਾਂ ਉਸ ਸਾਈਂ ਜੀ ਅੱਗੇ ਇਕ ਇਹੋ ਹੀ ਅਰਦਾਸ ਹੈ ਕਿ ਹੇ ਸਾਈਂ ਜੀ! ਮੈਨੂੰ ਉਨ੍ਹਾਂ ਗੁਰਮੁਖਾਂ ਦੀ ਸੰਗਤ ਵਿਚ ਹੀ ਰੱਖ (ਕਿਉਂਕਿ) ਮੈਨੂੰ ਭੀ ਨਾਮ ਦੀ ਦਾਤ ਮਿਲੇ, ਤਾਂਕਿ ਮੇਰਾ ਜੀਵਨ ਭੀ ਸੰਤੋਖੀ ਹੋ ਜਾਵੇ, ਜਿਸ ਦਾ ਸਦਕਾ ਮੈਂ ਮਿਹਰ ਕਰਨ ਵਾਲੇ ਪ੍ਰਭੂ ਦੇ ਚਰਨਾਂ ਵਿਚ ਸਦਾ ਹੀ ਜੁੜਿਆ ਰਹਾਂ।੭।

ਪ੍ਰ: ਕਿਉਂ ਜੀ! ਹੁਣ ਇਹ ਫ਼ੁਰਮਾਉ ਕਿ ਸਾਨੂੰ ਕਰਨਾ ਕੀ ਚਾਹੀਦਾ ਹੈ?

ਉ: ੨੪. ਹੇ ਭਾਈ! ਸੁਣੋ, ਜੇਕਰ ਸਾਡਾ ਸਰੀਰ ਕਾਗ਼ਜ਼ ਬਣ ਜਾਵੇ ਤੇ ਜੇ ਮਨ ਨੂੰ ਸਿਆਹੀ ਦੀ ਦ੍ਵਾਤ ਬਣਾ ਲਈਏ।

੨੫. ਹੇ ਪਿਆਰੇ! ਜੇ ਸਾਡੀ ਜੀਭ (ਉਸ) ਪ੍ਰਭੂ ਦੀ ਸਿਫ਼ਤਿ-ਸਾਲਾਹ ਲਿਖਣ ਲਈ ਕਲਮ ਬਣ ਜਾਏ ਤਾਂ ਸਮਝੋ ਇਸੇ ਵਿਚ ਹੀ ਵਡਿਆਈ ਹੈ ਕਿ ਅਸੀਂ ਪਰਮੇਸ਼ਰ ਦੇ ਗੁਣਾਂ ਨੂੰ ਆਪਣੇ ਵੀਚਾਰ ਮੰਡਲ ਵਿਚ ਲਿਆ ਕੇ (ਆਪਣੇ ਅੰਦਰ) ਸਦਾ ਹੀ ਉੱਕਰਦੇ ਚਲੀਏ।

੨੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਉਹ ਲਿਖਾਰੀ ਧੰਨਤਾ ਦੇ ਯੋਗ ਹੈ ਅਤੇ ਭਾਗਾਂ ਵਾਲਾ ਹੈ ਜੋ ਕਿ ਉਸ ਸੱਚੇ ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਟਿਕਾ ਕੇ (ਆਪਣੇ ਅੰਦਰ) ਉੱਕਰ ਲੈਂਦਾ ਹੈ।੮।੩।

ਭਾਵਾਰਥ : ਇਸ ਸ਼ਬਦ ਦੇ ਅਰੰਭ ਵਿਚ ਸਤਿਗੁਰੂ ਦੀ ਸੇਵਾ ਕਰਨ ਵਾਲਿਆਂ ਦੀ ਮਹਾਨਤਾ ਅੰਕਤ ਕਰਦੇ ਹਨ ਕਿ ਪ੍ਰਭੂ ਦੇ ਸੇਵਕ ਆਪਣੇ ਨਾਲ ਆਪਣੇ ਅਨੇਕਾਂ ਸੰਗੀ ਸਾਥੀਆਂ ਦਾ ਭੀ ਉਧਾਰ ਕਰ ਲੈਂਦੇ ਹਨ। ਅੰਤ ਵਿਚ ਉਨ੍ਹਾਂ ਗੁਰਮੁਖਾਂ ਦੀ ਸੰਗਤ ਵਿਚ ਰਹਿਣ ਦੀ ਮੰਗ ਕੀਤੀ ਹੈ, ਜਿਨ੍ਹਾਂ ਵਿਚ ਰਹਿਣ ਕਰਕੇ ਨਾਮ ਦੀ ਦਾਤ ਹਾਸਲ ਹੁੰਦੀ ਹੈ, ਜੋ ਕਿ ਮਨੁੱਖ ਦੀ ਲੋਕ-ਪ੍ਰਲੋਕ ਵਿਚ ਸਦਾ ਹੀ ਸਾਥੀ ਰਹਿੰਦੀ ਹੈ।

ਸੋਰਠਿ ਮਹਲਾ ੧ ਪਹਿਲਾ ਦੁਤੁਕੀ ॥

੧. ਤੂ ਗੁਣਦਾਤੌ ਨਿਰਮਲੋ ਭਾਈ
ਨਿਰਮਲੁ ਨਾ ਮਨੁ ਹੋਇ ॥

੨. ਹਮ ਅਪਰਾਧੀ ਨਿਰਗੁਣੇ ਭਾਈ
ਤੁਝ ਹੀ ਤੇ ਗੁਣੁ ਸੋਇ ॥੧॥

੩. ਮੇਰੇ ਪ੍ਰੀਤਮਾ ਤੂ ਕਰਤਾ ਕਰਿ ਵੇਖੁ ॥

੪. ਹਉ ਪਾਪੀ ਪਾਖੰਡੀਆ ਭਾਈ
ਮਨਿ ਤਨਿ ਨਾਮ ਵਿਸੇਖੁ ॥ ਰਹਾਉ ॥

੫. ਬਿਖੁ ਮਾਇਆ ਚਿਤੁ ਮੋਹਿਆ ਭਾਈ
ਚਤੁਰਾਈ ਪਤਿ ਖੋਇ ॥

੬. ਚਿਤ ਮਹਿ ਠਾਕੁਰੁ ਸਚਿ ਵਸੈ ਭਾਈ
ਜੇ ਗੁਰ ਗਿਆਨੁ ਸਮੋਇ ॥੨॥

੭. ਰੂੜੌ ਰੂੜੌ ਆਖੀਐ ਭਾਈ
ਰੂੜੌ ਲਾਲ ਚਲੂਲੁ ॥

੮. ਜੇ ਮਨੁ ਹਰਿ ਸਿਉ ਬੈਰਾਗੀਐ ਭਾਈ
ਦਰਿ ਘਰਿ ਸਾਚੁ ਅਭੂਲੁ ॥੩॥

੯. ਪਾਤਾਲੀ ਆਕਾਸਿ ਤੂ ਭਾਈ
ਘਰਿ ਘਰਿ ਤੂ ਗੁਣ ਗਿਆਨੁ ॥

੧੦. ਗੁਰ ਮਿਲਿਐ ਸੁਖੁ ਪਾਇਆ ਭਾਈ
ਚੂਕਾ ਮਨਹੁ ਗੁਮਾਨੁ ॥੪॥

੧੧. ਜਲਿ ਮਲਿ ਕਾਇਆ ਮਾਜੀਐ ਭਾਈ
ਭੀ ਮੈਲਾ ਤਨੁ ਹੋਇ ॥

੧੨. ਗਿਆਨਿ ਮਹਾ ਰਸਿ ਨਾਈਐ ਭਾਈ
ਮਨੁ ਤਨੁ ਨਿਰਮਲੁ ਹੋਇ ॥੫॥

੧੩. ਦੇਵੀ ਦੇਵਾ ਪੂਜੀਐ ਭਾਈ
ਕਿਆ ਮਾਗਉ ਕਿਆ ਦੇਹਿ ॥
੧੪. ਪਾਹਣੁ ਨੀਰਿ ਪਖਾਲੀਐ ਭਾਈ
ਜਲ ਮਹਿ ਬੂਡਹਿ ਤੇਹਿ ॥੬॥
੧੫. ਗੁਰ ਬਿਨੁ ਅਲਖੁ ਨ ਲਖੀਐ ਭਾਈ
ਜਗੁ ਬੂਡੈ ਪਤਿ ਖੋਇ ॥
੧੬. ਮੇਰੇ ਠਾਕੁਰ ਹਾਥਿ ਵਡਾਈਆ ਭਾਈ
ਜੈ ਭਾਵੈ ਤੈ ਦੇਇ ॥੭॥
੧੭. ਬਈਅਰਿ ਬੋਲੈ ਮੀਠੁਲੀ ਭਾਈ
ਸਾਚੁ ਕਹੈ ਪਿਰ ਭਾਇ ॥
੧੮. ਬਿਰਹੈ ਬੇਧੀ ਸਚਿ ਵਸੀ ਭਾਈ
ਅਧਿਕ ਰਹੀ ਹਰਿ ਨਾਇ ॥੮॥
੧੯. ਸਭੁ ਕੋ ਆਖੈ ਆਪਣਾ ਭਾਈ
ਗੁਰ ਤੇ ਬੁਝੈ ਸੁਜਾਨੁ ॥
੨੦. ਜੋ ਬੀਧੇ ਸੇ ਊਬਰੇ ਭਾਈ
ਸਬਦੁ ਸਚਾ ਨੀਸਾਨੁ ॥੯॥
੨੧. ਈਧਨੁ ਅਧਿਕ ਸਕੇਲੀਐ ਭਾਈ
ਪਾਵਕੁ ਰੰਚਕ ਪਾਇ ॥
੨੨. ਖਿਨੁ ਪਲੁ ਨਾਮੁ ਰਿਦੈ ਵਸੈ ਭਾਈ
ਨਾਨਕ ਮਿਲਣੁ ਸੁਭਾਇ ॥੧੦॥੪॥

ਪਦ ਅਰਥ : ਗੁਣਦਾਤੌ—(ਜੀਵਾਂ ਨੂੰ) ਗੁਣਾਂ ਦੀ ਦਾਤਿ ਦੇਣ ਵਾਲਾ। ਨਿਰਗੁਣੇ—ਗੁਣ ਹੀਣ। ਤੇ—ਤੋਂ। ਸੋਇ ਗੁਣੁ—ਉਹ (ਨਿਰਮਲਤਾ ਦਾ) ਗੁਣ।੧।

ਵੇਖੁ—ਸੰਭਾਲ ਕਰ (ਮੇਰੀ)। ਹਉ—ਮੈਂ। ਭਾਈ—ਹੇ ਪ੍ਰਭੂ। ਨਾਮ ਵਿਸੇਖੁ—ਨਾਮ ਦੀ ਵਿਸ਼ੇਸ਼ਤਾ, ਨਾਮ ਦੀ ਮਹੱਤਤਾ।੧।ਰਹਾਉ।

ਬਿਖੁ—ਜ਼ਹਿਰ। ਪਤਿ—ਇੱਜ਼ਤ। ਖੋਇ—ਗਵਾ ਲੈਂਦਾ ਹੈ। ਸਚਿ—ਸਦਾ-ਥਿਰ ਪ੍ਰਭੂ ਵਿਚ। ਸਮੋਇ—(ਮਨ ਵਿਚ) ਟਿਕੇ।੨।

ਰੂੜੌ—ਸੁੰਦਰ, ਸੋਹਣਾ। ਆਖੀਐ—ਸਿਮਰਨਾ ਚਾਹੀਦਾ ਹੈ। ਬੈਰਾਗੀਐ—ਪਿਆਰ ਕਰੇ। ਦਰਿ—ਮਨ ਦੇ ਅੰਦਰ। ਘਰਿ—ਹਿਰਦੇ ਵਿਚ। ਅਭੂਲੁ—ਅਭੁੱਲ ਪ੍ਰਭੂ ਦਿੱਸ ਪੈਂਦਾ ਹੈ।੩।

ਆਕਾਸਿ—ਅਕਾਸ਼ ਵਿਚ। ਘਰਿ ਘਰਿ—ਹਰੇਕ ਹਿਰਦੇ ਵਿਚ। ਗੁਣ ਗਿਆਨੁ—ਗੁਣਾਂ ਦੀ ਜਾਣ ਪਛਾਣ। ਮਨਹੁ—ਮਨ ਤੋਂ।੪।

ਜਲਿ—ਜਲ ਨਾਲ। ਮਲਿ—ਮਲ ਕੇ। ਕਾਇਆ—ਸਰੀਰ। ਗਿਆਨਿ—ਗਿਆਨ ਵਿਚ।੫।

ਮਾਗਉ—ਮੈਂ ਮੰਗਾਂ। ਦੇਹਿ—(ਦੇਵੀ ਦੇਵਤੇ) ਦੇ ਸਕਦੇ ਹਨ। ਪਾਹੁਣ—ਪੱਥਰ। ਨੀਰਿ—ਪਾਣੀ ਵਿਚ। ਪਖਾਲੀਐ—ਧੋਈਏ। ਬੂਡਹਿ—ਡੁਬਦੇ ਹਨ। ਤੇਹਿ—ਉਹ (ਪੱਥਰ ਦੇ ਬਣਾਏ ਹੋਏ ਦੇਵੀ ਦੇਵਤੇ)।੬।

ਅਲਖੁ—ਉਹ ਪ੍ਰਭੂ ਜਿਸ ਦਾ ਰੂਪ ਨਾ ਬਿਆਨ ਕੀਤਾ ਜਾਏ। ਬੂਡੈ—ਡੁੱਬਦਾ ਹੈ।੭।

ਬਈਅਰਿ—ਇਸਤਰੀ। (ਬਾਂਗਰ ਦੀ ਬੋਲੀ ਹੈ) ਜੀਵ-ਇਸਤਰੀ। ਪਿਰ ਭਾਇ—ਪਤੀ ਦੇ ਪ੍ਰੇਮ ਵਿਚ। ਬਿਰਹੈ—ਤੀਬਰ ਵਿਛੋੜੇ ਨਾਲ। ਸਚਿ—ਸਦਾ-ਥਿਰ ਪ੍ਰਭੂ ਵਿਚ। ਨਾਇ—ਨਾਮ ਵਿਚ।੮।

ਸਭ ਕੋ—ਹਰੇਕ ਜੀਵ। ਤੇ—ਤੋਂ। ਬੀਧੇ—ਵਿਝ ਗਏ।੯।

ਈਧਨੁ—ਬਾਲਣ। ਅਧਿਕ—ਬਹੁਤ। ਸਕੇਲੀਐ—ਇਕੱਠਾ ਕਰੀਏ। ਪਾਵਕੁ—ਅੱਗ। ਮਿਲਣੁ—ਮਿਲਾਪ। ਸੁਭਾਇ—ਸਹਜੇ ਹੀ।੧੦।

ਨੋਟ : ਇਸ ਅਸ਼ਟਪਦੀ ਵਿਚ ਸਭ ਪਉੜੀਆਂ ਦੋ-ਦੋ ਤੁੱਕਾਂ ਦੀਆਂ ਆਉਣਗੀਆਂ।

ਅਰਥ :

ਪ੍ਰ: ਹੇ ਗੁਰੋ! ਕਿਰਪਾ ਕਰੋ, ਸਾਨੂੰ ਉਸ ਪ੍ਰਭੂ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਜਾਚ ਬਖ਼ਸ਼ ਦਿਓ, (ਕਿਉਂਕਿ) ਮਾਇਆ ਦੇ ਅਸਰ ਹੇਠ ਦਬਿਆਂ ਸਾਨੂੰ ਅਰਦਾਸ ਕਰਨ ਦੀ ਭੀ ਸੂਝ ਨਹੀਂ ਹੈ?

ਉ: ੧. ਹੇ ਭਾਈਓ! ਇਉਂ ਅਰਦਾਸ ਕਰਦੇ ਰਹੋ ਕਿ ਹੇ ਪਿਆਰੇ ਪ੍ਰਭੂ ਜੀ! ਤੂੰ (ਜੀਵਾਂ ਨੂੰ ਆਪਣੇ) ਗੁਣਾਂ ਦੀ ਦਾਤ ਦੇਣ ਵਾਲਾ ਹੈਂ, ਤੂੰ ਪਵਿੱਤਰ ਸਰੂਪ ਹੈਂ, (ਪਰ ਹੇ ਸਾਈਂ ਜੀ) ਵਿਕਾਰਾਂ ਦੇ ਕਾਰਨ ਸਾਡਾ ਜੀਵਾਂ ਦਾ ਮਨ ਨਿਰਮਲ ਨਹੀਂ ਹੈ। (ਸਾਡੀ ਦਸ਼ਾ ਤਾਂ ਇਹ ਹੈ ਕਿ)

੨. ਅਸੀਂ ਪਾਪੀ ਹਾਂ, ਗੁਣਾਂ ਤੋਂ ਹੀਣੇ ਹਾਂ, ਪਰ ਹੇ ਪ੍ਰਭੂ ਜੀ! ਉਹ ਪਵਿੱਤਰਤਾ ਵਾਲਾ ਗੁਣ ਸਾਨੂੰ ਤੇਰੇ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ।੧।

੩. ਹੇ ਮੇਰੇ ਪ੍ਰੀਤਮ ਪ੍ਰਭੂ ਜੀ! ਤੂੰ ਮੇਰਾ ਕਰਤਾਰ ਹੈਂ, ਤੂੰ ਹੀ ਮੈਨੂੰ ਪੈਦਾ ਕਰ ਕੇ ਮੇਰੀ ਸੰਭਾਲ ਕਰਦਾ ਹੈਂ (ਮੈਨੂੰ ਤੂੰ ਹੀ ਵਿਕਾਰਾਂ ਤੋਂ ਬਚਾ)।

੪. (ਕਿਉਂਕਿ) ਮੈਂ ਪਾਪੀ ਹਾਂ, ਪਖੰਡੀ ਹਾਂ, ਹੇ ਪਿਆਰੇ ਜੀ! (ਤੂੰ) ਮੇਰੇ ਮਨ ਵਿਚ, ਤਨ ਵਿਚ ਆਪਣੇ ਨਾਮ ਦੀ ਮਹੱਤਤਾ ਵਸਾ, ਭਾਵ ਪੈਦਾ ਕਰ।੧।ਰਹਾਉ।

੫. ਹੇ ਪ੍ਰਭੂ ਜੀ! (ਇਨ੍ਹਾਂ ਜੀਵਾਂ ਦਾ) ਚਿੱਤ ਜ਼ਹਿਰ ਰੂਪ ਮਾਇਆ ਨੇ ਮੋਹਤ ਕਰ ਲਿਆ ਹੈ ਅਤੇ (ਮਾਇਆ ਦੀ ਰੁੱਚੀ ਵਾਲੀ) ਸਿਆਣਪ ਨੇ ਇਨ੍ਹਾਂ ਜੀਵਾਂ ਦੀ ਇੱਜ਼ਤ ਗਵਾ ਦਿੱਤੀ ਹੈ।

੬. ਹੇ ਪਿਆਰੇ! ਜੇ ਕਰ ਗੁਰੂ ਦਾ ਦਿੱਤਾ ਗਿਆਨ ਜੀਵ ਦੇ ਮਨ ਵਿਚ ਸਮਾ ਜਾਇ, ਭਾਵ ਟਿਕ ਜਾਵੇ, ਤਾਂ ਇਸ ਦੇ ਚਿੱਤ ਵਿਚ ਠਾਕੁਰ ਵਸ ਆਉਂਦਾ ਹੈ, ਇਸ ਤਰ੍ਹਾਂ ਜੀਵ ਦਾ (ਚਿਤ) ਸਦਾ-ਥਿਰ ਪ੍ਰਭੂ ਜੀ ਵਿਚ ਹੀ ਜੁੜਿਆ ਰਹਿੰਦਾ ਹੈ।੨।

੭. ਹੇ ਪਿਆਰੇ! ਉਹ ਪਰਮੇਸ਼ਰ ਸੁੰਦਰ ਤੋਂ ਭੀ ਸੁੰਦਰ ਕਹੀਦਾ ਹੈ, ਉਸ ਨੂੰ (ਮਾਨੋ ਪਿਆਰ ਦਾ) ਗੂੜ੍ਹਾ ਲਾਲ ਰੰਗ ਚੜ੍ਹਿਆ ਰਹਿੰਦਾ ਹੈ, ਇਸ ਲਈ ਉਸ ਸੁੰਦਰ ਪ੍ਰਭੂ ਨੂੰ ਸਦਾ ਹੀ ਸਿਮਰਦੇ ਰਹਿਣਾ ਚਾਹੀਦਾ ਹੈ।

੮. ਹੇ ਭਾਈ! ਜੇ ਕਦੀ ਜੀਵ ਦਾ ਮਨ ਉਸ ਵਾਹਿਗੁਰੂ ਜੀ ਨਾਲ ਪ੍ਰੇਮ ਕਰੇ, ਤਾਂ ਉਸ ਦੇ ਅੰਦਰ ਤੇ ਉਸ ਦੇ ਹਿਰਦੇ ਵਿਚ ਉਹ ਸੱਚਾ ਅਭੁੱਲ ਪ੍ਰਭੂ ਹੀ (ਪ੍ਰਗਟ ਹੋ ਜਾਂਦਾ ਹੈ)।੩।

ਪ੍ਰ: ਹਜ਼ੂਰ ਜੀਉ! ਉਹ ਸੱਚਾ ਪ੍ਰਭੂ ਜਿਨ੍ਹਾਂ ਦੇ ਅੰਦਰ ਪ੍ਰਗਟ ਹੋ ਆਉਂਦਾ ਹੈ, ਉਨ੍ਹਾਂ ਦੀ ਮਾਨਸਿਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ?

ਉ: ੯. ਹੇ ਭਾਈਓ! ਉਹ ਤਾਂ ਪਾਤਾਲਾਂ ਵਿਚ, ਆਕਾਸ਼ਾਂ ਵਿਚ ਹਰ ਥਾਂ ਤੇ ਹਰੇਕ ਦੇ ਹਿਰਦੇ ਵਿਚ ਉਸੇ ਸਾਈਂ ਜੀ ਨੂੰ ਤੱਕ ਕੇ ਇਉਂ ਹੀ ਆਖਦੇ ਹਨ ਕਿ ਹੇ ਪ੍ਰਭੂ ਜੀ! ਤੂੰ ਸਾਰਿਆਂ ਹੀ ਥਾਵਾਂ ਵਿਚ ਮੌਜੂਦ ਹੈਂ। ਗੁਣ ਅਤੇ ਗਿਆਨ ਰੂਪ ਹੋ ਕੇ ਤੂੰ ਘਰਾਂ-ਘਰਾਂ ਵਿਚ ਵਿਆਪਕ ਹੋ ਰਿਹਾ ਹੈਂ। (ਭਾਵ ਹਿਰਦੇ-ਹਿਰਦੇ ਵਿਚ ਸਮਾਇਆ ਹੈਂ)।

੧੦. ਹੇ ਪਿਆਰੇ! ਜੇ (ਜੀਵ ਨੂੰ) ਗੁਰੂ ਮਿਲ ਪਵੇ ਤਾਂ (ਪ੍ਰਭੂ ਦੇ ਗੁਣਾਂ ਦੀ ਬਰਕਤ ਨਾਲ) ਉਸ ਨੂੰ ਆਤਮਿਕ ਅਨੰਦ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਦੇ ਮਨ ਵਿਚੋਂ ਹੰਕਾਰ ਦੂਰ ਹੋ ਜਾਂਦਾ ਹੈ।੪।

ਪ੍ਰ: ਸ੍ਰੀ ਜੀਉ! ਬਹੁਤ ਲੋਕ ਇਸ ਸਰੀਰ ਨੂੰ ਬਾਰ-ਬਾਰ ਪਾਣੀ ਨਾਲ ਮਾਂਜਣ ਵਿਚ ਹੀ ਵਧੇਰੇ ਸਮਾਂ ਗੁਜ਼ਾਰਦੇ ਰਹਿੰਦੇ ਹਨ, ਕੀ ਇਸ ਤਰ੍ਹਾਂ ਸਰੀਰ ਪਵਿੱਤਰ ਰਹਿ ਸਕਦਾ ਹੈ?

ਉ: ੧੧. ਹੇ ਪਿਆਰੇ! ਜੇਕਰ ਪਾਣੀ ਨਾਲ ਸਰੀਰ ਨੂੰ ਮਲ-ਮਲ ਕੇ ਮਾਂਜੀਏ, ਤਾਂ ਭੀ ਸਰੀਰ ਮੈਲਾ ਹੀ ਰਹਿੰਦਾ ਹੈ।

੧੨. ਪਰ ਜੇਕਰ ਪਰਮੇਸ਼ਰ ਦੇ ਗਿਆਨ (ਰੂਪੀ ਜਲ ਵਿਚ) ਪ੍ਰਭੂ ਦੇ ਨਾਮ ਅੰਮ੍ਰਿਤ ਨਾਲ ਇਸ਼ਨਾਨ ਕਰੀਏ ਤਾਂ ਮਨ ਭੀ ਪਵਿੱਤਰ ਅਤੇ ਸਰੀਰ ਭੀ ਪਵਿੱਤਰ ਹੋ ਜਾਂਦਾ ਹੈ।੫।

ਪ੍ਰ: ਹੇ ਗੁਰੋ! ਬਹੁਤ ਪੁਜਾਰੀ ਲੋਕ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਿਚ ਲੱਗੇ ਰਹਿੰਦੇ ਹਨ, ਕੀ ਉਨ੍ਹਾਂ ਦੇ ਪੂਜਕਾਂ ਨੂੰ ਭੀ ਕੁਝ ਮਿਲ ਸਕਦਾ ਹੈ?

ਉ: ੧੩. ਹੇ ਭਾਈਓ! ਜੇ ਦੇਵੀ ਦੇਵਤਿਆਂ ਦੀਆਂ ਬਣੀਆਂ ਪੱਥਰਾਂ ਦੀਆਂ ਮੂਰਤੀਆਂ ਦੀ ਪੂਜਾ ਭੀ ਕਰੀਏ, ਇਹ ਤਾਂ ਕੁਝ ਭੀ ਨਹੀਂ ਦੇ ਸਕਦੇ, ਇਸ ਲਈ ਮੈਂ ਤਾਂ ਇਨ੍ਹਾਂ ਪਾਸੋਂ ਕੁਝ ਭੀ ਨਹੀਂ ਮੰਗਦਾ, (ਸੋ ਤੁਸੀਂ ਦੱਸੋ) ਉਨ੍ਹਾਂ ਤੋਂ ਮੰਗਣਾ ਕੀ ਹੈ ਅਤੇ ਉਨ੍ਹਾਂ ਨੇ (ਕਿਸੇ ਨੂੰ) ਦੇਣਾ ਭੀ ਕੀ ਹੈ, (ਭਾਵ ਹੈ ਉਹ ਤਾਂ ਰੱਬ ਦੇ ਦਰ ਤੋਂ ਆਪ ਹੀ ਮੰਗਦੇ ਹਨ)।

ਪ੍ਰ: ਹਜ਼ੂਰ! ਤਾਂ ਫਿਰ ਇਹ ਦੱਸੋ ਕਿ ਪੱਥਰ ਮੂਰਤੀਆਂ ਦੇ ਪੁਜਾਰੀ ਜੋ ਮੂਰਤੀਆਂ ਦੀ ਪੂਜਾ ਕਰ ਕੇ ਇਸ ਸੰਸਾਰ-ਸਮੁੰਦਰ ਤੋਂ ਆਪਣਾ ਪਾਰ ਉਤਾਰਾ ਹੋ ਜਾਣ ਦੀ ਆਸ ਰੱਖਦੇ ਹਨ, ਕੀ ਇਹ ਉਨ੍ਹਾਂ ਦੀ ਆਸਾ ਵਿਅਰਥ ਹੀ ਚਲੀ ਜਾਵੇਗੀ?

ਉ: ੧੪. ਹੇ ਭਾਈਓ! ਤੁਸੀਂ ਆਪ ਹੀ ਵਿਚਾਰ ਕਰੋ ਕਿ ਜੇ ਪੱਥਰ ਨੂੰ ਪਾਣੀ ਨਾਲ ਧੋਂਦੇ ਰਹੀਏ ਤਾਂ ਭੀ ਉਹ ਪੱਥਰ ਦੇ ਬਣਾਏ ਹੋਏ ਦੇਵੀ ਦੇਵਤੇ ਪਾਣੀ ਵਿਚ ਹੀ ਡੁੱਬ ਜਾਂਦੇ ਹਨ। ਜਦ ਉਹ ਆਪ ਹੀ ਪਾਣੀ ਵਿਚ ਡੁੱਬ ਜਾਂਦੇ ਹਨ, ਤਾਂ ਤੁਸੀਂ ਆਪ ਹੀ ਦੱਸੋ ਕਿ ਉਹ ਆਪਣੇ ਪੁਜਾਰੀਆਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਿਵੇਂ ਕਰ ਸਕਦੇ ਹਨ? (ਭਾਵ ਨਹੀਂ ਕਰ ਸਕਦੇ)।੬।

ਪ੍ਰ: ਹੇ ਗੁਰੋ! ਜਿਸ ਪ੍ਰਭੂ ਦੀ ਹਸਤੀ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਕੁਝ ਉਸ ਬਾਰੇ ਬਿਆਨ ਕਰੋ ਤਾਂਕਿ ਉਸ ਦੀ ਕੁਝ ਸਮਝ ਪੈ ਸਕੇ?

ਉ: ੧੫. ਹੇ ਪਿਆਰਿਓ! ਉਸ ਪਰਮੇਸ਼ਰ ਦੀ ਹਸਤੀ ਬਿਆਨ ਕਰਨ ਤੋਂ ਪਰ੍ਹੇ ਹੈ, ਉਹ ਬਿਆਨ ਕੀਤੀ ਹੀ ਨਹੀਂ ਜਾ ਸਕਦੀ। ਹੇ ਪਿਆਰੇ! ਅਸੀਂ ਤਾਂ ਵੇਖ ਰਹੇ ਹਾਂ ਕਿ ਗੁਰੂ ਤੋਂ ਬਿਨਾ ਇਹ ਸਾਰਾ ਜਗਤ (ਵਿਕਾਰਾਂ ਵਿਚ) ਡੁੱਬਦਾ ਜਾ ਰਿਹਾ ਹੈ, (ਇਸੇ ਲਈ ਇਹ) ਆਪਣੀ ਇੱਜ਼ਤ ਨੂੰ ਗਵਾਂਦਾ ਹੈ।

ਪ੍ਰ: ਗੁਰਦੇਵ ਜੀਉ! ਇਹ ਜੀਵ ਬੇ-ਇੱਜ਼ਤ ਹੋਣ ਤੋਂ ਬੱਚ ਕੇ ਰੱਬੀ ਦਰ ਤੋਂ ਵਡਿਆਈਆਂ ਕਿਉਂ ਨਹੀਂ ਹਾਸਲ ਕਰ ਲੈਂਦਾ?

ਉ: ੧੬. ਹੇ ਭਰਾਵੋ! ਸੱਚ ਤਾਂ ਇਹੋ ਹੈ ਕਿ ਇਸ ਜੀਵ ਦੇ ਕੁਝ ਭੀ ਵੱਸ ਨਹੀਂ? ਕਿਉਂਕਿ ਵਡਿਆਈਆਂ ਤਾਂ ਉਸ ਮਾਲਕ ਪ੍ਰਭੂ ਦੇ ਆਪਣੇ ਹੱਥ ਵਿਚ ਹਨ। ਜੋ ਉਸ ਨੂੰ ਚੰਗਾ ਲੱਗਦਾ ਹੈ, ਉਸ ਨੂੰ ਹੀ ਉਹ ਦੇਂਦਾ ਹੈ।੭।

ਪ੍ਰ: ਹਜ਼ੂਰ! ਉਹ ਕਿਹੜੀ ਜੀਵ ਰੂਪ ਇਸਤਰੀ ਹੈ ਜੋ ਕਿ ਪਰਮੇਸ਼ਰ ਪਤੀ ਨੂੰ ਭਾਉਂਦੀ ਹੋਵੇ?

ਉ: ੧੭. ਹੇ ਭਾਈ! ਜੋ ਜੀਵ ਰੂਪ ਇਸਤਰੀ ਉਸ (ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ) ਮਿੱਠੇ ਪਿਆਰੇ ਬੋਲ ਬੋਲਦੀ ਹੈ ਅਤੇ ਸਦਾ ਸੱਚੇ ਪ੍ਰਭੂ ਦਾ ਸਿਮਰਨ ਕਰਦੀ ਹੈ ਤੇ ਪਤੀ ਪ੍ਰਭੂ ਦੇ ਪ੍ਰੇਮ ਵਿਚ (ਮਗਨ ਰਹਿੰਦੀ ਹੈ)।

੧੮. ਉਹ ਪ੍ਰਭੂ ਪਿਆਰ ਵਿਚ ਵਿੱਝੀ ਹੋਈ ਜੀਵ ਰੂਪੀ ਇਸਤਰੀ ਸਦਾ ਸੱਚੇ ਪ੍ਰਭੂ ਵਿਚ ਹੀ ਟਿਕੀ ਰਹਿੰਦੀ ਹੈ। ਉਹ ਬਹੁਤ ਹੀ ਪ੍ਰੇਮ ਕਰ ਕੇ ਪ੍ਰਭੂ ਦੇ ਨਾਮ ਵਿਚ ਜੁੜੀ ਰਹਿੰਦੀ ਹੈ (ਉਹੀ ਉਸ ਨੂੰ ਭਾਉਂਦੀ ਹੈ)।੮।

ਪ੍ਰ: ਹੇ ਗੁਰੋ! ਜਿਸ ਪਾਸੋਂ ਭੀ ਉਸ ਪ੍ਰਭੂ ਜੀ ਬਾਰੇ ਕੁਝ ਪੁੱਛ ਕਰੀਦੀ ਹੈ, ਉਹ ਹਰ ਬੰਦਾ ਹੀ ਆਖਦਾ ਹੈ ਕਿ ਪਰਮੇਸ਼ਰ ਸਾਡਾ ਆਪਣਾ ਹੈ, ਭਾਵ ਉਹ ਮੈਨੂੰ ਪ੍ਰਾਪਤ ਹੋ ਗਿਆ ਹੈ, ਪਰ ਦੱਸੋ ਅਸੀਂ ਨਿਸ਼ਚਾ ਕਿਸ 'ਤੇ ਕਰੀਏ?

ਉ: ੧੯. ਹੇ ਭਾਈਓ! ਭਾਵੇਂ ਉਸ ਪ੍ਰਭੂ ਨੂੰ ਸਭ ਕੋਈ ਹੀ ਆਪਣਾ-ਆਪਣਾ ਕਰਕੇ ਆਖਦਾ ਹੈ, ਪਰ ਹੇ ਭਾਈ! ਜਿਹੜਾ ਮਨੁੱਖ ਗੁਰੂ ਪਾਸੋਂ ਇਸ ਜੀਵਨ ਦਾ ਸਹੀ ਮਾਰਗ ਸਮਝ ਲੈਂਦਾ ਹੈ, ਅਸਲ ਵਿਚ ਉਹੀ ਬੰਦਾ ਸਿਆਣਾ ਹੋ ਜਾਂਦਾ ਹੈ, ਭਾਵ ਉਹ ਫਿਰ ਗੁਰੂ ਤੋਂ ਪ੍ਰਾਪਤ ਕੀਤੀ ਸਮਝ ਦੁਆਰਾ ਮਾਇਆ ਦੇ ਹਲਿਆਂ ਤੋਂ ਬਚਿਆ ਰਹਿੰਦਾ ਹੈ।

੨੦. ਹੇ ਭਾਈਓ! ਜਿਹੜੇ ਮਨੁੱਖ ਉਸ ਪ੍ਰਭੂ ਦੇ ਪਿਆਰ ਵਿਚ ਵਿੱਝ ਜਾਂਦੇ ਹਨ, (ਉਹ ਫਿਰ ਮਾਇਆ ਦੇ ਮੋਹ ਵਿਚ ਡੁੱਬਣ ਤੋਂ ਅਤੇ ਵਿਕਾਰਾਂ ਵਿਚ ਫਸਣ ਤੋਂ) ਬੱਚ ਜਾਂਦੇ ਹਨ, ਕਿਉਂਕਿ ਉਨ੍ਹਾਂ ਪਾਸ ਗੁਰੂ ਦੇ ਸ਼ਬਦ ਦਾ ਸੱਚਾ ਪ੍ਰਵਾਨਾ ਸਦਾ ਟਿਕਿਆ ਰਹਿਣ ਵਾਲਾ ਹੁੰਦਾ ਹੈ।੯।

ਪ੍ਰ: ਹੇ ਗੁਰਦੇਵ ਜੀਉ! ਦੱਸੋ ਇਹ ਕਿਵੇਂ ਹੋ ਸਕਦਾ ਹੈ ਕਿ ਜੀਵ ਦੇ ਜਨਮ-ਜਨਮਾਤਰਾਂ ਦੇ ਕੀਤੇ ਅਥਾਹ ਪਾਪ ਕਰਮ ਇਕ ਖਿਨ ਪਲ ਮਾਤਰ ਨਾਮ ਸਿਮਰਨ ਨਾਲ ਹੀ ਦੱਘਦ ਹੋ ਜਾਂਦੇ ਹੋਣ, ਕੋਈ ਉਦਾਹਰਨ ਦੇ ਕੇ ਸਮਝਾਓ?

ਉ: ੨੧. ਹੇ ਪਿਆਰੇ ! ਸੁਣੋਂ, ਜਿਵੇਂ ਕਿ ਬਹੁਤ ਸਾਰਾ ਬਾਲਣ ਇਕੱਠਾ ਕਰ ਲਈਏ ਤੇ ਉਸ ਵਿਚ ਕੇਵਲ ਰਤਾ ਕੁ ਅੱਗ ਪਾ ਦਿੱਤੀ ਜਾਵੇ ਤਾਂ ਉਹ ਸਾਰਾ ਬਾਲਣ ਸੜ ਕੇ ਸੁਆਹ ਹੋ ਜਾਂਦਾ ਹੈ।

੨੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! ਇਸੇ ਹੀ ਤਰ੍ਹਾਂ ਜੇ ਪਰਮੇਸ਼ਰ ਦਾ ਨਾਮ ਘੜੀ ਪਲ ਵਾਸਤੇ ਭੀ ਮਨੁੱਖ ਦੇ ਮਨ ਵਿਚ ਵੱਸ ਜਾਵੇ, (ਤਾਂ ਉਸ ਦੇ ਇਸ ਤਰ੍ਹਾਂ ਕਰਨ ਨਾਲ ਸਾਰੇ ਹੀ ਪਾਪ ਨਾਸ ਹੋ ਜਾਂਦੇ ਹਨ ਤੇ ਸਹਿਜੇ ਹੀ ਉਸ ਦਾ ਮਿਲਾਪ ਪਰਮਾਤਮਾ ਦੇ ਚਰਨਾਂ ਵਿਚ) ਹੋ ਜਾਂਦਾ ਹੈ।੧੦।੪।

ਭਾਵਾਰਥ : ਇਸ ਸ਼ਬਦ ਵਿਚ ਭੀ ਉਸ ਪ੍ਰਭੂ ਦੇ ਚਰਨਾਂ ਵਿਚ ਜੋਦੜੀ ਕੀਤੀ ਗਈ ਹੈ ਕਿ ਹੇ ਪ੍ਰਭੂ ਜੀ ! ਤੂੰ ਪਵਿੱਤਰ ਹੈਂ, ਸਾਡਾ ਮਨ ਅਪਵਿੱਤਰ ਹੈ। ਅਸੀਂ ਪਾਪੀ, ਪਖੰਡੀ ਤੇ ਅਪਰਾਧੀ ਹਾਂ, ਤੂੰ ਸਾਡੇ 'ਤੇ ਮਿਹਰ ਕਰ ਕੇ ਸਾਨੂੰ ਆਪਣੇ ਚਰਨਾਂ ਵਿਚ ਸਮਾਈ ਬਖ਼ਸ਼।

ਸੋਰਠਿ ਮਹਲਾ ੩ ਘਰੁ ੧ ਤਿਤੁਕੀ

੧ੴ ਸਤਿਗੁਰ ਪ੍ਰਸਾਦਿ॥

੧. ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ
ਧੁਰਿ ਤੂ ਰਖਦਾ ਆਇਆ ॥
੨. ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ
ਹਰਣਾਖਸੁ ਮਾਰਿ ਪਚਾਇਆ ॥
੩. ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ
ਮਨਮੁਖ ਭਰਮਿ ਭੁਲਾਇਆ ॥੧॥
੪. ਹਰਿ ਜੀ ਏਹ ਤੇਰੀ ਵਡਿਆਈ ॥
੫. ਭਗਤਾ ਕੀ ਪੈਜ ਰਖੁ ਤੂ ਸੁਆਮੀ
ਭਗਤ ਤੇਰੀ ਸਰਣਾਈ ॥ ਰਹਾਉ ॥
੬. ਭਗਤਾ ਨੋ ਜਮੁ ਜੋਹਿ ਨ ਸਾਕੈ
ਕਾਲੁ ਨ ਨੇੜੈ ਜਾਈ ॥
੭. ਕੇਵਲ ਰਾਮ ਨਾਮੁ ਮਨਿ ਵਸਿਆ
ਨਾਮੇ ਹੀ ਮੁਕਤਿ ਪਾਈ ॥
੮. ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ
ਗੁਰ ਕੈ ਸਹਜਿ ਸੁਭਾਈ ॥੨॥

ਨੋਟ : ਤਿਤੁਕੀ—ਤਿੰਨ ਤੁਕਾਂ ਵਾਲੀ। ਉਹ ਅਸ਼ਟਪਦੀ ਜਿਸ ਦੇ ਹਰੇਕ ਬੰਦ ਵਿਚ ਤਿੰਨ-ਤਿੰਨ ਤੁਕਾਂ ਹਨ।

ਪਦ ਅਰਥ : ਹਰਿ ਜੀਉ—ਹੇ ਪ੍ਰਭੂ ਜੀ ! ਧੁਰਿ—ਧੁਰ ਤੋਂ, ਸ਼ੁਰੂ ਤੋਂ, ਜਦੋਂ ਦਾ ਸੰਸਾਰ ਬਣਿਆ ਹੈ ਤਦੋਂ ਦਾ। ਪ੍ਰਹਿਲਾਦ ਜਨ—ਪ੍ਰਹਿਲਾਦ ਅਤੇ ਇਹੋ ਜਿਹੇ ਹੋਰ ਸੇਵਕ। ਮਾਰਿ—ਮਾਰ ਕੇ। ਪਚਾਇਆ—ਖ਼ੁਆਰ ਕੀਤਾ, ਤਬਾਹ ਕਰ ਦਿੱਤਾ। ਪਰਤੀਤਿ—ਸ਼ਰਧਾ। ਮਨਮੁਖ—ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਮਨੁੱਖ। ਭਰਮਿ—ਭਟਕਣਾ ਵਿਚ।੧। ਵਡਿਆਈ—ਇੱਜ਼ਤ। ਪੈਜ—ਲਾਜ। ਸੁਆਮੀ—ਹੇ ਸੁਆਮੀ।ਰਹਾਉ।

ਜੋਹਿ ਨ ਸਾਕੈ—ਤੱਕ ਨਹੀਂ ਸਕਦਾ। ਕਾਲੁ—ਮੌਤ ਦਾ ਡਰ। ਮਨਿ—ਮਨ ਵਿਚ। ਨਾਮੇ ਹੀ—ਨਾਮ ਵਿਚ ਜੁੜ ਕੇ ਹੀ। ਮੁਕਤਿ—ਮੌਤ ਦੇ ਡਰ ਤੋਂ ਖ਼ਲਾਸੀ। ਰਿਧਿ ਸਿਧਿ—ਕਰਾਮਾਤੀ ਤਾਕਤਾਂ। ਗੁਰ ਕੈ—ਗੁਰੂ ਦੇ ਰਾਹੀਂ। ਸਹਜਿ—ਆਤਮਕ ਅਡੋਲਤਾ ਵਿਚ। ਸੁਭਾਈ—ਸੁਭਾਇ, ਪ੍ਰੇਮ ਵਿਚ।੨।

ਅਰਥ :

ਪ੍ਰ: ਹੇ ਗੁਰੋ ! ਜਦੋਂ ਆਪ ਜੀ ਉਸ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਹੋ ਤਾਂ ਉਹ ਕਿਸ ਰੂਪ ਵਿਚ ਕਰਿਆ ਕਰਦੇ ਹੋ ? ਸਾਨੂੰ ਭੀ ਜਾਚ ਦੱਸ ਦਿਓ।

ਉ: ੧. ਹੇ ਪਿਆਰੇ ! ਤੁਸੀਂ ਭੀ ਉਸ ਸਾਈਂ ਜੀ ਦੀ ਸਿਫ਼ਤਿ ਇਸ ਤਰ੍ਹਾਂ ਕਰਿਆ ਕਰੋ ਕਿ ਹੇ ਹਰੀ ਜੀ ! ਤੂੰ ਤਾਂ ਆਪਣੇ ਭਗਤਾਂ ਦੀ ਇੱਜ਼ਤ ਸਦਾ ਰੱਖਦਾ ਹੈਂ। ਜਦੋਂ ਤੋਂ ਇਹ ਜਗਤ ਬਣਿਆ ਹੈ, ਤੂੰ ਤਦੋਂ ਤੋਂ ਹੀ ਭਗਤਾਂ ਦੀ ਇੱਜ਼ਤ ਰੱਖਦਾ ਆ ਰਿਹਾ ਹੈਂ।

੨. ਹੇ ਹਰੀ ਜੀ ! ਤੁਸੀਂ ਪ੍ਰਹਿਲਾਦ ਭਗਤ ਨੂੰ ਰੱਖ ਲਿਆ ਸੀ ਅਤੇ ਹਰਣਾਖਸ਼ ਨੂੰ ਮਾਰ ਕੇ ਤੂੰ ਤਬਾਹ ਕਰ ਦਿੱਤਾ ਸੀ।

੩. ਹੇ ਹਰੀ ਜੀ ! ਜਿਹੜੇ ਮਨੁੱਖ ਗੁਰੂ ਦੀ ਸ਼ਰਨ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਨਿਸ਼ਚਾ ਹੁੰਦਾ ਹੈ ਕਿ ਤੂੰ ਭਗਤਾਂ ਦੀ ਇੱਜ਼ਤ ਰੱਖਦਾ ਹੈਂ, ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਭਟਕਣਾ ਵਿਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ।੧।

੪. ਹੇ ਹਰੀ ਜੀ ! ਇਸ ਵਿਚ ਤੇਰੀ ਹੀ ਵਡਿਆਈ ਹੈ।

੫. ਹੇ ਸੁਆਮੀ ਜੀ ! ਭਗਤ ਤੇਰੀ ਸ਼ਰਨ ਵਿਚ ਪਏ ਰਹਿੰਦੇ ਹਨ, ਇਸ ਲਈ ਤੂੰ ਆਪਣੇ ਭਗਤਾਂ ਦੀ ਇੱਜ਼ਤ ਰੱਖ।ਰਹਾਉ।

੬. ਹੇ ਭਾਈ ! (ਪ੍ਰਭੂ ਦੇ ਪਿਆਰੇ) ਭਗਤਾਂ ਨੂੰ ਤਾਂ ਜਮ (ਤਾੜ ਕੇ) ਤੱਕ ਵੀ ਨਹੀਂ ਸਕਦਾ ਅਤੇ ਉਨ੍ਹਾਂ ਦੇ ਨੇੜੇ ਕਾਲ ਭੀ ਨਹੀਂ ਜਾਂਦਾ।

ਪ੍ਰ: ਹਜ਼ੂਰ ! ਕਾਲ ਦਾ ਉਨ੍ਹਾਂ ਦੇ ਨੇੜੇ ਤੱਕ ਵੀ ਨਾ ਪੁੱਜਣ ਦਾ ਅਸਲ ਕਾਰਨ ਕੀ ਹੈ ?

ਉ: ੭. ਹੇ ਭਾਈਓ ! ਅਸਲ ਵਿਚ ਮੌਤ ਦੇ ਡਰ ਦੀ ਥਾਂ, ਉਨ੍ਹਾਂ ਦੇ ਮਨ ਵਿਚ ਕੇਵਲ ਪਰਮੇਸ਼ਰ ਦਾ ਨਾਮ ਹੀ ਵਸਦਾ ਹੈ, ਨਾਮ ਦਾ ਸਦਕਾ ਹੀ ਉਨ੍ਹਾਂ ਨੇ ਮੁਕਤੀ ਪ੍ਰਾਪਤ ਕਰ ਲਈ ਹੈ।

੮. ਹੇ ਭਾਈ ! ਗੁਰੂ ਰਾਹੀਂ ਪ੍ਰਾਪਤ ਹੋਏ ਨਾਮ ਦੀ ਬਰਕਤ ਨਾਲ ਸਭ ਰਿਧਾਂ ਸਿਧਾਂ ਭਗਤਾਂ ਦੇ ਚਰਨੀਂ ਸਹਿਜ-ਸੁਭਾਅ ਹੀ ਲੱਗੀਆਂ ਰਹਿੰਦੀਆਂ ਹਨ।੨।

੯. ਮਨਮੁਖਾ ਨੋ ਪਰਤੀਤਿ ਨ ਆਵੀ
ਅੰਤਰਿ ਲੋਭ ਸੁਆਉ ॥
੧੦. ਗੁਰਮੁਖਿ ਹਿਰਦੈ ਸਬਦੁ ਨ ਭੇਦਿਓ
ਹਰਿ ਨਾਮਿ ਨ ਲਾਗਾ ਭਾਉ ॥

੧੧. ਕੂੜ ਕਪਟ ਪਾਜੁ ਲਹਿ ਜਾਸੀ
ਮਨਮੁਖ ਫੀਕਾ ਅਲਾਉ ॥੩॥
੧੨. ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ
ਭਗਤੀ ਹੂ ਤੂ ਜਾਤਾ ॥
੧੩. ਮਾਇਆ ਮੋਹ ਸਭ ਲੋਕ ਹੈ ਤੇਰੀ
ਤੂ ਏਕੋ ਪੁਰਖੁ ਬਿਧਾਤਾ ॥
੧੪. ਹਉਮੈ ਮਾਰਿ ਮਨਸਾ ਮਨਹਿ ਸਮਾਣੀ
ਗੁਰ ਕੈ ਸਬਦਿ ਪਛਾਤਾ ॥੪॥
੧੫. ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ
ਜਿਨ ਹਰਿ ਕਾ ਨਾਮੁ ਪਿਆਰਾ ॥
੧੬. ਗੁਰ ਪਰਸਾਦਿ ਸਦਾ ਮਨਿ ਵਸਿਆ
ਸਭਿ ਕਾਜ ਸਵਾਰਣਹਾਰਾ ॥
੧੭. ਓਨਾ ਕੀ ਰੀਸ ਕਰੇ ਸੁ ਵਿਗੁਚੈ
ਜਿਨ ਹਰਿ ਪ੍ਰਭੁ ਹੈ ਰਖਵਾਰਾ ॥੫॥

ਪਦ ਅਰਥ : ਨੋ—ਨੂੰ। ਆਵੀ—ਆਵੈ, ਆਉਂਦੀ। ਲੋਭ ਸੁਆਉ—ਲੋਭ ਦਾ ਸੁਆਰਥ, ਲੋਭ ਭਰੀ ਗ਼ਰਜ਼। ਗੁਰਮੁਖਿ—ਗੁਰੂ ਦੀ ਸ਼ਰਣ ਪੈ ਕੇ। ਹਿਰਦੈ—ਹਿਰਦੇ ਵਿਚ। ਭੇਦਿਓ—ਵਿਝਿਆ। ਨਾਮਿ—ਨਾਮ ਵਿਚ। ਭਾਉ—ਪਿਆਰ। ਪਾਜੁ—ਮੁਲੰਮਾ। ਲਹਿ ਜਾਸੀ—ਉਤਰ ਜਾਏਗਾ। ਅਲਾਉ—ਅਲਾਪ, ਬੋਲ।੩।

ਵਰਤਦਾ—ਕੰਮ ਕਰਦਾ। ਭਗਤੀ—ਭਗਤਾਂ ਨੇ। ਤੂੰ—ਤੈਨੂੰ। ਲੋਕ—ਸ੍ਰਿਸ਼ਟੀ। ਬਿਧਾਤਾ—ਰਚਨਹਾਰ। ਮਨਸਾ—ਮਨੋ-ਕਾਮਨਾ। ਮਨਹਿ—ਮਨ ਹੀ, ਮਨ ਹੀ ਵਿਚ। ਸਬਦਿ—ਸ਼ਬਦ ਦੇ ਰਾਹੀਂ।੪।

ਅਚਿੰਤ—ਚਿੰਤਾ ਤੋਂ ਬਿਨਾ ਹੀ। ਪ੍ਰਭੂ—ਹੇ ਪ੍ਰਭੂ! ਪਰਸਾਦਿ—ਕਿਰਪਾ ਨਾਲ। ਮਨਿ—ਮਨ ਵਿਚ। ਸਭਿ—ਸਾਰੇ। ਸੁ—ਉਹ (ਮਨੁੱਖ)। ਵਿਗੁਚੇ—ਖ਼ੁਆਰ ਹੁੰਦਾ ਹੈ।੫।

ਅਰਥ :

ਪ੍ਰ: ਹੇ ਗੁਰੋ! ਇਸ ਉਪਰ ਕਹੇ ਆਪ ਜੀ ਦੇ ਪਵਿੱਤਰ ਬਚਨਾਂ 'ਤੇ ਹਰ ਬੰਦਾ ਹੀ ਕਿਉਂ ਨਹੀਂ ਭਰੋਸਾ ਕਰਦਾ?

ਉ: ੯. ਹੇ ਪਿਆਰਿਓ! ਜੋ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹਨ, ਉਨ੍ਹਾਂ ਦਾ ਪਰਮੇਸ਼ਰ ਉੱਤੇ ਯਕੀਨ ਹੀ ਨਹੀਂ ਬੱਝਦਾ (ਕਿਉਂਕਿ) ਉਨ੍ਹਾਂ ਦੇ ਅੰਦਰ ਲੋਭ ਭਰੀ ਗ਼ਰਜ਼ ਵਸਦੀ ਹੈ।

੧੦. (ਕਿਉਂਕਿ) ਉਨ੍ਹਾਂ ਮਨਮੁਖਾਂ ਦੇ ਹਿਰਦੇ ਵਿਚ ਗੁਰੂ ਦੀ ਸ਼ਰਨ ਪੈ ਕੇ ਗੁਰੂ ਦਾ ਸ਼ਬਦ ਨਹੀਂ ਵਿੱਝਦਾ ਅਤੇ ਨਾ ਹੀ ਪਰਮੇਸ਼ਰ ਦੇ ਨਾਮ ਵਿਚ ਉਨ੍ਹਾਂ ਦਾ ਪਿਆਰ ਹੀ ਬਣਦਾ ਹੈ।

ਪ੍ਰ: (ਕਿਉਂ ਜੀ) ਉਨ੍ਹਾਂ ਦੀ ਪਛਾਣ ਕੀ ਹੈ?

ਉ: ੧੧. ਹੇ ਪਿਆਰਿਓ! ਉਨ੍ਹਾਂ ਮਨਮੁਖਾਂ ਦੇ (ਮੂੰਹੋਂ ਬੋਲਿਆ ਹੋਇਆ) ਬੋਲ ਭੀ ਫਿਕਾ ਤੇ ਰੁੱਖਾ ਹੁੰਦਾ ਹੈ, ਪਰ ਐ ਪਿਆਰੇ! ਆਖ਼ਰ ਉਨ੍ਹਾਂ ਦੇ ਝੂਠ ਅਤੇ ਠੱਗੀ ਦਾ ਪਾਜ ਲਹਿ ਹੀ ਜਾਵੇਗਾ।੩।

੧੨. ਹੇ ਪ੍ਰਭੂ ਜੀ! ਤੂੰ ਆਪਣੇ ਭਗਤਾਂ ਵਿਚ ਆਪ ਹੀ ਵਰਤਦਾ ਹੈਂ, ਭਾਵ ਕੰਮ ਕਰਦਾ ਹੈਂ, ਪਰ ਤੇਰੇ ਭਗਤਾਂ ਨੇ ਹੀ ਤੈਨੂੰ ਜਾਣਿਆ ਹੈ।

੧੩. ਹੇ ਪ੍ਰਭੂ ਜੀ! ਇਹ ਸਾਰੇ ਲੋਕ ਤੇਰੀ ਮਾਇਆ ਦੇ ਮੋਹ ਵਿਚ ਹਨ, ਪਰ ਤੂੰ ਇੱਕੋ ਹੀ ਸਾਰੇ ਲੋਕਾਂ ਦੇ ਕੀਤੇ ਕਰਮਾਂ ਦਾ ਫਲ ਪ੍ਰਦਾਤਾ ਹੈਂ, (ਫਲ ਦੇਣ ਵਾਲਾ ਹੈਂ)।

੧੪. ਹੇ ਭਾਈ! ਜਿਨ੍ਹਾਂ ਗੁਰਮੁਖਾਂ ਨੇ ਗੁਰੂ ਦੇ ਸ਼ਬਦ ਰਾਹੀਂ (ਆਪਣੇ ਅੰਦਰੋਂ) ਹਉਮੈ ਨਾਸ ਕਰ ਲਈ ਤੇ ਮਨ ਵਿੱਚੋਂ ਵਾਸ਼ਨਾ ਨੂੰ ਮਾਰ ਲਿਆ, ਉਨ੍ਹਾਂ ਨੇ ਗੁਰੂ ਦੇ ਸ਼ਬਦ ਦੁਆਰਾ (ਹੇ ਪ੍ਰਭੂ) ਤੈਨੂੰ ਪਛਾਣ ਲਿਆ ਹੈ।੪।

ਪ੍ਰ: ਕਿਉਂ ਜੀ! ਜਿਨ੍ਹਾਂ ਦਾ ਪਿਆਰ ਹਰੀ ਨਾਮ ਨਾਲ ਸਹੀ ਰੂਪ ਵਿਚ ਲੱਗ ਚੁੱਕਾ ਹੋਵੇ, ਉਨ੍ਹਾਂ ਦੀ ਪਛਾਣ ਕੀ ਹੈ?

ਉ: ੧੫. ਹੇ ਭਾਈਓ! ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ (ਲੱਗਾ ਹੈ) ਉਨ੍ਹਾਂ ਦੇ ਕੰਮ ਤਾਂ ਪ੍ਰਭੂ ਆਪਣੇ ਆਪ ਹੀ ਪੂਰੇ ਕਰਦਾ ਰਹਿੰਦਾ ਹੈ। ਉਨ੍ਹਾਂ ਨੂੰ ਕੋਈ ਭੀ ਕਿਸੇ ਪ੍ਰਕਾਰ ਦੀ ਚਿੰਤਾ ਅਤੇ ਫ਼ਿਕਰ ਹੀ ਨਹੀਂ ਹੁੰਦਾ। (ਉਨ੍ਹਾਂ ਦੇ ਕੰਮ ਆਪਣੇ ਆਪ ਹੀ ਹੁੰਦੇ ਰਹਿੰਦੇ ਹਨ)।

੧੬. ਉਹ ਇਸ ਲਈ ਕਿ ਉਨ੍ਹਾਂ ਦੇ ਅੰਦਰ ਸਾਰੇ ਕੰਮ ਸੰਵਾਰਨ ਵਾਲਾ ਵਾਹਿਗੁਰੂ ਜੀ ਗੁਰੂ ਦੀ ਕਿਰਪਾ ਨਾਲ ਉਨ੍ਹਾਂ ਦੇ ਮਨ ਵਿਚ ਵਸਿਆ ਹੁੰਦਾ ਹੈ।

ਪ੍ਰ: ਹੇ ਗੁਰੋ! ਇਹ ਆਮ ਵੇਖੀਦਾ ਹੈ ਕਿ ਨਾਮ ਵਿਚ ਪਿਆਰ ਕਰਨ ਵਾਲਿਆਂ ਦੇ ਜਦੋਂ ਹਰ ਕੰਮ ਅਚਨਚੇਤ ਹੀ ਹੁੰਦੇ ਰਹਿੰਦੇ ਹਨ, ਤਾਂ ਕਈ ਈਰਖਾਲੂ ਬੰਦੇ ਉਨ੍ਹਾਂ ਦੀ ਰੀਸ ਭੀ ਕਰਦੇ ਹਨ, ਕੀ ਉਨ੍ਹਾਂ ਨੂੰ ਭੀ ਸਫਲਤਾ ਹੋ ਜਾਂਦੀ ਹੈ?

ਉ: ੧੭. ਹੇ ਪਿਆਰਿਓ! ਜਿਨ੍ਹਾਂ ਦਾ ਰਾਖਾ ਪਰਮੇਸ਼ਰ ਆਪ ਹੀ ਬਣ ਜਾਂਦਾ ਹੈ, ਉਨ੍ਹਾਂ ਦੀ ਬਰਾਬਰੀ ਜਿਹੜਾ ਭੀ ਮਨੁੱਖ ਕਰਦਾ ਹੈ, ਉਹ ਆਖ਼ਰ ਖ਼ੁਆਰ ਹੀ ਹੁੰਦਾ ਹੈ।੫।

੧੮. ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ
ਮਨਮੁਖਿ ਭਉਕਿ ਮੁਏ ਬਿਲਲਾਈ ॥
੧੯. ਆਵਹਿ ਜਾਵਹਿ ਠਉਰ ਨ ਪਾਵਹਿ
ਦੁਖ ਮਹਿ ਦੁਖਿ ਸਮਾਈ ॥
੨੦. ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ
ਸਹਜੇ ਸਾਚਿ ਸਮਾਈ ॥੬॥
੨੧. ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ
ਜੇ ਅਨੇਕ ਕਰਮ ਕਰੈ ਅਧਿਕਾਈ ॥
੨੨. ਵੇਦ ਪੜਹਿ ਤੈ ਵਾਦ ਵਖਾਣਹਿ
ਬਿਨੁ ਹਰਿ ਪਤਿ ਗਵਾਈ ॥
੨੩. ਸਚਾ ਸਤਿਗੁਰੁ ਸਾਚੀ ਜਿਸੁ ਬਾਣੀ
ਭਜਿ ਛੂਟਹਿ ਗੁਰ ਸਰਣਾਈ ॥੭॥
੨੪. ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ
ਦਰਿ ਸਾਚੈ ਸਚਿਆਰਾ ॥

੨੫. ਓਨਾ ਦੀ ਸੋਭਾ ਜੁਗਿ ਜੁਗਿ ਹੋਈ
ਕੋਇ ਨ ਮੇਟਣਹਾਰਾ ॥
੨੬. ਨਾਨਕ ਤਿਨ ਕੈ ਸਦ ਬਲਿਹਾਰੈ
ਜਿਨ ਹਰਿ ਰਾਖਿਆ ਉਰਿ ਧਾਰਾ ॥੮॥੧॥

ਪਦ ਅਰਥ : ਕਿਨੈ—ਕਿਸੇ ਨੇ ਭੀ। ਮਨਮੁਖਿ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਭਉਕਿ—ਫ਼ਜ਼ੂਲ ਬੋਲ ਕੇ। ਬਿਲਲਾਈ—ਬਿਲਲਾਇ, ਵਿਲਕ ਕੇ। ਆਵਹਿ ਜਾਵਹਿ—ਜੰਮਦੇ ਹਨ ਮਰਦੇ ਹਨ। ਠਉਰ—ਟਿਕਾਣਾ, ਜਨਮ ਮਰਣ ਵੱਲੋਂ ਮੁਕਤ। ਦੁਖਿ—ਦੁਖ ਵਿਚ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਅੰਮ੍ਰਿਤੁ—ਅਮਰ ਜੀਵਨ ਦੇਣ ਵਾਲਾ ਨਾਮ-ਜਲ। ਸਹਜੇ—ਆਤਮਕ ਅਡੋਲਤਾ ਵਿਚ। ਸਾਚਿ—ਸਦਾ-ਥਿਰ ਪ੍ਰਭੂ ਵਿਚ। ਸਮਾਈ—ਲੀਨਤਾ।੬।

ਜਨਮੁ—ਜਨਮਾਂ ਦੇ ਗੇੜ। ਅਧਿਕਾਈ—ਬਹੁਤ। ਪੜਹਿ—ਪੜ੍ਹਦੇ ਹਨ। ਤੈ—ਅਤੇ। ਵਾਦ—ਚਰਚਾ, ਬਹਿਸਾਂ। ਪਤਿ—ਇੱਜ਼ਤ। ਸਚਾ—ਸਦਾ-ਥਿਰ (ਪ੍ਰਭੂ ਦਾ ਉਪਦੇਸ਼ ਕਰਨ ਵਾਲਾ)। ਸਾਚੀ—ਸਦਾ-ਥਿਰ ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲੀ। ਭਜਿ—ਭੱਜ ਕੇ, ਦੌੜ ਕੇ। ਛੂਟਹਿ—ਮੌਤ ਤੋਂ ਬਚਦੇ ਹਨ।੭।

ਮਨਿ—ਮਨ ਵਿਚ। ਦਰਿ—ਪ੍ਰਭੂ ਦੇ ਦਰ 'ਤੇ। ਸਾਚੇ—ਸੁਰਖ਼ਰੂ। ਦਰਿ ਸਾਚੈ—ਸਦਾ-ਥਿਰ ਪ੍ਰਭੂ ਦੇ ਦਰ 'ਤੇ। ਸਚਿਆਰਾ—ਸੁਰਖ਼ਰੂ, ਇੱਜ਼ਤ ਵਾਲੇ। ਜੁਗਿ ਜੁਗਿ—ਹਰੇਕ ਜੁੱਗ ਵਿਚ। ਤਿਨ ਕੈ—ਉਨ੍ਹਾਂ ਤੋਂ। ਸਦ—ਸਦਾ। ਉਰਿ—ਹਿਰਦੇ ਵਿਚ।

ਅਰਥ :

ਪ੍ਰ: ਹੇ ਗੁਰੋ ! ਬਹੁਤ ਲੋਕ ਪ੍ਰਭੂ ਦੇ ਮਿਲਾਪ ਲਈ ਅਨੇਕਾਂ ਸਾਧਨ ਕਰਦੇ ਹੋਏ ਭੀ ਮਿਲਾਪ ਤੋਂ ਸੱਖਣੇ ਰਹਿ ਜਾਂਦੇ ਹਨ, ਇਸ ਦਾ ਅਸਲ ਕੀ ਕਾਰਨ ਹੈ ?

ਉ:੧੮. ਹੇ ਭਾਈਓ ! ਜੋ ਲੋਕ ਗੁਰੂ ਦੀ ਸ਼ਰਣ ਪੈਣ ਤੋਂ ਸੱਖਣੇ ਰਹਿ ਕੇ ਪ੍ਰਭੂ ਦੇ ਮਿਲਾਪ ਦੀ ਆਸਾ ਰੱਖਦੇ ਹਨ, ਇਸ ਤਰ੍ਹਾਂ ਵਿਸ਼ਵਾਸ ਰੱਖੋ ਕਿ ਅੱਜ ਤਕ ਕਿਸੇ ਮਨੁੱਖ ਨੇ ਭੀ ਸਾਈਂ ਜੀ ਦਾ ਮਿਲਾਪ ਹਾਸਲ ਨਹੀਂ ਕੀਤਾ। ਮਨਮੁਖ ਆਪਣੇ ਮਨ ਦੇ ਪਿੱਛੇ ਟੁਰਨ ਵਾਲੇ ਫ਼ਜ਼ੂਲ ਬੋਲ-ਬੋਲ ਕੇ ਕੁੱਤਿਆਂ ਵਾਂਗ ਵਿਲਕਦੇ ਹੀ ਮਰ ਜਾਂਦੇ ਹਨ।

੧੯. ਉਹ ਅਜਿਹੇ ਮਨਮੁਖ ਸਦਾ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। (ਇਸ ਗੇੜ ਤੋਂ ਬਚਣ ਲਈ ਕੋਈ) ਉਹ ਠਾਹਰ ਨਹੀਂ ਲੱਭ ਸਕਦੇ, ਦੁੱਖਾਂ ਵਿਚ ਜੀਵਨ ਬਤੀਤ ਕਰਦੇ ਹੋਏ ਆਖ਼ਰ ਦੁੱਖਾਂ ਵਿਚ (ਹੀ) ਗ਼ਰਕ ਹੋ ਜਾਂਦੇ ਹਨ।

੨੦. ਹੇ ਭਰਾਵੋ ! ਜਿਹੜਾ ਗੁਰਮੁਖ ਗੁਰੂ ਦੀ ਸ਼ਰਨ ਪੈਂਦਾ ਹੈ, ਉਹ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀਂਦਾ ਹੈ। ਉਹ ਇਸ ਤਰ੍ਹਾਂ ਆਤਮਕ ਅਡੋਲਤਾ ਵਿਚ ਰਹਿ ਕੇ ਸਦਾ-ਥਿਰ ਹਰੀ ਨਾਮ ਵਿਚ ਲੀਨ ਰਹਿੰਦਾ ਹੈ।੬।

੨੧. ਹੇ ਭਾਈ ! ਸਤਿਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਮਨੁੱਖ ਨੂੰ ਜਨਮਾਂ ਦਾ ਗੇੜ ਨਹੀਂ ਛੱਡਦਾ, ਉਹ ਭਾਵੇਂ ਬਥੇਰੇ ਅਨੇਕਾਂ (ਹੀ) ਮਿੱਥੇ ਹੋਏ ਧਾਰਮਿਕ ਕਰਮ ਕਰਦਾ ਰਵੇ।

ਪ੍ਰ: ਸ੍ਰੀ ਜੀਓ ! ਬਹੁਤ ਪੰਡਿਤ ਲੋਕ ਵੇਦ ਆਦਿਕ (ਧਾਰਮਿਕ ਪੁਸਤਕਾਂ) ਪੜ੍ਹਦੇ ਹਨ ਅਤੇ ਉਨ੍ਹਾਂ ਦੀ ਲੋਕਾਂ ਵਿਚ ਇੱਜ਼ਤ ਭੀ ਬਹੁਤ ਹੁੰਦੀ ਵੇਖੀਦੀ ਹੈ। ਇਸ ਬਾਰੇ ਆਪ ਦੀ ਕੀ ਵੀਚਾਰ ਹੈ ?

ਉ:੨੨. ਹੇ ਭਾਈਓ ! ਇਸ ਵਿਚ ਕੋਈ ਸ਼ੱਕ ਨਹੀਂ (ਪੰਡਿਤ ਲੋਕ) ਵੇਦਾਦਿਕ (ਧਾਰਮਿਕ ਪੁਸਤਕਾਂ) ਤਾਂ ਪੜ੍ਹਦੇ ਹਨ, ਪਰ ਉਹ ਉਨ੍ਹਾਂ ਬਾਰੇ ਨਿਰੀਆ ਬਹਿਸਾਂ ਹੀ ਕਰਦੇ ਰਹਿੰਦੇ ਹਨ। ਹੇ ਪਿਆਰਿਓ ! (ਯਕੀਨ ਜਾਣੋ ਕਿ) ਉਨ੍ਹਾਂ ਨੇ ਪਰਮੇਸ਼ਰ ਦੇ ਨਾਮ ਤੋਂ ਸੱਖਣੇ ਰਹਿ ਕੇ ਪ੍ਰਭੂ ਦੇ ਦਰ 'ਤੇ ਆਪਣੀ ਇੱਜ਼ਤ ਗਵਾ ਲਈ ਹੈ।

੨੩. ਹੇ ਭਾਈਓ ! ਪਰ ਗੁਰੂ ਹੀ (ਇਕ) ਸਦਾ-ਥਿਰ ਰਹਿਣ ਵਾਲਾ ਨਾਮ ਉਪਦੇਸ਼ ਕਰਨ ਵਾਲਾ ਹੈ ਅਤੇ ਉਸ ਦੀ ਬਾਣੀ ਭੀ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਨ ਵਾਲੀ ਹੈ, ਸੋ ਜਿਹੜੇ ਭੀ ਮਨੁੱਖ ਦੌੜ ਕੇ ਗੁਰੂ ਦੀ ਸ਼ਰਨ ਜਾ ਪੈਂਦੇ ਹਨ ਤਾਂ ਉਨ੍ਹਾਂ ਦਾ ਇਸ ਸੰਸਾਰ ਦੇ ਜੰਮਣ ਮਰਨ ਵੱਲੋਂ ਛੁਟਕਾਰਾ ਹੋ ਜਾਂਦਾ ਹੈ।੭।

੨੪. ਸੋ, ਹੇ ਪਿਆਰੇ ! ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਸੱਚਾ ਪਰਮੇਸ਼ਰ ਆ ਵੱਸਦਾ ਹੈ, ਉਹ ਮਨੁੱਖ ਸੱਚੇ ਪ੍ਰਭੂ ਦੇ ਦਰਬਾਰ ਵਿਚ ਸੁਰਖ਼ਰੂ ਹੋ ਜਾਂਦੇ ਹਨ।

੨੫. ਉਨ੍ਹਾਂ ਮਨੁੱਖਾਂ ਦੀ ਸੋਭਾ ਹਰੇਕ ਜੁਗ ਵਿਚ ਹੀ ਹੁੰਦੀ ਹੈ। ਉਨ੍ਹਾਂ ਦੀ ਇਸ ਹੋ ਰਹੀ ਸੋਭਾ ਨੂੰ ਕੋਈ ਨਿੰਦਕ ਮੇਟ ਨਹੀਂ ਸਕਦਾ।

੨੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਮੈਂ ਉਨ੍ਹਾਂ ਮਨੁੱਖਾਂ ਤੋਂ ਸਦਕੇ ਜਾਂਦਾ ਹਾਂ, ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨੂੰ ਆਪਣੇ ਹਿਰਦੇ ਅੰਦਰ ਵਸਾ ਰਖਿਆ ਹੈ।੮।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਪ੍ਰਭੂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਹਨ ਜੋ ਕਿ ਆਪਣੇ ਭਗਤਾਂ ਦੀ ਜੁਗੋ ਜੁੱਗ ਪੈਜ ਰੱਖਦਾ ਆਇਆ ਹੈ, ਇਸੇ ਵਿਚ ਹੀ ਉਸ ਸਾਈਂ ਜੀ ਦੀ ਵਡਿਆਈ ਹੈ।

ਸੋਰਠਿ ਮਹਲਾ ੩ ਦੁਤੁਕੀ ॥

੧. ਨਿਗੁਣਿਆ ਨੋ ਆਪੇ ਬਖਸਿ ਲਏ ਭਾਈ
ਸਤਿਗੁਰ ਕੀ ਸੇਵਾ ਲਾਇ ॥
੨. ਸਤਿਗੁਰ ਕੀ ਸੇਵਾ ਊਤਮ ਹੈ ਭਾਈ
ਰਾਮ ਨਾਮਿ ਚਿਤੁ ਲਾਇ ॥੧॥
੩. ਹਰਿ ਜੀਉ ਆਪੇ ਬਖਸਿ ਮਿਲਾਇ ॥
੪. ਗੁਣਹੀਣ ਹਮ ਅਪਰਾਧੀ ਭਾਈ
ਪੂਰੈ ਸਤਿਗੁਰਿ ਲਏ ਰਲਾਇ ॥ ਰਹਾਉ ॥
੫. ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ
ਸਾਚੈ ਸਬਦਿ ਵੀਚਾਰਿ ॥
੬. ਭਉਜਲੁ ਪਾਰਿ ਉਤਾਰਿਅਨੁ ਭਾਈ
ਸਤਿਗੁਰ ਬੇੜੈ ਚਾੜਿ ॥੨॥

੭. ਮਨੂਰੈ ਤੇ ਕੰਚਨ ਭਏ ਭਾਈ
ਗੁਰੁ ਪਾਰਸੁ ਮੇਲਿ ਮਿਲਾਇ ॥
੮. ਆਪੁ ਛੋਡਿ ਨਾਉ ਮਨਿ ਵਸਿਆ ਭਾਈ
ਜੋਤੀ ਜੋਤਿ ਮਿਲਾਇ ॥੩॥
੯. ਹਉ ਵਾਰੀ ਹਉ ਵਾਰਣੈ ਭਾਈ
ਸਤਿਗੁਰ ਕਉ ਸਦ ਬਲਿਹਾਰੈ ਜਾਉ ॥
੧੦. ਨਾਮੁ ਨਿਧਾਨੁ ਜਿਨਿ ਦਿਤਾ ਭਾਈ
ਗੁਰਮਤਿ ਸਹਜਿ ਸਮਾਉ ॥੪॥

ਨੋਟ : ਵੇਖੋ ਗੁਰੂ ਨਾਨਕ ਦੇਵ ਜੀ ਦੀ ਅਸ਼ਟਪਦੀ ਨੰ: ੪। ਉਹ ਭੀ ਦੁਤੁਕੀ ਹੈ। ਉਸ ਵਿਚ ਭੀ ਲਫ਼ਜ਼ ਭਾਈ ਦੀ ਵਰਤੋਂ ਉਵੇਂ ਹੀ ਹੈ ਜਿਵੇਂ ਕਿ ਇਸ ਵਿਚ ਹੈ। ਉਸ ਵਿਚ ਭੀ (ਨਿਗੁਣਿਆ) ਦਾ ਹੀ ਜ਼ਿਕਰ ਸ਼ੁਰੂ ਹੁੰਦਾ ਹੈ।

ਪਦ ਅਰਥ : ਨਿਗੁਣਿਆ ਨੋ—ਗੁਣ ਹੀਣ ਮਨੁੱਖਾਂ ਨੂੰ। ਆਪੇ—ਆਪ ਹੀ। ਭਾਈ—ਹੇ ਭਾਈ। ਲਾਇ—ਲਾ ਕੇ। ਨਾਮਿ—ਨਾਮ ਵਿਚ।੧।

ਬਖਸਿ—ਮਿਹਰ ਕਰਕੇ। ਮਿਲਾਇ—ਮਿਲਾ ਲੈਂਦਾ ਹੈ। ਅਪਰਾਧੀ—ਪਾਪੀ। ਸਤਿਗੁਰਿ—ਗੁਰੂ ਨੇ।ਰਹਾਉ।

ਬਖਸਿਅਨੁ—ਉਸ ਨੇ ਬਖ਼ਸ਼ੇ ਹਨ। ਕਉਣੁ ਕਉਣੁ—ਕਿਹੜੇ-ਕਿਹੜੇ, ਬੇਅੰਤ। ਸਾਚੈ ਸਬਦਿ—ਸਦਾ-ਥਿਰ ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲੇ ਸ਼ਬਦ ਦੇ ਰਾਹੀਂ। ਵੀਚਾਰਿ—ਵਿਚਾਰ ਵਿਚ (ਜੋੜ ਕੇ)। ਉਤਾਰਿਆਨੁ—ਉਸ ਨੇ ਪਾਰ ਲੰਘਾ ਦਿੱਤੇ ਹਨ। ਬੇੜੈ—ਬੇੜੇ ਵਿਚ। ਚਾੜਿ—ਚਾੜ ਕੇ।੨।

ਮਨੂਰੈ ਤੇ—ਸੜੇ ਹੋਏ ਲੋਹੇ ਤੋਂ। ਕੰਚਨ—ਸੋਨਾ। ਮੇਲਿ—ਮੇਲ ਕੇ। ਆਪੁ—ਆਪਾ ਭਾਵ। ਮਨਿ—ਮਨ ਵਿਚ।੩।

ਹਉ—ਮੈਂ। ਵਾਰੀ—ਕੁਰਬਾਨ। ਵਾਰਣੈ—ਸਦਕੇ। ਕਉ—ਨੂੰ, ਤੋਂ। ਸਦ—ਸਦਾ। ਬਲਿਹਾਰੈ—ਕੁਰਬਾਨ। ਜਾਉ—ਜਾਉਂ, ਮੈਂ ਜਾਂਦਾ ਹਾਂ। ਨਿਧਾਨੁ—ਖ਼ਜ਼ਾਨਾ। ਜਿਨੀ—ਜਿਸ (ਗੁਰੂ) ਨੇ। ਸਹਜਿ—ਆਤਮਿਕ ਅਡੋਲਤਾ ਵਿਚ। ਸਮਾਉ—ਸਮਾਉਂ, ਮੈਂ ਲੀਨ ਰਹਿੰਦਾ ਹਾਂ।੪।

ਅਰਥ :

ਪ੍ਰ: ਹੇ ਗੁਰੋ! ਉਹ ਪ੍ਰਭੂ ਨਿਰਗੁਣ ਮਨੁੱਖਾਂ ਨੂੰ ਕਿਵੇਂ ਬਖ਼ਸ਼ਸ਼ ਕਰਦਾ ਹੈ?

ਉ: ੧. ਹੇ ਭਾਈ! ਉਹ ਉਪਕਾਰੀ ਪ੍ਰਭੂ ਜੀ ਸਤਿਗੁਰੂ ਦੀ ਸੇਵਾ ਵਿਚ ਲਾ ਕੇ ਆਪ ਹੀ ਨਿਰਗੁਣਾਂ ਨੂੰ ਬਖ਼ਸ਼ ਲੈਂਦਾ ਹੈ।

੨. ਹੇ ਪਿਆਰੇ! ਗੁਰੂ ਦੀ ਸੇਵਾ ਬੜੀ ਸ੍ਰੇਸ਼ਟ ਹੈ, (ਕਿਉਂਕਿ) ਗੁਰੂ ਸ਼ਰਨ ਪਏ ਮਨੁੱਖ ਦਾ ਮਨ ਪਰਮੇਸ਼ਰ ਦੇ ਨਾਮ ਵਿਚ ਜੋੜ ਦੇਂਦਾ ਹੈ।੧।

੩. ਹੇ ਭਾਈ! ਉਹ ਪਰਮੇਸ਼ਰ ਆਪ ਹੀ ਮਿਹਰ ਕਰਕੇ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ।

੪. ਹੇ ਭਾਈਓ! ਅਸੀਂ ਜੀਵ ਗੁਣਾਂ ਤੋਂ ਸੱਖਣੇ ਹਾਂ, ਵਿਕਾਰੀ ਹਾਂ। ਪੂਰੇ ਗੁਰੂ ਨੇ ਜਿਨ੍ਹਾਂ ਨੂੰ ਆਪਣੀ ਸੰਗਤ ਵਿਚ ਰਲਾ ਲਿਆ, ਸਾਈਂ ਜੀ ਨੇ ਭੀ ਆਪਣੇ ਨਾਲ ਉਨ੍ਹਾਂ ਨੂੰ ਹੀ ਰਲਾਇਆ ਹੈ।ਰਹਾਉ।

ਪ੍ਰ: ਕਿਉਂ ਜੀ! ਕੀ ਇਹ ਭੀ ਕੋਈ ਅੰਦਾਜ਼ਾ ਹੈ ਕਿ ਉਸ ਪ੍ਰਭੂ ਜੀ ਨੇ ਕਿਤਨੇ ਕੁ ਪਾਪੀਆਂ ਨੂੰ ਬਖ਼ਸ਼ਿਆ ਹੈ?

ਉ: ੫. ਹੇ ਪਿਆਰੇ! ਇਹ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਕਿਉਂਕਿ ਪਰਮੇਸ਼ਰ ਨੇ ਅਨੇਕਾਂ ਹੀ ਪਾਪੀ ਅਪਰਾਧੀਆਂ ਨੂੰ ਗੁਰੂ ਦੇ ਸੱਚੇ ਸ਼ਬਦ ਦੀ ਵੀਚਾਰ ਵਿਚ (ਜੋੜ ਕੇ) ਬਖ਼ਸ਼ਿਆ ਹੈ, (ਜਿਨ੍ਹਾਂ ਦੀ ਕੋਈ ਗਿਣਤੀ ਹੀ ਨਹੀਂ ਗਿਣੀ ਜਾ ਸਕਦੀ)।

੬. ਹੇ ਭਾਈ! ਗੁਰੂ ਦੇ (ਸ਼ਬਦ) ਜਹਾਜ਼ ਵਿਚ ਚਾੜ੍ਹ ਕੇ ਉਸ ਪਰਮੇਸ਼ਰ ਨੇ ਅਨੇਕਾਂ ਜੀਵਾਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲਿਆ ਹੈ।੨।

ਪ੍ਰ: ਹੇ ਗੁਰਦੇਵ ਜੀ! ਕਈ ਲੋਕ ਤਾਂ ਸੜੇ ਹੋਏ ਲੋਹੇ ਦੀ ਨਿਆਈਂ ਬਜਰ ਪਾਪੀ ਹੁੰਦੇ ਹਨ, ਉਨ੍ਹਾਂ ਨੂੰ ਕਿਵੇਂ ਬਖ਼ਸ਼ਿਆ ਜਾਂਦਾ ਹੈ?

ਉ: ੭. ਹੇ ਭਾਈਓ! ਜਿਨ੍ਹਾਂ ਮਨੁੱਖਾਂ ਨੂੰ ਸਾਈਂ ਜੀ ਨੇ ਗੁਰੂ ਰੂਪ ਪਾਰਸ ਦੇ ਮੇਲ ਵਿਚ ਮਿਲਾ ਦਿੱਤਾ, ਪਾਰਸ ਗੁਰੂ ਆਪਣੀ ਸੰਗਤ ਵਿਚ ਮਿਲਾ ਕੇ ਪ੍ਰਭੂ ਚਰਨਾਂ ਵਿਚ ਜੋੜ ਦੇਂਦਾ ਹੈ, ਉਹ ਮਨੁੱਖ ਸੜੇ ਹੋਏ ਲੋਹੇ ਤੋਂ ਸੋਨਾ ਬਣ ਜਾਂਦੇ ਹਨ। (ਭਾਵ ਪਾਪੀਆਂ ਤੋਂ ਪਵਿੱਤਰ ਬਣ ਜਾਂਦੇ ਹਨ)।

੮. (ਕਿਉਂਕਿ) ਹੇ ਭਾਈ! ਆਪਾ-ਭਾਵ ਤਿਆਗ ਕੇ ਉਨ੍ਹਾਂ ਦੇ ਮਨ ਵਿਚ ਪਰਮੇਸ਼ਰ ਦਾ ਨਾਮ ਆ ਵਸਦਾ ਹੈ। ਇਸ ਤਰ੍ਹਾਂ ਗੁਰੂ ਉਨ੍ਹਾਂ ਦੀ ਸੁਰਤਿ ਨੂੰ ਪ੍ਰਭੂ ਦੀ ਜੋਤ ਵਿਚ ਮਿਲਾ ਦੇਂਦਾ ਹੈ।੩।

ਪ੍ਰ: ਕਿਉਂ ਜੀ! ਅਜਿਹੇ ਸਤਿਗੁਰਾਂ ਦਾ ਤੁਹਾਡੇ ਮਨ ਵਿਚ ਕਿਤਨਾ ਕੁ ਸਤਿਕਾਰ ਹੈ?

ਉ: ੯. ਹੇ ਭਾਈਓ! ਮੈਂ ਕੁਰਬਾਨ ਜਾਂਦਾ ਹਾਂ, ਮੈਂ ਕੁਰਬਾਨ ਜਾਂਦਾ ਹਾਂ, (ਮੈਂ ਤਾਂ ਐਸੇ) ਗੁਰੂ ਜੀ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।

੧੦. ਹੇ ਭਾਈਓ! ਜਿਸ ਨੂੰ ਗੁਰੂ ਨੇ ਨਾਮ, ਨਿਧੀਆਂ ਦਾ ਖ਼ਜ਼ਾਨਾ ਦਿੱਤਾ ਹੈ, ਉਹ ਗੁਰਮਤੀਆ ਤਾਂ ਸਹਜ ਪਦ ਵਿਚ ਜਾ ਸਮਾਉਂਦਾ ਹੈ। (ਭਾਵ ਆਪਣੇ ਸਹੀ ਸਰੂਪ ਵਿਚ ਲੀਨ ਹੋ ਜਾਂਦਾ ਹੈ)।੪।

੧੧. ਗੁਰ ਬਿਨੁ ਸਹਜੁ ਨ ਊਪਜੈ ਭਾਈ
ਪੂਛਹੁ ਗਿਆਨੀਆ ਜਾਇ ॥
੧੨. ਸਤਿਗੁਰ ਕੀ ਸੇਵਾ ਸਦਾ ਕਰਿ ਭਾਈ
ਵਿਚਹੁ ਆਪੁ ਗਵਾਇ ॥੫॥
੧੩. ਗੁਰਮਤੀ ਭਉ ਊਪਜੈ ਭਾਈ
ਭਉ ਕਰਣੀ ਸਚੁ ਸਾਰੁ ॥
੧੪. ਪ੍ਰੇਮ ਪਦਾਰਥੁ ਪਾਈਐ ਭਾਈ
ਸਚੁ ਨਾਮੁ ਆਧਾਰੁ ॥੬॥

੧੫. ਜੋ ਸਤਿਗੁਰੁ ਸੇਵਹਿ ਆਪਣਾ ਭਾਈ
ਤਿਨ ਕੈ ਹਉ ਲਾਗਉ ਪਾਇ ॥
੧੬. ਜਨਮੁ ਸਵਾਰੀ ਆਪਣਾ ਭਾਈ
ਕੁਲੁ ਭੀ ਲਈ ਬਖਸਾਇ ॥੭॥
੧੭. ਸਚੁ ਬਾਣੀ ਸਚੁ ਸਬਦੁ ਹੈ ਭਾਈ
ਗੁਰ ਕਿਰਪਾ ਤੇ ਹੋਇ ॥
੧੮. ਨਾਨਕ ਨਾਮੁ ਹਰਿ ਮਨਿ ਵਸੈ ਭਾਈ
ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥

ਪਦ ਅਰਥ : ਸਹਜੁ—ਆਤਮਕ ਅਡੋਲਤਾ। ਗਿਆਨੀਆ—ਆਤਮਕ ਜੀਵਨ ਦੀ ਸੋਝੀ ਰੱਖਣ ਵਾਲਾ ਮਨੁੱਖ। ਆਪੁ—ਆਪਾ ਭਾਵ। ਗਵਾਇ—ਦੂਰ ਕਰ ਕੇ।੫।

ਭਉ—ਡਰ, ਅਦਬ। ਕਰਣੀ—ਕਰਣ ਜੋਗ ਕੰਮ। ਸਚੁ—ਸਦਾ-ਥਿਰ ਰਹਿਣ ਵਾਲਾ। ਸਾਰੁ—ਸ੍ਰੇਸ਼ਟ। ਆਧਾਰੁ—ਆਸਰਾ।੬।

ਤਿਨ ਕੈ ਪਾਇ—ਉਨ੍ਹਾਂ ਦੀ ਪੈਰੀਂ। ਲਾਗਉ—ਲਾਗਉਂ, ਮੈਂ ਲੱਗਦਾ ਹਾਂ। ਸਵਾਰੀ—ਸਵਾਰੀਂ, ਮੈਂ ਸਵਾਰਦਾ ਹਾਂ। ਲਈ—ਲਈਂ, ਲੈਂਦਾ ਹਾਂ।੭।

ਤੇ—ਤੋਂ, ਨਾਲ। ਮਨਿ—ਮਨ ਵਿਚ। ਬਿਘਨੁ—ਰੁਕਾਵਟ।੮।

ਅਰਥ :

ਪ੍ਰ: ਹੇ ਗੁਰਦੇਵ ਜੀਉ! ਮੈਂ ਬੜੇ ਹੀ ਸਾਧਨ ਕਰ ਵੇਖੇ ਹਨ, ਪਰ ਗਿਆਨ ਦੀ ਪ੍ਰਾਪਤੀ ਨਹੀਂ ਹੋਈ, ਕਿਰਪਾ ਕਰਕੇ ਆਪ ਹੀ ਕੋਈ ਗਿਆਨ-ਪ੍ਰਾਪਤੀ ਦਾ ਸਾਧਨ ਦੱਸ ਦਿਓ?

ਉ:੧੧. ਹੇ ਭਾਈ! ਤੂੰ ਬੇਸ਼ੱਕ ਆਤਮਕ ਜੀਵਨ ਵਾਲੇ ਗਿਆਨੀਆਂ ਨੂੰ ਜਾ ਕੇ ਪੁੱਛ ਲੈ, ਤਾਂ ਉਨ੍ਹਾਂ ਵੱਲੋਂ ਭੀ ਇਹੋ ਹੀ ਉੱਤਰ ਮਿਲੇਗਾ ਕਿ ਐ ਪਿਆਰਿਆ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਮਨੁੱਖ ਦੇ ਅੰਦਰ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ।

੧੨. (ਇਸ ਲਈ) ਹੇ ਭਾਈ! ਤੂੰ ਭੀ ਆਪਣੇ ਹਿਰਦੇ ਵਿੱਚੋਂ ਹੰਕਾਰ ਨੂੰ ਗੁਆ ਕੇ ਸਦਾ ਗੁਰੂ ਦੀ ਸੇਵਾ ਕਰਿਆ ਕਰ।੫।

੧੩. ਹੇ ਪਿਆਰੇ! ਜੇ ਤੂੰ ਗੁਰੂ ਦੀ ਮਤਿ ਉੱਤੇ ਤੁਰ ਕੇ ਜੀਵਨ ਗੁਜ਼ਾਰਦਾ ਰਵੇਂਗਾ ਤਾਂ ਤੇਰੇ ਅੰਦਰ ਪਰਮੇਸ਼ਰ ਦਾ ਡਰ-ਅਦਬ ਉਤਪੰਨ ਹੋਵੇਗਾ, ਇਸੇ ਡਰ-ਅਦਬ ਵਿਚ ਰਹਿ ਕੇ ਜੋ ਕੁਝ ਕਰਨਾ ਹੈ, ਇਹੋ ਸਭ ਤੋਂ ਸੱਚੀ ਤੇ ਸ੍ਰੇਸ਼ਟ ਕਰਨੀ ਹੈ।

੧੪. ਹੇ ਪਿਆਰਿਆ! ਤੂੰ ਇਸੇ ਵਿਚ ਵਿਸ਼ਵਾਸ ਰੱਖ ਕਿ ਜਦੋਂ ਤੂੰ ਇਸ ਸੱਚੇ ਦੇ ਡਰ-ਅਦਬ ਨੂੰ ਧਾਰਨ ਕਰੇਂਗਾ ਤਾਂ ਤੈਨੂੰ ਇਸ ਦੀ ਬਰਕਤ ਨਾਲ ਪਰਮੇਸ਼ਰ ਦੇ ਪਿਆਰ ਦਾ ਕੀਮਤੀ ਧਨ ਲੱਭ ਪਵੇਗਾ ਅਤੇ ਸਦਾ-ਥਿਰ ਰਹਿਣ ਵਾਲਾ ਸੱਚਾ ਨਾਮ ਤੇਰੀ ਜ਼ਿੰਦਗੀ ਦਾ ਆਸਰਾ ਬਣ ਜਾਵੇਗਾ।੬।

ਪ੍ਰ: ਹਜ਼ੂਰ! ਐਸੇ ਗੁਰਮੁਖਾਂ ਦਾ ਤੁਹਾਡੇ ਮਨ ਅੰਦਰ ਕਿਤਨਾ ਕੁ ਸਤਿਕਾਰ ਹੈ?

ਉ:੧੫. ਹੇ ਭਾਈ! ਜਿਹੜਾ ਭੀ ਮਨੁੱਖ ਆਪਣੇ ਗੁਰੂ ਦਾ ਆਸਰਾ ਲੈਂਦਾ ਹੈ, ਮੈਂ ਤਾਂ ਉਨ੍ਹਾਂ ਦੀ (ਸਦਾ ਹੀ) ਚਰਨੀਂ ਲੱਗਦਾ ਹਾਂ।

੧੬. ਹੇ ਭਾਈ! ਮੈਂ ਤਾਂ ਇਸ ਤਰ੍ਹਾਂ ਹੁਣ ਆਪਣਾ ਜੀਵਨ ਸੋਹਣਾ ਬਣਾ ਰਿਹਾ ਹਾਂ, (ਹੁਣ ਮੈਨੂੰ ਯਕੀਨ ਹੈ ਕਿ) ਮੈਂ ਆਪਣੀ ਸਾਰੀ ਕੁਲ ਭੀ ਬਖ਼ਸ਼ਾ ਲਵਾਂਗਾ (ਇਸ ਤਰ੍ਹਾਂ ਮੈਂ ਪਰਮੇਸ਼ਰ ਦੀ ਬਖ਼ਸ਼ਸ਼ ਪ੍ਰਾਪਤ ਕਰ ਰਿਹਾ ਹਾਂ)।

੧੭. ਹੇ ਭਾਈ! ਉਹ ਸ਼ਬਦ (ਬ੍ਰਹਮ) ਵਾਹਿਗੁਰੂ ਸੱਚਾ ਹੈ, ਉਸਦੀ ਜੋ ਸਿਫ਼ਤਿ-ਸਾਲਾਹ ਰੂਪ ਬਾਣੀ ਹੈ, ਉਹ ਭੀ ਸੱਚੀ ਹੈ, (ਪਰ ਜਿਸ ਪ੍ਰਭੂ ਦੀ ਇਹ ਸਿਫ਼ਤਿ-ਸਾਲਾਹ ਦੀ ਸੱਚੀ ਬਾਣੀ ਹੈ) ਉਹ ਵਾਹਿਗੁਰੂ ਗੁਰੂ ਦੀ ਕਿਰਪਾ ਰਾਹੀਂ ਹੀ ਮਨ ਵਿੱਚੋਂ ਪ੍ਰਗਟ ਹੋ ਆਉਂਦਾ ਹੈ।

ਪ੍ਰ: ਹੇ ਗੁਰੋ! ਜਦ ਕਿਸੇ ਦੇ ਅੰਤਰ ਆਤਮੇਂ ਗੁਰੂ ਦਾ ਦਿੱਤਾ ਨਾਮ ਆ ਵਸਦਾ ਹੈ, ਉਸ ਨੂੰ ਫਲ ਕੀ ਪ੍ਰਾਪਤ ਹੋ ਜਾਂਦਾ ਹੈ?

ਉ:੧੮. ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈਓ! ਗੁਰੂ ਦੀ ਕਿਰਪਾ ਦੁਆਰਾ, ਜਿਨ੍ਹਾਂ ਦੇ ਮਨ ਵਿਚ ਹਰੀ ਦਾ ਨਾਮ ਆ ਵਸਦਾ ਹੈ, ਉਸ ਨੂੰ ਫਿਰ ਉਸ ਦੇ ਜੀਵਨ-ਸਫ਼ਰ ਵਿਚ ਕੋਈ ਕਿਸੇ ਪ੍ਰਕਾਰ ਦੀ ਔਕੜ ਨਹੀਂ ਆਉਂਦੀ, ਭਾਵ ਉਨ੍ਹਾਂ ਨੂੰ ਕੋਈ ਭੀ ਵਿਕਾਰ ਉਨ੍ਹਾਂ ਦੇ ਰੱਬੀ ਮਾਰਗ ਵਿਚ ਰੋਕ ਨਹੀਂ ਪਾ ਸਕਦਾ।੮।੨।

ਭਾਵਾਰਥ : ਹਜ਼ੂਰ ਇਸ ਮਹਾਂਵਾਕ ਅੰਦਰ ਭੀ ਉਸੇ ਕਰਤਾਰ ਦੀ ਮਹਾਨ ਵਡਿਆਈ ਕਥਨ ਕਰਦੇ ਹਨ ਜੋ ਨਿਰਗੁਣ, ਪਾਪੀ, ਅਪਰਾਧੀਆਂ ਨੂੰ ਗੁਰੂ ਦੀ ਸ਼ਰਨ ਦੁਆਰਾ ਬਖ਼ਸ਼ ਕੇ ਆਪਣੇ ਚਰਨਾਂ ਵਿਚ ਅਭੇਦ ਕਰਦਾ ਹੈ।

ਸੋਰਠਿ ਮਹਲਾ ੩ ॥

੧. ਹਰਿ ਜੀਉ ਸਬਦੇ ਜਾਪਦਾ ਭਾਈ
ਪੂਰੈ ਭਾਗਿ ਮਿਲਾਇ ॥
੨. ਸਦਾ ਸੁਖੁ ਸੋਹਾਗਣੀ ਭਾਈ
ਅਨਦਿਨੁ ਰਤੀਆ ਰੰਗੁ ਲਾਇ ॥੧॥
੩. ਹਰਿ ਜੀ ਤੂ ਆਪੇ ਰੰਗੁ ਚੜਾਇ ॥
੪. ਗਾਵਹੁ ਗਾਵਹੁ ਰੰਗਿ ਰਾਤਿਹੋ ਭਾਈ
ਹਰਿ ਸੇਤੀ ਰੰਗੁ ਲਾਇ ॥ ਰਹਾਉ ॥
੫. ਗੁਰ ਕੀ ਕਾਰ ਕਮਾਵਣੀ ਭਾਈ
ਆਪੁ ਛੋਡਿ ਚਿਤੁ ਲਾਇ ॥
੬. ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ
ਹਰਿ ਆਪਿ ਵਸੈ ਮਨਿ ਆਇ ॥੨॥
੭. ਪਿਰ ਕਾ ਹੁਕਮੁ ਨ ਜਾਣਈ ਭਾਈ
ਸਾ ਕੁਲਖਣੀ ਕੁਨਾਰਿ ॥
੮. ਮਨਹਠਿ ਕਾਰ ਕਮਾਵਣੀ ਭਾਈ
ਵਿਣੁ ਨਾਵੈ ਕੂੜਿਆਰਿ ॥੩॥
੯. ਸੇ ਗਾਵਹਿ ਜਿਨ ਮਸਤਕਿ ਭਾਗੁ ਹੈ ਭਾਈ
ਭਾਇ ਸਚੈ ਬੈਰਾਗੁ ॥

੧੦. ਅਨਦਿਨੁ ਰਾਤੇ ਗੁਣ ਰਵਹਿ ਭਾਈ
ਨਿਰਭਉ ਗੁਰ ਲਿਵ ਲਾਗੁ ॥੪॥
੧੧. ਸਭਨਾ ਮਾਰਿ ਜੀਵਾਲਦਾ ਭਾਈ
ਸੋ ਸੇਵਹੁ ਦਿਨੁ ਰਾਤਿ ॥
੧੨. ਸੋ ਕਿਉ ਮਨਹੁ ਵਿਸਾਰੀਐ ਭਾਈ
ਜਿਸ ਦੀ ਵਡੀ ਹੈ ਦਾਤਿ ॥੫॥
੧੩. ਮਨਮੁਖਿ ਮੈਲੀ ਡੁੰਮਣੀ ਭਾਈ
ਦਰਗਹ ਨਾਹੀ ਥਾਉ ॥
੧੪. ਗੁਰਮੁਖਿ ਹੋਵੈ ਤ ਗੁਣ ਰਵੈ ਭਾਈ
ਮਿਲਿ ਪ੍ਰੀਤਮ ਸਾਚਿ ਸਮਾਉ ॥੬॥
੧੫. ਏਤੁ ਜਨਮਿ ਹਰਿ ਨ ਚੇਤਿਓ ਭਾਈ
ਕਿਆ ਮੁਹੁ ਦੇਸੀ ਜਾਇ ॥
੧੬. ਕਿੜੀ ਪਵੰਦੀ ਮੁਹਾਇਓਨੁ ਭਾਈ
ਬਿਖਿਆ ਨੋ ਲੋਭਾਇ ॥੭॥
੧੭. ਨਾਮੁ ਸਮਾਲਹਿ ਸੁਖਿ ਵਸਹਿ ਭਾਈ
ਸਦਾ ਸੁਖੁ ਸਾਂਤਿ ਸਰੀਰ ॥
੧੮. ਨਾਨਕ ਨਾਮੁ ਸਮਾਲਿ ਤੂ ਭਾਈ
ਅਪਰੰਪਰ ਗੁਣੀ ਗਹੀਰ ॥੮॥੩॥

ਪਦ ਅਰਥ : ਸਬਦੇ—ਗੁਰੂ ਦੇ ਸ਼ਬਦ ਦੀ ਰਾਹੀਂ। ਜਾਪਦਾ—ਜਾਣਿਆ ਜਾਂਦਾ ਹੈ। ਪੂਰੈ ਭਾਗਿ—ਪੂਰੀ ਕਿਸਮਤ ਨਾਲ। ਸੁਹਾਗਣੀ—ਚੰਗੇ ਭਾਗਾਂ ਵਾਲੀਆਂ, ਖ਼ਸਮ ਸਾਈਂ ਵਾਲੀਆਂ। ਅਨਦਿਨੁ—ਹਰ ਰੋਜ਼, ਹਰ ਵੇਲੇ। ਰੰਗੁ—ਪ੍ਰੇਮ।੧।

ਆਪੇ—ਆਪ ਹੀ। ਚੜਾਇ—ਚੜ੍ਹਾਂਦਾ ਹੈ। ਰੰਗਿ—ਪ੍ਰੇਮ-ਰੰਗ ਵਿਚ। ਰਾਤਿਹੋ—ਹੇ ਰਤੇ ਹੋਏ ਸੱਜਨੋ! ਸੇਤੀ—ਨਾਲ। ਲਾਇ—ਲਾ ਕੇ।ਰਹਾਉ।

ਆਪੁ—ਆਪਾ ਭਾਵ। ਛੋਡਿ—ਛੱਡ ਕੇ। ਸਹਜੁ—ਆਤਮਕ ਅਡੋਲਤਾ। ਮਨਿ—ਮਨ ਵਿਚ। ਆਇ—ਆ ਕੇ।੨।

ਪਿਰ ਕਾ—ਪਤੀ ਦਾ। ਜਾਣਈ—ਜਾਣੈ, ਜਾਣਦੀ। ਸਾ—ਉਹ। ਕੁਲਖਣੀ—ਭੈੜੇ ਲੱਛਣਾਂ ਵਾਲੀ। ਕੁਨਾਰਿ—ਭੈੜੀ ਇਸਤਰੀ। ਹਠਿ—ਹਠ ਨਾਲ। ਵਿਣੁ ਨਾਵੈ—ਨਾਮ ਤੋਂ ਬਿਨਾ। ਕੂੜਿਆਰਿ—ਝੂਠ ਦੀ ਵਣਜਾਰਨ।੩।

ਸੇ—ਉਹ। ਮਸਤਕਿ—ਮੱਥੇ ਉੱਤੇ। ਭਾਇ—ਪਿਆਰ ਦੇ ਕਾਰਨ। ਭਾਇ ਸਚੈ—ਸੱਚੇ ਪ੍ਰਭੂ ਦੇ ਪਿਆਰ ਦੇ ਕਾਰਨ। ਬੈਰਾਗੁ—ਨਿਰਮੋਹਤਾ। ਰਵਹਿ—ਯਾਦ ਕਰਦੇ ਹਨ।੪।

ਸੇਵਹੁ—ਸੇਵਾ ਭਗਤੀ ਕਰੋ। ਮਨਹੁ—ਮਨ ਤੋਂ। ਦਾਤਿ—ਬਖ਼ਸ਼ਸ਼।੫।

ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲੀ ਜੀਵ ਰੂਪ ਇਸਤਰੀ। ਮੈਲੀ—ਵਿਕਾਰਾਂ ਦੀ ਮੈਲ ਨਾਲ ਭਰੀ ਹੋਈ। ਡੁੰਮਣੀ—ਦੋ ਮਨਾਂ ਵਾਲੀ, ਦੁਚਿੱਤੀ, ਦੁਬਾਜਰੀ। ਰਵੈ—ਸਿਮਰਦੀ ਹੈ। ਮਿਲਿ—ਮਿਲ ਕੇ। ਸਾਚਿ—ਸੱਚੇ ਹਰੀ ਵਿਚ।੬।

ਏਤੁ—ਇਸ ਵਿਚ। ਏਤੁ ਜਨਮਿ—ਇਸ ਜਨਮ ਵਿਚ। ਦੇਸੀ—ਦੇਵੇਗਾ। ਕਿੜ—ਅਵਾਜ਼। ਕਿੜੀ ਪਵੰਦੀ—ਆਵਾਜ਼ਾਂ ਪੈਂਦਿਆਂ ਭੀ, ਉਪਦੇਸ਼ ਮਿਲਦਿਆਂ ਭੀ। ਮੁਹਾਇਓਨੁ—ਉਸਨੇ (ਆਪਣੇ ਆਪ ਨੂੰ) ਲੁਟਾ ਲਿਆ। ਬਿਖਿਆ ਨੋ—ਮਾਇਆ ਦੀ ਖ਼ਾਤਰ। ਲੋਭਾਇ—ਲੋਭ ਵਿਚ ਫਸ ਕੇ।੭।

ਸਮਾਲਹਿ—ਯਾਦ ਕਰਦੇ ਹਨ, ਹਿਰਦੇ ਵਿਚ ਵਸਾਂਦੇ ਹਨ। ਸੁਖਿ—ਸੁੱਖ ਵਿਚ। ਅਪਰੰਪਰ—ਪਰੇ ਤੋਂ ਪਰੇ। ਗੁਣੀ—ਗੁਣਾਂ ਦਾ ਖ਼ਜ਼ਾਨਾ। ਗਹੀਰ—ਡੂੰਘਾ, ਵੱਡੇ ਜਿਗਰੇ ਵਾਲਾ।੮।

ਅਰਥ :

ਪ੍ਰ: ਹੇ ਗੁਰਦੇਵ ਜੀਉ! ਜਿਸ ਸਾਈਂ ਜੀ ਦੀ ਆਪ ਮਹਿਮਾ ਉਚਾਰਨ ਕਰਦੇ ਹੋ, ਉਸ ਨੂੰ ਜਾਣਿਆ ਕਿਵੇਂ ਜਾ ਸਕਦਾ ਹੈ?

ਉ: ੧. ਹੇ ਭਾਈਓ! ਉਹ ਪਰਮੇਸ਼ਰ ਗੁਰੂ ਜੀ ਦੇ ਸ਼ਬਦ ਦੁਆਰਾ ਹੀ ਜਾਣਿਆ ਜਾ ਸਕਦਾ ਹੈ, ਪਰ ਗੁਰਾਂ ਦਾ ਮਿਲਾਪ ਭੀ ਪੂਰੀ ਕਿਸਮਤ ਨਾਲ ਹੁੰਦਾ ਹੈ, ਸੋ ਭਾਵ ਹੈ, ਗੁਰੂ ਪੂਰੇ ਭਾਗਾਂ ਦੁਆਰਾ ਜੀਵ ਨੂੰ ਪਰਮਾਤਮਾ ਨਾਲ ਮਿਲਾ ਦੇਂਦਾ ਹੈ।

੨. ਹੇ ਪਿਆਰਿਓ! ਜੋ ਜੀਵ ਰੂਪ ਇਸਤਰੀਆਂ ਪ੍ਰਭੂ ਪਤੀ ਨਾਲ ਪਿਆਰ ਕਰਨ ਵਾਲੀਆਂ ਹਨ, ਉਹ ਸਦਾ ਹੀ ਆਤਮਿਕ ਅਨੰਦ ਮਾਣਦੀਆਂ ਹਨ। ਪ੍ਰਭੂ ਨਾਲ ਪਿਆਰ ਪਾ ਕੇ ਉਹ ਹਰ ਵੇਲੇ ਹੀ ਉਸ ਸਾਈਂ ਜੀ ਦੇ ਪ੍ਰੇਮ-ਰੰਗ ਵਿਚ ਰੰਗੀਆਂ ਰਹਿੰਦੀਆਂ ਹਨ।੧।

ਪ੍ਰ: ਹੇ ਗੁਰੋ! ਉਸ ਸਾਈਂ ਜੀ ਦੇ ਪ੍ਰੇਮ-ਰੰਗ ਵਿਚ ਸਾਰੀਆਂ ਹੀ ਜੀਵ ਰੂਪ ਇਸਤਰੀਆਂ ਕਿਉਂ ਨਹੀਂ ਰੰਗੀਆਂ ਜਾਂਦੀਆਂ?

ਉ: ੩. ਹੇ ਭਾਈਓ! ਇਹ ਕਿਸੇ ਦੇ ਆਪਣੇ ਵਸ ਦੀ ਗੱਲ ਨਹੀਂ। ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਹੇ ਹਰੀ ਪ੍ਰਭੂ ਜੀ! ਤੂੰ ਆਪੇ ਹੀ ਸ਼ਰਣ ਆਏ ਜੀਵਾਂ ਦੇ ਹਿਰਦੇ ਉੱਤੇ ਆਪਣੇ ਪਿਆਰ ਦਾ ਰੰਗ ਚਾੜ੍ਹਦਾ ਹੈਂ।

੪. ਹੇ ਭਰਾਵੋ! ਪਰਮਾਤਮਾ ਨਾਲ ਪਿਆਰ ਪਾ ਕੇ (ਤੁਸੀਂ ਭੀ) ਉਸ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦੇ ਰਿਹਾ ਕਰੋ।ਰਹਾਉ।

ਪ੍ਰ: ਸ੍ਰੀ ਜੀਉ! ਵੇਖਦੇ ਹਾਂ ਕਿ ਹਰ ਜੀਵ ਰੂਪ ਇਸਤਰੀ ਅੰਦਰੋਂ ਡਾਵਾਂ ਡੋਲ ਰਹਿੰਦੀ ਹੈ, ਇਸ ਨੂੰ ਡਾਵਾਂ ਡੋਲਤਾ ਵੱਲੋਂ ਕਿਵੇਂ ਟਿਕਾਅ ਆ ਸਕਦਾ ਹੈ?

ਉ: ੫. ਹੇ ਪਿਆਰਿਓ! ਜਿਹੜੀ ਜੀਵ ਰੂਪੀ ਇਸਤਰੀ ਅੰਦਰੋਂ ਆਪਾ-ਭਾਵ ਛੱਡ ਕੇ ਤੇ ਮਨ ਲਾ ਕੇ ਗੁਰੂ ਦੀ ਦੱਸੀ ਸੇਵਾ ਰੂਪੀ ਕਾਰ ਕਰਦੀ ਹੈ।

੬. ਉਸ ਦੇ ਅੰਦਰ ਤਾਂ ਸਦਾ ਹੀ ਆਤਮਿਕ ਅਡੋਲਤਾ ਬਣੀ ਰਹਿੰਦੀ ਹੈ ਤੇ ਉਸ ਨੂੰ ਕਦੇ ਭੀ (ਕੋਈ) ਦੁੱਖ ਪੋਹ ਨਹੀਂ ਸਕਦਾ, ਕਿਉਂਕਿ ਉਸਦੇ ਅੰਦਰ ਪਰਮੇਸ਼ਰ ਪਤੀ ਆਪ ਹੀ ਆ ਵੱਸਦਾ ਹੈ।੨।

ਪ੍ਰ: ਕਿਉਂ ਜੀ! ਬਹੁਤ ਜੀਵ ਰੂਪ ਇਸਤਰੀਆਂ ਪਰਮੇਸ਼ਰ ਪਤੀ ਦੇ ਹੁਕਮ ਨੂੰ ਸਮਝਦੀਆਂ ਹੀ ਨਹੀਂ, ਉਨ੍ਹਾਂ ਬਾਰੇ ਆਪ ਦਾ ਕੀ ਵੀਚਾਰ ਹੈ?

ਉ: ੭. ਹੇ ਭਾਈਓ! ਜਿਹੜੀ ਜੀਵ ਰੂਪ ਇਸਤਰੀ ਪਰਮੇਸ਼ਰ ਪਤੀ ਦੇ ਹੁਕਮ ਨੂੰ ਨਹੀਂ ਸਮਝਦੀ, ਉਹ ਕੋਝੇ ਲੱਛਣਾਂ ਵਾਲੀ ਹੈ ਤੇ ਚੰਦਰੀ ਹੈ।

ਪ੍ਰ: ਕਿਉਂ ਜੀ! ਉਹ ਜੀਵ-ਇਸਤਰੀਆਂ ਭਾਵੇਂ ਕੁਲੱਛਣੀਆਂ ਭੀ ਹਨ, ਪਰ ਵੇਖਣ ਵਿਚ ਆਉਂਦਾ ਹੈ ਕਿ ਉਹ ਗੁਰੂ ਦੀ ਦੱਸੀ ਸੇਵਾ-ਕਾਰ ਭੀ ਬਹੁਤੀ ਕਰਦੀਆਂ ਰਹਿੰਦੀਆਂ ਹਨ, ਉਨ੍ਹਾਂ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

ਉ: ੮. ਹੇ ਭਾਈਓ! ਜੇ ਉਹ ਕੁਲੱਖਣੀ ਜੀਵ ਰੂਪ ਇਸਤਰੀ (ਵਿਖਾਵੇ ਮਾਤਰ) ਮਨ ਦੇ ਹੱਠ ਨਾਲ ਗੁਰੂ ਦੀ ਦੱਸੀ ਸੇਵਾ ਰੂਪੀ ਕਾਰ ਭੀ ਕਰਦੀ ਹੈ, ਤਾਂ ਭੀ ਉਹ ਨਾਮ ਤੋਂ ਸੱਖਣੀ ਹੀ ਰਹਿੰਦੀ ਹੈ, (ਉਸਨੂੰ ਤਾਂ ਇਸ ਤਰ੍ਹਾਂ ਜਾਣੋ ਕਿ) ਉਹ ਝੂਠ ਦੀ ਹੀ ਵਣਜਾਰਨ ਬਣੀ ਰਹਿੰਦੀ ਹੈ।੩।

ਪ੍ਰ: ਕਿਉਂ ਜੀ! ਇਹ ਜੀਵ ਰੂਪ ਇਸਤਰੀਆਂ ਸਾਰੀਆਂ ਹੀ ਕਿਉਂ ਨਹੀਂ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਣ ਲੱਗ ਪੈਂਦੀਆਂ?

ਉ: ੯. ਹੇ ਪਿਆਰੇ! ਇਹ ਗੱਲ ਕਿਸੇ ਦੇ ਆਪਣੇ ਵਸ ਦੀ ਨਹੀਂ, ਅਸਲ ਵਿਚ ਤਾਂ ਜਿਨ੍ਹਾਂ ਮਨੁੱਖਾਂ ਦੇ ਮੱਥੇ ਉੱਤੇ ਭਾਗ ਜਾਗ ਪੈਂਦੇ ਹਨ, ਉਹੀ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਂਦਾ ਹੈ। ਸੱਚੇ ਪ੍ਰਭੂ ਦੇ ਪ੍ਰੇਮ ਦੀ ਬਰਕਤ ਨਾਲ (ਉਨ੍ਹਾਂ ਦੇ ਅੰਦਰ ਦੁਨੀਆ ਦੇ ਮੋਹ ਵੱਲੋਂ) ਉਪਰਾਮਤਾ, ਵੈਰਾਗ ਪੈਦਾ ਹੋ ਜਾਂਦਾ ਹੈ।

੧੦. ਹੇ ਪਿਆਰਿਓ! ਉਹ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗੇ ਹੋਏ ਹਰ ਵਕਤ ਪਰਮੇਸ਼ਰ ਦੇ ਗੁਣ ਗਾਉਂਦੇ ਹਨ ਅਤੇ ਉਹ ਨਿਡਰ ਰਹਿੰਦੇ ਹਨ, (ਕਿਉਂਕਿ) ਗੁਰੂ ਦੀ ਬਖ਼ਸ਼ਸ਼ ਨਾਲ ਉਨ੍ਹਾਂ ਦੇ ਅੰਦਰ ਸਾਈਂ ਜੀ ਦੇ ਚਰਨਾਂ ਦੀ ਲਗਨ ਬਣੀ ਰਹਿੰਦੀ ਹੈ।੪।

੧੧. ਇਸ ਲਈ, ਹੇ ਭਾਈਓ! ਦਿਨੇ ਰਾਤ ਉਸੇ ਪਰਮਾਤਮਾ ਦੀ ਸੇਵਾ-ਭਗਤੀ ਕਰਿਆ ਕਰੋ, ਜੋ ਕਿ ਸਭਨਾਂ ਜੀਵਾਂ ਨੂੰ ਮਾਰਦਾ ਤੇ ਜੀਵਾਂਦਾ ਹੈ।

੧੨. ਹੇ ਪਿਆਰੇ! ਜਿਸ ਸਾਈਂ ਜੀ ਦੀ ਜੀਵਾਂ ਉੱਤੇ ਕੀਤੀ ਹੋਈ ਬਖ਼ਸ਼ਸ਼ ਬਹੁਤ ਵੱਡੀ ਹੈ, ਉਸ ਨੂੰ ਤਾਂ ਮਨ ਤੋਂ ਕਦੀ ਭੀ ਭੁਲਾਉਣਾ ਨਹੀਂ ਚਾਹੀਦਾ।੫।

ਪ੍ਰ: ਹਜ਼ੂਰ! ਜੋ ਜੀਵ ਰੂਪ ਇਸਤਰੀ ਮਨਮੁਖ ਹੋ ਰਹੀ ਹੈ, ਉਸ ਨੂੰ ਸਜ਼ਾ ਕੀ ਮਿਲੇਗੀ?

ਉ: ੧੩. ਹੇ ਭਾਈ! ਜੋ ਜੀਵ ਰੂਪ ਇਸਤਰੀ ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਹੈ, ਉਹ ਵਿਕਾਰਾਂ ਦੀ ਮੈਲ ਨਾਲ ਭਰੀ ਰਹਿੰਦੀ ਹੈ। ਉਸ ਦਾ ਮਨ ਸਦਾ ਹੀ ਡੋਲਦਾ ਰਹਿੰਦਾ ਹੈ, ਇਸੇ ਲਈ ਉਸ ਨੂੰ ਰੱਬੀ ਦਰਬਾਰ ਵਿਚ ਗਿਆਂ ਥਾਂ ਨਹੀਂ ਮਿਲਦੀ।

ਪ੍ਰ: ਕਿਉਂ ਜੀ! ਕਿਵੇਂ ਉਸ ਦਾ ਭੀ ਸੱਚੇ ਪਤੀ ਪਰਮੇਸ਼ਰ ਨਾਲ ਮਿਲਾਪ ਹੋ ਸਕਦਾ ਹੈ?

ਉ: ੧੪. ਹਾਂ ਜ਼ਰੂਰ! ਹੇ ਪਿਆਰੇ! ਜਦੋਂ ਉਹ ਗੁਰੂ ਦੀ ਸ਼ਰਨ ਵਿਚ ਆ ਪੈਂਦੀ ਹੈ, ਤਦੋਂ ਉਹ ਭੀ ਪਰਮੇਸ਼ਰ ਦੇ ਗੁਣ ਚੇਤੇ ਕਰਨ ਲੱਗ ਪੈਂਦੀ ਹੈ, ਇਉਂ ਪ੍ਰੀਤਮ ਪ੍ਰਭੂ ਨੂੰ ਮਿਲ ਕੇ ਉਹ ਭੀ ਸੱਚੇ ਸਾਈਂ ਜੀ ਦੇ ਵਿਚ ਹੀ ਲੀਨ ਹੋ ਜਾਂਦੀ ਹੈ।੬।

੧੫. ਹੇ ਭਾਈਓ! ਜਿਸ ਮਨੁੱਖ ਨੇ ਇਸ ਮਨੁੱਖਾ ਜਨਮ ਵਿਚ ਪਰਮੇਸ਼ਰ ਨੂੰ ਯਾਦ ਨਹੀਂ ਕੀਤਾ, (ਦੱਸੋ ਉਹ ਪਰਲੋਕ ਵਿਚ) ਜਾ ਕੇ ਕੀ ਮੂੰਹ ਵਖਾਏਗਾ? (ਭਾਵ ਹੈ ਉਹ ਸ਼ਰਮਸਾਰ ਹੀ ਹੋਵੇਗਾ)।

ਪ੍ਰ: ਕਿਉਂ ਜੀ! ਇਹ ਮਨੁੱਖ ਇਸ ਮਨੁੱਖਾ ਜਨਮ ਦੀ ਉੱਤਮਤਾ ਨੂੰ ਕਿਉਂ ਨਹੀਂ ਸਮਝਦਾ?

ਉ: ੧੬. ਹੇ ਭਰਾਵੋ! ਅਸਲ ਵਿਚ ਇਹ ਮਨੁੱਖ ਮਾਇਆ ਦੀ ਖ਼ਾਤਰ ਲੋਭ ਵਿਚ ਫਸ ਕੇ ਇਸ ਨੂੰ ਜੋ (ਸੁਚੇਤ ਰਹਿਣ ਦੀਆਂ) ਆਵਾਜ਼ਾਂ ਪੈਂਦੀਆਂ ਹਨ, ਉਨ੍ਹਾਂ ਨੂੰ ਸੁਣਦਿਆਂ ਭੀ ਇਸ ਨੇ ਆਪਣਾ ਆਤਮਿਕ ਜੀਵਨ ਲੁਟਾ ਲਿਆ।

੧੭. ਹੇ ਭਾਈਓ! ਜਿਹੜੇ ਮਨੁੱਖ ਪਰਮੇਸ਼ਰ ਦਾ ਨਾਮ ਆਪਣੇ ਹਿਰਦੇ ਵਿਚ ਵਸਾਂਦੇ ਹਨ, ਉਹ ਸਦਾ ਹੀ ਅਨੰਦ ਵਿਚ ਵਸਦੇ ਹਨ ਅਤੇ ਉਨ੍ਹਾਂ ਦੇ ਸਰੀਰ ਨੂੰ ਭੀ ਸਦਾ ਹੀ ਸੁੱਖ ਸ਼ਾਂਤੀ ਪ੍ਰਾਪਤ ਰਹਿੰਦੀ ਹੈ।

ਪ੍ਰ: ਹਜ਼ੂਰ! ਆਖ਼ਰ ਮੈਨੂੰ ਦੱਸੋ ਕਿ ਸੁੱਖ-ਪ੍ਰਾਪਤੀ ਲਈ ਮੈਂ ਕੀ ਕੁਝ ਕਰਦਾ ਰਵਾਂ?

ਉ: ੧੮. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਤੂੰ ਉਸੇ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਵਸਾਈ ਰੱਖ, ਜਿਹੜਾ ਬਹੁਤ ਬੇਅੰਤ ਹੈ, ਜੋ ਗੁਣਾਂ ਦਾ ਮਾਲਕ ਹੈ ਅਤੇ ਵੱਡੇ ਜਿਗਰੇ ਵਾਲਾ ਹੈ।੮।੩।

ਭਾਵਾਰਥ : ਇਹੋ ਹੈ ਕਿ ਗੁਰਾਂ ਦੁਆਰਾ ਹੀ ਸਾਈਂ ਜੀ ਨੂੰ ਜਾਣਿਆ ਜਾਂਦਾ ਹੈ, ਪਰ ਗੁਰੂ ਭੀ ਕਿਸਮਤ ਨਾਲ ਹੀ ਪ੍ਰਾਪਤ ਹੁੰਦਾ ਹੈ।

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

੧. ਸਭੁ ਜਗੁ ਜਿਨਹਿ ਉਪਾਇਆ ਭਾਈ
ਕਰਣ ਕਾਰਣ ਸਮਰਥੁ ॥
੨. ਜੀਉ ਪਿੰਡੁ ਜਿਨਿ ਸਾਜਿਆ ਭਾਈ
ਦੇ ਕਰਿ ਅਪਣੀ ਵਥੁ ॥
੩. ਕਿਨਿ ਕਹੀਐ ਕਿਉ ਦੇਖੀਐ ਭਾਈ
ਕਰਤਾ ਏਕੁ ਅਕਥੁ ॥
੪. ਗੁਰੁ ਗੋਵਿੰਦੁ ਸਲਾਹੀਐ ਭਾਈ
ਜਿਸ ਤੇ ਜਾਪੈ ਤਥੁ ॥੧॥
੫. ਮੇਰੇ ਮਨ ਜਪੀਐ ਹਰਿ ਭਗਵੰਤਾ ॥
੬. ਨਾਮ ਦਾਨੁ ਦੇਇ ਜਨ ਅਪਨੇ
ਦੂਖ ਦਰਦ ਕਾ ਹੰਤਾ ॥ ਰਹਾਉ ॥
੭. ਜਾ ਕੈ ਘਰਿ ਸਭੁ ਕਿਛੁ ਹੈ ਭਾਈ
ਨਉ ਨਿਧਿ ਭਰੇ ਭੰਡਾਰ ॥

੮. ਤਿਸ ਕੀ ਕੀਮਤਿ ਨਾ ਪਵੈ ਭਾਈ
ਊਚਾ ਅਗਮ ਅਪਾਰ ॥
੯. ਜੀਅ ਜੰਤ ਪ੍ਰਤਿਪਾਲਦਾ ਭਾਈ
ਨਿਤ ਨਿਤ ਕਰਦਾ ਸਾਰ ॥
੧੦. ਸਤਿਗੁਰੁ ਪੂਰਾ ਭੇਟੀਐ ਭਾਈ
ਸਬਦਿ ਮਿਲਾਵਣਹਾਰ ॥੨॥

ਪਦ ਅਰਥ : ਸਭੁ—ਸਾਰਾ। ਜਿਨਹਿ—ਜਿਨਿ ਹੀ, ਜਿਸਨੇ ਹੀ। ਭਾਈ—ਹੇ ਭਾਈ। ਕਰਣ—ਜਗਤ। ਕਰਣ ਕਾਰਣ—ਜਗਤ ਦਾ ਮੂਲ। ਸਮਰਥੁ—ਸਭ ਤਾਕਤਾਂ ਦਾ ਮਾਲਕ। ਜੀਉ—ਜਿੰਦ। ਪਿੰਡੁ—ਸਰੀਰ। ਦੇ ਕਰਿ—ਦੇ ਕੇ। ਵਥੁ—ਵਸਤ, ਸਤਿਆ। ਕਿਨਿ—ਕਿਸ ਦੇ ਰਾਹੀਂ, ਕਿਸ ਪਾਸੋਂ। ਕਹੀਐ—ਕਿਹਾ ਜਾ ਸਕਦਾ ਹੈ, ਬਿਆਨ ਕੀਤਾ ਜਾ ਸਕਦਾ ਹੈ। ਕਿਉਂ—ਕਿਵੇਂ ? ਅਕਥੁ—ਉਹ ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ। ਗੁਰੁ ਗੋਬਿੰਦ—ਗੋਬਿੰਦ ਦਾ ਰੂਪ ਗੁਰੂ। ਜਿਸ ਤੇ—ਜਿਸ ਪਾਸੋਂ। ਜਾਪੈ—ਸਮਝੀਦਾ ਹੈ। ਤਥੁ—ਅਸਲੀਅਤ।੧।

ਦੇਇ—ਦੇਂਦਾ ਹੈ। ਹੰਤਾ—ਨਾਸ਼ ਕਰਨ ਵਾਲਾ।ਰਹਾਉ।

ਜਾ ਕੈ ਘਰਿ—ਜਿਸ (ਪ੍ਰਭੂ) ਦੇ ਘਰ ਵਿਚ। ਨਉ ਨਿਧਿ—ਜਗਤ ਦੇ ਹੀ ਨੌਂ ਖ਼ਜ਼ਾਨੇ। ਭੰਡਾਰ—ਖ਼ਜ਼ਾਨੇ। ਅਗਮੁ—ਅਪਹੁੰਚ। ਅਪਾਰ—ਬੇਅੰਤ, ਜਿਸ ਦਾ ਪਾਰਲਾ ਬੰਨਾ ਨਹੀਂ ਦਿੱਸਦਾ। ਸਾਰ—ਸੰਭਾਲ। ਭੇਟੀਐ—ਲਭੀਏ। ਸਬਦਿ—ਸ਼ਬਦ ਵਿਚ (ਜੋੜ ਕੇ) ਮਿਲਾਵਣਹਾਰ—ਮਿਲਾ ਸਕਨ ਵਾਲਾ।੨।

ਅਰਥ :

ਪ੍ਰ: ਹੇ ਸਤਿਗੁਰੋ ! ਜਿਸ ਪ੍ਰਭੂ ਨੂੰ ਆਪ ਸਾਰੇ ਜਗਤ ਦਾ ਮੂਲ ਰੂਪ ਆਖਦੇ ਹੋ, ਉਸ ਬਾਰੇ ਕੁਝ ਕਥਨ ਕਰੋ ਤਾਂਕਿ ਉਸਦੀ ਸਾਨੂੰ ਕੁਝ ਸਮਝ ਪੈ ਸਕੇ।

ਉ: ੧. ਹੇ ਭਾਈ ! ਉਸ ਦੀ ਸ਼ਕਤੀ ਨੂੰ ਕਥਿਆ ਨਹੀਂ ਜਾ ਸਕਦਾ, ਪਰ ਹਾਂ, ਇਤਨਾ ਕੁ ਕਹਿ ਸਕਦੇ ਹਾਂ ਕਿ ਜਿਸ ਪ੍ਰਭੂ ਜੀ ਨੇ ਇਸ ਸਾਰੇ ਜਗਤ ਨੂੰ ਆਪ ਹੀ ਪੈਦਾ ਕੀਤਾ ਹੈ, ਜੋ ਸਾਰੇ ਹੀ ਜਗਤ ਦਾ ਮੂਲ ਰੂਪ ਹੈ ਅਤੇ ਜੋ ਸਾਰੀਆਂ ਹੀ ਤਾਕਤਾਂ ਦਾ ਮਾਲਕ ਹੈ।

੨. ਹੇ ਭਾਈ ! ਜਿਸ ਨੇ ਆਪਣੀ ਸਤਿਆ ਦੇ ਕੇ (ਇਸ ਮਨੁੱਖ ਦਾ) ਜਿੰਦ ਤੇ ਸਰੀਰ ਪੈਦਾ ਕੀਤਾ ਹੈ।

੩. ਉਹ ਕਰਤਾਰ ਤਾਂ ਕਿਸੇ ਪਾਸੋਂ ਭੀ ਬਿਆਨ ਨਹੀਂ ਕੀਤਾ ਜਾ ਸਕਦਾ, ਉਸ ਨੂੰ ਕਿਵੇਂ ਵੇਖਿਆ ਜਾਵੇ ? ਭਾਵ ਹੈ ਨਾ ਉਹ ਕਥਨ ਵਿਚ ਆ ਸਕਦਾ ਹੈ ਅਤੇ ਨਾ ਹੀ ਉਸ ਨੂੰ ਵੇਖਿਆ ਹੀ ਜਾ ਸਕਦਾ ਹੈ।

ਪ੍ਰ: ਹਜ਼ੂਰ ਜੀਉ ! ਆਖ਼ਰ ਸਾਨੂੰ ਕਰਨਾ ਕੀ ਚਾਹੀਦਾ ਹੈ ?

ਉ: ੪. ਹੇ ਭਾਈਓ ! ਸਾਨੂੰ ਤਾਂ ਗੋਬਿੰਦ ਦੇ ਸਰੂਪ ਗੁਰੂ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣਾ ਚਾਹੀਦਾ ਹੈ, (ਕਿਉਂਕਿ) ਗੁਰੂ ਪਾਸੋਂ ਹੀ (ਇਸ ਸਾਰੇ) ਜਗਤ ਦੇ ਮੂਲ ਰੂਪ ਪਰਮੇਸ਼ਰ ਜੀ ਦੀ ਸੋਝੀ ਪੈ ਸਕਦੀ ਹੈ।੧।

ਪ੍ਰ: ਹੇ ਗੁਰੋ ! ਇਹ ਮਨ ਹਰੀ ਦਾ ਨਾਮ ਜਪਣ ਵੱਲੋਂ ਬਹੁਤ ਆਲਸ ਕਰਦਾ ਹੈ, ਇਸ ਨੂੰ ਕਿਵੇਂ ਸਮੇਂਝਾਈਏ ?

ਉ: ੫. ਹੇ ਪਿਆਰਿਆ ! (ਇਸ ਮਨ ਨੂੰ ਪਿਆਰ ਨਾਲ ਬਾਰ-ਬਾਰ ਇਉਂ ਕਹਿ-ਕਹਿ ਕੇ ਸਮਝਾਉਂਦੇ ਰਹਿਣਾ ਚਾਹੀਦਾ ਹੈ ਕਿ) ਹੇ ਮੇਰੇ ਮਨਾ ! (ਤੈਨੂੰ ਸਦਾ ਹੀ) ਹਰੀ ਭਗਵਾਨ ਦਾ ਨਾਮ ਜਪਦੇ ਰਹਿਣਾ ਚਾਹੀਦਾ ਹੈ।

ਪ੍ਰ: ਸ੍ਰੀ ਜੀਉ ! ਇਹ ਮਨ ਬੜਾ ਆਲਸੀ ਤੇ ਲਾਲਚੀ ਹੈ। ਜਿਤਨਾ ਚਿਰ ਇਸ ਨੂੰ ਕੁਝ ਪ੍ਰਾਪਤ ਹੋਣ ਦੀ ਆਸ ਨਾ ਹੋਵੇ, ਉਤਨਾ ਚਿਰ ਇਹ ਉਸ ਪਾਸੇ ਨੂੰ ਟੁਰਦਾ ਹੀ ਨਹੀਂ, ਸੋ ਦੱਸੋ ਜੀ, ਇਸ ਨੂੰ ਸਾਈਂ ਜੀ ਵੱਲ ਨੂੰ ਕਿਵੇਂ ਟੋਰੀਏ ?

ਉ: ੬. ਹੇ ਭਾਈ ! ਇਸ ਲਾਲਚੀ ਮਨ ਨੂੰ ਇਉਂ ਕਹਿ ਕੇ ਪ੍ਰੇਰਦੇ ਰਹੋ ਕਿ ਹੇ ਮਨਾ ! ਉਹ ਪਰਮੇਸ਼ਰ ਆਪਣੇ ਸੇਵਕ ਨੂੰ (ਸਦਾ ਹੀ) ਆਪਣੇ ਨਾਮ ਦੀ ਦਾਤ ਦੇਂਦਾ ਹੈ ਅਤੇ ਉਹ ਆਪਣੇ ਸੇਵਕਾਂ ਦੀਆਂ ਪੀੜਾਂ ਤੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ।ਰਹਾਉ।

ਪ੍ਰ: ਕਿਉਂ ਜੀ ! ਜਿਸ ਪ੍ਰਭੂ ਦੇ ਚਿੰਤਨ ਕਰਨ ਵੱਲ ਸਾਨੂੰ ਆਪ ਪ੍ਰੇਰਦੇ ਹੋ, ਉਸ ਪਾਸੋਂ ਕੌਣ-ਕੌਣ ਵਸਤੂ ਪ੍ਰਾਪਤ ਹੋ ਸਕਦੀ ਹੈ ?

ਉ: ੭. ਹੇ ਭਾਈ ! ਜਿਸ ਪ੍ਰਭੂ ਦੇ ਘਰ ਵਿਚ ਕੋਈ (ਇਕ ਵਸਤੂ ਨਹੀਂ, ਉਸ ਦੇ ਘਰ ਵਿਚ ਤਾਂ ਹਰੇਕ ਚੀਜ਼ ਮੌਜੂਦ ਹੈ) ਵੇਖੋ, ਜਿਸ ਦੇ ਘਰ ਵਿਚ ਜਗਤ ਦੇ ਨੌਂ ਹੀ ਖ਼ਜ਼ਾਨੇ ਮੌਜੂਦ ਹਨ, ਜਿਸ ਦੇ ਘਰ ਵਿਚ (ਅਥਾਹ) ਪਦਾਰਥਾਂ ਦੇ ਭੰਡਾਰੇ ਭਰੇ ਪਏ ਹਨ।

੮. (ਇਸ ਲਈ) ਐ ਪਿਆਰਿਆ ! ਉਸ ਦਾ ਤਾਂ ਮੁੱਲ ਹੀ ਨਹੀਂ ਪੈ ਸਕਦਾ, (ਕਿਉਂਕਿ) ਉਹ ਸਭ ਤੋਂ ਉੱਚਾ ਹੈ, ਉਹ ਅਪਹੁੰਚ ਹੈ ਅਤੇ ਉਹ ਬੇਅੰਤ ਹੈ।

੯. ਹੇ ਭਾਈ ! ਉਹ ਸਾਰੇ (ਜਗਤ ਦੇ) ਜੀਵਾਂ ਦੀ ਪਾਲਣਾ ਕਰਦਾ ਹੈ ਅਤੇ ਉਹ ਸਦਾ ਹੀ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ।

ਪ੍ਰ: (ਕਿਉਂ ਜੀ) ਉਸ ਦੇ ਦਰਸ਼ਨ ਪ੍ਰਾਪਤ ਕਰਨ ਲਈ ਕੀ ਸਾਧਨ ਕਰਨਾ ਪੈਂਦਾ ਹੈ ?

ਉ: ੧੦. ਹੇ ਭਾਈ ! (ਉਸ ਦਾ ਦਰਸ਼ਨ ਕਰਨ ਲਈ) ਪੂਰਨ ਗੁਰੂ ਨੂੰ ਮਿਲਣਾ ਚਾਹੀਦਾ ਹੈ, (ਕਿਉਂਕਿ) ਗੁਰੂ ਹੀ ਆਪਣੇ ਸ਼ਬਦ ਵਿਚ ਜੋੜ ਕੇ ਪਰਮੇਸ਼ਰ ਨਾਲ ਮਿਲਾ ਸਕਣ ਵਾਲਾ ਹੈ।੨।

੧੧. ਸਚੇ ਚਰਣ ਸਰੇਵੀਅਹਿ ਭਾਈ
ਭ੍ਰਮੁ ਭਉ ਹੋਵੈ ਨਾਸੁ ॥
੧੨. ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ
ਹਰਿ ਕੈ ਨਾਮਿ ਨਿਵਾਸੁ ॥
੧੩. ਮਿਟੈ ਅੰਧੇਰਾ ਅਗਿਆਨਤਾ ਭਾਈ
ਕਮਲ ਹੋਵੈ ਪਰਗਾਸੁ ॥
੧੪. ਗੁਰ ਬਚਨੀ ਸੁਖੁ ਊਪਜੈ ਭਾਈ
ਸਭਿ ਫਲ ਸਤਿਗੁਰ ਪਾਸਿ ॥੩॥

੧੫. ਮੇਰਾ ਤੇਰਾ ਛੋਡੀਐ ਭਾਈ
ਹੋਈਐ ਸਭ ਕੀ ਧੂਰਿ ॥
੧੬. ਘਟਿ ਘਟਿ ਬ੍ਰਹਮੁ ਪਸਾਰਿਆ ਭਾਈ
ਪੇਖੈ ਸੁਣੈ ਹਜੂਰਿ ॥
੧੭. ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ
ਤਿਤੁ ਦਿਨਿ ਮਰੀਐ ਝੂਰਿ ॥
੧੮. ਕਰਨ ਕਰਾਵਨ ਸਮਰਥੋ ਭਾਈ
ਸਰਬ ਕਲਾ ਭਰਪੂਰਿ ॥੪॥
੧੯. ਪ੍ਰੇਮ ਪਦਾਰਥੁ ਨਾਮੁ ਹੈ ਭਾਈ
ਮਾਇਆ ਮੋਹ ਬਿਨਾਸੁ ॥
੨੦. ਤਿਸੁ ਭਾਵੈ ਤਾ ਮੇਲਿ ਲਏ ਭਾਈ
ਹਿਰਦੈ ਨਾਮ ਨਿਵਾਸੁ ॥
੨੧. ਗੁਰਮੁਖਿ ਕਮਲੁ ਪ੍ਰਗਾਸੀਐ ਭਾਈ
ਰਿਦੈ ਹੋਵੈ ਪਰਗਾਸੁ ॥
੨੨. ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ
ਮਉਲਿਆ ਧਰਤਿ ਅਕਾਸੁ ॥੫॥

ਪਦ ਅਰਥ : ਸਚੇ—ਸੱਚੇ ਪਰਮੇਸ਼ਰ ਦੇ। ਸਰੇਵੀਅਹਿ—ਸੇਵੇ ਜਾਣੇ ਚਾਹੀਦੇ ਹਨ। ਭ੍ਰਮੁ—ਭਟਕਣਾ। ਮਿਲਿ—ਮਿਲ ਕੇ। ਮਾਂਜੀਐ—ਮਾਂਜਣਾ ਚਾਹੀਦਾ ਹੈ। ਕੈ ਨਾਮਿ—ਦੇ ਨਾਮ ਵਿਚ। ਗਿਆਨ—ਆਤਮਕ ਜੀਵਨ ਦੀ ਸੋਝੀ। ਅਗਿਆਨਤਾ—ਆਤਮਿਕ ਜੀਵਨ ਵੱਲੋਂ ਬੇ-ਸਮਝੀ। ਕਮਲ ਪਰਗਾਸੁ—ਹਿਰਦੇ ਦੇ ਕੌਲ ਫੁੱਲ ਦਾ ਖਿੜਾਉ। ਸਭਿ—ਸਾਰੇ।੩।

ਮੇਰਾ ਤੇਰਾ—ਮੇਰ-ਤੇਰ, ਵਿਤਕਰਾ। ਹੋਈਐ—ਬਣ ਜਾਣਾ ਚਾਹੀਦਾ ਹੈ। ਧੂਰਿ—ਖ਼ਾਕ। ਘਟਿ ਘਟਿ—ਹਰੇਕ ਘਟ ਵਿਚ। ਹਜੂਰਿ—ਅੰਗ-ਸੰਗ ਹੋ ਕੇ। ਜਿਤੁ—ਜਿਸ ਵਿਚ। ਦਿਨਿ—ਦਿਨ ਵਿਚ। ਜਿਤੁ ਦਿਨਿ—ਜਿਸ ਦਿਨ ਵਿਚ। ਮਰੀਐ—ਮਰੀਦਾ ਹੈ। ਝੂਰਿ—ਪਛਤਾ ਕੇ। ਕਰਨ ਕਰਾਵਨ ਸਮਰਥੋ—ਸਭ ਕੁਝ ਕਰ ਸਕਣ ਵਾਲਾ ਅਤੇ (ਜੀਵਾਂ ਪਾਸੋਂ) ਕਰਾ ਸਕਣ ਵਾਲਾ। ਕਲਾ—ਤਾਕਤ।੪।

ਪਦਾਰਥੁ—ਕੀਮਤੀ ਧਨ। ਮੋਹ ਬਿਨਾਸੁ—ਮੋਹ ਦਾ ਨਾਸ। ਤਿਸੁ ਭਾਵੈ—ਉਸ ਪਰਮੇਸ਼ਰ ਨੂੰ ਚੰਗਾ ਲੱਗੇ। ਹਿਰਦੈ—ਹਿਰਦੇ ਵਿਚ। ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਰਿਦੈ—ਹਿਰਦੇ ਵਿਚ। ਪਰਗਾਸੁ—ਚਾਨਣ। ਪ੍ਰਗਟ ਭਇਆ—ਉੱਘੜ ਪੈਂਦਾ ਹੈ। ਪਰਤਾਪੁ—ਤਾਕਤ। ਮਉਲਿਆ—ਖਿੜਿਆ ਹੋਇਆ।੫।

ਅਰਥ :

ਪ੍ਰ: ਹੇ ਗੁਰੋ! ਮਨ ਵਿਚ ਭਰਮ ਤੇ ਡਰ ਸਦਾ ਹੀ ਬਣਿਆ ਰਹਿੰਦਾ ਹੈ, ਇਸ ਦੇ ਨਾਸ ਹੋ ਜਾਣ ਦਾ ਕੋਈ ਇਲਾਜ ਦੱਸ ਦਿਓ।

ਉ: ੧੧. ਹੇ ਭਾਈ! ਉਸ ਸੱਚੇ ਪਰਮੇਸ਼ਰ ਦੇ ਚਰਨ (ਸਦਾ) ਹਿਰਦੇ ਵਿਚ ਵਸਾਈ ਰੱਖਣੇ ਚਾਹੀਦੇ ਹਨ। ਇਸ ਤਰ੍ਹਾਂ ਮਨ ਦੀ ਭਟਕਣਾ ਤੇ ਹਰ ਤਰ੍ਹਾਂ ਦਾ ਡਰ ਨਾਸ ਹੋ ਜਾਂਦਾ ਹੈ।

ਪ੍ਰ: ਹਜ਼ੂਰ! ਬੜਾ ਹੀ ਜਤਨ ਕਰਦੇ ਹਾਂ ਕਿ ਮਨ ਵਿਚ ਨਾਮ ਦਾ ਨਿਵਾਸ ਹੋ ਜਾਵੇ, ਪਰ ਫਿਰ ਭੀ ਸਾਈਂ ਜੀ ਦੇ ਨਾਮ ਦਾ ਨਿਵਾਸ ਮਨ ਵਿਚ ਹੁੰਦਾ ਹੀ ਨਹੀਂ, ਇਸ ਦਾ ਕਾਰਨ ਤੇ ਕੋਈ ਇਲਾਜ ਦੱਸ ਦਿਓ।

ਉ: ੧੨. ਹੇ ਭਾਈਓ! ਇਹ ਮਨ ਵਿਕਾਰਾਂ ਦੀ ਮੈਲ ਨਾਲ ਮਲੀਨ ਹੋ ਚੁੱਕਾ ਹੈ, ਸੋ ਇਸ ਨੂੰ ਪਹਿਲੋਂ ਸਾਧ ਸੰਗਤ ਵਿਚ ਮਿਲ ਕੇ ਸਾਫ਼ ਕਰਨਾ ਚਾਹੀਦਾ ਹੈ, (ਇਸ ਤਰ੍ਹਾਂ ਕਰਨ ਨਾਲ) ਪਰਮੇਸ਼ਰ ਦੇ ਨਾਮ ਵਿਚ (ਮਨ ਦਾ) ਨਿਵਾਸ ਹੋ ਜਾਂਦਾ ਹੈ।

੧੩. ਹੇ ਭਾਈ! ਇਸੇ ਸਾਧ ਸੰਗਤ ਦੀ ਬਰਕਤ ਨਾਲ ਮਨੁੱਖ ਦੇ ਅੰਦਰ ਜੋ ਆਤਮਕ ਜੀਵਨ ਵੱਲੋਂ ਬੇ-ਸਮਝੀ ਦਾ ਹਨੇਰਾ ਹੈ, ਇਹ ਮਿਟ ਜਾਂਦਾ ਹੈ, ਹਿਰਦੇ ਅੰਦਰ ਕੌਲ ਫੁੱਲ ਦਾ ਖਿੜਾਉ ਹੋ ਜਾਂਦਾ ਹੈ।

੧੪. ਹੇ ਭਾਈ! ਜਦੋਂ ਗੁਰੂ ਦੇ ਬਚਨਾਂ ਉੱਤੇ ਟੁਰਦੇ ਰਹੀਏ ਤਾਂ ਆਤਮਕ ਅਨੰਦ ਪੈਦਾ ਹੁੰਦਾ ਹੈ (ਅਤੇ ਇਸ ਤੋਂ ਇਲਾਵਾ) ਹੇ ਭਾਈ! ਹੋਰ ਭੀ ਸਾਰੇ ਫਲ ਗੁਰੂ ਦੇ ਕੋਲ ਹਨ।੩।

ਪ੍ਰ: ਹੇ ਗੁਰੋ! ਇਨ੍ਹਾਂ ਸਾਰੇ ਫਲਾਂ ਦੀ ਪ੍ਰਾਪਤੀ ਕਰਨ ਲਈ ਕਿਸ ਵਸਤੂ ਦਾ ਪ੍ਰਹੇਜ਼ ਕਰਨਾ ਤੇ ਕਿਸ ਦਾ ਧਾਰਨੀ ਹੋਣਾ ਚਾਹੀਦਾ ਹੈ?

ਉ: ੧੫. ਹੇ ਪਿਆਰੇ! ਪਰਹੇਜ਼ ਤਾਂ ਇਹ ਕਰਨਾ ਹੈ ਕਿ ਜੋ ਮੇਰ-ਤੇਰ ਦਾ ਵਿਤਕਰਾ ਹੈ, ਇਸ ਨੂੰ ਛੱਡ ਦੇਣਾ ਚਾਹੀਦਾ ਹੈ। (ਧਾਰਣੀ ਇਸ ਵਸਤੂ ਦੇ ਹੋਈਏ ਕਿ) ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਰਹਿਣਾ ਚਾਹੀਦਾ ਹੈ।

ਪ੍ਰ: (ਕਿਉਂ ਜੀ) ਇਸ ਤਰ੍ਹਾਂ ਦੇ ਧਾਰਨੀ ਹੋਣ ਨਾਲ, ਮਾਨਸਕ ਅਵਸਥਾ ਵਿਚ ਕੀ ਬਦਲੀ ਆ ਜਾਂਦੀ ਹੈ?

ਉ: ੧੬. ਹੇ ਭਾਈ! ਅਜਿਹਾ ਮਨੁੱਖ ਜਦੋਂ ਭੀ ਕਿਸੇ ਪਾਸੇ ਤੱਕਦਾ ਹੈ, ਉਹ ਵੇਖਦਾ ਹੈ ਕਿ ਉਹ ਪਰਮੇਸ਼ਰ ਤਾਂ ਹਰ ਸਰੀਰ ਵਿਚ ਵੱਸਦਾ ਹੈ ਤੇ ਉਹ ਸਭ ਦੇ ਅੰਗ-ਸੰਗ ਹੋ ਕੇ ਸਭਨਾਂ ਦੇ ਕੰਮਾਂ ਨੂੰ ਵੇਖਦਾ ਹੈ, ਸਭਨਾਂ ਦੀਆਂ ਗੱਲਾਂ ਸੁਣਦਾ ਹੈ।

੧੭. ਹੇ ਭਾਈ! ਉਸ ਨੂੰ ਇਹ ਭੀ ਸੋਝੀ ਹੋ ਆਉਂਦੀ ਹੈ ਕਿ ਜਿਸ ਦਿਨ ਪਰਮਾਤਮਾ ਭੁੱਲ ਜਾਏ, ਉਸ ਦਿਨ ਤਾਂ ਦੁਖੀ ਹੋ ਹੋ ਕੇ (ਮਾਨੋ ਮੌਤ ਹੀ ਸਹੇੜ ਲਈਦੀ ਹੈ)।

੧੮. ਹੇ ਭਾਈ! ਉਹ ਇਹ ਆਪਣਾ ਨਿਸ਼ਚਾ ਹੋਰ ਸਭਨਾਂ ਨੂੰ ਭੀ ਪ੍ਰਚਾਰਦੇ ਰਹਿੰਦੇ ਹਨ ਕਿ ਐ ਭਾਈਓ! (ਇਹ ਯਾਦ ਰੱਖੋ ਕਿ) ਉਹ ਪਰਮੇਸ਼ਰ ਸਭ ਕੁਝ ਕਰ ਸਕਣ ਵਾਲਾ ਤੇ (ਜੀਵਾਂ ਪਾਸੋਂ) ਕਰਾ ਸਕਣ ਵਾਲਾ ਹੈ ਅਤੇ ਉਸ ਵਿਚ ਸਾਰੀਆਂ ਹੀ ਤਾਕਤਾਂ ਮੌਜੂਦ ਹਨ।੪।

ਪ੍ਰ: ਸ੍ਰੀ ਜੀਉ! ਮਾਇਆ ਦਾ ਮੋਹ ਬਹੁਤ ਪ੍ਰਬਲ ਹੈ, ਇਸ ਦੇ ਨਾਸ਼ ਹੋਣ ਦਾ ਕੋਈ ਉਪਾਅ ਦੱਸੋ।

ਉ: ੧੯. ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਉਸ ਪਰਮੇਸ਼ਰ ਦੇ ਪ੍ਰੇਮ ਦਾ ਕੀਮਤੀ ਨਾਮ ਧਨ ਮੌਜੂਦ ਹੈ, (ਯਕੀਨ ਰੱਖੋ ਕਿ) ਉਸ ਦੇ ਅੰਦਰੋਂ ਮਾਇਆ ਦੇ ਮੋਹ ਦਾ ਨਾਸ਼ ਹੋ ਜਾਂਦਾ ਹੈ।

ਪ੍ਰ: ਹੇ ਗੁਰੋ! ਬਹੁਤ ਬੰਦੇ ਹਨ ਜੋ ਕਿ ਆਪਣੇ ਅੰਦਰ ਰੱਬੀ ਪਿਆਰ ਹੋਣ ਦਾ ਦਿਖਲਾਵਾ ਕਰਦੇ ਰਹਿੰਦੇ ਹਨ, ਪਰ ਸੱਚਾ ਪਿਆਰ ਕਿਸ ਦਾ ਮੰਨਿਆ ਜਾਵੇ?

ਉ:੨੦. ਹੇ ਪਿਆਰੇ ! ਅਸਲ ਵਿਚ ਜਿਸ ਬੰਦੇ ਦਾ ਕੀਤਾ ਹੋਇਆ ਪਿਆਰ ਉਸ ਪਰਮੇਸ਼ਰ ਨੂੰ ਚੰਗਾ ਲੱਗ ਜਾਂਦਾ ਹੈ, ਉਸ ਦੇ ਅੰਦਰ ਉਹ ਪ੍ਰਭੂ ਨਾਮ ਦਾ ਨਿਵਾਸ ਕਰਦਾ ਹੈ, ਜਿਸ ਨਾਮ ਦੀ ਬਰਕਤ ਨਾਲ ਉਹ ਸਾਈਂ ਜੀ ਉਸ ਨੂੰ ਆਪਣੇ ਚਰਨਾਂ ਵਿਚ ਮਿਲਾ ਲੈਂਦਾ ਹੈ।

੨੧. ਹੇ ਭਾਈ ! ਇਸ ਤਰ੍ਹਾਂ ਗੁਰੂ ਦੇ ਸਨਮੁਖ ਹੋਇਆਂ ਮਨੁੱਖ ਦੇ ਹਿਰਦੇ ਦਾ ਕਮਲ ਫੁੱਲ ਖਿੜ ਪੈਂਦਾ ਹੈ, ਹਿਰਦੇ ਵਿਚ (ਆਤਮਿਕ ਜੀਵਨ ਦੀ ਸੋਝੀ ਦਾ) ਚਾਨਣ ਹੋ ਜਾਂਦਾ ਹੈ।

੨੨. ਹੇ ਭਾਈ ! ਜਦੋਂ ਮਨੁੱਖ ਗੁਰੂ ਦੀ ਸ਼ਰਨ ਆ ਪੈਂਦਾ ਹੈ ਤਾਂ ਉਸ ਦੇ ਅੰਦਰ ਪਰਮੇਸ਼ਰ ਦੀ ਤਾਕਤ ਪ੍ਰਗਟ ਹੋ ਆਉਂਦੀ ਹੈ, ਤਦੋਂ ਮਨੁੱਖ ਨੂੰ ਇਹ ਸਮਝ ਆ ਜਾਂਦੀ ਹੈ ਕਿ ਉਹ ਪਰਮੇਸ਼ਰ ਬੇਅੰਤ ਤਾਕਤਾਂ ਦਾ ਮਾਲਕ ਹੈ (ਅਤੇ ਉਸੇ ਪ੍ਰਭੂ ਦੀ ਤਾਕਤ ਨਾਲ ਹੀ) ਇਹ ਧਰਤੀ ਖਿੜੀ ਹੋਈ ਹੈ ਅਤੇ ਆਕਾਸ਼ ਖਿੜਿਆ ਹੋਇਆ ਹੈ।੫।

੨੩. ਗੁਰਿ ਪੂਰੈ ਸੰਤੋਖਿਆ ਭਾਈ
ਅਹਿਨਿਸਿ ਲਾਗਾ ਭਾਉ ॥
੨੪. ਰਸਨਾ ਰਾਮੁ ਰਵੈ ਸਦਾ ਭਾਈ
ਸਾਚਾ ਸਾਦੁ ਸੁਆਉ ॥
੨੫. ਕਰਨੀ ਸੁਣਿ ਸੁਣਿ ਜੀਵਿਆ ਭਾਈ
ਨਿਹਚਲੁ ਪਾਇਆ ਥਾਉ ॥
੨੬. ਜਿਸੁ ਪਰਤੀਤਿ ਨ ਆਵਈ ਭਾਈ
ਸੋ ਜੀਅੜਾ ਜਲਿ ਜਾਉ ॥੬॥
੨੭. ਬਹੁ ਗੁਣ ਮੇਰੇ ਸਾਹਿਬੈ ਭਾਈ
ਹਉ ਤਿਸ ਕੈ ਬਲਿ ਜਾਉ ॥
੨੮. ਓਹੁ ਨਿਰਗੁਣੀਆਰੇ ਪਾਲਦਾ ਭਾਈ
ਦੇਇ ਨਿਥਾਵੇ ਥਾਉ ॥
੨੯. ਰਿਜਕੁ ਸੰਬਾਹੇ ਸਾਸਿ ਸਾਸਿ ਭਾਈ
ਗੂੜਾ ਜਾ ਕਾ ਨਾਉ ॥
੩੦. ਜਿਸੁ ਗੁਰੁ ਸਾਚਾ ਭੇਟੀਐ ਭਾਈ
ਪੂਰਾ ਤਿਸੁ ਕਰਮਾਉ ॥੭॥

ਪਦ ਅਰਥ : ਗੁਰਿ—ਗੁਰੂ ਨੇ। ਸੰਤੋਖਿਆ—ਸੰਤੋਖ ਦਿੱਤਾ ਹੈ। ਅਹਿ—ਦਿਨ। ਨਿਸਿ—ਰਾਤ। ਭਾਉ—ਪ੍ਰੇਮ। ਰਸਨਾ—ਜੀਭ (ਨਾਲ)। ਰਵੈ—ਸਿਮਰਦਾ ਹੈ। ਸਾਚਾ—ਸਦਾ ਸੱਚਾ। ਸੁਆਉ—ਸੁਆਰਥ, ਮਨੋਰਥ। ਕਰਨੀ—ਕੰਨਾਂ ਨਾਲ। ਜੀਅੜਾ—(ਨਿਭਾਗੀ) ਜਿੰਦ। ਜਲਿ ਜਾਉ—ਜਲ ਜਾਏ, ਵਿਕਾਰਾਂ ਵਿਚ ਸੜ ਜਾਂਦੀ ਹੈ।੬।

ਸਾਹਿਬੈ—ਸਾਹਿਬ ਵਿਚ। ਹਉ—ਮੈਂ। ਤਿਸ ਕੈ—ਉਸਤੋਂ। ਬਲਿ—ਸਦਕੇ। ਜਾਉ—ਜਾਉਂ, ਜਾਂਦਾ ਹਾਂ। ਦੇਇ—ਦੇਂਦਾ ਹੈ। ਸੰਬਾਹੇ—ਅਪੜਾਂਦਾ ਹੈ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਗੂੜਾ—ਗੂੜ੍ਹਾ ਪ੍ਰੇਮ-ਰੰਗ ਦੇਣ ਵਾਲਾ। ਭੇਟੀਐ—ਮਿਲ ਪੈਂਦਾ ਹੈ। ਕਰਮਾਉ—ਕਿਸਮਤ।੭।

ਅਰਥ :

ਪ੍ਰ: ਹੇ ਸਤਿਗੁਰੋ ! ਬਹੁਤ ਲੋਕ ਪ੍ਰਭੂ ਪ੍ਰੇਮ ਨੂੰ ਹਿਰਦੇ ਵਿਚ ਧਾਰਨ ਕਰਨਾ ਚਾਹੁੰਦੇ ਹਨ, ਪਰ ਉਹ ਫਿਰ ਭੀ ਪ੍ਰੇਮ ਤੋਂ ਸੱਖਣੇ ਹੀ ਰਹਿੰਦੇ ਵੇਖੀਦੇ ਹਨ, ਇਸ ਦਾ ਕੀ ਕਾਰਨ ਹੈ ?

ਉ:੨੩. ਹੇ ਭਾਈ ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਸੰਤੋਖ ਦੀ ਦਾਤ ਬਖ਼ਸ਼ਸ਼ ਕੀਤੀ ਹੈ, ਉਸ ਦੇ ਹੀ ਅੰਦਰ ਦਿਨ ਰਾਤ ਪ੍ਰਭੂ ਚਰਨਾਂ ਦਾ ਪਿਆਰ ਬਣਿਆ ਰਹਿੰਦਾ ਹੈ।

ਪ੍ਰ: ਹਜ਼ੂਰ ! ਉਸ ਦੀ ਨਿਸ਼ਾਨੀ ਕੀ ਹੈ ?

ਉ:੨੪. ਹੇ ਭਾਈ ! ਉਹ ਪੁਰਸ਼ ਆਪਣੀ ਰਸਨਾ ਰਾਹੀਂ ਸਦਾ ਪਰਮੇਸ਼ਰ ਦਾ ਹੀ ਨਾਮ ਸਿਮਰਦਾ ਰਹਿੰਦਾ ਹੈ। (ਨਾਮ ਜਪਣ ਦਾ ਇਹ) ਸੁਆਦ (ਇਹ) ਨਿਸ਼ਾਨਾ (ਉਸ ਦੇ ਅੰਦਰ) ਸਦਾ ਹੀ ਕਾਇਮ ਰਹਿੰਦਾ ਹੈ।

੨੫. ਹੇ ਭਾਈ ! ਉਹ ਮਨੁੱਖ ਆਪਣੇ ਕੰਨਾਂ ਦੁਆਰਾ (ਪਰਮੇਸ਼ਰ ਦੀ ਸਿਫ਼ਤਿ-ਸਾਲਾਹ) ਸੁਣ-ਸੁਣ ਕੇ ਅਮਰ ਜੀਵਨ ਪ੍ਰਾਪਤ ਕਰਦਾ ਰਹਿੰਦਾ ਹੈ, ਇਸ ਤਰ੍ਹਾਂ ਉਹ ਪ੍ਰਭੂ ਦੇ ਚਰਨਾਂ ਵਿਚ ਅਟੱਲ ਥਾਂ ਪ੍ਰਾਪਤ ਕਰੀ ਰੱਖਦਾ ਹੈ।

੨੬. ਪਰ ਹੇ ਭਾਈਓ ! ਜਿਸ ਮਨੁੱਖ ਨੂੰ (ਗੁਰੂ ਉੱਤੇ) ਇਤਬਾਰ ਹੀ ਨਹੀਂ ਬੱਝਦਾ, ਭਰੋਸਾ ਨਹੀਂ ਆਉਂਦਾ, ਉਸ ਨਿਭਾਗੀ ਜਿੰਦ ਦਾ ਤਾਂ ਜੀਵ ਹੀ ਜਲ ਬਲ ਜਾਂਦਾ ਹੈ, ਭਾਵ ਵਿਕਾਰਾਂ ਵਿਚ ਲੱਗਿਆਂ ਨਿਸਫਲ ਚਲਾ ਜਾਂਦਾ ਹੈ।੬।

੨੭. (ਇਸ ਲਈ) ਹੇ ਭਾਈਓ ! ਇਹ ਵਿਸ਼ਵਾਸ ਰੱਖੋ ਕਿ ਉਸ ਮੇਰੇ ਮਾਲਕ ਵਿਚ ਬੇਅੰਤ ਹੀ ਗੁਣ ਹਨ, (ਸੋ ਮੈਂ ਤਾਂ ਇਸੇ ਵਾਸਤੇ) ਉਸ ਤੋਂ ਸਦਕੇ ਕੁਰਬਾਨ ਜਾਂਦਾ ਹੈ।

ਪ੍ਰ: ਹੇ ਗੁਰੋ ! ਉਸਦੇ ਕਿਸੇ ਗੁਣ ਦਾ ਖ਼ੁਲਾਸਾ ਕਰੋ, ਤਾਂਕਿ ਕੁਝ ਸੋਝੀ ਪੈ ਸਕੇ ?

ਉ:੨੮. ਹੇ ਭਾਈਓ ! ਉਸ ਦੇ ਬੇਅੰਤ ਗੁਣ ਹਨ, ਜਿਸ ਨੂੰ ਬਿਆਨਿਆ ਨਹੀਂ ਜਾ ਸਕਦਾ, ਪਰ (ਤੁਸੀਂ ਇਤਨੇ ਮਾਤਰ ਹੀ ਸਮਝ ਲਓ ਕਿ) ਉਹ ਸਾਈਂ ਜੀ ਗੁਣ ਹੀਣਿਆਂ ਨੂੰ ਭੀ ਪਾਲਦਾ ਹੈ ਅਤੇ ਉਹ ਨਿਆਸਰੇ ਪੁਰਖ ਨੂੰ ਸਹਾਰਾ ਦੇਂਦਾ ਹੈ।

੨੯. ਹੇ ਭਾਈ ! ਮੈਨੂੰ ਤਾਂ ਪੂਰਨ ਵਿਸ਼ਵਾਸ ਹੈ ਕਿ ਉਹ ਮਾਲਕ ਹਰੇਕ ਸਾਹ ਦੇ ਨਾਲ (ਹਰ ਜੀਵ ਜੰਤ ਨੂੰ) ਰਿਜ਼ਕ ਅਪੜਾਂਦਾ ਹੈ। ਜੋ ਉਸ ਦਾ ਨਾਮ ਸਿਮਰਨ ਕਰਦਾ ਹੈ, ਉਸ ਦੇ ਮਨ ਉੱਤੇ ਪ੍ਰੇਮ ਦਾ ਗੂੜ੍ਹਾ ਰੰਗ ਚਾੜ੍ਹ ਦੇਂਦਾ ਹੈ।

੩੦. ਹੇ ਪਿਆਰੇ ! ਜਿਸ ਮਨੁੱਖ ਨੂੰ ਪੂਰਾ ਸੱਚਾ ਗੁਰੂ ਮਿਲ ਜਾਂਦਾ ਹੈ, (ਉਸ ਨੂੰ ਸਮਝੋ ਪ੍ਰਭੂ ਮਿਲ ਜਾਂਦਾ ਹੈ) ਸਮਝ ਲਓ ਕਿ ਉਸਦੀ ਕਿਸਮਤ ਜਾਗ ਪੈਂਦੀ ਹੈ।੭।

੩੧. ਤਿਸੁ ਬਿਨੁ ਘੜੀ ਨ ਜੀਵੀਐ ਭਾਈ
ਸਰਬ ਕਲਾ ਭਰਪੂਰਿ ॥
੩੨. ਸਾਸਿ ਗਿਰਾਸਿ ਨ ਵਿਸਰੈ ਭਾਈ
ਪੇਖਉ ਸਦਾ ਹਜੂਰਿ ॥
੩੩. ਸਾਧੂ ਸੰਗਿ ਮਿਲਾਇਆ ਭਾਈ
ਸਰਬ ਰਹਿਆ ਭਰਪੂਰਿ ॥

੩੪. ਜਿਨਾ ਪ੍ਰੀਤਿ ਨ ਲਗੀਆ ਭਾਈ
ਸੇ ਨਿਤ ਨਿਤ ਮਰਦੇ ਝੂਰਿ ॥੮॥
੩੫. ਅੰਚਲਿ ਲਾਇ ਤਰਾਇਆ ਭਾਈ
ਭਉਜਲੁ ਦੁਖੁ ਸੰਸਾਰੁ ॥
੩੬. ਕਰਿ ਕਿਰਪਾ ਨਦਰਿ ਨਿਹਾਲਿਆ ਭਾਈ
ਕੀਤੋਨੁ ਅੰਗੁ ਅਪਾਰੁ ॥
੩੭. ਮਨੁ ਤਨੁ ਸੀਤਲੁ ਹੋਇਆ ਭਾਈ
ਭੋਜਨੁ ਨਾਮ ਅਧਾਰੁ ॥
੩੮. ਨਾਨਕ ਤਿਸੁ ਸਰਣਾਗਤੀ ਭਾਈ
ਜਿ ਕਿਲਬਿਖ ਕਾਟਣਹਾਰੁ ॥੯॥੧॥

ਪਦ ਅਰਥ : ਨ ਜੀਵੀਐ—ਨਹੀਂ ਜੀ ਸਕੀਦਾ, ਅਮਰ ਜੀਵਨ ਨਹੀਂ ਮਿਲ ਸਕਦਾ। ਕਲਾ—ਤਾਕਤਾਂ। ਸਾਸਿ—ਹਰੇਕ ਸਾਹ ਦੇ ਨਾਲ। ਗਿਰਾਸਿ—ਗਿਰਾਹੀ ਦੇ ਨਾਲ। ਸਾਸਿ ਗਿਰਾਸਿ—ਸਾਹ ਲੈਂਦਿਆ ਤੇ ਖਾਂਦਿਆਂ। ਪੇਖਉ—ਪੇਖਉਂ, ਮੈਂ ਵੇਖਦਾ ਹਾਂ। ਹਜੂਰਿ—ਅੰਗ ਸੰਗ। ਸਾਧੂ ਸੰਗਿ—ਗੁਰੂ ਦੀ ਸੰਗਤ ਵਿਚ। ਮਰਦੇ—ਮੌਤ ਸਹੇੜਦੇ ਹਨ। ਝੂਰਿ—ਚਿੰਤਾਤੁਰ ਹੋ ਕੇ।੮।

ਅੰਚਲਿ—ਪਲੇ ਨਾਲ, ਲੜ ਨਾਲ। ਭਉਜਲੁ—ਸੰਸਾਰ-ਸਮੁੰਦ੍ਰ। ਕਰਿ—ਕਰ ਕੇ। ਨਦਰਿ—ਮਿਹਰ ਦੀ ਨਿਗਾਹ। ਨਿਹਾਲਿਆ—ਤਕਿਆ। ਕੀਤੋਨੁ—ਉਸ ਨੇ ਕੀਤਾ। ਅੰਗੁ—ਪੱਖ। ਅਪਾਰੁ—ਬੇਅੰਤ। ਸੀਤਲੁ—ਠੰਡਾ। ਅਧਾਰੁ—ਆਸਰਾ। ਕਿਲਬਿਖ—ਪਾਪ। ਕਾਟਣਹਾਰੁ—ਕੱਟ ਸਕਣ ਵਾਲਾ। ਜਿ—ਜਿਹੜਾ।੯।

ਅਰਥ :

ਪ੍ਰ: ਹੇ ਗੁਰੋ! ਉਸ ਮਾਲਕ ਦੀ ਕੁਝ ਸ਼ਕਤੀ ਬਿਆਨ ਕਰੋ।

ਉ:੩੧. ਹੇ ਭਾਈ! ਉਹ (ਮੇਰਾ) ਪਰਮੇਸ਼ਰ ਤਾਂ ਸਾਰੀਆਂ ਤਾਕਤਾਂ ਨਾਲ ਭਰਪੂਰ ਹੈ, ਉਸ ਤੋਂ ਬਿਨਾ ਤਾਂ ਸਾਡੇ ਪਾਸੋਂ ਇਕ ਘੜੀ ਮਾਤਰ ਭੀ ਨਹੀਂ ਜੀਵਿਆ ਜਾ ਸਕਦਾ।

੩੨. ਹੇ ਭਾਈਓ! ਮੈਂ ਤਾਂ ਉਸ ਪਰਮੇਸ਼ਰ ਨੂੰ ਸਦਾ ਹੀ ਆਪਣੇ ਅੰਗ-ਸੰਗ ਵਸਦਾ ਵੇਖਦਾ ਹਾਂ। ਮੈਨੂੰ ਤਾਂ ਉਹ ਖਾਂਦਿਆਂ ਤੇ ਸਾਹ ਲੈਂਦਿਆਂ ਕਦੇ ਭੀ ਨਹੀਂ ਭੁੱਲਦਾ।

੩੩. ਹੇ ਭਾਈ! ਜਿਸ ਮਨੁੱਖ ਨੂੰ ਪਰਮੇਸ਼ਰ ਨੇ ਗੁਰੂ ਦੀ ਸੰਗਤ ਵਿਚ ਮਿਲਾ ਦਿੱਤਾ, ਉਸ ਨੂੰ ਤਾਂ ਉਹ ਪਰਮਾਤਮਾ ਸਾਰਿਆਂ ਥਾਵਾਂ ਵਿਚ ਮੌਜੂਦ ਦਿੱਸਣ ਲੱਗ ਪੈਂਦਾ ਹੈ।

੩੪. ਪਰ ਹੇ ਪਿਆਰਿਓ! ਜਿਨ੍ਹਾਂ ਦੇ ਅੰਦਰ ਉਸ ਪ੍ਰਭੂ ਦਾ ਪਿਆਰ ਪੈਦਾ ਨਹੀਂ ਹੁੰਦਾ, ਉਹ ਤਾਂ ਨਿਤਾਪ੍ਰਤਿ ਹੀ ਝੂਰ-ਝੂਰ ਕੇ ਮਰਦੇ ਰਹਿੰਦੇ ਹਨ।੮।

੩੫. ਪਰ ਹੇ ਭਾਈ! ਜੋ ਮਨੁੱਖ ਉਸ ਪਰਮੇਸ਼ਰ ਦੀ ਸ਼ਰਨ ਵਿਚ ਆ ਜਾਂਦਾ ਹੈ, ਉਸ ਨੂੰ ਉਹ ਪ੍ਰਭੂ ਆਪ ਹੀ ਆਪਣੇ ਪੱਲੇ ਲਾ ਕੇ, ਇਸ ਦੁੱਖ ਰੂਪ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

੩੬. ਹੇ ਭਾਈ! ਪ੍ਰਭੂ ਉਸ ਉੱਤੇ ਮਿਹਰ ਦੀ ਨਿਗ੍ਹਾ ਨਾਲ ਵੇਖਦਾ ਹੈ, ਉਸਦਾ ਉਹ (ਹਮੇਸ਼ਾ) ਬੇਅੰਤ ਪੱਖ ਕਰਦਾ ਹੈ।

ਪ੍ਰ: ਹਜ਼ੂਰ! ਉਹ ਪ੍ਰਭੂ ਜਿਸ ਦਾ ਪੱਖ ਕਰਦਾ ਹੈ, ਉਸ ਦੇ ਜੀਵਨ ਵਿਚ ਬਦਲੀ ਕੀ ਆ ਜਾਂਦੀ ਹੈ?

ਉ:੩੭. ਹੇ ਭਾਈ! ਉਸ ਮਨੁੱਖ ਦਾ ਮਨ (ਵਿਸ਼ੇ-ਵਿਕਾਰਾਂ ਵੱਲੋਂ) ਠੰਡਾ ਹੋ ਜਾਂਦਾ ਹੈ ਅਤੇ ਸਰੀਰ ਭੀ ਸ਼ਾਂਤ ਹੋ ਜਾਂਦਾ ਹੈ, (ਕਿਉਂਕਿ) ਉਹ ਆਪਣੇ ਆਤਮਿਕ ਜੀਵਨ ਵਾਸਤੇ (ਦਿਨੇ-ਰਾਤ) ਨਾਮ ਦੀ (ਖ਼ੁਰਾਕ) ਖਾਂਦਾ ਹੈ, ਨਾਮ ਦਾ ਸਹਾਰਾ ਲੈਂਦਾ ਹੈ।

੩੮. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਐ ਭਾਈਓ! ਉਸੇ ਪਰਮੇਸ਼ਰ ਦੀ ਸ਼ਰਨ ਪਵੋ, ਜੋ ਕਿ ਸਾਰੇ ਹੀ ਪਾਪ ਕੱਟਣ ਵਾਲਾ ਹੈ।੯।੧।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਆਪਣੇ ਮਨ ਪ੍ਰਤਿ ਸੰਬੋਧਨ ਕਰਦੇ ਹੋਏ, ਹਰ ਪ੍ਰਾਣੀ ਮਾਤਰ ਨੂੰ ਪਰਮੇਸ਼ਰ ਦੇ ਨਾਮ ਜਪਣ ਦੀ ਪ੍ਰੇਰਣਾ ਕਰਦੇ ਹਨ, ਕਿਉਂਕਿ ਉਹ ਆਪਣੇ ਸੇਵਕਾਂ ਨੂੰ ਨਾਮ ਦੀ ਦਾਤ ਬਖ਼ਸ਼ਸ਼ ਕਰ ਕੇ ਜੰਮਣ ਮਰਨ ਦਾ ਦੁੱਖ ਤੇ ਅਵਿੱਦਿਆ ਦੀ ਦਰਦ ਦਾ ਨਾਸ਼ ਕਰਦਾ ਹੈ।

ਸੋਰਠਿ ਮਹਲਾ ੫ ॥

੧. ਮਾਤ ਗਰਭ ਦੁਖ ਸਾਗਰੋ ਪਿਆਰੇ
ਤਹ ਅਪਣਾ ਨਾਮੁ ਜਪਾਇਆ ॥
੨. ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ
ਮਾਇਆ ਮੋਹੁ ਵਧਾਇਆ ॥
੩. ਜਿਸ ਨੋ ਕੀਤੋ ਕਰਮੁ ਆਪਿ ਪਿਆਰੇ
ਤਿਸੁ ਪੂਰਾ ਗੁਰੂ ਮਿਲਾਇਆ ॥
੪. ਸੋ ਆਰਾਧੇ ਸਾਸਿ ਸਾਸਿ ਪਿਆਰੇ
ਰਾਮ ਨਾਮ ਲਿਵ ਲਾਇਆ ॥੧॥
੫. ਮਨਿ ਤਨਿ ਤੇਰੀ ਟੇਕ ਹੈ ਪਿਆਰੇ
ਮਨਿ ਤਨਿ ਤੇਰੀ ਟੇਕ ॥
੬. ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ
ਅੰਤਰਜਾਮੀ ਏਕ ॥ ਰਹਾਉ ॥
੭. ਕੋਟਿ ਜਨਮ ਭ੍ਰਮਿ ਆਇਆ ਪਿਆਰੇ
ਅਨਿਕ ਜੋਨਿ ਦੁਖੁ ਪਾਇ ॥
੮. ਸਾਚਾ ਸਾਹਿਬੁ ਵਿਸਰਿਆ ਪਿਆਰੇ
ਬਹੁਤੀ ਮਿਲੈ ਸਜਾਇ ॥
੯. ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ
ਸੇ ਲਾਗੇ ਸਾਚੈ ਨਾਇ ॥
੧੦. ਤਿਨਾ ਪਿਛੈ ਛੁਟੀਐ ਪਿਆਰੇ
ਜੋ ਸਾਚੀ ਸਰਣਾਇ ॥੨॥

ਪਦ ਅਰਥ : ਮਾਤ ਗਰਭ—ਮਾਂ ਦੇ ਪੇਟ। ਸਾਗਰੋ—ਸਮੁੰਦਰ। ਤਹ—ਉਥੇ, ਉਸ ਪੇਟ ਵਿਚ। ਕਾਢਿ—ਕੱਢ ਕੇ। ਬਿਖੁ—ਜ਼ਹਿਰ, ਮਾਇਆ ਦੇ ਮੋਹ ਦੀ ਜ਼ਹਿਰ। ਪਸਰੀਆ—ਖਿਲਾਰ ਦਿੱਤੀ। ਕਰਮੁ—

ਬਖ਼ਸ਼ਸ਼। ਤਿਸੁ—ਉਸ ਮਨੁੱਖ ਨੂੰ। ਆਰਾਧੇ—ਸਿਮਰਦਾ ਹੈ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਲਿਵ—ਲਗਨ, ਪ੍ਰੀਤੀ।੧।

ਮਨਿ—ਮਨ ਵਿਚ। ਤਨਿ—ਤਨ ਵਿਚ, ਹਿਰਦੇ ਵਿਚ। ਟੇਕ—ਆਸਰਾ। ਅਵਰੁ—ਕੋਈ ਹੋਰ। ਅੰਤਰਜਾਮੀ—ਦਿਲ ਦੀ ਜਾਨਣ ਵਾਲਾ।ਰਹਾਉ।

ਕੋਟਿ—ਕਰੋੜਾਂ। ਭ੍ਰਮਿ—ਭਟਕ ਕੇ। ਪਾਇ—ਪਾ ਕੇ, ਸਹਾਰ ਕੇ। ਸਾਚਾ—ਸਦਾ ਕਾਇਮ ਰਹਿਣ ਵਾਲਾ। ਜਿਨ—ਜਿਨ੍ਹਾਂ ਨੂੰ। ਭੇਟੈ—ਮਿਲਦਾ ਹੈ। ਨਾਇ—ਨਾਮ ਵਿਚ। ਸਾਚੇ ਨਾਇ—ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਵਿਚ। ਤਿਨਾ ਪਿਛੈ—ਉਨ੍ਹਾਂ ਦੀ ਸ਼ਰਨ ਪੈ ਕੇ। ਛੁਟੀਐ—(ਮਾਇਆ ਦੇ ਮੋਹ ਤੋਂ) ਬਚ ਜਾਈਦਾ ਹੈ।੨।

ਅਰਥ :

ਪ੍ਰ: ਹੇ ਗੁਰੋ! ਸੁਣਿਆ ਹੈ ਕਿ ਜਦੋਂ ਜੀਵ ਮਾਂ ਦੇ ਪੇਟ ਵਿਚ ਨੌਂ ਮਹੀਨੇ ਪੁੱਠਾ ਲਮਕਦਾ ਹੈ, ਉਸ ਸਮੇਂ ਇਸ ਨੂੰ ਬਹੁਤ ਹੀ ਕਠਨ ਦੁੱਖ ਸਹਾਰਨੇ ਪੈਂਦੇ ਹਨ, ਪਰ ਉਸ ਸਮੇਂ ਇਸ ਜੀਵ ਦੀ ਕੌਣ ਰੱਖਿਆ ਕਰਦਾ ਸੀ?

ਉ: ੧. ਹੇ ਭਾਈ! (ਇਸ ਵਿਚ ਕੋਈ ਸ਼ੱਕ ਨਹੀਂ) ਮਾਂ ਦਾ ਪੇਟ ਅਵੱਸ਼ ਹੀ ਦੁੱਖਾਂ ਦਾ ਸਾਗਰ ਹੈ, (ਪਰ ਉਥੇ ਉਸ ਪ੍ਰਭੂ ਨੇ ਜੀਵ ਪਾਸੋਂ) ਨਾਮ ਦਾ ਸਿਮਰਨ ਕਰਵਾਇਆ ਤੇ ਇਸ ਜੀਵ ਨੂੰ ਦੁੱਖਾਂ ਤੋਂ ਬਚਾਈ ਰਖਿਆ ਹੈ।

ਪ੍ਰ: ਕਿਉਂ ਜੀ! ਮਾਂ ਦੇ ਪੇਟ ਵਿਚੋਂ ਬਾਹਰ ਆਉਣ ਸਮੇਂ ਇਸਦੀ ਦਸ਼ਾ ਕੀ ਹੋਈ?

ਉ: ੨. ਹੇ ਭਾਈ! ਮਾਂ ਦੇ ਪੇਟ ਵਿੱਚੋਂ ਕੱਢ ਕੇ, ਭਾਵ ਜਨਮ ਦੇ ਕੇ, ਪ੍ਰਭੂ ਜੀ ਨੇ ਇਸ ਜੀਵ ਨੂੰ ਮਾਰ ਮੁਕਾਣ ਵਾਲੀ (ਇਸ ਮਾਇਆ ਦੇ ਮੋਹ ਦੀ) ਜ਼ਹਿਰ ਖਿਲਾਰ ਰੱਖੀ ਹੈ, (ਤੂੰ ਇਸ ਤਰ੍ਹਾਂ ਇਸ ਜੀਵ ਦੇ ਹਿਰਦੇ ਵਿਚ) ਮਾਇਆ ਦਾ ਮੋਹ ਵਧਾ ਦਿੱਤਾ।

ਪ੍ਰ: ਕਿਉਂ ਜੀ! ਕੀ ਇਸ ਮਾਇਆ ਦੇ ਮੋਹ ਤੋਂ ਬਚਣ ਲਈ ਕੋਈ ਉਪਾਅ ਨਹੀਂ ਹੈ?

ਉ: ੩. (ਹਾਂ ਜ਼ਰੂਰ ਹੈ) ਹੇ ਭਾਈ! ਜਿਸ ਮਨੁੱਖ ਉੱਤੇ ਉਹ ਪ੍ਰਭੂ ਆਪ ਹੀ ਮਿਹਰ ਕਰਦਾ ਹੈ, ਉਸ ਨੂੰ ਉਹ ਪੂਰਾ ਗੁਰੂ ਮਿਲਾਂਦਾ ਹੈ।

੪. ਉਹ ਮਨੁੱਖ ਉਸ ਪਿਆਰੇ ਪ੍ਰਭੂ ਨੂੰ ਸ੍ਵਾਸ-ਸ੍ਵਾਸ ਅਰਾਧਦਾ ਹੈ ਤੇ ਪਰਮੇਸ਼ਰ ਦੀ ਹੀ ਲਗਨ (ਆਪਣੇ ਅੰਦਰ) ਬਣਾਈ ਰੱਖਦਾ ਹੈ। (ਇਸ ਤਰ੍ਹਾਂ ਉਸ ਦਾ ਮਾਇਆ ਦੇ ਮੋਹ ਤੋਂ ਬਚਾਅ ਹੋ ਜਾਂਦਾ ਹੈ)।੧।

ਪ੍ਰ: ਹਜ਼ੂਰ! ਉਸ ਮਾਇਆ ਦੇ ਮੋਹ ਤੋਂ ਬਚ ਜਾਣ ਵਾਲੇ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਹੁੰਦੀ ਹੈ?

ਉ: ੫. ਹੇ ਪਿਆਰਿਓ! ਉਸ ਦੇ ਅੰਦਰੋਂ ਤਾਂ ਸਦਾ ਹੀ ਇਸ ਰੂਪ ਵਿਚ ਧੁਨੀ ਨਿਕਲਦੀ ਰਹਿੰਦੀ ਹੈ ਕਿ ਹੇ ਮੇਰੇ ਪਿਆਰੇ ਪ੍ਰਭੂ! ਮੇਰੇ ਮਨ ਵਿਚ, ਮੇਰੇ ਤਨ ਵਿਚ, ਭਾਵ ਹਿਰਦੇ ਵਿਚ ਸਦਾ ਤੇਰਾ ਹੀ ਆਸਰਾ ਹੈ, (ਕਿਉਂਕਿ ਤੂੰ ਹੀ ਜੀਵ ਨੂੰ ਮਾਇਆ ਦੇ ਮੋਹ ਵੱਲੋਂ ਬਚਾਣ ਵਾਲਾ ਹੈਂ)।

੬. ਹੇ ਮੇਰੇ ਪਿਆਰੇ ਪ੍ਰਭੂ! ਤੂੰ ਹੀ ਸਭ ਦੇ ਦਿਲਾਂ ਦੀ ਜਾਣਨ ਵਾਲਾ ਹੈਂ। (ਕਿਉਂਕਿ) ਤੈਥੋਂ ਬਿਨਾ ਹੋਰ ਕੋਈ ਭੀ ਨਹੀਂ ਜੋ ਕਿ ਸਭੋ ਕੁਝ ਕਰਨ ਦੀ ਸਮਰੱਥਾ ਰੱਖ ਸਕਦਾ ਹੋਵੇ।ਰਹਾਉ।

ਪ੍ਰ: ਕਿਉਂ ਜੀ! ਜੋ ਜੀਵ ਮਾਇਆ ਦੇ ਮੋਹ ਹੇਠ ਦਬਿਆ ਹੋਇਆ ਹੈ, ਉਸ ਦੀ ਪਛਾਣ ਕੀ ਹੈ?

ਉ: ੭. ਹੇ ਭਾਈ! ਮਾਇਆ ਦੇ ਮੋਹ ਹੇਠ ਦਬੇ ਹੋਏ ਜੀਵ ਦੀ ਇਹੋ ਹੀ ਤਾਂ ਇਕ ਪਛਾਣ ਹੈ ਕਿ ਉਹ ਇਸ ਗੱਲ ਨੂੰ ਪੜ੍ਹਦਾ ਹੈ ਤੇ ਸੁਣਦਾ ਭੀ ਹੈ ਕਿ ਇਹ ਜੀਵ ਕਰੋੜਾਂ ਹੀ ਜੂਨਾਂ ਦੇ ਦੁੱਖ ਸਹਾਰ ਕੇ, ਕਰੋੜਾਂ ਜਨਮਾਂ ਵਿਚ ਭਟਕ ਕੇ ਮਨੁੱਖਾ ਜਨਮ ਵਿਚ ਆਉਂਦਾ ਹੈ।

੮. ਪਰ (ਇਥੇ ਸੰਸਾਰ ਵਿਚ ਆ ਕੇ ਇਸ ਜੀਵ ਨੂੰ) ਉਹ ਸਦਾ ਕਾਇਮ ਰਹਿਣ ਵਾਲਾ ਮਾਲਕ ਪ੍ਰਭੂ ਭੁੱਲ ਜਾਂਦਾ ਹੈ, (ਇਹੋ ਇਕ ਮਾਇਆ ਦੀ ਪ੍ਰਬਲਤਾ ਹੈ, ਇਸੇ ਕਾਰਨ) ਹੀ ਇਸ ਨੂੰ ਬਹੁਤੀ ਸਜ਼ਾ ਮਿਲਦੀ ਹੈ।

ਪ੍ਰ: ਸ੍ਰੀ ਜੀਉ! ਕੀ ਇਸ ਮਾਇਆ ਦੀ ਪ੍ਰਬਲਤਾ ਤੋਂ ਬਚੇ ਰਹਿਣ ਦਾ ਭੀ ਕੋਈ ਉਪਾਅ ਹੈ?

ਉ: ੯. (ਹਾਂ ਜ਼ਰੂਰ ਹੈ) ਹੇ ਪਿਆਰੇ! ਜਿਨ੍ਹਾਂ ਮਨੁੱਖਾਂ ਨੂੰ ਪੂਰਾ ਗੁਰੂ ਮਿਲ ਜਾਂਦਾ ਹੈ, ਉਹ ਸਦਾ ਕਾਇਮ ਰਹਿਣ ਵਾਲੇ ਸੱਚੇ ਪ੍ਰਭੂ ਦੇ ਨਾਮ ਵਿਚ ਸੁਰਤੀ ਜੋੜਦੇ ਹਨ। (ਨਾਮ ਵਿਚ ਜੁੜੀ ਰਹਿਣ ਵਾਲੀ ਸੁਰਤੀ ਦੀ ਬਰਕਤ ਨਾਲ ਉਹ ਮੋਹ ਤੋਂ ਹੀ ਸਦਾ ਬਚੇ ਰਹਿੰਦੇ ਹਨ)।

ਪ੍ਰ: ਹੇ ਗੁਰੋ! ਉਹ ਕਿਤਨੀ ਕੁ ਸ਼ਕਤੀ ਦੇ ਮਾਲਕ ਹੋ ਜਾਂਦੇ ਹਨ?

ਉ: ੧੦. ਹੇ ਪਿਆਰੇ! ਜੋ ਮਨੁੱਖ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸ਼ਰਨ ਵਿਚ ਪਏ ਰਹਿੰਦੇ ਹਨ, (ਉਨ੍ਹਾਂ ਵਿਚ ਤਾਂ ਇਤਨੀ ਸ਼ਕਤੀ ਹੋ ਜਾਂਦੀ ਹੈ ਕਿ) ਜੇ ਕੋਈ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਜੀਵਨ ਗੁਜ਼ਾਰਦਾ ਹੈ ਤਾਂ ਉਹ ਭੀ ਮਾਇਆ ਦੇ ਮੋਹ ਦੀ ਜ਼ਹਿਰ ਤੋਂ ਬਚ ਜਾਂਦਾ ਹੈ।੨।

੧੧. ਮਿਠਾ ਕਰਿ ਕੈ ਖਾਇਆ ਪਿਆਰੇ
ਤਿਨਿ ਤਨਿ ਕੀਤਾ ਰੋਗੁ ॥
੧੨. ਕਉੜਾ ਹੋਇ ਪਤਿਸਟਿਆ ਪਿਆਰੇ
ਤਿਸ ਤੇ ਉਪਜਿਆ ਸੋਗੁ ॥
੧੩. ਭੋਗ ਭੁੰਚਾਇ ਭੁਲਾਇਅਨੁ ਪਿਆਰੇ
ਉਤਰੈ ਨਹੀ ਵਿਜੋਗੁ ॥
੧੪. ਜੋ ਗੁਰ ਮੇਲਿ ਉਧਾਰਿਆ ਪਿਆਰੇ
ਤਿਨ ਧੁਰੇ ਪਇਆ ਸੰਜੋਗੁ ॥੩॥
੧੫. ਮਾਇਆ ਲਾਲਚਿ ਅਟਿਆ ਪਿਆਰੇ
ਚਿਤਿ ਨ ਆਵਹਿ ਮੂਲਿ ॥
੧੬. ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ
ਸੇ ਤਨ ਹੋਏ ਧੂੜਿ ॥

੧੭. ਬਿਲਲਾਟ ਕਰਹਿ ਬਹੁਤੇਰਿਆ ਪਿਆਰੇ
ਉਤਰੈ ਨਾਹੀ ਸੂਲੁ ॥
੧੮. ਜੋ ਗੁਰ ਮੇਲਿ ਸਵਾਰਿਆ ਪਿਆਰੇ
ਤਿਨ ਕਾ ਰਹਿਆ ਮੂਲੁ ॥੪॥

ਪਦ ਅਰਥ : ਤਿਨਿ—ਉਸ (ਮਿੱਠੇ) ਨੇ। ਤਨਿ—ਸਰੀਰ ਵਿਚ। ਕਉੜਾ—ਦੁਖਦਾਈ। ਪਤਿਸਟਿਆ—ਟਿਕ ਗਿਆ। ਸੋਗੁ—ਗ਼ਮ, ਚਿੰਤਾ। ਭੋਗ—ਦੁਨੀਆ ਦੇ ਸੁਆਦਲੇ ਪਦਾਰਥ। ਭੁੰਚਾਇ—ਖਵਾ ਕੇ। ਭੁਲਾਇਅਨੁ—ਉਸ (ਪ੍ਰਭੂ) ਨੇ ਕੁਰਾਹੇ ਪਾ ਦਿੱਤਾ। ਵਿਜੋਗੁ—ਵਿਛੋੜਾ। ਗੁਰ ਮੇਲਿ—ਗੁਰੂ ਨੂੰ ਮਿਲਾ ਕੇ। ਉਧਾਰਿਆ—ਵਿਕਾਰਾਂ ਤੋਂ ਬਚਾ ਲਿਆ। ਤਿਨ ਸੰਜੋਗੁ—ਉਨ੍ਹਾਂ ਦਾ (ਪ੍ਰਭੂ ਨਾਲ) ਮਿਲਾਪ। ਧੁਰੇ—ਧੁਰ ਤੋਂ ਹੀ, ਪ੍ਰਭੂ ਦੇ ਵਿਚੋਂ ਹੀ। ਪਇਆ—ਲਿਖਿਆ ਪਿਆ ਸੀ।੩।

ਲਾਲਚਿ—ਲਾਲਚ ਵਿਚ। ਅਟਿਆ—ਲਿਬੜਿਆ। ਚਿਤਿ—ਚਿਤ ਵਿਚ। ਮੂਲਿ—ਬਿਲਕੁਲ ਹੀ। ਪਾਰਬ੍ਰਹਮ—ਹੇ ਪਰਮਾਤਮਾ। ਸੇ ਤਨ—ਉਹ ਸਰੀਰ। ਧੂੜ—ਮਿੱਟੀ, ਖ਼ਾਕ। ਬਿਲਲਾਟ—ਵਿਰਲਾਪ। ਕਰਹਿ—ਕਰਦੇ ਹਨ। ਸੂਲੁ—ਪੀੜ। ਤਿਨ ਕਾ ਮੂਲੁ—ਉਨ੍ਹਾਂ ਦੇ ਆਤਮਿਕ ਜੀਵਨ ਦਾ ਸਰਮਾਇਆ। ਰਹਿਆ—ਬਚਿਆ ਰਹਿੰਦਾ ਹੈ।੪।

ਅਰਥ :

ਪ੍ਰ: ਹੇ ਗੁਰੋ! ਸੰਸਾਰ ਦੇ ਕਿਸੇ ਜੀਵ ਵੱਲ ਭੀ ਨਜ਼ਰ ਮਾਰੀਏ ਤਾਂ ਉਹ ਸਰੀਰ ਕਰ ਕੇ ਰੋਗੀ ਹੀ ਨਜ਼ਰ ਆਉਂਦਾ ਹੈ, ਇਸਦਾ ਕਾਰਨ ਕੀ ਹੈ?

ਉ: ੧੧. ਹੇ ਪਿਆਰੇ! (ਅਸਲ ਵਿਚ ਇਸ ਜੀਵ ਨੇ ਜਿਨ੍ਹਾਂ ਪਦਾਰਥਾਂ ਨੂੰ) ਸਾਰੀ ਉਮਰ ਭਰ ਮਿੱਠਾ ਜਾਣ ਕੇ ਖਾਧਾ ਸੀ, ਉਸੇ ਮਿੱਠੇ ਨੇ ਹੀ ਇਸ ਦੇ ਸਰੀਰ ਵਿਚ ਰੋਗ ਪੈਦਾ ਕਰ ਦਿੱਤਾ।

੧੨. ਹੇ ਪਿਆਰੇ! (ਬਸ ਫਿਰ ਉਹੋ ਹੀ ਰੋਗ) ਦੁਖਦਾਈ ਹੋ ਕੇ ਇਸ ਦੇ ਸਰੀਰ ਵਿਚ ਪੱਕਾ ਹੋ ਕੇ ਟਿੱਕ ਜਾਂਦਾ ਹੈ। ਉਸੇ ਰੋਗ ਤੋਂ ਹੀ (ਇਸ ਜੀਵ ਨੂੰ) ਚਿੰਤਾ, ਗ਼ਮ ਪੈਦਾ ਹੁੰਦਾ ਹੈ।

ਪ੍ਰ: ਕਿਉਂ ਜੀ! ਇਸ ਜੀਵ ਦੀ ਇਹ ਦਸ਼ਾ ਕਿਉਂ ਹੁੰਦੀ ਹੈ?

ਉ: ੧੩. ਹੇ ਪਿਆਰੇ! ਅਸਲ ਵਿਚ ਇਸ ਹੋ ਰਹੀ ਜੀਵ ਦੀ ਦਸ਼ਾ, ਇਸ ਦੇ ਆਪਣੇ ਵੱਸ ਵਿਚ ਨਹੀਂ, (ਕਿਉਂਕਿ) ਉਸ ਪਰਮੇਸ਼ਰ ਜੀ ਨੇ ਇਸ ਦੁਨੀਆ ਦੇ ਪਦਾਰਥ ਖੁਵਾ-ਖੁਵਾ ਕੇ ਇਸ ਜੀਵ ਨੂੰ ਆਪ ਹੀ ਕੁਰਾਹੇ ਪਾ ਰਖਿਆ ਹੈ, ਇਸੇ ਲਈ ਇਸ ਜੀਵ ਦਾ ਪ੍ਰਭੂ ਨਾਲੋਂ (ਪਿਆ) ਵਿਛੋੜਾ ਮੁੱਕਣ ਵਿਚ ਹੀ ਨਹੀਂ ਆਉਂਦਾ, (ਭਾਵ ਜੰਮਦਾ ਮਰਦਾ ਹੀ ਰਹਿੰਦਾ ਹੈ)।

ਪ੍ਰ: ਹੇ ਗੁਰਦੇਵ ਜੀ! ਉਸ ਸਾਈਂ ਜੀ ਨਾਲੋਂ ਇਸ ਜੀਵ ਦਾ ਵਿਛੋੜਾ ਕਿਵੇਂ ਦੂਰ ਭੀ ਹੋ ਸਕਦਾ ਹੈ?

ਉ: ੧੪. (ਹਾਂ ਜ਼ਰੂਰ) ਹੇ ਪਿਆਰੇ! ਜਿਨ੍ਹਾਂ ਜੀਵਾਂ ਨੂੰ ਪ੍ਰਭੂ ਜੀ ਨੇ ਗੁਰੂ ਜੀ ਨਾਲ ਮਿਲਾ ਕੇ (ਪਦਾਰਥਾਂ ਦੇ ਭੋਗਾਂ ਵੱਲੋਂ) ਬਚਾਅ ਲਿਆ ਹੈ, ਸਮਝੋ ਕਿ ਧੁਰੋਂ ਲਿਖੇ ਅਨੁਸਾਰ ਉਨ੍ਹਾਂ ਦਾ ਸਾਈਂ ਜੀ ਨਾਲ ਮਿਲਾਪ ਹੋ ਗਿਆ ਹੈ। (ਇਸ ਤਰ੍ਹਾਂ ਉਨ੍ਹਾਂ ਦਾ ਵਿਛੋੜਾ ਮੁੱਕ ਗਿਆ)।੩।

ਪ੍ਰ: ਕਿਉਂ ਜੀ! ਇਸ ਦੁੱਖ ਰੂਪ ਵਿਛੋੜੇ ਨੂੰ ਦੂਰ ਕਰਨ ਲਈ ਹਰ ਜੀਵ ਹੀ ਉਸ ਪਰਮੇਸ਼ਰ ਦਾ ਚਿੰਤਨ ਕਿਉਂ ਨਹੀਂ ਕਰਦਾ?

ਉ: ੧੫. ਹੇ ਪਿਆਰੇ! (ਅਸਲ ਵਿਚ ਇਹ ਜੀਵ) ਮਾਇਆ ਦੇ ਲਾਲਚ ਵਿਚ ਦੱਬਿਆ ਹੋਇਆ ਹੈ, ਜਿਸ ਕਰ ਕੇ ਇਸ ਜੀਵ ਦੇ ਚਿੱਤ ਵਿਚ ਉਹ ਸਾਈਂ ਜੀ ਉੱਕਾ ਹੀ ਨਹੀਂ ਵਸਦਾ।

੧੬. (ਇਸ ਲਈ) ਹੇ ਪਾਰਬ੍ਰਹਮ ਸੁਆਮੀ ਜੀ, ਜਿਨ੍ਹਾਂ ਮਨੁੱਖਾਂ ਨੂੰ ਤੇਰੀ ਯਾਦ ਭੁੱਲ ਜਾਂਦੀ ਹੈ, (ਉਹ ਜੀਵ ਤਾਂ ਆਤਮਿਕ ਜੀਵਨ ਦੀ ਪੂੰਜੀ ਬਣਾਏ ਤੋਂ ਬਿਨਾ ਹੀ) ਮਿੱਟੀ ਹੋ ਜਾਂਦੇ ਹਨ, ਭਾਵ ਉਹ ਸੰਸਾਰ ਤੋਂ ਨਿਸਫਲ ਹੀ ਜਾਂਦੇ ਹਨ।

੧੭. ਹੇ ਪਿਆਰੇ! (ਉਹ ਮਨੁੱਖ ਮਾਇਆ ਦੇ ਮੋਹ ਵਿਚ ਦੁਖੀ ਹੋ ਹੋ ਕੇ) ਬਥੇਰਾ ਵਿਲਕਦੇ ਹਨ, ਪਰ ਉਨ੍ਹਾਂ ਦੇ ਅੰਦਰ ਦਾ ਉਹ ਦੁੱਖ ਦੂਰ ਨਹੀਂ ਹੁੰਦਾ।

ਪ੍ਰ: ਹਜ਼ੂਰ ਜੀ! ਇਹ ਤਾਂ ਦੱਸੋ ਕਿ ਉਨ੍ਹਾਂ ਦਾ ਇਹ ਦੁੱਖ ਕਿਵੇਂ ਦੂਰ ਭੀ ਹੋ ਸਕਦਾ ਹੈ?

ਉ: ੧੮. ਹੇ ਪਿਆਰੇ! ਉਹ ਪਰਮੇਸ਼ਰ (ਗੁਰੂ) ਨਾਲ ਮਿਲਾ ਕੇ ਜਿਨ੍ਹਾਂ ਮਨੁੱਖਾਂ ਦਾ ਜੀਵਨ ਸੁਧਾਰ ਦੇਂਦਾ ਹੈ, ਸਮਝ ਲਓ ਉਨ੍ਹਾਂ ਦਾ ਸ਼ੁਭ ਗੁਣਾਂ ਦਾ ਸਰਮਾਇਆ ਬਚਿਆ ਰਹਿੰਦਾ ਹੈ ਅਤੇ ਸਵਾਸਾਂ ਦਾ ਸਮਦਾਅ ਭੀ ਉਨ੍ਹਾਂ ਦਾ ਸਫਲਾ ਹੋ ਜਾਂਦਾ ਹੈ।੪।

੧੯. ਸਾਕਤ ਸੰਗੁ ਨ ਕੀਜਈ ਪਿਆਰੇ
ਜੇ ਕਾ ਪਾਰਿ ਵਸਾਇ ॥
੨੦. ਜਿਸੁ ਮਿਲਿਐ ਹਰਿ ਵਿਸਰੈ ਪਿਆਰੇ
ਸੁੋ ਮੁਹਿ ਕਾਲੈ ਉਠਿ ਜਾਇ ॥
੨੧. ਮਨਮੁਖਿ ਢੋਈ ਨਹ ਮਿਲੈ ਪਿਆਰੇ
ਦਰਗਹ ਮਿਲੈ ਸਜਾਇ ॥
੨੨. ਜੋ ਗੁਰ ਮੇਲਿ ਸਵਾਰਿਆ ਪਿਆਰੇ
ਤਿਨਾ ਪੂਰੀ ਪਾਇ ॥੫॥
੨੩. ਸੰਜਮ ਸਹਸ ਸਿਆਣਪਾ ਪਿਆਰੇ
ਇਕ ਨ ਚਲੀ ਨਾਲਿ ॥
੨੪. ਜੋ ਬੇਮੁਖ ਗੋਬਿੰਦ ਤੇ ਪਿਆਰੇ
ਤਿਨ ਕੁਲਿ ਲਾਗੈ ਗਾਲਿ ॥
੨੫. ਹੋਦੀ ਵਸਤੁ ਨ ਜਾਤੀਆ ਪਿਆਰੇ
ਕੂੜੁ ਨ ਚਲੀ ਨਾਲਿ ॥
੨੬. ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ
ਸਾਚਾ ਨਾਮੁ ਸਮਾਲਿ ॥੬॥

ਪਦ ਅਰਥ : ਸਾਕਤ ਸੰਗੁ—ਪਰਮੇਸ਼ਰ ਵੱਲੋਂ ਟੁੱਟੇ ਹੋਇਆਂ ਦਾ ਸਾਥ। ਕੀਜਈ—ਕਰਨਾ ਚਾਹੀਦਾ। ਜੇ ਕਾ—ਜਿਤਨਾ ਕੁ। ਪਾਰਿ ਵਸਾਇ—ਵਸ ਚਲ ਸਕੇ। ਜਿਸੁ ਮਿਲਿਐ—ਜਿਸ (ਸਾਕਤ) ਨੂੰ

ਮਿਲਿਆਂ। ਮੁਹ ਕਾਲੈ—ਕਾਲੇ ਮੂੰਹ ਨਾਲ, ਬਦਨਾਮੀ ਖੱਟ ਕੇ। ਉਠਿ—ਉਠ ਕੇ। ਮਨਮੁਖਿ—ਆਪਣੇ ਮਨ ਦੇ ਪਿੱਛੇ ਟੁਰਨ ਵਾਲਾ ਮਨੁੱਖ। ਢੋਈ—ਥਾਂ, ਆਸਰਾ। ਗੁਰ ਮੇਲਿ—ਗੁਰੂ ਨੂੰ ਮਿਲਾ ਕੇ। ਪੂਰੀ ਪਾਇ—ਸਫਲਤਾ ਪ੍ਰਾਪਤ ਹੁੰਦੀ ਹੈ।੫।

ਸੰਜਮ—ਜੁਗਤਿ। ਸਹਸ—ਹਜ਼ਾਰਾਂ। ਨਾਲ ਨ ਚਲੀ—ਮਦਦ ਨਹੀਂ ਕਰਦੀ। ਤੇ—ਤੋਂ। ਕੁਲਿ—ਕੁਲ ਵਿਚ, ਖ਼ਾਨਦਾਨ ਵਿਚ। ਗਾਲਿ—ਕਲੰਕ। ਕੂੜੁ—ਝੂਠ। ਮਿਲਾਇਓਨੁ—ਉਸ (ਪਰਮਾਤਮਾ) ਨੇ ਮਿਲਾ ਦਿੱਤਾ। ਸਾਚਾ—ਸਦਾ-ਥਿਰ। ਸਮਾਲਿ—ਸਮਾਲਹਿ, ਸੰਭਾਲਦੇ ਹਨ, ਹਿਰਦੇ ਵਿਚ ਵਸਾਂਦੇ ਹਨ।੬।

ਅਰਥ :

ਪ੍ਰ: ਹੇ ਸ੍ਰੀ ਜੀਉ! ਉਹ ਕਿਹੜੇ ਬੰਦੇ ਹਨ, ਜਿਨ੍ਹਾਂ ਦੀ ਸੰਗਤ ਕਰਨ ਤੋਂ ਮਨੁੱਖ ਨੂੰ ਸਦਾ ਹੀ ਬਚ ਕੇ ਰਹਿਣਾ ਚਾਹੀਦਾ ਹੈ?

ਉ:੧੯. ਹੇ ਭਾਈਓ! ਜਿਥੋਂ ਤਕ ਵਸ ਲੱਗੇ, ਮਨੁੱਖ ਨੂੰ ਉਨ੍ਹਾਂ ਪਰਮੇਸ਼ਰ ਤੋਂ ਟੁਟੇ ਹੋਏ

੨੦. ਬੰਦਿਆਂ ਦਾ ਸਾਥ ਨਹੀਂ ਕਰਨਾ ਚਾਹੀਦਾ, (ਕਿਉਂਕਿ) ਉਸ ਮਨੁੱਖ ਨੂੰ ਮਿਲਿਆਂ ਪਰਮਾਤਮਾ ਵਿਸਰ ਜਾਂਦਾ ਹੈ। (ਜਿਹੜਾ ਭੀ ਮਨੁੱਖ ਸਾਕਤ ਦਾ ਸੰਗ ਕਰਦਾ ਹੈ) ਉਹ ਮਨਮੁਖ ਪੁਰਸ਼ ਇਸ ਦੁਨੀਆ ਤੋਂ ਬਦਨਾਮੀ ਖੱਟ ਕੇ ਹੀ ਚਲਾ ਜਾਂਦਾ ਹੈ।

੨੧. ਹੇ ਭਾਈ! ਜੋ ਮਨਮੁਖ ਮਨ ਦੇ ਪਿੱਛੇ ਤੁਰਨ ਵਾਲੇ ਹਨ, ਉਨ੍ਹਾਂ ਨੂੰ ਪਰਮੇਸ਼ਰ ਦੀ ਦਰਗਾਹ ਵਿਚ ਥਾਂ ਨਹੀਂ ਮਿਲਦੀ, (ਉਸ ਨੂੰ ਤਾਂ ਸਗੋਂ) ਉਸ ਰੱਬੀ ਦਰਬਾਰ ਵਿਚ ਸਜ਼ਾ ਮਿਲਦੀ ਹੈ।

ਪ੍ਰ: ਕਿਉਂ ਜੀ! ਕੀ ਰੱਬੀ ਦਰਬਾਰ ਵਿਚ ਸਾਰਿਆਂ ਨੂੰ ਹੀ ਸਜ਼ਾ ਮਿਲਦੀ ਹੈ?

ਉ:੨੨. (ਨਹੀਂ) ਹੇ ਭਾਈਓ! ਪਰਮੇਸ਼ਰ ਨੇ ਗੁਰੂ ਨਾਲ ਮਿਲਾ ਕੇ ਜਿਨ੍ਹਾਂ ਮਨੁੱਖਾਂ ਦਾ ਜੀਵਨ ਸਵਾਰ ਦਿੱਤਾ, ਉਨ੍ਹਾਂ ਦੀ ਤਾਂ ਪੂਰੀ ਪੱਤ ਆਬਰੋ ਹੈ, ਭਾਵ ਉਨ੍ਹਾਂ ਨੂੰ ਸਫਲਤਾ ਪ੍ਰਾਪਤ ਹੁੰਦੀ ਹੈ।੫।

ਪ੍ਰ: ਸ੍ਰੀ ਜੀਉ! ਜੋ ਲੋਕ ਵਰਤ ਨੇਮ ਆਦਿ ਕਰਮ ਕਰਦੇ ਹਨ, ਕੀ ਇਹ ਇਨ੍ਹਾਂ ਲੋਕਾਂ ਦੇ ਰੱਬੀ ਦਰਬਾਰ ਵਿਚ ਸਹਾਇਕ ਨਹੀਂ ਹੋਣਗੇ?

ਉ:੨੩. (ਨਹੀਂ) ਹੇ ਭਾਈ! ਜੇਕਰ ਮਨੁੱਖ, (ਵਰਤ ਨੇਮ ਆਦਿਕ) ਹਜ਼ਾਰਾਂ ਸੰਜਮ ਤੇ ਹਜ਼ਾਰਾਂ ਸਿਆਣਪਾਂ ਕਰਦਾ ਰਵੇ, ਤਾਂ ਪ੍ਰਲੋਕ ਵਿਚ ਇਸ ਜੀਵ ਦੇ ਨਾਲ ਇਕ ਭੀ ਨਹੀਂ ਚਲਦੀ ਭਾਵ ਮਦਦ ਨਹੀਂ ਕਰਦੀ।

੨੪. ਹੇ ਪਿਆਰਿਓ! ਜਿਹੜੇ ਮਨੁੱਖ ਪਰਮਾਤਮਾ ਵੱਲੋਂ ਆਪਣਾ ਮੂੰਹ ਭਵਾਈ ਰੱਖਦੇ ਹਨ, ਉਨ੍ਹਾਂ ਦੇ ਤਾਂ ਖ਼ਾਨਦਾਨ ਵਿਚ ਭੀ ਕਾਲਖ ਦਾ ਟਿੱਕਾ ਲੱਗ ਜਾਂਦਾ ਹੈ, ਭਾਵ ਉਨ੍ਹਾਂ ਦੀ ਕੁਲ ਨੂੰ ਹੀ ਕਲੰਕ ਲੱਗ ਜਾਂਦਾ ਹੈ।

ਪ੍ਰ: ਕਿਉਂ ਜੀ! ਉਸ ਨੂੰ ਆਪ ਇਤਨਾ ਦੋਸ਼ੀ ਕਿਉਂ ਠਹਿਰਾਉਂਦੇ ਹੋ?

ਉ:੨੫. ਹੇ ਭਾਈ! ਉਹ ਸਾਕਤ ਪੁਰਸ਼ ਇਸ ਲਈ ਇਤਨਾ ਦੋਸ਼ੀ ਹੈ ਕਿ ਉਸ ਨੇ ਆਪਣੇ ਹਿਰਦੇ ਵਿਚ ਵਸਦੇ ਹੋਏ ਕੀਮਤੀ ਨਾਮ ਧਨ ਨੂੰ ਨਹੀਂ ਪਛਾਣਿਆ, ਭਾਵ ਉਹ ਆਤਮਕ ਵਸਤੂ ਨੂੰ ਪਛਾਣਨ ਵੱਲੋਂ ਸੱਖਣਾ ਹੀ ਰਿਹਾ। (ਉਹ ਦੁਨੀਆ ਦੇ ਹੀ ਨਾਸ਼ਵੰਤ ਪਦਾਰਥਾਂ ਨਾਲ ਮੋਹ ਪਾਈ ਰੱਖਦਾ ਹੈ, ਪਰ ਇਨ੍ਹਾਂ ਦੁਨੀਆ ਦੇ ਨਾਸ਼ਵੰਤ ਪਦਾਰਥਾਂ ਵਿੱਚੋਂ ਕੋਈ ਭੀ ਪ੍ਰਲੋਕ ਵਿਚ ਇਸ ਦੇ ਨਾਲ ਨਹੀਂ ਚੱਲਦਾ।

ਪ੍ਰ: ਹਜ਼ੂਰ! ਕੀ ਸਾਰੇ ਮਨੁੱਖਾਂ ਦੀ ਹੀ ਅਜਿਹੀ ਦਸ਼ਾ ਹੈ?

ਉ:੨੬. (ਨਹੀਂ) ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ ਉਸ ਪਰਮੇਸ਼ਰ ਨੇ ਗੁਰੂ ਦਾ ਮਿਲਾਪ ਕਰਵਾ ਦਿੱਤਾ, ਉਹ ਸਦਾ ਕਾਇਮ ਰਹਿਣ ਵਾਲੇ ਹਰੀ ਦੇ ਨਾਮ ਨੂੰ (ਆਪਣੇ ਹਿਰਦੇ ਵਿਚ ਸਦਾ ਹੀ) ਵਸਾਈ ਰੱਖਦੇ ਹਨ।੬।

੨੭. ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ
ਜਿਸ ਨੋ ਨਦਰਿ ਕਰੇ ॥
੨੮. ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ
ਅੰਮ੍ਰਿਤਿ ਪੂਰ ਭਰੇ ॥
੨੯. ਦੁਖ ਸਾਗਰੁ ਤਿਨ ਲੰਘਿਆ ਪਿਆਰੇ
ਭਵਜਲੁ ਪਾਰਿ ਪਰੇ ॥
੩੦. ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ
ਸੇਈ ਸਦਾ ਖਰੇ ॥੭॥
੩੧. ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ
ਭਗਤਾ ਤਿਸ ਕਾ ਤਾਣੁ ॥
੩੨. ਤਿਸੁ ਸਰਣਾਈ ਢਹਿ ਪਏ ਪਿਆਰੇ
ਜਿ ਅੰਤਰਜਾਮੀ ਜਾਣੁ ॥
੩੩. ਹਲਤੁ ਪਲਤੁ ਸਵਾਰਿਆ ਪਿਆਰੇ
ਮਸਤਕਿ ਸਚੁ ਨੀਸਾਣੁ ॥
੩੪. ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ
ਨਾਨਕ ਸਦ ਕੁਰਬਾਣੁ ॥੮॥੨॥

ਪਦ ਅਰਥ : ਸਤੁ—ਦਾਨੁ, ਸੇਵਾ। ਗਿਆਨੁ—ਆਤਮਿਕ ਜੀਵਨ ਦੀ ਸੋਝੀ। ਧਿਆਨੁ—ਪ੍ਰਭੂ ਚਰਨਾਂ ਵਿਚ ਸੁਰਤੀ ਦਾ ਜੁੜੇ ਰਹਿਣਾ। ਜਿਸ ਨੋ—ਜਿਸ ਉੱਤੇ। ਅਨਦਿਨੁ—ਹਰ ਰੋਜ਼, ਹਰ ਵੇਲੇ। ਰਵੈ—ਚੇਤੇ ਕਰਦਾ ਹੈ। ਅੰਮ੍ਰਿਤਿ—ਅੰਮ੍ਰਿਤ ਨਾਲ, ਅਮਰ ਜੀਵਨ ਦੇਣ ਵਾਲੇ ਨਾਮ-ਜਲ ਨਾਲ। ਪੂਰ ਭਰੇ—ਭਰਪੂਰ। ਸਾਗਰੁ—ਸਮੁੰਦਰ। ਭਵਜਲੁ—ਸੰਸਾਰ-ਸਮੁੰਦਰ। ਪਰੇ—ਪਹੁੰਚ ਗਏ। ਜਿਸੁ ਭਾਵੈ—ਜੋ ਤੈਨੂੰ ਚੰਗਾ ਲੱਗਦਾ ਹੈ। ਮੇਲਿ ਲੈਹਿ—ਤੂੰ ਮੇਲ ਲੈਂਦਾ ਹੈਂ। ਖਰੇ—ਚੰਗੇ, ਚੰਗੇ ਜੀਵਨ ਵਾਲੇ।੭।

ਸੰਮ੍ਰਥ—ਸਾਰੀਆਂ ਤਾਕਤਾਂ ਦਾ ਮਾਲਕ। ਪੁਰਖੁ—ਸਰਵ-ਵਿਆਪਕ। ਦੇਉ—ਪ੍ਰਕਾਸ਼ ਰੂਪ। ਤਾਣੁ—ਆਸਰਾ। ਜਿ—ਜਿਹੜਾ। ਅੰਤਰਜਾਮੀ—ਦਿਲ ਦੀ ਜਾਨਣ ਵਾਲਾ। ਜਾਣੁ—ਸੁਜਾਨ, ਸਿਆਣਾ। ਹਲਤੁ—ਇਹ ਲੋਕ। ਪਲਤੁ—ਪ੍ਰਲੋਕ। ਮਸਤਕਿ—ਮੱਥੇ ਉੱਤੇ।

ਸਚੁ—ਸਦਾ ਕਾਇਮ ਰਹਿਣ ਵਾਲਾ। ਨੀਸਾਣੁ—ਨਿਸ਼ਾਨ, ਮੋਹਰ। ਸਦ—ਸਦਾ।੮।

ਅਰਥ :

ਪ੍ਰ: ਹੇ ਗੁਰੋ! ਬਹੁਤੇ ਲੋਕਾਂ ਵੱਲ ਤੱਕਦੇ ਹਾਂ ਕਿ ਉਹ ਬੜਾ ਹੀ ਜਤਨ ਕਰਦੇ ਹਨ ਕਿ ਸਾਡੇ ਅੰਦਰ ਸ਼ੁਭ ਗੁਣ ਆ ਵੱਸਣ, ਪਰ ਉਹ ਦੈਵੀ ਗੁਣਾਂ ਵੱਲੋਂ ਸੱਖਣੇ ਹੀ ਰਹਿੰਦੇ ਹਨ, ਇਸ ਵਿਚ ਕੀ ਭੇਦ ਸਮਝਿਆ ਜਾਵੇ?

ਉ:੨੭. ਹੇ ਭਾਈ! ਅਸਲ ਵਿਚ ਦੈਵੀ ਗੁਣਾਂ ਦਾ ਧਾਰਨੀ ਹੋਣਾ ਕਿਸੇ ਦੇ ਆਪਣੇ ਵੱਸ ਦੀ ਗੱਲ ਨਹੀਂ ਹੈ, ਇਹ ਤਾਂ ਜਿਸ ਮਨੁੱਖ ਉੱਤੇ ਪਰਮੇਸ਼ਰ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ, ਉਸਦੇ ਅੰਦਰ (ਇਹ ਸ਼ੁਭ ਗੁਣ) ਸੇਵਾ, ਸੰਤੋਖ, ਗਿਆਨ, ਧਿਆਨ, (ਆਦਿਕ ਪੈਦਾ ਹੋ ਜਾਂਦੇ ਹਨ)।

ਪ੍ਰ: ਹਜ਼ੂਰ! ਜਿਸ ਦੇ ਅੰਦਰ ਇਹ ਸ਼ੁਭ ਗੁਣ ਪੈਦਾ ਹੋ ਜਾਂਦੇ ਹਨ, ਉਸ ਦੀ ਨਿਸ਼ਾਨੀ ਕੀ ਹੈ?

ਉ:੨੮. ਹੇ ਭਾਈ! ਉਸ ਮਨੁੱਖ ਦੀ ਨਿੱਤ ਕਿਰਿਆ ਇਹ ਹੈ ਕਿ ਉਹ ਹਰ ਵੇਲੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਹੀ ਕਰਦਾ ਰਹਿੰਦਾ ਹੈ ਅਤੇ ਪਰਮਾਤਮਾ ਦੇ ਗੁਣਾਂ ਨੂੰ ਹੀ (ਸਦਾ) ਚੇਤੇ ਕਰਦਾ ਰਹਿੰਦਾ ਹੈ, (ਫਿਰ ਉਸ ਦਾ ਹਿਰਦਾ) ਅਮਰ ਜੀਵਨ ਦੇਣ ਵਾਲੇ ਨਾਮ-ਜਲ ਨਾਲ ਨਕੋ-ਨੱਕ ਭਰਿਆ ਰਹਿੰਦਾ ਹੈ।

ਪ੍ਰ: ਹਜ਼ੂਰ! ਆਖ਼ਰ ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ?

ਉ:੨੯. ਹੇ ਭਾਈ! ਇਸ ਤਰ੍ਹਾਂ ਜਿਨ੍ਹਾਂ ਮਨੁੱਖਾਂ ਉੱਤੇ ਪਰਮੇਸ਼ਰ ਦੀ ਮਿਹਰ ਭਰੀ ਨਦਰ ਹੋ ਜਾਂਦੀ ਹੈ, ਉਨ੍ਹਾਂ ਨੂੰ ਇਹ ਫਲ ਸੁਭਾਵਕ ਹੀ ਪ੍ਰਾਪਤ ਹੋ ਜਾਂਦੇ ਹਨ ਕਿ ਉਹ ਮਨੁੱਖ (ਸੁਭਾਵਕ ਹੀ) ਇਨ੍ਹਾਂ ਸੰਸਾਰਕ ਦੁੱਖਾਂ ਦੇ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ ਅਤੇ ਉਹ ਇਸ ਸੰਸਾਰ-ਸਮੁੰਦਰ ਤੋਂ ਭੀ ਪਾਰ ਲੰਘ ਜਾਂਦੇ ਹਨ।

੩੦. ਹੇ ਭਾਈ! ਵੀਚਾਰ ਕਰਨ ਤੋਂ ਤਾਂ ਆਖ਼ਰ ਇਉਂ ਹੀ ਕਹਿਣਾ ਪੈਂਦਾ ਹੈ ਕਿ ਹੇ ਮੇਰੇ ਪਿਆਰੇ ਪ੍ਰਭੂ ਜੀ! ਜਿਹੜਾ-ਜਿਹੜਾ ਮਨੁੱਖ ਤੈਨੂੰ ਚੰਗਾ ਲੱਗਦਾ ਹੈ, ਉਸ-ਉਸ ਮਨੁੱਖ ਨੂੰ ਤੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈਂ, ਇਸ ਤਰ੍ਹਾਂ ਉਹ ਬੰਦੇ ਸਦਾ ਲਈ ਚੰਗੇ ਜੀਵਨ ਵਾਲੇ ਬਣ ਜਾਂਦੇ ਹਨ।੭।

ਪ੍ਰ: ਕਿਉਂ ਜੀ! ਅਜਿਹੇ ਬੰਦਿਆਂ ਨੂੰ ਲੋਕਾਂ ਵਿਚ ਕਿਸ ਨਾਮ ਨਾਲ ਪੁਕਾਰਿਆ ਜਾਂਦਾ ਹੈ?

ਉ:੩੧. ਹੇ ਪਿਆਰੇ! ਉਨ੍ਹਾਂ ਨੂੰ ਲੋਕ ਭਗਤ ਨਾਮ ਨਾਲ ਪੁਕਾਰਿਆ ਕਰਦੇ ਹਨ (ਕਿਉਂਕਿ) ਜੋ ਪਰਮੇਸ਼ਰ ਸਾਰੀਆਂ ਤਾਕਤਾਂ ਦਾ ਮਾਲਕ ਹੈ, ਸਰਵ-ਵਿਆਪਕ ਹੈ, ਦਇਆ ਦਾ ਘਰ ਹੈ, ਪ੍ਰਕਾਸ਼ ਰੂਪ ਹੈ, ਉਨ੍ਹਾਂ ਭਗਤਾਂ ਨੂੰ ਭੀ ਸਦਾ ਉਸੇ ਪਰਮੇਸ਼ਰ ਦਾ ਹੀ ਆਸਰਾ ਹੈ।

ਪ੍ਰ: ਹਜ਼ੂਰ ਜੀ! ਐਸੇ ਭਗਤਾਂ ਦੀ ਹੋਰ ਕੀ ਨਿਸ਼ਾਨੀ ਹੈ?

ਉ:੩੨. ਹੇ ਪਿਆਰੇ! ਉਹ ਭਗਤ ਸਦਾ ਉਸੇ ਪਰਮੇਸ਼ਰ ਦੀ ਸ਼ਰਨ ਵਿਚ ਪਏ ਰਹਿੰਦੇ ਹਨ, ਜਿਹੜਾ ਕਿ ਸਭ ਦੇ ਦਿਲਾਂ ਦੀ ਜਾਨਣ ਵਾਲਾ ਹੈ ਤੇ ਸਿਆਣਾ ਹੈ।

੩੩. ਹੇ ਪਿਆਰੇ! ਉਹ ਸੱਚਾ ਪ੍ਰਭੂ ਜਿਸ ਦੇ ਮੱਥੇ ਉੱਤੇ ਸਦਾ ਕਾਇਮ ਰਹਿਣ ਵਾਲੀ ਸੱਚੇ ਨਾਮ ਦੀ ਮੋਹਰ ਲਾ ਦੇਂਦਾ ਹੈ, (ਸਮਝ ਲਓ ਕਿ) ਉਸ ਦਾ ਇਹ ਲੋਕ ਅਤੇ ਪ੍ਰਲੋਕ ਸਵਰ ਜਾਂਦਾ ਹੈ।

ਪ੍ਰ: ਹੇ ਗੁਰੋ! ਉਸ ਸਾਈਂ ਜੀ ਪਾਸੋਂ ਆਖ਼ਰ ਤੁਹਾਡੀ ਮੰਗ ਕੀ ਹੈ?

ਉ:੩੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਮੇਰੀ ਤਾਂ ਸਦਾ ਇਹੋ ਹੀ ਇਕ ਤਾਂਘ ਹੈ ਕਿ ਉਹ ਪਰਮੇਸ਼ਰ ਮੈਨੂੰ ਕਦੇ ਭੀ ਨਾ ਭੁਲੇ, ਮੈਂ ਉਸ ਤੋਂ ਸਦਾ ਹੀ ਸਦਕੇ ਜਾਂਦਾ ਹਾਂ।੮।੨।

ਭਾਵਾਰਥ : ਇਸ ਮਹਾਂਵਾਕ ਅੰਦਰ ਹਜ਼ੂਰ ਜੀ ਨੇ ਉਸ ਪਰਮੇਸ਼ਰ ਜੀ ਦੇ ਅਨੰਤ ਉਪਕਾਰ ਦਰਸਾ ਕੇ ਆਖ਼ਰ ਵਿਚ ਉਸੇ ਦੇ ਚਰਨਾਂ ਵਿਚ ਜੁੜੇ ਰਹਿਣ ਦੀ ਪ੍ਰੇਰਣਾ ਕੀਤੀ ਹੈ।

ਸੋਰਠਿ ਮਹਲਾ ੫ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

੧. ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
੨. ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥੧॥
੩. ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
੪. ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ ॥ ਰਹਾਉ ॥
੫. ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ ॥
੬. ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ ॥੨॥
੭. ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ ॥
੮. ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ ॥੩॥
੯. ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ ॥
੧੦. ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ ॥੪॥

ਪਦ ਅਰਥ : ਪੜਿਓ—ਪੜ੍ਹਿਆ, (ਕਈਆਂ ਨੇ)। ਅਰੁ—ਅਤੇ। ਨਿਵਲਿ—ਖਲੋ ਕੇ, ਗੋਡਿਆਂ ਉੱਤੇ ਹੱਥ ਰੱਖ ਕੇ, ਸਾਹ ਬਾਹਰ ਵੱਲ ਖਿੱਚ ਕੇ, ਆਂਦਰਾਂ ਨੂੰ ਭਵਾਨਾ—ਇਸ ਨਾਲ ਪੇਟ ਦੀਆਂ ਆਂਦਰਾਂ ਸਾਫ਼ ਰਹਿੰਦੀਆਂ ਹਨ, ਕਬਜ਼ ਨਹੀਂ ਰਹਿੰਦੀ। ਨਿਉਲੀ

ਕਰਮ ਸਵੇਰੇ ਖ਼ਾਲੀ ਪੇਟ ਕਰੀਦਾ ਹੈ। ਭੁਅੰਗਮ—ਭੁਇਅੰਗਮ, ਭੁਯੰਗਮ। ਪਿੱਠ ਦੀ ਫ਼ੰਗਰੋੜ ਦੇ ਨਾਲ-ਨਾਲ ਕੁੰਡਲਨੀ ਨਾੜੀ ਜਿਸ ਦੀ ਸ਼ਕਲ ਸਰਪਣੀ ਵਰਗੀ ਹੈ, ਇਸਦੇ ਰਾਹ ਸੁਆਸ ਚੜ੍ਹਾਂਦੇ ਹਨ। ਸਾਧੇ—ਸਾਧਨ ਕੀਤੇ (ਕਈਆਂ ਨੇ)। ਸਿਉ—ਨਾਲ। ਸੰਗੁ—ਨਾਲ, ਸਾਥ। ਛੁਟਕਿਓ—ਮੁੱਕ ਸਕਿਆ। ਅਧਿਕ—ਬਹੁਤ ਵਧੀਕ। ਅਹੰਬੁਧਿ—ਅਹੰਕਾਰ ਭਰੀ ਮਤਿ। ਬਾਧੇ—ਬੱਝ ਗਏ।੧।

ਪਿਆਰੇ—ਹੇ ਸੱਜਨ! ਇਨ ਬਿਧਿ—ਇਨ੍ਹਾਂ ਤਰੀਕਿਆਂ ਨਾਲ। ਮੈ—ਮੇਰੇ ਵੇਖਦਿਆਂ। ਹਾਰਿ—ਹਾਰ ਕੇ, ਇਨ੍ਹਾਂ ਕਰਮਾਂ ਦਾ ਆਸਰਾ ਛੱਡ ਕੇ। ਪਰਿਓ—ਪਿਆ ਹਾਂ। ਕੈ ਦੁਆਰੈ—ਦੇ ਦਰ ਉੱਤੇ। ਬਿਬੇਕਾ—ਪਰਖ।ਰਹਾਉ।

ਮੋਨਿ ਭਇਓ—ਕੋਈ ਚੁਪ ਸਾਧੀ ਬੈਠਾ ਹੈ। ਕਰਪਾਤੀ—ਕਰ-ਹੱਥ। ਪਾਤਰ—ਭਾਂਡਾ, ਹੱਥਾਂ ਨੂੰ ਹੀ ਭਾਂਡਾ ਬਣਾ ਰੱਖਣ ਵਾਲਾ। ਮਾਹੀ—ਵਿਚ। ਤਟ—ਦਰਿਆ ਦਾ ਕੰਢਾ। ਸਭ—ਸਾਰੀ। ਭ੍ਰਮਿਓ—ਭਟਕਦਾ ਫਿਰਿਆ। ਦੁਬਿਧਾ—ਦੁ-ਚਿਤਾ ਪਨ, ਮੇਰ ਤੇਰ, ਡਾਵਾਂ ਡੋਲ, ਮਾਨਸਿਕ ਦਸ਼ਾ। ਛੁਟਕੈ ਨਾਹੀ—ਮੁਕਦੀ ਨਹੀਂ।੨।

ਕਾਮਨਾ—ਇੱਛਾ, ਫੁਰਨਾ। ਸਿਰਿ—ਸਿਰ ਉੱਤੇ। ਕਰਵਤ—ਆਰਾ, ਸ਼ਿਵ ਜੀ ਵਾਲਾ ਆਰਾ ਜੋ ਬਨਾਰਸ ਦੇ ਸ਼ਿਵ ਮੰਦਰ ਵਿਚ ਹੈ। ਸ਼ਿਵ-ਲੋਕ ਵਿਚ ਪਹੁੰਚਣ ਦੀ ਤਾਂਘ ਵਾਲੇ ਕਈ ਭੁੱਲੜ ਮਨੁੱਖ ਆਪਣੇ ਆਪ ਨੂੰ ਇਸ ਆਰੇ ਨਾਲ ਚਿਰਾ ਲੈਂਦੇ ਸਨ। ਇਨ ਬਿਧਿ—ਇਸ ਤਰੀਕੇ ਨਾਲ।੩।

ਕਨਿਕ—ਸੋਨਾ। ਕਾਮਿਨੀ—ਇਸਤਰੀ। ਹੈਵਰ—ਵਧੀਆ ਘੋੜੇ। ਗੈਵਰ—ਵਧੀਆ ਹਾਥੀ। ਦਾਤਾਰਾ—ਦੇਣ ਵਾਲਾ। ਅਰਪੇ—ਦਾਨ ਕਰਦਾ ਹੈ। ਹਰਿ ਦੁਆਰਾ—ਹਰੀ ਦੇ ਦਰ 'ਤੇ।੪।

ਅਰਥ :

ਪ੍ਰ: ਹੇ ਗੁਰੋ! ਮੇਰੇ ਮਨ ਅੰਦਰ ਬਾਰ-ਬਾਰ ਰੱਬੀ ਮਾਰਗ 'ਤੇ ਟੁਰਨ ਦੀ ਇੱਛਾ ਉਤਪੰਨ ਹੁੰਦੀ ਰਹਿੰਦੀ ਹੈ, ਪਰ ਜਦੋਂ ਮੈਂ ਰੱਬੀ ਰਾਹ 'ਤੇ ਟੁਰਨ ਵਾਲਿਆਂ ਵੱਲ ਤੱਕਦਾ ਹਾਂ ਤਾਂ ਮੈਂ ਇਕ ਅਜਿਹੀ ਘੁੰਮਣ-ਘੇਰੀ ਵਿਚ ਘਿਰ ਜਾਂਦਾ ਹਾਂ, ਜਿਸ ਵਿਚੋਂ ਨਿਕਲਣ ਲਈ ਕੋਈ ਮੈਨੂੰ ਰਾਹ ਨਹੀਂ ਲੱਭਦਾ, ਭਾਵ ਜਦੋਂ ਭੀ ਮੈਂ ਤੱਕਦਾ ਹਾਂ ਤਾਂ ਮੈਨੂੰ ਕੋਈ ਪਾਠਾਂ, ਭਾਵ ਸਤੋਤਰਾਂ ਨੂੰ ਪੜ੍ਹਦਾ ਨਜ਼ਰ ਆਉਂਦਾ ਹੈ, ਕੋਈ ਵੇਦਾਂ ਦੀ ਵੀਚਾਰ ਕਰਦਾ ਵੇਖਦਾ ਹਾਂ, ਕੋਈ ਨਿਵਲੀ ਕਰਮ ਕਰਦਾ ਹੈ ਅਤੇ ਕੋਈ ਭੁਯੰਗਮ ਨਾੜੀ ਸਾਧ ਰਿਹਾ ਹੈ, ਪਰ ਹਜ਼ੂਰ ਆਪ ਦੱਸੋ, ਮੈਂ ਕਿਸ ਸਾਧਨ ਕਰਨ ਵਿਚ ਪ੍ਰਵਿਰਤ ਹੋਵਾਂ ?

ਉ: ੧. ਹੇ ਪਿਆਰੇ! ਸੁਣ, ਇਹ ਗੱਲ ਤਾਂ ਆਮ ਹੀ ਵੇਖਣ ਵਿਚ ਆਉਂਦੀ ਹੈ ਕਿ ਕੋਈ ਮਨੁੱਖ ਵੇਦ (ਧਰਮ ਪੁਸਤਕਾਂ ਨੂੰ) ਪੜ੍ਹਦਾ ਤੇ ਵੀਚਾਰਦਾ ਹੈ, ਕੋਈ ਮਨੁੱਖ ਨਿਉਲੀ ਕਰਮ ਕਰਦਾ ਹੈ, ਕੋਈ ਪੁਰਸ਼ ਕੁੰਡਲਨੀ ਨਾੜੀ ਰਸਤੇ ਪ੍ਰਾਣ ਚਾੜ੍ਹਦਾ ਹੈ।

ਪ੍ਰ: ਹਜ਼ੂਰ ਜੀ! ਕੀ ਇਨ੍ਹਾਂ ਕਰਮ ਕਰਨ ਵਾਲਿਆਂ ਦਾ ਪੰਜਾਂ ਕਾਮਾਦਿਕ ਵਿਕਾਰਾਂ ਵੱਲੋਂ ਸਾਥ ਛੁੱਟ ਜਾਂਦਾ ਹੈ ?

ਉ: ੨. (ਨਹੀਂ) ਹੇ ਪਿਆਰੇ! (ਇਨ੍ਹਾਂ ਪੰਜਾਂ ਕਾਮਾਦਿਕ ਵਿਕਾਰਾਂ ਵੱਲੋਂ) ਇਨ੍ਹਾਂ ਸਾਧਨ ਕਰਨ ਵਾਲੇ ਲੋਕਾਂ ਦਾ ਸਾਥ ਨਹੀਂ ਮੁੱਕ ਸਕਿਆ, ਅਰਥਾਤ ਇਹ ਲੋਕ ਇਨ੍ਹਾਂ ਵਿਕਾਰਾਂ ਵੱਲੋਂ ਨਿਰਵਿਕਾਰ ਨਹੀਂ ਹੋ ਸਕੇ, (ਕਿਉਂਕਿ) ਅਸੀਂ ਤਾਂ ਵੇਖ ਰਹੇ ਹਾਂ ਕਿ (ਸਗੋਂ) ਇਨ੍ਹਾਂ ਵਿਕਾਰਾਂ ਵਿਚ ਇਹ ਮਨੁੱਖ ਬੱਝ ਜਾਂਦੇ ਹਨ। ਭਾਵ ਹੈ ਕਿ ਵਿਕਾਰਾਂ ਦੇ ਛੁਟਕਾਰੇ ਤੋਂ ਬਿਨਾ ਹੀ ਇਹ ਲੋਕ ਬਾਹਰਲੀ ਕਿਰਿਆ ਦੇ ਹੰਕਾਰ ਵਿਚ ਹੀ ਬੰਨੇ ਰਹਿੰਦੇ ਹਨ।੧।

ਪ੍ਰ: ਸ੍ਰੀ ਜੀਉ! ਇਹ ਦੱਸੋ ਕਿ ਗੁਰਮਤਿ ਅਨੁਸਾਰ ਤੁਹਾਡਾ ਆਪਣਾ ਨਿਸ਼ਚਾ ਕੀ ਹੈ।੧।

ਉ: ੩. ਹੇ ਭਾਈਓ! ਮੈਂ ਤਾਂ ਤੱਕਦਾ ਹਾਂ ਕਿ ਮੇਰੇ ਵੇਖਦਿਆਂ ਹੀ ਲੋਕ ਅਨੇਕਾਂ (ਮਿੱਥੇ ਹੋਏ ਧਾਰਮਿਕ) ਕਰਮ ਕਰਦੇ ਹਨ, ਪਰ ਇਨ੍ਹਾਂ ਵਿਧੀਆਂ ਕਰਕੇ ਕਿਸੇ ਦਾ ਭੀ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ।

ਪ੍ਰ: ਹਜ਼ੂਰ ਜੀ! ਤਾਂ ਆਪ ਦੱਸੋ ਕਿ ਸਾਈਂ ਜੀ ਦੇ ਮਿਲਾਪ ਲਈ ਤੁਸੀਂ ਕਿਹੜਾ ਸਾਧਨ ਅਪਨਾਇਆ ਹੈ ?

ਉ: ੪. ਐ ਪਿਆਰਿਓ! ਮੈਂ ਤਾਂ ਇਨ੍ਹਾਂ ਸਾਰਿਆਂ ਕਰਮਾਂ ਦਾ ਆਸਰਾ ਛੱਡ ਕੇ ਇਕ ਉਸੇ ਮਾਲਕ ਪ੍ਰਭੂ ਦੇ ਸੰਗਤ ਰੂਪ ਦਰ 'ਤੇ ਆ ਡਿੱਗਾ ਹਾਂ ਅਤੇ ਇਕ ਇਹੋ ਹੀ ਅਰਜ਼ੋਈ ਕਰਦਾ ਰਹਿੰਦਾ ਹਾਂ ਕਿ ਹੇ (ਮੇਰੇ) ਪ੍ਰਭੂ ਜੀ! ਮੈਨੂੰ ਭਲੇ ਤੇ ਬੁਰੇ ਦੀ ਪਰਖ ਕਰ ਸਕਣ ਵਾਲੀ ਸ੍ਰੇਸ਼ਟ ਬੁੱਧੀ ਦਿਓ। ਭਾਵ ਹੈ ਜੀਵ ਅਤੇ ਇਸ ਦੀ ਏਕਤਾ ਵਾਲੀ ਆਤਮ ਵਸ਼ੈਣੀ ਬੁੱਧੀ ਦੇਣਾ ਕਰੋ।ਰਹਾਉ।

੫. ਹੇ ਭਾਈਓ! ਇਥੇ ਹੀ ਬਸ ਨਹੀਂ, ਮੈਂ ਤਾਂ ਤੱਕਦਾ ਹਾਂ ਕਿ ਕੋਈ ਮਨੁੱਖ ਚੁੱਪ ਸਾਧੀ ਬੈਠਾ, ਕੋਈ ਕਰ ਪਾਤੀ ਬਣ ਗਿਆ ਹੈ, (ਭਾਂਡਿਆਂ ਦੇ ਥਾਂ ਆਪਣੇ ਹੱਥ ਹੀ ਵਰਤੋਂ ਵਿਚ ਲਿਆਉਂਦਾ ਹੈ)। ਕੋਈ ਜੰਗਲ ਵਿਚ ਨੰਗਾ ਤੁਰਿਆ ਫਿਰਦਾ ਹੈ।

੬. ਕੋਈ ਮਨੁੱਖ ਸਾਰੇ ਤੀਰਥਾਂ ਦਾ ਹੀ ਰਟਨ ਕਰ ਰਿਹਾ ਹੈ। ਕੋਈ ਸਾਰੀ ਧਰਤੀ ਦਾ ਹੀ ਭਰਮਣ ਕਰੀ ਜਾਂਦਾ ਹੈ, ਪਰ ਮੈਂ ਤਾਂ ਵੇਖਦਾ ਹਾਂ ਕਿ ਇਨ੍ਹਾਂ ਲੋਕਾਂ ਦਾ ਇਸ ਤਰ੍ਹਾਂ ਕਰਨ ਨਾਲ ਦੁਬਿਧਾ ਵੱਲੋਂ ਛੁਟਕਾਰਾ ਨਹੀਂ ਹੁੰਦਾ, ਭਾਵ ਹੈ ਕਿ ਮਨ ਦੀ ਡਾਵਾਂ ਡੋਲ ਹਾਲਤ ਮੁੱਕਦੀ ਨਹੀਂ।੨।

੭. ਹੇ ਭਾਈ! ਹੋਰ ਸੁਣੋ, ਕੋਈ ਮਨੁੱਖ ਆਪਣੀ ਮਨੋ-ਕਾਮਨਾ ਅਨੁਸਾਰ ਤੀਰਥਾਂ ਉੱਤੇ ਜਾ ਵਸਿਆ ਹੈ, ਕੋਈ (ਮੁਕਤੀ ਦਾ ਚਾਹਵਾਨ ਆਪਣੇ) ਸਿਰ ਉੱਤੇ (ਸ਼ਿਵ ਜੀ ਵਾਲਾ) ਆਰਾ ਰਖਾਂਦਾ ਹੈ (ਤੇ ਆਪਣੇ ਆਪ ਨੂੰ ਚਿਰਵਾ ਲੈਂਦਾ ਹੈ)।

੮. ਪਰ ਹੇ ਪਿਆਰੇ! ਜੇ ਕੋਈ ਮਨੁੱਖ (ਇਹੋ ਜਿਹੇ ਦਸ ਜਾਂ ਵੀਹ ਨਹੀਂ) ਸਗੋਂ ਲੱਖਾਂ ਹੀ ਸਾਧਨ ਕਰਨ ਦੇ ਜਤਨ ਕਰੇ, ਤਾਂ ਇਸ ਤਰ੍ਹਾਂ ਕਰਨ ਨਾਲ ਭੀ ਮਨ ਤੋਂ ਵਿਕਾਰਾਂ ਦੀ ਮੈਲ ਨਹੀਂ ਲਹਿ ਸਕਦੀ।੩।

ਪ੍ਰ: ਕਿਉਂ ਜੀ! ਬਹੁਤ ਲੋਕ ਵੱਧ ਤੋਂ ਵੱਧ ਦਾਨ ਕਰ ਕੇ ਰੱਬੀ ਦਰਬਾਰ ਵਿਚ ਪੁੱਜ ਜਾਣ ਦੀ ਆਸ ਰੱਖਦੇ ਹਨ, ਇਸ ਬਾਰੇ ਗੁਰਮਤਿ ਅਨੁਸਾਰ ਆਪ ਦੀ ਕੀ ਵੀਚਾਰ ਹੈ ?

ਉ: ੯. ਹੇ ਭਾਈ! ਇਸ ਬਾਰੇ ਭੀ ਸੁਣੋ, ਅਸੀਂ ਤਾਂ ਇਨ੍ਹਾਂ ਦਾਨੀਆਂ ਵੱਲ ਭੀ ਵੇਖਦੇ ਹਾਂ ਕਿ ਕੋਈ (ਦਾਨੀ) ਮਨੁੱਖ ਸੋਨਾ, ਇਸਤਰੀ, ਵਧੀਆ ਘੋੜੇ, ਵਧੀਆ ਹਾਥੀ (ਅਤੇ ਇਹੋ ਜਿਹੇ) ਕਈ ਕਿਸਮਾਂ ਦੇ ਦਾਨ ਕਰਨ ਵਾਲਾ ਹੈ।

੧੦. ਕੋਈ ਮਨੁੱਖ ਅੰਨ ਦਾ ਦਾਨ ਕਰਦਾ ਹੈ, ਕੋਈ ਕੱਪੜੇ ਦਾਨ ਕਰਦਾ ਹੈ, ਜ਼ਮੀਨ ਦਾਨ ਕਰਦਾ ਹੈ, ਪਰ ਯਕੀਨ ਰੱਖੋ (ਇਸ ਤਰ੍ਹਾਂ ਭੀ) ਪਰਮੇਸ਼ਰ ਦੇ ਦਰ 'ਤੇ ਪਹੁੰਚ ਨਹੀਂ ਸਕੀਦਾ।੪।

੧੧. ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ॥
੧੨. ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ॥੫॥
੧੩. ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
੧੪. ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥
੧੫. ਰਾਜ ਲੀਲਾ ਰਾਜਨ ਕੀ ਰਚਨਾ
ਕਰਿਆ ਹੁਕਮੁ ਅਫਾਰਾ॥
੧੬. ਸੇਜ ਸੋਹਨੀ ਚੰਦਨੁ ਚੋਆ
ਨਰਕ ਘੋਰ ਕਾ ਦੁਆਰਾ॥੭॥
੧੭. ਹਰਿ ਕੀਰਤਿ ਸਾਧਸੰਗਤਿ ਹੈ
ਸਿਰਿ ਕਰਮਨ ਕੈ ਕਰਮਾ॥
੧੮. ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ॥੮॥
੧੯. ਤੇਰੋ ਸੇਵਕੁ ਇਹ ਰੰਗਿ ਮਾਤਾ॥
੨੦. ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥੧॥੩॥

ਪਦ ਅਰਥ : ਅਰਚਾ—ਮੂਰਤੀ ਦੀ ਪੂਜਾ। ਬੰਦਨ—ਨਮਸ਼ਕਾਰ। ਡੰਡਉਤ—ਡੰਡੇ ਵਾਂਗੂੰ ਸਿਧੇ ਲੰਮੇਂ ਪੈ ਕੇ ਨਮਸ਼ਕਾਰ ਕਰਨੀ। ਖਟੁ—ਛੇ। ਖਟੁ ਕਰਮਾ—ਬ੍ਰਾਹਮਣ ਵਾਸਤੇ ਛੇ ਜ਼ਰੂਰੀ ਧਾਰਮਿਕ ਕਰਮ—ਵਿੱਦਿਆ ਪੜ੍ਹਾਣੀ ਤੇ ਪੜ੍ਹਨੀ, ਜਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ। ਰਤੁ ਰਹਤਾ—ਮਗਨ ਰਹਿੰਦਾ ਹੈ। ਹਉ ਹਉ—ਮੈਂ ਮੈਂ। ਇਹ ਜੁਗਤਾ—ਇਸ ਤਰੀਕੇ ਨਾਲ।੫।

ਸਿਧ—ਜੋਗ ਆਸਣਾਂ ਵਿਚ ਪੁੱਗੇ ਹੋਏ ਜੋਗੀ। ਰਹਿਆ—ਥੱਕ ਗਿਆ। ਆਰਜਾ—ਉਮਰ। ਸੰਗੁ—ਸਾਥ। ਲਹਿਆ—ਲੱਭਾ।੬।

ਲੀਲਾ—ਰੰਗ ਤਮਾਸ਼ੇ। ਰਚਨਾ—ਠਾਠ ਬਾਠ। ਅਫਾਰਾ—ਜਿਸ ਨੂੰ ਕੋਈ ਮੋੜ ਨਾ ਸਕੇ। ਚੋਆ—ਅਤਰ। ਘੋਰ—ਭਿਆਨਕ।੭।

ਕੀਰਤਿ—ਸਿਫ਼ਤਿ-ਸਾਲਾਹ। ਕਰਮਨ ਕੈ ਸਿਰਿ—ਸਭ (ਧਾਰਮਿਕ) ਕੰਮਾਂ ਦੇ ਸਿਰ ਉੱਤੇ, ਸਭ ਕਰਮਾਂ ਨਾਲੋਂ ਸ੍ਰੇਸ਼ਟ। ਪੁਰਬ ਲਿਖੇ ਕਾ—ਪਹਿਲੇ ਜਨਮ ਵਿਚ ਕੀਤੇ ਕਰਮਾਂ ਦੇ ਲਿਖੇ ਲੇਖ ਅਨੁਸਾਰ।੮।

ਰੰਗਿ—ਰੰਗ ਵਿਚ। ਮਾਤਾ—ਮਸਤ। ਕੀਰਤਨਿ—ਕੀਰਤਨ ਵਿਚ। ਰਾਤਾ—ਰੰਗਿਆ ਹੋਇਆ। ਰਹਾਉ ਦੂਜਾ।

ਅਰਥ :

ਪ੍ਰ: ਹਜ਼ੂਰ! ਪੂਜਾ, ਅਰਚਾ, ਬੰਦਨਾ ਆਦਿਕ ਹੋਰ ਭੀ ਕਈ ਕਰਮ ਹਨ, ਇਨ੍ਹਾਂ ਸਬੰਧੀ ਆਪ ਜੀ ਦੇ ਵਿਚਾਰ ਕੀ ਹਨ?

ਉ: ੧੧-੧੨. ਹੇ ਭਾਈਓ! ਅਸੀਂ ਤਾਂ ਤੱਕਦੇ ਹਾਂ ਕਿ ਕਈ ਮਨੁੱਖ ਦੇਵ ਪੂਜਾ ਵਿਚ, ਕੋਈ ਦੇਵਤਿਆਂ ਨੂੰ ਨਮਸ਼ਕਾਰ ਡੰਡਉਤ ਕਰਨ ਵਿਚ ਅਤੇ ਛੇ ਕਰਮਾਂ ਦੇ ਕਰਨ ਵਿਚ ਮਸਤ ਰਹਿੰਦਾ ਹੈ, ਪਰ ਹੇ ਪਿਆਰਿਓ! ਉਹ ਭੀ (ਇਨ੍ਹਾਂ ਮਿੱਥੇ ਹੋਏ ਧਾਰਮਿਕ ਕਰਮਾਂ ਦੇ ਕਰਨ ਕਰਕੇ ਆਪਣੇ ਆਪ ਨੂੰ ਧਰਮੀ ਸਮਝ ਕੇ) ਇਨ੍ਹਾਂ ਨੂੰ ਹੰਕਾਰ ਨਾਲ ਕਰਦਾ-ਕਰਦਾ ਮਾਇਆ ਮੋਹ ਦੇ ਬੰਧਨਾਂ ਵਿਚ ਜਕੜਿਆ ਰਹਿੰਦਾ ਹੈ, ਪਰ ਯਾਦ ਰੱਖੋ, ਉਹ ਇਸ ਤਰੀਕੇ ਭੀ ਪਰਮੇਸ਼ਰ ਨੂੰ ਨਹੀਂ ਮਿਲ ਸਕਦਾ।੫।

੧੩. ਐ ਪਿਆਰੇ! ਸਿੱਧਾਂ ਲਈ, ਜੋਗ ਮਤ ਵਿਚ ਚੌਰਾਸੀ ਆਸਣ ਪ੍ਰਸਿੱਧ ਹਨ। ਅਸੀਂ ਤਾਂ (ਵੇਖਿਆ ਹੈ ਕਿ ਕੋਈ ਜੋਗੀ) ਇਹ ਆਸਣ ਕਰ-ਕਰ ਕੇ ਭੀ ਥੱਕ ਜਾਂਦਾ ਹੈ, (ਉਹ ਜੋਗੀ

੧੪. ਉਮਰ ਤਾਂ ਭਾਵੇਂ ਵੱਡੀ ਕਰ ਲੈਂਦਾ ਹੈ, ਪਰ ਇਸ ਤਰ੍ਹਾਂ ਉਹ ਪਰਮੇਸ਼ਰ ਨਾਲ ਮਿਲਾਪ ਨਹੀਂ ਕਰ ਸਕਦਾ, (ਸਗੋਂ) ਮੁੜ-ਮੁੜ ਜਨਮਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ।੬।

ਪ੍ਰ: ਕਿਉਂ ਜੀ! ਲੋਕ-ਉਕਤੀ ਅਨੁਸਾਰ ਰਾਜਿਆਂ ਨੂੰ ਨਿਹਕਲੰਕ ਮੰਨਿਆ ਜਾਂਦਾ ਹੈ। ਇਹ ਵੇਖਣ ਵਿਚ ਭੀ ਬੜੇ ਸੁਖੀਏ ਨਜ਼ਰ ਆਉਂਦੇ ਹਨ। ਕੀ ਇਹ ਰੱਬੀ ਦਰਬਾਰ ਵਿਚ ਨਹੀਂ ਪੁੱਜ ਸਕਣਗੇ?

ਉ: ੧੫. (ਨਹੀਂ) ਹੇ ਭਾਈ! ਕਈ ਰਾਜੇ ਲੋਕ ਐਸੇ ਵੇਖੀਦੇ ਹਨ ਕਿ ਉਹ ਰਾਜ ਮਦ ਵਿਚ ਰਾਜ ਹਕੂਮਤ ਦੇ ਰੰਗ-ਤਮਾਸ਼ੇ ਮਾਣਦੇ ਹਨ, ਰਾਜਿਆਂ ਵਾਲੇ ਠਾਠ-ਬਾਠ ਬਣਾਂਦੇ ਹਨ ਅਤੇ ਲੋਕਾਂ ਉੱਤੇ ਹੁਕਮ ਚਲਾਂਦੇ ਹਨ, ਕੋਈ ਉਨ੍ਹਾਂ ਦਾ ਹੁਕਮ ਮੋੜ ਨਹੀਂ ਸਕਦਾ।

੧੬. ਉਹ ਸੁੰਦਰ ਇਸਤਰੀ ਦੀ ਸੇਜ ਮਾਣਦੇ ਹਨ, (ਆਪਣੇ ਸਰੀਰ ਉੱਤੇ) ਚੰਦਨ ਤੇ ਅਤਰ ਵਰਤਦੇ ਹਨ, (ਪਰ ਹੇ ਪਿਆਰਿਓ! ਯਾਦ ਰੱਖੋ) ਇਹ ਸਭੋ ਕੁਝ ਤਾਂ (ਉਨ੍ਹਾਂ ਨੂੰ) ਭਿਆਨਕ ਨਰਕਾਂ ਵੱਲ ਹੀ ਲੈ ਜਾਣ ਵਾਲਾ ਹੈ।੭।

ਪ੍ਰ: ਸ੍ਰੀ ਜੀਉ! ਇਹ ਉਪਰੋਕਤ ਧਾਰਮਿਕ ਕਰਮ ਤਾਂ ਆਪ ਜੀ ਨੇ ਗੁਰਮਤਿ ਅਨੁਸਾਰ ਸਾਰੇ ਹੀ ਨਿਰਾਰਥਕ ਦਰਸਾ ਦਿੱਤੇ ਹਨ, ਪਰ ਇਹ ਭੀ ਦੱਸੋ ਕਿ ਸਾਰਿਆਂ ਕਰਮਾਂ ਤੋਂ ਸ਼ਿਰੋਮਣੀ ਕਰਮ ਕਿਹੜਾ ਹੈ, ਜਿਸ ਨੂੰ ਕਿ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ?

ਉ: ੧੭. ਹੇ ਭਾਈ! ਅਸਲ ਵਿਚ ਤਾਂ ਜੋ ਸਾਧ ਸੰਗਤ ਵਿਚ ਬੈਠ ਕੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਨੀ ਹੈ, ਇਹੋ ਕਰਮ ਹੋਰ ਸਾਰੇ ਕਰਮਾਂ ਨਾਲੋਂ ਸ੍ਰੇਸ਼ਟ ਹੈ।

ਪ੍ਰ: ਕਿਉਂ ਜੀ! ਇਸ ਨੂੰ ਪ੍ਰਾਪਤ ਕਰਨ ਦਾ ਸਾਰੇ ਹੀ ਲੋਕ ਯਤਨ ਕਿਉਂ ਨਹੀਂ ਕਰਦੇ?

ਉ: ੧੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! (ਇਸ ਸ੍ਰੇਸ਼ਟ ਕਰਮ ਕਰਨ ਦਾ ਸਮਾਂ) ਉਸੇ ਮਨੁੱਖ ਨੂੰ ਮਿਲਦਾ ਹੈ, ਜਿਸ ਦੇ ਮੱਥੇ ਉੱਤੇ ਪੂਰਬਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਲੇਖ ਲਿਖਿਆ ਹੁੰਦਾ ਹੈ।੮।

੧੯. ਹੇ ਭਾਈ ! ਮੈਂ ਤਾਂ ਇਉਂ ਹੀ ਕਹਿੰਦਾ ਹਾਂ ਕਿ ਹੇ ਵਾਹਿਗੁਰੂ ਜੀ ! ਤੇਰਾ ਸੇਵਕ ਹੀ ਤੇਰੀ ਸਿਫ਼ਤਿ-ਸਾਲਾਹ ਦੇ ਰੰਗ ਵਿਚ ਮਸਤ ਰਹਿੰਦਾ ਹੈ।

੨੦. ਹੇ ਭਾਈਓ ! ਦੀਨਾਂ ਉੱਤੇ ਦਇਆ ਕਰਨ ਵਾਲਾ ਪਰਮੇਸ਼ਰ ਜਿਸ ਮਨੁੱਖ ਉੱਤੇ ਦਇਆਵਾਨ ਹੁੰਦਾ ਹੈ, ਉਸ ਦਾ ਇਹ ਮਨ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਰੰਗ ਵਿਚ (ਸਦਾ) ਰੰਗਿਆ ਰਹਿੰਦਾ ਹੈ। ਰਹਾਉ ਦੂਜਾ।੧।੩।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਜੀ ਨੇ ਸੰਸਾਰ ਦੇ ਅਨੇਕਾਂ ਸਾਧਨਾਂ ਦਾ ਜ਼ਿਕਰ ਕੀਤਾ ਹੈ ਅਤੇ ਇਹੋ ਭਾਵ ਦਰਸਾਇਆ ਹੈ ਕਿ ਇਸ ਪ੍ਰਕਾਰ ਦੇ ਕੀਤੇ ਗਏ ਸਾਰੇ ਸਾਧਨ ਨਿਸਫਲ ਹਨ, ਕੇਵਲ ਇਕ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਹੈ, ਜਿਸ ਨੂੰ ਸ਼੍ਰੋਮਣੀ ਮੰਨਿਆ ਜਾਂਦਾ ਹੈ। ਮਨੁੱਖ ਦੀ ਕਲਿਆਣ ਭੀ ਇਸੇ ਕੀਰਤਨ ਭਗਤੀ ਨਾਲ ਹੋ ਸਕਦੀ ਹੈ।

ਰਾਗੁ ਸੋਰਠਿ ਵਾਰ ਮਹਲੇ ੪ ਕੀ

ੴ ਸਤਿਗੁਰ ਪ੍ਰਸਾਦਿ ॥

ਸਲੋਕੁ ਮਃ ੧ ॥

੧. ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥
੨. ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥
੩. ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥
੪. ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥
੫. ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥
੬. ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥
੭. ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥

ਪਦ ਅਰਥ : ਮਨਿ—ਮਨ ਵਿਚ। ਦੰਦੀ ਮੈਲੁ—ਦੰਦਾਂ ਵਿਚ ਮੈਲ, ਦੰਦ ਕਥਾ, ਨਿੰਦਿਆ। ਕਤੁ—ਚੀਰ, ਵਿੱਥ, ਵੈਰ ਵਿਰੋਧ। ਸਸੁਰੈ—ਸਹੁਰੇ ਘਰ, ਪ੍ਰਲੋਕ ਵਿਚ। ਪੇਈਐ—ਪੇਕੇ ਘਰ, ਇਸ ਲੋਕ ਵਿਚ। ਨਿਸੰਗ—ਨਿਝੱਕ। ਪਰਹਰਿ—ਛੱਡ ਕੇ। ਕਪੜੁ—ਵਿਖਾਵਾ। ਪਿਰ ਮਿਲੈ—ਪਤੀ ਨੂੰ ਮਿਲੇ। ਪਿਰੁ ਰਾਵੈ—ਪਤੀ ਮਾਣਦਾ ਹੈ। ਖੁਸੀ ਸੰਗਿ—ਪ੍ਰਸੰਨਤਾ ਨਾਲ, ਤਰੁੱਠ ਕੇ। ਪਤੰਗੁ—ਰਤਾ ਭਰ ਭੀ। ਸਸੂ—ਮਾਇਆ। ਦੇਵਰ ਜੇਠ—(ਸੱਸ) ਮਾਇਆ ਦੇ ਪੁੱਤਰ, ਕਾਮਾਦਿਕ ਵਿਕਾਰ। ਪਿਰ ਭਾਵੈ—ਪਤੀ ਨੂੰ ਚੰਗੀ ਲੱਗੇ। ਕਰਮ ਮਣੀ—ਭਾਗਾਂ ਦੀ ਮਣੀ।੧।

ਅਰਥ :

ਪ੍ਰ: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਜ਼ੂਰ ਕਿਸੇ ਸੰਗੀਤਕਾਰ ਨੇ ਆ ਕੇ ਸੋਰਠਿ ਰਾਗਣੀ ਵਿਚ ਖ਼ਿਆਲ, ਟੱਪੇ ਗਾਏ। ਲੋਕਾਂ ਨੇ ਇਸ ਕਲਾਕਾਰ ਦੀ ਬਹੁਤ ਉਸਤਤੀ ਕੀਤੀ ਤੇ ਸਾਰੇ ਹੀ ਲੋਕ ਕਹਿਣ ਲੱਗੇ, ਹਜ਼ੂਰ ਇਸ ਰਾਗੀ ਨੇ ਬਹੁਤ ਸੋਹਣੀ ਸੋਰਠਿ ਰਾਗਣੀ ਗਾਈ ਹੈ ਤਾਂ ਉੱਤਰ ਵਿਚ ਹਜ਼ੂਰ ਜੀ ਇਹ ਮਹਾਂਵਾਕ ਉਚਾਰਨ ਕਰਦੇ ਹਨ।

ਉ: ੧. ਹੇ ਭਾਈ ! ਅਸਲ ਵਿਚ ਇਸ ਗਾਇਕ ਦੀ ਇਹ ਸੋਰਠਿ ਰਾਗਣੀ ਗਾਵੀ ਹੋਈ। ਸਦਾ ਤਾਂ ਹੀ ਸੋਹਣੀ ਲੱਗੇ, ਜੇ ਕਦੀ ਇਸ ਰਾਗਣੀ ਦੇ ਰਾਹੀਂ ਪ੍ਰਭੂ ਦੇ ਗੁਣ ਗਾਉਂਦਿਆਂ, ਸਦਾ ਕਾਇਮ ਰਹਿਣ ਵਾਲਾ ਪ੍ਰਭੂ ਜੀ ਮਨ ਵਿਚ ਵਸ ਜਾਵੇ।

੨. ਹੇ ਭਾਈ ! ਦੂਜਾ ਗੁਣ ਉਸ ਗਾਇਕ ਵਿਚ ਇਹ ਭੀ ਹੋਣਾ ਜ਼ਰੂਰੀ ਹੈ ਕਿ ਉਸ ਦੇ ਅੰਦਰ ਨਿੰਦਿਆ ਕਰਨ ਦੀ (ਭੈੜੀ) ਵਾਦੀ ਨਾ ਰਹੇ ਤੇ ਮਨ ਵਿਚ ਕਿਸੇ ਨਾਲ ਵੈਰ ਵਿਰੋਧ ਭੀ ਨਾ ਹੋਵੇ ਅਤੇ (ਉਸ ਦੀ) ਜੀਭ ਉੱਤੇ ਉਹ ਸੱਚਾ ਮਾਲਕ (ਸਦਾ ਹੀ) ਵਸਦਾ ਹੋਵੇ।

੩. ਹੇ ਭਾਈ ! ਜੋ ਜੀਵ ਰੂਪ ਇਸਤਰੀ ਇਸ ਤਰ੍ਹਾਂ ਲੋਕ-ਪ੍ਰਲੋਕ ਵਿਚ (ਪਰਮੇਸ਼ਰ ਪਤੀ ਦੇ) ਡਰ ਵਿਚ ਜੀਵਨ ਗੁਜ਼ਾਰਦੀ ਹੈ ਤੇ ਉਹ ਗੁਰੂ ਦੀ ਸੇਵਾ ਕਰ ਕੇ ਨਿਝੱਕ ਹੋ ਜਾਂਦੀ ਹੈ, (ਭਾਵ ਹੈ ਕਿ ਉਸ ਨੂੰ ਫਿਰ ਕੋਈ ਭੀ ਸਹਿਮ ਦਬਾ ਨਹੀਂ ਪਾਂਦਾ)।

ਪ੍ਰ: ਸ੍ਰੀ ਜੀਉ ! ਇਸ ਜੀਵ ਰੂਪੀ ਇਸਤਰੀ ਦਾ ਉਸ ਪਤੀ ਪਰਮੇਸ਼ਰ ਨਾਲ ਮਿਲਾਪ ਕਿਵੇਂ ਹੋਵੇ ?

ਉ: ੪. ਹੇ ਪਿਆਰੇ ! ਜੋ ਜੀਵ ਰੂਪ ਇਸਤਰੀ ਕਪਟ ਕਰਨ ਦਾ ਵਿਖਾਵਾ ਛੱਡ ਦੇਵੇ ਅਤੇ ਪਤੀ ਪ੍ਰਭੂ ਨੂੰ ਮਿਲ ਪਵੇ ਤਾਂ ਉਹ ਪਤੀ ਪਰਮੇਸ਼ਰ ਭੀ ਤੁਠ ਕੇ ਇਸ ਨੂੰ ਆਪਣੇ ਨਾਲ ਮਿਲਾਂਦਾ ਹੈ।

੫. ਹੇ ਭਾਈ ! ਜਿਸ ਜੀਵ ਰੂਪ ਇਸਤਰੀ ਦੇ ਮਨ ਵਿਚ ਪ੍ਰਭੂ ਦਾ ਨਾਮ ਟਿੱਕ ਜਾਵੇ, ਉਹ (ਇਸੇ ਨਾਮ ਦੇ ਸ਼ਿੰਗਾਰ ਨਾਲ) ਸਦਾ ਹੀ ਸਜੀ ਰਹਿੰਦੀ ਹੈ ਅਤੇ ਉਸ ਦੇ ਮਨ ਨੂੰ ਕਦੇ ਭੀ ਵਿਕਾਰਾਂ ਦੀ ਰਤਾ ਭਰ ਮੈਲ ਨਹੀਂ ਲੱਗਦੀ।

੬. ਹੇ ਭਾਈ ! ਜਦੋਂ ਜੀਵ ਰੂਪੀ ਇਸਤਰੀ ਦੇ ਅੰਦਰੋਂ ਵਿਕਾਰਾਂ ਰੂਪ ਦੁਖਦਾਈ ਦੇਵਰ ਜੇਠ ਮੁੱਕ ਗਏ ਤਾਂ ਫਿਰ ਦੱਸੋ ਮਾਇਆ ਰੂਪੀ ਸੱਸ ਦਾ ਡਰ ਕਿਸ ਨੂੰ ਰਹਿ ਜਾਂਦਾ ਹੈ, ਭਾਵ ਨਹੀਂ ਰਹਿੰਦਾ।

੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਜੇਕਰ ਜੀਵ ਰੂਪ ਇਸਤਰੀ ਪ੍ਰਭੂ ਪਤੀ ਨੂੰ ਮਨ ਵਿਚ ਵਸਾ ਕੇ, ਪ੍ਰਭੂ ਪਤੀ ਨੂੰ ਚੰਗੀ ਲੱਗੇ ਤਾਂ ਉਸ ਦੇ ਮੱਥੇ 'ਤੇ ਭਾਗਾਂ ਦਾ ਟਿੱਕਾ (ਸਮਝੋ) ਉਸ ਨੂੰ ਹਰ ਥਾਂ ਸੱਚਾ ਪ੍ਰਭੂ ਹੀ (ਦਿੱਸਦਾ ਹੈ)।੧।

ਮਃ ੪ ॥

੧. ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥
੨. ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥
੩. ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥

੪. ਹਰਿ ਜੈਸਾ ਪੁਰਖੁ ਨ ਲਭਈ
ਸਭੁ ਦੇਖਿਆ ਜਗਤੁ ਮੈ ਟੋਲੇ ॥
੫. ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ
ਮਨੁ ਅਨਤ ਨ ਕਾਹੂ ਡੋਲੇ ॥
੬. ਜਨੁ ਨਾਨਕੁ ਹਰਿ ਕਾ ਦਾਸੁ ਹੈ
ਗੁਰ ਸਤਿਗੁਰ ਕੇ ਗੋਲ ਗੋਲੇ ॥੨॥

ਪਦ ਅਰਥ : ਤਾਮਿ—ਤਦੋਂ। ਪ੍ਰੇਮਿ—ਪ੍ਰੇਮ ਦੇ ਰਾਹੀਂ। ਕਸਾਈ—ਖਿੱਚੀ ਹੋਈ। ਚੋਲਾ—ਸਰੀਰ। ਅਨਤ—ਕਿਸੇ ਹੋਰ ਪਾਸੇ। ਗੋਲ ਗੋਲੇ—ਗੋਲਿਆਂ ਦਾ ਗੋਲਾ।੨।

ਅਰਥ :

ਪ੍ਰ: ਹੇ ਗੁਰੋ! ਦੱਸੋ ਤੁਸੀਂ ਕਿਸ ਰੂਪ ਵਿਚ ਗਾਇਨ ਕੀਤੀ ਹੋਈ ਸੋਰਠਿ ਰਾਗਣੀ ਨੂੰ ਸੁਹਾਵਣੀ ਸਮਝਦੇ ਹੋ?

ਉ: ੧. ਹੇ ਭਾਈਓ! ਸੋਰਠਿ ਰਾਗਣੀ ਗਾਇਨ ਕੀਤੀ ਹੋਈ ਤਾਂ ਤਦੋਂ ਹੀ ਸ਼ੋਭਨੀਕ ਹੈ, ਜੇਕਰ ਜੀਵ ਰੂਪ ਇਸਤਰੀ ਇਸ ਰਾਗਣੀ ਰਾਹੀਂ (ਆਪਣੇ ਅੰਦਰ) ਹਰੀ ਦੇ ਨਾਮ ਦੀ ਖੋਜ ਕਰੇ।

੨. ਉਹ ਆਪਣੇ ਵੱਡੇ ਪਤੀ ਪਰਮੇਸ਼ਰ ਨੂੰ ਪ੍ਰਸੰਨ ਕਰੇ ਅਤੇ ਸਤਿਗੁਰੂ ਦੀ ਸਿੱਖਿਆ ਲੈ ਕੇ ਪ੍ਰਭੂ ਦਾ ਸਿਮਰਨ ਕਰੇ।

੩. ਦਿਨੇ ਰਾਤ ਪਰਮੇਸ਼ਰ ਦੇ ਪ੍ਰੇਮ ਦੀ ਖਿੱਚੀ ਹੋਈ ਆਪਣੇ ਸਰੀਰ ਰੂਪੀ ਚੋਲੇ ਨੂੰ ਹਰੀ ਦੇ (ਪ੍ਰੇਮ) ਰੰਗ ਵਿਚ ਰੰਗੀ ਰੱਖੇ।

ਪ੍ਰ: ਹੇ ਗੁਰੋ! ਆਪ ਹਰੀ ਦੀ ਇਤਨੀ ਪ੍ਰਸੰਸਾ ਕਿਉਂ ਕਰਦੇ ਹੋ?

ਉ: ੪. ਹੇ ਭਾਈਓ! ਅਸਲੀਅਤ ਤਾਂ ਇਹੋ ਹੈ ਕਿ ਮੈਂ ਸਾਰਾ ਸੰਸਾਰ ਟੋਲ ਵੇਖਿਆ ਹੈ, ਪਰ ਮੈਨੂੰ ਉਸ ਪਰਮੇਸ਼ਰ ਦੀ ਸਮਾਨਤਾ ਰੱਖਣ ਵਾਲਾ ਕੋਈ ਭੀ ਨਹੀਂ ਲੱਭ ਸਕਿਆ।

ਪ੍ਰ: ਹੇ ਗੁਰੋ! ਮਨ ਦੀ ਡਾਵਾਂ ਡੋਲ ਦਸ਼ਾ ਨੂੰ ਕਾਬੂ ਕਰਨਾ ਤਾਂ ਬਹੁਤ ਕਠਨ ਹੈ, ਤੁਸੀਂ ਇਸ ਨੂੰ ਕਿਵੇਂ ਇਸ ਅਡੋਲਤਾ ਵਿਚ ਲੈ ਆਂਦਾ ਹੈ?

ਉ: ੫. ਹੇ ਪਿਆਰਿਓ! ਮੇਰੇ ਹਿਰਦੇ ਵਿਚ ਗੁਰੂ ਸਤਿਗੁਰੂ ਜੀ ਨੇ ਹਰੀ ਦਾ ਨਾਮ ਦ੍ਰਿੜ੍ਹ ਕਰ ਦਿੱਤਾ, ਭਾਵ ਟਿਕਾਅ ਦਿੱਤਾ ਹੈ, ਜਿਸ ਦੀ ਬਰਕਤ ਨਾਲ ਹੁਣ ਇਹ ਮੇਰਾ ਮਨ ਕਿਧਰੇ ਭੀ ਡੋਲਦਾ ਨਹੀਂ।

੬. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਐ ਪਿਆਰੇ! ਮੈਂ ਪ੍ਰਭੂ ਦਾ ਦਾਸ ਹਾਂ ਅਤੇ ਗੁਰੂ ਸਤਿਗੁਰੂ ਦੇ ਦਾਸਾਂ ਦਾ ਦਾਸ ਹਾਂ।੨।

ਪਉੜੀ ॥

੧. ਤੂ ਆਪੇ ਸਿਸਟਿ ਕਰਤਾ ਸਿਰਜਣਹਾਰਿਆ ॥
੨. ਤੁਧੁ ਆਪੇ ਖੇਲੁ ਰਚਾਇ ਤੁਧੁ ਆਪਿ ਸਵਾਰਿਆ ॥
੩. ਦਾਤਾ ਕਰਤਾ ਆਪਿ ਆਪਿ ਭੋਗਣਹਾਰਿਆ ॥
੪. ਸਭੁ ਤੇਰਾ ਸਬਦੁ ਵਰਤੈ ਉਪਾਵਣਹਾਰਿਆ ॥
੫. ਹਉ ਗੁਰਮੁਖਿ ਸਦਾ ਸਲਾਹੀ ਗੁਰ ਕਉ ਵਾਰਿਆ ॥੧॥

ਪਦ ਅਰਥ : ਸਬਦੁ—ਹੁਕਮ। ਹਉ—ਮੈਂ। ਗੁਰਮੁਖਿ—ਗੁਰੂ ਦੀ ਰਾਹੀਂ।੧।

ਅਰਥ :

ਪ੍ਰ: ਹੇ ਗੁਰੋ! ਜਦੋਂ ਉਸ ਪ੍ਰਭੂ ਦੀ ਪ੍ਰਸੰਸਾ ਕਰਨੀ ਹੋਵੇ ਤਾਂ ਕਿਵੇਂ ਕਰਨੀ ਚਾਹੀਦੀ ਹੈ?

ਉ: ੧. ਹੇ ਪਿਆਰੇ! ਉਸ ਪ੍ਰਭੂ ਨੂੰ ਪ੍ਰਤੱਖ ਰੂਪ ਵਿਚ ਤੱਕ ਕੇ ਇਉਂ ਉਸ ਦੀ ਉਸਤਤੀ ਦੇ ਸ਼ਬਦ ਵਰਤਦੇ ਰਹਿਣਾ ਚਾਹੀਦਾ ਹੈ ਕਿ ਹੇ ਸਿਰਜਨਹਾਰ ਵਾਹਿਗੁਰੂ ਜੀ! ਤੂੰ ਆਪੇ ਹੀ ਇਸ ਸੰਸਾਰ ਦੀ ਰਚਨਾ ਰਚਨ ਵਾਲਾ ਹੈਂ।

੨. ਹੇ ਸਾਈਂ ਜੀ! ਤੂੰ ਆਪ ਹੀ (ਸੰਸਾਰ ਰੂਪ) ਖੇਡ ਬਣਾ ਕੇ ਤੂੰ ਆਪ ਹੀ ਇਸ ਨੂੰ ਸੋਹਣਾ ਬਣਾਇਆ ਹੈ ਤੇ ਆਪ ਹੀ ਤੂੰ ਇਸ ਨੂੰ ਸਵਾਰਿਆ ਹੈ।

੩. ਹੇ ਸਾਈਂ ਜੀ! ਸਾਰਿਆਂ ਦੇ ਉਤਪੰਨ ਕਰਨ ਵਾਲਾ ਤੂੰ ਆਪ ਹੈਂ, ਇਸ ਨੂੰ ਦਾਤਾਂ ਬਖ਼ਸ਼ਣ ਵਾਲਾ ਭੀ ਤੂੰ ਆਪ ਹੀ ਹੈਂ। ਉਨ੍ਹਾਂ ਦਾਤਾਂ ਨੂੰ ਤੂੰ ਆਪ ਹੀ ਭੋਗਣ ਵਾਲਾ ਹੈਂ।

੪. ਹੇ ਸਭ ਨੂੰ ਪੈਦਾ ਕਰਨ ਵਾਲੇ! ਸਭ ਥਾਈਂ ਤੇਰਾ ਹੀ ਹੁਕਮ ਵਰਤਦਾ ਹੈ।

੫. ਪਰ ਹੇ ਭਾਈਓ! ਮੈਂ ਆਪਣੇ ਸਤਿਗੁਰੂ ਤੋਂ ਸਦਕੇ ਹਾਂ, ਜਿਸ ਦੇ ਸਨਮੁਖ ਹੋ ਕੇ ਤੇਰੀ ਸਿਫ਼ਤਿ-ਸਾਲਾਹ ਸਦਾ ਕਰ ਸਕਦਾ ਹਾਂ।੧।

ਭਾਵਾਰਥ : ਸਲੋਕ ਵਿਚ ਹਜ਼ੂਰ ਰਾਗ ਗਾਇਨ ਕਰਨ ਵਾਲਿਆਂ ਵਾਸਤੇ ਹਦਾਇਤ ਕਰਦੇ ਹਨ ਕਿ ਰਾਗ ਦਾ ਗਾਇਨ ਕਰਨਾ ਤਦੋਂ ਹੀ ਸਫਲਾ ਹੈ ਜੇਕਰ ਸਚੇ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਵਸਦਾ ਹੋਵੇ, ਨਿੰਦਾ ਆਦਿਕ ਦੋਸ਼ਾਂ ਤੋਂ ਰਹਿਤ ਹੋ ਕੇ ਜ਼ੁਬਾਨ ਨਾਲ ਉਸੇ ਸੱਚੇ ਸਾਈਂ ਜੀ ਦਾ ਨਾਮ ਉਚਾਰਨ ਕਰਦਾ ਰਵੇ, ਕਪਟ ਆਦਿ ਦੇ ਕੱਪੜਿਆਂ ਦਾ ਤਿਆਗੀ ਹੋ ਕੇ, ਮਨ ਵਿਚ ਨਾਮ ਦਾ ਨਿਵਾਸ ਕਰ ਲੈਣਾ ਹੀ ਸ਼ਿੰਗਾਰ ਪਹਿਰਣਾ ਕਰੇ ਅਤੇ ਵਿਕਾਰਾਂ ਦੀ ਮੈਲ ਉਸ ਦੇ ਮਨ ਵਿਚ ਨਾ ਹੋਵੇ। ਇਸ ਤਰ੍ਹਾਂ ਦੀ ਜੀਵ ਰੂਪੀ ਜੋ ਇਸਤਰੀ ਹੈ, ਉਹ ਪਰਮੇਸ਼ਰ ਪਤੀ ਨੂੰ ਭਾ ਜਾਂਦੀ ਹੈ, ਸਮਝੋ ਉਹ ਕਰਮਾਂ ਵਾਲੀ ਹੈ।

ਇਹੋ ਹੀ ਸਿਧਾਂਤ ਚੌਥੇ ਗੁਰੂ ਜੀ ਅੰਕਤ ਕਰਦੇ ਹਨ ਕਿ ਹੇ ਪਿਆਰੇ! ਉਸੇ ਰਾਗੀ ਦੀ ਸੋਰਠਿ ਰਾਗਣੀ ਗਾਇਨ ਕੀਤੀ ਹੋਈ ਸਫਲੀ ਹੈ, ਜੇ ਉਹ ਆਪਣੇ ਅੰਦਰੋਂ ਹਰੀ ਦੇ ਨਾਮ ਦੀ ਖੋਜ ਕਰਦਾ ਹੈ। ਗੁਰਮਤਿ ਦਾ ਧਾਰਣੀ ਹੋ ਕੇ ਹਰੀ ਦੇ ਨਾਮ ਨੂੰ ਦਿਨੇ-ਰਾਤ ਮੂੰਹੋਂ ਉਚਾਰਨ ਕਰਦਾ ਰਵੇ, ਉਸਦੀ ਅੰਤਹਕਰਣ ਰੂਪੀ ਚੋਲੀ ਭੀ ਪ੍ਰਭੂ ਦੇ ਪਿਆਰ ਵਿਚ ਰੰਗੀ ਗਈ ਹੋਵੇ। ਸਤਿਗੁਰੂ ਦੁਆਰਾ ਪ੍ਰਾਪਤ ਕੀਤਾ ਹੋਇਆ ਨਾਮ ਹਿਰਦੇ ਵਿਚ ਦ੍ਰਿੜ੍ਹ ਕਰ ਲਿਆ ਹੋਵੇ। ਇਸ ਤਰ੍ਹਾਂ ਦੀ ਧਾਰਣਾ ਕਰਨ ਵਾਲੇ ਦਾ ਮਨ ਫਿਰ ਕਿਸੇ ਭੀ ਸੰਸਾਰਕ ਭੁਲਾਵੇ ਵਿਚ ਡੋਲਦਾ ਨਹੀਂ।

ਹਜ਼ੂਰ ਜੀ ਪਉੜੀ ਵਿਚ ਇਹੋ ਖ਼ਿਆਲ ਅੰਕਤ ਕਰਦੇ ਹਨ ਕਿ ਐ ਪਿਆਰਿਓ! ਇਹ ਸਾਰੀ ਜਗਤ ਦੀ ਖੇਡ ਉਸੇ ਪਰਮੇਸ਼ਰ ਨੇ ਬਣਾਈ ਹੈ, ਇਸੇ ਲਈ ਹਰ ਥਾਂ ਉਸੇ ਦੀ ਹੀ ਜੀਵਨ-ਸ਼ਕਤੀ

ਸਮਾਈ ਹੋਈ ਹੈ, ਪਰ ਇਹ ਸਮਝ ਭੀ ਗੁਰੂ ਦੁਆਰਾ ਹੀ ਪੈਂਦੀ ਹੈ ਅਤੇ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰ ਕੇ ਹੀ ਉਸ ਪ੍ਰਭੂ ਜੀ ਦੀ ਵਡਿਆਈ ਕੀਤੀ ਜਾ ਸਕਦੀ ਹੈ।

ਸਲੋਕੁ ਮਃ ੩ ॥

੧. ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥
੨. ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ॥
੩. ਇਹੁ ਜਗੁ ਜਲਤਾ ਨਦਰੀ ਆਇਆ
ਗੁਰ ਕੈ ਸਬਦਿ ਸੁਭਾਇ ॥
੪. ਸਬਦਿ ਰਤੇ ਸੇ ਸੀਤਲ ਭਏ
ਨਾਨਕ ਸਚੁ ਕਮਾਇ ॥੧॥

ਪਦ ਅਰਥ : ਪੰਨੈ ਪਾਇ—ਲੇਖੇ ਵਿਚ ਲਿਖ ਕੇ, ਆਪਣੇ ਬਣਾ ਕੇ। ਆਏ—ਗੁਰੂ ਦੇ ਦਰ 'ਤੇ ਆਏ।

ਅਰਥ :

ਪ੍ਰ: ਹੇ ਗੁਰਦੇਵ ਜੀ ! ਵੇਖਣ ਵਿਚ ਆਉਂਦਾ ਹੈ ਕਿ ਇਹ ਸਾਰਾ ਸੰਸਾਰ ਹੀ ਹਉਮੈ ਦੀ ਜਲਨ ਵਿਚ ਸੜ ਰਿਹਾ ਹੈ, ਪਰ ਇਨ੍ਹਾਂ ਜੀਵਾਂ ਦੇ ਬਚਾਅ ਦਾ ਕੀ ਉਪਾਓ ਹੈ ?

ਉ: ੧. ਹੇ ਭਾਈ ! ਇਸ ਵਿਚ ਕੋਈ ਭੀ ਸ਼ੱਕ ਨਹੀਂ, (ਕਿਉਂਕਿ) ਇਹ (ਸੰਸਾਰੀ ਜੀਵ) ਹਉਮੈ ਵਿਚ ਸੜਦੇ ਹੋਏ ਸੜ ਮੋਏ ਸਨ ਅਤੇ ਮਾਇਆ ਦੇ ਮੋਹ ਵਿਚ ਭਟਕ-ਭਟਕ ਕੇ ਜਦੋਂ ਗੁਰੂ ਦੇ ਦਰ 'ਤੇ ਆਏ।

੨. ਤਾਂ ਪੂਰੇ ਸਤਿਗੁਰੂ ਨੇ ਆਪਣੇ ਲੜ ਲਾ ਕੇ ਇਨ੍ਹਾਂ ਨੂੰ ਬਚਾਅ ਲਿਆ।

ਪ੍ਰ: ਕਿਉਂ ਜੀ ! ਗੁਰੂ ਜੀ ਨੇ ਉਨ੍ਹਾਂ ਨੂੰ ਬਚਾਇਆ ਕਿਵੇਂ ?

ਉ: ੩. ਹੇ ਭਾਈਓ ! ਅਸਲ ਕਾਰਨ ਤਾਂ ਇਹੋ ਹੀ ਸਮਝੋ ਕਿ ਜਦੋਂ ਉਹ ਗੁਰੂ ਦੀ ਸ਼ਰਨ ਵਿਚ ਆ ਗਏ ਤਾਂ ਗੁਰੂ ਦੇ ਸ਼ਬਦ ਦੀ ਰਾਹੀਂ ਉਨ੍ਹਾਂ ਨੂੰ ਸੁਭਾਵਕ ਹੀ ਇਹ ਸੰਸਾਰ ਸੜਦਾ ਦਿੱਸਿਆ।

੪. (ਗੁਰੂ) ਤੀਸਰੇ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਤਦੋਂ ਉਹ ਗੁਰੂ ਦੇ ਸ਼ਬਦ ਵਿਚ ਰੰਗੇ ਗਏ ਤੇ ਨਾਮ ਸਿਮਰਨ ਦੀ ਕਮਾਈ ਕਰਕੇ, ਉਹ ਠੰਡੇ ਠਾਰ ਹੋ ਗਏ, ਭਾਵ ਹੈ ਕਿ ਉਹ ਹਉਮੈ ਅਤੇ ਵਿਕਾਰਾਂ ਦੀ ਜਲਨ ਵੱਲੋਂ ਸੀਤਲ ਹੋ ਗਏ।੧।

ਮਃ ੩ ॥

੧. ਸਫਲਿਓ ਸਤਿਗੁਰੁ ਸੇਵਿਆ
ਧੰਨੁ ਜਨਮੁ ਪਰਵਾਣੁ ॥
੨. ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ
ਸੇਈ ਪੁਰਖ ਸੁਜਾਣ ॥
੩. ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ ॥
੪. ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ
ਮਨਮੁਖ ਜਨਮਿ ਮਰਾਹਿ ॥
੫. ਨਾਨਕ ਮੁਏ ਨ ਆਖੀਅਹਿ
ਜਿ ਗੁਰ ਕੈ ਸਬਦਿ ਸਮਾਹਿ ॥੨॥

ਪਦ ਅਰਥ : ਜੀਵਦਿਆ ਮੁਇਆ—ਜਨਮ ਤੋਂ ਲੈ ਕੇ ਮਰਨ ਤੱਕ, ਸਾਰੀ ਉਮਰ।

ਅਰਥ :

ਪ੍ਰ: ਸ੍ਰੀ ਜੀਉ ! ਸਤਿਗੁਰੂ ਦੀ ਸੇਵਾ ਕਰਨ ਵਾਲੇ ਤਾਂ ਬਹੁਤ ਵੇਖਣ ਵਿਚ ਆਉਂਦੇ ਹਨ, ਪਰ ਗੁਰਮਤਿ ਵਿਚ ਉਹ ਕਿਹੜਾ ਸੇਵਕ ਹੈ ਜਿਸ ਨੂੰ ਪ੍ਰਮਾਣੀਕ ਮੰਨਿਆ ਗਿਆ ਹੋਵੇ ?

ਉ: ੧. ਹੇ ਪਿਆਰੇ ! ਸਤਿਗੁਰੂ ਜੀ ਨੂੰ ਸੇਵਿਆ ਹੋਇਆ ਉਨ੍ਹਾਂ ਮਨੁੱਖਾਂ ਦਾ ਹੀ ਸਫਲਾ ਹੈ, (ਭਾਵ ਹੈ ਕਿ ਸਤਿਗੁਰੂ ਦੀ ਕੀਤੀ ਹੋਈ ਸੇਵਾ ਉਨ੍ਹਾਂ ਲਈ ਸਫਲੀ ਹੈ) ਅਤੇ ਉਨ੍ਹਾਂ ਸੇਵਕਾਂ ਦਾ ਹੀ ਜਨਮ ਧੰਨਤਾ ਯੋਗ ਹੈ ਅਤੇ ਕਬੂਲਤਾਈ ਵਿਚ ਪਿਆ ਸਮਝੋ।

੨. ਅਤੇ ਉਨ੍ਹਾਂ ਮਨੁੱਖਾਂ ਨੂੰ ਹੀ ਸਿਆਣੇ ਗਿਣਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਕਿ ਜਨਮ ਤੋਂ ਲੈ ਕੇ ਮਰਨ ਪ੍ਰਯੰਤ, ਭਾਵ ਸਾਰੀ ਉਮਰ ਕਦੇ ਭੀ ਆਪਣਾ ਪਿਆਰਾ ਸਤਿਗੁਰੂ ਨਹੀਂ ਭੁੱਲਦਾ।

੩. ਹੇ ਭਾਈ ! ਜੋ ਭੀ ਮਨੁੱਖ ਇਹੋ ਜਿਹੀ ਕਾਰ ਕਰਦਾ ਹੈ, ਸਮਝ ਲਓ ਕਿ ਉਹ ਆਪ ਕਬੂਲ ਹੋ ਜਾਂਦਾ ਹੈ ਅਤੇ ਆਪਣੀ ਕੁਲ ਨੂੰ ਭੀ ਤਾਰ ਲੈਂਦਾ ਹੈ।

੪. ਹੇ ਭਾਈ ! ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿਣ ਵਾਲੇ ਹਨ, ਉਹ ਤਾਂ ਮੋਏ ਹੋਏ ਭੀ ਜੀਵਦਿਆਂ ਵਾਂਗੂੰ ਪ੍ਰਮਾਣੀਕ ਮੰਨੇ ਜਾਂਦੇ ਹਨ, ਭਾਵ ਉਹ ਮਨੁੱਖ ਕਬੂਲ ਹਨ, ਪਰ ਜੋ ਮਨੁੱਖ ਮਨ ਦੇ ਅਧੀਨ ਚਲਣ ਵਾਲੇ ਹਨ, ਉਹ ਸਦਾ ਹੀ ਜੰਮਦੇ ਮਰਦੇ ਰਹਿੰਦੇ ਹਨ।

ਪ੍ਰ: ਹੇ ਗੁਰੋ ! ਮਰਦੇ ਹੋਏ ਤਾਂ ਦੋਵੇਂ ਹੀ ਵੇਖੇ ਜਾਂਦੇ ਹਨ, ਭਾਵੇਂ ਕੋਈ ਗੁਰਮੁਖ ਹੈ, ਚਾਹੇ ਕੋਈ ਮਨਮੁਖ ?

ਉ: ੫. ਹੇ ਭਾਈਓ ! ਸੱਚ ਤਾਂ ਇਹੋ ਹੈ ਕਿ ਜੋ ਗੁਰਮੁਖ ਸਤਿਗੁਰੂ ਦੇ ਸ਼ਬਦ ਵਿਚ ਲੀਨ ਹੋ ਜਾਂਦੇ ਹਨ, ਉਨ੍ਹਾਂ ਨੂੰ ਮੋਏ ਹੋਏ ਨਹੀਂ ਆਖੀਦਾ।੨।

ਪਉੜੀ ॥

੧. ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥
੨. ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥
੩. ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥
੪. ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥
੫. ਹਉ ਗੁਰਮੁਖਿ ਕਾਰ ਕਮਾਵਾ
ਜਿ ਗੁਰਿ ਸਮਝਾਈਐ ॥੨॥

ਪਦ ਅਰਥ : ਨਿਰੰਜਨੁ—ਅੰਜਨ ਰਹਿਤ, ਮਾਇਆ ਤੋਂ ਰਹਿਤ। ਮੈ—ਮੈਨੂੰ। ਗੁਰਿ—ਗੁਰੂ ਨੇ।

ਅਰਥ : ੦

ਪ੍ਰ: ਹੇ ਗੁਰੋ ! ਇਹ ਹੁਕਮ ਕਰੋ ਕਿ ਮੈਂ ਸੇਵਾ ਕਿਸ ਦੀ ਕਰਾਂ ਤੇ ਨਾਮ ਕਿਸਦਾ ਸਿਮਰਨ ਕਰਦਾ ਰਵਾਂ ?

ਉ: ੧. ਹੇ ਭਾਈ ! ਤੂੰ ਮਾਇਆ ਤੋਂ ਰਹਿਤ ਅਕਾਲ ਪੁਰਖ ਦੀ ਸੇਵਾ ਕਰਿਆ ਕਰ ਅਤੇ ਤੈਨੂੰ ਉਸੇ ਦਾ ਹੀ ਨਾਮ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।

ਪ੍ਰ: ਸ੍ਰੀ ਜੀਉ ! ਨਾਮ ਵਿਚ ਲੀਨ ਹੋ ਜਾਣ ਦਾ ਭੀ ਕੋਈ ਢੰਗ ਦਸ ਦਿਓ।

ਉ: ੨. ਹੇ ਪਿਆਰਿਆ ! ਅਸਲ ਢੰਗ ਤਾਂ ਇਹੋ ਹੀ ਹੈ ਕਿ ਗੁਰੂ ਦੀ ਸੰਗਤ ਵਿਚ ਜੁੜ ਕੇ ਹੀ ਨਾਮ ਵਿਚ ਲੀਨ ਹੋ ਸਕੀਦਾ ਹੈ।

ਪ੍ਰ: ਹਜ਼ੂਰ ! ਮੈਂ ਸੰਗਤ ਵਿਚ ਜਾ ਕੇ ਕਰਾਂ ਕੀ ?

ਉ: ੩. ਹੇ ਪਿਆਰੇ ! ਤੂੰ ਸੰਗਤ ਵਿਚ ਜਾ ਕੇ ਇਉਂ ਜੋਦੜੀ ਕਰਦਾ ਰਹੁ ਕਿ ਹੇ ਹਰੀ ! ਮੈਨੂੰ ਮੂਰਖ ਨੂੰ ਆਪਣੀ ਵੱਡੀ ਕਾਰ (ਭਾਵ, ਭਗਤੀ) ਵਿਚ ਜੋੜ ਲੈ।

੪-੫. ਹੇ ਸਾਈਂ ਜੀ ! ਮੈਨੂੰ ਹੁਕਮ ਕਰ, (ਕਿਉਂਕਿ) ਮੈਂ ਤੇਰੇ ਦਾਸਾਂ ਦਾ ਦਾਸ ਹਾਂ, (ਮਿਹਰ ਕਰ ਕਿ) ਜੋ ਸਤਿਗੁਰੂ ਜੀ ਨੇ ਕਾਰ ਸਮਝਾਈ ਹੈ, ਉਹ ਮੈਂ ਸਤਿਗੁਰੂ ਦੇ ਸਨਮੁਖ ਹੋ ਕੇ ਕਰਾਂ।੨।

ਭਾਵਾਰਥ : ਇਸ ਮਹਾਂਵਾਕ ਵਿਚ ਹਜ਼ੂਰ ਪਹਿਲੋਂ ਸਲੋਕ ਦੁਆਰਾ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਇਸ ਸੰਸਾਰ ਦੇ ਜੀਵ ਜੋ ਹਉਮੈ ਦੀ ਅਗਨੀ ਵਿਚ ਜਲ ਰਹੇ ਹਨ, ਇਨ੍ਹਾਂ ਜੀਵਾਂ ਵਿਚੋਂ ਜੋ ਭਰਮਦੇ ਭਟਕਦੇ ਗੁਰੂ ਦੀ ਸ਼ਰਨ ਵਿਚ ਆ ਗਏ, ਉਨ੍ਹਾਂ ਨੂੰ ਗੁਰੂ ਨੇ ਆਪਣੀ ਚਰਨ ਸ਼ਰਨ ਬਖ਼ਸ਼ ਕੇ ਸੜਨੋਂ ਬਚਾਅ ਲਿਆ। ਉਹ ਸੱਚੇ ਨਾਮ ਵਿਚ ਰਤੇ ਹੋਏ ਸ਼ਬਦ ਦੀ ਕਮਾਈ ਕਰਕੇ ਸਦੀਵੀ ਕਾਲ ਲਈ ਮਨ ਤੇ ਤਨ ਕਰ ਕੇ ਠੰਡੇ ਠਾਰ ਹੋ ਗਏ।

ਮਹਲੇ ਵਿਚ ਉਨ੍ਹਾਂ ਮਨੁੱਖਾਂ ਦੀ ਸੇਵਾ ਨੂੰ ਸਫਲਤਾ ਰੂਪ ਦਿੰਦੇ ਹਨ ਅਤੇ ਜਨਮ ਭੀ ਉਨ੍ਹਾਂ ਦਾ ਹੀ ਧੰਨਤਾ ਜੋਗ ਕਹਿ ਰਹੇ ਹਨ, ਜਿਨ੍ਹਾਂ ਨੂੰ ਜਨਮ ਤੋਂ ਲੈ ਕੇ ਮਰਨ ਪ੍ਰਯੰਤ ਕਦੇ ਭੀ ਸੱਚਾ ਨਾਮ ਨਹੀਂ ਵਿਸਰਦਾ। ਉਹ ਸਿਆਣੇ ਪੁਰਖ ਆਪ ਭੀ ਹਰ ਥਾਂ ਪ੍ਰਵਾਣ ਹੁੰਦੇ ਹਨ ਅਤੇ ਆਪਣੀ ਕੁਲ ਦਾ ਭੀ ਉਧਾਰ ਕਰ ਲੈਂਦੇ ਹਨ। ਉਨ੍ਹਾਂ ਨੂੰ ਮਰਨ ਪਿਛੋਂ ਭੀ ਮਰੇ ਹੋਏ ਨਹੀਂ ਸਮਝਣਾ ਚਾਹੀਦਾ, ਕਿਉਂਕਿ ਉਹ ਮਰੇ ਹੋਏ ਭੀ ਜੀਉਂਦਿਆਂ ਸਮਾਨ ਹਨ। ਉਨ੍ਹਾਂ ਦੇ ਮੁਕਾਬਲੇ ਵਿਚ ਮਨਮੁਖ ਸਦਾ ਹੀ ਜੰਮਦੇ ਮਰਦੇ ਹਨ ਅਤੇ ਅੰਤ ਨੂੰ ਗੁਰਮੁਖ ਸ਼ਬਦ ਵਿਚ ਲੀਨ ਹੋ ਜਾਂਦੇ ਹਨ।

ਪਉੜੀ ਵਿਚ ਫ਼ੁਰਮਾਨ ਕਰਦੇ ਹਨ ਕਿ ਭਾਵੇਂ ਮਾਇਆ ਰਹਿਤ ਪ੍ਰਭੂ ਦੀ ਹੀ ਜੀਵਨ ਕਲਾ ਹਰ ਥਾਂ ਵਰਤ ਰਹੀ ਹੈ, ਪਰ ਇਹ ਜੀਵ ਮਾਇਆ ਦੇ ਕਾਰਨ ਮੂਰਖਪੁਣੇ ਵਿਚ ਲੱਗ ਪੈਂਦਾ ਹੈ। ਜਿਸ ਉੱਤੇ ਮਿਹਰ ਦੀ ਨਜ਼ਰ ਹੁੰਦੀ ਹੈ, ਉਹ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਕਾਰ ਕਰਦਾ ਰਹਿੰਦਾ ਹੈ।

ਸਲੋਕੁ ਮਃ ੩ ॥

੧. ਪੂਰਬਿ ਲਿਖਿਆ ਕਮਾਵਣਾ
ਜਿ ਕਰਤੈ ਆਪਿ ਲਿਖਿਆਸੁ ॥
੨. ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥
੩. ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥
੪. ਜਿਨੀ ਗੁਰਮੁਖਿ ਨਾਮੁ ਨ ਚੇਤਿਓ
ਸੇ ਬਹਣਿ ਨ ਮਿਲਨੀ ਪਾਸਿ ॥
੫. ਦੁਖੁ ਲਾਗਾ ਬਹੁ ਅਤਿ ਘਣਾ
ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥
੬. ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥
੭. ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥
੮. ਨਾਨਕ ਗੁਰਮੁਖਾ ਨੋ ਸੁਖੁ ਅਗਲਾ
ਜਿਨਾ ਅੰਤਰਿ ਨਾਮ ਨਿਵਾਸੁ ॥੧॥

ਪਦ ਅਰਥ : ਪਾਈਅਨੁ—ਉਸ (ਹਰੀ) ਨੇ ਪਾ ਦਿੱਤੀ ਹੈ, ਦੇ ਦਿੱਤੀ ਹੈ। ਗੁਣਤਾਸੁ—ਗੁਣਾਂ ਦਾ ਖ਼ਜ਼ਾਨਾ ਪ੍ਰਭੂ।

ਅਰਥ :

ਪ੍ਰ: ਹੇ ਗੁਰੋ ! ਇਸ ਜੀਵ ਨੂੰ ਉਹ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਕਿਉਂ ਵਿਸਰ ਗਿਆ ਹੈ ?

ਉ: ੧. ਹੇ ਭਾਈ ! ਇਹ ਗੱਲ ਕਿਸੇ ਜੀਵ ਦੇ ਆਪਣੇ ਵਸ ਦੀ ਨਹੀਂ, ਇਨ੍ਹਾਂ ਜੀਵਾਂ ਨੇ ਜੋ ਪਿਛਲੇ ਕੀਤੇ ਹੋਏ ਕਰਮ ਹਨ, ਉਨ੍ਹਾਂ ਦੇ ਅਨੁਸਾਰ ਮੁੱਢ ਤੋਂ ਜੋ (ਸੰਸਕਾਰ ਰੂਪ ਲੇਖ) ਲਿਖਿਆ ਹੈ, ਭਾਵ ਉਕਰਿਆ ਹੋਇਆ ਹੈ ਅਤੇ ਜੋ ਕਰਤਾਰ ਨੇ ਆਪ ਲਿਖ ਦਿੱਤਾ ਹੈ, ਉਹ ਜੀਵ ਨੂੰ ਜ਼ਰੂਰ ਕਮਾਉਣਾ ਪੈਂਦਾ ਹੈ।

੨. ਹੇ ਪਿਆਰੇ ! (ਉਸੇ ਲੇਖ ਅਨੁਸਾਰ ਹੀ) ਜਿਸ ਨੂੰ ਮੋਹ ਦੀ ਠੱਗ ਬੂਟੀ ਮਿਲ ਗਈ ਹੈ, ਉਸ ਨੂੰ ਹੀ ਗੁਣਾਂ ਦਾ ਖ਼ਜ਼ਾਨਾ ਹਰੀ ਵਿਸਰ ਗਿਆ ਹੈ।

ਪ੍ਰ: ਹੇ ਗੁਰੋ ! ਤੁਸੀਂ ਅਜਿਹੇ ਲੋਕਾਂ ਨੂੰ ਕਿਸ ਗਿਣਤੀ ਵਿਚ ਗਿਣਦੇ ਹੋ ?

ਉ: ੩. ਹੇ ਭਾਈਓ ! ਜਿਹੜਾ ਸੰਸਾਰ ਦ੍ਵੈਤ-ਭਾਵਨਾ ਵਿਚ ਮੋਇਆ ਪਿਆ ਹੈ, ਉਸ ਸੰਸਾਰ ਨੂੰ ਤੁਸੀਂ ਮੱਤ ਜਾਣੋ ਕਿ ਉਹ ਜੀਉਂਦਾ ਹੈ, ਉਹ ਤਾਂ ਮਾਇਆ ਦੇ ਮੋਹ ਵਿਚ ਮੁਰਦਾ ਰੂਪ ਹੋ ਰਿਹਾ ਹੈ।

੪. ਹੇ ਪਿਆਰੇ ! ਜਿਨ੍ਹਾਂ ਨੇ ਸਤਿਗੁਰੂ ਦੇ ਸਨਮੁਖ ਹੋ ਕੇ ਨਾਮ ਨਹੀਂ ਸਿਮਰਿਆ, ਉਨ੍ਹਾਂ ਨੂੰ ਤਾਂ ਪ੍ਰਭੂ ਦੇ ਕੋਲ ਬੈਠਣਾ ਹੀ ਨਹੀਂ ਮਿਲਦਾ। (ਭਾਵ ਪ੍ਰਭੂ ਦਾ ਉਨ੍ਹਾਂ ਨੂੰ ਮਿਲਾਪ ਨਹੀਂ ਹੁੰਦਾ)।

ਪ੍ਰ: ਹਜ਼ੂਰ ! ਉਨ੍ਹਾਂ ਦੀ ਆਖ਼ਰ ਨੂੰ ਦਸ਼ਾ ਕੀ ਹੁੰਦੀ ਹੈ ?

ਉ: ੫. ਹੇ ਭਾਈਓ ! ਉਹ ਮਨਮੁਖ ਬਹੁਤ ਹੀ ਦੁਖੀ ਹੁੰਦੇ ਹਨ, (ਕਿਉਂਕਿ) ਜਿਨ੍ਹਾਂ ਦੀ ਖ਼ਾਤਰ ਮਾਇਆ ਦੇ ਮੋਹ ਵਿਚ ਮੋਏ ਪਏ ਸਨ, ਉਹ ਪੁੱਤਰ, ਇਸਤਰੀ ਤਾਂ ਕੋਈ ਵੀ ਨਾਲ ਨਹੀਂ ਜਾਏਗਾ।

੬-੭. ਹੇ ਭਾਈ ! (ਅਜਿਹੇ ਲੋਕਾਂ ਦਾ) ਸੰਸਾਰ ਦੇ ਲੋਕਾਂ ਵਿਚ ਮੂੰਹ ਕਾਲਾ ਹੋਇਆ, (ਭਾਵ ਉਹ ਸ਼ਰਮਿੰਦੇ ਹੋਏ) ਤੇ ਹਾਉਕੇ ਲੈਂਦੇ ਹਨ। (ਉਨ੍ਹਾਂ) ਮਨਮੁਖਾਂ ਦਾ ਕੋਈ ਭੀ ਵਿਸਾਹ ਨਹੀਂ ਕਰਦਾ, ਉਨ੍ਹਾਂ ਦਾ ਇਤਬਾਰ ਹੀ ਮੁੱਕ ਜਾਂਦਾ ਹੈ।

ਪ੍ਰ: ਹਜ਼ੂਰ! ਕੀ ਇਹ ਦਸ਼ਾ ਸਾਰਿਆਂ ਦੀ ਹੀ ਹੁੰਦੀ ਹੈ?

ਉ: ੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! (ਇਸ ਜਗਤ ਵਿਚ) ਗੁਰਮੁਖਾਂ ਨੂੰ ਤਾਂ ਬਹੁਤ ਹੀ ਸੁੱਖ ਹੁੰਦਾ ਹੈ, ਉਹ ਇਸ ਲਈ ਕਿ ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਹੈ।੧।

ਮ: ੩ ॥

੧. ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥
੨. ਸਤਿਗੁਰ ਕਾ ਭਾਣਾ ਅਨਦਿਨੁ ਕਰਹਿ
ਸੇ ਸਚਿ ਰਹੇ ਸਮਾਇ ॥
੩. ਦੂਜੈ ਭਾਇ ਲਗੇ ਸਜਣ ਨ ਆਖੀਅਹਿ
ਜਿ ਅਭਿਮਾਨੁ ਕਰਹਿ ਵੇਕਾਰ ॥
੪. ਮਨਮੁਖ ਆਪ ਸੁਆਰਥੀ
ਕਾਰਜੁ ਨ ਸਕਹਿ ਸਵਾਰਿ ॥
੫. ਨਾਨਕ ਪੂਰਬਿ ਲਿਖਿਆ ਕਮਾਵਣਾ
ਕੋਇ ਨ ਮੇਟਣਹਾਰੁ ॥੨॥

ਪਦ ਅਰਥ : ਸੈਣ ਸਜਣ—ਭਲੇ ਮਨੁੱਖ। ਅਨਦਿਨੁ—ਹਰ ਰੋਜ਼।੨।

ਅਰਥ :

ਪ੍ਰ: ਹੇ ਗੁਰੋ! ਗੁਰਮਤਿ ਵਿਚ ਭਲੇ ਪੁਰਸ਼ ਕਿਨ੍ਹਾਂ ਲੋਕਾਂ ਨੂੰ ਮੰਨਿਆ ਗਿਆ ਹੈ?

ਉ: ੧. ਹੇ ਭਾਈ! ਜੋ ਮਨੁੱਖ ਆਪਾ-ਭਾਵ ਨਿਵਾਰ ਕੇ ਪ੍ਰਭੂ ਵਿਚ ਸੁਭਾਵਕ ਹੀ ਲੀਨ ਹੋ ਜਾਂਦੇ ਹਨ, (ਉਨ੍ਹਾਂ ਨੂੰ ਹੀ ਗੁਰਮਤਿ ਨੇ) ਭਲੇ ਲੋਕ ਮੰਨਿਆ ਹੈ ਅਤੇ ਉਹੋ ਹੀ (ਸਾਡੇ) ਸਾਥੀ ਹਨ।

੨. ਜੋ ਸਤਿਗੁਰੂ ਦਾ ਭਾਣਾ ਮੰਨਦੇ ਹਨ, ਉਹ ਸੱਚੇ ਹਰੀ ਵਿਚ ਹੀ ਸਮਾਏ ਰਹਿੰਦੇ ਹਨ।

੩. ਹੇ ਪਿਆਰਿਓ! ਪਰ ਉਨ੍ਹਾਂ ਨੂੰ ਸੰਤ ਜਨ ਨਹੀਂ ਆਖਿਆ ਜਾਂਦਾ, ਜੋ ਕਿ ਮਾਇਆ ਦੇ ਮੋਹ ਵਿਚ ਲੱਗੇ ਹੋਏ, ਅਹੰਕਾਰ ਤੇ ਵਿਕਾਰ (ਮੰਦੇ ਕੰਮ) ਕਰਦੇ ਹਨ।

ਪ੍ਰ: ਹਜ਼ੂਰ! ਉਹ ਕਿਉਂ?

ਉ: ੪. ਹੇ ਪਿਆਰੇ! ਉਹ ਮਨਮੁਖ (ਸੁਆਰਥੀ) ਖ਼ੁਦਗ਼ਰਜ਼, ਆਪਣੇ ਮਤਲਬ ਦੇ ਪਿਆਰੇ (ਹੋਣ ਕਰਕੇ) ਕਿਸੇ ਦਾ ਭੀ ਕੰਮ ਨਹੀਂ ਸੁਆਰ ਸਕਦੇ।

ਪ੍ਰ: ਕਿਉਂ ਜੀ! ਉਹ ਮਨਮੁਖ ਖ਼ੁਦਗ਼ਰਜ਼ੀ ਨੂੰ ਛੱਡ ਕੇ ਨਿਰਦੋਸ਼ ਕਿਉਂ ਨਹੀਂ ਹੋ ਜਾਂਦੇ?

ਉ: ੫. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਉਨ੍ਹਾਂ ਦੇ ਸਿਰ ਭੀ ਕੀ ਦੋਸ਼ ਹੈ? ਕਿਉਂਕਿ ਪਿਛਲੇ ਕੀਤੇ ਕੰਮਾਂ ਦੇ ਅਨੁਸਾਰ ਮੁੱਢ ਤੋਂ ਉਕਰਿਆ ਹੋਇਆ (ਸੰਸਕਾਰ ਰੂਪ ਲੇਖ) ਹੀ ਕਮਾਉਣਾ ਪੈਂਦਾ ਹੈ, ਉਸ ਨੂੰ ਕੋਈ ਭੀ ਮਿਟਾਉਣ ਦੀ ਸਮਰੱਥਾ ਨਹੀਂ ਰੱਖਦਾ।੨।

ਪਉੜੀ ॥

੧. ਤੁਧੁ ਆਪੇ ਜਗਤੁ ਉਪਾਇ ਕੈ
ਆਪਿ ਖੇਲੁ ਰਚਾਇਆ ॥
੨. ਤ੍ਰੈ ਗੁਣ ਆਪਿ ਸਿਰਜਿਆ
ਮਾਇਆ ਮੋਹੁ ਵਧਾਇਆ ॥
੩. ਵਿਚਿ ਹਉਮੈ ਲੇਖਾ ਮੰਗੀਐ
ਫਿਰਿ ਆਵੈ ਜਾਇਆ ॥
੪. ਜਿਨਾ ਹਰਿ ਆਪਿ ਕ੍ਰਿਪਾ ਕਰੇ
ਸੇ ਗੁਰਿ ਸਮਝਾਇਆ ॥
੫. ਬਲਿਹਾਰੀ ਗੁਰ ਆਪਣੇ
ਸਦਾ ਸਦਾ ਘੁਮਾਇਆ ॥੩॥

ਅਰਥ :

ਪ੍ਰ: ਹੇ ਗੁਰੋ! ਇਹ ਜੋ ਸੰਸਾਰ ਦੀ ਅਸਚਰਜ ਰਚਨਾ ਹੈ, ਜਦੋਂ ਇਸ ਸਬੰਧੀ ਵੀਚਾਰ ਕਰਦੇ ਹਾਂ ਤਾਂ ਕੁਝ ਸਮਝ ਹੀ ਨਹੀਂ ਪੈਂਦੀ, ਦੱਸੋ ਕੀ ਕਰਨਾ ਚਾਹੀਦਾ ਹੈ?

ਉ: ੧. ਹੇ ਭਾਈ! ਅਸਲ ਗੱਲ ਤਾਂ ਇਹੋ ਹੀ ਹੈ ਕਿ ਇਸ ਸੰਸਾਰ ਦੀ ਰਚਨਾ ਨੂੰ ਸਮਝਣ ਦੀ ਥਾਂ ਉਸ ਸਾਈਂ ਜੀ ਦੇ ਸਨਮੁਖ ਹੋ ਉਸਦੀ ਬੇਅੰਤ ਰਚਨਾ ਵੱਲ ਤੱਕ ਕੇ ਇਉਂ ਹੀ ਕਹਿਣਾ ਚਾਹੀਦਾ ਹੈ ਕਿ ਹੇ ਸਾਈਂ ਜੀ, ਹੇ ਹਰੀ! ਤੂੰ ਆਪ ਹੀ ਇਹ ਸੰਸਾਰ ਰਚ ਕੇ, ਆਪ ਹੀ ਖੇਡ ਬਣਾਈ ਹੈ।

੨. ਤੂੰ ਆਪ ਹੀ (ਮਾਇਆ ਦੇ) ਤਿੰਨ ਗੁਣ ਬਣਾਏ ਹਨ ਅਤੇ ਆਪ ਹੀ ਤੂੰ ਮਾਇਆ ਦਾ ਮੋਹ (ਜਗਤ ਵਿਚ) ਵਧਾ ਦਿੱਤਾ ਹੈ।

੩. ਇਸ ਮਾਇਆ ਦੇ ਮੋਹ ਵਿਚ ਲੱਗਿਆਂ ਅਹੰਕਾਰ ਉਪਜਦਾ ਹੈ। ਇਸ ਹੰਕਾਰ ਵਿਚ (ਲੱਗਿਆਂ) ਰੱਬੀ ਦਰਬਾਰ ਵਿਚ ਲੇਖਾ ਮੰਗੀਦਾ ਹੈ ਤੇ ਫਿਰ-ਫਿਰ ਜੰਮਣਾ ਮਰਨਾ ਪੈਂਦਾ ਹੈ।

ਪ੍ਰ: ਹਜ਼ੂਰ! ਕੀ ਇਹ ਦਸ਼ਾ ਸਾਰਿਆਂ ਦੀ ਹੀ ਹੁੰਦੀ ਹੈ?

ਉ: ੪. ਹੇ ਪਿਆਰੇ! ਜਿਨ੍ਹਾਂ 'ਤੇ ਹਰੀ ਆਪ ਹੀ ਕਿਰਪਾ ਕਰਦਾ ਹੈ, ਉਨ੍ਹਾਂ ਨੂੰ ਸਤਿਗੁਰੂ ਜੀ ਨੇ (ਇਹ) ਸਮਝ ਪਾ ਦਿੱਤੀ ਹੈ। (ਭਾਵ ਹੈ ਕਿ ਉਨ੍ਹਾਂ ਨੂੰ ਇਹ ਸੋਝੀ ਹੀ ਆਉਂਦੀ ਹੈ ਕਿ ਨਾਮ ਤੋਂ ਸੱਖਣੇ ਰਹਿਣ ਵਾਲੇ ਜੰਮਣ ਮਰਨ ਵਿਚ ਹੀ ਰਹਿੰਦੇ ਹਨ)।

੫. ਇਸ ਲਈ ਹੇ ਭਾਈ! ਮੈਂ ਆਪਣੇ ਸਤਿਗੁਰੂ ਤੋਂ ਸਦਕੇ ਹਾਂ ਤੇ ਸਦਾ ਵਾਰਨੇ ਜਾਂਦਾ ਹਾਂ।੩।

ਭਾਵਾਰਥ : ਪਹਿਲੇ ਸਲੋਕ ਵਿਚ ਹਜ਼ੂਰ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਜੀ ਦੇ ਵਿਸਰ ਜਾਣ ਦਾ ਇਕ ਇਹੋ ਹੀ ਕਾਰਨ ਦੱਸਦੇ ਹਨ ਕਿ ਇਹ ਮੋਹ ਰੂਪੀ ਠੱਗ ਬੂਟੀ ਹੈ ਜਿਸ ਨੇ ਜੀਵਾਂ ਨੂੰ ਨਾਮ ਭੁਲਾ ਦਿੱਤਾ ਹੈ, ਪਰ ਅਜਿਹੇ ਲੋਕਾਂ ਨੂੰ ਹਜ਼ੂਰ ਜੀਉਂਦਿਆਂ ਦੀ ਗਿਣਤੀ ਵਿਚ ਨਹੀਂ ਗਿਣਦੇ, ਕਿਉਂਕਿ ਉਹ ਦ੍ਵੈਤ-ਭਾਵਨਾ ਵਿਚ ਲੱਗੇ ਇਕ ਤਰ੍ਹਾਂ ਦੇ ਮੁਰਦੇ ਹੀ ਹਨ। ਆਖ਼ਰ ਉਨ੍ਹਾਂ ਨੂੰ ਬਹੁਤਾ ਹੀ ਦੁੱਖ ਜੰਮਣ

ਮਰਨ ਦਾ ਲੱਗਦਾ ਹੈ, ਇਸ ਲੋਕ ਵਿਚ ਸ਼ਰਮਿੰਦੇ ਹੁੰਦੇ ਹਨ। ਉਨ੍ਹਾਂ ਦਾ ਲੋਕਾਂ ਵਿਚ ਇਤਬਾਰ ਭੀ ਖ਼ਤਮ ਹੋ ਜਾਂਦਾ ਹੈ, ਪਰ ਇਨ੍ਹਾਂ ਦੇ ਮੁਕਾਬਲੇ ਵਿਚ ਜਿਨ੍ਹਾਂ ਦੇ ਅੰਦਰ ਨਾਮ ਦਾ ਨਿਵਾਸ ਹੈ, ਉਨ੍ਹਾਂ ਗੁਰਮੁਖਾਂ ਨੂੰ ਹਰ ਥਾਂ ਹੀ ਬਹੁਤਾ ਸੁੱਖ ਪ੍ਰਾਪਤ ਹੁੰਦਾ ਹੈ।

ਮਹਲੇ ਵਿਚ ਕਹਿੰਦੇ ਹਨ ਕਿ ਚੰਗੇ ਮਨੁੱਖ ਓਹੀ ਹਨ, ਜੋ ਸੁਭਾਵਕ ਸਾਈਂ ਜੀ ਵਿਚ ਸਮਾ ਜਾਂਦੇ ਹਨ। ਉਨ੍ਹਾਂ ਨੂੰ ਭਲੇ ਪੁਰਸ਼ ਨਹੀਂ ਕਿਹਾ ਜਾ ਸਕਦਾ, ਜੋ ਮਾਇਆ ਦੇ ਮੋਹ ਵਿਚ ਮਗਨ ਹੋਏ ਇਹ ਆਪਣਾ ਜੀਵਨ ਹੰਕਾਰ ਤੇ ਵਿਕਾਰਾਂ ਵਿਚ ਗੁਜ਼ਾਰੀ ਜਾਂਦੇ ਹਨ। ਉਹ ਤਾਂ ਅਜਿਹੇ ਖ਼ੁਦਗਰਜ਼ ਬੰਦੇ ਹਨ, ਜੋ ਕਿ ਕਿਸੇ ਦਾ ਕਾਰਜ ਨਹੀਂ ਸੁਆਰ ਸਕਦੇ।

ਪਉੜੀ ਵਿਚ ਫ਼ੁਰਮਾਨ ਕਰਦੇ ਹਨ ਕਿ ਇਸ ਜਗਤ ਦੀ ਰਚਨਾ ਵਿਚ ਤ੍ਰੈਗੁਣੀ ਮਾਇਆ ਭੀ ਕਰਤਾਰ ਨੇ ਆਪ ਹੀ ਬਣਾਈ ਹੈ। ਇਸ ਦੇ ਮੋਹ ਵਿਚ ਫਸ ਕੇ ਹਉਮੈ ਦੇ ਕਾਰਨ ਇਹ ਜੀਵ ਕਲਾ ਜੰਮਣ ਮਰਨ ਵਿਚ ਪੈ ਜਾਂਦੀ ਹੈ, ਪਰ ਜਿਸ ਉੱਤੇ ਸਾਈਂ ਜੀ ਦੀ ਮਿਹਰ ਹੋਵੇ, ਉਸ ਨੂੰ ਸਤਿਗੁਰੂ ਜੀ ਇਹ ਭੁਲੇਖਾ ਸਮਝਾ ਦੇਂਦਾ ਹੈ।

ਸਲੋਕੁ ਮਃ ੩ ॥

੧. ਮਾਇਆ ਮਮਤਾ ਮੋਹਣੀ
ਜਿਨਿ ਵਿਣੁ ਦੰਤਾ ਜਗੁ ਖਾਇਆ ॥
੨. ਮਨਮੁਖ ਖਾਧੇ ਗੁਰਮੁਖਿ ਉਬਰੇ
ਜਿਨੀ ਸਚਿ ਨਾਮਿ ਚਿਤੁ ਲਾਇਆ ॥
੩. ਬਿਨੁ ਨਾਵੈ ਜਗੁ ਕਮਲਾ ਫਿਰੈ
ਗੁਰਮੁਖਿ ਨਦਰੀ ਆਇਆ ॥
੪. ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ
ਸੁਖਦਾਤਾ ਮਨਿ ਨ ਵਸਾਇਆ ॥
੫. ਨਾਨਕ ਨਾਮੁ ਤਿਨਾ ਕਉ ਮਿਲਿਆ
ਜਿਨ ਕਉ ਧੁਰਿ ਲਿਖਿ ਪਾਇਆ ॥੧॥

ਪਦ ਅਰਥ : ਜਿਨਿ—ਜਿਸ (ਮਾਇਆ ਦੀ ਅਪਣਤ) ਨੇ।

ਅਰਥ :

ਪ੍ਰ: ਹੇ ਗੁਰੋ! ਗੁਰਮਤਿ ਵਿਚ ਮਾਇਆ ਕਿਸ ਨੂੰ ਆਖਿਆ ਗਿਆ ਹੈ?

ਉ: ੧. ਹੇ ਭਾਈ! ਮਾਇਆ ਦਾ ਅਸਲ ਰੂਪ ਮਮਤਾ ਹੈ, ਅਰਥਾਤ ਮਾਇਆ ਦੀ ਅਪਣਤ, ਭਾਵ ਸਦਾ ਇਹੋ ਖ਼ਿਆਲ ਕਰਦੇ ਰਹਿਣਾ ਕਿ ਇਹ ਸ਼ੈਅ ਮੇਰੀ ਹੈ, ਇਹ ਧਨ ਮੇਰਾ ਹੈ, ਇਹੋ ਮਮਤਾ ਮਨ ਨੂੰ ਮੋਹਣ ਵਾਲੀ ਹੈ। ਇਸ ਮਮਤਾ ਨੇ ਜਗਤ ਨੂੰ ਬਿਨਾ ਦੰਦਾਂ ਤੋਂ ਹੀ ਖਾ ਲਿਆ ਹੈ, (ਮੂਲ ਤੋਂ ਹੀ ਨਿਗਲ ਲਿਆ ਹੈ)।

ਪ੍ਰ: ਕਿਉਂ ਜੀ! ਕੀ ਇਸ ਮਾਇਆ ਨੇ ਸਾਰੇ ਹੀ ਜਗਤ ਦੇ ਜੀਵ ਖਾ ਲਏ ਹਨ?

ਉ: ੨. ਹੇ ਪਿਆਰੇ! ਮਨਮੁਖ ਤਾਂ ਇਸ ਮਮਤਾ ਰਾਹੀਂ (ਸਾਰੇ ਹੀ) ਖਾਧੇ ਗਏ ਹਨ, ਭਾਵ ਗ੍ਰਸੇ ਗਏ ਹਨ, ਪਰ ਜਿਨ੍ਹਾਂ ਗੁਰਮੁਖਾਂ ਨੇ ਸੱਚੇ ਨਾਮ ਵਿਚ ਚਿੱਤ ਜੋੜਿਆ ਹੈ, ਉਹ (ਇਸ ਤੋਂ) ਬਚ ਗਏ ਹਨ।

ਪ੍ਰ: ਹਜ਼ੂਰ! ਇਹ ਜਗਤ ਦੀ ਹੋ ਰਹੀ ਦਸ਼ਾ ਸਾਰਿਆਂ ਨੂੰ ਹੀ ਕਿਉਂ ਨਹੀਂ ਦਿੱਸਦੀ?

ਉ: ੩. ਹੇ ਭਾਈ! (ਜੋ ਲੋਕ ਗੁਰੂ ਦੇ ਸਨਮੁਖ ਨਹੀਂ ਹੋਏ, ਉਨ੍ਹਾਂ ਦੀ ਵੀਚਾਰ ਦ੍ਰਿਸ਼ਟੀ ਕੰਮ ਨਹੀਂ ਕਰਦੀ) ਪਰ ਜੋ ਗੁਰਮੁਖ ਗੁਰੂ ਦੇ ਸਨਮੁਖ ਹੋਏ ਹਨ, ਉਨ੍ਹਾਂ ਨੂੰ ਇਹ ਦਿੱਸ ਪੈਂਦਾ ਹੈ ਕਿ ਇਹ ਸਾਰਾ ਹੀ ਸੰਸਾਰ ਨਾਮ ਤੋਂ ਸਖਣਾ ਰਹਿ ਕੇ ਕਮਲਾ ਹੋਇਆ ਭਟਕਦਾ ਫਿਰਦਾ ਹੈ।

੪. ਉਨ੍ਹਾਂ ਨੂੰ ਇਹ ਭੀ ਸੋਝੀ ਆ ਜਾਂਦੀ ਹੈ ਕਿ ਇਹ ਮਨੁੱਖ ਮਾਇਆ ਦੇ ਕਜ਼ੀਏ ਕਰਦਾ ਹੋਇਆ ਇਸ ਮਨੁੱਖਾ ਜਨਮ ਨੂੰ ਨਿਸਫਲ ਗਵਾ ਲੈਂਦਾ ਹੈ ਅਤੇ ਸੁੱਖਾਂ ਦੇ ਦਾਤਾ ਨਾਮ ਨੂੰ ਮਨ ਵਿਚ ਨਹੀਂ ਵਸਾਉਂਦਾ।

ਪ੍ਰ: ਹਜ਼ੂਰ! ਇਹ ਪਵਿੱਤਰ ਨਾਮ ਦੀ ਦਾਤ ਸਾਰੇ ਹੀ ਲੋਕਾਂ ਨੂੰ ਹਾਸਲ ਕਿਉਂ ਨਹੀਂ ਹੁੰਦੀ?

ਉ: ੫. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਇਹ ਨਾਮ ਦੀ (ਪਵਿੱਤਰ ਦਾਤ) ਉਨ੍ਹਾਂ ਮਨੁੱਖਾਂ ਨੂੰ ਹੀ ਮਿਲਦੀ ਹੈ, ਜਿਨ੍ਹਾਂ ਦੇ ਹਿਰਦੇ ਵਿਚ ਮੁੱਢ ਤੋਂ (ਕੀਤੇ ਕਰਮਾਂ ਦੇ ਅਨੁਸਾਰ) (ਸੰਸਕਾਰ ਰੂਪ ਲੇਖ) ਉੱਕਰ ਕੇ ਪ੍ਰਭੂ ਜੀ ਨੇ ਰੱਖ ਦਿੱਤਾ ਹੈ।੧।

ਮਃ ੩ ॥

੧. ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ
ਮਨਮੁਖਾ ਸਾਦੁ ਨ ਪਾਇਆ ॥
੨. ਜਿਉ ਕਸਤੂਰੀ ਮਿਰਗੁ ਨ ਜਾਣੈ
ਭ੍ਰਮਦਾ ਭਰਮਿ ਭੁਲਾਇਆ ॥
੩. ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ
ਕਰਤੈ ਆਪਿ ਖੁਆਇਆ ॥
੪. ਗੁਰਮੁਖਿ ਵਿਰਲੇ ਸੋਝੀ ਪਈ
ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥
੫. ਤਨੁ ਮਨੁ ਸੀਤਲੁ ਹੋਇਆ
ਰਸਨਾ ਹਰਿ ਸਾਦੁ ਆਇਆ ॥
੬. ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
੭. ਬਿਨੁ ਸਬਦੈ ਸਭੁ ਜਗੁ ਬਉਰਾਨਾ
ਬਿਰਥਾ ਜਨਮੁ ਗਵਾਇਆ ॥
੮. ਅੰਮ੍ਰਿਤੁ ਏਕੋ ਸਬਦੁ ਹੈ
ਨਾਨਕ ਗੁਰਮੁਖਿ ਪਾਇਆ ॥੨॥

ਅਰਥ :

ਪ੍ਰ: ਹਜ਼ੂਰ ਜੀਓ! ਇਹ ਨਾਮ ਰੂਪ ਅੰਮ੍ਰਿਤ ਦੀ ਦਾਤ ਮਿਲਦੀ ਕਿਥੋਂ ਹੈ?

ਉ: ੧. ਹੇ ਭਾਈਓ! ਇਹ (ਨਾਮ ਰੂਪ) ਅੰਮ੍ਰਿਤੁ ਤਾਂ ਹਰੇਕ ਜੀਵ ਦੇ ਹਿਰਦੇ ਰੂਪੀ ਘਰ ਵਿਚ ਹੀ (ਲਬਾ ਲਬ) ਭਰਿਆ ਹੋਇਆ ਹੈ, (ਪਰ) ਮਨਮੁਖ ਲੋਕਾਂ ਨੂੰ (ਉਸ ਦਾ) ਸੁਆਦ ਨਹੀਂ ਆਉਂਦਾ।

ਪ੍ਰ: ਹੇ ਗੁਰੋ! ਜਦ ਕਿ ਹਰ ਹਿਰਦੇ ਵਿਚ ਨਾਮ ਅੰਮ੍ਰਿਤ ਭਰਿਆ ਹੋਇਆ ਹੈ, ਤਾਂ ਹਰ ਪ੍ਰਾਣੀ ਨੂੰ ਉਸ ਦੇ ਬੋਧ ਨਾ ਹੋਣ ਦਾ ਅਸਲ ਕਾਰਨ ਕੀ ਹੈ?

ਉ: ੨. ਹੇ ਭਾਈਓ! ਉਹ ਇਉਂ ਹੀ ਸਮਝ ਲਓ ਕਿ ਜਿਵੇਂ ਇਕ ਹਰਨ ਆਪਣੀ ਨਾਭੀ ਵਿਚ ਹੁੰਦੀ ਹੋਈ ਕਸਤੂਰੀ ਨੂੰ ਨਹੀਂ ਸਮਝਦਾ, ਉਹ ਭਰਮ ਦਾ ਭੁਲਾਇਆ ਹੋਇਆ ਝਾੜੀਆਂ ਵਿਚ ਭੌਂਦਾ ਫਿਰਦਾ ਹੈ,

੩. ਇਸੇ ਤਰ੍ਹਾਂ ਹੇ ਪਿਆਰੇ! ਮਨਮੁਖ ਨਾਮ ਅੰਮ੍ਰਿਤ ਨੂੰ ਛੱਡ ਕੇ ਵਿਹੁ ਰੂਪ ਮਾਇਆ ਨੂੰ ਹੀ ਇਕੱਠੀ ਕਰਦਾ ਹੈ। (ਪਰ ਹੇ ਭਾਈ! ਅਸਲ ਵਿਚ ਜੇ ਸੋਚਿਆ ਜਾਏ ਤਾਂ ਉਸ ਦੇ ਭੀ ਕੀ ਵਸ ਹੈ?) ਕਿਉਂਕਿ ਕਰਤਾਰ ਨੇ (ਉਸ ਦੇ ਪਿਛਲੇ ਕੀਤੇ ਅਨੁਸਾਰ) ਉਸ ਨੂੰ ਆਪ ਹੀ ਖੁੰਝਾਇਆ ਹੋਇਆ ਹੈ।

ਪ੍ਰ: ਕਿਉਂ ਜੀ! ਤੁਹਾਡੀ ਵੀਚਾਰ ਵਿਚ ਉਹ ਕੌਣ ਬੰਦੇ ਹਨ, ਜਿਨ੍ਹਾਂ ਨੂੰ ਕਿ ਉਹ ਬ੍ਰਹਮ ਅੰਦਰ ਹੀ ਵਸਦਾ ਨਜ਼ਰੀਂ ਪਿਆ ਹੈ?

ਉ: ੪. ਹੇ ਭਰਾਵੋ! (ਅਸਲ ਵਿਚ) ਤਾਂ ਅਜਿਹੇ ਵਿਰਲੇ ਹੀ ਗੁਰਮੁਖ ਬੰਦੇ ਹਨ, ਜਿਨ੍ਹਾਂ ਨੂੰ ਕਿ ਇਹ ਸੋਝੀ ਪੈਂਦੀ ਹੈ ਕਿ ਉਹ ਪਰਮੇਸ਼ਰ ਤਾਂ ਹਿਰਦੇ ਅੰਦਰ ਵਸਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਅੰਦਰੋਂ ਪਰਮਾਤਮਾ ਦਿੱਸ ਆਉਂਦਾ ਹੈ।

ਪ੍ਰ: ਹਜ਼ੂਰ! ਉਨ੍ਹਾਂ ਦੀ ਪਛਾਨ ਕੀ ਹੈ?

ਉ: ੫. ਹੇ ਭਾਈ! ਪਹਿਲੀ ਪਛਾਣ ਤਾਂ ਉਨ੍ਹਾਂ ਦੀ ਇਹੋ ਹੀ ਹੈ ਕਿ ਉਨ੍ਹਾਂ ਦਾ ਮਨ ਅਤੇ ਤਨ ਵਿਕਾਰਾਂ ਵੱਲੋਂ ਠੰਡਾ ਠਾਰ ਹੋ ਜਾਂਦਾ ਹੈ ਤੇ ਜ਼ਬਾਨ ਨਾਲ ਨਾਮ ਜਪਦੇ ਰਹਿੰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਨਾਮ ਦਾ ਸੁਆਦ ਆ ਜਾਂਦਾ ਹੈ।

੬. ਪਰ ਹੇ ਭਾਈ! ਇਹ ਸਾਰੀ ਬਰਕਤ ਸਤਿਗੁਰੂ ਦੇ ਸ਼ਬਦ ਦੀ ਹੈ (ਕਿਉਂਕਿ) ਸਤਿਗੁਰੂ ਦੇ ਸ਼ਬਦ ਨਾਲ ਹੀ ਨਾਮ (ਦਾ ਅੰਗੂਰ ਹਿਰਦੇ ਵਿਚ) ਉਗਦਾ ਹੈ ਤੇ ਸ਼ਬਦ ਦੇ ਰਾਹੀਂ ਹੀ ਹਰੀ ਨਾਲ ਮਿਲਾਪ ਹੁੰਦਾ ਹੈ।

੭. ਹੇ ਭਾਈ! ਵੇਖ ਲਓ ਕਿ ਗੁਰੂ ਦੇ ਸ਼ਬਦ ਤੋਂ ਸੱਖਣਾ ਸਾਰਾ ਸੰਸਾਰ ਹੀ ਪਾਗ਼ਲ ਹੋਇਆ ਪਿਆ ਹੈ ਤੇ ਮਨੁੱਖਾ ਜਨਮ ਨੂੰ ਬੇਅਰਥ ਹੀ ਗਵਾ ਰਿਹਾ ਹੈ।

੮. ਹੇ ਪਿਆਰੇ! ਅਸਲ ਵਿਚ ਤਾਂ ਇਹ ਗੁਰੂ ਦਾ ਸ਼ਬਦ ਹੀ ਸਹੀ ਅੰਮ੍ਰਿਤ, ਅਮਰ ਜੀਵਨ ਦੇਣ ਵਾਲਾ ਨਾਮ-ਜਲ ਹੈ, ਜੋ ਕਿ ਮਨੁੱਖ ਨੂੰ ਗੁਰੂ ਦੇ ਸਨਮੁਖ ਹੋਇਆਂ ਹੀ ਮਿਲਦਾ ਹੈ।੨।

ਪਉੜੀ ॥

੧. ਸੋ ਹਰਿ ਪੁਰਖੁ ਅਗੰਮੁ ਹੈ
ਕਹੁ ਕਿਤੁ ਬਿਧਿ ਪਾਈਐ ॥
੨. ਤਿਸੁ ਰੂਪੁ ਨ ਰੇਖ ਅਦ੍ਰਿਸਟੁ
ਕਹੁ ਜਨ ਕਿਉ ਧਿਆਈਐ ॥
੩. ਨਿਰੰਕਾਰੁ ਨਿਰੰਜਨੁ ਹਰਿ ਅਗਮੁ
ਕਿਆ ਕਹਿ ਗੁਣ ਗਾਈਐ ॥
੪. ਜਿਸੁ ਆਪਿ ਬੁਝਾਏ ਆਪਿ
ਸੁ ਹਰਿ ਮਾਰਗਿ ਪਾਈਐ ॥
੫. ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥

ਪਦ ਅਰਥ : ਮਾਰਗਿ—ਰਸਤੇ 'ਤੇ। ਗੁਰ ਸੇਵਾ—ਗੁਰੂ ਦੀ ਦੱਸੀ ਭਗਤੀ ਰੂਪੀ ਕਾਰ।

ਨੋਟ : ਕਈ ਵਾਰ ਸਿੱਖਾਂ ਵੱਲੋਂ ਹਜ਼ੂਰ ਦੇ ਭਰੇ ਦਰਬਾਰ ਵਿਚ ਕਈ ਰੂਪਾਂ ਦੇ ਪ੍ਰਸ਼ਨ ਹੋਇਆ ਕਰਦੇ ਸਨ, ਜਿਨ੍ਹਾਂ ਦੇ ਉੱਤਰ ਰੂਪ ਵਿਚ ਆਪ ਬਾਣੀ ਉਚਾਰਨ ਕੀਤਾ ਕਰਦੇ, ਪਰ ਕਈ ਵਾਰ ਹਜ਼ੂਰ ਜੀ, ਆਪ ਹੀ ਸੰਗਤ ਦੇ ਸਨਮੁਖ ਹੋ ਪ੍ਰਸ਼ਨ ਰੂਪ ਵਿਚ ਮਹਾਂਵਾਕ ਉਚਾਰਨ ਕਰਦੇ ਸਨ, ਜਿਸ ਦਾ ਉੱਤਰ ਭੀ ਆਪ ਹੀ ਕਿਰਪਾ ਕਰ ਕੇ ਦਿਆ ਕਰਦੇ, ਜਿਵੇਂ ਕਿ ਇਸ ਉਪਰੋਕਤ ਪਉੜੀ ਵਿਚ ਉਚਾਰਨ ਕਰਦੇ ਹਨ।

ਅਰਥ :

ਪ੍ਰ: ੧. ਹੇ ਭਾਈਓ! ਦੱਸੋ ਉਹ ਹਰੀ, ਜੋ ਅਗੰਮ ਪੁਰਖ ਹੈ, (ਉਹ) ਕਿਸ ਤਰ੍ਹਾਂ ਮਿਲ ਸਕਦਾ ਹੈ?

ਉ: ੨-੩. ਹੇ ਭਾਈ! ਉਸ ਦਾ ਕੋਈ ਰੂਪ ਨਹੀਂ, ਕੋਈ ਰੇਖ ਨਹੀਂ, (ਉਹ) ਦਿੱਸਦਾ ਭੀ ਨਹੀਂ, ਦੱਸੋ ਉਸ ਨੂੰ ਕਿਵੇਂ ਸਿਮਰੀਏ? (ਫਿਰ ਉਹ) ਸ਼ਕਲ ਤੋਂ ਬਿਨਾ ਹੈ, ਮਾਇਆ ਤੋਂ ਰਹਿਤ ਹੈ, ਪਹੁੰਚ ਤੋਂ ਪਰੇ ਹੈ, ਸੋ ਕੀ ਆਖ ਕੇ ਉਸ ਦੀ ਸਿਫ਼ਤਿ-ਸਾਲਾਹ ਕਰੀਏ?

ਪ੍ਰ: (ਸਿੱਖਾਂ ਵੱਲੋਂ ਬੇਨਤੀ ਹੋਈ ਕਿ ਹਜ਼ੂਰ ਇਸ ਦਾ ਉੱਤਰ ਭੀ ਆਪ ਹੀ ਬਖ਼ਸ਼ੋ)।

ਉ: ੪. ਹੇ ਭਾਈਓ! ਅਸਲ ਗੱਲ ਤਾਂ ਇਹੋ ਹੈ ਕਿ ਜਿਸ ਮਨੁੱਖ ਨੂੰ ਉਹ ਪ੍ਰਭੂ ਆਪ ਹੀ ਸਮਝਾ ਦੇਂਦਾ ਹੈ, ਉਹੋ ਹੀ ਪ੍ਰਭੂ ਦੇ ਰਾਹ 'ਤੇ ਤੁਰਦਾ ਹੈ।

੫. ਪਰ ਉਸ ਦਾ ਦੀਦਾਰ ਭੀ ਪੂਰੇ ਗੁਰੂ ਨੇ ਹੀ ਕਰਾਇਆ ਹੈ ਅਤੇ ਉਸ ਨੂੰ ਪਾਇਆ ਭੀ ਗੁਰੂ ਦੀ ਦੱਸੀ ਕਾਰ ਦੁਆਰਾ ਹੀ ਜਾਂਦਾ ਹੈ। ਭਾਵ ਗੁਰੂ ਦੀ ਸੇਵਾ ਕੀਤਿਆਂ ਹੀ ਮਿਲਦਾ ਹੈ।੪।

ਭਾਵਾਰਥ : ਸਲੋਕ ਵਿਚ ਹਜ਼ੂਰ ਜੀ ਮਾਇਆ ਮੋਹ ਦੀ ਪ੍ਰਬਲਤਾ ਦਰਸਾ ਰਹੇ ਹਨ, ਜਿਸ ਮਮਤਾ ਨੇ ਜਗਤ ਨੂੰ ਬਿਨਾ ਦੰਦਾਂ ਤੋਂ ਖਾ ਲਿਆ ਹੈ। ਮਨਮੁਖਾਂ ਨੂੰ ਤਾਂ ਇਸ ਨੇ ਸਮੂਲਚਾ ਹੀ ਨਿਗਲ ਲਿਆ ਹੈ, ਪਰ ਉਹ ਗੁਰਮੁਖ ਇਸ ਤੋਂ ਬਚ ਗਏ ਹਨ, ਜਿਨ੍ਹਾਂ ਨੇ ਸੱਚੇ ਨਾਮ ਵਿਚ ਆਪਣੇ ਚਿੱਤ ਨੂੰ ਜੋੜ ਲਿਆ ਹੈ।

ਮਹਲੇ ਵਿਚ ਦੱਸਦੇ ਹਨ ਕਿ ਉਹ ਨਾਮ ਅੰਮ੍ਰਿਤ ਮਨੁੱਖ ਦੇ ਅੰਦਰ ਹੀ ਵਸਦਾ ਹੈ, ਪਰ ਮਨਮੁਖਾਂ ਨੂੰ ਉਸ ਦਾ ਅਨੰਦ ਨਹੀਂ ਪ੍ਰਾਪਤ ਹੋ ਸਕਦਾ। ਉਨ੍ਹਾਂ ਦੀ ਦਸ਼ਾ ਭੀ ਉਸੇ ਮ੍ਰਿਗ ਵਾਂਗ ਹੁੰਦੀ ਹੈ, ਜਿਹੜਾ

ਕਿ ਆਪਣੇ ਅੰਦਰ ਹੁੰਦੀ ਕਸਤੂਰੀ ਦੇ ਭੀ ਝਾੜਾਂ ਵਿਚ ਭਟਕਦਾ ਫਿਰਦਾ ਹੈ, ਪਰ ਇਸ ਅਮੋਲਕ ਨਾਮ ਦੀ ਸੋਝੀ ਕਿਸੇ ਵਿਰਲੇ ਗੁਰਮੁਖ ਨੂੰ ਹੀ ਪੈ ਸਕੀ ਹੈ। ਨਾਮ ਦਾ ਹੀ ਸਦਕਾ ਉਨ੍ਹਾਂ ਦਾ ਮਨ ਤਨ ਸਦੀਵੀ ਕਾਲ ਲਈ ਠੰਡਾ ਹੋ ਜਾਂਦਾ ਹੈ।

ਪਉੜੀ ਵਿਚ ਕਹਿੰਦੇ ਹਨ ਕਿ ਉਸ ਪਰਮੇਸ਼ਰ ਦਾ ਕੋਈ ਖ਼ਾਸ ਰੂਪ ਨਹੀਂ, ਕੋਈ ਉਸ ਦੀ ਰੇਖ ਨਹੀਂ, ਜਿਸ ਦੀ ਜੀਵ ਨੂੰ ਸਮਝ ਪੈ ਸਕੇ, ਇਸ ਲਈ ਜੀਵ ਉਸ ਦੀ ਸਿਫ਼ਤਿ-ਸਾਲਾਹ ਆਪਣੇ ਆਪ ਕਰ ਹੀ ਨਹੀਂ ਸਕਦਾ, ਹਾਂ, ਕੇਵਲ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਹੀ ਪ੍ਰਭੂ ਦਾ ਦੀਦਾਰ ਹੋ ਸਕਦਾ ਹੈ।

ਸਲੋਕੁ ਮਃ ੩ ॥

੧. ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ॥
੨. ਜੀਉ ਵੰਞੈ ਚਉ ਖੰਨੀਐ ਸਚੇ ਸੰਦੜੈ ਨੇਹਿ ॥
੩. ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹ ॥੧॥

ਪਦ ਅਰਥ : ਭੋਰੀ—ਰਤਾ ਭਰ ਭੀ। ਡੇਹਿ—ਦੇਵੇ। ਜੀਉ—ਜਿੰਦ। ਚਉ ਖੰਨੀਐ—ਚਾਰ ਖੰਨ। ਚਉਖੰਨੀਐ ਵੰਞੈ—ਚਾਰ ਟੋਟੇ ਹੋ ਜਾਏ। ਨੇਹਿ—ਪਿਆਰ ਦੀ ਖ਼ਾਤਰ। ਸੰਦੜੈ—ਦੇ। ਡੇਹ—ਦਿਨ। ਅਤੈ—ਅਤੇ।

ਅਰਥ :

ਪ੍ਰ: ਹੇ ਗੁਰੋ! ਕੋਈ ਅਜਿਹਾ ਸਾਧਨ ਦੱਸੋ, ਜਿਸ ਰਾਹੀਂ ਉਸ ਪ੍ਰਭੂ ਜੀ ਨਾਲ ਹੋਇਆ ਮਿਲਾਪ ਦਿਨੇ ਰਾਤ ਕਦੇ ਭੀ ਨਾ ਟੁੱਟ ਸਕੇ ?

ਉ: ੧. ਹੇ ਭਾਈ! ਇਸ ਸਦਾ ਮਿਲਾਪ ਦੀ ਅਵਸਥਾ ਬਣੀ ਰਹਿਣ ਲਈ ਦੋ ਸਾਧਨ ਕਰਨੇ ਅਤਿ ਜ਼ਰੂਰੀ ਹਨ : ਪਹਿਲਾ ਹੈ ਇਹ ਕਿ ਜੇ ਮੇਰਾ ਸਰੀਰ ਰਤਾ ਭਰ ਭੀ ਲਹੂ ਨਾ ਦੇਵੇ, ਭਾਵੇਂ ਇਸ ਨੂੰ ਤਿਲਾਂ ਵਾਂਗ ਕੋਹਲੂ ਵਿਚ ਪੀੜਿਆ ਜਾਵੇ, ਭਾਵ ਹੈ ਕਿ ਜੇ ਅਨੇਕਾਂ ਕਰੜੇ ਕਸ਼ਟ ਆਉਣ 'ਤੇ ਭੀ ਮੇਰੇ ਅੰਦਰ ਇਸ ਸਰੀਰ ਦੇ ਬਚੇ ਰਹਿਣ ਦੀ ਲਾਲਸਾ ਰਤਾ ਭਰ ਭੀ ਨਾ ਹੋਵੇ।

੨. ਦੂਜਾ ਹੈ, ਮੇਰੀ ਜਿੰਦ ਸੱਚੇ ਪ੍ਰਭੂ ਦੇ ਪਿਆਰ ਤੋਂ ਪਈ ਵਾਰਨੇ ਸਦਕੇ ਹੋਵੇ। ਭਾਵ ਮੇਰਾ ਇਹ ਜੀਉ ਵਾਹਿਗੁਰੂ ਜੀ ਦੇ ਪਿਆਰ ਵਿਚ ਬਲਿਹਾਰ ਕੁਰਬਾਨ ਜਾਵੇ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ! ਇਸ ਤਰ੍ਹਾਂ ਦੇ ਸਾਧਨ ਕਰਨ ਨਾਲ ਪ੍ਰਭੂ ਜੀ ਦਾ ਮਿਲਾਪ ਨਾ ਦਿਨੇ ਨਾ ਹੀ ਰਾਤ ਕਦੇ ਭੀ ਨਹੀਂ ਟੁੱਟਦਾ।

ਮਃ ੩ ॥

੧. ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ॥
੨. ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ ॥
੩. ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ॥੨॥

ਅਰਥ :

ਪ੍ਰ: ਹੇ ਗੁਰੋ! ਸੁਣਦੇ ਹਾਂ ਕਿ ਉਹ ਪਰਮਾਤਮਾ ਬੜਾ ਹੀ ਰੰਗੀਲਾ ਹੈ, ਪਰ ਉਹ ਆਪਣੇ ਸਾਧਕਾਂ ਦੇ ਅੰਦਰ ਪ੍ਰੇਮ ਦਾ ਰੰਗ ਕਿਵੇਂ ਚਾੜ੍ਹਦਾ ਹੈ ?

ਉ: ੧. ਹੇ ਭਾਈਓ! ਇਹ ਠੀਕ ਹੈ ਕਿ ਉਹ ਮੇਰਾ ਸੱਜਣ (ਬੜਾ ਹੀ) ਰੰਗੀਲਾ ਹੈ, ਭਾਵ ਰੰਗ ਦਾ ਘਰ ਹੈ, ਪਰ (ਜਦੋਂ ਭੀ ਕਦੇ ਆਪਣੇ ਨਾਲ ਪਿਆਰ ਕਰਨ ਵਾਲੇ ਨੂੰ ਰੰਗ ਲਾਉਂਦਾ ਹੈ ਤਾਂ) ਉਸ ਦਾ ਪਹਿਲੋਂ ਮਨ ਲੈ ਕੇ ਉਸ ਨੂੰ (ਪ੍ਰੇਮ ਦਾ) ਰੰਗ ਲਾ ਦੇਂਦਾ ਹੈ।

ਪ੍ਰ: ਹਜ਼ੂਰ! ਉਹ ਕਿਵੇਂ ?

ਉ: ੨. ਹੇ ਭਾਈਓ! ਦੇਖੋ, ਜਿਵੇਂ ਕੱਪੜੇ ਭੀ ਪਾਹ ਦੇ ਕੇ ਮਜੀਠ ਵਿਚ ਰੰਗੇ ਜਾਂਦੇ ਹਨ, ਭਾਵ ਹੈ ਮਜੀਠੇ ਰੰਗ ਵਿਚ ਕੱਪੜੇ ਨੂੰ ਰੰਗਣ ਵਾਸਤੇ ਭੀ ਪਹਿਲੇ ਪਾਹ ਦਿੱਤੀ ਜਾਂਦੀ ਹੈ ਤਾਂ ਹੀ ਚੰਗਾ ਰੰਗ ਚੜ੍ਹਦਾ ਹੈ, ਤਿਵੇਂ ਮਨ ਰੂਪੀ ਕੋਰੇ ਬਸਤਰ ਨੂੰ ਭੈ ਧਾਰਨ ਰੂਪੀ ਖੁੰਭ 'ਤੇ ਚਾੜ੍ਹ ਕੇ ਖੋਟੇ ਕੰਮਾਂ ਵੱਲੋਂ ਸ਼ਰਮ ਕਰਨੀ ਇਹ ਪਾਹ ਚਾੜ੍ਹੇ ਤਾਂ ਭਗਤੀ ਰੂਪੀ ਚੰਗਾ ਰੰਗ ਚੜ੍ਹਦਾ ਹੈ, ਅਰਥਾਤ ਆਪਾ-ਭਾਵ ਦੇ ਕੇ ਹੀ ਪ੍ਰੇਮ-ਰੰਗ ਮਿਲਦਾ ਹੈ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਇਸ ਤਰ੍ਹਾਂ ਨਾਲ ਚੜ੍ਹਿਆ ਪ੍ਰੇਮ-ਰੰਗ ਫੇਰ ਕਦੀ ਭੀ ਨਹੀਂ ਲਹਿੰਦਾ ਅਤੇ ਨਾ ਹੀ ਹੋਰ ਕੋਈ ਰੰਗ ਚੜ੍ਹ ਹੀ ਸਕਦਾ ਹੈ, (ਭਾਵ ਹੈ ਕਿ ਉਸ ਨੂੰ ਹੋਰ ਕੋਈ ਭੀ ਚੀਜ਼ ਪਿਆਰੀ ਨਹੀਂ ਲੱਗਦੀ)।੨।

ਪਉੜੀ ॥

੧. ਹਰਿ ਆਪਿ ਵਰਤੈ ਆਪਿ ਹਰਿ ਆਪਿ ਬੁਲਾਇਦਾ ॥
੨. ਹਰਿ ਆਪੇ ਸ੍ਰਿਸਟਿ ਸਵਾਰਿ ਸਿਰਿ ਧੰਧੈ ਲਾਇਦਾ ॥
੩. ਇਕਨਾ ਭਗਤੀ ਲਾਇ ਇਕਿ ਆਪਿ ਖੁਆਇਦਾ ॥
੪. ਇਕਨਾ ਮਾਰਗਿ ਪਾਇ ਇਕਿ ਉਝੜਿ ਪਾਇਦਾ ॥
੫. ਜਨੁ ਨਾਨਕੁ ਨਾਮੁ ਧਿਆਏ
ਗੁਰਮੁਖਿ ਗੁਣ ਗਾਇਦਾ ॥੫॥

ਪਦ ਅਰਥ : ਵਰਤੈ—ਮੌਜੂਦ ਹੈ। ਸਿਰਿ—ਸਿਰਿ ਸਿਰਿ, ਹਰੇਕ ਸਿਰ ਉੱਤੇ, ਹਰੇਕ ਜੀਵ ਨੂੰ।

ਅਰਥ :

ਪ੍ਰ: ਹਜ਼ੂਰ! ਜਦੋਂ ਪ੍ਰਭੂ ਦੀ ਰਚਨਾ ਵੱਲ ਨਜ਼ਰ ਮਾਰਦੇ ਹਾਂ ਤਾਂ ਅਸਚਰਜ ਹੋਈਦਾ ਹੈ ਕਿ ਇਸ ਰਚਨਾ ਵਿਚ ਕੌਣ ਵਰਤ ਰਿਹਾ ਹੈ, ਇਨ੍ਹਾਂ ਕਠ-ਪੁਤਲੀਆਂ ਜੀਵਾਂ ਤੋਂ ਕੌਣ ਬੋਲ ਬੁਲਾਉਂਦਾ ਹੈ ਅਤੇ ਇਨ੍ਹਾਂ ਜੀਵਾਂ ਨੂੰ ਵਖੋ-ਵੱਖ ਧੰਧਿਆਂ ਵਿਚ ਲਾਉਣ ਵਾਲਾ ਕੌਣ ਹੈ ?

ਉ: ੧. ਹੇ ਪਿਆਰੇ! ਅਸਲੀਅਤ ਤਾਂ ਇਹੋ ਹੀ ਹੈ ਕਿ ਉਹ ਹਰੀ ਆਪ ਹੀ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ ਅਤੇ ਆਪ ਹੀ ਸਭ ਨੂੰ ਬੁਲਾਉਂਦਾ ਹੈ, ਭਾਵ ਹੈ ਕਿ ਉਹ ਆਪ ਹੀ ਸਾਰਿਆਂ ਵਿਚ ਬੋਲਦਾ ਹੈ।

੨. ਉਹ ਸੰਸਾਰ ਨੂੰ ਆਪ ਹੀ ਰਚ ਕੇ ਹਰੇਕ ਜੀਵ ਨੂੰ ਮਾਇਆ ਦੇ ਕਜ਼ੀਏ ਵਿਚ ਲਾ ਦੇਂਦਾ ਹੈ।

੩. ਹੇ ਪਿਆਰੇ! ਇਕਨਾਂ ਨੂੰ ਉਹ ਆਪਣੀ ਭਗਤੀ ਵਿਚ ਲਾਉਂਦਾ ਹੈ ਅਤੇ ਕਈ ਜੀਵਾਂ ਨੂੰ ਉਹ ਆਪ ਹੀ ਭੁਲਾਉਂਦਾ ਹੈ।

੪. ਇਕਨਾਂ ਨੂੰ ਉਹ ਸਿੱਧੇ ਰਾਹ 'ਤੇ ਤੋਰਦਾ ਹੈ, ਇਕਨਾਂ ਨੂੰ ਕੁਰਾਹੇ ਪਾ ਦੇਂਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮੈਂ ਦਾਸ ਭੀ (ਉਸ ਦੀ ਭਗਤੀ ਖ਼ਾਤਰ) ਨਾਮ ਸਿਮਰਦਾ ਹਾਂ ਤੇ ਸਤਿਗੁਰੂ ਦੇ ਸਨਮੁਖ ਹੋ ਕੇ ਉਸ ਦੀ ਸਿਫ਼ਤਿ-ਸਾਲਾਹ ਕਰਦਾ ਹਾਂ।੫।

ਭਾਵਾਰਥ : ਸਲੋਕ ਵਿਚ ਹਜ਼ੂਰ ਉਸ ਪ੍ਰਭੂ ਜੀ ਨਾਲ ਅਤੁੱਟ ਪਿਆਰ ਕਾਇਮ ਰਹਿਣ ਦੇ ਦੋ ਹੀ ਰੂਪ ਬਿਆਨ ਕਰਦੇ ਹਨ ਕਿ ਅਨੇਕਾਂ ਕਸ਼ਟ ਆਉਣ ਪਰ ਭੀ ਜੀਵਨ ਦੇ ਬਚਾਈ ਰੱਖਣ ਦੀ ਰਤਾ ਭਰ ਭੀ ਚਿੱਤ ਵਿਚ ਲਾਲਸਾ ਨਾ ਹੋਵੇ ਅਤੇ ਸੱਚੇ ਪ੍ਰਭੂ ਦੇ ਪਿਆਰ ਤੋਂ ਜਿੰਦ ਸਦਾ ਹੀ ਕੁਰਬਾਨ ਹੁੰਦੀ ਰਹੇ।

ਮਹਲੇ ਵਿਚ ਦੱਸਦੇ ਹਨ ਕਿ ਉਹ ਮੇਰਾ ਸੱਜਨ ਹੈ ਤਾਂ ਬਹੁਤ ਰੰਗੀਲਾ, ਪਰ ਉਹ ਆਪਣੇ ਪਿਆਰਿਆਂ ਨੂੰ ਪ੍ਰੇਮ ਦਾ ਰੰਗ ਤਾਂ ਹੀ ਚਾੜ੍ਹਦਾ ਹੈ ਜਦ ਕਿ ਪਹਿਲੋਂ ਉਹਨਾਂ ਦੇ ਮਨ ਦੀ ਭੇਟਾ ਕਬੂਲ ਕਰ ਲੈਂਦਾ ਹੈ।

ਪਉੜੀ ਵਿਚ ਦੱਸਦੇ ਹਨ ਕਿ ਇਸ ਜਗਤ ਦੇ ਬਨਾਣ ਵਾਲਾ ਪਰਮੇਸ਼ਰ ਭਾਵੇਂ ਹਰੇਕ ਅੰਦਰ ਮੌਜੂਦ ਹੈ, ਪਰ ਜੀਵ ਮਾਇਆ ਦੇ ਧੰਧਿਆਂ ਵਿਚ ਲੱਗ ਕੇ ਉਸ ਨੂੰ ਭੁਲਾਈ ਰੱਖਦੇ ਹਨ ਅਤੇ ਕੁਰਾਹੇ ਪਏ ਰਹਿੰਦੇ ਹਨ, ਪਰ ਜਿਸ ਮਨੁੱਖ 'ਤੇ ਉਹ ਮਿਹਰ ਕਰਦਾ ਹੈ, ਉਹ ਮਾਇਆ ਦੇ ਮੋਹ ਵਿਚੋਂ ਨਿਕਲ ਕੇ ਗੁਰੂ ਦੇ ਚਰਨਾਂ ਨਾਲ ਪਿਆਰ ਪਾਉਂਦਾ ਹੈ ਅਤੇ ਭਗਤੀ ਕਰਦਾ ਹੈ।

ਸਲੋਕੁ ਮਃ ੩ ॥

੧. ਸਤਿਗੁਰ ਕੀ ਸੇਵਾ ਸਫਲੁ ਹੈ
ਜੇ ਕੋ ਕਰੇ ਚਿਤੁ ਲਾਇ ॥
੨. ਮਨਿ ਚਿੰਦਿਆ ਫਲੁ ਪਾਵਣਾ
ਹਉਮੈ ਵਿਚਹੁ ਜਾਇ ॥
੩. ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥
੪. ਇਸੁ ਜਗ ਮਹਿ ਨਾਮੁ ਅਲਭੁ ਹੈ
ਗੁਰਮੁਖਿ ਵਸੈ ਮਨਿ ਆਇ ॥
੫. ਨਾਨਕ ਜੋ ਗੁਰੁ ਸੇਵਹਿ ਆਪਣਾ
ਹਉ ਤਿਨ ਬਲਿਹਾਰੈ ਜਾਉ ॥੧॥

ਅਰਥ :

ਪ੍ਰ: ਹੇ ਗੁਰੋ! ਸਤਿਗੁਰੂ ਦੀ ਸੇਵਾ ਕਰਨ ਵਾਲੇ ਤਾਂ ਬਹੁਤ ਲੋਕ ਵੇਖੀਦੇ ਹਨ, ਪਰ ਉਨ੍ਹਾਂ ਵਿਚੋਂ ਕੀਤੀ ਹੋਈ ਸੇਵਾ ਦਾ ਫਲ ਕਿਸ ਨੂੰ ਮਿਲਦਾ ਹੈ?

ਉ: ੧. ਹੇ ਭਾਈ! ਸਤਿਗੁਰੂ ਦੀ ਦੱਸੀ ਹੋਈ ਸੇਵਾ ਦਾ ਫਲ ਤਾਂ ਜ਼ਰੂਰ ਹੀ ਪ੍ਰਾਪਤ ਹੁੰਦਾ ਹੈ, ਪਰ ਤਾਂ ਹੁੰਦਾ ਹੈ, ਜਦ ਕੋਈ ਮਨੁੱਖ ਚਿੱਤ ਲਾ ਕੇ, (ਭਾਵ ਪ੍ਰੇਮ ਪਿਆਰ) ਨਾਲ ਸੇਵਾ ਕਰਦਾ ਹੋਵੇ।

ਪ੍ਰ: ਹਜ਼ੂਰ! ਉਹ ਕਿਹੜੇ ਫਲ ਹਨ, ਜੋ ਕਿ ਪਿਆਰ ਨਾਲ ਕੀਤਿਆਂ ਸੇਵਕ ਨੂੰ ਮਿਲਦੇ ਹਨ?

ਉ: ੨. ਹੇ ਪਿਆਰੇ! ਪ੍ਰੇਮ ਸਹਿਤ ਸੇਵਾ ਕਰਨ ਵਾਲੇ ਨੂੰ ਚਾਰ ਫਲ ਤਾਂ ਪ੍ਰਤੱਖ ਹੀ ਪ੍ਰਾਪਤ ਹੁੰਦੇ ਹਨ—੧. ਉਸ ਨੂੰ ਮਨ ਇੱਛਿਆ ਫਲ ਮਿਲਦਾ ਹੈ। ੨. ਮਨ ਵਿਚੋਂ ਵੱਡਾ ਹਉਮੈ ਦਾ ਰੋਗ ਭੀ ਦੂਰ ਹੋ ਜਾਂਦਾ ਹੈ। ੩. ਮਨੁੱਖ ਦੇ ਅੰਦਰੋਂ ਮਾਇਆ ਦੇ

੩. ਬੰਧਨਾਂ ਨੂੰ ਤੋੜ ਦੇਂਦਾ ਹੈ, ਭਾਵ ਬੰਧਨਾਂ ਤੋਂ ਖ਼ਲਾਸੀ ਹੋ ਜਾਂਦੀ ਹੈ। ੪. ਅਤੇ ਅੰਤ ਨੂੰ (ਨਿਸ਼ਕਾਮ ਸੇਵਕ) ਹਰੀ ਵਿਚ ਹੀ ਸਮਾਇਆ ਰਹਿੰਦਾ ਹੈ।

ਪ੍ਰ: ਸ੍ਰੀ ਜੀਉ! ਨਾਮ ਜਪਦੇ ਹੋਏ ਲੋਕ ਤਾਂ ਬਹੁਤ ਹੀ ਵੇਖੀਦੇ ਹਨ, ਪਰ ਉਨ੍ਹਾਂ ਵਿਚੋਂ ਨਾਮ ਵਸਦਾ ਕਿਸ ਦੇ ਮਨ ਵਿਚ ਹੈ?

ਉ: ੪. ਐ ਭਾਈਓ! (ਅਸਲ ਵਿਚ) ਇਸ ਜਗਤ ਅੰਦਰ ਹਰੀ ਦਾ ਨਾਮ ਬਹੁਤ ਦੁਰਲੱਭ ਹੈ, ਭਾਵ ਲੱਭਣਾ ਬਹੁਤ ਕਠਨ ਹੈ, ਪਰ ਜੋ ਗੁਰਮੁਖ ਸਤਿਗੁਰੂ ਜੀ ਦੇ ਸਨਮੁਖ ਰਹਿਣ ਵਾਲੇ ਹਨ, ਉਨ੍ਹਾਂ ਦੇ ਮਨ ਵਿਚ ਹੀ ਨਾਮ ਦਾ ਨਿਵਾਸ ਹੁੰਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੋ ਆਪਣੇ ਸਤਿਗੁਰੂ ਦੀ ਸੇਵਾ ਕਰਦੇ ਹਨ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।੧।

ਮਃ ੩ ॥

੧. ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ॥
੨. ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥
੩. ਘਰਿ ਘਰਿ ਪੜਿ ਪੜਿ ਪੰਡਿਤ ਥਕੇ
ਸਿਧ ਸਮਾਧਿ ਲਗਾਇ ॥
੪. ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥
੫. ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥
੬. ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥
੭. ਗੁਰ ਪਰਸਾਦੀ ਭਉ ਪਇਆ
ਵਡਭਾਗਿ ਵਸਿਆ ਮਨਿ ਆਇ ॥
੮. ਭੈ ਪਇਐ ਮਨੁ ਵਸਿ ਹੋਆ
ਹਉਮੈ ਸਬਦਿ ਜਲਾਇ ॥
੯. ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥
੧੦. ਸਤਿਗੁਰਿ ਮਿਲਿਐ ਨਾਉ ਪਾਇਆ
ਨਾਨਕ ਸੁਖਿ ਸਮਾਇ ॥੨॥

ਅਰਥ :

ਪ੍ਰ: ਕਿਉਂ ਜੀ! ਨਾਮ ਤਾਂ ਮਨਮੁਖ ਲੋਕ ਭੀ ਜਪਦੇ ਵੇਖੇ ਜਾਂਦੇ ਹਨ, ਪਰ ਉਨ੍ਹਾਂ ਨੂੰ ਪ੍ਰਾਪਤ ਕੁਝ ਭੀ ਨਹੀਂ ਹੁੰਦਾ, ਇਸ ਦਾ ਕੀ ਕਾਰਨ ਹੈ?

ਉ: ੧. ਹੇ ਭਾਈ ! ਅਸਲ ਗੱਲ ਇਹ ਹੈ ਕਿ ਮਨਮੁਖ ਨਾਮ ਤਾਂ ਭਾਵੇਂ ਜਪਦਾ ਹੋਇਆ ਵੇਖੀਦਾ ਹੈ, ਪਰ ਉਸ ਦਾ ਮਨ ਉਸ ਦੇ ਕਾਬੂ ਵਿਚ ਨਹੀਂ, (ਕਿਉਂਕਿ) ਉਸ ਦਾ ਮਨ ਦੂਜੇ ਪਾਸੇ, ਭਾਵ ਹੈ ਕਿ ਮਾਇਆ ਵਿਚ ਜਾ ਕੇ ਲੱਗਾ ਹੋਇਆ ਹੈ।

੨. (ਆਖ਼ਰ ਸਿੱਟਾ ਇਹੋ ਹੀ ਨਿਕਲਦਾ ਹੈ ਕਿ) ਉਸ ਨੂੰ ਕਦੀ ਸੁਪਨੇ ਵਿਚ ਭੀ ਸੁੱਖ ਨਹੀਂ ਮਿਲਦਾ, ਉਸ ਦੀ (ਸਾਰੀ ਦੀ ਸਾਰੀ ਉਮਰ) ਸਦਾ ਦੁੱਖ ਵਿਚ ਹੀ ਗੁਜ਼ਰਦੀ ਹੈ।

ਪ੍ਰ: ਹੇ ਗੁਰੋ ! ਅਸੀਂ ਤਾਂ ਵੇਖਦੇ ਹਾਂ ਕਿ ਅਨੇਕਾਂ ਪੰਡਤ, ਅਨੇਕਾਂ ਹੀ ਸਮਾਧੀਆਂ ਲਾਉਣ ਵਾਲੇ ਲੋਕ ਅਤੇ ਹੋਰ ਭੀ ਕਈ ਪ੍ਰਕਾਰ ਦੇ ਕਰਮ ਕਰਨ ਵਾਲੇ ਹਨ, ਕੀ ਇਨ੍ਹਾਂ ਦਾ ਮਨ ਇਨ੍ਹਾਂ ਦੇ ਕਾਬੂ ਵਿਚ ਨਹੀਂ ਹੁੰਦਾ ?

ਉ: ੩. ਹੇ ਭਾਈਓ ! ਵੇਖਣ ਵਿਚ ਤਾਂ ਇਸੀ ਤਰ੍ਹਾਂ ਹੀ ਆਉਂਦਾ ਹੈ ਕਿ ਅਨੇਕਾਂ ਪੰਡਤ ਲੋਕ (ਵੇਦ ਸ਼ਾਸਤਰਾਂ ਨੂੰ) ਪੜ੍ਹ-ਪੜ੍ਹ ਕੇ ਤੇ ਸਿੱਧ ਸਮਾਧੀਆਂ ਲਾ-ਲਾ ਕੇ ਥੱਕ ਗਏ ਹਨ।

੪. ਕਈ ਲੋਕ ਹੋਰ ਭੀ ਅਨੇਕਾਂ ਤਰ੍ਹਾਂ ਦੇ ਕਰਮ ਕਰ ਕਰ ਕੇ ਥੱਕ ਗਏ ਹਨ, (ਪਰ ਵੇਦ ਸ਼ਾਸਤਰ ਪੜ੍ਹਨ ਨਾਲ ਅਤੇ ਸਮਾਧੀਆਂ ਲਾਉਣ ਨਾਲ) ਇਸ ਮਨ ਨੂੰ ਕਾਬੂ ਨਹੀਂ ਕਰ ਸਕੀਦਾ (ਭਾਵ ਇਹ ਮਨ ਡਾਵਾਂ ਡੋਲ ਹੀ ਵੇਖੀਦਾ ਹੈ)।

ਪ੍ਰ: ਕਿਉਂ ਜੀ ! ਕਈ ਸਾਧੂ ਵੱਖੋ-ਵੱਖ ਭੇਖ ਧਾਰਨ ਵਾਲੇ ਵੇਖੇ ਜਾਂਦੇ ਹਨ ਅਤੇ ਕਈ ਲੋਕ ਤੀਰਥ ਇਸ਼ਨਾਨੀ ਵੇਖ ਰਹੇ ਹਾਂ, ਕੀ ਇਨ੍ਹਾਂ ਕਿਸੇ ਦੇ ਵਸ ਵਿਚ ਭੀ ਮਨ ਨਹੀਂ ਆ ਸਕਿਆ ?

ਉ: ੫. ਹੇ ਪਿਆਰਿਓ ! ਅਸੀਂ ਤਾਂ ਵੇਖਿਆ ਹੈ ਕਿ ਭੇਖ ਧਾਰਨ ਵਾਲੇ ਮਨੁੱਖ (ਭਾਵ ਸਾਧੂ ਲੋਕ) ਭੇਖ ਕਰ ਕੇ ਤੇ ਅਠਾਹਠ ਤੀਰਥਾਂ 'ਤੇ ਨਹਾ ਕੇ ਥੱਕ ਗਏ ਹਨ।

੬. ਪਰ ਉਨ੍ਹਾਂ (ਭੇਖ ਦੀ) ਹਉਮੈ ਵਿਚ ਭੁਲਿਆਂ ਹੋਇਆਂ ਨੂੰ ਮਨ ਦੀ ਸਾਰ ਹੀ ਨਹੀਂ ਆਈ, (ਭਾਵ ਉਨ੍ਹਾਂ ਨੂੰ ਇਹ ਸੋਝੀ ਹੀ ਨਹੀਂ ਪੈ ਸਕੀ ਕਿ ਮਨ ਨੂੰ ਕਾਬੂ ਕਿਵੇਂ ਕਰਨਾ ਹੈ)।

ਪ੍ਰ: ਹਜ਼ੂਰ ਜੀ ! ਤੁਸਾਂ ਦੀ ਦੱਸੀ ਗੁਰਮਤਿ ਵਿਚਾਰ ਦੁਆਰਾ ਤਾਂ ਇਹ ਬਾਹਰਲੇ ਸਾਰੇ ਹੀ ਕਰਮ ਮਨ ਨੂੰ ਕਾਬੂ ਕਰਨ ਵਿਚ ਨਿਸਫਲ ਹਨ, ਪਰ ਕੋਈ ਐਸਾ ਕਰਮ ਤੁਸੀਂ ਆਪ ਹੀ ਦੱਸ ਦਿਓ, ਜਿਸ ਦੀ ਬਰਕਤ ਨਾਲ ਇਹ ਚੰਚਲ ਮਨ ਵਸ ਆ ਜਾਵੇ ?

ਉ: ੭. ਹੇ ਭਰਾਵੋ ! ਅਸਲ ਸੱਚਾਈ ਤਾਂ ਇਹੋ ਹੀ ਹੈ ਕਿ ਜੇ ਕਿਸੇ ਦੇ ਵੱਡੇ ਭਾਗ ਹੋਣ ਤਾਂ ਸਤਿਗੁਰੂ ਦੀ ਕਿਰਪਾ ਰਾਹੀਂ (ਮਨ ਵਿਚ) ਭਉ ਉਪਜਦਾ ਹੈ ਤੇ ਉਹ ਮਨ ਵਿਚ ਉਪਜਿਆ ਭਉ ਅੰਦਰ ਪੱਕੀ ਤਰ੍ਹਾਂ ਆ ਕੇ ਵਸ ਜਾਂਦਾ ਹੈ।

੮. ਹਰੀ ਦਾ ਭਉ ਉਪਜਿਆਂ ਹੀ ਅਤੇ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਨਾਲ ਅੰਦਰੋਂ ਹਉਮੈ ਨੂੰ ਸਾੜ ਕੇ ਮਨ ਨੂੰ ਵਸ ਵਿਚ ਕਰ ਸਕੀਦਾ ਹੈ, ਭਾਵ ਹੈ ਕਿ ਮਨ ਵਿਚ ਡਰ ਪੈਦਾ ਹੋਣ ਨਾਲ ਤੇ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਅੰਦਰੋਂ ਹਉਮੈ ਨੂੰ ਸਾੜਿਆਂ ਮਨ ਨੂੰ ਕਾਬੂ ਕਰ ਸਕੀਦਾ ਹੈ। (ਇਸ ਤਰ੍ਹਾਂ ਅੰਤਹਕਰਣ ਸ਼ੁੱਧ ਹੋ ਜਾਂਦਾ ਹੈ)।

ਪ੍ਰ: ਸ੍ਰੀ ਜੀਉ ! ਅਜਿਹੇ ਸ਼ੁੱਧ ਅੰਤਹਕਰਣ ਵਾਲਿਆਂ ਨੂੰ ਫਲ ਕੀ ਹਾਸਲ ਹੁੰਦਾ ਹੈ ?

੯. ਹੇ ਪਿਆਰੇ ! ਜੋ ਸੱਚ ਵਿਚ ਰਤੇ ਹੋਏ ਹਨ, ਉਹ ਤਾਂ ਪਵਿੱਤਰ ਆਤਮਾ ਹੋ ਕੇ ਪਰਮਾਤਮਾ ਵਿਚ ਹੀ ਮਿਲ ਗਏ ਹਨ, (ਭਾਵ ਜੋਤੀ ਸਰੂਪ ਵਿਚ ਉਨ੍ਹਾਂ ਦੀ ਜੋਤ ਮਿਲ ਗਈ ਹੈ)।

੧੦. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ ! ਸਤਿਗੁਰੂ ਨਾਲ ਮਿਲਾਪ ਹੋਣ ਦੀ ਬਰਕਤ ਦੁਆਰਾ ਹੀ ਨਾਮ ਮਿਲਦਾ ਹੈ ਤਾਂ ਇਸ ਤਰ੍ਹਾਂ ਸੁੱਖ ਵਿਚ ਸਮਾਈ ਹੁੰਦੀ ਹੈ।੨।

ਪਉੜੀ ॥

੧. ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ॥
੨. ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥
੩. ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥
੪. ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥
੫. ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥੬॥

ਅਰਥ :

ਪ੍ਰ: ਹੇ ਗੁਰੋ ! ਇਹ ਜੋ ਸੰਸਾਰ ਵਿਚ ਵੱਡੇ-ਵੱਡੇ ਰਾਜੇ ਮਹਾਰਾਜੇ ਵੇਖੀਦੇ ਹਨ, ਇਹ ਤਾਂ ਹਰ ਸਮੇਂ ਮਾਇਆ ਦੇ ਰਾਗ ਰੰਗਾਂ ਵਿਚ ਮਸਤ ਰਹਿੰਦੇ ਹਨ। ਇਨ੍ਹਾਂ ਨੂੰ ਤਾਂ ਕਦੀ ਰੱਬੀ ਮਾਰਗ 'ਤੇ ਟੁਰਨਾ ਨਸੀਬ ਹੀ ਨਹੀਂ ਹੁੰਦਾ, ਪਰ ਹਜ਼ੂਰ ! ਇਨ੍ਹਾਂ ਲੋਕਾਂ ਦੀ ਅੰਤ ਨੂੰ ਕੀ ਦਸ਼ਾ ਹੋਵੇਗੀ ?

ਉ: ੧. ਹੇ ਭਾਈਓ ! (ਇਨ੍ਹਾਂ ਦੁਨੀਆ ਦੇ) ਰਾਜਿਆਂ ਤੇ ਰਾਣਿਆਂ ਦੇ (ਰਾਗ) ਰੰਗ ਚਾਰ ਕੁ ਦਿਨਾਂ ਲਈ (ਭਾਵ ਥੋੜ੍ਹੇ ਸਮੇਂ ਲਈ) ਸ਼ੋਭਨੀਕ ਹੁੰਦੇ ਹਨ।

੨. (ਪਰ ਯਾਦ ਰੱਖੋ) ਕਿ ਇਹ ਮਾਇਆ ਦਾ ਰੰਗ ਕਸੁੰਭੇ ਦਾ ਰੰਗ ਹੈ, ਭਾਵ ਕਸੁੰਭੇ ਵਾਂਗ ਖਿਨ ਭੰਗਰ ਹੈ, ਇਹ ਤਾਂ ਛਿਨ-ਮਾਤਰ ਵਿਚ ਲਹਿ ਜਾਵੇਗਾ।

੩. ਪਰ ਇਹ ਤਾਂ ਇਕ ਅਟੱਲ ਸੱਚਾਈ ਹੈ ਕਿ (ਸੰਸਾਰ ਤੋਂ) ਤੁਰਨ ਸਮੇਂ ਇਹ ਮਾਇਆ ਨਾਲ ਨਹੀਂ ਜਾਂਦੀ, (ਪਰ ਹਾਂ, ਇਸ ਮਾਇਆ ਲਈ ਕੀਤੇ) ਪਾਪ ਕਰਮ ਆਪਣੇ ਸਿਰ 'ਤੇ ਲੈ ਜਾਈਦੇ ਹਨ।

੪. ਹੇ ਭਾਈ ! ਇਨ੍ਹਾਂ ਰਾਜਿਆਂ ਨੂੰ ਭਾਵੇਂ ਮਾਇਆ ਦੀ ਮਸਤੀ ਵਿਚ ਹੁਣ ਤਾਂ ਕੁਝ ਭੀ ਨਜ਼ਰ ਨਹੀਂ ਆਉਂਦਾ, ਪਰ ਜਦੋਂ ਜਮਕਾਲ ਨੇ ਫੜ ਕੇ ਅੱਗੇ ਲਾਇਆ ਤਾਂ (ਜੀਵ) ਡਾਢਾ ਭੈ-ਭੀਤ ਹੁੰਦਾ ਹੈ।

੫. (ਉਹ ਮਨੁੱਖਾ ਜਨਮ ਵਾਲਾ ਅਮੋਲਕ) ਸਮਾਂ ਇਸ ਨੂੰ ਫਿਰ ਮਿਲਦਾ ਹੀ ਨਹੀਂ, ਇਸ ਲਈ ਆਖ਼ਰ ਅੰਤ ਨੂੰ ਪਸਚਾਤਾਪ ਹੀ ਕਰਦਾ ਰਹਿੰਦਾ ਹੈ।੬।

ਭਾਵਾਰਥ : ਸਲੋਕ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਸਤਿਗੁਰੂ ਦੀ ਸੇਵਾ ਕੀਤੀ ਹੋਈ ਦਾ ਫਲ ਉਸੇ ਨੂੰ ਹੀ ਮਿਲਦਾ ਹੈ ਜੋ ਕਿ ਚਿੱਤ ਦੀ ਭਾਵਨਾ ਸਹਿਤ ਕਰਦਾ ਹੋਵੇ। ਅਜਿਹੇ ਭਾਵਨਾ ਸਹਿਤ ਸੇਵਾ ਕਰਨ ਵਾਲੇ ਸੇਵਕ ਨੂੰ ਸਾਰੇ ਹੀ ਫਲਾਂ ਦੀ

ਪ੍ਰਾਪਤੀ ਹੁੰਦੀ ਹੈ, ਆਖ਼ਰ ਬੰਧਨਾਂ ਤੋਂ ਰਹਿਤ ਹੋ ਸੱਚੇ ਵਿਚ ਹੀ ਸਮਾ ਜਾਂਦਾ ਹੈ।

ਮਹਲੇ ਵਿਚ ਫ਼ੁਰਮਾਨ ਕਰਦੇ ਹਨ ਕਿ ਮਨਮੁਖ ਦਾ ਮਨ ਇਸ ਲਈ ਕ਼ਾਬੂ ਵਿਚ ਨਹੀਂ ਹੋ ਸਕਦਾ, ਕਿਉਂਕਿ ਉਹ ਮਾਇਆ ਵਿਚ ਲੀਨ ਰਹਿੰਦਾ ਹੈ, ਇਸੇ ਲਈ ਉਸ ਨੂੰ ਕਦੀ ਸੁਪਨੇ ਮਾਤਰ ਭੀ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਉਸ ਦੀ ਸਾਰੀ ਉਮਰ ਦੁੱਖਾਂ ਵਿਚ ਹੀ ਗੁਜ਼ਰ ਜਾਂਦੀ ਹੈ। ਭਾਵੇਂ ਵੇਦ ਪਾਠੀ, ਤੀਰਥ ਇਸ਼ਨਾਨੀ, ਸਮਾਧੀਆਂ ਲਾਉਣ ਵਾਲੇ ਅਨੇਕਾਂ ਭੇਖੀ ਲੋਕ ਵੇਖੀਦੇ ਹਨ, ਪਰ ਉਹ ਭੀ ਮਨ ਨੂੰ ਕਾਬੂ ਕਰ ਸਕਣ ਦੀ ਸਾਰ ਨਹੀਂ ਜਾਣ ਸਕੇ, ਐਪਰ ਹਉਮੈ ਤੇ ਭਰਮ ਭੁਲੇਖਿਆਂ ਵਿਚ ਹੀ ਭੁੱਲੇ ਰਹਿੰਦੇ ਹਨ।

ਪਉੜੀ ਵਿਚ ਹਜ਼ੂਰ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜਿਸ ਮਾਇਆ ਦੀਆਂ ਮੌਜਾਂ ਵਿਚ ਰੁੱਝ ਕੇ ਮਨੁੱਖ ਪ੍ਰਭੂ ਨੂੰ ਵਿਸਾਰਦਾ ਹੈ ਅਤੇ ਪਾਪ ਕਰਮ ਕਰਦਾ ਹੈ, ਉਸ ਦਾ ਸਾਥ ਕਸੁੰਭੇ ਦੇ ਰੰਗ ਵਾਂਗ ਥੋੜ੍ਹੇ ਹੀ ਦਿਨ ਰਹਿੰਦਾ ਹੈ। ਜਗਤ ਤੋਂ ਤੁਰਨ ਵੇਲੇ ਕੀਤੇ ਵਿਕਾਰਾਂ ਦੇ ਕਾਰਨ ਘਬਰਾਉਂਦਾ ਹੈ ਅਤੇ ਪਸਚਾਤਾਪ ਹੀ ਕਰਦਾ ਹੈ।

ਸਲੋਕੁ ਮਃ ੩ ॥

੧. ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥
੨. ਫਿਰਿ ਫਿਰਿ ਮਿਲਣੁ ਨ ਪਾਇਨੀ
ਜੰਮਹਿ ਤੈ ਮਰਿ ਜਾਹਿ ॥
੩. ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥
੪. ਨਾਨਕ ਨਦਰੀ ਬਖਸਿ ਲੇਹਿ
ਸਬਦੇ ਮੇਲਿ ਮਿਲਾਹਿ ॥੧॥

ਅਰਥ :

ਪ੍ਰ: ਹਜ਼ੂਰ ! ਕਈ ਐਸੇ ਮੂੰਹ ਫਿਰੇ ਮਨਮੁਖ ਲੋਕ ਹਨ, ਜੋ ਕਿ ਜੀਵਨ ਭਰ ਕਦੀ ਭੀ ਸਤਿਗੁਰੂ ਦੇ ਸਨਮੁਖ ਹੀ ਨਹੀਂ ਹੁੰਦੇ, ਕੀ ਆਖ਼ਰ ਉਨ੍ਹਾਂ ਨੂੰ ਕੋਈ ਸਜ਼ਾ ਭੀ ਮਿਲੇਗੀ ?

ਉ: ੧. (ਹਾਂ ਜ਼ਰੂਰ ਮਿਲੇਗੀ) ਹੇ ਭਾਈਓ ! ਜੋ ਲੋਕ ਸਤਿਗੁਰੂ ਵੱਲੋਂ ਮਨਮੁਖ ਹਨ, ਉਹ ਤਾਂ ਅੰਤ ਨੂੰ ਬੱਧੇ ਹੋਏ ਦੁੱਖ ਸਹਿੰਦੇ ਹਨ।
੨. ਹੇ ਭਾਈ ! ਉਹ ਕਦੀ ਪ੍ਰਭੂ ਜੀ ਨੂੰ ਭੀ ਨਹੀਂ ਮਿਲ ਸਕਦੇ, (ਉਹ ਤਾਂ) ਮੁੜ-ਮੁੜ ਜੰਮਦੇ ਤੇ ਮਰਦੇ ਹਨ।
੩. ਉਨ੍ਹਾਂ ਨੂੰ ਜੀਵਨ ਭਰ ਕਦੀ ਚਿੰਤਾ ਦਾ ਰੋਗ ਛੱਡਦਾ ਹੀ ਨਹੀਂ, ਉਹ ਸਦਾ ਦੁੱਖ ਹੀ ਦੁੱਖ ਪਾਉਂਦੇ ਹਨ।

ਪ੍ਰ: ਸ੍ਰੀ ਜੀਉ ! ਕੀ ਐਸੇ ਮਨੁੱਖ ਕਦੀ ਸਾਈਂ ਜੀ ਨੂੰ ਮਿਲ ਨਹੀਂ ਸਕਣਗੇ ?

ਉ: ੪. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਐ ਭਾਈਓ ! ਜੇਕਰ ਕਿਰਪਾ ਦ੍ਰਿਸ਼ਟੀ ਕਰਨ ਵਾਲਾ ਪ੍ਰਭੂ ਜੀ ਉਨ੍ਹਾਂ ਨੂੰ ਬਖ਼ਸ਼ ਲਵੇ ਤਾਂ ਸਤਿਗੁਰੂ ਦੇ ਸ਼ਬਦ ਦੇ ਰਾਹੀਂ (ਉਹ ਭੀ ਸਾਈਂ ਜੀ) ਨਾਲ ਮਿਲ ਸਕਦੇ ਹਨ।੧।

ਮਃ ੩ ॥

੧. ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥
੨. ਜਿਉ ਛੁਟੜਿ ਘਰਿ ਘਰਿ ਫਿਰੈ
ਦੁਹਚਾਰਣਿ ਬਦਨਾਉ ॥
੩. ਨਾਨਕ ਗੁਰਮੁਖਿ ਬਖਸੀਅਹਿ
ਸੇ ਸਤਿਗੁਰ ਮੇਲਿ ਮਿਲਾਉ ॥੨॥

ਅਰਥ :

ਉ: ੧. ਹੇ ਭਾਈਓ ! ਇਥੇ ਹੀ ਬਸ ਨਹੀਂ, ਜੋ ਮਨੁੱਖ ਸਤਿਗੁਰੂ ਤੋਂ ਮਨਮੁਖ ਹਨ, ਭਾਵ ਬੇ-ਮੁਖ ਹਨ, ਉਨ੍ਹਾਂ ਦਾ ਤਾਂ ਨਾ ਥਾਂ ਕੋਈ ਹੈ, ਨਾ ਕੋਈ ਥਿਤਾ ਹੈ।

ਪ੍ਰ: ਹਜ਼ੂਰ ! ਉਨ੍ਹਾਂ ਦੇ ਬਾਰੇ ਆਪ ਜੀ ਕੀ ਕਹਿਣਾ ਚਾਹੁੰਦੇ ਹੋ ?

ਉ: ੨. ਹੇ ਭਾਈ ! ਉਹ ਤਾਂ ਉਸ ਵਿਭਚਾਰਨ ਛੁੱਟੜ ਇਸਤਰੀ ਵਾਂਗੂੰ ਹਨ, ਜੋ ਘਰ-ਘਰ ਬਦਨਾਮ ਹੁੰਦੀ ਫਿਰਦੀ ਹੈ।

ਪ੍ਰ: ਕਿਉਂ ਜੀ ! ਕੀ ਉਹ ਗੁਰੂ ਦੇ ਦਰੋਂ ਬਖ਼ਸ਼ੇ ਨਹੀਂ ਜਾਣਗੇ ?

ਉ: ੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਜੋ ਗੁਰੂ ਦੇ ਸਨਮੁਖ ਹੋ ਕੇ ਬਖ਼ਸ਼ੇ ਜਾਂਦੇ ਹਨ, ਉਹ ਗੁਰੂ ਦੀ ਸੰਗਤ ਦੇ ਮੇਲ ਵਿਚ ਆ ਮਿਲਦੇ ਹਨ, (ਇਸ ਤਰ੍ਹਾਂ ਉਨ੍ਹਾਂ ਦਾ ਮਿਲਾਪ ਭੀ ਸਾਈਂ ਜੀ ਨਾਲ ਹੋ ਜਾਂਦਾ ਹੈ)।੨।

ਪਉੜੀ ॥

੧. ਜੋ ਸੇਵਹਿ ਸਤਿ ਮੁਰਾਰਿ
ਸੇ ਭਵਜਲ ਤਰਿ ਗਇਆ ॥
੨. ਜੋ ਬੋਲਹਿ ਹਰਿ ਹਰਿ ਨਾਉ
ਤਿਨ ਜਮੁ ਛਡਿ ਗਇਆ ॥
੩. ਸੇ ਦਰਗਹ ਪੈਧੇ ਜਾਹਿ
ਜਿਨਾ ਹਰਿ ਜਪਿ ਲਇਆ ॥
੪. ਹਰਿ ਸੇਵਹਿ ਸੇਈ ਪੁਰਖ
ਜਿਨਾ ਹਰਿ ਤੁਧੁ ਮਇਆ ॥
੫. ਗੁਣ ਗਾਵਾ ਪਿਆਰੇ ਨਿਤ
ਗੁਰਮੁਖਿ ਭ੍ਰਮ ਭਉ ਗਇਆ ॥੭॥

ਅਰਥ :

ਪ੍ਰ: ਹਜ਼ੂਰ ! ਆਪ ਜੀ ਕਿਨ੍ਹਾਂ ਮਨੁੱਖਾਂ ਬਾਰੇ ਸੰਸਾਰ ਤੋਂ ਤਰ ਜਾਣ ਦੀ ਵੀਚਾਰ ਰੱਖਦੇ ਹੋ ?

ਉ: ੧. ਹੇ ਭਾਈਓ ! ਅਸੀਂ ਤਾਂ ਗੁਰਮਤਿ ਦੇ ਭਾਵ ਨੂੰ ਮੁਖ ਰੱਖਦਿਆਂ ਇਉਂ ਹੀ ਵੀਚਾਰ ਕਰਦੇ ਹਾਂ ਕਿ ਜੋ ਵੀ ਮਨੁੱਖ ਸੱਚੇ ਹਰੀ ਨੂੰ ਸੇਵਦੇ ਹਨ, ਉਹ ਸੰਸਾਰ-ਸਮੁੰਦਰ ਨੂੰ ਤਰ ਜਾਂਦੇ ਹਨ।
੨. ਅਤੇ ਜੋ ਮਨੁੱਖ ਹਰੀ ਦਾ ਹਰਿ ਹਰਿ ਨਾਮ ਸਿਮਰਦੇ ਹਨ, ਉਨ੍ਹਾਂ ਨੂੰ ਜਮ ਛੱਡ ਜਾਂਦਾ ਹੈ।
੩. ਹੇ ਪਿਆਰੇ ! ਜਿਨ੍ਹਾਂ ਨੇ ਹਰੀ ਦਾ ਨਾਮ ਜਪਿਆ ਹੈ, ਉਹ ਰੱਬੀ ਦਰਬਾਰ ਵਿਚ ਗਿਆਂ ਸਨਮਾਨੇ ਜਾਂਦੇ ਹਨ।
੪. (ਪਰ) ਹੇ ਹਰੀ ! ਜਿਨ੍ਹਾਂ (ਮਨੁੱਖਾਂ) ਉੱਤੇ ਤੇਰੀ ਮਿਹਰ ਹੁੰਦੀ ਹੈ, ਉਹੋ ਹੀ ਬੰਦੇ ਤੇਰੀ ਭਗਤੀ ਕਰਦੇ ਹਨ।

੫. (ਮੈਨੂੰ ਤਾਂ ਪੂਰਨ ਵਿਸ਼ਵਾਸ ਹੈ) ਕਿ ਹੇ ਭਾਈ! ਸਤਿਗੁਰੂ ਦੀ ਸ਼ਰਨ ਵਿਚ ਪਿਆਂ ਡਰ ਤੇ ਭਰਮ ਦੂਰ ਹੋ ਜਾਂਦੇ ਹਨ, ਇਸ ਲਈ ਹੇ ਪਿਆਰੇ! (ਮਿਹਰ ਕਰ) ਤਾਂ ਕਿ ਮੈਂ ਭੀ ਸਦਾ ਤੇਰੇ ਹੀ ਗੁਣ ਗਾਉਂਦਾ ਰਵਾਂ।੭।

ਭਾਵਾਰਥ : ਸਲੋਕ ਵਿਚ ਉਨ੍ਹਾਂ ਮਨਮੁਖਾਂ ਦਾ ਜ਼ਿਕਰ ਕਰਦੇ ਹਨ, ਜੋ ਕਿ ਗੁਰੂ ਤੋਂ ਬੇਮੁਖ ਹੋ ਕੇ ਜੰਮਣ ਮਰਨ ਦਾ ਸਦਾ ਹੀ ਦੁੱਖ ਸਹਾਰਦੇ ਹਨ ਅਤੇ ਸਾਰਾ ਜੀਵਨ ਚਿੰਤਾਤੁਰ ਹੋ ਗੁਜ਼ਾਰ ਜਾਂਦੇ ਹਨ, ਪਰ ਉਨ੍ਹਾਂ ਦਾ ਮਿਲਾਪ ਗੁਰੂ ਦੇ ਸਨਮੁਖ ਹੋਣ ਨਾਲ ਹੀ ਹੋ ਸਕਦਾ ਹੈ।

ਮਹਲੇ ਵਿਚ ਭੀ ਇਹ ਭਾਵ ਬਿਆਨ ਕਰਦੇ ਹਨ ਕਿ ਉਹ ਮਨਮੁਖ ਵਿਭਚਾਰਨ ਛੁੱਟੜ ਇਸਤਰੀ ਵਾਂਗੂੰ ਹਰ ਥਾਂ ਬਦਨਾਮੀ ਹੀ ਖੱਟਦੇ ਹਨ।

ਪਉੜੀ ਵਿਚ ਸਿਧਾਂਤਕ ਭਾਵ ਬਿਆਨ ਕਰਦੇ ਹਨ ਕਿ ਜੋ ਮਨੁੱਖ ਪ੍ਰਭੂ ਦਾ ਸਿਮਰਨ ਕਰਦਾ ਹੈ, ਉਹ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਉਸ ਨੂੰ ਮੌਤ ਤੋਂ ਕੋਈ ਵੀ ਘਬਰਾਹਟ ਨਹੀਂ ਹੁੰਦੀ। ਉਹ ਰੱਬੀ ਦਰਬਾਰ ਵਿਚ ਇੱਜ਼ਤ ਖੱਟ ਕੇ ਜਾਂਦਾ ਹੈ। ਕੋਈ ਡਰ, ਕੋਈ ਭਟਕਣਾ ਉਸ ਨੂੰ ਨਹੀਂ ਰਹਿੰਦੀ, ਪਰ ਇਸ ਰਾਹੇ ਤੁਰਦਾ ਉਹੋ ਹੀ ਬੰਦਾ ਹੈ, ਜੋ ਪ੍ਰਭੂ ਦੀ ਮਿਹਰ ਦਾ ਸਦਕਾ ਗੁਰੂ ਦੇ ਦਰ 'ਤੇ ਆਉਂਦਾ ਹੈ।

ਸਲੋਕੁ ਮਃ ੩ ॥

੧. ਥਾਲੈ ਵਿਚਿ ਤੈ ਵਸਤੂ ਪਈਓ
ਹਰਿ ਭੋਜਨੁ ਅੰਮ੍ਰਿਤੁ ਸਾਰੁ ॥
੨. ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
੩. ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
੪. ਏਹ ਮੁਦਾਵਣੀ ਕਿਉ ਵਿਚਹੁ ਕਢੀਐ
ਸਦਾ ਰਖੀਐ ਉਰਿ ਧਾਰਿ ॥
੫. ਏਹ ਮੁਦਾਵਣੀ ਸਤਿਗੁਰੂ ਪਾਈ
ਗੁਰਸਿਖਾ ਲਧੀ ਭਾਲਿ ॥
੬. ਨਾਨਕ ਜਿਸੁ ਬੁਝਾਏ ਸੁ ਬੁਝਸੀ
ਹਰਿ ਪਾਇਆ ਗੁਰਮੁਖਿ ਘਾਲਿ ॥੧॥

ਅਰਥ :

ਪ੍ਰ: ਹੇ ਗੁਰੋ! ਉਹ ਐਸਾ ਸਾਰ ਭੋਜਨ ਕਿਹੜਾ ਹੈ, ਜਿਸ ਦੇ ਖਾਣ ਨਾਲ ਮਨ ਤ੍ਰਿਪਤ ਹੋ ਜਾਵੇ ਤੇ ਮੁਕਤੀ ਦਾ ਦਰਵਾਜ਼ਾ ਗਿਆਨ ਪ੍ਰਾਪਤ ਹੋ ਜਾਵੇ?

ਉ: ੧. ਹੇ ਭਾਈਓ! ਇਹ ਮਨੁੱਖ ਦਾ ਹਿਰਦਾ ਮਾਨੋ ਇਕ ਥਾਲ ਹੈ, ਸੋ ਜਿਸ ਦੇ ਹਿਰਦੇ ਰੂਪੀ ਥਾਲ ਵਿਚ (ਤਿੰਨ ਚੀਜ਼ਾਂ) ਭਾਵ ਸਤ, ਸੰਤੋਖ ਤੇ ਵੀਚਾਰ ਆ ਪਈਆਂ ਹਨ, ਸਮਝ ਲਓ, ਉਸ ਹਿਰਦੇ ਥਾਲ ਵਿਚ ਸ੍ਰੇਸ਼ਟ ਅੰਮ੍ਰਿਤ ਭੋਜਨ ਹਰੀ ਦਾ ਨਾਮ (ਪ੍ਰੋਸਿਆ ਜਾਂਦਾ ਹੈ)।

੨. ਜਿਸ ਹਿਰਦੇ ਰੂਪੀ ਥਾਲ ਵਿਚ ਧਾਰਨ ਕੀਤਿਆਂ, ਭਾਵ ਖਾਧਿਆਂ ਮਨ ਰੱਜ ਜਾਂਦਾ ਹੈ ਅਤੇ ਅੰਤ ਨੂੰ ਮੁਕਤੀ ਦਾ ਦਰਵਾਜ਼ਾ ਗਿਆਨ ਪ੍ਰਾਪਤ ਕਰ ਲਈਦਾ ਹੈ।

੩. ਹੇ ਸੰਤ ਜਨੋ! ਇਹ (ਬਹੁਤ ਹੀ) ਦੁਰਲੱਭ ਭੋਜਨ ਹੈ (ਗੁਰੂ ਦੀ ਦੱਸੀ) ਵੀਚਾਰ ਦੇ ਰਾਹੀਂ ਲੱਭਦਾ ਹੈ।

੪. (ਪਰ) ਹੇ ਭਾਈ! ਇਹ (ਮੁਧਾਵਣੀ) ਬੁਝਾਰਤ ਹੈ, (ਇਸ ਨੂੰ ਹਿਰਦੇ) ਵਿੱਚੋਂ ਕਿਉਂ ਕੱਢੀਏ? ਭਾਵ ਇਸ ਨੂੰ ਕਦੇ ਭੀ ਭੁੱਲਣਾ ਨਹੀਂ ਚਾਹੀਦਾ (ਸਗੋਂ) ਸਦਾ ਹੀ ਹਿਰਦੇ ਵਿਚ ਧਾਰਨ ਕਰ ਕੇ ਰੱਖਣੀ ਚਾਹੀਦੀ ਹੈ।

੫. ਹੇ ਭਾਈ! ਇਹ[1] (ਮੁਧਾਵਣੀ) ਬੁਝਾਰਤ ਜੋ ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ (ਨਾਮ) ਹੈ, ਇਹ ਅਨੰਦ ਦੇਣ ਵਾਲੀ ਸਿਫ਼ਤਿ-ਸਾਲਾਹ ਦੀ ਆਤਮਕ ਖ਼ੁਰਾਕ ਦੀ ਦੱਸ ਗੁਰੂ ਨੇ ਪਾਈ ਹੈ, ਗੁਰਸਿੱਖਾਂ ਨੇ ਖੋਜ ਕੇ ਲੱਭ ਲਈ ਹੈ। ਇਸ ਨੂੰ ਸਦਾ ਆਪਣੇ ਹਿਰਦੇ ਵਿਚ ਸਾਂਭ ਰੱਖਣਾ ਚਾਹੀਦਾ ਹੈ ਅਤੇ ਇਸ ਨੂੰ ਕਦੇ ਭੀ ਭੁਲਾਣਾ ਨਹੀਂ ਚਾਹੀਦਾ।

ਪ੍ਰ: ਕਿਉਂ ਜੀ! ਇਸ ਬੁਝਾਰਤ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਬੁੱਝਦੇ?

ਉ: ੬. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਉਹ ਸਾਈਂ ਜੀ, ਜਿਸ ਮਨੁੱਖ ਨੂੰ ਇਸ ਦੀ ਸਮਝ ਦੇਂਦਾ ਹੈ ਉਹ ਹੀ ਸਮਝ ਸਕਦਾ ਹੈ ਅਤੇ ਉਹੋ ਹੀ ਸਤਿਗੁਰੂ ਦੇ ਸਨਮੁਖ ਹੋ ਕੇ ਘਾਲਣਾ ਘਾਲ ਕੇ ਹਰੀ ਨੂੰ ਮਿਲਦਾ ਹੈ।੧।

ਮਃ ੩ ॥

੧. ਜੋ ਧੁਰਿ ਮੇਲੇ ਸੇ ਮਿਲਿ ਰਹੇ
ਸਤਿਗੁਰ ਸਿਉ ਚਿਤੁ ਲਾਇ ॥
੨. ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ ॥
੩. ਨਾਨਕ ਵਿਣੁ ਕਰਮਾ ਕਿਆ ਪਾਈਐ
ਪੂਰਬਿ ਲਿਖਿਆ ਕਮਾਇ ॥੨॥

ਅਰਥ :

ਪ੍ਰ: ਹੇ ਗੁਰੋ! ਜਦੋਂ ਹਰ ਬੰਦਾ ਹੀ ਇਹ ਅਨੁਭਵ ਕਰਦਾ ਹੈ ਕਿ ਮੈਂ ਹਰੀ ਤੋਂ ਵਿਛੜਿਆ ਹੋਇਆ ਹਾਂ ਤਾਂ ਇਹ ਉਸ ਨਾਲ ਮਿਲਾਪ ਕਰਨ ਦਾ ਯਤਨ ਕਿਉਂ ਨਹੀਂ ਕਰਦਾ?

ਉ: ੧. ਹੇ ਭਾਈ! ਅਸਲ ਵਿਚ ਤਾਂ ਜੋ ਹਰੀ ਨੇ ਧੁਰ ਤੋਂ ਹੀ ਮਿਲਾਏ ਹਨ, ਉਹੀ ਮਨੁੱਖ ਸਤਿਗੁਰੂ ਨਾਲ ਚਿੱਤ ਜੋੜ ਕੇ ਹਰੀ ਵਿਚ ਲੀਨ ਹੋਏ ਹਨ।

੨. (ਪਰ) ਹੇ ਭਾਈਓ! ਜੋ ਹਰੀ ਨੇ ਆਪ ਵਿਛੋੜੇ ਹਨ, ਉਹ ਮਾਇਆ ਦੇ ਮੋਹ ਵਿਚ (ਫਸ ਕੇ) ਖੁੰਝੇ ਹੋਏ, ਹਰੀ ਤੋਂ ਵਿਛੜੇ ਹੋਏ ਹਨ।

੩. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਮਨੁੱਖ ਦੀ ਕੀਤੀ ਹੋਈ ਕਮਾਈ ਤੋਂ ਬਿਨਾ (ਕਿਸੇ ਨੂੰ ਭੀ) ਕੁਝ ਨਹੀਂ ਮਿਲਦਾ, ਮੁੱਢ ਤੋਂ (ਕੀਤੇ ਕੰਮਾਂ ਦੇ ਅਨੁਸਾਰ) ਹੀ ਉਕਰੇ ਹੋਏ (ਸੰਸਕਾਰ) ਰੂਪ ਲੇਖ ਦੀ (ਕਮਾਈ) ਕਮਾਉਣੀ ਪੈਂਦੀ ਹੈ।੨।

---

੧. ਪੋਠੋਹਾਰ ਵਿਚ ਬੁਝਾਰਤ ਨੂੰ ਮੁੰਧਾਵਣੀ ਕਹਿੰਦੇ ਹਨ—ਹੁਣ ਤਕ ਬੋਲ-ਚਾਲ ਵਿਚ ਪੋਠੋਹਾਰੀ ਕਿਹਾ ਕਰਦੇ ਹਨ—ਮੁੰਧਾਵਣੀਆਂ ਕਿਉਂ ਪਾਉਂਦੇ ਓ, ਸਿੱਧੀ ਗੱਲ ਦੱਸੋ।

ਪਉੜੀ ॥

੧. ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ ॥
੨. ਹਰਿ ਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ ॥
੩. ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥
੪. ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ ॥
੫. ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ ॥੯॥

ਅਰਥ :

ਪ੍ਰ: ਹੇ ਗੁਰੋ ! ਆਪ ਅਸਲ ਰੂਪ ਵਿਚ ਸੰਤ ਜਨ ਰੂਪ ਸਹੇਲੀਆਂ ਕਿਸ ਨੂੰ ਮੰਨਦੇ ਹੋ ?

ਉ: ੧. ਹੇ ਭਾਈ ! ਜੋ ਹਰੀ ਦੀ ਸਿਫ਼ਤਿ-ਸਾਲਾਹ ਕਰਨ ਵਾਲੀਆਂ (ਸੰਤ ਜਨ) ਰੂਪ ਸਹੇਲੀਆਂ ਇਕੱਠੀਆਂ ਬਹਿ ਕੇ ਆਪ ਹਰੀ ਦਾ ਜਸ ਗਾਉਂਦੀਆਂ ਹਨ, (ਉਨ੍ਹਾਂ ਨੂੰ ਹੀ ਸੰਤ ਜਨ ਰੂਪ ਕਿਹਾ ਜਾ ਸਕਦਾ ਹੈ)।

੨. ਉਹ ਹਰੀ ਤੋਂ ਸਦਕੇ ਜਾਂਦੀਆਂ ਹਨ, ਉਹ ਹੋਰਨਾਂ ਨੂੰ ਭੀ ਸਿੱਖਿਆ ਦੇਂਦੀਆਂ ਹਨ, (ਕਿ ਤੁਸੀਂ ਭੀ) ਸਦਾ ਹਰੀ ਦੀ ਵਡਿਆਈ ਕਰੋ।

੩. ਹੇ ਭਾਈਓ ! ਮੈਂ ਤਾਂ (ਉਨ੍ਹਾਂ ਤੋਂ) ਸਦਕੇ ਹਾਂ, ਜਿਨ੍ਹਾਂ ਨੇ ਸੁਣ ਕੇ ਹਰੀ ਦਾ ਨਾਮ ਮੰਨਿਆ ਹੈ।

੪. ਹੇ ਪਿਆਰੇ ! ਜੋ ਹਰੀ ਨੂੰ ਮਿਲਾਉਣ ਵਾਲੀਆਂ ਗੁਰਮੁਖ ਸਖੀਆਂ ਹਨ, ਮੈਂ ਉਨ੍ਹਾਂ ਤੋਂ ਸਦਕੇ ਹਾਂ।

੫. ਹੇ ਪਿਆਰੇ ! ਜੋ (ਸੰਤ ਜਨਾਂ) ਰੂਪ ਸਖੀਆਂ ਗੁਰੂ ਦਾ ਦਰਸ਼ਨ ਕਰਨ ਵਾਲੀਆਂ ਹਨ, ਮੈਂ ਉਨ੍ਹਾਂ ਤੋਂ ਦਿਨੇ ਰਾਤ ਸਦਕੇ, ਬਲਿਹਾਰ ਜਾਂਦਾ ਹਾਂ।੯।

ਭਾਵਾਰਥ : ਸਲੋਕ ਵਿਚ ਹਜ਼ੂਰ ਜੀ ਨੇ ਮਨੁੱਖ ਦੇ ਹਿਰਦੇ ਰੂਪੀ ਥਾਲ ਵਿਚ ਤਿੰਨ ਵਸਤੂਆਂ ਪ੍ਰੋਸੀਆਂ ਹੋਈਆਂ ਦਾ ਜ਼ਿਕਰ ਕੀਤਾ ਹੈ, ਜੋ ਕਿ ਰੱਬੀ ਭੋਜਨ (ਰੂਹਾਨੀ ਖ਼ੁਰਾਕ) ਹਨ ਅਤੇ ਇਨ੍ਹਾਂ ਦਾ ਸੁਆਦ ਅੰਮ੍ਰਿਤ ਨਾਲੋਂ ਭੀ ਸ੍ਰੇਸ਼ਟ ਦਰਸਾਇਆ ਹੈ, ਇਸੇ ਦੇ ਖਾਣ ਨਾਲ ਮਨ ਤ੍ਰਿਪਤ ਹੁੰਦਾ ਮੰਨਿਆ ਹੈ।

ਮਹਲੇ ਵਿਚ ਦੱਸਦੇ ਹਨ ਕਿ ਹਰੀ ਨਾਮ ਮਿਲਾਪ ਉਨ੍ਹਾਂ ਦਾ ਹੀ ਹੁੰਦਾ ਹੈ, ਜੋ ਕਿ ਸਤਿਗੁਰੂ ਜੀ ਨਾਲ ਚਿੱਤ ਜੋੜਨ ਵਾਲੇ ਹਨ।

ਪਉੜੀ ਵਿਚ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਜੋ ਭਾਗਾਂ ਵਾਲੇ ਬੰਦੇ ਹਨ; ਉਹੋ ਹੀ ਗੁਰੂ ਦੀ ਸ਼ਰਨ ਵਿਚ ਆਉਂਦੇ ਹਨ। ਉਹ ਰਲ ਕੇ ਸਤਿ-ਸੰਗਤ ਵਿਚ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ ਤੇ ਸੁਣਦੇ ਹਨ, ਵਿਕਾਰਾਂ ਵਿਚ ਪੈਣ ਦੇ ਥਾਂ ਉਨ੍ਹਾਂ ਦੇ ਮਨ ਪ੍ਰਭੂ ਦੇ ਨਾਮ ਵਿਚ ਪਤੀਜਿਆ ਰਹਿੰਦਾ ਹੈ। ਅਜਿਹੇ ਸਤ-ਸੰਗੀਆਂ ਦਾ ਦਰਸ਼ਨ ਮੁਬਾਰਕ ਹੈ; ਉਹ ਹੋਰਨਾਂ ਨੂੰ ਭੀ ਪਰਮਾਤਮਾ ਦੇ ਪਾਸੇ ਜੋੜਦੇ ਹਨ।

ਸਲੋਕੁ ਮਃ ੩ ॥

੧. ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥
੨. ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥
੩. ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥

ਪਦ ਅਰਥ : ਜਗਿ—ਜਗਤ ਵਿਚ। ਤੋਟਾ—ਘਾਟਾ। ਸੈਸਾਰਿ—ਸੰਸਾਰ ਵਿਚ। ਸਭਿ—ਸਾਰੇ ਜੀਵ।

ਅਰਥ :

ਪ੍ਰ: ਹੇ ਗੁਰੋ ! ਸੰਸਾਰ ਵਿਚ ਕਿਸੇ ਜੀਵ ਵੱਲ ਭੀ ਨਜ਼ਰ ਮਾਰੋ, ਤਾਂ ਹਰ ਬੰਦਾ ਹੀ ਭਟਕਦਾ ਹੋਇਆ ਨਜ਼ਰ ਆਉਂਦਾ ਹੈ, ਇਸ ਦਾ ਅਸਲ ਕਾਰਨ ਕੀ ਹੈ ?

ਉ: ੧. ਹੇ ਭਾਈਓ ! ਅਸਲ ਕਾਰਨ ਤਾਂ ਇਕ ਇਹੋ ਹੀ ਦਿੱਸਦਾ ਹੈ ਕਿ ਇਹ ਸਾਰੇ ਹੀ ਲੋਕ ਨਾਮ ਤੋਂ ਸੱਖਣੇ ਹੋਣ ਕਰਕੇ (ਅਨੇਕਾਂ ਹੀ ਤਰ੍ਹਾਂ ਦੀ) ਭਟਕਣਾ ਵਿਚ ਭਰਮਦੇ ਫਿਰਦੇ ਹਨ, (ਇਸ ਲਈ) ਉਨ੍ਹਾਂ ਨੂੰ ਸੰਸਾਰ ਵਿਚ ਘਾਟਾ ਹੀ ਘਾਟਾ ਹੈ।

ਪ੍ਰ: ਕਿਉਂ ਜੀ ! ਜਿਨ੍ਹਾਂ ਨੂੰ ਆਪ ਭਰਮਦੇ ਕਹਿੰਦੇ ਹੋ, ਉਹ ਤਾਂ ਵੇਖੀਦੇ ਹਨ ਕਿ ਮਿੱਥੇ ਹੋਏ ਧਾਰਮਿਕ ਕਰਮ ਭੀ ਅਨੇਕਾਂ ਹਮੇਸ਼ਾ ਹੀ ਕਰਦੇ ਰਹਿੰਦੇ ਹਨ ?

ਉ: ੨. ਹੇ ਭਾਈ ! ਉਹ ਮਨਮੁਖ ਮਿੱਥੇ ਹੋਏ ਧਾਰਮਿਕ ਕਰਮ ਤਾਂ (ਬਥੇਰੇ) ਕਰਦੇ ਵੇਖੀਦੇ ਹਨ, ਪਰ ਉਹ ਸਾਰੇ ਕਰਮ ਹਉਮੈ ਦੇ ਆਸਰੇ ਕਰਦੇ ਹਨ, (ਇਸ ਲਈ ਉਹ ਧਾਰਮਿਕ ਕਰਮ ਭੀ) ਉਨ੍ਹਾਂ ਦੇ ਅੰਦਰ ਘੁੱਪ ਹਨੇਰਾ ਪੈਦਾ ਕਰਦੇ ਹਨ।

ਪ੍ਰ: ਹਜ਼ੂਰ ਜੀ ! ਕਰਮ ਤਾਂ ਗੁਰਮੁਖ ਭੀ ਉਸੇ ਰੂਪ ਵਿਚ ਕਰਦੇ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਵਿਚ ਫ਼ਰਕ ਕੀ ਹੈ ?

ਉ: ੩. ਹੇ ਭਾਈ ! ਫ਼ਰਕ ਕੇਵਲ ਇਤਨਾ ਹੀ ਹੈ ਕਿ ਗੁਰਮੁਖ ਸਤਿਗੁਰੂ ਦੇ ਸਨਮੁਖ ਰਹਿ ਕੇ ਸ਼ਬਦ ਦੀ ਵਿਚਾਰ ਦੁਆਰਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀਂਦੇ ਹਨ।੧।

ਮਃ ੩ ॥

੧. ਸਹਜੇ ਜਾਗੈ ਸਹਜੇ ਸੋਵੈ ॥
੨. ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥
੩. ਮਨਮੁਖ ਭਰਮੈ ਸਹਸਾ ਹੋਵੈ ॥
੪. ਅੰਤਰਿ ਚਿੰਤਾ ਨੀਦ ਨ ਸੋਵੈ ॥
੫. ਗਿਆਨੀ ਜਾਗਹਿ ਸਵਹਿ ਸੁਭਾਇ ॥
੬. ਨਾਨਕ ਨਾਮਿ ਰਤਿਆ ਬਲਿ ਜਾਉ ॥੨॥

ਅਰਥ :

ਪ੍ਰ: ਹਜ਼ੂਰ ਜੀਉ ! ਉਨ੍ਹਾਂ ਗੁਰਮੁਖਾਂ ਦੀ ਨਿੱਤ ਕਿਰਿਆ ਕੀ ਹੈ ?

ਉ: ੧. ਹੇ ਭਾਈ ! ਉਹ ਗੁਰਮੁਖ ਕਿਰਿਆ ਕਰਦੇ ਤਾਂ ਹਨ, ਪਰ ਉਨ੍ਹਾਂ ਦੀ ਕਿਰਿਆ ਮਨ ਨੂੰ ਡਾਵਾਂ ਡੋਲ ਕਰਨ ਵਾਲੀ ਨਹੀਂ। ਉਹ ਗੁਰਮੁਖ ਆਤਮਕ ਅਡੋਲਤਾ, ਭਾਵ ਗਿਆਨ ਅਵਸਥਾ ਵਿਚ ਹੀ ਜਾਗਦਾ ਹੈ ਅਤੇ ਗਿਆਨ ਅਵਸਥਾ ਵਿਚ ਹੀ ਸੌਂਦਾ ਹੈ, ਅਰਥਾਤ ਉਹ ਜਾਗਦਿਆਂ ਸੁੱਤਿਆਂ ਹਰ ਵਕਤ ਹਰੀ ਵਿਚ ਹੀ ਲੀਨ ਰਹਿੰਦਾ ਹੈ।

੨. ਹੇ ਭਾਈ! ਉਸ ਗੁਰਮੁਖ ਨੂੰ ਹਰ ਵੇਲੇ ਪਰਮੇਸ਼ਰ ਦੀ ਉਸਤੁਤੀ ਦਾ ਹੀ ਆਹਰ ਹੁੰਦਾ ਹੈ, ਭਾਵ ਉਸ ਤੋਂ ਹਰ ਰੋਜ਼ ਪ੍ਰਭੂ ਦੀ ਉਸਤਤੀ ਹੀ ਹੁੰਦੀ ਹੈ।

ਪ੍ਰ: ਸ੍ਰੀ ਜੀਉ! ਇਸ ਗੁਰਮੁਖ ਦੇ ਮੁਕਾਬਲੇ ਵਿਚ ਮਨਮੁਖ ਦੀ ਮਾਨਸਕ ਦਸ਼ਾ ਕੀ ਹੁੰਦੀ ਹੈ?

ਉ: ੩. ਹੇ ਭਾਈਓ! ਜੋ ਮਨਮੁਖ ਪੁਰਸ਼ ਹਰ ਵਕਤ ਮਨ ਦੇ ਪਿੱਛੇ ਹੀ ਟੁਰਦਾ ਹੈ, ਉਹ ਸਦਾ ਹੀ ਭਟਕਦਾ ਹੈ, ਕਿਉਂਕਿ ਉਸ ਦੇ ਅੰਦਰ ਸਦਾ ਹੀ (ਸਹਿਸਾ) ਤੌਖਲਾ ਰਹਿੰਦਾ ਹੈ।

੪. ਉਸ ਦੇ ਮਨ ਅੰਦਰ ਚਿੰਤਾ ਬਣੀ ਰਹਿੰਦੀ ਹੈ, ਇਸ ਕਰ ਕੇ ਉਹ ਸੁੱਖ ਦੀ ਨੀਂਦਰ ਨਹੀਂ ਸੌਂਦਾ।

੫. ਹੇ ਪਿਆਰੇ! ਜੋ ਗਿਆਨਵਾਨ ਪੁਰਸ਼ ਹੈ, ਉਹ ਸੁਭਾਵਕ ਹੀ ਗਿਆਨ ਅਵਸਥਾ ਵਿਚ ਜਾਗਦਾ ਹੈ, ਭਾਵ ਹੈ ਕਿ ਉਹ ਪ੍ਰਭੂ ਦੇ ਪਿਆਰ ਵਿਚ ਹੀ ਜਾਗਦਾ ਸੌਂਦਾ ਹੈ, ਅਰਥਾਤ ਉਹ ਜਾਗਦੇ ਸੌਂਦੇ ਇਕ ਰਸ ਹੀ ਰਹਿੰਦੇ ਹਨ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਮੈਂ ਅਜਿਹੇ ਨਾਮ ਵਿਚ ਰੰਗੇ ਹੋਇਆਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।੨।

ਪਉੜੀ ॥

੧. ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥
੨. ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥
੩. ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥
੪. ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥
੫. ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥੯॥

ਅਰਥ :

ਪ੍ਰ: ਹੇ ਗੁਰੋ! ਉਸ ਪ੍ਰਭੂ ਦੇ ਨਾਮ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਧਿਆਉਂਦੇ?

ਉ: ੧. ਹੇ ਪਿਆਰਿਓ! (ਅਸਲ ਵਿਚ) ਜੋ ਮਨੁੱਖ ਹਰੀ ਵਿਚ ਰਤੇ ਹੋਏ ਹਨ, ਉਹੋ ਹੀ ਉਸ ਦਾ ਨਾਮ ਸਿਮਰਦੇ ਹਨ।

੨. ਉਹ ਧਿਆਉਂਦੇ ਭੀ ਉਸ ਇਕੋ ਹਰੀ ਨੂੰ ਹਨ, ਜੋ ਕਿ ਸਦਾ ਹੀ ਸੱਚ ਸਰੂਪ ਹੈ।

ਪ੍ਰ: ਹਜ਼ੂਰ! ਆਪ ਦੀ ਇਕੋ ਹੀ ਕਥਨ ਕਰਨ ਤੋਂ ਕੀ ਮੁਰਾਦ ਹੈ?

ਉ: ੩. ਹੇ ਭਾਈ! ਇਕ ਕਹਿਣ ਤੋਂ ਸਾਡੀ ਮੁਰਾਦ ਉਸ ਤੋਂ ਹੈ, ਜੋ ਇਕ ਹਰੀ ਆਪ ਹੀ ਹਰ ਥਾਂ ਵਿਆਪਕ ਹੈ ਅਤੇ ਜਿਸ ਇਕ ਨੇ ਹੀ (ਸਾਰੀ ਸ੍ਰਿਸ਼ਟੀ) ਪੈਦਾ ਕੀਤੀ ਹੈ।

੪. ਐਸੇ ਹਰੀ ਦਾ ਜੋ ਪੁਰਸ਼ ਨਾਮ ਸਿਮਰਦੇ ਹਨ, ਉਨ੍ਹਾਂ ਨੇ (ਆਪਣਾ) ਸਾਰਾ ਡਰ ਦੂਰ ਕਰ ਦਿੱਤਾ ਹੈ।

੫. (ਪਰ) ਨਾਮ ਓਹੀ ਗੁਰਮੁਖ ਸਿਮਰਦਾ ਹੈ, ਜਿਸ ਨੂੰ ਪ੍ਰਭੂ ਆਪ ਗੁਰੂ ਦੀ ਮਤਿ ਦੇ ਰਾਹੀਂ ਇਹ ਦਾਤ ਬਖ਼ਸ਼ਦਾ ਹੈ।੯।

ਭਾਵਾਰਥ : ਸਲੋਕ ਵਿਚ ਇਹ ਉਪਦੇਸ਼ ਕਰਦੇ ਹਨ ਕਿ ਨਾਮ ਤੋਂ ਸੱਖਣੇ ਜੀਵ ਜਗਤ ਵਿਚ ਭਰਮਦੇ ਫਿਰਦੇ ਹਨ ਅਤੇ ਉਨ੍ਹਾਂ ਨੂੰ ਇਸ ਜੀਵਨ ਵਿਚ ਘਾਟਾ ਹੀ ਰਹਿੰਦਾ ਹੈ। ਉਹ ਭਾਵੇਂ ਕਿਤਨੇ ਭੀ ਧਾਰਮਿਕ ਮਿੱਥੇ ਹੋਏ ਕਰਮ ਕਰਦੇ ਹਨ ਤਾਂ ਭੀ ਉਨ੍ਹਾਂ ਦੇ ਅੰਦਰ ਹਉਮੈ ਦਾ ਅੰਧੇਰਾ ਹੀ ਬਣਿਆ ਰਹਿੰਦਾ ਹੈ।

ਮਹਲੇ ਵਿਚ ਗੁਰਮੁਖਾਂ ਦੀ ਅਵਸਥਾ ਦੱਸਦੇ ਹਨ ਕਿ ਉਨ੍ਹਾਂ ਦਾ ਜਾਗਣਾ ਸੌਣਾ ਸਹਿਜ ਵਿਚ ਹੀ ਹੁੰਦਾ ਹੈ। ਉਨ੍ਹਾਂ ਕੋਲੋਂ ਦਿਨੇ ਰਾਤ ਸਾਈਂ ਜੀ ਦੀ ਉਸਤਤੀ ਹੀ ਹੁੰਦੀ ਰਹਿੰਦੀ ਹੈ। ਮਨਮੁਖ ਸਦਾ ਹੀ ਭਟਕਦਾ ਰਹਿੰਦਾ ਹੈ, ਉਸ ਦੇ ਅੰਦਰ ਹਰ ਵਕਤ ਚਿੰਤਾ ਹੀ ਬਣੀ ਰਹਿੰਦੀ ਹੈ, ਇਸੇ ਕਰ ਕੇ ਉਹ ਕਦੀ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ।

ਪਉੜੀ ਵਿਚ ਨਾਮ ਦੀ ਮਸਤੀ ਵਿਚ ਮਸਤ ਰਹਿਣ ਵਾਲਿਆਂ ਦਾ ਜ਼ਿਕਰ ਕਰਦੇ ਹਨ ਕਿ ਉਨ੍ਹਾਂ ਗੁਰਮੁਖਾਂ ਨੂੰ ਨਾਮ ਸਿਮਰਨ ਦੀ ਬਰਕਤ ਨਾਲ ਪ੍ਰਭੂ ਜੀ ਹਰ ਥਾਂ ਹੀ ਵਸਦਾ ਨਜ਼ਰ ਆਉਂਦਾ ਹੈ, ਇਸੇ ਲਈ ਉਨ੍ਹਾਂ ਨੂੰ ਕੋਈ ਡਰ ਨਹੀਂ ਵਿਆਪਦਾ, ਪਰ ਇਹ ਦਾਤ ਗੁਰੂ ਦੇ ਸਨਮੁਖ ਹੋਇਆਂ ਪ੍ਰਭੂ ਦੀ ਆਪਣੀ ਮਿਹਰ ਨਾਲ ਹੀ ਪ੍ਰਾਪਤ ਹੁੰਦੀ ਹੈ।

ਸਲੋਕ ਮਃ ੩ ॥

੧. ਅੰਤਰਿ ਗਿਆਨੁ ਨ ਆਇਓ
ਜਿਤੁ ਕਿਛੁ ਸੋਝੀ ਪਾਇ ॥
੨. ਵਿਣੁ ਡਿਠਾ ਕਿਆ ਸਾਲਾਹੀਐ
ਅੰਧਾ ਅੰਧੁ ਕਮਾਇ ॥
੩. ਨਾਨਕ ਸਬਦੁ ਪਛਾਣੀਐ
ਨਾਮੁ ਵਸੈ ਮਨਿ ਆਇ ॥੧॥

ਅਰਥ :

ਪ੍ਰ: ਹੇ ਗੁਰੋ! ਇਹ ਦੱਸੋ ਕਿ ਮਨ ਵਿਚ ਹਰੀ ਦਾ ਨਾਮ ਕਿਵੇਂ ਆ ਕੇ ਵੱਸੇ?

ਉ: ੧. ਹੇ ਭਾਈ! ਦੱਸੋ, ਇਸ ਜੀਵ ਦੇ ਅੰਦਰ ਜਦੋਂ ਉਹ ਗਿਆਨ ਹੀ ਨਹੀਂ ਪ੍ਰਗਟ ਹੋਇਆ, ਜਿਸ ਗਿਆਨ ਨਾਲ ਕੁਝ ਸਮਝ ਪੈਣੀ ਸੀ।

੨. ਅਤੇ ਨਾ ਹੀ ਉਸ ਹਰੀ ਨੂੰ ਵੇਖਿਆ ਹੈ, ਭਾਵ ਜਿਸ ਹਰੀ ਨੂੰ ਵੇਖਿਆ ਹੀ ਨਹੀਂ ਤਾਂ (ਉਸ ਦੀ) ਉਸਤਤੀ ਕਿਵੇਂ ਹੋ ਸਕੇ? ਸੋ ਗਿਆਨ ਤੋਂ ਹੀਣਾ ਮਨੁੱਖ ਤਾਂ ਅਗਿਆਨਤਾਈ ਦੀ ਹੀ ਕਮਾਈ ਕਰਦਾ ਹੈ।

੩. (ਇਸ ਲਈ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੇ ਸਤਿਗੁਰੂ ਦੇ ਸ਼ਬਦ ਨੂੰ ਪਛਾਣੀਏ ਤਾਂ ਹਰੀ ਦਾ ਨਾਮ ਮਨ ਵਿਚ ਆ ਵਸਦਾ ਹੈ।੧।

ਮਃ ੩ ॥

੧. ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
੨. ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
੩. ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
੪. ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
੫. ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥
੬. ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥

ਅਰਥ :

ਪ੍ਰ: ਹੇ ਗੁਰੋ ! ਗੁਰਮਤਿ ਵਿਚ ਪ੍ਰਮਾਣੀਕ ਗੁਰੂ ਕਿਸ ਨੂੰ ਮੰਨਿਆ ਗਿਆ ਹੈ ?

ਉ: ੧. ਹੇ ਭਾਈ ! ਪ੍ਰਮਾਣੀਕ ਗੁਰੂ ਤਾਂ ਕੇਵਲ ਇਕੋ ਬਾਣੀ ਹੈ, ਇਸ ਲਈ (ਇਕ) ਸ਼ਬਦ ਨੂੰ ਹੀ ਵੀਚਾਰਨਾ ਕਰੋ।

੨. ਇਹੋ ਇਕ ਸਦਾ-ਥਿਰ ਰਹਿਣ ਵਾਲਾ ਸੌਦਾ ਹੈ, ਇਹੋ ਹੀ ਸੱਚਾ ਹੱਟ ਹੈ, ਜਿਸ ਵਿਚ ਰਤਨਾਂ ਦੇ ਭੰਡਾਰ ਭਰੇ ਪਏ ਹਨ।

੩. (ਪਰ) ਹੇ ਪਿਆਰੇ ! ਜੇ ਦੇਵਣ ਵਾਲਾ (ਹਰੀ) ਦੇਵੇ ਤਾਂ (ਇਹ ਖ਼ਜ਼ਾਨੇ) ਸਤਿਗੁਰੂ ਦੀ ਕਿਰਪਾ ਨਾਲ ਮਿਲਦੇ ਹਨ।

੪. ਹੇ ਭਾਈ ! ਜਿਸ ਮਨੁੱਖ ਨੇ ਇਹ ਸੱਚਾ ਸੌਦਾ (ਕਰ ਕੇ) ਬੇਅੰਤ ਪ੍ਰਭੂ ਦਾ ਨਾਮ ਲਾਭ ਖੱਟਿਆ ਹੈ।

੫. ਉਸ ਨੂੰ (ਮਾਇਆ) ਜ਼ਹਿਰ ਵਿਚ ਵਰਤਦਿਆਂ ਭਾਵ ਸੰਸਾਰੀ ਵਿਵਹਾਰ ਕਰਦਿਆ ਹੀ ਨਾਮ ਅੰਮ੍ਰਿਤ ਮਿਲ ਪੈਂਦਾ ਹੈ, ਪਰ ਇਹ ਨਾਮ ਅੰਮ੍ਰਿਤ ਪਿਲਾਉਣ ਵਾਲਾ ਪ੍ਰਭੂ ਆਪਣੀ ਮਿਹਰ ਨਾਲ ਹੀ ਪਿਲਾਂਦਾ ਹੈ।

੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਉਸ ਸਲਾਹੁਣੇ ਯੋਗ ਪਰਮੇਸ਼ਰ ਨੂੰ ਸਿਮਰੀਏ ਜੋ (ਜੀਵਾਂ ਨੂੰ ਨਾਮ ਦੀ ਦਾਤ ਦੇ ਕੇ) ਸਵਾਰਦਾ ਹੈ।੨।

ਪਉੜੀ ॥

੧. ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥
੨. ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥
੩. ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ ॥
੪. ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥
੫. ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥੧੦॥

ਅਰਥ :

ਪ੍ਰ: ਕਿਉਂ ਜੀ ! ਅਸਲ ਵਿਚ ਹੈ ਤਾਂ ਸੱਚ ਹੀ ਚੰਗਾ, ਪਰ ਕਈਆਂ ਨੂੰ ਇਹ ਸੱਚ ਵੀ ਨਹੀਂ ਚੰਗਾ ਲੱਗਦਾ, ਇਸ ਦਾ ਕੀ ਕਾਰਨ ਹੈ ?

ਉ: ੧. ਹੇ ਭਾਈਓ ! ਅਸਲੀ ਗੱਲ ਤਾਂ ਇਹੋ ਹੈ ਕਿ ਜਿਨ੍ਹਾਂ (ਲੋਕਾਂ) ਦੇ ਹਿਰਦੇ ਵਿਚ (ਸਦਾ) ਕੂੜ ਹੀ ਵਰਤਦਾ ਹੈ, ਉਨ੍ਹਾਂ ਨੂੰ ਸੱਚ ਚੰਗਾ ਨਹੀਂ ਲੱਗਦਾ।

੨. ਪਰ ਜਦੋਂ ਕੋਈ (ਸੱਚਾ) ਮਨੁੱਖ ਸੱਚ ਬੋਲੇ, ਤਾਂ ਝੂਠਾ (ਸੁਣ ਕੇ) ਸੜ ਬਲ ਜਾਂਦਾ ਹੈ।

੩. (ਇਸ ਲਈ) ਹੇ ਭਾਈਓ ! ਝੂਠ ਦਾ ਵਪਾਰੀ ਝੂਠ ਵਿਚ ਹੀ ਪ੍ਰਸੰਨ ਰਹਿੰਦਾ ਹੈ, ਜਿਵੇਂ ਕਿ ਕਾਂ ਵਿਸਟਾ ਖਾਂਦਾ ਹੈ ਤੇ ਪ੍ਰਸੰਨ ਹੁੰਦਾ ਹੈ।

ਪ੍ਰ: ਹਜ਼ੂਰ ਜੀ ! ਕੋਈ ਇਲਾਜ ਦੱਸੋ, ਜਿਸ ਰਾਹੀਂ ਕੂੜ ਤੇ ਪਾਪ ਦੂਰ ਹੋ ਸਕਣ ?

ਉ: ੪. ਹੇ ਭਾਈ ! ਜਿਸ ਮਨੁੱਖ ਉੱਤੇ ਹਰੀ ਦਿਆਲੂ ਹੋਵੇ, ਉਹ ਨਾਮ ਜਪਦਾ ਹੈ।

੫. ਉਹ ਹਰੀ ਦਾ ਨਾਮ ਜੇ ਸਤਿਗੁਰੂ ਦੇ ਸਨਮੁਖ ਹੋ ਕੇ ਸਿਮਰਦੇ ਰਹੀਏ, ਤਾਂ ਫਿਰ ਕੂੜ ਤੇ ਪਾਪ ਲਹਿ ਜਾਂਦਾ ਹੈ।੧੦।

ਭਾਵਾਰਥ : ਸਲੋਕ ਵਿਚ ਕਹਿੰਦੇ ਹਨ, ਨਾਮ ਅੰਦਰ ਤਾਂ ਹੀ ਵਸਦਾ ਹੈ ਜੇਕਰ ਗੁਰੂ ਦੇ ਸ਼ਬਦ ਦੀ ਵੀਚਾਰ ਕਰੀਏ।

ਮਹਲੇ ਵਿਚ ਕੇਵਲ ਇਕ ਗੁਰਬਾਣੀ ਨੂੰ ਹੀ ਪ੍ਰਮਾਣੀਕ ਗੁਰੂ ਦਰਸਾ ਰਹੇ ਹਨ, ਜਿਸ ਵਿਚ ਕਿ ਰਤਨਾਂ ਦੇ ਭੰਡਾਰ ਭਰੇ ਹੋਏ ਹਨ। ਅਸਲ ਸੱਚਾ ਸੌਦਾ ਇਹੋ ਹੀ ਹੈ ਜੋ ਕਿ ਸੱਚੇ ਨਾਮ ਦਾ ਵਪਾਰ ਕਰਨਾ ਹੈ, ਪਰ ਇਹ ਪ੍ਰਾਪਤ ਪ੍ਰਭੂ ਦੀ ਕਰਮ ਬਖ਼ਸ਼ੀ ਨਾਲ ਹੁੰਦਾ ਹੈ।

ਪਉੜੀ ਵਿਚ ਦੱਸਦੇ ਹਨ ਕਿ ਮਾਇਆ ਦਾ ਪਿਆਰ ਤੇ ਨਾਮ ਦੀ ਲਗਨ ਦੋਹਾਂ ਦਾ ਮੇਲ ਨਹੀਂ ਹੋ ਸਕਦਾ। ਜਿਸ ਮਨੁੱਖ ਦਾ ਮਨ ਦੁਨੀਆ ਦੇ ਮੌਜ ਮੇਲੇ ਤੋਂ ਵਿੱਕ ਗਿਆ ਹੈ, ਉਸ ਦੀ ਸੁਰਤਿ ਓਧਰ ਹੀ ਰਹਿੰਦੀ ਹੈ, ਪਰ ਜਿਸ ਉੱਤੇ ਮਿਹਰ ਹੋਵੇ, ਉਹ ਗੁਰੂ ਦੀ ਸ਼ਰਨ ਪੈ ਕੇ ਨਾਮ ਨਾਲ ਪਿਆਰ ਕਰਦਾ ਹੈ ਅਤੇ ਮਾਇਆ ਦਾ ਮੋਹ ਉਸ ਨੂੰ ਖਿੱਚ ਨਹੀਂ ਪਾ ਸਕਦਾ।

ਸਲੋਕੁ ਮਃ ੩ ॥

੧. ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ ॥
੨. ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ॥
੩. ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ॥
੪. ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ ॥
੫. ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ ॥
੬. ਨਾਨਕ ਜਿ ਨਾਮੁ ਨ ਚੇਤਨੀ ਤਿਨ ਧਿਗੁ ਪੈਨਣੁ ਧਿਗੁ ਖਾਣੁ ॥੧॥

ਉਥਾਨਕਾ : ਸ੍ਰੀ ਗੋਇੰਦਵਾਲ ਵਿਚ ਸ਼ੇਖ਼ਾਂ ਦੇ ਘਰ ਸਨ। ਉਹ ਮਰਵਾਹੇ ਖਤ੍ਰੀਆਂ ਦੇ ਸਿਖਾਏ ਹੋਏ ਗੁਰੂ ਜੀ ਨਾਲ ਈਰਖਾ ਕਰਦੇ। ਜਦ ਸਿੱਖ ਪਾਣੀ ਭਰਨ ਆਉਂਦੇ ਤਾਂ ਗੁਲੇਲੇ ਮਾਰ ਕੇ ਘੜੇ ਤੋੜ ਦੇਂਦੇ ਸਨ ਤਾਂ ਉਨ੍ਹਾਂ ਦਾ ਮੁਖੀ ਸ਼ੇਖ਼ ਸੀ, ਉਨ੍ਹਾਂ ਦੇ ਪ੍ਰਥਾਇ ਸ੍ਰੀ ਗੁਰੂ ਅਮਰਦਾਸ ਜੀ ਇਸ ਨੂੰ ਸਨਮੁਖ ਕਰ ਕੇ ਇਹ ਮਹਾਂਵਾਕ ਉਚਾਰਨ ਕਰਦੇ ਹਨ :

ਅਰਥ :

ਪ੍ਰ: ੧. ਹੇ ਭਾਈ ! ਚੁੱਕੇ ਚਕਾਏ ਸ਼ੇਖ਼ਾ ! ਇਸ ਮਨ (ਚੰਚਲ ਨੂੰ) ਇਕ ਟਿਕਾਣੇ 'ਤੇ ਲਿਆ।

੨. ਵਿੰਗੀਆਂ ਟੇਡੀਆਂ ਗੱਲਾਂ ਛੱਡ ਅਤੇ ਸਤਿਗੁਰੂ ਦੇ ਸ਼ਬਦ ਨੂੰ ਸਮਝ।

ਪ੍ਰ: ਕਿਉਂ ਜੀ ! ਮੈਂ ਕਰਾਂ ਕੀ ?

ਉ: ੩. ਹੇ ਸ਼ੇਖ਼ਾ ! ਜੋ ਸਭ ਦਾ ਜਾਣੂੰ ਸਤਿਗੁਰੂ ਜੀ ਹੈ ਤੇ ਸਭੋ ਕੁਝ ਸਮਝਦਾ ਹੈ, (ਤੂੰ) ਉਸੇ ਦੀ ਚਰਨੀਂ ਲੱਗ।

ਪ੍ਰ: ਕਿਉਂ ਜੀ ! ਜਾਣੀ ਜਾਣ ਸਤਿਗੁਰੂ ਜੀ ਦੀ ਚਰਨ ਸ਼ਰਨ ਪ੍ਰਾਪਤ ਕਰ ਕੇ ਮੈਂ ਕਰਾਂ ਕੀ ?

ਉ: ੪. ਹੇ ਸ਼ੇਖਾ ! ਤੂੰ ਆਪਣੇ ਮਨ ਦੀਆਂ ਆਸਾਂ ਤੇ ਦੌੜਾਂ ਮਿਟਾ ਕੇ ਆਪਣੇ ਆਪ ਨੂੰ ਜਗਤ ਵਿਚ ਪ੍ਰਾਹੁਣਾ ਸਮਝ।

ਪ੍ਰ: ਕਿਉਂ ਜੀ ! ਇਸ ਦਾ ਫਲ ਮੈਨੂੰ ਕੀ ਮਿਲੇਗਾ ?

ਉ: ੫. ਹੇ ਸ਼ੇਖਾ ! ਜੇ ਤੂੰ ਸਤਿਗੁਰੂ ਦੇ ਭਾਣੇ ਅਨੁਸਾਰ ਹੋ ਕੇ ਜੀਵਨ ਗੁਜ਼ਾਰੇਂਗਾ, ਤਾਂ ਤੂੰ ਰੱਬੀ ਦਰਬਾਰ ਵਿਚ ਆਦਰ ਪਾਵੇਂਗਾ।

ਪ੍ਰ: ਹਜ਼ੂਰ ! ਗੁਰਮਤਿ ਅਨੁਸਾਰ ਨਾਮ ਤੋਂ ਸੱਖਣੇ ਜੀਵਨ ਗੁਜ਼ਾਰਨ ਵਾਲਿਆਂ ਲਈ ਤੁਸੀਂ ਆਪਣੀ ਨਿੱਜੀ ਵੀਚਾਰ ਕੀ ਰੱਖਦੇ ਹੋ ?

ਉ: ੬. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਸ਼ੇਖਾ ! ਅਸੀਂ ਤਾਂ ਇਹੋ ਹੀ ਸਾਰ ਸਿਧਾਂਤ ਸਮਝਿਆ ਹੈ ਕਿ ਜੋ ਮਨੁੱਖ ਨਾਮ ਸਿਮਰਨ ਨਹੀਂ ਕਰਦੇ, ਉਨ੍ਹਾਂ ਦਾ (ਚੰਗਾ) ਖਾਣਾ ਤੇ (ਚੰਗਾ) ਪਹਿਨਣਾ ਫਿਟਕਾਰ ਯੋਗ ਹੈ।੧।

ਮ: ੩ ॥

੧. ਹਰਿ ਗੁਣ ਤੋਟਿ ਨ ਆਵਈ
ਕੀਮਤਿ ਕਹਣੁ ਨ ਜਾਇ ॥
੨. ਨਾਨਕ ਗੁਰਮੁਖਿ ਹਰਿ ਗੁਣ ਰਵਹਿ
ਗੁਣ ਮਹਿ ਰਹੈ ਸਮਾਇ ॥੨॥

ਅਰਥ :

ਪ੍ਰ: ਹੇ ਗੁਰੋ ! ਜਿਸ ਹਰੀ ਦੇ ਨਾਮ ਉਚਾਰਨ ਲਈ ਆਪ ਪ੍ਰੇਰਣਾ ਕਰਦੇ ਹੋ, ਉਸ ਦੇ ਗੁਣਾਂ ਦਾ ਤਾਂ ਕੁਝ ਵੇਰਵਾ ਕਰੋ।

ਉ: ੧. ਹੇ ਭਾਈ ! ਅਸਲ ਵਿਚ ਜੇ ਹਰੀ ਦੇ ਗੁਣ ਬਿਆਨ ਵੀ ਕਰਨ ਲੱਗੀਏ, ਤਾਂ ਉਹ ਗੁਣ ਮੁੱਕਦੇ ਨਹੀਂ ਅਤੇ ਨਾ ਹੀ ਇਹ ਦੱਸਿਆ ਜਾ ਸਕਦਾ ਹੈ ਕਿ ਇਨ੍ਹਾਂ ਗੁਣਾਂ ਨੂੰ ਖ਼ਰੀਦਣ ਲਈ ਮੁੱਲ ਕੀ ਦੇਣਾ ਪੈਂਦਾ ਹੈ।

ਪ੍ਰ: ਹਜ਼ੂਰ ! ਆਖ਼ਰ ਉਸ ਦੇ ਗੁਣਾਂ ਨੂੰ ਉਚਾਰਨ ਕਰਨ ਦਾ ਫਲ ਕੀ ਮਿਲ ਸਕੇਗਾ ?

ਉ: ੨. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ ! (ਕੇਵਲ ਗੁਰਮੁਖ ਹੀ ਹਰੀ ਦੇ ਗੁਣ ਗਾਉਂਦੇ ਹਨ) (ਪਰ) ਜਿਹੜਾ ਭੀ ਮਨੁੱਖ ਹਰੀ ਦੇ ਗੁਣ ਗਾਉਂਦਾ ਹੈ, (ਉਹ ਸਦਾ ਪ੍ਰਭੂ ਜੀ ਦੇ ਹੀ) ਗੁਣਾਂ ਵਿਚ ਲੀਨ ਹੋਇਆ ਰਹਿੰਦਾ ਹੈ।੨।

ਪਉੜੀ ॥

੧. ਹਰਿ ਚੋਲੀ ਦੇਹ ਸਵਾਰੀ
ਕਢਿ ਪੈਧੀ ਭਗਤਿ ਕਰਿ ॥
੨. ਹਰਿ ਪਾਟੁ ਲਗਾ ਅਧਿਕਾਈ
ਬਹੁ ਬਹੁ ਬਿਧਿ ਭਾਤਿ ਕਰਿ ॥
੩. ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥
੪. ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥
੫. ਜਨੁ ਨਾਨਕੁ ਕਹੈ ਵਿਚਾਰਾ
ਗੁਰਮੁਖਿ ਹਰਿ ਸਤਿ ਹਰਿ ॥੧੧॥

ਅਰਥ :

ਪ੍ਰ: ਹੇ ਗੁਰੋ ! ਕਿਰਪਾ ਕਰੋ ਕਿ ਇਸ ਮਨੁੱਖਾ ਸਰੀਰ ਦੀ ਮਹਾਨਤਾ ਦਰਸਾਉਣ ਵਾਲਾ ਕੋਈ ਉਪਦੇਸ਼ ਬਖ਼ਸ਼ੋ।

ਉ: ੧. ਹੇ ਪਿਆਰਿਓ ! ਇਹ ਮਨੁੱਖਾ ਸਰੀਰ ਮਾਨੋ ਇਕ ਚੋਲੀ ਹੈ, ਜੋ ਪ੍ਰਭੂ ਨੇ ਬਣਾਈ ਹੈ (ਜਿਵੇਂ ਕਿਸੇ ਪਹਿਨਣ ਵਾਲੀ ਚੋਲੀ 'ਤੇ ਕਸੀਦਾ ਕੱਢਿਆ ਜਾਵੇ ਤਾਂ ਉਹ ਪਹਿਨਣ ਜੋਗ ਬਣਦੀ ਹੈ), ਇਸੀ ਤਰ੍ਹਾਂ (ਭਗਤੀ ਰੂਪੀ) ਕਸੀਦਾ ਕੱਢ ਕੇ ਇਹ ਚੋਲੀ ਪਹਿਨਣ ਜੋਗ ਬਣਦੀ ਹੈ, ਭਾਵ ਹੈ ਇਹ ਸਰੀਰ ਰੂਪੀ ਚੋਲੀ ਭਗਤੀ ਕਰਨ ਨਾਲ ਹੀ ਸੋਭਾ ਪਾਉਂਦੀ ਹੈ।

ਪ੍ਰ: ਹਜ਼ੂਰ ! ਬਾਹਰਲੀ ਚੋਲੀ ਨੂੰ ਤਾਂ ਕਈ ਪ੍ਰਕਾਰ ਦਾ ਪੱਟ ਲੱਗਾ ਹੁੰਦਾ ਹੈ, ਇਹ ਸਰੀਰ ਰੂਪੀ ਚੋਲੀ ਨੂੰ ਕਿਹੜਾ ਪੱਟ ਲੱਗਾ ਹੋਇਆ ਹੈ ?

ਉ: ੨. ਹੇ ਭਾਈਓ ! ਇਸ ਸਰੀਰ ਰੂਪੀ ਚੋਲੀ ਨੂੰ ਬਹੁਤ ਤਰ੍ਹਾਂ ਕਈ ਵੰਨਗੀਆਂ ਦਾ ਹਰੀ ਦੇ ਨਾਮ ਦਾ ਪੱਟ ਲੱਗਾ ਹੋਇਆ ਹੈ।

ਪ੍ਰ: ਕਿਉਂ ਜੀ ! ਇਸ ਵੀਚਾਰ ਨੂੰ ਕੋਈ ਸਮਝਦਾ ਕਿਉਂ ਨਹੀਂ ?

ਉ: ੩. ਹੇ ਭਾਈਓ ! ਅਸਲ ਵਿਚ (ਇਸ ਭੇਤ ਨੂੰ) ਮਨ ਅੰਦਰ ਵੀਚਾਰ ਕਰ ਕੇ ਕੋਈ ਵਿਰਲਾ ਸਮਝਣ ਵਾਲਾ ਹੀ ਸਮਝਦਾ ਹੈ।

੪. (ਪਰ) ਅਸਲ ਵਿਚ ਹੇ ਭਾਈ ! ਇਸ ਵਿਚਾਰ ਨੂੰ ਉਹ ਸਮਝਦਾ ਹੈ, ਜਿਸ ਨੂੰ ਹਰੀ (ਕਿਰਪਾ ਕਰ ਕੇ) ਆਪ ਹੀ ਸਮਝਾਵੇ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਅਸੀਂ ਤਾਂ ਇਹੋ ਵੀਚਾਰ ਦੱਸਦੇ ਹਾਂ ਕਿ ਸਦਾ-ਥਿਰ ਰਹਿਣ ਵਾਲਾ ਹਰੀ ਗੁਰੂ ਦੀ ਰਾਹੀਂ ਹੀ (ਸਿਮਰਿਆ ਜਾ ਸਕਦਾ ਹੈ)।੧੧।

ਭਾਵਾਰਥ : ਸਲੋਕ ਵਿਚ ਸ਼ੇਖ਼ ਪ੍ਰਤੀ ਉਪਦੇਸ਼ ਕਰਦੇ ਹੋਏ ਹਰ ਜੀਵ ਮਾਤਰ ਨੂੰ ਸਿੱਖਿਆ ਦੇਂਦੇ ਹਨ ਕਿ ਇਸ ਮਨ ਨੂੰ ਇਕ ਟਿਕਾਣੇ 'ਤੇ ਲਿਆਓ, ਜਾਣੀ ਜਾਣ ਸਤਿਗੁਰੂ ਦੀ ਚਰਨ ਸ਼ਰਨ ਵਿਚ ਢਹਿ ਪਓ ਅਤੇ ਆਸਾ ਮਨਸਾ ਨੂੰ ਛੱਡ ਕੇ ਸੰਸਾਰ ਵਿਚ ਆਪਣੇ ਆਪ ਨੂੰ ਪ੍ਰਾਹੁਣਾ ਸਮਝ ਕੇ ਸਮਾਂ ਗੁਜ਼ਾਰੋ। ਜੇ ਇਸ ਤਰ੍ਹਾਂ ਸਤਿਗੁਰੂ ਦੇ ਅਨੁਸਾਰੀ ਹੋ ਕੇ ਜੀਵਨ ਗੁਜ਼ਾਰੋਗੇ ਤਾਂ ਰੱਬੀ ਦਰਬਾਰ ਵਿਚ ਗਿਆਂ ਮਾਣ ਪਾਓਗੇ। ਨਾਮ ਤੋਂ ਸੱਖਣੇ ਰਹਿ ਕੇ ਚੰਗਾ-ਚੰਗਾ ਖਾਣਾ ਪਹਿਨਣਾ ਭੀ ਧਿਰਕਾਰ ਰੂਪ ਹੈ।

ਮਹਲੇ ਵਿਚ ਉਚਾਰਨ ਕਰਦੇ ਹਨ ਕਿ ਹਰੀ ਦੇ ਗੁਣ ਬੇਅੰਤ ਹਨ, ਉਨ੍ਹਾਂ ਨੂੰ ਬਿਆਨਿਆ ਨਹੀਂ ਜਾ ਸਕਦਾ, ਪਰ ਹਰੀ ਦੇ ਗੁਣ ਗਾਉਣ ਵਾਲੇ ਅੰਤ ਨੂੰ ਗੁਣੀ ਪਰਮੇਸ਼ਰ ਵਿਚ ਹੀ ਸਮਾ ਜਾਂਦੇ ਹਨ।

ਪਉੜੀ ਵਿਚ ਸਿਧਾਂਤ ਦੱਸ ਰਹੇ ਹਨ ਕਿ ਇਹ ਮਨੁੱਖਾ ਸਰੀਰ ਮਾਨੋ ਚੋਲੀ ਹੈ ਜੋ ਪਰਮੇਸ਼ਰ ਨੇ ਆਪਣੇ ਪਹਿਨਣ ਲਈ ਬਣਾਈ ਹੈ। ਇਹ ਚੋਲੀ ਉਸ ਨੂੰ ਤਾਂ ਹੀ ਚੰਗੀ ਲੱਗ ਸਕਦੀ ਹੈ ਜੇ ਇਸ ਨੂੰ ਭਗਤੀ ਦੀ ਰੰਗਣ ਨਾਲ ਸੰਵਾਰਿਆ ਜਾਏ, ਜਿਵੇਂ ਜ਼ਨਾਨੀਆਂ ਪੱਟ ਨਾਲ ਕਸੀਦਾ ਕੱਢ ਕੇ ਫੁਲਕਾਰੀ ਨੂੰ ਸਾਂਭ ਕੇ ਵਰਤਦੀਆਂ ਹਨ, ਪਰ ਇਹ ਭਗਤੀ ਗੁਰੂ ਦੀ ਸ਼ਰਨ ਪਿਆਂ ਹੀ ਹੋ ਸਕਦੀ ਹੈ।

ਸਲੋਕੁ ਮਃ ੩ ॥

੧. ਪਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ ॥
੨. ਗੁਰਮੁਖਿ ਹੋਇ ਸੁ ਭਉ ਕਰੇ
ਆਪਣਾ ਆਪੁ ਪਛਾਣੈ ॥
੩. ਗੁਰ ਪਰਸਾਦੀ ਜੀਵਤੁ ਮਰੈ
ਤਾ ਮਨ ਹੀ ਤੇ ਮਨੁ ਮਾਨੈ ॥
੪. ਜਿਨ ਕਉ ਮਨ ਕੀ ਪਰਤੀਤਿ ਨਾਹੀ
ਨਾਨਕ ਸੇ ਕਿਆ ਕਥਹਿ ਗਿਆਨੈ ॥੧॥

ਪਦ ਅਰਥ : ਸਾਖੀ—ਸਿੱਖਿਆ ਦਾ ਬਚਨ।

ਅਰਥ :

ਪ੍ਰ: ਹੇ ਗੁਰੋ! ਕੋਈ ਮਹਾਂਪੁਰਖ ਕਦੀ ਕਿਸੇ ਇਕ ਸ਼ਰਧਾਲੂ ਨੂੰ ਹੀ ਉਸ ਦੇ ਪ੍ਰਸ਼ਨਾਂ ਦਾ ਉੱਤਰ ਦੇਂਦਿਆਂ ਉਪਦੇਸ਼ ਕਰਿਆ ਕਰਦਾ ਹੈ। ਕੀ ਉਹ ਉਪਦੇਸ਼ ਕੇਵਲ ਉਸੇ ਲਈ ਹੀ ਸਮਝਣਾ ਚਾਹੀਦਾ ਹੈ?

ਉ: ੧. ਹੇ ਭਾਈ! ਇਹ ਗੱਲ ਨਹੀਂ, ਅਸਲ ਵਿਚ ਤਾਂ ਜਦੋਂ ਕੋਈ ਮਹਾਂਪੁਰਖ ਕਿਸੇ ਇਕ ਦੇ ਸੰਬੰਧ ਵਿਚ ਸਿੱਖਿਆ ਦਾ ਬਚਨ ਬੋਲਦੇ ਹਨ, ਤਾਂ (ਉਹ ਕੇਵਲ ਉਸੇ ਲਈ ਹੀ ਨਹੀਂ), ਉਹ ਸਿੱਖਿਆ ਤਾਂ ਮਹਾਂਪੁਰਖਾਂ ਦੀ ਸਾਰੇ ਸੰਸਾਰ ਦੇ ਲੋਕਾਂ ਵਾਸਤੇ ਸਾਂਝੀ ਹੋਇਆ ਕਰਦੀ ਹੈ।

੨. ਹੇ ਭਾਈ! ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ, ਉਹ (ਸੁਣ ਕੇ) ਪ੍ਰਭੂ ਦਾ ਡਰ (ਹਿਰਦੇ ਵਿਚ ਧਾਰਨ) ਕਰਦਾ ਹੈ ਤੇ ਆਪਣੇ ਆਪ ਦੀ ਖੋਜ ਕਰਦਾ ਹੈ।

੩. ਹੇ ਭਾਈ! ਸਤਿਗੁਰੂ ਦੀ ਕਿਰਪਾ ਨਾਲ ਉਹ ਸੰਸਾਰ ਵਿਚ ਵਰਤਦਾ ਹੋਇਆ ਹੀ ਮਾਇਆ ਵੱਲੋਂ ਉਦਾਸ ਰਹਿੰਦਾ ਹੈ ਤਾਂ ਉਸਦਾ ਮਨ ਆਪਣੇ ਆਪ ਵਿਚ ਪਤੀਜ ਜਾਂਦਾ ਹੈ, (ਭਾਵ ਬਾਹਰ ਭਟਕਣੋਂ ਹੱਟ ਜਾਂਦਾ ਹੈ)।

"ਮਨ ਹੀ ਤੇ ਮਨੁ ਮਾਨੈ" ਦਾ ਖੁਲਾਸੇ ਨਾਲ ਭਾਵ ਇਉਂ ਸਮਝਿਆ ਜਾ ਸਕਦਾ ਹੈ ਕਿ ਮਨ, ਬੁਧ, ਚਿੱਤ, ਹੰਕਾਰ ਦਾ ਨਾਮ ਅੰਤਹਕਰਣ ਹੈ। ਇਸ ਦਾ ਸਮੁੱਚਾ ਨਾਮ ਚਤੁਸਟੇ ਅੰਤਹਕਰਣ ਕਿਹਾ ਜਾਂਦਾ ਹੈ। ਇਹ ਚਾਰ ਅੱਗੇ ਦੋ-ਦੋ ਰੂਪਾਂ ਵਿਚ ਹਨ, ਜਿਵੇਂ ਕਿ:—

'ਇਸ ਮਨ' [ਸੰਸਾਰਕ ਮਨ] 'ਉਨਮਨ' [ਪ੍ਰਮਾਰਥਕ ਮਨ] ਸੁਬੁਧਿ, ਕੁਬੁਧਿ, ਸੁਚਿਤ, ਕੁਚਿਤ, ਸੁਧ ਹੰਕਾਰ ਅਤੇ ਮਲਨ ਹੰਕਾਰ।

ਜਿਵੇਂ ਜਦ ਕੋਈ ਆਦਮੀ ਪਾਪ ਕਰਮ ਕਰਨ ਦਾ ਇਰਾਦਾ ਕਰਦਾ ਹੈ ਤਾਂ ਉਸ ਨੂੰ ਅੰਦਰੋਂ ਹੀ ਇਕ ਆਵਾਜ਼ ਮਿਲਦੀ ਹੈ ਕਿ ਇਹ ਨਾ ਕਰ, ਇਸ ਦਾ ਬੁਰਾ ਹੀ ਨਤੀਜਾ ਹੋਵੇਗਾ, ਜਿਸ ਨੂੰ ਅੰਗਰੇਜ਼ੀ ਵਿਚ 'ਕਾਲਸੈਂਸ' ਕਹਿੰਦੇ ਹਨ, ਬਸ! ਇਹੋ ਹੀ ਸਮਝਣਾ ਚਾਹੀਦਾ ਹੈ ਕਿ 'ਇਨ ਮਨ' ਬੁਰਾਈਆਂ ਸੋਚਦਾ ਹੈ ਅਤੇ 'ਗੁਰ ਸ਼ਬਦੀ' ਗੁਰ ਸ਼ਬਦ ਦੀ ਵੀਚਾਰ ਕਰਨ ਵਾਲਾ 'ਉਨ ਮਨ' ਉਸ ਨੂੰ ਬੁਰਾਈ ਕਰਨ ਤੋਂ ਰੋਕਦਾ ਹੈ। ਜੇਕਰ ਜੀਵ ਉੱਤੇ ਸਤਿਗੁਰੂ ਦੀ ਮਿਹਰ ਹੋਵੇ ਤਦ 'ਉਨ ਮਨ' ਦੀ ਆਵਾਜ਼ ਏਨੀ ਜ਼ੋਰ ਵਾਲੀ ਹੁੰਦੀ ਹੈ, ਜਿਸ ਨੂੰ ਕਿ 'ਇਨ ਮਨ' ਉਲੰਘਣ ਨਹੀਂ ਕਰ ਸਕਦਾ ਤੇ 'ਇਨ ਮਨ' ਬੀਬੇ ਬੱਚੇ ਵਾਂਗੂੰ 'ਉਨ ਮਨ' ਦੀ ਆਗਿਆ ਵਿਚ ਤੁਰਦਾ ਹੈ ਅਤੇ ਜੇ ਗੁਰੂ ਜੀ ਦੀ ਮਿਹਰ ਨਾ ਹੋਵੇ ਤਾਂ 'ਉਨ ਮਨ' ਭਾਵੇਂ ਉਸ ਨੂੰ ਰੋਕਦਾ ਹੈ; ਪਰ 'ਇਨ ਮਨ' ਆਪਣੇ ਅਖੜ-ਪੁਣੇ ਕਰਕੇ ਉਸ ਦੀ ਕੁਝ ਪ੍ਰਵਾਹ ਨਾ ਕਰਦਾ ਹੋਇਆ ਬੁਰਾਈਆਂ ਕਰਨ ਵਿਚ ਲੱਗ ਜਾਂਦਾ ਹੈ।

ਪ੍ਰ: ਹਜ਼ੂਰ! ਵੇਖੀਦਾ ਹੈ ਕਿ ਕਈਆਂ ਦਾ ਆਪਣਾ ਮਨ ਤਾਂ ਨਹੀਂ ਪਤੀਜਿਆ ਹੁੰਦਾ, ਪਰ ਉਹ ਗਿਆਨ ਬਹੁਤ ਕਥਦੇ ਸੁਣੀਦੇ ਹਨ, ਉਨ੍ਹਾਂ ਬਾਰੇ ਆਪ ਦਾ ਕੀ ਵੀਚਾਰ ਹੈ?

ਉ: ੪. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰਿਓ! ਜਿਨ੍ਹਾਂ ਦਾ (ਆਪਣਾ) ਹੀ ਮਨ ਨਹੀਂ ਪਤੀਜਿਆ, ਉਨ੍ਹਾਂ ਨੂੰ ਤਾਂ ਗਿਆਨ ਦੀਆਂ ਗੱਲਾਂ ਕਥਨ ਕਰਨ ਦਾ ਕੋਈ ਲਾਭ ਹੀ ਨਹੀਂ (ਕਿਉਂਕਿ ਉਹ ਪੁਰਸ਼ ਪਖੰਡ ਸਹਿਤ ਗਿਆਨ ਦੀਆਂ ਗੱਲਾਂ ਕਥਨ ਕਰਦੇ ਹਨ)।੧।

ਮਃ ੩ ॥

੧. ਗੁਰਮੁਖਿ ਚਿਤੁ ਨ ਲਾਇਓ
ਅੰਤਿ ਦੁਖੁ ਪਹੁਤਾ ਆਇ ॥
੨. ਅੰਦਰਹੁ ਬਾਹਰਹੁ ਅੰਧਿਆਂ
ਸੁਧਿ ਨ ਕਾਈ ਪਾਇ ॥
੩. ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ
ਜੋ ਰਤੇ ਹਰਿ ਨਾਇ ॥
੪. ਜਿਨ ਗੁਰ ਕੈ ਸਬਦਿ ਸਲਾਹਿਆ
ਹਰਿ ਸਿਉ ਰਹੇ ਸਮਾਇ ॥
੫. ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ
ਨਾ ਧਨੁ ਪਲੈ ਪਾਇ ॥
੬. ਪੜਿ ਥਕੇ ਸੰਤੋਖੁ ਨ ਆਇਓ
ਅਨਦਿਨੁ ਜਲਤ ਵਿਹਾਇ ॥
੭. ਕੂਕ ਪੂਕਾਰ ਨ ਚੁਕਈ
ਨਾ ਸੰਸਾ ਵਿਚਹੁ ਜਾਇ ॥
੮. ਨਾਨਕ ਨਾਮ ਵਿਹੂਣਿਆ
ਮੁਹਿ ਕਾਲੈ ਉਠਿ ਜਾਇ ॥੨॥

ਅਰਥ :

ਪ੍ਰ: ਕਿਸੇ ਪੰਡਤ ਨੇ ਹਜ਼ੂਰ ਗੁਰੂ ਅਮਰਦਾਸ ਜੀ ਪਾਸ ਆ ਕੇ ਪੁੱਛ ਕੀਤੀ ਕਿ ਹਜ਼ੂਰ ਜੀਉ! ਜੋ ਲੋਕ ਹਰੀ ਪਰਮੇਸ਼ਰ ਵਿਚ ਚਿੱਤ ਨੂੰ ਨਹੀਂ ਜੋੜਦੇ, ਉਨ੍ਹਾਂ ਨੂੰ ਸਜ਼ਾ ਕੀ ਮਿਲੇਗੀ?

ਉ: ੧. ਹੇ ਪੰਡਤ ਜੀ! (ਅਸਲ ਗੱਲ ਤਾਂ ਇਉਂ ਹੈ ਕਿ) ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਦੇ ਸਨਮੁਖ ਹੋ ਕੇ (ਪਰਮੇਸ਼ਰ ਵਿਚ)

ਚਿੱਤ ਨਹੀਂ ਜੋੜਿਆ, ਆਖ਼ਰ ਉਨ੍ਹਾਂ ਨੂੰ ਦੁੱਖ ਹੀ ਵਾਪਰਦਾ ਹੈ।

੨. (ਕਿਉਂਕਿ) ਉਨ੍ਹਾਂ ਅੰਦਰੋਂ ਤੇ ਬਾਹਰੋਂ ਅੰਨ੍ਹਿਆਂ ਨੂੰ ਕੋਈ ਸਮਝ ਨਹੀਂ ਆਉਂਦੀ।

੩. (ਪਰ) ਹੇ ਪੰਡਤ ਜੀ! ਜੋ ਮਨੁੱਖ ਹਰੀ ਦੇ ਨਾਮ ਵਿਚ ਰਤੇ ਹੋਏ ਹਨ, ਉਨ੍ਹਾਂ ਦੀ ਕਮਾਈ ਦੀ ਬਰਕਤ ਤਾਂ ਸਾਰਾ ਹੀ ਸੰਸਾਰ ਖਾਂਦਾ ਹੈ।

੪. ਹੇ ਪੰਡਤ! ਜਿਨ੍ਹਾਂ ਨੇ ਸਤਿਗੁਰੂ ਦੇ ਸ਼ਬਦ ਦੀ ਰਾਹੀਂ (ਪ੍ਰਭੂ ਦੀ) ਸਿਫ਼ਤਿ-ਸਾਲਾਹ ਕੀਤੀ ਹੈ, ਉਹ ਤਾਂ ਸਮਝੋ ਸਦਾ ਹੀ ਹਰੀ ਵਿਚ ਲੀਨ ਹਨ।

੫. ਹੇ ਪੰਡਤ! ਮਾਇਆ ਦੇ ਮੋਹ ਵਿਚ ਫਸੇ ਰਿਹਾਂ ਬਰਕਤ ਨਹੀਂ ਹੋ ਸਕਦੀ, (ਭਾਵ ਹੈ ਕਿ ਆਤਮਕ ਜੀਵਨ ਵਧਦਾ ਫੁਲਦਾ ਨਹੀਂ) ਅਤੇ ਨਾ ਹੀ ਨਾਮ ਧਨ ਪੱਲੇ ਪੈਂਦਾ ਹੈ।

ਪ੍ਰ: ਕਿਉਂ ਜੀ! ਜੋ ਅਸੀਂ ਵੇਦ ਸ਼ਾਸਤਰ ਪੜ੍ਹਨ ਵਾਲੇ ਲੋਕ ਹਾਂ, ਕੀ ਇਨ੍ਹਾਂ ਨੂੰ ਕੋਈ ਲਾਭ ਨਹੀਂ ਹੋਵੇਗਾ?

ਉ: ੬. ਹੇ ਪੰਡਤ! ਅਸਲ ਗੱਲ ਤਾਂ ਇਉਂ ਹੀ ਸਮਝ ਕਿ ਬਹੁਤ ਪੜ੍ਹ-ਪੜ੍ਹ ਕੇ (ਪੰਡਤ ਲੋਕ) ਥੱਕ ਜਾਂਦੇ ਹਨ, (ਪਰ) (ਉਨ੍ਹਾਂ ਦੇ) ਅੰਦਰ ਸੰਤੋਖ ਨਹੀਂ ਆਉਂਦਾ ਅਤੇ ਉਨ੍ਹਾਂ ਦੀ ਸਾਰੀ (ਉਮਰ) ਸੜਦਿਆਂ ਹੀ ਗੁਜ਼ਰਦੀ ਹੈ।

੭. ਹੇ ਪੰਡਤ! ਉਨ੍ਹਾਂ ਦੀ (ਕੂਕ ਪੁਕਾਰ) ਰੋਣਾ ਚੀਕਣਾ, ਗਿਲੇ ਗੁਜ਼ਾਰੀ, ਕਦੇ ਮੁਕਦੀ ਹੀ ਨਹੀਂ ਅਤੇ ਨਾ ਹੀ (ਉਨ੍ਹਾਂ ਦੇ) ਮਨ ਵਿਚੋਂ ਕਦੀ ਚਿੰਤਾ ਹੀ ਦੂਰ ਹੁੰਦੀ ਹੈ।

੮. ਤੀਜੇ ਨਾਨਕ, (ਗੁਰੂ) ਅਮਰਦਾਸ ਜੀ ਕਹਿੰਦੇ ਹਨ ਕਿ ਹੇ ਪੰਡਤ! ਨਾਮ ਤੋਂ ਸੱਖਣੇ ਰਹਿਣ ਕਰ ਕੇ ਮਨੁੱਖ ਕਾਲੇ ਮੂੰਹ ਹੀ (ਸੰਸਾਰ ਤੋਂ) ਉੱਠ ਜਾਂਦਾ ਹੈ।੨।

ਪਉੜੀ ॥

੧. ਹਰਿ ਸਜਣ ਮੇਲਿ ਪਿਆਰੇ ਮਿਲਿ ਪੰਥੁ ਦਸਾਈ ॥
੨. ਜੋ ਹਰਿ ਦਸੇ ਮਿਤੁ ਤਿਸੁ ਹਉ ਬਲਿ ਜਾਈ ॥
੩. ਗੁਣ ਸਾਝੀ ਤਿਨ ਸਿਉ ਕਰੀ ਹਰਿ ਨਾਮੁ ਧਿਆਈ ॥
੪. ਹਰਿ ਸੇਵੀ ਪਿਆਰਾ ਨਿਤ ਸੇਵਿ ਹਰਿ ਸੁਖੁ ਪਾਈ ॥
੫. ਬਲਿਹਾਰੀ ਸਤਿਗੁਰ ਤਿਸੁ ਜਿਨਿ ਸੋਝੀ ਪਾਈ ॥੧੨॥

ਪਦ ਅਰਥ : ਸਜਣ—ਗੁਰਮੁਖ। ਮਿਲਿ—ਮਿਲ ਕੇ। ਪੰਥੁ—ਰਾਹ। ਦਸਾਈ—ਮੈਂ ਪੁੱਛਾਂ। ਕਰੀ—ਮੈਂ ਕਰਾਂ। ਧਿਆਈ—ਮੈਂ ਸਿਮਰਾਂ।੧੨।

ਅਰਥ :

ਪ੍ਰ: ਹੇ ਗੁਰੋ! ਜਦੋਂ ਕਦੀ ਆਪ ਉਸ ਕਰਤਾਰ ਤੋਂ ਕੋਈ ਮੰਗ ਮੰਗਦੇ ਹੋ ਤਾਂ ਉਹ ਆਪ ਦੀ ਕਿਹੜੀ ਮੰਗ ਹੋਇਆ ਕਰਦੀ ਹੈ?

ਉ: ੧. ਹੇ ਭਾਈਓ! ਮੇਰੀ ਤਾਂ ਹਮੇਸ਼ਾ ਹਰੀ ਪਾਸੋਂ ਇਕ ਇਹੋ ਹੀ ਮੰਗ ਹੁੰਦੀ ਹੈ ਕਿ ਹੇ ਪਿਆਰੇ ਹਰੀ! ਮੈਨੂੰ ਗੁਰਮੁਖਾਂ ਦਾ ਮੇਲ ਕਰਾ, ਜਿਨ੍ਹਾਂ ਨੂੰ ਮਿਲ ਕੇ ਮੈਂ ਤੇਰਾ ਰਾਹ ਪੁੱਛਾਂ।

ਪ੍ਰ: ਹੇ ਗੁਰੋ! ਜਦ ਕਦੀ ਤੁਹਾਨੂੰ ਰਾਹ ਦੱਸਣ ਵਾਲਾ ਕੋਈ ਮਿੱਤਰ ਮਿਲ ਜਾਵੇ ਤਾਂ ਉਸ ਦਾ ਤੁਸੀਂ ਕਿਤਨਾ ਕੁ ਸਤਿਕਾਰ ਕਰੋਗੇ?

ਉ: ੨. ਹੇ ਪਿਆਰੇ! ਜਦੋਂ ਕੋਈ ਮਨੁੱਖ ਮੈਨੂੰ ਹਰੀ ਮਿੱਤਰ (ਦੀ ਖ਼ਬਰ) ਦੱਸੇ, ਮੈਂ ਤਾਂ ਉਸ ਤੋਂ (ਵਾਰ-ਵਾਰ) ਸਦਕੇ ਜਾਵਾਂ।

੩. ਹੇ ਭਾਈ! ਮੈਂ ਤਾਂ ਉਨ੍ਹਾਂ ਨਾਲ ਗੁਣਾਂ ਦੀ ਭਿਆਲੀ ਪਾਵਾਂ ਤੇ ਹਰੀ ਨਾਮ ਸਿਮਰਾਂ।

੪. ਹੇ ਪਿਆਰੇ! (ਮੈਂ ਇਸ ਤਰ੍ਹਾਂ) ਸਦਾ ਹੀ ਪਿਆਰਾ ਹਰੀ ਸਿਮਰਾਂ ਤੇ ਸਿਮਰ ਕੇ ਸੁੱਖ ਲਵਾਂ।

੫. ਹੇ ਭਾਈ! ਮੈਂ ਤਾਂ ਉਸ ਵਾਹਿਗੁਰੂ ਜੀ ਤੋਂ (ਸਦਾ ਹੀ) ਸਦਕੇ ਹਾਂ, ਜਿਸ ਨੇ ਕਿ ਮੈਨੂੰ (ਪਰਮੇਸ਼ਰ ਦੀ) ਸਮਝ ਬਖ਼ਸ਼ੀ ਹੈ।੧੨।

ਭਾਵਾਰਥ : ਸਲੋਕ ਵਿਚ ਕਿਸੇ ਮਹਾਂਪੁਰਖ ਦਾ ਕੀਤਾ ਕਿਸੇ ਪ੍ਰਤਿ ਉਪਦੇਸ਼ ਸਾਰੇ ਸੰਸਾਰ ਦੇ ਲੋਕਾਂ ਵਾਸਤੇ ਸਾਂਝਾ ਹੋਣ ਦੀ ਦੱਸ ਪਾਈ ਹੈ। ਜੋ ਭੀ ਉਸ ਮਹਾਂਪੁਰਖ ਦੇ ਬਚਨਾਂ 'ਤੇ ਚਲ ਕੇ ਜੀਵਨ ਗੁਜ਼ਾਰੇਗਾ, ਉਹ ਆਪਣੇ ਆਪ ਦੀ ਪਛਾਣ ਕਰ ਲਏਗਾ।

ਮਹਲੇ ਵਿਚ ਫ਼ੁਰਮਾਨ ਕਰਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਸਨਮੁਖ ਹੋ ਕੇ ਸਾਈਂ ਜੀ ਨਾਲ ਮਨ ਨਹੀਂ ਜੋੜਿਆ, ਆਖ਼ਰ ਉਨ੍ਹਾਂ ਨੂੰ ਦੁੱਖ ਹੀ ਵਾਪਰਦਾ ਹੈ, ਪਰ ਜੋ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਹ ਅੰਤ ਨੂੰ ਹਰੀ ਵਿਚ ਹੀ ਸਮਾ ਜਾਂਦੇ ਹਨ।

ਪਉੜੀ ਵਿਚ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਨੂੰ ਮਿਲਣ ਦਾ ਰਸਤਾ ਗੁਰਮੁਖਾਂ ਦਾ ਸੰਗ ਕੀਤਿਆਂ ਹੀ ਲੱਭਦਾ ਹੈ। ਜਿਉਂ-ਜਿਉਂ ਉਨ੍ਹਾਂ ਨਾਲ ਰਲ ਕੇ ਗੁਣ ਗ੍ਰਹਿਣ ਕਰੀਏ ਤੇ ਨਾਮ ਸਿਮਰੀਏ, ਤਿਉਂ-ਤਿਉਂ ਜੀਵਨ ਸੁਖੀ ਹੁੰਦਾ ਹੈ, ਪਰ ਗੁਰੂ ਦੇ ਦੱਸੇ ਰਾਹ ਦੀ ਸਮਝ ਸਤਿ-ਸੰਗੀਆਂ ਪਾਸੋਂ ਪੈਂਦੀ ਹੈ।

ਸਲੋਕੁ ਮਃ ੩ ॥

੧. ਪੰਡਿਤ ਮੈਲੁ ਨ ਚੁਕਈ
ਜੇ ਵੇਦ ਪੜੈ ਜੁਗ ਚਾਰਿ ॥
੨. ਤ੍ਰੈ ਗੁਣ ਮਾਇਆ ਮੂਲੁ ਹੈ
ਵਿਚਿ ਹਉਮੈ ਨਾਮੁ ਵਿਸਾਰਿ ॥
੩. ਪੰਡਿਤ ਭੂਲੇ ਦੂਜੈ ਲਾਗੇ
ਮਾਇਆ ਕੈ ਵਾਪਾਰਿ ॥
੪. ਅੰਤਰਿ ਤ੍ਰਿਸਨਾ ਭੁਖ ਹੈ
ਮੂਰਖ ਭੁਖਿਆ ਮੁਏ ਗਵਾਰ ॥
੫. ਸਤਿਗੁਰਿ ਸੇਵਿਐ ਸੁਖੁ ਪਾਇਆ
ਸਚੈ ਸਬਦਿ ਵੀਚਾਰਿ ॥
੬. ਅੰਦਰਹੁ ਤ੍ਰਿਸਨਾ ਭੁਖ ਗਈ
ਸਚੈ ਨਾਇ ਪਿਆਰਿ ॥
੭. ਨਾਨਕ ਨਾਮਿ ਰਤੇ ਸਹਜੇ ਰਜੇ
ਜਿਨਾ ਹਰਿ ਰਖਿਆ ਉਰਿ ਧਾਰਿ ॥੧॥

ਅਰਥ :

ਪ੍ਰ: ਹੇ ਗੁਰੋ ! ਵੇਖਦੇ ਹਾਂ ਕਿ ਕਈ ਪੰਡਤ ਲੋਕ ਦਿਨੇ ਰਾਤ ਵੇਦਾਂ ਦਾ ਹੀ ਪਾਠ ਕਰਦੇ ਰਹਿੰਦੇ ਹਨ, ਕੀ ਉਹ ਲੋਕ ਇਸ ਤਰ੍ਹਾਂ ਮਨ ਕਰਕੇ ਭੀ ਪਵਿੱਤਰ ਹੋ ਜਾਂਦੇ ਹਨ ?

ਉ: ੧. (ਨਹੀਂ) ਹੇ ਭਾਈਓ ! ਸੁਣੋ, ਇਸ ਤਰ੍ਹਾਂ ਕਰਨ ਨਾਲ ਪੰਡਿਤ ਦੀ ਭੀ (ਮਨ ਦੀ) ਮੈਲ ਦੂਰ ਨਹੀਂ ਹੋ ਸਕਦੀ, (ਇਹ ਦਿਨੇ ਰਾਤ ਕੀ) ਉਹ ਭਾਵੇਂ ਚਾਰ ਜੁੱਗ ਹੀ ਵੇਦਾਂ ਦਾ ਪਾਠ ਕਿਉਂ ਨਾ ਕਰਦਾ ਰਵੇ।

ਪ੍ਰ: ਕਿਉਂ ਜੀ ! ਇਸ ਵਿਚ ਅਸਲ ਭੇਦ ਕੀ ਹੈ ?

ਉ: ੨. ਹੇ ਪਿਆਰੇ ! ਅਸਲੀਅਤ ਇਉਂ ਜਾਣੋ, (ਕਿਉਂਕਿ) ਇਹ ਜੋ ਤਿੰਨਾਂ ਗੁਣਾਂ ਵਾਲੀ ਮਾਇਆ ਹੈ, (ਇਸ ਮੈਲ ਦਾ) ਇਹੋ ਹੀ ਕਾਰਨ ਹੈ, (ਜਿਸ ਕਰ ਕੇ ਵੇਦ ਪਾਠੀ ਪੰਡਤ) ਹਉਮੈ ਵਿਚ ਨਾਮ ਨੂੰ ਵਿਸਾਰ ਦੇਂਦਾ ਹੈ।

ਪ੍ਰ: ਹੇ ਗੁਰੋ ! ਉਸ ਦਿਨੇ ਰਾਤ ਵੇਦ ਪੜ੍ਹਨ ਵਾਲੇ ਪੰਡਤ ਦੇ ਮਨ ਵਿਚ ਨਾਮ ਦਾ ਨਿਵਾਸ ਕਿਉਂ ਨਹੀਂ ਹੁੰਦਾ ?

ਉ: ੩. ਹੇ ਭਾਈ ! (ਉਹ ਇਸ ਲਈ ਕਿਉਂਕਿ ਉਸ) ਭੁੱਲੇ ਹੋਏ ਪੰਡਤ ਦੇ ਮਨ ਅੰਦਰ ਕੇਵਲ ਮਾਇਆ ਦਾ ਹੀ ਵਪਾਰ ਹੈ ਅਤੇ ਮਾਇਆ ਦੇ ਮੋਹ ਵਿਚ ਹੀ ਉਹ ਲੱਗਾ ਹੋਇਆ ਹੈ।

੪. ਉਨ੍ਹਾਂ ਦੇ ਅੰਦਰ ਤ੍ਰਿਸ਼ਨਾ ਦੀ ਭੁੱਖ ਹੈ, (ਇਸ ਲਈ) ਉਹ ਗਵਾਰ ਮੂਰਖ ਭੁੱਖੇ ਹੀ ਮਰ ਗਏ (ਭਾਵੇਂ ਉਹ ਧਾਰਮਿਕ ਪੁਸਤਕਾਂ ਭੀ ਪੜ੍ਹਦੇ ਸਨ, ਪਰ ਮਾਇਆ ਦੀ ਭੁੱਖ ਨੇ ਉਨ੍ਹਾਂ ਦਾ ਮਰਨਾ ਨਹੀਂ ਮੇਟਿਆ)।

ਪ੍ਰ: ਕਿਉਂ ਜੀ ! ਕੀ ਉਨ੍ਹਾਂ ਲੋਕਾਂ ਨੂੰ ਭੀ ਕਿਵੇਂ ਸੁੱਖ ਮਿਲ ਸਕਦਾ ਹੈ ?

ਉ: ੫. (ਹਾਂ ਜ਼ਰੂਰ) ਹੇ ਭਾਈ ! ਸੱਚੇ ਸ਼ਬਦ ਦੀ ਵੀਚਾਰ ਕੀਤਿਆਂ, ਸਤਿਗੁਰੂ ਦੇ ਦੱਸੇ ਰਾਹ 'ਤੇ ਟੁਰ ਕੇ ਸੇਵਾ ਕਰਦਿਆਂ ਜੀਵਨ ਗੁਜ਼ਾਰਨ ਨਾਲ (ਉਨ੍ਹਾਂ ਨੂੰ) ਭੀ ਸੁੱਖ ਮਿਲ ਸਕਦਾ ਹੈ।

ਪ੍ਰ: ਹਜ਼ੂਰ ਜੀ ! ਉਹ ਕਿਵੇਂ ?

ਉ: ੬. ਹੇ ਭਾਈਓ ! (ਸਤਿਗੁਰੂ ਦੇ ਦੱਸੇ ਮਾਰਗ 'ਤੇ ਚੱਲਦਿਆਂ) ਸੱਚੇ ਨਾਮ ਨਾਲ ਪਿਆਰ ਕਰਦਿਆਂ ਅੰਦਰੋਂ ਤ੍ਰਿਸ਼ਨਾ ਦੀ ਭੁੱਖ ਦੂਰ ਹੋ ਜਾਂਦੀ ਹੈ, (ਤ੍ਰਿਸ਼ਨਾ ਮਿਟਣ ਨਾਲ ਹੀ ਝੱਟ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ)।

੭. ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਐ ਪਿਆਰਿਓ ! ਜੋ ਮਨੁੱਖ ਨਾਮ ਵਿਚ ਰੰਗੇ ਹੋਏ ਹਨ ਤੇ ਜਿਨ੍ਹਾਂ ਨੇ ਹਰੀ ਨੂੰ ਹਿਰਦੇ ਵਿਚ ਪਰੋਇਆ ਹੋਇਆ ਹੈ, ਉਹ ਤਾਂ ਸਹਿਜੇ ਹੀ ਰੱਜੇ ਰਹਿੰਦੇ ਹਨ। (ਭਾਵ ਉਨ੍ਹਾਂ ਦੀ ਪਦਾਰਥਕ ਭੁੱਖ ਮਿਟ ਜਾਂਦੀ ਹੈ)।੧।

ਮਃ ੩ ॥

੧. ਮਨਮੁਖ ਹਰਿ ਨਾਮੁ ਨ ਸੇਵਿਆ
ਦੁਖੁ ਲਗਾ ਬਹੁਤਾ ਆਇ ॥
੨. ਅੰਤਰਿ ਅਗਿਆਨੁ ਅੰਧੇਰੁ ਹੈ
ਸੁਧਿ ਨ ਕਾਈ ਪਾਇ ॥
੩. ਮਨਹਠਿ ਸਹਜਿ ਨ ਬੀਜਿਓ
ਭੁਖਾ ਕਿ ਅਗੈ ਖਾਇ ॥
੪. ਨਾਮੁ ਨਿਧਾਨੁ ਵਿਸਾਰਿਆ
ਦੂਜੈ ਲਗਾ ਜਾਇ ॥
੫. ਨਾਨਕ ਗੁਰਮੁਖਿ ਮਿਲਹਿ ਵਡਿਆਈਆ
ਜੇ ਆਪੇ ਮੇਲਿ ਮਿਲਾਇ ॥੨॥

ਅਰਥ :

ਪ੍ਰ: ਹੇ ਗੁਰੋ ! ਜਿਨ੍ਹਾਂ ਮਨ ਦੇ ਪਿੱਛੇ ਟੁਰਨ ਵਾਲੇ ਮਨੁੱਖਾਂ ਨੂੰ ਇਤਨਾਂ ਦੁੱਖ ਆ ਵਾਪਰਦਾ ਹੈ, ਇਸ ਦਾ ਅਸਲ ਕਾਰਨ ਕੀ ਹੈ ?

ਉ: ੧. ਹੇ ਪਿਆਰੇ ! ਅਸਲ ਕਾਰਨ ਇਹ ਹੈ ਕਿ ਮਨਮੁਖਾਂ ਨੇ ਹਰੀ ਦਾ ਨਾਮ ਨਹੀਂ ਸਿਮਰਿਆ, ਇਸੀ ਕਰ ਕੇ (ਉਹ) ਬਹੁਤਾ ਦੁਖੀ ਹੁੰਦਾ ਹੈ, (ਭਾਵ ਉਸ ਨੂੰ ਕੋਈ ਨਾ ਕੋਈ ਦੁੱਖ ਆ ਕੇ ਲੱਗਦਾ ਹੀ ਰਹਿੰਦਾ ਹੈ।

੨. (ਕਿਉਂਕਿ) ਉਸ ਦੇ ਅੰਦਰ ਅਗਿਆਨ (ਰੂਪ) ਅੰਧੇਰਾ ਹੁੰਦਾ ਹੈ, ਇਸੇ ਲਈ ਉਸ ਨੂੰ ਕੋਈ ਸੋਝੀ ਨਹੀਂ ਪੈਂਦੀ।

੩. ਹੇ ਪਿਆਰੇ ! ਜਿਸ ਨੇ ਮਨ ਦੇ ਹੱਠ ਕਰ ਕੇ ਸਹਿਜ ਅਵਸਥਾ ਵਿਚ ਕੁਝ ਭੀ ਨਹੀਂ ਬੀਜਿਆ, ਭਾਵ ਕਿ ਨਾਮ ਨਹੀਂ ਜਪਿਆ, (ਇਸ ਆਤਮਕ ਖ਼ੁਰਾਕ ਤੋਂ ਸੱਖਣਾ) (ਦੱਸੋ) ਅੱਗੇ ਭੁੱਖਾ ਕੀ ਖਾਏਗਾ। (ਭਾਵ ਕੁਝ ਭੀ ਨਹੀਂ)।

੪. (ਕਿਉਂਕਿ) ਉਸ ਮਨਮੁਖ ਨੇ, ਨਾਮ (ਦਾ) ਖ਼ਜ਼ਾਨਾ ਵਿਸਾਰ ਦਿੱਤਾ ਹੈ ਤੇ ਮਾਇਆ ਵਿਚ ਜਾ ਲੱਗਾ (ਭਾਵ ਮਾਇਆ ਵਿਚ ਹੀ ਖਚਤ ਰਹਿੰਦਾ ਹੈ)।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਸਤਿਗੁਰੂ ਦੇ ਸਨਮੁਖ ਹੋਇਆਂ ਗੁਰਮੁਖਾਂ ਨੂੰ ਵਡਿਆਈ ਮਿਲਦੀ ਹੈ, (ਪਰ ਉਹ ਤਾਂ ਜੇ) ਹਰੀ ਆਪ ਹੀ ਸੰਗਤ ਵਿਚ ਮਿਲਾ ਲਏ।੨।

ਪਉੜੀ ॥

੧. ਹਰਿ ਰਸਨਾ ਹਰਿ ਜਸੁ ਗਾਵੈ ਖਰੀ ਸੁਹਾਵਣੀ ॥
੨. ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ ॥
੩. ਜੋ ਗੁਰਮੁਖਿ ਚਖੈ ਸਾਦੁ ਸਾ ਤ੍ਰਿਪਤਾਵਣੀ ॥
੪. ਗੁਣ ਗਾਵੈ ਪਿਆਰੇ ਨਿਤ
ਗੁਣ ਗਾਇ ਗੁਣੀ ਸਮਝਾਵਣੀ ॥
੫. ਜਿਸੁ ਹੋਵੈ ਆਪਿ ਦਇਆਲੁ
ਸਾ ਸਤਿਗੁਰੂ ਗੁਰੂ ਬੁਲਾਵਣੀ ॥੧੩॥

ਅਰਥ :

ਪ੍ਰ: ਸ੍ਰੀ ਜੀਉ ! ਆਪ ਜੀ ਕਿਸ ਰਸਨਾ ਨੂੰ ਸੁਹਾਵਣੀ ਮੰਨਦੇ ਹੋ ?

ਉ: ੧. ਹੇ ਪਿਆਰੇ ! ਜੋ ਰਸਨਾ ਹਰ ਵੇਲੇ ਹਰੀ ਦਾ ਜਸ ਗਾਉਂਦੀ ਹੈ, ਉਹ ਬਹੁਤ ਹੀ ਸੁੰਦਰ ਲੱਗਦੀ ਹੈ।

੨. ਹੇ ਭਾਈ! ਜੇ (ਆਤਮਾ) ਮਨ ਕਰ ਕੇ, ਸਰੀਰ ਕਰਕੇ ਤੇ ਬਾਣੀ ਕਰ ਕੇ ਹਰੀ ਦਾ ਨਾਮ ਜਪਦੀ ਹੈ, ਉਹ ਹਰੀ ਨੂੰ ਭਾਉਂਦੀ ਹੈ।

੩. ਜੋ ਗੁਰੂ ਦੇ ਸਨਮੁਖ ਹੋ ਕੇ ਰਸਨਾ ਨਾਮ ਦਾ ਸੁਆਦ ਚੱਖਦੀ ਹੈ, ਉਹ ਜੀਭ ਤ੍ਰਿਪਤ ਹੋ ਜਾਂਦੀ ਹੈ, ਭਾਵ ਉਹ ਜੀਭ ਫਿਰ ਹੋਰ ਰਸਾਂ ਵੱਲ ਨਹੀਂ ਦੌੜਦੀ।

੪. ਉਹ ਰਸਨਾ ਪਿਆਰੇ ਹਰੀ ਦੇ ਗੁਣ ਸਦਾ ਗਾਉਂਦੀ ਹੈ ਅਤੇ ਗੁਣ ਗਾ ਕੇ ਗੁਣੀ (ਹਰੀ) ਦੀ (ਹੋਰਨਾਂ ਨੂੰ) ਸਿੱਖਿਆ ਦੇਂਦੀ ਹੈ।

੫. ਜਿਸ (ਜੀਭ) 'ਤੇ ਹਰੀ ਆਪ ਦਿਆਲ ਹੁੰਦਾ ਹੈ, ਉਹ ਸਤਿਗੁਰੂ ਨੂੰ ਮਿਲ ਕੇ ਵਾਹਿਗੁਰੂ-ਵਾਹਿਗੁਰੂ (ਸਦਾ ਹੀ) ਬੋਲਦੀ ਹੈ।੧੩।

ਭਾਵਾਰਥ : ਸਲੋਕ ਵਿਚ ਹਜ਼ੂਰ, ਨਾਮ ਦੀ ਮਹੱਤਤਾ ਉਚਾਰਨ ਕਰਦੇ ਹਨ ਕਿ ਨਾਮ ਤੋਂ ਸੱਖਣਾ ਕੋਈ ਭਾਵੇਂ ਚਾਰੇ ਜੁੱਗ ਵੇਦਾਂ ਦਾ ਪਾਠ ਕਰਦਾ ਰਵੇ ਤਾਂ ਉਸ ਦੇ ਅੰਦਰੋਂ ਮਾਇਆ ਮੋਹ ਦੀ ਮੈਲ ਦੂਰ ਨਹੀਂ ਹੁੰਦੀ, ਕਿਉਂਕਿ ਤ੍ਰੈਗੁਣੀ ਮਾਇਆ ਦੇ ਮੋਹ ਅਤੇ ਹਉਮੈ ਦੀ ਪ੍ਰਬਲਤਾ ਕਰ ਕੇ ਉਸ ਨੇ ਨਾਮ ਨੂੰ ਵਿਸਾਰ ਦਿੱਤਾ ਹੈ, ਉਹ ਮਾਇਆ ਦੇ ਤ੍ਰਿਸ਼ਨਾਲੂ ਮਾਇਆ ਦੀ ਭੁੱਖ ਵਿਚ ਹੀ ਮਰ ਜਾਂਦੇ ਹਨ।

ਮਹਲੇ ਵਿਚ ਦੱਸਦੇ ਹਨ ਕਿ ਜਿਸ ਮਨਮੁਖ ਨੇ ਨਾਮ ਨਹੀਂ ਜਪਿਆ; ਉਸ ਨੂੰ ਤਾਂ ਜਾਣੋ ਬਹੁਤ ਹੀ ਦੁੱਖ ਆ ਲੱਗਾ ਹੈ, ਉਸ ਦੇ ਅੰਦਰ ਅਗਿਆਨ ਰੂਪ ਹਨੇਰਾ ਹੈ, ਇਸ ਕਰ ਕੇ ਉਸ ਨੂੰ ਕੋਈ ਸੋਝੀ ਹੀ ਨਹੀਂ ਪੈਂਦੀ।

ਪਉੜੀ ਵਿਚ ਦੱਸਦੇ ਹਨ ਕਿ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਵਾਲਾ ਮਨੁੱਖ ਲੋਕ-ਪ੍ਰਲੋਕ ਦੋਹੀਂ ਥਾਈਂ ਸੋਭਾ ਖੱਟਦਾ ਹੈ। ਜਿਸ ਨੂੰ ਨਾਮ ਅੰਮ੍ਰਿਤ ਦਾ ਰਸ ਆਇਆ ਹੈ, ਉਸ ਦੀ ਤ੍ਰਿਸ਼ਨਾ ਮਿੱਟ ਜਾਂਦੀ ਹੈ, ਪਰ ਇਸ ਮਾਰਗ 'ਤੇ ਉਹੀ ਟੁਰਦਾ ਹੈ, ਜਿਸ ਉੱਤੇ ਸਾਈਂ ਜੀ ਦੀ ਮਿਹਰ ਹੋਵੇ ਤੇ ਜੋ ਗੁਰੂ ਦੀ ਸ਼ਰਨ ਆ ਪਵੇ।

ਸਲੋਕੁ ਮਃ ੩ ॥

੧. ਹਸਤੀ ਸਿਰਿ ਜਿਉ ਅੰਕਸੁ ਹੈ
ਅਹਰਣਿ ਜਿਉ ਸਿਰੁ ਦੇਇ ॥
੨. ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
੩. ਇਉ ਗੁਰਮੁਖਿ ਆਪੁ ਨਿਵਾਰੀਐ
ਸਭੁ ਰਾਜੁ ਸ੍ਰਿਸਟਿ ਕਾ ਲੇਇ ॥
੪. ਨਾਨਕ ਗੁਰਮੁਖਿ ਬੁਝੀਐ
ਜਾ ਆਪੇ ਨਦਰਿ ਕਰੇਇ ॥੧॥

ਪਦ ਅਰਥ : ਸਿਰਿ—ਸਿਰ ਉੱਤੇ। ਅੰਕਸੁ—ਮੁਹਾਵਤ ਦਾ ਕੁੰਡਾ। ਊਭੀ—ਖਲੋ ਕੇ, ਸੁਚੇਤ ਹੋ ਕੇ। ਆਪੁ—ਆਪਾ-ਭਾਵ, ਅਪਣੱਤ। ਨਿਵਾਰੀਐ—ਦੂਰ ਕੀਤੀ ਜਾਂਦੀ ਹੈ।

ਅਰਥ :

ਪ੍ਰ: ਹਜ਼ੂਰ! ਸੇਵਾ ਕਰਨ ਦਾ ਕੀ ਢੰਗ ਹੈ? ਕੋਈ ਉਦਾਹਰਣ ਦੇ ਕੇ ਸਮਝਾਓ।

ਉ: ੧. ਹੇ ਭਾਈ! ਸੇਵਾ ਕਰਨ ਦਾ ਇਹੋ ਹੀ ਤਰੀਕਾ ਹੈ ਕਿ ਜਿਵੇਂ ਹਾਥੀ ਦੇ ਸਿਰ 'ਤੇ ਕੁੰਡਾ ਹੈ, ਜਿਵੇਂ ਅਹਿਰਣ (ਵਦਾਨ ਹੇਠਾਂ) ਸਿਰ ਦੇਂਦੀ ਹੈ,

੨. ਤਿਵੇਂ ਹੀ ਸੇਵਕ ਨੂੰ ਚਾਹੀਦਾ ਹੈ ਕਿ ਉਹ ਸਰੀਰ ਤੇ ਮਨ (ਸਤਿਗੁਰੂ ਨੂੰ) ਅਰਪਣ ਕਰਕੇ ਸਾਵਧਾਨ ਹੋ ਕੇ ਸੇਵਾ ਕਰੇ।

੩. ਗੁਰੂ ਦੇ ਸਨਮੁਖ ਹੋਇਆਂ ਮਨੁੱਖ ਇਸ ਤਰ੍ਹਾਂ ਜੋ ਆਪਾ-ਭਾਵ ਗਵਾਂਦਾ ਹੈ, ਉਹ ਮਾਨੋ ਸਾਰੀ ਸ੍ਰਿਸ਼ਟੀ ਦਾ ਰਾਜ ਹੀ ਲੈ ਲੈਂਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜਦੋਂ ਹਰੀ ਆਪ ਹੀ ਕਿਰਪਾ ਦੀ ਨਜ਼ਰ ਕਰਦਾ ਹੈ, ਤਦੋਂ ਸਤਿਗੁਰੂ ਦੇ ਸਨਮੁਖ ਹੋ ਕੇ ਇਹ ਸਮਝ ਆਉਂਦੀ ਹੈ।੧।

ਮਃ ੩ ॥

੧. ਜਿਨ ਗੁਰਮੁਖਿ ਨਾਮੁ ਧਿਆਇਆ
ਆਏ ਤੇ ਪਰਵਾਣੁ ॥
੨. ਨਾਨਕ ਕੁਲ ਉਧਾਰਹਿ ਆਪਣਾ
ਦਰਗਹ ਪਾਵਹਿ ਮਾਣੁ ॥੨॥

ਅਰਥ :

ਪ੍ਰ: ਹੇ ਗੁਰੋ! ਮਨੁੱਖ ਜਾਮੇ ਵਿਚ ਆਏ ਮਨੁੱਖ ਤਾਂ ਸਾਰੇ ਇਕੋ ਸਮਾਨ ਨਜ਼ਰ ਆਉਂਦੇ ਹਨ, ਪਰ ਗੁਰਮਤਿ ਅਨੁਸਾਰ ਆਉਣਾ ਆਪ ਕਿਸ ਦਾ ਪ੍ਰਮਾਣੀਕ ਮੰਨਦੇ ਹੋ?

ਉ: ੧. ਹੇ ਪਿਆਰਿਓ! ਅਸਲ ਵਿਚ ਸੰਸਾਰ ਅੰਦਰ ਮਨੁੱਖ ਜਾਮੇ ਵਿਚ ਆਏ ਉਹੋ ਹੀ ਮਨੁੱਖ ਕਬੂਲ ਹਨ, ਜਿਨ੍ਹਾਂ ਨੇ ਸਤਿਗੁਰ ਦੇ ਦੱਸੇ ਰਾਹ 'ਤੇ ਤੁਰ ਕੇ ਨਾਮ ਦਾ ਸਿਮਰਨ ਕੀਤਾ ਹੈ।

ਪ੍ਰ: ਹਜ਼ੂਰ! ਉਨ੍ਹਾਂ ਦੇ ਅੰਦਰ ਕਿਤਨੀ ਕੁ ਸ਼ਕਤੀ ਆ ਜਾਂਦੀ ਹੈ?

ਉ: ੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰੇ! (ਉਨ੍ਹਾਂ ਦੇ ਆਪਣੇ ਉਧਾਰ ਹੋਣ ਵਿਚ ਤਾਂ ਕੋਈ ਵੀ ਸ਼ੱਕ ਨਹੀਂ) ਉਹ ਮਨੁੱਖ ਤਾਂ ਆਪਣੀ ਕੁਲ ਨੂੰ ਭੀ ਉਧਾਰ ਲੈਂਦੇ ਹਨ ਅਤੇ ਉਹ ਰੱਬੀ ਦਰਬਾਰ ਵਿਚ ਗਇਆਂ ਆਦਰ ਪਾਉਂਦੇ ਹਨ।੨।

ਪਉੜੀ ॥

੧. ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥
੨. ਇਕਿ ਸੇਵਕ ਗੁਰ ਪਾਸਿ
ਇਕਿ ਗੁਰਿ ਕਾਰੈ ਲਾਈਆ ॥
੩. ਜਿਨਾ ਗੁਰੁ ਪਿਆਰਾ ਮਨਿ ਚਿਤਿ
ਤਿਨਾ ਭਾਉ ਗੁਰੂ ਦੇਵਾਈਆ ॥
੪. ਗੁਰ ਸਿਖਾ ਇਕੋ ਪਿਆਰੁ
ਗੁਰ ਮਿਤਾ ਪੁਤਾ ਭਾਈਆ ॥
੫. ਗੁਰੁ ਸਤਿਗੁਰੁ ਬੋਲਹੁ ਸਭਿ
ਗੁਰੁ ਆਖਿ ਗੁਰੂ ਜੀਵਾਈਆ ॥੧੪॥

ਅਰਥ :

ਪ੍ਰ: ਹੇ ਗੁਰੋ ! ਗੁਰਸਿੱਖ ਰੂਪ ਸਖੀਆਂ ਦਾ ਪ੍ਰਸਪਰ ਮਿਲਾਪ ਹੋਣਾ ਇਹ ਕਿਸ ਦੀ ਬਰਕਤ ਹੈ ?

ਉ: ੧. ਹੇ ਭਾਈ ! ਅਸਲ ਵਿਚ ਇਹ ਬਰਕਤ ਸਤਿਗੁਰੂ ਜੀ ਦੀ ਆਪਣੀ ਹੀ ਹੈ, (ਕਿਉਂਕਿ) ਸਤਿਗੁਰੂ (ਜੀ ਨੇ ਹੀ) ਗੁਰਮੁਖ ਸਿੱਖ (ਰੂਪ) ਸਹੇਲੀਆਂ ਆਪੋ ਵਿਚ ਮਿਲਾਈਆਂ ਹਨ।

੨. ਉਨ੍ਹਾਂ ਵਿਚੋਂ ਕਈ ਸਤਿਗੁਰੂ ਜੀ ਦੇ ਕੋਲ ਸੇਵਾ ਕਰਦੀਆਂ ਹਨ, ਕਈਆਂ ਨੂੰ ਸਤਿਗੁਰੂ ਨੇ (ਹੋਰ) ਕਾਰੇ ਲਾਇਆ ਹੋਇਆ ਹੈ।

੩. ਜਿਨ੍ਹਾਂ ਦੇ ਮਨ ਵਿਚ ਗੁਰੂ ਪਿਆਰਾ ਵਸਦਾ ਹੈ, ਸਤਿਗੁਰੂ ਉਨ੍ਹਾਂ ਨੂੰ ਆਪਣਾ ਪਿਆਰ ਬਖ਼ਸ਼ਦਾ ਹੈ।

੪. ਸਤਿਗੁਰੂ ਦਾ ਆਪਣੇ ਸਿੱਖਾਂ, ਮਿੱਤਰਾਂ, ਪੁੱਤਰਾਂ ਤੇ ਭਰਾਵਾਂ ਨਾਲ ਇਕੋ ਜਿਹਾ ਹੀ ਪਿਆਰ ਹੁੰਦਾ ਹੈ।

੫. (ਇਸ ਲਈ) ਹੇ ਸਿੱਖ ਸਹੇਲੀਓ ! ਸਾਰੀਆਂ 'ਗੁਰੂ-ਗੁਰੂ' ਆਖੋ, 'ਗੁਰੂ-ਗੁਰੂ' ਆਖਿਆਂ ਗੁਰੂ ਆਤਮਿਕ ਜੀਵਨ ਦੇ ਦੇਂਦਾ ਹੈ।੧੪।

ਭਾਵਾਰਥ : ਸਲੋਕ ਅੰਦਰ ਸੇਵਕ ਲਈ ਸੇਵਾ ਕਰਨ ਦਾ ਤਰੀਕਾ ਦਰਸਾਇਆ ਗਿਆ ਹੈ ਕਿ ਜਿਵੇਂ ਹਾਥੀ ਦੇ ਸਿਰ 'ਤੇ ਕੁੰਡਾ, ਅਹਿਰਣ ਦਾ (ਵਦਾਨ ਹੇਠਾਂ) ਸਿਰ ਦੇਣਾ ਹੈ, ਇਸੀ ਤਰ੍ਹਾਂ ਸੇਵਕ ਨੂੰ ਚਾਹੀਦਾ ਹੈ ਕਿ ਉਹ ਗੁਰੂ ਨੂੰ ਆਪਣਾ ਤਨ ਤੇ ਮਨ ਭੇਟ ਕਰ ਕੇ ਸਾਵਧਾਨ ਹੋ ਸੇਵਾ ਕਰਦਾ ਰਵੇ, ਇਸ ਤਰ੍ਹਾਂ ਆਪਾ-ਭਾਵ ਨਿਵਾਰ ਕੇ ਸੇਵਾ ਕਰਨ ਵਾਲਾ ਸੇਵਕ ਮਾਨੋਂ ਸਾਰੀ ਸ੍ਰਿਸ਼ਟੀ ਦਾ ਰਾਜ ਪ੍ਰਾਪਤ ਹੋ ਜਾਣਾ ਹੀ ਅਨੁਭਵ ਕਰਦਾ ਹੈ।

ਮਹਲੇ ਵਿਚ ਉਨ੍ਹਾਂ ਮਨੁੱਖਾਂ ਦਾ ਹੀ ਮਨੁੱਖ ਜਾਮੇ ਵਿਚ ਆਉਣਾ ਕਬੂਲ ਸਮਝਿਆ ਗਿਆ ਹੈ, ਜਿਨ੍ਹਾਂ ਨੇ ਸਤਿਗੁਰੂ ਦੇ ਸਨਮੁਖ ਹੋ ਨਾਮ ਦਾ ਸਿਮਰਨ ਕੀਤਾ ਹੈ। ਉਹ ਆਪਣੀ ਕੁਲ ਦਾ ਵੀ ਉਧਾਰ ਕਰ ਲੈਂਦੇ ਹਨ ਅਤੇ ਆਪ ਰੱਬੀ ਦਰਬਾਰ ਵਿਚ ਗਿਆਂ ਮਾਨ ਆਦਰ ਪਾਉਂਦੇ ਹਨ।

ਪਉੜੀ ਵਿਚ ਉਪਦੇਸ਼ ਕਰਦੇ ਹਨ ਕਿ ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਨਾਮ ਜਪਦਾ ਹੈ, ਉਹ ਪਰਮੇਸ਼ਰ ਦੇ ਰਚੇ ਸਭ ਬੰਦਿਆਂ ਨਾਲ ਉਸੇ ਤਰ੍ਹਾਂ ਪਿਆਰ ਕਰਨ ਲੱਗ ਪੈਂਦਾ ਹੈ, ਜਿਵੇਂ ਕਿ ਉਹ ਆਪਣੇ ਮਿੱਤਰਾਂ, ਪੁੱਤਰਾਂ, ਭਰਾਵਾਂ ਨਾਲ ਕਰਦਾ ਹੈ। ਉਹ ਆਪਣਾ ਜ਼ਾਤੀ ਸੁੱਖ ਤਿਆਗ ਕੇ ਉਨ੍ਹਾਂ ਦੇ ਸੁੱਖ ਲਈ ਕਾਰ ਕਰਦਾ ਹੈ; ਸੇਵਾ ਕਰਦਾ ਹੈ; ਇਹ ਉਸ ਨੂੰ ਨਵੀਨ ਜੀਵਨ ਪ੍ਰਾਪਤ ਹੁੰਦਾ ਹੈ।

ਸਲੋਕੁ ਮਃ ੩ ॥

੧. ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥

੨. ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ ॥੧॥

ਅਰਥ :

ਪ੍ਰ: ਹਜ਼ੂਰ ! ਕਈ ਲੋਕਾਂ ਵੱਲ ਵੇਖਦੇ ਹਾਂ ਕਿ ਉਹ ਹੋਰ-ਹੋਰ ਤਾਂ ਮਿੱਥੇ ਹੋਏ ਧਾਰਮਿਕ ਕਰਮ ਕਰਦੇ ਰਹਿੰਦੇ ਹਨ, ਪਰ ਉਹ ਨਾਮ ਦਾ ਚਿੰਤਨ ਨਹੀਂ ਕਰਦੇ, ਸੋ ਉਨ੍ਹਾਂ ਬਾਰੇ ਆਪ ਦੇ ਗੁਰਮਤਿ ਅਨੁਸਾਰ ਕੀ ਮਨੋ-ਭਾਵ ਹਨ ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਜੋ ਅਗਿਆਨੀ ਅੰਧੇ ਨਾਮ ਨਹੀਂ ਸਿਮਰਦੇ, ਹੋਰ-ਹੋਰ (ਅਨੇਕਾਂ ਪ੍ਰਕਾਰ ਦੇ) ਕਰਮ ਕਰਦੇ ਰਹਿੰਦੇ ਹਨ, ਉਨ੍ਹਾਂ ਦੇ ਕੀਤੇ ਹੋਏ ਅਨੇਕਾਂ ਪ੍ਰਕਾਰ ਦੇ ਕਰਮ ਵਿਅਰਥ ਜਾਂਦੇ ਹਨ।

ਪ੍ਰ: ਹਜ਼ੂਰ ! ਆਖ਼ਿਰ ਉਨ੍ਹਾਂ ਨੂੰ ਫਲ ਕੀ ਹਾਸਲ ਹੁੰਦਾ ਹੈ ?

ਉ: ੨. ਹੇ ਭਾਈ ! ਜਦੋਂ ਵੀਚਾਰ ਸ੍ਰਿਸ਼ਟੀ ਨਾਲ ਸੋਚਿਆ ਜਾਏ ਤਾਂ ਆਖ਼ਿਰ (ਸਿੱਟਾ ਇਹੋ ਹੀ ਨਿਕਲਦਾ ਹੈ ਕਿ) ਉਹ ਅੰਤ ਨੂੰ ਜਮਾਂ ਦੇ ਦਰ 'ਤੇ ਬੱਧੇ ਮਾਰ ਖਾਂਦੇ ਹਨ ਅਤੇ ਫਿਰ ਉਹ ਮੁੜ ਕੇ ਵਿਸਟਾ (ਮਾਂ ਦੇ) ਗਰਭ ਵਿਚ ਸੜਦੇ ਹਨ।੧।

ਮਃ ੩ ॥

੧. ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥

੨. ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥੨॥

ਅਰਥ :

ਪ੍ਰ: ਹੇ ਗੁਰੋ ! ਉਹ ਕੌਣ ਲੋਕ ਹਨ, ਜਿਨ੍ਹਾਂ ਨੂੰ ਗੁਰਮਤਿ ਵਿਚ ਸੱਚੇ ਤੇ ਪ੍ਰਮਾਣੀਕ ਮੰਨਿਆ ਗਿਆ ਹੈ ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ ! ਜੋ ਮਨੁੱਖ ਆਪਣੇ ਸਤਿਗੁਰੂ ਦੀ ਦੱਸੀ ਹੋਈ ਸੇਵਾ ਕਰਨ ਰੂਪ ਕਾਰ ਕਰਦੇ ਹਨ, ਉਹ ਮਨੁੱਖ ਸੱਚੇ ਤੇ ਕਬੂਲ ਹਨ।

੨. ਉਹ ਸਦਾ ਹੀ ਹਰੀ ਦੇ ਨਾਮ ਵਿਚ ਲੀਨ ਰਹਿੰਦੇ ਹਨ, (ਇਸੇ ਨਾਮ ਦੀ ਬਰਕਤ ਨਾਲ) ਉਨ੍ਹਾਂ ਦਾ ਜੰਮਣਾ-ਮਰਨਾ ਮੁੱਕ ਜਾਂਦਾ ਹੈ।੨।

ਪਉੜੀ ॥

੧. ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥

੨. ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ ॥

੩. ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ ॥

੪. ਜਨ ਲਾਵਹੁ ਚਿਤੁ ਹਰਿ ਨਾਮ ਸਿਉ ਅੰਤਿ ਹੋਇ ਸਖਾਈ ॥

੫. ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਸੁਖੁ ਪਾਈ ॥੧੫॥

ਪਦ ਅਰਥ : ਸੰਪੈ—ਦੌਲਤ। ਸੰਚੀਐ—ਇਕੱਠਾ ਕਰੀਦਾ ਹੈ। ਸਵਾਰੀਅਹਿ—ਬਣਾਈਦੇ ਹਨ। ਹਰ ਰੰਗੀ—ਹਰੇਕ ਕਿਸਮ ਦੇ।

ਅਰਥ :

ਪ੍ਰ: ਹੇ ਗੁਰੋ ! ਹਰ ਬੰਦਾ ਹੀ ਇਹ ਵੀਚਾਰ ਕਰਦਾ ਹੈ ਕਿ ਮੈਂ ਬਹੁਤੀ ਧਨ-ਦੌਲਤ ਇਕੱਠੀ ਕਰਾਂ, ਤਾਂ ਕਿ ਮੈਨੂੰ ਅੰਤ ਦੇ

ਸਮੇਂ ਇਹ ਸੁੱਖਦਾਈ ਹੋਵੇਗੀ; ਪਰ ਹਜ਼ੂਰ, ਇਸ ਬਾਰੇ ਗੁਰਮਤਿ ਅਨੁਸਾਰ ਆਪ ਜੀ ਦੇ ਵੀਚਾਰ ਕੀ ਹਨ ?

ੳ: ੧. ਹੇ ਭਾਈ ! ਇਹ ਛੱਲ ਰੂਪ ਧਨ ਤੇ ਸੰਪਦਾ ਨੂੰ ਜੋ ਇਕੱਠਾ ਕਰਨਾ ਹੈ, ਇਹ ਅੰਤ ਨੂੰ (ਸੁੱਖਦਾਈ ਨਹੀਂ) ਸਗੋਂ ਦੁੱਖਦਾਈ ਹੁੰਦੀ ਹੈ।

੨. ਹੇ ਪਿਆਰੇ ! ਘਰ, ਮੰਦਰ ਤੇ ਮਹੱਲ ਬਣਾਈਦੇ ਹਨ, ਪਰ ਆਖ਼ਿਰ ਨੂੰ ਕੁਝ ਭੀ ਨਾਲ ਨਹੀਂ ਜਾਂਦਾ।

੩. ਹੇ ਭਾਈ ! ਕਈ ਰੰਗਾਂ ਦੇ ਘੋੜੇ ਸਦਾ ਹੀ ਪਾਲੀਦੇ ਹਨ, (ਪਰ ਉਹ ਭੀ ਅੰਤ ਨੂੰ) ਕਿਸੇ ਕੰਮ ਨਹੀਂ ਆਉਂਦੇ।

ਪ੍ਰ: ਹੇ ਗੁਰੋ ! ਆਖ਼ਿਰ ਦੱਸੋ ਕਰਨਾ ਕੀ ਚਾਹੀਦਾ ਹੈ ?

ੳ: ੪. ਹੇ ਭਾਈ ਸੱਜਣੋ ! (ਕੇਵਲ) ਹਰੀ ਦੇ ਨਾਮ ਨਾਲ ਹੀ ਚਿੱਤ ਜੋੜੋ ਜੋ ਕਿ ਅਖ਼ੀਰ ਨੂੰ ਸਾਥੀ ਬਣੇਗਾ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਜਿਸ ਜਨ ਨੇ ਹਰੀ ਦਾ ਨਾਮ ਧਿਆਇਆ ਹੈ, ਉਹੋ ਗੁਰੂ ਦੇ ਸਨਮੁਖ ਰਹਿ ਕੇ ਸੁੱਖ ਪਾਉਂਦਾ ਹੈ।੧੫।

ਭਾਵਾਰਥ : ਸਲੋਕ ਵਿਚ ਸਿਧਾਂਤ ਕਥਨ ਕਰਦੇ ਹਨ ਕਿ ਜੋ ਲੋਕ ਨਾਮ ਤੋਂ ਸੱਖਣੇ ਹਨ, ਉਹ ਹੋਰ ਭਾਵੇਂ ਕਿਤਨੇ ਭੀ ਮਿੱਥੇ ਹੋਏ ਧਾਰਮਿਕ ਕਰਮ ਕਮਾਉਂਦੇ ਹਨ, ਉਹ ਅੰਤ ਨੂੰ ਜਮਾਂ ਦੇ ਦਰ ਬੱਧੇ ਮਾਰੇ ਜਾਂਦੇ ਹਨ ਅਤੇ ਮਾਂ ਦੇ ਪੇਟ ਵਿਚ ਵਿਸਟਾ ਅੰਦਰ ਹੀ ਸੜਦੇ ਰਹਿੰਦੇ ਹਨ।

ਮਹਲੇ ਵਿਚ ਫ਼ੁਰਮਾਨ ਕਰਦੇ ਹਨ ਕਿ ਜੋ ਆਪਣੇ ਸਤਿਗੁਰੂ ਦੀ ਸੇਵਨਾ ਕਰਦੇ ਹਨ, ਉਹੋ ਸੱਚੇ ਹਨ ਅਤੇ ਕਬੂਲ ਹੁੰਦੇ ਹਨ, ਕਿਉਂਕਿ ਉਹ ਸੱਚੇ ਨਾਮ ਵਿਚ ਲੀਨ ਰਹਿੰਦੇ ਹਨ ਅਤੇ ਉਨ੍ਹਾਂ ਦਾ ਆਉਣਾ-ਜਾਣਾ ਭੀ ਮੁੱਕ ਜਾਂਦਾ ਹੈ।

ਪਉੜੀ ਵਿਚ ਫ਼ੁਰਮਾਨ ਕਰਦੇ ਹਨ ਕਿ ਇਹ ਜੋ ਦੁਨੀਆ ਦਾ ਧਨ ਪਦਾਰਥ, ਮਹਿਲ ਮਾੜੀਆਂ, ਘੋੜੇ ਆਦਿਕ ਹਨ, ਇਨ੍ਹਾਂ ਵਿੱਚੋਂ ਕਿਸੇ ਨਾਲ ਭੀ ਤੋੜ ਤਕ ਸਾਥ ਨਹੀਂ ਨਿਭਦਾ। ਅੰਤ ਵੇਲੇ ਸਾਥ ਟੁੱਟਣ ਲਗਿਆਂ ਮਨ ਅਤਯੰਤ ਦੁਖੀ ਹੁੰਦਾ ਹੈ। ਇਕ ਹਰੀ ਦਾ ਨਾਮ ਹੀ ਹੈ, ਜੋ ਅਖ਼ੀਰ ਵੇਲੇ ਸਾਥੀ ਬਣਦਾ ਹੈ ਤੇ ਸੁੱਖਦਾਈ ਹੁੰਦਾ ਹੈ, ਪਰ ਇਹ ਨਾਮ ਦੀ ਦਾਤ ਸਤਿਗੁਰੂ ਦੇ ਸਨਮੁਖ ਹੋਇਆਂ ਹੀ ਮਿਲਦੀ ਹੈ।

ਸਲੋਕੁ ਮਃ ੩ ॥

੧. ਬਿਨੁ ਕਰਮੈ ਨਾਉ ਨ ਪਾਈਐ
ਪੂਰੈ ਕਰਮਿ ਪਾਇਆ ਜਾਇ ॥

੨. ਨਾਨਕ ਨਦਰਿ ਕਰੇ ਜੇ ਆਪਣੀ
ਤਾ ਗੁਰਮਤਿ ਮੇਲਿ ਮਿਲਾਇ ॥੧॥

ਅਰਥ :

ਪ੍ਰ: ਹੇ ਗੁਰੋ ! ਆਪ ਨਾਮ ਦੇ ਚਿੰਤਨ ਕਰਨ ਨੂੰ ਸੁੱਖਦਾਈ ਮੰਨਦੇ ਹੋ ਤਾਂ ਫਿਰ ਇਸ ਅਮੋਲਕ ਨਾਮ ਨੂੰ ਸਾਰੇ ਹੀ ਕਿਉਂ ਨਹੀਂ ਪ੍ਰਾਪਤ ਕਰ ਲੈਂਦੇ ?

ੳ: ੧. ਹੇ ਭਾਈਓ ! (ਅਸਲ ਵਿਚ) ਪੂਰਨ ਮਿਹਰ ਦੁਆਰਾ ਹੀ ਨਾਮ ਲੱਭ ਸਕਦਾ ਹੈ, ਮਿਹਰ ਤੋਂ ਬਿਨਾ ਨਾਮ ਨਹੀਂ ਮਿਲ ਸਕਦਾ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਐ ਪਿਆਰੇ !) ਜੇ ਹਰੀ ਆਪਣੀ ਕਿਰਪਾ ਕਰੇ ਤਾਂ ਸਤਿਗੁਰੂ ਦੀ ਸਿੱਖਿਆ ਵਿਚ ਲੀਨ ਕਰ ਕੇ (ਆਪਣੇ ਨਾਲ) ਮਿਲਾ ਲੈਂਦਾ ਹੈ।੧।

ਮਃ ੧ ॥

੧. ਇਕ ਦਝਹਿ ਇਕ ਦਬੀਅਹਿ
ਇਕਨਾ ਕੁਤੇ ਖਾਹਿ ॥

੨. ਇਕਿ ਪਾਣੀ ਵਿਚਿ ਉਸਟੀਅਹਿ
ਇਕਿ ਭੀ ਫਿਰਿ ਹਸਣਿ ਪਾਹਿ ॥

੩. ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥

ਪਦ ਅਰਥ : ਦਝਹਿ—ਸਾੜੇ ਜਾਂਦੇ ਹਨ। ਉਸਟੀਅਹਿ—ਸੁੱਟੇ ਜਾਂਦੇ ਹਨ। ਹਸਣਿ—ਉਹ ਸੁੱਕਾ ਖੂਹ, ਜਿਸ ਵਿਚ ਪਾਰਸੀ ਲੋਕ ਆਪਣੇ ਮੁਰਦੇ ਰੱਖ ਕੇ ਗਿਰਝਾਂ ਨੂੰ ਖੁਵਾ ਦੇਂਦੇ ਹਨ। ਏਵ—ਇਸ ਤਰ੍ਹਾਂ, (ਭਾਵ ਸਾੜਨ, ਦੱਬਣ ਆਦਿ ਨਾਲ)। ਨ ਜਾਪਈ—ਪਤਾ ਨਹੀਂ ਲੱਗਦਾ।

ਅਰਥ :

ਪ੍ਰ: ਹੇ ਗੁਰੋ ! ਸੰਸਾਰ ਵਿਚ ਹਰ ਮਜ਼ਹਬ ਦੇ ਕਿਸੇ ਪ੍ਰਾਣੀ ਦੇ ਮਰਨ ਤੋਂ ਬਾਅਦ ਉਸ ਦੀ ਸਰੀਰਕ ਕਿਰਿਆ ਨੂੰ ਵੱਖੋ-ਵੱਖ ਤਰੀਕਿਆਂ ਨਾਲ ਕੀਤਾ ਜਾਂਦਾ ਹੈ ਅਤੇ ਹਰ ਫ਼ਿਰਕਾ ਹੀ ਆਪਣੀ ਮਰਯਾਦਾ ਨਾਲ ਕੀਤੀ ਕਿਰਿਆ ਨੂੰ ਸ੍ਰੇਸ਼ਟ ਮੰਨਦਾ ਹੈ, ਪਰ ਗੁਰਮਤਿ ਦੁਆਰਾ ਆਪ ਜੀ ਦੇ ਕੀ ਵਿਚਾਰ ਹਨ ?

ੳ: ੧. ਹੇ ਪਿਆਰਿਓ ! ਵੇਖੋ ਮਰਨ ਤੋਂ ਬਾਅਦ ਕੋਈ ਸਾੜੇ ਜਾਂਦੇ ਹਨ, ਕੋਈ ਦੱਬੇ ਜਾਂਦੇ ਹਨ, ਇਕਨਾਂ ਨੂੰ ਕੁੱਤੇ ਖਾਂਦੇ ਹਨ।

੨. ਕੋਈ ਜਲ ਪ੍ਰਵਾਹ ਕੀਤੇ ਜਾਂਦੇ ਹਨ ਤੇ ਕੋਈ ਸੁੱਕੇ ਖੂਹਾਂ[1] ਵਿਚ ਰੱਖੇ ਜਾਂਦੇ ਹਨ।

---

੧. ਗੁਜਰਾਤੀ ਬੋਲੀ ਵਿਚ (ਹਸਣ) ਖੂਹ, ਮੁਰਦਿਆਂ ਦਾ ਖੂਹ। ਅੰਗਰੇਜ਼ੀ ਵਿਚ ਇਸ ਨੂੰ 'ਡੈੱਡ ਵੈੱਲ' ਕਹਿੰਦੇ ਹਨ।
ਪਾਰਸੀ ਲੋਕ ਅੱਗ ਪੂਜਕ ਹੋਣ ਕਰ ਕੇ ਮੁਰਦੇ ਨੂੰ ਸਾੜਦੇ ਨਹੀਂ ਅਤੇ ਹਿੰਦੂ ਹੋਣ ਕਰਕੇ ਦੱਬਦੇ ਨਹੀਂ, ਉਹ ਮੁਰਦਿਆਂ ਲਈ ਇਕ ਖੂਹ ਬਣਾਉਂਦੇ ਹਨ, ਜਿਸਦੇ ਮਾਹਲ ਵਿਚ ਕੁੰਡੇ ਲੱਗੇ ਹੁੰਦੇ ਹਨ, ਉਨ੍ਹਾਂ ਕੁੰਡਿਆਂ ਨਾਲ ਮੁਰਦੇ ਟੰਗ ਦੇਂਦੇ ਹਨ, ਜਿਨ੍ਹਾਂ ਦੇ ਮਾਸ ਨੂੰ ਗਿੱਧਾਂ ਆਦਿਕ ਜਾਨਵਰ ਨੋਚ-ਨੋਚ ਕੇ ਖਾ ਜਾਂਦੇ ਹਨ ਅਤੇ ਹੱਡੀਆਂ ਖੂਹ ਵਿਚ ਜਾ ਪੈਂਦੀਆਂ ਹਨ।

(੨) ਕਲਕੱਤੇ ਆਦਿਕ ਸਮੁੰਦਰਾਂ ਦੇ ਕੰਢੇ ਵਾਲੀਆਂ ਬਸਤੀਆਂ ਵਿਚ ਰਿਵਾਜ ਹੈ ਕਿ ਮਰਨਾਊ ਬਿਮਾਰਾਂ ਨੂੰ ਸਮੁੰਦਰ ਦੇ ਕੰਢੇ 'ਤੇ ਲੈ ਜਾ ਕੇ ਪੁੱਛਦੇ ਹਨ, 'ਦਾਲ ਭਾਤ ਖੈਬੋ, ਜਾਂ ਰਾਮ ਬੋਲ' ਜੇ ਉਹ ਦਾਲ ਭਾਤ ਖੈਬੋ ਆਖੇ ਤਾਂ ਮੋੜ ਲਿਆਉਂਦੇ ਹਨ, ਜੇ 'ਰਾਮ ਬੋਲ' ਆਖ ਦੇਵੇ ਤਾਂ ਉਸ ਨੂੰ ਸਮੁੰਦਰ ਵਿਚ ਸੁੱਟ ਦੇਂਦੇ ਹਨ। ਉਨ੍ਹਾਂ ਵਿਚੋਂ ਕਈ ਮਰ ਜਾਂਦੇ ਹਨ, ਕਈ ਬਚ ਜਾਂਦੇ ਹਨ, ਜੋ ਛਲਾਂ ਨਾਲ ਬਾਹਰ ਨਿਕਲ ਆਉਂਦੇ ਹਨ, ਪਰ ਉਹ ਘਰ ਨਹੀਂ ਆਉਂਦੇ। ਉਨ੍ਹਾਂ ਦੀ ਬਸਤੀ ਵੱਖਰੀ ਕਲਕੱਤੇ ਦੇ ਕੋਲ ਵਸਦੀ ਹੈ, ਉਥੇ ਜਾ ਰਹਿੰਦੇ ਹਨ, ਇਸ ਲਈ ਤੁਕ ਦਾ ਅਰਥ ਇਉਂ ਕਰਦੇ ਹਨ :
ਇਕ ਪਾਣੀ ਦੇ ਵਿਚ ਸੁੱਟੇ ਜਾਂਦੇ ਹਨ, (ਪਰ) ਉਹ ਉਨ੍ਹਾਂ ਵਿਚੋਂ ਭੀ ਕਈ ਹਸਣ ਦਾ (ਸਮਾਂ) ਪਾਉਂਦੇ ਹਨ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ ! ਇਸ ਤਰ੍ਹਾਂ ਸਰੀਰ ਦੇ ਸਾੜਨ, ਦੱਬਣ ਆਦਿਕ ਨਾਲ ਇਹ ਨਹੀਂ ਪਤਾ ਲੱਗ ਸਕਦਾ ਕਿ ਰੂਹਾਂ ਕਿੱਥੇ ਜਾ ਵਸੰਦੀਆਂ ਹਨ।

ਪਉੜੀ ॥

੧. ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ
ਜੋ ਨਾਮਿ ਹਰਿ ਰਾਤੇ ॥
੨. ਤਿਨ ਕੇ ਘਰ ਮੰਦਰ ਮਹਲ ਸਰਾਈ
ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ
ਅਭਿਆਗਤ ਜਾਇ ਵਰਸਾਤੇ ॥
੩. ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥
੪. ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥
੫. ਜਿਨ ਕੈ ਪੋਤੈ ਪੁੰਨੁ ਹੈ
ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੯॥

ਪਦ ਅਰਥ : ਖੁਰਗੀਰ—(ਫਾਰਸੀ: ਖ਼ੁ-ਗੀਰ) ਪਸੀਨਾ ਜਜ਼ਬ ਕਰਨ ਵਾਲਾ, ਤਾਹਰੂ ਜੋ ਜੀਨ ਦੇ ਹੇਠ ਪਾਈਦਾ ਹੈ। ਤੁਰੇ—ਘੋੜੇ। ਸਾਤੇ—ਸਤਿ ਸਦਾ-ਥਿਰ ਰਹਿਣ ਵਾਲਾ ਹਰੀ।

ਅਰਥ :

ਪ੍ਰ: ਹਜ਼ੂਰ ! ਇਸ ਸੰਸਾਰ ਦੇ ਜਿਤਨੇ ਭੀ ਮਾਇਕੀ ਪਦਾਰਥ ਹਨ, ਕੀ ਇਹ ਕਿਵੇਂ ਪਵਿੱਤਰ ਭੀ ਮੰਨੇ ਜਾ ਸਕਦੇ ਹਨ ?

ੳ: ੧. (ਹਾਂ ਜ਼ਰੂਰ) ਹੇ ਭਾਈਓ ! ਜੋ ਮਨੁੱਖ ਹਰੀ ਪਰਮੇਸ਼ਰ ਦੇ (ਪ੍ਰੇਮ) ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦਾ ਮਾਇਆ ਨੂੰ ਵਰਤਣਾ, ਖਾਣਾ, ਪਹਿਨਣਾ ਸਭੋ ਕੁਝ ਪਵਿੱਤਰ ਹੈ।

੨. ਉਨ੍ਹਾਂ ਦੇ ਘਰ, ਮੰਦਰ, ਮਹੱਲ ਤੇ ਸਰਾਵਾਂ ਸਭ ਹੀ ਪਵਿੱਤਰ ਹਨ, ਜਿਨ੍ਹਾਂ ਵਿਚੋਂ ਗੁਰਮੁਖ ਸੇਵਕ ਸਿੱਖ ਤੇ ਅਭਿਆਗਤ ਜਾ ਕੇ ਸੁੱਖ ਲੈਂਦੇ ਹਨ। (ਵਰਸਾਂਦੇ ਹਨ)

੩. ਉਨ੍ਹਾਂ ਦੇ ਘੋੜੇ, ਜੀਨਾਂ, ਤਾਹਰੂ ਸਭ ਪਵਿੱਤਰ ਹਨ, ਜਿਨ੍ਹਾਂ ਉੱਤੇ ਗੁਰਮੁਖ ਸਿੱਖ ਸਾਧ ਸੰਤ ਚੜ੍ਹਦੇ ਹਨ।

੪. ਹੇ ਭਾਈ ! ਉਨ੍ਹਾਂ ਦੇ ਕੰਮ-ਕਾਜ ਸਭ ਪਵਿੱਤਰ ਹਨ, ਜੋ ਹਰ ਵੇਲੇ ਹਰੀ ਦਾ ਨਾਮ ਉਚਾਰਦੇ ਹਨ।

੫. ਹੇ ਪਿਆਰੇ ! ਪਹਿਲੇ ਕੀਤੇ ਕੰਮਾਂ ਦੇ ਅਨੁਸਾਰ ਜਿਨ੍ਹਾਂ ਦੇ ਪੱਲੇ ਭਲੇ ਸੰਸਕਾਰ ਰੂਪ ਪੁੰਨ ਹੈ, ਉਹ ਗੁਰਮੁਖ ਸਿੱਖ ਸਤਿਗੁਰੂ ਦੀ ਸ਼ਰਨੀਂ ਆਉਂਦੇ ਹਨ।੧੯।

ਭਾਵਾਰਥ : ਸਲੋਕ ਵਿਚ ਸਾਈਂ ਜੀ ਦੀ ਬਖ਼ਸ਼ਸ਼ ਤੋਂ ਬਿਨਾ ਨਾਮ ਦੀ ਪ੍ਰਾਪਤੀ ਹੋਣੀ ਅਸੰਭਵ ਉਚਾਰਨ ਕੀਤੀ ਹੈ। ਹਾਂ ਜੇ ਪ੍ਰਭੂ ਜੀ ਸਤਿਗੁਰੂ ਦੇ ਮੇਲ ਵਿਚ ਮਿਲਾ ਦੇਵੇ ਤਾਂ ਸਾਈਂ ਜੀ ਆਪ ਨਾਲ ਅਭੇਦ ਕਰ ਲੈਂਦਾ ਹੈ।

ਮਹਲੇ ਵਿਚ ਸਰੀਰਾਂ ਦੀ ਅੰਤਮ ਕਿਰਿਆ ਦਾ ਜ਼ਿਕਰ ਕਰਦਿਆਂ ਦੱਸ ਰਹੇ ਹਨ ਕਿ ਇਕ ਸਾੜਦੇ ਹਨ, ਇਕ ਦੱਬਦੇ ਹਨ, ਇਕਨਾਂ ਨੂੰ ਕੁੱਤੇ ਆਦਿਕ ਖਾਂਦੇ ਹਨ, ਇਤਿਆਦਿਕ ਕਿਰਿਆ ਕਰਨ ਨਾਲ ਇਹ ਨਹੀਂ ਜਾਣਿਆ ਜਾ ਸਕਦਾ ਕਿ ਜੀਵ ਅੰਤ ਨੂੰ ਕਿੱਥੇ ਜਾ ਕੇ ਸਮਾਉਂਦਾ ਹੈ।

ਪਉੜੀ ਵਿਚ ਨਿਰਨਾ ਕਰਦੇ ਹਨ ਕਿ ਧਨ, ਪਦਾਰਥ, ਮਹੱਲ, ਮਾੜੀਆਂ ਘੋੜੇ ਆਦਿਕ ਤੇ ਹੋਰ ਕਾਰ ਵਿਵਹਾਰ ਵਰਜਤ ਨਹੀਂ ਹਨ, ਸਗੋਂ ਇਨ੍ਹਾਂ ਦੇ ਰਾਹੀਂ ਭਲਿਆਂ ਦੀ ਸੇਵਾ ਕਰੇ ਤੇ ਪ੍ਰਭੂ ਦਾ ਨਾਮ ਭੀ ਸਿਮਰੇ, ਜੋ ਮਨੁੱਖ ਸਤਿਗੁਰੂ ਪਾਸੋਂ ਅਜਿਹੀ ਰਹਿਣੀ ਸਿੱਖਦਾ ਹੈ, ਉਹ ਸਿੱਖ ਵੱਡਭਾਗੀ ਹੈ।

ਸਲੋਕੁ ਮਃ ੩ ॥

੧. ਨਾਨਕ ਨਾਵਹੁ ਘੁਥਿਆ
ਹਲਤੁ ਪਲਤੁ ਸਭੁ ਜਾਇ ॥
੨. ਜਪੁ ਤਪੁ ਸੰਜਮੁ ਸਭੁ ਹਿਰਿ ਲਇਆ
ਮੁਠੀ ਦੂਜੈ ਭਾਇ ॥
੩. ਜਮ ਦਰਿ ਬਧੇ ਮਾਰੀਅਹਿ
ਬਹੁਤੀ ਮਿਲੈ ਸਜਾਇ ॥੧॥

ਪਦ ਅਰਥ : ਹਿਰਿ ਲਇਆ—ਚੁਰਾਇਆ ਜਾਂਦਾ ਹੈ।

ਅਰਥ :

ਪ੍ਰ: ਹੇ ਗੁਰੋ ! ਵੇਖੀਦਾ ਹੈ ਕਿ ਬਹੁਤੇ ਲੋਕ ਜਪ, ਤਪ, ਸੰਜਮ ਆਦਿ ਤਾਂ ਅਨੇਕਾਂ ਹੀ ਕਰਮ ਕਰਦੇ ਹਨ, ਪਰ ਉਹ ਨਾਮ ਵੱਲੋਂ ਸੱਖਣੇ ਰਹਿੰਦੇ ਹਨ, ਉਨ੍ਹਾਂ ਬਾਰੇ ਆਪ ਜੀ ਦਾ ਕੀ ਸ਼ੁਭ ਵੀਚਾਰ ਹੈ ?

ੳ: ੧. ਹੇ ਪਿਆਰੇ ! ਜੋ ਮਨੁੱਖ ਨਾਮ ਵੱਲੋਂ ਖੁੰਝੇ ਰਹਿੰਦੇ ਹਨ, ਉਨ੍ਹਾਂ ਦਾ ਲੋਕ-ਪ੍ਰਲੋਕ ਸਭ ਵਿਅਰਥ ਜਾਂਦਾ ਹੈ।

ਪ੍ਰ: ਹਜ਼ੂਰ ! ਕੀ ਉਨ੍ਹਾਂ ਦੇ ਜਪ ਤਪ ਕਰਨ ਦਾ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਵੇਗਾ ?

ੳ: ੨. ਹੇ ਪਿਆਰਿਓ ! ਉਨ੍ਹਾਂ ਦਾ ਜਪ ਤਪ ਤੇ ਸੰਜਮ ਸਭੇ ਖੁਸ ਜਾਂਦੇ ਹਨ ਅਤੇ ਮਾਇਆ ਦੇ ਮੋਹ ਵਿਚ (ਉਨ੍ਹਾਂ ਦੀ ਮਤਿ) ਠੱਗੀ ਜਾਂਦੀ ਹੈ।

੩. ਅੰਤ ਨੂੰ ਉਹ ਜਮਾਂ ਦੇ ਦੁਆਰ 'ਤੇ ਬੱਧੇ ਜਾਂਦੇ ਹਨ, ਭਾਵ ਮਾਰ ਖਾਂਦੇ ਹਨ ਤੇ ਉਨ੍ਹਾਂ ਨੂੰ ਬੜੀ ਸਜ਼ਾ ਮਿਲਦੀ ਹੈ।੧।

ਮਃ ੩ ॥

੧. ਸੰਤਾ ਨਾਲਿ ਵੈਰੁ ਕਮਾਵਦੇ
ਦੁਸਟਾ ਨਾਲਿ ਮੋਹੁ ਪਿਆਰੁ ॥
੨. ਅਗੈ ਪਿਛੈ ਸੁਖੁ ਨਹੀ
ਮਰਿ ਜੰਮਹਿ ਵਾਰੋ ਵਾਰ ॥
੩. ਤ੍ਰਿਸਨਾ ਕਦੇ ਨ ਬੁਝਈ
ਦੁਬਿਧਾ ਹੋਇ ਖੁਆਰੁ ॥
੪. ਮੁਹ ਕਾਲੇ ਤਿਨਾ ਨਿੰਦਕਾ
ਤਿਤੁ ਸਚੈ ਦਰਬਾਰਿ ॥

੫. ਨਾਨਕ ਨਾਮ ਵਿਹੂਣਿਆ
ਨਾ ਉਰਵਾਰਿ ਨ ਪਾਰਿ ॥੨॥

ਅਰਥ :

ਪ੍ਰ: ਹੇ ਸਤਿਗੁਰੋ! ਉਹ ਕੌਣ ਲੋਕ ਹਨ, ਜੋ ਲੋਕ-ਪ੍ਰਲੋਕ ਵਿਚ ਕਿਤੇ ਭੀ ਸੁੱਖ ਨਹੀਂ ਪ੍ਰਾਪਤ ਕਰ ਸਕਦੇ ਅਤੇ ਵਾਰ-ਵਾਰ ਜੰਮਦੇ-ਮਰਦੇ ਰਹਿੰਦੇ ਹਨ ?

ਉ: ੧. ਹੇ ਭਾਈਓ! ਜੋ ਨਿੰਦਕ ਲੋਕ ਸੰਤ ਜਨਾਂ ਨਾਲ (ਸਦਾ ਹੀ) ਵੈਰ ਕਰਦੇ ਹਨ ਅਤੇ ਦੁਰਜਨਾਂ ਨਾਲ ਮੋਹ ਪਿਆਰ ਰੱਖਦੇ ਹਨ,

੨. ਉਨ੍ਹਾਂ ਨੂੰ ਲੋਕ-ਪ੍ਰਲੋਕ ਵਿਚ ਕਿਤੇ (ਭੀ) ਸੁੱਖ ਨਹੀਂ ਮਿਲਦਾ, ਉਹ ਤਾਂ ਮੁੜ-ਮੁੜ ਕੇ ਜੰਮਦੇ-ਮਰਦੇ ਹਨ।

੩. ਉਨ੍ਹਾਂ ਦੀ ਤ੍ਰਿਸ਼ਨਾ ਕਦੇ ਨਹੀਂ ਲਹਿੰਦੀ, ਉਹ ਸਦਾ ਦਵੈਤ-ਭਾਵ ਵਿਚ ਹੀ ਸਦਾ ਖ਼ੁਆਰ ਹੁੰਦੇ ਹਨ।

੪. ਹਰੀ ਦੇ ਸੱਚੇ ਦਰਬਾਰ ਵਿਚ ਉਨ੍ਹਾਂ ਨਿੰਦਕਾਂ ਦੇ ਮੂੰਹ ਕਾਲੇ ਹੁੰਦੇ ਹਨ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਭਾਈਓ! ਨਾਮ ਤੋਂ ਸੱਖਣੇ ਪੁਰਸ਼ਾਂ ਨੂੰ ਨਾ ਇਸ ਲੋਕ ਵਿਚ ਅਤੇ ਨਾ ਹੀ ਪ੍ਰਲੋਕ ਵਿਚ (ਢੋਈ) ਮਿਲਦੀ ਹੈ, ਭਾਵ ਉਨ੍ਹਾਂ ਦੇ ਲੋਕ-ਪ੍ਰਲੋਕ ਦੋਵੇਂ ਨਹੀਂ ਸੁਧਰਦੇ।੨।

ਪਉੜੀ ॥

੧. ਜੋ ਹਰਿ ਨਾਮੁ ਧਿਆਇਦੇ
ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥
੨. ਜਿਨਾ ਮਨਿ ਚਿਤਿ ਇਕੁ ਅਰਾਧਿਆ
ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥
੩. ਸੇਈ ਪੁਰਖ ਹਰਿ ਸੇਵਦੇ
ਜਿਨ ਧੁਰਿ ਮਸਤਕਿ ਲੇਖੁ ਲਿਖਾਹੀ ॥
੪. ਹਰਿ ਕੇ ਗੁਣ ਨਿਤ ਗਾਵਦੇ
ਹਰਿ ਗੁਣ ਗਾਇ ਗੁਣੀ ਸਮਝਾਹੀ ॥
੫. ਵਡਿਆਈ ਵਡੀ ਗੁਰਮੁਖਾ
ਗੁਰ ਪੂਰੈ ਹਰਿ ਨਾਮਿ ਸਮਾਹੀ ॥੧੭॥

ਅਰਥ :

ਪ੍ਰ: ਹਜ਼ੂਰ! ਜੋ ਹਰ ਵਕਤ ਹਰੀ ਦਾ ਨਾਮ ਧਿਆਉਂਦੇ ਹਨ, ਉਨ੍ਹਾਂ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ ?

ਉ: ੧. ਹੇ ਭਾਈ! ਜੋ ਮਨੁੱਖ ਹਰੀ ਦਾ ਨਾਮ ਸਿਮਰਦੇ ਹਨ, (ਉਨ੍ਹਾਂ ਦੀ ਕੇਵਲ ਇਹੋ ਇਕ ਪਛਾਣ ਹੈ) ਕਿ ਉਹ ਅੰਦਰੋਂ ਹਰੀ ਨਾਮ ਵਿਚ ਰੰਗੇ ਜਾਂਦੇ ਹਨ।

੨. ਜਿਨ੍ਹਾਂ ਨੇ ਇਕਾਗਰਚਿੱਤ ਹੋ ਕੇ ਇਕ ਹਰੀ ਨੂੰ ਅਰਾਧਿਆ ਹੈ, ਉਹ ਉਸ ਤੋਂ ਬਿਨਾ ਹੋਰ ਕਿਸੇ ਨੂੰ ਭੀ ਨਹੀਂ ਜਾਣਦੇ।

ਪ੍ਰ: ਕਿਉਂ ਜੀ! ਐਸੇ ਹਰੀ ਪੁਰਖ ਨੂੰ ਸਾਰੇ ਹੀ ਕਿਉਂ ਨਹੀਂ ਸੇਵਦੇ ?

ਉ: ੩. ਹੇ ਪਿਆਰਿਓ! (ਅਸਲ ਵਿਚ ਇਹ ਕਿਸੇ ਦੇ ਆਪਣੇ ਵਸ ਵਿਚ ਨਹੀਂ, ਪਿਛਲੇ ਕੀਤੇ ਕੰਮਾਂ ਦੇ ਅਨੁਸਾਰ) ਮੁੱਢ ਤੋਂ ਜਿਨ੍ਹਾਂ ਦੇ ਮੱਥੇ 'ਤੇ (ਸੰਸਕਾਰ ਰੂਪ) ਲੇਖ ਉਕਰਿਆ ਹੋਇਆ ਹੈ, ਉਹ ਮਨੁੱਖ ਹਰੀ ਨੂੰ ਜਪਦੇ ਹਨ।

੪. ਉਹ ਸਦਾ ਹਰੀ ਦਾ ਗੁਣ ਗਾਉਂਦੇ ਹਨ, ਗੁਣ ਗਾ ਕੇ ਗੁਣਾਂ ਦੇ ਮਾਲਕ ਹਰੀ ਦੀ (ਹੋਰਨਾਂ ਨੂੰ) ਸਿੱਖਿਆ ਦੇਂਦੇ ਹਨ।

੫. ਇਹ ਗੁਰਮੁਖਾਂ ਵਿਚ ਵੱਡਾ ਗੁਣ ਹੈ ਕਿ ਪੂਰੇ ਸਤਿਗੁਰਾਂ ਦੀ ਰਾਹੀਂ ਹਰੀ ਦੇ ਨਾਮ ਵਿਚ ਲੀਨ ਹੁੰਦੇ ਹਨ।੧੭।

ਭਾਵਾਰਥ : ਸਲੋਕ ਵਿਚ ਨਾਮ ਦੀ ਮਹਿਮਾ ਕਥਨ ਕਰਦੇ ਹਨ ਕਿ ਨਾਮ ਤੋਂ ਸੱਖਣੇ ਰਹਿ ਕੇ ਲੋਕ ਜਪ, ਤਪ, ਸੰਜਮ ਕਰਦੇ ਹਨ, ਉਨ੍ਹਾਂ ਦਾ ਉਹ ਕਿਸੇ ਭੀ ਅਰਥ ਨਹੀਂ, ਉਹ ਤਾਂ ਆਪਣਾ ਲੋਕ-ਪ੍ਰਲੋਕ ਸਭੇ ਗੁਆ ਬੈਠਦੇ ਹਨ। ਅੰਤ ਨੂੰ ਬੱਧੇ ਹੋਏ ਜਮਾਂ ਦੀ ਪੁਰੀ ਨੂੰ ਜਾਂਦੇ ਹਨ, ਜਿਥੇ ਉਨ੍ਹਾਂ ਨੂੰ ਬਹੁਤੀ ਸਜ਼ਾ ਮਿਲਦੀ ਹੈ।

ਮਹਲੇ ਵਿਚ ਉਨ੍ਹਾਂ ਨਿੰਦਕ ਲੋਕਾਂ ਦਾ ਜ਼ਿਕਰ ਕਰਦੇ ਹਨ, ਜੋ ਸਦਾ ਹੀ ਸੰਤਾਂ ਨਾਲ ਵੈਰ ਭਾਵ ਰੱਖਦੇ ਹਨ ਤੇ ਦੁਰਜਨਾਂ ਨਾਲ ਪਿਆਰ ਭਾਵ ਕਰਦੇ ਹਨ। ਉਨ੍ਹਾਂ ਨੂੰ ਲੋਕ-ਪ੍ਰਲੋਕ ਵਿਚ ਸੁੱਖ ਨਹੀਂ ਮਿਲਦਾ, ਸਗੋਂ ਜੰਮਦੇ ਮਰਦੇ, ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਦ੍ਵੈਤ ਵਿਚ ਖ਼ੁਆਰ ਹੁੰਦੇ ਹਨ।

ਪਉੜੀ ਵਿਚ ਗੁਰਮਤਿ ਦਾ ਅਸਲ ਸਿਧਾਂਤ ਅੰਕਤ ਕਰਦੇ ਹਨ ਕਿ ਅਸਲ ਸੋਭਾ ਵਡਿਆਈ ਉਹ ਮਨੁੱਖ ਖੱਟਦੇ ਹਨ, ਜੋ ਪੂਰੇ ਗੁਰੂ ਦੇ ਰਾਹੀਂ ਆਪਾ-ਭਾਵ ਮਿਟਾ ਕੇ ਪਰਮੇਸ਼ਰ ਦੇ ਨਾਮ ਵਿਚ ਇਤਨਾ ਲੀਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਹਰ ਥਾਂ ਪਰਮੇਸ਼ਰ ਹੀ ਦਿੱਸਦਾ ਹੈ।

ਸਲੋਕੁ ਮਃ ੩ ॥

੧. ਸਤਿਗੁਰ ਕੀ ਸੇਵਾ ਗਾਖੜੀ
ਸਿਰੁ ਦੀਜੈ ਆਪੁ ਗਵਾਇ ॥
੨. ਸਬਦਿ ਮਰਹਿ ਫਿਰਿ ਨਾ ਮਰਹਿ
ਤਾ ਸੇਵਾ ਪਵੈ ਸਭ ਥਾਇ ॥
੩. ਪਾਰਸ ਪਰਸਿਐ ਪਾਰਸੁ ਹੋਵੈ
ਸਚਿ ਰਹੈ ਲਿਵ ਲਾਇ ॥
੪. ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥
੫. ਨਾਨਕ ਗਣਤੈ ਸੇਵਕੁ ਨਾ ਮਿਲੈ
ਜਿਸੁ ਬਖਸੇ ਸੋ ਪਵੈ ਥਾਇ ॥੧॥

ਅਰਥ :

ਪ੍ਰ: ਹੇ ਗੁਰਦੇਵ ਜੀਉ! ਜਦ ਕਿ ਸਤਿਗੁਰੂ ਦੀ ਸੇਵਾ ਕਰਨ ਵਾਲੇ ਸੇਵਕ ਦਾ ਦਰਜਾ ਸਾਰਿਆਂ ਤੋਂ ਉੱਚਾ ਮੰਨਿਆ ਜਾਂਦਾ ਹੈ ਤਾਂ ਫਿਰ ਸਾਰੇ ਹੀ ਲੋਕ ਸੇਵਾ ਕਿਉਂ ਨਹੀਂ ਕਰਦੇ ?

ਉ: ੧. ਹੇ ਭਾਈ! ਇਸ ਵਿਚ ਕੋਈ ਸ਼ੱਕ ਨਹੀਂ ਸੇਵਕ ਦਾ ਦਰਜਾ ਸਾਰੇ ਹੀ ਸਾਧਨ ਕਰਨ ਵਾਲਿਆਂ ਤੋਂ ਉੱਚਾ ਹੈ, (ਪਰ)

ਸਤਿਗੁਰੂ ਦੇ ਹੁਕਮ ਵਿਚ ਤੁਰਨ ਵਾਲੀ ਸੇਵਾ ਕਰਨੀ ਬੜੀ ਹੀ ਔਖੀ ਕਾਰ ਹੈ, ਕਿਉਂਕਿ ਸਿਰ ਦੇਣਾ ਪੈਂਦਾ ਹੈ ਤੇ ਆਪਾ ਗਵਾ ਕੇ ਸੇਵਾ ਹੁੰਦੀ ਹੈ।

੨. ਹੇ ਭਾਈ! ਜੋ ਮਨੁੱਖ ਸਤਿਗੁਰੂ ਦੀ ਸਿੱਖਿਆ ਦੁਆਰਾ ਸੰਸਾਰ ਵੱਲੋਂ ਮਰਦੇ ਹਨ, ਉਹ ਫਿਰ ਜਨਮ-ਮਰਨ ਵਿਚ ਨਹੀਂ ਰਹਿੰਦੇ, ਉਨ੍ਹਾਂ ਦੀ ਸਾਰੀ ਸੇਵਾ ਕਬੂਲ ਪੈ ਜਾਂਦੀ ਹੈ।

੩. ਹੇ ਪਿਆਰੇ! ਜੋ ਸਤਿਗੁਰੂ ਦੇ ਸੇਵਕ, ਸੱਚੇ ਨਾਮ ਵਿਚ ਬਿਰਤੀ ਜੋੜੀ ਰੱਖਦੇ ਹਨ, ਉਹ ਮਾਨੋ ਪਾਰਸ ਨੂੰ ਛੂਹ ਕੇ ਪਾਰਸ ਹੀ ਹੋ ਜਾਂਦੇ ਹਨ, ਭਾਵ ਗੁਰੂ ਪਾਰਸ ਰੂਪ ਹੈ, ਉਸ ਨੂੰ ਪਰਸ ਕੇ ਸੇਵਕ ਪਾਰਸ ਗੁਰੂ ਦਾ ਰੂਪ ਹੀ ਹੋ ਜਾਂਦੇ ਹਨ।

ਪ੍ਰ: ਗੁਰਦੇਵ ਜੀ! ਸਾਰੇ ਲੋਕ ਪਾਰਸ ਰੂਪ ਗੁਰੂ ਨੂੰ ਕਿਉਂ ਨਹੀਂ ਪਰਸਦੇ?

ਉ: ੪. ਹੇ ਭਾਈਓ! ਇਹ ਕਿਸੇ ਦੇ ਆਪਣੇ ਵੱਸ ਦੀ ਗੱਲ ਨਹੀਂ, ਇਹ ਤਾਂ ਜਿਨ੍ਹਾਂ ਦੇ ਹਿਰਦੇ ਵਿਚ ਮੁੱਢ ਤੋਂ (ਸੰਸਕਾਰ ਰੂਪ) ਲੇਖ ਉਕਰਿਆ ਹੋਵੇ, ਉਸੇ ਨੂੰ ਸਤਿਗੁਰ ਅਤੇ ਪ੍ਰਭੂ ਆ ਮਿਲਦਾ ਹੈ।

੫. ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਭਾਈਓ! ਚੰਗੇ ਕਰਮਾਂ ਦੇ ਲੇਖੇ ਕੀਤਿਆਂ ਸੇਵਕ (ਹਰੀ ਨੂੰ) ਨਹੀਂ ਮਿਲਦਾ, ਹਾਂ ਜਿਸ ਨੂੰ ਹਰੀ ਆਪ ਹੀ ਬਖ਼ਸ਼ਦਾ ਹੈ, ਉਹੀ ਕਬੂਲ ਪੈਂਦਾ ਹੈ, ਭਾਵ ਸਰੂਪ-ਰੂਪੀ ਥਾਂ ਪ੍ਰਾਪਤ ਕਰਦਾ ਹੈ।੧।

ਮਃ ੩ ॥

੧. ਮਹਲੁ ਕੁਮਹਲੁ ਨ ਜਾਣਨੀ
ਮੂਰਖ ਅਪਣੈ ਸੁਆਇ ॥
੨. ਸਬਦੁ ਚੀਨਹਿ ਤਾ ਮਹਲੁ ਲਹਹਿ
ਜੋਤੀ ਜੋਤਿ ਸਮਾਇ ॥
੩. ਸਦਾ ਸਚੇ ਕਾ ਭਉ ਮਨਿ ਵਸੈ
ਤਾ ਸਭਾ ਸੋਝੀ ਪਾਇ ॥
੪. ਸਤਿਗੁਰੁ ਅਪਣੈ ਘਰਿ ਵਰਤਦਾ
ਆਪੇ ਲਏ ਮਿਲਾਇ ॥
੫. ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ
ਜਿਸ ਨੋ ਕਿਰਪਾ ਕਰੇ ਰਜਾਇ ॥੨॥

ਪਦ ਅਰਥ : ਸੁਆਇ—ਸੁਆਰਥ ਦੇ ਕਾਰਨ। ਸੁਆਉ—ਸੁਆਰਥ। ਅਪਣੈ ਘਰਿ—ਆਪਣੇ ਸਰੂਪ ਵਿਚ, ਪ੍ਰਭੂ ਚਰਨਾਂ ਵਿਚ।

ਅਰਥ :

ਪ੍ਰ: ਹਜ਼ੂਰ ਜੀਉ! ਆਪ ਜੀ ਮੂਰਖ ਕਿਸ ਨੂੰ ਆਖਦੇ ਹੋ?

ਉ: ੧. ਹੇ ਪਿਆਰੇ! ਅਸਲ ਮੂਰਖ ਤਾਂ ਉਸੇ ਨੂੰ ਹੀ ਕਿਹਾ ਜਾ ਸਕਦਾ ਹੈ, ਜੋ ਕਿ ਆਪਣੀ ਗ਼ਰਜ਼ ਦੇ ਕਾਰਨ ਥਾਂ ਕੁ ਥਾਂ ਨਹੀਂ ਜਾਣਦਾ ਕਿ ਮੇਰੀ ਗ਼ਰਜ਼ ਕਿੱਥੋਂ ਪੂਰੀ ਹੋ ਸਕਦੀ ਹੈ।

੨. (ਜੇ ਕਦੀ ਉਹ) ਸਤਿਗੁਰੂ ਦੇ ਸ਼ਬਦ ਨੂੰ ਖੋਜਣ ਤਾਂ ਹਰੀ ਦੀ ਜੋਤ ਵਿਚ ਬਿਰਤੀ ਜੋੜ ਕੇ (ਹਰੀ ਦੀ ਹਜ਼ੂਰੀ ਰੂਪ ਅਸਲ) ਟਿਕਾਣਾ ਲੱਭ ਲੈਣ।

੩-੪. ਜੇ ਸੱਚੇ ਹਰੀ ਦਾ ਡਰ (ਭਾਵ ਅਦਬ) ਸਦਾ ਮਨ ਵਿਚ ਟਿਕਿਆ ਰਹੇ ਤਾਂ ਇਹ ਸਾਰੀ ਸਮਝ ਪੈ ਜਾਂਦੀ ਹੈ ਕਿ ਸਤਿਗੁਰੂ ਜੋ ਆਪਣੇ ਸਰੂਪ ਵਿਚ ਸਦਾ ਟਿਕਿਆ ਰਹਿੰਦਾ ਹੈ, (ਉਹ ਆਪ ਹੀ ਕਿਰਪਾ ਕਰ ਕੇ ਆਪਣੇ ਸੇਵਕ ਨੂੰ ਆਪਣੇ ਨਾਲ) ਮਿਲਾ ਲੈਂਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਿਸ ਮਨੁੱਖ 'ਤੇ ਆਪਣੀ ਰਜ਼ਾ ਵਿਚ ਪ੍ਰਭੂ ਮਿਹਰ ਕਰੇ, ਉਸ ਨੂੰ ਸਤਿਗੁਰ ਮਿਲਿਆਂ ਪੂਰਨ ਸਫਲਤਾ ਹੁੰਦੀ ਹੈ।੨।

ਪਉੜੀ ॥

੧. ਧੰਨੁ ਧਨੁ ਭਾਗ ਤਿਨਾ ਭਗਤ ਜਨਾ
ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥
੨. ਧਨੁ ਧਨੁ ਭਾਗ ਤਿਨਾ ਸੰਤ ਜਨਾ
ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥
੩. ਧਨੁ ਧਨੁ ਭਾਗ ਤਿਨਾ ਸਾਧ ਜਨਾ
ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
੪. ਧਨੁ ਧਨੁ ਭਾਗ ਤਿਨਾ ਗੁਰਮੁਖਾ
ਜੋ ਗੁਰਸਿਖ ਲੈ ਮਨੁ ਜਿਣਤਿਆ ॥
੫. ਸਭ ਦੂ ਵਡੇ ਭਾਗ ਗੁਰਸਿਖਾ ਕੇ
ਜੋ ਗੁਰ ਚਰਣੀ ਸਿਖ ਪੜਤਿਆ ॥੧੮॥

ਅਰਥ :

ਪ੍ਰ: ਹਜ਼ੂਰ! ਆਪ ਜੀ ਧੰਨ ਭਾਗ ਕਿਨ੍ਹਾਂ-ਕਿਨ੍ਹਾਂ ਮਨੁੱਖਾਂ ਦੇ ਮੰਨਦੇ ਹੋ?

ਉ: ੧. ਹੇ ਭਾਈਓ! ਉਨ੍ਹਾਂ ਭਗਤਾਂ ਦੇ ਵੱਡੇ ਭਾਗ ਹਨ, ਜੋ ਮੂੰਹੋਂ ਹਰੀ ਦਾ ਨਾਮ ਉਚਾਰਨ ਕਰਦੇ ਹਨ।

੨. ਹੇ ਭਾਈ! ਉਨ੍ਹਾਂ ਸੰਤਾਂ ਦੇ (ਭੀ) ਵੱਡੇ ਭਾਗ ਹਨ, ਜੋ ਹਰੀ ਦਾ ਜੱਸ ਕੰਨੀਂ ਸੁਣਦੇ ਹਨ।

੩. ਹੇ ਪਿਆਰਿਓ! ਉਨ੍ਹਾਂ ਸਾਧ ਜਨਾਂ ਦੇ (ਭੀ) ਧੰਨ ਭਾਗ ਹਨ, ਜੋ ਹਰੀ ਦਾ ਕੀਰਤਨ ਕਰ ਕੇ ਆਪ ਗੁਣਾਂ ਵਾਲੇ ਬਣਦੇ ਹਨ।

੪. ਹੇ ਭਾਈਓ! ਉਨ੍ਹਾਂ ਗੁਰਮੁਖਾਂ ਦੇ (ਭੀ) ਵੱਡੇ ਭਾਗ ਹਨ, ਜੋ ਸਤਿਗੁਰੂ ਦੀ ਸਿੱਖਿਆ ਲੈ ਕੇ ਆਪਣੇ ਮਨ ਨੂੰ ਜਿੱਤਦੇ ਹਨ।

ਪ੍ਰ: ਕਿਉਂ ਜੀ! ਆਪ ਸਾਰਿਆਂ ਤੋਂ ਵੱਡੇ ਭਾਗ ਕਿਸ ਦੇ ਮੰਨਦੇ ਹੋ?

ਉ: ੫. ਹੇ ਪਿਆਰੇ! ਅਸਲ ਵਿਚ ਤਾਂ ਸਾਰਿਆਂ ਤੋਂ ਵੱਡੇ ਭਾਗ ਉਨ੍ਹਾਂ ਹੀ ਗੁਰਸਿੱਖਾਂ ਦੇ ਹਨ, ਜੋ ਸਤਿਗੁਰੂ ਦੀ ਚਰਨੀਂ ਪੈਂਦੇ ਹਨ, ਭਾਵ ਜੋ ਆਪਾ ਮਿਟਾ ਕੇ ਗੁਰੂ ਦੀ ਓਟ ਲੈਂਦੇ ਹਨ।੧੮।

ਭਾਵਾਰਥ : ਸਲੋਕ ਵਿਚ ਸਤਿਗੁਰੂ ਦੀ ਸੇਵਾ ਦਾ ਜ਼ਿਕਰ ਕਰਦੇ ਹਨ ਕਿ ਸਤਿਗੁਰੂ ਦੀ ਸੇਵਾ ਹੈ ਤਾਂ ਬਹੁਤ ਉੱਤਮ, ਪਰ ਇਹ ਕਰਨੀ ਬਹੁਤ ਔਖੀ ਕਾਰ ਹੈ, ਕਿਉਂਕਿ ਆਪਾ-ਭਾਵ ਮਿਟਾ ਕੇ ਹੀ ਸੇਵਾ ਕੀਤੀ ਜਾਂਦੀ ਹੈ। ਜਿਹੜਾ ਸੇਵਕ ਆਪਣੇ ਚੰਗੇ ਕੀਤਿਆਂ ਕਰਮਾਂ ਦੀ ਗਿਣਤੀ ਗਿਣਦਾ ਹੈ, ਉਸ ਦਾ ਹਰੀ ਨਾਲ ਮਿਲਾਪ ਹੀ ਨਹੀਂ ਹੋ ਸਕਦਾ।

ਮਹਲੇ ਵਿਚ ਫ਼ੁਰਮਾਨ ਕਰਦੇ ਹਨ ਕਿ ਮੂਰਖ ਕੇਵਲ ਆਪਣੇ ਹੀ ਮਤਲਬ ਦਾ ਯਾਰ ਹੈ, ਆਪਣੀ ਗ਼ਰਜ਼ ਲਈ ਥਾਂ ਕੁ ਥਾਂ ਨਹੀਂ ਜਾਣਿਆ ਕਰਦਾ, ਪਰ ਹਾਂ, ਜੇ ਉਹ ਸੱਚੇ ਦੇ ਅਦਬ ਵਿਚ ਰਵੇ ਤਾਂ ਹੀ ਉਸ ਨੂੰ ਸੋਝੀ ਪੈ ਸਕਦੀ ਹੈ।

ਪਉੜੀ ਵਿਚ ਭਗਤਾਂ ਦੇ, ਸੰਤਾਂ ਦੇ, ਸਾਧ ਜਨਾਂ ਦੇ, ਗੁਰਮੁਖਾਂ ਦੇ ਵੱਡੇ ਭਾਗ ਕਹਿੰਦੇ ਹਨ, ਪਰ ਉਹ ਮਨੁੱਖ ਸਭ ਤੋਂ ਵੱਡੇ ਭਾਗਾਂ ਵਾਲੇ ਹਨ, ਜੋ ਗੁਰੂ ਦੀ ਸ਼ਰਨ ਪੈ ਕੇ ਆਪਣੀ ਮਰਜ਼ੀ ਦੇ ਥਾਂ ਗੁਰੂ ਦੇ ਹੁਕਮ ਮੁਤਾਬਕ ਜੀਵਨ ਗੁਜ਼ਾਰਦੇ ਹਨ। ਇਹੋ ਹੀ ਇਕ ਤਰੀਕਾ ਹੈ, ਜਿਸ ਦੁਆਰਾ ਨਾਮ ਸਿਮਰਿਆ ਜਾ ਸਕਦਾ ਹੈ, ਸਿਫ਼ਤਿ-ਸਾਲਾਹ ਹੋ ਜਾਂਦੀ ਹੈ ਅਤੇ ਮਨ ਵਸ ਵਿਚ ਆ ਸਕਦਾ ਹੈ।

ਸਲੋਕੁ ਮਃ ੩ ॥

੧. ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ
ਏਕ ਸਬਦਿ ਲਿਵ ਲਾਇ ॥
੨. ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥
੩. ਬਿਨੁ ਸਤਿਗੁਰ ਨਾਉ ਨ ਪਾਈਐ
ਬੁਝਹੁ ਕਰਿ ਵੀਚਾਰੁ ॥
੪. ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ
ਸੁਖੁ ਪਾਏ ਜੁਗ ਚਾਰਿ ॥੧॥

ਪਦ ਅਰਥ : ਬਿੰਦੈ—ਜਾਣਦਾ ਹੈ। ਬ੍ਰਹਮੁ—ਪਰਮਾਤਮਾ। ਬ੍ਰਹਮਤੁ—ਬ੍ਰਾਹਮਣ ਵਾਲਾ ਲੱਛਣ। ਏਕ ਸਬਦਿ—ਕੇਵਲ ਸ਼ਬਦ ਵਿਚ।੧।

ਅਰਥ :

ਪ੍ਰ: ਹੇ ਗੁਰੋ! ਜੋ ਭੀ ਬ੍ਰਾਹਮਣ ਬੰਸ ਵਿਚ ਪੈਦਾ ਹੋਣ ਵਾਲਾ ਹੈ, ਉਹ ਹਰ ਕੋਈ ਹੀ ਆਪਣੇ ਆਪ ਨੂੰ ਬ੍ਰਾਹਮਣ ਕਹਾਉਣ ਦਾ ਹੱਕਦਾਰ ਸਮਝਦਾ ਹੈ, ਪਰ ਗੁਰਮਤਿ ਅਨੁਸਾਰ ਆਪ ਕਿਸ ਨੂੰ ਸਹੀ ਬ੍ਰਾਹਮਣ ਸਮਝਦੇ ਹੋ?

ਉ: ੧. ਹੇ ਭਾਈ! (ਅਸਲ ਵਿਚ ਤਾਂ ਸਹੀ ਬ੍ਰਾਹਮਣ ਉਹੀ ਮਨੁੱਖ ਹੈ) ਜੋ ਕਿ ਬ੍ਰਹਮ ਨੂੰ ਜਾਣਦਾ ਹੈ ਅਤੇ ਇਕੋ ਬ੍ਰਹਮ ਵਿਚ ਸੁਰਤੀ ਜੋੜੀ ਰੱਖਦਾ ਹੈ, ਉਸੇ ਦਾ ਹੀ ਬ੍ਰਾਹਮਣਪੁਣਾ ਰਹਿੰਦਾ ਹੈ।

੨. ਜੋ ਮਨੁੱਖ ਹਰੀ ਨੂੰ ਹਿਰਦੇ ਵਿਚ ਵਸਾ ਲਵੇ, ਨੌਂ ਨਿਧੀਆਂ, ਅਠਾਰਾਂ ਸਿੱਧੀਆਂ ਉਸਦੇ ਮਗਰ ਲੱਗੀਆਂ ਫਿਰਦੀਆਂ ਹਨ।

੩. ਹੇ ਪਿਆਰੇ! ਵੀਚਾਰ ਕਰਕੇ (ਇਹ ਗੱਲ ਸਮਝ ਲਓ ਕਿ) ਸਤਿਗੁਰੂ ਤੋਂ ਬਿਨਾ ਨਾਮ ਨਹੀਂ ਮਿਲਦਾ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਪੂਰੇ ਭਾਗਾਂ ਦੁਆਰਾ ਜਿਸ ਨੂੰ ਸਤਿਗੁਰੂ ਮਿਲੇ, ਉਹ ਚੌਹਾਂ ਜੁੱਗਾਂ ਵਿਚ (ਭਾਵ ਸਦਾ ਸੁੱਖ ਪਾਉਂਦਾ ਹੈ)।੧।

ਮਃ ੩ ॥

੧. ਕਿਆ ਗਭਰੂ ਕਿਆ ਬਿਰਧਿ ਹੈ
ਮਨਮੁਖ ਤ੍ਰਿਸਨਾ ਭੁਖ ਨ ਜਾਇ ॥
੨. ਗੁਰਮੁਖਿ ਸਬਦੇ ਰਤਿਆ
ਸੀਤਲੁ ਹੋਏ ਆਪੁ ਗਵਾਇ ॥
੩. ਅੰਦਰੁ ਤ੍ਰਿਪਤਿ ਸੰਤੋਖਿਆ
ਫਿਰਿ ਭੁਖ ਨ ਲਗੈ ਆਇ ॥
੪. ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ
ਜੋ ਨਾਮਿ ਰਹੇ ਲਿਵ ਲਾਇ ॥੨॥

ਪਦ ਅਰਥ : ਸੀਤਲੁ—ਠੰਡੇ, ਸ਼ਾਂਤ, ਸੰਤੋਖੀ। ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲਾ। ਗੁਰਮੁਖਿ—ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਮਨੁੱਖ।੨।

ਅਰਥ :

ਪ੍ਰ: ਹੇ ਗੁਰੋ! ਕੀ ਬੁਢਾਪਾ, ਜੁਆਨੀ ਉਮਰ ਵਿਚ ਤ੍ਰਿਸ਼ਨਾ ਦੀ ਭੁੱਖ ਦੇ ਵੱਧ-ਘੱਟ ਹੋਣ ਦਾ ਭੀ ਕੋਈ ਸੰਬੰਧ ਹੈ।

ਉ: ੧. (ਨਹੀਂ) ਹੇ ਭਾਈ! ਜੁਆਨ ਹੋਵੇ ਭਾਵੇਂ ਬੁੱਢਾ (ਜੇ ਉਹ ਮਨਮੁਖ ਹੈ ਤਾਂ ਸਮਝੋ) ਉਸ ਮਨਮੁਖ ਦੀ ਤ੍ਰਿਸ਼ਨਾ ਭੁੱਖ ਦੂਰ ਨਹੀਂ ਹੁੰਦੀ।

ਪ੍ਰ: ਹਜ਼ੂਰ! ਕੀ, ਕਿਵੇਂ ਉਸ ਨੂੰ ਸੀਤਲਤਾ ਪ੍ਰਾਪਤ ਭੀ ਹੋ ਸਕਦੀ ਹੈ?

ਉ: ੨. (ਹਾਂ ਜ਼ਰੂਰ) ਹੇ ਭਾਈ! ਜਦ ਉਹ ਸਤਿਗੁਰੂ ਦੇ ਸਨਮੁਖ ਹੋਵੇ ਤੇ ਸ਼ਬਦ ਵਿਚ ਰਤਿਆ ਰਵੇ ਤੇ ਅੰਦਰੋਂ ਹੰਕਾਰ ਗਵਾ ਕੇ ਉਹ ਸੰਤੋਖੀ ਹੁੰਦੇ ਹਨ।

੩. ਹੇ ਭਾਈ! (ਉਨ੍ਹਾਂ ਦਾ) ਹਿਰਦਾ ਤ੍ਰਿਪਤੀ ਦੇ ਕਾਰਨ ਸੰਤੋਖੀ ਹੁੰਦਾ ਹੈ ਤੇ ਫਿਰ ਉਨ੍ਹਾਂ ਨੂੰ ਮਾਇਆ ਦੀ ਭੁੱਖ ਨਹੀਂ ਲੱਗਦੀ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਗੁਰਮੁਖ ਮਨੁੱਖ ਜੋ ਕੁਝ ਕਰਦੇ ਹਨ, ਉਹ ਕਬੂਲ ਹੁੰਦਾ ਹੈ, ਕਿਉਂਕਿ ਉਹ ਨਾਮ ਵਿਚ ਬਿਰਤੀ ਜੋੜੀ ਰੱਖਦੇ ਹਨ।੨।

ਪਉੜੀ ॥

੧. ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥
੨. ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥
੩. ਸੁਣਿ ਕੀਰਤਨੁ ਹਰਿ ਗੁਣ ਰਵਾ
ਹਰਿ ਜਸੁ ਮਨਿ ਲਿਖਾ ॥
੪. ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥
੫. ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ
ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥

ਪਦ ਅਰਥ : ਰਵਾ—ਉਚਾਰਾਂ। ਕਿਲਵਿਖ—ਪਾਪ। ਕ੍ਰਿਖਾ—ਨਾਸ ਕਰ ਦਿਆਂ। ਵਿਖਾ—ਕਦਮ; ਪੈਰ।

ਅਰਥ :

ਪ੍ਰ: ਹੇ ਗੁਰੋ! ਜੋ ਸਿੱਖ ਗੁਰੂ ਦੇ ਸਨਮੁਖ ਰਹਿਣ ਵਾਲੇ ਹਨ, ਉਨ੍ਹਾਂ ਦਾ ਆਪ ਦੇ ਅੰਦਰ ਕਿਤਨਾ ਕੁ ਸਤਿਕਾਰ ਹੈ ?

ੳ: ੧. ਹੇ ਭਾਈ! ਜੋ ਸਿੱਖ ਸਤਿਗੁਰੂ ਦੇ ਸਨਮੁਖ ਰਹਿਣ ਵਾਲੇ ਹਨ, ਮੈਂ ਉਨ੍ਹਾਂ ਦੇ ਸਦਕੇ ਹਾਂ।

੨. ਜੋ ਹਰੀ ਦਾ ਨਾਮ ਸਿਮਰਦੇ ਹਨ, (ਚਿੱਤ ਚਾਹੁੰਦਾ ਹੈ ਕਿ) ਮੈਂ ਉਨ੍ਹਾਂ ਦਾ ਦਰਸ਼ਨ ਕਰਾਂ।

੩. ਉਨ੍ਹਾਂ ਪਾਸੋਂ ਕੀਰਤਨ ਸੁਣ ਕੇ ਹਰੀ ਦੇ ਗੁਣ ਗਾਵਾਂ ਤੇ ਹਰੀ ਜਸ ਮਨ ਵਿਚ ਉਕਰ ਲਵਾਂ।

੪. ਪ੍ਰੇਮ ਨਾਲ ਹਰੀ ਨਾਮ ਦੀ ਸਿਫ਼ਤ ਕਰਾਂ ਤੇ ਇਉਂ ਆਪਣੇ ਸਾਰੇ ਪਾਪ ਕੱਟ ਦਿਆਂ।

੫. ਉਹ ਸਰੀਰ ਥਾਂ ਧੰਨ ਹੈ, ਸੁੰਦਰ ਹੈ, ਜਿਥੇ ਪਿਆਰਾ ਸਤਿਗੁਰੂ ਪੈਰ ਰੱਖਦਾ ਹੈ, ਭਾਵ ਆ ਵਸਦਾ ਹੈ।੧੯।

ਭਾਵਾਰਥ : ਸਲੋਕ ਵਿਚ ਬ੍ਰਾਹਮਣਪੁਣਾ ਉਸੇ ਦਾ ਕਾਇਮ ਰਹਿੰਦਾ ਦੱਸਦੇ ਹਨ, ਜੋ ਗੁਰੂ ਦੇ ਸ਼ਬਦ ਵਿਚ ਬਿਰਤੀ ਜੋੜੇ ਤੇ ਬ੍ਰਹਮ ਨੂੰ ਪਛਾਣੇ। ਅਜਿਹੇ ਬ੍ਰਾਹਮਣ ਜੋ ਹਰੀ ਨੂੰ ਹਿਰਦੇ ਵਿਚ ਵਸਾਉਣ ਵਾਲੇ ਹਨ, ਉਸ ਨੂੰ ਰਿੱਧੀਆਂ-ਸਿੱਧੀਆਂ ਸਭੇ ਹੀ ਪ੍ਰਾਪਤ ਹੋ ਜਾਂਦੀਆਂ ਹਨ।

ਮਹਲੇ ਵਿਚ ਇਕ ਸੰਕੇਤਕ ਸਿਧਾਂਤ ਕਹਿ ਰਹੇ ਹਨ ਕਿ ਕੋਈ ਭਾਵੇਂ ਗੱਭਰੂ ਹੈ, ਭਾਵੇਂ ਬਿਰਧ ਹੈ, ਇਸ ਵਿਚ ਉਮਰ ਦਾ ਕੋਈ ਨਿਯਮ ਨਹੀਂ, ਜੇ ਉਹ ਮਨਮੁਖ ਹੈ, ਉਸ ਦੇ ਅੰਦਰੋਂ ਤ੍ਰਿਸ਼ਨਾ ਦੀ ਭੁੱਖ ਨਹੀਂ ਜਾਂਦੀ।

ਪਉੜੀ ਵਿਚ ਕਹਿੰਦੇ ਹਨ ਕਿ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਗੁਰੂ ਦਾ ਨਿਵਾਸ ਹੈ, ਉਹ ਧੰਨਤਾ ਜੋਗ ਮੁਬਾਰਕ ਹਨ। ਉਨ੍ਹਾਂ ਦੇ ਦਰਸ਼ਨ ਕਰਕੇ ਹੋਰ ਲੋਕ ਭੀ ਪ੍ਰਭੂ ਦੇ ਨਾਮ ਵਿਚ ਜੁੜਦੇ ਹਨ ਤੇ ਆਪਣੇ ਅੰਦਰੋਂ ਪਾਪ ਕੱਟ ਲੈਂਦੇ ਹਨ।

ਸਲੋਕੁ ਮਃ ੩ ॥

੧. ਗੁਰ ਬਿਨੁ ਗਿਆਨੁ ਨ ਹੋਵਈ
ਨਾ ਸੁਖੁ ਵਸੈ ਮਨਿ ਆਇ ॥
੨. ਨਾਨਕ ਨਾਮ ਵਿਹੂਣੇ ਮਨਮੁਖੀ
ਜਾਸਨਿ ਜਨਮੁ ਗਵਾਇ ॥੧॥

ਪਦ ਅਰਥ : ਗਿਆਨੁ—ਆਤਮਕ ਜੀਵਨ ਦੀ ਸੂਝ।

ਅਰਥ :

ਪ੍ਰ: ਹੇ ਗੁਰਦੇਵ ਜੀਉ! ਉਹ ਕਿਹੜਾ ਸਾਧਨ ਹੈ, ਜਿਸ ਦੀ ਬਰਕਤ ਨਾਲ ਆਤਮਿਕ ਗਿਆਨ ਪ੍ਰਾਪਤ ਹੋਵੇ ਅਤੇ ਮਨ ਵਿਚ ਸਦੀਵੀ ਸੁੱਖ ਦਾ ਨਿਵਾਸ ਹੋ ਜਾਏ।

ੳ: ੧. ਹੇ ਭਾਈ! ਸਤਿਗੁਰੂ ਤੋਂ ਬਿਨਾ ਆਤਮਿਕ ਗਿਆਨ ਨਹੀਂ ਪ੍ਰਾਪਤ ਹੁੰਦਾ ਅਤੇ ਨਾ ਹੀ ਮਨ ਵਿਚ ਸੁੱਖ ਦਾ ਹੀ ਵਾਸਾ ਹੋ ਸਕਦਾ ਹੈ।

੨. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਨਾਮ ਤੋਂ ਸੱਖਣੇ (ਰਹਿ ਕੇ) ਮਨਮੁਖ ਤਾਂ ਮਨੁੱਖਾ ਜਨਮ ਹੀ ਗਵਾ ਜਾਣਗੇ।੧।

ਮਃ ੩ ॥

੧. ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ
ਥਕਿ ਰਹੇ ਲਿਵ ਲਾਇ ॥
੨. ਬਿਨੁ ਸਤਿਗੁਰ ਕਿਨੈ ਨ ਪਾਇਓ
ਗੁਰਮੁਖਿ ਮਿਲੈ ਮਿਲਾਇ ॥
੩. ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ
ਧਿਗੁ ਸਿਧੀ ਧਿਗੁ ਕਰਮਾਤਿ ॥
੪. ਸਾ ਸਿਧਿ ਸਾ ਕਰਮਾਤਿ ਹੈ
ਅਚਿੰਤੁ ਕਰੇ ਜਿਸੁ ਦਾਤਿ ॥
੫. ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ
ਏਹਾ ਸਿਧਿ ਏਹਾ ਕਰਮਾਤਿ ॥੨॥

ਪਦ ਅਰਥ : ਸਿਧ—ਸਾਧਨਾ ਵਿਚ ਪੁੱਗੇ ਹੋਏ ਜੋਗੀ। ਸਾਧਿਕ—ਅਭਿਆਸੀ। ਬਾਦ—ਵਿਅਰਥ। ਅਚਿੰਤੁ—ਚਿੰਤਾ ਰਹਿਤ ਪਰਮੇਸ਼ਰ।੨।

ਅਰਥ :

ਪ੍ਰ: ਹੇ ਗੁਰਦੇਵ ਜੀ! ਬਹੁਤ ਲੋਕ ਨਾਮ ਦੀ ਲੋਚਾ ਕਰਦੇ ਹਨ, ਪਰ ਉਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਕਿਉਂ ਨਹੀਂ ਹੋ ਸਕਦੀ ?

ੳ: ੧. ਹੇ ਭਾਈਓ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਸਾਰੇ ਹੀ ਸਿੱਧ ਤੇ ਸਾਧਕ ਨਾਮ ਨੂੰ ਹੀ ਖੋਜਦੇ, ਬਿਰਤੀ ਨੂੰ ਜੋੜ-ਜੋੜ ਕੇ ਥੱਕ ਗਏ ਹਨ।

੨. ਪਰ ਸਤਿਗੁਰੂ ਤੋਂ ਬਿਨਾ (ਨਾਮ) ਕਿਸੇ ਨੂੰ ਭੀ ਨਹੀਂ ਲੱਭਾ। ਸਤਿਗੁਰੂ ਦੇ ਸਨਮੁਖ ਹੋਇਆ ਮਨੁੱਖ ਹੀ ਮਿਲਾਇਆ ਹੋਇਆ (ਪ੍ਰਭੂ ਨੂੰ) ਮਿਲਦਾ ਹੈ।

ਪ੍ਰ: ਹਜ਼ੂਰ! ਵੇਖਦੇ ਹਾਂ ਕਿ ਜੋ ਲੋਕ ਨਾਮ ਤੋਂ ਸੱਖਣੇ ਹਨ, ਉਨ੍ਹਾਂ ਪਾਸ ਖਾਣ ਪਹਿਨਣ ਦੇ ਪਦਾਰਥਾਂ ਦੀ ਵਧੇਰੇ ਬਹੁਲਤਾ ਹੈ, ਜਿਨ੍ਹਾਂ ਵੱਲ ਤੱਕ ਕੇ ਮਨ ਵਿਚ ਇਉਂ ਸੰਸਾ ਪੈਦਾ ਹੁੰਦਾ ਹੈ ਕਿ ਇਹ ਐਸਾ ਕਿਉਂ ਹੁੰਦਾ ਹੈ ?

ੳ: ੩. ਹੇ ਪਿਆਰਿਓ! ਨਾਮ ਤੋਂ ਬਿਨਾ ਜੋ (ਪਦਾਰਥਾਂ ਦਾ) ਖਾਣਾ ਤੇ (ਸੋਹਣੇ ਸੁੰਦਰ) ਬਸਤਰਾਂ ਦਾ ਪਹਿਨਣਾ ਹੈ, ਇਹ ਸਭੋ ਹੀ ਵਿਅਰਥ ਹੈ। (ਇਥੇ ਹੀ ਬਸ ਨਹੀਂ) (ਜੇ ਕੋਈ ਨਾਮ ਤੋਂ ਸੱਖਣਾ ਹੈ) ਉਹ ਉਸ ਦੀ ਸਿੱਧੀ ਤੇ ਕਰਾਮਾਤ ਭੀ ਫਿਟਕਾਰ ਜੋਗ ਹੈ।

ਪ੍ਰ: ਹੇ ਗੁਰੋ! ਤੁਸੀਂ ਸਿੱਧੀ ਤੇ ਕਰਾਮਾਤ ਕਿਸ ਨੂੰ ਮੰਨਦੇ ਹੋ ?

ੳ: ੪. ਹੇ ਭਾਈਓ! ਅਸੀਂ ਤਾਂ ਮੰਨਦੇ ਹਾਂ ਕਿ ਉਸ ਮਨੁੱਖ ਦੀ (ਹੀ) ਇਹੋ ਸਿੱਧੀ ਹੈ ਅਤੇ ਇਹੋ ਹੀ ਉਸ ਦੀ ਕਰਾਮਾਤ ਹੈ, ਜਦ ਕਿ ਚਿੰਤਾ ਤੋਂ ਰਹਿਤ ਹਰੀ, ਉਸ ਨੂੰ (ਨਾਮ ਦੀ) ਦਾਤ ਬਖ਼ਸ਼ੇ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਗੁਰੂ ਦੇ ਸਨਮੁਖ ਹੋ ਕੇ ਜਿਸ ਦੇ ਮਨ ਵਿਚ ਹਰੀ ਦਾ ਨਾਮ ਵਸਦਾ ਹੈ, ਏਹੀ ਸਿੱਧੀ ਤੇ ਇਹੋ ਹੀ (ਅਸਲ) ਕਰਾਮਾਤ ਹੁੰਦੀ ਹੈ।੨।

ਪਉੜੀ ॥

੧. ਹਮ ਢਾਢੀ ਹਰਿ ਪ੍ਰਭ ਖਸਮ ਕੇ
ਨਿਤ ਗਾਵਹ ਹਰਿ ਗੁਣ ਛੰਤਾ ॥
੨. ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ
ਤਿਸੁ ਕਵਲਾ ਕੰਤਾ ॥
੩. ਹਰਿ ਦਾਤਾ ਸਭੁ ਜਗਤੁ ਭਿਖਾਰੀਆ
ਮੰਗਤ ਜਨ ਜੰਤਾ ॥
੪. ਹਰਿ ਦੇਵਹੁ ਦਾਨੁ ਦਇਆਲ ਹੋਇ
ਵਿਚਿ ਪਾਥਰ ਕ੍ਰਿਮ ਜੰਤਾ ॥
੫. ਜਨ ਨਾਨਕ ਨਾਮੁ ਧਿਆਇਆ
ਗੁਰਮੁਖਿ ਧਨਵੰਤਾ ॥੨੦॥

ਪਦ ਅਰਥ : ਕਵਲਾ—ਮਾਇਆ, ਲਛਮੀ। ਕੰਤ—ਖਸਮ। ਕਵਲਾ ਕੰਤਾ—ਮਾਇਆ ਦਾ ਪਤੀ।

ਅਰਥ :

ਪ੍ਰ: ਹਜ਼ੂਰ ਜੀਉ! ਸੰਸਾਰੀ, ਆਮ ਲੋਕਾਂ ਵਲ ਵੇਖੀਦਾ ਹੈ, ਕਿ ਉਹ ਵੱਡੇ-ਵੱਡੇ ਸਰਮਾਏਦਾਰ ਲੋਕਾਂ ਦਾ ਜਸ ਗਾਉਂਦੇ ਰਹਿੰਦੇ ਹਨ, ਪਰ ਆਪ ਜੀ ਕਿਸ ਦੇ ਗੁਣ ਗਾਉਣ ਵਿਚ ਵਿਸ਼ਵਾਸ ਰੱਖਦੇ ਹੋ?

ਉ: ੧. ਹੇ ਭਾਈਓ! ਅਸੀਂ ਤਾਂ ਪ੍ਰਭੂ ਖਸਮ ਦੇ ਢਾਡੀ ਹਾਂ, (ਇਸ ਲਈ) ਅਸੀਂ ਤਾਂ ਸਦਾ ਪ੍ਰਭੂ ਦੇ ਗੁਣਾਂ ਦੇ ਗੀਤ ਹੀ ਗਾਉਂਦੇ ਹਾਂ

੨. ਅਤੇ ਉਸ ਕਮਲਾ ਪਤੀ ਪ੍ਰਭੂ ਦਾ ਹੀ ਕੀਰਤਨ ਕਰਦੇ ਹਾਂ ਤੇ ਜੱਸ ਸੁਣਦੇ ਹਾਂ।

ਪ੍ਰ: (ਕਿਉਂ ਜੀ) ਤੁਸੀਂ ਕਿਸੇ ਦੁਨੀਆਦਾਰ ਮਨੁੱਖ ਦਾ ਜੱਸ ਕਿਉਂ ਨਹੀਂ ਕਰਦੇ?

ਉ: ੩. ਹੇ ਭਾਈ! ਉਹ ਇਸ ਲਈ ਕਿ (ਇਕ) ਪ੍ਰਭੂ ਹੀ ਦਾਤਾ ਹੈ, (ਉਸ ਦਾ) ਸਾਰਾ ਜਗਤ ਹੀ ਭਿਖਾਰੀ ਹੈ। ਜੀਵ-ਜੰਤ (ਸਾਰੇ ਹੀ ਉਸ ਦੇ) ਮੰਗਤੇ ਹਨ।

੪. ਹੇ ਹਰੀ ਜੀ! ਤੂੰ ਪੱਥਰਾਂ ਵਿਚਲੇ ਕੀੜਿਆਂ ਨੂੰ ਦਿਆਲ ਹੋ ਕੇ ਦਾਨ ਦੇਂਦਾ ਹੈਂ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਨ੍ਹਾਂ ਨੇ ਸਤਿਗੁਰੂ ਦੇ ਸਨਮੁਖ ਹੋ ਕੇ ਨਾਮ ਸਿਮਰਿਆ ਹੈ, ਉਹੋ ਹੀ ਅਸਲ ਧਨੀ ਹੁੰਦੇ ਹਨ।੨।

ਭਾਵਾਰਥ : ਸਲੋਕ ਵਿਚ ਗੁਰੂ ਤੋਂ ਬਿਨਾ ਗਿਆਨ ਦੀ ਪ੍ਰਾਪਤੀ ਹੋਣੀ ਅਸੰਭਵ ਦੱਸੀ ਹੈ ਤੇ ਨਾਮ ਤੋਂ ਬਿਨਾ ਮਨ ਵਿਚ ਅਬਿਨਾਸ਼ੀ ਸੁੱਖ ਭੀ ਹਾਸਲ ਨਹੀਂ ਹੋ ਸਕਦਾ।

ਮਹਲੇ ਵਿਚ ਸਿੱਧ ਸਾਧਕਾਂ ਵੱਲ ਇਸ਼ਾਰਾ ਕਰਦੇ ਹੋਏ ਫ਼ੁਰਮਾਂਦੇ ਹਨ ਕਿ ਨਾਮ ਦੀ ਇਹ ਸਾਰੇ ਹੀ ਭਾਲ ਕਰਦੇ-ਕਰਦੇ ਥੱਕ ਗਏ, ਇਨ੍ਹਾਂ ਨੂੰ ਭੀ ਗੁਰੂ ਤੋਂ ਸੱਖਣੇ ਰਹਿ ਕੇ ਨਾਮ ਦੀ ਦਾਤ ਨਹੀਂ ਪ੍ਰਾਪਤ ਹੋ ਸਕੀ।

ਪਉੜੀ ਵਿਚ ਫ਼ੁਰਮਾਨ ਕਰਦੇ ਹਨ ਕਿ ਹੇ ਭਾਈ! ਉਨ੍ਹਾਂ ਮਨੁੱਖਾਂ ਨੂੰ ਧਨੀ ਸਮਝੋ, ਜੋ ਗੁਰੂ ਦੇ ਸਨਮੁਖ ਹੋ ਕੇ ਉਸ ਪ੍ਰਭੂ ਦਾ ਸਿਮਰਨ ਕਰਦੇ ਹਨ, ਜੋ ਕਿ ਪੱਥਰਾਂ ਵਿਚ ਵਸਦੇ ਕੀੜਿਆਂ ਤੋਂ ਲੈ ਕੇ ਮਨੁੱਖਾਂ ਤੱਕ ਸਾਰੇ ਜੀਅ ਜੰਤਾਂ ਨੂੰ ਰੋਜ਼ੀ ਦੇਣ ਵਾਲਾ ਹੈ।

ਸਲੋਕੁ ਮਃ ੩ ॥

੧. ਪੜਣਾ ਗੁੜਣਾ ਸੰਸਾਰ ਕੀ ਕਾਰ ਹੈ
ਅੰਦਰਿ ਤ੍ਰਿਸਨਾ ਵਿਕਾਰੁ ॥
੨. ਹਉਮੈ ਵਿਚਿ ਸਭਿ ਪੜਿ ਥਕੇ
ਦੂਜੈ ਭਾਇ ਖੁਆਰੁ ॥
੩. ਸੋ ਪੜਿਆ ਸੋ ਪੰਡਿਤੁ ਬੀਨਾ
ਗੁਰ ਸਬਦਿ ਕਰੇ ਵੀਚਾਰੁ ॥
੪. ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥
੫. ਗੁਣ ਨਿਧਾਨੁ ਹਰਿ ਪਾਇਆ
ਸਹਜਿ ਕਰੇ ਵੀਚਾਰੁ ॥
੬. ਧੰਨੁ ਵਾਪਾਰੀ ਨਾਨਕਾ
ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥

ਪਦ ਅਰਥ : ਬੀਨਾ—ਸੁਜਾਖਾ, ਸਿਆਣਾ। ਤਤ—ਅਸਲੀਅਤ। ਮੋਖ ਦੁਆਰੁ—ਮੁਕਤੀ ਦਾ ਦਰਵਾਜ਼ਾ। ਅਧਾਰੁ—ਆਸਰਾ। ਮੋਖ—(ਵਿਕਾਰਾਂ ਤੋਂ) ਖ਼ਲਾਸੀ। ਸਹਜਿ—ਆਤਮਿਕ ਅਡੋਲਤਾ ਵਿਚ। ਵੀਚਾਰੁ—ਪਰਮਾਤਮਾ ਦੇ ਗੁਣਾਂ ਦੀ ਵੀਚਾਰ। ਗੁਰਮੁਖਿ—ਗੁਰੂ ਦੇ ਸਨਮੁਖ ਮਨੁੱਖ।

ਅਰਥ :

ਪ੍ਰ: ਕਿਉਂ ਜੀ! ਕੀ ਸਦਾ ਹੀ ਪੁਸਤਕਾਂ ਪੜ੍ਹਦੇ ਵੀਚਾਰਦੇ ਰਹਿਣ ਨਾਲ ਭੀ ਮਨੁੱਖ ਦੇ ਅੰਦਰੋਂ ਤ੍ਰਿਸ਼ਨਾ ਤੇ ਵਿਕਾਰਾਂ ਦੀ ਨਵਿਰਤੀ ਹੋ ਜਾਂਦੀ ਹੈ?

ਉ: ੧. ਹੇ ਭਾਈ! (ਸਦੀਵੀ ਕਾਲ ਪੁਸਤਕਾਂ ਦਾ) ਪੜ੍ਹਦੇ ਤੇ ਵੀਚਾਰਦੇ ਰਹਿਣਾ (ਤਾਂ) ਸੰਸਾਰ ਦਾ (ਇਕ) ਕੰਮ (ਹੀ ਹੋ ਗਿਆ) ਹੈ, ਭਾਵ ਹੋਰਨਾਂ ਕੰਮਾਂ ਵਾਂਗ ਇਹ ਭੀ ਇਕ ਵਿਵਹਾਰ ਹੀ ਬਣ ਗਿਆ ਹੈ, ਪਰ ਇਸ ਤਰ੍ਹਾਂ ਤਾਂ ਹਿਰਦੇ ਅੰਦਰ ਤ੍ਰਿਸ਼ਨਾ ਤੇ ਵਿਕਾਰ (ਟਿਕੇ ਹੀ ਰਹਿੰਦੇ) ਹਨ।

੨. ਹੇ ਭਾਈ! ਵੇਖ ਲਵੋ, ਸਾਰੇ ਪੰਡਤ ਲੋਕ ਪੜ੍ਹ-ਪੜ੍ਹ ਕੇ ਥੱਕ ਗਏ ਹਨ, (ਉਹ) ਮਾਇਆ ਦੇ ਮੋਹ ਵਿਚ ਖ਼ੁਆਰ ਹੁੰਦੇ ਹੀ ਵੇਖੀਦੇ ਹਨ।

ਪ੍ਰ: ਕਿਉਂ ਜੀ! ਤਾਂ ਫਿਰ ਆਪ ਜੀ ਦੀ ਗੁਰਮਤਿ ਅਨੁਸਾਰ ਪੰਡਤ ਕਿਸ ਨੂੰ ਮੰਨਿਆ ਜਾਏ?

ਉ: ੩. ਹੇ ਭਾਈਓ! (ਅਸਲ ਵਿਚ ਤਾਂ) ਉਹੀ ਮਨੁੱਖ ਪੜ੍ਹਿਆ ਹੋਇਆ ਸਿਆਣਾ ਪੰਡਤ ਹੈ, ਭਾਵ ਉਸੇ ਮਨੁੱਖ ਨੂੰ ਪੰਡਤ ਸਮਝੋ) ਜੋ ਗੁਰੂ ਦੇ ਸ਼ਬਦ ਦੀ ਵੀਚਾਰ ਕਰਦਾ ਹੈ।

੪. ਜੋ ਆਪਣੇ ਮਨ ਨੂੰ ਅੰਦਰੋਂ ਖੋਜਦਾ ਹੈ ਤੇ ਅੰਦਰੋਂ ਹੀ ਹਰੀ ਨੂੰ ਲੱਭ ਲੈਂਦਾ ਹੈ ਅਤੇ ਮੁਕਤੀ ਦਾ ਦਰਵਾਜ਼ਾ ਗਿਆਨ ਪ੍ਰਾਪਤ ਕਰਦਾ ਹੈ।

੫. ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਨੂੰ ਉਹੀ ਪ੍ਰਾਪਤ ਕਰਦਾ ਹੈ, ਜੋ ਗਿਆਨ ਦੀ ਵੀਚਾਰ ਕਰਦਾ ਹੈ।

੬. ਹੇ ਭਾਈ! ਇਸ ਤਰ੍ਹਾਂ ਸਤਿਗੁਰੂ ਦੇ ਸਨਮੁਖ ਹੋ ਕੇ ਜਿਸ ਮਨੁੱਖ ਨੂੰ ਨਾਮ ਆਸਰਾ (ਰੂਪ) ਹੈ, ਉਹ ਅਸਲ ਨਾਮ ਦਾ ਵਪਾਰੀ ਮੁਬਾਰਕ ਹੈ।੧।

ਮਃ ੩ ॥

੧. ਵਿਣੁ ਮਨੁ ਮਾਰੇ ਕੋਇ ਨ ਸਿਝਈ
ਵੇਖਹੁ ਕੋ ਲਿਵ ਲਾਇ ॥
੨. ਭੇਖਧਾਰੀ ਤੀਰਥੀ ਭਵਿ ਥਕੇ
ਨਾ ਏਹੁ ਮਨੁ ਮਾਰਿਆ ਜਾਇ ॥
੩. ਗੁਰਮੁਖਿ ਏਹੁ ਮਨੁ ਜੀਵਤੁ ਮਰੈ
ਸਚਿ ਰਹੈ ਲਿਵ ਲਾਇ ॥
੪. ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ ॥੨॥

ਅਰਥ :

ਪ੍ਰ: ਹਜ਼ੂਰ! ਤਾਂ ਫਿਰ ਆਪ ਹੀ ਦੱਸੋ ਮਨੁੱਖ ਦੀ ਸੰਸਾਰ ਤੋਂ ਖ਼ਲਾਸੀ ਕਿਵੇਂ ਹੋਵੇ?

ਉ: ੧. ਹੇ ਭਾਈਓ! ਤੁਸੀਂ ਕੋਈ ਮਨੁੱਖ ਭੀ ਬਿਰਤੀ ਜੋੜ ਕੇ ਵੇਖ ਲਵੋ, ਮਨ ਨੂੰ ਕਾਬੂ ਕਰਨ ਤੋਂ ਬਿਨਾ ਕੋਈ ਨਹੀਂ ਸਿਝਿਆ, ਭਾਵ ਕਿਸੇ ਦੀ ਘਾਲ ਥਾਇ ਨਹੀਂ ਪਈ।

ਪ੍ਰ: ਕਿਉਂ ਜੀ! ਅਨੇਕਾਂ ਭੇਖਧਾਰੀ ਲੋਕੀਂ ਤੀਰਥਾਂ 'ਤੇ ਵਿਚਰਦੇ ਹਨ, ਕੀ ਇਨ੍ਹਾਂ ਵਿਚੋਂ ਕਿਸੇ ਤੋਂ ਭੀ ਮਨ ਕਾਬੂ ਨਹੀਂ ਹੋ ਸਕਿਆ?

ਉ: ੨. ਹੇ ਭਾਈ! (ਇਹ ਸਾਰੇ) ਭੇਖ ਧਾਰਨ ਵਾਲੇ (ਸਾਧੂ ਭੀ) ਤੀਰਥਾਂ ਦੀ ਯਾਤਰਾ ਕਰ ਕੇ ਰਹਿ ਗਏ ਹਨ, (ਇਸ ਤਰ੍ਹਾਂ) ਇਹ ਮਨ ਮਾਰਿਆ (ਹੀ) ਨਹੀਂ ਜਾਂਦਾ।

ਪ੍ਰ: ਹਜ਼ੂਰ! ਤਾਂ ਫਿਰ ਆਪ ਹੀ ਦੱਸੋ ਕਿ ਇਸ ਮਨ ਨੂੰ ਮਾਰਿਆ ਕਿਵੇਂ ਜਾਵੇ?

ਉ: ੩. ਹੇ ਪਿਆਰੇ! ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੋ, ਸੱਚੇ ਹਰੀ ਵਿਚ ਬਿਰਤੀ ਜੋੜੀ ਰੱਖਦਾ ਹੈ, ਇਸ ਤਰ੍ਹਾਂ (ਉਸ ਦਾ ਮਨ) ਜੀਉਂਦਾ ਹੀ ਮੋਇਆ ਹੋਇਆ ਹੈ, (ਭਾਵ ਹੈ, ਉਸ ਦਾ ਮਨ ਮਾਇਆ ਵਿਚ ਵਰਤਦਿਆਂ ਹੀ ਉਪਰਾਮ ਹੈ)।

੪. ਸਤਿਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਇਸ ਮਨ ਦੀ ਮੈਲ ਇਉਂ ਉਤਰਦੀ ਹੈ, ਇਸ ਮਨ ਦੀ ਮੈਲ ਨੂੰ (ਗੁਰੂ) ਦੇ ਸ਼ਬਦ ਦੁਆਰਾ ਸਾੜੀ ਜਾਏ।੨।

ਪਉੜੀ ॥

੧. ਹਰਿ ਹਰਿ ਸੰਤ ਮਿਲਹੁ ਮੇਰੇ ਭਾਈ
ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥
੨. ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ
ਹਰਿ ਕਾਪੜੁ ਪਹਿਰਹੁ ਖਿਮ ਕਾ ॥
੩. ਐਸਾ ਸੀਗਾਰੁ ਮੇਰੇ ਪ੍ਰਭ ਭਾਵੈ
ਹਰਿ ਲਾਗੈ ਪਿਆਰਾ ਪ੍ਰਿਮ ਕਾ ॥
੪. ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ
ਸਭਿ ਕਿਲਬਿਖ ਕਾਟੈ ਇਕ ਪਲਕਾ ॥
੫. ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ
ਸੋ ਗੁਰਮੁਖਿ ਹਰਿ ਜਪਿ ਜਿਣਕਾ ॥੨੧॥

ਪਦ ਅਰਥ : ਕਿਨਕਾ—ਕਿਣਕਾ ਮਾਤਰ, ਥੋੜ੍ਹਾ ਜਿਤਨਾ ਹੀ। ਕਾਪੜੁ—ਕੱਪੜਾ, ਪੁਸ਼ਾਕ। ਖਿਮ—ਖਿਮਾ। ਪ੍ਰਿਮ ਕਾ—ਪ੍ਰੇਮ ਦਾ ਸ਼ਿੰਗਾਰ। ਕਿਲਬਿਖ—ਪਾਪ। ਜਿਣਕਾ—ਜਿੱਤ ਜਾਂਦਾ ਹੈ।

ਅਰਥ :

ਪ੍ਰ: ਹੇ ਗੁਰਦੇਵ ਜੀ! ਹਰ ਮਨੁੱਖ ਹੀ ਸੰਤਾਂ ਦੇ ਸੰਗ ਵਿਚ ਪੁੱਜ ਕੇ ਆਪੋ-ਆਪਣੀ ਇੱਛਾ ਅਨੁਸਾਰ ਉਨ੍ਹਾਂ ਤੋਂ ਮੰਗ ਮੰਗਦਾ ਹੈ, ਪਰ ਆਪ ਜੀ ਵੱਲੋਂ ਕੀ ਮੰਗ ਹੋਇਆ ਕਰਦੀ ਹੈ?

ਉ: ੧. ਹੇ ਸੱਜਣੋ! (ਮੇਰੀ ਤਾਂ ਉਨ੍ਹਾਂ ਸੰਤ ਜਨਾਂ ਪਾਸੋਂ ਕੇਵਲ ਇਕ ਇਹੋ ਹੀ ਮੰਗ ਹੁੰਦੀ ਹੈ ਕਿ) ਹੇ ਮੇਰੇ ਭਾਈ! ਸੰਤ ਜਨੋ! ਆਓ (ਜਿਵੇਂ ਤੁਸੀਂ ਨਾਮ ਜਪਦੇ ਹੋ ਇਸੇ ਹੀ ਤਰ੍ਹਾਂ) ਇਕ ਕਿਣਕਾ ਮਾਤਰ ਮੈਨੂੰ ਭੀ ਹਰੀ ਦਾ ਨਾਮ ਜਪਾਵੋ।

੨. ਅਤੇ ਹਰੀ ਦੇ ਨਾਮ ਦਾ ਸ਼ਿੰਗਾਰ ਬਣਾਓ ਅਤੇ ਖਿਮਾ ਦੀ ਪੁਸ਼ਾਕ ਪਹਿਨੋ,

੩. (ਕਿਉਂਕਿ) ਇਹੋ ਜਿਹਾ ਸ਼ਿੰਗਾਰ ਪਿਆਰੇ ਹਰੀ ਨੂੰ ਚੰਗਾ ਲੱਗਦਾ ਹੈ, ਹਰੀ ਨੂੰ ਪਿਆਰ ਦਾ ਸ਼ਿੰਗਾਰ ਹੀ ਪਿਆਰਾ ਲੱਗਦਾ ਹੈ।

੪. ਅਤੇ ਦਿਨੇ ਰਾਤੀਂ ਹਰੀ ਦਾ ਨਾਮ ਸਿਮਰੋ, (ਕਿਉਂਕਿ ਇਹ ਨਾਮ) ਇਕ ਪਲ ਵਿਚ ਸਾਰੇ ਪਾਪ ਕੱਟ ਦੇਵੇਗਾ।

੫. ਜਿਸ ਗੁਰਮੁਖ ਉਪਰ ਹਰੀ ਦਿਆਲੂ ਹੁੰਦਾ ਹੈ, ਉਹ ਹਰੀ ਦਾ ਸਿਮਰਨ ਕਰਕੇ (ਸੰਸਾਰ ਤੋਂ) ਜਿੱਤ (ਕੇ) ਜਾਂਦਾ ਹੈ।

ਭਾਵਾਰਥ : ਸਲੋਕ ਵਿਚ ਸਿਧਾਂਤ ਕਥਨ ਕਰਦੇ ਹਨ ਕਿ ਕੇਵਲ ਪੁਸਤਕਾਂ ਪੜ੍ਹਦੇ-ਪੜ੍ਹਦੇ ਤੇ ਵੀਚਾਰਦੇ ਰਹਿਣ ਨਾਲ ਅੰਦਰੋਂ ਤ੍ਰਿਸ਼ਨਾ ਤੇ ਵਿਕਾਰਾਂ ਦੀ ਨਵਿਰਤੀ ਨਹੀਂ ਹੁੰਦੀ। ਜੇ ਹੁੰਦੀ ਹੋਵੇ ਤਾਂ ਪੜ੍ਹ-ਪੜ੍ਹ ਕੇ ਪੰਡਤ ਲੋਕ ਥੱਕ ਗਏ, ਉਹ ਆਖ਼ਿਰ ਹਉਮੈ ਵਿਚ ਖ਼ੁਆਰ ਹੁੰਦੇ ਹੀ ਵੇਖੇ ਜਾਂਦੇ ਰਹੇ, ਸੋ ਅਸਲ ਪੰਡਤ ਉਹੋ ਹੀ ਸਿਆਣਾ ਹੈ, ਜੋ ਪੜ੍ਹ ਕੇ ਅੰਦਰੋਂ ਸ਼ਬਦ ਦੁਆਰਾ ਤੱਤ ਸਰੂਪ ਦੀ ਪ੍ਰਾਪਤੀ ਕਰ ਸਕਦਾ ਹੋਵੇ, ਉਹੀ ਵਪਾਰੀ ਧੰਨਤਾ ਜੋਗ ਹੈ, ਜੋ ਨਾਮ ਦੁਆਰਾ ਸੱਚਾ ਵਪਾਰ ਕਰਦਾ ਹੈ।

ਮਹਲੇ ਵਿਚ ਕਹਿੰਦੇ ਹਨ ਕਿ ਭਾਵੇਂ ਕੋਈ ਬਿਰਤੀ ਜੋੜ ਕੇ ਵੇਖ ਲਵੇ, ਮਨ ਨੂੰ ਮਾਰੇ ਤੋਂ ਬਿਨਾ ਵਿਕਾਰਾਂ ਵੱਲੋਂ ਖ਼ਲਾਸੀ ਨਹੀਂ ਹੁੰਦੀ। ਬਥੇਰੇ ਭੇਖੀ ਲੋਕ ਤੀਰਥਾਂ 'ਤੇ ਭਟਕਦੇ-ਭਟਕਦੇ ਆਖ਼ਿਰ ਨੂੰ ਥੱਕ ਗਏ, ਪਰ ਹਾਂ ਇਕ ਗੁਰੂ ਦੇ ਸਨਮੁਖ ਹੋਣ, ਨਾਮ ਹੀ ਇਹ ਮਨ ਜੀਵਤ ਭਾਵ ਵੱਲੋਂ ਮਰ ਕੇ ਮਾਇਆ ਵਿਚ ਰਹਿੰਦਾ ਹੋਇਆ ਹੀ ਉਦਾਸੀਨਤਾ ਵਿਚ ਵਿਚਰਦਾ ਹੈ।

ਪਉੜੀ ਵਿਚ ਕਹਿ ਰਹੇ ਹਨ ਕਿ ਜਿਸ ਮਨੁੱਖ ਉੱਤੇ ਉਸ ਮਾਲਕ ਦੀ ਮਿਹਰ ਹੋਵੇ, ਉਹ ਗੁਰੂ ਦੇ ਸਨਮੁਖ ਹੋ ਕੇ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਕੇ ਜਾਂਦਾ ਹੈ, (ਕਿਉਂਕਿ) ਉਹ ਜੀਵਨ ਵਿਚ ਭਗਤੀ ਖਿਮਾ ਤੇ ਪ੍ਰੇਮ ਦਾ ਸ਼ਿੰਗਾਰ ਬਣਾਂਦਾ ਹੈ, ਜੋ ਕਿ ਪ੍ਰਭੂ ਨੂੰ ਪਿਆਰਾ ਲੱਗਦਾ ਹੈ।

ਸਲੋਕੁ ਮਃ ੩ ॥

੧. ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥
੨. ਖੰਨਲੀ ਧੋਤੀ ਉਜਲੀ ਨ ਹੋਵਈ
ਜੇ ਸਉ ਧੋਵਣਿ ਪਾਹੁ ॥
੩. ਗੁਰ ਪਰਸਾਦੀ ਜੀਵਤੁ ਮਰੈ
ਉਲਟੀ ਹੋਵੈ ਮਤਿ ਬਦਲਾਹੁ ॥
੪. ਨਾਨਕ ਮੈਲੁ ਨ ਲਗਈ
ਨਾ ਫਿਰਿ ਜੋਨੀ ਪਾਹੁ ॥੧॥

ਪਦ ਅਰਥ : ਖੰਨਲੀ—ਤੇਲੀ ਦੀ ਕੋਹਲੂ ਵਿਚ ਫੇਰਨ ਵਾਲੀ ਲੀਰ। ਧੋਵਣਿ ਪਾਹੁ—ਧੋਣ ਦਾ ਜਤਨ ਕਰੋ।

ਅਰਥ :

ਪ੍ਰ: ਹੇ ਗੁਰੋ! ਇਸ ਮਲੀਨ ਮਨ ਨੂੰ ਨਿਰਮਲ ਕਰਨ ਲਈ ਕਿਹੜਾ ਜਪ ਤਪ ਆਦਿ ਸਾਧਨ ਕਰਨਾ ਯੋਗ ਹੈ?

ਉ: ੧. ਹੇ ਭਾਈ! ਇਸ ਮਨ ਨੂੰ (ਇਕ ਜਨਮ ਦੀ ਨਹੀਂ) ਸਗੋਂ ਕਈ ਜਨਮ-ਜਨਮਾਤਰਾਂ ਦੀ ਮਾਇਆ ਦੀ ਕਾਲਖ ਲੱਗੀ ਹੋਈ ਹੈ, ਜਿਸ ਕਰ ਕੇ ਇਹ ਕਾਲਾ ਸਿਆਹ ਹੋਇਆ ਪਿਆ ਹੈ, (ਇਹ ਕਿਸੇ ਜਪ ਤਪ ਸਾਧਨ ਨਾਲ ਚਿੱਟਾ ਨਹੀਂ ਹੋ ਸਕਦਾ)।

੨. ਜਿਵੇਂ ਕਿ ਤੇਲੀ ਦੀ ਲੀਰ ਧੋਤਿਆਂ ਚਿੱਟੀ ਨਹੀਂ ਹੁੰਦੀ (ਉਸ ਨੂੰ) ਭਾਵੇਂ ਸੌ ਵਾਰ ਧੋਣ ਦਾ ਜਤਨ ਕਰੋ।

ਪ੍ਰ: ਹਜ਼ੂਰ! ਤਾਂ ਫਿਰ ਇਸ ਨੂੰ ਪਵਿੱਤਰ ਕਿਵੇਂ ਕੀਤਾ ਜਾ ਸਕਦਾ ਹੈ?

ਉ: ੩. ਹੇ ਪਿਆਰੇ! ਗੁਰਾਂ ਦੀ ਕਿਰਪਾ ਕਰ ਕੇ ਜਦੋਂ ਮਨ ਜੀਊਂਦਾ ਹੀ ਮਰ ਜਾਵੇ ਤੇ ਮੱਤ ਬਦਲ ਕੇ (ਮਾਇਆ ਵੱਲੋਂ) ਉਲਟ ਹੋ ਜਾਏ, ਤਾਂ (ਇਸ ਤਰ੍ਹਾਂ) ਮੈਲ

੪. ਭੀ ਨਹੀਂ ਲੱਗਦੀ ਤੇ ਨਾ ਹੀ ਫਿਰ ਜੂਨਾਂ ਵਿਚ ਪੈਂਦਾ ਹੈ।੧।

ਮਃ ੩ ॥

੧. ਚਹੁ ਜੁਗੀ ਕਲਿ ਕਾਲੀ ਕਾਂਢੀ
ਇਕ ਉਤਮ ਪਦਵੀ ਇਸੁ ਜੁਗ ਮਾਹਿ ॥
੨. ਗੁਰਮੁਖਿ ਹਰਿ ਕੀਰਤਿ ਫਲੁ ਪਾਈਐ
ਜਿਨ ਕਉ ਹਰਿ ਲਿਖਿ ਪਾਹਿ ॥
੩. ਨਾਨਕ ਗੁਰ ਪਰਸਾਦੀ ਅਨਦਿਨੁ ਭਗਤਿ
ਹਰਿ ਉਚਰਹਿ ਹਰਿ ਭਗਤੀ ਮਾਹਿ ਸਮਾਹਿ ॥੨॥

ਪਦ ਅਰਥ : ਕੀਰਤਿ—ਸਿਫ਼ਤਿ-ਸਾਲਾਹ। ਲਿਖਿ—ਲਿਖ ਕੇ। ਅਨਦਿਨੁ—ਹਰ ਰੋਜ਼।

ਅਰਥ :

ਪ੍ਰ: ਹੇ ਗੁਰੋ! ਇਕ ਕਲਜੁਗ ਹੀ ਹੈ, ਜਿਸ ਨੂੰ ਚੌਹਾਂ ਜੁੱਗਾਂ ਵਿਚ ਕਾਲਾ ਕਿਹਾ ਜਾਂਦਾ ਹੈ, ਪਰ ਗੁਰਮਤਿ ਵਿਚ ਇਸ ਬਾਰੇ ਕੀ ਵੀਚਾਰ ਹੈ?

ਉ: ੧. ਹੇ ਭਾਈ! ਇਹ ਠੀਕ ਹੈ ਕਿ ਕਲਜੁਗ ਨੂੰ ਹੀ ਚੌਂਹਾਂ ਜੁੱਗਾਂ ਵਿਚ ਕਾਲਾ ਆਖਿਆ ਜਾਂਦਾ ਹੈ (ਪਰ ਜਦੋਂ ਵੀਚਾਰ ਕਰਕੇ ਦੇਖੀਏ) ਤਾਂ ਇਸ ਜੁੱਗ ਵਿਚ ਭੀ ਇਕ ਉੱਤਮ ਪਦਵੀ (ਮਿਲ ਸਕਦੀ) ਹੈ।

ਪ੍ਰ: ਹਜ਼ੂਰ ਜੀਉ! ਉਹ ਪਦਵੀ ਕਿਹੜੀ ਹੈ?

ਉ: ੨. ਹੇ ਭਾਈ! (ਉਹ ਪਦਵੀ ਇਹ ਹੈ ਕਿ) ਜਿਨ੍ਹਾਂ ਦੇ ਹਿਰਦੇ ਵਿਚ ਹਰੀ (ਭਗਤੀ ਰੂਪ ਲੇਖ ਪਿਛਲੀ ਕੀਤੀ ਕਮਾਈ ਅਨੁਸਾਰ) ਲਿਖ ਦੇਂਦਾ ਹੈ, ਉਹ ਗੁਰਮੁਖ ਹਰੀ ਦੀ ਸਿਫ਼ਤ (ਰੂਪ) ਫਲ ਇਸੇ ਜੁੱਗ ਵਿਚ ਪ੍ਰਾਪਤ ਕਰਦੇ ਹਨ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਉਹ ਗੁਰਮੁਖ ਮਨੁੱਖ ਗੁਰੂ ਦੀ ਕਿਰਪਾ ਨਾਲ ਹਰ ਰੋਜ਼ ਹਰੀ ਦੀ ਭਗਤੀ ਕਰਦੇ ਹਨ ਤੇ ਭਗਤੀ ਵਿਚ ਹੀ ਲੀਨ ਹੋ ਜਾਂਦੇ ਹਨ।੨।

ਪਉੜੀ ॥

੧. ਹਰਿ ਹਰਿ ਮੇਲਿ ਸਾਧ ਜਨ ਸੰਗਤਿ
ਮੁਖਿ ਬੋਲੀ ਹਰਿ ਹਰਿ ਭਲੀ ਬਾਣਿ ॥
੨. ਹਰਿ ਗੁਣ ਗਾਵਾ ਹਰਿ ਨਿਤ ਚਵਾ
ਗੁਰਮਤੀ ਹਰਿ ਰੰਗੁ ਸਦਾ ਮਾਣਿ ॥
੩. ਹਰਿ ਜਪਿ ਜਪਿ ਅਉਖਧ ਖਾਧਿਆ
ਸਭਿ ਰੋਗ ਗਵਾਤੇ ਦੁਖਾ ਘਾਣਿ ॥
੪. ਜਿਨਾ ਸਾਸਿ ਗਿਰਾਸਿ ਨ ਵਿਸਰੈ
ਸੇ ਹਰਿ ਜਨ ਪੂਰੇ ਸਹੀ ਜਾਣਿ ॥
੫. ਜੋ ਗੁਰਮੁਖਿ ਹਰਿ ਆਰਾਧਦੇ
ਤਿਨ ਚੂਕੀ ਜਮ ਕੀ ਜਗਤ ਕਾਣਿ ॥੨੨॥

ਪਦ ਅਰਥ : ਮੁਖਿ—ਮੂੰਹੋਂ। ਚਵਾਂ—ਉਚਾਰਾਂ।

ਅਰਥ :

ਪ੍ਰ: ਹੇ ਗੁਰੋ! ਸੰਸਾਰ ਦਾ ਹਰ ਮਨੁੱਖ ਹੀ ਆਪਣੀ-ਆਪਣੀ ਇੱਛਾ ਅਨੁਸਾਰ ਪ੍ਰਭੂ ਤੋਂ ਸੰਸਾਰਕ ਪਦਾਰਥਾਂ ਦੀ ਮੰਗ ਕਰਦਾ ਹੈ, ਪਰ ਜਦ ਕਦੀ ਤੁਸੀਂ ਸਾਈਂ ਜੀ ਤੋਂ ਕੋਈ ਮੰਗ ਮੰਗਦੇ ਹੋ ਤਾਂ ਉਹ ਕਿਹੜੀ ਮੰਗ ਹੈ?

ਉ: ੧. ਹੇ ਭਾਈਓ! ਸਾਡੀ ਤਾਂ ਹਰੀ ਜੀ ਪਾਸੋਂ ਕੇਵਲ ਇਕ ਏਹੋ ਹੀ ਮੰਗ ਹੁੰਦੀ ਹੈ ਕਿ ਹੇ ਹਰੀ! (ਮੈਨੂੰ ਤੂੰ ਆਪਣੇ) ਸਾਧ ਜਨਾਂ ਦੀ ਸੰਗਤ ਮਿਲਾ, (ਤਾਂਕਿ ਮੈਂ ਉਨ੍ਹਾਂ ਦੀ ਸੰਗਤ ਵਿਚ ਮਿਲ ਕੇ) ਮੂੰਹੋਂ ਤੇਰੇ ਨਾਮ ਦੀ ਸੁੰਦਰ ਬੋਲੀ ਬੋਲਾਂ।

੨. ਤੇ ਹਰੀ (ਦੇ) ਗੁਣ ਗਾਵਾਂ ਅਤੇ ਨਿੱਤ ਹਰੀ ਨਾਮ ਉਚਾਰਾਂ ਤੇ ਗੁਰੂ ਦੀ ਮਤਿ ਲੈ ਕੇ ਸਦਾ ਹਰੀ ਰੰਗ ਮਾਣਾਂ।

੩. (ਕਿਉਂਕਿ) ਹਰੀ ਦਾ ਭਜਨ ਸਿਮਰਨ ਕਰ ਕੇ ਤੇ (ਭਜਨ ਰੂਪ) ਦੁਆਈ ਖਾਧਿਆਂ ਸਾਰੇ ਦੁੱਖ ਰੋਗ ਦੂਰ ਹੋ ਜਾਂਦੇ ਹਨ।

ਪ੍ਰ: ਹੇ ਗੁਰੋ! ਮਨੁੱਖ ਵੇਖਣ ਵਿਚ ਤਾਂ ਸਾਰੇ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਆਪ ਜੀ ਗੁਰਮਤਿ ਅਨੁਸਾਰ ਪੂਰਨ ਮਨੁੱਖ ਕਿਸ ਨੂੰ ਜਾਣਦੇ ਹੋ?

ਉ: ੪. ਹੇ ਭਾਈਓ! ਅਸਲ ਵਿਚ ਤਾਂ ਗੁਰਮਤਿ ਅਨੁਸਾਰ ਉਨ੍ਹਾਂ ਨੂੰ ਹੀ ਸੱਚਮੁੱਚ ਪੂਰਨ (ਮਨੁੱਖ) ਸਮਝੋ, ਜਿਨ੍ਹਾਂ ਨੂੰ ਸਾਸ ਲੈਂਦਿਆਂ ਅਤੇ ਖਾਂਦਿਆਂ (ਕਦੇ ਭੀ) ਪਰਮੇਸ਼ਰ ਨਹੀਂ ਵਿਸਰਦਾ।

੫. ਜੋ ਗੁਰੂ ਦੇ ਸਨਮੁਖ ਹੋ ਕੇ ਮਨੁੱਖ ਹਰੀ ਨੂੰ ਸਿਮਰਦੇ ਹਨ, ਉਨ੍ਹਾਂ ਲਈ ਜਮਾਂ ਦੀ ਤੇ ਜਗਤ ਦੀ (ਸਾਰੀ ਹੀ) ਮੁਥਾਜੀ ਮੁੱਕ ਜਾਂਦੀ ਹੈ।੨੨।

ਭਾਵਾਰਥ : ਸਲੋਕ ਵਿਚ ਦੱਸਦੇ ਹਨ ਕਿ ਇਸ ਮਨ ਨੂੰ ਕਈ ਜਨਮਾਂ ਦੀ ਵਿਕਾਰਾਂ ਦੀ ਕਾਲਖ ਲੱਗੀ ਹੋਈ ਹੈ, ਜੋ ਕਿ ਜਪ ਤਪ ਰੂਪ ਸਾਧਨਾਂ ਨਾਲ ਦੂਰ ਨਹੀਂ ਹੋ ਸਕਦੀ, ਇਹ ਤਾਂ ਕੇਵਲ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਨਾਲ ਹੀ ਦੂਰ ਹੋ ਸਕਦੀ ਹੈ ਅਤੇ ਇਹ ਵਿਕਾਰਾਂ ਦੀ ਮੈਲ ਮੁੜ ਮਨ ਨੂੰ ਨਹੀਂ ਲੱਗਦੀ।

ਮਹਲੇ ਵਿਚ ਫ਼ੁਰਮਾ ਰਹੇ ਹਨ ਕਿ ਚਹੁੰ ਜੁੱਗਾਂ ਵਿਚ ਭਾਵੇਂ ਕਲਜੁਗ ਨੂੰ ਹੀ ਕਾਲਾ ਆਖਿਆ ਜਾਂਦਾ ਹੈ, ਪਰ ਗੁਰਮਤਿ ਅਨੁਸਾਰ ਇਸ ਵਿਚ ਭੀ ਇਕ ਉੱਤਮ ਪਦਵੀ ਪ੍ਰਾਪਤ ਕਰ ਸਕੀਦੀ ਹੈ, ਉਹ ਹੈ ਕਿ ਹਰੀ ਦੀ ਸਿਫ਼ਤਿ-ਸਾਲਾਹ ਕਰਨ ਨਾਲ ਰੂਪ ਫਲ ਇਸੇ ਜੁੱਗ ਵਿਚ ਪ੍ਰਾਪਤ ਕਰ ਲਈਦਾ ਹੈ ਤੇ ਅੰਤ ਨੂੰ ਭਗਤੀ ਵਿਚ ਹੀ ਸਮਾਈ ਹੋ ਜਾਂਦੀ ਹੈ।

ਪਉੜੀ ਵਿਚ ਕਹਿੰਦੇ ਹਨ ਕਿ ਅਸਲ ਮੁਕੰਮਲ ਇਨਸਾਨ ਉਹੀ ਹਨ, ਜੋ ਗੁਰੂ ਦੇ ਸਨਮੁਖ ਹੋ ਕੇ ਸੁਆਸ-ਸੁਆਸ ਨਾਮ ਸਿਮਰਦੇ ਹਨ, ਨਾਮ-ਰੂਪ ਦੁਆਈ ਵਰਤਿਆਂ ਉਨ੍ਹਾਂ ਦੇ ਸਾਰੇ ਆਤਮਿਕ ਰੋਗ ਤੇ ਦੁੱਖ ਦੂਰ ਹੋ ਜਾਂਦੇ ਹਨ, ਉਨ੍ਹਾਂ ਨੂੰ ਫਿਰ ਨਾ ਜਗਤ ਦੀ ਮੁਥਾਜੀ ਰਹਿੰਦੀ ਹੈ ਅਤੇ ਨਾ ਹੀ ਜਮਾਂ ਦੀ।

ਸਲੋਕੁ ਮਃ ੩ ॥

੧. ਰੇ ਜਨ ਉਥਾਰੈ ਦਬਿਓਹੁ
ਸੁਤਿਆ ਗਈ ਵਿਹਾਇ ॥
੨. ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ
ਅੰਤਰਿ ਨ ਉਪਜਿਓ ਚਾਉ ॥
੩. ਸਰੀਰੁ ਜਲਉ ਗੁਣ ਬਾਹਰਾ
ਜੋ ਗੁਰ ਕਾਰ ਨ ਕਮਾਇ ॥
੪. ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥
੫. ਨਾਨਕ ਗੁਰ ਸਰਣਾਈ ਉਬਰੇ
ਸਚੁ ਮਨਿ ਸਬਦਿ ਧਿਆਇ ॥੧॥

ਪਦ ਅਰਥ : ਉਥਾਰੈ—(ਸਿੰਧੀ-ਉਥਾੜੋ) ਦਿਲ ਉੱਤੇ ਦਬਾਉ ਜੋ ਕਈ ਵਾਰੀ ਸੁੱਤੇ ਪਿਆਂ ਹੱਥ ਛਾਤੀ ਉੱਤੇ ਆਇਆਂ ਪੈ ਜਾਂਦਾ ਹੈ।

ਅਰਥ :

ਪ੍ਰ: ਹੇ ਗੁਰੋ! ਮੈਂ ਸਤਿਗੁਰਾਂ ਦਾ ਸ਼ਬਦ ਤਾਂ ਸੁਣਦਾ ਹੀ ਰਹਿੰਦਾ ਹਾਂ, ਪਰ ਮੈਨੂੰ ਮੋਹ ਦੀ ਨੀਂਦ ਵੱਲੋਂ ਜਾਗ ਹੀ ਨਹੀਂ ਆਉਂਦੀ ਅਤੇ ਨਾ ਹੀ ਮਨ ਵਿਚ ਨਾਮ ਜਪਣ ਦਾ ਚਾਅ ਹੀ ਪੈਦਾ ਹੁੰਦਾ ਹੈ, ਹਜ਼ੂਰ! ਮੇਰੇ 'ਤੇ ਕਿਰਪਾ ਕਰੋ, ਮੈਨੂੰ ਉਪਦੇਸ਼ ਦਿਓ।

ਉ: ੧. ਹੇ ਭਾਈ! ਤੂੰ (ਮੋਹ ਰੂਪ) ਉਥਾਰੇ ਹੇਠ ਦਬਿਆ ਹੋਇਆ ਹੈਂ, ਵੇਖ ਤੇਰੀ ਉਮਰ ਸੁੱਤਿਆਂ ਹੀ ਗੁਜ਼ਰ ਗਈ ਹੈ।

੨. ਹੇ ਭਾਈ! ਵੇਖ, ਸਤਿਗੁਰੂ ਦਾ ਸ਼ਬਦ ਸੁਣ ਕੇ ਤੈਨੂੰ ਜਾਗ ਹੀ ਨਹੀਂ ਆਈ ਅਤੇ ਨਾ ਹੀ ਤੈਨੂੰ ਹਿਰਦੇ ਵਿਚ (ਨਾਮ ਜਪਣ ਦਾ) ਚਾਉ ਹੀ ਉਪਜਿਆ ਹੈ।

੩. ਹੇ ਪਿਆਰੇ! ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗੁਣਾਂ ਤੋਂ ਸੱਖਣਾ ਸਰੀਰ ਸੜ ਜਾਏ, ਜੋ ਸਤਿਗੁਰਾਂ ਦੀ ਦੱਸੀ ਭਗਤ ਰੂਪ ਕਾਰ ਨਹੀਂ ਕਰਦਾ।

੪. (ਇਸ ਤਰ੍ਹਾਂ ਦਾ) ਸੰਸਾਰ ਮੈਂ ਹਉਮੈ ਵਿਚ ਤੇ ਮਾਇਆ ਦੇ ਮੋਹ ਵਿਚ ਸੜਦਾ ਵੇਖਿਆ ਹੈ।

ਪ੍ਰ: ਹਜ਼ੂਰ! ਕੀ, ਤੁਹਾਡੇ ਵੀਚਾਰ ਵਿਚ ਕੋਈ ਬਚਿਆ ਭੀ ਹੈ?

ਉ: ੫. (ਹਾਂ ਜ਼ਰੂਰ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਐ ਪਿਆਰਿਓ! ਗੁਰੂ ਦੇ ਸ਼ਬਦ ਦੀ ਰਾਹੀਂ ਸੱਚੇ ਹਰੀ ਨੂੰ ਮਨ ਵਿਚ ਵਸਾ ਕੇ, ਸਿਮਰ ਕੇ, ਜੀਵ ਸਤਿਗੁਰੂ ਦੀ ਸ਼ਰਨੀਂ ਪੈ ਕੇ ਇਸ ਹਉਮੈ ਵਿਚ ਸੜਨ ਤੋਂ ਬਚ ਜਾਂਦੇ ਹਨ।੧।

ਮਃ ੩ ॥

੧. ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥
੨. ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ ॥
੩. ਸੇਜ ਸੁਹਾਵੀ ਸਦਾ ਪਿਰੁ ਰਾਵੈ
ਹਰਿ ਵਰੁ ਪਾਇਆ ਨਾਰਿ ॥
੪. ਨਾ ਹਰਿ ਮਰੈ ਨ ਕਦੇ ਦੁਖੁ ਲਾਗੈ
ਸਦਾ ਸੁਹਾਗਣਿ ਨਾਰਿ ॥
੫. ਨਾਨਕ ਹਰਿ ਪ੍ਰਭ ਮੇਲਿ ਲਈ
ਗੁਰ ਕੈ ਹੇਤਿ ਪਿਆਰਿ ॥੨॥

ਅਰਥ :

ਪ੍ਰ: ਕਿਉਂ ਜੀ! ਅਨੇਕਾਂ ਹੀ ਜੀਵ ਰੂਪ ਇਸਤਰੀਆਂ ਸਾਧਨਾਂ ਦਾ ਸ਼ਿੰਗਾਰ ਕਰਦੀਆਂ ਹਨ, ਪਰ ਗੁਰਮਤਿ ਅਨੁਸਾਰ ਉਹ ਕੌਣ ਜੀਵ ਰੂਪ ਇਸਤਰੀਆਂ ਹਨ, ਜਿਨ੍ਹਾਂ ਦਾ ਸ਼ਿੰਗਾਰ ਕਬੂਲ ਪੈਂਦਾ ਹੈ?

ਉ: ੧. ਹੇ ਭਾਈਓ! ਜਿਸ ਦੀ ਹਉਮੈ ਸਤਿਗੁਰੂ ਦੇ ਸ਼ਬਦ ਵਿਚ ਰੰਗੇ ਜਾਣ ਨਾਲ ਦੂਰ ਹੋ ਜਾਂਦੀ ਹੈ, (ਸਮਝੋ) ਉਹ (ਜੀਵ ਰੂਪ) ਇਸਤਰੀ ਸੋਭਾਵੰਤੀ ਹੈ।

੨. (ਕਿਉਂਕਿ) ਉਹ ਜੀਵ ਰੂਪ ਇਸਤਰੀ ਆਪਣੇ ਪ੍ਰਭੂ ਪਤੀ ਦੇ ਹੁਕਮ ਵਿਚ ਸਦਾ ਹੀ ਤੁਰਦੀ ਹੈ, ਇਸੀ ਕਰ ਕੇ ਉਸ ਦਾ ਸ਼ਿੰਗਾਰ ਸਫਲਾ ਸਮਝ ਲਓ।

੩. ਹੇ ਭਾਈ! ਜਿਸ ਜੀਵ ਰੂਪੀ ਇਸਤਰੀ ਨੇ ਪ੍ਰਭੂ ਪਤੀ ਲੱਭ ਲਿਆ ਹੈ, ਉਸ ਦੀ (ਹਿਰਦੇ ਰੂਪੀ) ਸੇਜਾ ਸੁੰਦਰ ਹੈ, ਕਿਉਂਕਿ ਉਸ ਨੂੰ ਪ੍ਰਭੂ ਪਤੀ ਸਦਾ ਹੀ ਮਿਲਿਆ ਹੋਇਆ ਹੈ।

੪. ਸਮਝ ਲਓ! ਉਹ ਇਸਤਰੀ ਸਦਾ ਹੀ ਸੁਹਾਗ ਵਾਲੀ ਹੈ, (ਕਿਉਂਕਿ) ਉਸ ਦਾ ਪ੍ਰਭੂ ਪਤੀ ਕਦੇ ਮਰਦਾ ਨਹੀਂ, (ਇਸੇ ਲਈ) ਉਹ ਕਦੇ ਦੁਖੀ ਭੀ ਨਹੀਂ ਹੁੰਦੀ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਗੁਰੂ ਦੇ ਪਿਆਰ ਵਿਚ ਉਸ ਦੀ ਬਿਰਤੀ ਹੋਣ ਕਰ ਕੇ ਪ੍ਰਭੂ ਨੇ ਉਸ ਨੂੰ ਆਪਣੇ ਨਾਲ ਮਿਲਾਇਆ ਹੈ।੨।

ਪਉੜੀ ॥

੧. ਜਿਨਾ ਗੁਰੁ ਗੋਪਿਆ ਆਪਣਾ
ਤੇ ਨਰ ਬੁਰਿਆਰੀ ॥
੨. ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ
ਪਾਪਿਸਟ ਹਤਿਆਰੀ ॥
੩. ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ
ਜਿਉ ਧਰਕਟ ਨਾਰੀ ॥
੪. ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ ॥
੫. ਹਰਿ ਮੇਲਹੁ ਸਤਿਗੁਰ ਦਇਆ ਕਰਿ
ਗੁਰ ਕਉ ਬਲਿਹਾਰੀ ॥੨੩॥

ਪਦ ਅਰਥ : ਗੋਪਿਆ—ਛੁਪਾਇਆ ਹੈ, ਨਿੰਦਾ ਕੀਤੀ ਹੈ। ਆਪਣਾ—ਪਿਆਰਾ। ਹਰਿ ਜੀਉ—ਸ਼ਾਲਾ! ਰੱਬ ਮਿਹਰ ਕਰੇ। ਪਾਪਿਸਟ—ਬਹੁਤ ਪਾਪੀ। ਕੁਸੁਧ—ਖੋਟੇ। ਧਰਕਟ—ਵਿਭਚਾਰਨ।

ਅਰਥ :

ਪ੍ਰ: ਹੇ ਗੁਰੋ! ਸਾਰਿਆਂ ਵਿਚੋਂ ਵਧੇਰੇ ਭੈੜੇ ਬੰਦੇ ਆਪ ਜੀ ਕਿਸ ਨੂੰ ਮੰਨਦੇ ਹੋ?

ਉ: ੧. ਹੇ ਭਾਈਓ! ਜੋ ਮਨੁੱਖ ਪਿਆਰੇ ਸਤਿਗੁਰੂ ਦੀ ਨਿੰਦਾ ਕਰਦੇ ਹਨ ਜਾਂ ਛਪਾਉਣਾ ਕਰਦੇ ਹਨ, ਉਹ ਬਹੁਤ ਹੀ ਭੈੜੇ ਬੰਦੇ ਹਨ।

੨. ਹੇ ਭਾਈ! ਰੱਬ ਮਿਹਰ ਹੀ ਕਰੇ! ਉਨ੍ਹਾਂ ਦਾ ਦਰਸ਼ਨ ਨਾ ਕਰੋ, (ਕਿਉਂਕਿ) ਉਹ ਬੜੇ ਹੀ ਪਾਪੀ ਅਤੇ ਹਤਿਆਰੇ ਹਨ।

੩. ਹੇ ਪਿਆਰੇ! ਉਹ ਮਨੋ ਖੋਟੇ ਆਦਮੀ ਹਨ, ਉਹ ਵਿਭਚਾਰਨ ਇਸਤਰੀ ਵਾਂਗ ਘਰ-ਘਰ ਫਿਰਦੇ ਹਨ।

ਪ੍ਰ: ਹਜ਼ੂਰ! ਉਹ ਗੁਰੂ ਦੀ ਸੰਗਤ ਵਿਚ ਕਿਉਂ ਨਹੀਂ ਆ ਮਿਲਦੇ?

ਉ: ੪. ਹੇ ਭਾਈ! ਗੁਰੂ ਦੀ ਸੰਗਤ ਵਿਚ ਤਾਂ ਉਹੋ ਹੀ ਗੁਰਮੁਖ ਮਿਲਦੇ ਹਨ, ਜੋ ਕਿ ਵੱਡੇ ਭਾਗਾਂ ਵਾਲੇ ਹਨ।

੫. ਹੇ ਹਰੀ! ਮੈਂ ਸਦਕੇ ਹਾਂ ਸਤਿਗੁਰੂ ਤੋਂ, ਮਿਹਰ ਕਰ ਕੇ ਸਤਿਗੁਰੂ ਨੂੰ ਮਿਲਾ।੨੩।

ਭਾਵਾਰਥ : ਸਲੋਕ ਵਿਚ ਫ਼ੁਰਮਾਨ ਕਰਦੇ ਹਨ ਕਿ ਇਸ ਜੀਵ ਦੀ ਉਮਰ ਮੋਹ ਰੂਪ ਉਥਾਰੇ ਦੇ ਦਬਿਆਂ ਹੋਇਆਂ ਹੀ ਗੁਜ਼ਰ ਗਈ ਹੈ, ਸਤਿਗੁਰੂ ਦਾ ਸ਼ਬਦ ਸੁਣ ਕੇ ਇਸ ਨੂੰ ਜਾਗ ਹੀ ਨਹੀਂ ਆਈ। ਮਹਲੇ ਵਿਚ ਕਹਿੰਦੇ ਹਨ ਕਿ ਜਿਸ ਜੀਵ ਰੂਪ ਇਸਤਰੀ ਦੇ ਅੰਦਰੋਂ ਸ਼ਬਦ ਵਿਚ ਰਤਿਆਂ ਹਉਮੈ ਨਾਸ ਹੋ ਗਈ, ਉਹ ਸੋਭਾਵੰਤੀ ਹੈ, ਕਿਉਂਕਿ ਉਹ ਪਰਮੇਸ਼ਰ ਦੇ ਭਾਣੇ ਵਿਚ ਆਪਣਾ ਜੀਵਨ ਗੁਜ਼ਾਰਦੀ ਹੈ, ਉਸੇ ਦੀ ਹਿਰਦਾ ਰੂਪੀ ਸੇਜਾ ਸੁਹਾਵਣੀ ਹੈ, ਉਹ ਜੰਮਣ-ਮਰਨ ਤੋਂ ਰਹਿਤ ਹੈ, ਉਸ ਨੂੰ ਕੋਈ ਭੀ ਦੁੱਖ ਨਹੀਂ ਵਿਆਪਦਾ।

ਪਉੜੀ ਵਿਚ ਸਿਧਾਂਤ ਅੰਕਤ ਕਰਦੇ ਹਨ ਕਿ ਜੋ ਮਨੁੱਖ ਸਤਿਗੁਰੂ ਦੀ ਨਿੰਦਾ ਕਰਦਾ ਹੈ, ਉਸ ਦੀ ਸੁਰਤਿ ਵਿਕਾਰਾਂ ਵੱਲ ਹੀ ਰਹਿੰਦੀ ਹੈ, ਨਿੰਦਿਆ ਕਰਨ ਦੀ ਵਾਦੀ ਉਸ ਦੀ ਇਤਨੀ ਵੱਧ ਜਾਂਦੀ ਹੈ ਕਿ ਘਰ-ਘਰ ਕਿਸੇ ਨਾ ਕਿਸੇ ਦੀ ਨਿੰਦਾ ਕਰਦਾ ਫਿਰਦਾ ਹੈ, ਪਰ ਭਾਗਾਂ ਵਾਲਾ ਹੈ ਉਹ ਬੰਦਾ ਜੋ ਸਤਿਗੁਰੂ ਦੇ ਸਵਾਰੇ ਹੋਏ ਗੁਰਮੁਖਾਂ ਦੀ ਸੰਗਤ ਵਿਚ ਆਉਂਦਾ ਹੈ।

ਸਲੋਕੁ ਮਃ ੩ ॥

੧. ਗੁਰ ਸੇਵਾ ਤੇ ਸੁਖੁ ਊਪਜੈ
ਫਿਰਿ ਦੁਖੁ ਨ ਲਗੈ ਆਇ ॥
੨. ਜੰਮਣੁ ਮਰਣਾ ਮਿਟਿ ਗਇਆ
ਕਾਲੈ ਕਾ ਕਿਛੁ ਨ ਬਸਾਇ ॥
੩. ਹਰਿ ਸੇਤੀ ਮਨੁ ਰਵਿ ਰਹਿਆ
ਸਚੇ ਰਹਿਆ ਸਮਾਇ ॥
੪. ਨਾਨਕ ਹਉ ਬਲਿਹਾਰੀ ਤਿੰਨ ਕਉ
ਜੋ ਚਲਨਿ ਸਤਿਗੁਰ ਭਾਇ ॥੧॥

ਅਰਥ :

ਪ੍ਰ: ਸ੍ਰੀ ਜੀਉ! ਜਦ ਕੋਈ ਸੇਵਕ ਬਣ ਕੇ ਗੁਰੂ ਦੀ ਸੇਵਾ ਕਰਦਾ ਹੈ ਤਾਂ ਉਸ ਨੂੰ ਕਿਹੜਾ-ਕਿਹੜਾ ਫਲ ਮਿਲਦਾ ਹੈ?

ਉ: ੧. ਹੇ ਭਾਈ! ਗੁਰੂ ਦੀ ਸੇਵਾ ਕਰਨ ਨਾਲ ਮਨੁੱਖ ਨੂੰ ਛੇਆਂ ਫਲਾਂ ਦੀ ਪ੍ਰਾਪਤੀ ਤਾਂ ਪ੍ਰਤੱਖ ਹੀ ਹੁੰਦੀ ਵੇਖੀ ਜਾਂਦੀ ਹੈ, ਜਿਵੇਂ ਕਿ : ੧. ਸਤਿਗੁਰੂ ਦੀ ਸੇਵਾ ਕਰਨ ਨਾਲ (ਸਦੀਵੀ) ਸੁੱਖ ਪ੍ਰਾਪਤ ਹੁੰਦਾ ਹੈ; ੨. ਮੁੜ ਕਦੇ ਭੀ ਉਸ ਨੂੰ ਕਲੇਸ਼ ਨਹੀਂ ਵਾਪਰਦਾ; ੩. ਉਸਦਾ

੨-੩. ਜੰਮਣ-ਮਰਨਾ ਮੁੱਕ ਜਾਂਦਾ ਹੈ; ੪. ਉਸ ਉੱਤੇ ਜਮਕਾਲ ਦਾ ਵਸ ਨਹੀਂ ਚਲਦਾ; ੫. ਹਰੀ ਨਾਲ ਉਸ ਦਾ ਮਨ ਮਿਲਿਆ ਰਹਿੰਦਾ ਹੈ; ੬. ਅੰਤ ਨੂੰ ਉਹ ਸੱਚ ਵਿਚ ਹੀ ਸਮਾਇਆ ਰਹਿੰਦਾ ਹੈ।

੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਮੈਂ ਉਨ੍ਹਾਂ ਤੋਂ ਸਦਕੇ ਹਾਂ, ਜੋ ਕਿ (ਆਪਣਾ ਜੀਵਨ) ਸਤਿਗੁਰੂ ਦੇ ਪਿਆਰ ਵਿਚ ਗੁਜ਼ਾਰਦੇ ਹਨ।੧।

ਮਃ ੩ ॥

੧. ਬਿਨੁ ਸਬਦੈ ਸੁਧੁ ਨ ਹੋਵਈ
ਜੇ ਅਨੇਕ ਕਰੈ ਸੀਗਾਰ ॥
੨. ਪਿਰ ਕੀ ਸਾਰ ਨ ਜਾਣਈ
ਦੂਜੈ ਭਾਇ ਪਿਆਰੁ ॥

੩. ਸਾ ਕੁਸੁਧ ਸਾ ਕੁਲਖਣੀ
ਨਾਨਕ ਨਾਰੀ ਵਿਚਿ ਕੁਨਾਰਿ ॥੨॥

ਪਦ ਅਰਥ : ਸਾਰ—ਕਦਰ। ਦੂਜੈ ਭਾਇ—ਮਾਇਆ ਦੇ ਪਿਆਰ ਵਿਚ।੨।

ਅਰਥ :

ਪ੍ਰ: ਕਿਉਂ ਜੀ! ਕਈ ਜੀਵ ਰੂਪ ਇਸਤਰੀਆਂ ਆਪਣੇ ਸਰੀਰ 'ਤੇ ਅਨੇਕਾਂ ਤਰ੍ਹਾਂ ਦੇ ਸਾਧਨ ਕਰਦੀਆਂ ਹਨ, ਕੀ ਉਨ੍ਹਾਂ ਦੀ ਇਸ ਤਰ੍ਹਾਂ ਮਨ ਦੀ ਸ਼ੁੱਧੀ ਭੀ ਹੋ ਜਾਂਦੀ ਹੈ?

ਉ: ੧. ਹੇ ਭਾਈ! ਸਤਿਗੁਰੂ ਦੇ ਸ਼ਬਦ ਦੀ ਕਮਾਈ ਕੀਤੇ ਬਿਨਾ ਭਾਵੇਂ (ਜੀਵ-ਇਸਤਰੀ) ਅਨੇਕਾਂ ਹੀ ਸਾਧਨ ਕਰਦੀ ਰਵੇ, ਉਹ ਇਸ ਤਰ੍ਹਾਂ ਸ਼ੁੱਧ ਨਹੀਂ ਹੋ ਸਕਦੀ।

੨. (ਕਿਉਂਕਿ) ਉਹ ਪਤੀ ਦੀ ਕਦਰ ਹੀ ਨਹੀਂ ਜਾਣਦੀ, ਉਸ ਦੀ ਸੁਰਤੀ ਮਾਇਆ ਵਿਚ ਜੁੜੀ ਹੁੰਦੀ ਹੈ।

੩. (ਇਸ ਲਈ) ਹੇ ਭਾਈ! ਉਹ ਇਹੋ ਜਿਹੀ ਇਸਤਰੀ ਮਨੋ ਖੋਟੀ ਤੇ ਭੈੜੀ ਲੱਛਣਾਂ ਵਾਲੀ ਹੁੰਦੀ ਹੈ। ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ! ਨਾਰੀਆਂ ਵਿਚੋਂ ਉਹ ਭੈੜੀ ਨਾਰਿ ਭੀ (ਕਹਾਉਂਦੀ ਹੈ)।੨।

ਪਉੜੀ ॥

੧. ਹਰਿ ਹਰਿ ਅਪਣੀ ਦਇਆ ਕਰਿ
ਹਰਿ ਬੋਲੀ ਬੈਣੀ ॥
੨. ਹਰਿ ਨਾਮੁ ਧਿਆਈ ਹਰਿ ਉਚਰਾ
ਹਰਿ ਲਾਹਾ ਲੈਣੀ ॥
੩. ਜੋ ਜਪਦੇ ਹਰਿ ਹਰਿ ਦਿਨਸੁ ਰਾਤਿ
ਤਿਨ ਹਉ ਕੁਰਬੈਣੀ ॥
੪. ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ
ਤਿਨ ਜਨ ਦੇਖਾ ਨੈਣੀ ॥
੫. ਹਉ ਵਾਰਿਆ ਅਪਣੇ ਗੁਰੂ ਕਉ
ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥

ਪਦ ਅਰਥ : ਸੈਣੀ—ਰਿਸ਼ਤੇਦਾਰ।

ਅਰਥ :

ਪ੍ਰ: ਹੇ ਗੁਰੋ! ਆਪ ਹਰੀ ਪਾਸੋਂ ਅਰਦਾਸ ਕਰਕੇ ਮੰਗਦੇ ਕੀ ਹੋ?

ਉ: ੧. ਹੇ ਭਾਈ! ਮੇਰੀ ਤਾਂ ਹਰੀ ਪਾਸੋਂ ਕੇਵਲ ਇਕ ਇਹੋ ਹੀ ਮੰਗ ਹੈ ਕਿ ਹੇ ਹਰੀ! ਮੇਰੇ 'ਤੇ ਆਪਣੀ ਮਿਹਰ ਕਰੋ ਕਿ ਮੈਂ ਤੇਰੀ ਬਾਣੀ (ਭਾਵ ਤੇਰਾ ਜਸ ਉਚਾਰਾਂ)।

੨. ਅਤੇ ਹਰੀ ਨਾਮ ਸਿਮਰਾਂ, ਹਰੀ ਨਾਮ (ਦਾ ਹੀ) ਉਚਾਰਨ ਕਰਾਂ ਤੇ ਇਹੋ ਹੀ (ਮੈਂ) ਲਾਭ ਖੱਟਾਂ।

੩. ਹੇ ਪਿਆਰੇ! ਮੈਂ ਉਨ੍ਹਾਂ ਤੋਂ ਸਦਾ ਕੁਰਬਾਨ ਹਾਂ, ਜੋ ਦਿਨੇ-ਰਾਤ ਹਰੀ ਨਾਮ ਜਪਦੇ ਹਨ।

੪. ਉਨ੍ਹਾਂ ਨੂੰ ਮੈਂ ਅੱਖੀਂ ਵੇਖਾਂ, ਜੋ ਪਿਆਰੇ ਸਤਿਗੁਰੂ ਦੀ ਸੇਵਾ ਕਰਦੇ ਹਨ।

੫. ਹੇ ਭਾਈਓ! ਮੈਂ ਆਪਣੇ ਸਤਿਗੁਰੂ ਤੋਂ ਸਦਕੇ ਹਾਂ, ਜਿਸ ਨੇ ਮੈਨੂੰ ਪਿਆਰਾ ਸੱਜਣ ਪ੍ਰਭੂ ਸਾਥੀ ਮਿਲਾ ਦਿੱਤਾ ਹੈ।੨੪।

ਭਾਵਾਰਥ : ਸਲੋਕ ਵਿਚ ਹਜ਼ੂਰ ਨੇ ਸਤਿਗੁਰੂ ਦੀ ਸੇਵਾ ਦਾ ਫਲ ਅੰਕਤ ਕੀਤਾ ਹੈ, ਜਿਸ ਫਲ ਦੀ ਛੇਆਂ ਰੂਪਾਂ ਵਿਚ ਵੰਡ ਕੀਤੀ ਹੈ, ਉਸ ਫਲਾਂ ਦੀ ਪ੍ਰਾਪਤੀ ਸੇਵਕ ਨੂੰ ਉਸ ਸੱਚੇ ਸਾਈਂ ਵਿਚ ਹੀ ਸਮਾਈ ਕਰਦੀ ਹੈ।

ਮਹਲੇ ਵਿਚ ਉਸ ਜੀਵ ਰੂਪ ਇਸਤਰੀ ਨੂੰ ਪਵਿੱਤਰਤਾ ਤੋਂ ਸੱਖਣੀ ਉਚਾਰਨ ਕੀਤਾ ਹੈ, ਜੋ ਨਾਮ ਸਿਮਰਨ ਤੋਂ ਸੁੰਞੀ ਕੇਵਲ ਸਾਧਨਾਂ ਦੇ ਹੀ ਸ਼ਿੰਗਾਰ ਕਰਦੀ ਰਹਿੰਦੀ ਹੈ।

ਪਉੜੀ ਵਿਚ ਦੱਸਦੇ ਹਨ ਕਿ ਸਤਿਗੁਰੂ ਦੇ ਦੱਸੇ ਰਾਹ 'ਤੇ ਟੁਰਨ ਵਾਲੇ ਗੁਰਮੁਖਾਂ ਦਾ ਦਰਸ਼ਨ ਕੀਤਿਆਂ ਪ੍ਰਭੂ ਦਾ ਸਿਮਰਨ ਕਰਨ ਲਈ ਮਨ ਵਿਚ ਚਾਉ ਪੈਦਾ ਹੁੰਦਾ ਹੈ, ਕਿਉਂਕਿ ਉਹ ਗੁਰਮੁਖ ਗੁਰੂ ਦੀ ਸ਼ਰਨ ਵਿਚ ਆ ਕੇ ਦਿਨੇ-ਰਾਤ ਪ੍ਰਭੂ ਦੇ ਸਿਮਰਨ ਵਿਚ ਉਮਰ ਗੁਜ਼ਾਰਦੇ ਹਨ, ਗੁਰੂ ਦੀ ਕਿਰਪਾ ਨਾਲ ਉਹ ਪ੍ਰਭੂ ਚਰਨਾਂ ਵਿਚ ਸਦਾ ਹੀ ਜੁੜੇ ਰਹਿੰਦੇ ਹਨ।

ਸਲੋਕੁ ਮਃ ੪ ॥

੧. ਹਰਿ ਦਾਸਨ ਸਿਉ ਪ੍ਰੀਤਿ ਹੈ
ਹਰਿ ਦਾਸਨ ਕੋ ਮਿਤੁ ॥
੨. ਹਰਿ ਦਾਸਨ ਕੈ ਵਸਿ ਹੈ
ਜਿਉ ਜੰਤੀ ਕੈ ਵਸਿ ਜੰਤੁ ॥
੩. ਹਰਿ ਕੇ ਦਾਸ ਹਰਿ ਧਿਆਇਦੇ
ਕਰਿ ਪ੍ਰੀਤਮ ਸਿਉ ਨੇਹੁ ॥
੪. ਕਿਰਪਾ ਕਰਿ ਕੈ ਸੁਨਹੁ ਪ੍ਰਭ
ਸਭ ਜਗ ਮਹਿ ਵਰਸੈ ਮੇਹੁ ॥
੫. ਜੋ ਹਰਿ ਦਾਸਨ ਕੀ ਉਸਤਤਿ ਹੈ
ਸਾ ਹਰਿ ਕੀ ਵਡਿਆਈ ॥
੬. ਹਰਿ ਆਪਣੀ ਵਡਿਆਈ ਭਾਵਦੀ
ਜਨ ਕਾ ਜੈਕਾਰੁ ਕਰਾਈ ॥
੭. ਸੋ ਹਰਿ ਜਨੁ ਨਾਮੁ ਧਿਆਇਦਾ
ਹਰਿ ਹਰਿ ਜਨੁ ਇਕ ਸਮਾਨਿ ॥
੮. ਜਨੁ ਨਾਨਕੁ ਹਰਿ ਕਾ ਦਾਸੁ ਹੈ
ਹਰਿ ਪੈਜ ਰਖਹੁ ਭਗਵਾਨ ॥੧॥

ਪਦ ਅਰਥ : ਜੰਤੁ—ਜੰਤ੍ਰ, ਵਾਜਾ ਵਜਾਉਣ ਵਾਲਾ। ਉਸਤਤਿ—ਵਡਿਆਈ, ਜੈ ਕਾਰ, ਸੋਭਾ।

ਅਰਥ :

ਪ੍ਰ: ਕਿਉਂ ਜੀ! ਜਿਵੇਂ ਮਨੁੱਖ ਇਕ ਦੂਜੇ ਨਾਲ ਪ੍ਰੀਤ ਅਤੇ ਮਿੱਤਰ-ਚਾਰਾ ਕਰਦੇ ਹਨ, ਕੀ ਹਰੀ ਭੀ ਇਸ ਤਰ੍ਹਾਂ ਕਿਸੇ ਨਾਲ ਵਰਤਾਉ ਕਰਦਾ ਹੈ?

ਉ: ੧. ਹੇ ਭਾਈ! ਹਰੀ ਪ੍ਰਭੂ ਦੀ ਭੀ ਆਪਣੇ ਦਾਸਾਂ ਨਾਲ ਪ੍ਰੀਤ ਹੁੰਦੀ ਹੈ ਅਤੇ ਉਹ ਪ੍ਰਭੂ ਆਪਣੇ ਸੇਵਕਾਂ ਦਾ ਮਿੱਤਰ ਹੈ।

੨. ਉਹ ਹਰੀ ਪ੍ਰਭੂ ਆਪਣੇ ਸੇਵਕਾਂ ਦੇ ਅਧੀਨ ਹੁੰਦਾ ਹੈ, ਜਿਵੇਂ ਕਿ ਵਾਜਾ ਵਜੰਤ੍ਰੀ ਦੇ ਵਸ ਵਿਚ ਹੁੰਦਾ ਹੈ (ਜਿਵੇਂ ਚਾਹੇ ਉਹ ਉਸ ਨੂੰ ਵਜਾਵੇ)।

੩. ਪਰ ਪ੍ਰਭੂ ਦੇ ਸੇਵਕ ਵੀ ਆਪਣੇ ਪ੍ਰੀਤਮ ਪ੍ਰਭੂ ਨਾਲ ਪ੍ਰੇਮ ਜੋੜ ਕੇ ਪ੍ਰਭੂ ਨੂੰ ਸਿਮਰਦੇ ਹਨ,

੪. ਅਤੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੀ! ਮਿਹਰ ਕਰ ਕੇ ਸੁਣ ਕਿ ਸਾਰੇ ਸੰਸਾਰ ਵਿਚ (ਨਾਮ ਦੀ) ਵਰਖਾ ਹੋਵੇ ਤੇ ਇਸੇ ਪਿਆਰ ਕਰ ਕੇ ਹੀ ਪ੍ਰਭੂ ਆਪਣੇ ਸੇਵਕਾਂ ਨੂੰ ਪਿਆਰ ਕਰਦਾ ਹੈ।

੫. ਹੇ ਗੁਰਦੇਵ ਜੀ! ਕੀ, ਹਰੀ ਦੇ ਸੇਵਕਾਂ ਦੀ ਉਸਤਤਿ ਕਰਦੇ ਰਹਿਣਾ ਭੀ ਕੋਈ ਮਹਾਤਮ ਰੱਖਦਾ ਹੈ?

ਪ੍ਰ: ਹੇ ਭਾਈ! ਇਉਂ ਹੀ ਜਾਣੋ ਕਿ ਹਰੀ ਦੇ ਸੇਵਕਾਂ ਦੀ ਵਡਿਆਈ ਇਹ ਹਰੀ ਦੀ ਹੀ ਵਡਿਆਈ ਹੈ।

ਉ: ੬. ਹਰੀ ਨੂੰ ਇਹ ਆਪਣੀ ਵਡਿਆਈ (ਜੋ ਕਿ ਉਸ ਦੇ ਸੇਵਕਾਂ ਦੀ ਹੁੰਦੀ ਹੈ) ਉਹ ਉਸ ਹਰੀ ਨੂੰ ਚੰਗੀ ਲੱਗਦੀ ਹੈ (ਸੋ) ਉਹ ਆਪਣੇ ਸੇਵਕਾਂ ਦੀ ਜੈ-ਜੈ ਕਾਰ ਕਰਵਾ ਦਿੰਦਾ ਹੈ।

੭. ਹੇ ਭਾਈ! (ਅਸਲ ਵਿਚ ਤਾਂ) ਹਰੀ ਦਾ ਦਾਸ ਉਹ ਹੈ, ਜੋ (ਸਦੀਵੀ ਕਾਲ) ਹਰੀ ਦਾ ਨਾਮ ਸਿਮਰਦਾ ਹੈ, ਅਜਿਹਾ ਸੇਵਕ ਤੇ ਹਰੀ ਇਕੋ ਰੂਪ ਹਨ।

੮. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਹਰੀ! ਹੇ ਭਗਵਾਨ, ਮੈਂ ਤੇਰਾ ਦਾਸ ਹਾਂ, (ਇਸ ਸੇਵਕ ਦੀ ਭੀ) ਲਾਜ ਰੱਖ (ਆਪਣੇ ਨਾਮ ਦੀ ਦਾਤ ਬਖ਼ਸ਼ਸ਼ ਕਰ।)

ਮਃ ੪ ॥

੧. ਨਾਨਕ ਪ੍ਰੀਤਿ ਲਾਈ ਤਿਨਿ ਸਾਚੈ
ਤਿਸੁ ਬਿਨੁ ਰਹਣੁ ਨ ਜਾਈ ॥
੨. ਸਤਿਗੁਰੁ ਮਿਲੈ ਤ ਪੂਰਾ ਪਾਈਐ
ਹਰਿ ਰਸਿ ਰਸਨ ਰਸਾਈ ॥੨॥

ਪਦ ਅਰਥ : ਰਸਿ—ਰਸ ਵਿਚ, ਸੁਆਦ ਵਿਚ। ਰਸਨ—ਜੀਭ।

ਅਰਥ :

ਪ੍ਰ: ਹਜ਼ੂਰ! ਮਨੁੱਖ ਦੇ ਅੰਦਰ ਪ੍ਰੀਤ ਕਿਵੇਂ ਪੈਦਾ ਹੁੰਦੀ ਹੈ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਨਾਨਕ ਦੇ (ਹਿਰਦੇ ਵਿਚ) ਤਾਂ ਉਸੇ ਸੱਚੇ ਹਰੀ ਨੇ ਪ੍ਰੇਮ ਪੈਦਾ ਕੀਤਾ ਹੈ, (ਪਰ ਹੁਣ) ਉਸ ਤੋਂ ਬਿਨਾ ਜੀਵਿਆ ਨਹੀਂ ਜਾਂਦਾ।

ਪ੍ਰ: ਕਿਉਂ ਜੀ! ਉਹ ਮਿਲੇ ਕਿਸ ਤਰ੍ਹਾਂ?

ਉ: ੨. ਹੇ ਭਾਈ! ਸਤਿਗੁਰੂ ਮਿਲ ਪਵੇ ਤਾਂ ਪੂਰਾ ਹਰੀ ਲੱਭ ਪੈਂਦਾ ਹੈ ਅਤੇ ਜੀਭ (ਫਿਰ) ਹਰੀ ਨਾਮ ਰਸ ਵਿਚ ਰਸ ਜਾਂਦੀ ਹੈ।੨।

ਪਉੜੀ ॥

੧. ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥
੨. ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥
੩. ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥
੪. ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥
੫. ਜਨ ਨਾਨਕ ਸਦ ਬਲਿਹਾਰੈ
ਬਲਿ ਬਲਿ ਜਾਵਣਾ ॥੨੫॥

ਅਰਥ :

ਪ੍ਰ: ਕਿਉਂ ਜੀ! ਹਰ ਸਮੇਂ ਕਿਸ ਦਾ ਜਸ ਗਾਵਣਾ ਜੋਗ ਹੈ?

ਉ: ੧. ਹੇ ਹਰੀ! ਰਾਤ-ਦਿਨੇ ਅੰਮ੍ਰਿਤ ਵੇਲੇ (ਭਾਵ ਹਰ ਵੇਲੇ) ਤੂੰ ਹੀ ਗਾਵਣ ਜੋਗ ਹੈਂ।

੨. ਸਾਰੇ ਜੀਅ-ਜੰਤ ਤੇਰਾ ਹੀ ਨਾਮ ਸਿਮਰਦੇ ਹਨ।

੩. ਤੂੰ ਦਾਤਾਂ ਦੇਣ ਵਾਲਾ ਦਾਤਾਰ ਹੈਂ, (ਸਾਰੇ ਜੀਵ-ਜੰਤ) ਤੇਰਾ ਹੀ ਦਿੱਤਾ ਹੋਇਆ ਖਾਂਦੇ ਹਨ।

੪. ਅਤੇ ਭਗਤਾਂ ਦੀ ਸੰਗਤ ਵਿਚ ਆਪਣੇ ਪਾਪ ਦੂਰ ਕਰਦੇ ਹਨ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! (ਤੂੰ ਉਨ੍ਹਾਂ ਭਗਤ ਜਨਾਂ ਤੋਂ ਸਦਾ) ਹੀ ਸਦਕੇ ਹੋ, ਸਦਕੇ ਹੋ।

ਭਾਵਾਰਥ : ਸਲੋਕ ਵਿਚ ਪ੍ਰਗਟ ਕਰਦੇ ਹਨ ਕਿ ਪ੍ਰਭੂ ਦੀ ਆਪਣੇ ਸੇਵਕਾਂ ਨਾਲ ਹੀ ਪ੍ਰੀਤ ਹੁੰਦੀ ਹੈ, ਪ੍ਰਭੂ ਆਪਣੇ ਸੇਵਕਾਂ ਦੇ ਸਦਾ ਹੀ ਵੱਸ ਵਿਚ ਰਹਿੰਦਾ ਹੈ, ਜਿਵੇਂ ਕਿ ਵਾਜਾ ਕਿਸੇ ਵਜਾਉਣ ਵਾਲੇ ਦੇ ਅਧੀਨ ਹੁੰਦਾ ਹੈ।

ਮਹਲੇ ਵਿਚ ਅੰਕਤ ਕਰਦੇ ਹਨ ਕਿ ਕਿਸੇ ਦੇ ਹਿਰਦੇ ਅੰਦਰ ਪਿਆਰ ਪੈਦਾ ਹੋਣਾ ਭੀ ਉਸੇ ਸਾਈਂ ਦੀ ਬਖ਼ਸ਼ਸ਼ ਹੈ।

ਪਉੜੀ ਵਿਚ ਕਹਿੰਦੇ ਹਨ ਕਿ ਜੋ ਲੋਕ ਪ੍ਰਭੂ ਦੀ ਭਗਤੀ ਕਰਦੇ ਹਨ, ਉਨ੍ਹਾਂ ਦੀ ਸੰਗਤ ਕੀਤਿਆਂ ਪਾਪ ਵਿਕਾਰ ਦੂਰ ਹੋ ਜਾਂਦੇ ਹਨ ਤੇ ਉਸ ਪ੍ਰਭੂ ਨੂੰ ਹਰ ਵੇਲੇ ਸਿਮਰਨ ਦਾ ਉਤਸ਼ਾਹ ਪੈਦਾ ਹੁੰਦਾ ਹੈ, ਜੋ ਕਿ ਸਾਰੇ ਜੀਵਾਂ ਨੂੰ ਰਿਜ਼ਕ ਦੇ ਰਿਹਾ ਹੈ ਤੇ ਜਿਸ ਦੇ ਦਰ ਤੋਂ ਸਭ ਜੀਵ ਮੰਗਦੇ ਹਨ।

ਸਲੋਕੁ ਮਃ ੪ ॥

੧. ਅੰਤਰਿ ਅਗਿਆਨੁ ਭਈ ਮਤਿ ਮਧਿਮ
ਸਤਿਗੁਰ ਕੀ ਪਰਤੀਤਿ ਨਾਹੀ ॥
੨. ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ
ਕਪਟੇ ਖਪਹਿ ਖਪਾਹੀ ॥
੩. ਸਤਿਗੁਰ ਕਾ ਭਾਣਾ ਚਿਤਿ ਨ ਆਵੈ
ਆਪਣੈ ਸੁਆਇ ਫਿਰਾਹੀ ॥
੪. ਕਿਰਪਾ ਕਰੇ ਜੇ ਆਪਣੀ
ਤਾ ਨਾਨਕ ਸਬਦਿ ਸਮਾਹੀ ॥੧॥

ਪਦ ਅਰਥ : ਮਧਿਮ—ਨਿੰਮ੍ਹੀ, ਭੈੜੀ। ਕਪਟੁ—ਧੋਖਾ। ਸੁਆਇ—ਸੁਆਰਥ ਲਈ।

ਅਰਥ :

ਪ੍ਰ: ਹੇ ਗੁਰਦੇਵ ਜੀਉ! ਮਨਮੁਖ ਦੇ ਅੰਦਰ ਸਤਿਗੁਰੂ ਦੀ ਪ੍ਰਤੀਤ ਪੈਦਾ ਨਾ ਹੋਣ ਦਾ ਅਸਲ ਕਾਰਨ ਕੀ ਹੁੰਦਾ ਹੈ?

ਉ: ੧. ਹੇ ਭਾਈ! ਮਨਮੁਖ ਦੇ ਅੰਦਰ ਸਤਿਗੁਰਾਂ ਦੀ ਪ੍ਰਤੀਤ ਨਾ ਪੈਦਾ ਹੋਣ ਦੇ ਵੱਡੇ ਦੋ ਕਾਰਨ ਹਨ, ਉਸ ਦੇ ਹਿਰਦੇ ਵਿਚ ਅਗਿਆਨ ਹੈ, ਦੂਜਾ ਉਸ ਦੀ ਅਕਲ ਹੋਛੀ ਹੁੰਦੀ ਹੈ, ਇਸੀ ਕਰ ਕੇ ਉਸ ਨੂੰ ਸਤਿਗੁਰੂ 'ਤੇ ਸਿਦਕ ਨਹੀਂ ਹੁੰਦਾ।

੨. ਉਸ ਦੇ ਮਨ ਵਿਚ ਧੋਖਾ ਹੈ, ਇਸੀ ਕਰ ਕੇ ਉਹ ਸਾਰੇ ਸੰਸਾਰ ਵਿਚ ਧੋਖਾ ਹੀ ਧੋਖਾ ਵਰਤਦਾ ਸਮਝਦਾ ਹੈ (ਅਜਿਹੇ ਬੰਦੇ ਆਪ) ਦੁਖੀ ਹੁੰਦੇ ਹਨ ਤੇ ਹੋਰਨਾਂ ਨੂੰ ਵੀ ਦੁਖੀ ਕਰਦੇ ਹਨ।

੩. ਸਤਿਗੁਰੂ ਦਾ ਹੁਕਮ ਉਨ੍ਹਾਂ ਦੇ ਚਿੱਤ ਵਿਚ ਨਹੀਂ ਆਉਂਦਾ, (ਭਾਵ ਭਾਣਾ ਨਹੀਂ ਮੰਨਦੇ) ਤੇ ਉਹ ਆਪਣੀ ਗ਼ਰਜ਼ ਦੇ ਪਿੱਛੇ ਭਟਕਦੇ ਫਿਰਦੇ ਹਨ।

੪. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੇ ਹਰੀ ਆਪਣੀ ਕਿਰਪਾ ਕਰੇ ਤਾਂ ਹੀ ਹਰੀ ਵਿਚ ਲੀਨ ਹੋਈਦਾ ਹੈ।

ਮਃ ੪ ॥

੧. ਮਨਮੁਖ ਮਾਇਆ ਮੋਹਿ ਵਿਆਪੇ
ਦੂਜੈ ਭਾਇ ਮਨੂਆ ਥਿਰੁ ਨਾਹਿ ॥
੨. ਅਨਦਿਨੁ ਜਲਤ ਰਹਹਿ ਦਿਨੁ ਰਾਤੀ
ਹਉਮੈ ਖਪਹਿ ਖਪਾਹਿ ॥
੩. ਅੰਤਰਿ ਲੋਭੁ ਮਹਾ ਗੁਬਾਰਾ
ਤਿਨ ਕੈ ਨਿਕਟਿ ਨ ਕੋਈ ਜਾਹਿ ॥
੪. ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ
ਜਨਮਿ ਮਰਹਿ ਮਰਿ ਜਾਹਿ ॥
੫. ਨਾਨਕ ਬਖਸਿ ਲਏ ਪ੍ਰਭੁ ਸਾਚਾ
ਜਿ ਗੁਰ ਚਰਨੀ ਚਿਤੁ ਲਾਹਿ ॥੨॥

ਪਦ ਅਰਥ : ਵਿਆਪੇ—ਗ੍ਰਸੇ ਹੋਏ। ਗੁਬਾਰਾ—ਹਨੇਰਾ। ਨਿਕਟ—ਨੇੜੇ।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਮਨਮੁਖ ਦਾ ਮਨ ਬਹੁਤ ਚੰਚਲ ਰਹਿੰਦਾ ਹੈ, ਜੋ ਕਦੇ ਭੀ ਸਥਿਰ ਨਹੀਂ ਹੁੰਦਾ, ਇਹ ਕਿਉਂ ਹੈ?

ਉ: ੧. ਹੇ ਭਾਈ! ਮਨਮੁਖ ਮਾਇਆ ਦੇ ਮੋਹ ਵਿਚ ਗ੍ਰਸਿਆ ਹੋਇਆ ਮਾਇਆ ਦੇ ਪਿਆਰ ਵਿਚ ਹੀ (ਗ਼ਲਤਾਨ) ਰਹਿੰਦਾ ਹੈ, (ਇਸੇ ਕਰ ਕੇ ਉਸ ਦਾ ਚੰਚਲ ਮਨ ਇਕ ਥਾਂ 'ਤੇ ਨਹੀਂ ਟਿਕਦਾ।)

੨. ਹਰ ਵੇਲੇ ਦਿਨ ਰਾਤ (ਇਸੇ ਕਰ ਕੇ) ਮਾਇਆ ਵਿਚ ਮਨਮੁਖ ਸੜਦੇ ਰਹਿੰਦੇ ਹਨ, (ਉਹ) ਹੰਕਾਰ ਵਿਚ ਆਪ ਦੁਖੀ ਹੁੰਦੇ ਹਨ ਤੇ ਹੋਰਨਾਂ ਨੂੰ ਦੁਖੀ ਕਰਦੇ ਹਨ।

੩. ਹੇ ਭਾਈ! ਉਨ੍ਹਾਂ ਦੇ ਅੰਦਰ ਲੋਭ-ਰੂਪੀ ਵੱਡਾ ਹਨੇਰਾ ਹੁੰਦਾ ਹੈ, (ਇਸੇ ਕਰ ਕੇ) ਕੋਈ ਭੀ ਮਨੁੱਖ ਉਨ੍ਹਾਂ ਦੇ ਨੇੜੇ ਨਹੀਂ ਢੁੱਕਦਾ।

੪. (ਉਹ ਅਜਿਹੇ ਮਨਮੁਖ) ਆਪਣੇ ਆਪ ਹੀ ਦੁਖੀ ਰਹਿੰਦੇ ਹਨ, ਉਹ ਕਦੇ ਭੀ ਸੁੱਖੀ ਨਹੀਂ ਹੁੰਦੇ ਤੇ ਸਦਾ ਹੀ ਜੰਮਣ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਪ੍ਰ: ਕਿਉਂ ਜੀ! ਕੀ ਉਨ੍ਹਾਂ ਦੇ ਬਖ਼ਸ਼ੇ ਜਾਣ ਦਾ ਕੋਈ ਵਸੀਲਾ ਨਹੀਂ?

ਉ: ੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਹੇ ਸੱਜਨੋ) ਜੇ ਉਹ ਭੀ ਗੁਰੂ ਦੇ ਚਰਨਾਂ ਵਿਚ ਚਿੱਤ ਜੋੜਨ ਤਾਂ ਸੱਚਾ ਹਰੀ ਉਨ੍ਹਾਂ ਨੂੰ ਭੀ ਬਖ਼ਸ਼ ਲਏਗਾ।੨।

ਪਉੜੀ ॥

੧. ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥
੨. ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ ॥
੩. ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ ॥
੪. ਸੰਤ ਜਨਾ ਕੀ ਧੂਰਿ ਮਸਤਕਿ ਲਾਇਆ ॥
੫. ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ ॥੨੬॥

ਪਦ ਅਰਥ : ਬਿਚਖਣ—ਸਿਆਣੇ। ਧਿਆਇਆ—ਸਿਮਰਿਆ ਹੈ। ਭੋਜਨੁ ਖਾਇਆ—ਭਾਵ, ਆਤਮਾ ਦਾ ਆਸਰਾ ਬਣਾਇਆ ਹੈ, ਜਿਵੇਂ ਭੋਜਨ ਸਰੀਰ ਦਾ ਆਸਰਾ ਹੈ। ਮਸਤਕਿ—ਮੱਥੇ 'ਤੇ। ਭਏ ਪੁਨੀਤ—ਪਵਿੱਤ੍ਰ ਹੋ ਗਏ ਹਨ। ਨਾਇਆ—ਨ੍ਹਾਤੇ ਹਨ।੨੬।

ਅਰਥ :

ਪ੍ਰ: ਹਜ਼ੂਰ! ਗੁਰਮਤਿ ਵਿਚ ਸੰਤ ਭਗਤ ਕਿਸ ਨੂੰ ਕਿਹਾ ਗਿਆ ਹੈ?

ਉ: ੧. ਹੇ ਪਿਆਰੇ! ਜੋ ਮਨੁੱਖ ਪ੍ਰਭੂ ਨੂੰ ਪਿਆਰੇ ਹਨ, ਉਹ ਸੰਤ ਹਨ, ਉਹੋ ਹੀ ਭਗਤ ਹਨ ਅਤੇ ਉਹੀ ਰੱਬੀ ਦਰਬਾਰ ਵਿਚ ਕਬੂਲ ਹਨ।

੨. ਉਹੀ ਮਨੁੱਖ ਸਿਆਣੇ ਹਨ, ਜੋ ਕਿ ਹਰੀ (ਦਾ) ਨਾਮ ਸਿਮਰਦੇ ਹਨ

੩. ਅਤੇ ਅਮਰ ਜੀਵਨ ਦੇਣ ਵਾਲਾ ਨਾਮ, ਖ਼ਜ਼ਾਨਾ ਰੂਪ ਭੋਜਨ ਖਾਂਦੇ ਹਨ।

੪. ਸੰਤ ਜਨਾਂ ਦੀ ਚਰਨ ਧੂੜ ਮੱਥੇ 'ਤੇ ਲਾਉਂਦੇ ਹਨ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਇਹੋ ਜਿਹੇ ਮਨੁੱਖ, ਹਰੀ (ਦੇ ਭਜਨ ਰੂਪੀ) ਤੀਰਥ 'ਤੇ ਨ੍ਹਾਉਂਦੇ ਹਨ ਤੇ ਪਵਿੱਤਰ ਹੋ ਜਾਂਦੇ ਹਨ।੨੬।

ਭਾਵਾਰਥ : ਸਲੋਕ ਵਿਚ ਫ਼ੁਰਮਾਨ ਕਰਦੇ ਹਨ ਕਿ ਮਨਮੁਖ ਦੇ ਹਿਰਦੇ ਵਿਚ ਅਗਿਆਨ ਹੈ ਤੇ ਉਸ ਦੀ ਮਤਿ ਹੋਛੀ ਹੈ, ਜਿਸ ਕਰ ਕੇ ਉਸ ਦੇ ਅੰਦਰ ਗੁਰੂ ਦੀ ਪ੍ਰਤੀਤ ਨਹੀਂ ਆਉਂਦੀ, ਉਹ ਸਿਦਕ ਤੋਂ ਸੱਖਣਾ ਹੀ ਰਹਿੰਦਾ ਹੈ।

ਮਹਲੇ ਵਿਚ ਭੀ ਇਸੇ ਭਾਵ ਨੂੰ ਅੰਕਤ ਕਰਦੇ ਹਨ ਕਿ ਮਾਇਆ ਦੇ ਮੋਹ ਵਿਚ ਗ੍ਰਸੇ ਹੋਏ ਮਨਮੁਖਾਂ ਦਾ ਮਨ ਮਾਇਆ ਦੇ ਪਿਆਰ ਵਿਚ ਮਗਨ ਰਹਿੰਦਾ ਹੈ, ਜਿਸ ਕਰ ਕੇ ਉਹ ਇਕ ਥਾਂ ਨਹੀਂ ਟਿਕਦਾ।

ਪਉੜੀ ਵਿਚ ਕਥਨ ਕਰਦੇ ਹਨ ਕਿ ਜੋ ਮਨੁੱਖ ਭਗਤੀ ਕਰਨ ਵਾਲਿਆਂ ਦੀ ਚਰਨ ਧੂੜ ਮੱਥੇ 'ਤੇ ਲਾਉਂਦੇ ਹਨ, ਉਹ ਭੀ ਪ੍ਰਭੂ

ਦਾ ਹੀ ਸਿਮਰਨ ਕਰਨ ਲੱਗ ਪੈਂਦੇ ਹਨ, ਉਹ ਹਰੀ ਨਾਮ ਨੂੰ ਜ਼ਿੰਦਗੀ ਦਾ ਆਸਰਾ ਬਣਾ ਲੈਂਦੇ ਹਨ, ਜਿਵੇਂ ਰੋਟੀ ਸਰੀਰ ਦਾ ਆਸਰਾ ਹੈ। ਹਰੀ ਨਾਮ ਤੀਰਥ 'ਤੇ ਇਸ਼ਨਾਨ ਕਰ ਕੇ ਪਵਿੱਤਰ ਜੀਵਨ ਵਾਲੇ ਹੋ ਜਾਂਦੇ ਹਨ, ਉਹ ਪ੍ਰਭੂ ਦੇ ਦਰ 'ਤੇ ਕਬੂਲ ਪੈਂਦੇ ਹਨ।

ਸਲੋਕੁ ਮਃ ੪ ॥

੧. ਗੁਰਮੁਖਿ ਅੰਤਰਿ ਸਾਂਤਿ ਹੈ
ਮਨਿ ਤਨਿ ਨਾਮਿ ਸਮਾਇ ॥
੨. ਨਾਮੋ ਚਿਤਵੈ ਨਾਮੁ ਪੜੈ
ਨਾਮਿ ਰਹੈ ਲਿਵ ਲਾਇ ॥
੩. ਨਾਮੁ ਪਦਾਰਥੁ ਪਾਇਆ ਚਿੰਤਾ ਗਈ ਬਿਲਾਇ ॥
੪. ਸਤਿਗੁਰਿ ਮਿਲਿਐ ਨਾਮੁ ਊਪਜੈ
ਤਿਸਨਾ ਭੁਖ ਸਭ ਜਾਇ ॥
੫. ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੧॥

ਪਦ ਅਰਥ : ਮਨਿ ਤਨਿ—ਮਨ ਨਾਲ ਅਤੇ ਸਰੀਰ ਨਾਲ। ਨਾਮਿ—ਨਾਮ ਵਿਚ। ਨਾਮੋ—ਨਾਮ ਹੀ। ਬਿਲਾਇ—ਦੂਰ ਹੋ ਗਈ। ਪਲੈ ਪਾਇ—ਮਿਲਦਾ ਹੈ।

ਅਰਥ :

ਪ੍ਰ: ਹੇ ਗੁਰੋ ! ਵੇਖੀਦਾ ਹੈ ਕਿ ਉਨ੍ਹਾਂ ਗੁਰਮੁਖਾਂ ਦੇ ਅੰਦਰ ਹਰ ਤਰ੍ਹਾਂ ਹੀ ਠੰਡ ਵਰਤਦੀ ਹੈ ਅਤੇ ਨਾ ਹੀ ਉਨ੍ਹਾਂ ਦੇ ਅੰਤਰ ਆਤਮੇਂ ਚਿੰਤਾ ਹੀ ਰਹਿੰਦੀ ਹੈ, ਇਸ ਪ੍ਰਾਪਤੀ ਲਈ ਉਨ੍ਹਾਂ ਨੇ ਸਾਧਨ ਕੀ ਕੀਤਾ ਹੈ ?

ਉ: ੧. ਹੇ ਭਾਈ ! ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿੰਦਾ ਹੈ, ਉਸ ਦੇ ਅੰਦਰ (ਸਦਾ ਹੀ) ਸ਼ਾਂਤੀ ਵਰਤਦੀ ਹੈ, (ਕਿਉਂਕਿ) ਉਹ ਮਨ ਕਰਕੇ ਤੇ ਤਨ ਕਰਕੇ (ਹਮੇਸ਼ਾਂ) ਨਾਮ ਵਿਚ ਹੀ ਲੀਨ ਰਹਿੰਦਾ ਹੈ।

੨. ਉਹ ਨਾਮ ਹੀ ਚਿਤਵਦਾ ਹੈ ਤੇ ਨਾਮ ਹੀ ਪੜ੍ਹਦਾ ਹੈ ਅਤੇ ਨਾਮ ਵਿਚ ਹੀ ਬਿਰਤੀ ਨੂੰ ਜੋੜੀ ਰੱਖਦਾ ਹੈ।

੩. ਹੇ ਭਾਈ ! ਉਸ ਨੂੰ ਨਾਮ (ਰੂਪ) ਸੁੰਦਰ ਪਦਾਰਥ ਲੱਭ ਗਿਆ ਹੈ, ਜਿਸ ਕਰ ਕੇ ਉਸ ਦੀ ਚਿੰਤਾ ਦੂਰ ਹੋ ਜਾਂਦੀ ਹੈ।

ਪ੍ਰ: ਕਿਉਂ ਜੀ ! ਇਹ ਨਾਮ ਦੀ ਸੁੰਦਰ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲਦੀ ?

ਉ: ੪. ਹੇ ਭਾਈ ! (ਇਹ ਕਿਸੇ ਦੇ ਆਪਣੇ ਵੱਸ ਵਿਚ ਨਹੀਂ) ਜੇ ਗੁਰੂ ਮਿਲ ਪਵੇ ਤਾਂ ਨਾਮ ਹਿਰਦੇ ਵਿਚ ਪੁੰਗਰਦਾ ਹੈ, (ਇਸੇ ਤਰ੍ਹਾਂ ਦੀ ਬਰਕਤ ਨਾਲ) ਤ੍ਰਿਸ਼ਨਾ ਦੂਰ ਹੋ ਜਾਂਦੀ ਹੈ ਅਤੇ (ਮਾਇਆ ਦੀ) ਭੁੱਖ ਭੀ ਸਾਰੀ ਮਿਟ ਜਾਂਦੀ ਹੈ।

੫. (ਇਸ ਲਈ) (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ ! ਨਾਮ ਵਿਚ ਰੰਗੇ ਜਾਣ ਕਰ ਕੇ ਨਾਮ ਹੀ (ਹਿਰਦੇ ਰੂਪ) ਪੱਲੇ ਵਿਚ ਉਕਰਿਆ ਜਾਂਦਾ ਹੈ।੧।

ਮਃ ੪ ॥

੧. ਸਤਿਗੁਰ ਪੁਰਖਿ ਜਿ ਮਾਰਿਆ
ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ ॥
੨. ਓਸੁ ਪਿਛੈ ਵਜੈ ਫਕੜੀ
ਮੁਹੁ ਕਾਲਾ ਆਗੈ ਭਇਆ ॥
੩. ਓਸੁ ਅਰਲੁ ਬਰਲੁ ਮੁਹਹੁ ਨਿਕਲੈ
ਨਿਤ ਝਗੂ ਸੁਟਦਾ ਮੁਆ ॥
੪. ਕਿਆ ਹੋਵੈ ਕਿਸੈ ਹੀ ਦੈ ਕੀਤੈ
ਜਾਂ ਧੁਰਿ ਕਿਰਤੁ ਓਸ ਦਾ ਏਹੋ ਜੇਹਾ ਪਇਆ ॥
੫. ਜਿਥੈ ਓਹੁ ਜਾਇ ਤਿਥੈ ਓਹੁ ਝੂਠਾ
ਕੂੜੁ ਬੋਲੇ ਕਿਸੈ ਨ ਭਾਵੈ ॥
੬. ਵੇਖਹੁ ਭਾਈ ਵਡਿਆਈ ਹਰਿ ਸੰਤਹੁ ਸੁਆਮੀ ਅਪੁਨੇ
ਕੀ ਜੈਸਾ ਕੋਈ ਕਰੈ ਤੈਸਾ ਕੋਈ ਪਾਵੈ ॥
੭. ਏਹੁ ਬ੍ਰਹਮ ਬੀਚਾਰੁ ਹੋਵੈ ਦਰਿ ਸਾਚੈ
ਅਗੋ ਦੇ ਜਨੁ ਨਾਨਕੁ ਆਖਿ ਸੁਣਾਵੈ ॥੨॥

ਪਦ ਅਰਥ : ਅਰਲੁ ਬਰਲੁ—ਬਕਵਾਸ। ਝਗੂ ਸੁਟਦਾ— (ਭਾਵ) ਨਿੰਦਾ ਕਰਦਾ। ਕਿਰਤੁ—ਪਿਛਲੀ ਕੀਤੀ ਕਮਾਈ। ਫਕੜੀ—ਤਾੜੀਆਂ।੨।

ਅਰਥ :

ਪ੍ਰ: ਹੇ ਗੁਰੋ ! ਜੋ ਲੋਕ ਘਰ-ਬਾਰ ਛੱਡ ਕੇ ਭਰਮ ਵਿਚ ਭਟਕਦੇ ਫਿਰ ਰਹੇ ਹਨ, ਇਸ ਦਾ ਅਸਲ ਕਾਰਨ ਕੀ ਹੈ ?

ਉ: ੧. ਹੇ ਭਾਈਓ ! ਅਸਲ ਕਾਰਨ ਤਾਂ ਇਉਂ ਹੀ ਸਮਝੋ ਕਿ ਜੋ ਮਨੁੱਖ ਗੁਰੂ ਤੇ ਪਰਮੇਸ਼ਰ ਵੱਲੋਂ ਮਾਰਿਆ ਹੋਇਆ ਹੈ (ਭਾਵ ਹੈ, ਜਿਸ ਨੂੰ ਰੱਬ ਵਾਲੇ ਪਾਸੇ ਵੱਲੋਂ ਉੱਕਾ ਹੀ ਨਫ਼ਰਤ ਹੈ) ਉਹ ਭਰਮ ਵਿਚ ਭਟਕਦਾ ਹੋਇਆ ਆਪਣੇ ਘਰ-ਬਾਰ ਨੂੰ ਛੱਡ ਦੇਂਦਾ ਹੈ, ਭਾਵ ਉਹ ਆਪਣੇ ਟਿਕਾਣੇ ਤੋਂ ਹਿੱਲ ਜਾਂਦਾ ਹੈ।

੨. ਉਸ ਦੇ ਪਿੱਛੇ ਲੋਕ (ਫਕੜੀ) ਤਾੜੀਆਂ ਵਜਾਉਂਦੇ ਹਨ ਅਤੇ ਅੱਗੇ ਉਹ ਜਿੱਥੇ ਭੀ ਜਾਂਦਾ ਹੈ, ਮੂੰਹ ਕਾਲਖ ਹੀ ਖੱਟਦਾ ਹੈ।

੩. ਉਸ ਦੇ ਮੂੰਹੋਂ ਨਿਰਾ ਬਕਵਾਸ ਹੀ ਨਿਕਲਦਾ ਹੈ, ਉਹ ਸਦਾ ਨਿੰਦਾ ਕਰ ਕੇ ਹੀ ਦੁਖੀ ਹੁੰਦਾ ਰਹਿੰਦਾ ਹੈ ਅਤੇ ਆਖ਼ਿਰ ਇਸੇ ਤਰ੍ਹਾਂ ਮਰ ਜਾਂਦਾ ਹੈ।

੪. (ਅਸਲ ਵਿਚ ਹੇ ਭਾਈਓ) ਕਿਸੇ ਦੇ ਭੀ ਕੀਤਿਆਂ ਕੁਝ ਨਹੀਂ ਹੋ ਸਕਦਾ। (ਭਾਵ ਕੋਈ ਉਸ ਨੂੰ ਸੁਮੱਤ ਨਹੀਂ ਦੇ ਸਕਦਾ), ਕਿਉਂਕਿ ਮੁੱਢ ਤੋਂ ਕੀਤੇ ਮੰਦੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੁਣ ਭੀ ਇਹੋ ਜਿਹੀ (ਭਾਵ ਨਿੰਦਾ ਦੀ ਮੰਦੀ) ਕਮਾਈ ਕਰਨੀ ਪਈ ਹੈ।

੫. ਉਹ (ਮਨਮੁਖ) ਜਿਥੇ (ਭੀ) ਜਾਂਦਾ ਹੈ, ਉਥੇ ਹੀ ਝੂਠਾ ਹੁੰਦਾ ਹੈ, ਝੂਠ ਬੋਲਦਾ ਹੈ ਤੇ (ਉਹ) ਕਿਸੇ ਨੂੰ ਚੰਗਾ ਨਹੀਂ ਲੱਗਦਾ।

੬. ਹੇ ਸੰਤ ਜਨੋ ! ਪਿਆਰੇ ਮਾਲਕ ਪ੍ਰਭੂ ਦੀ ਵਡਿਆਈ ਵੇਖੋ ਕਿ ਜਿਹੋ ਜਿਹੀ ਕੋਈ ਕਮਾਈ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ।

੭. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਦਾਸ ਪਹਿਲਾਂ ਹੀ ਤੁਹਾਨੂੰ ਆਖ ਕੇ ਸੁਣਾ ਰਿਹਾ ਹੈ (ਤਾਂ ਜੁ ਭਲਾ ਬੀਜ-ਬੀਜ ਕੇ ਭਲੇ ਫਲ ਦੀ ਆਸ ਹੋ ਸਕੇ।੨।

ਪਉੜੀ ॥

੧. ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ ॥
੨. ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ ॥
੩. ਗੁਰਿ ਕ੍ਰਿਪਾਲਿ ਬੇਅੰਤਿ ਅਵਗੁਣ ਸਭਿ ਹਤੇ ॥
੪. ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ ਲਿਤੇ ॥
੫. ਨਾਨਕ ਸਦ ਬਲਿਹਾਰ
ਜਿਸੁ ਗੁਰ ਕੇ ਗੁਣ ਇਤੇ ॥੨੭॥

ਪਦ ਅਰਥ : ਥੇਹੁ—ਸਤ ਸੰਗਤ ਰੂਪੀ ਪਿੰਡ। ਗੁਰਿ—ਗੁਰੂ ਨੇ। ਹਤੇ—ਨਾਸ ਕਰ ਦਿੱਤੇ। ਇਤੇ—ਇਤਨੇ।

ਅਰਥ :

ਪ੍ਰ: ਗੁਰਦੇਵ ਜੀ! ਇਹ ਸਤਿ ਸੰਗਤ ਰੂਪੀ (ਥੇਹੁ) ਭਾਵ ਪਿੰਡ ਇਸ ਦੀ ਸਥਾਪਨਾ ਕਿਸ ਨੇ ਕੀਤੀ ਹੈ?

ਉ: ੧. ਹੇ ਭਾਈਓ! ਅਸਲ ਵਿਚ ਤਾਂ ਇਹ ਸਤਿ ਸੰਗਤ ਰੂਪੀ ਪਿੰਡ ਨੂੰ ਸੱਚੇ ਸਤਿਗੁਰੂ ਨੇ ਆਪ ਹੀ ਵਸਾਇਆ ਹੈ ਅਤੇ ਇਸ ਸਤਿ ਸੰਗਤ ਰੂਪ ਪਿੰਡ ਲਈ ਸਤਸੰਗੀ ਰਾਖੇ ਭੀ ਸਤਿਗੁਰੂ ਨੇ ਆਪ ਹੀ ਕਰ ਦਿੱਤੇ ਹਨ।

੨. ਜਿਨ੍ਹਾਂ ਦੇ ਮਨ ਗੁਰੂ ਦੇ ਚਰਨਾਂ ਵਿਚ ਜੁੜੇ ਹਨ, ਉਨ੍ਹਾਂ ਦੀ ਆਸ ਪੂਰਨ ਹੋ ਗਈ ਹੈ, (ਭਾਵ ਹੈ ਕਿ ਉਨ੍ਹਾਂ ਦੀ ਤ੍ਰਿਸ਼ਨਾ ਮਿਟ ਗਈ ਹੈ)।

੩. ਦਿਆਲੂ ਤੇ ਬੇਅੰਤ ਗੁਰੂ ਨੇ ਉਨ੍ਹਾਂ ਦੇ ਸਾਰੇ ਪਾਪ ਨਾਸ ਕਰ ਦਿੱਤੇ ਹਨ।

੪. ਆਪਣੀ ਮਿਹਰ ਕਰ ਕੇ ਸਤਿਗੁਰੂ ਨੇ ਉਨ੍ਹਾਂ ਨੂੰ ਆਪਣੇ ਬਣਾ ਲਿਆ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਮੈਂ ਸਦਾ ਉਸ ਸਤਿਗੁਰੂ ਤੋਂ ਸਦਕੇ ਹਾਂ, ਜਿਸ ਵਿਚ ਕਿ ਇਤਨੇ ਗੁਣ ਹਨ।੨੭।

ਭਾਵਾਰਥ : ਸਲੋਕ ਵਿਚ ਫ਼ੁਰਮਾਨ ਕਰਦੇ ਹਨ ਕਿ ਗੁਰਮੁਖਾਂ ਦੇ ਅੰਦਰ ਸਦਾ ਹੀ ਸ਼ਾਂਤੀ ਵਸੀ ਰਹਿੰਦੀ ਹੈ, ਕਿਉਂਕਿ ਉਹ ਮਨ ਤਨ ਕਰ ਕੇ ਨਾਮ ਵਿਚ ਹੀ ਸਮਾਈ ਰੱਖਦੇ ਹਨ, ਇਸੇ ਨਾਮ ਦੀ ਬਰਕਤ ਨਾਲ ਉਨ੍ਹਾਂ ਦੇ ਅੰਦਰੋਂ ਚਿੰਤਾ ਭੀ ਮਿਟ ਜਾਂਦੀ ਹੈ।

ਮਹਲੇ ਵਿਚ ਕਹਿੰਦੇ ਹਨ ਕਿ ਮਨਮੁਖ ਜੋ ਪਰਮੇਸ਼ਰ ਵੱਲੋਂ ਮਾਰਿਆ ਹੋਇਆ ਹੈ, ਉਹ ਭਰਮ ਵਿਚ ਭਟਕਦਾ ਹੋਇਆ ਆਪਣੇ ਟਿਕਾਣੇ ਤੋਂ ਹਿਲ ਜਾਂਦਾ ਹੈ ਅਤੇ ਜਿੱਥੇ ਭੀ ਜਾਂਦਾ ਹੈ, ਉਹ ਝੂਠ ਹੀ ਬੋਲਦਾ ਹੈ, ਇਸੇ ਕਰਕੇ ਉਹ ਕਿਸੇ ਨੂੰ ਭੀ ਚੰਗਾ ਨਹੀਂ ਲੱਗਦਾ।

ਪਉੜੀ ਵਿਚ ਕਹਿੰਦੇ ਹਨ ਕਿ ਇਹ ਸਾਧ ਸੰਗਤ ਇਕ ਨਗਰ ਹੈ, ਜੋ ਗੁਰੂ ਨੇ ਵਸਾਇਆ ਹੈ, ਇਸ ਨਗਰ ਵਿਚ ਸਤਿਸੰਗੀ ਮਾਨੋ ਰਾਖੇ ਹਨ। ਜੋ ਮਨੁੱਖ ਇਸ ਨਗਰ ਵਿਚ ਆ ਕੇ ਵਸਦਾ ਹੈ, ਉਹ ਸਤਿਸੰਗੀ ਰਾਖਿਆਂ ਦੀ ਬਰਕਤ ਨਾਲ ਮਾਇਆ ਦੀ ਤ੍ਰਿਸ਼ਨਾ ਤੇ ਹੋਰ ਕੋਈ ਭੀ ਅਉਗਣ ਉਸ ਦੇ ਨੇੜੇ ਨਹੀਂ ਢੁੱਕਦਾ।

ਸਲੋਕ ਮਃ ੧ ॥

੧. ਤਾ ਕੀ ਰਜਾਇ ਲੇਖਿਆ ਪਾਇ
ਅਬ ਕਿਆ ਕੀਜੈ ਪਾਂਡੇ ॥
੨. ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ
ਹੰਢਹਿ ਜੀਅ ਕਮਾਂਦੇ ॥੧॥

ਪਦ ਅਰਥ : ਰਜਾਇ—ਰਜ਼ਾ ਵਿਚ। ਪਾਇ—ਪਾਈਦਾ ਹੈ। ਪਾਂਡੇ—ਹੇ ਪੰਡਤ! ਹੰਢਹਿ—ਫਿਰਦੇ ਹਨ। ਜੀਅ—ਜੀਵ।

ਅਰਥ :

ਉਥਾਨਕਾ : ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਇਕ ਬ੍ਰਾਹਮਣ ਨੇ ਆ ਕੇ ਸੁਆਲ ਕੀਤਾ ਤੇ ਉਸ ਨੂੰ ਮਹਾਰਾਜ ਜੀ ਨੇ ਜਥਾ ਯੋਗ ਦਾਨ ਭੀ ਦਿੱਤਾ, ਪਰ ਉਸ ਦਿੱਤੇ ਦਾਨ ਨੂੰ ਥੋੜ੍ਹਾ ਜਾਣ ਕੇ ਬ੍ਰਾਹਮਣ ਕਲਪਣ ਲੱਗਾ ਤਾਂ ਆਪ ਜੀ ਉਸ ਪੰਡਤ ਪ੍ਰਤੀ ਇਹ ਸ਼ਬਦ ਉਚਾਰਦੇ ਹਨ।

ਪ੍ਰ: ਹੇ ਗੁਰੋ! ਤੁਸੀਂ ਮੈਨੂੰ ਮੇਰੀ ਹੈਸੀਅਤ ਮੁਤਾਬਕ ਦਾਨ ਨਹੀਂ ਦਿੱਤਾ, ਇਹ ਕਿਉਂ?

ਉ: ੧. ਹੇ ਪੰਡਤ ਜੀ! ਸੁਣੋਂ, ਇਸ ਵੇਲੇ ਆਪ ਦੇ (ਝੂਰਿਆਂ) ਕੁਝ ਨਹੀਂ ਬਣਦਾ, (ਕਿਉਂਕਿ) ਪ੍ਰਭੂ ਦੀ ਰਜ਼ਾ ਵਿਚ (ਆਪਣੇ ਹੀ ਪਿਛਲੇ ਕੀਤੇ ਅਨੁਸਾਰ) ਲਿਖਿਆ (ਲੇਖ) ਪਾਈਦਾ ਹੈ।

੨. ਜਦੋਂ ਪ੍ਰਭੂ ਦਾ ਹੁਕਮ ਹੋਇਆ ਤਦੋਂ ਹੀ ਇਹ ਫ਼ੈਸਲਾ ਹੋਇਆ ਅਤੇ (ਉਸ ਲੇਖ ਅਨੁਸਾਰ) ਜੀਵ ਕਰਮ ਕਮਾਂਦੇ ਫਿਰਦੇ ਹਨ।

ਮਃ ੨ ॥

੧. ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
੨. ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥

ਪਦ ਅਰਥ : ਨਕਿ—ਨੱਕ ਵਿਚ। ਹਥਿ—ਹੱਥ ਵਿਚ। ਦੇ—ਦੇਂਦਾ ਹੈ।੨।

ਅਰਥ :

ਪ੍ਰ: ਹੇ ਗੁਰੋ! ਵੇਖੀਦਾ ਹੈ ਕਿ ਕਈ ਵਿਹਲੜ ਲੋਕ ਆਲਸ ਦੇ ਦਬਾਏ ਹੋਏ ਦਰ-ਬ-ਦਰ ਭਟਕਦੇ ਹੀ ਫਿਰਦੇ ਹਨ, ਇਹ ਕਿਉਂ ਹੈ?

ਉ: ੧. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੀਵ ਦੇ ਨੱਕ ਵਿਚ (ਰਜ਼ਾ ਦੀ) ਨੱਥ (ਨਕੇਲ) ਹੈ, ਜੋ ਖ਼ਸਮ ਪ੍ਰਭੂ ਦੇ (ਆਪਣੇ) ਹੱਥ ਵਿਚ ਹੈ, ਪਿਛਲੇ ਕੀਤੇ ਕੰਮਾਂ ਦੇ ਅਨੁਸਾਰ ਬਣਿਆ ਸੁਭਾਉ ਹੁਣ ਧੱਕ ਕੇ ਚਲਾ ਰਿਹਾ ਹੈ।

੨. ਸੱਚ (ਤਾਂ) ਇਹੋ ਹੈ ਕਿ ਜਿਥੇ ਭੀ ਜੀਵ ਦਾ ਦਾਨਾ ਪਾਣੀ ਹੁੰਦਾ ਹੈ, ਉਥੇ ਹੀ (ਜਾ ਕੇ) ਖਾਣਾ ਪੈਂਦਾ ਹੈ।

ਪਉੜੀ ॥

੧. ਸਭੇ ਗਲਾ ਆਪਿ ਥਾਟਿ ਬਹਾਲੀਓਨੁ ॥
੨. ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ ॥
੩. ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ ॥
੪. ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ ॥
੫. ਨਾਨਕ ਭਗਤਾ ਸਦਾ ਅਨੰਦੁ
ਭਾਉ ਦੂਜਾ ਜਾਲਿਓਨੁ ॥੨੮॥

ਪਦ ਅਰਥ : ਬਹਾਲੀਓਨੁ—ਉਸ ਪ੍ਰਭੂ ਨੇ ਆਪ ਕਾਇਮ ਕੀਤੀਆਂ ਹਨ। ਘਾਲਿਓਨੁ—(ਉਸ ਹਰੀ) ਨਾਸ ਕੀਤਾ ਹੈ। ਪ੍ਰਤਿਪਾਲਿਓਨੁ—ਉਸ ਨੇ ਹਰ ਇਕ ਜੀਵ ਨੂੰ ਪਾਲਿਆ ਹੈ। ਨਿਹਾਲਿਓਨੁ—ਉਸ ਨੇ ਵੇਖਿਆ ਹੈ। ਜਾਲਿਓਨੁ—ਉਸ ਨੇ ਸਾੜਿਆ ਹੈ।

ਅਰਥ :

ਪ੍ਰ: ਹੇ ਗੁਰੋ! ਇਸ ਸੰਸਾਰ ਦੀਆਂ ਅਨੇਕਾਂ ਹੀ ਤਰ੍ਹਾਂ ਦੀਆਂ ਭਿੰਨ-ਭਿੰਨ ਵਿਓਂਤਾਂ ਬਣੀਆਂ ਹੋਈਆਂ ਵੇਖੀਦੀਆਂ ਹਨ, ਇਸ ਅਥਾਹ ਜਗਤ ਦੀਆਂ ਵਖੋ-ਵੱਖ ਸਕੀਮਾਂ ਨੂੰ ਬਣਾ ਕੇ ਚਲਾਉਣ ਵਾਲਾ ਕੌਣ ਹੈ?

ਉ: ੧. ਹੇ ਭਰਾਵੋ! ਉਸ ਪ੍ਰਭੂ ਨੇ ਆਪ ਹੀ ਸਾਰੀਆਂ (ਜਗਤ) ਵਿਓਂਤਾਂ ਬਣਾ ਕੇ ਕਾਇਮ ਕੀਤੀਆਂ ਹਨ।
੨. ਆਪ ਹੀ ਇਸ ਸੰਸਾਰ ਦੀ ਰਚਨਾ ਰਚ ਕੇ, ਆਪ ਹੀ ਨਾਸ ਕਰਦਾ ਹੈ।
੩. ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਅਤੇ ਉਹ ਆਪੇ ਹੀ ਪਾਲਦਾ ਹੈ।
੪. ਆਪੇ ਹੀ ਆਪਣੇ ਸੇਵਕਾਂ ਨੂੰ ਗਲ ਲਾ ਕੇ ਰੱਖਦਾ ਹੈ, ਆਪ ਹੀ ਮਿਹਰ ਦੀ ਨਜ਼ਰ ਨਾਲ ਵੇਖਦਾ ਹੈ।
੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ (ਹੇ ਪਿਆਰੇ) ਭਗਤਾਂ ਨੂੰ ਸਦਾ ਹੀ ਪ੍ਰਸੰਨਤਾ ਰਹਿੰਦੀ ਹੈ, (ਕਿਉਂਕਿ) ਉਨ੍ਹਾਂ ਦੇ ਅੰਦਰੋਂ ਪ੍ਰਭੂ ਨੇ ਆਪ ਹੀ ਮਾਇਆ ਦਾ ਪਿਆਰ ਸਾੜ ਦਿੱਤਾ ਹੈ।੨੮।

ਭਾਵਾਰਥ : ਸਲੋਕ ਵਿਚ ਇਕ ਅਟੱਲ ਰੱਬੀ ਸੰਕੇਤ ਦਰਸਾ ਰਹੇ ਹਨ ਕਿ ਆਪਣੇ ਕੀਤੇ ਹੋਏ ਪਿਛਲੇ ਕਰਮਾਂ ਅਨੁਸਾਰ ਭੀ ਕੋਈ ਵਸਤੂ ਪ੍ਰਾਪਤ ਹੁੰਦੀ ਹੈ, ਲਿਖਤ ਅਨੁਸਾਰ ਹੀ ਜੀਵ ਕਰਮ ਕਰਦੇ ਫਿਰਦੇ ਹਨ।

ਮਹਲੇ ਵਿਚ ਭੀ ਇਹੋ ਹੀ ਸਿਧਾਂਤ ਅੰਕਤ ਕਰਦੇ ਹਨ ਕਿ ਇਸ ਜੀਵ ਦੇ ਨੱਕ ਵਿਚ ਉਸ ਪ੍ਰਭੂ ਨੇ ਰਜ਼ਾ ਦੀ ਨਕੇਲ ਪਾ ਰੱਖੀ ਹੈ, ਉਸੇ ਦੇ ਅਨੁਸਾਰ ਜਿਥੇ-ਜਿਥੇ ਅੰਨ, ਜਲ ਬਿਖਰਿਆ ਹੋਇਆ ਹੈ, ਉਥੇ-ਉਥੇ ਹੀ ਇਸ ਪ੍ਰਾਧੀਨ ਜੀਵ ਨੂੰ ਜਾਣਾ ਪੈਂਦਾ ਹੈ।

ਪਉੜੀ ਵਿਚ ਕਹਿੰਦੇ ਹਨ ਕਿ ਉਹ ਪ੍ਰਭੂ ਸਾਰੇ ਹੀ ਜਗਤ ਨੂੰ ਪੈਦਾ ਕਰ ਕੇ ਸਭ ਜੀਵਾਂ ਦੀ ਪਾਲਣਾ ਭੀ ਆਪ ਹੀ ਕਰਦਾ ਹੈ, ਪਰ ਖ਼ੁਸ਼ੀ ਭਰਿਆ ਜੀਵਨ ਉਨ੍ਹਾਂ ਹੀ ਬੰਦਿਆਂ ਦਾ ਹੁੰਦਾ ਹੈ ਜੋ ਕਿ ਪ੍ਰਭੂ ਦੀ ਭਗਤੀ ਕਰਦੇ ਹਨ, ਕਿਉਂਕਿ ਪ੍ਰਭੂ ਸਿਮਰਨ ਕਰਨ ਵਾਲਿਆਂ 'ਤੇ ਪ੍ਰਸੰਨ ਹੁੰਦਾ ਹੈ ਤੇ ਉਨ੍ਹਾਂ ਅੰਦਰੋਂ ਪ੍ਰਭੂ ਮਾਇਆ ਦਾ ਮੋਹ ਸਾੜ ਦੇਂਦਾ ਹੈ।

ਸਲੋਕੁ ਮਃ ੩ ॥

੧. ਏ ਮਨ ਹਰਿ ਜੀ ਧਿਆਇ ਤੂ
ਇਕ ਮਨਿ ਇਕ ਚਿਤਿ ਭਾਇ ॥
੨. ਹਰਿ ਕੀਆ ਸਦਾ ਸਦਾ ਵਡਿਆਈਆ
ਦੇਇ ਨ ਪਛੋਤਾਇ ॥
੩. ਹਉ ਹਰਿ ਕੈ ਸਦ ਬਲਿਹਾਰਣੈ
ਜਿਤੁ ਸੇਵਿਐ ਸੁਖੁ ਪਾਇ ॥
੪. ਨਾਨਕ ਗੁਰਮੁਖਿ ਮਿਲਿ ਰਹੈ
ਹਉਮੈ ਸਬਦਿ ਜਲਾਇ ॥੧॥

ਪਦ ਅਰਥ : ਇਕ ਮਨਿ—ਇਕ ਮਨ ਨਾਲ। ਇਕ ਚਿਤਿ—ਇਕ ਚਿੱਤ ਨਾਲ। ਭਾਇ—ਪ੍ਰੇਮ ਨਾਲ। ਦੇਇ—ਦੇਂਦਾ ਹੈ।

ਅਰਥ :

ਪ੍ਰ: ਹਜ਼ੂਰ! ਜਦੋਂ ਕਦੀ ਇਸ ਮਨ ਦੇ ਅੰਦਰ ਝਾਤ ਪਾ ਕੇ ਵੇਖੀਦਾ ਹੈ ਤਾਂ ਇਹ ਮਨ ਹਰ ਵਕਤ ਹੀ ਸੰਸਾਰਕ ਪਦਾਰਥਾਂ ਦਾ ਧਿਆਨੀ ਬਣਿਆ ਰਹਿੰਦਾ ਹੈ, ਸੋ ਦੱਸੋ ਕੀ ਸਾਧਨ ਕਰਨਾ ਚਾਹੀਦਾ ਹੈ?

ਉ: ੧. ਹੇ ਪਿਆਰਿਓ! ਇਸ ਮਨ ਨੂੰ ਪ੍ਰੇਮ ਨਾਲ ਇਉਂ ਪ੍ਰੇਰਿਆ ਕਰੋ ਕਿ ਹੇ ਮੇਰੇ ਮਨ! (ਤੂੰ) ਪਿਆਰ ਨਾਲ ਇਕਾਗਰ ਚਿੱਤ ਹੋ ਕੇ ਹਰੀ ਦਾ ਸਿਮਰਨ ਕਰਿਆ ਕਰ।
੨. (ਕਿਉਂਕਿ) ਉਸ ਹਰੀ ਵਿਚ ਇਹ ਸਦੀਵੀ ਗੁਣ ਵੇਖੀਦੇ ਹਨ ਕਿ ਉਹ ਦਾਤਾਂ ਬਖ਼ਸ਼ ਕੇ (ਫਿਰ ਕਦੀ ਭੀ) ਪਛਤਾਉਂਦਾ ਨਹੀਂ।
੩. ਹੇ ਭਾਈ! ਮੈਂ ਹਰੀ ਤੋਂ ਸਦਾ ਹੀ ਕੁਰਬਾਨ ਹਾਂ, ਜਿਸਦੀ ਸੇਵਾ ਕੀਤਿਆਂ (ਸਦਾ ਹੀ) ਸੁੱਖ ਮਿਲਦਾ ਹੈ।
੪. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈਓ! ਗੁਰਮੁਖ ਜਨ ਅਹੰਕਾਰ ਨੂੰ ਸਤਿਗੁਰੂ ਦੇ ਸ਼ਬਦ ਰਾਹੀਂ ਸਾੜ ਕੇ ਹਰੀ ਵਿਚ ਹੀ ਮਿਲੇ ਰਹਿੰਦੇ ਹਨ।੧।

ਮਃ ੩ ॥

੧. ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥
੨. ਸਭਨਾ ਕਾ ਮਾ ਪਿਉ ਆਪਿ ਹੈ
ਆਪੇ ਸਾਰ ਕਰੇਇ ॥
੩. ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ
ਜੁਗੁ ਜੁਗੁ ਸੋਭਾ ਹੋਇ ॥੨॥

ਪਦ ਅਰਥ : ਲਾਇਅਨੁ—ਲਾਏ ਹਨ (ਉਸ ਹਰੀ ਨੇ)। ਸਾਰ—ਸੰਭਾਲ।

ਅਰਥ :

ਪ੍ਰ: ਹੇ ਗੁਰੋ! ਕਈ ਮਨੁੱਖ ਤਾਂ ਹਰ ਵਕਤ ਹੀ ਸੇਵਾ ਲਈ

ਤਤਪਰ ਰਹਿੰਦੇ ਹਨ, ਪਰ ਕਈ ਸੇਵਾ ਤੋਂ ਸੱਖਣੇ ਹੀ ਜੀਵਨ ਗੁਜ਼ਾਰ ਜਾਂਦੇ ਹਨ, ਇਹ ਕਿਉਂ ਹੋ ਰਿਹਾ ਹੈ?

ਉ: ੧. ਹੇ ਪਿਆਰੇ! ਹਰੀ ਨੇ ਆਪ ਹੀ ਮਨੁੱਖਾਂ ਨੂੰ ਸੇਵਾ ਵਿਚ ਲਾਇਆ ਹੈ ਅਤੇ ਉਹ ਆਪ ਹੀ ਬਖ਼ਸ਼ਸ਼ ਕਰਦਾ ਹੈ।

੨. ਉਹ ਆਪ ਹੀ ਸਾਰਿਆਂ ਦਾ ਮਾਂ ਪਿਓ ਹੈ ਅਤੇ ਆਪ ਹੀ ਉਹ ਸਾਰਿਆਂ ਦੀ ਸੰਭਾਲ ਕਰਦਾ ਹੈ।

੩. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੋ ਮਨੁੱਖ ਨਾਮ ਜਪਦੇ ਹਨ, ਉਹ ਆਪਣੇ ਅਸਲੀ ਟਿਕਾਣੇ, ਭਾਵ ਨਿੱਜ ਸਰੂਪ ਰੂਪੀ ਘਰ ਵਿਚ ਉਨ੍ਹਾਂ ਦਾ ਨਿਵਾਸ ਹੁੰਦਾ ਹੈ ਤੇ ਉਨ੍ਹਾਂ ਦੀ ਹਰੇਕ ਜੁੱਗ ਵਿਚ ਹੀ ਸੋਭਾ ਹੁੰਦੀ ਹੈ।੨।

ਪਉੜੀ ॥

੧. ਤੂ ਕਰਣ ਕਾਰਣ ਸਮਰਥੁ ਹਹਿ ਕਰਤੇ
ਮੈ ਤੁਝ ਬਿਨੁ ਅਵਰੁ ਨ ਕੋਈ ॥
੨. ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥
੩. ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥
੪. ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥
੫. ਗੁਰਮੁਖਿ ਨਾਨਕ ਆਰਾਧਿਆ
ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸੁਧੁ

ਪਦ ਅਰਥ : ਗੋਈ—ਨਾਸ ਕੀਤੀ ਹੈ। ਸਬਦੁ—ਹੁਕਮ। ਸਭੁ—ਹਰ ਥਾਂ।

ਅਰਥ :

ਪ੍ਰ: ਹੇ ਸਤਿਗੁਰੋ! ਜਦ ਕਦੀ ਆਪ ਉਸ ਕਰਤਾਰ ਦੀ ਸਿਫ਼ਤ ਕਰਦੇ ਹੋ, ਤਾਂ ਉਹ ਕਿਸ ਰੂਪ ਵਿਚ ਕੀਤਾ ਕਰਦੇ ਹੋ, ਦੱਸੋ ਤਾਂਕਿ ਅਸੀਂ ਭੀ ਉਸੇ ਢੰਗ ਨਾਲ ਕਰ ਸਕੀਏ?

ਉ: ੧. ਹੇ ਭਾਈ! ਅਸੀਂ ਤਾਂ ਉਸ ਸਾਈਂ ਦੇ ਸਨਮੁਖ ਹੋ ਇਉਂ ਹੀ ਸਿਫ਼ਤਿ-ਸਾਲਾਹ ਕਰਦੇ ਰਹਿੰਦੇ ਹਾਂ ਕਿ ਹੇ ਕਰਤਾਰ! ਤੂੰ ਸਾਰੀ ਕੁਦਰਤ ਨੂੰ ਕਰਣ ਜੋਗ ਹੈਂ, ਤੇਰੇ ਜਿੱਡਾ ਵੱਡਾ ਮੈਨੂੰ ਹੋਰ ਕੋਈ ਵੀ ਨਹੀਂ ਦਿੱਸਦਾ।

੨. ਤੂੰ ਆਪੇ ਹੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈਂ ਤੇ ਆਪ ਹੀ ਫਿਰ ਇਸ ਨੂੰ ਨਾਸ ਕਰਦਾ ਹੈਂ।

੩. ਹੇ ਹਰੀ! ਸਭ ਥਾਈਂ (ਇਕ ਤੇਰਾ ਹੀ) ਹੁਕਮ ਵਰਤ ਰਿਹਾ ਹੈ, ਜੋ ਤੂੰ ਕਰਦਾ ਹੈਂ, ਸੋਈ ਹੁੰਦਾ ਹੈ।

੪. ਜੋ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਸ ਨੂੰ ਪ੍ਰਭੂ ਵਡਿਆਈ ਬਖ਼ਸ਼ਦਾ ਹੈ, ਉਹ ਉਸ ਹਰੀ ਪ੍ਰਭੂ ਨੂੰ ਮਿਲ ਪੈਂਦਾ ਹੈ।

੫. (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ! ਜੋ ਮਨੁੱਖ ਸਨਮੁਖ ਹੋ ਹਰੀ ਨੂੰ ਸਿਮਰਦੇ ਹਨ, ਉਸ ਨੂੰ ਸਾਰੇ ਹੀ ਆਖੋ ਕਿ ਉਹ ਸਤਿਗੁਰੂ ਧੰਨ ਹੈ, ਧੰਨ ਹੈ।੨੯।੧।ਸੁਧੁ ਇਹ ਵਾਰ ਸੁਧ ਰੀਤ ਵਿਚ ਗਾਉਣੀ ਚਾਹੀਦੀ ਹੈ।

ਭਾਵਾਰਥ : ਸਲੋਕ ਵਿਚ ਇਕਾਗਰ-ਚਿੱਤ ਹੋ ਕੇ ਉਸ ਹਰੀ ਨੂੰ ਧਿਆਉਣ ਦੀ ਪ੍ਰੇਰਣਾ ਕਰਦੇ ਹਨ ਤੇ ਉਸੇ ਹਰੀ ਦੀ ਵਡਿਆਈ ਦੱਸ ਕੇ ਉਸ ਦਾ ਵਿਸ਼ੇਸ਼ ਗੁਣ ਦੱਸਦੇ ਹਨ ਕਿ ਉਹ ਸਾਈਂ ਜੀ ਬਖ਼ਸ਼ਸ਼ਾਂ ਕਰ ਕੇ ਪਛਤਾਉਂਦਾ ਨਹੀਂ।

ਮਹਲੇ ਵਿਚ ਕਹਿੰਦੇ ਹਨ ਕਿ ਸੇਵਾ ਵਿਚ ਲੱਗਣਾ ਭੀ ਉਸੇ ਦੀ ਪ੍ਰੇਰਣਾ ਦਾ ਸਦਕਾ ਹੈ, ਸਾਰਿਆਂ ਦਾ ਮਾਂ-ਪਿਉ ਰੂਪ ਹੋ ਕੇ ਉਹ ਸਾਰ ਸੰਭਾਲ ਕਰਦਾ ਰਹਿੰਦਾ ਹੈ, ਪਰ ਜੋ ਮਨੁੱਖ ਨਾਮ ਜਪਦੇ ਹਨ, ਉਨ੍ਹਾਂ ਦਾ ਆਪਣੇ ਸਰੂਪ ਰੂਪੀ ਘਰ ਵਿਚ ਟਿਕਾਅ ਹੋ ਜਾਂਦਾ ਹੈ।

ਪਉੜੀ ਵਿਚ ਕਹਿੰਦੇ ਹਨ ਕਿ ਸਾਰੇ ਜਗਤ ਵਿਚ ਉਸੇ ਪਰਮੇਸ਼ਰ ਦਾ ਹੁਕਮ ਵਰਤਦਾ ਹੈ। ਉਸ ਦੀ ਰਜ਼ਾ ਇਉਂ ਹੀ ਹੈ ਕਿ ਜੋ ਸਿੱਖ ਸਤਿਗੁਰੂ ਦੀ ਮਰਜ਼ੀ ਵਿਚ ਤੁਰਦਾ ਹੈ, ਉਸ ਨੂੰ ਪ੍ਰਭੂ ਦਰ ਤੋਂ ਵਡਿਆਈ ਮਿਲਦੀ ਹੈ, ਉਹ ਪ੍ਰਭੂ ਨੂੰ ਮਿਲ ਪੈਂਦਾ ਹੈ। ਸੋ, ਸਤਿਗੁਰੂ ਜੀ ਦੀ ਸ਼ਰਨ ਪੈਣਾ ਹੀ ਜੀਵਨ ਦਾ ਸਹੀ ਰਸਤਾ ਹੈ।

ਸਮੁੱਚਾ ਮੁੱਖ ਭਾਵ ਹੈ ਕਿ ਕਰਤਾਰ ਦੀ ਰਚੀ ਹੋਈ ਤ੍ਰੈਗੁਣੀ ਮਾਇਆ ਜੀਵਾਂ ਉੱਤੇ ਪ੍ਰਭਾਵ ਪਾ ਕੇ ਇਨ੍ਹਾਂ ਨੂੰ ਕੁਰਾਹੇ ਪਾ ਦੇਂਦੀ ਹੈ, ਪਰ ਜੋ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਪ੍ਰਭੂ ਦੀ ਭਗਤੀ ਕਰਦੇ ਹਨ, ਉਨ੍ਹਾਂ ਨੂੰ ਵਿਕਾਰ ਪੋਹ ਨਹੀਂ ਸਕਦੇ, ਸਤਿਗੁਰੂ ਦੀ ਸ਼ਰਨ ਪੈਣਾ ਹੀ ਜੀਵਨ ਦਾ ਸਹੀ ਰਸਤਾ ਹੈ।

'ਵਾਰ' ਦੀ ਬਣਤ। ਗੁਰੂ ਰਾਮਦਾਸ ਜੀ ਦੀ ਉਚਾਰੀ ਹੋਈ ਇਸ ਵਾਰ ਵਿਚ ੨੯ ਪਉੜੀਆਂ ਹਨ, ੫੮ ਸਲੋਕ, ਹਰੇਕ ਪਉੜੀ ਦੇ ਨਾਲ ਦੋ-ਦੋ ਸਲੋਕ, ਸਲੋਕਾਂ ਦਾ ਵੇਰਵਾ।

ਸਲੋਕ ਮ: ੩—੪੮। ਸਲੋਕ ਮ: ੪—੭। ਸਲੋਕ ਮ: ੨—੧। ਸਲੋਕ ਮ: ੧—੨। ਜੋੜ ੫੮।

ਇਹ 'ਵਾਰ' ਗੁਰੂ ਰਾਮਦਾਸ ਜੀ ਦੀ ਹੈ, ਪਰ ੫੮ ਸਲੋਕਾਂ ਵਿੱਚੋਂ ਉਨ੍ਹਾਂ ਦੇ ਆਪਣੇ ਸਲੋਕ ੭ ਹਨ, ਜੇ ਸਲੋਕਾਂ ਸਮੇਤ 'ਵਾਰ' ਉਚਾਰੀ ਹੁੰਦੀ ਹੈ ਤਾਂ ਸਲੋਕ ਤਕਰੀਬਨ ਸਾਰੇ ਹੀ ਗੁਰੂ ਅਮਰਦਾਸ ਜੀ ਦੇ ਹੋਣ ਕਰਕੇ ਇਸ ਦਾ ਸਿਰਲੇਖ ਸੋਰਠਿ ਕੀ ਵਾਰ ਮਹਲੇ ੪ ਕੀ ਫਬ ਨਾ ਸਕਦਾ, ਕਿਉਂਕਿ ਗੁਰੂ ਰਾਮਦਾਸ ਜੀ ਦੀਆਂ ੨੯ ਪਉੜੀਆਂ ਦੇ ਟਾਕਰੇ 'ਤੇ ਗੁਰੂ ਅਮਰਦਾਸ ਜੀ ਦੇ ੪੮ ਸਲੋਕ ਆ ਗਏ ਹਨ, ਦੋਹਾਂ ਗੁਰੂ ਵਿਅਕਤੀਆਂ ਦੀ ਬਾਣੀ ਵਿੱਚੋਂ ਗਿਣਤੀ ਦੇ ਲਿਹਾਜ਼ ਨਾਲ ਸਗੋਂ ਗੁਰੂ ਅਮਰਦਾਸ ਜੀ ਦੀ ਬਾਣੀ ਵਧੀਕ ਹੋ ਗਈ, ਸੋ ਅਸਲੀਅਤ ਇਹ ਹੈ ਕਿ ਸਿਰਫ਼ ਪਉੜੀਆਂ ਦੇ ਹੀ ਸੰਗ੍ਰਹਿ ਦਾ ਨਾਮ 'ਵਾਰ' ਹੈ।

ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧

ੴ ਸਤਿਗੁਰ ਪ੍ਰਸਾਦਿ ॥

੧. ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
੨. ਓਇ ਲੇ ਜਾਰੇ ਓਇ ਲੇ ਗਾਡੇ
ਤੇਰੀ ਗਤਿ ਦੁਹੂ ਨ ਪਾਈ ॥੧॥
੩. ਮਨ ਰੇ ਸੰਸਾਰੁ ਅੰਧ ਗਹੇਰਾ ॥
੪. ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥
੫. ਕਬਿਤ ਪੜੇ ਪੜਿ ਕਬਿਤਾ ਮੂਏ
ਕਪੜ ਕੇਦਾਰੈ ਜਾਈ ॥

੬. ਜਟਾ ਧਾਰਿ ਧਾਰਿ ਜੋਗੀ ਮੂਏ
ਤੇਰੀ ਗਤਿ ਇਨਹਿ ਨ ਪਾਈ ॥੨॥
੭. ਦਰਬੁ ਸੰਚਿ ਸੰਚਿ ਰਾਜੇ ਮੂਏ
ਗਡਿ ਲੇ ਕੰਚਨ ਭਾਰੀ ॥
੮. ਬੇਦ ਪੜੇ ਪੜਿ ਪੰਡਿਤ ਮੂਏ
ਰੂਪੁ ਦੇਖਿ ਦੇਖਿ ਨਾਰੀ ॥੩॥
੯. ਰਾਮ ਨਾਮ ਬਿਨੁ ਸਭੈ ਬਿਗੂਤੇ
ਦੇਖਹੁ ਨਿਰਖਿ ਸਰੀਰਾ ॥
੧੦. ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ
ਕਹਿ ਉਪਦੇਸੁ ਕਬੀਰਾ ॥੪॥੧॥

ਪਦ ਅਰਥ : ਮੂਏ—ਮਰ ਗਏ, ਖੱਪ ਗਏ, ਖ਼ੁਆਰ ਹੋਏ, ਜੀਵਨ ਵਿਅਰਥ ਹੀ ਗਵਾ ਗਏ। ਨਾਈ—ਨਿਵਾਂ-ਨਿਵਾ ਕੇ, ਪੱਛਮ ਵਲ ਸਿਜਦੇ ਕਰ-ਕਰ ਕੇ, ਰੱਬ ਨੂੰ ਕਾਬੇ ਵਿਚ ਸਮਝ ਕੇ। ਓਇ—ਉਹਨਾਂ (ਹਿੰਦੂਆਂ) ਨੇ। ਲੇ—ਲੈ ਕੇ, (ਆਪਣੇ ਮੁਰਦੇ) ਲੈ ਕੇ। ਜਾਰੇ—ਸਾੜ ਦਿੱਤੇ। ਗਾਡੇ—ਦੱਬ ਦਿੱਤੇ। ਗਤਿ—ਹਾਲਤ, ਉੱਚੀ ਆਤਮਕ ਅਵਸਥਾ। ਦੁਹੂ—ਨਾ ਹਿੰਦੂਆਂ ਤੇ ਨਾ ਮੁਸਲਮਾਨਾਂ।੧।

ਗਹੇਰਾ—ਗਹਿਰਾ, ਡੂੰਘਾ (ਖਾਤਾ)। ਅੰਧ—ਅੰਨ੍ਹਾ। ਦਿਸ—ਪਾਸਾ, ਤਰਫ਼। ਜੇਵਰਾ—ਰੱਸਾ ਰੱਸੀ, ਫਾਹੀ ਫਾਹੀ।ਰਹਾਉ।

ਕਬਿਤ—ਕਵਿਤਾ। ਕਬਿਤਾ—ਕਵੀ ਲੋਕ। ਕਪੜ—ਕਾਪੜੀ ਫ਼ਿਰਕੇ ਦੇ ਲੋਕ, ਲੀਰਾਂ ਦੀ ਗੋਦੜੀ ਪਹਿਨਣ ਵਾਲੇ। ਕੇਦਾਰਾ—ਹਿਮਾਲੇ ਬਰਫ਼ ਵਿਚ ਇਕ ਹਿੰਦੂ ਤੀਰਥ, ਰਿਆਸਤ ਗੜ੍ਹਵਾਲ (ਯੂ. ਪੀ.) ਵਿਚ, ਰੁਦ੍ਰ ਹਿਮਾਲੇ ਦੀ ਬਰਫ਼ਾਨੀ ਧਾਰਾ ਵਿਚ ਮਹਾ ਪੰਥ ਦੀ ਚੋਟੀ ਹੇਠ ਇਕ ਟਿੱਲੇ ਉੱਤੇ। ਇਥੇ ਸਦਾ ਸ਼ਿਵ ਦਾ ਮੰਦਰ ਹੈ, ਜਿਸ ਵਿਚ ਝੋਟੇ ਦੀ ਸ਼ਕਲ ਦਾ ਮਹਾਦੇਵ ਹੈ। ਪਾਂਡਵਾਂ ਤੋਂ ਹਾਰ ਖਾ ਕੇ ਸ਼ਿਵ ਜੀ ਇਥੇ ਝੋਟੇ ਦੀ ਸ਼ਕਲ ਵਿਚ ਆਏ। ਇਨਹਿ—ਇਨ੍ਹਾਂ ਲੋਕਾਂ ਭੀ।੨।

ਦਰਬੁ—ਧਨ। ਸੰਚਿ—ਇਕੱਠਾ ਕਰ ਕੇ। ਗਡਿ ਲੇ—ਦੱਬ ਰਖੇ। ਕੰਚਨ ਭਾਰੀ—ਸੋਨੇ ਦੇ ਭਾਰ, ਸੋਨੇ ਦੇ ਢੇਰ। ਨਾਰੀ—ਨਾਰੀਆਂ।੩।

ਬਿਗੂਤੇ—ਖ਼ੁਆਰ ਹੋਏ। ਨਿਰਖ—ਗਹੁ ਨਾਲ ਤੱਕ ਕੇ, ਨਿਰਨਾ ਕਰਕੇ। ਸਰੀਰਾ—ਸਰੀਰ ਵਿਚ, ਆਪਣੇ ਅੰਦਰ। ਗਤਿ—ਉੱਚੀ ਆਤਮਿਕ ਅਵਸਥਾ, ਗਿਆਨ, ਸਮਝ।੪।

ਅਰਥ :

ਪ੍ਰ: ਕਬੀਰ ਜੀਉ! ਹਿੰਦੂ ਲੋਕ ਤਾਂ ਬੁੱਤਾਂ ਦੀ ਪੂਜਾ ਕਰਦੇ ਹਨ ਅਤੇ ਮੁਸਲਮਾਨ ਰੱਬ ਨੂੰ ਮੱਕੇ ਵਿਚ ਹੀ ਵਸਦਾ ਸਮਝਦੇ ਹਨ ਤੇ ਉਧਰ ਨੂੰ ਹੀ ਸਿਜਦੇ ਕਰਦੇ ਹਨ, ਹਿੰਦੂਆਂ ਨੇ ਆਪਣੇ ਮੁਰਦੇ ਸਾੜ ਦਿੱਤੇ ਅਤੇ ਮੁਸਲਮਾਨਾਂ ਨੇ ਦੱਬ ਦਿੱਤੇ, ਇਹ ਦੋਨੋਂ ਹੀ ਆਪੋ-ਆਪਣੀ ਮਰਯਾਦਾ ਨੂੰ ਠੀਕ, ਸਹੀ, ਸਮਝ ਕੇ ਇਕ ਦੂਜੇ ਨਾਲ ਝਗੜਦੇ ਹੀ ਵੇਖੇ ਜਾਂਦੇ ਹਨ, ਪਰ ਆਪ ਦੱਸੋ ਇਨ੍ਹਾਂ ਦੋਨਾਂ ਵਿੱਚੋਂ ਸੱਚੀ ਮਰਯਾਦਾ ਵਾਲਾ ਕਿਸ ਨੂੰ ਮੰਨਿਆ ਜਾਵੇ? ਤਾਂ ਕਬੀਰ ਜੀ ਇਨ੍ਹਾਂ ਸਾਰੇ ਲੋਕਾਂ ਨੂੰ ਸਮਝਾਉਣ ਹਿੱਤ ਆਪਣੇ ਮਨ ਪ੍ਰਤੀ ਸੰਬੋਧਨ ਕਰਦੇ ਹੋਏ ਸਾਰਿਆਂ ਨੂੰ ਸਾਂਝਾ ਉਪਦੇਸ਼ ਕਰਦੇ ਹਨ।

ਉ: ੧. ਹੇ ਭਾਈਓ! ਸੱਚ ਤਾਂ ਇਉਂ ਹੀ ਸਮਝਣਾ ਚਾਹੀਦਾ ਹੈ ਕਿ ਹਿੰਦੂ ਲੋਕ ਬੁੱਤਾਂ ਦੀ ਪੂਜਾ ਕਰ ਕੇ ਖ਼ੁਆਰ ਹੋ ਰਹੇ ਹਨ ਅਤੇ ਮੁਸਲਮਾਨ (ਰੱਬ ਨੂੰ ਕੇਵਲ ਮੱਕੇ ਵਿਚ ਹੀ ਵਸਦਾ ਸਮਝ ਕੇ ਉਧਰ ਨੂੰ ਹੀ) ਸਿਜਦੇ ਕਰਦੇ ਹਨ।

੨. ਉਨ੍ਹਾਂ ਹਿੰਦੂਆਂ ਨੇ ਆਪਣੇ ਮੁਰਦੇ ਸਾੜ ਦਿੱਤੇ ਅਤੇ ਮੁਸਲਮਾਨਾਂ ਦੇ ਦੱਬ ਦਿੱਤੇ, ਉਹ ਇਸੇ ਵਿਚ ਹੀ ਆਪਣੇ ਆਪ ਨੂੰ ਇਕ ਦੂਜੇ ਤੋਂ ਵੱਧ ਸੱਚਾ ਦਰਸਾਉਣ ਲਈ ਝਗੜਾ ਕਰਦੇ ਰਹੇ, ਪਰ ਹੇ ਪ੍ਰਭੂ! ਤੂੰ ਕਿਸ ਪ੍ਰਕਾਰ ਦਾ ਹੈਂ, ਕਿਹੋ ਜਿਹਾ ਹੈਂ, ਇਹ ਸਮਝ ਦੋਹਾਂ ਧਿਰਾਂ ਨੂੰ ਹੀ ਨਾ ਪੈ ਸਕੀ। ਜਾਂ ਹੇ ਵਾਹਿਗੁਰੂ! ਇਨ੍ਹਾਂ ਦੋਹਾਂ ਨੇ ਹੀ ਤੇਰੀ ਪ੍ਰਾਪਤੀ ਨਹੀਂ ਪਾਈ।੧।

ਪ੍ਰ: ਤਾਂ ਫਿਰ ਕਬੀਰ ਜੀ, ਇਸ ਸੰਸਾਰ ਤੋਂ ਛੁਟਕਾਰਾ ਪਾਉਣ ਲਈ ਕੋਈ ਆਪ ਹੀ ਸਾਧਨ ਦੱਸੋ।

ਉ: ੩. ਤਾਂ ਕਬੀਰ ਜੀ ਆਪਣੇ ਮਨ ਪ੍ਰਤੀ ਸੰਬੋਧਨ ਕਰਦੇ ਹੋਏ ਉਚਾਰਨ ਕਰਦੇ ਹਨ ਕਿ ਹੇ ਮੇਰੇ ਮਨ! ਜਦੋਂ ਤੂੰ ਵਿਚਾਰ ਦ੍ਰਿਸ਼ਟੀ ਨਾਲ ਵੇਖੇਂਗਾ ਤਾਂ ਤੈਨੂੰ ਇਹ ਸਾਰਾ ਹੀ ਸੰਸਾਰ (ਅਗਿਆਨ ਦੇ ਕਾਰਨ) ਸਿਮਰਨ ਤੋਂ ਸੱਖਣਾ ਰਹਿ ਕੇ ਇਹ ਜਗਤ ਇਕ ਹਨੇਰ ਖਾਤਾ ਬਣਿਆ ਪਿਆ ਹੀ ਤੇਰੀ ਦ੍ਰਿਸ਼ਟੀ ਵਿਚ ਆਵੇਗਾ।

੪. ਅਤੇ ਦੇਖ ਚੌਹੀਂ ਪਾਸੀਂ ਜਮਾਂ ਦੀ ਫਾਹੀ, ਜਮਾਂ ਦਾ ਜਾਲ ਖਿਲਰਿਆ ਪਿਆ ਹੈ, (ਭਾਵ ਹੈ ਕਿ ਲੋਕ ਉਹ-ਉਹ ਕੰਮ ਹੀ ਕਰ ਰਹੇ ਹਨ, ਜਿਨ੍ਹਾਂ ਨਾਲ ਕਿ ਹੋਰ ਵਧੀਕ ਅਗਿਆਨਤਾ ਵਿਚ ਫਸਦੇ ਜਾਣ)।੧।ਰਹਾਉ।

ਪ੍ਰ: ਕਿਉਂ ਕਬੀਰ ਜੀਉ! ਕਵੀ, ਵਿਦਵਾਨ ਲੋਕ ਅਤੇ (ਸਾਧੂ ਲੋਕ) ਕੇਦਾਰ ਆਦਿ ਤੀਰਥਾਂ 'ਤੇ ਜਾ ਵਸਣ ਵਾਲੇ, ਜਟਾਧਾਰ ਜੋਗੀ ਲੋਕ, ਇਤਆਦਿ ਹੋਰ ਭੀ ਭੇਖੀ ਲੋਕ ਆਪੋ-ਆਪਣੇ ਸਰੀਰਕ ਲਿਬਾਸ ਨੂੰ ਹੀ ਸਮਝੀ ਜਾ ਰਹੇ ਹਨ ਕਿ ਇਹੋ ਹੀ ਰੱਬ ਪ੍ਰਾਪਤੀ ਦਾ ਠੀਕ ਰਾਹ ਹੈ, ਸੋ ਤੁਹਾਡੇ ਵੀਚਾਰ ਇਨ੍ਹਾਂ ਬਾਰੇ ਕੀ ਹਨ?

ਉ: ੫. ਹੇ ਭਾਈਓ! ਕਵੀ ਲੋਕ ਆਪੋ-ਆਪਣੀ ਕਾਵਿ-ਰਚਨਾ ਪੜ੍ਹਨ ਵਿਚ (ਭਾਵ ਵਿਦਵਤਾ ਦੇ ਮਾਣ ਵਿਚ ਹੀ ਮਸਤ ਹਨ), ਕਾਪੜੀ ਆਦਿ ਸਾਧੂ ਕੇਦਾਰਾ (ਆਦਿਕ) ਤੀਰਥਾਂ 'ਤੇ ਜਾ-ਜਾ ਕੇ ਜੀਵਨ ਨੂੰ ਵਿਅਰਥ ਹੀ ਗਵਾਉਂਦੇ ਹਨ, (ਭਾਵ ਤੀਰਥਾਂ 'ਤੇ ਜਾਂਦੇ ਹੀ ਮਰ ਗਏ)।

੬. ਹੇ ਭਾਈਓ! (ਇਥੇ ਹੀ ਬਸ ਨਹੀਂ) ਜੋਗੀ ਲੋਕ ਜਟਾਂ ਰੱਖ-ਰੱਖ ਕੇ ਇਹੋ ਸਮਝਦੇ ਰਹੇ ਕਿ ਇਹੋ ਹੀ ਰਾਹ ਠੀਕ ਹੈ, ਪਰ ਹੇ ਪ੍ਰਭੂ! ਤੇਰੀ ਬਾਬਤ ਸੋਝੀ ਇਨ੍ਹਾਂ ਲੋਕਾਂ ਨੂੰ ਭੀ ਨਾ ਪਈ, ਭਾਵ ਤੇਰੀ ਪ੍ਰਾਪਤੀ ਇਹ ਲੋਕ ਭੀ ਨਾ ਪਾ ਸਕੇ।੨।

ਪ੍ਰ: ਕਿਉਂ ਜੀ! ਵੱਡੇ-ਵੱਡੇ ਚੱਕ੍ਰਵਰਤੀ ਰਾਜੇ, ਜਿਨ੍ਹਾਂ ਦੇ ਪਾਸ ਅਥਾਹ ਧਨ ਹੈ ਅਤੇ ਪੰਡਤ ਲੋਕ ਜੋ ਵੇਦ ਪਾਠੀ ਹਨ, ਕੀ ਇਨ੍ਹਾਂ ਲੋਕਾਂ ਨੂੰ ਭੀ ਕੋਈ ਰੱਬ ਦੀ ਸੂਝ ਆ ਸਕੀ ਹੋਵੇਗੀ?

ਉ: ੭. (ਨਹੀਂ) ਹੇ ਭਾਈਓ! ਅਸੀਂ ਤਾਂ ਵੇਖ ਰਹੇ ਹਾਂ ਕਿ ਰਾਜੇ ਲੋਕ ਧਨ ਜੋੜ-ਜੋੜ ਕੇ ਉਮਰਾਂ ਗਵਾ ਗਏ, ਉਨ੍ਹਾਂ ਨੇ ਸੋਨੇ

(ਆਦਿਕਾਂ) ਦੇ ਢੇਰ, ਭਾਵ ਖ਼ਜ਼ਾਨੇ ਧਰਤੀ ਵਿਚ ਦੱਬ ਰੱਖੇ ਜਾਂ ਭਾਰੀ-ਭਾਰੀ ਕਿਲ੍ਹੇ ਬਣਾਉਂਦੇ ਤੇ ਸੋਨਾ ਇਕੱਠਾ ਕਰ-ਕਰ ਕੇ ਰਾਜੇ ਮਰ ਗਏ।

੮. ਅਤੇ ਪੰਡਤ ਲੋਕ ਵੇਦ ਪਾਠੀ ਹੋਣ ਦੇ ਹੰਕਾਰ ਵਿਚ ਖੱਪਦੇ ਹਨ, ਭਾਵ ਵੇਦਾਂ ਨੂੰ ਹੀ ਪੜ੍ਹਦੇ-ਪੜ੍ਹਦੇ ਹੰਕਾਰ ਵਿਚ ਮਰ ਗਏ ਅਤੇ ਇਸਤ੍ਰੀਆਂ (ਸ਼ੀਸ਼ੇ ਵਿਚ) ਆਪਣੇ ਰੂਪ ਤੱਕਣ ਵਿਚ ਹੀ ਆਪਣੀ ਜ਼ਿੰਦਗੀ ਅਜਾਈਂ ਗਵਾ ਰਹੀਆਂ ਹਨ, ਭਾਵ ਉਨ੍ਹਾਂ ਦੀ ਜ਼ਿੰਦਗੀ ਇਸੇ ਤਰ੍ਹਾਂ ਬੀਤ ਜਾਂਦੀ ਹੈ।੩।

ਪ੍ਰ: ਤਾਂ ਫਿਰ ਕਬੀਰ ਜੀਉ! ਸਾਨੂੰ ਕੀ ਨਿਸ਼ਚਾ ਕਰਨਾ ਚਾਹੀਦਾ ਹੈ ਕਿ ਪ੍ਰਭੂ ਪ੍ਰਾਪਤੀ ਕਿਸ ਰੀਤੀ ਨਾਲ ਹੋ ਸਕਦੀ ਹੈ?

ਉ: ੯. ਹੇ ਭਾਈਓ! ਤੁਸੀਂ ਸਾਰੇ ਹੀ ਆਪੋ-ਆਪਣੇ ਸਰੀਰਾਂ ਦੇ ਅੰਦਰ ਮਨ ਵਿਚ ਝਾਤ ਮਾਰ ਕੇ ਵੇਖ ਲਵੋ ਕਿ ਸਾਈਂ ਜੀ ਦੇ ਨਾਮ ਸਿਮਰਨ ਕਰਨ ਤੋਂ ਬਿਨਾ (ਸਾਰੇ) ਹੀ ਸਰੀਰਾਂਧਾਰੀ ਜੀਵ ਖ਼ੁਆਰ ਹੋ ਰਹੇ ਹਨ।

ਪ੍ਰ: ਕਬੀਰ ਜੀ! ਅਸਲ ਵਿਚ ਤੁਹਾਡਾ ਆਪਣਾ ਸਹੀ ਉਪਦੇਸ਼ ਕੀ ਹੈ? ਉਹ ਭੀ ਸਮਝਾ ਦਿਓ।

ਉ: ੧੦. ਹੇ ਭਾਈਓ! ਮੈਂ ਕਬੀਰ ਤਾਂ ਸਿੱਖਿਆ ਦੀ ਗੱਲ ਇਹੋ ਹੀ ਆਖਦਾ ਹਾਂ ਕਿ ਪਰਮੇਸ਼ਰ ਦੇ ਨਾਮ ਤੋਂ ਬਿਨਾ ਕਿਸੇ ਨੂੰ (ਜੀਵਨ ਦੀ) ਸਹੀ ਸੂਝ ਨਹੀਂ ਪੈਂਦੀ।੪।੧।

ਭਾਵਾਰਥ : ਉਪਰੋਕਤ ਕਬੀਰ ਜੀ ਦੇ ਸ਼ਬਦ ਦਾ ਮੁਖ ਭਾਵ ਇਹੋ ਹੀ ਹੈ ਕਿ ਸਾਈਂ ਜੀ ਦੇ ਨਾਮ ਸਿਮਰਨ ਤੋਂ ਬਿਨਾ ਮਨੁੱਖ ਦਾ ਜੀਵਨ ਭਾਵੇਂ ਉਹ ਕਿਸੇ ਭੀ ਲਿਬਾਸ ਵਿਚ ਹੈ, ਵਿਅਰਥ ਹੀ ਬਤੀਤ ਹੋ ਜਾਂਦਾ ਹੈ। ਸਿਮਰਨਹੀਨ ਬੰਦਿਆਂ ਲਈ ਇਹ ਜਗਤ ਇਕ ਅੰਨ੍ਹਾ ਖਾਤਾ ਹੈ, ਉਨ੍ਹਾਂ ਦੇ ਕਰਮ ਉਨ੍ਹਾਂ ਵਾਸਤੇ ਹੋਰ-ਹੋਰ ਫਾਹੀ ਦਾ ਕੰਮ ਕਰਦੇ ਹਨ।

੧. ਜਬ ਜਰੀਐ ਤਬ ਹੋਇ ਭਸਮ ਤਨੁ
ਰਹੈ ਕਿਰਮ ਦਲ ਖਾਈ ॥
੨. ਕਾਚੀ ਗਾਗਰਿ ਨੀਰੁ ਪਰਤੁ ਹੈ
ਇਆ ਤਨ ਕੀ ਇਹੈ ਬਡਾਈ ॥੧॥
੩. ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥
੪. ਜਬ ਦਸ ਮਾਸ ਉਰਧ ਮੁਖ ਰਹਤਾ
ਸੋ ਦਿਨੁ ਕੈਸੇ ਭੂਲਿਆ ॥੧॥ ਰਹਾਉ ॥
੫. ਜਿਉ ਮਧੁ ਮਾਖੀ ਤਿਉ ਸਠੋਰਿ ਰਸੁ
ਜੋਰਿ ਜੋਰਿ ਧਨੁ ਕੀਆ ॥
੬. ਮਰਤੀ ਬਾਰ ਲੇਹੁ ਲੇਹੁ ਕਰੀਐ
ਭੂਤੁ ਰਹਨ ਕਿਉ ਦੀਆ ॥੨॥
੭. ਦੇਹੁਰੀ ਲਉ ਬਰੀ ਨਾਰਿ ਸੰਗਿ ਭਈ
ਆਗੈ ਸਜਨ ਸੁਹੇਲਾ ॥
੮. ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ
ਆਗੈ ਹੰਸੁ ਅਕੇਲਾ ॥੩॥
੯. ਕਹਤੁ ਕਬੀਰ ਸੁਨਹੁ ਰੇ ਪ੍ਰਾਨੀ
ਪਰੇ ਕਾਲ ਗ੍ਰਸ ਕੂਆ ॥
੧੦. ਝੂਠੀ ਮਾਇਆ ਆਪੁ ਬੰਧਾਇਆ
ਜਿਉ ਨਲਨੀ ਭ੍ਰਮਿ ਸੂਆ ॥੪॥੨॥

ਪਦ ਅਰਥ : ਜਰੀਐ—ਜਾਰੀਐ, ਸਾੜੀਦਾ ਹੈ। ਭਸਮ—ਸੁਆਹ। ਤਨੁ—ਸਰੀਰ। ਰਹੈ—(ਜੇ ਕਬਰ ਵਿਚ) ਟਿਕਿਆ ਰਹੇ। ਕਿਰਮ—ਕੀੜੇ। ਖਾਈ—ਖਾ ਜਾਂਦਾ ਹੈ। ਗਾਗਰਿ—ਘੜੇ ਵਿਚ। ਨੀਰੁ—ਪਾਣੀ। ਪਰਤੁ ਹੈ—ਪੈਂਦਾ ਹੈ (ਤੇ ਨਿਕਲ ਜਾਂਦਾ ਹੈ)। ਇਹੈ—ਇਹ। ਬਡਾਈ—ਮਹੱਤਤਾ, ਮਾਣ, ਫ਼ਖ਼ਰ।੧।

ਫੂਲਿਆ ਫੂਲਿਆ—ਹੰਕਾਰ ਵਿਚ ਮੱਤਾ ਹੋਇਆ। ਮਾਸ—ਮਹੀਨੇ। ਉਰਧ ਮੁਖ—ਮੂੰਹ ਭਾਰ, ਉਲਟਾ। ਸੋ ਦਿਨੁ—ਉਹ ਸਮਾਂ।੧।ਰਹਾਉ।

ਮਧੁ—ਸ਼ਹਿਦ। ਸਠੋਰਿ—ਸਠੋਰ ਨੇ, ਮੂਰਖ ਨੇ, ਠੱਗ ਨੇ। ਲੇਹੁ ਲੇਹੁ—ਪੁੱਛ ਲੇਹੋ ਪੁੱਛ ਲੇਹੋ, ਜਾਂ ਲੈ ਚਲੋ ਲੈ ਚਲੋ। ਭੂਤ—ਗੁਜ਼ਰ ਚੁੱਕਿਆ ਪ੍ਰਾਣੀ, ਮੁਰਦਾ।੨।

ਦੇਹੁਰੀ—ਘਰ ਦੀ ਬਾਹਰਲੀ ਦਹਿਲੀਜ਼। ਲਉ—ਤੱਕ। ਬਰੀ ਨਾਰਿ—ਵਹੁਟੀ। ਸੰਗਿ ਭਈ—ਨਾਲ ਹੋਈ, ਨਾਲ ਗਈ। ਮਰਘਟ—ਮਸਾਣ। ਕੁਟੰਬੁ—ਪਰਿਵਾਰ। ਹੰਸੁ—ਆਤਮਾ।੩।

ਕੂਆ—ਖੂਹ। ਕਾਲ ਗ੍ਰਸ ਕੂਆ—ਉਸ ਖੂਹ ਵਿਚ ਜਿਸਨੂੰ ਮੌਤ ਨੇ ਘੇਰਿਆ ਹੋਇਆ ਹੈ। ਆਪੁ—ਆਪਣੇ ਆਪ ਨੂੰ। ਨਲਨੀ—ਤੋਤੇ ਨੂੰ ਫੜਨ ਲਈ ਬਣਾਈ ਹੋਈ ਨਲਨੀ। ਭ੍ਰਮਿ—ਭਰਮ ਵਿਚ, ਡਰ ਵਿਚ, ਡੁੱਬਣ ਦੇ ਡਰ ਵਿਚ। ਸੂਆ—ਤੋਤਾ।੪।

ਅਰਥ :

ਪ੍ਰ: ਕਬੀਰ ਜੀ! ਆਪ ਜੀ ਇਸ ਤਨ ਨੂੰ ਕਿਤਨੀ ਕੁ ਮਹੱਤਤਾ ਦੇਂਦੇ ਹੋ ਜਾਂ ਇਸ 'ਤੇ ਆਪ ਨੂੰ ਕਿਤਨਾ ਕੁ ਮਾਣ ਜਾਂ ਫ਼ਖ਼ਰ ਹੈ?

ਉ: ੧. ਹੇ ਪਿਆਰਿਓ! ਕੇਵਲ ਇਸ ਖ਼ਿਆਲ ਨੂੰ ਮੁਖ ਰੱਖ ਕੇ ਕਿ ਇਹ ਚੌਰਾਸੀ ਲੱਖ ਜੂਨਾਂ ਵਿੱਚੋਂ ਉੱਤਮ ਹੈ ਤੇ ਇਸ ਦੁਆਰਾ ਪ੍ਰਭੂ ਜੀ ਦੀ ਬੰਦਗੀ ਕੀਤੀ ਜਾਂਦੀ ਹੈ, ਫਿਰ ਤਾਂ ਇਸ ਨੂੰ ਮਾਣ ਦਿੱਤਾ ਜਾ ਸਕਦਾ ਹੈ, ਪਰ ਜੇ ਇਸ ਨੂੰ ਸਿਮਰਨ ਤੋਂ ਸੱਖਣਾ ਵੇਖੀਏ ਤਾਂ ਮਰਨ ਪਿੱਛੋਂ ਇਸ ਦੀ ਕੇਵਲ ਇਹੋ ਹੀ ਦਸ਼ਾ ਹੁੰਦੀ ਹੈ ਕਿ (ਮਰਨ ਤੋਂ ਬਾਅਦ) ਜੇ ਸਰੀਰ ਚਿਖਾ ਵਿਚ ਸਾੜਿਆ ਜਾਏ ਤਾਂ ਇਹ ਸੁਆਹ ਹੋ ਜਾਂਦਾ ਹੈ, ਜੇ ਕਦੀ ਇਹ ਕਬਰ ਵਿਚ ਟਿਕਿਆ ਰਹੇ ਤਾਂ ਕੀੜਿਆਂ ਦਾ ਦਲ ਇਸ ਨੂੰ ਖਾ ਜਾਂਦਾ ਹੈ।

੨. ਹੇ ਪਿਆਰਿਓ! ਜਿਵੇਂ ਕੱਚੇ ਘੜੇ ਵਿਚ ਪਾਣੀ ਪੈਂਦਾ ਹੈ, (ਤੇ ਘੜਾ ਗਲ ਕੇ ਪਾਣੀ ਬਾਹਰ ਨਿਕਲ ਜਾਂਦਾ ਹੈ) ਤਿਵੇਂ ਸੁਆਸ ਮੁੱਕ ਜਾਣ ਤੋਂ ਸਰੀਰ ਵਿੱਚੋਂ ਭੀ ਜਿੰਦ ਨਿਕਲ ਜਾਂਦੀ ਹੈ, ਸੋ ਇਸ ਸਰੀਰ ਦਾ ਭੀ ਇਤਨਾ ਕੁ ਹੀ ਮਾਣ ਹੈ, ਜਿਹੜਾ ਕਿ ਕੱਚੇ ਘੜੇ ਦਾ ਹੈ।੧।

੩. (ਇਸ ਲਈ) ਹੇ ਭਾਈ! ਤੂੰ ਕਿਸ ਗੱਲੋਂ ਹੰਕਾਰ ਵਿਚ ਫੁੱਲਾਂ ਵਾਂਗੂੰ ਫਲਿਆ ਤੇ ਆਫਰਿਆ ਫਿਰਦਾ ਹੈਂ?

੪. (ਹੇ ਭੋਲਿਆ ਦੱਸ) ਤੈਨੂੰ ਉਹ ਸਮਾਂ ਕਿਉਂ ਭੁੱਲ ਗਿਆ ਹੈ, ਜਦ ਕਿ ਤੂੰ (ਮਾਂ ਦੇ ਪੇਟ ਵਿਚ) ਦਸ ਮਹੀਨੇ ਮੂਧੇ ਮੂੰਹ ਉਲਟਾ ਟਿਕਿਆ ਰਿਹਾ ਸੈਂ।ਰਹਾਉ।

੫. ਹੇ ਭੋਲਿਆ! ਵੇਖ, ਜਿਵੇਂ (ਇਕ ਸ਼ਹਿਦ ਦੀ ਮੱਖੀ ਫੁੱਲਾਂ ਦਾ) ਰਸ ਜੋੜ-ਜੋੜ ਕੇ ਇਕੱਠਾ ਕਰਦੀ ਹੈ, ਤਿਵੇਂ ਮੂਰਖ ਬੰਦੇ ਨੇ ਸਰਫਾ ਕਰ-ਕਰ ਕੇ ਧਨ ਜੋੜਿਆ, (ਪਰ ਆਖ਼ਿਰ ਉਹ ਬਿਗਾਨਾ ਹੀ ਹੋ ਗਿਆ)।

੬. ਜਦੋਂ ਮੌਤ ਆਈ, ਤਾਂ ਸਭੇ ਸੰਬੰਧੀ ਇਹੋ ਹੀ ਆਖਦੇ ਹਨ ਕਿ ਇਸ ਤੋਂ ਪੁੱਛ ਲਵੋ, ਪੁੱਛ ਲਵੋ ਕਿ ਧਨ ਕਿੱਥੇ-ਕਿੱਥੇ ਰਖਿਆ ਹੈ, ਜਾਂ ਇਉਂ ਕਹਿੰਦੇ ਹਨ ਕਿ ਇਸ ਨੂੰ ਲੈ ਚਲੋ-ਲੈ ਚਲੋ ਤੇ ਪ੍ਰਾਣ ਨਿਕਲ ਜਾਣ ਤੋਂ ਬਾਅਦ ਕਹਿੰਦੇ ਹਨ ਕਿ ਇਹ ਹੁਣ ਬੀਤ ਚੁੱਕਿਆ ਹੈ, ਗੁਜ਼ਰ ਗਿਆ ਹੈ; ਹੁਣ (ਭੂਤ) ਇਸ ਮੁਰਦੇ ਨੂੰ ਘਰ ਵਿਚ ਕਿਉਂ ਰਹਿਣ ਦਿੱਤਾ ਹੈ, ਇਸ ਨੂੰ ਬਹੁਤਾ ਚਿਰ ਘਰ ਵਿਚ ਰੱਖਣ ਦਾ ਕੋਈ ਲਾਭ ਨਹੀਂ (ਭਾਵ ਛੇਤੀ ਬਾਹਰ ਕੱਢੋ)।੨।

ਪ੍ਰ: ਕਬੀਰ ਜੀ! ਮਨੁੱਖ ਤਾਂ ਮਨ ਵਿਚ ਹਰ ਵਕਤ ਇਹੋ ਹੀ ਆਸ ਲਾਈ ਬੈਠਾ ਰਹਿੰਦਾ ਹੈ ਕਿ ਜਿਨ੍ਹਾਂ ਸੰਬੰਧੀਆਂ ਨਾਲ ਮੇਰਾ ਇਤਨਾ ਗੂੜ੍ਹਾ ਰਿਸ਼ਤਾ ਹੈ, ਉਹ ਅੰਤ ਸਮੇਂ ਮੇਰੀ ਜ਼ਰੂਰ ਮਦਦ ਕਰਨਗੇ, ਕੀ ਇਹ ਖ਼ਿਆਲ ਗ਼ਲਤ ਹੈ?

ਉ: ੭. (ਹਾਂ ਗ਼ਲਤ ਹੈ) ਹੇ ਭੋਲਿਆ ਵੇਖ, ਸਭ ਤੋਂ ਵਧੀਕ ਨੇੜੇ ਦਾ ਰਿਸ਼ਤਾ ਤੇਰਾ ਘਰਵਾਲੀ ਵਹੁਟੀ ਨਾਲ ਹੈ, ਉਹ ਭੀ ਮੁਰਦੇ ਦੇ ਨਾਲ ਘਰ ਦੀ ਬਾਹਰਲੀ ਦਹਿਲੀਜ਼ ਤੱਕ ਹੀ ਜਾਂਦੀ ਹੈ, ਅਗਾਹਾਂ ਸੱਜਣ-ਮਿੱਤਰ ਚੁੱਕ ਲੈ ਜਾਂਦੇ ਹਨ।

੮. ਮਸਾਣਾਂ ਤਕ ਪਰਿਵਾਰ ਦੇ ਬੰਦੇ ਤੇ ਹੋਰ ਲੋਕ ਜਾਂਦੇ ਹਨ, ਪਰ ਪ੍ਰਲੋਕ ਵਿਚ ਤਾਂ ਜੀਵ-ਆਤਮਾ ਇਕੱਲੀ ਹੀ ਜਾਂਦੀ ਹੈ।੩।

ਪ੍ਰ: ਕਬੀਰ ਜੀ! ਮੈਨੂੰ ਉਪਦੇਸ਼ ਦਿਓ ਤਾਂਕਿ ਮੈਂ ਭੀ ਆਪਣੇ-ਆਪ ਨੂੰ ਸੰਭਾਲ ਸਕਾਂ?

ਉ: ੯. ਕਹਿੰਦੇ ਹਨ ਕਬੀਰ ਜੀ ਕਿ ਹੇ ਬੰਦੇ! ਤੂੰ ਉਸ ਖੂਹ ਵਿਚ ਡਿੱਗਾ ਪਿਆ ਹੈਂ, ਜਿਸ ਨੂੰ ਕਿ ਮੌਤ ਨੇ ਘੇਰਿਆ ਹੋਇਆ ਹੈ, (ਭਾਵ ਮੌਤ ਅਵੱਸ਼ ਆਉਂਦੀ ਹੈ)।

੧੦. ਪਰ ਹੇ ਬੰਦੇ! ਤੂੰ ਆਪਣੇ ਆਪ ਨੂੰ ਇਸ ਮਾਇਆ ਨਾਲ ਬੰਨ੍ਹ ਰੱਖਿਆ ਹੈ, ਜਿਸ ਨਾਲ ਸਾਥ ਨਹੀਂ ਨਿਭਣਾ, ਜਿਵੇਂ ਤੋਤਾ ਮੌਤ ਦੇ ਡਰ ਤੋਂ ਆਪਣੇ ਆਪ ਨੂੰ ਨਲਨੀ ਨਾਲ ਚੰਬੋੜ ਰੱਖਦਾ ਹੈ।

ਨੋਟ : ਨਲਨੀ ਨਾਲ ਚੰਬੜਨਾ ਤੋਤੇ ਦੀ ਫਾਹੀ ਦਾ ਕਾਰਨ ਬਣਦਾ ਹੈ, ਮਾਇਆ ਨਾਲ ਚੰਬੜੇ ਰਹਿਣਾ ਮਨੁੱਖ ਦੀ ਆਤਮਿਕ ਮੌਤ ਦਾ ਕਾਰਨ ਬਣਦਾ ਹੈ।

ਭਾਵਾਰਥ : ਸ਼ਬਦ ਦਾ ਸਮੁੱਚਾ ਭਾਵ ਹੈ ਕਿ ਮਾਇਆ ਦਾ ਮਾਣ ਕੂੜਾ ਹੈ, ਕਿਸੇ ਭੀ ਚੀਜ਼ ਨਾਲ ਸਾਥ ਸਦਾ ਨਹੀਂ ਨਿਭਦਾ, ਮਾਇਆ ਦਾ ਮੋਹ ਸਗੋਂ ਮਨੁੱਖ ਦੀ ਆਤਮਿਕ ਮੌਤ ਦਾ ਕਾਰਨ ਬਣਦਾ ਹੈ, ਜਿਵੇਂ ਨਲਨੀ ਨਾਲ ਚੰਬੜ ਕੇ ਤੋਤਾ ਬਿਗਾਨੀ ਕੈਦ ਵਿਚ ਫਸਦਾ ਹੈ।

੧. ਬੇਦ ਪੁਰਾਨ ਸਭੈ ਮਤ ਸੁਨਿ ਕੈ
ਕਰੀ ਕਰਮ ਕੀ ਆਸਾ ॥
੨. ਕਾਲ ਗ੍ਰਸਤ ਸਭ ਲੋਗ ਸਿਆਨੇ
ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥
੩. ਮਨ ਰੇ ਸਰਿਓ ਨ ਏਕੈ ਕਾਜਾ ॥
੪. ਭਜਿਓ ਨ ਰਘੁਪਤਿ ਰਾਜਾ ॥੧॥ ਰਹਾਉ ॥
੫. ਬਨ ਖੰਡ ਜਾਇ ਜੋਗੁ ਤਪੁ ਕੀਨੋ
ਕੰਦ ਮੂਲੁ ਚੁਨਿ ਖਾਇਆ ॥
੬. ਨਾਦੀ ਬੇਦੀ ਸਬਦੀ ਮੋਨੀ
ਜਮ ਕੇ ਪਟੈ ਲਿਖਾਇਆ ॥੨॥
੭. ਭਗਤਿ ਨਾਰਦੀ ਰਿਦੈ ਨ ਆਈ
ਕਾਛਿ ਕੂਛਿ ਤਨੁ ਦੀਨਾ ॥
੮. ਰਾਗ ਰਾਗਨੀ ਡਿੰਭ ਹੋਇ ਬੈਠਾ
ਉਨਿ ਹਰਿ ਪਹਿ ਕਿਆ ਲੀਨਾ ॥੩॥
੯. ਪਰਿਓ ਕਾਲੁ ਸਭੈ ਜਗ ਊਪਰ
ਮਾਹਿ ਲਿਖੇ ਭ੍ਰਮ ਗਿਆਨੀ ॥
੧੦. ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ ॥੪॥੩॥

ਪਦ ਅਰਥ : ਕਰੀ—ਜਿਨ੍ਹਾਂ ਸਿਆਣੇ ਲੋਕਾਂ ਨੇ, ਕੀਤੀ। ਕਰਮ—ਕਰਮ-ਕਾਂਡ। ਗ੍ਰਸਤ—ਗ੍ਰਸੇ ਹੋਏ। ਕਾਲ ਗ੍ਰਸਤ—ਮੌਤ ਦੇ ਡਰ ਵਿਚ ਗ੍ਰਸੇ ਹੋਏ। ਪੈ—ਭੀ। ਨਿਰਾਸਾ—ਆਸ ਪੂਰੀ ਹੋਣ ਤੋਂ ਬਿਨਾ।੧।

ਸਰਿਓ ਨ—ਸਿਰੇ ਨਾ ਚੜ੍ਹਿਆ।ਰਹਾਉ।

ਬਨ ਖਡ—ਜੰਗਲਾਂ ਵਿਚ। ਜਾਇ—ਜਾ ਕੇ। ਕੰਦ ਮੂਲੁ—ਗਾਜਰ, ਮੂਲੀ ਆਦਿਕ। ਨਾਦੀ—ਜੋਗੀ। ਬੇਦੀ—ਕਰਮ-ਕਾਂਡੀ। ਸਬਦੀ—'ਅਲੱਖ' ਆਖਣ ਵਾਲੇ ਦਤ ਮਤ ਦੇ ਜੋਗੀ। ਮੋਨੀ—ਚੁੱਪ ਸਾਧਣ ਵਾਲੇ, ਸਮਾਧੀ ਵਿਚ ਟਿੱਕਣ ਵਾਲੇ। ਪਟੈ—ਲੇਖੇ ਵਿਚ।੨।

ਭਗਤਿ ਨਾਰਦੀ—ਪ੍ਰੇਮਾ ਭਗਤੀ। ਤਨੁ ਕਾਛਿ ਕੂਛਿ ਦੀਨਾ—ਸਰੀਰ ਨੂੰ ਸ਼ਿੰਗਾਰ ਲਿਆ, ਸਰੀਰ ਉੱਤੇ ਚੱਕ੍ਰ ਆਦਿ ਬਣਾ ਲਏ। ਡਿੰਭ—ਪਖੰਡ। ਉਨਿ—ਉਸ ਅਜਿਹੇ ਮਨੁੱਖ ਨੇ।੩।

ਮਾਹਿ—ਵਿਚੇ ਹੀ। ਭ੍ਰਮ ਗਿਆਨੀ—ਭਰਮੀ ਗਿਆਨੀ। ਖਾਲਸੇ—ਆਜ਼ਾਦ। ਜਿਸ—ਜਿਨ੍ਹਾਂ ਨੇ।੪।

ਅਰਥ :

ਪ੍ਰ: ਕਿਉਂ ਕਬੀਰ ਜੀਉ! ਤੁਸੀਂ ਅੱਠੇ ਹੀ ਪਹਿਰ ਭਗਤੀ ਕਰਨ ਵਿਚ ਜੁੱਟੇ ਰਹਿੰਦੇ ਹੋ, ਪਰ ਅਸੀਂ ਤੁਹਾਨੂੰ ਕਦੀ ਭੀ ਵੇਦ ਪੁਰਾਨ ਆਦਿਕਾਂ ਦੇ ਮਤਾਂ ਨੂੰ ਸੁਣ ਕੇ ਕਰਮ-ਕਾਂਡ ਕਰਨ ਦੀ ਇੱਛਾ ਕਰਨ ਦਾ ਪ੍ਰਯਤਨ ਕਰਦੇ ਨਹੀਂ ਵੇਖਿਆ, ਇਸ ਦਾ ਅਸਲ ਕਾਰਨ ਕੀ ਹੈ?

ਉ: ੧. ਹੇ ਭਾਈਓ! (ਅਸਲ ਵਿਚ ਇਸ ਦਾ ਸਹੀ ਕਾਰਨ ਇਹੋ ਹੈ ਕਿ ਮੈਂ ਅਸਲੀਅਤ ਤੱਕ ਰਿਹਾ ਹਾਂ ਕਿ) ਜਿਨ੍ਹਾਂ ਵੀ

ਸਿਆਣਿਆਂ ਬੰਦਿਆਂ ਨੇ ਵੇਦਾਂ ਪੁਰਾਣਾਂ ਆਦਿਕਾਂ ਦੇ ਸਾਰੇ ਹੀ ਮੱਤ ਸੁਣ ਕੇ, ਕਰਮ-ਕਾਂਡ ਦੀ (ਮਨ ਵਿਚ) ਆਸ ਰੱਖੀ, (ਭਾਵ ਆਸ ਇਹ ਰੱਖੀ ਕਿ ਕਰਮ-ਕਾਂਡ ਨਾਲ ਸਾਡਾ) ਜੀਵਨ ਸੌਰੇਗਾ, (ਅਰਥਾਤ ਸਾਕਾਮ ਕਰਮਾਂ ਦੁਆਰਾ ਸਾਡੀ ਮੁਕਤੀ ਹੋਵੇਗੀ)।

੨. ਪਰ ਹੇ ਭਾਈਓ! ਮੈਂ ਤਾਂ ਵੇਖਿਆ ਹੈ ਕਿ ਉਹ ਸਿਆਣੇ ਲੋਕ ਆਪਣੀ ਆਸਾ ਤੋਂ ਉਲਟ, ਸਗੋਂ ਕਾਲ ਵਿਚ ਹੀ ਗ੍ਰਸੇ ਗਏ, ਭਾਵ ਕਾਲ ਨੇ ਹੀ ਉਨ੍ਹਾਂ ਨੂੰ ਖਾ ਲਿਆ। ਏਥੇ ਹੀ ਬੱਸ ਨਹੀਂ, ਵੇਦਾਂ ਪੁਰਾਣਾਂ ਦਾ ਉਪਦੇਸ਼ ਕਰਨ ਵਾਲੇ ਪੰਡਤ ਲੋਕ ਭੀ ਆਸ ਪੂਰੀ ਹੋਣ ਤੋਂ ਬਿਨਾ, ਨਿਰਾਸ਼ੇ ਹੀ ਉੱਠ ਕੇ ਚਲੇ ਗਏ (ਜਗਤ ਤਿਆਗ ਗਏ)।੧।

੩-੪. ਕਬੀਰ ਜੀ ਮਨ ਪ੍ਰਤੀ ਸੰਬੋਧਨ ਕਰਦੇ ਹੋਏ ਲੋਕਾਂ ਨੂੰ ਸਮਝਾ ਰਹੇ ਹਨ ਕਿ ਹੇ ਮਨ! ਤੂੰ ਪ੍ਰਕਾਸ਼ ਰੂਪ ਪਰਮੇਸ਼ਰ ਦਾ ਭਜਨ ਨਹੀਂ ਕੀਤਾ, ਤੈਥੋਂ ਇਹ ਇਕ ਕੰਮ ਭੀ (ਜੋ ਕਰਨ ਜੋਗ ਸੀ) ਨਹੀਂ ਹੋ ਸਕਿਆ।੧।ਰਹਾਉ।

ਪ੍ਰ: ਕਬੀਰ ਜੀਓ! ਜੋ ਲੋਕ ਜੰਗਲਾਂ ਵਿਚ ਜਾ ਕੇ ਜਪ, ਤਪ ਕਰਦੇ ਹਨ, ਗਾਜਰਾਂ ਮੂਲੀਆਂ ਖਾ ਕੇ ਗੁਜ਼ਾਰਾ ਕਰਦੇ ਹਨ, ਜੋਗੀ, ਕਰਮ-ਕਾਂਡੀ ਆਦਿਕ ਅਨੇਕਾਂ ਸਾਧਨਾਂ ਕਰਦੇ ਵੇਖੀਦੇ ਹਨ, ਕੀ ਇਹ ਇਨ੍ਹਾਂ ਦੇ ਸਾਰੇ ਕੀਤੇ ਸਾਧਨ ਇਨ੍ਹਾਂ ਨੂੰ ਕਾਲ ਤੋਂ ਬਚਾਅ ਨਹੀਂ ਸਕਣਗੇ?

ਉ: ੫. (ਨਹੀਂ) ਹੇ ਪਿਆਰਿਓ! ਮੈਂ ਵੇਖ ਰਿਹਾ ਹਾਂ ਕਿ ਕਈ ਲੋਕਾਂ ਨੇ ਜੰਗਲਾਂ ਵਿਚ ਜਾ ਕੇ ਜੋਗ ਸਾਧੇ, ਤਪ ਕੀਤੇ, ਗਾਜਰ ਮੂਲੀ ਆਦਿਕ ਚੁਣ ਖਾ ਕੇ ਗੁਜ਼ਾਰਾ ਕੀਤਾ।

੬. ਜੋਗੀ, ਕਰਮ-ਕਾਂਡੀ, ਅਲੱਖ ਆਖਣ ਵਾਲੇ ਜੋਗੀ, ਮੋਨ ਧਾਰੀ, ਇਹ ਸਾਰੇ ਹੀ ਜਮ ਦੇ ਪਟੇ ਵਿਚ ਹੀ ਲਿਖੇ ਗਏ। ਜਮ ਦੇ ਰੋਜ਼ਨਾਮਚੇ ਵਿਚ ਹੀ ਲਿਖੇ ਅਰਥਾਤ ਇਨ੍ਹਾਂ ਦੇ ਕੀਤੇ ਸਾਧਨ ਇਨ੍ਹਾਂ ਨੂੰ ਮੌਤ ਦੇ ਡਰ ਤੋਂ ਬਚਾਅ ਨਹੀਂ ਸਕਦੇ, ਇਹ ਭੀ ਮੁਕਤੀ ਤੋਂ ਸੱਖਣੇ ਹੀ ਰਹਿ ਜਾਣਗੇ।੨।

ਪ੍ਰ: ਕਬੀਰ ਜੀਓ! ਵੇਖਦੇ ਹਾਂ ਕਿ ਬਹੁਤ ਸਾਰੇ ਲੋਕਾਂ ਨੇ ਆਪੋ-ਆਪਣੇ ਸਰੀਰਾਂ 'ਤੇ ਧਾਰਮਿਕ ਚਿੰਨ੍ਹ ਤਾਂ ਪਹਿਰੇ ਹੋਏ ਹਨ, ਪਰ ਉਨ੍ਹਾਂ ਨੂੰ ਭਗਤੀ ਕਰਦਿਆਂ ਕਦੇ ਭੀ ਨਹੀਂ ਤਕਿਆ, ਕੀ ਉਨ੍ਹਾਂ ਨੂੰ ਭੀ ਕੋਈ ਲਾਭ ਹੋ ਸਕੇਗਾ?

ਉ: ੭. (ਨਹੀਂ) ਹੇ ਭਾਈਓ! ਜਿਨ੍ਹਾਂ ਲੋਕਾਂ ਨੇ ਸਰੀਰ ਉੱਤੇ ਤਾਂ (ਧਾਰਮਿਕ ਚਿੰਨ੍ਹ) ਚੱਕ੍ਰ ਆਦਿਕ ਲਾ ਲਏ ਹਨ, ਪਰ ਪ੍ਰੇਮਾ-ਭਗਤੀ ਉਸ ਦੇ ਹਿਰਦੇ ਵਿਚ ਪੈਦਾ ਨਹੀਂ ਹੋਈ।

ਨੋਟ : (ਨਾਰਦ ਜੀ ਦਾ ਭਗਤੀ ਸੂਤਰ ਇਕ ਗ੍ਰੰਥ ਹੈ, ਉਸ ਵਿਚ ਅਨਿੰਨ ਭਗਤੀ ਦਾ ਉਪਦੇਸ਼ ਕੀਤਾ ਹੈ, ਇਹ ਉਸ ਵੱਲ ਇਸ਼ਾਰਾ ਹੈ)।

੮. ਹੇ ਭਾਈ! ਜੋ ਰਾਗ ਰਾਗਨੀਆਂ ਤਾਂ ਗਾਉਂਦਾ ਹੈ, ਪਰ ਨਿਰਾ ਪਾਖੰਡ ਮੂਰਤੀ ਹੀ ਬਣ ਬੈਠਾ ਹੈ, ਦੱਸੋ ਉਸ ਨੇ ਹਰੀ ਪਾਸੋਂ ਕੀ ਲੈਣਾ ਹੈ, ਭਾਵ ਹੈ ਅਜਿਹੇ ਮਨੁੱਖ ਨੂੰ ਹਰੀ ਪਾਸੋਂ ਕੁਝ ਨਹੀਂ ਮਿਲਦਾ, ਉਹ ਭੀ ਜਮਾਂ ਦੇ ਹੀ ਹਵਾਲੇ ਹੋਵੇਗਾ।੩।

ਪ੍ਰ: ਕਬੀਰ ਜੀ! ਦੱਸੋ ਹੁਣ ਤੁਹਾਡੀ ਦ੍ਰਿਸ਼ਟੀ ਵਿਚ ਕੀ ਆ ਰਿਹਾ ਹੈ?

ਉ: ੯. ਹੇ ਭਾਈਓ! ਮੈਨੂੰ ਤਾਂ ਇਹੋ ਹੀ ਨਜ਼ਰ ਆਉਂਦਾ ਹੈ ਕਿ ਸਾਰੇ ਹੀ ਜਗਤ ਦੇ ਸਿਰ ਉੱਤੇ ਕਾਲ ਪਿਆ ਹੋਇਆ ਹੈ; ਭਾਵ ਕਾਲ ਦਾ ਸਹਿਮ ਪੈ ਰਿਹਾ ਹੈ ਅਤੇ ਜੋ ਲੋਕ ਭਰਮ ਗਿਆਨੀ ਹਨ, ਭਾਵ ਭਰਮ ਵਿਚ ਭੁਲੇ ਹੋਏ ਲੋਕ ਜੋ ਆਪ ਨੂੰ ਗਿਆਨੀ ਕਹਾਉਂਦੇ ਹਨ, ਉਹ ਭੀ ਉਸੇ ਕਾਲ ਦੇ ਰੋਜ਼ਨਾਮਚੇ ਵਿਚ ਲਿਖੇ ਹੋਏ ਹਨ; (ਅਰਥਾਤ ਕੇਵਲ ਪੜ੍ਹ ਕੇ ਗਿਆਨੀ ਹੋ ਜਾਣ ਨਾਲ ਮੁਕਤੀ ਨਹੀਂ ਹੋਣੀ, ਭਰਮ ਦੇ ਦੂਰ ਹੋਣ ਨਾਲ ਹੀ ਮੁਕਤੀ ਹੋਣੀ ਹੈ)।

ਪ੍ਰ: ਕਬੀਰ ਜੀ! ਤਾਂ ਫਿਰ ਦੱਸੋ ਤੁਹਾਡੀ ਦ੍ਰਿਸ਼ਟੀ ਵਿਚ ਮੌਤ ਤੋਂ ਆਜ਼ਾਦ ਹੋਣ ਵਾਲਾ ਕੌਣ ਹੈ?

ਉ: ੧੦. ਕਹਿੰਦੇ ਹਨ ਕਬੀਰ ਜੀ ਕਿ ਐ ਭਾਈਓ! ਸੁਣੋ, ਜਿਨ੍ਹਾਂ ਨੇ ਉਸ ਪ੍ਰਭੂ ਜੀ ਦੀ ਪ੍ਰੇਮਾ-ਭਗਤੀ ਕਰਨੀ ਸਮਝ ਲਈ ਹੈ, ਬਸ, ਉਹੋ ਹੀ ਮੌਤ ਦੇ ਸਹਿਮ ਵੱਲੋਂ ਆਜ਼ਾਦ ਹੋ ਗਏ ਹਨ।੪।੩।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਜੀ ਦਾ ਮੁਖ ਭਾਵ ਹੈ ਕਿ ਇਕ ਪਰਮੇਸ਼ਰ ਦਾ ਭਜਨ ਕਰਨਾ ਹੀ ਮਨੁੱਖ ਦਾ ਮੁੱਖ ਕਰਮ ਹੈ, ਇਹੋ ਹੀ ਇਸ ਨੂੰ ਮੌਤ ਦੇ ਸਹਿਮ ਤੋਂ ਬਚਾ ਸਕਦਾ ਹੈ; ਕਰਮ-ਕਾਂਡ, ਜੋਗ, ਜਪ, ਤਪ ਆਦਿਕ ਸਿਮਰਨ ਦੇ ਟਾਕਰੇ ਵਿਚ ਤੁੱਛ ਰੂਪ ਹਨ।

ਘਰੁ ੨ ॥

੧. ਦੁਇ ਦੁਇ ਲੋਚਨ ਪੇਖਾ ॥
੨. ਹਉ ਹਰਿ ਬਿਨੁ ਅਉਰੁ ਨ ਦੇਖਾ ॥
੩. ਨੈਨ ਰਹੇ ਰੰਗੁ ਲਾਈ ॥
੪. ਅਬ ਬੇ ਗਲ ਕਹਨੁ ਨ ਜਾਈ ॥੧॥
੫. ਹਮਰਾ ਭਰਮੁ ਗਇਆ ਭਉ ਭਾਗਾ ॥
੬. ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥
੭. ਬਾਜੀਗਰ ਡੰਕ ਬਜਾਈ ॥
੮. ਸਭ ਖਲਕ ਤਮਾਸੇ ਆਈ ॥
੯. ਬਾਜੀਗਰ ਸ੍ਵਾਂਗੁ ਸਕੇਲਾ ॥
੧੦. ਅਪਨੇ ਰੰਗ ਰਵੈ ਅਕੇਲਾ ॥੨॥
੧੧. ਕਥਨੀ ਕਹਿ ਭਰਮੁ ਨ ਜਾਈ ॥
੧੨. ਸਭ ਕਥਿ ਕਥਿ ਰਹੀ ਲੁਕਾਈ ॥
੧੩. ਜਾ ਕਉ ਗੁਰਮੁਖਿ ਆਪਿ ਬੁਝਾਈ ॥
੧੪. ਤਾ ਕੇ ਹਿਰਦੈ ਰਹਿਆ ਸਮਾਈ ॥੩॥
੧੫. ਗੁਰ ਕਿੰਚਤ ਕਿਰਪਾ ਕੀਨੀ ॥
੧੬. ਸਭੁ ਤਨੁ ਮਨੁ ਦੇਹ ਹਰਿ ਲੀਨੀ ॥
੧੭. ਕਹਿ ਕਬੀਰ ਰੰਗਿ ਰਾਤਾ ॥
੧੮. ਮਿਲਿਓ ਜਗਜੀਵਨ ਦਾਤਾ ॥੪॥੪॥

ਪਦ ਅਰਥ : ਦੋਇ ਦੋਇ ਲੋਚਨ—ਦੋਹੀਂ ਦੋਹੀਂ ਅੱਖੀਂ, (ਭਾਵ

ਚੰਗੀ ਤਰ੍ਹਾਂ ਅੱਖਾਂ ਖੋਲ੍ਹ ਕੇ, ਗਹੁ ਨਾਲ)। ਪੇਖਾ—ਪੇਖਾਂ, ਮੈਂ ਵੇਖਦਾ ਹਾਂ। ਨੈਨ—ਅੱਖਾਂ। ਹਉ—ਮੈਂ। ਅਉਰੁ—ਕੋਈ ਹੋਰ, ਕਿਸੇ ਹੋਰ ਨੂੰ। ਨ ਦੇਖਾ—ਨਾ ਦੇਖਾਂ, ਮੈਂ ਨਹੀਂ ਵੇਖਦਾ। ਰੰਗੁ—ਪਿਆਰ। ਰਹੇ ਲਾਈ—ਲਾਇ ਰਹੇ, ਲਾ ਰਹੇ ਹਨ। ਬੇ ਗਲ—ਕੋਈ ਹੋਰ ਗੱਲ।੧।

ਭਰਮ—ਭੁਲੇਖਾ।੧।ਰਹਾਉ।

ਬਾਜੀਗਰ—ਤਮਾਸ਼ਾ ਕਰਨ ਵਾਲੇ (ਪ੍ਰਭੂ ਨੇ)। ਡੰਕ—ਡੁਗ-ਡੁਗੀ। ਖਲਕ—ਖ਼ਲਕਤ। ਤਮਾਸ਼ੇ—ਤਮਾਸ਼ਾ ਵੇਖਣ। ਸ੍ਵਾਂਗ—ਸਾਂਗ, ਤਮਾਸ਼ਾ। ਸਕੇਲਾ—ਸਮੇਟਿਆ, ਸਾਂਭਦਾ ਹੈ। ਰੰਗਿ ਰਵੈ—ਮੌਜ ਵਿਚ ਰਹਿੰਦਾ ਹੈ।੨।

ਕਥਨੀ ਕਹਿ—ਨਿਰੀਆਂ ਗੱਲਾਂ ਕਰ ਕੇ। ਸਭ ਲੁਕਾਈ—ਸਾਰੀ ਲੁਕਾਈ, ਸਾਰੀ ਸ੍ਰਿਸ਼ਟੀ। ਰਹੀ—ਥੱਕ ਗਈ। ਗੁਰਮੁਖਿ—ਗੁਰੂ ਦੇ ਰਾਹੀਂ। ਆਪਿ—ਪ੍ਰਭੂ ਆਪ। ਬੁਝਾਈ—ਸਮਝ ਬਖ਼ਸ਼ਦਾ ਹੈ।੩।

ਕਿੰਚਤ—ਥੋੜ੍ਹੀ ਜਿਹੀ। ਹਰਿ ਲੀਨੀ—ਹਰੀ ਵਿਚ ਲੀਨ ਹੋ ਜਾਂਦਾ ਹੈ। ਰੰਗਿ—ਪਿਆਰ ਵਿਚ। ਰਾਤਾ—ਰੰਗਿਆ ਜਾਂਦਾ ਹੈ।੪।

ਅਰਥ :

ਪ੍ਰ: ਸ੍ਰੀ ਕਬੀਰ ਜੀਉ! ਪ੍ਰਭੂ ਦੀ ਮਿਹਰ ਭਰੀ ਬੰਦਗੀ ਕਰਨ ਵਿਚ ਜੋ ਤੁਹਾਨੂੰ ਪੂਰਨ ਸਫਲਤਾ ਪ੍ਰਾਪਤ ਹੋਣ ਨਾਲ ਮਾਨਸਕ ਅਵਸਥਾ ਵਿਚ ਬਦਲ ਆਈ ਪ੍ਰਤੀਤ ਹੋ ਰਹੀ ਹੈ, ਉਹ ਕਿਸ ਰੂਪ ਵਿਚ ਹੈ, ਸਾਨੂੰ ਭੀ ਦਰਸਾਉਣ ਦੀ ਕਿਰਪਾ ਕਰੋ ?

ਉ: ੧. ਹੇ ਭਾਈਓ! ਨਿਸ਼ਚਤ ਗੱਲ ਤਾਂ ਇਹੋ ਹੀ ਹੈ ਕਿ ਮੈਂ ਜਦੋਂ ਪ੍ਰਭੂ ਦੀ ਪਿਆਰ ਭਰੀ ਭਗਤੀ ਤੋਂ ਸੱਖਣਾ ਸਾਂ ਤਾਂ ਮੈਨੂੰ ਹਰ ਪਾਸੇ ਹਰ ਸਮੇਂ ਹੀ ਭਿੰਨ-ਭਿੰਨ ਭੇਦ, ਵੱਖੋ-ਵੱਖ ਰੂਪ ਨਜ਼ਰ ਆਉਂਦੇ ਸਨ, ਪਰ ਜਦੋਂ ਮੈਂ ਸਾਈਂ ਜੀ ਦੀ ਭਗਤੀ ਵਿਚ ਤੱਤਪਰ ਹੋਇਆ ਤਾਂ ਹੁਣ ਮੈਨੂੰ ਇਨ੍ਹਾਂ ਦੋਨੋਂ ਪ੍ਰਕਾਰ ਦੀਆਂ ਅੱਖਾਂ (ਪ੍ਰਤੱਖ ਅਤੇ ਮਨ ਬੁੱਧੀ) ਨੂੰ ਜਿਧਰ ਭੀ ਖੋਲ੍ਹ ਕੇ ਤੱਕਦਾ ਹਾਂ।

੨. ਤਾਂ ਮੈਨੂੰ ਪਰਮੇਸ਼ਰ ਤੋਂ ਬਿਨਾ ਹੋਰ (ਓਪਰਾ) ਕੋਈ ਦਿੱਸਦਾ ਹੀ ਨਹੀਂ।

੩. ਹੇ ਭਾਈਓ! ਹੁਣ ਮੇਰੀਆਂ (ਪ੍ਰਤਖਸ਼ ਤੇ ਮਨ ਬੁੱਧੀ ਰੂਪ ਅੱਖਾਂ) ਪ੍ਰਭੂ ਨਾਲ ਪਿਆਰ ਲਾਈ ਬੈਠੀਆਂ ਹਨ, (ਇਸ ਲਈ ਹੁਣ ਮੈਨੂੰ ਹਰ ਪਾਸੇ ਪ੍ਰਭੂ ਹੀ ਦਿੱਸਦਾ ਹੈ)।

੪. ਹੁਣ ਮੈਥੋਂ, ਹੋਰ ਕੋਈ ਦ੍ਵੈਤ ਦੀ ਗੱਲ ਆਖੀ ਹੀ ਨਹੀਂ ਜਾ ਸਕਦੀ, (ਭਾਵ ਮੈਂ ਹੁਣ ਇਹ ਆਖਣ ਜੋਗਾ ਹੀ ਨਹੀਂ ਰਿਹਾ ਕਿ ਪ੍ਰਭੂ ਤੋਂ ਬਿਨਾ ਕੋਈ ਹੋਰ ਭੀ ਕਿਤੇ ਹੈ)।੧।

੫. ਹੇ ਭਾਈ! ਮੇਰਾ ਹੁਣ ਭੁਲੇਖਾ ਦੂਰ ਹੋ ਗਿਆ (ਕਿ ਪ੍ਰਭੂ ਤੋਂ ਬਿਨਾ ਕੋਈ ਹੋਰ ਹਸਤੀ ਭੀ ਜਗਤ ਵਿਚ ਹੈ, ਇਸ ਭੁਲੇਖੇ ਦੇ ਦੂਰ ਹੋਣ ਨਾਲ) ਹੁਣ ਕੋਈ ਡਰ ਨਹੀਂ ਰਹਿ ਗਿਆ, (ਕਿਉਂਕਿ ਡਰ ਤਾਂ ਕਿਸੇ ਓਪਰੇ ਪਾਸੋਂ ਹੀ ਹੋ ਸਕਦਾ ਹੈ)।

੬. ਪਰ ਹਾਂ, ਇਹ ਸਭੋ ਕੁਝ ਤਦੋਂ ਹੀ ਹੋਇਆ ਹੈ, ਜਦੋਂ ਕਿ ਮੇਰਾ ਚਿੱਤ ਪਰਮੇਸ਼ਰ ਦੇ ਨਾਮ ਵਿਚ (ਪੂਰਨ ਤੌਰ 'ਤੇ) ਗਿੱਝ ਗਿਆ।੧।ਰਹਾਉ।

ਪ੍ਰ: ਕਬੀਰ ਜੀ! ਹੁਣ ਇਹ ਦੱਸੋ ਕਿ ਤੁਹਾਨੂੰ ਇਸ ਜਗਤ ਦੀ ਪ੍ਰਤੀਤੀ ਕਿਵੇਂ ਹੋ ਰਹੀ ਹੈ ?

ਉ: ੭. ਹੇ ਭਾਈਓ! ਜਗਤ ਮੈਨੂੰ ਹੁਣ ਇਉਂ ਦਿੱਸਦਾ ਹੈ ਕਿ ਜਿਵੇਂ ਇਕ

੮. ਮਦਾਰੀ ਜਦੋਂ ਡਉਰੂ ਵਜਾਉਂਦਾ ਹੈ, ਉਸ ਵੇਲੇ ਸਾਰੀ ਖਲਕਤ ਤਮਾਸ਼ਾ ਵੇਖਣ ਨੂੰ ਆ ਜਾਂਦੀ ਹੈ। (ਪਰ):

੯. ਜਦੋਂ ਮਦਾਰੀ ਤਮਾਸ਼ੇ ਨੂੰ ਸਮੇਟ ਲੈਂਦਾ ਹੈ।

੧੦. ਤਾਂ ਫਿਰ ਉਹ ਇਕੱਲਾ ਹੀ ਆਪਣੇ ਅਨੰਦ ਨੂੰ ਮਾਣਦਾ ਹੈ। ਇਵੇਂ ਹੀ ਜਦੋਂ ਈਸ਼ਵਰ ਨੇ ਇਕ ਤੋਂ ਅਨੇਕ ਰੂਪ ਹੋਣ ਦੀ ਇੱਛਾ ਕੀਤੀ ਸੀ ਤਾਂ ਇਹ ਸਾਰੀ ਹੀ ਖ਼ਲਕਤ ਇਕ ਤਮਾਸ਼ਾ ਰੂਪ ਹੋ ਕੇ ਆ ਗਈ ਹੈ। ਜਦੋਂ ਉਹ ਇਸ ਖੇਡ ਨੂੰ ਸਮੇਟ ਲਏਗਾ, ਫਿਰ ਉਹ ਇਕੱਲਾ ਹੀ ਮੌਜਾਂ ਮਾਣੇਗਾ, ਭਾਵ ਫਿਰ ਉਹ ਇਕੱਲਾ ਆਪ ਹੀ ਆਪਣੀ ਮੌਜ ਵਿਚ ਰਹਿੰਦਾ ਹੈ।੨।

ਪ੍ਰ: ਕਬੀਰ ਜੀ! ਦ੍ਵੈਤ-ਭਾਵ ਦਾ ਭੁਲੇਖਾ ਦੂਰ ਕਰਨ ਵਾਲੀਆਂ ਗੱਲਾਂ ਤਾਂ ਬਹੁਤ ਗਿਆਨੀ ਲੋਕ ਕਥਨ ਕਰਦੇ ਵੇਖੀਦੇ ਹਨ, ਕੀ ਉਨ੍ਹਾਂ ਸਾਰਿਆਂ ਹੀ ਚੁੰਚ-ਗਿਆਨੀਆਂ ਦਾ ਭਰਮ ਦੂਰ ਹੋ ਜਾਂਦਾ ਹੈ ?

ਉ: ੧੧. (ਨਹੀਂ) ਹੇ ਭਰਾਵੋ! ਅਸਲ ਵਿਚ ਇਹ ਦ੍ਵੈਤ-ਭਾਵ ਦਾ ਭੁਲੇਖਾ ਨਿਰੀਆਂ ਗੱਲਾਂ ਕਰਨ ਨਾਲ ਦੂਰ ਨਹੀਂ ਹੁੰਦਾ।

੧੨. (ਕਿਉਂਕਿ) ਨਿਰੀਆਂ ਗੱਲਾਂ ਕਰ-ਕਰ ਕੇ ਤਾਂ ਸਾਰੀ ਦੁਨੀਆ ਹੀ ਥੱਕ ਚੁੱਕੀ ਹੈ, (ਇਸ ਤਰ੍ਹਾਂ ਕਿਸੇ ਦੇ ਅੰਦਰੋਂ ਦ੍ਵੈਤ-ਭਾਵ ਜਾਂਦੀ ਹੀ ਨਹੀਂ)।

ਪ੍ਰ: ਕਬੀਰ ਜੀ! ਉਸ ਸਾਈਂ ਦੀ ਅੰਦਰੋਂ ਲਖਤਾ ਕਿਵੇਂ ਹੋ ਸਕਦੀ ਹੈ ?

ਉ: ੧੩. ਹੇ ਭਾਈ! ਜਿਸ ਮਨੁੱਖ ਨੂੰ ਪਰਮੇਸ਼ਰ ਆਪ ਹੀ ਗੁਰੂ ਦੀ ਰਾਹੀਂ ਸੁਮੱਤ ਦੇਂਦਾ ਹੈ।

੧੪. ਉਸ ਦੇ ਹਿਰਦੇ ਵਿਚ ਉਹ ਸਦਾ ਆਪ ਹੀ ਟਿਕਿਆ ਰਹਿੰਦਾ ਹੈ।੩।

੧੫. ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈਓ! ਜਿਸ ਮਨੁੱਖ ਉੱਤੇ ਗੁਰੂ ਨੇ ਥੋੜ੍ਹੀ ਜਿਤਨੀ ਭੀ ਮਿਹਰ ਕਰ ਦਿੱਤੀ ਹੈ,

੧੬. ਉਸ ਦਾ ਤਨ ਤੇ ਮਨ ਸਭ ਹਰੀ ਵਿਚ ਲੀਨ ਹੋ ਜਾਂਦਾ ਹੈ।

੧੭. ਹੇ ਪਿਆਰੇ! ਉਹ ਫਿਰ ਪ੍ਰਭੂ ਦੇ ਪਿਆਰ ਰੰਗ ਵਿਚ ਰੰਗਿਆ ਜਾਂਦਾ ਹੈ।

੧੮. ਉਸ ਨੂੰ ਫਿਰ ਉਹ ਪ੍ਰਭੂ ਮਿਲ ਜਾਂਦਾ ਹੈ, ਜੋ ਕਿ ਸਾਰੇ ਜਗਤ ਨੂੰ ਜੀਵਨ ਦੇਣ ਵਾਲਾ ਹੈ।੪।੪।

ਭਾਵਾਰਥ : ਇਸ ਸ਼ਬਦ ਵਿਚ ਕਬੀਰ ਸਾਹਿਬ ਜੀ ਪ੍ਰਭੂ ਦੀ ਮਿਲਾਪ ਅਵਸਥਾ ਦਾ ਕਥਨ ਕਰਦੇ ਹਨ ਕਿ ਜਦੋਂ ਪ੍ਰਭੂ ਜੀ ਨਾਲ ਮਿਲਾਪ ਹੋ ਜਾਏ ਤਾਂ ਉਸ ਅਵਸਥਾ ਵਿਚ ਹਰ ਥਾਂ ਸਾਈਂ ਜੀ ਹੀ ਵਿਆਪਕ ਨਜ਼ਰ ਆਉਂਦਾ ਹੈ, ਇਹ ਭੀ ਪ੍ਰਤੀਤ ਹੋਣ ਲੱਗ ਪੈਂਦਾ ਹੈ ਕਿ ਇਹ ਸਾਰੀ ਜਗਤ ਖੇਡ ਉਸੇ ਦੀ ਆਪਣੀ ਹੀ ਬਣਾਈ ਹੋਈ

ਹੈ, ਪਰ ਇਹ ਅਵਸਥਾ ਗੁਰੂ ਦੀ ਮਿਹਰ ਨਾਲ ਆਪਾ-ਭਾਵ ਗਵਾ ਕੇ ਹੀ ਮਿਲਦੀ ਹੈ।੪।੪।

੧. ਜਾ ਕੇ ਨਿਗਮ ਦੂਧ ਕੇ ਠਾਟਾ ॥
੨. ਸਮੁੰਦੁ ਬਿਲੋਵਨ ਕਉ ਮਾਟਾ ॥
੩. ਤਾ ਕੀ ਹੋਹੁ ਬਿਲੋਵਨਹਾਰੀ ॥
੪. ਕਿਉ ਮੇਟੈ ਗੋ ਛਾਛਿ ਤੁਹਾਰੀ ॥੧॥
੫. ਚੇਰੀ ਤੂ ਰਾਮੁ ਨ ਕਰਸਿ ਭਤਾਰਾ ॥
੬. ਜਗਜੀਵਨ ਪ੍ਰਾਨ ਅਧਾਰਾ ॥੧॥ ਰਹਾਉ ॥
੭. ਤੇਰੇ ਗਲਹਿ ਤਉਕੁ ਪਗ ਬੇਰੀ ॥
੮. ਤੂ ਘਰ ਘਰ ਰਮਈਐ ਫੇਰੀ ॥
੯. ਤੂ ਅਜਹੁ ਨ ਚੇਤਸਿ ਚੇਰੀ ॥
੧੦. ਤੂ ਜਮਿ ਬਪੁਰੀ ਹੈ ਹੇਰੀ ॥੨॥
੧੧. ਪ੍ਰਭ ਕਰਨ ਕਰਾਵਨਹਾਰੀ ॥
੧੨. ਕਿਆ ਚੇਰੀ ਹਾਥ ਬਿਚਾਰੀ ॥
੧੩. ਸੋਈ ਸੋਈ ਜਾਗੀ ॥
੧੪. ਜਿਤੁ ਲਾਈ ਤਿਤੁ ਲਾਗੀ ॥੩॥
੧੫. ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥
੧੬. ਜਾ ਤੇ ਭ੍ਰਮ ਕੀ ਲੀਕ ਮਿਟਾਈ ॥
੧੭. ਸੁ ਰਸੁ ਕਬੀਰੈ ਜਾਨਿਆ ॥
੧੮. ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥੪॥੫॥

ਪਦ ਅਰਥ : ਨਿਗਮ—ਵੇਦ ਆਦਿਕ ਧਾਰਮਿਕ ਪੁਸਤਕਾਂ। ਠਾਟਾ—ਥਣ, ਦੂੱਧ ਦੇ ਠਾਟਾ, ਦੁੱਧ ਦੇ ਥਣ, ਦੁੱਧ ਦਾ ਸੋਮਾ, ਅੰਮ੍ਰਿਤ ਦਾ ਸੋਮਾ। ਸਮੁੰਦੁ—(ਭਾਵ) ਸਤਸੰਗ। ਬਿਲੋਵਨ ਕਉ—ਰਿੜਕਣ ਲਈ। ਮਾਟਾ—ਚਾਟੀ। ਨੋਟ—ਜਿਵੇਂ ਚਾਟੀ ਵਿਚ ਦੁੱਧ ਰਿੜਕਦਾ ਹੈ, ਤਿਵੇਂ ਸਤਿਸੰਗ ਵਿਚ ਧਰਮ ਪੁਸਤਕਾਂ ਵੀਚਾਰਦੇ ਹਨ। ਹੋਹੁ—ਬਣ। ਤਾ ਕੀ—(ਜਾ ਕੇ—ਜਿਸ ਪ੍ਰਭੂ ਦੇ) ਉਸ ਪ੍ਰਭੂ ਦੀ। ਛਾਛਿ—ਲੱਸੀ, (ਭਾਵ, ਸਾਧਾਰਣ ਅਨੰਦ ਜੋ ਬਾਣੀ ਦੀ ਵੀਚਾਰ ਤੋਂ ਮਿਲ ਸਕਦਾ ਹੈ)।੧।

ਚੇਰੀ—ਹੇ ਦਾਸੀ! ਹੇ ਜੀਵ ਇਸਤਰੀ, ਹੇ ਜਿੰਦੇ। ਨ ਕਰਸਿ—ਤੂੰ ਕਿਉਂ ਨਹੀਂ ਕਰਦੀ? ਅਧਾਰਾ—ਆਸਰਾ।ਰਹਾਉ।

ਅਜਹੁ—ਅਜੇ ਤਕ। ਗਲਹਿ—ਗਲ ਵਿਚ। ਤਉਕੁ—ਲੋਹੇ ਦਾ ਕੜਾ ਜੋ ਗ਼ੁਲਾਮਾਂ ਦੇ ਗਲ ਵਿਚ ਪਾਇਆ ਜਾਂਦਾ ਹੈ, ਮੋਹ ਦਾ ਪਟਾ। ਪਗ—ਪੈਰਾਂ ਵਿਚ। ਬੇਰੀ—ਆਸਾਂ ਦੀ ਬੇੜੀ। ਤੂ ਬਪਰੀ—ਤੈਨੂੰ ਨਿਮਾਣੀ ਨੂੰ। ਜਮਿ—ਜਮ ਨੇ। ਹੇਰੀ—ਤੱਕ ਵਿਚ ਰਖਿਆ ਹੋਇਆ ਹੈ।੨।

ਸੋਈ ਸੋਈ—ਕਈ ਜਨਮਾਂ ਦੀ ਸੁੱਤੀ ਹੋਈ। ਜਿਤੁ—ਜਿਧਰ।੩।

ਸੁਮਤਿ—ਚੰਗੀ ਮੱਤ। ਜਾ ਤੇ—ਜਿਸ ਦੀ ਬਰਕਤ ਨਾਲ। ਭ੍ਰਮ ਕੀ ਲੀਕ—ਭ੍ਰਮ ਭਟਕਣਾ ਦੀ ਲੀਕ, ਉਹ ਸੰਸਕਾਰ ਜੋ ਭਟਕਣਾ ਵਿਚ ਪਾਈ ਰੱਖਦੇ ਸਨ। ਰਸੁ—ਆਤਮਿਕ ਅਨੰਦ।੪।

ਉਥਾਨਕਾ : ਕਬੀਰ ਸਾਹਿਬ ਜੀ ਸੁਭਾਵਕ ਰਾਹ ਤੁਰੇ ਜਾ ਰਹੇ ਹਨ, ਕੀ ਤੱਕਦੇ ਹਨ ਕਿ ਰਾਹ ਵਿਚ ਇਕ ਸ਼ਾਹੂਕਾਰ ਦੀ ਨੌਕਰਾਣੀ ਦੁੱਧ ਰਿੜਕਨ ਵਿਚ ਆਪਨਾ ਸਮਾਂ ਬਿਤਾਈ ਜਾ ਰਹੀ ਹੈ, ਭਗਤ ਜੀ ਦੇਰ ਕਾਲ ਖੜੋਤੇ ਰਹੇ ਤਾਂ ਇਸ ਦੇ ਅਜਾਈਂ ਸਮਾਂ ਗੁਜ਼ਾਰਦੇ ਜਾ ਰਹੇ ਨੂੰ ਤੱਕ ਕੇ ਆਪਣੀ ਜਿੰਦ ਪ੍ਰਤੀ ਨਾਮ ਸਿਮਰਨ ਦੀ ਪ੍ਰੇਰਣਾ ਕਰਦੇ ਹੋਏ ਹਰ ਪ੍ਰਾਣੀ ਮਾਤਰ ਨੂੰ ਸ਼ੁਭ ਉਪਦੇਸ਼ ਕਰਦੇ ਹਨ :—ਜਿੰਦ ਪ੍ਰਤੀ ਕਹਿੰਦੇ ਹਨ ਕਿ ਹੇ ਜਿੰਦੇ! ਸੁਣ, ਤੂੰ ਭੀ ਉਸ ਪ੍ਰਭੂ ਦੇ ਨਾਮ ਦੀ ਰਿੜਕਨ ਵਾਲੀ ਬਣ ਜਾ, ਭਾਵ ਤੂੰ ਭੀ ਉਸ ਪ੍ਰਭੂ ਦੇ ਨਾਮ ਸਿਮਰਨ ਵਿਚ ਚਿੱਤ ਨੂੰ ਜੋੜ ਲੈ।

ਅਰਥ :

ਪ੍ਰ: ਕਬੀਰ ਜੀਉ! ਜਿਵੇਂ ਬਾਹਰਲਾ ਰੇੜਕਾ ਪਾਉਣ ਲਈ ਦੁੱਧ ਹੁੰਦਾ ਹੈ, ਉਸ ਦੁੱਧ ਨੂੰ ਕਿਸੇ ਮੱਟ ਵਿਚ ਰਿੜਕੀਦਾ ਹੈ, ਰਿੜਕਣ ਤੋਂ ਬਾਅਦ ਉਸ ਵਿੱਚੋਂ ਮੱਖਣ ਨਿਕਲਦਾ ਹੈ, ਪਰ ਜੇ ਕਦੀ ਮੱਖਨ ਨਾ ਭੀ ਨਿਕਲੇ ਤਾਂ ਲੱਸੀ ਤਾਂ ਜ਼ਰੂਰ ਹੀ ਨਿਕਲ ਆਉਂਦੀ ਹੈ, ਸੋ ਆਪ ਦੱਸੋ ਕਿ ਉਸ ਪ੍ਰਭੂ ਦੇ ਨਾਮ ਰਿੜਕਣ ਲਈ ਅੰਤ੍ਰੀਵ ਸਮੱਗਰੀ ਕਿਹੜੀ ਹੈ?

ਉ: ੧. ਹੇ ਜਿੰਦੇ! ਵੇਖ, ਇਹ ਜਿਤਨੇ ਭੀ ਵੇਦ ਆਦਿਕ ਧਾਰਮਿਕ ਪੁਸਤਕਾਂ ਹਨ, ਇਹ ਮਾਨੋ, (ਇਕ ਤਰ੍ਹਾਂ ਦੇ ਨਾਮ ਅੰਮ੍ਰਿਤ) ਦੁੱਧ ਦੇ ਸੋਮੇ (ਵਗ ਰਹੇ) ਹਨ, (ਭਾਵ ਦੁੱਧ ਦੇ ਥਣ ਹਨ)।

ਪ੍ਰ: ਕਿਉਂ ਜੀ! ਉਸ ਨਾਮ ਦੁੱਧ ਨੂੰ ਰਿੜਕਣ ਲਈ ਮਟਕਾ ਕਿਹੜਾ ਹੈ?

ਉ: ੨. ਹੇ ਜਿੰਦੇ! ਇਹ ਜੋ ਸਤਿ ਸੰਗਤ ਹੈ, ਇਹ ਉਸ ਨਾਮ ਦੁੱਧ ਨੂੰ ਰਿੜਕਣ ਲਈ ਮੱਟ ਹੈ, ਭਾਵ ਚਾਟੀ ਹੈ, ਅਰਥਾਤ—ਇਹ ਨਾਮ ਰੂਪੀ ਦੁੱਧ ਨੂੰ ਸਤਿਸੰਗਤ ਰੂਪੀ ਚਾਟੀ ਵਿਚ ਸਿਮਰਨ ਕਰਨ ਰੂਪ ਰਿੜਕੀਦਾ ਹੈ।

੩. ਹੇ ਮੇਰੀ ਜਿੰਦੇ! ਤੂੰ ਉਸ ਪ੍ਰਭੂ ਦੇ ਨਾਮ ਦੀ ਰਿੜਕਣ ਵਾਲੀ ਬਣ, (ਭਾਵ ਤੂੰ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਰੂਪ ਰਿੜਕਣ ਵਾਲੀ ਬਣ ਜਾ) ਉਸ ਨਾਮ ਵਿਚ ਚਿੱਤ ਬਿਰਤੀ ਨੂੰ ਜੋੜ।

ਪ੍ਰ: ਕਿਉਂ ਜੀ! ਕੀ ਇਸ ਤਰ੍ਹਾਂ ਕਰਨ ਨਾਲ ਮੈਨੂੰ ਹਰੀ ਦਾ ਮਿਲਾਪ ਅਵੱਸ਼ ਹੋ ਜਾਏਗਾ?

ਉ: ੪. ਹੇ ਜਿੰਦੇ! (ਜੇ ਤੂੰ ਗੁਰਮਤਿ ਦੀ ਦੱਸੀ ਹੋਈ ਵਿਧੀ ਅਨੁਸਾਰ ਨਾਮ ਸਿਮਰਨ ਰੂਪ ਦੁੱਧ ਦਾ ਰਿੜਕਣਾ ਕਰੇਂਗੀ ਤਾਂ ਤੈਨੂੰ ਅਵੱਸ਼ ਹੀ ਪ੍ਰਭੂ ਮਿਲਾਪ ਰੂਪ ਮੱਖਣ ਨਸੀਬ ਹੋਵੇਗਾ, ਪਰ ਜੇ ਕਦੀ ਮਿਲਾਪ ਹੋਣ ਵਿਚ ਕੋਈ ਵਿਘਨ ਭੀ ਪੈ ਜਾਏ, ਤਾਂ ਫਿਰ ਤੂੰ ਯਕੀਨ ਕਰ ਕਿ) ਸਤਿਸੰਗ ਵਿਚ ਬੈਠ ਕੇ ਧਾਰਮਿਕ ਪੁਸਤਕਾਂ ਦੇ ਵੀਚਾਰਨ ਦੀ ਤੇਰੀ ਜੋ ਸਾਧਾਰਨ ਅਨੰਦ ਰੂਪ ਲੱਸੀ ਹੈ; ਇਸ ਨੂੰ ਉਹ ਕਿਵੇਂ ਮਿਟਾਏਗਾ, (ਭਾਵ ਜੇ ਤੈਨੂੰ ਸਰੂਪ ਦਾ ਗਿਆਨ ਨਹੀਂ ਭੀ ਹੋਵੇਗਾ ਤਾਂ ਤੇਰੀ ਪ੍ਰਾਰਬਧ ਤਾਂ ਨਹੀਂ ਮਾਰੀ ਜਾਏਗੀ)।੧।

ਪ੍ਰ: ਕਬੀਰ ਜੀ! ਦੱਸੋ, ਤਾਂ ਮੈਂ ਹੁਣ ਕੀ ਕਰ ਸਕਦੀ ਹਾਂ?

ਉ: ੫. ਹੇ ਮੇਰੀ ਦਾਸੀ ਜਿੰਦੇ! ਦੱਸ ਤੂੰ ਉਸ ਪਰਮਾਤਮਾ ਨੂੰ ਆਪਣਾ ਮਾਲਕ ਕਿਉਂ ਨਹੀਂ ਬਣਾਉਂਦੀ।

੬. ਜੋ ਕਿ ਸਾਰੇ ਜਗਤ ਦਾ ਜੀਵਨ ਰੂਪ ਹੈ ਤੇ ਸਭ ਦੇ ਪ੍ਰਾਣਾਂ ਦਾ ਆਸਰਾ ਹੈ।੧।ਰਹਾਉ।

ਪ੍ਰ: ਕਬੀਰ ਜੀ! ਇਹ ਦੱਸੋ ਕਿ ਇਸ ਤੋਂ ਪਹਿਲੋਂ ਮੈਨੂੰ ਚੌਰਾਸੀ ਲੱਖ ਜੂਨਾਂ ਦੇ ਚੱਕ੍ਰ ਵਿਚ ਕਿਉਂ ਫਿਰਾਇਆ ਗਿਆ? ਮੇਰੇ ਵਿਚ ਉਹ ਕਿਹੜਾ ਦੋਸ਼ ਸੀ, ਜਿਸ ਦੀ ਕਿ ਮੈਨੂੰ ਇਹ ਸਜ਼ਾ ਮਿਲੀ ਹੈ?

ਉ: ੭. ਹੇ ਮੇਰੀ ਜਿੰਦੇ! ਅਸਲ ਵਿਚ ਤਾਂ ਇਹ ਗੱਲ ਹੈ ਕਿ ਤੇਰੇ ਮਨ ਰੂਪ ਗਲ ਅੰਦਰ ਮੋਹ ਦਾ ਪਟਾ ਅਤੇ ਤੇਰੇ ਬੁੱਧੀ ਰੂਪ ਪੈਰਾਂ ਵਿਚ ਆਸ਼ਾ, ਵਾਸ਼ਨਾਂ ਦੀਆਂ ਬੇੜੀਆਂ ਪਈਆਂ ਹੋਈਆਂ ਸਨ।

੮. ਇਸੇ ਕਰ ਕੇ ਤੈਨੂੰ ਪਰਮਾਤਮਾ ਨੇ ਘਰ-ਘਰ, ਭਾਵ ਚੌਰਾਸੀ ਲੱਖ ਜੂਨਾਂ ਵਿਚ ਫਿਰਾਇਆ ਹੈ;

੯. (ਦੇਖ, ਹੁਣ ਤੈਨੂੰ ਭਾਗਾਂ ਨਾਲ ਕਿਤੇ ਮਨੁੱਖਾ ਜਨਮ ਮਿਲਿਆ ਸੀ) ਹੁਣ ਭੀ ਤੂੰ ਉਸ ਪ੍ਰਭੂ ਨੂੰ ਯਾਦ ਨਹੀਂ ਕਰਦੀ, ਉਸ ਦਾ ਨਾਮ ਸਿਮਰਨ ਨਹੀਂ ਕਰਦੀ।

੧੦. ਹੇ ਭਾਗਹੀਣ ਵਿਚਾਰੀ ਦਾਸੀ, (ਕੀ ਤੈਨੂੰ ਇਹ ਖ਼ਬਰ ਹੀ ਨਹੀਂ ਕਿ) ਤੈਨੂੰ ਜਮ ਨੇ ਆਪਣੀ ਤੱਕ ਵਿਚ ਰਖਿਆ ਹੋਇਆ ਹੈ, ਭਾਵ ਤੂੰ ਜਮ ਦੀ ਨਜ਼ਰ ਤੋਂ ਓਲ੍ਹੇ ਨਹੀਂ ਹੈਂ। (ਅਰਥਾਤ:—ਮੌਤ ਆਇਆਂ ਫਿਰ ਪਤਾ ਨਹੀਂ ਕਿਸ ਲੰਮੇ ਗੇੜ ਵਿਚ ਪੈ ਜਾਏਂਗੀ)।੨।

ਪ੍ਰ: ਕਬੀਰ ਜੀਉ! ਇਹ ਦੱਸੋ ਕਿ ਉਸ ਪ੍ਰਭੂ ਦੇ ਸਿਮਰਨ ਵਿਚ ਸਾਰੀਆਂ ਹੀ ਜੀਵ ਰੂਪ ਦਾਸੀਆਂ ਕਿਉਂ ਨਹੀਂ ਤੱਤਪਰ ਹੋ ਜਾਂਦੀਆਂ?

ਉ: ੧੧. ਹੇ ਭਾਈਓ! ਅਸਲ ਵਿਚ ਗੱਲ ਇਹ ਹੈ ਕਿ ਸਭ ਕੁਝ ਕਰਨ ਕਰਾਉਣ ਵਾਲਾ ਪ੍ਰਭੂ ਆਪ ਹੀ ਤਾਂ ਹੈ।

੧੨. ਇਨ੍ਹਾਂ ਜੀਵ ਰੂਪੀ ਦਾਸੀਆਂ ਦੇ ਵਸ ਵਿਚ ਕੀ ਹੈ। (ਭਾਵ ਕੁਝ ਭੀ ਵੱਸ ਵਿਚ ਨਹੀਂ; ਜੋ ਕਿ ਉਸ ਦੀ ਕਿਰਪਾ ਤੋਂ ਬਿਨਾ ਕੋਈ ਕੁਝ ਕਰ ਸਕਦਾ ਹੋਵੇ)।

ਪ੍ਰ: ਕਬੀਰ ਜੀਉ! ਇਹ ਜੀਵ ਵੇਦ ਸ਼ਾਸਤਰਾਂ ਨੂੰ ਪੜ੍ਹਦਾ ਸੁਣਦਾ ਹੋਇਆ ਭੀ ਕਿਉਂ ਨਹੀਂ ਜਾਗਦਾ?

ਉ: ੧੩. ਹੇ ਭਾਈਓ! ਅਸਲ ਵਿਚ ਇਸ ਜੀਵ ਦੀ ਸੁਰਤੀ ਕਈ ਜਨਮ-ਜਨਮਾਤਰਾਂ ਤੋਂ ਮੋਹ ਦੀ ਨੀਂਦ ਵਿਚ ਸੁੱਤੀ ਪਈ ਹੈ, ਪਰ ਇਹ ਸੁਰਤਿ ਜਾਗਦੀ ਉਸੇ-ਉਸੇ ਜੀਵ ਦੀ ਹੈ; ਜਿਸ-ਜਿਸ ਜੀਵ ਦੀ ਸੁਰਤੀ ਨੂੰ ਉਹ ਆਪ ਹੀ ਕਿਰਪਾ ਕਰ ਕੇ ਜਗਾਉਂਦਾ ਹੈ।

੧੪. ਕਿਉਂਕਿ; ਉਹ ਜਿਧਰ ਕਰਮ, ਉਪਾਸ਼ਨਾ ਜਾਂ ਗਿਆਨ ਵਿਚ ਲਾਉਂਦਾ ਹੈ; ਉਧਰ ਹੀ ਇਹ ਲੱਗਦੀ ਹੈ।੩।

੧੫. ਹੁਣ ਉਸ ਦੀ ਮਿਹਰ ਨਾਲ ਜੋ ਜਾਗੀ ਹੋਈ ਸੁਰਤਿ ਵਾਲੀ ਜਿੰਦ ਹੈ, ਉਸ ਨੂੰ ਜਗਿਆਸੂ ਜਿੰਦ ਪੁੱਛਦੀ ਹੈ ਕਿ ਹੇ ਭਾਗਾਂ ਵਾਲੀ ਦਾਸੀਏ, ਜਿੰਦੇ ਤੂੰ ਦੱਸ ਕਿ ਇਹ ਸ਼ੁਭ ਮਤਿ ਤੂੰ ਕਿੱਥੋਂ ਪਾਈ ਹੈ?

੧੬. ਜਿਸ ਦੀ ਬਰਕਤ ਨਾਲ ਤੇਰੇ ਅੰਦਰੋਂ ਉਹ ਸੰਸਕਾਰ ਹੀ ਮਿਟ ਗਏ ਹਨ; ਜੋ ਕਿ ਤੈਨੂੰ ਜਨਮਾਂ-ਜਨਮਾਂ ਦੀ ਭਟਕਣਾ ਵਿਚ ਪਾਈ ਰੱਖਦੇ ਸਨ।

੧੭. ਇਹ ਜਗਿਆਸੂ ਦੀ ਪੁੱਛ ਸੁਣ ਕੇ, ਅੱਗੋਂ ਜਾਗੀ ਹੋਈ ਸੁਰਤਿ ਵੱਲੋਂ ਦਿੱਤਾ ਹੋਇਆ ਉੱਤਰ—ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਹੇ ਜਗਿਆਸੂ! ਸਤਿਗੁਰੂ ਦੀ ਕਿਰਪਾ ਨਾਲ ਮੈਂ ਉਸ ਬ੍ਰਹਮ ਦੇ ਰਸ ਨੂੰ ਜਾਣ ਲਿਆ ਹੈ।

੧੮. ਹੁਣ ਗੁਰਾਂ ਦੀ ਕਿਰਪਾ ਨਾਲ (ਉਸ ਰਸ ਵਿਚ) ਮੇਰਾ ਮਨ ਪਰਚ ਗਿਆ ਹੈ, ਪੂਰਨ ਤਰ੍ਹਾਂ ਮੇਰਾ ਮਨ ਮੰਨ ਗਿਆ ਹੈ। ਇਸ ਤਰ੍ਹਾਂ ਮੈਂ ਭਰਮ ਦੀ ਲੀਕ ਮਿਟਾ ਲਈ ਹੈ, ਤਾਂ ਤੇ ਗੁਰਾਂ ਦੀ ਕਿਰਪਾ ਨਾਲ ਹੀ ਮੈਂ ਇਹ ਪ੍ਰਾਪਤੀ ਪਾਈ ਹੈ।੪।੫।

ਭਾਵਾਰਥ : ਸ਼ਬਦ ਦਾ ਸਮੁੱਚਾ ਭਾਵ ਹੈ ਕਿ ਇਹ ਜੀਵ ਸਿਮਰਨ ਤੋਂ ਬਗ਼ੈਰ ਮਾਇਆ, ਮੋਹ ਦੇ ਬੰਧਨਾਂ ਵਿਚ ਜਕੜਿਆ ਰਹਿੰਦਾ ਹੈ, ਪਰ ਹਾਂ, ਜਿਸ ਉੱਤੇ ਪ੍ਰਭੂ ਦੀ ਮਿਹਰ ਹੋਵੇ, ਉਹ ਗੁਰੂ ਦੀ ਸ਼ਰਨ ਪੈ ਕੇ ਨਾਮ ਰਸ ਮਾਣਦਾ ਹੈ ਅਤੇ ਜਨਮ-ਮਰਨ ਦੇ ਗੇੜ ਤੋਂ ਬਚ ਜਾਂਦਾ ਹੈ।

੧. ਜਿਹ ਬਾਝੁ ਨ ਜੀਆ ਜਾਈ ॥
੨. ਜਉ ਮਿਲੈ ਤ ਘਾਲ ਅਘਾਈ ॥
੩. ਸਦ ਜੀਵਨੁ ਭਲੋ ਕਹਾਂਹੀ ॥
੪. ਮੂਏ ਬਿਨੁ ਜੀਵਨੁ ਨਾਹੀ ॥੧॥
੫. ਅਬ ਕਿਆ ਕਥੀਐ ਗਿਆਨੁ ਬੀਚਾਰਾ ॥
੬. ਨਿਜ ਨਿਰਖਤ ਗਤ ਬਿਉਹਾਰਾ ॥੧॥ ਰਹਾਉ ॥
੭. ਘਸਿ ਕੁੰਕਮ ਚੰਦਨੁ ਗਾਰਿਆ ॥
੮. ਬਿਨੁ ਨੈਨਹੁ ਜਗਤੁ ਨਿਹਾਰਿਆ ॥
੯. ਪੂਤਿ ਪਿਤਾ ਇਕੁ ਜਾਇਆ ॥
੧੦. ਬਿਨੁ ਠਾਹਰ ਨਗਰੁ ਬਸਾਇਆ ॥੨॥
੧੧. ਜਾਚਕ ਜਨ ਦਾਤਾ ਪਾਇਆ ॥
੧੨. ਸੋ ਦੀਆ ਨ ਜਾਈ ਖਾਇਆ ॥
੧੩. ਛੋਡਿਆ ਜਾਇ ਨ ਮੂਕਾ ॥
੧੪. ਅਉਰਨ ਪਹਿ ਜਾਨਾ ਚੂਕਾ ॥੩॥
੧੫. ਜੋ ਜੀਵਨ ਮਰਨਾ ਜਾਨੈ ॥
੧੬. ਸੋ ਪੰਚ ਸੈਲ ਸੁਖ ਮਾਨੈ ॥
੧੭. ਕਬੀਰੈ ਸੋ ਧਨੁ ਪਾਇਆ ॥
੧੮. ਹਰਿ ਭੇਟਤ ਆਪੁ ਮਿਟਾਇਆ ॥੪॥੬॥

ਪਦ ਅਰਥ : ਜਉ—ਜੇ (ਉਹ ਰੱਬੀ ਜੀਵਨ)। ਘਾਲ ਅਘਾਈ—ਮੇਹਨਤ ਰੱਜ ਜਾਂਦੀ ਹੈ। ਘਾਲ—ਕਮਾਈ ਸਫਲ ਹੋ ਜਾਂਦੀ ਹੈ। ਕਹਾਂਹੀ—(ਲੋਕ) ਆਖਦੇ ਹਨ ਕਹਹਿ। ਭਲੋ—ਭਲਾ, ਚੰਗਾ, ਸੋਹਣਾ। ਸਦ ਜੀਵਨੁ—ਇਸ ਅਟੱਲ ਜੀਵਨ ਨੂੰ। ਮੂਏ ਬਿਨੁ—(ਚਸਕਿਆਂ ਵਲੋਂ) ਮਰਨ ਤੋਂ ਬਿਨਾ, ਆਪਾ-ਭਾਵ ਛੱਡਣ ਤੋਂ ਬਿਨਾ।੧।

ਅਬ—ਹੁਣ (ਜਦੋਂ "ਗਿਆਨੁ ਬੀਚਾਰਾ")। ਗਿਆਨੁ ਬੀਚਾਰਾ—(ਜਦੋਂ ਉਸ ਸਦ ਜੀਵਨ) ਦੇ ਗਿਆਨ ਨੂੰ ਵੀਚਾਰ ਲਿਆ ਹੈ, ਜਦੋਂ

ਉਸ ਅਟੱਲ ਜੀਵਨ ਦੀ ਸਮਝ ਪੈ ਗਈ ਹੈ। ਨਿਜ ਨਿਰਖਤ—ਮੇਰੇ ਵੇਂਹਿਦਆਂ। ਗਤ ਬਿਉਹਾਰਾ—ਬਦਲਣ ਵਾਲਾ ਵਿਹਾਰ, ਬਦਲਣ ਵਾਲੀ ਚਾਲ।੧।ਰਹਾਉ।

ਘਸਿ—ਰਗੜ ਕੇ, (ਭਾਵ ਆਪਾ-ਭਾਵ ਮਿਟਾਉਣ ਦੀ ਮਿਹਨਤ ਕਰ ਕੇ)। ਕੁੰਕਮ—ਕੇਸਰ। ਗਾਰਿਆ—ਗਾਲ ਲਿਆ ਹੈ, ਰਲਾ ਕੇ ਇਕ ਕਰ ਦਿੱਤਾ ਹੈ। ਕੁੰਕਮ ਚੰਦਨੁ—(ਜੀਵਨ ਸੁਗੰਧੀ ਦੇਣ ਵਾਲੇ) ਆਤਮਾ ਤੇ ਪਰਮਾਤਮਾ। ਬਿਨੁ ਨੈਨਹੁ—ਅੱਖਾਂ ਤੋਂ ਬਿਨਾ, ਇਨ੍ਹਾਂ ਅੱਖਾਂ ਨੂੰ ਰੂਪ ਆਦਿਕ ਤੱਕਣ ਦੀ ਬਾਣ ਵੱਲੋਂ ਹਟਾ ਕੇ। ਨਿਹਾਰਿਆ—ਵੇਖ ਲਿਆ ਹੈ। ਪੂਤਿ—ਪੁੱਤਰ ਨੇ, ਜੀਵਾਤਮਾ ਨੇ। ਇਕੁ ਪਿਤਾ—ਇਕ ਪ੍ਰਭੂ ਪਿਤਾ ਨੂੰ। ਜਾਇਆ—ਪੈਦਾ ਕਰ ਲਿਆ ਹੈ, ਆਪਣੇ ਅੰਦਰ ਪ੍ਰਗਟ ਕਰ ਲਿਆ ਹੈ। ਬਿਨੁ ਠਾਹਰ—ਜਿਸ ਦਾ ਕੋਈ ਥਾਂ ਨਹੀਂ ਸੀ, ਜੋ ਕਿਸੇ ਇਕ ਜਗ੍ਹਾ ਟਿਕਦਾ ਨਹੀਂ ਸੀ, ਜੋ ਸਦਾ ਭਟਕਦਾ ਰਹਿੰਦਾ ਸੀ।੨।

ਜਾਚਕ—ਮੰਗਤਾ। ਨ ਜਾਈ—ਖਾਂਦਿਆਂ-ਖਾਂਦਿਆਂ ਮੁਕਦਾ ਨਹੀਂ। ਸੋ—ਉਹ ਕੁਝ, ਇਤਨੀ ਆਤਮਿਕ ਦਾਤ। ਨ ਮੂਕਾ—ਨਹੀਂ ਮੁੱਕਦਾ। ਪਹਿ—ਪਾਸ। ਚੂਕਾ—ਖ਼ਤਮ ਹੋ ਗਿਆ ਹੈ।੩।

ਜੋ—ਜੋ ਮਨੁੱਖ। ਜੀਵਨ ਮਰਨਾ—ਇਸ ਸਦ ਜੀਵਨ ਲਈ ਆਪਾ-ਭਾਵ ਮਿਟਾਉਣਾ। ਸੈਲੁ—ਸਿਲਾ ਵਰਗਾ, ਪਹਾੜ ਵਰਗਾ ਅਟੱਲ। ਮਾਨੈ—ਮਾਣਦਾ ਹੈ। ਪੰਚ—ਸੰਤ। ਕਬੀਰੈ—ਕਬੀਰ ਨੇ। ਆਪੁ—ਆਪਾ-ਭਾਵ।੪।

ਅਰਥ :

ਪ੍ਰ: ਹੇ ਕਬੀਰ ਜੀਉ! ਜਿਸ ਸਤ ਸਰੂਪ ਵਿਚ ਤੁਹਾਡਾ ਮਨ ਮੰਨ ਗਿਆ ਹੈ, ਉਸ ਦੀ ਸ਼ਕਤੀ ਬਿਆਨ ਕਰੋ, ਤਾਂ ਕਿ ਅਸੀਂ ਭੀ ਉਸ ਬਾਰੇ ਕੁਝ ਸਮਝ ਸਕੀਏ?

ਉ: ੧. ਐ ਲੋਕੋ! (ਉਸ ਸਤਿ ਸਰੂਪ ਦੀ ਸੰਪੂਰਨ ਸ਼ਕਤੀ ਕਹੀ ਨਹੀਂ ਜਾ ਸਕਦੀ, ਪਰ ਇਉਂ ਸਮਝੋ ਕਿ ਉਸ ਦੀ ਸਤਾ ਤੋਂ ਬਿਨਾ ਕਿਸੇ ਪਾਸੋਂ ਜੀਵਿਆ ਹੀ ਨਹੀਂ ਜਾ ਸਕਦਾ, ਭਾਵ ਹੈ ਕਿ ਉਹ ਸਾਰੇ ਜਗਤ ਦਾ ਜੀਵਨ-ਰੂਪ ਹੈ। (ਉਸ ਤੋਂ ਬਿਨਾ ਸਭ ਜੜ੍ਹ ਹੈ)।

੨. (ਪਰ) ਹਾਂ, ਜੇ ਉਹ (ਕਿਸੇ ਨੂੰ) ਮਿਲ ਜਾਵੇ ਤਾਂ ਫਿਰ ਉਹ ਘਾਲਣਾ (ਵੱਲੋਂ) ਰੱਜ ਜਾਂਦਾ ਹੈ, ਭਾਵ ਹੈ ਕਿ ਫਿਰ ਉਸ ਦੀ ਘਾਲਣਾ ਸਫਲ ਹੋ ਜਾਂਦੀ ਹੈ।

੩. ਸੋ, ਹੇ ਭਾਈਓ! ਜਿਸ ਨੂੰ ਲੋਕ ਸਦਾ ਜੀਵਨ ਸੋਹਣਾ ਜੀਵਨ ਆਖਦੇ ਹਨ, ਭਾਵ ਹੈ ਕਿ ਉਹ ਨਿੱਤ ਜੀਵਨ ਪਾ ਕੇ ਭਲਾ ਕਹਾਉਂਦਾ ਹੈ।

੪. ਪਰ, ਉਹ ਜੀਵਨ ਆਪਾ-ਭਾਵ ਮਿਟਾਏ ਤੋਂ ਬਿਨਾ ਨਹੀਂ ਮਿਲਦਾ, ਭਾਵ ਜੀਵਤ ਭਾਵ ਤੋਂ ਮਰਨਾ ਪੈਂਦਾ ਹੈ, ਤਦੋਂ ਹੀ ਇਹ ਸਦ ਜੀਵਨ ਮਿਲਦਾ ਹੈ।੧।

ਪ੍ਰ: ਕਬੀਰ ਜੀਉ! ਜੋ ਤੁਸਾਂ ਨੂੰ ਸਦ ਜੀਵਨ, ਗਿਆਨ ਵੀਚਾਰ ਪ੍ਰਾਪਤ ਹੋਇਆ ਹੈ, ਉਸ ਬਾਰੇ ਤੁਸੀਂ ਕਦੀ ਕੁਝ ਕਥਨ ਹੀ ਨਹੀਂ ਕੀਤਾ ਕਿ ਉਹ ਗਿਆਨ ਕੈਸਾ ਹੈ?

ਉ: ੫. ਹੇ ਭਾਈਓ! ਅਸਲ ਗੱਲ ਤਾਂ ਇਹੋ ਹੈ ਕਿ ਜਦੋਂ ਉਸ ਸਦ ਜੀਵਨ ਦੀ ਸਮਝ ਪੈ ਜਾਂਦੀ ਹੈ, ਤਦੋਂ ਉਸ ਦੇ ਬਿਆਨ ਕਰਨ ਦੀ ਕੋਈ ਲੋੜ ਹੀ ਨਹੀਂ ਰਹਿੰਦੀ।

ਪ੍ਰ: ਕਬੀਰ ਜੀ! ਇਹ ਦੱਸੋ ਕਿ ਉਸ ਸਦ ਜੀਵਨ ਪ੍ਰਾਪਤ ਕਰਨ ਵਾਲਿਆਂ ਦੀ ਨਿਸ਼ਾਨੀ ਕੀ ਹੈ?

ਉ: ੬. ਹੇ ਭਾਈ! ਉਸ ਦੀ ਕੇਵਲ ਇਕ ਇਹੋ ਹੀ ਪਛਾਣ ਹੈ ਕਿ ਉਹ ਆਪਣੇ ਸਰੂਪ ਦਾ ਗਿਆਨ ਪ੍ਰਾਪਤ ਕਰ ਕੇ ਇਸ (ਜਗਤ ਦੀ ਸਦਾ) ਬਦਲਦੇ ਰਹਿਣ ਵਾਲੀ ਚਾਲ ਵੇਖ ਲੈਂਦਾ ਹੈ, ਭਾਵ ਹੈ ਕਿ ਉਹ ਇਹ ਵੇਖ ਲੈਂਦਾ ਹੈ ਕਿ ਜਗਤ ਸਦਾ ਹੀ ਬਦਲਦਾ ਜਾ ਰਿਹਾ ਹੈ, ਪਰ ਆਪਾ-ਭਾਵ ਮਿਟਾਇਆਂ ਜੋ ਜੀਵਨ ਮਿਲਦਾ ਹੈ, ਉਹ ਜੀਵਨ ਅਟੱਲ ਰਹਿੰਦਾ ਹੈ।੧।ਰਹਾਉ।

ਪ੍ਰ: ਕਿਉਂ ਜੀ! ਕੀ ਉਹ ਜੀਵਨ ਰੂਪ ਕਿਸੇ ਨੇ ਵੇਖਿਆ ਭੀ ਹੈ?

ਉ: ੭. ਹਾਂ ਜ਼ਰੂਰ ਵੇਖਿਆ ਹੈ! ਹੇ ਭਾਈ, ਸੁਣੋ, ਜਿਵੇਂ ਕੇਸਰ ਤੇ ਚੰਦਨ ਨੂੰ ਘਸਾ ਕੇ (ਗਾਰਿਆ) ਮਿਲਾ ਲਿਆ ਹੋਵੇ, ਤਿਵੇਂ ਹੀ ਜਿਸ ਨੇ ਜੀਵ ਦੀ ਅਵਿੱਦਿਆ ਰੂਪ ਉਪਾਧੀ ਕੱਟਣ ਰੂਪ ਕੇਸਰ ਉਸ ਵਿਚ (ਗਾਰਿਆ) ਮਿਲਾਇਆ ਹੈ, ਦੋਨਾਂ ਨੂੰ ਹੀ ਨਿਰ ਉਪਾਧ ਕਰਕੇ।

੮. ਉਨ੍ਹਾਂ ਨੇ ਇਨ੍ਹਾਂ ਨੇਤਰਾਂ ਤੋਂ ਬਿਨਾ ਬੁਧੀ ਰੂਪੀ ਨੇਤਰਾਂ (ਦੁਆਰਾ) ਇਸ ਜਗਤ ਨੂੰ ਬ੍ਰਹਮ ਰੂਪ ਕਰ ਕੇ ਦੇਖ ਲਿਆ ਹੈ।

੯. ਸੋ, ਹੇ ਭਾਈਓ! ਇਸ ਤਰ੍ਹਾਂ ਜਾਣੋ ਕਿ ਉਸ ਜੀਵ-ਰੂਪ ਪਿਤਾ ਨੇ ਇਕ ਏਕਤਾ ਰੂਪ ਪੁੱਤਰ ਪੈਦਾ ਕੀਤਾ ਹੈ।

੧੦. ਤਿਸ ਏਕਤਾ ਰੂਪ ਪੁੱਤਰ ਨੇ ਇਹ ਜੀਵ ਜੋ ਸਰੂਪ ਅਸਥਾਨ ਤੋਂ ਬਿਨਾ ਚੌਰਾਸੀ ਵਿਚ ਭਰਮ ਰਿਹਾ ਸੀ, ਉਸ ਨੂੰ ਬ੍ਰਹਮ ਰੂਪ ਸ਼ੁਭ ਗੁਣਾਂ ਦੇ ਨਗਰ ਦੀ ਬਸਤੀ ਵਿਚ ਵਸਾ ਦਿੱਤਾ। ਭਾਵ ਹੁਣ ਉਸ ਦੇ ਅੰਦਰ ਉਹ ਸੁੰਦਰ ਗੁਣ ਪੈਦਾ ਹੋ ਗਏ ਹਨ ਕਿ ਹੁਣ ਉਹ ਬਾਹਰ ਨਹੀਂ ਭਟਕਦਾ।੨।

ਪ੍ਰ: ਕਬੀਰ ਜੀਉ! ਇਹ ਦਾਤ ਤੁਸੀਂ ਕਿਵੇਂ ਪਾਈ ਹੈ?

ਉ: ੧੧. ਹੇ ਭਾਈ! ਮੈਂ ਜਾਚਕ ਜਨ ਨੇ (ਪਹਿਲੋਂ) ਸਤਿਗੁਰੂ ਦਾਤਾ ਪਾਇਆ ਹੈ, ਜੋ ਤਿਸ ਸਤਿਗੁਰੂ ਦਾਤਾਰ ਨੇ ਉਸ ਬ੍ਰਹਮ ਵੀਚਾਰ ਦਾ ਦਾਨ ਮੈਨੂੰ ਦਿੱਤਾ ਹੈ।

੧੨. ਸੋ ਉਹ ਆਤਮਿਕ ਜੀਵਨ ਦੀ ਦਾਤ (ਗੁਰੂ ਨੇ ਮੈਨੂੰ ਐਸੀ ਬਖ਼ਸ਼ਿਸ਼ ਕੀਤੀ ਹੈ ਕਿ) ਜੋ ਖਾਧਿਆਂ ਖ਼ਤਮ ਨਹੀਂ ਹੁੰਦੀ, ਭਾਵ ਹੈ ਕਿ ਜਪਦਿਆਂ ਮੁਕਦੀ ਨਹੀਂ।

੧੩. ਹੇ ਭਾਈ! ਉਹ ਆਤਮਿਕ ਜੀਵਨ ਦੀ ਦਾਤ ਐਸੀ ਹੈ ਕਿ ਉਸ ਨੂੰ ਨਾ ਛੱਡਣ ਨੂੰ ਜੀ ਕਰਦਾ ਹੈ ਅਤੇ ਨਾ ਹੀ ਉਹ ਮੁਕਦੀ ਹੀ ਹੈ।

੧੪. ਹੇ ਪਿਆਰਿਓ! ਇਉਂ ਹੀ ਸਮਝੋ ਕਿ ਉਸੇ ਦਾਤ ਦੀ ਬਰਕਤ ਨਾਲ ਕਿਸੇ ਹੋਰ ਦੇ ਦਰ 'ਤੇ ਜਾਣ ਦੀ ਭਟਕਣਾ ਮੁੱਕ ਜਾਂਦੀ ਹੈ, ਭਾਵ ਹੈ ਕਿ ਸਾਰੀ ਤ੍ਰਿਸ਼ਨਾ ਮੁੱਕ ਜਾਂਦੀ ਹੈ, ਕਰਮ ਨਾਸ ਹੋਣ ਕਰ ਕੇ ਕਿਸੇ ਜਨਮ ਵਿਚ ਜਾਣਾ ਨਹੀਂ ਹੁੰਦਾ।੩।

੧੫. ਸੋ, ਹੇ ਭਾਈ! ਜੋ ਵੀ ਮਨੁੱਖ ਇਸ ਆਤਮਿਕ ਅਟੱਲ ਜੀਵਨ

ਦੀ ਖ਼ਾਤਿਰ, ਜੀਵਤ ਭਾਵ ਤੋਂ ਮਰਨਾ ਜਾਣਦਾ ਹੈ, ਭਾਵ ਹੈ ਕਿ ਆਪਾ-ਭਾਵ ਮਿਟਾਉਣ ਦੀ ਜਾਚ ਸਿੱਖ ਲੈਂਦਾ ਹੈ।

੧੬. ਸੋ ਉਹ ਮਨੁੱਖ ਭੀ ਸੰਤਾਂ ਵਾਲੇ ਅਟੱਲ ਆਤਮਕ ਸੁੱਖ ਨੂੰ ਮਾਣਦਾ ਹੈ।

੧੭. ਸੋ, ਹੇ ਪਿਆਰੇ! ਮੈਂ ਕਬੀਰ ਨੇ ਭੀ ਉਹ (ਆਤਮਿਕ ਜੀਵਨ ਰੂਪ) ਧਨ ਪ੍ਰਾਪਤ ਕਰ ਲਿਆ ਹੈ। ਇਸੇ ਲਈ:

੧੮. ਹੇ ਭਾਈ! ਹੁਣ ਮੈਂ ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਆਪਾ-ਭਾਵ ਮਿਟਾ ਲਿਆ ਹੈ।੪।੬।

ਭਾਵਾਰਥ : ਉਪ੍ਰੋਕਤ ਸ਼ਬਦ ਦਾ ਸਮੁੱਚਾ ਭਾਵ ਹੈ ਕਿ ਉੱਚਾ ਆਤਮਿਕ ਜੀਵਨ ਆਪਾ-ਭਾਵ ਮਿਟਾਉਣ ਨਾਲ ਹੀ ਮਿਲਦਾ ਹੈ। ਸੋ, ਜਿਸ ਪੁਰਖ ਨੇ ਆਪਾ-ਭਾਵ ਮਿਟਾ ਲਿਆ, ਉਸ ਦਾ ਮਨ ਰੰਗ ਤਮਾਸ਼ਿਆਂ ਵਿਚ ਨਹੀਂ ਫਸਦਾ।

੧. ਕਿਆ ਪੜੀਐ ਕਿਆ ਗੁਨੀਐ ॥
੨. ਕਿਆ ਬੇਦ ਪੁਰਾਨਾਂ ਸੁਨੀਐ ॥
੩. ਪੜੇ ਸੁਨੇ ਕਿਆ ਹੋਈ ॥
੪. ਜਉ ਸਹਜ ਨ ਮਿਲਿਓ ਸੋਈ ॥੧॥
੫. ਹਰਿ ਕਾ ਨਾਮੁ ਨ ਜਪਸਿ ਗਵਾਰਾ ॥
੬. ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥
੭. ਅੰਧਿਆਰੇ ਦੀਪਕੁ ਚਹੀਐ ॥
੮. ਇਕ ਬਸਤੁ ਅਗੋਚਰ ਲਹੀਐ ॥
੯. ਬਸਤੁ ਅਗੋਚਰ ਪਾਈ ॥
੧੦. ਘਟਿ ਦੀਪਕੁ ਰਹਿਆ ਸਮਾਈ ॥੨॥
੧੧. ਕਹਿ ਕਬੀਰ ਅਬ ਜਾਨਿਆ ॥
੧੨. ਜਬ ਜਾਨਿਆ ਤਉ ਮਨੁ ਮਾਨਿਆ ॥
੧੩. ਮਨ ਮਾਨੇ ਲੋਗੁ ਨ ਪਤੀਜੈ ॥
੧੪. ਨ ਪਤੀਜੈ ਤਉ ਕਿਆ ਕੀਜੈ ॥੩॥੭॥

ਪਦ ਅਰਥ : ਕਿਆ—ਕੀ ਲਾਭ? ਗੁਨੀਐ—ਵੀਚਾਰੀਏ। ਕਿਆ ਹੋਈ—ਕੋਈ ਲਾਭ ਨਹੀਂ ਹੋਵੇਗਾ। ਜਉ—ਜਦੋਂ, ਜੇ। ਸਹਜ—ਸੁਭਾਵਕ ਹੀ। ਸੋਈ—ਉਹ ਪ੍ਰਭੂ।੧।

ਨ ਜਪਸਿ—ਤੂੰ ਨਹੀਂ ਜਪਦਾ। ਗਵਾਰਾ—ਹੇ ਗਵਾਰ! ਹੇ ਮੂਰਖ। ਬਾਰੰ ਬਾਰਾ—ਮੁੜ-ਮੁੜ।ਰਹਾਉ।

ਅੰਧਿਆਰੇ—ਹਨ੍ਹੇਰੇ ਵਿਚ। ਚਹੀਐ—ਚਾਹੀਦਾ ਹੈ, ਲੋੜ ਹੁੰਦੀ ਹੈ। ਅਗੋਚਰ—ਜਿਸ ਤਕ ਗਿਆਨ ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ। ਲਹੀਐ—ਲਭ ਪਏ। ਪਾਈ—(ਜਿਸ ਨੇ) ਲੱਭ ਲਈ। ਘਟਿ—(ਉਸ ਦੇ) ਹਿਰਦੇ ਵਿਚ। ਸਮਾਈ ਰਹਿਆ—ਅਡੋਲ ਜਗਦਾ ਰਹਿੰਦਾ ਹੈ।੨।

ਕਹਿ—ਕਹੇ ਕਹਿੰਦਾ ਹੈ। ਅਬ—ਹੁਣ (ਜਦੋਂ ਅਗੋਚਰ ਵਸਤੂ ਲੱਭ ਪਈ ਹੈ)। ਜਾਨਿਆ—ਜਾਣ ਲਿਆ ਹੈ, ਸੁਝ ਪੈ ਗਈ ਹੈ। ਮਾਨਿਆ—ਮੰਨ ਗਿਆ, ਪਤੀਜ ਗਿਆ ਹੈ, ਸੰਤੁਸ਼ਟ ਹੋ ਗਿਆ ਹੈ। ਤਉ—ਤਾਂ। ਕਿਆ ਕੀਜੈ—ਕੀ ਕੀਤਾ ਜਾਏ? ਕੋਈ ਮੁਥਾਜੀ ਨਹੀਂ ਹੁੰਦੀ।੩।

ਉਥਾਨਕਾ : ਕਬੀਰ ਸਾਹਿਬ ਜੀ ਦੀ ਕਿਸੇ ਪੰਡਤ ਨਾਲ ਵੀਚਾਰ ਹੋ ਰਹੀ ਹੈ, ਜੋ ਕਿ ਪੰਡਤ ਇਹ ਗੱਲ ਕਹਿ ਰਿਹਾ ਹੈ ਕਿ ਕਬੀਰ ਜੀ, ਭਾਵੇਂ ਆਪ ਜੀ ਦਾ ਵੀਚਾਰ ਤਾਂ ਠੀਕ ਹੈ, ਪਰ ਆਪ ਕੁਝ ਪੜ੍ਹੇ ਹੋਏ ਨਹੀਂ ਹੋ, ਸੋ ਅਨਪੜ੍ਹ ਦੀ ਵਾਰਤਾ ਭਾਵੇਂ (ਘੁਨਾਖਰ)[1] ਨਿਆਇ ਦੁਆਰਾ ਦਰੁਸਤ ਭੀ ਹੋਵੇ, ਤਾਂ ਭੀ ਉਸ ਨੂੰ ਸਿਆਣੇ ਲੋਕ ਦਰੁਸਤ ਨਹੀਂ ਮੰਨਦੇ, ਇਸ ਲਈ ਕਬੀਰ ਜੀ ਤੁਹਾਡਾ ਪੜ੍ਹ ਕੇ ਉਪਦੇਸ਼ ਕਰਨਾ ਹੀ ਯੋਗ ਹੈ, ਤਾਂ ਕਬੀਰ ਜੀ ਉਸ ਦੀ ਅਜਿਹੀ ਤਰਕ ਸੁਣ ਕੇ ਇਸ ਸ਼ਬਦ ਦੁਆਰਾ ਉਸ ਨੂੰ ਸਮਝਾਉਣ ਦੇ ਬਹਾਨੇ ਸਾਰਿਆਂ ਪ੍ਰਤੀ ਸਾਂਝਾ ਉਪਦੇਸ਼ ਕਰਦੇ ਹਨ:

ਅਰਥ :

ਪ੍ਰ: ਕਬੀਰ ਜੀਉ! ਇਹ ਦੱਸੋ ਕਿ ਕੀ ਤੁਸੀਂ ਵੇਦਾਂ ਪੁਰਾਣਾਂ ਨੂੰ ਪੜ੍ਹਨ-ਸੁਣਨ ਵਿਚ ਵਿਸ਼ਵਾਸ ਨਹੀਂ ਰੱਖਦੇ?

ਉ: ੧. ਹੇ ਪੰਡਤ ਜੀ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਨਾਮ ਜਪਣ ਤੋਂ ਬਿਨਾ ਵੇਦਾਂ ਪੁਰਾਨਾਂ ਆਦਿਕ ਧਰਮ ਪੁਸਤਕਾਂ ਦਾ ਨਿਰੇ ਪੜ੍ਹਨ-ਸੁਣਨ ਦਾ ਕੋਈ ਫ਼ਾਇਦਾ ਨਹੀਂ। (ਇਸ ਲਈ ਹੇ ਪੰਡਤ ਜੀ! ਦੱਸੋ, ਕੀ ਪੜ੍ਹਨਾ ਹੈ, ਕੀ ਵੀਚਾਰਨਾ ਹੈ? ਅਤੇ ਵੇਦਾਂ ਪੁਰਾਨਾਂ ਸ਼ਾਸਤਰਾਂ ਨੂੰ)

੨. ਕੀ ਸੁਣਨਾ ਹੈ?

੩. ਹੇ ਪੰਡਤ ਜੀ! ਦੱਸੋ, ਕੇਵਲ ਪੜ੍ਹਨ-ਸੁਣਨ ਨਾਲ ਕੀ ਪ੍ਰਾਪਤ ਹੋ ਜਾਣਾ ਹੈ। (ਭਾਵ ਕੁਝ ਨਹੀਂ)

੪. ਜਦ ਕਿ ਉਸ (ਪ੍ਰਭੂ) ਦਾ (ਸਹਿਜ) ਗਿਆਨ ਨਹੀਂ ਮਿਲਿਆ।੧।

੫. ਇਸ ਲਈ! ਹੇ ਮੂਰਖਾ! ਤੂੰ ਪਰਮੇਸ਼ਰ ਦਾ ਨਾਮ ਤਾਂ ਸਿਮਰਦਾ ਨਹੀਂ, (ਤੂੰ ਦੱਸ ਨਾਮ ਨੂੰ ਵਿਸਾਰ ਕੇ)

੬. ਤੂੰ ਮੁੜ-ਮੁੜ ਹੋਰ ਸੋਚਾਂ ਸੋਚਣ ਵਿਚ ਲੱਗਾ ਹੋਇਆ ਹੈਂ, ਦੱਸ ਇਨ੍ਹਾਂ ਸੋਚਾਂ ਸੋਚਣ ਦਾ ਤੈਨੂੰ ਕੀ ਲਾਭ ਪ੍ਰਾਪਤ ਹੋਵੇਗਾ, ਭਾਵ ਕੁਝ ਭੀ ਪ੍ਰਾਪਤ ਨਹੀਂ ਹੋ ਸਕਦਾ।ਰਹਾਉ।

ਪ੍ਰ: ਕਬੀਰ ਜੀ! ਕੀ ਤੁਸੀਂ ਵੇਦਾਂ ਪੁਰਾਨਾਂ ਦੇ ਗਿਆਨ ਦੀ ਲੋੜ ਨਹੀਂ ਸਮਝਦੇ?

ਉ: ੭. ਹੇ ਪੰਡਤ ਜੀ! ਹਨੇਰੇ ਵਿਚ ਤਾਂ ਦੀਵੇ ਦੀ ਲੋੜ ਪੈਂਦੀ ਹੈ,

੮. ਤਾਂ ਕਿ ਅੰਦਰੋਂ ਨਾ ਦਿੱਸਣ ਵਾਲੀ ਵਸਤੂ ਨੂੰ ਪਾ ਲਿਆ ਜਾਵੇ। ਇਸੇ ਹੀ ਤਰ੍ਹਾਂ ਹੇ ਪੰਡਤ ਜੀ! ਅਗਿਆਨਤਾ ਦੇ ਹਨ੍ਹੇਰੇ ਨੂੰ (ਦੂਰ ਕਰਨ ਲਈ) ਗਿਆਨ ਰੂਪ ਦੀਵਾ ਲੋੜੀਂਦਾ ਹੈ, (ਤਾਂ ਕਿ ਅੰਦਰੋਂ) ਉਹ ਹਰੀ ਨਾਮ ਰੂਪੀ ਪਦਾਰਥ ਮਿਲ ਜਾਏ, ਜਿਸ ਤਕ ਕਿ ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ, (ਸੋ ਪੰਡਤ ਜੀ! ਇਸ ਤਰ੍ਹਾਂ ਧਾਰਮਿਕ ਪੁਸਤਕਾਂ ਪੜ੍ਹਨ ਨਾਲ ਉਹ ਗਿਆਨ ਦਾ ਦੀਵਾ ਮਨ ਵਿਚ ਜਗਣਾ ਚਾਹੀਦਾ ਹੈ, ਜਿਸ ਨਾਲ ਕਿ ਅੰਦਰ ਵਸਦਾ ਰੱਬ ਲੱਭ ਪਏ)। (ਪਰ, ਇਹ ਦੱਸ ਜੇ ਧਾਰਮਿਕ ਪੁਸਤਕਾਂ ਦੇ ਪੜ੍ਹਨ ਸੁਣਨ ਨਾਲ ਗਿਆਨ ਨਹੀਂ ਪ੍ਰਾਪਤ ਹੋਇਆ, ਤਾਂ ਉਸਦਾ ਕੀ ਲਾਭ ਹੈ)।

---

੧. ਘੁਣ, ਕੀੜਾ ਲੱਕੜੀ ਨੂੰ ਛੇਕੋ-ਛੇਕ ਕਰਦਾ ਰਹਿੰਦਾ ਹੈ, ਤਾਂ ਕਈ ਵੇਰੀ ਉਹ ਛੇਕ ਅੱਖਰਾਂ ਦੀ ਸ਼ਕਲ ਦੇ ਬਣ ਜਾਂਦੇ ਹਨ, ਉਸ ਦਾ ਨਾਮ (ਘੁਨਾਖਰ) ਹੈ।

ਪ੍ਰ: ਕਬੀਰ ਜੀ ! ਇਹ ਦੱਸੋ ਜਦੋਂ ਕਿਸੇ ਨੂੰ ਉਹ ਨਾਮ ਪਦਾਰਥ ਮਿਲ ਜਾਂਦਾ ਹੈ ਤਾਂ ਉਸ ਦੀ ਨਿਸ਼ਾਨੀ ਕੀ ਹੈ ?

ਉ: ੯. ਹੇ ਪੰਡਤ ਜੀ ! ਜਿਸ ਮਨੁੱਖ ਨੂੰ ਉਹ ਅਪਹੁੰਚ ਹਰੀ ਨਾਮ ਪਦਾਰਥ ਮਿਲ ਪੈਂਦਾ ਹੈ,

੧੦. ਤਾਂ ਉਸ ਦੇ ਹਿਰਦੇ ਅੰਦਰ ਉਹ ਗਿਆਨ-ਰੂਪੀ ਦੀਵਾ ਸਦਾ ਹੀ ਟਿਕਿਆ ਰਹਿੰਦਾ ਹੈ।੨।

ਪ੍ਰ: ਕਬੀਰ ਜੀਉ ! ਕੀ ਉਸ ਨਾਮ ਅਗੋਚਰ ਬਾਰੇ ਤੁਹਾਨੂੰ ਭੀ ਕੁਝ ਸੋਝੀ ਪਈ ਹੈ ?

ਉ: ੧੧. (ਹਾਂ ਜ਼ਰੂਰ) ਕਬੀਰ ਜੀ ਕਹਿੰਦੇ ਹਨ ਕਿ ਹੇ ਪੰਡਤ ਜੀ ! ਉਸ ਅਪਹੁੰਚ ਨਾਮ ਪਦਾਰਥ ਨਾਲ ਮੇਰਾ ਤਾਂ ਮਨ ਮੰਨ ਗਿਆ ਹੈ, ਭਾਵ ਹੈ ਕਿ ਅਸਾਂ ਇਸ ਭੇਦ ਨੂੰ ਜਾਣ ਲਿਆ ਹੈ।

ਪ੍ਰ: ਕਬੀਰ ਜੀ ! ਇਹ ਦੱਸੋ ਕਿ ਤੁਸਾਂ ਨੂੰ ਇਸ ਭੇਦ ਜਾਨਣ ਦਾ ਗਿਆਨ ਕਿਵੇਂ ਹੋਇਆ ਹੈ ?

ਉ: ੧੨. ਹੇ ਪੰਡਤ ਜੀ ! ਇਹ ਗਿਆਨ ਇਸ ਤਰ੍ਹਾਂ ਹੋਇਆ ਹੈ ਕਿ ਜਦ ਤੋਂ ਮੇਰੀ ਉਸ ਨਾਮ ਪਦਾਰਥ ਨਾਲ ਜਾਣ ਪਛਾਣ ਹੋਈ ਹੈ, ਤਦ ਤੋਂ ਹੀ ਹੁਣ ਮੇਰਾ ਮਨ ਉਸੇ ਨਾਮ ਵਿਚ ਪਰਚਿਆ ਰਹਿੰਦਾ ਹੈ। (ਭਾਵ ਹੋਰ ਕਿਸੇ ਪਦਾਰਥ ਦੀ ਇੱਛਾ ਹੀ ਨਹੀਂ ਕਰਦਾ)।

ਪ੍ਰ: ਹੇ ਕਬੀਰ ਜੀ ! ਇਹ ਠੀਕ ਹੈ ਕਿ ਤੁਹਾਡਾ ਮਨ ਮੰਨ ਗਿਆ ਹੈ, ਪਰ ਅਨਪੜ੍ਹ ਪੁਰਸ਼ ਦੇ ਉਪਦੇਸ਼ ਨਾਲ ਸੰਸਾਰੀ ਲੋਕੀਂ ਪਤੀਜਦੇ ਨਹੀਂ, ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਵੇਦ ਪੁਰਾਨਾਂ ਦੀ ਜ਼ਰੂਰ ਹੀ ਵਿੱਦਿਆ ਪੜ੍ਹੋ ?

ਉ: ੧੩. ਹੇ ਪੰਡਤ ਜੀ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਸਾਰੀ ਲੋਕ ਧਰਮ-ਪੁਸਤਕਾਂ ਦੇ ਰਿਵਾਜੀ ਪਾਠ ਕਰਨੇ ਕਰਾਉਣੇ ਤੇ ਤੀਰਥਾਂ ਆਦਿਕਾਂ ਦੇ ਇਸ਼ਨਾਨ ਆਦਿ ਕਰਨੇ ਨਾਲ (ਕਰਮ-ਕਾਂਡੀ) ਜਗਤ ਦੇ ਲੋਕਾਂ ਦੀ ਤਸੱਲੀ ਨਹੀਂ ਹੁੰਦੀ, (ਪਰ ਪੰਡਤ ਜੀ, ਸੁਣੋ ਦੂਜੇ ਪਾਸੇ) ਨਾਮ ਸਿਮਰਨ ਵਾਲੇ ਨੂੰ ਭੀ ਇਹ ਮੁਥਾਜੀ ਨਹੀਂ ਹੁੰਦੀ ਕਿ ਲੋਕਾਂ ਦੀ ਤਸੱਲੀ ਭੀ ਜ਼ਰੂਰੀ ਕਰਾਈ ਜਾਵੇ, (ਉਹ ਤਾਂ ਸਗੋਂ ਕਹਿੰਦੇ ਹਨ)

੧੪. ਕਿ ਜੋ ਲੋਕ ਨਹੀਂ ਭਰੋਸਾ ਕਰਦੇ ਤਾਂ ਅਸੀਂ ਭੀ ਲੋਕਾਂ ਦੀ ਕੀ ਪਰਵਾਹ ਕਰਦੇ ਹਾਂ। (ਅਰਥਾਤ ਜੇ ਲੋਕ ਸਾਡਾ ਕਿਹਾ ਨਹੀਂ ਮੰਨਣਗੇ ਤਾਂ ਸਾਡਾ ਤਾਂ ਕੁਝ ਵਿਗਾੜ ਹੀ ਨਹੀਂ ਸਕਣਗੇ, ਸਗੋਂ ਆਪੇ ਹੀ ਜਨਮ-ਮਰਣ ਦਾ ਦੁੱਖ ਪਾਉਣਗੇ) ਹੇ ਪੰਡਤ ਜੀ ! ਇਹੋ ਹੀ ਇਕ ਕਾਰਨ ਹੈ ਕਿ ਭਗਤਾਂ ਤੇ ਸੰਸਾਰੀ ਲੋਕਾਂ ਦਾ ਅਜੋੜ ਹੀ ਬਣਿਆ ਰਹਿੰਦਾ ਹੈ।੩।੭।

ਭਾਵਾਰਥ : ਸ਼ਬਦ ਦਾ ਮੁੱਖ ਭਾਵ ਹੈ ਕਿ ਜੇ ਮਨੁੱਖ ਦੀ ਲਗਨ ਪ੍ਰਭੂ ਦੇ ਨਾਮ ਵਿਚ ਨਹੀਂ ਬਣਦੀ, ਤਾਂ ਧਾਰਮਿਕ ਪੁਸਤਕਾਂ ਦੇ ਪੜ੍ਹਨ ਪੜ੍ਹਾਉਣ ਦਾ ਕੋਈ ਲਾਭ ਨਹੀਂ ਹੁੰਦਾ, ਇਹ ਪਾਠ ਕਰਨੇ-ਕਰਾਉਣੇ ਤਾਂ ਕੇਵਲ ਲੋਕਾਚਾਰੀ ਰਹਿ ਜਾਂਦੇ ਹਨ।੭।

੧. ਹ੍ਰਿਦੈ ਕਪਟੁ ਮੁਖ ਗਿਆਨੀ ॥
੨. ਝੂਠੇ ਕਹਾ ਬਿਲੋਵਸਿ ਪਾਨੀ ॥੧॥
੩. ਕਾਂਇਆ ਮਾਂਜਸਿ ਕਉਨ ਗੁਨਾਂ ॥
੪. ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥
੫. ਲਉਕੀ ਅਠਸਠਿ ਤੀਰਥ ਨ੍ਹਾਈ ॥
੬. ਕਉਰਾਪਨੁ ਤਊ ਨ ਜਾਈ ॥੨॥
੭. ਕਹਿ ਕਬੀਰ ਬੀਚਾਰੀ ॥
੮. ਭਵ ਸਾਗਰੁ ਤਾਰਿ ਮੁਰਾਰੀ ॥੩॥੮॥

ਪਦ ਅਰਥ : ਗਿਆਨੀ—ਗਿਆਨ ਦੀਆਂ ਗੱਲਾਂ ਕਰਨ ਵਾਲਾ, ਚੁੰਚ ਗਿਆਨੀ। ਕਹਾ—ਕੀ ਲਾਭ ਹੈ ? ਬਿਲੋਵਸਿ—ਤੂੰ ਰਿੜਕਦਾ ਹੈਂ।੧।

ਕਾਂਇਆ—ਸਰੀਰ। ਮਾਂਜਸਿ—ਤੂੰ ਮਾਂਜਦਾ ਹੈਂ। ਕਉਨ ਗੁਨਾਂ—ਇਸ ਦਾ ਕੀ ਲਾਭ। ਜਉ—ਜੇ। ਘਟ—ਹਿਰਦਾ। ਮਲਨਾ—ਮੈਲ, ਵਿਕਾਰ, ਖੋਟ।ਰਹਾਉ।

ਲਉਕੀ—ਤੂੰਬੀ। ਅਠਸਠਿ—ਅਠਾਹਠ। ਤਊ—ਤਾਂ ਭੀ।੨।

ਕਹਿ—ਕਹੇ, ਆਖਦਾ ਹੈ। ਬੀਚਾਰੀ—ਵੀਚਾਰ ਕੇ, ਸੋਚ ਕੇ। ਭਵ ਸਾਗਰੁ—ਸੰਸਾਰ-ਸਮੁੰਦਰ। ਮੁਰਾਰੀ—ਹੇ ਮੁਰਾਰੀ, ਹੇ ਪ੍ਰਭੂ।੩।

ਉਥਾਨਕਾ : ਇਕ ਪੇਟ ਪਾਲੂ, ਨਾਮ ਧਰੀਕ ਬੰਦਾ ਭਗਤੀ ਦੇ ਲਿਬਾਸ ਵਿਚ ਕਬੀਰ ਜੀ ਨੂੰ ਕਹਿਣ ਲੱਗਾ ਕਿ ਕਬੀਰ ਜੀ ਕੇਵਲ ਗਿਆਨ ਦਾ ਕਥਨ ਤੁਸੀਂ ਹੀ ਨਹੀਂ ਕਰ ਸਕਦੇ, ਮੈਂ ਭੀ ਵੇਦਾਂ ਸ਼ਾਸਤਰਾਂ ਅਨੁਸਾਰ ਗਿਆਨ ਦਾ ਕਥਨ ਕਰ ਸਕਦਾ ਹਾਂ ਤੇ ਕਰਦਾ ਭੀ ਹਾਂ, ਪਰ ਮਰਯਾਦਾ ਨੂੰ ਨਿਬਾਹੁਣਾ ਯੋਗ ਹੈ, ਇਸ ਲਈ ਅਸੀਂ ਕਦੇ ਭੀ ਤੀਰਥ ਇਸ਼ਨਾਨ ਤੇ ਸੋਚ ਆਦਿਕ ਕਰਮਾਂ ਦਾ ਤਿਆਗ ਨਹੀਂ ਕਰਦੇ। ਸੋ ਕਬੀਰ ਜੀ, ਲੋਕ ਤੈਨੂੰ ਭੀ ਭਗਤ ਆਖਣ ਲੱਗ ਪਏ, ਪਰ ਤੂੰ ਤੀਰਥ ਸੇਵਨ ਤੇ ਜਲ ਮਿੱਟੀ ਨਾਲ ਸਰੀਰ ਦੀ ਸ਼ੁੱਧੀ ਕਦੀ ਭੀ ਨਹੀਂ ਕੀਤੀ, ਇਸ ਲਈ ਤੈਨੂੰ ਚਾਹੀਦਾ ਹੈ ਕਿ ਤੂੰ ਤੀਰਥ ਸੇਵਨ ਜਲ ਆਦਿਕ ਨਾਲ ਨਿਤਾ ਪ੍ਰਤੀ ਸਰੀਰ ਦੀ ਸ਼ੁੱਧੀ ਕੀਤਾ ਕਰ, ਤਾਂਕਿ ਤੇਰੀ ਹੋਰ ਭੀ ਪ੍ਰਭਤਾ ਵੱਧ ਜਾਵੇ। ਸੋ ਉਸ ਦੇ ਥੋਥੇ ਗਿਆਨ ਦੇ ਕਥਨ ਵੱਲ ਤੱਕ ਕੇ ਕਬੀਰ ਜੀ ਉਸ ਪ੍ਰਤੀ ਸ਼ਬਦ ਦੁਆਰਾ ਉਪਦੇਸ਼ ਕਰਦੇ ਹੋਏ ਸਾਰੇ ਲੋਕਾਂ ਨੂੰ ਸਹੀ ਸਿਧਾਂਤ ਵੱਲ ਟ੍ਰਨ ਦੀ ਪ੍ਰੇਰਣਾ ਕਰਦੇ ਹਨ।

ਅਰਥ :

ਪ੍ਰ: ਕਬੀਰ ਜੀ ! ਗਿਆਨ ਦਾ ਉਪਦੇਸ਼ ਤਾਂ ਲੋਕਾਂ ਨੂੰ ਮੈਂ ਭੀ ਸਦਾ ਹੀ ਕਰਦਾ ਰਹਿੰਦਾ ਹਾਂ।

ਉ: ੧. ਹੇ ਝੂਠੇ, ਮੁਖ ਗਿਆਨੀ, ਪਖੰਡੀ ਮਨੁੱਖ, ਤੇਰੇ ਹਿਰਦੇ ਵਿਚ ਤਾਂ ਕਪਟ, ਠੱਗੀ ਹੈ, ਪਰ ਤੂੰ ਮੂੰਹੋਂ (ਬ੍ਰਹਮ) ਗਿਆਨ ਦੀਆਂ ਗੱਲਾਂ ਕਥਨ ਕਰ ਰਿਹਾ ਹੈਂ।

੨. ਹੇ ਝੂਠੇ ! ਦੱਸ, ਤੂੰ ਇਸ ਪਾਣੀ ਨੂੰ ਕਿਉਂ ਰਿੜਕਦਾ ਹੈਂ, (ਭਾਵ ਹੈ, ਤੈਨੂੰ ਇਸ ਪਾਣੀ ਦੇ ਰਿੜਕਣ ਨਾਲ ਕੋਈ ਲਾਭ ਨਹੀਂ ਹੋ ਸਕਦਾ।੧।

ਪ੍ਰ: ਕਬੀਰ ਜੀ ! ਮੈਂ ਤੁਹਾਨੂੰ ਕਦੇ ਭੀ ਤੀਰਥ ਇਸ਼ਨਾਨ ਕਰ ਕੇ ਇਸ ਦੇਹੀ ਦੀ ਸੁੱਚਮਤਾਈ ਕਰਦਿਆਂ ਨਹੀਂ ਵੇਖਿਆ, ਪਰ ਮੈਂ ਤਾਂ ਸਦਾ ਹੀ ਤੀਰਥ ਇਸ਼ਨਾਨ ਕਰ ਕੇ ਇਸ ਦੇਹੀ ਨੂੰ ਪਵਿੱਤਰ ਕਰੀ ਰੱਖਦਾ ਹਾਂ ? ਸੋ ਦੱਸੋ, ਤੁਸੀਂ ਮੇਰੀ ਤੁਲਤਾ ਕਿਵੇਂ ਲੈ ਸਕਦੇ ਹੋ ?

ਉ: ੩. ਹੇ ਚੁੰਚ ਗਿਆਨੀ ! ਤੂੰ ਆਪਣੇ ਸਰੀਰ ਨੂੰ ਤਾਂ ਮਾਂਜਦਾ (ਸੋਚ ਕਰਦਾ) ਹੈਂ, ਭਾਵ ਬਾਹਰੋਂ ਤਾਂ ਸੁੱਚਾ ਤੇ ਪਵਿੱਤਰ ਰੱਖਦਾ ਹੈਂ, ਦੱਸ ਇਸ ਦਾ ਤੈਨੂੰ ਕੀ ਲਾਭ ਹੈ, ਭਾਵ ਇਸ ਦੇ ਕਰਨ ਦਾ ਤੈਨੂੰ ਕੋਈ ਲਾਭ ਨਹੀਂ।

੪. ਕਿਉਂਕਿ, ਜਦ ਤੇਰੇ ਹਿਰਦੇ ਵਿਚ ਵਿਕਾਰਾਂ ਦੀ, ਕਪਟ ਦੀ ਮੈਲ ਹੈ।੧।ਰਹਾਉ।

ਪ੍ਰ: ਕਬੀਰ ਜੀ ! ਕੀ ਮੈਨੂੰ ਤੀਰਥਾਦਕਾਂ 'ਤੇ ਇਸ਼ਨਾਨ ਕਰਨ ਦਾ ਕੋਈ ਭੀ ਲਾਭ ਨਹੀਂ ਹੋਵੇਗਾ ?

ਉ: ੫. ਹੇ ਭੋਲਿਆ ! ਤੂੰ ਹੀ ਦੱਸ, ਜੇਕਰ ਤੂੰਬੀ ਅਠਾਹਠ ਤੀਰਥਾਂ ਉੱਤੇ ਭੀ ਇਸ਼ਨਾਨ ਕਰ ਲਵੇ।

੬. ਤਾਂ ਭੀ ਉਸ ਦੀ (ਅੰਦਰਲੀ) ਕੁੜੱਤਣ ਦੂਰ ਨਹੀਂ ਹੁੰਦੀ, (ਇਵੇਂ ਹੀ ਤੀਰਥ ਇਸ਼ਨਾਨ ਕੀਤਿਆਂ ਮਨ ਦੇ ਵਿਕਾਰ ਦੂਰ ਨਹੀਂ ਹੁੰਦੇ)।੨।

ਪ੍ਰ: ਕਬੀਰ ਜੀ ! ਦੱਸੋ, ਤਾਂ ਫਿਰ ਅੰਦਰੋਂ ਵਿਕਾਰਾਂ ਦੀ ਮੈਲ ਦੂਰ ਕਰਨ ਲਈ ਤੁਸੀਂ ਕੀ ਵੀਚਾਰਿਆ ਹੈ ?

ਉ: ੭. ਕਹਿੰਦੇ ਹਨ ਕਬੀਰ ਜੀ ਕਿ ਐ ਪੰਡਤ ਜੀ (ਮੈਂ ਤਾਂ ਇਸ ਅੰਦਰਲੀ ਮੈਲ ਨੂੰ ਦੂਰ ਕਰਨ ਲਈ) ਸੋਚ ਵੀਚਾਰ ਕਰ ਕੇ ਇਉਂ ਹੀ (ਫ਼ੈਸਲਾ ਕੀਤਾ ਹੈ ਕਿ) ਮੈਂ ਸਦਾ ਹੀ ਇਕੋ ਪ੍ਰਭੂ ਅੱਗੇ ਅਰਦਾਸ ਕਰਦਾ ਰਵਾਂ।

੮. ਅਤੇ ਉਸ ਅਰਦਾਸ ਵਿਚ ਇਉਂ ਹੀ ਪ੍ਰਾਰਥਨਾ ਕਰਦਾ ਰਵਾਂ ਕਿ ਹੇ ਮੁਰਾਰੀ, ਹੇ ਪ੍ਰਭੂ, ਮੈਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰ ਲੈ।੩।੮।

ਭਾਵਾਰਥ : ਇਸ ਉਪ੍ਰੋਕਤ ਸ਼ਬਦ ਦਾ ਮੁੱਖ ਭਾਵ ਇਹੋ ਹੀ ਹੈ ਕਿ ਮਨ ਦੇ ਵਿਕਾਰਾਂ ਦੀ ਮੈਲ ਨੂੰ ਕੇਵਲ ਤੀਰਥਾਂ ਦਾ ਇਸ਼ਨਾਨ ਜਾਂ ਵੇਦ ਪੁਰਾਣਾਂ ਦੀ ਗਿਆਨ ਚਰਚਾ ਦੂਰ ਨਹੀਂ ਕਰ ਸਕਦੀ, ਇਸ ਦਾ ਇਲਾਜ ਤਾਂ ਇਹੋ ਹੀ ਹੈ ਕਿ ਸਾਰੇ ਲੋਕਾਚਾਰੀ ਕਰਮ-ਕਾਂਡਾਂ ਦਾ ਤਿਆਗ ਕਰ ਕੇ ਸਾਈਂ ਜੀ ਦੇ ਦਰ 'ਤੇ ਢਹਿ ਪਓ।੮।

ਸੋਰਠਿ ॥

੧ਓ ਸਤਿਗੁਰ ਪ੍ਰਸਾਦਿ ॥

੧. ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
੨. ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥
੩. ਮਨ ਮੇਰੇ ਭੂਲੇ ਕਪਟੁ ਨ ਕੀਜੈ ॥
੪. ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥
੫. ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥
੬. ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥
੭. ਕਹਤੁ ਕਬੀਰੁ ਕੋਈ ਨਹੀ ਤੇਰਾ ॥
੮. ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥੩॥੯॥

ਪਦ ਅਰਥ : ਬਹੁ ਪਰਪੰਚ—ਕਈ (ਤਰ੍ਹਾਂ ਦੀਆਂ) ਠੱਗੀਆਂ। ਕਰਿ—ਕਰ ਕੇ। ਪਰ—ਪਰਾਇਆ। ਸੁਤ—ਪੁੱਤਰ। ਦਾਰਾ—ਵਹੁਟੀ। ਪਹਿ—ਕੋਲ। ਆਨਿ—ਲਿਆ ਕੇ। ਲੁਟਾਵੈ—ਹਵਾਲੇ ਕਰ ਦੇਂਦਾ ਹੈ।੧।

ਕਪਟੁ—ਧੋਖਾ, ਠੱਗੀ। ਅੰਤਿ—ਆਖ਼ਿਰ ਨੂੰ। ਨਿਬੇਰਾ—ਫ਼ੈਸਲਾ, ਲੇਖਾ, ਹਿਸਾਬ। ਤੇਰੇ ਜੀਅ ਪਹਿ—ਤੇਰੀ ਜਿੰਦ ਪਾਸੋਂ।੧।ਰਹਾਉ।

ਛਿਨੁ ਛਿਨੁ—ਪਲ-ਪਲ ਵਿਚ। ਛੀਜੈ—ਕਮਜ਼ੋਰ ਹੋ ਰਿਹਾ ਹੈ। ਜਰਾ—ਬੁਢੇਪਾ। ਜਨਾਵੈ—ਆਪਣਾ ਆਪ ਵਿਖਾ ਰਿਹਾ ਹੈ। ਓਕ—ਬੁੱਕ। ਪਾਨੀਓ—ਪਾਣੀ ਭੀ।੨।

ਹਿਰਦੈ—ਹਿਰਦੇ ਵਿਚ। ਕੀ ਨ—ਕਿਉਂ ਨਹੀਂ ? ਸਵੇਰਾ—ਵੇਲੇ ਸਿਰ।੩।

ਅਰਥ :

ਪ੍ਰ: ਕਬੀਰ ਜੀਉ ! ਮੈਨੂੰ ਕਿਸੇ ਸੁਖੈਨ ਢੰਗ ਦੁਆਰਾ ਉਪਦੇਸ਼ ਬਖ਼ਸ਼ੋ, ਕਿਉਂਕਿ ਮੈਨੂੰ ਕੁਟੰਬ ਦੀ ਪਾਲਨਾ-ਪੋਸਣਾ ਕਰਨ ਲਈ ਬੜੇ ਹੀ ਛੱਲ ਵਲ ਕਰਨੇ ਪੈਂਦੇ ਹਨ।

ਉ: ੧. ਹੇ ਭੋਲਿਆ ! ਵੇਖ, ਤੂੰ ਕਈ ਤਰ੍ਹਾਂ ਦੀਆਂ ਠੱਗੀਆਂ ਕਰ ਕੇ ਪਰਾਇਆ ਮਾਲ (ਠੱਗ ਕੇ) ਲਿਆਉਂਦਾ ਹੈਂ।

੨. ਅਤੇ ਲਿਆ ਕੇ ਆਪਣੇ ਪੁੱਤਰ ਤੇ ਵਹੁਟੀ ਦੇ ਹਵਾਲੇ ਕਰ ਦੇਂਦਾ ਹੈਂ, ਭਾਵ ਇਨ੍ਹਾਂ ਦੇ ਕੋਲ ਆ ਕੇ ਲੁਟਵਾ ਦੇਂਦਾ ਹੈਂ।੧।

੩. ਇਸ ਲਈ ਹੇ ਮੇਰੇ ਭੁੱਲੇ ਹੋਏ ਮਨ ! ਤੂੰ (ਰੋਜ਼ੀ ਆਦਿਕ ਦੀ ਖ਼ਾਤਿਰ ਕਿਸੇ ਨਾਲ) ਧੋਖਾ ਫ਼ਰੇਬ ਨਾ ਕਰਿਆ ਕਰ।

੪. (ਕਿਉਂਕਿ) (ਆਖ਼ਿਰ ਨੂੰ ਇਨ੍ਹਾਂ ਮੰਦ-ਕਰਮਾਂ ਦਾ) ਲੇਖਾ ਤੇਰੀ ਆਪਣੀ ਜਿੰਦ ਤੋਂ ਹੀ ਲਿਆ ਜਾਣਾ ਹੈ।੧।ਰਹਾਉ।

੫. ਹੇ ਭੋਲਿਆ ! (ਵੇਖ, ਇਨ੍ਹਾਂ ਠੱਗੀਆਂ ਕਰਦੇ ਰਹਿਣ ਵਿਚ ਹੀ) ਛਿਨ-ਛਿਨ ਕਾਲ ਵਿਚ ਸਹਜੇ-ਸਹਜੇ ਤੇਰਾ ਆਪਣਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ ਤੇ ਬੁਢੇਪਾ ਆਪਣਾ-ਆਪ ਪ੍ਰਗਟ ਕਰੀ ਜਾਂਦਾ ਹੈ, ਭਾਵ ਬੁਢੇਪੇ ਦੀਆਂ ਨਿਸ਼ਾਨੀਆਂ ਆਈ ਜਾਂਦੀਆਂ ਹਨ।

੬. ਭੋਲਿਆ ! ਚੇਤਾ ਰੱਖ, ਜਦੋਂ ਤੂੰ ਬੁੱਢਾ ਹੋ ਗਿਆ ਤੇ ਹਿੱਲਣ ਜੋਗਾ ਨਾ ਰਿਹਾ, ਤਦੋਂ ਇਨ੍ਹਾਂ ਸੰਬੰਧੀਆਂ ਵਿਚੋਂ, ਜਿਨ੍ਹਾਂ ਦੀ ਖ਼ਾਤਿਰ ਤੂੰ ਠੱਗੀ ਕਰਦਾ ਹੈਂ, ਕਿਸੇ ਨੇ ਭੀ ਤੇਰੀ ਬੁੱਕ ਵਿਚ ਪਾਣੀ ਨਹੀਂ ਪਾਉਣਾ, ਤਾਂ ਦੱਸ ਇਨ੍ਹਾਂ ਨੇ ਤੇਰੀ ਅੱਗੇ ਜਾ ਕੇ ਸਹਾਇਤਾ ਕੀ ਕਰਨੀ ਹੈ।੨।

ਪ੍ਰ: ਕਬੀਰ ਜੀ ! ਦੱਸੋ ਤਾਂ ਫਿਰ ਮੈਂ ਕੀ ਕਰਾਂ ?

ਉ: ੭. ਕਬੀਰ ਜੀ ਕਹਿੰਦੇ ਹਨ ਕਿ ਹੇ ਸੱਜਣਾ, ਜਦੋਂ ਇਨ੍ਹਾਂ ਸੰਬੰਧੀਆਂ ਵਿਚੋਂ ਕਿਸੇ ਨੇ ਭੀ ਤੇਰਾ ਸਹਾਈ ਨਹੀਂ ਹੋਣਾ, ਤਾਂ ਤੂੰ ਇਨ੍ਹਾਂ ਦਾ ਮੋਹ ਛੱਡ ਕੇ।

੮. ਜੋ ਤੇਰਾ ਸੱਚਾ ਸਾਥੀ ਹੈ, (ਤੂੰ ਵੇਲੇ ਸਿਰ) ਅੰਮ੍ਰਿਤ ਵੇਲੇ ਉਠ ਕੇ ਹੁਣੇ-ਹੁਣੇ ਉਸ ਪ੍ਰਭੂ ਨੂੰ ਹਿਰਦੇ ਵਿਚ ਕਿਉਂ ਨਹੀਂ ਜਪਦਾ ?।੩।੯।

ਭਾਵਾਰਥ : ਸ਼ਬਦ ਦਾ ਮੁੱਖ ਭਾਵ ਹੈ ਕਿ ਹਰ ਪ੍ਰਾਣੀ ਮਾਤਰ ਲਈ ਵਿਹਾਰ ਕਾਰ ਕਰਨ ਵਿਚ ਠੱਗੀ, ਧੋਖਾ, ਫ਼ਰੇਬ ਕਰਨਾ ਭਾਰੀ ਮੂਰਖਤਾ ਹੈ। ਜਿਨ੍ਹਾਂ ਪੁੱਤਰਾਂ ਇਸਤਰੀ ਆਦਿਕ ਲਈ ਮਨੁੱਖ ਠੱਗੀ, ਚੋਰੀ ਕਰਦਾ ਹੈ, ਅੰਤ ਵੇਲੇ ਸਾਥ ਨਿਭਾਉਣਾ ਤਾਂ ਕਿਤੇ ਰਿਹਾ, ਉਹ ਤਾਂ ਬੁਢੇਪਾ ਆਇਆਂ ਹੀ ਖ਼ੁਸ਼ ਹੋ ਕੇ ਪਾਣੀ ਦਾ ਘੁੱਟ ਭੀ ਦੇਣ ਲਈ ਤਿਆਰ ਨਹੀਂ ਹੁੰਦੇ।੯।

੧. ਸੰਤਹੁ ਮਨ ਪਵਨੈ ਸੁਖੁ ਬਨਿਆ ॥
੨. ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥
੩. ਗੁਰਿ ਦਿਖਲਾਈ ਮੋਰੀ ॥
੪. ਜਿਤੁ ਮਿਰਗ ਪੜਤ ਹੈ ਚੋਰੀ ॥
੫. ਮੂੰਦਿ ਲੀਏ ਦਰਵਾਜੇ ॥
੬. ਬਾਜੀਅਲੇ ਅਨਹਦ ਬਾਜੇ ॥੧॥
੭. ਕੁੰਭ ਕਮਲੁ ਜਲਿ ਭਰਿਆ ॥
੮. ਜਲੁ ਮੇਟਿਆ ਊਭਾ ਕਰਿਆ ॥
੯. ਕਹੁ ਕਬੀਰ ਜਨ ਜਾਨਿਆ ॥
੧੦. ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥

ਪਦ ਅਰਥ : ਸੰਤਹੁ—ਹੇ ਸੰਤ ਜਨੋ ! ਮਨ ਪਵਨੈ—ਮਨ ਪਵਨ ਨੂੰ, ਪਉਣ ਜੈਸੇ ਚੰਚਲ ਮਨ ਨੂੰ, ਜੋ ਕਿ ਪਹਿਲੋਂ ਪਵਣ ਵਰਗਾ ਚੰਚਲ ਸੀ, ਇਸ ਮਨ ਨੂੰ ਜੋ ਪਹਿਲੇ ਕਦੇ ਇਕ ਥਾਂ ਟਿਕਦਾ ਹੀ ਨਹੀਂ ਸੀ। ਜੋਗੁ ਪਰਾਪਤਿ—ਪ੍ਰਾਪਤ ਜੋਗ, ਹਾਸਲ ਕਰਨ ਜੋਗ। ਕਿਛੁ—ਕੁਝ ਥੋੜ੍ਹਾ ਬਹੁਤ। ਜੋਗ ਪਰਾਪਤਿ ਗਣਿਆ—ਇਹ ਮਨ ਹਾਸਲ ਕਰਨ ਜੋਗਾ ਗਿਣਿਆ ਜਾ ਸਕਦਾ ਹੈ, ਇਹ ਮਨ ਹੁਣ ਪ੍ਰਭੂ ਦੇ ਹਾਸਲ ਕਰਨ ਜੋਗਾ ਸਮਝਿਆ ਜਾ ਸਕਦਾ ਹੈ।ਰਹਾਉ।

ਗੁਰਿ—ਗੁਰੂ ਨੇ। ਮੋਰੀ—ਕਮਜ਼ੋਰੀ। ਜਿਤੁ—ਜਿਸ ਕਮਜ਼ੋਰੀ ਦੀ ਰਾਹੀਂ। ਮਿਰਗ—ਕਾਮਾਦਿਕ ਪਸ਼ੂ। ਚੋਰੀ—ਚੁਪ ਕੀਤੇ, ਅਡੋਲ ਹੀ, ਪਤਾ ਦੇਣ ਤੋਂ ਬਿਨਾ ਹੀ। ਮੂੰਦਿ ਲੀਏ—ਬੰਦ ਕਰ ਦਿੱਤੇ ਹਨ। ਦਰਵਾਜੇ—ਸਰੀਰਕ ਇੰਦ੍ਰੇ ਜਿਨ੍ਹਾਂ ਦੀ ਰਾਹੀਂ ਕਾਮਾਦਿਕ ਵਿਕਾਰ ਸਰੀਰ ਉੱਤੇ ਹੱਲਾ ਕਰਦੇ ਹਨ। ਅਨਹਦ—ਇਕ ਰਸ। ਬਾਜੀਅਲੇ—ਵਜਣ ਲੱਗ ਪਏ। ਕੁੰਭ—ਹਿਰਦਾ ਰੂਪ ਘੜਾ। ਜਲਿ—ਵਿਕਾਰ ਰੂਪ ਪਾਣੀ ਨਾਲ। ਮੇਟਿਆ—ਡੋਲ੍ਹ ਦਿੱਤਾ ਹੈ। ਊਭਾ—ਉੱਚਾ, ਸਿੱਧਾ। ਜਾਨਿਆ—ਜਾਣ ਲਿਆ ਹੈ। ਮਾਨਿਆ—ਪਤੀਜ ਗਿਆ ਹੈ।੨।

ਅਰਥ :

ਪ੍ਰ: ਇਕ ਸਾਧੂਆਂ ਦੀ ਮੰਡਲੀ ਨੇ ਕਬੀਰ ਜੀ ਪਾਸ ਆ ਕੇ ਇਹ ਪੁੱਛ ਕੀਤੀ ਕਿ ਹੇ ਕਬੀਰ ਜੀ ! ਜੋ ਸੁੱਖ ਸਾਡੇ ਮਨਾਂ ਨੂੰ ਨਹੀਂ ਹੈ, ਉਹ ਸੁੱਖ ਅਸੀਂ ਵੇਖਦੇ ਹਾਂ ਕਿ ਤੁਸਾਂ ਨੂੰ ਸੁਭਾਵਕ ਹੀ ਪ੍ਰਾਪਤ ਹੈ, ਦੱਸੋ ਇਹ ਸੁੱਖ ਤੁਹਾਨੂੰ ਕਿਵੇਂ ਪ੍ਰਾਪਤ ਹੋਇਆ ਹੈ ?

ਉ: ੧. ਹੇ ਸੰਤ ਜਨੋ ! ਸੁਣੋ, ਇਹ ਜੋ ਮੈਨੂੰ ਤੁਸੀਂ ਮਾਨਸਿਕ ਸੁੱਖ ਦੀ ਪ੍ਰਾਪਤੀ ਵੇਖ ਰਹੇ ਹੋ, ਇਹ ਅਸਲ ਵਿਚ ਜੋ ਪਵਣ ਦੀ ਤਰ੍ਹਾਂ ਚੰਚਲ ਮਨ ਹੈ, ਇਸ ਨੂੰ ਰੋਕਣ ਕਰ ਕੇ ਹੀ ਇਹ ਮਾਨਸਿਕ ਸੁੱਖ ਮਿਲ ਗਿਆ ਹੈ। ਪਰ ਹੁਣ ਦੱਸੋ ਕਿ :

ਪ੍ਰ: ਕਬੀਰ ਜੀ ! ਹੁਣ ਤੁਸੀਂ ਆਪਣੇ ਮਨ ਦੀ ਦਸ਼ਾ ਕਿਸ ਰੂਪ ਵਿਚ ਅਨੁਭਵ ਕਰਦੇ ਹੋ ?

ਉ: ੨. ਹੇ ਸੰਤੋ ! ਹੁਣ ਮੈਂ ਇਸ ਮਨ ਨੂੰ ਉਸ ਪ੍ਰਭੂ ਦੇ ਮਿਲਾਪ ਹਾਸਲ ਕਰਨ ਜੋਗ ਥੋੜ੍ਹਾ ਬਹੁਤਾ ਸਮਝਿਆ ਹੈ, (ਕਿਉਂਕਿ) ਉਸ ਪ੍ਰਾਪਤ ਹੋਣ ਜੋਗ (ਆਤਮ ਵਸਤੂ ਦਾ) ਕੁਝ ਗਿਆਨ ਵੀਚਾਰ ਮੈਂ ਪਾਇਆ ਹੈ।

ਪ੍ਰ: ਕਬੀਰ ਜੀ ! ਇਹ ਅਵਸਥਾ ਤੁਹਾਨੂੰ ਕਿਸ ਸਾਧਨ ਦੁਆਰਾ ਹਾਸਲ ਹੋਈ ਹੈ ?

ਉ: ੩. ਹੇ ਸੰਤੋ ! ਮੈਂ ਸਾਧਨ ਕਰਨ ਵੱਲੋਂ ਤਾਂ ਭਾਵੇਂ ਅਸਮਰੱਥ ਸੀ, ਪਰ ਸਤਿਗੁਰੂ ਨੇ ਮੈਨੂੰ ਉਹ ਮੋਰੀ, ਭਾਵ ਮੈਨੂੰ ਮੇਰੀ ਉਹ ਕਮਜ਼ੋਰੀ ਵਿਖਾ ਦਿੱਤੀ ਹੈ।

੪. ਜਿਥੋਂ ਕਿ ਵਿਕਾਰਾਂ ਰੂਪ ਹਰਨ (ਸ਼ੁਭ ਗੁਣਾਂ ਦੀ) ਚੋਰੀ ਕਰਨ ਲਈ ਅਡੋਲ ਹੀ ਚੁੱਪ-ਚੁਪੀਤੇ ਆ ਪੈਂਦੇ ਸਨ ਤੇ ਮੈਨੂੰ ਆ ਦਬਾਉਂਦੇ ਸਨ।

ਪ੍ਰ: ਕਬੀਰ ਜੀ ! ਉਹ ਦਰਵਾਜ਼ੇ ਕਿਹੜੇ ਹਨ, ਜਿਨ੍ਹਾਂ ਦੁਆਰਾ ਤੁਸੀਂ ਕਾਮਾਦਿਕ ਵਿਕਾਰਾਂ ਨੂੰ ਆਉਂਦਿਆਂ ਹੀ ਅਨੁਭਵ ਕਰਦੇ ਹੋ ?

ਉ: ੫. ਹੇ ਸੰਤੋ ! ਅਸਲ ਵਿਚ ਤਾਂ ਇਸ ਸਰੀਰ ਨੂੰ ਇਕ ਮੰਦਰ ਰੂਪ ਸਮਝੋ ਤੇ ਇਸ ਦੇ ਅੰਦਰ ਵਿਕਾਰਾਂ ਦੇ ਪਰਵੇਸ਼ ਹੋਣ ਲਈ ਇਹ ਗਿਆਨ-ਇੰਦ੍ਰੇ ਇਕ ਤਰ੍ਹਾਂ ਦੇ ਦਰਵਾਜ਼ੇ ਹਨ, ਸੋ, ਮੈਂ ਹੁਣ ਗੁਰੂ ਦੀ ਮਿਹਰ ਨਾਲ ਵੀਚਾਰ ਰੂਪ ਤਖ਼ਤੇ ਲਾ ਕੇ ਇਨ੍ਹਾਂ ਗਿਆਨ-ਇੰਦ੍ਰਿਆਂ ਰੂਪ ਦਰਵਾਜ਼ਿਆਂ ਨੂੰ, ਪਰ ਨਿੰਦਾ, ਪਰ ਤਨ, ਪਰ ਧਨ, ਆਦਿਕ ਵੱਲੋਂ ਬੰਦ ਕਰ ਲਿਆ ਹੈ, ਇਸੇ ਦੀ ਬਰਕਤ ਨਾਲ ਹੁਣ ਮੇਰੇ ਅੰਦਰ,

੬. ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਵਾਜੇ ਇਕ ਰਸ ਵਜਣ ਲੱਗ ਪਏ ਹਨ।੧।

ਪ੍ਰ: ਕਬੀਰ ਜੀਉ ! ਇਹ ਦੱਸੋ ਕਿ ਹੁਣ ਤੁਹਾਨੂੰ ਆਪਣੇ ਅੰਤਰ-ਆਤਮੇਂ ਕੀ ਕੁਝ ਪ੍ਰਤੀਤ ਹੋ ਰਿਹਾ ਹੈ ?

ਉ: ੭. ਹੇ ਸੰਤ ਜਨੋ ! ਹੁਣ ਮੈਂ ਇਉਂ ਅਨੁਭਵ ਕਰਦਾ ਹਾਂ ਕਿ ਪਹਿਲੋਂ ਜੋ ਮੇਰਾ ਹਿਰਦਾ ਕਮਲ ਰੂਪ ਘੜਾ (ਵਿਕਾਰਾਂ ਵਾਸ਼ਨਾਂ) ਦੇ ਪਾਣੀ ਨਾਲ ਭਰਿਆ ਹੋਇਆ ਸੀ,

੮. ਗੁਰੂ ਦੀ ਕਿਰਪਾ ਨਾਲ ਹੁਣ ਮੈਂ ਉਹ ਵਾਸ਼ਨਾ ਰੂਪ ਪਾਣੀ ਡੋਲ੍ਹ ਦਿੱਤਾ ਤੇ ਮੂਧੇ ਪਏ ਹਿਰਦੇ ਨੂੰ ਸਿੱਧਾ ਕਰ ਲਿਆ ਹੈ, ਭਾਵ ਹਿਰਦੇ ਨੂੰ ਉੱਚਾ ਕਰ ਲਿਆ ਹੈ।

੯. ਕਬੀਰ ਜੀ ਕਹਿੰਦੇ ਹਨ ਕਿ ਹੇ ਸੰਤੋ ! ਮੈਂ ਦਾਸ ਨੇ ਗੁਰੂ ਦੀ ਕਿਰਪਾ ਨਾਲ (ਵਾਸ਼ਨਾ ਦੇ ਖੈ ਕਰਨ ਦਾ ਢੰਗ) ਜਾਣ ਲਿਆ ਹੈ, ਇਉਂ ਵਾਸ਼ਨਾ ਖੈ ਕਰ ਕੇ ਸਰੂਪ ਨੂੰ ਜਾਣ ਲਿਆ ਹੈ।

੧੦. ਹੇ ਸੰਤੋ ! ਜਦੋਂ ਮੈਂ ਇਸ ਤਰ੍ਹਾਂ ਸਰੂਪ ਨੂੰ ਜਾਣ ਲਿਆ ਹੈ, ਤਾਂ ਹੁਣ ਮੇਰਾ ਮਨ ਉਸੇ ਪ੍ਰਭੂ ਵਿਚ ਗਿੱਝ ਗਿਆ ਹੈ।੨।੧੦।

ਭਾਵਾਰਥ : ਕਬੀਰ ਜੀ ਉਪ੍ਰੋਕਤ ਪੰਗਤੀਆਂ ਵਿਚ ਇਹ ਗੁਰਮਤਿ ਦਾ ਸਹੀ ਸਿਧਾਂਤ ਅੰਕਤ ਕਰਦੇ ਹਨ ਕਿ ਜਦੋਂ ਗੁਰੂ ਮਨੁੱਖ ਨੂੰ ਸਮਝਾ ਦੇਂਦਾ ਹੈ ਕਿ ਇਹ ਕਾਮਾਦਿਕ ਵਿਕਾਰ ਕਿਵੇਂ ਹੱਲਾ ਆ ਕਰਦੇ ਹਨ ਤੇ ਜਦੋਂ ਸਿਮਰਨ ਦੀ ਸਹਾਇਤਾ ਨਾਲ ਮਨੁੱਖ ਉਨ੍ਹਾਂ ਹਲਿਆਂ ਤੋਂ ਬਚਾਉ ਕਰ ਲੈਂਦਾ ਹੈ ਤਾਂ ਮਨ ਚੰਚਲਤਾ ਵੱਲੋਂ ਹਟ ਕੇ ਅਸਲੀ ਆਤਮਕ ਸੁੱਖ ਵਿਚ ਟਿੱਕ ਜਾਂਦਾ ਹੈ।੨।੧੦।

ਰਾਗੁ ਸੋਰਠਿ ॥

੧. ਭੂਖੇ ਭਗਤਿ ਨ ਕੀਜੈ ॥
੨. ਯਹ ਮਾਲਾ ਅਪਨੀ ਲੀਜੈ ॥

੩. ਹਉ ਮਾਂਗਉ ਸੰਤਨ ਰੇਨਾ ॥
੪. ਮੈ ਨਾਹੀ ਕਿਸੀ ਕਾ ਦੇਨਾ ॥੧॥
੫. ਮਾਧੋ ਕੈਸੀ ਬਨੈ ਤੁਮ ਸੰਗੇ ॥
੬. ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥
੭. ਦੁਇ ਸੇਰ ਮਾਂਗਉ ਚੂਨਾ ॥
੮. ਪਾਉ ਘੀਉ ਸੰਗਿ ਲੂਨਾ ॥
੯. ਅਧ ਸੇਰੁ ਮਾਂਗਉ ਦਾਲੇ ॥
੧੦. ਮੋ ਕਉ ਦੋਨਉ ਵਖਤ ਜਿਵਾਲੇ ॥੨॥
੧੧. ਖਾਟ ਮਾਂਗਉ ਚਉਪਾਈ ॥
੧੨. ਸਿਰਹਾਨਾ ਅਵਰ ਤੁਲਾਈ ॥
੧੩. ਊਪਰ ਕਉ ਮਾਂਗਉ ਖੀਂਧਾ ॥
੧੪. ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥
੧੫. ਮੈ ਨਾਹੀ ਕੀਤਾ ਲਬੋ ॥
੧੬. ਇਕੁ ਨਾਉ ਤੇਰਾ ਮੈ ਫਬੋ ॥
੧੭. ਕਹਿ ਕਬੀਰ ਮਨੁ ਮਾਨਿਆ ॥
੧੮. ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥

ਪਦ ਅਰਥ : ਭੂਖੈ—ਰੋਜ਼ੀ, ਮਾਇਆ ਆਦਿਕ ਦੀ ਤ੍ਰਿਸ਼ਨਾ। ਭੂਖ—ਰੋਜ਼ੀ ਮਾਇਆ ਆਦਿਕ ਦੀ ਤਾਂਘ। ਭੂਖਾ—ਰੋਜ਼ੀ ਮਾਇਆ ਆਦਿਕ ਦੀ ਤ੍ਰਿਸ਼ਨਾ ਦੇ ਅਧੀਨ। ਨ ਕੀਜੈ—ਨਹੀਂ ਕੀਤੀ ਜਾ ਸਕਦੀ। ਯਹ—ਇਹ। ਲੀਜੈ—ਕਿਰਪਾ ਕਰ ਕੇ ਲੈ ਲਉ। ਹਉ—ਮੈਂ। ਰੇਨਾ—ਚਰਨ ਧੂੜ। ਕਿਸੀ ਕਾ ਦੇਨਾ—ਕਿਸੇ ਦੀ ਮੁਥਾਜੀ, ਕਿਸੇ ਦੇ ਦਬਾਉ ਹੇਠ ਹੋਣਾ।੧।

ਕੈਸੀ ਬਨੈ—ਕਿਵੇਂ ਨਿਭ ਸਕਦੀ ਹੈ? ਤੁਮ ਸੰਗੇ—ਤੈਥੋਂ ਸੰਗਿਆਂ, ਤੈਥੋਂ ਸ਼ਰਮ ਕੀਤਿਆਂ। ਲੇਵਉ ਮੰਗੇ—ਮੈਂ ਮੰਗ ਕੇ ਲੈ ਲਵਾਂਗਾ।ਰਹਾਉ।

ਚੂਨਾ—ਆਟਾ। ਜਿਵਾਲੇ—ਜੀਉਂਦਿਆਂ ਰੱਖੇ।੨।

ਖਾਟ—ਮੰਜੀ। ਚਉਪਾਈ—ਚਾਰ ਪਾਵਿਆਂ ਵਾਲੀ, ਸਾਬਤ। ਖੀਂਧਾ—ਰਜਾਈ। ਥੀਂਧਾ—ਥਿੰਧਾ, ਪ੍ਰੇਮ ਵਿਚ ਰਸ ਕੇ।੩।

ਲਬੋ—ਲਾਲਚ। ਮੈਂ ਫਬੋ—ਮੈਨੂੰ ਪਸੰਦ ਹੈ। ਜਾਨਿਆ—ਜਾਣ ਲਿਆ, ਸਾਂਝ ਪਾਈ ਹੈ।੪।

ਉਥਾਨਕਾ : ਕਬੀਰ ਜੀ ਕਈ ਦਿਨਾਂ ਤੋਂ ਭੁੱਖੇ ਰਹੇ, ਘਰ ਵਿਚ ਅੰਨ ਨਹੀਂ ਸੀ, ਇਕ ਸੰਤ ਮੰਡਲੀ ਭੀ ਆ ਗਈ, ਉਹ ਭੀ ਭੁੱਖੇ ਹੀ ਰਹੇ ਤਾਂ ਕਬੀਰ ਜੀ ਆਪ ਤਾਂ ਭੁੱਖੇ ਸਮਾਂ ਗੁਜ਼ਾਰ ਹੀ ਰਹੇ ਸਨ, ਪਰ ਸੰਤਾਂ ਦੀ ਭੁੱਖ ਤੇ ਦੁੱਖ ਨੂੰ ਨਾ ਸਹਾਰਦੇ ਹੋਏ, ਕਬੀਰ ਜੀ ਪ੍ਰਭੂ ਦੇ ਸਨਮੁਖ ਹੋ ਸ਼ਬਦ ਉਚਾਰਦੇ ਹਨ।

ਅਰਥ :

ਪ੍ਰ: ਅਕਾਸ਼ਬਾਣੀ ਹੋਈ ਕਿ ਹੇ ਕਬੀਰ ਜੀ! ਤੂੰ ਭਗਤੀ ਕਰਨ ਵੱਲੋਂ ਉਪਰਾਮ ਕਿਉਂ ਹੋ ਗਿਆ ਹੈਂ?

ਉ: ੧. ਹੇ ਪ੍ਰਭੂ! ਵੇਖ, (ਸਾਥੋਂ) ਭੁੱਖਿਆਂ ਰਹਿ ਕੇ ਭਗਤੀ ਨਹੀਂ ਕੀਤੀ ਜਾ ਸਕਦੀ, ਭਾਵ ਹੈ ਕਿ ਭੁੱਖੇ—ਰੋਜ਼ੀ ਮਾਇਆ ਆਦਿਕ ਦੀ ਤ੍ਰਿਸ਼ਨਾ ਦੇ ਅਧੀਨ ਰਿਹਾਂ, ਜੇ ਮਨੁੱਖ ਦੀ ਰੋਟੀ ਵੱਲੋਂ ਹੀ ਤ੍ਰਿਸ਼ਨਾ ਨਹੀਂ ਮੁੱਕੀ ਤਾਂ ਉਹ ਪ੍ਰਭੂ ਦੀ ਭਗਤੀ ਨਹੀਂ ਕਰ ਸਕਦਾ, ਫਿਰ ਤਾਂ ਉਹ ਭਗਤੀ ਵਿਖਾਵੇ ਦੀ ਹੀ ਰਹਿ ਜਾਂਦੀ ਹੈ, (ਜੇ ਰੋਟੀ ਵੱਲੋਂ ਅਚਿੰਤ ਨਹੀਂ ਕਰਨਾ)।

੨. (ਤਾਂ ਤੇ) ਇਹ (ਭਗਤੀ ਦੇ ਚਿੰਨ੍ਹ ਰੂਪ) ਆਪਣੀ ਮਾਲਾ (ਸਾਥੋਂ) ਲੈ ਲਵੋ।

ਪ੍ਰ: ਕਬੀਰ! ਤੂੰ ਹੋਰ ਕੀ ਮੰਗਦਾ ਹੈਂ?

ਉ: ੩. ਹੇ ਪ੍ਰਭੂ ਜੀ! (ਇਕ ਤਾਂ ਮੈਨੂੰ ਰੋਟੀ ਵੱਲੋਂ ਬੇ-ਫ਼ਿਕਰ ਕਰ) ਦੂਜਾ ਮੈਂ ਸੰਤਾਂ ਦੀ ਚਰਨ ਧੂੜ ਮੰਗਦਾ ਹਾਂ।

੪. ਤਾਂ ਕਿ ਮੈਂ ਕਿਸੇ ਦੇ ਅਧੀਨ, ਮੁਥਾਜ ਨਾ ਹੋਵਾਂ, ਭਾਵ ਹੈ ਕਿ ਮੈਂ ਕਿਸੇ ਦਾ (ਕਰਜ਼ਾ) ਨਹੀਂ ਦੇਣਾ, ਇਸ ਲਈ ਮੈਨੂੰ (ਬਹੁਤੇ) ਧਨ ਦੀ ਲੋੜ ਨਹੀਂ। (ਸੋ ਮੈਂ ਓਹੀ ਸ਼ੈਆਂ ਮੰਗਦਾ ਹਾਂ ਜੋ ਤੇਰੀ ਭਗਤੀ ਕਰਨ ਵਿਚ ਸਹਾਇਕ ਹਨ)।੧।

ਪ੍ਰ: ਕਬੀਰ! ਕੀ ਤੈਨੂੰ ਇਸ ਤਰ੍ਹਾਂ ਮੰਗ ਕਰਨ ਵਿਚ ਸੰਗ ਨਹੀਂ ਆਉਂਦੀ?

ਉ: ੫. ਹੇ ਮਾਧੋ! ਪ੍ਰਭੂ ਜੀ, ਤੈਥੋਂ ਸੰਗਣਾ ਕਿਸ ਤਰ੍ਹਾਂ ਬਣ ਸਕਦਾ ਹੈ? ਅਰਥਾਤ ਜਿਵੇਂ ਪੁੱਤਰ ਪਿਤਾ ਤੋਂ ਮੰਗਣ ਲੱਗਾ ਸ਼ਰਮ ਨਹੀਂ ਕਰਦਾ, ਇਵੇਂ ਹੀ ਮੈਂ ਤੇਰੇ ਪਾਸੋਂ ਮੰਗ ਲੈਂਦਾ ਹਾਂ। ਭਾਵ ਹੈ ਕਿ ਹੇ ਪਿਤਾ ਪ੍ਰਭੂ! ਤੈਥੋਂ ਸ਼ਰਮ ਕੀਤਿਆਂ ਨਹੀਂ ਨਿਭ ਸਕਣੀ, ਸੋ,

੬. ਜੇ ਤੂੰ ਆਪ ਨਾ ਦੇਵੇਂਗਾ ਤਾਂ ਮੈਂ ਆਪ ਹੀ ਮੰਗ ਕੇ ਲੈ ਲਵਾਂਗਾ।ਰਹਾਉ।

ਪ੍ਰ: ਹੇ ਕਬੀਰ! ਦੱਸ, ਤੇਰੇ ਬੰਦਗੀ ਕਰਨ ਵਿਚ ਸਹਾਇਕ ਕਿਹੜੀ-ਕਿਹੜੀ ਵਸਤੂ ਤੈਨੂੰ ਜ਼ਰੂਰੀ ਲੋੜੀਂਦੀ ਹੈ।

ਉ: ੭. ਹੇ ਮਾਧੋ! ਮੈਨੂੰ ਦੋ ਸੇਰ ਆਟੇ ਦੀ ਲੋੜ ਹੈ, ਇਹ ਮੈਂ ਜ਼ਰੂਰੀ ਮੰਗਦਾ ਹਾਂ।

੮. ਇਕ ਪਾਉ ਘਿਉ ਅਤੇ ਇਸ ਦੇ ਨਾਲ ਹੀ ਕੁਝ ਲੂਣ ਭੀ ਚਾਹੀਦਾ ਹੈ।

ਪ੍ਰ: ਕਬੀਰ! ਹੋਰ ਕੀ ਚਾਹੁੰਦਾ ਹੈਂ?

ਉ: ੯. ਹੇ ਮਾਧੋ! (ਮੈਂ ਤੈਥੋਂ) ਅੱਧ ਸੇਰ ਦਾਲ ਮੰਗਦਾ ਹਾਂ।

੧੦. ਇਹ ਉਪ੍ਰੋਕਤ ਚੀਜ਼ਾਂ ਮੇਰੇ ਦੋਹਾਂ ਵੇਲਿਆਂ ਦੇ ਗੁਜ਼ਾਰੇ ਲਈ ਕਾਫ਼ੀ ਹਨ।੨।

ਪ੍ਰ: ਕਬੀਰ! ਕੀ ਕੁਝ ਹੋਰ ਭੀ ਮੰਗ ਹੈ? ਜੀ ਹਾਂ, ਇਹ ਤਾਂ ਉਪ੍ਰੋਕਤ ਆਪ ਤੋਂ ਸਰੀਰਕ ਰੋਜ਼ੀ ਦਾ ਨਿਰਭਾ ਮਾਤਰ ਮੰਗਣਾ ਕੀਤਾ ਹੈ, ਪਰ ਰਾਤ ਦੇ ਅਰਾਮ ਲਈ ਭੀ ਇਹ ਸ਼ੈਆਂ ਅਤਿ ਜ਼ਰੂਰੀ ਹਨ।

੧੧-੧੨. ਸਾਬਤ ਮੰਜੀ ਮੰਗਦਾ ਹਾਂ, ਸਿਰਹਾਣਾ ਅਤੇ ਤੁਲਾਈ ਭੀ (ਅਤਿ ਜ਼ਰੂਰੀ ਹੈ)।

੧੩. ਉਪਰ ਲੈਣ ਲਈ ਰਜ਼ਾਈ ਦੀ (ਭੀ) ਲੋੜ ਹੈ।

੧੪. ਬਸ! ਫਿਰ ਤੇਰਾ ਭਗਤ (ਸਰੀਰਕ ਲੋੜਾਂ ਵੱਲੋਂ ਬੇ-ਫ਼ਿਕਰ ਹੋ ਕੇ) ਤੇਰੇ ਪ੍ਰੇਮ ਵਿਚ ਭਿੱਜ ਕੇ ਤੇਰੀ ਭਗਤੀ ਕਰੇਗਾ।੩।

ਪ੍ਰ: ਕਬੀਰ! ਕੀ ਤੂੰ ਏਨਾ ਕੁਝ ਮੰਗ ਕੇ ਲਾਲਚ ਨਹੀਂ ਕਰ ਰਿਹਾ?

ਉ: ੧੫. ਕਹਿੰਦੇ ਹਨ ਕਬੀਰ ਜੀ ! ਹੇ ਪ੍ਰਭੂ ! ਮੈਂ ਉਪ੍ਰੋਕਤ ਇੰਨਾ ਕੁਝ ਮੰਗਣ ਵਿਚ ਕੋਈ ਲਾਲਚ ਨਹੀਂ ਕੀਤਾ, ਇਹ ਤਾਂ ਕੇਵਲ ਨਿਰਭਾ ਮਾਤ੍ਰ ਹੀ ਮੰਗਿਆ ਹੈ।

੧੬. (ਕਿਉਂਕਿ) (ਇਹ ਉਪ੍ਰੋਕਤ ਚੀਜ਼ਾਂ ਤਾਂ ਸਰੀਰਕ ਨਿਰਭਾ ਮਾਤਰ ਹਨ) ਅਸਲ ਵਿਚ ਤਾਂ ਮੈਨੂੰ ਸਦਾ ਤੇਰਾ ਨਾਮ ਹੀ ਪਿਆਰਾ ਹੈ।

੧੭. ਕਬੀਰ ਜੀ ਕਹਿੰਦੇ ਹਨ, ਮੇਰਾ ਮਨ ਤੇਰੇ ਨਾਮ ਵਿਚ ਪਰਚਿਆ ਹੋਇਆ ਹੈ।

੧੮. ਤੇ ਜਦੋਂ ਦਾ ਮਨ ਤੇਰੇ ਨਾਲ ਪਰਚਿਆ ਹੈ, ਤਦੋਂ ਤੋਂ ਹੀ ਤੇਰੇ ਨਾਲ ਮੇਰੀ ਜਾਣ-ਪਛਾਣ ਹੋ ਗਈ ਹੈ, ਭਾਵ ਤਦੋਂ ਤੋਂ ਹੀ ਤੈਨੂੰ ਮੈਂ ਜਾਣ ਲਿਆ ਹੈ।੪।੧੧।

ਭਾਵਾਰਥ : ਸ਼ਬਦ ਦਾ ਮੁਖ ਭਾਵ ਹੈ ਕਿ ਜਦੋਂ ਤਕ ਮਨੁੱਖ ਦਾ ਮਨ ਤ੍ਰਿਸ਼ਨਾ ਦੇ ਅਧੀਨ ਹੈ, ਤਦੋਂ ਤਕ ਪਰਮੇਸ਼ਰ ਦੀ ਭਗਤੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਤ੍ਰਿਸ਼ਨਾ ਤੇ ਭਗਤੀ ਦਾ ਕਦੇ ਜੋੜ ਨਹੀਂ ਹੋ ਸਕਦਾ, ਇਸੇ ਲਈ ਭਗਤ ਜੀ ਨੇ ਨਿਰ ਇੱਛਤ ਹੋ ਕੇ ਭਗਤੀ ਕਰਨ ਲਈ ਸਰੀਰਕ ਲੋੜਾਂ ਦੀ ਪੂਰਤੀ ਲਈ ਸਾਈਂ ਜੀ ਤੋਂ ਸਰੀਰਕ ਨਿਰਭਾ ਲਈ ਲੋੜੀਂਦੀਆਂ ਸ਼ੈਆਂ ਦੀ ਮੰਗ ਕੀਤੀ ਹੈ।

ਰਾਗੁ ਸੋਰਠਿ ਬਾਣੀ ਭਗਤ ਨਾਮਦੇਵ ਜੀ ਕੀ ਘਰੁ ੨

੧ਓ ਸਤਿਗੁਰ ਪ੍ਰਸਾਦਿ ॥

੧. ਜਬ ਦੇਖਾ ਤਬ ਗਾਵਾ ॥
੨. ਤਉ ਜਨ ਧੀਰਜੁ ਪਾਵਾ ॥੧॥
੩. ਨਾਦਿ ਸਮਾਇਲੋ ਰੇ
ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥
੪. ਜਹ ਝਿਲਿ ਮਿਲਿ ਕਾਰੁ ਦਿਸੰਤਾ ॥
੫. ਤਹ ਅਨਹਦ ਸਬਦ ਬਜੰਤਾ ॥
੬. ਜੋਤੀ ਜੋਤਿ ਸਮਾਨੀ ॥
੭. ਮੈ ਗੁਰ ਪਰਸਾਦੀ ਜਾਨੀ ॥੨॥
੮. ਰਤਨ ਕਮਲ ਕੋਠਰੀ ॥
੯. ਚਮਕਾਰ ਬੀਜੁਲ ਤਹੀ ॥
੧੦. ਨੇਰੈ ਨਾਹੀ ਦੂਰਿ ॥
੧੧. ਨਿਜ ਆਤਮੈ ਰਹਿਆ ਭਰਪੂਰਿ ॥੩॥
੧੨. ਜਹ ਅਨਹਤ ਸੂਰ ਉਜ੍ਯਾਰਾ ॥
੧੩. ਤਹ ਦੀਪਕ ਜਲੈ ਛੰਛਾਰਾ ॥
੧੪. ਗੁਰ ਪਰਸਾਦੀ ਜਾਨਿਆ ॥
੧੫. ਜਨੁ ਨਾਮਾ ਸਹਜ ਸਮਾਨਿਆ ॥੪॥੧॥

ਪਦ ਅਰਥ : ਦੇਖਾ—ਦੇਖਾਂ, ਵੇਖਦਾ ਹਾਂ, ਪ੍ਰਭੂ ਦਾ ਦੀਦਾਰ ਕਰਦਾ ਹਾਂ। ਗਾਵਾ—ਗਾਵਾਂ, ਮੈਂ (ਉਸ ਦੇ ਗੁਣ) ਗਾਉਂਦਾ ਹਾਂ। ਤਉ—ਤਦੋਂ। ਜਨ—ਹੇ ਭਾਈ। ਪਾਵਾ—ਮੈਂ ਹਾਸਲ ਕਰਦਾ ਹਾਂ। ਧੀਰਜੁ—ਸ਼ਾਂਤੀ, ਅਡੋਲਤਾ, ਟਿਕਾਉ।੧।

ਨਾਦਿ—ਨਾਦ ਵਿਚ, (ਗੁਰੂ ਦੇ) ਸ਼ਬਦ ਵਿਚ। ਸਮਾਇਲੋ—ਸਮਾ ਗਿਆ ਹੈ, ਲੀਨ ਹੋ ਗਿਆ ਹੈ। ਰੇ—ਹੇ ਭਾਈ! ਭੇਟਿਲੇ—ਮਿਲਾ ਦਿੱਤਾ ਹੈ। ਦੇਵਾ—ਹਰੀ ਨੇ।੧।ਰਹਾਉ।

ਜਹ—ਜਿਥੇ, ਜਿਸ (ਮਨ) ਵਿਚ। ਝਿਲਮਿਲ ਕਾਰੁ—ਇਕ ਰਸ ਚੰਚਲਤਾ, ਸਦਾ ਚੰਚਲਤਾ ਹੀ ਚੰਚਲਤਾ। ਦਿਸੰਤਾ—ਦਿੱਸਦੀ ਸੀ। ਤਹ—ਉਥੇ, ਉਸ (ਮਨ) ਵਿਚ। ਅਨਹਦ—ਇਕ ਰਸ। ਸਬਦ ਵਜੰਤਾ—ਸ਼ਬਦ ਵੱਜ ਰਿਹਾ ਹੈ, ਸਤਿਗੁਰੂ ਦੇ ਸ਼ਬਦ ਦਾ ਪ੍ਰਭਾਵ ਜ਼ੋਰਾਂ ਵਿਚ ਹੈ। ਜੋਤੀ—ਪਰਮਾਤਮਾ ਦੀ ਜੋਤਿ ਵਿਚ। ਜੋਤਿ—ਮੇਰੀ ਜਿੰਦ; ਮੇਰੀ ਆਤਮਾ। ਗੁਰ ਪਰਸਾਦੀ—ਗੁਰੂ ਦੀ ਕਿਰਪਾ ਨਾਲ। ਜਾਨੀ—ਜਾਣੀ ਹੈ, ਸਾਂਝ ਪਈ ਹੈ।੨।

ਕਮਲ ਕੋਠਰੀ—(ਹਿਰਦਾ) ਕਮਲ ਕੋਠੜੀ ਵਿਚ। ਰਤਨ—(ਰੱਬੀ ਗੁਣਾਂ ਦੇ) ਰਤਨ (ਪਏ ਹੋਏ ਸਨ, ਪਰ ਮੈਨੂੰ ਪਤਾ ਨਹੀਂ ਸੀ)। ਤਹੀ—ਉਸੇ (ਹਿਰਦੇ) ਵਿਚ। ਚਮਕਾਰ—ਲਿਸ਼ਕ, ਚਾਨਣ। ਨਿਜ ਆਤਮੈ—ਮੇਰੇ ਆਪਣੇ ਅੰਦਰ।੩।

ਛੰਛਾਰਾ—ਮੱਧਮ। ਦੀਪਕ—ਦੀਵਾ। ਤਹ—ਉਸ (ਮਨ) ਵਿਚ (ਪਹਿਲਾਂ)। ਜਹ—ਜਿਥੇ (ਹੁਣ)। ਅਨਹਤ—ਇਕ ਰਸ, ਲਗਾਤਾਰ।੪।

ਅਰਥ :

ਪ੍ਰ: ਹੇ ਭਗਤ ਜੀ ! ਜਿਸ ਮਾਲਕ ਦੀ ਤੁਸੀਂ ਬੰਦਗੀ ਕਰਦੇ ਹੋ; ਉਸ ਦਾ ਤੁਹਾਡੇ ਮਨ ਵਿਚ ਕੀ ਪ੍ਰਭਾਵ ਪੈਂਦਾ ਹੈ ?

ਉ: ੧. ਹੇ ਮਿੱਤਰੋ ! ਉਸ ਸਾਈਂ ਜੀ ਦੀ ਕੀਤੀ ਹੋਈ ਬੰਦਗੀ ਦਾ ਜੋ ਮੇਰੇ ਮਨ ਤੇ ਦਿਨ-ਬ-ਦਿਨ ਪ੍ਰਭਾਵ ਪੈ ਰਿਹਾ ਹੈ, ਉਸ ਨੂੰ ਸਹੀ ਰੂਪ ਵਿਚ ਤਾਂ ਬਿਆਨ ਨਹੀਂ ਕੀਤਾ ਜਾ ਸਕਦਾ, ਪਰ ਕਹਿਣ ਮਾਤਰ ਇਉਂ ਸਮਝੋ ਕਿ ਮੈਂ ਜਿਉਂ-ਜਿਉਂ ਉਸ ਦੀ ਬੰਦਗੀ ਕਰਦਾ ਹਾਂ, ਤਿਉਂ-ਤਿਉਂ ਮੈਂ ਪਰਮੇਸ਼ਰ ਦੇ (ਹਰ ਥਾਂ) ਦੀ ਦੀਦਾਰ ਕਰਦਾ ਹਾਂ, (ਉਨ੍ਹਾਂ ਦੀਦਾਰਾਂ ਦੀ ਬਰਕਤ ਨਾਲ) ਮੈਂ (ਆਪ ਮੁਹਾਰਾ) ਉਸੇ ਸਾਈਂ ਜੀ ਦੀ ਸਿਫ਼ਤਿ-ਸਾਲਾਹ ਕਰਦਾ ਰਹਿੰਦਾ ਹਾਂ।

ਪ੍ਰ: ਕਿਉਂ ਜੀ ! ਉਸ ਸਾਈਂ ਦੀ ਸਿਫ਼ਤਿ-ਸਾਲਾਹ ਕਰਦੇ ਰਹਿਣ ਦਾ ਆਖ਼ਿਰ ਤੁਹਾਨੂੰ ਫਲ ਕੀ ਪ੍ਰਾਪਤ ਹੋ ਰਿਹਾ ਪ੍ਰਤੀਤ ਹੁੰਦਾ ਹੈ ?

ਉ: ੨. ਹੇ ਭਾਈਓ ! (ਮੈਂ ਜਿਉਂ-ਜਿਉਂ ਸਿਫ਼ਤਿ-ਸਾਲਾਹ ਕਰਦਾ ਹਾਂ) (ਤਉ) ਤਦੋਂ ਹੀ ਮੈਂ ਜਨ ਨੂੰ ਧੀਰਜ ਪੈਂਦੀ ਹੈ, ਭਾਵ ਮੇਰੇ ਅੰਦਰ ਠੰਡ ਪੈਂਦੀ ਹੈ, ਸ਼ਾਂਤੀ, ਟਿਕਾਉ ਤੇ ਅਡੋਲਤਾ ਹਾਸਲ ਹੁੰਦੀ ਹੈ।੧।

ਪ੍ਰ: ਭਗਤ ਜੀ ! ਇਹ ਦੱਸੋ ਕਿ ਇਹ ਦਾਤ ਤੁਹਾਨੂੰ ਕਿਵੇਂ ਪ੍ਰਾਪਤ ਹੋਈ ਹੈ ?

ਉ: ੩. ਹੇ ਭਾਈ ! ਅਸਲ ਵਿਚ ਤਾਂ ਮੇਰੇ 'ਤੇ ਪ੍ਰਭੂ ਦੇਵ ਦੀ ਮਿਹਰ ਹੋਈ ਹੈ ਕਿ ਮੈਨੂੰ ਪ੍ਰਭੂ ਦੇਵ ਨੇ (ਪਹਿਲੋਂ) ਸਤਿਗੁਰੂ ਦਾ ਮਿਲਾਪ ਕਰਵਾ ਦਿੱਤਾ, (ਉਸ ਦੀ ਬਰਕਤ ਨਾਲ ਮੇਰਾ) ਮਨ ਉਸੇ ਗੁਰੂ ਦੇ ਸ਼ਬਦ ਵਿਚ ਲੀਨ ਹੋ ਗਿਆ ਹੈ।੧।ਰਹਾਉ।

ਪ੍ਰ: ਭਗਤ ਜੀਉ! ਇਹ ਦੱਸੋ ਕਿ ਹੁਣ ਉਸ ਸ਼ਬਦ ਵਿਚ ਲੀਨ ਹੋਏ ਤੁਹਾਡੇ ਮਨ ਵਿਚ ਕੀ ਬਦਲ ਆ ਗਈ ਹੈ?

ਉ: ੪. ਹੇ ਭਾਈ! (ਮੇਰੇ ਮਨ ਵਿਚ ਬਦਲ ਆਈ ਨੂੰ ਇਸ ਰੂਪ ਵਿਚ ਸਮਝੋ ਕਿ ਪਹਿਲੋਂ ਜਿਸ ਮੇਰੇ ਮਨ ਵਿਚ ਅਨੇਕਾਂ ਹੀ ਤਰ੍ਹਾਂ ਦੇ ਸੰਸਕਾਰਾਂ ਦੀ ਝਿਲ-ਮਿਲ ਕਾਰ ਦਿੱਸਦੀ ਸੀ, ਭਾਵ ਸੰਸਾਰ ਦੇ ਸੰਸਕਾਰਾਂ ਦੀ ਚੰਚਲਤਾ ਦਿੱਸ ਰਹੀ ਸੀ,

੫. ਉਥੇ ਹੁਣ ਇਕ ਰਸ ਗੁਰੂ ਦੇ ਸ਼ਬਦ ਦਾ ਪ੍ਰਭਾਵ ਪੈ ਰਿਹਾ ਹੈ, ਭਾਵ ਕੇਵਲ ਗੁਰੂ ਦਾ ਸ਼ਬਦ ਹੀ ਪ੍ਰਗਟ ਹੋ ਰਿਹਾ ਹੈ। (ਸੰਸਕਾਰਾਂ ਦੀ ਸਾਰੀ ਹੀ ਚੰਚਲਤਾ ਮਿਟ ਗਈ ਹੈ)।

ਪ੍ਰ: ਕਿਉਂ ਜੀ! ਆਖ਼ਿਰ ਤੁਹਾਨੂੰ ਹਾਸਲ ਕੀ ਹੋਇਆ ਹੈ?

ਉ: ੬. ਹੇ ਸੱਜਨੋ! (ਇਉਂ ਸਮਝੋ ਕਿ) ਹੁਣ ਉਸ ਜੋਤੀ ਵਿਚ ਮੇਰੀ ਜੋਤ ਸਮਾ ਗਈ ਹੈ, ਭਾਵ ਉਹ ਮੇਰੀ ਆਤਮਾ ਪਰਮਾਤਮਾ ਵਿਚ ਮਿਲ ਗਈ ਹੈ।

੭. ਪਰ ਹਾਂ, ਇਹ ਪ੍ਰਾਪਤੀ ਮੈਨੂੰ ਗੁਰੂ ਦੀ ਕਿਰਪਾ ਨਾਲ ਹੋਈ ਹੈ, ਭਾਵ ਸਤਿਗੁਰੂ ਦੀ ਕਿਰਪਾ ਨਾਲ ਹੀ ਮੈਂ ਉਸ ਜੋਤਿ ਨੂੰ ਪਛਾਣ ਲਿਆ ਹੈ।੨

ਪ੍ਰ: ਕਿਉਂ ਜੀ! ਇਹ ਦੱਸੋ ਕਿ ਹੁਣ ਤੁਹਾਨੂੰ ਕਿਵੇਂ ਪ੍ਰਤੀਤ ਹੋ ਰਿਹਾ ਹੈ?

ਉ: ੮. ਹੇ ਭਾਈਓ! ਮੈਨੂੰ ਹੁਣ ਇਉਂ ਪ੍ਰਤੀਤ ਹੋ ਰਿਹਾ ਹੈ ਕਿ ਗਿਆਨ ਆਦਿਕ ਦੈਵੀ ਗੁਣਾਂ ਦੇ ਰਤਨ ਤਾਂ ਮੇਰੇ ਹਿਰਦੇ ਕਮਲ ਦੀ ਕੋਠੜੀ ਵਿਚ ਹੀ ਸਨ, (ਪਰ ਹਾਂ ਉਹ ਲੁਕੇ ਹੋਏ ਸਨ)।

੯. ਹੇ ਭਾਈ! ਹੁਣ ਉਥੇ (ਹਿਰਦੇ ਰੂਪ ਕਮਲ ਕੋਠੜੀ ਵਿਚ) (ਗੁਰੂ ਦੀ ਮਿਹਰ ਦਾ ਸਦਕਾ) ਮਾਨੋ, ਬਿਜਲੀ ਦੀ ਲਿਸ਼ਕ (ਵਰਗਾ ਚਾਨਣ) ਹੈ। (ਜਿਸ ਪ੍ਰਕਾਸ਼ ਵਿਚ ਹੁਣ ਉਹ ਮੈਨੂੰ ਗਿਆਨ ਆਦਿਕ ਰਤਨ ਦਿੱਸ ਪਏ ਹਨ)।

੧੦. (ਉਸ ਪ੍ਰਕਾਸ਼ ਦਾ ਸਦਕਾ) ਹੁਣ ਮੈਨੂੰ ਉਹ ਪ੍ਰਭੂ ਦੂਰ ਨਹੀਂ ਜਾਪਦਾ, ਨੇੜੇ ਹੀ ਦਿੱਸ ਰਿਹਾ ਹੈ।

੧੧. (ਨੇੜੇ ਭੀ ਇਤਨਾ ਪ੍ਰਤੀਤ ਹੋ ਰਿਹਾ ਹੈ ਕਿ) ਉਹ ਮੈਨੂੰ ਆਪਣੇ ਅੰਦਰ ਹੀ ਭਰਪੂਰ ਦਿੱਸਦਾ ਹੈ।੩।

ਪ੍ਰ: ਕਿਉਂ ਭਗਤ ਜੀ! ਜੋ ਤੁਹਾਨੂੰ ਹਿਰਦੇ ਅੰਦਰ ਪ੍ਰਕਾਸ਼ ਦਿਸ ਰਿਹਾ ਹੈ, ਉਸ ਦੇ ਸਮਾਨ ਬਾਹਰ ਕਿਹੜਾ ਪ੍ਰਕਾਸ਼ ਹੈ, ਜਿਸ ਨੂੰ ਵੇਖ ਕੇ ਕੁਝ ਸਮਝ ਸਕੀਏ?

ਉ: ੧੨. ਹੇ ਭਾਈਓ! ਜੋ ਉਸ ਅੰਦਰਲੇ ਪ੍ਰਕਾਸ਼ ਦਾ ਝਲਕਾਰ ਹੈ, ਉਸ ਨੂੰ ਬਿਆਨਿਆ ਨਹੀਂ ਜਾ ਸਕਦਾ, ਪਰ ਹਾਂ, ਇਉਂ ਸਮਝੋ ਜੋ ਮਨ ਵਿਚ ਇਕ ਰਸ ਪ੍ਰਕਾਸ਼ ਹੈ, ਬਾਹਰਲੇ ਜੋ ਅਨੰਤ ਸੂਰਜਾਂ ਦਾ ਪ੍ਰਕਾਸ਼ ਹੈ ਇਹ ਭੀ,

੧੩. ਉਸ ਆਤਮਕ ਰੌਸ਼ਨੀ ਦੇ ਸਾਹਮਣੇ (ਛੰਛਾਰਾ) ਮੱਧਮ ਜਿਹਾ ਦੀਵਾ ਬਲਦਾ ਪ੍ਰਤੀਤ ਹੁੰਦਾ ਹੈ, ਅਰਥਾਤ ਗਿਆਨ-ਰੂਪ ਰਤਨ ਦੇ ਪ੍ਰਕਾਸ਼ ਦੇ ਸਾਹਮਣੇ ਅਨੰਤ ਸੂਰਜਾਂ ਦਾ ਪ੍ਰਕਾਸ਼ ਭੀ ਟਿਮ-ਟਿਮਾਉਂਦੇ ਦੀਵੇ ਵਾਂਗੂੰ ਪ੍ਰਤੀਤ ਹੁੰਦਾ ਹੈ।

੧੪. ਹੁਣ ਮੇਰੀ, ਗੁਰੂ ਦੀ ਕਿਰਪਾ ਨਾਲ ਉਸ (ਮਹਾਂ ਪ੍ਰਕਾਸ਼ਵਾਨ) ਪ੍ਰਭੂ ਨਾਲ ਜਾਣ-ਪਛਾਣ ਹੋ ਗਈ ਹੈ।

੧੫. ਤੇ ਮੈਂ ਦਾਸ ਨਾਮਦੇਵ ਹੁਣ ਅਡੋਲ ਅਵਸਥਾ ਵਿਚ ਟਿਕ ਗਿਆ ਹਾਂ।੪।੧।

ਭਾਵਾਰਥ : ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਪਰਮੇਸ਼ਰ ਦੀ ਕਿਰਪਾ ਦਾ ਸਦਕਾ ਸਤਿਗੁਰੂ ਦੀ ਪ੍ਰਾਪਤੀ ਹੋਣ ਦਾ ਜ਼ਿਕਰ ਕਰਦੇ ਹਨ ਅਤੇ ਗੁਰੂ ਦੇ ਸ਼ਬਦ ਦੀ ਕਮਾਈ ਦੀ ਬਰਕਤ ਨਾਲ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਜਿਸ ਪ੍ਰਕਾਸ਼ ਦੇ ਬਰਾਬਰ ਅਨੰਤ ਸੂਰਜਾਂ ਦੀ ਰੌਸ਼ਨੀ ਭੀ ਇਕ ਮੱਧਮ ਜਿਹੇ ਦੀਵੇ ਦੀ ਰੌਸ਼ਨੀ ਵਾਂਗੂੰ ਟਿਮ-ਟਿਮਾਉਂਦੀ ਪ੍ਰਤੀਤ ਹੁੰਦੀ, ਰੌਸ਼ਨੀ ਦੀ ਬਰਕਤ ਨਾਲ ਉਸ ਆਪਣੇ ਆਤਮਾ ਨੂੰ ਨੇੜੇ ਤੋਂ ਨੇੜੇ ਭਾਵ ਆਪਣਾ-ਆਪ ਰੂਪ ਕਰ ਕੇ ਵੇਖ ਲਈਦਾ ਹੈ, ਪਰ ਇਹ ਸਾਰੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੀ ਹੁੰਦੀ ਹੈ।

ਘਰੁ ੪ ਸੋਰਠਿ ॥

੧. ਪਾੜ ਪੜੋਸਣਿ ਪੂਛਿ ਲੇ ਨਾਮਾ
ਕਾ ਪਹਿ ਛਾਨਿ ਛਵਾਈ ਹੋ ॥
੨. ਤੋ ਪਹਿ ਦੁਗਣੀ ਮਜੂਰੀ ਦੈਹਉ
ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥
੩. ਰੀ ਬਾਈ ਬੇਢੀ ਦੇਨੁ ਨ ਜਾਈ ॥
੪. ਦੇਖੁ ਬੇਢੀ ਰਹਿਓ ਸਮਾਈ ॥
੫. ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥
੬. ਬੇਢੀ ਪ੍ਰੀਤਿ ਮਜੂਰੀ ਮਾਂਗੈ
ਜਉ ਕੋਊ ਛਾਨਿ ਛਵਾਵੈ ਹੋ ॥
੭. ਲੋਗ ਕੁਟੰਬ ਸਭਹੁ ਤੇ ਤੋਰੈ
ਤਉ ਆਪਨ ਬੇਢੀ ਆਵੈ ਹੋ ॥੨॥
੮. ਐਸੋ ਬੇਢੀ ਬਰਨਿ ਨ ਸਾਕਉ
ਸਭ ਅੰਤਰ ਸਭ ਠਾਂਈ ਹੋ ॥
੯. ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ
ਪੂਛੇ ਕਹਨੁ ਨ ਜਾਈ ਹੋ ॥੩॥
੧੦. ਬੇਢੀ ਕੇ ਗੁਣ ਸੁਨਿ ਰੀ ਬਾਈ
ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥
੧੧. ਨਾਮੇ ਕੇ ਸੁਆਮੀ ਸੀਅ ਬਹੋਰੀ
ਲੰਕ ਭਭੀਖਣ ਆਪਿਓ ਹੋ ॥੪॥੨॥

ਪਦ ਅਰਥ : ਪਾੜ—ਪਾਰ ਦੀ, ਨਾਲ ਦੀ। ਪੜੋਸਣਿ—ਗੁਆਂਢਣ ਨੇ। ਪੂਛਿ ਲੇ—ਪੁਛਿਆ। ਨਾਮਾ—ਹੇ ਨਾਮਦੇਵ! ਕਾ ਪਹਿ—ਕਿਸ ਪਾਸੋਂ? ਛਾਨਿ—ਛੰਨ, ਛਪਰੀ, ਕੁਲੀ। ਛਵਾਈ—ਬਣਵਾਈ ਹੈ। ਤੋ ਪਹਿ—ਤੇਰੇ ਨਾਲੋਂ। ਦੈ ਹਉ—ਮੈਂ ਦੇ ਦਿਆਂਗੀ। ਬੇਢੀ—ਤਰਖਾਣ। ਦੇਹੁ ਬਤਾਈ—ਦਸ ਦੇਹ।੧।

ਰੀ ਬਾਈ—ਹੇ ਭੈਣ। ਦੇਨ ਨ ਜਾਈ—ਦਿੱਤਾ ਨਹੀਂ ਜਾ ਸਕਦਾ। ਪ੍ਰਾਣ ਅਧਾਰਾ—ਪ੍ਰਾਣਾਂ ਦਾ ਆਸਰਾ।ਰਹਾਉ।

ਸਭਹੁ ਤੇ—ਸਭਨਾਂ ਨਾਲੋਂ। ਤੋਰੈ—ਤੋੜ ਦੇਵੇ। ਤਉ—ਤਾਂ। ਆਪਨ—ਆਪਣੇ ਆਪ।੨।

ਬਰਨਿ ਨ ਸਾਕਉ—ਮੈਂ ਬਿਆਨ ਨਹੀਂ ਕਰ ਸਕਦਾ। ਅੰਤਰਿ—ਅੰਦਰ। ਠਾਂਈ—ਥਾਈਂ। ਗੂੰਗੈ—ਗੂੰਗੇ ਨੇ। ਪੂਛੇ—ਪੁੱਛਿਆ। ਜਲਧਿ—ਸਮੁੰਦ੍ਰ। ਬਾਂਧਿ—(ਪੁਲ) ਬੰਨ੍ਹ ਕੇ। ਥਾਪਿਓ—ਅਟੱਲ ਕਰ ਦਿੱਤਾ, ਮਾਲਕ ਬਣਾ ਦਿੱਤਾ।੪।

ਉਥਾਨਕਾ : ਭਗਤ ਨਾਮਦੇਵ ਜੀ ਦੇ ਰਹਿਣ ਵਾਲਾ ਛੱਪਰ ਝੱਖੜ ਨਾਲ ਡਿੱਗ ਪਿਆ ਤਾਂ ਨਾਮਦੇਵ ਦੀ ਗ਼ੈਰ-ਹਾਜ਼ਰੀ ਵਿਚ ਭਗਵਾਨ ਨੇ ਆਪ ਹੀ ਗੁਪਤ ਰੂਪ ਵਿਚ ਆ ਕੇ ਬਹੁਤ ਸੁੰਦਰ ਨਵਾਂ ਛੱਪਰ ਤਿਆਰ ਕਰ ਦਿੱਤਾ ਤੇ ਆਪ ਚਲੇ ਗਏ, ਪਰ ਇਸ ਛੱਪਰ ਦੀ ਸੁੰਦਰਤਾ ਨੂੰ ਦੇਖ ਕੇ ਗੁਆਂਢਣ ਨਾਮਦੇਵ ਨੂੰ ਪੁੱਛਣ ਆਈ ਤਾਂ ਉਸ ਸਾਰੀ ਵਾਰਤਾ ਨੂੰ ਗੁਰੂ ਅਰਜਨ ਦੇਵ ਜੀ ਮਹਾਰਾਜ ਭਾਈ ਗੁਰਦਾਸ ਜੀ ਪਾਸੋਂ ਇਸ ਸ਼ਬਦ ਵਿਚ ਲਿਖਵਾ ਰਹੇ ਹਨ :

ਅਰਥ :

੧. ਨਾਲ ਦੀ ਗੁਆਂਢਣ ਨੇ ਪੁੱਛਿਆ ਕਿ ਹੇ ਨਾਮੇ! ਤੂੰ (ਇਹ ਐਸੀ ਸੁੰਦਰ ਛੰਨ) ਕਿਸ ਪਾਸੋਂ ਬਣਵਾਈ ਹੈ?

੨. ਹੇ ਨਾਮੇ! ਤੂੰ ਮੈਨੂੰ ਉਸ ਤਰਖਾਣ ਦੀ ਦੱਸ ਪਾ, ਮੈਂ ਤੇਰੇ ਨਾਲੋਂ ਭੀ ਦੁੱਗਣੀ ਮਜ਼ਦੂਰੀ ਦੇ ਦਿਆਂਗੀ।੧।

੩. (ਨਾਮਾ, ਅੱਗੋਂ ਉੱਤਰ ਦੇਂਦਾ ਹੈ ਕਿ) ਹੇ ਭੈਣ! ਉਸ ਤਰਖਾਣ ਦੀ (ਇਸ ਤਰ੍ਹਾਂ) ਦੱਸ ਨਹੀਂ ਪਾਈ ਜਾ ਸਕਦੀ। (ਕਿਉਂਕਿ)

੪. ਵੇਖ, ਉਹ ਤਰਖਾਣ ਤਾਂ ਹਰ ਥਾਂ ਹੀ ਮੌਜੂਦ ਹੈ, ਸਾਰਿਆਂ ਵਿਚ ਹੀ ਸਮਾ ਰਿਹਾ ਹੈ।

੫. ਅਤੇ ਉਹ ਮੇਰੀ ਜਿੰਦ ਦਾ ਭੀ ਆਸਰਾ ਹੈ।੧।ਰਹਾਉ।

੬. ਹੇ ਭੈਣ! ਹਾਂ, ਜੇ ਕੋਈ ਮਨੁੱਖ (ਉਸ ਤਰਖਾਣ ਪਾਸੋਂ) ਛੰਨ ਬਣਵਾਏ, ਤਾਂ ਉਹ ਤਰਖਾਣ ਪ੍ਰੀਤ ਦੀ ਮਜ਼ਦੂਰੀ ਮੰਗਦਾ ਹੈ।

ਪ੍ਰ: ਹੇ ਭਗਤ ਜੀ! ਉਹ ਪ੍ਰੀਤ ਦੀ ਮਜ਼ਦੂਰੀ ਕਿਹੋ ਜਿਹੀ ਹੈ, ਜਿਸ ਨੂੰ ਉਹ ਤਰਖਾਣ ਮੰਗਦਾ ਹੈ?

ਉ: ੭. ਉਹ ਪ੍ਰੀਤ ਦੀ ਮਜ਼ਦੂਰੀ ਅਜਿਹੀ ਮੰਗਦਾ ਹੈ ਕਿ ਲੋਕਾਂ ਨਾਲੋਂ ਤੇ ਪ੍ਰਵਾਰ ਨਾਲੋਂ ਸਭਨਾਂ ਨਾਲੋਂ ਮੋਹ ਤੋੜ ਲਵੇ ਤਾਂ ਉਹ ਤਰਖਾਣ ਆਪਣੇ ਆਪ ਹੀ ਆ ਜਾਂਦਾ ਹੈ।੨।

ਪ੍ਰ: ਹੇ ਨਾਮਾ! ਤੂੰ ਉਸ ਤਰਖਾਣ ਬਾਰੇ ਕੁਝ ਥੋੜ੍ਹਾ ਬਹੁਤਾ ਤਾਂ ਮੈਨੂੰ ਸਮਝਾ ਦੇ।

ਉ: ੮. ਹੇ ਭੈਣੇ! ਮੈਂ (ਉਸ) ਐਸੇ ਤਰਖਾਣ ਦਾ ਸਰੂਪ ਬਿਆਨ ਨਹੀਂ ਕਰ ਸਕਦਾ, (ਉਂਝ) ਉਹ ਸਭਨਾਂ ਵਿਚ ਹੈ ਅਤੇ ਸਭਨਾਂ ਥਾਵਾਂ ਅੰਦਰ ਸਮਾਇਆ ਹੋਇਆ ਹੈ।੩।

ਪ੍ਰ: ਹੇ ਨਾਮਦੇਵ! ਇਹ ਦੱਸ, ਜੇ ਉਹ ਹੈ ਤਾਂ ਫਿਰ ਕਿਹਾ ਕਿਉਂ ਨਹੀਂ ਜਾ ਸਕਦਾ?

ਉ: ੯. ਹੇ ਭੈਣੇ! ਵੇਖ, ਜਿਵੇਂ ਕੋਈ ਗੂੰਗਾ ਬੜਾ ਹੀ ਅੰਮ੍ਰਿਤ ਸਰੀਖਾ ਸੁਆਦਲਾ ਪਦਾਰਥ ਖਾਵੇ, ਤਾਂ ਪੁੱਛਿਆਂ (ਉਸ ਪਾਸੋਂ ਉਸ ਦਾ ਸੁਆਦ) ਦੱਸਿਆ ਨਹੀਂ ਜਾਂਦਾ, ਤਿਵੇਂ ਹੀ ਉਹ ਹੈ ਤਾਂ ਸਈ ਪਰ ਉਸ ਐਸੇ ਤਰਖਾਣ ਦਾ (ਇਸ ਜ਼ਬਾਨ ਨਾਲ) ਬਿਆਨ ਨਹੀਂ ਕੀਤਾ ਜਾ ਸਕਦਾ।੩।

ਪ੍ਰ: ਹੇ ਨਾਮਾ ਜੀ! ਜੇ ਉਸ ਦਾ ਬਿਆਨ ਨਹੀਂ ਹੋ ਸਕਦਾ ਤਾਂ ਉਸ ਦੇ ਕੁਝ ਗੁਣਾਂ ਦਾ ਹੀ ਉਚਾਰਣ ਕਰ ਕੇ ਦੱਸੋ?

ਉ: ੧੦. ਹੇ ਭੈਣ! ਹਾਂ ਉਸ ਤਰਖਾਣ ਦੇ ਗੁਣ ਤਾਂ ਕੁਝ ਕੁ ਜ਼ਰੂਰ ਸੁਣ ਲੈ—ਵੇਖ, ਉਸ ਨੇ ਧ੍ਰੂ ਨੂੰ ਅਟੱਲ ਪਦਵੀ ਦਿੱਤੀ, ਉਸ ਨੇ ਸਮੁੰਦਰ (ਤੇ ਪੁੱਲ) ਬੱਧਾ।

੧੧. ਨਾਮਦੇਵ ਦੇ ਉਸੇ ਤਰਖਾਣ ਨੇ (ਲੰਕਾ ਤੋਂ) ਸੀਤਾ ਮੋੜ ਕੇ ਲੈ ਆਂਦੀ ਤੇ ਭਭੀਖਣ ਨੂੰ ਲੰਕਾ ਦਾ ਮਾਲਕੁ ਬਣ ਦਿੱਤਾ।੪।੨।

ਭਾਵਾਰਥ : ਇਸ ਸ਼ਬਦ ਵਿਚ ਨਾਮਦੇਵ ਜੀ ਦੇ ਪਿਆਰ ਦੀ ਤਸਵੀਰ ਗੁਰੂ ਅਰਜਨ ਸਾਹਿਬ ਜੀ ਨੇ ਖਿੱਚੀ ਹੈ। ਇਹ ਗੱਲ ਅਸੀਂ ਜਗਤ ਵਿਚ ਆਮ ਵੇਖਦੇ ਹਾਂ ਕਿ ਨਿਰੇ ਪੈਸੇ ਲੈ ਕੇ ਕੰਮ ਕਰਨ ਵਾਲਿਆਂ ਨਾਲੋਂ ਪ੍ਰੇਮ ਦੀ ਖਿੱਚ ਵਾਲੇ ਵਧੀਕ ਸ਼ੌਕ ਨਾਲ ਕੰਮ ਕੀਤਾ ਕਰਦੇ ਹਨ।

ਨਾਮਦੇਵ ਜੀ ਮਾਇਆ ਵੱਲੋਂ ਤਾਂ ਭਾਵੇਂ ਗ਼ਰੀਬ ਸੀ, ਪਰ ਪ੍ਰਭੂ ਪਿਆਰ ਵਿਚ ਪੂਰਨ ਰੰਗੇ ਹੋਏ ਸਨ, ਸੋ ਜਿਥੇ ਪ੍ਰੇਮ ਹੈ, ਉਥੇ ਰੱਬ ਭੀ ਸਦਾ ਹਾਜ਼ਰ-ਨਾਜ਼ਰ ਹੈ, ਸੋ, ਇਹ ਕੁਦਰਤੀ ਗੱਲ ਹੈ ਕਿ ਜਿਸ ਕੰਮ ਨੂੰ ਕਰਤਾ ਪੁਰਖ ਨੇ ਵਿਚ ਆਪ ਖਲੋ ਕੇ ਕੀਤਾ ਹੋਵੇ, ਉਹ ਕੰਮ ਹੋਰਨਾਂ ਲੋਕਾਂ ਦੇ ਕੰਮਾਂ ਨਾਲੋਂ ਵਧੀਕ ਚੰਗਾ ਅਤੇ ਸੋਹਣਾ ਬਣੇ।

ਸੋ, ਇਸ ਨਾਮਦੇਵ ਜੀ ਦੇ ਬਣੇ ਹੋਏ ਸੁੰਦਰ ਛੱਪਰ ਨੂੰ ਤੱਕ ਕੇ ਗੁਆਂਢਣ ਦੇ ਮਨ ਵਿਚ ਰੀਝ ਆਈ ਕਿ ਜਿਸ ਤਰਖਾਣ ਨੇ ਨਾਮਦੇਵ ਦਾ ਛੱਪਰ ਇਤਨਾ ਸੁੰਦਰ ਬਣਾਇਆ ਹੈ, ਮੈਂ ਭੀ ਉਸੇ ਤਰਖਾਣ ਨੂੰ ਦੁਗਣੀ ਮਜ਼ਦੂਰੀ ਦੇ ਕੇ ਅਜਿਹਾ ਸੁੰਦਰ ਛੱਪਰ ਬਣਵਾਵਾਂ, ਪਰ ਭਗਤ ਜੀ ਉਸ ਪਿਆਰੇ ਪ੍ਰਭੂ ਤਰਖਾਣ ਦੀ ਦਸ ਪਾਉਂਦੇ ਹੋਏ ਉਸ ਦੀ ਭੇਟਾ ਪ੍ਰੇਮ ਹੀ ਅਰਪਨ ਕਰਨ ਦੀ ਪ੍ਰੇਰਣਾ ਕਰਦੇ ਹਨ।

ਸੋਰਠਿ ਘਰੁ ੩ ॥

੧. ਅਨਮੜਿਆ ਮੰਦਲੁ ਬਾਜੈ ॥
੨. ਬਿਨੁ ਸਾਵਣ ਘਨਹਰੁ ਗਾਜੈ ॥
੩. ਬਾਦਲ ਬਿਨੁ ਬਰਖਾ ਹੋਈ ॥
੪. ਜਉ ਤਤੁ ਬਿਚਾਰੈ ਕੋਈ ॥੧॥
੫. ਮੋ ਕਉ ਮਿਲਿਓ ਰਾਮੁ ਸਨੇਹੀ ॥
੬. ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥
੭. ਮਿਲਿ ਪਾਰਸ ਕੰਚਨੁ ਹੋਇਆ ॥
੮. ਮੁਖ ਮਨਸਾ ਰਤਨੁ ਪਰੋਇਆ ॥
੯. ਨਿਜ ਭਾਉ ਭਇਆ ਭ੍ਰਮੁ ਭਾਗਾ ॥
੧੦. ਗੁਰ ਪੂਛੇ ਮਨੁ ਪਤੀਆਗਾ ॥੨॥
੧੧. ਜਲ ਭੀਤਰਿ ਕੁੰਭ ਸਮਾਨਿਆ ॥
੧੨. ਸਭ ਰਾਮੁ ਏਕੁ ਕਰਿ ਜਾਨਿਆ ॥
੧੩. ਗੁਰ ਚੇਲੇ ਹੈ ਮਨੁ ਮਾਨਿਆ ॥
੧੪. ਜਨ ਨਾਮੈ ਤਤੁ ਪਛਾਨਿਆ ॥੩॥੩॥

ਪਦ ਅਰਥ : ਮੰਦਲ—ਢੋਲ। ਬਾਜੈ—ਵਜਦਾ ਹੈ। ਬਿਨੁ ਸਾਵਣ-ਸਾਵਣ ਦਾ ਮਹੀਨਾ ਆਉਣ ਤੋਂ ਬਿਨਾ ਹੀ, ਹਰ ਵੇਲੇ। ਘਨਹਰੁ—ਬੱਦਲ। ਗਾਜੈ—ਗਜਦਾ ਹੈ। ਜਉ—ਜਦੋਂ। ਕੋਈ—ਕੋਈ ਮਨੁੱਖ।੧।

ਮੋਕਉ—ਮੈਨੂੰ। ਸਨੇਹੀ—ਪਿਆਰਾ। ਜਿਹ ਮਿਲਿਐ—ਜਿਸ ਰਾਮ ਦੇ ਮਿਲਣ ਨਾਲ। ਦੇਹ—ਸਰੀਰ। ਸੁਦੇਹੀ—ਸੋਹਣੀ ਕਾਇਆਂ।ਰਹਾਉ।

ਮਿਲਿ—ਮਿਲ ਕੇ, ਛੋਹ ਕੇ। ਕੰਚਨੁ—ਸੋਨਾ। ਮਨਸਾ—ਮੂੰਹ ਵਿਚ ਤੇ ਖ਼ਿਆਲਾਂ ਵਿਚ (ਭਾਵ ਬਚਨਾਂ ਵਿਚ ਤੇ ਖ਼ਿਆਲਾਂ ਵਿਚ)। ਨਿਜ ਭਾਉ—ਆਪਣਿਆਂ ਵਾਲਾ ਪਿਆਰ। ਭ੍ਰਮ—ਭੁਲੇਖਾ (ਕਿ ਕਿਤੇ ਕੋਈ ਓਪਰਾ ਭੀ ਹੈ)। ਗੁਰਿ ਪੂਛੈ—ਗੁਰੂ ਦੀ ਸਿੱਖਿਆ ਲੈ ਕੇ। ਪਤੀਆਗਾ—ਪਤੀਜ ਗਿਆ ਹੈ, ਤਸੱਲੀ ਹੋ ਗਈ ਹੈ।੨।

ਭੀਤਰਿ—ਅੰਦਰ, ਵਿਚ। ਕੁੰਭ—ਪਾਣੀ ਦਾ ਘੜਾ, ਜੀਵਾਤਮਾ। ਸਭ—ਹਰ ਥਾਂ। ਗੁਰ ਚੇਲੇ ਮਨੁ—ਗੁਰੂ ਦਾ ਤੇ ਚੇਲੇ ਦਾ ਮਨ। ਨਾਮੈ—ਨਾਮ ਦੇਵ ਨੇ।੩।

ਅਰਥ :

ਪ੍ਰ: ਹੇ ਨਾਮਦੇਵ ਜੀ ! ਇਹ ਦੱਸੋ, ਜੋ ਮਨੁੱਖ ਨਾਮ ਦਾ ਅਭਿਆਸ ਕਰਦਾ ਹੈ, ਉਸ ਦੀ ਉਸ ਸਾਈਂ ਜੀ ਦੇ ਨਾਲ ਮਿਲਾਪ ਹੋਣ ਸਮੇਂ ਮਨ ਅੰਦਰ ਦੀ ਅਵਸਥਾ ਕਿਸ ਪ੍ਰਕਾਰ ਦੀ ਹੋ ਜਾਂਦੀ ਹੈ ?

ਉ: ੧. ਹੇ ਭਾਈ ! ਜਿਸ ਨਾਮ ਅਭਿਆਸੀ ਦੇ ਅੰਦਰ ਇਹ ਮਿਲਾਪ ਦੀ ਅਵਸਥਾ ਆ ਵਾਪਰਦੀ ਹੈ, ਉਸ ਦੇ ਅੰਦਰ ਇਕ ਅਗੰਮੀ ਢੋਲ ਵੱਜਣ ਲੱਗ ਪੈਂਦਾ ਹੈ, (ਪਰ ਉਹ ਢੋਲ ਖਲ ਨਾਲ ਮੜ੍ਹਿਆ ਹੋਇਆ ਨਹੀਂ ਹੁੰਦਾ, ਉਸ ਨੂੰ ਤਾਂ ਅੰਦਰੋਂ ਆਤਮਕ ਅਨੰਦ ਦੀ ਪ੍ਰਾਪਤੀ ਦਾ ਅਣ ਮੜ੍ਹਿਆ ਢੋਲ ਵੱਜਣ ਦੀ ਆਵਾਜ਼ ਸੁਣਾਈ ਦੇਂਦੀ ਹੈ।

੨. ਹੇ ਭਾਈ ! ਉਸ ਦੇ ਅੰਦਰ ਸਾਵਣ ਮਹੀਨੇ ਤੋਂ ਬਿਨਾ ਹੀ ਬੱਦਲ ਗਰਜਨ ਲੱਗ ਪੈਂਦਾ ਹੈ, ਭਾਵ ਹੈ, ਉਹ ਬੱਦਲ ਸਾਵਣ ਮਹੀਨੇ ਦੀ ਉਡੀਕ ਨਹੀਂ ਕਰਦਾ, ਅਰਥਾਤ ਉਹ ਹਰ ਵੇਲੇ ਹੀ ਗੱਜਦਾ ਹੈ।

੩. ਹੇ ਪਿਆਰੇ ! ਉਸ ਦੇ ਅੰਦਰ ਬੱਦਲਾਂ ਤੋਂ ਬਿਨਾ ਹੀ ਮੀਂਹ ਪੈਣ ਲੱਗ ਪੈਂਦਾ ਹੈ, ਭਾਵ ਹੈ ਕਿ ਬੱਦਲ ਤਾਂ ਕਦੀ ਆਏ ਕਦੀ ਚਲੇ ਗਏ, ਪਰ ਉਸ ਨਾਮ ਅਭਿਆਸੀ ਦੇ ਅੰਦਰ ਹਰ ਵੇਲੇ ਹੀ ਨਾਮ ਦੀ ਵਰਖਾ ਹੁੰਦੀ ਰਹਿੰਦੀ ਹੈ।

੪. ਪਰ, ਹਾਂ ! ਇਹ ਅਨੰਦ ਤਦੋਂ ਹੀ ਪ੍ਰਾਪਤ ਹੁੰਦਾ ਹੈ, ਜਿਹੜਾ ਭੀ ਮਨੁੱਖ ਇਸ ਅਸਲੀਅਤ ਨੂੰ ਵੀਚਾਰਦਾ ਹੈ, ਭਾਵ ਹੈ ਜਿਸ ਦੇ ਅੰਦਰ ਇਹ ਸੱਚ ਦੇ ਮਿਲਾਪ ਦੀ ਅਵਸਥਾ ਵਾਪਰਦੀ ਹੈ।੧।

(ਉਪ੍ਰੋਕਤ ਪੰਗਤੀਆਂ ਦਾ ਸਮੁਚਾ ਭਾਵ ਇਉਂ ਸਮਝੋ ਕਿ ਜਿਵੇਂ ਕਿਤੇ ਢੋਲ ਵਜਦਾ ਹੋਵੇ, ਉਸ ਥਾਂ ਨਿਕੇ-ਮੋਟੇ ਹੋਰ ਖੜਾਕ ਸੁਣਾਈ ਨਹੀਂ ਦੇਂਦੇ, ਤਿਵੇਂ ਹੀ ਜਿਸ ਨਾਮ ਅਭਿਆਸੀ ਮਨੁੱਖ ਦੇ ਅੰਦਰ ਰਾਮ ਨਾਮ ਦਾ ਢੋਲ ਵੱਜਦਾ ਹੈ, ਨਾਮ ਦਾ ਪ੍ਰਭਾਵ ਪੈਂਦਾ ਹੈ, ਉਥੇ ਫਿਰ ਮਾਇਕ ਵਿਕਾਰਾਂ ਦਾ ਸ਼ੋਰ-ਸ਼ਰਾਬਾ ਨਹੀਂ ਸੁਣੀਦਾ, ਉਥੇ ਹਰ ਵੇਲੇ ਨਾਮ ਦਾ ਹੀ ਬੱਦਲ ਗੱਜਦਾ ਹੈ ਤੇ ਮਨ ਮੋਰ ਪੈਲਾਂ ਪਾਉਂਦਾ ਹੈ। ਉਥੇ ਹਰ ਵੇਲੇ ਨਾਮ ਦੀ ਵਰਖਾ ਨਾਲ ਸ਼ਾਂਤੀ ਵਰਤੀ ਰਹਿੰਦੀ ਹੈ, ਨਾਮ ਦੁਆਰਾ ਪ੍ਰਾਪਤ ਹੋਈ ਠੰਡ ਵਿਚ ਵਿਕਾਰਾਂ ਦੀ ਤੱਪਸ਼ ਨਹੀਂ ਵਾਪਰਦੀ)।

ਪ੍ਰ: ਭਗਤ ਜੀ ! ਤੁਸੀਂ ਦੱਸੋ ਕਿ ਹੁਣ ਤੁਹਾਡੀ ਆਪਣੀ ਮਾਨਸਕ ਅਵਸਥਾ ਕੈਸੀ ਹੈ ?

ਉ: ੫. ਹੇ ਭਾਈਓ ! ਸਤਿਗੁਰੂ ਦੀ ਸਿੱਖਿਆ ਲੈ ਕੇ ਹੁਣ ਮੈਨੂੰ ਮੇਰਾ ਪਿਆਰਾ ਮਿਲ ਪਿਆ ਹੈ।

੬. ਜਿਸ ਦੇ ਮਿਲਣ ਦੀ ਬਰਕਤ ਨਾਲ ਹੁਣ ਮੇਰਾ ਸਰੀਰ ਭੀ ਚਮਕ ਪਿਆ ਹੈ, ਦੇਹੀ ਚੰਗੀ ਬਣ ਗਈ ਹੈ, ਭਾਵ ਸਫਲ ਹੋ ਗਈ ਹੈ।੧।ਰਹਾਉ।

ਪ੍ਰ: ਭਗਤ ਜੀ ! ਕੋਈ ਉਦਾਹਰਣ ਦੇ ਕੇ ਸਮਝਾਓ ਕਿ ਇਹ ਤੁਹਾਡੀ ਦੇਹੀ ਕਿਸ ਸਰੂਪ ਵਿਚ ਸੁੰਦਰ ਤੇ ਸਫਲੀ ਹੋ ਗਈ ਹੈ ?

ਉ: ੭. ਹੇ ਭਾਈ ! ਮੇਰਾ ਇਹ ਸਰੀਰ ਸਮਝੋ ਇਵੇਂ ਹੀ ਸਵੱਛ ਹੋ ਗਿਆ ਹੈ, ਜਿਵੇਂ ਕਿ ਪਾਰਸ ਨਾਲ ਛੋਹ ਕੇ (ਲੋਹਾ) ਸੋਨਾ ਬਣ ਜਾਂਦਾ ਹੈ।

੮. ਹੁਣ ਇਉਂ ਜਾਣੋ ਕਿ ਮੇਰੇ ਬਚਨਾਂ ਵਿਚ ਤੇ ਖ਼ਿਆਲਾਂ ਵਿਚ ਨਾਮ ਰਤਨ ਹੀ ਪ੍ਰੋਤਾ ਗਿਆ ਹੈ।

੯. ਹੇ ਭਾਈਓ ! ਉਸ ਪ੍ਰਭੂ ਨਾਲ ਹੁਣ, ਮੇਰਾ ਆਪਣਿਆਂ ਵਾਲਾ ਹੀ ਪਿਆਰ ਪੈ ਗਿਆ ਹੈ, ਹੁਣ ਇਹ ਭੁਲੇਖਾ ਰਹਿ ਹੀ ਨਹੀਂ ਗਿਆ (ਕਿ ਕਿਤੇ ਕੋਈ ਓਪਰਾ ਭੀ ਹੈ)।

੧੦. ਪਰ, ਹੇ ਭਾਈਓ ! ਹੁਣ ਗੁਰੂ ਨੂੰ ਪੁੱਛ ਕੇ, ਉਪਦੇਸ਼ ਲੈ ਕੇ ਮੇਰੇ ਮਨ ਨੂੰ ਤਸੱਲੀ ਹੋ ਗਈ ਹੈ।੨।

ਪ੍ਰ: ਭਗਤ ਜੀ ! ਇਹ ਦੱਸੋ ਕਿ ਹੁਣ ਤੁਹਾਡੀ ਮਾਨਸਿਕ ਅਵਸਥਾ ਕੈਸੀ ਹੋ ਗਈ ਹੈ, ਭਾਵ ਤੁਸੀਂ ਉਸ ਸਾਈਂ ਜੀ ਨਾਲ ਆਪਣਾ ਮਿਲਾਪ ਹੋਇਆ, ਕਿਸ ਰੂਪ ਵਿਚ ਅਨੁਭਵ ਕਰਦੇ ਹੋ ?

ਉ: ੧੧. ਹੇ ਭਾਈਓ ! ਹੁਣ ਮੈਨੂੰ ਇਉਂ ਪ੍ਰਤੀਤ ਹੋਣ ਲੱਗ ਪਿਆ ਹੈ ਕਿ) ਜਿਵੇਂ ਸਮੁੰਦਰ ਦੇ ਪਾਣੀ ਵਿਚ ਘੜੇ ਦਾ ਪਾਣੀ ਮਿਲ ਜਾਂਦਾ ਹੈ (ਤੇ ਉਹ ਆਪਣੀ ਵੱਖਰੀ ਹਸਤੀ ਮਿਟਾ ਲੈਂਦਾ ਹੈ)

੧੨. ਹੇ ਭਾਈਓ ! ਮੈਨੂੰ ਭੀ ਹੁਣ ਹਰ ਥਾਂ ਰਾਮ ਹੀ ਰਾਮ (ਵਿਆਪਕ) ਦਿੱਸਦਾ ਹੈ (ਮੇਰੀ ਹੁਣ ਆਪਣੀ ਅਪਣਤ ਰਹੀ ਹੀ ਨਹੀਂ)। ਭਾਵ ਹੈ, ਜਦ ਤਕ ਅਸੀਂ ਆਪਣੇ ਜੀਵਨ ਦਾ ਬੋਝ ਹਰੀ ਤੋਂ ਅੱਡ ਹੋ ਕੇ ਚੁੱਕਦੇ ਹਾਂ ਤਾਂ ਬਹੁਤਾ ਭਾਰਾ ਮਲੂਮ ਹੁੰਦਾ ਹੈ, ਪਰ ਜਦੋਂ ਰੱਬ ਨਾਲ ਏਕਤਾ ਕਰ ਲਈਏ, ਉਸ ਦੇ ਨਾਂ ਉੱਤੇ ਦੁੱਖ ਝੱਲਣ ਲੱਗੀਏ ਤਾਂ ਕੋਈ ਭੀ ਦੁੱਖ ਮਾਲੂਮ ਨਹੀਂ ਹੁੰਦਾ, ਜਿਵੇਂ ਘੜਾ ਪਾਣੀ ਤੋਂ ਬਾਹਰ ਭਾਰਾ ਹੁੰਦਾ ਹੈ, ਪਰ ਦਰਯਾ ਵਿਚ ਰੱਖਣ ਨਾਲ ਮਣਾਂ ਮੂੰਹ ਪਾਣੀ ਉਸ ਦੇ ਉੱਤੋਂ ਲੰਘਦਾ ਹੈ, ਪਰ ਚੁੱਕਣ ਵਾਲੇ ਨੂੰ ਭਾਰ ਮਲੂਮ ਨਹੀਂ ਹੁੰਦਾ, ਇਸੇ ਹੀ ਤਰ੍ਹਾਂ ਦੇ ਅਧਿਆਸ ਦੇ ਤਿਆਗ ਕਰਨ ਨਾਲ ਕੋਈ ਭੀ ਕਿਸੇ ਪ੍ਰਕਾਰ ਦੇ ਸੰਸਕਾਰ ਦਾ ਭਾਰ ਪ੍ਰਤੀਤ ਨਹੀਂ ਹੁੰਦਾ।

੧੩. ਇਸ ਤਰ੍ਹਾਂ ਚੇਲੇ ਦਾ ਗੁਰੂ ਉੱਤੇ ਨਿਸਚਾ ਹੋ ਗਿਆ, ਭਾਵ ਹੁਣ ਆਪਣੇ ਗੁਰੂ ਨਾਲ ਮੇਰਾ ਮਨ ਇਕਮਿਕ ਹੋ ਗਿਆ ਹੈ।

੧੪. ਤੇ ਮੈਂ ਦਾਸ ਨਾਮੇ ਨੇ (ਜਗਤ ਦੇ) ਅਸਲ ਪਰਮੇਸ਼ਰ ਨੂੰ ਪਛਾਣ ਲਿਆ ਹੈ, ਭਾਵ ਤਤ ਸਰੂਪ ਪਰਮੇਸ਼ਰ ਨਾਲ ਹੁਣ ਮੈਂ (ਪੱਕੀ) ਸਾਂਝ ਪਾ ਲਈ ਹੈ।੩।੩।

ਭਾਵਾਰਥ : ਇਸ ਸ਼ਬਦ ਦੇ ਅੰਦਰ ਭਗਤ ਨਾਮਦੇਵ ਜੀ ਉਸ ਹਰੀ ਦੇ ਮਿਲਾਪ ਦੀ ਖ਼ੁਸ਼ੀ ਦਾ ਵਰਣਨ ਕਰਦੇ ਹਨ, ਜਿਸਦਾ ਕਿ ਮਿਲਾਪ ਗੁਰੂ ਦੀ ਕਿਰਪਾ ਦੁਆਰਾ ਹੁੰਦਾ ਹੈ।

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

੧. ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ ॥
੨. ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ ॥੧॥
੩. ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
੪. ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
੫. ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ ॥
੬. ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ ॥੨॥
੭. ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ ॥
੮. ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਤੇ ਕਹਨੁ ਨ ਆਇਆ ॥੩॥
੯. ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋੁਗਵੈ ਸੋਈ ॥
੧੦. ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ ॥੪॥੧॥

ਪਦ ਅਰਥ : ਜਬ—ਜਿਤਨਾ ਚਿਰ। ਹਮ—ਅਸੀਂ, ਹਉਮੈ, ਆਪਾ-ਭਾਵ। ਹੋਤੇ—ਹੁੰਦੇ ਹਾਂ। ਮੈਂ—ਮੇਰੀ ਅਪਣਤ, ਹਉਮੈ। ਅਨਲ—ਹਵਾ। ਅਨਲ ਅਗਮ—ਭਾਰੀ ਹਨੇਰੀ (ਦੇ ਕਾਰਨ)। ਲਹਿਰ ਮਇ—ਲਹਿਰ ਮਯ, ਲਹਿਰ ਮੈਂ। ਓਦਧਿ—ਸਮੁੰਦਰ।੧।

ਮਾਧਵੇ—ਹੇ ਮਾਧੋ! ਕਿਆ ਕਹੀਐ—ਕੀਹ ਆਖੀਏ? ਕਿਹਾ ਨਹੀਂ ਜਾ ਸਕਦਾ। ਭ੍ਰਮੁ—ਭੁਲੇਖਾ। ਮਾਨੀਐ—ਮੰਨਿਆ ਜਾ ਰਿਹਾ ਹੈ, ਖ਼ਿਆਲ ਬਣਾਇਆ ਹੋਇਆ ਹੈ।੧।ਰਹਾਉ।

ਨਰਪਤਿ—ਰਾਜਾ। ਸਿੰਘਾਸਨਿ—ਤਖ਼ਤ ਉੱਤੇ। ਭਿਖਾਰੀ—ਮੰਗਤਾ। ਅਛਤ—ਹੁੰਦਿਆਂ ਸੁੰਦਿਆਂ। ਗਤਿ—ਹਾਲਤ।੨।

ਰਾਜ—ਰੱਜੂ, ਰੱਸੀ। ਭੁਇਅੰਗ—ਸਪ। ਪ੍ਰਸੰਗ—ਵਾਰਤਾ, ਗੱਲ। ਮਰਮ—ਭੇਤ, ਰਾਜ਼। ਕਟਕ—ਕੜੇ। ਕਹਤੇ—ਆਖਦਿਆਂ।

ਸਰਬੇ—ਸਾਰਿਆਂ ਵਿਚ। ਅਨੇਕੈ—ਅਨੇਕ ਰੂਪ ਹੋ ਕੇ। ਭੋੁਗਵੈ—ਭੋਗ ਰਿਹਾ ਹੈ, ਮੌਜੂਦ ਹੈ। ਪੈ—ਤੋਂ। ਸਹਜੇ—ਸੁਤੇ ਹੀ, ਉਸ ਦੀ ਰਜ਼ਾ ਵਿਚ।੪।

ਉਥਾਨਕਾ : ਇਕ ਵਾਰ ਭਗਵਾਨ ਨੇ ਸਰਗੁਣ ਸਰੂਪ ਧਾਰ ਕੇ ਭਗਤ ਰਵਿਦਾਸ ਜੀ ਦੀ ਮਾਨਸਕ ਅਵਸਥਾ ਦੀ ਪਰਖ ਕਰਨ ਲਈ ਸਨਮੁਖ ਹੋ ਕੇ ਆ ਕੇ ਖਲੋ ਗਏ ਤਾਂ ਭਗਤ ਜੀ ਸ਼ੀਘਰਤਾ ਨਾਲ ਉੱਠ ਕੇ ਭਗਵਾਨ ਦੇ ਚਰਨ ਪਰਸਣ ਲੱਗੇ, ਤਾਂ ਭਗਵਾਨ ਨੇ ਕਿਹਾ ਕਿ ਹੇ ਰਵਿਦਾਸ! ਤੂੰ ਪਰੇ ਰਹੁ, ਮੇਰੇ ਨਾਲ ਸਪਰਸ਼ ਨਾ ਕਰ, ਕਿਉਂਕਿ ਤੂੰ ਚਮਾਰ ਹੈਂ, ਤਾਂ ਇਹ ਸੁਣ ਕੇ ਭਗਤ ਜੀ ਨੇ ਇਹ ਸ਼ਬਦ ਉਚਾਰਨ ਕੀਤਾ, ਜਿਸ ਵਾਰਤਾਲਾਪ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਰਹੇ ਹਨ:

ਅਰਥ :

ਪ੍ਰ: ਹੇ ਰਵਿਦਾਸ! ਤੂੰ ਮੈਥੋਂ ਪਰੇ ਰਹੁ, ਕਿਉਂਕਿ ਤੂੰ ਚਮਾਰ ਹੈਂ, ਮੈਂ ਭਗਵਾਨ ਹਾਂ?

ਉ: ੧. ਹੇ ਭਗਵਾਨ! ਜਦੋਂ ਅਸਾਂ ਆਪਣੇ ਆਪ ਨੂੰ (ਅਗਿਆਨ ਕਾਲ ਵਿਚ) ਚਮਾਰ ਮੰਨਿਆ ਹੁੰਦਾ ਸੀ, ਤਦੋਂ ਤੂੰ ਪ੍ਰਤੱਖ ਪ੍ਰਤੀਤ ਨਹੀਂ ਹੁੰਦਾ ਸੀ, ਪਰ ਹੁਣ ਤਾਂ ਸਭਨਾਂ ਰੂਪਾਂ ਵਿਚ ਤੂੰ ਹੀ ਦਿੱਸਦਾ ਹੈਂ, ਇਸ ਲਈ ਮੈਂ (ਤੈਥੋਂ ਭਿੰਨ) ਨਹੀਂ ਹਾਂ। ਅੰਤਰੀਵ ਭਾਵ ਹੈ ਕਿ ਹੇ ਮਾਧੋ! ਜਿਤਨਾ ਚਿਰ ਅਸੀਂ ਜੀਵਾਂ ਦੇ ਅੰਦਰ ਹਉਮੈ ਰਹਿੰਦੀ ਹੈ, ਉਤਨਾ ਚਿਰ ਤੂੰ (ਅਸਾਡੇ ਅੰਦਰ) ਪ੍ਰਗਟ ਨਹੀਂ ਹੁੰਦਾ, ਪਰ ਜਦੋਂ ਤੂੰ ਪ੍ਰਤੱਖ ਹੁੰਦਾ ਹੈਂ, ਤਦੋਂ ਸਾਡੀ (ਮੈਂ) ਦੂਰ ਹੋ ਜਾਂਦੀ ਹੈ।

ਪ੍ਰ: ਭਗਤ ਜੀ! ਦੱਸੋ, ਹੁਣ ਤੁਹਾਡੇ ਅੰਦਰੋਂ 'ਮੈਂ' ਦੂਰ ਹੋਣ ਨਾਲ ਤੁਹਾਨੂੰ ਕੀ ਸਮਝ ਪਈ ਹੈ?

ਉ: ੨. ਹੇ ਮਾਧੋ! ਹੁਣ ਇਸ 'ਮੈਂ' ਦੇ ਹੱਟਣ ਨਾਲ ਇਹ ਸਮਝ ਆ ਗਈ ਹੈ ਕਿ ਜਿਵੇਂ ਬੜਾ ਤੂਫ਼ਾਨ ਆਇਆਂ ਸਮੁੰਦਰ ਲਹਿਰਾਂ ਨਾਲ ਨੱਕਾ-ਨੱਕ ਭਰ ਜਾਂਦਾ ਹੈ, ਪਰ ਅਸਲ ਵਿਚ ਉਹ (ਲਹਿਰਾਂ ਸਮੁੰਦਰ ਦੇ) ਪਾਣੀ ਵਿਚ ਪਾਣੀ ਹੀ ਹੈ, ਤਿਵੇਂ ਹੇ ਭਗਵਾਨ! ਇਹ ਸਾਰੇ ਜੀਅ ਜੰਤ ਤੇਰਾ ਹੀ ਵਿਕਾਸ ਹੈ, (ਤੈਥੋਂ ਵੱਖਰਾ ਤਾਂ ਕੁਝ ਭੀ ਨਹੀਂ)।੧।

੩. ਹੇ ਮਾਧਵੇ! ਮਾਇਆ ਦੇ ਪਤੀ ਹਰੀ ਜੀਉ, ਅਸਾਂ ਜੀਵਾਂ ਨੂੰ ਕੁਝ ਅਜਿਹਾ ਭੁਲੇਖਾ ਪਿਆ ਹੋਇਆ ਹੈ, ਜੋ ਕਿ ਇਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

੪. ਅਸਲ ਵਿਚ ਜੋ ਅਸੀਂ ਮੰਨੀ ਬੈਠੇ ਹਾਂ (ਕਿ ਜਗਤ ਤੇਰੇ ਨਾਲੋਂ ਕੋਈ ਵੱਖਰੀ ਹਸਤੀ ਹੈ) ਇਹ ਠੀਕ ਨਹੀਂ ਹੈ।੧।ਰਹਾਉ।

ਪ੍ਰ: ਭਗਤ ਜੀ! ਇਸ ਆਪਣੇ ਖ਼ਿਆਲ ਨੂੰ ਕੋਈ ਉਦਾਹਰਣ ਦੇ ਕੇ ਸਮਝਾਓ।

ਉ: ੫. ਹੇ ਮਾਧੋ ਜੀ! ਮੈਂ ਤਾਂ ਇਸ ਭੁਲੇਖੇ ਨੂੰ ਇਉਂ ਹੀ ਸਮਝਦਾ ਹਾਂ ਕਿ ਜਿਵੇਂ ਕੋਈ ਰਾਜਾ ਆਪਣੇ ਤਖ਼ਤ ਉੱਤੇ ਬੈਠਾ ਹੀ ਸੌਂ ਜਾਵੇ ਅਤੇ ਸੁਪਨੇ ਵਿਚ ਮੰਗਤਾ ਬਣ ਜਾਏ, (ਉਹ ਉਸੇ ਤਰ੍ਹਾਂ ਬੈਠਾ-ਬੈਠਾ ਹੀ ਦੁਖੀ ਹੋ ਰਿਹਾ ਸੀ)।

੬. ਉਹ ਰਾਜ ਦੇ ਹੁੰਦਿਆਂ ਸੁੰਦਿਆਂ ਹੀ (ਸੁਪਨੇ ਵਿਚ ਰਾਜ ਤੋਂ) ਵਿਛੜ ਕੇ ਦੁਖੀ ਹੁੰਦਾ ਹੈ, ਤਿਵੇਂ ਹੀ (ਹੇ ਮਾਧੋ! ਤੈਥੋਂ ਵਿਛੜ ਕੇ) ਅਸਾਡਾ ਜੀਵਾਂ ਦਾ ਹਾਲ ਹੋ ਰਿਹਾ ਹੈ।੨।

ਪ੍ਰ: ਹੇ ਭਗਤ ਜੀ ! ਇਸੇ ਖ਼ਿਆਲ ਨੂੰ ਸਪੱਸ਼ਟ ਕਰਨ ਲਈ ਕੋਈ ਹੋਰ ਉਦਾਹਰਣ ਦਿਓ।

ਉ: ੭. ਹੋਰ ਮੈਂ ਇਉਂ ਸਮਝਦਾ ਹਾਂ ਕਿ ਜਿਵੇਂ ਰੱਸੀ ਤੇ ਸੱਪ ਦਾ ਦ੍ਰਿਸ਼ਟਾਂਤ ਹੈ, ਭਾਵ ਭ੍ਰਮ ਕਰ ਕੇ ਹੀ ਰੱਸੀ ਵਿਚ ਸੱਪ ਪ੍ਰਤੀਤ ਹੁੰਦਾ ਹੈ, ਇਵੇਂ ਹੀ ਅਸਾਂ ਨੂੰ ਭੁਲੇਖਾ ਬਣਿਆ ਹੋਇਆ ਹੈ ਕਿ ਇਹ ਜਗਤ ਤੈਥੋਂ ਵੱਖਰਾ ਹੈ, ਪਰ ਤੂੰ ਹੁਣ ਮੈਨੂੰ ਕੁਝ-ਕੁਝ ਭੇਤ ਜਣਾ ਦਿੱਤਾ ਹੈ, ਭਾਵ ਹੁਣ ਮੈਂ ਕੁਝ ਕੁ ਇਸ ਭੇਤ ਨੂੰ ਜਾਣਿਆ ਹੈ।

ਪ੍ਰ: ਭਗਤ ਜੀ ! ਦੱਸੋ ਤੁਸੀਂ ਇਸ ਭੇਤ ਨੂੰ ਕਿਵੇਂ ਜਾਣਿਆ ਹੈ ?

ਉ: ੮. ਹੇ ਮਾਧੋ ! ਜਿਵੇਂ ਸੋਨੇ ਦੇ ਬਣੇ ਹੋਏ ਅਨੇਕਾਂ ਕੜੇ ਵੇਖ ਕੇ ਭੁਲੇਖਾ ਪੈ ਜਾਏ ਕਿ ਸੋਨਾ ਭੀ ਕਈ ਕਿਸਮ ਦਾ ਹੁੰਦਾ ਹੈ, ਪਰ ਜਦ ਉਨ੍ਹਾਂ ਕੜੇ, ਮੁੰਦਰੀ, ਛਲੇ ਆਦਿਕ ਨੂੰ ਗਾਲ ਦਿੱਤਾ ਜਾਏ ਤਾਂ ਉਹ ਨਾਮ ਹੁਣ ਕਹਿਣਾ ਨਹੀਂ ਆ ਸਕਦਾ, ਕੇਵਲ ਸੋਨਾ ਹੀ ਸੋਨਾ ਕਹੀਦਾ ਹੈ, ਇਵੇਂ ਹੀ ਭਰਮ ਕਰ ਕੇ ਦੇਹ ਅਧਿਆਸ ਦੇ ਵੱਸ ਹੋ ਕੇ ਜਾਤੀ ਤੇ ਵਿਅਕਤੀ ਦੇ ਭੇਦ ਨੂੰ ਮੰਨ ਰਹੇ ਸਾਂ, ਪਰ ਹੁਣ ਜਦੋਂ ਦੇਹ ਅਧਿਆਸ ਟੁੱਟ ਗਿਆ ਤਾਂ ਹੁਣ ਉਹ ਕਹਿਣਾ ਹੀ ਨਹੀਂ ਬਣ ਸਕਦਾ, ਭਾਵ ਹੈ ਕਿ ਹੁਣ ਉਹ ਪੁਰਾਣੀ ਵਿਤਕਰੇ ਵਾਲੀ ਗੱਲ ਮੈਥੋਂ ਆਖੀ ਹੀ ਨਹੀਂ ਜਾਂਦੀ, ਹੁਣ ਮੈਂ ਇਹ ਨਹੀਂ ਆਖਦਾ ਕਿ ਜਗਤ ਤੈਥੋਂ ਕੋਈ ਵੱਖਰੀ ਹਸਤੀ ਹੈ।੩।

ਪ੍ਰ: ਹੇ ਭਗਤ ਜੀ ! ਦੱਸੋ ਹੁਣ ਤੁਸੀਂ ਕੀ ਕਹਿਣਾ ਚਾਹੋਗੇ ?

ਉ: ੯. ਰਵਿਦਾਸ ਜੀ ਕਹਿੰਦੇ ਹਨ ਕਿ ਐ ਲੋਕੋ, ਜਿਵੇਂ ਅਨੇਕਾਂ ਘੜੇ ਹਨ, ਜਿਵੇਂ ਉਨ੍ਹਾਂ ਸਭਨਾਂ ਦੇ ਵਿਚ ਇਕੋ ਹੀ ਮਿੱਟੀ ਹੈ, ਇਵੇਂ ਹੀ ਇਹ ਜੋ ਸਾਰੇ (ਘਟ) ਸਰੀਰ ਹਨ, ਉਨ੍ਹਾਂ ਸਭਨਾਂ ਨੂੰ ਤੂੰ ਇਕੋ ਹੀ ਅਨੇਕਾਂ (ਰੂਪ ਹੋ ਕੇ) ਭੋਗਦਾ ਹੈਂ, ਸਤ੍ਹਾ ਸਫੁਰਤੀ ਦੇ ਰਿਹਾ ਹੈਂ, ਭਾਵ ਸਭ ਘਟਾਂ ਵਿਚ ਆਪ ਹੀ ਬੈਠਾ ਜਗਤ ਦੇ ਰੰਗ ਮਾਣ ਰਿਹਾ ਹੈਂ।

੧੦. ਹੇ ਮਾਧੋ ! (ਤੂੰ ਮੇਰਾ ਆਪਣਾ ਆਪ ਹੋਣ ਕਰ ਕੇ) ਹੱਥਾਂ ਪੈਰਾਂ (ਨਾਲੋਂ ਭੀ) ਨੇੜੇ ਹੈਂ, ਇਹ ਮੇਰਾ ਨਿਸਚਾ ਹੈ, ਜੋ ਵੀ ਕੁਝ ਜਗਤ ਵਿਚ ਵਰਤ ਰਿਹਾ ਹੈ, ਇਸ ਸਭੋ ਕੁਝ ਉਸੇ ਦੀ ਰਜ਼ਾ ਵਿਚ ਹੋ ਰਿਹਾ ਹੈ, (ਉਹ ਹੁੰਦਾ ਰਹੇ, ਉਸ ਨਾਲ ਮੇਰੀ ਮਨੌਤ ਨਹੀਂ ਹੈ)।੪।੧।

ਭਾਵਾਰਥ : ਇਸ ਸ਼ਬਦ ਵਿਚ ਇਹੋ ਹੀ ਸਿਧਾਂਤ ਹੈ ਕਿ ਪਰਮੇਸ਼ਰ ਸਰਵ-ਵਿਆਪਕ ਹੈ, ਪਰ ਜੀਵ ਆਪਣੀ ਹਉਮੈ ਦੇ ਘੇਰੇ ਵਿਚ ਰਹਿ ਕੇ ਜਗਤ ਨੂੰ ਉਸ ਤੋਂ ਵੱਖਰੀ ਹਸਤੀ ਸਮਝਦਾ ਹੈ, ਸੋ ਜਿਤਨਾ ਚਿਰ ਹਉਂ ਹੈ, ਉਤਨਾ ਚਿਰ ਸਾਰੇ ਹੀ ਵਿਤਕਰੇ ਕਾਇਮ ਹਨ।੪।੧।

੧. ਜਉ ਹਮ ਬਾਂਧੇ ਮੋਹ ਫਾਸ
ਹਮ ਪ੍ਰੇਮ ਬਧਨਿ ਤੁਮ ਬਾਧੇ ॥
੨. ਅਪਨੇ ਛੂਟਨ ਕੋ ਜਤਨੁ ਕਰਹੁ
ਹਮ ਛੂਟੇ ਤੁਮ ਆਰਾਧੇ ॥੧॥
੩. ਮਾਧਵੇ ਜਾਨਤ ਹਹੁ ਜੈਸੀ ਤੈਸੀ ॥
੪. ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥
੫. ਮੀਨੁ ਪਕਰਿ ਫਾਂਕਿਓ ਅਰੁ ਕਾਟਿਓ
ਰਾਂਧਿ ਕੀਓ ਬਹੁ ਬਾਨੀ ॥
੬. ਖੰਡ ਖੰਡ ਕਰਿ ਭੋਜਨੁ ਕੀਨੋ
ਤਊ ਨ ਬਿਸਰਿਓ ਪਾਨੀ ॥੨॥
੭. ਆਪਨ ਬਾਪੈ ਨਾਹੀ ਕਿਸੀ ਕੋ
ਭਾਵਨ ਕੋ ਹਰਿ ਰਾਜਾ ॥
੮. ਮੋਹ ਪਟਲ ਸਭੁ ਜਗਤੁ ਬਿਆਪਿਓ
ਭਗਤ ਨਹੀ ਸੰਤਾਪਾ ॥੩॥
੯. ਕਹਿ ਰਵਿਦਾਸ ਭਗਤਿ ਇਕ ਬਾਢੀ
ਅਬ ਇਹ ਕਾ ਸਿਉ ਕਹੀਐ ॥
੧੦. ਜਾ ਕਾਰਨਿ ਹਮ ਤੁਮ ਆਰਾਧੇ
ਸੋ ਦੁਖੁ ਅਜਹੂ ਸਹੀਐ ॥੪॥੨॥

ਪਦ ਅਰਥ : ਬਾਂਧੇ—ਬਝੇ ਹੋਏ ਹਾਂ। ਫਾਸ—ਫਾਹੀ। ਬੰਧਨਿ—ਰੱਸੀ ਨਾਲ। ਤੁਮ—ਤੈਨੂੰ। ਕੋ—ਦਾ।੧।

ਜਾਨਤ ਹਹੁ—ਤੁਸੀਂ ਜਾਣਦੇ ਹੋ। ਜੈਸੀ—ਜਿਹੋ ਜਿਹੀ (ਭਗਤਾਂ ਦੀ ਪ੍ਰੀਤ ਤੇਰੇ ਨਾਲ)। ਐਸੀ—ਅਜਿਹੀ ਪ੍ਰੀਤ ਦੇ ਹੁੰਦਿਆਂ। ਕਹਾ ਕਰਹੁਗੇ—ਕੀਹ ਕਰੇਂਗਾ ? ਇਸ ਤੋਂ ਬਿਨਾ ਹੋਰ ਕੀ ਕਰੇਂਗੀ ? (ਭਾਵ ਤੂੰ ਆਪਣੇ ਭਗਤਾਂ ਨੂੰ ਜ਼ਰੂਰ ਮੋਹ ਤੋਂ ਬਚਾਈ ਰੱਖੇਂਗਾ)।੧।ਰਹਾਉ।

ਮੀਨੁ—ਮੱਛ। ਪਕਰਿ—ਫੜ ਕੇ। ਫਾਂਕਿਓ—ਫਾੜੀ-ਫਾੜੀ ਕਰ ਦਿੱਤਾ। ਰਾਂਧਿ ਕੀਓ—ਰਿੰਨ੍ਹ ਲਈ। ਬਹੁ ਬਾਨੀ—ਕਈ ਤਰੀਕਿਆਂ ਨਾਲ। ਖੰਡ—ਟੋਟਾ। ਤਊ—ਤਾਂ ਭੀ।੨।

ਬਾਪੈ—ਪਿਉ ਦੀ (ਮਲਕੀਅਤ)। ਭਾਵਨ ਕੋ—ਪ੍ਰੇਮ ਦਾ (ਬੱਧਾ ਹੋਇਆ)। ਰਾਜਾ—ਜਗਤ ਦਾ ਮਾਲਕ। ਪਟਲ—ਪੜਦਾ। ਬਿਆਪਿਓ—ਛਾਇਆ ਹੋਇਆ ਹੈ। ਸੰਤਾਪ—ਮੋਹ ਦਾ ਕਲੇਸ਼।੩।

ਭਗਤਿ ਇਕ—ਇਕ ਪ੍ਰਭੂ ਦੀ ਭਗਤੀ। ਬਾਢੀ—ਵਧਾਈ ਹੈ, ਦ੍ਰਿੜ੍ਹ ਕੀਤੀ ਹੈ। ਅਬ ਕਹੀਐ—ਹੁਣ ਕਿਸੇ ਨਾਲ ਇਹ ਗੱਲ ਕਰਨ ਦੀ ਲੋੜ ਹੀ ਨਹੀਂ ਰਹੀ। ਜਾ ਕਾਰਨਿ—ਜਿਸ (ਮੋਹ ਤੋਂ ਬਚਣ) ਦੀ ਖ਼ਾਤਿਰ। ਅਜਹੂ—ਹੁਣ ਤਕ।੪।੨।

ਉਥਾਨਕਾ : ਪਹਿਲੇ ਸ਼ਬਦ ਵਿਚ ਭਗਵਾਨ ਨੇ ਭਗਤ ਜੀ ਦਾ ਨਿਸਚਾ ਸੁਣ ਕੇ ਕਿਹਾ ਕਿ ਹੇ ਭਗਤ ! ਤੂੰ ਮੈਨੂੰ ਆਪਣੇ ਨਾਲ ਅਭੇਦ ਕਿਹਾ ਹੈ, ਪਰ ਤੈਨੂੰ ਪਤਾ ਹੈ ਕਿ ਮੈਂ ਤੈਨੂੰ ਆਪਣੇ ਤੋਂ ਭਿੰਨ ਕਰ ਦੇਣ ਲਈ ਮੋਹ ਦੀ ਫਾਹੀ ਵਿਚ ਬੰਨ੍ਹ ਦੇਂਦਾ ਹਾਂ, ਜਿਸ ਕਰ ਕੇ ਤੇਰਾ ਮੇਰੇ ਨਾਲ ਅਭੇਦ ਹੋਣ ਦਾ ਨਿਸਚਾ ਦੂਰ ਹੋ ਜਾਵੇਗਾ, ਅਜਿਹਾ ਬਿਲਾਸ ਪੂਰਤ ਬਚਨ ਸੁਣ ਕੇ ਭਗਤ ਜੀ ਨੇ ਭੀ ਉਸੇ ਤਰ੍ਹਾਂ ਦੇ ਬਿਲਾਸ ਰੂਪ ਵਿਚ ਸ਼ਬਦ ਉਚਾਰਿਆ :

ਅਰਥ :

ਪ੍ਰ: ਹੇ ਭਗਤ ! ਤੂੰ ਦੱਸ ਕਿ ਤੇਰੀ-ਮੇਰੀ ਅਭੇਦਤਾ ਕਿਵੇਂ ਹੋ ਸਕਦੀ ਹੈ, ਕਿਉਂਕਿ ਮੈਂ ਤੈਨੂੰ ਮੋਹ ਦੀ ਫਾਹੀ ਵਿਚ ਬੰਨ੍ਹਿਆ

ਹੋਇਆ ਹੈ ਅਤੇ ਮੈਂ ਮੋਹ ਦੀ ਫਾਹੀ ਤੋਂ ਰਹਿਤ ਹਾਂ। ਇਹ ਬਚਨ ਵੀ ਭਗਵਾਨ ਨੇ ਭਗਤ ਦਾ ਨਿਸਚਾ ਦੇਖਣ ਲਈ ਕਹੇ ਸਨ।

ਉ: ੧. ਹੇ ਮਾਧੋ! (ਇਸ ਵਿਚ ਭੀ ਸਾਡੀ ਦੋਹਾਂ ਦੀ ਸਮਾਨਤਾ ਹੀ ਪਾਈ ਜਾਂਦੀ ਹੈ, (ਕਿਉਂਕਿ) ਦੇਖ ਜੇ ਅਸੀਂ ਮੋਹ ਦੀ ਫਾਹੀ ਵਿਚ ਬੱਧੇ ਹੋਏ ਸਾਂ, ਤਾਂ ਅਸਾਂ ਭੀ ਤਾਂ ਤੈਨੂੰ ਆਪਣੇ ਪਿਆਰ ਦੀ ਰੱਸੀ ਵਿਚ ਬੰਨ੍ਹ ਲਿਆ ਹੈ।

੨. ਪਰ, ਹੇ ਮਾਧੋ! ਇਕ ਗੱਲ ਤੁਹਾਨੂੰ ਜ਼ਰੂਰ ਯਾਦ ਰੱਖਣੀ ਚਾਹੀਦੀ ਹੈ, ਕਿਉਂਕਿ ਅਸੀਂ ਤਾਂ (ਉਸ ਮੋਹ ਦੀ ਫਾਹੀ ਵਿੱਚੋਂ) ਤੈਨੂੰ ਸਿਮਰ ਕੇ ਨਿਕਲ ਆਏ ਹਾਂ, ਪਰ ਤੂੰ ਦੱਸ ਕਿ ਅਸਾਡੇ ਪਿਆਰ ਦੇ ਜੱਕੜ ਵਿੱਚੋਂ ਕਿਵੇਂ ਨਿਕਲੇਂਗਾ।੧।

੩. ਹੇ ਮਾਧੋ! ਇਹ ਤੈਨੂੰ ਤਾਂ ਪਤਾ ਹੀ ਹੈ ਕਿ ਤੇਰੇ ਨਾਲ ਭਗਤ ਜਿਹੋ-ਜਿਹਾ ਪਿਆਰ ਕਰਦੇ ਹਨ, ਉਹ ਤੈਥੋਂ ਲੁਕਿਆ ਨਹੀਂ ਰਹਿ ਸਕਦਾ, (ਭਾਵ ਤੂੰ ਉਹ ਚੰਗੀ ਤਰ੍ਹਾਂ ਜਾਣਦਾ ਹੈਂ)।

੪. ਹੇ ਮਾਧੋ! ਦੱਸੋ, ਕੀ ਹੁਣ ਤੁਸੀਂ ਅਜਿਹੀ ਪ੍ਰੀਤ ਦੇ ਹੁੰਦਿਆਂ, ਅਜਿਹੀ (ਗੱਲ ਕਰ ਕੇ) ਸਾਨੂੰ ਪ੍ਰੀਤੀ ਤੋਂ ਬਿਨਾ ਕਰ ਦਿਓਗੇ? ਭਾਵ ਹੈ ਕਿ ਤੂੰ ਭਗਤਾਂ ਦੀ ਅਜਿਹੀ ਪ੍ਰੀਤ ਦੇ ਹੁੰਦਿਆਂ ਉਨ੍ਹਾਂ ਭਗਤਾਂ ਨੂੰ ਜ਼ਰੂਰ ਮੋਹ ਤੋਂ ਬਚਾਈ ਰੱਖਦਾ ਹੈਂ।੧।ਰਹਾਉ।

ਪ੍ਰ: ਹੇ ਭਗਤ ਜੀ! ਇਹ ਦੱਸ, ਤੂੰ ਮੇਰੇ ਨਾਲ ਆਪਣੇ ਅੰਦਰ ਕਿਤਨੀ ਕੁ ਪੱਕੀ ਪ੍ਰੀਤ ਅਨੁਭਵ ਕਰਦਾ ਹੈਂ, ਕੋਈ ਉਦਾਹਰਣ ਦੇ ਕੇ ਦੱਸ, ਤਾਂ ਕਿ ਤੇਰੇ ਪਿਆਰ ਨੂੰ ਸਮਝਿਆ ਜਾ ਸਕੇ?

ਉ: ੫. ਹੇ ਮਾਧੋ! ਚੇਤੇ ਰੱਖੋ! ਸਾਡਾ ਤੇਰੇ ਨਾਲ ਪਿਆਰ ਭੀ ਉਹ ਹੈ, ਜੋ ਮੱਛੀ ਨੂੰ ਪਾਣੀ ਨਾਲ ਹੁੰਦਾ ਹੈ, ਅਸੀਂ ਤਾਂ ਮਰ ਕੇ ਭੀ ਤੇਰੀ ਯਾਦ ਨੂੰ ਨਹੀਂ ਭੁਲਾ ਸਕਣਾ। ਵੇਖੋ, ਮੱਛੀ ਨੂੰ (ਪਾਣੀ ਵਿੱਚੋਂ) ਫੜ ਕੇ ਫਾਕਾਂ ਕਰ ਦੇਈਏ, ਟੋਟੇ ਕਰ ਦੇਈਏ ਅਤੇ ਕਈ ਤਰ੍ਹਾਂ ਰਿੰਨ੍ਹ ਲਈਏ।

੬. ਫਿਰ (ਉਸ ਨੂੰ) ਰਤਾ-ਰਤਾ ਕਰ ਕੇ ਖਾ ਲਈਏ, ਫਿਰ ਭੀ ਉਸ ਮੱਛੀ ਨੂੰ ਪਾਣੀ ਨਹੀਂ ਭੁੱਲਦਾ (ਜਿਸ ਖਾਣ ਵਾਲੇ ਦੇ ਪੇਟ ਵਿਚ ਜਾਂਦੀ ਹੈ, ਉਸ ਨੂੰ ਭੀ ਪਾਣੀ ਦੀ ਪਿਆਸ ਲਗਾ ਦੇਂਦੀ ਹੈ)।੨।

ਪ੍ਰ: ਹੇ ਭਗਤ! ਤੈਨੂੰ ਇਹ ਕਿਵੇਂ ਪ੍ਰਤੀਤ ਹੈ ਕਿ ਤੂੰ ਮੈਥੋਂ ਵੱਖਰਾ ਨਹੀਂ ਹੋ ਸਕਦਾ?

ਉ: ੭. ਹੇ ਮਾਧੋ! ਮੈਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਤੂੰ ਜਗਤ ਦਾ ਰਾਜਾ, ਮਾਲਕ, ਹਰੀ, ਕਿਸੇ ਦੇ ਪਿਓ ਦੀ (ਜੱਦੀ ਮਲਕੀਅਤ) ਨਹੀਂ ਹੈਂ, ਤੂੰ ਤਾਂ ਪ੍ਰੇਮ ਦਾ ਬੱਝਾ ਹੋਇਆ ਹੈਂ, (ਸੋ ਮੇਰੇ ਵਿਚ ਤੇਰੇ ਲਈ ਪੂਰਨ ਪ੍ਰੀਤੀ ਹੈ, ਇਸ ਲਈ ਮੈਨੂੰ ਪੂਰਨ ਭਰੋਸਾ ਹੈ ਕਿ ਤੂੰ ਮੈਥੋਂ ਵੱਖਰਾ ਨਹੀਂ ਹੋ ਸਕਦਾ)।

ਪ੍ਰ: ਹੇ ਭਗਤ! ਜੋ ਮੈਂ ਜਗਤ ਦੇ ਬੰਨ੍ਹਣ ਲਈ ਮੋਹ ਪੈਦਾ ਕੀਤਾ ਹੈ, ਕੀ ਤੂੰ ਉਸ ਮੋਹ ਦੀ ਪ੍ਰਬਲਤਾ ਕੁਝ ਭੀ ਨਹੀਂ ਮੰਨਦਾ?

ਉ: ੮. ਹੇ ਮਾਧੋ! ਮੈਂ ਇਹ ਜ਼ਰੂਰ ਮੰਨਦਾ ਹਾਂ ਕਿ ਜੋ ਮਨੁੱਖ ਇਸ ਜਗਤ ਵਿਚ ਤੇਰੇ ਪਿਆਰ ਤੋਂ ਸੱਖਣਾ ਹੈ, ਉਹ ਤਾਂ ਸੰਸਾਰ ਦਾ ਹਰ ਮਨੁੱਖ ਹੀ ਤੇਰੇ ਇਸ ਮੋਹ ਦੀ ਪ੍ਰਬਲਤਾ ਦੇ ਪਰਦੇ ਵਿਚ ਫਸਿਆ ਪਿਆ ਹੈ, ਪਰ ਹੇ ਮਾਧੋ! ਜੋ ਭਗਤ ਪ੍ਰਭੂ ਨਾਲ ਪ੍ਰੇਮ ਕਰਨ ਵਾਲੇ ਹਨ, ਉਨ੍ਹਾਂ ਨੂੰ ਇਸ ਮੋਹ ਦਾ ਕੋਈ ਭੀ ਕਲੇਸ਼ ਨਹੀਂ ਹੁੰਦਾ, ਇਸ ਲਈ ਮੈਨੂੰ ਯਕੀਨ ਹੈ ਕਿ ਮੈਂ ਤੇਰਾ ਨਾਮ ਧਰੀਕ ਭਗਤ ਹਾਂ, ਮੈਨੂੰ ਭੀ ਉਸ ਮੋਹ ਦਾ ਕੋਈ ਦੁੱਖ ਨਹੀਂ ਹੋਵੇਗਾ।੩।

੯. ਕਹਿੰਦਾ ਹੈ ਰਵਿਦਾਸ ਕਿ ਹੇ ਮਾਧੋ! ਮੈਂ ਇਕ ਤੇਰੀ ਭਗਤੀ (ਆਪਣੇ ਹਿਰਦੇ ਵਿਚ) ਇਤਨੀ ਦ੍ਰਿੜ੍ਹ ਕੀਤੀ ਹੈ ਕਿ ਮੈਨੂੰ ਹੁਣ ਕਿਸੇ ਹਾਲ ਨਾਲ ਇਹ ਗਿਲ੍ਹਾ ਕਰਨ ·

੧੦. ਦੀ ਲੋੜ ਹੀ ਨਹੀਂ ਰਹਿ ਗਈ ਕਿ ਜਿਸ ਮੋਹ ਤੋਂ ਬਚਣ ਲਈ ਮੈਂ ਤੇਰਾ ਸਿਮਰਨ ਕਰ ਰਿਹਾ ਸਾਂ, ਉਸ ਮੋਹ ਦਾ ਦੁੱਖ ਮੈਨੂੰ ਹੁਣ ਤਕ ਸਹਾਰਨਾ ਪੈ ਰਿਹਾ ਹੈ (ਭਾਵ ਹੈ ਕਿ ਉਸ ਮੋਹ ਦਾ ਤਾਂ ਹੁਣ ਅੰਦਰ ਨਾਮ ਨਿਸ਼ਾਨ ਹੀ ਨਹੀਂ ਰਹਿ ਗਿਆ)।੪।੨।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਸਾਰੇ ਜਗਤ ਨੂੰ ਮੋਹ ਦੀ ਪ੍ਰਬਲਤਾ ਦੇ ਹੇਠ ਦਬਿਆ ਹੋਇਆ ਦੱਸ ਰਹੇ ਹਨ, ਪਰ ਇਹ ਮੋਹ ਦੀ ਫਾਹੀ ਨੂੰ ਤੋੜਨ ਦਾ ਇਕੋ ਹੀ ਇਕ ਸਾਧਨ ਕੇਵਲ ਪ੍ਰਭੂ ਦੇ ਚਰਨਾਂ ਦਾ ਪਿਆਰ ਹੈ।

੧. ਦੂਲਭ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ ॥
੨. ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥
੩. ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥
੪. ਜਿਹ ਰਸ ਅਨਰਸ ਬੀਸਰਿ ਜਾਹੀ ॥੧॥ ਰਹਾਉ ॥
੫. ਜਾਨਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ ॥
੬. ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ
ਪਰਮਾਰਥ ਪਰਵੇਸ ਨਹੀ ॥੨॥
੭. ਕਹੀਅਤ ਆਨ ਅਚਰੀਅਤ ਅਨ ਕਛੁ
ਸਮਝ ਨ ਪਰੈ ਅਪਰ ਮਾਇਆ ॥
੮. ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ
ਕੋਪੁ ਕਰਹੁ ਜੀਅ ਦਇਆ ॥੩॥੩॥

ਪਦ ਅਰਥ : ਦੂਲਭ—ਦੁਰ-ਲਭ, ਜਿਸ ਦਾ ਮਿਲਣਾ ਬਹੁਤ ਹੀ ਔਖਾ ਹੈ। ਪੁੰਨ—ਭਲੇ ਕੰਮ। ਜਾਤ—ਜਾ ਰਿਹਾ ਹੈ। ਅਬਿਬੇਕੈ—ਵੀਚਾਰ ਹੀਣਤਾ ਦੇ ਕਾਰਨ, ਅੰਞਾਣਪੁਣੇ ਵਿਚ। ਸਮਸਰਿ—ਵਰਗੇ, ਦੇ ਬਰਾਬਰ। ਕਿਹ ਲੇਖੈ—ਕਿਸ ਕੰਮ ਆਏ? ਕਿਸੇ ਅਰਥ ਨਹੀਂ।੧।

ਰਾਜਾ—ਜਗਤ ਦਾ ਮਾਲਕ। ਰਸੁ—(ਮਿਲਾਪ ਦਾ) ਅਨੰਦ। ਜਿਹ ਰਸ—ਜਿਸ ਰਸ ਦੀ ਬਰਕਤ ਨਾਲ। ਅਨ ਰਸ—ਹੋਰ ਚਸਕੇ।੧।ਰਹਾਉ।

ਜਾਨਿ—ਜਾਣ ਬੁਝ ਕੇ, ਜਾਣਦੇ-ਬੁਝਦੇ ਹੋਏ। ਅਜਾਨ—

ਅੰਞਾਣ। ਬਾਵਰ—ਪਾਗਲ। ਸੋਚ ਅਸੋਚ—ਚੰਗੀਆਂ ਮੰਦੀਆਂ ਸੋਚਾਂ। ਦਿਵਸ—ਉਮਰ ਦੇ ਦਿਨ। ਜਾਹੀ—ਗੁਜ਼ਰ ਰਹੇ ਹਨ। ਇੰਦ੍ਰੀ—ਕਾਮ ਵਾਸ਼ਨਾ। ਸਬਲ—ਸ+ਬਲ, ਬਲਵਾਨ। ਨਿਬਲ—ਨਿਰਬਲ, ਕਮਜ਼ੋਰ। ਬਿਬੇਕ ਬੁਧਿ—ਪਰਖਣ ਦੀ ਅਕਲ। ਪਰਮਾਰਥ—ਪਰਮ+ਅਰਥ, ਸਭ ਤੋਂ ਵੱਡੀ ਲੋੜ। ਪਰਵੇਸ਼—ਦਖ਼ਲ।੨।

ਆਨੁ—ਕੁਝ ਹੋਰ। ਅਚਰੀਅਤ—ਕਮਾਈਦਾ ਹੈ। ਅਨ ਕਛੁ—ਕੁਝ ਹੋਰ। ਅਪਰ—ਅਪਾਰ, ਬਲੀ। ਉਦਾਸ—ਉਪਰਾਮ, ਆਸਾਂ ਤੋਂ ਬਚਿਆ ਹੋਇਆ। ਪਰਹਰਿ—ਛੱਡ ਕੇ, ਦੂਰ ਕਰ ਕੇ। ਕੋਪ—ਗੁੱਸਾ। ਜੀਅ—ਜਿੰਦ ਉੱਤੇ।੩।

ਅਰਥ :

ਪ੍ਰ: ਭਗਤ ਜੀ! ਕਿਰਪਾ ਕਰੋ, ਸਾਨੂੰ ਕੋਈ ਸ਼ੁਭ ਉਪਦੇਸ਼ ਬਖ਼ਸ਼ੋ, ਜਿਸ ਦੀ ਬਰਕਤ ਨਾਲ ਅਸੀਂ ਆਪਣੇ-ਆਪ ਦੀ ਭਲਾਈ ਵਾਸਤੇ ਕੋਈ ਸਾਧਨ ਸੋਚ ਸਕੀਏ?

ਉ: ੧. ਹੇ ਭਾਈਓ! ਸੁਣੋ, ਇਹ ਮਨੁੱਖਾ-ਜਨਮ ਬੜੀ ਮੁਸ਼ਕਲ ਨਾਲ ਮਿਲਦਾ ਹੈ, (ਇਹ ਪਿਛਲੇ ਕੀਤੇ) ਭਲੇ ਕੰਮਾਂ ਦੇ ਫਲ ਵਜੋਂ ਸਾਨੂੰ ਮਿਲ ਗਿਆ ਹੈ, ਪਰ ਸਾਡੇ ਅਨਜਾਣਪੁਣੇ ਵਿਚ ਇਹ (ਸਮਝੋ) ਵਿਅਰਥ ਹੀ ਜਾ ਰਿਹਾ ਹੈ, ਹੇ ਪਿਆਰੇ! ਇਸ ਬਾਰੇ ਅਸਾਂ ਕਦੇ ਸੋਚਿਆ ਹੀ ਨਹੀਂ ਕਿ

੨. ਜੇ ਅਸੀਂ ਪ੍ਰਭੂ ਦੀ ਬੰਦਗੀ ਤੋਂ ਸੱਖਣੇ ਰਹੇ ਤਾਂ (ਸਾਡੇ ਪਾਸ) ਜੋ ਦੇਵਤਿਆਂ ਦੇ ਰਾਜੇ ਇੰਦਰ ਦੇ ਸਵਰਗ ਜੈਸੇ ਮਹੱਲ ਮਾੜੀਆਂ ਭੀ ਹਨ, ਇਹ ਕਿਸੇ ਕੰਮ ਨਹੀਂ। (ਭਾਵ ਹਰੀ ਦੀ ਭਗਤੀ ਤੋਂ ਹੀਣਿਆਂ ਰਹਿਣ ਕਰ ਕੇ ਉਹ ਕਿਸ ਕੰਮ ਹਨ?)।੧।

੩. ਹੇ ਭਾਈਓ! ਜੇ ਅਸੀਂ ਵੀਚਾਰ ਕਰ ਕੇ ਵੇਖੀਏ ਤਾਂ ਸਾਨੂੰ ਇਉਂ ਪਤਾ ਲਗੇਗਾ ਕਿ ਅਸੀਂ ਮਾਇਆਧਾਰੀ ਜੀਵਾਂ ਨੇ ਜਗਤ ਪ੍ਰਭੂ ਪਰਮਾਤਮਾ ਦੇ ਨਾਮ ਦੇ ਉਸ ਅਨੰਦ ਨੂੰ ਨਹੀਂ ਕਦੇ ਵੀਚਾਰਿਆ।

੪. ਜਿਸ ਅਨੰਦ ਦੀ ਬਰਕਤ ਨਾਲ (ਮਾਇਆ ਦੇ) ਹੋਰ ਸਾਰੇ ਚਸਕੇ ਦੂਰ ਹੋ ਜਾਂਦੇ ਹਨ।

੫. ਹੇ ਪ੍ਰਭੂ! ਅਸੀਂ ਤਾਂ ਜਾਣਦੇ-ਬੁਝਦੇ ਹੋਏ ਭੀ ਕਮਲੇ ਤੇ ਮੂਰਖ ਬਣੇ ਹੋਏ ਹਾਂ। ਸਾਡੀ ਉਮਰ ਦੇ ਦਿਹਾੜੇ ਮਾਇਆ ਦੀਆਂ ਹੀ ਚੰਗੀਆਂ-ਮੰਦੀਆਂ ਵੀਚਾਰਾਂ ਵਿਚ ਗੁਜ਼ਰ ਰਹੇ ਹਨ।

੬. ਹੇ ਪ੍ਰਭੂ ਜੀ! ਅਸਾਡੇ ਅੰਦਰ ਕਾਮ ਵਾਸ਼ਨਾ ਦਿਨ-ਬ-ਦਿਨ ਵਧੀ ਜਾ ਰਹੀ ਹੈ ਅਤੇ ਵੀਚਾਰ ਸ਼ਕਤੀ ਘਟ ਰਹੀ ਹੈ, ਇਸੀ ਕਰ ਕੇ ਜੀਵਾਂ ਦਾ (ਪਰਮਾਰਥ) ਆਤਮ ਵਸਤੂ ਵਿਚ ਪਰਵੇਸ਼ ਨਹੀਂ ਹੋ ਸਕਦਾ। ਭਾਵ ਜੀਵਾਂ ਨੂੰ ਇਸ ਗੱਲ ਦੀ ਕਦੀ ਸੋਚ ਹੀ ਨਹੀਂ ਫੁਰੀ ਕਿ ਸਾਡੀ ਸਭ ਤੋਂ ਵੱਡੀ ਲੋੜ ਕੀ ਹੈ।੨।

੭. ਹੇ ਪ੍ਰਭੂ ਜੀ! ਅਸੀਂ (ਜੀਵ) ਆਖਦੇ ਕੁਝ ਹੋਰ ਹਾਂ ਅਤੇ ਕਰਦੇ ਕੁਝ ਹੋਰ ਹਾਂ। ਇਹ ਮਾਇਆ ਇਤਨੀ ਬਲਵਾਨ ਹੋ ਰਹੀ ਹੈ ਕਿ ਸਾਨੂੰ (ਆਪਣੀ ਮੂਰਖਤਾ ਦੀ) ਕੋਈ ਸਮਝ ਹੀ ਨਹੀਂ ਪੈਂਦੀ।

੮. ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ! (ਇਹ ਹਾਲਤ ਵੇਖ ਕੇ) ਮੈਂ ਦਾਸ ਦੀ ਬੁੱਧੀ ਉਦਾਸ ਹੋ ਰਹੀ ਹੈ, ਭਾਵ ਮੈਂ ਹੁਣ ਇਸ (ਮੂਰਖਪੁਣੇ) ਤੋਂ ਉਪਰਾਮ ਹੋ ਗਿਆ ਹਾਂ, (ਹੇ ਸਾਈਂ!) ਤੂੰ ਇਨ੍ਹਾਂ ਜੀਵਾਂ ਦੇ (ਅੰਞਾਣਪੁਣੇ) 'ਤੇ ਗੁੱਸਾ ਨਾ ਕਰਨਾ, ਇਨ੍ਹਾਂ ਸਾਰੇ ਹੀ ਜੀਵਾਂ ਉੱਤੇ ਮਿਹਰ ਕਰਨੀ, (ਤਾਹੀਓਂ ਇਨ੍ਹਾਂ ਜੀਵਾਂ ਦੀ ਸੁਰਤਿ ਮੂਰਖਪੁਣੇ ਵੱਲੋਂ ਮੋੜ ਖਾਏਗੀ)।੩।੩।

ਭਾਵਾਰਥ : ਇਸ ਸ਼ਬਦ ਵਿਚ ਰਵਿਦਾਸ ਜੀ ਸਾਰੇ ਜੀਵਾਂ ਪ੍ਰਤੀ ਉਪਦੇਸ਼ ਕਰਦੇ ਹਨ ਕਿ ਐ ਭਾਈਓ! ਇਹ ਮਨੁੱਖੀ ਜਾਮਾ ਲੱਭਣਾ ਬਹੁਤ ਕਠਿਨ ਹੈ, ਇਹ ਪਿਛਲੇ ਪੁੰਨਾਂ ਦੇ ਪ੍ਰਤਾਪ ਕਰ ਕੇ ਪ੍ਰਾਪਤ ਹੋਇਆ, ਇਸ ਨੂੰ ਅੰਜਾਣਪੁਣੇ ਵਿਚ ਹੀ ਵਿਅਰਥ ਨਾ ਗਵਾਓ। ਇਸ ਮਾਇਆ ਦਾ ਮੋਹ ਮਨੁੱਖ ਨੂੰ ਇਸ ਦੇ ਅਸਲ ਨਿਸ਼ਾਨੇ ਤੋਂ ਡੇਗ ਦੇਂਦਾ ਹੈ, ਇਸ ਲਈ ਉਸੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰੋ, ਤਾਂਕਿ ਇਸ ਮਾਇਆ ਮੋਹ ਦੇ ਗੇੜ ਵਿੱਚੋਂ ਨਿਕਲ ਕੇ ਮਨ ਸਾਈਂ ਜੀ ਦੇ ਚਰਨਾਂ ਵਿਚ ਜੁੜ ਸਕੇ।

੧. ਸੁਖ ਸਾਗਰੁ ਸੁਰਤਰ ਚਿੰਤਾਮਨਿ
ਕਾਮਧੇਨੁ ਬਸਿ ਜਾ ਕੇ ॥
੨. ਚਾਰਿ ਪਦਾਰਥ ਅਸਟ ਦਸਾ ਸਿਧਿ
ਨਵ ਨਿਧਿ ਕਰ ਤਲ ਤਾ ਕੇ ॥੧॥
੩. ਹਰਿ ਹਰਿ ਹਰਿ ਨ ਜਪਹਿ ਰਸਨਾ ॥
੪. ਅਵਰ ਸਭ ਤਿਆਗਿ ਬਚਨ ਰਚਨਾ ॥੧॥ ਰਹਾਉ ॥
੫. ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅਖਰ ਮਾਂਹੀ ॥
੬. ਬਿਆਸ ਬਿਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ ॥੨॥
੭. ਸਹਜ ਸਮਾਧਿ ਉਪਾਧਿ ਰਹਤ ਫੁਨਿ
ਬਡੈ ਭਾਗਿ ਲਿਵ ਲਾਗੀ ॥
੮. ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ
ਜਨਮ ਮਰਨ ਭੈ ਭਾਗੀ ॥੩॥੪॥

ਪਦ ਅਰਥ : ਸੁਰਤਰ—ਸੁਰਗ ਦੇ ਰੁੱਖ, ਇਹ ਗਿਣਤੀ ਵਿਚ ਪੰਜ ਹਨ : ਮੰਦਾਰ, ਪਾਰਜਾਤਿ, ਸੰਤਾਨ, ਕਲਪ ਰੁੱਖ, ਹਰਿ ਚੰਦਨ। ਚਿੰਤਾਮਨਿ—ਉਹ ਮਣੀ ਜਿਸ ਪਾਸੋਂ ਮਨ ਦੀ ਹਰੇਕ ਚਿਤਵਨੀ ਪੂਰੀ ਹੋ ਜਾਂਦੀ ਹੈ। ਕਾਮਧੇਨੁ—ਕਾਮ-ਵਾਸ਼ਨਾ। ਧੇਨ—ਗਾਂ, ਹਰੇਕ ਵਾਸ਼ਨਾ ਪੂਰੀ ਕਰਨ ਵਾਲੀ ਗਾਂ (ਇਹ ਸਵਰਗ ਵਿਚ ਰਹਿੰਦੀ ਮੰਨੀ ਜਾਂਦੀ ਹੈ)। ਬਸਿ—ਵਸ ਵਿਚ। ਜਾ ਕੇ—ਜਿਸ ਪਰਮੇਸ਼ਰ ਦੇ। ਚਾਰਿ ਪਦਾਰਥ—ਧਰਮ, ਅਰਥ, ਕਾਮ, ਮੋਖ। ਅਸਟ ਦਸਾ—(੮+੧੦) ਅਠਾਰਾਂ। ਨਵ ਨਿਧਿ—ਕੁਬੇਰ ਦੇਵਤੇ ਦੇ ਨੌ ਖ਼ਜ਼ਾਨੇ। ਕਰ ਤਲ—ਹੱਥਾਂ ਦੀਆਂ ਤਲੀਆਂ ਉੱਤੇ।੧।

ਰਸਨਾ—ਜੀਭ ਨਾਲ। ਬਚਨ ਰਚਨਾ—ਫੋਕੀਆਂ ਗੱਲਾਂ। ਤਿਆਗਿ—ਤਿਆਗ ਕੇ।੧।ਰਹਾਉ।

ਨਾਨਾ—ਕਈ ਕਿਸਮ ਦੇ। ਖਿਆਨ—ਪ੍ਰਸੰਗ। ਬੇਦ ਬਿਧਿ—ਵੇਦਾਂ ਵਿਚ ਦੱਸੀਆਂ ਧਾਰਮਿਕ ਵਿਧੀਆਂ। ਚਉਤੀਸ ਅੱਖਰ—(ਅ ੲ ਤ ਸ=੪, ਪੰਜ ਵਰਗ, ਕ-ਵਰਗ ਆਦਿਕ=੨੫, ਯ ਰ ਲ ੜ=੫, ਕੁਲ ਜੋੜ=੩੪। ਨੋਟ : ਅਸਲ 'ਹ੍ਰਸ੍ਵ' ਸਿਰਫ਼ ੩ ਹਨ, ੳ, ਅ, ੲ, (ਬਾਕੀ ਦੇ ਇਨ੍ਹਾਂ ਤੋਂ ਹੀ ਬਣੇ ਹਨ ਲਗਾ ਮਾਤਰਾਂ ਲਾ ਕੇ)। ਚਉਤੀਸ ਅੱਖਰ ਮਾਂਹੀ—੩੪ ਅੱਖਰਾਂ ਵਿਚ ਹੀ, ਨਿਰੀ ਵਾਕ ਰਚਨਾ, ਨਿਰੀਆਂ ਗੱਲਾਂ ਜੋ ਆਤਮਿਕ ਜੀਵਨ ਤੋਂ ਹੇਠਾਂ ਹਨ। ਪਰਮਾਰਥੁ—ਪਰਮ+ਅਰਥ, ਸਭ ਤੋਂ ਉੱਚੀ ਗੱਲ। ਸਰਿ—ਬਰਾਬਰ।੨।

ਸਹਜ ਸਮਾਧਿ—ਮਨ ਦਾ ਪੂਰਨ ਟਿਕਾਉ! ਸਹਜ—ਆਤਮਕ ਅਡੋਲਤਾ। ਉਪਾਧਿ—ਕਲੇਸ਼। ਫੁਨਿ—ਫਿਰ, ਮੁੜ। ਬਡੈ ਭਾਗਿ—ਵੱਡੀ ਕਿਸਮਤ ਨਾਲ। ਕਹਿ—ਕਹੇ, ਆਖਦਾ ਹੈ। ਰਿਦੈ—ਹਿਰਦੇ ਵਿਚ। ਭਾਗੀ—ਦੂਰ ਹੋ ਜਾਂਦੇ ਹੈਨ।੩।

ਅਰਥ :

ਪ੍ਰ: ਇਕ ਪੰਡਤ ਜੀ ਨੇ ਆ ਕੇ ਪ੍ਰਸ਼ਨ ਕੀਤਾ ਕਿ ਹੇ ਭਗਤ ਜੀ! ਜਿਸ ਪਰਮੇਸ਼ਰ ਦੇ ਨਾਮ ਸਿਮਰਨ ਦੀ ਆਪ ਜੀ ਪ੍ਰੇਰਣਾ ਕਰਦੇ ਹੋ, ਉਸ ਦੇ ਗੁਣਾਂ ਦਾ ਉਚਾਰਨ ਕਰੋ, ਉਹ ਕਿਤਨੇ ਕੁ ਗੁਣਾਂ ਦਾ ਮਾਲਕ ਹੈ?

ਉ: ੧. ਹੇ ਪੰਡਤ ਜੀ! ਜੋ ਪ੍ਰਭੂ ਸੁੱਖਾਂ ਦਾ ਸਾਗਰ ਹੈ, ਜਿਸ ਪ੍ਰਭੂ ਦੇ ਵੱਸ ਵਿਚ ਸੁਰਗ ਦੇ ਪੰਜੇ ਰੁੱਖ, ਚਿੰਤਾਮਣਿ ਤੇ ਕਾਮਧੇਨ ਭੀ ਜਿਸ ਦੇ ਅਧੀਨ ਹਨ।

੨. ਧਰਮ, ਅਰਥ, ਕਾਮ, ਮੋਖ, ਚਾਰੇ ਪਦਾਰਥ, ਅਠਾਰਾਂ ਸਿਧੀਆਂ ਤੇ ਨੌਂ ਨਿਧੀਆਂ, ਇਹ ਸਭ ਉਸੇ ਦੇ ਹੱਥਾਂ ਦੀਆਂ ਤਲੀਆਂ ਉੱਤੇ ਹਨ।੧।

ਪ੍ਰ: ਹੇ ਭਗਤ ਜੀ! ਦੱਸੋ, ਮੇਰੇ ਕਰਨ ਲਈ ਹੋਰ ਅਸਲ ਕਿਹੜਾ ਕਰਤਬ ਹੈ, ਕਿਉਂਕਿ ਮੈਂ ਵੇਦਾਂ ਸ਼ਾਸਤਰਾਂ ਦੀ ਵਿਆਖਿਆ ਤਾਂ ਸਦਾ ਕਰਦਾ ਹੀ ਰਹਿੰਦਾ ਹਾਂ?

ਉ: ੩. ਹੇ ਪੰਡਤ ਜੀ! ਤੂੰ ਦੱਸ, ਆਪਣੀ ਜੀਭ ਨਾਲ ਸਦਾ ਇਕ ਪਰਮੇਸ਼ਰ ਦਾ ਨਾਮ (ਸੁਆਸ-ਸੁਆਸ) ਕਿਉਂ ਨਹੀਂ ਸਿਮਰਦਾ।

੪. ਤੂੰ ਹੋਰ ਸਾਰੀਆਂ ਫੋਕੀਆਂ ਗੱਲਾਂ ਛੱਡ ਦੇ।੧।ਰਹਾਉ।

੫. ਹੇ ਪੰਡਤ ਜੀ! ਪੁਰਾਣਾਂ ਦੇ ਅਨੇਕ ਕਿਸਮਾਂ ਦੇ ਪ੍ਰਸੰਗ, ਵੇਦਾਂ ਦੀਆਂ ਦੱਸੀਆਂ ਹੋਈਆਂ ਵਿਧੀਆਂ (ਰੂਪ ਗ੍ਰੰਥ—ਗੋਪਾਲ ਤਾਪਨੀ, ਰਾਮ ਤਾਪਨੀ ਆਦਿਕ ਉਪਨਿਸ਼ਦਾਂ ਹਨ, ਅਰਥਾਤ ਜੋ ਭੀ ਕੁਝ ਚੌਂਤੀ ਅੱਖਰਾਂ ਵਿਚ ਹੈ), ਇਹ ਸਭ ਵਾਕ ਰਚਨਾ ਹੀ ਹਨ (ਅਨੁਭਵੀ ਗਿਆਨ ਨਹੀਂ, ਜੋ ਕਿ ਪ੍ਰਭੂ ਦੇ ਚਰਨਾਂ ਵਿਚ ਜੁੜਿਆਂ ਹਿਰਦੇ ਵਿਚ ਪੈਦਾ ਹੁੰਦਾ ਹੈ)।

ਪ੍ਰ: ਭਗਤ ਜੀ! ਇਸ ਬਾਰੇ ਕਿਸੇ ਦੀ ਉਗਾਹੀ ਦੇ ਕੇ ਇਸ ਖ਼ਿਆਲ ਦੀ ਪੁਸ਼ਟੀ ਕਰੋ, ਤਾਂ ਕਿ ਪੂਰੀ ਸਮਝ ਪੈ ਸਕੇ?

ਉ: ੬. ਹੇ ਪੰਡਤ ਜੀ! ਸੁਣੋ, ਵੇਦਾਂ ਦੇ ਖੋਜੀ, ਵਿਆਸ (ਰਿਸ਼ੀ) ਨੇ ਸੋਚ ਵੀਚਾਰ ਕੇ ਧਰਮ-ਤਤ ਦੱਸਿਆ ਹੈ ਕਿ ਇਨ੍ਹਾਂ ਪੁਸਤਕਾਂ ਦੇ ਪਾਠ ਆਦਿਕ, ਪਰਮੇਸ਼ਰ ਦੇ ਨਾਮ ਸਿਮਰਨ ਕਰਨ ਦੀ ਬਰਾਬਰੀ ਨਹੀਂ ਕਰ ਸਕਦੇ (ਫਿਰ ਤੂੰ ਦੱਸ ਕਿਉਂ ਰਾਮ ਨਾਮ ਨਹੀਂ ਸਿਮਰਦਾ?)।੨।

ਪ੍ਰ: ਭਗਤ ਜੀ! ਇਹ ਦੱਸੋ ਕਿ ਇਹ ਜਿਤਨੇ ਭੀ ਲੋਕ ਸਮਾਧੀਆਂ ਲਾ ਕੇ ਬੈਠੇ ਵੇਖੀਦੇ ਹਨ, ਕੀ ਇਨ੍ਹਾਂ ਸਾਰਿਆਂ ਦੀ ਹੀ ਪ੍ਰਭੂ ਚਰਨਾਂ ਵਿਚ ਸੁਰਤਿ ਜੁੜ ਜਾਂਦੀ ਹੈ?

ਉ: ੭. ਹੇ ਪੰਡਤ ਜੀ! ਇਹ ਗੱਲ ਕਿਸੇ ਦੇ ਆਪਣੇ ਵੱਸ ਵਿਚ ਨਹੀਂ, ਇਹ ਤਾਂ ਵੱਡੀ ਕਿਸਮਤ ਨਾਲ ਜਿਸ ਮਨੁੱਖ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਜੁੜਦੀ ਹੈ, ਉਸ ਦਾ ਮਨ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਭਾਵ ਉਸ ਦੀ ਅਚੁੱਤ ਸਮਾਧੀ ਲੱਗ ਜਾਂਦੀ ਹੈ, (ਉਸ ਅੰਦਰ ਫਿਰ ਕੋਈ ਭੀ ਵਿਕਾਰ ਨਹੀਂ ਉੱਠਦਾ।

੮. ਰਵਿਦਾਸ ਜੀ ਕਹਿੰਦੇ ਹਨ ਕਿ ਉਹ ਮਨੁੱਖ ਆਪਣੇ ਹਿਰਦੇ ਅੰਦਰ ਰੌਸ਼ਨੀ ਪ੍ਰਾਪਤ ਕਰਦਾ ਹੈ, (ਸਾਰੀ ਉਮਰ) ਦੇ ਉਸ ਦੇ ਡਰ ਨਾਸ ਹੋ ਜਾਂਦੇ ਹਨ; ਉਸ ਨੂੰ ਜਨਮ ਮਰਨ ਦਾ ਭੈ ਭੀ ਨਹੀਂ ਰਹਿ ਜਾਂਦਾ, ਸਾਰਾ ਹੀ ਦੂਰ ਭੱਜ ਜਾਂਦਾ ਹੈ।੩।੪।

ਭਾਵਾਰਥ : ਇਸ ਉਪ੍ਰੋਕਤ ਸ਼ਬਦ ਵਿਚ ਭਗਤ ਜੀ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਸਭਨਾਂ ਪਦਾਰਥਾਂ ਦਾ ਦਾਤਾ ਪ੍ਰਭੂ ਆਪ ਹੈ, ਜੋ ਮਨੁੱਖ ਉਸਦਾ ਸਿਮਰਨ ਕਰਦਾ ਹੈ, ਉਸ ਦੇ ਅੰਦਰ ਕਿਸੇ ਵੀ ਪ੍ਰਕਾਰ ਦੀ ਪਦਾਰਥਕ ਭੁੱਖ ਨਹੀਂ ਰਹਿ ਜਾਂਦੀ।

੧. ਜਉ ਤੁਮ ਗਿਰਿਵਰ ਤਉ ਹਮ ਮੋਰਾ ॥
੨. ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥
੩. ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
੪. ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥
੫. ਜਉ ਤੁਮ ਦੀਵਰਾ ਤਉ ਹਮ ਬਾਤੀ ॥
੬. ਜਉ ਤੁਮ ਤੀਰਥ ਤਉ ਹਮ ਜਾਤੀ ॥੨॥
੭. ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
੮. ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥
੯. ਜਹ ਜਹ ਜਾਉ ਤਹਾ ਤੇਰੀ ਸੇਵਾ ॥
੧੦. ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥
੧੧. ਤੁਮਰੇ ਭਜਨ ਕਟਹਿ ਜਮ ਫਾਂਸਾ ॥
੧੨. ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥

ਪਦ ਅਰਥ : ਜਉ—ਜੇ। ਗਿਰਿ—ਪਹਾੜ। ਗਿਰਿਵਰ—ਸੋਹਣਾ ਪਹਾੜ। ਤਉ—ਤਾਂ। ਭਏ ਹੈ—ਬਣਾਂਗਾ।੧।

ਨ ਤੋਰਹੁ—ਨ ਤੋੜ। ਹਮ ਨਹੀਂ ਤੋਰਹਿ—ਅਸੀਂ ਨਹੀਂ ਤੋੜਾਂਗੇ, ਮੈਂ ਨਹੀਂ ਤੋੜਾਂਗਾ। ਤੋਰਿ—ਤੋੜ ਕੇ। ਸਿਉ—ਨਾਲੋਂ।੧।ਰਹਾਉ।

ਦੀਵਰਾ—ਸੋਹਣਾ ਜਿਹਾ ਦੀਵਾ। ਬਾਤੀ—ਵੱਟੀ। ਜਾਤੀ—ਜਾਤਰੀ।੨।

ਅਵਰ ਸੰਗਿ—ਹੋਰਨਾਂ ਨਾਲੋਂ।੩।

ਜਹ ਜਹ—ਜਿਥੇ-ਜਿਥੇ। ਤੁਮ ਸੋ—ਤੇਰੇ ਵਰਗਾ। ਠਾਕੁਰੁ—ਮਾਲਕ। ਦੇਵਾ—ਹੇ ਦੇਵ।੪।

ਕਟਹਿ—ਕੱਟ ਜਾਂਦੇ ਹਨ। ਫਾਂਸਾ—ਫਾਹੇ। ਭਗਤਿ ਹੇਤਿ—ਭਗਤੀ ਹਾਸਲ ਕਰਨ ਲਈ।੫।

ਅਰਥ :

ਪ੍ਰ: ਇਕ ਵਾਰ ਭਗਤ ਰਵਿਦਾਸ ਜੀ ਨੂੰ ਪ੍ਰਭੂ ਵੱਲੋਂ ਅਗੰਮੀ ਆਵਾਜ਼ ਦੁਆਰਾ ਪੁੱਛਿਆ ਗਿਆ ਕਿ ਹੇ ਭਗਤ ਜੀ! ਤੁਹਾਡਾ ਮੇਰੇ ਨਾਲ ਕਿਤਨਾ ਕੁ ਗੂੜ੍ਹਾ ਪਿਆਰ ਹੈ? (ਉੱਤਰ ਵਿਚ ਕਹਿੰਦੇ ਹਨ)।

ਉ: ੧. ਹੇ ਮਾਧੋ! ਜੇ ਤੂੰ ਸੋਹਣਾ ਜਿਹਾ ਪਹਾੜ ਬਣੇ, ਤਾਂ ਮੈਂ ਤੇਰਾ ਮੋਰ ਬਣਾਂਗਾ, (ਭਾਵ ਤੈਨੂੰ ਵੇਖ-ਵੇਖ ਕੇ ਖ਼ੁਸ਼ੀ ਵਿਚ ਪੈਲਾਂ ਪਾਵਾਂਗਾ)।

੨. ਜੇ ਤੂੰ ਚੰਦ ਬਣੇਂਗਾ ਤਾਂ ਮੈਂ ਤੇਰੀ ਚਕੋਰ ਬਣਾਂਗਾ (ਭਾਵ ਮੈਂ ਤੈਨੂੰ ਵੇਖ ਕੇ ਖ਼ੁਸ਼ ਹੋ ਕੇ ਤੇਰਾ ਜਸ ਬੋਲਾਂਗਾ)।੧।

੩. ਹੇ ਮਾਧੋ! ਜੇ ਤੂੰ (ਮੇਰੇ ਨਾਲੋਂ) ਪਿਆਰ ਨਹੀਂ ਤੋੜੇਂਗਾ, ਤਾਂ ਮੈਂ ਭੀ ਨਹੀਂ ਤੋੜਾਂਗਾ। ਕਿ ਜਾਂ ਹੇ ਮਾਧੋ! ਜੇਕਰ ਤੁਸੀਂ ਮੇਰੇ ਨਾਲੋਂ ਪ੍ਰੀਤੀ ਤੋੜੋਗੇ, ਤਾਂ ਬੇਸ਼ਕ ਤੋੜ ਦਿਓ, ਪਰ ਮੈਂ ਨਹੀਂ ਤੋੜਾਂਗਾ।

੪. ਕਿਉਂਕਿ (ਦੱਸੋ) ਤੇਰੇ ਨਾਲੋਂ ਤੋੜ ਕੇ ਮੈਂ ਹੋਰ ਕਿਸ ਨਾਲ ਜੋੜ ਸਕਦਾ ਹਾਂ? (ਹੋਰ ਕੋਈ ਹੇ ਮਾਧੋ! ਤੇਰੇ ਬਰਾਬਰ ਦਾ ਹੈ ਹੀ ਨਹੀਂ)।੧।ਰਹਾਉ।

੫. ਹੇ ਮਾਧੋ! ਜੇਕਰ ਤੂੰ ਸੋਹਣਾ ਦੀਵਾ ਬਣੇ, (ਤਾਂ ਮੈਂ) ਤੇਰੀ ਵੱਟੀ ਬਣ ਜਾਵਾਂ।

੬. ਹੇ ਮਾਧੋ! ਜੇ ਤੂੰ ਤੀਰਥ ਬਣ ਜਾਏਂ ਤਾਂ ਮੈਂ (ਤੇਰੇ ਦੀਦਾਰ ਕਰਨ ਲਈ) ਯਾਤਰੀ ਬਣ ਜਾਵਾਂਗਾ।੨।

੭. ਹੇ ਪ੍ਰਭੂ ਜੀ! (ਅਸਲ ਗੱਲ ਤਾਂ ਇਹੋ ਹੈ ਕਿ) ਮੈਂ ਤੇਰੇ ਨਾਲ ਪੱਕਾ ਪਿਆਰ ਪਾ ਲਿਆ ਹੈ, ਤੇ

੮. ਤੇਰੇ ਨਾਲ ਪੱਕਾ ਪਿਆਰ ਗੰਢ ਕੇ, ਹੋਰ ਸਭਨਾਂ ਨਾਲੋਂ ਤੋੜ ਲਿਆ ਹੈ।੩।

ਪ੍ਰ: ਹੇ ਭਗਤ ਜੀ! ਹੁਣ ਤੇਰੀ ਮਾਨਸਕ ਦਸ਼ਾ ਕਿਸ ਰੂਪ ਵਿਚ ਵਿਚਰਦੀ ਹੈ?

ਉ: ੯. ਹੇ ਮਾਧੋ! (ਹੁਣ) ਮੈਂ ਜਿੱਥੇ-ਜਿੱਥੇ ਜਾਂਦਾ ਹਾਂ, (ਮੈਨੂੰ ਹਰ ਥਾਂ ਤੂੰਹੀਂ ਦਿੱਸਦਾ ਹੈਂ, ਮੈਂ ਹਰ ਥਾਂ) ਤੇਰੀ ਹੀ ਸੇਵਾ ਕਰਦਾ ਹਾਂ।

ਪ੍ਰ: ਕਿਉਂ ਭਗਤ ਜੀ! ਹੋਰ ਸੰਸਾਰੀ ਲੋਕ ਅਨੇਕਾਂ ਦੇਵੀ-ਦੇਵਤਿਆਂ ਦੀ ਸੇਵਾ ਕਰਦੇ ਹਨ, ਤੂੰ ਕਿਸੇ ਹੋਰ ਦੀ ਪੂਜਾ ਕਿਉਂ ਨਹੀਂ ਕਰਦਾ?

ਉ: ੧੦. ਹੇ ਮਾਧੋ! (ਅਸਲ ਵਿਚ ਮੈਂ ਬਹੁਤ ਵੇਖਦਾ ਰਿਹਾ ਹਾਂ, ਪਰ ਮੈਨੂੰ) ਤੇਰੇ ਬਰਾਬਰ ਦਾ ਹੋਰ ਕੋਈ ਮਾਲਕ ਨਜ਼ਰ ਹੀ ਨਹੀਂ ਆਇਆ।੪।

ਪ੍ਰ: ਹੇ ਭਗਤ ਜੀ! ਤੂੰ ਇਹ ਦੱਸ ਕਿ ਮੇਰੇ 'ਤੇ ਤੈਨੂੰ ਇਤਨਾ ਵਿਸ਼ਵਾਸ ਕਿਵੇਂ ਹੋ ਆਇਆ ਹੈ?

ਉ: ੧੧. ਹੇ ਮਾਧੋ! (ਅਸਲ ਗੱਲ ਤਾਂ ਇਹੋ ਹੈ ਕਿ ਮੈਂ ਸਾਰੇ ਦੇਵਤਿਆਂ ਬਾਰੇ ਪੂਰਨ ਖੋਜ ਕਰ ਲਈ ਹੈ, ਪਰ ਇਨ੍ਹਾਂ ਵਿੱਚੋਂ ਕੋਈ ਭੀ ਜਮਾਂ ਦੀ ਫਾਹੀ ਕੱਟਣ ਦੀ ਸਮਰੱਥਾ ਨਹੀਂ ਰੱਖਦਾ, ਇਸ ਲਈ ਮੈਨੂੰ ਹੁਣ ਪੂਰਨ ਯਕੀਨ ਹੋ ਆਇਆ ਹੈ ਕਿ) ਇਕ ਤੇਰੀ ਬੰਦਗੀ ਕੀਤਿਆਂ ਹੀ ਜਮਾਂ ਦੇ ਬੰਧਨ ਕੱਟੇ ਜਾਂਦੇ ਹਨ।

੧੨. ਰਵਿਦਾਸ ਜੀ ਕਹਿੰਦੇ ਹਨ ਕਿ ਹੇ ਮਾਧੋ! (ਹੁਣ) ਮੈਂ ਤੇਰੀ ਭਗਤੀ ਕਰਨ ਦਾ ਹਿਰਦੇ ਵਿਚ ਚਾਉ ਹਾਸਲ ਕਰਨ ਲਈ (ਕੇਵਲ) ਤੇਰੇ ਹੀ ਗੁਣ ਗਾਉਂਦਾ ਹਾਂ।੫।੫।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਪ੍ਰਭੂ ਦੇ ਸਨਮੁਖ ਹੋ ਅਰਦਾਸ ਰੂਪ ਵਿਚ ਇਹ ਭਾਵ ਅੰਕਤ ਕਰਦੇ ਹਨ ਕਿ ਹੇ ਸਾਈਂ ਜੀ! ਤੇਰੀ ਮਿਹਰ ਨਾਲ ਹੀ ਤੇਰੇ ਚਰਨਾਂ ਦੀ ਪ੍ਰੀਤੀ ਹਿਰਦੇ ਅੰਦਰ ਟਿਕੀ ਰਹਿ ਸਕਦੀ ਹੈ, ਇਹੋ ਹੀ ਇਕ ਪ੍ਰੀਤ ਹੈ, ਜੋ ਕਿ ਮਨੁੱਖ ਨੂੰ ਉੱਚੇ ਦਰਜੇ 'ਤੇ ਅਪੜਾ ਸਕਦੀ ਹੈ।

੧. ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੁੰਦ ਕਾ ਗਾਰਾ ॥
੨. ਹਾਡ ਮਾਸ ਨਾੜੀ ਕੋ ਪਿੰਜਰੁ
ਪੰਖੀ ਬਸੈ ਬਿਚਾਰਾ ॥੧॥
੩. ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
੪. ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥
੫. ਰਾਖਹੁ ਕੰਧ ਉਸਾਰਹੁ ਨੀਵਾਂ ॥
੬. ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥
੭. ਬੰਕੇ ਬਾਲ ਪਾਗ ਸਿਰਿ ਡੇਰੀ ॥
੮. ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥
੯. ਊਚੇ ਮੰਦਰ ਸੁੰਦਰ ਨਾਰੀ ॥
੧੦. ਰਾਮ ਨਾਮ ਬਿਨੁ ਬਾਜੀ ਹਾਰੀ ॥੪॥
੧੧. ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ
ਓਛਾ ਜਨਮੁ ਹਮਾਰਾ ॥
੧੨. ਤੁਮ ਸਰਨਾਗਤਿ ਰਾਜਾ ਰਾਮ ਚੰਦ
ਕਹਿ ਰਵਿਦਾਸ ਚਮਾਰਾ ॥੫॥੬॥

ਪਦ ਅਰਥ : ਭੀਤਿ—ਕੰਧ। ਪਵਨ—ਹਵਾ। ਥੰਭਾ—ਥੰਮ੍ਹੀ। ਰਕਤ—ਮਾਂ ਦੀ ਰੱਤ। ਬੂੰਦ—ਪਿਉ ਦੇ ਵੀਰਜ ਦੀ ਬੂੰਦ। ਪੰਖੀ—ਜੀਵ ਪੰਛੀ।੧।

ਪ੍ਰਾਨੀ—ਹੇ ਬੰਦੇ! ਤਰਵਰ—ਰੁੱਖਾਂ (ਉੱਤੇ)। ਪੰਖਿ—ਪੰਛੀ।੧।ਰਹਾਉ।

ਨੀਵਾਂ—ਨੀਹਾਂ। ਸੀਵਾਂ—ਸੀਮਾ, ਹੱਦ, ਵੱਧ ਤੋਂ ਵੱਧ ਥਾਂ।੨।

ਬੰਕੇ—ਸੋਹਣੇ, ਬਾਂਕੇ। ਡੇਰੀ—ਵਿੰਗੀ, ਟੇਢੀ।੩।

ਬਾਜੀ—ਜ਼ਿੰਦਗੀ ਦੀ ਖੇਡ।੪।

ਪਾਂਤਿ—ਕੁਲ, ਗੋਤ। ਓਛਾ—ਨੀਵਾਂ। ਸਰਨਾਗਤਿ—ਸ਼ਰਣ ਆਇਆ ਹਾਂ। ਰਾਜਾ—ਹੇ ਰਾਜਨ? ਕਹਿ—ਕਹੇ। ਚੰਦ—ਹੇ ਚੰਦ! ਹੇ ਸੋਹਣੇ!।੫।

ਅਰਥ :

ਪ੍ਰ: ਭਗਤ ਜੀ! ਤੁਹਾਡੇ ਪਵਿੱਤਰ ਉਪਦੇਸ਼ ਨੂੰ ਸੁਣ ਕੇ ਪ੍ਰਭੂ

ਦੀ ਬੰਦਗੀ ਕਰਨ ਲਈ ਉਤਸ਼ਾਹ ਤਾਂ ਮਨ ਵਿਚ ਕਈ ਵਾਰ ਉਤਪੰਨ ਹੁੰਦਾ ਹੈ, ਪਰ ਦੇਹ ਦਾ ਅਜਿਹਾ ਅਧਿਆਸ ਬਣ ਚੁੱਕਾ ਹੈ ਕਿ ਸੁਰਤਿ ਹਰ ਵਕਤ ਹੀ ਦੇਹਾ ਅਕਾਰ ਬਣੀ ਰਹਿੰਦੀ ਹੈ। ਕਿਰਪਾ ਕਰੋ, ਕੋਈ ਐਸਾ ਉਦਪੇਸ਼ ਦਿਓ, ਜਿਸ ਦੀ ਬਰਕਤ ਨਾਲ ਸੁਰਤੀ ਦੇਹ ਅਧਿਆਸ ਵੱਲੋਂ ਉਪਰਾਮ ਹੋ ਸਾਈਂ ਜੀ ਦੇ ਮਾਰਗ ਵੱਲ ਟੁਰ ਪਵੇ ?

ਉ: ੧. ਹੇ ਸੱਜਨਾ! ਵੇਖ, ਤੂੰ ਜਿਸ ਦੇਹ ਦਾ ਅਧਿਆਸੀ ਹੋ ਰਿਹਾ ਹੈਂ, ਜਿਸ ਸਰੀਰ ਵਿਚ ਤੇਰਾ ਇਹ ਜੀਵ-ਰੂਪੀ ਪੰਛੀ ਵਸਦਾ ਹੈ, ਇਹ ਤਾਂ ਇਉਂ ਸਮਝ ਜਿਵੇਂ ਕਿ ਪਾਣੀ ਦੀ ਕੰਧ ਵਿਚ ਹਵਾ ਦਾ ਥੰਬ੍ਹਾ ਹੋਵੇ, ਹੇ ਭਾਈ! ਇਹ ਸਰੀਰ-ਰੂਪੀ ਕੋਠਾ, ਜਿਸਦੀ ਕੰਧ (ਮਾਨੋ) ਪਾਣੀ ਦੀ ਹੈ, ਭਾਵ ਇਸ ਸਰੀਰ ਦੀ ਬਣਤਰ ਪਾਣੀ ਆਦਿਕ ਪੰਜਾਂ ਤੱਤਾਂ ਤੋਂ ਹੈ, ਜਿਸ ਦੀ ਥੰਮ੍ਹੀ (ਹਵਾ) ਸੁਆਸਾਂ ਦੀ ਹੈ; ਮਾਂ ਦੀ ਰੱਤ ਤੇ ਪਿਉ ਦੇ ਵੀਰਜ ਦਾ ਜਿਸ ਨੂੰ ਗਾਰਾ ਲੱਗਾ ਹੋਇਆ ਹੈ।

੨. ਹੇ ਪਿਆਰੇ! ਵੇਖ, ਇਹ ਤਾਂ (ਇਕ) ਹੱਡ ਮਾਸ ਨਾੜੀਆਂ ਦਾ ਪਿੰਜਰ ਬਣਿਆ ਹੋਇਆ ਹੈ। ਜਿਸ ਵਿਚ (ਤੇਰਾ) ਜੀਵ-ਰੂਪ ਵਿਚਾਰਾ ਪੰਛੀ ਵਸਦਾ ਹੈ।੧।

੩. ਹੇ ਬੰਦੇ! (ਦੱਸ) ਇੱਥੇ ਮੇਰਾ ਕੀ ਹੈ ਅਤੇ ਤੇਰਾ ਕੀ ਹੈ (ਸੋ ਤੈਨੂੰ ਇਨ੍ਹਾਂ ਮੇਰ-ਤੇਰ ਦੇ ਵਿਤਕਰਿਆਂ ਤੇ ਵੰਡਾਂ ਪਾਉਣ ਦਾ ਕੀ ਲਾਭ ਹੈ, ਭਾਵ ਮੇਰ-ਤੇਰ ਵਿੱਚੋਂ ਤੈਨੂੰ ਕੁਝ ਭੀ ਲਾਭ ਨਹੀਂ)।

ਪ੍ਰ: ਭਗਤ ਜੀ! ਦੱਸੋ, ਫਿਰ ਮੈਨੂੰ ਇਸ ਸਰੀਰ ਵੱਲੋਂ ਕਿਵੇਂ ਉਪਰਾਮਤਾ ਪ੍ਰਾਪਤ ਹੋਵੇ ?

ਉ: ੪. ਹੇ ਸੱਜਨਾ! ਤੂੰ ਇਉਂ ਹੀ ਸਮਝ ਜਿਵੇਂ ਕਿ ਰੁੱਖਾਂ ਉੱਤੇ ਪੰਛੀਆਂ ਦਾ (ਕੇਵਲ ਰਾਤ ਲਈ) ਡੇਰਾ ਹੁੰਦਾ ਹੈ, (ਤਿਵੇਂ ਹੀ ਜੀਵਾਂ ਦੀ ਵਸੋਂ ਇਸ ਜਗਤ ਵਿਚ ਹੈ) (ਇਸ ਲਈ ਦੱਸ ਤੂੰ ਇਸ ਸਰੀਰ ਦਾ ਕਿਉਂ ਮਾਣ ਕਰਦਾ ਹੈਂ)।੧।ਰਹਾਉ।

ਪ੍ਰ: ਭਗਤ ਜੀਉ! ਜੋ ਮੈਂ ਸਾਰੀ ਉਮਰ ਭਰ ਕਰੜੀ ਮਸ਼ੱਕਤ ਕਰਕੇ ਮਾਇਆ ਇਕੱਤਰ ਕੀਤੀ ਹੈ ਤੇ ਉਸ ਮਾਇਆ ਨਾਲ ਤਿਆਰ ਕੀਤੇ ਹੋਏ ਮੰਦਰਾਂ ਦਾ ਮੋਹ ਛੱਡਣਾ ਤਾਂ ਬੜਾ ਹੀ ਔਖਾ ਹੈ, ਪਰ ਦੱਸੋ, ਇਨ੍ਹਾਂ ਮਹੱਲ ਮਾੜੀਆਂ ਵੱਲੋਂ ਉਪਰਾਮਤਾ ਕਿਵੇਂ ਹੋਵੇ ?

ਉ: ੫. ਹੇ ਮਿੱਤਰਾ! ਵੇਖ, ਤੂੰ (ਡੂੰਘੀਆਂ) ਨੀਹਾਂ ਪੁਟਾ-ਪੁਟਾ ਕੇ ਉਹਨਾਂ ਉੱਤੇ ਕੰਧਾਂ ਉਸਾਰਦਾ ਹੈਂ, (ਅਸਲ ਵਿਚ ਉਹ ਮੰਦਰ ਤੇਰੇ ਵਾਸਤੇ ਨਹੀਂ) ਪਰ ਤੂੰ ਸੋਚ ਕੇ ਵੇਖ ਲੈ, ਤੈਨੂੰ ਆਪ ਨੂੰ ਤਾਂ ਹਰ ਰੋਜ਼ ਦਾ ਵੱਧ ਤੋਂ ਵੱਧ ਸਾਢੇ ਤਿੰਨ ਹੱਥ ਥਾਂ

੬. ਹੀ ਚਾਹੀਦਾ ਹੈ, ਕਿਉਂਕਿ ਸੌਣ ਵੇਲੇ ਹਰ ਬੰਦਾ ਇਤਨੀ ਕੁ ਹੀ ਥਾਂ ਮੱਲਦਾ ਹੈ।

੭. ਹੇ ਮਿੱਤਰਾ! ਤੂੰ ਸਿਰ ਉੱਤੇ ਬਾਂਕੇ ਬਾਲ (ਸਵਾਰ-ਸਵਾਰ ਕੇ) ਵਿੰਗੀ ਪੱਗ ਬੰਨ੍ਹਦਾ ਹੈਂ।

੮. ਪਰ ਸੱਜਨਾ! ਸ਼ਾਇਦ ਤੈਨੂੰ ਕਦੇ ਇਹ ਚੇਤਾ ਨਹੀਂ ਆਇਆ ਕਿ ਇਹ ਤਨ (ਹੀ ਕਿਸੇ ਦਿਨ) ਸੁਆਹ ਦੀ ਢੇਰੀ ਹੋ ਜਾਏਗਾ।੩।

੯. ਹੇ ਮਿੱਤਰਾ! ਸੁਣ, ਤੂੰ ਉੱਚੇ-ਉੱਚੇ ਮਹੱਲ ਮਾੜੀਆਂ ਤੇ ਸੁੰਦਰ ਇਸਤਰੀ (ਦਾ ਮਾਣ ਕਰਦਾ ਹੈਂ)।

੧੦. ਹੇ ਭੋਲਿਆ! ਤੂੰ ਚੇਤਾ ਰੱਖ ਕਿ ਪ੍ਰਭੂ ਦਾ ਨਾਮ ਵਿਸਾਰ ਕੇ ਤੂੰ ਇਹ ਮਨੁੱਖਾ ਜਨਮ ਦੀ ਖੇਡ ਹਾਰ ਰਿਹਾ ਹੈਂ।੪।

੧੧. ਅਰਦਾਸ ਰੂਪ ਵਿਚ ਬਚਨ ਉਚਾਰਨ ਕਰਦੇ ਹਨ ਕਿ ਐ ਲੋਕੋ! ਮੇਰੀ ਤਾਂ ਜਾਤ ਭੀ ਨੀਚ ਹੈ, ਬਰਾਦਰੀ ਭੀ ਨੀਵੀਂ ਹੈ, ਮੇਰਾ ਜਨਮ ਭੀ (ਓਛਾ) ਨੀਚ ਘਰ ਹੋਇਆ ਹੈ। (ਮੈਂ ਤਾਂ ਸੋਚ ਰਿਹਾ ਹਾਂ ਕਿ ਇਥੇ ਤਾਂ ਉੱਚੀਆਂ-ਉੱਚੀਆਂ ਕੁਲਾਂ ਵਾਲੇ ਡੁੱਬਦੇ ਜਾ ਰਹੇ ਹਨ) ਮੇਰਾ ਤਾਂ ਕੀ ਬਣਨਾ ਸੀ।

੧੨. ਰਵਿਦਾਸ ਚਮਾਰ ਆਖਦਾ ਹੈ, ਹੇ ਮੇਰੇ ਰਾਜਨ! ਹੇ ਮੇਰੇ ਸੋਹਣੇ ਰਾਮ! ਮੈਂ ਤੇਰੀ ਸ਼ਰਨ ਆਇਆ ਹਾਂ, (ਮੇਰੀ ਰੱਖਿਆ ਕਰੋ)।੫।੬।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਇਹ ਸਿਧਾਂਤ ਅੰਕਤ ਕਰਦੇ ਹਨ ਕਿ ਇਸ ਜਗਤ ਵਿਚ ਸਾਰੇ ਜੀਵਾਂ ਦਾ ਵਸੇਬਾ ਉਨ੍ਹਾਂ ਪੰਛੀਆਂ ਵਾਂਗ ਹੈ ਜੋ ਕਿ ਸਿਰਫ਼ ਦਰੱਖ਼ਤ ਉੱਤੇ ਰਾਤ ਕੱਟਣ ਲਈ ਹੀ ਇਕੱਤਰ ਹੋਏ ਹਨ, ਪਰ ਇਹ ਜੀਵ ਵੱਡੇ-ਵੱਡੇ ਕਿੱਲ੍ਹੇ ਗੱਡ ਕੇ ਮਾਣ ਕਰਦੇ ਹਨ ਤੇ ਰੱਬ ਨੂੰ ਭੁਲਾ ਕੇ ਆਪਣਾ ਜੀਵਨ ਥੋਥਾ ਬਣਾ ਰਹੇ ਹਨ, ਅਜਾਈਂ ਗਵਾ ਰਹੇ ਹਨ। ਸੋ ਭਗਤ ਜੀ ਦਾ ਭਾਵ ਹੈ ਕਿ ਜਦੋਂ ਜਗਤ ਵਿਚ ਹੈ ਹੀ ਰੈਣ ਵਸੇਰਾ, ਤਾਂ ਫਿਰ ਦੱਸੋ ਇੱਥੇ ਮੈਂ ਮੇਰੀ ਕਿਸ ਲਈ ਕੀਤੀ ਜਾਏ ?

੧. ਚਮਰਟਾ ਗਾਂਠਿ ਨ ਜਨਈ ॥
੨. ਲੋਗੁ ਗਠਾਵੈ ਪਨਹੀ ॥੧॥ ਰਹਾਉ ॥
੩. ਆਰ ਨਹੀ ਜਿਹ ਤੋਪਉ ॥
੪. ਨਹੀ ਰਾਂਬੀ ਠਾਉ ਰੋਪਉ ॥੧॥
੫. ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
੬. ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
੭. ਰਵਿਦਾਸੁ ਜਪੈ ਰਾਮ ਨਾਮਾ ॥
੮. ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥

ਪਦ ਅਰਥ : ਚਮਰਟਾ—ਗ਼ਰੀਬ ਚਮਿਆਰ। ਗਾਂਠਿ ਨ ਜਨਈ—ਗੰਢਣਾ ਨਹੀਂ ਜਾਣਦਾ। ਗਠਾਵੈ—ਗੰਢਾਉਂਦਾ ਹੈ। ਪਨਹੀ—ਜੁੱਤੀ।੧।ਰਹਾਉ।

ਜਿਹ—ਜਿਸ ਨਾਲ। ਤੋਪਉ—ਤੋਪਉਂ, ਤਰੋਪਾ ਲਾਵਾਂ। ਠਾਉ—ਥਾਂ, ਜੁੱਤੀ ਦੀ ਟੁੱਟੀ ਹੋਈ ਥਾਂ। ਰੋਪਉ—ਰੋਪਉਂ, ਟਾਕੀ ਲਾਵਾਂ।੧।

ਗੰਠਿ ਗੰਠਿ—ਗੰਢ-ਗੰਢ ਕੇ। ਖਰਾ—ਬਹੁਤ। ਬਿਗੂਚਾ—ਖ਼ੁਆਰ ਹੋ ਰਿਹਾ ਹੈ। ਹਉ—ਮੈਂ। ਬਿਨੁ ਗਾਂਠੇ—ਗੰਢਣ ਦਾ ਕੰਮ ਛੱਡ ਕੇ।੨।

ਮੋਹਿ—ਮੈਨੂੰ। ਸਿਉ—ਨਾਲ। ਕਾਮਾ—ਵਾਸਤਾ।੩।

ਉਥਾਨਕਾ : ਰਵਿਦਾਸ ਜੀ ਦਾ ਪਿਤਾ ਹਮੇਸ਼ਾਂ ਚਮੜੇ ਦਾ ਵਪਾਰ ਕੀਤਾ ਕਰਦਾ ਸੀ, ਇਸ ਵਪਾਰੀ ਦੇ ਪੁੱਤਰ ਰਵਿਦਾਸ ਜੀ ਦਾ ਵਿਆਹ ਛੋਟੀ ਉਮਰੇ ਹੀ ਹੋ ਗਿਆ, ਪਰ ਰਵਿਦਾਸ ਜੀ ਛੋਟੀ

ਉਮਰੇ ਹੀ ਭਗਤੀ ਵਿਚ ਲੱਗ ਪਿਆ ਤੇ ਹਮੇਸ਼ਾ ਸੰਤਾਂ ਮਹਾਤਮਾਂ ਦੀ ਸੇਵਾ ਵਿਚ ਤਤਪਰ ਰਹਿੰਦਾ। ਇਹ ਜੋ ਕੁਝ ਭੀ ਵੇਖਦਾ ਸੰਤਾਂ ਸਾਧਾਂ ਨੂੰ ਚੁੱਕ ਕੇ ਦੇ ਦੇਂਦਾ ਅਤੇ ਘਰ ਦੇ ਕਿਸੇ ਭੀ ਕੰਮ-ਕਾਜ ਵਿਚ ਧਿਆਨ ਨਾ ਦੇਂਦਾ, ਸਗੋਂ ਜੋ ਕੁਝ ਅੰਨ, ਧਨ ਮਿਲਦਾ ਸੰਤਾਂ ਨੂੰ ਦੇ ਆਉਂਦਾ। ਪਿਤਾ ਨੇ ਪੁੱਤਰ ਨੂੰ ਘਰ ਦਾ ਉਜਾੜੂ ਸਮਝ ਕੇ ਵੱਖਰਾ ਕਰ ਦਿੱਤਾ ਅਤੇ ਕੋਈ ਪਾਈ ਪੈਸਾ ਨਾ ਦਿੱਤਾ। ਇਹ ਵਿਚਾਰਾ 'ਆਰ' ਤੇ ਰੰਬੀ ਲੈ ਕੇ ਜੁੱਤੀਆਂ ਗੰਢਣ ਲਈ ਸੜਕ ਉੱਤੇ ਬੈਠ ਗਿਆ। ਭਾਵੇਂ ਇਸ ਨੂੰ ਵਧੇਰੇ ਜੁੱਤੀ ਗੰਢਣ ਦਾ ਵਲ ਨਹੀਂ ਸੀ ਆਉਂਦਾ, ਫਿਰ ਭੀ ਅੰਤਰਜਾਮੀ ਦੀ ਪ੍ਰੇਰਣਾ ਅਨੁਸਾਰ ਲੋਕੀਂ ਬਹੁਤ ਹੀ ਇਸ ਕੋਲ ਜੁੱਤੀਆਂ ਗੰਢਾਉਣ ਲਈ ਆਉਂਦੇ। ਰਵਿਦਾਸ ਜੀ ਜੁੱਤੀ ਤਾਂ ਗੰਢ ਦੇਂਦਾ, ਪਰ ਜੁੱਤੀ ਦੀ ਗੰਢਵਾਈ ਕਿਸੇ ਤੋਂ ਭੀ ਨਾ ਮੰਗਦਾ, ਜੋ ਭੀ ਕੋਈ ਥੋੜ੍ਹਾ ਬਹੁਤਾ ਦੇਂਦਾ, ਉਹੀ ਲੈ ਕੇ ਚੁਪ ਕਰ ਰਹਿੰਦਾ ਅਤੇ ਜੇ ਕੋਈ ਨਾ ਭੀ ਦੇਂਦਾ ਤਾਂ ਭੀ ਚੁੱਪ ਕਰ ਰਹਿੰਦਾ। ਇਸ ਦੇ ਅਨੰਦ ਵਿਚ ਕੋਈ ਫ਼ਰਕ ਨਾ ਆਉਂਦਾ। ਇਕ ਦਿਨ ਇਕ ਰਾਹੀ ਸੰਤ ਨੂੰ ਨੰਗੇ ਪੈਰੀਂ ਜਾਂਦਾ ਵੇਖਿਆ, ਜਿਸ ਨੂੰ ਕੰਡੇ ਚੁੱਭਣ ਕਰ ਕੇ ਬਹੁਤ ਦੁੱਖ ਹੋ ਰਿਹਾ ਸੀ, ਤਾਂ ਭਗਤ ਦਾ ਮਨ ਡਰ ਗਿਆ, ਉਸੇ ਵੇਲੇ 'ਰੰਬੀ' ਤੇ 'ਆਰ' ਗਹਿਣੇ ਰੱਖ ਕੇ, ਕਿਤੋਂ ਜੋੜਾ ਮੁੱਲ ਲਿਆ ਕੇ ਸੰਤ ਨੂੰ ਪੁਆ ਦਿੱਤਾ ਅਤੇ ਆਪ ਪ੍ਰਸੰਨ ਚਿੱਤ ਹੋ ਕੇ ਆਪਣੇ ਅੱਡੇ 'ਤੇ ਆ ਬੈਠਾ, ਇਤਨੇ ਨੂੰ ਕਈ ਆਦਮੀ ਜੁੱਤੀਆਂ ਗੰਢਾਉਣ ਲਈ ਆ ਗਏ ਤਾਂ ਭਗਤ ਜੀ ਨੂੰ ਕਹਿਣ

ਅਰਥ :

ਪ੍ਰ: ਲੱਗੇ ਕਿ ਭਗਤ ਜੀ! ਕੀ ਗੱਲ ਹੈ ਆਪ ਜੁੱਤੀਆਂ ਗੰਢਣ ਵੱਲੋਂ ਵਿਹਲੇ ਹੀ ਬੈਠੇ ਹੋ?

ਉ: ੧. ਹੇ ਲੋਕੋ ਸੁਣੋ! ਇਕ ਤਾਂ ਮੈਂ ਗ਼ਰੀਬ ਚਮਾਰ ਜੁੱਤੀਆਂ ਗੰਢਣ ਨਹੀਂ ਜਾਣਦਾ ਹਾਂ।

੨. ਦੂਜਾ ਲੋਕ ਮੇਰੇ ਕੋਲੋਂ ਹੀ ਜੁੱਤੀਆਂ ਗੰਢਵਾਂਦੇ ਹਨ।੧।ਰਹਾਉ।

੩. (ਤੀਜਾ ਹੁਣ ਮੇਰੇ ਪਾਸ) ਆਰ ਨਹੀਂ ਹੈ, ਜਿਸ ਨਾਲ ਤੋਪਾ ਲਾਈਦਾ ਹੈ। ਅਤੇ

੪. ਚੌਥਾ ਨਾਹੀ (ਮੇਰੇ ਕੋਲ) ਰੰਬੀ ਹੈ, ਜਿਸ ਨਾਲ ਟਾਕੀ ਨੂੰ ਛਿੱਲ ਕੇ, ਟੁਟੀ ਜਗ੍ਹਾ ਨੂੰ ਰੋਕ ਸਕੀਦਾ ਹੈ।੧।

ਪ੍ਰ: ਇਹ ਸੁਣ ਕੇ ਜੁੱਤੀਆਂ ਗੰਢਵਾਉਣ ਵਾਲਿਆਂ ਨੇ ਕਿਹਾ, ਹੇ ਰਵਿਦਾਸ! ਜੱਦ ਤੂੰ ਰੰਬੀ ਤੇ 'ਆਰ' ਹੀ ਨਹੀਂ ਰੱਖੇਂਗਾ ਤਾਂ ਦੱਸ ਤੇਰਾ ਨਿਰਬਾ ਕਿਸ ਤਰ੍ਹਾਂ ਹੋਵੇਗਾ?

ਉ: ੫. ਹੇ ਮੇਰੇ ਮਿੱਤਰੋ! ਮੈਂ ਤਾਂ ਵੇਖ ਰਿਹਾ ਹਾਂ ਕਿ ਮੇਰੇ ਪਰਿਵਾਰ ਦੇ ਲੋਗ (ਜੁੱਤੀਆਂ) ਗੰਢ-ਗੰਢ ਕੇ (ਨਿਰਬਾ ਕਰਨ ਲਈ) ਵੱਡੇ ਖ਼ਰਾਬ ਹੋ ਰਹੇ ਹਨ।

੬. ਪਰ, ਹੇ ਸੱਜਣੋ! ਮੈਨੂੰ ਜੁੱਤੀਆਂ ਗੰਢੇ ਤੋਂ ਬਿਨਾ (ਹੀ ਰੋਜ਼ੀ) ਪਹੁੰਚਦੀ ਜਾਂਦੀ ਹੈ।

੭. ਇਸ ਲਈ, ਹੇ ਪਿਆਰਿਓ! ਰਵਿਦਾਸ ਤਾਂ ਰਾਮ ਦਾ ਨਾਮ (ਹੀ) ਜਪਦਾ ਹੈ।

੮. ਇਹੋ ਇਕ ਕਾਰਨ ਹੈ ਕਿ ਮੇਰਾ ਮਨ (ਜਮ) ਜਮਾਂ ਹੀ ਭਾਵ ਮੂਲੋਂ ਹੀ ਇਸ ਕੰਮ ਨਾਲ ਜੁੜਦਾ ਹੈ।੩।੭।

ਇਸੇ ਸ਼ਬਦ ਦਾ ਵਿਦਵਾਨ ਲੋਕ ਅੰਤ੍ਰੀਵ ਭਾਵ ਇਉਂ ਭੀ ਲੈਂਦੇ ਹਨ:

ਪ੍ਰ: ਰਵਿਦਾਸ ਜੀਓ! ਤੁਸੀਂ ਆਪਣੇ ਇਸ ਸਰੀਰ ਵੱਲੋਂ ਬਹੁਤ ਲਾ-ਪ੍ਰਵਾਹ ਰਹਿੰਦੇ ਹੋ, ਇਸ ਦੀ ਪਾਲਨਾ-ਪੋਸਨਾ ਵੱਲ ਭੀ ਕੁਝ ਧਿਆਨ ਦਿਆ ਕਰੋ?

ਉ: ੧. ਹੇ ਪਿਆਰਿਓ! ਮੈਂ ਗ਼ਰੀਬ ਚਮਿਆਰ ਇਸ ਚੰਮ ਦੇ ਅੱਟੇ ਹੋਏ ਸਰੀਰ ਰੂਪੀ ਜੋੜੇ ਨੂੰ ਗੰਢਣ ਨਹੀਂ ਜਾਣਦਾ, ਭਾਵ ਮੈਂ ਇਸ ਸਰੀਰ ਵਿਚ ਪ੍ਰੀਤੀ ਕਰਨਾ ਨਹੀਂ ਜਾਣਦਾ।

੨. ਪਰ, ਦੁਨਿਆਵੀ ਲੋਕ ਇਸ ਆਪੋ-ਆਪਣੀ (ਸਰੀਰ-ਰੂਪੀ) ਜੁੱਤੀ ਨੂੰ ਗੰਢਵਾ ਰਹੇ ਹਨ, ਭਾਵ ਹੈ ਕਿ ਇਹ ਜਗਤ ਦੇ ਜੀਵ ਸਰੀਰ ਦੀ ਪਾਲਣਾ-ਪੋਸਣਾ ਦੇ ਅਹਾਰ ਵਿਚ ਸਦਾ ਹੀ ਲੱਗੇ ਰਹਿੰਦੇ ਹਨ।੧।ਰਹਾਉ।

ਪ੍ਰ: ਭਗਤ ਜੀ! ਇਹ ਦੱਸੋ ਕਿ ਤੁਹਾਡਾ ਇਸ ਸਰੀਰ ਨਾਲ ਪਿਆਰ ਨਾ ਕਰਨ ਦਾ ਅਸਲ ਕਾਰਨ ਕੀ ਹੈ?

ਉ: ੩. ਹੇ ਭਾਈਓ! ਅਸਲ ਗੱਲ ਤਾਂ ਇਹੋ ਹੈ ਕਿ ਮੇਰੇ ਅੰਦਰ ਸੰਸਾਰਾਕਾਰ ਬਿਰਤੀ ਰੂਪੀ ਆਰ ਨਹੀਂ ਹੈ, ਜਿਸ ਕਰ ਕੇ ਮੈਂ ਇਸ ਸਰੀਰ ਰੂਪੀ ਜੁੱਤੀ ਨੂੰ ਤ੍ਰੋਪੇ ਲਾਵਾਂ, ਭਾਵ ਮੇਰੇ ਅੰਦਰ ਮੋਹ ਦੀ ਖਿੱਚ ਨਹੀਂ ਰਹੀ, ਜਿਸ ਕਰਕੇ ਕਿ ਮੇਰੀ ਸੁਰਤੀ ਸਦਾ ਸਰੀਰ ਵਿਚ ਹੀ ਟਿਕੀ ਰਵੇ।

੪. ਅਤੇ ਹੁਣ ਨਾ ਹੀ ਮੇਰੇ ਪਾਸ ਸੰਸਾਰਾਕਾਰ ਬੁੱਧੀ ਰੂਪੀ ਰੰਬੀ ਹੈ, ਜਿਸ ਕਰਕੇ ਮੈਂ ਇਸ ਸਰੀਰ ਰੂਪੀ ਜੁੱਤੀ ਨੂੰ ਗੰਢ ਲਵਾਂ, ਭਾਵ ਮੇਰੇ ਅੰਦਰ ਹੁਣ ਲੋਭ ਨਹੀਂ ਹੈ ਕਿ ਮੈਂ ਚੰਗੇ-ਚੰਗੇ ਖਾਣੇ ਲਿਆ ਕੇ ਨਿਤਾ ਪ੍ਰਤੀ ਇਸ ਸਰੀਰ ਨੂੰ ਹੀ ਸਦਾ ਪਾਲਦਾ ਰਹਾਂ।੧।

ਪ੍ਰ: ਭਗਤ ਜੀ! ਤੁਸੀਂ ਇਸ ਸਰੀਰ ਨਾਲ ਪਿਆਰ ਗੰਢਣਾ ਕਿਉਂ ਛੱਡ ਦਿੱਤਾ ਹੈ?

ਉ: ੫. ਹੇ ਮਿੱਤਰੋ! ਅਸਲ ਵਿਚ ਮੈਂ ਜਦੋਂ ਜਗਤ ਦੇ ਲੋਕਾਂ ਵੱਲ ਤੱਕ ਰਿਹਾ ਹਾਂ, ਸਾਰੇ ਹੀ ਜਗਤ ਦੇ ਜੀਵ ਇਸੇ ਸਰੀਰ ਨਾਲ ਪਿਆਰ ਗੰਢ ਕੇ ਬਹੁਤ ਖ਼ੁਆਰ ਹੋ ਰਹੇ ਨਜ਼ਰ ਆਉਂਦੇ ਹਨ, ਭਾਵ ਜਗਤ ਦੇ ਲੋਕ ਆਪੋ-ਆਪਣੇ ਸਰੀਰ ਨੂੰ ਪਾਲਣਾ-ਪੋਸਣਾ ਦੇ ਆਹਰ ਵਿਚ ਲੱਗੇ ਹੋਏ ਦੁਖੀ ਹੋ ਰਹੇ ਹਨ।

੬. ਪਰ, ਮੈਂ ਇਸ ਗੰਢਣ ਦੇ ਕੰਮ ਨੂੰ ਛੱਡ ਕੇ, ਭਾਵ ਆਪਣੇ ਇਸ ਸਰੀਰ ਦੇ ਨਿਤਾ ਪ੍ਰਤੀ ਆਹਰੇ ਲੱਗੇ ਰਹਿਣ ਨੂੰ ਛੱਡ ਕੇ ਪ੍ਰਭੂ ਦੇ ਚਰਨਾਂ ਵਿਚ ਜਾ ਅੱਪੜਿਆ ਹਾਂ।੨।

ਪ੍ਰ: ਭਗਤ ਜੀਉ! ਤਾਂ ਫਿਰ ਹੁਣ ਤੁਹਾਡੀ ਸਰੀਰ ਵੱਲੋਂ ਉਪਰਾਮ ਹੋ ਕੇ ਨਿੱਤ ਕਿਰਿਆ ਕੀ ਹੈ?

ਉ: ੭. ਹੇ ਭਾਈਓ! ਕਹਿੰਦੇ ਹਨ, ਰਵਿਦਾਸ ਭਗਤ ਜੀ ਕਿ ਮੈਂ ਤਾਂ ਹੁਣ (ਨਿਤਾ ਪ੍ਰਤੀ) ਪਰਮੇਸ਼ਰ ਦਾ ਨਾਮ ਹੀ ਸਿਮਰਦਾ ਹਾਂ, ਭਾਵ ਇਸ ਸਰੀਰ ਦਾ ਮੋਹ ਉੱਕਾ ਹੀ ਛੱਡ ਬੈਠਾ ਹਾਂ।

੮. ਇਸੇ ਲਈ, ਹੁਣ ਮੇਰਾ ਜਮਾਂ ਨਾਲ ਕੋਈ ਵਾਸਤਾ ਨਹੀਂ ਰਿਹਾ।੩।੭।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਦਾ ਭਾਵ ਮੁੱਖ ਇਹੋ ਹੀ ਹੈ ਕਿ ਜਗਤ ਦੇ ਸਾਰੇ ਹੀ ਜੀਵਾਂ ਨੂੰ ਸਰੀਰਕ ਮੋਹ ਖ਼ੁਆਰ ਕਰਦਾ ਹੈ; ਪਰ ਜੋ ਇਸ ਦੁਨੀਆ ਵਿਚ ਸਰੀਰਕ ਮੋਹ ਤੋਂ ਨਿਰਲੇਪ ਰਹਿ ਕੇ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦਾ ਜਮਾਂ ਨਾਲ ਕੋਈ ਭੀ ਵਾਸਤਾ ਨਹੀਂ ਰਹਿ ਜਾਂਦਾ।

ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ

ੴ ਸਤਿਗੁਰ ਪ੍ਰਸਾਦਿ ॥

੧. ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥
੨. ਰੂਧਾ ਕੰਠੁ ਸਬਦੁ ਨਹੀ ਉਚਰੈ
ਅਬ ਕਿਆ ਕਰਹਿ ਪਰਾਨੀ ॥੧॥
੩. ਰਾਮ ਰਾਇ ਹੋਹਿ ਬੈਦ ਬਨਵਾਰੀ ॥
੪. ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥
੫. ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥
੬. ਐਸੀ ਬੇਦਨ ਉਪਜਿ ਖਰੀ ਭਈ
ਵਾ ਕਾ ਅਉਖਧੁ ਨਾਹੀ ॥੨॥
੭. ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ
ਇਹੁ ਅਉਖਧੁ ਜਗਿ ਸਾਰਾ ॥
੮. ਗੁਰ ਪਰਸਾਦਿ ਕਹੈ ਜਨੁ ਭੀਖਨੁ
ਪਾਵਉ ਮੋਖ ਦੁਆਰਾ ॥੩॥੧॥

ਪਦ ਅਰਥ : ਨੈਨਹੁ–ਅੱਖਾਂ ਵਿੱਚੋਂ। ਨੀਰੁ–ਪਾਣੀ। ਬਹੈ–ਵਗਦਾ। ਖੀਨਾ–ਕਮਜ਼ੋਰ, ਲਿੱਸਾ। ਦੁਧਵਾਨੀ–ਦੁੱਧ ਦੇ ਵੰਨ ਦੇ, ਦੁੱਧ ਵਰਗੇ ਚਿੱਟੇ। ਰੂਧਾ–ਰੁਕਿਆ ਹੋਇਆ (ਕਫ ਨਾਲ)। ਕੰਠੁ–ਗਲਾ। ਪਰਾਨੀ–ਹੇ ਜੀਵ!।੧।

ਹੋਹਿ–ਜੇ ਤੂੰ ਹੋਵੇਂ, ਜੇ ਤੂੰ ਬਣੇ। ਬਨਵਾਰੀ–ਜੰਗਲੀ ਫੁੱਲਾਂ ਦੀ ਮਾਲਾ ਪਾਉਣ ਵਾਲਾ ਪਰਮੇਸ਼ਰ। ਲੇਹੁ ਉਬਾਰੀ–ਬਚਾ ਲੈਂਦੇ ਹੋ।ਰਹਾਉ।

ਸਰੀਰਿ–ਸਰੀਰ ਵਿਚ। ਜਲਨਿ–ਸੜਨ। ਕਰਕ–ਦਰਦ। ਬੇਦਨ–ਰੋਗ। ਖਰੀ ਬੇਦਨੰ–ਵੱਡਾ ਰੋਗ। ਵਾ ਕਾ–ਉਸ ਦਾ। ਅਉਖਧੁ–ਦਾਰੂ, ਦਵਾਈ।੨।

ਜਗਿ–ਜਗ ਵਿਚ। ਸਾਰਾ–ਸਰੇਸ਼ਟ। ਗੁਰ ਪ੍ਰਸਾਦਿ–ਗੁਰੂ ਦੀ ਕਿਰਪਾ ਨਾਲ। ਪਾਵਉ–ਪਾਵਉਂ, ਮੈਂ ਹਾਸਲ ਕਰ ਲਿਆ ਹੈ। ਮੋਖ ਦੁਆਰਾ–ਮੁਕਤੀ ਦਾ ਰਸਤਾ, ਉਹ ਤਰੀਕਾ ਜਿਸ ਨਾਲ ਸਰੀਰਕ ਮੋਹ ਤੋਂ ਛੁਟਕਾਰਾ ਹੋ ਜਾਏ।੩।

ਉਥਾਨਕਾ : ਕਿਸੇ ਬਿਰਧ ਨੇ ਭਗਤ ਭੀਖਨ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਭਗਤ ਜੀ ਮੈਨੂੰ ਪ੍ਰਭੂ ਪ੍ਰਾਪਤੀ ਦਾ ਉਪਦੇਸ਼ ਦਿਓ, ਤਾਂ ਆਪ ਜੀ ਬਿਰਧ ਅਵਸਥਾ ਦੇ ਦੁੱਖਾਂ ਨੂੰ ਚੇਤੇ ਕਰਵਾਉਂਦੇ ਹੋਏ ਉਪਦੇਸ਼ ਕਰਦੇ ਹਨ ਕਿ ਹੇ ਬਾਬਾ! ਨਾਮ ਦਾ ਚਿੰਤਨ ਕਰਿਆ ਕਰ, ਇਹੋ ਹੀ ਸਾਧਨ ਸੰਸਾਰ ਦੇ ਦੁੱਖਾਂ ਤੋਂ ਛੁਟਕਾਰਾ ਦਿਵਾਉਣ ਵਾਲਾ ਹੈ।

ਅਰਥ :

ਪ੍ਰ: ਹੇ ਭਗਤ ਜੀ! ਮੈਂ ਪ੍ਰਭੂ ਦੀ ਬੰਦਗੀ ਕਰਨ ਦਾ ਜਦੋਂ ਭੀ ਖ਼ਿਆਲ ਕਰਦਾ ਹਾਂ ਤਾਂ ਮੈਨੂੰ ਝੱਟ ਹੀ ਇਹ ਸੰਕਲਪ ਉੱਠ ਖਲੋਂਦਾ ਹੈ ਕਿ ਅਜੇ ਬਹੁਤ ਸਮਾਂ ਬਾਕੀ ਹੈ, ਬਿਰਧ ਅਵਸਥਾ ਵਿਚ ਪੁੱਜ ਕੇ ਵਿਹਲਾ ਹੀ ਹੋਵਾਂਗਾ ਤਾਂ ਉਸ ਸਮੇਂ ਬੰਦਗੀ ਕਰ ਲਵਾਂਗਾ ?

ਉ: ੧. ਹੇ ਪ੍ਰਾਣੀ! ਦੇਖ ਜਦੋਂ ਤੇਰੇ ਸਰੀਰ ਦੀ ਇਹ ਦਸ਼ਾ ਹੋ ਗਈ, ਭਾਵ ਬਿਰਧ ਅਵਸਥਾ ਵਿਚ ਸਰੀਰ ਕਮਜ਼ੋਰ ਹੋਣ ਕਰ ਕੇ ਤੇਰੀਆਂ ਅੱਖਾਂ ਵਿੱਚੋਂ ਪਾਣੀ ਵੱਗ ਰਿਹਾ ਹੋਵੇਗਾ, ਤੇਰਾ ਸਰੀਰ ਲਿੱਸਾ ਹੋ ਜਾਏਗਾ ਅਤੇ ਤੇਰੇ ਕੇਸ ਦੁੱਧ ਵਰਗੇ ਚਿੱਟੇ ਸਫ਼ੈਦ ਹੋ ਜਾਣਗੇ।

੨. ਤੇਰਾ ਗਲਾ (ਕਫ ਨਾਲ) ਰੁਕਣ ਕਰ ਕੇ ਮੁੱਖ ਤੋਂ ਸ਼ਬਦ ਭੀ ਬੋਲ ਨਹੀਂ ਸਕੇਂਗਾ; ਹੇ ਪ੍ਰਾਣੀ! ਦੱਸ ਤੂੰ ਇਸ ਵੇਲੇ ਕਿਆ ਕਰੇਂਗਾ, ਅਰਥਾਤ ਇਸ ਸਰੀਰਕ ਅਵਸਥਾ ਵਿਚ ਪੁੱਜ ਕੇ ਤੂੰ ਕੁਛ ਭੀ ਨਹੀਂ ਕਰ ਸਕੇਂਗਾ, ਇਸ ਲਈ ਯੋਗ ਹੈ ਕਿ ਤੂੰ ਇਸ ਅਵਸਥਾ ਵਿਚ ਪੁੱਜਣ ਤੋਂ ਪਹਿਲੇ-ਪਹਿਲੇ ਨਾਮ ਦਾ ਚਿੰਤਨ ਕਰ ਲੈ।੧।

ਪ੍ਰ: ਹੇ ਭਗਤ ਜੀ! ਇਸ ਮਨੁੱਖ ਨੂੰ ਦੇਹ ਅਧਿਆਸ ਅਤੇ ਮੋਹ ਦੀ ਪ੍ਰਬਲਤਾ ਦਾ ਇਕ ਬਹੁਤ ਵੱਡਾ ਅਸਾਧ ਰੋਗ ਹੈ, ਇਸ ਤੋਂ ਛੁੱਟਣ ਦਾ ਕੋਈ ਸਾਧਨ ਦੱਸੋ ?

ਉ: ੩-੪. ਹੇ ਭਾਈ! ਸਾਰਿਆਂ ਦਾ ਰਾਜਾ ਰੂਪ ਰਾਮ ਇਸ ਸੰਸਾਰ ਦੇ ਦੁੱਖਾਂ ਤੋਂ ਛੁਟਕਾਰਾ ਦਵਾਉਣ ਵਾਲਾ (ਵੱਡਾ) ਹਕੀਮ ਹੈ, (ਉਸੇ ਅੱਗੇ ਅਰਦਾਸ ਕਰ, ਕਿਉਂਕਿ) ਜਦੋਂ ਉਹ ਕਿਸੇ ਆਪਣੇ ਸੇਵਕ ਦੀ ਅਰਦਾਸ ਸੁਣ ਲੈਂਦਾ ਹੈ ਤਾਂ ਉਹ ਵੈਦ ਰੂਪ ਹੋ ਕੇ ਆਪਣੇ ਸੰਤਾਂ ਨੂੰ ਦੇਹ ਅਧਿਆਸ ਤੋਂ ਬਚਾ ਲੈਂਦਾ ਹੈ।੧।ਰਹਾਉ।

੫. ਹੇ ਪ੍ਰਾਣੀ! ਵੇਖ, ਜੋ ਤੇਰੇ ਮਨ ਵਿਚ ਬਿਰਧ ਅਵਸਥਾ ਵਿਚ ਪੁੱਜ ਕੇ ਬੰਦਗੀ ਕਰਨ ਦਾ ਖ਼ਿਆਲ ਹੈ, ਉਹ ਇਸ ਲਈ ਗ਼ਲਤ ਹੈ, ਕਿਉਂਕਿ ਉਸ ਵਕਤ ਤੇਰੇ ਸਰੀਰ ਦੀ ਇਹ ਦਸ਼ਾ ਹੋਵੇਗੀ ਕਿ ਬੁਢਾਪੇ ਵਿਚ ਅਗਨੀ ਮੰਦ ਹੋ ਜਾਣ ਨਾਲ ਅੰਨ ਹਜ਼ਮ ਨਹੀਂ ਹੁੰਦਾ, ਇਸ ਲਈ ਸਿਰ ਵਿਚ ਦਰਦ ਤੇ ਸਰੀਰ ਵਿਚ ਜਲਨ ਅਤੇ ਕਲੇਜੇ ਵਿਚ ਮੱਠੀ-ਮੱਠੀ ਪੀੜ ਹੁੰਦੀ ਰਹਿੰਦੀ ਹੈ, ਅਰਥਾਤ ਜੋ ਬੁੱਢਾਪਾ ਆ ਗਿਆ ਹੈ ਇਸ ਵਿਚ, ਸਾਰਿਆਂ ਤੋਂ (ਮਾਥੇ) ਸ਼੍ਰੋਮਣੀ ਹੰਕਾਰ ਰੂਪੀ ਪੀੜਾ ਹੈ, ਸਰੀਰ ਵਿਚ ਤ੍ਰਿਸ਼ਨਾ ਰੂਪੀ ਜਲਨਤਾ ਹੈ ਅਤੇ ਕਲੇਜੇ ਵਿਚ ਈਰਖਾ ਰੂਪੀ ਕਰਕ ਉਠਦੀ ਰਹਿੰਦੀ ਹੈ।

੬. ਹੇ ਪਿਆਰੇ! ਦਸ ਕਿਸ-ਕਿਸ ਅੰਗ ਦਾ ਜ਼ਿਕਰ ਕਰੀਏ ? ਸਾਰੇ ਹੀ ਜਿਸਮ ਵਿਚ ਬੁਢੇਪੇ ਦਾ ਇਕ ਐਸਾ ਵੱਡਾ ਰੋਗ ਉੱਠ ਖਲੋਤਾ ਹੈ ਕਿ ਇਸ ਦਾ ਕੋਈ ਵੀ ਇਲਾਜ ਨਹੀਂ ਹੈ, (ਫਿਰ ਭੀ ਤੇਰਾ ਇਸ ਸਰੀਰ ਨਾਲੋਂ ਮੋਹ ਨਹੀਂ ਮਿਟਦਾ)।੨।

ਪ੍ਰ: ਭਗਤ ਜੀ! ਇਸ ਮੋਹ ਦੇ ਪ੍ਰਬਲ ਰੋਗ ਨੂੰ ਮਿਟਾਉਣ ਦਾ ਕੋਈ ਕਿਰਪਾ ਕਰ ਕੇ ਆਪ ਹੀ ਇਲਾਜ ਦੱਸ ਦਿਓ।

ਉ: ੭. ਹੇ ਭਾਈਓ! (ਇਸ ਸਰੀਰਕ ਮੋਹ ਨੂੰ ਮਿਟਾਉਣ ਦਾ) ਜਗਤ ਵਿਚ ਸ੍ਰੇਸ਼ਟ ਇਕੋ ਇਲਾਜ ਹੈ, ਉਹ ਹੈ ਪ੍ਰਭੂ ਦਾ ਨਾਮ-ਰੂਪ ਅੰਮ੍ਰਿਤ, ਪਰਮੇਸ਼ਰ ਦਾ ਨਾਮ-ਰੂਪੀ ਨਿਰਮਲ ਜਲ (ਇਸੇ ਨੂੰ ਪ੍ਰਾਪਤ ਕਰਨ ਦਾ ਜਤਨ ਕਰੋ)।

ਪ੍ਰ: ਭਗਤ ਜੀ! ਤੁਸੀਂ ਇਹ ਨਾਮ-ਰੂਪੀ ਪਵਿੱਤਰ ਜਲ ਕਿਵੇਂ ਪ੍ਰਾਪਤ ਕੀਤਾ ਹੈ?

ਉ: ੮. ਕਹਿੰਦੇ ਹਨ ਦਾਸ ਭੀਖਨ ਜੀ ਕਿ ਐ ਭਾਈਓ! ਮੈਂ ਆਪਣੇ ਗੁਰੂ ਦੀ ਕਿਰਪਾ ਦੁਆਰਾ ਇਹ ਨਾਮ ਜਪਣ ਦਾ (ਸੁਖੈਨ) ਮਾਰਗ ਲੱਭ ਲਿਆ ਹੈ, ਜਿਸ ਕਰ ਕੇ ਮੈਂ ਇਸ ਸਰੀਰਕ ਮੋਹ ਤੋਂ ਖ਼ਲਾਸੀ ਪਾ ਲਈ ਹੈ, ਇਸ ਲਈ ਤੁਸੀਂ ਭੀ ਉਸੇ ਕਿਰਪਾਲੂ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰੋ, ਜਿਸ ਦੀ ਬਰਕਤ ਨਾਲ ਤੁਸੀਂ ਭੀ ਮੁਕਤੀ ਦਾ ਦਰਵਾਜ਼ਾ ਗਿਆਨ ਪ੍ਰਾਪਤ ਕਰੋਗੇ।੩।੧।

ਭਾਵਾਰਥ : ਇਸ ਸ਼ਬਦ ਵਿਚ ਭਗਤ ਭੀਖਨ ਜੀ ਬਿਰਧ ਅਵਸਥਾ ਵਿਚ ਪ੍ਰਾਧੀਨਤਾ ਦਾ ਜ਼ਿਕਰ ਕਰਦੇ ਹੋਏ, ਇਸ ਬੁਢਾਪੇ ਦੇ ਦੁੱਖ ਰੂਪ ਸਮੇਂ ਦੇ ਆਉਣ ਤੋਂ ਪਹਿਲੇ-ਪਹਿਲੇ ਮਨੁੱਖ ਨੂੰ ਪ੍ਰਭੂ ਦੀ ਬੰਦਗੀ ਕਰਨ ਲਈ ਪ੍ਰੇਰਣਾ ਕਰਦੇ ਹਨ।

੧. ਐਸਾ ਨਾਮੁ ਰਤਨੁ ਨਿਰਮੋਲਕੁ
ਪੁੰਨਿ ਪਦਾਰਥੁ ਪਾਇਆ॥
੨. ਅਨਿਕ ਜਤਨ ਕਰਿ ਹਿਰਦੈ ਰਾਖਿਆ
ਰਤਨੁ ਨ ਛਪੈ ਛਪਾਇਆ॥੧॥
੩. ਹਰਿ ਗੁਨ ਕਹਤੇ ਕਹਨੁ ਨ ਜਾਈ॥
੪. ਜੈਸੇ ਗੂੰਗੇ ਕੀ ਮਿਠਿਆਈ॥੧॥ ਰਹਾਉ॥
੫. ਰਸਨਾ ਰਮਤ ਸੁਨਤ ਸੁਖੁ ਸ੍ਰਵਨਾ
ਚਿਤ ਚੇਤੇ ਸੁਖੁ ਹੋਈ॥
੬. ਕਹੁ ਭੀਖਨ ਦੁਇ ਨੈਨ ਸੰਤੋਖੇ
ਜਹ ਦੇਖਾਂ ਤਹ ਸੋਈ॥੨॥੨॥

ਪਦ ਅਰਥ : ਨਿਰਮੋਲਕੁ—ਜਿਸ ਦਾ ਮੁੱਲ ਨਹੀਂ ਪੈ ਸਕਦਾ, ਜੋ ਕਿਸੇ ਭੀ ਮੁੱਲ ਨਹੀਂ ਮਿਲ ਸਕਦਾ। ਪੁੰਨਿ—ਪੁੰਨ ਨਾਲ, ਭਾਗਾਂ ਨਾਲ। ਪਾਇਆ—ਪਾਈਦਾ ਹੈ, ਮਿਲਦਾ ਹੈ।੧।

ਕਹਨੁ ਨ ਜਾਈ—ਸੁਆਦ ਦੱਸਿਆ ਨਹੀਂ ਜਾ ਸਕਦਾ।੧।ਰਹਾਉ।

ਰਸਨਾ—ਜੀਭ। ਰਮਤ—ਜਪਦਿਆਂ। ਸ੍ਰਵਨਾ—ਕੰਨਾਂ ਨੂੰ। ਚੇਤੇ—ਯਾਦ ਕਰਦਿਆਂ। ਹੋਈ—ਹੁੰਦਾ ਹੈ। ਭੀਖਨ—ਹੇ ਭੀਖਨ! ਸੰਤੋਖੇ—ਸ਼ਾਂਤ ਹੋ ਗਏ ਹਨ, ਠੰਡ ਪੈ ਗਈ ਹੈ। ਦੇਖਾਂ—ਮੈਂ ਵੇਖਦਾ ਹਾਂ। ਤਹ—ਉਧਾਰ ਹੀ।੨।

ਅਰਥ :

ਪ੍ਰ: ਜਿਸ ਨਾਮ ਦੀ ਆਪ ਮਹਿਮਾ ਬਿਆਨ ਕਰਦੇ ਹੋ, ਇਸ ਦੀ ਪ੍ਰਾਪਤੀ ਦਾ ਅਸਲ ਸਾਧਨ ਕਿਹੜਾ ਹੈ, ਜਿਸ ਦੀ ਬਰਕਤ ਨਾਲ ਇਸ ਨੂੰ ਪਾ ਸਕੀਏ?

ਉ: ੧. ਹੇ ਭਾਈ! ਪਰਮੇਸ਼ਰ ਦਾ ਨਾਮ ਇਕ ਐਸਾ ਅਮੋਲਕ ਪਦਾਰਥ ਹੈ, (ਜਿਸ ਨੂੰ ਕਿਸੇ ਆਪਣੇ ਸਾਧਨਾਂ ਦੇ ਜ਼ੋਰ ਨਾਲ ਨਹੀਂ ਪਾਇਆ ਜਾ ਸਕਦਾ) ਇਹ ਅਮੋਲਕ ਨਾਮ ਪਦਾਰਥ ਤਾਂ ਭਾਗਾਂ ਨਾਲ ਹੀ ਪਾਇਆ ਜਾ ਸਕਦਾ ਹੈ।

ਪ੍ਰ: ਕਿਉਂ ਜੀ! ਜਿਸ ਨੂੰ ਭੀ ਇਹ ਨਾਮ ਪਦਾਰਥ ਪ੍ਰਾਪਤ ਹੋ ਜਾਏ, ਕੀ ਉਸ ਨਾਮ ਨੂੰ ਦੇਖ ਨਹੀਂ ਸਕੀਦਾ?

ਉ: ੨. ਹੇ ਭਾਈ! ਇਹ ਨਾਮ ਪਦਾਰਥ ਤਾਂ ਜਿਸ ਨੂੰ ਭੀ ਪ੍ਰਾਪਤ ਹੋ ਜਾਏ, ਉਸ ਨਾਮ ਨੂੰ ਤਾਂ ਜੇ ਕੋਈ ਅਨੇਕਾਂ ਜਤਨ ਕਰ ਕੇ ਭੀ (ਆਪਣੇ) ਹਿਰਦੇ ਵਿਚ (ਗੁਪਤ) ਰੱਖਣਾ ਚਾਹੇ ਤਾਂ ਭੀ ਇਹ ਲੁਕਾਇਆਂ ਲੁਕਦਾ ਨਹੀਂ।੧।

ਪ੍ਰ: ਹੇ ਭਗਤ ਜੀ! ਜੋ ਤੁਹਾਨੂੰ ਹਰੀ ਦੇ ਗੁਣ ਗਾਉਣ ਦਾ ਸੁਆਦ ਆਉਂਦਾ ਹੈ, ਉਸ ਨੂੰ ਬਿਆਨ ਕਰ ਕੇ ਤਾਂ ਦੱਸੋ, ਤਾਂ ਕਿ ਸਾਨੂੰ ਭੀ ਉਸ ਨੂੰ ਪ੍ਰਾਪਤ ਕਰਨ ਦਾ ਉਤਸ਼ਾਹ ਉਤਪੰਨ ਹੋਵੇ?

ਉ: ੩. ਹੇ ਪਿਆਰਿਓ! ਜੋ ਸਾਨੂੰ ਹਰੀ ਦੇ ਗੁਣ ਗਾਉਂਦਿਆਂ ਸੁਆਦ ਆਉਂਦਾ ਹੈ, ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਪ੍ਰ: ਭਗਤ ਜੀ! ਇਹ ਦੱਸੋ, ਸੰਸਾਰ ਵਿਚ ਐਸੀ ਉਹ ਕਿਹੜੀ ਸ਼ੈਅ ਹੈ, ਜਿਸ ਨੂੰ ਦੱਸਿਆ ਹੀ ਨਾ ਜਾ ਸਕਦਾ ਹੋਵੇ?

ਉ: ੪. ਹੇ ਭਾਈਓ! (ਤੁਸੀਂ ਪ੍ਰਤੱਖ ਹੀ ਵੇਖਦੇ ਹੋ ਕਿ ਕਿਸੇ) ਗੂੰਗੇ ਨੂੰ ਮਠਿਆਈ ਖੁਵਾਈ ਜਾਵੇ, ਉਸ ਦਾ ਸੁਆਦ ਉਸ ਪਾਸੋਂ ਕਿਹਾ ਨਹੀਂ ਜਾ ਸਕਦਾ, (ਉਸ ਤੋਂ ਨਾ ਦੱਸੇ ਜਾਣ ਦਾ ਅਸੀਂ ਇਹ ਅੰਦਾਜ਼ਾ ਨਹੀਂ ਲਾ ਸਕਦੇ ਕਿ ਉਸ ਨੂੰ ਕੋਈ ਸੁਆਦ ਹੀ ਨਹੀਂ ਆਇਆ, ਰਸ ਤਾਂ ਆਇਆ ਹੈ, ਪਰ ਉਸ ਨੂੰ ਬਿਆਨ ਕਰਨ ਦੀ ਉਸ ਵਿਚ ਸਮਰੱਥਾ ਨਹੀਂ) ਇਸੀ ਤਰ੍ਹਾਂ ਨਾਮ ਜਪਣ ਵਾਲੇ ਨੂੰ ਜੋ ਰਸ ਹਾਸਲ ਹੁੰਦਾ ਹੈ, ਉਸ ਨੂੰ ਉਸ ਦੇ ਬਿਆਨ ਕਰਨ ਦੀ ਸਮਰੱਥਾ ਨਹੀਂ ਹੈ। (ਪਰ ਉਸ ਨੂੰ ਰੱਸ ਅਥਾਹ ਹੀ ਆਇਆ ਹੁੰਦਾ ਹੈ)।

ਪ੍ਰ: ਭਗਤ ਜੀ! ਨਾਮ ਸਿਮਰਨ ਕਰਦਿਆਂ ਆਖ਼ਿਰ ਜੋ ਭੀ ਕੁਝ ਪ੍ਰਾਪਤ ਹੁੰਦਾ ਹੈ, ਉਸ ਦੀ ਕੋਈ ਨਾਮ ਮਾਤਰ ਸੇਧ ਤਾਂ ਦਿਓ?

ਉ: ੫. ਹੇ ਪਿਆਰੇ! ਕੇਵਲ ਇਤਨੇ ਮਾਤਰ ਹੀ ਕਹਿ ਸਕੀਦਾ ਹੈ ਕਿ ਇਸ ਨਾਮ ਰਤਨ ਨੂੰ ਜਪਦਿਆਂ ਜੀਭ ਨੂੰ ਸੁੱਖ ਮਿਲਦਾ ਹੈ, ਸੁਣਨ ਨਾਲ ਕੰਨਾਂ ਨੂੰ ਸੁੱਖ ਮਿਲਦਾ ਹੈ ਅਤੇ ਚਿੱਤ ਵਿਚ ਚੇਤੇ ਕਰਦਿਆਂ ਭੀ ਚਿੱਤ ਨੂੰ ਸੁੱਖ ਮਿਲਦਾ ਹੈ।

ਪ੍ਰ: ਭਗਤ ਜੀ! ਇਹ ਦੱਸੋ ਕਿ ਤੁਹਾਨੂੰ ਇਸ ਨਾਮ ਸਿਮਰਨ ਦਾ ਸਦਕਾ ਆਪਣੇ ਅੰਦਰ ਕੀ ਬਦਲ ਹੋ ਆਈ ਪ੍ਰਤੀਤ ਹੁੰਦੀ ਹੈ?

ਉ: ੬. ਭੀਖਨ ਜੀ ਕਹਿੰਦੇ ਹਨ (ਕਿ ਐ ਭਾਈਓ! ਇਸ ਨਾਮ ਦੇ ਪ੍ਰਤਾਪ ਕਰ ਕੇ) ਮੇਰੀਆਂ ਦੋਵੇਂ ਅੱਖਾਂ ਵਿਚ ਸੰਤੋਖ ਆ ਗਿਆ ਹੈ, ਭਾਵ ਐਸੀ ਠੰਡ ਪਈ ਹੈ, ਹੁਣ ਇਹ ਮੇਰੀਆਂ ਅੱਖਾਂ ਦ੍ਵੈਤ-ਰੂਪ ਕਰ ਕੇ ਕਿਸੇ ਵੱਲ ਭੀ ਤਕਦੀਆਂ ਨਹੀਂ ਹਨ, ਮੈਂ ਹੁਣ ਜਿਧਰ ਭੀ ਵੇਖਦਾ ਹਾਂ, ਉਧਰ ਉਸੇ ਪਰਮੇਸ਼ਰ ਜੀ ਨੂੰ ਵੇਖਦਾ ਹਾਂ।੨।੨।

ਭਾਵਾਰਥ : ਇਸ ਸ਼ਬਦ ਵਿਚ ਭਗਤ ਜੀ ਦਾ ਇਹੋ ਹੀ ਰਹੱਸ

ਹੈ ਕਿ ਉਸ ਸਾਈਂ ਜੀ ਦਾ ਨਾਮ ਕਿਸੇ ਜਪ ਤਪ ਦੇ ਸਾਧਨ ਕਰਨ ਦੇ ਇਵਜ਼ਾਨੇ ਵਿਚ ਨਹੀਂ ਪਾਇਆ ਜਾ ਸਕਦਾ। ਇਹ ਰੱਬੀ ਬਖ਼ਸ਼ਸ਼ ਹੈ ਜਿਸ ਨੂੰ ਕਿ ਚੰਗੇ ਭਾਗਾਂ ਦੁਆਰਾ ਹੀ ਪਾਇਆ ਜਾ ਸਕਦਾ ਹੈ। ਉਸ ਨਾਮ ਰਸ ਦੀ ਪ੍ਰਾਪਤੀ ਦੇ ਆਏ ਨਾਮ ਰਸ ਨੂੰ ਭੀ ਇਸੇ ਤਰ੍ਹਾਂ ਹੀ ਨਹੀਂ ਬਿਆਨਿਆ ਜਾ ਸਕਦਾ, ਜਿਵੇਂ ਕਿ ਕੋਈ ਗੂੰਗਾ ਮਠਿਆਈ ਖਾਧੀ ਦੇ ਰਸ ਨੂੰ ਨਹੀਂ ਦੱਸ ਸਕਦਾ, ਇਸੀ ਤਰ੍ਹਾਂ ਨਾਮ ਜਪਣ ਦੀ ਬਰਕਤ ਨਾਲ ਸਰੀਰ ਦਾ ਹਰ ਅੰਗ ਅਕਹਿ ਰਸ ਨਾਲ ਪੂਰਤ ਹੋ ਜਾਂਦਾ ਹੈ।

ਸੋਰਠਿ ਰਾਗੁ ਵਿਚ

੧੧ ਸ਼ਬਦ ਕਬੀਰ ਭਗਤ ਜੀ ਦੇ ਹਨ।
੩ ਸ਼ਬਦ ਨਾਮਦੇਵ ਜੀ ਦੇ ਹਨ।
੭ ਸ਼ਬਦ ਰਵਿਦਾਸ ਜੀ ਦੇ ਹਨ।
੨ ਸ਼ਬਦ ਭੀਖਨ ਜੀ ਦੇ ਹਨ।

---

੨੩ ਕੁਲ ਸ਼ਬਦ ਹਨ।

(ਸੋਰਠਿ ਰਾਗੁ ਸਮਾਪਤ)